# ਪੰਜਾਬੀ ਵਿਸ਼ਵ ਕੋਸ਼

ਭਾਸ਼ਾ ਵਿਭਾਗ ਪੰਜਾਬ

ੴ

# ਸੰਪਾਦਕੀ ਮੰਡਲ

**ਡਾਇਰੈਕਟਰ**

ਰਾਜਿੰਦਰ ਸਿੰਘ

**ਸੰਪਾਦਕ**

**ਸਾਹਿਤ ਤੇ ਕਲਾ**

ਹਰਚਰਨ ਸਿੰਘ ਕੈਂਬਲਪੁਰੀ
(ਹੁਣ ਰਿਟਾਇਰ)

ਅਣੋਖ ਸਿੰਘ

**ਵਿਗਿਆਨ**

ਮਦਨ ਲਾਲ ਹਸੀਜਾ

**ਸਮਾਜ ਵਿਗਿਆਨ**

ਰਛਪਾਲ ਸਿੰਘ ਗਿੱਲ

**ਵਿਸ਼ਾ ਸੰਪਾਦਕ**

ਕੁਲਦੀਪ ਸਿੰਘ ਕੱਬਰਵਾਲ

ਪ੍ਰਕਾਸ਼ ਕੌਰ

ਵਿਸ਼ਵ ਕੀਰਤੀ

ਗੁਰਨਾਮ ਸਿੰਘ ਭੁਲਰ

ਸੁਖਦੇਵ ਸਿੰਘ ਗਿੱਲ

ਹਰਕਿਸ਼ਨ ਸਿੰਘ ਸੰਧਾਂਵਾਲੀਆ

ਅਵਤਾਰ ਸਿੰਘ ਹੱਦ

ਤਰਵਿੰਦਰ ਕੌਰ

ਜਗਜੀਤ ਕੌਰ

ਬਲਵੰਤ ਕੌਰ

ਜਸਬੀਰ ਕੌਰ

ਹਰਜੀਤ ਕੌਰ

**ਚਿੱਤਰਕਾਰ**

ਸਰਵਨ ਸਿੰਘ

# ਪੰਜਾਬੀ ਵਿਸ਼ਵ ਕੋਸ਼

## ਜਿਲਦ ਸੱਤਵੀਂ

ਕਬੀਲਾ ਤੋਂ—ਕੇਂਦਰੀ ਅਫ਼ਰੀਕੀ ਗਣਰਾਜ

ਭਾਸ਼ਾ ਵਿਭਾਗ ਪੰਜਾਬ

PUNJABI VISHAV KOSH—Vol. VII
Rajinder Singh
Director, Languages Deptt., Punjab

ਪੰਜਾਬੀ ਵਿਸ਼ਵ ਕੋਸ਼—ਜਿਲਦ ਸੱਤਵੀਂ
ਰਾਜਿੰਦਰ ਸਿੰਘ
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

© ਭਾਸ਼ਾ ਵਿਭਾਗ, ਪੰਜਾਬ
1990
ਕਾਪੀਆਂ : 2000
ਕੀਮਤ : 74 ਰੁਪਏ 10 ਪੈਸੇ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ
ਛਾਪਕ : ਸਵੈਨ ਪ੍ਰਿੰਟਿੰਗ ਪ੍ਰੈੱਸ, ਅੱਡਾ ਟਾਂਡਾ, ਜਲੰਧਰ।
ਰਾਹੀਂ : ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਪੰਜਾਬ, ਚੰਡੀਗੜ੍ਹ

# ਦੋ ਸ਼ਬਦ

ਅਗਿਆਨਤਾ ਦੇ ਘੁਸਮੁਸੇ ਪਿਛੋਂ ਜਦ ਆਦਿ ਮਨੁੱਖ ਨੇ ਆਪਣੇ ਆਪ ਨੂੰ ਤੇ ਆਪਣੇ ਆਲੇ ਦੁਆਲੇ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਸਭਿਅਤਾ ਦਾ ਪਹੁ-ਫੁਟਾਲਾ ਹੋਇਆ। ਇੰਜ ਗਿਆਨ ਤੇ ਸਭਿਅਤਾ ਦੀ ਬੁਨਿਆਦ ਉਹ ਸੂਝ ਤੇ ਸੋਚ-ਸ਼ਕਤੀ ਹੈ ਜੋ ਮਨੁੱਖ ਨੂੰ ਕੁਦਰਤ ਵਲੋਂ ਦਾਤ ਦੇ ਰੂਪ ਵਿਚ ਮਿਲੀ ਹੋਈ ਹੈ। ਸਮਾਂ ਪਾ ਕੇ ਮਨੁੱਖ ਨੂੰ ਆਪਣਾ ਗਿਆਨ ਵਧਾਉਣ ਦੇ ਨਾਲ ਨਾਲ ਅਗਲੀਆਂ ਪੀੜ੍ਹੀਆਂ ਲਈ ਸੰਭਾਲਣ ਦੀ ਸੋਝੀ ਵੀ ਹੋਈ ਤੇ ਇੰਜ ਪੱਥਰ ਤੇ ਪਤਰਾਂ ਤੋਂ ਤੁਰਦਿਆਂ ਗਿਆਨ ਵਿਗਿਆਨ ਦੇ ਸੰਚਾਰ ਦੀ ਇਹ ਕਹਾਣੀ ਅਜ ਕਾਗਜ਼ ਅਰਥਾਤ ਪੁਸਤਕਾਂ ਦੇ ਯੁਗ ਵਿਚੋਂ ਲੰਘ ਰਹੀ ਹੈ। ਇਕੀਵੀਂ ਸਦੀ ਦੀਆਂ ਬਰੂਹਾਂ ਤੇ ਖੜੇ ਆਧੁਨਿਕ ਯੁਗ ਵਿਚ ਗਿਆਨ ਦੇ ਵਸੀਲੇ ਹੋਰ ਵੀ ਵੰਨ-ਸੁਵੰਨੇ ਤੇ ਵਿਗਿਆਨ ਦੇ ਦਿੱਸਹੱਦੇ ਵਿਸ਼ਾਲ ਹੋ ਰਹੇ ਹਨ।

ਅਜ ਦੁਨੀਆਂ ਦੇ ਹਰ ਕੋਨੇ ਵਿਚ, ਹਰ ਭਾਸ਼ਾ ਵਿਚ, ਹਰ ਵਿਸ਼ੇ ਉੱਤੇ ਅਤੇ ਹਰ ਕਿਸਮ ਦੇ ਪਾਠਕਾਂ ਲਈ ਪੁਸਤਕਾਂ ਮਿਲ ਸਕਦੀਆਂ ਹਨ। ਜਿਸ ਮਨੁੱਖ ਨੂੰ ਅਜ ਆਪਣੇ ਆਲੇ ਦੁਆਲੇ ਦੇ ਸਾਧਾਰਣ ਵਿਸ਼ਿਆਂ ਬਾਰੇ ਕੁਝ ਮੁਢਲਾ ਗਿਆਨ ਨਾ ਹੋਵੇ ਉਸ ਨੂੰ ਤਾਂ ਲੋਕ ਬੰਦਾ ਹੀ ਨਹੀਂ ਸਮਝਦੇ। ਜ਼ਿੰਦਗੀ ਦੀ ਵੰਨ-ਸੁਵੰਨਤਾ ਤੇ ਜਟਿਲਤਾ ਵਧ ਗਈ ਹੈ ਅਤੇ ਗਿਆਨ ਵਿਗਿਆਨ ਦੇ ਦਿੱਸਹੱਦੇ ਇੰਨੇ ਵਿਸ਼ਾਲ ਹੋ ਗਏ ਹਨ ਕਿ ਹੋਰ ਵਧੇਰੇ ਪ੍ਰਗਤੀ ਲਈ ਆਪਣੇ ਵਿਸ਼ੇ ਦਾ ਮਾਹਰ ਹੋਣਾ ਬੁਨਿਆਦੀ ਲੋੜ ਬਣ ਗਈ ਹੈ। ਇਸ ਲਈ ਸਾਧਾਰਣ ਮਨੁੱਖ ਤੋਂ ਵੀ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਸ ਨੂੰ ਟ੍ਰੈਫ਼ਿਕ ਨਿਯਮਾਂ ਤੋਂ ਲੈ ਕੇ ਬੱਚੇ ਦੀ ਪਾਲਣਾ ਤਕ ਅਤੇ ਆਮ ਬਿਮਾਰੀਆਂ ਤੋਂ ਲੈ ਕੇ ਐਟਮੀ ਸ਼ਕਤੀ ਤਕ ਦਾ ਕੁਝ ਨਾ ਕੁਝ ਬੁਨਿਆਦੀ ਗਿਆਨ ਜ਼ਰੂਰ ਹੋਵੇ। ਹਰ ਵਿਸ਼ੇ ਤੇ ਵਾਕਫ਼ੀ ਭਰਪੂਰ ਲੇਖਾਂ ਤੋਂ ਲੈ ਕੇ ਖੋਜ ਗ੍ਰੰਥਾਂ ਤਕ ਦੀ ਸ਼ਕਲ ਵਿਚ ਸਮਗਰੀ ਉਪਲਬਧ ਹੈ। ਗਿਆਨ ਦੇ ਖੋਜੀਆਂ ਦਾ ਕਾਫ਼ਲਾ ਨਿੱਤ ਨਵੀਆਂ ਪੁਲਾਂਘਾਂ ਪੁਟ ਰਿਹਾ ਹੈ ਪਰ ਸਧਾਰਨ ਮਨੁੱਖ—ਜੋ ਘਰ, ਸਕੂਲ, ਦਫ਼ਤਰ ਤੇ ਜ਼ਿੰਦਗੀ ਦੇ ਆਮ ਖੇਤਰਾਂ ਵਿਚ ਵਿਚਰਦਾ ਹੈ—ਉਸਨੂੰ ਆਮ ਜੀਵਨ ਬਾਰੇ ਅਜਿਹੀ ਬੁਨਿਆਦੀ ਜਾਣਕਾਰੀ ਦੀ ਭਾਲ ਹੈ ਜੋ ਸੌਖਿਆਂ ਪੜ੍ਹੀ ਤੇ ਵਰਤੀ ਜਾ ਸਕੇ ਅਤੇ ਜੋ ਜ਼ਿੰਦਗੀ ਨਾਲ ਵਾਬਸਤਾ ਵਿਸ਼ਿਆਂ ਬਾਰੇ ਸੰਖੇਪ, ਮੁਕੰਮਲ ਪਰ ਸਹੀ ਗਿਆਨ ਸਹਿਜ ਢੰਗ ਨਾਲ ਮੁਹੱਈਆ ਕਰ ਸਕੇ। ਇਹੀ ਵਿਚਾਰ ਵਿਸ਼ਵ ਕੋਸ਼ ਦਾ ਜਨਮ ਦਾਤਾ ਹੈ। ਸੰਖੇਪ ਵਿਚ ਇਉਂ ਕਹਿ ਸਕਦੇ ਹਾਂ ਕਿ ਵਿਸ਼ਵ ਕੋਸ਼ (i) ਗਿਆਨ ਦੇ ਉਨ੍ਹਾਂ ਵਖ-ਵਖ ਵਿਸ਼ਿਆਂ ਬਾਰੇ (ii) ਇਕ ਥਾਂ ਤੇ (iii) ਸਰਲ ਤੇ ਸਿਲਸਿਲੇਵਾਰ ਜਾਣਕਾਰੀ ਪ੍ਰਦਾਨ ਕਰਦਾ ਹੈ ਜਿਨ੍ਹਾਂ ਬਾਰੇ ਕਈ ਕਈ ਗ੍ਰੰਥ ਵੀ ਲਿਖੇ ਹੋ ਸਕਦੇ ਹਨ।

ਸ਼ਬਦ ਵਿਸ਼ਵ ਕੋਸ਼ ਅਜ ਅਜਿਹੀ ਪੁਸਤਕ ਲਈ ਵਰਤਿਆ ਜਾਂਦਾ ਹੈ ਜਿਸ ਵਿਚ ਗਿਆਨ ਦੇ ਮੁਖ ਖੇਤਰਾਂ ਨਾਲ ਸਬੰਧਤ ਇੰਦਰਾਜਾਂ ਵਿਚ ਅੱਖਰ ਕ੍ਰਮ ਅਨੁਸਾਰ ਲੋੜੀਂਦੀ, ਮੁਕੰਮਲ ਤੇ ਸਰਬਪੱਖੀ ਜਾਣਕਾਰੀ ਦਿੱਤੀ ਹੋਈ ਹੋਵੇ। ਭਾਵੇਂ ਕੁਝ ਬਦੇਸ਼ੀ ਭਾਸ਼ਾਵਾਂ ਵਿਚ ਵਿਸ਼ਵ ਕੋਸ਼ ਦੀ ਪਰੰਪਰਾ ਕਾਫ਼ੀ ਪੁਰਾਣੀ ਹੈ ਪਰ ਇਸ ਦੀ ਅਜ ਵਾਲੀ ਨੁਹਾਰ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਪ੍ਰਕਾਸ਼ਤ ਹੋਣ ਨਾਲ (1717) ਸਾਹਮਣੇ ਆਈ। ਅਜ ਗਿਆਨ ਵਿਗਿਆਨ ਦੇ ਹਰੇਕ ਖੇਤਰ ਤੇ ਹਰ ਵਿਸ਼ੇ ਬਾਰੇ ਕਈ-ਕਈ ਜਿਲਦਾਂ ਵਿਚ ਅਜਿਹੇ ਵਿਸ਼ਵ ਕੋਸ਼ ਉਪਲਬਧ ਹਨ।

ਜਿਥੋਂ ਤਕ ਹੋਰਨਾਂ ਭਾਰਤੀ ਭਾਸ਼ਾਵਾਂ ਦਾ ਸਬੰਧ ਹੈ, ਭਾਰਤੀ ਵਿਦਿਆਨਾਂ ਨੇ ਭਾਸ਼ਾ ਅਤੇ ਵਿਸ਼ਾ-ਗ੍ਰੰਥਾਂ ਦੇ ਰੂਪ ਵਿਚ ਜੋ ਰਚਨਾ ਕੀਤੀ ਉਸ ਵਿਚ ਉਨ੍ਹਾਂ ਇਕੋ ਪੱਖ ਜਾਂ ਵਿਸ਼ੇ ਨੂੰ ਬੜੀ ਬਰੀਕੀ ਤੇ ਵਿਸਤਾਰ ਨਾਲ ਤਾਂ ਉਲੀਕਿਆ ਹੈ ਪਰ ਅਜੋਕੇ ਅਰਥਾਂ ਵਿਚ ਬਹੁ ਵਿਸ਼ਿਆਂ ਵਾਲੀ ਸਰਬਪੱਖੀ ਗਿਆਨ ਦੀ ਪੁਸਤਕ ਦਾ ਸੰਕਲਪ ਆਧੁਨਿਕ ਯੁਗ ਦੀ ਦੇਣ ਹੈ। ਸਪਸ਼ਟ ਹੈ ਕਿ ਇਹੋ ਜਿਹੇ ਗ੍ਰੰਥ ਵਿਕਸਿਤ ਭਾਸ਼ਾਵਾਂ ਵਿਚ ਹੀ ਹੋ ਸਕਦੇ ਹਨ। ਆਜ਼ਾਦੀ ਮਿਲਣ ਤੋਂ ਪਹਿਲਾਂ ਭਾਰਤੀ ਭਾਸ਼ਾਵਾਂ ਵਿਚ ਵਿਸ਼ਵ ਕੋਸ਼ ਦੇ ਨਾਂ ਦੀ ਚੀਜ਼ ਕੇਵਲ ਬੰਗਲਾ ਵਿਚ ਹੀ ਵੇਖੀ ਜਾ ਸਕਦੀ ਸੀ। ਭਾਸ਼ਾ ਦੇ ਵਿਕਾਸ ਨਾਲ ਸਬੰਧਤ ਅਜ ਦੇ ਮਿਆਰਾਂ ਅਨੁਸਾਰ ਉਹ ਹੀ ਭਾਸ਼ਾ ਵਿਕਸਿਤ ਗਿਣੀ ਜਾ ਸਕਦੀ ਹੈ ਜਿਸ ਵਿਚ ਕੋਸ਼ ਅਤੇ ਵਿਸ਼ਵ ਕੋਸ਼ ਉਪਲਬਧ ਹੋਣ। ਦੂਜੇ ਪਾਸੇ ਕੋਸ਼ ਅਤੇ ਵਿਸ਼ਵ ਕੋਸ਼ ਦੀ ਲੋੜ ਉਸ ਸਮਾਜ ਵਿਚ ਹੀ ਮਹਿਸੂਸ ਕੀਤੀ ਜਾ ਸਕਦੀ ਹੈ ਜਿਸ ਨੇ ਖ਼ੁਦ ਤਰੱਕੀ ਦੇ ਕੁਝ ਮਿਆਰ ਛੂਹ ਲਏ ਹੋਣ। ਆਜ਼ਾਦੀ ਮਿਲਣ ਉਪਰੰਤ ਭਾਰਤੀ ਭਾਸ਼ਾਵਾਂ ਵਿਚ ਵਿਸ਼ਵ ਕੋਸ਼ ਤਿਆਰ ਕਰਨ ਦੀ ਪ੍ਰੇਰਨਾ ਰਾਜਾਂ ਨੂੰ ਭਾਰਤ ਸਰਕਾਰ ਨੇ ਦਿੱਤੀ। ਉਸ ਪ੍ਰੇਰਨਾ ਦੇ ਫਲਸਰੂਪ ਪੰਜਾਬੀ ਵਿਸ਼ਵ ਕੋਸ਼ 25 ਜਿਲਦਾਂ ਵਿਚ ਤਿਆਰ ਕਰਨ ਦੀ ਯੋਜਨਾ ਬਣਾਈ ਗਈ। ਅਜ ਸਤਵੀਂ ਜਿਲਦ ਪਾਠਕਾਂ ਦੇ ਹੱਥਾਂ ਵਿਚ ਦਿੰਦਿਆਂ ਮੈਨੂੰ ਇਕ ਵਿਸ਼ੇਸ਼ ਤਰ੍ਹਾਂ ਦੀ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਇਹ ਪੰਜਾਬੀ ਭਾਸ਼ਾ ਅਤੇ ਸਮਾਜ ਦੇ ਵਿਕਾਸ ਦਾ ਇਕ ਪੜਾਅ ਹੈ। ਪੰਜਾਬੀ ਸਮਾਜ ਨੂੰ ਕਈ ਤਰ੍ਹਾਂ ਦੇ ਵਿਸ਼ਵ ਕੋਸ਼ਾਂ ਦੀ ਲੋੜ ਹੈ। ਸਮਾਜ ਵਿਗਿਆਨ-ਜੀਵ ਵਿਗਿਆਨ-ਪ੍ਰਾਕ੍ਰਿਤਕ ਵਿਗਿਆਨ-ਵਿਸ਼ਵ ਕੋਸ਼ ਸਾਡੀ ਅਜ ਦੀ ਲੋੜ ਹਨ, ਪਰ ਹਾਲੀਂ ਇਸ ਪਾਸੇ ਉਪਰਾਲੇ ਸ਼ੁਰੂ ਨਹੀਂ ਹੋਏ।

ਵਿਸ਼ਵ ਕੋਸ਼ ਦੀਆਂ ਪਹਿਲਾਂ ਛਪੀਆਂ ਜਿਲਦਾਂ ਵਾਂਗ ਪਾਠਕਾਂ ਦੀ ਸਹਾਇਤਾ ਲਈ ਇਸ ਜਿਲਦ ਦੇ ਮੁੱਢ ਵਿਚ ਵੀ ਇਸ ਦੀ ਵਰਤੋਂ ਬਾਰੇ ਜ਼ਰੂਰੀ ਲੋੜੀਂਦੀ ਜਾਣਕਾਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਇਸ ਵਿਚ ਵਰਤੇ ਗਏ ਸ਼ਬਦ-ਸੰਖੇਪ ਤੇ ਹੋਰ ਚਿੰਨ੍ਹ ਆਦਿ ਵੀ ਦਿੱਤੇ ਗਏ ਹਨ। ਹਥਲੀ ਜਿਲਦ ਵਿਚ 'ਕਬੀਲਾ' ਤੋਂ 'ਕੇਂਦਰੀ ਅਫ਼ਰੀਕੀ ਗਣਰਾਜ' ਤਕ ਦੀਆਂ ਐਂਟਰੀਆਂ ਸ਼ਾਮਲ ਹਨ।

ਪੰਜਾਬੀ ਭਾਸ਼ਾ ਵਿਚ ਇਹ ਵਿਸ਼ਵ ਕੋਸ਼ ਮੁਢਲਾ ਯਤਨ ਹੈ ਅਤੇ ਇਸ ਨੂੰ ਇਸ ਪਾਸੇ ਅੰਤਮ ਗੱਲ ਕਹਿਣਾ ਠੀਕ ਨਹੀਂ ਹੋਵੇਗਾ। ਇਸ ਵਿਚ ਸ਼ੱਕ ਨਹੀਂ ਇਹ ਇਕ ਅਣਮੋਲ ਹਵਾਲਾ ਗ੍ਰੰਥ ਹੈ ਪਰ ਇਸ ਤਰ੍ਹਾਂ ਦੇ ਵਡ-ਆਕਾਰੀ ਕੰਮ ਵਿਚ ਖ਼ਾਮੀਆਂ ਰਹਿ ਜਾਣਾ ਸੁਭਾਵਕ ਗੱਲ ਹੈ। ਮੈਨੂੰ ਪੂਰੀ ਆਸ ਹੈ ਕਿ ਸੂਝਵਾਨ ਪਾਠਕ ਇਸ ਜਿਲਦ ਦਾ ਵੀ ਸੁਆਗਤ ਕਰਨਗੇ ਅਤੇ ਇਸ ਵਿਚ ਰਹਿ ਗਈਆਂ ਤਰੁਟੀਆਂ ਤੋਂ ਜਾਣੂ ਕਰਵਾਉਣ ਲਈ ਆਪਣੇ ਵਡਮੁੱਲੇ ਸੁਝਾਅ ਲਿਖ ਭੇਜਣ ਦੀ ਕਿਰਪਾ ਕਰਨਗੇ। ਉਨ੍ਹਾਂ ਦੇ ਸੁਝਾਵਾਂ ਦੀ ਰੌਸ਼ਨੀ ਵਿਚ ਅਸੀਂ ਬਾਕੀ ਜਿਲਦਾਂ ਨੂੰ ਹੋਰ ਚੰਗਾ ਅਤੇ ਸੁਚੱਜਾ ਬਣਾਉਣ ਦਾ ਯਤਨ ਕਰਾਂਗੇ।

ਇਸ ਜਿਲਦ ਦੀ ਤਿਆਰੀ ਅਤੇ ਛਪਾਈ ਵਿਚ ਵਿਸ਼ਵ ਕੋਸ਼ ਭਾਗ ਦੇ ਅਫ਼ਸਰਾਂ ਅਤੇ ਕਰਮਚਾਰੀਆਂ ਨੇ ਬੜੀ ਮਿਹਨਤ ਅਤੇ ਤਨਦੇਹੀ ਨਾਲ ਕੰਮ ਕੀਤਾ ਹੈ। ਮੈਂ ਉਨ੍ਹਾਂ ਸਾਰਿਆਂ ਦਾ ਅਤੇ ਜਿਨ੍ਹਾਂ ਲੇਖਕਾਂ ਤੇ ਵਿਦਵਾਨਾਂ ਨੇ ਇਸ ਜਿਲਦ ਦੇ ਪ੍ਰਕਾਸ਼ਨ ਵਿਚ ਯੋਗਦਾਨ ਪਾਇਆ ਹੈ ਅਤੇ ਖ਼ਾਸ ਤੌਰ ਤੇ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਦਾ ਦਿਲੋਂ ਧੰਨਵਾਦੀ ਹਾਂ।

ਫ਼ਰਵਰੀ, 1990

ਰਾਜਿੰਦਰ ਸਿੰਘ
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

# ਪੰਜਾਬੀ ਵਿਸ਼ਵ ਕੋਸ਼ ਦੀ ਵਰਤੋਂ

ਪੰਜਾਬੀ ਵਿਸ਼ਵ ਕੋਸ਼ ਵਿਚ ਸਾਹਿਤ ਤੇ ਕਲਾ, ਸਮਾਜ ਵਿਗਿਆਨ ਅਤੇ ਵਿਗਿਆਨ ਨਾਲ ਸਬੰਧਤ ਵਿਸ਼ਿਆਂ ਦੀਆਂ ਐਂਟਰੀਆਂ ਨੂੰ ਦਿੱਤੀ ਗਈ ਤਰਤੀਬ ਦੀ ਹੇਠਾਂ ਵਿਆਖਿਆ ਕੀਤੀ ਜਾਂਦੀ ਹੈ ਤਾਂ ਜੋ ਪਾਠਕ ਨੂੰ ਲੋੜੀਂਦੀ ਐਂਟਰੀ ਲੱਭਣ ਵਿਚ ਆਸਾਨੀ ਰਹੇ।

1. ਐਂਟਰੀਆਂ ਦੀ ਤਰਤੀਬ ਉਨ੍ਹਾਂ ਦੇ ਨਾਵਾਂ ਅਨੁਸਾਰ ਰੱਖੀ ਗਈ ਹੈ ਨਾ ਕਿ ਵਿਸ਼ਿਆਂ ਅਨੁਸਾਰ ਅਤੇ ਇਹ ਤਰਤੀਬ ਗੁਰਮੁਖੀ ਦੀ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਰੱਖੀ ਗਈ ਹੈ ਜਿਵੇਂ ਕਿ ੳ, ਅ, ੲ,............ਲ, ਵ, ੜ। ਇਸ ਤੋਂ ਅੱਗੇ ਇੱਕੋ ਹੀ ਅੱਖਰ ਨੂੰ ਲਗਾਂ ਮਾਤਰਾਂ ਦੇ ਹਿਸਾਬ ਨਾਲ ਤਰਤੀਬਵਾਰ ਕੀਤਾ ਗਿਆ ਹੈ। ਉਨ੍ਹਾਂ ਵਿਚ ਮੁਕਤਾ (ਸ) ਸਭ ਤੋਂ ਪਹਿਲਾਂ ਅਤੇ ਕ੍ਰਮਵਾਰ ਕੰਨਾ (ਸਾ), ਸਿਹਾਰੀ (ਸਿ), ਬਿਹਾਰੀ (ਸੀ), ਔਂਕੜ (ਸੁ), ਦੁਲੈਂਕੜ (ਸੂ), ਲਾਂ (ਸੇ), ਦੁਲਾਂ (ਸੈ), ਹੋੜਾ (ਸੋ) ਅਤੇ ਕਨੌੜਾ (ਸੌ) ਰੱਖੇ ਗਏ ਹਨ।

ਤਰਤੀਬ ਵਿਚ ਬਿੰਦੀ (ਸ਼ਾਂ), ਟਿੱਪੀ (ਸੰ) ਅਤੇ ਅੱਧਕ (ਸੱ) ਆਦਿ ਨੂੰ ਕੋਈ ਵੱਖਰਾ ਕ੍ਰਮ ਨਹੀਂ ਦਿੱਤਾ ਗਿਆ। ਇਸੇ ਤਰ੍ਹਾਂ ਜੇ ਕਿਸੇ ਐਂਟਰੀ ਦੇ ਸਿਰਲੇਖ ਵਿਚ ਕੌਮਾ (,) ਆਉਂਦਾ ਹੈ ਤਾਂ ਅੱਖਰ-ਕ੍ਰਮ ਵਿਚ ਇਸ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ।

2. ਕਿਸੇ ਸ਼ਬਦ ਦੇ ਪੈਰ ਵਿਚ ਆਉਣ ਵਾਲੇ 'ਰ' ਅਤੇ 'ਵ' ਨੂੰ ਕ੍ਰਮ ਦੇਣ ਲਗਿਆਂ ਪੂਰਾ 'ਰ' ਅਤੇ 'ਵ' ਮੰਨਿਆ ਗਿਆ ਹੈ। ਜਿਥੇ ਕਿਤੇ ਕਿਸੇ ਅੱਖਰ ਦੇ ਪੈਰ ਵਿਚ 'ਰ' ਆਇਆ ਹੈ ਅਤੇ ਉਸ ਅੱਖਰ ਨੂੰ ਕੋਈ ਲਗ ਮਾਤਰਾ ਲੱਗੀ ਹੋਈ ਹੈ ਤਾਂ ਅੱਖਰ-ਕ੍ਰਮ ਵਿਚ ਉਹ ਲਗ-ਮਾਤਰਾ 'ਰ' ਨੂੰ ਹੀ ਮੰਨੀ ਗਈ ਹੈ ਨਾ ਕਿ ਮੂਲ ਅੱਖਰ ਨੂੰ, ਜਿਵੇਂ ਅੰਮ੍ਰਿਤ (=ਅੰਮਰਿਤ)

3. ਐਂਟਰੀ ਦਾ ਸਿਰਲੇਖ ਭਾਵੇਂ ਇਕ, ਦੋ ਜਾਂ ਬਹੁਤੇ ਸ਼ਬਦਾਂ ਦਾ ਹੈ, ਤਰਤੀਬ ਪਹਿਲੇ ਸ਼ਬਦ ਨੂੰ ਮੁੱਖ ਰੱਖ ਕੇ ਦਿੱਤੀ ਗਈ ਹੈ ਜਿਵੇਂ— **ੳ :**

**ਉਰਦੂ ਭਾਸ਼ਾ ਅਤੇ ਸਾਹਿਤ :**

**ਉੜੀਸਾ :**

4. ਭੂਗੋਲ ਨਾਲ ਸਬੰਧਤ ਇਕੋ ਨਾਂ ਦੀਆਂ ਇਕੋ ਹੀ ਥਾਂ ਤੇ ਕਈ ਕਈ ਐਂਟਰੀਆਂ ਦਰਜ ਹਨ। ਉਨ੍ਹਾਂ ਵਿਚੋਂ ਲੋੜੀਂਦੀ ਐਂਟਰੀ ਲੱਭਣ ਵਿਚ ਪਾਠਕ ਦੀ ਸਹੂਲਤ ਲਈ ਤਰਤੀਬ ਦੇਣ ਲਗਿਆਂ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਅਜਿਹੀਆਂ ਐਂਟਰੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਰੱਖੀ ਗਈ ਹੈ :

**ਕਪੂਰਥਲਾ :** ਰਿਆਸਤ—

**ਕਪਰਥਲਾ :** ਜ਼ਿਲ੍ਹਾ—

**ਕਪੂਰਥਲਾ :** ਸ਼ਹਿਰ—

ਇਸ ਤਰ੍ਹਾਂ ਪਾਠਕ ਨੂੰ ਕਪੂਰਥਲਾ ਰਿਆਸਤ, ਜ਼ਿਲ੍ਹਾ ਜਾਂ ਸ਼ਹਿਰ ਲੱਭਣ ਵਿਚ ਮੁਸ਼ਕਲ ਪੇਸ਼ ਨਹੀਂ ਆਵੇਗੀ। ਇਕੋ ਹੀ ਨਾਂ ਦੇ ਕਈ ਕਈ ਸ਼ਹਿਰਾਂ ਦੀ ਸੂਰਤ ਵਿਚ ਐਂਟਰੀ ਦਾ ਆਰੰਭਕ ਵਾਕ ਅਜਿਹੇ ਢੰਗ ਨਾਲ ਸ਼ੁਰੂ ਕੀਤਾ ਗਿਆ ਹੈ ਕਿ ਉਸ ਦਾ ਪਹਿਲਾ ਹੀ ਸ਼ਬਦ ਇਹ ਸਪੱਸ਼ਟ ਕਰ ਦੇਂਦਾ ਹੈ ਕਿ ਇਹ ਸ਼ਹਿਰ ਕਿਸ ਰਾਜ ਜਾਂ ਕਿਸ ਦੇਸ਼ ਨਾਲ ਸਬੰਧ ਰੱਖਦਾ ਹੈ। ਉਦਾਹਰਨ ਲਈ—

(ੳ) **ਕਿੰਗਸ਼ਟਨ :** ਸੰਯੁਕਤ ਰਾਜ ਅਮਰੀਕਾ ਦਾ ਇਹ ਸ਼ਹਿਰ............

**ਕਿੰਗਜ਼ਟਨ :** ਕੈਨੇਡਾ ਦਾ ਇਕ ਸ਼ਹਿਰ............

(ਅ) **ਕਾਨਕਰਡ** (Concord) : ਕੈਲਿਫ਼ੋਰਨੀਆ ਰਾਜ (ਸ.ਰ.ਅ) ਦੀ ਕਾਂਟਰਾ ਕਾਂਸਟਾ ਕਾਊਂਟੀ ਦਾ ਇਕ ਸ਼ਹਿਰ ਹੈ ਜੋ...

**ਕਾਨਕਰਡ** (Concord) : ਮੈਸਾਚੂਸੈਟਸ ਰਾਜ (ਸ.ਰ.ਅ.) ਦੀ ਮਿਡਲਸੈਕਸ ਕਾਊਂਟੀ ਦਾ ਇਕ ਸ਼ਹਿਰ ਹੈ ਜੋ......

5. ਕ੍ਰਾਸ ਹਵਾਲੇ ਵਾਲੀਆਂ ਐਂਟਰੀਆਂ ਦੀ ਸੂਰਤ ਵਿਚ ਇਹ ਯਤਨ ਕੀਤਾ ਗਿਆ ਹੈ ਕਿ ਐਂਟਰੀ ਨੂੰ ਉਸ ਦੇ ਮੌਜੂਦਾ ਨਾਂ ਹੇਠ ਦਿਤਾ ਜਾਵੇ ਅਤੇ ਉਸ ਦੇ ਦੂਜੇ ਨਾਂ ਨੂੰ ਕ੍ਰਾਸ ਹਵਾਲੇ ਵਜੋਂ ਉਸ ਦੇ ਬਣਾਏ ਅੱਖਰ-ਕ੍ਰਮ ਅਨੁਸਾਰ ਦਿਤਾ ਜਾਵੇ, ਜਿਵੇਂ ਕਿ ਐਂਟਰੀ 'ਜ਼ੇਅਰ' ਦੇ ਨਾਂ ਹੇਠ ਪਵੇਗੀ ਪਰ ਜਿਥੇ 'ਕਾਂਗੋ' ਆਵੇਗਾ ਉਥੇ ਲਿਖਿਆ ਹੋਵੇਗਾ—

**ਕਾਂਗੋ :** 'ਵੇਖੋ, ਜ਼ੇਅਰ' ।

6. ਇਕੋ ਹੀ ਨਾਂ ਦੀਆਂ ਜੀਵਨੀਆਂ ਦਾ ਕ੍ਰਮ ਉਨ੍ਹਾਂ ਦੇ ਜੀਵਨ-ਕਾਲ ਅਨੁਸਾਰ ਦਿੱਤਾ ਗਿਆ ਹੈ ਜਿਵੇਂ—

**ਸ਼ਾਹ ਨਵਾਜ਼ ਖ਼ਾਂ (18ਵੀਂ ਸਦੀ) :**
**ਸ਼ਾਹ ਨਵਾਜ਼ ਖ਼ਾਂ (20ਵੀਂ ਸਦੀ) :**

ਇਕ ਹੀ ਨਾਂ ਦੇ ਰਾਜਿਆਂ ਆਦਿ, ਜਿਨ੍ਹਾਂ ਦੀਆਂ, ਕਈ ਕਈ ਐਂਟਰੀਆਂ ਹਨ, ਜਿਵੇਂ ਜੇਮਜ਼ ਪਹਿਲਾ, ਦੂਜਾ, ਤੀਜਾ ਆਦਿ, ਦੀ ਲੋੜੀਂਦੀ ਐਂਟਰੀ ਨੂੰ ਆਸਾਨੀ ਨਾਲ ਲੱਭਣ ਲਈ ਐਂਟਰੀ ਦੇ ਸਿਰਲੇਖ ਦੇ ਨਾਲ ਬ੍ਰੈਕਟ ਵਿਚ ਉਸ ਦਾ ਨੰਬਰ-ਕ੍ਰਮ ਦਿਤਾ ਗਿਆ ਹੈ ਅਤੇ ਹੋਰ ਵੀ ਸਪੱਸ਼ਟ ਕਰਨ ਲਈ ਇਸ ਨਾਲ ਗੁਰਮੁਖੀ ਦੀ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਸਬੰਧਤ ਦੇਸ ਦਾ ਨਾਂ ਵੀ ਦਿਤਾ ਗਿਆ ਹੈ :

ਜਿਵੇਂ— **ਜੇਮਜ਼ (ਪਹਿਲਾ-ਇੰਗਲੈਂਡ) :**
**ਜੇਮਜ਼ (ਪਹਿਲਾ-ਸਪੇਨ) :**
**ਜੇਮਜ਼ (ਪਹਿਲਾ-ਪੁਰਤਗਾਲ) :**

7. ਐਂਟਰੀਆਂ ਦੇ ਅਖ਼ੀਰ ਵਿਚ ਉਨ੍ਹਾਂ ਵਿਚ ਵਰਤੀਆਂ ਗਈਆਂ ਹਵਾਲਾ ਪੁਸਤਕਾਂ ਦਾ ਨਾਂ ਸੰਖੇਪ ਰੂਪ ਵਿਚ ਦਿਤਾ ਗਿਆ ਹੈ । ਇਸੇ ਤਰ੍ਹਾਂ ਐਂਟਰੀ ਵਿਚ ਵੀ ਸੰਖੇਪ-ਸ਼ਬਦ ਵਰਤੇ ਗਏ ਹਨ ਜਿਨ੍ਹਾਂ ਦਾ ਪੂਰਾ ਨਾਂ ਪਾਠਕ ਆਰੰਭ ਵਿਚ ਦਿਤੀ ਗਈ 'ਸ਼ਬਦ-ਸੰਖੇਪ' ਸੂਚੀ ਵਿਚੋਂ ਵੇਖ ਸਕਦੇ ਹਨ ।

ਪੰਜਾਬੀ ਵਿਸ਼ਵ ਕੋਸ਼ ਵਿਚ ਉਪਰੋਕਤ ਨਿਯਮ ਪਾਲਣ ਦਾ ਪੂਰਾ ਪੂਰਾ ਯਤਨ ਕੀਤਾ ਗਿਆ ਹੈ ਪਰ ਫਿਰ ਵੀ ਮੁੱਢਲੀਆਂ ਜਿਲਦਾਂ ਦੀ ਸਮੱਗਰੀ ਕਾਫ਼ੀ ਪਹਿਲਾਂ ਤਿਆਰ ਹੋਣ ਕਰ ਕੇ ਕਿਤੇ-ਕਿਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਵਿਚ ਉਕਾਈ ਦੀ ਸੰਭਾਵਨਾ ਵੀ ਹੋ ਸਕਦੀ ਹੈ । ਪੰਜਾਬੀ ਵਿਸ਼ਵ ਕੋਸ਼ ਦੀਆਂ ਅਗਲੀਆਂ ਜਿਲਦਾਂ ਵਿਚ ਉਪਰੋਕਤ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਵੇਗੀ।

# ਸ਼ਬਦ-ਸੰਖੇਪ ਸੂਚੀ

## ਹਵਾਲਾ ਪੁਸਤਕਾਂ

| | |
|---|---|
| ਅ. ਹਿ. ਇੰਡ.—ਸਮਿਥ | ਅਰਲੀ ਹਿਸਟਰੀ ਆਫ਼ ਇੰਡੀਆ—ਸਮਿਥ |
| ਅ. ਹਿ. ਇੰਡ.—ਘੋਸ਼ | ਅਰਲੀ ਹਿਸਟਰੀ ਆਫ਼ ਇੰਡੀਆ—ਘੋਸ਼ |
| ਅੰਡ. ਯੰ. ਚਾ. | ਅੰਡਰਸਟੈਂਡਿੰਗ ਦੀ ਯੰਗ ਚਾਈਲਡ—ਡਬਲਿਊ. ਈ. ਬਲਾਟਜ਼ |
| ਅ. ਫ਼ਿ.—ਰਾਜਮ | ਅਟਾਮਿਕ ਫ਼ਿਜ਼ਿਕਸ—ਜੇ. ਬੀ. ਰਾਜਮ |
| ਔਕ. ਕੰਮ. ਅਮੈ. ਲਿਟ. | ਔਕਸਫ਼ੋਰਡ ਕੰਪੈਨੀਅਨ ਟੂ ਅਮੈਰੀਕਨ ਲਿਟਰੇਚਰ |
| ਔਕ. ਕੰ. ਆ. | ਔਕਸਫ਼ੋਰਡ ਕੰਪੈਨੀਅਨ ਟੂ ਆਰਟ |
| ਔਕ. ਕੰ. ਇੰਗ. ਲਿਟ. | ਔਕਸਫ਼ੋਰਡ ਕੰਪੈਨੀਅਨ ਟੂ ਇੰਗਲਿਸ਼ ਲਿਟਰੇਚਰ |
| ਔ. ਕੈ.—ਸੋਨੀ | ਔਰਗੈਨਿਕ ਕੈਮਿਸਟਰੀ—ਪੀ. ਐੱਲ. ਸੋਨੀ |
| ਔ. ਕੈ.—ਫਿਨਾਰ | ਔਰਗੈਨਿਕ ਕੈਮਿਸਟਰੀ—ਆਈ. ਐਨ. ਫਿਨਾਰ |
| ਔ. ਕੈ.—ਮੌਰੀਸਨ-ਬਾਇਡ | ਔਰਗੈਨਿਕ ਕੈਮਿਸਟਰੀ—ਮੌਰੀਸਨ ਅਤੇ ਬਾਇਡ |
| ਐਡ. ਸ. ਹਿ. ਪੰ. | ਦਾ ਐਡਵਾਂਸਡ ਸਟਡੀ ਇਨ ਦੀ ਹਿਸਟਰੀ ਆਫ਼ ਦੀ ਪੰਜਾਬ-ਜੀ. ਐਸ. ਛਾਬੜਾ |
| ਐਡ. ਹਿ. ਇੰਡ. | ਐਡਵਾਂਸ ਹਿਸਟਰੀ ਆਫ਼ ਇੰਡੀਆ—ਆਰ. ਸੀ. ਮਜ਼ੂਮਦਾਰ |
| ਐਨ. ਉਰ. | ਐਨਸਾਈਕਲੋਪੀਡੀਆ ਆਫ਼ ਉਰਦੂ |
| ਐਨ. ਅਮੈ. | ਐਨਸਾਈਕਲੋਪੀਡੀਆ ਅਮੈਰੀਕਾਨਾ |
| ਐਨ. ਇਸ. | ਐਨਸਾਈਕਲੋਪੀਡੀਆ ਆਫ਼ ਇਸਲਾਮ |
| ਐਨ. ਇੰਡ. | ਐਨਸਾਈਕਲੋਪੀਡੀਆ ਇੰਡੀਕਾ |
| ਐਨ. ਸਾਈ. | ਐਨਸਾਈਕਲੋਪੀਡੀਆ ਆਫ਼ ਸਾਈਕਾਲੋਜੀ |
| ਐਨ. ਬ੍ਰਿ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ |
| ਐਨ. ਬ੍ਰਿ. ਮਾ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮਾਈਕ੍ਰੋਪੀਡੀਆ |
| ਐਨ. ਬ੍ਰਿ. ਮੈ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮੈਕਰੋਪੀਡੀਆ |
| ਐਨ. ਰਿ. | ਐਨਸਾਈਕਲੋਪੀਡੀਆ ਆਫ਼ ਰਿਲਿਜਨ-ਵਰਜਿਲੀਅਸ |
| ਐਨ. ਰਿ. ਅਥਿ. | ਐਨਸਾਈਕਲੋਪੀਡੀਆ ਆਫ਼ ਰਿਲਿਜਨ ਐਂਡ ਐਥਿਕਸ |
| ਐਮ. ਫ਼੍ਰੀ. ਫਾ. ਪੰ. | ਐਮੀਨੈਂਟ ਫ਼੍ਰੀਡਮ ਫਾਈਟਰਜ਼ ਆਫ਼ ਪੰਜਾਬ—ਫੌਜਾ ਸਿੰਘ |
| ਐਵ. ਐਨ. | ਐਵਰੀਮੈਨਜ਼ ਐਨਸਾਈਕਲੋਪੀਡੀਆ |
| ਇੰ. ਐਨ. ਸੋ. ਸਾ. | ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼ |
| ਇੰ. ਐਨ. ਕੇ. ਸਾ. | ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਕੈਮੀਕਲ ਸਾਇੰਸ |
| ਇੰਡ. ਪਾਕਿ. | ਇੰਡੀਆ ਐਂਡ ਪਾਕਿਸਤਾਨ—ਓ. ਐਚ. ਕੇ. ਸਪੇਟ |
| ਇੰਡ. ਰਿ. ਜਗ. | ਇੰਡੀਆ, ਏ ਰਿਜਿਨਲ ਜੀਓਗ੍ਰਾਫ਼ੀ—ਆਰ. ਐਲ. ਸਿੰਘ |
| ਇਨ. | ਇਨਸੈੱਕਟਸ—ਐਮ. ਐੱਸ. ਮੈਨੀ |
| ਇਨ. ਪੈ. ਕ੍ਰਾ. | ਇਨਸੈੱਕਟ ਪੈਸਟਸ ਆਫ਼ ਕ੍ਰਾਪਸ |
| ਇੰਪ. ਗ. ਇੰਡ. | ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ |
| ਇ. ਬਾ. | ਇਕਨਾਮਿਕ ਬੋਟਨੀ—ਐਫ਼. ਹਿੱਲ. |
| ਏ. ਇੰਡ. | ਏਨਸ਼ੀਐਂਟ ਇੰਡੀਆ—ਰ. ਕ. ਮੁਕਰਜੀ |
| ਏ. ਹਿ. ਪਰ. | ਏ ਹਿਸਟਰੀ ਆਫ਼ ਪਰਸ਼ੀਆ—ਸਾਈਕਸ |
| ਸ. ਇੰਡ. | ਸਨੇਕਸ ਆਫ਼ ਇੰਡੀਆ—ਪੀ. ਜੇ. ਦੇਵਰਸ |
| ਸ. ਸਾ. ਹਾ. | ਦੀ ਸਟੈਂਡਰਡ ਸਾਈਕਲੋਪੀਡੀਆ ਆਫ਼ ਹਾਰਟੀਕਲਚਰ |
| ਸਟੇ. ਯੀ. ਬੁ. | ਸਟੇਟਸਮੈਨ ਯੀਅਰ ਬੁੱਕ |
| ਸ਼ਾ. ਐਨ. ਇਸ. | ਸ਼ਾਰਟਰ ਐਨਸਾਈਕਲੋਪੀਡੀਆ ਆਫ਼ ਇਸਲਾਮ |
| ਸਾ. ਟੂ. | ਸਾਇੰਸ ਟੂਡੇ |
| ਸਾ. ਰਿ. | ਸਾਇੰਸ ਰਿਪੋਰਟਰ |
| ਸਿ. ਸ਼੍ਰਾ. ਵੈ. ਪਾਕਿ. | ਸਿੱਖ ਸ਼੍ਰਾਈਨਜ਼ ਇਨ ਵੈੱਸਟ ਪਾਕਿਸਤਾਨ-ਖ਼ਾਨ ਮੁਹੰਮਦ ਵਲੀਉੱਲਾ ਖ਼ਾਂ |
| ਸਿ. ਪੋ. ਯੂ. ਆ. | ਸਿੱਖ ਪੋਰਟ੍ਰੇਟਸ ਬਾਈ ਯੂਰਪੀਅਨ ਆਰਟਿਸਟਸ |
| ਸਿ. ਮਿ. | ਸਿੱਖ ਮਿਸਲਾਂ—ਸੋਹਣ ਸਿੰਘ ਸੀਤਲ |
| ਹਿ. ਏ. ਇੰਡ. | ਹਿਸਟਰੀ ਆਫ਼ ਏਨਸ਼ੀਐਂਟ ਇੰਡੀਆ—ਡਾ. ਤ੍ਰਿਪਾਠੀ |

| | |
|---|---|
| ਹਿੰ. ਸ਼. ਸਾ. | ਹਿੰਦੀ ਸ਼ਬਦ ਸਾਗਰ |
| ਹਿ. ਸੰ. ਲਿਟ. | ਏ ਹਿਸਟਰੀ ਆਫ਼ ਸੰਸਕ੍ਰਿਤ ਲਿਟਰੇਚਰ—ਏ. ਬੀ. ਕੀਥ |
| ਹਿੰ. ਸਾ. ਇਤਿ. | ਹਿੰਦੀ ਸਾਹਿਤ ਕਾ ਇਤਿਹਾਸ—ਰਾਮ ਚੰਦਰ ਸ਼ੁਕਲ |
| ਹਿੰ. ਸਾ. ਕੋ. | ਹਿੰਦੀ ਸਾਹਿਤ ਕੋਸ਼ |
| ਹਿ. ਸਿ.—ਕਨਿੰਘਮ | ਹਿਸਟਰੀ ਆਫ਼ ਸਿੱਖਸ—ਕਨਿੰਘਮ |
| ਹਿ. ਸਿ.—ਖ਼ੁਸ਼ਵੰਤ ਸਿੰਘ | ਹਿਸਟਰੀ ਆਫ਼ ਸਿੱਖਸ—ਖ਼ੁਸ਼ਵੰਤ ਸਿੰਘ |
| ਹਿ. ਸਿ.—ਗੁਪਤਾ | ਹਿਸਟਰੀ ਆਫ਼ ਸਿੱਖਸ—ਹਰੀ ਰਾਮ ਗੁਪਤਾ |
| ਹਿੰ. ਕਾ. ਸੈ. | ਹਿੰਦੂ ਕਾਸਟਸ ਐਂਡ ਸੈਕਟਸ |
| ਹਿ. ਪੰ. | ਹਿਸਟਰੀ ਆਫ਼ ਦੀ ਪੰਜਾਬ—ਮੁਹੰਮਦ ਲਤੀਫ਼ |
| ਹਿ. ਫ੍ਰੀ. ਮੂ. ਇੰਡ. | ਹਿਸਟਰੀ ਆਫ਼ ਫ੍ਰੀਡਮ ਮੂਵਮੈਂਟ ਇਨ ਇੰਡੀਆ—ਮਜ਼ੂਮਦਾਰ |
| ਹਿੰ. ਮਿ. ਕੋ. | ਹਿੰਦੂ ਮਿਥਿਹਾਸ ਕੋਸ਼ |
| ਹਿ. ਮੈ. ਇੰਡ. | ਹਿਸਟਰੀ ਆਫ਼ ਮੇਡਿਈਵਲ ਇੰਡੀਆ—ਈਸ਼ਵਰੀ ਪ੍ਰਸਾਦ |
| ਹਿੰ. ਵ. | ਹਿੰਦੂ ਵਰਲਡ |
| ਹਿੰ. ਵਿ. ਕੋ. | ਹਿੰਦੀ ਵਿਸ਼ਵ ਕੋਸ਼ |
| ਹੂ. ਇੰਡੀ. ਮਾਰ. | ਹੂ-ਜ਼ ਹੂ ਆਫ਼ ਇੰਡੀਅਨ ਮਾਰਟਰਜ਼ |
| ਹੂ. ਇੰਡੀ. ਰਾਈ. | ਹੂ-ਜ਼ ਹੂ ਆਫ਼ ਇੰਡੀਅਨ ਰਾਈਟਰਜ਼ |
| ਹੈਂ. ਫ਼ਿਜ਼ਿ. ਬਾ. ਕੈ. | ਹੈਂਡਬੁਕ ਆਫ਼ ਫ਼ਿਜ਼ਿਆਲੋਜੀ ਐਂਡ ਬਾਇਓ-ਕੈਮਿਸਟਰੀ |
| ਹੈਂ. ਐ. | ਹੈਂਡਬੁੱਕ ਆਫ਼ ਐਗਰੀਕਲਚਰ—ਆਈ. ਸੀ. ਏ. ਆਰ. |
| ਹੈ. ਵ. ਐ. | ਹੈਮੰਡ ਵਰਲਡ ਐਟਲਸ |
| ਕ. ਐਨ. ਲਿਟ. | ਕਲਾਸੀਕਲ ਐਨਸਾਈਕਲੋਪੀਡੀਆ ਆਫ਼ ਲਿਟਰੇਚਰ |
| ਕ. ਸ. ਸਾਈ. | ਕਨਟੈਂਪਰੇਰੀ ਸਕੂਲਜ਼ ਆਫ਼ ਸਾਈਕਾਲੋਜੀ—ਰਾਬਰਟ ਵੁਡਵਰਥ |
| ਕੰ. ਹਿ. ਇੰਡ. | ਕੰਪਰੀਹੈਨਸਿਵ ਹਿਸਟਰੀ ਆਫ਼ ਇੰਡੀਆ—ਨੀਲ ਕਾਂਤ ਸ਼ਾਸਤਰੀ |
| ਕਾ. ਇੰਡ. | ਕਾਸਟਸ ਇਨ ਇੰਡੀਆ |
| ਕਾ. ਟ੍ਰੀ. | ਕਾਮਨ ਟ੍ਰੀਜ਼—ਡਾ. ਐੱਚ. ਸੰਤਾਪ |
| ਕਾ. ਬ. | ਕਾਮਨ ਬਰਡਜ਼—ਸਲੀਮ ਅਲੀ ਅਤੇ ਲਾਇਕ ਫਤਹਿ ਅਲੀ |
| ਕੈਂ. ਹਿ. ਇਸ. | ਕੈਂਬਰਿਜ ਹਿਸਟਰੀ ਆਫ਼ ਇਸਲਾਮ |
| ਕੋਲ. ਐਨ. | ਕੋਲੀਅਰਜ਼ ਐਨਸਾਈਕਲੋਪੀਡੀਆ |
| ਗ. ਇੰਡ. ਪਾਕਿ. | ਗਜ਼ਟੀਅਰ ਆਫ਼ ਇੰਡੀਆ ਐਂਡ ਪਾਕਿਸਤਾਨ |
| ਗ. ਇੰ. ਮੈ. ਪ. | ਗਲਾਸਰੀ ਆਫ਼ ਇੰਡੀਅਨ ਮੈਡੀਨਿਲ ਪਲਾਂਟਸ |
| ਗ. ਟ੍ਰਾ. ਕਾ. | ਗਲਾਸਰੀ ਆਫ਼ ਦੀ ਟ੍ਰਾਈਬਜ਼ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈੱਸਟ ਫ਼ਰੰਟੀਅਰਜ਼ ਪ੍ਰਾਵਿਨਸ |
| ਗ੍ਰੇ. ਮੈਂ. ਸਾ. | ਗ੍ਰੇਟ ਮੈੱਨ ਆਫ਼ ਸਾਇੰਸ—ਫ਼ਿਲਿਪ ਲੇਨਾਰਟ |
| ਗਾ. ਫ. | ਗਾਰਡਨ ਫਲਾਵਰਜ਼—ਵਿਸ਼ਨੂ ਸਰੂਪ |
| ਗੁ. ਨਾ. ਸ਼. ਰ. | ਗੁਰੂ ਨਾਨਕ ਸ਼ਬਦ ਰਤਨਾਕਰ—ਡਾ. ਕਾਲਾ ਸਿੰਘ ਬੇਦੀ |
| ਗੁ. ਨਾ. ਪ੍ਰ. | ਗੁਰੂ ਨਾਨਕ ਪ੍ਰਕਾਸ਼—ਭਾਈ ਸੰਤੋਖ ਸਿੰਘ |
| ਗੁ. ਪ੍ਰ. ਸੂ. ਗ੍ਰੰ. | ਗੁਰ ਪ੍ਰਤਾਪ ਸੂਰਜ ਗ੍ਰੰਥ—ਭਾਈ ਸੰਤੋਖ ਸਿੰਘ |
| ਗੁ. ਪਾ. 6ਵੀਂ | ਗੁਰਬਿਲਾਸ ਪਾਤਸ਼ਾਹੀ ਛੇਵੀਂ |
| ਗੁ. ਮਾ. | ਗੁਰਮਤਿ ਮਾਰਤੰਡ |
| ਗੁ. ਲਿ. ਜ. ਵਿ. | ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ—ਜੀ. ਬੀ. ਸਿੰਘ |
| ਗੂ. ਮੈ. ਡਿ. | ਗੂਲਡ ਮੈਡੀਕਲ ਡਿਕਸ਼ਨਰੀ |
| ਚੀ. ਫੈ. ਨੋ. ਪੰ. | ਚੀਫ਼ਸ ਐਂਡ ਫੈਮਿਲੀਜ਼ ਆਫ਼ ਨੋਟ ਇਨ ਦਾ ਪੰਜਾਬ—ਐਲ. ਐੱਚ. ਗ੍ਰਿਫ਼ਿਨ |
| ਚੈਂਬ ਐਨ. | ਚੈਂਬਰਜ਼ ਐਨਸਾਈਕਲੋਪੀਡੀਆ |
| ਚੋ. ਇੰ. ਡ੍ਰ. ਇੰਡ. | ਚੋਪੜਾਜ਼ ਇੰਡਿਜਿਨਸ ਡ੍ਰਗਜ਼ ਆਫ਼ ਇੰਡੀਆ |
| ਜਗ. ਡਿ. | ਦੀ ਜੀਓਗ੍ਰਾਫ਼ੀਕਲ ਡਿਕਸ਼ਨਰੀ—ਐੱਨ. ਐੱਲ. ਡੇ. |
| ਜਗ. ਡਿ. ਏ. ਐਂਡ. ਮੈ. ਇੰਡ | ਜੀਓਗ੍ਰਾਫ਼ੀਕਲ ਡਿਕਸ਼ਨਰੀ ਆਫ਼ ਏਨਸ਼ੀਐਂਟ ਐਂਡ ਮੈਡਿਈਵਲ ਇੰਡੀਆ |
| ਜਗ. ਪਾਕਿ. | ਜੀਓਗ੍ਰਾਫ਼ੀ ਆਫ਼ ਪਾਕਿਸਤਾਨ (ਤੀਜੀ ਐਡੀਸ਼ਨ)—ਕਾਜ਼ੀ ਅਹਿਮਦ |

| | |
|---|---|
| ਜੀ. ਐ. ਲਾ. ਐਨ. | ਜੀ-ਮੈਕਸ ਐਨੀਮਲ ਲਾਈਫ਼ ਐਨਸਾਈਕਲੋਪੀਡ ੀਆ |
| ਟ੍ਰੌ. ਬ. | ਟ੍ਰੌਪੀਕਲ ਬਰਡਜ਼-ਕਲਾਈਵ ਰੂਟਸ |
| ਟੈ. ਬੁ. ਕੈ.-ਗਰੋਵਰ | ਏ ਟੈਕਸਟ ਬੁੱਕ ਆਫ਼ ਕੈਮਿਸਟਰੀ-ਗਰੋਵਰ |
| ਟੈ. ਬੁ. ਫ਼ਿ. ਕੈ. | ਟੈਕਸਟ ਬੁੱਕ ਆਫ਼ ਫ਼ਿਜ਼ੀਕਲ ਕੈਮਿਸਟਰੀ-ਨਿਰੰਜਨ ਸਿੰਘ, ਜੋਗਿੰਦਰ |
| ਟੈ. ਬੁ. ਮੈ. | ਟੈਕਸਟ ਬੁੱਕ ਆਫ਼ ਮੈਡੀਸਨ-ਸੰਪਾਦਕ : ਡਬਲਿਊ. ਐਨ. ਮਾਨ |
| ਡਿ. ਐਜੂ. | ਡਿਕਸ਼ਨਰੀ ਆਫ਼ ਐਜੂਕੇਸ਼ਨ —ਸੰਪਾਦਕ : ਕਾਰਟਰ ਵੀ. ਗੁੱਡ |
| ਡਿ. ਇਸ. | ਏ ਡਿਕਸ਼ਨਰੀ ਆਫ਼ ਇਸਲਾਮ |
| ਡਿ. ਸਾਈ. | ਏ ਡਿਕਸ਼ਨਰੀ ਆਫ਼ ਸਾਈਕਾਲੋਜੀ-ਜੇਮਜ਼ ਡ੍ਰੇਵਰ |
| ਡਿ. ਸਾ. ਬਾ. | ਡਿਕਸ਼ਨਰੀ ਆਫ਼ ਸਾਇੰਟਿਫ਼ਿਕ ਬਾਇਓਗ੍ਰਾਫ਼ੀ—ਚਾਰਲਸ, ਸੀ. |
| ਡਿ. ਹਿੰ. ਮਾਈ. | ਏ ਡਿਕਸ਼ਨਰੀ ਆਫ਼ ਹਿੰਦੂ ਮਾਈਥਾਲੋਜੀ |
| ਡਿ. ਜਗ. | ਏ ਡਿਕਸ਼ਨਰੀ ਆਫ਼ ਜੀਓਗ੍ਰਾਫ਼ੀ |
| ਡਿ. ਨੈ. ਬਾ. | ਡਿਕਸ਼ਨਰੀ ਆਫ਼ ਨੈਸ਼ਨਲ ਬਾਇਓਗ੍ਰਾਫ਼ੀ |
| ਡਿ. ਪੁ. ਸਾ. | ਡਿਕਸ਼ਨਰੀ ਆਫ਼ ਪੁਲੀਟੀਕਲ ਸਾਇੰਸ—ਜੋਸਫ਼ ਡੱਨਰ |
| ਤਵਾ. ਗੁ. ਖ਼ਾ. | ਤਵਾਰੀਖ਼ ਗੁਰੂ ਖ਼ਾਲਸਾ—ਗਿਆਨੀ ਗਿਆਨ ਸਿੰਘ |
| ਤਾ. ਅ. ਉਰ.—ਇ. ਹੁਸੈਨ | ਤਾਰੀਖ਼ਿ ਅਦਬਿ ਉਰਦੂ—ਇਜਾਜ਼ ਹੁਸੈਨ |
| ਤਾ. ਅ. ਉਰ.—ਸਕਸੈਨਾ | ਤਾਰੀਖ਼ਿ ਅਦਬਿ ਉਰਦੂ—ਸਕਸੈਨਾ |
| ਦੇਹਲੀ—ਹਿ. ਐਂਡ. ਪਲੇ. ਇੰਟ. | ਦੇਹਲੀ-ਹਿਸਟਰੀ ਐਂਡ ਪਲੇਸਿਜ਼ ਆਫ਼ ਇੰਟਰੈਸਟ—ਡਾ. ਪ੍ਰਭਾ ਚੋਪੜਾ |
| ਨਿ. ਕ. ਯੂ. ਬਾ. | ਨਿਊ ਕਨਸਾਈਜ਼ ਯੂਨੀਵਰਸਲ ਬਾਇਓਗ੍ਰਾਫ਼ੀ |
| ਨਿ. ਡਿ. ਸਾਈ. | ਏ ਨਿਊ ਡਿਕਸ਼ਨਰੀ ਆਫ਼ ਸਾਈਕਾਲੋਜੀ—ਫ਼ਿਲਿਪ ਲਾਰੈਂਸ ਹੈਰੀਮੈਨ |
| ਨਿ. ਯੂ. ਐਨ. | ਨਿਊ ਯੂਨੀਵਰਸਲ ਐਨਸਾਈਕਲੋਪੀਡੀਆ |
| ਨਿ. ਲਾ. ਐਨ. ਮਾਈ. | ਨਿਊ ਲਾਰਾਊਸ ਐਨਸਾਈਕਲੋਪੀਡੀਆ ਆਫ਼ ਮਾਈਥਾਲੋਜੀ |
| ਨਿ. ਵ. ਐਨ. | ਦੀ ਨਿਊ ਵਰਲਡ ਐਨਸਾਈਕਲੋਪੀਡੀਆ |
| ਪੰ. ਸਨ. ਸਾ. | ਪੰਜਾਬ ਦੇ ਸਨਮਾਨਿਤ ਸਾਹਿਤਕਾਰ—ਭਾਸ਼ਾ ਵਿਭਾਗ ਪੰਜਾਬ |
| ਪੰ. ਸਾ. ਇ.—ਕੋਹਲੀ | ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਸੁਰਿੰਦਰ ਸਿੰਘ ਕੋਹਲੀ |
| ਪੰ. ਸਾ. ਇ.—ਦਰਦੀ | ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਗੋਪਾਲ ਸਿੰਘ ਦਰਦੀ |
| ਪੰ. ਸਾ. ਇ.—ਨਰੂਲਾ | ਪੰਜਾਬੀ ਸਾਹਿਤ ਦਾ ਇਤਿਹਾਸ—ਸੁਰਿੰਦਰ ਸਿੰਘ ਨਰੂਲਾ |
| ਪੰ. ਸਾ. ਇ.—ਪੰਜਾਬ | ਪੰਜਾਬੀ ਸਾਹਿਤ ਦਾ ਇਤਿਹਾਸ—ਪੰਜਾਬ ਯੂਨੀਵਰਸਿਟੀ |
| ਪੰ. ਸਾ. ਇ.—ਪੰਜਾਬੀ | ਪੰਜਾਬੀ ਸਾਹਿਤ ਦਾ ਇਤਿਹਾਸ—ਪੰਜਾਬੀ ਯੂਨੀਵਰਸਿਟੀ |
| ਪੰ. ਸਾ. ਇ.—ਭਾ. ਵਿ. ਪੰ. | ਪੰਜਾਬੀ ਸਾਹਿਤ ਦਾ ਇਤਿਹਾਸ—ਭਾਸ਼ਾ ਵਿਭਾਗ ਪੰਜਾਬ |
| ਪੰ. ਸਾ. ਇ.—ਰਸ | ਪੰਜਾਬੀ ਸਾਹਿਤ ਦਾ ਇਤਿਹਾਸ—ਨਿਹਾਲ ਸਿੰਘ ਰਸ |
| ਪੰ. ਸਾ. ਕੋ. | ਪੰਜਾਬੀ ਸਾਹਿਤ ਕੋਸ਼—ਪੰਜਾਬੀ ਯੂਨੀਵਰਸਿਟੀ |
| ਪੰ. ਸ਼ਾ. ਤਜ਼. | ਪੰਜਾਬੀ ਸ਼ਾਇਰਾਂ ਦਾ ਤਜ਼ਕਰਾ—ਮੌਲਾ ਬਖ਼ਸ਼ ਕੁਸ਼ਤਾ |
| ਪੰ. ਹੀ. | ਪੰਜਾਬ ਦੇ ਹੀਰੇ—ਮੌਲਾ ਬਖ਼ਸ਼ ਕੁਸ਼ਤਾ |
| ਪੰ. ਕਾ. | ਪੰਜਾਬ ਕਾਸਟਸ—ਇਬੈਟਸਨ |
| ਪੰ. ਕੋ. | ਪੰਜਾਬੀ ਕੋਸ਼ |
| ਪ. ਫ਼ਿਜ਼ੀ. | ਪਲਾਂਟ ਫ਼ਿਜ਼ੀਜ਼ਿਜ਼—ਆਰ. ਐਸ. ਮਾਥੁਰ |
| ਪ. ਪੰ. | ਪਲਾਂਟਸ ਆਫ਼ ਦੀ ਪੰਜਾਬ |
| ਪੰ. ਪ੍ਰ. | ਪੰਥ ਪ੍ਰਕਾਸ਼—ਗਿ. ਗਿਆਨ ਸਿੰਘ |
| ਪੰ. ਫ਼ਿਜ਼ਿ. | ਪਲਾਂਟ ਫ਼ਿਜ਼ਿਔਲੋਜੀ—ਐਸ. ਐਂਡਰਸਨ |
| ਪ੍ਰਾ. ਚਰਿ. ਕੋ. | ਪ੍ਰਾਚੀਨ ਚਰਿੱਤਰ ਕੋਸ਼ |
| ਪ੍ਰਾ. ਪੰ. ਪ੍ਰ. | ਪ੍ਰਾਚੀਨ ਪੰਥ ਪ੍ਰਕਾਸ਼—ਰਤਨ ਸਿੰਘ ਭੰਗੂ |
| ਪ੍ਰਾ. ਲਿ. ਮਾ. | ਪ੍ਰਾਚੀਨ ਲਿਪੀ ਮਾਲਾ—ਪੰਡਤ ਗੌਰੀ ਸ਼ੰਕਰ ਓਝਾ |
| ਪ੍ਰਿੰ. ਇਨ. ਮੈ. | ਪ੍ਰਿੰਸੀਪਲ ਆਫ਼ ਇਨਟਰਨਲ ਮੈਡੀਸਨ—ਹੈਰੀਸਨ |
| ਪ੍ਰਿ. ਫ਼. ਵੈ. | ਪ੍ਰਿਜ਼ਰਵੇਸ਼ਨ ਆਫ਼ ਫ਼ਰੂਟਸ ਐਂਡ ਵੈਜੀਟੇਬਲਜ਼—ਆਈ. ਸੀ. ਏ. ਆਰ. |
| ਪੰ. ਲਿ. ਕੋ. | ਪੰਜਾਬੀ ਲਿਖਾਰੀ ਕੋਸ਼—ਜੋਗਿੰਦਰ ਸਿੰਘ ਰਾਮਦੇਵ |
| ਪੰ. ਲੋ. ਵਿ. ਕੋ. | ਪੰਜਾਬੀ ਲੋਕਧਾਰਾ ਵਿਸ਼ਵ ਕੋਸ਼—ਵਣਜਾਰਾ ਬੇਦੀ |
| ਪਾ. ਹੈਂ. ਇੰ. ਬ. | ਪਾਪੂਲਰ ਹੈਂਡ-ਬੁੱਕ ਆਫ਼ ਇੰਡੀਅਨ ਬਰਡਜ਼ |
| ਪੇਂਟ. ਸਿ. | ਪੇਂਟਿੰਗਜ਼ ਆਫ਼ ਦੀ ਸਿੱਖਸ—ਡਬਲਿਊ. ਆਰਚਰ |
| ਫ਼. ਐ. | ਫ਼ਰੰਟੀਅਰ ਆਫ਼ ਐਸਟ੍ਰਾਨੋਮੀ—ਫ਼ਰੈੱਡ ਹਾਇਲ |
| ਫ਼ੰ. ਇ. ਇੰਜ. | ਫ਼ੰਡਾਮੈਂਟਲਜ਼ ਆਫ਼ ਇਰੀਗੇਸ਼ਨ ਇੰਜਨੀਅਰਿੰਗ—ਭਾਰਤ ਸਿੰਘ |

| | |
|---|---|
| ਫ. ਸ਼੍ਰ. ਇ. | ਫਲਾਵਰਿੰਗ ਸ਼੍ਰੱਬਜ਼ ਇਨ ਇੰਡੀਆ—ਐੱਸ. ਐੱਲ. ਜਿੰਦਲ |
| ਫ਼. ਕ. ਇ. | ਫ਼ਰੂਟ ਕਲਚਰ ਇਨ ਇੰਡੀਆ—ਸ਼ਾਮ ਸਿੰਘ |
| ਫ. ਟ੍ਰੀ. ਸ਼੍ਰ. ਇ. | ਫਲਾਵਰਿੰਗ ਟ੍ਰੀਜ਼ ਐਂਡ ਸ਼੍ਰੱਬਜ਼ ਇਨ ਇੰਡੀਆ |
| ਫਾ. ਮੁ. ਐਂਪ. | ਫਾਲ ਆਫ਼ ਦੀ ਮੁਗ਼ਲ ਐਂਪਾਇਰ—ਜਾਦੂ ਨਾਥ ਸਰਕਾਰ |
| ਫ਼ੈ. ਮੈ. ਡਿ. | ਫ਼ੈਮਿਲੀ ਮੈਡੀਕਲ ਡਿਕਸ਼ਨਰੀ—ਡਾ. ਤ੍ਰਿਪਾਠੀ |
| ਫ਼ੋ. ਸਿ. ਇੰਡ. | ਦੀ ਫ਼ੋਰਟੀਫਾਈਡ ਸਿਟੀਜ਼ ਆਫ਼ ਇੰਡੀਆ—ਸਿਡਨੀ ਟਾਇ |
| ਬ੍ਰਿ. ਰੂ. ਇੰ. ਆਫ਼. | ਬ੍ਰਿਟਿਸ਼ ਰੂਲ ਇਨ ਇੰਡੀਆ ਐਂਡ ਆਫ਼ਟਰ—ਵੀ. ਡੀ. ਮਹਾਜਨ |
| ਬਾ. ਕੈ. | ਬਾਇਓ-ਕੈਮਿਸਟਰੀ—ਕਲਾਈਨਰ ਅਤੇ ਔਰਟਨ |
| ਬੁ. ਇੰ. ਬ. | ਦੀ ਬੁੱਕ ਆਫ਼ ਇੰਡੀਅਨ ਬਰਡਜ਼—ਸਲੀਮ ਅਲੀ |
| ਬੁ. ਪਾ. ਸਾ. | ਦੀ ਬੁੱਕ ਆਫ਼ ਪਾਪੂਲਰ ਸਾਇੰਸ |
| ਬੇ. ਨੀ. ਵ. | ਬੇਸਿਕ ਨੀਡਲ ਵਰਕ—ਵਾਈਨ ਫ਼ਰੀਡ ਐਂਡ ਬੁੱਲ |
| ਭਾ. ਅਜਾ. | ਭਾਰਤ ਦੇ ਅਜਾਇਬ ਘਰ |
| ਭਾ. ਪਹਿ. | ਭਾਰਤ ਦੇ ਪਹਿਲਵਾਨ—ਬਲਬੀਰ ਸਿੰਘ ਕੰਵਲ |
| ਭਾ. ਪ੍ਰ. ਵਿ. | ਭਾਰਤ ਦੇ ਪ੍ਰਸਿੱਧ ਵਿਗਿਆਨੀ—ਜਗਜੀਤ ਸਿੰਘ |
| ਮ. ਕੋ. | ਮਹਾਨ ਕੋਸ਼ |
| ਮਾ. ਮੈ. ਕੌਂ. | ਮਾਡਰਨ ਮੈਡੀਕਲ ਕੌਂਸਲਰ |
| ਮੁ. ਐਂਪਾ. | ਦੀ ਮੁਗ਼ਲ ਐਂਪਾਇਰ—ਡਾ. ਅਸ਼ਿਰਬਾਦੀ ਲਾਲ ਸ੍ਰੀਵਾਸਤਵਾ |
| ਮੈ. ਹੈ. ਐਨ. | ਮੈਡੀਕਲ ਐਂਡ ਹੈਲਥ ਐਨਸਾਈਕਲੋਪੀਡੀਆ |
| ਮੈਕ. ਐਨ. ਸਾ. ਟ. | ਮੈਕਗ੍ਰਾਅ-ਹਿੱਲ ਐਨਸਾਈਕਲੋਪੀਡੀਆ ਆਫ਼ ਸਾਇੰਸ ਐਂਡ ਟੈਕਨਾਲੋਜੀ |
| ਮੈਕ. ਐਨ. ਵਿ. ਬਾ. | ਮੈਕਗ੍ਰਾਅ-ਹਿੱਲ ਐਨਸਾਈਕਲੋਪੀਡੀਆ ਆਫ਼ ਵਰਲਡ ਬਾਇਓਗ੍ਰਾਫ਼ੀਜ਼ |
| ਮੈਕ. ਮਾ. ਮੈ. ਸਾ. | ਮੈਕਗ੍ਰਾਅ-ਹਿੱਲ ਮਾਡਰਨ ਮੈੱਨ ਆਫ਼ ਸਾਇੰਸ |
| ਮੈਥ. ਡਿ. | ਮੈਥੇਮੈਟਿਕਸ ਡਿਕਸ਼ਨਰੀ-ਜੇਮਜ਼ ਐਂਡ ਜੇਮਜ਼ |
| ਮੈ. ਪ. ਇੰ. ਪਾ. | ਮੈਡੀਸਿਨਲ ਪਲਾਂਟਸ ਆਫ਼ ਇੰਡੀਆ ਐਂਡ ਪਾਕਿਸਤਾਨ |
| ਮੈ. ਮੈ. | ਮੈੱਨ ਆਫ਼ ਮੈਥੇਮੈਟਿਕਸ—ਈ. ਟੀ. ਬੈੱਲ |
| ਯੂਨੀ. ਐਨ. | ਯੂਨੀਵਰਸਲ ਐਨਸਾਈਕਲੋਪੀਡੀਆ |
| ਰ. ਸਿੰ. | ਰਣਜੀਤ ਸਿੰਘ—ਸਰ ਲੈਪਲ ਗ੍ਰਿਫ਼ਿਨ |
| ਰਾ. ਸਿੱ. ਪਾ. ਪੰ. | ਰਾਈਜ਼ ਆਫ਼ ਦੀ ਸਿੱਖ ਪਾਵਰ ਇਨ ਦੀ ਪੰਜਾਬ—ਸੋਹਨ ਸਿੰਘ ਸ਼ੀਤਲ |
| ਰਾ. ਫਾ. ਮੁ. ਐਂਪ. | ਰਾਈਜ਼ ਐਂਡ ਫਾਲ ਆਫ਼ ਦੀ ਮੁਗ਼ਲ ਐਂਪਾਇਰ—ਆਰ. ਪੀ. ਤ੍ਰਿਪਾਠੀ |
| ਲਾ. ਐਨ. ਵਰ. | ਲੈਂਰੰਸ ਐਨਸਾਈਕਲੋਪਡੀਆ ਆਫ਼ ਵਰਲਡ—ਪਾਲ ਹੈਮਲਿਨ |
| ਲਾ. ਡਿ. ਜਗ. | ਲਾਂਗਮੈਨ ਡਿਕਸ਼ਨਰੀ ਆਫ਼ ਜੀਓਗ੍ਰਾਫ਼ੀ—ਸਰ ਡਡਲੇ ਸਟੈਂਪ |
| ਲਿੰ. ਸ. ਇੰਡ. | ਲਿੰਗੁਇਸਟਿਕ ਸਰਵੇ ਆਫ਼ ਇੰਡੀਆ—ਗ੍ਰੀਅਰਸਨ |
| ਲਿਟ. ਹਿ. ਐਰੈ. | ਏ ਲਿਟਰੇਰੀ ਹਿਸਟਰੀ ਆਫ਼ ਦੀ ਐਰੈਬਜ਼—ਨਿਕਲਸਨ |
| ਲਿਟ. ਹਿ. ਪਰ. | ਏ ਲਿਟਰੇਰੀ ਹਿਸਟਰੀ ਆਫ਼ ਪਰਸ਼ੀਆ—ਬ੍ਰਾਊਨ |
| ਵ. ਹੂ. ਸਾ. | ਵਰਲਡ ਹੂ-ਜ਼ ਹੂ ਇਨ ਸਾਇੰਸ |
| ਵ. ਟੈ. | ਵਰਕਸ਼ਾਪ ਟੈਕਨਾਲੋਜੀ—ਡਬਲਿਊ. ਏ. ਚੈਪਮੈਨ |
| ਵ. ਯੂ. ਐਨ. | ਵਰਲਡ ਯੂਨੀਵਰਸਿਟੀ ਐਨਸਾਈਕਲੋਪੀਡੀਆ |
| ਵ. ਨਾ. ਸ. ਐਨ. | ਵਾਨ ਨਾਸਟਰਾਂਡ ਸਾਇੰਟਿਫ਼ਿਕ ਐਨਸਾਈਕਲੋਪੀਡੀਆ |
| ਵੈ. ਜਗ. ਡਿ. | ਵੈਬਸਟਰਜ਼ ਜੀਓਗ੍ਰਾਫ਼ੀਕਲ ਡਿਕਸ਼ਨਰੀ |

| ਮਹਾਂਦੀਪ | | ਮਹਾਂਸਾਗਰ | |
|---|---|---|---|
| ਉ. ਅਮ. | ਉੱਤਰੀ ਅਮਰੀਕਾ | ਉ. ਅੰਧ. ਮਹਾਂ | ਉੱਤਰੀ ਅੰਧ ਮਹਾਂਸਾਗਰ |
| ਅੰਟਾ. | ਅੰਟਾਰਕਟਿਕਾ | ਆਰ. ਮਹਾਂ: | ਆਰਕਟਿਕ ਮਹਾਂਸਾਗਰ |
| ਅਫ਼. | ਅਫ਼ਰੀਕਾ | ਸ਼ਾਂ. ਮਹਾਂ. | ਸ਼ਾਂਤ ਮਹਾਂਸਾਗਰ |
| ਆਸ. | ਆਸਟ੍ਰੇਲੀਆ | ਹਿੰ. ਮਹਾਂ. | ਹਿੰਦ ਮਹਾਂਸਾਗਰ |
| ਏ. | ਏਸ਼ੀਆ | ਦੱ. ਅੰਧ. ਮਹਾਂ. | ਦੱਖਣੀ ਅੰਧ ਮਹਾਂਸਾਗਰ |
| ਦੱ. ਅਮ. | ਦੱਖਣੀ ਅਮਰੀਕਾ | | |
| ਯੂ. | ਯੂਰਪ | | |

## ਸਾਗਰ

| | | | |
|---|---|---|---|
| ਅ. ਸਾ. | ਅਰਬ ਸਾਗਰ | ਖਾ. ਫ਼ਾ. | ਖਾੜੀ ਫ਼ਾਰਸ |
| ਐਡ. ਸਾ. | ਐਡਰਿਆਟਕ ਸਾਗਰ | ਜਾ. ਸਾ. | ਜਾਪਾਨ ਸਾਗਰ |
| ਇੰ. ਚੈ. | ਇੰਗਲਿਸ਼ ਚੈਨਲ | ਦੱ. ਚੀ. ਸਾ. | ਦੱਖਣੀ ਚੀਨ ਸਾਗਰ |
| ਏ. ਸਾ. | ਏਜ਼ੀਅਨ ਸਾਗਰ | ਪੀ. ਸਾ. | ਪੀਲਾ ਸਾਗਰ |
| ਸ. ਸਾ. | ਸਫ਼ੈਦ ਸਾਗਰ | ਪੂ. ਚੀ. ਸਾ. | ਪੂਰਬੀ ਚੀਨ ਸਾਗਰ |
| ਕਾ. ਸਾ. | ਕਾਲਾ ਸਾਗਰ | ਬਾ. ਸ. | ਬਾਲਟਿਕ ਸਾਗਰ |
| ਕੈਸ. ਸਾਂ. | ਕੈਸਪੀਅਨ ਸਾਗਰ | ਬੇ. ਸਾ. | ਬੇਰਿੰਗ ਸਾਗਰ |
| ਕੈਰਿ. ਸਾ. | ਕੈਰਿਬੀਅਨ ਸਾਗਰ | ਰੂ. ਸਾ. | ਰੂਮ ਸਾਗਰ |
| ਖਾ. ਬੰ. | ਖਾੜੀ ਬੰਗਾਲ | ਲਾ. ਸਾ. | ਲਾਲ ਸਾਗਰ |

## ਦੇਸ਼

| | | | |
|---|---|---|---|
| ਉ. ਕੋ. | ਉੱਤਰੀ ਕੋਰੀਆ | ਥਾਈ. | ਥਾਈਲੈਂਡ |
| ਅਫ਼ਗ. | ਅਫ਼ਗ਼ਾਨਿਸਤਾਨ | ਦੱ. ਅਫ਼. | ਦੱਖਣੀ ਅਫ਼ਰੀਕਾ |
| ਅਰ. | ਅਰਜਨਟੀਨਾ | ਦੱ. ਕੋ. | ਦੱਖਣੀ ਕੋਰੀਆ |
| ਅਲ. | ਅਲਜੀਰੀਆ | ਨਾਈ. | ਨਾਈਜੀਰੀਆ |
| ਆਸ. | ਆਸਟ੍ਰੇਲੀਆ | ਨਿ. ਜ਼ੀ. | ਨਿਊਜ਼ੀਲੈਂਡ |
| ਇੰਗ. | ਇੰਗਲੈਂਡ | ਨੀ. ਲੈਂ | ਨੀਦਰਲੈਂਡਜ਼ |
| ਇਜ਼. | ਇਜ਼ਰਾਈਲ | ਪੱ. ਜਰ. | ਪੱਛਮੀ ਜਰਮਨੀ |
| ਇਟ. | ਇਟਲੀ | (ਐਫ਼. ਆਰ. ਜੀ.) | (ਫ਼ੈਡਰਲ ਰਿਪਬਲਿਕ ਆਫ਼ ਜਰਮਨੀ) |
| ਇੰਡੋ. | ਇੰਡੋਨੇਸ਼ੀਆ | ਪੱ. ਦੀ. ਸ. | ਪੱਛਮੀ ਦੀਪ ਸਮੂਹ |
| ਇਥੋ. | ਇਥੋਪੀਆ | (ਵੈ. ਇੰਡੀ.) | (ਵੈੱਸਟ ਇੰਡੀਜ਼) |
| ਇਰ. | ਇਰਾਕ | ਪਾਕਿ. | ਪਾਕਿਸਤਾਨ |
| ਈਰ. | ਈਰਾਨ | ਪੁਰ. | ਪੁਰਤਗਾਲ |
| ਸ. ਅ. | ਸਊਦੀ ਅਰਬ | ਪੂ. ਜਰ. | ਪੂਰਬੀ ਜਰਮਨੀ |
| ਸਕੈਂ | ਸਕੈਂਡੇਨੇਵੀਆ | (ਜੀ. ਡੀ. ਆਰ.) | (ਜਰਮਨ ਡੈਮੋਕ੍ਰੈਟਿਕ ਰਿਪਬਲਿਕ) |
| ਸਪੇ. | ਸਪੇਨ | ਪੂ. ਦੀ. ਸ. | ਪੂਰਬੀ ਦੀਪ-ਸਮੂਹ |
| ਸ. ਰ. ਅ. | ਸੰਯੁਕਤ ਰਾਜ ਅਮਰੀਕਾ | (ਈ. ਇੰਡੀ.) | (ਈਸਟ ਇੰਡੀਜ਼) |
| ਸਵਿ. | ਸਵਿਟਜ਼ਰਲੈਂਡ | ਪੋ. | ਪੋਲੈਂਡ |
| ਸੂ. | ਸੂਡਾਨ | ਫ਼ਰਾ. | ਫ਼ਰਾਂਸ |
| ਸੋ. ਸੰਘ | ਸੋਵੀਅਤ ਸਮਾਜਵਾਦੀ ਗਣਰਾਜ ਸੰਘ | ਫ਼ਿਲ. | ਫ਼ਿਲਪੀਨ |
| (ਸੋ. ਯੂ.) | (ਯੂਨੀਅਨ ਆਫ਼ ਸੋਵੀਅਤ ਸੋਸ਼ਲਿਸਟ ਰਿਪਬਲਿਕਸ) | ਬੰ. ਦੇਸ਼ | ਬੰਗਲਾ ਦੇਸ਼ |
| ਹੰਗ. | ਹੰਗਰੀ | ਬ੍ਰਾ. | ਬ੍ਰਾਜ਼ੀਲ |
| ਹਾ. | ਹਾਲੈਂਡ | ਬੁਲ. | ਬੁਲਗਾਰੀਆ |
| ਕ. | ਕਤਾਰ | ਬੈਲ. | ਬੈਲਜੀਅਮ |
| ਕੀ. | ਕੀਨੀਆ | ਭਾ. | ਭਾਰਤ |
| ਕੁ. | ਕੁਵੈਤ | ਮੰਗੋ. | ਮੰਗੋਲੀਆ |
| ਕੈ. | ਕੈਨੇਡਾ | ਮਲਾ. | ਮਲਾਇਆ |
| ਕੋਲੰ. | ਕੋਲੰਬੀਆ | ਮੈਕ. | ਮੈਕਸੀਕੋ |
| ਗ੍ਰੀ. | ਗ੍ਰੀਨਲੈਂਡ | ਯ. ਅ. ਗ. | ਯਮਨ ਅਰਬ ਗਣਰਾਜ |
| ਚੀ. | ਚੀਨ | ਯ. ਲੋ. ਗ. | ਯਮਨ ਲੋਕਰਾਜੀ ਗਣਰਾਜ |
| ਚੈਕੋ. | ਚੈਕੋਸਲੋਵਾਕੀਆ | ਯੂਗੋ. | ਯੂਗੋਸਲਾਵੀਆ |
| ਜਾ. | ਜਾਪਾਨ | ਯੂਨ. | ਯੂਨਾਨ |
| ਜਾਰ. | ਜਾਰਡਨ | ਰੋਮਾ. | ਰੋਮਾਨੀਆ |
| ਤਨ. | ਤਨਜ਼ਾਨੀਆ | ਲੇਬ. | ਲੇਬਨਾਨ |
| ਤੁਰ. | ਤੁਰਕੀ | ਵੀਅ. | ਵੀਅਤਨਾਮ |

## ਭਾਰਤ ਦੇ ਰਾਜ ਅਤੇ ਸੰਘੀ ਖੇਤਰ

| | | | |
|---|---|---|---|
| ਉ. | ਉੱਤਰ ਪ੍ਰਦੇਸ਼ | ਤਾਮ. | ਤਾਮਿਲਨਾਡੂ |
| ਉੜੀ. | ਉੜੀਸਾ | ਤ੍ਰਿ. | ਤ੍ਰਿਪੁਰਾ |
| ਅਰੁ. | ਅਰੁਣਾਚਲ ਪ੍ਰਦੇਸ਼ | ਨਾਗਾ. | ਨਾਗਾਲੈਂਡ |
| ਆਸਾ. | ਆਸਾਮ | ਪੰ. | ਪੰਜਾਬ |
| ਆਂ. ਪ੍ਰ. | ਆਂਧਰਾ ਪ੍ਰਦੇਸ਼ | ਪੱ. ਬੰ. | ਪੱਛਮੀ ਬੰਗਾਲ |
| ਸਿੱਕ | ਸਿੱਕਮ | ਪਾਂਡੀ. | ਪਾਂਡੀਚਰੀ |
| ਹਰਿ. | ਹਰਿਆਣਾ | ਬਿਹਾ. | ਬਿਹਾਰ |
| ਹਿ. ਪ੍ਰ. | ਹਿਮਾਚਲ ਪ੍ਰਦੇਸ਼ | ਮਹਾ. | ਮਹਾਰਾਸ਼ਟਰ |
| ਕਰ. | ਕਰਨਾਟਕ | ਮਨੀ. | ਮਨੀਪੁਰ |
| ਕੇਰ. | ਕੇਰਲ | ਮ. ਪ੍ਰ. | ਮੱਧ ਪ੍ਰਦੇਸ਼ |
| ਗੁਜ. | ਗੁਜਰਾਤ | ਮਿਜ਼ੋ. | ਮਿਜ਼ੋਰਮ |
| ਗੋ. | ਗੋਆ | ਮੇਘਾ. | ਮੇਘਾਲਿਆ |
| ਜ. ਕ. | ਜੰਮੂ ਕਸ਼ਮੀਰ | ਰਾਜ. | ਰਾਜਸਥਾਨ |
| ਅੰਡੇ. ਨਿਕੋ. | ਅੰਡੇਮਾਨ ਅਤੇ ਨਿਕੋਬਾਰ ਦੀਪ-ਸਮੂਹ | | |
| ਚੰਡੀ. | ਚੰਡੀਗੜ੍ਹ | ਦਾ. ਨ. ਹ. | ਦਾਦਰਾ ਅਤੇ ਨਗਰ ਹਵੇਲੀ |
| | | ਲਕ. | ਲਕਸ਼ਦੀਪ |

## ਆਮ ਸ਼ਬਦ

| | | | |
|---|---|---|---|
| ਅੰ. ਅੰਕ | ਅੰਤਿਮ ਅੰਕੜੇ | ਜ. | ਜਨਮ |
| ਅੰਦਾ. | ਅੰਦਾਜ਼ਨ | ਤਾ. ਮਰ. | ਤਾਜ਼ਾ ਮਰਦਮ-ਸ਼ੁਮਾਰੀ |
| ਅਨੁ. | ਅਨੁਵਾਦ | ਨਿ. ਖੇ. | ਨਿਰਪੱਖ ਖੇਤਰ |
| ਆ. ਅੰਕ. | ਆਰਜ਼ੀ ਅੰਕੜੇ | ਬਿ. | ਬਿਕਰਮੀ |
| ਈ. | ਈਸਵੀ | ਮਿਉਂ | ਮਿਉਂਸਪਲਟੀ |
| ਈ. ਪੂ. | ਈਸਵੀ ਪੂਰਵ | ਮੈ. ਖੇ. | ਮੈਟਰੋਪਾਲਿਟਨ ਖੇਤਰ |
| ਸ਼. ਖੇ. | ਸ਼ਹਿਰੀ ਖੇਤਰ | ਮੌ. | ਮੌਤ |
| ਹ. ਪੁ. | ਹਵਾਲਾ ਪੁਸਤਕ | ਰਾ. ਕਾ. | ਰਾਜ-ਕਾਲ |
| | | ਲ. | ਲਗਭਗ |

## ਅੰਕੜੇ

| | | | |
|---|---|---|---|
| ਉ. ਵਿਥ. | ਉੱਤਰੀ ਵਿਥਕਾਰ | ਪੱ. ਲੰਬ. | ਪੱਛਮੀ ਲੰਬਕਾਰ |
| ਏਕ. | ਏਕੜ | ਪੂ. ਲੰਬ. | ਪੂਰਬੀ ਲੰਬਕਾਰ |
| ਸੈਂ. | ਸੈਂਟੀਗ੍ਰੇਡ | ਫ਼ਾ. | ਫ਼ਾਰਨਹੀਟ |
| ਸੈਂ. ਮੀ. | ਸੈਂਟੀਮੀਟਰ | ਮੀ$^2$ | ਵਰਗ ਮੀਟਰ |
| ਹੈਕ. | ਹੈਕਟੇਅਰ | ਮੀ$^3$ | ਕਿਊਬਿਕ ਮੀਟਰ (ਘਣ ਮੀਟਰ) |
| ਕਿ. ਗ੍ਰਾ. | ਕਿਲੋਗ੍ਰਾਮ | ਮਿ. ਮੀ. | ਮਿਲੀਮੀਟਰ |
| ਕਿ. ਮੀ. | ਕਿਲੋਮੀਟਰ | ਮੀ. | ਮੀਟਰ |
| ਕੈ. | ਕੈੱਲਵਿਨ | ਵ. ਕਿ. ਮੀ. | ਵਰਗ ਕਿਲੋਮੀਟਰ |
| ਗ੍ਰਾ. | ਗ੍ਰਾਮ | ਵ. ਮੀ. | ਵਰਗ ਮੀਲ |
| ਦੱ. ਵਿੱਥ. | ਦੱਖਣੀ ਵਿਥਕਾਰ | | |

**ਕਬੀਲਾ :** ਪਰਿਵਾਰਾਂ ਦੇ ਅਜਿਹੇ ਸਮਾਜਕ ਸਮੂਹ ਨੂੰ ਕਬੀਲਾ ਕਹਿੰਦੇ ਹਨ ਜਿਸ ਨੇ ਇਕ ਵਿਸ਼ੇਸ਼ ਨਾਂ ਅਪਣਾਇਆ ਹੁੰਦਾ ਹੈ, ਬੋਲੀ ਸਾਂਝੀ ਹੁੰਦੀ ਹੈ, ਕਾਰੋਬਾਰ ਇਕ ਕਿਸਮ ਦਾ ਹੁੰਦਾ ਹੈ, ਸਭਿਆਚਾਰਕ ਇਕਸਾਰਤਾ ਹੁੰਦੀ ਹੈ ਅਤੇ ਇਕ ਨਿਸ਼ਚਿਤ ਖੇਤਰ ਵਿਚ ਰਹਿੰਦਾ ਹੈ ਜਾਂ ਘੁੰਮਦਾ-ਫਿਰਦਾ ਹੈ। ਇਹ ਸਮਾਜਕ ਸਮੂਹ ਆਪਸਦਾਰੀ ਅਤੇ ਪਰਸਪਰਤਾ ਪੱਖੋਂ ਚੰਗੀ ਤਰ੍ਹਾਂ ਸੰਗਠਤ ਹੁੰਦਾ ਹੈ। ਇਸ ਅੰਦਰ ਬਹੁਤ ਸਾਰੇ ਛੋਟੇ-ਮੋਟੇ ਪਰਿਵਾਰਾਂ, ਘਰਾਣਿਆਂ ਤੇ ਖ਼ਾਨਦਾਨਾਂ ਵਰਗੇ ਉਪ-ਸਮੂਹ ਸ਼ਾਮਲ ਹੁੰਦੇ ਹਨ। ਸਾਧਾਰਨ ਰੂਪ ਵਿਚ ਹਰੇਕ ਕਬੀਲਾ ਆਪਣੇ ਵਡੇਰੇ ਪੁਰਖ ਅਤੇ ਕਬੀਲੇ ਦੇ ਸਰਪ੍ਰਸਤ ਦੇਵਤੇ ਜਾਂ ਦੇਵੀ ਦੀ ਮਾਨਤਾ ਕਰਦਾ ਹੈ। ਕਬੀਲੇ ਅੰਦਰਲੇ ਪਰਿਵਾਰਾਂ ਵਿਚਕਾਰ ਖ਼ੂਨ ਦੀ ਸਾਂਝ ਹੁੰਦੀ ਹੈ। ਇਸ ਤੋਂ ਇਲਾਵਾ ਇਹ ਸਾਂਝੀਆਂ ਧਾਰਮਕ ਤੇ ਸਮਾਜਕ ਰਹੁ-ਰੀਤਾਂ ਅਤੇ ਆਰਥਕ ਕਾਰਜਾਂ ਰਾਹੀਂ ਹੋਰ ਵੀ ਗੂੜ੍ਹੇ ਸਬੰਧੀ ਹੁੰਦੇ ਹਨ। ਡਬਲਿਊ ਜੇ. ਪੈਰੀ ਦੀ ਸੰਖੇਪ ਜਿਹੀ ਪਰਿਭਾਸ਼ਾ ਅਨੁਸਾਰ 'ਕਬੀਲਾ ਇਕ ਨਿਸ਼ਚਿਤ ਥਾਂ ਤੇ ਰਹਿਣ ਵਾਲਾ ਅਤੇ ਇਕ ਸਾਂਝੀ ਭਾਖਾ ਬੋਲਣ ਵਾਲਾ ਸਮੂਹ ਹੈ।' ਕਈ ਵਾਰੀਂ ਇਸ ਸਾਂਝ ਤੋਂ ਇਲਾਵਾ ਕਬੀਲੇ ਉਪਰ ਆਸਰਿਤ ਵਿਅਕਤੀ ਜਾਂ ਪਰਿਵਾਰ ਜਿਵੇਂ ਗ਼ੁਲਾਮ ਜਾਂ ਕੰਮ-ਧੰਦੇ ਦੇ ਕਾਰਨ ਲਗਾਤਾਰ ਸਬੰਧ ਰੱਖਣ ਵਾਲੇ ਟੱਬਰ ਵੀ ਕਬੀਲੇ ਦੇ ਮੈਂਬਰ ਹੀ ਬਣ ਜਾਂਦੇ ਹਨ ਪਰ ਇਸ ਦੇ ਬਾਵਜੂਦ ਵੀ ਸਗੋਤਰਤਾ ਦੀ ਭਾਵਨਾ ਪ੍ਰਬਲ ਰਹਿੰਦੀ ਹੈ।

'ਕਬੀਲਾ' ਸ਼ਬਦ ਜਿਸ ਨੂੰ ਇੰਗਲਿਸ਼ ਵਿਚ ਟ੍ਰਾਈਬ ਕਿਹਾ ਜਾਂਦਾ ਹੈ ਲਾਤੀਨੀ ਸ਼ਬਦ 'ਟ੍ਰਾਈਬਸ' ਤੋਂ ਵਿਉਤਪੰਨ ਹੋਇਆ ਹੈ ਜਿਸ ਦਾ ਮਤਲਬ ਇਕ ਤਿਹਾਈ ਹੈ। ਆਰੰਭ ਵਿਚ ਇਹ ਸ਼ਬਦ ਰੋਮ ਦੀ ਬੁਨਿਆਦ ਰੱਖਣ ਵਾਲੇ ਤਿੰਨ ਕਿਸਮ ਦੇ ਲੋਕਾਂ ਵਿਚੋਂ ਇਕ ਲਈ ਵਰਤਿਆ ਗਿਆ ਸੀ। ਉਸ ਉਪਰੰਤ ਗੈਨਿਕ ਜਾਂ ਜਰਮੈਨਕ ਲੋਕਾਂ ਨੂੰ ਵੀ 'ਟ੍ਰਾਈਬਸ' ਕਿਹਾ ਜਾਂਦਾ ਰਿਹਾ। ਇਨ੍ਹਾਂ ਨੇ ਰੋਮਨਾਂ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ ਸੀ ਅਤੇ ਇਨ੍ਹਾਂ ਦੀ ਜਾਇਦਾਦ ਦੀ ਮਲਕੀਅਤ ਵਿਚ ਸਾਂਝ ਪਾ ਕੇ ਰਹਿਣ ਲੱਗ ਪਏ ਸਨ। ਇਨ੍ਹਾਂ ਰੋਮਨਾਂ ਅਤੇ ਜਰਮੈਨਿਕਾਂ ਦੇ ਆਪਸੀ ਸਬੰਧਾਂ ਕਾਰਨ ਰੋਮਨ-ਜਰਮੈਨਿਕ ਕਬੀਲੇ ਜਾਂ ਟ੍ਰਾਈਬਜ਼ ਹੋਂਦ ਵਿਚ ਆਏ। ਇਸ ਤਰ੍ਹਾਂ ਟ੍ਰਾਈਬ ਸ਼ਬਦ ਸਾਂਝੀ ਜਾਇਦਾਦ ਦੇ ਮਾਲਕ ਅਤੇ ਸਾਂਝੀਆਂ ਰਹੁ-ਰੀਤਾਂ ਨੂੰ ਮੰਨਣ ਵਾਲੇ ਪਰਿਵਾਰਾਂ ਤੇ ਵਿਅਕਤੀਆਂ ਦੇ ਸਮੂਹ ਲਈ ਵਰਤਿਆ ਜਾਣ ਲੱਗਾ।

ਅੱਜਕਲ੍ਹ 'ਕਬੀਲਾ' ਸ਼ਬਦ ਆਮ ਕਰਕੇ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਦਾ ਭੂਗੋਲਕ ਖੇਤਰ ਤੇ ਸਭਿਆਚਾਰ ਸਾਂਝਾ ਹੁੰਦਾ ਹੈ ਅਤੇ ਇਹ ਲੋਕ ਸਮਾਜ ਦੀ ਮੁੱਖ ਧਾਰਾ ਦਾ ਅੰਗ ਨਹੀਂ ਹੁੰਦੇ। ਆਸਟ੍ਰੇਲੀਆਈ ਆਦਿ ਵਾਸੀਆਂ ਵਿਚੋਂ ਇਕੱਠੇ ਰਹਿਣ ਵਾਲੇ ਟੱਪਰੀਵਾਸ ਪਰਿਵਾਰਾਂ ਨੂੰ 'ਟ੍ਰਾਈਬ' ਕਿਹਾ ਜਾਂਦਾ ਹੈ। ਇਹ ਪਰਿਵਾਰ ਅਕਸਰ ਇਕ ਦੂਜੇ ਦੇ ਘਰ ਜਾਂਦੇ ਆਉਂਦੇ ਹਨ, ਆਪੋ ਵਿਚ ਵਿਆਹ-ਸ਼ਾਦੀਆਂ ਕਰਦੇ ਅਤੇ ਪ੍ਰਮੁਖ ਧਾਰਮਕ ਤਿਉਹਾਰਾਂ ਤੇ ਇਕੱਠੇ ਹੁੰਦੇ ਹਨ। ਅਜਿਹੀਆਂ ਇਕੱਤਰਤਾਵਾਂ ਸਦਕਾ ਇਨ੍ਹਾਂ ਦੀ ਬੋਲੀ ਅਤੇ ਰਸਮ-ਰਿਵਾਜ ਸਾਂਝੇ ਬਣ ਗਏ ਹਨ ਅਤੇ ਆਪੋ ਵਿਚ ਘੁਲ-ਮਿਲ ਗਏ ਜਾਪਦੇ ਹਨ। ਆਸਟ੍ਰੇਲੀਆ ਦੇ ਇਹ ਟੱਪਰੀਵਾਸ ਲੋਕ ਭਾਵੇਂ ਟ੍ਰਾਈਬ ਸ਼ਬਦ ਦੇ ਸੰਕਲਪ ਬਾਰੇ ਅਣਜਾਣ ਹਨ ਪਰ ਕਿਸੇ ਕਬੀਲੇ ਦੇ ਲੋਕਾਂ ਵਾਂਗ ਇਹ ਵੀ ਵਖਰੇ ਰਸਮੋ-ਰਿਵਾਜਾਂ ਅਤੇ ਵੱਖਰੀ ਬੋਲੀ ਬੋਲਣ ਵਾਲਿਆਂ ਨੂੰ ਅਜਨਬੀ ਗਿਣਦੇ ਹਨ। ਕਈ ਵੇਰ ਉੱਨਤੀਸ਼ੀਲ ਲੋਕਾਂ ਨੂੰ ਇਸ ਆਧਾਰ ਤੇ ਕਬੀਲਿਆਂ ਦੇ ਤੌਰ ਤੇ ਹੀ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਅਫਗਾਨਿਸਤਾਨ ਦੇ ਹਜਾਰਾ ਖੇਤਰ ਦੇ ਪਿੰਡਾਂ ਵਿਚ ਰਹਿੰਦੇ ਵਾਹੀਕਾਰ ਅਤੇ ਇੱਜੜ ਪਾਲਣ ਵਾਲੇ ਮੰਗੋਲ ਜਾਤੀ ਦੇ ਆਮ ਕਬੀਲਿਆਂ ਵਿਚ 100,000 ਤੱਕ ਵਿਅਕਤੀ ਹੁੰਦੇ ਹਨ। ਕਦੇ ਕਦੇ ਇਹ ਕਬੀਲੇ ਆਪਣੇ ਕਾਇਦੇ-ਕਾਨੂੰਨ ਕਾਇਮ ਰੱਖਣ ਲਈ ਕਿਸੇ ਵਿਅਕਤੀ ਨੂੰ ਮੁਖੀ ਵੀ ਚੁਣ ਲੈਂਦੇ ਹਨ। ਹਰ ਕਬੀਲਾ ਬਾਕਾਇਦਾ ਆਪਣਾ ਨਾਂ ਅਤੇ ਆਪਣੀ ਹੀ ਬੋਲੀ ਬੋਲਣ ਵਿਚ ਫ਼ਖਰ ਮਹਿਸੂਸ ਕਰਦਾ ਹੈ। ਇਸ ਦਾ ਆਪਣਾ ਵਿਸ਼ੇਸ਼ ਅਧਿਕਾਰ-ਖੇਤਰ ਹੁੰਦਾ ਹੈ। ਇਸ ਤਰ੍ਹਾਂ ਕਬੀਲੇ ਦੇ ਮੈਂਬਰਾਂ ਵਿਚਕਾਰ ਸਾਕਾਦਾਰੀ ਦੀ ਤਕੜੀ ਭਾਵਨਾ ਕੰਮ ਕਰਦੀ ਹੈ। ਈਰਾਨੀਆਂ ਵਾਂਗ ਹਜਾਰਾ ਦੇ ਲੋਕਾਂ ਦਾ ਵੀ ਕਬਾਇਲੀ ਕਿਸਮ ਦਾ ਸਮਾਜ ਹੈ ਕਿਉਂਕਿ ਇਹ ਵੀ ਆਪਣੇ ਰਾਜਨੀਤਕ ਸਮਾਜ ਵਿਚ ਰਹਿੰਦੇ ਹੋਏ ਆਪੋ-ਆਪਣੇ ਕਬੀਲਿਆਂ ਦੇ ਕਾਇਦੇ-ਕਾਨੂੰਨ ਤੇ ਰਹੁ-ਰੀਤਾਂ ਬਰਕਰਾਰ ਰੱਖਦੇ ਹਨ ਜਿਹੜਾ ਕਿਸੇ ਵੀ ਟ੍ਰਾਈਬ ਦਾ ਵਿਸ਼ੇਸ਼ ਗੁਣ ਹੁੰਦਾ ਹੈ।

ਕਾਰਨੇਲੀਅਸ ਟੈਸੀਟਸ ਅਨੁਸਾਰ ਜਰਮਨ ਲੋਕ ਪਹਿਲੀ ਸਦੀ ਤੀਕ ਕਬਾਇਲੀ ਢੰਗ ਨਾਲ ਰਹਿ ਰਹੇ ਸਨ। ਅਤੇ ਅੰਗਰੇਜ਼ਾਂ ਨੇ ਭੀ ਤੇਰ੍ਹਵੀਂ ਸਦੀ ਵਿਚ ਆ ਕੇ ਕਬਾਇਲੀ ਜ਼ਿੰਦਗੀ ਤਿਆਗੀ ਅਤੇ ਰਾਜਨੀਤਕ ਜੀਵਨ ਵਿਚ ਕਦਮ ਰੱਖਿਆ। ਇਨ੍ਹਾਂ ਪਿਛੋਂ ਵੈਲਿਸ਼ ਲੋਕਾਂ ਨੇ ਵੀ ਕਬਾਇਲੀ ਢੰਗ ਦਾ ਰਹਿਣ ਬਹਿਣ ਛੱਡਿਆ। ਪਰ ਸ਼ਕਾਟਲੈਂਡ ਵਾਸੀ ਕਾਫੀ ਅਰਸੇ ਤਕ ਕਬਾਇਲੀ ਕਿਸਮ ਦੇ ਸਮਾਜ ਵਿਚ ਰਹੇ। ਯੂਰਪੀ ਨੌਆਬਾਦੀਆਂ ਸਥਾਪਤ ਹੋਣ ਤੋਂ ਪਹਿਲਾਂ ਉੱਤਰੀ ਅਮਰੀਕਾ ਦੇ ਲੋਕ ਵੀ ਕਬੀਲਿਆਂ ਵਿਚ ਹੀ ਵੰਡੇ ਹੋਏ ਸਨ ਪਰ ਆਧੁਨਿਕ ਸਮੇਂ ਅੰਦਰ ਸਿਰਫ ਨੋਵੇਜੋ ਵਰਗੇ ਕਬੀਲੇ ਹੀ ਆਪਣੀ ਪਹਿਲੀ ਹੋਂਦ ਵਿਚ ਮੌਜੂਦ ਹਨ।

ਸਭਿਆਚਾਰਕ ਵਿਕਾਸ-ਸ਼ਾਸਤਰੀਆਂ ਦੇ ਵਿਚਾਰ ਅਨੁਸਾਰ ਆਦਰਸ਼ਕ ਕਬੀਲਾ ਇਕ ਸਮਾਜਕ ਸੰਗਠਨ ਦਾ ਰੂਪ ਸੀ ਜਿਸ ਨੇ ਸਮੇਂ ਦੇ ਨਾਲ ਦਰਜੇਬੰਦ ਸਮਾਜ ਦਾ ਰੂਪ ਧਾਰਨ ਕੀਤਾ। ਆਦਰਸ਼ ਰੂਪ ਵਿਚ ਕਬੀਲੇ ਦੀ ਏਕਤਾ ਰਾਜ-ਖੇਤਰੀ ਜਾਂ ਅਧਿਕਾਰ-ਖੇਤਰੀ ਏਕਤਾ ਤੋਂ ਨਹੀਂ ਬਲਕਿ ਵਿਆਪਕ ਭਾਈਬੰਦੀ ਜਾਂ ਸਾਕਾਦਾਰੀ ਵਿਚੋਂ ਉਤਪੰਨ ਹੁੰਦੀ ਹੈ। ਨਸਲ ਵਿਗਿਆਨ ਦੇ ਆਧਾਰ ਤੇ ਬਣੇ ਕਬੀਲੇ ਆਦਰਸ਼ਕ ਕਬੀਲੇ ਦੇ ਗੁਣਾਂ ਤੋਂ ਵਾਂਝੇ ਹਨ।

ਕਬੀਲਾ ਅਤੇ ਜਾਤੀ ਵਿਚ ਇਕ ਹੀ ਮੁੱਖ ਵਖਰੇਵਾਂ ਹੈ। ਕਬੀਲੇ ਵਿਚ ਸਜਾਤੀ ਵਿਆਹ ਹੀ ਹੁੰਦਾ ਹੈ ਜਦੋਂ ਕਿ ਜਾਤੀ ਅੰਦਰ ਅੰਤਰ-ਜਾਤੀ ਵਿਆਹ ਵੀ ਪ੍ਰਚਲਤ ਹਨ ਪਰ ਬਾਕੀ ਦੇ ਲੱਛਣ ਦੋਵਾਂ ਵਿਚ ਹੀ ਪਾਏ ਜਾਂਦੇ ਹਨ। ਕਬੀਲਿਆਂ ਅਤੇ ਨੀਵੀਆਂ ਜਾਤੀਆਂ ਨੂੰ ਵਖਰਿਆਉਣਾ ਕਾਫੀ ਮੁਸ਼ਕਲ ਬਣ ਗਿਆ ਹੈ। ਇਹੀ ਕਾਰਨ ਹੈ ਕਿ ਕਬੀਲਾ ਸ਼ਬਦ ਦੀ ਪਰਿਭਾਸ਼ਾ ਬਾਰੇ ਅਜੋਕੇ ਵਿਦਵਾਨਾਂ ਦਾ ਵੀ ਇਕ ਮੱਤ ਨਹੀਂ ਹੈ। ਜਿਸ ਦੇ ਫਲਸਰੂਪ ਮਰਦਮ-ਸ਼ੁਮਾਰੀ ਰਪੋਟਾਂ ਵਿਚ ਕੁਝ ਕਬੀਲਿਆਂ ਦੀ ਗਿਣਤੀ ਜਾਤੀਆਂ ਦੀ ਸੂਚੀ ਵਿਚ ਵੀ ਕੀਤੀ ਗਈ ਹੈ ਅਤੇ ਬਹੁਤ ਸਾਰੀਆਂ ਨੀਵੀਆਂ ਜਾਤਾਂ ਨੂੰ ਕਬੀਲਿਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

ਪ੍ਰਜਾਤੀ ਦੇ ਆਧਾਰ ਤੇ ਭਾਰਤੀ ਕਬੀਲਿਆਂ ਨੂੰ ਤਿੰਨ ਸ਼੍ਰੇਣੀਆਂ

ਵਿਚ ਵੰਡਿਆ ਜਾ ਸਕਦਾ ਹੈ :—ਪਹਿਲੀ ਸ਼੍ਰੇਣੀ ਵਿਚ ਮੰਗੋਲੀ ਮੂਲ ਦੇ ਨਾਗਾ, ਕੂਕੀ, ਗਾਰੋ ਤੇ ਕਈ ਆਸਾਮੀ ਤੇ ਅਲਮੋੜਾ ਜ਼ਿਲ੍ਹੇ ਦੇ ਕਬੀਲੇ ਸ਼ਾਮਲ ਹਨ। ਦੂਜੀ ਸ਼੍ਰੇਣੀ ਵਿਚ ਮੁੰਡਾ, ਸੰਥਾਲ, ਕੋਰਵਾ, ਅਤੇ ਪੁਰਾ-ਆਸਟ੍ਰੇਲੀਆਈ ਕਬੀਲੇ ਆਦਿ ਸ਼ਾਮਲ ਹਨ । ਤੀਜੀ ਸ਼੍ਰੇਣੀ ਵਿਚ ਖਾਲਸ ਆਰੀਆ ਮੂਲ ਵਿਚੋਂ ਹਿਮਾਲਾ ਦੀ ਤਲਹਟੀ ਦੇ ਖਾਸ ਕਬੀਲੇ ਅਤੇ ਹਿੰਦ-ਆਰੀਆਂ ਦੀ ਸੰਤਾਨ ਵਿਚੋਂ ਭੀਲ ਆਦਿ ਕਬੀਲੇ ਆਉਂਦੇ ਹਨ। ਦੂਜੇ ਪਾਸੇ ਭਾਸ਼ਾ-ਵਿਗਿਆਨ ਦੀ ਦ੍ਰਿਸ਼ਟੀ ਦੇ ਪੱਖੋਂ ਵੀ ਭਾਰਤੀ ਕਬੀਲਿਆਂ ਨੂੰ ਤਿੰਨ ਵਰਗਾਂ ਮੁੰਡਾ, ਤਿੱਬਤੀ-ਬਰਮੀ ਅਤੇ ਦ੍ਰਾਵੜ ਬੋਲੀ ਬੋਲਣ ਵਾਲਿਆਂ ਵਿਚ ਵੰਡਿਆ ਜਾ ਸਕਦਾ ਹੈ। ਕਈ ਕਬੀਲੇ ਆਪਣੀ ਅਸਲੀ ਬੋਲੀ ਛੱਡ ਗਏ ਹਨ ਤੇ ਹਿੰਦੀ ਬੋਲਣ ਲੱਗ ਪਏ ਹਨ। ਇਹ ਕਬੀਲੇ ਨਿਸ਼ਚਿਤ ਭੂਗੋਲਕ ਹੱਦਾਂ ਵਿਚ ਰਹਿੰਦੇ ਹਨ। ਇਨ੍ਹਾਂ ਤੋਂ ਬਿਨਾਂ ਨਟ, ਭਾਟੂ, ਸਾਂਸੀ, ਕੰਜਰ ਆਦਿ ਖ਼ਾਨਾਬਦੋਸ਼ ਕਬੀਲੇ ਵੀ ਮਿਲਦੇ ਹਨ । ਇਹ ਸਾਰੇ ਹੀ ਜਰਾਇਮ ਪੇਸ਼ਾ ਕਬੀਲੇ ਹਨ । ਇਨ੍ਹਾਂ ਲੋਕਾਂ ਦੀ ਗਿਣਤੀ ਦੋ ਕਰੋੜ ਦੇ ਲਗਭਗ ਹੈ।

ਭਾਰਤ ਦੇ ਵਧੇਰੇ ਕਬੀਲੇ ਜੰਗਲਾਂ ਵਿਚ ਵਸਦੇ ਹਨ ਤੇ ਉਨ੍ਹਾਂ ਦਾ ਜੀਵਨ-ਨਿਰਬਾਹ ਵੀ ਜੰਗਲੀ ਸਾਧਨਾਂ ਉਪਰ ਹੀ ਨਿਰਭਰ ਹੈ। ਕੋਚੀਨ ਦੇ ਕਦਾਰ, ਟ੍ਰਾਵਨਕੋਰ ਦੇ ਮਲਾਇਆਂ, ਤਰਮ, ਮਦਰਾਸ ਅਤੇ ਵਾਇਨਾਦ ਦੇ ਪਲਿਆਨ ਜੰਗਲੀ ਕਬੀਲਿਆਂ ਵਿਚੋਂ ਹਨ।

ਵੱਧ ਤੋਂ ਵੱਧ ਕਬੀਲਿਆਂ ਸਬੰਧੀ ਅਧਿਐਨ ਕਰਨ ਉਪਰੰਤ ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਕਬਾਇਲੀ ਸਮਾਜ ਆਰੰਭ ਵਿਚ ਭਾਵੇਂ ਮੁਕਾਬਲਤਨ ਉਨਤੀਸ਼ੀਲ ਲੋਕਾਂ ਦਾ ਸਮਾਜ ਸੀ ਪਰ ਵੀਹਵੀਂ ਸਦੀ ਵਿਚ ਆ ਕੇ ਇਹੋ ਲੋਕ ਪੱਛੜੇ ਹੋਏ ਕਹੇ ਜਾਂਦੇ ਹਨ । ਇਸ ਦਾ ਕਾਰਨ ਇਨ੍ਹਾਂ ਦਾ ਆਪਣੇ ਆਪਣੇ ਕਬੀਲਿਆਂ ਦੇ ਕਾਇਦੇ-ਕਾਨੂੰਨਾਂ ਤੋਂ ਉਪਰ ਉੱਠ ਕੇ ਬਾਹਰਲੇ ਨਿਯਮਾਂ ਤੇ ਆਚਾਰਾਂ ਪ੍ਰਤਿ ਅਭਿਜ ਰਹਿਣਾ ਅਤੇ ਛੋਟੇ ਜਿਹੇ ਕਬਾਇਲੀ ਦਾਇਰੇ ਵਿਚ ਹੀ ਵਿਚਰਨਾ ਹੈ। ਅੱਜ ਕਬਾਇਲੀ ਲੋਕ ਪਛੜੇ ਹੋਏ ਅਤੇ ਸਰਕਾਰ ਵੱਲੋਂ ਦਿਤੀਆਂ ਜਾਣ ਵਾਲੀਆਂ ਸਹੂਲਤਾਂ ਦੇ ਮੁਹਤਾਜ ਹਨ।

ਹ. ਪੁ.—ਐਨ. ਐਮ. 27: 98; ਐਨ. ਬ੍ਰਿ. ਮਾ. 10: 110 ; ਹਿੰ. ਵਿ. ਕੋ. 2 : 248; ਵੈਬ. ਥਰਡ ਨਿਊ ਇੰਟਰਨੈਸ਼ਨਲ ਡਿਕਸ਼ਨਰੀ ; ਟ੍ਰਾਈਬਲਿਜ਼ਮ ਇਨ ਇੰਡੀਆ ; ਰੇਸਜ਼ ਐਂਡ ਕਲਚਰਜ਼ ਆਫ਼ ਇੰਡੀਆ

—ਡੀ. ਐਨ. ਮਾਜੂਮਦਾਰ

**ਕਬੀਲਾ (ਬੂਟੀ) :** ਇਹ ਯੂਫੋਰਬੀਏਸੀ ਕੁਲ ਦਾ ਇਕ ਪੌਦਾ ਹੈ, ਜਿਸ ਦਾ ਬਨਸਪਤੀ ਵਿਗਿਆਨਕ ਨਾਂ ਮੈਲੋਟਸ ਫਿਲਪਾਈਨੈਂਸਿਸ (*Mallotus phillippinensis*) ਹੈ। ਇਸਨੂੰ ਕਮੀਲਾ ਵੀ ਕਿਹਾ ਜਾਂਦਾ ਹੈ। ਇਸ ਦੇ ਪੱਤੇ, ਜੜ੍ਹਾਂ ਅਤੇ ਫਲ ਸ਼ਹਿਦ ਨਾਲ ਮਿਲਾ ਕੇ ਇਕ ਤਰ੍ਹਾਂ ਦੀ ਪੁਲਟਸ ਤਿਆਰ ਕੀਤੀ ਜਾਂਦੀ ਹੈ ਜੋ ਜ਼ਹਿਰੀਲੇ ਡੰਗਾਂ, ਛਾਲਿਆਂ, ਰਗੜਾਂ, ਜ਼ਖਮਾਂ, ਦੱਦਾਂ, ਫਿੰਸੀਆਂ ਅਤੇ ਛਾਈਆਂ ਦੇ ਇਲਾਜ ਲਈ ਵਰਤੀ ਜਾਂਦੀ ਹੈ। ਵਿਸ਼ੇਸ਼ ਕਰਕੇ ਇਸਦੀਆਂ ਜੜ੍ਹਾਂ ਚਮੜੀ ਦੀਆਂ ਬਿਮਾਰੀਆਂ ਲਈ ਵਰਤੀਆਂ ਜਾਂਦੀਆਂ ਹਨ ਅਤੇ ਫਲ ਬਹੁਤ ਜ਼ਿਆਦਾ ਬਾਧਕ ਗੁਣਾਂ ਵਾਲਾ ਹੈ ਅਤੇ ਇਹ ਪੇਟ ਦੀਆਂ ਆਂਦਰਾਂ ਦੇ ਕਈ ਤਰ੍ਹਾਂ ਦੇ ਕੀੜੇ ਮਾਰਨ ਲਈ ਉਪਯੋਗੀ ਸਮਝੀ ਜਾਂਦੀ ਰਹੀ ਹੈ। ਕਬੀਲਾ ਵਿਚ ਦਸਤਾਵਰ ਗੁਣ ਵੀ ਹੁੰਦੇ ਹਨ।

ਹ. ਪੁ.—ਮੈ. ਪ. ਇੰ. ਪਾ. 151

**ਕਬੂਤਰ :** ਇਹ ਕੋਲੰਬੀਫਾਰਮੀਜ਼ ਵਰਗ ਦੀ ਕੋਲੰਬੀਡੀ ਕੁਲ ਦਾ ਇਕ ਪੰਛੀ ਹੈ। ਘਰਾਂ ਵਿਚ ਆਮ ਮਿਲਣ ਵਾਲੇ ਕਬੂਤਰ ਦਾ ਨਾਂ ਕੋਲੰਬਾ ਲਿਵੀਆ (*Columba liwia*) ਹੈ। ਇਹ ਸ਼ਾਇਦ ਆਦਮੀ ਰਾਹੀਂ ਪਾਲਤੂ ਬਣਾ ਕੇ ਰਖਣ ਵਾਲਾ ਸਭ ਤੋਂ ਪਹਿਲਾ ਪੰਛੀ ਹੈ। ਤਕਰੀਬਨ 4500 ਈ. ਪੂ. ਤੋਂ ਇਸ ਦੀ ਤਸਵੀਰ ਛੋਟੀਆਂ ਮੂਰਤੀਆਂ, ਚਿਤਰਕਾਰੀ ਅਤੇ ਸਿੱਕਿਆਂ ਉਤੇ ਬਣ ਰਹੀ ਹੈ। ਮਿਸਰ ਦੇ ਸਮੇਂ ਤੋਂ ਇਹ ਪੰਛੀ ਖਾਣ ਲਈ ਪ੍ਰਸਿੱਧ ਹੈ। ਇਸ ਦੇ ਸੁਨੇਹੇ ਲਿਜਾਣ ਲਿਆਉਣ ਦਾ ਕੰਮ ਵੀ ਬਹੁਤ ਪੁਰਾਣਾ ਹੈ। ਅੱਜਕਲ੍ਹ ਇਸਨੂੰ ਪ੍ਰਯੋਗਸ਼ਾਲਾਵਾਂ ਵਿਚ ਤਜ਼ਰਬੇ ਕਰਨ ਲਈ, ਖਾਸ ਤੌਰ ਤੇ ਐਂਡੋਕ੍ਰਾਈਨਾਲੋਜੀ ਅਤੇ ਜਿਨੇਟਿਕਸ ਬਾਰੇ ਖੋਜ ਲਈ ਪ੍ਰਸਿੱਧ ਹੈ।

ਘਰਾਂ ਵਿਚ ਮਿਲਣ ਵਾਲੇ ਕਬੂਤਰ ਦਾ ਰੰਗ ਸਲੇਟੀ ਭੂਰਾ ਹੁੰਦਾ ਹੈ ਅਤੇ ਇਸ ਦੀ ਗਰਦਨ ਅਤੇ ਛਾਤੀ ਦਾ ਉਪਰਲਾ ਹਿੱਸਾ ਚਮਕੀਲੀ ਹਰੀ ਅਤੇ ਵੈਂਗਣੀ ਭਾਹ ਮਾਰਦਾ ਹੈ। ਖੰਭਾਂ ਉਤੇ ਦੋ ਗੂੜ੍ਹੇ ਰੰਗ ਦੀਆਂ ਧਾਰੀਆਂ ਅਤੇ ਪੂਛ ਦੇ ਸਿਰੇ ਤੇ ਇਕ ਚੌੜੀ ਧਾਰੀ ਹੁੰਦੀ ਹੈ। ਇਹ ਇਮਾਰਤਾਂ ਦੇ ਉਤੇ ਜਾਂ ਅੰਦਰ ਆਪਣੇ ਆਲ੍ਹਣੇ ਬਣਾਉਂਦੇ ਹਨ। ਇਹ ਇਸ ਤੋਂ ਇਲਾਵਾ ਖਾਲੀ ਘਰਾਂ, ਫੈਕਟਰੀਆਂ, ਮਸੀਤਾਂ, ਰੇਲਵੇ ਸਟੇਸ਼ਨਾਂ ਆਦਿ ਹਰ ਥਾਂ ਤੇ ਮਿਲ ਜਾਂਦੇ ਹਨ। ਜੰਗਲੀ ਕਿਸਮਾਂ ਪੁਰਾਣੇ ਕਿਲ੍ਹੇ, ਪੁਰਾਣੀਆਂ ਡਿਗ ਰਹੀਆਂ ਇਮਾਰਤਾਂ, ਚਟਾਨਾਂ ਦੀਆਂ ਦਰਾੜਾਂ ਆਦਿ ਵਿਚ ਮਿਲਦੀਆਂ ਹਨ ਅਤੇ ਇਹ ਅਨਾਜ, ਦਾਲਾਂ, ਮੂੰਗਫਲੀ ਆਦਿ ਦੀਆਂ ਫ਼ਸਲਾਂ ਨੂੰ ਖ਼ਰਾਬ ਕਰਦੀਆਂ ਹਨ। ਨਰ ਕਬੂਤਰ ਗਲੇ ਨੂੰ ਫੁਲਾ ਕੇ ਗੁਟਰ-ਗੂੰ, ਗੁਟਰ-ਗੂੰ ਦੀ ਆਵਾਜ਼ ਕੱਢਦਾ ਹੈ ਅਤੇ ਕਬੂਤਰੀ ਦੇ ਅੱਗੇ ਚੱਕਰ ਕਟਦਾ ਹੈ । ਇਸ ਦਾ ਆਲ੍ਹਣਾ ਟਹਿਣੀਆਂ, ਤੀਲਿਆਂ ਆਦਿ ਦਾ ਬਣਿਆ ਹੁੰਦਾ ਹੈ। ਇਸ ਵਿਚ ਕਬੂਤਰੀ ਬਿਲਕੁਲ ਸਫ਼ੈਦ ਦੋ ਅੰਡੇ ਦਿੰਦੀ ਹੈ । ਕਬੂਤਰ ਦੀ ਉਮਰ ਤਕਰੀਬਨ 35 ਸਾਲ ਹੁੰਦੀ ਹੈ।

ਕਬੂਤਰ ਦੀਆਂ ਆਮ ਤਿੰਨ ਕਿਸਮਾਂ ਹਨ—ਉਡਾਰੂ ਕਿਸਮਾਂ, ਫੈਂਸੀ ਕਿਸਮਾਂ, ਜਿਹੜੀਆਂ ਮਨੋਰੰਜਨ ਲਈ ਪੈਦਾ ਕੀਤੀਆਂ ਗਈਆਂ ਹਨ ਅਤੇ ਉਪਯੋਗੀ ਕਿਸਮਾਂ, ਜਿਹੜੀਆਂ ਮਾਸ ਲਈ ਪੈਦਾ ਕੀਤੀਆਂ ਜਾਂਦੀਆਂ ਹਨ। ਉਪਯੋਗੀ ਕਿਸਮਾਂ ਜੇ ਨੁਮਾਇਸ਼ ਆਦਿ ਲਈ ਪਾਲੀਆਂ ਜਾਣ ਤਾਂ ਇਨ੍ਹਾਂ ਨੂੰ ਦੂਹਰੇ ਮੰਤਵ ਵਾਲੀ ਕਿਸਮ ਦਾ ਨਾਂ ਦਿਤਾ ਜਾਂਦਾ ਹੈ।

ਕਬੂਤਰ ਪਾਲਣ ਦਾ ਸ਼ੌਕ (ਅਤੇ ਧੰਦਾ) ਸਾਰੀ ਦੁਨੀਆ ਵਿਚ ਪ੍ਰਚਲਿਤ ਹੈ ਅਤੇ ਇਨ੍ਹਾਂ ਨੂੰ ਕੌਮੀ ਪੱਧਰ ਤੇ ਵਿਸ਼ੇਸ਼ਤਾ ਵੀ ਦਿੱਤੀ ਜਾਂਦੀ ਹੈ, ਜਿਵੇਂ ਕਿ ਇੰਗਲੈਂਡ ਵਿਚ ਦੇਖਣ ਵਿਚ ਬਹੁਤ ਹੀ ਸੁੰਦਰ ਲਗਣ ਵਾਲੀਆਂ ਕਿਸਮਾਂ ਨੂੰ 'ਫੋਰਮ ਪਿਜਨ', ਜਰਮਨੀ ਵਿਚ ਉਨ੍ਹਾਂ ਕਿਸਮਾਂ ਨੂੰ ਜਿਨ੍ਹਾਂ ਉਤੇ ਕੋਈ ਖਾਸ ਜਿਹੇ ਨਿਸ਼ਾਨ ਹੋਣ 'ਕਲਰ ਪਿਜਨ', ਬੈਲਜੀਅਮ ਵਿਚ ਤੇਜ਼ ਉਡਣ ਵਾਲੀਆਂ ਕਿਸਮਾਂ ਨੂੰ 'ਰੇਸਿੰਗ ਪਿਜਨ' ਆਦਿ ਕਿਹਾ ਜਾਂਦਾ ਹੈ।

ਬਹੁਤੇ ਠੰਢੇ ਇਲਾਕਿਆਂ ਅਤੇ ਪਛੜੇ ਦੀਪ ਸਮੂਹਾਂ ਨੂੰ ਛੱਡ ਕੇ ਬਾਕੀ ਸਾਰੀ ਦੁਨੀਆ ਵਿਚ ਕਬੂਤਰਾਂ ਦੀਆਂ ਤਕਰੀਬਨ 300 ਜਾਤੀਆਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਕੋਈ ਦੋ ਤਿਹਾਈ ਊਸ਼ਣ-ਖੰਡੀ ਦੱਖਣ-ਪੂਰਬੀ ਏਸ਼ੀਆ, ਆਸਟ੍ਰੇਲੀਆ ਅਤੇ ਪੱਛਮੀ ਸ਼ਾਂਤ-ਮਹਾਂਸਾਗਰ ਦੀਪ ਸਮੂਹਾਂ ਵਿਚ ਮਿਲਦੀਆਂ ਹਨ। ਇਸ ਤੋਂ ਇਲਾਵਾ ਇਸ ਕੁਲ ਵਿਚ ਅਫ਼ਰੀਕਾ ਅਤੇ ਸੀਤ-ਊਸ਼ਣੀ ਯੂਰੇਸ਼ੀਆ ਅਤੇ ਉਤਰੀ ਅਮਰੀਕਾ ਦੀਆਂ ਵੀ ਕਈ ਕਿਸਮਾਂ ਸ਼ਾਮਲ ਹਨ। ਇਸ ਕੁਲ ਦੇ ਸਾਰੇ ਮੈਂਬਰ ਤਰਲ ਪਦਾਰਥਾਂ ਨੂੰ ਜੀਭ ਨਾਲ ਚਟਦੇ ਹਨ। ਇਹ ਸਾਰੇ ਮੈਂਬਰ (ਨਰ ਅਤੇ ਮਾਦਾ) ਆਪਣੇ ਬੱਚਿਆਂ ਨੂੰ 'ਪਿਜਨ'ਜ਼ ਮਿਲਕ' (ਇਕ ਦੁਧ ਵਰਗਾ ਨਿੱਗਰ ਕਣਾਂ ਵਾਲਾ ਤਰਲ ਪਦਾਰਥ, ਜੋ ਪਨੀਰ ਨਾਲ ਮਿਲਦਾ ਜੁਲਦਾ ਹੈ) ਦੇਂਦੇ ਹਨ। ਇਹ ਤਰਲ ਪਦਾਰਥ ਅੰਨ ਪੋਟੇ ਦੀ ਲਾਈਨਿੰਗ ਦੇ ਸੈੱਲਾਂ ਦੇ ਟੁੱਟਣ ਭੱਜਣ ਅਤੇ ਇਸ ਵਿਚ ਪ੍ਰੋਲੈਕਟਿਨ ਹਾਰਮੋਨ ਦੀ ਉਤੇਜਨਾ ਨਾਲ ਪੈਦਾ ਹੁੰਦਾ ਹੈ। ਬੱਚੇ ਆਪਣੀਆਂ ਚੁੰਝਾਂ ਨੂੰ ਉਨ੍ਹਾਂ ਦੇ ਗਲੇ ਵਿਚ ਚੋਭ ਕੇ ਇਹ ਖ਼ੁਰਾਕ ਪ੍ਰਾਪਤ ਕਰਦੇ ਹਨ।

ਕਬੂਤਰਾਂ ਦੀਆਂ 40-50 ਪ੍ਰਜਾਤੀਆਂ ਨੂੰ 4-6 ਉਪ-ਕੁਲਾਂ ਵਿਚ ਵੰਡਿਆ ਗਿਆ ਹੈ :—

ਕੋਲੰਬਾਈਨੀ, ਜਿਸ ਵਿਚ ਤਕਰੀਬਨ 30 ਪ੍ਰਜਾਤੀਆਂ ਅਤੇ 175 ਜਾਤੀਆਂ ਆਉਂਦੀਆਂ ਹਨ; ਗੌਰਿਨੀ, ਜਿਸ ਦੀ ਇਕੋ ਇਕ

ਪ੍ਰਜਾਤੀ ਵਿਚ ਤਿੰਨ ਜਾਤੀਆਂ ਸ਼ਾਮਲ ਹਨ; ਡਿਡੰਕੁਲਿਨੀ, ਜਿਸ ਵਿਚ ਇਕੋ ਦੰਦੇਦਾਰ-ਚੁੰਝ ਵਾਲਾ ਕਬੂਤਰ ਸਾਮੋਆ ਆਉਂਦਾ ਹੈ; ਅਤੇ ਟਰੈਰੋਨਿਨੀ, ਜਿਸ ਵਿਚ ਤਕਰੀਬਨ 10 ਪ੍ਰਜਾਤੀਆਂ ਅਤੇ 115 ਜਾਤੀਆਂ ਸ਼ਾਮਲ ਹਨ ।

ਹ. ਪੁ.—ਕਾ. ਬ : 63; ਐਨ. ਬ੍ਰਿ. ਮਾ, 7 : 1001

**ਕੰਬੋਅ :** ਕੰਬੋਅ ਜਾਂ ਕੰਬੋਜ ਜਾਤੀ ਪੰਜਾਬ ਦੀਆਂ ਬਹੁਤ ਚੰਗੀ ਖੇਤੀ ਕਰਨ ਵਾਲੀਆਂ ਜਾਤੀਆਂ ਵਿਚੋਂ ਇਕ ਹੈ । ਇਸ ਜਾਤੀ ਦੇ ਲੋਕ ਕਿਤੇ ਕਿਤੇ ਵਪਾਰ ਅਤੇ ਬਾਗ਼ਬਾਨੀ ਵੀ ਕਰਦੇ ਹਨ । ਇਹ ਜਾਤੀ ਖੇਤੀ ਕਰਨ ਵਿਚ ਹੋਰ ਕਿਸੇ ਜਾਤੀ ਨਾਲੋਂ ਪਿਛੇ ਨਹੀਂ । ਕਹਿੰਦੇ ਹਨ ਕਿ ਅਰਾਈਂ ਅਤੇ ਕੰਬੋਅ ਨੇੜੇ ਦੇ ਸਬੰਧੀ ਹਨ । ਆਮ ਕਰਕੇ ਮੁਸਲਮਾਨ ਨੂੰ ਅਰਾਈਂ ਅਤੇ ਸਿੱਖ ਜਾਂ ਹਿੰਦੂ ਨੂੰ ਕੰਬੋਅ ਕਿਹਾ ਜਾਂਦਾ ਹੈ । ਹੋ ਸਕਦਾ ਹੈ ਕਿ ਅਰਾਈਂ ਜਾਤੀ ਦਾ ਮੂਲ ਉਹ ਹਿੰਦੂ ਕੰਬੋਅ ਹੀ ਹੋਣ ਜਿਨ੍ਹਾਂ ਨੇ ਮੁਸਲਮਾਨ ਮਤ ਗ੍ਰਹਿਣ ਕਰ ਲਿਆ ਹੋਵੇ । ਇਹ ਲੋਕ ਅਪਰ ਸਤਲੁਜ ਘਾਟੀ ਤੋਂ ਲੈ ਕੇ ਮਿੰਟਗੁਮਰੀ ਤੱਕ, ਪੂਰਬੀ ਮੈਦਾਨਾਂ ਦੇ ਉੱਤਰੀ ਹਿੱਸੇ ਵਿਚ ਅਤੇ ਯਮਨਾ ਘਾਟੀ ਦੇ ਹੇਠਾਂ ਵੱਲ ਕਰਨਾਲ ਤਕ ਵਸੇ ਹੋਏ ਹਨ । ਸਿੱਖ ਕੰਬੋਆਂ ਦੀ ਵਧੇਰੇ ਕਰਕੇ ਵਸੋਂ ਕਪੂਰਥਲਾ ਜ਼ਿਲ੍ਹੇ ਵਿਚ ਹੈ । ਯਮਨਾ ਦੇ ਕੰਬੋਅ, ਪੱਛਮ ਤੋਂ ਇਸ ਘਾਟੀ ਵਿਚ ਆਏ ਲਗਦੇ ਹਨ ਅਤੇ ਪਟਿਆਲੇ ਦੇ ਉੱਤਰੀ ਖਿੱਤਿਆਂ ਤੋਂ ਬਹੁਤ ਸਾਰੇ ਕੰਬੋਅ ਥਾਨੇਸਰ ਦੇ ਨਜ਼ਦੀਕ ਢੱਕ ਦੇ ਵੱਡੇ ਵੱਡੇ ਜੰਗਲਾਂ ਵਿਚ ਆ ਵਸੇ । ਮਿੰਟਗੁਮਰੀ ਦੇ ਸਤਲੁਜ ਦੇ ਕੰਬੋ ਦੋ ਸ਼ਾਖਾਂ ਵਿਚ ਵੰਡੇ ਹੋਏ ਹਨ ਇਹਨਾਂ ਵਿਚੋਂ ਇਕ ਸ਼ਾਖ ਮੁਲਤਾਨ ਦੇਸ਼ ਤੋਂ ਆ ਕੇ ਦਰਿਆ ਤੇ ਵੱਸੀ ਜਿਸਨੂੰ ਲੰਮਾਵਾਲੇ ਕੰਬੋਅ ਕਿਹਾ ਜਾਂਦਾ ਹੈ ਅਤੇ ਦੂਜੀ ਸ਼ਾਖ ਕਪੂਰਥਲੇ ਦੇ ਨੇੜਿਓਂ ਆ ਕੇ ਘਾਟੀ ਦੇ ਹੇਠਾਂ ਵੱਸੀ ਜਿਸਨੂੰ ਤਪਾ ਵਾਲੇ ਕੰਬੋਅ ਕਿਹਾ ਜਾਂਦਾ ਹੈ । ਬਿਆਸ ਅਤੇ ਸਤਲੁਜ ਵਿਚਕਾਰ ਦੇ ਖੇਤਰ ਨੂੰ ਤਪਾ ਕਿਹਾ ਜਾਂਦਾ ਹੈ । ਇਹ ਦੋਵੇਂ ਸ਼ਾਖਾਂ ਦੀ ਹਿੱਲ-ਜੁੱਲ ਸਿੱਖ ਰਾਜ ਸਮੇਂ ਹੋਈ । ਇਸੇ ਰਾਜ ਸਮੇਂ ਕੁਝ ਕੰਬੋਅ ਕਪੂਰਥਲੇ ਤੋਂ ਜਲੰਧਰ ਵੀ ਆਏ ।

ਇਹ ਰਾਜਾ ਕਰਨ ਨੂੰ ਆਪਣਾ ਵਡੇਰਾ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਇਹ ਭੱਜ ਕੇ ਕਸ਼ਮੀਰ ਚਲਾ ਗਿਆ ਸੀ । ਪਹਾੜਾਂ ਦੇ ਨਜ਼ਦੀਕ ਬਹੁ-ਗਿਣਤੀ ਤੋਂ ਕੁਝ ਪੁਸ਼ਟੀ ਹੁੰਦੀ ਹੈ ਕਿ ਇਨ੍ਹਾਂ ਦਾ ਮੂਲ ਕਸ਼ਮੀਰ ਹੋਵੇਗਾ । ਬਿਜਨੌਰ ਦੇ ਕੰਬੋਅ ਆਪਣਾ ਮੂਲ ਸਿੰਧ ਦੇਸ਼ ਦੇ ਆਰ ਪਾਰ ਮੰਨਦੇ ਹਨ । ਕਰਨਾਲ ਦੇ ਕੰਬੋਅ ਆਪਣਾ ਮੂਲ ਗੜ੍ਹ ਗਜਨੀ ਮੰਨਦੇ ਹਨ ।

ਗ. ਟ੍ਰਾ. ਕਾ. 2 : 442

**ਕੰਬੋਡੀਆ :** ਹਿੰਦ-ਚੀਨ ਪ੍ਰਾਇਦੀਪ ਦੇ ਦੱਖਣੀ-ਪੱਛਮੀ ਹਿੱਸੇ ਵਿਚ ਵਾਕਿਆ ਇਹ ਦੱਖਣੀ-ਪੂਰਬੀ ਏਸ਼ੀਆ ਦਾ ਇਕ ਦੇਸ਼ ਹੈ ਜਿਸ ਨੂੰ ਅੱਜਕਲ੍ਹ ਕੰਪੂਚੀਆ ਗਣਰਾਜ ਆਖਦੇ ਹਨ ਅਤੇ ਇਸ ਤੋਂ ਪਹਿਲਾਂ ਖਮੇਰ ਗਣਰਾਜ ਆਖਦੇ ਸਨ । ਲਾਓਸ ਅਤੇ ਉੱਤਰੀ ਤੇ ਦੱਖਣੀ ਵੀਅਤਨਾਮ ਨਾਲ ਮਿਲਕੇ ਇਹ ਸਾਬਕਾ ਇੰਡੋਚੀਨ ਦਾ ਇਕ ਹਿੱਸਾ ਹੁੰਦਾ ਸੀ । ਇਸ ਦਾ ਕੁੱਲ ਖੇਤਰਫਲ 181, 035 ਵ. ਕਿ. ਮੀ. ਹੈ ਅਤੇ ਆਬਾਦੀ ਲਗਭਗ 6,118,000 (1984) ਹੈ ।

### ਭੂ-ਆਕ੍ਰਿਤੀ-ਵਿਗਿਆਨ

**ਧਰਾਤਲ**—ਇਸ ਦੇ ਪੱਛਮ ਤੇ ਉੱਤਰ-ਪੱਛਮ ਵੱਲ ਥਾਈਲੈਂਡ, ਉੱਤਰ-ਪੂਰਵ ਵੱਲ ਲਾਓਸ, ਪੂਰਬ ਤੇ ਦੱਖਣ-ਪੂਰਬ ਵੱਲ ਦੱਖਣੀ ਵੀਅਤਨਾਮ ਅਤੇ ਦੱਖਣ-ਪੱਛਮ ਵੱਲ ਥਾਈਲੈਂਡ ਦੀ ਖਾੜੀ ਹਨ । ਇਸ ਦੇਸ਼ ਦੀ ਉੱਤਰ ਤੋਂ ਦੱਖਣ ਵੱਲ ਲੰਬਾਈ 450 ਕਿ. ਮਿ. ਅਤੇ ਪੂਰਬ ਤੋਂ ਪੱਛਮ ਵੱਲ ਚੌੜਾਈ 570 ਕਿ. ਮਿ. ਹੈ । ਇਹ ਮੈਦਾਨੀ ਜਿਹਾ ਇਲਾਕਾ ਹੈ ਜਿਥੇ ਮੀਕਾਂਗ ਦਰਿਆ ਦਾ ਡੈਲਟਾ ਅਤੇ ਟਾਨਲੇ ਸੈਪ ਝੀਲ ਦੇ ਆਲੇ-ਦੁਆਲੇ ਇਕ ਉਪਜਾਊ ਮੈਦਾਨ ਹੈ । ਇਸ ਇਲਾਕੇ ਤੋਂ ਬਾਹਰ ਵੱਲ ਨੂੰ ਜਾਈਏ ਤਾਂ ਕਦੇ-ਕਦੇ ਛੋਟੇ ਮੈਦਾਨ ਆਉਂਦੇ ਹਨ ਅਤੇ ਕਦੇ-ਕਦੇ ਕੁਝ ਕੁ ਸੌ ਫੁਟ ਉੱਚੇ ਟਿੱਬੇ ਮਿਲਦੇ ਹਨ । ਉੱਤਰ ਵੱਲ ਇਹ ਮੈਦਾਨ ਥਾਈਲੈਂਡ ਦੀ ਸਰਹੱਦ ਨਾਲ ਨਾਲ ਪੂਰਬ ਤੋਂ ਪੱਛਮ ਦੀ ਦਿਸ਼ਾ ਵਿਚ ਕੋਈ 300 ਕਿ. ਮ ਲੰਬੀ ਤੇ 200 ਤੋਂ 550 ਮੀ. ਉਚੀ ਤੇਜ਼ ਢਲਾਣ ਵਾਲੀ ਪਹਾੜੀ ਨਾ ਜਾ ਟਕਰਾਉਂਦੇ ਹਨ । ਮੀਕਾਂਗ ਦੇ ਪੂਰਬ ਵੱਲ ਦੇ ਮੈਦਾਨ ਹੌਲੀ ਹੌਲ ਪੂਰਬੀ ਸੰਘਣੇ ਜੰਗਲਾਂ ਵਾਲੀਆਂ ਪਹਾੜੀਆਂ ਅਤੇ ਪਠਾਰਾਂ, ਜਿਹੜੀ ਲਾਓਸ ਅਤੇ ਦੱਖਣੀ ਵੀਅਤਨਾਮ ਵਿਚ ਸ਼ਾਮਲ ਹੋ ਜਾਂਦੀਆਂ ਹਨ, ਨਾ ਜਾ ਰਲਦੀਆਂ ਹਨ । ਕੰਬੋਡੀਆ ਦੇ ਦੱਖਣ-ਪੱਛਮ ਵਿਚ ਦੋ ਨਵੇਕਲੀ ਜਿਹੀਆਂ ਪਹਾੜੀਆਂ ਕਾਰਡਾਮਮਸ ਅਤੇ ਐਲੀਫੈਂਟ ਨਾਂ ਦੇ ਉਚ-ਖੰ ਬਣਾਉਂਦੀਆਂ ਹਨ ਜਿਨ੍ਹਾਂ ਨੇ ਟਾਨਲੇ ਸੈਪ ਝੀਲ ਅਤੇ ਖਾੜੀ ਥਾਈਲੈਂ ਦਾ ਬਹੁਤ ਸਾਰਾ ਹਿੱਸਾ ਮੱਲਿਆ ਹੋਇਆ ਹੈ । ਇਸ ਘੱਟ ਆਬਾ ਵਾਲੇ ਇਲਾਕੇ ਵਿਚ ਕੰਬੋਡੀਆ ਦੀ ਸਭ ਤੋਂ ਉੱਚੀ ਚੋਟੀ ਫਨਮ ਆਰ (1813 ਮੀ.) ਹੈ । ਦੱਖਣ ਵਿਚ ਖਾੜੀ ਥਾਈਲੈਂਡ ਦੇ ਨਾਲ ਤੱ ਮੈਦਾਨ ਦੀ ਇਕ ਤੰਗ ਜਿਹੀ ਪੱਟੀ ਹੈ । ਇਹ ਪੱਟੀ ਜੰਗਲਾਂ ਨਾਲ ਭਰ ਹੋਈ ਹੈ ਅਤੇ ਉਥੇ ਦਰਮਿਆਨੀ ਆਬਾਦੀ ਹੈ ।

**ਜਲ-ਨਿਕਾਸ**—ਕੰਬੋਡੀਆ ਦੀ ਧਰਾਤਲੀ ਨੁਹਾਰ ਦੇ ਦੋ ਮੁ ਲੱਛਣ ਮੀਕਾਂਗ ਦਰਿਆ ਅਤੇ ਟੈਨਲੇ ਸੈਪ ਝੀਲ ਹਨ । ਮੀਕਾਂਗ ਦਰਿਅ ਤਿੱਬਤ ਵਿਚੋਂ ਨਿਕਲਦਾ ਹੈ, ਲਾਓਸ ਤੋਂ ਕੰਬੋਡੀਆ ਵਿਚ ਦਾਖਲ ਹੁੰਦ ਹੈ ਅਤੇ ਦੱਖਣੀ ਵੀਅਤਨਾਮ ਨਾਲ ਸਰਹੱਦ ਬਣਾਉਂਦਾ ਹੋਇਆ ਦੱਖਣ ਚੀਨ ਸਾਗਰ ਵਿਚ ਜਾ ਡਿਗਦਾ ਹੈ । ਟਾਨਲੇ ਸੈਪ ਝੀਲ ਦਰਿਆ ਸੈ ਦੁਆਰਾ ਮੀਕਾਂਗ ਦਰਿਆ ਨਾਲ ਮਿਲੀ ਹੋਈ ਹੈ ਅਤੇ ਆਮ ਰੁੱਤ ਵਿ ਇਹ ਝੀਲ ਮੀਕਾਂਗ ਦਰਿਆ ਨੂੰ ਪਾਣੀ ਦਿੰਦੀ ਹੈ । ਅੱਧ ਮਈ ਤੋਂ ਅਕਤੂਬਰ ਤੱਕ ਬਰਸਾਤੀ ਮੌਸਮ ਵਿਚ ਮੀਕਾਂਗ ਵਿਚ ਪਾਣੀ ਜ਼ਿਆਦ ਹੋਣ ਕਰਕੇ ਇਹ ਦਰਿਆ ਸੈਬ ਦੁਆਰਾ ਝੀਲ ਟਾਨਲੇ ਸੈਪ ਵੱਲ ਨੂੰ ਉਲਟਾ ਵਗਦਾ ਹੈ ਅਤੇ ਟੈਨਲੇ ਸੈਪ ਦਾ ਸਤ੍ਹਈ ਰਕਬਾ ਖ਼ੁਸ਼ਕ ਮੌਸਮ ਦੇ ਮੁਕਾਬਲੇ ਕਈ ਗੁਣਾ ਵਧ ਜਾਂਦਾ ਹੈ ਅਤੇ ਪਾਣੀ ਦੀ ਡੂੰਘਾਈ ਵੀ 2 ਮੀ. ਤੋਂ 10.5 ਮੀ. ਤਕ ਪਹੁੰਚ ਜਾਂਦੀ ਹੈ । ਇਸ ਤਰ੍ਹਾਂ ਇਹ ਝੀਲ ਤਾਜ਼ੇ ਪਾਣੀ ਦੀ ਮੱਛੀ ਲਈ ਦੁਨੀਆ ਦੇ ਵੱਡਿਆਂ ਸੋਮਿਆਂ ਵਿਚੋਂ ਇਕ ਹੈ ।

**ਜਲਵਾਯੂ**—ਕੰਬੋਡੀਆ ਦਾ ਜਲਵਾਯੂ ਮਾਨਸੂਨ ਪੌਣਾਂ ਦੁਆਰਾ ਪ੍ਰਭਾਵਿਤ ਹੈ ਅਤੇ ਦੋ ਮੁੱਖ ਰੁੱਤਾਂ ਵਿਚ ਵੰਡਿਆ ਹੋਇਆ ਹੈ । ਅੱਧ ਮਈ ਤੋਂ ਅਕਤੂਬਰ ਦੇ ਸ਼ੁਰੂ ਤੱਕ ਦੱਖਣੀ ਪੱਛਮੀ ਮਾਨਸੂਨ ਪੌਣਾਂ ਨਾਲ ਚੋਖੀ ਵਰਖਾ ਹੁੰਦੀ ਹੈ ਅਤੇ ਜਲਵਾਯੂ ਗਰਮ-ਤਰ ਰਹਿੰਦਾ ਹੈ । ਨਵੰਬਰ ਤੋਂ ਅੱਧ ਮਾਰਚ ਤਕ ਉੱਤਰ ਪੂਰਬ ਵੱਲੋਂ ਖ਼ੁਸ਼ਕ ਹਵਾਵਾਂ ਵਗਦੀਆਂ ਹਨ ਜੋ ਇੰਨੀਆਂ ਤੇਜ਼ ਨਹੀਂ ਹੁੰਦੀਆਂ ਇਸ ਰੁੱਤ ਵਿਚ ਬੱਦਲਵਾਈ ਰਹਿੰਦੀ ਹੈ ਅਤੇ ਕਦੇ ਕਦੇ ਮੀਂਹ ਦੇ ਛਰਾਟੇ ਪੈਂਦੇ ਹਨ । ਇਨ੍ਹਾਂ ਦੋਨਾਂ ਰੁੱਤਾਂ ਦੇ ਵਿਚਕਾਰ ਮੌਸਮ ਦਰਮਿਆਨਾ ਜਿਹਾ ਹੁੰਦਾ ਹੈ । ਇਥੇ ਸਾਰਾ ਸਾਲ ਤਾਪਮਾਨ ਉੱਚਾ ਹੀ ਰਹਿੰਦਾ ਹੈ । ਅਪ੍ਰੈਲ ਦਾ ਮਹੀਨਾ ਸਭ ਤੋਂ ਗਰਮ ਮੰਨਿਆ ਗਿਆ ਹੈ । ਇਸ ਵਿਚ ਤਾਪਮਾਨ ਲਗਭਗ 35° ਸੈਂ. ਹੁੰਦਾ ਹੈ ਅਤੇ ਜਨਵਰੀ ਦਾ ਮਹੀਨਾ ਸਭ ਤੋਂ ਠੰਢਾ ਮੰਨਿਆ ਜਾਂਦਾ ਹੈ ਤੇ ਇਸ ਮਹੀਨੇ ਵਿਚ ਤਾਪਮਾਨ 30° ਸੈਂ. ਦੇ ਨੇੜੇ ਰਹਿੰਦਾ ਹੈ ।

ਸਾਲਾਨਾ ਵਰਖਾ ਦਾ ਸਾਰੇ ਦੇਸ਼ ਵਿਚ ਕਾਫ਼ੀ ਫਰਕ ਹੈ । ਸਮੁੰਦਰ ਪਾਸੇ ਦੀ ਢਲਾਣ ਵਾਲੀਆਂ ਦੱਖਣੀ ਪੱਛਮੀ ਪਹਾੜੀਆਂ ਤੇ ਵਰਖਾ 500 ਸੈਂ. ਮੀ. ਨਾਲੋਂ ਵੀ ਜ਼ਿਆਦਾ ਹੁੰਦੀ ਹੈ ਅਤੇ ਵਿਚਕਾਰਲੇ ਨੀਵੇਂ ਖੇਤਰ ਵਿਚ 132 ਸੈਂ. ਮੀ. ਤੱਕ ਹੁੰਦੀ ਹੈ ।

**ਬਨਸਪਤੀ ਤੇ ਜੀਵ-ਜੰਤੂ**—ਕੰਬੋਡੀਆ ਦੇ 75 ਪ੍ਰਤੀਸ਼ਤ ਇਲਾਕੇ ਵਿਚ ਜੰਗਲ ਹਨ । ਵਿਚਕਾਰਲੇ ਨੀਵੇਂ ਖੇਤਰ ਵਿਚ ਚਾਉਲ, ਮੱਕੀ ਤੇ ਤੰਬਾਕੂ ਦੇ ਖੇਤ, ਘਾਹ ਅਤੇ ਸਰਕੰਡੇ ਦੇ ਇਲਾਕੇ ਅਤੇ ਵਿਰਲੇ ਵਿਰਲੇ ਜੰਗਲ ਵੀ ਹਨ । ਪੂਰਬੀ ਪਹਾੜੀਆਂ ਤੇ ਉੱਚੀਆਂ ਪਠਾਰਾਂ ਵਿਚ ਪਤਝੜ ਵਾਲੇ ਜੰਗਲ ਅਤੇ ਘਾਹ ਦੇ ਮੈਦਾਨ ਮਿਲਦੇ ਹਨ । ਚੌੜੇ ਪੱਤਿਆਂ ਵਾਲੇ ਸਦਾ ਬਹਾਰ ਜੰਗਲ ਉੱਤਰੀ ਪਰਬਤੀ ਇਲਾਕੇ ਵਿਚ ਮਿਲਦੇ

ਹਨ ਇਨ੍ਹਾਂ ਵਿਚ ਤਾੜ, ਬਾਂਸ ਤੇ ਬੈਂਤ ਆਦਿ ਪਾਏ ਜਾਂਦੇ ਹਨ। ਦੱਖਣ-ਪੱਛਮੀ ਪਹਾੜੀਆਂ ਦੀਆਂ ਉਚਾਈਆਂ ਤੇ ਚੀਲ੍ਹ ਦੇ ਜੰਗਲ ਪਾਏ ਜਾਂਦੇ




ਕੰਬੋਡੀਆ

ਹਨ ਅਤੇ ਸਮੁੰਦਰ ਵੱਲ ਦੀਆਂ ਢਲਾਣਾਂ ਤੇ 45 ਮੀ. ਦੀ ਉਚਾਈ ਉਪਰ ਜਿਥੇ ਵਰਖਾ ਬਹੁਤ ਹੁੰਦੀ ਹੈ, ਬਰਸਾਤੀ ਜੰਗਲ ਮਿਲਦੇ ਹਨ। ਸਾਹਿਲੀ ਪੱਟੀ ਦੇ ਨਾਲ ਨਾਲ ਸਦਾ ਬਹਾਰ ਦਰਖ਼ਤਾਂ ਦੇ ਝੁੰਡ ਮਿਲਦੇ ਹਨ।

ਇਥੋਂ ਦੇ ਜੰਗਲੀ ਜਾਨਵਰਾਂ ਵਿਚ ਹਾਥੀ, ਜੰਗਲੀ ਬਲਦ, ਸ਼ੇਰ, ਚੀਤਾ, ਬਘਿਆੜ, ਸੂਰ ਅਤੇ ਹੋਰ ਮੋਟੇ ਜਾਨਵਰ ਮਿਲਦੇ ਹਨ। ਬਗਲਾ, ਸਾਰਸ, ਤਿੱਤਰ, ਮੋਰ, ਜਲ ਦਿੜੀ, ਜੰਗਲੀ ਬਤੱਖ ਆਦਿ ਪੰਛੀ ਇਥੇ ਆਮ ਮਿਲਦੇ ਹਨ। ਇਥੇ ਸੱਪਾਂ ਦੀਆਂ ਚਾਰ ਕਿਸਮਾਂ ਮਿਲਦੀਆਂ ਹਨ ਜੋ ਬਹੁਤ ਜ਼ਹਿਰੀਲੀਆਂ ਹਨ। ਇਹ ਕੋਬਰਾ, ਕਿੰਗ ਕੋਬਰਾ, ਬੈਂਡਡ ਕਰੇਟ ਅਤੇ ਰਸਲਜ਼ ਵਾਈਪਰ ਹਨ।

ਇਤਿਹਾਸ—ਕੰਬੋਡੀਆ ਦਾ ਆਰੰਭ ਇਸਾਈ ਕਾਲ ਦੇ ਸ਼ੁਰੂ ਵਿਚ ਫੋਉ-ਨਾਨ ਦੇ ਰਾਜ ਨਾਲ ਹੋਇਆ ਜਿਸ ਵਿਚ ਉਸ ਸਮੇਂ ਥਾਈਲੈਂਡ, ਮਲਾਇਆਂ, ਕੋਚੀਨ,ਚੀਨ ਅਤੇ ਲਾਓਸ ਸ਼ਾਮਲ ਸਨ। ਛੇਵੀਂ ਸਦੀ ਦੇ ਅੰਤ ਵਿਚ ਖਮੇਰਾਂ ਨੇ ਇਸ ਨੂੰ ਆਪਣੇ ਵਿਚ ਰਲਾ ਲਿਆ ਜਿਨ੍ਹਾਂ ਦੀਆਂ ਨੌਵੀਂ ਤੇ ਤੇਰ੍ਹਵੀਂ ਸਦੀ ਵਿਚਕਾਰ ਬਣੇ ਮੰਦਰਾਂ ਦੀਆਂ ਨਿਸ਼ਾਨੀਆਂ ਮਿਲਦੀਆਂ ਹਨ। ਪੰਦਰ੍ਹਵੀਂ ਸਦੀ ਤੋਂ ਸਿਆਮੀ ਅਤੇ ਵੀਅਤਨਾਮੀ ਦੋਹਾਂ ਪਾਸਿਆਂ ਤੋਂ ਇਸ ਉਤੇ ਹਮਲੇ ਹੁੰਦੇ ਰਹੇ ਪਰ 1863 ਈ. ਵਿਚ ਫਰਾਂਸੀਸੀ ਪ੍ਰੋਟੈਕਟੋਰੇਟ ਦੀ ਸਥਾਪਨਾ ਕਾਰਨ ਕੰਬੋਡੀਆ ਤਬਾਹੀ ਤੋਂ ਬਚ ਗਿਆ। ਸੰਨ 1887 ਤੋਂ ਲੈ ਕੇ ਦੂਜੇ ਮਹਾਂ ਯੁਧ ਤੱਕ ਕੰਬੋਡੀਆ ਫ੍ਰੈਂਚ-ਇੰਡੋਚੀਨ ਦਾ ਇਕ ਹਿੱਸਾ ਰਿਹਾ।

ਸੰਨ 1930 ਈ. ਵਿਚ ਕੌਮੀ ਲਹਿਰ ਉਠੀ ਜਿਸ ਨਾਲ ਲੋਕਾਂ ਵਿਚ ਫਰਾਂਸੀਸੀਆਂ ਨੇ ਜਾਪਾਨੀਆਂ ਦੀ ਕੰਬੋਡੀਆ ਵਿਚ ਫੌਜੀ ਅੱਡੇ ਬਣਾਉਣ ਦੀ ਮੰਗ ਮਨਜ਼ੂਰ ਕਰ ਲਈ ਅਤੇ ਥਾਈਲੈਂਡ ਨੂੰ ਕੰਬੋਡੀਆ ਦੇ ਕੁਝ ਇਲਾਕੇ ਆਪਣੇ ਵਿਚ ਮਿਲਾਉਣ ਦੀ ਇਜਾਜ਼ਤ ਦੇ ਦਿਤੀ। ਸੰਨ 1945 ਵਿਚ ਜਾਪਾਨੀਆਂ ਨੇ ਫਰਾਂਸੀਸੀ ਸੰਧੀਆਂ ਤੋੜ ਦਿੱਤੀਆਂ ਅਤੇ ਰਾਜਾ ਨੋਰਡਮ ਸਿਹਾਨੋਕ ਨੇ ਕੰਬੋਡੀਆ ਨੂੰ ਆਜ਼ਾਦ ਕਰਾਰ ਦੇ ਦਿੱਤਾ।

ਅਕਤੂਬਰ, 1945 ਨੂੰ ਬਰਤਾਨੀਆ ਦੀਆਂ ਫੌਜਾਂ ਨੇ ਨਾਮ ਪੇਨ ਤੇ ਕਬਜ਼ਾ ਕਰ ਲਿਆ। 7 ਜਨਵਰੀ, 1946 ਨੂੰ ਫਰਾਂਸੀਸੀਆਂ ਤੇ ਕੰਬੋਡੀਆਂ ਦੇ ਲੋਕਾਂ ਵਿਚਕਾਰ ਹੋਈ ਸੰਧੀ ਤੋਂ ਬਾਅਦ ਫਰਾਂਸੀਸੀ ਰਾਜ ਮੁੜ ਕਾਇਮ ਹੋ ਗਿਆ। 1 ਸਤੰਬਰ, 1946 ਨੂੰ ਨੈਸ਼ਨਲ ਕੰਸਲਟੇਟਿਵ ਅਸੈਂਬਲੀ ਦੀਆਂ ਚੋਣਾਂ ਹੋਈਆਂ ਅਤੇ 17 ਨਵੰਬਰ, 1946 ਨੂੰ ਫਰਾਂਸ ਤੇ ਥਾਈਲੈਂਡ ਵਿਚਕਾਰ ਇਕ ਸਮਝੌਤਾ ਹੋਇਆ ਜਿਸ ਵਿਚ ਥਾਈਲੈਂਡ ਨੇ ਕੰਬੋਡੀਆ ਦੇ 1940 ਵਿਚ ਮੱਲੇ ਰਾਜ ਵਾਪਸ ਕਰਨੇ ਮਨਜ਼ੂਰ ਕਰ ਲਏ।

ਸੰਨ 1949 ਵਿਚ ਕੰਬੋਡੀਆ ਨੂੰ ਫਰਾਂਸ ਸੰਘ ਦੀ ਇਕ ਐਸੋਸੀਏਟ ਸਟੇਟ ਦੇ ਤੌਰ ਤੇ ਆਜ਼ਾਦ ਕਰ ਦਿੱਤਾ। ਨਵੰਬਰ, 1953 ਵਿਚ ਕੰਬੋਡੀਆ ਨੇ ਫਰਾਂਸ ਤੋਂ ਫੌਜੀ ਤਾਕਤਾਂ ਵੀ ਆਪਣੇ ਵਿਚ ਲੈ ਲਈਆਂ। ਜਨਵਰੀ, 1953 ਨੂੰ ਵਿਤ ਅਤੇ ਆਰਥਕ ਤੌਰ ਤੇ ਵੀ ਇਹ ਫਰਾਂਸ, ਫਰੈਂਚ-ਇੰਡੋ-ਚੀਨ, ਵੀਅਤਨਾਮ ਤੇ ਲਾਓਸ ਤੋਂ ਮੁਕਤ ਹੋ ਗਿਆ।

ਸੰਨ 1953 ਤੋਂ ਬਾਅਦ ਵੀਅਤਨਾਮ ਦੇ ਕਮਿਊਨਿਸਟ ਗੁੱਟ ਸਰਗਰਮ ਰਹੇ ਜਿਨ੍ਹਾਂ ਦੀ ਅਗਵਾਈ ਵੀਅਤਨਾਮ ਕਰਦਾ ਸੀ। ਸੰਨ 1954 ਵਿਚ ਵੀਅਤਨਾਮ ਦੀਆਂ ਫ਼ੌਜਾਂ ਨੇ ਲਗਾਤਾਰ ਕੰਬੋਡੀਆ ਤੇ

ਹਮਲੇ ਕੀਤੇ । 12 ਜੁਲਾਈ, 1954 ਨੂੰ ਜਨੇਵਾ ਕਾਨਫਰੰਸ ਵਿਖੇ ਇਕ ਸਮਝੌਤੇ ਨਾਲ ਇਹ ਲੜਾਈਆਂ ਬੰਦ ਹੋ ਗਈਆਂ ।

ਮਾਰਚ, 1970 ਨੂੰ ਵਧ ਰਹੀਆਂ ਆਰਥਿਕ ਸਮੱਸਿਆਵਾਂ ਅਤੇ ਵੀਅਤਨਾਮੀ ਜੰਗ ਵਿਚ ਅਸਿੱਧੇ ਤੌਰ ਤੇ ਦਖ਼ਲਅੰਦਾਜ਼ੀ ਕਾਰਨ ਪ੍ਰਿੰਸ ਸਿਹਾਨੌਕ ਨੂੰ ਗੱਦੀਓਂ ਲਾਹ ਦਿੱਤਾ ਅਤੇ 9 ਅਕਤੂਬਰ, 1970 ਨੂੰ ਕੰਬੋਡੀਆ ਖਮੇਰ ਗਣਰਾਜ ਬਣ ਗਿਆ ।

ਸੰਨ 1970 ਤੋਂ ਬਾਅਦ ਸਾਰੇ ਦੇਸ਼ ਵਿਚ ਹਲਚਲ ਮਚ ਗਈ ਜਿਸ ਵਿਚ ਉੱਤਰੀ ਤੇ ਦੱਖਣੀ ਵੀਅਤਨਾਮੀ ਤੇ ਅਮਰੀਕਨ ਫ਼ੌਜਾਂ ਦੇ ਨਾਲ ਨਾਲ ਗਣਰਾਜੀ ਅਤੇ ਵਿਰੋਧੀ ਗਣਰਾਜੀ-ਖਮੇਰ ਦੀਆਂ ਫ਼ੌਜਾਂ ਹਿੱਸਾ ਲੈ ਰਹੀਆਂ ਸਨ । ਸੰਨ 1973 ਵਿਚ ਅਮਰੀਕਾ ਤੇ ਉੱਤਰੀ ਵੀਅਤਨਾਮ ਨੇ ਲੜਾਈਆਂ ਵਿਚ ਸਿੱਧੇ ਤੌਰ ਤੇ ਹਿੱਸਾ ਲੈਣਾ ਬੰਦ ਕਰ ਦਿੱਤਾ ਪਰ ਦੇਸ਼ ਵਿਚ ਖ਼ਾਨਾ-ਜੰਗੀ ਸ਼ੁਰੂ ਹੋ ਗਈ । ਖਮੇਰ ਗਣਰਾਜ ਦੀਆਂ ਫ਼ੌਜਾਂ ਅਤੇ ਯੂਨਾਈਟਿਡ ਨੈਸ਼ਨਲ ਫ਼ੌਜਾਂ ਜਿਸ ਵਿਚ ਖਮੇਰ ਰੌਗ ਵੀ ਸ਼ਾਮਲ ਸੀ, ਵਿਚਕਾਰ ਕਾਫੀ ਲੜਾਈ ਹੋਈ । ਖਮੇਰ ਗਣਰਾਜ ਦੀਆਂ ਫ਼ੌਜਾਂ ਦੀ ਮਦਦ ਅਮਰੀਕਾ ਅਤੇ ਦੂਜੀਆਂ ਦੀ ਉੱਤਰੀ ਵੀਅਤਨਾਮ ਤੇ ਚੀਨ ਕਰਦਾ ਸੀ । ਸੰਨ 1973 ਅਤੇ 1974 ਦੀਆਂ ਨਾਮਪੇਨ ਤੇ ਕਬਜ਼ਾ ਕਰਨ ਦੀਆਂ ਨਾਕਾਮਯਾਬ ਕੋਸ਼ਿਸ਼ਾਂ ਉਪਰੰਤ ਖਮੇਰ ਰੌਗ ਨੇ ਅਪਰੈਲ, 1974 ਵਿਚ ਪੰਜ ਸਾਲਾ ਜੰਗ ਸਮਾਪਤ ਕਰ ਦਿੱਤੀ ਅਤੇ ਬਚੀਆਂ ਖੁਚੀਆਂ ਗਣਰਾਜੀ ਫ਼ੌਜਾਂ ਨੇ ਸ਼ਹਿਰ ਨੂੰ ਆਤਮ ਸਮਰਪਣ ਕਰ ਦਿੱਤਾ ।

ਆਰਥਿਕਤਾ

**ਖਣਿਜ ਪਦਾਰਥ ਤੇ ਕੁਦਰਤੀ ਸਾਧਨ**—ਕੰਬੋਡੀਆ ਵਿਚ ਭੰਡਾਰ ਬਹੁਤ ਘੱਟ ਹਨ । ਥੋੜ੍ਹੀ ਜਿਹੀ ਮਾਤਰਾ ਵਿਚ ਚੂਨੇ ਦੇ ਪੱਥਰ ਅਤੇ ਫਾਸਫੇਟ, ਕੀਮਤੀ ਪੱਥਰ, ਕੋਲਾ, ਲੋਹਾ ਹੀ ਮਿਲਦਾ ਹੈ । ਪਣ-ਬਿਜਲੀ ਪ੍ਰਾਜੈਕਟ ਯੁੱਧਾਂ ਕਾਰਨ ਅੱਧ ਵਿਚਾਲੇ ਹੀ ਪਏ ਹਨ ।

**ਉਦਯੋਗ**—ਕੰਬੋਡੀਆ ਵਿਚ ਥੋੜ੍ਹਾ ਬਹੁਤਾ ਉਦਯੋਗਕ ਵਿਕਾਸ 1970 ਵਿਚ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਹੀ ਹੋਇਆ ਹੈ । ਅੱਜਕਲ੍ਹ ਇਥੇ 3,200 ਛੋਟੇ ਛੋਟੇ ਨਿੱਜੀ ਕਾਰਖ਼ਾਨੇ ਹਨ ਜਿਨ੍ਹਾਂ ਵਿਚੋਂ ਸਾਬਣ ਬਣਾਉਣ, ਤਮਾਕੂ ਸੋਧਣ, ਫਲਾਂ ਦੀ ਡੱਬੇਬੰਦੀ, ਟ੍ਰੈਕਟਰ ਜੋੜਨ, ਰੂੰ ਵੇਲਣ, ਟਾਇਰ, ਸੀਮਿੰਟ, ਫੌਲਾਦ ਤੇ ਖੰਡ ਤਿਆਰ ਕਰਨ ਅਤੇ ਪਟਸਨ ਦੀਆਂ ਵਸਤਾਂ ਬਣਾਉਣ ਦਾ ਕੰਮ ਕੀਤਾ ਜਾਂਦਾ ਹੈ । ਇਸਤੋਂ ਇਲਾਵਾ ਇਥੇ ਚੀਨੀ ਮਿੱਟੀ ਦੇ ਬਰਤਨ, ਰੇਸ਼ਮੀ ਕੱਪੜਾ ਅਤੇ ਚਟਾਈਆਂ ਵੀ ਬਣਾਈਆਂ ਜਾਂਦੀਆਂ ਹਨ ।

**ਖੇਤੀਬਾੜੀ ਅਤੇ ਪਸ਼ੂ-ਪਾਲਣ**—ਚਾਉਲ ਕੰਬੋਡੀਆ ਦਾ ਪ੍ਰਮੁੱਖ ਭੋਜਨ, ਫਸਲ ਅਤੇ ਪ੍ਰਸਿੱਧ ਬਰਾਮਦੀ ਵਸਤ ਹੈ । ਕਾਸ਼ਤ ਅਧੀਨ ਇਲਾਕੇ ਦੇ 85 ਪ੍ਰਤੀਸ਼ਤ ਵਿਚ ਸਿਰਫ ਚਾਉਲ ਦੀ ਕਾਸ਼ਤ ਕੀਤੀ ਜਾਂਦੀ ਹੈ । ਇਸ ਤੋਂ ਬਿਨਾਂ ਹੋਰ ਫਸਲਾਂ ਜਿਵੇਂ ਅਨਾਜ, ਦਾਲਾਂ, ਸੋਇਆਬੀਨ ਅਤੇ ਸ਼ਕਰਕੰਦੀ ਆਦਿ ਵੀ ਉਗਾਈਆਂ ਜਾਂਦੀਆਂ ਹਨ । ਇਥੇ ਸੰਤਰਾ, ਕੇਲਾ ਅਤੇ ਅਨਾਨਾਸ ਆਦਿ ਵੀ ਉਗਾਏ ਜਾਂਦੇ ਹਨ । ਇਥੋਂ ਦੀਆਂ ਵਪਾਰਕ ਫਸਲਾਂ ਵਿਚ ਕਪਾਹ, ਤੰਬਾਕੂ, ਕਾਪੋਕ (ਇਕ ਪ੍ਰਕਾਰ ਦੀ ਰੂੰ) ਗੰਨਾ ਅਤੇ ਤੇਲ ਦੇ ਬੀਜ ਸ਼ਾਮਲ ਹਨ ਜੋ ਸੀਮਤ ਮਾਤਰਾ ਵਿਚ ਪੈਦਾ ਕੀਤੇ ਜਾਂਦੇ ਹਨ ।

ਮੱਛੀਆਂ ਫੜਨਾ ਅਤੇ ਪਸ਼ੂ ਪਾਲਣਾ ਘਰੇਲੂ ਬੱਚਤ ਦਾ ਮੁੱਖ ਧੰਦਾ ਹੈ । ਇਥੇ 110,000 ਤੋਂ 130,000 ਮੀ. ਟਨ ਦੇ ਲਗਭਗ ਮੱਛੀ ਫੜੀ ਜਾਂਦੀ ਹੈ ਪਰ 1970 ਵਿਚ ਇਥੇ ਸਿਰਫ਼ 30,000 ਟਨ ਹੀ ਮੱਛੀ ਫੜੀ ਗਈ । ਚਾਉਲਾਂ ਦੇ ਖੇਤਾਂ ਵਿਚ ਪਾਣੀ ਵਿਚ ਕੰਮ ਦੇਣ ਵਾਲੇ ਪਸ਼ੂ ਜਿਵੇਂ ਝੋਟਾ ਆਦਿ ਪਾਲੇ ਜਾਂਦੇ ਹਨ । ਸਾਲ 1983 ਵਿਚ ਇਥੇ 717,000 ਸੂਰ, 10,000 ਘੋੜੇ ਅਤੇ ਕਈ ਲੱਖ ਮੁਰਗੀਆਂ ਪਾਲੀਆਂ ਗਈਆਂ ।

**ਵਪਾਰ**—ਕੰਬੋਡੀਆ ਚਾਉਲ, ਰਬੜ ਤੇ ਹੋਰ ਜ਼ਰਾਇਤੀ ਵਸਤਾਂ ਏਸ਼ੀਆਈ ਦੇਸ਼ਾਂ ਨੂੰ ਭੇਜਦਾ ਹੈ ਅਤੇ ਜਾਪਾਨ ਤੇ ਯੂਰਪੀ ਦੇਸ਼ ਕੰਬੋਡੀਆ ਨੂੰ ਤਿਆਰ ਕੀਤੀਆਂ ਵਸਤਾਂ, ਸਨਅਤੀ ਮਾਲ ਅਤੇ ਕੱਚਾ ਮਾਲ ਭੇਜਦੇ ਹਨ । ਇਸ ਦਾ ਮਾਲ ਹਾਂਗਕਾਂਗ, ਸਿੰਗਾਪੁਰ, ਜਾਪਾਨ ਅਤੇ ਫਰਾਂਸ ਨੂੰ ਜਾਂਦਾ ਹੈ । ਸੰਨ 1970 ਤੋਂ ਪਹਿਲਾਂ ਚੀਨ ਤੇ ਉੱਤਰੀ ਵੀਅਤਨਾਮ ਨੂੰ ਜਾਂਦਾ ਸੀ ।

**ਆਵਾਜਾਈ**—ਕੰਬੋਡੀਆ ਵਿਚ ਮੁਖ ਤੌਰ ਤੇ ਆਵਾਜਾਈ ਜਲ-ਮਾਰਗਾਂ ਅਤੇ ਸੜਕਾਂ ਦੁਆਰਾ ਹੁੰਦੀ ਹੈ । ਰੇਲ-ਮਾਰਗ ਨੂੰ ਤੀਜਾ ਦਰਜਾ ਹਾਸਲ ਹੈ । ਸਮੁੰਦਰੀ ਅਤੇ ਹਵਾਈ ਸਹੂਲਤਾਂ ਸੀਮਤ ਹਨ ।

ਲੋਕ

**ਆਬਾਦੀ**—ਸਾਲ 1984 ਦੀ ਮਰਦਮਸ਼ੁਮਾਰੀ ਅਨੁਸਾਰ ਕੰਬੋਡੀਆ ਦੀ ਆਬਾਦੀ ਲਗਭਗ 6,118,000 ਹੈ । ਦੱਖਣੀ ਪੂਰਬੀ ਏਸ਼ੀਆ ਵਿਚ ਇਸ ਨਾਲੋਂ ਘਟ ਆਬਾਦੀ ਵਾਲੇ ਦੇਸ਼ ਸਿਰਫ ਸਿੰਗਾਪੁਰ ਅਤੇ ਲਾਓਸ ਹੀ ਹਨ । ਇਸ ਦੀ ਆਬਾਦੀ ਦੀ ਘਣਤਾ ਲਗਭਗ 40 ਵਿਅਕਤੀ ਪ੍ਰਤੀ ਵ. ਕਿ. ਮੀ. ਹੈ । ਕੁਲ ਆਬਾਦੀ ਦਾ 90 ਪ੍ਰਤੀਸ਼ਤ ਲੋਕ ਖਮੇਰ ਹਨ । ਇਨ੍ਹਾਂ ਤੋਂ ਇਲਾਵਾ ਦੂਜੇ ਨਸਲੀ ਗਰੁਪਾਂ ਵਿਚ ਚੀਨੀ ਵੀਅਤਨਾਮੀ, ਚੈਮ-ਮਲਾਈ, ਮਲਾਇਓਂ ਪੌਲੀਨੇਸ਼ੀਅਨ ਤੇ ਆਸਟ੍ਰੋ-ਏਸ਼ੀਅਨ ਪਹਾੜੀ ਕਬੀਲੇ, ਤਾਈ ਅਤੇ ਯੂਰਪੀਅਨ ਸ਼ਾਮਲ ਹਨ ।

**ਧਰਮ**—ਖਮੇਰ ਅਤੇ ਚੀਨੀ ਲੋਕ ਬੁਧ ਧਰਮ ਨੂੰ ਮੰਨਦੇ ਹਨ ਜਦੋਂ ਕਿ ਚੈਮ-ਮਲਾਈ ਲੋਕ ਕੱਟੜ ਮੁਸਲਮਾਨ ਹਨ । ਆਦਿਵਾਸੀ ਕਬੀਲੇ ਜਾਨਵਰਾਂ ਆਦਿ ਦੀ ਪੂਜਾ ਕਰਦੇ ਹਨ ।

**ਵਿਦਿਆ**—ਸੰਨ 1970-71 ਵਿਚ ਇਥੇ 1,490 ਪ੍ਰਾਇਮਰੀ ਸਕੂਲ, 95 ਸੈਕੰਡਰੀ ਸਕੂਲ ਸਨ ਅਤੇ 12,453 ਵਿਦਿਆਰਥੀ ਉੱਚੀ ਵਿਦਿਆ ਪ੍ਰਾਪਤ ਕਰ ਰਹੇ ਸਨ । ਪਰ 1970 ਵਿਚ ਯੁੱਧ ਲੱਗਣ ਉਪਰੰਤ ਵਿਦਿਅਕ ਸੰਸਥਾਵਾਂ ਕਾਫੀ ਗਿਣਤੀ ਵਿਚ ਬੰਦ ਕਰਨੀਆਂ ਪਈਆਂ ।

ਅਪਰੈਲ, 1970 ਵਿਚ ਛਿੜੀ ਜੰਗ ਨੇ ਕੰਬੋਡੀਆ ਦੀ ਆਰਥਿਕਤਾ ਤੇ ਭਾਰੀ ਸੱਟ ਮਾਰੀ । ਖੇਤੀ ਦੀ ਪੈਦਾਵਾਰ ਘਟ ਗਈ, ਸੱਨਅਤਾਂ ਬੰਦ ਹੋ ਗਈਆਂ,ਆਵਾਜਾਈ ਵਿਚ ਵਿਘਨ ਪੈ ਗਿਆ,ਵਿਦਿਅਕ ਅਦਾਰੇ ਬੰਦ ਹੋ ਗਏ, ਮਜ਼ਦੂਰ ਮਜ਼ਦੂਰੀ ਤੋਂ ਵਾਂਝੇ ਗਏ ਅਤੇ ਦੇਸ਼ ਬਦੇਸ਼ੀ ਸਹਾਇਤਾ ਦਾ ਮੁੜ ਮੁਥਾਜ ਬਣ ਕੇ ਰਹਿ ਗਿਆ । ਇਸ ਤਰ੍ਹਾਂ ਸਾਰਾ ਆਰਥਕ ਢਾਂਚਾ ਹੀ ਉਥਲ-ਪੁਥਲ ਹੋ ਗਿਆ ।

ਹ ਪੁ.—ਐਨ. ਅਮੈ. 5: 245; ਐਨ. ਬ੍ਰਿ. 4 : 678 ; ਕੋਲ. ਐਨ. 4 : 219.

**ਕਮਕਵਾਟ** : ਇਹ ਬਹੁਤ ਸਾਰੀਆਂ ਸਦਾ ਬਹਾਰ ਝਾੜੀਆਂ ਜਾਂ ਰੁੱਖਾਂ ਦਾ ਨਾਂ ਹੈ । ਇਹ ਪੌਦੇ ਰੂਟੇਸੀ ਕੁਲ ਦੀ ਫਾਰਚੂਨੇਲਾ ਪ੍ਰਜਾਤੀ ਦੇ ਮੈਂਬਰ ਹਨ । ਇਹ ਸੰਗਤਰੇ ਅਤੇ ਨਿੰਬੂ ਦੇ ਨਜ਼ਦੀਕੀ ਸਬੰਧੀ ਹਨ । ਕੁਝ ਚਿਰ ਪਹਿਲਾਂ ਇਹ ਸਿਟਰਸ ਜੈਪੋਨਿਕਾ (*Citrus japonica*) ਨਾਂ ਹੇਠ ਵੀ ਰਖੇ ਜਾਂਦੇ ਰਹੇ ਹਨ । ਪੂਰਬੀ ਏਸ਼ੀਆ ਇਨ੍ਹਾਂ ਪੌਦਿਆਂ ਦਾ ਮੂਲ-ਅਸਥਾਨ ਹੈ ਅਤੇ ਇਹ ਉਪ-ਊਸ਼ਣ ਖੰਡਾਂ ਵਿਚ ਜ਼ਿਆਦਾ ਉਗਾਏ ਜਾਂਦੇ ਹਨ । ਦੱਖਣੀ ਕੈਲੀਫੋਰਨੀਆ ਅਤੇ ਫਲੋਰਿਡਾ ਵਿਚ ਵੀ ਇਹ ਪੈਦਾ ਕੀਤੇ ਜਾਂਦੇ ਹਨ । ਲੰਬਾ ਕਮਕਵਾਟ ਚੀਨ ਅਤੇ ਜਾਪਾਨ ਵਿਚ ਕਾਸ਼ਤ ਕੀਤਾ ਜਾਂਦਾ ਸੀ ਅਤੇ ਲਗਭਗ 1846 ਦੇ ਨੇੜੇ ਇਹ ਯੂਰਪ ਵਿਚ ਆਇਆ ।

ਇਹ 2.4 ਮੀਟਰ ਤੋਂ 3.6 ਮੀਟਰ ਤਕ ਉੱਚੇ ਹੋ ਸਕਦੇ ਹਨ । ਇਨ੍ਹਾਂ ਪੌਦਿਆਂ ਦੀਆਂ ਸ਼ਾਖ਼ਾਵਾਂ ਕੰਡੇ ਰਹਿਤ ਹੁੰਦੀਆਂ ਹਨ ਜਿਨ੍ਹਾਂ ਤੇ ਗੂੜ੍ਹੇ ਹਰੇ ਚਮਕਦਾਰ ਪੱਤੇ ਲਗਦੇ ਹਨ । ਇਸ ਨੂੰ ਚਿੱਟੇ ਰੰਗ ਦੇ ਸੰਗਤਰੇ ਵਰਗੇ ਫੁੱਲ ਲਗਦੇ ਹਨ । ਚਮਕੀਲਾ, ਪੀਲਾ-ਸੰਗਤਰੇ ਰੰਗਾ ਫਲ ਗੋਲ ਜਾਂ ਅੰਡਾਕਾਰ ਸ਼ਕਲ ਦਾ, ਤਕਰੀਬਨ 2.5 ਸੈਂ.

ਮੀ. ਚੌੜਾ ਹੁੰਦਾ ਹੈ । ਇਸ ਦਾ ਗੁੱਦਾ ਕੁਝ ਕੁ ਤੇਜ਼ਾਬੀ ਅਤੇ ਰਸ ਭਰਿਆ ਹੁੰਦਾ ਹੈ। ਇਸ ਦੀ ਛਿੱਲ ਮਿੱਠੀ, ਖਾਣ ਯੋਗ ਅਤੇ ਘੱਟ ਗੁੱਦੇਦਾਰ ਹੁੰਦੀ ਹੈ ।

ਲੰਬਾ ਕਮਕਵਾਟ ਸੰਗਤਰਾ ਕਬੀਲੇ ਦੇ ਸਾਰੇ ਪੌਦਿਆਂ ਤੋਂ ਸਖ਼ਤ ਹੈ ਅਤੇ ਜਦੋਂ ਇਸ ਨੂੰ ਤਿੰਨ ਪੱਤੀਏ ਸੰਗਤਰੇ (*Poncirus trifoliata*) ਉਤੇ ਪਿਉਂਦ ਕੀਤਾ ਜਾਏ ਤਾਂ ਚੰਗੀ ਤਰ੍ਹਾਂ ਵਧ ਫੁਲ ਸਕਦਾ ਹੈ। ਸੰਯੁਕਤ ਰਾਜ ਵਿਚ ਇਸ ਤੋਂ ਖੱਟੇ, ਸੰਗਤਰੇ, ਮਾਲਟੇ ਅਤੇ ਹੋਰ ਸਿਟਰਸ ਜਾਤੀ ਦੇ ਫਲਾਂ ਦੇ ਦੋਗਲੇ ਫਲ ਤਿਆਰ ਕੀਤੇ ਗਏ ਹਨ ।

ਅੰਡਾਕਾਰ ਕਮਕਵਾਟ (*Fortunella margarita*) ਬਹੁਤ ਪ੍ਰਚਲਿਤ ਜਾਤੀ ਹੈ । ਇਸ ਦੇ ਪੱਕੇ ਹੋਏ ਫਲ ਲਾਲ ਰੰਗ ਦੇ ਅਤੇ 3.8 ਤੋਂ 5 ਸੈਂ. ਮੀ. ਲੰਬੇ ਹੁੰਦੇ ਹਨ । ਗੋਲ ਜਾਂ ਮਾਰੂਮੀ ਕਮਕਵਾਟ ਦਾ ਬਨਸਪਤੀ ਵਿਗਿਆਨਕ ਨਾਂ ਫਾਰਚੂਨੈਲਾ ਜੈਪੋਨਿਕਾ (*F. Japonica*) ਹੈ । ਅੰਡੇ ਦੀ ਸ਼ਕਲ ਵਰਗਾ ਇਕ ਹੋਰ ਮੇਵਾ ਕਮਕਵਾਟ ਫਾਰਚੂਨੈਲਾ ਕਰੈਸੀਫੋਲੀਆ (*F. crassifolia*) ਹੈ ਜਿਸ ਦਾ ਗੁੱਦਾ ਅਤੇ ਛਿੱਲ ਮਿੱਠੀ ਹੁੰਦੀ ਹੈ । ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਦੋਗਲਾ ਫਲ ਹੈ ਅਤੇ ਚੀਨ ਵਿਚ ਇਸ ਦੀ ਕਾਸ਼ਤ ਬਹੁਤ ਹੁੰਦੀ ਹੈ ।

ਹ. ਪੁ.—ਐਨ. ਬ੍ਰਿ. 13 : 508; ਐਨ. ਬ੍ਰਿ. ਮਾ. 5 : 940

**ਕਮਪੂਚੀਆ :** ਵੇਖੋ, ਕੰਬੋਡੀਆ

**ਕਮਲ (ਕੰਵਲ) :** ਇਹ ਭਾਰਤ ਦਾ ਸਭ ਤੋਂ ਪ੍ਰਸਿੱਧ ਫੁੱਲ ਹੈ। ਸੰਸਕ੍ਰਿਤ ਵਿਚ ਇਸ ਦੇ ਕਈ ਨਾਂ ਹਨ—ਕਮਲ, ਪਦਮ, ਪੰਕਜ, ਪੰਕਰੂਹ, ਸਰਸਿਜ ਸਰੋਜ, ਜਲਜਾਤ, ਨੀਰਜ, ਅਰਵਿੰਦ, ਵਨਜ ਆਦਿ । ਫ਼ਾਰਸੀ ਵਿਚ ਕਮਲ ਨੂੰ ਨੀਲੋਫਰ ਕਹਿੰਦੇ ਹਨ ਅਤੇ ਅੰਗਰੇਜ਼ੀ ਵਿਚ ਇੰਡੀਅਨ ਲੋਟਸ ਜਾਂ ਸੈਕਰਡ ਲੋਟਸ; ਚਾਈਨੀਜ਼ ਵਾਟਰ ਲਿਲੀ, ਇਜੀਪਸ਼ੀਅਨ ਜਾਂ ਪਾਈਥਾਗੋਰਿਅਨ ਬੀਨ । ਇਸਦਾ ਬਨਸਪਤੀ-ਵਿਗਿਆਨਕ ਨਾਂ ਨੀਲੰਬੀਅਮ ਨਿਊਸੀਫੇਰਾ ਹੈ ।

ਕਮਲ ਦਾ ਪੌਦਾ ਪਾਣੀ ਵਿਚ ਹੀ ਪੈਦਾ ਹੁੰਦਾ ਹੈ ਅਤੇ ਭਾਰਤ ਵਿਚ ਸਾਰੇ ਉਸ਼ਣੀ ਹਿੱਸਿਆਂ ਅਤੇ ਈਰਾਨ ਤੋਂ ਆਸਟ੍ਰੇਲੀਆ ਤਕ ਮਿਲਦਾ ਹੈ। ਕਮਲ ਦਾ ਫੁੱਲ ਸਫ਼ੈਦ ਜਾਂ ਗੁਲਾਬੀ ਰੰਗ ਦਾ ਹੁੰਦਾ ਹੈ ਅਤੇ ਪੱਤੇ ਲਗਭਗ ਗੋਲ, ਢਾਲ ਵਰਗੇ ਹੁੰਦੇ ਹਨ। ਪੱਤਿਆਂ ਦੀਆਂ ਲੰਬੀਆਂ ਡੰਡੀਆਂ ਅਤੇ ਨਾੜੀਆਂ ਤੋਂ ਇਕ ਤਰ੍ਹਾਂ ਦਾ ਰੇਸ਼ਾ ਕੱਢਿਆ ਜਾਂਦਾ ਹੈ ਜਿਸ ਤੋਂ ਮੰਦਰਾਂ ਦੇ ਦੀਵਿਆਂ ਦੀਆਂ ਬੱਤੀਆਂ ਬਣਾਈਆਂ ਜਾਂਦੀਆਂ ਹਨ। ਕਹਿੰਦੇ ਹਨ ਕਿ ਇਸ ਰੇਸ਼ੇ ਤੋਂ ਤਿਆਰ ਕੀਤਾ ਕੱਪੜਾ ਪਾਉਣ ਨਾਲ ਕਈ ਰੋਗ ਦੂਰ ਹੋ ਜਾਂਦੇ ਹਨ। ਕਮਲ ਦੇ ਤਣੇ ਲੰਬੇ, ਸਿੱਧੇ ਅਤੇ ਖੋਖਲੇ ਹੁੰਦੇ ਹਨ ਅਤੇ ਪਾਣੀ ਦੇ ਹੇਠਾਂ ਚਿੱਕੜ ਵਿਚ ਹਰ ਪਾਸੇ ਫੈਲਦੇ ਰਹਿੰਦੇ ਹਨ। ਤਣਿਆਂ ਦੀਆਂ ਗੰਢਾਂ ਤੇ ਵੀ ਜੜ੍ਹਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ।

ਕਮਲ ਦੇ ਪੌਦੇ ਦੇ ਹਰੇਕ ਭਾਗ ਦੇ ਵਖ ਵਖ ਨਾਂ ਹਨ ਅਤੇ ਇਨ੍ਹਾਂ ਦੀ ਵਰਤੋਂ ਦਵਾਈਆਂ ਵਿਚ ਗੁਣਕਾਰੀ ਹੈ। ਕਈ ਆਯੁਰਵੈਦਿਕ, ਅੰਗ੍ਰੇਜ਼ੀ ਅਤੇ ਯੂਨਾਨੀ ਦਵਾਈਆਂ ਕਮਲ ਦੇ ਵਖ ਵਖ ਹਿੱਸਿਆਂ ਤੋਂ ਬਣਾਈਆਂ ਜਾਂਦੀਆਂ ਹਨ। ਚੀਨ ਅਤੇ ਮਲਾਇਆ ਦੇ ਨਿਵਾਸੀ ਵੀ ਕਮਲ ਦਾ ਦਵਾਈ ਦੇ ਤੌਰ ਤੇ ਇਸਤੇਮਾਲ ਕਰਦੇ ਹਨ।

ਕਮਲ ਦੇ ਫੁੱਲਾਂ ਦੀ ਵਿਸ਼ੇਸ਼ ਵਰਤੋਂ ਪੂਜਾ ਅਤੇ ਸ਼ਿੰਗਾਰ ਵਿਚ ਹੁੰਦੀ ਹੈ। ਇਸ ਦੇ ਪੱਤਿਆਂ ਨੂੰ ਪੱਤਲਾਂ ਦੇ ਤੌਰ ਤੇ ਵੀ ਵਰਤਿਆ ਜਾਂਦਾ ਹੈ। ਬੀਜਾਂ ਦੀ ਵਰਤੋਂ ਵੀ ਕਈ ਦਵਾਈਆਂ ਵਿਚ ਹੁੰਦੀ ਹੈ ਅਤੇ ਅਤੇ ਉਨ੍ਹਾਂ ਨੂੰ ਭੁੰਨ ਕੇ ਮਖਾਣੇ ਬਣਾਏ ਜਾਂਦੇ ਹਨ।

ਭਾਰਤ ਦੀਆਂ ਪੁਰਾਤਨ ਕਥਾਵਾਂ ਵਿਚ ਕਮਲ ਦਾ ਵਿਸ਼ੇਸ਼ ਥਾਂ ਹੈ। ਭਾਰਤੀ ਮੰਦਰਾਂ ਵਿਚ ਥਾਂ ਥਾਂ ਕਮਲ ਦੇ ਚਿਤਰ ਅਤੇ ਸੰਕੇਤ ਮਿਲਦੇ ਹਨ । ਮਿਸਰ ਦੇਸ਼ ਦੀਆਂ ਪੁਸਤਕਾਂ ਅਤੇ ਮੰਦਰਾਂ ਦੀ ਚਿਤਰਕਾਰੀ ਵਿਚ ਵੀ ਕਮਲ ਦਾ ਪ੍ਰਮੁੱਖ ਸਥਾਨ ਹੈ। ਕੁਝ ਵਿਦਵਾਨਾਂ ਦੀ ਰਾਇ ਹੈ ਕਿ ਕਮਲ ਮਿਸਰ ਦੇਸ਼ ਤੋਂ ਹੀ ਭਾਰਤ ਵਿਚ ਆਇਆ ਹੈ।

ਭਾਰਤੀ ਕਵਿਤਾ ਵਿਚ ਕਮਲ ਦਾ ਵਰਣਨ ਬੜੀ ਖ਼ੂਬਸੂਰਤੀ ਨਾਲ ਕੀਤਾ ਮਿਲਦਾ ਹੈ। ਸੁੰਦਰ ਚਿਹਰੇ, ਹੱਥਾਂ ਅਤੇ ਪੈਰਾਂ ਦੀ ਉਪਮਾ ਕਮਲ ਦੇ ਫੁੱਲਾਂ ਨਾਲ ਅਤੇ ਅੱਖ ਦੀ ਉਪਮਾ ਨੀਲ ਕਮਲ ਨਾਲ ਕੀਤੀ ਜਾਂਦੀ ਹੈ। ਕਵੀਆਂ ਦਾ ਵਿਸ਼ਵਾਸ ਹੈ ਕਿ ਕਮਲ ਸੂਰਜ ਚੜ੍ਹਣ ਨਾਲ ਖਿੜਦਾ ਹੈ ਅਤੇ ਸੂਰਜ ਛਿਪਣ ਨਾਲ ਬੰਦ ਹੋ ਜਾਂਦਾ ਹੈ। ਕਮਲ ਦੇ ਤਣੇ ਦਾ ਵਰਣਨ ਹੰਸਾਂ ਅਤੇ ਹਾਥੀਆਂ ਦੇ ਮਨਭਾਉਂਦੇ ਭੋਜਨ ਦੇ ਰੂਪ ਵਿਚ ਵੀ ਕੀਤਾ ਜਾਂਦਾ ਹੈ। ਕਾਮਸ਼ਾਸਤਰ ਵਿਚ ਵੀ ਇਸਤਰੀਆਂ ਦੀ ਵੰਡ ਚਾਰ ਵਰਗਾਂ ਵਿਚ ਕੀਤੀ ਗਈ ਹੈ, ਜਿਸ ਵਿਚ ਸਭ ਤੋਂ ਉੱਚ ਵਰਗ ਨੂੰ 'ਪਦਮਿਨੀ' ਕਿਹਾ ਜਾਂਦਾ ਹੈ।

**ਬਾਗ਼ਬਾਨੀ ਵਿਚ ਕਮਲ**—ਬਾਗ਼ਬਾਨੀ ਵਿਚ ਕਮਲ ਲਾਉਣ ਲਈ ਸੀਮਿੰਟ ਦੀ ਇਕ ਕਿਆਰੀ (ਬਾਉਲੀ) ਬਣਾਈ ਜਾਂਦੀ ਹੈ। ਇਕ ਮੀ. ਡੂੰਘੀ ਬਾਉਲੀ ਕਾਫ਼ੀ ਰਹਿੰਦੀ ਹੈ। ਲੰਬਾਈ, ਚੌੜਾਈ ਜਿੰਨੀ ਵੀ ਜ਼ਿਆਦਾ ਹੋਵੇ ਚੰਗਾ ਹੈ। ਬਾਉਲੀ ਵਿਚ 20 ਤੋਂ 30 ਸੈਂ. ਮੀ. ਤੱਕ ਮਿੱਟੀ ਦੀ ਤਹਿ ਵਿਛਾ ਕੇ ਅਤੇ ਥੋੜ੍ਹਾ ਕੁੱਟ ਕੇ ਇਸ ਮਿੱਟੀ ਵਿਚ ਗਲੇ ਹੋਏ ਗੋਬਰ ਦੀ ਖਾਦ ਮਿਲਾਈ ਜਾਂਦੀ ਹੈ। ਕਮਲ ਦੇ ਬੀਜ ਨੂੰ ਮਿੱਟੀ ਵਿਚ 5 ਤੋਂ 8 ਸੈਂ. ਮੀ. ਡੂੰਘੇ ਦੱਬ ਦਿਤਾ ਜਾਂਦਾ ਹੈ। ਇਸ ਨੂੰ ਬੀਜਣ ਲਈ ਬਸੰਤ ਦਾ ਮੌਸਮ ਚੰਗਾ ਰਹਿੰਦਾ ਹੈ। ਕਿਸੇ ਹੋਰ ਥਾਂ ਤੇ ਉਗਾਇਆ ਹੋਇਆ ਪੌਦਾ ਜੜ੍ਹ ਸਮੇਤ ਲੈ ਲਿਆ ਜਾਏ ਤਾਂ ਚੰਗਾ ਹੁੰਦਾ ਹੈ।

ਨਵੀਂ ਬਣੀ ਬਾਉਲੀ ਨੂੰ ਕਈ ਵਾਰ ਪਾਣੀ ਨਾਲ ਭਰ ਕੇ ਅਤੇ ਕੁਝ ਦਿਨਾਂ ਤੋਂ ਬਾਅਦ ਖ਼ਾਲੀ ਕਰਕੇ ਤਾਜ਼ਾ ਕਰ ਦੇਣਾ ਚੰਗਾ ਹੈ ਕਿਉਂਕਿ ਸ਼ੁਰੂ ਵਿਚ ਪਾਣੀ ਵਿਚ ਕੁਝ ਚੂਨਾ ਉਤਰ ਆਉਂਦਾ ਹੈ ਜੋ ਪੌਦਿਆਂ ਲਈ ਹਾਨੀਕਾਰਕ ਹੁੰਦਾ ਹੈ। ਪਾਣੀ ਪਹਿਲਾਂ ਹਰਾ ਹੋ ਕੇ ਫਿਰ ਨਿੱਤਰ ਜਾਂਦਾ ਹੈ। ਬਾਉਲੀ ਵਿਚ ਨਦੀ ਦਾ, ਮੀਂਹ ਦਾ ਜਾਂ ਮਿੱਠੇ ਖੂਹ ਦਾ ਹੀ ਪਾਣੀ ਭਰਿਆ ਜਾਣਾ ਚਾਹੀਦਾ ਹੈ। ਬਾਉਲੀ ਅਜਿਹੀ ਜਗ੍ਹਾ ਹੋਣੀ ਚਾਹੀਦੀ ਹੈ ਕਿ ਇਸ ਨੂੰ ਸਦਾ ਧੁੱਪ ਲਗਦੀ ਰਹੇ।

ਹ. ਪੁ.—ਹਿੰ. ਵਿ. ਕੋ. 2 : 350

**ਕਮਲਾ ਅਕਾਲੀ, ਲਾਲ ਸਿੰਘ :** ਸ. ਲਾਲ ਸਿੰਘ ਦਾ ਜਨਮ 14 ਜੂਨ, 1889 ਈ. ਨੂੰ ਸਰਦਾਰ ਬਹਾਦਰ ਭਗਵਾਨ ਸਿੰਘ ਦੇ ਘਰ ਪਿੰਡ ਭਨੋਹੜ, ਜ਼ਿਲਾ ਲੁਧਿਆਣਾ ਵਿਚ ਹੋਇਆ। ਇਸ ਦੇ ਪਿਤਾ ਵੈਟਰਨਰੀ ਡਾਕਟਰ ਸਨ ਤੇ ਕਾਫ਼ੀ ਸਮਾਂ ਬਰਮਾ ਵਿਚ ਹੀ ਰਹੇ। ਇਸਨੇ ਖ਼ਾਲਸਾ ਕਾਲਜ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਐਫ.ਐਸ.ਸੀ. ਪਾਸ ਕੀਤੀ। ਇਥੇ ਰਹਿੰਦਿਆਂ ਹੀ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੇ ਜਥੇ ਤੋਂ ਅੰਮ੍ਰਿਤ ਪਾਨ ਕੀਤਾ। ਐਫ.ਸੀ. ਕਾਲਜ ਲਾਹੌਰ ਤੋਂ 1913 ਵਿਚ ਬੀ.ਐਸ.ਸੀ. ਤੇ 1916 ਈ. ਵਿਚ ਲਾਅ ਕਾਲਜ ਲਾਹੌਰ ਤੋਂ ਐਲ.ਐਲ.ਬੀ. ਦਾ ਕੋਰਸ ਕੀਤਾ। ਮਾਸਟਰ ਤਾਰਾ ਸਿੰਘ ਜੀ ਇਸ ਦੇ ਕਾਲਜੀਏਟ ਦੋਸਤਾਂ ਵਿਚੋਂ ਸਨ।

ਕੁਝ ਦੇਰ ਇਸ ਨੇ ਰਾਵਲਪਿੰਡੀ ਤੇ ਮੁੜ ਲਾਇਲਪੁਰ ਵਿਚ ਵਕਾਲਤ ਦਾ ਕੰਮ ਕੀਤਾ। ਇਸੇ ਸਮੇਂ ਸ. ਹਰਚੰਦ ਸਿੰਘ ਰਈਸ ਨੇ ਲਾਇਲਪੁਰ ਤੋਂ 'ਖ਼ਾਲਸਾ ਅਖ਼ਬਾਰ' ਨਾਂ ਦਾ ਉਰਦੂ ਪਰਚਾ ਕੱਢਿਆ ਜਿਸ ਦੀ ਐਡੀਟਰੀ ਦੀ ਸੇਵਾ ਇਸ ਨੇ ਸੰਭਾਲੀ। ਇਸੇ ਦੌਰਾਨ ਕ੍ਰਿਪਾਨ ਉਤੇ ਪਾਬੰਦੀਆਂ ਲਗੀਆਂ। ਧਾਰਮਕ ਆਜ਼ਾਦੀ ਦੇ ਹੱਕ ਵਿਚ ਇਸ ਨੇ ਇਕ ਛੋਟੀ ਜਿਹੀ ਕਹਾਣੀ ਲਿਖੀ ਜਿਸ ਦਾ ਨਾਂ ਸੀ 'ਕਮਲਾ ਅਕਾਲੀ' ਜਾਂ 'ਕ੍ਰਿਪਾਨ ਦਾ ਸੱਚਾ ਆਸ਼ਕ'। ਇਸੇ ਕਹਾਣੀ ਦੇ ਨਾਂ ਤੇ ਇਸ ਦਾ ਨਾਂ 'ਕਮਲਾ ਅਕਾਲੀ' ਪ੍ਰਚਲਿਤ ਹੋ ਗਿਆ।

ਇਸ ਦੀਆਂ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ—

1. ਮੇਰਾ ਵਲੈਤੀ ਸਫਰਨਾਮਾ 2. ਮੌਤ ਰਾਣੀ ਦਾ ਘੁੰਡ 3. ਸੈਲਾਨੀ ਦੇਸ਼ ਭਗਤ 4. ਜੀਵਨ ਨੀਤੀ 5. ਮਨ ਦੀ ਮੌਜ 6. ਵਿਗਿਆਨਕ ਲੇਖ 7. ਭਾਰਤ ਦੇ ਭਰਪੂਰ ਭੰਡਾਰੇ। ਵਾਰਤਕ ਖੇਤਰ ਵਿਚ ਭਾਈ ਵੀਰ ਸਿੰਘ ਤੋਂ ਬਾਅਦ ਸਫ਼ਲ ਸ਼ੈਲੀਕਾਰ ਦੇ ਤੌਰ ਤੇ ਇਸ ਦਾ ਨਾਂ ਸਹਿਜੇ ਹੀ ਲਿਆ ਜਾ ਸਕਦਾ ਹੈ। ਭਾਵੇਂ ਸਾਡੇ ਪੁਰਾਤਨ ਪੀੜ੍ਹੀ ਦੇ ਗੱਦਕਾਰਾਂ ਵਿਚ ਪ੍ਰੋ. ਪੂਰਨ ਸਿੰਘ, ਪ੍ਰੋ. ਤੇਜਾ ਸਿੰਘ ਤੇ ਸ. ਗੁਰਬਖਸ਼ ਸਿੰਘ ਦੇ ਨਾਂ ਬੜੇ ਆਦਰ ਨਾਲ ਲਏ ਜਾਣ ਵਾਲੇ ਹਨ ਪਰ ਕਮਲਾ ਅਕਾਲੀ ਦੀ ਸਿਆਣੀ ਕਲਮ ਦੇ ਗੱਦ ਦਮਤਕਾਰਾਂ ਨੂੰ ਮੰਨਣਾ ਹੀ ਪੈਂਦਾ ਹੈ। ਇਹ ਆਪਣੀ ਲਿਖਤ ਵਿਚ ਪੁਰਾਤਨ ਵਿਸ਼ਵਾਸ਼ਾਂ ਨੂੰ ਕਸੌਟੀ ਤੇ ਪਰਖਣੋਂ ਝਿਜਕਦਾ ਨਹੀਂ ਅਤੇ ਨਾ ਹੀ ਨਵੀਨ ਵਿਚਾਰਾਂ ਦੀ ਅੰਧਾ-ਧੁੰਦ ਮੰਨਤ ਨੂੰ ਥਾਂ ਦਿੰਦਾ ਹੈ।

ਪੰਜਾਬੀ ਦੇ ਇਸ ਪ੍ਰਸਿਧ ਸਾਹਿਤਕਾਰ ਨੂੰ 14 ਮਾਰਚ, 1964 ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਸਰਬੋਤਮ ਸਾਹਿਤਕਾਰ ਵਜੋਂ ਸਨਮਾਨਿਆ ਗਿਆ। ਰਾਜਨੀਤੀ ਵਿਚ ਵੀ ਇਹ ਸਰਗਰਮ ਹਿੱਸਾ ਲੈਂਦਾ ਰਿਹਾ। 1936-37 ਦੀਆਂ ਅਸੈਂਬਲੀ ਦੀਆਂ ਚੋਣਾਂ ਵਿਚ ਇਹ ਲੁਧਿਆਣੇ ਦੇ ਪੇਂਡੂ ਹਲਕੇ ਤੋਂ ਆਜ਼ਾਦ ਉਮੀਦਵਾਰ ਦੇ ਤੌਰ ਤੇ ਮੈਂਬਰ ਚੁਣਿਆ ਗਿਆ।

ਇਸਦੀ ਮੌਤ ਲੁਧਿਆਣਾ ਵਿਖੇ 1977 ਈ. ਵਿਚ ਹੋਈ।

ਹ. ਪੁ.—ਲਾਲ ਸਿੰਘ ਕਮਲਾ ਅਕਾਲੀ—ਭਾ. ਵਿ. ਪੰ. 1964 : 3-4

**ਕਮਲਾਹਗੜ੍ਹ :** ਇਹ ਭਾਰਤ ਦੇ ਹਿਮਾਚਲ ਪ੍ਰਦੇਸ਼ ਦੀ ਮੰਡੀ ਨਾਂ ਦੀ ਇਕ ਸਾਬਕਾ ਰਿਆਸਤ ਦਾ ਇਕ ਪਿੰਡ ਹੈ ਜੋ ਮੰਡੀ ਤੋਂ ਲਗਭਗ 36 ਕਿ. ਮੀ. ਦੀ ਦੂਰੀ ਤੇ ਉੱਤਰ ਵਲ ਸਥਿਤ ਹੈ। ਇਥੇ ਇਸੇ ਹੀ ਨਾਂ ਦਾ ਇਕ ਕਿਲਾ ਵੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਕਾਫੀ ਕੋਸ਼ਿਸ਼ ਕਰਕੇ ਸੰਮਤ 1857 ਵਿਚ ਕਮਲਾਹਗੜ੍ਹ ਨੂੰ ਜਿੱਤਿਆ। ਇਸ ਥਾਂ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਝ ਸਮੇਂ ਲਈ ਠਹਿਰੇ ਸਨ। ਇਸ ਦੇ ਨਜ਼ਦੀਕ ਹੀ ਗੋਬਿੰਦਗੜ੍ਹ ਨਾਂ ਦਾ ਇਕ ਹੋਰ ਕਿਲਾ ਵੀ ਹੈ ਜਿਸਨੂੰ ਰਾਜਾ ਮੰਡੀ ਨੇ ਬਣਵਾਇਆ ਸੀ।

ਹ. ਪੁ.—ਮ. ਕੋ: 299

**ਕਮਾਤਾਪੁਰ :** ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਕੂਚ-ਬਿਹਾਰ ਜ਼ਿਲ੍ਹੇ ਵਿਚ ਤਬਾਹ ਹੋ ਚੁੱਕਾ ਇਕ ਸ਼ਹਿਰ ਹੈ। ਇਸ ਸ਼ਹਿਰ ਬਾਰੇ ਮਸ਼ਹੂਰ ਹੈ ਕਿ ਇਸ ਨੂੰ ਖੇਣ ਬਾਦਸ਼ਾਹਾਂ ਵਿਚੋਂ ਸਭ ਨਾਲੋਂ ਪਹਿਲੇ ਬਾਦਸ਼ਾਹ ਰਾਜਾ ਨੀਲਧਵਜ ਨੇ ਆਬਾਦ ਕੀਤਾ ਸੀ। ਇਸ ਦੇ ਖੰਡਰਾਤਾਂ ਤੋਂ ਪਤਾ ਲਗਦਾ ਹੈ ਕਿ ਇਹ ਬਹੁਤ ਵੱਡਾ ਅਤੇ ਦੂਰ ਦੂਰ ਤਕ ਫੈਲਿਆ ਹੋਇਆ ਸ਼ਹਿਰ ਸੀ। ਸੰਨ 1809 ਵਿਚ ਡਾਕਟਰ ਹੈਮਿਲਟਨ ਨੇ ਦੱਸਿਆ ਕਿ ਇਹ ਸ਼ਹਿਰ ਘੇਰੇ ਵਿਚ 30 ਕਿ. ਮੀ. ਸੀ ਜਿਸ ਵਿਚੋਂ ਪੰਜਵੇਂ ਹਿੱਸੇ ਦੀ ਰੱਖਿਆ ਧਰਲਾ ਦਰਿਆ ਦੁਆਰਾ ਅਤੇ ਬਾਕੀ ਹਿੱਸੇ ਦੀ ਹਿਫ਼ਾਜ਼ਤ ਖੰਦਕ ਨਾਲ ਕੀਤੀ ਹੋਈ ਹੈ। ਸ਼ਹਿਰ ਦੀਆਂ ਇਕ ਦੂਸਰੀ ਦੇ ਵਿਚ ਕਈ ਵਲਗਣਾਂ ਸਨ ਅਤੇ ਵਿਚਕਾਰਲੇ ਹਿੱਸੇ ਵਿਚ ਬਾਦਸ਼ਾਹ ਦਾ ਮਹੱਲ ਸੀ। ਪੰਦਰ੍ਹਵੀਂ ਸਦੀ ਦੇ ਅਖੀਰ ਵਿਚ ਬੰਗਾਲ ਦੇ ਬਾਦਸ਼ਾਹ ਅਲਾਓਦੀਨ ਹੁਸੈਨ ਦੁਆਰਾ ਰਾਜਾ ਨੀਲੰਬਰ ਨੂੰ ਭਾਂਜ ਦੇਣ ਤੇ ਇਹ ਢਹਿ ਢੇਰੀ ਹੋ ਗਿਆ।

26° 23′ ਉ. ਵਿਥ.; 89° 21′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 327

**ਕਮਾਦ :** ਬਾਹਰਲੀ ਦੁਨੀਆ ਨੂੰ ਇਸ ਬਾਰੇ ਪਤਾ ਲਗਣ ਤੋਂ ਬਹੁਤ ਚਿਰ ਪਹਿਲਾਂ ਭਾਰਤੀ ਲੋਕ ਕਮਾਦ ਤੋਂ ਭਲੀ ਭਾਂਤ ਜਾਣੂ ਸਨ। ਸਿਕੰਦਰ ਮਹਾਨ ਅਤੇ ਉਸਦੇ ਸੈਨਿਕ ਜਦ ਹਿੰਦੁਸਤਾਨ ਦੀ ਮੁਹਿੰਮ ਤੋਂ ਬਾਅਦ ਵਾਪਸ ਪਰਤਣ ਲੱਗੇ ਤਾਂ ਉਹ ਕੁਝ ਕਮਾਦ ਆਪਣੇ ਨਾਲ ਲੈ ਗਏ, ਜਿਸ ਨੂੰ ਉਨ੍ਹਾਂ ਨੇ ਹਨੀ ਰੀਡ ਦਾ ਨਾਂ ਦਿਤਾ। ਕਮਾਦ ਵਰਗੀ ਚੀਜ਼ ਜਦ ਯੂਨਾਨ ਵਿਚ ਪਹੁੰਚੀ ਤਾਂ ਇਸ ਨੂੰ ਉਥੇ ਬਹੁਤ ਪ੍ਰਸਿੱਧਤਾ ਮਿਲੀ ਅਤੇ ਉਸ ਸਮੇਂ (350 ਈ. ਪੂ.) ਵੀ ਇਹ ਵੱਡਮੁੱਲੀ ਗਿਣੀ ਗਈ ਹੋਵੇਗੀ। ਅੱਠਵੀਂ ਸਦੀ ਦੇ ਚੀਨੀ ਕਾਮੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਕਮਾਦ ਅਤੇ ਇਸ ਤੋਂ ਪੈਦਾ ਹੁੰਦੀਆਂ ਉਪਜਾਂ ਦਾ ਗਿਆਨ ਭਾਰਤ (800 ਈ.ਪੂ.) ਤੋਂ ਹੀ ਪ੍ਰਾਪਤ ਹੋਇਆ ਸੀ। ਸਾਖੀਆ (ਚੰਦਰਗੁਪਤ ਦੇ ਸਮੇਂ) ਜਾਤੀ ਦੇ ਲੋਕਾਂ ਲਈ ਕਮਾਦ ਇਕ ਤਰ੍ਹਾਂ ਦਾ ਬੈਜ (ਚਿੰਨ੍ਹ) ਸੀ। ਸੰਨ 600 ਈ. ਪੂ. ਵਿਚ ਚੀਨ ਦੇ ਸ਼ਹਿਨਸ਼ਾਹ ਸਾਈ ਹੈਂਗ ਨੇ ਆਪਣੇ ਦੂਤ ਭਾਰਤ ਭੇਜੇ ਤਾਂ ਜੋ ਉਹ ਸ਼ੱਕਰ ਬਣਾਉਣ ਦੀ ਕਲਾ ਸਿਖ ਕੇ ਆਉਣ। ਸ਼ਾਇਦ ਇਹ ਪਹਿਲਾ ਪ੍ਰਮਾਣ ਹੈ ਕਿ ਜਦੋਂ ਕੋਈ ਤਕਨੀਕੀ ਕਮਿਸ਼ਨ ਇਸ ਤਰ੍ਹਾਂ ਦੀ ਕਲਾ ਬਾਰੇ ਕਿਸੇ ਬਾਹਰਲੇ ਦੇਸ਼ ਵਿਚ ਭੇਜਿਆ ਗਿਆ ਸੀ।

**ਉਤਪਤੀ**—ਮੋਟੇ ਤਣੇ ਵਾਲੇ ਉੱਚੇ ਅਤੇ ਉੱਤਮ ਕਮਾਦ ਸੈਕਰਮ ਆਫ਼ੀਸਿਨੇਰਮ (*Saccharum officinarum*) ਦੀ ਉਤਪਤੀ ਨਿਊਗਿਨੀ ਖੇਤਰ ਵਿਚ ਜੰਗਲੀ ਕਿਸਮ ਸੈਕਰਮ ਰੋਬਸਟਮ (*S. robustum*) ਤੋਂ ਹੋਈ ਜਾਪਦੀ ਹੈ। ਉੱਤਰੀ ਭਾਰਤ ਦੀ ਦੇਸੀ ਕਿਸਮ ਸੈਕਰਮ ਸਾਈਨੈਂਸ ਅਤੇ ਸੈਕਰਮ ਬਾਰਬੇਰੀ (*S. barbari*) ਜਾਤੀਆਂ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਉੱਤਰੀ ਭਾਰਤ ਵਿਚ ਸੈਕਰਮ ਆਫ਼ੀਸਿਨੇਰਮ ਅਤੇ ਸੈਕਰਮ ਸਪੌਂਨਟੇਨ੍ਹੀਅਮ (*S. spontaneum*) ਦੇ ਕੁਦਰਤੀ ਦੋਗਲੇਪਣ ਤੋਂ ਪੈਦਾ ਹੋਈਆਂ।

**ਵਰਗੀਕਰਨ**—ਕਮਾਦ ਸੈਕਰਮ ਪ੍ਰਜਾਤੀ ਨਾਲ ਸਬੰਧਤ ਹੈ। ਇਸ ਪ੍ਰਜਾਤੀ ਵਿਚ 5 ਜਾਤੀਆਂ ਸ਼ਾਮਲ ਸਨ। ਇਨ੍ਹਾਂ ਪੰਜਾਂ ਵਿਚੋਂ ਤਿੰਨ ਕਾਸ਼ਤ ਕੀਤੀਆਂ ਜਾਂਦੀਆਂ ਹਨ ਅਤੇ ਦੋ ਜੰਗਲੀ ਹਨ। ਇਹ ਜਾਤੀਆਂ ਇਵੇਂ ਹਨ—

ਸੈਕਰਮ ਆਫ਼ੀਸਿਨੇਰਮ—ਇਸ ਜਾਤੀ ਵਿਚ ਨਿਊਗਿਨੀ ਖੇਤਰ ਦੇ ਊਸ਼ਣ-ਖੰਡੀ ਉੱਤਮ ਗੰਨੇ ਸ਼ਾਮਲ ਹਨ। ਇਸ ਦੇ ਗੰਨੇ ਸੰਘਣੇ, ਨਰਮ ਤਣੇ ਵਾਲੇ ਅਤੇ ਜ਼ਿਆਦਾ ਝਾੜ ਵਾਲੇ ਹਨ। ਇਨ੍ਹਾਂ ਵਿਚ ਸ਼ੱਕਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਵਿਚ ਪ੍ਰਸਿੱਧ ਵਪਾਰਕ ਕਿਸਮ ਚੈਰੀਬੋਨ ਵੀ ਸ਼ਾਮਲ ਹੈ। ਉੱਤਮ ਸ਼ਬਦ ਜਾਵਾ ਦੇ ਕਾਮਿਆਂ ਦੁਆਰਾ ਇਸ ਲੰਬੇ, ਸੋਹਣੇ, ਮੋਟੇ ਤਣੇ ਵਾਲੇ ਅਤੇ ਰੰਗਦਾਰ ਗੰਨਿਆਂ ਲਈ ਵਰਤਿਆ ਗਿਆ ਸੀ। ਇਸ ਜਾਤੀ ਦੇ ਪੌਦੇ ਭੈੜੀਆਂ ਜਲਵਾਯੂ ਹਾਲਤਾਂ ਜਿਵੇਂ ਸੋਕਾ, ਕੋਰਾ ਅਤੇ ਬਿਮਾਰੀਆਂ ਆਦਿ ਸਹਿਣ ਨਹੀਂ ਕਰ ਸਕਦੇ।

ਸੈਕਰਮ ਸਾਈਨੈਂਸ ਅਤੇ ਸੈਕਰਮ ਬਾਰਬੇਰੀ—ਇਨ੍ਹਾਂ ਜਾਤੀਆਂ ਦੇ ਗੰਨੇ ਪਤਲੇ ਤਣੇ, ਚੰਗੇ ਬਲ, ਜਲਦੀ ਪੱਕਣ ਵਾਲੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਸੋਕਾ, ਕੋਰਾ ਅਤੇ ਬਿਮਾਰੀਆਂ ਸਹਿ ਸਕਣ ਪ੍ਰਤਿ ਜ਼ਿਆਦਾ ਸਹਿਣ ਸ਼ਕਤੀ ਹੁੰਦੀ ਹੈ। ਇਸ ਜਾਤੀ ਦੇ ਪੌਦੇ ਚੀਨ ਅਤੇ ਭਾਰਤ ਦੇ ਮੂਲ ਸਥਾਨੀ ਹਨ।

ਸੈਕਰਮ ਸਪੌਂਟੇਨੀਅਮ—ਇਸ ਜਾਤੀ ਦੀਆਂ ਕਿਸਮਾਂ ਦੇ ਗੰਨਿਆਂ ਦੇ ਤਣੇ ਪਤਲੇ, ਜ਼ਿਆਦਾ ਮੁੱਢ ਕੱਢਣ ਦੀ ਸਮਰੱਥਾ, ਜ਼ਿਆਦਾ ਰੇਸ਼ੇ ਦੀ ਮਾਤਰਾ ਅਤੇ ਬਹੁਤ ਘੱਟ ਸ਼ੱਕਰ ਵਾਲੇ ਹੁੰਦੇ ਹਨ। ਇਸ ਜਾਤੀ ਦੀਆਂ ਵਖ-ਵਖ ਕਿਸਮਾਂ ਸੋਕੇ ਅਤੇ ਕੋਰੇ ਦਾ ਬਹੁਤ ਹੱਦ ਤਕ ਮੁਕਾਬਲਾ ਕਰ ਸਕਦੀਆਂ ਹਨ।

ਸੈਕਰਮ ਰੋਬਸਟਮ—ਇਕ ਜੰਗਲੀ ਕਿਸਮ ਹੈ ਜੋ ਨਿਊਗਿਨੀ ਵਿਚ 1928 ਵਿਚ ਲੱਭੀ ਗਈ। ਇਸ ਦੇ ਗੰਨੇ ਲੰਬੇ ਦਰਮਿਆਨੀ ਮੋਟਾਈ ਦੇ ਹੁੰਦੇ ਹਨ ਪਰ ਇਹ ਰੇਸ਼ੇਦਾਰ ਅਤੇ ਬਹੁਤ ਘੱਟ ਸ਼ੱਕਰ ਵਾਲੇ ਹੁੰਦੇ ਹਨ।

ਇਸ ਜਾਤੀ ਦੀਆਂ ਵੱਖ-ਵੱਖ ਕਿਸਮਾਂ ਸੋਕੇ ਅਤੇ ਕੋਰੇ ਦਾ ਬਹੁਤ ਹੱਦ ਤਕ ਮੁਕਾਬਲਾ ਕਰ ਸਕਦੀਆਂ ਹਨ।

**ਕਮਾਦ ਦਾ ਪੌਦਾ**—ਕਮਾਦ ਦਾ ਪੌਦਾ ਲੰਬਾ, ਮੋਟਾ ਤੇ ਤਣੇਦਾਰ ਘਾਹ ਹੈ ਜੋ ਗ੍ਰੈਮਿਨੀ ਕੁਲ ਨਾਲ ਸਬੰਧਤ ਹੈ । ਇਸ ਦਾ ਤਣਾ ਸਿਲਿੰਡਰਾਕਾਰ ਹੁੰਦਾ ਹੈ, ਜਿਸਦਾ ਘੇਰਾ 2.0 ਤੋਂ 3.5 ਸੈਂ. ਮੀ. ਹੋ ਸਕਦਾ ਹੈ । ਇਸ ਦਾ ਤਣਾ ਜੋੜਾਂ ਜਾਂ ਭਾਗਾਂ ਦਾ ਬਣਿਆ ਹੁੰਦਾ ਹੈ । ਹਰੇਕ ਤਣੇ ਵਿਚ 10-15 ਜੋੜ ਹੁੰਦੇ ਹਨ ਜਿਨ੍ਹਾਂ ਦੀ ਗਿਣਤੀ ਕਿਸਮ ਤੇ ਨਿਰਭਰ ਕਰਦੀ ਹੈ । ਹਰੇਕ ਜੋੜ ਗੰਢਾਂ ਅਤੇ ਪੋਰੀਆਂ ਦਾ ਬਣਿਆ ਹੁੰਦਾ ਹੈ । ਹਰੇਕ ਗੰਢ ਤੇ ਇਕ ਅੱਖ ਜਾਂ ਡੋਡੀ ਹੁੰਦੀ ਹੈ ਜਿਸ ਵਿਚ ਨਵੇਂ ਪੌਦੇ ਦੀ ਭਰੂਣ ਟਿਕੀ ਰਹਿੰਦੀ ਹੈ ਅਤੇ ਇਹ ਅੱਖਾਂ ਤਣੇ ਉਪਰ ਦੋ ਕਤਾਰਾਂ ਵਿਚ ਬਦਲਵੀਂ ਹਾਲਤ ਵਿਚ ਹੁੰਦੀਆਂ ਹਨ । ਜੜ੍ਹਾਂ ਮੁਢਲੀਆਂ (ਪ੍ਰਾਈਮੋਰਡੀਅਲ) ਗੰਢਾਂ ਵਾਲੇ ਖੇਤਰ ਵਿਚ ਇਕ ਜਾਂ ਇਕ ਤੋਂ ਵੱਧ ਰਿੰਗਾਂ ਵਿਚ ਹੁੰਦੀਆਂ ਹਨ । ਕਮਾਦ ਦੇ ਤਣੇ ਦਾ ਰੰਗ ਹਰਾ, ਪੀਲਾ ਹਰਾ ਜਾਂ ਜਾਮਨੀ ਹੁੰਦਾ ਹੈ, ਜੋ ਕਿਸਮ ਤੇ ਨਿਰਭਰ ਕਰਦਾ ਹੈ । ਇਸ ਦੇ ਪੱਤੇ ਸ਼ੀਥ ਅਤੇ ਬਲੇਡ ਦੇ ਬਣੇ ਹੁੰਦੇ ਹਨ । ਜ਼ਮੀਨ ਹੇਠਲਾ ਹਿੱਸਾ ਜਿਸ ਨੂੰ ਸਟਬਲ ਕਿਹਾ ਜਾਂਦਾ ਹੈ ਬਹੁਤ ਸਾਰੇ ਛੋਟੇ ਜੋੜਾਂ ਦਾ ਬਣਿਆ ਹੁੰਦਾ ਹੈ ਜਿਨ੍ਹਾਂ ਵਿਚ ਗੰਢਾਂ ਅਤੇ ਪੋਰੀਆਂ ਹੁੰਦੀਆਂ ਹਨ । ਹਰੇਕ ਗੰਢ ਤੇ ਇਕ ਅੱਖ ਹੁੰਦੀ ਹੈ । ਇਕ ਵਧ ਰਿਹਾ ਪੌਦਾ ਪ੍ਰਾਇਮਰੀ ਜਾਂ ਮੁਢਲੀ ਸ਼ੂਟ ਅਤੇ ਸੈਕੰਡਰੀ ਸ਼ੂਟ ਜਾਂ ਟਿਲਰਜ਼ ਦਾ ਬਣਿਆ ਹੁੰਦਾ ਹੈ ਜਿਸ ਨੂੰ ਇਕੱਠੇ ਤੌਰ ਤੇ ਸਟੂਲ ਕਿਹਾ ਜਾਂਦਾ ਹੈ । ਪੌਦਿਆਂ ਦਾ ਵਾਧਾ ਪੌਦਿਆਂ ਦੇ ਹਿੱਸੇ ਕੱਟ ਕੇ ਜਾਂ ਸਾਰਾ ਪੌਦਾ ਵਰਤ ਕੇ ਹੀ ਕੀਤਾ ਜਾਂਦਾ ਹੈ । ਕਮਾਦ ਦਾ ਜੜ੍ਹ ਸਿਸਟਮ ਸਿਰਫ ਉਪਰਲੇ 30 ਸੈ. ਮੀ. ਡੂੰਘਾਈ ਤਕ ਹੀ ਸੀਮਿਤ ਹੁੰਦਾ ਹੈ ਪਰ ਜੜ੍ਹਾਂ 150 ਸੈਂ. ਮੀ. ਡੂੰਘਾਈ ਤਕ ਵੀ ਵੇਖੀਆਂ ਜਾ ਸਕਦੀਆਂ ਹਨ । ਜੜ੍ਹਾਂ ਪਤਲੀਆਂ, ਰੇਸ਼ੇਦਾਰ ਅਤੇ ਕਾਫ਼ੀ ਸ਼ਾਖਾਵਾਂ ਵਾਲੀਆਂ ਹੁੰਦੀਆਂ ਹਨ ।

**ਕਮਾਦ ਨਸਲਕਸ਼ੀ ਅਤੇ ਕਿਸਮਾਂ**—ਕਮਾਦ ਦੇ ਬੂਟਿਆਂ ਦਾ ਵਾਧਾ (ਕਾਇਆ ਪ੍ਰਵਰਧਨ) ਤਣੇ ਦੀਆਂ ਕਲਮਾਂ, ਜਿਨ੍ਹਾਂ ਨੂੰ ਸੀਡ ਸੈੱਟਸ ਕਿਹਾ ਜਾਂਦਾ ਹੈ, ਤੋਂ ਹੁੰਦਾ ਹੈ । ਹਰੇਕ ਸੈੱਟ ਉਪਰ ਦੋ ਜਾਂ ਤਿੰਨ ਅੱਖਾਂ ਹੁੰਦੀਆਂ ਹਨ । ਇਹ ਊਸ਼ਣ-ਖੰਡੀ ਖੇਤਰਾਂ ਵਿਚ ਬਹੁਤ ਜ਼ਿਆਦਾ ਫੁੱਲ ਪੈਦਾ ਕਰਦਾ ਹੈ ਪਰ ਉਪ-ਊਸ਼ਣੀ ਖੇਤਰਾਂ ਵਿਚ ਫੁੱਲਾਂ ਦੀ ਮਾਤਰਾ ਘਟ ਜਾਂਦੀ ਹੈ । ਕਮਾਦ ਦੇ ਪੁਸ਼ਪ-ਕ੍ਰਮ, ਜਿਸ ਨੂੰ ਤੀਰ ਕਿਹਾ ਜਾਂਦਾ ਹੈ, ਵਿਚ ਇਕ ਖੁੱਲ੍ਹੀ ਸ਼ਾਖ ਵਾਲੀ ਪੈਨੀਕਲ ਹੁੰਦੀ ਹੈ, ਜਿਸ ਵਿਚ 10,000 ਫੁੱਲ ਹੁੰਦੇ ਹਨ । ਇਹ ਫੁੱਲ ਸਵੇਰ ਦੇ ਪਹਿਲੇ ਵੇਲੇ ਤੋਂ ਸ਼ਾਮ ਦੇ 5 ਤੋਂ 6 ਵਜੇ ਦੇ ਦਰਮਿਆਨ ਖੁੱਲ੍ਹਦੇ ਹਨ ਅਤੇ ਇਕ ਤੀਰ ਦੇ ਪੂਰੀ ਤਰ੍ਹਾਂ ਫੁੱਲ ਪੂਰੇ ਹੋਣ ਲਈ 10 ਤੋਂ 15 ਦਿਨ ਲਗ ਜਾਂਦੇ ਹਨ । ਆਮ ਤੌਰ ਤੇ ਕਮਾਦ ਵਿਚ ਪਰ-ਪਰਾਗਣ ਕਿਰਿਆ ਹੀ ਹੁੰਦੀ ਹੈ । ਬੀਜ ਬਹੁਤ ਹੀ ਛੋਟੇ ਅਤੇ ਇਨ੍ਹਾਂ ਉਪਰ ਚਾਂਦੀ ਰੰਗੇ ਵਾਲ ਹੁੰਦੇ ਹਨ । ਫੁੱਲ ਪੈਦਾ ਹੋਣ ਦੀ ਕਿਰਿਆ ਤੇ ਕਈ ਤਰ੍ਹਾਂ ਦੇ ਕਾਰਕ ਪ੍ਰਭਾਵ ਪਾਉਂਦੇ ਹਨ, ਜਿਵੇਂ ਤਾਪਮਾਨ, ਨਮੀ, ਬਾਰਸ਼,ਪੌਦੇ ਦੀ ਉਮਰ,ਫ਼ੋਟੋਪੀਰੀਅਡ ਦੀ ਲੰਬਾਈ ਅਤੇ ਜੀਨੋਟਾਈਪ ਆਦਿ । ਕਿਉਂਕਿ ਊਸ਼ਣ-ਖੰਡੀ ਖੇਤਰਾਂ ਵਿਚ ਫੁੱਲ ਜ਼ਿਆਦਾ ਪੈਂਦੇ ਹਨ, ਇਸ ਲਈ ਨਸਲਕਸ਼ੀ ਦਾ ਜ਼ਿਆਦਾ ਕੰਮ ਇਨ੍ਹਾਂ ਖੇਤਰਾਂ ਤਕ ਹੀ ਸੀਮਿਤ ਹੈ । ਪਰ ਫਿਰ ਵੀ ਉਪ-ਊਸ਼ਣ ਖੰਡੀ ਖੇਤਰਾਂ ਵਿਚ ਕਈ ਤਜਰਬਿਆਂ ਨਾਲ ਨਸਲਕਸ਼ੀ ਦਾ ਕੰਮ ਅੱਗੇ ਵਧਿਆ ਹੈ ਜਿਵੇਂ ਸੰਯੁਕਤ ਰਾਜ ਅਮਰੀਕਾ ਵਿਚ ਲੋਸੀਆਨਾ ਅਤੇ ਫਲੌਰਿਡਾ ਵਿਚ ਕੀਤੇ ਜਾ ਰਹੇ ਕੰਮ ਤੋਂ ਸਪੱਸ਼ਟ ਹੈ ।

ਸੰਨ 1888 ਤੋਂ ਪਹਿਲਾਂ ਕਮਾਦ ਦੇ ਬੀਜ ਪੈਦਾ ਕਰ ਸਕਣ ਦੀ ਸਮਰੱਥਾ ਬਾਰੇ ਗਿਆਨ ਘੱਟ ਹੀ ਸੀ । ਇਸ ਤੋਂ ਪਿੱਛੋਂ ਜਦ ਇਹ ਪਤਾ ਲੱਗਾ ਕਿ ਕਮਾਦ ਵਿਚ ਜਿਉਣ ਸਮਰੱਥਾ ਬੀਜ ਪੈਦਾ ਹੁੰਦੇ ਹਨ ਤਾਂ ਨਸਲਕਸ਼ੀ ਦਾ ਕੰਮ ਕਈ ਹਿੱਸਿਆਂ ਵਿਚ ਸ਼ੁਰੂ ਹੋਇਆ । ਕਮਾਦ ਦੀ ਨਸਲਕਸ਼ੀ ਵਿਚ ਵੱਡੀ ਪ੍ਰਾਪਤੀ ਉਦੋਂ ਹੋਈ ਜਦ ਡਾ. ਬਾਰਬੈਰ ਨੇ ਸ਼ੂਗਰ ਕੇਨ ਬਰੀਡਿੰਗ ਇੰਸਟੀਚਿਊਟ ਕਾਇੰਬਟੋਰ, ਭਾਰਤ ਵਿਚ ਸੈਕਰਮ ਆਫੀਸਿਨੇਰਮ ਅਤੇ ਸੈਕਰਮ ਸਪੌਂਨਟੇਨੀਅਮ ਵਿਚਕਾਰ ਅੰਤਰ ਜਾਤੀ ਕਰਾਸ ਬੜੀ ਸਫ਼ਲਤਾ ਨਾਲ ਕਰ ਲਿਆ । ਇਸ ਕਰਾਸ ਵਿਚ ਇਕ ਯੁਗ ਪਲਟਾਊ ਕਿਸਮ ਸੀ.ਓ. 205 ਚੁਣੀ ਗਈ ਅਤੇ 1922 ਵਿਚ ਕਾਸ਼ਤ ਕਰਨ ਲਈ ਕਾਸ਼ਤਕਾਰਾਂ ਦੇ ਸਪੁਰਦ ਕਰ ਦਿਤੀ ਗਈ । ਜਾਵਾ ਦੇ ਇਕ ਸਾਇੰਸਦਾਨ ਜੀਸੀਵਿਟ ਨੇ ਅਜਿਹੇ ਅੰਤਰ ਜਾਤੀ ਕਰਾਸ ਲਈ ਇਕ ਸ਼ਬਦ 'ਨੋਬਲਾਈਜੇਸ਼ਨ' ਵਰਤਿਆ । ਇਸ ਦਾ ਮਤਲਬ ਸੀ ਕਿ ਨੋਬਲ ਗੰਨਿਆਂ (ਸੈਕਰਮ ਆਫੀਸਿਨੇਰਮ) ਤੇ ਸਖ਼ਤ ਕਿਸਮਾਂ (ਸੈਕਰਮ ਸਪੌਂਨਟੇਨੀਅਮ) ਦੇ ਜੀਨ ਦੀ ਅਦਲਾ ਬਦਲੀ ਕਰਨੀ । ਹੁਣ ਸਾਰੀ ਦੁਨੀਆ ਵਿਚ ਕਾਸ਼ਤ ਕੀਤੇ ਜਾਂਦੇ ਦੋਗਲੇ ਕਮਾਦਾਂ ਵਿਚ ਸਪੌਂਨਟੇਨੀਅਮ ਦਾ ਅੰਸ਼ ਮੌਜੂਦ ਹੈ । ਅੱਜਕਲ੍ਹ ਦੋਗਲੇਪਣ ਦੀਆਂ ਚੋਣ ਤਕਨੀਕਾਂ ਤੇ ਜ਼ੋਰ ਇਸ ਲਈ ਦਿਤਾ ਜਾ ਰਿਹਾ ਹੈ ਕਿਉਂਕਿ ਕਮਾਦ ਦੇ ਪੌਦੇ ਦੀ ਕਿਸਮ ਬਹੁਤ ਜ਼ਿਆਦਾ ਵਿਖਮ ਹੈ ਅਤੇ ਇਸ ਵਿਚ ਕਰਾਸਾਂ ਤੋਂ ਉਤਪੰਨ ਹੋਣ ਵਾਲੀਆਂ ਕਿਸਮਾਂ ਵਿਚ ਬਹੁਤ ਜ਼ਿਆਦਾ ਤਬਦੀਲੀ ਮਿਲਦੀ ਹੈ ।

**ਕਿਸਮਾਂ**—ਭਾਰਤ ਵਿਚ ਕਮਾਦ ਦੀਆਂ ਕਾਸ਼ਤ ਥੱਲੇ 5 ਪ੍ਰਸਿੱਧ ਕਿਸਮਾਂ ਹਨ । ਇਹ COJ64, CO419; CO740; CO6304 CO1148 ਹਨ । ਇਨ੍ਹਾਂ ਵਿਚੋਂ CO419, CO740 ਅਤੇ CO6304 ਊਸ਼ਣ-ਖੰਡੀ ਭਾਰਤ ਵਿਚ ਉਗਾਈਆਂ ਜਾਂਦੀਆਂ ਹਨ ਜਦ ਕਿ COJ64 ਅਤੇ CO1148 ਉੱਤਰੀ ਭਾਰਤ ਵਿਚ ਪ੍ਰਮੁੱਖ ਹਨ COJ64 ਜਲਦੀ ਪੱਕਣ ਵਾਲੀ ਤੇ ਜ਼ਿਆਦਾ ਸ਼ੱਕਰ ਵਾਲੀ ਹੈ ਅਤੇ ਇਸ ਵਿਚਲੀ ਪੈਦਾਵਾਰ ਅਤੇ ਸ਼ੱਕਰ ਦਾ ਮੇਲ ਵੱਡੇ ਦਰਜੇ ਦਾ ਹੈ । CO1148 ਇਕ ਜ਼ਿਆਦਾ ਝਾੜ ਦੇਣ ਵਾਲੀ, ਦੇਰ ਨਾਲ ਪੱਕਣ ਵਾਲੀ ਕਿਸਮ ਹੈ । CO419; CO740 ਅਤੇ CO6304 ਜ਼ਿਆਦਾ ਝਾੜ ਅਤੇ ਦੇਰ ਨਾਲ ਪੱਕਣ ਵਾਲੀਆਂ ਕਿਸਮਾਂ ਹਨ ।

**ਕਾਸ਼ਤ**—ਕਮਾਦ ਦੀ ਕਾਸ਼ਤ ਵਿਚ ਮੁਢਲੇ ਕੰਮ ਖੇਤ ਦੀ ਤਿਆਰੀ, ਬਿਜਾਈ, ਸਿੰਜਾਈ ਅਤੇ ਖਾਦਾਂ ਦੀ ਵਰਤੋਂ ਆਦਿ ਕੰਮ ਸ਼ਾਮਲ ਹਨ ।

ਖੇਤ ਨੂੰ ਦੇਸੀ ਹਲਾਂ ਜਾਂ ਟਰੈਕਟਰ ਨਾਲ ਚਲਾਏ ਜਾਣ ਵਾਲੇ ਹਲਾਂ ਨਾਲ ਦੋ ਵਾਰ ਵਾਹਿਆ ਜਾਂਦਾ ਹੈ । ਔਫ-ਸੈੱਟ ਹੈਰੋ ਦੀ ਵੀ ਵਰਤੋਂ ਦੋ ਵਾਰ ਕੀਤੀ ਜਾਂਦੀ ਹੈ । ਜਿਸ ਨਾਲ ਬੀਜੇ ਜਾਣ ਵਾਲੇ ਖੇਤ ਦੀ ਮਿੱਟੀ ਬਾਰੀਕ ਹੋ ਜਾਂਦੀ ਹੈ । ਇਸ ਤੋਂ ਬਾਅਦ ਖੇਤ ਨੂੰ ਸੁਹਾਗੇ ਨਾਲ ਪੱਧਰਾ ਕੀਤਾ ਜਾਂਦਾ ਹੈ । ਜੇਕਰ ਕਮਾਦ ਤੋਂ ਪਿੱਛੋਂ ਕਮਾਦ ਹੀ ਲਗਾਉਣਾ ਹੋਵੇ ਤਾਂ ਖੇਤ ਨੂੰ ਉਲਟਾਵੇਂ ਹਲ ਨਾਲ ਜਾਂ ਡਿਸਕ ਹਲ ਨਾਲ ਦੋ ਵਾਰ ਵਾਹ ਕੇ ਸੁਹਾਗਿਆ ਜਾਂਦਾ ਹੈ ।

ਬੀਜਾਈ ਲਈ ਪੱਧਰੇ ਅਤੇ ਖਾਈ ਪੁੱਟ ਕੇ ਦੋ ਤਰੀਕੇ ਜ਼ਿਆਦਾ ਪ੍ਰਚਲਿਤ ਹਨ । ਕਾਸ਼ਤ ਦਾ ਇਕ ਤਰੀਕਾ ਹੋਰ ਵੀ ਹੈ ਜਿਸ ਨੂੰ ਮੋਢਾ ਕਮਾਦ ਜਾਂ ਰਟੂਨਿੰਗ (*Ratooning*) ਕਿਹਾ ਜਾਂਦਾ ਹੈ । ਇਸ ਤਰੀਕੇ ਵਿਚ ਜਦ ਕਮਾਦ ਕੱਟਿਆ ਜਾਂਦਾ ਹੈ ਤਾਂ ਤਣੇ ਦਾ ਇਕ ਹਿੱਸਾ ਜ਼ਮੀਨ ਵਿਚ ਹੀ ਛੱਡ ਦਿਤਾ ਜਾਂਦਾ ਹੈ ਜਿਸ ਤੋਂ ਅਗਲੇਰੀ ਫ਼ਸਲ ਸਟਬਲ ਕਰਾਪ ਜਾਂ ਮੋਢੀ ਫ਼ਸਲ ਤਿਆਰ ਹੋ ਜਾਂਦੀ ਹੈ । ਮੋਢੀ ਫ਼ਸਲ ਆਮ ਤੌਰ ਤੇ ਲਗਾਤਾਰ ਤਿੰਨ ਸਾਲ ਲਈ ਲਾਈ ਜਾਂਦੀ ਹੈ ਕਿਉਂਕਿ ਮੋਢੀ ਫ਼ਸਲ ਦਾ ਝਾੜ ਹਰ ਸਾਲ ਘਟਦਾ ਜਾਂਦਾ ਹੈ । ਉੱਤਰੀ ਭਾਗ ਵਿਚ ਪੱਧਰੀ ਕਿਸਮ ਦੀ ਬਿਜਾਈ ਜ਼ਿਆਦਾ ਕੀਤੀ ਜਾਂਦੀ ਹੈ ਜਦ ਕਿ ਊਸ਼ਣ-ਖੰਡੀ ਖੇਤਰਾਂ ਵਿਚ ਖਾਈ ਪੁੱਟ ਕੇ ਬਿਜਾਈ ਹੁੰਦੀ ਹੈ । ਖਾਈ ਵਾਲੇ ਸਿਸਟਮ ਨਾਲ ਫ਼ਸਲ ਡਿਗਣ ਤੋਂ ਬਚ ਸਕਦੀ ਹੈ, ਪਾਣੀ ਦੀ ਵਰਤੋਂ ਵਿਚ ਵੀ ਸੰਜਮ ਹੋ ਸਕਦਾ ਹੈ ਅਤੇ ਨਾਈਟ੍ਰੋਜਨ ਖਾਦ ਵਿਚ ਵੀ । ਪਰ ਇਹ ਤਰੀਕਾ ਮਹਿੰਗਾ ਪੈਂਦਾ ਹੈ ।

ਪੱਧਰੇ ਤਰੀਕੇ ਦੀ ਬਿਜਾਈ ਕਰਨ ਵੇਲੇ ਸਿਆੜ ਇਕ ਬਲਦਾਂ ਨਾਲ ਚੱਲਣ ਵਾਲੇ ਹਲਾਂ ਰਾਹੀਂ ਕੱਢੇ ਜਾ ਸਕਦੇ ਹਨ । ਬੀਜਾਂ ਵਾਲੀਆਂ ਪੋਰੀਆਂ ਸਿਆੜ ਵਿਚ ਰਖੀਆਂ ਜਾਂਦੀਆਂ ਹਨ ਤੇ ਬੀਜਾਂ ਨੂੰ ਸੁਹਾਗਾ ਚਲਾ ਕੇ ਮਿੱਟੀ ਨਾਲ ਢਕ ਦਿਤਾ ਜਾਂਦਾ ਹੈ । ਖਾਈ ਪੁੱਟਣ ਲਈ

ਕਹੀਜਾਂ ਟਰੈਕਟਰ ਨਾਲ ਚੱਲਣ ਵਾਲੀ ਖਾਈ ਪੁੱਟਣ ਵਾਲੀ ਰਿਜਰ ਦੀ ਮੱਦਦ ਲਈ ਜਾਂਦੀ ਹੈ। ਖਾਈ ਦੀ ਡੂੰਘਾਈ 22.5 ਤੋਂ 25.0 ਸੈਂ. ਮੀ. ਤਕ ਹੋਣੀ ਚਾਹੀਦੀ ਹੈ। ਬੀਜੇ ਹੋਏ ਖੇਤਾਂ ਨੂੰ 4-5 ਦਿਨਾਂ ਬਾਅਦ ਸਿੰਜਿਆ ਜਾਂਦਾ ਹੈ । ਬਿਜਾਈ ਵੇਲੇ ਕਤਾਰਾਂ ਦੀ ਵਿੱਥ 90-120 ਸੈਂ. ਮੀ. ਰਖੀ ਜਾਂਦੀ ਹੈ ।

ਚੰਗੇ ਝਾੜ ਲਈ ਕਮਾਦ ਨੂੰ 2,000-2,300 ਮਿ. ਮੀ. ਸਿੰਜਾਈ ਦੀ ਲੋੜ ਪੂਰੇ ਵਧਣ ਕਾਲ ਤਕ ਚਾਹੀਦੀ ਹੁੰਦੀ ਹੈ। ਜਦ ਬਾਰਸ਼ਾਂ ਥੋੜ੍ਹੀਆਂ ਹੋਣ ਤਾਂ ਇਹ ਕਮੀ ਸਿੰਜਾਈ ਸਪਰੇਅ ਜਾਂ ਆੜਾਂ ਰਾਹੀਂ ਕਰ ਕੇ ਪੂਰੀ ਕੀਤੀ ਜਾ ਸਕਦੀ ਹੈ।

90 ਮੀ. ਟਨ ਕਮਾਦ ਪੈਦਾ ਕਰਨ ਵੇਲੇ ਫ਼ਸਲ ਜ਼ਮੀਨ ਵਿਚੋਂ 120 ਕਿ. ਗ੍ਰਾ. ਨਾਈਟ੍ਰੋਜਨ, 90 ਕਿ. ਗ੍ਰਾ. ਫ਼ਾੱਸਫ਼ੋਰਸ ($P_2O_5$) ਅਤੇ 275. ਕਿ. ਗ੍ਰਾ. ਪੋਟਾਸ਼ ($K_2O$) ਪ੍ਰਤਿ ਹੈਕਟੇਅਰ ਦੇ ਹਿਸਾਬ ਨਾਲ ਖ਼ਪਤ ਕਰਦੀ ਹੈ। ਸਾਰੇ ਭਾਰਤ ਵਿਚ ਨਾਈਟ੍ਰੋਜਨ ਦੀਆਂ ਖਾਦਾਂ ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ। ਮਹਾਰਾਸ਼ਟਰ ਅਤੇ ਗੁਜਰਾਤ ਵਰਗੇ ਰਾਜਾਂ ਵਿਚ ਫਿਰ ਵੀ ਫ਼ਾੱਸਫ਼ੈਟਿਕ ਅਤੇ ਪੋਟਾਸ਼ਿਕ ਖਾਦਾਂ ਦੀ ਲੋੜ ਪੈਂਦੀ ਹੈ। ਮਹਾਰਾਸ਼ਟਰ ਵਿਚ ਨਾਈਟ੍ਰੋਜਨ ਦੀ ਮਾਤਰਾ 350 ਕਿ. ਗ੍ਰਾ. ਅਤੇ ਦੂਜੇ ਰਾਜਾਂ ਵਿਚ 100-150 ਕਿ. ਗ੍ਰਾ. ਫ਼ਾੱਸਫ਼ੋਰਸ 50 ਕਿ. ਗ੍ਰਾ. ਅਤੇ ਪੋਟਾਸ਼ 100 ਕਿ. ਗ੍ਰਾ. ਪ੍ਰਤਿ ਹੈਕਟੇਅਰ ਦੀ ਸਿਫ਼ਾਰਸ਼ ਊਸ਼ਣ-ਖੰਡੀ ਰਾਜਾਂ ਵਾਸਤੇ ਕੀਤੀ ਜਾਂਦੀ ਹੈ।

**ਕਟਾਈ**—ਜਦ ਫ਼ਸਲ ਪੂਰੇ ਜੋਬਨ ਤੇ ਹੋਵੇ ਤਾਂ ਇਸ ਦੀ ਕਟਾਈ ਕੀਤੀ ਜਾਣੀ ਚਾਹੀਦੀ ਹੈ। ਵਧਣ ਕਾਲ ਬਿਜਾਈ ਵਾਲੇ ਖੇਤਰ ਤੇ ਨਿਰਭਰ ਕਰਦਾ ਹੈ ਜਿਵੇਂ ਲੌਸਿਆਨਾ ਵਿਚ 8-9 ਮਹੀਨਿਆਂ ਤਕ ਹੈ, ਆਸਟ੍ਰੇਲੀਆ ਵਿਚ 15 ਮਹੀਨੇ ਅਤੇ ਦੱਖਣੀ ਅਫ਼ਰੀਕਾ ਅਤੇ ਪੀਰੂ ਵਿਚ 18-22 ਮਹੀਨਿਆਂ ਤਕ ਦਾ ਸਮਾਂ ਲਗਦਾ ਹੈ। ਪੱਕਣ ਸਮੇਂ ਤੇ ਨਿਰਭਰ ਕਰਦਿਆਂ ਪੰਜਾਬ ਰਾਜ ਵਿਚ COJ64 ਨਵੰਬਰ-ਦਸੰਬਰ ਵਿਚ COJ67 ਜਨਵਰੀ-ਫ਼ਰਵਰੀ ਅਤੇ CO1148 ਕਿਸਮ ਮਾਰਚ-ਅਪ੍ਰੈਲ ਵਿਚ ਕੱਟੀ ਜਾਂਦੀ ਹੈ। ਇਸ ਤਰ੍ਹਾਂ ਦੀ ਤਕਨੀਕ ਅਪਣਾ ਕੇ ਕਾਫ਼ੀ ਸ਼ੱਕਰ ਦੀ ਪ੍ਰਾਪਤੀ ਹੋ ਸਕਦੀ ਹੈ। ਫ਼ਸਲ ਦੀ ਕਟਾਈ ਤਿੱਖੇ ਕੱਟਣ ਵਾਲੇ ਦਾਤਰਾਂ ਨਾਲ ਕੀਤੀ ਜਾਂਦੀ ਹੈ। ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਕੱਟਣ ਲੱਗਿਆਂ ਕਟਾਈ ਜ਼ਮੀਨੀ ਸਤ੍ਹਾ ਤੋਂ ਹੀ ਕੀਤੀ ਜਾਵੇ।

**ਬਿਮਾਰੀਆਂ**—ਕਮਾਦ ਨੂੰ ਲੱਗਣ ਵਾਲੀਆਂ ਬਿਮਾਰੀਆਂ ਵਿਚੋਂ ਪ੍ਰਸਿੱਧ ਇਹ ਹਨ : ਰੈੱਡ ਰਾਟ, ਵਿਲਟ ਜਾਂ ਸੋਕਾ, ਮੋਢਾ ਸੁਕਣਾ ਜਾਂ ਵਾਇਰਸ ਦਾ ਰੋਗ, ਗਰਾਸੀ ਸ਼ੂਟ ਜਾਂ ਵਾਇਰਸ ਅਤੇ ਕਾਂਗਿਆਰੀ ਆਦਿ।

ਰੈੱਡ ਰਾਟ ਇਕ ਉੱਲੀ ਕੋਲੈਕਟੋਟਰਾਈਕਮ ਫੈਲਕੇਟਮ (*Collectotrichum falcatum*) ਦੁਆਰਾ ਫੈਲਦੀ ਹੈ । ਇਸ ਨਾਲ ਪੱਤਿਆਂ ਦੇ ਕਿਨਾਰੇ ਖ਼ੁਸ਼ਕ ਹੋ ਜਾਣੇ ਸ਼ੁਰੂ ਹੋ ਜਾਂਦੇ ਹਨ। ਪੋਰੀ ਦਾ ਵਿਚਕਾਰਲਾ ਹਿੱਸਾ ਲਾਲ ਹੋ ਜਾਂਦਾ ਹੈ ਜਿਸ ਵਿਚ ਕਿਤੇ ਕਿਤੇ ਚਿੱਟੇ ਬੈਂਡ ਦਿਖਾਈ ਦਿੰਦੇ ਹਨ । ਜਦ ਗੰਨੇ ਨੂੰ ਪਾੜਿਆ ਜਾਏ ਤਾਂ ਇਸ ਵਿਚੋਂ ਅਲਕੋਹਲ ਵਰਗੀ ਗੰਧ ਆਉਂਦੀ ਹੈ। ਇਹ ਜੁਲਾਈ ਤੋਂ ਪਿੱਛੋਂ ਪ੍ਰਗਟ ਹੁੰਦੀ ਹੈ । ਇਸ ਦੇ ਇਲਾਜ ਲਈ ਜੁਲਾਈ ਤੋਂ ਅਗਲੇਰੇ ਸਮੇਂ ਵਿਚ ਫ਼ਸਲ ਦਾ ਖ਼ਾਸ ਖ਼ਿਆਲ ਰਖਿਆ ਜਾਣਾ ਚਾਹੀਦਾ ਹੈ । ਬਿਮਾਰੀ ਵਾਲੇ ਖੇਤਿਆਂ ਤੋਂ ਬੀਜ ਨਹੀਂ ਲੈਣਾ ਚਾਹੀਦਾ।

ਸੋਕੇ ਦਾ ਰੋਗ ਜਾਂ ਵਿਲਟ ਸੀਫੈਲੋਸਪੋਰੀਅਮ ਸੈਕਰਾਈ ਦੁਆਰਾ ਫੈਲਦੀ ਹੈ। ਇਹ ਬਿਮਾਰੀ ਵੀ ਜੁਲਾਈ ਤੋਂ ਅਗਲੇ ਸਮੇਂ ਵਿਚ ਪ੍ਰਗਟ ਹੁੰਦੀ ਹੈ। ਇਸ ਨਾਲ ਉਪਰਲੇ ਪੱਤੇ ਸੁੱਕ ਜਾਂਦੇ ਹਨ। ਗੰਨਿਆਂ ਨੂੰ ਪਾੜਣ ਵੇਲੇ ਇਸ ਵਿਚੋਂ ਲਾਲ ਰੰਗ ਨਜ਼ਰ ਆਉਂਦਾ ਹੈ ਅਤੇ ਅਲਕੋਹਲ ਦੀ ਗੰਧ ਆਉਂਦੀ ਹੈ। ਇਸ ਬਿਮਾਰੀ ਦਾ ਇਲਾਜ ਵੀ ਰੈੱਡ ਰਾਟ ਵਾਂਗ ਹੀ ਹੈ।

ਮੋਢਾ ਸੁੱਕਣਾ ਇਕ ਵਾਇਰਸ ਬਿਮਾਰੀ ਹੈ ਜਿਸ ਨਾਲ ਖ਼ਾਸ ਕਰਕੇ ਮੋਢੀ ਫ਼ਸਲ ਦਾ ਕੱਦ ਛੋਟਾ ਰਹਿ ਜਾਂਦਾ ਹੈ। ਬੂਟਾ ਪੂਰਾ ਨਹੀਂ ਫੈਲਦਾ, ਗੰਢਾਂ ਵਾਲੇ ਹਿੱਸੇ ਤੇ ਸੰਤਰੀ-ਲਾਲ ਜਾਂ ਲਾਲ ਧੱਬੇ ਮਿਲਦੇ ਹਨ। ਇਸ ਬਿਮਾਰੀ ਦੇ ਇਲਾਜ ਲਈ ਬਿਮਾਰੀ-ਰਹਿਤ ਫ਼ਸਲ ਤੋਂ ਬੀਜ ਲੈਣਾ ਚਾਹੀਦਾ ਹੈ। ਗਰਮ ਹਵਾ ਨਾਲ ਸੋਧੇ ਬੀਜ ਦੀ ਵਰਤੋਂ ਵੀ ਲਾਭਵੰਦ ਰਹਿੰਦੀ ਹੈ।

ਕਮਾਦ ਦੀ ਇਕ ਹੋਰ ਗੰਭੀਰ ਬਿਮਾਰੀ ਕਾਂਗਿਆਰੀ ਹੈ ਜੋ ਇਕ ਉੱਲੀ ਅਸਟੀਲੈਗੋ ਸਟੀਮੀਨੀਆ (*Ustilago scitiminea*) ਦੁਆਰਾ ਫੈਲਦੀ ਹੈ। ਇਸ ਬਿਮਾਰੀ ਦਾ ਹਮਲਾ ਅਪ੍ਰੈਲ ਤੋਂ ਜੁਲਾਈ ਤਕ ਹੁੰਦਾ ਹੈ ਇਸ ਨਾਲ ਛਾਂਟੇ ਵਰਗਾ ਲੰਬਾ ਜਿਹਾ ਵਾਧਾ ਬਾਹਰ ਨਿਕਲਦਾ ਹੈ ਜਿਸ ਵਿਚ ਕਾਲੇ ਮਿੱਟੀ ਰੰਗੇ ਸਪੋਰ ਹੁੰਦੇ ਹਨ। ਇਸ ਦੇ ਇਲਾਜ ਲਈ ਬਿਮਾਰੀ-ਰੋਧਕ ਕਿਸਮਾਂ ਬੀਜੀਆਂ ਜਾਣੀਆਂ ਚਾਹੀਦੀਆਂ ਹਨ। ਚੰਗੇ ਬੀਜ ਦੀ ਵਰਤੋਂ ਕਰਨੀ ਚਾਹੀਦੀ ਹੈ। ਕਾਂਗਿਆਰੀ ਵਾਲੇ ਛਾਂਟੇ ਹੌਲੀ ਜਿਹੀ ਪੁੱਟ ਕੇ ਬੋਰੀਆਂ ਵਿਚ ਪਾ ਦੇਣੇ ਚਾਹੀਦੇ ਹਨ।

**ਕੀੜੇ ਮਕੌੜੇ**—ਕਮਾਦ ਦੀ ਫ਼ਸਲ ਨੂੰ ਨੁਕਸਾਨ ਕਰਨ ਵਾਲੇ ਕੁਝ ਕੁ ਕੀੜੇ ਮਕੌੜੇ ਸ਼ੂਟ ਬੋਰਰ, ਟੌਪ ਬੋਰਰ, ਗੁਰਦਾਸਪੁਰ ਬੋਰਰ ਅਤੇ ਪਿਰਿਲਾ ਆਦਿ ਹਨ।

ਸ਼ੂਟ ਬੋਰਰ ਦੁਆਰਾ ਅਸਰ ਕੀਤੇ ਪੌਦਿਆਂ ਦੇ ਲੱਛਣਾਂ ਵਿਚ ਡੈੱਡ ਹਰਟਸ ਮਿਲਦੇ ਹਨ। ਇਹ ਕੀੜਾ ਅਪ੍ਰੈਲ ਤੋਂ ਮਈ ਤਕ ਅਸਰ ਕਰਦਾ ਹੈ। ਇਸ ਦੀ ਰੋਕਥਾਮ ਲਈ 15 ਕਿ.ਗ੍ਰਾ. ਬੀ.ਐੱਚ.ਸੀ.ਦਾ ਧੂੜਾ ਪ੍ਰਤਿ ਏਕੜ ਕਮਾਦ ਦੀਆਂ ਕਤਾਰਾਂ ਦੇ ਨਾਲ ਨਾਲ ਧੂੜ ਦੇਣਾ ਚਾਹੀਦਾ ਹੈ ਅਤੇ ਉੱਗੀ ਹੋਈ ਫ਼ਸਲ ਵਿਚ ਗੋਡੀ ਕਰਨ ਸਮੇਂ ਇਸ ਨੂੰ ਮਿੱਟੀ ਨਾਲ ਮਿਲਾ ਦੇਣਾ ਚਾਹੀਦਾ ਹੈ।

ਟੌਪ ਬੋਰਰ ਜਾਂ ਉਪਰ ਤੋਂ ਮੋਰੀ ਕਰਨ ਵਾਲਾ ਕੀੜਾ ਜੁਲਾਈ ਤੋਂ ਅਗਸਤ ਤਕ ਹਮਲਾ ਕਰਦਾ ਹੈ। ਇਸ ਦੁਆਰਾ ਅਸਰ ਕੀਤੇ ਲੱਛਣ ਇਸ ਤਰ੍ਹਾਂ ਹੁੰਦੇ ਹਨ, ਪੱਤਿਆਂ ਤੇ ਚਿੱਟੀਆਂ ਧਾਰੀਆਂ ਪੈਦਾ ਹੁੰਦੀਆਂ ਹਨ ਜੋ ਬਾਅਦ ਵਿਚ ਲਾਲ ਰੰਗ ਦੀਆਂ ਹੋ ਜਾਂਦੀਆਂ ਹਨ। ਪੱਤਿਆਂ ਵਿਚ ਛੋਟੀਆਂ ਛੋਟੀਆਂ ਮੋਰੀਆਂ ਹੋ ਜਾਂਦੀਆਂ ਹਨ ਅਤੇ ਪਿਛਲੇਰੀ ਹਾਲਤ ਵਿਚ ਉਪਰਲੇ ਹਿੱਸੇ ਤੇ ਗੁੱਛਾ ਜਿਹਾ ਬਣ ਜਾਂਦਾ ਹੈ। ਇਸ ਦੀ ਰੋਕਥਾਮ ਲਈ ਜੂਨ ਵਿਚ 12 ਕਿ. ਗ੍ਰਾ. ਕਾਰਬੋਫਿਊਰਾਨ ਜਾਂ ਥਿਮਟ 10 ਕਿ. ਗ੍ਰਾ. ਪ੍ਰਤਿ ਏਕੜ ਦੇ ਹਿਸਾਬ ਲਾਈਨਾਂ ਦੇ ਨਾਲ ਨਾਲ ਪਾ ਕੇ ਪਾਣੀ ਦੇ ਦੇਣਾ ਚਾਹੀਦਾ ਹੈ।

ਪਿਰਿਲਾ ਦੁਆਰਾ ਅਸਰ ਕੀਤੇ ਕਮਾਦ ਦੇ ਪੱਤਿਆਂ ਦਾ ਰੰਗ ਮੁਢਲੀ ਸਟੇਜ ਤੇ ਹਲਕਾ ਨੀਲਾ ਹੁੰਦਾ ਹੈ ਜਿਸ ਤੋਂ ਬਾਅਦ ਇਸ ਉਪਰ ਕਾਲੀ ਉੱਲੀ ਦੀ ਤਹਿ ਜੰਮ ਜਾਂਦੀ ਹੈ। ਇਸ ਕੀੜੇ ਦਾ ਹਮਲਾ ਮਾਰਚ ਤੋਂ ਅਪ੍ਰੈਲ ਅਤੇ ਸਤੰਬਰ ਤੋਂ ਅਕਤੂਬਰ ਤਕ ਹੁੰਦਾ ਹੈ। ਇਸ ਦੀ ਰੋਕਥਾਮ ਲਈ 500 ਮਿ. ਲਿ. ਐਂਡੋਸਲਫਾਨ 500 ਲਿ. ਪਾਣੀ ਵਿਚ ਪਾ ਕੇ ਇਕ ਏਕੜ ਵਿਚ ਸਪਰੇਅ ਕਰਨੀ ਚਾਹੀਦੀ ਹੈ ਜਾਂ ਬੀ. ਐਚ. ਸੀ. 16 ਕਿ. ਗ੍ਰਾ. ਪ੍ਰਤਿ ਏਕੜ ਦੇ ਹਿਸਾਬ ਧੂੜਾ ਦੇਣਾ ਚਾਹੀਦਾ ਹੈ।

**ਮਾਰਕੀਟਿੰਗ**—ਲਗਭਗ 70 ਪ੍ਰਤਿਸ਼ਤ ਕਮਾਦ ਭਾਰਤ ਵਿਚ ਗੁੜ ਸ਼ੱਕਰ ਅਤੇ ਖੰਡਸਾਰੀ ਵਿਚ ਬਦਲ ਦਿਤਾ ਜਾਂਦਾ ਹੈ ਅਤੇ ਬਾਕੀ ਦੇ 30 ਪ੍ਰਤਿਸ਼ਤ ਹਿੱਸੇ ਦੀ ਮਿਲਾਂ ਦੁਆਰਾ ਖੰਡ ਬਣਾਈ ਜਾਂਦੀ ਹੈ। ਕਮਾਦ ਦੀ ਮਾਰਕੀਟਿੰਗ ਕਮਾਦ ਪੈਦਾ ਕਰਨ ਵਾਲੀਆਂ ਸਹਿਕਾਰੀ ਸੁਸਾਇਟੀਆਂ ਦੁਆਰਾ ਕੀਤੀ ਜਾਂਦੀ ਹੈ। ਜ਼ਿਮੀਂਦਾਰ ਆਪਣਾ ਕਮਾਦ ਖੰਡ ਮਿਲਾਂ ਤਕ ਰੇੜ੍ਹਿਆਂ, ਟਰੈਕਟਰ-ਟਰਾਲੀਆਂ ਜਾਂ ਟਰੱਕਾਂ ਰਾਹੀਂ ਲਿਜਾਂਦੇ ਹਨ ।

**ਪੈਦਾਵਾਰ**—ਭਾਰਤ ਵਿਚ ਕਮਾਦ ਹੇਠ ਕੁੱਲ ਰਕਬਾ 2.4 ਮਿਲੀਅਨ ਹੈਕਟੇਅਰ ਹੈ। ਇਸ ਵਿਚੋਂ 70 ਪ੍ਰਤਿਸ਼ਤ ਰਕਬਾ ਉਪ-

ਊਸ਼ਣ ਖੰਡੀ ਖੇਤਰਾਂ (ਉੱਤਰੀ ਭਾਰਤ) ਵਿਚ ਹੈ। ਬਾਕੀ ਦਾ 30 ਪ੍ਰਤਿਸ਼ਤ ਕਮਾਦ ਮਹਾਰਾਸ਼ਟਰ. ਆਂਧਰਾ ਪ੍ਰਦੇਸ਼ ਤਾਮਲਨਾਡੂ ਅਤੇ ਕਰਨਾਟਕਾ ਵਿਚ ਪੈਦਾ ਕੀਤਾ ਜਾਂਦਾ ਹੈ। ਕਮਾਦ ਦੀ ਕੁੱਲ ਪੈਦਾਵਾਰ ਲਗਭਗ 181628 ਹਜ਼ਾਰ ਮੀ. ਟਨ ਹੈ।

**ਵਰਤੋਂ**—ਕਮਾਦ ਦੀ ਫ਼ਸਲ ਦੀ ਵਰਤੋਂ ਗੁੜ,/ਸ਼ੱਕਰ, ਖੰਡਸਾਰੀ ਅਤੇ ਖੰਡ ਬਣਾਉਣ ਵਿਚ ਕੀਤੀ ਜਾਂਦੀ ਹੈ। ਇਸ ਫ਼ਸਲ ਦਾ ਥੋੜ੍ਹਾ ਹਿੱਸਾ ਦੁਬਾਰਾ ਫ਼ਸਲ ਲਾਉਣ ਅਤੇ ਚੂਸਣ ਦੇ ਕੰਮ ਵੀ ਆਉਂਦਾ ਹੈ। ਖੰਡ ਦੀਆਂ ਪ੍ਰਸਿੱਧ ਸਹਿ-ਉਪਜਾਂ ਬੈਗਾਸੇ, ਮੋਲੈਸਜ਼ ਅਤੇ ਪ੍ਰੈਸ ਮਡ ਆਦਿ ਹਨ। ਬੈਗਾਸੇ ਖੰਡ ਮਿਲਾਂ ਵਿਚ ਬਾਲਣ ਦੇ ਕੰਮ ਅਤੇ ਕਾਗਜ਼ ਬਣਾਉਣ ਦੇ ਕੰਮ ਆਉਂਦਾ ਹੈ। ਮੋਲੈਸਜ਼ ਡੰਗਰਾਂ ਦੀ ਖ਼ੁਰਾਕ ਅਤੇ ਅਲਕੋਹਲ ਬਣਾਉਣ ਦੇ ਕੰਮ ਆਉਂਦਾ ਹੈ। ਪ੍ਰੈਸ ਮਡ ਕਾਰਬਨੀ ਖਾਦ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਦੇ ਕੰਮ ਆਉਂਦੀ ਹੈ।

—ਡਾ. ਆਰ. ਐਸ. ਕੰਵਰ

**ਕਮਾਨਗਰ :** ਇਹ ਇਕ ਮੁਸਲਮਾਨ ਜਾਤੀ ਹੈ ਜਿਨ੍ਹਾਂ ਦਾ ਮੂਲ ਕਿੱਤਾ ਕਮਾਨ ਬਣਾਉਣਾ ਹੁੰਦਾ ਸੀ। ਪੰਜਾਬ ਵਿਚ ਇਸ ਨੂੰ ਆਮ ਕਰਕੇ 'ਕਮਾਨਗਰ' ਕਹਿੰਦੇ ਹਨ । ਇਹ ਕਿੱਤਾ ਲੰਬਾ ਅਰਸਾ ਨਾ ਚਲਣ ਕਰਕੇ ਇਨ੍ਹਾਂ ਨੇ ਲੱਕੜ ਤਰਾਛੀ ਦਾ ਕੰਮ ਸ਼ੁਰੂ ਕਰ ਦਿਤਾ। ਇਹ ਮੁੱਖ ਤੌਰ ਤੇ ਵੱਡੇ ਕਸਬਿਆਂ ਸ਼ਹਿਰਾਂ ਵਿਚ ਮਿਲਦੇ ਹਨ।

ਹ. ਪੁ.—ਪੰ. ਕਾ. 314

**ਕਮਾਰਹੱਟੀ :** ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਚੌਬੀਸ ਪਰਗਨਾ ਜ਼ਿਲ੍ਹੇ ਦੇ ਬੈਰਕਪੁਰ ਉਪਮੰਡਲ ਵਿਚ ਇਕ ਇਤਿਹਾਸਿਕ ਕਸਬਾ ਹੈ ਜਿਹੜਾ ਹੁੱਗਲੀ ਦਰਿਆ ਦੇ ਪੱਛਮੀ ਕੰਢੇ ਉਤੇ ਵਸਿਆ ਹੋਇਆ ਹੈ। ਇਹ ਇਕ ਮਿਉਂਸਪਲ ਕਸਬਾ ਹੈ ਅਤੇ ਇਸ ਵਿਚ 'ਦਖਨੀਸ਼ਵਰ' ਪਿੰਡ ਦਾ ਵੱਡਾ ਭਾਗ ਸ਼ਾਮਲ ਹੈ। ਇਸ ਪਿੰਡ ਵਿਚ ਕਈ ਮੰਦਰ ਹਨ, ਜਿਨ੍ਹਾਂ ਨੂੰ ਰਾਣੀ ਰਾਸਮਣੀ ਦੇ ਨੌਂ ਰਤਨ ਕਹਿੰਦੇ ਹਨ। ਇਨ੍ਹਾਂ ਵਿਚੋਂ ਦੋ ਕੇਂਦਰੀ ਮੰਦਰ ਬਹੁਤ ਹੀ ਸੁੰਦਰ ਹਨ। ਇਹ ਮੰਦਰ ਕਾਲੀ ਦੇਵੀ ਅਤੇ ਕ੍ਰਿਸ਼ਨ ਜੀ ਨੂੰ ਸਮਰਪਤ ਕੀਤੇ ਹੋਏ ਹਨ। ਇਨ੍ਹਾਂ ਦੇ ਅੱਗੇ 12 ਸ਼ਿਵ ਮੰਦਰ ਹਨ।

ਆਬਾਦੀ—234,951 (1981)

22°44′ ਉ. ਵਿਥ.; 88°23′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 326

**ਕਮਾਲ, ਅਤਾਤੁਰਕ ਮੁਸਤਫਾ :** ਇਹ ਤੁਰਕੀ ਗਣਤੰਤਰ ਦਾ ਪਹਿਲਾ ਰਾਸ਼ਟਰਪਤੀ (1923-38) ਅਤੇ ਆਧੁਨਿਕ ਤੁਰਕੀ ਦਾ ਨਿਰਮਾਤਾ ਸੀ। ਇਸਦਾ ਜਨਮ ਸੈਲਾਨੀਕਾ ਵਿਚ ਇਕ ਮੱਧ ਵਰਗੀ ਪਰਿਵਾਰ ਵਿਚ 1881 ਈ. ਵਿਚ ਹੋਇਆ ਸੀ। ਬਚਪਨ ਤੋਂ ਹੀ ਫ਼ੌਜੀ ਜੀਵਨ ਨਾਲ ਦਿਲਚਸਪੀ ਹੋਣ ਕਾਰਨ ਇਹ ਫ਼ੌਜ ਵਿਚ ਭਰਤੀ ਹੋ ਗਿਆ ਅਤੇ ਪਹਿਲੇ ਮਹਾਂਯੁੱਧ ਦੇ ਦੌਰਾਨ ਇਸਨੇ ਬੜਾ ਨਾਮਣਾ ਖੱਟਿਆ। ਗਾਲਿਪਅਲੀ ਜੰਗ ਸਮੇਂ ਇਸਨੇ ਡਿਵੀਜ਼ਨ ਕਮਾਂਡਰ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ। ਇਹ ਕਾਕੇਸ਼ਸ ਵਿਚ 'ਟਰਕਿਸ਼ ਸੈਕੰਡ ਆਰਮੀ' ਦਾ ਕਮਾਂਡਰ ਅਤੇ ਮੈਸੋਪੋਟਾਮੀਆ ਦੀ ਜੰਗ ਵਿਚ ਕੁਝ ਸਮੇਂ ਲਈ ਕਮਾਂਡਰ ਰਿਹਾ। ਸੰਨ 1919 ਵਿਚ ਇਸਨੂੰ ਪੂਰਬੀ ਐਨਾਤੋਲੀਆ ਵਿਚ ਫ਼ੌਜ ਦਾ ਇਨਸਪੈਕਟਰ ਨਿਯੁਕਤ ਕੀਤਾ ਗਿਆ ਅਤੇ ਉਦੋਂ ਹੀ ਇਸਨੇ ਰਾਸ਼ਟਰਵਾਦੀ ਲਹਿਰ ਦਾ ਸੰਗਠਨ ਕੀਤਾ ਜਿਸ ਕਾਰਨ ਅੰਤ ਵਿਚ ਯੂਨਾਨੀਆਂ ਨੂੰ ਸਮੱਰਨਾ ਵਿਚੋਂ ਨਿਕਲਨਾ ਪਿਆ ਅਤੇ ਸੁਲਤਾਨ ਦੀ ਸਾਮਰਾਜੀ ਸਰਕਾਰ ਦਾ ਤਖਤਾ ਪਲਟਿਆ।

11 ਅਗਸਤ, 1923 ਨੂੰ ਇਕ ਨਵੀਂ ਨੈਸ਼ਨਲ ਅਸੈਂਬਲੀ ਦੀ ਚੋਣ ਹੋਈ ਜਿਸਦਾ ਪ੍ਰਧਾਨ ਕਮਾਲ ਨੂੰ ਚੁਣ ਲਿਆ ਗਿਆ। ਇਸਨੇ ਆਪਣੀ ਮੌਤ ਤਕ ਤੁਰਕੀ ਉਤੇ ਇਕ ਉਦਾਰਚਿਤ ਤਾਨਾਸ਼ਾਹ ਵਾਂਗ ਰਾਜ ਕੀਤਾ। ਇਸਦਾ ਮੁਖ ਮੰਤਵ ਤੁਰਕੀ ਨੂੰ ਆਧੁਨਿਕ ਲੀਹਾਂ ਉਤੇ ਵਿਕਸਿਤ ਕਰਨਾ ਸੀ ਅਤੇ ਇਸ ਮੰਤਵ ਦੀ ਪੂਰਤੀ ਲਈ ਇਸਨੇ ਅਨੇਕਾਂ ਸਮਾਜਕ ਅਤੇ ਪ੍ਰਬੰਧਕੀ ਸੁਧਾਰ ਕੀਤੇ ਜਿੰਨ੍ਹਾਂ ਦਾ ਪ੍ਰਭਾਵ ਧਰਮ, ਨਿਆਂ, ਆਰਥਕਤਾ,ਵਿਦਿਆ, ਭਾਸ਼ਾ ਆਦਿ ਖੇਤਰਾਂ, ਇਸਤਰੀ ਦੀ ਸਥਿਤੀ ਅਤੇ ਪੋਸ਼ਾਕ ਉਤੇ ਪਿਆ। ਦੇਸ਼ ਵਿਚ ਜਨਤਾ ਦੀ ਅਗਿਆਨਤਾ ਅਤੇ ਪੱਖਪਾਤ ਨੂੰ ਵਿਚਾਰ ਗੋਚਰੇ ਰਖਦੇ ਹੋਏ ਇਸਦੇ ਵਿਚਾਰਾਂ ਅਤੇ ਸੁਧਾਰਾਂ ਦੀ ਬਹੁਤ ਘੱਟ ਵਿਰੋਧਤਾ ਹੋਈ। ਸਗੋਂ ਹੋਰ ਘੱਟ ਵਿਕਸਤ ਦੇਸ਼ਾਂ ਵਿਚ ਇਨ੍ਹਾਂ ਸੁਧਾਰਾਂ ਨੂੰ ਲਾਗੂ ਕੀਤਾ ਗਿਆ। ਭਾਵੇਂ ਇਸਨੂੰ ਰਾਜਸੀ ਜੀਵਨ ਦਾ ਬਹੁਤਾ ਤਜ਼ਰਬਾ ਨਹੀਂ ਸੀ ਪਰ ਇਹ ਆਪਣੇ ਰਾਜ-ਕਾਲ ਸਮੇਂ ਬੜਾ ਚੇਤਨ ਰਿਹਾ। ਇਸ ਦਾ ਸਾਰਾ ਜੀਵਨ ਸੰਘਰਸ਼ ਦਾ ਜੀਵਨ ਸੀ। ਇਸ ਦੀ ਮੌਤ 1938 ਈ. ਵਿਚ ਇਸਤੰਬੋਲ ਵਿਖੇ ਹੋਈ।

ਹ. ਪੁ.—ਐਵ. ਐਨ. 1 : 487, ਐਨ. ਬ੍ਰਿ. 13 : 276

**ਕਮਾਲ ਦੀ ਮੌਜਦੀ ਵਾਰ :** ਆਦਿ-ਗ੍ਰੰਥ ਸਾਹਿਬ ਦੀਆਂ ਨੌਂ ਵਾਰਾਂ ਲੋਕ ਵਾਰਾਂ ਦੀਆਂ ਧੁਨੀਆਂ ਉੱਤੇ ਚੜ੍ਹੀਆਂ ਹੋਈਆਂ ਹਨ, ਉਨ੍ਹਾਂ ਵਿਚੋਂ ਇਕ ਕਮਾਲ ਦੀ ਮੌਜਦੀ ਵਾਰ ਹੈ। ਅਕਬਰ ਦੇ ਰਾਜ ਵੇਲੇ ਇਹ ਵਾਰ ਬਹੁਤ ਪ੍ਰਚਲਤ ਸੀ। ਇਸ ਵਾਰ ਵਿਚ ਦੋ ਰਾਜਪੂਤ ਭਰਾਵਾਂ ਦਾ ਜ਼ਿਕਰ ਹੈ—ਰਾਏ ਕਮਲਾਦੀਨ ਅਤੇ ਰਾਏ ਸਾਰੰਗ। ਦੋਵੇਂ ਭਰਾ ਤਲਵੰਡੀ ਦੇ ਹਾਕਮ ਸਨ ਅਤੇ ਅਕਬਰ ਨੂੰ ਕਰ ਭਰਦੇ ਸਨ। ਇਕ ਵਾਰੀ ਕਮਲਾਦੀਨ ਨੇ ਸਾਰੰਗ ਤੋਂ ਛੁਟਕਾਰਾ ਪਾ ਕੇ ਸਾਰਾ ਰਾਜ ਖ਼ੁਦ ਸੰਭਾਲਣਾ ਚਾਹਿਆ। ਇਸ ਇੱਛਾ ਨਾਲ ਉਸ ਨੇ ਅਕਬਰ ਕੋਲ ਸਾਰੰਗ ਦੁਆਰਾ ਬਗ਼ਾਵਤ ਕੀਤੇ ਜਾਣ ਦੀ ਤੁਹਮਤ ਲਗਾਈ ਅਤੇ ਸਾਰੰਗ ਨੂੰ ਕੈਦ ਕਰਵਾ ਦਿੱਤਾ। ਪਿਛੋਂ ਸਾਰੰਗ ਦੇ ਕਿਸੇ ਮਿੱਤਰ ਨੇ ਅਕਬਰ ਨੂੰ ਅਸਲੀਅਤ ਦੱਸ ਕੇ ਉਸ ਨੂੰ ਕੈਦ ਵਿਚੋਂ ਛੁਡਵਾ ਦਿੱਤਾ ਅਤੇ ਉਸ ਦਾ ਮਾਣ ਮਰਤਬਾ ਵਧਾਉਣ ਲਈ ਸ਼ਾਹੀ ਸਿਰੋਪਾ ਵੀ ਦਿਵਾਇਆ, ਪਰੰਤੂ ਰਾਏ ਕਮਲਾਦੀਨ ਸਦਾ ਹੀ ਸਾਰੰਗ ਦਾ ਬੁਰਾ ਹੀ ਸੋਚਦਾ ਅਤੇ ਹਮੇਸ਼ਾ ਉਸ ਨੂੰ ਮਾਰਨ ਦੀਆਂ ਸਾਜ਼ਸ਼ਾਂ ਬਣਾਉਂਦਾ ਰਹਿੰਦਾ। ਅਖੀਰ ਉਸ ਨੇ ਸਾਰੰਗ ਨੂੰ ਜ਼ਹਿਰ ਮਿਲੀ ਸ਼ਰਾਬ ਪਿਲਾ ਕੇ ਮਾਰ ਦਿੱਤਾ ਅਤੇ ਉਸ ਦੀ ਪਤਨੀ ਅਤੇ ਪੁੱਤਰ ਮੌਜਦੀ ਨੂੰ ਇਲਾਕੇ ਵਿਚੋਂ ਬਾਹਰ ਕਢਵਾ ਦਿੱਤਾ। ਜਾਣ ਵੇਲੇ ਸਾਰੰਗ ਦੀ ਪਤਨੀ ਨੇ ਆਪਣੇ ਪੁੱਤਰ ਮੌਜਦੀ ਨੂੰ ਨਾਨਕਿਆਂ ਕੋਲ ਭੇਜ ਦਿੱਤਾ। ਜਵਾਨ ਹੋ ਕੇ ਮੌਜਦੀ ਨੇ ਨਾਨਕਿਆਂ ਦੇ ਕਬੀਲੇ ਦੀ ਸਹਾਇਤਾ ਨਾਲ ਯੁੱਧ ਕਰਕੇ ਕਮਾਲਦੀਨ ਨੂੰ ਹਰਾ ਦਿੱਤਾ ਅਤੇ ਸਾਰਾ ਰਾਜ ਮੁੜ ਪ੍ਰਾਪਤ ਕਰ ਲਿਆ।

ਹ. ਪੁ.—ਪੰ. ਲੋ. ਵਿ. ਕੋ.

**ਕਮਾਲਪੁਰ :** ਇਹ ਪੰਜਾਬ ਦੇ ਲੁਧਿਆਣੇ ਜ਼ਿਲ੍ਹੇ ਵਿਚ ਜਗਰਾਉਂ ਤਹਿਸੀਲ ਦਾ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਜਗਰਾਉਂ ਤੋਂ ਲਗਭਗ 6 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਤੋਂ 2 ਕਿ. ਮੀ. ਦੀ ਦੂਰੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣਾਇਆ ਗਿਆ ਇਕ ਗੁਰਦਵਾਰਾ ਹੈ ਜਿਸ ਨਾਲ ਪਿੰਡ ਵਲੋਂ 10 ਵਿੱਘੇ ਜ਼ਮੀਨ ਹੈ।

ਹ. ਪੁ.—ਮ. ਕੋ : 300

**ਕਮਾਲਪੁਰ :** ਇਹ ਭਾਰਤ ਦੀ ਇਕ ਸਾਬਕਾ ਰਿਆਸਤ ਪਟਿਆਲਾ (ਪੰਜਾਬ) ਦੀ ਸੁਨਾਮ ਜ਼ਿਮੀਦਾਰੀ ਦੀ ਭਵਾਨੀਗੜ੍ਹ ਤਹਿਸੀਲ ਦੇ ਦਿੜ੍ਹਬਾ ਥਾਣੇ (ਸੰਗਰੂਰ) ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਉੱਤਰ ਵਲ ਲਗਭਗ 1 ਕਿ. ਮੀ. ਦੀ ਦੂਰੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਹਰਗੋਬਿੰਦ ਸਾਹਿਬ ਨੇ ਚਰਨ ਪਾਏ ਸਨ। ਇਥੇ ਗੁਰਦਵਾਰੇ ਦੀ ਸੇਵਾ ਮਹਾਰਾਜਾ ਕਰਮ ਸਿੰਘ ਜੀ ਨੇ ਕਰਵਾਈ ਤੇ ਗੁਰਦਵਾਰੇ ਦੇ ਨਾਂ ਕਾਫੀ ਜ਼ਮੀਨ ਹੈ।

ਹ.ਪੁ—ਮ. ਕੋ. 300

**ਕਮਾਲੀਆ (ਕੋਟ ਕਮਾਲੀਆ) :** ਇਹ ਸ਼ਹਿਰ ਪਾਕਿਸਤਾਨ ਦੇ ਸੂਬਾ ਪੰਜਾਬ ਦੇ ਮਿੰਟਗੁਮਰੀ ਜ਼ਿਲ੍ਹੇ ਅਤੇ ਤਹਿਸੀਲ ਦਾ ਇਕ ਸ਼ਹਿਰ ਹੈ। ਕਨਿੰਘਮ ਅਨੁਸਾਰ ਇਹ ਸ਼ਹਿਰ ਸਿਕੰਦਰ ਦੁਆਰਾ ਮਾਲੀ ਪਾਸੋਂ ਜਿੱਤੇ ਗਏ ਸ਼ਹਿਰਾਂ ਵਿਚੋਂ ਇਕ ਸੀ। ਮੌਜੂਦਾ ਸ਼ਹਿਰ ਚੌਧਵੀਂ ਸਦੀ ਵਿਚ ਖੜ੍ਹਾਲ ਦੇ ਸਰਦਾਰ ਖਾਨ ਕਮਾਲ ਨੇ ਵਸਾਇਆ ਸੀ। ਸੰਨ 1857 ਵਿਚ ਬਾਗ਼ੀ ਕਬੀਲਿਆਂ ਨੇ ਇਸ ਸ਼ਹਿਰ ਨੂੰ ਇਕ ਹਫ਼ਤਾ ਆਪਣੇ ਕਬਜ਼ੇ ਵਿਚ ਰੱਖਿਆ ਅਤੇ ਮੁਕੰਮਲ ਤੌਰ ਤੇ ਤਬਾਹ ਕਰ ਦਿਤਾ। ਇਥੋਂ ਦੀ

ਨਗਰਪਾਲਕਾ 1868 ਈ. ਵਿਚ ਸਥਾਪਤ ਕੀਤੀ ਗਈ। ਇਸ ਇਲਾਕੇ ਉਤੇ ਬਰਤਾਨੀਆ ਦਾ ਕਬਜ਼ਾ ਹੋ ਜਾਣ ਅਤੇ ਉੱਤਰ-ਪੱਛਮੀ ਰੇਲ ਦੇ ਚਾਲੂ ਹੋ ਜਾਣ ਨਾਲ ਇਸ ਥਾਂ ਦੀ ਮਹੱਤਤਾ ਕਾਫ਼ੀ ਵਧ ਗਈ। ਇਸ ਥਾਂ ਤੇ ਅਨਾਜ ਖਾਸ ਕਰਕੇ ਕਣਕ, ਦਾਲਾਂ ਆਦਿ ਦਾ ਕਾਫ਼ੀ ਵਪਾਰ ਹੁੰਦਾ ਹੈ।

30° 43′ ਉ. ਵਿਥ.; 72° 40′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 325

**ਕਮਿਊਨ :** ਇਹ ਨਾਂ ਮੱਧਕਾਲੀ ਫਰਾਂਸ ਦੀਆਂ ਕੁਝ ਸੁਤੰਤਰ ਨਗਰ ਸਭਾਵਾਂ ਨੂੰ ਦਿਤਾ ਗਿਆ ਸੀ। ਇਸ ਸ਼ਬਦ ਦੀ ਵਰਤੋਂ 1793, 1794 ਅਤੇ 1871 ਸਮੇਂ ਦੀਆਂ ਪੈਰਿਸ ਦੀਆਂ ਇਨਕਲਾਬੀ ਸ਼ਹਿਰੀ ਸਰਕਾਰਾਂ ਲਈ ਵੀ ਵਿਸ਼ੇਸ਼ ਤੌਰ ਤੇ ਵਰਤਿਆ ਜਾਂਦਾ ਹੈ। ਰੋਮਨ ਸਲਤਨਤ ਦੇ ਅੰਤ ਪਿੱਛੋਂ ਵਪਾਰ ਅਤੇ ਵਣਜ ਦੇ ਸਮੁੱਚੇ ਖਾਤਮੇ ਦੌਰਾਨ ਪੈਰਿਸ, ਲੀਓਨ, ਅਤੇ ਕੋਲੋਨ ਆਦਿ ਕੁਝ ਪ੍ਰਸਿੱਧ ਸ਼ਹਿਰਾਂ ਨੂੰ ਛੱਡ ਕੇ ਜਿਥੇ ਕਿ ਸ਼ਹਿਰੀ ਵਸੋਂ ਅਸਥਿਰ ਸੀ, ਆਮ ਤੌਰ ਤੇ ਸ਼ਹਿਰੀ ਜੀਵਨ ਦਾ ਪਤਨ ਵੀ ਹੋਇਆ। 11ਵੀਂ ਸਦੀ ਵਿਚ ਵਪਾਰ ਦੀ ਪੁਨਰ ਸੁਰਜੀਤੀ ਨੇ ਮੁੜ ਵਪਾਰਕ ਜਮਾਤਾਂ ਦੀ ਸਥਾਪਤੀ ਨੂੰ ਪ੍ਰੋਤਸਾਹਨ ਦਿਤਾ ਪਰ ਅਮੀਰ ਤਬਕੇ ਵਲੋਂ ਇਸਦਾ ਵਿਰੋਧ ਕੀਤਾ ਗਿਆ ਅਤੇ ਜਗੀਰਦਾਰ ਤੇ ਆਮ ਤਬਕੇ ਵਿਚ ਸੰਘਰਸ਼ ਹੋਣ ਲਗਾ। ਜਦੋਂ ਫਰਾਂਸੀਸੀ ਸ਼ਹਿਰਾਂ ਵਿਚ ਬਿਸ਼ਪਾਂ ਵਲੋਂ ਉਨ੍ਹਾਂ ਨੂੰ ਸਵੈ-ਪ੍ਰਬੰਧ ਦੇ ਅਧਿਕਾਰ ਦਿਤੇ ਗਏ ਤਾਂ ਇਹ ਆਪਣੇ ਆਪ ਵਿਚ ਕਮਿਊਨ ਕਹਾਏ। ਇਸਦੀ ਆਧੁਨਿਕ ਪਰਿਭਾਸ਼ਾ ਅਨੁਸਾਰ ਪੱਛਮੀ ਯੂਰਪ ਵਿਚ ਵਰਤਮਾਨ ਨਗਰਪਾਲਕਾ ਸੰਸਥਾਵਾਂ ਅਕਸਰ ਕਮਿਊਨ ਕਹਾਉਂਦੀਆਂ ਹਨ।

ਸੰਨ 1791 ਦੇ ਫਰਾਂਸੀਸੀ ਸੰਵਿਧਾਨ ਵਿਚ ਲਗਭਗ ਚਾਲੀ ਹਜ਼ਾਰ ਮਿਊਂਸਪਲ ਯੂਨਿਟਾਂ ਸਨ ਜਿਨ੍ਹਾਂ ਨੂੰ ਆਪਣੇ ਮੇਅਰ ਅਤੇ ਹੋਰ ਅਧਿਕਾਰੀ ਚੁਣਨ ਦਾ ਅਧਿਕਾਰ ਸੀ। ਇਨਕਲਾਬੀ ਕਮਿਊਨਾਂ ਵਿਚੋਂ, ਪੈਰਿਸ ਦੀ ਕਮਿਊਨ ਵਧੇਰੇ ਪ੍ਰਸਿੱਧ ਸੀ। ਸੰਨ 1759 ਦੀਆਂ ਚੋਣਾਂ ਸਮੇਂ ਪੈਰਿਸ ਨੂੰ 60 ਭਾਗਾਂ ਵਿਚ ਵੰਡਿਆ ਗਿਆ ਸੀ ਪਰ ਪਿੱਛੋਂ 48 ਤਕ ਘਟਾ ਦਿਤੇ ਗਏ। ਹਰ ਭਾਗ ਆਪਣੀ ਵਿਧਾਨ ਸਭਾ, ਪੁਲਿਸ ਕਮਿਸ਼ਨਰ ਅਤੇ ਹੋਰ ਸਥਾਨਕ ਕਮੇਟੀਆਂ ਰਾਹੀਂ ਆਪਣੇ ਮਾਮਲੇ ਨਿਪਟਾਉਂਦੇ ਸਨ। ਉਨ੍ਹਾਂ ਨੇ 148 ਪ੍ਰਤਿਨਿਧਾਂ ਦੀ ਇਕ ਸੰਸਥਾ ਬਣਾਈ ਹੋਈ ਸੀ ਜੋ ਪੈਰਿਸ ਦੇ ਕਮਿਊਨ ਦਾ ਪ੍ਰਬੰਧ ਕਰਦੀ ਸੀ। ਰਾਜਤੰਤਰ ਨੂੰ ਖਤਮ ਕਰਨ ਵਿਚ ਇਨ੍ਹਾਂ ਕਮਿਊਨਾਂ ਦਾ ਵੱਡਾ ਹੱਥ ਸੀ। ਸੰਨ 1793 ਵਿਚ, ਤਾਨਾਸ਼ਾਹੀ ਦਾ ਖਾਤਮਾ ਕਰਕੇ ਪਹਿਲਾ ਫਰਾਂਸੀਸੀ ਗਣਤੰਤਰ ਰਾਜ ਸਥਾਪਤ ਕੀਤਾ ਗਿਆ ਸੀ। ਕਾਮਾ ਜਮਾਤ, ਜੋ ਆਰਥਕ ਮੰਦਵਾੜੇ ਦਾ ਸ਼ਿਕਾਰ ਸੀ, ਨੇ ਰਾਸ਼ਟਰੀ ਸਰਕਾਰ ਸਥਾਪਤ ਕਰਨ ਲਈ ਕਮਿਊਨ ਨੂੰ ਸਾਧਨ ਵਜੋਂ ਵਰਤਿਆ। ਪਰ 1794 ਈ. ਵਿਚ ਮੈਕਸੀਮਿਲੀਅਨ ਦੇ ਪਤਨ ਨਾਲ ਕਮਿਊਨ ਦਾ ਪ੍ਰਭਾਵ ਵੀ ਜਾਂਦਾ ਰਿਹਾ।

ਸੰਨ 1870-71 ਦੀ ਫਰਾਂਸ—ਪਰੂਸ਼ੀਅਨ ਜੰਗ ਦੀ ਘੋਰ ਤਬਾਹੀ ਪਿੱਛੋਂ ਪੈਰਿਸ ਅਤੇ ਟੀਐਰ ਦੀਆਂ ਸਰਕਾਰਾਂ ਵਿਚ ਸ਼ੰਕੇ ਸ਼ੁਭੇ ਪੈਦਾ ਹੋ ਗਏ। ਪੈਰਿਸ ਵਿਚ ਤੋਪਖਾਨਾ ਹਟਾਉਣ ਦੇ ਮਸਲੇ ਨੂੰ ਲੈ ਕੇ ਨਿਮਨ ਵਰਗ ਵਿਚ ਪੁਰਾਣੀ ਇਨਕਲਾਬੀ ਭਾਵਨਾ ਭੜਕ ਉਠੀ, ਅਤੇ 1871 ਈ. ਵਿਚ ਚੋਣ ਪਿੱਛੋਂ ਪੈਰਿਸ ਦੀ ਕਮਿਊਨ ਸਥਾਪਤ ਹੋਈ। ਹੋਰ ਕਈ ਸ਼ਹਿਰਾਂ ਵਿਚ ਇਨਕਲਾਬੀ ਲਹਿਰ ਉਠੀ ਪਰ ਅਸਫਲ ਰਹੀ। ਕੈਦੀਆਂ ਨੂੰ ਰਿਹਾ ਕਰਨ ਦੇ ਮਸਲੇ ਨੂੰ ਲੈ ਕੇ ਝਗੜਾ ਖੜ੍ਹਾ ਹੋ ਗਿਆ ਅਤੇ ਖਾਨਾਜੰਗੀ ਸ਼ੁਰੂ ਹੋ ਗਈ। ਦੇਸ਼ ਵਿਚ ਜਨਤਾ ਅਮਨ ਚਾਹੁੰਦੀ ਸੀ ਪਰ ਕਮਿਊਨ ਆਪਣੀ ਇਨਕਲਾਬੀ ਭਾਵਨਾ ਨੂੰ ਪੁਨਰ ਸਰਜੀਤ ਕਰਨ ਵਿਚ ਵਡਿਆਈ ਸਮਝਦਾ ਸੀ। ਜ਼ਬਰਦਸਤ ਖੂਨ ਖਰਾਬੇ ਕਾਰਨ ਚੋਖੀ ਤਬਾਹੀ ਹੋਈ ਅਤੇ ਕਈ ਹਿੱਸੇ ਅੱਗ ਦੀ ਭੇਂਟ ਹੋ ਗਏ। ਕਮਿਊਨ ਦੀ 1871 ਈ. ਦੀ ਤਬਾਹੀ ਵਿਚ ਪੈਰਿਸ ਦੇ ਲਗਭਗ ਵੀਹ ਹਜ਼ਾਰ ਤੋਂ ਵੱਧ ਨਾਗਰਿਕ ਮਾਰੇ ਗਏ ਅਤੇ ਇਕ ਹਜ਼ਾਰ ਦੇ ਕਰੀਬ ਫ਼ੌਜੀ ਕਤ ਹੋਏ।

ਹ. ਪੁ.—ਕੋਲ. ਐਨ. 5 : 378

**ਕਮਿਊਨਿਸਟ ਪਾਰਟੀ :** ਕਮਿਊਨਿਸਟ ਪਾਰਟੀ ਇ ਰਾਜਸੀ ਪਾਰਟੀ ਹੈ ਜਿਸਨੇ 1917 ਈ. ਦੇ ਰੂਸੀ ਇਨਕਲਾਬ ਸ ਅਗਵਾਈ ਕੀਤੀ। ਇਸਦਾ ਸੋਵੀਅਤ ਸਮਾਜਵਾਦ ਗਣਤੰਤਰ ਯੂਨੀਅ ਦੇ ਵਿਕਾਸ ਵਿਚ ਪ੍ਰਮੁਖ ਹਿੱਸਾ ਸੀ। ਹੋਰ ਦੇਸ਼ਾਂ ਵਿਚ ਵੀ ਅਜਿਹੇ ਮੰਤ ਰੱਖਣ ਵਾਲੀਆਂ ਪਾਰਟੀਆਂ ਨੇ ਇਹ ਨਾਂ ਅਪਣਾ ਲਿਆ।

19ਵੀਂ ਸਦੀ ਦੇ ਅੰਤ ਤਕ ਉਦਯੋਗਕ ਹਲਚਲ ਕਾਰਨ ਰੂ ਦੇ ਸ਼ਹਿਰਾਂ ਵਿਚ ਛੋਟੇ ਪੈਮਾਨੇ ਤੇ ਜ਼ਬਰਦਸਤ ਮਾਰਕਸਵਾਦੀ ਲਹਿ ਹੋਂਦ ਵਿਚ ਆਈ। ਰੂਸ ਵਿਚ ਉਦਯੋਗਕ ਵਿਕਾਸ ਦੀ ਗਤੀ ਧੀਮੇ ਅਤੇ ਕਾਮਿਆਂ ਦੀ ਗਿਣਤੀ ਘਟ ਸੀ ਜਦੋਂ ਕਿ ਪੱਛਮੀ ਯੂਰਪ ਵ ਕਾਮਾ ਵਰਗ ਦਾ ਪ੍ਰਭਾਵ ਵਧੇਰੇ ਸੀ। ਪਲੈਖਨੋਵ ਵਰਗੇ ਨੇਤਾ ਦੀ ਅਗਵਾਈ ਹੇਠ ਰੂਸੀ ਵਿਚਾਰਧਾਰਾ ਦਾ ਸਾਹਿਤ ਵਿਦੇਸ਼ ਤੋਂ ਮੰਗਵਾਇਅ ਜਾਂ ਾ ਸੀ। ਕੁਝ ਰੂਸੀ ਕਾਮਾ ਵਰਗਾਂ ਨੇ ਸਮਾਜ ਲੋਕਰਾਜੀ ਵਿਚਾਰ ਦੀਆਂ ਧਾਰਨਾਵਾਂ ਅਪਣਾ ਲਈਆਂ ਸਨ ਜੋ ਦੂਸਰੇ ਅੰਤਰਰਾਸ਼ਟਰ (1889) ਦੀ ਪ੍ਰਤਿਨਿਧਤਾ ਕਰਦੇ ਸਨ। ਸੰਨ 1885 ਵਿਚ, ਦੂਸਰੀ ਅੰਤਰਰਾਸ਼ਟਰੀ ਲੀਗ ਨਾਲ ਮਹੱਤਵਪੂਰਨ ਤੇ ਪਹਿਲੀ ਝੜਪ ਆਰੰਭ ਹੋਈ। ਸੇਂਟ ਪੀਟਰਸਬਰਗ ਵਿਚ ਸੰਗਠਤ ਇਸ ਸੰਸਥਾ ਦਾ ਨਾਂ ਕਾਮਾ ਜਮਾਤ ਦੀ ਆਜ਼ਾਦੀ ਲਈ ਸੰਘਰਸ਼—ਲੀਗ ਰਖਿਆ ਗਿਆ। ਇਸ ਲੀਗ ਦਾ ਮੋਢੀ ਲੈਨਿਨ ਸੀ ਜਿਸਦੇ ਸਿਧਾਂਤ ਰੂਸੀ ਇਨਕਲਾਬ ਦੇ ਆਧਾਰ ਬਣੇ। ਹੋਰ ਸ਼ਹਿਰਾਂ ਵਿਚ ਵੀ ਅਜਿਹੀ ਲੀਗ ਸਥਾਪਤ ਕੀਤੀ ਗਈ ਸੀ। ਸੰਨ 1898 ਵਿਚ ਮੀਨਸਕ ਵਿਚ ਹੋਈ ਮੀਟਿੰਗ ਵਿਚ ਰੂਸੀ ਸਮਾਜ ਲੋਕਰਾਜੀ ਮਜ਼ਦੂਰ ਪਾਰਟੀ ਦੀ ਸਥਾਪਨਾ ਹੋਈ ਜਿਸ ਤੋਂ ਮੂਲ ਰੂਪ ਵਿਚ ਕਮਿਊਨਿਸਟ ਪਾਰਟੀ ਦਾ ਆਰੰਭ ਮੰਨਿਆ ਜਾਂਦਾ ਹੈ। ਡੈਲੀਗੇਟਾਂ ਨੇ ਪੂੰਜੀਵਾਦ ਵਿਰੁੱਧ ਉਦੋਂ ਤਕ ਜੱਦੋ ਜਹਿਦ ਲਈ ਮੈਨੀਫੈਸਟੋ ਜਾਰੀ ਕੀਤਾ ਜਦੋਂ ਤਕ ਸਮਾਜਵਾਦ ਦੀ ਪੂਰਨ ਜਿੱਤ ਨਾ ਹੋ ਜਾਵੇ। ਇਸ ਪਾਰਟੀ ਦੇ ਬਹੁਤ ਸਾਰੇ ਨੇਤਾ ਫੜੇ ਵੀ ਗਏ ਪਰ ਕਾਰਵਾਈਆਂ ਗੁਪਤ ਤੌਰ ਤੇ ਜਾਰੀ ਰਹੀਆਂ। ਲੈਨਿਨ, ਜਿਸਨੂੰ 1897 ਈ. ਵਿਚ ਸਾਇਬੇਰੀਆ ਵਿਖੇ ਦੇਸ਼ ਨਿਕਾਲਾ ਦਿਤਾ ਗਿਆ ਸੀ, ਨੇ ਵਾਪਸ ਆ ਕੇ ਪਾਰਟੀ ਦੀ ਵਾਗਡੋਰ ਸੰਭਾਲ ਲਈ। ਇਸ ਸਮੇਂ ਹੀ ਪਾਰਟੀ ਦੋ ਹਿੱਸਿਆਂ ਵਿਚ ਵੰਡੀ ਗਈ, ਖੱਬਾ ਅਤੇ ਸੱਜਾ ਪੱਖ। ਇਸ ਫੁੱਟ ਕਾਰਨ ਕਈ ਸਾਲ ਪਾਰਟੀ ਦੀ ਏਕਤਾ ਭੰਗ ਰਹੀ।

ਖੱਬੇ ਪੱਖੀਆਂ ਦਾ ਆਗੂ ਲੈਨਿਨ ਸੀ ਜਿਸ ਨੇ ਪਾਰਟੀ ਨੂੰ ਜੰਗੀ ਅਨੁਸਾਸ਼ਤ ਕੇਂਦਰਿਤ ਲੀਹਾਂ ਉਤੇ ਚਲਾਉਣਾ ਚਾਹਿਆ ਅਤੇ ਪਾਰਟੀ ਮੈਂਬਰਾਂ ਲਈ ਜ਼ਰੂਰੀ ਸੀ ਕਿ ਪ੍ਰੋਗਰਾਮ ਨੂੰ ਮਾਨਤਾ ਦੇਣ, ਫੀਸ ਦੇ ਕੇ ਕਿਸੇ ਇਕ ਪਾਰਟੀ ਸੰਗਠਨ ਵਿਚ ਸ਼ਾਮਲ ਹੋਣ ਅਤੇ ਸਰਗਰਮੀ ਨਾਲ ਕੰਮ ਕਰਨ। ਇਸ ਸਮੇਂ ਸੱਜੇ ਪੱਖੀਆਂ ਦੀ ਵਿਚਾਰਧਾਰਾ ਅਪਣਾ ਲਈ ਗਈ। ਇਹ ਝਗੜਾ ਇਨਕਲਾਬ ਤਕ ਚਲਦਾ ਹੀ ਰਿਹਾ ਅਤੇ ਪਾਰਟੀ ਦਾ ਨਾਂ ਮਾਰਚ, 1918 ਵਿਚ ਰੂਸੀ ਕਮਿਊਨਿਸਟ ਪਾਰਟੀ ਪਿਆ। ਸੰਨ 1924 ਵਿਚ ਇਹ ਨਾਂ ਬਦਲਕੇ ਸਰਬ ਸੰਘ ਕਮਿਊਨਿਸਟ ਪਾਰਟੀ ਰਖਿਆ ਅਤੇ 1952 ਵਿਚ ਇਹ ਸੰਯੁਕਤ ਸੰਘ ਦੀ ਕਮਿਊਨਿਸਟ ਪਾਰਟੀ ਬਣੀ।

ਰੂਸੀ ਇਨਕਲਾਬ ਪਿੱਛੋਂ ਕਈ ਦੇਸ਼ਾਂ ਵਿਚ ਕਮਿਊਨਿਸਟ ਪਾਰਟੀਆਂ ਹੋਂਦ ਵਿਚ ਆਈਆਂ ਜਿਨ੍ਹਾਂ ਦੇ ਆਧਾਰ ਮਾਰਕਸਵਾਦੀ ਵਿਚਾਰ ਹੀ ਸਨ। ਇਸ ਤੋਂ ਪਿਛੋਂ ਇਸ ਪਾਰਟੀ ਵਿਚ ਭਰਤੀ ਵਿਚ ਵਾਧਾ ਹੋਣ ਲੱਗਾ ਜੋ ਲੈਨਿਨ ਦੇ ਸੰਗਠਨ ਦਾ ਅਨੁਸਰਨ ਹੀ ਸੀ ਤਾਂ ਕਿ ਸੰਸਾਰ ਭਰ ਵਿਚ ਇਨਕਲਾਬ ਲਿਆਕੇ ਲੈਨਿਨ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਕੀਤਾ ਜਾਏ। ਸੰਨ 1920 ਵਿਚ ਫਰਾਂਸ,

ਤੁਰਕੀ, ਆਸਟ੍ਰੇਲੀਆ, ਸਪੇਨ, ਬ੍ਰਾਜ਼ੀਲ, ਭਾਰਤ, ਸਵਿਟਜ਼ਰਲੈਂਡ, ਚੀਨ ਆਦਿ ਵਿਚ ਕਮਿਊਨਿਸਟ ਪਾਰਟੀਆਂ ਸਥਾਪਿਤ ਹੋਈਆਂ । ਸੰਨ 1922 ਤੋਂ 1951 ਤਕ ਲਗਭਗ ਹਰ ਇਕ ਦੇਸ਼ ਵਿਚ (ਕੁਝ ਇਕ ਨੂੰ ਛੱਡ ਕੇ) ਇਹ ਪਾਰਟੀ ਹੋਂਦ ਵਿਚ ਆਈ ।

ਮਾਸਕੋ ਅਨੁਸਾਰ 1959 ਈ. ਵਿਚ 83 ਦੇਸ਼ਾਂ ਵਿਚ ਕਮਿਊਨਿਸਟ ਪਾਰਟੀਆਂ ਦੇ ਮੈਂਬਰਾਂ ਦੀ ਗਿਣਤੀ 33,000,000 ਸੀ । ਭਿੰਨ ਭਿੰਨ ਦੇਸ਼ਾਂ ਵਿਚ ਗਿਣਤੀ ਭਿੰਨ ਹੈ । ਦੋਹਾਂ ਸੰਸਾਰ ਜੰਗਾਂ ਦੇ ਦੌਰਾਨ ਕਮਿਊਨਿਸਟਾਂ ਨੂੰ ਚੰਗੀ ਸਫਲਤਾ ਮਿਲੀ ।

ਬਰਤਾਨੀਆ ਵਿਚ ਕਾਮਿਆਂ ਨੇ, ਸ਼੍ਰੇਣੀ ਚੇਤਨਾ ਹੋਣ ਦੇ ਬਾਵਜੂਦ ਲੇਬਰ ਪਾਰਟੀ ਨੇ ਫੇਬੀਅਨ ਸਮਾਜਵਾਦ ਦਾ ਸਮਰਥਨ ਕੀਤਾ ਅਤੇ ਕਮਿਊਨਿਸਟ ਪਾਰਟੀ ਦਾ ਪ੍ਰਭਾਵ ਘਟ ਕਬੂਲਿਆ । ਇਹੀ ਗੱਲ ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਸੀ । ਜਰਮਨੀ ਕਮਿਊਨਿਸਟ ਪਾਰਟੀ 1919 ਈ. ਵਿਚ ਵਿਧਾਨ ਸਭਾ ਵਿਚ ਬਹੁਮਤ ਪ੍ਰਾਪਤ ਕਰਨ ਤੋਂ ਅਸਫਲ ਰਹੀ । ਸੰਨ 1945 ਵਿਚ ਜਰਮਨੀ ਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ ਗਿਆ ਅਤੇ ਪੂਰਬੀ ਜਰਮਨੀ ਵਿਚ ਕਮਿਊਨਿਸਟਾਂ ਦੀ ਬਹੁਤ ਗਿਣਤੀ ਸੀ । ਇਸੇ ਤਰ੍ਹਾਂ ਹੋਰ ਦੇਸ਼ਾਂ ਵਿਚ ਇਹ ਪ੍ਰਭਾਵ ਘਟਦਾ ਵਧਦਾ ਰਿਹਾ । ਸੰਨ 1943 ਵਿਚ ਕਮਿਊਨਿਸਟ ਅੰਤਰ-ਰਾਸ਼ਟਰੀ ਪਾਰਟੀ ਭੰਗ ਹੋਣ ਪਿੱਛੋਂ 1947 ਈ. ਤਕ ਸਥਿਤੀ ਵਿਚ ਖਲਾ ਰਿਹਾ । ਸੰਨ 1947 ਵਿਚ ਹੀ ਕਮਿਊਨਿਸਟ ਸੂਚਨਾ ਬਿਊਰੋ ਸਥਾਪਿਤ ਹੋਇਆ ਜੋ 1956 ਵਿਚ ਭੰਗ ਹੋ ਗਿਆ । ਸੰਨ 1957 ਵਿਚ ਬਹੁਤ ਸਾਰੀਆਂ ਕਮਿਊਨਿਸਟ ਪਾਰਟੀਆਂ ਨੇ ਇਕ ਘੋਸ਼ਣਾ ਪੱਤਰ ਤੇ ਹਸਤਾਖਰ ਕੀਤੇ ਅਤੇ ਇਕ 'ਵਰਲਡ ਮਾਰਕਿਸਟ ਰਿਵੀਊ' ਰਸਾਲਾ ਕਈ ਭਾਸ਼ਾਵਾਂ ਵਿਚ ਕੱਢਿਆ ਗਿਆ ।

ਸਾਰੀਆਂ ਕਮਿਊਨਿਸਟ ਪਾਰਟੀਆਂ ਦਾ ਆਧਾਰ ਕਾਰਲ ਮਾਰਕਸ ਰਾਹੀਂ ਉਲੀਕੇ ਸਿਧਾਂਤ ਸਨ ਜੋ ਕਮਿਊਨਿਸਟ ਮੈਨੀਫੈਸਟੋ 1848 ਈ. ਵਿਚ ਦਰਜ ਹਨ । ਇਸ ਤੋਂ ਇਲਾਵਾ ਦੇਸ਼ਾਂ ਦੀਆਂ ਸਮਾਜਕ, ਆਰਥਕ ਤੇ ਰਾਜਸੀ ਪਰਿਸਥਿਤੀਆਂ ਨੂੰ ਧਿਆਨ ਗੋਚਰੇ ਰਖਿਆ ਗਿਆ । ਇਨ੍ਹਾਂ ਦਾ ਮੁੱਖ ਮੰਤਵ ਕਾਮਿਆਂ ਨੂੰ ਸੁਵਿਧਾਵਾਂ ਪ੍ਰਦਾਨ ਕਰਨ ਤੋਂ ਇਲਾਵਾ ਦੇਸ਼ ਵਾਸੀਆਂ ਲਈ ਬਰਾਬਰ ਦੇ ਹੱਕਾਂ ਦੀ ਮੰਗ ਮੰਗਣੀ ਸੀ । ਸ਼੍ਰੇਣੀ ਹਿਤਾਂ ਲਈ ਅਦਾਲਤਾਂ ਸਥਾਪਤ ਕਰਨ ਅਤੇ ਕਾਮਿਆਂ ਵਿਚੋਂ ਹੀ ਜੱਜਾਂ ਦੀ ਚੋਣ ਕਰਨ ਦੀ ਮੰਗ ਕੀਤੀ ਗਈ । ਬੱਚਿਆਂ ਲਈ 17 ਸਾਲ ਤਕ ਮੁਫਤ ਅਤੇ ਲਾਜ਼ਮੀ ਵਿਦਿਆ ਦਾ ਪ੍ਰਬੰਧ, ਸਥਾਨਕ ਭਾਸ਼ਾ ਦੀ ਵਰਤੋਂ, ਕਮਿਊਨਿਸਟ ਵਿਚਾਰਾਂ ਦੇ ਧਾਰਨੀ ਅਧਿਆਪਕਾਂ ਦਾ ਪ੍ਰਬੰਧ, ਸਰਵੈ-ਸਿੱਖਿਆ ਦਾ ਪ੍ਰਚਾਰ ਅਤੇ ਕਮਿਊਨਿਸਟ ਵਿਚਾਰਾਂ ਦਾ ਵਿਸਤ੍ਰਿਤ ਪੱਧਰ ਤੇ ਪ੍ਰਚਾਰ ਕਰਨ ਆਦਿ ਉਤੇ ਜ਼ੋਰ ਦਿੱਤਾ ਗਿਆ । ਕਾਮਾ ਯੂਨੀਅਨਾਂ ਦੀ ਸਥਾਪਨਾ ਅਤੇ ਉਤਪਾਦਨ ਸਾਧਨਾਂ ਉਤੇ ਕਾਮਿਆਂ ਦੇ ਹਿੱਸੇ ਦੀ ਮੰਗ ਕੀਤੀ ਗਈ । ਖੇਤੀਬਾੜੀ ਤੇ ਬੈਂਕਿੰਗ ਤੋਂ ਏਕਾਧਿਕਾਰ ਖਤਮ ਕਰਨ ਅਤੇ ਘਰੇਲੂ ਸੁਵਿਧਾਵਾਂ ਦੇਣ ਉਤੇ ਜ਼ੋਰ ਦਿੱਤਾ ਗਿਆ । ਕਿਰਤੀ ਕਾਨੂੰਨਾਂ ਤੇ ਸਮਾਜ ਸੁਰੱਖਿਆ ਰਾਹੀਂ ਕਾਮਿਆਂ ਦੀ ਸੁਰੱਖਿਆ ਅਤੇ ਜਨਤਕ ਸਿਹਤ ਦੇ ਵਿਸਤਾਰ ਉਤੇ ਜ਼ੋਰ ਦਿਤਾ ਗਿਆ । ਉਦਯੋਗੀਕਰਨ, ਆਧੁਨਿਕ ਲੀਹਾਂ ਉਤੇ ਖੇਤੀਬਾੜੀ ਕਰਨ, ਸੰਚਾਰ ਸਾਧਨਾਂ, ਆਵਾਜਾਈ ਅਤੇ ਰਾਸ਼ਟਰੀ ਸੁਰੱਖਿਆ ਨੂੰ ਜ਼ਰੂਰੀ ਸਮਝਿਆ ਗਿਆ । ਸੰਘ ਰਾਜਾਂ ਦੀ ਕਮਿਊਨਿਸਟ ਪਾਰਟੀ ਨੇ 1957 ਵਿਚ ਆਪਣੇ ਸੰਵਿਧਾਨ ਵਿਚ ਘੋਸ਼ਿਤ ਕੀਤਾ ਕਿ ਇਹ ਕਾਮਾ ਜਮਾਤ ਦਾ ਰਾਜਸੀ ਸੰਗਠਨ ਸੀ ਜਿਸਦਾ ਆਧਾਰ ਵਿਗਿਆਨਕ ਸਮਾਜਵਾਦ ਦੇ ਸਿਧਾਂਤ ਸਨ ਅਤੇ ਇਸਦਾ ਮੰਤਵ ਪੂੰਜੀਵਾਦ ਦੀ ਲੁੱਟ ਖਸੁੱਟ ਦਾ ਵਿਰੋਧ ਕਰਨਾ ਸੀ । ਯੂਗੋਸਲਾਵੀਆ ਕਮਿਊਨਿਸਟ ਪਾਰਟੀ ਦੇ ਸਿਧਾਂਤ ਇਸ ਨਾਲੋਂ ਫਰਕ ਵਾਲੇ ਸਨ ।

ਹਰ ਕਮਿਊਨਿਸਟ ਪਾਰਟੀ ਦੇ ਨਿਸ਼ਚਿਤ ਨਿਯਮ ਸਨ । ਸੋਵੀਅਤ ਪਾਰਟੀ ਦੇ ਨਿਯਮ ਇਕ ਮਾਡਲ ਸੀ । ਇਨ੍ਹਾਂ ਨਿਯਮਾਂ ਦੀ ਉਲੰਘਣਾ ਦੀ ਸੂਰਤ ਵਿਚ ਮੈਂਬਰ ਨੂੰ ਪਾਰਟੀ ਵਿਚੋਂ ਕੱਢ ਦਿਤਾ ਜਾਂਦਾ ਪਰ ਪਾਰਟੀ ਸੰਗਠਨਾਂ ਵਿਚ ਵਿਚਾਰ ਵਟਾਂਦਰੇ ਦੀ ਆਜ਼ਾਦੀ ਸੀ । ਵਾਦ-ਵਿਵਾਦ ਵਾਲੇ ਮਸਲੇ ਤੇ ਬਹੁ-ਸੰਖਿਆ ਨੂੰ ਮਾਨਤਾ ਪ੍ਰਾਪਤ ਸੀ । ਪਾਰਟੀ ਗਰੁਪਾਂ ਰਾਹੀਂ ਕੀਤਾ ਗਿਆ ਕੋਈ ਫੈਸਲਾ ਸਾਰੇ ਮੈਂਬਰਾਂ ਉਤੇ ਲਾਗੂ ਹੁੰਦਾ । ਪਾਰਟੀ ਕੋਲ ਮੈਂਬਰਾਂ ਨੂੰ ਪਾਰਟੀ ਵਿਚੋਂ ਕੱਢ ਦੇਣ ਤੋਂ ਵੱਧ ਕੇ ਕੋਈ ਅਧਿਕਾਰ ਨਹੀਂ ਸਨ । ਸੰਨ 1952 ਦੇ ਨਿਯਮਾਂ ਤਕ ਪਾਰਟੀ ਦੀ ਮੈਂਬਰਸ਼ਿਪ ਪ੍ਰਾਪਤ ਕਰਨੀ ਬਹੁਤ ਔਖੀ ਸੀ । ਸਿਵਾਏ ਉਨ੍ਹਾਂ ਮੈਂਬਰਾਂ ਤੋਂ, ਜੋ ਇਨਕਲਾਬ ਤੋਂ ਪਹਿਲਾਂ ਹੋਰ ਰਾਜਸੀ ਪਾਰਟੀਆਂ ਦੇ ਮੈਂਬਰ ਸਨ । ਮੈਂਬਰਸ਼ਿਪ ਲਈ ਸਵੀਕ੍ਰਿਤ ਮੈਂਬਰ ਨੂੰ ਪਾਰਟੀ ਵਿਚ ਅੰਤਮ ਦਾਖਲੇ ਤੋਂ ਪਹਿਲਾਂ ਇਕ ਸਾਲ ਉਮੀਦਵਾਰ ਵਜੋਂ ਬਿਤਾਉਣਾ ਪੈਂਦਾ ਸੀ ਅਤੇ ਇਸ ਸਮੇਂ ਦੇ ਦੌਰਾਨ ਉਨ੍ਹਾਂ ਦੀ ਯੋਗਤਾ, ਅਨੁਸਾਸ਼ਨ, ਕੁਰਬਾਨੀ ਆਦਿ ਦਾ ਟੈਸਟ ਲਿਆ ਜਾਂਦਾ ਅਤੇ ਮੁੱਖ ਸਿਖਲਾਈ ਇਹ ਦਿਤੀ ਜਾਂਦੀ ਕਿ ਪਾਰਟੀ ਦੇ ਸਿਧਾਂਤ ਪਹਿਲਾਂ ਤੇ ਬਾਕੀ ਸਭ ਕੁਝ ਬਾਅਦ ਵਿਚ ਹੈ ।

ਕਮਿਊਨਿਸਟ ਪਾਰਟੀਆਂ ਦਾ ਸੰਗਠਨ ਇਕ ਸ਼੍ਰੇਣੀ ਸੰਸਥਾ ਸੀ । ਰਾਜ ਵਿਚ ਇਕ ਮੁੱਖ ਸੰਸਥਾ ਅਤੇ ਪ੍ਰਾਂਤਕ ਅਤੇ ਕਾਊਂਟੀ ਦੀ ਪੱਧਰ ਤੇ ਅਨੇਕਾਂ ਸਾਲਸ ਸੰਸਥਾਵਾਂ ਅਤੇ ਹੇਠਲੀ ਪੱਧਰ ਤੇ ਛੋਟੀਆਂ ਛੋਟੀਆਂ ਸੰਸਥਾਵਾਂ ਸਨ । ਹਰ ਇਕ ਪੱਧਰ ਦੇ ਪ੍ਰਤਿਨਿਧ ਆਪਣੇ ਤੋਂ ਉੱਚੇ ਪੱਧਰ ਦੀ ਸੰਸਥਾ ਵਿਚ ਭੇਜੇ ਜਾਂਦੇ । ਸਿਧੀ ਚੋਣ ਨ੍ਹੀਂ ਸੀ ਕੀਤੀ ਜਾਂਦੀ । ਸੋਵੀਅਤ ਪਾਰਟੀ ਦਾ ਸਰਵ ਉੱਚ-ਸਰਬ-ਸੰਘ ਕਾਂਗਰਸ, ਕੇਂਦਰੀ ਕਮੇਟੀ ਅਤੇ ਲੇਖਾ ਕਮਿਸ਼ਨ ਸੀ । ਇਸਦੇ ਸਮੇਂ ਸਮੇਂ ਸੈਸ਼ਨ ਬੁਲਾਏ ਜਾਂਦੇ ਅਤੇ ਇਸ ਰਾਹੀਂ ਸੈਂਟਰਲ ਕਮੇਟੀ ਅਤੇ ਲੇਖਾ ਕਮਿਸ਼ਨ ਦੀ ਚੋਣ ਹੁੰਦੀ ਅਤੇ ਸੈਂਟਰਲ ਕਮੇਟੀ ਰਾਹੀਂ ਕੀਤੇ ਨੀਤੀ-ਨਿਰਣੇ ਪ੍ਰਵਾਨ ਕਰਦੀ ਅਤੇ ਪਾਰਟੀ ਪ੍ਰੋਗਰਾਮ ਬਾਰੇ ਪੇਸ਼ ਕੀਤੀਆਂ ਸੋਧਾਂ ਨੂੰ ਪ੍ਰਵਾਨ ਕਰਦੀ ।

ਲੈਨਿਨ ਦੀ ਮੌਤ ਪਿਛੋਂ ਪਾਰਟੀ ਦੀ ਵਾਗਡੋਰ ਸਟਾਲਿਨ ਨੇ ਸੰਭਾਲੀ ਅਤੇ ਸਟਾਲਿਨ ਤੋਂ ਪਿੱਛੋਂ ਉਸਦੇ ਵਾਰਸਾਂ ਨੇ । ਸੰਨ 1957 ਤਕ ਖਰੁਸ਼ਚੇਵ ਇਸਦਾ ਪਹਿਲਾ ਸਕੱਤਰ ਸੀ ਜਿਸ ਨੇ ਪਾਰਟੀ ਨੂੰ ਸਟਾਲਿਨ ਤੋਂ ਘੱਟ ਕਟੱੜ ਲੀਹਾਂ ਤੇ ਚਲਾਇਆ । ਸੰਨ 1957 ਦੇ ਸੰਵਿਧਾਨ ਅਧੀਨ ਸੰਘ ਰਾਜ, ਕਮਿਊਨਿਸਟ ਪਾਰਟੀ, ਉਦਯੋਗ, ਦੁਕਾਨਾਂ, ਕਸਬਿਆਂ ਅਤੇ ਜ਼ਿਲ੍ਹਿਆਂ ਵਿਚ ਬਣੇ ਕਲੱਬਾਂ ਦੇ ਆਧਾਰ ਉਤੇ ਸੰਗਠਿਤ ਕੀਤੀ ਗਈ ਸੀ । ਹਰ ਜ਼ਿਲ੍ਹੇ ਵਿਚ ਅੱਡ ਪਾਰਟੀ ਸੀ ਪਰ ਸਾਰੇ ਰਾਜਾਂ ਅਤੇ ਜ਼ਿਲ੍ਹਿਆਂ ਦੀਆਂ ਸੰਸਥਾਵਾਂ ਰਾਸ਼ਟਰੀ ਸੰਸਥਾਂ ਅਧੀਨ ਸੰਗਠਿਤ ਸਨ ।

ਇਸ ਦੇ ਪਿੱਛੇ ਸੋਵੀਅਤ ਯੂਨੀਅਨ ਦੇ ਤਿੰਨ ਯੂਥ ਸੰਗਠਨਾਂ ਦਾ ਸਮਰਥਨ ਸੀ ਜਿਸ ਵਿਚ ਤਿੰਨ ਆਯੂ ਗਰੁੱਪਾਂ ਦੇ ਜੁਆਨ ਲੋਕ ਸ਼ਾਮਲ ਸਨ । ਇਨ੍ਹਾਂ ਸੰਗਠਨਾਂ ਨੂੰ ਸਰਬ ਸੰਘ ਲੈਨਿਨਿਸਟ ਕਮਿਊਨਿਸਟ ਲੀਗ ਆਫ਼ ਯੂਥ ਦਾ ਨਾਂ ਦਿਤਾ ਗਿਆ ਜੋ ਕੋਮਸੋਮੋਲਸ ਦਾ ਪਾਇਨੀਅਰ ਅਤੇ ਲਿਟਲ ਅਕਤੂਬਰਿਸਟ ਕਰਕੇ ਜਾਣੇ ਜਾਂਦੇ ਸਨ । ਇਨ੍ਹਾਂ ਤਿੰਨਾਂ ਗਰੁੱਪਾਂ ਦੇ ਮੈਂਬਰਾਂ ਦੀ ਗਿਣਤੀ ਤੇ ਉਮਰ ਭਿੰਨ ਸੀ ।

ਹ. ਪੁ.—ਐਨ. ਬ੍ਰਿ. 6 : 210

**ਕਮਿਊਨਿਟੀ ਚੈਸਟ** : ਕਮਿਊਨਿਟੀ ਚੈਸਟ ਸ਼ਬਦ ਦੀ ਵਰਤੋਂ ਅਮਰੀਕਾ ਵਿਚ ਸਮਾਜ ਭਲਾਈ ਏਜੰਸੀਆਂ ਦੇ ਸਵੈਇਛਤ ਸੰਗਠਨ ਲਈ ਹੁੰਦੀ ਹੈ । ਇਸ ਦੇ ਮੁੱਖ ਕਾਰਜਾਂ ਵਿਚ ਸਥਾਨਕ ਸਵੈਇਛਤ ਸਮਾਜ ਭਲਾਈ ਅਤੇ ਸਿਹਤ ਏਜੰਸੀਆਂ ਲਈ ਸਮਾਜ ਵਿਚੋਂ ਹਰ ਸਾਲ ਫੰਡ ਇਕੱਠੇ ਕਰਕੇ ਬਜਟ ਕਾਰਜ-ਵਿਧੀ ਅਨੁਸਾਰ ਉਨ੍ਹਾਂ ਫੰਡਾਂ ਦੀ ਵੰਡ ਕਰਨੀ, ਮੌਜੂਦਾ ਪ੍ਰੋਗਰਾਮਾਂ ਦੇ ਤਾਲਮੇਲ ਰਾਹੀਂ ਅਤੇ ਸਮਾਜਕ ਕੰਮਾਂ ਦੇ ਮਿਆਰ ਵਿਚ ਸੁਧਾਰ ਕਰਨਾ. ਦੂਹਰੇ ਯਤਨਾਂ ਦੇ ਖਰਚ ਨੂੰ ਰੋਕਣਾ, ਖੋਜ ਕਰਨੀ, ਆਮ ਸੇਵਾਵਾਂ ਦਾ ਪ੍ਰਬੰਧ ਕਰਨਾ ਅਤੇ ਜਨਤਾ ਲਈ ਚੰਗੀਆਂ ਪਰਿਸਥਿਤੀਆਂ ਮੁਹੱਈਆ ਕਰਕੇ ਸਮਾਜ ਭਲਾਈ ਲਈ ਅਤੇ ਸਿਹਤ ਭਲਾਈ ਦੇ ਕੰਮਾਂ ਵਿਚ ਵਾਧਾ ਕਰਨਾ ਸ਼ਾਮਲ ਹਨ । ਕਈ ਸ਼ਹਿਰਾਂ ਵਿਚ ਇਸ ਦੇ ਕਾਰਜ ਖੇਤਰ ਨੂੰ ਵਧਾ ਦਿਤਾ ਗਿਆ ਹੈ ਅਤੇ

ਚੈਸਟ ਰਾਹੀਂ ਇਕੱਠੇ ਕੀਤੇ ਫੰਡ ਨੂੰ ਸਥਾਨ ਸੇਵਾਵਾਂ ਲਈ ਹੀ ਨਹੀਂ ਵਰਤੇ ਜਾਂਦੇ ਸਗੋਂ ਰਾਸ਼ਟਰੀ ਕੰਮਾਂ ਲਈ ਵੀ ਵਰਤੇ ਜਾਂਦੇ ਹਨ ਜਿਵੇਂ ਕਿ ਅਮਰੀਕਨ ਰੈਡ-ਕਰਾਸ ਦੁਆਰਾ ਦਿਲ ਅਤੇ ਕੈਂਸਰ ਸਬੰਧੀ ਖੋਜ ਅਤੇ ਨਿਆਸਰੇ ਬੱਚਿਆਂ ਨੂੰ ਸਹਾਇਤਾ ਦੇਣੀ। ਕੇਂਦਰੀ ਸਿਹਤ ਅਤੇ ਲੋਕ-ਭਲਾਈ ਯੋਜਨਾ ਸੰਸਥਾ, ਸਮਾਜ ਭਲਾਈ ਕਾਊਂਸਲ ਆਦਿ ਇਸ ਦੇ ਬਰਾਬਰ ਦੀਆਂ ਹੀ ਹੋਰ ਸੰਸਥਾਵਾਂ ਹਨ ਜਿਨ੍ਹਾਂ ਵਿਚ ਕਈ ਵਾਰ ਸਰਕਾਰੀ ਅਤੇ ਸਵੈਇਛੱਤ ਏਜੰਸੀਆਂ ਦੇ ਮੈਂਬਰ ਵੀ ਸ਼ਾਮਲ ਹੁੰਦੇ ਹਨ।

ਆਧੁਨਿਕ ਸਮਾਜ ਚੈਸਟ ਲਹਿਰ ਦਾ ਇਤਿਹਾਸ 1913 ਈ. ਵਿਚ ਕਲੀਵਲੈਂਡ ਵਿਚ ਸਥਾਪਤ ਚੈਰਿਟੀ ਅਤੇ ਫਿਲਾਨਥਰੋਪੀ ਸੰਘ ਨਾਲ ਸਬੰਧਤ ਹੈ ਜਿਸ ਨੇ ਨਾ ਕੇਵਲ ਆਪਣੀਆਂ ਮੈਂਬਰ ਏਜੰਸੀਆਂ ਲਈ ਧਨ ਇਕੱਠਾ ਕੀਤਾ ਸਗੋਂ ਲੋੜਾਂ ਅਤੇ ਸਾਧਨਾਂ ਨੂੰ ਨਿਰਧਾਰਤ ਕਰਨ ਲਈ ਬਜਟ ਦੇ ਸਿਧਾਂਤ ਲਾਗੂ ਕੀਤੇ। ਕਲੀਵਲੈਂਡ ਨੇ ਸਭ ਤੋਂ ਪਹਿਲਾਂ ਕਮਿਊਨਿਟੀ ਚੈਸਟ ਸਿਧਾਂਤਾਂ ਦੀ ਵਰਤੋਂ ਕੀਤੀ।

ਹ. ਪੁ.—ਐਨ. ਬ੍ਰਿ. 6 : 141

**ਕਮਿਸ਼ਨ :** ਕਿਸੇ ਵਿਅਕਤੀ ਨੂੰ ਕੋਈ ਕਰਤੱਵ ਜਾਂ ਜ਼ਿੰਮੇਵਾਰੀ ਸੌਂਪਣ ਦੀ ਕ੍ਰਿਆ, ਜਾਂ ਇਸ ਤਰ੍ਹਾਂ ਸੌਂਪਿਆ ਹੋਇਆ ਕੰਮ ਜਾਂ ਜ਼ਿੰਮੇਵਾਰੀ ਜਾਂ ਵਿਸ਼ੇਸ਼ ਤੌਰ ਤੇ ਕੋਈ ਅਧਿਕਾਰ, ਜਾਂ ਗਸ਼ਤੀ-ਪੱਤਰ, ਜਿਸ ਦੁਆਰਾ ਇਸ ਤਰ੍ਹਾਂ ਦੇ ਅਧਿਕਾਰ ਕਿਸੇ ਵਿਅਕਤੀ ਨੂੰ ਕਿਸੇ ਅਹੁਦੇ ਤੇ ਕੰਮ ਕਰਨ ਲਈ ਦਿਤੇ ਗਏ ਹੋਣ, ਕਮਿਸ਼ਨ ਕਹਾਉਂਦਾ ਹੈ। ਇਸ ਤਰ੍ਹਾਂ ਇਹ ਸ਼ਬਦ ਫ਼ੌਜ ਤੇ ਪ੍ਰਬਲ ਅਧਿਕਾਰ ਰੱਖਣ ਦੇ ਮੰਤਵ ਨਾਲ ਉਸ ਲਿਖਤੀ ਅਧਿਕਾਰ ਲਈ ਵਰਤਿਆ ਜਾਂਦਾ ਹੈ ਜੋ ਕਿਸੇ ਰਾਸ਼ਟਰ ਦਾ ਸਰਬ-ਉੱਚ ਸ਼ਾਸਕ ਜਾਂ ਰਾਸ਼ਟਰਪਤੀ ਹਥਿਆਰਬੰਦ ਫ਼ੌਜ ਦੇ ਸਰਬਉੱਚ ਸੈਨਾਪਤੀ ਦੇ ਰੂਪ ਵਿਚ ਅਫ਼ਸਰਾਂ ਨੂੰ ਪ੍ਰਦਾਨ ਕਰਦਾ ਹੈ। ਇਸ ਸ਼ਬਦ ਦੀ ਵਰਤੋਂ ਇਸੇ ਤਰ੍ਹਾਂ ਦੇ ਹੋਰ ਅਜਿਹੇ ਅਧਿਕਾਰ-ਪੱਤਰਾਂ ਦੇ ਸਬੰਧ ਵਿਚ ਵੀ ਹੁੰਦੀ ਹੈ ਜੋ ਸ਼ਾਂਤੀ ਦੇ ਸਮੇਂ ਲਈ ਵੀ ਜ਼ਰੂਰੀ ਹੁੰਦੇ ਹੋਣ।

**ਸੈਨਾ ਕਮਿਸ਼ਨ**—ਸੈਨਾ(ਫ਼ੌਜ) ਦਾ ਕਮਿਸ਼ਨ ਕਿਸੇ ਫ਼ੌਜੀ ਦਫ਼ਤਰ ਵਿਚ ਦੇਸ਼ ਸੇਵਾ ਦੇ ਸਬੰਧ ਵਿਚ ਕੰਮ ਕਰਨ ਦਾ ਪ੍ਰਮਾਣ ਪੱਤਰ ਹੁੰਦਾ ਹੈ। ਇਸ ਤਰ੍ਹਾਂ ਦੇ ਪ੍ਰਮਾਣਕ ਵਿਅਕਤੀਆਂ ਨੂੰ ਕਮਿਸ਼ਨ ਪ੍ਰਾਪਤ ਅਧਿਕਾਰੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੇ ਕਮਿਸ਼ਨ ਕਿਸੇ ਦੇਸ਼ ਦੀ ਕਿਸੇ ਫ਼ੌਜੀ-ਸੰਸਥਾ ਵਿਚ ਸਿੱਖਿਆ ਪ੍ਰਾਪਤ ਕਰਨ ਪਿਛੋਂ ਦਿੱਤੇ ਜਾਂਦੇ ਹਨ। ਭਾਰਤ ਵਿਚ ਫ਼ੌਜ ਦੇ ਅਫ਼ਸਰਾਂ ਨੂੰ ਦੋ ਤਰ੍ਹਾਂ ਦੇ ਕਮਿਸ਼ਨ ਦਿੱਤੇ ਜਾਂਦੇ ਹਨ। ਇਕ ਭਾਰਤੀ ਕਮਿਸ਼ਨ ਅਤੇ ਦੂਜਾ ਜੂਨੀਅਰ ਕਮਿਸ਼ਨ। ਜੂਨੀਅਰ ਕਮਿਸ਼ਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕੇਵਲ ਭਾਰਤ ਵਿਚ ਹੀ ਫ਼ੌਜੀ ਅਧਿਕਾਰੀਆਂ ਨੂੰ ਦਿੱਤਾ ਜਾਂਦਾ ਹੈ। ਇਹ ਅੰਗਰੇਜ਼ਾਂ ਨੇ ਦੇਣਾ ਸ਼ੁਰੂ ਕੀਤਾ ਸੀ ਪਰੰਤੂ ਅੰਗਰੇਜ਼ਾਂ ਦੇ ਜਾਣ ਪਿਛੋਂ ਵੀ ਜੂਨੀਅਰ ਕਮਿਸ਼ਨ ਖਤਮ ਨਹੀਂ ਕੀਤਾ ਗਿਆ। ਫ਼ੌਜੀ ਅਫ਼ਸਰਾਂ ਨੂੰ ਭਾਰਤੀ ਕਮਿਸ਼ਨ ਉਸੇ ਤਰ੍ਹਾਂ ਮਿਲਦਾ ਹੈ ਜਿਸ ਤਰ੍ਹਾਂ ਹੋਰ ਦੇਸ਼ਾਂ ਵਿਚ। ਇਸ ਲਈ ਕੁਝ ਮੁੱਢਲੀਆਂ ਯੋਗਤਾਵਾਂ ਜ਼ਰੂਰੀ ਹੁੰਦੀਆਂ ਹਨ। ਸ਼ਾਂਤੀ ਸਮੇਂ ਭਾਰਤ ਅਤੇ ਇੰਗਲੈਂਡ ਵਿਚ ਜਿਹੜੇ ਸੈਨਿਕ ਕਮਿਸ਼ਨ ਪ੍ਰਾਪਤ ਅਧਿਕਾਰੀ ਨਹੀਂ ਰਹਿੰਦੇ ਉਨ੍ਹਾਂ ਨੂੰ ਨਿਯਮਿਤ ਸਿੱਖਿਆ ਪ੍ਰਾਪਤ ਕਰਕੇ, ਇਮਤਿਹਾਨ ਪਾਸ ਕਰਨ ਅਤੇ ਲੋੜੀਂਦੀ ਸਿਫਾਰਸ਼ ਉਪਰੰਤ ਕਮਿਸ਼ਨ ਦੇ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਕਮਿਸ਼ਨ ਪ੍ਰਾਪਤ ਕਰਨ ਦੇ ਹੋਰ ਖੇਤਰ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਕੈਡਿਟ ਕੋਰ, ਪ੍ਰਮੁੱਖ ਸੁਰੱਖਿਆ ਅਧਿਕਾਰੀ ਵਰਗ ਅਤੇ ਪ੍ਰਦੇਸ਼ਿਕ ਫ਼ੌਜ ਹੈ।

ਯੁੱਧ ਦੇ ਸਮੇਂ ਕਮਿਸ਼ਨ ਪ੍ਰਾਪਤ ਕਰਨ ਲਈ ਯੋਗਤਾਵਾਂ ਘਟਾ ਦਿੱਤੀਆਂ ਜਾਂਦੀਆਂ ਹਨ। ਸ਼ਾਂਤੀ ਸਮੇਂ ਕਮਿਸ਼ਨ ਲੈਣ ਲਈ ਇਮਤਿਹਾਨ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਯੁੱਧ ਦੇ ਸਮੇਂ ਯੋਗ ਵਿਅਕਤੀਆਂ ਨੂੰ ਬਿਨਾਂ ਇਮਤਿਹਾਨ ਪਾਸ ਕਰਨ ਤੇ ਹੀ ਕਮਿਸ਼ਨ ਦਿੱਤਾ ਜਾਂਦਾ ਹੈ।

ਕਾਨੂੰਨ ਅਨੁਸਾਰ ਕਿਸੇ ਨਿਆਂ ਅਦਾਲਤ ਵਿਚ ਕਿਸੇ ਗਵਾਹ ਦੀ ਹਾਜ਼ਰੀ ਨੂੰ ਲਾਜ਼ਮੀ ਨਾ ਸਮਝਦੇ ਹੋਏ ਜਦੋਂ ਜੱਜ ਕੁਝ ਵਿਅਕਤੀਆਂ ਦੀ ਹਾਜ਼ਰੀ ਵਿਚ ਕਿਸੇ ਹੋਰ ਸਥਾਨ ਤੇ ਗਵਾਹੀ ਲੈਣ ਦੀ ਆਗਿਆ ਦਿੰਦਾ ਹੈ ਤਾਂ ਇਸ ਤਰ੍ਹਾਂ ਦੇ ਵਿਅਕਤੀਆਂ ਦੇ ਵਰਗ ਨੂੰ ਵੀ ਕਮਿਸ਼ਨ ਕਿਹਾ ਜਾਂਦਾ ਹੈ।

ਅੰਤਰ-ਰਾਸ਼ਟਰੀ ਕਮਿਸ਼ਨਾਂ ਦੀ ਵੀ ਨਿਯੁਕਤੀ ਹੁੰਦੀ ਹੈ। ਇਹ ਕਮਿਸ਼ਨ ਸਬੰਧਤ ਰਾਸ਼ਟਰਾਂ ਦੁਆਰਾ ਉਨ੍ਹਾਂ ਦੇ ਆਪਸੀ ਝਗੜਿਆਂ ਨੂੰ ਸੁਲਝਾਉਣ, ਸੀਮਾ-ਰੇਖਾ ਦਾ ਫ਼ੈਸਲਾ ਕਰਨ, ਜਾਂ ਹੋਰ ਸਮੱਸਿਆਵਾਂ ਨੂੰ ਹਲ ਕਰਨ ਲਈ ਵੀ ਨਿਯੁਕਤ ਕੀਤੇ ਜਾਂਦੇ ਹਨ।

**ਜਾਂਚ ਕਮਿਸ਼ਨ**—ਕਿਸੇ ਕਾਨੂੰਨ ਨੂੰ ਲਾਗੂ ਕਰਨ ਦੇ ਮਨੋਰਥ ਲਈ ਜ਼ਰੂਰੀ ਸੂਚਨਾਵਾਂ ਅਤੇ ਤੱਥ ਇਕੱਠੇ ਕਰਨ ਲਈ ਕਾਨੂੰਨ ਕਮਿਸ਼ਨ ਬਣਾਇਆ ਜਾਂਦਾ ਹੈ, ਜਿਵੇਂ ਕਿ ਇਸ ਸਦੀ ਦੇ ਪਹਿਲੇ ਅੱਧ ਵਿਚ ਭਾਰਤੀ ਕਾਨੂੰਨ ਕਮਿਸ਼ਨ ਬਣਾਇਆ ਗਿਆ ਸੀ। ਸਮਾਜਕ ਅਤੇ ਸਿੱਖਿਆ ਆਦਿ ਦੇ ਵਿਸ਼ੇਸ਼ ਮਾਮਲਿਆਂ ਦੀ ਜਾਂਚ ਕਰਨ ਲਈ ਜੋ ਕਮਿਸ਼ਨ ਬਣਾਏ ਜਾਂਦੇ ਹਨ, ਉਨ੍ਹਾਂ ਦਾ ਨਾਂ ਨਿਯੁਕਤੀ ਦੀਆਂ ਸ਼ਰਤਾਂ ਦੇ ਆਧਾਰ ਤੇ ਰੱਖਿਆ ਜਾਂਦਾ ਹੈ। ਅਧਿਕਾਰ-ਪੱਤਰ ਵਿਚ ਜਾਂਚ ਸਬੰਧੀ ਵਿਸ਼ਿਆਂ ਦਾ ਭਲੀ ਭਾਂਤ ਸਪਸ਼ਟੀਕਰਨ ਕਰ ਦਿੱਤਾ ਜਾਂਦਾ ਹੈ।

ਕੋਈ ਸਾਮਾਨ ਜਾਂ ਵਸਤੂ ਵੇਚਣ ਲਈ ਕਿਸੇ ਏਜੰਟ ਨੂੰ ਵਿਕਰੀ ਵਿਚ ਸਹਾਇਤਾ ਕਰਨ ਕਰਕੇ ਵਿਕਰੀ ਤੋਂ ਪ੍ਰਾਪਤ ਧਨ ਵਿਚੋਂ ਕੁਝ ਪ੍ਰਤੀਸ਼ਤ ਦਿੱਤੀ ਗਈ ਰਕਮ ਨੂੰ ਵੀ ਅੰਗਰੇਜ਼ੀ ਭਾਸ਼ਾ ਵਿਚ ਕਮਿਸ਼ਨ ਕਿਹਾ ਜਾਂਦਾ ਹੈ।

**ਹ. ਪੁ.—ਹਿੰ. ਵਿ. ਕੋ. 2 : 351**

**ਕਮੇਨੀਅਸ, ਜਾਨ ਅਮਾਸ :** ਚੈਕੋਸਲੋਵਾਕੀਆ ਦੇ ਇਸ ਮਹਾਨ ਸਿੱਖਿਆ ਤੇ ਧਰਮ-ਸ਼ਾਸਤਰੀ ਦਾ ਜਨਮ 1592 ਈ. ਵਿਚ ਹੋਇਆ। ਇਸ ਦੇ ਗ੍ਰੰਥਾਂ ਵਿਚ ਅਜੋਕੀ ਸਿੱਖਿਆ ਦੀਆਂ ਨਵੀਆਂ ਵਿਧੀਆਂ ਅਤੇ ਗਿਆਨ ਦੇ ਖੇਤਰ ਵਿਚ ਅੰਤਰ-ਰਾਸ਼ਟਰੀ ਸਹਿਕਾਰਤਾ ਦੇ ਵਿਚਾਰਾਂ ਦੀਆਂ ਪੂਰਵ-ਧਾਰਨਾਵਾਂ ਮਿਲਦੀਆਂ ਹਨ। ਇਸ ਦੇ ਜੀਵਨ ਦਾ ਮਹੱਤਵਪੂਰਨ ਸਮਾਂ ਜਰਮਨੀ, ਪੋਲੈਂਡ, ਹੰਗਰੀ, ਸਵੀਡਨ ਅਤੇ ਹਾਲੈਂਡ ਵਿਚ ਬੀਤਿਆ।

ਇਸ ਨੇ ਲਗਭਗ 140 ਗ੍ਰੰਥ ਲਿਖੇ। **'ਦੀ ਗ੍ਰੇਟ ਡਾਈਡੈਕਟਕ', 'ਲੈਬਰਿੰਥ ਆਫ਼ ਦੀ ਵਰਲਡ ਐਂਡ ਦੀ ਪੈਰਾਡਾਈਜ਼ ਆਫ਼ ਦੀ ਹਾਰਟ', 'ਏ ਗਾਈਡ ਫ਼ਾਰ ਇਨਫੈਂਟ ਸਕੂਲਜ਼', 'ਓਰਬਿਸ ਪਿਕਟਸ' ਅਤੇ 'ਆਇਨੂਆ ਲਿੰਗੁਆਰਮ ਰਿਸਰੇਟਾ'**, ਇਸ ਦੀਆਂ ਪ੍ਰਸਿੱਧ ਪੁਸਤਕਾਂ ਵਿਚੋਂ ਹਨ। ਕਮੇਨੀਅਸ ਸਿੱਖਿਆ ਨੂੰ ਜੀਵਨ ਵਿਚ ਪੂਰਨਤਾ ਪ੍ਰਾਪਤ ਕਰਨ ਦਾ ਅਤਿਅੰਤ ਸ਼ਕਤੀਸ਼ਾਲੀ ਸਾਧਨ ਮੰਨਦਾ ਸੀ। ਇਸਦਾ ਕਹਿਣਾ ਸੀ ਕਿ ਸਫਲ ਸਿੱਖਿਆ ਦਾ ਇਕੋ ਇਕ ਰਾਜ਼ ਨਿਯਮਾਂ ਦੀ ਪਾਲਣਾ ਕਰਨ ਵਿਚ ਹੈ।

1670 ਈ. ਵਿਚ ਇਸਦਾ ਦਿਹਾਂਤ ਹੋ ਗਿਆ।

**ਹ. ਪੁ.—ਹਿੰ. ਵਿ. ਕੋ. 2 : 352**

**ਕਰ :** ਵੇਖੋ, ਟੈਕਸ

**ਕਰਸੋਨੀਜ਼ :** ਇਹ ਨਾਂ ਬਹੁਤ ਸਾਰੇ ਪ੍ਰਾਇਦੀਪਾਂ ਨੂੰ ਦਿਤਾ ਗਿਆ ਹੈ ਜਿਵੇਂ (1) ਕਰਸੋਨੀਸਜ਼ ਕਿਮਬਰੀਕਾ ਅੱਜ ਕਲ੍ਹ ਇਸ ਨੂੰ ਜੱਟਲੈਂਡ ਕਹਿੰਦੇ ਹਨ; (2) ਟਾਰੀਕਾ (ਪ੍ਰਾਚੀਨ ਕਰਸੋਨੀਸਜ਼), ਇਹ ਪ੍ਰਾਇਦੀਪ ਕਾਲੇ ਸਾਗਰ ਅਤੇ ਅਜ਼ੋਵ ਸਾਗਰ ਦੁਆਰਾ ਬਣਦਾ ਹੈ, (3) ਥਰੇਸੀਕਾ ਕਰਸੋਨੀਜਸਜ਼ ਥਰੇਸ ਵਿਚ ਇਸ ਵੱਡੇ ਪ੍ਰਾਇਦੀਪ ਨੂੰ ਅੱਜਕਲ੍ਹ ਗਾਲਿੱਪਅਈ ਆਖਦੇ ਹਨ। (4) ਕਰਸੋਨੀਸਜ਼ ਔਰੀਆ ਜਾਂ ਗੋ ਡਨ ਕਰਸੋਨੀਸਜ਼ ਅੱਜਕਲ੍ਹ ਇਸ ਨੂੰ ਮਲਾਇਆ ਪ੍ਰਾਇਦੀਪ ਆਖਦੇ ਹਨ।

ਹ. ਪੁ.—**ਐਨ. ਅਮੈ. 6 : 419**

**ਕਰਹਾਲੀ :** ਇਹ ਪਿੰਡ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਵਿਚ ਸਮਾਣੇ ਤੋਂ ਲਗਭਗ 7 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਥਾਂ ਸ੍ਰੀ

ਗੁਰੂ ਤੇਗ ਬਹਾਦਰ ਜੀ ਵਿਰਾਜੇ ਸਨ ਪਿੰਡ ਤੋਂ ਲਗਭਗ ਇਕ ਕਿ. ਮੀ. ਦੀ ਦੂਰੀ ਤੇ ਗੁਰਦਵਾਰਾ ਹੈ । ਰਿਆਸਤ ਪਟਿਆਲਾ ਵਲੋਂ 150 ਵਿੱਘੇ ਜ਼ਮੀਨ ਗੁਰਦਵਾਰੇ ਦੇ ਨਾਉਂ ਹੈ ।

ਹ. ਪੁ.—ਮ. ਕੋ. : 300

**ਕਰਕ** : ਯੂਗੋਸਲਾਵੀਆ ਦੇ ਐਡਰਿਆਟਿਕ ਟਾਪੂਆਂ ਵਿਚ ਸਭ ਤੋਂ ਵੱਡਾ ਤੇ ਉੱਤਰ ਵਲ ਦਾ ਟਾਪੂ ਹੈ ਜੋ ਕ੍ਰੋਏਸ਼ੀਆ ਦਾ ਇਕ ਹਿੱਸਾ ਹੈ । ਇਸਦਾ ਖੇਤਰਫਲ 419 ਵ. ਕਿ. ਮੀ. ਅਤੇ ਵਸੋਂ 13,334 (1981) ਹੈ । ਪੁਰਾਤਤਵ ਸਬੰਧੀ ਖੋਜਾਂ ਤੋਂ ਇਹ ਪਤਾ ਲਗਦਾ ਹੈ ਕਿ ਇਥੇ ਪੂਰਵ ਇਤਿਹਾਸਕ ਸਮਿਆਂ ਵਿਚ ਵਸੋਂ ਹੁੰਦੀ ਸੀ । ਪਹਿਲੀ ਸਦੀ ਈ. ਪੂ. ਇਥੇ ਰੋਮਨਾਂ ਦਾ ਤੋਰਾ-ਫੇਰਾ ਸੀ । ਬਾਅਦ ਵਿਚ ਸਤਵੀਂ ਸਦੀ ਈ. ਪੂ. ਵਿਚ ਇਥੇ ਸਲਾਵ ਆ ਗਏ । ਰੋਮਨ ਲੋਕ ਕਰਕ ਟਾਪੂ ਦੇ ਕਰਕ ਸ਼ਹਿਰ ਵਲ ਆ ਗਏ ਜਿਹੜਾ ਬਾਜ਼ਨਤੀਨੀ ਰਾਜ ਅਧੀਨ ਵੈਕਲਾ ਨਾਂ ਦਾ ਸ਼ਹਿਰ ਸੀ । 19ਵੀਂ ਸਦੀ ਤਕ ਇਥੇ ਯੂਨਾਨੀ ਰੋਮਨ ਉਪ ਭਾਸ਼ਾ ਪ੍ਰਚਲਤ ਰਹੀ । ਸੰਨ 1000 ਤੋਂ ਵੀਨਸ ਇਸ ਟਾਪੂ ਦੇ ਖਾਤਰ ਕ੍ਰੋਏਸ਼ੀਆ ਦੀ ਬਾਦਸ਼ਾਹਤ ਵਿਰੁੱਧ ਲੜਿਆ ਅਤੇ 1059 ਵਿਚ ਉਸਨੇ ਜਿੱਤ ਪ੍ਰਾਪਤ ਕੀਤੀ । ਸੰਨ 1133 ਤੋਂ 1480 ਤੱਕ ਇਥੇ ਫਰੈਂਕੋਪਨ ਖ਼ਾਨਦਾਨ ਦੇ ਕਾਊਂਟਾਂ ਦਾ ਰਾਜ ਰਿਹਾ । ਸੰਨ 1797 ਤਕ ਇਥੇ ਵੀਨਸ ਦਾ ਰਾਜ ਰਿਹਾ ਅਤੇ ਫਿਰ ਇਹ ਆਸਟਰੀਆ ਪਾਸ ਚਲਾ ਗਿਆ ਅਤੇ 1918 ਈ. ਤਕ ਇਹ ਇਸੇ ਕਬਜ਼ੇ ਵਿਚ ਰਿਹਾ । ਦੂਜੇ ਸੰਸਾਰ ਯੁੱਧ ਸਮੇਂ (1945 ਈ.) ਯੂਗੋਸਲਾਵੀਆ ਦੇ ਹਮਾਇਤੀਆਂ ਨੇ ਜਰਮਨਾਂ ਨੂੰ ਇਥੋਂ ਕੱਢ ਦਿੱਤਾ ।

ਟਾਪੂ ਦਾ ਪੂਰਬੀ ਹਿੱਸਾ ਪਥਰੀਲਾ ਅਤੇ ਬੰਜਰ ਹੈ । ਪੱਛਮੀ ਅਤੇ ਕੇਂਦਰੀ ਭਾਗ ਉਪਜਾਊ ਹੈ । ਇਥੋਂ ਦੇ ਲੋਕਾਂ ਦਾ ਨਿਰਬਾਹ ਰੂਮ ਸਾਗਰੀ ਫਲ, ਅੰਗੂਰਾਂ ਦੀ ਖੇਤੀ, ਪਸ਼ੂ ਪਾਲਣ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਉਤੇ ਹੁੰਦਾ ਹੈ । ਇਥੇ ਪਾਣੀ ਦੀ ਬੜੀ ਘਾਟ ਹੈ, ਸਿਰਫ ਦੋ ਛੋਟੀਆਂ ਝੀਲਾਂ ਅਤੇ ਇਕ ਨਦੀ ਰੀਸੀਨਾ ਹੈ । ਕਰਕ ਸ਼ਹਿਰ ਕਰਕ ਸੁਰੱਖਿਅਤ ਖਾੜੀ ਦੇ ਉਪਰਲੀ ਪਹਾੜੀ ਤੇ ਵਸਿਆ ਹੋਇਆ ਹੈ । ਇਸ ਸ਼ਹਿਰ ਵਿਚ 12ਵੀਂ ਸਦੀ ਦਾ ਫਰੈਂਕੋਪਨ ਪਰਿਵਾਰ ਦਾ ਗਿਰਜਾਘਰ ਅਤੇ ਇਕ ਕਿਲ੍ਹਾ ਹੈ ।

45° 5′ ਉ. ਵਿਥ.; 14° 35′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 920

**ਕਰਕ ਰਾਸ਼ੀ** : ਵੇਖੋ, ਰਾਸ਼ੀ

**ਕਰਕਾਡੀ** : ਸਕਾਟਲੈਂਡ ਵਿਚ ਫਾਈਫ ਨਾਂ ਦੇ ਖੰਡ ਦਾ ਇਕ ਵੱਡਾ ਉਦਯੋਗਿਕ ਕੇਂਦਰ ਅਤੇ ਸ਼ਾਹੀ ਬੰਦਰਗਾਹ ਹੈ ਜੋ ਸਾਬਕਾ ਫਾਈਫ ਕਾਊਂਟੀ ਦਾ ਇਕ ਹਿੱਸਾ ਸੀ । ਅੱਜਕਲ੍ਹ ਇਹ ਇਕ ਡਿਸਟ੍ਰਿਕਟ ਹੈ । ਇਹ ਉੱਤਰੀ ਸਾਗਰ ਦੀ ਫਰਥ ਆਫ ਫੋਰਥ ਨਾਂ ਦੀ ਸੰਕੀਰਣ ਖਾੜੀ ਦੇ ਉੱਤਰੀ ਕੰਢੇ ਉਤੇ ਸਥਿਤ ਹੈ । ਕਰਕਾਡੀ ਦਾ ਇਤਿਹਾਸ ਉਦੋਂ ਤੋਂ ਸ਼ੁਰੂ ਹੁੰਦਾ ਹੈ ਜਦੋਂ ਗਿਰਜਾ (ਲਗਭਗ 1240), ਕਸਬਾ ਅਤੇ ਬੰਦਰਗਾਹ (1334) ਨੇੜੇ ਦੀ ਡਨਫਰਮਲਿਨ ਐਬੇ ਨੂੰ ਦੇ ਦਿਤੇ ਗਏ ਸਨ । ਸੰਨ 1450 ਵਿਚ ਇਹ ਕਸਬਾ ਸ਼ਾਹੀ ਬਰਗ ਬਣ ਗਿਆ ਅਤੇ ਪੰਦਰਵੀਂ ਅਤੇ ਸੋਲ੍ਹਵੀਂ ਸਦੀ ਦੌਰਾਨ ਇਹ ਇਕ ਵਪਾਰਕ ਕੇਂਦਰ ਅਤੇ ਬੰਦਰਗਾਹ ਬਣਿਆ । ਸੰਨ 1644 ਵਿਚ ਕਰਕਾਡੀ ਬੰਦਰਗਾਹ ਕਰ ਰਹਿਤ ਬੰਦਰਗਾਹ ਬਣਾ ਦਿਤੀ ਗਈ ਅਤੇ 1650 ਈ. ਤੀਕ ਇਸ ਸ਼ਹਿਰ ਦੀ ਰਾਜ ਵਿਚ ਛੇਵੀਂ ਥਾਂ ਬਣ ਗਈ ਅਤੇ ਉਨ੍ਹੀਵੀਂ ਸਦੀ ਦੇ ਆਰੰਭ ਵਿਚ ਲਿਨਨ ਕਪੜੇ ਦਾ ਉਦਯੋਗ ਸਥਾਪਤ ਹੋ ਜਾਣ ਕਾਰਨ, ਕਰਕਾਡੀ ਦੀ ਕਾਫੀ ਉਨਤੀ ਹੋਈ । ਇਸ ਤੋਂ ਪਿਛੋਂ ਉਨੀਵੀਂ ਸਦੀ ਦੇ ਪਿਛਲੇ ਅੱਧ ਵਿਚ ਲਿਨੋਲੀਅਮ ਉਦਯੋਗ ਦੀ ਸਥਾਪਤੀ ਕਾਰਨ ਕਰਕਾਡੀ ਦੀ ਉਨਤੀ ਸਿਖਰਾਂ ਤੇ ਪਹੁੰਚ ਗਈ । ਲਿਨਨ ਬੁਣਨਾ, ਰੱਸੇ ਅਤੇ ਡੋਰੀਆਂ ਬਣਾਉਣਾ, ਫਰਨੀਚਰ ਤਿਆਰ ਕਰਨਾ ਅਤੇ ਬਿਜਲੀ ਦਾ ਹਲਕਾ ਸਾਮਾਨ ਤਿਆਰ ਕਰਨਾ ਇਥੋਂ ਦੇ ਹੋਰ ਉਦਯੋਗ ਹਨ।

ਕਰਕਾਡੀ ਮਸ਼ਹੂਰ ਅਰਥ-ਵਿਗਿਆਨੀ ਐਡਮ ਸਮਿਥ ਦਾ ਜਨਮ ਅਸਥਾਨ ਵੀ ਹੈ ।

ਆਬਾਦੀ—149,435 (1982)

56° 07′ ਉ. ਵਿਥ; 3° 10′ ਪੱ. ਲੰਬ.

ਹ. ਪੁ—ਐਨ, ਬ੍ਰਿ. ਮਾ. 5 : 832

**ਕਰਕੁਬਰੇ** : **ਕਾਊਂਟੀ**—ਇਹ ਦੱਖਣ-ਪੱਛਮੀ ਸਕਾਟਲੈਂਡ ਦੀ ਇਕ ਕਾਊਂਟੀ ਹੈ ਜਿਸ ਦੇ ਖੇਤਰ ਦਾ 1975 ਵਿਚ ਪੁਨਰ ਸੰਗਠਨ ਕੀਤਾ ਗਿਆ । ਅੱਜਕਲ੍ਹ ਇਸ ਦਾ ਬਹੁਤਾ ਹਿੱਸਾ ਡਮਟਰੀਸ ਅਤੇ ਗੈਲਾਵੇ ਖੰਡਾ ਵਿਚ ਪੈਂਦਾ ਹੈ । ਇਸ ਦਾ ਕੁਲ ਰਕਬਾ 323 ਵ.ਕਿ.ਮੀ. ਅਤੇ ਆਬਾਦੀ 27,612 (1971) ਸੀ ।

ਕਾਊਂਟੀ ਵਿਚ ਦੋ ਮੁੱਖ ਪਠਾਰੀ ਧਰਤਾਲਾਂ ਹਨ । ਪਹਿਲੀ ਲਗਭਗ 244 ਮੀ. ਤੋਂ 366 ਮੀ. ਤਕ ਉੱਚੀ ਹੈ ਜਿੱਥੇ ਚਰਾਂਦ ਲਈ ਖੁਰਦਰੀ ਜਿਹੀ ਭੂਮੀ ਮਿਲਦੀ ਹੈ । ਦੂਜੀ ਲਗਭਗ 92 ਮੀ. ਤੋਂ 152 ਮੀ. ਉੱਚੀ ਹੈ ਅਤੇ ਇਥੇ ਕਾਫ਼ੀ ਕਾਸ਼ਤ ਕੀਤੀ ਜਾਂਦੀ ਹੈ । ਇਥੋਂ ਦਾ ਜਲਵਾਯੂ ਸੁਖਾਵਾਂ ਅਤੇ ਨਮੀਂ ਵਾਲਾ ਹੈ । ਨੀਵੇਂ ਇਲਾਕਿਆਂ ਵਿਚ ਸਲਾਨਾ ਵਰਖਾ 100-130 ਸੈ. ਮੀ. ਤਕ ਹੁੰਦੀ ਹੈ ਉਚੀਆਂ ਥਾਵਾਂ ਤੇ ਜਲਵਾਯੂ ਬਹੁਤਾ ਚੰਗਾ ਨਹੀਂ ਹੈ ਅਤੇ ਵਰਖਾ 200 ਤੋਂ 260 ਸੈ. ਮੀ. ਤੀਕ ਹੁੰਦੀ ਹੈ ।

ਕਰਕੁਬਰੇ ਦੇ ਪਹਿਲੇ ਵਾਂਸੀਆਂ ਉੱਤੇ ਪਹਿਲਾਂ ਰੋਮਨਾ ਨੇ ਅਤੇ ਫਿਰ ਵਾਰੋ ਵਾਰੀ ਸਟਰੈਥ ਕਲਾਈਡ ਦੇ ਬਰਤਾਨਵੀਆਂ ਨੇ, ਆਇਰਲੈਂਡ ਤੋਂ ਆਏ ਸਕਾਚਾਂ ਅਤੇ ਨਾਰਥੰਬਰੀਆ ਦੇ ਐਂਚਲਾ ਨੇ ਅਤੇ ਬਾਅਦ ਵਿਚ ਪੈਗਨ ਨਾਰਸਮੈਨਾ (ਜਿਨ੍ਹਾਂ ਨੇ ਨੌਵੀਂ ਸਦੀ ਤੋਂ ਲੈ ਕੇ ਬਾਰ੍ਹਵੀ ਸਦੀ ਤੀਕ ਗੈਲੋਵੇ ਉੱਤੇ ਰਾਜ ਕੀਤਾ) ਨੇ ਫਤਹਿ ਪ੍ਰਾਪਤ ਕੀਤੀ ।

ਕਾਊਂਟੀ ਦੇ ਲੋਕਾਂ ਦਾ ਮੁੱਖ ਕਿਤਾ ਖੇਤੀਬਾੜੀ ਹੈ । ਕਾਊਂਟੀ ਦੀ ਕੇਵਲ 2 ਪ੍ਰਤੀਸ਼ਤ ਭੂਮੀ ਅਣ-ਉਪਜਾਊ ਹੈ । ਉਦਯੋਗ ਮੁੱਖ ਤੌਰ ਤੇ ਖੇਤੀਬਾੜੀ ਉਤੇ ਹੀ ਆਧਾਰਤ ਹਨ । ਇਥੇ ਮੱਖਣ ਕੱਢਣ ਦੇ ਕਾਰਖ਼ਾਨੇ ਬਹੁਤ ਹਨ । ਡੀ, ਕਰੀ ਅਤੇ ਸਹਾਇਕ ਦਰਿਆਵਾਂ ਤੋਂ ਪਣ-ਬਿਜਲੀ ਪੈਦਾ ਕੀਤੀ ਜਾਂਦੀ ਹੈ । ਇਹ ਅੱਜਕਲ੍ਹ ਸੈਲਾਨੀਆਂ ਦਾ ਇਕ ਕੇਂਦਰ ਅਤੇ ਕਲਾਕਾਰਾਂ ਦੀ ਕਲੋਨੀ ਹੈ ।

ਹ. ਪੁ.—ਐਨ. ਬ੍ਰਿ. ਮਾ. 6 : 889

**ਕਰਕੁਬਰੇ** : ਸ਼ਹਿਰ—ਦੱਖਣੀ-ਪੱਛਮੀ ਸਕਾਟਲੈਂਡ ਵਿਚ ਇਸੇ ਹੀ ਨਾਂ ਦੀ ਕਾਊਂਟੀ ਦਾ ਸਦਰ-ਮੁਕਾਮ ਹੈ । ਇਹ ਇਕ ਭਾਰੀ ਮੰਡੀ, ਡੇਅਰੀ ਦਾ ਕੇਂਦਰ ਅਤੇ ਕਲਾਕਾਰਾਂ ਦੇ ਆਰਾਮ ਕਰਨ ਲਈ ਮਨਭਾਉਂਦਾ ਸਥਾਨ ਹੈ । ਸ਼ਹਿਰ ਦਾ ਪੁਰਾਣਾਂ ਨਾਂ ਕਲਕੁਦਬਰੀ ਹੁੰਦਾ ਸੀ । ਸੰਨ 1300 ਵਿਚ ਇਸ ਸ਼ਹਿਰ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ । ਸੰਨ 1455 ਵਿਚ ਸ਼ਹਿਰ ਨੇ ਆਪਣਾ ਪਹਿਲਾ ਸ਼ਾਹੀ ਚਾਰਟਰ ਪ੍ਰਾਪਤ ਕੀਤਾ । ਮਧਕਾਲ ਅਤੇ ਅਠਾਰ੍ਹਵੀਂ ਸਦੀ ਦੌਰਾਨ. ਕਰਕੁਬਰੇ ਇਕ ਬਹੁਤ ਵਧੀਆ ਬੰਦਰਗਾਹ ਸੀ । ਕਰਕੁਬਰੇ ਕਿਲ੍ਹੇ (ਨੀਂਹ 1582) ਦੇ ਖੰਡਰਾਤ ਹਾਈ ਸਟਰੀਟ ਉਤੇ ਅੱਜ ਵੀ ਮੌਜੂਦ ਹਨ । ਇਸ ਤੋਂ ਇਲਾਵਾ ਸੋਲ੍ਹਵੀਂ ਸਦੀ ਦੀ ਬਣੀ ਚੁੰਗੀ ਅਤੇ ਸਤਾਰ੍ਹਵੀਂ ਸਦੀ ਦੇ ਬਣੇ ਹੋਏ ਬਾਜ਼ਾਰ ਦਾ ਚੌਂਕ ਅੱਜ ਵੀ ਦਿਖਾਈ ਦਿੰਦਾ ਹੈ ।

ਅਬਾਦੀ—2,574 (1971)

54° 50′ ਉ. ਵਿਥ.; 4° 03′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 832

**ਕਰਕੋਟ** (ਕਰਕੋਟਿਕ) : ਇਹ ਕਸ਼ਮੀਰ ਦਾ ਇਕ ਸ਼ਾਹੀ ਖ਼ਾਨਦਾਨ ਸੀ ਜਿਸ ਨੇ ਗੋਨੰਦ ਵੰਸ਼ ਮਗਰੋਂ ਕਸ਼ਮੀਰ ਤੇ ਆਪਣਾ ਅਧਿਕਾਰ ਸਥਾਪਤ ਕੀਤਾ । ਪੁਰਾਣਾਂ ਵਿਚ 'ਕਰਕੋਟ' ਇਕ ਪ੍ਰਸਿੱਧ ਨਾਗ ਦਾ ਨਾਮ ਹੈ ਜਿਸ ਤੋਂ ਇਸ ਵੰਸ਼ ਦਾ ਨਾਮ ਪਿਆ । ਗੋਨੰਦ ਵੰਸ਼ ਦਾ ਅਖ਼ੀਰੀ ਬਾਦਸ਼ਾਹ ਬਾਲ਼ਾਂਦਿੱਤ ਪੁੱਤਰਹੀਣ ਸੀ । ਉਸ ਨੇ ਆਪਣੀ ਧੀ ਦਾ

ਵਿਆਹ ਦੁਰਲਭ ਵਰਧਨ ਨਾਲ ਕੀਤਾ ਜਿਸ ਨੇ ਲਗਭਗ 627 ਈ. ਵਿਚ ਕਰਕੋਟ ਵੰਸ਼ ਦੀ ਸਥਾਪਨਾ ਕੀਤੀ। ਉਸ ਦੇ ਪੁੱਤਰ ਨੇ 50 ਸਾਲ ਰਾਜ ਕੀਤਾ। ਉਸ ਮਗਰੋਂ ਉਸ ਦੇ ਜੇਠੇ ਪੁੱਤਰ ਚੰਦ੍ਰਾ ਪੀੜ ਨੇ ਰਾਜ ਸੰਭਾਲਿਆ, ਚੀਨ ਨਾਲ ਸਬੰਧ ਕਾਇਮ ਕੀਤੇ ਤੇ ਅਰਬਾਂ ਦੇ ਹਮਲੇ ਤੋਂ ਕਸ਼ਮੀਰ ਨੂੰ ਬਚਾਇਆ।

733 ਈ. ਵਿਚ ਲਲਿਤਾਦਿੱਤ ਨੇ ਕੰਬੋਜ, ਤੁਰਕ, ਦਰਦ, ਖਸ ਤੇ ਤਿਬੱਤੀਆਂ ਨੂੰ ਜਿੱਤ ਕੇ ਕਸ਼ਮੀਰ ਵਿਚ ਸਾਮਰਾਜ ਸਥਾਪਿਤ ਕੀਤਾ ਤੇ ਹੋਰ ਬਹੁਤ ਸਾਰੇ ਇਲਾਕੇ ਜਿੱਤੇ। 36 ਸਾਲ ਰਾਜ ਕਰਕੇ ਉਸਦੀ ਮੌਤ ਹੋਈ। ਉਸ ਮਗਰੋਂ ਉਸ ਦਾ ਪੁੱਤਰ ਕੁਵਲਿਆਪੀੜ ਤੇ ਵਜ੍ਰਾਪੀੜ ਗੱਦੀ ਉਪਰ ਬੈਠੇ। ਵਜ੍ਰਾਪੀੜ ਨੇ ਅਜਿਹੇ ਕੰਮ ਕੀਤੇ ਜਿਨ੍ਹਾਂ ਨਾਲ ਮਲੇਛਾਂ ਨੂੰ ਲਾਭ ਹੋਵੇ। ਵਜ੍ਰਾਪੀੜ ਮਗਰੋਂ ਉਸ ਦੇ ਪੁੱਤਰ ਦਯਾਪੀੜ ਨੇ ਰਾਜ ਸੰਭਾਲਿਆ ਤੇ ਖੇਤਰ ਵਿਸਤਾਰ ਲਈ ਚਲ ਪਿਆ। ਮਗਰੋਂ ਉਸ ਦੇ ਭਣਵਈਏ ਨੇ ਸਿੰਘਾਸਨ ਤੇ ਕਬਜ਼ਾ ਕਰ ਲਿਆ। ਜਯਾਪੀੜ ਨੇ ਤਿੰਨ ਸਾਲ ਮਗਰੋਂ ਆ ਕੇ ਰਾਜ ਮੁੜ ਸੰਭਾਲ ਲਿਆ ਤੇ 31 ਸਾਲ ਰਾਜ ਕੀਤਾ ਮਗਰੋਂ ਬ੍ਰਾਹਮਣਾਂ ਨੇ ਸਾਜ਼ਸ਼ ਨਾਲ ਉਸ ਨੂੰ ਮਰਵਾ ਦਿਤਾ। ਫਿਰ ਇਸ ਦੇ ਪੁੱਤਰ ਪ੍ਰਿਥਿਵਿਆਪੀੜ ਨੇ ਰਾਜ ਕੀਤਾ।

ਉਸ ਦੀ ਮੌਤ ਸਮੇਂ ਥਿੱਪਟ ਜਯਾਪੀੜ ਬਾਲਕ ਸੀ ਜਿਸ ਨੂੰ ਰਲ ਕੇ ਮਾਮਿਆਂ ਨੇ ਕਤਲ ਕਰ ਦਿਤਾ ਤੇ ਰਾਜ ਭਾਗ ਅਪ ਸੰਭਾਲ ਲਿਆ ਪਰ ਉਹ ਆਪ ਆਪਸ ਵਿਚ ਲੜਨ ਲੱਗ ਪਏ। ਅਜਿਹੀ ਹਾਲਤ ਵਿਚ ਰਾਜੇ ਨੂੰ ਕਠਪੁਤਲੀ ਵਾਂਗ ਤਖਤ ਤੇ ਬੈਠਾ ਕੇ ਉਨ੍ਹਾਂ ਨੇ 40 ਸਾਲ ਰਾਜ ਕੀਤਾ ਜਿਸ ਕਾਰਨ ਰਾਜ ਪ੍ਰਬੰਧ ਢਿੱਲਾ ਪੈ ਗਿਆ। ਅਖੀਰੀ ਰਾਜੇ ਉਤਪਲਾਪੀੜ ਨੂੰ ਗੱਦੀ ਤੋਂ ਲਾਹ ਕੇ ਮੰਤਰੀ ਨੇ ਅਵੰਤਿਵਰਮਨ ਨੂੰ ਗੱਦੀ ਤੇ ਬਿਠਾਇਆ ਤੇ ਇਉਂ ਕਰਕੋਟ ਵੰਸ਼ ਦਾ ਅੰਤ ਹੋ ਗਿਆ।

ਹ. ਪੁ.—ਹਿੰ. ਵਿ. ਕੋ. 2 : 364

**ਕਰਖਾ** : ਇਹ ਇਕ ਮਾਤ੍ਰਿਕ ਛੰਦ ਹੈ। ਇਸ ਦੇ ਚਾਰ ਚਰਣ ਹੁੰਦੇ ਹਨ, ਹਰ ਚਰਣ ਵਿਚ 37 ਮਾਤ੍ਰਾਵਾਂ ਹੁੰਦੀਆਂ ਹਨ, ਪਹਿਲਾ ਵਿਸ਼੍ਰਾਮ ਅੱਠ ਤੇ, ਦੂਜਾ ਬਾਰ੍ਹਾਂ, ਤੀਜਾ ਅੱਠ ਤੇ ਅਤੇ ਚੌਥਾ ਨੌਂ ਤੇ ਹੁੰਦਾ ਹੈ ਅਤੇ ਅਖੀਰ ਵਿਚ ਯਗਣ (155) ਦੀ ਵਰਤੋਂ ਕੀਤੀ ਜਾਂਦੀ ਹੈ। ਭਾਨੂੰ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਚੰਦ ਅਤੇ ਸੂਦਨ ਨੇ ਵੀ ਇਸ ਦੀ ਵਰਤੋਂ ਕੀਤੀ ਹੈ। ਇਸ ਛੰਦ ਨੂੰ 'ਰਣੋਧਿਤ' ਵੀ ਕਿਹਾ ਜਾਂਦਾ ਹੈ। ਇਸ ਛੰਦ ਵਿਚ ਜਿੰਨੇ ਅੱਖਰ ਲਘੂ ਹੋਣ ਉਂਨੀ ਹੀ ਰੌਚਕਤਾ ਵੱਧ ਜਾਂਦੀ ਹੈ। ਇਸ ਵਿਚ ਵੀਰ ਰਸ ਦਾ ਉੱਤਮ ਵਰਨਣ ਹੁੰਦਾ ਹੈ। ਦਸਮ ਗ੍ਰੰਥ ਵਿਚ ਲਿਖਿਆ ਹੈ :

"ਢਾਢਿਸੈਨ ਢਾਡੀ ਭਣ ਲਯੋ। ਕਰਖਾ ਵਾਰ ਉਚਾਰਤ ਭਯੋ"
(ਚਰਿਤ੍ਰ 405) "ਗਾਏ ਜਾ ਕਰਖਾ।" (ਚੰਡੀ 2)

ਤੁਲਸੀ ਦਾਸ ਨੇ ਇਸ ਨੂੰ ਸਤੋਤ੍ਰ-ਸ਼ੈਲੀ ਵਿਚ ਬਹੁਤ ਸੁੰਦਰ ਢੰਗ ਨਾਲ ਵਰਤਿਆ ਹੈ।

ਹ. ਪੁ.—ਹਿੰ. ਸਾ, ਕੋ. 1 :215 ; ਮ. ਕੋ. 301

**ਕਰਚ** : ਯੂਕਰੇਨੀਆ ਰੂਸੀ ਸਮਾਜਵਾਦ ਗਣਤੰਤਰ (ਸੋ. ਸੰਘ) ਦੀ ਕ੍ਰੀਮੀਆ ਔਬਲਸਤ ਵਿਚ ਇਕ ਸ਼ਹਿਰ ਤੇ ਬੰਦਰਗਾਹ ਹੈ ਜੋ ਸਿੰਪਰਾਫਲ ਤੋਂ ਲਗਭਗ 190 ਕਿ. ਮੀ. ਦੂਰ ਇਕ ਛੋਟੀ ਜਿਹੀ ਖਾੜੀ ਦੇ ਮੁਹਾਣੇ ਤੇ, ਕਰਚ ਜਲਡਮਰੂ ਦੇ ਪੱਛਮੀ ਕੰਢੇ ਉਤੇ ਸਥਿਤ ਹੈ। ਇਹ ਸੋਵੀਅਤ ਯੂਨੀਅਨ ਦੇ ਸਭ ਨਾਲੋਂ ਪੁਰਾਣੇ ਸ਼ਹਿਰਾਂ ਵਿਚੋਂ ਹੈ ਅਤੇ 6ਵੀਂ ਸਦੀ ਈ. ਪੂ. ਵਿਚ ਆਬਾਦ ਹੋਇਆ।

ਪੰਦਰ੍ਹਵੀਂ ਸਦੀ ਵਿਚ ਇਹ ਸ਼ਹਿਰ ਬਾਕੀ ਦੇ ਕ੍ਰੀਮੀਆ ਨਾਲ ਤੁਰਕੀ ਦੇ ਕਬਜ਼ੇ ਵਿਚ ਆ ਗਿਆ ਪਰ 1771 ਈ. ਵਿਚ ਰੂਸ ਨੇ ਕਰਚ ਤੇ ਕਬਜ਼ਾ ਕਰ ਲਿਆ ਜਿਹੜਾ ਕਿ 1874 ਈ. ਵਿਚ ਰਸਮੀ ਤੌਰ ਤੇ ਕਚਕ ਕਾਈਨਾਰਜੀ ਦੀ ਸੰਧੀ ਅਧੀਨ ਰੂਸ ਦਾ ਹਿੱਸਾ ਬਣ ਗਿਆ। ਇਸ ਤੋਂ ਬਾਅਦ ਇਸ ਸ਼ਹਿਰ ਦੀ ਕੋਈ ਖਾਸ ਅਹਿਮੀਅਤ ਨਾ ਰਹੀ ਪਰ 1821 ਈ. ਵਿਚ ਜ਼ਾਰ ਅਲੈਗਜ਼ਾਂਦਰ ਨੇ ਇਸ ਨੂੰ ਇਕ ਸ਼ਹਿਰ ਅਤੇ ਬੰਦਰਗਾਹ ਦਾ ਦਰਜਾ ਦੇ ਦਿਤਾ। ਇਸ ਤੋਂ ਬਾਅਦ ਵਿਚ ਇਸ ਸ਼ਹਿਰ ਦੀ ਕੋਈ ਬਹੁਤ ਮਹੱਤਤਾ ਨਹੀਂ ਸੀ ਸਗੋਂ ਦੂਜੇ ਸੰਸਾਰ ਯੁੱਧ ਵਿਚ ਤਾਂ ਇਸ ਦੀ ਕਾਫੀ ਤਬਾਹੀ ਹੋਈ ਜਦੋਂ ਕਿ ਇਹ ਜਰਮਨ ਫ਼ੌਜਾਂ ਦੇ ਕਬਜ਼ੇ ਵਿਚ ਆ ਗਿਆ ਅਤੇ ਇਥੇ ਬੜੇ ਘਮਸਾਨ ਦੀ ਲੜਾਈ ਹੋਈ।

ਇਸ ਸ਼ਹਿਰ ਦੀ ਮੌਜੂਦਾ ਅਹਿਮੀਅਤ ਉਦੋਂ ਬਣੀ ਜਦੋਂ ਕਿ 1783 ਈ. ਵਿਚ ਇਸ ਸ਼ਹਿਰ ਦੇ ਨੇੜੇ ਕੱਚੇ ਲੋਹੇ ਦੇ ਭੰਡਾਰ ਮਿਲੇ। ਇਹ ਖਿਆਲ ਹੈ ਕਿ ਇਥੋਂ ਦਾ ਕੱਚੇ ਲੋਹੇ ਦਾ ਭੰਡਾਰ ਦੁਨੀਆ ਵਿਚ ਤੀਜੇ ਨੰਬਰ ਤੇ ਆਉਂਦਾ ਹੈ।

ਅਜੋਕੇ ਕਰਚ ਵਿਚ ਧਾਤਾਂ ਨੂੰ ਠੋਸ ਬਣਾਉਣ ਦੇ ਕਾਰਖ਼ਾਨੇ ਹਨ ਅਤੇ ਇਥੇ ਦੇਗੀ ਲੋਹੇ ਦੀਆਂ ਪਾਈਪਾਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇਥੇ ਸਮੁੰਦਰੀ ਜ਼ਹਾਜਾਂ ਦੀ ਮੁਰੰਮਤ ਕਰਨ ਦਾ ਕੰਮ ਵੀ ਹੁੰਦਾ ਹੈ। ਇਥੇ ਮੱਛੀ ਨੂੰ ਡੱਬਾ ਬੰਦ ਕੀਤਾ ਜਾਂਦਾ ਹੈ।

ਆਬਾਦੀ—162,000 (1920)
45° 20′ ਉ. ਵਿਥ, 36° 26′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 767

**ਕਰਜ਼ਨ ਲਾਰਡ** : ਇਸ ਬਰਤਾਨਵੀ ਨੀਤੀਵਾਨ ਦਾ ਪੂਰਾ ਨਾਂ ਜਾਰਜ ਨਥੇਨੀਅਲ ਕਰਜ਼ਨ ਸੀ। ਇਸ ਦਾ ਜਨਮ 11 ਜਨਵਰੀ, 1859 ਨੂੰ ਕੇਡਲਸਟਨ ਹਾਲ ਡਰਬੀਸ਼ਿਰ ਵਿਚ ਹੋਇਆ। ਇਸ ਨੇ ਆਕਸ਼ਫੋਰਡ ਯੂਨੀਵਰਸਿਟੀ ਵਿਚ ਸਿੱਖਿਆ ਪ੍ਰਾਪਤ ਕੀਤੀ। ਇਹ 19ਵੀਂ. ਸਦੀ ਦੇ ਨੌਂਵੇਂ ਦਹਾਕੇ ਦੇ ਅੱਧ ਵਿਚ ਲਾਰਡ ਸਾਲਿਸਬਰੀ ਦਾ ਮਿੱਤਰ ਬਣ ਗਿਆ ਜਿਸ ਦੇ ਪ੍ਰਭਾਵ ਨੇ ਇਸ ਨੂੰ 1886 ਈ. ਵਿਚ ਪਾਰਲੀਮੈਂਟ ਦਾ ਮੈਂਬਰ ਚੁਣੇ ਜਾਣ ਵਿਚ ਸਹਾਇਤਾ ਕੀਤੀ। ਸੰਨ 1891 ਵਿਚ ਇਹ ਭਾਰਤ ਲਈ ਅਧੀਨ ਸਕੱਤਰ ਅਤੇ 1895 ਈ. ਵਿਚ ਪ੍ਰੀਵੀ ਕੌਂਸਲਰ ਬਣਿਆ। ਤਿੰਨ ਸਾਲ ਪਿਛੋਂ ਇਸ ਨੂੰ ਕੇਡਲਸਟਨ ਦੇ ਬੈਰਨ ਕਰਜ਼ਨ ਦਾ ਖਿਤਾਬ ਦਿਤਾ ਗਿਆ। ਸੰਨ 1899 ਵਿਚ ਇਸਨੂੰ ਭਾਰਤ ਵਿਚ ਵਾਇਸਰਾਏ ਬਣਾ ਕੇ ਭੇਜ ਦਿਤਾ ਗਿਆ, ਐਪਰ ਸੰਨ 1905 ਵਿਚ ਆਪਣੇ ਇਕ ਕਮਾਂਡਰ-ਇਨ-ਚੀਫ਼ ਨਾਲ ਝਗੜਾ ਹੋ ਜਾਣ ਤੇ ਇਸ ਨੂੰ ਅਸਤੀਫ਼ਾ ਦੇਣਾ ਪਿਆ। ਫਿਰ ਇਹ ਆਰਜ਼ੀ ਤੌਰ ਤੇ ਸਿਆਸਤ ਤੋਂ ਪਾਸੇ ਹੋ ਗਿਆ ਅਤੇ ਆਕਸਫੋਰਡ ਦੇ ਚਾਂਸਲਰ ਵਜੋਂ ਕਲਾ ਭੰਡਾਰ ਅਤੇ ਪੁਰਾਣੀਆਂ ਇਮਾਰਤਾਂ ਤੇ ਖੋਜ ਕਰਦਾ ਰਿਹਾ। ਸੰਨ 1905 ਤੋਂ ਪਿਛੋਂ ਜਦੋਂ ਇਸ ਨੂੰ ਅਰਲਡਮ ਮਿਲੀ ਤਾਂ ਹਾਊਸ ਆਫ਼ ਲਾਰਡਜ਼ ਵਿਚ ਇਸਦੀ ਪੁਜ਼ੀਸ਼ਨ ਮਹੱਤਵਪੂਰਨ ਹੋ ਗਈ ਅਤੇ 1915 ਈ. ਤੋਂ ਪਿੱਛੋਂ ਇਸ ਨੇ ਇਨਰ ਕੈਬਨਿਟ ਵਿਚ ਸੇਵਾ ਕੀਤੀ ਜਿਸ ਨੇ ਪਹਿਲੇ ਮਹਾਂ ਯੁੱਧ ਦੌਰਾਨ ਬਰਤਾਨਵੀ ਨੀਤੀਆਂ ਨੂੰ ਸੇਧ ਦਿੱਤੀ। ਯੁੱਧ ਤੋਂ ਪਿੱਛੋਂ ਇਹ 1924 ਤੱਕ ਵਿਦੇਸ਼ ਸਕੱਤਰ ਰਿਹਾ।

20 ਮਾਰਚ, 1925 ਨੂੰ ਲੰਦਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 3 : 309

**ਕਰੰਜੂਆ** : ਇਹ ਇਕ ਕੰਡੇਦਾਰ ਪੌਦਾ ਹੈ ਜੋ ਬਹੁਤ ਕੌੜਾ ਹੁੰਦਾ ਹੈ। ਇਸ ਦਾ ਬਨਸਪਤੀ-ਵਿਗਿਆਨਕ ਨਾਂ ਸੀਜ਼ਲਪਿਨੀਆ ਬੌਨਡੂਸੈਲਾ (*Caesalpinia banducella*) ਹੈ। ਇਹ ਲੈਗਿਊਮਿਨੋਸੀ ਕੁਲ ਦਾ ਮੈਂਬਰ ਹੈ।

ਇਸ ਪੌਦੇ ਦੇ ਬੀਜ ਬੁਖਾਰ ਹਟਾਉਣ, ਪੇਟ ਅੰਦਰਲੇ ਕੀੜੇ ਮਾਰਨ ਜਾਂ ਕੱਢਣ ਲਈ, ਦਮਾ ਅਤੇ ਸੱਪ ਕੱਟਣ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਸ ਪੌਦੇ ਦੇ ਨਰਮ ਪੱਤੇ ਜਿਗਰ ਦੀ ਖ਼ਰਾਬੀ ਦੀਆਂ ਅਲਾਮਤਾਂ ਲਈ ਵੀ ਕਾਫ਼ੀ ਲਾਭਦਾਇਕ ਹੁੰਦੇ ਹਨ। ਇਸ ਦੇ

ਪੱਤੇ ਅਤੇ ਬੀਜ਼ ਸੋਜ਼ਸ਼ ਨੂੰ ਦੂਰ ਕਰਨ ਲਈ ਬਾਹਰੀ ਤੌਰ ਤੇ ਇਸਤੇਮਾਲ ਕੀਤੇ ਜਾਂਦੇ ਹਨ। ਇਸਦੇ ਬੀਜ ਅਤੇ ਛਿੱਲ ਮਾਹਵਾਰੀ ਚਾਲੂ ਕਰਨ ਵਿਚ ਸਹਾਇਕ ਹੁੰਦੇ ਹਨ। ਬੀਜਾਂ ਤੋਂ ਪ੍ਰਾਪਤ ਕੀਤਾ ਤੇਲ ਮੂੰਹ ਉਪਰਲੀਆਂ ਛਾਈਆਂ ਹਟਾਉਣ ਲਈ ਤਿਆਰ ਕੀਤੇ ਜਾਂਦੇ ਲੇਪ ਵਿਚ ਅਤੇ ਕੰਨ ਵਿਚੋਂ ਨਿਕਲਦੇ ਰਿਸਾਉ ਨੂੰ ਬੰਦ ਕਰਨ ਲਈ ਵਰਤਿਆ ਜਾਂਦਾ ਹੈ।

ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ। ਇਹ ਭਾਰਤ ਦੇ ਗਰਮ ਹਿੱਸਿਆਂ ਵਿਚ ਸਮੁੰਦਰ ਤਲ ਤੋਂ 1000 ਮੀ. ਦੀ ਉਚਾਈ ਤਕ ਮਿਲਦਾ ਹੈ। ਇਹ ਪੌਦੇ ਦੱਖਣੀ ਭਾਰਤ ਅਤੇ ਬੰਗਾਲ ਵਿਚ ਵੀ ਮਿਲ ਜਾਂਦੇ ਹਨ। ਖੇਤਾਂ ਦੀ ਵਾੜ ਲਈ ਵੀ ਇਹ ਬਹੁਤ ਲਗਾਇਆ ਜਾਂਦਾ ਹੈ।

ਹ. ਪੁ.—ਗ. ਇੰ. ਮੈ. ਪ. : 43 ; ਮ. ਕੋਂ. : 307

**ਕਰਟਿਸ, ਚਾਰਲਸ :** ਸੰਯੁਕਤ ਰਾਜ ਅਮਰੀਕਾ ਦਾ ਵਕੀਲ, ਪਾਰਲੀਮੈਂਟ ਦਾ ਮੈਂਬਰ ਅਤੇ ਦੇਸ਼ ਦਾ 31ਵਾਂ ਵਾਈਸ-ਪ੍ਰੈਜ਼ੀਡੈਂਟ ਸੀ। ਇਹ ਕੈਨਜ਼ਾਸ ਖੇਤਰ ਵਿਚ 25 ਜਨਵਰੀ, 1860 ਨੂੰ ਪੈਦਾ ਹੋਇਆ। ਪੜ੍ਹਾਈ ਖ਼ਤਮ ਕਰਕੇ 1881 ਈ. ਵਿਚ ਇਹ ਟੋਪੀਕਾ ਵਿਚ ਵਕਾਲਤ ਕਰਨ ਲੱਗ ਪਿਆ। ਰਾਜਨੀਤਕ ਖੇਤਰ ਵਿਚ ਦਾਖਲ ਹੋਣ ਤੇ 1893 ਤੋਂ 1907 ਤਕ ਇਹ ਰੀਪਬਲਿਕਨ ਪਾਰਟੀ ਵਲੋਂ ਕਾਂਗਰਸ ਦਾ ਮੈਂਬਰ ਰਿਹਾ।

ਸੈਨੇਟ ਵਿਚ 1915 ਤੋਂ 1924 ਈ. ਤਕ ਕਰਟਿਸ ਨੇ ਰੀਪਬਲਿਕਨ ਪਾਰਟੀ ਦੇ ਹਿਪ ਵਜੋਂ ਅਤੇ 1924 ਤੋਂ 1929 ਈ. ਤਕ ਬਹੁ-ਗਿਣਤੀ ਨੇਤਾ ਵਜੋਂ ਕੰਮ ਕੀਤਾ। 1928 ਈ. ਵਿਚ ਇਹ ਵਾਈਸ ਪ੍ਰੈਜ਼ੀਡੈਂਟ ਬਣਿਆ ਪਰ 1932 ਈ. ਦੀਆਂ ਚੋਣਾਂ ਵਿਚ ਸਫਲ ਨਾ ਹੋ ਸਕਿਆ, ਇਸ ਲਈ ਮੁੜ ਵਾਸ਼ਿੰਗਟਨ ਡੀ. ਸੀ. ਵਿਖੇ ਇਸਨੇ ਵਕਾਲਤ ਸ਼ੁਰੂ ਕਰ ਦਿਤੀ, ਜਿਥੇ 8 ਫ਼ਰਵਰੀ, 1936 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 6 : 915

**ਕਰਟਿਸ, ਲਾਇਨਲ ਜਾਰਜ :** ਇਹ ਬਰਤਾਨਵੀ ਪ੍ਰਸ਼ਾਸਕ ਅਤੇ ਲੇਖਕ ਸ਼ਾਹੀ ਫੈਡਰੇਸ਼ਨ ਅਤੇ ਸੰਸਾਰ ਦੇ ਸਾਂਝੇ ਰਾਜ ਦਾ ਸਮਰਥਕ ਸੀ। ਕਾਮਨਵੈਲਥ ਬਣਾਉਣ ਵਿਚ ਇਸ ਦਾ ਵਿਸ਼ੇਸ਼ ਹੱਥ ਸੀ। ਇਸ ਦਾ ਜਨਮ 8 ਮਾਰਚ, 1872 ਨੂੰ ਹੋਇਆ। ਔਕਸਫੋਰਡ ਵਿਚੋਂ ਪੜ੍ਹ ਹਟਣ ਮਗਰੋਂ ਇਸ ਨੇ ਵਕਾਲਤ ਸ਼ੁਰੂ ਕੀਤੀ ਪਰ ਜਨਤਕ ਮਾਮਲਿਆਂ ਵਿਚ ਵਧੇਰੇ ਰੁਚੀ ਰੱਖਣ ਕਰਕੇ ਇਸ ਨੂੰ ਦੱਖਣੀ ਅਫਰੀਕਾ ਵਿਚ ਬ੍ਰਿਟਿਸ਼ ਹਾਈ ਕਮਿਸ਼ਨਰ ਦਾ ਸਕੱਤਰ ਲਗਾ ਕੇ ਭੇਜਿਆ ਗਿਆ। ਟ੍ਰਾਂਸਵਾਲ ਸਰਕਾਰ ਅਧੀਨ ਕਈ ਵੱਖ ਵੱਖ ਨੌਕਰੀਆਂ ਤੇ ਕੰਮ ਕਰਨ ਮਗਰੋਂ 1907 ਵਿਚ ਇਸ ਨੇ ਅਸਤੀਫ਼ਾ ਦੇ ਦਿੱਤਾ ਤਾਂ ਜੋ ਚਾਰ ਦੱਖਣ ਅਫ਼ਰੀਕੀ ਕਾਲੋਨੀਆਂ ਨੂੰ ਇਕ ਕਰਨ ਲਈ ਕੰਮ ਕਰ ਸਕੇ। ਇਸ ਤੋਂ ਮਗਰੋਂ ਇਸ ਨੇ ਸਾਰੀ ਉਮਰ ਦੁਨੀਆ ਲਈ ਇਕ ਸਾਂਝੀ ਹਕੂਮਤ ਕਾਇਮ ਕਰਨ ਲਈ ਕੰਮ ਕੀਤਾ। 1910 ਵਿਚ ਇਸ ਨੇ 'ਰਾਊਂਡ ਟੇਬਲ' ਨਾਂ ਦਾ ਤਿਮਾਹੀ ਜਰਨਲ ਜਾਰੀ ਕੀਤਾ। 1916 ਵਿਚ 'ਦੀ ਕਾਮਨਵੈਲੱਥ ਆਫ਼ ਨੇਸ਼ਨਜ਼' ਛਪਵਾਈ। 1921 ਤੋਂ 1924 ਤੱਕ ਇਹ ਆਇਰਲੈਂਡ ਲਈ ਕਾਲੋਨੀਅਲ ਆਫ਼ਿਸ ਐਡਵਾਈਜ਼ਰ ਰਿਹਾ। ਇਹ ਭਾਰਤ ਅਤੇ ਚੀਨ ਵੀ ਗਿਆ ਅਤੇ ਇਨ੍ਹਾਂ ਬਾਰੇ ਪੁਸਤਕਾਂ ਲਿਖੀਆਂ। ਮਨੁੱਖੀ ਭਾਈਚਾਰੇ ਸਬੰਧੀ ਤਿੰਨ ਜਿਲਦਾਂ ਵਿਚ 'Civitas Dei' ਇਸ ਦੀ ਸਭ ਤੋਂ ਵੱਡੀ ਦੇਣ ਹੈ। ਇਸ ਦੀ ਮੌਤ ਔਕਸਫ਼ੋਰਡ ਦੇ ਨੇੜੇ 24 ਨਵੰਬਰ, 1955 ਨੂੰ ਹੋਈ।

ਹ. ਪੁ.—ਐਨ. ਬ੍ਰਿ. 6 : 916

**ਕਰਣ :** ਇਹ ਕੁਆਰੀ ਕੁੰਤੀ ਦੇ ਉਦਰ ਤੋਂ ਸੂਰਜ ਦਾ ਪੁੱਤਰ ਸੀ। ਮਹਾਂਭਾਰਤ ਵਿਚ ਕਥਾ ਹੈ ਕਿ ਭੋਜਰਾਜ ਦੀ ਪੁੱਤਰੀ ਕੁੰਤੀ ਨੂੰ ਦੁਰਵਾਸਾ ਰਿਸ਼ੀ ਨੇ ਖੁਸ਼ ਹੋ ਕੇ ਇਕ ਅਜਿਹਾ ਮੰਤਰ ਦਸਿਆ ਸੀ ਜਿਸ ਤੋਂ ਉਹ ਮਨਭਾਉਂਦੇ ਦੇਵਤੇ ਨੂੰ ਬੁਲਾ ਸਕੇ। ਕੁੰਤੀ ਨੇ ਸੂਰਜ ਨੂੰ ਬੁਲਾਇਆ ਅਤੇ ਉਸਦੇ ਸੰਯੋਗ ਤੋਂ ਇਹ ਜਨਮਿਆ ਸੀ। ਕੁੰਤੀ ਨੇ ਲੋਕ ਲਾਜ ਦੇ ਮਾਰੇ ਇਸ ਨੂੰ ਜੰਮਦੇ ਨੂੰ ਹੀ ਅਸ਼ਵ ਨਦੀ ਵਿਚ ਵਹਾ ਦਿੱਤਾ। ਉਥੇ ਇਸ ਨੂੰ ਧ੍ਰਿਤਰਾਸ਼ਟਰ ਦੇ ਸਾਰਥੀ ਅਧਿਰਥ ਨੇ ਦੇਖਿਆ ਅਤੇ ਸੰਦੂਕ ਵਿਚੋਂ ਬਾਹਰ ਕਢਿਆ ਅਤੇ ਆਪਣੀ ਪਤਨੀ ਰਾਧਾ ਨੂੰ ਦੇ ਦਿੱਤਾ। ਜਨਮ ਸਮੇਂ ਕੰਨਾ ਤੇ ਕਵਚ ਅਤੇ ਕੁੰਡਲ ਹੋਣ ਕਰ ਕੇ ਇਹ ਹੁਣ ਤਕ ਜੀਵਤ ਸੀ। ਇਹ ਬਹੁਤ ਤੇਜਸਵੀ ਬਾਲਕ ਸੀ, ਇਸ ਲਈ ਰਾਧਾ ਨੇ ਇਸਦਾ ਨਾਂ ਵਸੂਸ਼ੇਣ ਰਖਿਆ। ਇਸ ਨੇ ਦਰੋਣਾਚਾਰਯ ਤੋਂ ਸ਼ਸਤਰ ਵਿਦਿਆ ਦਾ ਗਿਆਨ ਪ੍ਰਾਪਤ ਕੀਤਾ। ਇਸ ਨੇ ਦਰੋਣਾਚਾਰਯ ਨੂੰ ਬ੍ਰਹਮ ਸ਼ਾਸਤਰ ਸਿਖਾਉਣ ਲਈ ਬੇਨਤੀ ਕੀਤੀ ਸੀ। ਕ੍ਰਿਸ਼ਨ ਜੀ ਨੇ ਕਿਹਾ ਹੈ ਕਿ ਇਹ ਸਭ ਵੇਦ ਅਤੇ ਸ਼ਾਸਤਰ ਜਾਣਦਾ ਸੀ। ਤੀਰ ਅੰਦਾਜ਼ੀ ਵਿਚ ਤਾਂ ਇਸ ਨੂੰ ਅਰਜਨ ਤੋਂ ਵੀ ਮਹਾਨ ਮੰਨਿਆ ਗਿਆ ਹੈ। ਪਰੰਤੂ ਇਸ ਨੂੰ ਬ੍ਰਹਮ ਸ਼ਾਸਤਰ ਦਾ ਗਿਆਨ ਪ੍ਰਾਪਤ ਨਾ ਹੋਣ ਕਰਕੇ ਅਰਜਨ ਇਸ ਤੋਂ ਉਪਰ ਸੀ। ਇਸ ਨੇ ਅਰਜਨ ਤੋਂ ਉੱਚਾ ਹੋਣ ਲਈ ਪਰਸ ਰਾਮ ਤੋਂ ਬ੍ਰਹਮ-ਵਿਦਿਆ ਝੂਠ ਬੋਲ ਕੇ ਪ੍ਰਾਪਤ ਕੀਤੀ ਕਿ ਮੈਂ ਬ੍ਰਾਹਮਣ ਹਾਂ। ਜਦ ਇਸ ਝੂਠ ਦਾ ਪਤਾ ਪਰਸ ਰਾਮ ਨੂੰ ਲਗਾ ਤਾਂ ਉਸ ਨੇ ਸਰਾਪ ਦਿੱਤਾ ਕਿ ਤੇਰਾ ਗਿਆਨ ਮੌਤ ਸਮੇਂ ਤੇਰੇ ਕੰਮ ਨਹੀਂ ਆਵੇਗਾ। ਇਕ ਵਾਰ ਇਸ ਨੇ ਕਿਸੇ ਬ੍ਰਾਹਮਣ ਦਾ ਵੱਛਾ ਗ਼ਲਤੀ ਨਾਲ ਤੀਰ ਮਾਰ ਕੇ ਮਾਰ ਦਿੱਤਾ। ਉਸ ਬ੍ਰਾਹਮਣ ਨੇ ਇਸ ਨੂੰ ਸਰਾਪ ਦਿੱਤਾ ਕਿ ਯੁਧ-ਭੂਮੀ ਤੇਰੇ ਰਥ ਦਾ ਪਹੀਆ ਨਿਗਲ ਲਵੇਗੀ।

ਦਰਯੋਧਨ ਨੇ ਇਸ ਨੂੰ ਅੰਗਦੇਸ਼ ਦਾ ਰਾਜ ਦੇ ਦਿੱਤਾ ਅਤੇ ਇਸ ਨਾਲ ਮਿੱਤਰਤਾ ਪਾ ਲਈ। ਇਸ ਦੇ ਬਦਲੇ ਇਸ ਨੇ ਦਰਯੋਧਨ ਲਈ ਮਰਨ ਦਾ ਬਚਨ ਵੀ ਦਿੱਤਾ ਅਤੇ ਅੰਤ ਤਕ ਦੋਸਤੀ ਪਾਲੀ। ਇਸ ਨੇ ਮਲ-ਯੁਧ ਵਿਚ ਜਰਾਸੰਧ ਨੂੰ ਹਰਾਇਆ ਅਤੇ ਉਸ ਨੇ ਇਸ ਦੇ ਸਤਿਕਾਰ ਵਿਚ ਇਸ ਨੂੰ ਮਾਲਨੀ ਨਗਰ ਦੇ ਕੇ ਦੋਸਤੀ ਪਾਈ। ਇਸ ਨੇ ਕਈ ਸੂਤ-ਬਾਲਕਾਵਾਂ ਨਾਲ ਵਿਆਹ ਕੀਤਾ ਜਦੋਂ ਦਰੋਪਦੀ ਨੇ ਕਿਹਾ ਕਿ ਉਹ ਸੂਤ ਪੁੱਤਰ ਨਾਲ ਵਿਆਹ ਨਹੀਂ ਕਰਵਾਏਗੀ ਤਾਂ ਇਸ ਨੂੰ ਪਿਛੇ ਹਟਣਾ ਪਿਆ।

ਕੌਰਵਾਂ ਅਤੇ ਪਾਂਡਵਾਂ ਵਿਚਕਾਰ ਯੁੱਧ ਅਰੰਭ ਹੋਣ ਤੋਂ ਪਹਿਲਾਂ ਕੁੰਤੀ ਨੇ ਕ੍ਰਿਸ਼ਨ ਜੀ ਨੂੰ ਇਸ ਕੋਲ ਭੇਜਿਆ ਅਤੇ ਫਿਰ ਆਪ ਵੀ ਗਈ ਅਤੇ ਦੱਸਿਆ ਕਿ ਇਹ ਉਸ ਦਾ ਪੁੱਤਰ ਹੈ। ਪਰ ਇਸ ਨੇ ਪਾਂਡਵਾਂ ਦੀ ਮਦਦ ਕਰਨ ਤੋਂ ਇਹ ਕਹਿਕੇ ਸਾਫ ਇਨਕਾਰ ਕਰ ਦਿੱਤਾ ਕਿ ਕੁੰਤੀ ਨੇ ਉਸ ਨੂੰ ਨਦੀ ਵਿਚ ਛੱਡ ਦਿੱਤਾ ਸੀ, ਜਿਸ ਕਰ ਕੇ ਇਸ ਦਾ ਸਾਰਾ ਭਵਿੱਖ ਹੀ ਬਦਲ ਗਿਆ ਹੈ। ਦਰੋਣਾਚਾਰਯ ਦੇ ਮਰਨ ਤੋਂ ਪਿੱਛੋਂ ਇਹ ਸੈਨਾਪਤੀ ਬਣਿਆ। ਗੰਧਰਵ ਯੁੱਧ, ਵਿਰਾਟ ਨਗਰੀ ਦਾ ਯੁੱਧ ਅਤੇ ਕ੍ਰਿਪਾਚਾਰਜ ਨਾਲ ਯੁੱਧ ਇਸ ਦੇ ਪ੍ਰਸਿੱਧ ਯੁੱਧ ਹਨ। ਇਸ ਤੋਂ ਪਿਛੋਂ ਇਹ ਦਿੱਗ-ਵਿਜੈ ਲਈ ਨਿਕਲ ਪਿਆ। ਪਹਿਲਾਂ ਇਸ ਨੇ ਦਰੁਪਦ ਨੂੰ ਹਰਾਇਆ ਅਤੇ ਕਰ ਵਸੂਲ ਕੀਤਾ। ਫਿਰ ਪਹਿਲੇ ਭਗ ਦੱਤ ਨੂੰ ਜਿੱਤ ਕੇ ਪਰਬਤੀ ਰਾਜੇ ਵੀ ਜਿੱਤੇ ਅਤੇ ਕਰ ਵਸੂਲ ਕੀਤਾ। ਮਗਰੋਂ ਇਹ ਪੂਰਬ ਵੱਲ ਵਧਿਆ ਅਤੇ ਨੇਪਾਲ, ਅੰਗ, ਵੰਗ, ਕਲਿੰਗ, ਸ਼ੁਡਿੰਕ, ਮਿਥਲ, ਆਦਿ ਜਿੱਤੇ ਅਤੇ ਕਰ ਵਸੂਲ ਕੀਤਾ। ਫਿਰ ਦੱਖਣ ਵੱਲ ਕੁੜਿਨਪੁਰ ਦੇ ਰੁਕਮੀ ਨਾਲ ਯੁੱਧ ਕੀਤਾ ਅਤੇ ਉਸ ਨੂੰ ਹਰਾ ਕੇ ਆਪਣੇ ਨਾਲ ਲੈ ਲਿਆ। ਪਾਂਡਯ, ਸ਼ੈਲ, ਕੇਰਲ ਅਤੇ ਨੀਲ ਪ੍ਰਦੇਸ਼ ਜਿੱਤ ਕੇ ਕਰ ਪ੍ਰਾਪਤ ਕੀਤਾ। ਫਿਰ ਸ਼ੈਸ਼ੂਪਾਲੀ ਨੂੰ ਜਿੱਤ ਕੇ ਪਾਰਸ਼ ਅਤੇ ਅਵੰਤੀ ਪ੍ਰਦੇਸ਼ ਦੇ ਸਾਰੇ ਰਾਜਿਆਂ ਨੂੰ ਜਿੱਤਿਆ ਅਤੇ ਇਸ ਤੋਂ ਬਾਅਦ ਇਹ ਪੱਛਮ ਵੱਲ ਗਿਆ ਉਥੇ ਯਵਨ ਅਤੇ ਬਰਬਰਾਂ ਨੂੰ ਜਿੱਤ ਕੇ ਇਸ ਨੇ ਕਰ ਲਿਆ। ਇੰਜ ਸਾਰੇ ਪਾਸੇ ਜਿੱਤਾਂ ਪ੍ਰਾਪਤ ਕਰ ਕੇ ਇਸ ਨੇ ਮਲੇਛ, ਅਰਣਵਾਸੀ ਅਤੇ ਪਰਬਤ ਵਾਸੀ ਰਾਜਾ, ਭਦਰ, ਰੋਹਿਤਕ, ਆਗ੍ਰੇ, ਮਾਲਵ ਆਦਿ ਨੂੰ ਹਰਾਇਆ। ਫਿਰ ਸਸਕ ਅਤੇ ਯਵਨਾ ਨੂੰ ਹਰਾ ਕੇ, ਨਗਨਜਿਤ ਪ੍ਰਭਰਤੀ

ਮਹਾਰਥੀ ਰਾਜਿਆਂ ਨੂੰ ਜਿੱਤਿਆ । ਇਸ ਤਰ੍ਹਾਂ ਸਭ ਨੂੰ ਹਰਾ ਕੇ ਇਹ ਹਸਤਨਾਪੁਰ ਆਇਆ । ਇਹ ਬਹੁਤ ਉਦਾਰ-ਚਿੱਤ ਯੋਧਾ ਸੀ ।

ਮਹਾਂਭਾਰਤ ਦੇ ਯੁੱਧ ਵਿਚ ਕਰਣ ਦਾ ਪੁੱਤਰ ਬ੍ਰਿਸ਼ਸੇਨ ਮਾਰਿਆ ਗਿਆ, ਇਸ ਕਰਕੇ ਇਹ ਬੁਖਲਾ ਕੇ ਗੁੱਸੇ ਵਿਚ ਲੜਨ ਲੱਗਾ ਅਤੇ ਸਾਰੇ ਬ੍ਰਹਮ ਸ਼ਾਸਤਰ ਨੂੰ ਭੁੱਲ ਗਿਆ । ਇਸ ਨੇ ਇਸ ਯੁੱਧ ਵਿਚ ਧਰਮਪੁੱਤਰ ਭੀਮ ਅਤੇ ਨਕੁਲ ਨੂੰ ਹਰਾ ਕੇ ਛੱਡ ਦਿੱਤਾ ਸੀ, ਪਰੰਤੂ ਰਥ ਦਾ ਪਹੀਆ ਫਸ ਜਾਣ ਕਰਕੇ ਇਹ ਅਜਿਹੀ ਹਾਲਤ ਵਿਚ ਅਰਜਨ ਦੇ ਹੱਥੋਂ ਮਾਰਿਆ ਗਿਆ ।

ਹ. ਪੁ.—ਪ੍ਰਾ. ਚਰਿ. ਕੋ. 117 ; ਮ. ਕੋ. 301.

**ਕਰਣਚੇਦੀ :** ਲਗਭਗ 1041 ਈ. ਵਿਚ ਚੇਦੀਸਵਰ ਗਾਂਗੇਦੇਵ ਦੀ ਮੌਤ ਹੋਈ ਅਤੇ ਉਸ ਦਾ ਪੁੱਤਰ ਕਰਣ ਗੱਦੀ ਤੇ ਬੈਠਿਆ । ਪਹਿਲੇ ਸੱਤਾਂ ਵਰ੍ਹਿਆਂ ਵਿਚ ਇਸ ਨੇ ਬਹੁਤ ਦਿਸ਼ਾਵਾਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ । ਪੂਰਬ ਵਿਚ ਇਸ ਨੇ ਬੰਗਾਲ ਦੇ ਰਾਜਾ ਗੋਬਿੰਦਚੰਦਰ ਨੂੰ ਹਰਾਇਆ ਅਤੇ ਉਸ ਦੇ ਸਥਾਨ ਤੇ ਵੀਰ ਵਰਮਾ ਨੂੰ ਬਿਠਾ ਕੇ ਉਸ ਦੇ ਪੁੱਤਰ ਜਾਤ ਵਰਮਾ ਨਾਲ ਆਪਣੀ ਧੀ ਵੀਰ ਸ੍ਰੀ ਦਾ ਵਿਆਹ ਕੀਤਾ । ਦੱਖਣ ਵਿਚ ਕਾਂਚੀ ਪ੍ਰਦੇਸ਼ ਨੂੰ ਇਸ ਨੇ ਲੁੱਟਿਆ । ਇਸ ਨੇ 1048 ਈ. ਤੋਂ ਪਹਿਲਾਂ ਪੱਛਮੀ ਚਾਲੂਕੀਆ ਰਾਜਾ ਸੋਮੇਸ਼ਵਰ ਪਹਿਲੇ ਅਤੇ ਗੁਜਰਾਤ ਦੇ ਰਾਜਾ ਭੀਮ ਦੇਵ ਪਹਿਲੇ ਉਤੇ ਵੀ ਹਮਲੇ ਕੀਤੇ ।

ਸੰਨ 1048 ਤੋਂ ਪਿੱਛੋਂ ਇਸ ਨੇ ਕੇਵਲ ਜਿੱਤਾਂ ਹੀ ਪ੍ਰਾਪਤ ਨਹੀਂ ਕੀਤੀਆਂ ਸਗੋਂ ਆਪਣੇ ਰਾਜ ਨੂੰ ਚਾਰੇ ਪਾਸੇ ਫੈਲਾਇਆ । ਮਾਲਵੇ ਵਿਚ ਉਸ ਸਮੇਂ ਪ੍ਰਮਾਰ ਰਾਜਾ ਭੋਜ ਪਹਿਲੇ ਦਾ ਰਾਜ ਸੀ । ਉਸ ਦੇ ਹੱਥੋਂ ਹੋਈ ਆਪਣੇ ਬਾਪ ਦੀ ਹਾਰ ਦਾ ਬਦਲਾ ਲੈਣ ਲਈ ਇਸ ਨੇ ਗੁਜਰਾਤ ਦੇ ਰਾਜੇ ਭੀਮਦੇਵ ਨਾਲ ਮਿਲ ਕੇ ਮਾਲਵੇ ਉਤੇ ਪੂਰਬ ਅਤੇ ਪੱਛਮ ਦੋਹਾਂ ਪਾਸਿਆਂ ਤੋਂ ਹਮਲਾ ਕਰ ਦਿਤਾ । ਭੋਜ ਦੀ ਇਸੇ ਸਮੇਂ ਮੌਤ ਹੋਈ । ਇਸ ਦਾ ਲਾਭ ਇਸ ਨੇ ਪੂਰੀ ਤਰ੍ਹਾਂ ਉਠਾਇਆ । ਇਸ ਨੇ ਮਾਲਵੇ ਦੀ ਬਹੁਤ ਸਾਰੀ ਜ਼ਮੀਨ ਆਪਣੇ ਕਬਜ਼ੇ ਵਿਚ ਕਰ ਲਈ । ਸੰਨ 1051 ਦੇ ਲਗਭਗ ਇਸ ਨੇ ਚੰਦੇਲ ਰਾਜਾ ਦੇਵ ਵਰਮਾ ਨੂੰ ਵੀ ਹਰਾਇਆ ਅਤੇ ਜਿਝੌਤੀ ਨੂੰ ਆਪਣੇ ਰਾਜ ਵਿਚ ਮਿਲਾਇਆ । ਉੱਤਰ-ਪੱਛਮੀ ਬੰਗਾਲ ਵਿਚ ਗੌੜਾਧਿਪਤੀ ਵਿਗ੍ਰਹਪਾਲ ਤੀਜਾ ਇਸ ਤੋਂ ਹਾਰਿਆ, ਪਰੰਤੂ ਉਸ ਨੇ ਆਪਣੀ ਧੀ ਦਾ ਵਿਆਹ ਇਸ ਨਾਲ ਕਰ ਕੇ ਮਿਤਰਤਾ ਪਾ ਲਈ । ਸੰਨ 1052 ਵਿਚ ਭਾਰਤ ਦੀ ਬਹੁਤ ਸਾਰੀ ਭੂਮੀ ਇਸ ਦੇ ਕਬਜ਼ੇ ਵਿਚ ਸੀ ਅਤੇ ਆਲੇ-ਦੁਆਲੇ ਦੇ ਰਾਜੇ ਇਸ ਨਾਲ ਮੇਲ ਵਧਾਉਣ ਵਿਚ ਮਾਣ ਸਮਝਦੇ ਹਨ ।

ਬੁਢਾਪੇ ਵਿਚ ਆ ਕੇ ਇਸ ਦੀ ਸ਼ਕਤੀ ਬਹੁਤ ਹੱਦ ਤੱਕ ਘੱਟ ਗਈ । ਸਾਰੇ ਜਿੱਤੇ ਇਲਾਕੇ ਇਸ ਦੀ ਇਸ ਤੋਂ ਬਾਅਦ ਖੁੱਸ ਗਏ । ਇਸ ਨੇ ਫਿਰ ਇਕ ਵਾਰ ਮਾਲਵੇ ਨੂੰ ਹਰਾਇਆ, ਪਰ ਬਹੁਤੀ ਦੇਰ ਕਾਬਜ਼ ਨਾ ਰਹਿ ਸਕਿਆ । ਸੰਨ 1073 ਵਿਚ ਉਦੈਦਿੱਤ ਪਰਮਾਰ ਤੋਂ ਹਾਰਨ ਪਿੱਛੋਂ ਕੁਝ ਸਮੇਂ ਬਾਅਦ ਹੀ ਇਸ ਨੇ ਰਾਜ ਛੱਡ ਕੇ ਆਪਣੇ ਪੁੱਤਰ ਯਸ਼ ਕਰਣ ਨੂੰ ਗੱਦੀ ਤੇ ਬਿਠਾ ਦਿੱਤਾ ।

ਇਹ ਕਲਚੁਰੀ ਵੰਸ਼ ਦਾ ਸਭ ਤੋਂ ਪ੍ਰਤਾਪੀ ਰਾਜਾ ਸੀ । ਇਹ ਕੇਵਲ ਯੋਧਾ ਹੀ ਨਹੀਂ ਸੀ, ਸਗੋਂ ਭਾਰਤੀ ਸੰਸਕ੍ਰਿਤੀ ਦਾ ਵੀ ਪਾਲਕ ਸੀ । ਕਾਂਸ਼ੀ ਵਿਚ ਇਸ ਨੇ ਇਕ ਮੰਦਰ ਬਣਵਾਇਆ । ਪ੍ਰਯਾਗ ਵਿਚ ਕਰਣ ਤੀਰਥ ਦਾ ਨਿਰਮਾਣ ਕੀਤਾ, ਵਿਦਵਾਨ ਬ੍ਰਾਹਮਣਾਂ ਲਈ ਕਰਣਾਵਤੀ ਨਾਮਕ ਪਿੰਡ ਵਸਾਇਆ ਅਤੇ ਕਾਂਸ਼ੀ ਨੂੰ ਆਪਣੀ ਰਾਜਧਾਨੀ ਬਣਾਇਆ । ਬਹੁਤ ਦਾਨੀ ਹੋਣ ਕਰਕੇ ਇਸ ਨੇ ਆਪਣੇ ਨਾਂ ਨੂੰ ਸਾਰਥਕ ਬਣਾਇਆ । ਇਸ ਦੇ ਦਰਬਾਰ ਵਿਚ ਅਨੇਕ ਕਵੀਆਂ ਵਿਚੋਂ ਵੱਲਣ ਨਾਚੀਰਾਜ, ਕਰਪੂਰ, ਵਿਦਿਆਪਤੀ ਅਤੇ ਕਨਕਾਮਰ, ਦੇ ਨਾਂ ਵਰਣਨ-ਯੋਗ ਹਨ । ਕਸ਼ਮੀਰੀ ਕਵੀ ਵਿਲਹਣ ਦਾ ਵੀ ਇਸ ਨੇ ਸਨਮਾਨ ਕੀਤਾ ।

ਹ. ਪੁ.—ਹਿੰ. ਵਿ. ਕੋ. 2 : 364

**ਕਰਣਵੇਧ :** ਹਿੰਦੂ ਮੱਤ ਅਨੁਸਾਰ ਇਹ ਕੰਨ ਵਿੰਨ੍ਹਣ ਦਾ ਇਕ ਸੰਸਕਾਰ ਹੈ, ਜੋ ਜਨਮ ਦੇ ਛੇਵੇਂ ਮਹੀਨੇ ਤੋਂ ਲੈ ਕੇ ਸੋਲ੍ਹਵੇਂ ਮਹੀਨੇ ਤਕ ਕੀਤਾ ਜਾਂਦਾ ਹੈ । ਇਸ ਮੱਤ ਅਨੁਸਾਰ ਬ੍ਰਾਹਮਣ ਅਤੇ ਵੈਸ਼ ਦਾ ਕੰਨ ਚਾਂਦੀ ਦੀ ਸਲਾਈ ਨਾਲ, ਖੱਤਰੀ ਦਾ ਸੋਨੇ ਦੀ ਸੂਈ ਨਾਲ ਅਤੇ ਸੂਦ੍ਰ ਦਾ ਲੋਹੇ ਦੇ ਸੂਏ ਨਾਲ ਵਿੰਨ੍ਹਿਆ ਜਾਂਦਾ ਹੈ । ਸਿੱਖ ਧਰਮ ਵਿਚ ਨੱਕ ਅਤੇ ਕੰਨ ਵਿੰਨ੍ਹਣੇ ਮਨ੍ਹਾ ਹਨ ।

ਹ. ਪੁ.—ਮ. ਕੋ.

**ਕਰਤੱਵ ਅਤੇ ਅਧਿਕਾਰ :** ਸੀ. ਡੀ. ਬਰਨਸ ਦਾ ਕਥਨ ਹੈ ਕਿ ਫਰਾਂਸ ਦੀ ਕਰਾਂਤੀ ਨੇ ਕੋਈ ਦਾਨ ਨਹੀਂ ਮੰਗਿਆ, ਉਸਨੇ ਮਨੁੱਖ ਦੇ ਅਧਿਕਾਰਾਂ ਦੀ ਮੰਗ ਹੀ ਕੀਤੀ ਸੀ । ਅਧਿਕਾਰ ਇਕ ਅਜਿਹਾ ਅਵਸਰ ਹੈ ਜੋ ਮਨੁੱਖ ਦੇ ਵਿਕਾਸ ਲਈ ਅਤਿ ਜ਼ਰੂਰੀ ਹੈ । ਇਹ ਵਿਅਕਤੀ ਦੀ ਉਹ ਮੰਗ ਹੈ ਜਿਸਨੂੰ ਸਮਾਜ, ਰਾਜ ਅਤੇ ਕਾਨੂੰਨ ਸਦਾਚਾਰਕ ਮਾਨਤਾ ਦਿੰਦੇ ਹਨ ਅਤੇ ਇਸਦੀ ਰੱਖਿਆ ਕਰਨਾ ਰਾਜ ਆਪਣਾ ਪਰਮ ਧਰਮ ਸਮਝਦਾ ਹੈ । ਅਧਿਕਾਰ ਉਹ ਅਵਸਰ ਜਾਂ ਮੌਕੇ ਹਨ ਜਿਹੜੇ ਮਨੁੱਖ ਦੇ ਵਿਅਕਤਿਤੱਵ ਦੇ ਉਚਤਮ ਵਿਕਾਸ ਲਈ ਜ਼ਰੂਰੀ ਹੁੰਦੇ ਹਨ । ਇਨ੍ਹਾਂ ਨੂੰ ਸਮਾਜ ਇਸੇ ਕਰਕੇ ਸਵੀਕਾਰ ਕਰਦਾ ਹੈ ਅਤੇ ਰਾਜ ਇਸੇ ਉਦੇਸ਼ ਨਾਲ ਇਨ੍ਹਾਂ ਦੀ ਰਖਿਆ ਕਰਦਾ ਹੈ । ਅਧਿਕਾਰ ਉਨ੍ਹਾਂ ਕੰਮਾਂ ਦੀ ਸੁਤੰਤਰਤਾ ਦਾ ਬੋਧ ਕਰਾਉਂਦਾ ਹੈ ਜੋ ਵਿਅਕਤੀ ਅਤੇ ਸਮਾਜ ਦੋਹਾਂ ਲਈ ਉਪਯੋਗੀ ਸਿੱਧ ਹੋਣ ।

17ਵੀਂ ਅਤੇ 18ਵੀਂ ਸਦੀ ਦੇ ਯੂਰਪੀ ਸਿਆਸਤਦਾਨਾਂ ਦਾ ਇਹ ਅੱਟਲ ਵਿਸ਼ਵਾਸ਼ ਸੀ ਕਿ ਮਨੁੱਖ ਦੇ ਅਧਿਕਾਰ ਉਸਦੇ ਜਨਮ ਤੋਂ ਹੀ ਉਸਦੇ ਸੁਭਾਅ ਵਿਚ ਹੁੰਦੇ ਹਨ । ਇਹ ਅਧਿਕਾਰ ਉਸ ਸਮੇਂ ਵੀ ਮੌਜੂਦ ਸਨ ਜਦੋਂ ਅਜੇ ਸਮਾਜ ਦੀ ਸਥਾਪਨਾ ਵੀ ਨਹੀਂ ਹੋਈ ਸੀ । ਏਥਨਜ਼ ਦੇ ਮਹਾਨ ਵਿਦਵਾਨ ਅਰਸਤੂ ਦਾ ਵੀ ਇਹੀ ਵਿਚਾਰ ਸੀ । ਸੰਨ 1789 ਵਿਚ ਫਰਾਂਸ ਦੀ ਕਰਾਂਤੀ ਤੋਂ ਪਿਛੋਂ ਫਰਾਂਸ ਦੀ ਰਾਸ਼ਟਰੀ ਸਭਾ ਨੇ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਕੀਤੀ । ਜਿਹੜੇ ਬੁਨਿਆਦੀ ਤੱਤਾਂ ਨੂੰ ਲੈ ਕੇ ਫਰਾਂਸ ਨੇ ਕਰਾਂਤੀ ਵਲ ਕਦਮ ਉਠਾਇਆ ਸੀ ਉਨ੍ਹਾਂ ਸਾਰੇ ਤੱਤਾਂ ਨੂੰ ਇਸ ਘੋਸ਼ਣਾ ਵਿਚ ਸ਼ਾਮਲ ਕੀਤਾ ਗਿਆ । ਇਸੇ ਘੋਸ਼ਣਾ ਦੇ ਫਲਸਰੂਪ ਫਰਾਂਸ ਦੇ ਸਮਾਜਕ, ਰਾਜਨੀਤਕ ਅਤੇ ਮਨੋ-ਵਿਗਿਆਨਕ ਜੀਵਨ ਵਿਚ ਪਰਿਵਰਤਨ ਹੋਇਆ । ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਦਾ ਪ੍ਰਭਾਵ ਆਧੁਨਿਕ ਸੰਵਿਧਾਨਾਂ ਤੇ ਸਪਸ਼ਟ ਹੀ ਹੈ । ਯੂਰਪੀ ਜੀਵਨ, ਵਿਚਾਰ, ਇਤਿਹਾਸ ਅਤੇ ਦਰਸ਼ਨ ਤੇ ਇਸ ਘੋਸ਼ਣਾ ਦੀ ਅਮਿੱਟ ਛਾਪ ਹੈ । ਇਸ ਘੋਸ਼ਣਾ ਵਿਚ ਹਰੇਕ ਮਨੁੱਖ ਲਈ ਸੁਤੰਤਰਤਾ, ਸੰਪਤੀ ਸੁਰੱਖਿਆ ਅਤੇ ਅਤਿਆਚਾਰਾਂ ਦਾ ਵਿਰੋਧ ਕਰਨ ਦੇ ਅਧਿਕਾਰ ਨੂੰ ਬੁਨਿਆਦੀ ਅਧਿਕਾਰਾਂ ਦੀ ਮਾਨਤਾ ਦਿਤੀ ਗਈ ਹੈ ਸਮਾਜਵਾਦੀ ਦਰਸ਼ਨ ਨੇ ਇਨ੍ਹਾਂ ਅਧਿਕਾਰਾਂ ਦਾ ਖੇਤਰ ਹੋਰ ਵੀ ਵਿਸਤ੍ਰਿਤ ਕਰ ਦਿਤਾ ਹੈ । ਸੋਵੀਅਤ ਸੰਘ ਨੇ ਆਪਣੇ ਸਮਾਜਕ ਅਧਿਕਾਰਾਂ ਵਿਚ ਇਨ੍ਹਾਂ ਅਧਿਕਾਰਾਂ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ । ਸੰਨ 1946 ਵਿਚ ਜਦ ਫਰਾਂਸ ਨੇ ਆਪਣੇ ਸੰਵਿਧਾਨ ਦੀ ਰਚਨਾ ਕੀਤੀ ਤਾਂ ਇਨ੍ਹਾਂ ਸਰੇਸ਼ਟ ਅਧਿਕਾਰਾਂ ਨੂੰ ਸਥਾਨ ਦਿੰਦੇ ਹੋਏ ਉਸਨੇ ਹੋਰ ਵੀ ਨਵੇਂ ਸਮਾਜਕ ਅਧਿਕਾਰਾਂ ਨੂੰ ਉਸ ਵਿਚ ਸ਼ਾਮਿਲ ਕਰ ਦਿਤਾ । ਅੱਜਕਲ੍ਹ ਸਾਰੇ ਸੰਵਿਧਾਨਾਂ ਵਿਚ ਇਨ੍ਹਾਂ ਅਧਿਕਾਰਾਂ ਦਾ ਜ਼ਿਕਰ ਹੈ । ਨਾਗਰਿਕ ਦੇ ਬੁਨਿਆਦੀ ਅਧਿਕਾਰਾਂ ਵਿਚ ਇਨ੍ਹਾਂ ਦੀ ਗਿਣਤੀ ਕੀਤੀ ਜਾਂਦੀ ਹੈ । ਅੱਜ ਜਾਤੀ ਅਤੇ ਨਰ ਨਾਰੀ ਦੀ ਸਮਾਨਤਾ ਦਾ ਯੁੱਗ ਹੈ । ਸੰਯੁਕਤ ਰਾਸ਼ਟਰ ਸੰਘ ਨੇ ਵੀ ਇਨ੍ਹਾਂ ਮਨੁੱਖੀ ਅਧਿਕਾਰਾਂ ਦੀ ਮਨੋਵਿਗਿਆਨਕ ਪਿੱਠ-ਭੂਮੀ ਤੇ ਇਕ ਵਿਸਤ੍ਰਿਤ ਸੂਚੀ ਬਣਾਈ ਹੈ । ਨਾਗਰਿਕ ਅਧਿਕਾਰਾਂ ਦੇ ਸਬੰਧ ਵਿਚ ਬਦਲਦੀ ਹੋਈ ਸਮਾਜਕ ਅਤੇ ਰਾਜਨੀਤਕ ਪ੍ਰਕ੍ਰਿਆ ਦੀ ਛਾਪ ਉਸ ਉਤੇ ਸਪਸ਼ਟ ਹੈ । 10 ਦਸੰਬਰ, 1948 ਨੂੰ ਸੰਯੁਕਤ ਰਾਸ਼ਟਰ ਸੰਘ ਨੇ ਆਪਣੀ ਸਭਾ ਵਿਚ ਸਾਰੀ ਦੁਨੀਆ ਦੇ ਮਨੁੱਖੀ ਅਧਿਕਾਰਾਂ ਦਾ

ਐਲਾਨ ਕੀਤਾ । ਇਹ ਸੂਚੀ 48 ਮੈਂਬਰ ਰਾਜਾਂ ਦੇ ਬਹੁਮੱਤ ਨਾਲ ਪਾਸ ਕੀਤੀ ਗਈ ।

ਕਰਤੱਵ ਸ਼ਬਦ ਦਾ ਅਰਥ ਉਨ੍ਹਾਂ ਕੰਮਾਂ ਤੋਂ ਹੈ ਜਿਨ੍ਹਾਂ ਦੇ ਕਰਨ ਲਈ ਵਿਅਕਤੀ ਸਦਾਚਾਰਕ ਤੌਰ ਤੇ ਬੰਨ੍ਹਿਆ ਹੁੰਦਾ ਹੈ । ਇਸ ਸ਼ਬਦ ਤੋਂ ਇਹ ਪਤਾ ਲਗਦਾ ਹੈ ਕਿ ਵਿਅਕਤੀ ਕਿਸੇ ਕੰਮ ਨੂੰ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ । ਕਰਤੱਵ ਸ਼ਬਦ ਵਿਚ 'ਕਰਮ' ਅਤੇ 'ਦਾਨ' ਇਨ੍ਹਾਂ ਦੋ ਭਾਵਨਾਵਾਂ ਦਾ ਮਿਸ਼ਰਣ ਹੈ । ਕਰਤੱਵ ਮਨੁੱਖ ਦੇ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦੀ ਜ਼ਿੰਮੇਵਾਰੀ ਲਈ ਦੂਸਰਾ ਸ਼ਬਦ ਹੈ । ਕਰਤੱਵ ਵੀ ਦੋ ਪ੍ਰਕਾਰ ਦੇ ਹੁੰਦੇ ਹਨ ; ਇਕ ਕਾਨੂੰਨੀ ਅਤੇ ਦੂਸਰੇ ਸਦਾਚਾਰਕ । ਸਦਾਚਾਰਕ ਕਰਤੱਵ ਉਹ ਹੁੰਦੇ ਹਨ ਜਿਨ੍ਹਾਂ ਦਾ ਸਬੰਧ ਮਨੁੱਖਤਾ ਦੀ ਨੈਤਿਕ ਭਾਵਨਾ ਅੰਤਹਕਰਣ ਦੀ ਪ੍ਰੇਰਨਾ ਨਾਲ ਹੁੰਦਾ ਹੈ । ਇਸ ਸ਼੍ਰੇਣੀ ਦੇ ਕਰਤੱਵਾਂ ਦੀ ਸੁਰੱਖਿਆ ਰਾਜ ਦੁਆਰਾ ਨਹੀਂ ਹੁੰਦੀ । ਜੇਕਰ ਮਨੁੱਖ ਇਨ੍ਹਾਂ ਕਰਤੱਵਾਂ ਦਾ ਪਾਲਣ ਨਹੀਂ ਕਰਦਾ ਤਾਂ ਉਸਦਾ ਅੰਤਹਕਰਣ ਉਸਨੂੰ ਫਿਟਕਾਰ ਪਾਉਂਦਾ ਹੈ ਜਾਂ ਸਮਾਜ ਉਸਦੀ ਨਿੰਦਾ ਕਰ ਸਕਦਾ ਹੈ ਪਰੰਤੂ ਰਾਜ ਇਨ੍ਹਾਂ ਕਰਤੱਵਾਂ ਨੂੰ ਪਾਲਣ ਲਈ ਮਨੁੱਖ ਨੂੰ ਮਜਬੂਰ ਨਹੀਂ ਕਰ ਸਕਦਾ । ਕਾਨੂੰਨੀ ਕਰਤੱਵ ਉਹ ਹਨ ਜਿਨ੍ਹਾਂ ਦੇ ਪਾਲਣ ਨਾ ਕਰਨ ਕਰਕੇ ਨਾਗਰਿਕ ਰਾਜ ਦੁਆਰਾ ਮਿਲੇ ਦੰਡ ਦਾ ਭਾਗੀ ਹੁੰਦਾ ਹੈ । ਇਨ੍ਹਾਂ ਕਰਤੱਵਾਂ ਦਾ ਅਧਿਐਨ ਰਾਜਨੀਤੀ ਸ਼ਾਸਤਰ ਵਿਚ ਹੁੰਦਾ ਹੈ । ਹਿੰਦੂ ਰਾਜਨੀਤੀ ਸ਼ਾਸਤਰ ਵਿਚ ਅਧਿਕਾਰਾਂ ਦਾ ਵਰਣਨ ਨਹੀਂ ਹੈ ਉਸ ਵਿਚ ਕਰਤੱਵਾਂ ਦਾ ਹੀ ਜ਼ਿਕਰ ਹੈ ।

ਅਧਿਕਾਰ ਅਤੇ ਕਰਤੱਵ ਦਾ ਬੜਾ ਨੇੜੇ ਦਾ ਸਬੰਧ ਹੈ । ਅਧਿਕਾਰ ਅਤੇ ਕਰਤੱਵ ਸਚਮੁੱਚ ਇਕੋ ਤਸਵੀਰ ਦੇ ਦੋ ਪਾਸੇ ਹਨ । ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਉਸ ਵਿਅਕਤੀ ਦਾ ਉਸ ਵਸਤੂ ਤੇ ਅਧਿਕਾਰ ਹੈ, ਤਾਂ ਇਸ ਦਾ ਦੂਸਰਾ ਅਰਥ ਇਹ ਵੀ ਹੁੰਦਾ ਹੈ ਕਿ ਹੋਰਨਾਂ ਵਿਅਕਤੀਆ ਦਾ ਕਰਤੱਵ ਹੈ ਕਿ ਉਹ ਉਸ ਵਸਤੂ ਤੇ ਆਪਣਾ ਅਧਿਕਾਰ ਨਾ ਸਮਝਣ । ਜਦੋਂ ਅਸੀਂ ਇਹ ਸਮਝਦੇ ਹਾਂ ਕਿ ਸਮਾਜ ਅਤੇ ਰਾਜ ਵਿਚ ਰਹਿੰਦੇ ਹੋਏ ਸਾਡੇ ਕੁਝ ਅਧਿਕਾਰ ਬਣਦੇ ਹਨ ਤਾਂ ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਮਾਜ ਅਤੇ ਰਾਜ ਵਿਚ ਰਹਿੰਦੇ ਹੋਏ ਸਾਡੇ ਕੁਝ ਕਰਤੱਵ ਵੀ ਹਨ । ਜ਼ਰੂਰੀ ਅਧਿਕਾਰਾਂ ਦਾ ਜ਼ਰੂਰੀ ਕਰਤੱਵਾਂ ਨਾਲ ਨਿੱਤ ਦਾ ਸਬੰਧ ਹੈ ।

ਆਧੁਨਿਕ ਸੰਵਿਧਾਨਾਂ ਵਿਚ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦਾ ਵਰਨਣ ਹੈ ਅਤੇ ਇਹ ਸੰਵਿਧਾਨ ਦੁਆਰਾ ਸੁਰੱਖਿਅਤ ਹਨ । ਮਨੁੱਖ ਦੇ ਜਨਮ, ਜਾਤ ਤੇ ਸੁਤੰਤਰਤਾ ਨੂੰ ਮਾਨਤਾ ਦਿਤੀ ਗਈ ਹੈ । ਸੁਤੰਤਰ ਜੀਵਨ ਜਿਉਣ ਦੇ ਅਧਿਕਾਰਾਂ ਅਤੇ ਮਨੁੱਖ ਦੀ ਸਮਾਨਤਾ ਨੂੰ ਸਵੀਕਾਰ ਕੀਤਾ ਗਿਆ ਹੈ । ਆਧੁਨਿਕ ਸੰਵਿਧਾਨ ਬਣਾਉਣ ਵਾਲਿਆਂ ਨੇ ਨਾਗਰਿਕ ਦੇ ਇਨ੍ਹਾਂ ਬੁਨਿਆਦੀ ਅਧਿਕਾਰਾਂ ਨੂੰ ਸੰਵਿਧਾਨ ਵਿਚ ਮਹੱਤਵਪੂਰਨ ਸਥਾਨ ਦਿੱਤਾ ਹੈ ।

ਹ. ਪੁ.—ਹਿੰ. ਵਿ. ਕੋ. 2 : 365

**ਕਰਤਾਰ ਸਿੰਘ** : ਗੁਰੂ ਕੇ ਬਾਗ ਦੇ ਮੋਰਚੇ ਵਿਚ ਦਲੇਰੀ ਨਾਲ ਨਿਤਰਣ ਵਾਲੇ ਇਸ ਸਿੰਘ ਦਾ ਜਨਮ ਪੰਜਾਬ ਸੂਬੇ (ਪਾਕਿ.) ਦੇ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਕੰਗ ਖਾਸਿਤਪੂਰਾ ਵਿਖੇ ਸੰਨ 1889 ਨੂੰ ਸ੍ਰੀ ਨਿਹਾਲ ਸਿੰਘ ਦੇ ਘਰ ਹੋਇਆ । ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸ਼ਾਮਲ ਹੋਣ ਉਪਰੰਤ ਇਹ 1923-24 ਦੌਰਾਨ ਜੈਤੋ ਦੇ ਮੋਰਚੇ ਵਿਚ ਗਿਆ, ਉਥੇ ਇਸ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਅਤੇ ਨਵੰਬਰ, 1924 ਨੂੰ ਨਾਭੇ ਦੀ ਜੇਲ੍ਹ ਅੰਦਰ ਇਹ ਸਵਰਗਵਾਸ ਹੋ ਗਿਆ ।

**ਕਰਤਾਰ ਸਿੰਘ** : ਇਹ ਜੈਤੋਂ ਦੇ ਮੋਰਚੇ ਵਿਚ ਪੂਰੀ ਨਿਡਰਤਾ ਨਾਲ ਜ਼ੁਲਮ ਦਾ ਸਾਹਮਣਾ ਕਰਨ ਵਾਲੇ ਮਰਜੀਵੜਿਆਂ ਵਿਚੋਂ ਇੱਕ ਸੀ । ਕਰਤਾਰ ਸਿੰਘ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਾਘਾ ਦਾ ਜੰਮਪਲ ਅਤੇ ਸ੍. ਸੰਤਾ ਸਿੰਘ ਦਾ ਸਪੁੱਤਰ ਸੀ । ਅੱਠਵੀਂ ਜਮਾਤ ਪਾਸ ਕਰਨ ਉਪਰੰਤ ਇਸਨੇ ਪੜ੍ਹਾਈ ਛੱਡ ਦਿੱਤੀ ਅਤੇ 1923-24 ਈ. ਦੌਰਾਨ ਮੋਰਚੇ ਵਿਚ ਸ਼ਾਮਲ ਹੋਣ ਲਈ ਜੈਤੋਂ ਜਾ ਪਹੁੰਚਿਆ । ਇਸ ਦੌਰਾਨ ਕਰਤਾਰ ਸਿੰਘ ਪੁਲਸ ਦੇ ਹੱਥ ਆ ਗਿਆ ਅਤੇ ਇਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ । ਕੈਦ ਵਿਚ ਪੁਲਸ ਨੇ ਕਰਤਾਰ ਸਿੰਘ ਨਾਲ ਪੂਰੀ ਬੇਰਹਿਮੀ ਦਾ ਵਰਤਾਉ ਕੀਤਾ ਅਤੇ ਨਾਭੇ ਦੀ ਜੇਲ੍ਹ ਅੰਦਰ ਹੀ 24 ਦਸੰਬਰ, 1924 ਨੂੰ ਇਸ ਨੇ ਸ਼ਹੀਦੀ ਪ੍ਰਾਪਤ ਕੀਤੀ ।

**ਕਰਤਾਰ ਸਿੰਘ** : ਕੌਮ ਦੀ ਅਣਖ ਦਾ ਪਹਿਰੇਦਾਰ ਕਰਤਾਰ ਸਿੰਘ ਬੱਬਰ ਅਕਾਲੀ ਲਹਿਰ ਵਿਚ ਸ਼ਾਮਲ ਹੋਇਆ । ਇਹ ਜ਼ਿਲ੍ਹਾ ਜਲੰਧਰ ਦੇ ਪਿੰਡ ਚੱਕ ਕਲਾਂ ਵਿਖੇ ਸਰਦਾਰ ਹਰਨਾਮ ਸਿੰਘ ਦੇ ਘਰ ਪੈਦਾ ਹੋਇਆ । ਮੈਟ੍ਰਿਕ ਪਾਸ ਕਰਨ ਉਪਰੰਤ ਇਹ ਫ਼ੌਜ ਵਿਚ ਭਰਤੀ ਹੋਇਆ । ਕੌਮੀ ਅਣਖ ਦਾ ਜਜ਼ਬਾ ਇਸ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ ਅਤੇ ਇਸੇ ਜਜ਼ਬੇ ਅਧੀਨ ਇਸ ਨੇ ਫ਼ੌਜ ਵਿਚ ਨੌਕਰੀ ਕਰਦਿਆਂ ਵੀ ਸਰਕਾਰੀ ਪਾਲਿਸੀ ਦੇ ਬਰਖਿਲਾਫ਼ ਆਪਣੇ ਲਿਖੇ ਕਈ ਲੇਖ 'ਕਿਰਤੀ' ਰਸਾਲੇ ਵਿਚ ਛਪਵਾਏ । ਇਸ ਕਰਕੇ ਇਸ ਨੂੰ ਨੌਕਰੀ ਵਿਚੋਂ ਕੱਢ ਦਿਤਾ ਗਿਆ । ਇਸ ਉਪਰੰਤ ਇਸ ਨੇ ਬੱਬਰ ਅਕਾਲੀ ਲਹਿਰ ਵਿਚ ਹਿੱਸਾ ਲਿਆ ਅਤੇ ਇਸੇ ਦੌਰਾਨ ਇਕ ਪੁਲਸ ਦੇ ਸੂਹੀਏ ਨੂੰ ਮਾਰ ਦਿੱਤਾ । ਇਸ ਕਸੂਰ ਬਦਲੇ ਇਸ ਨੂੰ ਗ੍ਰਿਫ਼ਤਾਰ ਕਰਕੇ ਮੌਤ ਦੀ ਸਜ਼ਾ ਹੋਈ । 10 ਅਗਸਤ, 1938 ਨੂੰ ਜਲੰਧਰ ਵਿਖੇ ਜੇਲ੍ਹ ਅੰਦਰ ਇਸ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ।

**ਕਰਤਾਰ ਸਿੰਘ ਝੱਬਰ** : ਅਕਾਲੀ ਲਹਿਰ ਦੇ ਇਸ ਨਾਮਵਰ ਅਤੇ ਬਹਾਦਰ ਸਿੱਖ ਨੇਤਾ ਦਾ ਜਨਮ ਸੰਨ 1874 ਵਿਚ ਸ਼ੇਖੂਪੁਰਾ ਜ਼ਿਲ੍ਹੇ (ਪਾਕਿਸਤਾਨ) ਦੇ ਪਿੰਡ ਝੱਬੀਆਂ ਵਿਖੇ ਹੋਇਆ । ਇਸ ਦੇ ਪਿਤਾ ਦਾ ਨਾਂ ਸਰਦਾਰ ਤੇਜਾ ਸਿੰਘ ਸੀ ਜੋ ਇਕ ਰੱਜਿਆ ਪੁੱਜਿਆ ਵਿਰਕ ਜੱਟ ਸੀ । ਪਿੰਡ ਵਿਚ ਪੜ੍ਹਾਈ ਦੀਆਂ ਸਹੂਲਤਾਂ ਨਾ ਹੋਣ ਕਾਰਨ ਇਸਨੂੰ ਪਿੰਡ ਦੇ ਗੁਰਦੁਆਰੇ ਵਿਚ ਹੀ ਪੜ੍ਹਨ ਲਈ ਭੇਜਿਆ ਗਿਆ ਅਤੇ ਥੋੜ੍ਹੇ ਚਿਰ ਵਿਚ ਹੀ ਇਹ ਗੁਰਮੁਖੀ ਸਿਖ ਗਿਆ । ਪਰ ਪਿੱਛੋਂ ਆਪਣੇ ਹੀ ਉਪਰਾਲਿਆਂ ਨਾਲ ਇਹ ਗੁਰਮਤ ਵਿਦਿਆਲਾ ਅੰਮ੍ਰਿਤਸਰ ਵਿਚ ਦਾਖ਼ਲ ਹੋ ਗਿਆ ਅਤੇ ਇਸ ਨੂੰ ਸਿੱਖ ਸਾਹਿਤ ਦਾ ਵੀ ਕਾਫੀ ਗਿਆਨ ਹੋ ਗਿਆ । ਵਿਦਿਆਲੇ ਦੀ ਸਿੱਖਿਆ ਨੇ ਇਸ ਨੂੰ ਇਕ ਪ੍ਰਭਾਵਸ਼ਾਲੀ ਬੁਲਾਰਾ ਅਤੇ ਵਧੀਆ ਲੇਖਕ ਬਣਾ ਦਿਤਾ । ਇਸ ਤੋਂ ਪਿੱਛੋਂ ਇਹ ਲਹੌਰ ਵਿਚ ਹੀ ਰਹਿਣ ਲੱਗ ਪਿਆ ਅਤੇ ਇਥੇ ਰਹਿੰਦਿਆਂ ਇਹ ਸ਼ਹਿਰ ਅਤੇ ਪਿੰਡਾਂ ਵਿਚ ਸਿੱਖ ਧਰਮ ਦੀਆਂ ਸਿਖਿਆਵਾਂ ਦਾ ਪ੍ਰਚਾਰ ਕਰਨ ਲਗ ਪਿਆ । ਲਹੌਰ ਸ਼ਹਿਰ ਵਿਚ ਇਹ ਸੱਤ ਸਾਲ ਰਿਹਾ । ਸਿੱਖ ਧਰਮ ਤੋਂ ਇਲਾਵਾ ਇਹ ਵਿਦਿਅਕ ਉੱਨਤੀ ਵਿਚ ਵੀ ਦਿਲਚਸਪੀ ਲੈਣ ਲੱਗ ਪਿਆ । ਸੰਨ 1917 ਵਿਚ ਇਸ ਨੇ ਸ਼ੇਖੂਪੁਰਾ ਜ਼ਿਲ੍ਹੇ ਦੇ ਸੱਚਾ ਸੌਦਾ ਨਾਮੀ ਪਿੰਡ ਵਿਚ ਇਕ ਮਿਡਲ ਸਕੂਲ ਚਾਲੂ ਕਰ ਦਿੱਤਾ ।


ਕਰਤਾਰ ਸਿੰਘ 'ਝੱਬਰ'

ਸੰਨ 1914 ਵਿਚ ਰੌਲਟ ਬਿਲ ਵਿਰੁੱਧ ਹੋਏ ਰਾਸ਼ਟਰੀ ਅੰਦੋਲਨ ਅਤੇ 'ਜਲ੍ਹਿਆਂ ਵਾਲਾ ਬਾਗ ਕਾਂਡ' ਨੇ ਇਸ ਨੂੰ ਇਕ ਰਾਸ਼ਟਰਵਾਦੀ ਬਣਾ ਦਿਤਾ । ਇਸ ਨੇ ਕਾਲੇ ਬਿੱਲਾਂ ਵਿਰੁੱਧ ਕੀਤੇ ਗਏ ਮੁਜ਼ਾਹਰਿਆਂ ਵਿਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਸਰਕਾਰ ਦੁਆਰਾ ਕੀਤੇ ਗਏ ਜਬਰ ਵਿਰੁੱਧ ਕਈ ਭਾਸ਼ਨ ਦਿਤੇ । ਸਿੱਟੇ ਵਜੋਂ ਇਸ ਨੂੰ

ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਸ ਉਤੇ ਵਿਖਾਵੇ ਦਾ ਮੁਕੱਦਮਾ ਚਲਾ ਕੇ ਇਸ ਨੂੰ ਮੌਤ ਦੀ ਸਜ਼ਾ ਦਿਤੀ ਗਈ। ਪਰ ਖੁਸ਼ਕਿਸਮਤੀ ਨਾਲ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿਤੀ ਗਈ ਅਤੇ ਇਹ ਸਜ਼ਾ ਭੁਗਤਣ ਲਈ ਇਸ ਨੂੰ ਅੰਡੇਮਾਨ ਦੀਪ ਸਮੂਹ ਵਿਚ ਭੇਜ ਦਿੱਤਾ ਗਿਆ। ਸੰਨ 1920 ਵਿਚ ਸ਼ਾਹੀ ਮੁਆਫੀ ਦੇ ਨਤੀਜੇ ਵਜੋਂ ਇਸਨੂੰ ਜੇਲ੍ਹ ਵਿਚੋਂ ਰਿਹਾ ਕਰ ਦਿਤਾ ਗਿਆ।

ਪੰਜਾਬ ਪਰਤਣ ਤੇ ਵੀ ਸਰਕਾਰ ਇਸ ਦੀਆਂ ਸਰਗਮੀਆਂ ਤੇ ਕਰੜੀ ਨਿਗਾਹ ਰੱਖਣ ਲਗ ਪਈ ਹੁਣ ਇਹ ਪੱਕਾ ਕਾਂਗਰਸੀ ਬਣ ਗਿਆ ਸੀ ਅਤੇ ਹਾਕਮਾਂ ਦੀ ਕਾਫੀ ਨਿੰਦਿਆ ਕਰਨ ਲੱਗ ਪਿਆ।

ਇਸ ਦੀ ਵਧੇਰੇ ਦਿਲਚਸਪੀ ਗੁਰਦੁਆਰਿਆਂ ਨੂੰ ਸੁਧਾਰਨ ਵਿਚ ਸੀ। ਇਹ ਸਿੱਖ ਗੁਰਦੁਆਰਿਆਂ ਦੇ ਕੁਕਰਮੀ ਮਹੰਤਾਂ ਅਤੇ ਪੁਜਾਰੀਆਂ ਦੀਆਂ ਕਰਤੂਤਾਂ ਤੋਂ ਤੰਗ ਆ ਗਿਆ ਅਤੇ ਇਸ ਨੇ ਗੁਰਦੁਆਰਿਆਂ ਨੂੰ ਸਿੱਧਾ ਆਪਣੇ ਕਬਜ਼ੇ ਵਿਚ ਲੈਣ ਸਬੰਧੀ ਇਕ ਧਰਮ-ਯੋਧਿਆਂ ਦਾ ਜਬਰਦਸਤ ਜੱਥਾ ਤਿਆਰ ਕੀਤਾ। ਇਸ ਨੇ ਸ੍ਰੀ ਹਰਮੰਦਿਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ (ਅੰਮ੍ਰਿਤਸਰ), ਬਾਬੇ ਦੀ ਬੇਰ (ਸਿਆਲਕੋਟ), ਪੰਜਾ ਸਾਹਿਬ (ਹਸਨ ਅਬਦਾਲ), ਸੱਚਾ ਸੌਦਾ (ਸ਼ੇਖੂਪੁਰਾ) ਅਤੇ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਵਿਚੋਂ ਮਹੰਤਾਂ ਨੂੰ ਕੱਢਣ ਵਿਚ ਮਹਾਨ ਰੋਲ ਅਦਾ ਕੀਤਾ। ਨਨਕਾਣਾ ਸਾਹਿਬ ਕਾਂਡ ਤੋਂ ਥੋੜ੍ਹਾ ਚਿਰ ਪਿੱਛੋਂ ਹੀ ਇਸ ਨੂੰ ਦੂਜੀ ਵਾਰ ਪੰਜ ਮਹੀਨਿਆਂ ਲਈ ਕੈਦ ਕਰ ਦਿਤਾ ਗਿਆ। ਸਰਕਾਰ ਵਿਰੁੱਧ ਭਾਸ਼ਣ ਦੇਣ ਕਾਰਨ ਸੰਨ 1925 ਵਿਚ ਇਸ ਨੂੰ ਤੀਜੀ ਵਾਰ ਗ੍ਰਿਫ਼ਤਾਰ ਕਰ ਲਿਆ ਗਿਆ ਇਸ ਵਾਰ ਇਸ ਉਤੇ ਬਹੁਤ ਅਤਿਆਚਾਰ ਕੀਤਾ ਗਿਆ ਜਿਸ ਕਰਕੇ ਇਸ ਦੀ ਸਿਹਤ ਵੀ ਕਾਫ਼ੀ ਕਮਜ਼ੋਰ ਹੋ ਗਈ। ਦਸੰਬਰ, 1928 ਤੀਕ ਇਹ ਜੇਲ੍ਹ ਵਿਚ ਬੰਦ ਰਿਹਾ।

ਸੰਨ 1925 ਵਿਚ ਪੁਲਿਸ ਨੇ ਇਸ ਵਿਰੁਧ ਕਤਲ ਦਾ ਇਕ ਝੂਠਾ ਹੀ ਮੁਕੱਦਮਾ ਚਲਾ ਦਿਤਾ ਪਰ ਮਹਾਰਾਜਾ ਪਟਿਆਲਾ ਦੇ ਵਕਤੀ ਦਖਲ ਕਾਰਨ ਇਹ ਫਾਂਸੀ ਤੋਂ ਬਚ ਗਿਆ।

ਗੁਰਦੁਆਰਾ ਐਕਟ-1935 ਦੇ ਪਾਸ ਹੋ ਜਾਣ ਉਪਰੰਤ ਇਹ ਆਪਣੇ ਪਿੰਡ ਵਿਚ ਸ਼ਾਂਤੀ ਦਾ ਜੀਵਨ ਗੁਜ਼ਾਰਨ ਲਗ ਪਿਆ। ਇਥੇ ਇਹ ਮੁੱਖ ਤੌਰ ਤੇ ਧਾਰਮਕ ਕੰਮਾਂ ਵਿਚ ਹੀ ਲੀਨ ਰਿਹਾ। ਫਿਰ ਵੀ ਆਪਣੇ ਭਾਈਚਾਰੇ ਵਿਰੁੱਧ ਉੱਠੀ ਕਿਸੇ ਵੀ ਵੰਗਾਰ ਨੂੰ ਇਹ ਚੁਪ-ਚਾਪ ਨਹੀਂ ਸਹਾਰ ਸਕਦਾ ਸੀ ਅਤੇ ਲੋੜ ਪੈਣ ਸਮੇਂ ਇਹ ਆਪਣਾ ਜੀਵਨ ਵੀ ਵਾਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਸੀ।

ਇਸ ਦੀ ਮੌਤ 20 ਨਵੰਬਰ, 1962 ਨੂੰ ਹਬਰੀ (ਜ਼ਿਲ੍ਹਾ ਕਰਨਾਲ) ਵਿਖੇ ਹੋਈ।

ਹ. ਪੁ.—ਐਮ. ਫ੍ਰੀ. ਫ਼ਾ. ਪੰ. : 149

**ਕਰਤਾਰ ਸਿੰਘ ਦਰਵੇਸ਼ :** ਪੰਜਾਬ ਦੇ ਇਸ ਪ੍ਰਸਿੱਧ ਸੁਤੰਤਰਤਾ ਸੰਗਰਾਮੀਏ ਦਾ ਜਨਮ ਅਕਤੂਬਰ, 1907 ਨੂੰ ਸਰਦਾਰ ਸਦਾ ਸਿੰਘ ਦੇ ਘਰ, ਸੰਗਰੂਰ ਸ਼ਹਿਰ ਵਿਖੇ ਹੋਇਆ।

ਇਹ ਰਾਜ ਹਾਈ ਸਕੂਲ, ਸੰਗਰੂਰ ਵਿਚ ਅਜੇ ਮਸਾਂ ਚੌਦਾਂ ਸਾਲਾਂ ਦਾ ਹੀ ਵਿਦਿਆਰਥੀ ਸੀ ਜਦੋਂ ਅਕਾਲੀਆਂ ਦੀ ਪ੍ਰੇਰਨਾ ਸਦਕਾ ਇਹ ਸਿਆਸੀ ਜੀਵਨ ਵਿਚ ਜਾ ਦਾਖਲ ਹੋਇਆ। 'ਨਾਭਾ ਦਿਵਸ' ਮਨਾਉਣ ਦੇ ਪ੍ਰੋਗਰਾਮਾਂ ਵਿਚ ਇਸ ਨੇ ਸਰਗਰਮੀ ਨਾਲ ਹਿੱਸਾ ਲਿਆ, ਜਿਸ ਕਰਕੇ 9 ਸਤਬਰ, 1923 ਨੂੰ ਇਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਐਪਰ ਛੇਤੀ ਹੀ ਇਸ ਨੂੰ ਰਿਹਾ ਕਰ ਦਿੱਤਾ ਗਿਆ। ਇਸ ਨੇ ਅਕਾਲੀਆ ਦੇ ਇਤਿਹਾਸਕ ਰੋਲ ਸਬੰਧੀ ਅਖ਼ਬਾਰਾਂ ਵਿਚ ਕੁਝ ਉਸਤਤ ਭਰੇ ਲੇਖ ਪ੍ਰਕਾਸ਼ਤ ਕਰਵਾਏ ਜਿਸ ਕਾਰਨ ਉਸ ਸਮੇਂ ਦੀ ਸਰਕਾਰ ਦੇ ਮੁੱਖੀ ਸ੍ਰੀ ਬਿਹਾਰੀ ਲਾਲ ਢੀਂਗਰਾ ਨੇ ਇਸ ਨੂੰ ਸੰਨ 1924 ਵਿਚ ਹਿਰਾਸਤ ਵਿਚ ਲੈ ਲਿਆ।

ਇਸ ਸਮੇਂ ਬਾਬਾ ਖੜਕ ਸਿੰਘ ਜੀ ਨੇ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਦੀ ਜਬਰ ਦੀ ਨੀਤੀ ਅਤੇ ਅਕਾਲੀਆਂ (ਵਿਸ਼ੇਸ਼ ਤੌਰ ਤੇ ਸਰਦਾਰ ਸੇਵਾ ਸਿੰਘ ਜੀ ਠੀਕਰੀਵਾਲਾ) ਵਿਰੁਧ ਅਪਣਾਏ ਵੈਰ-ਭਰੇ ਰਵੱਈਏ ਵਿਰੁੱਧ ਇਕ ਅੰਦੋਲਨ ਦਾ ਬੀੜਾ ਚੁੱਕਿਆ ਸੀ। ਦਰਵੇਸ਼ ਜੀ ਨੇ ਬਾਬਾ ਖੜਕ ਸਿੰਘ ਜੀ ਦਾ ਸੁਆਗਤ ਕੀਤਾ ਜਿਸ ਕਾਰਨ ਇਸ ਨੂੰ ਜਨਵਰੀ, 1929 ਵਿਚ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ।

26 ਜਨਵਰੀ, 1930 ਨੂੰ ਭਾਰਤ ਦੀ ਆਜ਼ਾਦੀ ਦੇ ਐਲਾਨ ਦੀ ਪਹਿਲੀ ਵਰ੍ਹੇ-ਗੰਢ ਸੀ। ਸੰਗਰੂਰ ਵਿਖੇ ਇਹ ਮੌਕਾ ਪਬਲਿਕ ਤੌਰ ਤੇ ਮਨਾਇਆ ਗਿਆ। ਕਰਤਾਰ ਸਿੰਘ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਅਤੇ ਨਤੀਜੇ ਵਜੋਂ ਇਸਨੂੰ ਇਕ ਸਾਲ ਦੀ ਕੈਦ ਹੋਈ। ਬਾਲਾ ਵਾਲੀ ਦੇ ਇਲਾਕੇ ਦੀ ਜ਼ਮੀਨ ਦੀ ਮਲਕੀਅਤ ਮਹਾਰਾਜਾ ਪਟਿਆਲਾ ਤੋਂ ਉਥੋਂ ਦੇ ਜ਼ਿਮੀਦਾਰਾਂ ਨੂੰ ਦਵਾਉਣ ਲਈ ਮਹਾਰਾਜੇ ਵਿਰੁੱਧ ਅਕਾਲੀ ਮੋਰਚਾ ਲਾਇਆ ਜਿਸ ਵਿਚ ਇਸ ਨੇ ਸਰਗਰਮੀ ਨਾਲ ਹਿੱਸਾ ਲਿਆ। ਨਤੀਜੇ ਵਜੋਂ 11 ਜੂਨ, 1931 ਨੂੰ ਇਸ ਨੂੰ ਜੀਂਦ ਰਿਆਸਤ ਦੇ ਹਾਕਮ ਨੇ ਮੁੜ ਗ੍ਰਿਫ਼ਤਾਰ ਕਰ ਲਿਆ। ਜਨਵਰੀ, 1931 ਤੀਕ ਇਸ ਨੂੰ ਨਜ਼ਰਬੰਦ ਹੀ ਰੱਖਿਆ ਗਿਆ। ਸੰਨ 1931 ਦੇ ਪਿਛਲੇ ਹਿੱਸੇ ਵਿਚ ਜੀਂਦ ਰਿਆਸਤ ਵਿਚ ਇਕ ਹੋਰ ਮੋਰਚਾ ਲਾਇਆ ਗਿਆ। ਕਰਤਾਰ ਸਿੰਘ ਨੇ ਇਸ ਮੋਰਚੇ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ ਜਿਸ ਕਰਕੇ ਛੇ ਮਹੀਨਿਆਂ ਲਈ ਨਜ਼ਰਬੰਦ ਕਰ ਦਿੱਤਾ ਗਿਆ।



**ਕਰਤਾਰ ਸਿੰਘ ਦਰਵੇਸ਼**

ਸੰਨ 1931 ਵਿਚ ਜੀਂਦ ਰਿਆਸਤ ਦੇ ਹਾਕਮਾਂ ਨੇ 'ਫੂਲਕੀਆ ਸਟੇਟ ਐਕਟ' ਅਧੀਨ ਇਸਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਇਸ ਵਾਰ ਇਸਨੂੰ ਇਕ ਸਾਲ ਦੀ ਕੈਦ ਦਾ ਦੰਡ ਦਿਤਾ ਗਿਆ।

ਦੂਜੇ ਵਿਸ਼ਵ ਯੁੱਧ ਦੇ ਛਿੜਨ ਤੋਂ ਬਾਅਦ ਅਕਤੂਬਰ, 1940 ਨੂੰ ਜੀਂਦ ਰਿਆਸਤ ਦੇ ਸੁਰੱਖਿਆ ਐਕਟ ਅਧੀਨ ਇਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮਾਰਚ, 1941 ਤੀਕ ਦਾਦਰੀ ਵਿਖੇ ਸਥਾਪਤ ਨਜ਼ਰਬੰਦੀ ਕੈਂਪ ਵਿਚ ਇਸ ਨੂੰ ਬੰਦ ਰਖੀ ਰੱਖਿਆ। ਰਿਹਾ ਹੋਣ ਉਪਰੰਤ ਇਸ ਦੀਆਂ ਹਰਕਤਾਂ ਸੰਗਰੂਰ ਮਿਉਂਸਪਲ ਕਮੇਟੀ ਦੀ ਸੀਮਾਂ ਦੇ ਅੰਦਰ ਹੀ ਸੀਮਤ ਕਰ ਦਿੱਤੀਆਂ ਗਈਆਂ ਅਤੇ ਪੂਰੇ ਇਕ ਸਾਲ ਲਈ ਇਸ ਨੂੰ ਸੰਗਰੂਰ ਪੁਲੀਸ ਸਟੇਸ਼ਨ ਵਿਚ ਦਿਨ ਵਿਚ ਦੋ ਵਾਰ ਹਾਜ਼ਰੀ ਦੇਣ ਸਬੰਧੀ ਹੁਕਮ ਜਾਰੀ ਰਿਹਾ। ਸੰਨ 1943 ਵਿਚ ਰਿਆਸਤੀ ਹਾਕਮਾਂ ਨੇ ਇਸ ਨੂੰ ਸੁਰੱਖਿਆ ਐਕਟ ਜੀਂਦ ਰਿਆਸਤ ਅਧੀਨ ਫਿਰ ਘਸੀਟਿਆ ਅਤੇ ਛੇ ਮਹੀਨਿਆਂ ਦੀ ਕੈਦ ਦੀ ਸਜ਼ਾ ਦਿਤੀ ਗਈ।

ਸੰਨ 1945 ਵਿਚ ਇਹ ਅਕਾਲੀ ਜੱਥਾ, ਸੰਗਰੂਰ ਦਾ ਸਕੱਤਰ ਬਣਿਆ ਅਤੇ ਇਸ ਨੇ ਜੀਂਦ ਰਿਆਸਤ ਦੇ ਪ੍ਰਧਾਨ ਮੰਤਰੀ ਅਤੇ ਅੰਗਰੇਜ਼ਾਂ ਦੇ ਘੰਮਡੀ ਪਿੱਠੂ, ਮਿਸਟਰ ਕੌਲ ਦੀ ਅਨਿਆਂ-ਪੂਰਨ ਅਤੇ ਅਤਿਆਚਾਰੀ ਹਕੂਮਤ ਵਿਰੁੱਧ ਅੰਦੋਲਨ ਦੀ ਅਗਵਾਈ ਕੀਤੀ। ਨਤੀਜੇ ਵਜੋਂ ਇਸ ਨੂੰ ਫਿਰ ਨਜ਼ਰਬੰਦ ਕਰ ਲਿਆ ਗਿਆ।

ਆਜ਼ਾਦੀ ਤੋਂ ਪਿਛੋਂ ਇਸ ਨੇ ਸੰਗਰੂਰ ਵਿਚ ਸੰਤ ਅਤਰ ਸਿੰਘ ਪ੍ਰਿੰਟਿੰਗ ਪ੍ਰੈਸ ਸਥਾਪਤ ਕੀਤੀ ਅਤੇ ਆਪਣੇ ਸਪਤਾਹਿਕ ਅਖ਼ਬਾਰ ਰਾਹੀਂ ਪੰਜਾਬੀ ਪੱਤਰਕਾਰੀ ਦੀ ਵਡਮੁੱਲੀ ਸੇਵਾ ਕੀਤੀ। ਅੱਜਕਲ੍ਹ ਇਹ ਗੁਰੂ ਨਾਨਕ ਗਰਲਜ਼ ਹਾਈ ਸਕੂਲ ਸੰਗਰੂਰ ਦਾ ਪੈਟਰਨ ਅਤੇ ਗੁਰਦੁਆਰਾ ਸਿੰਘ ਸਭਾ ਸੰਗਰੂਰ ਦਾ ਸਰਕਾਰ ਦਾ ਮੈਂਬਰ ਹੈ ਅਤੇ ਸਮਾਜ ਸੇਵਾ ਕਾਰਜਾਂ ਵਿਚ ਰੁੱਝਿਆ ਹੋਇਆ ਹੈ।

ਹ. ਪੁ.—ਐਮ. ਫ੍ਰੀ. ਫ਼ਾ. ਪੰ. : 146

**ਕਰਤਾਰਪੁਰ (ਪਾਕਿਸਤਾਨ)** : ਇਹ ਪੱਛਮੀ ਪੰਜਾਬ (ਪਾਕਿਸਤਾਨ) ਦਾ ਇਕ ਇਤਿਹਾਸਕ ਸ਼ਹਿਰ ਹੈ ਜੋ ਬਟਾਲੇ ਤੋਂ ਲਗਭਗ 33 ਕਿ. ਮੀ. ਦੀ ਦੂਰੀ ਉਤੇ ਸਥਿਤ ਹੈ। ਇਹ ਉੱਤਰੀ-ਪੱਛਮੀ ਰੇਲ ਲਾਈਨ ਜੋ ਅੰਮ੍ਰਿਤਸਰ ਤੋਂ ਡੇਰਾ ਬਾਬਾ ਨਾਨਕ ਨੂੰ ਜਾਂਦੀ ਸੀ, ਦਾ ਇਕ ਸਟੇਸ਼ਨ ਹੁੰਦਾ ਸੀ। ਅੰਮ੍ਰਿਤਸਰ ਤੋਂ ਇਹ ਲਗਭਗ 66 ਕਿ. ਮੀ. ਦੀ ਦੂਰੀ ਤੇ ਵਕਿਆ ਹੈ। ਇਹ ਨਗਰ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਮਤ 1561 ਵਿਚ ਵਸਾਇਆ ਸੀ। ਇਥੇ ਦੇਸ-ਦੇਸ਼ਾਂਤਰਾਂ ਵਿਚ ਸਿੱਖ ਧਰਮ ਦਾ ਉਪਦੇਸ਼ ਕਰਨ ਪਿਛੋਂ ਜਗਤ ਗੁਰੂ ਨੇ ਸੰਮਤ 1579 ਵਿਚ ਰਿਹਾਇਸ਼ ਕੀਤੀ। ਇਸ ਸਥਾਨ ਤੋਂ ਵੀ ਸਤਿਗੁਰੂ ਲੋਕਾਂ ਦੇ ਉਧਾਰ ਲਈ ਕਈ ਵਾਰ ਦੇਸਾਟਨ ਕਰਦੇ ਰਹੇ ਹਨ ਜਿਵੇਂ—ਅਚਲ ਵਟਾਲੇ ਦੀ ਯਾਤ੍ਰਾ ਆਦਿ।

ਭਾਈ ਗੁਰਦਾਸ ਜੀ ਲਿਖਦੇ ਹਨ—

"ਬਾਬਾ ਆਇਆ ਕਰਤਾਰਪੁਰ,
ਭੇਖ ਉਦਾਸੀ ਸਗਲ ਉਤਾਰਾ,
ਪਹਿਰ ਸੰਸਾਰੀ ਕੱਪੜੇ,
ਮੰਜੀ ਬੈਠ ਕੀਆ ਅਵਤਾਰਾ।"

ਇਸ ਸ਼ਹਿਰ ਦੇ ਵਸਾਉਣ ਵਿਚ ਭਾਈ ਦੋਦਾ ਅਤੇ ਦੁਨੀ ਚੰਦ (ਕਰੋੜੀ ਮੱਲ) ਨੇ ਉੱਦਮ ਕੀਤਾ, ਜਿਨ੍ਹਾਂ ਨੇ ਸਤਿਗੁਰੂ ਲਈ ਪਿੰਡ ਵਿਚ ਧਰਮਸ਼ਾਲ ਬਣਵਾਈ। ਇਥੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਮਤ 1596 ਵਿਚ ਜੋਤੀ ਜੋਤਿ ਸਮਾਏ ਸਨ। ਕਰਤਾਰਪੁਰ ਨੂੰ ਚਿਰੋਕਣਾ, ਰਾਵੀ ਨੇ ਆਪਣੇ ਵਿਚ ਲੀਨ ਕਰ ਲਿਆ ਹੈ। ਹੁਣ ਜੋ ਗ੍ਰਾਮ ਦੇਹਰਾ ਬਾਬਾ ਨਾਨਕ ਅਥਵਾ (ਡੇਰਾ ਨਾਨਕ) ਦੇਖਿਆ ਜਾਂਦਾ ਹੈ, ਇਹ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਜੀ ਨੇ ਵਸਾਇਆ ਹੈ। ਗੁਰੂ ਨਾਨਕ ਸਵਾਮੀ ਦੀ ਸਮਾਧਿ (ਦੇਹਰਾ) ਵੀ ਨਵੀਂ ਬਣਾਈ ਗਈ ਹੈ। ਗੁਰਦਵਾਰੇ ਨੂੰ 375 ਰੁਪਏ ਸਾਲਾਨਾ ਜਾਗੀਰ ਪਿੰਡ ਕੋਹਲੀਆਂ ਤੋਂ ਮਿਲਦੀ ਹੈ ਅਤੇ 70 ਘੁਮਾਉਂ ਜ਼ਮੀਨ ਇਸ ਦੇ ਨਾਂ ਹੈ, ਜੋ ਕਈ ਪਿੰਡਾਂ ਵਿਚ ਹੈ।



ਗੁ. ਕਰਤਾਰਪੁਰ ਸਾਹਿਬ—ਪਾਕਿਸਤਾਨ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਭੀ ਦੇਹਰੇ ਦੀ ਯਾਤਰਾ ਲਈ ਇਸ ਥਾਂ ਆਏ ਸਨ, ਜਦੋਂ ਬਾਬਾ ਸ੍ਰੀ ਚੰਦ ਜੀ ਨੂੰ ਮਿਲੇ ਸਨ।

ਇਸ ਥਾਂ ਤੇ ਹੇਠ ਲਿਖੇ ਗੁਰਦਵਾਰੇ ਹਨ—

(1) ਚੋਲਾ ਸਾਹਿਬ

(2) ਬਾਬਾ ਸ੍ਰੀ ਚੰਦ ਜੀ ਦੇ ਵਿਰਾਜਣ ਦੀਆਂ ਟਾਹ੍ਲੀਆਂ

(3) ਦੇਹਰਾ ਸਾਹਿਬ, ਜਿਥੇ ਸਮਾਧਿ ਹੈ

(4) ਧਰਮਸ਼ਾਲਾ ਗੁਰੂ ਨਾਨਕ ਦੇਵ ਜੀ। ਇਸ ਥਾਂ ਪਹਿਲਾਂ ਗੁਰੂ ਆ ਕੇ ਵਿਰਾਜੇ ਸਨ ਅਤੇ ਧਰਮ ਪ੍ਰਚਾਰ ਕਰਦੇ ਰਹੇ ਸਨ।

ਹ. ਪੁ.—ਮ. ਕੋ.: 302; ਇੰਪ. ਗ. ਇੰਡ; 15 : 61

**ਕਰਤਾਰਪੁਰ (ਭਾਰਤ)** : ਇਹ ਭਾਰਤ ਵਿਚ ਪੰਜਾਬ ਰਾਜ ਦੇ ਜ਼ਿਲ੍ਹਾ ਜਲੰਧਰ ਦਾ ਇਕ ਪਵਿੱਤਰ ਅਤੇ ਇਤਿਹਾਸਕ ਨਗਰ ਹੈ ਜੋ ਜਲੰਧਰ ਸ਼ਹਿਰ ਤੋਂ ਲਗਭਗ 16 ਕਿ. ਮੀ. ਦੀ ਦੂਰੀ ਤੇ, ਜਰਨੈਲੀ ਸੜਕ ਅਤੇ ਦਿੱਲੀ-ਅੰਮ੍ਰਿਤਸਰ ਵੱਡੀ ਰੇਲ ਲਾਈਨ ਉਤੇ ਸਥਿਤ ਹੈ। ਇਹ ਸ਼ਹਿਰ ਸੰਮਤ 1651 (ਸੰਨ 1593) ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ ਅਕਬਰ ਦੇ ਰਾਜ ਕਾਲ ਦੌਰਾਨ ਸ਼ਹਿਜ਼ਾਦਾ ਸਲੀਮ (ਜਹਾਂਗੀਰ) ਨੇ ਇਸਦੀ ਮੁਆਫ਼ੀ ਦਾ ਪੱਟਾ ਧਰਮਸ਼ਾਲਾ ਦੇ ਨਾਉ ਸੰਮਤ 1655 ਵਿਚ ਦਿਤਾ, ਜਿਸ ਵਿਚ ਰਕਬਾ 8946 ਘੁੰਮਾਉ, 7 ਕਨਾਲ, 15 ਮਰਲੇ ਦਰਜ ਹਨ। ਰਵਾਇਤ ਅਨੁਸਾਰ ਇਥੇ ਇਕ ਦਰੱਖਤ ਉਤੇ ਇਕ ਰਾਖਸ਼ ਰਹਿੰਦਾ ਹੁੰਦਾ ਸੀ। ਉਹ ਜੰਗਲ ਵਿਚੋਂ ਕਿਸੇ ਨੂੰ ਵੀ ਲਕੜੀ ਨਹੀਂ ਕਟਣ ਦਿੰਦਾ ਸੀ। ਗੁਰੂ ਜੀ ਨੇ ਉਸ ਨੂੰ ਇਹ ਵਿਸ਼ਵਾਸ਼ ਦਿਵਾਇਆ ਕਿ ਉਸ ਨੂੰ ਕੋਈ ਤੰਗੀ ਨਹੀਂ ਹੋਵੇਗੀ ਅਤੇ ਉਸਦੀ ਸਦਾ ਪੂਜਾ ਹੁੰਦੀ ਰਹੇਗੀ। ਇਸ ਤੇ ਰਾਖਸ਼ ਨੇ ਲੋਕਾਂ ਨੂੰ ਲੱਕੜੀ ਕੱਟਣ ਦੀ ਖੁਲ੍ਹ ਦੇ ਦਿਤੀ। ਸੰਨ 1756 ਵਿਚ ਅਹਿਮਦ ਸ਼ਾਹ ਨੇ ਅੱਗ ਲਾ ਕੇ ਕਰਤਾਰਪੁਰ ਦਾ ਭਾਰੀ ਨੁਕਸਾਨ ਕੀਤਾ। ਸੰਨ 1833 ਵਿਚ ਮਹਾਰਾਜਾ ਰਣਜੀਤ ਸਿੰਘ ਇਥੇ ਆਇਆ ਅਤੇ ਉਸ ਨੇ ਸ਼ਹਿਰ ਵਿਚ ਇਕ ਆਲੀਸ਼ਾਨ ਗੁਰਦਵਾਰਾ ਸਾਹਿਬ ਬਣਵਾ ਦਿਤਾ। ਸਿੱਖਾਂ ਦੀ ਪਹਿਲੀ ਲੜਾਈ ਤੋਂਬਾਅਦ ਇਥੇ ਛਾਉਣੀ ਸਥਾਪਤ ਕੀਤੀ ਗਈ ਜਿਸ ਨੂੰ ਸੰਨ 1854 ਵਿਚ ਖਤਮ ਕਰ ਦਿੱਤਾ ਗਿਆ। ਸੰਨ 1867 ਵਿਚ ਕਰਤਾਰਪੁਰ ਵਿਚ ਮਿਉਂਸਪਲ ਕਮੇਟੀ ਸਥਾਪਤ ਕੀਤੀ ਗਈ।

ਇਥੇ ਲਕੜੀ ਦਾ ਭਾਰੀ ਉਦਯੋਗ ਹੈ। ਇਥੇ ਦਾ ਫਰਨੀਚਰ ਦੂਰ ਦੂਰ ਤਕ ਮਸ਼ਹੂਰ ਹੈ। ਇਸ ਤੋਂ ਇਲਾਵਾ ਇਥੇ ਬਿਜਲੀ ਦਾ ਸਾਮਾਨ ਵੀ ਤਿਆਰ ਕੀਤਾ ਜਾਂਦਾ ਹੈ।

ਕਰਤਾਰਪੁਰ ਵਿਚ ਹੇਠ ਲਿਏ ਅਸਥਾਨ ਦਰਸ਼ਨਯੋਗ ਹਨ :-

1. ਸ਼ੀਸ਼ ਮਹੱਲ—ਇਹ ਮਕਾਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਣਵਾਇਆ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਇਸ ਨੂੰ ਸੁੰਦਰ ਸਜਾਇਆ ਸੀ। ਇਸ ਵਿਚ ਇਹ ਗੁਰ-ਵਸਤੂਆਂ ਹਨ :—

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਲਿਖਵਾਇਆ।

(ਅ) ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਖੜਗ (ਤੇਗਾ ਸਾਹਿਬ) ਜੋ ਛੇ ਸੇਰ ਪੱਕੇ ਤੋਲ ਦਾ ਹੈ। ਇਸ ਨਾਲ ਪੈਂਦਾ ਖ਼ਾਨ ਮਾਰਿਆ ਸੀ।

(ੲ) ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਖੰਡਾ ਜਿਸ ਤੇ ਲਿਖਿਆ ਹੈ—'ਗੁਰੂ ਨਾਨਕ ਜੀ ਸਹਾਇ ਗੁਰੂ ਹਰਿਰਾਇ ਜੀ 1694'।

(ਸ) ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਠ ਦਾ ਗੁਟਕਾ।

(ਹ) ਸੇਲੀ ਅਤੇ ਟੋਪੀ ਬਾਬਾ ਸ੍ਰੀ ਚੰਦ ਜੀ ਦੀ, ਜੋ ਬਾਬਾ ਗੁਰਦਿੱਤਾ ਜੀ ਨੂੰ ਬਖਸ਼ੀ ਸੀ।

(ਕ) ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਨਿਸ਼ਾਨ (ਝੰਡਾ)।

(ਖ) ਬਾਬਾ ਗੁਰਦਿੱਤਾ ਜੀ ਦੀ ਦਸਤਾਰ।

(ਗ) ਬਾਬਾ ਗੁਰਦਿੱਤਾ ਜੀ ਦੇ ਬੈਠਣ ਦੀ ਸੋਜ਼ਨੀ।

(ਘ) ਬਾਬਾ ਗੁਰਦਿੱਤਾ ਜੀ ਦੇ ਓਢਣ ਦਾ ਸ਼ਾਲ ।

(ਙ) ਬਾਬਾ ਜੀ ਦੀ ਗੋਦੜੀ (ਕੰਥਾ) ।

**ਖੂਹ ਮੱਲੀਆਂ**—ਇਥੇ ਭਾਈ ਗੁਰਦਾਸ ਜੀ ਵਿਰਾਜਿਆ ਕਰਦੇ ਸਨ । ਇਕਾਂਤ ਵਿਚ ਬੈਠਕੇ ਕਾਵਯਰਚ ਨਾ ਕਰਦੇ ਹੁੰਦੇ ਸਨ ।

**ਗੁਰੂ ਕੇ ਮਹਲ ਅਤੇ ਥੰਮ੍ਹ ਸਾਹਿਬ**—ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਦੀਵਾਨਖਾਨਾ ਬਣਵਾਇਆ ਸੀ, ਜਿਸਦੇ ਵਿਚਕਾਰ ਪੱਕੇ ਸਤੂਨ ਦੀ ਥਾਂ ਟਾਲ੍ਹੀ ਦਾ ਥੰਮ੍ਹ ਸੀ, ਜਿਸ ਤੋਂ ਨਾਉਂ ਥੰਮ੍ਹ ਸਾਹਿਬ ਹੋ ਗਿਆ । ਹੁਣ ਇਸ ਥਾਂ ਤੇ ਬਹੁਤ ਉੱਚੀ ਕਈ ਮੰਜ਼ਿਲੀ ਇਮਾਰਤ ਹੈ, ਜੋ ਦੂਰੋਂ ਨਜ਼ਰ ਆਉਂਦੀ ਹੈ ।

**ਗੰਗਾ ਸਰ ਕੂਆਂ**—ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ 1656 ਵਿਚ ਲਗਵਾਇਆ ।

**ਟਾਲ੍ਹੀ ਸਾਹਿਬ**—ਸ਼ਹਿਰ ਤੋਂ ਡੇਢ ਮੀਲ ਨੈਰਤ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਅਸਥਾਨ, ਜਿਸ ਥਾਂ ਆਪ ਵਿਰਾਜਿਆ ਕਰਦੇ ਸਨ ।

**ਦਮਦਮਾ ਸਾਹਿਬ**—ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਬੈਠਣ ਦਾ ਉੱਚਾ ਅਸਥਾਨ, ਜਿਸ ਥਾਂ ਬੈਠ ਕੇ ਯੁੱਧ ਦੀਆਂ ਵਾਰਾਂ ਸੁਣਦੇ ਅਤੇ ਫ਼ੌਜ ਦੇ ਕਰਤੱਬ ਦੇਖਦੇ ਸਨ । ਪੈਂਦੇ ਖਾਨ ਨੂੰ ਮਾਰ ਕੇ ਭੀ ਉਹ ਇਥੇ ਹੀ ਵਿਰਾਜੇ ਸਨ ।

ਦਮਦਮਾ ਸਾਹਿਬ ਇਕ ਹੋਰ ਸਥਾਨ ਵੀ ਹੈ ਜਿਥੇ ਕਈ ਵਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਿਰਾਜਿਆ ਕਰਦੇ ਸਨ ।

**ਨਾਨਕੀਆਣਾ**—ਸ਼ਹਿਰ ਤੋਂ ਦੱਖਣ ਵੱਲ ਅੱਧ ਮੀਲ ਜਰਨੈਲੀ ਸੜਕ ਦੇ ਕਿਨਾਰੇ ਮਾਤਾ ਜੀ ਦਾ ਅਸਥਾਨ ਹੈ । ਲੋਕ ਆਖਦੇ ਹਨ ਕਿ ਇਹ ਮਾਤਾ ਜੀ ਦੀ ਸਮਾਧ ਹੈ, ਪਰੰਤੂ ਮਾਤਾ ਜੀ ਦਾ ਦੇਹਾਂਤ ਕੀਰਤਪੁਰ ਹੋਇਆ ਹੈ । ਕੋਈ ਅਚਰਜ ਨਹੀਂ ਕਿ ਕਰਤਾਰਪੁਰ ਦੇ ਸੋਢੀ ਸਾਹਿਬਾਨ ਨੇ ਉਸ ਥਾਂ ਤੋਂ ਭਸਮ ਲਿਆ ਕੇ ਸਮਾਧ ਬਣਾਈ ਹੋਵੇ ।

**ਬੇਰ ਸਾਹਿਬ**—ਸ਼ਹਿਰ ਤੋਂ ਇਕ ਮੀਲ ਅਗਨਿ ਕੋਣ, ਇਕ ਬੇਰੀ, ਜਿਸ ਹੇਠ ਬਾਬਾ ਗੁਰਦਿੱਤਾ ਜੀ ਕਈ ਵਾਰ ਵਿਰਾਜੇ ਅਤੇ ਇਕ ਵਾਰ ਬਾਬਾ ਸ੍ਰੀ ਚੰਦ ਜੀ ਭੀ ਮਿਲਣ ਆਏ, ਠਹਿਰੇ ਸਨ ।

**ਮਾਤਾ ਕੌਲਾਂ ਜੀ ਦੀ ਸਮਾਧ**—ਇਹ ਰਾਮਗੜ੍ਹੀਆਂ ਦੇ ਮਹੱਲੇ ਪਾਸ ਪੱਕੇ ਬਾਗ਼ ਅੰਦਰ ਹੈ ।

ਵਿਆਹ ਅਸਥਾਨ—ਜਿਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਾਤਾ ਗੁਜਰੀ ਜੀ ਨਾਲ ਸ਼ਾਦੀ ਹੋਈ । ਇਹ ਗੁਰਦਵਾਰਾ ਰਬਾਬੀਆਂ ਦੇ ਮਹੱਲੇ ਵਿਚ ਹੈ ।

ਆਬਾਦੀ—17,8,77(1981)

31° 26′ਉ. ਵਿਥ.; 75° 30′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 61; ਮ. ਕੋ. 302.

**ਕਰਤਿਕ :** ਇਹ ਇਕ ਤਾਰਾਪੁੰਜ ਹੈ ਜੋ ਬ੍ਰਿਖ ਰਾਸ਼ੀ ਦੇ ਨਜ਼ਦੀਕ ਦਿਖਾਈ ਦਿੰਦਾ ਹੈ । ਇਸ ਦੇ ਆਲੇ ਦੁਆਲੇ ਕਈ ਤਾਰੇ ਹਨ ਜਿਸਦੇ ਕਾਰਨ ਬੋਲਣ ਵਿਚ ਇਸ ਨੂੰ ਕਿਚਪਿਚੀਆ ਭੀ ਕਹਿੰਦੇ ਹਨ । ਨੰਗੀ ਅੱਖ ਨਾਲ ਇਸ ਵਿਚ ਪੰਜ ਜਾਂ ਛੇ ਤਾਰੇ ਦਿਖਾਈ ਦਿੰਦੇ ਹਨ । ਦੂਰਬੀਨ ਨਾਲ ਦੇਖਣ ਨਾਲ ਸੈਂਕੜੇ ਤਾਰੇ ਦਿਖਾਈ ਦਿੰਦੇ ਹਨ ਜਿਨ੍ਹਾਂ ਦੇ ਵਿਚਕਾਰ ਹਲਕੀ ਧੁੰਦ ਜਿਹੀ ਵੀ ਦਿਖਾਈ ਦਿੰਦੀ ਹੈ । ਇਹ ਨਿਹਾਰਿਕ (ਨੈਬੂਲਾ) ਹੈ । ਕਰਤਿਕ ਤਾਰਾਪੰਜ ਪ੍ਰਿਥਵੀ ਤੋਂ ਲਗਭਗ 500 ਪ੍ਰਕਾਸ਼ ਸਾਲ ਦੂਰ ਹੈ । ਇਸ ਤਾਰਾਪੁੰਜ ਵਿਚ 300 ਤੋਂ ਲੈ ਕੇ 500 ਤਕ ਤਾਰੇ ਹੋਣਗੇ । ਕੇਂਦਰ ਵਿਚ ਤਾਰਿਆਂ ਦੀ ਘਣਤਾ ਅਧਿਕ ਹੈ । ਚਮਕੀਲੇ ਤਾਰੇ ਵੀ ਕੇਂਦਰ ਦੇ ਨਜ਼ਦੀਕ ਹੀ ਹਨ ।

ਹ. ਪੁ.—ਹਿੰ. ਵਿ. ਕੋ. 3 : 301

**ਕਰਤੋਇਆ :** ਇਹ ਬੰਗਲਾ ਦੇਸ਼ ਅਤੇ ਭਾਰਤ ਦੇ ਆਸਾਮ ਰਾਜ ਵਿਚ ਵੱਗਣ ਵਾਲਾ ਇਕ ਪੁਰਾਣਾ ਦਰਿਆ ਹੈ ਜੋ ਭਾਰਤ ਦੇ ਜਲਪਾਈਗੁੜੀ ਜ਼ਿਲ੍ਹੇ ਦੇ ਉੱਤਰ-ਪੱਛਮੀ ਸਿਰੇ ਵਿਚ ਬੈਕੁੰਠਪੁਰ ਦੇ ਜੰਗਲ ਵਿਚੋਂ ਦੀ ਵਲ-ਵਲੇਂਵੇਂ ਖਾਂਦਾ ਹੋਇਆ ਲਗਭਗ 345 ਕਿ.ਮੀ. (214 ਮੀਲ) ਦਾ ਰਸਤਾ ਤਹਿ ਕਰਕੇ ਬੰਗਲਾ ਦੇਸ਼ ਬੋਗਰਾ ਜ਼ਿਲ੍ਹੇ ਦੇ ਦੱਖਣ ਵਿਚ ਹਲ-ਹਾਲੀਆ ਦਰਿਆ ਵਿਚ ਜਾ ਮਿਲਦਾ ਹੈ । ਇਸ ਤਰ੍ਹਾਂ ਮਿਲਕੇ ਬਣੀ ਨਦੀ ਨੂੰ ਫੁਲਝੜ ਕਹਿੰਦੇ ਹਨ ਜਿਹੜੀ ਅਖ਼ੀਰ ਵਿਚ ਜਮਨਾ ਵਿਚ ਜਾ ਸਮਾਉਂਦੀ ਹੈ । ਇਸ ਦਰਿਆ ਦਾ ਵਰਣਨ ਜੋਗਨੀ ਤੰਤਰ ਵਿਚ ਵੀ ਆਉਂਦਾ ਹੈ ਜਿਥੇ ਇਹ ਦੱਸਿਆ ਗਿਆ ਹੈ ਕਿ ਇਹ ਪ੍ਰਾਚੀਨ ਸਲਤਨਤ, ਕਾਮਰੂਪ ਦੀ ਪੱਛਮੀ ਸਰਹੱਦ ਹੁੰਦਾ ਸੀ ।

ਇਸ ਦਰਿਆ ਦੇ ਨਾਂ ਬਹੁਤ ਵਾਰੀ ਤਬਦੀਲ ਹੋਏ ਹਨ । ਅੱਜ ਕਲ੍ਹ ਇਸ ਦਰਿਆ ਨੂੰ 'ਬੂੜ੍ਹੀ ਤਿਸਤਾ' ਅਤੇ ਕਰਤੋ ਜਾਂ ਕਰਤੋਇਆ ਕਿਹਾ ਜਾਂਦਾ ਹੈ । ਇੰਜ ਜਾਪਦਾ ਹੈ ਕਿ ਅਠਾਰ੍ਹਵੀ ਸਦੀ ਦੇ ਅਖੀਰ ਵਿਚ ਜਦੋਂ ਕਿ ਗੰਗਾ ਅਤੇ ਬ੍ਰਹਮਪੁੱਤਰ ਇਕ ਦੂਸਰੇ ਤੋਂ ਲਗਭਗ 252 ਕਿ. ਮੀ. (150 ਮੀਲ) ਦੀ ਵਿੱਥ ਤੇ ਸਨ ਤੇ ਤਿਸਤਾ ਹਿਮਾਲੀਆ ਦੀਆਂ ਦੂਜੀਆਂ ਨਦੀਆਂ ਨਾਲ ਰਲਕੇ ਇਕ ਵੱਡੇ ਦਰਿਆ ਦੀ ਸ਼ਕਲ ਵਿਚ ਚਲਦਾ ਸੀ, ਅੱਜਕਲ੍ਹ ਇਹ ਬਹੁਤ ਘੱਟ ਮਹੱਤਤਾ ਵਾਲਾ ਦਰਿਆ ਰਹਿ ਗਿਆ ਹੈ ।

ਹ. ਪੁ.—ਇੰਪ. ਗ. ਇੰਡ. 15 : 24

**ਕਰੱਦਰਜ਼, ਰਾਕੇੱਲ :** ਅਮਰੀਕਾ ਦੀ ਇਸ ਪ੍ਰਸਿੱਧ ਨਾਟਕ ਲੇਖਕਾ ਅਤੇ ਸਟੇਜ ਨੂੰ ਮਹਾਨ ਯੋਗਦਾਨ ਦੇਣ ਵਾਲੀ ਪ੍ਰਤਿਭਾਸ਼ਾਲੀ ਇਸਤਰੀ ਦਾ ਜਨਮ 1878 ਵਿਚ ਬਲੂਮਿੰਗਟਨ ਵਿਖੇ ਹੋਇਆ। 1906 ਵਿਚ ਇਸ ਨੇ ਆਪਣਾ ਪਹਿਲਾ ਪੂਰਾ ਨਾਟਕ 'The Three of us.' ਲਿਖਿਆ। ਇਸ ਤੋਂ ਅਗਲੇ ਤਿੰਨ ਦਹਾਕਿਆਂ ਵਿਚ ਹਰ ਵਰ੍ਹੇ ਇਸ ਨੇ ਨਾਟਕ ਖੇਤਰ ਵਿਚ ਵਾਧਾ ਕਰਕੇ ਬੇ-ਮਿਸਾਲ ਸਫਲਤਾ ਪ੍ਰਾਪਤ ਕੀਤੀ। ਇਹ ਇਸਤਰੀ ਜਾਤੀ ਦੀ ਪ੍ਰਤੀਨਿਧ ਅਤੇ ਸਿਰਮੌਰ ਨਾਟਕ ਲੇਖਕਾ ਸੀ । ਇਸ ਦੇ ਨਾਟਕ ਇਸਤਰੀ ਨਾਲ ਸਬੰਧਤ ਵਿਸ਼ਿਆਂ ਦੁਆਲੇ ਘੁੰਮਦੇ ਹਨ । ਸਾਧਾਰਨ ਪਲਾਟ ਸੁਖਾਂਤਕ ਅਤੇ ਵਧੀਆ ਵਾਰਤਾਲਾਪ ਤੋਂ ਬਿਨਾਂ ਦਿਲਪ੍ਰਚਾਵੇ ਵਾਲੇ ਅਤੇ ਸਮਾਧਾਨ ਸੁਝਾਊ ਹੁੰਦੇ ਸਨ । ਇਸ ਦੇ ਬਹੁਤ ਸਾਰੇ ਨਾਟਕ ਪ੍ਰਕਾਸ਼ਤ ਹੋਏ ਅਤੇ ਖੇਡੇ ਗਏ ।

ਪਹਿਲੇ ਵਿਸ਼ਵ ਯੁੱਧ ਵਿਚ ਇਹ ਸਟੇਜ ਵੂਮੈਨ ਵਾਰ ਰੀਲੀਫ਼ ਦੀ ਮੋਢੀ ਅਤੇ ਪ੍ਰਧਾਨ ਸੀ । ਇਹ ਕੰਮ ਇਸ ਨੇ 1930 ਦੇ ਮੰਦਵਾੜੇ ਵਿਚ ਵੀ ਨਿਭਾਇਆ । ਦੂਜੇ ਵਿਸ਼ਵ ਯੁੱਧ ਵਿਚ ਇਸ ਨੇ ਅਮਰੀਕਨ ਥੀਏਟਰ ਵਿੰਗ ਦਾ ਸੰਗਠਨ ਕੀਤਾ । ਇਸ ਦੇ ਲੇਖ 'The Construction of a play' ਵਿਚ ਮੂਲ ਨਾਟਕੀ ਸਿਧਾਂਤ ਸਬੰਧੀ ਭਰਵੇਂ ਵਿਚਾਰ ਉਪਲਭਦ ਹਨ ।

5 ਜੁਲਾਈ, 1958 ਨੂੰ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 6 : 817

**ਕਰਨਗੜ੍ਹ :** ਭਾਰਤ ਵਿਚ ਬਿਹਾਰ ਰਾਜ ਦੇ ਭਾਗਲਪੁਰ ਜ਼ਿਲ੍ਹੇ ਵਿਚ ਭਾਗਲਪੁਰ ਸ਼ਹਿਰ ਦੇ ਨੇੜੇ ਪੱਧਰੀ ਜਿਹੀ ਪਹਾੜੀ ਹੈ। ਇਸ ਦਾ ਨਾਂ ਇਕ ਧਾਰਮਕ ਹਿੰਦੂ ਬਾਦਸ਼ਾਹ ਕਰਨ ਦੇ ਨਾਂ ਨਾਲ ਜੋੜਿਆ ਜਾਂਦਾ ਹੈ । ਪਠਾਰ ਨੂੰ ਸਥਾਨਕ ਤੌਰ ਤੇ ਕਿਲਾ ਕਿਹਾ ਜਾਂਦਾ ਹੈ । ਇਹ ਬੰਗਾਲ ਵਿਚ ਬੁੱਧ ਧਰਮ ਤੋਂ ਪਹਿਲਾਂ ਦੇ ਕਿਲਿਆਂ ਵਿਚੋਂ ਇਕ ਪ੍ਰਸਿੱਧ ਕਿਲੇ ਵਾਲੀ ਥਾਂ ਹੈ । ਇਥੇ ਸ਼ਿਵ ਜੀ ਦਾ ਪ੍ਰਸਿੱਧ ਮੰਦਰ ਹੈ ।

25° 15′ ਉ. ਵਿਥ.; 86° 56′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 22

**ਕਰਨ, ਜੈਰੋਮ ਡੇਵਿਡ :** ਇਹ ਯੂ. ਐਸ. ਏ. ਦਾ ਪ੍ਰਸਿੱਧ ਸੰਗੀਤਕਾਰ ਸੀ, ਜਿਸ ਦੀ 'Show Boat' ਰਚਨਾ ਅਮਰੀਕਾ ਵਿਚ ਪ੍ਰਮਾਣੀਕ ਹੋ ਗਈ । ਇਹ 27 ਜਨਵਰੀ, 1885 ਨੂੰ ਨਿਊਯਾਰਕ ਵਿਚ ਪੈਦਾ ਹੋਇਆ । ਇਸ ਨੇ ਨਿਊਯਾਰਕ ਵਿਚ ਅਤੇ ਮਗਰੋਂ ਜਰਮਨੀ ਵਿਚ

ਪਿਆਨੋ ਸੰਬੰਧੀ ਵਿਦਿਆ ਪ੍ਰਾਪਤ ਕੀਤੀ। 1904 ਵਿਚ ਨਿਊਯਾਰਕ ਮੁੜਨ ਤੇ ਇਸ ਨੇ ਪਿਆਨੋ-ਮਾਹਿਰ ਦੇ ਤੌਰ ਤੇ ਉਪਜੀਵਿਕਾ ਆਰੰਭ ਕੀਤੀ ਅਤੇ ਸੰਗੀਤ ਦੀਆਂ ਵੱਖ-ਵੱਖ ਫਰਮਾਂ ਵਿਚ ਕੰਮ ਕੀਤਾ। ਇਸ ਦੀਆਂ ਬੇਸ਼ੁਮਾਰ ਧੁਨਾਂ ਜਗਤ ਪ੍ਰਸਿੱਧ ਹੋ ਗਈਆਂ।

1933 ਤੋਂ ਮਗਰੋਂ ਕਰਨ ਵਧੇਰੇ ਕਰਕੇ ਹਾਲੀਵੁੱਡ ਵਿਚ ਹੀ ਰਿਹਾ, ਜਿਥੇ ਇਸ ਨੇ ਫ਼ਿਲਮੀ ਸੰਗੀਤ ਰਚਿਆ। 11 ਨਵੰਬਰ, 1945 ਨੂੰ ਨਿਊਯਾਰਕ ਵਿਖੇ ਇਸ ਦੀ ਮੌਤ ਹੋ ਗਈ। 1946 ਵਿਚ ਇਸ ਦੇ ਜੀਵਨ ਸਬੰਧੀ 'Till the Clouds Roll By' ਨਾਂ ਦੀ ਫ਼ਿਲਮ ਤਿਆਰ ਕੀਤੀ ਗਈ।

ਹ. ਪੁ.—ਐਨ.ਬ੍ਰਿ. 13 : 315.

**ਕਰਨ ਦਰਿਆ** : ਸੰਯੁਕਤ ਰਾਜ ਅਮਰੀਕਾ ਦੇ ਕੈਲਿਫੋਰਨੀਆ ਰਾਜ ਦਾ ਇਕ ਦਰਿਆ ਹੈ ਜੋ ਲਗਭਗ 230 ਕਿ. ਮੀ. ਲੰਬਾ ਹੈ। ਇਹ ਵਿਟਨੀ ਪਹਾੜ ਦੇ ਉੱਤਰ-ਪੱਛਮ ਵਿਚ ਸਿਐਰਾ ਨੇਵਾਦਾ ਪਹਾੜਾਂ ਦੇ ਸਿਕਵਾਇਆ ਨੈਸ਼ਨਲ ਪਾਰਕ ਖੇਤਰ ਵਿਚੋਂ ਨਿਕਲ ਕੇ ਦੱਖਣ ਦਿਸ਼ਾ ਵਲ ਟਿਯੂਲੈਰੀ ਕਾਊਂਟੀ ਵਿਚੋਂ ਅਤੇ ਦੱਖਣ-ਪੱਛਮ ਵਲ ਕਰਨ ਕਾਊਂਟੀ ਦੇ ਬੇਕਰਟਫੀਲਡ ਵਿਚੋਂ ਨਿਕਲਦਾ ਹੋਇਆ ਬਿਯੂਨਾ ਵਿਸਤਾ ਝੀਲ ਵਿਚ ਜਾ ਡਿਗਦਾ ਹੈ।

ਇਸ ਦਰਿਆ ਤੋਂ ਪਣ-ਬਿਜਲੀ ਤਿਆਰ ਕੀਤੀ ਜਾਂਦੀ ਹੈ ਅਤੇ ਕੇਂਦਰੀ ਵਾਦੀ ਵਿਚ ਇਸ ਤੋਂ ਕਾਫੀ ਸਿੰਜਾਈ ਵੀ ਕੀਤੀ ਜਾਂਦੀ ਹੈ।

ਇਸਦੀ ਉਪਰਲੀ ਡੂੰਘੀ ਤੇ ਤੰਗ ਘਾਟੀ ਨੂੰ 'ਕਰਨ ਕੇਨੀਅਨ' ਕਹਿੰਦੇ ਹਨ ਅਤੇ ਇਹ 45 ਕਿ. ਮੀ. ਲੰਬੀ ਅਤੇ ਲਗਭਗ 900 ਮੀ. ਡੂੰਘੀ ਹੈ। ਉਪਰਲੇ ਕਰਨ ਨੂੰ ਕਈ ਵਾਰੀ 'ਨਾਰਥ ਫੋਰਕ' ਵੀ ਕਿਹਾ ਜਾਂਦਾ ਹੈ। ਇਹ ਟ੍ਰਾਊਟ ਮੱਛੀ ਲਈ ਮਸ਼ਹੂਰ ਹੈ।

35° 31′ ਉ. ਵਿਥ.; 118° 32′ ਪੱ.ਲੰਬ.

ਹ. ਪੁ.—ਐਨ.ਅਮੈ. 16 : 379

**ਕਰਨ ਪਰਿਆਗ** : ਭਾਰਤ ਦਾ ਇਹ ਦਰਿਆ ਅਲਕਨੰਦਾ ਦਰਿਆ ਦੇ ਪੰਜ ਪਵਿੱਤਰ ਸੰਗਮਾਂ (ਉੱਤਰ ਪ੍ਰਦੇਸ਼) ਵਿਚੋਂ ਇਕ ਹੈ। ਇਸ ਸਥਾਨ ਤੇ ਇਹ ਦਰਿਆ ਪਿੰਡਰ ਨਦੀ ਨਾਲ ਮਿਲਦਾ ਹੈ। ਇਸੇ ਸਥਾਨ ਤੇ ਅਨੇਕਾਂ ਹੀ ਮੰਦਰ ਹਨ।

30° 16′ ਉ. ਵਿਥ.; 79° 15′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 60

**ਕਰਨਫੂਲੀ** : ਇਹ ਬੰਗਲਾ ਦੇਸ਼ ਦੇ ਚਿਟਾਗਾਂਗ ਮੰਡਲ ਦਾ ਇਕ ਦਰਿਆ ਹੈ ਜੋ ਭਾਰਤ ਦੇ ਮਿਜ਼ੋਰਮ ਰਾਜ ਦੀਆਂ ਲੁਸ਼ਾਈ ਪਹਾੜੀਆਂ ਵਿਚੋਂ ਨਿਕਲਦਾ ਹੈ ਅਤੇ 270 ਕਿ. ਮੀ. ਦੱਖਣ ਤੇ ਦੱਖਣ-ਪੱਛਮ ਵਲ ਨੂੰ ਵਗਦਾ ਹੋਇਆ ਚਿਟਾਗਾਂਗ ਬੰਦਰਗਾਹ ਤੋਂ 20 ਕਿ. ਮੀ. ਹੇਠਾਂ ਵਲ ਨੂੰ ਬੰਗਾਲ ਦੀ ਖਾੜੀ ਵਿਚ ਜਾ ਡਿਗਦਾ ਹੈ। ਇਸ ਦਰਿਆ ਵਿਚ ਚਿਟਾਗਾਂਗ ਤਕ ਸਮੁੰਦਰੀ ਜਹਾਜ਼ ਚਲ ਸਕਦੇ ਹਨ ਅਤੇ ਰੰਗਾਮਾਟੀ ਤਕ ਸਟੀਮਰ ਆਦਿ। ਇਸ ਤੋਂ ਉਪਰ ਕਾਸਾਲੰਗ ਤਕ ਛੋਟੀਆਂ-ਛੋਟੀਆਂ ਸਥਾਨਕ ਬੇੜੀਆਂ ਚਲਦੀਆਂ ਹਨ। ਪਹਾੜੀ ਇਲਾਕੇ ਵਿਚ ਇਸ ਦਾ ਨਾਂ ਕਿਆਸਾ ਖਿਓਂਗ ਹੈ। ਪਹਾੜੀ ਇਲਾਕੇ ਵਿਚ ਇਸ ਦੀਆਂ ਮੁੱਖ ਸਹਾਇਕ ਨਦੀਆਂ ਕਾਸਾਲੰਗ, ਚਿੰਗਰੀ, ਕਾਪਤਾਈ ਤੇ ਰਖਿਆਂਗ ਹਨ ਅਤੇ ਚਿਟਾਗਾਂਗ ਜ਼ਿਲ੍ਹੇ ਵਿਚ ਹਲਦਾ ਇਸ ਦੀ ਸਹਾਇਕ ਨਦੀ ਹੈ। ਇਹ ਦਰਿਆ ਜ਼ਿਆਦਾ ਕਰਕੇ ਕਪਾਹ ਅਤੇ ਪਹਾੜਾਂ ਵਿਚੋਂ ਜੰਗਲੀ ਲੱਕੜੀ ਨੂੰ ਚਿਟਾਗਾਂਗ ਤਕ ਲਿਆਉਣ ਲਈ ਵਰਤਿਆ ਜਾਂਦਾ ਹੈ। ਇਸ ਦਰਿਆ ਉੱਤੇ ਇਕ ਪਣ-ਬਿਜਲੀ ਪ੍ਰਾਜੈਕਟ ਬਣਾਇਆ ਗਿਆ ਹੈ ਜਿਸ ਨਾਲ 400,000 ਹੈਕਟੇਅਰ ਭੂਮੀ ਦੀ ਸਿੰਜਾਈ ਕੀਤੀ ਜਾਂਦੀ ਹੈ।

22° 13′ ਉ. ਵਿਥ.; 91° 49′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 60 ; ਐਨ. ਬ੍ਰਿ. ਮਾ. 6 : 748

**ਕਰਨਾਟਕ** : ਇਹ ਦੱਖਣੀ ਭਾਰਤ ਦਾ ਇਕ ਰਾਜ ਹੈ ਜਿਸ ਦਾ ਪਹਿਲਾ ਨਾਂ ਮੈਸੂਰ ਸੀ। ਇਸ ਰਾਜ ਦਾ ਖੇਤਰਫਲ 1,91,791 ਵ. ਕਿ. ਮੀ. ਹੈ ਅਤੇ ਆਕਾਰ ਵਿਚ ਕਾਜੂ ਵਰਗਾ ਹੈ। ਇਸ ਦੇ ਉੱਤਰ ਵਲ ਮਹਾਂਰਾਸ਼ਟਰ, ਪੂਰਬ ਵਲ ਆਂਧਰਾ ਪ੍ਰਦੇਸ਼, ਦੱਖਣ-ਪੂਰਬ ਵਲ ਤਾਮਿਲਨਾਡੂ, ਦੱਖਣ-ਪੱਛਮ ਵਲ ਕੇਰਲਾ ਅਤੇ ਪੱਛਮ ਵਲ ਗੋਆ ਰਾਜ ਅਤੇ ਅਰਬ ਸਾਗਰ ਹਨ। ਇਸ ਦੀ ਰਾਜਧਾਨੀ ਬੰਗਲੌਰ ਹੈ।

**ਭੂ-ਆਕ੍ਰਿਤੀ ਵਿਗਿਆਨ**

**ਧਰਾਤਲ**—ਇਸ ਨੂੰ ਮੁੱਖ ਰੂਪ ਵਿਚ ਤਿੰਨ ਖੰਡਾਂ ਵਿਚ ਵੰਡਿਆ ਜਾ ਸਕਦਾ ਹੈ ਅਰਥਾਤ (1) ਤੱਟੀ ਖੰਡ, ਜਿਸਨੂੰ ਕਰਾਵਲੀ ਬੇਯਾਲੂ ਵੀ ਕਿਹਾ ਜਾਂਦਾ ਹੈ; (2) ਘਾਟ ਖੰਡ, ਇਹ ਵੀ ਮੁੱਖ ਭੂਮੀ ਹੈ ਜਿਸ ਵਿਚ ਕੇਂਦਰੀ ਪਹਾੜੀ ਪੱਟੀ ਸ਼ਾਮਲ ਹੈ। (3) ਪੂਰਬੀ ਪਠਾਰ ਜਾਂ ਮੈਦਾਨ ਜਿਸ ਵਿਚ ਰਾਜ ਦੇ ਖੇਤਰ ਦਾ ਵਧੇਰੇ ਭਾਗ ਆਉਂਦਾ ਹੈ।

ਭੂ-ਵਿਗਿਆਨਕ ਪੱਖੋਂ, ਕਰਨਾਟਕ ਦਾ ਇਤਿਹਾਸ ਮੈਸੋਜ਼ੋਇਕ ਯੁਗ ਦਾ ਹੈ ਜਦੋਂ ਕਿ ਇਕ ਨਿੱਗਰ ਭੂ-ਖੰਡ ਅਫਰੀਕਾ, ਭਾਰਤ ਅਤੇ ਆਸਟ੍ਰੇਲੀਆ ਨੂੰ ਮਿਲਾਉਂਦੀ ਹੁੰਦੀ ਸੀ। ਇਸ ਲਈ ਕੁਦਰਤੀ ਤੌਰ ਤੇ ਸਾਰੀ ਦੱਖਣੀ ਪਠਾਰ ਪੁਰਾਣੀ ਜਵਾਲਾਮੁੱਖੀ ਮਿੱਟੀ ਤੋਂ ਬਣਿਆ ਹੋਇਆ ਹੈ ਅਤੇ ਕਰਨਾਟਕ ਨੇ ਇਸ ਪਠਾਰ ਦਾ ਕੇਂਦਰੀ ਹਿੱਸਾ ਮੱਲਿਆ ਹੋਇਆ ਹੈ। ਸਮੁੱਚੇ ਰੂਪ ਵਿਚ ਕਰਨਾਟਕ ਉੱਚੀਆਂ ਭੂਮੀਆਂ ਦੀ ਲੜੀ ਹੈ ਜਿਨ੍ਹਾਂ ਦੀ ਔਸਤਨ ਉੱਚਾਈ ਸਮੁੰਦਰੀ ਸਤ੍ਹਾ ਤੋਂ 610 ਮੀ. ਹੈ।

ਸਾਗਰੀ ਤੱਟ ਦੀ ਧਰਤੀ ਤਕਰੀਬਨ 320 ਕਿ. ਮੀ. ਲੰਬੀ ਅਤੇ ਦੱਖਣ ਵਿਚ 48 ਤੋਂ 64 ਕਿ. ਮੀ. ਚੌੜੀ ਹੈ। ਪੱਛਮੀ ਤੱਟ ਦੀ ਇਸ ਨੀਵੀਂ ਧਰਤੀ ਦੇ ਖੰਡ ਨੂੰ ਪੱਛਮੀ ਘਾਟ ਦੇ ਕਈ ਪਹਾੜੀ ਟਿੱਬੇ ਟੇਢੇ ਰੁੱਖ ਨੂੰ ਪਾਰ ਕਰਦੇ ਹਨ। ਘਾਟ ਇਕ ਵੱਡੀ ਰੀੜ੍ਹ ਦੀ ਹੱਡੀ ਵਾਂਗ ਤਕਰੀਬਨ ਉੱਤਰ ਤੋਂ ਦੱਖਣ ਦੀ ਦਿਸ਼ਾ ਵਲ ਜਾਂਦੇ ਹਨ। ਇਹ ਆਮ ਤੌਰ ਤੇ ਉੱਤਰ ਵਿਚ ਸਮੁੰਦਰੀ ਤੱਟ ਤੋਂ 610 ਮੀ. ਤੋਂ 915 ਮੀ. ਤਕ ਅਤੇ ਦੱਖਣ ਵਿਚ 1830 ਮੀ. ਤਕ ਪਹੁੰਚ ਜਾਂਦੇ ਹਨ। ਦੂਰ ਦੱਖਣ ਵਿਚ ਜਿਥੇ ਨੀਲਗਿਰੀ ਪਹਾੜੀਆਂ ਇਨ੍ਹਾਂ ਨੂੰ ਢੱਕ ਲੈਂਦੀਆਂ ਹਨ ਇਨ੍ਹਾਂ ਦੀ ਉਚਾਈ 2440 ਮੀ. ਤਕ ਪਹੁੰਚ ਜਾਂਦੀ ਹੈ। ਇਲਾਕਾ ਇਕ ਖੂਬਸੂਰਤ ਦ੍ਰਿਸ਼ ਪੇਸ਼ ਕਰਦਾ ਹੈ। ਸਦਾਬਹਾਰ ਰੁੱਖਾਂ ਦੇ ਝੁੰਡ, ਉੱਚੀਆਂ ਪਹਾੜੀ ਚੋਟੀਆਂ, ਵਿਸ਼ਾਲ ਵਿੰਗੀਆਂ ਟੇਢੀਆਂ ਅਤੇ ਉੱਚੀਆਂ ਉਠੀਆਂ ਘਾਟੀਆਂ, ਡੂੰਘੀਆਂ ਦਰਿਆਈ ਖੱਡਾਂ ਅਤੇ ਵੱਡੀਆਂ ਪਠਾਰਾਂ, ਚਸ਼ਮੇ ਅਤੇ ਝੀਲਾਂ ਆਮ ਵਿਖਾਈ ਦਿੰਦੇ ਹਨ। ਇਨ੍ਹਾਂ ਪਹਾੜੀਆਂ ਦੀਆਂ ਪੱਛਮੀ ਢਲਾਨਾਂ 915 ਤੋਂ 1830 ਮੀ. ਦੀ ਉਚਾਈ ਤੋਂ ਇਕਦਮ ਅਰਬ ਸਾਗਰ ਦੀ ਸਤ੍ਹਾ ਨਾਲ ਆ ਮਿਲਦੀਆਂ ਹਨ। ਕਰਨਾਟਕ ਦਾ ਪੂਰਬੀ ਭਾਗ, ਆਮ ਕਰਕੇ ਇਕ ਰੁੜ੍ਹਦੀ ਪਠਾਰ ਹੈ। ਇਹ ਉੱਤਰ ਵਿਚ ਸਮੁੰਦਰੀ ਤੱਟ ਤੋਂ 305 ਤੋਂ 610 ਮੀ. ਉੱਚੀ ਹੈ। ਪੂਰਬ ਵਲ ਨੂੰ ਹੌਲੀ-ਹੌਲੀ ਢਲਦੀ ਜਾਂਦੀ ਹੈ। ਖ਼ੂਬਸੂਰਤੀ ਪੱਖੋਂ ਸਭ ਤੋਂ ਸੋਹਣਾ ਦ੍ਰਿਸ਼ ਬਾਬਾ ਬੂਡਨ ਹਿਲਜ਼ ਪੇਸ਼ ਕਰਦੀਆਂ ਹਨ ਜਿਹੜੀਆਂ ਕਿ ਅਰਧ ਚੰਨ ਦੀ ਸ਼ਕਲ ਵਿਚ 645 ਵ. ਕਿ. ਮੀ. ਵਿਚ ਫੈਲੀਆਂ ਹੋਈਆਂ ਹਨ। ਕਰਨਾਟਕ ਦਾ 'ਗ੍ਰੈਂਡ ਕੇਨੀਅਨ' ਵੀ ਕੁਦਰਤੀ ਕ੍ਰਿਸ਼ਮੇ ਦਾ ਕਮਾਲ ਹੈ।

**ਜਲਪ੍ਰਵਾਹ**—ਇਥੇ ਨਦੀਆਂ ਅਤੇ ਛੋਟੇ ਦਰਿਆਵਾਂ ਤੋਂ ਇਲਾਵਾ ਕਈ ਵੱਡੇ ਦਰਿਆ ਹਨ ਜਿਨ੍ਹਾਂ ਵਿਚ ਪਾਣੀ ਕਾਫ਼ੀ ਮਾਤਰਾ ਵਿਚ ਸਾਰਾ ਸਾਲ ਚਲਦਾ ਹੈ। ਸਾਰੇ ਪ੍ਰਸਿੱਧ ਦਰਿਆ ਪੂਰਬ ਵੱਲ ਵਗਦੇ ਹਨ ਅਤੇ ਬੰਗਾਲ ਦੀ ਖਾੜੀ ਵਿਚ ਜਾ ਡਿਗਦੇ ਹਨ। ਉੱਤਰ ਵਿਚ ਦਰਿਆ ਕ੍ਰਿਸ਼ਨਾ ਅਤੇ ਇਸਦੀਆਂ ਸਹਾਇਕ ਨਦੀਆਂ ਭੀਮਾ, ਘਾਟ ਪ੍ਰਭਾ, ਮਾਲ ਪ੍ਰਭਾ ਤੇ ਤੁੰਗਭੱਦਰਾ, ਦੱਖਣ ਵਿਚ ਦਰਿਆ ਕਾਵੇਰੀ ਅਤੇ ਉਸ ਦੀਆਂ ਮੁੱਖ ਸਹਾਇਕ ਨਦੀਆਂ ਸ਼ਿਮਸਾ, ਹੇਮਵਤੀ, ਅਰਕਾਵਤੀ ਕਪਿਲਾਂ, ਹੋਨੂਹੋਲ ਤੇ ਲਕਸ਼ਮਨ ਤੀਰਥ ਅਤੇ ਪੂਰਬ ਵਿਚ

ਦਰਿਆ ਪਲਾਰ ਤੇ ਪੈਨਰ ਵਗਦੇ ਹਨ। ਪੱਛਮੀ ਦਿਸ਼ਾ ਵਲ ਪੱਛਮੀ ਘਾਟਾਂ ਤੋਂ ਵਹਿਣ ਵਾਲੇ ਮੁੱਖ ਦਰਿਆ ਸਾਰਾਵਥੀ, ਕਾਲੀ, ਨੇਤਰਵਤੀ ਅਤੇ ਗੰਗੋਲੀ ਹਨ। ਇਨ੍ਹਾਂ ਵਿਚ ਆਵਾਜਾਈ ਨਹੀਂ ਹੋ ਸਕਦੀ ਕਿਉਂਕਿ ਇਹ ਦਰਿਆ ਬਹੁਤ ਤੇਜ਼ ਚਲਦੇ ਹਨ ਅਤੇ ਬਰਸਾਤੀ ਹਨ।

ਦਰਿਆਵਾਂ ਦੇ ਤੇਜ਼ ਰਫ਼ਤਾਰ ਨਾਲ ਵੱਗਣ ਕਰਕੇ ਇਥੇ ਅਣ-ਗਿਣਤ ਝਰਨੇ ਹਨ ਜਿਨ੍ਹਾਂ ਵਿਚੋਂ ਕੁਝ ਦੁਨੀਆ ਭਰ ਵਿਚ ਪ੍ਰਸਿੱਧ ਹਨ ਜਿਵੇਂ ਗੋਲਕ ਝਰਨਾ, ਮਗੋਦ ਝਰਨਾ, ਹਲਗੁਲੀ ਝਰਨਾ, ਸ਼ਿਵਸਮੁੰਦਰਮ ਝਰਨਾ, ਜੋਗ ਝਰਨਾ, ਮੈਕੇਦਤੂ ਝਰਨਾ, ਹੋਗੈਨ ਕੱਲੂ ਝਰਨਾ ਅਤੇ ਉਂਚਲੀ ਝਰਨਾ ਆਦਿ।

**ਜਲਵਾਯੂ**—ਕਈਆਂ ਨੇ ਕਰਨਾਟਕ ਨੂੰ 'ਦੱਖਣ ਦੀ ਛੱਤ' ਦਾ ਨਾਂ ਦਿੱਤਾ ਹੈ। ਦੇਸ਼ ਦਾ ਇਕ ਬਹੁਤ ਵੱਡਾ ਹਿੱਸਾ ਕੁਦਰਤ ਦੀ ਸਿਹਤਗਾਹ ਹੈ। ਸਮੁੰਦਰ ਦੇ ਕੰਢੇ ਦੇ ਖੇਤਰ ਨਿਰਸੰਦੇਹ ਸਮੁੰਦਰੀ ਜਲਵਾਯੂ ਨਾਲ ਪ੍ਰਭਾਵਿਤ ਹਨ। ਭਾਵੇਂ ਤਾਪਮਾਨ ਕਾਫ਼ੀ ਹੱਦ ਤਕ ਇਕੋ ਜਿਹਾ ਹੀ ਰਹਿੰਦਾ ਹੈ। ਔਸਤਨ ਤਾਪਮਾਨ 50° ਸੈ. ਅਤੇ ਔਸਤਨ ਨਮੀ ਕਦੇ ਵੀ 50 ਪ੍ਰਤੀਸ਼ਤ ਤੋਂ ਵਧਦੀ ਨਹੀਂ।

ਘਾਟ ਖੰਡ ਦੀ ਔਸਤਨ ਬਾਰਸ਼ 254 ਸੈ. ਮੀ. ਹੈ ਜਦੋਂ ਕਿ ਨਾਨੜਾ ਦੇ ਕੁੱਝ ਭਾਗਾਂ ਵਿਚ ਕਦੇ-ਕਦੇ ਵਰਖਾ ਰੁੱਤ ਵਿਚ 762 ਸੈ. ਮੀ. ਹੁੰਦੀ ਹੈ ਜਿਸ ਕਰਕੇ ਇਹ ਇਲਾਕਾ ਇਕੋ ਮੌਸਮ ਵਿਚ ਦੁਨੀਆ ਦੇ ਸਭ ਤੋਂ ਵਧੇਰੀ ਵਰਖਾ ਵਾਲਾ ਸਥਾਨ ਕਰਕੇ ਪ੍ਰਸਿੱਧ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਕਰਨਾਟਕ ਆਪਣੇ ਵਣ-ਧੰਨ ਕਰਕੇ ਬਹੁਤ ਪ੍ਰਸਿੱਧ ਹੈ। ਇਥੇ ਕਈ ਕਿਸਮ ਦੇ ਵਣ ਮਿਲਦੇ ਹਨ। ਰਾਜ ਦੇ ਕੁਲ ਰਕਬੇ ਵਿਚੋਂ 35,319 ਵ. ਕਿ. ਮੀ. ਰਕਬਾ ਵਣਾ ਅਧੀਨ ਹੈ। ਇਨ੍ਹਾਂ ਜੰਗਲਾਂ ਵਿਚ ਇਮਾਰਤੀ ਲੱਕੜੀ ਸਾਗਵਾਨ, ਹੋਨੇ, ਮੱਠੀ, ਨੰਦੀ ਬੀਟੇ ਅਤੇ ਸੰਦਲ ਦੇ ਦਰੱਖ਼ਤ ਮਿਲਦੇ ਹਨ। ਅਰਬ ਸਾਗਰ ਦੇ ਸਾਹਮਣੇ ਦੇ ਘਾਟਾਂ ਦੀਆਂ ਢਲਾਨਾਂ ਉੱਤੇ ਅਤੇ ਕੁਝ ਹਿਸਿਆਂ ਉੱਤੇ ਨਮੀ ਵਾਲੇ ਸਦਾਬਹਾਰ ਅਤੇ ਘਣੇ ਜੰਗਲ ਮਿਲਦੇ ਹਨ। ਇਨ੍ਹਾਂ ਜੰਗਲਾਂ ਵਿਚ ਸਲਧੂਪਾ, ਕੈਧੂਪਾ, ਹੈਬਾਲਾਸੂ, ਚਿੱਟੀ ਦਿਆਰ, ਕੀਰਲ ਭੋਗੀ, ਨਾਗਾ ਸੈਤਾਈਜ, ਧੂਮਾ, ਗੈਰਾਈਜ, ਬਲਗੀ, ਆਬਨੂਸ ਆਦਿ ਜਿਹੀ ਉਦਯੋਗਿਕ ਲੱਕੜੀ ਮਿਲਦੀ ਹੈ। ਇਨ੍ਹਾਂ ਤੋਂ ਬਿਨਾਂ ਛੋਟੀਆਂ ਝਾੜੀਆਂ, ਬੈਂਤ ਤੇ ਸਰਕੜਾ ਹੁੰਦਾ ਹੈ। ਬਾਂਸ ਵੀ ਇਨ੍ਹਾਂ ਜੰਗਲਾਂ ਵਿਚ ਮਿਲਦਾ ਹੈ। ਘੱਟ ਬਾਰਸ਼ ਵਾਲੇ ਮੈਦਾਨਾਂ ਵਿਚ ਕੰਡਿਆਲੇ ਜੰਗਲ ਮਿਲਦੇ ਹਨ।

ਇਤਿਹਾਸ—ਭਾਵੇਂ ਪੂਰਾ- ਪੱਥਰ ਅਤੇ ਨਵ-ਪੱਥਰ ਕਾਲ ਦੇ ਮਨੁੱਖੀ ਹੋਂਦ ਦੇ ਕਈ ਸਬੂਤ ਮਿਲੇ ਹਨ ਫਿਰ ਵੀ ਪੁਰਾਤਨ ਕਰਨਾਟਕ ਬਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੈ। ਇਨ੍ਹਾਂ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਇਸ ਦਾ ਪੱਛਮ ਦੀ ਮੁੱਢਲੀਆਂ ਸੱਭਿਅਤਾਵਾਂ ਨਾਲ ਕਾਫ਼ੀ ਸੰਪਰਕ ਸੀ। ਸਿੰਧ ਘਾਟੀ ਦੀ ਸੱਭਿਅਤਾ ਅਤੇ ਕਰਨਾਟਕ ਦੇ ਵਿਚਕਾਰ ਤਾਂ ਗੂੜ੍ਹੀ ਸਾਂਝ ਦਿਖਾਈ ਦਿੰਦੀ ਹੈ। ਮੌਰੀਆ ਰਾਜ ਦੇ ਵੀ ਕਈ ਚਿੰਨ ਮਿਲਦੇ ਹਨ। ਮੌਰੀਆ ਪਿਛੋਂ ਸਤਾਵਾਹਨ ਆਏ ਜਿਨ੍ਹਾਂ ਦੇ ਰਾਜ ਕਾਲ ਦੌਰਾਨ ਪ੍ਰਾਕ੍ਰਿਤੀ ਸਾਹਿਤ ਅਤੇ ਬੁੱਧਮਤ ਨੂੰ ਉਤਸ਼ਾਹ ਮਿਲਿਆ। ਇਸ ਉਪਰੰਤ ਕ੍ਰਮਵਾਰ ਕਦੰਬਾ ਰਾਜ ਅਤੇ ਚਾਲੂਕਆ ਰਾਜ (4-11ਵੀਂ ਸਦੀ) ਦਾ ਬੋਲਬਾਲਾ ਰਿਹਾ। ਚਾਲੂਕਆ ਰਾਜ ਦੌਰਾਨ ਜੈਨ ਮੱਠ ਤੇ ਮੰਦਰ ਬਣੇ ਅਤੇ ਇਸੇ ਰਾਜ ਵਿਚ ਹਿਊਨਸਾਂਗ ਨੇ ਬਦਾਮੀ ਦੀ ਯਾਤਰਾ ਕੀਤੀ ਇਸ ਇਲਾਕੇ ਦੀ ਉੱਚੀ ਸੱਭਿਅਤਾ ਅਤੇ ਤਹਿਜ਼ੀਬ ਦੀ ਬਹੁਤ ਪ੍ਰਸੰਸਾ ਕੀਤੀ। ਬਾਅਦ ਵਿਚ ਇਥੇ ਰਾਸ਼ਟਰਕੂਟ ਵੰਸ਼ ਤਾਕਤ ਵਿਚ ਆਇਆ ਜਿਸ ਦਾ ਨਰਪਤੁੰਗ ਸ਼ਕਤੀਸ਼ਾਲੀ ਰਾਜਾ ਸੀ। ਵਿਕ੍ਰਮਾਦਿਤ ਸਮੇਂ ਹਿੰਦੂ ਕਾਨੂੰਨ ਦੇ ਸਿਧਾਂਤ ਕਨਾੜਾ ਖੇਤਰ ਦੀ ਇਕ ਅਮਰ ਦੇਣ ਹੈ। ਚਾਲੂਕੀਆਂ ਅਤੇ ਚੋਲਿਆਂ ਦੇ ਪਤਨ ਪਿਛੋਂ ਇਥੇ ਸਮਾਜਕ ਅਤੇ ਧਾਰਮਕ ਉਥਲ-ਪੁਥਲ ਬਹੁਤ ਹੋਈ।

ਕਰਨਾਟਕ ਦੀ ਸ਼ਾਨ ਵਿਜੈਨਗਰ ਸਲਤਨਤ ਵਿਚ ਸਮੋਈ ਹੋਈ ਸੀ ਜਿਸਨੂੰ ਕਰਨਾਟਕ ਦਾ 'ਸਾਮਰਾਜ' ਵੀ ਕਿਹਾ ਜਾਂਦਾ ਹੈ। ਇਸ ਸਲਤਨਤ ਨੇ ਹਿੰਦੂ ਧਰਮ ਨੂੰ ਇਸਲਾਮ ਦੇ ਪੰਜੇ ਵਿਚੋਂ ਬਚਾਇਆ ਅਤੇ ਇਸਦੇ ਹਾਕਮਾਂ ਨੇ ਰਾਜ-ਪ੍ਰਬੰਧ ਮੰਨੂ, ਕੌਟੱਲਿਆ ਅਤੇ ਸੁਕਰਾਤ ਦੇ ਸਿਧਾਂਤ ਅਨੁਸਾਰ ਚਲਾਇਆ। ਇਸ ਸਲਤਨਤ ਦੇ ਕਮਜ਼ੋਰ ਪੈਣ ਤੇ ਨਾਯਕ, ਪੈਲੇਗਰ ਅਤੇ ਵਡਿਆਰ ਜ਼ੋਰ ਫੜ੍ਹ ਗਏ ਜਿਨ੍ਹਾਂ ਦੇ ਅੰਦਰੂਨੀ ਝਗੜਿਆਂ ਨੇ ਹੈਦਰ ਅਲੀ ਦੀ ਲੁੱਟ-ਖਸੁੱਟ ਲਈ ਰਾਹ ਸਾਫ਼ ਕਰ ਦਿਤਾ ਜਿਹੜਾ ਕਿ ਇਥੇ ਪਹਿਲਾ ਮੁਸਲਮਾਨ ਬਾਦਸ਼ਾਹ ਬਣਿਆ। ਇਸ ਨੇ ਕਈ ਵਾਰ ਅੰਗਰੇਜ਼ਾਂ ਨੂੰ ਹਰਾਇਆ। ਸੰਨ 1792 ਅਤੇ 1799 ਵਿਚਕਾਰਲਾ ਸਮਾਂ ਮੈਸੂਰ ਦੇ ਇਤਿਹਾਸ ਵਿਚ ਮੰਦੇ ਦਿਨਾਂ ਦਾ ਸਮਾਂ ਸੀ। ਸੰਨ 1799 ਵਿਚ ਟੀਪੂ ਸੁਲਤਾਨ ਦੀ ਹਾਰ ਨਾਲ ਰਾਜ ਪੁਰਾਤਨ ਵਡਿਆਰ ਵੰਸ਼ ਨੂੰ ਮੁੜ ਮਿਲ ਗਿਆ।

ਸੁਤੰਤਰਤਾ ਅੰਦੋਲਨ ਅਤੇ ਏਕੀਕਰਣ ਅੰਦੋਲਨ ਦਾ ਸਮਾਂ ਮਹਾਨ ਕੁਰਬਾਨੀਆਂ ਅਤੇ ਅਦੁੱਤੀ ਪ੍ਰਾਪਤੀਆਂ ਲਈ ਇਕ ਮਹੱਤਵਪੂਰਨ ਇਤਿਹਾਸਕ ਸਮਾਂ ਸੀ। ਰਾਜ ਦੇ ਲੋਕਾਂ ਨੂੰ ਸੁਤੰਤਰਤਾ ਦੇ ਜਲਦੀ ਹੀ ਪਿੱਛੋਂ ਜ਼ਿੰਮੇਵਾਰ ਸਰਕਾਰ ਪ੍ਰਾਪਤ ਹੋ ਗਈ ਅਤੇ 1956 ਈ. ਵਿਚ ਰਾਜ ਪੁਨਰਗਠਨ ਪਿੱਛੋਂ ਵਰਤਮਾਨ ਰਾਜ ਸਥਾਪਤ ਹੋ ਗਿਆ।

ਆਰਥਕਤਾ—

**ਖਣਿਜ**—ਕਰਨਾਟਕ ਖਣਿਜ ਪਦਾਰਥਾਂ ਦਾ ਇਕ ਵੱਡਾ ਭੰਡਾਰ ਹੈ ਜਿਸ ਵਿਚ ਇਨ੍ਹਾਂ ਦੀ ਵੱਧ ਤੋਂ ਵੱਧ ਵੰਨਗੀ ਅਤੇ ਚੰਗੀ ਤੋਂ ਚੰਗੀ ਕਿਸਮ ਮਿਲਦੀ ਹੈ। ਇਥੇ ਉੱਚ ਦਰਜੇ ਦਾ ਲੋਹਾ 2000 ਤੋਂ 2500 ਮਿਲੀਅਨ ਟਨ, ਮੈਂਗਨੀਜ਼ ਕੱਚੀ ਧਾਤ 10 ਤੋਂ 12 ਮਿਲੀਅਨ ਟਨ ਮੌਜੂਦ ਹੈ। ਇਸ ਤੋਂ ਇਲਾਵਾ ਚੂਨੇ ਦਾ ਪੱਥਰ, ਬਾਕਸਾਈਟ, ਕ੍ਰੋਮਾਈਟ, ਤਾਂਬਾ, ਸ਼ੋਰਾ, ਕਾਓਲਿਨ, ਕੋਰੰਡਮ, ਐਸਬੈਸਟੌਸ, ਫੁੱਲਰਜ਼ ਅਰਥ, ਗੇਰੂ, ਗੰਧਕ, ਸਿੱਕਾ, ਅਬਰਕ, ਸਜਾਵਟੀ ਪੱਥਰ ਅਤੇ ਹੋਰ ਬਹੁਤ ਛੋਟੀਆਂ-ਛੋਟੀਆਂ ਧਾਤਾਂ ਮਿਲਦੀਆਂ ਹਨ। ਸੰਧੂਰ ਸ਼ਿਮੋਗਾ—ਬੈਲਗਾਓਂ ਪੱਟੀ, ਕੋਲਾਰ ਤੇ ਹੱਟੀ ਦੇ ਸੋਨੇ ਦੇ ਖੇਤਰ ਅਤੇ ਕੁਰਮ-ਨੀਲਗਿਰੀ ਪੱਟੀ ਖਾਣਾਂ ਲਈ ਬਹੁਤ ਪ੍ਰਸਿੱਧ ਹਨ। ਭਾਰਤ ਦੇ ਕੁੱਝ ਸੋਨੇ ਦਾ 85 ਫ਼ੀਸਦੀ ਰਾਏਚੂਰ ਜ਼ਿਲ੍ਹੇ ਵਿਚ ਕੋਲਾਰ ਅਤੇ ਹੱਟੀ ਦੀਆਂ ਖਾਣਾਂ ਤੋਂ ਪ੍ਰਾਪਤ ਹੁੰਦਾ ਹੈ। ਕੋਲਾਰ ਦੀਆਂ ਖਾਣਾਂ ਵਿਚ 3,048 ਮੀਟਰ ਦੀ ਡੂੰਘਾਈ ਤੋਂ ਸੋਨਾ ਕੱਢਿਆ ਜਾਂਦਾ ਹੈ। ਇਹ ਦੁਨੀਆ ਵਿਚ ਸਭ ਤੋਂ ਡੂੰਘੀਆਂ ਖਾਣਾਂ ਹਨ।

**ਜਲ ਸ਼ਕਤੀ**—ਕ੍ਰਿਸ਼ਨਾ ਅਤੇ ਕਾਵੇਰੀ ਤੋਂ ਬਿਨਾਂ ਹੋਰ ਵੀ ਕਈ ਦਰਿਆ ਸਿੰਜਾਈ ਅਤੇ ਬਿਜਲੀ ਪੈਦਾ ਕਰਨ ਲਈ ਵਰਤੇ ਜਾਂਦੇ ਹਨ। ਸਿੰਜਾਈ ਦੀਆਂ ਸਭ ਤੋਂ ਮਸ਼ਹੂਰ ਸਕੀਮਾਂ ਤੁੰਗਭਦਰਾ, ਘਾਟ ਪ੍ਰਭਾ, ਮਾਲ ਪ੍ਰਭਾ, ਅੱਪਰਕ੍ਰਿਸ਼ਨਾ, ਭੱਦਰਾ, ਹਾਰੰਗੀ, ਕਬੀਬੀ ਅਤੇ ਹੇਮਵਤੀ ਹਨ। ਸ਼ਰਾਵਤੀ ਪਣ ਬਿਜਲੀ ਯੋਜਨਾ, ਸ਼ਿਵਸਮੁੰਦਰਮ ਯੋਜਨਾ ਅਤੇ ਕਾਲੀ ਦਰਿਆ ਉੱਤੇ ਬਣਿਆ ਪਾਵਰ ਪ੍ਰਾਜੈਕਟ ਇਥੋਂ ਦੇ ਮੁੱਖ ਪਾਵਰ ਪ੍ਰਾਜੈਕਟ ਹਨ।

**ਖੇਤੀਬਾੜੀ**—ਕਰਨਾਟਕ ਖੇਤੀਬਾੜੀ ਪ੍ਰਧਾਨ ਇਲਾਕਾ ਹੈ। 106 ਲੱਖ ਹੈਕਟੇਅਰ ਭੂਮੀ ਖੇਤੀਬਾੜੀ ਅਧੀਨ ਹੈ, ਜਿਸ ਦੇ 21.7 ਫ਼ੀਸਦੀ ਹਿੱਸੇ ਦੀ ਸਿੰਜਾਈ ਕੀਤੀ ਜਾਂਦੀ ਹੈ। ਇਥੇ ਅਨਾਜ ਦੀਆਂ ਮੁੱਖ ਫ਼ਸਲਾਂ ਚਾਉਲ, ਜਵਾਰ, ਕਣਕ, ਬਾਜਰਾ, ਅਤੇ ਦਾਲਾਂ ਆਦਿ ਹੁੰਦੀਆਂ ਹਨ। ਇਥੋਂ ਦੀਆਂ ਵਿਆਪਕ ਫ਼ਸਲਾਂ ਗੰਨਾ, ਕਪਾਹ, ਤੇਲਾਂ ਦੇ ਬੀਜ, ਤੰਬਾਕੂ, ਨਾਰੀਅਲ, ਸੁਪਾਰੀ, ਕਾਫ਼ੀ, ਇਲਾਚੀ, ਕਾਜੂ, ਕਾਲੀ-ਮਿਰਚ, ਸੰਤਰਾ ਅਤੇ ਅੰਗੂਰ ਆਦਿ ਹਨ।

**ਉਦਯੋਗ**—ਇਥੋਂ ਮਿਲਣ ਵਾਲੇ ਖਣਿਜਾਂ ਤੇ ਆਧਾਰਿਤ ਇਥੇ ਕਈ ਵੱਡੇ-ਵੱਡੇ ਉਦਯੋਗ ਹਨ। ਇਥੇ ਮਸ਼ੀਨਰੀ, ਸੰਦ, ਹਵਾਈ ਜਹਾਜ਼, ਬਿਜਲੀ ਦਾ ਸਮਾਨ ਘੜੀਆਂ ਅਤੇ ਸੰਚਾਰ ਦਾ ਸਾਮਾਨ

ਆਦਿ ਤਿਆਰ ਕੀਤਾ ਜਾਂਦਾ ਹੈ। ਇਹ ਚੀਜ਼ਾਂ ਬਣਾਉਣ ਵਾਲੀਆਂ ਭਾਰਤ ਸਰਕਾਰ ਦੀਆਂ ਮਸ਼ਹੂਰ ਸੱਨਅਤਾਂ ਐਚ. ਐਮ. ਟੀ, ਐਚ. ਏ. ਐਲ., ਬੀ. ਈ. ਐਲ., ਅਤੇ ਆਈ. ਟੀ. ਆਈ. ਇਥੇ ਹੀ ਹਨ। ਰਾਜ ਦੀ ਨਿੱਜੀ ਸੱਨਅਤ ਮੈਸੂਰ ਆਇਰਨ ਅਤੇ ਸਟੀਲ ਲਿਮਟਿਡ ਭਦਰਾਵਤੀ ਹੈ ਜੋ ਵਧੀਆ ਕਿਸਮ ਦਾ ਸਟੀਲ ਅਤੇ ਅਲਾਇ ਸਟੀਲ ਤਿਆਰ ਕਰਦੀ ਹੈ। ਇਸ ਤੋਂ ਇਲਾਵਾ ਦੂਜੀਆਂ ਪ੍ਰਫੁੱਲਤ ਸਨੱਅਤਾਂ ਵਿਚ ਸੂਤੀ ਕਪੜੇ ਦੀਆਂ ਮਿਲਾਂ, ਖੰਡ ਦੇ ਕਾਰਖ਼ਾਨੇ, ਸਾਬਣ, ਰਸਾਇਣਿਕ ਪਦਾਰਥ ਤੇ ਦਵਾਈਆਂ ਦੀਆਂ ਫੈਕਟਰੀਆਂ, ਸੀਮਿੰਟ ਤੇ ਸ਼ੀਸ਼ੇ ਦਾ ਸਾਮਾਨ ਤਿਆਰ ਕਰਨ ਦੇ ਕਾਰਖ਼ਾਨੇ ਅਤੇ ਮਿੱਟੀ ਤੇ ਚੂਨੇ ਦੇ ਬਰਤਨ ਬਣਾਉਣ ਦੀਆਂ ਦਸਤਕਾਰੀਆਂ ਆਦਿ ਸ਼ਾਮਲ ਹਨ। ਮੁਲਕ ਭਰ ਦੇ ਰੇਸ਼ਮੀ ਕਪੜੇ ਦਾ 80 ਫ਼ੀਸਦੀ ਕਰਨਾਟਕ ਦੀ ਦੇਣ ਹੈ। ਇਥੋਂ ਦਾ ਸੰਦਲ ਦਾ ਸਾਬਣ ਅਤੇ ਸੰਦਲ ਦਾ ਤੇਲ ਦੁਨੀਆ ਭਰ ਦੀ ਮੰਡੀ ਵਿਚ ਮਸ਼ਹੂਰ ਹੈ। ਇਸਦਾ ਸਮੁੰਦਰੀ ਤੱਟ 320 ਕਿ. ਮੀ. ਲੰਬਾ ਹੈ ਇਸ ਵਿਚੋਂ 86,000 ਟਨ ਮੱਛੀ ਫੜੀ ਜਾਂਦੀ ਹੈ ਅਤੇ ਇਸ ਨੂੰ ਡੱਬਾਬੰਦ ਕਰਨ ਵਾਲੇ ਕਈ ਯੂਨਿਟ ਸਮੁੰਦਰੀ ਤਟ ਤੇ ਕਾਇਮ ਹੋ ਗਏ ਹਨ।

ਲੋਕ—ਸੰਨ 1931 ਤੋਂ ਇਥੋਂ ਦੀ ਆਬਾਦੀ ਤੇਜ਼ੀ ਨਾਲ ਵਧਣ ਲਗੀ ਹੈ। ਰਾਜ ਦੀ ਵਸੋਂ ਦੀ ਘਣਤਾ 95 ਵਿਅਕਤੀ ਪ੍ਰਤੀ ਵ. ਕਿ. ਮੀ. (1951), 123 (1971) ਅਤੇ 153 (1971) ਹੈ। ਸੰਨ 1981 ਦੀ ਮਰਦਮਸ਼ੁਮਾਰੀ ਅਨੁਸਾਰ ਰਾਜ ਦੀ ਕੁਲ ਆਬਾਦੀ 3,71,35,714 ਹੈ। ਰਾਜ ਦੇ ਘਰਾਂ ਦੀ ਕੁਲ ਗਿਣਤੀ 4,40,055 ਹੈ ਅਰਥਾਤ 225 ਘਰ ਪ੍ਰਤੀ ਵ. ਕਿ. ਮੀ. ਹਨ। 75.69 ਫ਼ੀਸਦੀ ਲੋਕ ਪਿੰਡਾਂ ਵਿਚ ਅਤੇ 24.31 ਫ਼ੀਸਦੀ ਸ਼ਹਿਰਾਂ ਵਿਚ ਰਹਿੰਦੇ ਹਨ।

ਕਰਨਾਟਕ ਰਾਜ ਵਿਚ ਬੰਗਲੌਰ, ਬੈਲਗਾਓਂ, ਬੇਲਾਰੀ, ਬੀਦਰ, ਬੀਜਾਪੁਰ, ਚਿਕਮਗਲੂਰ, ਚਿਤ੍ਰਦੁਰਗ ਕੂਰਗ, ਧਾਰਵਾੜ, ਗੁਲਬਰਗਾ, ਹਸਨ, ਕੋਲਾਰ, ਉੱਤਰੀ ਕਨਾਰਾ, ਦੱਖਣੀ ਕਨਾਰਾ, ਮਾਂਡੀਆਂ, ਰਾਏਚੂਰ, ਸ਼ਿਮੋਗਾ, ਟੁਮਕੁਰ ਅਤੇ ਮੈਸੂਰ ਨਾਵਾਂ ਦੇ ਕੁਲ 19 ਜ਼ਿਲ੍ਹੇ ਹਨ।

ਹ: ਪੁ.—ਕਰਨੇਾਟਕ-ਪਬਲੀਕੇਸ਼ਨ ਡਵੀਜ਼ਨ; ਇੰਪ. ਗ. ਜਿੰਡ 18 : 161

**ਕਰਨਾਲ** : ਜ਼ਿਲ੍ਹਾ—ਹਰਿਆਣਾ ਰਾਜ (ਭਾਰਤ) ਦਾ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਤੇ ਉੱਤਰ-ਪੱਛਮ ਵਿਚ ਕੁਰਕਸ਼ੇਤਰ, ਦੱਖਣ-ਪੱਛਮ ਵਿਚ ਜੀਂਦ, ਦੱਖਣ ਵਿਚ ਸੋਨੀਪਤ ਅਤੇ ਪੂਰਬ ਵਿਚ (ਉੱਤਰ ਪ੍ਰਦੇਸ਼ ਰਾਜ) ਦੇ ਜ਼ਿਲ੍ਹੇ ਹਨ। ਜ਼ਿਲ੍ਹੇ ਦਾ ਕੁਲ ਰਕਬਾ 3,721 ਵ.ਕਿ.ਮੀ. ਅਤੇ ਵਸੋਂ 1,322,826 (1981) ਹੈ।

ਵਧੇਰੇ ਕਰਕੇ ਕਰਨਾਲ ਜ਼ਿਲ੍ਹਾ ਪੱਧਰ ਜਲੌਢ ਮਿੱਟੀ ਵਾਲਾ ਮੈਦਾਨ ਹੈ। ਉੱਤਰ ਤੋਂ ਦੱਖਣ ਵੱਲ ਯਮਨਾ ਅਤੇ ਘੱਗਰ ਦਿਆਂ ਪਾਣੀਆਂ ਨੂੰ ਵੱਖ ਕਰਨ ਵਾਲਾ ਜਲ-ਨਿਖੇੜ ਜ਼ਿਲ੍ਹੇ ਨੂੰ ਪਾਰ ਕਰਦਾ ਹੈ। ਜਲ-ਨਿਖੇੜ ਦੇ ਪੂਰਬ ਵਲ ਨੂੰ ਯਮਨਾ ਦਰਿਆਈ ਖੇਤਰ ਹੈ ਜਿਸ ਨੂੰ 'ਖਾਦਰ' ਕਿਹਾ ਜਾਂਦਾ ਹੈ। ਇਹ ਨਵੀਂ ਜਲੌਢ ਮਿੱਟੀ ਦਾ ਨੀਵਾਂ ਇਲਾਕਾ ਹੈ ਅਤੇ ਯਮਨਾ ਦਰਿਆ ਦੇ ਚੜ੍ਹਾਵਾਂ ਦੀ ਪੱਛਮੀ ਸਰਹੱਦ ਨੂੰ ਪ੍ਰਗਟ ਕਰਦਾ ਹੈ। ਇਥੋਂ ਦੀ ਮਿੱਟੀ ਹਲਕੀ ਹੈ ਅਤੇ ਪਾਣੀ ਤਲ ਦੇ ਬਹੁਤ ਨੇੜੇ ਹੈ। ਮੈਦਾਨ ਦੀ ਉਚਾਈ, ਉੱਤਰ ਤੋਂ ਦੱਖਣ ਵੱਲ ਨੂੰ ਹੌਲੀ ਹੌਲੀ ਘਟਦੀ ਜਾਂਦੀ ਹੈ।

ਜਲ-ਨਿਖੇੜ ਦੇ ਪੱਛਮ ਵਲ ਨੂੰ ਬਾਂਗਰ ਉੱਚ ਭੂਮੀ-ਵਾਲਾ ਮੈਦਾਨ ਹੈ ਜੋ 8 ਤੋਂ 16 ਕਿ. ਮੀ. ਤੀਕ ਚੌੜਾ ਹੈ ਅਤੇ ਪਾਨੀਪਤ, ਕਰਨਾਲ ਅਤੇ ਥਨੇਸਰ ਤਹਿਸੀਲ ਵਿਚ ਖਾਦਰ ਦੇ ਸਮਾਂਤਰ ਫੈਲਿਆ ਹੋਇਆ ਹੈ। ਇਥੇ ਨਹਿਰਾਂ ਤੇ ਖੂਹਾਂ ਨਾਲ ਸਿੰਜਾਈ ਕੀਤੀ ਜਾਂਦੀ ਹੈ।

ਕਰਨਾਲ ਅਤੇ ਕੈਥਲ ਤਹਿਸੀਲਾਂ ਦੇ ਪੱਛਮ ਵਲ ਨੂੰ ਉੱਚ-ਸਮਭੂਮੀ ਜਿਸ ਨੂੰ ਨਾਰਦਾਕ ਕਿਹਾ ਜਾਂਦਾ ਹੈ, ਫੈਲੀ ਹੋਈ ਹੈ। ਇਥੇ ਪਾਣੀ ਬਹੁਤ ਡੂੰਘਾ ਹੈ ਅਤੇ ਇਹ ਕਈ ਕਿਸਮ ਦੇ ਘਾਹਾਂ ਅਤੇ ਢੱਕ ਦੇ ਰੁੱਖਾਂ ਨਾਲ ਢੱਕਿਆ ਪਿਆ ਹੈ। ਬਾਂਗਰ ਅਤੇ ਨਰਦਾਕ ਖੇਤਰ ਪੁਰਾਣੀ ਜਲੌਢੀ ਮਿੱਟੀ ਵਾਲਾ ਹੈ।

ਨਰਦਾਕ ਦੇ ਪੱਛਮ ਨੂੰ ਫਿਰ ਕੈਥਲ ਤਹਿਸੀਲ ਦਾ ਬਾਂਗਰ ਹੈ ਜੋ ਰੋਹਤਕ ਅਤੇ ਹਾਂਸੀ ਦੀਆਂ ਉੱਚ-ਭੂਮੀਆਂ ਨਾਲ ਮੇਲ ਖਾਂਦਾ ਹੈ। ਬਾਂਗਰ ਦੇ ਪੱਛਮ ਵੱਲ ਦਾ ਇਲਾਕਾ ਜਿਸ ਵਿਚ ਥਾਨੇਸਰ ਤਹਿਸੀਲ ਦਾ ਪੱਛਮੀ ਹਿੱਸਾ ਅਤੇ ਗੂਹਲਾ ਉਪ-ਮੰਡਲ ਹੈ, ਨੇਲੀ ਜਾਂ ਛੱਚਰਾ ਖੇਤਰ ਕਿਹਾ ਜਾਂਦਾ ਹੈ। ਇਸ ਨੂੰ ਕਈ ਨਦੀਆਂ ਅਤੇ ਨਾਲੇ ਪਾਰ ਕਰਦੇ ਹਨ। ਮਾਰਕੰਡਾ ਨਦੀ ਦੇ ਨਾਲ ਲਗਦਾ ਹੜ੍ਹਾਂ ਦੁਆਰਾ ਬਣਿਆ ਮੈਦਾਨ ਹੈ ਜਿਸ ਨੂੰ ਬੇਟ ਕਹਿੰਦੇ ਹਨ। ਇਥੋਂ ਦੀ ਮਿੱਟੀ ਬਹੁਤ ਚੀਕਣੀ ਹੈ। ਚਾਉਲ ਇਸ ਇਲਾਕੇ ਦੀ ਮੁੱਖ ਫਸਲ ਹੈ।

ਜ਼ਿਲ੍ਹੇ ਦੇ ਪੂਰਬੀ ਹਿੱਸੇ ਦੇ ਨਾਲ ਨਾਲ, ਲਗਭਗ 80 ਕਿ. ਮੀ. ਤੀਕ, ਯਮਨਾ ਦਰਿਆ ਵਗਦਾ ਹੈ। ਬੂੜ੍ਹੀ ਨਦੀ ਜੋ ਖਾਦਰ ਇਲਾਕੇ ਦੇ ਪੱਛਮੀ ਸਿਰੇ ਦੇ ਨਾਲ ਨਾਲ ਵਗਦੀ ਹੈ, ਕਿਸੇ ਸਮੇਂ ਯਮਨਾ ਦਰਿਆ ਦਾ ਤਲ ਹੁੰਦੀ ਸੀ।

ਘੱਗਰ ਦਰਿਆ ਜ਼ਿਲ੍ਹੇ ਦੇ ਉੱਤਰੀ ਹਿੱਸੇ ਵਿਚ ਵਹਿੰਦਾ ਹੈ। ਮਾਰਕੰਡਾ, ਕਰਨਾਲ ਜ਼ਿਲ੍ਹੇ ਵਿਚ ਦਾਮਲੀ ਪਿੰਡ ਦੇ ਨੇੜਿਉਂ ਦਾਖਲ ਹੁੰਦਾ ਹੈ ਅਤੇ ਸ਼ਾਹਬਾਦ ਦੇ ਕੋਲੋਂ ਦੀ ਲੰਘਦਾ ਹੈ। ਲਗਭਗ 50 ਕਿ. ਮੀ. ਤੀਕ ਦੱਖਣ-ਪੱਛਮ ਵਲ ਨੂੰ ਵਹਿਣ ਉਪਰੰਤ ਇਹ ਸਰਸਵਤੀ ਵਿਚ ਜਾ ਮਿਲਦਾ ਹੈ। ਇਹ ਮੌਸਮੀ ਦਰਿਆ ਹੈ ਅਤੇ ਬਰਸਾਤੀ ਮੌਸਮ ਵਿਚ ਇਸ ਵਿਚ ਹੜ੍ਹ ਆ ਜਾਂਦੇ ਹਨ। ਸਰਸਵਤੀ ਨਦੀ ਹੋਰ ਛੋਟੇ ਛੋਟੇ ਨਾਲਿਆਂ ਦੇ ਨਾਲ ਨਾਲ ਥਾਨੇਸਰ ਤਹਿਸੀਲ ਦੇ ਵਧੇਰੇ ਹਿੱਸੇ ਦਾ ਜਲ-ਨਿਕਾਸ ਕਰਦੀ ਹੈ ਅਤੇ ਨੀਵੇਂ ਨੇਲੀ ਇਲਾਕੇ ਵਿਚ, ਬਰਸਾਤੀ ਮੌਸਮ ਵਿਚ ਹੜ੍ਹ ਲੈ ਆਉਂਦੀ ਹੈ। ਜ਼ਿਲ੍ਹੇ ਦੀ ਸਰਹੱਦ ਪਾਰ ਕਰਨ ਤੋਂ ਬਾਅਦ ਇਹ ਘੱਗਰ ਦਰਿਆ ਵਿਚ ਜਾ ਡਿਗਦੀ ਹੈ। ਉਕਤ ਵਰਣਿਤ ਨਦੀਆਂ ਤੋਂ ਇਲਾਵਾ ਰਖਸ਼ੀ ਨਦੀ, ਛੁਟਾਂਗ ਨਦੀ, ਓਮਲਾ ਨਦੀ, ਪਟਿਆਲਾ ਨਦੀ, ਨਾਈ ਨਦੀ ਅਤੇ ਗੰਦਾ ਨਾਲਾ ਇਥੇ ਦੇ ਹੋਰ ਨਾਲੇ ਹਨ ਜੋ ਜ਼ਿਲ੍ਹੇ ਦੇ ਉੱਤਰੀ-ਪੱਛਮੀ ਹਿੱਸੇ ਵਿਚ ਵਗਦੇ ਹਨ।

ਜ਼ਿਲ੍ਹੇ ਦੇ ਉੱਤਰ ਅਤੇ ਉੱਤਰ-ਪੱਛਮ ਵਲ ਨੂੰ ਕਈ ਝੀਲਾਂ ਹਨ। ਬੀਬੀਪੁਰ ਝੀਲ, ਪਰਾਣ ਝੀਲ, ਬਜ਼ਾਦ ਝੀਲ, ਨੋਹਰਾ ਝੀਲ, ਸ਼ੇਰਾ ਝੀਲ, ਦੋਸੀਆਂ ਝੀਲ ਅਤੇ ਕਰਨ ਝੀਲ ਜ਼ਿਲ੍ਹੇ ਦੀਆਂ ਪ੍ਰਸਿੱਧ ਝੀਲਾਂ ਹਨ।

ਇਥੇ ਕੰਕਰ ਅਤੇ ਸ਼ੋਰਾ ਖਣਿਜ-ਪਦਾਰਥ ਦੇ ਤੌਰ ਤੇ ਮਿਲਦੇ ਹਨ।

ਜ਼ਿਲ੍ਹੇ ਦਾ ਜਲਵਾਯੂ ਪੰਜਾਬ ਦੇ ਮੈਦਾਨਾਂ ਵਰਗਾ ਹੈ। ਇਥੇ ਗਰਮੀਆਂ ਵਿਚ ਸਖਤ ਗਰਮੀ ਅਤੇ ਸਰਦੀਆਂ ਵਿਚ ਸਖਤ ਸਰਦੀ ਪੈਂਦੀ ਹੈ। ਇਥੇ ਔਸਤਨ ਸਲਾਨਾ ਵਰਖਾ 75 ਸੈਂ. ਮੀ. ਹੁੰਦੀ ਹੈ।

ਜ਼ਿਲ੍ਹੇ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਥੋਂ ਦੀ ਭੂਮੀ ਬਹੁਤ ਉਪਜਾਊ ਹੈ। ਚਾਉਲ ਅਤੇ ਗੰਨਾ ਜ਼ਿਲ੍ਹੇ ਦੀਆਂ ਮੁੱਖ ਫਸਲਾਂ ਹਨ। ਇਸ ਤੋਂ ਇਲਾਵਾ ਇਥੇ ਕਣਕ, ਕਪਾਹ, ਮੱਕੀ, ਬਾਜਰਾ ਵੀ ਉਗਾਇਆ ਜਾਂਦਾ ਹੈ। ਚਰਾਂਦਾਂ ਦੀਆਂ ਵਧੇਰੇ ਸਹੂਲਤਾਂ ਕਾਰਨ ਇਥੇ ਮੱਝਾਂ, ਭੇਡਾਂ ਅਤੇ ਬੱਕਰੀਆਂ ਕਾਫ਼ੀ ਗਿਣਤੀ ਵਿਚ

ਪਾਲੀਆਂ ਜਾਂਦੀਆਂ ਹਨ। ਇਥੇ ਪਸ਼ੂ ਵਿਕਾਸ ਪ੍ਰਾਜੈਕਟ ਵੀ ਚਲ ਰਿਹਾ ਹੈ।

ਜ਼ਿਲ੍ਹੇ ਵਿਚ ਸਿੰਜਾਈ ਮੁੱਖ ਤੌਰ ਤੇ ਨਹਿਰਾਂ ਦੁਆਰਾ ਕੀਤੀ ਜਾਂਦੀ ਹੈ। ਪੱਛਮੀ ਯਮਨਾ ਨਹਿਰ, ਭਾਖੜਾ ਨਹਿਰ ਦੀ ਨਰਵਾਣਾ ਸ਼ਾਖਾ, ਸਰਸਵਤੀ ਨਹਿਰ ਅਤੇ ਛੁਟਾਂਗ ਨਹਿਰਾਂ ਜ਼ਿਲ੍ਹੇ ਨੂੰ ਸਿੰਜਦੀਆਂ ਹਨ। ਨਹਿਰਾਂ ਤੋਂ ਇਲਾਵਾ ਇਥੇ ਟਿਊਬਵੈਲਾਂ ਅਤੇ ਖੂਹਾਂ ਦੁਆਰਾ ਵੀ ਸਿੰਜਾਈ ਕੀਤੀ ਜਾਂਦੀ ਹੈ।

ਉਦਯੋਗਿਕ ਪੱਖੋਂ ਇਹ ਵਧੇਰੇ ਮਹੱਤਤਾ ਵਾਲਾ ਜ਼ਿਲ੍ਹਾ ਨਹੀਂ ਹੈ। ਇਥੇ ਖੰਡ, ਸ਼ਰਾਬ, ਸਪਿਰਿਟ, ਹੱਥ-ਖੱਡੀ ਕੱਪੜਾ, ਉਨੀ ਕਪੜਾ, ਜ਼ਰਾਇਤੀ ਸੰਦ, ਇੰਜੀਨੀਅਰਿੰਗ, ਢਲਾਈ, ਸਾਈਕਲਾਂ ਅਤੇ ਮਸ਼ੀਨਾਂ ਦੇ ਪੁਰਜ਼ੇ, ਕੰਡਿਊਟ ਫੌਲਾਦ ਦਾ ਬਣਿਆ ਸਾਮਾਨ, ਸ਼ੈਲਰ, ਸਟੀਲ ਰੋਲਿੰਗ ਮਿਲ, ਬੀਜਾਂ ਤੋਂ ਤੇਲ ਕੱਢਣਾ ਅਤੇ ਰਬੜ ਦੀਆਂ ਵਸਤਾਂ ਤਿਆਰ ਕਰਨ ਦੇ ਉਦਯੋਗ ਸਥਾਪਤ ਹਨ। ਚਮੜਾ ਕਮਾਉਣਾ, ਜੁੱਤੀਆਂ ਬਣਾਉਣਾ, ਹਾਥੀ ਦੰਦ ਦੀਆਂ ਵਸਤਾਂ, ਵਾਣ ਅਤੇ ਰੱਸੀਆਂ ਵੱਟਣਾ ਅਤੇ ਗੁੜ ਬਣਾਉਣਾ ਇਥੋਂ ਦੇ ਘਰੇਲੂ ਉਦਯੋਗ ਹਨ।

ਨਰਵਾਣਾ ਅਤੇ ਪਾਨੀਪਤ, ਜ਼ਿਲ੍ਹੇ ਦੇ ਵੱਡੇ ਸ਼ਹਿਰ ਹਨ।

ਪੁਰਾਤਤਵੀ ਹਿਤ ਦੇ ਪੱਖੋਂ ਇਥੇ ਕਈ ਅਸਥਾਨ ਹਨ। ਕੈਥਲ ਤਹਿਸੀਲ ਦੇ ਸੀਵਨ ਪਿੰਡ ਵਿਚ ਸੀਤਾ ਜੀ ਦਾ ਇਕ ਮੰਦਰ ਬਣਿਆ ਹੋਇਆ ਹੈ। ਕੈਥਲ ਅਤੇ ਥਾਨੇਸਰ ਦੀਆਂ ਤਹਿਸੀਲਾਂ ਦੇ ਕਾਫੀ ਇਲਾਕੇ ਵਿਚ ਕਈ ਤੀਰਥ ਹਨ। ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਵਿਆਸ ਰਿਸ਼ੀ ਬਸਤਲੀ ਪਿੰਡ ਵਿਚ ਰਿਹਾ ਸੀ। ਗੌਂਦਰ ਪਿੰਡ ਦਾ ਸਬੰਧ ਗੌਤਮ ਰਿਸ਼ੀ ਨਾਲ ਜੋੜਿਆ ਜਾਂਦਾ ਹੈ। ਮਹਾਂਭਾਰਤ ਦੀ ਲੜਾਈ ਦੇ ਅੰਤ ਵਿਚ ਦੁਰਯੋਧਨ ਬਹਿਲੋਲਪੁਰ ਪਿੰਡ ਪ੍ਰਾਸ਼ਰ ਤਲਾਅ ਵਿਚ ਲੁਕਿਆ ਸੀ। ਫਰਾਲ ਪਿੰਡ ਵਿਚ ਫਲਗੂ ਤਲਾਅ ਉੱਤੇ ਪਾਂਡਵਾਂ ਨੇ ਯੁੱਧ ਵਿਚ ਸ਼ਹੀਦ ਹੋਏ ਯੋਧਿਆਂ ਦੀਆਂ ਅੰਤਮ ਰਸਮਾਂ ਨਿਭਾਈਆਂ ਸਨ। ਇਸ ਸਮੇਂ ਹਰਿਆਣਾ ਰਾਜ ਦਾ ਸਭ ਤੋਂ ਵੱਡਾ ਮੇਲਾ ਇਥੇ ਲਗਦਾ ਹੈ। ਪਾਨੀਪਤ ਵਿਖੇ ਸਥਿਤ ਕਲੰਦਰ ਸਾਹਿਬ ਦੇ ਮਕਬਰੇ ਨੂੰ ਅਲਾਉਦੀਨ ਖਿਲਜੀ ਦੇ ਪੁੱਤਰਾਂ ਅਤੇ ਕਾਬਲੀ ਬਾਗ ਨੂੰ ਬਾਬਰ ਨੇ ਬਣਵਾਇਆ ਸੀ। ਘਰੌਂਡਾਂ ਵਿਖੇ, ਸ਼ਾਹ ਜਹਾਨ ਦੇ ਰਾਜ-ਕਾਲ ਦੌਰਾਨ ਦੀ ਬਣੀ ਸਰਾਂ ਦੇ ਖੰਡਰਾਤ ਅਜੇ ਵੀ ਮੌਜੂਦ ਹਨ। ਆਜ਼ਾਦੀ ਉਪਰੰਤ ਹੋਂਦ ਵਿਚ ਆਇਆ ਕਸਬਾ ਨੀਲੋਖੇੜੀ ਵੀ ਇਸੇ ਜ਼ਿਲ੍ਹੇ ਵਿਚ ਹੈ। ਇਹ ਕਸਬਾ ਓਰੀਐਂਟੇਸ਼ਨ ਐਂਡ ਸਟੱਡੀ ਸੈਂਟਰ, ਐਕਸਟੈਨਸ਼ਨ ਇੰਸਟੀਚਿਊਟ, ਖਾਦੀ ਗ੍ਰਾਮ ਉਦਯੋਗ ਵਿਦਿਆਲਾ ਅਤੇ ਸਰਕਾਰੀ ਪਾਲੀਟੈਕਨਿਕ ਲਈ ਪ੍ਰਸਿੱਧ ਹੈ।

ਕਰਨਾਲ ਦਾ ਇਤਿਹਾਸ ਬੜਾ ਪੁਰਾਣਾ ਹੈ, ਵੇਦਾਂ ਵਿਚ ਇਸ ਦਾ ਜ਼ਿਕਰ ਬ੍ਰਹਮਰਿਸ਼ੀ ਦੇਸ਼ ਦੇ ਹਿੱਸੇ ਵਜੋਂ ਆਇਆ ਹੈ। ਈਸਾ ਮਸੀਹ ਤੋਂ ਪਹਿਲਾਂ ਇਥੇ ਤੀਜੀ ਅਤੇ ਦੂਜੀ ਸਦੀ ਵਿਚ ਮੌਰੀਆ ਖ਼ਾਨਦਾਨ ਦੇ ਬਾਦਸ਼ਾਹਾਂ ਚੰਦਰਗੁਪਤ ਅਤੇ ਅਸ਼ੋਕ ਦਾ ਰਾਜ ਹੁੰਦਾ ਸੀ। ਛੇਵੀਂ ਸਦੀ ਦੇ ਅੰਤ ਵਿਚ ਇਹ ਰਾਜਾ ਪ੍ਰਭਾਕਰ ਵਰਧਨ ਦੀ ਰਾਜਧਾਨੀ ਰਹੀ ਪ੍ਰਤੀਤ ਹੁੰਦੀ ਹੈ। ਰਾਜਾ ਹਰਸ਼ ਦੇ ਰਾਜ ਕਾਲ ਦੌਰਾਨ ਥਾਨੇਸਰ ਉੱਤਰੀ ਭਾਰਤ ਵਿਚ ਸ਼ਕਤੀਸ਼ਾਲੀ ਥਾਂ ਬਣਾ ਚੁੱਕਾ ਸੀ। ਸੰਨ 1014 ਵਿਚ ਮਹਿਮੂਦ ਗਜ਼ਨਵੀ ਨੇ ਥਾਨੇਸਰ ਨੂੰ ਖੂਬ ਬਰਬਾਦ ਕੀਤਾ। ਸੰਨ 1039 ਵਿਚ ਮਹਿਮੂਦ ਗਜ਼ਨਵੀ ਦੇ ਪੁੱਤਰ ਸੁਲਤਾਨ ਮਸਊਦ ਨੇ ਇਸ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਅੱਠਾਂ ਕੁ ਸਾਲਾਂ ਬਾਅਦ ਹਿੰਦੂਆਂ ਨੇ ਇਸ ਨੂੰ ਫ਼ਤਹਿ ਕਰ ਲਿਆ ਅਤੇ ਲਗਭਗ ਡੇਢ ਸਦੀ ਤੀਕ ਇਹ ਉਨ੍ਹਾਂ ਅਧੀਨ ਹੀ ਰਿਹਾ। ਸੰਨ 1191 ਵਿਚ ਮੁਹੰਮਦ ਗੌਰੀ ਨੇ ਹਮਲਾ ਕੀਤਾ ਪਰ ਰਾਜਪੂਤ ਬਾਦਸ਼ਾਹ ਪ੍ਰਿਥਵੀ ਚੰਦ ਨੇ ਉਸ ਨੂੰ ਤਰਾਉੜੀ ਦੇ ਸਥਾਨ ਤੇ ਚੰਗੀ ਹਾਰ ਦਿੱਤੀ। ਅਗਲੇ ਸਾਲ ਮੁਹੰਮਦ ਗੌਰੀ ਨੇ ਫਿਰ ਹਮਲਾ ਕੀਤਾ ਅਤੇ ਪ੍ਰਿਥਵੀ ਰਾਜ ਨੂੰ ਮਾਰ ਕੇ ਦਿੱਲੀ ਫ਼ਤਿਹ ਕਰ ਲਈ। ਅਖੀਰ ਦਿੱਲੀ ਦੇ ਇਲਾਕੇ ਉਤੇ ਮੁਸਲਮਾਨੀ ਰਾਜ ਕਾਇਮ ਹੋ ਗਿਆ। ਕਰਨਾਲ ਜ਼ਿਲ੍ਹੇ ਦਾ ਇਲਾਕਾ ਵੀ ਇਸੇ ਰਾਜ ਵਿਚ ਸ਼ਾਮਲ ਸੀ।

ਇਸ ਤੋਂ ਪਿਛਲੀ ਪਠਾਣ ਅਤੇ ਮੁਗ਼ਲ ਹਕੂਮਤ ਦੌਰਾਨ ਇਸ ਇਲਾਕੇ ਵਿਚ ਕਈ ਫੈਸਲਾਕੁੰਨ ਲੜਾਈਆਂ ਹੋਈਆਂ। ਰਜ਼ੀਆ ਸੁਲਤਾਨਾ ਦੀ ਕੈਥਲ ਦੇ ਨੇੜੇ ਹੀ ਲੜਾਈ ਹੋਈ ਸੀ ਜਿਸਦੇ ਨਤੀਜੇ ਵਜੋਂ ਦਿੱਲੀ ਦਾ ਤਖ਼ਤ ਉਸ ਦੇ ਹਥੋਂ ਸਦਾ ਲਈ ਖੁੱਸ ਗਿਆ। ਸੰਨ 1526 ਵਿਚ ਬਾਬਰ ਅਤੇ ਇਬਰਾਹੀਮ ਲੋਧੀ ਵਿਚਕਾਰ ਪਾਨੀਪਤ ਦੇ ਸਥਾਨ ਤੇ ਲੜਾਈ ਹੋਈ ਸੀ ਅਤੇ ਬਾਬਰ ਦੀ ਜਿੱਤ ਹੋਈ। ਪਠਾਣਾਂ ਦਾ ਰਾਜ ਖਤਮ ਹੋ ਗਿਆ ਅਤੇ ਭਾਰਤ ਉੱਤੇ ਮੁਗ਼ਲ ਰਾਜ ਦਾ ਆਰੰਭ ਹੋਇਆ। ਸੰਨ 1556 ਵਿਚ ਅਕਬਰ ਅਤੇ ਪਠਾਣਾਂ ਦੇ ਹਿੰਦੂ ਵਜ਼ੀਰ ਹੇਮੂ ਵਿਚਕਾਰ ਪਾਨੀਪਤ ਦੀ ਦੂਜੀ ਲੜਾਈ ਹੋਈ। ਅਕਬਰ ਨੇ ਹੇਮੂ ਨੂੰ ਮਾਰ ਦਿੱਤਾ ਅਤੇ ਆਪ ਦਿੱਲੀ ਦਾ ਤਖ਼ਤ ਜਾ ਮੱਲਿਆ। ਇਸ ਤੋਂ ਅੱਗੇ ਮੁਗ਼ਲ ਰਾਜ ਪੱਕੀਆਂ ਜੜ੍ਹਾਂ ਫੜ ਗਿਆ ਅਤੇ ਦੋ ਸਦੀਆਂ ਤੀਕ ਕਰਨਾਲ ਦੇ ਇਲਾਕੇ ਵਿਚ ਅਮਨ-ਅਮਾਨ ਨਾਲ ਰਾਜ-ਪ੍ਰਬੰਧ ਚਲਦਾ ਰਿਹਾ।

ਸਤਾਰ੍ਹਵੀਂ ਸਦੀ ਦਾ ਅਖੀਰ ਮੁਗ਼ਲਾਂ ਦੀ ਢਹਿੰਦੀਆਂ ਕਲਾਂ ਦਾ ਸਮਾਂ ਸੀ ਤੇ ਸਿੱਖਾਂ ਦੀ ਚੜ੍ਹਦੀ ਕਲਾ ਦਾ। ਸੰਨ 1709 ਵਿਚ ਬੰਦਾ ਸਿੰਘ ਬਹਾਦਰ ਨੇ ਬਗ਼ਾਵਤ ਕਰ ਦਿੱਤੀ ਅਤੇ ਯਮਨਾ ਦੇ ਪੱਛਮ ਵਲ ਦਾ ਸਾਰਾ ਇਲਾਕਾ ਆਪਣੇ ਕਬਜ਼ੇ ਹੇਠ ਕਰ ਲਿਆ। ਸੰਨ 1738 ਵਿਚ ਨਾਦਰਸ਼ਾਹ ਨੇ ਭਾਰਤ ਤੇ ਹਮਲਾ ਕੀਤਾ ਅਤੇ ਮੁਹੰਮਦ ਸ਼ਾਹ ਦੀਆਂ ਫੌਜਾਂ ਦੀ ਉਸ ਨਾਲ ਕਰਨਾਲ ਦੇ ਸਥਾਨ ਤੇ ਲੜਾਈ ਹੋਈ। ਮੁਹੰਮਦ ਸ਼ਾਹ ਦੀ ਇਸ ਲੜਾਈ ਵਿਚ ਬੁਰੀ ਤਰ੍ਹਾਂ ਹਾਰ ਹੋਈ। ਦਿੱਲੀ ਉਪਰ ਕਬਜ਼ਾ ਕਰਨ ਉਪਰੰਤ ਨਾਦਰ ਸ਼ਾਹ ਚਲਾ ਗਿਆ ਅਤੇ ਦਿੱਲੀ ਮੁਗ਼ਲ ਹਾਕਮਾਂ ਦੇ ਅਧੀਨ ਕਰ ਗਿਆ। ਪਰ ਇਹ ਹਾਕਮ ਕਮਜ਼ੋਰ ਹੋਣ ਕਾਰਨ ਦੱਖਣ ਵਿਚੋਂ ਮਰਹੱਟਿਆਂ ਨੇ ਇਸ ਉੱਤੇ ਧਾਵਾ ਕਰ ਦਿੱਤਾ ਅਤੇ ਕੁੰਜਪੁਰੇ ਦੇ ਸਥਾਨ ਪਠਾਣ ਫ਼ੌਜਾਂ ਦਾ ਬਹੁਤ ਜਾਨੀ ਨੁਕਸਾਨ ਕੀਤਾ। ਜਿਸ ਦੇ ਸਿੱਟੇ ਵਜੋਂ ਅਹਿਮਦਸ਼ਾਹ ਅਬਦਾਲੀ 1761 ਈ. ਵਿਚ ਬੜੇ ਰੋਹ ਵਿਚ ਚੜ੍ਹਕੇ ਆਇਆ ਅਤੇ ਮਰਹੱਟਿਆਂ ਨੂੰ ਖੇਰੂੰ ਖੇਰੂੰ ਹੀ ਕਰ ਦਿੱਤਾ। ਇਹ ਪਾਨੀਪਤ ਦੀ ਤੀਜੀ ਲੜਾਈ ਸੀ।

ਪਾਨੀਪਤ ਦੀ ਤੀਜੀ ਲੜਾਈ ਵਿਚ ਹਾਰ ਖਾਣ ਤੋਂ ਬਾਅਦ ਮਰਹੱਟੇ ਥੋੜ੍ਹਾ ਚਿਰ ਲਈ ਪਿਛਾਂਹ ਹਟ ਗਏ ਅਤੇ ਉਨ੍ਹਾਂ ਦੀ ਥਾਂ ਸਿੱਖ-ਸੂਰਮਿਆਂ ਨੇ ਮੱਲ ਲਈ। ਸਿੱਖਾਂ ਨੇ ਸਰਹਿੰਦ ਦੇ ਦੁਰਾਨੀ ਗਵਰਨਰ ਨੂੰ ਹਰਾ ਦਿੱਤਾ ਅਤੇ ਪਾਨੀਪਤ ਤੀਕ ਦੇ ਸਰਹਿੰਦ ਦੇ ਸਾਰੇ ਇਲਾਕੇ ਉੱਤੇ ਆਪਣਾ ਕਬਜ਼ਾ ਜਮਾ ਲਿਆ। ਇਹ ਇਲਾਕਾ ਕਈ ਸਿੱਖ ਸਰਦਾਰਾਂ ਅਤੇ ਉਨ੍ਹਾਂ ਦੇ ਪੱਖੀਆਂ ਜਿਨ੍ਹਾਂ ਵਿਚੋਂ ਕੈਥਲ ਦੇ ਭਾਈ ਥਾਨੇਸਰ ਅਤੇ ਲਾਡਵਾ ਦੇ ਸਰਦਾਰ ਅਤੇ ਕੁੰਜਪੁਰਾ ਦੇ ਪਠਾਣ ਸਰਦਾਰ ਉੱਘੇ ਸਨ, ਵਿਚਕਾਰ ਵੰਡਿਆ ਹੋਇਆ ਸੀ ਕਰਨਾਲ ਦੇ ਦੱਖਣ ਵਲ ਦੇ ਇਲਾਕੇ ਉੱਤੇ ਕਿਸੇ ਦਾ ਕਬਜ਼ਾ ਨਹੀਂ ਸੀ ਇਸ ਇਲਾਕੇ ਉਤੇ ਕਈ ਵਾਰ ਸਿੱਖਾਂ ਤੇ ਮਰਹੱਟਿਆਂ ਦਾ ਵਾਰੀ ਵਾਰੀ ਕਬਜ਼ਾ ਰਿਹਾ। ਸਿੱਖਾਂ ਦੀ ਜਿੱਤ ਨੂੰ ਵੇਖ ਕੇ ਅਹਿਮਦ ਸ਼ਾਹ ਅਬਦਾਲੀ ਫਿਰ ਚੜ੍ਹ ਆਇਆ। ਸੰਨ 1767 ਵਿਚ ਉਸ ਨੇ ਸਿੱਖਾਂ ਨੂੰ ਕਈ ਲੜਾਈਆਂ ਵਿਚ ਹਰਾਇਆ ਪਰ ਉਹ ਲੁਧਿਆਣੇ ਤੋਂ ਹੀ ਪਿਛਾਂਹ ਮੁੜ ਗਿਆ। ਇਸ ਤੋਂ ਪਿਛੋਂ ਦੇਸ਼ ਦੀ ਵਾਗਡੋਰ ਸਿੱਖਾਂ ਨੇ ਸੰਭਾਲ ਲਈ। ਸਿੱਖ ਸਰਦਾਰਾਂ ਦੀ ਆਪਸੀ ਫੁੱਟ ਕਾਰਨ, ਮਰਹੱਟੇ ਫਿਰ ਮੈਦਾਨ ਵਿਚ ਆ ਗਏ। ਸੰਨ 1798 ਵਿਚ ਸਿੰਧੀਆ ਨੇ ਦਿੱਲੀ ਤੋਂ ਥਾਨੇਸਰ ਵਲ ਨੂੰ ਕੂਚ ਕੀਤਾ ਇਸ ਤੋਂ ਪਿਛੋਂ ਪਟਿਆਲੇ ਵਲ ਨੂੰ ਵਧਿਆ। ਇਸ ਤਰ੍ਹਾਂ ਉਸ ਨੇ ਯਮਨਾ ਦੇ ਪੱਛਮੀ ਹਿੱਸੇ ਵਿਚ ਥੋੜ੍ਹਾ ਬਹੁਤ ਅਮਨ-ਅਮਾਨ ਸਥਾਪਤ ਕੀਤਾ ਪਰ ਇਹ ਸਰਦਾਰੀ ਕਮਜ਼ੋਰ ਹੀ ਰਹੀ। ਸੰਨ 1803 ਈ. ਵਿਚ ਜਦੋਂ ਅੰਗਰੇਜ਼ਾਂ ਨੇ ਦਿੱਲੀ ਦੀ ਲੜਾਈ ਵਿਚ ਮਰਹੱਟਿਆਂ ਨੂੰ

ਹਰਾ ਦਿੱਤਾ ਤਾਂ ਇਹ ਸ਼ਰਦਾਰੀ ਵੀ ਖਤਮ ਹੋ ਗਈ । ਮਗਰੋਂ ਹੋਈ ਸੰਧੀ ਦੇ ਨਤੀਜੇ ਵਜੋਂ ਮਰਹੱਟਿਆਂ ਨੇ ਭਾਰਤ ਦੇ ਉੱਤਰ ਵਲ ਦੇ ਇਲਾਕਿਆਂ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ । ਜੀਂਦ ਦੇ ਰਾਜੇ, ਕੈਥਲ ਦੇ ਭਾਈ ਅਤੇ ਪਾਨੀਪਤ ਦੀ ਬੇਗ਼ਮ ਸਮਰੂ ਨੇ ਅੰਗਰੇਜ਼ਾਂ ਦੀ ਈਨ ਮੰਨ ਲਈ। ਥਾਨੇਸਰ ਅਤੇ ਲਾਡਵਾ ਦੇ ਸਰਦਾਰ ਅਤੇ ਦਿੱਲੀ ਦੀ ਲੜਾਈ ਵਿਚ ਮਰਹੱਟਿਆਂ ਦਾ ਸਾਥ ਦੇਣ ਵਾਲੇ ਸਰਦਾਰ ਵੀ ਅੰਗਰੇਜ਼ਾਂ ਅਧੀਨ ਹੋ ਗਏ । ਸੰਨ 1805 ਵਿਚ ਅੰਗਰੇਜ਼ਾਂ ਨੇ, ਸ਼ਾਂਤਮਈ ਸਲੂਕ ਰੱਖਣ ਦੀ ਸ਼ਰਤ ਤੇ ਸਿੱਖਾਂ ਨੂੰ ਆਮ ਮੁਆਫ਼ੀ ਦਾ ਐਲਾਨ ਕਰ ਦਿਤਾ ਪਰ ਲਾਡਵਾ ਦੇ ਗੁਰਦਿੱਤ ਸਿੰਘ ਨੂੰ ਆਮ ਮੁਆਫ਼ੀ ਨਾ ਦਿੱਤੀ ਅਤੇ ਉਸਦੇ ਕਿਲੇ ਤੇ ਆਪਣਾ ਕਬਜ਼ਾ ਕਰ ਲਿਆ ।

ਸੰਨ 1805 ਵਿਚ ਲਾਰਡ ਕਾਰਨਵਾਲਿਸ ਦੇ ਪਿਛੋਂ ਅੰਗਰੇਜ਼ਾਂ ਨੇ ਯਮਨਾ ਦੇ ਪੱਛਮ ਵੱਲ ਦੇ ਇਲਾਕੇ ਵਿਚੋਂ ਪਿਛਾਂਹ ਮੁੜਣ ਦੀ ਨੀਤੀ ਅਪਣਾਈ । ਇਹ ਇਲਾਕਾ ਬਹੁਤ ਸਾਰੇ ਸਿੱਖ ਸਰਦਾਰਾਂ ਅਤੇ ਹੋਰ ਅੰਗਰੇਜ਼-ਪੱਖੀਆਂ ਵਿਚਕਾਰ ਵੰਡਿਆ ਹੋਇਆ ਸੀ । ਮਹਾਰਾਜਾ ਰਣਜੀਤ ਸਿੰਘ ਦੇ ਸਤਲੁਜ ਪਾਰ ਦੇ ਹਮਲੇ ਕਾਰਨ, ਅੰਗਰੇਜ਼ਾਂ ਨੂੰ ਯਮਨਾ ਦੇ ਪੱਛਮ ਵਲ ਦੇ ਇਲਾਕੇ ਸਬੰਧੀ ਆਪਣੀ ਬੇ-ਦੱਖਲੀ ਦੀ ਨੀਤੀ ਬਦਲਣੀ ਪਈ । ਸੰਨ 1809 ਵਿਚ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਲਾਹੌਰ ਦੀ ਸੰਧੀ ਹੋਈ। ਸੰਧੀ ਅਨੁਸਾਰ ਸਤਲੁਜ ਪਾਰ ਦੇ ਸਰਦਾਰਾਂ ਉੱਤੇ ਅੰਗਰੇਜ਼ਾਂ ਦੀ ਅਧਿਰਾਜਤਾ ਨੂੰ ਮਾਨਤਾ ਦੇ ਦਿਤੀ ਗਈ। ਸੰਨ 1845 ਵਿਚ ਸਿੱਖਾਂ ਦੀ ਪਹਿਲੀ ਲੜਾਈ ਦੌਰਾਨ ਸਤਲੁਜ ਪਾਰ ਦੇ ਸਿੱਖ ਸਰਦਾਰਾਂ ਵਿਚੋਂ ਥੋੜ੍ਹਿਆਂ ਜਿਹਿਆਂ ਨੇ ਅੰਗਰੇਜ਼ਾਂ ਪ੍ਰਤਿ ਆਪਣੀ ਵਫ਼ਾਦਾਰੀ ਦਾ ਸਬੂਤ ਦਿਤਾ। ਸਿੱਖਾਂ ਦੀ ਦੂਜੀ ਲੜਾਈ ਦੇ ਨਤੀਜੇ ਵਜੋਂ ਪੰਜਾਬ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਪਿੱਛੋਂ ਕੁੰਜਪੁਰਾ, ਥਾਨੇਸਰ ਅਤੇ ਸ਼ਾਮਗੜ੍ਹ ਦੇ ਸਰਦਾਰਾਂ ਦੀ ਪਦਵੀ ਘਟਾਕੇ ਸਾਧਾਰਨ ਜਾਗੀਰਦਾਰਾਂ ਵਰਗੀ ਕਰ ਦਿਤੀ। ਸੰਨ 1843 ਵਿਚ ਕੈਥਲ ਰਿਆਸਤ ਅੰਗਰੇਜ਼ਾਂ ਦੇ ਹਵਾਲੇ ਹੋ ਗਈ।

ਸੰਨ 1857 ਦੇ ਵਿਦਰੋਹ ਦੌਰਾਨ ਪਟਿਆਲਾ ਅਤੇ ਜੀਂਦ ਦੇ ਸਰਦਾਰਾਂ ਦੀ ਅੰਗਰੇਜ਼ਾਂ ਪ੍ਰਤਿ ਵਫ਼ਾਦਾਰੀ ਕਾਰਨ, ਕਰਨਾਲ ਜ਼ਿਲ੍ਹੇ ਦਾ ਬਿਲਕੁਲ ਨੁਕਸਾਨ ਨਾ ਹੋਇਆ । ਇਸ ਸਮੇਂ ਤੋਂ ਲੈ ਕੇ ਇਥੇ ਕੋਈ ਇਤਿਹਾਸਕ ਘਟਨਾ ਨਹੀਂ ਵਾਪਰੀ । ਸੰਨ 1947 ਵਿਚ ਭਾਰਤ ਦੀ ਵੰਡ ਹੋ ਗਈ ਅਤੇ ਕਰਨਾਲ (ਭਾਰਤ) ਦੇ ਪੰਜਾਬ ਰਾਜ ਦਾ ਜ਼ਿਲ੍ਹਾ ਬਣ ਗਿਆ ।

ਨਵੰਬਰ 1, 1966 ਨੂੰ ਪੰਜਾਬ ਰਾਜ ਦਾ ਭਾਸ਼ਾਈ ਪੱਧਰ ਤੇ ਪੁਨਰ-ਸੰਗਠਨ ਹੋਇਆ ਅਤੇ ਕਰਨਾਲ ਜ਼ਿਲ੍ਹਾ, ਨਵੇਂ ਹੋਂਦ ਵਿਚ ਆਏ ਰਾਜ ਹਰਿਆਣਾ ਦਾ ਜ਼ਿਲ੍ਹਾ ਬਣ ਗਿਆ। ਪਰ ਉਦੋਂ ਤੋਂ ਹੀ ਇਹ ਜ਼ਿਲ੍ਹਾ ਪੰਜਾਬ ਅਤੇ ਹਰਿਆਣੇ ਵਿਚਕਾਰ ਵਾਦ-ਵਿਵਾਦ ਦਾ ਕਾਰਨ ਬਣਿਆ ਹੋਇਆ ਹੈ ਕਿਉਂਕਿ ਇਸ ਦੇ ਬਹੁਤ ਸਾਰੇ ਇਲਾਕੇ ਉੱਤੇ ਜਿਥੋਂ ਦੇ ਲੋਕ ਪੰਜਾਬੀ ਬੋਲਦੇ ਹਨ ਪੰਜਾਬ ਆਪਣਾ ਹੱਕ ਸਮਝਦਾ ਹੈ ਅਤੇ ਉਸ ਨੂੰ ਪੰਜਾਬ ਵਿਚ ਸ਼ਾਮਲ ਕਰਨ ਲਈ ਲਗਾਤਾਰ ਮੰਗ ਕਰ ਰਿਹਾ ਹੈ ।

ਹ. ਪੁ.—ਇੰਪ. ਗ. ਇੰਡ. 15 : 48 ; ਡਿਸਟ੍ਰਿਕਟ ਸੈਂਸਿਸ ਹੈਂਡ ਬੁੱਕ-ਕਰਨਾਲ ਡਿਸਟ੍ਰਿਕਟ

**ਕਰਨਾਲ : ਸ਼ਹਿਰ**—ਹਰਿਆਣਾ ਰਾਜ (ਭਾਰਤ) ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਯਮਨਾ ਦਰਿਆ ਦੇ ਪੁਰਾਣੇ ਕੰਢੇ ਦੇ ਉੱਚੇ ਹਿੱਸੇ ਉੱਤੇ ਵਸਿਆ ਹੋਇਆ ਹੈ। ਸ਼ਹਿਰ ਦਾ ਨਾਂ ਮਹਾਂਭਾਰਤ ਦੇ ਰਾਜਾ ਕਰਨ ਦੇ ਨਾਂ ਪਿੱਛੇ ਪਿਆ ਹੈ। ਭਾਰਤ ਦੇ ਮੁੱਢਲੇ ਇਤਿਹਾਸ ਵਿਚ ਇਸ ਸਥਾਨ ਦੀ ਕੋਈ ਬਹੁਤੀ ਮਹੱਤਤਾ ਨਹੀਂ ਲਗਦੀ ਕਿਉਂਕਿ ਪਠਾਣ-ਕਾਲ ਦੇ ਅੰਤ ਤੀਕ ਵੀ ਇਸ ਦਾ ਜ਼ਿਕਰ ਕਿਤੇ ਨਹੀਂ ਆਇਆ । ਸੰਨ 1573 ਵਿਚ ਇਬਰਾਹੀਮ ਹੁਸੈਨ ਮਿਰਜ਼ਾ ਨੇ ਅਕਬਰ ਵਿਰੁੱਧ ਵਿਦਰੋਹ ਖੜ੍ਹਾ ਕਰ ਦਿਤਾ ਅਤੇ ਕਰਨਾਲ ਨੂੰ ਖੂਬ ਲੁਟਿਆ। ਸੰਨ 1709 ਵਿਚ ਬੰਦਾ ਬਹਾਦੁਰ ਨੇ ਇਸ ਨੂੰ ਫ਼ਤਿਹ ਕੀਤਾ। ਸੰਨ 1763 ਵਿਚ ਸਰਹਿੰਦ ਦੇ ਅਧੀਨ ਹੋ ਜਾਣ ਉਪਰੰਤ ਜੀਂਦ ਦੇ ਰਾਜੇ ਗਜਪਤ ਸਿੰਘ ਨੇ ਇਸ ਉੱਤੇ ਕਬਜ਼ਾ ਕਰ ਲਿਆ। ਉਸ ਨੇ ਇਥੇ ਇਕ ਕਿਲਾ ਅਤੇ ਇਕ ਕੰਧ ਜਿਸ ਦੇ ਦਸ ਦਰਵਾਜ਼ੇ ਸਨ, ਬਣਵਾਈ ਸੀ। ਇਨ੍ਹਾਂ ਦਰਵਾਜ਼ਿਆਂ ਵਿਚੋਂ ਕੁਝ ਦਰਵਾਜ਼ੇ ਹਾਲੇ ਵੀ ਮੌਜੂਦ ਹਨ। ਸੰਨ 1787 ਵਿਚ ਇਹ ਰਾਜਾ ਗਜਪਤ ਸਿੰਘ ਦੇ ਹਥੋਂ ਨਿਕਲ ਗਿਆ ਅਤੇ ਮਰਹੱਟਿਆਂ ਅਧੀਨ ਚਲਾ ਗਿਆ, ਥੋੜ੍ਹੇ ਚਿਰ ਪਿਛੋਂ ਇਹ ਲਾਡਵਾ ਦੇ ਰਾਜੇ ਦੇ ਹੱਥਾਂ ਵਿਚ ਆ ਗਿਆ ਅਤੇ ਅਖੀਰ ਸੰਨ 1805 ਵਿਚ ਅੰਗਰੇਜ਼ਾਂ ਨੇ ਇਸ ਉਤੇ ਕਬਜ਼ਾ ਕਰ ਲਿਆ । ਅੰਗਰੇਜ਼ਾਂ ਨੇ ਇਥੇ ਛਾਉਣੀ ਸਥਾਪਤ ਕੀਤੀ ਪਰ ਪੌਣ-ਪਾਣੀ ਕੁਝ ਮਾਫ਼ਕ ਨਾ ਹੋਣ ਕਾਰਨ ਉਨ੍ਹਾਂ ਨੇ ਸੰਨ 1841 ਵਿਚ ਇਹ ਛਾਉਣੀ ਅੰਬਾਲੇ ਲੈ ਆਂਦੀ। ਸੰਨ 1854 ਈ. ਵਿਚ ਇਹ ਪਾਨੀਪਤ ਦੀ ਬਜਾਇ ਜ਼ਿਲ੍ਹੇ ਦਾ ਸਦਰ-ਮੁਕਾਮ ਬਣ ਗਿਆ ਅਤੇ ਸੰਨ 1868 ਵਿਚ ਕਰਨਾਲ ਤਹਿਸੀਲ ਦਾ ਸਦਰ-ਮੁਕਾਮ ਵੀ ਘਰੌਂਡਾ ਤੋਂ ਬਦਲ ਕੇ ਕਰਨਾਲ ਬਣਾ ਲਿਆ ਗਿਆ।



ਕਲੰਦਰ ਸ਼ਾਹ ਦਾ ਮਕਬਰਾ—ਜੋ ਕਰਨਾਲ ਦੀਆਂ ਮਸ਼ਹੂਰ ਪੁਰਾਤਨ ਇਮਾਰਤਾਂ ਵਿਚੋਂ ਇਕ ਹੈ।

ਖੰਡ ਤਿਆਰ ਕਰਨਾ, ਇਥੋਂ ਦਾ ਮੁੱਖ ਉਦਯੋਗ ਹੈ। ਇਸ ਤੋਂ ਇਲਾਵਾ ਇਥੇ ਜ਼ਰਾਇਤੀ ਸੰਦ ਬਣਾਉਣ ਅਤੇ ਸ਼ਰਾਬ ਤਿਆਰ ਕਰਨ ਦੇ ਕਾਰਖਾਨੇ ਹਨ। ਨੈਸ਼ਨਲ ਡੇਅਰੀ ਰੀਸਰਚ ਇੰਸਟੀਚਿਊਟ, ਦਿਆਲ ਸਿੰਘ ਕਾਲਜ ਅਤੇ ਲੜਕੇ ਅਤੇ ਲੜਕੀਆਂ ਲਈ ਦੋ ਡੀ. ਏ. ਵੀ ਕਾਲਜ, ਸਰਕਾਰੀ ਕਾਲਜ, ਖਾਲਸਾ ਕਾਲਜ ਇਥੋਂ ਦੇ ਪ੍ਰਸਿੱਧ ਵਿਦਿਅਕ ਅਦਾਰੇ ਹਨ। ਕਰਨ ਤਲਾਅ (ਜੋ ਰਾਜਾ ਕਰਨ ਨੇ ਬਣਾਇਆ ਦਸਿਆ ਜਾਂਦਾ ਹੈ), ਭਾਗਾ ਮਲ ਦੀ ਸਰਾਂ, ਪੁਰਾਣਾ ਕਿਲ੍ਹਾ, ਬੂਅਲੀ ਸ਼ਾਹ ਕਲੰਦਰ ਅਤੇ ਮੀਰਾਂ ਸਾਹਿਬ ਦੇ ਮਕਬਰੇ, ਸੇਂਟ ਜੇਮਜ਼ ਦਾ ਗਿਰਜ਼ਾ ਘਰ, ਨੌ ਗਜ਼ੀਏ ਦਾ ਮਕਬਰਾ ਅਤੇ ਗੁਰਦਵਾਰਾ ਮੰਜੀ ਸਾਹਿਬ (ਇਥੇ ਗੁਰੂ ਨਾਨਕ ਦੇਵ ਜੀ ਦੀ ਬੂਅਲੀ ਸ਼ਾਹ ਕਲੰਦਰ ਨਾਲ ਮੁਲਾਕਾਤ ਹੋਈ ਸੀ ਅਤੇ ਦਿੱਲੀ ਨੂੰ ਜਾਂਦੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੀ ਇਥੇ ਠਹਿਰੇ ਸਨ) ਆਦਿ ਇਥੋਂ ਦੇ ਪ੍ਰਾਚੀਨ ਇਤਿਹਾਸਕ ਅਸਥਾਨ ਹਨ।

ਆਬਾਦੀ—132, 107 (1981)

29°41′ ਉ. ਵਿਥ. ; 76° 59′ ਪੂ. ਲੰਬ.

ਹ.ਪੁ.—ਇੰਪ.ਗ. ਇੰਡ. 15:58; ਐਨ. ਬ੍ਰਿ. ਮਾ. 5:714
ਡਿਸਟ੍ਰਿਕਟ ਸੈਂਸਿਸ ਹੈਂਡ ਬੁੱਕ—ਕਰਨਾਲ ਡਿਸਟ੍ਰਿਕਟ

**ਕਰਨੂਲ : ਜ਼ਿਲ੍ਹਾ**—ਦੱਖਣੀ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਹੈ ਜੋ ਪੂਰਬੀ ਘਾਟ ਤੇ ਸਥਿਤ ਹੈ। ਇਸ ਦਾ ਕੁਲ ਖੇਤਰਫਲ 17,658 ਵ. ਕਿ. ਮੀ. ਅਤੇ ਆਬਾਦੀ 24,07,299 (1981) ਹੈ । ਪਹਾੜੀ ਨਦੀਆਂ ਜ਼ਿਲ੍ਹੇ ਨੂੰ ਪਾਣੀ ਪ੍ਰਦਾਨ ਕਰਦੀਆਂ ਹਨ। ਤੁੰਗਭੱਦਰਾ ਅਤੇ ਕ੍ਰਿਸ਼ਨਾ ਇਸ ਦੀਆਂ ਮੁੱਖ ਨਦੀਆਂ ਹਨ। ਖੇਤੀਬਾੜੀ ਅਤੇ ਖਣਿਜ ਪਦਾਰਥ ਕੱਢਣੇ ਜ਼ਿਲ੍ਹੇ ਦੇ ਮਹੱਤਵਪੂਰਨ ਧੰਦੇ ਹਨ। ਬੰਗਾਨਾ ਪੱਲੇ ਸ਼ਹਿਰ ਇਥੋਂ ਦੀਆਂ ਹੀਰੇ ਦੀਆਂ ਖਾਣਾ ਲਈਂ ਪ੍ਰਸਿੱਧ ਹੈ। ਇਥੇ ਸੂਤ ਦੀਆਂ ਮਿੱਲਾਂ, ਇਕ ਤੇਲ ਦੀ ਮਿੱਲ ਤੇ ਲੂਣ ਸਾਫ ਕਰਨ ਦੇ ਕਾਰਖ਼ਾਨੇ ਹਨ ।

ਹ. ਪੁ.—ਇੰਪ. ਗ. ਇੰਡ. 16 : 30

**ਕਰਨੂਲ : ਸ਼ਹਿਰ**—ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਤੁੰਗਭਦਰਾ ਅਤੇ ਹਿੰਦਰੀ ਦਰਿਆਵਾਂ ਦੇ ਸੰਗਮ ਤੇ ਵਸਿਆ ਹੋਇਆ ਹੈ। ਸੰਨ 1956 ਤੋਂ ਪਹਿਲਾਂ ਹੈਦਰਾਬਾਦ ਦੀ ਥਾਂ ਕਰਨੂਲ ਆਂਧਰਾ ਪ੍ਰਦੇਸ਼ ਰਾਜ ਦੀ ਰਾਜਧਾਨੀ ਸੀ। ਇਥੇ ਆਰਟਸ, ਵਿਗਿਆਨ ਅਤੇ ਮੈਡੀਕਲ ਕਾਲਜ ਹਨ ਜੋ ਆਂਧਰਾ ਯੂਨੀਵਰਸਿਟੀ ਨਾਲ ਸਬੰਧਤ ਹਨ। ਕਰਨੂਲ ਇਕ ਵਪਾਰਕ ਕੇਂਦਰ ਵੀ ਹੈ

ਇਤਿਹਾਸਕ ਪੱਖ ਤੋਂ ਕਈ ਮਹੱਤਵਪੂਰਨ ਖੰਡਰਾਤ ਵੀ ਇਥੇ ਮੌਜੂਦ ਹਨ ਜਿਨ੍ਹਾਂ ਵਿਚ 14ਵੀਂ ਤੋਂ 16ਵੀਂ ਸਦੀ ਵਿਚ ਪ੍ਰਫੁੱਲਤ ਵਿਜੇ ਨਗਰ ਰਾਜ ਦੇ ਸ਼ਾਹੀ ਕਿਲੇ ਦੇ ਖੰਡਰਾਤ ਅਤੇ ਪਹਿਲੇ ਮੁਸਲਮਾਨ ਗਵਰਨਰ ਦਾ ਮਕਬਰਾ ਸ਼ਾਮਲ ਹਨ ।

ਆਬਾਦੀ—206, 362 (1981)

15° 50′ ਉ. ਵਿਥ.; 78° 04′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 16 : 45 , ਐਨ. ਬ੍ਰਿ. ਮਾ. 7 : 42

**ਕਰਨੈਲ ਸਿੰਘ, (ਸ਼ਹੀਦ)** : ਗੋਆ ਦੇ ਇਸ ਅਮਰ ਸ਼ਹੀਦ ਦਾ ਜਨਮ ਸੰਨ 1930 ਵਿਚ ਸ੍ਰ. ਸੁੰਦਰ ਸਿੰਘ ਦੇ ਘਰ ਚੱਕ ਨੰ. 50, ਜ਼ਿਲਾ ਲਾਇਲਪੁਰ (ਹੁਣ ਪਾਕਿਸਤਾਨ) ਵਿਚ ਹੋਇਆ । ਇਸ ਪਰਿਵਾਰ ਦਾ ਪਹਿਲਾਂ ਪਿੰਡ ਈਸੜੂ ਲੁਧਿਆਣਾ ਜ਼ਿਲ੍ਹੇ ਵਿਚ ਸੀ।

ਪੰਜਾਬ ਦੀ ਵੰਡ ਪਿਛੋਂ ਕਰਨੈਲ ਸਿੰਘ ਆਪਣੇ ਪਹਿਲੇ ਪਿੰਡ ਈਸੜੂ ਆ ਵਸਿਆ । ਖੰਨੇ ਦੇ ਖਾਲਸਾ ਹਾਈ ਸਕੂਲ ਤੋਂ ਮੈਟਰਿਕ ਪਾਸ ਕਰਨ ਪਿੱਛੋਂ ਇਸ ਨੇ ਐਫ਼. ਏ. ਪ੍ਰਾਈਵੇਟ ਪਾਸ ਕੀਤੀ । 1953 ਈ. ਵਿਚ ਇਸ ਨੇ ਬੇਸਿਕ ਕਰਨ ਲਈ ਜਗਰਾਓਂ ਦੇ ਬੇਸਿਕ ਟ੍ਰੇਨਿੰਗ ਸਕੂਲ ਵਿਚ ਦਾਖ਼ਲਾ ਲੈ ਲਿਆ। ਬੇਸਿਕ ਟ੍ਰੇਨਿੰਗ ਕਰਨ ਉਪਰੰਤ ਇਸ ਨੂੰ ਸਕੂਲ ਵਿਚ ਸਰਕਾਰੀ ਨੌਕਰੀ ਮਿਲ ਗਈ। ਇਨ੍ਹੀ ਦਿਨੀਂ ਗੋਆ ਦੀ ਸਵਤੰਤਰਤਾ ਦਾ ਮਸਲਾ ਹਰ ਪਾਰਟੀ ਦੇ ਸਾਹਮਣੇ ਸੀ। ਲੋਕਾਂ ਨੂੰ ਆਸ ਸੀ ਕਿ ਕਾਂਗਰਸ, ਜਿਹੜੀ ਦੇਸ਼ ਦੀ ਸਿਰ ਕੱਢ ਪਾਰਟੀ ਹੈ ਜ਼ਰੂਰ ਕੋਈ ਕਦਮ ਚੁਕੇਗੀ ਪਰ ਕਾਂਗਰਸ ਕੁਝ ਸੰਕੋਚ ਤੋਂ ਕੰਮ ਲੈ ਰਹੀ ਸੀ। ਸੋਸ਼ਲਿਸਟ ਪਾਰਟੀ ਦੇ ਪ੍ਰਸਿੱਧ ਲੀਡਰਾਂ ਤੇ ਆਗੂਆਂ ਨੇ ਮਿਲਕੇ ਆਲ ਪਾਰਟੀਜ਼ ਗੋਆ ਵਿਮੋਚਨ ਸੰਮਤੀ ਦੀ ਨੀਂਹ ਰੱਖੀ। ਇਸ ਨਾਲ ਹਜ਼ਾਰਾਂ ਵਲੰਟੀਅਰ ਸਤਿਆਗ੍ਰਹਿ ਕਰਨ ਲਈ ਤਿਆਰ ਹੋ ਗਏ। ਇਸ ਸਮੇਂ ਕਰਨੈਲ ਸਿੰਘ ਨੇ ਵੀ ਆਪਣਾ ਨਾਂ ਸਤਿਆ-ਗ੍ਰਹੀਆਂ ਵਿਚ ਦਰਜ ਕਰਵਾ ਲਿਆ ਤੇ ਸਹੁੰ ਚੁੱਕੀ ਕਿ ਇਹ ਆਪਣੇ ਦੇਸ਼ ਦਾ ਝੰਡਾ ਆਪਣੇ ਜਿਉਂਦੇ ਜੀ ਨੀਵਾਂ ਨਹੀਂ ਹੋਣ ਦੇਵੇਗਾ ।

15 ਅਗਸਤ, 1955 ਨੂੰ ਇਹ ਕਮਾਂਡਰ-ਇਨ-ਚੀਫ਼ ਚਿਤਲੇ ਦੇ ਸਤਿਆਗ੍ਰਹੀ ਜਥੇ ਵਿਚ ਸ਼ਾਮਲ ਸੀ। ਸਭ ਤੋਂ ਮੂਹਰੇ ਝੰਡਾ ਫੜੀ ਕਾਮਰੇਡ ਚਿਤਲੇ ਜਾ ਰਿਹਾ ਸੀ। ਪਿੱਛੇ ਚਾਰ ਚਾਰ ਦੀਆਂ ਕਤਾਰਾਂ ਵਿਚ ਬਾਕੀ ਦੇ ਸਤਿਆਗ੍ਰਹੀ ਜਾ ਰਹੇ ਸਨ। ਜਿਉਂ ਹੀ ਸਤਿਆਗ੍ਰਹੀਆਂ ਨੇ ਗੋਆ ਦੀ ਜੂਹ ਵਿਚ ਪੈਰ ਧਰਿਆ, ਇਕ ਦਮ ਵਰ੍ਹਦੀਆਂ ਗੋਲੀਆਂ ਦੀ ਵਾਛੜ ਇਸ ਜਥੇ ਤੇ ਆ ਪਈ। ਇਕ ਗੋਲੀ ਕਾਮਰੇਡ ਚੌਧਰੀ ਨੂੰ ਜਾ ਵੱਜੀ। ਝੰਡਾ ਥੋੜ੍ਹਾ ਨੀਵਾਂ ਹੋ ਗਿਆ ਤੇ ਨਾਅਰੇ ਬੰਦ ਹੋ ਗਏ। ਚਿਤਲੇ ਅਜੇ ਉੱਠਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਕਰਨੈਲ ਸਿੰਘ ਭੱਜ ਕੇ ਚਿਤਲੇ ਦੇ ਮੂਹਰੇ ਹੋ ਗਿਆ। ਦੋ ਗੋਲੀਆਂ ਕਰਨੈਲ ਸਿੰਘ ਦੇ ਆ ਵੱਜੀਆਂ। ਇਸ ਤਰ੍ਹਾਂ ਇਹ ਪੰਜਾਬ ਦਾ ਵੀਰ ਕਮਾਂਡਰ ਦੀ ਜਾਨ ਬਚਾਉਂਦਾ ਅਤੇ ਰਾਸ਼ਟਰੀ ਝੰਡਾ ਉੱਚਾ ਰੱਖਣ ਦੀ ਕੋਸ਼ਿਸ਼ ਕਰਦਾ ਹੋਇਆ ਸ਼ਹੀਦੀ ਪਾ ਗਿਆ।

ਈਸੜੂ ਪਿੰਡ ਵਿਚ ਹਰੇਕ ਸਾਲ ਕਰਨੈਲ ਸਿੰਘ ਦੀ ਯਾਦ ਵਿਚ ਟੂਰਨਾਮੈਂਟ ਕਰਾਏ ਜਾਂਦੇ ਹਨ ਅਤੇ ਇਸ ਦਾ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ।

ਹ. ਪੁ.—ਸ਼ਹੀਦ ਕਰਨੈਲ ਸਿੰਘ (ਤਖ਼ਤ ਸਿੰਘ)

**ਕਰੰਪਟਨ ਸੈਮੂਅਲ** : ਉਦਯੋਗਿਕ ਤੇ ਵਪਾਰਕ ਪੱਧਰ ਉੱਤੇ ਧਾਗਾ ਅਤੇ ਸੂਤ ਕੱਤਣ ਵਾਲੀ ਨਵੀਂ ਮਸ਼ੀਨ ਤਿਆਰ ਕਰਨ ਵਾਲੇ ਇਸ ਨਿਰਮਾਤਾ ਅਤੇ ਉੱਘੇ ਕਪਾਹ ਦੇ ਵਪਾਰੀ ਦਾ ਜਨਮ 1753 ਵਿਚ ਫਰਵੁਡ ਵਿਖੇ, ਲੰਕਾਸ਼ਿਰ ਵਿਚ ਹੋਇਆ । ਜਵਾਨੀ ਵੇਲੇ ਇਹ ਆਪਣੇ ਪਰਿਵਾਰ ਲਈ ਚਰਖੀ ਨਾਲ ਸੂਤ ਕੱਤਿਆ ਕਰਦਾ ਸੀ। ਇਸੇ ਦੌਰਾਨ ਇਸ ਨੇ ਚਰਖੇ ਦੀ ਚੰਗੀ ਕਿਸਮ ਤਿਆਰ ਕਰਨ ਦਾ ਯਤਨ ਕੀਤਾ। ਸੰਨ 1779 ਵਿਚ ਆਪਣੀ ਮਿਹਨਤ ਸਦਕਾ ਇਹ ਰੂੰ ਤੋਂ ਧਾਗਾ ਬਣਾਉਣ ਵਿਚ ਸਫ਼ਲ ਹੋ ਗਿਆ । ਇਹ ਮਸ਼ੀਨ ਸਰ ਰਿਚਰਡ ਆਰਕਰਾਈਟ ਅਤੇ ਜੇਮਜ਼ ਹਾਰਗਰੀਵ ਦੇ ਪ੍ਰਚਲਿਤ ਚਰਖਿਆਂ ਦਾ ਸੁਮੇਲ ਸੀ। ਇਸੇ ਕਰਕੇ ਇਸ ਨੂੰ ਮਿਊਲ (ਦੋਗਲਾ) ਕਿਹਾ ਜਾਣ ਲਗ ਪਿਆ। ਮਸ਼ੀਨ ਦੀ ਬਹੁਤੀ ਮੰਗ ਹੋਣ ਦੇ ਬਾਵਜੂਦ ਵੀ ਇਹ ਇਸ ਨੂੰ ਪੇਟੈਂਟ ਨਾ ਕਰਵਾ ਸਕਿਆ।

ਜੀਵਨ ਦੇ ਅੰਤਲੇ ਦਿਨਾਂ ਵਿਚ ਇਸ ਨੇ ਪਹਿਲਾਂ ਰੰਗਾਈ ਦਾ ਕੰਮ, ਫਿਰ ਕਪਾਹ ਦੇ ਵਪਾਰ ਦਾ ਅਤੇ ਅੰਤ ਵਿਚ ਧਾਗਾ ਬੁਣਨ ਦਾ ਕੰਮ ਕੀਤਾ ਪਰ ਇਸ ਨੂੰ ਸਫ਼ਲਤਾ ਨਾ ਮਿਲੀ।

26 ਜੂਨ, 1827 ਨੂੰ ਬੋਲਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐ.ਬ੍ਰਿ.ਮਾ. 3 : 252

**ਕਰਪੱਲਵੀ** : ਇਹ ਇਕ ਵਰਣਮਾਲਾ ਹੈ, ਜਿਸ ਦੇ ਅੱਖਰ ਉਂਗਲਾਂ ਉਪਰ ਸੰਕੇਤ ਕਰਕੇ ਬਣਾਏ ਗਏ ਹਨ । ਅਨੇਕ ਤਰ੍ਹਾਂ ਦੀ ਕਰਪੱਲਵੀ ਕਲਪੀ ਗਈ ਹੈ। ਲੋਕਾਂ ਨੇ ਆਪਣੇਆਪਣੇ ਸੰਕੇਤ ਥਾਪ ਕੇ ਅੱਖਰ ਅਤੇ ਮਾਤ੍ਰਾ ਦੀ ਰਚਨਾ ਕੀਤੀ ਹੈ। ਬਹੁਤ ਪ੍ਰਸਿੱਧ ਕਰਪੱਲਵੀ ਇੰਜ ਹੈ—

'ਅਹਿਫਨ ਕਮਲ ਚਕ੍ਰ ਟੰਕਾਰ ।
ਤਰੁ ਪਲਵ ਯੌਵਨ ਸ਼ਿੰਗਾਰ ।
ਉਂਗਲੀ ਅੱਛਰ ਚੁਟਕੀ ਮਾਤ ।
ਰਾਮ ਕਰਤ ਲਛਮਨ ਸੇ ਬਾਤ ।'

ਸੱਪ ਦੇ ਫਣ ਵਾਂਗ ਹੱਥ ਕਰਨ ਤੇ 'ਊੜੇ' ਦੀ ਸਤਰ, ਕਮਲ ਆਕਾਰ ਹੱਥ ਕਰਨ ਤੇ 'ਕ' ਦੀ, ਚਕ੍ਰ ਆਕਾਰ ਉਂਗਲੀ ਘੁਮਾਉਣ ਤੇ 'ਚ' ਦੀ ਸਤਰ, ਘੜਿਆਲ ਨੂੰ ਹਥੌੜੀ ਲਾਉਣ ਵਾਂਗ ਹਰਕਤ ਤੋਂ 'ਟ' ਦੀ ਸਤਰ, ਬਿਰਛ ਵਾਂਗ ਹੱਥ ਕਰਨ ਤੋਂ 'ਤ' ਦੀ ਸਤਰ, ਪੱਤ ਦੀ ਤਰ੍ਹਾਂ ਬਣਾਉਣ ਤੇ 'ਪ' ਦੀ ਸਤਰ ਅਤੇ ਮੁੱਛਾਂ ਤੇ ਹੱਥ ਫੇਰਨ ਤੋਂ 'ਯ' ਦੀ ਸਤਰ ਦਾ ਬੋਧ ਹੁੰਦਾ ਹੈ । ਉਂਗਲੀ ਤੋਂ ਅੱਖਰ ਅਤੇ ਚੁਟਕੀ ਤੋਂ ਮਾਤਰਾ ਸਮਝਾਈ ਜਾਂਦੀ ਹੈ । ਉਦਾਹਰਨ ਵਜੋਂ 'ਗੁਰੂ' ਸ਼ਬਦ ਸਮਝਾਉਣ ਲਈ ਪਹਿਲਾਂ ਕਮਲ ਵਾਂਗ ਹੱਥ ਕਰੋ, ਇਸ ਤੋਂ ਕੱਕੇ ਦੀ ਸਤਰ ਸਮਝੀ ਗਈ; ਗੱਗਾ ਇਸ ਸਤਰ ਵਿਚ ਤੀਜਾ ਅੱਖਰ ਹੈ, ਇਸ ਲਈ ਤੀਜੀ ਉਂਗਲੀ ਨੂੰ ਖੜ੍ਹੇ ਕਰਨ ਨਾਲ 'ਗ' ਦਾ ਬੋਧ ਹੁੰਦਾ ਹੈ। ਗੱਗੇ ਦੀ ਮਾਤਰਾ ਪੰਜਵੀਂ ਹੈ, ਇਸ ਲਈ ਪੰਜ ਚੁਟਕੀਆਂ

ਵਜਾਓ, ਦੂਜਾ ਅੱਖਰ 'ਰਾਗ' ਹੈ, ਇਸ ਲਈ ਪਹਿਲਾਂ ਮੁੱਛਾਂ ਤੇ ਹੱਥ ਫੇਰਨ ਨਾਲ ਯੱਯੇ ਦੀ ਪੰਕਤੀ ਦਾ ਬੋਧ ਹੁੰਦਾ ਹੈ । ਇਸ ਸਤਰ ਦੇ ਦੂਜੇ ਅੱਖਰ 'ਰਾਰੇ' ਲਈ ਦੂਜੀ ਉਂਗਲ ਖੜੀ ਕਰਨ ਦੀ ਜ਼ਰੂਰਤ ਹੈ, 'ਰਾਰੇ' ਨੂੰ ਛੇਵੀਂ ਮਾਤਰਾ ਹੈ ਇਸ ਲਈ ਵੀ ਛੇ ਚੁਟਕੀਆਂ ਵਜਾਉਣ ਦੀ ਜ਼ਰੂਰਤ ਹੈ । ਇਸ ਤਰ੍ਹਾਂ 'ਗੁਰੂ' ਸ਼ਬਦ ਬਣਿਆ । ਇਸ ਤਰ੍ਹਾਂ ਹੀ ਸਭ ਅੱਖਰ ਅਤੇ ਮਾਤ੍ਰਾਵਾਂ ਸਮਝੀਆਂ ਜਾ ਸਕਦੀਆਂ ਹਨ ।

ਹ. ਪੁ.—ਮ. ਕੋ. 303.

**ਕਰਫਿਊ** : ਇੰਗਲੈਂਡ ਵਿਚ ਸ਼ਹਿਰ ਵਾਸੀਆਂ ਨੂੰ ਗਰਮੀਆਂ ਦੀ ਰੁੱਤ ਵਿਚ ਸੂਰਜ ਛੁਪਣ ਵੇਲੇ ਅਤੇ ਸਰਦੀਆਂ ਦੀ ਰੁੱਤ ਵਿਚ 8 ਵਜੇ ਘੰਟੀ ਵਜਾ ਕੇ ਸੂਚਨਾ ਦੇਣ ਦੇ ਰਿਵਾਜ ਨੂੰ ਕਰਫਿਊ ਦਾ ਨਾਂ ਦਿੱਤਾ ਗਿਆ ਹੈ । ਇਹ ਰਿਵਾਜ ਵਿਲੀਅਮ ਜ਼ੇਤੂ ਨੇ ਚਾਲੂ ਕੀਤਾ ਸੀ । ਇਹ ਕੋਈ ਧੱਕੇਸ਼ਾਹੀ ਦਾ ਹੁਕਮ ਨਹੀਂ ਸੀ । ਉਸ ਸਮੇਂ ਸਾਰੇ ਮਕਾਨ ਲੱਕੜ ਦੇ ਬਣੇ ਹੋਏ ਹੁੰਦੇ ਸਨ ਜਿਸ ਕਰਕੇ ਮਕਾਨਾਂ ਵਿਚ ਅੱਗ ਬਲਦੀ ਛੱਡਣੀ ਖਤਰੇ ਤੋਂ ਖਾਲੀ ਨਹੀਂ ਸੀ ਹੁੰਦੀ । ਕਥਿਤ ਸਮੇਂ ਤੇ ਘੰਟੀ ਵਜਾਉਣ ਦੀ ਰਸਮੀ ਵਰਤੋਂ ਅਜੇ ਵੀ ਇੰਗਲੈਂਡ ਦੇ ਕੁਝ ਜ਼ਿਲ੍ਹਿਆਂ ਵਿਚ ਜਾਰੀ ਹੈ । ਅੱਜਕਲ੍ਹ ਸ਼ਹਿਰੀ ਗੜਬੜ ਸਮੇਂ ਇਸ ਦੀ ਵਰਤੋਂ ਕਈ ਸਰਕਾਰਾਂ ਕਰਦੀਆਂ ਹਨ ।

ਹ. ਪੁ.—ਐਵ.ਐਨ. 4 : 224

**ਕਰਬਲਾ** : ਪ੍ਰਾਂਤ—ਇਹ ਕੇਂਦਰੀ ਇਰਾਕ ਦਾ ਇਕ ਮੁਹਾਫਜ਼ਾ (ਪ੍ਰਾਂਤ) ਹੈ ਜੋ ਪੂਰਬ ਵੱਲੋਂ ਹਿਲਾ, ਪੱਛਮ ਵੱਲੋਂ ਰਾਮੈਦੀ, ਉੱਤਰ ਵੱਲੋਂ ਬਗਦਾਦ ਅਤੇ ਦੱਖਣ ਵੱਲੋਂ ਦੀਵੈਨੀਆ ਪ੍ਰਾਂਤਾਂ ਦੁਆਰਾ ਘਿਰਿਆ ਹੋਇਆ ਹੈ । ਇਸ ਪ੍ਰਾਂਤ ਦਾ ਵਿਸਤਾਰ ਫ਼ਰਾਤ ਦਰਿਆ ਤੋਂ ਪੱਛਮ ਵਲ ਹੈ। ਇਸ ਦਾ ਕੁੱਲ ਰਕਬਾ 57,880 ਵ.ਕਿ. ਮੀ. ਅਤੇ ਕੁੱਲ ਆਬਾਦੀ 269,822 (1977) ਹੈ । ਪ੍ਰਾਂਤ ਦਾ ਸਾਰਾ ਇਲਾਕਾ ਪੱਧਰਾ ਜਿਹਾ ਹੈ ਅਤੇ ਪੂਰਬੀ ਹਿੱਸੇ ਵਿਚ ਖਜੂਰਾਂ ਉਗਾਈਆਂ ਜਾਂਦੀਆਂ ਹਨ । ਕਰਬਲਾ ਨਾਂ ਦਾ ਹੀ ਸ਼ਹਿਰ ਪ੍ਰਾਂਤ ਦਾ ਸਦਰ ਮੁਕਾਮ ਹੈ । ਐਨਜੇਫ ਇਸ ਪ੍ਰਾਂਤ ਦਾ ਇਕ ਹੋਰ ਪਵਿੱਤਰ ਸ਼ਹਿਰ ਹੈ ।

ਹ. ਪੁ.—ਐਨ. ਬ੍ਰਿ. ਮਾ. 5 : 709

**ਕਰਬਲਾ** : ਸ਼ਹਿਰ—ਇਹ ਮੁਸਲਮਾਨਾਂ ਦੇ ਸਭ ਤੋਂ ਪਵਿੱਤਰ ਸ਼ਹਿਰਾਂ ਵਿਚੋਂ ਇਕ ਹੈ । ਇਹ ਇਰਾਕ ਦੇ ਇਸੇ ਹੀ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ ਜੋ ਬਗ਼ਦਾਦ ਸ਼ਹਿਰ ਤੋਂ 88 ਕਿ. ਮੀ. ਦੱਖਣ-ਪੱਛਮ ਵਿਚ ਦਰਿਆ ਫ਼ਰਾਤ ਤੋਂ ਲਗਭਗ 10 ਕਿ. ਮੀ. ਦੂਰ ਪੱਛਮ ਵਿਚ ਸਥਿਤ ਹੈ । ਇਸ ਸ਼ਹਿਰ ਦਾ ਦੂਜਾ ਨਾਂ ਮਸ਼ਹਦਉਲ ਹੁਸੈਨ ਹੈ ।

ਕਰਬਲਾ ਦਾ ਪਵਿੱਤਰ ਅਸਥਾਨ ਕਿਸ ਨੇ ਬਣਾਇਆ, ਇਸ ਬਾਰੇ ਕੁਝ ਵੀ ਪਤਾ ਨਹੀਂ । ਪ੍ਰੰਤੂ ਤੀਸਰੀ ਸਦੀ ਹਿਜਰੀ ਵਿਚ ਇਥੇ ਕੋਈ ਨਾ ਕੋਈ ਯਾਦਗਾਰ ਜ਼ਰੂਰ ਰਹੀ ਹੋਵੇਗੀ । ਅਨੁਮਾਨ ਹੈ ਕਿ ਸੰਨ 236 ਹਿਜਰੀ (850 ਈ.) ਵਿਚ ਖ਼ਲੀਫ਼ਾ ਮੁਤਵਿਕਲ ਨੇ ਇਸ ਨੂੰ ਡੇਗ ਦੇਣ ਦਾ ਹੁਕਮ ਦੇ ਦਿਤਾ ਅਤੇ ਸ਼ੀਆ ਫਿਰਕੇ ਦੇ ਸਮਰਥਕ ਇਸ ਉਤੇ ਬਹੁਤ ਨਾਰਾਜ਼ ਹੋ ਗਏ । ਉਸ ਨੇ ਲੋਕਾਂ ਨੂੰ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਤੋਂ ਵੀ ਰੋਕ ਦਿੱਤਾ । ਇਹ ਅਸਥਾਨ ਕਦੋਂ ਤੀਕ ਤਬਾਹ ਰਿਹਾ, ਇਸ ਬਾਰੇ ਵੀ ਕੁਝ ਪਤਾ ਨਹੀਂ ਪ੍ਰੰਤੂ 368 ਹਿ. (979 ਈ.) ਵਿਚ ਬੁਵਹਿਦ ਸੁਲਤਾਨ ਅਦੂਦ ਉਦੌਲਾ ਨੇ ਇਕ ਸੁੰਦਰ ਤੇ ਵੱਡਾ ਮਕਬਰਾ ਬਣਵਾਇਆ ਜੋ ਨਿਰਸੰਦੇਹ ਪਹਿਲੇ ਭਵਨ ਦਾ ਹੀ ਵਿਸਥਾਰ ਸੀ ਜਿਸ ਦਾ ਵਰਣਨ ਭੂਗੋਲ-ਸ਼ਾਸਤਰੀ ਇਸਤਖਰੀ ਅਤੇ ਇਬਨ ਹਾਕਲ ਨੇ ਇਸ ਤੋਂ ਕੁਝ ਸਮਾਂ ਪਹਿਲਾਂ ਹੀ ਕੀਤਾ ਸੀ । ਇਬਨ ਬਤੂਤਾ ਅਨੁਸਾਰ ਮਕਬਰੇ ਦਾ ਅਗਲਾ ਹਿੱਸਾ ਜਿਸ ਨੂੰ ਅਕੀਦਤ ਕਰਨ ਵਾਲੇ ਭਵਨ ਵਿਚ ਪੈਰ ਰਖਦਿਆਂ ਸਾਰ ਹੀ ਚੁੰਮਦੇ ਹਨ, ਠੋਸ ਚਾਂਦੀ ਦਾ ਬਣਿਆ ਹੋਇਆ ਹੈ । ਭਵਨ ਵਿਚ ਸੋਨੇ ਤੇ ਚਾਂਦੀ ਦੇ ਦੀਵਿਆਂ ਨਾਲ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਦਰ ਉਤੇ ਰੇਸ਼ਮੀ ਕੱਪੜੇ ਪਏ ਰਹਿੰਦੇ ਹਨ ।

ਕਰਬਲਾ ਦੀ ਧਾਰਮਕ ਅਤੇ ਇਤਿਹਾਸਕ ਮਹੱਤਤਾ, ਕਰਬਲਾ ਦੀ ਲੜਾਈ ਕਰਕੇ ਹੈ । ਇਹ ਲੜਾਈ 10 ਅਕਤੂਬਰ, 680 ਨੂੰ ਇਸ ਥਾਂ ਉਤੇ ਮੁਸਲਮਾਨਾਂ ਦੇ ਦੋ ਫਿਰਕਿਆਂ ਸ਼ੀਆ ਅਤੇ ਸੁੰਨੀ ਵਿਚਕਾਰ ਲੜੀ ਗਈ ਸੀ, ਜਿਸ ਵਿਚ ਸੱਤਵੇਂ ਖਲੀਫ਼ਾ ਯਜ਼ੀਦ ਦੇ ਸੈਨਾਪਤੀ ਸਿਮਰ ਦੇ ਹੱਥੋਂ, ਚੌਥੇ ਖਲੀਫ਼ਾ ਹਜ਼ਰਤ ਅਲੀ ਦਾ ਪੁੱਤਰ ਹੁਸੈਨ ਬੜੀ ਬੇ-ਰਹਿਮੀ ਨਾਲ ਮਾਰਿਆ ਗਿਆ ਜੋ ਤਿੰਨ ਦਿਨ ਦਾ ਪਿਆਸਾ ਸੀ ।

ਲੜਾਈ ਦਾ ਕਾਰਨ ਇਹ ਸੀ ਕਿ ਕੂਫ਼ੇ ਦੇ ਆਦਮੀਆਂ ਨੇ ਹੁਸੈਨ ਨਾਲ ਗੁਪਤ ਗਠਜੋੜ ਕਰਕੇ ਖਲਾਫ਼ਤ ਦੇਣ ਲਈ ਬੁਲਾਇਆ । ਦਮਿਸ਼ਕ ਦੇ ਖਲੀਫ਼ੇ ਯਜ਼ੀਦ ਨੇ ਭੇਦ ਮਲੂਮ ਕਰਕੇ ਆਪਣੀ ਫ਼ੌਜ ਹੁਸੈਨ ਦੇ ਵਿਰੁੱਧ ਭੇਜੀ । ਹੁਸੈਨ ਨੇ ਇਸ ਗੱਲ ਤੇ ਯਜ਼ੀਦ ਦੀ ਬਗਾਵਤ ਕੀਤੀ ਸੀ ਕਿ ਕੇਵਲ ਖਲੀਫ਼ਾ ਅਲੀ ਦਾ ਖ਼ਾਨਦਾਨ ਹੀ ਪੈਗੰਬਰ ਦਾ ਅਸਲੀ ਵਾਰਿਸ ਹੈ । ਹੁਸੈਨ ਲੜਨਾ ਨਹੀਂ ਸੀ ਚਾਹੁੰਦਾ ਪਰ ਯਜ਼ੀਦ ਦੀ ਫ਼ੌਜ ਨੇ ਮੱਲੋ-ਮੱਲੀ ਉਸ ਉਤੇ ਹਮਲਾ ਕਰ ਦਿਤਾ । ਇਹ ਸਾਰੀ ਲੜਾਈ ਮੁਹੱਰਮ ਦੀ ਪਹਿਲੀ ਤੋਂ ਦਸਵੀਂ ਤੀਕ ਰਹੀ । ਦਸਵੀਂ (18 ਅਕਤੂਬਰ, 680) ਨੂੰ ਹੁਸੈਨ ਮਾਰਿਆ ਗਿਆ । ਇਸੇ ਲਈ ਸ਼ੀਆ ਲੋਕ ਇਨ੍ਹਾਂ ਦਸਾਂ ਦਿਨਾਂ ਦੇ ਦੌਰਾਨ ਬੜਾ ਸ਼ੋਕ ਮਨਾਉਂਦੇ ਹਨ ।

ਇਮਾਮ ਹੁਸੈਨ ਦਾ ਮਕਬਰਾ ਗੁੰਬਦਦਾਰ ਅਤੇ ਬਹੁਤ ਸੁੰਦਰ ਬਣਿਆ ਹੈ । ਸੰਨ 1801 ਵਿਚ ਇਹ ਮਕਬਰਾ ਤਬਾਹ ਕਰ ਦਿਤਾ ਗਿਆ ਸੀ ਪਰ ਛੇਤੀ ਹੀ ਮਗਰੋਂ ਇਸ ਨੂੰ ਫਿਰ ਬਣਾ ਦਿਤਾ ਗਿਆ । ਬਹੁਤ ਸਾਰੇ ਮੁਸਲਮਾਨ ਇਸ ਮਕਬਰੇ ਦੇ ਆਸ-ਪਾਸ ਆਪਣੇ ਮੁਰਦਿਆਂ ਨੂੰ ਦਫ਼ਨਾਉਣਾ ਇਕ ਮੁਤਬਰਕ ਕੰਮ ਸਮਝਦੇ ਹਨ ਅਤੇ ਦੂਰ-ਦੂਰ ਤੋਂ ਮੁਰਦੇ ਲੈ ਕੇ ਆਉਂਦੇ ਹਨ । ਭਾਰਤ ਤੋਂ ਵੀ ਅਮੀਰ ਲੋਕ ਮੁਰਦੇ ਲੈ ਕੇ ਜਾਂਦੇ ਹਨ ਜਿਹਾ ਕਿ ਖੈਰਪੁਰ ਦੇ ਮੀਰ ਆਦਿ ।

ਕਰਬਲਾ ਸ਼ਹਿਰ ਇਕ ਵਪਾਰਕ ਕੇਂਦਰ ਹੈ । ਸ਼ਹਿਰ ਦਾ ਪੁਰਾਣਾ ਹਿੱਸਾ ਕੰਧਾਂ ਨਾਲ ਘਿਰਿਆ ਹੋਇਆ ਹੈ ਅਤੇ ਦੱਖਣ ਵਲ ਨਵੀਆਂ ਇਮਾਰਤਾਂ ਬਣੀਆਂ ਹੋਈਆਂ ਹਨ। ਸ਼ਹਿਰ ਦੀ ਅੱਧੀ ਵੱਸੋਂ ਈਰਾਨੀ ਨਸਲ ਦੇ ਲੋਕਾਂ ਦੀ ਹੈ ਜਿਨ੍ਹਾਂ ਵਿਚ ਭਾਰਤੀ ਅਤੇ ਪਾਕਿਸਤਾਨੀ ਵੀ ਹਨ ।

ਆਬਾਦੀ— 136,000 (1980)

ਹ. ਪੁ.—ਐਨ. ਬ੍ਰਿ. ਮਾ. 5: 709; ਮ. ਕੋ.; ਹਿੰ. ਵਿ.ਕੋ. 2 : 368

**ਕਰ-ਬਿਜਲਈ—ਪ੍ਰਕਾਸ਼ ਪ੍ਰਭਾਵ** : ਜਦੋਂ ਪ੍ਰਕਾਸ਼ ਦੀ ਕਿਰਨ-ਪੁੰਜ ਉਪਰ ਲੰਬ ਦਿਸ਼ਾ ਵਿਚ ਇਕ ਪ੍ਰਬਲ ਬਿਜਲਈ ਖੇਤਰ ਲਾਇਆ ਜਾਂਦਾ ਹੈ ਤਾਂ ਪਾਰਦਰਸ਼ੀ ਪਦਾਰਥ ਵਿਚ ਪ੍ਰਕਾਸ਼ ਦੇ ਦੂਹਰੇ ਅਪਵਰਤਨ ਦੇ ਪ੍ਰੇਰਨ ਨੂੰ ਕਰ-ਬਿਜਲਈ-ਪ੍ਰਕਾਸ਼ ਪ੍ਰਭਾਵ ਕਿਹਾ ਜਾਂਦਾ ਹੈ । ਦੂਹਰੇ ਅਪਵਰਤਨ ਵਿਚ ਅਪਵਰਤਨ-ਅੰਕ ਅਤੇ ਸਿੱਟੇ ਵਜੋਂ ਬਿਜਲਈ ਖੇਤਰ ਦੀ ਦਿਸ਼ਾ ਵਿਚ ਪ੍ਰਕਾਸ਼ ਦਾ ਤਰੰਗ ਵੇਗ ਇਸ ਦੇ ਲੰਬਾਕਾਰ ਕੰਪਨ ਦੇ ਅਪਵਰਤਨ-ਅੰਕ ਨਾਲੋਂ ਥੋੜ੍ਹਾ ਜਿਹਾ ਵਖਰਾ ਹੁੰਦਾ ਹੈ । ਪ੍ਰਕਾਸ਼ੀ ਤੌਰ ਤੇ ਵਸਤੂ ਦਾ ਵਤੀਰਾ ਅਜਿਹੇ ਰਵੇ ਵਾਂਗ ਹੁੰਦਾ ਹੈ ਜਿਸ ਦਾ ਪ੍ਰਕਾਸ਼ੀ ਧੁਰਾ ਬਿਜਲਈ ਖੇਤਰ ਦੇ ਸਮਾਂਤਰ ਹੋਵੇ। ਇਸ ਪ੍ਰਭਾਵ ਦੀ ਖੋਜ ਸਕਾਟਲੈਂਡ ਦੇ ਭੌਤਿਕ-ਵਿਗਿਆਨੀ ਜਾਨ ਕਰ ਨੇ 19ਵੀਂ ਸਦੀ ਦੇ ਮਗਰਲੇ ਭਾਗ ਵਿਚ ਕੀਤੀ । ਕ੍ਰਿਸਟਲਾਂ (ਰਵਿਆਂ) ਵਿਚ ਅਜਿਹੇ ਵਤੀਰੇ ਨੂੰ ਕਈ ਵਾਰੀ ਪੌਕਲਜ਼ ਪ੍ਰਭਾਵ ਕਿਹਾ ਜਾਂਦਾ ਹੈ ।

ਕਰ ਸੈੱਲ ਜਿਸ ਨੂੰ ਕਰ-ਪ੍ਰਕਾਸ਼-ਬਿਜਲਈ ਸ਼ਟਰ ਵੀ ਕਿਹਾ ਜਾਂਦਾ ਹੈ ਇਕ ਅਜਿਹਾ ਯੰਤਰ ਹੈ । ਜਿਸ ਵਿਚ ਪ੍ਰਕਾਸ਼ ਦੀ ਕਿਰਨ-ਪੁੰਜ ਨੂੰ $10^{10}$ ਵਾਰੀ ਪ੍ਰਤਿ ਸੈਕੰਡ ਖੰਡਿਤ ਕਰਨ ਲਈ ਕਰ-ਪ੍ਰਭਾਵ ਦੀ ਵਰਤੋਂ ਕੀਤੀ ਜਾਂਦੀ ਹੈ । ਪਾਰਦਰਸ਼ੀ ਦੀਵਾਰਾਂ ਵਾਲੇ ਸੈੱਲ ਵਿਚ ਪਏ ਨਾਈਟ੍ਰੋਬੈਂਨਜ਼ੀਨ ਵਰਗੇ ਤਰਲ ਵਿਚੋਂ ਰੇਖਾ-ਧਰੁਵਿਤ ਪ੍ਰਕਾਸ਼ ਲੰਘਾਇਆ ਜਾਂਦਾ ਹੈ । ਪ੍ਰਕਾਸ਼ ਦੀ ਕਿਰਨ-ਪੁੰਜ ਇਕ ਦੂਸਰੇ ਧਰੁਵਕ, ਜਿਹੜਾ ਕਿ ਧਰੁਵਣ ਦੀ ਤਲ ਦੇ $90^\circ$ ਉਤੇ ਸੈੱਟ ਕੀਤਾ ਹੋਇਆ ਹੈ,

ਦੁਆਰਾ ਕੱਟੀ ਜਾਂਦੀ ਹੈ । ਧਰੁਵਣ ਦੇ ਤਲ ਦੇ ਲਿਹਾਜ਼ ਨਾਲ ਪ੍ਰਕਾਸ਼ ਕਿਰਨ-ਪੁੰਜ ਨੂੰ 45° ਉਤੇ ਖਿਲਾਰਨ ਵਾਲੀਆਂ ਦੋ ਪਲੇਟਾਂ ਦੇ ਆਰ ਪਾਰ ਜਦੋਂ ਬਿਜਲਈ ਪੁਟੈਂਸ਼ਲ ਲਾਇਆ ਜਾਂਦਾ ਹੈ ਤਾਂ ਧਰੁਵਿਤ ਪ੍ਰਕਾਸ਼ ਦਾ ਵਿਭੇਦਨ ਦੋ ਘਟਕਾਂ ਅਰਥਾਤ ਬਿਜਲਈ ਖੇਤਰ ਦੇ ਸਮਾਂਤਰ ਅਤੇ ਸਮਕੋਣੀ ਹੋ ਜਾਂਦਾ ਹੈ । ਗੋਲਾਈ ਵਿਚ ਧਰੁਵਿਤ ਸੈੱਲ ਵਿਚੋਂ ਪ੍ਰਕਾਸ਼ ਕਿਰਨ-ਪੁੰਜ ਬਾਹਰ ਨਿਕਲਦੀ ਹੈ ਕਿਉਂਕਿ ਦੋਵੇਂ ਘਟਕ ਭਿੰਨ-ਭਿੰਨ ਰਫ਼ਤਾਰ ਨਾਲ ਚਲਦੇ ਹਨ ਅਤੇ ਇਸੇ ਤਰ੍ਹਾਂ ਇਨ੍ਹਾਂ ਵਿਚ ਫ਼ੇਜ਼-ਅੰਤਰ ਹੁੰਦਾ ਹੈ । ਸਿੱਟੇ ਵਜੋਂ ਕਿਰਨ-ਪੁੰਜ ਦਾ ਧਰੁਵਕ ਵਿਚੋਂ ਅੰਸ਼ਿਕ ਤੌਰ ਤੇ ਪਾਰਗਮਨ ਹੋਵੇਗਾ । ਕਰ-ਸੈੱਲ ਦੀ ਵਰਤੋਂ ਪ੍ਰਕਾਸ਼ ਦੀ ਰਫ਼ਤਾਰ ਮਿਲਣ ਲਈ ਅਤੇ ਅਲਪ-ਕਾਲੀ ਘਟਨਾਵਾਂ ਦੀ ਫ਼ੋਟੋ ਲੈਣ ਲਈ ਕੀਤੀ ਜਾਂਦੀ ਹੈ ।

ਹ. ਪੁ.—ਐਨ. ਬ੍ਰਿ. ਮਾ. 5 : 771

**ਕਰਮ** : ਕਰਮ ਸ਼ਬਦ 'ਕ੍ਰਿ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ 'ਕਰਨਾ' ਹੈ । ਕਿਸੇ ਜੀਵ ਦੁਆਰਾ ਕੀਤਾ ਗਿਆ ਕਾਰਜ, ਵਿਆਪਾਰ ਚੇਸ਼ਟਾ ਜਾਂ ਕਿਰਿਆ ਉਸ ਦਾ ਕਰਮ ਅਖਵਾਉਂਦਾ ਹੈ ਅਤੇ ਉਸ ਅਨੁਸਾਰ ਹੀ ਉਸ ਨੂੰ ਫਲ ਭੋਗਣਾ ਪੈਂਦਾ ਹੈ । ਇਸ ਸਿਧਾਂਤ ਨੂੰ ਕਰਮਵਾਦ ਆਖਿਆ ਜਾਂਦਾ ਹੈ । ਵੇਦਾਂ ਵਿਚ ਕੀਤੇ ਗਏ ਕੰਮਾਂ ਅਨੁਸਾਰ ਨਰਕ ਜਾਂ ਸਵਰਗ ਦੀ ਪ੍ਰਾਪਤੀ ਦੇ ਸਿਧਾਂਤ ਨੂੰ ਮੰਨਿਆ ਗਿਆ ਹੈ । ਉਪਾਸ਼ਨਾ, ਪੂਜਾ, ਪਾਠ, ਯੋਗ ਆਦਿ ਨੂੰ ਸ਼ੁਭ ਕਰਮ ਆਖਿਆ ਗਿਆ ਹੈ । ਉਪਨਿਸ਼ਦਾਂ ਵਿਚ ਇਨ੍ਹਾਂ ਕਰਮਾਂ ਤੋਂ ਇਲਾਵਾ ਗਿਆਨ, ਯੋਗ ਤੇ ਤਪਸਿਆ ਨੂੰ ਵੀ ਮਹੱਤਵ ਦਿੱਤਾ ਗਿਆ ਹੈ । ਗੀਤਾ ਵਿਚ ਇਸ ਦ੍ਰਿਸ਼ਟੀਕੋਣ ਦੀ ਸਥਾਪਨਾ ਕਰਮਯੋਗ ਦੇ ਰੂਪ ਵਿਚ ਹੋਈ ਹੈ ਤੇ ਨਿਸ਼ਕਾਮ ਕਰਮਾਂ ਨੂੰ ਸ਼ੁਭ ਮੰਨਿਆ ਗਿਆ ਹੈ । ਜੈਨ ਤੇ ਬੁੱਧ ਧਰਮ ਵਿਚ ਸੰਜਮ ਤੇ ਸਦਾਚਾਰ ਨੂੰ ਹੀ ਸ਼ੁਭ ਕਰਮ ਕਿਹਾ ਗਿਆ ਹੈ ।

ਛੇ ਸ਼ਾਸਤਰਾਂ ਵਿਚੋਂ ਸਾਂਖ ਵਾਲਿਆਂ ਨੇ ਵਿਵੇਕਪੂਰਨ ਕਰਮਾਂ ਨੂੰ ਬੰਧਨ ਰਹਿਤ ਮੰਨਿਆ ਹੈ ਤੇ ਯੋਗ ਦਰਸ਼ਨ ਵਿਚ ਯੋਗ ਅਭਿਆਸ ਦੁਆਰਾ ਚਿਤ ਦੀ ਸ਼ੁਧੀ ਨੂੰ ਕਰਮ ਆਖਿਆ ਗਿਆ ਹੈ । ਮੀਮਾਂਸਾ ਵਿਚ ਸੰਧਿਆ, ਉਪਾਸ਼ਨਾ, ਪੂਜਾ, ਪਾਠ, ਯਗ ਆਦਿ ਨੂੰ ਸ਼ੁਭ ਕਰਮ ਮੰਨਿਆ ਗਿਆ ਹੈ । ਅਦਵੈਤ ਵੇਦਾਂਤ ਵਾਲੇ ਗਿਆਨ ਤੇ ਵੈਰਾਗ ਦੁਆਰਾ ਕੀਤੇ ਕਰਮਾਂ ਨੂੰ ਹੀ ਸ਼ੁਭ ਕਰਮ ਸਮਝਦੇ ਹਨ । ਪੁਰਾਣਾਂ ਵਿਚ ਪੂਜਾ ਵਿਧੀਆਂ ਤੇ ਕਰਮ ਕਾਂਡਾਂ ਬਾਰੇ ਵਿਸਤਾਰ ਸਹਿਤ ਲਿਖਿਆ ਮਿਲਦਾ ਹੈ ਤੇ ਸਭ ਤੋਂ ਵਧ ਮਹੱਤਵ ਤੀਰਥ ਯਾਤਰਾ ਨੂੰ ਦਿੱਤਾ ਗਿਆ ਹੈ । ਈਸਾਈ ਮੱਤ ਤੇ ਇਸਲਾਮ ਵਿਚ ਥੋੜ੍ਹੇ ਬਹੁਤ ਫ਼ਰਕ ਨਾਲ ਇਸ ਸਿਧਾਂਤ ਨੂੰ ਸਵੀਕਾਰ ਕੀਤਾ ਗਿਆ ਹੈ । ਇਉਂ ਕਰਮ ਸਿਧਾਂਤ ਨੂੰ ਸਾਰੇ ਧਰਮਾਂ ਨੇ ਸਵੀਕਾਰ ਕਰ ਲਿਆ ਹੈ । ਜੇ ਕਰ ਥੋੜ੍ਹਾ ਬਹੁਤ ਫ਼ਰਕ ਦ੍ਰਿਸ਼ਟੀਗੋਚਰ ਹੁੰਦਾ ਹੈ ਤਾਂ ਦਾਰਸ਼ਨਿਕ ਵਿਚਾਰਧਾਰਾ ਦੇ ਭੇਦ ਕਰਕੇ ਹੈ ਕਿਉਂਕਿ ਹਰ ਇਕ ਨੇ ਇਸ ਨੂੰ ਆਪਣੀ ਦ੍ਰਿਸ਼ਟੀ ਤੋਂ ਦੇਖਣ ਦਾ ਯਤਨ ਕੀਤਾ ਹੈ ।

ਕਰਮ ਵਿਧਾਨ ਸ੍ਰਿਸ਼ਟੀ ਦੇ ਆਰੰਭ ਤੋਂ ਹੀ ਚਲਿਆ ਆ ਰਿਹਾ ਹੈ ਜਦੋਂ ਜੀਵ ਨੇ ਕਰਮ ਕਰਨੇ ਆਰੰਭ ਕੀਤੇ ਸਨ ।

ਕਿਰਤ ਸੰਸਕ੍ਰਿਤ ਦੇ 'ਕ੍ਰਿਤ' ਦਾ ਵਿਕਰਿਤ ਰੂਪ ਹੈ ਜਿਸ ਦਾ ਅਰਥ ਹੈ ਕੀਤਾ ਹੋਇਆ । ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਦਾ ਫਲ ਵੀ ਭੋਗਣਾ ਪੈਂਦਾ ਹੈ । ਜੀਵ ਦੇ ਤਿੰਨ ਸਰੀਰ ਮੰਨੇ ਜਾਂਦੇ ਹਨ—ਕਾਰਨ ਸਰੀਰ, ਸੂਖਮ ਸਰੀਰ ਤੇ ਸਥੂਲ ਸਰੀਰ । ਇਨ੍ਹਾਂ ਵਿਚ ਸੂਖਮ ਸਰੀਰ ਦਾ ਸਬੰਧ ਕਰਮਾਂ ਨਾਲ ਹੈ । ਬ੍ਰਹਮ ਗਿਆਨ ਦੀ ਪ੍ਰਾਪਤੀ ਤੱਕ ਸੂਖਮ ਸਰੀਰ ਦੇ ਰੂਪ ਵਿਚ ਪੂਰਬ-ਜਨਮ ਦੇ ਸੰਸਕਾਰ ਬਣੇ ਰਹਿੰਦੇ ਹਨ, ਜਿਨ੍ਹਾਂ ਅਨੁਸਾਰ ਜੀਵ ਜਨਮ ਧਾਰਨ ਕਰਦਾ ਹੈ । ਪਿਛਲੇ ਜਨਮਾਂ ਦੇ ਸੰਸਕਾਰਾਂ ਅਨੁਸਾਰ ਜੀਵ ਦਾ ਸੁਭਾ ਬਣਦਾ ਹੈ, ਜਿਸ ਅਨੁਸਾਰ ਉਹ ਦੁਖ ਸੁੱਖ ਭੋਗਦਾ ਹੈ । ਇੰਜ ਇਸ ਜਨਮ ਦੇ ਕਰਮ ਸਾਡੇ ਅਗਲੇ ਜਨਮ ਵਿਚ ਸਾਨੂੰ ਪ੍ਰਭਾਵਿਤ ਕਰਨਗੇ । ਇਹ ਕਿਰਤ ਕਰਮ ਮੇਟੇ ਨਹੀਂ ਜਾ ਸਕਦੇ ।

ਜੀਵ ਆਪਣੀ ਇੱਛਾ ਅਨੁਸਾਰ ਕਰਮ ਨਹੀਂ ਕਰ ਸਕਦਾ ਕਿਉਂ ਜੋ ਉਹ ਪਰਮਾਤਮਾ ਦੇ ਅਧੀਨ ਹੈ । ਪ੍ਰਾਣੀ ਉਹੀ ਕਰਮ ਕਰਦਾ ਹੈ ਜੋ ਧੁਰੋਂ ਲਿਖੇ ਹੁੰਦੇ ਹਨ । ਇਸ ਦਾ ਭਾਵ ਹੈ ਕਿ ਜੀਵ ਕਰਮ ਕਰਨ ਤੇ ਉਸ ਦੇ ਫਲ ਭੋਗਣ ਦੇ ਮਾਮਲੇ ਵਿਚ ਪਰਤੰਤਰ ਹੈ; ਪਰਮਾਤਮਾ ਦੇ ਅਧੀਨ ਹੈ ।

ਸਥੂਲ ਰੂਪ ਵਿਚ ਕਰਮਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ—ਸਮਸ਼ਟੀ ਕਰਮ ਤੇ ਵਿਅਸ਼ਟੀ ਕਰਮ । ਸਮਸ਼ਟੀ-ਕਰਮ ਉਹ ਕਰਮ ਹਨ ਜੋ ਪਰਮਾਤਮਾ ਦੇ ਹੁਕਮ ਅਧੀਨ ਸਮੂਹਿਕ ਰੂਪ ਵਿਚ ਹੋ ਰਹੇ ਹਨ । ਇਨ੍ਹਾਂ ਕਰਮਾਂ ਦਾ ਕਾਰਜ ਖੇਤਰ ਵਿਸ਼ਾਲ ਪ੍ਰਕਿਰਤੀ ਹੈ । ਸੂਰਜ ਅਤੇ ਚੰਦਰਮਾ ਚੜ੍ਹਨਾ, ਲਥਣਾ, ਨਦੀਆਂ ਦਾ ਲਗਾਤਾਰ ਵਹਿੰਦੇ ਰਹਿਣਾ, ਹਵਾ ਦਾ ਚਲਣਾ ਆਦਿ ਸਮਸ਼ਟੀ ਕਰਮ ਹਨ । ਮਾਨਵ ਸਿਰਫ਼ ਵਿਅਕਤੀਗਤ ਜਾਂ ਵਿਅਸ਼ਟੀ ਕਰਮ ਹੀ ਕਰ ਸਕਦਾ ਹੈ । ਵਿਅਸ਼ਟੀ ਕਰਮ ਤਿੰਨ ਪ੍ਰਕਾਰ ਦੇ ਹਨ—ਸਰੀਰਕ, ਮਾਨਸਿਕ ਅਤੇ ਅਧਿਆਤਮਿਕ । ਇਨ੍ਹਾਂ ਤਿੰਨਾਂ ਵਿਚੋਂ ਅਧਿਆਤਮਕ ਕਰਮ ਸੂਖਮ ਹਨ ਜੋ ਪਰਮਾਤਮਾ ਦੇ ਮਿਲਾਪ ਲਈ ਕੀਤੇ ਗਏ ਹੁੰਦੇ ਹਨ । ਵਿਅਸ਼ਟੀ ਕਰਮਾਂ ਨੂੰ ਪ੍ਰਵਿਰਤੀ ਦੇ ਆਧਾਰ ਤੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ—ਅਸ਼ੁਭ ਕਰਮ ਤੇ ਸ਼ੁਭ ਕਰਮ ।

ਅਸ਼ੁਭ ਕਰਮ ਉਹ ਹਨ ਜੋ ਮਨੁੱਖ ਨੂੰ ਸੰਸਾਰਿਕ ਬੰਧਨਾਂ ਵਿਚ ਲੀਨ ਰਖਦੇ ਹਨ ਅਤੇ ਭਗਤੀ ਅਤੇ ਗਿਆਨ ਦੇ ਮਾਰਗ ਵਿਚ ਰੁਕਾਵਟ ਬਣਦੇ ਹਨ । ਇਨ੍ਹਾਂ ਕਾਰਨ ਮਨ ਵਿਸ਼ੇ ਵਾਸ਼ਨਾਵਾਂ ਵਿਚ ਲੱਗਿਆ ਆਵਾਗਵਣ ਵਿਚ ਪਿਆ ਰਹਿੰਦਾ ਹੈ । ਇਨ੍ਹਾਂ ਕਰਮਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ—ਵਾਸ਼ਨਾ ਪ੍ਰਧਾਨ ਕਰਮ, ਕਰਮ ਪ੍ਰਧਾਨ ਕਰਮ ਤੇ ਤ੍ਰੈਗੁਣੀ ਕਰਮ ।

ਵਾਸ਼ਨਾ ਪ੍ਰਧਾਨ ਕਰਮ ਦੁਨਿਆਵੀ ਵਿਸ਼ੇ ਵਿਕਾਰਾਂ ਵੱਲ ਖਿਚਿਆ ਜਾਣ ਤੇ ਮਨੁੱਖ ਕਰਦਾ ਹੈ ਜਿਸ ਕਾਰਨ ਉਸ ਦਾ ਮਨ ਸੰਸਾਰਕਤਾ ਵਿਚ ਖੁਭ ਜਾਂਦਾ ਹੈ, ਅਹੰਕਾਰ ਵਸ ਹੋ ਜਾਇਜ਼ ਨਾਜਾਇਜ਼ ਕੰਮ ਕਰਦਾ ਹੈ । ਪਾਪ ਪੁੰਨ ਕਾਰਨ ਮਨੁੱਖ ਜੰਮਦਾ ਮਰਦਾ ਰਹਿੰਦਾ ਹੈ । ਇਹ ਕਰਮ ਉਸ ਦੀ ਅਧਿਆਤਮਕ ਪ੍ਰਗਤੀ ਵਿਚ ਰੁਕਾਵਟ ਬਣਦੇ ਹਨ ਤੇ ਪਰਮਾਤਮਾ ਨੂੰ ਮਿਲਣ ਨਹੀਂ ਦਿੰਦੇ ।

ਕਰਮ ਪ੍ਰਧਾਨ ਕਰਮ ਉਨ੍ਹਾਂ ਕਰਮਾਂ ਨੂੰ ਆਖਿਆ ਜਾਂਦਾ ਹੈ ਜਿਹੜੇ ਕਿ ਪ੍ਰੇਮ-ਭਾਵਨਾ ਰਹਿਤ ਹੋ ਕੇ ਦਿਖਾਵੇ ਲਈ ਕੀਤੇ ਜਾਂਦੇ ਹਨ । ਪ੍ਰੇਮ-ਭਾਵਨਾ ਰਹਿਤ ਸਾਰੇ ਕਰਮ ਵਿਅਰਥ ਦੇ ਯਤਨ ਹਨ । ਇਨ੍ਹਾਂ ਦਾ ਰੂੜ੍ਹ ਰੂਪ ਹੀ ਕਰਮ ਕਾਂਡ ਹੈ, ਭਾਵੇਂ ਇਹ ਕਿਸੇ ਧਰਮ ਨਾਲ ਵੀ ਸਬੰਧਤ ਕਿਉਂ ਨਾ ਹੋਣ ।

ਤ੍ਰੈਗੁਣੀ ਕਰਮ ਮਨੁੱਖੀ ਜੀਵਨ ਵਿਚ ਰਜੋ, ਸਤੋ ਤੇ ਤਮੋ ਗੁਣਾਂ ਦਾ ਬੜਾ ਮਹੱਤਵ ਹੈ । ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਇਨ੍ਹਾਂ ਤਿੰਨਾਂ ਗੁਣਾਂ ਦੇ ਸਰੂਪ ਤੇ ਪ੍ਰਕਾਸ਼ ਪਾਉਂਦਿਆਂ ਆਖਿਆ ਹੈ ਕਿ ਇਹੀ ਅਵਿਨਾਸ਼ੀ ਜੀਵਾਤਮਾਂ ਨੂੰ ਸਰੀਰ ਵਿਚ ਬੰਨ੍ਹਦੇ ਹਨ । ਸੰਸਾਰ ਦੇ ਸਾਰੇ ਪ੍ਰਾਣੀ ਇਨ੍ਹਾਂ ਤਿੰਨਾਂ ਗੁਣਾਂ ਦੇ ਅਧੀਨ ਹਨ, ਜਿਸ ਦੇ ਫਲ ਸਰੂਪ ਉਹ ਜਨਮ ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ । ਮਨ ਸਿਰਫ਼ ਭਗਤੀ ਨਾਲ ਹੀ ਸ਼ੁਧ ਹੁੰਦਾ ਹੈ ਤੇ ਮਾਨਵ ਜੀਵਨ—ਮੁਕਤ ਬਣ ਜਾਂਦਾ ਹੈ ।

ਸ਼ੁਭ ਕਰਮ ਜੋ ਕਰਮ ਸ਼ਾਂਤ ਬੁਧੀ ਦੀ ਪ੍ਰਾਪਤੀ ਲਈ ਸਹਾਈ ਹੋਣ ਉਹ ਸ਼ੁਭ ਕਰਮ ਹਨ । ਇਨ੍ਹਾਂ ਨੂੰ ਅਧਿਆਤਮ ਕਰਮ ਵੀ ਆਖਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਨਾਲ ਸਾਧਕ ਨੂੰ ਦਿਬ ਦ੍ਰਿਸ਼ਟੀ, ਪ੍ਰਾਪਤ ਹੋ ਜਾਂਦੀ ਹੈ ਜਿਸ ਨਾਲ ਉਸ ਨੂੰ ਸਭ ਪਾਸੇ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ । ਅਜਿਹੀ ਸਮ ਦ੍ਰਿਸ਼ਟੀ ਦੀ ਸਥਿਤੀ ਵਿਚ ਕੀਤਾ ਗਿਆ ਹਰ ਕਰਮ ਹਉਮੈ-ਰਹਿਤ ਹੋ ਜਾਂਦਾ ਹੈ ਤੇ ਮਨ ਵਿਕਾਰ ਰਹਿਤ ਹੋ ਜਾਂਦਾ ਹੈ । ਇਨ੍ਹਾਂ ਕਰਮਾਂ ਦੁਆਰਾ ਜੀਵ-ਅਧਿਆਤਮਕ ਖੇਤਰ ਵਿਚ

ਅੱਗੇ ਵਧਦਾ ਹੈ। ਇਸ ਅਵਸਥਾ ਵਿਚ ਪੁੰਨ, ਦਾਨ, ਇਸ਼ਨਾਨ ਸਭ ਉਚਿਤ ਹਨ।

**ਆਵਾਗਵਣ** :—ਆਵਾਗਵਣ ਦਾ ਮੂਲ ਆਧਾਰ ਕਰਮ ਹੈ। ਕਰਮਾਂ ਦਾ ਫਲ ਲਾਜ਼ਮੀ ਭੋਗਣਾ ਪੈਂਦਾ ਹੈ। ਇਹੀ ਕਰਮ ਬੰਧਨ ਹਨ। ਇਨ੍ਹਾਂ ਤੋਂ ਬੱਚ ਨਿਕਲਣਾ ਔਖਾ ਹੈ। ਇਸ ਦਾ ਪ੍ਰਵਾਹਅਨਾਦੀ ਹੈ ਤੇ ਇਕ ਕਰਮ ਦੂਜੇ ਦਾ ਸਿਰਜਨ ਕਰਦਾ ਰਹਿੰਦਾ ਹੈ। ਕਰਮ ਦਾ ਫਲ ਭੋਗਣ ਲਈ ਜੀਵਾਤਮਾ ਦਾ ਸਬੰਧ ਸਰੀਰ ਨਾਲ ਹੈ। ਇਹੀ ਜਨਮ ਹੈ ਤੇ ਇਕ ਨਿਸਚਿਤ ਸਮੇਂ ਪੰਜ ਭੌਤਿਕ ਸ਼ਰੀਰ ਦਾ ਅੰਤ ਹੋ ਜਾਂਦਾ ਹੈ, ਇਹੀ ਮੌਤ ਹੈ। ਜਨਮ-ਮਰਨ ਪ੍ਰਾਪਤ ਕਰਨ ਵਾਲੀਆਂ ਚੰਗੀਆਂ ਮਾੜੀਆਂ ਚੌਰਾਸੀ ਲੱਖ ਜੂਨੀਆਂ ਹਨ, ਜਿਨ੍ਹਾਂ ਵਿਚ ਮਨੁੱਖ ਸਰਬੋਤਮ ਹੈ ਤੇ ਸ਼ੁਭ ਅਸ਼ੁਭ ਅਨੁਸਾਰ ਚੰਗੇ ਮਾੜੇ ਜਨਮ ਭੋਗਦਾ ਹੈ। ਆਵਾਗਵਣ ਤੋਂ ਬਚਣ ਦਾ ਉਪਾ ਹੈ ਗੁਰੂ ਦੀ ਪ੍ਰਾਪਤੀ, ਜਿਸ ਦੁਆਰਾ ਜੀਵ ਨਾਮ ਪ੍ਰਾਪਤ ਕਰਦਾ ਹੈ ਤੇ ਮਿਥਿਆ, ਮੋਹ, ਮਾਇਆ ਦੇ ਜਾਲ ਚੋਂ ਮੁਕਤ ਹੋ ਜਾਂਦਾ ਹੈ। ਸ਼ਬਦ ਵਿਚ ਸੁਰਤ ਲਗਾਉਣਾ, ਪਰਮਾਤਮਾ ਨਾਲ ਇਕ ਸੁਰ ਹੋਣਾ ਤੇ ਉਸ ਦੇ ਗੁਣ ਗਾਉਣਾ ਹੀ ਇਸ ਆਵਾਗਵਣ ਦੇ ਚੱਕਰ ਤੋਂ ਮੁਕਤ ਕਰਵਾ ਸਕਦੇ ਹਨ।

ਗੁਰਮਤਿ ਵਿਚ ਕਰਮ-ਸਿਧਾਂਤ ਨੂੰ ਸਵੀਕਾਰ ਕੀਤਾ ਗਿਆ ਹੈ ਤੇ ਕਰਮਾਂ ਉਪਰ ਨਿਬੇੜਾ ਮੰਨਿਆ ਹੈ। ਜੋ ਵੀ ਪ੍ਰਾਪਤ ਹੋਣਾ ਹੈ ਉਹ ਕਰਮਾਂ ਅਨੁਸਾਰ ਹੋਣਾ ਹੈ। ਜਗਤ ਵਿਚ ਕਰਮਾਂ ਅਨੁਸਾਰ ਮਨੁੱਖ ਨੂੰ ਜਾਣਿਆ ਜਾਂਦਾ ਹੈ ਜਿਵੇਂ ਪਾਪੀ-ਪੁੰਨੀ ਆਦਿ। ਚਿਤ੍ਰ ਗੁਪਤ ਸਾਡੇ ਕਰਮਾਂ ਦਾ ਲੇਖਾ ਰਖਦੇ ਹਨ, ਜਿਨ੍ਹਾਂ ਅਨੁਸਾਰ ਧਰਮਰਾਜ ਫਲ ਦਿੰਦਾ ਹੈ। ਜੋ ਅਸੀਂ ਬੀਜਦੇ ਹਾਂ, ਉਹੀ ਖਾਂਦੇ ਹਾਂ। "ਜੈਸਾ ਕਰੇ ਸੁ ਤੈਸਾ ਪਾਏ। ਆਪਿ ਬੀਜਿ ਆਪੇ ਹੀ ਖਾਵੈ।" ਗੁਰਮਿਤ ਵਿਚਾਰਧਾਰਾ ਅਨੁਸਾਰ ਕਿਰਤ ਕਰਮ ਮੇਟੇ ਨਹੀਂ ਜਾ ਸਕਦੇ। ਮਨੁੱਖ ਇਨ੍ਹਾਂ ਕਿਰਤ ਕਰਮਾਂ ਅਨੁਸਾਰ ਦੁੱਖ ਸੁੱਖ ਭੋਗਦਾ ਅਤੇ ਜੰਮਦਾ ਮਰਦਾ ਰਹਿੰਦਾ ਹੈ। ਮਨੁੱਖ ਕਰਮ ਕਰਨ ਵਿਚ ਸੁਤੰਤਰ ਹੈ ਪਰ ਉਨ੍ਹਾਂ ਦਾ ਫਲ ਪਰਮਾਤਮਾ ਦੇ ਹੱਥ ਵੱਸ ਹੈ। ਉਸ ਦੇ ਦਰਬਾਰ ਵਿਚ ਕੋਈ ਹੇਰਾ-ਫੇਰੀ ਨਹੀਂ ਹੁੰਦੀ।

ਗੁਰਮਤਿ ਵਿਚ ਕਰਮਕਾਂਡ ਨੂੰ ਕੋਈ ਥਾਂ ਨਹੀਂ ਹੈ, ਜਿੰਨਾ ਚਿਰ ਮਨ ਸ਼ੁੱਧ ਨਹੀਂ ਹੁੰਦਾ ਅਤੇ ਵਿਕਾਰਾਂ ਅਧੀਨ ਰਹਿੰਦਾ ਹੈ ਉੱਨਾ ਚਿਰ ਦਿਖਾਵੇ ਦੇ ਪੂਜਾ ਪਾਠ ਦਾ ਕੋਈ ਲਾਭ ਨਹੀਂ ਹੈ, ਸਗੋਂ ਹਉਮੈ ਕਾਰਨ ਮਨੁੱਖ ਇਸ ਪ੍ਰਪੰਚ ਵਿਚ ਫਸ ਕੇ ਰਹਿ ਜਾਂਦਾ ਹੈ ਤੇ ਜੰਮਦਾ ਮਰਦਾ ਰਹਿੰਦਾ ਹੈ। ਇਸ ਲਈ ਗੁਰੂ ਜੀ ਸਾਧਕ ਨੂੰ ਅਜਿਹੇ ਕਰਮਾਂ ਤੋਂ ਵਰਜਦੇ ਹਨ।

ਮੱਧ ਕਾਲੀਨ ਸੰਤਾਂ ਨੇ ਵੀ ਇਹ ਮਹਿਸੂਸ ਕੀਤਾ ਕਿ ਇਹ ਦਿਖਾਵੇ ਦੇ ਕਰਮਕਾਂਡ ਲੋਕਾਂ ਨੂੰ ਸੱਚ ਦੇ ਮਾਰਗ ਦੀ ਥਾਂ ਕੁਰਾਹੇ ਪਾਉਂਦੇ ਹਨ। ਇਨ੍ਹਾਂ ਨੇ ਸਾਰਿਆਂ ਧਰਮਾਂ ਨੂੰ ਖੋਖਲਾ ਕਰ ਦਿੱਤਾ ਹੈ ਤੇ ਅਮਰਿਯਾਦਾ ਪੈਦਾ ਕੀਤੀ ਹੈ। ਇਸ ਲਈ ਇਨ੍ਹਾਂ ਫੋਕਟ ਕਰਮਾਂ ਤੋਂ ਮੁਕਤ ਕਰਵਾਉਣ ਲਈ ਸੰਤਾਂ ਨੇ ਜ਼ਬਰਦਸਤ ਆਵਾਜ਼ ਉਠਾਈ। ਭਗਤ ਕਬੀਰ ਆਦਿ ਨੇ ਤਾਂ ਇਨ੍ਹਾਂ ਬਾਹਰੀ ਦਿਖਾਵੇ ਦੇ ਕਰਮ ਕਾਂਡਾਂ ਦੀ ਕਰੜੀ ਆਲੋਚਨਾ ਵੀ ਕੀਤੀ ਹੈ।

ਗੁਰਮਤਿ ਵਿਚ ਸਿਰਫ਼ ਨਾਮ ਤੇ ਭਗਤੀ ਕਰਮ ਤ੍ਰੈਗੁਣੀ-ਕਰਮਾਂ ਦੀ ਸੀਮਾਂ ਤੋਂ ਬਾਹਰ ਹਨ। ਗੁਰੂ ਸਾਹਿਬਾਨ ਨੇ ਅਧਿਆਤਮਕ ਕਰਮ ਕਰਨ ਲਈ ਜਗਿਆਸੂਆਂ ਨੂੰ ਪ੍ਰੇਰਿਤ ਕੀਤਾ ਹੈ। ਇਹ ਅਧਿਆਤਮ ਕਰਮ ਹਨ—ਪੰਜ ਵਿਕਾਰਾਂ ਨੂੰ ਮਾਰਨਾ, ਹਿਰਦੇ ਵਿਚ ਸਤਿ ਧਾਰਨ ਕਰਨਾ, ਗੁਰ-ਸ਼ਬਦ ਦੀ ਭਿਖਿਆ ਮੰਗਣੀ, ਪ੍ਰਭੂ ਦੇ ਭੈ ਵਿਚ ਰਹਿਣਾ, ਗੁਰੂ ਦੀ ਕ੍ਰਿਪਾ ਪ੍ਰਾਪਤ ਕਰਨੀ, ਗੁਰੂ ਦੀ ਸ਼ਰਣ ਵਿਚ ਰਹਿਣਾ, ਸਤਿਸੰਗਤ ਵਿਚ ਪਰਮਾਤਮਾ ਦੀ ਸਿਫਤ ਸਲਾਹ ਕਰਨੀ, ਪਰਮਾਤਮਾ ਦੇ ਭਾਣੇ ਵਿਚ ਰਹਿਣਾ ਆਦਿ। ਅਜਿਹੇ ਕਰਮ ਕਰਨ ਵਾਲਿਆਂ ਨੂੰ ਪਰਮਾਤਮਾ ਦੀ ਦਰਗਾਹ ਵਿਚ ਸੁੱਖ ਪ੍ਰਾਪਤ ਹੋਵੇਗਾ।

ਗੁਰਮਤਿ ਵਿਚ ਆਵਾਗਵਣ ਦੇ ਸਿਧਾਂਤ ਨੂੰ ਵੀ ਸਵੀਕਾਰ ਕੀਤਾ ਗਿਆ ਹੈ। ਕਰਮਾਂ ਅਨੁਸਾਰ ਜੀਵ ਜੰਮਦਾ ਮਰਦਾ ਰਹਿੰਦਾ ਹੈ, ਜਿਸ ਨੂੰ ਕੋਈ ਰੋਕ ਨਹੀਂ ਸਕਦਾ। ਇਹ ਚੱਕਰ ਤਾਂ ਹੀ ਖ਼ਤਮ ਹੋਵੇਗਾ ਜੇ ਗੁਰੂ ਦੀ ਪ੍ਰਾਪਤੀ ਹੋਵੇਗੀ ਕਿਉਂਕਿ ਪੂਰਨ ਗੁਰੂ ਰਾਮ ਨਾਮ ਦੀ ਰਾਸ ਪੂੰਜੀ ਪ੍ਰਦਾਨ ਕਰਦਾ ਹੈ, ਜਿਸ ਨਾਲ ਮਿਥਿਆ ਭਰਮ ਨਸ਼ਟ ਹੋ ਜਾਂਦੇ ਹਨ। ਸੁਰਤਿ ਸ਼ਬਦ ਵਿਚ ਟਿਕਦੀ ਹੈ ਤੇ ਸਵਾਸ ਸਵਾਸ ਪਰਮਾਤਮਾ ਦਾ ਸਿਮਰਨ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਆਵਾਗਵਣ ਤੋਂ ਮੁਕਤ ਹੋ ਜਾਈਦਾ ਹੈ।

ਗੁਰਮਤਿ ਦਾ ਕਰਮ ਸਿਧਾਂਤ ਵੈਦਿਕ ਕਰਮ-ਕਾਂਡ ਨਾਲ ਮੇਲ ਨਹੀਂ ਖਾਂਦਾ। ਉਪਨਿਸ਼ਦਾਂ, ਗੀਤਾ ਤੇ ਅਦਵੈਤ ਵੇਦਾਂਤ ਦੇ ਕਰਮ ਸਬੰਧੀ ਸਿਧਾਂਤ ਗੁਰਮਿਤ ਨਾਲ ਕਿਸੇ ਨਾ ਕਿਸੇ ਰੂਪ ਵਿਚ ਮੇਲ ਖਾਂਦੇ ਹਨ। ਨਿਸ਼ਕਾਮ ਕਰਮ ਨੂੰ ਮਹੱਤਵ ਦਿੱਤਾ ਗਿਆ ਹੈ। ਗੁਰਮਤਿ ਵਿਚ ਕਰਮ, ਗਿਆਨ, ਯੋਗ ਅਤੇ ਭਗਤੀ ਦਾ ਬੜਾ ਸੁੰਦਰ ਸੁਮੇਲ ਹੋਇਆ ਹੈ। ਪਾਖੰਡ-ਪੂਰਨ ਕਰਮ ਕਾਂਡ, ਤ੍ਰੈਗੁਣੀ-ਕਰਮਾਂ ਆਦਿ ਨੂੰ ਕੋਈ ਥਾਂ ਨਹੀਂ ਹੈ। ਕਰਮਾਂ ਦਾ ਫਲ ਭੋਗਣ ਲਈ ਬਾਰ ਬਾਰ ਜਨਮ ਲੈਣਾ ਪੈਂਦਾ ਹੈ। ਇਨ੍ਹਾਂ ਤੋਂ ਮੁਕਤੀ ਗੁਰੂ ਦੀ ਪ੍ਰਾਪਤੀ ਤੇ ਮਿਹਰ ਦੀ ਨਦਰਿ ਨਾਲ ਹੀ ਸੰਭਵ ਹੈ।

ਹ. ਪੁ.—ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਨ—ਡਾ. ਮਨਮੋਹਨ ਸਹਿਗਲ; ਗੁਰੂ ਨਾਨਕ ਦੀ ਵਿਚਾਰਧਾਰਾ—ਡਾ. ਜੱਗੀ ਪੰਨਾ : 380 ; ਬੋਧ ਧਰਮ ਦਰਸ਼ਨ—ਆਚਾਰੀਆ ਨਰਿੰਦਰ ਦੇਵ ਪੰਨਾ : 250।

**ਕਰਮ ਸਿੰਘ** : ਬੱਬਰ ਅਕਾਲੀ ਲਹਿਰ ਵਿਚ ਤਨੋਂ-ਮਨੋਂ ਸ਼ਾਮਲ ਹੋਇਆ। ਇਹ ਜਲੰਧਰ ਜ਼ਿਲ੍ਹੇ ਦੇ ਪਿੰਡ ਝਿੰਗੜਾਂ ਦਾ ਜੰਮ-ਪਲ ਸੀ ਅਤੇ ਸ੍ਰੀ ਦੁਨੀ ਚੰਦ ਦਾ ਪੁੱਤਰ ਸੀ। 1923 ਈ. ਦੌਰਾਨ ਬੱਬਰ ਅਕਾਲੀ ਲਹਿਰ ਦੀਆਂ ਸਰਗਰਮੀਆਂ ਵਿਚ ਸ਼ਾਮਲ ਹੋਣ ਕਾਰਨ ਇਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 20 ਸਾਲ ਦੀ ਕਰੜੀ ਸਜ਼ਾ ਦਾ ਹੁਕਮ ਹੋਇਆ। 8 ਅਪਰੈਲ, 1938 ਨੂੰ ਮੁਲਤਾਨ ਜੇਲ੍ਹ ਅੰਦਰ ਹੀ ਇਸ ਨੇ ਪ੍ਰਾਣ ਤਿਆਗ ਦਿੱਤੇ।

**ਕਰਮ ਸਿੰਘ** : ਇਹ ਬੱਬਰ ਅਕਾਲੀ ਲਹਿਰ ਦਾ ਸੂਰਮਾ ਸ਼ਹੀਦ ਜ਼ਿਲਾ ਹੁਸ਼ਿਆਰਪੁਰ, ਪਿੰਡ ਮਹਿਲ ਵਲਟੋਹਾ ਦਾ ਰਹਿਣ ਵਾਲਾ ਸੀ। ਇਸ ਦਾ ਜਨਮ ਸੰਨ 1888 ਵਿਚ ਸ. ਮੇਲਾ ਸਿੰਘ ਦੇ ਘਰ ਹੋਇਆ। ਫ਼ੌਜ ਵਿਚ ਨੌਕਰੀ ਕਰਦਿਆਂ ਕਰਦਿਆਂ ਕੌਮੀ ਜਜ਼ਬੇ ਨੇ ਇਸ ਨੂੰ ਹਲੂਣਿਆ ਅਤੇ ਨੌਕਰੀ ਤੋਂ ਅਸਤੀਫਾ ਦੇ ਕੇ ਕਰਮ ਸਿੰਘ ਕੌਮ-ਪ੍ਰਸਤ ਸਰਗਰਮੀਆਂ ਦੇ ਅਖਾੜੇ ਵਿਚ ਕੁੱਦ ਪਿਆ ਅਤੇ ਬੱਬਰ ਅਕਾਲੀ ਲਹਿਰ ਵਿਚ ਜਾ ਸ਼ਾਮਲ ਹੋਇਆ। ਸੰਨ 1923 ਵਿਚ ਇਸ ਨੂੰ ਪੁਲਿਸ ਨੇ ਪਹਿਲੀ ਵੇਰ ਅਤੇ 1927 ਈ. ਵਿਚ ਦੂਜੀ ਵੇਰ ਗ੍ਰਿਫ਼ਤਾਰ ਕੀਤਾ। ਰਿਹਾਅ ਹੋਣ ਉਪਰੰਤ ਇਹ ਆਪਣੇ ਵਤਨ-ਪ੍ਰਸਤੀ ਦੇ ਕੰਮਾਂ ਵਿਚ ਹੀ ਰੁੱਝ ਗਿਆ। ਜਿਸ ਦੇ ਫਲਸਰੂਪ ਇਸ ਨੂੰ ਫਿਰ ਗ੍ਰਿਫ਼ਤਾਰ ਕੀਤਾ ਗਿਆ ਤੇ ਸੱਤ ਸਾਲ ਦੀ ਕਰੜੀ ਸਜ਼ਾ ਦਾ ਹੁਕਮ ਹੋਇਆ। ਇਸ ਵਾਰ ਇਹ ਕਪੂਰਥਲੇ ਦੀ ਜੇਲ੍ਹ ਵਿਚੋਂ ਭਗੌੜਾ ਹੋ ਗਿਆ। ਪੁਲਸ ਨੇ ਇਸ ਦਾ ਪਿੱਛਾ ਕੀਤਾ ਅਤੇ 23 ਜੁਲਾਈ, 1943 ਨੂੰ ਪੁਲਸ ਮੁਕਾਬਲੇ ਵਿਚ ਇਸ ਦਾ ਦਿਹਾਂਤ ਹੋ ਗਿਆ।

**ਕਰਮ ਸਿੰਘ** : ਬੱਬਰ ਅਕਾਲੀ ਲਹਿਰ ਵਿਚ ਸਿਰ-ਧੜ ਦੀ ਬਾਜ਼ੀ ਲਾਉਣ ਵਾਲਾ ਕਰਮ ਸਿੰਘ ਜ਼ਿਲ੍ਹਾ ਜਲੰਧਰ ਦੇ ਹਰੀਪੁਰ ਖੇੜਾ ਨਾਮੀ ਪਿੰਡ ਦੇ ਵਾਸੀ ਸ੍ਰੀ ਭਗਵਾਨ ਦਾ ਪੁੱਤਰ ਸੀ। ਬੱਬਰ ਅਕਾਲੀ ਲਹਿਰ ਵਿਚ ਇਸ ਨੇ ਸਰਗਰਮੀਭਰਪੂਰ ਹਿੱਸਾ ਪਾਇਆ। ਸੂਬੇਦਾਰ ਗੇਂਡਾ ਸਿੰਘ ਕੁਢਿਆਲ ਦੇ ਕਤਲ ਕੇਸ ਵਿਚ ਇਸ ਨੂੰ ਗ੍ਰਿਫ਼ਤਾਰ ਕੀਤਾ ਅਤੇ ਮੌਤ ਦੀ ਸਜ਼ਾ ਦਿੱਤੀ ਗਈ। 27 ਫਰਵਰੀ, 1926 ਨੂੰ ਲਹੌਰ ਵਿਖੇ ਜੇਲ੍ਹ ਅੰਦਰ ਫਾਂਸੀ ਦੇ ਤਖਤੇ ਤੇ ਇਸ ਨੇ ਆਪਣੇ ਪ੍ਰਾਣ ਤਿਆਗ ਦਿਤੇ।

**ਕਰਮ ਸਿੰਘ, ਇਤਿਹਾਸਕਾਰ :** ਇਸ ਦਾ ਜਨਮ 1884 ਈ. ਵਿਚ ਪਿੰਡ ਝਬਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸਰਦਾਰ ਝੰਡਾ ਸਿੰਘ ਦੇ ਘਰ ਹੋਇਆ । ਤਰਨਤਾਰਨ ਤੋਂ ਦਸਵੀਂ ਪਾਸ ਕਰਨ ਪਿੱਛੋਂ ਇਹ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋਇਆ ਪਰ ਛੇਤੀ ਹੀ ਕਾਲਜ ਛੱਡ ਦਿਤਾ ਅਤੇ ਇਤਿਹਾਸ ਦੀ ਖੋਜ ਵਿਚ ਜੁਟ ਗਿਆ । ਇਸ ਨੇ ਸਾਰੀ ਜਵਾਨੀ ਖੋਜ ਅਤੇ ਦੇਸ਼ ਰਟਨ ਵਿਚ ਲਾ ਦਿਤੀ । ਸਿੱਖ ਇਤਿਹਾਸ ਇਸ ਦੀਆਂ ਕਿਰਤਾਂ ਦਾ ਮੁੱਖ ਵਿਸ਼ਾ ਸੀ । ਇਸ ਨੇ ਵਿਗਿਆਨਕ ਲੀਹਾਂ ਤੇ ਲਿਖਿਆ । ਇਕ ਵਾਰ ਇਸ ਨੇ ਮੁਸਲਮਾਨੀ ਭੇਸ ਧਾਰ ਕੇ ਮੱਕੇ ਜਾਣ ਦਾ ਯਤਨ ਕੀਤਾ ਪਰ ਸਫ਼ਲ ਨਾ ਹੋ ਸਕਿਆ ।

1907 ਈ. ਵਿਚ ਕਰਮ ਸਿੰਘ ਨੇ 'ਬੰਦਾ ਬਹਾਦਰ' ਲਿਖਿਆ ਤੇ ਮਗਰੋਂ 'ਬਾਬਾ ਆਲਾ ਸਿੰਘ' (1918) ; 'ਅਮਰ ਖਾਲਸਾ' ਤੇ 'ਕਤਕ ਕਿ ਵਿਸਾਖ' (1932 ਵਿਚ ਛਪੀ) ਇਤਿਹਾਸਕ ਖੋਜ ਦੀਆਂ ਪੁਸਤਕਾਂ ਲਿਖੀਆਂ । ਇਸ ਨੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ 18ਵੀਂ ਸਦੀ ਦੇ ਅੰਤ ਤਕ ਦੇ ਇਤਿਹਾਸ-ਕਾਲ ਤੇ ਕੰਮ ਕੀਤਾ ਹੈ । ਇਹ ਡੂੰਘੀ ਖੋਜ ਮਗਰੋਂ ਰਾਏ ਬਣਾਉਂਦਾ ਤੇ ਨਿਮਰਤਾ ਨਾਲ ਪੇਸ਼ ਕਰਦਾ ਸੀ ।

ਇਸ ਦੀ ਵਾਰਤਕ ਵਿਚ ਬੜਾ ਜ਼ੋਰ, ਜੋਸ਼, ਤੇਜ਼ ਰਵਾਨੀ ਤੇ ਭਾਵੁਕਤਾ ਹੈ । ਪਾਠਕ ਨੂੰ ਹਲੂਣਨ ਦੀ ਇਸ ਵਿਚ ਸਮਰਥਾ ਹੈ । ਸਪੱਸ਼ਟਤਾ, ਸਰਲਤਾ ਤੇ ਰਾਗਾਤਮਕਤਾ ਇਸ ਦੇ ਵਿਸ਼ੇਸ਼ ਗੁਣ ਹਨ ।

10 ਜਨਵਰੀ, 1930 ਨੂੰ ਇਸ ਦੀ ਮੌਤ ਹੋ ਗਈ ।

ਹ. ਪੁ.—ਪੰ. ਲਿ. ਕੋ. 97; ਪੰ. ਸਾ. ਇ. 2 : 442

**ਕਰਮ ਸਿੰਘ, ਸ਼ਹੀਦ :** ਗੁਰੂ ਕੇ ਬਾਗ਼ ਮੋਰਚੇ ਦੇ ਕੈਦੀ ਗੱਡੀ ਰਾਹੀਂ ਰਾਵਲਪਿੰਡੀ ਤੋਂ ਅਟਕ ਲਿਜਾਏ ਜਾ ਰਹੇ ਸਨ । ਸਿੱਖ ਸੰਗਤਾਂ ਨੇ ਇਹ ਗੱਡੀ ਹਸਨ ਅਬਦਾਲ (ਪੰਜਾ ਸਾਹਿਬ, ਹੁਣ ਪਾਕਿਸਤਾਨ) ਵਿਖੇ ਰੋਕ ਕੇ ਕੈਦੀ ਸਿੰਘਾਂ ਨੂੰ ਜਲ-ਪਾਣੀ ਛਕਾਉਣ ਦੀ ਇੱਛਾ ਪਰਗਟ ਕੀਤੀ ਪਰ ਸਟੇਸ਼ਨ ਮਾਸਟਰ ਨੇ ਗੱਡੀ ਨੂੰ ਰੋਕਣ ਤੋਂ ਇਨਕਾਰ ਕਰ ਦਿਤਾ । ਸੰਗਤ ਵਿਚ ਇਸ ਨਾਲ ਰੋਸ ਜਾਗ ਪਿਆ । ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਸਿੱਖ ਸੰਗਤਾਂ ਸਮੇਤ ਰੇਲ ਲਾਈਨ ਤੇ ਲੇਟ ਗਏ । ਗੱਡੀ ਉਨ੍ਹਾਂ ਉਪਰੋਂ ਲੰਘ ਗਈ ਤੇ ਰੁਕ ਗਈ । ਦੋ ਸਿੰਘ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਸ਼ਹੀਦ ਹੋਏ ਅਤੇ 6-7 ਹੋਰ ਸਿੰਘਾਂ ਦੇ ਅੰਗ ਕੱਟੇ ਗਏ । ਗੱਡੀ ਕੋਈ ਸਵਾ ਘੰਟਾ ਰੁਕੀ ਰਹੀ । ਇਨ੍ਹਾਂ ਸਿੰਘਾਂ ਦੀ ਬਹਾਦਰੀ ਦੀ ਬਹੁਤ ਪ੍ਰਸ਼ੰਸਾ ਹੋਈ ।

ਹ. ਪੁ.—ਸ਼੍ਰੋਮਣੀ ਅਕਾਲੀ ਦਲ—ਹਰਜਿੰਦਰ ਸਿੰਘ

**ਕਰਮ ਸਿੰਘ, ਮਹਾਰਾਜਾ :** ਇਸ ਦਾ ਜਨਮ ਰਾਣੀ ਆਸ ਕੌਰ ਦੇ ਉਦਰ ਤੋਂ ਮਹਾਰਾਜਾ ਸਾਹਿਬ ਸਿੰਘ ਪਟਿਆਲਾਪਤੀ ਦੇ ਘਰ 16 ਅਕਤੂਬਰ, 1798 ਈ. ਨੂੰ ਹੋਇਆ । ਮਹਾਰਾਜਾ ਸਾਹਿਬ ਸਿੰਘ 26 ਮਾਰਚ, 1813 ਈ. ਨੂੰ ਸਵਰਗਵਾਸ ਹੋ ਗਿਆ । ਉਸ ਪਿੱਛੋਂ ਉਸ ਦਾ ਵੱਡਾ ਪੁੱਤਰ ਕਰਮ ਸਿੰਘ 15 ਸਾਲ ਦੀ ਉਮਰ ਵਿਚ ਮਹਾਰਾਜਾ ਬਣਿਆ । 1814 ਈ. ਦੀ ਗੋਰਖਿਆਂ ਦੀ ਲੜਾਈ ਵਿਚ ਇਸਨੇ ਅੰਗਰੇਜ਼ਾਂ ਦੀ ਪੂਰੀ ਮਦਦ ਕੀਤੀ । ਇਸਦੇ ਇਨਾਮ ਵਜੋਂ ਇਸਨੂੰ ਅੰਗਰੇਜ਼ਾਂ ਨੇ ਬੁਘਾਟ, ਜਗਤ ਗੜ੍ਹ ਆਦਿ ਸੋਲਾਂ ਪਰਗਣੇ ਦਿੱਤੇ । 1827 ਈ. ਵਿਚ ਇਸਨੇ ਅੰਗਰੇਜ਼ਾਂ ਨੂੰ ਵੀਹ ਲੱਖ ਰੁਪਿਆ ਕਰਜ਼ ਦਿੱਤਾ । 1845 ਈ. ਵਿਚ ਲਾਹੌਰ ਦਰਬਾਰ ਦੀ ਅੰਗਰੇਜ਼ਾਂ ਨਾਲ ਲੜਾਈ ਸ਼ੁਰੂ ਹੋਈ ਤਾਂ ਮਹਾਰਾਜਾ ਕਰਮ ਸਿੰਘ ਨੇ ਅੰਗਰੇਜ਼ਾਂ ਦੀ ਹਰ ਤਰ੍ਹਾਂ ਮਦਦ ਕੀਤੀ ।

ਮਹਾਰਾਜਾ ਕਰਮ ਸਿੰਘ ਪੂਰਨ ਗੁਰਸਿੱਖ, ਸੂਰਬੀਰ, ਨਿਰਵਿਕਾਰ ਅਤੇ ਰਾਜ ਦਾ ਪ੍ਰਬੰਧ ਕਰਨ ਵਿਚ ਵੱਡਾ ਹੁਸ਼ਿਆਰ ਸੀ । ਆਪਣੇ ਰਾਜ ਵਿਚ ਅਤੇ ਹੋਰ ਅਨੇਕ ਗੁਰਦਵਾਰੇ ਇਸ ਮਹਾਰਾਜੇ ਨੇ ਪੱਕੇ ਬਣਵਾਏ ਅਤੇ ਜ਼ਮੀਨ ਤੇ ਜਾਗੀਰਾਂ ਨਾਂ ਲਾਈਆਂ ।

ਸਿੰਘਾਂ ਤੇ ਅੰਗਰੇਜ਼ਾਂ ਦੀ ਫੇਰੂ ਸ਼ਹਿਰ ਦੀ ਲੜਾਈ ਤੋਂ ਅਗਲੇ ਦਿਨ 23 ਦਸੰਬਰ, 1845 ਈ. ਨੂੰ ਇਹ ਪਟਿਆਲਾ ਵਿਖੇ ਸੁਰਗਵਾਸ ਹੋ ਗਿਆ । ਇਸ ਤੋਂ ਪਿਛੋਂ ਇਸ ਦਾ ਪੁੱਤਰ ਨਰਿੰਦਰ ਸਿੰਘ ਗੱਦੀ ਤੇ ਬੈਠਾ ਅਤੇ ਉਹ ਵੀ ਆਪਣੇ ਕਾਰਜ-ਕਾਲ ਵਿਚ ਅੰਗਰੇਜ਼ਾਂ ਦਾ ਹਿਮਾਇਤੀ ਹੀ ਰਿਹਾ ।

ਹ. ਪੁ.—ਮ. ਕੋ.:304; ਸਿ. ਮਿ.: 185; ਹਿ. ਪੰ.

**ਕਰਮ ਸਿੰਘ, ਮਿਸਲਦਾਰ :** ਸਰਦਾਰ ਸੱਦਾ ਸਿੰਘ ਮਿਸਲ ਸ਼ਹੀਦਾਂ ਦਾ ਜਥੇਦਾਰ ਸੀ ਦਕੋਹੇ ਕੋਲ ਪਠਾਣਾਂ ਨਾਲ ਲੜਕੇ ਸ਼ਹੀਦ ਹੋਇਆ । ਫਿਰ ਸਰਦਾਰ ਕਰਮ ਸਿੰਘ ਇਸ ਮਿਸਲ ਦਾ ਲੀਡਰ ਬਣਿਆ । ਇਹ ਸਰਦਾਰ ਬੀਰ ਸਿੰਘ ਸੰਧੂ ਜੱਟ (ਪਿੰਡ ਮਰ੍ਹਾਕਾ, ਜ਼ਿਲ੍ਹਾ ਲਹੌਰ) ਦਾ ਪੁੱਤਰ ਸੀ । ਸ਼ਹੀਦਾਂ ਦੀ ਮਿਸਲ ਵਿਚ ਇਹ ਬਹੁਤ ਨਾਮਵਰ ਸਰਦਾਰ ਹੋਇਆ ਹੈ । ਵੱਡੇ ਘੱਲੂਘਾਰੇ ਵਿਚ ਇਹ ਬੜੀ ਬਹਾਦਰੀ ਨਾਲ ਲੜਿਆ ।

14 ਜਨਵਰੀ 1764 ਈ. ਨੂੰ ਜਦੋਂ ਸਰਹਿੰਦ ਦੀ ਲੜਾਈ ਵਿਚ ਜੈਨ ਖਾਂ ਨੂੰ ਮਾਰਕੇ ਸਿੰਘਾਂ ਨੇ ਇਲਾਕੇ ਉੱਤੇ ਕਬਜ਼ਾ ਕੀਤਾ, ਤਾਂ ਮਿਸਲ ਸ਼ਹੀਦਾਂ ਨੇ ਸ. ਕਰਮ ਸਿੰਘ ਦੀ ਸਰਦਾਰੀ ਅਧੀਨ ਸ਼ਾਹਜ਼ਾਦਪੁਰ, ਕੇਸਰੀ, ਮਾਜਰਾ, ਟਿਪਲਾ, ਸੁਬਕਾ, ਮਾਜਰੂ, ਤੰਗੌੜ, ਤਰਵਾੜੀ, ਜੜੌਲੀ, ਰਣੀਆ, ਦਮਦਮਾ ਸਾਹਿਬ ਆਦਿ ਦੇ ਇਲਾਕੇ ਆਪਣੇ ਮਾਤਹਿਤ ਕਰ ਲਏ ।

ਸੰਨ 1764 ਈ. ਵਿੱਚ ਬੁੱਢੇ ਦਲ ਦੁਆਰਾ ਸ. ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਅਧੀਨ ਜਮਨਾ ਤੋਂ ਪਾਰ ਹਮਲਾ ਕਰਨ ਸਮੇਂ ਵੀ ਸ੍ਰ. ਕਰਮ ਸਿੰਘ ਵੀ ਨਾਲ ਸੀ । ਇਸਦਾ ਸਭ ਤੋਂ ਪ੍ਰਸਿੱਧ ਹਮਲਾ 1773 ਈ. ਦਾ ਹੈ । ਇਸ ਵਿਚ ਖਾਲਸਾ ਫ਼ੌਜ ਦਾ ਪ੍ਰਧਾਨ ਸੈਨਾਪਤੀ ਸ੍ਰ. ਕਰਮ ਸਿੰਘ ਸੀ । ਜਲਾਲਾਬਾਦ ਦੇ ਹਾਕਮ ਹਸਨ ਖਾਂ ਨੇ ਇਕ ਗਰੀਬ ਪੰਡਤ ਦੀ ਲੜਕੀ ਖੋਹ ਲਈ । ਇਹ ਪੰਡਤ ਅੰਮ੍ਰਿਤਸਰ ਅਕਾਲ ਤਖ਼ਤ ਜਾ ਫਰਿਆਦੀ ਹੋਇਆ । ਉਥੋਂ ਸਰਦਾਰ ਕਰਮ ਸਿੰਘ ਦੀ ਜਥੇਦਾਰੀ ਅਧੀਨ ਤੀਹ ਹਜ਼ਾਰ ਸਿੰਘਾਂ ਨੇ ਚੜ੍ਹਾਈ ਕੀਤੀ । 11 ਦਸੰਬਰ, 1773 ਈ. ਨੂੰ ਸਿੰਘ ਜਲਾਲਾਬਾਦ ਤੇ ਜਾ ਪਏ । ਹਸਨ ਖਾਂ ਨੂੰ ਕਤਲ ਕਰਕੇ ਪੰਡਤ ਦੀ ਲੜਕੀ ਉਸਦੇ ਹਵਾਲੇ ਕੀਤੀ ਤੇ ਹਜ਼ਾਰਾਂ ਰੁਪਏ ਦਾਨ ਦੇ ਕੇ ਉਸ ਲੜਕੀ ਨੂੰ ਸਹੁਰੇ ਤੋਰਿਆ । 18 ਜਨਵਰੀ, 1774 ਈ. ਨੂੰ ਅੱਧੀ ਕੁ ਰਾਤ ਨੂੰ ਸਿੰਘ ਸ਼ਾਹਦਰੇ ਤੇ ਜਾ ਪਏ ਤੇ ਹਜ਼ਾਰਾਂ ਰੁਪਏ ਦਾ ਮਾਲ ਲੁੱਟ ਕੇ ਫੇਰ ਵਾਪਸ ਆ ਗਏ । ਹੋਰ ਵੀ ਬਹੁਤ ਸਾਰੇ ਮਾਮਲਿਆਂ ਵਿਚ ਸ. ਕਰਮ ਸਿੰਘ ਸ਼ਾਮਲ ਹੋਇਆ ।

1784 ਈ. ਵਿਚ ਸ. ਕਰਮ ਸਿੰਘ ਸੁਰਗਵਾਸ ਹੋ ਗਿਆ, ਤੇ ਇਸਦਾ ਵੱਡਾ ਪੁੱਤਰ ਗੁਲਾਬ ਸਿੰਘ ਮਿਸਲ ਦਾ ਲੀਡਰ ਬਣਿਆ ।

ਹ. ਪੁ.—ਸਿ. ਮਿ.

**ਕਰਮਗੜ੍ਹ :** ਇਹ ਭਾਰਤ ਪੰਜਾਬ ਵਿਚ ਪਟਿਆਲਾ ਰਿਆਸਤ ਦੀ ਇਕ ਨਿਜ਼ਾਮਤ (ਪ੍ਰਬੰਧਕੀ ਜ਼ਿਲ੍ਹਾ) ਹੁੰਦੀ ਸੀ । ਇਸਦਾ ਕੁੱਲ ਰਕਬਾ ਲਗਭਗ 4395 ਵ. ਕਿ. ਮੀ. ਸੀ । ਨਿਜ਼ਾਮਤ ਵਿਚ ਚਾਰ ਕਸਬੇ (ਪਟਿਆਲਾ, ਸਮਾਣਾ, ਸੁਨਾਮ ਅਤੇ ਸਨੌਰ) ਅਤੇ 665 ਪਿੰਡ ਸ਼ਾਮਲ ਹੁੰਦੇ ਸਨ । ਮੁੱਖ ਦਫਤਰ ਭਵਾਨੀਗੜ੍ਹ (ਢੋਡੇ) ਵਿਖੇ ਹੁੰਦੇ ਸਨ । ਨਿਜ਼ਾਮਤ ਨੂੰ ਚਾਰ ਤਹਿਸੀਲਾਂ-ਪਟਿਆਲਾ, ਭਵਾਨੀਗੜ੍ਹ, ਸੁਨਾਮ ਅਤੇ ਨਰਵਾਣਾ ਵਿਚ ਵੰਡਿਆ ਹੋਇਆ ਸੀ ।

ਹ. ਪੁ.—ਇੰਪ. ਗ. ਇੰਡ. 15 : 48

**ਕਰਮਨਾਸਾ :** ਭਾਰਤ ਦੇ ਬਿਹਾਰ ਰਾਜ ਦੇ ਭੋਜਪੁਰ (ਸ਼ਾਹਾਬਾਦ) ਜ਼ਿਲ੍ਹੇ ਦੇ ਕੈਮੋਰ ਪਹਾੜ ਤੋਂ ਨਿਕਲੀ ਇਕ ਨਦੀ ਹੈ ਜੋ

ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਗਾਜ਼ੀਪੁਰ ਆਦਿ ਜ਼ਿਲ੍ਹਿਆਂ ਵਿਚੋਂ ਦੀ ਹੁੰਦੀ ਹੋਈ ਲਗਭਗ 234 ਕਿ. ਮੀ. (146 ਮੀਲ) ਦਾ ਫਾਸਲਾ ਤਹਿ ਕਰਦੀ ਹੋਈ ਚੌਸਾ ਦੇ ਨੇੜੇ ਗੰਗਾ ਵਿਚ ਜਾ ਮਿਲਦੀ ਹੈ।

ਪੁਰਾਣਾਂ ਵਿਚ ਆਈ ਕਥਾ ਅਨੁਸਾਰ ਇਹ ਨਦੀ ਤ੍ਰਿਸ਼ੰਕੂ ਦੀਆਂ ਲਾਲਾਂ ਤੋਂ ਉਤਪੰਨ ਹੋਈ ਹੈ। ਕਈਆਂ ਦਾ ਵਿਚਾਰ ਹੈ ਕਿ ਇਹ ਰਾਵਣ ਦੇ ਮੂਤਰ ਤੋਂ ਬਣੀ ਹੈ। ਹਿੰਦੂ ਮੱਤ ਅਨੁਸਾਰ ਇਸ ਵਿਚ ਇਸ਼ਨਾਨ ਕਰਨ ਨਾਲ ਸ਼ੁਭ ਕਰਮ ਨਾਸ਼ ਹੋ ਜਾਂਦੇ ਹਨ। ਪਰ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਇਸ ਭਰਮ ਅਤੇ ਵਹਿਮ ਦਾ ਖੰਡਨ ਕਰਨ ਵਾਸਤੇ ਇਸ ਵਿਚ ਇਸ਼ਨਾਨ ਕੀਤਾ।

ਹ. ਪੁ.—ਮ. ਕੋ.: 227.

**ਕਰਮ ਮੀਮਾਂਸਾ (ਪੂਰਵ ਮੀਮਾਂਸਾ) :** ਇਹ ਹਿੰਦੂ ਫਿਲਾਸਫ਼ੀ ਦੀਆਂ ਛੇ ਸ਼ਾਖ਼ਾਂ ਵਿਚੋਂ ਇਕ ਹੈ। ਇਸ ਦਰਸ਼ਨ ਸ਼ਾਖਾ ਦਾ ਬਾਨੀ ਜੈਮਿਨੀ ਮੁਨੀ ਹੈ, ਜਦੋਂ ਕਿ ਉੱਤਰ ਮੀਮਾਂਸਾ ਦਾ ਬਾਨੀ ਵੇਦ-ਵਿਆਸ ਹੈ। ਇਨ੍ਹਾਂ ਦੋਹਾਂ ਸ਼ਾਖਾਂ ਦੇ ਉਦੇਸ਼ ਤਰਕ ਅਤੇ ਵਾਦ-ਵਿਵਾਦ ਦੀ ਸਿੱਖਿਆ ਦੇਣੀ ਅਤੇ ਇਸ ਦੇ ਨਾਲ ਹੀ ਵੇਦਾਂ ਦੀ ਕੇਵਲ ਸਿਧਾਂਤਕ ਰੂਪ ਵਿਚ ਹੀ ਨਹੀਂ ਸਗੋਂ ਅਮਲੀ ਰੂਪ ਵਿਚ ਵਿਆਖਿਆ ਕਰਨਾ ਹੈ।

ਇਨ੍ਹਾਂ ਸਿਧਾਂਤਾਂ ਦੇ ਵਿਕਾਸ ਦਾ ਕਾਲ ਨਿਸ਼ਚਿਤ ਨਹੀਂ ਹੈ ਪਰ ਸੰਭਾਵਨਾ ਹੈ ਕਿ ਇਨ੍ਹਾਂ ਦਾ ਸਮਾਂ ਸ਼ਾਇਦ ਪੰਜਵੀਂ ਸਦੀ ਈ. ਪੂ. ਤੋਂ ਪਿਛਲੇਰਾ ਹੀ ਹੈ। ਇਸ ਸਿਧਾਂਤ ਵਿਚ ਬੁੱਧ ਧਰਮ ਦਾ ਪ੍ਰਭਾਵ ਮਿਲਦਾ ਹੈ। ਇਸ ਸਬੰਧੀ ਇਕ ਮੱਤ ਇਹ ਵੀ ਪ੍ਰਚਲਤ ਹੈ ਕਿ ਕੀ ਯੂਨਾਨੀ ਚਿੰਤਨ ਦਾ ਇਸ ਤੇ ਕੋਈ ਪ੍ਰਭਾਵ ਹੈ ਜਾਂ ਨਹੀਂ, ਇਸ ਸਬੰਧੀ ਕੋਲਬਰੁੱਕ ਦਾ ਮੱਤ ਹੈ ਕਿ ਇਸ ਮਾਮਲੇ ਵਿਚ ਹਿੰਦੂ ਅਧਿਆਪਕ ਸਨ, ਸਿਖਿਅਕ ਨਹੀਂ ਸਨ।

ਹ. ਪੁ.—ਹਿੰ. ਮਿ. ਰੇ. 174,288

**ਕਰਮਾਨ ਸ਼ਾਹ :** ਪੱਛਮੀ ਈਰਾਨ ਦਾ ਇਹ ਪ੍ਰਾਂਤ ਹੈ ਜਿਸ ਨੂੰ ਬਖ਼ਤਾਰਨ ਵੀ ਕਹਿੰਦੇ ਹਨ। ਇਹ ਈਰਾਨ ਦੇ ਪੱਛਮੀ ਭਾਗ ਵਿਚ ਹਮਾਦਾਨ ਦੇ ਪੱਛਮ ਅਤੇ ਕੁਰਦਿਸਤਾਨ ਦੇ ਦੱਖਣ ਵਿਚ ਇਰਾਕ ਦੀ ਹੱਦ ਤੀਕ ਫੈਲਿਆ ਹੋਇਆ ਹੈ ਅਤੇ ਈਰਾਨ ਦਾ ਬਹੁਤ ਅਮੀਰ ਪ੍ਰਦੇਸ਼ ਹੈ। ਕਣਕ, ਮੱਕੀ, ਚਾਉਲ, ਅਰਿੰਡੀ ਦਾ ਤੇਲ, ਪੋਸਤ ਅਤੇ ਫੂਲ ਇਥੇ ਉਗਾਏ ਜਾਂਦੇ ਹਨ। ਪਹਾੜੀਆਂ ਵਿਚ ਬੜੀਆਂ ਖੁਲ੍ਹੀਆਂ ਚਰਾਂਦਾਂ ਹਨ ਜਿਥੇ ਭੇਡਾਂ ਅਤੇ ਬੱਕਰੀਆਂ ਬਹੁਤ ਪਾਲੀਆਂ ਜਾਂਦੀਆਂ ਹਨ। ਭੇਡਾਂ ਦਾ ਮਾਸ ਵਧੇਰੇ ਕਰਕੇ ਤਹਿਰਾਨ ਸ਼ਹਿਰ ਨੂੰ ਭੇਜਿਆ ਜਾਂਦਾ ਹੈ। ਇਸ ਦਾ ਖੇਤਰਫਲ 23,267 ਵ. ਕਿ. ਮੀ. ਅਤੇ ਅੰਦਾਜ਼ਨ ਆਬਾਦੀ 1,225,000 (1983) ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਪ੍ਰਾਂਤ ਦਾ ਮੁੱਖ ਸ਼ਹਿਰ ਅਤੇ ਪ੍ਰਾਂਤ ਦੀ ਰਾਜਧਾਨੀ ਵੀ ਹੈ।

ਪ੍ਰਾਂਤ ਵਿਚ ਬਹੁਤੀ ਵਸੋਂ ਕੁਰਦ, ਕਬੀਲਿਆਂ ਦੀ ਹੈ। ਇਹ ਦੂਜੇ ਮਹਾਂ ਯੁੱਧ ਪਿੱਛੋਂ ਵੱਡੇ ਸ਼ਹਿਰਾਂ ਵਿਚ ਵੱਸੇ ਹੋਏ ਹਨ। 1980 ਈ. ਦੀ ਈਰਾਨ—ਇਰਾਕ ਲੜਾਈ ਵਿਚ ਇਰਾਕੀ ਜੰਗੀ ਜਹਾਜ਼ਾਂ ਨੇ ਇਸੇ ਪ੍ਰਾਂਤ ਵਿਚ ਕਾਇਮ ਈਰਾਨੀ ਫ਼ੌਜੀ ਅੱਡਿਆਂ ਉੱਤੇ ਭਾਰੀ ਬੰਬਾਰੀ ਕੀਤੀ ਸੀ।

ਹ. ਪੁ.—ਐਨ. ਬ੍ਰਿ. ਮਾ. 6 : 814

**ਕਰਮਾਬਾਈ :** ਦੱਖਣ ਦੇ ਖਾਜ਼ਲ ਗ੍ਰਾਮ ਨਿਵਾਸੀ ਪੰਡਤ ਪਰਸ਼ੁਰਾਮ ਦੀ ਪੁੱਤਰੀ, ਜੋ ਵਿਸ਼ਨੂੰ ਭਗਤੀ ਵਿਚ ਲੀਨ ਰਹਿੰਦੀ ਸੀ। ਇਸ ਨੇ ਆਪਣੇ ਪਤੀ ਨੂੰ ਕੇਵਲ ਇਸ ਲਈ ਤਿਆਗ ਦਿੱਤਾ ਸੀ ਕਿ ਉਹ ਵਿਸ਼ਨੂੰ ਭਗਤ ਨਹੀਂ ਸੀ। ਇਸ ਨੇ ਆਪਣੀ ਸਾਰੀ ਉਮਰ ਬਿੰਦਰਾਬਨ ਵਿਚ ਭਗਤੀ ਗਿਆਨ ਦੀ ਚਰਚਾ ਕਰਕੇ ਬਿਤਾਈ। ਇਸ ਦਾ ਸਥਾਨ ਹੁਣ ਵੀ ਬਿੰਦਰਾਬਨ ਵਿਚ ਸਥਿਤ ਹੈ। ਇਸ ਦਾ ਮੰਦਰ ਜਗਨਨਾਥ ਕੋਲ ਵੀ ਹੈ। ਭਗਤਮਾਲ ਵਿਚ ਕਥਾ ਹੈ ਕਿ ਇਸ ਦੀ ਖਿਚੜੀ ਖਾਣ ਲਈ ਜਗਨਨਾਥ ਜੀ ਆਪ ਗਏ ਸਨ।

ਹ. ਪੁ.—ਮ. ਕੋ. 304

**ਕਰਮੈਡੈਕ ਦੀਪ-ਸਮੂਹ :** ਇਹ ਦੱਖਣੀ ਸ਼ਾਂਤ ਮਹਾਂਸਾਗਰ ਵਿਚ ਆਕਲੈਂਡ ਦੇ 1000 ਕਿ. ਮੀ. ਉੱਤਰ-ਪੂਰਬ ਵਲ ਇਕ ਜਵਾਲਾ-ਮੁਖੀ ਦੀਪ-ਸਮੂਹ ਹੈ ਜੋ ਨਿਊਜ਼ੀਲੈਂਡ ਦਾ ਇਕ ਆਸਰਿਤ ਖੇਤਰ ਹੈ। ਇਨ੍ਹਾਂ ਵਿਚ ਰਾਊਲ, ਸੰਡੇ, ਮੈਕਾਲੇ ਅਤੇ ਕਰਟਿਸ ਦੀਪ ਅਤੇ ਐੱਲੀ ਐਸਪ੍ਰੈੱਸ ਰਾਕ ਸ਼ਾਮਲ ਹਨ। ਇਸ ਦਾ ਰਕਬਾ 34 ਵ. ਮੀ. ਹੈ। ਰਾਊਲ ਸਭ ਤੋਂ ਵੱਡਾ ਦੀਪ ਹੈ ਅਤੇ ਇਸ ਵਿਚ ਉੱਘੜ-ਦੁੱਘੜੀਆਂ ਸਾਹਿਲੀ ਢੰਦੀਆਂ ਹਨ। ਇਹ ਦੀਪ ਸੰਘਣੇ ਜੰਗਲਾਂ ਵਾਲਾ ਅਤੇ ਉਪਜਾਊ ਹੈ। ਰਾਊਲ ਦਾ ਜਲਵਾਯੂ ਸੁਖਾਵਾਂ ਹੈ ਅਤੇ ਇਥੇ ਔਸਤਨ ਸਾਲਾਨਾ ਵਰਖਾ 145 ਸੈਂ. ਮੀ. ਹੁੰਦੀ ਹੈ। ਕਰਟਿਸ ਦੀਪ ਵਿਚ ਮੁਕਾਬਲਤਨ ਜਵਾਲਾ-ਮੁਖੀ ਕ੍ਰਿਆ ਨਵੀਂ ਲਗਦੀ ਹੈ। ਖਰਮੈਡੈਕ ਦੀ ਡੂੰਘੀ ਟਰੈਂਚ (9,427 ਮੀ.) ਦੇ ਪੱਛਮੀ ਸਿਰੇ ਉੱਤੇ ਸਥਿਤ ਹੋਣ ਕਾਰਨ, ਇਹ ਗਰੁੱਪ ਭੁਚਾਲ ਦੀ ਥਰਥਰਾਹਟ ਨਾਲ ਆਮ ਹੀ ਕੰਬਦਾ ਰਹਿੰਦਾ ਹੈ।

ਕਰਟਿਸ ਅਤੇ ਮੈਕਾਲੇ ਦੀਪਾਂ ਨੂੰ ਬਰਤਾਨਵੀ ਸਮੁੰਦਰੀ ਜਹਾਜ਼, ਲੇਡੀ ਪੈਨਰਾਈਨ ਦੇ ਮਲਾਹਾਂ ਨੇ ਸੰਨ 1788 ਵਿਚ ਲਭਿਆ ਸੀ। ਬਾਕੀ ਦੇ ਦੀਪਾਂ ਨੂੰ ਇਕ ਫਰਾਂਸੀਸੀ ਮਲਾਹ ਨੇ ਲਭਿਆ ਅਤੇ ਉਸ ਨੇ ਇਸ ਸਾਰੇ ਗਰੁੱਪ ਦਾ ਨਾਂ ਆਪਣੇ ਸਾਰੇ ਸਮੁੰਦਰੀ ਜਹਾਜ਼ਾਂ ਵਿਚੋਂ ਇਕ ਦੇ ਨਾਂ ਪਿੱਛੇ ਰੱਖ ਦਿੱਤਾ। ਸੰਨ 1837 ਈ. ਵਿਚ ਸਭ ਤੋਂ ਪਹਿਲਾਂ ਆਬਾਦ ਹੋਣ ਵਾਲੇ ਯੂਰਪੀਅਨਾਂ ਨੇ ਇਥੋਂ ਲੰਘ ਰਹੇ ਵੇਲ੍ਹ ਮੱਛੀਆਂ ਫੜਨ ਵਾਲਿਆਂ ਹੱਥ ਇਥੋਂ ਦੇ ਬਾਗ਼ਾਂ ਨੂੰ ਵੇਚ ਦਿੱਤਾ ਪਰ ਸੰਨ 1872 ਈ. ਵਿਚ ਜਵਾਲਾ-ਮੁਖੀ ਦੇ ਵਿਸਫੋਟ ਕਾਰਨ ਉਨ੍ਹਾਂ ਨੂੰ ਇਹ ਥਾਂ ਛੱਡਣਾ ਪਿਆ। ਸੰਨ 1878 ਈ. ਵਿਚ ਇਹ ਦੀਪ ਫਿਰ ਆਬਾਦ ਹੋਏ ਪਰ ਪਹਿਲੇ ਮਹਾਂ ਯੁੱਧ ਦੇ ਆਰੰਭ ਵਿਚ ਇਹ ਖਾਲੀ ਕਰ ਦਿੱਤੇ ਗਏ। ਸੰਨ 1887 ਈ. ਵਿਚ ਇਹ ਸਮੂਹ ਨਿਊਜ਼ੀਲੈਂਡ ਵਿਚ ਸ਼ਾਮਲ ਕਰ ਲਿਆ ਗਿਆ। ਸੰਨ 1937 ਈ. ਵਿਚ ਰਾਊਲ ਉਤੇ ਸਥਾਪਤ ਕੀਤਾ ਮੌਸਮ ਵਿਗਿਆਨ ਸਬੰਧੀ ਸੰਚਾਰ ਸਟੇਸ਼ਨ ਅਜੇ ਵੀ ਮੌਜੂਦ ਹੈ। ਇਸ ਸਮੂਹ ਦੇ ਇੱਕਾ-ਦੁੱਕਾ ਹੋਣ ਕਾਰਨ ਇਥੇ ਸਥਾਈ ਰੂਪ ਵਿਚ ਆਬਾਦੀ ਨਹੀਂ ਹੋ ਸਕਦੀ। ਸੰਨ 1970 ਈ. ਵਿਚ ਇਥੇ ਕੇਵਲ 9 ਆਦਮੀ ਰਹਿੰਦੇ ਸਨ।

ਹ. ਪੁ.—ਐਨ. ਬ੍ਰਿ. ਮਾ. 5:769

**ਕਰਮੋਨਾ, ਐਨਟਾਨੀਓ ਆਸਕਰਡੀ ਫਰਾਗੋਸੋ :** ਪੁਰਤਗਾਲ ਦੇ ਜਨਰਲ ਅਤੇ ਨੀਤੀਵੇਤਾ ਕਰਮੋਨਾ ਦਾ ਜਨਮ ਪੁਰਤਗਾਲ ਦੇ ਲਿਜ਼ਬਨ ਸ਼ਹਿਰ ਵਿਖੇ 24 ਨਵੰਬਰ, 1869 ਈ. ਨੂੰ ਹੋਇਆ। ਇਸ ਨੇ ਆਪਣੇ ਲਈ ਫ਼ੌਜੀ ਜੀਵਨ ਚੁਣਿਆ ਅਤੇ ਮਈ, 1926 ਈ. ਦੇ ਇਨਕਲਾਬ ਦੇ ਸਮੇਂ ਇਹ ਜਨਰਲ ਦੇ ਅਹੁਦੇ ਤੇ ਸੀ। ਇਹ ਉਨ੍ਹਾਂ ਅਫਸਰਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੇ ਜਨਰਲ ਗੋਮਸ ਡਾ. ਕੋਸਟਾ ਦੀ ਕਾਰਵਾਈ ਵਿਚ 28 ਮਈ, 1926 ਈ. ਨੂੰ ਦੇਸ਼ ਵਿਚ ਫ਼ੌਜੀ ਰਾਜ-ਪਲਟਾ ਲਿਆਂਦਾ ਸੀ। ਬਾਅਦ ਵਿਚ ਇਹ ਉਸ ਦੀ ਕੈਬਨਿਟ ਵਿਚ ਵਿਦੇਸ਼ ਮੰਤਰੀ ਬਣ ਗਿਆ। ਬਹੁਤ ਛੇਤੀ ਕੋਸਟਾ ਗੱਦੀ ਤੋਂ ਲੱਥ ਗਿਆ ਅਤੇ ਜੁਲਾਈ, 1926 ਈ. ਵਿਚ ਕਰਮੋਨਾ ਪ੍ਰਧਾਨ ਮੰਤਰੀ ਬਣਿਆ ਜਿਹੜਾ ਨਵੰਬਰ, 1927 ਈ. ਵਿਚ ਖੁਦਮੁਖ਼ਤਾਰ ਸ਼ਾਸਕ ਬਣਿਆ। ਐਪਰ ਨਵੇਂ ਰਾਜ ਵਿਰੁੱਧ ਵੀ ਖ਼ੂਨੀ ਬਗਾਵਤ ਹੋ ਗਈ ਜਿਸ ਨੂੰ ਫਰਵਰੀ, 1927 ਈ. ਵਿਚ ਦਬਾਅ ਦਿੱਤਾ ਗਿਆ। ਫਿਰ ਲੋਕ-ਮੱਤ ਕਰਵਾ ਕੇ ਲੋਕਾਂ ਦੀ ਸਹਾਇਤਾ ਨਾਲ 1928 ਈ. ਵਿਚ ਇਸਨੂੰ ਸੱਤ ਸਾਲਾਂ ਲਈ ਰਾਸ਼ਟਰਪਤੀ ਚੁਣ ਲਿਆ ਗਿਆ। ਬਾਅਦ ਵਿਚ ਇਹ 1935, 1942 ਅਤੇ 1949 ਈ. ਵਿਚ ਸਰਕਾਰ ਚਲਾ ਰਹੀ ਪਾਰਟੀ ਦੇ ਉਮੀਦਵਾਰ ਵਜੋਂ ਰਾਸ਼ਟਰਪਤੀ ਚੁਣਿਆ ਜਾਂਦਾ ਰਿਹਾ। ਕਰਮੋਨਾ ਨੇ ਐਨਟਾਨੀਓ ਡੀ ਸਾਲਾਜ਼ਾਰ ਨੂੰ ਆਪਣੀ ਕੈਬਨਿਟ ਵਿਚ ਵਿਤ ਮੰਤਰੀ ਦੇ ਅਹੁਦੇ ਤੇ ਨਿਯੁਕਤ ਕੀਤਾ। ਸਾਲਾਜ਼ਾਰ ਰਾਹੀਂ ਇਸ ਨੇ ਰਾਜ-ਪ੍ਰਬੰਧ ਨੂੰ

ਸ਼ਕਤੀਸ਼ਾਲੀ ਬਣਾ ਕੇ ਆਪਣੀ ਤਾਕਤ ਕਾਇਮ ਰੱਖੀ । 18 ਅਪ੍ਰੈਲ, 1951 ਨੂੰ ਲਿਜ਼ਬਨ ਵਿਖੇ ਇਸਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 4 : 928

**ਕਰਵਾ ਚੌਥ** : ਕਰਵਾ ਚੌਥ ਭਾਰਤ ਦੇ ਉਨ੍ਹਾਂ ਮਸ਼ਹੂਰ ਤਿਉਹਾਰਾਂ ਵਿਚੋਂ ਹੈ, ਜਿਸ ਦਾ ਸਬੰਧ ਇਸਤਰੀਆਂ ਨਾਲ ਹੈ । ਇਸ ਤਿਉਹਾਰ ਨੂੰ ਕਰਵਾ ਚੌਥ ਤੋਂ ਇਲਾਵਾ ਸੰਕਟ ਚੌਥ ਅਤੇ ਗਣੇਸ਼ ਚੌਥ ਵੀ ਕਿਹਾ ਜਾਂਦਾ ਹੈ । ਕਰਵਾ ਚੌਥ ਕੱਤਕ (ਅਕਤੂਬਰ) ਮਹੀਨੇ ਦੀ ਨੇਰ੍ਹੇ ਪੱਖ ਦੀ ਚੌਥ ਨੂੰ ਮਨਾਇਆ ਜਾਂਦਾ ਹੈ । ਇਸ ਦਿਨ ਗਣੇਸ਼ ਜੀ ਦਾ ਜਨਮ ਹੋਇਆ ਸੀ ਤੇ ਇਸ ਕਥਾ ਦੇ ਸ਼ੁਰੂ ਹੋਣ ਬਾਰੇ ਇਕ ਲੋਕ ਕਥਾ ਰਾਹੀਂ ਪਤਾ ਲਗਦਾ ਹੈ ਕਿ ਗਣੇਸ਼ ਨੂੰ ਪਾਰਬਤੀ ਜੀ ਨੇ ਮਹਾਂਦੇਵ (ਸ਼ਿਵ ਜੀ) ਦੀ ਗੈਰ-ਹਾਜ਼ਰੀ ਵਿਚ ਆਪਣੇ ਸਰੀਰ ਦੀ ਮੈਲ ਤੋਂ ਬਣਾਇਆ ਸੀ, ਵਾਪਸ ਆਉਣ ਤੇ ਅਣਜਾਣੇ ਵਿਚ ਸ਼ਿਵ ਜੀ ਨੇ ਗਣੇਸ਼ ਦਾ ਸਿਰ ਕੱਟ ਦਿੱਤਾ ਪਾਰਬਤੀ ਦੇ ਨਾਰਾਜ਼ ਹੋਣ ਤੇ ਸ਼ਿਵ ਜੀ ਨੇ ਇਕ ਹਾਥੀ ਦਾ ਸਿਰ ਕੱਟ ਕੇ ਗਣੇਸ਼ ਦੇ ਲਗਾ ਕੇ ਉਸ ਨੂੰ ਫਿਰ ਜ਼ਿੰਦਾ ਕਰ ਦਿਤਾ ਪਰ ਪਾਰਵਤੀ ਨੇ ਕਿਹਾ ਕਿ ਮੇਰਾ ਲੜਕਾ ਇੰਨਾ ਬਦਸੂਰਤ ਬਣਾ ਦਿਤਾ ਹੈ ਹੁਣ ਤਾਂ ਇਸ ਵਲ ਕੋਈ ਦੇਖੇਗਾ ਵੀ ਨਹੀਂ । ਇਸ ਤੇ ਸ਼ਿਵ ਜੀ ਨੇ ਇਹ ਵਰਦਾਨ ਦਿੱਤਾ ਕੇ ਹਰ ਮਹੀਨੇ ਜੋ ਵਿਅਕਤੀ ਤੇਰੇ ਪੁੱਤਰ ਦਾ ਦਿਨ ਮਨਾਇਆ ਕਰੇਗਾ ਉਸ ਦੇ ਸੰਕਟ ਦੂਰ ਹੋਇਆ ਕਰਨਗੇ ਇਸ ਪ੍ਰਕਾਰ ਕਰਵਾ ਚੌਥ ਉਨ੍ਹਾਂ ਬਾਰਾਂ ਗਣੇਸ਼ ਚੌਥਾਂ ਵਿਚੋਂ ਇਕ ਹੈ ਤੇ ਇਸ ਬਾਰੇ ਸ਼ਿਵ ਜੀ ਨੇ ਕਿਹਾ ਸੀ ਕਿ ਜੋ ਕੋਈ ਇਸਤਰੀ ਗਣੇਸ਼ ਦਾ ਨਾਂ ਲੈ ਕੇ ਇਹ ਵਰਤ ਰਖੇਗੀ ਉਸ ਦਾ ਸੁਹਾਗ ਕਾਇਮ ਰਹੇਗਾ ਤੇ ਉਸ ਦੇ ਪਤੀ ਦੀ ਉਮਰ ਵਧੇਗੀ । ਇਸ ਪ੍ਰਕਾਰ ਉਦੋਂ ਤੋਂ ਹੀ ਔਰਤਾਂ ਦੁਆਰਾ ਕਰਵਾ ਚੌਥ ਵਾਲੇ ਦਿਨ ਵਰਤ ਰਖਣ ਦਾ ਰਿਵਾਜ ਸ਼ੁਰੂ ਹੋਇਆ । ਇਸ ਵਰਤ ਨਾਲ ਸਬੰਧਤ ਲਗਭਗ 10 ਕਥਾਵਾਂ ਹੋਰ ਵੀ ਹਨ ।

ਵਰਤ ਰਖਣ ਲਈ ਸੁਹਾਗਣ ਔਰਤਾਂ ਇਸ ਦਿਨ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਤਾਰਿਆਂ ਦੀ ਲੋਅ ਵਿਚ ਸਰਘੀ (ਰੋਟੀ, ਸਬਜ਼ੀਆਂ, ਫਲ, ਮਠਿਆਈਆਂ—ਕੱਚਾ ਨਾਰੀਅਲ ਆਦਿ) ਖਾ ਕੇ ਵਰਤ ਰੱਖਦੀਆਂ ਹਨ । ਵਿਆਹ ਪਿੱਛੋਂ ਪਹਿਲੀ ਵਾਰੀ ਵਰਤ ਲੜਕੀ ਆਪਣੇ ਪੇਕੇ ਘਰ ਵਿਚ ਹੀ ਰੱਖਦੀ ਹੈ ਅਤੇ ਉਸ ਦੇ ਸਹੁਰਿਆਂ ਤੋਂ ਇਕ ਦਿਨ ਪਹਿਲਾਂ ਸਰਘੀ ਵਿਚ ਸੁਹਾਗ ਪਟਾਰੀ, ਕੱਪੜੇ, ਗਹਿਣਾ ਤੇ ਖਾਣ-ਪੀਣ ਦਾ ਸਾਮਾਨ ਆਉਂਦਾ ਹੈ ਇਸ ਤੋਂ ਇਲਾਵਾ ਉਸ ਦੇ ਛੋਟੇ ਭੈਣ-ਭਰਾਵਾਂ ਲਈ ਵੀ ਕਪੜੇ ਆਦਿ ਹੁੰਦੇ ਹਨ । ਆਂਢ-ਗੁਆਂਢ ਤੇ ਰਿਸ਼ਤੇਦਾਰ ਇਸਤਰੀਆਂ ਵੀ ਫਿਰ ਨਵੀਂ ਵਿਆਹੀ ਦੇ ਘਰ ਹੀ ਇਕੱਠੀਆਂ ਹੋ ਕੇ ਸਰਘੀ ਖਾਂਦੀਆਂ ਹਨ । ਸਰਘੀ ਹਮੇਸ਼ਾਂ ਸੱਸ ਵੱਲੋਂ ਹੀ ਹੁੰਦੀ ਹੈ । ਪਹਿਲੇ ਵਰਤ ਵਿਚ 11 ਭਾਂਡਿਆਂ ਵਿਚ ਪਾਣੀ ਪਾਇਆ ਜਾਂਦਾ ਹੈ ਭਾਂਡੇ ਆਪਣੀ ਆਪਣੀ ਸਮਰਥਾ ਅਨੁਸਾਰ ਸੋਨੇ, ਚਾਂਦੀ, ਪਿੱਤਲ, ਮਿੱਟੀ ਜਾਂ ਪੱਤਿਆਂ ਦੇ ਹੁੰਦੇ ਹਨ ਜੋ ਲੜਕੀ ਦੇ ਪੇਕੇ ਦਿੰਦੇ ਹਨ । ਸ਼ਾਮ ਨੂੰ ਪੰਡਤ ਬੁਲਾ ਕੇ ਇਨ੍ਹਾਂ 11 ਭਾਂਡਿਆਂ ਵਿਚ ਪਾਣੀ ਪਾ ਕੇ ਗਣੇਸ਼ ਪੂਜਾ ਕਰਵਾਈ ਜਾਂਦੀ ਹੈ ਤੇ ਫਿਰ ਪੰਡਤ ਇਨ੍ਹਾਂ ਬਰਤਨਾਂ ਦੇ ਗਲਿਆਂ ਤੇ ਮੌਲੀ ਬੰਨ੍ਹ ਕੇ ਸੰਧੂਰ ਦੇ ਟਿੱਕੇ ਲਗਾਉਂਦਾ ਹੈ ਤੇ ਇਨ੍ਹਾਂ ਬਰਤਨਾਂ ਉੱਤੇ ਕੁਝ ਚਾਉਲ ਲਗਾਉਂਦਾ ਹੈ । ਫਿਰ ਇਨ੍ਹਾਂ ਬਰਤਨਾਂ ਉੱਤੇ ਕੁਝ ਚਾਉਲ ਹਲਦੀ ਅਤੇ ਪੈਸੇ ਰੱਖ ਕੇ ਪਹਿਲੇ 10 ਬਰਤਨ ਸ਼ਰੀਕੇ ਦੀਆਂ ਵੱਡੀਆਂ ਔਰਤਾਂ ਨੂੰ ਦਿਤੇ ਜਾਂਦੇ ਹਨ ਤੇ 11ਵਾਂ ਕਰਵਾ ਜੋ ਬਾਕੀਆਂ ਨਾਲੋਂ ਵੱਡਾ ਹੁੰਦਾ ਹੈ ਉਸ ਉੱਤੇ ਸੱਸ ਦਾ ਸੂਟ ਤੇ ਪੈਸੇ ਰੱਖ ਕੇ ਸੱਸ ਨੂੰ ਦਿਤਾ ਜਾਂਦਾ ਹੈ । ਇਸੇ ਸਮੇਂ ਹੋਰ ਔਰਤਾਂ ਵੀ ਕਥਾ ਸੁਣਨ ਆਉਂਦੀਆਂ ਹਨ ਤੇ ਕਥਾ ਸੁਣਨ ਤੋਂ ਪਹਿਲਾਂ ਹਰ ਔਰਤ ਪੂਰੇ ਸ਼ਿੰਗਾਰ ਕਰਦੀ ਹੈ ਤੇ ਫਿਰ ਸਭ ਔਰਤਾਂ ਆਪਣੇ ਆਪਣੇ ਕਰਵੜੇ ਵਟਾਉਂਦੀਆਂ ਅਤੇ ਕਰਵੜੇ ਦੇ ਗੀਤ ਗਾਉਂਦੀਆਂ ਹਨ । ਸਭ ਨਵੀਆਂ ਪੁਰਾਣੀਆਂ ਸੁਹਾਗਣਾਂ ਨੇ ਆਪਣੇ ਆਪਣੇ ਕਰਵੜੇ ਤੇ ਸੱਸ ਨੂੰ ਦੇਣ ਵਾਲਾ ਸਾਮਾਨ ਰੱਖਿਆ ਹੁੰਦਾ ਹੈ ਤੇ ਫਿਰ ਆਪਣੇ ਆਪਣੇ ਕਰਵੜੇ ਲੈ ਕੇ ਆਪਣੇ ਆਪਣੇ ਘਰ ਜਾ ਕੇ ਆਪਣੀ ਸੱਸ ਨੂੰ ਦੇ ਦਿੰਦੀਆਂ ਹਨ । ਕਥਾ ਕੋਈ ਬਜ਼ੁਰਗ ਔਰਤ ਸੁਣਾਂਦੀ ਹੈ ਜੋ ਆਪਣੇ ਆਪਣੇ ਇਲਾਕੇ ਦੀ ਪ੍ਰਥਾ ਅਨੁਸਾਰ ਹੁੰਦੀ ਹੈ ।

ਕਰਵਾ ਚੌਥ ਵਾਲੇ ਦਿਨ ਵਰਤ ਰੱਖਣ ਉਪਰੰਤ ਕੋਈ ਵੀ ਇਸਤਰੀ ਘਰ ਦਾ ਕੋਈ ਕੰਮ ਖਾਸ ਕਰ ਕੇ ਸੂਈ, ਸਲਾਈ, ਚਰਖਾ, ਵਗੈਰਾ ਨਹੀਂ ਚਲਾਉਂਦੀ ਇਥੋਂ ਤਕ ਕਿ ਰੁਸੇ ਪਤੀ ਨੂੰ ਵੀ ਨਹੀਂ ਮਨਾਉਂਦੀ । ਸਮਾਂ ਬਿਤਾਉਣ ਲਈ ਸਿਨੇਮਾ, ਤਾਸ਼, ਗਿੱਧਾ ਜਾਂ ਗੀਤ ਵਗੈਰਾ ਗਾਏ ਜਾਂਦੇ ਹਨ । ਰਾਤ ਨੂੰ ਚੰਨ ਚੜ੍ਹਨ ਤੋਂ ਆਪਣੇ ਆਪਣੇ ਕਰਵੇ ਦੇ ਪਾਣੀ ਵਿਚ ਥੋੜ੍ਹਾ ਦੁੱਧ ਪਾ ਕੇ ਘਾਹ ਨਾਲ ਚੰਨ ਵਲ ਪਾਣੀ ਸੁੱਟਦੀਆਂ ਹਨ ਜਾਂ ਚੰਨ ਨੂੰ ਅਰਘ ਦਿੰਦੀਆਂ ਹਨ ਇਸ ਉਪਰੰਤ ਵਰਤ ਤੋੜਿਆ ਜਾਂਦਾ ਹੈ ਨਵੀਂ ਵਹੁਟੀ ਨੂੰ ਚੰਨ ਛਾਨਣੀ ਵਿਚੋਂ ਦਿਖਾਇਆ ਜਾਂਦਾ ਹੈ । ਵਰਤ ਤੋੜਨ ਲਈ ਲੜਕੀ ਦੇ ਮਾਪਿਆਂ ਤੋਂ ਹਰ ਸਾਲ ਖਾਣ ਦਾ ਸਾਮਾਨ ਤੇ ਕੱਪੜੇ ਵਗੈਰਾ ਭੇਜੇ ਜਾਂਦੇ ਹਨ ਪਹਿਲੇ ਵਰਤ ਤੋਂ ਬਾਅਦ ਇਹ ਵਰਤ ਸਹੁਰੇ ਘਰ ਵਿਚ ਹੀ ਰਖਦੀਆਂ ਹਨ ।

ਵਿਆਹੀਆਂ ਇਸਤਰੀਆਂ ਦੇ ਨਾਲ ਕਈ ਵਾਰੀ ਕੁਆਰੀਆਂ ਕੁੜੀਆਂ ਵੀ ਵਰਤ ਰੱਖਦੀਆਂ ਹਨ ਪਰ ਉਹ ਕਰਵੇ ਦੀ ਥਾਂ ਠੂਠੀ ਵਰਤਦੀਆਂ ਹਨ । ਇਹ ਚੰਗਾ ਪਤੀ ਮਿਲਣ ਦੀ ਆਸ ਵਿਚ ਵਰਤ ਰੱਖਦੀਆਂ ਹਨ । ਕੁਆਰੀਆਂ ਕੁੜੀਆਂ ਵਰਤ ਸ਼ਾਮ ਨੂੰ ਪਹਿਲਾ ਤਾਰਾ ਦੇਖ ਕੇ ਹੀ ਖੋਲ੍ਹ ਦਿੰਦੀਆਂ ਹਨ ।

**ਕਰ੍ਹਾ** : ਕੁਰੂਕਸ਼ੇਤਰ ਜ਼ਿਲ੍ਹੇ ਦੀ ਕੈਥਲ ਤਹਿਸੀਲ ਦਾ ਇਕ ਪਿੰਡ ਹੈ । ਇਸ ਪਿੰਡ ਤੋਂ ਅੱਧ ਮੀਲ ਅੱਗੇ ਇਕ ਗੁਰਦੁਆਰਾ ਹੈ । ਇਥੇ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਅੰਨ੍ਹੇ ਪਿੰਗਲੇ ਨੂੰ ਇਸ ਥਾਂ ਤੇ ਅਰੋਗ ਕੀਤਾ ਸੀ ।

ਨੌਵੇਂ ਗੁਰੂ ਸਾਹਿਬ ਨੇ ਇਸ ਪਿੰਡ ਵਿਖੇ ਖੂਹ ਅਤੇ ਬਾਗ਼ ਲਾਉਣ ਲਈ ਧਨ ਦਿੱਤਾ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸ ਥਾਂ ਤੇ ਆਏ ਸਨ ਪਰ ਉਨ੍ਹਾਂ ਇਥੇ ਡੇਰਾ ਨਹੀਂ ਲਾਇਆ ਸੀ । ਉਨ੍ਹਾਂ ਨੇ ਘੋੜੇ ਤੇ ਸਵਾਰ ਹੀ ਸੰਗਤ ਨੂੰ ਉਪਦੇਸ਼ ਦਿੱਤਾ ਅਤੇ ਅੱਗੇ ਚਲੇ ਗਏ । ਇਕੋ ਹਾਤੇ ਅੰਦਰ ਸਾਰੇ ਗੁਰੂ ਅਸਥਾਨ ਹਨ, ਜਿਨ੍ਹਾਂ ਦੀ ਟਹਿਲ ਭਾਈ ਉਦੈ ਸਿੰਘ ਕੈਥਲਪਤੀ ਨੇ ਕਰਵਾਈ ਸੀ ।

ਹ. ਪੁ.—ਮ. ਕੋ.

**ਕ੍ਰਾਇਟਸਨਾਕ** : ਪੱਛਮੀ-ਜਰਮਨੀ ਦੇ ਦੱਖਣ-ਪੱਛਮੀ ਹਿੱਸੇ ਵਿਚ ਰਾਈਨਲੈਂਡ ਪਾਲੇਟਨੇਟ ਰਾਜ ਦਾ ਇਕ ਸ਼ਹਿਰ ਹੈ ਜੋ ਰਾਈਨ ਦਰਿਆ ਦੇ ਸਹਾਇਕ ਦਰਿਆ ਨਾਏ ਉੱਤੇ ਸਥਿਤ ਹੈ । ਪਹਿਲਾਂ ਇਹ ਇਕ ਰੋਮਨ ਕਿਲੇ ਅਤੇ ਬਾਅਦ ਵਿਚ ਕੈਰੋਲਿੰਜੀਅਨ ਮਹਿਲ ਦਾ ਥਾਂ ਹੁੰਦਾ ਸੀ । ਸੰਨ 1689 ਵਿਚ ਫਰਾਂਸੀਸੀਆਂ ਨੇ ਇਸ ਕਸਬੇ ਨੂੰ ਬਹੁਤ ਤਬਾਹ ਕੀਤਾ । ਸੰਨ 1815 ਵਿਚ ਇਹ ਗਰਮ ਤੇ ਖਾਰੇ ਪਾਣੀ ਦੇ ਚਸ਼ਮੇ ਵਜੋਂ ਪ੍ਰਸਿੱਧ ਹੋ ਗਿਆ । ਸਭ ਤੋਂ ਵੱਡਾ ਚਸ਼ਮਾ ਬੈਡਵਰਥ ਦੇ ਦੀਪ ਉੱਤੇ ਹੈ । ਸਪਾਨਹਾਈਮ ਕਿਲਾ ਅਤੇ ਤੇਰ੍ਹਵੀਂ ਸਦੀ ਦਾ ਸੇਂਟ ਨਿਕੋਲਾਸ ਦਾ ਗਿਰਜਾ ਇਥੋਂ ਦੀਆਂ ਪ੍ਰਸਿੱਧ ਇਤਿਹਾਸਕ ਯਾਦਗਾਰਾਂ ਹਨ । ਇਹ ਸ਼ਰਾਬ ਦੇ ਵਪਾਰ ਦਾ ਪ੍ਰਸਿੱਧ ਕੇਂਦਰ ਹੈ । ਇਸ ਤੋਂ ਇਲਾਵਾ ਇਥੇ ਅੱਖਾਂ ਸਬੰਧੀ ਯੰਤਰ, ਚਮੜੇ ਦਾ ਸਾਮਾਨ ਅਤੇ ਮਸ਼ੀਨਰੀ ਤਿਆਰ ਕੀਤੀ ਜਾਂਦੀ ਹੈ ।

ਆਬਾਦੀ—40,584 (1983)

49° 52′ ਉ. ਵਿਥ.; 7° 51′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 1 : 780

**ਕ੍ਰਾਇਡਨ** : ਇਹ ਸ਼ਹਿਰ ਗ੍ਰੇਟਰ ਲੰਡਨ ਦਾ ਇਕ ਬਾਹਰਲਾ ਬਰੋ ਹੈ ਅਤੇ ਟੇਮਜ਼ ਨਦੀ ਦੇ ਮੁਹਾਣੇ ਤੋਂ 24 ਕਿ. ਮੀ. ਦੂਰ ਸਥਿਤ ਹੈ । ਕ੍ਰਾਇਡਨ ਦੀ ਭੂਮੀ ਵਿਲੀਅਮ I ਦੁਆਰਾ ਆਰਕਬਿਸ਼ਪ ਲੈਨਫਰੈਂਕ ਨੂੰ ਆਰਕਬਿਸ਼ਪ ਪੈਲੇਸ ਬਣਾਉਣ ਲਈ ਪੇਸ਼ ਕੀਤੀ ਗਈ ਸੀ ।

ਆਧੁਨਿਕ ਆਵਾਜਾਈ ਦੇ ਸਾਧਨਾਂ ਦੇ ਵਿਕਾਸ ਤੋਂ ਪਹਿਲਾਂ ਕ੍ਰਾਇਡਨ ਲੰਡਨ-ਬ੍ਰਾਈਟਨ ਸੜਕ ਤੇ ਇਕ ਪੁਰਾਣੀ ਮੰਡੀ ਸੀ। ਕੇਂਦਰੀ ਲੰਡਨ ਦੇ ਨਾਲ ਇਸ ਸ਼ਹਿਰ ਦੇ ਅਤਿਅੰਤ ਚੰਗੇ ਸੰਚਾਰ ਸਾਧਨ ਸਥਾਪਿਤ ਸਨ । ਇਸ ਸ਼ਹਿਰ ਵਿਚ ਕਈ ਮੰਜ਼ਲੇ ਦਫ਼ਤਰ ਅਤੇ ਲਘੂ ਉਦਯੋਗ ਹਨ । ਕ੍ਰਾਇਡਨ ਅਤੇ ਵਾਂਡਜ-ਵਰਥ ਵਿਚਕਾਰ 'ਸਰੇ ਆਇਰਨ ਰੇਲ' 1803 ਈ. ਵਿਚ ਸਥਾਪਿਤ ਹੋਈ ਜਿਸ ਦੇ ਡੱਬੇ ਘੋੜਿਆਂ ਦੁਆਰਾ ਖਿੱਚੇ ਜਾਂਦੇ ਸਨ। ਇਹ ਪਹਿਲੀ ਸਰਕਾਰੀ ਮਾਲ ਰੇਲ ਸੀ । ਕ੍ਰਾਇਡਨ ਦਾ ਹਵਾਈ ਅੱਡਾ 1915 ਈ. ਵਿਚ ਸਥਾਪਿਤ ਕੀਤਾ ਗਿਆ ਸੀ ਜਿਸ ਵਿਚ ਸਾਰੀਆਂ ਸਹੂਲਤਾਂ ਉਪਲਬਧ ਸਨ। ਇਹ ਹਵਾਈ ਅੱਡਾ 1959 ਈ. ਵਿਚ ਬੰਦ ਕਰ ਦਿੱਤਾ ਗਿਆ। ਬਾਅਦ ਵਿਚ ਲੰਡਨ ਦਾ ਸਿਵਲ ਹਵਾਈ ਅੱਡਾ ਹੀਥਰੋ ਸਥਾਪਿਤ ਕੀਤਾ ਗਿਆ ।

ਆਬਾਦੀ—321,500 (1942 ਅੰਦਾ.)

51° 23′ ਉ. ਵਿਥ.; 0° 06′ ਪੂ. ਲੰਬ.

ਹ. ਪੁ—ਹਿੰ. ਵਿ. ਕੋ. 3 : 243; ਐਨ. ਬ੍ਰਿ. ਮਾ. 3 : 227

**ਕ੍ਰਾਈਸਟਚਰਚ** : ਇਹ ਇੰਗਲੈਂਡ ਦੀ ਪਾਰਲੀਮੈਂਟਰੀ ਅਤੇ ਮਿਊਂਸਪਲ ਬਰੋ ਹੈ ਜੋ ਸਾਊਥੈਂਪਟਨ ਵਿਚ, ਸਾਊਥੈਂਪਟਨ ਤੋਂ 40 ਕਿ. ਮੀ. ਇੰਗਲਿਸ਼ ਚੈਨਲ ਤੋਂ ਲਗਭਗ 2 ਕਿ. ਮੀ. ਦੀ ਦੂਰੀ ਤੇ ਪੱਛਮ-ਦੱਖਣ-ਪੱਛਮ ਵਲ ਏਵਨ ਅਤੇ ਸਟੂਰ ਦਰਿਆਵਾਂ ਦੇ ਸੰਗਮ ਉੱਤੇ ਸਥਿਤ ਹੈ। ਇਹ ਬਰੋ ਇਸ ਦੇ 11ਵੀਂ ਸਦੀ ਦੇ ਅਗਸਤੀਨੀ ਗਿਰਜੇ ਕਰਕੇ ਮਸ਼ਹੂਰ ਹੈ । ਗਿਰਜਾ 90 ਮੀ. ਲੰਬਾ ਹੈ ਤੇ ਇਸ ਵਿਚ ਇਕ ਬਹੁਤ ਵੱਡਾ ਅਲਟਾਰ ਸਕ੍ਰੀਨ ਲਗਾ ਹੋਇਆ ਹੈ । ਇਸ ਤੋਂ ਇਲਾਵਾ ਇਥੇ 12ਵੀਂ ਸਦੀ ਦਾ ਬਣਿਆ ਇਕ ਨਾਰਮਨ ਹਾਊਸ ਅਤੇ ਇਸ ਸਮੇਂ ਦੇ ਬਣੇ ਇਕ ਕਿਲੇ ਦੇ ਖੰਡਰਾਤ ਵੀ ਹਨ । ਬੋਰਨਮਥ ਨਾਂ ਦੀ ਰਿਹਾਇਸ਼ਗਾਹ ਇਸ ਦੇ ਨਜ਼ਦੀਕ ਹੈ ।

ਆਬਾਦੀ—ਸ਼ਹਿਰ, 33,268 (1981); ਬਰੋ, 39,700

50° 44′ ਉ. ਵਿਥ.; 1° 45′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 667

**ਕ੍ਰਾਈਸਟਚਰਚ** : ਨਿਊਜ਼ੀਲੈਂਡ ਦੇ ਕੈਂਟਰਬਰੀ ਰਾਜ ਦੀ ਰਾਜਧਾਨੀ ਹੈ ਜੋ ਦੱਖਣੀ ਟਾਪੂ ਦੇ ਪੂਰਬੀ ਤੱਟ ਤੇ ਸ਼ਾਂਤ ਮਹਾਂਸਾਗਰ ਤੋਂ ਲਗਭਗ 12 ਕਿ. ਮੀ. ਦੀ ਦੂਰੀ ਤੇ, ਏਵਨ ਦਰਿਆ ਤੇ ਸਥਿਤ ਹੈ । ਇਹ ਗ੍ਰੇਟ ਉੱਤਰੀ ਅਤੇ ਦੱਖਣੀ ਰੇਲਾਂ ਦਾ ਅੰਤਲਾ ਸਟੇਸ਼ਨ ਹੈ । ਲਿਟਲਟਨ ਪਹਾੜੀਆਂ ਵਿਚੋਂ ਬਣਾਈ ਇਕ ਰੇਲ ਸੁਰੰਗ ਰਾਹੀਂ ਇਹ ਸ਼ਹਿਰ ਇਸ ਦੇ ਸਭ ਤੋਂ ਨੇੜੇ ਦੀ ਬੰਦਰਗਾਹ ਲਿਟਲਟਨ ਨਾਲ ਜੁੜਿਆ ਹੋਇਆ ਹੈ । ਇਸ ਸ਼ਹਿਰ ਦੀ ਸਥਾਪਨਾ ਕੈਂਟਰਬਰੀ ਐਸੋਸੀਏਸ਼ਨ (ਨਵੀਂ ਬਸਤੀ ਵਸਾਉਣ ਵਾਲੀ ਇਕ ਸੰਸਥਾ) ਨੇ ਕੀਤੀ ਸੀ । ਇਹ ਸਾਊਥ ਆਈਲੈਂਡ ਦੇ ਦੋ ਮੁੱਖ ਕੇਂਦਰਾਂ ਵਿਚੋਂ ਇਕ ਹੈ ਜੋ ਕੈਂਟਰਬਰੀ ਜਿਹੜੀ, ਕਿ ਇਕ ਮਹੱਤਵਪੂਰਨ ਅਨਾਜ ਮੰਡੀ ਅਤੇ ਡੇਅਰੀ ਖੇਤਰ ਹੈ, ਦੇ ਉਪਜਾਊ ਮੈਦਾਨ ਨਾਲ ਘਿਰਿਆ ਹੋਇਆ ਹੈ । ਚਮੜਾ ਕਮਾਉਣਾ ਅਤੇ ਮਾਸ-ਡੱਬਾਬੰਦੀ ਇਥੋਂ ਦੇ ਮੁੱਖ ਉਦਯੋਗ ਹਨ । ਸਮਾਜਕ ਪੱਖ ਤੋਂ ਇਹ ਨਿਊਜ਼ੀਲੈਂਡ ਦਾ ਮਹੱਤਵਪੂਰਨ ਸ਼ਹਿਰ ਹੈ । ਇਥੇ ਕਈ ਖ਼ੂਬਸੂਰਤ ਇਮਾਰਤਾਂ ਹਨ ਜਿਨ੍ਹਾਂ ਵਿਚ ਕਈ ਗਿਰਜੇ, ਸੁਪਰੀਮ ਕੋਰਟ, ਅਜਾਇਬ ਘਰ, ਲਾਇਬ੍ਰੇਰੀ, ਕੈਂਟਰਬਰੀ ਯੂਨੀਵਰਸਿਟੀ ਕਾਲਜ ਅਤੇ ਕਈ ਸਰਕਾਰੀ ਦਫਤਰਾਂ ਦੀਆਂ ਇਮਾਰਤਾਂ ਸ਼ਾਮਲ ਹਨ ।

ਆਬਾਦੀ—ਸ਼ਹਿਰ, 162,700 (1983 ਅੰਦਾ.); ਸ਼ਹਿਰੀ ਖੇਤਰ, 289,000

42° 32′ ਦੱ. ਵਿਥ.; 172° 38′ ਪੂ. ਲੰਬ.

ਹ. ਪੁ.—ਐਨ. ਅਮੈ. 6 : 598, ਐਨ. ਬ੍ਰਿ. 5 : 687

**ਕਰਾਸ** : ਕਰਾਸ ਈਸਾਈ ਧਰਮ ਦਾ ਪ੍ਰਧਾਨ ਚਿੰਨ੍ਹ ਹੈ। ਇਹ ਹਜ਼ਰਤ ਈਸਾ ਨੂੰ ਸੂਲੀ ਚੜ੍ਹਾਉਣ ਅਤੇ ਉਨ੍ਹਾਂ ਦੇ ਜੋਸ਼ ਅਤੇ ਮੌਤ ਨੂੰ ਚੇਤੇ ਕਰਵਾਉਂਦਾ ਹੈ। ਇਸ ਤਰ੍ਹਾਂ ਇਹ ਈਸਾ ਮਸੀਹ ਦਾ ਅਤੇ ਈਸਾਈਆਂ ਦੇ ਧਰਮ ਦਾ ਚਿੰਨ੍ਹ ਹੈ। ਕਿਸੇ ਰਸਮ ਪੂਰਤੀ ਵੇਲੇ ਕਰਾਸ ਦਾ ਚਿੰਨ੍ਹ ਬਣਾਉਣਾ, ਈਸਾਈ ਧਰਮ ਵਿਚ ਵਿਸ਼ਵਾਸ ਪ੍ਰਗਟ ਕਰਨ, ਪ੍ਰਾਰਥਨਾ ਕਰਨ, ਸ਼ਰਧਾਂਜਲੀ ਪੇਸ਼ ਕਰਨ ਜਾਂ ਸ਼ੁਭ ਕਾਮਨਾ ਕਰਨ ਦੀ ਕਾਰਵਾਈ ਹੋ ਸਕਦੀ ਹੈ।

ਕਰਾਸ ਦੀਆਂ ਚਾਰ ਕਿਸਮਾਂ ਹਨ—**1.** ਯੂਨਾਨੀ ਕਰਾਸ—ਜਿਸ ਦੇ ਚਾਰੇ ਪਾਸੇ ਬਰਾਬਰ ਹੁੰਦੇ ਹਨ, 2. ਲਾਤੀਨੀ ਕਰਾਸ—ਜਿਸ ਦਾ ਹੇਠਲਾ ਪਾਸਾ ਦੂਜੇ ਤਿੰਨਾਂ ਨਾਲੋਂ ਲੰਬਾ ਹੁੰਦਾ ਹੈ, 3. ਟੀ ( T ) ਦੀ ਸ਼ਕਲ ਦਾ ਕਰਾਸ—ਜਿਸ ਨੂੰ ਸੇਂਟ ਐਂਥਨੀ ਦਾ ਕਰਾਸ ਵੀ ਕਿਹਾ ਜਾਂਦਾ ਹੈ, 4. ਰੋਮਨ ਅੱਖਰ ਦਸ ( X ) ਵਰਗਾ ਚਿੰਨ੍ਹ—ਜਿਸ ਨੂੰ ਸੇਂਟ ਐਂਡਰਿਊ ਦਾ ਕਰਾਸ ਵੀ ਕਿਹਾ ਜਾਂਦਾ ਹੈ। ਰਵਾਇਤ ਹੈ ਕਿ ਈਸਾ ਜੀ ਦੀ ਮੌਤ ਲਾਤੀਨੀ ਕਰਾਸ ਤੇ ਹੋਈ ਸੀ, ਪਰ ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ ਇਨ੍ਹਾਂ ਦੀ ਮੌਤ ( T ) ਦੇ ਅੱਖਰ ਵਰਗੇ ਕਰਾਸ ਤੇ ਹੋਈ ਸੀ।

ਕਰਾਸ ਦੀ ਵਰਤੋਂ ਸੰਸਾਰ ਦੇ ਹਰ ਹਿੱਸੇ ਵਿਚ ਈਸਾ ਯੁੱਗ ਤੋਂ ਬਹੁਤ ਪਹਿਲਾਂ ਧਾਰਮਕ ਚਿੰਨ੍ਹ ਵਜੋਂ ਕੀਤੀ ਜਾਂਦੀ ਸੀ, ਪਰ ਇਹ ਸਪੱਸ਼ਟ ਨਹੀਂ ਕਿ ਇਸ ਚਿੰਨ੍ਹ ਦੀ ਵਰਤੋਂ ਕਿਸ ਰੂਪ ਵਿਚ ਹੁੰਦੀ ਸੀ। ਟੀ ( T ) ਸ਼ਕਲ ਦੇ ਕਰਾਸ ਦੀ ਵਰਤੋਂ ਕਾਪਟਿਕ (Coptic) ਈਸਾਈ ਯਾਦਗਾਰਾਂ ਉੱਤੇ ਕੀਤੀ ਹੋਈ ਮਿਲਦੀ ਹੈ। ਸਵਾਸਤਿਕ ਕਰਾਸ ( 卐 ) ਕਈ ਪੁਰਾਣੇ ਈਸਾਈ ਮਕਬਰਿਆਂ ਉੱਤੇ ਉਕਰੇ ਹੋਏ ਸਨ। ਈਸਾ ਯੁੱਗ ਤੋਂ ਪਹਿਲਾਂ ਯੂਰਪ, ਏਸ਼ੀਆ ਅਤੇ ਅਮਰੀਕਾ ਵਿਚ ਇਹ ਸੂਰਜ ਜਾਂ ਅੱਗ ਅਰਥਾਤ ਜੀਵਨ ਦਾ ਚਿੰਨ੍ਹ ਸਮਝਿਆ ਜਾਂਦਾ ਸੀ। ਫ਼ਲਸਤੀਨ ਦੀਆਂ ਕਈ ਯਹੂਦੀ ਕਬਰਾਂ ਉੱਤੇ ਟੀ ਸ਼ਕਲ ਦੇ ਕਰਾਸ ਦਾ ਚਿੰਨ੍ਹ ਪਹਿਲੀ ਸਦੀ ਈ. ਤੋਂ ਹੋਇਆ ਮਿਲਦਾ ਹੈ। ਈਸਾਈ ਲੇਖਕਾਂ ਨੇ 'ਕਰਾਸ' ਦੇ ਚਿੰਨ੍ਹ ਜਹਾਜ਼ ਦੇ ਬਾਂਸਾਂ, ਹਲਾਂ ਅਤੇ ਹੋਰ ਸੰਦਾਂ, ਮਿਲਟਰੀ ਨਿਸ਼ਾਨਾਂ, ਪੰਛੀਆਂ ਦੇ ਪਰਾਂ ਅਤੇ ਮਨੁੱਖੀ ਸਰੀਰਾਂ ਆਦਿ ਉੱਤੇ ਵੇਖੇ। ਹਿਪੋਲਾਈਟਸ ਅਨੁਸਾਰ ਇਹ ਕਰਾਸ ਈਸਾਈ ਮੱਤ ਧਾਰਨ ਦਾ ਚਿੰਨ੍ਹ ਸੀ।

312 ਈ. ਵਿਚ ਮੈਕਸਐਨੀਸ਼ੀਅਸ (Maxentius) ਦੀ ਜਿੱਤ ਸਮੇਂ ਕਾਨਸਟੈਨਟਾਈਨ ਨੇ ਈਸਾਈ ਮਤ ਧਾਰਨ ਪਿਛੋਂ ਕਰਾਸ ਨੂੰ ਖ਼ੁਦਾਈ ਚਿੰਨ੍ਹ ਵਜੋਂ ਸਤਿਕਾਰਿਆ ਅਤੇ ਇਸ ਨੂੰ ਆਪਣੀ ਜਿੱਤ ਲਈ ਆਪਣੀ ਦੈਵੀ ਪ੍ਰਤਿਗਿਆ ਮੰਨਿਆ । ਇਸ ਨੇ ਇਸ ਚਿੰਨ੍ਹ ਦੀ ਆਪਣੇ ਮਿਲਟਰੀ ਨਿਸ਼ਾਨਾਂ, ਫ਼ੌਜੀ ਹਥਿਆਰਾਂ, ਆਪਣੇ ਬੁੱਤਾਂ ਅਤੇ ਸਿੱਕਿਆਂ ਅਤੇ ਆਪਣੇ ਮਹਿਲਾਂ ਦੀ ਸਜਾਵਟ ਲਈ ਵਰਤੋਂ ਕੀਤੀ। ਯੇਰੋਸ਼ਲਮ ਦੇ ਸਿਰਲ (Cyril) ਨੇ 350 ਈ. ਦੇ ਨੇੜੇ ਤੇੜੇ ਈਸਾਈ ਚੇਲਿਆਂ ਨੂੰ ਦਿੱਤੇ ਆਪਣੇ ਲੈਕਚਰਾਂ ਵਿਚ ਲੱਕੜੀ ਦੇ ਅਸਲੀ ਕਰਾਸ ਦਾ ਹਵਾਲਾ ਦਿੱਤਾ, ਜਿਸ ਦੇ ਟੁਕੜੇ ਸਾਰੇ ਸੰਸਾਰ ਵਿਚ ਵੰਡੇ ਗਏ ।

ਚੌਥੀ ਸਦੀ ਦੇ ਅੰਤ ਤਕ ਐਂਬਰੋਸ, ਰੁਫੀਨੱਸ ਅਤੇ ਹੋਰਨਾਂ ਨੂੰ ਅਸਲ ਕਰਾਸ ਲੱਭਣ ਦੀ ਉਸ ਰਵਾਇਤ ਦਾ ਪਤਾ ਲਗ ਚੁੱਕਾ ਸੀ, ਜਿਸ ਅਨੁਸਾਰ ਕਾਨਸਟੈਨਟਾਈਨ ਦੀ ਮਾਂ ਹੈਲਨਾ ਨੂੰ 326 ਵਿਚ

ਧਾਰਮਿਕ ਸਥਾਨਾਂ ਦੀ ਯਾਤਰਾ ਕਰਦੇ ਹੋਏ ਮਿਲਿਆ ਸੀ। ਕਹਾਣੀ ਦੇ ਅਨੁਸਾਰ ਜ਼ਮੀਨ ਵਿਚੋਂ ਤਿੰਨ ਕਰਾਸ, ਈਸਾ ਦੇ ਸਿਰ ਉੱਤੇ ਲਿਖੇ ਕੁਝ ਸ਼ਬਦ ਅਤੇ ਉਹ ਕਿੱਲ ਮਿਲੇ ਸਨ ਜੋ ਈਸਾ ਜੀ ਨੂੰ ਸੂਲੀ ਤੇ ਚੜ੍ਹਾਉਣ ਵੇਲੇ ਵਰਤੇ ਗਏ ਸਨ। ਉਸ ਸਮੇਂ ਐਸੀ ਕਰਾਮਾਤ ਵਰਤੀ ਕਿ ਅਸਲ ਕਰਾਸ ਦੀ ਸ਼ਨਾਖ਼ਤ ਹੋ ਗਈ। ਇਕ ਤਾਂਬੇ ਦਾ ਕਰਾਸ ਵੀ ਬਣਾਇਆ ਗਿਆ ਸੀ ਜਿਸ ਉੱਤੇ 417 ਵਿਚ ਥੀਓਡੋਸੀਅਸ ਦੂਜੇ ਨੇ ਸੋਨਾ ਚੜ੍ਹਵਾ ਕੇ ਕੀਮਤੀ ਹੀਰੇ ਜੜਵਾਏ ਸਨ। ਕਰਾਸ ਦੇ ਚਿੰਨ੍ਹ ਛੋਟੀਆਂ-ਛੋਟੀਆਂ ਬੋਤਲਾਂ ਉੱਤੇ ਵੀ ਮਿਲਦੇ ਹਨ ਜਿਨ੍ਹਾਂ ਵਿਚ ਯਾਤਰੀ ਪਵਿੱਤਰ ਧਾਰਮਕ ਸਥਾਨਾਂ ਦੀਆਂ ਲੈਂਪਾਂ ਦਾ ਤੇਲ ਪਾ ਕੇ ਘਰੀਂ ਲਿਆਉਂਦੇ ਹਨ। ਕੀਮਤੀ ਧਾਤ ਦੇ ਕਰਾਸ ਗਲੇ ਵਿਚ ਪਾਉਣ ਲਈ ਵਰਤੇ ਜਾਂਦੇ ਹਨ। ਪਵਿੱਤਰ ਕਰਾਸ ਦੀਆਂ ਪ੍ਰਦਰਸ਼ਨੀਆਂ ਵੀ ਕੀਤੀਆਂ ਜਾਂਦੀਆਂ ਸਨ। ਗੁੱਡ ਫਰਾਈਡੇ ਤੇ ਕਰਾਸ ਦੀ ਪਵਿੱਤਰ ਯਾਦਗਾਰ ਦਾ ਪ੍ਰਚਾਰ ਕੀਤਾ ਗਿਆ ਸੀ। ਇਹ ਰਸਮ ਅੱਜ ਵੀ ਰੋਮਨ ਕੈਥੋਲਿਕ ਚਰਚਾਂ ਵਿਚ ਪ੍ਰਚਲਿਤ ਹੈ। ਕਾਨਸਟੈਨਟਾਈਨ ਪਿਛੋਂ ਕਈ ਸਦੀਆਂ ਕਰਾਸ ਪ੍ਰਤੀ ਈਸਾਈਆਂ ਦੀ ਸ਼ਰਧਾ ਨੂੰ ਈਸਾ ਜੀ ਦੀ ਬੁਰਾਈ ਅਤੇ ਮੌਤ ਉੱਤੇ ਜਿੱਤ ਦਾ ਪ੍ਰਮਾਣ ਸਮਝਿਆ ਜਾਂਦਾ ਰਿਹਾ ਹੈ। 9ਵੀਂ ਸਦੀ ਤਕ ਕਲਾਕਾਰਾਂ ਨੇ ਈਸਾ ਮਸੀਹ ਦੇ ਦੁੱਖਾਂ ਅਤੇ ਮੌਤ ਦੇ ਯਥਾਰਥਕ ਪਹਿਲੂ ਉੱਤੇ ਵਧੇਰੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। ਪੂਰਬ ਵਿਚ ਈਸਾ ਨੂੰ ਨੰਗੇ ਰੂਪ ਵਿਚ ਸੂਲੀ ਤੇ ਲਟਕਿਆ ਦਰਸਾਇਆ ਜਾਂਦਾ ਹੈ। ਪੱਛਮੀ ਚਿੱਤਰਾਂ ਵਿਚ ਸੂਲੀ ਤੇ ਚੜ੍ਹੇ ਈਸਾ ਦੇ ਦੁੱਖ ਅਤੇ ਦਰਦ ਦੇ ਰੂਪ ਨੂੰ ਪੇਸ਼ ਕੀਤਾ ਗਿਆ ਹੈ। 20ਵੀਂ ਸਦੀ ਵਿਚ ਪ੍ਰਾਚੀਨ ਮਾਡਲਾਂ ਤੋਂ ਪ੍ਰੇਰਿਤ ਹੋ ਕੇ ਕਰਾਸ ਉੱਤੇ ਲਗੇ ਈਸਾ ਨੂੰ ਰਾਜੇ ਅਤੇ ਪਾਦਰੀ ਦੇ ਤੌਰ ਤੇ ਤਾਜ ਪਹਿਨੇ ਹੋਏ ਦਰਸਾਇਆ ਗਿਆ ਹੈ। ਸਮੁੱਚੇ ਤੌਰ ਤੇ ਸਲੀਬ ਦੀ ਵਰਤੋਂ ਨਿਜੀ ਸ਼ਰਧਾ ਤਕ ਸੀਮਤ ਹੈ।

ਹ. ਪੁ.—ਐਨ. ਬ੍ਰਿ, 6 : 812.

**ਕਰੌਸ, ਹਾਰਡੀ :** ਸਿਵਲ ਇੰਜਨੀਅਰਿੰਗ ਅਤੇ ਭਵਨ ਉਸਾਰੀ ਦੇ ਇਸ ਪ੍ਰੋਫ਼ੈਸਰ ਦਾ ਜਨਮ 10 ਫ਼ਰਵਰੀ, 1885 ਨੂੰ ਨੈਨਸੀਮੰਡ ਕਾਊਂਟੀ ਵਿਖੇ ਹੋਇਆ। ਇਮਾਰਤ ਦੇ ਸਮੁੱਚੇ ਢਾਂਚੇ ਵਿਚ ਪੈਦਾ ਹੋਣ ਵਾਲੇ ਮੋਮੈਂਟਾਂ ਦਾ ਹਿਸਾਬ ਲਗਾਉਣ ਦਾ ਜੋ ਢੰਗ ਇਸ ਨੇ ਦੱਸਿਆ ਉਸ ਨੂੰ ਹਾਰਡੀ ਕਰੌਸ ਵਿਧੀ ਕਿਹਾ ਜਾਂਦਾ ਹੈ। ਇਸ ਨੇ ਇਸ ਵਿਧੀ ਨਾਲ ਹੀ ਵੱਡੇ-ਵੱਡੇ ਸ਼ਹਿਰਾਂ ਵਿਚ ਪਾਣੀ ਅਤੇ ਗੈਸ ਦੀ ਸਪਲਾਈ ਲਈ ਪਾਈਪਾਂ ਦੇ ਜਾਲ ਵਿਛਾਉਣ ਦੀ ਸਮੱਸਿਆ ਨੂੰ ਹੱਲ ਕੀਤਾ। ਸੰਨ 1930 ਵਿਚ ਇਸ ਨੇ ਇਲਿਨਾਇਜ਼ ਯੂਨੀਵਰਸਿਟੀ, ਅਰਬੈਨਾ ਅਤੇ ਯੇਲ ਵਿਖੇ ਪ੍ਰੋਫ਼ੈਸਰੀ ਕੀਤੀ। ਸੰਨ 1958 ਵਿਚ ਇੰਸਟੀਚਿਊਟ ਆਫ਼ ਸਟਰੈਕਚਰਲ ਇੰਜਨੀਅਰਜ਼ (ਬ੍ਰਿਟ੍ਰਿਸ਼) ਵਲੋਂ ਸੋਨੇ ਦੇ ਤਮਗ਼ੇ ਨਾਲ ਸਨਮਾਨਿਆ ਗਿਆ।

11 ਫ਼ਰਵਰੀ, 1959 ਨੂੰ ਵਰਜੀਨੀਆ ਬੀਚ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ ਬ੍ਰਿ. ਮਾ. 3 : 257

**ਕ੍ਰਾਸਟੇਸ਼ੀਆ :** ਇਹ ਫ਼ਾਈਲਮ ਆਰਥ੍ਰੋਪੋਡਾ ਤੇ ਉਪ-ਫ਼ਾਈਲਮ ਮੈਂਡੀਬੁਲੇਟਾ ਦੀ ਇਕ ਸ਼੍ਰੇਣੀ ਹੈ, ਜਿਸ ਵਿਚ ਕੇਕੜੇ, ਝੀਂਗੇ, ਸ਼ਰਿੰਪ, ਕ੍ਰੇ-ਫ਼ਿਸ਼, ਲੱਬਸਟਰ, ਬਾਰਨੇਕਲ, ਵੁੱਡ ਲਾਊਸ ਅਤੇ ਜਲ ਪਿੱਸੂ ਆਦਿ ਸ਼ਾਮਲ ਕੀਤੇ ਗਏ ਹਨ। ਇਸ ਸ਼੍ਰੇਣੀ ਦੇ ਸਭ ਤੋਂ ਛੋਟੇ ਜੀਵਾਂ ਨੂੰ ਖ਼ੁਰਦਬੀਨ ਦੀ ਸਹਾਇਤਾ ਨਾਲ ਦੇਖਿਆ ਜਾ ਸਕਦਾ ਹੈ। ਕ੍ਰਾਸਟੇਸ਼ੀਆ ਦੀਆਂ ਵਖ-ਵਖ ਜਾਤੀਆਂ ਦੇ ਆਕਾਰਾਂ ਵਿਚ ਬਹੁਤ ਅੰਤਰ ਹੁੰਦਾ ਹੈ ਜਿਸ ਕਰਕੇ ਇਨ੍ਹਾਂ ਦੀ ਇਕ ਸਾਂਝੀ ਪਰਿਭਾਸ਼ਾ ਨਹੀਂ ਦਿਤੀ ਜਾ ਸਕਦੀ। ਕ੍ਰਾਸਟੇਸ਼ੀਆ ਦਾ ਹਰ ਲੱਛਣ, ਵਿਸ਼ੇਸ਼ ਕਰਕੇ ਇਸ ਦੇ ਪਰਜੀਵੀ ਅਤੇ ਉੱਚ ਵਿਕਸਿਤ ਜੀਵਾਂ ਵਿਚ, ਪੂਰਨ ਰੂਪ ਵਿਚ ਕਿਸੇ ਨਾ ਕਿਸੇ ਪ੍ਰਕਾਰ ਬਦਲ ਜਾਂਦਾ ਹੈ।

ਕ੍ਰਾਸਟੇਸ਼ੀਆ ਸ਼੍ਰੇਣੀ ਦੇ ਤਕਰੀਬਨ ਸਾਰੇ ਪ੍ਰਾਣੀ ਪਾਣੀ ਵਿਚ ਰਹਿਣ ਵਾਲੇ ਹਨ ਅਤੇ ਸੰਸਾਰ ਵਿਚ ਕੋਈ ਵੀ ਅਜਿਹੀ ਪਾਣੀ ਵਾਲੀ ਥਾਂ ਨਹੀਂ ਜਿਥੇ ਇਨ੍ਹਾਂ ਦੀ ਕੋਈ ਨਾ ਕੋਈ ਜਾਤੀ ਨਾ ਮਿਲਦੀ ਹੋਵੇ। ਇਹ ਸਾਰੇ ਪ੍ਰਾਣੀ ਗਲਫੜਿਆਂ ਅਤੇ ਚਮੜੀ ਰਾਹੀਂ ਸਾਹ ਲੈਂਦੇ ਹਨ।

**ਮਾਰਫੌਲੌਜੀ :** ਕ੍ਰਾਸਟੇਸ਼ੀਅਨ ਪ੍ਰਾਣੀ ਦਾ ਸਰੀਰ ਖੰਡਿਤ ਹੁੰਦਾ ਹੈ। ਹਰ ਖੰਡ ਨੂੰ ਸੋਮਾਈਟ ਜਾਂ ਮੈਟਾਮੀਅਰ ਕਹਿੰਦੇ ਹਨ। ਇਹ ਖੰਡ ਕੁਝ-ਕੁਝ ਦਬੇ ਹੋਏ ਹੁੰਦੇ ਹਨ। ਹਰ ਖੰਡ ਦਾ ਉੱਪਰਲਾ ਹਿੱਸਾ ਟਰਗਮ, ਹੇਠਲਾ ਹਿੱਸਾ ਸਟੱਰਨਮ ਅਤੇ ਪਾਸੇ ਵਾਲੇ ਹਿੱਸੇ ਪਲੂਰਾਨ ਜਾਂ ਐਪੀਮੀਰੋਨ ਕਹਾਉਂਦੇ ਹਨ। ਹਰ ਖੰਡ ਆਪਣੇ ਤੋਂ ਅਗਲੇ ਅਤੇ ਪਿਛਲੇ ਖੰਡ ਨਾਲ ਇੰਟੈਗੂਮੈਂਟ ਰਾਹੀਂ ਜੁੜਿਆ ਹੁੰਦਾ ਹੈ। ਹਰ ਖੰਡ ਦੇ ਸਟੱਰਨਮ ਨਾਲ ਇਕ ਜੋੜਾ ਉਪ-ਅੰਗਾਂ ਦਾ ਜੁੜਿਆ ਹੁੰਦਾ ਹੈ। ਸਰੀਰ ਦਾ ਅਖੀਰਲਾ ਖੰਡ ਜਿਸ ਉਤੇ ਗੁਦਾ ਹੁੰਦਾ ਹੈ, ਅੰਗਹੀਣ ਹੁੰਦਾ ਹੈ ਅਤੇ ਟੈਲਸਨ ਕਹਾਉਂਦਾ ਹੈ। ਆਧੁਨਿਕ ਕ੍ਰਾਸਟੇਸ਼ੀਅਨਾਂ ਵਿਚ ਕੋਈ ਵੀ ਅਜਿਹਾ ਪ੍ਰਾਣੀ ਨਹੀਂ ਮਿਲਦਾ, ਜਿਸ ਵਿਚ ਹਰ ਖੰਡ ਇਕ ਦੂਜੇ ਤੋਂ ਸਪੱਸ਼ਟ ਰੂਪ ਵਿਚ ਵੱਖ ਹੋਵੇ। ਉਦਾਹਰਨ ਲਈ ਝੀਂਗੇ ਦੇ ਸਿਰ ਦਾ ਹਿੱਸਾ ਖੰਡਿਤ ਨਹੀਂ ਹੁੰਦਾ ਅਤੇ ਇਹ ਨਲਕੀ-ਨੁਮਾ ਹੁੰਦਾ ਹੈ। ਇਸ ਨੂੰ ਕੈਰਾਪੇਸ ਕਹਿੰਦੇ ਹਨ। ਇਸ ਦੇ ਖੰਡਾਂ ਦੀ ਗਿਣਤੀ ਦਾ ਅਨੁਮਾਨ ਇਸ ਨਾਲ ਜੁੜੇ ਉਪ-ਅੰਗਾਂ ਦੀ ਗਿਣਤੀ ਤੋਂ ਲਗਾਇਆ ਜਾਂਦਾ ਹੈ। ਸਿਰ ਤੋਂ ਪਿਛਲੇ ਖੰਡਾਂ ਨੂੰ ਸਰੀਰ ਦੇ ਦੋ ਭਾਗਾਂ, ਛਾਤੀ ਅਤੇ ਪੇਟ (ਜਾਂ ਉਦਰ) ਵਿਚ ਵੰਡਿਆ ਜਾਂਦਾ ਹੈ। ਮੈਲਾਕਾਸਟ੍ਰਾਕਾ ਵਰਗੇ ਕਈ ਵਿਕਸਿਤ ਕ੍ਰਾਸਟੇਸ਼ੀਅਨਾਂ ਵਿਚ ਛਾਤੀ ਦੇ ਖੰਡ ਵੀ ਸਿਰ ਵਿਚ ਮਿਲ ਜਾਂਦੇ ਹਨ ਅਤੇ ਇਹ ਸੰਯੁਕਤ ਹਿੱਸਾ ਫਿਰ ਸੈਫ਼ੈਲੋਥੋਰੈਕਸ ਕਹਾਉਂਦਾ ਹੈ।

ਇਸੇ ਤਰ੍ਹਾਂ ਕੈਰਾਪੇਸ ਦਾ ਆਕਾਰ ਵੀ ਵਖ-ਵਖ ਕ੍ਰਾਸਟੇਸ਼ੀਅਨਾਂ ਵਿਚ ਵਖ-ਵਖ ਹੁੰਦਾ ਹੈ। ਇਹ ਬ੍ਰੈਂਕੀਓਪੋਡਾ ਅਤੇ ਆਸਟ੍ਰੈਕੋਡਾ ਵਿਚ ਦੋ ਵਾਲਵੀ ਖੋਲ ਦੇ ਰੂਪ ਵਿਚ ਸਰੀਰ ਦੇ ਅੰਗਾਂ ਨੂੰ ਪੂਰੀ ਤਰ੍ਹਾਂ ਢਕ ਕੇ ਰਖਦਾ ਹੈ। ਐਨਾਸਟ੍ਰਾਕਾ ਪ੍ਰਾਣੀਆਂ ਵਿਚ ਕੈਰਾਪੇਸ ਹੁੰਦਾ ਹੀ ਨਹੀਂ। ਰਾਈਜ਼ੋਸੈਫੈਲਾ ਪ੍ਰਾਣੀਆਂ ਵਿਚ ਨਾ ਸਿਰਫ ਸਰੀਰ ਦੀ ਵੰਡ ਲੁਪਤ ਹੋ ਚੁੱਕੀ ਹੈ ਸਗੋਂ ਆਕਾਰ ਵਿਚ ਇੰਨੀ ਤਬਦੀਲੀ ਆ ਗਈ ਹੈ ਕਿ ਇਨ੍ਹਾਂ ਵਿਚ ਕ੍ਰਾਸਟੇਸ਼ੀਅਨ ਛੱਡ ਕੇ ਆਰਥ੍ਰੋਪੋਡਨ ਲੱਛਣ ਵੀ ਕੋਈ ਨਹੀਂ ਦਿਸਦਾ।



(ੳ) (ਅ) (ੲ)

ਚਿਤਰ 1. ਦੋ ਬਾਰਨੇਕਲ : (ੳ) ਲੀਪਸ
(ਅ) ਬੇਲਾਨਸ

**ਉਪ-ਅੰਗ :** ਹਰ ਉਪ-ਅੰਗ ਦੋ ਸ਼ਾਖ਼ਾਵਾਂ ਵਾਲਾ ਹੁੰਦਾ ਹੈ, ਐਕਸੋਪੋਡਾਈਟ ਅਤੇ ਐਂਡੋਪੋਡਾਈਟ। ਇਹ ਦੋਵੇਂ ਸ਼ਾਖ਼ਾਵਾਂ ਪ੍ਰੋਟੋਪੋਡਾਈਟ ਤੋਂ ਨਿਕਲਦੀਆਂ ਹਨ। ਪ੍ਰੋਟੋਪੋਡਾਈਟ ਦੇ ਦੋ ਹਿੱਸੇ ਹੁੰਦੇ ਹਨ, ਇਕ ਕੌਕਸੋਪੋਡਾਈਟ ; ਜਿਹੜਾ ਸਰੀਰ ਨਾਲ ਜੁੜਿਆ ਹੁੰਦਾ ਹੈ ਅਤੇ ਦੂਜਾ ਬੈਸੀਪੋਡਾਈਟ। ਵਖ-ਵਖ ਪ੍ਰਾਣੀਆਂ ਵਿਚ ਐਕਸੋਪੋਡਾਈਟ ਅਤੇ ਐਂਡੋਪੋਡਾਈਟ ਦੇ ਆਕਾਰ ਵਿਚ ਵਖਰੇਵੇਂ ਹੁੰਦੇ ਹਨ। ਵਿਕਸਿਤ ਪ੍ਰਾਣੀਆਂ ਵਿਚ ਐਂਡੋਪੋਡਾਈਟ ਪੰਜ ਖੰਡਾਂ ਵਿਚ ਵੰਡਿਆ ਹੁੰਦਾ ਹੈ ਅਤੇ

ਵੱਖ ਵੱਖ ਕੰਮ ਕਰਨ ਲਈ ਇਹ ਕਈ ਤਰ੍ਹਾਂ ਨਾਲ ਪਰਿਵਰਤਿਤ ਹੋਇਆ ਹੁੰਦਾ ਹੈ।

**ਸਿਰ ਦੇ ਉਪ-ਅੰਗ**—ਕ੍ਰਾਸਟੇਸ਼ੀਅਨ ਪ੍ਰਾਣੀਆਂ ਵਿਚ ਅੱਖਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਮੱਧ-ਨੇਤਰ ਅਤੇ ਸੰਯੁਕਤ-ਨੇਤਰ ਮੈਲੌਕੌਸਟ੍ਰਾਕਾ ਪ੍ਰਾਣੀਆਂ ਵਿਚ ਮੱਧ-ਨੇਤਰ ਲੁਪਤ ਹੋ ਚੁੱਕੇ ਹਨ। ਸੰਯੁਕਤ ਨੇਤਰ ਦੋ ਹੁੰਦੇ ਹਨ। ਇਹ ਡੰਡੀ-ਰਹਿਤ ਜਾਂ ਡੰਡੀ ਵਾਲੇ ਹੁੰਦੇ ਹਨ। ਲਘੂ ਟੋਹਣੀਆਂ ਨੂੰ ਦੂਜੇ ਖੰਡ ਦੇ ਉਪ-ਅੰਗ ਮੰਨਿਆਂ ਜਾਂਦਾ ਹੈ। ਇਹ ਮੈਲਾਕਾਸਟ੍ਰਾਕਾ ਤੋਂ ਬਿਨਾਂ ਬਾਕੀ ਸਭ ਪ੍ਰਾਣੀਆਂ ਵਿਚ ਇਕ ਸ਼ਾਖ਼ੀ ਹੁੰਦੀਆਂ ਹਨ।



(ੳ) (ਅ) (ੲ)

ਚਿਤਰ 2. ਕ੍ਰਾਸਟੇਸ਼ੀਅਨਾ ਦੇ ਵਿਭਿੰਨ ਉਪ-ਅੰਗ (ੳ) ਝੀਂਗੇ ਦਾ ਪਹਿਲਾ ਉਦਰੀ ਉਪ-ਅੰਗ ; (ਅ) ਐਨੈਪਸਿਡ ਦਾ ਦੂਜਾ ਛਾਤੀ ਉਪ-ਅੰਗ ; (ੲ) ਏਪਸ ਦਾ ਦਸਵਾਂ ਛਾਤੀ ਉਪ-ਅੰਗ



(ੳ) (ਅ)

ਚਿਤਰ 3. ਝੀਂਗੇ ਦੇ ਮੂਹ ਅੰਗ (ਖੱਬੇ ਪਾਸੇ) ਮੈਂਡੀਬਲ, (ਵਿਚਕਾਰ) ਮੈਕਸਿਲੂਲਾ, (ਸੱਜੇ ਪਾਸੇ) ਮੇਕਸਿਲਾ

ਮੂੰਹ ਤੋਂ ਅੱਗੇ ਇਕ ਜੋੜਾ ਟੋਹਣੀਆਂ ਦਾ ਹੁੰਦਾ ਹੈ। ਮੈਲੌਕੌਸਟ੍ਰਾਕਾ ਵਿਚ ਇਸ ਦੀ ਇਕ ਸ਼ਾਖ਼ ਫਲੈਜੈਲਮ ਵਰਗੀ ਹੁੰਦੀ ਹੈ ਅਤੇ ਇਸ ਦਾ ਕੰਮ ਸਿਰਫ ਸੰਵੇਦਨਾ ਗ੍ਰਹਿਣ ਕਰਨਾ ਹੈ, ਦੂਜੀ ਸ਼ਾਖ ਸੰਤੁਲਨ ਰੱਖਣ ਦਾ ਕੰਮ ਕਰਦੀ ਹੈ। ਬਹੁਤੇ ਕ੍ਰਾਸਟੇਸ਼ੀਅਨ ਪ੍ਰਾਣੀਆਂ ਵਿਚ ਮੈਂਡੀਬਲ ਦੋ-ਸ਼ਾਖ਼ੀ ਹੁੰਦੇ ਹਨ ਅਤੇ ਭੋਜਨ ਪ੍ਰਾਪਤ ਕਰਨ ਵਿਚ ਸਹਾਇਤਾ ਕਰਦੇ ਹਨ। ਪਰ ਕਈਆਂ ਵਿਚ ਇਨ੍ਹਾਂ ਉੱਤੇ ਦੰਦ ਅਤੇ ਕੰਡੇ ਵੀ ਲੱਗੇ ਹੁੰਦੇ ਹਨ। ਮੈਕਸਿਲੂਲਾ ਅਤੇ ਮੈਕਸਿਲਾ ਪੱਤਿਆਂ ਵਾਂਗ ਚਪਟੇ ਹੁੰਦੇ ਹਨ।

**ਬਾਕੀ ਉਪ-ਅੰਗ**—ਸਿਰ ਤੋਂ ਪਿੱਛੇ ਦੇ ਉਪ-ਅੰਗ ਮੁੱਖ ਤੌਰ ਤੇ ਇਕੋ ਜਿਹੇ ਹੀ ਹੁੰਦੇ ਹਨ। ਇਨ੍ਹਾਂ ਦਾ ਅਕਾਰ ਮੈਲੌਕੌਸਟ੍ਰਾਕਾ ਦੇ ਮੈਕਸਿਲੂਲਾ ਅਤੇ ਮੈਕਸਿਲਾ ਨਾਲ ਮਿਲਦਾ ਜੁਲਦਾ ਹੁੰਦਾ ਹੈ। ਇਸ ਤਰ੍ਹਾਂ ਦੇ ਉਪ-ਅੰਗਾਂ ਨੂੰ ਫਿਲੋਪੋਡੀਆ ਕਹਿੰਦੇ ਹਨ। ਮੈਲੌਕੌਸਟ੍ਰਾਕਾ ਦੇ ਧੜ ਦੇ ਉਪ-ਅੰਗਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ—ਛਾਤੀ ਉਪ-ਅੰਗਾਂ ਦੇ ਅੱਠ ਜੋੜੇ ਤੇ ਉਦਰੀ ਉਪ-ਅੰਗਾਂ ਦੇ ਛੇ ਜੋੜੇ। ਇਹ ਦੋਨੋਂ ਕਿਸਮਾਂ ਇਕ ਦੂਜੇ ਤੋਂ ਬਿਲਕੁਲ ਭਿੰਨ ਹੁੰਦੀਆਂ ਹਨ। ਛਾਤੀ ਦੇ ਉਪ-ਅੰਗ ਮੁੱਖ ਤੌਰ ਤੇ ਚੱਲਣ ਦੇ ਕੰਮ ਆਉਂਦੇ ਹਨ, ਇਸ ਲਈ ਇਨ੍ਹਾਂ ਦੇ ਐਂਡੋਪੋਡਾਈਟ, ਜੋ ਇਸ ਕੰਮ ਵਿਚ ਮੁੱਖ ਭਾਗ ਲੈਂਦੇ ਹਨ, ਇਸੇ ਤਰ੍ਹਾਂ ਪਰਿਵਰਤਿਤ ਹੋ ਜਾਂਦੇ ਹਨ ਅਤੇ ਐਕਸੋਪੋਡਾਈਟ ਜੋ ਤੈਰਨ ਵਿਚ ਸਹਾਇਕ ਹੁੰਦੇ ਹਨ, ਇਨ੍ਹਾਂ ਵਿਚ ਲੁਪਤ ਹੋ ਚੁੱਕੇ ਹਨ। ਛਾਤੀ ਦੇ ਉਪ-ਅੰਗਾਂ ਦੇ ਪਹਿਲੇ ਇਕ ਜਾਂ ਦੋ ਜੋੜੇ ਪੈਰਾਂ ਦੇ ਪੱਬਾਂ ਦੇ ਆਕਾਰ ਦੇ ਹੁੰਦੇ ਹਨ, ਜਿਨ੍ਹਾਂ ਕਾਰਨ ਇਨ੍ਹਾਂ ਨੂੰ ਮੈਕਸਿਲੀਪੀਡ ਦਾ ਨਾਂ ਦਿਤਾ ਗਿਆ ਹੈ। ਉਦਰੀ ਉਪ-ਅੰਗ ਹਮੇਸ਼ਾ ਦੋ ਸ਼ਾਖ਼ੀ ਹੁੰਦੇ ਹਨ ਅਤੇ ਤੈਰਨ ਵਿਚ ਸਹਾਇਤਾ ਕਰਦੇ ਹਨ। ਅਖ਼ੀਰਲੇ ਉਦਰੀ ਉਪ-ਅੰਗ (ਟੈਲਸਨ) ਦੀ ਸਹਾਇਤਾ ਨਾਲ ਪੂਛ, ਪੂਛ ਖੰਭੜੇ ਦੇ ਆਕਾਰ ਦੀ ਬਣ ਜਾਂਦੀ ਹੈ ਅਤੇ ਪ੍ਰਾਣੀ ਨੂੰ ਵਿਸ਼ੇਸ਼ ਪ੍ਰਕਾਰ ਨਾਲ ਉਲਟਣ ਵਿਚ ਸਹਾਇਤਾ ਦਿੰਦੀ ਹੈ।

**ਪਾਚਨ-ਪ੍ਰਣਾਲੀ**—ਆਹਾਰ ਨਲੀ ਮੂੰਹ ਤੋਂ ਸ਼ੁਰੂ ਹੋ ਕੇ ਗੁਦਾ ਤਕ ਜਾਂਦੀ ਹੈ। ਮੂੰਹ ਸਿਰ ਦੇ ਹੇਠਲੇ ਪਾਸੇ ਮੈਂਡੀਬਲਾਂ ਦੇ ਵਿਚਕਾਰ ਸਥਿਤ ਹੁੰਦਾ ਹੈ ਅਤੇ ਉਪਰਲੇ (ਲੇਬਰਮ) ਅਤੇ ਹੇਠਲੇ (ਹਾਈਪੋਸਟੋਮਾ) ਬੁੱਲ੍ਹਾਂ ਰਾਹੀਂ ਘਿਰਿਆ ਹੁੰਦਾ ਹੈ। ਸਾਰੀ ਆਹਾਰ ਨਲੀ ਤਿੰਨ ਹਿੱਸਿਆਂ ਵਿਚ ਵੰਡੀ ਹੁੰਦੀ ਹੈ—ਅਗਲੀ, ਮਝਲੀ ਜਾਂ ਮੱਧ ਅਤੇ ਪਿਛਲੀ ਆਹਾਰ ਨਲੀ। ਅਗਲੀ ਆਹਾਰ ਨਲੀ ਦਾ ਅਗਲਾ ਹਿੱਸਾ ਈਸੋਫੇਗਸ ਅਤੇ ਪਿਛਲਾ ਹਿੱਸਾ ਮਿਹਦੇ ਜਾਂ ਪੋਟੇ (ਗਿਜ਼ਰਡ) ਵਰਗਾ ਹੁੰਦਾ ਹੈ। ਪੋਟੇ ਵਿਚ ਦੰਦ ਅਤੇ ਕਰੜੇ ਵਾਲ (ਸੀਟੀ) ਲੱਗੇ ਹੁੰਦੇ ਹਨ। ਮਝਲੀ ਆਹਾਰ ਨਲੀ 'ਤੇ ਕਈ ਬੰਦ-ਨਲੀਆਂ (ਸੀਕੀ) ਲੱਗੀਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਪਾਚਕ-ਰਸ ਨਿਕਲਦੇ ਹਨ। ਇਹ ਬੰਦ-ਨਲੀਆਂ ਖ਼ੁਰਾਕ ਨੂੰ ਜਜ਼ਬ ਕਰਨ ਦਾ ਕੰਮ ਵੀ ਕਰਦੀਆਂ ਹਨ। ਪਿਛਲੀ ਆਹਾਰ ਨਲੀ ਦੇ ਸਿਰੇ ਤੇ (ਸਿਰਫ ਕੁਝ ਪ੍ਰਾਣੀਆਂ ਨੂੰ ਛੱਡ ਕੇ) ਟੈਲਸਨ ਦੇ ਹੇਠਾਂ ਗੁਦਾ-ਦੁਆਰ ਹੁੰਦਾ ਹੈ।

**ਲਹੂ-ਗੇੜ ਸਿਸਟਮ** : ਕ੍ਰਾਸਟੇਸ਼ੀਅਨ ਪ੍ਰਾਣੀਆਂ ਵਿਚ ਇਕ ਦਿਲ ਹੁੰਦਾ ਹੈ ਜਿਹੜਾ ਧਮਣੀ-ਸਿਸਟਮ ਜਾਂ ਵਿਰਲਾਂ ਜਾਂ ਕੋਟਰਾਂ ਦੇ ਸਿਸਟਮ ਰਾਹੀਂ ਸਾਰੇ ਤੰਤੂਆਂ ਨੂੰ ਲਹੂ ਪਹੁੰਚਾਉਂਦਾ ਹੈ। ਕੁਝ ਨਿਮਨ ਪੱਧਰ ਕ੍ਰਾਸਟੇਸ਼ੀਅਨ, ਜਿਨ੍ਹਾਂ ਵਿਚ ਦਿਲ ਨਹੀਂ ਹੁੰਦਾ, ਪੇਸ਼ੀਆਂ ਦੀਆਂ ਹਰਕਤਾਂ ਜਾਂ ਪਾਚਨ-ਪ੍ਰਣਾਲੀ ਰਾਹੀਂ ਲਹੂ ਨੂੰ ਸਾਰੇ ਸਰੀਰ ਵਿਚ ਪਹੁੰਚਾਉਂਦੇ ਹਨ। ਸਿਰਫ ਕੁਝ ਕੁ ਨੂੰ ਛੱਡ ਕੇ ਬਾਕੀ ਸਾਰੇ ਕ੍ਰਾਸਟੇਸ਼ੀਅਨ ਪ੍ਰਾਣੀਆਂ ਦੇ ਲਹੂ ਦਾ ਰੰਗ ਨੀਲਾ ਹੁੰਦਾ ਹੈ।

**ਸਾਹ-ਸਿਸਟਮ**—ਕ੍ਰਾਸਟੇਸ਼ੀਅਨ ਪ੍ਰਾਣੀ ਜਲੀ—ਜੀਵ ਹਨ ਅਤੇ ਇਹ ਗਲਫੜਿਆਂ ਰਾਹੀਂ ਜਾਂ ਸਰੀਰ ਦੀ ਸਤ੍ਹਾ ਰਾਹੀਂ ਹੀ ਆਕਸੀਜਨ ਲੈਂਦੇ ਹਨ। ਕੁਝ ਕ੍ਰਾਸਟੇਸ਼ੀਅਨ ਜਿਹੜੇ ਥਲੀ-ਜੀਵ ਬਣ ਗਏ ਹਨ, ਉਨ੍ਹਾਂ ਦੇ ਸਾਹ-ਅੰਗਾਂ ਵਿਚ ਵਿਸ਼ੇਸ਼ ਪਰਿਵਰਤਨ ਆ ਗਏ ਹਨ। ਕਈ ਕ੍ਰਾਸਟੇਸ਼ੀਅਨਾਂ ਵਿਚ ਜਿਵੇਂ ਸੋ ਬੱਗ ਜਾਂ ਪਿੱਲ ਬੱਗ ਵਿਚ ਸਾਹ ਲੈਣ ਲਈ ਉਦਰੀ-ਉਪ-ਅੰਗਾਂ ਉਤੇ ਕੁਝ ਵਿਸ਼ੇਸ਼ ਸੁਆਸ ਨਲੀਆਂ ਵਰਗੀਆਂ ਬਣਤਰਾਂ ਹੁੰਦੀਆਂ ਹਨ।

**ਨਾੜੀ – ਸਿਸਟਮ**—ਨਾੜੀ ਸਿਸਟਮ ਬਾਕੀ ਆਰਥ੍ਰੋਪੋਡਾ ਪ੍ਰਾਣੀਆਂ ਵਰਗਾ ਹੀ ਹੈ। ਇਕ ਸੁਪਰਾਈਸੋਫੇਜੀਅਲ ਗੈਂਗਲੀਆਨ ਬਾਕੀ ਗੈਂਗਲੀਆ (ਜਾਂ ਨਾੜੀ-ਗੰਢਾਂ) ਤੋਂ ਵੱਡਾ ਹੁੰਦਾ ਹੈ ਅਤੇ ਦਿਮਾਗ਼ ਦੇ ਬਰਾਬਰ ਹੁੰਦਾ ਹੈ। ਇਹ ਸਰਕਮ ਈਸੋਫੇਜੀਅਲ ਕਾਮਿਸ਼ਿਉਰਾਂ ਰਾਹੀਂ ਇਕ ਦੂਹਰੀ ਹੇਠਲੀ ਨਾੜੀ ਕੌਰਡ ਰਾਹੀਂ ਜੁੜਿਆ ਹੁੰਦਾ ਹੈ। ਇਸ ਨਾੜੀ ਕੌਰਡ ਉਤੇ ਹਰ ਖੰਡ ਵਿਚ ਗੈਂਗਲੀਆ ਹੁੰਦੇ ਹਨ। ਇਨ੍ਹਾਂ ਗੈਂਗਲੀਆ ਦੇ ਆਪਸ ਵਿਚ ਜੁੜਨ ਕਰਕੇ ਕਈ ਪ੍ਰਾਣੀਆਂ ਵਿਚ ਇਨ੍ਹਾਂ ਦੀ ਗਿਣਤੀ ਘਟ ਜਾਂਦੀ ਹੈ।

**ਗਿਆਨ-ਇੰਦਰੀਆਂ**—ਅੱਖਾਂ, ਲਘੂ ਟੋਹਣੀਆਂ ਅਤੇ ਟੋਹਣੀਆਂ ਗਿਆਨ ਇੰਦਰੀਆਂ ਦਾ ਕੰਮ ਕਰਦੀਆਂ ਹਨ। ਲਘੂ ਟੋਹਣੀਆਂ ਸਵਾਦ ਚੱਖਣ ਅਤੇ ਸੰਤੁਲਨ ਰਖਣ ਦਾ ਕੰਮ ਕਰਦੀਆਂ

ਹਨ। ਕ੍ਰਾਸਟੇਸ਼ੀਅਨ ਪ੍ਰਾਣੀ ਆਵਾਜ਼ ਸੁਣਨ ਅਤੇ ਪੈਦਾ ਕਰਨ ਦੇ ਵੀ ਕੁਝ ਹੱਦ ਤਕ ਸਮਰੱਥ ਹਨ। ਉਪ-ਅੰਗਾਂ ਉਤੇ ਜਾਂ ਕਈ ਵਾਰ ਕੈਰਾਪੇਸ ਦੇ ਇਕ ਦੂਜੇ ਉਤੇ ਚੜ੍ਹੇ ਸੋਮਾਈਟਾਂ ਉਤੇ ਆਵਾਜ਼ ਪੈਦਾ ਕਰਨ ਲਈ ਬਣਤਰਾਂ ਹੁੰਦੀਆਂ ਹਨ । ਇਨ੍ਹਾਂ ਪ੍ਰਾਣੀਆਂ ਦੇ ਸਰੀਰ ਉਤੇ ਕੁਝ ਕਰੜੇ ਵਾਲ (ਸੀਟੀ) ਹੁੰਦੇ ਹਨ ਜਿਹੜੇ ਕਈ ਤਰ੍ਹਾਂ ਦੀਆਂ ਬਾਹਰਲੀਆਂ ਉਤੇਜਨਾਵਾਂ ਲਈ ਸੰਵੇਦੀ ਹੁੰਦੇ ਹਨ।

ਕ੍ਰਾਸਟੇਸ਼ੀਅਨ ਪ੍ਰਾਣੀਆਂ ਵਿਚ ਕਈ ਤਰ੍ਹਾਂ ਦੀਆਂ ਗਿਲਟੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਮੈਕਸਿਲਰੀ ਅਤੇ ਐਂਟੇਨਲ ਗਿਲਟੀਆਂ ਮੁੱਖ ਹਨ । ਇਨ੍ਹਾਂ ਤੋਂ ਇਲਾਵਾ ਅੱਖ ਦੀ ਡੰਡੀ ਉਤੇ ਸਾਈਨਸ ਗਿਲਟੀ ਹੁੰਦੀ ਹੈ ਜਿਹੜੀ ਨਿਊਰੋਸਕਰੀਟਰੀ ਸਿਸਟਮ ਦਾ ਇਕ ਹਿੱਸਾ ਹੈ ਅਤੇ ਇਹ ਸਰੀਰ ਦੀਆਂ ਕਈ ਜ਼ਰੂਰੀ ਕਿਰਿਆਵਾਂ ਨੂੰ ਕਾਬੂ ਕਰਦੀ ਹੈ।

**ਜਣਨ ਸਿਸਟਮ**—ਬਹੁਤੇ ਕ੍ਰਾਸਟੇਸ਼ੀਅਨ ਪ੍ਰਾਣੀਆਂ ਵਿਚ ਲਿੰਗ ਵੱਖ ਵੱਖ ਹੁੰਦੇ ਹਨ ਅਤੇ ਬਾਹਰੋਂ ਹੀ ਪਛਾਣੇ ਜਾ ਸਕਦੇ ਹਨ। ਪਰ ਕਈ ਪ੍ਰਾਣੀ ਹਰਮੈਫ੍ਰੋਡਿਟਿਕ (ਦੋ-ਲਿੰਗੀ) ਵੀ ਹੁੰਦੇ ਹਨ। ਪੈਂਡੇਲਸ ਪ੍ਰਜਾਤੀ ਦੇ ਸ਼ਰਿੰਪਾਂ ਵਿਚ ਪ੍ਰੋਟੈਂਡ੍ਰਿਕ ਹਰਮੈਫ੍ਰੋਡਿਟਿਜ਼ਮ ਹੁੰਦੀ ਹੈ ਜਿਸ ਵਿਚ ਪ੍ਰਾਣੀ ਆਪਣੇ ਜੀਵਨ ਚੱਕਰ ਦੇ ਦੂਜੇ ਸਾਲ ਵਿਚ ਨਰ ਅਤੇ ਤੀਜੇ ਸਾਲ ਵਿਚ ਮਾਦਾ ਬਣ ਜਾਂਦੇ ਹਨ । ਇਹੀ ਹਾਲਤ ਕਈ ਹੋਰ ਪ੍ਰਜਾਤੀਆਂ ਦੇ ਕ੍ਰਾਸਟੇਸ਼ੀਅਨਾਂ ਵਿਚ ਵੀ ਮਿਲਦੀ ਹੈ । ਕਈਆਂ ਪ੍ਰਾਣੀਆਂ ਵਿਚ ਨਿਸ਼ੇਚਨ ਰਹਿਤ ਉਤਪਤੀ (ਪਾਰਥੀਨੋਜੈਨਿਸਿਸ) ਵੀ ਹੁੰਦੀ ਹੈ।

ਬੱਚਾ ਨਿਕਲਣ ਦੀ ਹਾਲਤ ਤਕ ਅੰਡਿਆਂ ਨੂੰ ਮਾਦਾ ਚੁੱਕੀ ਰਖਦੀ ਹੈ। ਅੰਡੇ ਵਿਚੋਂ ਨੋਪਲੀਅਸ ਲਾਰਵਾ ਨਿਕਲਦਾ ਹੈ ਜਿਹੜਾ ਕਈ ਵਾਰੀ ਕੁੰਜ ਉਤਾਰਨ ਤੋਂ ਬਾਅਦ ਬਾਲਗ ਬਣਦਾ ਹੈ। ਕੁੰਜ ਉਤਾਰਨ ਦੀ ਕਿਰਿਆ ਸਾਈਨਸ ਗਿਲਟੀ ਦੇ ਹਾਰਮੋਨ ਰਾਹੀਂ ਕੰਟਰੋਲ ਹੁੰਦੀ ਹੈ।

ਕਈ ਕ੍ਰਾਸਟੇਸ਼ੀਅਨ ਪ੍ਰਾਣੀਆਂ ਵਿਚ ਸਵੈ-ਅੰਗ ਵਿਛੇਦ ਅਤੇ ਪੁਨਰ ਉਤਪਤੀ ਦੇ ਗੁਣ ਵੀ ਹੁੰਦੇ ਹਨ।

**ਆਰਥਕ ਮਹੱਤਤਾ**—ਕ੍ਰਾਸਟੇਸ਼ੀਆ ਸ਼੍ਰੇਣੀ ਦੇ ਮੁੱਖ ਪ੍ਰਾਣੀ ਝੀਂਗੇ ਅਤੇ ਕੇਕੜੇ ਹਨ ਜਿਨ੍ਹਾਂ ਦਾ ਉਪਯੋਗ ਮਨੁੱਖ ਦੁਆਰਾਂ ਭੋਜਨ ਪਦਾਰਥਾਂ ਲਈ ਕੀਤਾ ਜਾਂਦਾ ਹੈ। ਪਰ ਇਨ੍ਹਾਂ ਤੋਂ ਵੱਧ ਆਰਥਿਕ ਮਹੱਤਤਾ ਵਾਲੇ ਪ੍ਰਾਣੀ ਐਂਫ਼ੀਪੋਡਜ਼, ਆਈਸੋਪੋਡਜ਼ ਆਦਿ ਹਨ ਜੋ ਘੱਟ ਡੂੰਘੇ ਪਾਣੀਆਂ ਵਿਚ ਸਮੂਹ ਬਣਾਕੇ ਰਹਿੰਦੇ ਹਨ ਅਤੇ ਕਈ ਦੂਜੇ ਪ੍ਰਾਣੀਆਂ ਅਤੇ ਬਨਸਪਤੀ ਨੂੰ ਆਹਾਰ ਬਣਾਉਂਦੇ ਹਨ। ਇਹ ਆਪ ਵੀ ਕਈ ਵੱਡੇ ਪ੍ਰਾਣੀਆਂ ਜਿਵੇਂ ਕਿ ਮੱਛੀਆਂ ਆਦਿ ਦਾ ਭੋਜਨ ਬਣਦੇ ਹਨ। ਇਨ੍ਹਾਂ ਦੇ ਕਈ ਸੂਖ਼ਮ ਜੀਵ ਕਈ ਕਿ. ਮੀ. ਤਕ ਸਮੁੰਦਰ ਦਾ ਰੰਗ ਬਦਲ ਦਿੰਦੇ ਹਨ ਜਿਨ੍ਹਾਂ ਨਾਲ ਮਛੇਰਿਆਂ ਨੂੰ ਮੱਛੀਆਂ ਦੀ ਠੀਕ ਥਾਂ ਦਾ ਪਤਾ ਲੱਗ ਜਾਂਦਾ ਹੈ। ਇਸ ਤਰ੍ਹਾਂ ਇਹ ਮੱਛੀਆਂ ਦਾ ਭੋਜਨ ਬਣ ਕੇ ਅਤੇ ਮਛੇਰਿਆਂ ਦੀ ਸਹਾਇਤਾ ਕਰਕੇ ਬਹੁਤ ਆਰਥਿਕ ਲਾਭ ਪਹੁੰਚਾਉਂਦੇ ਹਨ।

**ਸ਼੍ਰੇਣੀ-ਵੰਡ**—ਕ੍ਰਾਸਟੇਸ਼ੀਆ ਸ਼੍ਰੇਣੀ ਅੱਗੋਂ ਇਨ੍ਹਾਂ 8 ਉਪ-ਸ਼੍ਰੇਣੀਆਂ ਵਿਚ ਵੰਡੀ ਹੋਈ ਹੈ—ਸੈਫ਼ੈਲੋਕੈਰੀਡਾ, ਬ੍ਰੈਂਕੀਓਪੋਡਾ ਆੱਸਟ੍ਰੈਕੋਡਾ, ਮਿਸਟੈਕੋਕੈਰੀਡਾ, ਕੋਪੇਪੋਡਾ, ਬ੍ਰੈਂਕਿਊਰਾ, ਸਿੱਰੀਪੀਡੀਆ, ਅਤੇ ਮੈਲੱਕਾੱਸਟ੍ਰਾਕਾ ਹਰ ਉਪ-ਸ਼੍ਰੇਣੀ ਵੀ ਅੱਗੋਂ ਕਈ ਵਰਗਾਂ ਵਿਚ ਵੰਡੀ ਹੋਈ ਹੈ।

ਹ. ਪੁ.—ਮੈਕ. ਐਨ. ਸ. ਟ. 3:562 ; ਹਿੰ. ਵਿ. ਕੋ. 2 : 319

**ਕ੍ਰਾਸ ਦਰਿਆ** : ਇਹ ਨਾਈਜੀਰੀਆ ਦੇਸ਼ ਦਾ ਇਕ ਦਰਿਆ ਹੈ ਜੋ ਦੱਖਣੀ ਕੈਮਰੂਨ ਦੇ ਪਹਾੜਾਂ ਵਿਚੋਂ ਨਿਕਲਦਾ ਹੈ ਅਤੇ ਸਮੁੰਦਰ ਵਿਚ ਡਿੱਗਣ ਤੋਂ ਪਹਿਲਾਂ ਉੱਤਰ ਵਲ ਓਬੈਨ ਪਹਾੜੀਆਂ ਦੇ ਆਲੇ-ਦੁਆਲੇ ਵਹਿੰਦਾ ਹੈ। ਇਸ ਦੀ ਲੰਬਾਈ 480 ਕਿ. ਮੀ. (300 ਮੀਲ) ਹੈ। ਨਾਈਜੀਰੀਆ ਵਿਚ ਹੀ ਇਸ ਨਾਲ ਆਯਾ ਦਰਿਆ ਆ ਮਿਲਦਾ ਹੈ। ਬਰਸਾਤ ਵਿਚ ਇਹ ਇਕ ਮਹੱਤਵਪੂਰਨ ਜਲ-ਮਾਰਗ ਬਣ ਜਾਂਦਾ ਹੈ। ਦਰਿਆਈ ਸਟੀਮਰ ਈਟੂ ਸ਼ਹਿਰ ਤਕ ਸਾਰਾ ਸਾਲ ਹੀ ਚਲਦਾ ਰਹਿੰਦਾ ਹੈ। ਸਾਰੇ ਨਾਈਜੀਰੀਅਨ ਸਮੁੰਦਰੀ ਤੱਟ ਉੱਤੇ ਕੇਵਲ ਇਹੀ ਮੁਹਾਣਾ ਹੈ ਜਿਸਦੇ ਮੂੰਹ ਵਿਚ ਰੇਤ ਨਹੀਂ ਭਰਦੀ। ਇਸੇ ਕਰਕੇ ਅਤੇ ਕੁਝ ਹੋਰ ਕਾਰਨਾਂ ਕਰਕੇ ਕ੍ਰਾਸ ਦਰਿਆ ਤੇ ਨਾਈਜੀਰੀਆ ਦੀ ਸਭ ਤੋਂ ਵਧੀਆ ਕੁਦਰਤੀ ਬੰਦਰਗਾਹ ਹੈ।

ਹ. ਪੁ.—ਐਨ. ਬ੍ਰਿ. 6 : 815

**ਕ੍ਰਾਸਨੋਯਾਰਸਕ** : ਕ੍ਰੋਅ (ਇਲਾਕਾ)—ਇਹ ਪੂਰਬੀ ਕੇਂਦਰੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋਵੀਅਤ ਸੰਘ) ਦੇ ਇਕ ਇਲਾਕੇ ਦਾ ਨਾਂ ਹੈ ਅਤੇ ਇਸ ਨੇ ਕੇਂਦਰੀ ਸਾਇਬੇਰੀਆ ਵਿਚ 2,401,600 ਵ. ਕਿ. ਮੀ. ਰਕਬਾ ਮੱਲਿਆ ਹੋਇਆ ਹੈ। ਸੰਨ 1983 ਵਿਚ ਇਸ ਦੀ ਅੰਦਾਜ਼ਨ ਵਸੋਂ 3,343,000 ਸੀ। ਇਹ ਉੱਤਰੀ ਹਿਮ ਸਾਗਰ ਸੇਵਰਨਾਯਾ ਜ਼ਿਮਨੀਆ ਦੀਪ-ਸਮੂਹ ਤੋਂ ਲੈ ਕੇ ਦੱਖਣ ਵਿਚਲੀਆਂ ਸਾਯਾਨ ਪਹਾੜੀਆਂ ਤੀਕ ਫੈਲਿਆ ਹੋਇਆ ਹੈ। ਇਸ ਵਿਚ ਤਿੰਨ ਰਾਸ਼ਟਰੀ ਇਲਾਕੇ ਸ਼ਾਮਲ ਹਨ। ਇਸ ਇਲਾਕੇ ਨੇ ਲਗਭਗ ਸਾਰੇ ਦਾ ਸਾਰਾ ਹੀ ਯੈਨੀਸੀਬੇਸਿਨ ਮੱਲਿਆ ਹੋਇਆ ਹੈ। ਇਸ ਦਾ ਵਧੇਰੇ ਰਕਬਾ ਕੇਂਦਰੀ ਸਾਇਬੇਰੀਅਨ ਪਠਾਰ ਦਾ ਹੈ। ਇਥੋਂ ਦੇ ਵਿਸ਼ਾਲ ਰਕਬੇ ਵਿਚ ਕਈ ਕਿਸਮ ਦੀ ਮਿੱਟੀ ਤੇ ਬਨਸਪਤੀ ਮਿਲਦੀ ਹੈ। ਇਕ ਪਾਸੇ ਟੁੰਡਰਾ ਦਾ ਬੰਜਰ ਇਲਾਕਾ ਹੈ। ਦੂਜੇ ਪਾਸੇ ਸਟੈਪੀ ਅਤੇ ਮਿਨੁਸਿੰਸਕ ਬੇਸਿਨ ਦੀਆਂ ਉਪਜਾਊ ਧਰਤੀਆਂ ਹਨ। ਇਥੋਂ ਦਾ ਵਧੇਰੇ ਹਿੱਸਾ ਦਲਦਲੀ ਜੰਗਲ ਨੇ ਮੱਲਿਆ ਹੋਇਆ ਹੈ। ਇਥੋਂ ਦੀ ਜਲਵਾਯੂ ਮਹਾਂਦੀਪੀ ਹੈ। ਇਥੋਂ ਦੀ ਵਧੇਰੇ ਵਸੋਂ ਦੱਖਣ ਵਿਚ ਟ੍ਰਾਂਸ-ਸਾਇਬੇਰੀਅਨ ਰੇਲ-ਮਾਰਗ ਦੇ ਨਾਲ ਨਾਲ ਅਤੇ ਮਿਨੁਸਿੰਸਕ ਬੇਸਿਨ ਵਿਚ ਰਹਿੰਦੀ ਹੈ । ਬਾਕੀ ਦਾ ਇਲਾਕਾ ਵਸੋਂਹੀਣ ਹੈ । ਇਸ ਇਲਾਕੇ ਦੀ ਆਰਥਕ ਮਹੱਤਤਾ ਲਕੜੀ ਕਰਕੇ ਹੈ। ਇਥੋਂ ਦੀਆਂ ਖਾਣਾਂ ਵਿਚੋਂ ਲਿਗਨਾਈਟ, ਕੱਚਾ ਲੋਹਾ, ਨਿਕਲ, ਕੋਬਾਲਟ, ਪਲੈਟੀਨਮ, ਤਾਂਬਾ ਅਤੇ ਸੋਨਾ ਕੱਢਿਆ ਜਾਂਦਾ ਹੈ। ਇਥੋਂ ਦੀ ਮੁੱਖ ਜ਼ਰਾਇਤੀ ਫਸਲ ਕੇਵਲ ਕਣਕ ਹੀ ਹੈ ਜੋ ਦੱਖਣ ਵਿਚ ਬੀਜੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. ਮਾ. 5 : 912

**ਕ੍ਰਾਸਨੋਯਾਰਸਕ** : ਸ਼ਹਿਰ—ਇਹ ਪੂਰਬੀ ਕੇਂਦਰੀ ਰੂਸੀ ਸੋਵੀਅਤ ਸਮਾਜਵਾਦੀ ਗਣਰਾਜ (ਸੋ.ਸੰਘ) ਵਿਚ ਇਸੇ ਹੀ ਨਾਂ ਦੇ ਇਲਾਕੇ ਦਾ ਸ਼ਹਿਰ ਅਤੇ ਪ੍ਰਬੰਧਕੀ ਕੇਂਦਰ ਹੈ ਜੋ ਯੈਨੀਸੀ ਦਰਿਆ ਦੇ ਦੋਹਾਂ ਕੰਢਿਆਂ ਜਿਥੇ ਟ੍ਰਾਂਸ-ਸਾਇਬੇਰੀਅਨ ਰੇਲ-ਪਟੜੀ ਇਸ ਨੂੰ ਪਾਰ ਕਰਦੀ ਹੈ, ਉਤੇ ਵਸਿਆ ਹੋਇਆ ਹੈ। ਇਸ ਦੀ ਨੀਂਹ ਸੰਨ 1628 ਵਿਚ ਦਰਿਆ ਦੇ ਖੱਬੇ ਕੰਢੇ ਉਤੇ ਕ੍ਰਾਸਨੋਯਾਰ ਦੇ ਕਿਲੇ ਵਜੋਂ ਰੱਖੀ ਗਈ। ਇਹ ਸ਼ਹਿਰ ਸੰਨ 1735 ਵਿਚ ਗ੍ਰੇਟ ਸਾਇਬੇਰੀਅਨ ਪੋਸਟ ਰੋਡ, ਸਾਇਬੇਰੀਅਨ ਰੇਲ ਮਾਰਗ ਦੇ ਬਣਨ ਨਾਲ ਬਹੁਤ ਉੱਨਤ ਹੋਇਆ। ਸੰਨ 1960 ਵਿਚ ਯੈਨੀਸੀ ਦਰਿਆ ਉਤੇ, ਦੁਨੀਆ ਦੇ ਜਲ-ਬਿਜਲੀ ਦੇ ਸਭ ਤੋਂ ਵੱਡੇ ਸਟੇਸ਼ਨਾਂ ਵਿਚੋਂ ਇਕ ਸਟੇਸ਼ਨ ਬਣਾਇਆ ਗਿਆ। ਆਧੁਨਿਕ ਸ਼ਹਿਰ ਦਰਿਆ ਦੇ ਸੱਜੇ ਕੰਢੇ ਵੱਲ ਨੂੰ ਵਧੇਰੇ ਫੈਲਿਆ ਹੋਇਆ ਹੈ। ਇਹ ਇਕ ਵੱਡਾ ਉਦਯੋਗਕ ਕੇਂਦਰ ਅਤੇ ਰੂਸ ਵਿਚ ਐਲੂਮਿਨੀਅਮ ਦੇ ਸਭ ਤੋਂ ਵੱਡੇ ਉਤਪਾਦਕਾਂ ਵਿਚੋਂ ਇਕ ਹੈ । ਇਥੋਂ ਦੇ ਰਸਾਇਣਕ ਉਦਯੋਗਾਂ ਵਿਚ ਰੇਅਨ ਅਤੇ ਸਿੰਥੈਟਿਕ ਰਬੜ ਅਤੇ ਟਾਇਰ ਤਿਆਰ ਕੀਤੇ ਜਾਂਦੇ ਹਨ। ਇਥੋਂ ਦ ਇੰਜੀਨੀਅਰਿੰਗ ਪਲਾਂਟਾਂ ਵਿਚ ਕ੍ਰੇਨਾਂ, ਹਾਰਵੈਸਟਰ ਮਸ਼ੀਨਾ, ਜ਼ਮੀਨ

ਸਵਾਹਰੀ ਕਰਨ ਵਾਲੀਆਂ ਮਸ਼ੀਨਾਂ, ਲਕੜੀ ਕੱਟਣ ਦੇ ਸੰਦ, ਟੈਲੀਵਿਯਨ ਸੈੱਟ ਅਤੇ ਫਰਿਜ ਤਿਆਰ ਕੀਤੇ ਜਾਂਦੇ ਹਨ। ਇਥੇ ਸਮੁੰਦਰੀ ਜਹਾਜ਼ ਬਣਾਉਣ ਅਤੇ ਮੁਰੰਮਤ ਕਰਨ ਦੇ ਯਾਰਡ ਬਣੇ ਹੋਏ ਹਨ। ਇਥੇ ਇਕ ਵਿਦਿਆ-ਸੰਸਥਾ, ਪਾਲੀਟੈਕਨਿਕ ਅਤੇ ਮੈਡੀਕਲ ਸੰਸਥਾਵਾਂ ਅਤੇ ਹੋਰ ਕਈ ਖੋਜ ਸੰਸਥਾਵਾਂ, ਵਿਸ਼ੇਸ਼ ਕਰਕੇ ਇਮਾਰਤੀ ਲਕੜੀ ਨੂੰ ਵਰਤੋਂ ਵਿਚ ਲਿਆਉਣ ਬਾਰੇ ਸਥਾਪਤ ਹਨ। ਹਾਊਸ ਆਫ ਸੋਵੀਅਤ ਇਥੋਂ ਦੀ ਸਭ ਤੋਂ ਪ੍ਰਸਿੱਧ ਇਮਾਰਤ ਹੈ।

ਆਬਾਦੀ—845,000 (1983)

56° 01′ ਉ. ਵਿਥ.; 90° 50′ ਪੂ ਲੰਬ.

ਹ. ਪੁ.—ਐਨ ਬ੍ਰਿ. ਮਾ. 5 : 912

**ਕ੍ਰਾਸਨੋਵਾਤਸਕ :** ਪੱਛਮੀ ਤੁਰਕਮਾਨ ਸੋਵੀਅਤ ਸਮਾਜਵਾਦੀ ਗਣਰਾਜ (ਸੋ. ਸੰਘ) ਵਿਚ ਇਕ ਸ਼ਹਿਰ ਅਤੇ ਬੰਦਰਗਾਹ ਹੈ ਜੋ ਕੈਸਪੀਅਨ ਸਾਗਰ ਉਤੇ ਸਥਿਤ ਹੈ। ਸੰਨ 1869 ਵਿਚ ਇਸ ਦੀ ਰੂਸੀ ਕਿਲੇ ਵਜੋਂ ਨੀਂਹ ਰਖੀ ਗਈ। ਸੰਨ 1896 ਵਿਚ ਜਦੋਂ ਟ੍ਰਾਂਸ-ਕੈਸਪੀਅਨ ਰੇਲ-ਮਾਰਗ ਦਾ ਅੰਤਮ ਸਟੇਸ਼ਨ ਬਦਲਕੇ ਇਥੇ ਲੈ ਆਂਦਾ ਸੀ ਤਾਂ ਇਸ ਦੀ ਮਹੱਤਤਾ ਹੋਰ ਵੀ ਵਧ ਗਈ। ਅੱਜ ਕਲ੍ਹ ਇਹ ਜਹਾਜ਼-ਬਦਲੀ ਦਾ ਇਕ ਪ੍ਰਸਿੱਧ ਕੇਂਦਰ ਹੈ। ਤੇਲ ਸਾਫ਼ ਕਰਨ ਦਾ ਕਾਰਖ਼ਾਨਾ ਇਥੇ ਹੈ ਅਤੇ ਇਹ ਆਲੇ-ਦੁਆਲੇ ਦੇ ਤੇਲ ਅਤੇ ਗੈਸ ਦੇ ਖੇਤਰਾਂ ਨਾਲ ਜੁੜਿਆ ਹੋਇਆ ਹੈ। ਇਥੇ ਸਮੁੰਦਰੀ ਹਵਾਈ ਜਹਾਜ਼ਾਂ ਦੀ ਮੁਰੰਮਤ ਲਈ ਯਾਰਡ ਅਤੇ ਖ਼ੁਰਾਕ ਪ੍ਰਾਸੈੱਸਿੰਗ ਦੇ ਕਈ ਉਦਯੋਗ ਹਨ।

ਆਬਾਦੀ—55,000 (1983 ਅੰਦਾ.)

40° 00′ ਉ.ਵਿਥ. ; 53° 00′ ਪੂ. ਲੰਬ.

ਹ.ਪੁ.—ਐਨ.ਬ੍ਰਿ. ਮਾ. 5 : 912

**ਕ੍ਰਾਸਵਰਡ ਪਜ਼ਲ (ਸ਼ਬਦ ਪਹੇਲੀ) :** ਇਹ ਸ਼ਬਦ ਪਹੇਲੀ ਦੀ ਇਕ ਹਰਮਨ ਪਿਆਰੀ ਕਿਸਮ ਹੈ। ਇਹ ਵਰਗਾਕਾਰ ਖਾਨਿਆਂ ਵਾਲੀ ਇਕ ਆਇਤ ਹੁੰਦੀ ਹੈ ਜਿਸ ਦੇ ਕੁਝ ਖਾਨੇ ਕਾਲੇ ਕਰਕੇ ਜਾਂ ਕਾਟੇ ਮਾਰਕੇ ਕੈਂਸਲ ਕੀਤੇ ਹੁੰਦੇ ਹਨ ਅਤੇ ਬਾਕੀ ਦੇ ਖਾਨੇ ਖਾਲੀ (ਸਾਫ) ਹੁੰਦੇ ਹਨ। ਇਸ ਚਿਤਰ ਨਾਲ ਨੰਬਰਾਂ ਵਾਲੀਆਂ ਪਰਿਭਾਸ਼ਾਵਾਂ ਦੀਆਂ ਦੋ ਸੂਚੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਇਕ ਪਏ ਦਾਅ ਅਤੇ ਦੂਸਰੀ ਖੜ੍ਹੇ ਦਾਅ ਸ਼ਬਦਾਂ ਲਈ ਹੁੰਦੀ ਹੈ। ਇਹ

| | | | | | |
|---|---|---|---|---|---|
| 1 | 2 | 3 | × | 4 | 5 |
| 6 | | | 7 | × | |
| | × | 8 | | 9 | |
| × | 10 | × | 11 | | × |
| 12 | | 13 | × | × | 14 |
| 15 | | | × | 16 | |
| | × | 17 | | | |

ਚਿਤਰ 1 : ਸ਼ਬਦ ਪਹੇਲੀ

ਨੰਬਰ ਚਿਤਰਾਂ ਵਾਲੇ ਨੰਬਰਾਂ ਨਾਲ ਮਿਲਦੇ ਹਨ। ਖਾਲੀ ਖਾਨਿਆਂ ਵਿਚ ਪੈਂਤੀ ਦੇ ਉਹ ਅੱਖਰ ਭਰੇ ਜਾਂਦੇ ਹਨ ਜਿਨ੍ਹਾਂ ਨਾਲ ਨੰਬਰਾਂ ਵਾਲੀਆਂ ਪਰਿਭਾਸ਼ਾਵਾਂ ਲਈ ਢੁਕਵੇਂ ਸ਼ਬਦ ਬਣਦੇ ਹੋਣ। ਸ਼ਬਦ ਇਕ ਦੂਜੇ ਵਿਚ ਜਕੜੇ ਹੋਣ ਕਰਕੇ ਜਾਂ ਇਕ ਦੂਜੇ ਵਿਚੋਂ ਦੀ ਲੰਘਦੇ ਹੋਣ ਕਰਕੇ ਜਾਂ ਇਸ ਨੂੰ ਬੁਝਾਰਤ ਦਾ ਨਾਂ ਦਿਤਾ ਗਿਆ ਹੈ।

ਸਭ ਤੋਂ ਪਹਿਲੀ ਸ਼ਬਦ ਪਹੇਲੀ 19ਵੀਂ ਸਦੀ ਵਿਚ ਇੰਗਲੈਂਡ ਵਿਚ ਸ਼ੁਰੂ ਹੋਈ ਸੀ, ਪਰ ਅਜ ਕਲ੍ਹ ਲਗਭਗ ਹਰ ਇਕ ਅਖ਼ਬਾਰ ਵਿਚ ਅਜਿਹੀਆਂ ਸ਼ਬਦ-ਪਹੇਲੀਆਂ ਪ੍ਰਚਲਤ ਹਨ।

### ਪਰਿਭਾਸ਼ਾਵਾਂ ਦੀਆਂ ਸੂਚੀਆਂ

| ਪਏ ਦਾਅ | ਖੜ੍ਹੇ ਦਾਅ |
|---|---|
| 1. ਦੇਸ਼ ਦਾ ਨਾਂ | 1. ਡੈਮ ਦਾ ਨਾਂ |
| 4. ਸਾਰੇ | 2. ਕਿਸੇ ਫਲ ਆਦਿ ਦਾ ਨਿਚੋੜ |
| 6. ਨਸ਼ੇ ਵਾਲੇ ਪੌਦੇ ਦੇ ਬੀਜ | 3. ਰਾਜ ਗੱਦੀ |
| 8. ਆਦਮੀ ਦਾ ਨਾਂ | 5. ਵਹਿਮ |
| | 7. ਆਸਾਨ |
| 11. ਸਰੀਰ ਦਾ ਇਕ ਹਿੱਸਾ | 9. ਅੱਗ ਦਾ ਤਾਅ |
| 12. ਦੂਜੇ ਵਿਅਕਤੀ ਦੀ ਜ਼ੁੰਮੇਵਾਰੀ ਲੈਣ ਵਾਲਾ ਵਿਅਕਤੀ | 10. ਫੁੱਲ |
| | 13. ਖਾਣੇ ਲਈ ਇਕ ਲੋੜੀਂਦੀ ਵਸਤ |
| 15. ਲਿਖਾਈ ਲਈ ਵਰਤੀ ਜਾਣ ਵਾਲੀ ਇਕ ਵਸਤ | 14. ਪਰਮਾਤਮਾ ਦਾ ਪ੍ਰੇਮੀ |
| 16. ਹਿੱਸਾ | 16. ਬੋਝ |
| 17. ਸਿਹਤ- ਠੀਕ ਰੱਖਣ ਲਈ ਇਕ ਕਿਰਿਆ | |

| | | | | | |
|---|---|---|---|---|---|
| 1 ਭਾ | 2 ਰ | 3 ਤ | × | 4 ਸ | 5 ਭ |
| 6 ਖ | ਸ | ਖ | 7 ਸ | × | ਰ |
| ੜਾ | × | 8 ਤ | ਰ | 9 ਸੇ | ਮ |
| × | 10 ਕ | × | 11 ਲ | ਕ | × |
| 12 ਜਾ | ਮ | 13 ਨ | × | × | 14 ਭ |
| 15 ਕ | ਲ | ਮ | × | 16 ਭਾ | ਗ |
| ਟ | × | 17 ਕ | ਸ | ਰ | ਤ |

ਚਿਤਰ 2

ਇਨ੍ਹਾਂ ਪਹੇਲੀਆਂ ਸਬੰਧੀ ਪ੍ਰਮੁੱਖ ਪੁਸਤਕਾਂ ਨਿਮਨ ਲਿਖਤ ਹਨ—

ਕ੍ਰਾਸਵਰਡ ਪਜ਼ਲ ਬੁਕਸ ਐਂਡ ਓਮਨੀਬਸ, ਜਾਇੰਟ ਕ੍ਰਾਸਵਰਡ ਪਜ਼ਲ ਬੁਕਸ ਆਦਿ।

ਹ. ਪੁ.—ਐਨ. ਬ੍ਰਿ. ਮਾ. 3 : 260

**ਕਰਾਕ :** ਇਹ ਜਾਰਡਨ ਦੇ ਅਲ-ਕਰਾਕ ਨਾਂ ਦੇ ਮੁਹਾਫਜ਼ਾ ਦੀ ਰਾਜਧਾਨੀ ਹੈ, ਜੋ ਆਰਨਾਨ ਦਰਿਆ ਦੇ 27 ਕਿ. ਮੀ. ਦੱਖਣ ਵਲ ਅਤੇ ਮ੍ਰਿਤ ਸਾਗਰ ਦੇ ਲਗਭਗ 16 ਕਿ. ਮੀ. ਪੂਰਬ ਵਿਚ, ਸਮੁੰਦਰ ਤਲ ਤੋਂ 950 ਮੀ. ਦੀ ਉਚਾਈ ਉਤੇ ਇਕ ਪਠਾਰ ਜਿਹੀ ਉਪਰ ਸਥਿਤ ਹੈ। ਇਜ਼ਰਾਈਲ, ਜੂਡਾ ਅਤੇ ਈਡਮ ਦੇ ਬਾਦਸ਼ਾਹਾਂ ਨੇ ਰਲ ਕੇ ਇਸ ਨੂੰ ਫਤਹਿ ਕੀਤਾ ਸੀ ਜਦੋਂ ਕਿ ਇਹ ਮੋਐਬ ਦੀ ਰਾਜਧਾਨੀ ਹੁੰਦਾ ਸੀ। ਤੀਜੀ ਈ. ਵਿਚ ਭੂਗੋਲ-ਸ਼ਾਸਤਰੀ ਟਾਲਮੀ ਨੇ ਇਸ ਦਾ ਨਾਂ ਚਾਰਾਕਮੋਬਾ ਰੱਖ ਦਿੱਤਾ। ਪਿੱਛੋਂ ਇਥੇ ਬਾਜ਼ਨਤੀਨੀ ਆਬਾਦ ਹੋ ਗਏ। ਸੰਨ 1136 ਵਿਚ ਇਸ ਨੂੰ ਕਿਲੇਬੰਦ ਕੀਤਾ ਗਿਆ। ਸੰਨ 1188 ਵਿਚ ਇਸ ਸ਼ਹਿਰ ਉਤੇ ਮੁਸਲਮਾਨਾਂ ਦਾ ਕਬਜ਼ਾ ਹੋ ਗਿਆ। ਅਜੋਕੇ ਨਾਂ ਦਾ ਜ਼ਿਕਰ ਪਹਿਲੀ ਵਾਰ ਤੇਰ੍ਹਵੀਂ ਸਦੀ ਦੇ ਇਸਲਾਮੀ ਇਤਿਹਾਸ ਵਿਚ ਆਇਆ ਹੈ।

ਇਹ ਇਕ ਭਾਰੀ ਮੰਡੀ ਅਤੇ ਪ੍ਰਸ਼ਾਸਕੀ ਕੇਂਦਰ ਹੈ। ਬਾਜ਼ਨਤੀਨੀ ਗਿਰਜਿਆਂ ਦੇ ਖੰਡਰਾਤ ਅੱਜ ਵੀ ਇਥੇ ਮੌਜੂਦ ਹਨ।

ਆਬਾਦੀ—11, 941 (1979)
31° 11′ ਉ. ਵਿਥ, 35° 42′ ਪੂ. ਲੰਬ.
ਹ. ਪੁ.—ਐਨ. ਬ੍ਰਿ. ਮਾ. 1 . 249

**ਕਰਾਕਾਟਾਉ :** ਇਹ ਇੰਡੋਨੇਸ਼ੀਆ ਦਾ ਇਕ ਜਵਾਲਾਮੁਖੀ ਦੀਪ ਹੈ। ਇਸ ਦਾ ਸਥਾਨਕ ਨਾਂ ਰਾਕਾਟਾ ਹੈ। ਇਹ ਸੁੰਡਾ ਜਲਡਮਰੂ ਤੇ ਸੁਮਾਟਰਾ ਅਤੇ ਜਾਵਾ ਦੇ ਵਿਚਕਾਰ ਸਥਿਤ ਹੈ। 813 ਮੀ. ਉੱਚਾ ਇਹ ਜਵਾਲਾਮੁਖੀ 20 ਮਈ, 1883 ਨੂੰ ਕਿਰਿਆਸ਼ੀਲ ਹੋਇਆ ਅਤੇ 27,28 ਅਗਸਤ ਦੀ ਰਾਤ ਨੂੰ ਬਹੁਤ ਭਿਆਨਕ ਭੂਚਾਲ ਦੇ ਧਮਾਕੇ ਨਾਲ ਇਹ ਫਟ ਗਿਆ। ਇਹ ਭੂਚਾਲ ਸੰਸਾਰ ਦੇ ਰਿਕਾਰਡ ਕੀਤੇ ਭਿਆਨਕ ਭੂਚਾਲਾਂ ਵਿਚੋਂ ਇਕ ਸੀ। ਇਸ ਦਾ ਧਮਾਕਾ ਆਸਟ੍ਰੇਲੀਆ, ਫ਼ਿਲਪੀਨ ਅਤੇ ਜਾਪਾਨ ਵਿਚ ਸੁਣਿਆ ਗਿਆ। ਭੂਚਾਲ ਨੇ ਚਟਾਨ ਦਾ ਲਗਭਗ ਇਕ ਕਿਯੂਬਿਕ ਮੀਲ ਦਾ ਟੋਟਾ ਹਵਾ ਵਿਚ ਉਡਾ ਦਿੱਤਾ ਅਤੇ ਜਵਾਲਾਮੁਖੀ ਦੇ ਮੂੰਹ ਸਮੇਤ ਦੀਪ ਦਾ ਦੋ-ਤਿਹਾਈ ਹਿੱਸਾ ਗੁੰਮ ਹੀ ਹੋ ਗਿਆ। ਨਤੀਜੇ ਵਜੋਂ ਉੱਠੀਆਂ ਸਮੁੰਦਰੀ ਲਹਿਰਾਂ ਨਾਲ ਪੱਛਮੀ ਜਾਵਾ ਵਿਚ 36,000 ਬੰਦਿਆਂ ਦੀ ਮੌਤ ਹੋ ਗਈ। ਜਵਾਲਾਮੁਖੀ ਧੂੜ ਦੇ ਉੱਠੇ ਬੱਦਲ ਆਲੇ-ਦੁਆਲੇ ਦੀ ਸਾਰੀ ਦੁਨੀਆ ਤੇ ਫੈਲ ਗਏ ਜਿਸ ਨਾਲ ਸੂਰਜ ਛਿਪਣ ਦੇ ਸਮੇਂ ਬਹੁਤ ਤੇਜ਼, ਚਮਕਦਾਰ ਰੌਸ਼ਨੀ ਦੇ ਦ੍ਰਿਸ਼ ਇੰਗਲੈਂਡ ਜਿੰਨੀ ਦੂਰ ਵੀ ਨਜ਼ਰ ਆਏ।

ਜਵਾਲਾਮੁਖੀ ਦੇ ਫਟਣ ਨਾਲ ਸੁੰਡਾ ਜਲਡਮਰੂ ਦੀ ਰੂਪ-ਰੇਖਾ ਵੀ ਬਦਲ ਗਈ। ਕਈ ਪੁਰਾਣੇ ਉਪ-ਦੀਪ ਗਾਇਬ ਹੋ ਗਏ ਤੇ ਕਈ ਨਵੇਂ ਹੋਂਦ ਵਿਚ ਆ ਗਏ। ਇਸ ਤੋਂ ਇਲਾਵਾ ਦੀਪ ਵਿਚ 1927, 1933, 1950 ਅਤੇ 1952 ਈ. ਆਦਿ ਵਿਚ ਵੀ ਕਈ ਭੂਚਾਲ ਆਏ। ਇਹੀ ਕਾਰਨ ਹੈ ਕਿ 1927 ਤੋਂ ਬਾਅਦ ਇਥੇ ਕੋਈ ਆਬਾਦੀ ਨਹੀਂ ਹੈ।

ਸੰਨ 1927 ਵਿਚ ਪਾਣੀ ਅੰਦਰ ਹੀ ਇਕ ਛੋਟਾ ਜਵਾਲਾਮੁਖੀ ਫਟਿਆ ਅਤੇ ਅਚਾਨਕ ਕਰਾਕਾਟਾਉ (ਭਾਵ, ਕਰਾਕਾਟਾਉ ਦਾ ਬੱਚਾ) ਇਸ ਦਾ ਨਾਂ ਰੱਖਿਆ ਗਿਆ। ਇਹ ਟਾਪੂ ਕੋਈ 5 ਕਿ. ਮੀ. ਲੰਬਾ ਚੌੜਾ ਹੈ ਅਤੇ ਇਸ ਦੇ ਮੂੰਹ ਵਾਲੇ ਹਿੱਸੇ ਵਿਚ 250 ਮੀ. (820 ਫੁੱਟ) ਚੌੜੀ ਅਤੇ 70 ਮੀ. (230 ਫੁੱਟ) ਡੂੰਘੀ ਝੀਲ ਹੈ।

6°9′ ਦੱ.ਵਿਥ.; 105°27′. ਪੂ. ਲੰਬ.
ਹ. ਪੁ.—ਐਨ. ਅਮੈ. 16 : 537

**ਕਰਾਕੁਰਮ :** ਇਹ ਮੰਗੋਲ ਸਾਮਰਾਜ ਦੀ ਮਸ਼ਹੂਰ ਅਤੇ ਪ੍ਰਾਚੀਨ ਰਾਜਧਾਨੀ ਹੁੰਦੀ ਸੀ, ਜਿਸ ਦੇ ਖੰਡਰਾਤ ਮੰਗੋਲੀਆ ਗਣਰਾਜ ਦੇ ਆਰਾ ਹੈਂਗੋ ਪ੍ਰਾਂਤ ਵਿਚ ਉੱਤਰੀ ਓਕਰਾਨ ਦਰਿਆ ਦੇ ਕੰਢੇ ਤੇ ਮਿਲਦੇ ਹਨ। ਇਸ ਦੀ ਬੁਨਿਆਦ ਮੰਗੋਲ ਸਰਦਾਰ ਚੰਗੇਜ਼ ਖ਼ਾਂ ਨੇ ਰੱਖੀ, ਜਿਸ ਨੇ ਹੌਲੀ-ਹੌਲੀ ਨਾ ਕੇਵਲ ਸਾਰੇ ਮੰਗੋਲਾਂ ਉੱਤੇ ਸਗੋਂ ਅਲਤਾਈ ਪਹਾੜਾਂ ਤੋਂ ਲੈ ਕੇ ਆਮੂਰ ਦਰਿਆ ਤੱਕ ਸਾਰੀ ਵਾਦੀ ਦੇ ਲੋਕਾਂ ਤੇ ਆਪਣੀ ਹਕੂਮਤ ਕਰ ਲਈ। 1235 ਈ. ਵਿਚ ਓਗਦਾਈ ਖਾਨ ਨੇ ਕਰਾਕੁਰਮ ਦੇ ਆਲੇ-ਦੁਆਲੇ ਫਸੀਲ ਬਣਵਾ ਲਈ ਅਤੇ ਇਕ ਆਇਤਾਕਾਰ ਮਹਿਲ ਵੀ ਬਣਵਾਇਆ ਜਿਹੜਾ ਕਿ 70 ਮੀ. ਲੰਬਾ ਅਤੇ 45 ਮੀ. ਚੌੜਾ ਸੀ ਅਤੇ ਜਿਸ ਦੇ ਗ੍ਰੇਨਾਈਟ ਪੱਥਰ ਤੇ ਖੜ੍ਹੇ 64 ਲਕੜੀ ਦੇ ਥੰਮ੍ਹ ਸਨ। ਕਰਾਕੁਰਮ ਵਿਚ ਬਹੁਤ ਸਾਰੇ ਇੱਟਾਂ ਦੇ ਮਕਾਨ, 12 ਧਰਮਸ਼ਾਲਾਵਾਂ, 2 ਮਸ਼ੀਨਾਂ ਅਤੇ ਇਕ ਗਿਰਜਾ ਘਰ ਸੀ।

ਸੰਨ 1246 ਅਤੇ 1254 ਈ. ਦੇ ਦੌਰਾਨ ਇਸ ਥਾਂ ਕ੍ਰਮਵਾਰ ਜੋਨਜ਼ ਡੀ ਪਲਾਨੋ ਕਾਰਪਿਲੀ ਅਤੇ ਵਿਲੀਅਮ ਨਾਮੀ ਦੋ ਭਿਕਸ਼ੂ ਆਏ। ਇਸ ਥਾਂ ਤੇ ਖੰਡਰਾਂ ਦੀ ਖੁਦਾਈ 1948-49 ਈ. ਵਿਚ ਰੂਸੀ ਅਤੇ ਮੰਗੋਲੀ ਪੁਰਾਤੱਤਵ ਵਿਗਿਆਨੀਆਂ ਨੇ ਕੀਤੀ।

ਹ. ਪੁ.—ਐਨ. ਬ੍ਰਿ. 13 : 233

**ਕਰਾਗਯੇਵਾਟਸ :** ਇਹ ਯੂਗੋਸਲਾਵੀਆ ਦੇ ਸਰਬੀਆ ਨਾਂ ਦੇ ਖੰਡ ਦਾ ਇਕ ਸ਼ਹਿਰ ਹੈ। ਸੰਨ 1818-39 ਵਿਚ ਇਹ ਸਰਬੀਆ ਦੀ ਰਾਜਧਾਨੀ ਹੁੰਦੀ ਸੀ ਅਤੇ ਇਸ ਸਮੇਂ ਇਥੇ ਹਾਈ ਸਕੂਲ, ਥੀਏਟਰ, ਮਿਲਟਰੀ ਸਕੂਲ ਅਤੇ ਛਾਪੇਖਾਨੇ ਸਥਾਪਤ ਕੀਤੇ ਗਏ। ਸਰਬੀਆ ਦਾ ਪਹਿਲਾ ਅਖ਼ਬਾਰ 'Novino Srbska', ਇਥੇ ਹੀ ਪ੍ਰਕਾਸ਼ਤ ਕੀਤਾ ਗਿਆ ਸੀ। ਸੰਨ 1941 ਈ. ਵਿਚ, ਦੂਜੇ ਮਹਾਂ ਯੁੱਧ ਦੌਰਾਨ, ਜਰਮਨਾਂ ਨੇ ਕਰਾਗੁਯੇਵਾਟਸ ਅਤੇ ਕ੍ਰਾਲਯੀਵਾ ਦੇ ਖੇਤਰਾਂ ਦੇ 14 ਸਾਲ ਤੋਂ 70 ਸਾਲ ਦੀ ਉਮਰ ਦੇ ਆਦਮੀਆਂ ਦਾ ਕਤਲਾਮ ਕੀਤਾ ਸੀ। ਇਥੇ ਇਕ ਯਾਦਗਾਰ ਬਣੀ ਹੋਈ ਹੈ ਜੋ ਇਸ ਖ਼ੂਨੀ ਸਾਕੇ ਦੀ ਅੱਜ ਵੀ ਯਾਦ ਦਿਵਾਉਂਦੀ ਹੈ। ਇਹ ਉਪਜਾਊ ਇਲਾਕੇ ਵਿਚ ਸਥਿਤ ਹੋਣ ਕਰਕੇ ਫਲਾਂ ਦੇ ਡੱਬੇ ਬੰਦ ਕਰਨ, ਮੀਟ ਤਿਆਰ ਕਰਨ ਅਤੇ ਸਬਜ਼ੀਆਂ ਆਦਿ ਉਗਾਉਣ ਦਾ ਇਕ ਵੱਡਾ ਕੇਂਦਰ ਹੈ।

ਸੰਨ 1972 ਈ. ਵਿਚ ਯੂਗੋਸਲਾਵੀਆ ਵੱਲੋਂ ਡਿਜ਼ਾਈਨ ਕੀਤੀ ਪਹਿਲੀ ਕਾਰ ਇਥੇ ਬਣਾਈ ਗਈ। ਇਥੇ ਦਵਾਈਆਂ ਬਣਾਉਣ ਨਾਲ ਸਬੰਧਤ ਰਸਾਇਣਕ ਪਲਾਂਟ ਸਥਾਪਤ ਹਨ।

ਆਬਾਦੀ—164,923 (1981)
44°.01′ ਉ. ਵਿਥ. ; 22°55′ ਪੂ. ਲੰਬ.
ਹ. ਪੁ.—ਐਨ. ਬ੍ਰਿ. ਮਾ. 5 : 908

**ਕਰਾਚੀ :** ਪਾਕਿਸਤਾਨ ਵਿਚ ਸਿੰਧ ਸੂਬੇ ਦੀ ਕਰਾਚੀ ਡਿਵੀਜ਼ਨ ਅਤੇ ਇਸੇ ਨਾਂ ਦੇ ਜ਼ਿਲ੍ਹੇ ਦਾ ਸ਼ਹਿਰ ਹੈ। ਇਹ ਮਹੱਤਵਪੂਰਨ ਵਪਾਰਕ ਅਤੇ ਸੱਨਅਤੀ ਕੇਂਦਰ ਵੀ ਹੈ। ਇਹ ਪਾਕਿਸਤਾਨ ਦਾ ਸਭ ਤੋਂ ਵੱਡਾ ਸ਼ਹਿਰ ਵੀ ਹੈ ਅਤੇ ਸਿੰਧ ਦਰਿਆ ਦੇ ਡੈਲਟੇ ਦੇ ਬਿਲਕੁਲ ਉੱਤਰ-ਪੱਛਮ ਵਿਚ ਅਰਬ ਸਾਗਰ ਦੇ ਤੱਟ ਤੇ ਸਥਿਤ ਇਕ ਬੰਦਰਗਾਹ ਹੈ। ਕਰਾਚੀ ਦੇ ਖ਼ਾਸ ਸ਼ਹਿਰ ਨੇ ਕੋਈ 590 ਵ. ਕਿ. ਮੀ. ਅਤੇ ਇਸ ਦੇ ਮੈਟ੍ਰੋਪਾਲਿਟਨ ਖੇਤਰ ਨੇ 1450 ਵ. ਕਿ. ਮੀ. ਥਾਂ ਰੋਕਿਆ ਹੋਇਆ ਹੈ।

ਕਰਾਚੀ ਦਾ ਮੌਜੂਦਾ ਸਥਾਨ ਬਹੁਤ ਹੀ ਥੋੜ੍ਹੇ ਸਮੇਂ ਵਿਚ ਬਣਿਆ ਹੈ। ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਇਹ ਮੱਛੀਆਂ ਫੜਨ ਵਾਲਾ ਪਿੰਡ ਸੀ। ਸ਼ਹਿਰ ਨੂੰ ਕਈ ਨਾਵਾਂ ਨਾਲ ਜਿਵੇਂ ਕਿ ਕਰਾਂਜੀ, ਕਰੋਚੀ, ਕੁਰਾਚੀ ਆਦਿ ਨਾਵਾਂ ਨਾਲ ਸੱਦਿਆ ਜਾਂਦਾ ਹੈ। ਇਹ ਸਾਰੇ ਨਾਂ ਇਸ ਦੇ ਮੁੱਢਲੇ ਸਿੰਧੀ ਨਾਂ ਤੋਂ ਹੀ ਬਣੇ ਹਨ। ਪਹਿਲਾਂ ਇਥੇ ਜੋ ਬਸਤੀ ਸੀ ਉਸਨੂੰ ਕਲਾਚੀ ਜੋ—ਕੋਥ ਕਿਹਾ ਜਾਂਦਾ ਸੀ ਜਿਸਦਾ ਭਾਵ ਸੀ 'ਕਲਾਸ਼ੀ' ਕਬੀਲੇ ਦੇ ਮੁੱਖੀ ਦਾ ਪਿੰਡ। ਇਸ ਦੇ ਦੋ ਦਰਵਾਜ਼ੇ ਸਨ। ਇਕ ਦਰਵਾਜ਼ੇ ਦਾ ਨਾਂ ਖਾਰਦਰ (ਖਾਰੇ ਪਾਣੀ ਵਾਲਾ ਦਰਵਾਜ਼ਾ) ਅਤੇ ਦੂਜੇ ਦਾ ਨਾਂ ਮਿੱਠਦਰ (ਮਿੱਠੇ ਪਾਣੀ ਵਾਲਾ ਦਰਵਾਜ਼ਾ) ਸੀ। ਇਹ ਦੋਵੇਂ ਲਿਆਰੀ ਦਰਿਆ ਦੇ ਬਿਲਕੁਲ ਸਾਹਮਣੇ ਵਾਲੇ ਪਾਸੇ ਹਨ।

ਇਸ ਪਿੰਡ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ ਹੈ। ਸੰਨ 1839 ਈ. ਵਿਚ ਜਦੋਂ ਇਸ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕੀਤਾ ਸੀ ਤਾਂ ਇਹ ਉਸ ਸਮੇਂ ਬੜੀ ਮਹੱਤਤਾ ਵਾਲਾ ਸਥਾਨ ਸੀ। ਸੰਨ 1842 ਈ. ਵਿਚ ਅੰਗਰੇਜ਼ਾਂ ਨੇ ਇਸ ਨੂੰ ਸਿੰਧ ਸੂਬੇ ਦੇ ਨਾਲ ਹੀ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਇਸ ਤੋਂ ਪਿਛੋਂ ਇਹ ਅੰਗਰੇਜ਼ਾਂ ਦੀਆਂ ਫ਼ੌਜਾਂ ਦਾ ਹੈਡਕੁਆਟਰ ਬਣ ਗਿਆ, ਅਤੇ ਇਸਦੇ ਨਾਲ ਹੀ ਇਹ ਮੱਛੀਆਂ ਫੜਨ ਵਾਲਾ ਪਿੰਡ ਸਿੰਧ ਦਰਿਆ ਦੇ ਇਲਾਕੇ ਦੀ ਮੁੱਖ ਬੰਦਰਗਾਹ ਦੇ ਰੂਪ ਵਿਚ ਵਿਕਸਿਤ ਹੋਣ ਲੱਗ ਪਿਆ।

ਸੰਨ 1843 ਵਿਚ ਸਿੰਧ ਦਰਿਆ ਤੋਂ ਲਗਪਗ 800 ਕਿ. ਮੀ. ਉਪਰ ਵਲ, ਕਰਾਚੀ ਅਤੇ ਮੁਲਤਾਨ ਵਿਚਕਾਰ ਦਰਿਆਈ-ਸਟੀਮਰ ਸੇਵਾ ਚਾਲੂ ਕਰ ਦਿਤੀ। ਸੰਨ 1854 ਤੋਂ ਅਗੋਂ ਇਥੇ ਹੋਰ ਬੰਦਰਗਾਹੀ ਸਹੂਲਤਾਂ ਮਿਲਣ ਲਗ ਪਈਆਂ। ਸੰਨ 1861 ਵਿਚ ਕਰਾਚੀ ਤੋਂ ਕੋਟਰੀ ਤੀਕ ਰੇਲ-ਲਾਈਨ ਵਿਛਾਈ ਗਈ। ਸੰਨ 1864 ਵਿਚ ਕਰਾਚੀ ਸ਼ਹਿਰ ਦਾ ਲੰਡਨ ਅਤੇ ਦੇਸ਼ ਦੇ ਅੰਦਰੂਨੀ ਹਿੱਸਿਆਂ ਨਾਲ ਸਿੱਧਾ ਟੈਲੀਗ੍ਰਾਫ ਸੰਚਾਰ ਸਥਾਪਤ ਕੀਤਾ ਗਿਆ। ਸੰਨ 1869 ਵਿਚ ਸੁਏਜ਼ ਨਹਿਰ ਦੇ ਖੁਲ੍ਹ ਜਾਣ ਕਾਰਨ ਕਰਾਚੀ ਦੀ ਮਹੱਤਤਾ ਹੋਰ ਵਧ ਗਈ ਅਤੇ ਇਹ ਇਕ ਮੁਕੰਮਲ ਬੰਦਰਗਾਹ ਬਣ ਗਈ। ਸੰਨ 1873 ਤੀਕ ਪ੍ਰਬੰਧ ਦੇ ਪੱਖੋਂ ਇਹ ਬਹੁਤ ਵਧੀਆ ਬੰਦਰਗਾਹ ਬਣ ਚੁੱਕੀ ਸੀ।

ਸੰਨ 1886 ਵਿਚ ਕਰਾਚੀ ਪੋਰਟ ਟਰੱਸਟ ਪੋਰਟ ਅਥਾਰਟੀ ਦੇ ਰੂਪ ਵਿਚ ਸਥਾਪਤ ਕੀਤੀ ਗਈ 1888 ਅਤੇ 1910 ਵਿਚਕਾਰ ਪੂਰਬੀ ਘਾਟ ਬਣਾਇਆ ਗਿਆ। ਸੰਨ 1890 ਵਿਚ ਜਦੋਂ ਪੰਜਾਬ ਭਾਰਤ ਦੇ ਅਨਾਜ ਦੇ ਭੰਡਾਰ ਵਜੋਂ ਅਗੇ ਆਇਆ ਤਾਂ ਕਰਾਚੀ ਇਲਾਕੇ ਦੀ ਮੁੱਖ ਬਰਾਮਦੀ ਬੰਦਰਗਾਹ ਬਣ ਗਈ। ਸੰਨ 1914 ਤੀਕ ਇਹ ਅੰਗਰੇਜ਼ ਸਾਮਰਾਜ ਦੀ ਅਨਾਜ ਬਰਾਮਦ ਕਰਨ ਵਾਲੀ ਸਭ ਤੋਂ ਵੱਡੀ ਬੰਦਰਗਾਹ ਬਣ ਗਈ ਸੀ।

ਪਹਿਲੇ ਮਹਾਂ ਯੁੱਧ ਤੋਂ ਬਾਅਦ ਇਥੇ ਨਿਰਮਾਣਕਾਰੀ ਅਤੇ ਆਵਾਜਾਈ ਨਾਲ ਸਬੰਧਤ ਉਦਯੋਗ ਸਥਾਪਤ ਕੀਤੇ ਗਏ। ਸੰਨ 1924 ਤੀਕ ਇਥੇ ਹਵਾਈ ਅੱਡਾ ਬਣਾ ਦਿਤਾ ਗਿਆ ਅਤੇ ਪਿਛੋਂ ਕਰਾਚੀ ਭਾਰਤ ਵਿਚ ਦਾਖਲ ਹੋਣ ਲਈ, ਮੁੱਖ ਹਵਾਈ ਅੱਡਾ ਬਣ ਗਿਆ। ਸੰਨ 1936 ਵਿਚ ਇਹ ਸ਼ਹਿਰ ਸਿੰਧ ਦੀ ਰਾਜਧਾਨੀ ਬਣ ਗਿਆ।

ਸੰਨ 1947 ਵਿਚ ਪਾਕਿਸਤਾਨ ਦੇ ਬਣਨ ਨਾਲ, ਕਰਾਚੀ ਨਾ ਕੇਵਲ ਨਵੇਂ ਦੇਸ਼ ਦੀ ਰਾਜਧਾਨੀ ਅਤੇ ਮੁੱਖ ਬੰਦਰਗਾਹ ਹੀ ਬਣਿਆ, ਸਗੋਂ ਉਦਯੋਗ, ਕਾਰੋਬਾਰ ਅਤੇ ਪ੍ਰਬੰਧ ਦਾ ਮੁੱਖ ਕੇਂਦਰ ਵੀ ਬਣਿਆ। 23 ਜੁਲਾਈ, 1948 ਨੂੰ ਕਰਾਚੀ ਸ਼ਹਿਰ ਛਾਉਣੀ, ਬੰਦਰਗਾਹ ਅਤੇ 55 ਪਿੰਡਾਂ ਨੂੰ ਸਿੰਧ ਸੂਬੇ ਵਿਚੋਂ ਕਢ ਕੇ ਇਕ ਵਖਰਾ ਕੇਂਦਰ ਪ੍ਰਸ਼ਾਸਤ ਇਲਾਕਾ ਬਣਾ ਦਿਤਾ ਗਿਆ। ਭਾਵੇਂ ਅਕਤੂਬਰ, 1959 ਵਿਚ ਪਾਕਿਸਤਾਨ ਦੀ ਰਾਜਧਾਨੀ ਰਾਵਲਪਿੰਡੀ ਬਦਲ ਦਿਤੀ ਗਈ ਪਰ ਬਹੁਤ ਸਾਰੇ ਕੇਂਦਰੀ ਦਫਤਰ ਕਰਾਚੀ ਵਿਚ ਹੀ ਰਹੇ।

ਸੰਨ 1960 ਦੇ ਮੱਧ ਤੀਕ ਕਰਾਚੀ ਵਿਚ 3000 ਤੋਂ ਵੱਧ ਫੈਕਟਰੀਆਂ ਸਥਾਪਤ ਸਨ। ਇਥੇ ਮੁੱਖ ਤੌਰ ਤੇ ਸੂਤੀ ਕੱਪੜਾ ਅਤੇ ਜੁੱਤੀਆਂ ਹੀ ਤਿਆਰ ਕੀਤੀਆਂ ਜਾਂਦੀਆਂ ਸਨ। ਇਸ ਤੋਂ ਪਿਛੋਂ ਧਾਤੂ ਵਸਤਾਂ, ਖ਼ੁਰਾਕ ਅਤੇ ਸ਼ਰਾਬ, ਕਾਗਜ਼, ਛਪਾਈ, ਲਕੜੀ ਅਤੇ ਫਰਨੀਚਰ, ਮਸ਼ੀਨਰੀ, ਰਸਾਇਣਕ ਵਸਤਾਂ ਅਤੇ ਪੈਟਰੋਲੀਅਮ, ਚਮੜਾ, ਰਬੜ ਅਤੇ ਬਿਜਲੀ ਦਾ ਸਾਮਾਨ ਤਿਆਰ ਹੋਣ ਲੱਗ ਪਿਆ। ਇਸ ਸਮੇਂ ਕਰਾਚੀ ਘਰੇਲੂ-ਦਸਤਕਾਰੀ ਅਤੇ ਉਦਯੋਗ ਦਾ ਮਹੱਤਵਪੂਰਨ ਕੇਂਦਰ ਹੈ। ਇਨ੍ਹਾਂ ਉਦਯੋਗਾਂ ਵਿਚ ਹੱਥ-ਖੱਡੀ ਦੇ ਬਣੇ ਕੱਪੜੇ, ਲੇਸ, ਗ਼ਲੀਚੇ, ਪਿੱਤਲ ਅਤੇ ਕਾਂਸੀ ਦੀਆਂ ਬਣੀਆਂ ਵਸਤਾਂ, ਮਿੱਟੀ ਦੇ ਭਾਂਡੇ, ਚਮੜੇ ਦਾ ਸਾਮਾਨ ਅਤੇ ਸੋਨੇ ਅਤੇ ਚਾਂਦੀ ਦੀ ਕਢਾਈ ਦੀਆਂ ਵਸਤਾਂ ਦਾ ਉਤਪਾਦਨ ਕੀਤਾ ਜਾਂਦਾ ਹੈ।

ਸਦਰ ਬਾਜ਼ਾਰ ਕਰਾਚੀ ਦਾ ਮੁੱਖ ਬਾਜ਼ਾਰ ਹੈ। ਬੰਦਰ ਰੋਡ, ਮੈਕਲਿਓਡ ਰੋਡ, ਫਰੀਰ ਰੋਡ ਅਤੇ ਲਾਰੈਂਸ ਰੋਡ ਇਥੋਂ ਦੇ ਪ੍ਰਸਿੱਧ ਵਪਾਰਕ ਖੇਤਰ ਹਨ। ਸੰਵਿਧਾਨ ਸਭਾ, ਕਰਾਚੀ ਪੋਸਟ ਟਰੱਸਟ ਅਤੇ ਕਾਰਪੋਰੇਸ਼ਨ, ਰਾਸ਼ਟਰਪਤੀ ਭਵਨ ਅਤੇ ਰਾਸ਼ਟਰੀ ਸਟੇਡੀਅਮ ਦੀਆਂ ਇਮਾਰਤਾਂ ਵਿਸ਼ੇਸ਼ ਤੌਰ ਤੇ ਵੇਖਣਯੋਗ ਹਨ। ਇਸ ਸਮੇਂ ਕਰਾਚੀ ਵਿਚ 19 ਪਾਰਕ ਹਨ। ਗਾਂਧੀ ਗਾਰਡਨਜ਼ ਅਤੇ ਬਰਨਜ਼ ਗਾਰਡਨਜ਼ ਇਥੋਂ ਦੇ ਸਭ ਤੋਂ ਪ੍ਰਸਿੱਧ ਪਾਰਕ ਹਨ। ਫਰੀਰ ਹਾਲ ਇਥੋਂ ਦਾ ਰਾਸ਼ਟਰੀ ਅਜਾਇਬ-ਘਰ ਹੈ। ਗਾਂਧੀ ਗਾਰਡਨਜ਼ ਵਿਚ ਕਰਾਚੀ ਚਿੜੀਆ-ਘਰ ਸਥਾਪਤ ਹੈ। ਹਾਕਸ ਬੇ, ਸੈਂਡਸਪਿਟ, ਪੈਰਾਡਾਈਜ਼ ਪੁਆਇੰਟ ਅਤੇ ਕਲਿਫਟਨ ਨਹਾਨ ਅਤੇ ਮੱਛੀਆਂ ਫੜਨ ਲਈ ਬਹੁਤ ਸੁੰਦਰ ਬੀਚਾਂ ਹਨ।



ਇਕ ਸਾਲਾਨਾ ਧਾਰਮਕ ਸਮੁੰਦਰੀ ਮੇਲੇ ਤੇ ਜਾਂਦੇ ਹੋਏ ਕਰਾਚੀ ਦੇ ਲੋਕ।

ਕਰਾਚੀ ਗ੍ਰਾਮਰ ਸਕੂਲ, ਸੇਂਟ ਜੋਜ਼ਫਸ ਕਾਨਵੈਂਟ ਸਕੂਲ, ਸੇਂਟ ਪੈਟਰਿਕਸ ਹਾਈ ਸਕੂਲ, ਸਿੰਧ-ਮਦਰੱਸਾ ਅਤੇ ਇਕ ਮੁਸਲਮ ਸਕੂਲ, ਇਥੋਂ ਦੇ ਪ੍ਰਸਿੱਧ ਸਕੂਲ ਹਨ। ਕਰਾਚੀ ਯੂਨੀਵਰਸਿਟੀ (1951) ਵੀ ਇਸੇ ਸ਼ਹਿਰ ਵਿਚ ਸਥਾਪਤ ਹੈ ਅਤੇ 75 ਕਾਲਜ ਇਸ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ ਇਥੇ ਇਕ ਮੈਡੀਕਲ ਕਾਲਜ, ਪਾਲਿਟੈਕਨਿਕ ਸੰਸਥਾ, ਕਾਲਜ ਆਫ ਹੋਮ ਇਕਨਾਮਿਕਸ ਅਤੇ ਦੋ ਟੀਚਰ ਟ੍ਰੇਨਿੰਗ ਕਾਲਜ ਹਨ।

ਪਾਕਿਸਤਾਨ ਆਰਟਸ ਕੌਂਸਲ, ਘਣਸ਼ਿਆਮ ਆਰਟ ਸੈਂਟਰ ਅਤੇ ਬੁਲਬੁਲ ਅਕਾਦਮੀ ਇਥੋਂ ਦੀਆਂ ਪ੍ਰਸਿੱਧ ਸਭਿਆਚਾਰਕ ਸੰਸਥਾਵਾਂ ਹਨ। ਇਥੇ ਟੈਲੀਵੀਜਨ ਸੈਂਟਰ ਅਤੇ ਰੇਡੀਓ ਸਟੇਸ਼ਨ ਹੈ।

ਕਰਾਚੀ ਇਕ ਵੱਡਾ ਹਵਾਈ ਅੱਡਾ ਹੈ ਜਿਸ ਦੀ ਯੂਰਪ, ਦੂਰ ਪੂਰਬ ਅਤੇ ਆਸਟ੍ਰੇਲੀਆ ਦੀਆਂ ਉਡਾਣਾਂ ਲਈ ਬੜੀ ਮਹੱਤਤਾ ਹੈ। ਵੱਡੇ ਵੱਡੇ ਜਹਾਜ਼ਾਂ ਲਈ ਸਾਰੀਆਂ ਸਹੂਲਤਾਂ ਇਥੇ ਮਿਲਦੀਆਂ ਹਨ। ਹਰ ਸਾਲ ਕੋਈ 1700 ਸਮੁੰਦਰੀ ਜਹਾਜ਼ ਇਥੇ ਹੀ ਆਉਂਦੇ ਹਨ।

ਕਰਾਚੀ ਕਲਾ ਅਤੇ ਸਭਿਆਚਾਰਕ ਪੱਖੋਂ ਬੜਾ ਰੰਗ-ਬਰੰਗਾ ਸ਼ਹਿਰ ਹੈ। ਯੂਰਪ ਦੇ ਆਧੁਨਿਕ ਅਤੇ ਪੂਰਬ ਦੇ ਪੁਰਾਣੇ ਇਮਾਰਤਾਂ ਦੇ ਨਮੂਨੇ ਆਮ ਵੇਖਣ ਵਿਚ ਆਉਂਦੇ ਹਨ। ਜਿਥੋਂ ਤੀਕ ਲੋਕਾਂ ਦਾ ਸਬੰਧ ਹੈ ਇਥੇ 97 ਫੀ ਸਦੀ ਮੁਸਲਮਾਨ ਹਨ, 2 ਫੀਸਦੀ ਈਸਾਈ ਅਤੇ 1 ਫੀ ਸਦੀ ਹਿੰਦੂ ਹਨ। ਇਨ੍ਹਾਂ ਤੋਂ ਇਲਾਵਾ ਥੋੜ੍ਹੀ ਗਿਣਤੀ

ਵਿਚ ਪਾਰਸੀ, ਬੋਧੀ, ਜੈਨੀ ਅਤੇ ਹਬਸ਼ੀ ਆਦਿ ਵੀ ਇਥੇ ਰਹਿੰਦੇ ਹਨ ।

ਆਬਾਦੀ—5,103,000 (1981)

24°51′ ਉ ਵਿਥ.; 67°4′ ਪੂ. ਲੰਬ

ਹ. ਪੁ.—ਐਨ. ਬ੍ਰਿ. ਮੈਂ. 10:398

**ਕ੍ਰਾਦ :** ਇਹ ਭਾਰਤ ਦੇ ਮਹਾਰਾਸ਼ਟਰ ਰਾਜ ਵਿਚ ਸਿਤਾਰਾ ਜ਼ਿਲ੍ਹੇ ਵਿਚ ਇਕ ਕਸਬਾ ਹੈ ਜੋ ਸਿਤਾਰਾ ਸ਼ਹਿਰ ਤੋਂ ਕੋਈ 52 ਕਿ. ਮੀ. ਦੱਖਣ ਦੱਖਣ ਪੂਰਬ ਵਿਚ, ਕੋਇਨਾ ਅਤੇ ਕ੍ਰਿਸ਼ਨਾ ਦਰਿਆਵਾਂ ਦੇ ਸੰਗਮ ਉੱਤੇ ਸਥਿਤ ਹੈ । ਪ੍ਰਾਚੀਨ ਲਿਖਤਾਂ ਵਿਚ ਇਸ ਕਸਬੇ ਦਾ ਨਾਂ ਕਰਾਕਦਾ ਹੈ ।

ਇਸ ਦੇ ਉੱਤਰ-ਪੂਰਬ ਵਿਚ ਇਕ ਪੁਰਾਣਾ ਕਿਲਾ ਹੈ, ਜਿਸ ਵਿਚ ਪੰਤ ਪ੍ਰਤੀਨਿਧੀ ਦਾ ਮਹਿਲ ਹੈ । ਕ੍ਰਾਦ ਦੀ ਮਸੀਤ ਵਿਚ ਨੌ ਸ਼ਿਲਾਲੇਖ ਅਰਬੀ ਵਿਚ ਹਨ । ਇਨ੍ਹਾਂ ਤੋਂ ਪਤਾ ਚਲਦਾ ਹੈ ਕਿ ਇਹ ਮਸੀਤ ਬੀਜਾਪੁਰ ਦੇ ਪੰਜਵੇਂ ਬਾਦਸ਼ਾਹ ਅਲੀ ਆਦਿਲ ਸ਼ਾਹ (1557-79) ਦੇ ਸਮੇਂ ਇਬਰਾਹੀਮ ਖਾਂ ਨੇ ਬਣਾਈ ਸੀ । ਕ੍ਰਾਦ ਤੋਂ ਪੰਜ ਕਿ. ਮੀ. ਉੱਤਰ-ਪੱਛਮ ਵਿਚ 54 ਬੋਧੀ ਗੁਫ਼ਾਵਾਂ ਹਨ ।

ਆਬਾਦੀ—42,326 (1971)

17° 17′ ਉ. ਵਿਥ.; 74°. 11′ ਪੂ. ਲੰਬ

ਹ. ਪੁ.—ਇੰਪ. ਗ. ਇੰਡ. 15 : 19.

**ਕਰਾਨਾਕ, ਲਿਊਕੈਸ, ਦੀ ਐਲਡਰ :** ਇਹ ਸੈਕਸਨੀ ਦਾ ਮੰਨਿਆ ਪ੍ਰਮੰਨਿਆ ਚਿੱਤਰਕਾਰ ਸੀ । ਇਸ ਦਾ ਅਸਲੀ ਨਾਂ ਲਿਊਕੈਸ ਮੂਲਰ ਸੀ । ਇਸ ਦਾ ਜਨਮ 1472 ਵਿਚ ਕਰਨੈਕ (ਹੁਣ ਪੱਛਮੀ ਜਰਮਨੀ ਵਿਚ) ਵਿਖੇ ਹੋਇਆ । ਇਹ 16ਵੀਂ ਸਦੀ ਦੇ ਜਰਮਨੀ ਦੇ ਫੁੱਲਾਂ ਦੀ ਚਿਤਰਕਾਰੀ ਅਤੇ ਬੁੱਤ-ਤਰਾਸ਼ੀ ਦੇ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਚਿੱਤਰਕਾਰਾਂ ਵਿਚੋਂ ਇਕ ਸੀ । ਇਸ ਦੇ ਮੁਢਲੇ ਕੰਮ ਵਿਚ ਬਾਈਬਲ ਸਬੰਧੀ ਵਿਸ਼ੇਸ਼ ਭਾਵੁਕੀ ਦ੍ਰਿਸ਼ ਹਨ, ਜਿਹੜੇ ਕਿ ਡਾਨੂਬੇ ਸਕੂਲ ਦੀ ਯਾਦ ਕਰਾਉਣ ਵਾਲੇ ਭੂ-ਦ੍ਰਿਸ਼ਾਂ ਨਾਲ ਸ਼ਿੰਗਾਰੇ ਹੋਏ ਹਨ । ਸੰਨ 1505 ਤੋਂ 1550 ਤਕ ਇਹ ਵਿਟੈਨੱਬੈੱਕ ਵਿਖੇ ਦਰਬਾਰੀ ਚਿੱਤਰਕਾਰ ਰਿਹਾ ਅਤੇ ਇਸ ਤਰ੍ਹਾਂ ਇਹ ਪ੍ਰੋਟੈਸਟੈਂਟ ਰੀਫਾਰਮੇਸ਼ਨ (ਜਿਹੜੀ ਇਥੇ 1517 ਵਿਚ ਸ਼ੁਰੂ ਹੋਈ ਸੀ) ਦਾ ਪ੍ਰਚਾਰਕ ਬਣ ਗਿਆ ।

ਇਸ ਦੇ ਸਾਰੇ ਚਿੱਤਰਾਂ ਤੇ ਲੱਕੜ ਉੱਤੇ ਖੁਦਾਈ ਦੇ ਕੰਮਾਂ ਵਿਚੋਂ ਵੇਦੀ ਦੇ ਪਿਛਲੇ ਪਾਸੇ ਦੇ ਪਰਦੇ, ਦਰਬਾਰੀ ਚਿੱਤਰ ਅਤੇ ਪ੍ਰੋਟੈਸਟੈਂਟ ਸੁਧਾਰਕਾਂ ਦੇ ਚਿੱਤਰ ਅਤੇ ਔਰਤਾਂ ਦੀਆਂ ਬਹੁਤ ਸਾਰੀਆਂ ਤਸਵੀਰਾਂ (ਜਿਨ੍ਹਾਂ ਵਿਚ ਔਰਤਾਂ ਦਾ ਨੰਗੇਜ ਅਤੇ ਬਹੁਤ ਚੰਗੀ ਤਰ੍ਹਾਂ ਸ਼ਿੰਗਾਰੀਆਂ ਹੋਈਆਂ ਔਰਤਾਂ ਦੇ ਚਿੱਤਰ ਸਨ) ਸਭ ਤੋਂ ਪ੍ਰਸਿੱਧ ਹਨ ।

16 ਅਕਤੂਬਰ, 1553 ਨੂੰ ਵਾਈਮਾਰ ਵਿਖੇ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. ਮਾ. 3 : 218.

**ਕਰਾਪਾਟਕਿਨ, ਪੀਟਰ ਅਲੈਗਜ਼ੀਵਿਚ :** ਰੂਸ ਦੇ ਇਸ ਪ੍ਰਸਿੱਧ ਭੂਗੋਲ-ਵਿਗਿਆਨੀ, ਸਮਾਜਕ ਫਿਲਾਸਫਰ ਅਤੇ ਇਨਕਲਾਬੀ ਦਾ ਜਨਮ 9 ਦਸੰਬਰ, 1842 ਨੂੰ ਮਾਸਕੋ ਵਿਖੇ ਹੋਇਆ । ਸੰਨ 1864 ਅਤੇ 1867 ਵਿਚਕਾਰ ਇਸ ਨੇ ਪੂਰਬੀ ਸਾਇਬੇਰੀਆ ਦੇ ਬਹੁਤ ਸਾਰੇ ਹਿੱਸਿਆਂ ਦੀ ਖੋਜ ਕੀਤੀ । ਸੰਨ 1867 ਵਿਚ ਇਹ ਫ਼ੌਜ ਛੱਡ ਕੇ ਸੇਂਟ ਪੀਟਰਜ਼ਬਰਗ ਯੂਨੀਵਰਸਿਟੀ ਚਲਾ ਗਿਆ ਅਤੇ ਇਥੇ ਇਸ ਨੇ ਉੱਤਰੀ ਏਸ਼ੀਆ ਦੇ ਪਰਬਤ-ਵਿਗਿਆਨ ਪ੍ਰਤੀ ਵਧੇਰੇ ਦਿਲਚਸਪੀ ਵਿਖਾਈ । ਆਪਣੇ ਗਿਆਨ ਤੋਂ ਇਲਾਵਾ, ਬੈਰੋਮੀਟਰੀ, ਭੂਗੋਲਕ ਅਤੇ ਭੌਤਿਕ ਪ੍ਰੇਖਣਾਂ ਤੋਂ ਇਹ ਇਸ ਨਤੀਜੇ ਤੇ ਪਹੁੰਚਿਆ ਕਿ ਏਸ਼ੀਆ ਦੀਆਂ ਲਕੀਰਾਂ ਉੱਤਰ-ਪੂਰਬ, ਦੱਖਣ-ਪੱਛਮ ਵਲ ਜਾਂਦੀਆਂ ਹਨ । ਸੰਨ 1871 ਤੋਂ 1872 ਤੀਕ ਇਸ ਨੇ ਫਿਨਲੈਂਡ ਦੇ ਗਲੇਸ਼ਰੀਕਰਨ ਉੱਤੇ ਖੋਜ ਕੀਤੀ । ਸੰਨ 1872 ਵਿਚ ਇਹ ਜੈਨੇਵਾ ਵਿਖੇ ਅੰਤਰ-ਰਾਸ਼ਟਰੀ ਵਰਕਿੰਗ ਮੈੱਨਜ਼ ਐਸੋਸੀਏਸ਼ਨ ਦਾ ਮੈਂਬਰ ਬਣਿਆ । ਪਿੱਛੋਂ ਇਹ ਰੂਸ ਪਰਤਿਆ । ਇਥੇ ਇਹ ਅਰਾਜਕਤਾਵਾਦੀ ਪ੍ਰਾਪੇਗੰਡਾ ਫੈਲਾਉਣ ਵਿਚ ਸਰਗਰਮ ਰਿਹਾ ਅਤੇ ਸੰਨ 1874 ਵਿਚ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । 1876 ਵਿਚ ਇਹ ਜੇਲ੍ਹ ਵਿਚੋਂ ਨਿਕਲ ਕੇ ਇੰਗਲੈਂਡ ਜਾ ਪਹੁੰਚਿਆ । ਸੰਨ 1877 ਵਿਚ ਇਹ ਸਵਿਟਜ਼ਰਲੈਂਡ ਮੁੜਿਆ ਅਤੇ ਇਥੇ ਇਸ ਨੇ ਆਪਣੀਆਂ ਅਰਾਜਕਤਾਵਾਦੀ ਕਾਰਵਾਈਆਂ ਜਾਰੀ ਰਖੀਆਂ । ਸੰਨ 1879 ਵਿਚ ਇਸ ਨੇ ਲੀ ਰੀਵੋਲਟ ਨਾਂ ਦਾ ਇਕ ਅਖ਼ਬਾਰ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ । ਸੰਨ 1881 ਵਿਚ ਇਸ ਨੂੰ ਰੂਸ ਸਰਕਾਰ ਦੀ ਮੰਗ ਤੇ ਸਵਿਟਜ਼ਰਲੈਂਡ ਵਿਚੋਂ ਬਾਹਰ ਕੱਢ ਦਿਤਾ ਗਿਆ । ਇਥੋਂ ਇਹ ਫਰਾਂਸ ਪਹੁੰਚਿਆ ਅਤੇ ਦੋ ਸਾਲ ਤੋਂ ਬਾਅਦ ਇਸ ਨੂੰ ਡਾਇਨਾਮਾਈਟ ਸਾਜ਼ਸ਼ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਪੰਜ ਸਾਲਾਂ ਲਈ ਕੈਦ ਕਰ ਦਿਤਾ ਗਿਆ । ਸੰਨ 1886 ਵਿਚ ਇਸ ਨੂੰ ਰਿਹਾ ਕਰ ਦਿਤਾ ਗਿਆ ਅਤੇ ਇਸ ਤੋਂ ਬਾਅਦ ਇਹ ਇੰਗਲੈਂਡ ਵਿਚ ਲੰਡਨ ਦੇ ਨੇੜੇ ਰਹਿਣ ਲੱਗ ਪਿਆ । ਇਥੇ ਇਹ ਆਪਣੇ ਵਿਚਾਰਾਂ ਨੂੰ ਕਈ ਰਸਾਲਿਆਂ ਵਿਚ ਪ੍ਰਕਾਸ਼ਤ ਕਰਦਾ ਰਿਹਾ । ਇਸ ਦੇ ਨਾਲ ਹੀ ਇਸ ਨੇ ਭੂਗੋਲਕ, ਰੂਸੀ ਇਤਿਹਾਸ ਅਤੇ ਸਮਾਜਕ ਫਿਲਾਸਫ਼ੀ ਸਬੰਧੀ ਪੁਸਤਕਾਂ ਪ੍ਰਕਾਸ਼ਤ ਕੀਤੀਆਂ । ਸੰਨ 1917 ਵਿਚ ਇਹ ਰੂਸ ਵਾਪਸ ਆ ਗਿਆ ਅਤੇ ਮਾਸਕੋ ਦੇ ਨੇੜੇ ਰਹਿਣ ਲੱਗ ਪਿਆ ਅਤੇ 8 ਫਰਵਰੀ, 1921 ਵਿਚ ਇਸ ਦੀ ਇਥੇ ਹੀ ਮੌਤ ਹੋ ਗਈ । ਮੌਤ ਤੋਂ ਬਾਅਦ ਇਸ ਦੇ ਜਨਮ-ਅਸਥਾਨ ਨੂੰ ਅਜਾਇਬ ਘਰ ਬਣਾ ਲਿਆ ਗਿਆ ।

"Field, Factories and Workshop" 1889, rev.ed 1913) ; "Memoirs of a Revolutionist." Mutual Aid, a Factor of Evolution" (1902, rev.ed 1904) "Orography of Asia" (1904) ਇਸ ਦੀਆਂ ਅੰਗਰੇਜ਼ੀ ਦੀਆਂ ਪ੍ਰਸਿੱਧ ਪੁਸਤਕਾਂ ਹਨ ।

ਹ. ਪੁ.—ਐਨ. ਅਮੈ. 16:546 ; ਕੋਲ. ਐਨ. 11 : 304.

**ਕ੍ਰਾਫਟ-ਏਬਿੰਗ ਰਿਚਰਡ :** ਇਸ ਜਰਮਨ ਵਿਗਿਆਨੀ ਦਾ ਜਨਮ 14 ਅਗਸਤ, 1840 ਨੂੰ ਮਾਨਹਿਮ ਵਿਖੇ ਹੋਇਆ । ਇਸ ਨੇ ਲਿੰਗ ਸਬੰਧੀ ਮਨੋਵਿਗਿਆਨਕ ਰੋਗਾਂ ਦੇ ਇਲਾਜ ਬਾਰੇ ਵੀ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ । ਇਸ ਨੇ ਆਪਣੀ ਸਿੱਖਿਆ ਜਰਮਨੀ ਅਤੇ ਸਵਿਟਜ਼ਰਲੈਂਡ ਵਿਚ ਪ੍ਰਾਪਤ ਕੀਤੀ । ਭਾਵੇਂ ਇਹ ਮਨੋਵਿਗਿਆਨ ਦਾ ਵਿਦਿਆਰਥੀ ਸੀ ਪਰ ਇਸ ਦੀ ਰੁਚੀ ਮੈਡੀਸਨ ਅਤੇ ਮਨੋ-ਚਿਕਿਤਸਾ ਵਿਚ ਕਾਫ਼ੀ ਰਹੀ । ਇਸ ਨੂੰ 32 ਸਾਲ ਦੀ ਉਮਰ ਵਿਚ ਸਟ੍ਰਾਸਬਰਗ ਵਿਚ ਮਨੋ-ਚਿਕਿਤਸਾ ਦਾ ਪ੍ਰੋਫ਼ੈਸਰ ਬਣਾਇਆ ਗਿਆ ਅਤੇ ਬਾਅਦ ਵਿਚ ਇਹ ਗਰੈਜ਼ ਅਤੇ ਵੀਆਨਾ ਵਿਚ ਵੀ ਅਜਿਹੀਆਂ ਪਦਵੀਆਂ ਤੇ ਰਿਹਾ । ਹੋਰਨਾਂ ਜਰਮਨ ਵਿਗਿਆਨੀਆਂ ਦੀ ਤਰ੍ਹਾਂ ਇਸਦੀ ਦਿਲਚਸਪੀ ਦਾ ਖੇਤਰ ਵੀ ਬਹੁਤ ਵਿਸ਼ਾਲ ਸੀ । ਮਨੋਚਿਕਿਤਸਾ ਵਿਚ ਇਸ ਦੀਆਂ ਰੋਗਾਂ ਸਬੰਧੀ ਪੜਚੋਲਾਂ ਕਾਫ਼ੀ ਵਿਚਾਰਨ ਯੋਗ ਹਨ । ਇਹ ਦੀਵਾਨਗੀ ਅਤੇ ਲਿੰਗੀ-ਭਟਕਣਾਂ ਵਿਚ ਜਣਨ ਕੰਮਾਂ ਬਾਰੇ ਕਾਫ਼ੀ ਦਿਲਚਸਪੀ ਰਖਦਾ ਸੀ । ਇਸਨੇ ਮਿਰਗੀ, ਅਧਰੰਗ ਅਤੇ ਸਿਰ ਦਰਦ ਦੀ ਇਕ ਕਿਸਮ ਹੈਮੀਕਰੇਨੀਆ ਬਾਰੇ ਵੀ ਖੋਜ ਕੀਤੀ । ਇਸਨੇ ਆਤਸ਼ਕ ਅਤੇ ਸਧਾਰਨ ਅਧਰੰਗ ਵਿਚਲੇ ਸਬੰਧ ਨੂੰ ਸਥਾਪਿਤ ਕੀਤਾ ਅਤੇ ਹਿਪਨੌਸਿਸ ਬਾਰੇ ਵੀ ਕਈ ਤਜਰਬੇ ਕੀਤੇ ।

ਕ੍ਰਾਫ਼ਟ-ਏਬਿੰਗ ਦੀਆਂ ਕਰਿਮੀਨਲ ਸਾਈਕਾਲੋਜੀ, ਮਨੋ-ਚਿਕਿਤਸਾ ਅਤੇ ਫੌਰੈਨਸਿਕ ਸਾਈਕੋਪੈਥਾਲੋਜੀ ਉਪਰ ਬਹੁਤ ਸਾਰੀਆਂ ਪੁਸਤਕਾਂ ਦੇ ਕਈ ਐਡੀਸ਼ਨ ਛਪ ਚੁੱਕੇ ਹਨ ਅਤੇ ਕਈ ਕਿਤਾਬਾਂ ਅੰਗਰੇਜ਼ੀ ਵਿਚ ਵੀ ਅਨੁਵਾਦ ਕੀਤੀਆਂ ਗਈਆਂ ਹਨ। ਇਸਦੇ ਕੁਝ ਪ੍ਰਸਿੱਧ ਕੰਮ ਇਹ ਹਨ :

"Uber Gesunder and Kranke, Nerven (1903)" ;

"Pscychopathia Senialis (1896)" and Lehrbuchder ;

"Psychiatrie auf Keinischer Grundlage (1879).

ਇਸਦੀ ਮੌਤ ਗਰੈਜ਼ ਵਿਚ 22 ਦਸੰਬਰ, 1902 ਨੂੰ ਹੋਈ।

ਹ. ਪੁ. ਕ੍ਰਾ.ਐਨ. ਬ੍ਰਿ. 13 : 485.

**ਕ੍ਰਾੱਫੋਰਡ, ਫ਼ਰਾਂਸਿਸ ਮੇਰੀਅਨ** : ਇਸ ਅਮਰੀਕਨ ਨਾਵਲਕਾਰ ਅਤੇ ਨਾਟਕਕਾਰ ਦਾ ਜਨਮ, ਟਾਮਸ ਕ੍ਰਾਫੋਰਡ (ਬੁੱਤਘਾੜਾ) ਦੇ ਘਰ 2 ਅਗਸਤ, 1859 ਨੂੰ ਹੋਇਆ। ਇਸ ਨੇ ਆਪਣੀ ਵਿਦਿਆ ਸੇਂਟ ਪਾਲ ਸਕੂਲ, ਟ੍ਰਿਨਟੀ ਕਾਲਜ, ਕੈਂਬਰਿਜ, ਹੇਡਲ-ਬਰਗ ਅਤੇ ਰੋਮ ਵਿਚ ਪ੍ਰਾਪਤ ਕੀਤੀ। 1879 ਵਿਚ ਇਸ ਨੇ ਭਾਰਤ ਆ ਕੇ ਸੰਸਕ੍ਰਿਤ ਦਾ ਅਧਿਐਨ ਕੀਤਾ ਅਤੇ 'ਅਲਾਹਾਬਾਦ ਇੰਡੀਅਨ ਹੈਰਾਲਡ' ਦਾ ਸੰਪਾਦਨ ਕੀਤਾ। ਇਹ ਇਕ ਚੰਗਾ ਪੱਤਰਕਾਰ ਸੀ। ਬੰਬਈ ਵਿਚ ਇਸ ਦੇ ਨਾਂ ਤੇ ਇਕ ਮਾਰਕੀਟ ਵੀ ਬਣੀ ਹੋਈ ਹੈ। ਇਸ ਦਾ ਪਹਿਲਾ ਨਾਵਲ 'Mr. Isaacs' (1882) ਬਹੁਤ ਪ੍ਰਸਿੱਧ ਅਤੇ ਵਧੀਆ ਨਾਵਲ ਸੀ। 'ਏ ਰੋਮਨ ਸਿੰਗਰ' (1884) ਨਾਵਲ ਵਿਚ ਆਧੁਨਿਕ ਇਟਲੀ ਦੇ ਜੀਵਨ ਅਤੇ ਲੱਛਣਾਂ ਨੂੰ ਪੇਸ਼ ਕੀਤਾ ਗਿਆ ਹੈ। 'ਏ ਸਿਗਰਟ ਮੇਕਰਸ ਰੋਮਾਂਸ' (1890) ਵੀ ਸਫਲ ਨਾਵਲ ਹੈ। ਇਸ ਦੇ ਲਿਖੇ ਨਾਟਕ 'The White Sister' (1909), 'The Francescada Rimini' (1920) ਪੈਰਿਸ ਵਿਚ ਖੇਡੇ ਗਏ ਸਨ। ਇਸ ਦੀ ਮੌਤ 9 ਅਪ੍ਰੈਲ, 1909 ਨੂੰ ਹੋਈ।

ਹ.ਪੁ.—ਕ. ਯੂ. ਬਾ. 11 : 457 ; ਐਨ. ਬ੍ਰਿ. 6 : 649.

**ਕ੍ਰਾਮ, ਰੈਲਫ਼ ਐਡਮਜ਼** : ਸੰਯੁਕਤ ਰਾਜ ਦੇ ਗੱਥ ਜਾਤੀ ਦੇ (ਗਾਥਿਕ) ਇਮਾਰਤੀ ਨਮੂਨਿਆਂ ਨੂੰ ਸੁਰਜੀਤ ਕਰਨ ਵਾਲੇ ਲੇਖਕ ਅਤੇ ਇਮਾਰਤਾਂ ਦੇ ਉਸਰਈਏ ਦਾ ਜਨਮ 16 ਦਸੰਬਰ, 1863 ਨੂੰ ਹੈਂਪਟਨ ਫਾਲਜ਼ ਵਿਖੇ ਹੋਇਆ। ਇਹ ਜਾਨ ਰਸਕਿਨ ਅਤੇ ਵਯੋਲੈਲਡੂਕ ਦੇ ਪ੍ਰਭਾਵ ਸਦਕਾ ਹੀ ਫ਼ਰਾਂਸ ਅਤੇ ਅੰਗਰੇਜ਼ਾਂ ਦੀਆਂ ਗੱਥ ਜਾਤੀ ਇਮਾਰਤਾਂ ਦੇ ਨਮੂਨਿਆਂ ਸਬੰਧੀ ਇਕ ਮਾਹਿਰ ਬਣ ਗਿਆ। ਇਸ ਨੇ ਤਕਨੀਕੀ ਸਭਿਅਤਾ ਨੂੰ ਅਧਿਆਤਮਕ ਸਭਿਅਤਾ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਇਸ ਨੇ ਜ਼ੋਰ ਦਿਤਾ ਕਿ ਇਮਾਰਤਾਂ ਦੇ ਨਮੂਨੇ ਗੱਥ ਜਾਤੀ ਵਾਲੇ ਹੋਣੇ ਚਾਹੀਦੇ ਹਨ ਅਤੇ 1913 ਵਿਚ ਗਰੈਜੂਏਟ ਕਾਲਜ ਅਤੇ 1929 ਵਿਚ ਪ੍ਰਿੰਸਟਨ ਯੂਨੀਵਰਸਿਟੀ ਵਿਖੇ ਇਸ ਨੇ ਗੱਥ ਜਾਤੀ ਵਾਲੇ ਨਮੂਨੇ ਵਾਲੀਆਂ ਇਮਾਰਤਾਂ ਦੇ ਡਿਜ਼ਾਈਨ ਤਿਆਰ ਕੀਤੇ।

22 ਸਤੰਬਰ, 1942 ਨੂੰ ਬੋਸਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 217.

**ਕ੍ਰਾਮਵੈਲ, ਔਲੀਵਰ** : ਇੰਗਲੈਂਡ ਦੇ ਲਾਰਡ ਪ੍ਰੋਟੈਕਟਰ ਔਲੀਵਰ ਕ੍ਰਾਮਵੈਲ ਦਾ ਜਨਮ 25 ਅਪ੍ਰੈਲ, 1599 ਨੂੰ ਹੰਟਿੰਗਟਨ ਵਿਖੇ ਹੋਇਆ। ਇਹ 1616 ਵਿਚ ਸਿਡਨੀ ਸੁਸੈਕਸ ਕਾਲਜ, ਕੈਂਬਰਿਜ ਵਿਚ ਦਾਖ਼ਲ ਹੋਇਆ। ਅਗਲੇ ਹੀ ਸਾਲ ਪਿਤਾ ਦੀ ਮੌਤ ਪਿਛੋਂ ਘਰ ਦੀ ਜ਼ਿੰਮੇਵਾਰੀ ਸੰਭਾਲਣ ਲਈ ਇਸ ਨੇ ਪੜ੍ਹਾਈ ਛੱਡ ਦਿੱਤੀ। 1628 ਈ. ਤਕ ਦੇ ਦੇਸ਼ ਦੇ ਇਤਿਹਾਸ ਵਿਚ ਇਸ ਦੀ ਕੋਈ ਖਾਸ ਮਹੱਤਤਾ ਨਹੀਂ। 1628 ਈ. ਵਿਚ ਇਹ ਹੰਟਿੰਗਟਨ ਤੋਂ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। ਸੰਨ 1640 ਵਿਚ ਇਹ ਫਿਰ ਕੈਂਬਰਿਜ ਤੋਂ ਪਾਰਲੀਮੈਂਟ ਦਾ ਮੈਂਬਰ ਬਣਿਆ। ਨਿਰਸੰਦੇਹ ਇਸ ਦੀ ਸ਼ਖ਼ਸੀਅਤ ਅਤੇ ਵਿਚਾਰਾਂ ਦਾ ਪਾਰਲੀਮੈਂਟ ਉਤੇ ਚੋਖਾ ਪ੍ਰਭਾਵ ਪਿਆ। ਜਦੋਂ ਕਾਮਨਜ਼ ਦੋ ਵਰਗਾਂ ਵਿਚ ਵੰਡੇ ਗਏ ਤਾਂ ਕ੍ਰਾਮਵੈਲ ਨੇ ਪਾਦਰੀ ਵਿਰੋਧੀ ਪੱਖ ਲਿਆ। ਜਦੋਂ ਮਹਾਨ ਰੋਸ ਲਹਿਰ ਆਰੰਭ ਹੋਈ ਤਾਂ ਇਸ ਨੇ ਘੋਸ਼ਣਾ ਕੀਤੀ ਕਿ ਜੇ ਇਸ ਵਿਚ ਹਾਰ ਹੋਈ ਤਾਂ ਇਹ ਸਦਾ ਲਈ ਇੰਗਲੈਂਡ ਛੱਡ ਕੇ ਚਲਾ ਜਾਏਗਾ।

ਜਿਉਂ ਹੀ ਇਹ ਤੱਥ ਸਪੱਸ਼ਟ ਹੋ ਗਿਆ ਕਿ ਖ਼ਾਨਾਜੰਗੀ ਟਲ ਨਹੀਂ ਸਕਦੀ ਤਾਂ ਇਸ ਨੇ ਸੰਸਦੀ ਰਾਜ ਪ੍ਰਣਾਲੀ ਨੂੰ ਬਚਾਉਣ ਲਈ ਸਰਗਰਮੀ ਨਾਲ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਸ ਨੇ ਕੈਂਬਰਜਿ ਵਿਖੇ ਇਕ ਘੋੜ-ਸਵਾਰ ਫ਼ੌਜ ਤਿਆਰ ਕੀਤੀ ਅਤੇ ਜਨਤਾ ਨੂੰ ਬਾਦਸ਼ਾਹ ਵਿਰੁੱਧ ਲੜਨ ਲਈ ਤਿਆਰ ਕੀਤਾ। ਸੰਨ 1642 ਵਿਚ ਇਸ ਨੇ ਜੰਗ ਵਿਚ ਹਿੱਸਾ ਲਿਆ ਅਤੇ ਇਸ ਲੜਾਈ ਤੋਂ ਇਸ ਨੂੰ ਸਪੱਸ਼ਟ ਹੋ ਗਿਆ ਕਿ ਲੜੀ ਜਾ ਰਹੀ ਜੰਗ ਉਦੋਂ ਤਕ ਨਹੀਂ ਜਿੱਤੀ ਜਾ ਸਕਦੀ ਜਦੋਂ ਤਕ ਕਿਸਾਨਾਂ ਅਤੇ ਹੋਰ ਦਲਿਤ ਵਰਗ ਦੀ ਬਜਾਇ ਸਿਖਲਾਈ ਪ੍ਰਾਪਤ ਫ਼ੌਜੀ ਭਰਤੀ ਨਹੀਂ ਕੀਤੇ ਜਾਂਦੇ, ਜਿਹੜੇ ਕਿ ਦੁਸ਼ਮਣ ਦਾ ਟਾਕਰਾ ਬਹਾਦਰੀ ਅਤੇ ਅਨੁਸ਼ਾਸਤ ਸਾਹਸ ਨਾਲ ਕਰ ਸਕਣ। ਇਸ ਨੇ ਇਸ ਸਬੰਧੀ ਯਤਨ ਆਰੰਭ ਕੀਤੇ ਜਿਸ ਵਿਚ ਪ੍ਰਾਪਤ ਸਫਲਤਾ ਨੇ ਇਸ ਨੂੰ ਫੌਜ ਦਾ ਲੀਡਰ ਬਣਾ ਦਿਤਾ। ਇਸ ਨੇ ਰਾਜੇ ਅਤੇ ਪਾਰਲੀਮੈਂਟ ਵਿਚਕਾਰ ਹੋਏ ਸਮਝੌਤੇ ਵਿਚ ਹਿੱਸਾ ਲਿਆ ਪਰ 1648 ਈ. ਵਿਚ ਖ਼ਾਨਾਜੰਗੀ ਵਿਚ ਮਿਲੀ ਅਸਫ਼ਲਤਾ ਪਿੱਛੋਂ ਇਹ ਲੰਡਨ ਵਾਪਸ ਆ ਗਿਆ।

ਭਾਵੇਂ ਇਹ ਇਕ ਚੰਗਾ ਸ਼ਾਸਕ ਸੀ ਪਰ ਆਇਰਿਸ਼ ਰਾਇਲਿਸਟ ਗੈਰੀਸਨ ਅਤੇ ਆਮ ਆਇਰਿਸ਼ ਕੈਥੋਲਿਕਾਂ ਉਪਰ ਕਰਵਾਏ ਗਏ ਵਹਿਸ਼ੀ ਕਤਲਿਆਮ ਕਾਰਨ ਇਸ ਦੇ ਨਾਂ ਤੇ ਸਦਾ ਲਈ ਇਕ ਧੱਬਾ ਲੱਗ ਗਿਆ। ਇਸ ਨੇ ਕੈਥੋਲਿਕਾਂ ਨੂੰ ਖਤਮ ਕਰਕੇ ਪ੍ਰੋਟੈਸਟੈਂਟ ਦਾ ਰਾਜ ਸਥਾਪਿਤ ਕਰਨ ਲਈ ਅਜਿਹਾ ਕਦਮ ਚੁੱਕਿਆ ਸੀ। ਇਸ ਦੇ ਆਪਣੇ ਵਿਚਾਰ ਅਨੁਸਾਰ ਪ੍ਰਮਾਤਮਾ ਨੇ ਇਸ ਨੂੰ ਲੋਕਾਂ ਨੂੰ ਪਵਿੱਤਰ ਕਰਨ ਅਤੇ ਪੋਪ-ਤੰਤਰੀ ਰਾਜ ਦੀਆਂ ਜੜ੍ਹਾਂ ਉਖੇੜਨ ਲਈ ਭੇਜਿਆ ਸੀ।

ਇੰਗਲੈਂਡ ਪਰਤਣ ਤੇ ਇਸ ਨੇ ਡੱਨਬਾਰ (1650) ਅਤੇ ਵਰਸੈਸਟਰ (1651) ਦੀਆਂ ਜਿੱਤਾਂ ਉਪਰੰਤ ਚਾਰਲਸ ਦੂਜੇ ਨਾਲ ਸਕਾਟਿਸ਼ ਸਮਝੌਤਾ ਤੋੜ ਦਿੱਤਾ ਜਿਸ ਕਾਰਨ ਇਸ ਦੀ ਫ਼ੌਜੀ ਸ਼ੁਹਰਤ ਹੋਰ ਵਧ ਗਈ। ਜਾਪਦਾ ਸੀ ਕਿ ਸਟੂਅਰਟ ਸਦਾ ਲਈ ਇੰਗਲੈਂਡ ਛੱਡ ਗਏ ਸਨ ਪਰ 1653 ਈ. ਵਿਚ ਭੈੜੇ ਪ੍ਰਬੰਧ ਅਤੇ ਰੰਪ ਪਾਰਲੀਮੈਂਟ ਦੀ ਸਾਜ਼ਸ਼ ਕਾਰਨ (ਜਿਸ ਨੂੰ ਕਿ ਫ਼ੌਜ ਨੇ ਹੀ ਸੁਪਰੀਮ ਸੱਤਾ ਦਿਵਾਈ ਸੀ ਪਰ ਉਹ ਫ਼ੌਜ ਦੀਆਂ ਹੀ ਮੰਗਾਂ ਵੱਲੋਂ ਅਵੇਸਲੀ ਹੁੰਦੀ ਜਾ ਰਹੀ ਸੀ ਅਤੇ ਜੋ ਆਪਣੇ ਆਪ ਅਲਪਤੰਤਰੀ ਸ਼ਾਸਕ ਵਿਚ ਬਦਲਣਾ ਚਾਹੁੰਦੀ ਸੀ,) ਕ੍ਰਾਮਵੈਲ ਨੇ ਪਾਰਲੀਮੈਂਟ ਨੂੰ ਜ਼ਬਰਦਸਤੀ ਭੰਗ ਕਰ ਦਿਤਾ ਅਤੇ ਫ਼ੌਜੀ ਰਾਜ ਸਥਾਪਿਤ ਕਰ ਦਿੱਤਾ।

ਸ਼ਾਸਕ ਪ੍ਰਣਾਲੀ ਦੇ ਵਿਸਤਾਰ ਲਈ ਕਰਾਮਵੈਲ ਅਤੇ ਫ਼ੌਜੀ ਅਫ਼ਸਰਾਂ ਨੇ ਕਈ ਕਦਮ ਚੁੱਕੇ ਜਿਵੇਂ ਕਿ ਚੁਣਵੇਂ ਮੈਂਬਰਾਂ ਦੀ ਪਾਰਲੀਮੈਂਟ ਬੁਲਾਈ ਜਾਏ, ਜੋ ਅਮਲੀ ਤੌਰ ਤੇ ਲਾਗੂ ਨਾ ਹੋ ਸਕੀ। ਲਿਖਤੀ ਸੰਵਿਧਾਨ ਵਿਚ ਕ੍ਰਾਮਵੈਲ ਨੂੰ ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਦਾ ਲਾਰਡ ਪ੍ਰੋਟੈਕਟਰ ਘੋਸ਼ਿਤ ਕੀਤਾ ਗਿਆ। ਜਿਸ ਨਾਲ ਇਸ ਦੇ ਹੱਥ ਵਿਚ ਚੋਖੀ ਤਾਕਤ ਆ ਗਈ। ਪਹਿਲੀ

ਪਾਰਲੀਮੈਂਟ (1654-55) ਨੇ ਇਸ ਦੀ ਤਾਕਤ ਨੂੰ ਸੀਮਿਤ ਕਰਨ ਦੇ ਯਤਨ ਕੀਤੇ ਜਿਸ ਦੇ ਸਿੱਟੇ ਵਜੋਂ ਇਸ ਨੇ ਪਾਰਲੀਮੈਂਟ ਭੰਗ ਕਰ ਦਿੱਤੀ ਅਤੇ ਅਗਲੇ 18 ਮਹੀਨਿਆਂ ਵਿਚ ਦੇਸ਼ ਦਾ ਸ਼ਾਸਨ ਪ੍ਰਬੰਧ ਮੇਜਰ ਜਨਰਲਾਂ ਦੇ ਹੱਥ ਵਿਚ ਸੀ। ਇਸ ਕਾਲ ਦੇ ਦੌਰਾਨ ਇਹ ਆਪਣੀ ਧਾਰਮਕ ਨੀਤੀ ਸਦਕਾ ਯਾਦ ਕੀਤਾ ਜਾਂਦਾ ਹੈ। ਸੰਨ 1656 ਵਿਚ ਇਸ ਨੇ ਮੇਜਰ ਜਨਰਲਾਂ ਨੂੰ ਪਦ-ਮੁਕਤ ਕਰ ਦਿਤਾ ਅਤੇ ਦੂਜੀ ਪਾਰਲੀਮੈਂਟ ਬੁਲਾਈ, ਜਿਸ ਨੇ ਇਸ ਨੂੰ ਬਾਦਸ਼ਾਹ ਬਣਾਉਣਾ ਚਾਹਿਆ ਪਰ ਫ਼ੌਜ ਵਲੋਂ ਇਤਰਾਜ਼ ਕਰਨ ਦੇ ਡਰੋਂ ਅਜਿਹਾ ਸੰਭਵ ਨਾ ਹੋ ਸਕਿਆ ਫਿਰ ਵੀ 1658 ਈ. ਵਿਚ ਪਾਰਲੀਮੈਂਟ ਭੰਗ ਹੋਣ ਪਿਛੋਂ ਇਹ ਬਾਦਸ਼ਾਹ ਹੀ ਸੀ ਅਤੇ ਅਮਲੀ ਤੌਰ ਤੇ ਇਸਦੀ ਸਰਕਾਰ 1653 ਤੋਂ ਪਾਰਲੀਮੈਂਟਰੀ ਬੰਧਨਾਂ ਤੋਂ ਮੁਕਤ ਸੀ।

ਇਸ ਦੀ ਵਿਦੇਸ਼ੀ ਨੀਤੀ ਦਾ ਮੰਤਵ ਇੰਗਲੈਂਡ ਦੀ ਵਪਾਰਕ ਮਹੱਤਤਾ ਨੂੰ ਵਧਾਉਣਾ ਅਤੇ ਪ੍ਰੋਟੈਸਟੈਂਟ ਧਰਮ ਦੀ ਰਾਖੀ ਕਰਨਾ ਸੀ। ਇਸ ਸਮੇਂ ਅੰਗਰੇਜ਼ੀ ਸਮੁੰਦਰੀ ਸੈਨਾ ਵੀ ਬਹੁਤ ਤਾਕਤਵਰ ਸੀ। ਵਪਾਰ ਦੀ ਇਕ ਕੌਂਸਲ ਵੀ ਸਥਾਪਤ ਕੀਤੀ ਗਈ ਸੀ ਅਤੇ ਈਸਟ ਇੰਡੀਆ ਕੰਪਨੀ ਨੂੰ ਇਕ ਸ਼ਾਸਨ-ਪੱਤਰ ਵੀ ਜਾਰੀ ਕੀਤਾ ਗਿਆ ਸੀ। ਭਾਵੇਂ ਇਸ ਨੀਤੀ ਦੀ ਸਫਲਤਾ ਨੂੰ ਵੇਖਣ ਲਈ ਇਹ ਆਪ ਜ਼ਿੰਦਾ ਨਾ ਰਿਹਾ ਪਰ ਇਹ ਨੀਤੀ ਬਹੁਤ ਸਫ਼ਲ ਰਹੀ।

1658 ਈ. ਵਿਚ ਕ੍ਰਾਮਵੈਲ ਦੀ ਮੌਤ ਹੋ ਗਈ ਅਤੇ ਇਸਦੀ ਸਰਕਾਰ ਡਾਵਾਂਡੋਲ ਹੋਣ ਲੱਗੀ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਰਾਜ ਨਿਰੋਲ ਇਸ ਦੀ ਨਿੱਜੀ ਸ਼ਖ਼ਸ਼ੀਅਤ ਉੱਤੇ ਆਧਾਰਿਤ ਸੀ।

ਹ. ਪੁ.—ਐਵ. ਐਨ. 4 : 187 ; ਕ. ਯੂ. ਬਾ. 2 : 461

**ਕ੍ਰਾਲਯੇਵਾ** : ਯੁਗੋਸਲਾਵੀਆ ਵਿਚ ਸਰਬੀਆ ਦਾ ਇਕ ਸ਼ਹਿਰ ਹੈ ਜੋ ਈਬਾਰ ਦਰਿਆ ਤੇ ਵਾਕਿਆ ਹੈ। ਇਸ ਦੇ ਦੱਖਣ-ਪੱਛਮ ਵਿਚ ਇਕ ਮੱਠ ਹੈ ਜੋ 1219 ਈ. ਵਿਚ ਪਹਿਲੇ ਸਰਬੀਆ ਦੇ ਆਰਕਬਿਸ਼ਪ ਵਾਸਤੇ ਬਣਵਾਇਆ ਗਿਆ ਸੀ। ਮੱਧ ਕਾਲ ਵਿਚ ਸਰਬੀਆ ਦੇ ਬਾਦਸ਼ਾਹਾਂ ਦੀ ਤਾਜਪੋਸ਼ੀ ਇਥੇ ਕੀਤੀ ਜਾਂਦੀ ਸੀ।

ਕ੍ਰਾਲਯੇਵਾ ਬਹੁਤ ਹੀ ਜ਼ਰਖੇਜ਼ ਜ਼ਰਾਇਤੀ ਇਲਾਕੇ ਵਿਚ ਸਥਿਤ ਹੈ। ਇਥੇ ਰੇਲ ਦੇ ਡੱਬੇ ਅਤੇ ਜ਼ਰਾਇਤੀ ਸਾਮਾਨ ਤਿਆਰ ਕਰਨ ਦੀ ਫ਼ੈਕਟਰੀ ਹੈ ਅਤੇ ਕਈ ਹੋਰ ਸੱਨਅਤਾਂ ਉੱਨਤ ਹਨ।

ਆਬਾਦੀ—121,622 (1981)

43° 43′ ਉ. ਵਿਥ.; 20° 41′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 486

**ਕਰਾਵਾਦ** (Karaism or Qaraism) : ਇਹ ਇਕ ਯਹੂਦੀ ਧਾਰਮਕ ਲਹਿਰ ਹੈ, ਜਿਸ ਦੇ ਅਨੁਯਾਈ ਜ਼ਬਾਨੀ ਪ੍ਰਚਲਤ ਰਵਾਇਤਾਂ ਨੂੰ ਕੁਦਰਤ ਦੇ ਨਿਯਮ ਮੰਨਣ ਤੋਂ ਇਨਕਾਰ ਕਰਦੇ ਹਨ ਅਤੇ ਕੇਵਲ ਇਸਰਾਈਲੀ ਬਾਈਬਲ ਨੂੰ ਹੀ ਪ੍ਰਮਾਣੀਕ ਧਰਮ-ਗ੍ਰੰਥ ਮੰਨਦੇ ਹਨ। ਆਪਣੇ ਵਿਚਾਰਾਂ ਦੁਆਰਾ ਇਹ ਮੱਤ ਰਾਬਿਨਵਾਦੀ ਯਹੂਦੀ ਮੱਤ ਦਾ ਪ੍ਰਤੱਖ ਰੂਪ ਵਿਚ ਵਿਰੋਧ ਕਰਦਾ ਹੈ। ਇਹ ਲਹਿਰ ਅੱਠਵੀਂ ਸਦੀ ਵਿਚ ਪਰਸ਼ੀਆ ਵਿਚ ਆਰੰਭ ਹੋਈ ਸੀ। ਭਾਵੇਂ ਇਸ ਲਹਿਰ ਦੇ ਮੈਂਬਰਾਂ ਦੀ ਗਿਣਤੀ ਕਦੀ ਵੀ ਬਹੁਤੀ ਨਹੀਂ ਹੋਈ, ਪਰ ਇਹ ਮਿਸਰ, ਸੀਰੀਆ ਅਤੇ ਬਾਅਦ ਵਿਚ ਸਪੇਨ ਅਤੇ ਕੁਸਤੁਨਤੁਨੀਆ ਰਾਹੀਂ ਯੂਰਪ ਵਿਚ ਫੈਲੀ। ਇਸ ਮੱਤ ਨੇ ਬਾਈਬਲ ਨੂੰ ਸ੍ਵੈ-ਸਪੱਸ਼ਟ ਮੰਨਿਆ ਹੈ। ਬਾਅਦ ਵਿਚ ਆਪਣੇ ਮੱਤ ਦੇ ਪ੍ਰਚਾਰ ਲਈ ਵੀ ਇਸ ਮੱਤ ਨੇ ਮੌਖਿਕ ਰਵਾਇਤਾਂ ਨੂੰ ਜ਼ਰੂਰੀ ਸਮਝਿਆ ਤਾਂ ਜੋ ਨਿੱਤ ਦੇ ਜੀਵਨ ਵਿਚ ਰੂਹਾਨੀਅਤ ਨੂੰ ਪ੍ਰਗਟਾਇਆ ਜਾ ਸਕੇ। ਤਿਆਗ ਇੰਨੀ ਸਖਤੀ ਨਾਲ ਲਾਗੂ ਕੀਤਾ ਗਿਆ ਕਿ ਇਸ ਮੱਤ ਦੇ ਸਮਰਥਕਾਂ ਨੂੰ ਨਾ ਕੇਵਲ ਸਨਿਚਰ ਦੇ ਦਿਨ ਨਿੱਘ ਤੋਂ ਵੀ ਵੰਚਿਤ ਕਰ ਦਿੱਤਾ, ਸਗੋਂ ਸ਼ੁੱਕਰ ਨੂੰ ਵੀ ਅੱਗ ਨਹੀਂ ਸੀ ਜਾਲਣ ਦਿੱਤੀ ਜਾਂਦੀ। ਹਨੂਕਾ (Hanukka) ਦਾ ਤਿਉਹਾਰ ਮਨਾਉਣਾ ਬੰਦ ਕਰ ਦਿੱਤਾ ਗਿਆ ਅਤੇ ਅਹਾਰ ਸਬੰਧੀ ਕਾਨੂੰਨਾਂ, ਰਸਮਾਂ ਦੀ ਪਵਿੱਤਰਤਾ, ਵਰਤ, ਕਪੜਿਆਂ ਅਤੇ ਵਿਆਹਾਂ ਲਈ ਬਹੁਤ ਸਖਤੀ ਵਰਤੀ ਜਾਣ ਲੱਗੀ। ਇਸ ਦੇ ਸਮਰਥਕਾਂ ਨੂੰ ਕਬੀਲੇ ਤੋਂ ਬਾਹਰ ਵਿਆਹ ਕਰਵਾਉਣ ਦੀ ਮਨਾਹੀ ਸੀ। ਅਦ੍ਵੈਤਵਾਦ ਨੇ ਰਵਾਇਤੀ ਯਹੂਦੀ ਰਸਮਾਂ ਨੂੰ ਤਲਾਂਜਲੀ ਦੇ ਦਿੱਤੀ। ਆਰੰਭ ਵਿਚ ਇਸ ਲਹਿਰ ਨੂੰ ਵਿਦਵਾਨ ਪ੍ਰਤੀਨਿਧਾਂ ਦੀ ਘਾਟ ਦਾ ਅਹਿਸਾਸ ਰਿਹਾ। ਦਸਵੀਂ ਸਦੀ ਵਿਚ ਇਸ ਲਹਿਰ ਦਾ ਵਿਰੋਧ ਵੀ ਹੋਇਆ। ਅਜਿਹਾ ਬਹੁਤ ਸਾਰਾ ਵਿਵਾਦੀ ਸਾਹਿਤ ਲੈਨਿਨਗ੍ਰਾਦ ਦੀ ਪਬਲਿਕ ਲਾਇਬ੍ਰੇਰੀ ਵਿਚ ਸੰਭਾਲਿਆ ਪਿਆ ਹੈ। ਇਸ ਮੱਤ ਦੇ ਅੱਜ ਕਲ੍ਹ ਵੀ ਕੋਈ 10,000 ਦੇ ਲਗਭਗ ਸਮਰਥਕ ਤੇਲੀਅਵੀਵ ਤੋਂ ਬਾਹਰ ਰਾਮਲਾ (Ramla) ਵਿਚ ਜਾਂ ਇਸ ਦੇ ਨੇੜੇ ਰਹਿੰਦੇ ਹਨ। ਇਨ੍ਹਾਂ ਦੇ ਪੂਜਾ-ਸਥਾਨ ਦੂਸਰੇ ਯਹੂਦੀਆਂ ਨਾਲੋਂ ਘੱਟ ਹਨ, ਪਰ ਇਨ੍ਹਾਂ ਕੋਲ ਧਾਰਮਕ ਰਚਨਾਵਾਂ ਬਹੁਤ ਹਨ।

ਹ. ਪੁ.—ਐਨ. ਬ੍ਰਿ. ਮਾ. 5 : 704

**ਕਰਿਆਰੀ** : ਇਹ ਇਕ ਬੂਟੀ ਹੈ ਜੋ ਲਗਭਗ 6-7 ਮੀ. ਲੰਬੀ ਹੁੰਦੀ ਹੈ। ਇਸ ਦਾ ਬਨਸਪਤੀ ਵਿਗਿਆਨਕ ਨਾਂ ਗਲੋਰੀਓਸਾ ਸੁਪਰਬਾ (*Gloriosa superba*) ਹੈ। ਇਹ ਪੌਦੇ ਲਿਲੀਏਸੀ ਕੁਲ ਦੇ ਮੈਂਬਰ ਹਨ। ਇਸ ਦੇ ਪੱਤੇ ਡੰਡੀ-ਰਹਿਤ, ਪਤਲੇ ਤੇ ਸਿਰਿਆਂ ਤੋਂ ਤੰਦੜੀ ਵਾਂਗ ਮੁੜੇ ਹੋਏ ਹੁੰਦੇ ਹਨ। ਇਸ ਨੂੰ ਫੁੱਲ ਸਿਰਿਆਂ ਉਤੇ ਲਗਦੇ ਹਨ। ਇਹ ਪਹਿਲਾਂ ਹਰੇ ਰੰਗ ਦੇ ਹੁੰਦੇ ਹਨ, ਜੋ ਬਾਅਦ ਵਿਚ ਕਿਰਮਚੀ ਅਤੇ ਚਮਕੀਲੇ ਪੀਲੇ ਰੰਗ ਦੇ ਹੋ ਜਾਂਦੇ ਹਨ।

ਇਹ ਪੌਦੇ ਲਗਭਗ ਭਾਰਤ ਦੇ ਸਾਰੇ ਊਸ਼ਨ ਖੰਡਾਂ ਵਿਚ ਲਗਭਗ 2100 ਮੀ. ਦੀ ਉਚਾਈ ਤਕ ਮਿਲਦੇ ਹਨ, ਇਹ ਜ਼ਿਆਦਾ-ਕਰਨਾਟਕ ਪ੍ਰਾਂਤ ਵਿਚ ਪਾਏ ਜਾਂਦੇ ਹਨ।

ਇਸ ਦੀਆਂ ਜੜ੍ਹਾਂ ਤੋਂ ਕਈ ਤਰ੍ਹਾਂ ਦੀਆਂ ਦਵਾਈਆਂ ਬਣਾ-ਈਆਂ ਜਾਂਦੀਆਂ ਹਨ। ਜ਼ਿਆਦਾ ਮਾਤਰਾ ਵਿਚ ਜੜ੍ਹ-ਕੰਦਾਂ ਘਾਤਕ ਸਿੱਧ ਹੋ ਸਕਦੀਆਂ ਹਨ ਅਤੇ ਕਦੀ ਕਦਾਈਂ ਆਤਮਘਾਤ ਕਰਨ ਲਈ ਇਨ੍ਹਾਂ ਦੀ ਵਰਤੋਂ ਵੀ ਕੀਤੀ ਜਾਂਦੀ ਰਹੀ ਹੈ। ਪੰਜ ਤੋਂ ਦਸ ਗ੍ਰੇਨ ਦੀ ਮਾਤਰਾ ਵਿਚ ਇਹ ਬਲ-ਵਰਧਕ, ਪੇਟ ਦੇ ਰੋਗ ਦੂਰ ਕਰਨ, ਕਬਜ਼ ਹਟਾਉਣ ਲਈ ਅਤੇ ਬਦਲ ਦੇ ਤੌਰ ਤੇ ਵਰਤੀ ਜਾਂਦੀ ਹੈ। ਜੜ੍ਹ-ਕੰਦਾਂ ਨੂੰ ਬਾਰ-ਬਾਰ ਧੋ ਕੇ ਅਤੇ ਸੁਕਾ ਕੇ ਜੋ ਪਾਊਡਰ ਪ੍ਰਾਪਤ ਕੀਤਾ ਜਾਂਦਾ ਹੈ ਉਹ ਕੌੜਾ ਹੁੰਦਾ ਹੈ ਅਤੇ ਬਦਲ, ਬਲ-ਵਰਧਕ ਅਤੇ ਨਿਯਮਿਤ ਬੁਖ਼ਾਰ ਨੂੰ ਤੋੜਨ ਲਈ ਵੀ ਵਰਤਿਆ ਜਾਂਦਾ ਹੈ। ਜੇਕਰ ਸ਼ਹਿਦ ਵਿਚ ਮਿਲਾ ਕੇ 12 ਗ੍ਰੇਨ ਦੀ ਮਾਤਰਾ ਤਕ ਦਿਤਾ ਜਾਵੇ ਤਾਂ ਸੁਜਾਕ ਦੀ ਬਿਮਾਰੀ ਵਿਚ ਲਾਹੇਵੰਦ ਸਿੱਧ ਹੁੰਦਾ ਹੈ। ਇਹ ਪਾਊਡਰ ਬਵਾਸੀਰ, ਢਿੱਡ-ਪੀੜ, ਕੋੜ੍ਹ ਅਤੇ ਪੇਟ ਅੰਦਰਲੇ ਕੀੜੇ ਕੱਢਣ ਲਈ ਵੀ ਇਸਤੇਮਾਲ ਕਰਨਾ ਚੰਗਾ ਹੁੰਦਾ ਹੈ। ਜੜ੍ਹ-ਕੰਦਾਂ ਨੂੰ ਸਮੁੱਚੇ ਤੌਰ ਤੇ ਵੀ ਇਨ੍ਹਾਂ ਬਿਮਾਰੀਆਂ ਦੇ ਇਲਾਜ ਵਿਚ ਵਰਤਿਆ ਜਾ ਸਕਦਾ ਹੈ। ਬਾਹਰੀ ਤੌਰ ਤੇ ਜੜ੍ਹ-ਕੰਦਾਂ ਦਾ ਲੇਪ ਇਸਤਰੀ ਦੇ ਪੱਟਾਂ ਤੋਂ ਉਪਰਲੇ ਹਿੱਸੇ ਅਤੇ ਗੁਪਤ ਅੰਗਾਂ ਦੁਆਲੇ ਵੀ ਵਰਤਿਆ ਜਾਂਦਾ ਹੈ, ਜਿਸ ਨਾਲ ਜੰਮਣ-ਪੀੜਾਂ ਤੇਜ਼ ਹੋ ਜਾਂਦੀਆਂ ਹਨ। ਇਹ ਲੇਪ ਪਰਜੀਵੀ ਬਿਮਾਰੀਆਂ ਵਿਚ ਵੀ ਵਰਤਿਆ ਜਾਂਦਾ ਹੈ। ਇਸੇ ਦੀ ਗਰਮ ਪੁਲਟਸ ਨਾੜਾਂ ਦੀਆਂ ਪੀੜਾਂ ਵਿਚ ਕਾਫ਼ੀ ਆਰਾਮ ਦਿੰਦੀ ਹੈ।

ਪੱਤੇ ਅਤੇ ਜੜ੍ਹ-ਕੰਦਾਂ ਸੱਪ ਦੇ ਕੱਟਣ ਵਿਚ ਵਰਤੀਂਦੀਆਂ ਹਨ। ਜੜ੍ਹ-ਕੰਦਾਂ ਨੂੰ ਪਾਣੀ ਜਾਂ ਮਨੁੱਖੀ ਦੁੱਧ ਵਿਚ ਪੀਸ ਕੇ ਇਸ ਘੋਲ ਦੀਆਂ ਕੁਝ ਬੂੰਦਾਂ ਹਰੇਕ ਨਾਸ ਵਿਚ ਪਾਉਣ ਨਾਲ ਬੇਹੋਸ਼ੀ ਦੀ ਹਾਲਤ ਠੀਕ ਹੋ ਜਾਂਦੀ ਹੈ। ਪੱਤੇ ਅਤੇ ਜੜ੍ਹ-ਕੰਦਾਂ ਦੀ ਵਰਤੋਂ ਕਈ ਹੋਰ ਦਵਾਈਆਂ ਨਾਲ ਮਿਲਾ ਕੇ ਕੀਤੀ ਜਾਂਦੀ ਹੈ।

ਹ. ਪੁ.—ਮੈ. ਪ. ਇੰ. ਪ : 124; ਗ. ਇੰ. ਮੈ. ਪ. : 125

**ਕ੍ਰਿਸਚੈਨ (ਪਹਿਲਾ)** : ਡੈਨਮਾਰਕ ਅਤੇ ਨਾਰਵੇ ਦੇ ਇਸ ਰਾਜੇ ਦਾ ਜਨਮ 4 ਮਈ, 1426 ਨੂੰ ਹੋਇਆ। ਇਸ ਦਾ ਪਿਤਾ ਥਿਓਡਾਰਿਕ, ਓਲਡਨਬਰਗ ਦਾ ਕਾਊਂਟ ਸੀ। ਇਸ ਨੇ ਓਲਡਨਬਰਗ ਦੇ ਘਰਾਣੇ ਦੀ ਨੀਂਹ ਰੱਖੀ ਤੇ ਇਸ ਦੇ ਰਾਜ ਸਮੇਂ ਡੈਨਮਾਰਕ ਅਤੇ ਨਾਰਵੇ ਦੇ ਰਾਜਾਂ ਨੂੰ ਇਕੱਠਾ ਕੀਤਾ ਗਿਆ ਸੀ। ਇਹ 1448 ਈ. ਵਿਚ ਡੈਨਮਾਰਕ ਦਾ ਰਾਜਾ ਬਣਿਆ ਤੇ 1450 ਈ. ਵਿਚ ਨਾਰਵੇ ਨਾਲ ਸਾਂਝੇ ਰਾਜ ਦਾ ਰਾਜਾ ਬਣਿਆ ਇਸ ਨੇ ਆਪਣੀ ਪਤਨੀ ਸਮੇਤ 1479 ਈ. ਵਿਚ ਕੋਪਨਹੇਗਨ ਯੂਨੀਵਰਸਿਟੀ ਦੀ ਨੀਂਹ ਰੱਖੀ 21 ਮਈ, 1481 ਨੂੰ ਕੋਪਨਹੇਗਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੂ.—ਕੋਲ. ਐਨ. 5 : 51

**ਕ੍ਰਿਸਚੈਨ (ਦੂਜਾ)** : ਨਾਰਵੇ, ਡੈਨਮਾਰਕ ਅਤੇ ਸਵੀਡਨ ਦੇ ਇਸ ਬਾਦਸ਼ਾਹ ਦਾ ਜਨਮ ਫਿਨ ਦੀਪ ਵਿਚ ਨਿਊਬਾਰ ਵਿਖੇ 1 ਜੁਲਾਈ, 1481 ਨੂੰ ਹੋਇਆ। ਸੰਨ 1502 ਤੋਂ 1513 ਤਕ ਇਹ ਨਾਰਵੇ ਦਾ ਵਾਇਸਰਾਏ ਰਿਹਾ ਤੇ ਇਸ ਸਮੇਂ ਦੌਰਾਨ ਇਹ ਇਕ ਚੰਗਾ ਪ੍ਰਬੰਧਕ ਸਾਬਤ ਹੋਇਆ। ਇਹ ਕ੍ਰਿਸਚੈਨ ਪਹਿਲੇ ਦਾ ਪੋਤਾ ਸੀ ਤੇ ਆਪਣੇ ਪਿਤਾ ਹੈਨਜ਼ ਤੋਂ ਬਾਅਦ 1513 ਈ. ਵਿਚ ਡੈਨਮਾਰਕ ਦੀ ਗੱਦੀ ਤੇ ਬੈਠਾ ਅਤੇ ਸਪੇਨ ਦੇ ਰਾਜੇ ਚਾਰਲਸ ਪੰਜਵੇਂ ਦੀ ਭੈਣ, ਇਸਾਬੈਲਾ ਨਾਲ ਇਸ ਦਾ ਵਿਆਹ ਹੋਇਆ। ਸਵੀਡਨ ਵਿਚ ਗਸਤਾਵਸ ਟਰਾਲੇ ਅਤੇ ਸਟੇਨ ਸਟੂਰ ਦੀ ਧੜੇਬੰਦੀ ਵਿਚ ਲੜਾਈ ਹੋ ਗਈ। ਸਵੀਡਨ ਦਾ ਤਖ਼ਤ ਪ੍ਰਾਪਤ ਕਰਨ ਲਈ, ਸੁਲ੍ਹਾ ਕਰਾਉਣ ਦੇ ਬਹਾਨੇ, ਇਸ ਨੇ, ਉਨ੍ਹਾਂ ਵਿਚ ਦਖਲ-ਅੰਦਾਜ਼ੀ ਕੀਤੀ ਅਤੇ ਆਪਣੇ ਤੀਸਰੇ ਯਤਨ ਵਿਚ ਜਦੋਂ ਸਟੇਨ ਸਟੂਰ, ਬਾਗਰਡ ਦੀ ਲੜਾਈ ਵਿਚ ਮਾਰਿਆ ਗਿਆ ਤਾਂ ਇਹ ਕਾਮਯਾਬ ਹੋ ਗਿਆ। ਜਿੱਤ ਜਾਣ ਉਪਰੰਤ ਇਸ ਨੇ ਇਹ ਐਲਾਨ ਕੀਤਾ ਕਿ ਸਭ ਬਾਗ਼ੀਆਂ ਨੂੰ ਮਾਫ਼ ਕਰ ਦਿੱਤਾ ਜਾਵੇਗਾ ਜਿਸ ਤੇ ਸ਼ਹਿਰ ਵਾਲਿਆਂ ਨੇ ਸ਼ਹਿਰ ਦੁਆਲਿਓਂ ਜੋ ਸਖ਼ਤ ਪਹਿਰਾ ਲਗਾਇਆ ਹੋਇਆ ਸੀ, ਚੁੱਕ ਦਿੱਤਾ ਪਰ ਇਸ ਨੇ ਬਾਅਦ ਵਿਚ ਆਪਣਾ ਵਚਨ ਤੋੜ ਦਿੱਤਾ। ਇਸ ਤੋਂ ਇਕ ਸਾਲ ਬਾਅਦ ਡੈਨਮਾਰਕ ਵਾਪਸ ਆ ਕੇ ਇਸ ਨੇ ਬਹੁਤ ਤੇਜ਼ੀ ਨਾਲ ਸੁਧਾਰ ਕਰਨੇ ਸ਼ੁਰੂ ਕੀਤੇ ਪਰ ਡੈਨਮਾਰਕੀਆਂ ਨੇ ਇਸ ਨੂੰ ਆਪਣੀ ਆਜ਼ਾਦੀ ਦੀ ਨਿਰਾਦਰੀ ਸਮਝਕੇ ਬਗ਼ਾਵਤ ਕਰ ਦਿੱਤੀ। ਸਵੀਡਨ ਵੀ ਗਸਤਾਵ ਪਹਿਲੇ ਦੇ ਅਧੀਨ ਡੈਨਮਾਰਕ ਦੇ ਵਿਰੁੱਧ ਖੜ੍ਹਾ ਹੋ ਗਿਆ ਅਤੇ 1523 ਈ. ਵਿਚ ਲੋਕਾਂ ਨੇ ਗਸਤਾਵ ਨੂੰ ਸਵੀਡਨ ਦਾ ਰਾਜਾ ਚੁਣ ਲਿਆ ਅਤੇ ਇਸ ਦੇ ਨਾਲ ਹੀ ਕਾਲਮਾਰ ਦੀ ਸੰਘੀ ਏਕਤਾ ਖਤਮ ਹੋ ਗਈ। ਇਸ ਸਮੇਂ ਡੈਨਮਾਰਕ ਵਿਚ ਵੀ ਕ੍ਰਿਸਚੈਨ ਦੇ ਚਾਚੇ ਨੇ ਤਖ਼ਤ ਸੰਭਾਲ ਲਿਆ ਅਤੇ ਇਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਸੀ। ਨਵੰਬਰ, 1531 ਨੂੰ ਇਸ ਨੇ ਦੇਸ਼ ਵਾਪਸ ਆਉਣ ਦੀ ਕੋਸ਼ਿਸ਼ ਕੀਤੀ ਪਰ ਇਸ ਨੂੰ ਫੜ ਕੇ ਕੈਦ ਕਰ ਦਿੱਤਾ ਗਿਆ। ਜਨਵਰੀ, 1559 ਵਿਚ ਇਸ ਦਾ ਦਿਹਾਂਤ ਹੋ ਗਿਆ।

ਹ. ਪੂ.—ਕੋਲ. ਐਨ. 5 : 51

**ਕ੍ਰਿਸਚੈਨ (ਤੀਜਾ)** : ਡੈਨਮਾਰਕ ਅਤੇ ਨਾਰਵੇ ਦੇ ਇਸ ਰਾਜੇ ਦਾ ਜਨਮ 12 ਅਗਸਤ, 1503 ਨੂੰ ਗਾਟਆਰਪ ਸ਼ਹਿਰ ਵਿਖੇ ਹੋਇਆ। ਇਸ ਨੂੰ ਜਰਮਨ ਲੂਥਰ-ਪੰਥੀ ਅਧਿਆਪਕਾਂ ਦੁਆਰਾ ਸਿੱਖਿਆ ਦੇ ਕੇ ਪ੍ਰੋਟੈਸਟੈਂਟ ਮੱਤ ਦੇ ਮੰਤਵ ਅਤੇ ਉਦੇਸ਼ ਵਿਚ ਪਰਪੱਕ ਕੀਤਾ ਗਿਆ। ਸੰਨ 1529 ਵਿਚ ਇਹ ਨਾਰਵੇ ਦਾ ਵਾਇਸਰਾਏ ਬਣਿਆ ਤੇ ਇਸ ਦੌਰਾਨ ਇਸ ਨੇ ਰੋਮਨ-ਕੈਥੋਲਿਕਾਂ ਨੂੰ ਸਹਿਣ ਨਾ ਕਰਨ ਦੀ ਰੁਚੀ ਵਿਖਾਈ। ਸੰਨ 1533 ਵਿਚ ਇਸ ਦੇ ਪਿਤਾ ਦੇ ਦਿਹਾਂਤ ਤੇ ਰਾਜ-ਗੱਦੀ ਬਾਰੇ ਘਬਰਾਹਟ ਪੈਦਾ ਹੋ ਗਈ ਕਿਉਂਕਿ ਉਸ ਸਮੇਂ ਲੋਕਾਂ ਦੁਆਰਾ ਚੁਣਿਆ ਹੋਇਆ ਇਕ ਨੁਮਾਇੰਦਾ ਗੱਦੀ ਤੇ ਬੈਠਾ ਸੀ। ਕ੍ਰਿਸਚੈਨ ਨੇ 1535 ਈ. ਵਿਚ ਇਸ ਨੂੰ ਦਬਾਅ ਕੇ ਆਪਣੇ ਆਪ ਨੂੰ ਰਾਜਾ ਐਲਾਨ ਕਰ ਦਿੱਤਾ। ਅਗਲੇ ਸਾਲ ਇਸ ਨੇ ਡੈਨਮਾਰਕ ਵਿਚ ਪਾਦਰੀ-ਰਾਜ ਨੂੰ ਬੰਦ ਕਰਕੇ ਸੁਧਾਰ ਕਰਨੇ ਆਰੰਭ ਕੀਤੇ ਇਸੇ ਸਮੇਂ ਇਸ ਨੇ ਡੈਨਮਾਰਕ ਵਿਚ ਚੋਣ-ਪ੍ਰਣਾਲੀ ਨਾਲ ਰਾਜਾ ਚੁਣਨ ਦੀ ਰਵਾਇਤ ਬੰਦ ਕਰਕੇ ਜੱਦੀ ਵਾਰਸ ਦੀ ਰਵਾਇਤ ਲਾਗੂ ਕੀਤੀ। ਸੰਨ 1542 ਵਿਚ ਇਸ ਨੇ ਰੋਮ ਦੇ ਪਵਿੱਤਰ ਬਾਦਸ਼ਾਹ ਚਾਰਲਸ ਪੰਜਵੇਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਅਤੇ 1542 ਈ. ਵਿਚ ਸਕੰਡੇਨੇਵੀਆ ਦੇ ਪਾਣੀਆਂ ਵਿਚ ਡੱਚ ਜਹਾਜ਼ਰਾਨੀ ਬੰਦ ਕਰ ਦਿੱਤੀ ਜਿਸ ਤੋਂ ਉਹ 1544 ਈ. ਵਿਚ ਸ਼ਾਂਤੀ ਸਥਾਪਤ ਕਰਨ ਲਈ ਮਜਬੂਰ ਹੋ ਗਏ। ਇਸ ਦਾ ਲੂਥਰ-ਪੰਥੀ ਸਿਧਾਂਤਾਂ ਵਿਚ ਕੱਟੜ ਹੋਣ ਕਰਕੇ ਇਸ ਨੇ ਕਈ ਧਾਰਮਕ ਵਧੀਕੀਆਂ ਵੀ ਕੀਤੀਆਂ ਪਰ ਫਿਰ ਵੀ ਡੈਨਮਾਰਕ ਦੇ ਲੋਕਾਂ ਨੂੰ ਇਕ ਸਮੁੱਚੇ ਸਮੂਹ ਵਿਚ ਪਹਿਲੀ ਵਾਰ ਇਸ ਨੇ ਹੀ ਮਜ਼ਬੂਤ ਕੀਤਾ।

1 ਜਨਵਰੀ, 1559 ਨੂੰ ਇਸ ਦਾ ਦਿਹਾਂਤ ਹੋ ਗਿਆ।

ਹ. ਪੂ.—ਕੋਲ. ਐਨ. 5 : 51

**ਕ੍ਰਿਸਚੈਨ (ਚੌਥਾ)** : ਡੈਨਮਾਰਕ ਅਤੇ ਨਾਰਵੇ ਦੇ ਇਸ ਰਾਜੇ ਦਾ ਜਨਮ 12 ਅਪ੍ਰੈਲ, 1577 ਨੂੰ ਜ਼ੇਲਆਨ ਟਾਪੂ ਦੀ ਫ੍ਰੈਡਰਿਕਸਬਰਗ ਕਮਿਊਨ ਵਿਚ ਹੋਇਆ। ਇਸ ਦੇ ਪਿਤਾ ਕ੍ਰਿਸਚੈਨ ਫ੍ਰੈਡਰਿਕ ਦੂਜੇ ਨੇ 1582 ਈ. ਵਿਚ ਆਪਣੇ ਦਰਬਾਰੀਆਂ ਨਾਲ ਇਹ ਸਮਝੌਤਾ ਕੀਤਾ ਸੀ ਕਿ ਉਹ ਇਸ ਦੀ ਮੌਤ ਉਪਰੰਤ ਇਸ ਦੇ ਲੜਕੇ ਦੀ ਮਦਦ ਕਰਨਗੇ। 1588 ਈ. ਵਿਚ ਇਸ ਦੇ ਪਿਤਾ ਦੀ ਮੌਤ ਪਿਛੋਂ ਭਾਵੇਂ ਰਾਜ ਦਾ ਵਾਰਸ ਤਾਂ ਇਹੋ ਹੀ ਸੀ ਪਰ ਨਾਬਾਲਗ ਹੋਣ ਕਾਰਨ 1596 ਈ. ਵਿਚ ਇਸ ਦੇ ਗੱਦੀ ਤੇ ਬੈਠਣ ਤਕ ਰੀਜੈਂਸੀ ਕੌਂਸਲ ਹੀ ਰਾਜ ਕਰਦੀ ਰਹੀ। ਇਸ ਦਾ ਰਾਜ-ਕਾਲ ਬੇਸ਼ੱਕ ਬਹੁਤ ਸੰਘਰਸ਼ ਵਿਚ ਲੰਘਿਆ ਫਿਰ ਵੀ ਡੈਨਮਾਰਕ ਲਈ ਇਹ ਬੜਾ ਮਹੱਤਵਪੂਰਨ ਸਮਾਂ ਸੀ। ਇਸ ਸਮੇਂ ਜਲ ਅਤੇ ਥਲ ਸੈਨਾ ਵਿਚ ਕਈ ਸੁਧਾਰ ਕਰਨ ਦੇ ਉਪਰਾਲੇ ਹੋਏ। ਕੋਪਨਹੇਗਨ ਦੇ ਅਕਾਰ ਅਤੇ ਖ਼ੂਬਸੂਰਤੀ ਨੂੰ ਵਧਾਇਆ। ਡੈਨਿਸ਼ ਈਸਟ ਅਤੇ ਵੈੱਸਟ ਇੰਡੀਜ਼ ਕੰਪਨੀਆਂ ਰਾਹੀਂ ਵਪਾਰ ਨੂੰ ਵੀ ਕਾਫ਼ੀ ਵਧਾਇਆ ਗਿਆ। ਬਦੇਸ਼ੀ ਮਾਮਲਿਆਂ ਵਿਚ ਕ੍ਰਿਸਚੈਨ ਉੱਤਰੀ ਜਰਮਨੀ ਵਿਚ ਡੈਨਮਾਰਕੀ ਰਾਜ ਕਾਇਮ ਕਰਨ ਦਾ ਚਾਹਵਾਨ ਸੀ ਅਤੇ 1611-1613 ਵਿਚ ਸਵੀਡਨ ਨਾਲ ਹੋਈ ਕਾਲਮਾਰ ਜੰਗ ਦਾ ਅਤੇ 30 ਸਾਲਾ ਲੜਾਈ ਵਿਚ ਡੈਨਮਾਰਕ ਦੀ ਦਖਲ-ਅੰਦਾਜ਼ੀ ਦਾ ਵੀ ਇਹੀ ਕਾਰਨ ਸੀ, ਜਿਸ ਵਿਚ ਕ੍ਰਿਸਚੈਨ ਨੂੰ ਹਾਰ ਹੋਈ। ਜਰਮਨੀ ਵਿਚ ਸਵੀਡਿਸ਼ ਯੁੱਧ ਸਮੇਂ ਇਸ ਦੀ ਯੁੱਧ-ਨੀਤੀ ਗਲਤ ਸੀ। ਇਸ ਦੀ ਜ਼ਿੰਦਗੀ ਦੇ ਅਖ਼ੀਰਲੇ ਕੁਝ ਸਾਲ ਇਸੇ ਤਰ੍ਹਾਂ ਲੜਾਈ ਝਗੜਿਆਂ ਵਿਚ ਗੁਜ਼ਰੇ। 28 ਫ਼ਰਵਰੀ, 1648 ਵਿਚ ਕੋਪਨਹੇਗਨ ਵਿਚ ਇਸ ਦਾ ਦਿਹਾਂਤ ਹੋ ਗਿਆ।

ਹ. ਪੂ.—ਕੋਲ. ਐਨ. 5 : 52

**ਕ੍ਰਿਸਚੈਨ (ਦਸਵਾਂ)** : ਡੈਨਮਾਰਕ ਅਤੇ ਆਈਸਲੈਂਡ ਦੇ ਇਸ ਰਾਜੇ ਦਾ ਜਨਮ 26 ਸਤੰਬਰ, 1870 ਨੂੰ ਸ਼ਾਰਲਾਟਨ ਲੰਡ ਵਿਖੇ ਹੋਇਆ। ਇਹ ਫ੍ਰੈਡਰਿਕ ਅੱਠਵੇਂ ਦੀ ਮੌਤ ਤੋਂ ਬਾਅਦ 1912 ਵਿਚ ਤਖ਼ਤ ਤੇ ਬੈਠਾ, ਜਿਸ ਤੋਂ ਦੋ ਸਾਲ ਬਾਅਦ ਹੀ ਪਹਿਲਾ ਸੰਸਾਰ-ਯੁੱਧ ਛਿੜ ਗਿਆ ਤੇ ਇਸ ਨੇ ਡੈਨਮਾਰਕ ਨੂੰ ਨਿਰਪੱਖ ਰੱਖਿਆ। ਸੰਨ 1915 ਵਿਚ ਇਸ ਨੇ ਇਕ ਨਵਾਂ ਵਿਧਾਨ ਪਾਸ ਕਰਕੇ ਔਰਤਾਂ ਨੂੰ ਵੋਟ ਦਾ ਹੱਕ ਦਿੱਤਾ ਤੇ 1919 ਈ. ਵਿਚ ਆਈਸਲੈਂਡ ਨੂੰ ਡੈਨਮਾਰਕ ਤੋਂ ਆਜ਼ਾਦ ਕਰਵਾ ਕੇ ਆਪਣੇ ਅਧੀਨ ਰਾਜ ਮੰਨ ਲਿਆ। ਦੋ ਦਹਾਕਿਆਂ ਵਿਚ ਹੀ ਇਹ ਡੈਨਮਾਰਕ ਦੇ ਮਹਾਨ ਰਾਜਿਆਂ ਵਿਚ ਗਿਣਿਆ ਜਾਣ ਲੱਗਾ। ਸਰਲ ਸੁਭਾਅ, ਬਿਨਾਂ ਫ਼ੌਜੀ ਹਿਫ਼ਾਜ਼ਤ ਦੇ ਜਨਤਾ ਵਿਚ ਆਮ ਤੁਰਨ-ਫਿਰਨ ਦੀ ਆਦਤ ਅਤੇ ਇਸ ਨੂੰ ਡੈਨਮਾਰਕੀ

ਲੋਕਾਂ ਦੇ ਸੁਭਾਅ ਦੀ ਡੂੰਘੀ ਸੂਝ ਹੋਣ ਕਰਕੇ ਇਹ ਲੋਕਾਂ ਵਿਚ ਹਰਮਨ ਪਿਆਰਾ ਸੀ। ਇਸ ਨੇ ਕਈ ਸੰਵਿਧਾਨਕ ਤਬਦੀਲੀਆਂ ਵੀ ਬੜੇ ਦਾਰਸ਼ਨਿਕ ਖਿਆਲ ਵਿਚ ਪਰਗਟ ਕੀਤੀਆਂ ਜਿਵੇਂ ਕਿ 'ਸਰਕਾਰ ਲੋਕਾਂ ਦੀ ਹੈ ਤੇ ਮੈਂ ਵੀ ਉਨ੍ਹਾਂ ਵਿਚੋਂ ਇਕ ਹਾਂ।" ਸੰਨ 1940 ਵਿਚ ਡੈਨਮਾਰਕ ਤੇ ਹੋਏ ਹਮਲੇ ਸਮੇਂ ਇਹ 70 ਸਾਲਾਂ ਦਾ ਸੀ। ਉਸ ਸਮੇਂ ਇਸ ਦੀ ਵਿਚਾਰਧਾਰਾ ਹੀ ਇਕ ਮੁੱਖ ਰੁਕਾਵਟ ਸੀ।

ਸੰਨ 1943 ਵਿਚ ਡੈਨਮਾਰਕ ਦੇ ਲੋਕਾਂ ਦੁਆਰਾ ਜਰਮਨੀ ਦੇ ਦਬਦਬੇ ਵਿਰੁੱਧ ਕੀਤੀ ਬਗਾਵਤ ਦੀ ਵੀ ਇਸ ਨੇ ਹਾਮੀ ਭਰੀ ਜਿਸ ਤੋਂ ਇਸ ਨੂੰ 1944 ਤੱਕ ਕੈਦ ਰੱਖਿਆ ਗਿਆ। ਸੰਨ 1945 ਵਿਚ ਇਹ ਫਿਰ ਤੋਂ ਕੋਪਨਹੇਗਨ ਦੀਆਂ ਗਲੀਆਂ ਵਿਚ ਆਜ਼ਾਦੀ ਨਾਲ ਘੁੰਮਣ ਲੱਗਾ ਤੇ ਕੁਝ ਚਿਰ ਪਿੱਛੋਂ ਇਸ ਦਾ ਦਿਹਾਂਤ ਹੋ ਗਿਆ ਤੇ ਇਸ ਦਾ ਲੜਕਾ ਫ੍ਰੈਡਰਿਕ ਨੌਵਾਂ ਗੱਦੀ ਤੇ ਬੈਠਾ।

ਹ.ਪੁ.—ਕੋਲ. ਐਨ. 5 : 52

**ਕ੍ਰਿਸਚੈਨਸਟੈਂਡ** : ਦੱਖਣੀ ਸਵੀਡਨ ਦਾ ਇਹ ਸ਼ਹਿਰ ਕ੍ਰਿਸਚੈਨਸਟੈਂਡ ਕਾਊਂਟੀ ਦੀ ਰਾਜਧਾਨੀ ਹੈ ਜੋ ਮਾਲਮੋ ਤੋਂ ਕੋਈ 100 ਕਿ. ਮੀ. ਉੱਤਰ-ਪੂਰਬ ਵੱਲ ਹੈਲਗੇ ਦਰਿਆ ਦੇ ਕੰਢੇ ਤੇ ਸਥਿਤ ਹੈ। ਕਰਿਸਚੈਨਸਟੈਂਡ ਦੀਆਂ ਮਸ਼ਹੂਰ ਇਮਾਰਤਾਂ ਵਿਚ ਇਕ ਹੋਲੀ ਟ੍ਰਿਨਿਟੀ ਦਾ ਗਿਰਜਾ ਹੈ। ਟੈਗਾਰਡਨ ਜਿਹੜਾ ਕਿ ਸ਼ਾਹੀ ਮਹਿਲ ਦੇ ਮਨੋਰਥ ਲਈ 1615 ਈ. ਵਿਚ ਉਸਾਰਿਆ ਗਿਆ ਸੀ, ਸ਼ਾਹੀ ਅਸਤਬਲ ਵੀ ਬਣਿਆ ਰਿਹਾ ਜਿਸ ਵਿਚ ਅੱਜਕਲ੍ਹ ਅਜਾਇਬ ਘਰ ਹੈ। ਕਰਿਸਚੈਨਸਟੈਂਡ ਇਕ ਸੱਨਅਤੀ ਸ਼ਹਿਰ ਹੈ। ਇਹ ਰੇਲਾਂ ਅਤੇ ਸੜਕਾਂ ਦਾ ਮਸ਼ਹੂਰ ਕੇਂਦਰ ਹੈ ਜਿਹੜਾ ਮਾਲਮੋ ਅਤੇ ਸਟਾਕਹੋਮ ਨਾਲ ਹਵਾਈ ਸੇਵਾ ਦੁਆਰਾ ਵੀ ਜੁੜਿਆ ਹੋਇਆ ਹੈ। ਇਹ 1614 ਈ. ਵਿਚ ਡੈਨਮਾਰਕ ਦੇ ਬਾਦਸ਼ਾਹ ਕਰਿਸਚੈਨ ਚੌਥੇ ਨੇ ਆਬਾਦ ਕੀਤਾ ਸੀ।

ਆਬਾਦੀ —69,354 (1984 ਅੰਦਾ.)

56° 00′ ਉ. ਵਿਥ, ; 14° 5′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 492

**ਕ੍ਰਿਸ਼ਨਨ, ਕਰਿਆਣਕਮ ਸ੍ਰੀ ਨਿਵਾਸ** : ਇਸ ਭਾਰਤੀ ਭੌਤਿਕ-ਵਿਗਿਆਨੀ ਦਾ ਜਨਮ 4 ਦਸੰਬਰ, 1898 ਨੂੰ ਹੋਇਆ। ਇਸ ਨੇ ਅਮਰੀਕਨ ਕਾਲਜ ਮਦੁਰਾ, ਮਦਰਾਸ ਅਤੇ ਯੂਨੀਵਰਸਿਟੀ ਕਾਲਜ ਆਫ਼ ਸਾਇੰਸ ਕਲਕੱਤਾ ਤੋਂ ਵਿੱਦਿਆ ਪ੍ਰਾਪਤ ਕੀਤੀ। ਇੰਡੀਅਨ ਐਸੋਸੀਏਸ਼ਨ ਫਾਰ ਕਲਟੀਵੇਸ਼ਨ ਆਫ਼ ਸਾਇੰਸ ਵਿਚ ਸੰਨ 1923 ਤਕ ਤੱਤਾਂ ਸਬੰਧੀ ਖੋਜ ਦਾ ਕੰਮ ਕੀਤਾ। ਸੰਨ 1933 ਤੋਂ 1942 ਤਕ ਮਹੇਂਦਰ ਲਾਲ ਸਰਕਾਰ ਰਿਸਰਚ ਇੰਸਟੀਚਿਊਟ ਵਿਚ ਪ੍ਰੋਫ਼ੈਸਰ ਦੇ ਅਹੁਦੇ ਉਤੇ ਕੰਮ ਕਰਦਾ ਰਿਹਾ। ਇਸ ਤੋਂ ਬਾਅਦ ਅਲਾਹਾਬਾਦ ਯੂਨੀਵਰਸਿਟੀ ਵਿਖੇ ਭੌਤਿਕ-ਵਿਗਿਆਨ ਦਾ ਪ੍ਰੋਫ਼ੈਸਰ ਬਣ ਗਿਆ। ਸੰਨ 1947 ਵਿਚ ਇਹ ਨੈਸ਼ਨਲ ਫ਼ਿਜ਼ਿਕਲ ਲੈਬਾਰਟਰੀ ਦਿੱਲੀ ਦਾ ਪਹਿਲਾ ਸੰਚਾਲਕ ਨਿਯੁਕਤ ਕੀਤਾ ਗਿਆ। ਇਸ ਦੇ ਤੱਤਾਂ ਸਬੰਧੀ ਖੋਜ ਬਾਰੇ ਅਨੇਕਾਂ ਲੇਖ 'ਟ੍ਰਾਂਜੈਕਸ਼ਨਜ਼ ਐਂਡ ਪ੍ਰੋਸੀਡਿੰਗਜ਼ ਆਫ਼ ਰੌਇਲ ਸੁਸਾਇਟੀ' ਵਿਚ ਪ੍ਰਕਾਸ਼ਿਤ ਹੋਏ। ਇਸ ਨੇ ਭੌਤਿਕ-ਵਿਗਿਆਨ ਦੇ ਕਈ ਵਿਸ਼ਿਆਂ ਬਾਰੇ ਖੋਜ ਕਰਕੇ ਮਹੱਤਵਪੂਰਨ ਯੋਗਦਾਨ ਪਾਇਆ, ਜਿਵੇਂ ਕਿ ਪ੍ਰਕਾਸ਼, ਚੁੰਬਕਤਾ, ਇਲੈੱਕਟ੍ਰੌਨਿਕਸ, ਸੌਲਿਡ-ਸਟੇਟ ਫ਼ਿਜ਼ਿਕਸ ਅਤੇ ਖ਼ਾਸ ਤੌਰ ਤੇ ਧਾਤਵੀ ਭੌਤਿਕ-ਵਿਗਿਆਨ ਆਦਿ। ਸਰ ਸੀ. ਵੀ. ਰਮਨ ਨਾਲ ਮਿਲ ਕੇ ਇਸਨੇ ਰਮਨ-ਪ੍ਰਭਾਵ ਦੀ ਖੋਜ ਵਿਚ ਵੀ ਯੋਗਦਾਨ ਪਾਇਆ। ਇਸ ਦੀਆਂ ਚੁੰਬਕਤਾ ਉਤੇ ਪ੍ਰਕਾਸ਼ੀ ਅਤੇ ਬਿਜਲਈ ਪ੍ਰਭਾਵ ਸਬੰਧੀ ਕੀਤੀਆਂ ਖੋਜਾਂ ਦੇ ਕੰਮ ਦੀ ਸੰਸਾਰ ਦੇ ਵਿਗਿਆਨੀਆਂ ਨੇ ਬਹੁਤ ਸ਼ਲਾਘਾ ਕੀਤੀ।

ਮਦਰਾਸ ਯੂਨੀਵਰਸਿਟੀ ਨੇ ਇਸ ਨੂੰ ਡੀ. ਐੱਸ ਸੀ. ਦੀ ਡਿਗਰੀ ਨਾਲ ਸਨਮਾਨਿਆ। ਸੰਨ 1940 ਵਿਚ ਇਸਨੂੰ 'ਰੌਇਲ ਸੁਸਾਇਟੀ ਆਫ਼ ਲੰਡਨ' ਦਾ ਮੈਂਬਰ ਚੁਣਿਆ ਗਿਆ ਅਤੇ ਸੰਨ 1946 ਵਿਚ ਸਰ ਦਾ ਖ਼ਿਤਾਬ ਦਿਤਾ ਗਿਆ। ਆਪਣੇ ਜੀਵਨ ਕਾਲ ਵਿਚ ਇਸ ਦਾ ਅਨੇਕਾਂ ਵਿਗਿਆਨਕ ਸੰਸਥਾਵਾਂ ਨਾਲ ਸਬੰਧ ਰਿਹਾ, ਜਿਵੇਂ ਕਿ ਸੰਨ 1945-46 ਵਿਚ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਦਾ ਮੁਖੀ, ਸੰਨ 1950 ਵਿਚ ਇੰਡੀਅਨ ਸਾਇੰਸ ਕਾਂਗਰਸ ਦੇ ਭੌਤਿਕ-ਵਿਗਿਆਨ ਵਿਭਾਗ ਦਾ ਮੁਖੀ ਅਤੇ ਸੰਨ 1949 ਵਿਚ ਇਸ ਸਮੁੱਚੀ ਸੰਸਥਾ ਦਾ ਮੁਖੀ ਚੁਣਿਆ ਗਿਆ। ਇਹ ਐਟਾਮਿਕ ਐਨਰਜੀ ਕਮਿਸ਼ਨ ਅਤੇ ਭਾਰਤੀ ਵਿਗਿਆਨਕ ਤੇ ਉਦਯੋਗਿਕ ਖੋਜ ਕਮਿਸ਼ਨ (C.S.I.R.) ਦੀ ਕਾਰਜਕਾਰਨੀ ਦਾ ਮੈਂਬਰ ਰਿਹਾ। ਇਸ ਨੇ ਅਨੇਕਾਂ ਅੰਤਰ-ਰਾਸ਼ਟਰੀ ਸੰਮੇਲਨਾਂ ਵਿਚ ਭਾਰਤ ਦੀ ਸਫ਼ਲਤਾ ਪੂਰਵਕ ਪ੍ਰਤਿਨਿਧਤਾ ਕੀਤੀ।

14 ਜੂਨ, 1960 ਨੂੰ ਦਿੱਲੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 144

**ਕ੍ਰਿਸ਼ਨ** : ਸਾਧਾਰਨ ਰੂਪ ਵਿਚ ਕ੍ਰਿਸ਼ਨ ਕਾਲੇ ਰੰਗ ਦੀ ਵਸਤੂ ਨੂੰ ਕਹਿੰਦੇ ਹਨ, ਪਰੰਤੂ ਮੁੱਖ ਤੌਰ ਤੇ ਇਸ ਸ਼ਬਦ ਦਾ ਪ੍ਰਯੋਗ ਭਗਵਤ ਗੀਤਾ ਦੇ ਪ੍ਰਵਕਤਾ ਵਸੂਦੇਵ ਸ੍ਰੀ ਕ੍ਰਿਸ਼ਨ ਲਈ ਹੀ ਕੀਤਾ ਜਾਂਦਾ ਹੈ।

ਕ੍ਰਿਸ਼ਨ ਜੀ ਦੇ ਪਿਤਾ ਦਾ ਨਾਂ ਵਸੂਦੇਵ ਅਤੇ ਮਾਤਾ ਦਾ ਨਾਂ ਦੇਵਕੀ ਸੀ। ਪੁਰਾਣਾਂ ਅਨੁਸਾਰ ਦੇਵਕੀ ਮਥੁਰਾ ਦੇ ਰਾਜਾ ਕੰਸ ਦੀ ਭੈਣ ਸੀ। ਕੰਸ ਬਹੁਤ ਹੰਕਾਰੀ ਅਤੇ ਅਤਿਆਚਾਰੀ ਰਾਜਾ ਸੀ। ਉਸ ਦੀ ਇਹ ਧਾਰਨਾ ਬਣ ਗਈ ਕਿ ਦੇਵਕੀ ਦੇ ਅਠਵੇਂ ਗਰਭ ਤੋਂ ਪੈਦਾ ਹੋਣ ਵਾਲਾ ਬੱਚਾ ਉਸ ਦੀ ਮੌਤ ਦਾ ਕਾਰਨ ਬਣੇਗਾ। ਇੰਜ ਆਪਣੀ ਭੈਣ ਅਤੇ ਜੀਜੇ ਨੂੰ ਕੈਦ ਕਰਕੇ ਉਹ ਉਨ੍ਹਾਂ ਦੀ ਹਰ ਸੰਤਾਨ ਨੂੰ ਮਾਰ ਦਿੰਦਾ ਰਿਹਾ। ਅਠਵੇਂ ਬੱਚੇ ਨੂੰ ਬਚਾਉਣ ਲਈ ਵਸੂਦੇਵ ਨੇ ਜਤਨ ਕੀਤੇ। ਬੱਚਾ ਜੰਮਦਿਆਂ ਹੀ ਉਹ ਬੱਚੇ ਨੂੰ ਟੋਕਰੀ ਵਿਚ ਪਾ ਕੇ ਰਾਤ ਨੂੰ ਜਮਨਾ ਪਾਰ ਕਰਕੇ ਗੋਕਲ ਵਿਚ ਪਹੁੰਚ ਗਿਆ। ਉਸੇ ਰਾਤ ਜਨਮੀ ਰਾਜਾ ਨੰਦ ਦੀ ਲੜਕੀ ਨਾਲ ਆਪਣਾ ਬੱਚਾ ਉਸ ਨੇ ਵਟਾ ਲਿਆਂਦਾ। ਕੰਸ ਨੇ ਇਹੋ ਬੱਚੀ ਪੱਥਰ ਤੇ ਪਟਕ ਕੇ ਮਾਰ ਦਿੱਤੀ। ਉਧਰ ਕ੍ਰਿਸ਼ਨ ਜੀ ਰਾਜਾ ਨੰਦ ਦੇ ਵੱਡੇ ਪੁੱਤਰ ਬਲਰਾਮ ਨਾਲ ਬੜੇ ਪਿਆਰ ਤੇ ਲਾਡ ਨਾਲ ਪਲਦੇ ਰਹੇ। ਆਰੰਭ ਤੋਂ ਹੀ ਕ੍ਰਿਸ਼ਨ ਜੀ ਵਿਚ ਅਸਾਧਾਰਨ ਪ੍ਰਤਿਭਾ ਸੀ ਅਤੇ ਸ਼ਰੀਰਕ ਬਲ ਬਹੁਤ ਸੀ, ਜਿਸ ਕਰਕੇ ਗੋਕਲ ਦੇ ਸਾਰੇ ਲੋਕ ਕ੍ਰਿਸ਼ਨ ਜੀ ਉੱਤੇ ਮੁਗਧ ਹੋ ਗਏ। ਥੋੜੇ ਸਮੇਂ ਵਿਚ ਹੀ ਇਨ੍ਹਾਂ ਦੀ ਬੁੱਧੀ ਦੀ ਚਰਚਾ ਚਾਰੇ ਪਾਸੇ ਫੈਲਣ ਲਗੀ। ਜੋਤਸ਼ੀਆਂ ਨੇ ਕੰਸ ਨੂੰ ਦੱਸ ਦਿੱਤਾ ਕਿ ਗੋਕਲ ਵਿਚ ਪਲ ਰਿਹਾ ਕ੍ਰਿਸ਼ਨ ਨਾਂ ਦਾ ਬਾਲਕ ਹੀ ਉਸ ਨੂੰ ਮਾਰੇਗਾ। ਕੰਸ ਨੇ ਬਾਲਕ ਕ੍ਰਿਸ਼ਨ ਨੂੰ ਮਾਰਨ ਲਈ ਜਤਨ ਆਰੰਭ ਕਰ ਦਿੱਤੇ। ਉਸ ਨੇ ਰਾਜਾ ਨੰਦ ਨੂੰ ਸੁਨੇਹਾ ਭੇਜ ਕੇ ਬਾਲਕ ਕ੍ਰਿਸ਼ਨ ਨੂੰ ਮਥੁਰਾ ਵਿਖੇ ਬੁਲਾ ਭੇਜਿਆ। ਗੋਕਲ ਵਾਸੀ ਕ੍ਰਿਸ਼ਨ ਨੂੰ ਭੇਜਣ ਦੇ ਹਾਮੀ ਨਹੀਂ ਸਨ। ਸਭ ਕੰਸ ਦੀ ਬਦਨੀਤੀ ਤੋਂ ਜਾਣੂੰ ਸਨ ਪਰ ਕ੍ਰਿਸ਼ਨ ਅਤੇ ਬਲਰਾਮ ਦੋਵੇਂ ਭਰਾ ਬਿਨਾਂ ਕਿਸੇ ਭੈ ਤੋਂ ਸੁਨੇਹਾ ਲੈ ਕੇ ਆਏ ਵਿਅਕਤੀ ਨਾਲ ਚਲੇ ਗਏ। ਕੰਸ ਦੇ ਦਰਬਾਰ ਵਿਚ ਜਾ ਕੇ ਇਨ੍ਹਾਂ ਉਪਰ ਪਹਿਲਾਂ ਮਸਤ ਹਾਥੀ ਛੱਡਿਆ ਗਿਆ, ਫਿਰ ਇਨ੍ਹਾਂ ਨੂੰ ਬਹੁਤ ਤਕੜੇ ਭਲਵਾਨਾਂ ਨਾਲ ਘੁਲਣ ਲਈ ਕਿਹਾ ਗਿਆ। ਦੋਵੇਂ ਭਰਾਵਾਂ ਨੇ ਹਾਥੀ ਅਤੇ ਭਲਵਾਨ ਮਾਰਨ ਤੋਂ ਪਿਛੋਂ ਕੰਸ ਵਲ ਰੁਖ ਕੀਤਾ। ਕ੍ਰਿਸ਼ਨ ਨੇ ਕੰਸ ਨੂੰ ਕੇਸਾਂ ਤੋਂ ਫੜ ਕੇ ਘਸੀਟ-ਘਸੀਟ ਕੇ ਮਾਰ ਦਿਤਾ। ਇਸੇ ਕਰਕੇ ਕ੍ਰਿਸ਼ਨ ਨੂੰ ਕੰਸ-ਨਿਸ਼ੂਦਨ ਵੀ ਕਿਹਾ ਜਾਂਦਾ ਹੈ। ਕੰਸ ਦੀ ਮੌਤ ਪਿਛੋਂ ਉਸ ਦੇ ਪਿਤਾ ਰਾਜਾ ਉਗਰਸੈਨ ਨੇ ਸਾਰਾ ਰਾਜ-ਭਾਗ ਸੰਭਾਲਣ ਲਈ ਕ੍ਰਿਸ਼ਨ ਜੀ ਨੂੰ ਕਿਹਾ ਪਰ ਕ੍ਰਿਸ਼ਨ ਜੀ ਨੇ ਉੱਤਰ ਦਿੱਤਾ ਕਿ ਕੰਸ ਦਾ ਬਧ ਰਾਜ-ਭਾਗ ਲੈਣ ਲਈ ਨਹੀਂ ਸਗੋਂ ਲੋਕ ਕਲਿਆਣ ਲਈ ਕੀਤਾ ਗਿਆ ਹੈ ਅਤੇ ਇਹ ਰਾਜ-ਭਾਗ ਤੁਸੀਂ ਆਪ ਹੀ ਸੰਭਾਲੋ, ਅਸੀਂ ਤਾਂ ਉਹ ਕਲੰਕ ਹੀ ਮਿਟਾਉਣਾ ਸੀ। ਬਹੁਤ

ਸਾਰੇ ਕੈਦੀਆਂ ਨੂੰ ਜੇਲ੍ਹ ਵਿਚੋਂ ਮੁਕਤ ਕਰਕੇ ਦੋਵੇਂ ਭਰਾ ਗੋਕਲ ਵਾਪਸ ਚਲੇ ਗਏ। ਉਥੇ ਹੀ ਗੁਰੂ ਕੁਲ ਵਿਚ ਕ੍ਰਿਸ਼ਨ ਜੀ ਨੇ ਸੰਪੂਰਨ ਵੇਦ ਅਤੇ ਸ਼ਸਤਰ ਵਿਦਿਆ ਗ੍ਰਹਿਣ ਕੀਤੀ। ਕੰਸ ਦੀ ਮੌਤ ਕਾਰਨ ਉਸ ਦੇ ਕਈ ਮਿਤਰ ਕ੍ਰਿਸ਼ਨ ਜੀ ਨਾਲ ਨਾਰਾਜ਼ ਹੋ ਗਏ ਅਤੇ ਗੋਕਲ ਅਤੇ ਮਥੁਰਾ ਉਪਰ ਹਮਲੇ ਕਰਨ ਲਗੇ। ਕ੍ਰਿਸ਼ਨ ਜੀ ਨੇ ਗੋਕਲ ਵਾਸੀਆਂ ਦੀ ਔਖ ਨੂੰ ਧਿਆਨ ਵਿਚ ਰਖਦਿਆਂ ਦੁਆਰਕਾ ਜਾ ਕੇ ਰਹਿਣ ਦਾ ਨਿਰਣਾ ਕੀਤਾ। ਇਸ ਬੇ-ਆਬਾਦ ਥਾਂ ਨੂੰ ਉਨ੍ਹਾਂ ਨੇ ਰੰਗਾ ਰੰਗ ਕਰ ਦਿਤਾ ਅਤੇ ਉਥੇ ਆਪਣੇ ਸਾਥੀਆਂ ਨਾਲ ਜਾ ਵਸੇ। ਉਥੇ ਬਣਾਏ ਕਿਲ੍ਹੇ ਤੋਂ ਬਾਹਰ ਜਾ ਕੇ ਉਹ ਲੋਕ ਹਿਤ ਦੇ ਕੰਮ ਕਰਦੇ ਰਹੇ। ਇਨ੍ਹਾਂ ਕਾਰਜਾਂ ਨੇ ਕ੍ਰਿਸ਼ਨ ਜੀ ਨੂੰ ਭਗਵਾਨ ਪਦ ਤਕ ਪਹੁੰਚਾ ਦਿਤਾ। ਰਾਜ ਭਾਗ ਦੀ ਇੱਛਾ ਕੀਤੇ ਬਿਨਾਂ ਦੁਸ਼ਟਾਂ ਨੂੰ ਮਾਰ ਕੇ ਲੋਕ ਹਿਤ ਪਾਲਣਾ ਕ੍ਰਿਸ਼ਨ ਜੀ ਦਾ ਉਦੇਸ਼ ਸੀ। ਜਦੋਂ ਦੇਸ਼ ਦੇ ਕਿਸੇ ਵੀ ਹਿੱਸੇ ਵਿਚੋਂ ਪੀੜਤਾਂ ਦੀ ਪੁਕਾਰ ਸੁਣਦੀ ਉਥੇ ਹੀ ਆਪ ਜਾ ਪਹੁੰਚਦੇ। ਕ੍ਰਿਸ਼ਨ ਜੀ ਜਿੰਨੇ ਪ੍ਰਾਕਰਮੀ ਸਨ ਉੱਨੇ ਹੀ ਗਿਆਨੀ ਅਤੇ ਨੀਤੀਵਾਨ ਵੀ ਸਨ। ਇਨ੍ਹਾਂ ਗੁਣਾਂ ਕਰਕੇ ਇਨ੍ਹਾਂ ਦੀ ਨਾਰਾਇਣ ਨਾਂ ਨਾਲ ਪ੍ਰਸਿੱਧੀ ਹੋਈ।

ਕੌਰਵ ਵੰਸ਼ ਨਾਲ ਕ੍ਰਿਸ਼ਨ ਜੀ ਦੇ ਨੇੜੇ ਦੇ ਸਬੰਧ ਅਤੇ ਰਿਸ਼ਤੇ ਸਨ। ਇਹ ਪਾਂਡਵਾਂ ਦੇ ਪਰਮ-ਸਨੇਹੀ ਬਣ ਗਏ। ਮਹਾਂਭਾਰਤ ਦੇ ਯੁੱਧ ਵਿਚ ਆਪ ਪਾਂਡਵਾਂ ਦੇ ਪੱਥ-ਪ੍ਰਦਰਸ਼ਕ ਬਣੇ। ਆਪ ਨੇ ਹੀ ਸ਼ਿਸ਼ੂ ਪਾਲ (ਜੋ ਆਪ ਦੀ ਨਿੰਦਾ ਕਰਨ ਵਾਲਾ ਰਾਜਾ ਸੀ) ਦਾ ਸਿਰ ਕੱਟਿਆ। ਪਾਂਡਵਾਂ ਦੀ ਜਿੱਤ ਦਾ ਸਿਹਰਾ ਆਪ ਦੇ ਹੀ ਸਿਰ ਸੀ। ਯੁੱਧ ਆਰੰਭ ਹੋਣ ਸਮੇਂ ਅਰਜਨ ਦਾ ਮਨ ਜਦੋਂ ਇਸ ਗੱਲ ਤੋਂ ਘਬਰਾ ਗਿਆ ਕਿ ਉਹ ਆਪਣੇ ਹੀ ਸਬੰਧੀਆਂ ਨਾਲ ਯੁੱਧ ਕਿਵੇਂ ਕਰੇਗਾ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਦੁਨੀਆਂ ਦੇ ਮਹਾਨ ਦਰਸ਼ਨ ਅਰਥਾਤ ਗੀਤਾ ਦਾ ਗਿਆਨ ਉਸ ਨੂੰ ਸੁਣਾਇਆ। ਗੀਤਾ ਗਿਆਨ ਨੂੰ ਜੀਵਨ ਦਾ ਸਾਰ ਮੰਨਿਆ ਜਾਂਦਾ ਹੈ। ਇਸ ਪੁਸਤਕ ਦੇ 18 ਅਧਿਆਏ ਹਨ, ਜੋ ਆਪਣੇ ਆਪ ਵਿਚ ਇਕ ਵਖਰਾ ਸੰਪੂਰਨ ਵਿਸ਼ਾ ਹੈ। ਮਹਾਂਭਾਰਤ ਵਿਚ ਸ੍ਰੀ ਕ੍ਰਿਸ਼ਨ ਅਸਾਧਾਰਨ ਸ਼ਕਤੀਆਂ ਨਾਲ ਸੰਪੰਨ ਆਦਰਸ਼ ਕਰਮ-ਯੋਗੀ ਹਨ। ਹਰਿਵੰਸ਼ ਪੁਰਾਣ ਵਿਚ ਇਨ੍ਹਾਂ ਦੇ ਰੂਪ ਵਿਚ ਮਾਨਵ-ਪੱਖ ਗੌਣ ਹੁੰਦਾ ਜਾਂਦਾ ਹੈ। ਸ੍ਰੀਮਦ ਭਗਵਤ ਗੀਤਾ ਵਿਚ ਪਰਿਵਰਤਨ ਦਾ ਕ੍ਰਮ ਹੋਰ ਅਗੇ ਵਧ ਗਿਆ ਹੈ। ਬਹੁਤ ਥਾਵਾਂ ਤੇ ਆਪ ਦਾ ਸ਼ਿੰਗਾਰ-ਰਸੀ ਰੂਪ ਹੀ ਸਾਹਮਣੇ ਆਉਂਦਾ ਹੈ। ਭਗਵਤ ਗੀਤਾ ਤੋਂ ਪਿਛੋਂ ਕ੍ਰਿਸ਼ਨ ਸੰਪ੍ਰਦਾਇ ਵਿਚ ਇਕ ਨਵੀਂ ਭਾਵਨਾ ਨੇ ਪ੍ਰਵੇਸ਼ ਕੀਤਾ। ਰਾਧਾ ਦੀ ਕਲਪਨਾ ਨੇ ਮੱਧ-ਕਾਲ ਵਿਚ ਕ੍ਰਿਸ਼ਨ ਸਾਹਿਤ ਅੰਦਰ ਪ੍ਰਵੇਸ਼ ਕੀਤਾ ਅਤੇ ਲਕਸ਼ਮੀ ਨਾਰਾਇਣ ਦੀ ਥਾਂ ਰਾਧਾ ਕ੍ਰਿਸ਼ਨ ਨੇ ਲੈ ਲਈ। ਕਈ ਆਚਾਰੀਆ ਰਾਧਾ ਨੂੰ ਕ੍ਰਿਸ਼ਨ ਦਾ ਅੰਗ ਮੰਨ ਕੇ ਇਸ ਦੀ ਅਧਿਆਤਮਿਕ ਵਿਆਖਿਆ ਵੀ ਕਰਦੇ ਹਨ। ਹੁਣ ਦੀਆਂ ਅਜੋਕੀਆਂ ਧਾਰਾਵਾਂ ਵਿਚ ਕ੍ਰਿਸ਼ਨ ਭਗਤੀ ਦੀ ਧਾਰਾ ਹੋਰ ਵੀ ਵਧਦੀ ਜਾ ਰਹੀ ਹੈ।

ਹ. ਪੁ.—ਹਿੰ. ਵਿ. ਕੋ. 3 : 141.

**ਕ੍ਰਿਸ਼ਨ (ਪਹਿਲਾ, ਦੂਜਾ ਅਤੇ ਤੀਜਾ)** : ਕ੍ਰਿਸ਼ਨ ਪਹਿਲਾ ਮਾਨੈਖੇਟ ਦੇ ਰਾਸ਼ਟਰਕੂਟ ਵੰਸ਼ ਦਾ ਦੂਸਰਾ ਮਹਾਨ ਸ਼ਾਸਕ ਸੀ। ਇਹ ਆਪਣੇ ਭਤੀਜੇ ਦੰਤੀ ਦੁਰਗ ਦੀ ਮੌਤ ਤੋਂ ਪਿਛੋਂ ਲਗਭਗ 756 ਈ. ਵਿਚ ਗੱਦੀ ਤੇ ਬੈਠਿਆ, ਉਸ ਸਮੇਂ ਇਸ ਦੀ ਉਮਰ 45 ਸਾਲ ਦੇ ਲਗਭਗ ਸੀ। ਇਸ ਨੇ ਨਾਂ-ਮਾਤਰ ਦੇ ਚਾਲੂਕੀਆ ਸਮਰਾਟ ਕੀਰਤੀਵਰਮਾ ਦੀ ਰਹੀ-ਖੁਹੀ ਸ਼ਕਤੀ ਨੂੰ ਖਤਮ ਕਰਕੇ ਦੱਖਣੀ ਭਾਰਤ ਵਿਚ ਪ੍ਰਮੁੱਖ ਰਾਜਨੀਤਕ ਸ਼ਕਤੀ ਬਣਨ ਵਿਚ ਸਫਲਤਾ ਪ੍ਰਾਪਤ ਕੀਤੀ। ਇਸ ਨੇ ਮੈਸੂਰ ਦੇ ਗੰਗੋਆਂ ਅਤੇ ਵੇਮੀ ਦੇ ਪੂਰਬੀ ਚਾਲੂਕੀਆਂ ਦੇ ਖੇਤਰਾਂ ਤੇ ਹਮਲੇ ਕੀਤੇ ਅਤੇ ਅਜੋਕੇ ਆਂਧਰ ਪ੍ਰਦੇਸ਼ ਦੇ ਬਹੁਤ ਸਾਰੇ ਭਾਗਾਂ ਨੂੰ ਆਪਣੇ ਅਧਿਕਾਰ ਵਿਚ ਕਰ ਲਿਆ। ਦੱਖਣੀ ਕੋਂਕਣ ਨੂੰ ਵੀ ਇਸ ਨੇ ਜਿੱਤ ਕੇ ਆਪਣੇ ਅਧਿਕਾਰ ਵਿਚ ਕਰ ਲਿਆ। ਅਲੋਰਾ ਦੇ ਪ੍ਰਸਿੱਧ ਕੈਲਾਸ਼ ਮੰਦਰ ਦੀ ਉਸਾਰੀ ਇਸ ਦਾ ਸਥਾਈ ਅਨੋਖਾ ਕਾਰਜ ਸੀ। ਕਹਿੰਦੇ ਹਨ (ਬੜੋਦਾ ਦਾਨਪਤਰ) ਉਸ ਦਾ ਕਾਰੀਗਰ ਆਪ ਵੀ ਉਸ ਨੂੰ ਵੇਖਕੇ ਹੈਰਾਨ ਰਹਿ ਗਿਆ ਸੀ। ਸਫ਼ਲਤਾਵਾਂ ਦੀ ਸੂਚਕ 'ਸ਼ੁਭਤੁੰਗ' ਉਪਾਧੀ ਵੀ ਇਸ ਨੇ ਧਾਰਨ ਕੀਤੀ। 18 ਵਰ੍ਹੇ ਰਾਜ ਕਰਨ ਪਿੱਛੋਂ 773-74 ਈ. ਵਿਚ ਇਸ ਦੀ ਮੌਤ ਹੋ ਗਈ।

ਕ੍ਰਿਸ਼ਨ ਪਹਿਲੇ ਦੀ ਪੰਜਵੀਂ ਪੀੜ੍ਹੀ ਵਿਚ ਰਾਸ਼ਟਰਕੂਟਾਂ ਦਾ ਰਾਜਾ ਕ੍ਰਿਸ਼ਨ ਦੂਸਰਾ ਹੋਇਆ। ਇਹ ਕ੍ਰਿਸ਼ਨ ਬਲਭ ਸ਼ੁਭਤੁੰਗ ਅਤੇ ਅਕਾਲ-ਵਰਸ਼ ਵੀ ਕਹਾਉਂਦਾ ਸੀ। ਡਾ. ਅਲਤੇਕਰ ਨੇ ਇਸ ਦੇ ਰਾਜ ਦੇ ਆਰੰਭ ਦੀ ਮਿਤੀ 880 ਈ. ਨਿਸ਼ਚਿਤ ਕੀਤੀ। ਇਸ ਕੋਲ ਵੀ ਦੱਖਣ ਦਾ ਵਿਸ਼ਾਲ ਇਲਾਕਾ ਸੀ। ਚੇਦੀਰਾਜ ਕੋਕਲ ਪਹਿਲੇ ਦੀ ਪੁੱਤਰੀ ਨਾਲ ਇਸ ਨੇ ਵਿਆਹ ਕੀਤਾ ਜਿਸ ਸਦਕਾ ਇਸ ਨੂੰ ਜੰਗ ਵਿਚ ਬਹੁਤ ਮਦਦ ਮਿਲੀ। ਇਹ ਲੜਾਈ ਵਿਚ ਚੰਗੇ ਯੋਧੇ ਵਜੋਂ ਨਿਤਰਦਾ ਰਿਹਾ। ਇਸ ਦੇ ਰਾਜ-ਕਾਲ ਵਿਚ ਗੁਜਰਾਤ ਦੇ ਰਾਸ਼ਟਰਕੂਟ ਵੰਸ਼ ਦਾ ਅੰਤ ਅਤੇ ਮਾਨੈਖੇਟ ਦੇ ਰਾਸ਼ਟਰਕੂਟਾਂ ਦਾ ਗੁਜਰਾਤ ਵਿਚ ਪ੍ਰਭਾਵ ਸਥਾਪਤ ਹੋ ਗਿਆ। ਇਸ ਨੂੰ ਵੇਂਗੀ ਦੇ ਚਾਲੂਕੀਆ, ਭੀਮ ਤੋਂ ਹਾਰ ਖਾਣੀ ਪਈ ਅਤੇ ਅੰਤ ਨੂੰ ਕੰਨਿਆਕੁਬਜ ਦੇ ਪ੍ਰਤੀਹਾਰਾਂ ਤੋਂ ਵੀ ਦਬਣਾ ਪਿਆ। ਫਿਰ ਵੀ ਇਹ ਆਪਣੀ ਰਾਜਨੀਤੀ ਵਿਚ ਸਫਲ ਰਿਹਾ। 36 ਵਰ੍ਹੇ ਰਾਜ ਕਰਨ ਤੋਂ ਬਾਅਦ 914 ਈ. ਵਿਚ ਇਸ ਦੀ ਮੌਤ ਹੋ ਗਈ। ਇਹ ਜੈਨ ਧਰਮ ਦਾ ਉਪਾਸ਼ਕ ਸੀ ਅਤੇ ਆਦਿ ਪੁਰਾਣ ਦੇ ਰਚੇਤਾ, ਜੈਨ ਸਾਧੂ, ਗੁਣ ਭਦਰ ਦਾ ਚੇਲਾ ਸੀ। ਜੈਨ ਪੁਰਾਣ ਦੀ ਰਚਨਾ ਵੀ ਇਸ ਦੇ ਕਾਲ ਵਿਚ ਹੋਈ।

ਕ੍ਰਿਸ਼ਨ ਤੀਜਾ, ਕ੍ਰਿਸ਼ਨ ਦੂਜੇ ਨਾਲੋਂ ਲਗਭਗ 25 ਵਰ੍ਹੇ ਪਿਛੋਂ 939-40 ਈ. ਵਿਚ ਮਾਨੈਖੇਟ ਦੀ ਗੱਦੀ ਤੇ ਬੈਠਿਆ। ਇਹ ਆਪਣੇ ਪਿਤਾ ਅਮੋਘਵਰਸ਼ ਤੀਜੇ ਦੇ ਸਮੇਂ ਤੋਂ ਹੀ ਸ਼ਾਸਨ ਪ੍ਰਬੰਧ ਨਾਲ ਸਬੰਧਤ ਸੀ। ਯੁਵਰਾਜ ਹੋਣ ਦੀ ਅਵਸਥਾ ਤੋਂ ਹੀ ਇਸ ਨੇ ਆਪਣੇ ਜੀਜੇ ਬੁਤੁਗ ਨੂੰ ਗੰਗ ਰਾਜ-ਗੱਦੀ ਤੇ ਬਿਠਾਇਆ। ਚੇਦੀ ਦੇਸ਼ ਤੇ ਹਮਲਾ ਕਰਕੇ ਉਸ ਦੀਆਂ ਫ਼ੌਜਾਂ ਨੂੰ ਹਰਾਇਆ ਅਤੇ ਚੰਦੇਲਾਂ ਦੀ ਰਾਜ-ਸੀਮਾ ਦੇ ਅੰਦਰ ਕਾਲੰਜਰ ਅਤੇ ਚਿਤ੍ਰਕੂਟ ਦੇ ਕਿਲਿਆਂ ਤੇ ਅਧਿਕਾਰ ਕਰ ਲਿਆ। ਇਸ ਨੇ ਬਹੁਤ ਸਾਰੇ ਸਫਲ ਹਮਲੇ ਕਰਕੇ ਆਪਣੇ ਰਾਜ ਨੂੰ ਬਹੁਤ ਵਧਾ ਲਿਆ। ਚੋਲਿਆਂ ਨੇ ਰਾਸ਼ਟਰਕੂਟਾਂ ਨੂੰ ਆਪਣੇ ਹਲਕੇ ਵਿਚੋਂ ਹਟਾਉਣ ਲਈ 949 ਈ. ਵਿਚ ਫਿਰ ਇਕ ਵਾਰ ਕੋਸ਼ਿਸ਼ ਕੀਤੀ ਪਰੰਤੂ ਉਹ ਬੁਰੀ ਤਰ੍ਹਾਂ ਹਾਰ ਗਏ ਅਤੇ ਉਨ੍ਹਾਂ ਦਾ ਰਾਜਕੁਮਾਰ ਰਾਜਾਦਿੱਤ, ਬੁਤੁਗ ਦੇ ਹੱਥੋਂ ਆਪਣੇ ਹਾਥੀ ਦੇ ਹੌਦੇ ਵਿਚ ਬੈਠਾ ਹੀ ਮਾਰਿਆ ਗਿਆ। ਇਸ ਤੋਂ ਉਤਸਾਹਿਤ ਹੋ ਕੇ ਇਸਨੇ ਹੋਰ ਜਿੱਤਾਂ ਪ੍ਰਾਪਤ ਕੀਤੀਆਂ। ਆਪਣੀਆਂ ਜਿੱਤਾਂ ਦੇ ਉਪਲਕਸ਼ ਵਿਚ ਇਸ ਨੇ ਰਾਮੇਸ਼ਵਰਮ ਦੇ ਨੇੜੇ ਆਪਣੇ ਵਿਜੈ-ਸਤੰਭ ਅਤੇ ਕ੍ਰਿਸ਼ਨੇਸ਼ਵਰ ਅਤੇ ਗੰਡਮਾਰਤੰਡਾਦਿਤ ਨਾਮਕ ਮੰਦਰਾਂ ਦੀ ਸਥਾਪਨਾ ਵੀ ਕੀਤੀ। ਇਹ ਦੱਖਣ ਭਾਰਤ ਵਿਚ ਵਧੇਰੇ ਰੁਝਿਆ ਹੋਣ ਕਰਕੇ ਉੱਤਰ ਭਾਰਤ ਵੱਲ ਕੋਈ ਵਿਸ਼ੇਸ਼ ਧਿਆਨ ਨਾ ਦੇ ਸਕਿਆ। ਚੰਦੇਲ ਸ਼ਾਸਕ ਯਸ਼ੋਵਰਮਾ ਅਤੇ ਧੰਗ ਨੇ ਇਸ ਤੋਂ ਕਲੰਜਰ ਅਤੇ ਚਿਤ੍ਰਕੂਟ ਖੋਹ ਲਿਆ। ਕਨੌਕੁਬਜ ਦੇ ਗੁਰਜਰ ਹਮਲਾਵਰਾਂ ਦੇ ਹਮਲੇ ਦਾ ਵੀ ਇਹ ਕੋਈ ਖਾਸ ਮੁਕਾਬਲਾ ਨਹੀਂ ਕਰ ਸਕਿਆ। ਆਪਣੇ ਰਾਜ ਦੇ ਉੱਤਰ ਵਿਚ ਇਸ ਨੇ ਕੁਝ ਸਫਲਤਾਵਾਂ ਜ਼ਰੂਰ ਪ੍ਰਾਪਤ ਕੀਤੀਆਂ। ਇਹ ਆਪਣੇ ਵੰਸ਼ ਦਾ ਸਭ ਤੋਂ ਅਖੀਰਲਾ ਯੋਗ ਰਾਜਾ ਸੀ ਜਿਸ ਨੇ ਦੱਖਣੀ ਭਾਰਤ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ। ਨਿਸ਼ਚੇ ਹੀ ਇਹ ਮਹਾਨ ਨੀਤੀਵਾਨ ਅਤੇ ਸੈਨਾਪਤੀ ਸੀ। 968 ਈ. ਵਿਚ ਆਪਣੀ ਮੌਤ ਸਮੇਂ ਇਹ ਰਾਸ਼ਟਰਕੂਟ ਸਾਮਰਾਜ ਨੂੰ ਦੱਖਣੀ ਭਾਗ ਦੀ ਸਿਰਮੌਰ ਸ਼ਕਤੀ ਦੇ ਰੂਪ ਵਿਚ ਛੱਡ ਕੇ ਮਰਿਆ।

ਹ. ਪੁ.—ਹਿੰ. ਵਿ. ਕੋ. 3 : 144

**ਕ੍ਰਿਸ਼ਨ ਅਸ਼ਟਮੀ :** ਇਹ ਹਿੰਦੂਆਂ ਦਾ ਇਕ ਪਵਿੱਤਰ ਪੁਰਬ ਹੈ। ਇਹ ਭਾਦੋਂ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਅਸ਼ਟਮੀ ਹੈ, ਜਿਸ ਤਿਥ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆਂ ਸੀ। ਇਸ ਮਿਤੀ ਦੇ ਕਾਲ ਨਿਰਣੇ ਸਬੰਧੀ ਵਖ-ਵਖ ਚਰਚਾ ਹੈ। ਸੁੱਧਾ ਅਤੇ ਬਿੱਧਾ ਇਸ ਦੇ ਦੋ ਭੇਦ ਧਰਮ ਸ਼ਾਸਤਰ ਵਿਚ ਦੱਸੇ ਗਏ ਹਨ। ਸੂਰਜ ਚੜ੍ਹਨ ਤੋਂ ਲੈ ਕੇ ਜੇ ਦੂਜੇ ਦਿਨ ਸੂਰਜ ਚੜ੍ਹਨ ਤੱਕ ਅਸ਼ਟਮੀ ਤਿਥੀ ਰਹਿੰਦੀ ਹੈ ਤਾਂ ਇਹ ਸੁੱਧਾ ਮੰਨੀ ਜਾਂਦੀ ਹੈ। ਸਤਵੀਂ ਜਾਂ ਨੌਵੀਂ ਨਾਲ ਇਕੱਠੀ ਹੋਣ ਤੇ ਇਹ ਅਸ਼ਟਮੀ ਬਿੱਧਾ ਹੋ ਜਾਂਦੀ ਹੈ। ਸੁੱਧਾ ਅਤੇ ਬਿੱਧਾ ਵੀ ਸਮਾ, ਨਯੂਨਾ ਜਾਂ ਅਧਿਕਾ ਦੇ ਭੇਦ ਨਾਲ ਤਿੰਨ ਪ੍ਰਕਾਰ ਦੀ ਹੋ ਜਾਂਦੀ ਹੈ ਪਰੰਤੂ ਇਨ੍ਹਾਂ ਭੇਦਾਂ ਵਿਚ ਤਤਕਾਲ ਵਿਆਪਣੀ (ਅੱਧੀ ਰਾਤ ਨੂੰ ਰਹਿਣ ਵਾਲੀ) ਤਿਥੀ ਵਧੇਰੇ ਮੰਨਣਯੋਗ ਹੈ। ਸ੍ਰੀ ਕ੍ਰਿਸ਼ਨ ਜੀ ਦਾ ਜਨਮ ਅਸ਼ਟਮੀ (ਅੱਠਵੀਂ) ਦੀ ਅੱਧੀ ਰਾਤ ਨੂੰ ਹੋਇਆ ਸੀ। ਇਸੇ ਕਰਕੇ ਸ਼ਾਸਤਰ ਵਿਚ ਉਸੇ ਸਮੇਂ ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਵੈਸ਼ਣਵ ਲੋਕ ਰੋਹਣੀ ਨਕਸ਼ਤਰ ਹੋਣ ਤੇ ਅਸ਼ਟਮੀ ਦਾ ਵਰਤ ਰਖਦੇ ਹਨ। ਇਸ ਦਿਨ ਭਗਵਾਨ ਕ੍ਰਿਸ਼ਨ ਜੀ ਦੀ ਜੀਵਨ ਲੀਲਾ ਦਾ ਗਾਇਨ ਅਤੇ ਕੀਰਤਨ ਹੁੰਦਾ ਹੈ। ਅੱਧੀ ਰਾਤ ਚੰਨ ਚੜ੍ਹਨ ਤੇ ਕ੍ਰਿਸ਼ਨ-ਜਨਮ ਦੀ ਪ੍ਰਸਨੰਤਾ ਵਿਚ ਆਰਤੀਆਂ ਹੁੰਦੀਆਂ ਹਨ ਅਤੇ ਸਾਰੀ ਰਾਤ ਜਾਗ ਕੇ ਕੀਰਤਨ ਕਰਨ ਦਾ ਮਹਾਤਮ ਸਮਝਿਆ ਜਾਂਦਾ ਹੈ। ਇਸ ਨੂੰ 'ਜਨਮ-ਅਸ਼ਟਮੀ' ਤੇ 'ਮੋਹ-ਰਾਤਰੀ' ਦੇ ਨਾਂ ਨਾਲ ਵੀ ਪ੍ਰਸਿੱਧੀ ਪ੍ਰਾਪਤ ਹੈ।

ਹ. ਪੁ.—ਹਿੰ. ਵਿ. ਕੋ. 3 : 146.

**ਕ੍ਰਿਸ਼ਨ ਦਵੈਪਾਇਨ :**— ਇਹ ਮਹਾਂਭਾਰਤ ਅਤੇ ਬਹੁਤ ਸਾਰੇ ਪੁਰਾਣਾਂ ਦੇ ਰਚਨਹਾਰ ਮਹਾਂਰਿਸ਼ੀ ਵੇਦ ਵਿਆਸ ਜੀ ਦਾ ਮੂਲ ਨਾਂ ਸੀ। ਇਸ ਦਾ ਜਨਮ ਸਤਿਆਵਤੀ ਅਤੇ ਪ੍ਰਾਸ਼ਰ ਰਿਸ਼ੀ ਦੇ ਸੰਯੋਗ ਤੋਂ ਹੋਇਆ। ਇਹ ਰੰਗ ਦਾ ਕਾਲਾ ਸੀ। ਦੀਪ ਵਿਚ ਜਨਮ ਲੈਣ ਦੇ ਕਾਰਨ ਇਸ ਨੂੰ ਦਵੈਪਾਇਨ ਨਾਂ ਨਾਲ ਸੱਦਿਆ ਜਾਣ ਲੱਗਾ। ਇਸ ਨਾਂ ਕਰਕੇ ਇਸ ਨੂੰ ਕ੍ਰਿਸ਼ਨ ਕੇਸ਼, ਕ੍ਰਿਸ਼ਨ ਜਟਾਧਰ ਅਤੇ ਕ੍ਰਿਸ਼ਨ ਵਸੁਦੇਵ ਨਾਲੋਂ ਵਖਰਿਆਉਣ ਵਿਚ ਸੌਖ ਰਹਿੰਦੀ ਹੈ। ਇਸ ਨੇ ਵੇਦਾਂ ਦੀ ਪੂਰਨ ਵੰਡ ਕੀਤੀ ਜਿਸ ਕਰਕੇ ਇਸ ਨੂੰ ਵੇਦ-ਵਿਆਸ ਵੀ ਕਿਹਾ ਜਾਂਦਾ ਹੈ। ਆਪਣੇ ਅੰਤਮ ਦਿਨਾਂ ਵਿਚ ਇਹ ਬਦਰੀਵਣ ਵਿਚ ਰਿਹਾ, ਇਸੇ ਕਰਕੇ ਇਸ ਦਾ ਤੀਸਰਾ ਨਾਂ ਬਦਰਾਇਣ ਵੀ ਹੈ।

ਹ. ਪੁ.—ਹਿੰ. ਵਿ. ਕੋ. 3 : 144.

**ਕ੍ਰਿਸ਼ਨ ਦਾਸ :** ਚੈਤੰਨ ਚਰਿਤਾਮ੍ਰਿਤ ਵਿਚ ਕ੍ਰਿਸ਼ਨ ਦਾਸ ਨਾਂ ਦੇ ਦਸ ਵਿਅਕਤੀਆਂ ਦਾ ਉਲੇਖ ਮਿਲਦਾ ਹੈ। ਇਸ ਪੁਸਤਕ ਦੇ ਲੇਖਕ ਦਾ ਆਪਣਾ ਨਾਂ ਵੀ ਇਹੋ ਸੀ। ਇਨ੍ਹਾਂ ਸਾਰੇ ਗਿਆਰਾਂ ਵਿਅਕਤੀਆਂ ਵਿਚੋਂ ਨਿਮਨ ਤਿੰਨ ਕ੍ਰਿਸ਼ਨ ਦਾਸ ਬਹੁਤ ਪ੍ਰਸਿੱਧ ਹੋਏ ਹਨ :—

(1) ਇਹ ਕ੍ਰਿਸ਼ਨ ਦਾਸ ਮਧਵਾਚਾਰੀਆ ਦਾ ਸੇਵਕ ਸੀ। ਇਸ ਨੇ 'ਸ੍ਰੀ ਕ੍ਰਿਸ਼ਨ ਮੰਗਲ' ਨਾਂ ਦੇ ਗ੍ਰੰਥ ਦੀ ਰਚਨਾ ਕੀਤੀ ਹੈ। ਇਹ ਭਾਗਵਤ ਤੇ ਆਧਾਰਤ ਇਕ ਛੋਟੀ ਜਿਹੀ ਰਚਨਾ ਹੈ। ਇਸ ਦੇ ਪਿਤਾ ਦਾ ਨਾਂ ਯਾਦਵਾ ਨੰਦ ਅਤੇ ਮਾਂ ਦਾ ਨਾਂ ਪਦਮਾਵਤੀ ਸੀ। ਇਸ ਨੇ ਆਪਣੀ ਰਚਨਾ ਵਿਚ ਆਪਣੇ ਗੁਰੂ ਦਾ ਨਾਂ ਸ੍ਰੀਮਤੀ ਈਸ਼ਵਰੀ ਦੱਸਿਆ ਹੈ।

(2) ਦੁਖੀ ਕ੍ਰਿਸ਼ਨ ਦਾਸ ਦਾ ਦੂਸਰਾ ਨਾਂ ਸ਼ਿਆਮਾਨੰਦ ਵੀ ਸੀ। ਇਸ ਦੀ ਪ੍ਰਸਿੱਧੀ ਇਸ ਦੀ ਵਿਦਵਤਾ ਅਤੇ ਇਸ ਦੇ ਪ੍ਰਚਾਰ ਕਾਰਜ ਕਰਨ ਕਰਕੇ ਹੈ। ਇਸ ਨੇ ਬ੍ਰਿੰਦਾਵਣ ਵਿਚ ਰਹਿਕੇ ਜੀਵ-ਗੋ-ਸੁਆਮੀ ਤੋਂ ਵੈਸ਼ਣਵ ਸ਼ਾਸਤਰਾਂ ਦਾ ਅਧਿਐਨ ਕੀਤਾ ਸੀ। ਉਸ ਤੋਂ ਪਿਛੋਂ ਇਹ ਸ੍ਰੀ ਨਵਾਸ ਆਚਾਰੀਆ ਅਤੇ ਨਿਰੋਤਮ ਦਾਸ ਨਾਲ ਬੰਗਾਲ ਮੁੜ ਆਇਆ ਤੇ ਉੜੀਸਾ ਵਿਚ ਵੈਸ਼ਣਵ ਮੱਤ ਦਾ ਪ੍ਰਚਾਰ ਕਰਦਾ ਰਿਹਾ। ਇਸ ਦਾ ਜਨਮ 1583 ਈ. ਤੋਂ ਪਹਿਲਾਂ ਹੋਇਆ, ਪਰ ਪੱਕੀ ਤਾਰੀਖ ਨਿਸ਼ਚਿਤ ਨਹੀਂ। ਇਹ ਧਰੇਂਦਰਾ ਬਹਾਦਰ ਪੁਰ ਦਾ ਨਿਵਾਸੀ ਸੀ। 'ਪਦਕਲਪਤਰੂ' ਵਿਚ ਉਪਲਬਦ ਤਿੰਨ ਪਦਾਂ ਤੋਂ ਇਹ ਪਤਾ ਲਗਦਾ ਹੈ ਕਿ ਪੰਡਿਤ ਗੌਰੀਦਾਸ ਇਸ ਦੇ ਗੁਰੂ ਸਨ। 'ਭਗਤੀ ਰਤਨਾਕਰ' ਵਿਚ ਇਸ ਦੀ ਵਿਸਤਰਿਤ ਜੀਵਨੀ ਦਰਜ ਹੈ। ਨਿਰੋਤਮਦਾਸ ਦੇ ਇਕ ਪਦ ਵਿਚ ਵੀ ਇਸ ਦੀ ਚਰਚਾ ਮਿਲਦੀ ਹੈ।

(3) ਕ੍ਰਿਸ਼ਨ ਦਾਸ ਕਵੀਰਾਜ : ਇਹ ਬੰਗਾਲ ਦਾ ਬਹੁ-ਸਨਮਾਨਿਤ ਅਤੇ ਬਹੁ-ਚਰਚਿਤ ਕਵੀ ਸੀ। ਇਸ ਦਾ ਜਨਮ ਬਿੰਦਰਾਬਨ ਵਿਚ ਸੰਨ 1496 ਵਿਚ ਹੋਇਆ। ਇਸ ਨੂੰ ਬੰਗਲਾ ਸਾਹਿਤ ਵਿਚ ਉਹੋ ਸਥਾਨ ਪ੍ਰਾਪਤ ਹੈ ਜੋ ਹਿੰਦੀ ਵਿਚ ਤੁਲਸੀ ਦਾਸ ਨੂੰ ਪ੍ਰਾਪਤ ਹੈ। ਬੰਗਾਲੀ ਵੈਸ਼ਣਵਾਂ ਵਿਚ ਮਹਾਂਪ੍ਰਭੂ ਚੈਤੰਨਯ ਆਪ ਕ੍ਰਿਸ਼ਨ ਮੰਨੇ ਜਾਂਦੇ ਹਨ। ਕ੍ਰਿਸ਼ਨ ਦਾਸ ਕਵੀ ਰਾਜ ਨੇ ਉਨ੍ਹਾਂ ਦੀ ਲੀਲ੍ਹਾ ਦਾ ਗਾਇਨ ਹੀ ਕੀਤਾ ਹੈ। ਇਸ ਦੀ ਰਚਿਤ ਪੁਸਤਕ 'ਚੈਤੰਨਯ ਚਰਿਤਰਾਮ੍ਰਿਤ' ਵਿਚ ਚੈਤੰਨਯ ਜੀ ਦੀ ਜੀਵਨੀ, ਉਨ੍ਹਾਂ ਦੇ ਭਗਤਾਂ ਅਤੇ ਭਗਤਾਂ ਦੇ ਚੇਲਿਆਂ ਦੇ ਉਲੇਖ ਦੇ ਨਾਲ ਨਾਲ ਗੌੜੀ ਵੈਸ਼ਣਵਾਂ ਦੀ ਦਾਰਸ਼ਨਿਕ ਅਤੇ ਭਗਤੀ ਸਬੰਧੀ ਵਿਚਾਰਧਾਰਾ ਦੀ ਵੀ ਚਰਚਾ ਕੀਤੀ ਗਈ ਹੈ। ਇਹ ਮਹਾਂਕਾਵਿ ਇਤਿਹਾਸਕ ਤੇ ਸਾਹਿਤਕ ਦੋਹਾਂ ਪੱਖਾਂ ਤੋਂ ਬੰਗਾਲ ਵਿਚ ਮਹੱਤਤਾ ਰਖਦਾ ਹੈ। ਇਸ ਨਾਂ ਨਾਲ ਦੋ ਹੋਰ ਗ੍ਰੰਥ ਵੀ ਜੁੜਦੇ ਹਨ—ਇਕ 'ਗੋਬਿੰਦ ਲੀਲ੍ਹਾਮ੍ਰਿਤ' ਸੰਸਕ੍ਰਿਤ ਕਵਿਤਾ ਅਤੇ ਦੂਸਰਾ 'ਸ੍ਰੀ ਕ੍ਰਿਸ਼ਨ ਕ੍ਰਨਾਮ੍ਰਿਤ' ਦਾ ਟੀਕਾ ਹੈ। ਇਸ ਦੀ ਮੌਤ 1598 ਈ. ਦੇ ਲਗਭਗ ਬ੍ਰਿੰਦਾਵਣ ਵਿਚ ਹੋਈ।

ਹ. ਪੁ.—ਹਿੰ. ਵਿ. ਕੋ. 3 : 143

**ਕ੍ਰਿਸ਼ਨ ਦੇਵ ਰਾਏ :** ਇਹ ਇਕ ਰਾਜਾ ਸੀ ਜੋ 1509 ਈ. ਵਿਚ ਵਿਜੇ ਨਗਰ ਦੀ ਗੱਦੀ ਤੇ ਬੈਠਿਆ। ਉਸ ਸਮੇਂ ਦੱਖਣੀ ਭਾਰਤ ਦੀ ਰਾਜਨੀਤਕ ਹਾਲਤ ਬਹੁਤ ਚੰਗੀ ਨਹੀਂ ਸੀ। ਚਾਰੇ ਪਾਸਿਆਂ ਤੋਂ ਵਿਜੇ ਨਗਰ ਉੱਤੇ ਸੰਕਟ ਦੇ ਬੱਦਲ ਛਾਏ ਹੋਏ ਸਨ। ਇਸ ਨੇ ਇਹ ਸਥਿਤੀ ਚੰਗੀ ਤਰ੍ਹਾਂ ਸੰਭਾਲੀ। ਸੁਲਝੇ ਹੋਏ ਨੀਤੀਵੇਤਾ ਸ੍ਰੀ ਅੱਪਾਜੀ ਨੂੰ ਇਸ ਨੇ ਆਪਣਾ ਪ੍ਰਧਾਨ ਮੰਤਰੀ ਬਣਾਇਆ। ਇਸ ਨੇ ਉਤਮਤੂਰ ਦੇ ਰਾਜੇ ਨੂੰ ਜਿੱਤ ਕੇ ਉਸ ਦਾ ਬਹੁਤ ਸਾਰਾ ਧਨ ਕਬਜ਼ੇ ਵਿਚ ਕਰ ਲਿਆ। ਬਹਿਮਨੀ ਸੁਲਤਾਨ ਮਹਿਮੂਦਸ਼ਾਹ ਨੂੰ ਇਸ ਨੇ ਬੁਰੀ ਤਰ੍ਹਾਂ ਹਰਾਇਆ। ਰਾਏਚੂਰ, ਗੁਲਬਰਗਾ ਅਤੇ ਬਿਦਰ ਆਦਿ ਕਿਲਿਆਂ ਉਤੇ ਵਿਜੇਨਗਰ ਦੇ ਝੰਡੇ ਝੂਲਣ ਲਗੇ, ਪਰੰਤੂ ਪ੍ਰਾਚੀਨ ਹਿੰਦੂ ਰਾਜਿਆਂ ਦੇ ਆਦਰਸ਼ ਦਾ ਪਾਲਣ ਕਰਨ ਵਾਲੇ ਇਸ ਰਾਜੇ ਨੇ ਮਹਿਮੂਦਸ਼ਾਹ ਨੂੰ ਫਿਰ ਰਾਜ ਵਿਚ ਸਥਾਪਤ ਕਰਕੇ 'ਯਵਨ ਰਾਜ ਸਥਾਪਨਾਚਾਰੀਆ' ਦੀ ਉਪਾਧੀ ਹਾਸਲ ਕੀਤੀ। ਸੰਨ 1513 ਵਿਚ ਵਿਚ ਇਸ ਨੇ ਉੜੀਸਾ ਤੇ ਹਮਲਾ ਕਰਕੇ ਉਦੇਗਿਰੀ ਦਾ ਪ੍ਰਸਿੱਧ ਕਿਲ੍ਹਾ ਜਿੱਤ ਲਿਆ। ਇਸ ਨੇ ਕ੍ਰਿਸ਼ਨਾ ਦੇ ਕਿਨਾਰੇ ਤੱਕ ਦਾ ਸਾਰਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਨੇ ਕ੍ਰਿਸ਼ਨਾ ਦਰਿਆ ਦੇ ਉੱਤਰ ਵਲ ਦਾ ਵੀ ਬਹੁਤ ਸਾਰਾ ਹਿੱਸਾ ਜਿੱਤਿਆ। ਸੰਨ 1518 ਵਿਚ ਮਜਬੂਰ ਹੋ ਕੇ ਗਜਪਤੀ ਨੇ ਇਸ ਨਾਲ ਆਪਣੀ ਧੀ ਦਾ ਵਿਆਹ ਕਰ ਦਿੱਤਾ ਜਿਸ ਤੇ ਕ੍ਰਿਸ਼ਨਾ ਨਦੀ ਦੇ ਉੱਤਰ ਵਾਲਾ ਹਿੱਸਾ ਇਸ ਨੇ ਗਜਪਤੀ ਨੂੰ ਵਾਪਸ ਕਰ ਦਿੱਤਾ। ਇਹ ਜੀਵਨ ਭਰ ਦਲੇਰੀ ਨਾਲ ਲੜਦਾ ਰਿਹਾ। ਆਪਣੇ ਅੰਤਿਮ ਦਿਨਾਂ ਵਿਚ ਇਸ ਨੂੰ ਅਨੇਕ ਬਗ਼ਾਵਤਾਂ ਦਾ ਸਾਮ੍ਹਣਾ ਕਰਨਾ ਪਿਆ ਜਿਨ੍ਹਾਂ ਲਈ ਕੁਝ ਹੱਦ ਤੱਕ ਇਹ ਆਪ ਜਿੰਮੇਵਾਰ ਸੀ। ਇਸ ਨੇ ਅੱਪਾਜੀ ਅਤੇ ਉਸ ਦੇ ਦੋਵਾਂ ਪੁੱਤਰਾਂ ਨੂੰ ਕੇਵਲ ਸ਼ੱਕ ਦੇ ਆਧਾਰ ਤੇ ਹੀ ਕੈਦ ਵਿਚ ਡੱਕ ਦਿੱਤਾ। ਇਸ ਦਾ ਨਾਂ ਨਿਆਂ ਦੇ ਪੱਖੋਂ ਕਾਫ਼ੀ ਪ੍ਰਸਿੱਧ ਸੀ। ਇਸ ਨੇ ਬਹੁਤ ਸਾਰੇ ਮੰਦਰ, ਮੰਡਪ ਅਤੇ ਗਊਸ਼ਾਲਾਵਾਂ ਆਦਿ ਬਣਵਾਏ। ਇਹ ਆਪ ਕਵੀ ਅਤੇ ਕਵੀਆਂ ਦਾ ਰਾਖਾ ਸੀ। ਤੇਲਗੂ ਸਾਹਿਤ ਵਿਚ ਇਸ ਦੀ ਰਚਨਾ ਨੂੰ ਕਾਫ਼ੀ ਮਾਣ ਪ੍ਰਾਪਤ ਹੈ। ਇਸ ਦੇ ਦਰਬਾਰ ਵਿਚ ਅੱਠ ਪ੍ਰਸਿੱਧ ਕਵੀ ਸਨ। ਇਸ ਨੂੰ

ਆਪ ਵੀ ਆਂਧਰਭੋਜ ਨਾਂ ਨਾਲ ਪ੍ਰਸਿੱਧੀ ਪ੍ਰਾਪਤ ਸੀ । ਸੰਨ 1529 ਵਿਚ ਇਸ ਦੀ ਮੌਤ ਹੋ ਗਈ ।

ਹ. ਪੁ.—ਹਿੰ. ਵਿ. ਕੋ. 3 : 143

**ਕ੍ਰਿਸ਼ਨਾ ਸੋਬਤੀ :** ਇਸ ਪ੍ਰਤਿਭਾਸ਼ਾਲੀ ਹਿੰਦੀ ਸਾਹਿਤਕਾਰ ਦਾ ਜਨਮ 18 ਫ਼ਰਵਰੀ, 1925 ਨੂੰ ਗੁਜਰਾਤ (ਪੰਜਾਬ, ਪਾਕਿਸਤਾਨ) ਵਿਚ ਹੋਇਆ । ਇਸ ਦਾ ਪਿਤਾ ਭਾਰਤ ਸਰਕਾਰ ਵਿਚ ਇਕ ਉੱਚਾ ਅਫ਼ਸਰ ਲਗਿਆ ਹੋਇਆ ਸੀ । ਇਸ ਨੇ ਦਿੱਲੀ, ਸ਼ਿਮਲਾ ਅਤੇ ਲਾਹੌਰ ਵਿਖੇ ਵਿਦਿਆ ਪ੍ਰਾਪਤ ਕੀਤੀ । ਇਸ ਨੂੰ ਬਚਪਨ ਤੋਂ ਹੀ ਸਾਹਿਤ ਦੀ ਲਗਨ ਲਗ ਗਈ ਸੀ ਅਤੇ 10 ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਇਸ ਨੇ ਛੋਟੀਆਂ ਛੋਟੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ । ਮਗਰੋਂ ਇਸ ਨੇ ਕਵਿਤਾ ਛੱਡ ਕੇ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ।

ਸ੍ਰੀਮਤੀ ਸੋਬਤੀ ਦੀ ਪਹਿਲੀ ਕਹਾਣੀ 'ਸਿੱਕਾ ਬਦਲ ਗਿਆ' ਦਿੱਲੀ ਦੇ ਇਕ ਰਸਾਲੇ 'ਪ੍ਰਤੀਕ' ਵਿਚ ਸੰਨ 1950 ਵਿਚ ਪ੍ਰਕਾਸ਼ਤ ਹੋਈ ਸੀ । ਇਸ ਕਹਾਣੀ ਦਾ ਵਿਸ਼ਾ ਸੁਤੰਤਰਤਾ ਪ੍ਰਾਪਤੀ ਸੀ । ਇਹ ਪਹਿਲੀ ਮਹਿਲਾ ਸਾਹਿਤਕਾਰ ਹੈ, ਜਿਸ ਨੇ ਆਪਣੀ ਪੁਸਤਕ 'ਜ਼ਿੰਦਗੀਨਾਮਾ' ਤੇ ਸਾਹਿਤ ਅਕਾਦਮੀ ਦਾ ਗੌਰਵਮਈ ਪੁਰਸਕਾਰ ਪ੍ਰਾਪਤ ਕਰਕੇ ਸਮੁੱਚੇ ਭਾਰਤੀ ਸਾਹਿਤ ਵਿਚ ਪੰਜਾਬੀ ਸਾਹਿਤਕਾਰਾਂ ਦਾ ਸਿਰ ਉਚਾ ਕੀਤਾ । ਇਸ ਦੀਆਂ ਰਚਨਾਵਾਂ ਨੇ ਸੁਤੰਤਰਤਾ ਪਿੱਛੋਂ ਦੇ ਹਿੰਦੀ ਗਲਪ ਨੂੰ ਇਕ ਨਵਾਂ ਮੋੜ ਦਿੱਤਾ ।

ਸੋਬਤੀ ਦੀਆਂ ਰਚਨਾਵਾਂ ਵਿਚ 'ਮਿਤਰੋ ਮਰ ਜਾਨੀ', 'ਡਾਰ ਸੇ ਬਿਛੁੜੀ', 'ਯਾਰੋਂ ਕੇ ਯਾਰ', 'ਤਿੰਨ ਪਹਾੜ', 'ਜ਼ਿੰਦਗੀ ਨਾਮਾ', 'ਹਮ ਹਸ਼ਮਤ', 'ਸੂਰਜਮੁਖੀ ਅੰਧੇਰੇ ਕੇ' ਅਤੇ 'ਬਾਦਲੋਂ ਕੇ ਘੇਰੇ' ਆਦਿ ਸ਼ਾਮਲ ਹਨ ।

ਸ੍ਰੀਮਤੀ ਸੋਬਤੀ ਦਾ ਕਹਿਣਾ ਹੈ ਕਿ ਜੇ ਸਾਹਿਤਕਾਰ ਆਪਣੇ ਪਾਤਰਾਂ ਅਤੇ ਮਾਹੌਲ ਤੋਂ ਦੂਰ ਰਹਿ ਕੇ ਕੁਝ ਲਿਖਦਾ ਹੈ ਤਾਂ ਉਸਦੀ ਰਚਨਾ ਪੂਰੀ ਤਰ੍ਹਾਂ ਯਥਾਰਥਵਾਦੀ ਨਹੀਂ ਹੋ ਸਕਦੀ । ਇਸ ਵਿਚ ਮਰਦਾਂ ਵਰਗਾ ਹੌਸਲਾ, ਸਪੱਸ਼ਟਤਾ ਅਤੇ ਜੀਵਨ ਦੇ ਕੌੜੇ-ਮਿੱਠੇ ਅਨੁਭਵਾਂ ਦੀ ਤੀਬਰਤਾ ਅਤੇ ਵਿਚਾਰਾਂ ਦੀ ਪਰਿਪੱਕਤਾ ਵਿਖਾਈ ਦਿੰਦੀ ਹੈ ।

ਸੰਨ 1981 ਵਿਚ ਪੰਜਾਬ ਸਰਕਾਰ ਨੇ ਇਸ ਨੂੰ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ ।

ਹ. ਪੁ.—ਸ੍ਰ. ਸਾ. ਸਨ. ਸਮਾ. 1981—ਭਾ. ਵਿ. ਪੰ.

**ਕ੍ਰਿਸ਼ਨਾ ਦਰਿਆ :** ਇਹ ਦੱਖਣੀ ਭਾਰਤ ਦਾ ਇਕ ਵੱਡਾ ਦਰਿਆ ਹੈ ਜਿਹੜਾ ਗੋਦਾਵਰੀ ਅਤੇ ਕਾਵੇਰੀ ਦਰਿਆਵਾਂ ਵਾਂਗ ਲਗਭਗ ਪੱਛਮ ਤੋਂ ਪੂਰਬ ਵਲ ਨੂੰ ਸਾਰੇ ਪ੍ਰਾਇਦੀਪ ਨੂੰ ਆਰ-ਪਾਰ ਕਰਦਾ ਹੈ । ਇਸ ਦਰਿਆ ਨੂੰ ਕਿਸਤਨਾ ਦਰਿਆ (ਭਾਵ ਕਾਲਾ) ਵੀ ਆਖਿਆ ਜਾਂਦਾ ਹੈ । ਧਾਰਮਕ ਪਖੋਂ ਗੋਦਾਵਰੀ ਅਤੇ ਕਾਵੇਰੀ ਇਸ ਨਾਲੋਂ ਪਵਿੱਤਰ ਸਮਝੇ ਜਾਂਦੇ ਹਨ । ਲੰਬਾਈ ਵਿਚ ਗੋਦਾਵਰੀ ਦਰਿਆ ਇਸ ਨਾਲੋਂ ਲੰਬਾ ਹੈ । ਭੀਮ ਅਤੇ ਤੁੰਗਭਦਰਾ ਨੂੰ ਮਿਲਾ ਕੇ ਇਸ ਦਾ ਜਲ-ਨਿਕਾਸ ਦਾ ਖੇਤਰ ਦੂਜੇ ਦੋਵੇਂ ਦਰਿਆਵਾਂ ਨਾਲੋਂ ਵੱਡਾ ਹੈ । ਦਰਿਆ ਦੀ ਕੁਲ ਲੰਬਾਈ ਲਗਭਗ 1300 ਕਿ. ਮੀ. ਹੈ ਅਤੇ ਇਹ ਪੂਰੇ ਬੇਸਿਨ ਵਿਚ 248,320 ਵ. ਕਿ. ਮੀ. ਖੇਤਰ ਦੀ ਜਲ-ਨਿਕਾਸੀ ਕਰਦਾ ਹੈ ।

ਇਹ ਦਰਿਆ ਮਹਾਰਾਸ਼ਟਰ ਵਿਚ ਅਰਬ ਸਾਗਰ ਤੋਂ ਲਗਭਗ 65 ਕਿ. ਮੀ. ਪੂਰਬ ਵਿਚ ਪੱਛਮੀ ਘਾਟ ਵਿਚੋਂ ਮਹਾਂਬਲੇਸ਼ਵਰ ਨਾਂ ਦੇ ਇਕ ਪਹਾੜੀ ਅਸਥਾਨ ਦੇ ਕੋਲੋਂ ਨਿਕਲਦਾ ਹੈ ਅਤੇ ਖਾੜੀ ਬੰਗਾਲ ਵਿਚ ਜਾ ਡਿਗਦਾ ਹੈ । ਆਪਣੇ ਸੋਮੇਂ ਤੋਂ ਇਹ ਦੱਖਣ ਵਲ ਨੂੰ ਵਹਿੰਦਾ ਹੈ । ਇਨ੍ਹਾਂ ਪਹਾੜੀਆਂ ਦੇ ਪੂਰਬ ਵਲ ਨੂੰ ਵਿੰਗ-ਵਲੇਵੇਂ ਖਾਂਦਾ ਹੋਇਆ ਕਰਾਦ ਦੇ ਕੋਲੋਂ ਦੀ ਲੰਘਦਾ ਹੈ ਜਿਥੇ ਇਸ ਦੇ ਸੱਜੇ ਪਾਸਿਉਂ ਕੋਇਲਾ ਸਾਂਗਲੀ ਅਤੇ ਵਾਰਨਾ ਨਦੀਆਂ ਇਸ ਵਿਚ ਪੱਛਮ ਵਲੋਂ ਆ ਕੇ ਮਿਲਦੀਆਂ ਹਨ । ਜਦੋਂ ਇਹ ਕੁਰਨਵਾਦ ਪਹੁੰਚਦਾ ਹੈ ਤਾਂ ਪੰਚਗੰਗਾ ਵੀ ਇਸ ਨੂੰ ਸੱਜੇ ਪਾਸਿਉਂ ਹੀ ਆ ਕੇ ਮਿਲਦੀ ਹੈ । ਇਸ ਪਿਛੋਂ ਇਹ ਦਰਿਆ ਪੂਰਬ ਵਲ ਨੂੰ ਮੁੜਦਾ ਹੈ ਅਤੇ ਬੈਲਗਾਉਂ ਅਤੇ ਬੀਜਾਪੁਰ ਜ਼ਿਲ੍ਹਿਆਂ ਵਿਚੋਂ ਗੁਜ਼ਰਦਾ ਹੋਇਆ ਪੂਰਬ ਦੀ ਦਿਸ਼ਾ ਵਿਚ ਹੀ 480 ਕਿ. ਮੀ. ਵਹਿੰਦਾ ਹੈ । ਇਥੇ ਇਸ ਦਾ ਪਾਣੀ ਦੂਰ ਤਕ ਫੈਲਦਾ ਹੈ ਅਤੇ ਇਸ ਦੇ ਮਾਰਗ ਅੰਦਰ ਕਈ ਛੋਟੇ ਛੋਟੇ ਜਜ਼ੀਰੇ ਬਣੇ ਹੋਏ ਹਨ । ਇਥੇ ਇਸ ਨੂੰ ਸੱਜੇ ਪਾਸਿਉਂ ਹੀ ਘਾਟਪ੍ਰਭਾ ਅਤੇ ਮਾਲਪ੍ਰਭਾ ਨਾਂ ਦੀਆਂ ਨਦੀਆਂ ਆ ਕੇ ਮਿਲਦੀਆਂ ਹਨ । ਆਪਣੇ ਪਹਾੜੀ ਰਸਤੇ ਵਿਚ ਇਹ ਬਹੁਤ ਤੇਜ਼ ਚਲਦਾ ਹੈ ਜਿਥੇ ਇਸ ਵਿਚ ਜਹਾਜ਼ਰਾਨੀ ਨਹੀਂ ਹੋ ਸਕਦੀ । ਇਸ ਦਰਿਆ ਦਾ ਪਾਣੀ ਸਿਤਾਰਾ ਜ਼ਿਲ੍ਹੇ ਦੀ ਜ਼ਮੀਨ ਨੂੰ ਵੀ ਸਿੰਜਦਾ ਹੈ ।

ਕਰਨਾਟਕ ਰਾਜ ਦੇ ਜ਼ਿਲ੍ਹਾ ਰਾਏਚੂਰ ਵਿਚ ਦਾਖ਼ਲ ਹੋ ਕੇ ਇਹ ਦਰਿਆ ਨਿਵਾਣ ਵਲ ਨੂੰ ਵਹਿੰਦਾ ਹੈ ਅਤੇ ਸ਼ੋਰਾਪੁਰ ਅਤੇ ਰਾਏਚੂਰ ਦੀਆਂ ਦੁਆਬਾਂ ਵਿਚ ਦਾਖਲ ਹੁੰਦਾ ਹੈ । ਨਿਵਾਣ ਇੰਨ੍ਹਾ ਜ਼ਿਆਦਾ ਹੈ ਕਿ 5 ਕਿ. ਮੀ. ਦੇ ਖੇਤਰ ਵਿਚ ਇਹ ਕੋਈ 124 ਮੀ. ਹੇਠਾਂ ਵਗਣ ਲਗ ਜਾਂਦਾ ਹੈ । ਸ਼ੋਰਾਪੁਰ ਦੁਆਬ ਭੀਮਾ ਦਰਿਆ ਦੇ ਕ੍ਰਿਸ਼ਨਾ ਦਰਿਆ ਨਾਲ ਮਿਲਣ ਤੇ ਹੀ ਬਣਦਾ ਹੈ ਜੋ ਅਹਿਮਦ ਨਗਰ, ਪੂਨਾ ਅਤੇ ਸ਼ੋਲਾਪੁਰ ਖੇਤਰ ਦਾ ਜਲ-ਨਿਕਾਸ ਕਰਦਾ ਹੈ । ਰਾਏਚੂਰ ਦੁਆਬ-ਤੁੰਗਭਦਰਾ ਦਰਿਆ ਦੇ ਸੰਗਮ ਨਾਲ ਹੋਂਦ ਵਿਚ ਆਉਂਦਾ ਹੈ ਅਤੇ ਜੋ ਕਰਨਾਟਕ ਦੇ ਉੱਤਰੀ ਹਿੱਸੇ ਬੇਲਾਰੀ ਅਤੇ ਕਰਨੂਲ (ਆਂਧਰਾ ਪ੍ਰਦੇਸ਼) ਜ਼ਿਲ੍ਹਿਆਂ ਦਾ ਜਲ-ਨਿਕਾਸ ਕਰਦਾ ਹੈ । ਤੁੰਗਭਦਰਾ ਨਾਲ ਸੰਗਮ ਹੋਣ ਤੋਂ ਬਾਅਦ ਇਹ ਦਰਿਆ ਹੈਦਰਾਬਾਦ ਅਤੇ ਕਰਨੂਲ ਅਤੇ ਗੁੰਟੂਰ ਜ਼ਿਲ੍ਹਿਆਂ ਵਿਚਕਾਰ ਇਕ ਕਾਫ਼ੀ ਲੰਬੀ ਹੱਦ ਬਣਾਉਂਦਾ ਹੈ । ਇਥੋਂ ਕਈ ਕਿਲੋਮੀਟਰ ਇਹ ਡੂੰਘੇ ਪਹਾੜੀ ਮਾਰਗ ਵਿਚੋਂ ਦੀ ਗੁਜ਼ਰਦਾ ਹੈ ਅਤੇ ਨਲਾਮਲਾਈ ਪਹਾੜੀਆਂ ਵਿਚੋਂ ਦੀ ਵਹਿੰਦਾ ਹੋਇਆ ਉੱਤਰ-ਪੂਰਬੀ ਦਿਸ਼ਾ ਵਲ ਨੂੰ ਮੁੜ ਜਾਂਦਾ ਹੈ । ਨਾਲਗੋਂਡਾ ਜ਼ਿਲ੍ਹੇ ਦੇ ਵਜ਼ੀਰਾਬਾਦ ਨਾਂ ਦੇ ਸਥਾਨ ਤੇ ਮੂਸੀ ਨਦੀ ਇਸ ਦਰਿਆ ਵਿਚ ਆ ਰਲਦੀ ਹੈ ।

ਪੂਰਬੀ ਘਾਟ ਦੀ ਪਰਬਤੀ ਲੜੀ ਤੇ ਪਹੁੰਚ ਕੇ ਇਹ ਦਰਿਆ ਬੜੀ ਤੇਜ਼ੀ ਨਾਲ ਦੱਖਣ-ਪੂਰਬ ਵਲ ਨੂੰ ਮੁੜਦਾ ਹੈ ਅਤੇ ਕ੍ਰਿਸ਼ਨਾ ਅਤੇ ਗੁੰਟੂਰ ਜ਼ਿਲ੍ਹਿਆਂ ਵਿਚਕਾਰ 160 ਕਿ. ਮੀ. ਦਾ ਸਫ਼ਰ ਤਹਿ ਕਰਦਾ ਹੋਇਆ ਸਿੱਧਾ ਸਮੁੰਦਰ ਵਲ ਨੂੰ ਵਹਿੰਦਾ ਹੈ । ਸਮੁੰਦਰ ਵਿਚ ਇਹ ਦਰਿਆ ਦੋ ਮੁਹਾਣਿਆਂ ਰਾਹੀਂ ਦਾਖਲ ਹੋ ਜਾਂਦਾ ਹੈ । ਦਰਿਆ ਦੇ ਇਸ ਅਖ਼ੀਰਲੇ ਹਿੱਸੇ ਵਿਚ ਹੀ ਇਸ ਦਾ ਪਾਣੀ ਵੱਡੀ ਮਾਤਰਾ ਵਿਚ ਸਿੰਜਾਈ ਲਈ ਵਰਤਿਆ ਜਾਂਦਾ ਹੈ । ਦਰਿਆ ਦਾ ਡੈਲਟਾ ਬਹੁਤ ਵੱਡਾ ਅਤੇ ਜ਼ਰਖੇਜ਼ ਹੈ । ਭਾਵੇਂ ਦਰਿਆ ਜਹਾਜ਼ਰਾਨੀ ਯੋਗ ਨਹੀਂ ਹੈ ਫਿਰ ਵੀ ਇਹ ਸਿੰਜਾਈ ਲਈ ਬੜਾ ਲਾਹੇਵੰਦ ਹੈ । ਵਿਜੇਵਾੜਾ ਦੇ ਸਥਾਨ ਉਤੇ ਇਕ ਬੰਨ੍ਹ ਮਾਰਿਆ ਹੋਇਆ ਹੈ । ਭੀਮ ਅਤੇ ਤੁੰਗਭਦਰਾ ਇਸਦੀਆਂ ਦੋ ਵੱਡੀਆਂ ਸਹਾਇਕ ਨਦੀਆਂ ਹਨ । ਤੁੰਗਭਦਰਾ ਦਰਿਆ ਉਤੇ ਵੀ ਇਕ ਬੰਨ੍ਹ ਮਾਰਿਆ ਹੋਇਆ ਹੈ ਜਿਹੜਾ ਸੰਨ 1957 ਵਿਚ ਮੁਕੰਮਲ ਹੋ ਗਿਆ ਸੀ ।

17° 59′ ਉ. ਵਿਥ.; 78° 38′ ਪੂ. ਲੰਬ.

ਹ ਪੁ.—ਇੰਪ. ਗ. ਇੰਡ. 15:335.

**ਕ੍ਰਿਸ਼ਨਾ ਨਗਰ :** ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਵਿਚ ਨਾਦੀਆਂ ਜ਼ਿਲ੍ਹੇ ਦਾ ਸਦਰ-ਮੁਕਾਮ ਹੈ । ਇਹ ਕਲਕੱਤੇ ਤੋਂ ਕੋਈ 100 ਕਿ. ਮੀ. ਉੱਤਰ ਵਿਚ ਜਲਾਂਗੀ ਦਰਿਆ ਦੇ ਖੱਬੇ ਕੰਢੇ ਤੇ ਵਾਕਿਆ ਹੈ । ਇਥੇ ਨਾਦੀਆ ਦੇ ਮਹਾਰਾਜੇ ਦਾ ਰਿਹਾਇਸ਼ੀ ਅਸਥਾਨ ਸੀ । ਇਥੇ ਮਾਰਚ ਦੇ ਮਹੀਨੇ ਵਿਚ ਇਕ ਬਹੁਤ ਵੱਡਾ ਮੇਲਾ ਲਗਦਾ ਹੈ । ਘੁਰਣੀ ਉਪਨਗਰ, ਜਿਹੜਾ ਕਿ ਇਸਦਾ ਹੀ ਇਕ ਹਿੱਸਾ ਹੈ, ਚੀਨੀ ਮਿੱਟੀ ਦੀਆਂ ਮੂਰਤਾਂ ਅਤੇ

ਮਾਡਲ ਬਣਾਉਣ ਲਈ ਬਹੁਤ ਮਸ਼ਹੂਰ ਹੈ। ਕ੍ਰਿਸ਼ਨਾ ਨਗਰ ਵਿਚ ਤਿੰਨ ਕਾਲਜ ਹਨ ਜਿਹੜੇ ਕਿ ਕਲਕੱਤਾ ਯੂਨੀਵਰਸਿਟੀ ਨਾਲ ਸਬੰਧਤ ਹਨ। ਇਥੇ ਇਕ ਬਾਗ਼ਬਾਨੀ ਖੋਜ ਕੇਂਦਰ ਹੈ ਜਿਥੇ ਪੱਟਸਨ ਲਗਾਉਣ ਅਤੇ ਖੇਤੀਬਾੜੀ ਦੀ ਸਿਖਲਾਈ ਦਿਤੀ ਜਾਂਦੀ ਹੈ। ਇਥੇ 1864 ਈ. ਤੋਂ ਮਿਊਂਸਪਲਟੀ ਸਥਾਪਤ ਹੈ।

ਆਬਾਦੀ—98,141 (1981)
23° 74′ ਉ. ਵਿਥ.; 88° 30′ ਪੂ. ਲੰਬ.

ਹ. ਪੁ.—ਐਨ. ਬ੍ਰਿ. 13:492.

**ਕ੍ਰਿਸਮਸ** : ਕ੍ਰਿਸਮਸ ਨੂੰ ਵੱਡਾ ਦਿਨ ਵੀ ਕਿਹਾ ਜਾਂਦਾ ਹੈ। 25 ਦਸੰਬਰ ਦਾ ਦਿਨ ਈਸਾ ਦੇ ਜਨਮ ਦਾ ਦਿਨ ਹੈ ਅਤੇ ਚਰਚ ਦਾ ਯਾਦਗਾਰੀ ਦਿਨ ਵੀ। ਇਹ ਦਿਨ ਈਸਾਈ ਬੜੀ ਧੂਮਧਾਮ ਨਾਲ ਮਨਾਉਂਦੇ ਹਨ। ਆਰੰਭ ਵਿਚ ਈਸਾਈਆਂ ਦਾ ਆਪਣਾ ਕੋਈ ਤਿਉਹਾਰ ਨਹੀਂ ਸੀ; ਉਹ ਸਾਰੇ ਯਹੂਦੀ ਸਨ ਅਤੇ ਯਹੂਦੀਆਂ ਦੇ ਸਭ ਤੋਂ ਵੱਡੇ ਤਿਉਹਾਰ ਅਰਥਾਤ ਪਾਸਕਾ ਦੇ ਅਵਸਰ ਤੇ ਈਸਾ ਦੇ ਪੁਨਰ-ਉਥਾਨ ਦਾ ਉਤਸਵ ਮਨਾਉਂਦੇ ਸਨ। ਲਗਭਗ 200 ਈ. ਵਿਚ ਐਪੀਫਾਨੀ ਤਿਉਹਾਰ ਦਾ ਅਰੰਭ ਹੋਇਆ ਸੀ। ਬਾਅਦ ਵਿਚ ਚੌਥੀ ਸਦੀ ਦੇ ਅਰੰਭ ਵਿਚ ਈਸਾ ਦੇ ਜਨਮ ਦੇ ਬਰਾਬਰ ਦਾ ਦਿਨ 25 ਦਸੰਬਰ ਨੂੰ ਰੋਮ ਵਿਚ ਇਕ ਨਵਾਂ ਤਿਉਹਾਰ ਮਨਾਇਆ ਜਾਣ ਲਗਾ। ਉਸ ਵੇਲੇ ਤਕ ਈਸਾ ਦੇ ਜਨਮ ਦੀ ਅਸਲ ਤਰੀਕ ਬਾਰੇ ਕੋਈ ਪ੍ਰਮਾਣ ਪ੍ਰਾਪਤ ਨਹੀਂ ਸੀ। ਤੀਸਰੀ ਸਦੀ ਵਿਚ ਸੂਰਜ ਪੂਜਾ ਰੋਮਨ ਸਾਮਰਾਜ ਦਾ ਪ੍ਰਧਾਨ ਧਰਮ ਬਣ ਗਿਆ ਅਤੇ ਰੋਮ ਵਿਚ 25 ਦਸੰਬਰ ਨੂੰ ਸੂਰਜ ਦਾ ਤਿਉਹਾਰ ਮਨਾਇਆ ਜਾਂਦਾ ਸੀ। ਅਜਿਹੀ ਪਰਿਸਥਿਤੀ ਵਿਚ ਇਹ ਸੁਭਾਵਕ ਸੀ ਕਿ ਈਸਾਈਆਂ ਨੇ 25 ਦਸੰਬਰ ਨੂੰ ਹੀ ਈਸਾ ਦਾ ਜਨਮ ਦਿਨ ਨਿਸ਼ਚਿਤ ਕਰ ਲਿਆ ਅਤੇ ਇਹ ਤਿਉਹਾਰ ਬੜੇ ਵੱਡੇ ਜਸ਼ਨ ਦੇ ਰੂਪ ਵਿਚ ਮਨਾਇਆ ਜਾਣ ਲਗਾ।

ਪੰਜਵੀਂ ਸਦੀ ਵਿਚ ਕ੍ਰਿਸਮਸ ਵਾਲੇ ਇਸ ਦਿਨ ਤਿੰਨ ਵਾਰ ਬਲੀ ਦਿੱਤੀ ਜਾਂਦੀ ਸੀ—ਰਾਤ ਨੂੰ, ਸਵੇਰੇ ਅਤੇ ਦਿਨ ਵਿਚ। ਅੱਜਕਲ੍ਹ ਵੀ ਹਰ ਇਕ ਪਰੋਹਿਤ ਉਸ ਦਿਨ ਤਿੰਨ ਵਾਰੀ ਬਲੀ ਦਿੰਦਾ ਹੈ। ਇਸ ਮੌਕੇ ਤੇ ਗਿਰਜਾ ਘਰਾਂ ਵਿਚ ਈਸਾ ਦੀ ਮੂਰਤੀ ਨੂੰ ਇਕ ਗੁਫ਼ਾ ਵਿਚ ਲਿਟਾ ਕੇ ਜਨਤਾ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਈਸਾ ਦਾ ਜਨਮ ਗੁਫ਼ਾ ਵਿਚ ਹੋਇਆ ਸੀ। ਇਹ ਰਿਵਾਜ ਫ਼ਰਾਂਸਿਸਕੀ ਸਾਧੂਆਂ ਦੀ ਪ੍ਰੇਰਨਾ ਨਾਲ ਹਰ ਪਾਸੇ ਫੈਲ ਗਿਆ। ਈਸਾਈ ਦੇਸ਼ਾਂ ਵਿਚ ਉਸ ਦਿਨ ਲਈ ਵੱਖ-ਵੱਖ ਤਰ੍ਹਾਂ ਦੇ ਰਿਵਾਜ ਪ੍ਰਚਲਿਤ ਹਨ।

ਕ੍ਰਿਸਮਸ ਸਬੰਧੀ ਕਈ ਰਵਾਇਤਾਂ ਪ੍ਰਚਲਿਤ ਹਨ। ਰੋਮ ਵਿਚ 17 ਤੋਂ 24 ਦਸੰਬਰ ਦੇ ਦਿਨ ਮੌਜ ਮੇਲਾ ਕਰਨ ਅਤੇ ਇਕ ਦੂਸਰੇ ਨੂੰ ਉਪਹਾਰ ਦੇਣ ਦੇ ਮੰਨੇ ਜਾਂਦੇ ਹਨ। ਘਰਾਂ ਨੂੰ ਰੌਸ਼ਨੀਆਂ ਕਰਕੇ ਸਜਾਇਆ ਜਾਂਦਾ ਹੈ ਅਤੇ ਬੱਚਿਆਂ ਤੇ ਗ਼ਰੀਬਾਂ ਨੂੰ ਤੋਹਫੇ ਦਿੱਤੇ ਜਾਂਦੇ ਹਨ ਅਤੇ ਇਕ ਦੂਜੇ ਨੂੰ ਤਿਉਹਾਰ ਦੀ ਵਧਾਈ ਦਿੱਤੀ ਜਾਂਦੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਇਨ੍ਹਾਂ ਰਿਵਾਜਾਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ ਪਰ 19ਵੀਂ ਸਦੀ ਦੇ ਮੱਧ ਤਕ ਇਹ ਫਿਰ ਪ੍ਰਚਲਿਤ ਹੋ ਗਏ। ਰਵਾਇਤੀ ਤੌਰ ਤੇ ਕ੍ਰਿਸਮਸ ਬੱਚਿਆਂ ਅਤੇ ਪਰਿਵਾਰਾਂ ਦਾ ਤਿਉਹਾਰ ਹੈ।

ਹ. ਪੁ.—ਐਨ. ਬ੍ਰਿ. 6 : 704; ਹਿੰ. ਵਿ. ਕੋ. 3 : 248

**ਕ੍ਰਿਸਮਸ ਦੀਪ (ਸ਼ਾਂਤ ਮਹਾਂਸਾਗਰ)** : ਉੱਤਰੀ ਕੇਂਦਰੀ ਸ਼ਾਂਤ ਮਹਾਂਸਾਗਰ ਵਿਚ ਹਵਾਈ ਟਾਪੂ ਤੋਂ ਦੱਖਣ ਵਲ ਅਤੇ ਫੈਨਿੰਗ ਟਾਪੂ ਤੋਂ 256 ਕਿ. ਮੀ. ਦੂਰ ਦੱਖਣ-ਪੂਰਬ ਵਾਲੇ ਪਾਸੇ ਲਾਈਨ ਟਾਪੂਆਂ ਵਿਚੋਂ ਇਹ ਇਕ ਟਾਪੂ ਹੈ। ਇਹ ਮੂੰਗੇ ਦੀਆਂ ਵਲਗਣਾਂ ਵਾਲਾ ਟਾਪੂ ਹੈ, ਜਿਸ ਦਾ ਇਨ੍ਹਾਂ ਵਲਗਣਾਂ ਸਮੇਤ ਖੇਤਰਫਲ 600 ਵ. ਕਿ. ਮੀ. ਹੈ। ਇਸ ਵਿਚੋਂ ਖੁਸ਼ਕ ਹਿੱਸਾ ਤਕਰੀਬਨ 150 ਵ. ਕਿ. ਮੀ. ਹੈ। ਇਸ ਟਾਪੂ ਦੀ ਖੋਜ 1777 ਈ. ਵਿਚ ਕੈਪਟਨ ਕੁਕ ਨੇ ਕੀਤੀ ਸੀ। 1888 ਈ. ਵਿਚ ਇਸ ਉਤੇ ਬਰਤਾਨੀਆ ਨੇ ਕਬਜ਼ਾ ਕਰ ਲਿਆ। 1919 ਈ. ਵਿਚ ਇਸ ਨੂੰ ਗਿਲਬਰਟ ਅਤੇ ਐਲਿਸ ਟਾਪੂਆਂ ਦੀ ਵੱਖਰੀ ਬਸਤੀ ਵਿਚ ਸ਼ਾਮਲ ਕੀਤਾ ਗਿਆ। 1930-38 ਈ. ਵਿਚ ਅਮਰੀਕੀਆਂ ਨੇ ਇਸ ਟਾਪੂ ਉਤੇ ਬਰਤਾਨਵੀ ਕਬਜ਼ੇ ਨੂੰ ਖਤਮ ਕਰਨਾ ਚਾਹਿਆ ਪਰ ਇਹ ਟਾਪੂ ਬਰਤਾਨੀਆਂ ਹੇਠ ਹੀ ਰਿਹਾ। ਦੂਜੇ ਮਹਾਂਯੁਧ ਦੌਰਾਨ ਇਹ ਸੰਯੁਕਤ ਰਾਜ ਅਮਰੀਕਾ ਦੀਆਂ ਫ਼ੌਜਾਂ ਦਾ ਅੱਡਾ ਵੀ ਰਿਹਾ ਹੈ। ਸੰਨ 1957 ਪਿਛੋਂ ਬਰਤਾਨੀਆਂ ਨੇ ਪਰਮਾਣੂ ਹਥਿਆਰਾਂ ਦੀ ਵਰਤੋਂ ਦੇ ਟੈਸਟ ਵੀ ਇਥੇ ਹੀ ਕੀਤੇ ਹਨ।

1° 57′ ਉ. ਵਿਥ.; 157° 20′ ਪੂ. ਲੰਬ.

ਹ. ਪੁ.—ਕੋਲ. ਐਨ. 5 : 66

**ਕ੍ਰਿਸਮਸ ਦੀਪ (ਹਿੰਦ ਮਹਾਂਸਾਗਰ)** : ਹਿੰਦ ਮਹਾਂਸਾਗਰ ਵਿਚ ਆਸਟ੍ਰੇਲੀਆ ਤੋਂ 1392 ਕਿ. ਮੀ. ਉੱਤਰ-ਪੱਛਮ ਵਲ ਅਤੇ ਜਾਵਾ ਟਾਪੂ ਦੇ ਪੱਛਮੀ ਹਿੱਸੇ ਤੋਂ 360 ਕਿ. ਮੀ. ਦੱਖਣ ਵਿਚ ਇਹ ਟਾਪੂ ਹੈ। ਇਸ ਦੀ ਲੰਬਾਈ 17 ਕਿ. ਮੀ. ਅਤੇ ਚੌੜਾਈ 7 ਕਿ. ਮੀ. ਹੈ। ਇਸ ਟਾਪੂ ਦਾ ਖੇਤਰਫਲ 133 ਵ. ਕਿ. ਮੀ. ਹੈ। ਇਸ ਟਾਪੂ ਦਾ ਪਤਾ 1650 ਈ. ਤੋਂ ਪਹਿਲਾ ਸਮੁੰਦਰੀ ਜਹਾਜ਼ਰਾਨਾਂ ਨੇ ਲਗਾ ਲਿਆ ਸੀ। ਜੂਨ, 1888 ਵਿਚ ਬਰਤਾਨੀਆ ਨੇ ਇਸ ਨੂੰ ਆਪਣੀ ਬਸਤੀ ਬਣਾ ਲਿਆ। ਇਸ ਪਿਛੋਂ 1900 ਈ. ਵਿਚ ਇਸ ਦਾ ਪ੍ਰਸ਼ਾਸਨ ਸਿੰਘਾਪੁਰ ਤੋਂ ਚਲਾਇਆ ਜਾਂਦਾ ਰਿਹਾ। ਸੰਨ 1942-45 ਇਹ ਜਾਪਾਨੀਆਂ ਦੇ ਮਾਤਹਿਤ ਰਿਹਾ। 1958 ਈ. ਵਿਚ ਇਹ ਆਸਟ੍ਰੇਲੀਆ ਨੂੰ ਸਮਰਪਣ ਕਰ ਦਿਤਾ ਗਿਆ ਜਿਸ ਦਾ ਇਹ ਅੱਜ ਵੀ ਹਿੱਸਾ ਹੈ। ਇਥੋਂ ਦੀਆਂ ਖਾਣਾਂ ਵਿਚੋਂ ਫਾਸਫੇਟ ਕੱਢ ਕੇ ਬਾਹਰਲੇ ਦੇਸ਼ਾਂ ਨੂੰ ਭੇਜਿਆ ਜਾਂਦਾ ਹੈ।

ਆਬਾਦੀ—3000 (1984 ਅੰਦਾ.)
10° 30′ ਦੱ. ਵਿਥ; 105° 34′ ਪੂ. ਲੰ.

ਹ. ਪੁ.—ਐਨ. ਬ੍ਰਿ. ਮਾ. 3 : 283

**ਕ੍ਰਿਸਟਿਨਾ** : ਸਵੀਡਨ ਦੀ ਇਸ ਰਾਣੀ ਦਾ ਜਨਮ 8 ਦਸੰਬਰ, 1626 ਨੂੰ ਸਟਾਕਹੋਮ ਵਿਖੇ ਹੋਇਆ। ਇਹ 12 ਸਾਲ ਦੇ ਰੀਜੈਂਸੀ ਸ਼ਾਸਨ ਤੋਂ ਬਾਅਦ 1644 ਈ. ਵਿਚ ਰਾਜਗੱਦੀ ਤੇ ਬੈਠੀ। ਇਸ ਦਾ ਦਰਬਾਰ ਬੜਾ ਸ਼ਾਨੋਸ਼ੌਕਤ ਵਾਲਾ ਸੀ। ਇਹ ਬੜੀ ਪ੍ਰਤਿਭਾਸ਼ਾਲੀ ਸੀ ਪਰ ਫਜ਼ੂਲ ਖਰਚੀ, ਅੰਤਰ-ਰਾਸ਼ਟਰੀ ਨੀਤੀ ਵਿਚ ਅਨੁਚਿਤ ਦਖਲਅੰਦਾਜ਼ੀ ਅਤੇ ਵਿਰੋਧੀ ਲੋਕਾਂ ਦੇ ਸੰਪਰਕ ਕਾਰਨ ਹਰਮਨ ਪਿਆਰੀ ਨਾ ਹੋ ਸਕੀ।

ਆਪਣੇ ਸ਼ਾਸਨਕਾਲ ਦੇ ਦੌਰਾਨ ਇਸ ਨੇ ਜਨਤਾ ਨੂੰ ਨਾਗਰਿਕ ਅਧਿਕਾਰ ਦਿੱਤੇ, ਵਪਾਰ ਨੂੰ ਉੱਨਤ ਕੀਤਾ ਅਤੇ ਉਦਯੋਗ ਦਾ ਵਿਕਾਸ ਕੀਤਾ, ਸਕੂਲੀ ਵਿਦਿਆ ਲਾਜ਼ਮੀ ਕਰਾਰ ਦਿਤੀ ਅਤੇ ਵਿਦਵਾਨਾਂ ਨੂੰ ਪ੍ਰੋਤਸਾਹਨ ਦਿੱਤਾ। ਇਸ ਦੇ ਰਾਜ-ਕਾਲ ਵਿਚ ਵਿਗਿਆਨ ਅਤੇ ਸਾਹਿਤ ਵਿਚ ਮਹੱਤਵਪੂਰਨ ਉੱਨਤੀ ਹੋਈ। ਇਸ ਨੇ 1950 ਈ. ਵਿਚ ਚਾਰਲਸ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ। ਸੰਨ 1654 ਵਿਚ ਰਾਜਗੱਦੀ ਤੋਂ ਨਵਿਰਤ ਹੋਣ ਪਿਛੋਂ ਇਹ ਰੋਮ ਦੇ ਪੋਪ ਦੀ ਦਇਆ ਤੇ ਏਕਾਂਤ ਜੀਵਨ ਬਿਤਾਉਣ ਲਗੀ ਅਤੇ ਉਥੇ ਹੀ 1689 ਈ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 247

I **ਕ੍ਰਿਸੋਕੋਲਾ** : ਇਹ ਇਕ ਜਲ-ਯੁਕਤ (ਆਬੀ) ਤਾਂਬੇ ਦਾ ਸਿਲੀਕੇਟ ਹੈ ਅਤੇ ਖਣਿਜ ਤਾਂਬੇ ਦੀਆਂ ਕੱਚੀਆਂ ਧਾਤਾਂ ਦੀਆਂ ਪੱਟੀਆਂ ਦੇ ਉਪਰਲੇ ਭਾਗ ਵਿਚ ਮਿਲਦਾ ਹੈ। ਇਸ ਦੇ ਕੋਈ ਨਿਸ਼ਚਿਤ ਰਵੇ ਨਹੀਂ ਹੁੰਦੇ ਪਰ ਹਮੇਸ਼ਾਂ ਪੇਪੜੀਆਂ ਅਤੇ ਗੋਲਾਕਾਰ ਜਾਂ ਅੰਗੂਰਾਂ

ਵਰਗੇ ਗੁੱਛੇ ਹੁੰਦੇ ਹਨ । ਇਸ ਦਾ ਰੰਗ ਹਰਾ ਜਾਂ ਨੀਲਾ-ਹਰਾ ਹੁੰਦਾ ਹੈ ਅਤੇ ਸੰਖ ਵਰਗਾ ਅਲਪ-ਪਾਰਦਰਸ਼ੀ ਹੋਣ ਕਰਕੇ ਇਹ ਅਕਸਰ ਦੁਧੀਏ ਪੱਥਰ ਜਾਂ ਇਨੈਮਲ ਵਰਗਾ ਵਿਖਾਈ ਦਿੰਦਾ ਹੈ। ਕਈ ਵਾਰੀ ਇਸ ਦੀ ਬਣਤਰ ਮਿਟੈਲੀ ਵੀ ਹੁੰਦੀ ਹੈ। ਇਨ੍ਹਾਂ ਵਿਚੋਂ ਕਈਆਂ ਦੀ ਵਰਤੋਂ ਹਰੀ ਭਾਹ ਵਾਲੇ ਹੀਰਿਆਂ ਦੀ ਥਾਂ ਸਜਾਵਟੀ ਪੱਥਰਾਂ ਦੇ ਤੌਰ ਤੇ ਕੀਤੀ ਜਾਂਦੀ ਹੈ। ਇਸ ਦੀ ਰਸਾਇਣਿਕ ਬਣਤਰ $CuSiO_3.2H_2O$ ਨਿਸ਼ਚਿਤ ਰਵੇਦਾਰ ਪਦਾਰਥ ਨਾ ਹੋਣ ਕਰਕੇ, ਬਦਲਦੀ ਰਹਿੰਦੀ ਹੈ। ਉਦਾਹਰਣ ਦੇ ਤੌਰ ਤੇ ਤਾਂਬੇ ਦਾ ਆਕਸਾਈਡ (CuO) ਭਿੰਨ ਭਿੰਨ ਵਿਸ਼ਲੇਸ਼ਣਾਂ ਵਿਚ 17% ਤੋਂ 67% ਤਕ ਹੁੰਦਾ ਹੈ। ਇਸ ਦੀ ਕਠੋਰਤਾ (2 ਤੋਂ 4) ਅਤੇ ਵਿਸ਼ਿਸ਼ਟ ਘਣਤਾ (2.0 ਤੋਂ 2.4) ਵੀ ਬਦਲਦੀ ਰਹਿੰਦੀ ਹੈ।

ਥੀਓਫਰੈਸਟਸ ਅਤੇ ਹੋਰ ਪੁਰਾਤਨ ਲਿਖਾਰੀ ਸੋਨੇ ਨੂੰ ਟਾਂਕਾ ਲਾਉਣ ਲਈ ਵਰਤੇ ਜਾਂਦੇ ਪਦਾਰਥ ਨੂੰ ਕ੍ਰਿਸੋਕੋਲਾ ਕਹਿੰਦੇ ਸਨ। ਯੂਨਾਨੀ ਭਾਸ਼ਾ ਵਿਚ ਇਸ ਦਾ ਅਰਥ ਸੋਨਾ ਅਤੇ ਗੂੰਦ ਹੈ। ਸਾਈਪਰਸ ਵਿਚ ਮਿਲਣ ਵਾਲੇ ਇਕ ਅਜਿਹੇ ਪਦਾਰਥ ਨੂੰ ਕ੍ਰਿਸੋਕੋਲਾ ਕਿਹਾ ਜਾਂਦਾ ਸੀ। ਬੋਰੈੱਕਸ, ਜਿਹੜਾ ਕਿ ਇਸ ਮੰਤਵ ਲਈ ਵਰਤਿਆ ਜਾਂਦਾ ਹੈ, ਨੂੰ ਵੀ ਕ੍ਰਿਸੋਕੋਲਾ ਨਾਂ ਨਾਲ ਹੀ ਜਾਣਿਆ ਜਾਂਦਾ ਰਿਹਾ ਹੈ।

ਹ. ਪੁ —ਐਨ. ਬ੍ਰਿ. 5 : 733; ਮੈਕ. ਐਨ. ਸ. ਟ. 3 : 116

I **ਕ੍ਰਿਸੋਬੇਰਿਲ :** ਪੀਲੇ ਜਾਂ ਹਰੇ ਰੰਗ ਦਾ ਇਹ ਮਣੀ ਪੱਥਰ ਆਪਣੀ ਕਠੋਰਤਾ ਕਾਰਨ ਪ੍ਰਸਿੱਧ ਹੈ। ਇਸ ਤੋਂ ਵੱਧ ਕਠੋਰਤਾ ਕੇਵਲ ਕੋਰੰਡਮ ਅਤੇ ਹੀਰੇ ਦੀ ਹੁੰਦੀ ਹੈ। ਇਸ ਦੀ ਰਸਾਇਣਿਕ ਬਣਤਰ $BeAl_2O_4$ ਹੁੰਦੀ ਹੈ ਅਰਥਾਤ ਇਹ ਬੈਰੀਲੀਅਮ ਅਤੇ ਐਲੂਮਿਨੀਅਮ ਦਾ ਆਕਸਾਈਡ ਹੈ। ਇਸ ਦੇ ਰਵੇ ਔਰਥੋਰ੍ਹਾਂਬਿਕ ਸਿਸਟਮ ਵਿਚ ਹੁੰਦੇ ਹਨ। ਇਹ ਰਵੇ ਆਮ ਕਰਕੇ ਸਾਹਮਣੇ ਪਿਨੈਕੋਇਡ ਦੇ ਸਮਾਂਤਰ ਚਪਟੇ ਹੁੰਦੇ ਹਨ ਅਤੇ ਜ਼ਿਆਦਾਤਰ ਆਭਾਸੀ ਛੇ-ਭੁਜੀ ਜੋੜਿਆਂ ਵਿਚ ਮਿਲਦੇ ਹਨ।



ਕ੍ਰਿਸੋਬੇਰਿਲ

ਕੱਚ ਵਾਂਗ ਚਮਕਦੇ ਇਸ ਪੱਥਰ ਦੀ ਕਠੋਰਤਾ 8.5 (ਮੋ ਪੈਮਾਨੇ ਉਤੇ) ਅਤੇ ਵਿਸ਼ਿਸ਼ਟ ਘਣਤਾ 3.7-3.8 ਹੁੰਦੀ ਹੈ। ਕ੍ਰਿਸੋਬੇਰਿਲ ਦੋ ਕਿਸਮ ਦੇ ਪੱਥਰਾਂ ਦੇ ਰੂਪ ਵਿਚ ਮਿਲਦਾ ਹੈ। ਐਲਿਗਜ਼ੈਨਡ੍ਰਾਈਟ, ਉੱਤਮ ਮਣੀ ਪੱਥਰਾਂ ਵਿਚੋਂ ਇਕ ਹੈ। ਇਸ ਦਾ ਰੰਗ ਹਰਾ ਹੁੰਦਾ ਹੈ ਪਰ ਪਾਰਗਮਿਤ ਜਾਂ ਬਣਾਵਟੀ ਪ੍ਰਕਾਸ਼ ਵਿਚ ਲਾਲ ਵਿਖਾਈ ਦਿੰਦਾ ਹੈ। ਕੈਟ 'ਸ ਆਈ ਜਾਂ ਸਿਮੋਫ਼ੇਨ ਇਕ ਹਰੀ ਬਦਲਵੀਂ ਚਮਕ ਵਾਲੀ ਕਿਸਮ ਹੈ ਅਤੇ ਇਸ ਦੀ ਚਮਕ ਇਸ ਤਰ੍ਹਾਂ ਬਦਲਦੀ ਰਹਿੰਦੀ ਹੈ ਜਿਵੇਂ ਬਿੱਲੀ ਦੀ ਅੱਖ ਦੀ ਚਮਕ ਹਨੇਰੇ ਵਿਚ।

ਕ੍ਰਿਸੋਬੇਰਿਲ ਗ੍ਰੈਨਾਈਟੀ ਚਟਾਨਾਂ, ਪੈੱਗਮੇਟਾਈਟ ਅਤੇ ਅਬਰਕ ਸ਼ਿਸ਼ਟਾਂ ਵਿਚ ਮਿਲਦਾ ਹੈ। ਸਿਮੋਫ਼ੇਨ, ਜ਼ਿਆਦਾਤਰ ਸ੍ਰੀਲੰਕਾ ਦੀਆਂ ਪੱਥਰੀ ਕੰਕਰੀਟਾਂ ਵਿਚੋਂ ਪ੍ਰਾਪਤ ਹੁੰਦਾ ਹੈ। ਐਲਿਗਜ਼ੈਨਡ੍ਰਾਈਟ, ਯੂਰਾਲ ਪਹਾੜਾਂ ਵਿਚੋਂ ਮਿਲਦਾ ਹੈ। ਕ੍ਰਿਸੋਬੇਰਿਲ ਨੂੰ ਅਕਸਰ ਗ਼ਲਤੀ ਨਾਲ ਕ੍ਰਿਸੋਲਾਈਟ ਮੰਨਿਆ ਜਾਂਦਾ ਹੈ ਕਿਉਂਕਿ ਇਸ ਦਾ ਰੰਗ ਕ੍ਰਿਸੋਲਾਈਟ ਨਾਲ ਮਿਲਦਾ ਜੁਲਦਾ ਹੈ। ਇਹ ਕ੍ਰਿਸੋਲਾਈਟ ਨਾਲੋਂ ਵਧੇਰੇ ਕਠੋਰ ਅਤੇ ਠੋਸ ਖਣਿਜ ਹੈ।

ਵਪਾਰਕ ਤੌਰ ਤੇ ਕ੍ਰਿਸੋਬੇਰਿਲ ਦਾ ਸੰਸ਼ਲੇਸ਼ਣ ਲਾਟ-ਸੰਯੋਜਨ ਵਿਧੀ ਦੁਆਰਾ ਕੀਤਾ ਜਾਂਦਾ ਹੈ, ਪਰ ਇਸ ਤਰ੍ਹਾਂ ਤਿਆਰ ਕੀਤਾ ਕ੍ਰਿਸੋਬੇਰਿਲ ਕੁਦਰਤ ਵਿਚ ਮਿਲਣ ਵਾਲੇ ਕ੍ਰਿਸੋਬੇਰਿਲ ਨਾਲੋਂ ਚੰਗਾ ਨਹੀਂ ਹੁੰਦਾ।

ਹ.ਪੁ.—ਐਨ. ਬ੍ਰਿ. 5 : 733; ਮੈਕ.ਐਨ. ਸ. ਟ. 3 : 116

I **ਕ੍ਰਿਸੋਲਾਈਟ :** ਇਹ ਇਕ ਪਾਰਦਰਸ਼ੀ ਹਰਾ ਮਣੀ ਪੱਥਰ ਹੈ। ਕ੍ਰਿਸੋਲਾਈਟ ਨਾਂ, ਯੂਨਾਨ ਵਿਚ ਜਿਸ ਦਾ ਅਰਥ ਸੁਨਹਿਰੀ ਪੱਥਰ ਲਿਆ ਜਾਂਦਾ ਹੈ, ਭਿੰਨ ਭਿੰਨ ਪੀਲੀਆਂ ਮਣੀਆਂ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਵਿਚੋਂ ਖ਼ਾਸ ਪੁਖਰਾਜ ਅਤੇ ਕੁਝ ਕੁ ਕਿਸਮ ਦੇ ਬੇਰਿਲ ਅਤੇ ਕ੍ਰਿਸੋਬੇਰਿਲ ਹਨ। ਆਧੁਨਿਕ ਖਣਿਜ ਵਿਗਿਆਨੀ ਲਈ ਸ਼ੁੱਧ ਕ੍ਰਿਸੋ-ਲਾਈਟ, ਪੀਲਾ ਹਰਾ ਆਲਿਵੀਨ ਹੈ। ਇਸ ਦੀ ਰਸਾਇਣਿਕ ਬਣਤਰ $Mg_2SiO_4$ ਹੁੰਦੀ ਹੈ। ਕ੍ਰਿਸੋਲਾਈਟ ਦੀ ਕਠੋਰਤਾ 6.5 ਤੋਂ 7 ਅਤੇ ਵਿਸ਼ਿਸ਼ਟ ਘਣਤਾ 3.34 ਤੋਂ 3.37 ਤਕ ਹੈ।

ਹ. ਪੁ.—ਐਨ. ਬ੍ਰਿ.5 : 733

**ਕ੍ਰਿਸੋਲੋਰੈਸ, ਮੈਨੂਐਲ :** ਪੱਛਮ ਵਿਚ ਯੂਨਾਨੀ ਸਾਹਿਤ ਨੂੰ ਫੈਲਾਉਣ ਵਾਲੇ ਇਸ ਯੂਨਾਨੀ ਵਿਦਵਾਨ ਦਾ ਜਨਮ ਲਗਭਗ 1350 ਈ. ਵਿਚ ਕੁਸਤੁਨਤੁਨੀਆ (Constantinople) ਵਿਖੇ ਹੋਇਆ। 1394 ਤੋਂ ਬਾਦ ਇਸਨੇ ਲਗਭਗ ਸਾਰੇ ਯੂਰਪ ਦੀ ਯਾਤਰਾ ਕੀਤੀ। ਸ਼ਹਿਨਸ਼ਾਹ ਮੈਨੂਐਲ ਦੂਜੇ ਦੀ ਯੂਰਪੀਨ ਦੇਸ਼ਾਂ ਦੀ ਯਾਤਰਾ ਸਮੇਂ ਇਹ ਉਹਦੇ ਨਾਲ ਰਿਹਾ। ਇਸਨੇ ਯੂਨਾਨੀ ਅਧਿਐਨ ਉਤੇ ਜ਼ੋਰ ਦਿਤਾ ਅਤੇ ਇਹ ਹੋਮਰ ਤੇ ਪਲੈਟੋ ਦੀਆਂ ਰਚਨਾਵਾਂ ਦਾ ਇਕ ਪ੍ਰਸਿਧ ਅਨੁਵਾਦਕ ਮੰਨਿਆਂ ਜਾਂਦਾ ਸੀ। ਇਸ ਨੇ ਯੂਨਾਨੀ ਅਤੇ ਲਾਤੀਨੀ ਚਰਚਾਂ ਦੀ ਯੂਨੀਅਨ ਬਣਾਉਣ ਬਾਰੇ ਜਨਰਲ ਕੌਂਸਲ ਬਣਾਉਣ ਲਈ ਸਰਗਰਮ ਹਿੱਸਾ ਪਾਇਆ। ਇਸਨੂੰ ਯੂਨਾਨੀ ਚਰਚ ਦਾ ਪ੍ਰਤਿਨਿਧ ਚੁਣਿਆ ਗਿਆ ਪਰ ਹਾਲਾਂ ਇਹ ਉਥੇ ਜਾ ਹੀ ਰਿਹਾ ਸੀ ਕਿ ਰਸਤੇ ਵਿਚ ਹੀ ਇਸ ਦੀ ਮੌਤ ਹੋ ਗਈ (15 ਅਪ੍ਰੈਲ 1415)। ਇਸਨੇ ਪ੍ਰਸ਼ਨ ਉੱਤਰ ਢੰਗ ਵਿਚ ਇਕ ਯੂਨਾਨੀ ਵਿਆਕਰਣ ਲਿਖਿਆ ਅਤੇ ਪਲੈਟੋ ਦੀ ਪੁਸਤਕ 'ਰੀਪਬਲਿਕ' ਦਾ ਲਾਤੀਨੀ ਭਾਸ਼ਾ ਵਿਚ ਅਨੁਵਾਦ ਕੀਤਾ।

ਹ. ਪੁ.—ਐਨ. ਬ੍ਰਿ. 5 : 733

I **ਕਰਿਕ, ਫਰਾਂਸਿਸ ਹੈਰੀ ਕਾਂਪਟਨ :** ਬਰਤਾਨੀਆ ਦੇ ਇਸ ਜੀਵ-ਭੌਤਿਕ-ਵਿਗਿਆਨੀ ਦਾ ਜਨਮ 8 ਜੂਨ, 1916 ਨੂੰ ਨਾਰਥੈਮਟਨ, ਨਾਰਥੈਂਪਟਨਸ਼ਿਰ ਵਿਖੇ ਹੋਇਆ। ਇਸਨੇ ਅਮਰੀਕਾ ਦੇ ਜੀਵ-ਰਸਾਇਣ-ਵਿਗਿਆਨੀ ਜੇਮਜ਼ ਵਾਟਸਨ ਅਤੇ ਨਿਊਜ਼ੀਲੈਂਡ ਦੇ ਜੀਵ-ਭੌਤਿਕ-ਵਿਗਿਆਨੀ ਮਾਰਿਸ ਵਿਲਕਿਨਜ਼ ਨਾਲ ਮਿਲ ਕੇ 1962 ਦਾ ਫ਼ਿਜ਼ਿਆਲੋਜੀ (ਡਾਕਟਰੀ) ਨੋਬਲ ਪੁਰਸਕਾਰ ਜਿਤਿਆ। ਇਹ ਨੋਬਲ ਪੁਰਸਕਾਰ ਇਸ ਨੂੰ ਡੀ ਐਨ ਏ ਦੀ ਅਣਵੀ ਰਚਨਾ ਦੱਸਣ ਲਈ ਮਿਲਿਆ। ਡੀ ਐਨ ਏ ਇਕ ਰਸਾਇਣਿਕ ਪਦਾਰਥ ਹੈ, ਜਿਹੜਾ ਜੀਵਨ ਦੇ ਸਾਰੇ ਕੰਮਾਂ ਉਤੇ ਅਨੁਵੰਸ਼ਿਕ ਕੰਟਰੋਲ ਰਖਦਾ ਹੈ। ਇਸ ਰਚਨਾ ਦਾ ਨਿਰਧਾਰਨ 20ਵੀਂ ਸਦੀ ਦੇ ਜੀਵ-ਵਿਗਿਆਨ ਦੀ ਸਭ ਤੋਂ ਵੱਡੀ ਖੋਜ ਹੈ।

ਦੂਜੇ ਸੰਸਾਰ ਯੁੱਧ ਸਮੇਂ ਕਰਿਕ ਨੇ ਪੜ੍ਹਾਈ ਵਿਚਾਲੇ ਛੱਡ ਕੇ ਜਲ ਸੈਨਾ ਲਈ ਚੁੰਬਕੀ ਸੁਰੰਗਾਂ ਬਣਾਉਣ ਲਈ ਭੌਤਿਕ-ਵਿਗਿਆਨੀ ਦੇ ਤੌਰ ਤੇ ਕੰਮ ਸ਼ੁਰੂ ਕੀਤਾ ਪਰ ਬਾਅਦ ਵਿਚ ਕੈਂਬਰਿਜ ਯੂਨੀਵਰਸਿਟੀ ਦੀ ਸਟਰੇਂਜਵੇਜ਼ ਰਿਸਰਚ ਲੈਬਾਰਟਰੀ (1947-49) ਵਿਚ ਇਸਨੇ ਮੁੜ ਜੀਵ-ਵਿਗਿਆਨ ਦੀ ਪੜ੍ਹਾਈ ਸ਼ੁਰੂ ਕਰ ਦਿਤੀ। ਜਾਨਦਾਰ ਚੀਜ਼ਾਂ ਦੇ ਵੱਡੇ ਅਣੂਆਂ ਦੀ ਤ੍ਰੈ-ਵਿਮੀ ਰਚਨਾ ਨਿਰਧਾਰਤ ਕਰਨ ਬਾਰੇ ਉਸ ਸਮੇਂ ਹੋ ਰਹੀਆਂ ਮੁਢਲੀਆਂ ਖੋਜਾਂ ਵਿਚ ਰੁਚੀ ਹੋ ਜਾਣ ਕਰਕੇ ਇਹ ਯੂਨੀਵਰਸਿਟੀ ਦੇ ਕੈਵੈਂਡਿਸ਼ ਲੈਬਾਰਟਰੀ ਦੇ ਮੈਡੀਕਲ ਰਿਸਰਚ ਕੌਂਸਲ ਯੂਨਿਟ ਵਿਚ ਚਲਾ ਗਿਆ।

ਸੰਨ 1951 ਵਿਚ ਜਦੋਂ ਜੇਮਜ਼ ਵਾਟਸਨ ਲੈਬਾਰਟਰੀ ਵਿਚ ਆਇਆ ਤਾਂ ਉਸ ਵਕਤ ਇਹ ਪਤਾ ਲੱਗ ਚੁੱਕਾ ਸੀ ਕਿ ਹਰ ਸੈੱਲ ਦੀ

ਬਣਤਰ ਅਤੇ ਕੰਮਾਂ ਦਾ ਅਨੁਵੰਸ਼ਿਕ ਨਿਰਧਾਰਨ ਕਰਨ ਵਿਚ ਡੀ ਐਨ ਏ ਦਾ ਮੁੱਖ ਹੱਥ ਹੁੰਦਾ ਹੈ। ਵਾਤਸਨ ਨੇ ਕਰਿਕ ਨੂੰ ਇਸ ਗੱਲ ਬਾਰੇ ਰਾਜ਼ੀ ਕਰਵਾ ਲਿਆ ਕਿ ਡੀ ਐਨ ਏ ਦੀ ਤ੍ਰੈ-ਵਿਮੀ ਰਚਨਾ ਦਾ ਪਤਾ ਲਗਣ ਨਾਲ ਇਸਦੇ ਅਨੁਵੰਸ਼ਿਕ ਕੰਮ ਸਪੱਸ਼ਟ ਹੋ ਜਾਣਗੇ। ਇਸ ਤੋਂ ਦੋ ਸਾਲ ਬਾਅਦ ਵਾਤਸਨ ਅਤੇ ਕਰਿਕ ਨੇ ਮਿਲਕੇ ਡੀ ਐਨ ਏ ਦੇ ਗਿਆਤ ਭੌਤਿਕ ਅਤੇ ਰਸਾਇਣਿਕ ਗੁਣਾਂ ਅਨੁਸਾਰ ਇਕ ਅਣਵੀ ਮਾਡਲ ਦੱਸਿਆ। ਇਸ ਮਾਡਲ ਵਿਚ ਸ਼ੂਗਰ-ਫ਼ਾਸਫ਼ੇਟ ਦੇ ਦੋ ਵਲਦਾਰ ਸਟਰੈਂਡ ਸਨ ਜਿਹੜੇ ਕਾਰਬਨੀ ਖਾਰਾਂ ਦੇ ਖਿਤਿਜੀ ਪੁਲਾਂ ਨਾਲ ਜੁੜੇ ਹੋਏ ਸਨ। ਉਨ੍ਹਾਂ ਨੂੰ ਇਹ ਵੀ ਸਪੱਸ਼ਟ ਹੋ ਗਿਆ ਸੀ ਕਿ ਜੇ ਇਹ ਸਟਰੈਂਡ ਵਖ-ਵਖ ਹੋ ਜਾਣ ਤਾਂ ਹਰ ਸਟਰੈਂਡ ਇਕ ਸੰਚੇ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਸੈੱਲ ਦੇ ਛੋਟੇ ਅਣੂਆਂ ਤੋਂ ਪਹਿਲੇ ਵਰਗਾ ਇਕ ਹੋਰ ਨਵਾਂ ਸਿਸਟਰ ਸਟਰੈਂਡ ਬਣਾ ਲੈਂਦਾ ਹੈ। ਇਸ ਨਕਲ ਕਰਨ ਦੀ ਵਿਧੀ ਤੋਂ ਜੀਨ ਅਤੇ ਆਖਰਕਾਰ ਗੁਣ ਸੂਤਰਾਂ ਦੀ (ਜਿਹੜੇ ਕਿ ਵਿਭਾਜਤ ਹੋ ਰਹੇ ਸੈੱਲਾਂ ਵਿਚ ਹੁੰਦੇ ਹਨ) ਦੀ ਦੂਹਰ ਦੀ ਵਿਆਖਿਆ ਹੋ ਜਾਂਦੀ ਹੈ। ਉਨ੍ਹਾਂ ਦੇ ਮਾਡਲ ਤੋਂ ਇਹ ਵੀ ਸਪੱਸ਼ਟ ਸੀ ਕਿ ਡੀ ਐਨ ਏ ਦੇ ਅਣੂ ਉਤੇ ਖਾਰਾਂ ਦੀ ਤਰਤੀਬ ਤੋਂ ਇਕ ਸੈੱਲ-ਮੈਕੇਨਿਜ਼ਮ ਰਾਹੀਂ ਸ਼ਬਦ ਜੋੜਾਂ ਦੀ ਇਕ ਸੰਕੇਤ ਪੱਧਤੀ ਜਿਵੇਂ ਇਕ ਰੀਡ (read) ਬਣਦੀ ਹੈ ਜਿਸਦੀ ਵਿਆਖਿਆ ਉਹ ਖ਼ਾਸ ਪ੍ਰੋਟੀਨ ਹਨ ਜਿਹੜੇ ਕਿ ਸੈੱਲ ਦੀ ਖ਼ਾਸ ਰਚਨਾ ਅਤੇ ਕੰਮਾਂ ਲਈ ਜ਼ਿੰਮੇਵਾਰ ਹੁੰਦੇ ਹਨ।

ਸੰਨ 1961 ਤਕ ਕਰਿਕ ਕੋਲ ਇਹ ਸਿੱਧ ਕਰਨ ਲਈ ਪ੍ਰਮਾਣ ਮੌਜੂਦ ਸਨ ਕਿ ਹਰ ਇਕੱਲੇ ਡੀ ਐਨ ਏ ਸਟਰੈਂਡ ਉਤੇ ਤਿੰਨ ਖਾਰਾਂ ਦਾ ਹਰ ਗਰੁੱਪ ਕਿਸੇ ਪ੍ਰੋਟੀਨ ਦੇ ਅਣੂ ਦੇ ਅਧਾਰ ਉਤੇ ਇਕ ਖ਼ਾਸ ਐਮੀਨੋ ਐਸਿਡ ਦੀ ਸਥਿਤੀ ਦਰਸਾਉਂਦਾ ਹੈ। ਇਸਨੇ ਉਹ ਤੀਹਰ ਬਣਾਉਣ ਵਿਚ ਸਹਾਇਤਾ ਕੀਤੀ ਜਿਹੜੇ ਪ੍ਰੋਟੀਨਾਂ ਵਿਚ ਮਿਲਣ ਵਾਲੇ ਸਾਰੇ 20 ਐਮੀਨੋ ਐਸਿਡਾਂ ਲਈ ਸੰਕੇਤ ਪੱਧਤ ਹਨ ਅਤੇ ਉਹ ਤਰੀਕਾ ਲੱਭਣ ਵਿਚ ਵੀ ਸਹਾਇਤਾ ਕੀਤੀ ਜਿਸ ਨਾਲ ਸੈੱਲ ਪ੍ਰੋਟੀਨਾਂ ਬਣਾਉਣ ਲਈ ਡੀ ਐਨ ਏ 'ਸੰਦੇਸ਼' ਵਰਤਦੇ ਹਨ। ਇਸ ਦੀ ਕਿਤਾਬ 'ਆਫ਼ ਮਾਲੀਕਿਊਲਜ਼ ਐਂਡ ਮੈੱਨ' (1966) ਅਣਵੀ ਜੀਵ-ਵਿਗਿਆਨ ਵਿਚ ਕ੍ਰਾਂਤੀ ਸਬੰਧੀ ਉਨ੍ਹਾਂ ਅੜਚਨਾਂ ਬਾਰੇ ਦੱਸਦੀ ਹੈ ਜਿਸਨੂੰ ਲਿਆਉਣ ਲਈ ਇਸ ਨੇ ਬਹੁਤ ਕੰਮ ਕੀਤਾ।

ਹ. ਪੁ.—ਐਨ. ਬ੍ਰਿ. ਮਾ. 3 . 240

**ਕ੍ਰਿਕਟ :** ਕ੍ਰਿਕਟ ਨੂੰ ਆਮ ਤੌਰ ਤੇ ਇੰਗਲੈਂਡ ਦੀ ਗਰਮੀਆਂ ਦੀ ਰਾਸ਼ਟਰੀ ਖੇਡ ਕਿਹਾ ਜਾਂਦਾ ਹੈ। ਪਰ ਅਜਿਹਾ ਕੋਈ ਵੀ ਸਹੀ ਰਿਕਾਰਡ ਪ੍ਰਾਪਤ ਨਹੀਂ ਜਿਸ ਤੋਂ ਇਹ ਪਤਾ ਲੱਗ ਸਕੇ ਕਿ ਇੰਗਲੈਂਡ ਵਿਚ ਇਹ ਖੇਡ ਪਹਿਲਾਂ ਪਹਿਲ ਕਦੋਂ ਅਤੇ ਕਿਸ ਨੇ ਸ਼ੁਰੂ ਕੀਤੀ। ਪੁਰਾਣੇ ਇਤਿਹਾਸ ਤੋਂ ਪਤਾ ਲੱਗਦਾ ਹੈ ਕ੍ਰਿਕਟ ਦੀ ਖੇਡ ਤੇਰ੍ਹਵੀਂ ਈਸਵੀਂ ਵਿਚ ਸ਼ੁਰੂ ਹੋਈ ਤੇ ਇਸ ਦਾ ਅਜੋਕਾ ਨਾਂ ਕੁਝ ਲਿਖਾਰੀਆਂ ਅਨੁਸਾਰ 1550 ਜਾਂ 1685 ਤੋਂ ਵਰਤੋਂ ਵਿਚ ਆਇਆ। ਪਰ ਇਹ ਸਪਸ਼ਟ ਹੈ ਕਿ 17ਵੀਂ ਸਦੀ ਵਿਚ ਇਹ ਖੇਡ ਬੜੀ ਤੇਜ਼ੀ ਨਾਲ ਪ੍ਰਚਲਤ ਹੋਈ। ਇਹ ਗੇਂਦ ਅਤੇ ਬੱਲੇ ਦੀ ਸਹਾਇਤਾ ਨਾਲ ਗਿਆਰਾਂ-ਗਿਆਰਾਂ ਦੀਆਂ ਦੋ ਟੀਮਾਂ ਵਿਚਕਾਰ ਖੇਡੀ ਜਾਂਦੀ ਹੈ। ਇਸ ਖੇਡ ਦੇ ਚਾਹਵਾਨ ਲਗਪਗ ਸਾਰੀ ਦੁਨੀਆ ਵਿਚ ਹਨ।

**ਖੇਡ—ਕ੍ਰਿਕਟ ਦਾ ਮੈਦਾਨ**—ਕ੍ਰਿਕਟ ਦੇ ਮੈਦਾਨ ਦਾ ਕੋਈ ਨਿਸਚਿਤ ਆਕਾਰ ਨਹੀਂ ਹੁੰਦਾ। ਇਸ ਦੇ ਵਿਚ ਮੈਦਾਨ ਦੇ ਵਿਚਕਾਰ ਇਕ ਬਹੁਤ ਵਧੀਆ ਬਣਤਰ ਦਾ ਪੱਧਰਾ ਟਰਫ਼ ਹੁੰਦਾ ਹੈ ਜਿਸ ਦੁਆਲੇ ਗੋਲ ਜਾਂ ਅੰਡਾਕਾਰ ਸ਼ਕਲ ਦਾ ਖੇਡਣ ਦਾ ਮੈਦਾਨ ਹੁੰਦਾ ਹੈ ਜਿਸ ਦੀ ਹੱਦ ਚੂਨੇ ਦੀ ਲਾਈਨ ਜਾਂ ਤਾਰ ਆਦਿ ਲਾ ਕੇ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ।

**ਵਿਕਟ ਅਤੇ ਕਰੀਜ਼** (Wicket & Creases)—ਵਿਕਟ ਤਿੰਨ ਸਟੰਪਾਂ ਜਾਂ ਸਟੇਕਾਂ ਦੀ ਬਣੀ ਹੁੰਦੀ ਹੈ ਜੋ 71 ਸੈਂ. ਮੀ. (28 ਇੰਚ) ਉੱਚੀਆਂ ਤੇ 3.2 ਸੈਂ. ਮੀ. ($1\frac{1}{4}$ ਇੰਚ) ਮੋਟੀਆਂ ਹੁੰਦੀਆਂ ਹਨ ਤੇ ਇਹ ਆਪਣੀ ਜਗ੍ਹਾ ਤੇ ਇਸ ਢੰਗ ਨਾਲ ਲਗਾਈਆਂ ਹੁੰਦੀਆਂ ਹਨ ਕਿ ਬਾਲ ਇਨ੍ਹਾਂ ਵਿਚੋਂ ਦੀ ਨਾ ਲੰਘ ਸਕੇ। ਲੱਕੜੀ ਦੀਆਂ 11 ਸੈਂ. ਮੀ. ($4\frac{3}{8}$ ਇੰਚ) ਲੰਬੀਆਂ ਦੋ ਗੁੱਲੀਆਂ ਇਨ੍ਹਾਂ ਸਟੰਪਾਂ ਉੱਤੇ ਰੱਖੀਆਂ ਹੁੰਦੀਆਂ ਹਨ। ਇਹ ਗੁੱਲੀਆਂ ਤਿੰਨਾਂ ਵਿਕਟਾਂ ਤੋਂ ਕਿਸੇ ਪਾਸੇ ਬਾਹਰ ਨਿਕਲਵੀਆਂ ਨਹੀਂ ਹੁੰਦੀਆਂ ਅਤੇ ਉਪਰ ਨੂੰ ਵੀ ਅੱਧ ਇੰਚ ਤੋਂ ਜ਼ਿਆਦਾ ਨਹੀਂ ਹੁੰਦੀਆਂ। ਸਾਰੀ ਵਿਕਟ 23 ਸੈਂ. ਮੀ. (9 ਇੰਚ) ਚੌੜੀ ਹੁੰਦੀ ਹੈ ਤੇ ਕੁਲ ਦੋ ਵਿਕਟਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਬੈਟਸਮੈਨ ਬਚਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਬਾਲਰ ਸੁੱਟਣ ਦੀ ਕੋਸ਼ਿਸ਼ ਕਰਦੇ ਹਨ। ਦੋਵੇਂ ਵਿਕਟਾਂ ਮੈਦਾਨ ਦੇ ਵਿਚਕਾਰ ਇਕ ਦੂਜੀ ਦੇ ਆਮ੍ਹਣੇ ਸਾਮ੍ਹਣੇ ਪਿਚ ਦੇ ਦੋਹਾਂ ਸਿਰਿਆਂ ਤੇ ਲਗਾਈਆਂ ਜਾਂਦੀਆਂ ਹਨ। ਪਿਚ 20 ਮੀਟਰ (22 ਗਜ਼) ਲੰਬੀ ਅਤੇ 3 ਮੀਟਰ (10 ਫੁੱਟ) ਚੌੜੀ ਹੁੰਦੀ ਹੈ। ਇਸ ਤੋਂ ਇਲਾਵਾ ਬੈਟਸਮੈਨ ਦੀ ਹੱਦ ਨਿਸਚਤ ਕਰਨ ਲਈ ਹਰ ਇਕ ਵਿਕਟ ਦੇ ਦੁਆਲੇ ਕਲੀ ਦੀ ਲਾਈਨ ਲਾਈ ਹੁੰਦੀ ਹੈ ਜਿਸ ਨੂੰ ਕਰੀਜ਼ ਆਖਦੇ ਹਨ। ਕਰੀਜ਼ ਕਈ ਪ੍ਰਕਾਰ ਦੀ ਹੁੰਦੀ ਹੈ :—

(ੳ) ਬਾਉਲਿੰਗ ਕਰੀਜ਼—ਇਹ ਰੇਖਾ ਸਟੰਪਾਂ ਵਿਚੋਂ ਲਗਾਈ ਜਾਂਦੀ ਹੈ ਜੋ ਵਿਚਕਾਰਲੀ ਸਟੰਪ ਤੋਂ ਦੋਹਾਂ ਪਾਸਿਆਂ ਨੂੰ 1.3 ਮੀਟਰ (4 ਫੁੱਟ 4 ਇੰਚ) ਤੇ ਹੁੰਦੀ ਹੈ।

(ਅ) ਰਿਟਰਨ ਕਰੀਜ਼—ਇਹ ਬਾਲਿੰਗ ਕਰੀਜ਼ ਦੇ ਦੋਹਾਂ ਸਿਰਿਆਂ ਤੇ ਸਮਕੋਣ ਵਿਚ ਵਿਕਟ ਦੇ ਪਿਛਲੇ ਪਾਸੇ ਲਾਈ ਹੁੰਦੀ ਹੈ।

(ੲ) ਪੌਪਿੰਗ ਕਰੀਜ਼—ਇਹ ਬਾਲਿੰਗ ਕਰੀਜ਼ ਤੋਂ 4 ਫੁੱਟ ਅੱਗੇ ਅਤੇ ਇਸ ਦੇ ਸਮਾਨਾਂਤਰ ਹੁੰਦੀ ਹੈ। ਬਾਲਿੰਗ ਅਤੇ ਰਿਟਰਨ ਕਰੀਜ਼ਾਂ ਦੇ ਵਿਚਕਾਰਲੇ ਖੇਤਰ ਵਿਚ ਬਾਲ ਸੁੱਟਣ ਲੱਗੇ ਬਾਲਰ ਦੇ ਪਿਛਲੇ ਪੈਰ ਦਾ ਆਉਣਾ ਜ਼ਰੂਰੀ ਹੈ। ਪੌਪਿੰਗ ਕਰੀਜ਼ ਤੋਂ ਦੂਜੇ ਪਾਸੇ ਦੀ ਬਾਲਿੰਗ ਕਰੀਜ਼ ਤੱਕ 19 ਮੀਟਰ ਦਾ ਖੇਤਰ ਬੈਟਸਮੈਨ ਦੀ ਖੇਤਰ ਸੀਮਾਂ ਹੈ।

**ਬੈਟ ਅਤੇ ਬਾਲ**—ਕ੍ਰਿਕਟ ਦਾ ਬੱਲਾ (ਬੈਟ) ਚੱਪੂ ਦੀ ਸ਼ਕਲ ਦਾ ਬਣਿਆ ਹੁੰਦਾ ਹੈ ਤੇ ਇਸਦਾ ਥਾਪੀ-ਨੁਮਾ ਅਗਲਾ ਹਿੱਸਾ ਬੈਂਤ ਦਾ ਬਣਿਆ ਹੁੰਦਾ ਹੈ। ਇਸ ਦੀ ਵੱਧ ਤੋਂ ਵੱਧ ਚੌੜਾਈ 11 ਸੈਂਟੀਮੀਟਰ ਤੇ ਹੈਂਡਲ ਸਮੇਤ ਲੰਬਾਈ 97 ਸੈਂਟੀਮੀਟਰ ਹੁੰਦੀ ਹੈ।

ਕ੍ਰਿਕਟ ਦੀ ਬਾਲ ਵਿਚੋਂ ਕਾਰਕ ਦੀ ਹੁੰਦੀ ਹੈ ਤੇ ਇਸ ਉੱਤੇ ਲਾਲ ਰੰਗ ਦਾ ਚਮੜਾ ਦੋ ਟੁਕੜਿਆਂ ਵਿਚ ਚੜ੍ਹਾਇਆ ਹੁੰਦਾ ਹੈ। ਅਰਧ ਵਿਆਸ ਦੇ ਚਮੜੇ ਦੇ ਇਨ੍ਹਾਂ ਦੋਹਾਂ ਟੁਕੜਿਆਂ ਨੂੰ ਵਿਚਕਾਰ ਤੋਂ ਡੋਰੀ ਨਾਲ ਸਿਊਂਤਾ ਹੁੰਦਾ ਹੈ ਤੇ ਇਹ ਸਿਊਣ ਥੋੜ੍ਹੀ ਉਭਰਵੀਂ ਹੁੰਦੀ ਹੈ। ਕ੍ਰਿਕਟ ਦੀ ਬਾਲ ਬੇਸਬਾਲ ਨਾਲੋਂ ਥੋੜੀ ਛੋਟੀ, ਸਖਤ ਤੇ ਭਾਰੀ ਹੁੰਦੀ ਹੈ। ਇਹ ਜ਼ਰੂਰੀ ਹੈ ਕਿ ਬਾਲ ਦਾ ਭਾਰ 156 ਗ੍ਰਾਮ ਤੋਂ 163 ਗ੍ਰਾਮ ਦੇ ਵਿਚ-ਵਿਚ ਹੋਵੇ ਅਤੇ ਇਸ ਦਾ ਘੇਰਾ 22 ਤੋਂ 23 ਸੈਂਟੀ-ਮੀਟਰ ਹੋਵੇ।

**ਡ੍ਰੈੱਸ**—ਕ੍ਰਿਕਟ ਦੇ ਖਿਡਾਰੀ ਆਮ ਤੌਰ ਤੇ ਸੂਤੀ ਕੱਪੜੇ ਦੀਆਂ ਸਫ਼ੈਦ ਪੈਂਟਾਂ ਤੇ ਕਮੀਜ਼ਾਂ ਤੇ ਕੈਨਵਸ ਦੇ ਸਫ਼ੈਦ ਬੂਟ, ਸਫ਼ੈਦ ਊਨੀ ਸਵੈਟਰ ਜਿਸ ਤੇ ਖਾਸ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ ਅਤੇ ਸਫ਼ੈਦ ਹੈਟ ਪਹਿਨਦੇ ਹਨ। ਇਨ੍ਹਾਂ ਤੋਂ ਇਲਾਵਾ ਬੈਟਸਮੈਨ ਸਫ਼ੈਦ ਪੈਡ, ਬਾਡੀ ਪ੍ਰੋਟੈਕਟਰ ਤੇ ਬੈਟਿੰਗ ਦਸਤਾਨੇ ਪਹਿਨਦੇ ਹਨ। ਵਿਕਟ ਕੀਪਰ ਵੀ ਪੈਡ ਤੇ ਮੋਟੇ ਦਸਤਾਨੇ ਪਹਿਨਦੇ ਹਨ। ਕ੍ਰਿਕਟ ਦੀ ਖੇਡ ਦੌਰਾਨ ਵਰਤੀ ਜਾਣ ਵਾਲੀ ਕੁਝ ਖਾਸ ਸ਼ਬਦਾਵਲੀ ਇਸ ਪ੍ਰਕਾਰ ਹੈ :—

**ਬਾਊਲਡ ਫ਼ਾਰ ਏ ਡਕ**—ਬਿਨਾਂ ਸਕੋਰ ਡਿਸਮਿਸ ਕਰਨਾ।

**ਕੈਪਡ**—ਜਦੋਂ ਕੋਈ ਖਿਡਾਰੀ ਕਿਸੇ ਟੀਮ ਦੇ ਨੁਮਾਇੰਦੇ ਦੇ ਤੌਰ ਤੇ ਚੁਣਿਆ ਜਾਵੇ ਤਾਂ ਉਸ ਨੂੰ ਕੈਪਡ ਖਿਡਾਰੀ ਕਿਹਾ ਜਾਂਦਾ ਹੈ।

**ਸੈਂਚਰੀ**—ਜਦੋਂ ਕੋਈ ਬੈਟਸਮੈਨ ਇਕ ਹੀ ਇੰਨਿੰਗ ਵਿਚ 100 ਦੌੜਾਂ ਬਣਾ ਲਏ ਤਾਂ ਉਸ ਨੂੰ ਸੈਂਚਰੀ ਕਹਿੰਦੇ ਹਨ।

**ਫ਼ਾਲੋ ਆਨ**—ਜਦੋਂ ਕਿਸੇ ਟੀਮ ਨੂੰ ਪਹਿਲੀ ਇਨਿੰਗਜ਼ ਤੋਂ ਇਕ ਦਮ ਬਾਅਦ ਬਿਨਾਂ ਵਾਰੀ ਦੇ ਫਿਰ ਬੈਟਿੰਗ ਕਰਨ ਲਈ ਕਿਹਾ ਜਾਵੇ ਤਾਂ ਉਸ ਨੂੰ ਫਾਲੋ ਆਨ ਕਰਵਾਉਣਾ ਕਹਿੰਦੇ ਹਨ, ਪਰ ਇਹ ਉਦੋਂ ਹੀ ਹੁੰਦਾ ਹੈ ਜਦੋਂ ਕੋਈ ਟੀਮ ਆਪਣੀ ਪਹਿਲੀ ਇਨਿੰਗਜ਼ ਵਿਚ ਵਿਰੋਧੀ ਟੀਮ ਨਾਲੋਂ ਇਕ ਖਾਸ ਨੰਬਰ ਵਿਚ ਘੱਟ ਦੌੜਾਂ ਬਣਾਵੇ ਜਿਵੇਂ ਇਕ ਦਿਨ ਦੇ ਮੈਚ ਵਿਚ 75 ਦੌੜਾਂ, ਦੋ ਦਿਨ ਦੇ ਮੈਚ ਵਿਚ 100, ਤਿੰਨ ਦਿਨ ਦੇ ਮੈਚ ਵਿਚ 150 ਤੇ 5 ਜਾਂ 6 ਦਿਨ ਦੇ ਮੈਚ ਵਿਚ 200 ਦੌੜਾਂ ਘੱਟ ਬਣਾਵੇ ।

**ਛੀਕਾ**—ਜਦੋਂ ਬੈਟਸਮੈਨ ਦੇ ਹਿਟ ਕਰਨ ਪਿਛੋਂ ਬਾਲ ਗਰਾਊਂਡ ਦੀ ਬਾਊਂਡਰੀ ਲਾਈਨ ਤੋਂ ਬਾਹਰ ਜਾ ਕੇ ਡਿੱਗਦੀ ਹੈ ਤਾਂ ਇਸ ਨੂੰ ਛੀਕਾ ਮਾਰਨਾ ਕਹਿੰਦੇ ਹਨ ਅਤੇ ਇਸ ਦੇ ਬਦਲੇ ਛੇ ਦੌੜਾਂ ਮਿਲਦੀਆਂ ਹਨ । ਪਰ ਜਦੋਂ ਬਾਲ ਗਰਾਊਂਡ ਨਾਲ ਘਸਰਦੀ ਹੋਈ ਬਾਊਂਡਰੀ ਲਾਈਨ ਤੋਂ ਬਾਹਰ ਜਾਵੇ ਤਾਂ ਉਸ ਨੂੰ ਚੌਕਾ ਆਖਦੇ ਹਨ ਅਰਥਾਤ ਚਾਰ ਦੌੜਾਂ ਮਿਲਦੀਆਂ ਹਨ ।

**ਇੰਨਿੰਗਜ਼**—ਇਹ ਬੈਟਸਮੈਨ ਦੇ ਬੈਟ ਕਰਨ ਦੀ ਵਾਰੀ ਜਾਂ ਸਾਰੀ ਟੀਮ ਦੀ ਬੈਟ ਕਰਨ ਦੀ ਵਾਰੀ ਨੂੰ ਕਹਿੰਦੇ ਹਨ ।

**ਪਿੱਚ**—ਇਹ ਸ਼ਬਦ ਕਈ ਤਰ੍ਹਾਂ ਵਰਤਿਆ ਜਾਂਦਾ ਹੈ । ਇਹ ਦੋਹਾਂ ਵਿਕਟਾਂ ਵਿਚਕਾਰ ਸੈਂਟਰ ਲਾਈਨ ਦੇ ਦੋਹਾਂ ਪਾਸਿਆਂ ਤੋਂ 1.5 ਮੀਟਰ (5 ਫੁਟ) ਦੇ ਹਿੱਸੇ ਨੂੰ ਕਹਿੰਦੇ ਹਨ । ਦੋਹਾਂ ਵਿਕਟਾਂ ਦੇ ਵਿਚਕਾਰ ਦੇ ਹਿੱਸੇ ਨੂੰ ਵੀ ਪਿੱਚ ਕਹਿੰਦੇ ਹਨ ਅਤੇ ਜਾਂ ਫਿਰ ਗਰਾਊਂਡ ਉਤੇ ਬਾਲ ਦੇ ਅਸਰ (ਮਾਰ) ਨੂੰ ਕਹਿੰਦੇ ਹਨ ।

**ਵਿਕਟ**—ਵਿਕਟ ਸ਼ਬਦ ਇਨ੍ਹਾਂ ਕਈ ਗੱਲਾਂ ਲਈ ਵਰਤਿਆ ਜਾਂਦਾ :

(1) ਤਿੰਨ ਸਟੰਪਾਂ ਨੂੰ ਆਖਦੇ ਹਨ ਜਿਨ੍ਹਾਂ ਉਪਰ ਲਕੜੀ ਦੀ ਗੁੱਲੀ ਰੱਖੀ ਹੁੰਦੀ ਹੈ ।

(2) ਦੋਹਾਂ ਪਾਸਿਆਂ ਦੇ ਸਟੰਪਾਂ ਦੇ ਵਿਚਕਾਰਲੇ ਥਾਂ ਨੂੰ ਵੀ ਵਿਕਟ ਕਹਿੰਦੇ ਹਨ ।

(3) ਬੈਟਿੰਗ ਕਰਨ ਦੀ ਵਾਰੀ ਨੂੰ ਵੀ ਵਿਕਟ ਸਦਦੇ ਹਨ ।

(4) ਜਿੰਨੇ ਖਿਡਾਰੀ ਆਊਟ ਹੋ ਜਾਣ ਜਾਂ ਬਾਕੀ ਰਹਿ ਜਾਣ ਇਨ੍ਹਾਂ ਨੂੰ ਵੀ ਇੰਨੀਆਂ ਵਿਕਟਾਂ ਤੇ ਇੰਨੀਆਂ ਦੌੜਾਂ ਆਦਿ ਆਖਦੇ ਹਨ ।

ਖੇਡ ਸ਼ੁਰੂ ਕਰਨ ਲਈ ਦੋਹਾਂ ਟੀਮਾਂ ਵਿਚੋਂ ਇਕ ਖਿਡਾਰੀ ਕਪਤਾਨ ਦੇ ਤੌਰ ਤੇ ਖੇਡ ਵਿਚ ਦੋ ਅਮਪਾਇਰ ਹੁੰਦੇ ਹਨ ਇਨ੍ਹਾਂ ਵਿਚੋਂ



ਕ੍ਰਿਕਟ ਦੇ ਮੈਦਾਨ ਵਿਚ ਵਿਕਟਾਂ ਅਤੇ ਖਿਡਾਰੀਆਂ ਦੀ ਸਥਿਤੀ

ਇਕ ਬਾਲਰ ਦੇ ਵਿਕਟ ਕੋਲ ਤੇ ਦੂਜਾ ਬੈਟਸਮੈਨ ਵਲ ਸੁਕੇਅਰ ਲੈਗ ਕੋਲ ਖੜਾ ਹੁੰਦਾ ਹੈ ।

ਇਹ ਦੋਵੇਂ ਅਮਪਾਇਰ ਨਿਯਮਾਂ ਅਨੁਸਾਰ ਖੇਡ ਤੇ ਨਿਗਰਾਨੀ ਰੱਖਦੇ ਹਨ । ਇਨ੍ਹਾਂ ਤੋਂ ਇਲਾਵਾ ਦੋ ਸਕੋਅਰ ਖੇਡ ਦੀ ਪ੍ਰਗਤੀ ਦੀ ਸਮੇਂ ਸਮੇਂ ਤੇ ਨਿਗਰਾਨੀ ਰਖਦੇ ਹਨ, ਅਰਥਾਤ ਸਕੋਰ ਨੋਟ ਕਰਨ ਲਈ ਹੁੰਦੇ ਹਨ । ਖੇਡ ਵਿਚ ਦੋਹਾਂ ਟੀਮਾਂ ਦਾ ਤੇ ਖਿਡਾਰੀਆਂ ਦਾ ਟੀਚਾ ਇਕ ਦੂਜੇ ਤੋਂ ਵਧ ਦੌੜਾਂ ਪ੍ਰਾਪਤ ਕਰਨ ਦਾ ਹੁੰਦਾ ਹੈ । ਦੋਹਾਂ ਟੀਮਾਂ ਦੇ ਕਪਤਾਨਾਂ ਵਿਚੋਂ ਟਾਸ ਜਿੱਤਣ ਵਾਲਾ ਕਪਤਾਨ ਹੀ ਫੈਸਲਾ ਕਰਦਾ ਹੈ ਕਿ ਪਹਿਲਾਂ ਕਿਹੜੀ ਟੀਮ ਬੈਟਿੰਗ ਕਰੇਗੀ ਫਿਰ ਉਸ ਟੀਮ ਦੇ ਪਹਿਲੇ ਦੋ ਬੈਟਸਮੈਨ ਇੱਕਠੇ ਫਿਰ ਉਸ ਟੀਮ ਦੇ ਪਹਿਲੇ ਦੋ ਬੈਟਸਮੈਨ ਇਕੱਠੇ ਹੀ ਵਿਕਟਾਂ ਤੇ ਆਉਂਦੇ ਹਨ ਤੇ ਵਿਰੋਧੀ ਟੀਮ ਦੇ ਬਾਲਰਾਂ ਅਤੇ ਫੀਲਡਰਾਂ ਦੇ ਮੁਕਾਬਲੇ ਦੇ ਵੱਧ ਤੋਂ ਵੱਧ ਦੌੜਾਂ ਬਣਾਉਣ ਦੀ ਕੋਸ਼ਿਸ਼ ਕਰਦੇ ਹਨ (ਸਭ ਤੋਂ ਪਹਿਲਾਂ ਖੇਡਣ ਵਾਲੇ ਖਿਡਾਰੀਆਂ ਨੂੰ ਆਰੰਭਿਕ ਬੈਟਸਮੈਨ ਕਹਿੰਦੇ ਹਨ ਤੇ ਇਹ ਕਾਫੀ ਤਜ਼ਰਬੇਕਾਰ ਖਿਡਾਰੀ ਹੁੰਦੇ ਹਨ । ਜਦੋਂ ਖੇਡਣ ਵਾਲੀ (ਬੈਟਿੰਗ ਕਰਨ ਵਾਲੀ) ਟੀਮ ਦੇ 10 ਖਿਡਾਰੀ (11ਵੇਂ ਦਾ ਸਾਥੀ ਨਾ ਹੋਣ ਕਰਕੇ ਆਊਟ ਨਹੀਂ ਹੁੰਦਾ) ਆਊਟ ਜਾਂ ਡਿਸਮਿਸ ਹੋ ਜਾਣ ਤਾਂ ਪਹਿਲੀ ਇਨਿੰਗਜ਼ ਖ਼ਤਮ ਹੋ ਜਾਂਦੀ ਹੈ ਪਰ ਖੇਡ ਰਹੀ ਟੀਮ ਦਾ ਕਪਤਾਨ ਆਪਣੀ ਵਾਰੀ ਇਸ ਤੋਂ ਪਹਿਲਾਂ ਵੀ ਖ਼ਤਮ ਕਰ ਸਕਦਾ ਹੈ ਜੇਕਰ ਉਹ ਮਹਿਸੂਸ ਕਰੇ ਕਿ ਉਸ ਦੀਆਂ ਦੌੜਾਂ ਮੁਕਾਬਲਤਨ ਕਾਫੀ ਬਣ ਗਈਆਂ ਹਨ ਤੇ ਉਹ ਦੂਸਰੀ ਟੀਮ ਨੂੰ ਵੀ ਸਮਾਂ ਖਤਮ ਹੋਣ ਤੋਂ ਪਹਿਲਾਂ ਖਿਡਾਉਣਾ ਚਾਹੁੰਦਾ ਹੋਵੇ ਤਾਂ ਜੋ ਸਮੇਂ ਦੀ ਘਾਟ ਕਰਕੇ ਖੇਡ ਵਿਚ ਹਾਰ ਜਿੱਤ ਦਾ ਫੈਸਲਾ ਹੋ ਸਕੇ । ਖੇਡ ਦੇ ਨਤੀਜੇ ਦੌੜਾਂ ਵਿਚ ਰਿਕਾਰਡ ਕੀਤੇ ਜਾਂਦੇ ਹਨ । ਜੇਕਰ ਇਕ ਟੀਮ ਦੀਆਂ ਕੁਲ ਦੌੜਾਂ ਪਹਿਲਾਂ ਖੇਡੀ ਟੀਮ ਦੀਆਂ ਦੌੜਾਂ ਨਾਲੋਂ ਵਧ ਜਾਣ ਤੇ ਹਾਲੇ ਉਨ੍ਹਾਂ ਦੇ ਕੁਝ ਖਿਡਾਰੀ ਖੇਡਣ ਲਈ ਰਹਿੰਦੇ ਹੋਣ ਤਾਂ ਉਹ ਜੇਤੂ ਮੰਨੀ ਜਾਂਦੀ ਹੈ ।

ਬਾਲਿੰਗ ਕਰਨ ਵਾਲੀ ਟੀਮ (ਖਿਡਾਉਣ ਵਾਲੀ ਟੀਮ) ਦੇ ਖਿਡਾਰੀ ਫੀਲਡ ਵਿਚ ਕਪਤਾਨ ਅਨੁਸਾਰ ਦੱਸੀ ਆਪਣੀ ਆਪਣੀ ਜਗ੍ਹਾ ਤੇ ਖੜ੍ਹੇ ਹੋ ਜਾਂਦੇ ਹਨ ਤੇ ਇਨ੍ਹਾਂ ਵਿਚੋਂ ਇਕ ਬਾਲਰ ਅਤੇ ਇਕ ਵਿਕਟਕੀਪਰ ਹੁੰਦਾ ਹੈ; ਬਾਕੀ 9 ਖਿਡਾਰੀ ਫੀਲਡ ਵਿਚ ਖੜ੍ਹੇ ਹੋ ਜਾਂਦੇ ਹਨ । ਪਹਿਲਾ ਬੈਟਸਮੈਨ ਜਿਸ ਨੂੰ 'ਸਟ੍ਰਾਈਕਰ' ਆਖਦੇ ਹਨ, ਆਪਣੀ ਵਿਕਟ ਬਚਾਉਣ ਲਈ ਪੋਪਿੰਗ ਕਰੀਜ਼ ਤੋਂ ਘੱਟੋ ਘੱਟ ਇਕ ਫੁੱਟ ਪਿਛੇ ਹੋ ਕੇ ਖੜਾ ਹੁੰਦਾ ਹੈ ਅਤੇ ਉਸਦਾ ਸਾਥੀ ਬੈਟਸਮੈਨ ਬਾਲਰ ਵਾਲੀ ਲਾਈਨ ਦੇ ਸਿਰੇ ਤੇ ਖੜਾ ਹੁੰਦਾ ਹੈ ।

ਬਾਲਰ ਬੈਟਸਮੈਨ ਦੀ ਵਿਕਟ ਤੇ ਬਾਲ ਮਾਰ ਕੇ ਜਾਂ ਹੋਰ ਤਰੀਕਿਆਂ ਨਾਲ (ਰਨ ਆਊਟ, ਕੈਚ ਆਊਟ) ਉਸ ਨੂੰ ਆਊਟ ਕਰਨ ਦੀ ਕੋਸ਼ਿਸ਼ ਕਰਦਾ ਹੈ ।

ਬੈਟਸਮੈਨ ਕੋਸ਼ਿਸ਼ ਕਰਦਾ ਹੈ ਕਿ ਬਾਲਰ ਦੀ ਬਾਲ ਵਿਕਟ ਵਿਚ ਨਾ ਵੱਜਣ ਦੇਵੇ ਤੇ ਨਾਲ ਹੀ ਬੱਲੇ ਨਾਲ ਬਾਲ ਨੂੰ ਜ਼ੋਰ ਦੀ ਮਾਰਕੇ ਦੂਰ ਸੁੱਟੇ ਤਾਂ ਜੋ ਉਹ ਫੀਲਡਰਾਂ ਦੁਆਰਾ ਬਾਲ ਵਾਪਸ ਸੁੱਟਣ ਤੋਂ ਪਹਿਲਾਂ ਪਿਚ ਦੇ ਦੂਸਰੇ ਸਿਰੇ ਤੇ ਪਹੁੰਚ ਕੇ ਇਕ ਦੌੜ ਬਣਾ ਸਕੇ । ਜੇ ਉਹ ਵਾਪਸ ਆਪਣੇ ਆਪਣੇ ਪਾਸੇ ਆ ਜਾਂਦੇ ਹਨ ਤਾਂ ਦੋ ਦੌੜਾਂ ਬਣ ਜਾਂਦੀਆਂ ਹਨ । ਇਸ ਤਰ੍ਹਾਂ ਜੇ ਦੋ, ਚਾਰ ਜਾਂ ਛੇ ਦੌੜਾਂ ਬਣਦੀਆਂ ਹਨ ਤਾਂ ਪਹਿਲਾ ਬੈਟਸਮੈਨ ਹੀ ਬਾਲ ਦਾ ਮੁਕਾਬਲਾ ਕਰੇਗਾ ਜੋ ਇਕ ਜਾਂ ਤਿੰਨ ਬਨਣ ਤਾਂ ਦੂਜਾ ਬੈਟਸਮੈਨ ਮੁਕਾਬਲਾ ਕਰੇਗਾ । ਜੇਕਰ ਦੋਹਾਂ ਬੈਟਸਮੈਨ ਵਿਚੋਂ ਕੋਈ ਵੀ ਵਿਕਟ ਵਿਚ ਨਹੀਂ ਹੈ ਤੇ ਬਾਲਰ ਨੇ ਜਾ ਵਿਕਟਕੀਪਰ ਨੇ ਵਿਕਟ ਵਿਚ ਬਾਲ ਮਾਰ ਦਿੱਤੀ ਹੋਵੇ ਤਾਂ ਉਹ ਬੈਟਸਮੈਨ ਆਊਟ ਹੋ ਜਾਂਦਾ ਹੈ । ਇਸ ਦੇ ਉਲਟ ਜੇਕਰ ਬੈਟਸਮੈਨ ਬਾਲ ਨੂੰ ਇੰਨੇ ਜ਼ੋਰ ਨਾਲ ਮਾਰਦਾ ਹੈ ਕਿ ਦੋਵੇਂ ਬੈਟਸਮੈਨ ਵਿਕਟਾਂ ਵਿਚਕਾਰ ਦੋ ਜਾਂ ਤਿੰਨ ਵਾਰੀ ਦੌੜ ਸਕਦੇ ਹੋਣ ਤਾਂ ਉਹ ਉਨੀਆਂ ਹੀ

ਦੌੜਾਂ ਬਣਾ ਸਕਦੇ ਹਨ। ਬੈਟਸਮੈਨ ਦੇ ਬਾਲ ਨੂੰ ਹਿੱਟ ਕਰਨ ਤੋਂ ਬਿਨਾਂ ਵੀ ਦੌੜਾਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਨੂੰ ਫਾਲਤੂ ਦੌੜਾਂ ਕਿਹਾ ਜਾਂਦਾ ਹੈ। ਇਹ ਕਈ ਤਰ੍ਹਾਂ ਬਣਦੀਆਂ ਹਨ ਜਿਵੇਂ—

(1) ਬਾਈ—ਜਦੋਂ ਕਿਸੇ ਬਾਲਰ ਦੁਆਰਾ ਸੁੱਟੀ ਬਾਲ ਬੈਟਸ-ਮੈਨ ਦੇ ਬੈਟ ਨੂੰ ਜਾਂ ਵਿਕਟ ਨੂੰ ਬਿਨਾਂ ਛੂਹੇ ਹੀ ਅੱਗੇ ਨਿਕਲ ਜਾਵੇ ਤੇ ਉਸ ਦੌਰਾਨ ਬੈਟਸਮੈਨ ਦੌੜ ਕੇ ਕੁਝ ਦੌੜਾਂ ਬਣਾ ਲੈਣ।

(2) ਲੈੱਗ ਬਾਈ—ਜਦੋਂ ਬਾਲ ਬੈਟਸਮੈਨ ਦੇ ਹੱਥ ਤੋਂ ਇਲਾਵਾ ਸਰੀਰ ਦੇ ਕਿਸੇ ਹੋਰ ਹਿੱਸੇ ਨੂੰ ਛੂਹ ਕੇ ਅੱਗੇ ਲੰਘ ਜਾਵੇ।

(3) ਵਾਈਡਜ਼—ਜਦੋਂ ਬਾਲ ਬੈਟਸਮੈਨ ਦੀ ਪਹੁੰਚ ਤੋਂ ਬਾਹਰ ਸੁੱਟੀ ਜਾਵੇ।

(4) ਨੋ ਬਾਲ—ਜਦੋਂ ਬਾਲ ਨਿਯਮਕ ਢੰਗ ਨਾਲ ਨਾ ਸੁੱਟੀ ਜਾਵੇ।

**ਓਵਰਜ਼**—ਇਕ ਬਾਲਰਜ਼ ਜਦੋਂ ਛੇ ਵਾਰੀ ਬਾਲ ਸੁੱਟ ਲੈਂਦਾ ਹੈ ਤਾਂ ਉਸ ਨੂੰ ਇਕ ਓਵਰ ਕਹਿੰਦੇ ਹਨ। ਆਸਟ੍ਰੇਲੀਆ ਤੇ ਦੱਖਣੀ ਅਫ਼ਰੀਕਾ ਵਿਚ 8 ਬਾਲਾਂ ਦਾ ਇਕ ਓਵਰ ਹੁੰਦਾ ਹੈ। ਇਨ੍ਹਾਂ ਛੇ ਬਾਲਾਂ ਵਿਚ ਵਾਈਡਜ਼ ਤੇ ਨੋ ਬਾਲ ਦੀ ਗਿਣਤੀ ਨਹੀਂ ਹੁੰਦੀ ਇਕ ਬਾਲਰ ਲਗਾਤਾਰ ਦੋ ਓਵਰ ਨਹੀਂ ਲੈ ਸਕਦਾ। ਜਦੋਂ ਕਿਸੇ ਬਾਲਰ ਦੇ ਓਵਰ ਵਿਚ ਦੂਜੀ ਟੀਮ ਦੀ ਕੋਈ ਵੀ ਦੌੜ ਨਹੀਂ ਬਣਦੀ (ਬਾਈਜ਼ ਤੇ ਵਾਧੂ ਦੌੜਾਂ ਤੋਂ ਇਲਾਵਾ) ਤਾਂ ਇਹ ਉਸ ਬਾਲਰ ਦਾ ਮੇਡਨ ਓਵਰ ਮੰਨਿਆ ਜਾਂਦਾ ਹੈ।

**ਬੈਟਸਮੈਨ ਦਾ ਆਊਟ ਹੋਣਾ**—ਬੈਟਸਮੈਨ ਹੇਠ ਲਿਖੇ ਨੌਂ ਢੰਗਾਂ ਨਾਲ ਆਊਟ ਹੋ ਸਕਦਾ ਹੈ—**ਬਾਊਲਡ ਆਊਟ**—ਜੇ ਬਾਲਰ ਬਾਲ ਮਾਰਕੇ ਵਿਕਟ ਡੇਗ ਦਿੰਦਾ ਹੈ ਅਤੇ ਬੈਟਸਸੈਨ ਉਸ ਨੂੰ ਨਾ ਬਚਾ ਸਕੇ ਤਾਂ ਬੈਟਸਮੈਨ ਆਊਟ ਕਰ ਦਿਤਾ ਜਾਂਦਾ ਹੈ।

**ਕਾਟ ਜਾਂ ਕੈਚ ਆਊਟ**—ਜਦੋਂ ਬੈਟਸਮੈਨ ਦੁਆਰਾ ਹਿੱਟ ਕੀਤੀ ਬਾਲ ਗ੍ਰਾਊਂਡ ਨਾਲ ਲਗਣ ਤੋਂ ਪਹਿਲਾਂ ਕੋਈ ਫੀਲਡਰ ਹਥ ਨਾਲ ਬੋਚ ਲਵੇ।

**ਸਟੰਪਡ ਆਊਟ**—ਜਦੋਂ ਬੈਟਸਮੈਨ ਬਾਲ ਨੂੰ ਹਿੱਟ ਕਰਦੇ ਵਕਤ ਪੋਪਿੰਗ ਕਰੀਜ਼ (ਆਪਣੇ ਖੇਤਰ) ਤੋਂ ਬਾਹਰ ਹੋ ਜਾਵੇ ਅਤੇ ਵਿਕਟ ਕੀਪਰ ਆਪਣੀ ਹੱਥ ਵਿਚਲੀ ਬਾਲ ਨਾਲ ਵਿਕਟ ਡੇਗ ਦੇਵੇ।

**ਲੈੱਗ ਬਿਫੋਰ ਵਿਕਟ** (Lbw)—ਬਾਲਰ ਦੁਆਰਾ ਵਿਕਟ ਵਲ ਸੁੱਟੀ ਬਾਲ ਨੂੰ (ਜੋ ਅਮਪਾਇਰ ਅਨੁਸਾਰ ਵਿਕਟ ਵਿਚ ਜਾ ਰਹੀ ਸੀ) ਜੇਕਰ ਬੈਟਸਮੈਨ ਕਿਸੇ ਵੀ ਅਨਿਯਮਕ ਢੰਗ ਨਾਲ ਅਚਾਨਕ ਜਾਂ ਜਾਣ ਬੁਝ ਕੇ ਰੋਕਦਾ ਹੈ ਤਾਂ ਉਸ ਨੂੰ ਐਲ. ਬੀ. ਡਬਲਿਯੂ. ਕਰ ਕੇ ਆਊਟ ਕਰ ਦਿਤਾ ਜਾਂਦਾ ਹੈ।

**ਰਨ-ਆਊਟ**—ਬਾਲ ਨੂੰ ਹਿੱਟ ਕਰਨ ਤੋਂ ਬਾਅਦ ਰਨ ਬਣਾਉਣ ਲਈ ਦੌੜਦੇ ਹੋਏ ਬੈਟਸਮੈਨਾਂ ਵਿਚੋਂ ਜੇਕਰ ਕੋਈ ਮੁੜ ਕੇ ਆਪਣੇ ਗ੍ਰਾਊਂਡ ਵਿਚ ਨਹੀਂ ਪਹੁੰਚਦਾ ਤੇ ਉਸ ਸਮੇਂ ਖ਼ਾਲੀ ਵਿਕਟ ਵਿਚ ਵਿਰੋਧੀ ਖਿਡਾਰੀ ਬਾਲ ਮਾਰਕੇ ਵਿਕਟ ਸੁੱਟ ਦਿੱਦਾ ਹੈ ਤਾਂ ਖਿਡਾਰੀ ਆਊਟ ਹੋ ਜਾਂਦਾ ਹੈ। ਇਸ ਵਿਚ ਇਹ ਹੁੰਦਾ ਹੈ ਕਿ ਜਦੋਂ ਦੋਵੇਂ ਬੈਟਸਮੈਨ ਇਕ ਦੂਜੇ ਨੂੰ ਕਰਾਸ ਕਰਕੇ ਜਾਣ ਤਾਂ ਉਸ ਵਿਕਟ ਵਲ ਆਉਂਦਾ ਖਿਡਾਰੀ ਆਊਟ ਹੋ ਜਾਂਦਾ ਹੈ। ਪਰ ਜੇ ਕਰਾਸ ਨਾ ਕਰਨ ਤਾਂ ਉਸ ਵਲੋਂ ਦੌੜਿਆ ਖਿਡਾਰੀ ਆਊਟ ਹੋ ਜਾਂਦਾ ਹੈ।

**ਹਿਟ ਵਿਕਟ ਆਊਟ**—ਜੇ ਬਾਲ ਨੂੰ ਹਿੱਟ ਕਰਦੇ ਸਮੇਂ ਬੈਟਸਮੈਨ ਤੋਂ ਹੀ ਬੈਟ ਨਾਲ ਜਾਂ ਸਰੀਰ ਦੇ ਕਿਸੇ ਹਿੱਸੇ ਨਾਲ ਵਿਕਟ ਦਾ ਸਟੰਪ ਜਾ ਗੁੱਲੀ ਡਿੱਗ ਪਵੇ ਤਾਂ ਬੈਟਸਮੈਨ ਆਊਟ ਹੋ ਜਾਂਦਾ ਹੈ।

**ਹੈਂਡਲਿੰਗ ਦਾ ਬਾਲ**—ਖੇਡ ਵਿਚ ਪਈ ਬਾਲ ਨੂੰ ਜੇਕਰ ਬੈਟਸ-ਮੈਨ ਹੱਥ ਨਾਲ ਛੂਏ ਤਾਂ ਉਹ ਆਊਟ ਕਰਾਰ ਦਿਤਾ ਜਾਂਦਾ ਹੈ। ਇਸ ਤੋਂ ਇਲਾਵਾ ਕੋਈ ਬੈਟਸਮੈਨ ਆਪਣੀ ਵਿਕਟ ਦੀ ਰਖਵਾਲੀ ਕਰਨ ਤੋਂ ਇਲਾਵਾ ਬਾਲ ਨੂੰ ਦੋ ਵਾਰੀ ਹਿਟ ਕਰਦਾ ਹੈ ਜਾਂ ਆਪਣੇ ਸਰੀਰ ਦੇ ਕਿਸੇ ਹਿੱਸੇ ਨਾਲ ਛੂਹਣ ਤੋਂ ਬਾਅਦ ਹਿੱਟ ਕਰਦਾ ਹੈ ਤਾਂ ਉਹ ਆਊਟ ਸਮਝਿਆ ਜਾਂਦਾ ਹੈ।

ਅੰਤ ਵਿਚ ਵਿਰੋਧੀ ਟੀਮ ਦੀ ਖੇਡ ਵਿਚ ਰੁਕਾਵਟ ਪਾਉਣ ਵਾਲਾ ਬੈਟਸਮੈਨ ਵੀ ਆਊਟ ਕਰ ਦਿਤਾ ਜਾਂਦਾ ਹੈ। ਕਪਤਾਨ ਆਪਣੀ ਟੀਮ ਦੇ ਮੈਂਬਰਾਂ ਨੂੰ ਵੱਖ ਵੱਖ ਢੰਗ ਦੀ ਫੀਲਡਿੰਗ ਲਈ ਵੱਖ ਵੱਖ ਤਰ੍ਹਾਂ ਖੜ੍ਹਾ ਕਰ ਸਕਦਾ ਹੈ। ਬਾਲਰ ਵੀ ਕਈ ਤਰੀਕਿਆਂ ਨਾਲ ਬਾਲ ਸੁੱਟ ਸਕਦੇ ਹਨ ਇਨ੍ਹਾਂ ਵਿਚੋਂ ਪ੍ਰਮੁੱਖ ਕਿਸਮਾਂ ਇਸ ਪ੍ਰਕਾਰ ਹਨ। ਬਾਲਿੰਗ ਖੱਬੇ ਜਾਂ ਸੱਜੇ ਦੋਹਾਂ ਹੱਥਾਂ ਨਾਲ ਹੋ ਸਕਦੀ ਹੈ। ਬਾਲਿੰਗ ਵਿਚ ਸਭ ਤੋਂ ਪਹਿਲੀ ਲੋੜ ਬਾਲ ਸੁੱਟਣ ਦੀ ਲੰਬਾਈ (ਮਰਜ਼ੀ ਦੀ ਜਗ੍ਹਾ ਤੇ ਉਛਾਲ ਸਕਣਾ) ਤੇ ਕਾਬੂ ਹੋਣਾ ਹੈ। ਦੂਸਰੀ ਲੋੜ ਬਾਲ ਦੀ ਦਿਸ਼ਾ ਤੇ ਕਾਬੂ ਰੱਖਣ ਦੀ ਹੈ। ਇਨ੍ਹਾਂ ਦੋ ਮੁੱਢਲੀਆਂ ਲੋੜਾਂ ਦੇ ਆਧਾਰ ਤੇ ਬਾਲਰ ਕਈ ਤਰੀਕਿਆਂ ਨਾਲ ਬਾਲ ਸੁੱਟ ਸਕਦਾ ਹੈ ਜਿਵੇਂ :—

**ਫਿੰਗਰ ਸਪਿੰਨ**—ਇਸ ਵਿਚ ਬਾਲ ਸੁੱਟਣ ਦੀ ਜਗ੍ਹਾ ਅਤੇ ਰਫਤਾਰ ਨੂੰ ਬਦਲਦੇ ਹੋਏ ਘੁੰਮਦੀ ਹੋਈ ਬਾਲ ਦਿੱਤੀ ਜਾਂਦੀ ਹੈ। ਇਸ ਕਿਸਮ ਦੀ ਬਾਲ ਦਾ ਪਤਾ ਨਹੀਂ ਲੱਗਦਾ ਕਿ ਇਹ ਕਿਵੇਂ ਅਤੇ ਕਿਥੇ ਟੱਪਾ ਖਾਵੇਗੀ ਤੇ ਬੈਟਸਮੈਨ ਨੂੰ ਵੀ ਪਤਾ ਨਹੀਂ ਲੱਗਦਾ ਕਿ ਉਹ ਬਾਲ ਨੂੰ ਹਿੱਟ ਕਰਨ ਲਈ ਅੱਗੇ ਵਧੇ ਜਾਂ ਪਿੱਛੇ ਹਟੇ।

**ਹਾਫ ਵੌਲੀ**—ਇਸ ਵਿਚ ਬਾਲ ਬੈਟਸਮੈਨ ਦੇ ਐਨੀ ਨੇੜੇ ਜਾ ਕੇ ਟੱਪਾ ਖਾਂਦੀ ਹੈ ਕਿ ਉਹ ਆਪਣੀ ਜਗ੍ਹਾ ਤੇ ਖੜ੍ਹਾ ਇਸ ਨੂੰ ਕੇਵਲ ਹੌਲੀ ਜਿਹੀ ਪਰ੍ਹੇ ਹੀ ਕਰ ਸਕਦਾ ਹੈ।

ਯਰਕਰ ਬਾਲ ਬਿਲਕੁਲ ਪੋਪਿੰਗ ਲਾਈਨ ਦੇ ਉੱਤੇ ਜਾਂ ਅੰਦਰ ਸੁੱਟੀ ਜਾਂਦੀ ਹੈ।

ਫੁੱਲ ਪਿੱਚ ਬਾਲ ਨੂੰ ਬੈਟਸਮੈਨ ਬਾਲ ਦੇ ਧਰਤੀ ਨਾਲ ਲੱਗਣ ਤੋਂ ਪਹਿਲਾਂ ਹੀ ਹਿੱਟ ਕਰ ਸਕਦਾ ਹੈ।

**ਬੈਟਿੰਗ**—ਬਾਲਿੰਗ ਵਾਂਗ ਬੈਟਿੰਗ ਵੀ ਸੱਜੇ ਜਾਂ ਖੱਬੇ ਦੋਹਾਂ ਹੱਥਾਂ ਨਾਲ ਕੀਤੀ ਜਾ ਸਕਦੀ ਹੈ। ਬੈਟਿੰਗ ਵਿਚ ਮੁੱਖ ਢੰਗ—ਫਾਰਵਰਡ ਸਟਰੋਕ, ਬੈਕ ਸਟਰੋਕ ਅਤੇ ਗਲਾਈਡ ਹਨ।

**ਫੀਲਡਿੰਗ**—ਚੰਗਾ ਫੀਲਡਰ ਉਹ ਹੈ ਜੋ ਤੇਜ਼ ਦੌੜ ਸਕਦਾ ਹੈ ਜਿਸ ਦੀ ਚੁਸਤ ਅਤੇ ਤੇਜ਼ ਨਜ਼ਰ ਹੈ ਤੇ ਜੋ ਬੈਟਸਮੈਨ ਦੇ ਸਟਰੋਕ ਦਾ ਪਹਿਲਾਂ ਹੀ ਅੰਦਾਜ਼ਾ ਲਗਾ ਸਕਦਾ ਹੈ, ਜਿਸ ਦੀ ਤੇਜ਼ ਪ੍ਰਤਿਕ੍ਰਿਆ ਹੋਵੇ ਤੇ ਬਾਲ ਸਿੱਧਾ ਨਿਸ਼ਾਨੇ ਤੇ ਸਿੱਟ ਸਕਦਾ ਹੋਵੇ, ਹਵਾ ਵਿਚੋਂ ਵੀ ਬਾਲ ਦਾ ਅੰਦਾਜ਼ਾ ਲਗਾ ਕੇ ਚੰਗੀ ਤਰ੍ਹਾਂ ਬਾਲ ਨੂੰ ਬੋਚ ਸਕਦਾ ਹੋਵੇ।

**ਵਿਕਟ ਕੀਪਿੰਗ**—ਵਿਕਟ ਕੀਪਰ ਦੀ ਖਾਸ ਥਾਂ ਹੁੰਦੀ ਹੈ ਜਿਸ ਲਈ ਉਸ ਵਿਚ ਬਹੁਤ ਤੇਜ਼ ਪ੍ਰਤਿਕ੍ਰਿਆ, ਤੇਜ਼ ਨਿਗਾਹ ਤੇ ਹੌਸਲਾ ਹੋਣਾ ਚਾਹੀਦਾ ਹੈ। ਇਸ ਨੂੰ ਹਰ ਇਕ ਬਾਲ ਦਾ ਧਿਆਨ ਰੱਖਣਾ ਪੈਂਦਾ ਹੈ ਭਾਵੇਂ ਇਹ ਤੇਜ਼ ਬਾਲਰ ਲਈ 10 ਤੋਂ 12 ਮੀਟਰ ਦੀ ਦੂਰੀ ਤੇ ਜਾਂ ਹੌਲੀ ਤੇ ਦਰਮਿਆਨੀ ਬਾਲ ਸੁੱਟਣ ਵਾਲੇ ਬਾਲਰਾਂ ਲਈ ਵਿਕਟ ਦੇ ਬਿਲਕੁਲ ਨਜ਼ਦੀਕ ਹੀ ਕਿਉਂ ਨਾ ਖੜ੍ਹਾ ਹੋਵੇ।

**ਭਾਰਤ ਵਿਚ ਕ੍ਰਿਕਿਟ**—ਭਾਰਤ ਵਿਚ ਕ੍ਰਿਕਿਟ ਦੀ ਖੇਡ ਅੰਗਰੇਜ਼ਾਂ ਨੇ ਲਗਭਗ ਇਕ ਸਦੀ ਪਹਿਲਾਂ ਸ਼ੁਰੂ ਕੀਤੀ ਸੀ। ਭਾਰਤ ਵਿਚ ਇਸ ਦਾ ਪਹਿਲਾ ਮੈਚ ਪਾਰਸੀਆਂ ਅਤੇ ਯੂਰਪੀਅਨਾਂ ਵਿਚਕਾਰ 1895 ਈ. ਵਿਚ ਬੰਬਈ ਵਿਖੇ ਖੇਡਿਆ ਗਿਆ। ਫਿਰ ਇਸ ਕਿਸਮ ਦੇ ਮੈਚ ਲਗਾਤਾਰ ਬੰਬਈ ਅਤੇ ਪੂਨਾ ਵਿਖੇ ਹਰ ਸਾਲ ਦੋ ਵਾਰੀ ਖੇਡੇ ਜਾਣ ਲੱਗੇ। ਸੰਨ 1907 ਤੋਂ ਬਾਅਦ ਹਿੰਦੂ, ਮੁਸਲਮਾਨ, ਭਾਰਤੀ-ਇਸਾਈ ਅਤੇ ਐਂਗਲੋ-ਇੰਡੀਅਨ ਵੀ ਇਸ ਖੇਡ ਵਿਚ ਹਿੱਸਾ ਲੈਣ ਲੱਗ ਪਏ ਸਨ ਜਿਸ ਕਰਕੇ 1937 ਤੋਂ ਭਾਰਤ ਵਿਚ ਕ੍ਰਿਕਿਟ ਦਾ ਪੰਜ-ਕੋਣਾਂ (ਪੰਜ ਟੀਮਾਂ ਵਿਚਕਾਰ) ਟੂਰਨਾਮੈਂਟ ਸ਼ੁਰੂ ਹੋਇਆ ਤੇ ਇਸ ਦਾ ਅਖੀਰਲਾ

ਮੈਚ ਬੰਬਈ ਵਿਖੇ 1944 ਈ. ਵਿਚ ਹੋਇਆ। ਸੰਨ 1934 ਈ. ਤੋਂ ਭਾਰਤ ਵਿਚ ਰਾਸ਼ਟਰੀ ਕ੍ਰਿਕਿਟ ਟੂਰਨਾਮੈਂਟ ਵੀ ਚੱਲ ਰਿਹਾ ਹੈ ਜੋ ਕ੍ਰਿਕਿਟ ਦੇ ਇਕ ਪ੍ਰਸਿੱਧ ਭਾਰਤੀ ਖਿਡਾਰੀ ਦੇ ਨਾਂ ਤੇ 'ਰਣਜੀਤ ਟਰਾਫੀ ਟੂਰਨਾਮੈਂਟ' ਦੇ ਤੌਰ ਤੇ ਪ੍ਰਸਿੱਧ ਹੈ ਇਸ ਲਈ ਕੱਪ ਪਟਿਆਲੇ ਦੇ ਸਵਰਗਵਾਸੀ ਮਹਾਰਾਜੇ ਭੂਪਿੰਦਰ ਸਿੰਘ ਨੇ ਭੇਂਟ ਕੀਤਾ ਸੀ।

ਸੰਨ 1886 ਵਿਚ ਪਹਿਲੀ ਭਾਰਤੀ ਕ੍ਰਿਕਿਟ ਟੀਮ ਮੈਚ ਖੇਡਣ ਲਈ ਇੰਗਲੈਂਡ ਗਈ ਤੇ 1932 ਵਿਚ ਭਾਰਤ ਨੂੰ ਟੈਸਟ ਸਟੇਟਸ ਦਿਤਾ ਗਿਆ। ਸਮਾਂ ਬੀਤਣ ਨਾਲ ਹੁਣ ਭਾਰਤ ਨੂੰ ਇਸ ਖੇਡ ਵਿਚ ਉੱਚੇ ਦਰਜੇ ਦੀ ਮਹਾਰਤ ਹਾਸਲ ਹੈ।

ਹੁਣ ਨਿਯਮਤ ਰੂਪ ਵਿਚ ਭਾਰਤ ਤੋਂ ਟੀਮਾਂ ਇੰਗਲੈਂਡ, ਆਸਟ੍ਰੇਲੀਆ, ਵੈਸਟ ਇੰਡੀਜ਼, ਨਿਊਜ਼ੀਲੈਂਡ ਅਤੇ ਪਾਕਿਸਤਾਨ ਵਿਚ ਟੈਸਟ ਮੈਚ ਖੇਡਣ ਜਾਂਦੀਆਂ ਹਨ ਅਤੇ ਉਨ੍ਹਾਂ ਦੀਆਂ ਟੀਮਾਂ ਭਾਰਤ ਆਉਂਦੀਆਂ ਹਨ।

'ਟੈਸਟ ਮੈਚ' ਸ਼ਬਦ ਕ੍ਰਿਕਿਟ ਵਿਚ ਸਭ ਤੋਂ ਪਹਿਲਾਂ 1894-95 ਵਿਚ ਵੈਸਟ ਮਿਨਸਟਰ ਦੀ ਗਜ਼ਟ ਵਿਚ ਵਰਤਿਆ ਗਿਆ ਸੀ। ਹੁਣ ਇਹ ਸ਼ਬਦ ਕ੍ਰਿਕਿਟ ਦੇ ਉਨ੍ਹਾਂ ਸਾਰਿਆਂ ਅੰਤਰਰਾਸ਼ਟਰੀ ਮੈਚਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਵਿਚ ਉਨ੍ਹਾਂ ਦੇਸ਼ਾਂ ਦੀਆਂ ਬੇਹਤਰੀਨ ਟੀਮਾਂ ਖੇਡ ਰਹੀਆਂ ਹੁੰਦੀਆਂ ਹਨ। ਇੰਗਲੈਂਡ, ਆਸਟ੍ਰੇਲੀਆ, ਦੱਖਣੀ ਅਫਰੀਕਾ, ਵੈਸਟ ਇੰਡੀਜ਼, ਨਿਊਜ਼ੀਲੈਂਡ, ਭਾਰਤ ਅਤੇ ਪਾਕਿਸਤਾਨ ਆਦਿ ਕ੍ਰਿਕਿਟ ਦੇ ਟੈਸਟ ਸਟੇਟਸ ਵਾਲੇ ਦੇਸ਼ ਹਨ।

**ਇਸਤਰੀਆਂ ਲਈ ਕ੍ਰਿਕਿਟ**—ਇੰਗਲੈਂਡ ਵਿਚ 18ਵੀਂ ਤੇ 19ਵੀਂ ਸਦੀ ਤੋਂ ਔਰਤਾਂ ਵੀ ਇਹ ਖੇਡ ਖੇਡਦੀਆਂ ਆ ਰਹੀਆਂ ਹਨ। ਸੰਨ 1926 ਵਿਚ ਵੂਮੈਨਜ਼ ਕ੍ਰਿਕਿਟ ਐਸੋਸੀਏਸ਼ਨ ਬਣਾਈ ਗਈ। ਸੰਨ 1930 ਵਿਚ ਇਸ ਐਸੋਸੀਏਸ਼ਨ ਨੇ ਇਸਤਰੀਆਂ ਦੀ ਪਹਿਲੀ ਟੀਮ ਆਸਟਰੇਲੀਆ ਤੇ ਨਿਊਜ਼ੀਲੈਂਡ ਖੇਡਣ ਲਈ ਭੇਜੀ। ਔਰਤਾਂ ਦੇ ਕ੍ਰਿਕਿਟ ਦੇ ਨਿਯਮ ਮਰਦਾਂ ਦੀ ਕ੍ਰਿਕਿਟ ਖੇਡ ਵਾਲੇ ਹੀ ਹਨ। ਅੰਤਰ ਕੇਵਲ ਇਹ ਹੈ ਕਿ ਇਨ੍ਹਾਂ ਲਈ ਕ੍ਰਿਕਿਟ ਦੀ ਬਾਲ ਦਾ ਭਾਰ 5 ਔਂਸ ਨਿਯਤ ਹੈ।

ਹ. ਪੁ.—ਐ. ਬ੍ਰਿ. ਮੈ. 5 : 256

**ਕ੍ਰਿਜ਼ਮ** : ਇਹ ਗੁਲ-ਮਹਿੰਦੀ ਅਤੇ ਜੈਤੂਨ ਦੇ ਤੇਲ ਦਾ ਮਿਸ਼ਰਨ ਹੈ, ਜਿਹੜਾ ਪੂਰਬੀ ਅਤੇ ਰੋਮਨ ਕੈਥੋਲਿਕ ਗਿਰਜਾਂ ਘਰਾਂ ਦੀਆਂ ਧਾਰਮਿਕ ਰੀਤਾਂ ਵਿਚ ਪਵਿੱਤਰ ਵਿਲੇਖਣ ਲਈ ਵਰਤਿਆ ਜਾਂਦਾ ਸੀ। ਓਲਡ ਟੈਸਟਾਮੈਂਟ ਅਨੁਸਾਰ ਪਾਦਰੀਆਂ, ਰਾਜਿਆਂ ਅਤੇ ਪੈਗੰਬਰਾਂ ਦੇ ਗੱਦੀ ਤੇ ਬੈਠਣ ਵੇਲੇ ਵਿਲੇਖਣ ਦੀ ਰਸਮ ਈਸਾ ਮਸੀਹ ਨੇ ਤੀਹਰੇ ਰੋਲ ਰਾਹੀਂ ਪੂਰੀ ਕੀਤੀ ਸੀ; ਇਸਨੂੰ ਮਸੀਹਾ ਅਰਥਾਤ ਵਿਲੇਪਤ ਵਿਅਕਤੀ ਕਹਿਣਾ ਹੀ ਇਸਨੂੰ ਸਪੱਸ਼ਟ ਕਰਦਾ ਹੈ। ਇਸ ਰਿਵਾਜ ਅਨੁਸਾਰ ਸਾਰੇ ਨਵੇਂ ਬਪਤਿਸਮਾ ਕੀਤੇ ਵਿਅਕਤੀਆਂ ਨੂੰ ਗਿਰਜਿਆਂ ਵਿਚ ਹੀ ਇਸ ਮੰਤਵ ਨਾਲ ਵਿਲੇਪਣ ਕੀਤਾ ਜਾਂਦਾ ਸੀ ਕਿ ਉਹ ਹੁਣ ਸ਼ਾਹੀ ਪਰੋਹਿਤਪਨ ਦੇ ਹੱਕਦਾਰ ਬਣ ਸਕਣ। ਪੱਛਮ ਵਿਚ ਕ੍ਰਿਜ਼ਮ ਸ਼ਬਦ 'ਤੇਲ' ਲਈ ਵਰਤਿਆ ਜਾਂਦਾ ਸੀ, ਪਰ ਯੂਨਾਨੀ ਗਿਰਜਾ ਘਰਾਂ ਵਿਚ ਚੌਥੀ ਸਦੀ ਦੇ ਸ਼ੁਰੂ ਤੋਂ, ਇਸ ਹੀ ਥਾਂ ਮੀਰੋਨ ਸ਼ਬਦ (ਮਹਿਕਦਾਰ ਤੇਲ) ਦੀ ਵਰਤੋਂ ਹੋਣ ਲੱਗ ਪਈ ਸੀ।

ਰੋਮਨ ਕੈਥੋਲਿਕ ਗਿਰਜਿਆਂ ਵਿਚ ਮੀਰੋਨ ਥ੍ਰਸੜੇ (ਗੁਡ ਫਰਾਈਡੇ ਤੋਂ ਪਹਿਲਾ ਦਿਨ) ਦੀ ਸਵੇਰ ਨੂੰ ਗਿਰਜੇ ਦੇ ਇਕ ਖ਼ਾਸ ਪੂਜਾ ਸਥਾਨ ਤੇ ਬਿਸ਼ਪ ਕ੍ਰਿਜ਼ਮ ਨੂੰ ਪਵਿੱਤਰ ਕਰਦਾ ਹੈ। ਪੂਰਬੀ ਗਿਰਜਾ-ਘਰਾਂ ਵਿਚ ਮੀਰੋਨ ਨੂੰ ਪਵਿੱਤਰ ਕਰਨ ਦਾ ਅਧਿਕਾਰ ਸਿਰਫ ਪਿਤਾਮਾ ਜਾਂ ਪੈਟ੍ਰੀਆਰਕਸ ਨੂੰ ਹੀ ਹੁੰਦਾ ਹੈ।

ਰੋਮਨ ਕੈਥੋਲਿਕ ਗਿਰਜਿਆਂ ਵਿਚ ਕ੍ਰਿਜ਼ਮ ਬਪਤਿਸਮਾ ਤੋਂ ਬਾਅਦ ਪਵਿੱਤਰ ਵਿਲੇਪਣ ਲਈ ਵਰਤਿਆ ਜਾਂਦਾ ਹੈ। ਅਜਿਹਾ ਕਰਨ ਨਾਲ ਬਿਸ਼ਪ, ਗਿਰਜੇ, ਵੇਦੀਆਂ, ਪਿਆਲੇ ਜਾਂ ਮਧੂ-ਪਾਤਰ ਅਤੇ ਥਾਲੀਆ ਪਵਿੱਤਰ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਘੰਟੀਆ ਅਤੇ ਬਪਤਿਸਮਾ-ਜਲ ਨੂੰ ਅਸ਼ੀਰਵਾਦ ਮਿਲ ਗਿਆ ਹੈ।

ਛੇਵੀਂ ਸਦੀ ਤੋਂ ਕ੍ਰਿਜ਼ਮ ਨੂੰ ਰਾਜਿਆਂ ਅਤੇ ਬਾਦਸ਼ਾਹਾਂ ਦੀ ਤਾਜਪੋਸ਼ੀ ਲਈ ਵੀ ਵਰਤਿਆ ਜਾਂਦਾ ਰਿਹਾ ਹੈ। ਇਸਦੇ ਸਿੱਟੇ ਵਜੋਂ ਇਨ੍ਹਾਂ ਸਨਮਾਨਿਤ ਵਿਅਕਤੀਆਂ ਨੂੰ ਕੋਈ ਸਧਾਰਨ ਵਿਅਕਤੀ ਸਮਝਣ ਦੀ ਥਾਂ ਪਾਦਰੀਆਂ ਦੇ ਬਰਾਬਰ ਸਮਝਿਆ ਜਾਂਦਾ ਸੀ ਅਤੇ ਇਨ੍ਹਾਂ ਨੂੰ ਵਿਸ਼ੇਸ਼ ਜ਼ਿੰਮੇਵਾਰੀਆਂ ਅਤੇ ਪੂਜਾ ਆਦਿ ਕਰਨ ਦੇ ਹੱਕ ਪ੍ਰਾਪਤ ਸਨ। ਬਿਸ਼ਪ ਦੀ ਚੋਣ ਵਿਚ ਰਾਜਿਆਂ ਅਤੇ ਬਾਦਸ਼ਾਹਾਂ ਦਾ ਹੱਕ ਵੀ ਇਸੇ ਤੱਥ ਉਤੇ ਅਧਾਰਿਤ ਸੀ।

ਹ. ਪੁ.—ਐਨ. ਬ੍ਰਿ. ਮਾ. 2: 894

**ਕ੍ਰਿਤ ਵਰਮਾ** : ਮਹਾਂਭਾਰਤ ਅਨੁਸਾਰ ਇਹ ਮਰੁਦਗਣਾ ਦੇ ਅੰਸ਼ ਤੋਂ ਉਤਪੰਨ ਯਦੂਵੰਸ਼ ਦੇ ਅੰਤਰਗਤ ਭੋਜਵੰਸ਼ੀ ਹਰਦਿਕ ਦਾ ਪੁੱਤਰ ਸੀ। ਸੁਭਦਰਾ ਲਈ ਖਾਂਡਵਪ੍ਰਸਤ ਵਿਚ ਤੋਹਫ਼ੇ ਵਜੋਂ ਸਾਮਾਨ ਇਹੋ ਲੈ ਕੇ ਗਿਆ ਸੀ। ਮਹਾਂਭਾਰਤ ਯੁੱਧ ਵਿਚ ਇਸ ਨੂੰ ਪਾਂਡਵਾਂ ਵਲੋਂ ਸੱਦਾ ਦਿੱਤਾ ਗਿਆ ਸੀ, ਪਰੰਤੂ ਇਹ ਇਕ ਖੂਹਣੀ ਸੈਨਾ ਲੈਕੇ ਦਰਯੋਧਨ ਨਾਲ ਜਾ ਰਲਿਆ ਸੀ। ਇਹ ਕੌਰਵਾਂ ਦਾ ਬਹਾਦਰ ਸਾਥੀ ਸੀ। ਇਸ ਨੇ ਭੀਮ ਸੈਨ, ਯੁਧਿਸ਼ਟਰ, ਧ੍ਰਿਸ਼ਟਦਯੁਮਨ, ਉਤਮੌਜਸ ਆਦਿ ਬਹਾਦਰਾਂ ਨੂੰ ਹਰਾਇਆ ਸੀ। ਇਸ ਨੇ ਦਰਯੋਧਨ ਨੂੰ ਯੁੱਧ ਲਈ ਉਤਸ਼ਾਹ ਦਿੱਤਾ ਸੀ। ਫਿਰ ਇਸ ਨੇ ਰਾਤ ਸਮੇਂ ਸੁੱਤੇ ਪਾਂਡਵਾਂ ਤੇ ਹਮਲਾ ਕਰਨ ਵਿਚ ਅਸ਼ਵਥਾਮਾ ਦਾ ਸਾਥ ਦਿੱਤਾ, ਕੈਂਪ ਵਿਚੋਂ ਭੱਜੇ ਯੋਧਿਆਂ ਨੂੰ ਕਤਲ ਕੀਤਾ ਅਤੇ ਪਾਂਡਵਾਂ ਦੇ ਕੈਂਪ ਵਿਚ ਅੱਗ ਲਾਈ ਸੀ। ਮੋਸਲ ਯੁੱਧ ਵਿਚ ਸਾਤਕੀ ਨੇ ਇਸ ਨੂੰ ਮਾਰਿਆ। ਮੌਤ ਪਿਛੋਂ ਇਸ ਦੀ ਗਿਣਤੀ ਸਵਰਗ ਲੋਕ ਦੇ ਮਰੁਦਗਣਾਂ ਵਿਚ ਹੋਈ।

ਹ. ਪੁ.—ਹਿੰ. ਵਿ. ਕੋ. 3 : 101.

**ਕ੍ਰਿਤੀਵਾਸ** : ਇਹ ਬੰਗਾਲ ਦਾ ਅਤਿਅੰਤ ਹਰਮਨ ਪਿਆਰਾ ਲੋਕ ਕਵੀ ਸੀ। ਇਸ ਨੇ ਸਭ ਤੋਂ ਪਹਿਲਾਂ ਬਾਲਮੀਕੀ ਰਾਮਾਇਣ ਦਾ ਬੰਗਲਾ ਭਾਸ਼ਾ ਵਿਚ ਪਦ-ਅਨੁਵਾਦ ਕੀਤਾ। ਕਈ ਥਾਂ ਇਸ ਨੇ ਘਟਨਾਵਾਂ ਅਤੇ ਚਰਿੱਤਰ ਆਪਣੀ ਕਲਪਨਾ ਰੂਪ ਵਿਚ ਵਖਰੇ ਵੀ ਦਰਸਾਏ ਹਨ। ਪਾਤਰਾਂ ਅੰਦਰ ਕੁਝ ਵਧੇਰੇ ਕੋਮਲਤਾ ਵਿਖਾਈ ਹੈ। ਕਰੁਣਾ ਰਸ ਵੀ ਵਧੇਰੇ ਰੂਪ ਵਿਚ ਮਿਲਦਾ ਹੈ। ਰਾਮ ਜੀ ਦੀ ਅਤਿ ਕੋਮਲ ਮੂਰਤੀ ਇਸ ਨੇ ਵਿਖਾਈ ਹੈ। ਰਾਮ ਜੀ ਦੇ ਬਾਕੀ ਗੁਣ ਜਿਵੇਂ, ਪਿਤਾ-ਭਗਤੀ, ਸਤ-ਨਿਸ਼ਠਾ, ਤਿਆਗ, ਪ੍ਰਜਾ-ਪ੍ਰੇਮ ਆਦਿ ਆਦਰਸ਼ ਬਹੁਤ ਹੀ ਸਫਲਤਾ ਪੂਰਵਕ ਵਿਖਾਏ ਹਨ। ਇਸ ਦੀ ਰਾਮਾਇਣ ਬੰਗਲਾ ਵਿਚ ਬਹੁਤ ਹੀ ਲੋਕਪ੍ਰਿਯ ਹੈ। ਅਮੀਰ ਗਰੀਬ ਹਰ ਇਕ ਇਸ ਦਾ ਆਦਰ ਕਰਦਾ ਹੈ। ਇਸ ਰਚਨਾ ਦਾ ਹਰ ਥਾਂ ਤੇ ਵਧੇਰੇ ਕਰਕੇ ਗਾ ਕੇ ਪਾਠ ਕੀਤਾ ਜਾਂਦਾ ਹੈ। ਲੇਖਕ ਨੇ ਰਚਨਾ ਦਾ ਰੂਪ ਅਜਿਹੇ ਢੰਗ ਨਾਲ ਬਦਲਿਆ ਹੈ ਕਿ ਰਚਨਾ ਮੂਲ ਰੂਪ ਵਿਚ ਹੀ ਬੰਗਾਲੀ ਜਾਪਦੀ ਹੈ।

ਇਸ ਦੇ ਜੀਵਨ ਸਬੰਧੀ ਬਹੁਤ ਚਿਰ ਤਕ ਕੁਝ ਵਧੇਰੇ ਪਤਾ ਨਹੀਂ ਸੀ। ਵੀਹਵੀਂ ਸਦੀ ਵਿਚ ਨਗੇਂਦਰ ਨਾਥ ਵਸੂ ਅਤੇ ਦਿਨੇਸ਼ ਚੰਦਰ ਸੇਨ ਨੇ ਇਕ ਹੱਥਲਿਖਤ ਪੋਥੀ ਲਭ ਕੇ ਇਸ ਦੀ ਖੋਜ ਕੀਤੀ। ਇਸ ਤੋਂ ਬਿਨਾਂ ਨਲਨੀ ਕਾਂਤ ਭੱਟਸ਼ਾਲੀ ਨੇ ਵੀ ਇਕ ਹੱਥਲਿਖਤ ਪ੍ਰਾਪਤ ਕਰਕੇ ਖੋਜ ਕੀਤੀ। ਇਨ੍ਹਾਂ ਖੋਜਾਂ ਅਨੁਸਾਰ ਕ੍ਰਿਤੀਵਾਸ ਫੁਲੀਆਂ ਦਾ ਰਹਿਣ ਵਾਲਾ ਸੀ। ਇਸ ਦੇ ਵਡੇ ਵਡੇਰੇ ਦਾ ਨਾਂ ਮੁਰਾਰੀ ਓਝਾ ਸੀ, ਪਿਤਾ ਦਾ ਨਾਂ ਵਨਮਾਲੀ ਅਤੇ ਮਾਤਾ ਦਾ ਨਾਂ ਮਾਨਕੀ ਸੀ। ਇਸ ਦੇ ਪੰਜ ਭਰਾ ਸਨ। ਇਹ ਪਦਮੀ ਨਦੀ ਤੋਂ ਪਾਰ ਵਰਿੰਦਰ ਭੂਮੀ ਵਿਚ ਪੜ੍ਹਨ ਗਿਆ ਸੀ। ਇਸ ਦਾ ਅਧਿਆਪਕ ਆਚਾਰੀਆ ਚੂੜਾਮਨੀ ਸੀ। ਪੜ੍ਹਾਈ ਸਮਾਪਤ ਕਰਕੇ ਇਹ ਗੌੜੇਸ਼ਵਰ ਦੇ ਦਰਬਾਰ ਵਿਚ ਗਿਆ। ਇਸ ਨੇ ਉਸ ਨੂੰ ਪੰਜ ਸ਼ਲੋਕ ਲਿਖ ਕੇ ਦਿੱਤੇ ਜਿਨ੍ਹਾਂ ਨੂੰ

ਪੜ੍ਹਕੇ ਰਾਜਾ ਬਹੁਤ ਹੀ ਪ੍ਰਸੰਨ ਹੋਇਆ। ਉਸ ਨੇ ਇਸ ਨੂੰ ਰਾਮਾਇਣ ਲਿਖਣ ਲਈ ਬੇਨਤੀ ਕੀਤੀ। ਵਖ ਵਖ ਲੇਖਕਾਂ ਅਨੁਸਾਰ ਇਸ ਦੀ ਜਨਮ ਤਿਥੀ 1433, 1385 ਤੋਂ 1400ਈ. ਜਾਂ 15ਵੀਂ ਸਦੀ ਦਾ ਪਿਛਲਾ ਭਾਗ ਮੰਨਿਆ ਜਾਂਦਾ ਹੈ।

ਹ. ਪੁ.—ਹਿੰ. ਵਿ. ਕੋ. 3 : 101.

**ਕ੍ਰਿਪਟੌਨ** : ਇਸ ਦਰਲੱਭ ਤੱਤ ਦਾ ਰਸਾਇਣਿਕ ਚਿੰਨ੍ਹ Kr ਹੈ ਅਤੇ ਆਵਰਤੀ-ਸਾਰਨੀ ਦੇ ਜ਼ੀਰੋ ਗਰੁੱਪ ਵਿਚ ਸਥਿਤ ਹੈ। ਇਹ ਬਹੁਤ ਹੀ ਘੱਟ ਰਸਾਇਣਿਕ ਯੌਗਿਕ ਬਣਾਉਂਦੀ ਹੈ। ਇਹ ਹਵਾ ਨਾਲੋਂ ਲਗ ਭਗ ਤਿੰਨ ਗੁਣਾ ਭਾਰੀ ਹੈ। ਇਹ ਗੈਸ ਰੰਗਹੀਨ, ਗੰਧਹੀਨ ਅਤੇ ਸਵਾਦ-ਰਹਿਤ ਹੈ। ਭਾਵੇਂ ਇਹ ਗੈਸ ਕੁਝ-ਕੁ ਮਾਤਰਾ ਵਿਚ ਕੁਦਰਤੀ ਗੈਸ ਅਤੇ ਗਰਮ ਚਸ਼ਮਿਆਂ ਅਤੇ ਜੁਆਲਾ ਮੁਖੀਆਂ ਵਿਚ ਵੀ ਮਿਲਦੀ ਹੈ ਪਰ ਫਿਰ ਵੀ ਇਸ ਦੀ ਵਧੇਰੇ ਮਾਤਰਾ ਧਰਤੀ ਦੇ ਵਾਯੂਮੰਡਲ ਵਿਚੋਂ ਪ੍ਰਾਪਤ ਹੁੰਦੀ ਹੈ। ਇਹ ਆਇਤਨ ਅਨੁਸਾਰ ਧਰਤੀ ਦੇ ਵਾਯੂਮੰਡਲ ਵਿਚ 0.0000114 ਪ੍ਰਤਿਸ਼ਤ ਹੈ। ਇਸ ਤੱਤ ਦੀ ਖੋਜ ਸੰਨ 1898 ਵਿਚ ਅੰਗਰੇਜ਼ ਰਸਾਇਣ-ਵਿਗਿਆਨੀਆਂ ਸਰ ਵਿਲੀਅਮ ਰੈਮਜ਼ੀ ਅਤੇ ਮੌਰਿਸ ਡਬਲਯੂ. ਟਰੈਵਰਜ਼ ਨੇ ਤਰਲ ਹਵਾ ਨੂੰ ਪੂਰੀ ਤਰ੍ਹਾਂ ਉਬਾਲ ਕੇ ਬਚੇ ਹੋਏ ਪਦਾਰਥ ਵਿਚੋਂ ਕੀਤੀ ਹੈ। ਛੋਟੇ ਵਪਾਰਕ ਪੈਮਾਨੇ ਤੇ ਕ੍ਰਿਪਟੌਨ ਤਰਲ ਹਵਾ ਦੇ ਅੰਸ਼ਕ ਕਸ਼ੀਦਣ ਦੁਆਰਾ ਤਿਆਰ ਕੀਤੀ ਜਾਂਦੀ ਹੈ।

ਗੈਸ ਦੇ ਤੌਰ ਤੇ ਇਸ ਦੀ ਵਰਤੋਂ ਸਟ੍ਰਾਬੋਸਕੋਪਿਕ ਫਲੈਸ਼ ਲੈਂਪ, ਜਿਸ ਨੂੰ ਤੇਜ਼-ਰਫਤਾਰ ਫ਼ੋਟੋਗ੍ਰਾਫ਼ੀ ਲਈ ਵਰਤਿਆ ਜਾਂਦਾ ਹੈ, ਵਿਚ ਕੀਤੀ ਜਾਂਦੀ ਹੈ। ਰੇਡੀਉ-ਐੱਕਟਿਵ ਕ੍ਰਿਪਟੌਨ-85 ਦੀ ਵਰਤੋਂ ਧਾਤ ਦੇ ਤਲਾਂ ਵਿਚ ਛੋਟੀਆਂ ਤੋਂ ਛੋਟੀਆਂ ਅਰਥਾਤ ਕ੍ਰਿਪਟੌਨ ਦੇ ਦੋ ਪਰਮਾਣੂਆਂ ਵਿਚਾਲੇ ਫ਼ਾਸਲੇ (8 ਐਂਗਸਟ੍ਰਮ) ਜਿੰਨੀਆਂ ਤਰੇੜਾਂ ਦਾ ਪਤਾ ਲਾਉਣ ਲਈ ਕੀਤੀ ਜਾਂਦੀ ਹੈ। ਛੋਟੀਆਂ ਮੋਟੀਆਂ ਤਰੇੜਾਂ ਵਿਚ ਪਰਮਾਣੂ ਇਕੱਠੇ ਹੋ ਜਾਂਦੇ ਹਨ ਅਤੇ ਇਨ੍ਹਾਂ ਦਾ ਪਤਾ ਇਨ੍ਹਾਂ ਦੇ ਵਿਕੀਰਨਾਂ ਤੋਂ ਲਗ ਜਾਂਦਾ ਹੈ।

ਘੱਟ ਦਬਾਉ ਉਤੇ ਜਦੋਂ ਕਿਸੇ ਸ਼ੀਸ਼ੇ ਦੀ ਨਲੀ, ਜਿਸ ਵਿਚ ਕ੍ਰਿਪਟੌਨ ਹੋਵੇ ਵਿਚੋਂ ਬਿਜਲੀ ਦਾ ਕਰੰਟ ਲੰਘਾਇਆ ਜਾਂਦਾ ਹੈ ਤਾਂ ਨੀਲਾ-ਚਿੱਟਾ ਪ੍ਰਕਾਸ਼ ਉਤਸਰਜ ਹੁੰਦਾ ਹੈ। ਸਥਿਰ ਕ੍ਰਿਪਟੌਨ-86 ਦੁਆਰਾ ਉਤਸਰਜਿਤ ਇਕ ਸੰਗਤਰੀ-ਲਾਲ ਸਪੈੱਕਟ੍ਰਮੀ ਰੇਖਾ ਦੀ ਤਰੰਗ-ਲੰਬਾਈ (ਲਗਭਗ 6056 ਐਂਗਸਟ੍ਰਮ) ਨੂੰ ਬਹੁਤ ਜ਼ਿਆਦਾ ਤੀਖਣ ਹੋਣ ਕਰਕੇ ਲੰਬਾਈ ਦੇ ਮੀਟਰ ਲਈ ਅੰਤਰ-ਰਾਸ਼ਟਰੀ ਸਟੈਂਡਰਡ ਦੇ ਤੌਰ ਤੇ ਚੁਣਿਆ ਗਿਆ ਹੈ (1 ਮੀਟਰ=ਇਸ ਰੇਖਾ ਦੀ ਅਸਲ ਤਰੰਗ-ਲੰਬਾਈ ਦਾ 1,650,763.73 ਗੁਣਾ)।

ਕ੍ਰਿਪਟੌਨ ਪਰਮਾਣੂਆਂ ਦੇ ਚੌਥੇ ਸ਼ੈੱਲ ਵਿਚ ਇਲੈੱਕਟ੍ਰਾਨਾਂ ਦਾ ਅਸ਼ਟਕ ਪੂਰਨ ਹੋਣ ਕਰਕੇ ਇਸ ਨੂੰ 60 ਸਾਲਾਂ ਤੋਂ ਵੱਧ ਸਮੇਂ ਲਈ ਬਿਲਕੁਲ ਅਕਿਰਿਆਸ਼ੀਲ ਹੀ ਸਮਝਿਆ ਜਾਂਦਾ ਰਿਹਾ। ਸੰਨ 1960 ਦੇ ਸ਼ੁਰੂ ਵਿਚ ਕ੍ਰਿਪਟੌਨ ਨੂੰ ਸਿੱਧੇ ਫਲੋਰੀਨ ਤੱਤ ਨਾਲ ਮਿਲਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਸਿੱਟੇ ਵਜੋਂ ਕ੍ਰਿਪਟੌਨ ਡਾਈਫਲੋਰਾਈਡ ($KrF_2$) ਪ੍ਰਾਪਤ ਹੋਇਆ। ਇਸੇ ਤਰ੍ਹਾਂ ਕੁਝ ਹੋਰ ਯੌਗਿਕਾਂ ਦਾ ਵੀ ਪਤਾ ਚਲਿਆ ਹੈ। ਕਲੈਥਰੇਟ; ਅਜਿਹੇ ਯੌਗਿਕ ਜਿਨ੍ਹਾਂ ਵਿਚ ਤੱਤ ਨੂੰ ਪਾਣੀ ਜਾਂ ਦੂਸਰੇ ਅਣੂਆਂ ਦੀਆਂ ਪਿੰਜਰੇ ਵਰਗੀਆਂ ਬਣਤਰਾਂ ਵਿਚ ਕਾਬੂ ਕੀਤਾ ਹੁੰਦਾ ਹੈ, ਦਾ ਵੀ ਪਤਾ ਲੱਗਾ ਹੈ। ਅਣੂ ਇਕਹਿਰੇ ਪਰਮਾਣੂ ਦੇ ਬਣੇ ਹੁੰਦੇ ਹਨ।

ਕੁਦਰਤੀ ਕ੍ਰਿਪਟੌਨ ਛੇ ਸਥਿਰ ਸਮਸਥਾਨਕਾਂ ਦਾ ਮਿਸ਼ਰਨ ਹੈ ਜਿਸ ਵਿਚ ਕ੍ਰਿਪਟੌਨ-84 (56.90%) ; ਕ੍ਰਿਪਟੌਨ-86 (17.37%) ; ਕ੍ਰਿਪਟੌਨ-82 (11.56%) ; ਕ੍ਰਿਪਟੌਨ-83 (11. 55%) ; ਕ੍ਰਿਪਟੌਨ-80 (2.27%) ਅਤੇ ਕ੍ਰਿਪਟੌਨ-78 (0.35%) ਹੁੰਦੇ ਹਨ। ਯੂਰੇਨੀਅਮ ਦੇ ਵਿਖੰਡਨ ਅਤੇ ਦੂਸਰੀਆਂ ਨਿਊਕਲੀ ਕਿਰਿਆਵਾਂ ਦੁਆਰਾ ਇਸ ਦੇ ਲਗਭਗ 20 ਰੇਡੀਉ-ਐੱਕਟਿਵ ਸਮਸਥਾਨਕ ਪ੍ਰਾਪਤ ਕੀਤੇ ਜਾ ਚੁੱਕੇ ਹਨ। ਕ੍ਰਿਪਟੌਨ-85 ਗੈਸ ਆਪਣੀ ਰੇਡੀਉ-ਐੱਕਟਿਵਤਾ ਲੰਬੇ ਸਮੇਂ ਤਕ ਰਖਦੀ ਹੈ ਕਿਉਂਕਿ ਇਸਦੀ ਰੇਡੀਉ-ਐੱਕਟਿਵ ਅਰਧ-ਆਯੂ 10.76 ਸਾਲ ਹੈ।

ਕ੍ਰਿਪਟੌਨ ਦਾ ਪ੍ਰਮਾਣੂ-ਕ੍ਰਮ-ਅੰਕ 36, ਔਸਤਨ ਪ੍ਰਮਾਣੂ-ਭਾਰ 83.80, ਪਿਘਲਾਉ ਦਰਜਾ—156.6° ਸੈ:, ਉਬਾਲ ਦਰਜਾ—152.3° ਸੈ:, ਘਣਤਾ (1 ਵਾਯੂਮੰਡਲ, 0° ਸੈ: ਉਤੇ) 3.733 ਗ੍ਰਾ. ਪ੍ਰਤਿ ਲਿਟਰ ਅਤੇ ਸੰਯੋਜਕਤਾ 0,2 ਹੈ। ਇਸ ਦੀ ਇਲੈੱਕਟ੍ਰਾਨੀ ਤਰਤੀਬ 2-8-18-8 ਹੈ।

ਹ. ਪੁ.—ਐਨ ਬ੍ਰਿ. ਮਾ. 5 : 925

**ਕ੍ਰਿਲ** : ਇਹ ਯੂਫ਼ੌਜੀਏਸੀਆ ਉਪ-ਵਰਗ ਦੀ ਯੂਫ਼ੌਜੀਆ ਪ੍ਰਜਾਤੀ ਦੇ ਕਿਸੇ ਵੀ ਕ੍ਰਾਸਟੇਸ਼ੀਅਨ ਮੈਂਬਰ ਲਈ ਇਕ ਆਮ ਨਾਂ ਹੈ ਜਾਂ ਖ਼ਾਸ ਤੌਰ ਤੇ ਇਕੋ ਜਾਤੀ ਯੂਫ਼ੌਜੀਆ ਸੁਪਰਬਾ (*Euphausia superba*) ਨਾਲ ਇਸ ਨਾਂ ਨੂੰ ਜੋੜਿਆ ਗਿਆ ਹੈ।

ਖੁੱਲ੍ਹੇ ਸਮੁੰਦਰਾਂ ਵਿਚ ਰਹਿਣ ਵਾਲੇ (ਪਿਲੈਜਿਕ) ਇਨ੍ਹਾਂ ਸ਼ਰਿੰਪ ਵਰਗੇ ਪ੍ਰਾਣੀਆਂ ਦੀਆਂ ਲਗਭਗ 82 ਜਾਤੀਆਂ ਹੁਣ ਤਕ ਪਛਾਣੀਆਂ ਜਾ ਚੁੱਕੀਆਂ ਹਨ। ਆਕਾਰ ਵਿਚ ਕੋਈ 8-60 ਮਿ. ਮੀ. ਤਕ ਦਾ ਵਖਰੇਵਾਂ ਰਖਣ ਵਾਲੇ ਇਨ੍ਹਾਂ ਪ੍ਰਾਣੀਆਂ ਦੇ ਸਰੀਰ ਦੇ ਹੇਠਲੇ ਪਾਸੇ ਰੌਸ਼ਨੀ ਪੈਦਾ



ਕ੍ਰਿਲ (ਯੂਫ਼ੌਜੀਆ)

ਕਰਨ ਵਾਲੇ ਅੰਗ (ਫ਼ੋਟੋਫ਼ੋਰ) ਹਨ ਜਿਸ ਕਰਕੇ ਇਹ ਪ੍ਰਾਣੀ ਰਾਤ ਨੂੰ ਵੀ ਨਜ਼ਰ ਆ ਜਾਂਦੇ ਹਨ।

ਯੂਫ਼ੌਜੀਆ ਸੁਪਰਬਾ ਜਾਤੀ ਤਕਰੀਬਨ 5 ਸੈਂ. ਮੀ. ਲੰਮੀ ਹੁੰਦੀ ਹੈ ਅਤੇ ਇਸ ਦੇ ਸਰੀਰ ਉਤੇ ਲਾਲ-ਭੂਰੇ ਰੰਗ ਦੇ ਧੱਬੇ ਹੁੰਦੇ ਹਨ। ਤਕਰੀਬਨ ਸਾਢੇ ਪੰਜ ਮਹੀਨੇ ਦੇ ਅੰਡਜਣਨ ਸਮੇਂ ਦੌਰਾਨ ਮਾਦਾ ਪਾਣੀ ਵਿਚ ਤਕਰੀਬਨ 225 ਮੀ. ਦੀ ਡੂੰਘਾਈ ਤੇ ਅੰਡੇ ਦਿੰਦੀ ਹੈ। ਇਨ੍ਹਾਂ ਅੰਡਿਆਂ ਵਿਚੋਂ ਨਿਕਲ ਕੇ ਲਾਰਵੇ ਵਿਕਾਸ ਦੀਆਂ ਨੌਂ ਹਾਲਤਾਂ ਵਿਚੋਂ ਲੰਘਦੇ ਹਨ। ਵਿਕਸਿਤ ਹੋ ਰਹੇ ਲਾਰਵੇ ਪਾਣੀ ਦੀ ਸਤ੍ਹਾ ਵਲ ਵਧਦੇ ਜਾਂਦੇ ਹਨ। ਇਨ੍ਹਾਂ ਦਾ ਆਹਾਰ ਖ਼ੁਰਦਬੀਨੀ ਜੀਵ-ਜੰਤੂ ਹਨ। ਨਰ ਪ੍ਰਾਣੀ 22 ਮਹੀਨੇ ਅਤੇ ਮਾਦਾ 25 ਮਹੀਨੇ ਦੀ ਉਮਰ ਵਿਚ ਪ੍ਰੌਢ ਮੰਨੀ ਜਾਂਦੀ ਹੈ।

ਬਹੁਤ ਗਿਣਤੀ ਵਿਚ ਪੈਦਾ ਹੋਣ ਕਰਕੇ ਅਤੇ ਪੌਸ਼ਟਿਕ ਗੁਣਾਂ ਕਰਕੇ ਇਨ੍ਹਾਂ ਨੂੰ ਮਨੁੱਖ ਲਈ ਚੰਗਾ ਭੋਜਨ ਸਮਝਿਆ ਜਾਂਦਾ ਹੈ। ਇਹ ਵਿਟਾਮਿਨ 'ਏ' ਨਾਲ ਭਰਪੂਰ ਹੁੰਦੇ ਹਨ। ਸਮੁੰਦਰ ਦੇ ਕਈ ਭਾਗਾਂ ਵਿਚ ਇਹ ਕਈ ਕਿਸਮਾਂ ਦੀਆਂ ਮੱਛੀਆਂ, ਪੰਛੀਆਂ ਅਤੇ ਵੇਲ੍ਹ ਮੱਛੀਆਂ, ਖ਼ਾਸ ਕਰਕੇ ਬਲੂ-ਵੇਲ੍ਹ ਅਤੇ ਫਿਨਬੈਕ ਵੇਲ੍ਹ ਦਾ ਭੋਜਨ ਬਣਦੇ ਹਨ।

ਹ. ਪੁ—ਐਨ. ਬ੍ਰਿ. ਮਾ. 5 : 917

**ਕ੍ਰਿਲ, ਜਾਰਜ ਵਾਸ਼ਿੰਗਟਨ** : ਇਸ ਅਮਰੀਕਨ ਚਿਕਿਤਸਕ ਦਾ ਜਨਮ 11 ਨਵੰਬਰ, 1864 ਨੂੰ ਚਿਲਿਕਾਥੀ ਵਿਖੇ ਹੋਇਆ।

ਇਸ ਨੇ ਸਰਜੀਕਲ ਸ਼ੌਕ ਦੇ ਅਧਿਐਨ ਵਿਚ ਕਾਫ਼ੀ ਯੋਗਦਾਨ ਪਾਇਆ ਹੈ। ਓਹਾਈਓ ਨਾਰਦਰਨ ਯੂਨੀਵਰਸਿਟੀ ਅਤੇ ਵੂਸਟਰ ਯੂਨੀਵਰਸਿਟੀ ਮੈਡੀਕਲ ਸਕੂਲ ਤੋਂ ਇਸਨੇ ਡਿਗਰੀ ਪ੍ਰਾਪਤ ਕੀਤੀ । ਸਾਹ-ਪ੍ਰਣਾਲੀ ਦੇ ਚਿਕਿਤਸਕ ਦੇ ਤੌਰ ਤੇ ਵੀ ਇਸਨੇ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ । ਇਸਨੇ ਨਰਵ ਬਲਾਕ ਐਨਸਥੀਸੀਆ ਵੀ ਵਿਕਸਿਤ ਕੀਤਾ। ਖ਼ੂਨ ਦੀ ਬਦਲੀ ਕਰਨ ਵਾਲਾ ਇਹ ਪਹਿਲਾ ਵਿਗਿਆਨੀ ਸੀ ਜਿਸ ਲਈ ਇਸਨੇ ਸਿੱਧੇ ਜੀਨ-ਸਬੰਧ ਤਰੀਕੇ ਦੀ ਖੋਜ ਵੀ ਕੀਤੀ। ਪਹਿਲੇ ਸੰਸਾਰ ਯੁੱਧ ਸਮੇਂ ਇਹ ਫ਼ਰਾਂਸ ਵਿਚ ਅਮਰੀਕਨ ਫ਼ੌਜੀ ਹਸਪਤਾਲ ਵਿਚ ਪ੍ਰੋਫ਼ੈਸ਼ਨਲ ਡਾਇਰੈਕਟਰ ਅਤੇ ਸਲਾਹਕਾਰ ਰਿਹਾ । ਇਸਨੇ ਕਲੀਵਲੈਂਡ ਕਲੀ-ਨਿਕ ਫਾਊਂਡੇਸ਼ਨ ਵੀ ਕਾਇਮ ਕੀਤੀ।

ਇਸ ਦੀਆਂ ਬਹੁਤ ਸਾਰੀਆਂ ਪ੍ਰਕਾਸ਼ਨਾਵਾਂ ਵਿਚੋਂ ਕੁਝ ਪ੍ਰਸਿੱਧ ਇਹ ਹਨ :—

'ਐਨ ਐਕਸਪੈਰੀਮੈਂਟਲ ਰਿਸਰਚ ਇਨ ਟੂ ਸਰਜੀਕਲ ਸ਼ੌਕ (1899)', 'ਬਲੱਡ ਪ੍ਰੈਸ਼ਰ ਇਨ ਸਰਜਰੀ (1903)', 'ਹੈਮਰੇਜ ਐਂਡ ਟਰਾਂਸਫ਼ਿਊਜ਼ਨ (1909)' 'ਦੀ ਓਰਿਜਿਨ ਐਂਡ ਨੇਚਰ ਆਫ਼ ਦੀ ਈਮੋਸ਼ਨਜ਼ (1915)', 'ਨੋਟਸ ਆਨ ਮਿਲਟਰੀ ਸਰਜਰੀ (1924)', 'ਦੀ ਬਾਈਪੋਲਰ ਥਿਊਰੀ ਆਫ਼ ਲਿਵਿੰਗ ਆਰਗੈਨਿਜ਼ਮਜ਼ (1926)' ਅਤੇ 'ਡਿਜ਼ੀਜ਼ਿਸ ਪਿਕਿਊਲੀਅਰ ਟੂ ਸਿਵਿਲਾਈਜ਼ਡ ਮੈਨ' ।

ਕਲੀਵਲੈਂਡ ਵਿਚ 7 ਜਨਵਰੀ, 1943 ਨੂੰ ਇਹ ਸਵਰਗਵਾਸ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 241

**ਕ੍ਰਿਲਾਫ਼, ਈਵਾਨ ਆਂਦਰੇਵਿਚ** : ਇਸ ਰੂਸੀ ਕਵੀ ਤੇ ਲੇਖਕ ਦਾ ਜਨਮ ਇਕ ਫ਼ੌਜੀ ਅਫ਼ਸਰ ਦੇ ਘਰ 1769 ਈ: ਵਿਚ ਮਾਸਕੋ ਵਿਖੇ ਹੋਇਆ । 1782 ਤੋਂ ਆਪਣੀ ਮੌਤ ਤਕ ਇਹ ਲੈਨਿਨ-ਗ੍ਰਾਦ ਵਿਖੇ ਰਿਹਾ ਅਤੇ ਸਾਹਿਤ ਰਚਨਾ ਕੀਤੀ। ਇਹ ਵਿਅੰਗਾਤਮਕ ਰਚਨਾ ਲਈ ਪ੍ਰਸਿੱਧ ਸੀ। ਇਸ ਨੇ ਤਿੰਨ ਵਿਅੰਗਾਤਮਕ ਅਖ਼ਬਾਰ ਵੀ ਕੱਢੇ ਅਤੇ 1805 ਵਿਚ ਕਹਾਣੀਆਂ ਲਿਖ ਕੇ ਅਤੇ ਅਨੁਵਾਦ ਕਰਕੇ ਨਵੇਂ ਤਜਰਬੇ ਕੀਤੇ। ਸੰਨ 1809 ਤੋਂ 1843 ਤੱਕ ਇਸ ਦੇ ਨੌਂ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ। 1811 ਵਿਚ ਇਸ ਨੂੰ ਰੂਸੀ ਅਕਾਦਮੀ ਦੀ ਮੈਂਬਰਸ਼ਿਪ ਅਤੇ 1823 ਵਿਚ ਗੋਲਡ ਮੈਡਲ ਮਿਲਿਆ। ਜਨ ਸਾਧਾ-ਰਨ ਦੀ ਭਾਸ਼ਾ ਵਿਚ ਲੋਕਪ੍ਰਿਯ ਰਚਨਾਵਾਂ ਸਦਕਾ ਇਸ ਦੀ ਪ੍ਰਸਿੱਧੀ ਹੋਈ।

1844 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 500 ; ਹਿੰ. ਵਿ. ਕੋ. 3 : 246.

**ਕ੍ਰੀਓਜ਼ੋਟ**—ਇਹ ਤਾਰਕੋਲ ਜਾਂ ਵੁੱਡ-ਤਾਰ ਦਾ ਕਸ਼ੀਦਿਤ ਪਦਾਰਥ ਹੈ । ਸਖ਼ਤ ਲੱਕੜ ਦਾ ਕ੍ਰੀਓਜ਼ੋਟ ਆਮ ਕਰਕੇ ਬੀਚ-ਵੁੱਡ ਤੋਂ ਤਿਆਰ ਕੀਤਾ ਜਾਂਦਾ ਹੈ ਅਤੇ ਇਹ ਇਕ ਤੇਲ ਵਰਗਾ ਪਦਾਰਥ ਹੁੰਦਾ ਹੈ ਜਿਹੜਾ ਕਿ 200° ਅਤੇ 220° ਸੈ: ਦੇ ਵਿਚਕਾਰ ਪ੍ਰਾਪਤ ਹੁੰਦਾ ਹੈ। ਇਹ ਦਵਾਈਆਂ ਲਈ ਲਾਹੇਵੰਦ ਹੈ ਅਤੇ ਇਸ ਦੇ ਕਿਰਿਆਸ਼ੀਲ ਅੰਸ਼ ਕ੍ਰੀਸੋਲ ਅਤੇ ਗਵਾਈਆਕੋਲ ਹਨ । ਇਹ ਸਾਹ ਨਲੀ ਦੀ ਸੋਜ ਦੀ ਬਿਮਾਰੀ, ਜਿਸ ਵਿਚ ਠੰਢ, ਜ਼ੁਕਾਮ, ਖੰਘ ਆਦਿ ਅਲਾਮਤਾਂ ਹੁੰਦੀਆਂ ਹਨ, ਲਈ ਤੇ ਆਮ ਦਵਾਈਆਂ ਅਤੇ ਦੰਦਾਂ ਦੇ ਇਲਾਜ ਲਈ ਐਕਸਪੈਕਟੋਰੈਂਟ ਦੇ ਤੌਰ ਤੇ ਵਰਤਿਆ ਜਾਂਦਾ ਹੈ।

ਤਾਰਕੋਲ ਕ੍ਰੀਓਜ਼ੋਟ ਜਾਂ ਕ੍ਰੀਓਜ਼ੋਟ ਤੇਲ ਲਗਭਗ 160 ਤੋਂ ਵੱਧ ਰਸਾਇਣਿਕ ਯੋਗਿਕਾਂ ਦਾ ਮਿਸ਼ਰਨ ਹੈ ਅਤੇ ਇਸ ਨੂੰ 400° ਤੋਂ 450° ਸੈ: ਵਿਚਕਾਰ ਕਸ਼ੀਦ ਕੀਤਾ ਜਾਂਦਾ ਹੈ । ਇਸ ਦੀ ਵਰਤੋਂ ਕੱਜਲ ਬਣਾਉਣ ਲਈ ਅਤੇ ਲੱਕੜੀ ਦੀ ਸੰਭਾਲ ਲਈ ਕੀਤੀ ਜਾਂਦੀ ਹੈ। ਸ਼ਤੀਰ, ਟੈਲੀਗ੍ਰਾਫ਼ ਦੇ ਖੰਭੇ, ਫ਼ਰਸ਼ ਦੇ ਬਲਾਕ ਅਤੇ ਕਈ ਇਮਾਰਤੀ ਕਾਠ-ਕਬਾੜ ਵਿਚ ਕ੍ਰੀਓਜ਼ੋਟ ਨੂੰ ਦਬਾਉ ਨਾਲ ਭਰ ਦਿਤਾ ਜਾਂਦਾ ਹੈ, ਜਿਸ ਨਾਲ ਇਨ੍ਹਾਂ ਉਤੇ ਫ਼ਫ਼ੂੰਦੀ, ਸਿਉਂਕ ਅਤੇ ਬੇੜੀ ਕਿਰਮਾਂ ਦਾ ਕੋਈ ਅਸਰ ਨਹੀਂ ਹੁੰਦਾ ।

ਹ. ਪੁ.—ਮੈਕ. ਐਨ. ਸ. ਟ. 3 : 541

**ਕ੍ਰੀਟ ਦੀਪ** : ਇਹ ਰੂਮ ਸਾਗਰ ਵਿਚ ਪੰਜਵਾਂ ਵੱਡਾ ਦੀਪ ਹੈ ਅਤੇ ਇਹ ਬਹੁਤ ਸਾਰੇ ਦੀਪਾਂ ਜੋ ਅਜੋਕੇ ਯੂਨਾਨ ਦਾ ਹਿੱਸਾ ਹਨ, ਵਿਚੋਂ ਸਭ ਤੋਂ ਵੱਡਾ ਹੈ। ਇਹ ਏਸ਼ੀਆ ਕੋਚਕ ਅਤੇ ਯੂਨਾਨ ਦੀ ਮੁੱਖ ਭੂਮੀ ਵਿਚਕਾਰ ਦੱਖਣੀ ਕੰਢੇ ਉਤੇ ਸਥਿਤ ਹੈ । ਦੀਪ ਦਾ ਕੁਲ ਰਕਬਾ 8260 ਵਰਗ ਕਿ. ਮੀ. ਅਤੇ ਵਸੋਂ ਲਗਭਗ 502,165 (1981) ਹੈ। ਇਹ ਦੀਪ ਲੰਬਾ ਅਤੇ ਤੰਗ ਜਿਹਾ ਹੈ । ਆਪਣੇ ਪੂਰਬੀ ਪੱਛਮੀ ਧੁਰੇ ਤੋਂ ਇਹ ਲਗਭਗ 245 ਵ. ਕਿ. ਮੀ. ਤੀਕ ਫੈਲਿਆ ਹੋਇਆ ਹੈ। ਇਸ ਦੀ ਚੌੜਾਈ 12 ਕਿ. ਮੀ. ਤੋਂ ਲੈ ਕੇ 55 ਕਿ. ਮੀ. ਦੇ ਲਗਭਗ ਹੈ।

ਕ੍ਰੀਟ ਦੀ ਧਰਾਤਲ ਵਧੇਰੇ ਕਰਕੇ ਪਹਾੜੀ ਹੈ । ਪੱਛਮ ਵਿਚ ਵਾਈਟ ਪਹਾੜੀਆਂ 2455 ਮੀ. ਦੀ ਉਚਾਈ ਤੀਕ ਪਹੁੰਚ ਜਾਂਦੀਆਂ ਹਨ। ਕੇਂਦਰ ਵਿਚ ਵੀ ਪਹਾੜੀਆਂ ਹਨ। ਦੂਰ ਪੂਰਬ ਵਿਚ ਲਾਸੀਅਥੀ ਪਹਾੜੀਆਂ ਹਨ ਜੋ 2286 ਮੀ. ਦੀ ਉਚਾਈ ਤਕ ਉਪਰ ਉਠਦੀਆਂ ਹਨ। ਦੀਪ ਨੂੰ ਕਈ ਡੂੰਘੀਆਂ ਲੰਬਕਾਰ ਖੱਡਾਂ ਕੱਟਦੀਆਂ ਹਨ। ਇਥੇ ਕੁਝ ਉਪਜਾਊ ਸਾਹਿਲੀ ਮੈਦਾਨ ਹਨ। ਇਥੋਂ ਦੀਆਂ ਨਦੀਆਂ ਵਧੇਰੇ ਕਰਕੇ ਪਹਾੜੀ ਨਾਲੇ ਹੀ ਹਨ ਜੋ ਗਰਮੀ ਵਿਚ ਸੁਕ ਜਾਂਦੇ ਹਨ । ਦੀਪ ਵਿਚ ਕਈ ਚਸ਼ਮੇ ਵੀ ਹਨ।

ਇਥੋਂ ਦਾ ਜਲਵਾਯੂ ਕਦੇ ਮੌਅਤਦਿਲ ਅਤੇ ਕਦੇ ਊਸ਼ਣ ਖੰਡੀ ਕਿਸਮ ਦਾ ਹੁੰਦਾ ਹੈ। ਸਭ ਤੋਂ ਉੱਚੀਆਂ ਚੋਟੀਆਂ ਤੇ ਬਰਫ ਸਦਾ ਹੀ ਪਈ ਰਹਿੰਦੀ ਹੈ। ਵਧੇਰੇ ਕਰਕੇ ਅਕਤੂਬਰ ਤੋਂ ਮਾਰਚ ਮਹੀਨੇ ਤੀਕ, ਇਥੇ 62 ਸੈ. ਮੀ. ਸਾਲਾਨਾ ਔਸਤਨ ਵਰਖਾ ਹੁੰਦੀ ਹੈ । ਗਰਮੀਆਂ ਵਿਚ ਇਥੇ ਗਰਮ ਅਤੇ ਤਰ ਹਵਾ ਵਗਦੀ ਹੈ।

ਆਮ ਕਰਕੇ ਇਥੋਂ ਦੀ ਬਨਸਪਤੀ ਪੈਲੇਪਾਨੀਜ਼ ਅਤੇ ਏਸ਼ੀਆ ਕੋਚਿਕ ਵਰਗੀ ਹੈ। ਸੋਲ੍ਹਵੀਂ ਸਦੀ ਦੇ ਅਖੀਰ ਵਿਚ ਇਥੇ ਸ਼ਰੂ ਅਤੇ ਦਿਉਦਾਰ ਦੇ ਕੀਮਤੀ ਜੰਗਲ ਹੁੰਦੇ ਸਨ।

ਇਥੋਂ ਦੇ ਜੀਵ-ਜੰਤੂ ਵਧੇਰੇ ਕਰਕੇ ਜੰਗਲੀ ਹਨ। ਜੰਗਲੀ ਬੱਕਰੀ ਇਥੋਂ ਦਾ ਪ੍ਰਸਿੱਧ ਜਾਨਵਰ ਹੈ । ਕ੍ਰੀਟ ਦੇ ਆਲੇ-ਦੁਆਲੇ ਦੇ ਸਮੁੰਦਰ ਵਿਚ ਮੱਛੀਆਂ ਮਿਲਦੀਆਂ ਹਨ।

ਕ੍ਰੀਟ ਦਾ ਇਤਿਹਾਸ ਯੂਨਾਨੀ ਮਿਥਿਹਾਸ ਕਾਲ ਵਿਚ ਸ਼ੁਰੂ ਹੁੰਦਾ ਹੈ। ਯੂਨਾਨੀ ਮਨਘੜਤ ਕਹਾਣੀਆਂ ਵਿਚ, ਸੈਟਰਨ, ਮਿਨਾਸ ਅਤੇ ਜ਼ੀਊਸ ਦਾ ਜ਼ਿਕਰ ਇਥੋਂ ਦੇ ਬਾਦਸ਼ਾਹਾਂ ਵਜੋਂ ਆਇਆ ਹੈ। ਪਹਿਲਾਂ ਇਹ ਇਕ ਗਣਰਾਜ ਹੁੰਦਾ ਸੀ । ਫਿਰ ਇਹ ਸਿਸਲੀ ਦੇ ਸਮੁੰਦਰੀ ਡਾਕੂਆਂ ਦਾ ਟਿਕਾਣਾ ਬਣ ਗਿਆ । 67 ਈ. ਪੂ. ਵਿਚ ਇਸ ਨੂੰ ਰੋਮਨਾਂ ਨੇ ਜਿੱਤ ਲਿਆ। ਪੈਗੰਬਰ ਪਾਲ ਨੇ ਵੀ ਇਥੇ ਚਰਨ ਪਾਏ ਸਨ ਅਤੇ ਉਨ੍ਹਾਂ ਨੇ ਇਥੇ ਇਕ ਗਿਰਜਾ ਘਰ ਵੀ ਸਥਾਪਤ ਕੀਤਾ ਸੀ। ਸੰਨ 823 ਵਿਚ ਇਸ ਉਤੇ ਸਾਰਸਨਾ ਦਾ ਕਬਜ਼ਾ ਹੋ ਗਿਆ। ਸੰਨ 962 ਵਿਚ ਇਹ ਇਲਾਕਾ ਯੂਨਾਨੀਆਂ ਨੂੰ ਵਾਪਸ ਦੇ ਦਿਤਾ ਗਿਆ। ਬਾਜ਼ਨਤੀਨੀਆਂ ਨੇ ਇਸ ਇਲਾਕੇ ਨੂੰ ਮਾਨਫੇਰਾ ਦੇ ਸਰਾਂ-ਮਾਲਕ ਨੂੰ ਦੇ ਦਿਤਾ ਅਤੇ ਅਤੇ ਫਿਰ ਉਸ ਨੇ ਸੰਨ 1204 ਵਿਚ ਇਸਨੂੰ ਵੀਨਿਸ਼ਿਆਂ ਦੇ ਲੋਕਾਂ ਨੂੰ ਦੇ ਦਿਤਾ ਅਤੇ ਸਤਾਰ੍ਹਵੀਂ ਸਦੀ ਦੇ ਅਖੀਰਲੇ ਹਿੱਸੇ ਤੀਕ ਇਹ ਉਨ੍ਹਾਂ ਲੋਕਾਂ ਦੇ ਅਧੀਨ ਹੀ ਰਿਹਾ। ਇਸ ਤੋਂ ਪਿਛੋਂ ਵੀਹ ਸਾਲਾਂ ਦੀ ਜੱਦੋਜਹਿਦ ਤੋਂ ਬਾਅਦ ਇਹ ਇਲਾਕਾ ਤੁਰਕਾਂ ਅਧੀਨ ਚਲਾ ਗਿਆ। ਤੁਰਕਾਂ ਦੀ ਹਕੂਮਤ ਵਿਰੁਧ ਆਮ ਬਗ਼ਾ-ਵਤਾਂ ਹੁੰਦੀਆਂ ਰਹੀਆਂ। ਸੰਨ 1878 ਵਿਚ ਕ੍ਰੀਟ ਦੇ ਲੋਕਾਂ ਨੇ ਆਪਣੇ ਆਪ ਨੂੰ ਯੂਨਾਨ ਨਾਲ ਜੋੜਨ ਦਾ ਐਲਾਨ ਕਰ ਦਿਤਾ । ਅਖੀਰ ਨੂੰ ਤੁਰਕਾਂ ਨੇ ਅੰਸ਼ਿਕ ਸਵੈ-ਸਰਕਾਰ ਸਵੀਕਾਰ ਕਰ ਲਈ। ਕ੍ਰੀਟ ਦੇ ਲੋਕਾਂ

ਅਤੇ ਮੁਸਲਮਾਨਾਂ ਵਿਚਕਾਰ ਮੱਤ-ਭੇਦ ਪੈਦਾ ਹੋ ਜਾਣ ਕਾਰਨ 1804 ਈ. ਵਿਚ ਇਥੇ ਕਈ ਝਗੜੇ ਆਣ ਖੜ੍ਹੇ ਹੋਏ ਜੋ ਸੰਨ 1897 ਵਿਚ ਹੋਏ ਯੂਨਾਨੀ-ਤੁਰਕੀ ਯੁੱਧ ਵਿਚ ਹੀ ਜਾ ਕੇ ਖਤਮ ਹੋਏ। ਸੰਨ 1912-13 ਦੇ ਬਲਕਾਨ ਯੁੱਧ ਕਾਰਨ ਕ੍ਰੀਟ ਨੂੰ ਯੂਨਾਨ ਵਿਚ ਸ਼ਾਮਲ ਕਰ ਦਿਤਾ ਗਿਆ। 20 ਮਈ, 1941 ਨੂੰ ਜਰਮਨੀ ਦੇ ਛਾਤਾਧਾਰਾ ਸੈਨਿਕਾਂ ਨੇ ਕ੍ਰੀਟ ਉਤੇ ਹਮਲਾ ਕਰ ਦਿਤਾ ਅਤੇ ਦਸ ਦਿਨਾਂ ਦੀ ਘਮਸਾਨ ਲੜਾਈ ਪਿੱਛੋਂ ਇਸ ਨੂੰ ਜਿੱਤ ਲਿਆ। ਦੂਜੇ ਮਹਾਂ ਯੁੱਧ ਦੇ ਅੰਤ ਵਿਚ ਕ੍ਰੀਟ ਫਿਰ ਯੂਨਾਨ ਦੇ ਹਵਾਲੇ ਕਰ ਦਿਤਾ ਗਿਆ।

ਸਿਲਖੜੀ, ਲਿਗਨਾਈਟ, ਜਿਪਸਮ, ਤਾਂਬਾ, ਲੋਹਾ, ਸਿੱਕਾ, ਮੈਗਨੀਜ਼, ਜਿਸਤ, ਗੰਧਕ, ਸੋਨਾ, ਟੰਗਸਟਨ, ਪਲਾਟੀਨਮ, ਗ੍ਰੇਫਾਈਟ, ਕਲੀ, ਅਤੇ ਮੈਗਨੇਟਾਈਟ ਆਦਿ ਖਣਿਜ ਪਦਾਰਥ ਇਥੋਂ ਮਿਲਦੇ ਹਨ।

ਕ੍ਰੀਟ ਦੇ ਲਗਭਗ 30 ਪ੍ਰਤੀਸ਼ਤ ਰਕਬੇ ਵਿਚ ਭਾਰੀ ਕਾਸ਼ਤ ਕੀਤੀ ਜਾਂਦੀ ਹੈ। ਜ਼ੈਤੂਨ ਇਥੋਂ ਦੀ ਮੁੱਖ ਉਪਜ ਹੈ। ਇਸ ਤੋਂ ਇਲਾਵਾ ਇਥੇ ਸਬਜ਼ੀਆਂ, ਫਲ ਅਤੇ ਕੁਝ ਮਕੱਈ ਵੀ ਉਗਾਈ ਜਾਂਦੀ ਹੈ।

ਇਥੇ ਜ਼ੈਤੂਨ ਅਤੇ ਅੰਗੂਰਾਂ ਦੇ ਰਸ ਕੱਢਣ, ਇਮਾਰਤੀ ਸਾਮਾਨ, ਸੂਤੀ ਕੱਪੜੇ, ਸਾਬਣ ਤੇ ਚਮੜੇ ਦਾ ਸਾਮਾਨ ਤਿਆਰ ਕਰਨ ਅਤੇ ਫੌਲਾਦ ਦੇ ਸੰਦ ਬਣਾਉਣ ਦੇ ਉਦਯੋਗ ਸਥਾਪਤ ਹਨ।

ਕ੍ਰੀਟ ਵਿਚ ਆਵਾਜਾਈ ਦੇ ਸਾਧਨ ਬਹੁਤ ਘੱਟ ਹਨ।

ਕ੍ਰੀਟ ਦੇ ਉੱਤਰੀ ਤੱਟ ਉਤੇ 8-9 ਵੱਡੇ ਸ਼ਹਿਰ ਸਥਿਤ ਹਨ ਅਤੇ ਇਨ੍ਹਾਂ ਵਿਚ ਦੀਪ ਦੀ 1/3 ਹਿੱਸਾ ਆਬਾਦੀ ਵਸਦੀ ਹੈ। ਆਈਰਾਕਲਿਓਨ ਅਤੇ ਖਾਨੀਆ ਕ੍ਰੀਟ ਦੇ ਦੋ ਵੱਡੇ ਸ਼ਹਿਰ ਹਨ ਅਤੇ ਇਨ੍ਹਾਂ ਦੋਹਾਂ ਸ਼ਹਿਰਾਂ ਵਿਚ ਦੀਪ ਦੀ 1/4 ਹਿੱਸਾ ਵਸੋਂ ਰਹਿੰਦੀ ਹੈ।

ਕ੍ਰੀਟ ਦੇ ਸਾਰੇ ਲੋਕ ਯੂਨਾਨੀ ਭਾਸ਼ਾ ਬੋਲਦੇ ਹਨ। ਇਥੋਂ ਦੇ ਸਾਰੇ ਲੋਕ ਸਨਾਤਨੀ ਚਰਚ ਦੀ ਵਿਸ਼ੇਸ਼ ਸ਼ਾਖਾ ਨਾਲ ਸਬੰਧਤ ਹਨ। ਥੋੜੇ ਜਿਹੇ ਰੋਮਨ-ਕੈਥੋਲਿਕ ਵੀ ਇਥੇ ਰਹਿੰਦੇ ਹਨ।

ਕ੍ਰੀਟ ਯੂਨਾਨ ਦਾ ਇਕ ਪ੍ਰਬੰਧਕੀ ਇਲਾਕਾ ਹੈ। ਖਾਨੀਆ, ਰੇਅਥੀਮਨਾਨ, ਆਈਰਾਕਲਿਓਨ ਅਤੇ ਲਾਸੀਅਥੀ ਕ੍ਰੀਟ ਦੇ ਚਾਰ ਪ੍ਰਬੰਧਕੀ ਖੇਤਰ ਹਨ। ਖਾਨੀਆ ਕ੍ਰੀਟ ਦੀ ਪ੍ਰਬੰਧਕੀ ਰਾਜਧਾਨੀ ਹੈ ਅਤੇ ਸਾਰੇ ਸਰਕਾਰੀ ਵਿਭਾਗ ਇਥੇ ਹੀ ਸਥਾਪਤ ਹਨ। ਚੁਣੇ ਹੋਏ ਮੇਅਰ ਜਾਂ ਪ੍ਰੈਜ਼ੀਡੈਂਟ ਅਤੇ ਥੋੜੇ ਅਖ਼ਤਿਆਰਾਂ ਵਾਲੀਆਂ ਕੌਂਸਲਾਂ ਹੀ ਇਨ੍ਹਾਂ ਦਾ ਪ੍ਰਬੰਧ ਚਲਾਉਂਦੀਆਂ ਹਨ।

ਹ. ਪੁ.—ਕੋਲ. ਐਨ. 5 : 627; ਐਨ. ਐਮ. 8 : 184 ; ਵ. ਯੂ. ਐਨ. 4 : 1367; ਐਨ. ਬ੍ਰਿ. ਮੈ. 5 : 252

**ਕਰੀ ਦੀ ਲੜਾਈ :** ਕਰੀ, ਉੱਤਰੀ ਮੈਸੋਪੋਟਾਮੀਆ ਦਾ ਦਾ ਉਹ ਸਥਾਨ ਹੈ ਜਿਥੇ 53 ਈ. ਵਿਚ ਰੋਮਨ ਫੌਜ ਨੂੰ ਪਾਰਥੀਅਨਾਂ ਨੇ ਹਰਾਇਆ ਸੀ। ਇਸ ਲੜਾਈ ਵਿਚ ਐਮ. ਲਿਸੀਨੀਅਸ ਕਰੇਸਸ ਨੇ ਹਿੱਸਾ ਲਿਆ ਸੀ ਜੋ ਆਪਣੇ ਹਿੱਸੇਦਾਰਾਂ ਜੂਲੀਅਸ ਸੀਜ਼ਰ ਤੇ ਹੋਰਨਾਂ ਦੇ ਬਰਾਬਰ ਰਹਿਣ ਲਈ ਫੌਜੀ ਮਾਨਤਾ ਚਾਹੁੰਦਾ ਸੀ। ਉਸ ਕੋਲ ਬਹੁ-ਗਿਣਤੀ ਵਿਚ ਫੌਜ ਹੋਣ ਦੇ ਬਾਵਜੂਦ ਘੋੜ ਸਵਾਰ ਸੈਨਾ ਘੱਟ ਸੀ। ਉਸਨੇ 54 ਈ. ਪੂ. ਵਿਚ ਮੈਸੋਪੋਟਾਮੀਆ ਉਤੇ ਹਮਲਾ ਕਰ ਦਿਤਾ ਜਿਸ ਦੀ 53 ਈ. ਪੂ. ਵਿਚ ਸੂਰੇਨ ਪਰਿਵਾਰ ਦੇ ਪਾਰਥੀਅਨ ਵਿਅਕਤੀ ਨੇ ਰਾਖੀ ਕੀਤੀ ਸੀ। ਕਰੇਸਸ ਨੂੰ ਜਦੋਂ ਇਹ ਪਤਾ ਲੱਗਾ ਕਿ ਸੁਰੇਨਸ ਫ਼ਰਾਤ ਦਰਿਆ ਦੇ ਦੂਰ ਪੂਰਬ ਵਿਚ ਹੈ ਤਾਂ ਉਹ ਦਰਿਆ ਦਾ ਕਿਨਾਰਾ ਛੱਡਕੇ ਕਰੀ ਵਲ ਵਧਿਆ। ਉਸਦੇ ਅਜਿਹੇ ਕਦਮ ਦਾ ਵਿਰੋਧ ਕੀਤਾ ਗਿਆ। ਅਚਾਨਕ ਹੀ ਪਾਰਥੀਅਨਾਂ ਨੇ 1000 ਹਥਿਆਰਬੰਦ ਘੋੜ ਸਵਾਰਾਂ ਨਾਲ ਹਮਲਾ ਕਰ ਦਿਤਾ। ਉਸਦੇ ਫੌਜੀ ਦਸਤਿਆਂ ਨੂੰ ਮੈਦਾਨਾਂ ਵਿਚ ਲੜਨ ਦਾ ਤਜ਼ਰਬਾ ਨਹੀਂ ਸੀ। ਇਸ ਲਈ ਉਸਦੇ ਪੁੱਤਰ, ਪਬਲੀਅਸ ਨੇ ਘੋੜ ਸਵਾਰਾਂ ਨੂੰ ਨਾਲ ਲੈ ਕੇ ਹਮਲਾ ਕੀਤਾ ਤਾਂ ਰੋਮਨ ਫੌਜਾਂ ਨੇ ਪਾਰਥੀਅਨਾਂ ਨੂੰ ਘੇਰਾ ਪਾ ਲਿਆ ਅਤੇ ਆਪਣੇ ਆਪ ਨੂੰ ਪਾਰਥੀਅਨ ਫੌਜਾਂ ਦੇ ਤੀਰ ਤੋਂ ਬਚਾਉਣ ਦਾ ਯਤਨ ਕੀਤਾ। ਸੁਰੇਨਸ ਦੇ 1000 ਅਰਬੀ ਊਠਾਂ ਦੇ ਦਸਤਿਆਂ ਨੇ ਪਾਰਥੀਅਨਾਂ ਨੂੰ ਦੋ ਹਿੱਸਿਆਂ ਵਿਚ ਵਾਪਸ ਪਰਤਣ ਲਈ ਮਦਦ ਦਿੱਤੀ। ਕਰੇਸੱਸ ਬਦਲੇ ਵਿਚ ਹਮਲਾ ਕਰਨ ਦੀ ਬਜਾਏ ਆਪਣੇ 4000 ਜ਼ਖ਼ਮੀ ਉਥੇ ਹੀ ਛੱਡ ਕੇ ਕਰੀ ਤੋਂ ਪਰਤ ਪਿਆ। ਲਗਭਗ 10,000 ਰੋਮਨ ਬਚ ਨਿਕਲੇ ਅਤੇ ਬਾਕੀ ਦੇ 44,000 ਵਿਅਕਤੀ ਫੜੇ ਗਏ ਜਾਂ ਮਾਰੇ ਗਏ। ਇਸ ਤਰ੍ਹਾਂ ਕਰੀ ਦੀ ਲੜਾਈ ਵਿਚ ਰੋਮਨਾਂ ਨੂੰ ਪਾਰਥੀਅਨਾਂ ਦੇ ਹੱਥੋਂ ਜ਼ਬਰਦਸਤ ਹਾਰ ਖਾਣੀ ਪਈ ਅਤੇ ਕਰੇਸਸ ਦੀ ਮੌਤ ਕਾਰਨ ਰੋਮਨਾਂ ਦੇ ਰਾਜਸੀ ਜੀਵਨ ਨੂੰ ਗੰਭੀਰ ਧੱਕਾ ਪਹੁੰਚਿਆ।

ਹ. ਪੁ.—ਐਨ. ਬ੍ਰਿ. 4 : 960

**ਕਰੀਬਾ ਝੀਲ :** ਇਹ ਕੇਂਦਰੀ ਅਫਰੀਕਾ ਦੀ ਇਕ ਝੀਲ ਹੈ ਜੋ ਜ਼ੈਂਬੀਆ ਅਤੇ ਰੋਡੇਸ਼ੀਆ ਵਿਚਕਾਰ ਸਥਿਤ ਹੈ। ਇਹ ਝੀਲ ਕਰੀਬਾ ਤੰਗ ਘਾਟੀ ਵਿਚ ਜ਼ੈਂਬੇਜ਼ੀ ਦਰਿਆ ਉਤੇ ਬੰਨ੍ਹ ਮਾਰ ਕੇ ਬਣਾਈ ਗਈ ਹੈ। ਇਸ ਸਥਾਨ ਤੇ ਜ਼ੈਂਬੇਜ਼ੀ ਦਰਿਆ ਸਖ਼ਤ ਚਟਾਨਾਂ ਵਿਚ ਦੀ ਬੜੇ ਤੰਗ ਰਸਤੇ ਵਿਚੋਂ ਦੀ ਗੁਜ਼ਰਦਾ ਹੈ। ਇਸ ਝੀਲ ਦੀ ਵੱਧ ਤੋਂ ਵੱਧ ਚੌੜਾਈ 48 ਕਿ. ਮੀ. ਹੈ ਤੇ ਝੀਲ ਦਾ ਕੁਲ ਰਕਬਾ 5,180 ਵ. ਕਿ. ਮੀ. ਹੈ। ਇਸ ਵਿਚ ਕਈ ਛੋਟੇ-ਛੋਟੇ ਟਾਪੂ ਹਨ। ਜ਼ੈਂਬੀਆ, ਸਾਲਸਬਰੀ ਅਤੇ ਬੂਲਵਾਈਓ ਦੇ ਇਲਾਕਿਆਂ ਨੂੰ ਪਣ-ਬਿਜਲੀ ਦੀਆਂ ਸਹੂਲਤਾਂ ਦੇਣ ਲਈ ਇਥੇ ਇਕ 128 ਮੀ. ਉੱਚਾ ਡੈਮ ਬਣਾਇਆ ਗਿਆ ਜੋ 1960 ਈ. ਵਿਚ ਚਾਲੂ ਹੋਇਆ। ਇਸ ਦੀ ਡੂੰਘਾਈ ਇਕ ਸਾਰ ਨਹੀਂ ਹੈ। ਡੈਮ ਦੇ ਨੇੜੇ ਇਸ ਦੀ ਡੂੰਘਾਈ 90 ਮੀ. ਹੈ। ਇਸ ਵਿਚੋਂ 15,000 ਮੀ. ਟਨ ਸਾਲਾਨਾ ਮੱਛੀ ਪੈਦਾ ਕੀਤੀ ਜਾਂਦੀ ਹੈ।

17°00′ ਦੱ. ਵਿਥ. ; 28°00′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 710

**ਕਰੀਮ ਨਗਰ :** ਜ਼ਿਲ੍ਹਾ—ਆਂਧਰਾ ਪ੍ਰਦੇਸ਼ ਰਾਜ (ਭਾਰਤ) ਦੇ ਵਾਰੰਗਲ ਮੰਡਲ ਦਾ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵਿਚ ਆਦਿਲਾਬਾਦ, ਦੱਖਣ ਵਿਚ ਨਾਲਗੋਂਡਾ, ਦੱਖਣ-ਪੱਛਮ ਵਿਚ ਮੇਡਕ, ਪੂਰਬ ਤੇ ਦੱਖਣ-ਪੂਰਬ ਵਿਚ ਵਾਰੰਗਲ ਅਤੇ ਪੱਛਮ ਵਿਚ ਨਿਜ਼ਾਮਾਬਾਦ ਦੇ ਜ਼ਿਲ੍ਹੇ ਹਨ। ਜ਼ਿਲ੍ਹੇ ਦਾ ਕੁੱਲ ਰਕਬਾ 11,824 ਵ. ਕਿ. ਮੀ. ਅਤੇ ਆਬਾਦੀ 2,436,323 (1981) ਹੈ। ਗੁਰਾਪਲੀ ਅਤੇ ਜਗਟਿਆਲ ਵਿਚਕਾਰ ਉੱਤਰ-ਪੂਰਬ ਵਲ ਨੂੰ ਪਹਾੜੀਆਂ ਦੀ ਲੜੀ ਹੈ ਜੋ ਗੋਦਾਵਰੀ ਦੇ ਨੇੜੇ ਢੇਮਲਕੁਰਤੀ ਦੇ ਅਸਥਾਨ ਤੇ ਖ਼ਤਮ ਹੋ ਜਾਂਦੀ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਵਿਚ ਦੋ ਹੋਰ ਪਰਬਤ ਲੜੀਆਂ ਵੀ ਹਨ।

ਗੋਦਾਵਰੀ ਦਰਿਆ ਇਸ ਦੇ ਉੱਤਰੀ ਹਿੱਸੇ ਵਿਚੋਂ ਦੀ ਵਹਿੰਦਾ ਹੈ ਜਿਹੜਾ ਜ਼ਿਲ੍ਹੇ ਦੀ ਉੱਤਰੀ ਅਤੇ ਪੂਰਬੀ ਹੱਦ ਬਣਾਉਂਦਾ ਹੈ। ਜ਼ਿਲ੍ਹੇ ਦਾ ਦੂਜਾ ਪ੍ਰਸਿੱਧ ਦਰਿਆ ਮਾਨਰ (ਗੋਦਾਵਰੀ ਦੀ ਸਹਾਇਕ ਨਦੀ) ਹੈ ਜੋ ਪੱਛਮ ਤੋਂ ਪੂਰਬ ਵਲ ਨੂੰ ਵਹਿੰਦਾ ਹੋਇਆ ਜ਼ਿਲ੍ਹੇ ਨੂੰ ਪਾਰ ਕਰਦਾ ਹੈ।

ਸਾਗਵਾਨ, ਅੰਬ, ਸੀਤਾਫਲ, ਇਮਲੀ, ਬਲੈਕਵੁੱਡ, ਸਾਟਿਨਵੁੱਡ ਤਰਵਰ ਬਾਬੂਲ, ਨਾਲੋਮਦੀ ਅਤੇ ਐਪਾ ਇਥੋਂ ਦੇ ਦਰੱਖਤ ਹਨ। ਜ਼ਿਲ੍ਹੇ ਵਿਚ ਜੰਗਲ ਬਹੁਤ ਹਨ ਅਤੇ ਇਥੇ ਸ਼ੇਰ, ਚੀਤੇ, ਰਿੱਛ, ਬਾਘ, ਜੰਗਲੀ ਸੂਰ ਅਤੇ ਜੰਗਲੀ ਕੁੱਤੇ ਬਹੁਤ ਮਿਲਦੇ ਹਨ। ਮੈਦਾਨੀ ਇਲਾਕੇ ਵਿਚ ਸਾਂਬਰ, ਚਿਤਰਾ ਹਿਰਨ ਅਤੇ ਰੋਝ ਬਹੁਤ ਮਿਲਦੇ ਹਨ।

ਜਗਟਿਆਲ, ਮੰਥਨੀ, ਕੋਰਾਟਲਾ ਅਤੇ ਕਰੀਮਨਗਰ ਜ਼ਿਲ੍ਹੇ ਦੇ ਵੱਡੇ ਸ਼ਹਿਰ ਹਨ।

ਹ. ਪੁ.—ਇੰਪ. ਗ. ਇੰਡ. 15 : 41

**ਕਰੀਮ ਨਗਰ :** ਸ਼ਹਿਰ—ਇਹ ਆਂਧਰਾ ਪ੍ਰਦੇਸ਼ (ਭਾਰਤ) ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਅਤੇ ਤਅੱਲੁਕੇ ਦਾ ਸਦਰਮੁਕਾਮ ਹੈ ਜੋ ਐਲਗੰਡਲ ਤੋਂ ਲਗਭਗ 10 ਕਿ. ਮੀ. ਪੂਰਬ ਵਲ ਮਾਨਰ ਦਰਿਆ ਉਤੇ ਸਥਿਤ ਹੈ। ਜ਼ਿਲ੍ਹਾ ਪੱਧਰ ਦੇ ਦਫਤਰਾਂ ਤੋਂ ਇਲਾਵਾ ਇਥੇ ਜ਼ਿਲ੍ਹਾ

ਦੀਵਾਨੀ ਅਦਾਲਤ, ਡਿਸਪੈਂਸਰੀਆਂ ਅਤੇ ਕੁਝ ਸਕੂਲ ਹਨ। ਇਹ ਜ਼ਰੀ ਦੇ ਕੰਮ ਲਈ ਪ੍ਰਸਿੱਧ ਸ਼ਹਿਰ ਹੈ।

ਆਬਾਦੀ—86,125 (1981)

18°26′ ਉ. ਵਿਥ; 79° 8′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 41

**ਕਰੀਮ ਬਖ਼ਸ਼** : ਇਹ ਪੰਜਾਬੀ ਦਾ ਕਵੀ ਸੀ। ਇਸ ਦਾ ਜਨਮ 1785 ਵਿਚ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਇਹ ਸ਼ੇਅਰਾਂ ਵਿਚ ਬੁਝਾਰਤਾਂ ਅਤੇ ਅੜ੍ਹਾਉਣੀਆਂ ਲਿਖਣ ਦਾ ਮਾਹਰ ਸੀ। ਇਹ ਹਕੀਮ ਆਗਾ ਖ਼ਾਂ, ਮੀਆਂ ਇਲਾਹੀ ਬਖ਼ਸ਼ ਰਫ਼ੀਕ ਅਤੇ ਨਵਾਬ ਗਾਮੂੰ ਖ਼ਾਂ ਵਰਗੇ ਵੱਡੇ-ਵੱਡੇ ਕਵੀਆਂ ਦਾ ਉਸਤਾਦ ਸੀ। ਪਹਿਲਾਂ ਇਹ ਲੱਕੜਾਂ ਵੱਢ ਵੇਚ ਕੇ ਗੁਜ਼ਾਰਾ ਕਰਦਾ ਰਿਹਾ। ਵਡੇਰੀ ਉਮਰ ਵਿਚ ਜਦੋਂ ਅੱਖਾਂ ਦੀ ਰੋਸ਼ਨੀ ਘੱਟ ਗਈ ਤਾਂ ਇਹ ਲਾਟ ਸਾਹਿਬ ਦੇ ਦਫ਼ਤਰ ਵਿਚ ਪੱਖਾ ਝੱਲਣ ਦੀ ਡਿਊਟੀ ਤੇ ਲੱਗ ਕੇ ਗੁਜ਼ਾਰਾ ਕਰਦਾ ਰਿਹਾ।

ਇਸ ਦੀ ਕਿਤਾਬੀ ਪੜ੍ਹਾਈ ਨਾ ਹੋਣ ਦੇ ਬਰਾਬਰ ਸੀ, ਪਰ ਉਂਜ ਇਸ ਨੂੰ ਇਲਮ ਬਹੁਤ ਸੀ। ਇਹ ਤਬੀਅਤ ਦਾ ਬੜਾ ਹਸਮੁਖ ਸੀ। ਇਸ ਦੇ ਸ਼ੇਅਰਾਂ ਵਿਚ ਬੜੀ ਰਵਾਨੀ ਹੈ। ਇਹ ਛੇਤੀ ਅਤੇ ਢੁਕਵੇਂ ਸ਼ੇਅਰ ਲਿਖਣ ਵਿਚ ਮਾਹਰ ਸੀ। ਭਾਈ ਦਿਆਲ ਅੰਮ੍ਰਿਤਸਰੀ ਵਰਗੇ ਕਵੀਆਂ ਦੇ ਆਹਮੋ ਸਾਹਮਣੇ ਬੈਠ ਕੇ ਵੀ ਇਹ ਸ਼ੇਅਰਾਂ ਵਿਚ ਤੁਰੰਤ ਫ਼ੁਰਤ ਸਵਾਲ ਜਵਾਬ ਕਰ ਸਕਦਾ ਸੀ।

ਕਰੀਮ ਬਖ਼ਸ਼ ਨੇ ਹੀਰ ਦਾ ਕਿੱਸਾ ਅਤੇ ਬੈਂਤ ਤੇ ਡਿਉਢ ਲਿਖੇ ਹਨ। ਇਸ ਦੀ ਕਵਿਤਾ ਵਿਚ ਰੰਗੀਨੀ ਅਤੇ ਮਜ਼ਾਜੀ ਝਲਕ ਬਹੁਤ ਜ਼ਿਆਦਾ ਹੈ।

ਹ. ਪੁ.—ਪੰ. ਸ਼ਾ. ਤਜ਼.—159.

**ਕ੍ਰੀਮੀਆ** : ਰੂਸ ਵਿਚ ਯੂਕਰੇਨੀ ਸੋਵੀਅਤ ਸਮਾਜਵਾਦੀ ਗਣਤੰਤਰ ਦੀ ਇਕ ਆਬਲਸਤ ਹੈ ਜਿਸ ਦਾ ਕੁਲ ਖੇਤਰਫਲ 27,000 ਵ. ਕਿ. ਮੀ. ਅਤੇ ਆਬਾਦੀ 2,277,000 (1983) ਹੈ। ਇਹ ਮਾਸਕੋ ਨਾਲ ਸੜਕਾਂ ਦੁਆਰਾ ਜੁੜਿਆ ਹੋਇਆ ਹੈ।

ਸੰਨ 1921 ਵਿਚ ਕ੍ਰੀਮੀਆ ਨੂੰ ਇਕ ਆਜ਼ਾਦ ਗਣਰਾਜ ਹੋਣ ਦਾ ਐਲਾਨ ਕੀਤਾ ਗਿਆ ਉਦੋਂ ਤਕ ਇਥੋਂ ਦੀ ਵਸੋਂ ਮੁੱਖ ਤੌਰ ਤੇ ਤਾਤਾਰਾਂ ਦੀ ਹੀ ਸੀ ਪਰ ਦੂਜੇ ਸੰਸਾਰ ਯੁੱਧ ਤੋਂ ਬਾਅਦ ਤਾਤਾਰਾਂ ਨੂੰ ਭਜਾ ਦਿਤਾ ਕਿਉਂਕਿ ਉਨ੍ਹਾਂ ਨੇ ਜਰਮਨਾਂ ਦਾ ਸਾਥ ਦਿਤਾ ਸੀ। ਮਗਰੋਂ ਕ੍ਰੀਮੀਆ ਨੂੰ ਵੀ ਸੁਤੰਤਰ ਗਣਰਾਜ ਬਣਾਉਣ ਦੀ ਥਾਂ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਤੰਤਰ ਦਾ ਆਬਲਸਤ ਬਣਾ ਦਿਤਾ ਗਿਆ। ਸੰਨ 1954 ਵਿਚ ਇਸ ਨੂੰ ਯੂਕਰੇਨ ਆਬਲਸਤ ਦੇ ਤੌਰ ਤੇ ਮੁੜ ਸੰਗਠਿਤ ਕੀਤਾ ਗਿਆ।

ਆਬਲਸਤ ਦੇ ਉੱਤਰੀ ਭਾਗ ਵਿਚ ਜ਼ਿਆਦਾ ਕਰਕੇ ਖੇਤੀ-ਬਾੜੀ ਹੁੰਦੀ ਹੈ। ਸਰਦੀਆਂ ਦੀਆਂ ਮੁੱਖ ਫਸਲਾਂ ਕਣਕ, ਮੱਕੀ ਅਤੇ ਸੂਰਜਮੁੱਖੀ ਹਨ। ਇਥੋਂ ਦੀ ਜਲਵਾਯੂ ਖ਼ੁਸ਼ਕ ਹੋਣ ਕਰ ਕੇ ਸਿੰਜਾਈ ਨਹਿਰਾਂ ਦੁਆਰਾ ਕੀਤੀ ਜਾਂਦੀ ਹੈ। ਦੱਖਣੀ ਭਾਗ ਵਿਚ ਹੇਠਲੀਆਂ ਪਹਾੜੀ ਢਲਾਣਾਂ ਤੇ ਅੰਗੂਰਾਂ ਦੇ ਬਾਗ਼, ਵਧੀਆ ਕਿਸਮ ਦੇ ਤਮਾਕੂ ਅਤੇ ਇਤਰ ਲਈ ਫੁੱਲ ਉਗਾਏ ਜਾਂਦੇ ਹਨ। ਸ਼ਹਿਰਾਂ ਦੇ ਕੰਮ-ਧੰਦੇ ਵੀ ਬਹੁਤਾ ਕਰਕੇ ਜ਼ਰਾਇਤੀ ਉਪਜਾਂ ਤੇ ਹੀ ਨਿਰਭਰ ਹਨ ਖਾਸ ਕਰਕੇ ਸ਼ਰਾਬ ਬਨਾਉਣ ਵਿਚ। ਭਾਰੀ ਉਦਯੋਗਾਂ ਦਾ ਕੇਂਦਰ ਕਰਚ ਵਿਚ ਹੈ। ਇਥੋਂ ਕੱਚਾ ਲੋਹਾ ਕੱਢਿਆ ਜਾਂਦਾ ਹੈ। ਆਬਲਸਤ ਦੀ ਰਾਜਧਾਨੀ ਸਿੰਫਰਆਪਲ ਵਿਚ ਕਈ ਕਿਸਮ ਦੇ ਉਦਯੋਗ ਹਨ ਤੇ ਇਹ ਕ੍ਰੀਮੀਆ ਦਾ ਸਭਿਅਕ ਕੇਂਦਰ ਵੀ ਹੈ। ਇਥੇ ਚੂਨੇ ਦਾ ਪੱਥਰ ਅਤੇ ਡਾਇਆਰਾਈਟ ਦੇ ਪੱਥਰ ਦੀਆਂ ਖਾਣਾਂ ਹਨ।

ਦੱਖਣੀ ਤੱਟ ਤੇ ਸੈਲਾਨੀ ਕਾਰੋਬਾਰ ਉੱਨਤ ਹੈ। ਸੈਲਾਨੀਆਂ ਲਈ ਯਾਲਟਾ, ਗੁਰਜ਼ਫ, ਆਲੂਸ਼ਤਾ ਅਤੇ ਆਲੂਪਕਾ ਸੈਰਗਾਹਾਂ ਹਨ।

ਹ. ਪੁ.—ਐਨ. ਬ੍ਰਿ. ਮਾ. 3 : 241

**ਕ੍ਰੀਮੀਆ ਦੀ ਲੜਾਈ** : ਕ੍ਰੀਮੀਆ ਦੀ ਲੜਾਈ 1854-56 ਵਿਚ ਟਾਪੂ ਵਿਖੇ—ਇਕ ਪਾਸੇ ਰੂਸ ਅਤੇ ਦੂਸਰੇ ਪਾਸੇ ਇੰਗਲੈਂਡ, ਫਰਾਂਸ ਅਤੇ ਤੁਰਕੀ ਦੀ ਸਹਾਇਤਾ ਨਾਲ ਸਾਰਡੀਨੀਆ ਵਿਚਕਾਰ ਲੜੀ ਗਈ। ਇਸ ਜੰਗ ਦਾ ਪਿਛੋਕੜ ਵੱਡੀਆਂ ਤਾਕਤਾਂ ਦੇ ਹਿਤਾਂ ਵਿਚ ਤਣਾਉ, ਰਾਜਸੀ ਗ਼ਲਤੀਆਂ ਅਤੇ ਗਲਤਫਹਿਮੀਆਂ ਆਦਿ ਸਨ। ਸੰਨ 1853 ਵਿਚ ਤੁਰਕੀ ਦੀ ਸਥਿਤੀ ਬਾਰੇ ਗੱਲਬਾਤ ਹੋਈ ਅਤੇ ਰੂਸ ਦੇ ਨਿਕੋਲਸ ਪਹਿਲੇ ਨੂੰ ਬਰਤਾਨੀਆ ਦੇ ਰਵੱਈਏ ਤੋਂ ਤਸੱਲੀ ਹੋ ਗਈ ਕਿ ਉਹ ਕੋਈ ਗੜਬੜ ਨਹੀਂ ਕਰੇਗਾ। ਗਿਰਜੇ ਆਦਿ ਪਵਿੱਤ੍ਰ ਸਥਾਨਾਂ ਦੇ ਮਸਲੇ ਨੂੰ ਲੈ ਕੇ ਰੂਸ ਅਤੇ ਬਰਤਾਨੀਆ ਵਿਚਕਾਰ ਖਿਚੋਤਾਣ ਵਧ ਗਈ ਹੈ ਅਤੇ ਇਹ ਅਨੁਮਾਨ ਲਾਇਆ ਗਿਆ ਕਿ ਰੂਸ ਬਰਤਾਨੀਆ ਦੀ ਸਲਾਹ ਲਏ ਬਿਨਾਂ ਫਰਾਂਸ ਵਿਰੁੱਧ ਆਪਣੇ ਹੱਕਾਂ ਦੀ ਵਰਤੋਂ ਕਰ ਸਕਦਾ ਹੈ। ਮਈ, 1853 ਵਿਚ ਮੈਨਸ਼ਿਕੋਵ ਨੇ ਰੂਸੀ ਮੰਗਾਂ ਨੂੰ ਪੇਸ਼ ਕਰਦੇ ਹੋਏ ਮੰਗ ਕੀਤੀ ਕਿ ਰੂਸ ਦੇ ਸੰਧੀ ਹੱਕਾਂ ਨੂੰ ਮਾਨਤਾ ਦਿਤੀ ਜਾਏ, ਪਰ ਉਸ ਨੂੰ ਕੋਈ ਸੰਤੁਸ਼ਟੀ ਵਾਲਾ ਉੱਤਰ ਨਾ ਮਿਲਿਆ। ਬਰਤਾਨਵੀ, ਫਰਾਂਸੀਸੀ, ਆਸਟਰੀਅਨ ਅਤੇ ਪਰਸ਼ੀਅਨ ਪ੍ਰਤੀਨਿਧਾਂ ਨੇ ਵਿਚ ਪੈ ਕੇ ਸਮਝੌਤਾ ਕਰਵਾਉਣਾ ਚਾਹਿਆ ਜੋ ਸਿਰੇ ਨਾ ਚੜ੍ਹਿਆ। 23 ਅਕਤੂਬਰ ਨੂੰ ਤੁਰਕੀ ਦੇ ਉਮਰਪਾਸ਼ਾ ਨੇ ਰੂਸੀ ਫ਼ੌਜਾਂ ਉਤੇ ਹਮਲਾ ਕਰ ਦਿਤਾ ਅਤੇ 1 ਨਵੰਬਰ, ਨੂੰ ਰੂਸ ਨੇ ਜੰਗ ਦਾ ਐਲਾਨ ਕਰ ਦਿਤਾ। ਮਿੱਤਰ ਦੇਸ਼ਾਂ ਵਲੋਂ ਬਥੇਰੇ ਯਤਨ ਹੋਏ ਕਿ ਜੰਗ ਟਲ ਜਾਏ ਪਰ ਅਜਿਹਾ ਨਾ ਹੋਇਆ। ਇਸ ਮੰਤਵ ਲਈ ਚਾਰ ਨੁਕਤੇ ਰਖੇ ਗਏ ਪਰ ਪਾਰਟੀਆਂ ਤੀਸਰੇ ਨੁਕਤੇ ਤੇ ਰਜ਼ਾਮੰਦ ਨਾ ਹੋਈਆਂ ਅਤੇ ਜ਼ਬਰਦਸਤ ਲੜਾਈ ਸ਼ੁਰੂ ਹੋ ਗਈ ਜਿਸ ਦੇ ਮਹੱਤਵਪੂਰਨ ਸਿੱਟੇ ਨਿਕਲੇ। ਰੂਸੀ ਨੇਤਾਵਾਂ ਨੂੰ ਮਹਿਸੂਸ ਹੋਇਆ ਕਿ ਹਾਰ ਦੇ ਪਿਛੇ ਸਲਤਨਤ ਦਾ ਪਿਛਾਂਹ-ਖਿੱਚੂ ਰਵੱਈਆ ਸੀ ਅਤੇ ਸਮਾਜਕ ਪਰਿਸਥਿਤੀਆਂ ਯੂਰਪ ਵਿਚ ਮੌਜੂਦ ਪਰਿਸਥਿਤੀਆਂ ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਰੂਸ ਨੂੰ ਇਹ ਵੀ ਲੱਗਾ ਕਿ ਉਸ ਦਾ ਵਿਦੇਸ਼ਾਂ ਵਿਚ 1815 ਤੋਂ 1848 ਤਕ ਕੋਈ ਪ੍ਰਭਾਵ ਨਹੀਂ ਸੀ ਪਿਆ।

ਹ. ਪੁ.—ਐਨ. ਬ੍ਰਿ. 6 : 759

**ਕ੍ਰੀਮੀਆ ਪ੍ਰਾਇਦੀਪ** : ਇਹ ਯੂਕਰੇਨੀ ਸੋਵੀਅਤ ਸਮਾਜਵਾਦੀ ਗਣਤੰਤਰ (ਸੋ. ਸੰਘ) ਦਾ ਇਕ ਪ੍ਰਾਇਦੀਪ ਹੈ ਜੋ ਕਾਲੇ ਸਾਗਰ ਅਤੇ ਅਜ਼ੋਵ ਸਾਗਰ ਦੇ ਵਿਚਕਾਰ ਸਥਿਤ ਹੈ। ਇਸ ਦਾ ਕੁਲ ਖੇਤਰਫਲ 27,000 ਵ. ਕਿ. ਮੀ. ਅਤੇ ਆਬਾਦੀ 2,277,000 (1983) ਹੈ। ਇਹ ਪ੍ਰਾਇਦੀਪ ਮੁੱਖ ਧਰਤੀ ਨਾਲ 27 ਕਿ. ਮੀ. ਚੌੜੇ ਪੈਰੋਕਾਪ ਥਲ-ਜੋੜ ਨਾਲ ਜੁੜਿਆ ਹੋਇਆ ਹੈ। ਕ੍ਰੀਮੀਆ ਅਤੇ ਮੁੱਖ ਧਰਤੀ ਵਿਚਕਾਰ ਸ਼ਿਵਾਸ ਝੀਲ ਹੈ, ਇਸੇ ਝੀਲ ਅਤੇ ਅਜ਼ੋਵ ਸਾਗਰ ਵਿਚਾਲੇ ਬਹੁਤ ਵੱਡਾ ਰੇਤ ਦਾ ਮੈਦਾਨ ਹੈ। ਕ੍ਰੀਮੀਆ ਦਾ ਉੱਤਰੀ ਅਤੇ ਕੇਂਦਰੀ ਹਿੱਸਾ ਜੋ ਉਪਦੀਪ ਦਾ ਲਗਭਗ 75% ਹੈ ਇਸ ਪੱਧਰਾ ਤੇ ਖੁਸ਼ਕ ਮੈਦਾਨ ਹੈ। ਪ੍ਰਾਇਦੀਪ ਦੇ ਦੱਖਣੀ ਹਿੱਸੇ ਵਿਚ ਘਣੇ ਜੰਗਲਾਂ ਨਾਲ ਢਕੀਆਂ ਕ੍ਰੀਮੀਆ ਪਰਬਤਾਂ ਦੀਆਂ ਤਿੰਨ ਸਮਾਨਾਂਤਰ ਲੜੀਆਂ ਹਨ। ਇਥੋਂ ਦੀ ਜਲਵਾਯੂ ਮੌਅਤਦਿਲ ਹੈ ਜੋ ਸਿਹਤ ਲਈ ਲਾਹੇਵੰਦ ਵੀ ਹੈ ਜਿਸ ਕਰਕੇ ਇਹ ਟਾਪੂ ਲੋਕਾਂ ਦਾ ਛੁੱਟੀਆਂ ਗੁਜ਼ਾਰਨ ਦਾ ਮੁੱਖ ਸਥਾਨ ਹੈ। ਛੇਵੀਂ ਈ. ਪੂ. ਤੋਂ ਬਾਅਦ ਯੂਨਾਨੀ ਬਸਤੀ-ਵਾਦਾਂ ਨੇ ਇਸ ਸਥਾਨ ਨੂੰ ਆਬਾਦ ਕੀਤਾ, ਬਾਅਦ ਵਿਚ ਇਹ ਸਮੇਰੀਅਨ ਬਾਸਪਾਰਸ ਦੇ ਅਧਿਕਾਰ ਹੇਠ ਆ ਗਿਆ ਪਰ ਬਰਬਰ ਹਮਲਾਵਰਾਂ ਨੇ ਇਸ ਨੂੰ ਉਜਾੜ ਦਿਤਾ। ਕਾਫ਼ੀ ਚਿਰ ਤਕ ਕ੍ਰੀਮੀਆ ਦੇ ਤਾਤਾਰਾਂ ਦਾ ਘਰ ਬਣਿਆ ਰਹਿਣ ਤੋਂ ਬਾਅਦ ਹੁਣ 1788 ਈ. ਤੋਂ ਇਕ ਪ੍ਰਾਇਦੀਪ ਰੂਸ ਦੇ ਅਧਿਕਾਰ ਹੇਠ ਹੈ।

ਹ. ਪੁ.—ਐਨ. ਬ੍ਰਿ. ਮਾ. 3 : 242

**ਕਰੀਵਾਇ ਰਾਕ** : ਯੂਕਰੇਨੀ ਸੋਵੀਅਤ ਸਮਾਜਵਾਦੀ ਗਣਰਾਜ (ਸੋ. ਸੰਘ) ਦੀ ਨੈਪਰੋਪਰਾਫਸਕ ਆਬਲਸਤ ਦਾ ਇਹ ਸ਼ਹਿਰ ਹੈ

ਜਿਹੜਾ ਇੰਗਲਯੈਟਸ ਅਤੇ ਸਾਕਸਾਗਾਨ ਦਰਿਆਵਾਂ ਦੇ ਸੰਗਮ ਉਤੇ ਸਥਿਤ ਹੈ। ਸਤਾਰ੍ਹਵੀਂ ਸਦੀ ਵਿਚ ਜ਼ਾਪਰਾਜ਼ੀਅਨ ਕਾਜ਼ਾਕਾਂ ਨੇ ਇਸ ਸ਼ਹਿਰ ਦੀ ਇਕ ਪਿੰਡ ਵਜੋਂ ਨੀਂਹ ਰਖੀ ਸੀ। ਸੰਨ 1881 ਵਿਚ ਫਰਾਂਸੀਸੀ ਕੰਪਨੀ ਇਥੋਂ ਦੇ ਸਥਾਨਕ ਕੱਚੇ ਲੋਹੇ ਦੇ ਨਿਖੇਪਾਂ ਸਬੰਧੀ ਕੰਮ ਕਰਨ ਲਗ ਪਈ ਅਤੇ 1884 ਈ. ਵਿਚ ਡੋਨੈਟਸ ਬੇਸਿਨ ਦੇ ਕੋਲਾ ਖੇਤਰ ਵਲ ਨੂੰ ਇਕ ਰੇਲ ਮਾਰਗ ਬਣਾ ਦਿਤਾ ਗਿਆ। ਉਦੋਂ ਤੋਂ ਲੈ ਕੇ ਕਰੀਵਾਇ ਰਾਕ ਰੂਸ ਦਾ ਲੋਹੇ ਦੀ ਖਾਣ-ਖੁਦਾਈ ਦਾ ਇਕ ਵੱਡਾ ਸ਼ਹਿਰ ਬਣ ਗਿਆ ਅਤੇ ਆਪਣੇ ਉਪਨਗਰਾਂ ਸਮੇਤ ਇਹ ਸ਼ਹਿਰ ਲੋਹੇ ਦੀ ਕੱਚੀ ਧਾਤ ਦੇ ਨਿਖੇਪਾਂ ਦੇ ਨਾਲ ਕੋਈ 29 ਕਿ. ਮੀ. ਦੀ ਲੰਬਾਈ ਤੋਂ ਵੀ ਵਧੇਰੇ ਫੈਲਿਆ ਹੋਇਆ ਹੈ। ਸ਼ਹਿਰ ਵਿਚ ਅਤੇ ਸ਼ਹਿਰ ਦੇ ਆਲੇ-ਦੁਆਲੇ ਕੱਚੀ ਧਾਤ ਤਿਆਰ ਕਰਨ ਅਤੇ ਗੋਲੀਆਂ ਬਣਾਉਣ ਦੇ ਕਾਰਖ਼ਾਨੇ ਅਤੇ ਲੋਹੇ ਅਤੇ ਫੋਲਾਦ ਦੇ ਵੱਡੇ ਵੱਡੇ ਉਦਯੋਗ ਸਥਾਪਤ ਹਨ। ਹੋਰ ਉਦਯੋਗ ਪੱਥਰ ਦਾ ਕੋਲਾ, ਮਸ਼ੀਨਾਂ (ਵਿਸ਼ੇਸ਼ ਕਰਕੇ ਖਾਣ-ਖੁਦਾਈ ਉਦਯੋਗ ਲਈ) ਹੀਰੇ ਤੋਂ ਵਰਮੇ, ਸੀਮਿੰਟ, ਅਤੇ ਖਾਣ ਵਾਲੀਆਂ ਚੀਜ਼ਾਂ ਤਿਆਰ ਕਰਨ ਨਾਲ ਸਬੰਧਤ ਹਨ। ਇਥੇ ਅਧਿਆਪਕ ਸਿਖਲਾਈ ਸੰਸਥਾ ਤੋਂ ਇਲਾਵਾ ਖਣਿਜਾਂ ਦੀ ਖਾਣ-ਖੁਦਾਈ ਸਬੰਧੀ ਸੰਸਥਾ ਵੀ ਸਥਾਪਤ ਹੈ।

ਆਬਾਦੀ—674,000 (1983 ਅੰਦਾ.)
47°55′ ਉ. ਵਿਥ. ; 33°21′ ਪੂ. ਲੰਬ.
ਹ. ਪੁ.—ਐਨ. ਬ੍ਰਿ. ਮਾ. 5 : 919

**ਕਰੁਕਸ, ਸਰ ਵਿਲਿਅਮ :** ਇਸ ਭੌਤਿਕ ਅਤੇ ਰਸਾਇਣ-ਵਿਗਿਆਨੀ ਦਾ ਜਨਮ ਲੰਡਨ ਵਿਖੇ 17 ਜੂਨ, 1832 ਨੂੰ ਹੋਇਆ। ਇਸ ਨੇ ਥੈਲੀਅਮ ਤੱਤ ਦੀ ਖੋਜ ਕੀਤੀ ਅਤੇ ਪਰਮਾਣਵੀ ਭੌਤਿਕ-ਵਿਗਿਆਨ ਦੇ ਵਿਕਾਸ ਲਈ ਕੈਥੋਡ-ਕਿਰਨਾਂ ਦਾ ਅਧਿਐਨ ਕੀਤਾ। 'ਰੌਇਲ ਕਾਲਜ ਆਫ਼ ਕੈਮਿਸਟਰੀ ਲੰਡਨ' ਤੋਂ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਸੰਨ 1854 ਵਿਚ ਇਹ ਆਕਸਫੋਰਡ ਵਿਖੇ ਰੈਡਕਲਿਫ਼ ਆਬਜ਼ਰਵੇਟਰੀ (ਪ੍ਰੇਖਣਸ਼ਾਲਾ) ਦੇ ਮੀਟੀਓਰੋਲੋਜਿਕਲ ਵਿਭਾਗ ਦਾ ਸੁਪਰਡੰਟ ਬਣ ਗਿਆ। ਸੰਨ 1856 ਵਿਚ ਇਸ ਨੇ ਲੰਡਨ ਵਿਚ ਆਪਣੀ ਪ੍ਰਾਈਵੇਟ ਪ੍ਰਯੋਗਸ਼ਾਲਾ ਵਿਚ ਸਾਇੰਸ ਸਬੰਧੀ ਕਈ ਕਿਸਮ ਦਾ ਕੰਮ ਕੀਤਾ। ਰੇਅਰੀਕ੍ਰਿਤ ਗੈਸਾਂ ਵਿਚੋਂ ਬਿਜਲਈ ਡਿਸਚਾਰਜ ਲੰਘਾਉਣ ਦੀਆਂ ਖੋਜਾਂ ਦੁਆਰਾ ਇਸ ਨੇ ਅਦੀਪਤ ਖੇਤਰ ਦਾ ਪਤਾ ਲਾਇਆ, ਜਿਸ ਨੂੰ ਅੱਜ ਕੱਲ੍ਹ ਕੈਥੋਡ ਦੁਆਲੇ ਕਰੁਕਸ ਡਾਰਕ ਸਪੇਸ ਕਿਹਾ ਜਾਂਦਾ ਹੈ। ਇਸ ਨੇ ਸਿੱਧ ਕੀਤਾ ਕਿ ਕੈਥੋਡ ਕਿਰਨਾਂ ਸਿੱਧੀਆਂ ਰੇਖਾਵਾਂ ਵਿਚ ਚਲਦੀਆਂ ਹਨ ਅਤੇ ਕੁਝ ਵਿਸ਼ੇਸ਼ ਪਦਾਰਥਾਂ ਨਾਲ ਟਕਰਾ ਕੇ ਤਾਪ ਅਤੇ ਚਮਕ ਉਤਪੰਨ ਕਰਦੀਆਂ ਹਨ। ਇਸ ਨੇ ਕੈਥੋਡ ਕਿਰਨਾਂ ਦੇ ਗੁਣਾਂ ਦਾ ਅਧਿਐਨ ਕਰਨ ਲਈ ਕਈ ਯੰਤਰ ਬਣਾਏ ਪ੍ਰੰਤੂ ਮਾਦੇ ਦੀ ਚੌਥੀ ਅਵਸਥਾ ਜਾਂ ਵਿਕੀਰਨ-ਮਾਦੇ ਦਾ ਸਿਧਾਂਤ ਕਈ ਪੱਖਾਂ ਤੋਂ ਠੀਕ ਸਿੱਧ ਨਾ ਹੋਇਆ।

ਜਦੋਂ ਰਾਬਰਟ ਬੁਨਸਨ ਅਤੇ ਜੀ. ਕਿਰਕੌਫ਼ ਨੇ ਸਪੈਕਟ੍ਰਮ ਦਾ ਵਿਸ਼ਲੇਸ਼ਣ ਕੀਤਾ ਤਾਂ ਕਰੁਕਸ ਨੇ ਸਿਲੀਨੀਅਮ ਯੋਗਿਕਾਂ ਦਾ ਅਧਿਐਨ ਕਰਨ ਲਈ ਇਕ ਨਵਾਂ ਢੰਗ ਵਰਤਿਆ। ਸੰਨ 1861 ਵਿਚ ਇਸ ਨੇ ਸਿਲੀਨੀ-ਫ਼ੇਰਸ ਦੀਆਂ ਡਿਪਾਜ਼ਿਟਾਂ ਵਿਚ ਥੈਲੀਅਮ ਲੱਭਿਆ। ਇਸ ਨੇ ਇਕ ਨਵੇਂ ਤੱਤ ਉਤੇ ਖੋਜ ਜਾਰੀ ਰਖੀ ਅਤੇ ਇਸ ਨੂੰ ਵਖਰਾ ਕਰਕੇ ਸੰਨ 1873 ਵਿਚ ਇਸ ਦਾ ਪਰਮਾਣੂ ਭਾਰ ਲੱਭਿਆ।

ਨਿਰਵਾਯੂ ਹਾਲਤਾਂ ਵਿਚ ਥੈਲੀਅਮ ਦੇ ਗੁਣਾਂ ਦਾ ਅਧਿਐਨ ਕਰਨ ਲਗਿਆਂ ਇਸ ਨੇ ਕਰੁਕਸ ਰੇਡੀਉ ਮੀਟਰ ਦੇ ਸਿਧਾਂਤ ਦੀ ਖੋਜ ਕੀਤੀ। ਇਸ ਯੰਤਰ ਨਾਲ ਪ੍ਰਕਾਸ਼ ਵਿਕੀਰਨ ਨੂੰ ਘੁੰਮਣ ਗਤੀ ਵਿਚ ਬਦਲਿਆ ਜਾਂਦਾ ਹੈ। ਇਸ ਸਿਧਾਂਤ ਦੀ ਵਰਤੋਂ ਮਿਣਤੀ ਕਰਨ ਵਾਲੇ ਕਈ ਸੂਖਮ ਯੰਤਰਾਂ ਦੇ ਵਿਕਾਸ ਲਈ ਕੀਤੀ ਗਈ ਹੈ।


ਕਰੁਕਸ, ਸਰ ਵਿਲਿਅਮ

ਸੰਨ 1870 ਦੌਰਾਨ ਕਰੁਕਸ ਨੇ ਅਧਿ-ਆਤਮਵਾਦ ਦਾ ਅਧਿਐਨ ਸ਼ੁਰੂ ਕਰ ਦਿਤਾ। ਭਾਵੇਂ ਦੂਸਰੇ ਸਾਇੰਸਦਾਨਾਂ ਨੇ ਇਸ ਦਾ ਵਿਰੋਧ ਕੀਤਾ ਫਿਰ ਵੀ ਇਹ 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂ ਤਕ ਮਾਨਸਿਕ ਰੋਗਾਂ ਦੇ ਲੱਛਣਾਂ ਦਾ ਪਤਾ ਲਾਉਣ ਵਾਲੇ ਪ੍ਰਸਿੱਧ ਵਿਅਕਤੀਆਂ ਵਿਚੋਂ ਇਕ ਮੰਨਿਆ ਜਾਣ ਲੱਗਾ। ਸੰਨ 1900 ਵਿਚ ਇਸ ਨੇ ਰੇਡੀਓ-ਐਕਟਿਵਤਾ ਵਲ ਧਿਆਨ ਦਿਤਾ ਅਤੇ ਸਪਿਨਥੈਰੀਸਕੋਪ ਯੰਤਰ ਦੀ ਖੋਜ ਕੀਤੀ। ਇਸ ਯੰਤਰ ਨਾਲ ਐਲਫ਼ਾ ਕਣਾਂ ਨੂੰ ਡਿਟੈਕਟ ਕੀਤਾ ਜਾਂਦਾ ਹੈ।

ਅੰਤ ਵਿਚ 4 ਅਪ੍ਰੈਲ, 1919 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 254

**ਕਰੁਣਾ ਰਸ :** ਆਚਾਰੀਆ ਵਿਸ਼ਵਨਾਥ ਨੇ ਲਿਖਿਆ ਹੈ ਕਿ ਮਨਚਾਹੀ ਵਸਤੂ ਦੀ ਹਾਨੀ ਅਤੇ ਅਣਚਾਹੀ ਵਸਤੂ ਦੀ ਪ੍ਰਾਪਤੀ ਤੋਂ ਜਿਥੇ ਸ਼ੋਕ ਭਾਵ ਦੀ ਪੁਸ਼ਟੀ ਹੋਵੇ ਉਥੇ ਕਰੁਣਾ ਰਸ ਹੁੰਦਾ ਹੈ। ਇਸ ਦਾ ਰੰਗ ਕਬੂਤਰ ਵਾਂਗ ਹੁੰਦਾ ਹੈ ਅਤੇ ਇਸ ਦਾ ਦੇਵਤਾ 'ਯਮ' ਹੈ।

ਸ਼ੋਕ ਇਸ ਦਾ ਸਥਾਈ ਭਾਵ ਹੈ। ਮਨਬਾਂਛਤ ਵਿਅਕਤੀ ਜਾਂ ਵਸਤੂ ਦੇ ਨਾਸ਼ ਤੋਂ ਪੈਦਾ ਹੋਈ ਚਿੱਤ ਦੀ ਵਿਆਕੁਲਤਾ ਨੂੰ 'ਸ਼ੋਕ' ਕਹਿੰਦੇ ਹਨ।

ਪ੍ਰੀਤਮਾਨ ਦਾ ਨਾਸ਼, ਪ੍ਰੀਤਮ ਦਾ ਵਿਯੋਗ, ਧਨ ਦਾ ਨੁਕਸਾਨ, ਹੱਤਿਆ, ਉਪਦ੍ਰਵ ਆਦਿ ਇਸ ਦੇ ਆਲੰਬਨ ਵਿਭਾਵ ਹਨ।

ਪ੍ਰਿਯ ਵਸਤੂ ਦੀ ਯਾਦ, ਪ੍ਰੀਤਮਾਨ ਦੇ ਗੁਣਾਂ ਦਾ ਵਰਣਨ, ਬਸਤ੍ਰ, ਗਹਿਣੇ, ਚਿਤ੍ਰ ਆਦਿਕਾਂ ਦਾ ਦਰਸ਼ਨ, ਕਸ਼ਟ ਦੀ ਕਲਪਨਾ, ਦੁੱਖ ਦੀ ਅਵਸਥਾ ਆਦਿ ਇਸ ਦੇ ਉਦੀਪਨ ਵਿਭਾਵ ਹਨ।

ਹੰਝੂਆਂ ਦਾ ਵਹਾਉਣਾ, ਹੌਕੇ ਭਰਨਾ, ਹਿੱਕ ਪਿੱਟਣਾ, ਮੂਰਛਾ, ਧਰਤੀ ਤੇ ਡਿਗਣਾ, ਵਿਰਲਾਪ, ਰੱਬ ਨੂੰ ਕੋਸਣਾ ਆਦਿ ਇਸ ਦੇ ਅਨੁਭਾਵ ਹਨ।

ਗਿਲਾਨੀ, ਚਿੰਤਾ, ਉਤਸੁਕਤਾ, ਆਵੇਗ, ਮੋਹ, ਭੈਅ, ਵਿਸ਼ਾਦ, ਦੀਨਤਾ, ਜੜ੍ਹਤਾ, ਉਨਮਾਦ, ਮਿਰਗੀ, ਆਲਸ, ਠਿਠੰਬਰਨਾ, ਕਾਂਬਾ, ਰੋਮਾਂਚ, ਗਲਾ ਭਰਨਾ ਆਦਿ ਕਰੁਣਾ ਰਸ ਦੇ ਸੰਚਾਰੀ ਭਾਵ ਹਨ।

ਆਚਾਰੀਆ ਨੇ ਸ਼ਿੰਗਾਰ ਰਸ ਤੋਂ ਬਾਅਦ ਕਰੁਣਾ ਰਸ ਨੂੰ ਉੱਚ ਸਥਾਨ ਦਿੱਤਾ ਹੈ। ਕਈ ਸੰਸਕ੍ਰਿਤ ਅਚਾਰੀਆ ਅਤੇ ਕਵੀ ਕਰੁਣਾ ਨੂੰ ਸ਼ਿੰਗਾਰ ਤੋਂ ਪਹਿਲਾ ਦਰਜਾ ਦਿੰਦੇ ਹਨ। ਸੰਸਕ੍ਰਿਤ ਨਾਟਕਕਾਰ ਭਵਭੂਤੀ ਨੇ ਤਾਂ ਇਥੋਂ ਤਕ ਕਿਹਾ ਕਿ 'ਏਕੋ ਰਸ : ਕਰੁਣ ਏਵ ਨਿਮਿੱਤ ਭੇਦਾਤ.....................' ਅਰਥਾਤ ਅਸਲ ਵਿਚ ਰਸ ਇਕੋ ਹੀ ਹੈ ਅਤੇ ਉਹ ਕਰੁਣਾ ਹੈ, ਬਾਕੀ ਤਾਂ ਉਸੇ ਦੇ ਭੇਦ ਜਾਂ ਰੂਪ ਹਨ। ਕਰੁਣਾ ਰਸ ਨੂੰ ਪਾਣੀ ਨਾਲ ਉਪਮਾਇਆ ਹੈ, ਬਾਕੀ ਰਸਾਂ ਨੂੰ ਬੁਲ-ਬੁਲਿਆਂ ਨਾਲ। ਕਾਰਨ ਇਹ ਹੈ ਕਿ ਕਰੁਣਾ ਦਾ ਅਹਿਸਾਸ ਬਹੁਤ ਤੀਬਰ ਹੁੰਦਾ ਹੈ ਅਤੇ ਇਕ ਦਿਨ ਦਾ ਕਰੁਣਕ ਦੁਖ ਸੌ ਦਿਨ ਦੇ ਸੁਖ ਉਤੇ ਪਾਣੀ ਫੇਰ ਦਿੰਦਾ ਹੈ।

ਆਚਾਰੀਆ ਨੇ ਕਰੁਣਾ ਰਸ ਦੇ ਭੇਦ ਵੀ ਗਿਣਾਏ ਹਨ। ਭਰਤ ਮੁਨੀ ਨੇ ਧਰਮੋਪਘਾਤਜ, ਅਪਚਯੋਦਭਵ ਅਤੇ ਸ਼ੋਕਕ੍ਰਿਤ ਨਾਮਕ ਤਿੰਨ

ਭੇਦ ਮੰਨੇ ਹਨ। ਭਾਨੁਦੱਤ ਨੇ 'ਰਸ ਤਰੰਗਿਣੀ' ਵਿਚ ਸੁਨਿਸ਼ਠ ਅਤੇ ਪਰਨਿਸ਼ਠ ਦੋ ਭੇਦ ਦਸੇ ਹਨ। 'ਭਾਵ ਪ੍ਰਕਾਸ਼' ਵਿਚ ਕਰੁਣਾ ਦੇ ਮਾਨਸ, ਵਾਚਿਕ ਅਤੇ ਕਰਮ, ਇਹ ਤਿੰਨ ਭੇਦ ਲਿਖੇ ਹਨ । ਮਾਤ੍ਰਾ ਭੇਦ ਤੋਂ ਵੀ ਕਰੁਣਾ ਰਸ ਦੇ ਅਤਿਕਰੁਣ; ਮਹਾਕਰੁਣ; ਲਘੁਕਰੁਣ ਅਤੇ ਸੁਖਕਰੁਣ ਭੇਦ ਵੀ ਨਿਰੂਪਤ ਕੀਤੇ ਹਨ। ਗੁਰੂ ਨਾਨਕ ਦੇਵ ਜੀ ਕਰੁਣਾ ਰਸ ਦਾ ਚਿਤਰ ਇਉਂ ਪੇਸ਼ ਕਰਦੇ ਹਨ :—

ਜਿਨਿ ਸਿਰਿ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ ।
ਸੇ ਸਿਰ ਕਾਤੀ ਮੁੰਨੀਅਨਿ
ਗਲ ਵਿਚਿ ਆਵੈ ਧੂੜਿ ।
ਮਹਲਾ ਅੰਦਰਿ ਹੋਦੀਆ,
ਹੁਣਿ ਬਹਣਿ ਨ ਮਿਲਨਿ ਹਦੂਰਿ । (ਆਸਾ ਅ : ਮ : : ੧)

ਗੁਰੂ ਨਾਨਕ ਜੀ ਨੇ ਯਵਨ-ਰਾਜ ਦੇ ਅਤਿਆਚਾਰਾਂ ਦਾ ਵਰਨਣ ਕੀਤਾ ਹੈ ਅਤੇ ਸੁਆਣੀਆਂ ਦੀ ਦੁਰਦਸ਼ਾ ਚਿਤ੍ਰਤ ਕੀਤੀ ਹੈ। ਜਿਹੜੀਆਂ ਕੇਸ ਪੱਟੀਆਂ ਦਾ ਨਿੱਤ ਨਵਾਂ ਸ਼ਿੰਗਾਰ ਕਰਦੀਆਂ ਸਨ ਅੱਜ ਉਨ੍ਹਾਂ ਦੇ ਕੇਸ ਮੁੰਨ ਦਿੱਤੇ ਗਏ, ਜਿਹੜੀਆਂ ਮਹਿਲਾਂ ਵਿਚ ਸੁਖ ਨਿਵਾਸ ਕਰਦੀਆਂ ਸਨ ਅੱਜ ਦਰ ਦਰ ਧੱਕੇ ਖਾਂਦੀਆਂ ਹਨ।

ਇਥੇ ਸ਼ੋਕ ਸਥਾਈ ਭਾਵ ਪ੍ਰਤੱਖ ਹੈ। ਅਪਮਾਨਤ ਇਸਤਰੀਆਂ ਆਲੰਬਨ ਵਿਭਾਵ ਹੈ। ਦੁਖ ਦੀ ਅਵਸਥਾ ਉਦੀਪਨ ਹਨ। ਦਰੋਂ ਬੇ ਦਰ ਹੋਣਾ, ਵਾਲਾਂ ਦਾ ਧੂੜ ਲਿਬੜਿਆ ਹੋਣਾ ਆਦਿ ਅਨੁਭਾਵ ਹਨ। ਗਿਲਾਨੀ, ਚਿੰਤਾ, ਰੱਬ ਨੂੰ ਉਲਾਂਭੇ ਆਦਿ ਸੰਚਾਰੀ ਹਨ। ਇਹ ਸ਼ੋਕ ਪੁਸ਼ਟ ਹੋ ਕੇ ਕਰੁਣਾ ਰਸ ਦਾ ਰੂਪ ਧਾਰਨ ਕਰਦਾ ਹੈ।

ਹ. ਪੁ.—ਭਾਰਤੀ ਕਾਵਿ ਸ਼ਾਸਤ੍ਰ—ਪ੍ਰੇਮ ਪ੍ਰਕਾਸ਼ ਸਿੰਘ 1

**ਕਰੁਪਸਕਾਯਾ, ਨਾਦੇਜ਼ਦਾ ਕੋਂਸਤਾਂਤਿਨੋਵਨਾ** : ਸੋਵੀਅਤ ਰੂਸ ਦੀ ਇਸ ਕ੍ਰਾਂਤੀਕਾਰੀ ਔਰਤ ਦਾ ਜਨਮ 26 ਫਰਵਰੀ, 1869 ਨੂੰ ਪੀਟਰਜ਼ਬਰਗ ਸ਼ਹਿਰ ਵਿਚ ਹੋਇਆ। ਸੋਵੀਅਤ ਕਮਿਊਨਿਸਟ ਦਲ ਦੇ ਆਗੂ ਵੀ. ਆਈ. ਲੈਨਿਨ ਦੀ ਇਹ ਮਿੱਤਰ ਅਤੇ ਪਤਨੀ ਸੀ। ਇਸਦੇ ਜਨਮ ਸ਼ਹਿਰ ਪੀਟਰਜ਼ਬਰਗ ਵਿਚ ਲੈਨਿਨ ਵਲੋਂ 'ਮਜ਼ਦੂਰ ਵਰਗ ਮੁਕਤੀ ਸੰਘਰਸ਼ ਸੰਘ' ਦੀ ਸਥਾਪਨਾ ਕੀਤੀ ਗਈ ਅਤੇ ਇਸ ਨੇ 1895 ਈ. ਵਿਚ ਇਸ ਸੰਘ ਵਿਚ ਯੋਗਦਾਨ ਦਿਤਾ। ਇਸ ਨੇ 1897-1900 ਤਕ ਲੈਨਿਨ ਨਾਲ ਸਾਇਬੇਰੀਆ ਵਿਚ ਦੇਸ਼ ਨਿਕਾਲਾ ਕੱਟਿਆ। ਅਗਲੇ ਹੀ ਵਰ੍ਹੇ ਇਸ ਨੇ ਕੁਝ ਨਾਮੀ ਸਮਾਚਾਰ ਪੱਤਰਾਂ ਵਿਚ ਸੰਪਾਦਕੀ ਵਿਭਾਗ ਦੀ ਸਕੱਤਰ ਵਜੋਂ ਕੰਮ ਕੀਤਾ। ਸੰਨ 1917 ਵਿਚ ਦੇਸ਼ ਵਾਪਸੀ ਤੇ ਕਮਿਊਨਿਸਟ ਦਲ ਦੀ ਕੇਂਦਰੀ ਸੰਮਤੀ ਵਿਚ ਕੰਮ ਕਰਦੀ ਰਹੀ ਅਤੇ 1927 ਈ. ਵਿਚ ਇਸੇ ਦਲ ਦੀ ਮੈਂਬਰ ਚੁਣੀ ਗਈ। ਸੰਨ 1929 ਵਿਚ ਰੂਸੀ ਸੰਘਾਤਮਕ ਯੂਨੀਅਨ ਦੇ ਸਿੱਖਿਆ ਵਿਭਾਗ ਵਿਚ ਡਿਪਟੀ ਪੀਪਲਜ਼ ਕਮਿਸ਼ਨਰ ਨਿਯੁਕਤ ਹੋਈ । ਲੋਕ ਸਿਖਿਆ ਸਬੰਧੀ ਪ੍ਰਭਾਵਸ਼ਾਲੀ ਵਿਚਾਰ ਅਤੇ ਸਿਖਿਆ ਵਿਗਿਆਨ ਸਬੰਧੀ ਲੇਖਾਂ ਅਤੇ ਲੈਨਿਨ ਜੀਵਨੀ ਇਸ ਦੀਆਂ ਕਿਰਤਾਂ ਹਨ।

27 ਫਰਵਰੀ, 1939 ਈ. ਨੂੰ ਮਾਸਕੋ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 250

**ਕਰੂ** : ਇਹ ਲਾਈਬਿਰੀਆ ਦੇ ਤੱਟ ਉਤੇ ਕੈਸਟਾਸ ਦਰਿਆ ਅਤੇ ਹਰਪਾਰ ਸ਼ਹਿਰ ਦੇ ਵਿਚਕਾਰ ਵਸਣ ਵਾਲਾ ਇਕ ਕਬੀਲਾ ਹੈ । ਇਸ ਦੇ ਲੋਕ ਛੋਟੇ ਕੱਦ ਦੇ ਗੱਠੇ ਹੋਏ ਸਰੀਰ ਵਾਲੇ ਹਨ ਜੋ ਨਾਈਜਰ-ਕਾਂਗੋ ਪਰਿਵਾਰ ਦੀ ਕਵਾ ਭਾਸ਼ਾ ਬੋਲਦੇ ਹਨ।

ਇਹ ਲੋਕ ਅਫਰੀਕਾ ਦੇ ਪੱਛਮੀ ਤੱਟ ਤੇ ਜਹਾਜ਼ੀ ਕੁਲੀਆਂ ਅਤੇ ਮਛੇਰਿਆਂ ਦਾ ਕੰਮ ਕਰਦੇ ਹਨ। ਇਨ੍ਹਾਂ ਨੇ ਡਾਕਾਰ, ਸੈਨੇਗਾਲ, ਡੁਆਲਾ, ਕੈਮਰੂਨ ਤੱਕ ਕਾਫੀ ਹਿੱਸੇ ਵਿਚ ਆਪਣੀਆਂ ਬਸਤੀਆਂ ਬਣਾਈਆਂ ਹੋਈਆਂ ਹਨ। ਲਾਈਬਿਰੀਆ ਦਾ ਲਗਭਗ ਤੀਜਾ ਹਿੱਸਾ ਇਨ੍ਹਾਂ ਨੇ ਮੱਲਿਆ ਹੋਇਆ ਹੈ। ਪੂਰਬ ਵਲੋਂ 15ਵੀਂ ਤੋਂ 17ਵੀਂ ਸਦੀ ਵਿਚ ਕਰੂ ਉੱਤਰ-ਪੂਰਬ ਵਲੋਂ ਦੇਸ਼ ਵਿਚ ਦਾਖ਼ਲ ਹੋਏ ਸਨ। ਇਨ੍ਹਾਂ ਦੀਆਂ ਲਗਭਗ 20 ਗੋਤਰ ਜਾਂ ਅੰਤਰ ਕਬੀਲੇ ਹਨ ਜੋ ਬੋਲੀ ਅਤੇ ਸੰਸਕ੍ਰਿਤੀ ਵਿਚ ਇਕ ਦੂਜੇ ਤੋਂ ਭਿੰਨ ਹਨ। ਇਨ੍ਹਾਂ ਦੇ ਆਪਣੇ ਮੁਖੀ ਅਤੇ ਅਧਿਕਾਰੀ ਹੁੰਦੇ ਹਨ ਜਿਨ੍ਹਾਂ ਨੂੰ ਖਾਸ ਖ਼ਿਤਾਬ ਵੀ ਹਾਸਲ ਸਨ। ਸੰਨ 1920 ਵਿਚ ਲਾਈਬਿਰੀਅਨ ਸਰਕਾਰ ਨੇ ਰਾਜ-ਪ੍ਰਬੰਧ ਨੂੰ ਜ਼ਿਆਦਾ ਕੇਂਦਰੀਕ੍ਰਿਤ ਕਰਨ ਕਰਕੇ ਹੁਣ ਇਨ੍ਹਾਂ ਮੁਖੀਆਂ ਜਾਂ ਅਧਿਕਾਰੀਆਂ ਦੇ ਕੰਮ ਤਬਦੀਲ ਹੋ ਗਏ ਹਨ ਜਾਂ ਇਹ ਬਿਲਕੁਲ ਹਟ ਹੀ ਗਏ ਹਨ।

ਕਰੂ ਲੋਕਾਂ ਦੀ ਆਰਥਿਕਤਾ ਮੱਛੀ ਪਾਲਣ, ਚਾਉਲ ਅਤੇ ਕਾਜੂਆਂ ਦੀ ਪੈਦਾਵਾਰ ਤੇ ਆਧਾਰਤ ਹੈ। ਇਨ੍ਹਾਂ ਦੀ ਨਵੀਂ ਪੀੜ੍ਹੀ ਦੇ ਲੋਕ ਕੰਮ ਤੇ ਵਿੱਦਿਆ ਲਈ ਮਨਰੋਵੀਆ ਅਤੇ ਹੋਰ ਕੇਂਦਰਾਂ ਵਲ ਜਾ ਰਹੇ ਹਨ। ਸੰਨ 1970 ਵਿਚ ਕਰੂ ਲੋਕ ਆਪਣੇ ਮੁੱਢਲੇ ਇਲਾਕੇ ਨਾਲੋਂ ਬਾਹਰ ਜ਼ਿਆਦਾ ਵਸਦੇ ਸਨ ਪਰ ਬੁੱਢੇ ਲੋਕ ਆਪਣੇ ਘਰਾਂ ਵਿਚ ਹੀ ਰਹਿ ਰਹੇ ਹਨ।

ਹ. ਪੁ.—ਐਨ. ਬ੍ਰਿ. ਮਾ. 5 : 922

**ਕਰੂਗਰ ਪਾਲ** : ਇਹ ਦੱਖਣੀ ਅਫਰੀਕਾ ਗਣਤੰਤਰ ਦਾ ਪ੍ਰਧਾਨ ਅਤੇ ਬੋਰਾਂ ਦਾ ਨੇਤਾ ਸੀ । ਇਸਦਾ ਜਨਮ 10 ਅਕਤੂਬਰ, 1825 ਨੂੰ ਕੇਪ ਕਾਲੋਨੀ ਦੇ ਉੱਤਰ-ਪੂਰਬ ਵਿਚ ਮਿਡਲਬਰਗ ਵਿਖੇ ਹੋਇਆ। ਇਸ ਨੇ ਬਹੁਤ ਘੱਟ ਤਾਲੀਮ ਹਾਸਲ ਕੀਤੀ। ਇਹ 1841 ਵਿਚ ਪੱਛਮੀ ਟ੍ਰਾਂਸਵਾਲ ਦੇ ਰੁਸਤਨਬਰਗ ਡਿਸਟ੍ਰਿਕਟ ਵਿਚ ਵੱਸ ਗਿਆ। ਜੰਗਲੀ ਜਾਨਵਰਾਂ ਅਤੇ ਕਬੀਲਿਆਂ ਨਾਲ ਲੜਨਾ ਇਸ ਦਾ ਸ਼ੌਕ ਸੀ । ਇਸਨੇ ਟ੍ਰਾਂਸਵਾਲ ਦੇ ਏਕੀਕਰਨ ਵਿਚ ਮਹੱਤਵਪੂਰਨ ਹਿੱਸਾ ਪਾਇਆ, ਖਾਸ ਕਰਕੇ 1861-64 ਦੀ ਖ਼ਾਨਾਜੰਗੀ ਦੇ ਦੌਰਾਨ ਇਸਨੂੰ 1864-73 ਦੇ ਦੌਰਾਨ ਕਮਾਂਡੈਂਟ-ਜਨਰਲ ਬਣਾ ਦਿਤਾ ਗਿਆ।

ਕਰੂਗਰ ਟ੍ਰਾਂਸਵਾਲ ਦੀ ਆਜ਼ਾਦੀ ਲਈ ਚੱਲੀ ਲਹਿਰ ਦਾ ਆਗੂ ਸੀ। ਸੰਨ 1877 ਅਤੇ 1878 ਵਿਚ ਇਸਨੇ ਬਰਤਾਨੀਆ ਦੇ ਟ੍ਰਾਂਸਵਾਲ ਉਤੇ ਹੱਕਾਂ ਦੇ ਜਾਇਜ਼ ਹੋਣ ਨੂੰ ਵੰਗਾਰਿਆ। ਸੰਨ 1880 ਵਿਚ ਕੇਪ ਕਾਲੋਨੀ ਜਾਣ ਤੇ ਇਸਨੇ ਟ੍ਰਾਂਸਵਾਲ ਸਮੱਸਿਆ ਨੂੰ ਹੱਲ ਕਰਨ ਲਈ ਕਾਲੋਨੀਆਂ ਦੇ ਸਮਰਥਨ ਨੂੰ ਰੱਦ ਕਰ ਦਿਤਾ। ਇਸ ਤੋਂ ਇਕ ਸਾਲ ਪਿਛੋਂ ਵਿਰੋਧੀ ਸਰਕਾਰ ਦਾ ਮੁਖੀ ਹੋਣ ਦੇ ਨਾਤੇ ਇਸਨੇ ਮਾਜੂਬਾ ਵਿਖੇ ਬੋਰਾਂ ਦੀ ਜਿੱਤ ਪਿਛੋਂ ਬਰਤਾਨੀਆ ਨਾਲ ਸਮਝੌਤਾ ਕਰ ਲਿਆ।

ਸੰਨ 1883 ਵਿਚ ਇਹ ਟ੍ਰਾਂਸਵਾਲ ਗਣਤੰਤਰ ਦਾ ਪ੍ਰਧਾਨ ਚੁਣਿਆ ਗਿਆ ਅਤੇ 1900 ਈ. ਤੱਕ ਇਸੇ ਅਹੁਦੇ ਤੇ ਰਿਹਾ। ਇਹ ਤਾਨਾਸ਼ਾਹ ਤਾਂ ਨਹੀਂ ਸੀ ਪਰ ਇਸਦੇ ਕਈ ਕੰਮਾਂ ਤੋਂ ਪਤਾ ਲੱਗਦਾ ਹੈ ਕਿ ਜਦੋਂ ਇਹ ਆਪਣੇ ਪੈਰ ਮਜ਼ਬੂਤ ਸਮਝਦਾ ਸੀ, ਉਦੋਂ ਇਹ ਵਿਰੋਧੀ ਮਤ ਦੀ ਘਟ ਹੀ ਪਰਵਾਹ ਕਰਦਾ ਸੀ ਜਿਵੇਂ ਕਿ ਇਸਨੇ ਨਿਆਂ-ਪਾਲਿਕਾ ਦੇ ਸੰਕਟ ਪਿਛੋਂ ਚੀਫ਼ ਜਸਟਿਸ ਨੂੰ ਮੌਕੂਫ਼ ਕਰ ਦਿਤਾ ਸੀ। ਇਸਨੇ ਦੇਸ਼ ਦੇ ਚੋਣਾਂ ਸਬੰਧੀ ਕਾਨੂੰਨਾਂ ਵਿਚ ਵਿਦੇਸ਼ੀ ਲੋਕਾਂ ਦੇ ਟਾਕਰੇ ਤੇ ਦੇਸ਼ ਦੇ ਲੋਕਾਂ ਨੂੰ ਵੋਟ ਦੇਣ ਦੇ ਵਧ ਅਧਿਕਾਰ ਦਿੱਤਾ ਤਾਂ ਜੋ ਦੇਸ਼ ਦੀ ਰਾਜਨੀਤੀ ਵਿਚ ਦੇਸੀ ਲੋਕਾਂ ਦਾ ਹੀ ਬੋਲਬਾਲਾ ਰਹੇ। ਇਸਨੇ ਆਰਥਕ ਨੀਤੀ ਨੂੰ ਮੁੱਖ ਰੱਖਦੇ ਹੋਏ ਖਾਨਾਂ ਉਤੇ ਭਾਰੀ ਕਰ ਲਾ ਦਿਤੇ ਅਤੇ ਸਿੱਟੇ ਵਜੋਂ ਪੂੰਜੀਪਤੀਆਂ ਨੇ ਇਸ ਨੀਤੀ ਦਾ ਵਿਰੋਧ ਕੀਤਾ ਜਿਸਦਾ ਸਿੱਟਾ 1899 ਈ. ਦੀ ਲੜਾਈ ਵਿਚ ਨਿਕਲਿਆ। ਸੰਨ 1886 ਤੋਂ ਬਾਅਦ ਕਰੂਗਰ ਦੀ ਸੁਰੱਖਿਆ ਨੀਤੀ ਦੱਖਣੀ ਅਫਰੀਕਾ ਦੀ ਆਰਥਿਕਤਾ ਵਿਚ ਵੱਡੀ ਰੁਕਾਵਟ ਸੀ।

ਵਿਸਤਾਰ ਲਈ ਕਰੂਗਰ ਦੀਆਂ ਯੋਜਨਾਵਾਂ ਦੇ ਠੋਸ ਸਿੱਟੇ ਨਿਕਲੇ। ਸੰਨ 1900 ਵਿਚ ਬਰਤਾਨਵੀ ਫ਼ੌਜਾਂ ਦੇ ਪ੍ਰੀਟੋਰੀਆ ਉਤੇ ਕਬਜ਼ੇ ਕਾਰਨ ਕਰੂਗਰ ਯੂਰਪ ਚਲਾ ਗਿਆ ਅਤੇ 14 ਜੁਲਾਈ, 1904 ਨੂੰ ਇਸਦੀ ਮ੍ਰਿਤੂ ਹੋ ਗਈ।

ਹ. ਪੁ.—ਐਨ. ਬ੍ਰਿ. 13 : 497

**ਕਰੂਗੇਰਜ਼ਡਾਰਪ** : ਇਹ ਦੱਖਣੀ ਅਫਰੀਕਾ ਗਣਰਾਜ ਦੇ ਟ੍ਰਾਂਸਵਾਲ ਪ੍ਰਾਂਤ ਵਿਚ ਖਾਣਾਂ ਪੁੱਟਣ ਅਤੇ ਉਦਯੋਗਾਂ ਦਾ ਇਕ ਕੇਂਦਰ ਹੈ

ਜੋ ਵਿਟਵਾਟਰਜ਼ਰੈਂਡ ਪਰਬਤਾਂ ਉਤੇ 1,740 ਮੀ.ਦੀ ਉਚਾਈ ਤੇ ਵਾਕਿਆ ਹੈ। ਇਸ ਦੀ ਨੀਂਹ 1887 ਈ. ਵਿਚ ਇਥੋਂ ਸੋਨਾ ਮਿਲਣ ਉਪਰੰਤ ਰੱਖੀ ਗਈ ਸੀ ਅਤੇ ਟ੍ਰਾਂਸਵਾਲ ਗਣਰਾਜ ਦੇ ਉਸ ਸਮੇਂ ਦੇ ਪ੍ਰਧਾਨ ਪਾਲ ਕਰੂਗਰ ਦੇ ਨਾਂ ਪਿੱਛੇ ਇਸ ਦਾ ਨਾਂ ਰੱਖਿਆ ਗਿਆ। ਸ਼ਹਿਰ ਦੀਆਂ ਹੱਦਾਂ ਵਿਚ ਸੋਨੇ ਤੋਂ ਬਿਨਾਂ ਮੈਂਗਨੀਜ਼, ਯੂਰੇਨੀਅਮ, ਐਸਬਸਟਾਸ ਅਤੇ ਚੂਨੇ ਦੇ ਪੱਥਰਾਂ ਦੀ ਖਾਣ-ਖੁਦਾਈ ਵੀ ਹੁੰਦੀ ਹੈ। ਇਥੇ ਪਾਰਡਿਕਰਾਲ ਇਕ ਉਹ ਯਾਦਗਾਰ ਹੈ ਜਿਥੇ 16 ਦਸੰਬਰ, 1980 ਨੂੰ ਦੱਖਣੀ ਅਫਰੀਕਾ ਗਣਰਾਜ ਦਾ ਐਲਾਨ ਕੀਤਾ ਗਿਆ ਸੀ।

ਆਬਾਦੀ—128,788 (1983 ਅੰਦਾ.)
26°05′ ਉ. ਵਿਥ.; 27°35′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 923

**ਕਰੂਡੇਨਰ, ਬਾਰਬਾਰਾ ਜੂਲੀਏਨ** : ਰੂਸ ਦੀ ਇਸ ਧਾਰਮਕ ਵਿਚਾਰਾਂ ਵਾਲੀ ਇਸਤਰੀ ਨੂੰ ਪਵਿੱਤਰ-ਗੱਠਜੋੜ ਉਤੇ ਆਪਣੇ ਪ੍ਰਭਾਵਾਂ ਸਦਕਾ ਵਧੇਰੇ ਮਾਨਤਾ ਪ੍ਰਾਪਤ ਸੀ। ਇਸ ਦਾ ਜਨਮ ਰੀਗਾ ਵਿਖੇ 22 ਨਵੰਬਰ, 1764 ਨੂੰ ਹੋਇਆ। 1782 ਈ. ਵਿਚ ਇਸ ਦਾ ਵਿਆਹ ਰੂਸੀ ਰਾਜਨੀਤੀਵੇਤਾ ਬੈਰਨ ਫਾਨ ਕਰੂਡੇਨਰ ਨਾਲ ਹੋਇਆ। ਪਿਛੋਂ ਉਸ ਤੋਂ ਅਲਵਿਦਾ ਲੈ ਕੇ 1804 ਤੱਕ ਦਾ ਸਮਾਂ ਇਸ ਨੇ ਇਸ਼ਕ ਅਤੇ ਸਾਹਿਤ ਵਿਚੋਂ ਖ਼ੁਸ਼ੀ ਦੀ ਭਾਲ ਵਿਚ ਬਿਤਾਇਆ। 1802 ਈ. ਵਿਚ ਆਪਣੇ ਪਤੀ ਦੀ ਮੌਤ ਪਿਛੋਂ ਇਸ ਨੇ 'Valerie' ਨਾਂ ਦਾ ਇਕ ਆਤਮਕਥਾਤਮਕ ਵੱਡਾ ਨਾਵਲ ਲਿਖਿਆ। 1809 ਈ. ਵਿਚ ਇਸ ਵਿਚ ਧਾਰਮਕ ਪ੍ਰਭਾਵ ਹੇਠ ਪਰਿਵਰਤਨ ਆਇਆ। ਸੰਨ 1808 ਤੋਂ 1818 ਦੇ ਲਗਭਗ ਇਸ ਨੂੰ ਬੜੀ ਪ੍ਰਸਿੱਧੀ ਪ੍ਰਾਪਤ ਹੋਈ। ਇਹ ਬਾਈਬਲ ਦੀਆਂ ਕਲਾਸਾਂ ਲੈਂਦੀ ਸੀ। ਇਸ ਦੀਆਂ ਸਰਗਰਮੀਆਂ ਦਾ ਨਤੀਜਾ ਹਰ ਵਾਰ ਦੇਸ਼-ਨਿਕਾਲੇ ਵਿਚ ਨਿਕਲਿਆ। ਇਸ ਨੇ ਸਵਿਸ ਕ੍ਰਾਂਤੀਕਾਰੀ ਲਹਿਰ ਦੇ ਨੇਤਾ ਹੈਨਰੀ ਲੂਈ ਨੂੰ ਅਤੇ ਰੂਸ ਦੇ ਅਲੈਗਜ਼ੈਂਡਰ ਪਹਿਲੇ ਨੂੰ ਧਾਰਮਕ ਵਿਚਾਰਾਂ ਰਾਹੀਂ ਪ੍ਰਭਾਵਿਤ ਕੀਤਾ। ਅਧਿਆਤਮਕ ਜੀਵਨ ਇਸ ਦੀ ਮੁੱਖ ਪ੍ਰਾਪਤੀ ਸੀ। ਕਈ ਮਹੀਨਿਆਂ ਤੱਕ ਰੂਸ ਦਾ ਜ਼ਾਰ ਇਸ ਰਾਹੀਂ ਚਾਲੂ ਕੀਤੀ ਬਾਈਬਲ ਦੀ ਕਲਾਸ ਵਿਚ ਜਾਂਦਾ ਰਿਹਾ, ਪਰ ਪਿਛੋਂ ਹਟ ਗਿਆ। ਅੰਤ ਇਸ ਦਾ ਵਿਰੋਧੀ ਹੋ ਗਿਆ ਅਤੇ 1821 ਵਿਚ ਇਸ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਅੰਤ 1824 ਵਿਚ ਕ੍ਰੀਮੀਆ ਦੀ ਪਵਿੱਤਰ ਕਾਲੋਨੀ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 497.

**ਕਰੂਰ** : ਤਾਮਿਲਨਾਡੂ ਰਾਜ (ਭਾਰਤ) ਦੇ ਕੋਇੰਬੇਟੂਰ ਜ਼ਿਲ੍ਹੇ ਵਿਚ ਇਸੇ ਹੀ ਨਾਂ ਦੇ ਤਅੱਲੁਕੇ ਦਾ ਸਦਰਮੁਕਾਮ ਹੈ ਜਿਹੜਾ ਤ੍ਰਿਚਨਾਪਲੀ ਸ਼ਹਿਰ ਤੋਂ ਲਗਭਗ 80 ਕਿ. ਮੀ. ਦੂਰ ਕਾਵੇਰੀ ਅਤੇ ਅਮਰਾਵਤੀ ਨਦੀ ਦੇ ਸੰਗਮ ਦੇ ਨੇੜੇ ਅਮਰਾਵਤੀ ਨਦੀ ਦੇ ਕੰਢੇ ਉਤੇ ਸਥਿਤ ਹੈ। ਦੱਖਣੀ ਰੇਲ ਲਾਈਨ ਇਸ ਵਿਚੋਂ ਲੰਘਦੀ ਹੈ। ਸਥਾਨਕ ਲਿਖਤਾਂ ਵਿਚ ਇਸ ਕਸਬੇ ਨੂੰ ਤਿਰੂਵਾਨੀਲਾਈ ਜਾਂ ਪਸੂਪਤੀ (ਪਵਿੱਤਰ ਗਊ ਦਾ ਸਥਾਨ) ਕਿਹਾ ਗਿਆ ਹੈ। ਕਰੂਰ ਤੋਂ ਭਾਵ ਅਵਿਕਸਿਤ ਕਸਬਾ ਹੈ। ਇਹ ਕਿਹਾ ਜਾਂਦਾ ਹੈ ਕਿ ਇਹ ਨਾਂ ਇਸ ਕਰਕੇ ਦਿਤਾ ਗਿਆ ਸੀ ਕਿਉਂਕਿ ਬ੍ਰਹਮਾ ਨੇ ਉਤਪਤੀ ਦਾ ਕਾਰਜ ਇਥੇ ਹੀ ਆਰੰਭਿਆ ਸੀ। ਇਸ ਕਰਕੇ ਹੀ ਇਥੋਂ ਦੇ ਪੌਰਾਣਿਕ ਲਿਖਤਾਂ ਵਿਚ ਇਸ ਕਸਬੇ ਨੂੰ ਆਮ ਕਰਕੇ ਬ੍ਰਹਮਾਪੁਰੀ ਕਿਹਾ ਜਾਂਦਾ ਹੈ। ਦੱਖਣੀ ਭਾਰਤ ਦਾ ਇਹ ਪ੍ਰਾਚੀਨ ਕਸਬਾ ਦਸਵੀਂ ਸਦੀ ਵਿਚ ਚੋਲਾਂ ਦੇ ਅਧਿਕਾਰ ਵਿਚ ਸੀ ਅਤੇ ਅਗਲੇ 60 ਸਾਲਾਂ ਤੀਕ ਇਸ ਉਤੇ ਵਿਜੇਨਗਰ ਰਾਜ ਦਾ ਕਬਜ਼ਾ ਰਿਹਾ। ਸੰਨ 1565 ਵਿਚ ਵਿਜੇ ਨਗਰ ਰਾਜ ਦੇ ਖਤਮ ਹੋਣ ਤੇ ਇਹ ਮਦੁਰਾ ਦੇ ਨਾਇਕਾਂ ਦੇ ਹੱਥਾਂ ਵਿਚ ਚਲਾ ਗਿਆ। ਸੰਨ 1783 ਵਿਚ ਇਹ ਸ਼ਹਿਰ ਈਸਟ ਇੰਡੀਆ ਕੰਪਨੀ ਅਧੀਨ ਆ ਗਿਆ ਅਤੇ ਸੰਨ 1784 ਦੀ ਸੰਧੀ ਦੇ ਅਨੁਸਾਰ ਮੈਸੂਰ ਨੂੰ ਵਾਪਸ ਕਰ ਦਿਤਾ ਗਿਆ। ਸੰਨ 1799 ਵਿਚ ਅੰਗਰੇਜ਼ਾਂ ਨੇ ਸਾਰੇ ਸ਼ਹਿਰ ਉਤੇ ਆਪਣਾ ਅਧਿਕਾਰ ਜਮਾ ਲਿਆ ਅਤੇ ਇਸ ਸਮੇਂ ਤੋਂ ਲੈ ਕੇ ਇਹ ਅੰਗਰੇਜ਼ਾਂ ਅਧੀਨ ਹੀ ਰਿਹਾ। ਸੰਨ 1801 ਵਿਚ ਕੰਪਨੀ ਨੇ ਇਸਨੂੰ ਇਕ ਮਹੱਤਵਪੂਰਨ ਸੈਨਿਕ ਕੇਂਦਰ ਬਣਾ ਦਿਤਾ।

ਇਥੇ ਪਿੱਤਲ ਅਤੇ ਤਾਂਬੇ ਦਾ ਕੰਮ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਲੱਕੜੀ ਅਤੇ ਪੱਥਰ ਦਾ ਕੰਮ, ਚੂੜੀਆਂ ਤੇ ਟੋਕਰੀਆਂ ਬਣਾਉਣ ਅਤੇ ਕੱਪੜੇ ਬੁਨਣ ਦਾ ਵੀ ਕੰਮ ਹੁੰਦਾ ਹੈ। ਰੇਲ ਲਾਈਨ ਉਤੇ ਸਥਿਤ ਅਤੇ ਸੜਕਾਂ ਦਾ ਕੇਂਦਰ ਹੋਣ ਕਾਰਨ ਇਹ ਇਕ ਵਪਾਰਕ ਕੇਂਦਰ ਬਣ ਗਿਆ ਹੈ।

ਇਹ ਨਗਰ ਇਕ ਇਤਿਹਾਸਕ ਸਥਾਨ ਵੀ ਹੈ। ਇਥੇ ਸ਼ਿਵ ਦੇ ਕਈ ਮੰਦਰ ਹਨ। ਇਥੋਂ ਦਾ ਸਭ ਤੋਂ ਪ੍ਰਸਿੱਧ ਮੰਦਰ ਪਸ਼ੂਪਤੀ ਸ਼ਵਰ ਹੈ ਜਿਸ ਵਿਚ ਪੰਜ ਫੁੱਟ ਦਾ ਇਕ ਸ਼ਿਵਲਿੰਗ ਸਥਾਪਤ ਕੀਤਾ ਹੋਇਆ ਹੈ।

ਸ਼ਹਿਰ ਦੀਆਂ ਸੜਕਾਂ ਟੇਡੀਆਂ ਮੇਡੀਆਂ ਹਨ। ਇਥੋਂ ਦੀਆਂ ਇਮਾਰਤਾਂ ਪੁਰਾਣੀ ਇਮਾਰਤ ਉਸਾਰੀ ਦੀ ਮਿਸਾਲ ਹਨ।

ਆਬਾਦੀ—65,526 (1971)
10°58′ ਉ. ਵਿਥ. ; 78°6′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 2 : 359; ਇੰਪ. ਗ. ਇੰਡ. 15 : 62

**ਕਰੋਹੀ** : ਗੰਦੇ ਪਾਣੀ ਵਿਚ ਪੈਰ ਬਹੁਤਾ ਚਿਰ ਰਹਿਣ ਕਰਕੇ ਬਿਆਈ ਦੀ ਸ਼ਕਲ ਤੇ ਮਾਸ ਫਟ ਜਾਣ ਦਾ ਰੋਗ, ਜਿਸ ਦੇ ਕਾਰਨ ਖਾਜ ਅਤੇ ਜਲਣ ਹੁੰਦੀ ਹੈ। ਇਸ ਦੀ ਸਧਾਰਨ ਦਵਾਈ ਅਕਸਰ ਬਾਰੀਕ ਪੀਸਿਆ ਲੂਣ ਮਲਣਾ ਤੇ ਤੇਲ ਲਾਉਣਾ ਹੈ। ਬਲਦੀ ਮੋਮਬੱਤੀ ਤੋਂ ਪਿਘਲਦੀ ਗਰਮ ਮੋਮ ਨੂੰ ਬਿਆਈਆਂ ਵਿਚ ਭਰਨ ਨਾਲ ਕਾਫ਼ੀ ਰਾਹਤ ਮਿਲਦੀ ਹੈ।

**ਕਰੈਕੋ** : ਪ੍ਰਾਂਤ—ਦੱਖਣੀ ਪੋਲੈਂਡ ਦਾ ਇਹ ਪ੍ਰਾਂਤ ਹੈ। ਜਿਹੜਾ ਉੱਤਰੀ ਕਰੈਕੋ ਪੋਲੈਂਡ ਦੀਆਂ ਉੱਚ ਭੂਮੀਆਂ ਵਿਚ ਸਥਿਤ ਹੈ। ਇਸਦੇ ਕੇਂਦਰ ਵਿਚ ਪਹਾੜੀ ਪੀਡਮਾਂਟ ਦਾ ਇਲਾਕਾ ਹੈ। ਕਾਰਪੇਥੀਅਨ ਪਹਾੜੀਆਂ ਨੇ ਪ੍ਰਾਂਤ ਦਾ ਦੱਖਣੀ ਖੇਤਰ ਮੱਲਿਆ ਹੋਇਆ ਹੈ। ਵਿਸਚੂਲਾ ਦਰਿਆ ਜਿਹੜਾ ਕਰੈਕੋ ਦੇ ਉੱਤਰੀ ਅੱਧ ਦੇ ਵਿਚੋਂ ਦੀ ਪੂਰਬ ਵਲ ਨੂੰ ਵਹਿੰਦਾ ਹੈ, ਇਥੋਂ ਦਾ ਸਭ ਤੋਂ ਵੱਡਾ ਅਤੇ ਮਹੱਤਵਪੂਰਨ ਦਰਿਆ ਹੈ। ਇਸਦੇ ਪੂਰਬ ਵਲ ਡੁਨਾਯੈੱਟਸ ਅਤੇ ਪੱਛਮ ਵਲ ਸੋਲਾ ਹੋਰ ਮਹੱਤਵਪੂਰਨ ਦਰਿਆ ਹਨ। ਪੀਡਮਾਂਟ ਵਿਚ ਗੰਧਕ ਦੇ ਨਿਖੇਪ, ਜਿਸਤ, ਸਿੱਕਾ ਅਤੇ ਕੁਝ ਮਿਕਦਾਰ ਵਿਚ ਤੇਲ ਅਤੇ ਕੁਦਰਤੀ ਗੈਸ ਮਿਲਦੀ ਹੈ। ਕਾਰਪੇਥੀਅਨ ਪਹਾੜੀਆਂ ਤੋਂ ਵਹਿਣ ਵਾਲੇ ਦਰਿਆ ਅਤੇ ਨਦੀਆਂ ਜਲ-ਬਿਜਲੀ ਲਈ ਸਮੱਰਥ ਸਾਧਨ ਮੁਹੱਈਆ ਕਰਦੇ ਹਨ।

ਇਥੋਂ ਦੀ ਆਰਥਿਕਤਾ ਖੇਤੀਬਾੜੀ ਉਤੇ ਆਧਾਰਤ ਹੈ। ਕਣਕ, ਜੌਂ, ਜਵੀ ਅਤੇ ਆਲੂ ਇਥੋਂ ਦੀਆਂ ਮਹੱਤਵਪੂਰਨ ਫਸਲਾਂ ਹਨ। ਇਥੋਂ ਦਾ ਉਦਯੋਗਿਕ ਖੇਤਰ ਲੋਹਾ, ਐਲੂਮੀਨੀਅਮ, ਭਾਰੀ ਮਸ਼ੀਨਰੀ ਅਤੇ ਪਾਏਦਾਰ ਵਸਤਾਂ ਤਿਆਰ ਕਰਦਾ ਹੈ। ਇਸੇ ਨਾਂ ਦਾ ਸ਼ਹਿਰ ਇਥੋਂ ਦੀ ਰਾਜਧਾਨੀ ਹੈ। ਟਾਰਨੂਫ, ਯਾਵਾਜ਼ਨਾ, ਨਾਵੀ ਸਾਚ ਅਤੇ ਆਸ਼ਵਾਈ-ਐਨਫਸੀਮ ਇਥੋਂ ਦੇ ਹੋਰ ਪ੍ਰਸਿੱਧ ਸ਼ਹਿਰ ਹਨ।

ਹ. ਪੁ.—ਐਨ. ਬ੍ਰਿ. 5 : 909; ਕੋਲ. ਐਨ. 11 : 296

**ਕਰੈਕੋ** : ਸ਼ਹਿਰ—ਇਹ ਪੋਲੈਂਡ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ ਜੋ ਇਕ ਖੁੱਲ੍ਹੀ ਵਾਦੀ ਵਿਚ ਵਾਰਸਾ ਦੇ ਲਗਭਗ 260 ਕਿ. ਮੀ. ਦੱਖਣ ਵਿਚ ਸਥਿਤ ਹੈ। ਕਰੈਕੋ ਦੇ ਬੌਧਿਕ ਤੇ ਇਤਿਹਾਸਕ ਕੇਂਦਰ ਦੀ ਨੀਂਹ ਨੌਵੀਂ ਸਦੀ ਤੋਂ ਪਹਿਲਾਂ ਹੀ ਰੱਖੀ ਗਈ। ਦਸਵੀਂ ਸਦੀ ਦੇ ਅੰਤ ਤੀਕ ਕਰੈਕੋ ਇਕ ਪ੍ਰਸਿੱਧ ਵਪਾਰਕ ਕੇਂਦਰ ਬਣ ਗਿਆ। ਇਹ ਉਹ ਸਮਾਂ ਸੀ ਜਦੋਂ ਇਥੇ ਰੋਮਨ-ਕੈਥੋਲਿਕ ਬਿਸ਼ਪ ਦੀ ਸੀਟ ਸਥਾਪਤ ਕੀਤੀ ਗਈ ਸੀ। ਇਹ ਗਿਆਰ੍ਹਵੀਂ ਸਦੀ ਤੋਂ ਸੰਨ 1596 ਤੀਕ

ਪੋਲੈਂਡ ਦੀ ਰਾਜਧਾਨੀ ਰਿਹਾ ਸੀ। ਸੰਨ 1764 ਤੀਕ ਇਹ ਪੋਲੈਂਡ ਦੇ ਬਾਦਸ਼ਾਹਾਂ ਦੀ ਤਖਤਨਸ਼ੀਨੀ ਦਾ ਸਥਾਨ ਰਿਹਾ। ਸੰਨ 1795 ਤੋਂ 1918 ਤੀਕ (1815 ਤੋਂ 1846 ਤੀਕ ਦੇ ਥੋੜੇ ਜਿਹੇ ਸਮੇਂ ਨੂੰ ਛੱਡ ਕੇ ਜਦੋਂ ਇਹ ਇਕ ਆਜ਼ਾਦ ਗਣਰਾਜ ਬਣ ਗਿਆ ਸੀ) ਇਸ ਉਤੇ ਆਸਟਰੀਆ ਦਾ ਕਬਜ਼ਾ ਰਿਹਾ। ਪੁਰਾਣੇ ਸ਼ਹਿਰ ਦਾ ਅਜੋਕਾ ਨਮੂਨਾ ਸੰਨ 1257 ਵਿਚ ਤਿਆਰ ਕੀਤਾ ਗਿਆ ਸੀ। ਕਿਸੇ ਸਮੇਂ ਇਸ ਸ਼ਹਿਰ ਨੂੰ ਪੋਲੈਂਡ ਦਾ ਰੋਮ ਕਿਹਾ ਜਾਂਦਾ ਸੀ।

ਸ਼ਹਿਰ ਦੇ ਲਗਭਗ ਸਾਰੇ ਹੀ ਇਤਿਹਾਸਕ ਢਾਂਚੇ ਅਜੇ ਤੀਕ ਮੌਜੂਦ ਹਨ। ਇਨ੍ਹਾਂ ਵਿਚ ਰਾਇਲ ਵਾਵਲ ਕੈਸਲ ਅਤੇ ਵੱਡਾ ਗਿਰਜਾ ਘਰ (ਜਿਸ ਵਿਚ ਪੋਲੈਂਡ ਦੇ ਬਹੁਤ ਸਾਰੇ ਬਾਦਸ਼ਾਹਾਂ ਦੇ ਮਕਬਰੇ ਹਨ) ਅਤੇ ਸੇਂਟ ਮੇਰੀ ਦੀ ਮੱਧ-ਕਾਲੀ ਗਾਥੀ ਗਿਰਜੇ ਘਰ ਸਭ ਤੋਂ ਪ੍ਰਸਿੱਧ ਹੈ। ਸੰਨ 1257 ਦਾ ਬਣਿਆ ਇਕ ਸੁੰਦਰ ਕਲਾਥ ਹਾਊਸ ਇਥੋਂ ਦੀ ਇਕ ਹੋਰ ਪ੍ਰਸਿੱਧ ਇਮਾਰਤ ਹੈ।

ਕਰੈਕੋ ਪੋਲੈਂਡ ਦੀ ਸਭਿਆਚਾਰਕ ਰਵਾਇਤੀ ਰਾਜਧਾਨੀ ਹੈ। ਇਥੇ ਪੂਰਬੀ ਅਤੇ ਕੇਂਦਰੀ ਯੂਰਪ ਦੀ ਦੂਜੀ ਪੁਰਾਣੀ ਜਗੀਲੋਨੀਅਨ ਯੂਨੀਵਰਸਿਟੀ ਦੀ ਸੰਨ 1364 ਈ: ਵਿਚ ਨੀਂਹ ਰਖੀ ਗਈ ਸੀ। ਇਸ ਵੇਲੇ ਇਸ ਇਤਿਹਾਸਕ ਸੰਸਥਾ ਤੋਂ ਇਲਾਵਾ, ਇਥੇ 10 ਯੂਨੀਵਰਸਿਟੀਆਂ ਅਤੇ ਕਾਲਜ ਹਨ ਜਿਨ੍ਹਾਂ ਵਿਚ 20,000 ਤੋਂ ਵੱਧ ਵਿਦਿਆਰਥੀ ਪੜ੍ਹਦੇ ਹਨ। ਇਸ ਸ਼ਹਿਰ ਵਿਚ ਕਈ ਸ਼ਾਨਦਾਰ ਲਾਇਬ੍ਰੇਰੀਆਂ ਅਤੇ ਅਜਾਇਬ-ਘਰ ਹਨ।

ਕਰੈਕੋ ਸ਼ਹਿਰ ਦਾ ਅਜੋਕਾ ਉਦਯੋਗਿਕ ਇਤਿਹਾਸ ਕੇਵਲ ਉੱਨ੍ਹੀਵੀਂ ਸਦੀ ਦੇ ਮੱਧ ਵਿਚ ਹੀ ਸ਼ੁਰੂ ਹੁੰਦਾ ਹੈ। ਸ਼ਹਿਰ ਦਾ ਸਭ ਤੋਂ ਮਹੱਤਵਪੂਰਨ ਉਦਯੋਗ ਠੋਸ ਲੋਹੇ ਤੇ ਫੌਲਾਦ ਦਾ ਪਲਾਂਟ ਹੈ ਜੋ ਪੂਰਬੀ ਯੂਰਪ ਵਿਚ ਸਭ ਤੋਂ ਵੱਡਾ ਹੈ। ਇਥੇ ਮਸ਼ੀਨਰੀ, ਜ਼ਰਾਇਤੀ ਸੰਦ, ਰਸਾਇਣਕ ਪਦਾਰਥ ਅਤੇ ਤੰਬਾਕੂ ਤਿਆਰ ਕੀਤਾ ਜਾਂਦਾ ਹੈ।

ਆਬਾਦੀ—722,900 (1982)

50° 03′ ਉ. ਵਿਥ: 19° 58′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 :909 ; ਕੋਲ. ਐਨ. 11 : 296

**ਕਰੇਗਾਵਾਨ, ਜੇਮਜ਼ ਕਰੇਗ** : ਉੱਤਰੀ ਆਇਰਲੈਂਡ ਦੇ ਇਸ ਪਹਿਲੇ ਪ੍ਰਧਾਨ ਮੰਤਰੀ ਦਾ ਜਨਮ 8 ਜਨਵਰੀ, 1871 ਨੂੰ ਹੋਇਆ। ਇਸਨੇ ਐਡਿਨਬਰਗ ਦੇ ਮਰਚਿਸਟਨ ਸਕੂਲ ਵਿਚ ਵਿਦਿਆ ਪ੍ਰਾਪਤ ਕੀਤੀ। ਸੰਨ 1899-1902 ਦੀ ਦੱਖਣੀ-ਅਫਰੀਕੀ ਜੰਗ ਦੌਰਾਨ ਇਸਨੇ ਰਾਇਲ ਆਇਰਿਸ਼ ਰਾਈਫ਼ਲ ਵਿਚ ਸੇਵਾ ਕੀਤੀ। ਸੰਨ 1906 ਵਿਚ ਇਹ ਯੂਨੀਨਿਸਟ ਪਾਰਟੀ ਦੀ ਟਿਕਟ ਤੇ ਪਾਰਲੀਮੈਂਟ ਦਾ ਮੈਂਬਰ ਬਣਿਆ। ਸੰਨ 1914 ਵਿਚ ਜਦੋਂ ਗ੍ਰੇਟ ਬਰਤਾਨੀਆ ਵਿਚ ਨਾਗਰਿਕਾਂ ਦੇ ਹੱਕ ਖਤਰੇ ਵਿਚ ਸਨ ਇਸਨੇ ਬੜੀ ਜ਼ਿੰਮੇਵਾਰੀ ਨਾਲ ਇਨ੍ਹਾਂ ਹਿਤਾਂ ਦੀ ਰਾਖੀ ਲਈ ਬੀੜਾ ਚੁਕਿਆ।

ਪਹਿਲੀ ਸੰਸਾਰ ਜੰਗ ਸਮੇਂ ਕਰਨਲ ਕਰੇਗ ਨੇ 36ਵੀਂ ਅਲਸਟਰ ਡਿਵੀਜ਼ਨ ਦਾ ਸੰਗਠਨ ਕੀਤਾ। ਸੰਨ 1916 ਵਿਚ ਮਿਲੀ-ਜੁਲੀ ਸਰਕਾਰ ਸਮੇਂ ਇਸਨੇ ਖ਼ਜ਼ਾਨੇ ਦਾ ਭਾਰ ਸੰਭਾਲਿਆ। ਸੰਨ 1919 ਵਿਚ ਪੈਨਸ਼ਨ ਮੰਤਰੀ ਦਾ ਸੰਸਦੀ ਸਕੱਤਰ ਬਣਿਆ, ਸੰਨ 1920 ਵਿਚ ਵਿੱਤ ਸਕੱਤਰ ਅਤੇ ਇਸੇ ਸਾਲ ਆਇਰਲੈਂਡ ਹੋਂਦ ਵਿਚ ਆਉਣ ਸਮੇਂ ਇਹ ਪ੍ਰਧਾਨ ਮੰਤਰੀ ਬਣਿਆ। ਸੰਨ 1927 ਵਿਚ ਇਸਨੂੰ ਵਾਈਕਾਊਂਟ ਦਾ ਖ਼ਿਤਾਬ ਦਿਤਾ ਗਿਆ। ਇਸਦੀ ਮ੍ਰਿਤੂ 24 ਨਵੰਬਰ, 1940 ਨੂੰ ਹੋਈ।

ਹ. ਪੁ.—ਐਨ. ਬ੍ਰਿ. 6 : 631

**ਕਰੇਨ** : ਇਹ ਉਹ ਯੰਤਰ ਹੈ ਜਿਸ ਦੀ ਸਹਾਇਤਾ ਨਾਲ ਭਾਰੀ ਵਸਤਾਂ ਨੂੰ ਆਸਾਨੀ ਨਾਲ ਚੁੱਕ ਕੇ ਇਕ ਤੋਂ ਦੂਜੀ ਥਾਂ ਰਖਿਆ ਜਾਂਦਾ ਹੈ। ਇਸ ਯੰਤਰ ਦਾ ਨਾਂ ਇਕ ਲੰਬੀ ਗਰਦਨ ਵਾਲੇ ਪੰਛੀ ਕਰੇਨ (ਸਾਰਸ) ਦੇ ਨਾਂ ਤੋਂ ਰਖਿਆ ਗਿਆ ਹੈ, ਕਿਉਂਕਿ ਇਸ ਦੀ ਬਣਤਰ ਉਸ ਪੰਛੀ ਦੇ ਢਾਂਚੇ ਨਾਲ ਰਲਦੀ ਮਿਲਦੀ ਹੈ। ਅਸਲ ਵਿਚ ਉਸ ਲੰਬੀ ਭੁਜਾ ਨੂੰ ਜਿਸ ਦੁਆਰਾ ਭਾਰ ਚੁੱਕ ਕੇ ਇਕ ਥਾਂ ਤੋਂ ਦੂਜੀ ਥਾਂ ਰਖਿਆ ਜਾਂਦਾ ਹੈ, ਨੂੰ ਹੀ ਕਰੇਨ ਕਿਹਾ ਜਾਂਦਾ ਹੈ। ਉਂਜ ਤਾਂ ਕਰੇਨ ਦਾ ਪ੍ਰਯੋਗ ਪ੍ਰਾਚੀਨ ਕਾਲ ਤੋਂ ਹੀ ਕੀਤਾ ਜਾ ਰਿਹਾ ਹੈ ਪਰ ਉਦਯੋਗਿਕ ਪ੍ਰਗਤੀ ਹੋਣ ਨਾਲ 19ਵੀਂ ਸਦੀ ਤੋਂ ਇਸ ਦੀ ਵਰਤੋਂ ਆਮ ਹੋਣ ਲਗ ਪਈ ਹੈ ਅਤੇ ਅੱਜ ਕਲ੍ਹ ਹਰ ਇਕ ਉਦਯੋਗ ਇਸ ਤੋਂ ਬਿਨਾ ਅਧੂਰਾ ਰਹਿ ਗਿਆ ਜਾਪਦਾ ਹੈ। ਤਿਆਰ ਹੋ ਚੁੱਕੀਆਂ ਜਾਂ ਤਿਆਰ ਹੋ ਰਹੀਆਂ ਚੀਜ਼ਾਂ ਨੂੰ ਸਾਂਭਣ ਲਈ ਵਖ ਵਖ ਕਿਸਮ ਦੀਆਂ ਕਰੇਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

**ਕਰੇਨ ਦੀ ਗਤੀ ਅਤੇ ਸਥਿਰਤਾ**—ਕਰੇਨਾਂ ਨੂੰ ਅਸੀਂ ਦੋ ਮੁੱਖ ਕਿਸਮਾਂ ਵਿਚ ਵੰਡ ਸਕਦੇ ਹਾਂ : ਘੁੰਮਣਸ਼ੀਲ ਅਤੇ ਅਘੁੰਮਣਸ਼ੀਲ। ਘੁੰਮਣਸ਼ੀਲ ਕਰੇਨ ਲੰਬਾਤਮਕ ਦਿਸ਼ਾ ਵਿਚ ਭਾਰ ਚੁੱਕ ਕੇ, ਇਕ ਧੁਰੇ ਦੁਆਲੇ ਨਿਸ਼ਚਿਤ ਦਿਸ਼ਾ ਅਤੇ ਦੂਰੀ ਤਕ ਕਿਸੇ ਵੀ ਅਨੁਕੂਲ ਥਾਂ ਤੇ ਭਾਰ ਨੂੰ ਰਖ ਸਕਦੀ ਹੈ। ਜਿਬ ਕਰੇਨ ਅਜਿਹੀ ਇਕ ਉਦਾਹਰਨ ਹੈ। ਅਘੁੰਮਣਸ਼ੀਲ ਕਰੇਨ ਲੰਬਾਤਮਕ ਦਿਸ਼ਾ ਵਿਚ ਭਾਰ ਚੁੱਕਣ ਦੇ ਨਾਲ ਨਾਲ ਕੇਵਲ ਦੋ ਦਿਸ਼ਾਵਾਂ ਵਿਚ ਧਰਤੀ ਦੇ ਸਮਾਂਤਰ ਇਕ ਦੂਜੀ ਤੋਂ ਸਮਕੋਣ ਤੇ ਭਾਰ ਨੂੰ ਇੱਧਰ ਉੱਧਰ ਰਖ ਸਕਦੀ ਹੈ; ਜਿਵੇਂ 'ਓਵਰਹੈੱਡ ਟਰੈਵਲਰ'। ਇਹ ਦੋਵੇਂ ਕਿਸਮਾਂ ਕ੍ਰਮਵਾਰ ਧ੍ਰੁਵੀ ਅਤੇ ਸਮਕੋਣੀ ਨਿਰਦੇਸ਼-ਅੰਕਾਂ ਨੂੰ ਦਰਸਾਉਂਦੀਆਂ ਹਨ। ਜਿਬ ਕਰੇਨ ਨੂੰ ਅਸੀਂ ਫਿਰ ਅੱਗੇ ਦੋ ਭਾਗਾਂ ਵਿਚ ਵੰਡ ਸਕਦੇ ਹਾਂ ਜਿਵੇਂ ਕਿ ਸਥਿਰ ਕਰੇਨ ਅਤੇ ਅਸਥਿਰ ਕਰੇਨ। ਅਸਥਿਰ ਨਾਲ ਪਹੀਏ ਲੱਗੇ ਹੁੰਦੇ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਇਸ ਨੂੰ ਕਿਸੇ ਵੀ ਥਾਂ ਤੇ ਲਿਜਾਇਆ ਜਾ ਸਕਦਾ ਹੈ।

ਸਥਿਰਤਾ ਸਬੰਧੀ ਔਕੜ ਹਮੇਸ਼ਾ ਕੇਵਲ ਜਿਬ ਕਰੇਨ ਅਤੇ ਬਹੁਤ ਵੱਡੇ ਵੱਡੇ ਭਾਰ ਚੁੱਕਣ ਵਾਲੀਆਂ ਵੱਡੀਆਂ ਵੱਡੀਆਂ ਕਰੇਨਾਂ ਵਿਚ ਆਉਂਦੀ ਹੈ। ਇਨ੍ਹਾਂ ਨੂੰ ਉਲਟਣ ਤੋਂ ਰੋਕਣ ਲਈ ਆਮ ਕਰਕੇ ਢੇਗੀ ਲੋਹੇ ਦੇ ਬਣੇ ਕੁਝ ਭਾਰ ਕਰੇਨ ਦੀ ਟੇਲ ਨਾਲ ਫਿਟ ਕੀਤੇ ਹੁੰਦੇ ਹਨ।

ਕਰੇਨ ਨੂੰ ਚਲਾਉਣ ਲਈ ਮਨੁੱਖੀ ਸ਼ਕਤੀ, ਬਿਜਲੀ, ਡੀਜ਼ਲ, ਜਲ, ਭਾਰ, ਹਵਾ ਦਾ ਦਬਾਉ ਆਦਿ ਸ਼ਕਤੀਆਂ ਦਾ ਉਪਯੋਗ ਕੀਤਾ ਜਾਂਦਾ ਹੈ।

ਘੱਟ ਲਾਗਤ ਨਾਲ ਥੋੜ੍ਹਾ ਭਾਰ ਚੁੱਕਣ ਅਤੇ ਘੱਟ ਰਫ਼ਤਾਰ ਨਾਲ ਕੰਮ ਕਰਨ ਲਈ ਹੱਥ ਕਰੇਨਾਂ ਬਹੁਤ ਉਪਯੋਗੀ ਹੁੰਦੀਆਂ ਹਨ। ਸਧਾਰਨ ਆਦਮੀ ਇਕ ਹੱਥੇ ਦੀ ਸਹਾਇਤਾ ਨਾਲ ਲਗਭਗ 5000 ਪੌਂਡ ਪ੍ਰਤਿ ਮਿੰਟ ਕਾਰਜ ਕਰ ਸਕਦਾ ਹੈ ਜਿਹੜਾ ਕਿ 9 ਟਨ ਇਕ ਫੁੱਟ ਪ੍ਰਤਿ ਮਿੰਟ ਭਾਰ ਚੁੱਕਣ ਦੇ ਬਰਾਬਰ ਹੁੰਦਾ ਹੈ। ਹੱਥ ਕਰੇਨਾਂ ਆਮ ਕਰਕੇ ਉਦੋਂ ਵਰਤੀਆਂ ਜਾਂਦੀਆਂ ਹਨ, ਜਦੋਂ ਭਾਰੇ ਲੋਡ ਕਦੇ ਕਦੇ ਹੀ ਚੁੱਕਣੇ ਹੋਣ।

ਆਮ ਕਰਕੇ ਕਰੇਨਾਂ ਵਿਚ ਬਿਜਲੀ ਨੂੰ ਹੀ ਚਾਲਕ ਸ਼ਕਤੀ ਦੇ ਤੌਰ ਤੇ ਵਰਤਿਆ ਜਾਂਦਾ ਹੈ। ਖ਼ਾਸ ਕਰਕੇ ਉਚਾਈ ਤੇ ਚੱਲਣ ਵਾਲੀਆਂ ਕਰੇਨਾਂ ਅਤੇ ਮਾਲ ਉਤਾਰਨ ਅਤੇ ਲੱਦਣ ਵਾਲੀਆਂ ਕਰੇਨਾਂ ਵਿਚ ਬਿਜਲਈ ਸ਼ਕਤੀ ਦਾ ਵਰਤਿਆ ਜਾਣਾ ਅਤਿ ਜ਼ਰੂਰੀ ਹੋ ਜਾਂਦਾ ਹੈ। ਬਿਜਲਈ ਸ਼ਕਤੀ ਰਾਹੀਂ ਹੋਰ ਕਿਸੇ ਵੀ ਢੰਗ ਨਾਲੋਂ ਵਧੇਰੇ ਨਿਪੁੰਨਤਾ ਪ੍ਰਸਾਰਿਤ ਕੀਤੀ ਜਾ ਸਕਦੀ ਹੈ। ਕਰੇਨਾਂ ਵਿਚ ਦੋਵੇਂ ਕਰੰਟ ਪਰਤਵਾਂ ਅਤੇ ਅਪਰਤਵਾਂ ਵਰਤੇ ਜਾ ਸਕਦੇ ਹਨ। ਏ. ਸੀ. ਸਪਲਾਈ ਨਾਲ ਚੱਲਣ ਵਾਲੀਆਂ ਬਿਜਲਈ ਮੋਟਰਾਂ ਆਮ ਕਰਕੇ ਸਰਕਣਸ਼ੀਲ ਰਿੰਗ ਪ੍ਰੇਰਨ ਕਿਸਮ ਦੀਆਂ ਕਰੇਨਾਂ ਵਿਚ ਲਗਾਈਆਂ ਜਾਂਦੀਆਂ ਹਨ, ਹਾਰਸ ਪਾਵਰ ਉਨ੍ਹਾਂ ਦੁਆਰਾ ਚੁੱਕੇ ਜਾਣ ਵਾਲੇ ਭਾਰ ਅਤੇ ਕੰਮ ਕਰਨ ਦੀ ਰਫ਼ਤਾਰ ਉਤੇ ਨਿਰਭਰ ਕਰਦੀ ਹੈ। ਪਰਤਵੀਂ ਏ. ਸੀ. ਸਪਲਾਈ ਵਾਲੀਆਂ ਮੋਟਰਾਂ ਵਿਚ ਬਰੇਕਿੰਗ ਦੀ ਸਮੱਸਿਆ ਕਾਫ਼ੀ ਗੰਭੀਰ ਹੁੰਦੀ ਹੈ, ਜਦੋਂ ਕਿ ਡੀ. ਸੀ. ਕਰੰਟ ਮੋਟਰਾਂ ਵਿਚ ਅਜਿਹੀ ਕੋਈ ਔਕੜ

ਨਹੀਂ ਆਉਂਦੀ । ਕਰੇਨਾਂ ਦਾ ਉਪਯੋਗ ਕਰਨ ਵਾਲੇ ਬਹੁਤ ਸਾਰੇ ਡੀ. ਸੀ. ਮੋਟਰਾਂ ਵਾਲੀਆਂ ਕਰੇਨਾਂ ਨੂੰ ਇਸ ਲਈ ਪਹਿਲ ਦਿਤੀ ਜਾਂਦੀ ਹੈ ਕਿਉਂਕਿ ਵਖ ਵਖ ਗਤੀ ਨਾਲ ਕਰੇਨ ਉਤੇ ਕੰਮ ਕਰਨ ਲਈ ਆਸਾਨੀ ਰਹਿੰਦੀ ਹੈ ਅਤੇ ਸਫਲ ਬਰੇਕਿੰਗ ਇਨ੍ਹਾਂ ਮੋਟਰਾਂ ਦਾ ਦੂਜਾ ਵੱਡਾ ਕਾਰਨ ਹੈ । ਜਦੋਂ ਕਰੇਨ ਤੋਂ ਹਰ ਦਿਸ਼ਾ ਵਿਚ ਗਤੀ ਲੋੜੀਂਦੀ ਹੋਵੇ ਤਾਂ ਕਰੇਨਾਂ ਵਿਚ ਵਾਰਡ ਲੀਓਨਾਰਡ ਜਾਂ ਸਥਿਰ ਕਰੰਟ ਕੰਟਰੋਲ ਸਿਸਟਮ ਫਿੱਟ ਕੀਤਾ ਜਾਂਦਾ ਹੈ ।

ਅੱਜ ਕਲ੍ਹ ਡੀਜ਼ਲ ਨਾਲ ਚੱਲਣ ਵਾਲੀਆਂ ਕਰੇਨਾਂ ਆਮ ਹੁੰਦੀਆਂ ਜਾ ਰਹੀਆਂ ਹਨ, ਜਿਵੇਂ ਰੇਲ-ਮਾਊਂਟਿਡ ਅਤੇ ਮੋਬੀਲ ਕਰੇਨਾਂ ਆਦਿ ।

ਇਹ ਕਰੇਨਾਂ ਸਿੱਧੇ ਤੌਰ ਤੇ ਹੀ ਡੀਜ਼ਲ ਇੰਜਣ ਨਾਲ



ਚਿਤਰ 1 : ਡੀਜ਼ਲ ਟਰੈਵਲਿੰਗ ਕਰੇਨ

ਚਲਾਈਆਂ ਜਾਂਦੀਆਂ ਹਨ, ਪਰ ਵੱਡੀਆਂ ਅਤੇ ਗੁੰਝਲਦਾਰ ਕਰੇਨਾਂ ਵਿਚ ਸ਼ਕਤੀ ਸੰਚਾਰ ਲਈ ਤਰਲ ਕਪਲਿੰਗ ਜਾਂ ਟੌਰਕ-ਪਰਿਵਰਤਕ ਵਰਤੇ ਜਾਂਦੇ ਹਨ । ਕਈ ਕਰੇਨਾਂ ਵਿਚ ਡੀਜ਼ਲ-ਇਲੈੱਕਟ੍ਰਿਕ ਡਰਾਈਵ ਵੀ ਵਰਤੀ ਜਾਂਦੀ ਹੈ ਕਿਉਂਕਿ ਇਸ ਨਾਲ ਅਨੇਕਾਂ ਸਪੀਡਾਂ ਉਤੇ ਨਿਯੰਤਰਨ ਰਖਿਆ ਜਾ ਸਕਦਾ ਹੈ ।

ਵਿਸ਼ੇਸ਼ ਕਿਸਮ ਦੇ ਤੇਲਾਂ ਅਤੇ ਤਰਲਾਂ ਦੇ ਹੋਂਦ ਵਿਚ ਆਉਣ ਨਾਲ ਜਲ-ਸ਼ਕਤੀ ਦਾ ਉਪਯੋਗ ਕਰਨਾ ਬਹੁਤ ਘਟ ਗਿਆ ਹੈ । ਖ਼ਾਸ ਤਰ੍ਹਾਂ ਦੇ ਹਾਈਡਰਾਲਿਕ ਤਰਲਾਂ ਦੇ ਨਾਲ ਨਾਲ ਹਾਈਡਰਾਲਿਕ ਕਰੇਨਾਂ ਜਿਹੜੀਆਂ ਪਹਿਲਾਂ ਪਾਣੀ ਨਾਲ ਚਲਦੀਆਂ ਸਨ, ਵਿਚ ਕਈ ਔਕੜਾਂ ਖ਼ਤਮ ਹੋ ਗਈਆਂ ਹਨ, ਜਿਵੇਂ ਕਿ ਜੰਗਾਲ ਲਗਣਾ, ਪਾਣੀ ਦੇ ਜੰਮਣ ਅਤੇ ਸੰਭਾਲ ਦੇ ਖ਼ਰਚ ਤੋਂ ਛੁਟਕਾਰਾ ਹੋ ਗਿਆ ਹੈ ।

ਭਾਫ਼ ਇੰਜਣ ਦੀ ਥਾਂ ਲਗਭਗ ਪੂਰਨ ਤੌਰ ਤੇ ਡੀਜ਼ਲ ਇੰਜਣ ਨੇ ਲੈ ਲਈ ਹੈ । ਤਬਾਹ ਹੋਈ ਰੇਲ ਦੀ ਪਟੜੀ ਆਦਿ ਦੀ ਮੁਰੰਮਤ ਲਈ ਭਾਫ਼ ਇੰਜਣ ਵਰਤਿਆ ਜਾਂਦਾ ਹੈ । ਗੈਸ ਨਾਲ ਚੱਲਣ ਵਾਲੀਆਂ ਕਰੇਨਾਂ ਬਹੁਤ ਘੱਟ ਵਰਤੀਆਂ ਜਾਂਦੀਆਂ ਹਨ, ਖ਼ਾਸ ਕਰਕੇ ਜਦੋਂ ਛੋਟੇ ਛੋਟੇ ਟੁਕੜੇ, ਧੁਰੇ ਜਾਂ ਲੱਠਾਂ ਆਦਿ ਇੱਧਰ ਉੱਧਰ ਕਰਨ ਦਾ ਕੰਮ ਹੋਵੇ ਤਾਂ ਇਨ੍ਹਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ।

## ਕਰੇਨਾਂ ਦੀਆਂ ਕਿਸਮਾਂ

**ਹੈਂਡ ਜਿਬ ਕਰੇਨ**—ਬੇਸ਼ਕ ਹੈਂਡ ਜਿਬ ਕਰੇਨ ਸਾਰੇ ਸੰਸਾਰ ਭਰ ਵਿਚ ਵਰਤੀ ਜਾਂਦੀ ਹੈ, ਪਰ ਇਸ ਦੀ ਸਪੀਡ ਅਤੇ ਵਰਤੋਂ ਦੇ ਢੰਗ ਵਿਚ ਕੁੱਝ ਔਕੜਾਂ ਕਰਕੇ ਇਹ ਇਤਨੀ ਲਾਭਦਾਇਕ ਸਾਬਤ ਨਹੀਂ ਹੋ ਸਕੀ । ਇਹ ਕੇਵਲ ਉਨ੍ਹਾਂ ਥਾਵਾਂ ਤੇ ਲਗਾਈਆਂ ਜਾਂਦੀਆਂ ਹਨ ਜਿੱਥੇ ਚਾਲਕ ਸ਼ਕਤੀ ਦਾ ਕੋਈ ਪ੍ਰਬੰਧ ਨਾ ਹੋ ਸਕੇ ਜਾਂ ਜਿੱਥੇ ਸਿਰਫ਼ ਕਦੇ ਕਦੇ ਹੀ ਇਸ ਦੀ ਲੋੜ ਪੈਂਦੀ ਹੋਵੇ । ਇਸੇ ਕਰਕੇ ਅਜਿਹੀਆਂ ਕਰੇਨਾਂ ਰੇਲ ਰੋਡ ਡਿਪੂਆਂ ਵਿਚ ਆਮ ਵੇਖੀਆਂ ਜਾ ਸਕਦੀਆਂ ਹਨ (ਚਿਤਰ 2) ।



ਚਿਤਰ 2 : ਸਧਾਰਨ ਹੈਂਡ ਕਰੇਨ

**ਓਵਰਹੈੱਡ ਅਤੇ ਗੋਲੀਅਥ ਕਰੇਨ**—ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਸਾਰ ਵਿਚ ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਓਵਰਹੈੱਡ ਕਰੇਨਾਂ ਹਨ, ਜਿਹੜੀਆਂ ਕਿ ਵਧੇ ਹੋਏ ਗੈਂਟਰੀ ਗਾਡਰ ਜਾਂ ਰੇਲਾਂ ਦੀ ਪਟੜੀ ਉਤੇ ਚਲਦੀਆਂ ਹਨ, ਇਹ ਸਾਰਾ ਕੁਝ ਟਰਾਲੀ ਜਾਂ ਕੈਬਨ ਦੇ ਰੂਪ ਵਿਚ ਦੋ ਸਮਾਂਤਰ ਗਾਡਰਾਂ ਉਤੇ ਗਤੀ ਕਰਦੀ ਹੈ ਚਿਤਰ 3(ੳ) ਅਤੇ (ਅ) ।



ੳ ਅ

ਚਿਤਰ 3 : (ੳ) ਓਵਰਹੈੱਡ ਇਲੈੱਕਟ੍ਰਿਕ ਕਰੇਨ
(ਅ) ਕੈਬਨ ਅਤੇ ਜੰਗਲੇ ਵਾਲੀ ਓਵਰਹੈੱਡ ਕਰੇਨ

ਅਜਿਹੀ ਕਰੇਨ ਉਪਰ-ਥੱਲੇ, ਅੱਗੇ ਪਿੱਛੇ ਅਤੇ ਸੱਜੇ-ਖੱਬੇ ਤਿੰਨ ਤਰ੍ਹਾਂ ਦੀ ਗਤੀ ਕਰਦੀ ਹੈ । ਓਵਰਹੈੱਡ ਕਰੇਨਾਂ ਆਮ ਕਰਕੇ ਇਮਾਰਤਾਂ ਦੇ ਅੰਦਰ ਭਾਰ ਚੁੱਕਣ ਲਈ ਵਰਤੀਆਂ ਜਾਂਦੀਆਂ ਹਨ, ਤਾਂ ਜੋ ਫ਼ਰਸ਼ ਉਤੇ ਕਿਸੇ ਕਿਸਮ ਦੀ ਰੁਕਾਵਟ ਪੈਦਾ ਨਾ ਹੋਵੇ । ਕਈ ਵਾਰ ਖੁੱਲ੍ਹੀਆਂ ਥਾਵਾਂ ਵਿਚ ਗੈਂਟਰੀ ਗਾਡਰਾਂ ਉਤੇ ਵੀ ਅਜਿਹੀਆਂ ਕਰੇਨਾਂ ਨਾਲ ਕੰਮ ਕੀਤਾ ਜਾਂਦਾ ਹੈ, ਜਿਵੇਂ ਕਿ ਸਟਾਕ ਯਾਰਡਾਂ ਆਦਿ ਵਿਚ । ਜ਼ਿਆਦਾਤਰ ਓਵਰਹੈੱਡ ਕਰੇਨਾਂ ਬਿਜਲਈ ਮੋਟਰਾਂ ਨਾਲ ਚਲਾਈਆਂ ਜਾਂਦੀਆਂ ਹਨ ਪਰ ਕਈ ਵਾਰੀ ਮਨੁੱਖੀ ਸ਼ਕਤੀ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ । ਓਵਰਹੈੱਡ ਕਰੇਨਾਂ 300-400 ਟਨ ਭਾਰ ਚੁੱਕਣ ਲਈ ਡਿਜ਼ਾਈਨ ਕੀਤੀਆਂ ਜਾਂਦੀਆਂ ਹਨ । ਕੇਵਲ 50 ਟਨ ਦੀ ਸਮਰੱਥਾ ਤਕ ਦੀਆਂ ਛੋਟੀਆਂ ਕਰੇਨਾਂ ਨੂੰ ਸਟੈਂਡਰਡ ਕਲੀਅਰੈਂਸ ਅਤੇ ਨਾਪ ਦੇ ਹਿਸਾਬ ਨਾਲ ਡਿਜ਼ਾਈਨ ਕੀਤਾ ਜਾਂਦਾ ਹੈ । ਗਾਡਰਾਂ ਵਿਚਲੀ ਦੂਰੀ ਤਾਂ ਇਮਾਰਤ ਦੇ ਲਿਹਾਜ਼ ਨਾਲ ਘਟਾਈ ਜਾ ਸਕਦੀ ਹੈ ਪਰ 36.5 ਮੀ. (120 ਫੁੱਟ) ਤੋਂ ਵੱਧ ਨਹੀਂ ਰਖੀ ਜਾਣੀ ਚਾਹੀਦੀ । ਇਕ ਵਿਸ਼ੇਸ਼ 50 ਟਨ ਤਕ ਦਾ ਭਾਰ ਚੁੱਕਣ ਵਾਲੀ ਓਵਰਹੈੱਡ ਕਰੇਨ ਦਾ ਸਪੈਨ 15.24 ਮੀ. (50 ਫੁੱਟ) ਲੰਬਾ ਹੁੰਦਾ ਹੈ, ਜਿਸ ਦੀ ਭਾਰ ਨੂੰ ਚੁੱਕਣ ਦੀ ਗਤੀ 5 ਸੈਂ. ਮੀ./ਸੈਕੰਡ (10 ਫੁੱਟ ਪ੍ਰਤਿ ਮਿੰਟ), ਟਰਾਲੀ ਸਮੇਤ ਆਡੇ-ਦਾਅ ਗਤੀ 35.5 ਸੈਂ. ਮੀ. ਪ੍ਰਤਿ ਸੈਕੰਡ (70 ਫੁੱਟ) ਪ੍ਰਤਿ

ਮਿੰਟ ਅਤੇ ਥੱਲੇ ਫ਼ਰਸ਼ ਵਲ ਗਤੀ 116.8 ਸੈਂ. ਮੀ. ਪ੍ਰਤਿ ਸੈਕੰਡ (230 ਫੁੱਟ ਪ੍ਰਤਿ ਮਿੰਟ) ਹੁੰਦੀ ਹੈ ।

ਓਵਰਹੈੱਡ ਕਰੇਨ ਲਈ ਹਮੇਸ਼ਾ ਗੈਂਟਰੀ ਗਾਡਰ ਲਗਾਉਣਾ ਜ਼ਰੂਰੀ ਹੁੰਦਾ ਹੈ ਪਰ ਗੋਲੀਅਥ ਕਰੇਨ ਲਈ ਫ਼ਰਸ਼ ਉਤੇ ਹੀ ਇਸ ਦੇ ਚੱਲਣ ਲਈ ਪਟੜੀ ਬਣਾਈ ਜਾਂਦੀ ਹੈ । ਗੋਲੀਅਥ ਕਰੇਨ ਦੀ ਭਾਰ ਚੁੱਕਣ ਦੀ ਸਮਰੱਥਾ 300 ਟਨ ਹੁੰਦੀ ਹੈ । ਇਸ ਕਰਕੇ ਪਾਵਰ ਸਟੇਸ਼ਨ ਬਣਾਉਣ ਜਾਂ ਵੱਡੇ ਵੱਡੇ ਭਾਰ ਚੁੱਕਣ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ । ਓਵਰਹੈੱਡ ਕਰੇਨ ਤੋਂ ਅਨੇਕਾਂ ਕੰਮ ਲਏ ਜਾਂਦੇ ਹਨ । ਕਈ ਥਾਵਾਂ ਉਤੇ ਤਾਂ ਇਨ੍ਹਾਂ ਦਾ ਪ੍ਰਯੋਗ ਲਗਾਤਾਰ ਕੀਤਾ ਜਾਂਦਾ ਹੈ, ਜਿਵੇਂ ਕਿ ਸਟੀਲ ਉਦਯੋਗਾਂ ਵਿਚ ਸਟੀਲਵਰਕਸ ਚਾਰਜਰ ਦੇ ਤੌਰ ਤੇ ਕੰਮ ਕਰਦੀ ਹੋਈ ਓਵਰਹੈੱਡ ਕਰੇਨ ਨੂੰ ਆਮ ਵੇਖਿਆ ਜਾ ਸਕਦਾ ਹੈ (ਚਿਤਰ 4) ।



ਚਿਤਰ 4 : ਸਟੀਲ ਵਰਕਸ ਚਾਰਜਰ



ਚਿਤਰ 5 : ਸਕੌਚ ਡੈਰਿਕ ਕਰੇਨ

**ਸਕੌਚ ਡੈਰਿਕ ਕਰੇਨ**—ਅਜਿਹੀਆਂ ਕਰੇਨਾਂ ਦੀ ਹਮੇਸ਼ਾ ਲੋੜ ਰਹਿੰਦੀ ਹੈ ਜਿਹੜੀਆਂ ਕਿ ਕੰਮ ਵਾਲੀ ਥਾਂ ਉਤੇ ਆਸਾਨੀ ਨਾਲ



ਚਿਤਰ 6 : ਬਿਜਲਈ ਲੈਵਲ-ਲਫਿੰਗ ਰੈਂਡ ਕਰੇਨ (ਕੰਗਾਰੂ ਕਿਸਮ ਦੀ)

ਲਿਜਾਈਆਂ ਜਾ ਸਕਦੀਆਂ ਹੋਣ ਅਤੇ ਉਸਾਰੀ ਦੇ ਕੰਮ ਵਿਚ ਇਸਤੇਮਾਲ ਕੀਤੀਆਂ ਜਾ ਸਕਦੀਆਂ ਹੋਣ, ਸਕੌਚ ਕਰੇਨ ਅਜਿਹੀ ਹੀ ਇਕ ਵਿਸ਼ੇਸ਼ ਕਰੇਨ ਹੈ (ਚਿਤਰ 5) । ਸਕੌਚ ਕਰੇਨ ਦਾ ਡਿਜ਼ਾਇਨ ਹਮੇਸ਼ਾ ਬਿਜਲੀ ਨਾਲ ਚੱਲਣ ਅਤੇ 30 ਟਨ ਦੀ ਸਮਰੱਥਾ ਵਾਲਾ ਬਣਾਇਆ ਜਾਂਦਾ ਹੈ । ਇਨ੍ਹਾਂ ਦੀ ਜਿਬ 30 ਤੋਂ 36 ਮੀ. ਤਕ ਲੰਬੀ ਰਖੀ ਜਾਂਦੀ ਹੈ, ਜੇਕਰ ਹੋਰ ਵਧੇਰੇ ਲੰਬਾਈ ਦੀ ਲੋੜ ਹੋਵੇ ਤਾਂ ਵਿਸ਼ੇਸ਼ ਫ਼੍ਰੇਮ ਤਿਆਰ ਕੀਤਾ ਜਾਂਦਾ ਹੈ । ਇਸ ਦਾ ਸਭ ਤੋਂ ਵੱਡਾ ਉਪਯੋਗ ਵਧੇਰੇ ਉਚਾਈ ਤਕ ਭਾਰ ਚੁੱਕ ਸਕਣ ਦੀ ਸਮਰੱਥਾ ਹੈ ।

**ਬੰਦਰਗਾਹ ਉਤੇ ਕੰਮ ਕਰਨ ਵਾਲੀ ਕਰੇਨ**—ਸਮੁੰਦਰੀ ਜਹਾਜ਼ ਵਿਚੋਂ ਛੇਤੀ ਨਾਲ ਸਾਮਾਨ ਉਤਾਰਨ ਜਾਂ ਚੜ੍ਹਾਉਣ ਲਈ ਕੇਵਲ ਲਫਿੰਗ ਕਰੇਨ ਆਮ ਕਰਕੇ ਵਰਤੀ ਜਾਂਦੀ ਹੈ । ਇਸ ਕਰੇਨ ਨੂੰ ਚਲਾਉਣ ਲਈ ਬਿਜਲਈ ਸ਼ਕਤੀ ਦਾ ਉਪਯੋਗ ਕੀਤਾ ਜਾਂਦਾ ਹੈ ਪਰ ਕਦੇ ਕਦੇ ਜਿਬ ਨੂੰ ਵਧੇਰੇ ਉਚਾਈ ਤਕ ਚੁੱਕਣ ਲਈ ਹਾਈਡਰਾਲਿਕ ਸਿਸਟਮ ਦੀ ਵਰਤੋਂ ਵੀ ਕੀਤੀ ਜਾਂਦੀ ਹੈ । ਬੰਦਰਗਾਹਾਂ ਉਤੇ ਕੰਮ ਕਰਨ ਵਾਲੀਆਂ ਕਰੇਨਾਂ ਆਮ ਕਰਕੇ 3 ਟਨ ਤੋਂ 10 ਟਨ ਸਮਰੱਥਾ ਵਾਲੀਆਂ ਬਣਾਈਆਂ ਜਾਂਦੀਆਂ ਹਨ ਪਰ ਕਦੇ ਕਦੇ ਖ਼ਾਸ ਸਥਾਨਾਂ ਲਈ 15 ਤੋਂ 20 ਟਨ ਤਕ ਦੀ ਸਮਰੱਥਾ ਵਾਲੀਆਂ ਵੀ ਬਣਾਈਆਂ ਜਾਂਦੀਆਂ ਹਨ (ਚਿਤਰ 6) ।

**ਸ਼ਿਪਯਾਰਡ ਕਰੇਨ**—ਸਮੁੰਦਰੀ ਜਹਾਜ਼ਾਂ ਦੀਆਂ ਵਰਕਸ਼ਾਪਾਂ ਵਿਚ, ਜਿੱਥੇ ਨਵੇਂ ਜਹਾਜ਼ ਬਣਾਉਣ ਅਤੇ ਮੁਰੰਮਤ ਦਾ ਕੰਮ ਹੁੰਦਾ ਹੈ, ਵਖ ਵਖ ਕੰਮ ਕਰਨ ਲਈ ਅਨੇਕਾਂ ਕਿਸਮ ਦੀਆਂ ਕਰੇਨਾਂ ਡਿਜ਼ਾਈਨ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਸ਼ਿਪਯਾਰਡ ਕਰੇਨ ਕਿਹਾ ਜਾਂਦਾ ਹੈ । ਅਜਿਹੀਆਂ ਕਰੇਨਾਂ ਦੀ ਭਾਰ ਚੁੱਕਣ ਦੀ ਸਮਰੱਥਾ 250 ਟਨ ਤਕ ਹੁੰਦੀ ਹੈ । ਆਮ ਤੌਰ ਤੇ ਇਹ ਕਰੇਨਾਂ 35 ਮੀ. ਦੇ ਅਰਧ-ਵਿਆਸ ਵਿਚ 40 ਮੀ. ਦੀ ਉਚਾਈ ਤਕ ਭਾਰ ਚੁੱਕ ਕੇ ਘੁੰਮ ਸਕਦੀਆਂ ਹਨ । ਇਹ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਚੱਲ ਅਤੇ ਅਚੱਲ (ਵੇਖੋ, ਚਿਤਰ 7 ਅਤੇ 8) ।



ਚਿਤਰ 7 : ਸ਼ਿਪਯਾਰਡ ਕਰੇਨ (ਚੱਲ)



ਚਿਤਰ 8 : ਸ਼ਿਪਯਾਰਡ ਕਰੇਨ ਅਚੱਲ

ਕਰੇਨਾਂ ਭਾਰ ਨੂੰ ਉਚਿਤ ਥਾਂ ਉੱਤੇ ਕੁਸ਼ਲਤਾਪੂਰਵਕ ਰਖਣ ਯੋਗ ਹੋਣੀਆਂ ਚਾਹੀਦੀਆਂ ਹਨ (ਚਿਤਰ 9)।



ਚਿਤਰ 9: ਤਾਰਾਂ ਵਾਲੇ ਰੱਸਿਆਂ ਵਾਲੀ ਜਿਬ ਸ਼ਿਪਯਾਰਡ ਕਰੇਨ

**6. ਢੋ-ਢੁਆਈ ਕਰੇਨ**—ਬਹੁਤੇ ਵੱਡੇ ਅਤੇ ਭਾਰੇ ਸਮੁੰਦਰੀ ਜਹਾਜ਼ ਵਿਚ ਸਾਮਾਨ ਨੂੰ ਛੋਟੀ-ਛੋਟੀ ਲੱਦਣ ਜਾਂ ਇਸ ਵਿਚੋਂ ਸਾਮਾਨ ਉਤਾਰਨ ਲਈ ਗ੍ਰੈਬਿੰਗ ਕਰੇਨ ਵਰਤੀ ਜਾਂਦੀ ਹੈ ਜਿਵੇਂ ਕੰਗਾਰੂ ਕਿਸਮ ਦੀ ਗ੍ਰੈਬਿੰਗ ਕਰੇਨ ਜਿਹੜੀ ਕਿ ਭਾਰ ਨੂੰ ਚੁੱਕ ਕੇ ਆਪਣੇ ਹੀ ਟਾਪੇ ਉਤੇ ਰਖ ਦਿੰਦੀ ਹੈ ਅਤੇ ਇਸ ਵਿਚ ਕਿਸੇ ਕਿਸਮ ਦੀ ਘੁੰਮਣ ਕਿਰਿਆ ਨਹੀਂ ਹੁੰਦੀ। ਢੋ-ਢੁਆਈ ਕਰਨ ਵਾਲੀਆਂ ਕਰੇਨਾਂ ਆਮ ਕਰਕੇ ਭਾਰ ਉਤਾਰਨ (ਵੇਖੋ, ਚਿਤਰ 10) ਭਾਰ ਚੜ੍ਹਾਉਣ ਅਤੇ ਜਾਂ ਦੋਵੇਂ ਕੰਮ ਕਰਨ ਲਈ ਵਰਤੀਆਂ ਜਾਂਦੀਆਂ ਹਨ।



ਚਿਤਰ 10: ਬਿਜਲਈ ਢੋ-ਢੁਆਈ ਕਰੇਨ

ਟਾਪੇ ਤੋਂ ਬਾਅਦ ਸਾਮਾਨ ਸਿੱਧਾ ਹੀ ਟਰੱਕਾਂ ਆਦਿ ਵਿਚ ਲੱਦਿਆ ਜਾਂਦਾ ਹੈ। ਜਹਾਜ਼ ਵਿਚ ਸਾਮਾਨ ਲੱਦਣ ਲਈ ਢਾਲਵੇਂ ਤਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਖ਼ਾਸ ਕਿਸਮ ਦੀ ਢੋ-ਢੁਆਈ ਕਰੇਨ ਦੀ ਸਮਰੱਥਾ 15 ਤੋਂ 20 ਟਨ ਤਕ ਰਖੀ ਹੁੰਦੀ ਹੈ। ਜਿਸ ਦੀ ਭਾਰ ਚੁੱਕਣ ਵੇਲੇ ਗਤੀ 100 ਸੈਂ. ਮੀ./ਸੈਕੰਡ ਤੋਂ 150 ਸੈਂ. ਮੀ./ਸੈਕੰਡ ਨਿਰਧਾਰਤ ਕੀਤੀ ਹੁੰਦੀ ਹੈ। ਟਰਾਲੀ; ਜਿਹੜੀ ਕਿ ਡਰਾਈਵਰ ਸਮੇਤ ਹੁੰਦੀ ਹੈ, ਦੀ ਗਤੀ 4.5 ਮੀ./ਸੈਕੰਡ ਤੋਂ 5 ਮੀ./ਸੈਕੰਡ ਹੁੰਦੀ ਹੈ ਅਤੇ ਸਮੁੱਚੀ ਕਰੇਨ ਦੀ ਗਤੀ 25 ਸੈਂ. ਮੀ./ਸੈਕੰਡ ਤੋਂ 40 ਸੈਂ. ਮੀ./ਸੈਕੰਡ ਹੁੰਦੀ ਹੈ। ਅਜਿਹੀਆਂ ਕਰੇਨਾਂ ਕੱਚੇ ਮਾਲ ਦੇ ਕਾਰਖ਼ਾਨਿਆਂ ਵਿਚ 1,000 ਟਨ ਪ੍ਰਤਿ ਘੰਟਾ ਕੰਮ ਕਰਨ ਦੀ ਸਮਰੱਥਾ ਵਾਲੀਆਂ ਹੁੰਦੀਆਂ ਹਨ।

**7. ਫਲੋਟਿੰਗ ਕਰੇਨ**—ਬੰਦਰਗਾਹਾਂ ਆਦਿ ਵਿਚ ਵੱਡੇ ਭਾਰ ਚੁੱਕਣ ਲਈ ਸਧਾਰਨ ਕਰੇਨ ਦੀ ਥਾਂ ਫਲੋਟਿੰਗ ਕਰੇਨ ਨੂੰ ਪਹਿਲ ਦਿਤੀ ਜਾਂਦੀ ਹੈ। ਇਸ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਨੂੰ ਆਸਾਨੀ ਨਾਲ ਹਰ ਥਾਂ ਤੇ ਲਿਜਾਇਆ ਜਾ ਸਕਦਾ ਹੈ ਅਤੇ ਜਿੱਥੇ ਪਟੜੀ ਆਦਿ ਦਾ ਪ੍ਰਬੰਧ ਨਾ ਹੋ ਸਕੇ, ਉਸ ਥਾਂ ਤੇ ਇਹੋ ਜਿਹੀ ਕਰੇਨ ਉਪਯੋਗੀ ਹੁੰਦੀ ਹੈ। ਇਨ੍ਹਾਂ ਦੀ ਸਮਰੱਥਾ 30 ਤੋਂ 100 ਟਨ ਤਕ ਹੁੰਦੀ ਹੈ। ਕਈ ਵਾਰੀ ਇਹ 350 ਟਨ ਦੀ ਸਮਰੱਥਾ ਵਾਲੀਆਂ ਖ਼ਾਸ ਕੰਮ ਲਈ ਡਿਜ਼ਾਈਨ ਕੀਤੀਆਂ ਜਾਂਦੀਆਂ ਹਨ।

**8. ਮੋਬੀਲ ਕਰੇਨ**—ਅੱਜ ਕਲ੍ਹ ਰਬੜ ਦੇ ਹਵਾ ਭਰੇ ਟਾਇਰ ਉੱਤੇ ਕਸੀਆਂ ਕਰੇਨਾਂ ਦਾ ਉਪਯੋਗ ਵਧਦਾ ਜਾ ਰਿਹਾ ਹੈ। ਇਹ ਅਕਸਰ ਟਰੱਕਾਂ ਉੱਤੋਂ ਭਾਰ ਉਤਾਰਨ ਅਤੇ ਲੱਦਣ ਲਈ ਜਾਂ ਸਿਵਲ ਇੰਜਨੀਅਰਿੰਗ ਜਾਂ ਉਸਾਰੀ ਦੇ ਕੰਮ ਲਈ ਵਰਤੀਆਂ ਜਾਂਦੀਆਂ ਹਨ। ਇਹ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ ਘੁੰਮਣਸ਼ੀਲ ਅਤੇ ਅਘੁੰਮਣਸ਼ੀਲ। ਇਨ੍ਹਾਂ ਦੀ ਭਾਰ ਚੁੱਕਣ ਦੀ ਸਮਰੱਥਾ 80 ਟਨ ਤਕ ਹੁੰਦੀ ਹੈ। ਇਨ੍ਹਾਂ ਨੂੰ ਡੀਜ਼ਲ ਇੰਜਣ ਨਾਲ ਚਲਾਇਆ ਜਾਂਦਾ ਹੈ। ਇਹ ਸੜਕ ਉੱਤੇ 65 ਕਿ. ਮੀ. ਪ੍ਰਤਿ ਘੰਟੇ ਦੀ ਰਫ਼ਤਾਰ ਨਾਲ ਦੌੜ ਸਕਦੀਆਂ ਹਨ।

ਹ. ਪੁ.—ਐਨ. ਬ੍ਰਿ. 6 : 696

**ਕਰੇਨ, ਸਟੇਫੈਂਨ** : ਇਹ ਇਕ ਅਮਰੀਕਨ ਲਿਖਾਰੀ ਸੀ, ਜਿਸਨੇ ਨਾਵਲਕਾਰ, ਕਵੀ ਤੇ ਕਹਾਣੀ ਲੇਖਕ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਦਾ ਜਨਮ ਪਹਿਲੀ ਨਵੰਬਰ, 1871 ਨੂੰ ਹੋਇਆ। ਇਹ ਅਨੋਖੀ ਪ੍ਰਤਿਭਾ ਦਾ ਮਾਲਕ ਸੀ। ਇਸ ਦੀ ਸ਼ੈਲੀ ਅਤੇ ਜੀਵਨ ਦੇ ਵਿਅਕਤੀਗਤ ਦ੍ਰਿਸ਼ਟੀਕੋਣ ਦੇ ਸੋਮੇ ਕਾਫ਼ੀ ਹੱਦ ਤੱਕ ਗੁੱਝੇ ਸਨ। ਭਾਵੇਂ ਗਰੀਬੀ ਕਾਰਨ ਇਸ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਇਸ ਦਾ ਵਿਦਿਅਕ ਤੇ ਸਾਹਿਤਕ ਖੇਤਰ ਬੜਾ ਵਿਸ਼ਾਲ ਸੀ। 1895 ਵਿਚ ਇਸ ਦੀ ਪੁਸਤਕ 'ਦੀ ਰੈੱਡ ਬੈਜ ਔਫ਼ ਕੱਰੇਜ' ਅਤੇ ਕਵਿਤਾਵਾਂ ਦੀ ਪੁਸਤਕ 'ਦੀ ਬਲੈਕ ਰਾਈਡਰ' ਕਾਰਨ ਇਸ ਨੂੰ ਅੰਤਰਰਾਸ਼ਟਰੀ ਪੱਧਰ ਦੀ ਪ੍ਰਸਿੱਧੀ ਪ੍ਰਾਪਤ ਹੋਈ। ਇਨ੍ਹਾਂ ਪੁਸਤਕ ਵਿਚੋਂ ਇਸ ਦਾ ਜੀਵਨ ਸਬੰਧੀ ਦ੍ਰਿਸ਼ਟੀਕੋਣ ਤੇ ਸੰਘਰਸ਼ਮਈ ਜੀਵਨ ਝਲਕਦਾ ਹੈ। ਜੰਗ ਸਬੰਧੀ ਲਿਖਤਾਂ ਕਾਰਨ ਇਸ ਨੂੰ ਕਾਫ਼ੀ ਮਾਨ ਪ੍ਰਾਪਤ ਹੋਇਆ ਅਤੇ ਇਸੇ ਕਰਕੇ ਇਸ ਨੂੰ ਯੂਨਾਨ ਅਤੇ ਫਿਰ ਕਿਊਬਾ ਵਿਖੇ ਇਕ ਪੱਤਰਕਾਰ ਵਜੋਂ ਭੇਜਿਆ ਗਿਆ। ਇੰਗਲੈਂਡ ਵਿਚ ਇਸ ਦੀ ਮਿਤਰਤਾ ਹੈਨਰੀ ਜੇਮਜ਼, ਹੈਰਾਲਡ ਫ੍ਰੈਡਰਿਕ ਅਤੇ ਜੋਜ਼ਫ਼ ਕੋਨਰਡ ਨਾਲ ਹੋਈ। ਨਾਵਲ ਦੇ ਨਾਲ ਨਾਲ ਛੋਟੀ ਕਹਾਣੀ ਵਿਚ ਵੀ ਇਸ ਨੂੰ ਮੁਹਾਰਤ ਪ੍ਰਾਪਤ ਸੀ।

ਇਸ ਦੀ ਮੌਤ 29 ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਤਪਦਿਕ ਕਾਰਨ ਜਰਮਨੀ ਵਿਚ ਹੋਈ।

ਹ. ਪੁ.—ਐਨ. ਬ੍ਰਿ. 6 : 633.

**ਕ੍ਰੇ-ਫ਼ਿਸ਼** : ਇਸ ਨੂੰ ਕ੍ਰਾ-ਫ਼ਿਸ਼ ਜਾਂ ਕ੍ਰਾ-ਡੈਡ ਵੀ ਕਿਹਾ ਜਾਂਦਾ ਹੈ। ਇਹ ਆਰਥ੍ਰੋਪੋਡਾ ਫ਼ਾਈਲਮ, ਕ੍ਰਸਟੇਸ਼ੀਆ ਸ਼੍ਰੇਣੀ ਅਤੇ ਡੈਕਾਪੋਡਾ ਵਰਗ ਦੇ ਰੀੜ੍ਹ ਰਹਿਤ ਪ੍ਰਾਣੀ ਹਨ। ਇਨ੍ਹਾਂ ਨੂੰ ਐਸਟੱਸਿਡੀ (ਉੱਤਰੀ ਅਰਧ ਗੋਲੇ ਦੇ) ਅਤੇ ਪੈਰਐਸਟੱਸਿਡੀ ਜਾਂ ਆਸਟ੍ਰੋਐਸਟੱਸਿਡੀ (ਦੱਖਣੀ ਅਰਧ ਗੋਲੇ ਦੇ) ਦੀਆਂ ਕੁਲਾਂ ਵਿਚ ਰਖਿਆ ਗਿਆ ਹੈ। ਇਨ੍ਹਾਂ ਦੀਆਂ ਤਕਰੀਬਨ 500 ਤੋਂ ਵੱਧ ਜਾਤੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਅੱਧੀਆਂ ਤੋਂ ਜ਼ਿਆਦਾ ਉੱਤਰੀ ਅਮਰੀਕਾ ਵਿਚ ਹੁੰਦੀਆਂ ਹਨ।

**ਕ੍ਰੇ-ਫ਼ਿਸ਼ਾਂ ਦਾ ਮੁੱਖ ਲੱਛਣ**—ਇਨ੍ਹਾਂ ਵਿਚ ਸਿਰ ਅਤੇ ਛਾਤੀ ਜੁੜੇ ਹੋਏ ਹੁੰਦੇ ਹਨ, ਜਿਸਨੂੰ ਮਿਡਸੈਕਸ਼ਨ ਕਹਿੰਦੇ ਹਨ। ਸਰੀਰ ਖੰਡਮਈ ਅਤੇ ਪੀਲੇ, ਹਰੇ ਜਾਂ ਗੂੜ੍ਹੇ ਭੂਰੇ ਰੰਗ ਦਾ ਹੁੰਦਾ ਹੈ। ਸਿਰ ਉੱਤੇ ਇਕ ਤਿੱਖੀ ਥੂਥਨੀ ਜਿਹੀ ਹੁੰਦੀ ਹੈ। ਅੱਖਾਂ ਹਿੱਲਣਸ਼ੀਲ ਡੰਡੀਆਂ ਉੱਤੇ ਲੱਗੀਆਂ ਹੁੰਦੀਆਂ ਹਨ। ਬਾਹਰਲਾ ਪਿੰਜਰ ਪਤਲਾ ਪਰ ਕਰੜਾ ਹੁੰਦਾ ਹੈ। ਲੱਤਾਂ ਦੇ ਪੰਜ ਜੋੜਿਆਂ ਵਿਚੋਂ ਪਹਿਲੇ ਜੋੜੇ ਉੱਤੇ ਵੱਡੀਆਂ

ਤਾਕਤਵਰ ਚਿਮਟੀਆਂ ਹੁੰਦੀਆਂ ਹਨ। ਪੇਟ ਉਤੇ ਛੋਟੇ ਉਪ-ਅੰਗਾਂ ਦੇ ਪੰਜ ਜੋੜੇ ਹੁੰਦੇ ਹਨ।



ਕ੍ਰੇ-ਫ਼ਿਸ਼

ਕ੍ਰੇ-ਫ਼ਿਸ਼ਾਂ ਤਕਰੀਬਨ 7.5 ਸੈਂ. ਮੀ. ਲੰਮੀਆਂ ਹੁੰਦੀਆਂ ਹਨ। ਸਭ ਤੋਂ ਛੋਟੀ ਕ੍ਰੇ-ਫ਼ਿਸ਼ ਦੱਖਣ-ਪੂਰਬੀ ਅਮਰੀਕਾ ਦੀ '*Cambarellus diminutus*' ਤਕਰੀਬਨ 2.5ਸੈਂ. ਮੀ. ਲੰਮੀ ਹੁੰਦੀ ਹੈ। ਸਭ ਤੋਂ ਵੱਡੀ ਕ੍ਰੇ-ਫ਼ਿਸ਼ ਤਸਮਾਨੀਆ ਦੀ ਇਕ ਹੋਰ ਕਿਸਮ '*Astacopsis gouldi*' ਹੈ। ਇਹ ਤਕਰੀਬਨ 40ਸੈਂ. ਮੀ. ਲੰਮੀ ਅਤੇ 3.5 ਕਿ. ਗ੍ਰਾ. ਭਾਰੀ ਹੁੰਦੀ ਹੈ।

ਤਕਰੀਬਨ ਸਾਰੀਆਂ ਕ੍ਰੇ-ਫ਼ਿਸ਼ਾਂ ਅਲੂਣੇ ਪਾਣੀ ਵਿਚ ਰਹਿੰਦੀਆਂ ਹਨ, ਸਿਰਫ਼ ਕੁਝ-ਕੁ ਹੀ ਲੂਣੇ ਪਾਣੀ ਵਿਚ ਹੁੰਦੀਆਂ ਹਨ। ਇਹ ਆਮ ਤੌਰ ਤੇ ਦਰਿਆਵਾਂ ਅਤੇ ਝੀਲਾਂ ਵਿਚ ਪੱਥਰਾਂ ਅਤੇ ਬਨਸਪਤੀ ਆਦਿ ਹੇਠਾਂ ਲੁਕੀਆਂ ਹੁੰਦੀਆਂ ਹਨ। ਇਹ ਰਾਤ ਨੂੰ ਬਹੁਤ ਚੁਸਤ ਹੁੰਦੀਆਂ ਹਨ ਅਤੇ ਘੋਗੇ, ਕੀੜਿਆਂ ਦੇ ਲਾਰਵੇ, ਵਰਮ ਅਤੇ ਡੱਡ-ਬੱਚਿਆਂ (ਡੈਡਪੋਲਾਂ) ਨੂੰ ਖਾਂਦੀਆਂ ਹਨ। ਕੁਝ-ਕੁ ਕਿਸਮਾਂ ਬਨਸਪਤੀ ਉਤੇ ਵੀ ਆਹਾਰ ਕਰਦੀਆਂ ਹਨ।

ਇਹ ਪਤਝੜ ਵਿਚ ਮੈਥੁਨ ਕਰਦੀਆਂ ਹਨ ਅਤੇ ਬਸੰਤ ਰੁੱਤ ਵਿਚ ਅੰਡੇ ਦਿੰਦੀਆਂ ਹਨ। ਅੰਡਿਆਂ ਦੀ ਗਿਣਤੀ ਇਕ ਦਰਜਨ ਤੋਂ ਘੱਟ ਤੋਂ ਲੈ ਕੇ 1,000 ਤੋਂ ਵੱਧ ਤਕ ਵੀ ਹੋ ਸਕਦੀ ਹੈ। ਅੰਡੇ ਮਾਦਾ ਦੇ ਪੇਟ ਨਾਲ ਜੁੜੇ ਰਹਿੰਦੇ ਹਨ, ਜਿਨ੍ਹਾਂ ਵਿਚੋਂ ਪੰਜ ਤੋਂ ਅੱਠ ਹਫ਼ਤਿਆਂ ਵਿਚ ਬੱਚੇ ਨਿਕਲ ਆਉਂਦੇ ਹਨ। ਲਾਰਵੇ ਕਈ ਹਫ਼ਤਿਆਂ ਤਕ ਮਾਂ ਉਤੇ ਹੀ ਰਹਿੰਦੇ ਹਨ। ਇਨ੍ਹਾਂ ਵਿਚ ਲਿੰਗੀ ਪ੍ਰੌਢਤਾ ਕੁਝ ਮਹੀਨਿਆਂ ਤੋਂ ਲੈ ਕੇ ਕਈ ਸਾਲਾਂ ਵਿਚ ਆਉਂਦੀ ਹੈ। ਵਖ ਵਖ ਜਾਤੀਆਂ ਦਾ ਜੀਵਨ ਕਾਲ ਇਕ ਸਾਲ ਤੋਂ 20 ਸਾਲ ਤਕ ਹੁੰਦਾ ਹੈ।

ਦੁਨੀਆ ਦੇ ਕਈ ਹਿੱਸਿਆਂ ਵਿਚ ਕ੍ਰੇ-ਫ਼ਿਸ਼ਾਂ ਨੂੰ ਖਾਣ ਲਈ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਮੱਛੀਆਂ, ਜਲ-ਥਲੀ ਜੀਵਾਂ, ਰੀਂਗਣ-ਪ੍ਰਾਣੀਆਂ, ਪੰਛੀਆਂ ਅਤੇ ਥਣਧਾਰੀ ਪ੍ਰਾਣੀਆਂ ਦੀ ਵੀ ਖ਼ੁਰਾਕ ਹਨ। ਅਮਰੀਕਾ ਦੇ ਦੱਖਣ-ਪੂਰਬੀ ਹਿੱਸਿਆਂ ਵਿਚ ਇਹ ਖੇਤਾਂ ਵਿਚ ਖੁੱਡਾਂ ਪੁੱਟ ਕੇ ਫ਼ਸਲਾਂ ਨਾਸ਼ ਕਰਦੀਆਂ ਹਨ।

ਹ. ਪੁ.—ਐਨ. ਬ੍ਰਿ. ਮਾ. 3 : 225 ; ਐਨ. ਬ੍ਰਿ. 6 : 706

**ਕ੍ਰੇਫੈਲਟ** : ਇਹ ਪੱਛਮੀ ਜਰਮਨੀ ਦੇ ਉੱਤਰੀ ਰਾਈਨ ਵੈਸਟਫਾਲੀਆ ਰਾਜ ਵਿਚ ਇਕ ਸ਼ਹਿਰ ਅਤੇ ਬੰਦਰਗਾਹ ਹੈ ਜੋ ਰਾਈਨ ਦਰਿਆ ਦੇ ਖੱਬੇ ਕੰਢੇ ਤੇ ਵਾਕਿਆ ਹੈ। 1373 ਵਿਚ ਇਸਦੀ ਨੀਂਹ ਰਖੀ ਗਈ ਅਤੇ ਸ਼ੁਰੂ ਵਿਚ ਇਹ ਮਰਸਦੇ ਕਾਉਂਟਾ ਦੇ ਕਬਜ਼ੇ ਵਿਚ ਸੀ। ਸੰਨ 1600 ਵਿਚ ਇਹ ਹਾਊਸ ਆਫ਼ ਆਰੈਂਜ ਅਧੀਨ ਆ ਗਿਆ ਅਤੇ 1702 ਵਿਚ ਪਰੂਸ਼ੀਆ ਦੇ ਕਬਜ਼ੇ ਹੇਠਾਂ ਆਇਆ। ਸੰਨ 1758 ਵਿਚ ਬ੍ਰੰਜ਼ਵਿਕ ਦੇ ਡਿਊਕ ਫ਼ਰਡੀਨੈਂਡ ਨੇ ਕ੍ਰੇਫੈਲਟ ਦੇ ਨੇੜੇ ਫਰਾਂਸੀਸੀਆਂ ਨੂੰ ਸੱਤ ਸਾਲਾ ਯੁੱਧ ਵਿਚ ਹਰਾਇਆ ਸੀ। ਸੰਨ 1901 ਅਤੇ 1929 ਵਿਚਕਾਰ ਇਸਦੇ ਨੇੜੇ ਸਾਰੇ ਨਜ਼ਦੀਕੀ ਕਸਬੇ ਇਸ ਵਿਚ ਹੀ ਮਿਲ ਗਏ। ਪਹਿਲੇ ਮਹਾਂ ਯੁੱਧ ਤੋਂ ਬਾਅਦ ਇਸ ਤੇ ਇਤਹਾਦੀਆਂ ਦਾ ਕਬਜ਼ਾ ਹੋ ਗਿਆ ਅਤੇ ਦੂਜੇ ਮਹਾਂ ਯੁੱਧ ਵਿਚ ਇਥੇ ਕਈ ਵਾਰ ਬੰਬਾਰੀ ਕੀਤੀ ਗਈ।

ਕ੍ਰੇਫੈਲਟ ਰੇਲਾਂ ਅਤੇ ਸੂਤੀ ਕੱਪੜੇ ਦੇ ਉਦਯੋਗ ਦਾ ਕੇਂਦਰ ਹੈ। ਇਥੇ ਸੂਤੀ ਕੱਪੜੇ ਦੇ ਉਦਯੋਗ, ਖੇਤੀਬਾੜੀ ਅਤੇ ਕਮਰਸ਼ਲ ਆਰਟ ਦੇ ਤਕਨੀਕੀ ਸਕੂਲ ਹਨ। ਇਸਪਾਤ, ਮਸ਼ੀਨਰੀ ਅਤੇ ਰਸਾਇਣਿਕ ਵਸਤਾਂ ਆਦਿ ਵੀ ਇਥੇ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਰੰਗਾਂ ਦਾ ਕੰਮ ਵੀ ਹੁੰਦਾ ਹੈ। ਇਥੋਂ ਦੇ ਕਈ ਅਜਾਇਬ ਘਰ ਵੇਖਣਯੋਗ ਹਨ।

ਆਬਾਦੀ—223, 124 (1983)
51° 20′ ਉ. ਵਿਥ. ; 6° 34′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 914

**ਕ੍ਰੇਬੀਯਾਨ** (Crebillon, Jolyot· De) : ਇਹ ਫ਼ਰਾਂਸ ਦਾ ਨਾਟਕਕਾਰ ਸੀ, ਜਿਸਦਾ ਜਨਮ 13 ਜਨਵਰੀ, 1674 ਨੂੰ ਹੋਇਆ। ਵਾਸਤਵ ਵਿਚ ਇਹ ਕਾਨੂੰਨ ਦਾ ਵਿਦਿਆਰਥੀ ਸੀ। ਇਹ ਇਕ ਅਤਿ-ਪ੍ਰਸਿੱਧ ਕਲਾਸਕੀ ਦੁਖਾਂਤ ਦਾ ਲੇਖਕ ਸੀ ਜੋ ਰਾਸੀਨ ਦੀ ਮੌਤ ਤੋਂ ਲੈ ਕੇ ਵੱਲਟੇਅਰ ਦੀ ਚੜ੍ਹਤ ਤਕ ਹਾਵੀ ਰਿਹਾ। ਇਸਦੇ ਪ੍ਰਸਿੱਧ ਨਾਟਕ 'Indomenee' (1705), 'Atree et Thyeste' (1707) ਅਤੇ 'Rhadamiste et Zenobie' (1711) ਉਦਾਸੀ ਅਤੇ ਭੈ ਪੈਦਾ ਕਰਨ ਵਾਲੇ ਹਨ ਅਤੇ ਇਨ੍ਹਾਂ ਵਿਚ ਇਸ ਨੇ ਹਿੰਸਾਪੂਰਨ ਮਨੋਵੇਗ ਅਤੇ ਗੈਰ-ਕੁਦਰਤੀ ਜੁਰਮਾਂ ਦੇ ਵਰਣਨ ਕਰਨ ਨੂੰ ਪਹਿਲ ਦਿਤੀ ਹੈ। ਇਹ ਅਕਾਦਮੀ ਦਾ ਮੈਂਬਰ ਚੁਣਿਆ ਗਿਆ ਅਤੇ ਲੂਈ ਪੰਦਰ੍ਹਵੇਂ ਦਾ ਲਾਈਬ੍ਰੇਰੀਅਨ ਬਣਾਇਆ ਗਿਆ। ਇਸ ਦਾ ਅੰਤਿਮ ਦੁਖਾਂਤ ਨਾਟਕ 'Le Triumvirat' (1754) ਵਿਚ ਖੇਡਿਆ ਗਿਆ।

17 ਜੂਨ, 1762 ਨੂੰ ਪੈਰਿਸ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਕ. ਯੂ. ਬ੍ਰਾ. 1 : 457

**ਕਰੇਲਾ** : ਗਰਮੀਆਂ ਦੀ ਰੁੱਤ ਵਿਚ ਕਾਸ਼ਤ ਕੀਤੀ ਜਾਂਦੀ ਇਸ ਸਬਜ਼ੀ ਫ਼ਸਲ ਦਾ ਬਨਸਪਤ-ਵਿਗਿਆਨਕ ਨਾਂ ਮੌਮਾਰਡਿਕਾ ਚੈਰੇਂਸ਼ੀਆ ਹੈ। ਇਹ ਸਬਜ਼ੀ ਕਈ ਤਰੀਕਿਆਂ ਨਾਲ ਪਕਾ ਕੇ ਖਾਧੀ ਜਾਂਦੀ ਹੈ। ਕਰੇਲੇ ਦੀ ਕੁੜੱਤਣ ਕਾਰਨ ਕਈ ਲੋਕ ਇਸ ਨੂੰ ਪਸੰਦ ਨਹੀਂ ਕਰਦੇ। ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਕੁੜੱਤਣ ਕਰਕੇ ਹੀ ਕਰੇਲੇ 'ਚ ਕਈ ਔਸ਼ਧੀ-ਗੁਣ ਹੁੰਦੇ ਹਨ। ਛੋਟੇ ਕਰੇਲਿਆਂ ਵਿਚ ਲੋਹਾ ਤੇ ਵਿਟਾਮਿਨ ਬਹੁਤ ਜ਼ਿਆਦਾ ਮਾਤਰਾ ਵਿਚ ਹੁੰਦੇ ਹਨ। ਵੱਡੀ ਤੇ ਛੋਟੀ

ਕਿਸਮ ਦੇ ਕਰੇਲਿਆਂ ਦੇ ਭੋਜਨ-ਤੱਤਾਂ ਦਾ ਵੇਰਵਾ ਹੇਠਲੀ ਸਾਰਨੀ ਅਨੁਸਾਰ ਹੈ :—

| | ਪ੍ਰਤਿ 100 ਗ੍ਰਾ. ਖਾਣ ਯੋਗ ਭਾਰ | |
|---|---|---|
| | ਵੱਡਾ ਕਰੇਲਾ | ਛੋਟਾ ਕਰੇਲਾ |
| ਨਮੀ | 92.4 ਗ੍ਰਾ. | 83.2 ਗ੍ਰਾ. |
| ਪ੍ਰੋਟੀਨ | 1.6 ,, | 2.1 ,, |
| ਚਰਬੀ | 0.2 ,, | 1.0 ,, |
| ਖਣਿਜ | 0.8 ,, | 1.4 ,, |
| ਰੇਸ਼ੇ | 0.8 ,, | 4.2 ,, |
| ਹੋਰ ਕਾਰਬੋਹਾਈਡ੍ਰੇਟ | 4.2 ,, | 9.8 ,, |
| ਕੈਲੋਰੀਆਂ | 25 | 60 |
| ਕੈਲਸੀਅਮ | 20 ਮਿ.ਗ੍ਰਾ. | 50 ਮਿ.ਗ੍ਰਾ. |
| ਮੈਗਨੀਸ਼ੀਅਮ | 17 ,, ,, | 21 ,, ,, |
| ਫ਼ਾਸਫੋਰਸ | 70 ,, ,, | 140 ,, ,, |
| ਲੋਹਾ | 1.8 ,, ,, | 0.94 ,, ,, |
| ਸੋਡੀਅਮ | 17.8 ਮਿ.ਗ੍ਰਾ. | 2.4 ਮਿ.ਗ੍ਰਾ. |
| ਪੋਟਾਸ਼ੀਅਮ | 15.2 ,, ,, | 17.1 ,, ,, |
| ਤਾਂਬਾ | 0.18 ,, ,, | 0.19 ,, ,, |
| ਗੰਧਕ | 15 ,, ,, | 21 ,, ,, |
| ਕਲੋਰੀਨ | 8 ,, ,, | 8 ,, ,, |
| ਵਿਟਾਮਿਨ-ਏ | 210 ਪ੍ਰਤਿ ਇਕਾਈ | 210 ਪ੍ਰਤਿ ਇਕਾਈ |
| ਥਾਇਆਮੀਨ | 0.07 ,, ,, | 0.07 ,, ,, |
| ਵਿਟਾਮਿਨ-ਸੀ | 88 ,, ,, | 96 ,, ,, |

ਪੁਰਾਣੀ ਦੁਨੀਆ (ਯੂਰਪ, ਏਸ਼ੀਆ ਤੇ ਅਫ਼ਰੀਕਾ) ਦੇ ਤਪਤ ਖੰਡਾਂ ਨੂੰ ਕਰੇਲੇ ਦੇ ਮੂਲ-ਅਸਥਾਨ ਖ਼ਿਆਲ ਕੀਤਾ ਜਾਂਦਾ ਹੈ। ਇਹ ਚੀਨ, ਮਲਾਇਆ, ਭਾਰਤ ਤੇ ਤਪਤ-ਖੰਡੀ ਅਫ਼ਰੀਕਾ 'ਚ ਕਾਫ਼ੀ ਹੁੰਦਾ ਹੈ। ਭਾਰਤ ਦੇ ਕਈ ਇਲਾਕਿਆਂ 'ਚ ਇਹ ਜੰਗਲੀ ਰੂਪ 'ਚ ਵੀ ਉਗਦਾ ਹੈ। ਇਹ ਕਿਊਕ੍ਰਰਬਿਟੇਸੀ ਕੁਲ ਨਾਲ ਸਬੰਧ ਰਖਦਾ ਹੈ। ਕਰੇਲੇ ਆਕਾਰ, ਸ਼ਕਲ ਤੇ ਰੰਗ ਦੇ ਪੱਖੋਂ ਕਈ ਤਰ੍ਹਾਂ ਦੇ ਹੁੰਦੇ ਹਨ। ਇਨ੍ਹਾਂ ਨੂੰ ਮੋਟੇ ਤੌਰ ਤੇ ਦੋ ਵਰਗਾਂ 'ਚ ਵੰਡਿਆ ਜਾ ਸਕਦਾ ਹੈ, ਛੋਟੇ ਕਰੇਲੇ ਜੋ 7 ਤੋਂ 10 ਸੈਂ. ਮੀ. ਲੰਬੇ ਹੁੰਦੇ ਹਨ ਅਤੇ ਵੱਡੇ ਕਰੇਲੇ ਜਿਨ੍ਹਾਂ ਦੀ ਲੰਬਾਈ 15 ਤੋਂ 18 ਸੈਂ. ਮੀ. ਹੁੰਦੀ ਹੈ। ਛੋਟੇ ਕਰੇਲੇ ਆਮ ਤੌਰ ਤੇ ਗਰਮੀਆਂ 'ਚ ਅਤੇ ਵੱਡੇ ਕਰੇਲੇ ਬਰਸਾਤਾਂ ਵਿਚ ਉਗਾਏ ਜਾਂਦੇ ਹਨ।

**ਕਾਸ਼ਤ**—ਮੈਦਾਨਾਂ 'ਚ ਗਰਮੀਆਂ ਦੀ ਫ਼ਸਲ ਜਨਵਰੀ ਤੋਂ ਲੈ ਕੇ ਮਾਰਚ ਤਕ ਬੀਜੀ ਜਾਂਦੀ ਹੈ ਅਤੇ ਬਰਸਾਤੀ ਫ਼ਸਲ ਜੂਨ ਤੋਂ ਜੁਲਾਈ ਤੱਕ। ਪਹਾੜਾਂ ਵਿਚ ਕਰੇਲੇ ਮਾਰਚ ਤੋਂ ਜੂਨ ਤਕ ਬੀਜੇ ਜਾਂਦੇ ਹਨ। ਇਕ ਹੈਕਟਰ ਵਿਚ 5-6 ਕਿ. ਗ੍ਰਾ. ਬੀਜ ਪਾਇਆ ਜਾਂਦਾ ਹੈ। ਪੇਂਡੂ ਇਲਾਕਿਆਂ 'ਚ ਪੱਕੇ ਹੋਏ ਕਰੇਲਿਆਂ ਤੋਂ ਕੱਢੇ ਬੀਜਾਂ ਨੂੰ ਗੋਹੇ 'ਚ ਮਿਲਾ ਕੇ, ਪਾਥੀਆਂ ਜਿਹੀਆਂ ਬਣਾ ਕੇ ਸੁੱਕਣ ਲਈ ਕੰਧਾਂ ਤੇ ਥੱਪ ਦਿਤਾ ਜਾਂਦਾ ਹੈ। ਚੰਗੀ ਤਰ੍ਹਾਂ ਸੁੱਕ ਜਾਣ ਪਿੱਛੋਂ ਪਾਥੀਆਂ 'ਚੋਂ ਕੱਢ ਕੇ, ਬੀਜਾਂ ਨੂੰ ਟੀਨ ਦੇ ਡੱਬਿਆਂ 'ਚ ਸਾਂਭ ਕੇ ਰਖਿਆ ਜਾਂਦਾ ਹੈ। ਇਹ ਬੀਜ ਛੇਤੀ ਤੇ ਵਧੀਆ ਜੰਮਦੇ ਹਨ। ਕਰੇਲਿਆਂ ਲਈ ਰੂੜੀ ਤੇ ਰਸਾਇਣੀ ਖਾਦਾਂ ਦੀ ਮਿਕਦਾਰ ਨਿਸ਼ਚਿਤ ਨਹੀਂ ਹੈ। ਸਗੋਂ ਇਹ ਇਲਾਕੇ ਤੇ ਜ਼ਮੀਨੀ ਹਾਲਤ ਤੇ ਨਿਰਭਰ ਕਰਦੀ ਹੈ।

ਦੋਗਲੀ ਕਿਸਮ ਬੀਜਣ ਨਾਲ ਝਾੜ ਵਧੇਰੇ ਮਿਲਦਾ ਹੈ। ਕਰੇਲੇ ਛੋਟੇ-ਛੋਟੇ ਤੇ ਨਰਮ ਹੀ ਤੋੜ ਲਏ ਜਾਂਦੇ ਹਨ। ਪੱਕਣ ਤੇ ਕਰੇਲੇ ਦਾ ਰੰਗ ਹਰੇ ਤੋਂ ਪੀਲਾ ਤੇ ਫਿਰ ਸੰਤਰੀ ਹੋ ਜਾਂਦਾ ਹੈ। ਤੁੜਾਈ ਇਕ ਦਿਨ ਛੱਡ ਕੇ ਕੀਤੀ ਜਾ ਸਕਦੀ ਹੈ। ਜੇ ਕਰੇਲੇ ਕੂਲੇ ਤੇ ਹਰੇ-ਹਰੇ ਹੀ ਤੋੜੇ ਜਾਣ ਅਤੇ ਵੇਲਾਂ ਤੇ ਹੀ ਪੱਕ ਜਾਣ ਤਾਂ ਝਾੜ ਘੱਟ ਮਿਲਦਾ ਹੈ। ਝਾੜ ਆਮ ਤੌਰ ਤੇ 80 ਤੋਂ 140 ਕੁਇੰਟਲ ਪ੍ਰਤਿ ਹੈਕਟਰ ਮਿਲ ਜਾਂਦਾ ਹੈ।

ਹ. ਪੁ.—ਸਬਜ਼ੀਆਂ—ਚੌਧਰੀ. : 179

**ਕਰੈਸਨ** : ਕਰੈਸਡੀ ਕੁਲ ਦੀਆਂ ਅਨੇਕਾਂ ਅਲੂਣੇ ਪਾਣੀ ਦੀਆਂ ਮੱਛੀਆਂ ਲਈ ਇਹ ਇਕ ਆਮ ਨਾਂ ਹੈ। ਇਨ੍ਹਾਂ ਦੀਆਂ ਸੈਂਕੜੇ ਜਾਤੀਆਂ ਹਨ; ਇਨ੍ਹਾਂ ਵਿਚੋਂ ਬਹੁਤੀਆਂ ਮੱਧ ਅਤੇ ਦੱਖਣੀ ਅਮਰੀਕਾ ਅਤੇ ਕੁਝ-ਕੁ ਊਸ਼ਣ-ਖੰਡੀ ਅਫ਼ਰੀਕਾ ਵਿਚ ਮਿਲਦੀਆਂ ਹਨ।

ਕਈ ਕਰੈਸਨ ਮੱਛੀਆਂ ਛੋਟੀਆਂ-ਛੋਟੀਆਂ, ਰੰਗ-ਬਰੰਗੀਆਂ, ਫੁਰਤੀਲੀਆਂ ਅਤੇ ਸੀਲ ਹੁੰਦੀਆਂ ਹਨ ਅਤੇ ਜਲ-ਜੀਵਸ਼ਾਲਾਵਾਂ ਵਿਚ ਰਖੀਆਂ ਜਾਂਦੀਆਂ ਹਨ। ਇਹ ਮੱਛੀਆਂ ਆਪਣੇ ਦੰਦੇਦਾਰ ਜਬਾੜ੍ਹਿਆਂ ਅਤੇ ਪਿੱਠ ਉਤੇ ਇਕ ਚਰਬੀਲੇ ਖੰਭੜੇ (ਦੂਜਾ ਪਿੱਠਲਾ ਖੰਭੜਾ) ਕਰਕੇ ਪਹਿਚਾਣੀਆਂ ਜਾਂਦੀਆਂ ਹਨ। ਇਨ੍ਹਾਂ ਦੇ ਆਕਾਰ ਵਿਚ ਕਈ ਵਖਰੇਵੇਂ ਮਿਲਦੇ ਹਨ। ਇਨ੍ਹਾਂ ਦੀ ਲੰਬਾਈ 2.5 ਤੋਂ 152 ਸੈਂ. ਮੀ. ਤਕ ਹੁੰਦੀ ਹੈ। ਇਨ੍ਹਾਂ ਦੀਆਂ ਸ਼ਾਕਾਹਾਰੀ ਅਤੇ ਮਾਸਾਹਾਰੀ ਸਭ ਤਰ੍ਹਾਂ ਦਾ ਆਹਾਰ ਕਰਨ ਵਾਲੀਆਂ ਕਿਸਮਾਂ ਮਿਲਦੀਆਂ ਹਨ; ਸਰੀਰਕ ਬਣਤਰ ਵਿਚ ਵੀ ਵਖਰੇਵੇਂ ਮਿਲਦੇ ਹਨ। ਸਾਰੀਆਂ ਕਰੈਸਨ ਮੱਛੀਆਂ ਅੰਡੇ ਦਿੰਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਅੰਡਿਆਂ ਨੂੰ ਜਲੀ-ਪੌਦਿਆਂ ਉਤੇ ਖਿਲਾਰ ਦਿੰਦੀਆਂ ਹਨ ਪਰ ਇਕ ਜਾਤੀ ਸਪਰੇਇੰਗ ਕਰੈਸਨ (*Copeina arnoldi*) ਆਪਣੇ ਅੰਡੇ ਪਾਣੀ ਤੋਂ ਬਾਹਰ ਕਿਸੇ ਲਟਕਦੇ ਪੱਤੇ ਜਾਂ ਕਿਸੇ ਹੋਰ ਢੁਕਵੀਂ ਚੀਜ਼ ਉਤੇ ਦਿੰਦੀ ਹੈ ਅਤੇ ਨਰ ਮੱਛੀ ਸਮੇਂ-ਸਮੇਂ ਆਪਣੀ ਪੂਛ ਨਾਲ ਇਨ੍ਹਾਂ ਉਤੇ ਪਾਣੀ ਸੁੱਟ-ਸੁੱਟ ਕੇ ਇਨ੍ਹਾਂ ਨੂੰ ਗਿੱਲਾ ਰੱਖਦੀ ਹੈ।

ਕਰੈਸਨ ਮੱਛੀਆਂ ਦੀਆਂ ਕੁਝ ਪ੍ਰਸਿੱਧ ਕਿਸਮਾਂ ਇਹ ਹਨ— ਟੈੱਟਰਾ, ਜਿਹੜੀਆਂ ਪ੍ਰਸਿੱਧ ਪਾਲਤੂ ਮੱਛੀਆਂ ਹਨ; ਲਾਲ ਖੰਭੜੇ ਵਾਲੀ ਚਾਂਦੀ ਰੰਗੀ ਬਲੱਡਫਿਨ, ਲਾਲ ਪੂਛ ਵਾਲੀ ਪ੍ਰਿਸਟੈੱਲਾ ਰਿਡਲੀ ਜਿਸ ਦੇ ਪਿੱਠਲੇ ਅਤੇ ਗੁੱਦਾ ਖੰਭੜੇ ਵਿਚ ਕਾਲਾ ਅਤੇ ਚਿੱਟਾ ਰੰਗ ਹੁੰਦਾ ਹੈ ਅਤੇ ਅਸਟਾਈਏਨੈਂਕਸ ਦੀਆਂ ਕਈ ਜਾਤੀਆਂ ਜਿਹੜੀਆਂ ਲੰਬੇ ਸਰੀਰ, ਡੂੰਘੇ ਕੱਟ ਵਾਲੀ ਪੂਛ ਵਾਲੀਆਂ, ਚਾਂਦੀ ਰੰਗੀਆਂ ਮੱਛੀਆਂ ਹਨ।

ਕਰੈਸਨ, ਮੱਛੀਆਂ ਦੇ ਤਕਰੀਬਨ 16 ਮਿਲਦੇ ਜੁਲਦੇ ਗਰੁੱਪਾਂ ਵਿਚੋਂ ਇਕ ਹਨ। ਕਈ ਵਿਗਿਆਨੀ ਇਨ੍ਹਾਂ ਵਿਚੋਂ ਹਰੇਕ ਗਰੁੱਪ ਨੂੰ ਇਕ ਵਖਰੀ ਕੁਲ ਅਤੇ ਕਈ ਇਕੋ ਹੀ ਵੱਡੀ ਕੁਲ ਕਰੈਸਡੀ ਦੀਆਂ ਉਪ-ਕੁਲਾਂ ਮੰਨਦੇ ਹਨ।

ਹ. ਪੁ.—ਐਨ. ਬ੍ਰਿ. ਮਾ. 2 : 748

**ਕਰੈਸਨੋਡਾਰ : ਕ੍ਰੇਅ**—ਦੱਖਣੀ-ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ. ਸੰਘ) ਦਾ ਇਹ ਕ੍ਰੇਅ ਹੈ। ਇਸ ਦਾ ਖੇਤਰ-ਫਲ 83,600 ਵ. ਕਿ. ਮੀ. ਅਤੇ ਆਬਾਦੀ 4,924,000 (1983) ਹੈ। ਇਸ ਇਲਾਕੇ ਦਾ ਦੋ-ਤਿਹਾਈ ਹਿੱਸਾ ਮੈਦਾਨੀ ਹੈ ਜਿਸ ਵਿਚੋਂ ਕੂਬੈਨ ਅਤੇ ਦੂਜੇ ਹੋਰ ਦਰਿਆ ਵਗਦੇ ਹਨ ਅਤੇ ਅਜ਼ੋਵ ਸਾਗਰ ਵਿਚ ਜਾ ਡਿਗਦੇ ਹਨ। ਇਹ ਬੜੀ ਜ਼ਰਖ਼ੇਜ਼ ਭੂਮੀ ਹੈ ਅਤੇ ਲਗਭਗ ਸਾਰੀ ਦੀ ਸਾਰੀ ਵਾਹੀ ਅਧੀਨ ਹੈ। ਇਸ ਖੇਤਰ ਦਾ ਦੱਖਣੀ ਤਿਹਾਈ ਹਿੱਸਾ ਪੱਛਮੀ ਕੌਹਕਾਫ ਪਹਾੜਾਂ ਨੇ ਮੱਲਿਆ ਹੋਇਆ ਹੈ ਜਿਸ ਵਿਚ 3,789 ਮੀ. ਉੱਚੀਆਂ ਚੋਟੀਆਂ ਹਨ ਜਿਨ੍ਹਾਂ ਦੀ ਉਚਾਈ ਪੱਛਮ ਵਲ ਹੌਲੀ-ਹੌਲੀ ਘੱਟਦੀ ਜਾਂਦੀ ਹੈ।

ਇਸ ਕ੍ਰੇਅ ਦੀ ਸਥਾਪਨਾ 1937 ਈ. ਵਿਚ ਕੀਤੀ ਗਈ ਸੀ। ਇਸ ਕ੍ਰੇਅ ਦੇ ਲੋਕ ਆਮ ਕਰਕੇ ਰੂਸੀ ਅਤੇ ਯੂਕਰੇਨੀ ਹਨ। ਥੋੜ੍ਹੇ ਜਿਹੇ ਆਰਮੀਨੀ, ਬੀਲੋਰਸ਼ੀਅਨ ਅਤੇ ਤਾਤਾਰ ਵੀ ਇਥੇ ਆਬਾਦ ਹਨ।

ਕ੍ਰੇਅ ਦਾ ਉੱਤਰੀ ਮੈਦਾਨ ਇਕ ਸਿਰ ਕੱਢ ਖੇਤੀਬਾੜੀ ਵਾਲਾ ਖੰਡ ਹੈ। ਇਥੋਂ ਦੀਆਂ ਅਨਾਜ ਦੀਆਂ ਮੁੱਖ ਫਸਲਾਂ ਕਣਕ, ਜੌਂ ਅਤੇ ਚਾਉਲ ਹਨ। ਕੌਹਕਾਫ਼ ਪਹਾੜਾਂ ਦੀਆਂ ਪੱਬੀਆਂ ਤੇ ਅੰਗੂਰ ਅਤੇ ਹੋਰ ਫਲਾਂ ਦੀ ਪੈਦਾਵਾਰ ਹੁੰਦੀ ਹੈ। ਇਥੇ ਪਸ਼ੂ, ਸੂਰ ਅਤੇ ਮੁਰਗੀਆਂ ਆਦਿ ਕਾਫ਼ੀ

ਗਿਣਤੀ ਵਿਚ ਪਾਲੀਆਂ ਜਾਂਦੀਆਂ ਹਨ। ਇਥੋਂ ਦਾ ਮੁੱਖ ਉਦਯੋਗ ਚੀਜ਼ਾਂ ਦੀ ਪ੍ਰਾਸੈਸਿੰਗ ਹੈ। ਤਾਮਨ ਪ੍ਰਾਇਦੀਪ ਉੱਤੇ ਮੇਕੋਪ ਦੁਆਲੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਕੱਢੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. ਮਾ. 6 : 982

**ਕਰੈਸਨੋਡਾਰ :** ਸ਼ਹਿਰ—ਦੱਖਣੀ ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ. ਸੰਘ) ਵਿਚ ਇਹ ਕੁਬੈਨ ਦਰਿਆ ਕੰਢੇ ਵਸਿਆ ਸ਼ਹਿਰ ਹੈ ਜੋ ਇਸੇ ਨਾਂ ਦੀ ਕ੍ਰੇਅ ਦਾ ਸਦਰ-ਮੁਕਾਮ ਹੈ। ਇਸ ਸ਼ਹਿਰ ਦੀ ਨੀਂਹ ਲਗਭਗ 1793 ਵਿਚ ਜਿਕੈਟਰੀਨੋਡਾਰ ਨਾਂ ਦੀ ਇਕ ਕਾਜ਼ਾਕ ਚੌਕੀ ਦੇ ਤੌਰ ਤੇ ਰੱਖੀ ਗਈ ਸੀ। ਫੌਜੀ ਸ਼ਹਿਰ ਦੇ ਤੌਰ ਤੇ ਇਸ ਦਾ ਕਾਫੀ ਵਿਕਾਸ ਹੋਇਆ। ਕਾਕੇਸ਼ੀਅਨ ਦੀ ਜੰਗ ਤੋਂ ਪਿਛੋਂ 1867 ਵਿਚ ਇਹ ਗੈਰ ਫੌਜੀ ਸ਼ਹਿਰ ਬਣ ਗਿਆ। ਸੰਨ 1890 ਦੇ ਦਹਾਕੇ ਵਿਚ ਇਥੇ ਰੇਲਵੇ ਲਾਈਨ ਪਹੁੰਚਣ ਨਾਲ ਇਹ ਸ਼ਹਿਰ ਹੋਰ ਵੀ ਉਨਤ ਹੋ ਗਿਆ। ਸੰਨ 1920 ਵਿਚ ਇਸ ਦਾ ਮੌਜੂਦਾ ਨਾਂ ਰਖਿਆ ਗਿਆ। ਇਥੋਂ ਦੇ ਉਦਯੋਗ ਆਮ ਕਰਕੇ ਇਲਾਕੇ ਦੀਆਂ ਜ਼ਰਾਇਤੀ ਵਸਤਾਂ ਦੀ ਪ੍ਰਾਸੈਸਿੰਗ ਅਤੇ ਇੰਜਨੀਅਰਿੰਗ ਵਸਤਾਂ ਤਿਆਰ ਕਰਨ ਸਬੰਧੀ ਹਨ। ਇਥੇ ਪੈਟਰੋਲ ਸਾਫ ਕਰਨ ਦੇ ਕਾਰਖਾਨੇ ਵੀ ਹਨ। ਇਥੇ ਕਈ ਖੋਜ ਕੇਂਦਰ, ਥੀਏਟਰ ਅਤੇ ਅਜਾਇਬ ਘਰ ਵੀ ਹਨ।

ਆਬਾਦੀ—595,000 (1983 ਅੰਦਾ.)

45°02′ ਉ. ਵਿਥ; 39°00′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 911

**ਕਰੈਸੂਲੇਸੀ :** ਇਹ ਰਸਦਾਰ ਪੌਦਿਆਂ ਦੀ ਇਕ ਕੁਲ ਹੈ ਜਿਸ ਵਿਚ 35 ਪ੍ਰਜਾਤੀਆਂ ਅਤੇ 1200 ਤੋਂ ਵੱਧ ਜਾਤੀਆਂ ਸ਼ਾਮਲ ਹਨ। ਇਹ ਕੁਲ ਸਾਰੀ ਦੁਨੀਆ ਦੇ ਕਈ ਖ਼ੁਸ਼ਕ ਅਤੇ ਗਰਮ ਭਾਗਾਂ ਵਿਚ ਫੈਲੀ ਹੋਈ ਹੈ। ਇਹ ਪੌਦੇ ਦੱਖਣੀ ਆਸਟ੍ਰੇਲੀਆ ਅਤੇ ਓਸ਼ੀਨੀਆ ਵਿਚ ਬਿਲਕੁਲ ਨਹੀਂ ਮਿਲਦੇ। ਦੱਖਣੀ ਅਮਰੀਕਾ ਵਿਚ ਇਨ੍ਹਾਂ ਦੀਆਂ 3-4 ਪ੍ਰਜਾਤੀਆਂ ਮਿਲਦੀਆਂ ਹਨ। ਇਹ ਪੌਦੇ ਆਮ ਤੌਰ ਤੇ ਬਗੀਚਿਆਂ ਵਿਚ ਸਜਾਵਟ ਦੇ ਤੌਰ ਤੇ ਲਾਏ ਜਾਂਦੇ ਹਨ। ਇਨ੍ਹਾਂ ਪੌਦਿਆਂ ਦਾ ਆਕਾਰ ਬੂਟੀ-ਨੁਮਾ ਜਾਂ ਝਾੜੀ ਨੁਮਾ ਹੋ ਸਕਦਾ ਹੈ। ਗੁੱਦੇਦਾਰ ਪੱਤੇ



ਕਰੈਸੂਲੇਸੀ (*Sempervium arachnoideum*)

ਕਈ ਵਾਰ ਬਣਤਰ ਵਿਚ ਵੇਲਣਾਕਾਰ ਹੁੰਦੇ ਹਨ ਜਿਵੇਂ ਸੀਡਮ ਵਿਚ ਜਾਂ ਜਿਵੇਂ ਹਾਊਸਲੀਕ ਵਾਂਗ ਗੁੱਛੇਦਾਰ ਝੁੰਮਣ (ਰੋਜ਼ੈਟ) ਬਣਾ ਲੈਂਦੇ ਹਨ। ਆਪਣੀਆਂ ਖ਼ੁਸ਼ਕ ਹਾਲਤਾਂ ਅਨੁਸਾਰ ਇਹ ਆਪਣੇ ਸਰੀਰ ਦੀ ਰਚਨਾ ਨੂੰ ਢਾਲ ਲੈਂਦੇ ਹਨ, ਬਹੁਤ ਜ਼ਿਆਦਾ ਤੌਰ ਤੇ ਰਸਦਾਰ ਹੋ ਜਾਂਦਾ ਹੈ ਜਿਸ ਨਾਲ ਇਕ ਵਾਟਰ-ਸਟੋਨ ਬਣ ਜਾਂਦਾ ਹੈ ਅਤੇ ਮੋਟੀ ਕਿਉਟੀਕੁਲਰਾਈਜ਼ਡ ਐਪੀਡਰਮਸ ਰਾਹੀਂ ਇਨ੍ਹਾਂ ਵਿਚ ਹੁੰਦੀ ਵਾਸ਼ਪੀਕਰਨ ਕਿਰਿਆ ਘਟ ਜਾਂਦੀ ਹੈ। ਇਨ੍ਹਾਂ ਦੀ ਬਾਹਰਲੀ ਪਰਤ ਇਕ ਗੂੰਦ ਵਰਗੇ ਰਸਾਅ ਨਾਲ ਢਕੀ ਜਾਂਦੀ ਹੈ ਜਿਸ ਕਾਰਨ ਇਨ੍ਹਾਂ ਪੌਦਿਆਂ ਵਿਚ ਚਮਕ ਪੈਦਾ ਹੁੰਦੀ ਹੈ।



ਕ੍ਰੈਸੂਲਾ ਕੋਲੁਮੈਲਾ

ਇਨ੍ਹਾਂ ਪੌਦਿਆਂ ਦੇ ਫੁੱਲ ਅਕਸਰ ਲਾਲ ਜਾਂ ਪੀਲੇ ਹੁੰਦੇ ਹਨ ਅਤੇ ਕਦੀ ਹੀ ਚਿੱਟੇ ਰੰਗ ਦੇ ਹੁੰਦੇ ਹਨ। ਆਮ ਤੌਰ ਤੇ ਇਹ ਪੌਦਿਆਂ ਦੇ ਸਿਰਿਆਂ ਤੇ ਗੁੱਛਿਆਂ ਵਿਚ ਲਗਦੇ ਹਨ। ਕੁਝ ਕਿਸਮਾਂ ਰੀਂਗਣ ਵਾਲੇ ਪ੍ਰਕੰਦ ਦੀ ਮਦਦ ਨਾਲ ਵਧਦੀਆਂ ਹਨ। ਹੋਰਨਾਂ ਪੌਦਿਆਂ ਵਿਚ ਤਣਿਆਂ ਜਾਂ ਪੱਤਿਆਂ ਦੇ ਛੋਟੇ ਹਿੱਸੇ ਅੱਖਾਂ ਰਾਹੀਂ ਨਵੇਂ ਪੌਦੇ ਪੈਦਾ ਕਰਦੇ ਹਨ ਜਿਵੇਂ ਬਰਾਇਓਫਾਈਲਮ ਵਿਚ ਪੱਤਿਆਂ ਦੇ ਸਿਰਿਆਂ ਤੇ ਮੌਜੂਦ ਅੱਖਾਂ ਨਵੇਂ ਪੌਦੇ ਪੈਦਾ ਕਰਦੀਆਂ ਹਨ।

ਇਸ ਕੁਲ ਦੀ ਕੋਈ ਆਰਥਿਕ ਮਹੱਤਤਾ ਨਹੀਂ ਹੈ ਸਿਵਾਏ ਕਿ ਇਸਦੇ ਕਈ ਪੌਦੇ ਸਜਾਵਟੀ ਪੌਦਿਆਂ ਦੇ ਤੌਰ ਤੇ ਉਗਾਏ ਜਾਂਦੇ ਹਨ।

ਹ. ਪੁ.—ਐਨ. ਬ੍ਰਿ. 6 : 703 ; ਐਨ. ਖ੍ਰਿ. ਮਾ. 3 : 222 ; ਟੈਕਸਾਨੋਮੀ ਆਫ਼ ਵਾਸਕੁਲਰ ਪਲਾਂਟਸ-ਲਾਰੈਂਸ : 530 ; ਦੀ ਪਿਕਟੋਰੀਅਲ ਐਨਸਾਈਕਲੋਪੀਡੀਆ ਆਫ਼ ਪਲਾਂਟਸ ਐਂਡ ਫਲਾਵਰਜ਼-ਐਫ਼ ਏ. ਨੋਵਾਕ : 194

**ਕਰੈਟਸ਼ਮੇਰ, ਅਰਨੈਸਟ :** ਇਸ ਮਨੋ-ਚਿਕਿਤਸਕ ਦਾ ਜਨਮ 8 ਅਕਤੂਬਰ, 1888 ਨੂੰ ਵਸਟੈਨਰੌਟ (ਅੱਜ ਕਲ੍ਹ ਪੱਛਮੀ ਜਰਮਨੀ ਵਿਚ) ਵਿਖੇ ਹੋਇਆ। ਇਸਨੇ ਸਰੀਰਕ ਬਣਤਰ ਦਾ ਸਬੰਧ ਆਚਰਨ ਅਤੇ ਮਾਨਸਿਕ ਅਵਸਥਾ ਨਾਲ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ।

ਪਹਿਲੀ ਸੰਸਾਰ ਜੰਗ ਵਿਚ ਫੌਜੀ ਡਾਕਟਰ ਦੇ ਤੌਰ ਤੇ ਇਸਨੇ ਹਿਸਟੀਰੀਆ ਬਾਰੇ ਅਧਿਐਨ ਕੀਤਾ। ਟਿਊਬਿਨਜੈੱਨ ਯੂਨੀਵਰਸਿਟੀ ਵਿਚ 1918 ਵਿਚ ਲੈਕਚਰਾਰ ਦੇ ਤੌਰ ਤੇ ਇਸਨੇ ਆਪਣੇ ਕੰਮ ਨੂੰ ਪ੍ਰਕਾਸ਼ਿਤ ਕਰਵਾਉਣਾ ਸ਼ੁਰੂ ਕੀਤਾ, ਜਿਸ ਨਾਲ ਇਸਦੀ ਲਗਭਗ ਹਰ ਸਾਲ ਇਕ ਪੁਸਤਕ ਛਪਦੀ ਰਹੀ। ਇਕ ਪੁਸਤਕ 'ਫ਼ਿਜ਼ੀਕ ਐਂਡ ਕੈਰੈਕਟਰ' (1925) ਤਾਂ ਇੰਨੀ ਪ੍ਰਸਿੱਧ ਹੋਈ ਕਿ 1947 ਤਕ ਇਸਦੀ 20ਵੀਂ ਐਡੀਸ਼ਨ ਵੀ ਪ੍ਰਕਾਸ਼ਿਤ ਹੋ ਚੁੱਕੀ ਸੀ। ਆਪਣੀ ਖੋਜ ਵਿਚ ਇਸਨੇ ਇਹ ਸਿੱਧਾਂਤ ਪੇਸ਼ ਕੀਤਾ ਕਿ ਵਿਸ਼ੇਸ਼ ਕਿਸਮ ਦੇ ਗੰਭੀਰ ਅਤੇ ਪੇਚੀਦਾ ਦਿਮਾਗੀ ਨੁਕਸ ਖ਼ਾਸ ਕਿਸਮ ਦੀ ਸਰੀਰਕ ਬਣਤਰ ਵਾਲੇ ਮਨੁੱਖਾਂ ਵਿਚ ਆਮ ਹੁੰਦੇ ਹਨ। ਇਸਨੇ ਇਹ

ਵੀ ਸੁਝਾਅ ਦਿੱਤਾ ਕਿ ਪਤਲੇ ਮਨੁੱਖਾਂ ਵਿਚ ਵਿਚਾਰਾਂ ਵਿਚ ਪਰਸਪਰ ਸਬੰਧਾਂ ਦੀ ਅਣਹੋਂਦ ਤੇ ਕਈ ਹੋਰ ਲੱਛਣਾਂ ਕਰਕੇ ਸੀਜ਼ੋਫਰੇਨੀਆ ਜ਼ਿਆਦਾ ਹੁੰਦਾ ਹੈ, ਜਦੋਂ ਕਿ ਛੋਟੇ ਤੇ ਭਾਰੇ ਮਨੁੱਖਾਂ ਵਿਚ 'ਸਨਕੀ ਮਨੋਰੋਗ' ਜ਼ਿਆਦਾ ਹੁੰਦੇ ਹਨ । ਉਸਨੇ ਇਹ ਵੇਖਿਆ ਕਿ ਸਰੀਰਕ ਕਸਰਤ ਕਰਨ ਵਾਲੇ ਮਨੁੱਖਾਂ ਵਿਚ ਦਿਮਾਗੀ ਬੀਮਾਰੀਆਂ ਕਾਫ਼ੀ ਘੱਟ ਹੁੰਦੀਆਂ ਹਨ। ਭਾਵੇਂ ਇਸਦੇ ਇਨ੍ਹਾਂ ਵਿਚਾਰਾਂ ਨੇ ਜਰਮਨੀ ਵਿਚ ਨਾਜ਼ੀ ਹਕੂਮਤ ਵੇਲੇ ਵਾਦ-ਵਿਵਾਦ ਸ਼ੁਰੂ ਕੀਤਾ, ਪਰ ਇਸ ਦੀਆਂ ਖੋਜਾਂ ਨੇ ਮਨੋਵਿਗਿਆਨਕ ਖੋਜ ਨੂੰ ਵਧੇਰੇ ਤੇਜ਼ ਕਰ ਦਿੱਤਾ, ਜਿਸ ਵਿਚ ਅਹਿਮ ਹਿੱਸਾ ਅਮਰੀਕਨ ਮਨੋਵਿਗਿਆਨੀ ਡਬਲਿਊ. ਐਚ. ਸ਼ੈਲਡਨ ਦਾ ਹੈ। ਸੰਨ 1923 ਵਿਚ ਟਿਊਬਿਨਜੈੱਨ ਵਿਚ ਇਹ ਮਨੋ-ਚਿਕਿਤਸਾ ਅਤੇ ਨਾੜੀ-ਵਿਗਿਆਨ ਦਾ ਐਸੋਸੀਏਟ ਪ੍ਰੋਫ਼ੈਸਰ ਅਤੇ ਮਾਰਬਰਗ ਯੂਨੀਵਰਸਿਟੀ ਵਿਚ (1926-46) ਪ੍ਰੋਫ਼ੈਸਰ ਰਿਹਾ । ਆਪਣੀ ਇਕ ਪੁਸਤਕ 'ਹਿਸਟੀਰੀਆ ਰੀਫਲੈਕਸ ਐਂਡ ਇੰਸਟਿੰਕਟ' ਵਿਚ ਇਸਨੇ ਇਹ ਦੱਸਿਆ ਕਿ ਹਿਸਟੀਰੀਆ ਦੇ ਮੁੱਢਲੇ ਲੱਛਣਾਂ ਵਿਚ ਹੋਸ਼ ਅਤੇ ਵਿਚਾਰ ਪ੍ਰਗਟਾਅ ਦੀ ਹੋਂਦ ਹੁੰਦੀ ਹੈ ਅਤੇ ਫਿਰ ਆਪਣੇ ਆਪ ਹੀ ਬੇਹੋਸ਼ੀ ਪੈਦਾ ਹੋ ਜਾਂਦੀ ਹੈ । ਇਸਦੀ ਇਕ ਹੋਰ ਪ੍ਰਸਿੱਧ ਦੇਣ 'ਦੀ ਸਾਈਕਾਲੋਜੀ ਆਫ਼ ਮੈਨ ਆਫ਼ ਜੀਨੀਅਸ' (1931) ਦ੍ਰਿਸ਼ਮਈ ਕਲਾ, ਕਾਵਿ ਅਤੇ ਸੰਗੀਤ ਨੂੰ ਦਰਸਾਉਂਦੀ ਹੈ । ਸੰਨ 1946 ਵਿਚ ਟਿਊਬਿਨਜੈੱਨ ਯੂਨੀਵਰਸਿਟੀ ਵਿਚ ਵਾਪਸ ਆਉਣ ਤੇ ਇਹ ਬੱਚਿਆਂ ਅਤੇ ਬਾਲਗਾਂ ਵਿਚ ਦਿਮਾਗੀ ਨੁਕਸਾਂ ਅਤੇ ਸਰੀਰਕ ਰਚਨਾ ਦੇ ਅਧਿਐਨ ਵਿਚ ਰੁੱਝਿਆ ਰਿਹਾ। ਇਸ ਨੇ ਮਨੋਰੋਗ-ਚਿਕਿਤਸਾ ਅਤੇ ਹਿਪਨੋਸਿਸ ਦੇ ਨਵੇਂ ਤਰੀਕੇ ਵਿਕਸਿਤ ਕੀਤੇ । ਇਕ ਹੋਰ ਖੋਜ 'ਸਾਈਕੋਥੈਰੇਪਿਊਟਿਕ ਸਟੱਡੀਜ਼' ਵਿਚ ਇਸਨੇ ਧਰਮ ਅਤੇ ਨੀਤੀ-ਵਿੱਦਿਆ ਦੀਆਂ ਸਮੱਸਿਆਵਾਂ ਬਾਰੇ ਲਿਖਿਆ। ਇਸਨੇ ਨਾਲ ਨਾਲ ਜਬਰੀ ਜੁਰਮਾਂ ਬਾਰੇ ਵੀ ਅਧਿਐਨ ਕੀਤਾ ਅਤੇ ਇਸ ਸਬੰਧ ਵਿਚ ਕੁੱਝ ਸਿਫ਼ਾਰਸ਼ਾਂ ਦੱਸੀਆਂ ਜਿਸ ਨਾਲ ਦੋਸ਼ੀਆਂ ਦਾ ਕਾਫ਼ੀ ਮਨੋ-ਚਿਕਿਤਸਕ ਇਲਾਜ ਕੀਤਾ ਜਾ ਸਕਦਾ ਹੈ।

ਹ. ਪ੍ਰ.—ਐਨ. ਬ੍ਰਿ. ਮਾ. 5 : 915

**ਕਰੈਟਸ਼ਮੇਰ, ਪਾਲ** (Kretschmer, Paul) : ਇਸ ਜਰਮਨ ਭਾਸ਼ਾ ਵਿਗਿਆਨੀ ਦਾ ਜਨਮ 2 ਮਈ, 1866 ਨੂੰ ਬਰਲਿਨ ਵਿਖੇ ਹੋਇਆ । ਇਸ ਨੇ ਇੰਡੋ-ਯੂਰਪੀ ਭਾਸ਼ਾਵਾਂ ਦੇ ਮੁੱਢਲੇ ਇਤਿਹਾਸ ਅਤੇ ਪਰਸਪਰ ਸਬੰਧਾਂ ਦਾ ਅਧਿਐਨ ਕੀਤਾ ਅਤੇ ਦਰਸਾਇਆ ਕਿ ਇਹ ਕਿਵੇਂ ਗੈਰ-ਇੰਡੋ-ਯੂਰਪੀ ਭਾਸ਼ਾਵਾਂ ਦੁਆਰਾ ਪ੍ਰਭਾਵਤ ਹਨ। ਇਕ ਯੂਨਾਨੀ ਫੁੱਲਦਾਨ ਦੇ ਉੱਤੇ ਉਕਰੇ ਸ਼ਬਦਾਂ ਦੇ ਅਧਿਐਨ (1894) ਤੋਂ ਇਸ ਨੇ ਦੇਖਿਆ ਕਿ ਕਿਵੇਂ ਗੈਰ-ਭਾਸ਼ਾਈ ਵਸਤਾਂ ਨੂੰ ਭਾਸ਼ਾ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

ਪ੍ਰਾਚੀਨ ਯੂਨਾਨੀ ਭਾਸ਼ਾ ਵਿਚ ਪੂਰਵ-ਯੂਨਾਨੀ ਤੱਤਾਂ ਬਾਰੇ ਕੀਤੇ ਆਪਣੇ ਅਧਿਐਨ ਨੂੰ ਇਸ ਨੇ ਆਪਣੀ ਪੁਸਤਕ 'ਯੂਨਾਨੀ ਭਾਸ਼ਾ ਦੇ ਇਤਿਹਾਸ ਨਾਲ ਇਕ ਜਾਣ ਪਛਾਣ' (1896) ਵਿਚ ਅੰਕਿਤ ਕੀਤਾ ਹੈ । ਯੂਨਾਨੀ ਨਾਵਾਂ-ਥਾਵਾਂ ਦੀ ਉਨ੍ਹਾਂ ਦੇ ਪੁਰਾਤਨ ਐਨਾਤੋਲੀਆ ਆਦਿ ਵਿਚਲੇ ਬਦੇਸ਼ੀ ਭਾਗਾਂ ਨਾਲ ਤੁਲਨਾ ਕਰਦਿਆਂ ਇਸ ਨੇ ਸਿੱਟਾ ਕਢਿਆ ਕਿ ਯੂਨਾਨੀ ਤੋਂ ਪਹਿਲਾਂ ਉਥੇ ਇਕ ਗੈਰ-ਯੂਨਾਨੀ, ਰੋਮ-ਸਾਗਰੀ ਸਭਿਆਚਾਰ ਕਾਇਮ ਸੀ, ਜਿਸ ਦੀਆਂ ਬਹੁਤ ਸਾਰੀਆਂ ਭਾਸ਼ਾਈ ਨਿਸ਼ਾਨੀਆਂ ਬਚੀਆਂ ਮਿਲਦੀਆਂ ਹਨ। 1897 ਤੋਂ 1899 ਤਕ ਮਾਰਬਰੁੱਕ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਰਹਿਣ ਪਿਛੋਂ ਇਹ ਵੀਆਨਾ ਯੂਨੀਵਰਸਿਟੀ ਵਿਚ ਤੁਲਨਾਤਮਕ ਭਾਸ਼ਾਈ ਅਧਿਐਨ ਦੇ ਮੁੱਖੀ ਵਜੋਂ ਚਲਾ ਗਿਆ ਜਿਥੇ ਇਹ 1936 ਤੱਕ ਰਿਹਾ । ਇਹ ਭਾਸ਼ਾ-ਵਿਗਿਆਨ ਦੀ ਨਵ-ਵਿਆਕਰਣਕ ਪ੍ਰਣਾਲੀ ਦਾ ਮੁਦੱਈ ਸੀ ਜੋ ਦ੍ਰਿੜ੍ਹਤਾ ਨਾਲ ਤੁਲਨਾਤਮਿਕ ਵਿਧੀ-ਵਿਗਿਆਨ ਤੇ ਜ਼ੋਰ ਦਿੰਦੀ ਹੈ। ਇਸਨੇ ਆਧੁਨਿਕ ਯੂਨਾਨੀ ਉਪ-ਭਾਸ਼ਾ ਸ਼ਾਸਤਰ ਦੇ ਖੇਤਰ ਵਿਚ ਵੀ ਯੋਗਦਾਨ ਪਾਇਆ ਅਤੇ ਭਾਸ਼ਾਈ-ਭੂਗੋਲ ਦੇ ਅਧਿਐਨ ਨੂੰ ਅਗੇ ਤੋਰਿਆ।

1907 ਵਿਚ ਇਸਨੇ ਕਲਾਸਕੀ ਭਾਸ਼ਾਈ ਅਧਿਐਨ ਸਬੰਧੀ 'ਗਲੋਟਾ' ਨਾਂ ਦਾ ਇਕ ਰਸਾਲਾ ਵੀ ਕਢਿਆ । ਇਸਦੀ ਮੌਤ 9 ਮਾਰਚ, 1956 ਨੂੰ ਵੀਆਨਾ ਵਿਖੇ ਹੋਈ ।

ਹ. ਪ੍ਰ.—ਐਨ. ਬ੍ਰਿ. ਮਾ. 5 : 915

**ਕਰੈਨਟਰ** : ਇਹ ਚੌਥੀ ਅਤੇ ਤੀਜੀ ਸਦੀ ਈਸਵੀ ਪੂਰਵ ਵਿਚ ਹੋਇਆ ਸਿਲਿਸ਼ਾ (ਏਸ਼ੀਆ ਮਾਈਨਰ) ਦਾ ਇਕ ਫ਼ਿਲਾਸਫ਼ਰ ਸੀ। ਇਸ ਦੀ 'ਔਨ ਗ੍ਰੀਫ਼' ਨਾਮੀ ਪੁਸਤਕ ਨੇ ਸਾਹਿਤ ਵਿਚ ਧਰਵਾਸ ਦੇਣ ਦੀ ਇਕ ਨਵੀਂ ਤਬਦੀਲੀ ਲਿਆਂਦੀ, ਜਿਵੇਂ ਕਿ ਦੁੱਖ ਦੇ ਮੌਕੇ ਜਾਂ ਮੌਤ ਵਗੈਰਾ ਤੇ ਧਰਵਾਸ ਦੇਣਾ । ਕਰੈਨਟਰ ਦੁਆਰਾ ਦਿੱਤੇ ਅਜਿਹੇ ਧਰਵਾਸਾਂ ਵਿਚੋਂ ਉਸ ਦੀ ਇਕ ਦਲੀਲ ਇਹ ਹੈ ਕਿ ਜ਼ਿੰਦਗੀ ਅਸਲ ਵਿਚ ਸਜ਼ਾ ਹੈ ਤੇ ਮੌਤ ਉਸ ਸਜ਼ਾ ਤੋਂ ਛੁਟਕਾਰਾ ਪਾਉਣਾ ਹੈ। ਮੌਤ ਹੋਣ ਨਾਲ ਆਤਮਾ ਆਜ਼ਾਦ ਹੋ ਜਾਂਦੀ ਹੈ। ਇਸ ਦੇ ਇਹ ਵਿਚਾਰ ਪਲੈਟੋ ਦੇ 'Phaedo' ਵਿਚ ਤੇ ਅਰਸਤੂ ਦੇ 'Eudemus' ਵਿਚ ਦਰਸਾਏ ਵਿਚਾਰਾਂ ਨਾਲ ਮਿਲਦੇ ਜੁਲਦੇ ਹਨ। ਪਲੈਟੋ ਦੀ 'Timaeus' ਦੇ ਉਤੇ ਸਭ ਤੋਂ ਪਹਿਲੀ ਵਿਆਖਿਆ ਕਰੈਨਟਰ ਨੇ ਹੀ ਕੀਤੀ ਅਤੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਪਲੈਟੋ ਨੇ ਬ੍ਰਹਿਮੰਡ ਅਤੇ ਉਸ ਦੀ ਆਤਮਾ ਦੇ ਮੁੱਢ ਬੱਝਣ ਬਾਰੇ ਕੋਈ ਸਮਾਂ ਨਿਸ਼ਚਿਤ ਕੀਤਾ ਹੈ। ਕਰੈਨਟਰ, ਜ਼ੈਨੋਕਰੇਟਸ (Xenocrates) ਦਾ ਸ਼ਾਗਿਰਦ ਅਤੇ ਆਰਸੈਸੀਲਾਸ (Arcesilaus) ਦਾ ਗੁਰੂ ਸੀ।

ਹ. ਪ੍ਰ.—ਐ. ਬ੍ਰਿ. ਮਾ. 3 : 221

**ਕਰੈਨਮਰ, ਟੌਮਸ** (Cranmer, Thomas) : ਇੰਗਲੈਂਡ ਵਿਚ ਇਸ ਕੈਂਟਰਬਰੀ ਦੇ ਪਹਿਲੇ ਪ੍ਰੋਟੈਸਟੈਂਟ ਆਰਕਬਿਸ਼ਪ ਦਾ ਜਨਮ 2 ਜੁਲਾਈ, 1489 ਨੂੰ ਨੋਟਿੰਘਮਸ਼ਿਰ ਵਿਖੇ ਹੋਇਆ । 1510-11 ਵਿਚ ਇਸ ਨੂੰ ਜੀਸਿਸ ਕਾਲਜ ਵਿਖੇ ਫੈਲੋਸ਼ਿਪ ਲਈ ਚੁਣਿਆ ਗਿਆ। ਚਰਚ ਵਿਚ ਦਾਖ਼ਲ ਹੁੰਦਿਆ ਹੀ ਇਸ ਨੇ ਗੰਭੀਰ ਅਧਿਐਨ ਆਰੰਭ ਕੀਤਾ ਜਿਸ ਸਦਕਾ ਇਹ ਧਰਮ ਸ਼ਾਸਤਰੀ ਹੋ ਨਿਬੜਿਆ।

ਧਾਰਮਕ ਵਿਚਾਰਧਾਰਾ ਦਾ ਇਹ ਮਨੁੱਖ 1527 ਵਿਚ ਰਾਜਨੀਤਿਕ ਮਸਲਿਆਂ ਵਿਚ ਪੈ ਗਿਆ। ਇਸ ਨੇ ਹੈਨਰੀ ਸੱਤਵੇਂ ਦੇ ਤਲਾਕ ਦੇ ਮਾਮਲੇ ਵਿਚ ਉਸ ਦੀ ਮਦਦ ਕੀਤੀ ਅਤੇ ਪ੍ਰਚਾਰ ਕੀਤਾ ਕਿ ਰਾਜੇ ਦੇ ਹਿਤਾਂ ਨੂੰ ਮਜ਼ਬੂਤ ਬਣਾਓ । ਇਸੇ ਸਦਕਾ ਇਹ ਸ਼ਾਹੀ ਨੌਕਰੀ ਵਿਚ ਆ ਗਿਆ। ਇਸ ਨੂੰ 1530 ਵਿਚ ਰੋਮ ਅਤੇ 1532 ਵਿਚ ਜਰਮਨੀ ਵਿਚ ਐਮਬੈਸੀ ਦਾ ਮੈਂਬਰ ਬਣਾਇਆ ਗਿਆ। ਇਸਨੇ ਨੂਰਨਬਰਗ ਵਿਖੇ ਮਾਰਗਰੇਟ ਨਾਲ ਵਿਆਹ ਕਰਵਾ ਲਿਆ ਅਤੇ ਇਸ ਦੇ ਧਾਰਮਕ ਵਿਚਾਰਾਂ ਵਿਚ ਮੁੜ ਪਰਿਵਰਤਨ ਆਇਆ ।

1532 ਵਿਚ ਪਹਿਲੇ ਆਰਕਬਿਸ਼ਪ ਦੀ ਮੌਤ ਪਿਛੋਂ ਇਹ ਆਰਕਬਿਸ਼ਪ ਔਫ਼ ਕੈਂਟਰਬਰੀ ਬਣਿਆ । 1533 ਵਿਚ ਇਸ ਨੇ ਪੋਪ ਦੀ ਅਧੀਨਗੀ ਦੀ ਸਹੁੰ ਚੁੱਕੀ ਭਾਵੇਂ ਦਿਲੋਂ ਇਹ ਅਜਿਹਾ ਨਹੀਂ ਚਾਹੁੰਦਾ ਸੀ। ਇਸ ਨੇ ਆਪਣੇ ਵਿਚਾਰਾਂ ਅਨੁਸਾਰ ਚਰਚ ਵਿਚ ਕੁਝ ਪਰਿਵਰਤਨ ਕੀਤੇ। ਹੈਨਰੀ ਦੀ ਮੌਤ ਅਤੇ ਕਰਾਮਵੈਲ ਦੇ ਪਤਨ ਪਿਛੋਂ ਦੁਸ਼ਮਣਾਂ ਨੇ ਇਸ ਨੂੰ ਖਤਮ ਕਰਨ ਦੇ ਮਨਸੂਬੇ ਬਣਾਏ । ਇਸ ਨੇ ਐਡਵਰਡ ਛੇਵੇਂ ਦੇ ਰਾਜ ਵਿਚ ਧਰਮ ਨੂੰ ਪ੍ਰੋਟੈਸਟੈਂਟ ਧਰਮ ਵਿਚ ਬਦਲਣ ਦੇ ਜਤਨ ਆਰੰਭੇ। ਇਸ ਨੇ ਸਿਖਲਾਈ ਰਹਿਤ ਪਾਦਰੀਆਂ ਦੇ ਦੋਸ਼ਾਂ ਨੂੰ ਆਪਣੀ ਲਿਖਤ ਰਾਹੀਂ ਨੰਗਿਆਂ ਕੀਤਾ। 1553 ਦੇ ਲਗਭਗ ਇਸ ਨੇ 42 ਲੇਖ ਛਾਪੇ ਅਤੇ ਅੰਗਰੇਜ਼ੀ ਚਰਚ ਦੇ ਸੁਧਾਰ ਲਈ ਰਾਹ ਬਣਵਾਇਆ, ਪਰੰਤੂ ਐਡਵਰਡ ਛੇਵੇਂ ਦੀ ਮੌਤ ਪਿਛੋਂ ਤਖਤ ਦੀ ਵਿਰਾਸਤ ਸਬੰਧੀ ਹੋਈ ਗੜਬੜ ਨੇ ਇਸ ਦੀ ਰਾਜਸੀ ਤਾਕਤ ਨੂੰ ਧੱਕਾ ਮਾਰਿਆ। 1554 ਵਿਚ ਇਸ ਨੂੰ ਆਕਸਫ਼ੋਰਡ ਭੇਜ ਦਿਤਾ ਗਿਆ । ਪਰੰਤੂ 1555 ਵਿਚ ਇਸ ਤੇ ਮੁਕੱਦਮਾ ਚਲਾ ਕੇ ਮੌਤ ਦਾ ਹੁਕਮ ਦੇ ਦਿਤਾ ਗਿਆ ਅਤੇ 21 ਮਾਰਚ, 1556 ਨੂੰ ਇਸ ਨੂੰ ਜ਼ਿੰਦਾ ਜਲਾ ਦਿੱਤਾ

ਗਿਆ । ਇਸ ਦੀ ਬਹਾਦਰਾਨਾ ਢੰਗ ਨਾਲ ਕਬੂਲੀ ਮੌਤ ਇਸ ਨੂੰ ਮਾਨਤਾ ਦੇ ਗਈ ਅਤੇ ਇਹ ਸ਼ਹੀਦ ਗਿਣਿਆ ਜਾਣ ਲੱਗਾ ।

ਹ. ਪੁ.—ਐਨ. ਬ੍ਰਿ. 6 : 699

**ਕਰੈੱਬਜ਼, ਸਰ ਹਾਂਸ ਐਡਾਲਫ :** ਇਸ ਅੰਗਰੇਜ਼ ਜੀਵ-ਰਸਾਇਣ-ਵਿਗਿਆਨੀ ਦਾ ਜਨਮ 25 ਅਗਸਤ, 1900 ਨੂੰ ਹਿਲਡੈੱਸਹਾਈਮ, ਜਰਮਨੀ ਵਿਖੇ ਹੋਇਆ । ਇਸ ਨੇ ਸੰਨ 1953 ਦਾ ਮੈਡੀਸਨ ਅਤੇ ਸਰੀਰ-ਕਿਰਿਆ ਵਿਗਿਆਨ ਦਾ ਨੋਬਲ ਪੁਰਸਕਾਰ ਫਰਿਟਜ਼ ਲਿਪਮੈਨ ਨਾਲ ਰਲ ਕੇ ਜਿੱਤਿਆ । ਇਸ ਨੂੰ ਇਹ ਪੁਰਸਕਾਰ ਕਾਰਬੋਹਾਈਡ੍ਰੇਟਾਂ ਦੇ ਮੈਟਾਬੌਲਿਜ਼ਮ ਵਿਚ ਸਿਟ੍ਰਿਕ ਐਸਿਡ ਚੱਕਰ ਦੀ ਖੋਜ ਕਾਰਨ ਮਿਲਿਆ । ਇਸ ਨੇ 1925 ਵਿਚ ਹੈਮਬਰਗ ਯੂਨੀਵਰਸਿਟੀ ਤੋਂ ਐਮ. ਡੀ. ਦੀ ਡਿਗਰੀ ਪ੍ਰਾਪਤ ਕੀਤੀ ।



ਕਰੈੱਬਜ਼, ਸਰ ਹਾਂਸ ਐਡਾਲਫ

ਸੰਨ 1933 ਵਿਚ ਕਰੈੱਬਜ਼ ਬਰਤਾਨੀਆ ਚਲਾ ਗਿਆ ਅਤੇ ਉੱਥੇ ਕੈਂਬ੍ਰਿਜ ਵਿਖੇ ਖੋਜ ਕਰਨੀ ਸ਼ੁਰੂ ਕਰ ਦਿਤੀ । ਇਸ ਤੋਂ ਦੋ ਸਾਲ ਮਗਰੋਂ ਇਹ ਸ਼ੈਫੀਲਡ ਯੂਨੀ: ਵਿਖੇ ਲੈਕਚਰਾਰ,1945 ਵਿਚ ਜੀਵ-ਰਸਾਇਣ-ਵਿਗਿਆਨ ਦਾ ਪ੍ਰੋਫ਼ੈਸਰ ਅਤੇ 1954 ਵਿਚ ਸੈੱਲ ਮੈਟਾਬੌਲਿਜ਼ਮ ਦੀ ਖੋਜ ਕਰਨ ਵਾਲੇ ਮੈਡੀਕਲ ਰੀਸਰਚ ਕਾਉਂਸਲ ਯੂਨਿਟ ਦਾ ਡਾਇਰੈਕਟਰ ਬਣ ਗਿਆ । ਸੰਨ 1947 ਵਿਚ ਇਹ ਰੌਇਲ ਸੋਸਾਇਟੀ ਦਾ ਫੈਲੋ ਚੁਣਿਆ ਗਿਆ ਅਤੇ 1954 ਵਿਚ ਆਕਸਫੋਰਡ ਯੂਨੀਵਰਸਿਟੀ ਵਿਖੇ ਜੀਵ-ਰਸਾਇਣ-ਵਿਗਿਆਨ ਦਾ 'ਵਿਟ੍ਲੇ ਪ੍ਰੋਫ਼ੈਸਰ' ਨਿਯੁਕਤ ਹੋ ਗਿਆ । ਸੰਨ 1932 ਵਿਚ ਜਦੋਂ ਇਹ ਫਰਾਈਬਰਗ ਵਿਖੇ ਕੰਮ ਕਰਦਾ ਸੀ ਤਾਂ ਇਸ ਨੇ 'ਕਰੈੱਬਜ਼ ਥਿਊਰੀ ਆਫ਼ ਦੀ ਸਾਈਕਲਿਕ ਫਾਰਮੇਸ਼ਨ ਆਫ਼ ਯੂਰੀਆ' ਨੂੰ ਪ੍ਰਚਲਿਤ ਕੀਤਾ । ਸੰਨ 1937 ਵਿਚ ਇਸ ਨੇ ਦੂਸਰੀ ਵੱਡੀ ਖੋਜ ਕੀਤੀ ਜਿਸ ਨੂੰ 'ਸਿਟ੍ਰਿਕ ਐਸਿਡ ਚੱਕਰ' ਕਿਹਾ ਜਾਂਦਾ ਹੈ । ਇਸ ਦਾ ਸਬੰਧ ਕਾਰਬੋਹਾਈਡ੍ਰੇਟ, ਫੈਟ ਅਤੇ ਪ੍ਰੋਟੀਨ ਦੇ ਆਕਸੀਕਰਨ ਨਾਲ ਹੈ ਅਤੇ ਇਹ ਮੈਟਾਬੌਲਿਕ ਊਰਜਾ ਦਾ ਮੁੱਖ ਸ੍ਰੋਤ ਹੈ । ਦੂਜੇ ਸੰਸਾਰ ਯੁੱਧ ਦੌਰਾਨ ਇਸ ਨੇ ਵਿਟਾਮਿਨ ਦੀਆਂ ਕਮੀਆਂ ਉਤੇ ਵੀ ਪ੍ਰਯੋਗ ਕੀਤੇ । ਇਸ ਨੂੰ ਸੰਨ 1958 ਵਿਚ ਨਾਈਟ ਦਾ ਖ਼ਿਤਾਬ ਮਿਲਿਆ ।

**ਕਰੈੱਬਜ਼ ਚੱਕਰ**—ਇਸ ਨੂੰ "ਸਿਟ੍ਰਿਕ ਐਸਿਡ ਸਾਈਕਲ" ਜਾਂ "ਟ੍ਰਾਈਕਾਰਬੌਕਸੀਲਿਕ ਐਸਿਡ ਸਾਈਕਲ" ਵੀ ਕਿਹਾ ਜਾਂਦਾ ਹੈ । ਇਹ ਉਨ੍ਹਾਂ ਰਸਾਇਣਿਕ ਕਿਰਿਆਵਾਂ ਦੀ ਲੜੀ ਹੈ ਜਿਨ੍ਹਾਂ ਦੁਆਰਾ ਜੀਵਿਤ ਜੀਵਾਂ ਵਿਚ ਐਸੀਟਿਕ ਐਸਿਡ ਦਾ ਆਕਸੀਕਰਨ ਹੁੰਦਾ ਹੈ । ਖਾਣ ਵਾਲੇ ਪਦਾਰਥਾਂ ਪ੍ਰੋਟੀਨ, ਕਾਰਬੋਹਾਈਡ੍ਰੇਟ ਅਤੇ ਫੈਟ ਦਾ ਜੀਵ-ਅਕਸੀਕਰਨ ਕਈ ਹਾਲਤਾਂ ਵਿਚੋਂ ਲੰਘਦਾ ਹੈ । ਪਹਿਲੀਆਂ ਹਾਲਤਾਂ ਵਿਚ ਅੰਸ਼ਕ ਆਕਸੀਕਰਨ ਹੁੰਦਾ ਹੈ ਅਤੇ ਖਾਣ ਵਾਲੇ ਤਿੰਨੇ ਪਦਾਰਥਾਂ ਦੇ ਆਕਸੀਕਰਨ ਨਾਲ ਐਸੀਟਿਕ ਐਸਿਡ ਬਣਦਾ ਹੈ । ਇਸ ਤੋਂ ਮਗਰੋਂ ਕਰੈੱਬਜ਼ ਚੱਕਰ ਦੁਆਰਾ ਐਸੀਟਿਕ ਐਸਿਡ ਦਾ ਆਕਸੀਕਰਨ ਕਾਰਬਨ ਡਾਈਆਕਸਾਈਡ ਅਤੇ ਪਾਣੀ ਵਿਚ ਹੁੰਦਾ ਹੈ ਅਤੇ ਇਹ ਉਨ੍ਹਾਂ ਰਸਾਇਣਿਕ ਵਿਧੀਆਂ ਦੀ ਆਖਰੀ ਹਾਲਤ ਹੁੰਦੀ ਹੈ, ਜਿਨ੍ਹਾਂ ਦੁਆਰਾ ਸੈੱਲ ਬਣਦੇ ਹਨ ਅਤੇ ਖਾਣ ਵਾਲੇ ਪਦਾਰਥਾਂ ਵਿਚੋਂ ਊਰਜਾ ਪ੍ਰਾਪਤ ਕਰਦੇ ਹਨ । ਐਸੀਟਿਕ ਐਸਿਡ ਮੁਕਤ ਹਾਲਤ ਵਿਚ ਕਿਰਿਆ ਨਹੀਂ ਕਰਦਾ ਪਰ ਕੋਐਨਜ਼ਾਈਮ-ਏ ਸਲਫਰ ਪ੍ਰਮਾਣੂ ਨਾਲ ਜੁੜਿਆ ਹੁੰਦਾ ਹੈ ।

ਐਸੀਟਿਕ ਐਸਿਡ ਦਾ ਆਕਸੀਕਰਨ ਨੌਂ ਮੁੱਖ ਹਾਲਤਾਂ ਵਿਚ ਪੂਰਾ ਹੁੰਦਾ ਹੈ ਜਿਵੇਂ ਕਿ ਚਿਤਰ ਵਿਚ ਵਿਖਾਇਆ ਗਿਆ ਹੈ । ਅਖੀਰ ਵਿਚ ਨੌਵੀਂ ਹਾਲਤ (ਸਟੈੱਪ) ਵਿਚ ਮੈਲਿਕ ਐਸਿਡ ਵਿਚੋਂ ਦੋ ਹਾਈਡ੍ਰੋਜਨ ਪ੍ਰਮਾਣੂ ਨਿਕਲ ਜਾਂਦੇ ਹਨ । ਇਹ ਕਿਰਿਆ ਆਪਣਾ ਚੱਕਰ ਪੂਰਾ ਕਰਦੀ ਹੈ ਅਤੇ ਮੁੜ ਆਕਸੈਲੋ ਐਸੀਟਿਕ ਐਸਿਡ ਬਣਦਾ ਹੈ ਤਾਂ ਜੋ ਚੱਕਰ ਮੁੜ ਸ਼ੁਰੂ ਹੋ ਸਕੇ ।

**ਕਰੈੱਬਜ਼ ਚੱਕਰ ਦਾ ਚਿਤਰ**




ਚਿਤਰ ਦੇ ਨਿਰੀਖਣ ਤੋਂ ਪਤਾ ਲਗਦਾ ਹੈ ਕਿ ਡਾਈ ਅਤੇ ਟ੍ਰਾਈਕਾਰਬੌਕਸੀਲਿਕ ਐਸਿਡ ਇਕ ਚੱਕਰੀ ਪਥ ਰਾਹੀਂ ਇਕ ਦੂਸਰੇ ਵਿਚ ਬਦਲੇ ਹੁੰਦੇ ਹਨ । ਇਕ ਪੂਰੇ ਚੱਕਰ ਨਾਲ ਐਸੀਟਿਕ ਐਸਿਡ ਦਾ ਇਕ ਅਣੂ ਅਲੋਪ ਹੋ ਜਾਂਦਾ ਹੈ,ਕਾਰਬਨ ਡਾਈਆਕਸਾਈਡ ਦੇ ਦੋ ਅਣੂ ਅਤੇ

ਹਾਈਡ੍ਰੋਜਨ ਪ੍ਰਮਾਣੂਆਂ ਦੇ ਚਾਰ ਜੋੜੇ ਬਣ ਜਾਂਦੇ ਹਨ। ਇਹ 4, 6, 7 ਅਤੇ 9ਵੇਂ ਸਟੈੱਪ ਵਿਚ ਬਣਦੇ ਹਨ ਅਤੇ ਅਗਲੇ ਸਟੈੱਪਾਂ ਵਿਚ ਹਵਾ ਦੀ ਆਕਸੀਜਨ ਨਾਲ ਮਿਲ ਕੇ ਪਾਣੀ ਬਣਾ ਦਿੰਦੇ ਹਨ। ਚੱਕਰ ਦਾ ਕੁੱਲ ਪ੍ਰਭਾਵ ਐਸੀਟਿਕ ਐਸਿਡ ਦੇ ਇਕ ਅਣੂ ਦਾ ਜਲਣ ਹੈ। ਜੀਵਿਤ ਸੈੱਲਾਂ ਵਿਚ ਕੁੱਲ ਆਕਸੀਕਰਨ ਦੇ 2/3 ਭਾਗ ਵਿਚ ਇਹ ਚੱਕਰ ਭਾਗ ਲੈਂਦਾ ਹੈ ਅਤੇ ਬਾਕੀ 1/3 ਭਾਗ ਉਨ੍ਹਾਂ ਕਿਰਿਆਵਾਂ ਵਿਚੋਂ ਮਿਲਦਾ ਹੈ ਜਿਹੜੀਆਂ ਭੋਜਨ ਵਾਲੇ ਪਦਾਰਥਾਂ ਨੂੰ ਐਸੀਟਿਕ ਐਸਿਡ ਵਿਚ ਬਦਲਦੀਆਂ ਹਨ। ਚੱਕਰ ਨੂੰ ਸ਼ੁਰੂ ਕਰਨ ਲਈ ਲੋੜੀਂਦਾ ਆਕਸੈਲੋ-ਐਸੀਟੇਟ ਇਕ ਉਤਪ੍ਰੇਰਕ ਦਾ ਕੰਮ ਕਰਦਾ ਹੈ।

ਇਸ ਚੱਕਰ ਦੀ ਹੋਂਦ ਪੌਦਿਆਂ, ਬੈਕਟੀਰੀਆ ਅਤੇ ਫਫੂੰਦੀਆਂ ਵਿਚ ਵੀ ਸਿੱਧ ਹੋ ਚੁੱਕੀ ਹੈ। ਚੱਕਰ ਦੀਆਂ ਰਸਾਇਣਿਕ ਕਿਰਿਆਵਾਂ ਦੂਸਰੀਆਂ ਕਿਰਿਆਵਾਂ ਨਾਲ ਰਲ ਕੇ ਐਮੀਨੋ ਐਸਿਡਾਂ ਦੇ ਗਲੂਟੈਮਿਕ ਐਸਿਡ ਵਰਗੇ ਕਾਰਬਨ-ਸਕੈੱਲਟਨਾਂ ਦੇ ਸੰਸ਼ਲੇਸ਼ਨ ਲਈ ਵਰਤੀਆਂ ਜਾ ਸਕਦੀਆਂ ਹਨ। ਚੱਕਰ ਵਿਚ ਹਰ ਸਟੈੱਪ ਉੱਤੇ ਰਸਾਇਣਿਕ ਤਬਦੀਲੀਆਂ ਦੇ ਉਤਪ੍ਰੇਰਨ ਲਈ ਇਕ ਵਿਸ਼ੇਸ਼ ਐਨੱਜ਼ਾਈਮ ਦੀ ਜ਼ਰੂਰਤ ਪੈਂਦੀ ਹੈ।

ਹ. ਪੁ.—ਐਨ. ਬ੍ਰਿ. 13 : 488

**ਕਰੇਮਰ, ਹੈਂਡਰਿਕ ਐਂਥਨੀ :** ਇਸ ਪੁਰਤਗਾਲੀ ਭੌਤਿਕ-ਵਿਗਿਆਨੀ ਦਾ ਜਨਮ 17 ਦਸੰਬਰ, 1894 ਨੂੰ ਰੋਟਰਡੈਮ ਵਿਖੇ ਹੋਇਆ, ਜਿਸ ਨੇ ਰੈਲਫ਼ ਡੇ ਲੇਅਰ ਕਰਾਨਿੰਗ ਨਾਲ ਮਿਲ ਕੇ ਪ੍ਰਕਾਸ਼ੀ ਵਰਨ-ਵਿਖੇਪਣ ਅੰਦਰ ਸੋਖਣ ਸਬੰਧੀ ਸਮੀਕਰਨਾਂ ਦੀ ਖੋਜ ਕੀਤੀ। ਇਸਨੇ 1924 ਵਿਚ ਰਮਨ ਪ੍ਰਭਾਵ ਦੀ ਹੋਂਦ ਸਬੰਧੀ ਲਚਕਹੀਨ ਪ੍ਰਕਾਸ਼ੀ ਸਕੈਟਰਿੰਗ ਦੀ ਭਵਿੱਖਬਾਣੀ ਕੀਤੀ। ਸੰਨ 1927 ਵਿਚ ਪ੍ਰਕਾਸ਼ੀ ਵਰਨ-ਵਿਖੇਪਣ ਵਿਚ ਮਿਸ਼ਰਿਤ ਗਣਿਤਕ ਫ਼ੰਕਸ਼ਨਾਂ ਦੀ ਖੋਜ ਕੀਤੀ, ਜਿਨ੍ਹਾਂ ਦਾ ਸਬ-ਐਟਮੀ ਕਣਾਂ, ਪ੍ਰਕਾਸ਼ ਦੀ ਗਤੀ ਤੋਂ ਵਧੇਰੇ ਗਤੀ ਉੱਤੇ ਸੰਕੇਤਾਂ ਦੇ ਸੰਚਾਰ ਵਿਚ ਅਯੋਗਤਾ ਤੋਂ ਪ੍ਰਾਪਤ ਹੋਏ ਸਿੱਟਿਆਂ ਨਾਲ ਸਬੰਧ ਹੈ।

ਕਰੇਮਰ ਦੀ ਐੱਕਸ-ਕਿਰਨ ਸਬੰਧੀ ਖੋਜ ਦੇ ਸਿੱਟੇ ਵਜੋਂ ਪੈਦਾ ਹੋ ਰਹੀਆਂ ਐੱਕਸ-ਕਿਰਨਾਂ ਦੀ ਤੀਬਰਤਾ ਅਤੇ ਸੁਯੋਗਤਾ ਦਾ ਪਤਾ ਲਗਾਉਣ ਵਾਲੀਆਂ ਸਮੀਕਰਨਾਂ ਦਾ ਵਿਕਾਸ ਹੋਇਆ।

24 ਅਪ੍ਰੈਲ, 1952 ਨੂੰ ਵੇਜ਼ਸਤਜ਼ੀਸਤ, ਨੀਂਦਰਲੈਂਡਜ਼ ਵਿਖੇ ਇਸ ਦਾ ਦਿਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮੈ. 5 : 910

**ਕਰੈਮਲਿਨ :** ਰੂਸੀ ਵਿਚ ਇਸਨੂੰ ਕ੍ਰੈਮਲ ਆਖਦੇ ਹਨ। ਪਹਿਲਾਂ ਇਸਨੂੰ ਕ੍ਰੈਮਨਿਕ ਆਖਦੇ ਹੁੰਦੇ ਸਨ। ਕਰੈਮਲਿਨ ਮੱਧ ਕਾਲ ਦੇ ਰੂਸੀ ਸ਼ਹਿਰਾਂ ਵਿਚ ਕੇਂਦਰੀ ਗੜ੍ਹੀ ਨੂੰ ਕਹਿੰਦੇ ਹਨ ਜਿਹੜੀ ਕਿ ਆਮ ਤੌਰ ਤੇ ਕਿਸੇ ਦਰਿਆ ਦੇ ਕੰਢੇ ਤੇ ਜਾਂ ਦੋ ਦਰਿਆਵਾਂ ਦੇ ਸੰਗਮ ਤੇ ਬਣਦੇ ਕੋਣ ਤੇ ਸਥਿਤ ਹੁੰਦੀ ਸੀ ਅਤੇ ਜਿਸਨੂੰ ਬਾਅਦ ਵਿਚ ਲੱਕੜ ਪੱਥਰਾਂ ਜਾਂ ਇੱਟਾਂ ਦੀ ਦੀਵਾਰ ਨਾਲ ਸ਼ਹਿਰ ਦੇ ਬਾਕੀ ਦੇ ਹਿੱਸਿਆਂ ਨਾਲੋਂ ਨਿਖੇੜਿਆ ਹੁੰਦਾ ਸੀ ਅਤੇ ਇਸਦੇ ਨਾਲ ਖੰਦਕ ਅਤੇ ਖਾਈਆਂ ਆਦਿ ਹੁੰਦੀਆਂ ਸਨ। ਚੰਗੇਰੇ ਫੌਜੀ ਮਨੋਰਥਾਂ ਅਤੇ ਮੌਸਮ ਦੇ ਅਸਰ ਨੂੰ ਸਾਹਮਣੇ ਰਖਦੇ ਹੋਏ ਇਸਨੂੰ ਇਕ ਖਾਸ ਸ਼ਕਲ ਵਿਚ ਬਣਾਇਆ ਜਾਂਦਾ ਸੀ।

ਕਈ ਮਹੱਤਵਪੂਰਨ ਸ਼ਹਿਰ, ਜਿਵੇਂ ਕਿ ਮਾਸਕੋ, ਨੌਵਗੋਰੋਦ, ਰੋਸਤੋਵ, ਸੁਜ਼ਦਲ, ਵਲਾਦੀਮੀਰ, ਜਿਹੜੇ ਕਿ ਰਾਜਧਾਨੀਆਂ ਸਨ, ਪੁਰਾਣੇ ਕ੍ਰੈਮਲਿਨਾਂ ਦੇ ਦੁਆਲੇ ਬਣਾਏ ਗਏ ਸਨ। ਕ੍ਰੈਮਲਿਨ ਦੇ ਅਦਰ ਗਿਰਜਾ ਘਰ, ਸ਼ਹਿਜ਼ਾਦਿਆਂ ਅਤੇ ਬਿਸ਼ਪ ਦੇ ਮਹੱਲ, ਸਰਕਾਰੀ ਦਫਤਰਾਂ ਦੀਆਂ ਇਮਾਰਤਾਂ ਸਨ। ਇਥੇ ਹੀ ਅਸਲਾ ਤੇ ਬਾਰੂਦ ਦੇ ਸਟੋਰ ਅਤੇ ਘੇਰੇ ਦੀ ਸੂਰਤ ਵਿਚ ਦੂਜੇ ਪ੍ਰਬੰਧ ਹੁੰਦੇ ਸਨ।

ਦੁਨੀਆਂ ਵਿਚ ਮਾਸਕੋ ਦੀ ਕ੍ਰੈਮਲਿਨ ਬਹੁਤ ਮਸ਼ਹੂਰ ਹੈ। ਮਾਸਕੋ ਕ੍ਰੈਮਲਿਨ (1156) ਦੀ ਜੋ ਮਹੱਤਤਾ ਇਕ ਗੜ੍ਹੀ ਦੇ ਤੌਰ ਤੇ ਸੀ ਉਹ 17ਵੀਂ ਸਦੀ ਦੇ ਤੀਜੇ ਦਹਾਕੇ ਵਿਚ ਖਤਮ ਹੋ ਗਈ ਪ੍ਰੰਤੂ ਇਸਨੂੰ 1712 ਤਕ ਅਤੇ ਫਿਰ 1918 ਪਿਛੋਂ ਰੂਸੀ ਸਰਕਾਰ ਦੇ ਕੇਂਦਰ ਦੇ ਤੌਰ ਤੇ ਵਰਤਿਆ ਜਾਂਦਾ ਸੀ। ਸ਼ੁਰੂ ਵਿਚ ਇਹ ਲੱਕੜ ਦੀ ਬਣੀ ਹੋਈ ਸੀ ਅਤੇ 14ਵੀਂ ਸਦੀ ਵਿਚ ਇਸ ਨੂੰ ਇੱਟਾਂ ਨਾਲ ਬਣਾਇਆ ਗਿਆ। ਕਈ ਵਾਰ ਇਸਦੀ ਮੁਰੰਮਤ ਹੋਈ ਅਤੇ ਇਸ ਵਿਚ ਤਬਦੀਲੀਆਂ ਕੀਤੀਆਂ ਗਈਆਂ। ਇਸ ਦੀ ਭਵਨ ਉਸਾਰੀ ਕਲਾ ਇਸ ਦੇ ਇਤਿਹਾਸ ਨੂੰ ਦਰਸਾਉਂਦੀ ਹੈ ਅਤੇ ਇਸ ਵਿਚ ਬਾਜ਼ਨਤੀਨੀ, ਰੂਸੀ ਬਾਰੋਕ ਅਤੇ ਕਲਾਸੀਕਲ ਨਮੂਨੇ ਮਿਲਦੇ ਹਨ। ਇਹ ਕਰੈਮਲਿਨ ਸ਼ਕਲ ਵਿਚ ਤ੍ਰਭੁਜੀ ਹੈ, ਇਸ ਦਾ ਪੂਰਬੀ ਪਾਸਾ ਰੈਡ ਸੁਕੇਅਰ ਵਲ ਨੂੰ ਹੈ ਇਸ ਵਿਚ ਚਾਰ ਗੇਟ ਅਤੇ ਇਕ ਕਾਲਾ ਗੇਟ ਹੈ ਜੋ ਮਾਸਕੋ ਦਰਿਆ ਵਲ ਨੂੰ ਗੁਪਤ ਰਾਹ ਹੈ।

ਹ. ਪੁ.—ਐਨ. ਬ੍ਰਿ. 13 : 489

**ਕਰੋਏਸ਼ੀਆ** (Croatia) : ਯੂਗੋਸਲਾਵੀਆ ਦਾ ਇਹ ਇਕ ਸੰਘੀ ਗਣਰਾਜ ਹੈ ਜਿਸ ਵਿਚ ਡੈਲਮੇਸ਼ੀਆ ਅਤੇ ਇਸਟ੍ਰੀਆ ਨਾਲ ਹੀ ਹੰਗਰੀ ਅਧੀਨ ਰਿਹਾ ਸਲਾਵੋਨੀਆ ਵਾਲਾ ਇਲਾਕਾ ਸ਼ਾਮਲ ਹੈ। ਇਹ ਕਮਾਨ ਦੀ ਸ਼ਕਲ ਵਿਚ ਡੈਨਿਊਬ, ਡ੍ਰਾਵਾ ਅਤੇ ਸਾਵਾ ਦਰਿਆਵਾਂ ਵਿਚਕਾਰਲੇ ਉਪਜਾਊ ਮੈਦਾਨਾਂ ਤੋਂ ਲੈ ਕੇ ਵੀਨਸ ਦੀ ਖਾੜੀ ਤੱਕ ਅਤੇ ਦੱਖਣ ਵਲ ਐਡਰਿਆਟਿਕ ਦੇ ਨਾਲ-ਨਾਲ ਮਾਨਟੈਨੀਗਰੋ ਤੱਕ ਫੈਲਿਆ ਹੋਇਆ ਹੈ। ਇਸ ਦੇ ਉੱਤਰ ਵੱਲ ਸਲੋਵੇਨੀਆ ਅਤੇ ਹੰਗਰੀ ਅਤੇ ਪੂਰਬ ਵਲ ਸਰਬੀਆ ਹਨ। ਇਸ ਗਣਰਾਜ ਦਾ ਕੁਲ ਖੇਤਰਫਲ 56,538 ਵ. ਕਿ. ਮੀ. ਅਤੇ ਆਬਾਦੀ 4,601,469 (1981) ਹੈ। ਜ਼ਾਗਰੇਬ ਇਸ ਦੀ ਰਾਜਧਾਨੀ ਹੈ ਅਤੇ ਰੀਜੇਕਾ ਇਸ ਦੀ ਪ੍ਰਮੁੱਖ ਬੰਦਰਗਾਹ ਹੈ।

6ਵੀਂ ਸਦੀ ਵਿਚ ਕਰੋਟ ਲੋਕ ਵਾਈਟ ਕਰੋਏਸ਼ੀਆ ਤੋਂ ਹੇਠਲੇ ਡੈਨਿਊਬ ਘਾਟੀ ਵਿਚ ਆਏ ਅਤੇ ਪਨੋਨੀਆ ਤੇ ਡੈਲਮੇਸ਼ੀਆ ਦੇ ਸਾਬਕਾ ਰੋਮਨ ਪ੍ਰਾਂਤਾਂ ਵਿਚ ਆਬਾਦ ਹੋ ਗਏ। ਸੱਤਵੀਂ ਸਦੀ ਵਿਚ ਇਹ ਲੋਕ ਈਸਾਈ ਅਤੇ 1091 ਈ. ਵਿਚ ਹੰਗਰੀ ਦੇ ਲੈਡਿਸਲੈਸ ਪਹਿਲੇ ਨੇ ਇਸ ਨੂੰ ਜਿੱਤ ਲਿਆ ਅਤੇ ਇਹ ਖ਼ਾਨਦਾਨ ਅੱਠ ਸਦੀਆਂ ਰਾਜ ਕਰਦਾ ਰਿਹਾ।

29 ਅਕਤੂਬਰ, 1918 ਨੂੰ ਕਰੋਏਸ਼ੀਅਨ ਵਿਧਾਨ ਸਭਾ ਨੇ ਆਸਟ੍ਰੀਆ ਅਤੇ ਹੰਗਰੀ ਨਾਲ ਸਾਰੀਆਂ ਸੰਧੀਆਂ ਤੋੜ ਦਿੱਤੀਆਂ ਅਤੇ ਆਜ਼ਾਦ ਕੋਰੋਏਸ਼ੀਆ ਦਾ ਐਲਾਨ ਕਰ ਦਿੱਤਾ ਜਿਹੜਾ ਰਾਜ ਦੇ ਦੱਖਣੀ ਸਲਾਵ ਇਲਾਕਿਆਂ ਨਾਲ ਇਕ ਸਟੇਟ ਯੂਨੀਅਨ ਵਿਚ ਸ਼ਾਮਲ ਹੋ ਗਿਆ ਜਿਸ ਦਾ ਰਾਜ ਪ੍ਰਬੰਧ ਨੈਸ਼ਨਲ ਕੌਂਸਲ ਕਰਦੀ ਸੀ। ਦੂਜੇ ਵਿਸ਼ਵ ਯੁੱਧ ਵਿਚ ਧੁਰੀ ਤਾਕਤਾਂ ਦੇ ਯੂਗੋਸਲਾਵੀਆ ਤੇ ਕਬਜ਼ਾ ਕਰਨ ਉਪਰੰਤ 10 ਅਪਰੈਲ 1941 ਨੂੰ ਜ਼ਾਗਰੇਬ ਵਿਚ ਕਰੋਏਸ਼ੀਆ ਦੇ ਆਜ਼ਾਦ ਰਾਜ ਦਾ ਐਲਾਨ ਕਰ ਦਿੱਤਾ ਅਤੇ ਚਾਰ ਦਿਨਾਂ ਬਾਅਦ ਜਰਮਨੀ ਅਤੇ ਇਟਲੀ ਨੇ ਇਸ ਨੂੰ ਮਾਨਤਾ ਦੇ ਦਿੱਤੀ। ਸਲਾਵੋਨੀਆ ਜੋ ਡੈਲਮੇਸ਼ੀਆ ਦਾ ਹਿੱਸਾ ਸੀ ਅਤੇ ਬੋਸਨੀਆ ਤੇ ਹਰਸਸੋਵੀਨਾ ਆਦਿ ਇਸ ਵਿਚ ਸ਼ਾਮਲ ਹੋ ਗਏ।

ਇਹ ਨਵੀਂ ਸਟੇਟ ਐਂਟੀ ਪਾਵਿਲਿਕ (Ante Pavelic), ਜੋ ਫਾਸਿਸਟ ਟੈਰਰਿਸਟ ਆਰਗੇਨਾਈਜੇਸ਼ਨ ਉਸਤਸੇ ਦਾ ਮੁਖੀਆ ਸੀ, ਦੇ ਸਪੁਰਦ ਕਰ ਦਿੱਤੀ ਗਈ। ਇਸ ਨੇ ਜ਼ੁਲਮ ਅਤੇ ਜਹਾਲਤ ਦੇ ਢੰਗਾਂ ਵਾਲੀ ਤਾਨਾਸ਼ਾਹੀ ਨੂੰ ਜਨਮ ਦਿੱਤਾ। ਯੁੱਧ ਸਮੇਂ ਕਮਿਊਨਿਸਟ ਹਮਾ-ਇਤੀਆਂ ਨੇ ਵੱਖ-ਵੱਖ ਇਲਾਕਿਆਂ ਵਿਚ ਸਥਾਨਕ ਕਮੇਟੀਆਂ ਸਥਾਪਤ ਕੀਤੀਆਂ ਅਤੇ ਕੌਮੀ ਆਜ਼ਾਦੀ ਲਈ ਇਕ ਕੌਂਸਲ ਬਣਾਈ। ਸੰਨ 1945 ਵਿਚ ਜ਼ਾਗਰੇਬ ਤੇ ਹਮਾਇਤੀਆਂ ਨੇ ਕਬਜ਼ਾ ਕਰ ਲਿਆ ਅਤੇ ਇਹ ਕੌਂਸਲ ਲੋਕਾਂ ਦੀ ਸਰਕਾਰ ਬਣ ਗਈ ਅਤੇ ਕਰੋਏਸ਼ੀਆ ਬਤੌਰ ਲੋਕ ਗਣਰਾਜ ਦੇ ਯੂਗੋਸਲਾਵੀਆ ਨਾਲ ਮਿਲ ਗਿਆ।

ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਪਸ਼ੂ ਪਾਲਣਾ ਹੈ। ਇਸ ਤੋਂ ਇਲਾਵਾ ਛੋਟੇ-ਛੋਟੇ ਉਦਯੋਗ ਵੀ ਹਨ। ਮੱਛੀਆਂ ਫੜਨ ਦਾ ਕੰਮ ਵੀ ਕਾਫੀ ਹੁੰਦਾ ਹੈ। ਜਹਾਜ਼ਰਾਨੀ ਦਿਨ-ਬਦਿਨ ਤਰੱਕੀ ਕਰ ਰਹੀ ਹੈ।

ਹ. ਪੁ.—ਐਨ. ਬ੍ਰਿ. ਮਾ. 3 : 248

**ਕਰੋਸ਼ੀਆ :** ਕਰੋਸ਼ੀਆ ਇਕ ਪ੍ਰਕਾਰ ਦੀ ਸਲਾਈ ਹੈ, ਜਿਸ ਦੇ ਇਕ ਸਿਰੇ ਤੇ ਕੁੰਡੀ (ਹੁੱਕ) ਬਣੀ ਹੁੰਦੀ ਹੈ। ਇਹ 2 ਤੋਂ 6 ਇੰਚ ਤੱਕ ਦੀ ਲੰਬਾਈ ਵਿਚ, ਮੋਟਾਈ ਦੇ ਹਿਸਾਬ ਨਾਲ ਵੱਖ-ਵੱਖ ਨੰਬਰਾਂ ਦੀਆਂ ਹੁੰਦੀਆਂ ਹਨ। ਕਰੋਸ਼ੀਏ ਪਲਾਸਟਕ, ਸਟੀਲ, ਲੋਹਾ, ਪਿੱਤਲ ਅਤੇ ਚਾਂਦੀ ਆਦਿ ਦੇ ਬਣੇ ਹੁੰਦੇ ਹਨ। ਕਰੋਸ਼ੀਏ ਦੀ ਮਦਦ ਨਾਲ ਉੱਨ, ਰੇਸ਼ਮ ਜਾਂ ਸੂਤੀ ਧਾਗਿਆਂ ਦੀਆਂ ਲੈਸਾਂ ਬੁਣੀਆਂ ਜਾਂਦੀਆਂ ਹਨ। ਕਰੋਸ਼ੀਏ ਨਾਲ ਲੈਸ ਬਣਾਉਣ ਲਈ ਇਕ ਸਮੇਂ ਇਕ ਹੀ ਕਰੋਸ਼ੀਆ ਤੇ ਇਕ ਹੀ ਧਾਗਾ ਵਰਤਿਆ ਜਾਂਦਾ ਹੈ। ਧਾਗੇ ਦੀ ਮੋਟਾਈ ਅਨੁਸਾਰ ਵੱਖ-ਵੱਖ ਨੰਬਰਾਂ ਦੇ ਕਰੋਸ਼ੀਏ ਵਰਤੇ ਜਾਂਦੇ ਹਨ। ਲੈਸ ਬਣਾਉਣ ਲਈ ਕੁਝ ਧਾਗੇ ਨੂੰ ਖੱਬੇ ਹੱਥ ਦੀ ਪਹਿਲੀ ਉਂਗਲ ਤੇ ਲਪੇਟ ਲਿਆ ਜਾਂਦਾ ਹੈ। ਕਰੋਸ਼ੀਏ ਨੂੰ ਸੱਜੇ ਹੱਥ ਵਿਚ ਪਕੜ ਕੇ ਖੱਬੇ ਹੱਥ ਦੇ ਅੰਗੂਠੇ ਅਤੇ ਵਿਚਕਾਰਲੀ ਉਂਗਲੀ ਦੀ ਮਦਦ ਨਾਲ ਤੇ ਸੱਜੇ ਹੱਥ ਦੀਆਂ ਪਹਿਲੀਆਂ ਦੋ ਉਂਗਲੀਆਂ ਅਤੇ ਅੰਗੂਠੇ ਦੀ ਵਰਤੋਂ ਨਾਲ ਪਹਿਲਾਂ ਚੇਨ ਬਣਾਈ ਜਾਂਦੀ ਹੈ। ਚੇਨ ਧਾਗੇ ਦਾ ਇਕ ਫੰਧਾ ਬਣਾ ਕੇ ਉਸ ਵਿਚੋਂ ਕਰੋਸ਼ੀਏ ਦੀ ਹੁੱਕ ਨਾਲ ਧਾਗਾ ਲੰਘਾ ਕੇ ਇਕ ਹੋਰ ਫੰਧਾ ਬਣਾਉਣ ਨਾਲ ਬਣਦੀ ਹੈ। ਬਣੀ ਹੋਈ ਚੇਨ ਜਾਂ ਸੰਗਲੀ ਨੂੰ ਬੁਣਦੇ ਸਮੇਂ ਖੱਬੇ ਹੱਥ ਦੇ ਅੰਗੂਠੇ ਅਤੇ ਤੀਸਰੀ ਉਂਗਲ ਨਾਲ ਪਕੜਿਆ ਜਾਂਦਾ ਹੈ।



ਚੇਨ ਜਾਂ ਸੰਗਲੀ ਬਣਾਉਣ ਸਮੇਂ ਕਰੋਸ਼ੀਏ ਦੀ ਹੁੱਕ ਅਤੇ ਹੱਥ ਦੀ ਅਵਸਥਾ।

ਇਸ ਤਰ੍ਹਾਂ ਕਰੋਸ਼ੀਏ ਦੀ ਕੁੰਡੀ ਨਾਲ ਝਾਲਰਾਂ, ਮੇਜ਼ਪੋਸ਼, ਅੰਗੀਠੀਪੋਸ਼, ਪਲੰਗਪੋਸ਼, ਗੱਦੀਆਂ, ਸਰ੍ਹਾਣੇ, ਥੈਲੇ, ਪੜਦੇ, ਪੱਖੀਆਂ, ਬੁਨੈਣਾ, ਸੁਵੈਟਰਾਂ, ਟੋਪੀਆਂ, ਸ਼ਾਲਾਂ ਅਤੇ ਸਜਾਵਟ ਦੀਆਂ ਵਸਤੂਆਂ ਬਣਾਈਆਂ ਜਾਂਦੀਆਂ ਹਨ। ਰੋਟੀ ਖਾਣ ਵਾਲੇ ਮੇਜ਼ ਉੱਤੇ ਵਿਛਾਉਣ ਵਾਲੀਆਂ ਮੈਟਸ ਜਾਂ ਚਟਾਈਆਂ ਅਤੇ ਲੈਂਪ ਸ਼ੇਡ ਆਦਿ ਵੀ ਕਰੋਸ਼ੀਏ ਦੀ ਮਦਦ ਨਾਲ ਬਣਾਏ ਜਾਂਦੇ ਹਨ।

ਨਮੂਨਿਆਂ ਵਿਚ ਜ਼ਿਆਦਾ ਕਰਕੇ ਜਾਮਤਿਕ ਆਕਾਰ, ਫੁੱਲ, ਪੱਤੇ, ਪਸ਼ੂ ਪੰਛੀ ਆਦਿ ਦੀ ਬੁਣਾਈ ਕੀਤੀ ਜਾਂਦੀ ਹੈ ਜਾਂ ਫਿਰ ਕਰੋਸ਼ੀਏ ਨਾਲ ਛੋਟੇ-ਛੋਟੇ ਟੁਕੜੇ ਬੁਣਕੇ ਕੱਪੜਿਆਂ ਉਤੇ ਜੜੇ ਜਾਂਦੇ ਹਨ। ਆਕਾਰਾਂ ਨੂੰ ਜ਼ਿਆਦਾ ਸਪਸ਼ਟ ਕਰਨ ਲਈ ਆਕ੍ਰਿਤੀਆਂ ਤੋਂ ਨਮੂਨੇ ਨੂੰ ਜ਼ਿਆਦਾ ਸੰਘਣਾ ਬੁਣਿਆ ਜਾਂਦਾ ਹੈ ਤੇ ਉਸ ਦੇ ਆਸ ਪਾਸ ਜਾਲੀਦਾਰ ਡਿਜ਼ਾਈਨ ਬੁਣਿਆ ਜਾਂਦਾ ਹੈ।

ਹ. ਪੁ.—ਹਿੰ. ਵਿ. ਕੋ. 3 : 260; ਐਨ. ਬ੍ਰਿ. 16 : 183

**ਕਰੋਕਰ, ਜਾਨ ਵਿਲਸਨ :** ਇਸ ਬਰਤਾਨੀਆਂ ਦੇ ਰਾਜਨੀਤੀਵੇਤਾ, ਲਿਖਾਰੀ ਅਤੇ ਆਲੋਚਕ, ਦਾ ਜਨਮ ਗੱਲਵਾ, ਆਇਰਲੈਂਡ ਵਿਖੇ 20 ਦਸੰਬਰ 1780 ਨੂੰ ਹੋਇਆ। ਸੰਨ 1800 ਵਿਚ ਇਸਨੇ ਟ੍ਰਿਨਿਟੀ ਕਾਲਜ, ਡਬਲਿਨ ਤੋਂ ਗ੍ਰੈਜੂਏਸ਼ਨ ਕੀਤੀ। ਇਹ 1822 ਈ. ਵਿਚ ਆਇਰਿਸ਼ ਬਾਰ ਵਿਖੇ ਚਲਾ ਗਿਆ। ਇਸ ਦੀਆਂ ਪ੍ਰਸਿੱਧ ਕਵਿਤਾਵਾਂ ਵਿਚ ਵਿਅੰਗ ਦੀ ਝਲਕ ਮਿਲਦੀ ਹੈ।

ਇਹ 1807 ਈ. ਵਿਚ ਪਾਰਲੀਮੈਂਟ ਵਿਚ ਡਾਊਨ ਪੈਟਰਿਕ ਵਲੋਂ ਮੈਂਬਰ ਬਣਿਆ। ਇਸ ਦੀਆਂ ਸੇਵਾਵਾਂ ਤੋਂ ਖ਼ੁਸ਼ ਹੋ ਕੇ ਇਸਨੂੰ ਸਕੱਤਰ ਨਿਯੁਕਤ ਕਰ ਦਿੱਤਾ ਗਿਆ ਜਿਥੇ ਇਹ 1830 ਤੱਕ ਰਿਹਾ। ਇਸਨੇ ਸੁਧਾਰ ਬਿੱਲ ਦਾ ਵਿਰੋਧ ਕੀਤਾ। 1831 ਤੋਂ 34 ਤੱਕ ਇਹ ਕੁਆਟਰਲੀ ਰੀਵੀਊ ਦਾ ਮੁੱਖ ਲੇਖਕ ਰਿਹਾ ਅਤੇ ਭਿੰਨ-ਭਿੰਨ ਵਿਸ਼ਿਆਂ ਉੱਤੇ 270 ਲੇਖ ਲਿਖੇ। ਇਹ ਆਪਣੇ ਸਮਕਾਲੀ ਇਤਿਹਾਸ ਅਤੇ ਜੀਵਨ ਬ੍ਰਿਤਾਂਤ ਦਾ ਆਲੋਚਕ ਸੀ। ਇਸਦੀ ਮੌਤ 10 ਅਗਸਤ 1857 ਨੂੰ ਹੈਮਪਟਨ, ਮਿਡਲਸੈਕਸ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 6 : 790; ਐਵ. ਐਨ. 4 : 186

**ਕਰੋਕਰ, ਟੱਮਸ ਕਰਾਫਟਨ :** ਆਇਰਲੈਂਡ ਦੇ ਇਸ ਪੁਰਾਤਵੇਤਾ ਅਤੇ ਗੀਤ-ਕਥਾਵਾਂ ਦੇ ਸੰਗ੍ਰਹਿ-ਕਰਤਾ ਦਾ ਜਨਮ 15 ਜਨਵਰੀ, 1798 ਨੂੰ ਕਾਰਕ ਵਿਖੇ ਹੋਇਆ। ਇਸ ਨੇ ਦੱਖਣੀ ਆਇਰਲੈਂਡ ਦੇ ਸੈਰ ਸਪਾਟੇ ਦੇ ਦੌਰਾਨ ਕਹਾਣੀਆਂ, ਲੋਕ ਗੀਤ ਅਤੇ ਅਲਾਹੁਣੀਆਂ ਇਕੱਠੀਆਂ ਕੀਤੀਆਂ ਅਤੇ ਕੁਝ ਟਾਮਸ ਮੂਰ ਨੂੰ ਭੇਜ ਦਿੱਤੀਆਂ, ਜੋ 'ਆਇਰਿਸ਼ ਮੈਲੋਡੀਜ਼' ਵਿਚ ਦਰਜ ਹਨ। ਇਹ ਸਕੰਲਨ ਇਸ ਦੀ ਪ੍ਰਸਿੱਧ ਪੁਸਤਕ 'ਫ਼ੇਅਰੀ ਲੀਜੈਂਡਜ਼ ਐਂਡ ਟ੍ਰੇਡੀਸ਼ਨਜ਼ ਆਫ਼ ਦੀ ਸਾਊਥ ਆਫ਼ ਆਇਰਲੈਂਡ' ਦਾ ਆਧਾਰ ਬਣਿਆ। ਇਸ ਪੁਸਤਕ ਦਾ ਜਰਮਨ ਭਾਸ਼ਾ ਵਿਚ ਵੀ ਅਨੁਵਾਦ ਕੀਤਾ ਗਿਆ ਹੈ। ਇਸ ਨੇ ਕੈਮਡੈਨ ਸੋਸਾਇਟੀ (1839) ਅਤੇ ਬ੍ਰਿਟਿਸ਼ ਆਰਕੀਆਲੋਜੀਕਲ ਐਸੋਸੀਏਸ਼ਨ ਦੀ ਸਥਾਪਨਾ ਵਿਚ ਮਦਦ ਕੀਤੀ। ਇਸ ਦੀ ਮੌਤ 8 ਅਗਸਤ, 1854 ਨੂੰ ਲੰਡਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 6 : 791; ਐਵ. ਐਨ. 4 : 186.

**ਕਰੋਚੀ ਬੈਨੀਰਿਟੋ :** ਇਹ 20ਵੀਂ ਸਦੀ ਦੇ ਪਹਿਲੇ ਅੱਧ ਦਾ ਪ੍ਰਮੁੱਖ ਇਤਾਲਵੀ ਫ਼ਿਲਾਸਫ਼ਰ ਸੀ ਜੋ ਇਕ ਚੰਗਾ ਇਤਿਹਾਸਕਾਰ, ਆਲੋਚਕ, ਮਾਨਵਵਾਦੀ ਅਤੇ ਰਾਜਨੀਤੀਵੇਤਾ ਵੀ ਸੀ। ਇਸ ਦਾ ਜਨਮ ਪੇਸ਼ਕਾਸੈਰੋਲੀ (Pescasseroli) ਦੇ ਆਬਰੂਟਸਿਸ ਸ਼ਹਿਰ ਵਿਖੇ 25 ਫਰਵਰੀ, 1866 ਨੂੰ ਇਕ ਤਕੜੇ ਜ਼ਿਮੀਂਦਾਰ ਪਰਿਵਾਰ ਵਿਚ ਹੋਇਆ। ਬਚਪਨ ਵਿਚ ਹੀ ਯਤੀਮ ਹੋਣ ਕਾਰਨ ਇਸ ਨੇ ਆਪਣੇ ਮਾਮੇ ਕੋਲ ਰਹਿ ਕੇ ਰੋਮ ਯੂਨੀਵਰਸਿਟੀ ਵਿਚ ਵਿਦਿਆ ਪ੍ਰਾਪਤ ਕੀਤੀ। ਬੇਸ਼ਕ ਇਹ ਹੀਗਲਵਾਦ ਦੇ ਵਿਰੋਧੀ ਲੈਬਰੀਓਲਾ ਦੇ ਨੈਤਿਕ ਫ਼ਿਲਾਸਫ਼ੀ ਦੇ ਭਾਸ਼ਣਾਂ ਤੋਂ ਬਹੁਤ ਪ੍ਰਭਾਵਤ ਹੋਇਆ ਪਰ ਇਸ ਦੀ ਦਿਲਚਸਪੀ ਮੁੱਖ ਤੌਰ ਤੇ ਇਤਿਹਾਸਕ ਅਤੇ ਪੁਰਾਤਤਵ ਚੀਜ਼ਾਂ ਵਿਚ ਸੀ। ਸੰਨ 1886 ਵਿਚ ਇਹ ਨੇਪਲਜ਼ ਵਾਪਸ ਆਇਆ ਅਤੇ ਉਪਰੋਕਤ ਵਿਸ਼ਿਆਂ ਤੇ ਕੰਮ ਜਾਰੀ ਰਖਿਆ ਅਤੇ ਇਥੋਂ ਦੇ ਸਥਾਨਕ ਇਤਿਹਾਸ ਦਾ ਮਾਹਰ ਬਣ ਗਿਆ। ਸੰਨ 1900 ਵਿਚ ਅਕਾਡਮੀ ਆਫ ਨੇਪਲਜ਼ ਵਿਚ ਇਸ ਨੇ 'Tesi fondamentale di un estetica come scienza dell espressione and Linguistica generale' ਨਾਮੀ ਆਪਣਾ ਇਕ ਖੋਜ-ਪੱਤਰ ਪੜ੍ਹਿਆ। ਫ਼ਿਲਾਸਫ਼ੀ ਦੀ ਇਸ ਪਹਿਲੀ ਲਿਖਤ ਨਾਲ ਹੀ ਇਹ ਬਹੁਤ ਮਸ਼ਹੂਰ ਹੋ ਗਿਆ। ਇਸ ਵਿਸ਼ੇ ਨੂੰ ਹੀ ਅਗਲੇ ਦਸ ਸਾਲਾਂ ਵਿਚ ਚਾਰ ਜਿਲਦਾਂ ਵਿਚ ਵਿਸਤ੍ਰਿਤ ਕਰਕੇ 'Filosofia dello Spirito' ਦੇ ਨਾਂ ਹੇਠ ਛਾਪਿਆ ਗਿਆ। ਸੰਨ 1903 ਵਿਚ ਇਸ ਨੇ 'La Critica' ਨਾਂ ਦਾ ਇਕ ਪੰਦਰਵਾੜਾ ਪਰਚਾ ਸ਼ੁਰੂ ਕੀਤਾ ਜਿਸ ਵਿਚ ਸਾਹਿਤ, ਇਤਿਹਾਸ ਅਤੇ ਫ਼ਿਲਾਸਫ਼ੀ ਦਾ ਰੀਵੀਊ ਹੁੰਦਾ ਸੀ ਤੇ ਇਸ ਵਿਚਲੀਆਂ ਬਹੁਤੀਆਂ ਲਿਖਤਾਂ ਇਸ ਦੀਆਂ ਆਪਣੀਆਂ ਹੁੰਦੀਆਂ ਸਨ। ਇਸ ਦੀਆਂ ਇਹੀ ਲਿਖਤਾਂ ਬਾਅਦ ਵਿਚ ਕਈ ਜਿਲਦਾਂ ਵਿਚ ਛਾਪੀਆਂ ਗਈਆਂ। ਇਸ ਨੇ ਆਧੁਨਿਕ ਫ਼ਿਲਾਸਫ਼ੀ ਦੇ ਸਨਾਤਨੀ ਰਚਨਾਵਾਂ ਦਾ ਵੀ ਸੰਪਾਦਨ ਕੀਤਾ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਇਸ ਨੇ ਹੇਗਲ ਦੇ ਫ਼ਿਲਾਸਫ਼ੀ ਦੇ ਵਿਸ਼ਵ ਕੋਸ਼ ਦਾ ਸੰਪਾਦਨ ਕੀਤਾ ਤੇ ਫਿਰ ਇਸ ਦਾ ਅਨੁ

ਵਾਦ ਕੀਤਾ ਤੇ ਇਸ ਦਾ ਮੁੱਖ-ਬੰਧ ਲਿਖਿਆ। ਸੰਨ 1910 ਵਿਚ ਇਹ ਇਟਲੀ ਦਾ ਸੈਨੇਟਰ ਅਤੇ 1920-21 ਵਿਚ ਸਿੱਖਿਆ ਮੰਤਰੀ ਰਿਹਾ।

ਮੁਸੋਲੀਨੀ ਦੀ ਹਾਰ ਤੋਂ ਬਾਅਦ ਇਸ ਨੇ ਇਟਲੀ ਦੇ ਲੋਕਾਂ ਵਿਚ ਆਜ਼ਾਦ-ਖਿਆਲੀ ਬਾਰੇ ਮੁੜ ਵਿਸ਼ਵਾਸ਼ ਪੈਦਾ ਕੀਤਾ ਅਤੇ ਨਵੀਂ ਸਰਕਾਰ ਬਨਾਉਣ ਵਿਚ ਮਦਦ ਕੀਤੀ। ਇਸ ਦੀ ਫ਼ਿਲਾਸਫ਼ੀ ਦੀਆਂ ਚਾਰ ਪੁਸਤਕਾਂ ਹਨ, ਅਤੇ ਸਾਰੀਆਂ ਹੀ ਅੰਗਰੇਜ਼ੀ ਵਿਚ ਅਨੁਵਾਦ ਕੀਤੀਆਂ ਗਈਆਂ ਹਨ।

ਆਪਣੀ ਫ਼ਿਲਾਸਫ਼ੀ ਵਿਚ ਇਹ ਮਨ ਜਾਂ ਆਤਮਾ ਬਾਰੇ ਦਸਦਾ ਹੈ ਕਿ ਸਮੁੱਚੀ ਸਚਾਈ ਹੈ, ਅਤੇ ਮਨ ਦੀ ਕ੍ਰਿਆ ਦੀਆਂ ਦੋ ਮੁੱਖ ਕਿਸਮਾਂ ਹਨ, ਸਿਧਾਂਤਕ ਅਤੇ ਅਮਲੀ। ਪਹਿਲੀ ਨਾਲ ਮਨ ਚੀਜ਼ਾਂ ਨੂੰ ਸਮਝਦਾ ਹੈ ਅਤੇ ਉਨ੍ਹਾਂ ਨੂੰ ਅਪਣਾਉਂਦਾ ਹੈ। ਦੂਸਰੀ ਨਾਲ ਇਹ ਉਨ੍ਹਾਂ ਨੂੰ ਸਿਰਜਦਾ ਹੈ ਅਤੇ ਬਦਲਦਾ ਹੈ। ਇਨ੍ਹਾਂ ਦੀਆਂ ਅਗੇ ਫਿਰ ਦੋ ਦੋ ਹੋਰ ਉਪ-ਵੰਡਾਂ ਹਨ, ਜਿਵੇਂ ਸਿਧਾਂਤਕ ਕ੍ਰਿਆ ਜਾਂ ਤਾਂ ਫੁਰਨੇ (Intution) ਨਾਲ ਹੁੰਦੀ ਹੈ ਜਾਂ ਸੰਕਲਪ (Conception) ਨਾਲ। ਇਸੇ ਤਰ੍ਹਾਂ ਅਮਲਾਤਮਕ ਕ੍ਰਿਆ ਜਾਂ ਤਾਂ ਸ਼ਖਸੀ ਇੱਛਾ ਹੁੰਦੀ ਹੈ ਜਾਂ ਫਿਰ ਸਰਵ-ਵਿਆਪਕ ਇੱਛਾ। ਮਨ ਦੀਆਂ ਇਨ੍ਹਾਂ ਕ੍ਰਿਆਵਾਂ ਦੀਆਂ ਚਾਰੇ ਉਪ-ਵੰਡਾਂ ਨਾਲ ਹੀ ਬਾਅਦ ਵਿਚ ਮਨੁੱਖ ਦੀਆਂ ਚਾਰ ਅਧਿਆਤਮਕ ਕ੍ਰਿਆਵਾਂ ਪੈਦਾ ਹੁੰਦੀਆਂ ਹਨ, ਜਿਵੇਂ ਆਰਟ, ਫਿਲਾਸਫੀ ਜਾਂ ਇਤਿਹਾਸ, ਅਰਥ-ਰਾਜਨੀਤਕ ਕ੍ਰਿਆ ਅਤੇ ਨੈਤਿਕਤਾ (Morality) ਤੇ ਇਨ੍ਹਾਂ ਚਾਰੇ ਕ੍ਰਿਆਵਾਂ ਦੀਆਂ ਅੱਗੇ ਚਾਰ ਹੀ ਅਨੁਸਾਰੀ (Correspounding) ਕਦਰਾਂ ਕੀਮਤਾਂ (Values) ਹਨ :—ਸੁੰਦਰਤਾ, ਸਚਾਈ, ਉਪਯੋਗਤਾ ਅਤੇ ਨੇਕੀ। ਇਹ ਚਾਰੇ ਕ੍ਰਿਆਵਾਂ ਇਕ ਦੂਜੇ ਦੀਆਂ ਪੂਰਵ ਅਨੁਮਾਨੀ ਤਾਂ ਹੁੰਦੀਆਂ ਹਨ ਪਰ ਇਕ ਦੂਜੇ ਤੋਂ ਵਿਰੋਧੀ ਨਹੀਂ ਹਨ, ਜਿਵੇਂ ਉੱਚੀ ਤੇ ਨੀਵੀਂ ਆਦਿ। ਕਰੋਚੀ ਦੇ ਇਹ ਵਿਚਾਰ ਹੀ ਹੇਗਲ ਦੇ ਵਿਚਾਰਾਂ ਤੋਂ ਭਿੰਨ ਸਨ।

ਕਰੋਚੀ ਦਾ ਸਭ ਤੋਂ ਵਧ ਪ੍ਰਭਾਵ ਸੋਹਜਵਾਦ (Aesthetics) ਦੇ ਖੇਤਰ ਵਿਚ ਹੈ। ਇਸ ਦੇ ਵਿਚਾਰ ਵਿਚ ਕਲਾ ਲਈ ਵੀ ਇਕ ਅਨੁਭਵੀ ਗਿਆਨ ਹੈ ਅਤੇ ਕੋਈ ਅਨੁਭਵ ਪ੍ਰਗਟਾ ਤੋਂ ਬਿਨਾਂ ਨਹੀਂ ਹੁੰਦਾ ਅਤੇ ਇਹ ਪ੍ਰਗਟਾਵਾ ਭਾਸ਼ਾ ਰਾਹੀਂ ਕੀਤਾ ਜਾਂਦਾ ਹੈ।

ਕਰੋਚੀ ਦਾ ਫਿਲਾਸਫੀ ਲਿਖਣ ਦਾ ਢੰਗ ਆਪਣਾ ਆਪਦਾ ਹੀ ਸੀ ਜੋ ਹਰ ਇਕ ਲਈ ਸਮਝਣਾ ਵੀ ਆਸਾਨ ਨਹੀਂ ਹੈ। ਇਸ ਦੀ ਪ੍ਰਸਿੱਧ ਪੁਸਤਕ 'Filosofia dello Spirito' ਤੋਂ ਇਲਾਵਾ ਇਸ ਦੀਆਂ ਹੋਰ ਵੀ ਬਹੁਤ ਲਿਖ਼ਤਾਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਦੂਸਰਿਆਂ ਫ਼ਿਲਾਸਫ਼ਰਾਂ ਉਪਰ ਟਿਪਣੀ ਨਾਲ ਸਬੰਧਤ ਹਨ। ਇਸ ਦੀ ਮੌਤ 1952 ਈ. ਵਿਚ ਹੋਈ।

ਹ. ਪੁ.—ਐਨ. ਚੈਂਬ. 4 : 259

**ਕਰੋਟੋਨੇ :** ਦੱਖਣੀ ਇਟਲੀ ਵਿਚ ਕਾਟਾਨਡਜ਼ਾਰੋ ਪ੍ਰਾਂਤ ਦੇ ਪੂਰਬੀ ਤੱਟ ਤੇ ਬੰਦਰਗਾਹੀ ਸ਼ਹਿਰ ਹੈ। ਓਲਿੰਪਕ ਖੇਡਾਂ ਵਿਚ ਸਫ਼ਲਤਾਵਾਂ ਕਾਰਨ ਇਹ ਸ਼ਹਿਰ ਵਿਸ਼ੇਸ਼ ਤੌਰ ਤੇ ਮਸ਼ਹੂਰ ਹੋ ਗਿਆ ਅਤੇ ਮਿਲੋ ਇਥੋਂ ਦਾ ਸਭ ਨਾਲੋਂ ਮਸ਼ਹੂਰ ਖਿਲਾੜੀ ਹੋਇਆ ਹੈ। ਇਹ ਸ਼ਹਿਰ 710 ਈ. ਪੂ. ਵਿਚ ਵਸਾਇਆ ਗਿਆ ਸੀ। 530 ਈ. ਪੂ. ਦੇ ਲਗਭਗ ਫ਼ਿਲਾਸਫ਼ਰ ਪਾਇਥਾਗੋਰਸ ਆਪਣੇ 300 ਚੇਲਿਆਂ ਸਮੇਤ, ਜਿਹੜੇ ਕਿ ਸਰਦਾਰੀ ਰਾਜ ਦੇ ਹਾਮੀ ਸਨ, ਆ ਕੇ ਇਥੇ ਵਸ ਗਿਆ ਪਰ 510 ਈ. ਪੂ. ਵਿਚ ਕਰੋਟੋਨੇ ਨੇ ਇਨ੍ਹਾਂ ਸਿਬਰਾਈਟਾਂ ਨੂੰ ਹਰਾ ਦਿਤਾ ਅਤੇ ਇਥੇ ਲੋਕਰਾਜ ਸਥਾਪਤ ਕਰ ਦਿਤਾ। ਉਨ੍ਹਾਂ ਦੇ ਸ਼ਹਿਰ ਨੂੰ ਮਿੱਟੀ ਵਿਚ ਮਿਲਾ ਦਿਤਾ। ਇਸ ਸਮੇਂ ਬਹੁਤ ਸਾਰੇ ਛੋਟੇ ਛੋਟੇ ਸ਼ਹਿਰ ਕਰੋਟੋਨੇ ਨਾਲ ਜੁੜੇ ਹੋਏ ਸਨ।

ਇਸ ਸ਼ਹਿਰ ਦੀ ਬਹੁਤ ਪ੍ਰਸਿੱਧੀ ਇਥੋਂ ਦੀ ਬੰਦਰਗਾਹ ਕਰਕੇ ਹੈ ਜਿਹੜੀ ਕਿ ਬਹੁਤ ਚੰਗੀ ਨਹੀਂ ਪਰੰਤੂ ਟੋਰਾਂਟੋ ਅਤੇ ਰੇਗਿਓ ਵਿਚਕਾਰ ਇਕ ਹੀ ਬੰਦਰਗਾਹ ਹੈ।

ਆਬਾਦੀ—58,281 (1981)

39° 05′ ਉ.ਵਿਥ. ; 17° 08′ ਪੂ. ਲੰਬ.

ਹ. ਪੁ.—ਐ. ਬ੍ਰਿ. ਮਾ. 3 : 261

**ਕਰੋਨ :** ਇਸ ਸ਼ਬਦ ਦੀ ਵਰਤੋਂ ਅਨੇਕਾਂ ਜਰਮਨ ਭਾਸ਼ਾਵਾਂ ਵਿਚ ਸਰਕਾਰੀ ਕਰੰਸੀ 'ਕ੍ਰਾਊਨ' ਲਈ ਕੀਤੀ ਜਾਂਦੀ ਰਹੀ ਹੈ। ਕਿਉਂਕਿ ਕਈ ਸਦੀਆਂ ਤਕ ਇਹ ਰਿਵਾਜ ਹੀ ਰਿਹਾ ਕਿ ਕਿਸੇ ਰਾਜ ਸਰਕਾਰ ਵਲੋਂ ਬਣਾਏ ਗਏ ਸਿੱਕਿਆਂ ਉਪਰ ਦੇਸ਼ ਵਿਚ ਰਾਜ ਕਰਨ ਵਾਲੇ ਰਾਜੇ ਦੀ ਤਸਵੀਰ ਬਣਾਈ ਜਾਂਦੀ ਸੀ ਇਸ ਲਈ ਇਹ ਸ਼ਬਦ 19ਵੀਂ ਸਦੀ ਦੇ ਦੌਰਾਨ ਯੂਰਪ ਵਿਚ ਕਰੰਸੀ ਯੂਨਿਟਾਂ ਲਈ ਵਰਤਿਆ ਜਾਣ ਲੱਗਾ। ਤਾਨਾਸ਼ਾਹੀ ਦੇ ਪਤਨ ਦੇ ਸਿੱਟੇ ਵਜੋਂ ਇਸ ਚਿੰਨ੍ਹ ਦੀ ਵਰਤੋਂ ਸਕੈਂਡੇਨੇਵੀਆ ਤਕ ਸੀਮਿਤ ਹੋ ਗਈ।

19ਵੀਂ ਸਦੀ ਵਿਚ ਸਥਾਪਤ ਹੋਈਆਂ ਕਰੋਨ ਕਰੰਸੀਆਂ ਵਿਚੋਂ ਆਸਟਰੀਆ-ਹੰਗਰੀ ਦੇ ਮੁਦਰਾ ਯੂਨਿਟ ਦੀ ਕਰੰਸੀ ਵਧੇਰੇ ਮਹੱਤਵ ਪੂਰਨ ਸੀ। ਸੰਨ 1857 ਤੋਂ ਪਹਿਲਾਂ ਆਸਟਰੀਆ ਕਰੰਸੀ 20 ਗੁਲਡਨ ਪੱਧਰ ਦੀ ਸੀ। ਪ੍ਰਸ਼ਾਅ ਅਤੇ ਹੋਰ ਰਾਜਾਂ ਨਾਲ ਮਿਲਕੇ ਇਹ ਫੈਸਲਾ ਕੀਤਾ ਗਿਆ ਕਿ ਨਵੀਂ ਕਰੰਸੀ ਚਾਲੂ ਕੀਤੀ ਜਾਏ। ਸੰਨ 1892 ਵਿਚ ਸੋਨੇ ਦੀ ਸਟੈਂਡਰਡ ਕਰੰਸੀ ਚਾਲੂ ਕੀਤੀ ਗਈ ਅਤੇ ਇਸ (ਨਵੇਂ ਸੋਨਾ ਯੂਨਿਟ) ਦਾ ਨਾਂ ਕਰੋਨ ਪਿਆ। ਸਮੇਂ ਸਮੇਂ ਇਸ ਕਰੰਸੀ ਦੀ ਦਰ ਵਿਚ ਅੰਤਰ ਆਉਂਦਾ ਰਿਹਾ। ਸੰਨ 1947 ਵਿਚ ਨਵੀਂ ਸ਼ਲਿੰਗ ਕਰੰਸੀ ਚਾਲੂ ਕਰਕੇ ਪੁਰਾਣੀ ਨੂੰ ਬਦਲਣ ਦਾ ਫੈਸਲਾ ਹੋਇਆ। ਸੰਨ 1953 ਤੋਂ ਪਿਛੋਂ ਸ਼ਲਿੰਗ ਹੀ ਸਟੈਂਡਰਡ ਕਰੰਸੀ ਬਣ ਗਈ।

ਹੰਗਰੀ ਵਿਚ ਵੀ ਕਰੰਸੀ ਦਾ ਉਹੀ ਹਾਲ ਹੋਇਆ ਜੋ ਆਸਟਰੀਆ ਵਿਚ ਹੋਇਆ ਸੀ ਅਰਥਾਤ ਐਕਸਚੇਂਜ ਦਰ ਘਟ ਗਈ। ਹੰਗਰੀ ਦੇ ਸੋਵੀਅਤ ਬਲਾਕ ਦਾ ਹਿੱਸਾ ਬਣ ਜਾਣ ਉਪਰੰਤ 1946 ਈ. ਵਿਚ ਨਵੀਂ ਕਰੰਸੀ ਚਾਲੂ ਕੀਤੀ ਗਈ ਅਤੇ ਇਸ ਨੂੰ ਰੂਸੀ ਰੂਬਲ ਨਾਲ ਸਬੰਧਤ ਕੀਤਾ ਗਿਆ। ਚੈਕੋਸਲੋਵਾਕੀਆ ਵਿਚ ਪਹਿਲੇ ਸੰਸਾਰ ਜੰਗ ਦੇ ਅੰਤ ਤਕ ਕਰੋਨ ਕਰੰਸੀ ਹੀ ਸੀ, ਪਰ 1919 ਈ. ਵਿਚ ਕਰੰਸੀ ਦੀ ਨਵੀਂ ਯੂਨਿਟ (Koruna) ਹੋਂਦ ਵਿਚ ਆਈ। ਪਰ 1953 ਈ. ਵਿਚ ਚੈਕੋਸਲਵਾਕੀਆ ਦੇ ਰੂਸੀ ਬਲਾਕ ਵਿਚ ਆ ਜਾਣ ਕਾਰਨ ਇਸ ਕਰੰਸੀ ਦਾ ਪੁਨਰਮੁਲਅੰਕਣ ਕਰਕੇ ਇਸਨੂੰ ਰੂਸੀ ਰੂਬਲ ਨਾਲ ਸਬੰਧਤ ਕੀਤਾ ਗਿਆ। ਡੈਨਮਾਰਕ, ਨਾਰਵੇ ਤੇ ਸਵੀਡਨ ਵਿਚ ਵੀ ਸਥਿਤੀ ਇਸੇ ਤਰ੍ਹਾਂ ਰਹੀ ਅਤੇ ਕਰੋਨ ਦੀ ਕੀਮਤ ਸੋਨੇ ਅਤੇ ਚਾਂਦੀ ਦੇ ਮੁਕਾਬਲੇ ਤੇ ਘਟਦੀ ਵਧਦੀ ਰਹੀ। ਨਾਰਵੇ ਵਿਚ ਕਰੋਨ ਦੀ ਕੀਮਤ ਸੰਤੋਸ਼ਜਨਕ ਬਣੀ ਰਹੀ। ਸੰਨ 1931 ਤੋਂ ਪਿਛੋਂ ਸਵੀਡਨ ਦੀ ਵਿਦੇਸ਼ੀ ਆਰਥਕ ਸਥਿਤੀ ਵਿਕਸਿਤ ਅਵਸਥਾ ਵਿਚ ਰਹੀ ਇਸ ਕਰਕੇ ਕਰੰਸੀ ਦੀ ਕੀਮਤ ਵੀ ਕਾਇਮ ਰਹੀ।

ਹ. ਪੁ.—ਐਨ. ਬ੍ਰਿ. 13 : 494

**ਕਰੋਨਸ਼ਟਾਟ :** ਇਹ ਉੱਤਰੀ-ਪੱਛਮੀ ਰੂਸੀ ਸੋਵੀਅਤ ਸੰਘੀ ਗਣਰਾਜ (ਸੋ. ਸੰਘ) ਦੀ ਲੈਨਿਨਗ੍ਰਾਦ ਆਬਲਸਤ ਵਿਚ ਇਕ ਫੌਜੀ ਬੰਦਰਗਾਹ ਹੈ ਜੋ ਫਿਨਲੈਂਡ ਦੀ ਖਾੜੀ ਦੇ ਮੁਹਾਣੇ ਦੇ ਨੇੜੇ ਕਾਟਲਿਨ ਦੀਪ ਉੱਤੇ ਸਥਿਤ ਹੈ। ਸੰਨ 1703 ਵਿਚ ਮਹਾਨ ਪੀਟਰ ਪਹਿਲੇ ਨੇ ਇਸ ਦੀਪ ਨੂੰ ਸਵੀਡਨ ਕੋਲੋਂ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਲੈਨਿਨਗ੍ਰਾਦ ਦੇ ਰਾਹਾਂ ਨੂੰ ਸੁਰੱਖਿਅਤ ਰਖਣ ਲਈ ਕਰੋਨਸ਼ਲਾਟ ਨਾਂ ਦਾ ਇਥੇ ਇਕ ਕਿਲ੍ਹਾ ਬਣਵਾਇਆ। ਸੰਨ 1712-1716 ਵਿਚ ਸਮੁੰਦਰੀ ਫੌਜੀ ਅੱਡਾ ਸਥਾਪਤ ਕਰ ਦਿਤਾ ਗਿਆ ਅਤੇ ਸੰਨ 1723

ਵਿਚ ਕਿਲ੍ਹੇ, ਅੱਡੇ ਅਤੇ ਆਲੇ-ਦੁਆਲੇ ਦੇ ਕਸਬੇ ਦਾ ਨਾਂ ਕਰੋਨਸ਼ਟਾਟ ਰੱਖ ਦਿਤਾ ਗਿਆ। ਇਹ ਸੰਨ 1885 ਵਿਚ ਇਕ ਡੂੰਘੇ ਜਲ ਮਾਰਗ ਦੇ ਮੁਕੰਮਲ ਹੋਣ ਤੀਕ, ਜ਼ਾਰ ਦੀ ਰਾਜਧਾਨੀ ਸੇਂਟ ਪੀਟਰਜ਼ਬਰਗ ਦੀ ਵਪਾਰਕ ਬੰਦਰਗਾਹ ਹੁੰਦੀ ਸੀ। ਇਸ ਤੋਂ ਪਿਛੋਂ ਇਹ ਰੂਸੀ ਬਾਲਟਿਕ ਬੇੜੇ ਦਾ ਮੁੱਖ ਸਮੁੰਦਰੀ ਅੱਡਾ ਹੁੰਦਾ ਸੀ। ਅੱਜ ਕੱਲ੍ਹ ਇਹ ਸੋਵੀਅਤ ਬਾਲਟਿਕ ਦਾ ਮੁੱਖ ਸਮੁੰਦਰੀ ਅੱਡਾ ਹੈ।

ਆਬਾਦੀ—39,477 (1970)
59′ 59′ ਉ. ਵਿਥ ; 29° 45′ ਪੂ. ਲੰਬ
ਹ. ਪੁ.— ਐਨ. ਐਮ. 16 : 545 ਕੋਲ. ਐਨ. 11 : 303, ਐਨ. ਬ੍ਰਿ. ਮਾ. 5 : 921

**ਕਰੋਨਾ** : ਇਕ ਪ੍ਰਕਾਸ਼ਮਾਨ, ਉੱਚ ਤਾਪਮਾਨ ਅਤੇ ਵਿਰਲੀਆਂ ਗੈਸਾਂ ਵਾਲਾ ਸੂਰਜ ਦਾ ਗਿਲਾਫ਼ ਹੈ। ਸੂਰਜ ਦੇ ਨੇੜੇ ਹੋਣ ਦੇ ਬਾਵਜੂਦ ਵੀ ਇਸ ਦੀ ਚਮਕ ਸੂਰਜੀ ਟਿੱਕੀ ਦੀ ਚਮਕ ਦਾ ਲਗਭਗ ਦਸ ਲੱਖਵਾਂ ਹਿੱਸਾ ਹੁੰਦੀ ਹੈ। ਇਸ ਦੀ ਚਮਕ ਫ਼ਾਸਲੇ ਦੇ ਨਾਲ ਨਾਲ ਬੜੀ ਤੇਜ਼ੀ ਨਾਲ ਘਟਦੀ ਜਾਂਦੀ ਹੈ ਅਤੇ ਦੋ ਸੂਰਜੀ ਅਰਧ-ਵਿਆਸਾਂ ਉਤੇ ਚਮਕ ਇਸਦੇ ਸਭ ਤੋਂ ਅੰਦਰਲੇ ਹਿੱਸਿਆਂ ਵਾਲੀ ਚਮਕ ਦੇ ਲਗਭਗ 1% ਨਾਲੋਂ ਵੀ ਘੱਟ ਰਹਿ ਜਾਂਦੀ ਹੈ। ਇਸ ਤਰ੍ਹਾਂ ਖੀਣ ਪ੍ਰਕਾਸ਼ ਕੇਵਲ ਪੂਰਨ ਗ੍ਰਹਿਣ ਸਮੇਂ ਜਾਂ ਕਰਾਨੋਗ੍ਰਾਫ਼ ਵਿਚੋਂ ਵਿਖਾਈ ਦਿੰਦਾ ਹੈ। ਕਈ ਸੂਰਜੀ ਅਰਧ-ਵਿਆਸਾਂ ਦੇ ਬਾਹਰਵਾਰ ਕਰੋਨਾ ਦਾ ਕ੍ਰਾਂਤਿਕ ਤਾਪਮਾਨ ਲਗਭਗ 2,000,000 K ਹੁੰਦਾ ਹੈ। ਇਸ ਦਾ ਤਾਪਮਾਨ ਕਾਫ਼ੀ ਜ਼ਿਆਦਾ ਹੋਣ ਕਰਕੇ ਇਸ ਦੇ ਵਾਸ਼ਪ ਬਣਦੇ ਰਹਿੰਦੇ ਹਨ, ਜਿਸ ਨਾਲ ਬਿਜਲ-ਚਾਰਜਿਤ ਕਣ, ਜਿੰਨਾਂ ਨੂੰ ਸੂਰਜੀ ਹਵਾ ਕਿਹਾ ਜਾਂਦਾ ਹੈ, ਉਤਪੰਨ ਹੋ ਕੇ ਬਾਹਰ ਵਲ ਵਹਿੰਦੇ ਰਹਿੰਦੇ ਹਨ। ਉੱਚ ਆਇਨਿਤ ਕਰੋਨਲ ਗੈਸ ਦੀ ਘਣਤਾ ਅਧਾਰ ਉਤੇ $5 \times 10^8$ ਪਰਮਾਣੂ ਪ੍ਰਤਿ ਘਣ ਸੈਂ. ਮੀ. ਹੁੰਦੀ ਹੈ ਅਤੇ ਉਚਾਈ ਦੇ ਨਾਲ ਨਾਲ ਘਟਦੀ ਰਹਿੰਦੀ ਹੈ ਅਰਥਾਤ ਲਗਭਗ ਹਰ 50,000 ਕਿ. ਮੀ. ਤੋਂ ਬਾਅਦ ਪਿਛਲੀ ਘਣਤਾ ਦਾ 1/2.7 ਹੋ ਜਾਂਦੀ ਹੈ।

**ਆਕਾਰ ਅਤੇ ਬਣਤਰ**—ਇਸ ਦੀ ਸੁੰਦਰਤਾ ਦਾ ਰਾਜ਼ ਇਸ ਦਾ ਆਕਾਰ ਹੈ ਜਿਸ ਵਿਚ ਲਿਸ਼ਕਾਂ, ਫ਼ਿਲਾਮੈਂਟ ਅਤੇ ਮੋਤੀਆਂ ਵਰਗੀ ਚਿੱਟੀ ਰੌਸ਼ਨੀ ਹੁੰਦੀ ਹੈ। ਇਕ ਚੁੰਬਕ ਦੇ ਧ੍ਰੁਵਾਂ ਦੁਆਲੇ ਚਿੰਬੜੇ ਲੋਹ ਚੂਰਨ ਵਾਂਗ ਸੂਰਜ ਦੇ ਧ੍ਰੁਵਾਂ ਤੇ ਖੰਭਾਂ ਵਾਂਗ ਵਾਧਰਿਆਂ ਤੋਂ ਉੱਤਰੀ ਅਤੇ ਦੱਖਣੀ ਚੁੰਬਕੀ ਧ੍ਰੁਵਾਂ ਦਾ ਅਨੁਮਾਨ ਲਗਦਾ ਹੈ।

ਕਰੋਨਾ ਪ੍ਰਕਾਸ਼ ਦੇ ਤਿੰਨ ਘਟਕ ਹੁੰਦੇ ਹਨ, ਜਿਨ੍ਹਾਂ ਨੂੰ L-, K- ਅਤੇ F-ਕਰੋਨਾ ਕਿਹਾ ਜਾਂਦਾ ਹੈ। L-ਕਰੋਨਾ, ਕਰੋਨਲ ਪ੍ਰਕਾਸ਼ ਦਾ ਲਗਭਗ 1% ਭਾਗ ਪ੍ਰਦਾਨ ਕਰਦਾ ਹੈ। ਇਹ ਕਰੋਨਲ ਗੈਸ ਦੇ ਉੱਚ-ਆਇਨਿਤ ਪਰਮਾਣੂਆਂ (ਅਰਥਾਤ ਪਲਾਜ਼ਮਾਂ) ਦੁਆਰਾ ਉਤਸਰਜਿਤ ਰੇਖਾ ਸਪੈੱਕਟ੍ਰਮ ਨੂੰ ਦਰਸਾਉਂਦਾ ਹੈ। ਸੂਰਜ ਦੇ ਨੇੜੇ ਤੀਬਰ ਗਤੀ ਵਾਲੇ ਮੁਕਤ ਇਲੈੱਕਟ੍ਰਾਨਾਂ ਦੁਆਰਾ ਫ਼ੋਟੋਸਫ਼ੈਰੀ ਪ੍ਰਕਾਸ਼ ਦੇ ਖਿੰਡਾਉਣ ਕਾਰਨ ਉਤਪੰਨ ਹੋਇਆ ਪ੍ਰਕਾਸ਼ K-ਕਰੋਨਾ ਹੁੰਦਾ ਹੈ। ਅੰਦਰਲੇ ਕਰੋਨਾ ਵਿਚ, ਜਿੱਥੇ ਇਲੈੱਕਟ੍ਰਾਨ ਘਣਤਾ ਸਭ ਤੋਂ ਵੱਧ ਹੈ, K-ਘਟਕ ਸਭ ਤੋਂ ਪ੍ਰਬਲ ਹੁੰਦਾ ਹੈ। ਇਲੈੱਕਟ੍ਰਾਨ ਬਹੁਤ ਤੇਜ਼ ਰਫ਼ਤਾਰ (6,000 ਕਿ. ਮੀ. ਪ੍ਰਤਿ ਸੈਕੰਡ) ਨਾਲ ਘੁੰਮਦੇ ਹਨ, ਜਿਸ ਕਾਰਨ ਫ਼ੋਟੋਸਫ਼ੈਰੀ ਫ਼ਾਊਨਹੋਫ਼ਰ ਰੇਖਾਵਾਂ ਖਿੰਡਾਉ ਸਮੇਂ ਪੂਰੀ ਤਰ੍ਹਾਂ ਮਿਟ ਜਾਂਦੀਆਂ ਹਨ ਅਤੇ ਸਿੱਟੇ ਵਜੋਂ K-ਘਟਕ ਦਾ ਸਪੈੱਕਟ੍ਰਮ ਨਿਰੰਤਰ ਹੁੰਦਾ ਹੈ। F-ਘਟਕ, ਅੰਤਰ-ਨਛੱਤਰੀ ਧੂੜ ਦੇ ਕਣਾਂ ਤੋਂ ਵਿਵਰਤਿਤ ਫ਼ੋਟੋਸਫ਼ੈਰੀ ਪ੍ਰਕਾਸ਼ ਕਾਰਨ ਹੁੰਦਾ ਹੈ। ਇਹ ਸਪੈੱਕਟ੍ਰਮ ਫ਼ੋਟੋਸਫ਼ੀਅਰ ਵਾਂਗ ਹੀ ਹੁੰਦਾ ਹੈ, ਅਰਥਾਤ ਇਹ ਫ਼ਾਊਨਹੋਫ਼ਰ ਰੇਖਾਵਾਂ ਦੁਆਰਾ ਕਟਿਆ ਹੋਇਆ ਇਕ ਨਿਰੰਤਰ ਸਪੈੱਕਟ੍ਰਮ ਹੁੰਦਾ ਹੈ। F-ਘਟਕ, ਸੂਰਜ ਦੇ ਨਜ਼ਦੀਕੀ ਖੇਤਰ ਵਿਚ ਰਾਸ਼ੀ-ਚੱਕਰੀ ਪ੍ਰਕਾਸ਼ ਦਾ ਹੀ ਵਿਸਥਾਰ ਹੈ। L-ਘਟਕ ਅਤੇ K-ਘਟਕ ਹੀ ਵਾਸਤਵਿਕ ਕਰੋਨਾ ਦਰਸਾਉਂਦੇ ਹਨ।

ਰੇਡੀਓ-ਹੀਲੀਓਗ੍ਰਾਮ ਅਤੇ ਧਰਤੀ ਦੇ ਵਾਯੂਮੰਡਲ ਦੇ ਉਪਰਲੇ ਹਿੱਸੇ ਤੇ ਲਏ ਗਏ ਐੱਕਸ-ਕਿਰਨ ਚਿਤਰਾਂ ਨਾਲ ਕਰੋਨਾ ਦਾ ਅਧਿਐਨ ਕੀਤਾ ਜਾ ਸਕਦਾ ਹੈ। ਐੱਕਸ-ਕਿਰਨ ਚਿਤਰਾਂ ਵਿਚ ਸਭ ਤੋਂ ਪ੍ਰਬਲ ਕਰੋਨਲ ਕੰਡੈਂਨਸੇਸ਼ਨ ਵਾਲੇ ਖੇਤਰ ਵਿਖਾਈ ਦਿੰਦੇ ਹਨ। ਬਿਜਲ-ਚੁੰਬਕੀ ਸਪੈੱਕਟ੍ਰਮ ਦੇ ਵਖ ਵਖ ਭਾਗਾਂ ਉਤੇ ਪ੍ਰੇਖਣਾਂ ਨਾਲ ਤੁਲਨਾ ਕਰਨ ਤੇ ਪਤਾ ਲਗਦਾ ਹੈ ਕਿ ਕਰੋਨਾ ਬਹੁਤ ਅਸਮਰੂਪੀ ਹੈ ਅਤੇ ਇਸ ਦੇ ਆਕਾਰ, ਬਣਤਰ ਅਤੇ ਤੀਬਰਤਾ ਵਿਚ ਸੂਰਜੀ ਸਤ੍ਹਾ ਉਤੇ ਐੱਕਟਿਵਤਾ ਦੇ ਸਤੱਰ ਨਾਲ ਤਬਦੀਲੀ ਆਉਂਦੀ ਰਹਿੰਦੀ ਹੈ।

ਟਿਕਵੇਂ ਸੂਰਜ ਵਿਚੋਂ ਰੇਡੀਓ-ਤਰੰਗਾਂ ਉਤਸਰਜ ਹੁੰਦੀਆਂ ਹਨ। ਮੀ. ਤਰੰਗ-ਲੰਬਾਈਆਂ ਉਤੇ ਉਤਸਰਜਨ ਅਜਿਹੀਆਂ ਉਚਾਈਆਂ ਤੋਂ ਹੁੰਦਾ ਹੈ, ਜਿਥੇ ਇਲੈੱਕਟ੍ਰਾਨ ਘਣਤਾ $3 \times 10^7$ ਇਲੈੱਕਟ੍ਰਾਨ ਪ੍ਰਤੀ ਘਣ ਸੈਂ. ਮੀ. ਤੋਂ ਵੀ ਘੱਟ ਹੁੰਦੀ ਹੈ ਅਤੇ 10 ਮੀ. ਉਤੇ ਇਹ ਉਚਾਈ ਦਸ ਸੂਰਜੀ ਅਰਧ ਵਿਆਸਾਂ ਦੇ ਬਰਾਬਰ ਹੁੰਦੀ ਹੈ। ਇਸ ਲਈ ਇਕ ਰੇਡੀਓ ਖਗੋਲ-ਵਿਗਿਆਨੀ ਦੁਆਰਾ ਕਰੋਨਾ ਦਾ ਪ੍ਰੇਖਣ ਭਿੰਨ-ਭਿੰਨ ਰੇਡੀਓ ਤਰੰਗ-ਲੰਬਾਈਆਂ ਉਤੇ ਤਹਿਵਾਰ ਕੀਤਾ ਜਾ ਸਕਦਾ ਹੈ ਜਿਵੇਂ ਕਿ ਇਕ ਪ੍ਰਕਾਸ਼ ਖਗੋਲ-ਵਿਗਿਆਨੀ ਕ੍ਰੋਮੋਸਫ਼ੀਅਰ ਦਾ ਪ੍ਰੇਖਣ ਇਕ ਸਪੈਕੱਟ੍ਰੋਹੀਲੀਓਗ੍ਰਾਫ਼ ਨਾਲ ਤਹਿਵਾਰ ਕਰਦਾ ਹੈ।

**ਭੌਤਿਕ ਗੁਣ**—ਕਰੋਨਾ ਦਾ ਸਭ ਤੋਂ ਉੱਤਮ ਗੁਣ ਇਸ ਦਾ ਉੱਚ ਕ੍ਰਾਂਤਿਕ ਤਾਪਮਾਨ ਅਰਥਾਤ 1,500,000 ਤੋਂ ਲੈ ਕੇ 2,500,000K ਹੈ। ਇਸ ਦਾ ਪਤਾ ਕਈ ਪ੍ਰੇਖਣਾਂ ਤੋਂ ਲੱਗਦਾ ਹੈ ਜਿਵੇਂ ਕਿ (1) ਸੰਨ 1941 ਵਿਚ ਕਰੋਨਲ ਸਪੈੱਕਟ੍ਰਮ ਲੋਹਾ, ਨਿਕਲ, ਕੈਲਸੀਅਮ ਅਤੇ ਆੱਰਗਾਨ ਦੇ ਪਰਮਾਣੂਆਂ (ਜਿਨ੍ਹਾਂ ਵਿਚੋਂ 10 ਤੋਂ 14 ਤੱਕ ਇਲੈੱਕਟ੍ਰਾਨ ਲੁਪਤ ਹੋ ਜਾਂਦੇ ਸਨ) ਵਿਚੋਂ ਉਤਸਰਜ ਹੁੰਦੀ ਵਿਖਾਈ ਗਈ ਸੀ। ਅਜਿਹੀ ਆਇਨਨ ਮਾਤਰਾ ਘੱਟ ਘਣਤਾ ਵਾਲੀ ਗੈਸ ਵਿਚ ਉੱਚ ਤਾਪਮਾਨ ਦੁਆਰਾ ਤੀਖਣ ਇਲੈੱਕਟ੍ਰਾਨਾਂ ਦੁਆਰਾ ਟੱਕਰੀ ਆਇਨਨ ਹੋਣ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ; (2) ਕਰੋਨਲ ਉਤਸਰਜਨ ਰੇਖਾਵਾਂ ਫ਼ਾਊਨਹੋਫ਼ਰ ਰੇਖਾਵਾਂ ਨਾਲੋਂ ਵਧੇਰੇ ਚੌੜੀਆਂ ਹੁੰਦੀਆਂ ਹਨ ਅਤੇ ਜੇਕਰ ਇਸ ਨੂੰ ਉਤਸਰਜ ਹੋ ਰਹੇ ਪਰਮਾਣੂਆਂ ਦੀ ਬੇਤਰਤੀਬੀ ਗਤੀ ਕਾਰਨ ਡਾਪਲਰ-ਵਿੱਥਾਂ ਦੇ ਤੁਲ ਸਮਝਿਆ ਜਾਵੇ ਤਾਂ ਇਹ ਸੰਕੇਤ ਮਿਲਦਾ ਹੈ ਕਿ ਕਰੋਨਾ ਦਾ ਤਾਪਮਾਨ ਲਗਭਗ 2,000,000K ਹੈ; (3) ਇਕ ਸੌ ਸੈਂ. ਮੀ. ਦੀਆਂ ਰੇਡੀਓ ਤਰੰਗ-ਲੰਬਾਈਆਂ ਤੋਂ ਵੱਧ ਵਾਲੀਆਂ ਰੇਡੀਓ ਤਰੰਗ-ਲੰਬਾਈਆਂ ਤੋਂ ਸੂਰਜ ਦੀ ਚਮਕ ਲਗਭਗ 1,000,000K ਤਾਪਮਾਨ ਵਾਲੀ ਪ੍ਰਾਪਤ ਹੁੰਦੀ ਹੈ ਅਤੇ (4) ਇਲੈੱਕਟ੍ਰਾਨ ਗੈਸ ਦਾ ਘਣਤਾ-ਗ੍ਰੇਡੀਐਂਟ, ਉਚਾਈ ਨਾਲ ਚਲ-ਘਾਤ ਅੰਕੀ ਤੌਰ ਤੇ ਘਟਦਾ ਵਿਖਾਈ ਦਿੰਦਾ ਹੈ ਅਤੇ ਸਿੱਟੇ ਵਜੋਂ 1,500,000K ਤਾਪਮਾਨ ਪ੍ਰਾਪਤ ਹੁੰਦਾ ਹੈ।

ਆਮ ਕਰਕੇ ਇਹ ਸਮਝਿਆ ਜਾਂਦਾ ਹੈ ਕਿ ਕਰੋਨਾ ਨੂੰ ਗਰਮ ਕਰਨ ਵਾਲਾ ਊਰਜਾ ਸ੍ਰੋਤ, ਫ਼ੋਟੋਸਫ਼ੀਅਰ ਅਤੇ ਕ੍ਰੋਮੋਸਫ਼ੀਅਰ ਵਿਚ ਸਪਿਕਿਊਲਾਂ ਅਤੇ ਕਿਣਕਿਆਂ ਦੀ ਗਤੀ ਤੋਂ ਮਿਲਦਾ ਹੈ। ਸਪਿਕਿਊਲਾਂ ਅਤੇ ਕਰੋਨਾ ਦੇ ਪਰਮਾਣੂਆਂ ਵਿਚਕਾਰ ਪਰਸਪਰ-ਕਿਰਿਆ ਸਿੱਧੀਆਂ ਟੱਕਰਾਂ ਦੁਆਰਾ ਜਾਂ ਸ਼ਾਕ ਤਰੰਗਾਂ ਦੁਆਰਾ ਹੇਠਾਂ ਤੋਂ ਕ੍ਰੋਮੋਸਫ਼ੀਅਰ ਅਤੇ ਕਰੋਨਾ ਵਲ ਊਰਜਾ ਦੇ ਸਥਾਨ-ਅੰਤਰਨ ਦੁਆਰਾ ਹੋ ਸਕਦੀ ਹੈ।

**ਸੂਰਜੀ ਹਵਾਵਾਂ**—ਸੰਨ 1958 ਵਿਚ ਇਹ ਪਹਿਲੋਂ ਹੀ ਦੱਸ ਦਿਤਾ ਗਿਆ ਸੀ ਕਿ ਤਾਪਮਾਨ ਜ਼ਿਆਦਾ ਹੋਣ ਕਰਕੇ ਕਰੋਨਾ ਦਾ ਕੁਝ ਭਾਗ ਸੂਰਜ ਵਿਚੋਂ ਉਬਲ ਜਾਂਦਾ ਹੈ ਅਤੇ ਕਰੋਨਲ ਕਣ ਜ਼ਮੀਨ ਦੇ ਨੇੜੇ ਸੂਰਜੀ ਹਵਾਵਾਂ ਦੇ ਰੂਪ ਵਿਚ ਵਿਖਾਈ ਦਿੰਦੇ ਹਨ। ਇਨ੍ਹਾਂ ਹਵਾਵਾਂ ਦੀ ਰਫ਼ਤਾਰ 300 ਤੋਂ 1,000 ਕਿ. ਮੀ. ਪ੍ਰਤਿ ਸੈਕੰਡ ਹੁੰਦੀ ਹੈ। ਸੰਨ

1962 ਵਿਚ ਅਮਰੀਕਾ ਨੇ ਸ਼ੁੱਕਰ ਦੀ ਪੜਤਾਲ ਸਮੇਂ ਇਨ੍ਹਾਂ ਹਵਾਵਾਂ ਦੀ ਹੋਂਦ ਦਾ ਪਤਾ ਲਗਾਇਆ ਅਤੇ ਸਿੱਧ ਕੀਤਾ ਕਿ ਧਰਤੀ ਦੁਆਲੇ ਪ੍ਰੋਟੌਨਾਂ ਅਤੇ ਇਲੈੱਕਟ੍ਰਾਨਾਂ ਦਾ ਇਕਸਾਰ ਵਹਾਉ ਹੁੰਦਾ ਰਹਿੰਦਾ ਹੈ, ਜਿਨ੍ਹਾਂ ਦੀ ਘਣਤਾ ਲਗਭਗ ਇਕ ਤੋਂ ਦਸ ਕਣ ਪ੍ਰਤਿ ਘਣ ਸੈਂ. ਮੀ. ਹੈ। ਇਨ੍ਹਾਂ ਦੇ ਨਾਲ ਦੋ ਤੋਂ 40 ਮਾਈਕ੍ਰੋਗੱਸ ਤਕ ਦਾ ਚੁੰਬਕੀ ਖੇਤਰ ਵੀ ਸੰਮਿਲਿਤ ਹੁੰਦਾ ਹੈ। ਇਸ ਤਰ੍ਹਾਂ ਅੰਤਰ-ਨਛੱਤਰੀ ਖ਼ਲਾ ਪੂਰੀ ਤਰ੍ਹਾਂ ਆਇਨਿਤ ਗਰਮ ਪਲਾਜ਼ਮਾ ਨਾਲ ਭਰਿਆ ਹੁੰਦਾ ਹੈ, ਜਿਸ ਦਾ ਮੂਲ-ਸੋਮਾ ਕਰੋਨਾ ਹੈ। ਸੋਲਰ ਮੀਨੀਮਮ ਉਤੇ ਖ਼ਲਾ ਵਿਚ ਔਸਤਨ ਵਹਾਉ $10^{33}$ ਕਣ ਪ੍ਰਤਿ ਸੈਕੰਡ ਹੈ ਅਤੇ ਇਹ ਹਾਨੀ ਹੇਠਾਂ ਤੋਂ ਸਪਿਕਿਊਲਾਂ ਦੇ ਵਿਕੀਰਨ ਦੁਆਰਾ ਪੂਰੀ ਹੁੰਦੀ ਮੰਨੀ ਜਾਂਦੀ ਹੈ।

ਐੱਕਟਿਵ ਖੇਤਰਾਂ ਦੇ ਇਕ ਬਦਲਦੇ ਪੈੱਟਰਨ ਦੁਆਰਾ ਸੂਰਜ ਦੀ ਸਤ੍ਹਾ ਢੱਕੀ ਹੋਈ ਹੈ ਅਤੇ ਹਰ ਇਕ ਵਿਚੋਂ ਇਕ ਪਾਜ਼ਿਟਿਵ ਜਾਂ ਨੈਗੇਟਿਵ ਚੁੰਬਕੀ ਖੇਤਰ ਪੈਦਾ ਹੋ ਰਿਹਾ ਹੈ ਜਿਸ ਨੂੰ ਪਲਾਜ਼ਮਾ ਅੱਗੇ ਲੈ ਜਾਂਦਾ ਹੈ। ਸੂਰਜ ਦੇ ਘੁੰਮਣ ਅਤੇ ਪਦਾਰਥ ਦੇ ਇਕਸਾਰ ਵਹਾਉ ਕਾਰਨ ਚੁੰਬਕੀ ਬਲ-ਰੇਖਾਵਾਂ ਪੁਲਾੜ ਵਿਚ ਵਕ੍ਰ ਬਣਾਉਂਦੀਆਂ ਹਨ, ਜਿਨ੍ਹਾਂ ਨੂੰ ਇਕੁਏਟਰੀ ਤਲ ਵਿਚ ਆਰਕਿਮੀਡੀਅਨ ਕੁੰਡਲੀਆਂ ਕਿਹਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 17 : 804

**ਕਰੋਨੈੱਕਰ, ਲੀਓਪੋਲਡ** : ਇਹ ਜਰਮਨ ਦਾ ਇਕ ਗਣਿਤ-ਵੇਤਾ ਹੋਇਆ ਹੈ ਜਿਸ ਦੀ ਦੇਣ 'ਹਾਇਰ ਅਲਜਬਰੇ' ਵਿਚ ਸੀ। ਇਸ ਦਾ ਜਨਮ ਲੀਗਨਿਟਸ (ਅੱਜ ਕਲ੍ਹ ਪੋਲੈਂਡ) ਵਿਖੇ 12 ਦਸੰਬਰ, 1823 ਨੂੰ ਹੋਇਆ। ਅਰਨਸਟ ਕੁਮਰ ਇਸ ਦਾ ਅਧਿਆਪਕ ਸੀ ਜਿਸ ਤੋਂ ਇਸ ਨੂੰ ਸੰਖਿਆ ਸਿਧਾਂਤ ਵਾਸਤੇ ਸ਼ੌਕ ਪੈਦਾ ਹੋਇਆ। ਸੰਨ 1845 ਵਿਚ ਇਸ ਨੇ ਬਰਲਿਨ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। 30 ਸਾਲ ਦੀ ਉਮਰ ਤਕ ਇਹ ਜ਼ਮੀਨ ਦਾ ਵਪਾਰ ਕਰਦਾ ਰਿਹਾ। ਵਪਾਰ ਦੇ ਦੌਰਾਨ ਹਿਸਾਬ ਇਸਦਾ ਜੀ ਪਰਚਾਵੇ ਦਾ ਸਾਧਨ ਸੀ। ਸੰਨ 1861 ਤੋਂ 1883 ਤਕ ਇਹ ਬਰਲਿਨ ਯੂਨੀਵਰਸਿਟੀ ਵਿਖੇ ਹਿਸਾਬ ਦਾ ਲੈਕਚਰਾਰ ਰਿਹਾ ਅਤੇ 1883 ਵਿਚ ਅਰਨਸਟ ਕੁਮਰ ਦੀ ਜਗ੍ਹਾ ਪ੍ਰੋਫ਼ੈਸਰ ਬਣ ਗਿਆ।

ਕਰੋਨੈਕਰ ਅਸਲ ਵਿਚ ਅੰਕ-ਗਣਿਤਵੇਤਾ ਅਤੇ ਬੀਜ-ਗਣਿਤ-ਵੇਤਾ ਸੀ। ਇਸ ਦੀ ਮੁੱਖ ਦੇਣ ਇਲਿਪਸੀ ਫੰਕਸ਼ਨਾਂ, ਅਲਜਬਰਈ ਸਮੀਕਰਨ ਸਿਧਾਂਤ ਅਤੇ ਅਲਜਬਰਈ ਸੰਖਿਆ ਸਿਧਾਂਤ ਵਿਚ ਸੀ। ਆਖਰ ਵਿਚ ਇਸ ਨੇ ਜੇ. ਡੇਡੇਕਿੰਟ ਦੇ ਸਿੱਧਾਂਤ ਦੀ ਥਾਂ ਇਕ ਹੋਰ ਹੱਲ ਲੱਭਿਆ। ਇਸ ਨੇ ਕਲਾਸੀਕਲ ਵਿਸ਼ਲੇਸ਼ਣ ਉਤੇ ਕਈ ਟੀਕਾ ਟਿੱਪ-ਣੀਆਂ ਕੀਤੀਆਂ ਜੋ 20ਵੀਂ ਸਦੀ ਦੀ ਖੋਜ ਵਿਚ ਸਹੀ ਸਿੱਧ ਹੋਈਆਂ।

ਕਰੋਨੈਕਰ ਦੇ ਕੰਮਾਂ ਨੂੰ ਕੇ. ਹੈਨਸਲ ਨੇ ਸੰਪਾਦਤ ਕਰਕੇ ਪੰਜ ਜਿਲਦਾਂ ਵਿਚ ਛਪਵਾਇਆ।

ਇਸ ਦੀ ਮੌਤ 29 ਦਸੰਬਰ, 1891 ਨੂੰ ਬਰਲਿਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 13 : 495

**ਕ੍ਰੋਨੋਗ੍ਰਾਫ਼** : ਜਿਸ ਤਰ੍ਹਾਂ ਕਿ ਕ੍ਰੋਨੋਗ੍ਰਾਫ਼ ਸ਼ਬਦ ਤੋਂ ਹੀ ਸਪ-ਸ਼ਟ ਹੈ ਕਿ ਇਹ ਉਹ ਯੰਤਰ ਹੈ, ਜਿਸ ਨਾਲ ਸਮਾਂ ਰਿਕਾਰਡ ਕੀਤਾ ਜਾਂਦਾ ਹੈ। ਸਧਾਰਨ ਕਿਸਮ ਦੇ ਯੰਤਰ ਵਿਚ ਇਕ ਡਰੰਮ ਉਤੇ ਕਾਗਜ਼ ਦੀ ਸ਼ੀਟ ਲਪੇਟੀ ਹੁੰਦੀ ਹੈ ਅਤੇ ਡਰੰਮ ਨੂੰ ਇਕ ਚੱਕਰ ਪ੍ਰਤੀ ਮਿੰਟ ਦੀ ਰਫ਼ਤਾਰ ਨਾਲ ਘੁਮਾਇਆ ਜਾਂਦਾ ਹੈ। ਇਕ ਬਿਜਲਈ ਚੁੰਬਕ ਦੇ ਆਰਮੇਚਰ ਨਾਲ ਇਕ ਪੈੱਨ ਲਗਾਇਆ ਹੁੰਦਾ ਹੈ ਜਿਹੜਾ ਕਿ ਇਕ ਸਕਰੂ ਦੁਆਰਾ ਡਰੰਮ ਦੇ ਧੁਰੇ ਦੇ ਸਮਾਂਤਰ ਚਲਦਾ ਹੈ ਅਤੇ ਕਾਗਜ਼ ਉਤੇ ਇਕ ਵਲਦਾਰ ਰੇਖਾ ਵਾਹੁੰਦਾ ਹੈ। ਬਿਜਲਈ ਚੁੰਬਕ, ਇਕ ਬਿਜ-ਲਈ ਸਰਕਟ ਵਿਚ ਇਕ ਸਟੈਂਡਰਡ ਘੜੀ ਨਾਲ ਇਸ ਤਰ੍ਹਾਂ ਜੁੜਿਆ ਹੁੰਦਾ ਹੈ ਕਿ ਹਰ ਸੈਕੰਡ ਮਗਰੋਂ ਪੈੱਨ ਇਕ ਪਾਸੇ ਨੂੰ ਥੋੜ੍ਹਾ ਜਿਹਾ ਹਿਲਦਾ ਹੈ ਜਿਸ ਨਾਲ ਵਲਦਾਰ ਰੇਖਾ ਉਤੇ ਸੈਕੰਡਾਂ ਦੇ ਦਰਜੇ ਲੱਗ ਜਾਂਦੇ ਹਨ। ਸਰਕਟ ਵਿਚ ਇਕ 'ਕੀ' ਅਜਿਹੇ ਢੰਗ ਨਾਲ ਲਾਈ ਜਾਂਦੀ ਹੈ ਕਿ ਹਰ ਵਾਰ ਜਦੋਂ 'ਕੀ' ਲਾਈ ਜਾਂਦੀ ਹੈ ਤਾਂ ਵਲਦਾਰ ਰੇਖਾ ਉਤੇ ਹੋਰ ਦਰਜੇ ਲਗ ਜਾਂਦੇ ਹਨ। ਜਦੋਂ ਕਾਗ਼ਜ਼ ਦੀ ਸ਼ੀਟ ਡਰੰਮ ਉਤੋਂ ਲਾਹੀ ਜਾਂਦੀ ਹੈ ਤਾਂ 'ਕੀ' ਨੂੰ ਦਬਾਉਣ ਨਾਲ ਅਤੇ ਘੜੀ ਦੁਆਰਾ ਲੱਗੇ ਨਿਸ਼ਾਨਾਂ ਵਿਚਕਾਰਲੇ ਫ਼ਾਸਲੇ ਨੂੰ ਮਿਣਨ ਲਈ ਇਕ ਪੈਮਾਨੇ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ 'ਕੀ' ਨੂੰ ਦਬਾਉਣ ਦਾ ਸਮਾਂ ਤੁਰੰਤ ਹੀ $\frac{1}{0.01}$ ਸੈਕੰਡ ਤੱਕ ਮਿਣਿਆ ਜਾ ਸਕਦਾ ਹੈ। ਜੇਕਰ ਸਮੇਂ ਦੀ ਮਿਣਤੀ ਬਿਲਕੁਲ ਸਹੀ ਕਰਨੀ ਹੋਵੇ ਤਾਂ ਡਰੰਮ ਨੂੰ ਹੋਰ ਤੇਜ਼ੀ ਨਾਲ ਘੁਮਾਇਆ ਜਾ ਸਕਦਾ ਹੈ ਅਤੇ ਸਮੇਂ ਦੇ ਦਰਜਿਆਂ ਲਈ ਇਕ ਟਿਊਨਿੰਗ ਫ਼ੋਰਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਈ ਕ੍ਰੋਨੋਗ੍ਰਾਫ਼ਾਂ ਵਿਚ ਹੌਲੀ-ਹੌਲੀ ਘੁੰਮਦੇ ਕਾਗ਼ਜ਼ ਦੇ ਟੁਕੜੇ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਉਤੇ ਪੈੱਨ ਸਮੇਂ ਨੂੰ ਰਿਕਾਰਡ ਕਰਦਾ ਹੈ।

ਛਪਾਈ ਵਾਲੀ ਕਿਸਮ ਵਾਲੇ ਯੰਤਰ ਵਿਚ ਟਾਈਪ ਪਹੀਆਂ ਦੇ ਰੂਪ ਵਿਚ ਇਕ ਸਟੈਂਡਰਡ ਘੜੀ ਦੁਆਰਾ ਘੁਮਾਇਆ ਜਾਂਦਾ ਹੈ ਅਤੇ ਕਿਸੇ ਵੀ ਮੌਕੇ ਤੇ ਸਮਾਂ ਪਤਾ ਕਰਨ ਲਈ 'ਕੀ' ਨੂੰ ਦਬਾਇਆ ਜਾਂਦਾ ਹੈ। ਕਾਗ਼ਜ਼ ਉਪਰ ਸੈਕੰਡ ਦੇ ਲਗਭਗ 100ਵੇਂ ਹਿੱਸੇ ਤੱਕ ਸਮਾਂ ਪ੍ਰਿੰਟ ਹੋ ਜਾਂਦਾ ਹੈ।

ਕ੍ਰੋਨੋਗ੍ਰਾਫ਼ ਦੀ ਵਰਤੋਂ ਭੁਚਾਲਾਂ ਦੁਆਰਾ ਉਤਪੰਨ ਹੋਈਆਂ ਕੰਪਨਾਂ ਦਾ ਰਿਕਾਰਡ ਕਰਨ ਵਾਲੇ ਯੰਤਰ ਵਿਚ ਵੀ ਕੀਤਾ ਜਾਂਦਾ ਹੈ।

ਹ. ਪੁ.—ਵਾ. ਨਾ. ਐਨ. : 350; ਐਨ. ਬ੍ਰਿ. 4 : 749

**ਕ੍ਰੋਨੋਮੀਟਰ** : ਕਈ ਮੰਤਵਾਂ ਲਈ, ਜਿਥੇ ਬਿਲਕੁਲ ਸਹੀ ਟਾਈਮ ਲੋੜੀਂਦਾ ਹੋਵੇ, ਉਥੇ ਪੈਂਡੂਲਮ ਵਾਲੀ ਘੜੀ ਕਾਮਯਾਬ ਨਹੀਂ ਹੁੰਦੀ। ਇਹ ਤਰੁੱਟੀ ਵਿਸ਼ੇਸ਼ ਕਰਕੇ ਸਮੁੰਦਰੀ ਜਹਾਜ਼ਾਂ ਜਾਂ ਜਾਪਾਨ ਵਰਗੇ ਦੇਸ਼ ਵਿਚ, ਜਿਥੇ ਭੁਚਾਲ ਪੈਂਡੂਲਮ ਦੀ ਗਤੀ ਵਿਚ ਵਿਘਨ ਪਾਉਂਦੇ ਰਹਿੰਦੇ ਹਨ, ਅਕਸਰ ਆਉਂਦੀ ਰਹਿੰਦੀ ਹੈ। ਕ੍ਰੋਨੋਮੀਟਰ, ਇਕ ਕਿਸਮ ਦਾ ਐਸਕੇਪਮੈਂਟ (ਘੜੀ ਦੀ ਮਸ਼ੀਨਰੀ ਜੋ ਚਲਾਉਣ ਵਾਲੇ ਪੁਰਜ਼ੇ ਨੂੰ ਇਕ ਚਾਲ ਰੱਖਣ ਵਾਲੇ ਪੁਰਜ਼ੇ ਨਾਲ ਜੋੜਦੀ ਹੈ) ਟਾਈਮ-ਕੀਪਰ ਹੈ, ਜਿਹੜਾ ਇਕ ਸਪਰਿੰਗ ਨਾਲ ਚਲਦਾ ਹੈ। ਇਸ ਦੀ ਗਤੀ ਇਕ ਸਧਾ-ਰਨ ਜੇਬੀ ਘੜੀ ਵਾਂਗ ਹੀ ਹੁੰਦੀ ਹੈ। ਤਾਪਮਾਨ ਦੀਆਂ ਤਬਦੀਲੀਆਂ ਅਤੇ ਸਪਰਿੰਗ ਦੇ ਤਣਾਉ ਵਿਚ ਆਈਆਂ ਤਬਦੀਲੀਆਂ ਕਾਰਣ ਤਰੁੱ-ਟੀਆਂ ਤੋਂ ਮੁਕਤ ਪੜ੍ਹਤਾਂ ਲਈ ਕਈ ਤਰ੍ਹਾਂ ਦੇ ਯੰਤਰ ਲਗੇ ਹੁੰਦੇ ਹਨ। ਉਚਿਤ ਢੰਗ ਨਾਲ ਵਰਤਣ ਨਾਲ ਕ੍ਰੋਨੋਮੀਟਰ ਦੀ ਪੜ੍ਹਤ 1/100 ਸੈਕੰਡ ਪ੍ਰਤੀ ਦਿਨ ਤਕ ਦਰੁਸਤ ਮੰਨੀ ਜਾ ਸਕਦੀ ਹੈ। ਕਈ ਕ੍ਰੋਨੋਮੀਟਰਾਂ ਵਿਚ ਅਜਿਹੇ ਯੰਤਰ ਲਗੇ ਹੁੰਦੇ ਹਨ ਜਿਨ੍ਹਾਂ ਨਾਲ ਬਿਜਲਈ ਸਰਕਟ ਨੂੰ ਤੋੜਿਆ ਜਾਂ ਜੋੜਿਆ ਜਾ ਸਕਦਾ ਹੈ ਤਾਂ ਜੋ ਇਨ੍ਹਾਂ ਦੀ ਵਰਤੋਂ ਕ੍ਰੋਨੋਗ੍ਰਾਫ਼ ਨਾਲ ਰਲਾ ਕੇ ਕੀਤੀ ਜਾ ਸਕੇ।

ਇਕ ਹੋਰ ਕ੍ਰੋਨੋਮੀਟਰ ਨੂੰ ਕਲੈਪਸਿਡਰਾ ਕਿਹਾ ਜਾਂਦਾ ਹੈ। ਇਹ ਪਾਣੀ ਦੇ ਧੀਮੇ ਵਹਾਉ ਦੁਆਰਾ ਸਮੇਂ ਦੀ ਮਿਣਤੀ ਕਰਦਾ ਹੈ। ਯੂਨਾਨ ਵਿਚ ਪਾਣੀ ਦੀਆਂ ਸਧਾਰਨ ਘੜੀਆਂ ਦੀ ਵਰਤੋਂ ਦੀਆਂ ਮਿਸਾਲਾਂ (1400 ਪੂ. ਈ.) ਆਮ ਮਿਲਦੀਆਂ ਹਨ।

ਆਧੁਨਿਕ ਕ੍ਰੋਨੋਮੀਟਰ ਇਕ ਵੱਡੀ ਅਤੇ ਵਧੀਆ ਕਿਸਮ ਦੀ ਘੜੀ ਹੈ ਜਿਹੜੀ ਕਿ ਬੈਰਿੰਗਾਂ ਦੁਆਰਾ ਜੁੜੇ ਦੋ ਛੱਲਿਆਂ ਦੇ ਸੈੱਟ (ਜਿਹੜੇ ਕਿ ਇਸ ਤਰ੍ਹਾਂ ਸੰਤੁਲਿਤ ਰਖੇ ਹੁੰਦੇ ਹਨ ਕਿ ਜਹਾਜ਼ ਦਾ ਝੁਕਾਉ ਜਿੰਨਾ ਮਰਜ਼ੀ ਹੋ ਜਾਵੇ ਪ੍ਰੰਤੂ ਇਹ ਖਿਤਿਜੀ ਰਹਿਣ) ਵਿਚ ਲਟਕਦੀ ਹੈ। ਆਮ ਘੜੀ ਨਾਲੋਂ ਇਸ ਦੇ ਮੈਕੇਨਿਜ਼ਮ ਵਿਚ ਫ਼ਰਕ ਹੈ ਅਰਥਾਤ ਵਲ-ਦਾਰ ਬੈਲੰਸ ਕਮਾਣੀ ਅਤੇ ਲੀਵਰ ਐਸਕੇਪਮੈਂਟ ਦੀ ਥਾਂ ਕੁੰਡਲਨੀ ਬੈਲੰਸ ਕਮਾਣੀ ਅਤੇ ਕੁੰਡਲਨੀ ਡੀਟੈਂਟ ਜਾਂ ਕ੍ਰੋਨੋਮੀਟਰ ਐਸਕੇਪਮੈਂਟ ਦੀ ਵਰਤੋਂ ਕੀਤੀ ਜਾਂਦੀ ਹੈ।

ਇਕ ਹੋਰ ਆਧੁਨਿਕ ਕ੍ਰੋਨੋਮੀਟਰ ਪਰਮਾਣਵੀ ਕਲਾਕ ਹੈ।

ਹ. ਪੁ.—ਐਨ. ਬ੍ਰਿ. 5 : 903

**ਕ੍ਰੋਪੋਤਕਿਨ** : ਇਸ ਰੂਸੀ ਲੇਖਕ ਦਾ ਜਨਮ 9 ਦਸੰਬਰ, 1842 ਨੂੰ ਮਾਸਕੋ ਵਿਖੇ ਉੱਚ ਕੁਲ ਵਿਚ ਹੋਇਆ। ਇਸ ਦਾ ਵਧੇਰਾ ਜੀਵਨ ਰੂਸ ਤੋਂ ਬਾਹਰ ਇੰਗਲੈਂਡ ਅਤੇ ਸਵਿਟਜ਼ਰਲੈਂਡ ਵਿਚ ਬੀਤਿਆ। ਆਪਣੇ ਰਾਜਸੀ ਵਿਚਾਰਾਂ ਕਾਰਨ ਇਸ ਨੂੰ ਜੇਲ੍ਹ ਵੀ ਹੋ ਗਈ ਸੀ। ਇਸ ਨੂੰ ਰੂਸ ਦੇ ਪ੍ਰਸਿੱਧ ਲੇਖਕਾਂ ਵਿਚੋਂ ਸਭ ਤੋਂ ਵਧ ਪ੍ਰਸਿੱਧੀ ਪ੍ਰਾਪਤ ਹੋਈ ਸੀ। ਇਸ ਨੇ ਕ੍ਰਾਂਤੀ ਦੀ ਜਿਸ ਧਾਰਨਾ ਨੂੰ ਪੇਸ਼ ਕੀਤਾ ਉਸ ਦਾ ਪ੍ਰਭਾਵ ਆਧੁਨਿਕ ਸਾਮਵਾਦ ਉਤੇ ਸਪਸ਼ਟ ਝਲਕਦਾ ਹੈ ਇਸ ਨੇ ਅਜਿਹਾ ਸਮਾਜ ਸਿਰਜਨ ਦਾ ਸਿਧਾਂਤ ਪੇਸ਼ ਕੀਤਾ ਜਿਸ ਵਿਚ ਕਾਨੂੰਨ ਅਤੇ ਸੱਤਾ ਦੇ ਆਦੇਸ਼ਾਂ ਦੀ ਪਾਲਨਾ ਜ਼ਰੂਰੀ ਨਹੀਂ ਹੋਵੇਗੀ । ਇਸ ਦਾ ਆਧਾਰ ਹਰ ਤਬਕੇ ਵਿਚ ਬਰਾਬਰੀ ਦੀ ਭਾਵਨਾ, ਆਤਮ ਪ੍ਰੇਰਨਾ, ਸੰਗਠਿਤ ਪ੍ਰਦੇਸ਼ਿਕ, ਸਥਾਨਕ, ਰਾਸ਼ਟਰੀ ਅਤੇ ਵਾਣਜਿਕ-ਵਪਾਰਕ ਸਮੁਦਾਇ ਵਿਚ ਸੁਤੰਤਰ ਸਮਝੌਤੇ ਦੀ ਭਾਵਨਾ ਸੀ। ਇਸਦਾ ਮੁਖ ਮੰਤਵ ਅਜਿਹੇ ਵਰਗ-ਰਹਿਤ ਸਮਾਜ ਦੀ ਸਥਾਪਨਾ ਸੀ ਜਿਸ ਵਿਚ ਮਾਲਕ ਅਤੇ ਨੌਕਰ ਵਿਚ ਬਰਾਬਰੀ ਹੋਵੇ।

ਇਸ ਦੇ ਦਰਸ਼ਨ ਦਾ ਮੂਲ ਤੱਤ ਇਹ ਸੀ ਕਿ ਹਰ ਇਕ ਦੀ ਸੱਤਾ ਵਿਅਕਤੀ ਦੀ ਸੁਤੰਤਰਤਾ ਨੂੰ ਘਟਾ ਦਿੰਦੀ ਹੈ । ਇਹ ਰਾਜ, ਨਿਜੀ ਸੰਪਤੀ ਅਤੇ ਕੱਟੜ ਧਰਮ ਦਾ ਵਿਰੋਧੀ ਸੀ। ਕਿਉਂਕਿ ਇਹ ਤਿੰਨੋਂ ਮਿਲ ਕੇ ਮਨੁੱਖ ਦੀ ਸੁਤੰਤਰਤਾ ਵਿਚ ਰੁਕਾਵਟ ਬਣਦੀਆਂ ਹਨ। ਇਹ ਅਰਾਜਕਤਾਵਾਦੀ ਸਮਾਜ ਨੂੰ ਇਕ ਆਦਰਸ਼ ਕਲਪਨਾ ਮਾਤਰ ਨਹੀਂ ਸੀ ਸਮਝਦਾ ਸਗੋਂ ਇਸਨੂੰ ਤਰਕਯੁਕਤ, ਉਚਿਤ ਅਤੇ ਵਿਵਹਾਰਕ ਸਮਝਦਾ ਸੀ। ਇਸ ਸਮਾਜਵਾਦ ਦਾ ਆਰਥਕ ਸੰਗਠਨ ਸਾਮਵਾਦੀ ਪ੍ਰਣਾਲ਼ੀ ਦਾ ਸੀ। ਇਸ ਅਨੁਸਾਰ ਤਾਂ ਵਸਤੂ ਉਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ ਅਤੇ ਹਰ ਵਿਅਕਤੀ ਨੂੰ ਉਤਪਾਦਨ ਵਿਚੋਂ ਉਚਿਤ ਹਿੱਸਾ ਪ੍ਰਾਪਤ ਕਰਨ ਦਾ ਅਧਿਕਾਰ ਹੋਵੇਗਾ। ਇਸ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਹਨ : ਰੋਟੀ ਉਤੇ ਜਿਤ, ਅਰਾਜਕਤਾਵਾਦ ਅਤੇ ਉਸਦਾ ਦਰਸ਼ਨ, ਰਾਜ-ਉਸਦਾ ਇਤਿਹਾਸ ਵਿਚ ਸਥਾਨ, ਸਹਿਕਾਰਤਾ ਵਿਕਾਸ ਦਾ ਤੱਤ ਅਤੇ ਆਧੁਨਿਕ ਵਿਗਿਆਨ ਅਤੇ ਅਰਾਜਕਤਾਵਾਦ।

ਇਸ ਦੀ ਮੌਤ 1921 ਵਿਚ ਹੋਈ।

ਹ. ਪੁ.—ਹਿੰ. ਵਿ. ਕੋ : 3 : 258.

**ਕਰੋਫ, (ਸ਼ੈੱਕ) ਆਗਸਟ (ਸਟੀਨਬਰਗ)** : ਕੋਸ਼ਿਕਾਵਾਂ ਲਈ ਮੋਟਰ-ਰੈਗੂਲੇਟਿੰਗ ਮੈਕੇਨਿਜ਼ਮ ਦੀ ਖੋਜ ਕਰਨ ਵਾਲੇ ਇਸ ਸਰੀਰ-ਵਿਗਿਆਨੀ ਦਾ ਜਨਮ 15 ਨਵੰਬਰ, 1874 ਨੂੰ ਗਰੈਨਾ ਵਿਖੇ ਹੋਇਆ। ਇਸ ਖੋਜ ਲਈ ਇਸਨੂੰ 1920 ਦਾ ਸਰੀਰ-ਕਿਰਿਆ



ਕਰੋਫ

ਵਿਗਿਆਨ ਜਾ ਡਾਕਟਰੀ ਲਈ ਨੋਬਲ ਪੁਰਸਕਾਰ ਦਿਤਾ ਗਿਆ। ਇਸਨੇ ਪਤਾ ਲਗਾਇਆ ਕਿ ਤੰਤੂਆਂ ਦੀ ਖ਼ੂਨ ਦੀ ਲੋੜ ਅਨੁਸਾਰ ਕੋਸ਼ਿਕਾਵਾਂ ਸੁੰਗੜਦੀਆਂ ਤੇ ਫੈਲਦੀਆਂ ਹਨ । ਕਿਰਿਆਸ਼ੀਲ ਪੱਠਿਆਂ ਲਈ ਖੁੱਲੀਆਂ ਕੋਸ਼ਿਕਾਵਾਂ ਦੀ ਗਿਣਤੀ ਘੱਟ ਕਿਰਿਆਸ਼ੀਲ ਪੱਠਿਆਂ ਨਾਲੋਂ ਵਧੇਰੇ ਹੁੰਦੀ ਹੈ । ਸਾਹ-ਕਿਰਿਆ ਵਿਚ ਮੁੱਢ ਤੋਂ ਹੀ ਸ਼ੌਕ ਰਖਣ ਕਾਰਨ ਇਸਨੇ ਤੰਤੂਆਂ ਦੀ ਆਕਸੀਜਨ ਦੀ ਨਿਯੰਤਰਿਤ ਸਪਲਾਈ ਕਰਨ ਵਾਲੀ ਸਾਹ-ਕਿਰਿਆ ਮੈਕੇਨਿਜ਼ਮ ਦਾ ਅਧਿਐਨ ਕੀਤਾ। ਇਸ ਅਧਿਐਨ ਵਿਚ ਇਸਦੀ ਪਤਨੀ ਮੇਰੀ ਨੇ ਵੀ ਸਹਿਯੋਗ ਦਿਤਾ। ਪ੍ਰਾਣੀ ਵਿਗਿਆਨ ਦਾ ਅਧਿਐਨ ਇਸਨੇ ਕੋਪਨਹੈਗਨ ਯੂਨੀਵਰਸਿਟੀ ਤੋਂ ਕੀਤਾ ਜਿਥੇ ਇਸ ਨੇ ਡਾਕਟਰੇਟ ਲਈ ਡੱਡੂਆਂ ਦੀ ਸਾਹ-ਕਿਰਿਆ ਸਬੰਧੀ ਥੀਸਿਜ਼ ਲਿਖਿਆ। ਇਥੇ ਹੀ ਇਹ 1916 ਵਿਚ ਐਨੀਮਲ ਫ਼ਿਜ਼ੀਆਲੋਜੀ ਦਾ ਪ੍ਰੋਫ਼ੈਸਰ ਬਣ ਗਿਆ। ਇਸਨੂੰ 1906 ਵਿਚ ਇਸ ਦੁਆਰਾ ਆਪਣੀ ਪੁਸਤਕ 'ਮੈਕੇਨਿਜ਼ਮ ਆਫ਼ ਗੈਸ ਐਕਸਚੇਂਜ ਇਨ ਲੰਗਜ਼' ਵਿਚ ਦਰਜ ਖੋਜਾਂ ਲਈ ਵੀਐਨਾ ਅਕੈਡਮੀ ਆਫ਼ ਸਾਇੰਸ ਵਲੋਂ ਪੁਰਸਕਾਰ ਦਿਤਾ ਗਿਆ । ਇਸ ਨੇ 'ਬ੍ਰਿਟਿਸ਼ ਜਰਨਲ ਆਫ਼ ਫ਼ਿਜ਼ੀਆਲੋਜੀ' ਵਿਚ ਲੇਖ ਛਪਵਾਏ ਅਤੇ 'ਦੀ ਰੈਸਪੀਰੇਟਰੀ ਐਕਸਚੇਂਜ ਆਫ਼ ਐਨੀਮਲਜ਼ ਐਂਡ ਮੈੱਨ' ਨਾਮੀ ਪੁਸਤਕ 1916 ਵਿਚ ਲਿਖੀ। ਇਸ ਨੇ 1922 ਵਿਚ ਸੀਲੀਮੈਨ ਮੈਮੋਰੀਅਲ ਲੈਕਚਰਜ਼ ਵੀ ਦਿਤੇ ਜਿਹੜੇ ਉਸੇ ਸਾਲ 'ਦੀ ਐਨਾਟਮੀ ਐਂਡ ਫ਼ਿਜ਼ੀਆਲੋਜੀ ਆਫ਼ ਕੈਪੀਲਰੀਜ਼' ਦੇ ਸਿਰਲੇਖ ਹੇਠ ਛਾਪੇ ਗਏ।

13 ਸਤੰਬਰ, 1949 ਨੂੰ ਕੋਪਨਹੈਗਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5 : 920

**ਕਰੌਫਟ, ਸਰ ਹਰਬਰਟ** : ਇਸ ਦਾ ਜਨਮ ਪਹਿਲੀ ਨਵੰਬਰ, 1715 ਨੂੰ ਡਨਸਟਰ ਪਾਰਕ, ਬਰਕਸ਼ਿਰ ਵਿਖੇ ਹੋਇਆ । 1786 ਵਿਚ ਇਹ ਐਸੈਕਸ ਵਿਖੇ ਵਿਕਾਰ ਆਫ਼ ਪ੍ਰਿਟਾਂਵੈਲ ਬਣਿਆ ਪਰ ਇਸ ਨੇ ਆਪਣੇ ਜੀਵਨ ਦਾ ਵਧੇਰੇ ਸਮਾਂ ਫ਼ਰਾਂਸ ਵਿਚ ਹੀ ਬਿਤਾਇਆ । ਇਸ ਦੀ ਮੁਖ ਦੇਣ ਜਾਨਸਨ ਦੀ ਡਿਕਸ਼ਨਰੀ ਦੀ ਸੋਧੀ ਹੋਈ ਐਡੀਸ਼ਨ ਦੀ ਯੋਜਨਾ ਬਣਾਉਣੀ ਸੀ। ਪਰ ਪੈਸੇ ਦੀ ਥੁੜ ਕਾਰਨ ਜਾਨਸਨ ਡਿਕਸ਼ਨਰੀ ਛਪ ਨਾ ਸਕੀ। 'ਲਾਈਵਜ਼ ਆਫ਼ ਦੀ ਪੋਇਟਸ' ਵਿਚ ਇਸ ਨੇ ਐਡਵਰਡ ਯੰਗ ਦੇ ਜੀਵਨ ਨੂੰ ਉਲੀਕਿਆ ਅਤੇ 'ਲਵ ਐਂਡ ਮੈਡਨੈਸ' ਪੁਸਤਕ ਵਿਚ ਪ੍ਰੇਮ ਪਤੱਰਾਂ ਦਾ ਸਕੰਲਨ ਕੀਤਾ । ਇਸ ਦੀ ਵਿਦਵਤਾ ਦਾ ਪ੍ਰਗਟਾ ਫ਼ਰਾਂਸੀਸੀ ਡਿਕਸ਼ਨਰੀ ਤੋਂ ਅਤੇ ਹੋਰ ਫ਼ਰਾਂਸੀਸੀ ਪੁਸਤਕਾਂ ਤੋਂ ਹੁੰਦਾ ਹੈ । 26 ਅਪ੍ਰੈਲ, 1816 ਨੂੰ ਪੈਰਿਸ ਵਿਖੇ ਇਸਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 6 : 789.

**ਕ੍ਰੋਮਾਈਟ** : ਕ੍ਰੋਮੀਅਮ ਅਤੇ ਫੈਰਸ ਦਾ ਇਹ ਆਕਸਾਈਡ, ਖਣਿਜਾਂ ਦੇ ਸਪਿਨਲ ਗਰੁੱਪ ਦਾ ਮੈਂਬਰ ਹੈ। ਇਹ ਕ੍ਰੋਮੀਅਮ ਅਤੇ ਇਸਦੇ ਯੋਗਿਕਾਂ ਦਾ ਮੁੱਖ ਵਪਾਰਕ ਸਰੋਤ ਹੈ । ਕ੍ਰੋਮੀਅਮ ਦੀਆਂ ਸਭ ਤੋਂ ਪਹਿਲੀਆਂ ਡਿਪਾਜ਼ਿਟਾਂ ਬਾਲਟੀਮੋਰ, ਮੇਰੀਲੈਂਡ ਨੇੜੇ ਬੇਅਰ ਹਿਲਜ਼ ਦੇ ਸਰਪੈਂਟਾਈਨ ਵਿਚ ਸਨ। ਕ੍ਰੋਮਾਈਟ ਪੈਦਾ ਕਰਨ ਵਾਲੇ ਇਲਾਕੇ ਆਪਣੀ ਪ੍ਰਸਿੱਧਤਾ ਅਨੁਸਾਰ ਰੋਡੇਸ਼ੀਆ ਅਤੇ ਨਿਆਸਾਲੈਂਡ ਸੰਘ ਦਾ ਦੱਖਣੀ ਰੋਡੇਸ਼ੀਆ, ਰੂਸ, ਟਰਕੀ, ਦੱਖਣੀ ਅਫ਼ਰੀਕਾ ਗਣਰਾਜ, ਫ਼ਿਲਪਾਈਨ ਗਣਰਾਜ, ਯੂਗੋਸਲਾਵੀਆ, ਭਾਰਤ, ਯੂਨਾਨ ਅਤੇ ਨਿਊ ਕੈਲੇਡੋਨੀਆ ਹਨ। ਕ੍ਰੋਮ ਕੱਚੀ-ਧਾਤ ਦੀ ਵਰਤੋਂ ਵਿਸ਼ੇਸ਼ ਸਟੀਲ ਅਤੇ ਮਿਸ਼ਰਿਤ ਧਾਤਾਂ ਬਣਾਉਣ ਲਈ, ਧਾਤਾਂ ਦੇ ਪਿਘਲਾਉਣ ਲਈ ਅਤੇ ਰੰਗ, ਚਮੜਾ ਕਮਾਉਣ ਅਤੇ ਪਿਗਮੈਂਟ ਬਣਾਉਣ ਵਿਚ ਵਰਤੇ ਜਾਣ ਵਾਲੇ ਰਸਾਇਣਾਂ ਵਿਚ ਕੀਤੀ ਜਾਂਦੀ ਹੈ।

ਕ੍ਰੋਮਾਈਟ ਦੇ ਰਵੇ ਸਮਰੂਪ ਅੱਠਫਲਕੀ ਹੁੰਦੇ ਹਨ ਪ੍ਰੰਤੂ ਆਮ ਕਰਕੇ ਦਾਣੇਦਾਰ ਜਾਂ ਜੰਮੇ ਹੋਏ ਰਵਿਆਂ ਦੇ ਪੁੰਜਾਂ ਦੇ ਰੂਪ ਵਿਚ ਮਿਲਦੇ ਹਨ। ਇਸ ਦਾ ਲੋਹੇ ਵਰਗਾ ਕਾਲਾ ਰੰਗ, ਉਪ-ਧਾਤਵੀ

ਚਮਕ ਅਤੇ ਦਰਾੜਾਂ ਨਾ ਹੋਣ ਕਰਕੇ ਵੇਖਣ ਵਿਚ ਮੈਗਨੇਟਾਈਟ ਨਾਲ ਮਿਲਦਾ ਜੁਲਦਾ ਹੈ। ਅੰਤਰ ਸਿਰਫ਼ ਇੰਨਾ ਹੀ ਹੈ ਕਿ ਇਸ ਵਿਚ ਚੁੰਬਕਤਾ ਬਹੁਤ ਹੀ ਘੱਟ ਹੁੰਦੀ ਹੈ ਅਤੇ ਇਸ ਦੇ ਪਾਊਡਰ ਦਾ ਰੰਗ ਭੂਰਾ ਹੁੰਦਾ ਹੈ।

ਇਸ ਦੀ ਕਠੋਰਤਾ 5.5 ਅਤੇ ਵਿਸ਼ਿਸ਼ਟ ਗੁਰੂਤਾ 4.5 ਹੁੰਦੀ ਹੈ। ਸਿੱਧਾਂਤਕ ਫ਼ਾਰਮੂਲੇ $FeCr_2O_4$ ਵਿਚ ਕ੍ਰੋਮਿਕ ਆਕਸਾਈਡ ($Cr_2O_3$) 68% ਅਤੇ ਫ਼ੈਰਸ ਆਕਸਾਈਡ 32% ਹੁੰਦਾ ਹੈ। ਆਮ ਤੌਰ ਤੇ ਫ਼ੈਰਸ ਸਲਫ਼ੇਟ ਦੀ ਥਾਂ ਅੰਸ਼ਕ ਤੌਰ ਤੇ ਮੈਗਨੀਸ਼ੀਆ ਦੁਆਰਾ ਅਤੇ ਕ੍ਰੋਮਿਕ ਆਕਸਾਈਡ ਦੀ ਥਾਂ ਐਲੂਮਿਨਾ ਅਤੇ ਫ਼ੈਰਿਕ ਆਕਸਾਈਡ ਦੁਆਰਾ ਲਈ ਜਾਂਦੀ ਹੈ ਤਾਂ ਜੋ ਕ੍ਰੋਮ ਸਪਿਨਲ ਬਣਦਾ ਰਹੇ। ਖਾਣਾਂ ਵਿਚੋਂ ਕੱਢੀ ਜਾਣ ਵਾਲੀ ਕੱਚੀ-ਧਾਤ ਵਿਚ ਕ੍ਰੋਮਿਕ ਆਕਸਾਈਡ 40% ਤੋਂ 50% ਤੋਂ ਜ਼ਿਆਦਾ ਨਹੀਂ ਹੁੰਦਾ।

ਹ. ਪੁ.—ਐਨ. ਬ੍ਰਿ. 5 : 709

**ਕ੍ਰੋਮੀਅਮ** : ਕ੍ਰੋਮੀਅਮ ਤੱਤ ਸਭ ਤੋਂ ਪਹਿਲਾਂ 1797 ਈ. ਵਿਚ ਐਲ. ਐਨ. ਵੈਕਿਊਲਿਨ ਨੇ ਕ੍ਰੋਕੋਆਇਟ ਖਣਿਜ ਤੋਂ ਵਖਰਾ ਕੀਤਾ ਜਿਸ ਦੀ ਖੋਜ 1765 ਈ. ਵਿਚ ਪੀ. ਐੱਸ. ਪਾਲਾਸ ਨੇ ਰੂਸ ਵਿਚ ਕੀਤੀ ਸੀ। ਜ਼ਮੁੱਰਦ (ਪੰਨਾ), ਸਰਪੈਂਟਾਈਨ ਤੇ ਕ੍ਰੋਮ ਅਬਰਕ ਦਾ ਹਰਾ ਰੰਗ ਅਤੇ ਮਣੀ ਦਾ ਲਾਲ ਰੰਗ ਕ੍ਰੋਮ ਕਾਰਨ ਹੀ ਹੁੰਦਾ ਹੈ। ਕ੍ਰੋਮੀਅਮ ਹਮੇਸ਼ਾ ਸੰਯੁਕਤ ਹਾਲਤ ਵਿਚ ਮਿਲਦਾ ਹੈ। ਇਸ ਦੀ ਮੁੱਖ ਕੱਚੀ-ਧਾਤ ਕ੍ਰੋਮਾਈਟ ਹੈ। ਕ੍ਰੋਮ ਦੀ ਕੱਚੀ-ਧਾਤ ਵਿਚ 42% ਤੋਂ 56% ਵਿਚਕਾਰ ਕ੍ਰੋਮਿਕ ਆਕਸਾਈਡ ($Cr_2O_3$) ਅਤੇ 10% ਤੋਂ 26% ਫੈਰਸ ਆਕਸਾਈਡ ($FeO$) ਹੁੰਦਾ ਹੈ। ਇਹ ਆਵਰਤੀ ਸਾਰਨੀ ਦੇ ਛੇਵੇਂ ਗਰੁੱਪ ਦੇ ਅੰਤਰਕਾਲੀ ਤੱਤਾਂ ਵਿਚੋਂ ਇਕ ਹੈ। ਇਸ ਦਾ ਰਸਾਇਣਿਕ ਚਿੰਨ੍ਹ Cr, ਪ੍ਰਮਾਣੂ ਕ੍ਰਮ-ਅੰਕ 24 ਅਤੇ ਪ੍ਰਮਾਣੂ-ਭਾਰ 51.996 ਹੈ। ਇਸ ਦੇ ਕੁਦਰਤ ਵਿਚ ਮਿਲਦੇ ਸਮਸਥਾਨਕ $Cr^{50}$ (4.31%), $Cr^{52}$ (83.76%) $Cr^{53}$ (9.55%) ਤੇ $Cr^{54}$ (2.38%) ਅਤੇ ਰੇਡੀਉ-ਸਮਸਥਾਨਕ 49, 51 ਤੇ 55 ਪ੍ਰਮਾਣੂ ਭਾਰ ਵਾਲੇ ਮਿਲੇ ਹਨ। ਇਸ ਦੀ 20° ਸੈਂ. ਤੇ ਘਣਤਾ 7.19 ਗ੍ਰਾ. ਪ੍ਰਤੀ ਸੈਂ.$^3$, ਪਿਘਲਾਉ ਦਰਜਾ $1930 \pm 10°$ ਸੈਂ. ਅਤੇ ਉਬਾਲ ਦਰਜਾ 2480° ਸੈਂ. ਹੈ। ਇਸ ਦਾ ਰੇਖਾਤਮੇਕ ਪਸਾਰ-ਗੁਣਾਂਕ $6.2 \times 10^{-6}$ /ਸੈਂ. ਹੈ ਅਤੇ 25° ਸੈਂ. ਉਤੇ ਵਿਸ਼ਿਸ਼ਟ ਤਾਪ 0.11 ਕੈਲੋਰੀ /ਗ੍ਰਾ./ °ਸੈਂ. ਹੈ। ਠੋਸ ਅਤੇ ਗੈਸੀ ਕ੍ਰੋਮੀਅਮ ਦੀ ਐਂਟ੍ਰਾਪੀ ਕ੍ਰਮਵਾਰ 5.68 ਅਤੇ 44.64 ਕੈਲੋਰੀ /°ਸੈਂ./ਮੋਲ ਹੁੰਦੀ ਹੈ। ਇਸ ਦੇ ਪਿਘਲਣ ਦਾ ਗੁਪਤ ਤਾਪ ਅਤੇ ਵਾਸ਼ਪੀਕਰਨ ਦਾ ਗੁਪਤ ਤਾਪ ਕ੍ਰਮ-ਵਾਰ 80.75 ਕੈਲੋਰੀ/ਗ੍ਰਾ. ਅਤੇ 1470 ਕੈਲੋਰੀ/ਗ੍ਰਾ. (ਉਬਾਲ ਦਰਜੇ ਉਤੇ) ਹੁੰਦਾ ਹੈ। ਕ੍ਰੋਮੀਅਮ ਅਨੁਚੁੰਬਕੀ ਹੁੰਦਾ ਹੈ ਅਤੇ ਇਸ ਦੀ ਔਸ-ਤਨ ਪੁੰਜ-ਪ੍ਰਵਿਰਤੀ $3.29 \times 10^{-6}$ ਸੀ.ਜੀ. ਐਸ. ਯੂਨਿਟ ਹੈ। ਕ੍ਰੋਮੀ-ਅਮ ਦਾ ਰੰਗ ਸਟੀਲ-ਗ੍ਰੇ ਹੁੰਦਾ ਹੈ ਅਤੇ ਬਿਜਲੱਈ ਮੁਲੰਮਿਤ ਹੋਣ ਮਗਰੋਂ ਚਿੱਟੀ ਰੋਸ਼ਨੀ ਨੂੰ 77% ਪਰਾਵਰਤ ਕਰ ਦਿੰਦਾ ਹੈ। ਇਸ ਦਾ ਅਪ-ਵਰਤਨ-ਅੰਕ 1.64 ਤੋਂ 3.38 ਤਕ ਹੁੰਦਾ ਹੈ ਅਤੇ ਤਰੰਗ-ਲੰਬਾਈ 2,570 ਅਤੇ 6,080°A ਦੇ ਵਿਚਕਾਰ ਹੁੰਦੀ ਹੈ।

ਕ੍ਰੋਮੀਅਮ, ਯੋਗਿਕਾਂ ਦੀਆਂ ਤਿੰਨ ਲੜੀਆਂ ਬਣਾਉਂਦਾ ਹੈ : (1) ਕ੍ਰੋਮਸ ਯੋਗਿਕ, $CrX_2$ ; ਜਿਨ੍ਹਾਂ ਵਿਚ ਦੁਸੰਯੋਜਕ ਕ੍ਰੋਮੀਅਮ ਹੁੰਦਾ ਹੈ; (2) ਕ੍ਰੋਮਿਕ ਯੋਗਿਕ, $CrX_3$ ; ਜਿਨ੍ਹਾਂ ਵਿਚ ਤ੍ਰੈਸੰਯੋਜਕ ਕ੍ਰੋਮੀਅਮ ਹੁੰਦਾ ਹੈ ਅਤੇ (3) ਹੈਕੱਸਾਵੇਲੈਂਟ ਯੋਗਿਕ ਜਿਵੇਂ ਕ੍ਰੋਮੇਟ ਅਤੇ ਡਾਈਕ੍ਰੋਮੇਟ। ਇਕ-ਸੰਯੋਜਕ ਅਤੇ ਪੰਜ-ਸੰਯੋਜਕ ਕ੍ਰੋਮੀਅਮ ਯੋਗਿਕਾਂ ਦਾ ਵੀ ਪਤਾ ਲੱਗਾ ਹੈ।

ਦੂਸਰੀਆਂ ਧਾਤਾਂ ਜਿਵੇਂ ਲੋਹਾ ਤੇ ਨਿਕਲ ਆਦਿ ਨਾਲ ਕ੍ਰੋਮੀ-ਅਮ ਮਿਲਾ ਕੇ ਉਨ੍ਹਾਂ ਦੀ ਸਮਰੱਥਾ, ਖੁਰਨ ਅਤੇ ਆਕਸੀਕਰਨ ਪ੍ਰਤੀਰੋਧ ਨੂੰ ਵਧਾਇਆ ਜਾਂਦਾ ਹੈ। ਕ੍ਰੋਮੀਅਮ ਦਾ ਹੋਰ ਵੱਡਾ ਲਾਭ ਕ੍ਰੋਮਾਈਟ ਨੂੰ ਧਾਤਾਂ ਪਿਘਲਾਉਣ ਵਾਲੀਆਂ ਭੱਠੀਆਂ ਵਿਚ ਵਰਤਿਆ ਜਾਣਾ ਹੈ। ਇਸ ਤੋਂ ਕ੍ਰੋਮ ਦੇ ਰਸਾਇਣਿਕ ਪਦਾਰਥ ਤਿਆਰ ਕੀਤੇ ਜਾਂਦੇ ਹਨ। ਕ੍ਰੋਮੀਅਮ ਦੇ ਰਸਾਇਣਿਕ ਪਦਾਰਥ ਪਿਗਮੈਂਟ ਬਣਾਉਣ ਲਈ ਵਰਤੇ ਜਾਂਦੇ ਹਨ। ਕ੍ਰੋਮ ਆਕਸਾਈਡ ਗ੍ਰੀਨ ($Cr_2O_3$) ਜੋ ਤਕਰੀਬਨ ਸ਼ੁੱਧ ਹੁੰਦਾ ਹੈ, ਸਭ ਤੋਂ ਵਧੇਰੇ ਸਥਿਰ ਹਰਾ ਪਿਗਮੈਂਟ ਹੈ।

ਲਗਭਗ 600° ਸੈਂ. ਉਤੇ 'ਕ੍ਰੋਮੀਅਮ ਜਲਹੀਨ ਹੈਲੋਜੈੱਨਾਂ, ਹਾਈਡ੍ਰੋਜਨ ਕਲੋਰਾਈਡ ਅਤੇ ਹਾਈਡ੍ਰੋਜਨ ਫ਼ਲੋਰਾਈਡ ਨਾਲ ਕਿਰਿਆ ਕਰਦਾ ਹੈ। ਪਾਣੀ ਮਿਲੇ HF, HCl, HBr ਅਤੇ HI ਵਿਚ ਕ੍ਰੋਮੀਅਮ ਹੌਲੀ-ਹੌਲੀ ਘੁਲ ਜਾਂਦਾ ਹੈ। ਹਲਕੇ ਗੰਧਕ ਦੇ ਤੇਜ਼ਾਬ ਵਿਚ ਵੀ ਇਹ ਹੌਲੀ-ਹੌਲੀ ਘੁਲ ਜਾਂਦਾ ਹੈ ਅਤੇ ਹਾਈਡ੍ਰੋਜਨ ਨਿਕਲਦੀ ਹੈ ਅਤੇ ਗਾੜ੍ਹੇ ਗੰਧਕ ਦੇ ਤੇਜ਼ਾਬ ਵਿਚ ਉਬਾਲਨ ਨਾਲ $SO_2$ ਨਿਕਲਦੀ ਹੈ। ਸਧਾਰਨ ਤਾਪਮਾਨ ਤੇ ਨਾਈਟ੍ਰਿਕ ਐਸਿਡ ਅਤੇ ਐਕਵਾਰੀਜੀਆ ਦਾ ਇਸ ਉਤੇ ਕੋਈ ਅਸਰ ਨਹੀਂ ਹੁੰਦਾ। ਕਈ ਆਕਸੀਕਾਰਕ ਜਿਵੇਂ ਕਲੋਰੀਨ ਜਾਂ ਬਰੋਮੀਨ ਦਾ ਪਾਣੀ, ਨਾਈਟ੍ਰਿਕ, ਕਲੋਰਿਕ ਅਤੇ ਪਰਕਲੋਰਿਕ ਦੇ ਗਾੜ੍ਹੇ ਤੇਜ਼ਾਬ ਕ੍ਰੋਮੀਅਮ ਵਿਚ ਅਕਿਰਿਆਸ਼ੀਲਤਾ ਲਿਆ ਦਿੰਦੇ ਹਨ, ਕਿਉਂਕਿ ਕੁਝ ਖ਼ਾਸ ਹਾਲਤਾਂ ਵਿਚ ਧਾਤ ਉਤੇ ਆਕਸਾਈਡ ਦੀ ਇਕ ਪਤਲੀ ਤਹਿ ਜਿਹੀ ਜੰਮ ਜਾਂਦੀ ਹੈ। ਇਸ ਹਾਲਤ ਵਿਚ ਕ੍ਰੋਮੀਅਮ ਉਤੇ ਹਲਕੇ ਖਣਿਜੀ ਤੇਜ਼ਾਬਾਂ ਦਾ ਕੋਈ ਪ੍ਰਭਾਵ ਨਹੀਂ ਹੁੰਦਾ।

ਸਧਾਰਨ ਤਾਪਮਾਨ ਉਤੇ ਸਿੱਲ੍ਹੀ ਅਤੇ ਖੁਸ਼ਕ ਹਵਾ ਦਾ ਬਹੁਤ ਘੱਟ ਅਸਰ ਹੁੰਦਾ ਹੈ। ਉੱਚੇ ਤਾਪਮਾਨਾਂ ਉਤੇ ਆਕਸੀਜਨ ਅਤੇ ਹਵਾ ਵਿਚ ਸਤ੍ਹੱਈ ਆਕਸੀਕਰਨ ਹੋ ਜਾਂਦਾ ਹੈ ਅਤੇ ਆਕਸੀਜਨ ਵਿਚ ਧਾਤ 2,000° ਸੈਂ. ਉਤੇ ਜਲਣ ਲਗ ਪੈਂਦੀ ਹੈ। ਲਾਲ ਸੁਰਖ਼ ਤਾਪ ਉਤੇ, ਕ੍ਰੋਮੀਅਮ ਦਾ ਜਲ-ਵਾਸ਼ਪਾਂ ਦੁਆਰਾ ਆਕਸੀਕਰਨ ਹੋ ਜਾਂਦਾ ਹੈ ਪਰ ਸਧਾਰਨ ਤਾਪਮਾਨ ਉਤੇ ਸਮੁੰਦਰੀ ਪਾਣੀ ਜਾਂ ਹਵਾ ਮਿਲੇ ਮੀਂਹ ਦੇ ਪਾਣੀ ਦਾ ਇਸ ਉਤੇ ਕੋਈ ਪ੍ਰਭਾਵ ਨਹੀਂ ਹੁੰਦਾ।

ਹਾਈਡ੍ਰਾਕਸਾਈਡ ਖਾਰ, ਲਾਲ ਸੁਰਖ਼ ਤਾਪ ਉਤੇ ਧਾਤ ਨਾਲ ਕਿਰਿਆ ਕਰਦੀ ਹੈ ਪ੍ਰੰਤੂ ਫਿਊਜ਼ਡ ਕਾਰਬੋਨੇਟ ਖਾਰਾਂ ਦਾ ਇਸ ਉਤੇ ਕੋਈ ਅਸਰ ਨਹੀਂ ਹੁੰਦਾ। ਗੰਧਕ ਦੇ ਵਾਸ਼ਪ (700° ਸੈਂ. ਉਤੇ) ਹਾਈਡ੍ਰੋਜਨ ਸਲਫ਼ਾਈਡ (ਲਾਲ ਸੁਰਖ਼ ਤਾਪ ਉੱਤੇ) ਅਤੇ ਸਲਫ਼ਰ-ਡਾਈਆਕਸਾਈਡ (ਲਾਲ ਸੁਰਖ਼ ਤਾਪ ਉਤੇ) ਕ੍ਰੋਮੀਅਮ ਨਾਲ ਕਿਰਿਆ ਕਰਦੇ ਹਨ। ਫ਼ਾਸਫ਼ੋਰਸ 800° ਸੈਂ. ਉਤੇ ਕ੍ਰੋਮੀਅਮ ਨਾਲ ਕਿਰਿਆ ਕਰਦਾ ਹੈ ਅਤੇ ਕਾਰਬਨ ਮਾਨੋਆਕਸਾਈਡ 1000° ਸੈਂ. ਜਾਂ ਵੱਧ ਤਾਪਮਾਨ ਉਤੇ ਧਾਤ ਦਾ ਆਕਸੀਕਰਨ ਕਰ ਦਿੰਦੀ ਹੈ। ਅਮੋਨੀਆ 850° ਸੈਂ. ਉਤੇ ਕ੍ਰੋਮੀਅਮ ਨਾਲ ਕਿਰਿਆ ਕਰਕੇ ਨਾਈਟ੍ਰਾਈਡ ਬਣਾ-ਉਂਦੀ ਹੈ ਅਤੇ ਗਰਮ ਨਾਈਟ੍ਰਿਕ ਆਕਸਾਈਡ ਨਾਲ ਕਿਰਿਆ ਦੁਆਰਾ ਨਾਈਟ੍ਰਾਈਡ ਅਤੇ ਆਕਸਾਈਡ ਬਣਦੇ ਹਨ। ਕ੍ਰੋਮੀਅਮ, ਹਾਈਡ੍ਰਾਈਡ ਵੀ ਬਣਾਉਂਦਾ ਹੈ ਅਤੇ ਉੱਚੇ ਤਾਪਮਾਨ ਤੇ ਕਾਰਬਨ, ਸਿਲਿਕਾਨ ਜਾਂ ਬੋਰਾਨ ਨਾਲ ਵੀ ਕਿਰਿਆ ਕਰਦਾ ਹੈ।

ਸ਼ੁੱਧ ਕ੍ਰੋਮੀਅਮ ਧਾਤ ਅਤੇ ਨਾਲ ਹੀ ਕ੍ਰੋਮਾਈਟ ਅਤੇ ਤ੍ਰੈਸੰਯੋਜੀ ਯੋਗਿਕਾਂ ਨਾਲ ਸਰੀਰ ਦੇ ਟਿਸ਼ੂਆਂ ਦਾ ਕੋਈ ਗੰਭੀਰ ਨੁਕਸਾਨ ਨਹੀਂ ਹੁੰਦਾ ਅਤੇ ਇਸ ਦਾ ਜ਼ਹਿਰੀਲਾ ਪ੍ਰਭਾਵ ਛੇ-ਸੰਯੋਜੀ ਯੋਗਿਕਾਂ ਤਕ ਸੀਮਿਤ ਹੈ। ਛੇ-ਸੰਯੋਜੀ ਯੋਗਿਕਾਂ ਨਾਲ ਸਰੀਰ ਉਤੇ ਬਹੁਤ ਜ਼ਿਆਦਾ ਜਲਨ ਅਤੇ ਕਈ ਵਾਰੀ ਜ਼ਹਿਰੀਲੀ ਕਿਰਿਆ ਹੋ ਜਾਂਦੀ ਹੈ। ਕੁਝ ਵਿਸ਼ੇਸ਼ ਹਾਲਤਾਂ ਵਿਚ ਇਨ੍ਹਾਂ ਯੋਗਿਕਾਂ ਨਾਲ ਟਿਸ਼ੂ ਪ੍ਰੋਟੀਨਾਂ ਦੀ ਤਬਾਹੀ ਹੋ ਜਾਂਦੀ ਹੈ। ਚਮੜੀ ਉਤੇ ਕਿਰਿਆ ਹੋਣ ਨਾਲ ਕ੍ਰੋਮ ਅਲਸਰ ਅਤੇ ਖਲੜੀ ਦੀ ਸੋਜ਼ਿਸ਼ ਹੋ ਜਾਂਦੀ ਹੈ। ਕ੍ਰੋਮੇਟ ਦੀ ਧੂੜ ਦੇ ਸਾਹ ਰਾਹੀਂ ਅੰਦਰ ਜਾਣ ਨਾਲ ਨੱਕ ਦੇ ਪਰਦੇ ਵਿਚ ਛਿਦਰ ਹੋ ਜਾਂਦੇ ਹਨ, ਸਾਹ

ਵਾਲੇ ਰਾਹ ਵਿਚ ਕੈਂਸਰ ਹੋ ਜਾਂਦਾ ਹੈ ਅਤੇ ਸਖ਼ਤ ਜਲਨ ਜਾਂ ਖ਼ੂਨ ਜੰਮਣ ਲਗ ਪੈਂਦਾ ਹੈ।

ਸਟੈਂਡਰਡ ਗੁਣਾਤਮਕ ਢੰਗ ਵਿਚ ਕ੍ਰੋਮੀਅਮ ਦਾ ਐਲੂਮਿਨੀਅਮ ਦੇ ਨਾਲ-ਨਾਲ ਹਾਈਡ੍ਰਾਕਸਾਈਡ ਦੇ ਤੌਰ ਤੇ ਤਲਛੱਟ ਬਣਾਇਆ ਜਾਂਦਾ ਹੈ ਕਿਉਂਕਿ ਤੇਜ਼ਾਬੀ ਘੋਲ ਵਿਚ ਹਾਈਡ੍ਰੋਜਨ ਸਲਫ਼ਾਈਡ ਦੁਆਰਾ ਇਸ ਦਾ ਤਲਛੱਟ ਨਹੀਂ ਬਣਦਾ। ਮਾਤਰਾਤਮਕ ਤੌਰ ਤੇ ਕ੍ਰੋਮੀਅਮ ਦਾ ਪਤਾ ਇਸ ਦਾ ਡਾਈਕ੍ਰੋਮੇਟ ਵਿਚ ਆਕਸੀਕਰਨ ਕਰਨ ਉਪਰੰਤ ਫ਼ੈਰਸ ਆਇਰਨ ਘੋਲ (ਜਿਸ ਦਾ ਸੰਘਣਾਪਨ ਪਤਾ ਹੋਵੇ) ਨਾਲ ਟਾਈਟ੍ਰੇਸ਼ਨ ਕਰਕੇ ਲਾਇਆ ਜਾਂਦਾ ਹੈ।

ਹ. ਪੁ.—ਐਨ. ਬ੍ਰਿ. 5 : 710

**ਕ੍ਰੋਮੈਟੋਗ੍ਰਾਫ਼ੀ** : ਰਸਾਇਣ-ਵਿਗਿਆਨ ਅਤੇ ਜੀਵ-ਵਿਗਿਆਨ ਵਿਚ ਰਸਾਇਣਿਕ ਯੋਗਿਕਾਂ ਨੂੰ ਵਖਰੇ ਕਰਨ ਅਤੇ ਪਛਾਣਨ ਦੀਆਂ ਵਿਧੀਆਂ ਦਾ ਵਿਵਰਨ ਕਰਨ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਭਾਵੇਂ ਇਸ ਸ਼ਬਦ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਢੰਗ ਲਈ ਰੰਗ ਦਾ ਹੋਣਾ ਜ਼ਰੂਰੀ ਹੈ ਪ੍ਰੰਤੂ ਰੰਗ ਵਾਲੇ ਅਤੇ ਬੇਰੰਗੇ ਯੋਗਿਕਾਂ ਲਈ ਇਹ ਵਿਧੀ ਇਕੋ ਜਿਹੀ ਹੈ। ਸਾਰੀਆਂ ਵਿਧੀਆਂ ਦਾ ਸਿਧਾਂਤ ਇਹੀ ਹੈ ਕਿ ਰਸਾਇਣਿਕ ਯੋਗਿਕਾਂ ਦੇ ਮਿਸ਼ਰਨ ਨੂੰ ਤਰਲ ਦੁਆਰਾ ਨਿਸ਼ਕਰਸ਼ ਕੀਤਾ ਜਾਂਦਾ ਹੈ ਜਾਂ ਕਿਸੇ ਠੋਸ ਸਤ੍ਹਾ ਉਤੇ ਸੋਖਣ ਕੀਤਾ ਜਾਂਦਾ ਹੈ। ਇਸ ਤੋਂ ਮਗਰੋਂ ਮਿਸ਼ਰਨ ਨੂੰ ਇਕ ਅਜਿਹੇ ਸਥਿਰ ਫ਼ੇਜ਼ ਤੋਂ ਲੰਘਾਇਆ ਜਾਂਦਾ ਹੈ, ਜਿਹੜਾ ਠੋਸ ਜਾਂ ਕਿਸੇ ਠੋਸ ਦੇ ਮੁਸਾਮਾਂ ਵਿਚ ਅਚੱਲ ਤਰਲ ਹੋ ਸਕਦਾ ਹੈ। ਮਿਸ਼ਰਨ ਦੇ ਭਿੰਨ-ਭਿੰਨ ਯੋਗਿਕ ਗਤੀਸ਼ੀਲ ਫ਼ੇਜ਼ ਤੋਂ ਸਥਿਰ ਫ਼ੇਜ਼ ਵਲ ਅਤੇ ਮੁੜ ਗਤੀਸ਼ੀਲ ਫ਼ੇਜ਼ ਵਲ ਚਲਦੇ ਰਹਿੰਦੇ ਹਨ। ਮਿਸ਼ਰਨ ਦੇ ਯੋਗਿਕਾਂ ਦੀ ਵਖ-ਵਖ ਘੁਲਨਸ਼ੀਲਤਾ ਜਾਂ ਸਤ੍ਹਾਸੋਖਣ ਕਾਰਨ ਸਾਰੇ ਯੋਗਿਕ ਵਖਰੇ ਹੋ ਜਾਂਦੇ ਹਨ। ਗਤੀਸ਼ੀਲ ਫ਼ੇਜ਼ ਗੈਸਾਂ ਦਾ ਮਿਸ਼ਰਨ, ਤਰਲਾਂ ਦਾ ਮਿਸ਼ਰਨ ਜਾਂ ਘੁਲੇ ਹੋਏ ਠੋਸਾਂ ਵਾਲਾ ਮਿਸ਼ਰਨ ਹੋ ਸਕਦਾ ਹੈ।

**ਇਲੂਸ਼ਨ ਕ੍ਰੋਮੈਟੋਗ੍ਰਾਫ਼ੀ**—ਸਤ੍ਹਾਸੋਖਣ ਕ੍ਰੋਮੈਟੋਗ੍ਰਾਫ਼ੀ ਬਿਲਕੁਲ ਸਰਲ ਹੈ, ਇਸ ਵਿਚ ਵਰਤੇ ਜਾਣ ਵਾਲੇ ਯੰਤਰ ਵਿਚ ਇਕ ਨਲੀ ਹੁੰਦੀ ਹੈ, ਜਿਸ ਵਿਚ ਇਕ ਠੋਸ ਸਤ੍ਹਾਸੋਖਕ ਭਰਿਆ ਹੁੰਦਾ ਹੈ, ਇਸ ਵਿਚੋਂ ਮਿਸ਼ਰਨ ਨੂੰ ਲੰਘਾਇਆ ਜਾਂਦਾ ਹੈ। ਵੱਖਰਾ ਕੀਤਾ ਜਾਣ ਵਾਲਾ ਮਿਸ਼ਰਨ ਕਾਲਮ ਦੇ ਸਿਖਰ ਤੋਂ ਪਾਇਆ ਜਾਂਦਾ ਹੈ। ਇਲੂਸ਼ਨ ਕ੍ਰੋਮੈਟੋਗ੍ਰਾਫ਼ੀ ਵਿਚ ਮਿਸ਼ਰਨ ਇਕ ਘੋਲਕ ਦੁਆਰਾ ਕਾਲਮ ਵਿਚੋਂ ਬਾਹਰ ਲਿਜਾਇਆ ਜਾਂਦਾ ਹੈ। ਇਹ ਘੋਲਕ ਕਾਲਮ ਦੇ ਸਿਖਰ ਤੋਂ ਲਗਾਤਾਰ ਪੈਂਦਾ ਰਹਿੰਦਾ ਹੈ ਅਤੇ ਨਲੀ ਵਿਚੋਂ ਗੁਰੂਤਾ ਦੁਆਰਾ ਜਾਂ ਉਪਰ ਤੋਂ ਪੈ ਰਹੇ ਦਬਾਉ ਜਾਂ ਕਾਲਮ ਦੇ ਅਧਾਰ ਤੇ ਖਿੱਚ ਦੁਆਰਾ ਵਹਿੰਦਾ ਹੈ ਜਿਵੇਂ ਕਿ ਚਿੱਤਰ (1) ਵਿਚ ਵਿਖਾਇਆ ਗਿਆ ਹੈ, ਮਿਸ਼ਰਨ ਨੂੰ ਹੌਲੀ-ਹੌਲੀ ਭਿੰਨ ਭਿੰਨ ਅੰਸ਼ਾਂ ਵਿਚ ਵਖਰਾ ਕਰ ਲਿਆ ਜਾਂਦਾ ਹੈ ਜਿਹੜੇ



ਚਿੱਤਰ 1.

ਤਹਿਆਂ (ਧਾਰੀਆਂ) ਦੇ ਰੂਪ ਵਿਚ ਕਾਲਮ ਤੋਂ ਥੱਲੇ ਵਲ ਆਉਂਦੇ ਹਨ। ਸਤ੍ਹਾਸੋਖਕ ਅਤੇ ਘੋਲਕ ਇਸ ਤਰ੍ਹਾਂ ਚੁਣੇ ਜਾਂਦੇ ਹਨ ਕਿ ਮਿਸ਼ਰਨ ਦੇ ਅੰਸ਼ ਘੋਲਕ ਵਿਚ ਬਾਕੀ ਬਚੀ ਮਾਤਰਾ ਅਤੇ ਸਤ੍ਹਾ ਉਤੇ ਸੋਖਿਤ ਮਾਤਰਾ ਵਿਚ ਇਕ ਨਿਸ਼ਚਿਤ ਅਨੁਪਾਤ ਹੋਵੇ। ਜੇਕਰ ਠੋਸ ਉਤੇ ਸੋਖਣ ਘੱਟ ਹੋਵੇ ਤਾਂ ਦਿਤੀ ਗਈ ਕਾਲਮ ਲੰਬਾਈ ਲਈ ਨਖੇੜ-ਪ੍ਰਭਾਵ ਘੱਟ ਹੋਵੇਗਾ। ਦੂਸਰੇ ਪਾਸੇ ਜੇਕਰ ਠੋਸ ਬਹੁਤ ਤੇਜ਼ੀ ਨਾਲ ਸੋਖਣ ਕਰੇ ਤਾਂ ਕਾਲਮ ਵਿਚੋਂ ਪਦਾਰਥ ਦੇ ਲੰਘਣ ਦੀ ਦਰ ਘੱਟ ਹੋਵੇਗੀ ਅਤੇ ਨਖੇੜ ਲਈ ਕਾਫ਼ੀ ਸਮੇਂ ਦੀ ਲੋੜ ਪਵੇਗੀ।

**ਸੋਖਣ ਪਦਾਰਥਾਂ ਦੀ ਚੋਣ**—ਇਹ ਢੰਗ ਕਈ ਕਿਸਮ ਦੇ ਯੋਗਿਕਾਂ ਦੀਆਂ ਸ਼੍ਰੇਣੀਆਂ ਲਈ ਵਰਤਿਆ ਜਾ ਸਕਦਾ ਹੈ ਇਸ ਲਈ ਉਚਿਤ ਸੋਖਕਾਂ ਜਾਂ ਘੋਲਕਾਂ ਬਾਰੇ ਨਿਰਨਾ ਕਰਨਾ ਬਹੁਤ ਮੁਸ਼ਕਲ ਹੈ। ਕਿਸੇ ਵੀ ਹਾਲਤ ਵਿਚ ਸੋਖਕ, ਘੋਲਕ ਵਿਚ ਘੁਲਨਸ਼ੀਲ ਨਹੀਂ ਹੋਣਾ ਚਾਹੀਦਾ ਅਤੇ ਨਿਖੇੜਨ ਵਾਲੇ ਪਦਾਰਥ ਨਾਲ ਕਿਰਿਆ ਕਰਨ ਵਾਲਾ ਜਾਂ ਉਸ ਦਾ ਅਪਘਟਨ ਕਰਨ ਵਾਲਾ ਵੀ ਨਹੀਂ ਹੋਣਾ ਚਾਹੀਦਾ। ਇਸ ਤੋਂ ਵੀ ਵੱਧ ਇਹ ਜ਼ਰੂਰੀ ਹੈ ਕਿ ਧਾਰੀਆਂ (ਜ਼ੋਨ) ਦੀ ਸਥਿਤੀ ਆਸਾਨੀ ਨਾਲ ਲੱਭਣ ਲਈ ਸੋਖਣ ਪਦਾਰਥ ਰੰਗਹੀਣ ਹੋਣਾ ਚਾਹੀਦਾ ਹੈ। ਆਮ ਵਰਤੋਂ ਵਿਚ ਆਉਣ ਵਾਲੇ ਸਤ੍ਹਾ-ਸੋਖਕ ਇਹ ਹਨ : ਪੈਟਰੋਲੀਅਮ, ਈਥਰ, ਬੈਂਨਜ਼ੀਨ, ਕਲੋਰੋਫ਼ਾਰਮ, ਡਾਈ-ਈਥਾਈਲ ਈਥਰ, ਈਥਾਈਲ ਐਸੀਟੇਟ, ਐਸੀਟੋਨ, ਈਥਾਈਲ ਅਲਕੋਹਲ, ਮੀਥਾਈਲ ਅਲਕੋਹਲ, ਪਾਣੀ ਅਤੇ ਪਿਰੀਡੀਨ।

ਨਿਖੇੜਨ ਮਗਰੋਂ ਤਹਿਆਂ ਦਾ ਕਈ ਢੰਗਾਂ ਨਾਲ ਪਤਾ ਲਾਇਆ ਜਾ ਸਕਦਾ ਹੈ। ਜਦੋਂ ਨਲੀ ਪਾਰਦਰਸ਼ੀ ਹੋਵੇ ਅਤੇ ਅੰਸ਼ ਰੰਗਦਾਰ ਹੋਣ ਤਾਂ ਤਹਿਆਂ ਸਪੱਸ਼ਟ ਨਜ਼ਰ ਆ ਜਾਂਦੀਆਂ ਹਨ। ਆਮ ਕਰਕੇ ਰੰਗਹੀਨ ਪਦਾਰਥ ਅਲਟ੍ਰਾਵਾਇਲਿਟ ਪ੍ਰਕਾਸ਼ ਵਿਚ ਸਵੈ-ਪ੍ਰਕਾਸ਼ਿਤ ਹੋ ਜਾਂਦੇ ਹਨ। ਜੇਕਰ ਕ੍ਰੋਮੈਟੋਗ੍ਰਾਫ਼ਿਕ ਵਿਧੀ ਉਦੋਂ ਤਕ ਜਾਰੀ ਰਹੇ ਜਦੋਂ ਤਕ ਭਿੰਨ ਭਿੰਨ ਅੰਸ਼ ਇਕ ਵਹਾਉ ਦੀ ਤਰ੍ਹਾਂ ਨਜ਼ਰ ਆਉਣ ਲਗ ਜਾਣ ਤਾਂ ਇਨ੍ਹਾਂ ਦੀ ਪਛਾਣ ਕਿਸੇ ਇਕ ਭੌਤਿਕੀ-ਗੁਣ ਦੀ ਮਿਣਤੀ ਜਿਵੇਂ ਕਿ ਅਪਵਰਤਨ-ਅੰਕ ਜਾਂ ਤਾਪ-ਚਾਲਕਤਾ ਤੋਂ ਕੀਤੀ ਜਾ ਸਕਦੀ ਹੈ।

**ਵਿਭਾਜਨ (ਵੰਡ) ਕ੍ਰੋਮੈਟੋਗ੍ਰਾਫ਼ੀ**—ਵਿਭਾਜਨ ਕ੍ਰੋਮੈਟੋਗ੍ਰਾਫ਼ੀ ਸੋਖਣ ਕ੍ਰੋਮੈਟੋਗ੍ਰਾਫ਼ੀ ਨਾਲੋਂ ਦੋ ਗੱਲਾਂ ਕਰਕੇ ਵਧੇਰੇ ਲਾਹੇਵੰਦ ਹੈ (1) ਇਸ ਦੀ ਵਰਤੋਂ ਮਿਸ਼ਰਣ ਦੀ ਬਹੁਤ ਘੱਟ ਮਾਤਰਾ ਨੂੰ ਵਖਰੇ ਕਰਨ ਲਈ (ਪੇਪਰ ਕ੍ਰੋਮੈਟੋਗ੍ਰਾਫ਼ੀ) ਕੀਤੀ ਜਾ ਸਕਦੀ ਹੈ ਅਤੇ (2) ਇਸ ਵਿਚ ਨਿਖੇੜਨ ਦਾ ਸਿਧਾਂਤ ਬਹੁਤ ਹੀ ਸਧਾਰਨ ਹੈ। ਵਿਭਾਜਨ ਕ੍ਰੋਮੈਟੋਗ੍ਰਾਫ਼ੀ ਇਸ ਗੱਲ ਤੇ ਨਿਰਭਰ ਹੈ ਕਿ ਘੁਲੇ ਹੋਏ ਪਦਾਰਥ ਇਕ ਗਤੀਸ਼ੀਲ ਕੈਰੀਅਰ ਫ਼ੇਜ਼ ਅਤੇ ਇਕ ਸਥਿਰ ਤਰਲ ਫ਼ੇਜ਼ ਦੇ ਵਿਚਕਾਰ ਲਗਾਤਾਰ ਗਤੀ ਵਿਚ ਰਹਿੰਦੇ ਹਨ। ਸੰਤੁਲਨ ਦੇ ਨੇੜੇ ਦੀ ਸਥਿਤੀ ਵਿਚ ਘੁਲੇ ਹੋਏ ਪਦਾਰਥ ਦੀ ਸੰਘਣਤਾ ਇਨ੍ਹਾਂ ਦੋਹਾਂ ਫ਼ੇਜ਼ਾਂ ਵਿਚ ਉਸ ਪਦਾਰਥ ਦੀ ਸਾਪੇਖੀ ਘੁਲਨਸ਼ੀਲਤਾ ਉਤੇ ਨਿਰਭਰ ਹੈ। ਇਹ ਤੱਥ ਸੋਖਣ ਧਾਰੀਆਂ ਨੂੰ ਇਕ ਦੂਜੇ ਵਿਚ ਰਲਣ ਤੋਂ ਬਚਾਉਣ ਲਈ ਮਹੱਤਵਪੂਰਨ ਹੈ।

ਇਸ ਵਿਧੀ ਵਿਚ ਤਰਲ ਫ਼ੇਜ਼ ਨੂੰ ਸਥਿਰ ਰਖਣ ਲਈ ਇਕ ਮੁਸਾਮਦਾਰ ਠੋਸ ਦੀ ਵਰਤੋਂ ਕੀਤੀ ਜਾਂਦੀ ਹੈ। ਕੈਰੀਅਰ, ਗੈਸ ਜਾਂ ਤਰਲ ਕੋਈ ਵੀ ਹੋ ਸਕਦਾ ਹੈ। ਵਖਰਾ ਕਰਨ ਵਾਲਾ ਪਦਾਰਥ ਦੋਹਾਂ ਫ਼ੇਜ਼ਾਂ ਵਿਚ ਘੁਲਨਸ਼ੀਲ ਹੋਣਾ ਜ਼ਰੂਰੀ ਹੈ ਅਤੇ ਫ਼ੇਜ਼ਾਂ ਦੀ ਆਪਸ ਵਿਚ ਘੁਲਨਸ਼ੀਲਤਾ ਨਿਗੁਣੀ ਹੋਵੇ। ਜੇਕਰ ਸਥਿਰ ਤਰਲ, ਦਾਣੇਦਾਰ ਠੋਸ ਨਾਲ ਚਿੰਬੜ ਜਾਵੇ (ਜਿਵੇਂ ਸਿਲਿਕਾ ਜੈੱਲ) ਤਾਂ ਯੰਤਰ ਅਤੇ ਸਾਰੀ ਵਿਧੀ ਸੋਖਣ ਕ੍ਰੋਮੈਟੋਗ੍ਰਾਫ਼ੀ ਵਾਲੀ ਹੀ ਵਰਤੀ ਜਾਂਦੀ ਹੈ।

ਜੇਕਰ ਗਤੀਸ਼ੀਲ ਫ਼ੇਜ਼ ਗੈਸ ਹੋਵੇ ਤਾਂ ਕਈ ਕਿਸਮ ਦੀਆਂ ਸ਼੍ਰੇਣੀਆਂ ਵਾਲੇ ਯੋਗਿਕਾਂ ਜਿਵੇਂ ਹਾਈਡ੍ਰੋਕਾਰਬਨ, ਕਾਰਬਨੀ ਘੋਲਕ ਆਦਿ ਨੂੰ ਵਾਸ਼ਪਾਂ ਦੇ ਰੂਪ ਵਿਚ ਅਲੱਗ ਕੀਤਾ ਜਾਂਦਾ ਹੈ। ਗੈਸ

ਕ੍ਰੋਮੈਟੋਗ੍ਰਾਫ਼ੀ ਵਿਚ ਸਥਿਰ ਤਰਲ ਫ਼ੇਜ਼ ਨੂੰ ਕਾਫ਼ੀ ਘੱਟ ਤਾਪਮਾਨ ਉੱਤੇ ਰਖਿਆ ਜਾਂਦਾ ਹੈ ਤਾਂ ਕਿ ਇਹ ਕਾਲਮ ਵਿਚ ਅਨਿਸ਼ਚਿਤ ਸਮੇਂ ਤਕ ਰਹਿ ਸਕੇ। ਗਲਿਸਰੌਲ ਸਿਲਿਕੋਨ ਤਰਲ, ਡਾਈਨੋਨਿਲ ਥੈਲੇਟ ਅਤੇ ਦੂਸਰੇ ਉੱਚ ਉਬਾਲ ਦਰਜੇ ਵਾਲੇ ਤਰਲਾਂ ਨੂੰ ਸਥਿਰ ਤਰਲ ਫ਼ੇਜ਼ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਵਖ ਕੀਤੀਆਂ ਗੈਸਾਂ ਦੀ ਪਛਾਣ ਤਾਪ-ਚਾਲਕਤਾ ਜਾਂ ਗੈਸ ਘਣਤਾ ਤੋਂ ਕੀਤੀ ਜਾਂਦੀ ਹੈ।

**ਪੇਪਰ (ਕਾਗ਼ਜ਼) ਕ੍ਰੋਮੈਟੋਗ੍ਰਾਫ਼ੀ**—ਕ੍ਰੋਮੈਟੋਗ੍ਰਾਫ਼ੀ ਦੀ ਇਸ ਵਿਧੀ ਅਧੀਨ ਵਿਭਾਜਨ ਕ੍ਰੋਮੈਟੋਗ੍ਰਾਫ਼ੀ ਵਿਚ ਇਕ ਵਿਸ਼ੇਸ਼ ਸੁਧਾਰ ਕੀਤਾ ਗਿਆ ਹੈ, ਅਰਥਾਤ ਸਥਿਰ ਪਾਣੀ ਜਾਂ ਦੂਸਰੇ ਤਰਲ ਫ਼ੇਜ਼ ਨੂੰ ਸਥਿਰ ਰਖਣ ਲਈ ਕਾਗ਼ਜ਼ ਦੀਆਂ ਸ਼ੀਟਾਂ ਦੀ ਵਰਤੋਂ ਕੀਤੀ ਗਈ ਹੈ। ਨਮੀਦਾਰ ਵਾਯੂਮੰਡਲ ਵਿਚੋਂ ਕਾਗਜ਼ ਇੰਨਾ ਪਾਣੀ ਸੋਖ ਲੈਂਦਾ ਹੈ ਕਿ ਹੋਰ ਨਮੀ ਦੀ ਲੋੜ ਨਹੀਂ ਪੈਂਦੀ। ਇਹ ਵਿਧੀ ਸੂਖਮ ਵਿਸ਼ਲੇਸ਼ਣਾਂ ਲਈ ਬਹੁਤ ਹੀ ਲਾਹੇਵੰਦ ਹੈ, ਵਿਸ਼ੇਸ਼ ਤੌਰ ਤੇ ਜਦੋਂ ਪਦਾਰਥ ਬਹੁਤ ਹੀ ਘੱਟ ਮਾਤਰਾ ਵਿਚ ਉਪਲੱਬਧ ਹੋਵੇ।

ਇਸ ਢੰਗ ਵਿਚ ਕਾਗ਼ਜ਼ ਦੇ ਇਕ ਕੋਨੇ ਵਿਚ ਮਿਸ਼ਰਨ ਦਾ ਇਕ ਧੱਬਾ ਲਾਇਆ ਜਾਂਦਾ ਹੈ। ਇਸ ਤੋਂ ਮਗਰੋਂ ਡਿਵੈੱਲਪ ਕਰਨ ਵਾਲਾ ਘੋਲ ਕੇਸ਼ਿਕਤਾ ਰਾਹੀਂ ਕਾਗ਼ਜ਼ ਉੱਤੇ ਉਪਰ ਤੋਂ ਥੱਲੇ ਵਲ ਚੱਲਣ ਦਿਤਾ ਜਾਂਦਾ ਹੈ ਜਿਸ ਨਾਲ ਮਿਸ਼ਰਨ ਦੇ ਇਕ ਧੱਬੇ ਤੋਂ ਕਈ ਅੱਡੋ ਅੱਡ ਧੱਬੇ ਬਣ ਜਾਂਦੇ ਹਨ। ਡਿਵੈੱਲਪਮੈਂਟ ਦੌਰਾਨ ਘੋਲਕ ਦੇ ਵਾਸ਼ਪੀਕਰਨ ਨੂੰ ਰੋਕਣ ਲਈ ਕਾਗਜ਼ ਨੂੰ ਸ਼ੀਸ਼ੇ ਦੇ ਜਾਰ ਵਿਚ ਰਖਿਆ ਜਾਂਦਾ ਹੈ ਅਤੇ ਕਾਗਜ਼ ਦਾ ਆਲਾ ਦੁਆਲਾ ਸੰਤ੍ਰਿਪਤ ਘੋਲਕ ਦੇ ਵਾਸ਼ਪਾਂ ਨਾਲ ਘਿਰਿਆ ਹੁੰਦਾ ਹੈ। ਜੇਕਰ ਇਕ ਦਿਸ਼ਾ ਵਿਚ ਵਹਿ ਰਿਹਾ ਘੋਲਕ ਮਿਸ਼ਰਨ ਦੇ ਸਾਰੇ ਅੰਸ਼ਾਂ ਨੂੰ ਚੰਗੀ ਤਰ੍ਹਾਂ ਵਖ ਨਾ ਕਰ ਸਕੇ ਤਾਂ ਕਾਗਜ਼ ਨੂੰ 90° ਦੇ ਕੋਣ ਤੇ ਮੋੜ ਲਿਆ ਜਾਂਦਾ ਹੈ ਅਤੇ ਦੂਸਰੇ ਘੋਲਕ ਜਾ ਘੋਲਕ ਮਿਸ਼ਰਨ ਨਾਲ ਮੁੜ ਡਿਵੈੱਲਪਮੈਂਟ ਕੀਤੀ ਜਾਂਦੀ ਹੈ (ਚਿਤਰ 2)।



ਚਿਤਰ 2 : 'ਦੋ ਵਿਮੀ' ਪੇਪਰ ਕ੍ਰੋਮੈਟੋਗ੍ਰਾਫ਼ੀ

ਦੋ ਵਿਮੀ ਪੇਪਰ ਕ੍ਰੋਮੈਟੋਗ੍ਰਾਫ਼ੀ ਨਾਲ 16 ਅੰਸ਼ਾਂ ਤੱਕ ਦੇ ਮਿਸ਼ਰਨ ਨੂੰ ਵਖਰਾ ਕੀਤਾ ਜਾ ਸਕਦਾ ਹੈ। ਇਹ ਢੰਗ ਮਿਸ਼ਰਿਤ ਐਮੀਨੋ ਐਸਿਡ ਦੇ ਮਿਸ਼ਰਨਾਂ ਅਤੇ ਪੈਪਟਾਈਡ ਦੇ ਮਿਸ਼ਰਨਾਂ ਨੂੰ ਵਖਰਾ ਕਰਨ ਲਈ ਬਹੁਤ ਹੀ ਮਹੱਤਵਪੂਰਨ ਹੈ। ਕਾਰਬੋਹਾਈਡ੍ਰੇਟ, ਸਟੈਰਾਇਡ ਪਿਊਰੀਨ ਅਤੇ ਬਹੁਤ ਸਾਰੇ ਸਧਾਰਨ ਕਾਰਬਨੀ ਯੋਗਿਕਾਂ ਨੂੰ ਵਖਰੇ ਕਰਨ ਲਈ ਵੀ ਕੀਤੀ ਜਾਂਦੀ ਹੈ। ਕਾਗਜ਼ ਉੱਤੇ ਅਕਾਰਬਨੀ ਆਇਨਾਂ ਨੂੰ ਵੀ ਤੁਰੰਤ ਵਖਰਾ ਕੀਤਾ ਜਾ ਸਕਦਾ ਹੈ। ਘੋਲਕ ਦੀ ਚੋਣ ਮਿਸ਼ਰਨ (ਜੋ ਵਖਰਾ ਕਰਨਾ ਹੈ) ਉੱਤੇ ਨਿਰਭਰ ਹੈ। ਫ਼ੀਨੋਲ, ਕਾਲੀਡੀਨ ਅਤੇ ਬਿਊਟੇਨਾਲ ਐਸੀਟਿਕ ਐਸਿਡ ਆਮ ਕਰਕੇ ਐਮੀਨੋ ਐਸਿਡਾਂ ਅਤੇ ਖੰਡਾਂ ਲਈ ਵਰਤੇ ਜਾਂਦੇ ਹਨ। ਜੇ ਧੱਬੇ ਰੰਗਹੀਨ ਹੋਣ ਤਾਂ ਉਨ੍ਹਾਂ ਦੀ ਪਛਾਣ ਜਾਂ ਤਾਂ ਕਾਗਜ਼ ਉੱਤੇ ਰੀਏਜੈਂਟ (ਕੈਮੀਕਲ) ਛਿੜਕ ਕੇ ਪਦਾਰਥ ਨੂੰ ਰੰਗਦਾਰ ਯੋਗਿਕ ਬਣਾ ਕੇ ਕੀਤੀ ਜਾਂਦੀ ਹੈ ਜਾਂ ਫਿਰ ਸਵੈ-ਪ੍ਰਕਾਸ਼ਿਤ ਪ੍ਰਕਾਸ਼ ਵਿਚ ਇਸ ਦਾ ਪ੍ਰੇਖਣ ਕਰਕੇ ਕੀਤੀ ਜਾਂਦੀ ਹੈ।

**ਆਇਨ-ਵਟਾਂਦਰਾ ਕ੍ਰੋਮੈਟੋਗ੍ਰਾਫ਼ੀ**— ਕ੍ਰੋਮੈਟੋਗ੍ਰਾਫ਼ੀ ਦੇ ਇਕ ਵਿਸ਼ੇਸ਼ ਢੰਗ ਵਿਚ ਆਇਨ-ਵਟਾਂਦਰੇ ਵਾਲੇ ਬਰੋਜ਼ਿਆਂ ਦਾ ਪ੍ਰਯੋਗ, ਸਥਿਰ ਠੋਸ ਫ਼ੇਜ਼ ਦੇ ਤੌਰ ਤੇ ਕੀਤਾ ਜਾਂਦਾ ਹੈ ਅਤੇ ਇਹ ਢੰਗ ਆਇਨਿਤ ਯੋਗਿਕਾਂ ਨੂੰ ਵਖਰਾ ਕਰਨ ਲਈ ਵਰਤਿਆ ਜਾਂਦਾ ਹੈ। ਸੋਖਣ ਦੀ ਬਜਾਏ ਪਦਾਰਥ ਠੋਸ ਨਾਲੋਂ ਅਕਾਰਬਨੀ ਆਇਨਾਂ ਨੂੰ ਵਖਰਾ ਕਰ ਲੈਂਦੇ ਹਨ। ਫਿਰ ਇਕ ਡਿਵੈੱਲਪਰ ਦੁਆਰਾ ਪਦਾਰਥ ਨੂੰ ਵਖਰਾ ਕੀਤਾ ਜਾਂਦਾ ਹੈ। ਆਇਨ ਵਟਾਂਦਰੇ ਵਾਲੇ ਪਦਾਰਥਾਂ ਦੀਆਂ ਦੋ ਮੁੱਖ ਕਿਸਮਾਂ ਹਨ ਜਿਨ੍ਹਾਂ ਵਿਚ ਇਕ ਐਨਾਇਨ ਜਾਂ ਇਕ ਕੈਟਾਇਨ ਦਾ ਵਟਾਂਦਰਾ ਹੋ ਸਕਦਾ ਹੈ। ਇਸ ਢੰਗ ਦੀ ਵਰਤੋਂ ਕੈਟਾਇਨ ਕਾਲਮਾਂ ਉੱਤੇ ਦੁਰਲੱਭ ਮਿੱਟੀ ਗਰੁੱਪ ਦੇ ਯੋਗਿਕਾਂ ਨੂੰ ਵਖਰਾ ਕਰਨ ਲਈ ਕੀਤੀ ਜਾਂਦੀ ਹੈ।

**ਗੈਸ ਕ੍ਰੋਮੈਟੋਗ੍ਰਾਫ਼ੀ**—ਗੈਸ ਕ੍ਰੋਮੈਟੋਗ੍ਰਾਫ਼ੀ ਦੀ ਵਰਤੋਂ ਮਿਸ਼ਰਨਾਂ ਦੀ ਜਾਂਚ ਕਰਨ ਲਈ, ਸ਼ੁੱਧ ਯੋਗਿਕ ਤਿਆਰ ਕਰਨ ਲਈ ਅਤੇ ਭੌਤਿਕ ਸਥਿਰ-ਅੰਕ ਜਿਵੇਂ ਘੋਲ-ਤਾਪ, ਵਾਸ਼ਪੀਕਰਨ-ਤਾਪ, ਵਾਸ਼ਪ ਦਬਾਉ ਅਤੇ ਐਕਟਿਵਤਾ-ਗੁਣਾਂਕ ਦਾ ਪਤਾ ਲਾਉਣ ਲਈ ਕੀਤੀ ਜਾਂਦੀ ਹੈ।

ਇਸ ਵਿਧੀ ਵਿਚ ਮਿਸ਼ਰਨ ਦੇ ਗੈਸੀ ਅੰਸ਼ਾਂ ਦੀ ਰਫ਼ਤਾਰ ਹਰ ਇਕ ਅੰਸ਼ ਦੀ ਸਥਿਰ ਅਣਵਾਸ਼ਪਸ਼ੀਲ ਫ਼ੇਜ਼ ਨਾਲ ਪਰਸਪਰ-ਕਿਰਿਆ ਦੀ ਡਿਗਰੀ ਉੱਤੇ ਨਿਰਭਰ ਹੁੰਦੀ ਹੈ। ਅਜਿਹੇ ਪਦਾਰਥ ਜਿਨ੍ਹਾਂ ਦੀ ਸਥਿਰ ਫ਼ੇਜ਼ ਨਾਲ ਪਰਸਪਰ-ਕਿਰਿਆ ਵਧੇਰੇ ਹੋਵੇ, ਆਪਣੇ ਪਥ ਵਿਚ ਮੰਦਿਤ ਹੋ ਜਾਂਦੇ ਹਨ ਅਤੇ ਸਿੱਟੇ ਵਜੋਂ ਘੱਟ ਪਰਸਪਰ-ਕਿਰਿਆ ਵਾਲੇ ਪਦਾਰਥਾਂ ਨਾਲੋਂ ਵਖਰੇ ਹੋ ਜਾਂਦੇ ਹਨ। ਮਿਸ਼ਰਨ ਲਈ ਕੈਰੀਅਰ ਦੇ ਤੌਰ ਤੇ ਅਕਿਰਿਆਸ਼ੀਲ ਗੈਸ ਵਰਤੀ ਜਾਂਦੀ ਹੈ ਅਤੇ ਇਹ ਗੈਸ ਯੰਤਰ ਵਿਚੋਂ ਨਿਰੰਤਰ ਵਹਿੰਦੀ ਰਹਿੰਦੀ ਹੈ।

ਗੈਸ ਕ੍ਰੋਮੈਟੋਗ੍ਰਾਫ਼ ਯੰਤਰ ਦੇ ਜ਼ਰੂਰੀ ਅੰਸ਼ ਚਿਤਰ (3) ਵਿਚ ਵਿਖਾਏ ਗਏ ਹਨ।




ਚਿਤਰ 3 : ਗੈਸ ਕ੍ਰੋਮੈਟੋਗ੍ਰਾਫ਼ੀ ਲਈ ਵਰਤੇ ਜਾਂਦੇ ਯੰਤਰ ਦਾ ਵਿਉਂਤ ਚਿਤਰ

ਕੈਰੀਅਰ ਗੈਸ, ਯੰਤਰ ਵਿਚ ਕੰਟਰੋਲ ਵਾਲਵਾਂ ਦੁਆਰਾ ਦਾਖ਼ਲ ਹੁੰਦੀ ਹੈ ਜਿਹੜੇ ਕਿ ਗੈਸ ਦੇ ਵਹਾਉ ਦਾ ਰੇਟ ਦੱਸਦੇ ਹਨ। ਮਿਸ਼ਰਨ ਅਤੇ ਕੈਰੀਅਰ ਗੈਸ ਕਾਲਮ ਨੂੰ ਪਾਰ ਕਰਦੇ ਹਨ ਜਿਥੇ ਮਿਸ਼ਰਨ ਵਖ-ਵਖ ਅੰਸ਼ਾਂ ਵਿਚ ਵਖਰਾ ਹੋ ਜਾਂਦਾ ਹੈ। ਜਦੋਂ ਕੈਰੀਅਰ ਨਾਲ ਹਰ ਇਕ ਅੰਸ਼ ਮੁੜ ਡਿਟੈੱਕਟਰ (ਸੰਸੂਚਕ) ਵਿਚੋਂ ਲੰਘਦਾ ਹੈ ਅਤੇ ਉਥੋਂ ਅੰਸ਼ ਇਕੱਤਰੀਕਰਨ ਵਿਚ ਚਲਾ ਜਾਂਦਾ ਹੈ ਜਾਂ ਵਾਯੂਮੰਡਲ ਵਿਚ ਡਿਸਚਾਰਜ ਹੋ ਜਾਂਦਾ ਹੈ।

**ਗੈਸ ਕ੍ਰੋਮੈਟੋਗ੍ਰਾਫ਼ੀ ਦੀ ਵਰਤੋਂ**—ਗੈਸ ਕ੍ਰੋਮੈਟੋਗ੍ਰਾਫ਼ੀ ਦੀ ਮੁੱਖ ਵਰਤੋਂ ਮਿਸ਼ਰਨਾਂ ਵਿਚੋਂ ਅੰਸ਼ਾਂ ਦਾ ਵਿਸ਼ਲੇਸ਼ਣ ਕਰਕੇ ਪਛਾਣਨਾ ਅਤੇ ਵਖਰਾ ਕਰਨਾ ਹੈ। ਇਨਫ਼ਰਾਰੈੱਡ ਜਾਂ ਅਲਟਰਾਵਾਇਲਿਟ ਸਪੈਕਟ੍ਰੋਸਕੋਪੀ ਨਾਲ ਜੋੜ ਕੇ ਇਸ ਨੂੰ ਖ਼ਾਸ ਕਰਕੇ ਨਖੇੜੇ ਹੋਏ ਅੰਸ਼ਾਂ ਦੀ ਪਛਾਣ ਲਈ ਵੀ ਵਰਤਿਆ ਜਾ ਸਕਦਾ ਹੈ। ਗੈਸ ਕ੍ਰੋਮੈਟੋਗ੍ਰਾਫ਼ੀ ਉਨ੍ਹਾਂ ਮਿਸ਼ਰਨਾਂ ਵਾਸਤੇ ਵਿਸ਼ੇਸ਼ ਤੌਰ ਤੇ ਲਾਹੇਵੰਦ ਹੈ ਜਿਨ੍ਹਾਂ ਵਿਚ ਅੰਸ਼ਾਂ ਦੀਆਂ ਰਸਾਇਣਿਕ ਸਮਾਨਤਾਵਾਂ ਦਾ ਪਤਾ ਹੋਵੇ, ਪ੍ਰੰਤੂ ਉਨ੍ਹਾਂ ਦੀਆਂ ਸਾਪੇਖੀ ਮਾਤਰਾਵਾਂ ਦਾ ਪਤਾ ਨਾ ਹੋਵੇ। ਹੋਰ ਦੂਸਰਾ ਲਾਭ ਬਹੁਤ ਹੀ ਸ਼ੁੱਧ ਯੋਗਿਕਾਂ ਦੀ ਤਿਆਰੀ ਵਿਚ ਹੈ। ਇਸ ਵਿਧੀ ਦਾ ਇਕ ਹੋਰ ਲਾਭ ਇਹ ਹੈ ਕਿ ਸ਼ੁੱਧ ਯੋਗਿਕ ਕਾਫ਼ੀ ਜ਼ਿਆਦਾ ਮਾਤਰਾ ਵਿਚ

ਤਿਆਰ ਕੀਤੇ ਜਾ ਸਕਦੇ ਹਨ । ਡਾਕਟਰੀ ਅਤੇ ਹੋਰ ਖੇਤਰਾਂ ਵਿਚ ਵਿਸ਼ਲੇਸ਼ਣਾਂ ਲਈ ਵੀ ਇਹ ਬਹੁਤ ਲਾਹੇਵੰਦ ਹੈ। ਖ਼ੂਨ ਦੇ 0.1 ਘਣ ਸੈਂ. ਮੀ. ਤੋਂ ਹੀ ਇਸ ਵਿਚ ਘੁਲੀ ਆਕਸੀਜਨ, ਨਾਈਟ੍ਰੋਜਨ, ਕਾਰਬਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਦੀ ਪ੍ਰਤਿਸ਼ਤ ਮਾਤਰਾ ਦਾ ਪਤਾ ਲਾਇਆ ਜਾ ਸਕਦਾ ਹੈ । ਗੈਸ ਕ੍ਰੋਮੈਟੋਗ੍ਰਾਫ਼ੀ ਦੀ ਵਰਤੋਂ ਹਵਾ ਵਿਚ ਗੰਦਗੀ, ਖ਼ੂਨ ਵਿਚ ਅਲਕੋਹਲ, ਜ਼ਰੂਰੀ ਤੇਲਾਂ ਅਤੇ ਖ਼ੁਰਾਕ ਦੇ ਵਿਸ਼ਲੇਸ਼ਣ ਲਈ ਕੀਤੀ ਜਾਂਦੀ ਹੈ।

**ਹੋਰ ਸਬੰਧਿਤ ਵਿਧੀਆਂ**—ਵਿਸ਼ਲੇਸ਼ਣਾਤਮਕ ਰਸਾਇਣ ਵਿਗਿਆਨ ਵਿਚ ਮਿਸ਼ਰਿਤ ਮਿਸ਼ਰਣਾਂ ਵਿਚਲੇ ਅੰਸ਼ਾਂ ਨੂੰ ਵਖਰਾ ਕਰਨ ਦੀ ਲੋੜ ਨੂੰ ਮੁੱਖ ਰਖਦੇ ਹੋਏ ਕ੍ਰੋਮੈਟੋਗ੍ਰਾਫ਼ਿਕ ਸਿਧਾਂਤ ਉਤੇ ਅਧਾਰਿਤ ਢੰਗ ਬਹੁਤ ਵਧ ਗਏ ਹਨ । ਕੁਝ ਵਿਸ਼ੇਸ਼ ਸਥਿਤੀਆਂ ਵਿਚ ਹੇਠ ਲਿਖੇ ਢੰਗ ਵਧੇਰੇ ਵਰਤੇ ਜਾਂਦੇ ਹਨ।

**ਜੈੱਲ ਫ਼ਿਲਟਰੀਕਰਨ**— ਕ੍ਰੋਮੈਟੋਗ੍ਰਾਫ਼ੀ ਵਾਲੇ ਕਾਲਮ ਵਿਚਲੇ ਆਮ ਪ੍ਰਚਲਿਤ ਸਥਿਰ ਤਰਲ ਜਾਂ ਠੋਸ ਸੋਖਕਾਂ ਦੀ ਥਾਂ ਛੋਟੇ ਬਹੁਲਕ ਮਣਕੇ ਵਰਤੇ ਜਾਂਦੇ ਹਨ ਜਿਹੜੇ ਕਿ ਖੰਡਾਂ ਦੇ ਇਕ ਦੂਸਰੇ ਨਾਲ ਤਿਰਛੇ ਜੁੜੇ ਮੈਕਰੋ-ਅਣੂਆਂ ਦੇ ਬਣੇ ਹੁੰਦੇ ਹਨ । ਬਹੁਲਕੀਕਰਨ ਦੀ ਮਾਤਰਾ ਤੇ ਨਿਰਭਰ ਹੁੰਦੇ ਹੋਏ, ਮਣਕੇ ਛੋਟੇ ਅਣੂਆਂ ਨੂੰ ਆਪਣੇ ਅੰਦਰ ਵਲ ਨੂੰ ਖਿਲਾਰ ਲੈਂਦੇ ਹਨ ਜਦੋਂ ਕਿ ਵੱਡੇ ਅਣੂ ਜੈੱਲ ਦੇ ਮੁਸਾਮਾਂ ਵਿਚ ਦਾਖ਼ਲ ਨਹੀਂ ਹੋ ਸਕਦੇ । ਇਹ ਢੰਗ ਖ਼ਾਸ ਕਰਕੇ ਪ੍ਰੋਟੀਨਾਂ, ਪੈਪਟਾਈਡਾਂ ਅਤੇ ਐਮੀਨੋ ਐਸਿਡਾਂ ਨੂੰ ਇਕ ਦੂਸਰੇ ਨਾਲੋਂ ਅਤੇ ਘੱਟ ਅਣਵੀਂ-ਭਾਰ ਵਾਲੀਆਂ ਅਸ਼ੁੱਧੀਆਂ ਨਾਲੋਂ ਵਿਖਰਾ ਕਰਨ ਲਈ ਵਰਤਿਆ ਜਾਂਦਾ ਹੈ।

**ਪਤਲੀ-ਤਹਿ ਵਾਲੀ ਕ੍ਰੋਮੈਟੋਗ੍ਰਾਫ਼ੀ**—ਕਾਗਜ਼ ਕ੍ਰੋਮੈਟੋਗ੍ਰਾਫ਼ੀ ਦੇ ਸਿਧਾਂਤ ਦਾ ਪ੍ਰਸਾਰ ਬਹੁਤ ਬਾਰੀਕ ਕੀਤੇ ਪਦਾਰਥ ਜਿਵੇਂ ਸਿਲਿਕਾ ਜੈੱਲ, ਐਲੂਮਿਨਾ, ਆਇਨ ਵਟਾਂਦਰੇ ਵਾਲੇ ਬਰੋਜ਼ੇ ਆਦਿ ਦੀ ਵਰਤੋਂ ਕਰਕੇ ਕੀਤਾ ਜਾਂਦਾ ਹੈ । ਇਨ੍ਹਾਂ ਨੂੰ ਸ਼ੀਸ਼ੇ ਦੀਆਂ ਦੋ ਪਲੇਟਾਂ ਵਿਚਕਾਰ ਇਕ ਪਤਲੀ ਫ਼ਿਲਮ ਦੇ ਤੌਰ ਤੇ ਰਖਿਆ ਜਾਂਦਾ ਹੈ। ਜਿਸ ਪਦਾਰਥ ਦਾ ਪਤਾ ਲਾਉਣਾ ਹੋਵੇ ਉਸ ਦਾ ਇਕ ਧੱਬਾ ਇਨ੍ਹਾਂ ਪਲੇਟਾਂ ਦੇ ਜੋੜ ਦੇ ਇਕ ਕੋਨੇ ਵਿਚ ਲਾ ਦਿਤਾ ਜਾਂਦਾ ਹੈ ਅਤੇ ਇਸ ਦੇ ਅੰਸ਼ਾਂ ਨੂੰ ਉਚਿਤ ਘੋਲਕ ਦੁਆਰਾ ਵਖਰਾ ਕੀਤਾ ਜਾਂਦਾ ਹੈ। ਇਹ ਢੰਗ ਉਦੋਂ ਬਹੁਤ ਹੀ ਲਾਹੇਵੰਦ ਹੈ ਜਦੋਂ ਮਿਸ਼ਰਨ ਦੀ ਮਾਤਰਾ ਬਹੁਤ ਹੀ ਘੱਟ ਹੋਵੇ ।

ਹ. ਪੁ.—ਐਨ. ਬ੍ਰਿ. 5 : 706.

**ਕ੍ਰੋਮੋਸਫ਼ੀਅਰ :** ਸੂਰਜੀ ਕ੍ਰੋਮੋਸਫ਼ੀਅਰ (ਵਰਨ-ਮੰਡਲ) ਇਕ ਗ਼ਿਲਾਫ਼ ਵਾਂਗ ਹੈ ਜਿਹੜਾ ਕਿ 5,000 ਕਿ. ਮੀ. ਮੋਟਾ ਹੈ ਅਤੇ ਘੱਟ ਤਾਪਮਾਨ ਵਾਲੇ ਫ਼ੋਟੋਸਫ਼ੀਅਰ ਅਤੇ ਉੱਚ-ਤਾਪਮਾਨ ਵਾਲੇ ਕਰੋਨਾ ਵਿਚਾਲੇ ਫੈਲਿਆ ਹੋਇਆ ਹੈ। ਕ੍ਰੋਮੋਸਫ਼ੀਅਰ ਦਾ ਤਾਪਮਾਨ ਲਗਭਗ 4,500° K ਤੋਂ 1,000,000° K ਵਿਚਕਾਰ ਹੈ ਜਦੋਂ ਕਿ ਘਣਤਾ ਲਗਭਗ 10-12 ਕਣ ਪ੍ਰਤਿ ਘਣ ਸੈਂ. ਮੀ. (ਆਧਾਰ ਤੇ) ਤੋਂ $10^9$ ਕਣ ਘਣ ਸੈ. ਮੀ. (ਸਿਖਰ ਤੇ) ਵਿਚਕਾਰ ਹੁੰਦੀ ਹੈ । ਕ੍ਰੋਮੋਸਫ਼ੀਅਰ ਬਹੁਤ ਐਕਟਿਵਤਾ ਵਾਲਾ ਖੇਤਰ ਹੈ, ਜਿਸ ਨੂੰ ਸੂਰਜ ਗ੍ਰਹਿਣ ਸਮੇਂ ਇਕ ਤੇਜ਼-ਰੰਗਦਾਰ ਆਰਕ, ਜਿਸ ਵਿਚੋਂ 'ਫ਼ਲੈਸ਼ ਸਪੈਕਟ੍ਰਮ' ਉਤਪੰਨ ਹੁੰਦੀ ਹੈ, ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਹੇਠਲਾ ਕ੍ਰੋਮੋਸਫ਼ੀਅਰ ਇਸ ਦੇ ਮੁਕਾਬਲੇ ਗੈਸ ਦੀ ਇਕਸਾਰ ਤਹਿ ਹੈ, ਜਿਸ ਦੀ ਮੋਟਾਈ ਲਗਭਗ 1,500 ਕਿ. ਮੀ. ਹੈ। ਇਸ ਵਿਚੋਂ ਗਰਮ ਪਾਣੀ ਦੇ ਚਸ਼ਮੇਂ ਵਾਂਗ ਉਪਰ ਵਲ ਜਾ ਰਹੇ ਜੈੱਟਾਂ ਦੇ ਝੁੰਡ ਜਿਨ੍ਹਾਂ ਨੂੰ ਸਪਿਕਿਊਲ (ਸੂਈਨੁਮਾ ਰਵੇ ਜਾਂ ਸਪਲਿੰਟਰ) ਕਿਹਾ ਜਾਂਦਾ ਹੈ, ਬਾਹਰ ਨਿਕਲਦੇ ਹਨ । ਲਗਭਗ 8,000 ਕਿ. ਮੀ. ਉਤੇ ਸਪਿਕਿਊਲ ਵਖਰੇ ਵਖਰੇ ਹੋ ਜਾਂਦੇ ਹਨ ਅਤੇ ਇਹ ਮੰਨਿਆ ਜਾਂਦਾ ਹੈ ਕਿ ਗਰਮ ਕਰੋਨਲ ਗੈਸ ਉਨ੍ਹਾਂ ਦੇ ਵਿਚਕਾਰ ਪਹੁੰਚ ਜਾਂਦੀ ਹੈ। ਕ੍ਰੋਮੋਸਫ਼ੇਰੀ ਗੈਸ, ਨਿਰੰਤਰ ਵਿਕੀਰਨ ਪ੍ਰਤਿ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰੰਤੂ ਪ੍ਰਬਲ ਫ਼੍ਰਾਊਨਹੋਫ਼ਰ ਰੇਖਾਵਾਂ ਦੀ ਕੋਰ ਵਿਚਲੇ ਪ੍ਰਕਾਸ਼ ਪ੍ਰਤਿ ਅਪਾਰਦਰਸ਼ੀ ਹੁੰਦੀ ਹੈ। ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਜੇ ਸੂਰਜ ਨੂੰ ਫ਼੍ਰਾਊਨਹੋਫ਼ਰ ਰੇਖਾ ਦੇ ਇਕ-ਵਰਨੀ ਪ੍ਰਕਾਸ਼ ਵਿਚੋਂ ਵੇਖਿਆ ਜਾਵੇ ਤਾਂ ਇਸ ਦਾ ਵਾਸਤਵਿਕ ਰੂਪ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਕ੍ਰੋਮੋਸਫ਼ੇਰੀ ਤਹਿਆਂ ਦੇ ਪ੍ਰੇਖਣ ਨੂੰ ਪਿਆਜ਼ ਛਿੱਲਣ ਦੇ ਤੁੱਲ ਸਮਝਿਆ ਜਾਂਦਾ ਹੈ। ਜੇਕਰ ਕਿਸੇ ਯੰਤਰ ਰਾਹੀਂ, ਜਿਸ ਦੀ ਨਿਖੇੜਨ-ਸ਼ਕਤੀ 1°A ਤਕ ਹੋਵੇ, ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਸੂਰਜ ਦੀ ਬਣਤਰ ਸੂਖ਼ਮ ਅਤੇ ਖਰ੍ਹਵੀਂ ਹੈ (ਵਿਸਤਾਰ ਲਈ ਵੇਖੋ, ਸੂਰਜ)। ਧਾਤ ਦੀਆਂ ਰੇਖਾਵਾਂ ਦੀਆਂ ਕੋਰਾਂ ਵਿਚ ਸੂਖ਼ਮ ਬਣਤਰ ਗੈਸ ਦੇ ਆਇਤਨਾਂ ਦੇ ਵਧਣ ਨਾਲ ਉਤਪੰਨ ਡੌਪਲਰ ਵਿਸਥਾਪਨ ਕਾਰਨ ਹੁੰਦੀ ਹੈ। ਉਨ੍ਹਾਂ ਚਿਤਰਾਂ ਵਿਚ ਜਿਹੜੇ ਕਿਸੇ ਵਿਸ਼ੇਸ਼ ਤਰੰਗ-ਲੰਬਾਈ ਵਾਲੇ ਪ੍ਰਕਾਸ਼ ਅਰਥਾਤ ਹਾਈਡ੍ਰੋਜਨ-ਐਲਫ਼ਾ ਰੇਖਾ ਵਿਚ ਲਏ ਜਾਂਦੇ ਹਨ, ਬਹੁਤ ਖਰ੍ਹਵੇਂ ਧੱਬੇ ਮੌਜੂਦ ਹਨ। ਇਹ ਧੱਬੇ ਵਧੇਰੇ ਕਰਕੇ ਸੂਰਜੀ ਧੱਬਿਆਂ ਦੇ ਨੇੜੇ ਇਸ ਤਰ੍ਹਾਂ ਬਣ ਜਾਂਦੇ ਹਨ ਜਿਵੇਂ ਕਿ ਇਹ ਫ਼ਿਲਾਮੈਂਟਾਂ ਦੇ ਲੱਛੇ ਦਾ ਇਕ ਚੱਕਰ ਹੋਣ।

**ਫ਼ਲੈਸ਼ ਸਪੈਕਟ੍ਰਮ**—ਪੂਰਨ ਸੂਰਜ ਗ੍ਰਹਿਣ ਦੌਰਾਨ ਇਕ ਅਜਿਹਾ ਮੌਕਾ ਹੁੰਦਾ ਹੈ ਜਦੋਂ ਚੰਦ ਫ਼ੋਟੋਸਫ਼ੀਅਰ ਨੂੰ ਛੁਪਾ ਲੈਂਦਾ ਹੈ ਅਤੇ ਕ੍ਰੋਮੋਸਫ਼ੇਰੀ ਤਹਿਆਂ ਸਾਹਮਣੇ ਆ ਜਾਂਦੀਆਂ ਹਨ । ਇਹ ਚੰਦ ਦੀ ਕੋਰ ਦੇ ਨਾਲ ਨਾਲ ਇਕ ਬਾਰੀਕ ਸੰਗਤਰੀ ਲਾਲ ਰੰਗ ਦੇ ਨਵੇਂ ਚੰਦਰਮਾ ਵਾਂਗ ਨਜ਼ਰ ਆਉਂਦਾ ਹੈ। ਇਸ ਨਵੇਂ ਚੰਦਰਮਾ ਤੋਂ ਆ ਰਹੇ ਪ੍ਰਕਾਸ਼ ਦੀ ਇਕ ਦੀਪਤ-ਰੇਖਾ ਸਪੈਕਟ੍ਰਮ ਬਣਦੀ ਹੈ, ਜਦੋਂ ਚੰਦਰਮਾ ਸੂਰਜੀ ਵਾਯੂ ਮੰਡਲ ਦੇ ਆਰ ਪਾਰ ਜਾਂਦਾ ਹੈ ਤਾਂ ਇਹ ਕੁਝ-ਕੁ ਸੈਕੰਡਾਂ ਲਈ ਨਜ਼ਰ ਦੀ ਹੱਦ ਅੰਦਰ ਜਾਂ ਬਾਹਰ ਲਿਸ਼ਕ ਮਾਰਦੀ ਹੈ, ਇਸੇ ਕਰਕੇ ਇਸ ਦਾ ਨਾਂ ਫ਼ਲੈਸ਼ ਸਪੈਕਟ੍ਰਮ ਹੈ। ਸਭ ਤੋਂ ਚਮਕਦਾਰ ਰੇਖਾਵਾਂ ਅਤੇ ਉਹ ਜਿਹੜੀਆਂ ਸਭ ਤੋਂ ਵੱਧ ਉਚਾਈਆਂ ਤਕ ਫੈਲੀਆਂ ਹੋਈਆਂ ਹਨ, ਹਾਈਡ੍ਰੋਜਨ, ਹੀਲੀਅਮ ਅਤੇ ਕੈਲਸੀਅਮ ਦੀਆਂ ਰੇਖਾਵਾਂ ਹਨ। ਜਦੋਂ ਵਿਸਤਾਰ ਵਿਚ ਇਸ ਦਾ ਨਿਰੀਖਣ ਕੀਤਾ ਜਾਵੇ ਤਾਂ ਇਹ ਲਗਭਗ (ਪਰ ਪੂਰਨ ਤੌਰ ਤੇ ਨਹੀਂ) ਫ਼੍ਰਾਊਨਹੋਫ਼ਰ ਸਪੈਕਟ੍ਰਮ ਨਾਲ ਮਿਲਦਾ ਜੁਲਦਾ ਅਤੇ ਜਿਹੜੇ ਫ਼ਰਕ ਹਨ ਉਹ ਫ਼ੋਟੋਸਫ਼ੇਰੀ ਅਤੇ ਕ੍ਰੋਮੋਸਫ਼ੇਰੀ ਤਹਿਆਂ ਦੀ ਭਿੰਨ ਭਿੰਨ ਪ੍ਰਾਕ੍ਰਿਤਕ ਸਥਿਤੀ ਨੂੰ ਪ੍ਰਗਟਾਉਂਦੇ ਹਨ। ਘੱਟ ਦਬਾਉ ਅਤੇ ਉੱਚ ਤਾਪਮਾਨ ਵਧੇਰੇ ਆਇਨਨ ਅਤੇ ਉਤੇਜਨ ਵਿਚ ਮਦਦ ਕਰਦੇ ਹਨ। ਵਿਸ਼ੇਸ਼ ਫ਼ਲੈਸ਼ ਸਪੈਕਟ੍ਰਾ, ਉੱਚ-ਉਤੇਜਨ ਰੇਖਾਵਾਂ ਵਿਚ ਵਾਧਾ ਅਤੇ ਇਕਹਿਰੇ ਆਇਨਿਤ ਲੋਹੇ, ਟਾਇਟੇਨੀਅਮ, ਨਿਕਲ, ਕ੍ਰੋਮੀਅਮ ਅਤੇ ਦੁਰਲੱਭ ਮਿੱਟੀਆਂ ਵਿਚੋਂ ਬਹੁਤ ਸਾਰੀਆਂ ਰੇਖਾਵਾਂ ਦੀ ਪ੍ਰਤੱਖਤਾ ਦਰਸਾਉਂਦੇ ਹਨ।

**ਸਪਿਕਿਊਲ**—19ਵੀਂ ਸਦੀ ਦੇ ਇਕ ਇਤਾਲਵੀ ਖ਼ਗੋਲ ਵਿਗਿਆਨੀ ਏ. ਸੈਕੀ ਨੇ ਕੋਣ-ਮਾਪਕ ਯੰਤਰ ਰਾਹੀਂ ਵੇਖਦੇ ਹੋਏ ਕ੍ਰੋਮੋਸਫ਼ੇਰੀ ਤਹਿਆਂ ਨੂੰ ਇਕ ਜਲਦੀ ਹੋਈ ਘਾਹ ਵਾਲੀ ਰੱਖ ਦੱਸਿਆ । ਇਸ ਨੇ ਆਪਣੇ ਸਪੈਕਟ੍ਰੋਸਕੋਪ ਰਾਹੀਂ ਇਕ ਦੂਸਰੇ ਨੂੰ ਢਕੇ ਹੋਏ ਜੈੱਟਾਂ ਦਾ ਝੁੰਡ ਵੇਖਿਆ, ਜਿਨ੍ਹਾਂ ਨੂੰ ਸਪਿਕਿਊਲ ਕਿਹਾ ਗਿਆ ਅਤੇ ਇਹ ਕੇਵਲ ਕੁਝ-ਕੁ ਮਿੰਟ ਹੀ ਰਹਿੰਦੇ ਸਨ (ਵਿਸਤਾਰ ਲਈ ਵੇਖੋ, ਸੂਰਜ)।

**ਸੁਪਰਗ੍ਰੇਨੂਲੇਸ਼ਨ**—ਸਪੈਕਟ੍ਰੋਹੀਲੀਓਗ੍ਰਾਮ ਕੈਲਸੀਅਮ ਪ੍ਰਕਾਸ਼ ਨਾਲ ਛੋਟੇ ਛੋਟੇ ਰੰਗ ਬਰੰਗੇ ਧੱਬਿਆਂ ਦੇ ਨਾਲ ਇਕ ਖਰ੍ਹਵਾ ਚਿਤਰ (ਢਾਂਚਾ) ਵਿਖਾਉਂਦਾ ਹੈ । ਇਨ੍ਹਾਂ ਦਾ ਕਾਰਨ 30,000 ਕਿ. ਮੀ. ਵਿਆਸ ਵਾਲੇ ਸੈੱਲਾਂ ਦਾ ਜਾਲ ਹੈ ਜਿਨ੍ਹਾਂ ਨੂੰ ਸੁਪਰਗ੍ਰੇਨੂਲਜ਼ ਕਹਿੰਦੇ ਹਨ । ਇਨ੍ਹਾਂ ਸੈੱਲਾਂ ਵਿਚ ਪਦਾਰਥ ਦਾ ਪਸਾਰ, ਕੇਂਦਰ ਤੋਂ ਕਿਨਾਰੇ ਵਲ

ਲਗਭਗ 1/2 ਕਿ. ਮੀ. ਪ੍ਰਤਿ ਸੈਕੰਡ ਦੀ ਰਫ਼ਤਾਰ ਨਾਲ ਹੁੰਦਾ ਹੈ। ਇਹ ਸੁਪਰਗ੍ਰੈਨੂਲਜ਼, ਜਿਨ੍ਹਾਂ ਦੀ ਗਿਣਤੀ ਕਿਸੇ ਵੀ ਸਮੇਂ ਲਗਭਗ 5,000 ਹੁੰਦੀ ਹੈ, ਨੂੰ ਡੂੰਘੇ ਸੰਵਹਿਣ (ਕਨਵੈੱਕਸ਼ਨ) ਸੈੱਲਾਂ ਦੇ ਤੌਰ ਤੇ ਪਛਾਣਿਆ ਗਿਆ ਹੈ ਜਿਨ੍ਹਾਂ ਦੇ ਆਯੂ-ਕਾਲ ਦੀ ਤੁਲਨਾ ਇਕ ਦਿਨ ਦੇ ਬਰਾਬਰ ਕੀਤੀ ਜਾ ਸਕਦੀ ਹੈ। ਇਹ ਵੇਖਿਆ ਗਿਆ ਹੈ ਕਿ ਪਦਾਰਥ ਕੇਂਦਰ ਤੋਂ ਕਿਨਾਰੇ ਵਲ ਵਹਿਣ ਦਾ ਝੁਕਾਉ ਸੈੱਲ ਸੀਮਾਵਾਂ ਉਤੇ ਸਪਿਕਿਊਲਾਂ ਦੀ ਵਧੇਰੀ ਮਾਤਰਾ ਨੂੰ ਇਕੱਠਾ ਕਰਨ ਵਲ ਅਤੇ ਚੁੰਬਕੀ ਪ੍ਰਭਾਵ ਵਾਲੇ ਖੇਤਰਾਂ ਨੂੰ ਮਿਟਾਉਣ ਵਲ ਹੁੰਦਾ ਹੈ ਤਾਂ ਕਿ ਚੁੰਬਕੀ ਖਾਕਿਆਂ ਅਤੇ ਸਪੈੱਕਟ੍ਰੋਹੀਲੀਓਗ੍ਰਾਮ ਉਤੇ ਜਾਲੀਦਾਰ ਪੈਟੱਰਨ ਆ ਸਕੇ।

ਹ. ਪੁ.—ਐਨ. ਬ੍ਰਿ. ਮੈ. 17 : 803 ; ਐਨ. ਬ੍ਰਿ. 5 : 712

**ਕ੍ਰੋਮੋਸੋਮ :** ਇਹ ਪ੍ਰਾਣੀਆਂ ਅਤੇ ਪੌਦਿਆਂ ਦੇ ਸੈੱਲਾਂ ਦੇ ਨਿਊਕਲੀਅਸ ਵਿਚ ਪਾਈਆਂ ਜਾਂਦੀਆਂ ਧਾਗਿਆਂ ਵਰਗੀਆਂ ਰਚਨਾਵਾਂ ਹਨ, ਜਿਨ੍ਹਾਂ ਰਾਹੀਂ ਆਨੁਵੰਸ਼ਿਕਤਾ (ਵਿਰਾਸਤ) ਦੇ ਤੱਤ ਜਾ 'ਜੀਨ' ਪੀੜ੍ਹੀ ਦਰ ਪੀੜ੍ਹੀ ਅਗਾਂਹ ਲਿਜਾਂਦੇ ਹਨ। ਕ੍ਰੋਮੋਸੋਮ ਬਹੁਤ ਸੂਖ਼ਮ ਹੁੰਦੇ ਹਨ ਅਤੇ ਇਹ ਸੈੱਲਾਂ ਦੇ ਵਿਭਾਜਨ ਵੇਲੇ ਵੇਖੇ ਜਾ ਸਕਦੇ ਹਨ। ਇਨ੍ਹਾਂ ਦਾ ਇਹ ਨਾਂ ਇਨ੍ਹਾਂ ਦੇ ਕੁਝ ਵਿਸ਼ੇਸ਼ ਰੰਗਕ ਪਦਾਰਥ ਵਲ ਆਕਰਸ਼ਨ ਕਾਰਨ ਦਿਤਾ ਗਿਆ ਹੈ। ਇਹ ਸ਼ਬਦ ਪਹਿਲੀ ਵੇਰ 1888 ਵਿਚ ਵਿਲਹੈੱਲਮ ਫਾਨ ਵੈਲਡੇਅਰ-ਹਾਰਟਜ਼ ਦੁਆਰਾ ਵਰਤਿਆ ਗਿਆ।



ਚਿਤਰ : ਕ੍ਰੋਮੋਸੋਮ (ਲੇਟ ਪ੍ਰੋਫੇਜ਼ ਵਿਚ ਖਿਲਰੇ ਹੋਏ)

ਕ੍ਰੋਮੋਸੋਮ ਸੈੱਲ ਦੇ ਜਣਨਕ ਪਦਾਰਥਾਂ ਦੇ ਟਿਕਾਣੇ ਹਨ। ਕ੍ਰੋਮੋਸੋਮਾਂ ਦਾ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਜਣਨਕ ਪਦਾਰਥ ਲੈ ਜਾਣ ਵਾਲੇ ਅਨੁਵੰਸ਼ਿਕ ਤੱਤਾਂ (ਜੀਨਜ਼) ਨਾਲ ਬਹੁਤ ਡੂੰਘਾ ਸਬੰਧ ਹੈ। ਜੀਨਜ਼ ਕ੍ਰੋਮੋਸੋਮਾਂ ਉਪਰ ਟਿੱਕੇ ਰਹਿੰਦੇ ਹਨ। ਕ੍ਰੋਮੋਸੋਮਾਂ ਦਾ ਫ਼ਿਲਾਮੈਂਟ ਜੋਸ ਨੂੰ ਕ੍ਰੋਮੋਨੀਮਾ ਕਿਹਾ ਜਾਂਦਾ ਹੈ ਆਪਣੇ ਆਪ ਵਿਚ ਕਈ ਸੌ ਜਾਂ ਹਜ਼ਾਰਾਂ ਜੀਨਜ਼ ਦਾ ਬਣਿਆ ਹੁੰਦਾ ਹੈ ਜੋ ਇਕਹਿਰੀ ਕਤਾਰ ਵਿਚ ਜੁੜੇ ਹੁੰਦੇ ਹਨ। ਇਨ੍ਹਾਂ ਦਾ ਇਸ ਤਰ੍ਹਾਂ ਜੁੜਨਾ ਵੀ ਨਿਯਮਬੱਧ ਹੈ, ਜਾਂ ਤਾਂ ਇਹ ਇਕ ਦੂਜੇ ਨਾਲ ਸਿੱਧੇ ਜੁੜੇ ਹੋਣਗੇ ਜਾਂ ਫਿਰ ਕਿਸੇ ਬਾਰੀਕ ਧਾਗੇ ਉਪਰ ਇਹ ਜੀਨਜ਼ ਵਖਰੇ-ਵਖਰੇ ਜੁੜੇ ਹੁੰਦੇ ਹਨ। ਕ੍ਰੋਮੋਸੋਮ ਸੈੱਲ-ਵੰਡ ਰਾਹੀਂ ਇਕ ਪੀੜ੍ਹੀ ਦੀ ਜਣਨਕ ਸਮਰੱਥਾ (ਜੀਨਜ਼) ਦੂਜੀ ਪੀੜ੍ਹੀ ਤਕ ਪਹੁੰਚਣ ਵਿਚ ਸਹਾਈ ਹੁੰਦੇ ਹਨ। ਇਕ ਵਿਸ਼ੇਸ਼ ਸੈੱਟ ਜਾਂ ਕੇਰੀਓਟਾਈਪ ਹਰੇਕ ਜਾਤੀ ਲਈ ਪਛਾਣਿਆ ਜਾਂਦਾ ਹੈ। ਭਾਵੇਂ ਇਹ ਸੱਚ ਨਹੀਂ ਕਿ ਇਹ ਧਾਗਿਆਂ ਦੇ ਗੁੱਛੇ ਵਾਂਗ ਉਲਝੇ ਪਏ ਹਨ, ਇਹ ਸੋਚ ਲੈਣਾ ਹੀ ਠੀਕ ਹੈ ਕਿ ਇਕ ਨਾ-ਵੰਡੇ ਜਾ ਰਹੇ ਸੈੱਲ ਵਿਚ ਇਹ ਖਿਲਰੇ ਹੋਏ ਅਤੇ ਖੁੱਲ੍ਹੀ ਹਾਲਤ ਵਿਚ ਆਪਣਾ ਵਖਰਾਪਣ ਕਾਇਮ ਰਖੇ ਹੋਏ ਹੁੰਦੇ ਹਨ।

ਡੀ ਐਨ ਏ (DNA) ਤੋਂ ਇਲਾਵਾ ਕ੍ਰੋਮੋਸੋਮਾਂ ਦਾ ਇਕ ਸਭ ਤੋਂ ਵੱਧ ਵਿਸ਼ੇਸ਼ ਅੰਸ਼, ਪ੍ਰੋਟੀਨਾਂ ਦੀ ਇਕ ਸ਼੍ਰੇਣੀ, ਹਿਸਟੋਨਜ਼ ਹੈ। ਬਹੁਤ ਸਾਰੇ ਸੈੱਲਾਂ ਵਿਚ ਇਨ੍ਹਾਂ ਦੀਆਂ ਪੰਜ ਕਿਸਮਾਂ ਹੀ ਮਿਲਦੀਆਂ ਹਨ। ਕ੍ਰੋਮੋਸੋਮਾਂ ਵਿਚ 'ਨਾਨ-ਹਿਸਟੋਨ ਪ੍ਰੋਟੀਨਾਂ' ਵੀ ਹੁੰਦੀਆਂ ਹਨ, ਜਿਨ੍ਹਾਂ ਬਾਰੇ ਅਜੇ ਬਹੁਤ ਹੀ ਥੋੜ੍ਹਾ ਗਿਆਨ ਹੈ। ਇਨ੍ਹਾਂ ਵਿਚ ਆਰ ਐਨ ਏ (RNA) ਵੀ ਹੁੰਦਾ ਹੈ। ਕੁਝ ਪ੍ਰਕਾਸ਼ਿਤ ਵਿਸ਼ਲੇਸ਼ਣ ਇਹ ਸੁਝਾਅ ਦਿੰਦੇ ਹਨ ਕਿ ਕ੍ਰੋਮੋਸੋਮਾਂ ਵਿਚ 60 ਤੋਂ 70 ਪ੍ਰਤਿਸ਼ਤ ਪ੍ਰੋਟੀਨ ਹੁੰਦੀ ਹੈ, ਜਿਸ ਵਿਚ ਅੱਧੀ ਹਿਸਟੋਨ ਮਿਲਦੀ ਹੈ, ਡੀ ਐਨ ਏ 15 ਤੋਂ 30 ਪ੍ਰਤਿਸ਼ਤ ਅਤੇ ਬਦਲਵੀਂ ਮਾਤਰਾ ਵਿਚ ਆਰ ਐਨ ਏ ਹੁੰਦਾ ਹੈ; ਜਿਸ ਵਿਚੋਂ ਬਹੁਤਾ ਆਰ ਐਨ ਏ ਰਿਬੋਸੋਮ ਵਾਲਾ ਹੀ ਹੁੰਦਾ ਹੈ।

ਜੇਕਰ ਕਿਸੇ ਪ੍ਰਾਣੀ ਜਾਂ ਪੌਦੇ ਦੇ ਸੈੱਲ ਦੇ ਇਕ ਕ੍ਰੋਮੋਸੋਮ ਦਾ ਸਾਰਾ ਡੀ ਐਨ ਏ ਪੂਰੇ ਫੈਲਾਅ ਵਿਚ ਹੋਵੇ ਤਾਂ ਇਹ ਕਈ ਸੈਂ. ਮੀ. ਤਕ ਫੈਲ ਜਾਏਗਾ। ਬਹੁਤ ਲੰਬੇ ਜਣਨਕ ਧਾਗੇ ਦੀ ਬਣਤਰ ਤਿੰਨ ਸ਼ਬਦਾਂ ਪ੍ਰਾਇਮਰੀ, ਸੈਕੰਡਰੀ ਅਤੇ ਟਰਸ਼ਰੀ ਰਚਨਾ ਵਿਚ ਦਰਸਾਈ ਜਾ ਸਕਦੀ ਹੈ। ਪ੍ਰਾਇਮਰੀ ਰਚਨਾ ਵਿਚ ਫੈਲੇ ਹੋਏ ਡੀ ਐਨ ਏ ਵਿਚ ਮਿਲੇ ਪ੍ਰੋਟੀਨ 50 ਤੋਂ 100 ਐਂਗਸਟ੍ਰਾਮ ਘੇਰੇ ਵਾਲੇ ਹੁੰਦੇ ਹਨ। ਪ੍ਰਾਇਮਰੀ ਧਾਗਾ ਕੱਸ ਕੇ ਬੰਨ੍ਹਿਆ ਹੁੰਦਾ ਹੈ, ਸ਼ਾਇਦ ਵਲ੍ਹੇਟਿਆ ਹੋਇਆ ਹੋਵੇ ਅਤੇ ਇੰਜ ਵਲ੍ਹੇਟੇ ਹੋਏ ਧਾਗਿਆਂ ਦਾ ਘੇਰਾ 200 ਤੋਂ 300 ਐਂਗਸਟ੍ਰਾਮ ਹੋ ਸਕਦਾ ਹੈ। ਅਜਿਹੇ ਧਾਗੇ ਇਲੈੱਕਟ੍ਰਾਨੀ ਮਾਈਕ੍ਰੋਸਕੋਪ ਨਾਲ ਦੇਖੇ ਜਾ ਸਕਦੇ ਹਨ। ਇਸ ਤੋਂ ਅਗਲੇਰਾ ਸੰਘਣਾਪਨ 200-300 ਐਂਗਸਟ੍ਰਾਮ ਧਾਗਿਆਂ ਦੇ ਕੁੰਡਲ ਜਾਂ ਸਲਵਟਾਂ ਕਾਰਨ ਹੁੰਦਾ ਹੈ ਅਤੇ ਇੰਜ ਕ੍ਰੋਮੋਸੋਮ ਸੰਘਣੇ ਹੋ ਜਾਂਦੇ ਹਨ ਅਤੇ ਪ੍ਰਕਾਸ਼ੀ ਮਾਈਕ੍ਰੋਸਕੋਪ ਦੁਆਰਾ ਦੇਖੇ ਜਾ ਸਕਦੇ ਹਨ।

1873 ਵਿਚ ਐਨਟਨ ਸ਼ਨੀਡਰ ਦੁਆਰਾ ਇਨ੍ਹਾਂ ਦੇ ਲੱਭੇ ਜਾਣ ਤੋਂ ਪਿੱਛੋਂ ਇਨ੍ਹਾਂ ਦੀ ਵਿਸ਼ੇਸ਼ ਨੁਹਾਰ, ਸੈੱਲ ਵੰਡ, ਪ੍ਰਵਰਧਨ ਅਤੇ ਸੁਮੇਲ ਤੋਂ ਲੈ ਕੇ ਜਣਨਕ ਤੱਤਾਂ ਦੇ ਬਣਨ ਵੇਲੇ ਤਕ ਦਾ ਵਚਿਤਰ ਵਤੀਰਾ, ਖੋਜ ਦਾ ਇਕ ਵਿਸ਼ੇਸ਼ ਵਿਸ਼ਾ ਰਿਹਾ ਹੈ। ਪਿਛਲੇ ਤਿੰਨ ਦਹਾਕਿਆਂ ਵਿਚ ਕੀਤੀ ਖੋਜ ਮੈਂਡਲ ਦੁਆਰਾ ਦਿਤੇ ਰਚਨਾਤਮਕ ਬਣਤਰ ਬਾਰੇ ਵਖਰਾਕਰਨ-ਨਿਯਮ ਦੀ ਪੁਸ਼ਟੀ ਕਰਦੀ ਹੈ। ਇਸ ਸਮੇਂ ਤੋਂ ਕ੍ਰੋਮੋਸੋਮਾਂ ਦੇ ਪ੍ਰਜਣਨਕ ਤਜਰਬਿਆਂ ਦੇ ਸਬੰਧ ਵਿਚ ਵਤੀਰੇ ਦੀ ਗੰਭੀਰ ਖੋਜ, ਆਧੁਨਿਕ-ਜੀਵ-ਵਿਗਿਆਨ ਦਾ ਇਕ ਸਭ ਤੋਂ ਵੱਧ ਦਰਸ਼ਨੀ ਸਿਧਾਂਤ ਕ੍ਰੋਮੋਸੋਮ-ਜੀਨ-ਥਿਊਰੀ ਬਣਾਉਣ ਵਿਚ ਉਪਯੋਗੀ ਸਿੱਧ ਹੋਈ ਹੈ।

ਕੁਝ ਕੁ ਪ੍ਰਾਣੀਆਂ ਅਤੇ ਪੌਦਿਆਂ ਦੀਆਂ ਜਾਤੀਆਂ ਵਿਚ ਕ੍ਰੋਮੋਸੋਮਾਂ ਦੀ ਦੁਗਣੀ ਗਿਣਤੀ (2n) ਹੇਠਾਂ ਦਿਤੀ ਗਈ ਹੈ :—

| | |
|---|---|
| ਮਨੁੱਖ | 46 |
| ਬਾਂਦਰ | 42 |
| ਘੋੜਾ | 66 |
| ਬਿੱਲੀ | 38 |
| ਕੁੱਤਾ | 78 |
| ਮੱਛਰ | 06 |
| ਕਬੂਤਰ | 79,80 |
| ਡੱਡੂ | 26 |
| ਚੂਹਾ | 42 |

| | |
|---|---|
| ਗੋਭੀ, ਗਾਜਰ | 18 |
| ਆੜੂ | 48 |
| ਸੇਬ | 34 ਅਤੇ 51 |
| ਸੰਤਰਾ | 18, 27 ਅਤੇ 36 |
| ਸੂਰਜ ਮੁਖੀ | 34 |
| ਆਲੂ | 48 |
| ਟਮਾਟਰ | 24 |
| ਝੋਨਾ | 24 |

ਹ. ਪੁ.—ਐਨ. ਬ੍ਰਿ. 5 : 712; ਐਨ. ਬ੍ਰਿ. 3 : 1048; ਪ੍ਰਿੰਸੀਪਲਜ਼ ਆਫ਼ ਜੈਨਿਟਿਕਸ. 11 : ਐਨ. ਅਮੈ. 12: 385; ਐਨ. ਬ੍ਰਿ. 10 : 65

**ਕਰੋਲੀ, ਹਰਬਰਟ ਡੇਵਿਡ :** ਇਸ ਅਮਰੀਕਨ ਲੇਖਕ, ਸੰਪਾਦਕ ਅਤੇ ਰਾਜਨੀਤਕ ਦਾਰਸ਼ਨਿਕ ਦਾ ਜਨਮ 23 ਜਨਵਰੀ, 1869 ਨੂੰ ਨਿਊਯਾਰਕ ਸ਼ਹਿਰ ਵਿਚ ਹੋਇਆ। ਪੜ੍ਹਾਈ ਪਿਛੋਂ ਇਸ ਨੇ ਸੰਪਾਦਨ ਅਤੇ ਸ਼ਿਲਪ-ਕਲਾ ਸਬੰਧੀ ਰਸਾਲੇ ਕੱਢੇ। ਇਸ ਦੀ ਪ੍ਰਸਿੱਧ ਪੁਸਤਕ 'ਦਾ ਪਰਾਮਿਸ ਆਫ ਅਮਰੀਕਨ ਲਾਈਫ' (1909) ਵਿਚ ਸਮਾਜਕ ਅਤੇ ਰਾਜਸੀ ਸਮੱਸਿਆਵਾਂ ਦਾ ਚਿਤਰਨ ਹੋਇਆ ਮਿਲਦਾ ਹੈ। 1914 ਵਿਚ ਇਸ ਨੇ 'ਨਿਊ ਰੀਪਬਲਿਕ' ਅਖ਼ਬਾਰ ਕੱਢੀ। ਇਸ ਨੂੰ ਮੁੱਖ ਤੌਰ ਤੇ ਪ੍ਰਧਾਨ ਵਿਲਸਨ ਦਾ ਬੁਲਾਰਾ ਕਿਹਾ ਜਾਂਦਾ ਸੀ। ਇਸ ਨੇ ਅਮਰੀਕਨ ਸ਼ਿਸ਼ਟਾਚਾਰ ਨੂੰ ਨਿੰਦਿਆ ਅਤੇ ਲੋਕਰਾਜੀ ਸੰਸਥਾਵਾਂ ਦੀ ਪ੍ਰੋੜ੍ਹਤਾ ਕੀਤੀ। ਇਸ ਦੇ ਵਿਚਾਰ ਦਾਰਸ਼ਨਿਕ ਅਤੇ ਧਾਰਮਕ ਸਨ। ਇਸ ਨੇ ਜੀਵਨੀਆਂ ਅਤੇ ਸ਼ਿਲਪਕਲਾ ਉਤੇ ਵੀ ਪੁਸਤਕਾਂ ਲਿਖੀਆਂ। ਇਸ ਦੀ ਮੌਤ 17 ਮਈ, 1930 ਨੂੰ ਨਿਊਯਾਰਕ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 6 : 791.

**ਕਰੋਲੀ, ਰਾਬਰਟ :** ਇਸ ਅੰਗਰੇਜ਼ ਸਮਾਜ ਸੁਧਾਰਕ ਦਾ ਜਨਮ 1518 ਈ. ਵਿਚ ਹੋਇਆ। ਇਹ ਮੈਗਡਾਲੇਨ ਕਾਲਜ ਆਕਸ-ਫੋਰਡ ਤੋਂ ਵਿਦਿਆ ਪ੍ਰਾਪਤ ਕਰਕੇ ਉਥੇ ਹੀ ਫੈਲੋ ਲੱਗ ਗਿਆ। ਇਸਨੇ ਹੋਲਬੋਰਨ ਲੰਡਨ ਵਿਖੇ ਪ੍ਰਿੰਟਿੰਗ ਦਫਤਰ ਸਥਾਪਿਤ ਕੀਤਾ ਅਤੇ ਉਥੇ ਆਪਣੇ ਕਈ ਟ੍ਰੈਕਟ ਪ੍ਰਕਾਸ਼ਤ ਕੀਤੇ। ਇਸਨੇ ਆਪਣੀਆਂ ਰਚਨਾਵਾਂ ਵਿਚ ਉਸ ਸਮੇਂ ਦੇ ਭੂਮੀਪਤੀਆਂ ਅਤੇ ਪੂੰਜੀਪਤੀਆਂ ਉਤੇ ਵਿਅੰਗ ਕੀਤਾ ਹੈ। ਇਸ ਨੇ ਕਵਿਤਾ ਵਿਚ ਤਿੰਨ ਪੁਸਤਕਾਂ ਲਿਖੀਆਂ। ਮਹਾਰਾਣੀ ਮੈਰੀ ਦੇ ਰਾਜ ਵਿਚ ਇਸਨੂੰ ਫਰੈਂਕਫਰਟ ਵਿਖੇ ਦੇਸ਼ ਨਿਕਾਲਾ ਦੇ ਦਿੱਤਾ ਗਿਆ ਪਰ ਐਲਜ਼ਬੈਥ ਪਹਿਲੀ ਦੇ ਰਾਜ ਵਿਚ ਇਹ 1559 ਈ. ਵਿਚ ਹੈਰੇਫਰਡ ਦਾ ਪਾਦਰੀ ਅਤੇ 1563 ਈ. ਵਿਚ ਸੇਂਟ ਪਾਲ ਦਾ ਵਜ਼ੀਫਾ ਪ੍ਰਾਪਤ ਪਾਦਰੀ ਨਿਯੁਕਤ ਹੋਇਆ। ਇਸ ਦੀ ਮ੍ਰਿਤੂ 18 ਜੂਨ, 1588 ਨੂੰ ਹੋਈ।

ਹ. ਪੁ.—ਐਨ. ਬ੍ਰਿ. 6 : 819; ਐਨ. ਐਵ. 4 : 195

**ਕਰੋੜਾ ਸਿੰਘੀਆ ਮਿਸਲ :** ਇਸ ਮਿਸਲ ਦਾ ਬਾਨੀ ਕਰੋੜਾ ਸਿੰਘ ਜੱਟ ਪੈਜਗੜ੍ਹ (ਜ਼ਿਲ੍ਹਾ ਗੁਰਦਾਸਪੁਰ) ਦਾ ਵਸਨੀਕ ਸੀ ਇਸ ਲਈ ਇਸ ਮਿਸਲ ਦਾ ਨਾਂ ਕਰੋੜਾ ਸਿੰਘੀਆ ਮਿਸਲ ਪੈ ਗਿਆ। ਕਰੋੜਾ ਸਿੰਘ ਦੇ ਪਿੰਡ ਦੇ ਨਾਂ ਤੇ ਇਸ ਮਿਸਲ ਨੂੰ ਪੈਜਗੜ੍ਹੀਆ ਮਿਸਲ ਵੀ ਕਿਹਾ ਜਾਂਦਾ ਸੀ। 1748 ਈ. ਵਿਚ ਜਦੋਂ 12 ਮਿਸਲਾਂ ਬਣੀਆਂ ਤਾਂ ਕਰੋੜਾ ਸਿੰਘ ਨੇ ਆਪਣੇ ਸਾਥੀਆਂ ਮਸਤਾਨ ਸਿੰਘ ਅਤੇ ਕਰਮ ਸਿੰਘ ਨਾਲ ਰਲਕੇ ਆਪਣੀ ਵੱਖਰੀ ਮਿਸਲ ਬਣਾ ਲਈ। ਕਿਉਂਕਿ ਕਰੋੜਾ ਸਿੰਘ ਦੇ ਕੋਈ ਔਲਾਦ ਨਹੀਂ ਸੀ ਇਸ ਲਈ ਕਰੋੜਾ ਸਿੰਘ ਪਿਛੋਂ ਬਘੇਲ ਸਿੰਘ ਇਸ ਮਿਸਲ ਦਾ ਜਥੇਦਾਰ ਬਣਿਆ। ਇਸ ਨੇ ਕਰਨਾਲ ਤੋਂ 32 ਕਿ. ਮੀ. ਦੂਰ ਛਲੌਂਦੀ ਆਪਣੀ ਰਾਜਧਾਨੀ ਬਣਾ ਲਈ। ਇਸ ਸਮੇਂ ਉਸ ਅਧੀਨ 12000 ਸਿਪਾਹੀ ਸਨ।

ਸੰਨ 1778 ਵਿਚ ਸਿੱਖ ਸਰਹਿੰਦ ਦੇ ਫੌਜਦਾਰ ਮੁੱਲਾ ਅਹਿ-ਮਦ ਦਾਦ ਵਿਰੁਧ ਉੱਠ ਖੜ੍ਹੇ ਅਤੇ ਉਸਨੂੰ ਕਤਲ ਕਰ ਦਿੱਤਾ। ਇਨ੍ਹਾਂ ਨੇ ਮੁਸਲਮਾਨਾਂ ਤੋਂ ਮਾਲਵਾ ਦੇਸ਼ ਵੀ ਜਿੱਤ ਲਿਆ। ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ ਨੂੰ ਇਸਦੀ ਸੂਹ ਮਿਲਣ ਤੇ ਉਸਨੇ ਸ਼ਹਿਜ਼ਾਦਾ ਜਵਾਨ ਬਖ਼ਤ ਦੀ ਕਮਾਨ ਅਧੀਨ ਅਬਦੁਲ ਅਹਿਦ ਖਾਨ ਨੂੰ ਸਿੱਖਾਂ ਨੂੰ ਮਾਰ ਭਜਾਉਣ ਲਈ ਭੇਜਿਆ। ਇਸ ਸਮੇਂ ਸ਼ਾਹੀ ਫੌਜਾਂ ਵਿਚ 20,000 ਜਵਾਨ ਸਨ। ਇਹ ਬਿਨਾਂ ਕਿਸੇ ਰੋਕ ਟੋਕ ਦੇ ਕਰਨਾਲ ਤੱਕ ਪਹੁੰਚ ਗਏ। ਇਥੋਂ ਇਨ੍ਹਾਂ ਨਾਲ ਬਘੇਲ ਸਿੰਘ ਵੀ ਮਿਲ ਗਿਆ। ਕਲਸੀਆਂ ਦੇ ਸਰਦਾਰ, ਜੋ ਕਿ ਉਸ ਸਮੇਂ ਬਹੁਤ ਤਾਕਤਵਰ ਸਨ, ਕੈਥਲ ਦੇ ਦੇਸੂ ਸਿੰਘ ਅਧੀਨ ਬਾਦਸ਼ਾਹੀ ਫੌਜਾਂ ਨਾਲ ਮਿਲ ਗਏ। ਬਾਗੀ ਸਿੱਖਾਂ ਨੂੰ ਨਵਾਬ ਨੇ ਤਿੰਨ ਲੱਖ ਰੁਪਏ ਜੁਰਮਾਨਾ ਦੇਣ ਲਈ ਮਜਬੂਰ ਕਰ ਦਿੱਤਾ ਅਤੇ ਉਨ੍ਹਾਂ ਨੇ ਅੱਗੋਂ ਤੋਂ ਸਾਲਾਨਾ ਨਜ਼ਰਾਨਾ ਅਦਾ ਕਰਨ ਦੀ ਵੀ ਕਸਮ ਖਾਧੀ। ਕਰਨਾਲ ਤੋਂ ਸ਼ਾਹੀ ਫੌਜ ਸਿੱਖ ਫੌਜਾਂ ਨੂੰ ਨਾਲ ਲੈ ਕੇ ਉੱਤਰ ਵਲ ਵਧੀ ਪਰੰਤੂ ਪਟਿਆਲਾ ਦੇ ਰਾਜਾ ਅਮਰ ਸਿੰਘ ਨੇ ਇਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਿਆ। ਪਟਿਆਲੇ ਦੇ ਰਾਜੇ ਦਾ ਸਾਥ ਜੀਂਦ, ਨਾਭਾ, ਭਦੌੜ ਅਤੇ ਮਲੌਦ ਦੇ ਫੂਲਕੀਆ ਸਰਦਾਰਾਂ ਅਤੇ ਕਨ੍ਹਈਆ ਅਤੇ ਰਾਮਗੜ੍ਹੀਆ ਮਿਸਲ ਦੇ ਸਰਦਾਰਾਂ ਨੇ ਦਿੱਤਾ। ਸਿੱਖ ਮਿਸਲਾਂ ਦੀ ਸਾਂਝੀ ਫੌਜ ਨੇ ਬਾਦਸ਼ਾਹੀ ਫੌਜਾਂ ਤੇ ਸਖਤ ਹਮਲਾ ਕੀਤਾ ਜਿਸ ਨਾਲ ਸ਼ਾਹੀ ਫੌਜਾਂ ਦਿਲ ਛੱਡ ਬੈਠੀਆਂ, ਵਿਜੇਈ ਸਿੱਖ ਇਸ ਮਾਰੂ ਮੁਹਿੰਮ ਪਿਛੋਂ 1778-79 ਦੀ ਸਰਦੀ ਦੀ ਰੁੱਤ ਵਿਚ ਉਤਲੇ ਦੁਆਬੇ ਵਿਚ ਜਾ ਵੜੇ ਅਤੇ ਉਸਨੂੰ ਲੁੱਟ ਲਿਆ। ਇਸ ਲੜਾਈ ਸਮੇਂ ਬਘੇਲ ਸਿੰਘ ਕਰੋੜਾ ਸਿੰਘੀਆ ਨਾਮਵਰ ਸਰਦਾਰ ਬਾਦਸ਼ਾਹੀ ਫੌਜਾਂ ਨਾਲ ਸੀ।

ਅਰਾਜਕਰਤਾ ਸਮੇਂ, ਜਦੋਂ ਕਿ ਇਕ ਤਾਕਤਵਰ ਮੁਗਲ ਬਾਦ-ਸ਼ਾਹਤ ਡੁਬਦੀ ਜਾ ਰਹੀ ਸੀ, ਪੰਜਾਬ ਤੇ ਮਰਹੱਟਿਆਂ ਨੇ ਵੀ ਲਲ-ਚਾਈਆਂ ਅੱਖਾਂ ਨਾਲ ਵੇਖਣਾ ਸ਼ੁਰੂ ਕੀਤਾ। ਧਾਰ ਰਾਓ ਮਰਹੱਟੇ ਦੀ ਪਟਿਆਲੇ ਦੀ ਮੁਹਿੰਮ ਕਾਮਯਾਬ ਸਿੱਧ ਹੋਈ। ਸੰਨ 1788 ਵਿਚ ਇਕ ਹੋਰ ਅੰਬਾ ਰਾਓ ਮਰਹੱਟਾ ਨੇ ਪੰਜਾਬ ਤੇ ਅਚਾਨਕ ਹਮਲਾ ਕਰ ਦਿੱਤਾ। ਉਸ ਨਾਲ ਜ਼ਾਬਿਤਾ ਖ਼ਾਂ ਦਾ ਲੜਕਾ ਗ਼ੁਲਾਮ ਕਾਦਰ ਰੁਹੇਲਾ ਵੀ ਸੀ। ਇਨ੍ਹਾਂ ਨੂੰ ਸੱਦਾ ਦੇਣ ਵਾਲਾ ਸਭ ਤੋਂ ਪਹਿਲਾ ਸਰਦਾਰ ਬਘੇਲ ਸਿੰਘ ਹੀ ਸੀ। ਇਹ ਉਨ੍ਹਾਂ ਦਾ ਪੱਕਾ ਅਨੁਆਈ ਸੀ।

ਬਘੇਲ ਸਿੰਘ ਦੀ ਮੌਤ ਪਿਛੋਂ ਇਸਦੇ ਦੋਸਤ ਅਤੇ ਸਾਥੀ ਗੁਰਬਖਸ਼ ਸਿੰਘ ਜੋ ਕਿ ਕਲਸੀਆ ਖ਼ਾਨਦਾਨ ਦਾ ਬਾਨੀ ਸੀ, ਦਾ ਲੜਕਾ ਜੋਧ ਸਿੰਘ ਕਰੋੜਾ ਸਿੰਘੀਆ ਮਿਸਲ ਦਾ ਜਥੇਦਾਰ ਬਣਿਆ, ਭਾਵੇਂ ਇਸ ਦੀਆਂ ਵਿਧਵਾਵਾਂ ਰਾਮ ਕੌਰ ਅਤੇ ਰਾਜ ਕੌਰ ਬਹੁਤ ਦੇਰ ਛਲੌਂਦੀ ਰਹੀਆਂ ਪਰੰਤੂ ਉਨ੍ਹਾਂ ਦੀ ਮੌਤ ਪਿਛੋਂ 1845 ਈ. ਵਿਚ ਉਨ੍ਹਾਂ ਦੀ ਜਾਇਦਾਦ ਅੰਗਰੇਜ਼ੀ ਸਰਕਾਰ ਪਾਸ ਚਲੀ ਗਈ। ਜੋਧ ਸਿੰਘ ਬਹੁਤ ਕਾਬਲ ਮਨੁੱਖ ਸੀ। ਇਸਨੇ ਪਟਿਆਲਾ ਅਤੇ ਨਾਭਾ ਰਿਆਸਤਾਂ ਦੇ ਕੁਝ ਕੁ ਇਲਾਕੇ ਆਪਣੇ ਅਧੀਨ ਕਰ ਲਏ। ਇਸਦੀ ਮੌਤ 1818 ਈ. ਵਿਚ ਮੁਲਤਾਨ ਦੇ ਘੇਰੇ ਸਮੇਂ ਹੋਈ। ਇਸ ਤਰ੍ਹਾਂ ਕਰੋੜਾ ਸਿੰਘੀਆ ਮਿਸਲ ਕਲਸੀਆ ਖ਼ਾਨਦਾਨ ਵਿਚ ਮਿਲ ਗਈ।

ਹ. ਪੁ.—ਹਿੰ. ਪੰ.

**ਕ੍ਰੌਂਚ :** ਇਹ ਹਿਮਾਲੀਆ ਦੀ ਧਾਰਾ ਦਾ ਇਕ ਪਰਬਤ ਹੈ। ਹਰਿਵੰਸ਼ ਅਨੁਸਾਰ ਇਹ ਮੈਨਾਕ ਦਾ ਪੁੱਤਰ ਅਤੇ ਹਿਮਾਲੀਆ ਦਾ ਪੋਤਰਾ ਸੀ। ਮਹਾਂਭਾਰਤ ਵਿਚ ਕਥਾ ਹੈ ਕਿ ਕ੍ਰੌਂਚ ਪਰਬਤ ਅਜਿਹਾ ਮਸਤਿਆ ਕਿ ਕ੍ਰੌਂਚ-ਦੀਪ ਦੇ ਵਸਨੀਕਾਂ ਨੂੰ ਦਰੜਨ ਲੱਗਾ। ਇਸ ਤੋਂ ਦੁਖੀ ਹੋ ਕੇ ਸਾਰੇ ਲੋਕ ਕਾਰਤਿਕੇਯ ਦੀ ਸ਼ਰਨ ਗਏ, ਜਿਸ ਤੇ ਸ਼ਿਵ ਪੁਤਰ ਨੇ ਤੀਰ ਅਥਵਾ ਬਰਛੀ ਅਜਿਹੀ ਮਾਰੀ ਕਿ ਪਹਾੜ ਨੂੰ ਬਿੰਨ੍ਹ ਦਿੱਤਾ ਅਤੇ ਖੜਗ ਨਾਲ ਕ੍ਰੌਂਚ ਦਾ ਸਿੰਗ ਵੱਢ ਦਿੱਤਾ।

ਪੁਰਾਣਾਂ ਅਨੁਸਾਰ ਇਹ ਵੀ ਆਉਂਦਾ ਹੈ ਕਿ ਕ੍ਰੌਂਚ ਸੱਤ ਦੀਪਾਂ ਵਿਚੋਂ ਇਕ ਦੀਪ ਹੈ, ਜਿਸ ਵਿਚ ਕ੍ਰੌਂਚ ਪਹਾੜ ਹੈ। ਇਹ ਖੀਰ ਸਮੁੰਦਰ ਨਾਲ ਘਿਰਿਆ ਹੋਇਆ ਮੰਨਿਆ ਗਿਆ ਹੈ। ਇਸ ਦਾ ਪ੍ਰਮਾਣ ਸੋਲਾਂ ਲੱਖ ਯੋਜਨ ਲਿਖਿਆ ਹੈ।

ਹ. ਪੁ.—ਮ. ਕੋ.

**ਕਰੌਲੀ** : ਰਾਜਪੂਤਾਨੇ (ਭਾਰਤ) ਦੇ ਪੂਰਬ ਵਿਚ ਇਹ ਇਕ ਸਾਬਕਾ ਰਿਆਸਤ ਸੀ ਜਿਸਦਾ ਖੇਤਰਫਲ ਲਗਭਗ 3,180 ਵ. ਕਿ. ਮੀ. ਸੀ । ਇਸਦੇ ਉੱਤਰ ਵਲ ਭਰਤਪੁਰ ਰਿਆਸਤ, ਉੱਤਰ-ਪੱਛਮ ਅਤੇ ਪੱਛਮ ਵੱਲ ਜੈਪੁਰ, ਦੱਖਣ ਤੇ ਦੱਖਣ-ਪੂਰਬ ਵਲ ਗਵਾਲੀਅਰ ਅਤੇ ਪੂਰਬ ਵਲ ਧੌਲਪੁਰ ਰਿਆਸਤਾਂ ਸਨ । ਇਸ ਰਿਆਸਤ ਦੀ ਰਾਜਧਾਨੀ ਕਰੌਲੀ ਸ਼ਹਿਰ ਸੀ ।

ਕਰੌਲੀ ਰਿਆਸਤ ਦਾ ਮਹਾਰਾਜਾ ਜਾਦੋਂ ਰਾਜਪੂਤਾਂ ਦੇ ਕਬੀਲੇ ਦਾ ਮੁੱਖੀਆ ਹੁੰਦਾ ਸੀ ਜੋ ਆਪਣੇ ਆਪ ਨੂੰ ਕ੍ਰਿਸ਼ਨ ਦੇ ਵੰਸ਼ ਵਿਚੋਂ ਮੰਨਦਾ ਸੀ । 1196 ਈ. ਵਿਚ ਮਹਾਰਾਜਾ ਕੰਵਰ ਪਾਲ ਦੇ ਸਮੇਂ ਮੁਹੰਮਦ ਗੌਰੀ ਅਤੇ ਉਸਦੇ ਜਨਰਲ ਕੁਤਬ-ਉ-ਦੀਨ ਨੇ ਜਾਦੋਂ ਕਬੀਲੇ ਦੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ ਅਤੇ ਕੰਵਰ ਪਾਲ ਰਿਆਸਤ ਛਡਕੇ ਦੌੜ ਗਿਆ । ਇਸਦੇ ਉਤਰਅਧਿਕਾਰੀਆਂ ਵਿਚੋਂ ਅਰਜਨ ਪਾਲ ਨੇ ਆਪਣਾ ਇਲਾਕਾ ਵਾਪਸ ਲੈਣ ਦੀ ਕੋਸ਼ਿਸ਼ ਕੀਤੀ ਅਤੇ ਲਗਭਗ 1327 ਈ: ਵਿਚ ਸਾਰੇ ਇਲਾਕੇ ਤੇ ਮੁੜ ਅਧਿਕਾਰ ਜਮਾ ਲਿਆ ।

ਲਗਭਗ ਇਕ ਸੌ ਸਾਲ ਬਾਅਦ ਕਿਹਾ ਜਾਂਦਾ ਹੈ ਕਿ ਮਾਲਵਾ ਦੇ ਮਹਿਮੂਦ ਪਹਿਲੇ ਨੇ ਇਸ ਇਲਾਕੇ ਨੂੰ ਜਿੱਤ ਲਿਆ ਅਤੇ ਇਸਦਾ ਰਾਜ ਆਪਣੇ ਲੜਕੇ ਫਿਦਵੀ ਖ਼ਾਨ ਨੂੰ ਸੌਂਪ ਦਿਤਾ । ਅਕਬਰ ਦੇ ਰਾਜ ਕਾਲ ਸਮੇਂ (1556-1605) ਇਸ ਰਿਆਸਤ ਨੂੰ ਦਿੱਲੀ ਦੇ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਕਰੌਲੀ ਦੇ ਮੁੱਖੀਆਂ ਵਿਚੋਂ ਸਭ ਤੋਂ ਪ੍ਰਸਿੱਧ ਗੋਪਾਲ ਦਾਸ ਜਿਸਨੂੰ ਬਾਦਸ਼ਾਹਾਂ ਦੀ ਹਮਾਇਤ ਹਾਸਲ ਸੀ, ਨੂੰ 2000 ਆਦਮੀ ਦਾ ਕਮਾਂਡਰ ਬਣਾ ਦਿਤਾ ਗਿਆ । ਕਿਹਾ ਜਾਂਦਾ ਹੈ ਕਿ ਅਕਬਰ ਦੇ ਕਹਿਣ ਤੇ ਇਸਨੇ ਹੀ ਆਗਰਾ ਕਿਲੇ ਦੀ ਨੀਂਹ ਰੱਖੀ ਸੀ । ਮੁਗਲਾਂ ਦੇ ਪਤਨ ਤੋਂ ਬਾਅਦ ਇਸ ਰਿਆਸਤ ਤੇ ਮਰਹੱਟਿਆਂ ਨੇ ਕਬਜ਼ਾ ਕਰ ਲਿਆ ਅਤੇ 25000 ਰੁ. ਦੀ ਖਰਾਜ ਲੈਣੀ ਸ਼ੁਰੂ ਕਰ ਦਿਤੀ । 9 ਨਵੰਬਰ, 1817 ਨੂੰ ਈਸਟ ਇੰਡੀਆ ਕੰਪਨੀ ਨੇ ਇਕ ਸੰਧੀ ਦੁਆਰਾ ਕਰੌਲੀ ਨੂੰ ਮਰਹੱਟਿਆਂ ਦੇ ਖਰਾਜ ਤੋਂ ਮੁਕਤ ਕਰਵਾਇਆ ਅਤੇ ਆਪਣੀ ਹਿਫਾਜ਼ਤ ਅਧੀਨ ਲੈ ਲਿਆ । ਫਿਰ ਮਹਾਰਾਜੇ ਨੂੰ ਖਰਾਜ ਵਗੈਰਾ ਤੋਂ ਮੁਕਤ ਕਰ ਦਿਤਾ ਪਰ ਲੋੜ ਪੈਣ ਤੇ ਅੰਗਰੇਜ਼ ਸਰਕਾਰ ਨੂੰ ਫੌਜੀ ਮਦਦ ਜ਼ਰੂਰੀ ਦੇਣੀ ਪੈਂਦੀ ਸੀ ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਸੰਨ 1949 ਵਿਚ ਇਸ ਰਿਆਸਤ ਨੂੰ ਭਾਰਤ ਦੇ ਰਾਜਸਥਾਨ ਰਾਜ ਵਿਚ ਮਿਲਾ ਲਿਆ ਗਿਆ ।

ਹ. ਪੁ.—ਐਨ. ਬ੍ਰਿ. ਮਾ. 5 : 708: ਇੰਪ. ਗ. ਇੰਡ. 15 : 24

**ਕਰੌਲੀ : ਸ਼ਹਿਰ**—ਇਹ ਭਾਰਤ ਦੇ ਰਾਜਸਥਾਨ ਰਾਜ ਵਿਚ ਸਵਾਏ-ਮਾਧੋਪੁਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਮਥਰਾ, ਗਵਾਲੀਅਰ, ਆਗਰਾ, ਅਲਵਰ, ਜੈਪੁਰ ਅਤੇ ਟੌਂਕ ਤੋਂ 120 ਕਿ. ਮੀ. ਦੇ ਇਕੋ ਜਿਹੇ ਫਾਸਲੇ ਤੇ ਵਾਕਿਆ ਹੈ । ਇਹ ਜ਼ਰਾਇਤੀ ਵਸਤਾਂ ਦੀ ਮੰਡੀ ਹੈ ਅਤੇ ਹੱਥ ਖੱਡੀ ਦੇ ਗਲੀਚਿਆਂ ਲਈ ਬਹੁਤ ਪ੍ਰਸਿੱਧ ਹੈ । ਇਸ ਸ਼ਹਿਰ ਦੀ ਨੀਂਹ ਰਾਜਾ ਅਰਜਨਪਾਲ ਨੇ 1348 ਈ. ਵਿਚ ਰੱਖੀ ਸੀ । ਸ਼ੁਰੂ ਵਿਚ ਇਸ ਸ਼ਹਿਰ ਨੂੰ ਕਲਿਆਨ ਜੀ ਦੇ ਮੰਦਰ ਪਿਛੇ ਕਲਿਆਨਪੁਰੀ ਆਖਿਆ ਜਾਂਦਾ ਸੀ । ਇਹ ਸ਼ਹਿਰ ਰਾਜਪੂਤਾਨੇ ਦੀ ਸਾਬਕਾ ਰਿਆਸਤ ਕਰੌਲੀ ਦੀ ਰਾਜਧਾਨੀ ਸੀ । ਇਥੇ ਕਈ ਸੁੰਦਰ ਮੰਦਰ ਹਨ । ਸਭ ਤੋਂ ਸੁੰਦਰ ਮੰਦਰ ਪਰਤਾਪ ਸਰੋਮਾਨ ਹੈ ਜਿਸਨੂੰ ਪ੍ਰਤਾਪ ਪਾਲ (1837-50) ਨੇ ਮਥਰਾ ਨਮੂਨੇ ਦਾ ਬਣਾਇਆ ਸੀ । 1884 ਈ. ਵਿਚ ਇਥੇ ਮਿਉਂਸਪਲ ਕਮੇਟੀ ਸਥਾਪਤ ਕੀਤੀ ਗਈ ।

ਇਥੇ ਦੋ ਹਸਪਤਾਲ ਅਤੇ ਇਕ ਕਾਲਜ ਹੈ ਜੋ ਰਾਜਸਥਾਨ ਯੂਨੀਵਰਸਿਟੀ ਨਾਲ ਸਬੰਧਤ ਹੈ ।

ਆਬਾਦੀ—27, 821 (1971)

26° 30′ ਉ. ਵਿਥ ; 77° 02′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 24 : ਐਨ. ਬ੍ਰਿ. ਮਾ. 5 : 708

**ਕਲਸ (ਛੰਦ)** : ਇਸ ਛੰਦ ਦਾ ਨਾਂ ਹੁੱਲਾਸ ਵੀ ਹੈ । ਕਵੀ ਸੈਨਾਪਤੀ ਨੇ ਗੁਰੁਸ਼ੋਭਾ ਗ੍ਰੰਥ ਵਿਚ ਇਸ ਦਾ ਨਾਂ ਲੋਟਨ ਛੰਦ ਲਿਖਿਆ ਹੈ । ਇਹ ਛੰਦ ਦੋ ਛੰਦਾਂ ਦੇ ਮੇਲ ਤੋਂ ਬਣਾਇਆ ਜਾਂਦਾ ਹੈ । ਜੋ ਛੰਦ ਕਲਸ (ਸਿਰ) ਪੁਰ ਰਖਿਆ ਜਾਵੇ, ਉਸ ਦਾ ਅੰਤਿਮ ਪਦ ਦੂਜੇ ਛੰਦ ਦੇ ਮੁੱਢ ਸਿੰਘਾਵਲੋਕਨ ਨਯਾਯ ਕਰਕੇ ਆਉਣਾ ਚਾਹੀਦਾ ਹੈ । ਦਸਮ ਗ੍ਰੰਥ ਵਿਚ ਚੌਪਾਈ ਅਤੇ ਤ੍ਰਿਭੰਗੀ ਦੇ ਮੇਲ ਤੋਂ 'ਕਲਸ' ਛੰਦ ਰਚਿਆ ਗਿਆ ਹੈ ਜਿਵੇਂ :—

ਆਦਿ ਅਭੈ ਅਨਗਾਧ ਸਰੂਪੰ,
ਰਾਗ ਰੰਗ ਜਿਹ ਰੇਖ ਨ ਰੂਪੰ,
ਰੰਕ ਭਯੋ ਰਾਵਤ ਕਹੂੰ ਭੂਪੰ,
ਕਹੂੰ ਸਮੁਦ੍ਰ ਸਰਿਤਾ ਕਹੂੰ ਕੂਪੰ,
ਸਰਿਤਾ ਕਹੂੰ ਕੂਪੰ, ਸਮੁਦ ਸਰੂਪੰ,
ਅਲਖ ਬਿਭੂਤੰ ਅਮਿਤਗਤੰ,
ਅਦ੍ਵੈ ਅਬਿਨਾਸੀ, ਪਰਮ ਪ੍ਰਕਾਸੀ,
ਤੇਜ ਸੁਰਾਸੀ, ਅਕ੍ਰਿਤ ਕ੍ਰਿਤੰ,
ਜਿਹ ਰੂਪ ਨ ਰੇਖੰ, ਅਲਖ ਅਭੇਖੰ,
ਅਮਿਤ ਅਦ੍ਵੈਖੰ, ਸਰਬਮਈ,
ਸਬ ਕਿਲਵਿਖਹਰਣੰ ਪਤਿਤਉਧਰਣੰ,
ਅਸਰਣਸਰਣੰ, ਏਕ ਦਈ । (ਗਯਾਨ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਛੰਦਾਂ ਦੇ ਮੇਲ ਤੋਂ ਕਲਸ ਛੰਦ ਰਚੇ ਗਏ ਹਨ, ਜਿਨ੍ਹਾਂ ਦੇ ਕੁਝ ਰੂਪ ਇਸ ਤਰ੍ਹਾਂ ਹਨ :—

ਚੌਪਈ ਅਤੇ ਸਵੈਯੇ ਦੇ ਮੇਲ ਤੋਂ ਕਲਸ, ਜਿਵੇਂ :—

ਸਤਿਗੁਰ ਸੇਵਿ ਪਰਮਪਦੁ ਪਾਯਉ,
ਅਬਿਨਾਸੀ ਅਬਿਗਤੁ ਧਿਆਯਉ,
ਤਿਸ ਭੇਟੇ ਦਾਰਿਦ੍ਰੁ ਨ ਚੰਪੈ,
ਕਲ੍ਯ੍ਯਸਹਾਰੁ ਤਾਸੁ ਗੁਣ ਜੰਪੈ ।
ਜੰਪਉ ਗੁਣ ਬਿਮਲ ਸੁਜਨ ਜਨ ਕੇਰੇ,
ਅਮਿਅਨਾਮੁ ਜਾਕਉ ਫੁਰਿਆ,
ਇਨਿ ਸਤਿਗੁਰੁ ਸੇਵਿ ਸਬਦਰਸੁ ਪਾਯਾ,
ਨਾਮੁ ਨਿਰੰਜਨ ਉਰਿ ਧਰਿਆ,
ਹਰਿਨਾਮ ਰਸਿਕੁ ਗੋਬਿੰਦ ਗੁਣਗਾਹਕੁ
ਚਾਹਕੁ ਤੱਤ ਸਮੱਤਸਰੇ,
ਕਵਿ ਕਲ੍ਯ੍ਯ ਠਕੁਰ ਹਰਿਦਾਸਤਨੇ,
ਗੁਰ ਰਾਮਦਾਸ ਸਰ ਅਭਰ ਭਰੇ ।
(ਸਵੈਯੇ ਮ : ੪ ਕੇ)

ਨਿਤਾ ਅਤੇ ਸਾਰ ਛੰਦ ਦੇ ਮੇਲ ਤੋਂ ਕਲਸ । ਨਿਤਾ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ 12 ਮਾਤ੍ਰਾ ਅੰਤ ਦੋ ਗੁਰੂ ਜਿਵੇਂ :—

ਹਮ ਘਰਿ ਸਾਜਨ ਆਏ, ਸਾਚੈ ਮੇਲਿ ਮਿਲਾਏ,......
ਸਹਿਜ ਮਿਲਾਏ ਹਰਿ ਮਨ ਭਾਏ,
ਪੰਚ ਮਿਲੇ ਸੁਖ ਪਾਇਆ,
ਸਾਈ ਵਸਤੁ ਪਰਾਪਤ ਹੋਈ,
ਜਿਸੁ ਸੇਤੀ ਮਨੁ ਲਾਇਆ......(ਸੂਹੀ ਛੰਤ ਮ : ੧)

ਹ. ਪੁ.—ਮ. ਕੋ.

**ਕਲਸਹਾਰ :** ਉੱਤਰ ਪ੍ਰਦੇਸ਼ ਦੇ ਇਸ ਪ੍ਰਸਿਧ ਭੱਟ ਅਤੇ ਦਸ ਭੱਟਾਂ ਦੇ ਆਗੂ ਦਾ ਸਮਾਂ ਸੋਲ੍ਹਵੀਂ ਸਦੀ ਹੈ। ਗੁਰੂ ਅੰਗਦ ਦੇਵ ਤੋਂ ਲੈ ਕੇ ਗੁਰੂ ਅਜਰਨ ਦੇਵ ਤਕ ਦਾ ਇਸਦਾ ਲਿਖਿਆ ਬਿਰਤਾਂਤ ਇਸਦੇ ਅਤੇ ਇਸਦੇ ਸਾਥੀਆਂ ਦੇ ਨਿਜੀ ਗਿਆਨ ਤੇ ਆਧਾਰਿਤ ਹੈ। ਪਰਮਾਤਮਾ ਦਾ ਮਿਸ਼ਨ ਲੈ ਕੇ ਭਾਰਤ ਭਰ ਵਿਚ ਘੁੰਮਦੇ ਹੋਏ ਇਨ੍ਹਾਂ ਸਭਨਾਂ ਦਾ ਗੁਰੂ ਘਰ ਨਾਲ ਸਬੰਧ ਬਣਿਆ ਅਤੇ ਇਹ ਪੰਜਾਬ ਦੇ ਹੀ ਹੋ ਗਏ। ਇਸ ਸਮੇਤ ਇਸਦੇ ਸਾਥੀਆਂ ਜਾਲਪ, ਭਿਖਾ, ਸਲ੍ਹ, ਭੱਲ, ਨਲ, ਗਿਆਦ, ਬਲ, ਮਥੁਰਾ, ਕੀਰਤ ਅਤੇ ਹਰਬੰਸ ਨੂੰ ਸੰਸਕ੍ਰਿਤ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦਾ ਬਹੁਤ ਗਿਆਨ ਸੀ । ਇਨ੍ਹਾਂ ਦੀਆਂ 122 ਕਵਿਤਾਵਾਂ ਹਨ ਜਿਨ੍ਹਾਂ ਦਾ ਮੁਖ ਵਿਸ਼ਾ ਗੁਰੂ ਘਰ ਦਾ ਯਸ਼ ਹੈ। ਇਨ੍ਹਾਂ ਦੀ ਬੋਲੀ ਸਾਫ਼ ਅਤੇ ਸਧਾਰਨ ਹੈ।

ਹ: ਪੁ.—ਪੰ. ਲਿ. ਕੋ.

**ਕਲਸੀਆ ਰਿਆਸਤ :** ਪੰਜਾਬ ਦੀ ਇਹ ਇਕ ਰਿਆਸਤ ਹੁੰਦੀ ਸੀ ਜਿਹੜੀ ਭਾਰਤ ਦੇ ਆਜ਼ਾਦ ਹੋਣ ਤੋਂ ਪਿਛੋਂ, ਸੰਨ 1948 ਈ. ਵਿਚ ਪੂਰਬੀ ਪੰਜਾਬ ਦੀਆਂ ਦੂਜੀਆਂ ਰਿਆਸਤਾਂ ਦੇ ਨਾਲ ਖ਼ਤਮ ਹੋ ਕੇ, ਪੈਪਸੂ ਰਾਜ ਦਾ ਇਕ ਹਿੱਸਾ ਬਣ ਗਈ ਸੀ। ਇਹ ਰਿਆਸਤ ਅੰਬਾਲਾ ਅਤੇ ਫਿਰੋਜ਼ਪੁਰ ਜ਼ਿਲ੍ਹੇ ਦੇ 20 ਵੱਖ ਵੱਖ ਟੁਕੜਿਆਂ ਨੂੰ ਮਿਲਾ ਕੇ ਬਣੀ ਹੋਈ ਸੀ।

ਰਿਆਸਤ ਕਲਸੀਆ ਦਾ ਬਾਨੀ ਸ. ਗੁਰਬਖਸ਼ ਸਿੰਘ ਪਿੰਡ ਕਲਸੀਆ, ਪਰਗਣਾ ਪੱਟੀ, ਜ਼ਿਲ੍ਹਾ ਲਾਹੌਰ (ਹੁਣ ਜ਼ਿਲ੍ਹਾ ਅੰਮ੍ਰਿਤਸਰ) ਦਾ ਰਹਿਣ ਵਾਲਾ, ਮਿਸਲ ਕਰੋੜਾਸਿੰਘੀਆ ਦੇ ਸਰਦਾਰ ਬਘੇਲ ਦਾ ਸਾਥੀ ਸੀ। ਸਰਹਿੰਦ ਜਿੱਤ ਕੇ ਜਦੋਂ ਸਿੱਖ ਸਰਦਾਰਾਂ ਨੇ ਮੁਲਕ ਮੱਲਿਆ ਤਾਂ ਗੁਰਬਖਸ਼ ਸਿੰਘ ਨੇ ਬਸੀ, ਡਡਰੌਲੀ ਆਦਿ ਦੇ ਪਰਗਣੇ ਮੱਲ ਲਏ । ਅੰਤ ਵਿਚ ਉਹ ਸੰਨ 1774 ਵਿਚ ਸਵਰਗਵਾਸ ਹੋ ਗਿਆ ਅਤੇ ਉਸਦਾ ਪੁੱਤਰ ਜੋਧ ਸਿੰਘ ਮਾਲਕ ਬਣ ਗਿਆ। ਉਸਨੇ ਆਪਣੀ ਹਿੰਮਤ ਨਾਲ ਇਲਾਕਾ ਹੋਰ ਵਧਾਇਆ । 1807 ਈ. ਨੂੰ ਨਰਾਇਣਗੜ੍ਹ ਦੀ ਲੜਾਈ ਵਿਚ ਉਸਨੇ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿਤਾ। ਇਸ ਸੇਵਾ ਬਦਲੇ ਉਸਨੂੰ ਬਾਦਲਾ ਖੇੜੀ ਤੇ ਸ਼ਾਮ ਚਪਾਲ ਜਗੀਰ ਵਜੋਂ ਮਿਲੇ। 1818 ਈ. ਵਿਚ ਜਦੋਂ ਸ਼ੇਰੇ ਪੰਜਾਬ ਨੇ ਮੁਲਤਾਨ ਫਤਹਿ ਕੀਤਾ ਤਾਂ ਸ੍ਰ: ਜੋਧ ਸਿੰਘ ਵੀ ਨਾਲ ਸੀ। ਮੁਲਤਾਨ ਦਾ ਪਹਿਲਾ ਫੌਜਦਾਰ ਉਸ ਨੂੰ ਬਣਾਇਆ ਗਿਆ । ਜੋਧ ਸਿੰਘ ਦੀ ਮੌਤ ਪਿਛੋਂ ਸੋਭਾ ਸਿੰਘ ਜਗੀਰ ਦਾ ਮਾਲਕ ਬਣਿਆ । ਸੋਭਾ ਸਿੰਘ ਅੰਗਰੇਜ਼ਾਂ ਦਾ ਬੜਾ ਵਫ਼ਾਦਾਰ ਰਿਹਾ। ਸਿੱਖਾਂ ਦੀਆਂ ਦੋਹਾਂ ਲੜਾਈਆਂ ਵਿਚ ਉਹ ਅੰਗਰੇਜ਼ਾਂ ਦਾ ਤਰਫਦਾਰ ਰਿਹਾ। ਗਦਰ ਵਿਚ ਉਸਨੇ ਅਤੇ ਉਸਦੇ ਪੁੱਤਰ ਲਹਿਣਾ ਸਿੰਘ ਨੇ ਅੰਗਰੇਜ਼ਾਂ ਦੀ ਬੜੀ ਮੱਦਦ ਕੀਤੀ। ਸੋਭਾ ਸਿੰਘ ਦੀ ਮੌਤ ਪਿਛੋ ਲਹਿਣਾ ਸਿੰਘ ਅਤੇ ਉਸ ਤੋਂ ਪਿਛੋਂ ਬਿਸ਼ਨ ਸਿੰਘ ਨੂੰ ਸਰਦਾਰ ਥਾਪਿਆ ਗਿਆ। ਉਹ 1883 ਈ. ਵਿਚ ਪਰਲੋਕ ਸਿਧਾਰ ਗਿਆ । ਉਸਦਾ ਚਾਰ ਸਾਲਾ ਪੁੱਤਰ ਜਗਜੀਤ ਸਿੰਘ ਗੱਦੀ ਤੇ ਬੈਠਿਆ। ਤਿੰਨ ਸਾਲ ਪਿਛੋਂ 1886 ਈ. ਵਿਚ ਉਹ ਵੀ ਸਵਰਗਵਾਸ ਹੋ ਗਿਆ ਤਾਂ ਉਸਦਾ ਛੋਟਾ ਭਰਾ ਰਣਜੀਤ ਸਿੰਘ ਗੱਦੀ ਦੇ ਬਿਠਾਇਆ ਗਿਆ। ਉਸ ਵੇਲੇ ਉਸਦੀ ਉਮਰ ਪੰਜ ਸਾਲ ਸੀ। ਜੁਲਾਈ, 1908 ਵਿਚ ਉਸਦੇ ਸਵਰਗਵਾਸ ਹੋ ਜਾਣ ਉਪਰੰਤ ਉਸਦਾ ਬਾਲਕ ਪੁੱਤਰ ਰਵੀ ਸ਼ੇਰ ਸਿੰਘ ਗੱਦੀ ਤੇ ਬੈਠਾ।

ਸ੍ਰ. ਰਵੀਸ਼ੇਰ ਸਿੰਘ ਨੇ ਪਹਿਲੇ ਸੰਸਾਰ ਯੁੱਧ ਵਿਚ ਅੰਗਰੇਜ਼ਾਂ ਦੀ ਮੱਦਦ ਕੀਤੀ, ਸੋ 1916 ਵਿਚ ਉਸਦੇ ਘਰਾਣੇ ਨੂੰ 'ਰਾਜੇ' ਦਾ ਖਿਤਾਬ ਦਿਤਾ ਗਿਆ।

4 ਜਨਵਰੀ 1947 ਈ. ਨੂੰ ਰਾਜਾ ਰਵੀਸ਼ੇਰ ਸਿੰਘ ਸਵਰਗਵਾਸ ਹੋ ਗਿਆ ਅਤੇ ਉਸ ਦਾ ਪੁੱਤਰ ਕਰਨ ਸ਼ੇਰ ਸਿੰਘ ਰਾਜਾ ਬਣਿਆ ਜਿਹੜਾ ਰਿਆਸਤ ਕਲਸੀਆ ਦਾ ਆਖਰੀ ਰਾਜਾ ਸੀ ।

ਅਖੀਰ 5 ਮਈ, ਨੂੰ ਰਿਆਸਤ ਕਲਸੀਆ ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ ਦਾ ਇਕ ਹਿੱਸਾ ਬਣ ਗਈ।

ਰਿਆਸਤ ਦਾ ਕੁੱਲ ਰਕਬਾ 430 ਵ. ਕਿ. ਮੀ. ਸੀ। ਜਿਸ ਵਿਚ ਦੋ ਤਹਿਸੀਲਾਂ ਛਛਰੌਲੀ ਅਤੇ ਬਸੀ ਅਤੇ ਇਕ ਉਪ-ਤਹਿਸੀਲ ਚਿੜਕ ਜਿਹੜੀ ਜ਼ਿਲ੍ਹਾ ਫਿਰੋਜ਼ਪੁਰ ਵਿਚ ਆਉਂਦੀ ਸੀ, ਅਤੇ ਕੁੱਲ 181 ਪਿੰਡ ਆਉਂਦੇ ਸਨ।

ਹ. ਪੁ.—ਸਿ. ਮਿ. ਪੰਨਾ, 221 ; ਇੰਪ. ਗ. ਇੰਡ. 14 : 320

**ਕਲਹਨ :** ਇਹ ਸੰਸਾਰ ਪ੍ਰਸਿੱਧ ਪੁਸਤਕ ਰਾਜ-ਤਰੰਗਿਣੀ (1148-50ਈ.) ਦਾ ਕਰਤਾ ਸੀ । ਇਹ ਕਸ਼ਮੀਰ ਦੇ ਮਹਾਰਾਜੇ ਹਰਸ਼ਦੇਵ (1086-1101) ਦੇ ਮਹਾਮੰਤਰੀ ਚੰਪਕ ਦਾ ਪੁੱਤਰ ਅਤੇ ਸੰਗੀਤ ਦੇ ਮਾਹਰ ਕਨਕ ਦਾ ਵੱਡਾ ਭਰਾ ਸੀ। ਵਾਸਤਵ ਵਿਚ ਕਲਹਨ ਇਕ ਮਹਾਂਕਵੀ ਸੀ । ਇਤਿਹਾਸ ਅਤੇ ਕਵਿਤਾ ਦਾ ਸੰਗਮ ਕਰਕੇ ਇਸ ਨੇ ਆਪਣੀ ਪੁਸਤਕ ਨੂੰ ਸ਼ਾਂਤ ਰਸ ਨਾਲ ਸਿੰਜਿਆ ਹੈ ਅਤੇ ਆਪਣੇ ਪਾਠਕਾਂ ਨੂੰ ਰਾਜ-ਤਰੰਗਿਣੀ ਦਾ ਰਸ ਮਾਣਨ ਲਈ ਸੱਦਾ ਦਿੱਤਾ ਹੈ।

ਸੱਚੀ ਗੱਲ ਤਾਂ ਇਹ ਹੈ ਕਿ ਕਲਹਨ ਨੇ 'ਇਤਿਹਾਸ' ਨੂੰ ਕਵਿਤਾ ਦਾ ਵਿਸ਼ਾ-ਵਸਤੂ ਬਣਾ ਕੇ ਭਾਰਤੀ ਸਾਹਿਤ ਨੂੰ ਇਕ ਨਵੀਂ ਕਿਸਮ ਪੇਸ਼ ਕੀਤੀ ਹੈ। ਇਸ ਨੇ ਰਾਸ਼ਟਰੀ ਜੀਵਨ ਦੇ ਵਿਆਪਕ ਵਿਸਥਾਰ ਦੇ ਨਾਲ ਨਾਲ ਮਨੁੱਖੀ ਪ੍ਰਕਿਰਤੀ ਦੀਆਂ ਡੂੰਘਾਈਆਂ ਨੂੰ ਵੀ ਛੋਹਿਆ ਹੈ। ਸ਼ਾਂਤ ਰਸ ਦੇ ਅਥਾਹ ਪਾਰਾਵਾਰ ਵਿਚ ਸ਼ਿੰਗਾਰ, ਵੀਰ, ਰੁਦਰ, ਅਦਭੁਤ, ਵੀਭਤਸ ਅਤੇ ਕਰੁਣਾ ਆਦਿ ਸਾਰੇ ਰਸ ਲਹਿਰਾਉਂਦੇ ਦਿਖਾਏ ਗਏ ਹਨ; ਵਿਚ ਵਿਚ ਹਾਸ ਰਸ ਅਤੇ ਵਿਅੰਗ ਦੇ ਜਿਹੜੇ ਛਿੱਟੇ ਪੈਂਦੇ ਰਹਿੰਦੇ ਹਨ, ਉਹ ਵੀ ਬਹੁਤ ਮਹੱਤਵਪੂਰਨ ਹਨ।

ਇਸ ਵਿਚ ਕੋਈ ਸ਼ਕ ਨਹੀਂ ਕਿ ਇਤਿਹਾਸਕਾਰ ਦੇ ਨਾਤੇ ਮੁੱਢਲੀਆਂ ਬੰਸਾਵਲੀਆਂ ਅਤੇ ਕਾਲ-ਕ੍ਰਮ ਦੇ ਖੇਤਰ ਵਿਚ ਕਲਹਨ ਦੀਆਂ ਆਪਣੀਆਂ ਸੀਮਾਵਾਂ ਸਨ । ਇਸਦੇ ਸਾਧਨ ਸੀਮਿਤ ਸਨ ਪਰ ਅਫ਼ਸੋਸ ਦੀ ਗੱਲ ਹੈ ਕਿ ਇਸਨੇ ਕੁਝ ਲੋਕ-ਪ੍ਰਚਲਿਤ ਅੰਧਵਿਸ਼ਵਾਸ਼ ਦੀਆਂ ਗੱਲਾਂ ਨੂੰ ਸਹੀ ਸਮਝ ਕੇ ਮਾਨਤਾ ਦੇ ਦਿੱਤੀ ਹੈ, ਜਿਵੇਂ ਕਿ ਰਣ ਅਦਿੱਤ ਦਾ 300 ਸਾਲ ਲੰਬਾ ਰਾਜ ਦਸਿਆ ਹੈ ਪਰ ਤਾਂ ਵੀ ਰਾਜ ਤਰੰਗਿਣੀ ਬਾਰੇ ਇਹ ਕੋਈ ਘੱਟ ਸ਼ਲਾਘਾਯੋਗ ਗੱਲ ਨਹੀਂ ਹੈ ਕਿ ਚੌਥੇ ਤਰੰਗ ਦੇ ਅੰਤਿਮ ਭਾਗ ਤੋਂ ਲੈ ਕੇ ਆਪਣੇ ਸਮੇਂ ਤੱਕ ਇਸ ਦੀ ਕਾਲ-ਕ੍ਰਮ ਅਤੇ ਇਤਿਹਾਸ ਦੀ ਸਮੱਗਰੀ ਵਿਸਤ੍ਰਿਤ ਅਤੇ ਵਿਸ਼ਵਾਸਯੋਗ ਹੈ। ਇਸਨੇ ਆਪਣੇ ਯੁਗ ਦਾ ਨੇੜੇ ਤੋਂ ਅਧਿਐਨ ਅਤੇ ਬੇਲਾਗ ਟੀਕਾ ਟਿਪਣੀ ਕੀਤੀ ਹੈ।

ਰਾਜ ਤਰੰਗਿਣੀ ਵਿਚ ਕਲਹਨ ਨੇ ਕੇਵਲ ਰਾਜਨੀਤਿਕ ਰੂਪਰੇਖਾ ਹੀ ਨਹੀਂ ਖਿੱਚੀ, ਸਗੋਂ ਸਮਾਜਕ ਅਤੇ ਸਭਿਆਚਾਰਕ ਹਾਲਾਤ ਦੀਆਂ ਝਲਕੀਆਂ ਵੀ ਪੇਸ਼ ਕੀਤੀਆਂ ਹਨ । ਚਰਿੱਤਰ ਚਿੱਤਰਨ ਵਿਚ ਇਸ ਨੇ ਕਮਾਲ ਕਰ ਵਿਖਾਇਆ ਹੈ। ਇਸ ਤੋਂ ਇਲਾਵਾ ਇਸ ਨੇ ਹੜ੍ਹ, ਅੱਗ, ਕਾਲ ਅਤੇ ਮਹਾਮਾਰੀ ਆਦਿ ਰੱਬੀ ਮੁਸੀਬਤਾਂ ਅਤੇ ਧਾਰਮਕ, ਸਮਾਜਕ ਤੇ ਸਭਿਆਚਾਰਕ ਉਪੱਦਰਾਂ ਦੇ ਸਮੇਂ ਮਨੁੱਖੀ ਸੁਭਾਉ ਦੀਆਂ ਪ੍ਰਗਤੀਆਂ ਅਤੇ ਪ੍ਰਵਿਰਤੀਆਂ ਦੇ ਸੰਕੇਤ ਵੀ ਦਿੱਤੇ ਹਨ।

ਕਲਹਨ ਦਾ ਦ੍ਰਿਸ਼ਟੀਕੋਣ ਬਹੁਤ ਉਦਾਰ ਸੀ । ਬ੍ਰਾਹਮਣ ਹੁੰਦੇ ਹੋਏ ਵੀ ਇਸ ਨੇ ਬੁੱਧ ਫ਼ਿਲਾਸਫ਼ੀ ਦੀਆਂ ਚੰਗੀਆਂ ਪਰੰਪਰਾਵਾਂ ਨੂੰ ਸਲਾਹਿਆ ਹੈ ਅਤੇ ਸ਼ੈਵ ਮਤ ਦੇ ਪਖੰਡੀ ਤਾਂਤ੍ਰਿਕਾਂ ਨੂੰ ਖੂਬ ਭੰਡਿਆ ਹੈ। ਇਕ ਸੱਚੇ ਦੇਸ਼-ਭਗਤ ਵਾਂਗੂੰ ਇਸ ਨੇ ਆਪਣੇ ਦੇਸ਼ਵਾਸੀਆਂ ਦੀਆਂ ਬੁਰਾਈਆਂ ਉਪਰੋਂ ਪਰਦਾ ਲਾਹ ਦਿੱਤਾ ਹੈ।

ਸਮੁੱਚੇ ਪ੍ਰਾਚੀਨ ਭਾਰਤੀ ਇਤਿਹਾਸ ਵਿਚ ਵਿਗਿਆਨਕ ਲੀਹਾਂ ਉਤੇ ਇਤਿਹਾਸ ਲਿਖਣ ਦਾ ਜੇ ਕੋਈ ਉਪਰਾਲਾ ਕੀਤਾ ਗਿਆ ਹੈ ਤਾਂ ਇਹ ਕਲਹਨ ਦੀ ਰਾਜ-ਤਰੰਗਿਣੀ ਹੈ। ਆਪਣੀਆਂ ਕੁਝ ਕਮਜ਼ੋਰੀਆਂ

ਦੇ ਬਾਵਜੂਦ ਕਲਹਨ ਦਾ ਦ੍ਰਿਸ਼ਟੀਕੋਣ ਲਗਭਗ ਅੱਜ ਦੇ ਇਤਿਹਾਸਕਾਰ ਵਰਗਾ ਹੀ ਹੈ ।

ਹ. ਪੁ.—ਹਿੰ. ਵਿ. ਕੋ. 2 : 386

**ਕਲਕੱਤਾ :** ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਦੀ ਰਾਜਧਾਨੀ, ਭਾਰਤ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਬੰਦਰਗਾਹ ਹੈ ਜੋ ਹੁਗਲੀ ਦਰਿਆ ਦੇ ਪੂਰਬੀ ਕੰਢੇ ਉੱਤੇ ਅਤੇ ਸਮੁੰਦਰ ਤੋਂ ਲਗਭਗ 140 ਕਿ. ਮੀ. ਦੂਰੀ ਤੇ ਸਥਿਤ ਹੈ । ਸ਼ਹਿਰ ਦਾ ਨਾਂ 'ਕਾਲੀਕਾਟਾ' ਸ਼ਬਦ ਦਾ ਹੀ ਅੰਗਰੇਜ਼ੀ ਰੂਪ ਹੈ । ਕੁਝ ਲੋਕਾਂ ਦਾ ਵਿਚਾਰ ਹੈ ਕਿ 'ਕਾਲੀਕਾਟਾ' ਸ਼ਬਦ ਬੰਗਾਲੀ ਸ਼ਬਦ ਕਾਲੀਕਸ਼ੇਤਰ (ਕਾਲੀ ਦੇਵੀ ਦਾ ਖੇਤਰ) ਵਿਚੋਂ ਨਿਕਲਿਆ ਹੈ । ਹੋਰਨਾਂ ਦਾ ਮਤ ਇਹ ਹੈ ਕਿ ਇਹ ਨਾਂ ਸੰਸਕ੍ਰਿਤ ਸ਼ਬਦ ਕੋਲਾ (ਸੂਰ) ਵਿਚੋਂ ਨਿਕਲਿਆ ਹੈ ਕਿਉਂਕਿ ਇਸਦੇ ਨੇੜੇ ਬਹੁਤ ਸਾਰੇ ਸੂਰ ਹੁੰਦੇ ਸਨ ਅਤੇ ਨੇੜੇ ਹੀ ਸੂਰਾਂ ਦੀ ਇਕ ਮੰਡੀ ਹੁੰਦੀ ਸੀ । ਇਕ ਹੋਰ ਵਿਚਾਰ ਅਨੁਸਾਰ ਕਲਕੱਤੇ ਦਾ ਨਾਂ ਇਕ ਪੇਂਡੂ ਉਦਯੋਗ ਤੋਂ ਪਿਆ ਹੈ ਜਿਸ ਵਿਚ ਫੂਕੇ ਹੋਏ ਘੋਗੇ ਸਿੱਪੀਆਂ ਜਿਸਨੂੰ ਬੰਗਲਾ ਵਿਚ ਕਾਤਾ ਕਿਹਾ ਜਾਂਦਾ ਹੈ, ਤੋਂ ਕਲੀ (ਬੁਝਿਆ ਹੋਇਆ ਚੂਨਾ) ਤਿਆਰ ਕੀਤੀ ਜਾਂਦੀ ਸੀ ।

ਸੰਨ 1495 ਦੀ ਇਕ ਕਵਿਤਾ ਵਿਚ 'ਕਲਕੱਤੇ' ਦਾ ਜ਼ਿਕਰ ਹੁਗਲੀ ਦਰਿਆ ਦੇ ਕੰਢੇ ਉੱਤੇ ਸਥਿਤ ਇਕ ਪਿੰਡ ਵਜੋਂ ਆਇਆ ਹੈ । ਸੰਨ 1530 ਦੇ ਲਗਭਗ ਜਦੋਂ ਪੁਰਤਗੇਜ਼ੀ ਲੋਕ ਇਸ ਦਰਿਆ ਵੱਲ ਆਮ ਆਉਣ ਲੱਗ ਪਏ ਤਾਂ ਸਾਂਤਗਾਉ, (ਪੁਰਾਣੇ ਸਰਸਵਤੀ ਦਰਿਆ ਉੱਤੇ ਸਥਿਤ ਸ਼ਹਿਰ) ਜੋ ਹੁੱਗਲੀ ਤੋਂ ਕੋਈ ਬਹੁਤਾ ਦੂਰ ਨਹੀਂ ਸੀ, ਵਪਾਰ ਦੀ ਇਕ ਵੱਡੀ ਤਿਜਾਰਤਗਾਹ ਹੁੰਦਾ ਸੀ । ਦਰਿਆ ਦੇ ਉਪਰਲੇ ਸਿੱਧੇ ਮਾਰਗਾਂ ਦੀ ਘੱਟ ਡੂੰਘਾਈ ਕਾਰਨ, ਸਮੁੰਦਰੀ ਜਹਾਜ਼ ਫਿਰ ਵੀ 'ਗਾਰਡਨ ਰੀਚ' ਵਿਖੇ ਹੀ ਖਲੋਂਦੇ ਰਹੇ ਅਤੇ ਇਨ੍ਹਾਂ ਦਾ ਮਾਲ ਛੋਟੀਆਂ ਛੋਟੀਆਂ ਕਿਸ਼ਤੀਆਂ ਦੁਆਰਾ ਸਾਤਗਾਉ ਵਿਖੇ ਪਹੁੰਚਾਇਆ ਜਾਂਦਾ ਸੀ । ਇਸ ਤਰ੍ਹਾਂ ਹੁੱਗਲੀ ਦਰਿਆ ਦੇ ਪੱਛਮੀ ਕੰਢੇ ਉੱਤੇ, ਸਿਬਪੁਰ ਦੇ ਨੇੜੇ, ਬੇਟੋਰ ਨਾਂ ਦੀ ਇਕ ਮੰਡੀ ਹੋਂਦ ਵਿਚ ਆ ਗਈ ਜਿਸ ਨੂੰ ਪੁਰਤਗੇਜ਼ੀਆਂ ਨੇ ਆਪਣਾ ਹੈੱਡ ਕੁਆਟਰ ਬਣਾ ਲਿਆ । ਸੋਲ੍ਹਵੀਂ ਸਦੀ ਵਿਚ ਸਰਸਵਤੀ ਗਾਦ ਨਾਲ ਭਰਨਾ ਸ਼ੁਰੂ ਹੋ ਗਿਆ ਅਤੇ ਸਾਤਗਾਉਂ ਇਕ ਉਜਾੜ ਬਣ ਗਿਆ । ਇਥੋਂ ਦੇ ਬਹੁਤ ਸਾਰੇ ਲੋਕ ਹੁਗਲੀ ਸ਼ਹਿਰ ਵਿਚ ਚਲੇ ਗਏ ਪਰ ਇਸ ਸਦੀ ਦੇ ਲਗਭਗ ਅੱਧ ਵਿਚ ਬੇਸਾਖਾਂ ਦੇ ਚਾਰ ਪਰਿਵਾਰ ਅਤੇ ਸੇਠਾਂ ਦੇ ਇਕ ਪਰਿਵਾਰ ਨੇ ਅਜੋਕੇ 'ਫੋਰਟ ਵਿਲੀਅਮ' ਵਾਲੀ ਥਾਂ ਤੇ ਗੋਬਿੰਦਪੁਰ ਨਾਂ ਦੇ ਇਕ ਪਿੰਡ ਦੀ ਨੀਂਹ ਰੱਖੀ । ਇਸ ਤੋਂ ਥੋੜ੍ਹਾ ਚਿਰ ਪਿਛੋਂ ਪੁਰਤਗੇਜ਼ ਬੇਟੋਰ ਨੂੰ ਛੱਡਕੇ ਹੁਗਲੀ ਆ ਗਏ ਅਤੇ ਬੇਟੋਰ ਦਾ ਵਪਾਰ ਹੌਲੀ ਹੌਲੀ ਆਧੁਨਿਕ ਕਲਕੱਤੇ ਦੇ ਉੱਤਰ ਵਿਚ ਸੂਤਾਨਤੀ ਕਪਾਹ ਦੀ ਮੰਡੀ ਨਾਲ ਹੋਣ ਲਗ ਪਿਆ । ਹੁਗਲੀ ਦੇ ਸਥਾਨ ਉੱਤੇ ਮੁਗਲਾਂ ਨਾਲ ਹੋਈ ਇਕ ਛੋਟੀ ਜਿਹੀ ਲੜਾਈ ਪਿਛੋਂ, ਇੰਗਲਿਸ਼ ਈਸਟ ਇੰਡੀਆ ਕੰਪਨੀ ਦਾ ਇਕ ਏਜੰਟ ਜਾਬ ਚਰਨੌਕ ਸੰਨ 1680 ਵਿਚ ਇਸ ਸਥਾਨ ਤੇ ਪਹੁੰਚਿਆ ਅਤੇ ਇਸਨੇ ਨਵਾਬ ਨਾਲ ਕੁਝ ਸ਼ਰਤਾਂ ਦੀ ਮੰਗ ਕੀਤੀ । ਨਵਾਬ ਨੇ ਇਹਨਾਂ ਸ਼ਰਤਾਂ ਨੂੰ ਠੁਕਰਾ ਦਿਤਾ ਅਤੇ ਅੰਗਰੇਜ਼ਾਂ ਨੂੰ ਆਪਣੇ ਰਾਜ ਵਿਚੋਂ ਕੱਢਣ ਲਈ ਆਪਣੇ ਕਰਮਚਾਰੀਆਂ ਨੂੰ ਹੁਕਮ ਦਿਤਾ । ਬਦਲੇ ਵਜੋਂ ਚਰਨਾਕ ਨੇ ਲੂਣ-ਘਰਾਂ ਅਤੇ ਤਾਨਾ ਵਿਖੇ ਸਥਿੱਤ ਕਿਲਿਆਂ ਨੂੰ ਤਬਾਹ ਕਰ ਦਿਤਾ ਅਤੇ ਹਿਜਲੀ ਤੇ ਕਬਜ਼ਾ ਕਰ ਲਿਆ । ਕੁਝ ਚਿਰ ਪਿਛੋਂ ਕੈਪਟਨ ਹੀਥ ਜਿਸਨੂੰ ਇੰਗਲੈਂਡ ਤੋਂ ਚਿਟਾਗਾਂਗ ਤੇ ਕਬਜ਼ਾ ਕਰਨ ਦੀਆਂ ਹਦਾਇਤਾਂ ਦੇ ਕੇ ਭੇਜਿਆ ਗਿਆ ਸੀ ਨੇ ਚਰਨੌਕ ਦੀ ਥਾਂ ਲੈ ਲਈ । ਇਸ ਥਾਂ ਤੇ ਕੀਤਾ ਗਿਆ ਹਮਲਾ ਅਸਫਲ ਹੀ ਰਿਹਾ । 24 ਅਗਸਤ, 1690 ਨੂੰ, ਨਵਾਬ ਦੇ ਸੱਦਾ ਪੱਤਰ ਤੇ ਅੰਗਰੇਜ਼ ਚਰਨਾਕ ਦੀ ਅਗਵਾਈ ਹੇਠ ਵਾਪਸ ਆ ਗਏ ਅਤੇ ਇਥੇ ਆਧੁਨਿਕ ਕਲਕੱਤੇ ਦੀ ਨੀਂਹ ਆਣ ਰਖੀ ।

ਸੰਨ 1696 ਵਿਚ ਬਰਦਵਾਨ ਦੇ ਇਕ ਜ਼ਿਮੀਦਾਰ ਸੂਭਾ ਸਿੰਘ ਦੇ ਵਿਰੋਧ ਨੇ ਇਕ ਭਿਆਨਕ ਰੂਪ ਧਾਰ ਲਿਆ ਅਤੇ ਅੰਗਰੇਜ਼ਾਂ ਨੇ ਆਪਣੀ ਬਸਤੀ ਨੂੰ ਕਿਲਾ-ਬੰਦ ਕਰਨ ਲਈ ਨਵਾਬ ਤੋਂ ਇਜਾਜ਼ਤ ਲੈ ਕੇ ਇਥੇ ਇਕ ਕਿਲ੍ਹਾ (ਫੋਰਟ ਵਿਲੀਅਮ) ਉਸਾਰਿਆ ਜਿਹੜਾ ਸੰਨ 1702 ਵਿਚ ਮੁਕੰਮਲ ਹੋਇਆ । ਇਸ ਤੋਂ ਚਾਰ ਸਾਲ ਪਹਿਲਾਂ ਕਲਕੱਤਾ, ਸੂਤਾਨਤੀ ਅਤੇ ਗੋਬਿੰਦਪੁਰ ਨਾਂ ਦੇ ਤਿੰਨ ਪਿੰਡ ਹੁੱਗਲੀ ਦੇ ਗਵਰਨਰ ਕੋਲੋਂ ਖਰੀਦੇ ਜਾ ਚੁਕੇ ਸਨ ।

ਕਸਬੇ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ । ਥੋੜ੍ਹੇ ਜਿਹੇ ਸਮੇਂ ਦੇ ਅੰਦਰ-ਅੰਦਰ ਇਥੇ ਜਹਾਜ਼ਾਂ ਦਾ ਇਕ ਘਾਟ, ਇਕ ਹਸਪਤਾਲ, ਇਕ ਗਿਰਜਾਘਰ ਅਤੇ ਬੈਰਕਾਂ ਉਸਾਰ ਦਿਤੀਆਂ ਗਈਆਂ । ਸੰਨ 1707 ਵਿਚ ਈਸਟ ਇੰਡੀਆ ਕੰਪਨੀ ਨੇ ਇਸਦਾ ਇਕ ਵੱਖਰੀ ਪ੍ਰੈਜ਼ੀਡੈਂਸੀ ਵਜੋਂ ਐਲਾਨ ਕਰ ਦਿਤਾ । ਹੁਣ ਇਹ ਪ੍ਰੈਜ਼ੀਡੈਂਸੀ ਕੇਵਲ ਲੰਡਨ ਦੇ ਡਾਇਰੈਕਟਰਾਂ ਨੂੰ ਹੀ ਜਵਾਬਦੇਹ ਰਹਿ ਗਈ ਸੀ ।

ਸੰਨ 1717 ਵਿਚ ਮੁਗਲ ਬਾਦਸ਼ਾਹ ਨੇ 3000 ਰੁਪਏ ਦੀ ਸਾਲਾਨਾ ਅਦਾਇਗੀ ਦੇ ਬਦਲੇ, ਈਸਟ ਇੰਡੀਆ ਕੰਪਨੀ ਨੂੰ ਵਪਾਰ ਕਰਨ ਦੀ ਖੁਲ੍ਹ ਦੇ ਦਿਤੀ । ਇਸ ਨਾਲ ਭਾਰਤ ਦੇ ਅਣਗਿਣਤ ਵਪਾਰੀ ਇਸ ਸ਼ਹਿਰ ਵਿਚ ਇਕੱਠੇ ਹੋਏ । ਕੰਪਨੀ ਦੇ ਮੁਲਾਜ਼ਮ, ਇਸ ਦੇ ਝੰਡੇ ਹੇਠ ਕਰ-ਰਹਿਤ ਵਪਾਰ ਕਰਨ ਲੱਗ ਪਏ । ਸੰਨ 1742 ਵਿਚ ਜਦੋਂ ਦੱਖਣ-ਪੱਛਮ ਵਲੋਂ ਮਰਹੱਟਿਆਂ ਨੇ ਬੰਗਾਲ ਦੇ ਪੱਛਮੀ ਜ਼ਿਲ੍ਹਿਆਂ ਵਿਚ ਮੁਗਲਾਂ ਵਿਰੁਧ ਹੱਲੇ ਕਰਨੇ ਸ਼ੁਰੂ ਕੀਤੇ ਤਾਂ ਅੰਗਰੇਜ਼ਾਂ ਨੇ ਇਸ ਪਾਸੇ ਇਕ ਖਾਈ ਪੁੱਟਣ ਲਈ ਬੰਗਾਲ ਦੇ ਨਵਾਬ ਤੋਂ ਇਜਾਜ਼ਤ ਲਈ । ਇਹ ਖਾਈ, ਮਰਾਠਾ ਖਾਈ ਵਜੋਂ ਜਾਣੀ ਜਾਣ ਲੱਗੀ । ਇਹ ਖਾਈ ਭਾਵੇਂ ਬਸਤੀ ਦੇ ਦੱਖਣੀ ਸਿਰੇ ਵਲੋਂ ਮੁਕੰਮਲ ਨਹੀਂ ਸੀ ਹੋਈ, ਫਿਰ ਵੀ ਇਸ ਨਾਲ ਇਕ ਪਾਸੇ ਵੱਲ ਨੂੰ ਸ਼ਹਿਰ ਦੀ ਹੱਦ ਨਿਸ਼ਚਿਤ ਹੋ ਗਈ ।

ਸੰਨ 1756 ਵਿਚ ਨਵਾਬ ਦੇ ਉੱਤਰਾਧਿਕਾਰੀ ਸਿਰਾਜ-ਉਦ ਦੌਲਾ ਨੇ ਕਿਲੇ ਉੱਤੇ ਕਬਜ਼ਾ ਕਰ ਲਿਆ ਅਤੇ ਕਸਬੇ ਨੂੰ ਬਰਬਾਦ ਕਰ ਦਿਤਾ । ਸੰਨ 1757 ਵਿਚ ਰਾਬਰਟ ਕਲਾਈਵ ਅਤੇ ਬ੍ਰਿਟਿਸ਼ ਐਡਮਿਰਲ ਚਾਰਲਸ ਵਾਟਸਨ ਨੇ ਇਸ ਉੱਤੇ ਮੁੜ ਕਬਜ਼ਾ ਕਰ ਲਿਆ । ਥੋੜ੍ਹਾ ਚਿਰ ਪਿਛੋਂ ਪਲਾਸੀ ਦੇ ਸਥਾਨ ਤੇ ਨਵਾਬ ਨੂੰ ਹਾਰ ਹੋਈ ਅਤੇ ਇਸ ਲੜਾਈ ਪਿਛੋਂ ਬੰਗਾਲ ਵਿਚ ਅੰਗਰੇਜ਼ਾਂ ਦਾ ਰਾਜ ਪੱਕੇ ਤੌਰ ਤੇ ਸਥਾਪਤ ਹੋ ਗਿਆ । ਗੋਬਿੰਦਪੁਰ ਦੇ ਸ਼ੇਰਾਂ ਨਾਲ ਭਰੇ ਹੋਏ ਜੰਗਲ ਨੂੰ ਸਾਫ਼ ਕਰ ਦਿਤਾ ਗਿਆ ਅਤੇ ਅਜੋਕੀ ਥਾਂ ਉੱਤੇ ਨਵਾਂ 'ਫੋਰਟ ਵਿਲੀਅਮ' ਉਸਾਰਿਆ ਗਿਆ, ਜਿਹੜਾ ਕਲਕੱਤੇ ਤੋਂ ਹੁੱਗਲੀ ਦੇ ਉਪਰੋਂ ਦੀ ਦਿਖਾਈ ਦਿੰਦਾ ਹੈ ਅਤੇ ਇਥੇ ਹੀ ਇਹ ਕਿਲਾ ਬਰਤਾਨਵੀ ਫੌਜ ਦੀ ਪ੍ਰਭੁਤਾ ਦਾ ਪ੍ਰਤੀਕ ਬਣਿਆ ।

ਸੰਨ 1772 ਵਿਚ ਪਹਿਲੇ ਅੰਗਰੇਜ਼ ਗਵਰਨਰ ਜਨਰਲ, ਵਾਰਨ ਹੇਸਟਿੰਗਜ਼ ਨੇ ਸੂਬਾਈ ਮੁਗਲ ਰਾਜਧਾਨੀ 'ਮੁਰਸ਼ਿਦਾਬਾਦ' ਤੋਂ ਸਾਰੇ ਹੀ ਮਹੱਤਵਪੂਰਣ ਦਫ਼ਤਰ ਕਲਕੱਤੇ ਲੈ ਆਂਦੇ ਅਤੇ ਇਸਨੂੰ 'ਬ੍ਰਿਟਿਸ਼ ਇੰਡੀਆ' ਦੀ ਰਾਜਧਾਨੀ ਬਣਾ ਦਿਤਾ । ਸੰਨ 1773 ਵਿਚ ਬੰਬਈ ਅਤੇ ਮਦਰਾਸ 'ਫੋਰਟ ਵਿਲੀਅਮ' ਦੀ ਸਰਕਾਰ ਦੇ ਮਾਤਹਿਤ ਹੋ ਗਏ । ਅੰਗਰੇਜ਼ੀ ਕਾਨੂੰਨ ਲਾਗੂ ਕਰਨ ਵਾਲੀ ਇਕ 'ਸੁਪਰੀਮ ਕੋਰਟ' ਸਾਰੇ ਸ਼ਹਿਰ ਉੱਤੇ ਜਿਥੋਂ ਤੀਕ ਮਰਾਠਾ ਖਾਈ ਜਾਂਦੀ ਸੀ, ਆਪਣਾ ਮੌਲਿਕ ਅਧਿਕਾਰ ਖੇਤਰ ਵਰਤਣ ਲੱਗੀ ।

ਸੰਨ 1706 ਵਿਚ ਕਲਕੱਤੇ ਦੀ ਵਸੋਂ ਲਗਭਗ 10,000-12,000 ਹੁੰਦੀ ਸੀ । ਸੰਨ 1742 ਦੇ ਅੰਤ ਤੀਕ ਇਹ ਵਸੋਂ ਵਧ ਕੇ ਲਗਭਗ 118,000 ਅਤੇ 1822 ਤੀਕ 300,000 ਹੋ ਗਈ । ਜ਼ਮੀਨ ਉੱਤੇ ਵਾਈਟ ਟਾਊਨ ਨਾਂ ਦਾ ਕਸਬਾ ਇਕ ਉਸਾਰਿਆ ਗਿਆ ।

ਸ਼ਹਿਰ ਦੇ ਬਰਤਾਨਵੀ ਖੇਤਰ ਵਿਚ ਕਈ ਅਜਿਹੇ ਮਹਿਲ ਹੁੰਦੇ ਸਨ ਜਿਨ੍ਹਾਂ ਕਾਰਨ ਇਸ ਸ਼ਹਿਰ ਨੂੰ 'ਮਹਿਲਾਂ ਦਾ ਸ਼ਹਿਰ' ਵੀ ਕਿਹਾ ਜਾਣ ਲੱਗਾ। ਬਰਤਾਨਵੀ ਕਸਬੇ ਤੋਂ ਬਾਹਰਵਾਰ ਕਈ ਭਵਨ ਉਸਾਰੇ ਗਏ ਅਤੇ ਝੁੱਗੀਆਂ ਦੀਆਂ ਬਸਤੀਆਂ ਵਸਾਈਆਂ ਗਈਆਂ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਦੇ ਨਾਂ ਜਿਵੇਂ 'ਕੁਮਾਰਤੁਲੀ' (ਕੁਮ੍ਹਾਰਾਂ ਦਾ ਡਿਸਟ੍ਰਿਕਟ) ਅਤੇ 'ਸ਼ੰਕਰੀਪਾਰਾ' (ਘੋਗੇ-ਸਿੱਪੀਆਂ ਦਾ ਕੰਮ ਕਰਨ ਵਾਲਿਆਂ ਆਦਿ ਦਾ ਡਿਸਟ੍ਰਿਕਟ) ਆਦਿ ਵੱਖ-ਵੱਖ ਪੇਸ਼ਾਵਰ ਲੋਕਾਂ ਦੇ ਨਾਂ ਉਪਰ ਰੱਖੇ ਗਏ। ਦੋ ਸ਼ਹਿਰ-'ਬ੍ਰਿਟਿਸ਼' ਅਤੇ 'ਇੰਡੀਅਨ' ਕਲਕੱਤਾ ਨਾਲ-ਨਾਲ ਹੀ ਹੋਂਦ ਵਿਚ ਆਏ।

ਇਸ ਸਮੇਂ ਕਲਕੱਤੇ ਦਾ ਇਕ ਮਾਰੂ ਕਸਬੇ ਵਜੋਂ ਜ਼ਿਕਰ ਕੀਤਾ ਗਿਆ। ਚੰਗੀਆਂ ਸੜਕਾਂ ਇਥੇ ਬਹੁਤ ਘੱਟ ਸਨ। ਲਾਟਰੀਆਂ ਦੁਆਰਾ ਜਨਤਕ ਸੁਧਾਰ ਕਰਨ ਲਈ ਸੰਨ 1817 ਵਿਚ ਇਕ 'ਲਾਟਰੀ ਕਮੇਟੀ' ਦੀ ਸਥਾਪਨਾ ਕੀਤੀ ਗਈ ਅਤੇ ਸੰਨ 1817 ਅਤੇ 1836 ਦੇ ਸਮੇਂ ਦੌਰਾਨ ਇਸ ਕਮੇਟੀ ਨੇ ਸ਼ਹਿਰ ਦੀ ਹਾਲਤ ਸੁਧਾਰਨ ਵਿਚ ਕਾਫੀ ਹਿੱਸਾ ਪਾਇਆ। ਕਾਰਨਵਾਲਿਸ ਸਟਰੀਟ, ਕਾਲਜ ਸਟਰੀਟ, ਵਾਲਿੰਗਟਨ ਸਟਰੀਟ, ਵੈਲਜ਼ਲੀ ਸਟਰੀਟ ਅਤੇ ਵੁੱਡ ਸਟਰੀਟ ਆਦਿ ਵਰਗੀਆਂ ਚੌੜੀਆਂ-ਚੌੜੀਆਂ ਪੱਕੀਆਂ ਸੜਕਾਂ, 'ਕਾਰਨਵਾਲਿਸ ਕਾਲਜ' ਅਤੇ 'ਵੈਲਜ਼ਲੀ' ਵਰਗੇ ਮਹੱਤਵਪੂਰਨ ਚੌਂਕ ਬਣਵਾਏ।

ਜਿਉਂ-ਜਿਉਂ ਉਪ-ਮਹਾਂਦੀਪ ਉੱਤੇ ਬਰਤਾਨਵੀ ਤਾਕਤ ਦਾ ਵਿਸਥਾਰ ਹੁੰਦਾ ਗਿਆ, ਸਾਰੇ ਦਾ ਸਾਰਾ ਉੱਤਰੀ ਭਾਰਤ ਕਲਕੱਤੇ ਦੀ ਬੰਦਰਗਾਹ ਲਈ ਇਕ ਪਿਛਵਾੜੇ ਦਾ ਰੂਪ ਧਾਰਨ ਕਰਦਾ ਗਿਆ। ਇਸ ਤਰ੍ਹਾਂ ਭਾਰਤ ਨੇ ਸਪਸ਼ਟ ਰੂਪ ਵਿਚ ਇੰਗਲੈਂਡ ਦੇ ਕਾਰਖਾਨੇ-ਦਾਰਾਂ ਲਈ ਇਕ ਬਹੁਤ ਵੱਡੀ ਮੰਡੀ ਦਾ ਰੂਪ ਧਾਰ ਲਿਆ ਅਤੇ ਕਲਕੱਤਾ ਇਸਦੇ ਦਾਖਲੇ ਦੀ ਬੰਦਰਗਾਹ ਬਣਿਆ। ਸੰਨ 1835 ਵਿਚ ਦੇਸ਼ ਅੰਦਰਲੀਆਂ ਕਸਟੱਮਜ਼ ਡਿਊਟੀਆਂ ਦੇ ਖਾਤਮੇ ਨੇ ਇਕ ਖੁਲ੍ਹਾ ਬਾਜ਼ਾਰ ਹੋਂਦ ਵਿਚ ਲੈ ਆਂਦਾ ਅਤੇ ਰੇਲਵੇ-ਮਾਰਗਾਂ ਦੀ ਉਸਾਰੀ ਨੇ ਕਾਰੋਬਾਰੀ ਜੀਵਨ ਦੀ ਰਫਤਾਰ ਨੂੰ ਹੋਰ ਤੇਜ਼ ਕਰ ਦਿਤਾ। ਕਲਕੱਤੇ ਦੇ ਬਰਤਾਨਵੀ ਵਪਾਰੀਆਂ ਨੇ ਪਟਸਨ, ਕੋਲਾ, ਲੋਹਾ, ਅਤੇ ਬਾਗਬਾਨੀ ਦੇ ਉਦਯੋਗਾਂ ਵਿਚ ਮਹਾਰਤ ਹਾਸਲ ਕਰ ਲਈ। ਬਰਤਾਨਵੀ ਬੈਂਕਿੰਗ ਅਤੇ ਬੀਮਾ ਵੀ ਬਹੁਤ ਪ੍ਰਫੁੱਲਤ ਹੋਇਆ। ਕਲਕੱਤਾ ਦੇਸੀ ਪਾਸਾ ਵਣਜ ਪੱਖੋਂ ਇਕ ਗਹਿਮਾ-ਗਹਿਮੀ ਵਾਲਾ ਕੇਂਦਰ ਬਣ ਗਿਆ ਅਤੇ ਭਾਰਤ ਦੇ ਸਾਰੇ ਹੀ ਹਿੱਸਿਆਂ ਦੇ ਅਤੇ ਏਸ਼ੀਆ ਦੇ ਕੁਝ ਹੋਰਨਾਂ ਭਾਗਾਂ ਦੇ ਵਪਾਰੀ ਇਥੇ ਇਕੱਠੇ ਹੋ ਗਏ। ਬ੍ਰਿਟਿਸ਼ ਇੰਡੀਆ ਦੇ ਪ੍ਰਬੰਧਕੀ ਹੈੱਡਕੁਆਟਰ ਦੇ ਨਾਲ ਹੀ ਕਲਕੱਤਾ ਉਪ-ਮਹਾਂਦੀਪ ਦਾ ਇਕ ਬੌਧਿਕ ਕੇਂਦਰ ਵੀ ਬਣ ਗਿਆ।

ਵੀਹਵੀਂ ਸਦੀ ਤੋਂ ਕਲਕੱਤੇ ਦੀਆਂ ਮੁਸ਼ਕਲਾਂ ਦਾ ਸਮਾਂ ਸ਼ੁਰੂ ਹੋਇਆ। ਸੰਨ 1905 ਵਿਚ ਲਾਰਡ ਕਰਜ਼ਨ ਨੇ ਬੰਗਾਲ ਦੀ ਵੰਡ ਕਰ ਦਿਤੀ ਅਤੇ ਢਾਕੇ ਨੂੰ ਪੂਰਬੀ ਬੰਗਾਲ ਅਤੇ ਆਸਾਮ ਦੀ ਰਾਜਧਾਨੀ ਬਣਾ ਦਿਤਾ। ਜ਼ੋਰਦਾਰ ਅੰਦੋਲਨ ਕਾਰਨ ਇਸ ਵੰਡ ਨੂੰ ਮਨਸੂਖ ਕਰਨਾ ਪਿਆ। ਪਰ ਬਾਅਦ ਵਿਚ ਸੰਨ 1912 ਵਿਚ ਬ੍ਰਿਟਿਸ਼ ਇੰਡੀਆ ਦੀ ਰਾਜਧਾਨੀ ਇਥੋਂ ਬਦਲਕੇ ਦਿੱਲੀ ਲੈ ਆਂਦੀ ਗਈ। ਇਥੇ ਆ ਕੇ ਸਰਕਾਰ ਮੁਕਾਬਲਤਨ ਵਧੇਰੇ ਸ਼ਾਂਤ ਰਹਿ ਸਕੀ। ਸੰਨ 1947 ਵਿਚ ਬੰਗਾਲ ਦੀ ਦੂਜੀ ਵਾਰ ਵੰਡ ਹੋਈ।

ਜਿਉਂ-ਜਿਉਂ ਇਹ ਸਦੀ ਅਗਾਂਹ ਵਧਦੀ ਗਈ, ਕਲਕੱਤੇ ਦੀ ਵਸੋਂ ਵਿਚ ਬੜਾ ਭਾਰੀ ਵਾਧਾ ਹੁੰਦਾ ਰਿਹਾ। ਭਾਰਤ ਵਿਚ 'ਹੋਮ ਰੂਲ' ਦੀ ਮੰਗ ਵਾਂਗ ਸਮਾਜਕ ਸਮੱਸਿਆਵਾਂ ਵੀ ਵਧੇਰੇ ਜ਼ੋਰ ਫੜ ਗਈਆਂ। ਸੰਨ 1926 ਅਤੇ ਫਿਰ 1930 ਵਿਚ ਫਿਰਕੂ ਦੰਗੇ ਫਸਾਦ ਹੋਏ। ਦੂਜੇ ਵਿਸ਼ਵ ਯੁੱਧ ਵਿਚ ਜਾਪਾਨੀਆਂ ਨੇ ਕਲਕੱਤੇ ਦੇ ਘਾਟਾਂ ਉੱਤੇ ਹਵਾਈ ਹਮਲੇ ਕਰ ਦਿਤੇ ਜਿਸ ਨਾਲ ਇਥੋਂ ਦੇ ਲੋਕਾਂ ਦਾ ਜਾਨੀ ਨੁਕਸਾਨ ਬਹੁਤ ਹੋਇਆ। ਸਾਰਿਆਂ ਨਾਲੋਂ ਵਧੇਰੇ ਗੰਭੀਰ ਫਸਾਦ ਸੰਨ 1946 ਵਿਚ ਹੀ ਹੋਏ ਜਦੋਂ ਬ੍ਰਿਟਿਸ਼ ਇੰਡੀਆ ਦੀ ਵੰਡ ਅਟੱਲ ਹੀ ਹੋ ਗਈ ਸੀ ਅਤੇ ਮੁਸਲਮਾਨਾਂ ਤੇ ਹਿੰਦੂਆਂ ਵਿਚਕਾਰ ਤਣਾਉ ਸਿਖਰਾਂ ਛੋਹ ਚੁਕਾ ਸੀ। ਸੰਨ 1947 ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਬੰਗਾਲ ਦੀ ਵੰਡ ਕਾਰਨ, ਕਲਕੱਤੇ ਦੇ ਵਿਕਾਸ ਨੂੰ ਭਾਰੀ ਸੱਟ ਵੱਜੀ। ਹੁਣ ਕਲਕੱਤਾ ਕੇਵਲ ਪੱਛਮੀ ਬੰਗਾਲ ਦੀ ਹੀ ਰਾਜਧਾਨੀ ਰਹਿ ਗਿਆ ਅਤੇ ਇਸਦੇ ਸਾਬਕਾ ਪਿਛਵਾੜੇ ਦੇ ਇਕ ਹਿੱਸੇ ਦਾ ਵਪਾਰ ਖੁੱਸ ਗਿਆ। ਉਸ ਵੇਲੇ ਹੀ ਪੂਰਬੀ ਪਾਕਿਸਤਾਨ ਤੋਂ ਲੱਖਾਂ ਦੀ ਗਿਣਤੀ ਵਿਚ ਸ਼ਰਨਾਰਥੀ ਕਲਕੱਤੇ ਵਿਚ ਆ ਗਏ। ਇਸ ਨਾਲ ਇਥੋਂ ਦੀਆਂ ਸਮਾਜਕ ਸਮੱਸਿਆਵਾਂ ਅਤੇ ਤੇਜ਼ੀ ਨਾਲ ਵਧ ਰਹੀ ਆਬਾਦੀ ਦੀ ਸਮੱਸਿਆ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਈ।

ਆਧੁਨਿਕ ਸ਼ਹਿਰ—

**ਵਿਉਂਤ**—ਆਰੰਭ ਵਿਚ ਸ਼ਹਿਰ ਦੀ ਸਥਾਪਨਾ ਲਈ ਇਹ ਥਾਂ ਇਸ ਕਰਕੇ ਚੁਣੀ ਗਈ ਕਿਉਂਕਿ ਰੱਖਿਆ ਅਤੇ ਵਪਾਰ ਦੇ ਪੱਖੋਂ ਇਸ ਦੀ ਸਥਿਤੀ ਬਹੁਤ ਹੀ ਉਚਿੱਤ ਸੀ। ਸਮੁੰਦਰੀ ਤਲ ਤੋਂ ਇਸ ਦੀ ਵੱਧ ਤੋਂ ਵੱਧ ਉਚਾਈ ਲਗਭਗ 10 ਮੀ. ਹੈ।

ਖਾਸ ਕਲਕੱਤੇ ਸ਼ਹਿਰ ਦਾ ਕੁੱਲ ਰਕਬਾ ਲਗਭਗ 100 ਵ. ਕਿ. ਮੀ. ਹੈ ਐਪਰ ਸਾਰੇ ਮੈਟਰੋਪਾਲਿਟਨ ਖੇਤਰ ਦਾ ਕੁੱਲ ਰਕਬਾ 1300 ਵ. ਕਿ. ਮੀ. ਹੈ ਅਤੇ ਇਸ ਵਿਚ 3 ਕਾਰਪੋਰੇਸ਼ਨਾਂ, 1 ਛਾਉਣੀ 26 ਮਿਉਂਸਪਲਟੀਆਂ ਅਤੇ ਹੁਗਲੀ ਦਰਿਆ ਦੇ ਦੋਵੇਂ ਕੰਢਿਆਂ ਉੱਤੇ ਸਥਿਤ 44 ਮਿਉਂਸਪਲ ਸ਼ਹਿਰੀ ਖੇਤਰ ਸ਼ਾਮਲ ਹਨ। ਦਰਿਆ ਦੇ ਪੱਛਮੀ ਕੰਢੇ ਉੱਤੇ ਹਾਵੜਾ, ਉੱਤਰ ਵੱਲ ਬੜਾਨਗਰ, ਉੱਤਰ-ਪੂਰਬ ਵੱਲ ਦੱਖਣੀ ਡਮ ਡਮ, ਦੱਖਣ ਵੱਲ ਦੱਖਣੀ ਉਪ-ਸ਼ਹਿਰੀ ਖੇਤਰ 'ਬੈਹਾਲਾ' ਅਤੇ ਦੱਖਣ-ਪੱਛਮ ਵੱਲ ਗਾਰਡਨ ਰੀਚ ਨਾਮੀ ਕਲਕੱਤੇ ਦੇ ਮੁੱਖ ਉਪ-ਨਗਰ ਹਨ। ਇਹ ਸਾਰਾ ਖੇਤਰ ਇਕ ਵੱਡੇ ਸ਼ਹਿਰ ਨੂੰ ਰੂਪਮਾਨ ਕਰਦਾ ਹੈ।

**ਜਲਵਾਯੂ**—ਇਥੋਂ ਦਾ ਜਲਵਾਯੂ ਉਪ-ਉਸ਼ਣੀ ਹੈ। ਗਰਮੀਆਂ ਵਿਚ ਮਾਨਸੂਨ ਪੌਣਾਂ ਬੜੀ ਭਾਰੀ ਵਰਖਾ ਕਰਦੀਆਂ ਹਨ। ਵੱਧ ਤੋਂ ਵੱਧ ਤਾਪਮਾਨ 42° ਸੈਂ (108° ਫਾ) ਅਤੇ ਘੱਟ ਤੋਂ ਘੱਟ ਤਾਪਮਾਨ 7°ਸੈਂ (44°ਫ਼ਾ) ਤੀਕ ਪਹੁੰਚ ਜਾਂਦਾ ਹੈ। ਇਥੇ ਔਸਤਨ ਸਾਲਾਨਾ ਵਰਖਾ 160 ਸੈ. (64″) ਹੁੰਦੀ ਹੈ। ਵਰਖਾ ਦਾ 80 ਪ੍ਰਤੀਸ਼ਤ ਹਿੱਸਾ ਮਾਨਸੂਨ ਪੌਣਾਂ ਦੁਆਰਾ ਜੂਨ ਤੋਂ ਸਤੰਬਰ ਤੀਕ ਪੈਂਦਾ ਹੈ। ਸਰਦੀਆਂ ਵਿਚ ਸਵੇਰੇ ਧੁੰਦ ਅਕਸਰ ਪੈਂਦੀ ਹੈ ਅਤੇ ਸ਼ਾਮ ਨੂੰ ਫੈਕਟਰੀਆਂ ਦੇ ਧੂਏਂ ਆਦਿ ਨਾਲ ਬੱਦਲ ਛਾਏ ਰਹਿੰਦੇ ਹਨ।

**ਆਵਾਜਾਈ**—ਅੰਦਰੂਨੀ—ਸ਼ਹਿਰ ਅਤੇ ਇਸ ਦੇ ਉਪ-ਨਗਰਾਂ ਵਿਚ ਲਗਪਗ 805 ਕਿ.ਮੀ. ਲੰਬੀਆਂ ਸੜਕਾਂ ਹਨ ਪਰ ਇਨ੍ਹਾਂ ਸੜਕਾਂ ਦੀ ਮਾੜੀ ਹਾਲਤ ਨੇ ਇਕ ਗੰਭੀਰ ਸਮੱਸਿਆ ਖੜ੍ਹੀ ਕਰ ਦਿਤੀ ਹੈ। ਇਥੋਂ ਦੀ ਆਮ ਢੋਆ-ਢੁਆਈ ਟ੍ਰਾਮਾਂ ਅਤੇ ਬੱਸਾਂ ਉੱਤੇ ਨਿਰਭਰ ਹੈ। ਕਲਕੱਤੇ ਅਤੇ ਹਾਵੜੇ ਵਿਚ 26 ਟ੍ਰਾਮ ਮਾਰਗ ਹਨ ਜਿਨ੍ਹਾਂ ਵਿਚ ਲਗਭਗ 65 ਕਿ. ਮੀ. ਦੂਹਰੇ ਟ੍ਰਾਮ-ਮਾਰਗ ਹਨ। ਟ੍ਰਾਮ ਗੱਡੀਆਂ ਦਾ ਪ੍ਰਬੰਧ ਸਰਕਾਰ ਅਧੀਨ ਹੈ। ਰਾਜ ਸਰਕਾਰ ਅਤੇ ਪ੍ਰਾਈਵੇਟ ਕੰਪਨੀਆਂ ਬੱਸਾਂ ਨੂੰ ਚਲਾਉਂਦੀਆਂ ਹਨ। ਸਰਕਾਰੀ ਟ੍ਰਾਂਸਪੋਰਟ ਦੀਆਂ ਲਗਭਗ 1100 ਬੱਸਾਂ ਅਤੇ 450 ਟ੍ਰਾਮ ਗੱਡੀਆਂ ਚਲਦੀਆਂ ਹਨ। ਇਹ ਇਕ ਸਾਲ ਵਿਚ ਲਗਪਗ 1,000,000,000 ਮੁਸਾਫਰਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਪਹੁੰਚਾਂਦੀਆਂ ਹਨ।

ਭਾਰਤ ਦੀ ਪਹਿਲੀ ਉਪ-ਮਾਰਗ ਪ੍ਰਣਾਲੀ ਡਮ ਡਮ ਅਤੇ ਟਾਲੀਗੰਜ ਵਿਚਕਾਰ ਇਕ 16.5 ਕਿ. ਮੀ. ਉੱਤਰੀ-ਦੱਖਣੀ ਲਾਈਨ ਸੰਨ 1973 ਵਿਚ ਬਣਾਉਣੀ ਸ਼ੁਰੂ ਕੀਤੀ ਗਈ। ਇਸ ਲਾਈਨ ਦੇ ਮੁਕੰਮਲ ਹੋ ਜਾਣ ਤੇ ਇਹ 1,390,00 ਵਿਅਕਤੀਆਂ ਨੂੰ ਰੋਜ਼ਾਨਾ ਆਵਾਜਾਈ ਦੀਆਂ ਸਹੂਲਤਾਂ ਮੁਹੱਈਆ ਕਰੇਗੀ।

ਕਲਕੱਤੇ ਅਤੇ ਇਸਦੇ ਪੱਛਮੀ ਪਛਵਾੜੇ ਦਾ ਮੇਲ-ਜੋਲ ਹੁੱਗਲੀ ਦਰਿਆ ਉੱਤੇ ਬਣੇ ਪੁਲਾਂ 'ਹਾਵੜਾ ਬਰਿੱਜ' ਅਤੇ ਦੂਰ ਉੱਤਰ ਵਿਚ ਬਣੇ, 'ਬਾਲੀ ਬਰਿਜ' ਉੱਤੇ ਨਿਰਭਰ ਕਰਦੀ ਹੈ। ਤੀਸਰੇ ਪੁਲ ਦੀ ਵੀ ਯੋਜਨਾਬੰਦੀ ਤਿਆਰ ਕੀਤੀ ਜਾ ਚੁੱਕੀ ਹੈ। ਹਾਵੜਾ ਬਰਿੱਜ, (ਕਲਕੱਤੇ ਦਾ ਪਛਵਾੜੇ ਨਾਲ ਲਿੰਕ ਜੋੜਨ ਵਾਲਾ ਪੁਲ) ਉੱਤੇ ਗੱਡੀਆਂ ਦੀ ਆਵਾਜਾਈ ਲਈ ਅੱਠ ਤੰਗ ਰਸਤੇ ਅਤੇ ਕੇਂਦਰ ਵਿਚ ਦੋ ਟ੍ਰਾਮ-ਮਾਰਗ ਹਨ ਅਤੇ ਇਹ ਦੁਨੀਆ ਦੇ ਸਭ ਤੋਂ ਵੱਧ ਵਰਤੋਂ ਵਿਚ ਲਿਆਂਦੇ ਜਾਣ ਵਾਲੇ ਪੁਲਾਂ ਵਿਚੋਂ ਇਕ ਹੈ।

ਬਾਹਰੀ—ਗਰੈਂਡ ਟਰੰਕ ਰੋਡ (ਨੈਸ਼ਨਲ ਹਾਈਵੇ ਨੰ: 2)ਭਾਰਤ ਦੇ ਸਭ ਤੋਂ ਪੁਰਾਣੇ ਸੜਕ ਮਾਰਗਾਂ ਵਿਚੋਂ ਇਕ ਹੈ। ਇਹ ਕਲਕੱਤੇ ਤੋਂ ਲੈ ਕੇ ਕਸ਼ਮੀਰ ਤੀਕ ਲਗਭਗ 1600 ਕਿ.ਮੀ. (1000 ਮੀਲ) ਤੀਕ ਜਾਂਦੀ ਹੈ। ਬੰਦਰਗਾਹ ਨੂੰ ਉੱਤੱਰੀ ਭਾਰਤ ਨਾਲ ਜੋੜਨ ਵਾਲਾ ਇਹ ਮੁੱਖ ਮਾਰਗ ਹੈ। ਹੋਰ ਰਾਸ਼ਟਰੀ ਸ਼ਾਹ-ਰਾਹ ਕਲਕੱਤੇ ਨੂੰ ਭਾਰਤ ਦੇ ਪੱਛਮੀ ਤੱਟ, ਪੱਛਮੀ ਬੰਗਾਲ ਦੇ ਉੱਤੱਰੀ ਹਿੱਸੇ ਅਤੇ ਬੰਗਲਾਦੇਸ਼ ਨਾਲ ਲਗਦੀ ਸਰਹੱਦ ਨਾਲ ਜੋੜਦੇ ਹਨ।

ਹੁਗੱਲੀ ਦਰਿਆ ਦੇ ਪੱਛਮੀ ਕੰਢੇ ਤੇ ਹਾਵੜਾ ਅਤੇ ਪੂਰਬੀ ਕੰਢੇ ਤੇ ਸਿਆਲਦਾਹ ਰੇਲਵੇ ਸਟੇਸ਼ਨਾਂ ਤੋਂ ਚਾਰ ਚੁਫੇਰੇ ਨੂੰ ਰੇਲਾਂ ਚਲਦੀਆਂ ਹਨ। ਇਨ੍ਹਾਂ ਦੋਹਾਂ ਸਟੇਸ਼ਨਾਂ ਤੋਂ ਲਗਭਗ 250,000 ਮੁਸਾਫਰ ਰੋਜ਼ਾਨਾ ਆਉਂਦੇ ਜਾਂਦੇ ਹਨ।

ਕਲਕੱਤੇ ਦੇ ਅਖਰੀਲੇ ਹਵਾਈ ਅੱਡੇ ਡਮ ਡਮ ਤੋਂ ਹਰ ਰੋਜ਼ ਲਗਭਗ 120 ਅੰਤਰ ਰਾਸ਼ਟਰੀ ਅਤੇ ਰਾਸ਼ਟਰੀ ਉਡਾਣਾਂ ਹੁੰਦੀਆਂ ਹਨ।

**ਆਬਾਦੀ**—ਸੰਨ 1981 ਦੀ ਮਰਦਮਸ਼ੁਮਾਰੀ ਅਨੁਸਾਰ ਕਲਕੱਤੇ ਸ਼ਹਿਰ ਦੀ ਵਸੋਂ 3,291,655 ਹੈ ਭਾਵੇਂ ਸਾਰੇ ਮੈਟਰੋਪਾਲਿਟਨ ਖੇਤਰ ਦੀ ਕੁੱਲ ਵਸੋਂ 9,166,0000 ਹੈ। ਇਸ ਵਸੋਂ ਵਿਚ 80% ਹਿੰਦੂ ਅਤੇ ਬਾਕੀ ਮੁਸਾਲਮਾਨ, ਈਸਾਈ, ਸਿੱਖ, ਜੈਨੀ, ਬੋਧੀ ਅਤੇ ਹੋਰ ਧਰਮਾਂ ਦੇ ਲੋਕ ਹਨ। ਸੰਨ1961 ਵਿਚ ਇਥੇ 66% ਲੋਕ ਬੰਗਲਾ, 20% ਹਿੰਦੀ ਅਤੇ 9% ਉਰਦੂ ਬੋਲਦੇ ਸਨ। ਇਸ ਤੋਂ ਇਲਾਵਾ ਉੜੀਆ, ਪੰਜਾਬੀ ਅਤੇ ਹੋਰ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ। ਕਲਕੱਤਾ ਨਾ ਕੇਵਲ ਇਕ ਭਾਰਤੀ ਸ਼ਹਿਰ ਹੀ ਹੈ ਸਗੋਂ ਇਹ ਵਿਸ਼ਵ ਦਾ ਇਕ ਸ਼ਹਿਰ ਬਣ ਗਿਆ ਹੈ। ਭਾਰਤੀਆਂ ਤੋਂ ਇਲਾਵਾ ਇਥੇ ਅੰਗਰੇਜ਼, ਨੈਪਾਲੀ, ਚੀਨੀ, ਅਮਰੀਕਨ, ਆਸਟ੍ਰੇਲੀਅਨ, ਬਰਮੀ, ਆਰਮੀਨੀਅਨ, ਅਫਰੀਕਨ, ਪੁਰਤਗੇਜ਼ੀ, ਆਇਰਲੈਂਡੀ ਵਲੰਦੇਜ਼, ਫਰਾਂਸੀਸੀ, ਇਤਾਲਵੀ, ਡੈਨਮਾਰਕ ਦੇ ਲੋਕ, ਇਜ਼ਰਾਇਲੀ ਅਤੇ ਈਰਾਨੀ ਲੋਕ ਰਹਿੰਦੇ ਹਨ। ਆਬਾਦੀ-ਘਣਤਾ ਲਗਭਗ 32,000 ਪ੍ਰਤੀ ਵ. ਕਿ. ਮੀ. ਹੈ।

**ਮਕਾਨ ਉਸਾਰੀ**—ਸ਼ਹਿਰ ਵਿਚ ਰਹਿਣ ਲਈ ਮਕਾਨਾਂ ਦੀ ਬੜੀ ਥੁੜ ਹੈ। ਸੰਨ 1973 ਵਿਚ ਇਸ ਸ਼ਹਿਰ ਵਿਚ ਘਟੋ ਘੱਟ 200,000 ਵਿਅਕਤੀ ਪੱਟੜੀਆਂ ਤੇ ਰਹਿਣ ਵਾਲੇ ਸਨ। ਕਲੱਕਤਾ ਮੈਟਰੋਪਾਲੀਟਨ ਡਿਸਟ੍ਰਿਕਟ ਦੀਆਂ ਸੰਸਥਾਗਤ ਪਨਾਹ-ਸਥਾਨਾਂ ਤੇ ਰਹਿਣ ਵਾਲੇ 366,000 ਵਿਅਕਤੀਆਂ ਵਿਚੋਂ 2/3. ਤੋਂ ਵਧੇਰੇ ਲੋਕ ਸ਼ਹਿਰ ਵਿਚ ਰਹਿੰਦੇ ਹਨ। ਸ਼ਹਿਰ ਵਿਚ 600,000 ਤੋਂ ਵੱਧ ਘਰਾਂ ਦੀਆਂ ਇਕਾਈਆਂ ਹਨ ਅਤੇ ਇਸਦਾ 3/4 ਹਿੱਸਾ ਹੀ ਕੇਵਲ ਰਿਹਾਇਸ਼ੀ ਮੰਤਵ ਲਈ ਵਰਤਿਆ ਜਾਂਦਾ ਹੈ। ਪ੍ਰਤੀ ਮਕਾਨ ਵਿਅਕਤੀਆਂ ਦੀ ਔਸਤਨ ਗਿਣਤੀ ਪੰਜ ਹੈ ਅਤੇ ਪ੍ਰਤੀ ਕਮਰਾ ਵਿਅਕਤੀਆਂ ਦੀ ਔਸਤਨ ਗਿਣਤੀ ਤਿੰਨ ਹੈ। ਵਧੇਰੇ ਇਕਾਈਆਂ ਬਹੁਤ ਛੋਟੀਆਂ ਹਨ।

ਸ਼ਹਿਰ ਵਿਚ ਲਗਭਗ 3000 ਬਸਤੀਆਂ ਗੰਦੀਆਂ ਬਸਤੀਆਂ ਹਨ, ਜਿਨ੍ਹਾਂ ਵਿਚ 189,000 ਪਰਿਵਾਰ ਰਹਿੰਦੇ ਹਨ।

**ਸ਼ਹਿਰ ਦੀ ਨੁਹਾਰ**—ਅਧੁਨਿਕ ਕਲਕੱਤੇ ਦੇ ਕਈ ਭਾਗਾਂ ਵਿਚ, ਉਚੀਆਂ ਇਮਾਰਤਾਂ ਤੇ ਉਚੇ ਬਹੁ-ਮੰਜ਼ਲੇ ਬਲਾਕ ਤਾਂ ਅਸਮਾਨ ਨੂੰ ਜਾ ਲਗਦੇ ਹਨ। ਸ਼ਹਿਰ ਦੀ ਨੁਹਾਰ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਕੇਂਦਰੀ ਕਲੱਕਤੇ ਦਾ ਚੌਰੰਗੀ ਖੇਤਰ (ਜੋ ਕਿਸੇ ਸਮੇਂ ਆਲੀਸ਼ਾਨ ਮਕਾਨਾਂ ਦੀ ਇਕ ਕਤਾਰ ਹੁੰਦੀ ਸੀ) ਦਫ਼ਤਰਾਂ, ਹੋਟਲਾਂ ਅਤੇ ਦੁਕਾਨਾਂ ਬਣਾਉਣ ਲਈ ਛੱਡ ਦਿੱਤਾ ਗਿਆ ਹੈ। ਉੱਤਰੀ ਅਤੇ ਕੇਂਦਰੀ ਕਲੱਕਤੇ ਵਿਚ ਅਜੇ ਵੀ ਬਹੁਤ ਸਾਰੀਆਂ ਇਮਾਰਤਾਂ ਦੋ ਜਾਂ ਤਿੰਨ ਮੰਜ਼ਲੀਆਂ ਹਨ। ਦੱਖਣੀ ਅਤੇ ਦੱਖਣੀ-ਕੇਂਦਰੀ ਕਲੱਕਤੇ ਵਿਚ ਬਹੁ-ਮੰਜ਼ਲੇ ਕਮਰਿਆਂ ਵਾਲੀਆਂ ਇਮਾਰਤਾਂ ਬਣੀਆਂ ਹੋਈਆਂ ਹਨ।

ਸੰਨ 1875 ਦੌਰਾਨ ਕਲਕੱਤੇ ਵਿਚ 21 ਈਸਾਈ ਗਿਰਜਾ ਘਰ ਅਤੇ ਰੋਮਨ ਕੈਥੋਲਿਕ ਗਿਰਜਾ ਘਰ ਸਨ। ਅੱਜ ਇਨ੍ਹਾਂ ਵਿਚੋਂ ਕੁਝ ਖੰਡਰ ਬਣ ਚੁਕੇ ਹਨ। ਕਲਕੱਤੇ ਵਿਚ ਵੱਡੇ ਅਤੇ ਛੋਟੇ ਮੰਦਰਾਂ ਦੀ ਭਰਮਾਰ ਹੈ।

**ਸ਼ਹਿਰ ਦੀ ਉਸਾਰੀ ਕਲਾ**—ਕਲਕੱਤੇ ਦੀ ਪੁਰਾਣੀ ਉਸਾਰੀ ਕਲਾ ਦੀਆਂ ਯਾਦਗਾਰਾਂ ਉੱਤੇ ਪੱਛਮੀ ਪ੍ਰਭਾਵ ਹਾਵੀ ਹੈ। ਗੌਰਮਿੰਟ ਹਾਊਸ (ਅਜੋਕਾ ਰਾਜ ਭਵਨ) ਡਰਬੀਸ਼ਿਰ ਦੇ ਕੈਡਲੇਸਟਨ ਹਾਲ ਦੀ ਨਕਲ ਹੈ। ਇਥੋਂ ਦੀ ਹਾਈ ਕੋਰਟ ਈਪਰ ਬੈਲਜੀਅਮ ਵਿਖੇ ਬਣੇ ਕਲਾਥ ਹਾਲ ਨਾਲ ਮਿਲਦਾ ਜੁਲਦਾ ਅਤੇ ਇਥੋਂ ਦਾ ਟਾਊਨ ਹਾਲ ਯੂਨਾਨੀ ਨਮੂਨੇ ਦਾ ਬਣਿਆ ਹੈ। ਇਸਦੀ ਡਿਉਢੀ ਡਾਰਿਕ ਹੈਲਨਿਕ ਨਮੂਨੇ ਦੀ ਹੈ। ਸੇਂਟ ਪਾਲ ਦਾ ਵੱਡਾ ਗਿਰਜਾ-ਘਰ ਇੰਡੋ-ਗੱਥਿਕ ਨਮੂਨੇ ਦੀ ਉਸਾਰੀ-ਕਲਾ ਤੇ ਬਣਾਇਆ ਗਿਆ। 'ਰਾਈਟਰਜ਼ ਬਿਲਡਿੰਗ' ਗਾਥਿਕ ਨਮੂਨੇ ਦੀ ਉਸਾਰੀ-ਕਲਾ ਤੇ ਬਣੀ ਹੋਈ ਹੈ ਜਿਸ ਦੇ ਸਿਖਰ ਉਤੇ ਬੁੱਤਕਾਰੀ ਕੀਤੀ ਹੋਈ ਹੈ। ਇੰਡੀਅਨ ਮਿਊਜ਼ੀਅਮ ਇਤਾਲਵੀ ਨਮੂਨੇ ਦਾ ਬਣਿਆ ਹੋਇਆ ਹੈ। ਆਲੀਸ਼ਾਨ ਗੁੰਬਦ ਵਾਲੇ ਇਥੋਂ ਦੇ ਜਨਰਲ ਪੋਸਟ ਆਫਿਸ ਦੇ ਥੰਮ ਕੋਰੰਥੀ (ਯੂਨਾਨ) ਨਮੂਨੇ ਦੇ ਹਨ। 'ਅਖ਼ਤਰਲੋਨੀ ਯਾਦਗਾਰ' ਦਾ ਆਲੀਸ਼ਾਨ ਥੰਮ 50 ਮੀ. (165 ਫੁੱਟ) ਉੱਚਾ ਹੈ। ਇਸਦਾ ਆਧਾਰ ਮਿਸਰੀ ਥੰਮ ਸੀਰੀਅਨ ਅਤੇ ਬੁਰਜ ਤੁਰਕੀ ਨਮੂਨੇ ਦਾ ਬਣਿਆ ਹੋਇਆ ਹੈ।



ਵਿਕਟੋਰੀਆ ਮੈਮੋਰੀਅਲ ਹਾਲ

**ਵਿਕਟੋਰੀਆ ਮੈਮੋਰੀਅਲ ਹਾਲ**— ਪੁਰਾਤਨ ਪੱਛਮੀ ਅਤੇ ਮੁਗ਼ਲਾਂ ਦੀ ਉਸਾਰੀ ਦੀ ਇਕ ਸਾਂਝੀ ਝਲਕ ਪੇਸ਼ ਕਰਦਾ ਹੈ। ਨਾਖ਼ੁਦਾ ਮਸਜਿੱਦ ਅਕਬਰ ਦੇ ਸਿਕੰਦਰੀਆ ਵਿਖੇ ਉਸਾਰੇ ਮਕਬਰੇ ਦੇ ਨਮੂਨੇ ਤੇ ਬਣਾਈ ਗਈ ਹੈ। 'ਬਿਰਲਾ ਪਲੈਨੇਟੇਰੀਅਮ ਸਾਂਚੀ ਦੇ ਬੋਧੀ ਸਤੂਪ, (ਯਾਦਗਾਰ) ਦੇ ਨਾਲ ਮਿਲਦਾ-ਜੁਲਦਾ ਹੈ।

ਪੱਛਮੀ ਬੰਗਾਲ ਵਿਧਾਨ ਪ੍ਰੀਸ਼ਦ ਵਾਲੀ ਇਮਾਰਤ ਆਧੁਨਿਕ ਉਸਾਰੀ-ਕਲਾ ਦੇ ਨਮੂਨੇ ਦੀ ਇਕ ਸ਼ਾਨਦਾਰ ਉਦਾਹਰਣ ਹੈ ਜਦ ਕਿ 'ਰਾਮਕ੍ਰਿਸ਼ਨ ਮਿਸ਼ਨ ਇੰਸਟੀਚਿਊਟ ਆਫ਼ ਕਲਚਰ' ਭਾਰਤ ਦੇ ਸਭਿਆਚਾਰਕ ਵਿਰਸੇ ਦੀ ਤਰਜਮਾਨੀ ਕਰਦਾ ਹੈ।

**ਆਰਥਿਕਤਾ**—ਕਲਕੱਤਾ ਪੂਰਬੀ ਭਾਰਤ ਦਾ ਇਕ ਵਿੱਤੀ ਸਦਰ-ਮੁਕਾਮ ਅਤੇ ਨਾਲ ਦੀ ਨਾਲ ਹੀ ਇਕ ਵੱਡਾ ਤਿਜਾਰਤੀ ਗੋਦਾਮ ਅਤੇ ਉਦਯੋਗਕ ਸ਼ਹਿਰੀ ਡਿਸਟ੍ਰਿਕਟ ਦਾ ਕੇਂਦਰ ਹੈ। ਇਥੋਂ ਦੀ ਬੰਦਰਗਾਹ ਰਾਹੀਂ ਆਸਾਮ ਅਤੇ ਮੇਘਾਲਿਆ ਦੇ ਚਾਹ ਦੇ ਬਾਗਾਂ ਅਤੇ ਪੱਛਮੀ ਬੰਗਾਲ ਦੇ ਪਟਸਨ ਦੇ ਉਦਯੋਗ ਦਾ ਉਤਪਾਦਨ ਬਾਹਰ ਭੇਜਿਆ ਜਾਂਦਾ ਹੈ। ਭਾਵੇਂ ਕਲਕੱਤੇ ਦੀ ਅਰਥ ਵਿਵਸਥਾ ਅਨਿੱਖੜਵੇਂ ਰੂਪ ਵਿਚ ਕਲਕੱਤੇ ਦੇ ਸਮੂਹਕ ਕਸਬਿਆਂ ਅਤੇ ਸਮੁੱਚੇ ਰੂਪ ਵਿਚ ਸਾਰੇ ਪਛਵਾੜੇ ਨਾਲ ਜੁੜੀ ਹੋਈ ਹੈ ਫਿਰ ਵੀ ਪਟਸਨ ਦੇ ਉਦਯੋਗ ਨੂੰ ਛੱਡਕੇ, ਕੁਝ ਉਦਯੋਗ ਸਿੱਧੇ ਤੌਰ ਤੇ ਬੰਦਰਗਾਹ ਨਾਲ ਜੁੜੇ ਹੋਏ ਹਨ।

**ਕਲਕੱਤੇ ਦੀ ਬੰਦਰਗਾਹ**—ਆਮ ਸਾਲਾਂ ਵਿਚ ਕਲਕੱਤੇ ਦੀ ਬੰਦਰਗਾਹ ਤੋਂ ਮੁੱਲ ਦੇ ਪੱਖੋਂ ਭਾਰਤ ਦੀ 25 ਪ੍ਰਤੀਸ਼ਤ ਮਾਲ ਦੀ ਆਯਾਤ ਅਤੇ 40 ਪ੍ਰਤਿਸ਼ਤ ਮਾਲ ਦੀ ਨਿਰਯਾਤ ਹੁੰਦੀ ਹੈ। ਕਲਕੱਤੇ ਦਾ ਸ਼ਹਿਰ ਵਧੀਆ ਕਿਸਮ ਦਾ ਲੋਹਾ ਅਤੇ ਫੋਲਾਦ ਬਾਹਰੋਂ ਮੰਗਵਾਉਂਦਾ ਹੈ ਅਤੇ ਘਟੀਆ ਫੋਲਾਦ ਅਤੇ ਕੱਚਾ ਲੋਹਾ ਬਾਹਰ ਭੇਜਦਾ ਹੈ। ਇਸ ਤੋਂ ਇਲਾਵਾ ਇਥੋਂ ਲੂਣ ਪੈਟਰੋਲੀਅਮ, ਐਸਫਾਲਟ ਬਿਟਿਊਮੈਂਨ ਸੀਮਿੰਟ, ਖਾਦ, ਮਸ਼ੀਨਰੀ ਅਤੇ ਰੇਲਵੇ ਸਾਮਾਨ ਆਦਿ ਬਾਹਰੋਂ ਮੰਗਵਾਇਆ ਜਾਂਦਾ ਹੈ ਅਤੇ ਕੋਲਾ, ਕਚੀ ਧਾਤ ਪਟਸਨ ਦਾ ਸਾਮਾਨ ਆਦਿ ਚਾਹ, ਖੰਡ, ਹੱਡੀਆਂ ਹੱਡੀ-ਚੂਰਾ ਅਤੇ ਲੋਹੇ ਦਾ ਚੂਰਾ ਇਥੋਂ ਬਾਹਰ ਭੇਜਿਆ ਜਾਂਦਾ ਹੈ। ਆਯਾਤ ਤੇ ਨਿਰਯਾਤ ਕੀਤੀਆਂ ਜਾਣ ਵਾਲੀਆਂ ਇਨ੍ਹਾਂ ਸਾਰੀਆਂ ਵਸਤਾਂ ਦੀ ਢੋਆ-ਢੁਆਈ, ਸਟੋਰ ਕਰਨ, ਥੋਕ ਅਤੇ ਪਰਚੂਨ ਰੂਪ ਵਿਚ ਵੇਚਣ ਦੀਆਂ ਸਾਰੀਆਂ ਸਹੂਲਤਾਂ ਇਸ ਬੰਦਰਗਾਹ ਤੇ ਮੁਹੱਈਆ ਹਨ। ਬਦੇਸ਼ੀ ਮੁਦਰਾ ਕਮਾਉਣ ਵਿਚ ਵੀ ਮੁਕਾਬਲਤਨ ਕਲਕੱਤੇ ਦੀ ਬੰਦਰਗਾਹ ਦੀ ਅਹਿਮੀਅਤ ਜ਼ਿਆਦਾ ਹੈ।

**ਬੈਂਕਿੰਗ ਅਤੇ ਕਾਮਰਸ**—ਬਦੇਸ਼ੀ ਬੈਂਕਾਂ ਵਿਚੋਂ ਲਗਭਗ 1/3 ਹਿੱਸਾ ਕਲਕੱਤੇ ਵਿਚ ਹੀ ਹਨ। ਕਲਕੱਤੇ ਦੀ ਸਟਾਕ ਐਕਸਚੇਂਜ ਦੇਸ਼ ਦੀ ਸੰਗਠਤ ਵਿੱਤੀ ਮਾਰਕੀਟ ਵਿਚ ਬੜਾ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

ਇਸ ਤੋਂ ਇਲਾਵਾ ਕੋਲੇ ਦੀਆਂ ਖਾਨਾਂ ਨੂੰ ਕੰਟਰੋਲ ਕਰਨ ਵਾਲੀ ਏਜੰਸੀ ਕਲਕੱਤੇ ਵਿਖੇ ਹੀ ਹੈ। ਪਟਸਨ ਦੀਆਂ ਮਿੱਲਾਂ, ਅਤੇ ਵੱਡੇ ਪੈਮਾਨੇ ਦੇ ਇੰਜੀਨੀਅਰਿੰਗ ਉਦਯੋਗਾਂ ਦਾ ਵੀ ਕੰਟਰੋਲ ਇੱਥੋਂ ਹੀ ਕੀਤਾ ਜਾਂਦਾ ਹੈ। 'ਦੀ ਬੰਗਾਲ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ' ਅਤੇ 'ਇੰਡੀਅਨ ਚੈਂਬਰ ਆਫ ਕਾਮਰਸ' ਕਲਕੱਤੇ ਵਿਚ ਹੀ ਸਥਾਪਤ ਹਨ। ਕੋਲਾ, ਲੋਹਾ, ਮੈਗਨੀਜ਼, ਅਬਰਕ, ਪੈਟਰੋਲੀਅਮ, ਚਾਹ ਅਤੇ ਪਟਸਨ ਕਲਕੱਤੇ ਦੇ ਪਛਵਾੜੇ ਦੀਆਂ ਉਪਜਾਂ ਹਨ। ਕਲਕੱਤਾ ਪੂਰਬੀ ਖੇਤਰ ਵਿਚ ਸਮੁੰਦਰੀ ਜਹਾਜ਼ਾਂ ਦੀ ਲਦਾਈ ਦਾ ਇਕ ਕੇਂਦਰ ਹੈ। ਇਹ ਛਪਾਈ ਅਤੇ ਪ੍ਰਕਾਸ਼ਨ ਅਤੇ ਅਖ਼ਬਾਰਾਂ ਦੇ ਸਰਕੂਲੇਸ਼ਨ ਅਤੇ ਨਾਲ ਦੀ ਨਾਲ ਹੀ ਮਨੋਰੰਜਨ ਦਾ ਇਕ ਮੁੱਖ ਕੇਂਦਰ ਹੈ।

**ਉਦਯੋਗ**—ਇਹ ਪਟਸਨ ਨੂੰ ਪ੍ਰਾਸੈੱਸ ਕਰਨ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਸ਼ਹਿਰ ਹੈ। ਬਹੁਤ ਸਾਰੀਆਂ ਘਰੇਲੂ ਅਤੇ ਉਦਯੋਗਕ ਵਸਤਾਂ ਦਾ ਉਤਪਾਦਨ ਅਤੇ ਵਿਤਰਣ ਕਲਕੱਤੇ ਵਿਖੇ ਹੀ ਹੁੰਦਾ ਹੈ। ਇਨ੍ਹਾਂ ਵਸਤਾਂ ਵਿਚ ਲਗਭਗ ਸਾਰੀਆਂ ਖਾਣ ਪੀਣ ਦੀਆਂ ਵਸਤਾਂ ਤੰਮਾਕੂ, ਕੱਪੜੇ, ਹੌਜ਼ਰੀ, ਬਿਸਤਰੇ, ਚਮੜੇ, ਰਬੜ ਦਾ ਸਾਮਾਨ ਅਤੇ ਸ਼ਿੰਗਾਰ ਦਾ ਸਾਮਾਨ ਆਦਿ ਸ਼ਾਮਲ ਹਨ। ਇਥੋਂ ਦੇ ਕਾਰਖ਼ਾਨਿਆਂ ਵਿਚ ਢੋਆ-ਢੁਆਈ ਦੀਆਂ ਗੱਡੀਆਂ, ਬਿਜਲਈ ਮੋਟਰਾਂ, ਬਿਜਲਈ ਲੇਪਿਤ ਵਸਤਾਂ, ਸਾਂਚੇ ਬਣਾਉਣ ਵਾਲੀਆਂ ਫਾਊਂਡਰੀਆਂ ਰੰਗ, ਵਾਰਨਿਸ਼, ਰਸਾਇਣਕ ਪਦਾਰਥ, ਪਲਾਈਵੁੱਡ, ਚਾਹ ਦੇ ਬੰਦ ਡੱਬੇ, ਸਾਬਣ, ਸਿਆਹੀ, ਪੈਨਸਿਲ, ਲੋਹੇ ਅਤੇ ਫ਼ੌਲਾਦ ਦੀਆਂ ਵਸਤਾਂ ਆਦਿ ਦਾ ਉਤਪਾਦਨ ਵੀ ਹੁੰਦਾ ਹੈ।

**ਸਮੁੱਚੀ ਅਰਥ ਵਿਵਸਥਾ**—ਮੂਲ ਰੂਪ ਵਿਚ ਸ਼ਹਿਰ ਦੀ ਅਰਥ ਵਿਵਸਥਾ ਵਪਾਰਕ ਹੈ। ਇਥੋਂ ਦੇ ਸਾਰੇ ਕਾਮਿਆਂ ਦਾ 40 ਪ੍ਰਤੀਸ਼ਤ ਵਿਤਰਣ—ਕਿੱਤਿਆਂ ਵਿਚ ਲੱਗਾ ਹੋਇਆ ਹੈ। ਫਿਰ ਵੀ ਬੰਦਰਗਾਹ ਤੇ ਕੰਮ ਕਰਨ ਵਾਲਿਆਂ ਦੀ ਗਿਣਤੀ ਤਨਖ਼ਾਹ ਸੂਚੀਆਂ ਅਨੁਸਾਰ 40,0000 ਹੈ। ਇਥੋਂ ਦੇ ਦੂਜੇ ਵੱਡੇ ਸਰਕਾਰੀ ਮਹਿਕਮੇ ਹਥਿਆਰ ਬੰਦ, ਫੌਜ, ਪੁਲੀਸ, ਬੈਂਕ ਅਤੇ ਜੀਵਨ ਬੀਮਾ ਕਾਰਪੋਰੇਸ਼ਨ ਆਫ਼ ਇੰਡੀਆ ਹਨ। ਇਥੋਂ ਦੇ ਨਿੱਜੀ ਖੇਤਰ ਦੇ ਮੁੱਖ ਮਹਿਕਮੇ ਸਟਾਕ ਐਕਸਚੇਂਜ, ਡਾਕਟਰੀ ਅਤੇ ਵਿਦਿਆ, ਲੇਖਾ ਵਿਗਿਆਨ ਅਤੇ ਕਰਜ਼ਾ ਦੇਣ ਦੀਆਂ ਫਰਮਾਂ, ਚੈਂਬਰ ਆਫ ਕਾਮਰਸ, ਮਿਉਂਸਪਲ ਕਾਰਪੋਰੇਸ਼ਨ, ਬਿਜਲੀ ਤੇ ਗੈਸ ਕੰਪਨੀਆਂ, ਟ੍ਰਾਮਾਂ ਅਤੇ ਬੱਸ ਕੰਪਨੀਆਂ ਅਤੇ ਨਿਰਮਾਣ ਕਾਰਜ ਨਾਲ ਸਬੰਧਤ ਹਨ।

**ਪ੍ਰਬੰਧ ਅਤੇ ਸਮਾਜਕ ਸੇਵਾਵਾਂ**—ਗਵਰਨਰ ਕਲਕੱਤੇ ਦੇ ਇਤਿਹਾਸਕ ਰਾਜ ਭਵਨ ਵਿਚ ਰਹਿੰਦਾ ਹੈ। ਵਿਧਾਨ ਸਭਾ ਸ਼ਹਿਰ ਦੇ ਵਿਚਾਲੇ ਸਥਿਤ ਹੈ। ਇਸੇ ਤਰ੍ਹਾਂ ਹੀ ਸਕੱਤਰੇਤ (ਜਿਸ ਨੂੰ ਰਾਈਟਰਜ਼ ਬਿਲਡਿੰਗ) ਦੇ ਤੌਰ ਤੇ ਜਾਣਿਆ ਜਾਂਦਾ ਹੈ, ਸ਼ਹਿਰ ਵਿਚ ਹੀ ਹੈ। ਕਲਕੱਤਾ ਹਾਈ ਕੋਰਟ ਜਿਹੜੀ ਸ਼ਹਿਰ ਉੱਤੇ ਮੂਲ ਅਧਿਕਾਰ-ਖੇਤਰ ਅਤੇ ਸਾਰੇ ਬੰਗਾਲ ਉੱਤੇ ਅਪੀਲੀ ਅਧਿਕਾਰ ਖੇਤਰ ਦੀ ਵਰਤੋਂ ਕਰਦੀ ਹੈ, ਵੀ ਇਸੇ ਸ਼ਹਿਰ ਵਿਚ ਹੀ ਸਥਿਤ ਹੈ। ਭਾਰਤ ਸਰਕਾਰ ਦੀਆਂ ਕਈ ਸੰਸਥਾਵਾਂ ਜਿਵੇਂ ਨੈਸ਼ਨਲ ਲਾਇਬ੍ਰੇਰੀ, ਇੰਡੀਅਨ ਮਿਊਜ਼ੀਅਮ ਜੀਆਲੋਜੀਕਲ ਸਰਵੇ ਆਫ ਇੰਡੀਆ ਅਤੇ ਮੌਸਮ ਵਿਗਿਆਨ ਵਿਭਾਗ ਵੀ ਇਥੇ ਹੀ ਸਥਾਪਤ ਹਨ। ਮਿਉਂਸਪਲ ਕਾਰਪੋਰੇਸ਼ਨ ਇਥੋਂ ਦੀ ਮਿਉਂਸਪਲ ਸਰਕਾਰ ਚਲਾਉਂਦੀ ਹੈ।

ਕਲਕੱਤਾ ਇੰਪਰੂਵਮੈਂਟ ਟ੍ਰਸਟ, ਕਲਕੱਤਾ ਮੈਟਰੋਪਾਲਿਟਨ ਯੋਜਨਾਬੰਦੀ ਸੰਸਥਾ, ਕਲਕੱਤਾ ਮੈਟਰੋਪਾਲਿਟਨ ਜਲ ਅਤੇ ਸਫਾਈ ਅਥਾਰਿਟੀ ਅਤੇ ਕਲਕੱਤਾ ਮੈਟਰੋਪਾਲਿਟਨ ਡਿਸਟ੍ਰਿਕਟ ਅਥਾਰਿਟੀ ਇਥੋਂ ਦੀਆਂ ਹੋਰ ਮਹੱਤਵਪੂਰਨ ਸਰਕਾਰੀ ਸੰਸਥਾਵਾਂ ਹਨ।

ਸ਼ਹਿਰ ਦੇ ਮੁੱਖ ਵਾਟਰ ਵਰਕਸ ਅਤੇ 200 ਵੱਡੇ ਅਤੇ 3,000 ਛੋਟੇ ਖੂਹਾਂ ਤੋਂ ਲਗਭਗ 116,000,000 ਗੈਲਨ ਸਾਫ ਕੀਤਾ ਹੋਇਆ ਪਾਣੀ ਰੋਜ਼ਾਨਾ ਸਪਲਾਈ ਕੀਤਾ ਜਾਂਦਾ ਹੈ। ਮਿਉਂਸਪਲ ਕਲਕੱਤੇ ਵਿਚ ਲਗਭਗ 645 ਕਿ. ਮੀ. ਦੀ ਲੰਬਾਈ ਤੋਂ ਵੱਧ ਜ਼ਮੀਨ ਦੋਜ਼ ਗੰਦੇ ਨਾਲੇ ਅਤੇ ਇਸ ਤੋਂ ਕੁਝ ਲੰਬਾਈ ਦੀਆਂ ਖੁਲ੍ਹੀਆਂ ਨਾਲੀਆਂ ਬਣੀਆਂ ਹੋਈਆਂ ਹਨ। ਸ਼ਹਿਰ ਦੇ 45 ਪ੍ਰਤਿਸ਼ਤ ਰਕਬੇ ਵਿਚ ਅਜੇ ਤੀਕ ਵੀ ਜਮੀਨ ਦੋਜ਼ ਗੰਦੇ ਨਾਲਿਆਂ ਦੀਆਂ ਸਹੂਲਤਾਂ ਨਹੀਂ ਦਿਤੀਆਂ ਜਾ ਸਕਦੀਆਂ ਭਾਵੇਂ ਕਲਕੱਤੇ ਨੂੰ ਕਲਕੱਤਾ ਇਲੈਕਟ੍ਰਿਕ ਸਪਲਾਈ ਕਾਰਪੋਰੇਸ਼ਨ, ਵੈਸੱਟ ਬੰਗਾਲ ਸਟੇਟ ਇਲੈਕਟ੍ਰੀਸਿਟੀ ਬੋਰਡ, ਦੁਰਗਾਪੁਰ ਪਾਵਰ ਸਟੇਸ਼ਨ, ਬੰਦੇਲ ਥਰਮਲ ਪਾਵਰ ਸਟੇਸ਼ਨ ਅਤੇ ਦਮੋਦਰ ਵੈਲੀ ਕਾਰਪੋਰੇਸ਼ਨ ਗ੍ਰਿੱਡ ਤੋਂ ਬਿੱਜਲੀ ਸਪਲਾਈ ਕੀਤੀ ਜਾਂਦੀ ਹੈ ਫਿਰ ਵੀ ਇਥੇ ਬਿੱਜਲੀ ਉਤਪਾਦਨ ਸਮੱਰਥਾ ਅਤੇ ਖਪਤ ਵਿਚ ਕਾਫ਼ੀ ਵੱਡਾ ਅੰਤਰ ਹੈ।

**ਸਿਹਤ ਅਤੇ ਸੁਰੱਖਿਆ**—ਪ੍ਰਾਈਵੇਟ ਕਲਿਨਿਕਾਂ ਤੋਂ ਇਲਾਵਾ ਇਥੇ 40 ਹਸਪਤਾਲ ਹਨ। ਇਸਦੇ ਨਾਲ ਹੀ ਮਿਉਂਸਪਲ ਕਾਰਪੋਰੇਸ਼ਨ ਅਤੇ ਚੈਰਿਟੇਬਲ ਟ੍ਰਸਟ ਕੁਝ ਮੁਫ਼ਤ ਡਿਸਪੈਂਸਰੀਆਂ ਚਲਾਉਂਦੀਆਂ ਹਨ। ਸ਼ਹਿਰ ਵਿਚ ਕਈ ਮੈਡੀਕਲ ਕਾਲਜ ਹਨ। ਲਗਭਗ 7000 ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਹਨ। ਇਥੇ ਇਕ ਹਜ਼ਾਰ

ਵਿਅਕਤੀਆਂ ਪਿਛੇ ਡਾਕਟਰਾਂ ਦੀ ਗਿਣਤੀ ਦੇਸ਼ ਦੇ ਬਾਕੀ ਹਿੱਸਿਆ ਦੇ ਮੁਕਾਬਲੇ ਤੇ ਬਹੁਤ ਜ਼ਿਆਦਾ ਹੈ। ਫਿਰ ਵੀ ਹਸਪਤਾਲਾਂ ਵਿਚ ਬਹੁਤ ਭੀੜ ਰਹਿੰਦੀ ਹੈ। ਇਹ ਭਾਰਤ ਦੇ ਉੱਤਰ-ਪੂਰਬੀ ਖੇਤਰ ਲਈ ਮੈਡੀਕਲ ਕੇਂਦਰ ਹੈ।

ਕਲਕੱਤੇ ਦੀ ਪੁਲਿਸ ਫੋਰਸ ਦਾ ਪ੍ਰਬੰਧ ਕਮਿਸ਼ਨਰ ਪੁਲਿਸ ਅਧੀਨ ਹੁੰਦਾ ਹੈ। ਸਾਰਾ ਸ਼ਹਿਰ ਚਾਰ ਪੁਲਿਸ ਡਵੀਜ਼ਨਾਂ ਵਿਚ ਵੰਡਿਆਂ ਹੋਇਆ ਹੈ। ਫਾਇਰ ਬ੍ਰਿਗੇਡ ਦਾ ਹੈਡ-ਕੁਆਟਰ ਵੀ ਕੇਂਦਰੀ ਕਲਕੱਤੇ ਵਿਚ ਹੀ ਹੈ। ਪਿਛਲੇ ਦਸਾਂ ਸਾਲਾਂ ਵਿਚ (1970 ਤੋਂ ਬਾਅਦ) ਇਥੇ ਜਾਨ-ਮਾਲ ਦੀ ਸੁਰੱਖਿਆ ਇਕ ਵੱਡੀ ਸਮੱਸਿਆ ਬਣ ਗਈ ਹੈ ਅਤੇ ਜੁਰਮਾਂ ਦੀ ਗਿਣਤੀ ਵੀ ਬਹੁਤ ਵਧ ਗਈ ਹੈ। ਨਤੀਜੇ ਵਜੋਂ ਪੁਲਿਸ ਫੋਰਸ ਕਾਫ਼ੀ ਵਧਾ ਦਿਤੀ ਗਈ ਹੈ।

**ਸਿਖਿਆ**—ਇਥੇ ਪ੍ਰਾਇਮਰੀ ਸਿੱਖਿਆ ਪ੍ਰਾਪਤ ਕਰਨ ਵਾਲੇ ਬੱਚਿਆਂ (6 ਤੋਂ 10 ਸਾਲ) ਵਿਚੋਂ ਲਗਭਗ 70 ਪ੍ਰਤਿਸ਼ਤ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਜਾਂਦੇ ਹਨ ਅਤੇ ਇਨਾਂ ਵਿਚੋਂ 1/3 ਹਿੱਸਾ ਮਿਊਂਸਪਲ ਕਾਰਪੋਰੇਸ਼ਨ ਦੁਆਰਾ ਚਲਾਏ ਜਾਂਦੇ ਮੁਫ਼ਤ ਪ੍ਰਾਇਮਰੀ ਸਕੂਲਾਂ ਵਿਚ ਜਾਂਦੇ ਹਨ। ਇਥੇ 11 ਤੋਂ 14 ਸਾਲ ਦੀ ਆਯੂ-ਗਰੁੱਪ ਵਿਚ ਲਗਭਗ 60 ਪ੍ਰਤਿਸ਼ਤ ਲੜਕੇ, 40 ਪ੍ਰਤਿਸ਼ਤ ਲੜਕੀਆਂ ਸੈਕੰਡਰੀ ਸਿੱਖਿਆ ਅਤੇ 14 ਤੋਂ 16 ਸਾਲ ਦੀ ਆਯੂ-ਗਰੁੱਪ ਦੇ ਲਗਭਗ 30 ਪ੍ਰਤਿਸ਼ਤ ਲੜਕੇ ਅਤੇ 20 ਪ੍ਰਤਿਸ਼ਤ ਲੜਕੀਆਂ ਮਾਨਤਾ ਪ੍ਰਾਪਤ ਸਕੂਲਾਂ (ਸਰਕਾਰੀ ਤੇ ਗੈਰ ਸਰਕਾਰੀ) ਵਿਚ ਸਿੱਖਿਆ ਪ੍ਰਾਪਤ ਕਰਦੀਆਂ ਹਨ। ਹਾਇਰ ਸੈਕੰਡਰੀ ਵਰਗਾਂ ਵਿਚਾਲੇ ਸਾਰੇ ਮਾਨਤਾ ਪ੍ਰਾਪਤ ਸਕੂਲਾਂ ਦਾ ਪ੍ਰਬੰਧ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਚਲਾਉਂਦਾ ਹੈ।

ਇਥੇ ਤਿੰਨ ਯੂਨੀਵਰਸਿਟੀਆਂ-ਕਲਕੱਤਾ ਯੂਨੀਵਰਸਿਟੀ, ਜਾਦਵਪੁਰ ਯੂਨੀਵਰਸਿਟੀ ਅਤੇ ਰਾਬਿੰਦਰਾ ਭਾਰਤੀ ਯੂਨੀਵਰਸਿਟੀ–ਹਨ। ਕਲਕੱਤਾ ਯੂਨੀਵਰਸਿਟੀ ਅਧੀਨ ਸ਼ਹਿਰ ਦੇ 50 ਕਾਲਜ ਅਤੇ ਕਈ ਹੋਰ ਬਾਹਰਲੇ ਕਾਲਜ ਹਨ। ਇਥੇ ਖੇਤੀਬਾੜੀ ਕਲਾ, ਸਾਹਿਤ, ਕਾਮਰਸ ਦੰਦਾਂ ਸਬੰਧੀ ਵਿਗਿਆਨ, ਸਿੱਖਿਆ ਇੰਜੀਨੀਅਰਿੰਗ, ਕੋਮਲ ਕਲਾਵਾਂ ਅਤੇ ਸੰਗੀਤ, ਹੋਮ ਸਾਇੰਸ, ਜਨਰਲਿਜ਼ਮ, ਕਾਨੂੰਨ, ਲਾਇਬ੍ਰੇਰੀ ਸਾਇੰਸ ਟੈਕਨਾਲੋਜੀ, ਸਮਾਜਕ ਭਲਾਈ, ਬਿਜ਼ਨੈਸ ਮੈਨੇਜਮੈਂਟ ਅਤੇ ਪਸ਼ੂ ਵਿਗਿਆਨ ਦੀਆਂ ਫੈਕਲਟੀਆਂ ਹਨ। ਇਨ੍ਹਾਂ ਕਾਲਜਾਂ ਤੋਂ ਇਲਾਵਾ ਆਰਟਸ,ਸਾਇੰਸ ਅਤੇ ਡਾਕਟਰੀ ਸਬੰਧੀ, ਯੂਨੀਵਰਸਿਟੀ ਕਾਲਜਾਂ ਵਿਚ ਪੋਸਟ-ਗ੍ਰੇਜੂਏਟ ਸਿੱਖਿਆ ਅਤੇ ਖੋਜ ਨੂੰ ਵਿਸ਼ੇਸ਼ ਥਾਂ ਦਿੱਤੀ ਹੋਈ ਹੈ।

'ਦੀ ਇੰਡੀਅਨ ਸਟੈਟਿਸਟੀਕਲ ਇੰਸਟੀਚਿਊਟ','ਦੀ ਇੰਡੀਅਨ ਐਸੋਸੀਏਸ਼ਨ ਫਾਰ ਦਾ ਕਲਟੀਵੇਸ਼ਨ ਆਫ ਸਾਇੰਸ', 'ਦੀ ਬੋਸ ਰੀਸਰਚ ਇੰਸਟੀਚਿਊਟ' (ਨੈਚੁਰਲ ਸਾਇੰਸਜ਼) ਅਤੇ 'ਆਲ ਇੰਡੀਆ ਇੰਸਟੀਚਿਊਟ ਆਫ ਹਾਈਜਿਨ' ਅਤੇ 'ਪਬਲਿਕ ਹੈਲੱਥ' ਇਥੋਂ ਦੀਆਂ ਪ੍ਰਸਿੱਧ ਖੋਜ ਸੰਸਥਾਵਾਂ ਹਨ।

ਸਭਿਆਚਾਰਕ ਜੀਵਨ—ਕਲਕੱਤਾ ਭਾਰਤ ਦਾ ਸਭ ਤੋਂ ਮਹੱਤਵਪੂਰਨ ਸਭਿਆਚਾਰਕ ਕੇਂਦਰ ਹੈ। ਤਿੰਨ ਯੂਨੀਵਰਸਿਟੀਆਂ ਤੋਂ ਇਲਾਵਾ ਏਸ਼ੀਆਟਿਕ ਸੋਸਾਇਟੀ ਆਫ ਬੰਗਾਲ, ਦੀ ਬੰਗਿਯਾ ਸਾਹਿਤ ਪ੍ਰੀਸ਼ਦ, ਦੀ ਰਾਮ ਕ੍ਰਿਸ਼ਨਾ ਮਿਸ਼ਨ ਇਸਟੀਚਿਊਟ ਆਫ ਕਲਚਰ, ਦੀ ਅਕਾਡਮੀ ਆਫ ਫ਼ਾਈਨ ਆਰਟਸ, ਦੀ ਬਿਰਲਾ ਅਕਾਡਮੀ ਆਫ ਆਰਟ ਐਂਡ ਕਲਚਰ, ਦੀ ਮਹਾਂ ਬੋਧੀ ਸੋਸਾਇਟੀ, ਦੀ ਈਰਾਨ ਸੋਸਾਇਟੀ ਅਤੇ ਕਲਕੱਤਾ ਹਿਸਟਾਰੀਕਲ ਸੋਸਾਇਟੀ ਇਥੋਂ ਦੀਆਂ ਪ੍ਰਸਿੱਧ ਸੰਸਥਾਵਾਂ ਹਨ ਜਿਨ੍ਹਾਂ ਨੇ ਇਥੋਂ ਦੇ ਸਭਿਆਚਾਰਕ ਜੀਵਨ ਨੂੰ ਅਮੀਰ ਬਣਾਇਆ ਹੋਇਆ ਹੈ। ਆਰਟਸ ਦੀਆਂ ਸਾਰੀਆਂ ਬਰਾਂਚਾਂ ਇਥੇ ਮੌਜੂਦ ਹਨ। ਦਸਤਕਾਰੀ ਦਾ ਵੀ ਇਸ ਸ਼ਹਿਰ ਵਿਚ ਮਹੱਤਵਪੂਰਨ ਰੋਲ ਹੈ। ਸ਼ਹਿਰ ਦੇ ਫਿਲਮ ਸਟੂਡੀਓਜ਼ ਵਿਚ ਸਿਨੇਮੇ ਦੀਆਂ ਫਿਲਮਾਂ ਤਿਆਰ ਕੀਤੀਆਂ ਜਾਂਦੀਆਂ ਹਨ।

ਰਾਬਿੰਦਰ ਨਾਥ ਟੈਗੋਰ ਨੇ ਸੰਨ 1937 ਵਿਚ ਇਥੇ ਹੀ ਪਹਿਲੀ 'ਆਲ ਬੰਗਾਲ ਮਿਊਜ਼ਕ ਕਾਨਫਰੰਸ' ਦਾ ਉਦਘਾਟਨ ਕੀਤਾ ਸੀ। ਇਥੇ ਹਰ ਸਾਲ ਸੰਗੀਤ ਦੀਆਂ ਕਈ ਕਾਨਫਰੰਸਾਂ ਹੁੰਦੀਆਂ ਹਨ। 'ਸੋਸਾਇਟੀ ਆਫ ਵਰਕਿੰਗ ਆਰਟਿਸਟਸ' 'ਦੀ ਸੋਸਾਇਟੀ ਆਫ ਪ੍ਰੋਗਰੇਸਿਵ ਆਰਟਿਸਟਸ' 'ਦੀ ਸੋਸਾਇਟੀ ਆਫ ਓਰੀਐਂਟਲ ਆਰਟ' 'ਦੀ ਪੇਂਟਰਜ਼ ਫਰੰਟ' ਅਤੇ ਹੋਰ ਸੰਸਥਾਵਾਂ ਸਾਲਨਾ ਸ਼ੋ ਪੇਸ਼ ਕਰਦੀਆਂ ਹਨ।

ਕਲਕੱਤੇ ਵਿਚ ਅੰਗਰੇਜ਼ੀ ਭਾਸ਼ਾ ਦਾ ਕੋਈ ਸਥਾਈ ਥੀਏਟਰ ਨਹੀਂ ਹੈ ਐਪਰ ਐਮਿਚਿਓਰ ਡਰਾਮਾ ਕਲੱਬ ਅੰਗਰੇਜ਼ੀ ਨਾਟਕ ਕਰਵਾਉਂਦੀਆਂ ਹਨ। ਇਥੇ 6 ਥੀਏਟਰ ਹਨ ਜਿਨ੍ਹਾਂ ਵਿਚ ਬਕਾਇਦਾ ਤੌਰ ਤੇ ਬੰਗਾਲੀ ਨਾਟਕ ਕਰਵਾਏ ਜਾਂਦੇ ਹਨ। ਸ਼ਹਿਰ ਵਿਚ ਲਗਭਗ 80 ਸਿਨੇਮਾ-ਘਰ ਹਨ। ਅੰਗਰੇਜ਼ੀ, ਬੰਗਾਲੀ, ਹਿੰਦੀ ਅਤੇ ਉਰਦੂ ਫ਼ਿਲਮਾਂ ਇਥੇ ਬਕਾਇਦਾ ਤੌਰ ਤੇ ਵਿਖਾਈਆਂ ਜਾਂਦੀਆਂ ਹਨ।

ਜਵਾਹਰ ਲਾਲ ਨਹਿਰੂ ਰੋਡ ਉਤੇ ਬਣਿਆ ਇੰਡੀਅਨ ਮਿਊਜ਼ੀਅਮ ਭਾਰਤ ਵਿਰ ਸਭ ਤੋਂ ਪੁਰਾਣਾ ਮਿਊਜ਼ੀਅਮ ਹੈ। ਭਾਰਤ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਨੈਸ਼ਨਲ ਲਾਇਬ੍ਰੇਰੀ, ਜਿਸ ਵਿਚ 10,000,000 ਪੁਸਤਕਾਂ ਅਤੇ 2000 ਹੱਥ ਲਿਖਤਾਂ ਮੂਲ ਰੂਪ ਵਿਚ ਪਈਆਂ ਹਨ, ਵੀ ਇਸੇ ਸ਼ਹਿਰ ਵਿਰ ਹੈ।

**ਪ੍ਰੈੱਸ ਰੇਡੀਓ ਅਤੇ ਟੈਲੀਵਿਜ਼ਨ**—ਇਥੇ ਅੰਗਰੇਜ਼ੀ ਭਾਸ਼ਾ ਵਿਚ 3, ਬੰਗਾਲੀ ਵਿਚ 6, ਹਿੰਦੀ ਵਿਚ 5, ਅਤੇ ਉਰਦੂ ਵਿਚ 4 ਰੋਜ਼ਾਨਾਂ ਅਖ਼ਬਾਰ ਛਪਦੇ ਹਨ। ਇਥੇ ਪੰਜਾਬੀ ਭਾਸ਼ਾ ਵਿਚ ਵੀ ਇਕ ਰੋਜ਼ਾਨਾਂ ਅਖਬਾਰ ਛਪਦਾ ਹੈ। ਆਕਾਸ਼ਵਾਣੀ ਭਵਨ, ਆਲ ਇੰਡੀਆ ਰੇਡੀਓ ਸਟੇਸ਼ਨ ਸ਼ਹਿਰ ਵਿਚ ਹੀ ਸਥਾਪਤ ਹੈ। ਇਸ ਤੋਂ ਇਲਾਵਾ ਇਕ ਨਵਾਂ ਟੈਲੀਵਿਜ਼ਨ ਸਟੇਸ਼ਨ ਵੀ ਸਥਾਪਤ ਕੀਤਾ ਜਾ ਚੁੱਕਾ ਹੈ।

**ਖੇਡ ਮੈਦਾਨ ਤੇ ਕਲੱਬਾਂ**—ਇਥੇ 170 ਦੇ ਕਰੀਬ ਪਾਰਕ, ਚੌਂਕ ਅਤੇ ਖੁਲ੍ਹੀਆਂ ਥਾਵਾਂ ਰਖੀਆਂ ਗਈਆਂ ਹਨ। ਮੈਦਾਨ (495.2 ਹੈਕਟੇਅਰ) ਸਭ ਤੋਂ ਮਹੱਤਵਪੂਰਨ ਖੁਲ੍ਹਾ ਥਾਂ ਹੈ। ਇਸ ਤੋਂ ਬਿਨ੍ਹਾਂ ਫੁੱਟਬਾਲ, ਕ੍ਰਿਕਟ ਅਤੇ ਹਾਕੀ ਦੇ ਮੈਦਾਨ ਵੀ ਹਨ। ਮੈਦਾਨ ਦੇ ਨਾਲ ਲਗਦੇ 'ਈਡਨ ਗਾਰਡਨਜ਼' ਵਿਚਲਾ ਕ੍ਰਿਕਟ ਗਰਾਊਂਡ ਦੁਨੀਆਂ ਭਰ ਦੇ ਸਭ ਤੋਂ ਪੁਰਾਣੇ ਕ੍ਰਿਕਟ ਗਰਾਊਂਡਾਂ ਵਿਚੋਂ ਇਕ ਹੈ। ਸ਼ਹਿਰ ਦੇ ਅੰਦਰ ਦੋ ਰੇਸ ਕੋਰਸ ਅਤੇ ਦੋ ਗਾਲਫ਼ ਕੋਰਸ ਹਨ। 'ਲੇਕ ਕਲੱਬ' ਅਤੇ 'ਬੰਗਾਲ ਰੋਇੰਗ' ਨਾਂ ਦੇ ਕਲੱਬ ਹਨ। ਕਿਸ਼ਤੀ ਚਲਾਉਣਾ ਇਥੇ ਆਮ ਹੈ। ਇਥੋਂ ਦੇ ਜ਼ੁਆਲੋਜੀਕਲ ਗਾਰਡਨਜ਼ 18.00 ਹੈਕਟੇਅਰ ਵਿਚ ਫੈਲੇ ਹੋਏ ਹਨ। ਦਰਿਆ ਦੇ ਪੱਛਮੀ ਕੰਢੇ ਉੱਤੇ ਇੰਡੀਅਨ ਬੂਟੈਨੀਕਲ ਗਾਰਡਨਜ਼ ਹਨ ਜਿਨ੍ਹਾਂ ਨੇ 108 ਹੈਕਟੇਅਰ ਰਕਬਾ ਮੱਲਿਆ ਹੋਇਆ ਹੈ। ਇਨ੍ਹਾਂ ਬਾਗ਼ਾਂ ਦੇ ਪ੍ਰਸਿੱਧ ਹਰਬੇਰੀਅਮ ਵਿਚ ਪੌਦਿਆਂ ਦੀਆਂ ਲਗਭਗ 40,000 ਜਾਤੀਆਂ ਮਿਲਦੀਆਂ ਹਨ। ਇਥੇ ਇਕ ਬਹੁਤ ਵੱਡਾ ਚਿੜੀਆ-ਘਰ ਵੀ ਹੈ।

ਆਬਾਦੀ—9,166,0000 (1981)

22° 34′ ਉ. ਵਿਥ. ; 88° 22′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 9 : 260 ; ਐਨ. ਬ੍ਰਿ. ਮੈ. 3 : 586

**ਕਲਕੀ :** ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਘੋਰ ਕਲਿਜੁਗ ਆਉਣ ਤੇ ਸੰਭਲ ਨਗਰ (ਜ਼ਿਲ੍ਹਾ ਮੁਰਾਦਾਬਾਦ) ਵਿਚ ਵਿਸ਼ਨੁਯਸ਼ ਨਾਮਕ ਬ੍ਰਾਹਮਣ ਦੇ ਘਰ ਕਲਕੀ ਅਵਤਾਰ ਪ੍ਰਗਟੇਗਾ ਜੋ ਸਫ਼ੈਦ ਘੋੜੇ ਤੇ ਚੜ੍ਹਕੇ ਦਿਗਵਿਜੈ ਕਰਦਾ ਹੋਇਆ ਸਾਰੇ ਕੁਕਰਮੀਆਂ ਦਾ ਨਾਸ਼ ਕਰੇਗਾ। ਕਲਕੀ ਦੀ ਇਸਤ੍ਰੀ ਪਦਮਾ (ਪਦਮਾਵਤੀ, ਕੌਮੁਦੀ) ਦੇ ਉਦਰ ਤੋਂ ਵ੍ਰਿਹਦਰਥ ਦੀ ਪੁਤਰੀ ਹੋਵੇਗੀ ਜਿਸ ਤੋਂ ਜੈ ਅਤੇ ਵਿਜੈ ਦੋ ਪੁੱਤਰ ਜੰਮਣਗੇ। ਦੂਜੀ ਇਸਤਰੀ ਰਮਾ ਤੋਂ ਮੇਘਪਾਲ ਅਤੇ ਵਲਾਹਕ ਪੁੱਤਰ ਹੋਣਗੇ। ਕਲਕੀ ਦੇ ਤਿੰਨ ਵੱਡੇ ਭਾਈ ਹੋਏ ਜਿਨ੍ਹਾਂ ਦੇ ਨਾਂ ਕਵੀ, ਪ੍ਰਾਗ੍ਯ ਅਤੇ ਸੁਮੰਤ੍ਰਕ ਲਿਖੇ ਹਨ।

ਸਾਰੇ ਪਾਪੀਆਂ ਦਾ ਨਾਸ਼ ਕਰਕੇ ਅਤੇ ਅਸ਼੍ਵਮੇਧ, ਰਾਜਸੂਯ ਆਦਿ ਅਨੇਕ ਯੱਗ ਕਰਕੇ ਕਲਕੀ ਭਗਵਾਨ ਮਰੁ ਅਤੇ ਦੇਵਾਪਿ ਰਾਜਿਆਂ ਨੂੰ ਰਾਜ ਾਜ ਸੌਂਪ ਕੇ ਲੋਪ ਹੋ ਜਾਣਗੇ ।

ਕਈ ਗ੍ਰੰਥਾਂ ਵਿਚ ਕਲਕੀ ਅਵਤਾਰ ਦਾ ਮਾਤਾ ਦੇ ਗਰਭ ਤੋਂ ਪੈਦਾ ਹੋਣਾ ਨਹੀਂ ਦੱਸਿਆ, ਜੇਹਾ ਕਿ ਦਸਮ ਗ੍ਰੰਥ ਵਿਚ ਵੀ ਜ਼ਿਕਰ ਹੈ। ਖ਼ਿਆਲ ਇਹ ਪ੍ਰਗਟ ਕੀਤਾ ਹੈ ਕਿ ਇਕ ਬ੍ਰਾਹਮਣ ਦੇਵੀ ਦੀ ਪੂਜਾ ਕਰਦਾ ਸੀ। ਸੂਦਰ ਰਾਜਾ ਜੋ ਆਪਣੇ ਦੇਸ਼ ਵਿਚ ਦੇਵ ਪੂਜਾ ਕਰਮ ਨਹੀਂ ਕਰਨ ਦਿੰਦਾ ਸੀ, ਬ੍ਰਾਹਮਣ ਦੇ ਇਸ ਕਰਮ ਤੋਂ ਖਿੱਝ ਗਿਆ ਅਤੇ ਹੁਕਮ ਦਿੱਤਾ ਕਿ ਦੇਵੀ ਪੂਜਕ ਬ੍ਰਾਹਮਣ ਨੂੰ ਮੰਦਰ ਵਿਚ ਲੈ ਜਾ ਕੇ ਕਤਲ ਕਰ ਦਿਓ। ਜਦ ਬ੍ਰਾਹਮਣ ਨੂੰ ਜਲਾਦ ਮਾਰਨ ਲੱਗੇ ਤਾਂ ਕਲਕੀ ਅਵਤਾਰ ਪ੍ਰਗਟ ਹੋ ਗਿਆ ਜਿਸ ਨੇ ਸਾਰੇ ਨਾਸਤਿਕਾਂ ਦਾ ਨਾਸ਼ ਕੀਤਾ ।

ਹ. ਪੁ.—ਮ. ਕੋ.

**ਕਲੱਚ** : ਘੁੰਮ ਰਹੇ ਮਸ਼ੀਨ ਦੇ ਵਖ-ਵਖ ਪੁਰਜ਼ਿਆਂ ਦੀਆਂ ਸ਼ਾਫ਼ਟਾਂ ਨੂੰ ਜੋੜਨ ਜਾਂ ਨਿਖੇੜਨ ਦਾ ਕੰਮ ਕਰਨ ਵਾਲੇ ਯੰਤਰ ਨੂੰ ਕਲੱਚ ਕਿਹਾ ਜਾਂਦਾ ਹੈ। ਕਲੱਚ ਦੋ ਸ਼ਾਫ਼ਟਾਂ ਦੇ ਸਿਰਿਆਂ ਨੂੰ ਜਾਂ ਸ਼ਾਫ਼ਟ ਉਤੇ ਸੁਤੰਤਰਤਾ ਪੂਰਵਕ ਘੁੰਮ ਰਹੇ ਜਾਂ ਸਥਿਰ ਹੱਬ ਨੂੰ ਆਪਸ ਵਿਚ ਜੋੜਨ ਦੇ ਕੰਮ ਲਈ ਵਰਤਿਆ ਜਾਂਦਾ ਹੈ। ਕਲੱਚ ਦਾ ਡਿਜ਼ਾਈਨ ਔਟੋਮੈਟਿਕ ਉਪਯੋਗਾਂ ਜਿਵੇਂ ਇਕਹਿਰੀ ਡਰਾਈਵ ਅਤੇ ਸਾਪੇਖੀ ਗਤੀ ਨੂੰ ਨਿਯੰਤਰਿਤ ਰਖਣ ਲਈ ਜਾਂ ਨਿਸ਼ਚਿਤ ਟਾੱਰਕ ਲਈ ਸਲਿਪੇਜ਼ ਪਤਾ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਪਾਜ਼ਿਟਿਵ-ਡਰਾਈਵ ਕਲੱਚ ਵਿਚ ਘੁੰਮ ਰਹੇ ਹਰੇਕ ਪੁਰਜ਼ੇ ਨਾਲ ਫਸਵੇਂ ਦੰਦੇ ਵਾਲੇ ਸਿਲਿੰਡਰ ਲੱਗੇ ਹੁੰਦੇ ਹਨ। ਇਹ ਦੰਦੇ ਘੱਟ ਸਪੀਡ ਉਤੇ ਇਕ ਦੂਜੇ ਵਿਚ ਫਸਾਏ ਜਾਂਦੇ ਹਨ (ਚਿੱਤਰ 1)। ਭਾਰੇ ਕੰਮ ਕਰਨ ਵਾਲੇ ਕਲੱਚਾਂ ਦੇ ਦੰਦੇ ਦੋ ਜਾਂ ਤਿੰਨ ਰਖੇ ਜਾਂਦੇ ਹਨ ਪਰ ਵਧੇਰੇ ਆਸਾਨੀ ਨਾਲ ਆਪਸ ਵਿਚ ਜੋੜਨ ਲਈ ਦੰਦਿਆਂ ਦੀ ਗਿਣਤੀ ਦਾ ਵੱਧ ਹੋਣਾ ਅਤਿ ਜ਼ਰੂਰੀ ਹੈ। ਜੋੜਨ ਕਿਰਿਆ ਨੂੰ ਸਰਲ ਬਣਾਉਣ ਲਈ ਹਲਕੇ ਸਪਰਿੰਗ ਲੱਡਿਡ ਕੋਨ ਕਲੱਚ ਵਰਤੇ ਜਾਂਦੇ ਹਨ (ਚਿੱਤਰ 2)।



ਚਿੱਤਰ 1. ਰੈਚਟ ਕਲੱਚ

ਅੰਤਰ-ਦਹਿਨ ਇੰਜਣ ਵਿਚ ਲੱਗੇ ਹੋਏ ਕਲੱਚ ਨੂੰ ਪਾਵਰ ਟੇਕ-ਆਫ਼ ਕਲੱਚ ਅਤੇ ਡਰਾਈਵਿੰਗ ਮੋਟਰ ਅਤੇ ਸ਼ਾਫ਼ਟ ਨੂੰ ਜੋੜਨ ਵਾਲੇ ਕਲੱਚ ਨੂੰ ਕੱਟ-ਆਫ਼ ਕਪਲਿੰਗ ਕਿਹਾ ਜਾਂਦਾ ਹੈ।

**ਧਰੁੱਈ-ਬਲ ਕਲੱਚ** (ੳ) **ਕੋਨ ਕਲੱਚ**—ਇਸ (ਚਿੱਤਰ 2) ਦੀ ਵਰਤੋਂ ਬਹੁਤ ਜ਼ਿਆਦਾ ਇਸ ਕਰਕੇ ਕੀਤੀ ਜਾਂਦੀ ਹੈ ਕਿ ਇਸ ਦੀਆਂ ਸਪੱਰਸ਼ ਸਤ੍ਹਾਵਾਂ ਵਿਚਲਾ ਨਾਰਮਲ ਬਲ ਇਨ੍ਹਾਂ ਆਪਸ ਵਿਚ ਮਿਲਣ ਵਾਲੀਆਂ ਸਤ੍ਹਾਵਾਂ ਵਿਚੋਂ ਅੰਦਰੇਸ ਕੋਨ ਦੀ ਸਤ੍ਹਾ ਭਾਵੇਂ ਧਾਤ ਦੀਆਂ, ਚਮੜੇ ਦੀਆਂ, ਕਾਰਕ ਦੀਆਂ ਜਾਂ ਕਿਸੇ ਖ਼ਾਸ ਕਿਸਮ ਦੀਆਂ ਰਗੜ ਫੈਬਰਿਕ ਦੀਆਂ ਲਾਈਨਿੰਗਜ਼ ਲੱਗੀਆਂ ਹੁੰਦੀਆਂ ਹਨ। ਬਾਹਰਲੇ ਕੋਨ ਦੀ ਸਤ੍ਹਾ ਆਮ ਕਰਕੇ ਬਗ਼ੈਰ ਲਾਈਨਿੰਗ ਦੇ ਰਖੀ ਜਾਂਦੀ ਹੈ ਜਿਵੇਂ ਕਿ ਦੇਗੀ ਲੋਹੇ ਤੋਂ ਤਿਆਰ ਕੀਤੀ ਹੋਈ। ਇਸ ਤਰ੍ਹਾਂ ਸੰਚਾਰ



ਚਿੱਤਰ 2. ਸਪਰਿੰਗ ਲੱਡਿਡਕੋਨ ਕਲੱਚ

ਕੀਤੀ ਜਾਣ ਵਾਲੀ ਟਾੱਰਕ ਨਾਰਮਲ ਬਲ, ਰਗੜ-ਗੁਣਾਂਕ ਅਤੇ ਕੋਨ ਦੇ ਔਸਤ ਅਰਧ-ਵਿਆਸ ਦੇ ਗੁਣਨਫਲ ਦੇ ਬਰਾਬਰ ਹੁੰਦੀ ਹੈ।

ਕੋਨ ਕਲੱਚ ਆਮ ਕਰਕੇ ਭਾਰੇ ਹੁੰਦੇ ਹਨ; ਇਸ ਕਰਕੇ ਇਨ੍ਹਾਂ ਦਾ ਪ੍ਰਯੋਗ ਖ਼ਾਸ ਕਿਸਮ ਦੀਆਂ ਮਸ਼ੀਨਾਂ ਵਿਚ ਹੀ ਕੀਤਾ ਜਾਂਦਾ ਹੈ, ਜਿਥੇਂ ਇਸ ਦੇ ਵੱਡੇ ਆਕਾਰ ਦਾ ਬਹੁਤਾ ਅਸਰ ਨਹੀਂ ਪੈਂਦਾ। ਆਕਾਰ ਵਿਚ ਵੱਡੀਆਂ ਹੋਣ ਕਾਰਨ ਇਨ੍ਹਾਂ ਨੂੰ ਵਧੇਰੇ ਸਪੀਡ ਉਤੇ ਟਾੱਰਕ ਦਾ ਸੰਚਾਰ ਕਰਨ ਲਈ ਨਹੀਂ ਵਰਤਿਆ ਜਾ ਸਕਦਾ। ਇਸ ਦੇ ਭਾਰ ਦਾ ਜ਼ਿਆਦਾ ਹੋਣਾ ਇਸ ਦੇ ਉਪਯੋਗ ਨੂੰ ਇਸ ਲਈ ਵੀ ਸੀਮਿਤ ਕਰ ਦਿੰਦਾ ਹੈ ਕਿ ਜਦੋਂ ਇਸ ਕਲੱਚ ਨੂੰ ਸੰਚਾਰ ਉਪਕਰਨ ਤੋਂ ਵਖਰਾ ਕੀਤਾ ਜਾਂਦਾ ਹੈ ਤਾਂ ਵੀ ਇਹ ਜੜ੍ਹਤਾ ਕਾਰਨ ਘੁੰਮਦਾ ਰਹਿੰਦਾ ਹੈ, ਜਿਹੜਾ ਕਿ ਇਕ ਸਧਾਰਨ ਅਵਸਥਾ ਵਿਚ ਨਹੀਂ ਹੋਣਾ ਚਾਹੀਦਾ।

(ਅ) **ਡਿਸਕ ਕਲੱਚ**—ਇਹ ਧਰੁੱਈ ਬਲ ਨਾਲ ਚੱਲਣ ਵਾਲਾ ਪੁਖਤਾ ਕਿਸਮ ਦਾ ਇਕ ਕਲੱਚ ਹੈ। ਚਿੱਤਰ (3) ਵਿਚ ਇਕ ਡਰਿਵਨ ਸ਼ਾਫ਼ਟ ਨੂੰ ਨਿਯੰਤਰਿਤ ਕਰਨ ਲਈ ਲੱਗਾ ਹੋਇਆ ਡਿਸਕ ਕਲੱਚ ਦਰਸਾਇਆ ਗਿਆ ਹੈ। ਸ਼ਾਫ਼ਟ ਨਾਲ ਲੱਗੀ ਹੋਈ ਸਲੀਵ ਬੈਰਿੰਗ ਉਤੇ ਸੁਤੰਤਰਤਾ ਪੂਰਵਕ ਘੁੰਮਦੀ ਹੈ। ਵਧੀ ਹੋਈ ਹੱਬ ਉਤੇ ਰਗੜ ਪਲੇਟ ਲੱਗੀ ਹੋਈ ਹੈ, ਜਿਹੜੀ ਕਿ ਸਾਪੇਖੀ ਗਤੀ ਨੂੰ ਰੋਕਦੀ ਹੈ ਅਤੇ ਕੇਵਲ ਧਰੁੱਈ ਗਤੀ ਹੀ ਹੋਣ ਦਿੰਦੀ ਹੈ। ਬੈਕਿੰਗ ਪਲੇਟ ਅਤੇ ਪ੍ਰੈਸ਼ਰ ਪਲੇਟ ਦੇ ਵਿਚਕਾਰ ਰਗੜ ਪਲੇਟ ਹੈ, ਜਿਹੜੀ ਕਿ ਹੱਬ ਦੇ ਰਾਹੀਂ ਡਰਿਵਨ ਸ਼ਾਫ਼ਟ ਨਾਲ ਕਸੀ ਹੋਈ ਹੈ। ਜਦੋਂ ਸ਼ਿਫਟਿੰਗ ਕਾਲਰ ਨੂੰ ਖੱਬੇ ਪਾਸੇ ਵਲ



ਚਿੱਤਰ 3. ਉਦਯੋਗਿਕ ਡਿਸਕ ਕਲਚ

ਸਰਕਾਇਆ ਜਾਂਦਾ ਹੈ ਤਾਂ ਪ੍ਰੈਸ਼ਰ ਪਲੇਟ, ਰਗੜ ਪਲੇਟ ਨਾਲ ਰਗੜ ਖਾਂਦੀ ਹੈ ਅਤੇ ਬੈਕਿੰਗ ਪਲੇਟ ਉਸਨੂੰ ਰੋਕ ਦਿੰਦੀ ਹੈ। ਰਗੜ ਪਲੇਟ ਦੇ ਦੋਵੇਂ ਪਾਸੇ ਧਰੁੱਈ ਬਲ ਕਿਰਿਆ ਕਰਦਾ ਹੈ ਜਿਹੜਾ ਕਿ ਸਲਿਪੇਜ਼ ਨੂੰ

ਰੋਕਦਾ ਹੈ । ਰਗੜ ਪਲੇਟ ਨਰਮ ਲੋਹੇ ਦੀ ਬਣੀ ਹੁੰਦੀ ਹੈ, ਜਿਸ ਉਤੇ ਰਗੜ-ਪਦਾਰਥ ਜੜਿਆ ਹੁੰਦਾ ਹੈ ਅਤੇ ਕਿਸੇ ਕਿਸਮ ਦੇ ਵਾਂਗਣ ਪਦਾਰਥ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ । ਜਦੋਂ ਕਲੱਚ ਹੌਲੀ-ਹੌਲੀ ਆਪਸ ਵਿਚ ਜੋੜਨਾ ਹੋਵੇ ਜਿਵੇਂ ਕਿ ਟੇਕ-ਆਫ਼ ਕਲੱਚ ਤਾਂ ਰਗੜ ਪਲੇਟ ਨੂੰ ਕਈ ਅਰਧ-ਵਿਆਸੀ ਸੈਕਟਰਾਂ ਵਿਚ ਵੰਡ ਦਿਤਾ ਜਾਂਦਾ ਹੈ ਅਤੇ ਇਹ ਸਾਰੇ ਇਕੋ ਜਿੰਨਾ ਖੁੱਲ੍ਹਦੇ ਅਤੇ ਬੰਦ ਹੁੰਦੇ ਹਨ । ਜੁੜਨ ਤੋਂ ਪਹਿਲਾਂ ਕਿਨਾਰੇ ਰਗੜ ਖਾਂਦੇ ਹਨ ਫਿਰ ਹੌਲੀ-ਹੌਲੀ ਸਮੁੱਚੀ ਪਲੇਟ ਹੀ ਰਗੜ ਖਾਣ ਲੱਗ ਜਾਂਦੀ ਹੈ । ਅਜਿਹਾ ਪਲੇਟ ਉਤੇ ਸਪਰਿੰਗੀ ਨਿਸ਼ਾਨ ਪਾ ਕੇ ਵੀ ਕੀਤਾ ਜਾ ਸਕਦਾ ਹੈ ।

ਕਲੱਚ ਦੀ ਸਮਰੱਥਾ ਵਧਾਉਣ ਲਈ ਲੋੜ ਅਨੁਸਾਰ ਅਜਿਹੇ ਕਈ ਜੋੜੇ ਇਕੱਠੇ ਵੀ ਲਗਾਏ ਜਾ ਸਕਦੇ ਹਨ । ਇਨ੍ਹਾਂ ਜੋੜਿਆਂ ਵਾਲੇ ਕਲੱਚਾਂ ਨੂੰ ਮਲਟੀਪਲ-ਡਿਸਕ ਕਲੱਚ ਕਿਹਾ ਜਾਂਦਾ ਹੈ (ਚਿੱਤਰ 4) । ਮਲਟੀਪਲ ਡਿਸਕ ਕਲੱਚ, ਜਿਸ ਵਿਚ ਇਕਾਂਤਰ ਤੌਰ ਤੇ ਲੱਗੀਆਂ ਕਾਂਸੀ



ਚਿੱਤਰ 4. ਮਲਟੀਪਲ-ਡਿਸਕ ਚੁੰਬਕੀ ਕਲੱਚ

ਅਤੇ ਸਟੀਲ ਦੀਆਂ ਪਲੇਟਾਂ ਤੇਲ ਵਿਚ ਰਖੀਆਂ ਹੁੰਦੀਆਂ ਹਨ, ਮਸ਼ੀਨ ਟੂਲਾਂ ਵਿਚ ਆਮ ਵਰਤੇ ਜਾਂਦੇ ਹਨ । ਆਪਸ ਵਿਚ ਉਲਟ ਦਿਸ਼ਾ ਵਿਚ ਜੋੜੇ ਅਤੇ ਇਕਹਿਰੇ ਸ਼ਿਫਟ ਕਾਲਰ ਨਾਲ ਚਲਾਏ ਜਾਣ ਵਾਲੇ ਦੋ ਕਲੱਚਾਂ ਨਾਲ ਸ਼ਾਫ਼ਟ ਦੀ ਦਿਸ਼ਾ ਇਕ ਦਮ ਬਦਲੀ ਜਾ ਸਕਦੀ ਹੈ । ਅਜਿਹੇ ਕਲੱਚਾਂ ਨੂੰ ਡੁਪਲੈਕਸ-ਡਿਸਕ ਕਲੱਚ ਕਿਹਾ ਜਾਂਦਾ ਹੈ, ਇਹ ਇਕ ਸੈਕੰਡ ਤੋਂ ਵੀ ਘੱਟ ਸਮੇਂ ਵਿਚ ਹੀ ਚਲਾਏ ਜਾਂ ਰੋਕੇ ਜਾ ਸਕਦੇ ਹਨ ।

ਪਾਵਰ ਟੇਕ-ਔਫ਼ ਕਲੱਚ ਸਪਰਿੰਗ ਬਲ ਨਾਲ ਹਰ ਵੇਲੇ ਜੁੜੇ ਰਹਿੰਦੇ ਹਨ, ਜਦੋਂ ਇਨ੍ਹਾਂ ਨੂੰ ਵਖਰਾ ਕਰਨਾ ਹੋਵੇ ਤਾਂ ਸਪਰਿੰਗ ਬਲ ਤੋਂ ਉਲਟ ਦਬਾਉ ਪਾ ਕੇ ਅਜਿਹਾ ਕੀਤਾ ਜਾ ਸਕਦਾ ਹੈ ਜਿਵੇਂ ਕਿ ਔਟੋਮੋਬੀਲ ਵਿਚ ਇਕ ਪਲੇਟ ਵਾਲੇ ਐਸਬੈਸਟੌਸ ਜਾਂ ਬੁਣੇ ਹੋਏ ਖ਼ੁਸ਼ਕ ਕਲੱਚ ਸਫ਼ਲਤਾ ਪੂਰਵਕ ਕੰਮ ਕਰਦੇ ਹਨ । ਵੱਡੀਆਂ ਵੱਡੀਆਂ ਗੱਡੀਆਂ ਵਿਚ ਖ਼ੁਸ਼ਕ ਮਲਟੀ-ਕਲੱਚ ਵਰਤੇ ਜਾਂਦੇ ਹਨ । ਰਿਮ-ਫੋਰਸ ਕਲੱਚ ਵਿਚ ਅੰਦਰਵਾਰ ਜਾਂ ਬਾਹਰਵਾਰ ਘੇਰੇ ਦੁਆਲੇ ਲੱਕੜ ਦੇ ਬਲਾਕ ਜਾਂ ਰਗੜ ਪਦਾਰਥ ਲਗੇ ਡਰੱਮ ਨੂੰ ਅੰਦਰਵਾਰ ਸੁੰਗੜਨ ਵਾਲੇ ਜਾਂ ਬਾਹਰਵਾਰ ਫੈਲਣ ਵਾਲੇ ਬੈਂਡ ਦੀ ਸਹਾਇਤਾ ਨਾਲ ਕਸਿਆ ਜਾਂ ਢਿੱਲਾ ਕੀਤਾ ਜਾਂਦਾ ਹੈ । ਅਨੇਕਾਂ ਕਿਸਮਾਂ ਦੇ ਅਜਿਹੇ ਕਲੱਚ ਵੇਖੇ ਜਾ ਸਕਦੇ ਹਨ । ਟਾਗਲ ਕਿਰਿਆ ਨਾਲ ਬਲਾਕਾਂ ਦੇ ਰਿਮ ਦੇ ਅੰਦਰਵਾਰ ਰਗੜ ਖਾਣ ਨਾਲ ਬਹੁਤ ਵੱਡਾ ਰਗੜ ਬਲ ਪੈਦਾ ਹੁੰਦਾ ਹੈ । ਅਰਧ-ਵਿਆਸੀ ਦਿਸ਼ਾ ਵਿਚ ਫੈਲਣ ਲਈ ਕਈ ਵਾਰੀ ਡਾਨਿਆਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ । ਕੁੰਡਲਦਾਰ ਕਲੱਚਾਂ ਦੀ ਵਰਤੋਂ ਵੱਡੇ ਵੱਡੇ ਉਦਯੋਗਾਂ ਵਿਚ ਕੀਤੀ ਜਾਂਦੀ ਹੈ ।

**ਏਅਰ ਕਲੱਚ**—ਮਕੈਨੀਕਲ ਢੰਗਾਂ ਦੀ ਬਜਾਇ ਕਈ ਵਾਰੀ ਹਵਾ ਜਾਂ ਪਾਣੀ ਨਾਲ ਵੀ ਨਿਯੰਤਰਨ ਕੀਤਾ ਜਾਂਦਾ ਹੈ । ਇਹ ਕੰਟਰੋਲ ਘੱਟ ਖ਼ਰਚੀਲਾ, ਘੱਟ ਥਾਂ ਘੇਰਨ ਵਾਲਾ ਅਤੇ ਘੱਟ ਸੰਭਾਲ ਮੰਗਦਾ ਹੈ । ਇਸ ਵਿਚ ਪਿਸਟਨ ਸਿਲਿੰਡਰ, ਵਾਲਵ ਅਤੇ ਟਿਊਬਾਂ ਵਰਤੀਆਂ ਜਾਂਦੀਆਂ ਹਨ । ਅਜਿਹੇ ਕਲੱਚ, ਪਾਵਰ ਟੇਕਆਫ਼, ਕਲੱਚ ਕਪਲਿੰਗ ਜਾਂ ਸਲਿਪ ਕਲੱਚ ਦਾ ਕੰਮ ਦਿੰਦੇ ਹਨ ।

**ਚੁੰਬਕੀ ਕਲੱਚ**—ਇਹ ਵੀ ਰਗੜ ਪਲੇਟ ਕਲੱਚ ਦੀ ਹੀ ਇਕ ਕਿਸਮ ਹੈ ਜਿਸ ਵਿਚ ਚੁੰਬਕੀ ਪ੍ਰਭਾਵ ਨਾਲ ਸਟੀਲ ਦੀ ਪਲੇਟ ਨੂੰ ਆਕਰਸ਼ਿਤ ਰਖ ਕੇ ਸਲਿਪੇਜ ਨੂੰ ਰੋਕਿਆ ਜਾਂਦਾ ਹੈ । ਜਦੋਂ ਚੁੰਬਕ ਬਣਾਉਣ ਵਾਲੇ ਕਰੰਟ ਨੂੰ ਰੋਕ ਦਿਤਾ ਜਾਂਦਾ ਹੈ ਤਾਂ ਇਹ ਕਲੱਚ ਵੀ ਰਗੜ ਪਲੇਟ ਤੇ ਲਗਾਈ ਗਈ ਪਾਬੰਦੀ ਨੂੰ ਖ਼ਤਮ ਕਰ ਦਿੰਦਾ ਹੈ ਤੇ ਪਲੇਟ ਸੁੰਤਤਰਤਾ ਪੂਰਵਕ ਘੁੰਮਣ ਲਗ ਜਾਂਦੀ ਹੈ ।

**ਸਵੈ-ਚਾਲਿਤ ਕਲੱਚ**—ਸਵੈ-ਚਾਲਿਤ ਕਲੱਚ ਜੋੜਨ ਤੋਂ ਪਹਿਲਾਂ ਹੀ ਪਹਿਲੋਂ ਮਿਥੀ ਹੋਈ ਗਤੀ ਉਤੇ ਡਰਾਈਵਿੰਗ ਸ਼ਾਫ਼ਟ ਨੂੰ ਘੁੰਮਣ ਯੋਗ ਕਰਨ ਲਈ ਡਿਜ਼ਾਈਨ ਕੀਤੇ ਜਾਂਦੇ ਹਨ । ਅਜਿਹੇ ਕਲੱਚ ਦੀ ਲੋੜ ਉਨ੍ਹਾਂ ਥਾਵਾਂ ਉਤੇ ਪੈਂਦੀ ਹੈ ਜਿਥੇ ਕਿ ਮਸ਼ੀਨਰੀ ਦਾ ਜੜ੍ਹਤਾ ਬਲ ਅਤੇ ਰਗੜ ਸ਼ੁਰੂ ਵਿਚ ਹੀ ਬਹੁਤਾ ਹੋਵੇ । ਪ੍ਰਚਲਿਤ ਕਲੱਚ ਵਿਚ ਸ਼ੂ ਜਾਂ ਬੈਂਡ ਲਗਾ ਕੇ ਜਾਂ ਫਿਰ ਡਰੱਮ ਦੇ ਅੰਦਰ ਹੱਬ ਉਤੇ ਪੈਡਲ ਲਗਾ ਕੇ ਸਵੈ-ਚਾਲਿਤ ਕਲੱਚ ਵਿਚ ਬਦਲਿਆ ਜਾਂਦਾ ਹੈ । ਕਈ ਕਲੱਚਾਂ ਵਿਚ ਅਪਕੇਂਦਰੀ ਬਲ ਪ੍ਰਾਪਤ ਕਰਨ ਲਈ ਤਾਂ ਜੋ ਰਗੜ ਸਤ੍ਹਾ ਨੂੰ ਜੋੜਿਆ ਜਾ ਸਕੇ, ਪਾਰੇ ਵਰਗੇ ਭਾਰੇ ਤਰਲ ਪਦਾਰਥਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ । ਇਕ ਚੱਕਰ ਵਾਲੇ ਕਲੱਚ, ਪੰਚ ਪ੍ਰੈੱਸਾਂ ਵਿਚ ਵਰਤੇ ਜਾਂਦੇ ਇਹ ਚੱਕਰ ਖ਼ਤਮ ਹੋਣ ਉਪਰੰਤ ਆਪਣੇ ਆਪ ਪਿੱਛੇ ਹਟ ਜਾਂਦੇ ਹਨ । ਫਰੀ-ਵ੍ਹੀਲ ਕਲੱਚ ਇਕ ਦਿਸ਼ਾ ਵਿਚ ਕੰਮ ਕਰਨ ਲਈ ਡਿਜ਼ਾਈਨ ਕੀਤੇ ਜਾਂਦੇ ਹਨ । ਇਹ ਕਲੱਚ ਡਰਿਵਨ ਸ਼ਾਫ਼ਟ ਦੀ ਡਰਾਈਵਿੰਗ ਸ਼ਾਫ਼ਟ ਨਾਲੋਂ ਗਤੀ ਵਧ ਜਾਣ ਤੇ ਆਪਣੇ ਆਪ ਹੀ ਪਿੱਛੇ ਹਟ ਜਾਂਦੇ ਹਨ ਜਿਵੇਂ ਕਿ ਫਰੀ-ਵ੍ਹੀਲ ਕਲੱਚ ਵਿਚ ਗੋਲਾਕਾਰ ਬਲਾਕਾਂ ਨੂੰ ਗਾਰਟਰ ਸਪਰਿੰਗ ਦੁਆਰਾ ਆਪਣੀ ਥਾਂ ਉਤੇ ਰੋਕ ਕੇ ਰਖਿਆ ਜਾਂਦਾ ਹੈ । ਕਈ ਕਲੱਚਾਂ ਵਿਚ ਰੈਚਟ ਜਾਂ ਦੰਦੇਦਾਰ ਮਕੈਨਿਜ਼ਮ ਵੀ ਵਰਤਿਆ ਜਾਂਦਾ ਹੈ ।

**ਸੰਯੋਜਨ ਕਲੱਚ**—ਬਿਜਲਈ ਜਾਂ ਚੁੰਬਕੀ ਸੰਯੋਜਨਾਂ ਨੂੰ ਆਮ ਕਰਕੇ ਕਲੱਚ ਹੀ ਕਿਹਾ ਜਾਂਦਾ ਹੈ, ਭਾਵੇਂ ਪੂਰਨ ਤੌਰ ਤੇ ਲੋਡ ਕੀਤੀਆਂ ਡਰਾਈਵਿੰਗ ਅਤੇ ਡਰਿਵਨ ਸ਼ਾਫ਼ਟਾਂ ਵਿਚ ਲਗਭਗ 3 ਪ੍ਰਤਿਸ਼ਤ ਸਲਿਪ ਹੁੰਦੀ ਹੈ ।

ਅੰਤਰ-ਦਹਿਨ ਇੰਜਣਾਂ ਵਿਚ ਪਾਵਰ ਟੇਕ ਆਫ਼ ਲਈ ਹਾਈਡ੍ਰੌਲਿਕ ਸੰਯੋਜਨ ਨੂੰ ਅਕਸਰ ਵਰਤੋਂ ਵਿਚ ਲਿਆਇਆ ਜਾਂਦਾ ਹੈ । ਡਰਾਈਵਿੰਗ ਅਤੇ ਡਰਿਵਨ ਸ਼ਾਫ਼ਟ ਦੋਹਾਂ ਉਤੇ ਪੱਖਿਆਂ ਵਾਲੇ ਰੋਟਰ ਲਗੇ ਹੁੰਦੇ ਹਨ ਅਤੇ ਇਹ ਸਭ ਕੁਝ ਇਕ ਤੇਲ ਨਾਲ ਭਰੇ ਬਕਸੇ ਵਿਚ ਹੁੰਦਾ ਹੈ । ਜਦੋਂ ਡਰਾਈਵਿੰਗ ਸ਼ਾਫ਼ਟ ਘੁੰਮਦੀ ਹੈ ਤਾਂ ਪੱਖਿਆਂ ਨਾਲ ਤੇਲ ਵੀ ਗਤੀ ਵਿਚ ਆਉਂਦਾ ਹੈ ਜਿਹੜਾ ਕਿ ਡਰਿਵਨ ਸ਼ਾਫ਼ਟ ਨਾਲ ਲਗੇ ਪੱਖਿਆਂ ਰਾਹੀਂ ਉਸ ਨੂੰ ਘੁਮਾਉਂਦਾ ਹੈ । ਦੋਹਾਂ ਦੀ ਗਤੀ ਵਿਚ ਫ਼ਰਕ ਲਗਭਗ 3 ਪ੍ਰਤਿਸ਼ਤ ਰਹਿੰਦਾ ਹੈ । ਤੇਲ ਦੀ ਮਾਤਰਾ ਘਟਾ-ਵਧਾ ਕੇ ਜਾਂ ਪੱਖਿਆਂ ਦੀ ਬਣਤਰ ਬਦਲਕੇ ਗਤੀ ਉਤੇ ਨਿਯੰਤਰਨ ਰਖਿਆ ਜਾਂਦਾ ਹੈ ।

ਬਿਜਲਈ ਅਤੇ ਹਾਈਡ੍ਰੌਲਿਕ ਸੰਯੋਜਨਾਂ ਵਿਚ ਕੋਈ ਮਕੈਨੀਕਲ ਸਬੰਧ ਨਾ ਹੋਣ ਕਰਕੇ ਝਟਕੇ ਆਦਿ ਨਹੀਂ ਲਗਦੇ ਅਤੇ ਓਵਰ ਲੋਡ ਦੀ ਹਾਲਤ ਵਿਚ ਆਪਣੇ ਆਪ ਸਲਿਪ ਹੋ ਜਾਣ ਦਾ ਗੁਣ ਹੋਣ ਕਰਕੇ ਡਰਾਈਵਿੰਗ ਇੰਜਣ ਉਤੇ ਕੋਈ ਪ੍ਰਭਾਵ ਨਹੀਂ ਪੈਂਦਾ ।

ਹ. ਪੁ. —ਐਨ. ਬ੍ਰਿ. 5 : 958

**ਕਲੰਡਰ**—ਸਮੇਂ ਦੀਆਂ ਕੁਦਰਤੀ ਵੰਡਾਂ ਨੂੰ ਇਕ ਦੂਜੇ ਨਾਲ ਤਰਤੀਬ ਦੇਣ ਦਾ ਇਕ ਢੰਗ ਹੈ, ਜੋ ਸਮਾਜਕ ਜੀਵਨ ਅਤੇ ਧਾਰਮਕ ਰੀਤੀ ਰਿਵਾਜਾਂ ਦੇ ਮੰਤਵਾਂ ਆਦਿ ਲਈ ਵਰਤਿਆ ਜਾਂਦਾ ਹੈ । ਕਲੰਡਰ

ਵਿਚ ਵਰਤੇ ਗਏ ਕਾਲਾਂ ਵਿਚੋਂ ਤਿੰਨ ਕਾਲ-ਦਿਨ, ਮਹੀਨਾ ਅਤੇ ਸਾਲ ਖਗੋਲੀ ਕਾਲਾਂ ਉਪਰ ਅਧਾਰਿਤ ਹਨ ਜੋ ਮਨੁਖੀ ਜੀਵਨ ਵਿਚ ਬਹੁਤ ਮਹੱਤਵਪੂਰਨ ਹਨ । ਦਿਨ ਰੌਸ਼ਨੀ ਅਤੇ ਅਨ੍ਹੇਰੇ ਦੀ ਅਦਲਾ ਬਦਲੀ ਨਾਲ ਪ੍ਰਗਟਾਇਆ ਜਾਂਦਾ ਹੈ। ਜੋ ਕਿ ਧਰਤੀ ਦੇ ਆਪਣੇ ਧੁਰੇ ਦੁਆਲੇ ਘੁੰਮਣ ਨਾਲ ਬਣਦਾ ਹੈ। ਇਹ ਸਮੇਂ ਦੀ ਮੂਲ ਇਕਾਈ ਹੈ।

ਅਨ੍ਹੇਰੇ ਪੱਖ ਦੀ ਏਕਮ ਤੋਂ ਪੂਰਨਮਾਸ਼ੀ ਤਕ ਦੇ ਕਾਲ ਨੂੰ ਚੰਦਾਇਣੀ (ਪੱਖੀ) ਮਹੀਨਾ ਅਤੇ ਰੁੱਤਾਂ ਦੇ ਮੁੜਕੇ ਆਉਣ ਤਕ ਦੇ ਕਾਲ ਨੂੰ ਸਾਲ ਆਖਦੇ ਹਨ । ਹਫ਼ਤਾ ਅਤੇ ਦਿਨ ਉਪ-ਵੰਡਾਂ ਆਦਿ ਸਮੇਂ ਦੀਆਂ ਬਨਾਵਟੀ ਵੰਡਾਂ ਹਨ ।

ਚੰਦ ਮਹੀਨੇ ਦੀ ਲੰਬਾਈ 29.53059 ਔਸਤਨ ਸੂਰਜੀ ਦਿਨ ਤੇ ਸਾਲ ਦੀ ਲੰਬਾਈ 365.242199 ਔਸਤਨ ਸੂਰਜੀ ਦਿਨ ਹੁੰਦੀ ਹੈ ਅਤੇ ਇਕ ਸਾਲ ਵਿਚ 12.36827 ਚੰਦ ਮਹੀਨੇ ਹੁੰਦੇ ਹਨ। ਇਸ ਤਰ੍ਹਾਂ ਇਹ ਤਿੰਨ ਮੂਲ ਖਗੋਲੀ ਕਾਲ ਸਮਮਾਪੀ ਨਹੀਂ ਹਨ ਅਤੇ ਕਲੰਡਰਾਂ ਦੀਆਂ ਗੁੰਝਲਾਂ ਦਾ ਵੀ ਇਹੀ ਕਾਰਨ ਹੈ। ਬਹੁਤ ਸਾਰੇ ਪ੍ਰਾਰੰਭਕ ਕਲੰਡਰ ਚੰਦਰਮਾ ਉਪਰ ਅਧਾਰਿਤ ਸਨ । ਪ੍ਰੰਤੂ ਜਦੋਂ 12 ਚੰਦਾਇਣੀ ਮਹੀਨੇ ਲਗਭਗ 354 ਦਿਨਾਂ ਦੇ ਬਰਾਬਰ ਹੁੰਦੇ ਹਨ ਤਦ ਸਾਰੇ ਸਾਲ ਵਿਚ ਰੁੱਤਾਂ ਦੇ ਇਕ ਸਿਲਸਿਲੇ ਵਾਰ ਅਪਸਰਨ ਤੋਂ ਬਚਣ ਲਈ ਕਿਸੇ ਤਰਕੀਬ ਜਾਂ ਵਿਉਂਤ ਦੀ ਲੋੜ ਪਈ। ਇਸ ਲਈ ਕਈ ਵਾਰ ਆਮ ਕਰਕੇ ਸਾਲ ਵਿਚ 13 ਮਹੀਨਿਆਂ ਦਾ ਸੁਝਾਓ ਵੀ ਦਿਤਾ ਗਿਆ ।

ਬਹੁਤ ਸਮਾਂ ਪਹਿਲਾਂ ਮਿਸਰ ਦਾ ਕਲੰਡਰ 30 ਦਿਨਾਂ ਦੇ 12 ਮਹੀਨਿਆਂ ਵਾਲਾ ਸੀ ਅਤੇ ਇਸ ਵਿਚ 5 ਦਿਨ ਹੋਰ ਜਮ੍ਹਾਂ ਕਰ ਦਿਤੇ ਸਨ ਤਾਂ ਜੋ ਸਾਲ 365 ਦਿਨਾਂ ਦਾ ਬਣ ਜਾਵੇ। ਕਿਸੇ ਸਮੇਂ ਇਹ ਕਲੰਡਰ ਚੰਦਰਮਾ ਅਨੁਸਾਰ ਸੀ ਅਤੇ ਸਾਲ ਤਿੰਨ ਰੁੱਤਾਂ-ਹੜ੍ਹਾਂ ਦਾ ਸਮਾਂ, ਬਿਜਾਈ ਦਾ ਸਮਾਂ ਅਤੇ ਕਟਾਈ ਦਾ ਸਮਾਂ ਦੁਆਰਾ ਪਰਗਟਾਇਆ ਜਾਂਦਾ ਸੀ। ਪ੍ਰੰਤੂ ਪ੍ਰਾਰੰਭਕ ਸਮਿਆਂ ਤੋਂ ਪਹਿਲਾਂ ਜਾਪਦਾ ਹੈ ਕਿ ਕਲੰਡਰ ਦਾ ਚੰਦਰਮਾ ਦੇ ਪੱਖਾਂ ਜਾਂ ਰੁੱਤਾਂ ਨਾਲ ਕੋਈ ਸਬੰਧ ਨਹੀਂ ਸੀ । ਸਾਲ ਅਤੇ ਕਲੰਡਰੀ ਰੁੱਤਾਂ ਦੀ ਸ਼ੁਰੂਆਤ ਹੌਲੀ ਹੌਲੀ ਪਿੱਛੇ ਹਟਦੀ ਗਈ ਪ੍ਰੰਤੂ ਕਲੰਡਰ ਦਾ ਕੁਦਰਤੀ ਸਾਲ ਨਾਲ ਸਬੰਧ ਸਿਰੀਅਸ ਦੇ ਸੂਰਜ-ਗ੍ਰਹਿ ਉਦੈ ਦੁਆਰਾ ਚੈੱਕ ਕੀਤਾ ਜਾਂਦਾ ਸੀ। ਸੰਨ 46 ਈ. ਪੂ. ਵਿਚ ਜੂਲੀਅਸ ਸੀਜ਼ਰ ਦੁਆਰਾ ਰੋਮਨ ਕਲੰਡਰ ਵਿਚ ਸੋਧ ਹੋਣ ਤਕ ਸਿਰਫ਼ ਮਿਸਰ ਦਾ ਕਲੰਡਰ ਹੀ ਅਜਿਹਾ ਸੀ ਜਿਸ ਵਿਚ ਹਰ ਮਹੀਨੇ ਅਤੇ ਸਾਲ ਦੀਆਂ ਲੰਬਾਈਆਂ ਨਿਸ਼ਚਿਤ ਨਿਯਮਾਂ ਦੁਆਰਾ ਨਿਰਧਾਰਿਤ ਕੀਤੀਆਂ ਗਈਆਂ ਸਨ ।

ਬਹੁਤ ਸਾਰੇ ਪ੍ਰਾਰੰਭਕ ਕਲੰਡਰਾਂ ਵਿਚ ਸਰਕਾਰੀ ਹੁਕਮਾਂ ਦੀ ਲੋੜ ਅਨੁਸਾਰ ਅਦਲਾ ਬਦਲੀ ਕੀਤੀ ਜਾਂਦੀ ਸੀ। ਪ੍ਰਾਚੀਨ ਯੂਨਾਨ ਵਿਚ ਹਰ ਇਕ ਕੌਮ ਦਾ ਆਪਣਾ ਵਖਰਾ ਕਲੰਡਰ ਹੁੰਦਾ ਸੀ। ਆਮ ਕਰਕੇ ਸਾਲ ਵਿਚ 12 ਮਹੀਨੇ ਹੁੰਦੇ ਸਨ ਪਰ ਜਦੋਂ ਇਹ ਪਤਾ ਲਗਾ ਕਿ ਰੁੱਤਾਂ ਸਥਿਤੀ ਤੋਂ ਬਾਹਰ ਜਾ ਰਹੀਆਂ ਹਨ ਤਾਂ ਇਕ ਸਾਲ 13 ਮਹੀਨਿਆਂ ਦਾ ਕੀਤਾ ਗਿਆ । ਅਧਿਕਾਰੀ ਹੀ ਮਹੀਨੇ ਦੀ ਲੰਬਾਈ ਨਿਯਮਿਤ ਕਰਦੇ ਸਨ ਅਤੇ ਜਦੋਂ ਕਦੇ ਵਾਧੂ ਮਹੀਨਾ ਪਾਉਣਾ ਹੋਵੇ ਤਾਂ ਸਰਕਾਰੀ ਹੁਕਮ ਜਾਰੀ ਕਰ ਦਿੰਦੇ ਸਨ। ਬਹੁਤ ਸਾਰੇ ਯੂਨਾਨੀ ਕਲੰਡਰਾਂ ਵਿਚ ਸਾਲ ਵਖ ਵਖ ਰੁੱਤਾਂ ਵਿਚ ਸ਼ੁਰੂ ਹੁੰਦਾ ਸੀ।

ਮੁਸਲਮਾਨ ਅਜੇ ਵੀ ਅਜਿਹਾ ਕਲੰਡਰ ਵਰਤਦੇ ਹਨ ਜਿਸ ਵਿਚ ਸਾਲ ਦੇ ਬਾਰਾਂ ਚੰਦਾਇਣੀ ਮਹੀਨੇ ਹੁੰਦੇ ਹਨ ਜੋ ਕਿ ਲਗਭਗ 354 ਦਿਨਾਂ ਦੇ ਬਰਾਬਰ ਹੁੰਦਾ ਹੈ। 34 ਅਜਿਹੇ ਸਾਲਾਂ ਦਾ 33 ਟਰਾਪੀਕਲ ਸਾਲਾਂ ਨਾਲੋਂ $4\frac{1}{2}$ ਦਿਨਾਂ ਦਾ ਅੰਤਰ ਹੁੰਦਾ ਹੈ। ਧਾਰਮਕ ਮੰਤਵਾਂ ਲਈ ਮਹੀਨਾ ਨਵੇਂ ਚੰਦ ਦੇ ਦਿਸਣ ਤੋਂ ਸ਼ੁਰੂ ਹੁੰਦਾ ਹੈ। ਸਮਾਜਕ ਕੰਮਾਂ ਲਈ ਕੋਈ ਪੱਕਾ ਨਿਯਮ ਨਹੀਂ ਹੈ । ਇਕੋ ਸ਼ਹਿਰ ਵਿਚ ਹਰ ਵਰਗ ਦੇ ਲੋਕਾਂ ਲਈ ਸਾਲ ਦੀ ਸ਼ੁਰੂਆਤ ਵਖ ਵਖ ਵੀ ਹੋ ਸਕਦੀ ਹੈ। ਇਸੇ ਕਰਕੇ ਮੁਸਲਮਾਨਾਂ ਦੇ ਕਲੰਡਰ ਵਿਚ ਤਰੀਕ ਤੋਂ ਕਿਸੇ ਘਟਨਾ ਦਾ ਪੱਕਾ ਪਤਾ ਉਦੋਂ ਤਕ ਨਹੀਂ ਲਗ ਸਕਦਾ ਜਦੋਂ ਤਕ ਕਿ ਹਫ਼ਤੇ ਦਾ ਦਿਨ ਨਾ ਦਿਤਾ ਹੋਵੇ। ਇਸ ਕਲੰਡਰ ਵਿਚ ਸਾਲ 20 ਜੂਨ, 622 ਈ. ਨੂੰ ਸ਼ੁਰੂ ਹੁੰਦਾ ਹੈ ਜਦੋਂ ਕਿ ਮੁਹੰਮਦ ਸਾਹਿਬ ਨੇ ਮੱਕੇ ਤੋਂ ਮਦੀਨੇ ਨੂੰ ਹਿਜਰਤ ਕੀਤੀ ਸੀ। ਇਸੇ ਕਰਕੇ ਇਸਦਾ ਨਾ ਹਿਜਰੀ ਪਿਆ ਹੈ। ਹਿਜਰੀ ਸੰਮਤ ਦੇ ਮਹੀਨਿਆਂ ਦੇ ਨਾਂ ਇਸ ਤਰ੍ਹਾਂ ਹਨ—ਮੁਹੱਰਮ, ਸਫ਼ਰ, ਰਬੀਉਲਅੱਵਲ, ਰਬੀਉਲਸਾਨੀ, ਜਮਾਦੀਉਲ ਅੱਵਲ, ਜਮਾਦੀਉਲਸਾਨੀ, ਰਜਬ, ਸਾਬਾਨ, ਰਮਜ਼ਾਨ, ਸ਼ਵਾਲ, ਜ਼ਿਕਾਅਦ ਅਤੇ ਜ਼ਿਲਹੱਜ । ਇਨ੍ਹਾਂ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਨਿਸ਼ਚਿਤ ਨਹੀਂ ਹੈ ਸਗੋਂ ਚੰਦਰਮਾ ਦੀ ਗਰਦਿਸ਼ ਦੇ ਹਿਸਾਬ ਨਾਲ ਘਟਦੀ ਵਧਦੀ ਰਹਿੰਦੀ ਹੈ (ਵਿਸਥਾਰ ਲਈ ਵੇਖੋ, ਸੰਮਤ)।

ਹੀਬ੍ਰਿਉ ਕਲੰਡਰ 358 ਈ. ਵਿਚ ਸ਼ੁਰੂ ਹੋਇਆ ਸੀ। ਇਹ ਵੀ ਚੰਦਰਮਾ ਉਪਰ ਅਧਾਰਿਤ ਹੈ। ਮਹੀਨੇ ਆਮ ਕਰਕੇ ਵਾਰੀ-ਵਾਰੀ 29 ਅਤੇ 30 ਦਿਨਾਂ ਦੇ ਹੁੰਦੇ ਹਨ। ਮਹੀਨਿਆਂ ਨੂੰ ਸਾਰੀਆਂ ਰੁੱਤਾਂ ਵਿਚ ਘੁੰਮਣ ਤੋਂ ਬਚਾਉਣ ਲਈ ਲੋੜ ਅਨੁਸਾਰ ਸਾਲਾਂ ਦੇ 13 ਮਹੀਨੇ ਵੀ ਕੀਤੇ ਜਾਂਦੇ ਹਨ। ਆਮ ਸਾਲ ਦੇ 353,354 ਜਾਂ 355 ਦਿਨ ਹੋ ਸਕਦੇ ਹਨ ਪਰ ਜਦੋਂ ਸਾਲ 13 ਮਹੀਨਿਆਂ ਦਾ ਹੁੰਦਾ ਹੈ ਤਾਂ ਸਾਲ 383,384 ਜਾਂ 385 ਦਿਨਾਂ ਦਾ ਹੋ ਸਕਦਾ ਹੈ।

ਰੋਮਨ ਕਲੰਡਰ ਜਿਸ ਉਪਰ ਸਾਡਾ ਵਰਤਮਾਨ ਕਲੰਡਰ ਅਧਾ-ਰਿਤ ਹੈ, ਦਾ ਮੂਲ ਰੋਮ ਸ਼ਹਿਰ ਦੇ ਸਥਾਨਕ ਕਲੰਡਰ ਤੋਂ ਹੋਇਆ ਹੈ। ਰੋਮੂਲਸ ਸਾਲ ਵਿਚ 304 ਦਿਨ ਸਨ ਅਤੇ ਇਹ ਸਾਲ 10 ਮਹੀਨਿਆਂ ਵਿਚ ਵੰਡਿਆ ਹੋਇਆ ਸੀ ਅਤੇ ਮਾਰਚ ਮਹੀਨੇ ਤੋਂ ਸ਼ੁਰੂ ਹੁੰਦਾ ਸੀ। ਨੁਮ ਪੌਂਮਪੀਲੀਅਸ (ਲਗਭਗ 700 ਈ. ਪੂ.) ਨੇ ਚੰਦਾਇਣੀ ਸਾਲ ਸ਼ੁਰੂ ਕੀਤਾ ਅਤੇ ਜਨਵਰੀ ਤੇ ਫ਼ਰਵਰੀ ਮਹੀਨੇ ਸ਼ਾਮਲ ਕੀਤੇ । ਗਣਰਾਜੀ ਕਾਲ ਦੌਰਾਨ ਸਾਲ ਦੇ ਆਮ ਕਰਕੇ 355 ਦਿਨ ਹੁੰਦੇ ਸਨ ਅਤੇ ਮਹੀਨਾ 29 ਜਾਂ 30 ਦਿਨਾਂ ਦਾ ਹੁੰਦਾ ਸੀ। ਵਾਧੂ ਮਹੀਨਾ ਕਦੇ 27 ਦਿਨਾਂ ਅਤੇ ਕਦੇ 28 ਦਿਨਾਂ ਦਾ ਹੁੰਦਾ ਸੀ ਜੋ ਲੋੜ ਪੈਣ ਤੇ 23 ਫ਼ਰਵਰੀ ਤੋਂ ਬਾਅਦ ਲਿਆ ਜਾਂਦਾ ਸੀ ਅਤੇ ਫਰਵਰੀ ਦੇ ਆਖਰੀ ਪੰਜ ਦਿਨ ਛੱਡ ਦਿਤੇ ਜਾਂਦੇ ਸਨ। ਵਾਧੂ ਮਹੀਨਾ ਤੀਜੇ ਸਾਲ ਵਿਚ ਲਿਆ ਜਾਂਦਾ ਸੀ ਪ੍ਰੰਤੂ ਇਸ ਗੱਲ ਦਾ ਫ਼ੈਸਲਾ ਕਿ ਕਦੋਂ ਵਾਧੂ ਮਹੀਨਾ ਲਿਆ ਜਾਵੇ, ਪਾਦਰੀ ਕਰਦੇ ਸਨ ! ਇਤਿਹਾਸਕ ਸਮਿਆਂ ਵਿਚ ਮਾਰਚ, ਮਈ ਕੁਇੰਟਿਲਿਸ ਜੁਲਾਈ ਅਤੇ ਅਕਤੂਬਰ 31-31 ਦਿਨਾਂ ਦੇ ਸਨ । ਫ਼ਰ-ਵਰੀ (28 ਦਿਨ) ਨੂੰ ਛੱਡ ਕੇ ਬਾਕੀ ਮਹੀਨੇ 29 ਦਿਨਾਂ ਦੇ ਹੁੰਦੇ ਸਨ।

ਉਸ ਸਮੇਂ ਪਾਦਰੀ ਲੋਕ ਆਪਣੇ-ਆਪਣੇ ਫ਼ਾਇਦੇ ਲਈ ਕਲੰਡਰ ਵਿਚ ਅਦਲਾ-ਬਦਲੀ ਕਰਦੇ ਰਹਿੰਦੇ ਸਨ। ਜੂਲੀਅਸ ਸੀਜ਼ਰ ਨੇ ਕਲੰ-ਡਰ ਵਿਚ ਸੁਧਾਰ ਲਿਆਂਦੇ। ਉਸਦੇ ਪਾਦਰੀ ਪਦ ਸੰਭਾਲਣ ਸਮੇਂ ਕਲੰ-ਡਰ ਵਿਚ ਰੁੱਤਾਂ ਆਪਣੀ-ਆਪਣੀ ਅਸਲ ਸਥਿਤੀ ਤੋਂ ਦੋ-ਦੋ ਮਹੀਨੇ ਅੱਗੇ-ਪਿੱਛੇ ਸਨ। ਉਸਨੇ ਇਕ ਯੂਨਾਨੀ ਖਗੋਲ-ਵੇਤਾ ਦੀ ਮਦਦ ਨਾਲ ਕਲੰਡਰ ਨੂੰ ਸੋਧਿਆ ਅਤੇ ਇਹ ਵਰਤਮਾਨ ਕਲੰਡਰ ਵਰਗਾ ਬਣ ਗਿਆ। ਚੰਦ ਮਹੀਨੇ ਉਸਨੇ ਬਿਲਕੁਲ ਛੱਡ ਦਿਤੇ। ਆਮ ਸਾਲ 365 ਦਿਨਾਂ ਦਾ ਰਖਿਆ ਅਤੇ ਹਰ ਚੌਥੇ ਸਾਲ ਇਕ ਦਿਨ ਦਾ ਵਾਧਾ ਕੀਤਾ। ਇਸ ਤਰ੍ਹਾਂ ਜੂਲੀਅਸ ਕਲੰਡਰ ਵਿਚ ਸਾਲ ਦੀ ਔਸਤ ਲੰਬਾਈ $365\frac{1}{4}$ ਦਿਨ ਹੋ ਗਈ। ਮਹੀਨਿਆਂ ਲਈ ਦਿਨਾਂ ਦੀ ਅਲਾਟਮੈਂਟ ਬਦਲ ਦਿਤੀ ਗਈ ਅਤੇ ਮਹੀਨਿਆਂ ਦੀ ਲੰਬਾਈ ਜੋ ਜੂਲੀਅਸ ਨੇ ਮੁਕੱਰਰ ਕੀਤੀ ਸੀ ਅੱਜ ਤਕ ਚਾਲੂ ਹੈ। ਕੁਇੰਟਿਲਿਸ ਮਹੀਨੇ ਦਾ ਨਾਂ ਉਸਨੇ ਆਪਣੇ ਨਾਂ ਉਪਰ ਰਖਿਆ ਜਿਸ ਨੂੰ ਅਜ ਕੱਲ੍ਹ ਅਸੀਂ ਜੁਲਾਈ ਆਖਦੇ ਹਾਂ।

ਅਜ ਕੱਲ੍ਹ ਕਲੰਡਰੀ ਸਾਲ ਪਹਿਲੀ ਵਾਰ ਨਿਰੋਲ ਸੂਰਜੀ ਬਣ ਗਿਆ ਹੈ ਅਤੇ ਰੁੱਤਾਂ ਇਧਰ ਉਧਰ ਨਹੀਂ ਹੋ ਸਕਦੀਆਂ । ਪਾਦਰੀਆਂ ਨੇ ਇਕ ਵੱਡੀ ਗ਼ਲਤੀ ਇਹ ਕੀਤੀ ਹੋਈ ਸੀ ਕਿ ਫ਼ਰਵਰੀ ਮਹੀਨੇ ਵਿਚ

ਵਾਧੂ ਦਿਨ ਹਰ ਚੌਥੇ ਸਾਲ ਦੀ ਬਜਾਇ ਤੀਜੇ ਸਾਲ ਵਿਚ ਰਖਿਆ ਸੀ। ਇਸ ਗ਼ਲਤੀ ਨੂੰ 8 ਈ. ਪੂ. ਵਿਚ ਅਗਸਟਸ ਸੀਜ਼ਰ ਨੇ ਸਹੀ ਕੀਤਾ। ਉਸਨੇ ਸੈਕਸਟਿਲਿਸ ਮਹੀਨੇ ਦਾ ਨਾਂ ਬਦਲ ਕੇ ਆਪਣੇ ਨਾਂ ਪਿੱਛੇ ਅਗਸਤ ਰਖਿਆ।

ਜੂਲੀਅਨ ਕਲੰਡਰ ਵਿਚ ਸਾਲ ਦੀ ਔਸਤ ਲੰਬਾਈ $365\frac{1}{4}$ ਦਿਨ ਹੈ ਜੋ ਕਿ ਲਗਭਗ 11 ਮਿੰਟ ਜ਼ਿਆਦਾ ਲੰਬਾ ਹੈ। ਇਸ ਨਾਲ ਇਕ ਹਜ਼ਾਰ ਸਾਲ ਵਿਚ ਇਕੱਠੀ ਅੱਠ ਦਿਨਾਂ ਦੀ ਗ਼ਲਤੀ ਪੈਂਦੀ ਹੈ। ਬਸੰਤ ਵਿਸ਼ੁਵ ਅਤੇ ਰੁੱਤਾਂ ਸਾਲ ਦੇ ਹੌਲੀ-ਹੌਲੀ ਪਿੱਛੇ ਨੂੰ ਹੁੰਦੀਆਂ ਜਾਂਦੀਆਂ ਸਨ। 16ਵੀਂ ਸਦੀ ਦੇ ਸ਼ੁਰੂ ਨਾਲ ਇਸ ਗ਼ਲਤੀ ਦਾ ਪੂਰਨ ਅਹਿਸਾਸ ਹੋ ਗਿਆ, ਪਰ 1577 ਤਕ ਕੋਈ ਖ਼ਿਆਲ ਨਾ ਕੀਤਾ ਗਿਆ। 1577 ਵਿਚ ਪੋਪ ਗਰੇਗਰੀ ਤੇਰ੍ਹਵੇਂ ਨੇ ਸਮਾਜਕ ਤੇ ਖਗੋਲੀ ਮੰਤਵਾਂ ਲਈ ਖਗੋਲ ਵਿਗਿਆਨੀਆਂ ਦੀ ਸਹਾਇਤਾ ਨਾਲ ਕਲੰਡਰ ਵਿਚ ਸ਼ੋਧ ਕੀਤੀ। ਉਸ ਸਮੇਂ ਬਸੰਤ ਵਿਸ਼ੁਵ 11 ਮਾਰਚ ਨੂੰ ਵਾਪਰਿਆ ਜੋ ਕਿ 325 ਈ. ਨਾਲੋਂ ਦਸ ਦਿਨ ਪਹਿਲਾਂ ਸੀ। ਉਸ ਨੇ ਬਸੰਤ ਵਿਸ਼ੁਵ ਨੂੰ 21 ਮਾਰਚ ਦਾ ਕਰ ਦਿਤਾ। ਇਸ ਨਾਲ ਵਿਸਥਾਪਨ ਤੋਂ ਬਚਣ ਲਈ ਇਹ ਵੀ ਨਿਯੁਕਤ ਕੀਤਾ ਗਿਆ ਕਿ ਹਰ ਇਕ ਸਦੀ ਵਾਲੇ ਸਾਲ ਦੇ ਫ਼ਰਵਰੀ ਮਹੀਨੇ ਵਿਚ ਇਕ ਦਿਨ ਨਹੀਂ ਵਧਾਉਣਾ, ਸਿਰਫ਼ ਉਨ੍ਹਾਂ ਸਦੀਆਂ ਵਾਲੇ ਸਾਲਾਂ (ਸਦੀ ਦਾ ਅਖੀਰਲਾ ਸਾਲ) ਦੀਆਂ ਫ਼ਰਵਰੀਆਂ ਵਿਚ ਦਿਨ ਵਧਾਇਆ ਜਾਵੇ ਜੋ ਕਿ 400 ਨਾਲ ਵੰਡੀਆਂ ਜਾ ਸਕਣ ਜਿਵੇਂ 1600 ਅਤੇ 2000 ਆਦਿ। ਇਸ ਤਬਦੀਲੀ ਦਾ ਇਹ ਅਸਰ ਹੋਇਆ ਕਿ 400 ਸਾਲਾਂ ਵਿਚ 97 ਲੀਪ ਦੇ ਸਾਲ ਆਉਂਦੇ ਹਨ ਇਸ ਲਈ ਸਾਲ ਦੀ ਔਸਤ ਲੰਬਾਈ, 365.2425 ਦਿਨ ਹੁੰਦੀ ਹੈ। ਅਜੇ ਵੀ ਸਾਲ 26 ਸੈਕੰਡ ਲੰਬਾ ਹੈ ਜਿਸ ਨਾਲ 4000 ਸਾਲਾਂ ਵਿਚ ਇਕ ਦਿਨ ਪੰਜ ਘੰਟੇ ਦਾ ਫ਼ਰਕ ਪੈਂਦਾ ਹੈ। ਇਹ ਗ਼ਲਤੀ 4000 ਨਾਲ ਵੰਡੇ ਜਾਣ ਵਾਲੇ ਸਾਲ ਨੂੰ ਲੀਪ ਦਾ ਸਾਲ ਨਾ ਮੰਨ ਕੇ ਠੀਕ ਕੀਤੀ ਜਾ ਸਕਦੀ ਸੀ ਜਿਸ ਨਾਲ 4000 ਸਾਲਾਂ ਵਿਚ 969 ਲੀਪ ਦੇ ਸਾਲ ਆਉਂਦੇ ਹਨ ਅਤੇ ਸਾਲ ਦੀ ਔਸਤ ਲੰਬਾਈ 365.24225 ਦਿਨ ਹੋ ਜਾਵੇਗੀ।

ਗਰੇਗੋਰੀਅਨ ਕਲੰਡਰ ਪੋਪ ਦੀ ਮਨਜ਼ੂਰੀ ਨਾਲ ਸਪੇਨ, ਪੁਰਤਗਾਲ ਅਤੇ ਇਟਲੀ ਦੇ ਕੁਝ ਹਿੱਸੇ ਵਿਚ ਪੂਰਨ ਰੂਪ ਵਿਚ ਲਾਗੂ ਹੋ ਗਿਆ। ਫ਼ਰਾਂਸ ਅਤੇ ਲੋ ਕੰਟ੍ਰੀਜ਼ ਬੈਲਜੀਅਮ ਅਤੇ ਹਾਲੈਂਡ ਦੇ ਸਮੁੰਦਰ ਤਲ ਤੋਂ ਨੀਵੇਂ ਦੇਸ਼ ਦੇ ਕੁਝ ਪ੍ਰਾਂਤਾਂ ਵਿਚ ਵੀ ਇਹ ਕਲੰਡਰ ਉਸੇ ਸਾਲ 10 ਦਸੰਬਰ ਨੂੰ 20 ਅਤੇ 15 ਦਸੰਬਰ ਨੂੰ 25 ਦਸੰਬਰ ਕਹਿ ਕੇ ਲਾਗੂ ਕਰ ਦਿਤਾ ਗਿਆ। ਪ੍ਰੰਤੂ ਪ੍ਰੋਟੈਸਟੈਂਟ ਦੇਸ਼ਾਂ ਵਿਚ ਪੋਪ ਨੇ ਉਨ੍ਹਾਂ ਪ੍ਰਤਿ ਵਤੀਰੇ ਕਾਰਨ ਇਹ ਕਲੰਡਰ ਲਾਗੂ ਨਹੀਂ ਕੀਤਾ। ਇੰਗਲੈਂਡ ਵਿਚ ਇਹ 1732 ਵਿਚ ਲਾਗੂ ਹੋ ਗਿਆ। 1751 ਵਿਚ ਸਾਲ ਨੂੰ ਨਿਯੰਤਰ ਕਰਨ ਅਤੇ ਅੱਜ ਵਰਤੇ ਜਾ ਰਹੇ ਕਲੰਡਰ ਵਿਚ ਸੋਧ ਕਰਨ ਦਾ ਇਕ ਕਾਨੂੰਨ ਪਾਰਲੀਮੈਂਟ ਵਿਚ ਪਾਸ ਕੀਤਾ। ਇਹ ਕਾਨੂੰਨ ਪਾਸ ਕੀਤਾ ਗਿਆ ਕਿ 2 ਸਤੰਬਰ, 1752 ਤੋਂ ਪਿਛਲੇ 11 ਦਿਨ ਛੱਡੇ ਜਾਣ ਤਾਂ ਜੋ ਅਗਲਾ ਦਿਨ 14 ਸਤੰਬਰ ਹੋਵੇ। ਇਸ ਤੇ ਅਨਪੜ੍ਹ ਲੋਕਾਂ ਨੇ ਬਹੁਤ ਇਤਰਾਜ਼ ਕੀਤਾ ਜਿਸ ਨਾਲ ਝਗੜੇ ਸ਼ੁਰੂ ਹੋ ਗਏ ਅਤੇ 'ਸਾਡੇ 11 ਦਿਨ ਵਾਪਸ ਦਿਉ' ਆਦਿ ਦਾ ਨਾਹਰਾ ਲਾਇਆ ਗਿਆ। ਇਸੇ ਕਾਨੂੰਨ ਨਾਲ 1751 ਦਾ ਸਾਲ ਤਿੰਨ ਮਹੀਨੇ ਛੋਟਾ ਕਰ ਦਿਤਾ ਗਿਆ ਅਤੇ ਸਾਲ ਦਾ ਸ਼ੁਰੂ 25 ਮਾਰਚ (ਇਸਾਈਆਂ ਦਾ ਇਕ ਧਾਰਮਕ ਦਿਨ ਜਦੋਂ ਕੁਮਾਰੀ ਮਰੀਅਮ ਨੂੰ ਈਸਾ ਨੂੰ ਜਨਮ ਦੇਣ ਪ੍ਰਤਿ ਇਲਹਾਮ ਹੋਇਆ ਸੀ) ਤੋਂ ਕਰ ਦਿਤਾ ਗਿਆ। ਪਰ 1752 ਅਤੇ ਅਗਲੇ ਸਾਰੇ ਸਾਲ ਇਕ ਜਨਵਰੀ ਤੋਂ ਹੀ ਸ਼ੁਰੂ ਕੀਤੇ ਗਏ। ਹੌਲੀ-ਹੌਲੀ ਲਗਭਗ ਸਾਰੇ ਦੇਸ਼ਾਂ ਨੇ ਇਹ ਕਲੰਡਰ ਧਾਰਨ ਕਰ ਲਿਆ।

ਸੰਨ 1793 ਵਿਚ ਪਹਿਲੇ ਫ਼ਰਾਂਸ ਗਣਰਾਜ ਦੀ ਨੈਸ਼ਨਲ ਕਨਵੈਨਸ਼ਨ ਵਿਚ ਇਹ ਐਲਾਨ ਕੀਤਾ ਗਿਆ ਕਿ ਸਮਾਜਕ ਕੰਮਾਂ ਵਿਚ ਪ੍ਰਚਲਿਤ ਕਾਲ-ਕ੍ਰਮ ਨੂੰ ਖ਼ਤਮ ਕਰਕੇ 22 ਸਤੰਬਰ, 1792 ਗਣਰਾਜ ਦਿਵਸ ਤੋਂ ਇਕ ਨਵਾਂ ਕਾਲ ਸ਼ੁਰੂ ਕੀਤਾ ਜਾਵੇ। ਸਾਲ ਦੇ 12 ਮਹੀਨੇ ਅਤੇ ਹਰ ਇਕ ਮਹੀਨਾ 30 ਦਿਨਾਂ ਦਾ ਹੋਵੇਗਾ ਅਤੇ ਇਸਦੇ ਨਾਲ ਪੰਜ ਦਿਨ ਹੋਰ ਹੋਣਗੇ ਜੋ ਅੰਤ ਵਿਚ ਤਿਉਹਾਰਾਂ ਦੇ ਤੌਰ ਤੇ ਮਨਾਏ ਜਾਇਆ ਕਰਨਗੇ। ਹਰ ਚਾਰ ਸਾਲਾਂ ਜਾਂ ਓਲਿੰਪਿਕ ਸਾਲਾਂ ਤੋਂ ਬਾਅਦ ਇਹ ਵਾਧੂ ਦਿਨ ਪੰਜ ਦੀ ਥਾਂ ਛੇ ਹੋਇਆ ਕਰਨਗੇ ਅਤੇ ਛੇਵੇਂ ਦਿਨ ਨੂੰ 'ਕ੍ਰਾਂਤੀਕਾਰੀ ਦਿਨ' ਨਾਲ ਬੁਲਾਇਆ ਜਾਵੇਗਾ। ਸਾਲ ਦਾ ਸ਼ੁਰੂ ਪਤਝੜ-ਵਿਸ਼ੁਵ ਤੋਂ ਹੋਵੇਗਾ। ਇਕ ਜਨਵਰੀ, 1806 ਨੂੰ ਨਿਪੋਲੀਅਨ ਦੀ ਕਮਾਂਡ ਹੇਠ ਇਸ ਕ੍ਰਾਂਤੀਕਾਰੀ ਕਲੰਡਰ ਨੂੰ ਖ਼ਤਮ ਕਰ ਦਿਤਾ ਗਿਆ ਅਤੇ ਗਰੇਗੋਰੀਅਨ ਕਲੰਡਰ ਮੁੜ ਚਾਲੂ ਕਰ ਦਿਤਾ ਗਿਆ।

ਭਾਰਤ ਵਰਸ਼ ਵਿਚ ਵਖ-ਵਖ ਸਮਿਆਂ ਵਿਚ ਵਖ-ਵਖ ਧਰਮ ਪ੍ਰਚਲਿਤ ਹੋਏ ਜਿਸ ਕਾਰਨ ਭਾਰਤੀ ਕਲੰਡਰ ਵੀ ਕਈ ਪ੍ਰਕਾਰ ਦੇ ਬਣ ਗਏ। ਹਿੰਦੂ ਕਲੰਡਰਾਂ ਵਿਚ ਬਾਕੀ ਧਰਮਾਂ ਦੇ ਕਲੰਡਰਾਂ ਨਾਲੋਂ ਗਣਿਤ ਵਿਸ਼ੇ ਦੀ ਜ਼ਿਆਦਾ ਵਰਤੋਂ ਕੀਤੀ ਗਈ। ਇਸ ਕਰਕੇ ਹਿੰਦੂ ਕਲੰਡਰਾਂ ਦੀ ਚਰਚਾ ਅਧਿਕ ਹੈ। ਹਿੰਦੂ ਕਲੰਡਰ ਵੀ ਤੀਹ ਪ੍ਰਕਾਰ ਦੇ ਪਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਦੋ-ਬਿਕ੍ਰਮੀ ਅਤੇ ਸ਼ਕ ਆਮ ਪ੍ਰਚਲਿਤ ਹਨ। ਬਿਕ੍ਰਮੀ ਸੰਮਤ ਦਾ ਆਰੰਭ 57 ਈ. ਪੂ. ਵਿਚ ਰਾਜਾ ਬਿਕ੍ਰਮਾਦਿੱਤ ਦੇ ਨਾਂ ਤੇ ਹੋਇਆ ਸੀ ਜਦੋਂ ਕਿ ਸ਼ਕ ਸੰਮਤ ਸ਼ਕ ਜਾਤੀ ਦੇ ਰਾਜੇ ਸਲਵਾਨ ਨੇ ਸੰਨ 78 ਈ. ਵਿਚ ਸ਼ੁਰੂ ਕੀਤਾ ਸੀ। ਉੱਤਰੀ ਭਾਰਤ ਵਿਚ ਬਿਕ੍ਰਮੀ ਤੇ ਦੱਖਣੀ ਭਾਰਤ ਵਿਚ ਸ਼ਕ ਸੰਮਤ ਦੀ ਮਾਨਤਾ ਵਧੇਰੇ ਹੈ। ਦੋਹਾਂ ਸੰਮਤਾਂ ਦੇ ਮਹੀਨਿਆਂ ਦੇ ਨਾਂ ਅਤੇ ਆਰੰਭ ਹੋਣ ਦਾ ਸਮਾਂ ਵੀ ਇਕੋ ਹੈ ਅਤੇ ਵਰ੍ਹੇ ਦਾ ਹਿਸਾਬ ਵੀ ਉਸੇ ਤਰ੍ਹਾਂ ਲਗਦਾ ਹੈ। ਸੂਰਜ ਦੇ ਇਕ ਰਾਸ਼ੀ ਵਿਚ ਪਰਵੇਸ਼ ਕਰਨ ਤੋਂ ਲੈ ਕੇ ਦੂਜੀ ਰਾਸ਼ੀ ਵਿਚ ਪਰਵੇਸ਼ ਕਰਨ ਦੇ ਸਮੇਂ ਤਕ ਇਕ ਮਹੀਨਾ ਅਤੇ ਸੂਰਜ ਦੇ ਰਾਸ਼ੀ ਬਦਲਣ ਦੇ ਸਮੇਂ ਨੂੰ ਸੰਗਰਾਂਦ ਕਹਿੰਦੇ ਹਨ। ਕੁੱਲ ਬਾਰਾਂ ਰਾਸ਼ੀਆਂ ਦੇ ਬਾਰਾਂ ਮਹੀਨੇ, ਰਾਸ਼ੀਆਂ ਦੇ ਨਾਂ ਜਾਂ ਉਨ੍ਹਾਂ ਨਾਵਾਂ ਦੇ ਕੁਝ ਬਦਲੇ ਹੋਏ ਰੂਪ ਹੀ ਮਹੀਨਿਆਂ ਦੇ ਨਾਵਾਂ ਦੇ ਤੌਰ ਤੇ ਵਰਤੇ ਜਾਂਦੇ ਹਨ। ਪਰ ਇਨ੍ਹਾਂ ਦੇ ਪ੍ਰਚਲਿਤ ਨਾਂ—1. ਚੇਤ੍ਰ, 2. ਵੈਸਾਖ, 3. ਜਯੇਸ਼ਠ, 4. ਆਸ਼ਾੜ੍ਹ, 5. ਸ੍ਰਾਵਣ, 6. ਭਾਦ੍ਰਪਦ, 7. ਆਸ਼ਿਵਨ ਜਾਂ ਅਸ਼੍ਵਯੁਜ, 8. ਕਾਰਤਿਕ, 9. ਮਾਰਗਸ਼ਿਰ ਜਾਂ ਮਾਰਗਸ਼ੀਰਸ ਜਾਂ ਅਗ੍ਰਹਾਯਣ, 10. ਪੌਸ਼, 11. ਮਾਘ ਅਤੇ 12. ਫਾਲਗੁਣ। ਪੰਜਾਬੀ ਵਿਚ ਇਨ੍ਹਾਂ ਦੇ ਨਾਂ ਚੇਤ ਜਾਂ ਚੇਤਰ, ਵਿਸਾਖ, ਜੇਠ, ਹਾੜ, ਸਾਵਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਅਤੇ ਫੱਗਣ ਹਨ। ਉੱਤਰੀ ਭਾਰਤ ਵਿਚ ਭਾਵੇਂ ਬਿਕ੍ਰਮੀ ਸੰਮਤ ਹੀ ਚਲਦਾ ਹੈ ਪਰ ਸੁਤੰਤਰਤਾ ਤੋਂ ਪਿੱਛੋਂ ਭਾਰਤ ਨੇ ਆਪਣਾ ਰਾਸ਼ਟਰੀ ਕਲੰਡਰ ਬਣਾਉਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਕਲੰਡਰ ਸੁਧਾਰ ਕਮੇਟੀ ਕਾਇਮ ਕੀਤੀ ਗਈ ਸੀ। ਜਿਸ ਨੇ ਸ਼ਕ ਸੰਮਤ ਵਿਚ ਮਾਮੂਲੀ ਜਿਹੀ ਤਬਦੀਲੀ ਕਰਕੇ ਰਾਸ਼ਟਰੀ ਸੰਮਤ ਦੇ ਰੂਪ ਵਿਚ ਪਰਵਾਨ ਕੀਤਾ ਸੀ।

ਪੁਰਾਣੇ ਢੰਗਾਂ ਦੇ ਸ਼ਕ ਕਲੰਡਰਾਂ ਵਿਚ ਸਾਲ 365 ਦਿਨ, 6 ਘੰਟੇ, 12 ਮਿੰਟ ਅਤੇ 26 ਸੈਕੰਡ ਦਾ ਹੈ। ਇਹ ਟ੍ਰਾਪੀਕਲ ਸਾਲ ਤੋਂ ਲਗਭਗ 24 ਮਿੰਟ ਅਤੇ ਨਛੱਤਰੀ ਸਾਲ ਨਾਲੋਂ ਲਗਭਗ $3\frac{1}{2}$ ਮਿੰਟ ਵੱਡਾ ਹੈ। ਵਰਤਮਾਨ ਕਲੰਡਰ ਦੇ ਨਿਰਮਾਤਾ ਆਰੀਆ ਭੱਟ ਦੇ ਸਮੇਂ ਜੋ-ਜੋ ਤਿਉਹਾਰ ਜਿਸ-ਜਿਸ ਰੁੱਤ ਵਿਚ ਆਉਂਦੇ ਸਨ, ਅਜ ਵੀ ਉਨ੍ਹਾਂ ਰੁੱਤਾਂ ਵਿਚ ਆ ਰਹੇ ਹਨ। ਜੇਕਰ ਸ਼ੁੱਧ ਟ੍ਰਾਪੀਕਲ ਸਾਲ ਲਏ ਜਾਣ ਤਾਂ ਤਿਉਹਾਰ ਵਖ-ਵਖ ਮਹੀਨਿਆਂ ਵਿਚ ਆਉਣ ਦਾ ਡਰ ਹੈ। ਇਸ ਲਈ ਸਾਡੇ ਪੰਡਤਾਂ ਨੇ ਸ਼ੁੱਧ ਟ੍ਰਾਪੀਕਲ ਸਾਲ ਦੀ ਥਾਂ ਇਕ ਖ਼ਾਸ ਕਿਸਮ ਦਾ ਟ੍ਰਾਪੀਕਲ ਸਾਲ ਰਖਿਆ ਹੈ। ਭਾਰਤ ਸਰਕਾਰ ਨੇ ਇਸ ਕਲੰਡਰ ਨੂੰ ਸਵੀਕਾਰ ਕਰ ਲਿਆ ਹੈ। ਰਾਸ਼ਟਰੀ ਕਲੰਡਰ ਦੀ ਦਿਨ ਗਣਨਾ ਲਈ ਟ੍ਰਾਪਿਕ ਮਹੀਨੇ ਅਤੇ ਹਰ ਇਕ ਮਹੀਨੇ ਦੀ ਨਿਸ਼ਚਿਤ ਦਿਨ ਸੰਖਿਆ ਰਖੀ ਗਈ ਹੈ (ਅੰਗਰੇਜ਼ੀ ਮਹੀਨਿਆਂ ਦੀ ਤਰ੍ਹਾਂ) ਜਿਸ ਨਾਲ ਤਰੀਕਾਂ ਵਿਚ ਵਾਧੇ ਅਤੇ ਅਧਿਕ ਮਹੀਨਿਆਂ ਦੀ ਅਦਲ-ਬਦਲ ਨਹੀਂ ਹੁੰਦੀ। ਇਹ

ਕਲੰਡਰ ਸਿਰਫ਼ ਵਿਵਹਾਰਕ ਦਿਨ ਗਣਨਾ ਲਈ ਹੀ ਹੈ । ਧਾਰਮਕ ਵਰਤਾਂ ਦੇ ਲਈ ਚੰਦ ਮਹੀਨਾ, ਅਧਿਕ ਮਹੀਨਾ ਅਤੇ ਤਿਥ ਆਦਿ ਹਨ । ਸਾਲ ਦੇ 365 ਦਿਨ ਅਤੇ ਚਾਰ ਸਾਲਾਂ ਬਾਅਦ ਇਕ ਸਾਲ ਦੇ 366 ਦਿਨ ਹੁੰਦੇ ਹਨ । ਇਸ ਨਾਲ ਰਾਸ਼ਟਰੀ ਦਿਨਾਂ ਦਾ ਮੇਲ ਅੰਗਰੇਜ਼ੀ ਤਾਰੀਖਾਂ ਨਾਲ ਸਦਾ ਮਿਲਿਆ ਰਹਿੰਦਾ ਹੈ ਜਿਵੇਂ ਨਿਮਨ ਸਾਰਨੀ ਵਿਚ ਦਿਤਾ ਗਿਆ ਹੈ ।

| ਰਾਸ਼ਟਰੀ | | ਗਰੇਗੋਰੀਅਨ | | ਮਹੀਨੇ ਦੇ ਦਿਨ |
|---|---|---|---|---|
| ਮਹੀਨਾ | ਦਿਨ | ਮਹੀਨਾ | ਤਾਰੀਖ | |
| ਚੇਤਰ | 1 | ਮਾਰਚ | 22 ਜਾਂ 21 | 30 ਜਾਂ 31 |
| ਵੈਸਾਖ | 1 | ਅਪਰੈਲ | 21 | 31 |
| ਜੇਸ਼ਠ | 1 | ਮਈ | 22 | 31 |
| ਆਸ਼ਾਢ | 1 | ਜੂਨ | 22 | 31 |
| ਸ੍ਰਾਵਣ | 1 | ਜੁਲਾਈ | 23 | 31 |
| ਭਾਦ੍ਰਪਦ | 1 | ਅਗਸਤ | 23 | 31 |
| ਆਸ਼ਿਵਨ | 1 | ਸਤੰਬਰ | 23 | 30 |
| ਕਾਰਤਿਕ | 1 | ਅਕਤੂਬਰ | 23 | 30 |
| ਅਗ੍ਰਹਯਨ | 1 | ਨਵੰਬਰ | 22 | 30 |
| ਪੌਸ਼ | 1 | ਦਸੰਬਰ | 22 | 30 |
| ਮਾਘ | 1 | ਜਨਵਰੀ | 21 | 30 |
| ਫਾਲਗੁਨ | 1 | ਫ਼ਰਵਰੀ | 20 | 30 |

ਅੰਗਰੇਜ਼ੀ ਲੀਪ ਵਰਸ਼ ਅਨੁਸਾਰ ਹੀ ਚੇਤਰ ਦੇ ਦਿਨ 30 ਜਾਂ 31 ਰਖੇ ਗਏ ਹਨ । ਲੀਪ ਵਰਸ਼ ਵਿਚ ਚੇਤਰ ਦਾ ਆਰੰਭ 21 ਮਾਰਚ ਨੂੰ ਹੁੰਦਾ ਹੈ ਅਤੇ ਚੇਤਰ ਦੇ 31 ਦਿਨ ਹੁੰਦੇ ਹਨ । ਆਮ ਸਾਲਾਂ ਵਿਚ ਚੇਤਰ ਦਾ ਆਰੰਭ 22 ਮਾਰਚ ਨੂੰ ਹੁੰਦਾ ਹੈ ਅਤੇ 30 ਦਿਨ ਹੁੰਦੇ ਹਨ । ਲੀਪ ਦਾ ਸਾਲ ਲੱਭਣ ਦਾ ਇਹ ਢੰਗ ਹੈ ਕਿ ਇਸ ਵਿਚ 79 ਵਧਾ ਕੇ ਜਿਹੜਾ ਗਰੇਗੋਰੀ ਸੰਨ ਬਣਦਾ ਹੈ ਜੇਕਰ ਉਹ ਲੀਪ ਦਾ ਹੋਵੇ ਤਾਂ ਇਹ ਰਾਸ਼ਟਰੀ ਸਾਲ ਵੀ ਲੀਪ ਦਾ ਸਾਲ ਹੋਵੇਗਾ । ਰਾਸ਼ਟਰੀ ਸੰਮਤ ਨੂੰ ਸਾਕਾ ਸੰਮਤ ਕਹਿੰਦੇ ਹਨ ।

ਵਿਸ਼ਵ ਕਲੰਡਰ ਵਿਚ ਈਸਵੀ ਅਤੇ ਮਹੀਨੇ ਦੇ ਜੋ ਨਾਂ ਅੱਜ ਕਲ੍ਹ ਪ੍ਰਚਲਿਤ ਹਨ ਉਹ ਹੀ ਰਖੇ ਗਏ ਹਨ ਪਰ ਮਹੀਨਿਆਂ ਦੇ ਦਿਨ ਜਨਵਰੀ, ਫ਼ਰਵਰੀ ਆਦਿ ਹਨ ਅਤੇ 12 ਮਹੀਨਿਆਂ ਦੇ ਦਿਨ ਕ੍ਰਮਵਾਰ 31, 30, 30, 31, 30, 30, 31, 30, 30, 31, 30, 30 ਹਨ । ਇਹ ਸੰਾਰੇ ਮਿਲਕੇ 364 ਦਿਨ ਹੁੰਦੇ ਹਨ । ਜਿਸ ਸਾਲ ਇਕ ਜਨਵਰੀ ਨੂੰ ਐਤਵਾਰ ਹੋਵੇਗਾ ਉਸ ਸਾਲ ਇਹ ਕਲੰਡਰ ਸ਼ੁਰੂ ਹੋਵੇਗਾ । ਫ਼ਰਵਰੀ, ਮਈ, ਅਗਸਤ ਅਤੇ ਨਵੰਬਰ ਮਹੀਨਿਆਂ ਦੇ ਦਿਨ 30 ਹੁੰਦੇ ਹਨ ਅਤੇ ਇਨ੍ਹਾਂ ਦੀ ਪਹਿਲੀ ਤਾਰੀਖ ਨੂੰ ਬੁੱਧਵਾਰ ਹੋਵੇਗਾ । ਮਾਰਚ, ਜੂਨ, ਸਤੰਬਰ ਅਤੇ ਦਸੰਬਰ ਵੀ 30 ਦਿਨ ਦੇ ਹੁੰਦੇ ਹਨ ਪਰ ਇਨ੍ਹਾਂ ਦੀ ਪਹਿਲੀ ਤਾਰੀਖ ਨੂੰ ਸ਼ੁੱਕਰਵਾਰ ਹੋਵੇਗਾ । ਇਸ ਤੋਂ ਬਿਨ੍ਹਾਂ ਜੂਨ ਮਹੀਨੇ ਤੋਂ ਬਾਅਦ ਇਕ ਦਿਨ ਰਖਿਆ ਗਿਆ ਹੈ ਜਿਸਾਂ ਨੂੰ 'ਵਿਸ਼ਵਵਾਰ' ਕਿਹਾ ਜਾਂਦਾ ਹੈ । ਇਹ ਵਾਰ ਹਫ਼ਤੇ ਦੇ ਵਾਰਾਂ ਨਾਲੋਂ ਵਖਰਾ ਹੀ ਵਾਰ ਹੈ ਅਤੇ ਲੀਪ ਵਾਲੇ ਸਾਲ ਫ਼ਰਵਰੀ ਦੀ ਬਜਾਏ ਦਸੰਬਰ ਵਿਚ ਇਕ ਦਿਨ ਵਧਾ-ਇਆ ਜਾਂਦਾ ਹੈ ਅਤੇ ਇਹ ਵਧਾਇਆ ਗਿਆ ਦਿਨ ਵੀ ਹਫ਼ਤੇ ਦੇ ਬਾਕੀ ਦਿਨਾਂ ਨਾਲੋਂ ਵਖਰਾ ਵਿਸ਼ਵਵਾਰ ਹੋਵੇਗਾ । ਵਿਸ਼ਵ ਕਲੰਡਰ ਦਾ ਲਾਭ ਇਹ ਹੈ ਕਿ ਹਰ ਇਕ ਸਾਲ ਭਿੰਨ ਭਿੰਨ ਮਹੀਨਿਆਂ ਦੀਆਂ ਭਿੰਨ ਭਿੰਨ ਤਾਰੀਖਾਂ ਨਿਸ਼ਚਿਤ ਵਾਰਾਂ ਵਿਚ ਆਇਆ ਕਰਨਗੀਆਂ । ਇਕ ਸਾਲ ਲਈ ਬਣਾਇਆ ਹੋਇਆ ਵਾਰ ਦਾ ਕਲੰਡਰ ਸਭ ਸਾਲਾਂ ਲਈ ਠੀਕ ਰਹੇਗਾ । ਇਸ ਨਾਲ ਕਿਸੇ ਮਹੀਨੇ ਦੀ ਕੋਈ ਤਾਰੀਖ ਦਾ ਵਾਰ ਆਸਾਨੀ ਨਾਲ ਲੱਭ ਸਕਦੇ ਹਾਂ ।

ਹ. ਪੁ.—ਚੈਂਬ. ਐਨ. 2 : 768; ਹਿੰ. ਵਿ. ਕੋ. 7 : 5

**ਕਲੰਦਰ** : ਮੁਸਲਮਾਨਾਂ ਵਿਚ ਫ਼ਕੀਰਾਂ ਦਾ ਇਹ ਇਕ ਫ਼ਿਰਕਾ ਹੈ ਜੋ ਸਿਰ ਅਤੇ ਦਾੜ੍ਹੀ ਨਹੀਂ ਮੁਨਾਉਂਦੇ ਅਤੇ ਨਾ ਹੀ ਗ੍ਰਹਿਸਤ ਜੀਵਨ ਅਪਣਾਉਂਦੇ ਹਨ । ਇਹ ਹਜ਼ਰਤ ਲੂਤ ਦੇ ਪੈਰੋਕਾਰ ਹਨ । ਕਲੰਦਰ ਦਰਵੇਸ਼ਾਂ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਪੂਰਬੀ ਪਰਸ਼ੀਆ ਦੇ ਦਰਵੇਸ਼ਾਂ ਦੇ ਦੂਸਰੇ ਫ਼ਿਰਕਿਆਂ ਨਾਲੋਂ ਇਹ ਇਕ ਵੱਖਰਾ ਫ਼ਿਰਕਾ ਸੀ ਜਿਸ ਦੇ ਅਨੁਯਾਈ ਘੁੰਮਣ ਫਿਰਨ ਵਾਲੇ ਫ਼ਕੀਰ ਸਨ । ਇਨ੍ਹਾਂ ਦੀ ਵਿਚਾਰਧਾਰਾ ਅਲ-ਮਕਰੀਜ਼ੀ ਅਲ-ਖ਼ਿਤਾਤ ਦੀ ਮਿਸਰ ਵਿਚਲੇ ਕਲੰਦਰੀ ਫ਼ਿਰਕੇ ਵਾਲੀ ਸੀ । ਇਨ੍ਹਾਂ ਦੇ ਕੋਈ ਨਿਸ਼ਚਿਤ ਨਿਯਮ ਜਾਂ ਅਸੂਲ ਨਹੀਂ ਸਨ ਸਗੋਂ ਇਹ ਧਾਰਮਕ ਅਤੇ ਸਮਾਜਕ ਨਿਯਮਾਂ ਦੀ ਉਲੰਘਣਾ ਕਰਦੇ ਸਨ । ਇਹ ਫ਼ਿਰਕਾ ਕੇਂਦਰੀ ਏਸ਼ੀਆ ਵਿਚੋਂ ਆਰੰਭ ਹੋਇਆ ਜਾਪਦਾ ਹੈ, ਜਿਸ ਉਤੇ ਭਾਰਤੀ ਵਿਚਾਰਾਂ ਦਾ ਪ੍ਰਭਾਵ ਪਿਆ । ਇਹ ਵੀ ਸੰਭਵ ਹੈ ਕਿ ਸ਼ਬਦ ਕਲੰਦਰ ਦਾ ਮੂਲ ਹੀ ਭਾਰਤੀ ਹੋਵੇ । ਮਕਰੀਜ਼ੀ (ਮੌਤ 1442) ਅਨੁਸਾਰ ਇਹ ਉਸ ਤੋਂ 400 ਸਾਲ ਪਹਿਲਾਂ ਅਰਬ ਦੇਸ਼ ਵਿਚ ਹੋਂਦ ਵਿਚ ਆਇਆ ਫ਼ਿਰਕਾ ਹੈ । ਪਰਸ਼ੀਆ ਵਿਚ ਇਸ ਫ਼ਿਰਕੇ ਦੇ ਲੋਕ ਬਹੁਤ ਗਿਣਤੀ ਵਿਚ ਸਨ । ਸਤਾਰ੍ਹਵੀਂ ਸਦੀ ਵਿਚ ਵੀ ਇਨ੍ਹਾਂ ਦੀ ਵਧੇਰੇ ਗਿਣਤੀ ਉਥੇ ਹੀ ਸੀ ।

2. ਰਿੱਛ ਅਤੇ ਬਾਂਦਰਾਂ ਨੂੰ ਬੱਚਿਆਂ ਦੇ ਮਨੋਰੰਜਨ ਲਈ ਨਚਾਉਣ ਵਾਲੇ ਵਿਅਕਤੀ ਨੂੰ ਵੀ ਕਲੰਦਰ ਕਿਹਾ ਜਾਂਦਾ ਹੈ ।

ਹ. ਪੁ.— ਪੰ. ਕੋ. 4 : 530 ; ਸ਼ਾ. ਐਨ ਇਸ. 240

**ਕਲੰਦਰ, ਹਜ਼ਰਤ ਬੂ ਅਲੀ ਸ਼ਾਹ** : 'ਦਮਾ ਦਮ ਮਸਤ ਕਲੰਦਰ ਅਲੀ ਦਾ ਪਹਿਲਾ ਨੰਬਰ' ਕਵਾਲੀ ਲਈ ਜਾਣੇ ਜਾਂਦੇ ਹਜ਼ਰਤ ਬੂ ਅਲੀ ਸ਼ਾਹ ਕਲੰਦਰ ਦਾ ਜਨਮ 1206 ਈ. ਵਿਚ ਪਾਨੀਪਤ ਵਿਖੇ ਹੋਇਆ । ਇਸ ਰਬ ਦੀ ਭਗਤੀ ਵਿਚ ਲੀਨ ਰਹਿਣ ਵਾਲੇ ਮਸਤ ਕਲੰਦਰ ਦਾ ਨਾਂ ਘਰ ਵਾਲਿਆਂ ਨੇ ਸ਼ਰਫ਼ਉੱਦੀਨ ਰਖਿਆ । ਇਹ ਮਹਾਨ ਵਿਦਵਾਨ ਅਤੇ ਰਬ ਨਾਲ ਜੁੜਨ ਵਾਲਾ ਵਿਅਕਤੀ ਹੋ ਨਿਬੜਿਆ । ਇਸ ਨੂੰ ਦਿੱਲੀ ਵਿਚ ਕਾਜ਼ੀ ਨਿਯੁਕਤ ਕਰ ਦਿੱਤਾ ਗਿਆ ਪਰੰਤੂ ਇਸ ਦੀ ਰੂਹਾਨੀ ਲਗਨ ਸਦਕਾ ਇਹ ਸੂਫ਼ੀ ਸੰਤ ਹਜ਼ਰਤ ਮੁਰਤਜ਼ਾ ਦਾ ਮੁਰੀਦ ਬਣ ਗਿਆ ਅਤੇ ਪਾਨੀਪਤ ਪਰਤ ਆਇਆ । ਬਾਅਦ ਵਿਚ ਇਹ ਕਰਨਾਲ ਦੇ ਨੇੜੇ ਪਿੰਡ ਬੁੱਢਾ-ਖੇੜਾ ਵਿਚ ਪੱਕੇ ਤੌਰ ਤੇ ਟਿਕ ਗਿਆ, ਜਿਥੇ ਇਸ ਦੀ ਮੌਤ 1324 ਵਿਚ 118 ਸਾਲ ਦੀ ਉਮਰ ਵਿਚ ਹੋਈ । ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦਾ ਨਾਂ ਸ਼ੇਖ ਸ਼ਰਫ਼ ਅਤੇ ਜਨਮ ਇਰਾਨ ਵਿਚ ਅਤੇ ਮੌਤ 30 ਅਗਸਤ 1332 ਨੂੰ ਹੋਈ ਦੱਸੀ ਹੈ ।

ਇਸ ਫ਼ਕੀਰ ਨੇ ਆਪਣੇ ਜੀਵਨ ਵਿਚ ਤਿੰਨ ਖ਼ਾਨਦਾਨਾਂ ਦਾ ਅਤੇ 15 ਰਾਜਿਆਂ ਦਾ ਰਾਜ ਦਿੱਲੀ ਤਖ਼ਤ ਉਪਰ ਵੇਖਿਆ । ਇਸ ਫ਼ਕੀਰ ਦੀ ਰੂਹਾਨੀ ਜ਼ਿੰਦਗੀ ਅਤੇ ਦੈਵੀ ਸ਼ਕਤੀਆਂ ਬਾਰੇ ਬਹੁਤ ਕਥਾਵਾਂ ਪ੍ਰਚਲਿਤ ਹਨ । ਇਸ ਫ਼ਕੀਰ ਦੀ ਮੌਤ ਤੋਂ ਕਾਫ਼ੀ ਸਮਾਂ ਪਿਛੋਂ ਉਸਾਰਿਆ ਗਿਆ ਮਕਬਰਾ ਸ਼ਾਇਦ ਦੁਨੀਆਂ ਦਾ ਪਹਿਲਾ ਮਕਬਰਾ ਹੈ, ਜਿਸ ਦੇ ਥਮ੍ਹਲੇ ਕਾਲੇ ਕੀਮੀਆਈ ਪੱਥਰ ਦੇ ਬਣੇ ਹੋਏ ਹਨ । ਇਸ ਦੇ ਮਕਬਰੇ ਤੇ ਹਾਲਾਂ ਵੀ ਲੋਕ ਸੁੱਖਾਂ ਮੰਨਣ ਲਈ ਆਉਂਦੇ ਹਨ । ਸੰਨ 1947 ਤਕ ਇਸ ਮਕਬਰੇ ਦੀ ਸੰਭਾਲ ਇਕ ਨਿੱਜੀ ਅਦਾਰਾ ਕਰਦਾ ਸੀ, ਪਰੰਤੂ 1960 ਤੋਂ ਪਿਛੋਂ ਇਹ ਕੰਮ ਪੰਜਾਬ ਵਕਫ਼ ਬੋਰਡ ਅੰਬਾਲਾ ਕੋਲ ਚਲਾ ਗਿਆ ਹੈ ।

ਇਸ ਫ਼ਕੀਰ ਦੇ ਮਕਬਰੇ ਤੇ ਹਰ ਸਾਰ ਸ਼ਵਾਲ ਮਹੀਨੇ ਦੀ 9,10 ਅਤੇ 11 ਦੀ ਰਾਤ ਨੂੰ (ਈਦ-ਉਲ-ਫਿਤਰ ਤੋਂ ਇਕ ਹਫ਼ਤਾ

ਪਿਛੋਂ) ਉਰਸ ਦਾ ਮੇਲਾ ਲਗਦਾ ਹੈ, ਜਿਸ ਵਿਚ ਇਸਦੇ ਅਨੇਕਾਂ ਸ਼ਰਧਾਲੂ ਸ਼ਾਮਲ ਹੁੰਦੇ ਹਨ ।

ਹ. ਪੁ.—ਟ੍ਰਿਬਿਊਨ : 23 ਤੇ 24-8-80 ; ਮ. ਕੋ.

**ਕਲਪ :** ਇਸ ਨਾਂ ਦੇ ਚਾਰ ਵਿਅਕਤੀ ਹੋਏ ਹਨ ਜਿਨ੍ਹਾਂ ਵਿਚੋਂ ਇਕ ਰਾਜਾ ਉਤਾਨਪਾਦ ਦੇ ਪੁੱਤਰ, ਪ੍ਰਸਿੱਧ ਭਗਤ ਧਰੂ ਦਾ ਪੁੱਤਰ ਸੀ। ਦੂਸਰਾ ਕਲਪ ਯਾਦਵਵੰਸ਼ੀ ਵਸੁਦੇਵ ਦਾ ਪੁੱਤਰ ਸੀ। ਤੀਸਰਾ ਕਲਪ ਹਿਰਣਾਕਸ਼ਪ ਦੀ ਭੈਣ ਸਿੰਘਕਾ ਦੇ ਤੇਰ੍ਹਾਂ ਪੁੱਤਰਾਂ ਵਿਚੋਂ ਇਕ ਸੀ। ਚੌਥਾ ਕਲਪ ਇਕ ਮਹਾਂਰਿਸ਼ੀ ਸੀ ਜਿਸ ਦੀ ਕਥਾ ਸਕੰਦ ਪੁਰਾਣ ਵਿਚ ਮਿਲਦੀ ਹੈ।

2. ਸ੍ਰਿਸ਼ਟੀ ਦੀ ਚਾਲ ਅਤੇ ਵਿਕਾਸ ਨੂੰ ਮਾਪਣ ਲਈ ਕਲਪ ਹਿੰਦੂਆਂ ਦਾ ਇਕ ਪਰਮ ਪ੍ਰਸਿੱਧ ਮਾਪਦੰਡ ਹੈ । ਬ੍ਰਹਮਾ ਦਾ ਇਕ ਦਿਨ ਕਲਪ ਕਿਹਾ ਜਾਂਦਾ ਹੈ, ਉਸ ਅਨੁਸਾਰ ਬ੍ਰਹਮਾ ਦੀ ਸੌ ਵਰ੍ਹੇ ਦੀ ਉਮਰ ਪੂਰੀ ਹੋਣ ਤੋਂ ਪਿਛੋਂ ਪਰਲੋ ਆਉਂਦੀ ਹੈ। ਪਰਲੋ ਬ੍ਰਹਮਾ ਦੀ ਇਕ ਰਾਤ ਹੈ, ਜਿਸ ਤੋਂ ਪਿਛੋਂ ਸ੍ਰਿਸ਼ਟੀ ਦੀ ਪੁਨਰ ਰਚਨਾ ਆਰੰਭ ਹੁੰਦੀ ਹੈ। ਚਾਰਾਂ ਯੁੱਗਾਂ ਦੇ ਇਕ ਚਕੱਰ ਨੂੰ ਚਤਰਯੁਗੀ ਕਹਿੰਦੇ ਹਨ । ਇਕ ਹਜ਼ਾਰ ਚਤਰਯੁੱਗੀਆਂ ਨੂੰ ਮਿਲਾ ਕੇ ਇਕ ਕਲਪ ਬਣਦਾ ਹੈ। ਬ੍ਰਹਮਾ ਦੇ ਇਕ ਮਹੀਨੇ ਵਿਚ ਤੀਹ ਕਲਪ ਹੁੰਦੇ ਹਨ ਜਿਨ੍ਹਾਂ ਦੇ ਵੱਖ ਵੱਖ ਨਾਂ ਹਨ । ਹਰ ਕਲਪ ਦੇ 14 ਹਿੱਸੇ ਹੁੰਦੇ ਹਨ ਅਤੇ ਇਨ੍ਹਾਂ ਭਾਗਾਂ ਨੂੰ ਮਨੰਵੰਤਰ ਕਹਿੰਦੇ ਹਨ । ਹਰ ਇਕ ਮਨਵੰਤਰ ਦਾ ਇਕ ਮਨੂੰ ਹੁੰਦਾ ਹੈ, ਇੰਜ ਚੌਦਾਂ ਮਨੂੰ ਹਨ । ਹਰ ਇਕ ਮਨਵੰਤਰ ਦੇ ਵਖ ਵਖ ਸਪਤ-ਰਿਸ਼ੀ, ਇੰਦਰ ਅਤੇ ਇੰਦਰਾਣੀ ਆਦਿ ਵੀ ਹੁੰਦੇ ਹਨ । ਇੰਜ ਇਕ ਕਲਪ ਚਾਰ ਅਰਬ ਬੱਤੀ ਕਰੋੜ ਵਰ੍ਹੇ ਦਾ ਮੰਨਿਆ ਜਾਂਦਾ ਹੈ ।

ਹ. ਪੁ.—ਹਿੰ. ਵਿ. ਕੋ. 2 : 385.

**ਕਲਪਸੂਤਰ :** ਆਸਵਲਾਯਨ ਅਤੇ ਆਪਸਤੰਬ ਆਦਿ ਰਿਸ਼ੀਆਂ ਦੇ ਬਣਾਏ ਗ੍ਰੰਥਾਂ, ਜਿਨ੍ਹਾਂ ਵਿਚ ਯੱਗ ਆਦਿ ਕਰਮਾਂ ਦੀ ਵਿਧੀ ਦੱਸੀ ਗਈ ਹੈ, ਨੂੰ ਕਲਪਸੂਤਰ ਆਖਦੇ ਹਨ । ਇਸੇ ਨਾਂ ਦਾ ਜੈਨ ਸਾਧੂ ਭਦ੍ਰਵਾਹ ਦਾ ਇਕ ਗ੍ਰੰਥ ਵੀ ਮਿਲਦਾ ਹੈ । ਸਵੇਤਾਂਬਰ ਜੈਨ ਮੱਤ ਦੇ ਲੋਕ ਕਲਪ-ਸੂਤਰ ਨੂੰ ਆਪਣਾ ਧਰਮ-ਗ੍ਰੰਥ ਮੰਨਦੇ ਹਨ। ਬਹੁਤ ਸਾਰੇ ਸ਼ਹਿਰਾਂ ਵਿਚ ਪਜਉਸਣਾ ਤੇ ਤੀਸਰੇ ਦਿਨ ਇਹ ਲੋਕ ਇਸ ਧਰਮ ਗ੍ਰੰਥ ਦੇ ਸਤਿਕਾਰ ਵਿਚ ਜਲੂਸ ਕਢਦੇ ਹਨ । ਅਮੀਰ ਜੈਨ ਲੋਕ ਇਸ ਗ੍ਰੰਥ ਦੀ ਕਾਪੀ (ਜੋ ਆਮ ਕਰਕੇ ਛਪਣ ਦੀ ਥਾਂ ਲਿਖੀ ਹੁੰਦੀ ਹੈ) ਜੈਨ ਮੰਦਰ ਵਿਚੋਂ ਨੀਲਾਮੀ ਰਾਹੀਂ ਖ਼ਰੀਦ ਕੇ ਸ਼ਾਮ ਨੂੰ ਆਪਣੇ ਘਰ ਪ੍ਰਦਰਸ਼ਨ ਲਈ ਲੈ ਜਾਂਦੇ ਹਨ ਅਤੇ ਇਸ ਨੂੰ ਲਕੜੀ ਦੀ ਪਾਲਕੀ ਵਿਚ ਰਖ ਕੇ, ਉਪਰ ਕੀਮਤੀ ਪੁਸ਼ਾਕੇ ਪਾ ਕੇ ਰਾਤ ਭਰ ਇਸ ਦੇ ਸਾਹਮਣੇ ਬੈਠ ਕੇ, ਵਧ ਤੋਂ ਵਧ ਸਾਜ ਵਜਾ ਕੇ ਕੀਰਤਨ ਕਰਦੇ ਹਨ । ਅਗਲੀ ਸਵੇਰ ਪੁਸਤਕ ਨੂੰ ਜਲੂਸ ਵਿਚ ਲੈ ਜਾ ਕੇ ਸਬੰਧਤ ਮੰਦਰ ਵਿਚ ਰੱਖ ਦਿਤਾ ਜਾਂਦਾ ਹੈ।

ਹ ਪੁ.—ਮ. ਕੋ. ; ਐਨ. ਰਿ. ਐਥਿ. 5 : 876.

**ਕਲਪਨਾ :** ਪੂਰਬਲੇ ਪ੍ਰਤੱਖ-ਵਿਗਿਆਨਾਤਮਕ ਅਨੁਭਵਾਂ ਨੂੰ ਬਿੰਬਾਂ ਅਤੇ ਵਿਚਾਰਾਂ ਦੇ ਰੂਪ ਵਿਚ ਰਚਨਾਤਮਕ ਢੰਗ ਨਾਲ ਸੰਗ੍ਰਹਿ ਕਰਨ ਨੂੰ ਕਲਪਨਾ ਕਿਹਾ ਜਾਂਦਾ ਹੈ । ਇਕ ਹੋਰ ਵਿਆਖਿਆ ਅਨੁਸਾਰ ਕਲਪਨਾ ਉਹ ਯੋਗਤਾ ਹੈ ਜਿਸ ਦੁਆਰਾ ਮਨ ਵਿਚ ਅਜਿਹੀਆਂ ਅਵਸਥਾਵਾਂ, ਵਿਧੀਆਂ, ਵਸਤੂਆਂ ਅਤੇ ਵਿਅਕਤੀ ਲਿਆਂਦੇ ਜਾਂਦੇ ਹਨ, ਜਿਹੜੇ ਕਿ ਮੌਜੂਦ ਨਹੀਂ ਹੁੰਦੇ। ਪ੍ਰਸਿਧ ਲੇਖਕ ਯੁੰਗ ਅਨੁਸਾਰ ਇਸ ਵਿਚ ਮੁਢਲੀਆਂ ਅਵਸਥਾਵਾਂ, ਵਿਧੀਆਂ, ਵਸਤੂਆਂ ਜਾਂ ਵਿਅਕਤੀਆਂ ਦੇ ਬਿੰਬ ਹੁੰਦੇ ਹਨ ਜਿਹੜੇ 'ਸਮੂਹ ਮਨੁੱਖੀ ਅਨੁਭਵ' ਵਜੋਂ ਜ਼ਾਹਰ ਹੁੰਦੇ ਹਨ, ਪਰ ਇਨ੍ਹਾਂ ਵਿਚ ਕੋਈ ਵਿਸ਼ੇਸ਼ ਮਨੁੱਖ ਨਹੀਂ ਹੁੰਦਾ। 'ਕ੍ਰਿਆਤਮਕ ਕਲਪਨਾ' ਅਜਿਹੇ ਤੱਤਾਂ ਦਾ ਨਵੀਨ ਇਕਾਈਆਂ ਵਿਚ ਕਲਾਮਈ ਜਾਂ ਵਿਗਿਆਨਕ ਸੁਮੇਲ ਹੁੰਦਾ ਹੈ, ਜਿਵੇਂ ਕਿ ਕਲਾ ਦੀਆਂ ਕਿਰਤਾਂ, ਦਾਰਸ਼ਨਿਕ ਪਧਤੀਆਂ ਜਾਂ ਵਿਗਿਆਨਕ ਪਰਿਕਲਪਨਾਵਾਂ ਅਤੇ ਯੋਜਨਾਬੱਧ ਤਜਰਬਾਕਾਰੀ ਦੀ ਸੂਰਤ ਵਿਚ ।

ਆਪਣੀ ਪੁਸਤਕ 'of Human Nature' (1650) ਵਿਚ ਟਾਮਸ ਹੱਬਜ਼ ਨੇ ਦਸਿਆ ਹੈ ਕਿ ਕਲਪਨਾ ਸੰਵੇਦਨਸ਼ੀਲ ਵਿਚਾਰਾਂ ਦੇ ਧੁੰਦਲੇ ਪਰਛਾਵਿਆਂ ਦੀ ਪੁਨਰ-ਜਾਗ੍ਰਤੀ ਹੁੰਦੀ ਹੈ। ਇਹ ਇਕ ਪ੍ਰਜਣਨ ਵਿਧੀ ਹੈ, ਜਿਹੜੀ ਦਿਮਾਗ ਵਿਚ ਉਤਪੰਨ ਹੁੰਦੀ ਹੈ।

ਉਤਪਾਦਕ ਕਲਪਨਾ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਇਹ ਭੂਤ ਦੇ ਅਨੁਭਵਾਂ ਦਾ ਨਵੇਂ ਸੁਮੇਲਾਂ ਵਿਚ ਪੁਨਰਗਠਨ ਹੁੰਦਾ ਹੈ। ਨਵੇਂ ਬਿੰਬ ਪੈਦਾ ਕੀਤੇ ਜਾ ਸਕਦੇ ਹਨ, ਅਤੇ ਕਾਲਪਨਿਕ ਕਾਰਜਾਂ ਦੀ ਸੁਤੰਤਰ ਵਰਤੋਂ ਦੁਆਰਾ ਚਿਰਸਥਾਈ ਸਰਗਰਮੀਆਂ ਅਮੀਰ ਬਣਾਈਆਂ ਜਾ ਸਕਦੀਆਂ ਹਨ ।

ਕਲਪਨਾ ਅਤੇ ਚਿੰਤਨ ਦੀ ਮਾਨਸਿਕ ਪ੍ਰਕਿਰਿਆ ਦੀ ਪ੍ਰਕਿਰਤੀ ਆਪਸ ਵਿਚ ਏਨੀ ਮਿਲਦੀ-ਜੁਲਦੀ ਹੁੰਦੀ ਹੈ ਕਿ ਸਾਧਾਰਣ ਭਾਸ਼ਾ ਵਿਚ ਕਦੇ ਕਦੇ ਇਨ੍ਹਾਂ ਸ਼ਬਦਾਂ ਨੂੰ ਇਕ ਦੂਜੇ ਦੇ ਰੂਪ ਵਿਚ ਵਰਤ ਲਿਆ ਜਾਂਦਾ ਹੈ। ਦੋਵੇਂ ਕਿਰਿਆਵਾਂ ਵਿਅਕਤੀ ਦੀਆਂ ਅਸੰਤੁਸ਼ਟ ਲੋੜਾਂ ਅਤੇ ਇਛਾਵਾਂ ਲਈ ਸੰਤੁਸ਼ਟੀ ਦਾ ਮਾਰਗ ਲੱਭਣ ਲਈ ਉਤਪੰਨ ਹੁੰਦੀਆਂ ਹਨ । ਪਰ ਦੋਹਾਂ ਦੇ ਉਦੇਸ਼ ਅੱਡ ਅੱਡ ਹੁੰਦੇ ਹਨ। ਕਲਪਨਾ ਅਣਵਾਸਤਵਿਕ ਅਤੇ ਦਲੀਲ ਰਹਿਤ ਹੱਲ ਲਭਦੀ ਹੈ, ਪਰ ਚਿੰਤਨ ਦਾ ਉਦੇਸ਼ ਇਛਾਵਾਂ ਦੀ ਸੰਤੁਸ਼ਟੀ ਲਈ ਹਮੇਸ਼ਾ ਤਰਕਪੂਰਨ ਅਤੇ ਵਾਸਤਵਿਕ ਹੱਲ ਖੋਜਣਾ ਹੁੰਦਾ ਹੈ। ਚਿੰਤਨ ਦੀ ਕਿਰਿਆ ਉਦੋਂ ਤੱਕ ਸ਼ੁਰੂ ਨਹੀਂ ਹੋਵੇਗੀ ਜਦੋਂ ਤਕ ਕਿ ਇਛਾਵਾਂ ਦੀ ਸੰਤੁਸ਼ਟੀ ਦੇ ਰਾਹ ਵਿਚ ਕੋਈ ਵਾਸਤਵਿਕ ਸਮੱਸਿਆ ਨਾ ਖੜ੍ਹੀ ਹੋਵੇ । ਪਰ ਕਲਪਨਾ ਅਣਵਾਸਤਵਿਕ ਅਤੇ ਕਾਲਪਨਿਕ ਸਮੱਸਿਆਵਾਂ ਦੇ ਹੁੰਦੇ ਹੋਏ ਵੀ ਆਰੰਭ ਹੋ ਸਕਦੀ ਹੈ।

ਕਲਪਨਾ ਵੀ ਦੋ ਕਿਸਮਾਂ ਦੀ ਹੁੰਦੀ ਹੈ। ਪਹਿਲੀ ਕਿਸਮ ਦੀ ਕਲਪਨਾ ਵਿਚ ਦਿਨ ਵਿਚ ਸੁਪਨੇ ਦਿਖਾਈ ਦਿੰਦੇ ਹਨ ਅਤੇ ਮਾਨਸਿਕ ਉਡਾਣਾਂ ਹੁੰਦੀਆਂ ਹਨ। ਇਨ੍ਹਾਂ ਦੀ ਸਹਾਇਤਾ ਨਾਲ ਵਿਅਕਤੀ ਇਕ ਕਾਲਪਨਿਕ ਜਗਤ ਦਾ ਨਿਰਮਾਣ ਕਰਦਾ ਹੈ, ਜਿਹੜਾ ਵਾਸਤਵਿਕ ਜਗਤ ਦੀ ਤੁਲਨਾ ਵਿਚ ਉਸ ਦੀਆਂ ਇਛਾਵਾਂ ਦੀ ਸੰਤੁਸ਼ਟੀ ਲਈ ਵਧੇਰੇ ਮਹੱਤਵਪੂਰਨ ਹੋ ਜਾਂਦਾ ਹੈ। ਇਸ ਪ੍ਰਕਾਰ ਦੀ ਕਲਪਨਾ ਦੀ ਬਾਰੰਬਾਰਤਾ ਕਾਰਨ ਮਨੁੱਖ ਮਾਨਸਿਕ ਰੋਗੀ ਹੋ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਉਹ ਵਚਿੱਤਰ ਭਰਮ ਦਾ ਨਿਰਮਾਣ ਕਰਦਾ ਹੈ। ਦੂਜੀ ਕਿਸਮ ਦੀ ਕਲਪਨਾ ਸਿਰਜਨਾਤਮਕ ਹੁੰਦੀ ਹੈ, ਜਿਸ ਵਿਚ ਅਜਿਹੀਆਂ ਕਾਲਪਨਿਕ ਉਡਾਣਾਂ ਹੁੰਦੀਆਂ ਹਨ ਜਿਨ੍ਹਾਂ ਦੁਆਰਾ ਸਾਹਿਤਕ, ਕਲਾਤਮਕ, ਵਿਗਿਆਨਿਕ ਅਤੇ ਸਿਰਜਨਾਤਮਕ ਕਿਰਿਆਵਾਂ ਹੁੰਦੀਆਂ ਹਨ। ਸਿਰਜਨਾਤਕ ਰਚਨਾਵਾਂ ਪ੍ਰਤਿਭਾਸ਼ਾਲੀ ਵਿਅਕਤੀ ਹੀ ਕਰ ਸਕਦੇ ਹਨ ।

ਹ. ਪੁ.—ਹਿੰ. ਵਿ. ਕੋ. 2 : 386 ; ਐਨ. ਸਾਈ. 2 : 104

**ਕਲਪ ਬਿਰਛ (ਸੁਰਤਰੁ) :** ਇਹ ਦੇਵਤਿਆਂ ਦਾ ਬਿਰਛ ਹੈ। ਸੰਸਕ੍ਰਿਤ ਗ੍ਰੰਥਾਂ ਵਿਚ ਇਸ ਨੂੰ ਸੁਰਤਰੁ ਕਿਹਾ ਗਿਆ ਹੈ ਅਤੇ ਇਨ੍ਹਾਂ ਗ੍ਰੰਥਾਂ ਵਿਚ ਪੰਜ ਸੁਰਤਰੁ ਲਿਖੇ ਗਏ ਹਨ—ਮੰਦਾਰ, ਪਾਰਿਜਾਤ, ਸੰਤਾਨ, ਕਲਪਵ੍ਰਿਕਸ਼, ਹਰਿਚੰਦਨ । ਮੁਸਲਮਾਨਾਂ ਦੇ ਮਤ ਵਿਚ ਵੀ ਇਨ੍ਹਾਂ ਬਿਰਛਾਂ ਦੇ ਨਾਲ ਦਾ ਇਕ 'ਸਿਦਰਤੁਲ ਮੁੰਤਹਾ' ਬਿਰਛ ਹੈ, ਜੋ ਸਤਵੇਂ ਅਸਮਾਨ ਖ਼ੁਦਾ ਦੇ ਬਾਗ਼ ਵਿਚ ਹੈ। ਹਜ਼ਰਤ ਮੁਹੰਮਦ ਸਾਹਿਬ ਜਦੋਂ ਬੁੱਰਾਕ ਤੇ ਚੜ੍ਹਕੇ ਉਸ ਥਾਂ ਪੁੱਜੇ, ਤਦ ਉਨ੍ਹਾਂ ਨੇ ਦੇਖਿਆ ਕਿ ਉਸ ਬਿਰਛ ਦੇ ਪੱਤੇ ਹਾਥੀ ਦੇ ਕੰਨਾਂ ਵਰਗੇ ਅਤੇ ਫਲ ਘੜੇ ਦੇ ਆਕਾਰ ਦੇ ਸਨ।

ਹ. ਪੁ.—ਮ. ਕੋ.

**ਕਲੱਫ, ਆਰਥਰ ਹਿਊ :** ਇਸ ਅੰਗਰੇਜ਼ ਕਵੀ ਦਾ ਜਨਮ 1 ਜਨਵਰੀ, 1819 ਨੂੰ ਲਿਵਰਪੂਲ ਵਿਖੇ ਹੋਇਆ।

ਇਸ ਨੇ ਰਗਬੀ ਵਿਖੇ ਵਿਦਿਆ ਪ੍ਰਾਪਤ ਕੀਤੀ । ਇਥੇ ਇਹ ਟਾਮਸ ਆਰਨਲਡ ਦਾ ਬੁਧੀਮਾਨ ਵਿਦਿਆਰਥੀ ਅਤੇ ਔਕਸਫੋਰਡ ਵਿਖੇ ਥੈਲੀਓਲ ਦਾ ਵਿਦਵਾਨ ਅਤੇ ਓਰੀਏਲ ਦਾ ਫੈਲੋ ਸੀ । ਇਸਨੇ ਪਾਦਰੀ ਬਣਨਾ ਚਾਹਿਆ ਪਰ ਇੰਗਲੈਂਡ ਦੇ ਚਰਚ ਦੇ ਨਿਯਮਾਂ ਦਾ ਪਾਬੰਦ ਨਾ ਰਹਿ ਸਕਿਆ ਅਤੇ 1848 ਵਿਚ ਫੈਲੋਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ । ਲੰਡਨ ਵਿਖੇ ਹੋਸਟਲ ਦਾ ਪ੍ਰਿੰਸੀਪਲ ਰਹਿਣ ਪਿਛੋਂ ਇਸ ਨੇ ਲੰਡਨ ਦੇ ਵਿਦਿਅਕ ਦਫਤਰ ਵਿਚ ਨਿਰੀਖਕ ਦਾ ਅਹੁਦਾ ਪ੍ਰਾਪਤ ਕੀਤਾ । ਬਿਮਾਰ ਰਹਿਣ ਕਾਰਨ 1861 ਵਿਚ ਫਲੋਰੈਂਸ ਵਿਖੇ ਇਸ ਦੀ ਮੌਤ ਹੋ ਗਈ ।

ਇਹ ਇਕ ਚੇਤੰਨ ਤੇ ਸੂਝਵਾਨ ਵਿਅਕਤੀ ਸੀ ਅਤੇ ਮੈਥੀਓ ਆਰਨਲਡ ਅਤੇ ਫਲੋਰੈਂਸ ਨਾਈਟਿੰਗੇਲ ਇਸ ਦੇ ਮਿੱਤਰ ਸਨ । ਇਸ ਦੀਆਂ ਕਵਿਤਾਵਾਂ ਦਾ ਵਿਸ਼ਾ ਸਮੇਂ ਦੀਆਂ ਧਾਰਮਕ ਤੇ ਸਮਾਜਕ ਸਮੱਸਿਆਵਾਂ ਸੀ ਅਤੇ ਇਹ ਇਤਨੀਆਂ ਪ੍ਰਸਿੱਧ ਹੋਈਆਂ ਕਿ ਇਹ ਇਸਦੀ ਮੌਤ ਤੋਂ 40 ਸਾਲਾਂ ਵਿਚ ਹੀ 16 ਵਾਰ ਛਪ ਚੁੱਕੀਆਂ ਸਨ ।

ਹ. ਪੁ.—ਐਨ. ਬ੍ਰਿ. 5 : 950.

**ਕਲੱਬ** : ਇਸ ਸ਼ਬਦ ਦਾ ਮੂਲ ਧਾਤੂ ਸ਼ਾਇਦ ਸਕੰਡਨੇਵੀਆਈ ਭਾਸ਼ਾ ਦਾ ਹੈ ਜਿਥੋਂ ਇਹ ਡੇਨ ਆਦਿ ਭਾਸ਼ਾਵਾਂ ਵਿਚ 'ਕਲੱਬ' ਦੇ ਰੂਪ ਵਿਚ ਆਇਆ । ਸੰਸਥਾ ਦੇ ਰੂਪ ਵਿਚ ਕਲੱਬ ਤੋਂ ਪ੍ਰਾਚੀਨ, ਰੋਮਨ ਅਤੇ ਯੂਨਾਨੀ ਦੋਵੇਂ ਹੀ ਜਾਣੂੰ ਸਨ । ਯੂਨਾਨੀ ਇਸ ਨੂੰ 'ਹਿਤੇਅਰੀਆ' ਅਤੇ ਰੋਮਨ 'ਸੋਦਾਲਿਤਸ' ਕਹਿੰਦੇ ਸਨ । ਪ੍ਰਾਚੀਨ ਸਭਿਅ ਸੰਸਾਰ ਦੇ ਲਗਭਗ ਹਰ ਇਕ ਦੇਸ਼ ਵਿਚ ਇਹ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਸੀ ।

ਪੱਛਮ ਵਿਚ ਇਨ੍ਹਾਂ ਕਲੱਬਾਂ ਦੇ ਪੁਰਾਣੇ ਵਪਾਰੀ ਲੋਕਾਂ ਦੇ ਸੰਗਠਨ ਅਤੇ ਸਾਂਝੇ ਪੂਜਾ ਸਥਾਨ ਆਦਿ ਸਨ । ਸੱਤਵੀਂ ਈ. ਦੇ ਯੂਨਾਨੀ ਰਾਜਨੇਤਾ ਸੋਲੋਨ ਦੇ ਸੰਵਿਧਾਨ ਵਿਚ ਇਨ੍ਹਾਂ ਦਾ ਹਵਾਲਾ ਮਿਲਦਾ ਹੈ । ਯੂਨਾਨੀਆ ਦੇ ਪ੍ਰਾਚੀਨ ਪੂਜਾ-ਸਥਾਨ ਹੀ ਆਧੁਨਿਕ ਪੱਛਮੀ ਕਲੱਬਾਂ ਦਾ ਮੁੱਢ ਮੰਨੇ ਜਾਂਦੇ ਹਨ । ਇਸ ਤੋਂ ਪਿਛੋਂ ਵਿਚਾਰ ਵਟਾਂਦਰੇ ਆਦਿ ਲਈ ਵਰਤੀਆਂ ਜਾਂਦੀਆਂ ਥਾਵਾਂ ਨੇ ਇਨ੍ਹਾਂ ਦੀ ਥਾਂ ਲਈ । ਪਰੰਤੂ ਇਕੱਠੇ ਭੋਜਨ ਛਕਣ ਲਈ ਇਕ ਮੇਜ਼ ਤੇ ਇਕੱਤਰ ਹੋਣ ਦੀ ਪ੍ਰਾਚੀਨ ਯੂਰਪੀ ਪਰਪਾਟੀ ਆਧੁਨਿਕ ਕਲੱਬਾਂ ਦੀ ਨਿਕਟਵਰਤੀ ਪੂਰਵਜ ਪ੍ਰਤੀਤ ਹੁੰਦੀ ਹੈ ।

ਰੋਮਨ ਕਲੱਬ ਤਾਂ ਸਦਾ ਵਪਾਰੀਆਂ ਦੇ ਆਰਥਿਕ ਸਵਾਰਥ ਦੇ ਹੀ ਸੰਗਠਨ ਸਨ । ਸਿਸਰੋ ਕਾਲ ਦੀਆਂ ਰਾਜਨੀਤਿਕ ਗੋਸ਼ਟੀਆਂ ਸਾਡੇ ਆਧੁਨਿਕ ਕਲੱਬਾਂ ਦੇ ਬਰਾਬਰ ਮੰਨੀਆਂ ਜਾ ਸਕਦੀਆਂ ਹਨ । ਪ੍ਰਾਚੀਨ ਰੋਮਨ ਦੇ ਇਸ਼ਨਾਨ ਘਰਾਂ ਵਿਚ ਧਨੀ ਲੋਕ ਆਰਾਮ ਨਾਲ ਬੈਠ ਕੇ ਆਨੰਦ ਮਾਣਨ ਲਈ ਆਇਆ ਕਰਦੇ ਸਨ । ਉਨ੍ਹਾਂ ਦਾ ਕੋਈ ਸੰਗਠਨ ਨਹੀਂ ਹੁੰਦਾ ਸੀ ।

ਕਲੱਬ ਸ਼ਬਦ ਨੇ ਆਪਣਾ ਆਧੁਨਿਕ ਅਰਥ ਰੂਪ ਕਦੋਂ ਲਿਆ ਇਹ ਹਾਲੀ ਬਹਿਸ ਦਾ ਵਿਸ਼ਾ ਹੈ । ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਅਤੇ ਲੇਖਕ ਟਾਮਸ ਕਾਰਲਾਇਲ ਨੇ ਇਸਨੂੰ ਜਰਮਨ ਸ਼ਬਦ 'ਗਵੂਇਬ' ਦੇ ਬਰਾਬਰ ਮੰਨਿਆ ਹੈ । ਪਰੰਤੂ ਜਰਮਨ ਸ਼ਬਦ 'ਕਲੱਬ' ਮੂਲ ਸਕੈਂਡਿਨੇਵੀਆਈ ਧਾਤੂ ਤੋਂ ਹੀ ਲਿਆ ਗਿਆ ਪ੍ਰਤੀਤ ਹੁੰਦਾ ਹੈ । ਆਧੁਨਿਕ ਸ਼ਬਦ ਕਲੱਬ ਦੀ ਵਰਤੋਂ ਸਨ ਤੋਂ ਪਹਿਲਾਂ 17ਵੀਂ ਸਦੀ ਵਿਚ ਲੇਖਕ ਦੂਆ ਆਬ੍ਰੇ ਅਤੇ ਪੇਪਸ ਨੇ ਕੀਤਾ । ਆਬ੍ਰੇ ਨੇ ਲਿਖਿਆ ਹੈ ਕਿ ਹੁਣ ਅਸੀਂ ਕਲੱਬ ਸ਼ਬਦ ਦੀ ਵਰਪਾਂਤ ਸਰਾਏ ਵਿਚ ਭਾਈਚਾਰੇ ਦੇ ਇਕੱਠੇ ਹੋਣ ਦੇ ਅਰਥ ਵਿਚ ਕਰਦੇ ਹਾਂ । ਜਦੋਂ ਕਿ ਪੇਪਸ ਨੇ ਲਿਖਿਆ ਹੈ ਕਿ ਉਹ ਅਤੇ ਉਸਦਾ ਮਿਤਰ ਲੰਡਨ ਵਿਚ ਪਾਲ ਮਾਲ ਵਿਖੇ ਸਥਿਤ ਇਕ ਦਾਰੂਖਾਨੇ ਵਿਚ 'ਕਲੱਬਿੰਗ' ਲਈ ਇਕੱਠੇ ਹੁੰਦੇ ਹਨ ।

ਸਤਾਰ੍ਹਵੀਂ ਸਦੀ ਦੇ ਅੱਧ ਵਿਚ ਕਾਹਵਾ ਘਰਾਂ ਦੀ ਸਥਾਪਨਾ ਅਤੇ ਲੋਕਪ੍ਰੀਅਤਾ ਨਾਲ ਕਲੱਬਾਂ ਨੂੰ ਜਿਵੇਂ ਪੱਕੇ ਘਰ ਮਿਲ ਗਏ । ਅਠਾਰਵੀਂ ਸਦੀ ਦੇ ਆਰੰਭ ਵਿਚ ਕਾਫ਼ੀ ਹਾਊਸਾਂ ਨਾਲ ਕਲੱਬਾਂ ਦੀ ਚੰਗੀ ਉਨਤੀ ਹੋਈ । ਸੰਨ 1674 ਈ. ਵਿਚ 'ਰਾਇਲ ਨੇਵੀ ਕਲੱਬ' ਦੀ ਸਥਾਪਨਾ ਹੋਈ । ਇਸ ਤੋਂ ਪਿਛੋਂ ਉਨ੍ਹੀਵੀਂ ਸਦੀ ਵਿਚ ਥਾਂ ਥਾਂ ਸੈਨਿਕ ਕਲੱਬ ਖੁਲ੍ਹ ਗਏ । ਹੈਨਰੀ ਚੌਥੇ ਦੇ ਸਮੇ 'ਲੇ ਕਾਰਤ ਦੀ ਬੌਂ ਕੰਪਨੀ' ਨਾਂ ਹੇਠ ਇਕ ਕਲੱਬ ਚਾਲੂ ਹੋਇਆ । ਹੁਣ ਇਹ ਕਲੱਬ 'ਮਰਮੇਡ ਟੇਵਰਨ' ਦੇ ਨਾਂ ਨਾਲ ਪ੍ਰਸਿੱਧ ਹੈ । ਇੰਗਲੈਂਡ ਵਿਚ ਦੂਜੇ ਪ੍ਰਸਿੱਧ ਕਲੱਬ ਦਾ ਨਾਂ 'ਅਪੋਲੋ' ਸੀ ਜਿਸਦੀ ਨਿਯਮਾਵਲੀ ਪ੍ਰਸਿੱਧ ਲੇਖਕ ਬੇਨ ਜੌਨਸਨ ਨੇ ਬਣਾਈ ਸੀ ।

1659 ਵਿਚ ਜੇਮਜ਼ ਵਲੋਂ ਸਥਾਪਤ 'ਦੀ ਰੋਟਾ ਕਲੱਬ', ਜਿਸ ਨੂੰ ਪੇਪਸ ਕਾਫੀ ਕਲੱਬ ਕਹਿੰਦਾ ਸੀ, ਪ੍ਰਸਿੱਧ ਰਿਹਾ । ਇਸ ਦੇ ਨਿਯਮ ਲੋਕ-ਤੰਤਰੀ ਸਨ ਜਦ ਕਿ ਇਸ ਦਾ ਸਮਕਾਲੀ 'ਦੀ ਸੀਲਡ ਨੌਟ ਕਲੱਬ', ਜੋ 1688 ਵਿਚ ਸਥਾਪਤ ਹੋਇਆ, ਇਕ ਦਮ ਸ਼ਾਹੀ ਸੀ । 1669 ਵਿਚ ਸਥਾਪਤ ਹੋਏ 'ਦੀ ਸਿਕਿਲ ਕਲੱਬ' ਨੂੰ 'ਸਿਟੀ ਆਫ ਲੰਡਨ ਕਲੱਬ' ਦਾ ਪ੍ਰਾਰੰਭਕ ਰੂਪ ਕਹਿ ਸਕਦੇ ਹਾਂ । 'ਵੈਨਜ਼ਡੇ ਕਲੱਬ' ਦੀ ਫ੍ਰਾਈਡੇ ਸਟਰੀਟ ਵਿਚ ਜੰਮਦਾ ਸੀ । ਇਸ ਕਲੱਬ ਵਿਚ ਵਿਲੀਅਮ ਪੈਟਰਸਨ ਪ੍ਰਮੁਖ ਮੈਂਬਰ ਸੀ । ਇਨ੍ਹਾਂ ਕਲੱਬਾਂ ਕੋਲ ਆਪਣੀ ਕੋਈ ਇਮਾਰਤ ਜਾਂ ਦਫਤਰ ਨਹੀਂ ਹੁੰਦਾ ਸੀ । ਇਹ ਲੋੜ ਅਨੁਸਾਰ ਕਾਹਵਾ ਘਰਾਂ ਵਿਚ ਥਾਂ ਲੈ ਲੈਂਦੇ ਸਨ ਜਿਸ ਲਈ ਇਨ੍ਹਾਂ ਨੂੰ ਕਰਾਇਆ ਨਹੀਂ ਸੀ ਦੇਣਾ ਪੈਂਦਾ ਕਿਉਂਕਿ ਮੈਂਬਰਾਂ ਦੇ ਵਿਸਕੀ ਆਦਿ ਪੀਣ ਦੇ ਬਿਲ ਦਾ ਮੁਨਾਫਾ ਕਾਹਵਾ ਘਰਾਂ ਵਾਲਿਆਂ ਦਾ ਘਰ ਪੂਰਾ ਕਰ ਦਿੰਦਾ ਸੀ ਅਤੇ ਪ੍ਰਸਿੱਧ ਵਿਅਕਤੀਆਂ ਦੇ ਆਉਣ ਨਾਲ ਕਾਹਵਾ ਘਰ ਦੀ ਮਸ਼ਹੂਰੀ ਹੁੰਦੀ ਸੀ ।

18ਵੀਂ ਸਦੀ ਦੇ ਅਰੰਭ ਵਿਚ ਲੰਡਨ ਵਿਚ ਕਲੱਬਾਂ ਦਾ ਹੜ੍ਹ ਹੀ ਆ ਗਿਆ । ਇਸੇ ਤਰ੍ਹਾਂ ਇਨ੍ਹਾਂ ਦੀ ਰਫਤਾਰ ਹੋਰ ਦੇਸ਼ਾਂ ਵਿਚ ਵੀ ਵਧਦੀ ਰਹੀ ।

ਅੰਗਰੇਜ਼ੀ ਰਾਜ ਪ੍ਰਬੰਧ ਦੇ ਨਾਲ ਭਾਰਤ ਵਿਚ ਵੀ ਆਧੁਨਿਕ ਕਲੱਬਾਂ ਦਾ ਆਰੰਭ ਹੋਇਆ । ਇਹ ਵਧੇਰੇ ਅੰਗਰੇਜ਼ਾਂ ਅਤੇ ਐਂਗਲੋ ਭਾਰਤੀਆਂ ਦੇ ਸਨ । ਹਰ ਜ਼ਿਲ੍ਹੇ ਦੇ ਸਦਰ ਮੁਕਾਮ ਤੇ ਅਧਿਕਾਰੀਆਂ ਨੇ ਵੀ ਕਲੱਬ ਖੋਲ੍ਹੇ । ਗੋਰਿਆਂ ਵਲੋਂ ਭਾਰਤ ਦੇ ਹਰ ਵੱਡੇ ਸ਼ਹਿਰ ਵਿਚ ਜੀਮਖਾਨਾ ਕਲੱਬ ਖੋਲ੍ਹੇ ਗਏ । ਇਨ੍ਹਾਂ ਵਿਚ ਤਾਸ਼ ਆਦਿ ਖੇਡੀ ਜਾਂਦੀ ਸੀ, ਇਨ੍ਹਾਂ ਵਿਚ ਸ਼ਰਾਬ ਪੀਣ ਦਾ ਪ੍ਰਬੰਧ ਵੀ ਹੁੰਦਾ ਸੀ ਜਿਥੇ ਵੱਖ ਵੱਖ ਕਿਸਮ ਦੀ ਬਦੇਸ਼ੀ ਸ਼ਰਾਬ ਮਿਲਦੀ ਸੀ, ਸਾਰੇ ਅਧਿਕਾਰੀ ਇਨ੍ਹਾਂ ਦੇ ਮੈਂਬਰ ਹੁੰਦੇ ਸਨ । ਫਿਰ ਆਧੁਨਿਕ ਖੇਲ੍ਹਾਂ ਦੇ ਕਲੱਬ ਭਾਰਤ ਵਿਚ ਸਥਾਪਤ ਹੋਏ । ਭਾਰਤੀਆਂ ਨੇ ਛੋਟੇ ਛੋਟੇ ਸ਼ਹਿਰਾਂ ਵਿਚ ਵੀ ਕਲੱਬ ਸਥਾਪਤ ਕੀਤੇ । ਖੇਲ੍ਹਾਂ ਦੇ ਕਲੱਬ ਸਥਾਪਤ ਹੋਏ, ਜਿਵੇਂ ਬੰਬਈ ਦਾ 'ਕ੍ਰਿਕਟ ਕਲੱਬ ਆਫ ਇੰਡੀਆ' ਦਿੱਲੀ ਦਾ 'ਨੈਸ਼ਨਲ ਸਪੋਰਟਸ ਕਲੱਬ ਆਫ ਇੰਡੀਆ' ਅਤੇ ਕਲਕੱਤੇ ਦਾ 'ਮੋਹਨ ਬਾਗਾਨ' ਫੁੱਟਬਾਲ ਦਾ ਕਲੱਬ ਹੈ । ਉੱਤਰ ਪ੍ਰਦੇਸ਼ ਦੇ ਕਲੱਬਾਂ ਵਿਚ ਲਖਨਊ ਦੇ 'ਮੁਹੰਮਦ ਬਾਗ' ਅਤੇ 'ਰਿਫਾਏਆਮ' ਪ੍ਰਸਿੱਧ ਹਨ । ਇਸੇ ਤਰ੍ਹਾਂ ਨਵੰਬਰ, 1956 ਵਿਚ ਪੱਤਰਕਾਰਾਂ ਨੇ 'ਉੱਤਰ ਪ੍ਰਦੇਸ਼-ਪ੍ਰੈੱਸ ਕਲੱਬ' ਸਰਕਾਰੀ ਸਹਾਇਤਾ ਨਾਲ ਚਾਲੂ ਕੀਤਾ । ਫਿਰ ਸਾਹਿਤਕਾਰਾਂ ਨੇ ਇਨ੍ਹਾਂ ਦੇ ਨਾਵਾਂ ਤੇ ਕਲੱਬ ਚਾਲੂ ਕੀਤੇ ।

23 ਫਰਵਰੀ, 1905 ਨੂੰ ਸੰਯੁਕਤ ਰਾਜ ਅਮਰੀਕਾ ਨੇ ਇਲੀਨਾਏ ਪ੍ਰਦੇਸ਼ ਦੀ ਰਾਜਧਾਨੀ ਸ਼ਿਕਾਗੋ ਵਿਚ ਪਹਿਲੇ 'ਰੋਟਰੀ ਕਲੱਬ' ਦੀ ਸਥਾਪਨਾ ਕੀਤੀ । ਸੰਨ 1910 ਤਕ ਇਨ੍ਹਾਂ ਦੀ ਗਿਣਤੀ 16 ਹੋ ਗਈ । ਇਸ ਤੋਂ ਪਿਛੋਂ 1922 ਵਿਚ ਇਹ 'ਰੋਟਰੀ ਇੰਟਰਨੈਸ਼ਨਲ' ਬਣ ਗਿਆ । ਹੁਣ ਰੋਟਰੀ ਦੀਆਂ ਸੰਸਾਰ ਦੇ 82 ਦੇਸ਼ਾਂ

ਵਿਚ ਲਗਭਗ 8,000 ਸ਼ਖਾਵਾਂ ਹਨ । ਇਸ ਦੇ ਮੈਂਬਰਾਂ ਦੀ ਗਿਣਤੀ ਚਾਰ ਲਖ ਦੇ ਲਗਭਗ ਹੈ । ਇਸ ਦੇ ਵੱਖ ਵੱਖ ਜ਼ਿਲ੍ਹੇ ਅਤੇ ਕੇਂਦਰਿਤ ਵੰਡ ਵਰਗ ਬਣਾਏ ਹੋਏ ਹਨ । ਇਸ ਦੇ ਕਈ ਚੰਗੇ ਉਦੇਸ਼ ਹਨ ਅਤੇ ਇਹ ਉੱਚ ਪੱਧਰੀ ਲੋਕਾਂ ਤਕ ਸੀਮਤ ਹੈ ।

ਇਸੇ ਤਰ੍ਹਾਂ ਲਾਇਨਜ਼ ਕਲੱਬ ਨਾਂ ਦਾ ਇਕ ਹੋਰ ਕਲੱਬ ਵੀ ਅੱਜ ਕੱਲ ਅੰਤਰ-ਰਾਸ਼ਟਰੀ ਸਨਮਾਨ ਪ੍ਰਾਪਤ ਕਰ ਰਿਹਾ ਹੈ । ਭਾਰਤੀ ਵਿਕਾਸ ਵਿਚ ਤਾਂ ਨੌਜਵਾਨ ਕਲੱਬਾਂ ਦਾ ਬਹੁਤ ਤਕੜਾ ਯੋਗਦਾਨ ਰਿਹਾ ਹੈ । ਇਸੇ ਤਰ੍ਹਾਂ ਮਹਿਲਾ ਕਲੱਬ ਭਾਰਤੀ ਇਸਤਰੀ, ਖਾਸ ਕਰਕੇ ਦਿਹਾਤੀ ਇਸਤਰੀ ਦੀ ਹਾਲਤ ਸੁਧਾਰਨ ਵਿਚ ਕਾਫ਼ੀ ਸਹਾਈ ਹੋਏ ਹਨ । ਕੇਂਦਰ ਸਰਕਾਰ ਦੇ ਸਮਾਜ ਭਲਾਈ ਵਿਭਾਗ ਦੇ ਨਹਿਰੂ ਯੁਵਕ ਕੇਂਦਰ ਪੇਂਡੂ ਕਲੱਬਾਂ ਰਾਹੀਂ ਦੇਸ਼ ਸੁਧਾਰ ਵਲ ਪ੍ਰਗਤੀਸ਼ੀਲ ਹਨ ।

ਹ. ਪੁ.—ਹਿੰ. ਵਿ. ਕੋ. 3 : 261

**ਕਲੱਬਫੁਟ (ਡੁੰਡਾ ਪੈਰ)** : ਇਹ ਉਸ ਬਿਮਾਰੀ ਦਾ ਆਮ ਨਾਂ ਹੈ ਜਿਸ ਵਿਚ ਪੈਰ ਅਤੇ ਗਿੱਟੇ ਵਿਚ ਕਿਸੇ ਜਮਾਂਦਰੂ ਖ਼ਰਾਬੀ ਕਾਰਨ ਪੈਰ ਦੀ ਸਥਿਤੀ ਅਤੇ ਬਣਾਵਟ ਅਸਧਾਰਨ ਹੋ ਜਾਂਦੀ ਹੈ । ਇਸ ਨੂੰ ਡੁੰਡਾ ਪੈਰ ਜਾਂ ਵਿੰਗਾ ਪੈਰ ਵੀ ਕਿਹਾ ਜਾਂਦਾ ਹੈ । ਬਹੁਤ ਗੰਭੀਰ ਹਾਲਤਾਂ ਵਿਚ ਵਿਗਾੜ ਦੇ ਤਿੰਨ ਪ੍ਰਤੱਖ ਅਸਰ ਵੇਖੇ ਜਾ ਸਕਦੇ ਹਨ, ਪਰ ਮਾਮੂਲੀ ਹਾਲਤਾਂ ਵਿਚ ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਕੋਈ ਇਕ ਨਾ ਵੀ ਹੋਵੇ । ਕਲੱਬ ਦੇ ਸਭ ਤੋਂ ਪ੍ਰਤੱਖ ਰੂਪ ਵਿਚ ਪੈਰ ਹੇਠਾਂ ਵਲ ਮੁੜਿਆ



ਪੈਰ ਦੀਆਂ ਹੱਡੀਆਂ ਦੇ ਵਿਗਾੜ ਕਾਰਨ ਬਣਿਆ ਡੁੰਡਾ ਪੈਰ

ਹੁੰਦਾ ਹੈ । ਦੂਜੇ ਨੰਬਰ ਤੇ ਆਮ ਵੇਖਿਆ ਜਾਣ ਵਾਲਾ ਪੈਰ ਦਾ ਉਲਟਾਉ ਹੈ ਜਿਸ ਵਿਚ ਪੈਰ ਦੀ ਤਲੀ ਘੁੰਮ ਜਾਂਦੀ ਹੈ ਤੇ ਦੋਨੋਂ ਪੈਰਾਂ ਦੀਆਂ ਤਲੀਆਂ ਇਕ ਦੂਜੇ ਵਲ ਹੋ ਜਾਂਦੀਆਂ ਹਨ । ਤੀਜੇ ਵਿਗਾੜ ਵਿਚ ਪੈਰ ਦਾ ਅਗਲਾ ਹਿੱਸਾ ਵਧ ਜਾਂਦਾ ਹੈ ਜਿਸ ਨੂੰ ਪੀਜਨ-ਟੋ ਕਿਹਾ ਜਾਂਦਾ ਹੈ । ਇਨ੍ਹਾਂ ਵਿਚੋਂ ਹਰੇਕ ਵਿਗਾੜ ਮਾਮੂਲੀ ਤੋਂ ਗੰਭੀਰ ਹਾਲਤ ਤਕ ਹੋ ਸਕਦਾ ਹੈ । ਛੋਟੀ ਉਮਰ ਵਿਚ ਇਹ ਵਿਗਾੜ ਟੈਂਡਨਾਂ ਦੇ ਅਸਧਾਰਨ ਖਿਚਾਓ ਅਤੇ ਲਿਗਾਮੈਂਟਾਂ ਦੇ ਸੁੰਗੜਨ ਕਰਕੇ ਹੁੰਦਾ ਹੈ ਪਰ ਸਮਾਂ ਬੀਤਣ ਨਾਲ ਅਤੇ ਖ਼ਾਸ ਕਰਕੇ ਭਾਰ ਵਧਣ ਨਾਲ ਹੱਡੀਆਂ ਵਿਚ ਵਿਗਾੜ ਆ ਸਕਦਾ ਹੈ ਅਤੇ ਵਿਗਾੜ ਠੀਕ ਨਹੀਂ ਹੁੰਦਾ । ਇਸ ਬਿਮਾਰੀ ਦੇ ਲਗਭਗ ਅੱਧੇ ਮਰੀਜ਼ਾਂ ਦੇ ਦੋਵੇਂ ਪੈਰਾਂ ਨੂੰ ਹੀ ਰੋਗ ਹੁੰਦਾ ਹੈ ।

ਇਸ ਬਿਮਾਰੀ ਦੇ ਕਾਰਨਾਂ ਦਾ ਕੋਈ ਪੱਕਾ ਪਤਾ ਨਹੀਂ ਲਗਿਆ, ਐਵੇਂ ਕਈ ਸਿਧਾਂਤ ਹੀ ਦਿਤੇ ਗਏ ਹਨ ਜਿਵੇਂ ਬੱਚੇਦਾਨੀ ਵਿਚ ਭਾਰ ਪੈਣਾ, ਬੱਚੇ ਦੀ ਸਥਿਤੀ ਠੀਕ ਨਾ ਹੋਣਾ ਅਤੇ ਅਨੁਵੰਸ਼ਿਕ ਅਸਰ ਆਦਿ । ਕਈ ਜਾਨਵਰਾਂ ਤੇ ਕੀਤੇ ਤਜ਼ਰਬਿਆਂ ਤੋਂ ਪਤਾ ਲਗਿਆ ਹੈ ਕਿ ਗਰਭਿਤ ਜਾਨਵਰਾਂ ਵਿਚੋਂ ਵਾਰ ਵਾਰ ਐੱਕਸ-ਕਿਰਨਾਂ ਲੰਘਾਉਣ ਨਾਲ ਜਾਂ ਉਨ੍ਹਾਂ ਨੂੰ ਅਜਿਹੀ ਖ਼ੁਰਾਕ ਦੇਣ ਨਾਲ, ਜਿਸ ਵਿਚ ਵਿਟਾਮਿਨ ਘੱਟ ਹੋਣ, ਉਨ੍ਹਾਂ ਦੇ ਬੱਚਿਆਂ ਵਿਚ ਇਹ ਬਿਮਾਰੀ ਹੋ ਜਾਂਦੀ ਹੈ ।

ਇਸ ਦਾ ਇਲਾਜ ਵਿਗਾੜ ਦੀ ਗੰਭੀਰਤਾ ਤੇ ਨਿਰਭਰ ਕਰਦਾ ਹੈ । ਇਲਾਜ ਬਿਮਾਰੀ ਦੇ ਚਾਲੂ ਹੁੰਦੇ ਹੀ ਸ਼ੁਰੂ ਕਰ ਦੇਣਾ ਚਾਹੀਦਾ ਹੈ, ਕਿਉਂ ਜੋ ਅਜੇ ਟਿਸ਼ੂ ਜ਼ਿਆਦਾ ਲਚਕਦਾਰ ਹੁੰਦੇ ਹਨ । ਇਕ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਵਿਚ 23 ਹਫ਼ਤਿਆਂ ਵਿਚ ਇਹ ਬਿਮਾਰੀ ਠੀਕ ਹੋ ਸਕਦੀ ਹੈ ਅਤੇ ਛੇ ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਤਕਰੀਬਨ 42 ਹਫ਼ਤੇ ਲਗ ਜਾਂਦੇ ਹਨ । ਜੇਕਰ ਵਿਗਾੜ ਮਾਮੂਲੀ ਜਿਹੀ ਹਾਲਤ ਵਿਚ ਹੋਵੇ ਤਾਂ ਸਿਰਫ਼ ਥੋੜ੍ਹੇ ਜਿਹੇ ਉਪਰਾਲੇ ਹੀ ਕਾਫ਼ੀ ਹੁੰਦੇ ਹਨ । ਗੰਭੀਰ ਹਾਲਤ ਵਿਚ ਫੱਟੀਆਂ ਬੰਨ੍ਹਣ ਪਲੱਸਤਰ ਕਰਨ ਜਾਂ ਖ਼ਾਸ ਕਿਸਮ ਦੇ ਬਣੇ ਬੂਟ ਪਾਉਣ ਦੀ ਲੋੜ ਪੈਂਦੀ ਹੈ । ਬਹੁਤ ਗੰਭੀਰ ਹਾਲਤਾਂ ਵਿਚ ਟੈਂਡਨਾਂ ਜਾਂ ਹੱਡੀਆਂ ਜਾਂ ਦੋਨਾਂ ਦਾ ਅੱਪਰੇਸ਼ਨ (ਸਰਜਰੀ) ਕਰਨਾ ਪੈਂਦਾ ਹੈ । ਇਲਾਜ ਉਦੋਂ ਤਕ ਜਾਰੀ ਰਖਣਾ ਚਾਹੀਦਾ ਹੈ ਜਦੋਂ ਤਕ ਕਿ ਬਿਮਾਰੀ ਬਿਲਕੁਲ ਠੀਕ ਨਾ ਹੋ ਜਾਵੇ । ਇਸ ਤੋਂ ਬਾਅਦ ਵੀ ਜਦੋਂ ਤਕ ਪੈਰ ਦਾ ਵਾਧਾ ਹੁੰਦਾ ਰਹਿੰਦਾ ਹੈ ਪੂਰਾ ਧਿਆਨ ਰਖਣਾ ਚਾਹੀਦਾ ਹੈ, ਕਿਉਂਕਿ ਇਹ ਮੁੜ ਕੇ ਵੀ ਹੋ ਸਕਦੀ ਹੈ । ਇਸ ਤੋਂ ਇਲਾਵਾ ਪੋਲੀਓ ਜਾਂ ਕਿਸੇ ਹੋਰ ਬਿਮਾਰੀ ਤੋਂ ਬਾਅਦ ਵੀ ਪੱਠਿਆਂ ਆਦਿ ਦੇ ਕਮਜ਼ੋਰ ਹੋ ਜਾਣ ਕਾਰਨ ਪੈਰ ਵਿਚ ਅਜਿਹਾ ਵਿਗਾੜ ਆ ਸਕਦਾ ਹੈ । ਇਸ ਵਾਸਤੇ ਵੀ ਬੰਨ੍ਹਣ ਅਤੇ ਸਰਜਰੀ ਦੀ ਲੋੜ ਪੈਂਦੀ ਹੈ ।

ਹ. ਪੁ.—ਐਨ. ਬ੍ਰਿ. 5 : 956 ; ਮੈ. ਹੈ. ਐਨ. 2 : 416

**ਕਲੱਬਰੂਟ** : ਇਹ ਮਸਟਰਡ ਕੁਲ (ਕਰੂਸੀਫਰੀ) ਦੇ ਬੂਟਿਆਂ ਨੂੰ ਲਗਦੀ ਇਕ ਬਿਮਾਰੀ ਦਾ ਨਾਂ ਹੈ । ਇਹ ਬਿਮਾਰੀ ਇਕ ਉੱਲੀ ਦੁਆਰਾ ਲਗਦੀ ਹੈ । ਜਿਨ੍ਹਾਂ ਬੂਟਿਆਂ ਨੂੰ ਇਹ ਬਿਮਾਰੀ ਲਗ ਸਕਦੀ ਹੈ, ਉਨ੍ਹਾਂ ਵਿਚ ਬਰੋਕੋਲਾਈ, ਬੰਦ ਗੋਭੀ, ਗੋਭੀ, ਕੋਹਲਰਾਬੀ, ਸਰ੍ਹੋਂ, ਮੂਲੀ, ਸ਼ਲਗਮ, ਅਲਾਈਸਮ ਆਦਿ ਸ਼ਾਮਲ ਹਨ । ਇਹ ਬਿਮਾਰੀ ਬੂਟਿਆਂ ਦੀਆਂ ਜੜ੍ਹਾਂ ਉਪਰ ਗੰਢਾਂ ਜਾਂ ਮਹੁਕਿਆਂ ਵਰਗੀਆਂ ਗੰਢਾਂ ਦੀ ਹੋਂਦ ਕਾਰਨ ਪਛਾਣੀ ਜਾ ਸਕਦੀ ਹੈ । ਇਹ ਗੰਢਾਂ ਸਮੇਂ ਨਾਲ ਮੋਟੀਆਂ ਹੁੰਦੀਆਂ ਜਾਂਦੀਆਂ ਹਨ ਅਤੇ ਅੰਤ ਵਿਚ ਗਲ ਜਾਂਦੀਆਂ ਹਨ ਅਤੇ



ਕਲੱਬਰੂਟ

ਇਨ੍ਹਾਂ ਵਿਚੋਂ ਗੰਦੀ ਬੂ ਆਉਣੀ ਸ਼ੁਰੂ ਹੋ ਜਾਂਦੀ ਹੈ । ਇਹ ਬਿਮਾਰੀ ਜ਼ਮੀਨ ਵਿਚਲੇ ਨਿਕੇ ਨਿਕੇ ਬੀਜਾਣੂਆਂ ਦੁਆਰਾ ਫੈਲਦੀ ਹੈ । ਬਿਮਾਰ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ । ਇਨ੍ਹਾਂ ਦਾ ਰੰਗ ਪੀਲਾ ਹੋ ਜਾਂਦਾ ਹੈ ਅਤੇ ਇਹ ਗਰਮੀ ਅਤੇ ਧੁੱਪ ਵਾਲੇ ਦਿਨ ਮੁਰਝਾ ਜਾਂਦੇ ਹਨ ਅਤੇ

ਰਾਤ ਸਮੇਂ ਫਿਰ ਮੁਢਲੀ ਹਾਲਤ ਵਿਚ ਆ ਜਾਂਦੇ ਹਨ। ਬਿਮਾਰੀ ਦੀ ਪਹਿਲੀ ਹਾਲਤ ਵਿਚ ਜੜ੍ਹਾਂ ਆਮ ਤੌਰ ਤੇ ਬਹੁਤ ਵਿਗੜ ਜਾਂਦੀਆਂ ਹਨ ਅਤੇ ਜੜ੍ਹਾਂ ਇਕ ਦੂਜੇ ਉਪਰ ਦੀ ਕਲੱਬ ਸ਼ਕਲ ਵਰਗਾ ਗੁੱਛਾ ਬਣ ਜਾਂਦੀਆਂ ਹਨ। ਛੂਤ ਵਾਲੀ ਭੋਂ ਵਿਚ ਉੱਲੀ 10 ਸਾਲ ਜਾਂ ਇਸ ਤੋਂ ਵੀ ਵੱਧ ਸਮੇਂ ਤਕ ਜੀਵਤ ਰਹਿ ਸਕਦੀ ਹੈ। ਬਿਮਾਰੀ ਇਕ ਖੇਤਰ ਤੋਂ ਦੂਜੇ ਖੇਤਰ ਵਿਚ ਬਿਮਾਰ ਬੂਟਿਆਂ ਦੇ ਹਿੱਸੇ, ਲਾਗ ਵਾਲੇ ਪਾਣੀ, ਖਾਦ, ਫ਼ਸਲ ਦੀ ਰਹਿੰਦ ਖੂੰਹਦ ਅਤੇ ਜੁੱਤੀਆਂ ਤੇ ਸੰਦਾਂ ਉਪਰਲੀ ਮਿੱਟੀ ਦੁਆਰਾ ਫੈਲਦੀ ਹੈ। ਇਹ ਬਿਮਾਰੀ ਠੰਢ ਵਾਲੇ ਖੇਤਰ, ਭੈੜੇ ਨਿਕਾਸ ਵਾਲੀਆਂ ਤੇਜ਼ਾਬੀ ਅਤੇ ਉਦਾਸੀਨ ਜ਼ਮੀਨਾਂ ਵਿਚ ਜ਼ਿਆਦਾ ਹੁੰਦੀ ਹੈ।

ਬਿਮਾਰੀ ਰਹਿਤ ਬੂਟਿਆਂ ਦੇ ਹਿੱਸੇ ਬੀਜਣ, ਲਾਗ ਰਹਿਤ ਜ਼ਮੀਨਾਂ ਵਿਚ ਬੂਟੇ ਲਾਉਣ ਅਤੇ ਜ਼ਮੀਨ ਨੂੰ ਲਾਗ ਤੋਂ ਬਚਾਉਣ ਨਾਲ ਇਸ ਬਿਮਾਰੀ ਦਾ ਵਾਧਾ ਰੋਕਿਆ ਜਾ ਸਕਦਾ ਹੈ। ਜਿਥੇ ਜ਼ਰੂਰੀ ਹੋਵੇ ਉੱਥੇ ਫ਼ਸਲ ਬੀਜਣ ਦੇ 6 ਤੋਂ 8 ਹਫ਼ਤੇ ਪਹਿਲਾਂ ਹਾਈਡ੍ਰੇਟਿਡ ਲਾਈਮ ਦੀ ਵਰਤੋਂ ਕਾਫ਼ੀ ਲਾਹੇਵੰਦ ਰਹਿੰਦੀ ਹੈ। ਇਸ ਬਿਮਾਰੀ ਦੀ ਰੋਕ ਥਾਮ ਬੂਟੇ ਲਾਉਣ ਤੋਂ ਬਾਅਦ ਦਿਤੇ ਜਾਂਦੇ ਪਾਣੀ ਵਿਚ ਕਿਸੇ ਉੱਲੀ ਨੂੰ ਨਸ਼ਟ ਕਰਨ ਵਾਲੀ ਦਵਾਈ ਅਤੇ ਬਿਮਾਰੀਆਂ ਦਾ ਟਾਕਰਾ ਕਰ ਸਕਣ ਵਾਲੀਆਂ ਕਿਸਮਾਂ ਬੀਜਣ ਨਾਲ ਵੀ ਕੀਤੀ ਜਾ ਸਕਦੀ ਹੈ।

**ਕਲਮਾ :** ਮੁਸਲਮਾਨੀ ਧਰਮ ਵਿਚ ਇਸ ਨੂੰ ਮੁੱਖ ਮੰਤਰ ਜਾਣਿਆ ਜਾਂਦਾ ਹੈ। ਇਸ ਦੀ ਮੂਲ ਭਾਸ਼ਾ ਹੈ :—'ਲਾ ਇਲਾਹ ਇੱਲਲਾਹੁ ਮੁਹੰਮਦੁੱਰਸੂਲੱਲਾਹ'। ਇਸ ਦੇ ਅਰਥ ਹਨ—'ਕਰਤਾਰ (ਖ਼ੁਦਾ) ਬਿਨਾਂ ਕੋਈ ਪੂਜਣਯੋਗ ਦੇਵਤਾ ਨਹੀਂ ਹੈ, ਮੁਹੰਮਦ ਉਸਦਾ ਭੇਜਿਆ ਪੈਗ਼ੰਬਰ ਹੈ।' ਇਹ ਪੂਰੇ ਦਾ ਪੂਰੇ ਫ਼ਿਕਰਾ ਇਸ ਤਰ੍ਹਾਂ ਕੁਰਾਨ ਵਿਚ ਨਹੀਂ ਮਿਲਦਾ ਸਗੋਂ ਇਸ ਮਤ ਦਾ ਪਹਿਲਾ ਹਿੱਸਾ 'ਕਰਤਾਰ ਬਿਨਾਂ ਕੋਈ ਪੂਜਣ ਯੋਗ (ਦੇਵਤਾ) ਨਹੀਂ ਹੈ' ਸੂਰਤ ਮੁਹੰਮਦ ਵਿਚ ਜਾਂ ਕੁਰਾਨ ਸ਼ਰੀਫ਼ ਦੇ ਅਧਿਆਏ 47 ਦੀ ਆਇਤ 21 ਵਿਚ ਮਿਲਦਾ ਹੈ ਅਤੇ ਦੂਜਾ ਭਾਗ 'ਮੁਹੰਮਦ ਉਸ ਦਾ ਭੇਜਿਆ ਪੈਗ਼ੰਬਰ ਹੈ, ਸੂਰਤ ਅਲ-ਫਤਹ ਜਾਂ ਕੁਰਾਨ ਸ਼ਰੀਫ਼ ਅਧਿਆਏ 48 ਦੀ ਆਇਤ 29 ਵਿਚ ਮਿਲਦਾ ਹੈ। ਪਹਿਲੇ ਫ਼ਿਕਰੇ ਨੂੰ ਨਫ਼ੀ ਅਤੇ ਇਸਬਾਤ ਜਾਂ ਰੱਦ ਕਰਨਾ (ਕੋਈ ਦੇਵਤਾ ਨਹੀਂ ਹੈ) ਕਿਹਾ ਜਾਂਦਾ ਹੈ ਅਤੇ ਹਾਂ ਵਾਚਕ (ਰੱਬ ਬਿਨਾਂ) ਸੂਫ਼ੀ ਫ਼ਕੀਰਾਂ ਦੇ ਧਾਰਮਕ ਕੇਂਦਰਾਂ ਵਿਚ ਆਮ ਗਾਇਆ ਜਾਂਦਾ ਹੈ।

ਇਹ ਸਾਰਾ ਫ਼ਿਕਰਾ ਆਮ ਕਰਕੇ ਜਿੱਤ ਦੀ ਨਿਮਾਜ਼ ਵਿਚ ਪੜ੍ਹਿਆ ਜਾਂਦਾ ਹੈ।

ਕਲਮਾ ਪੜ੍ਹਨਾ ਮੁਸਲਮਾਨੀ ਧਰਮ ਦੇ ਮੁਢਲੇ ਪੰਜ ਅਸੂਲਾਂ ਵਿਚੋਂ ਪ੍ਰਥਮ ਹੈ। ਫਵਾਇਦੁੱ-ਸ਼ਰਹ ਅਨੁਸਾਰ ਹਰ ਮੁਸਲਮਾਨ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਜੀਵਨ ਵਿਚ ਘੱਟੋ ਘੱਟ ਇਕ ਵਾਰੀ ਉੱਚੀ ਆਵਾਜ਼ ਵਿਚ ਕਲਮੇ ਦਾ ਉਚਾਰਣ ਕਰੇ ਅਤੇ ਇਸ ਦੇ ਅਰਥ ਉਸ ਨੂੰ ਪਤਾ ਹੋਣ।

ਹ. ਪੁ.—ਮ. ਕੋ. ; ਡਿ. ਇਸ. 261.

**ਕਲਮਾਸ਼-ਪਾਦ :** ਇਹ ਇਕ ਸੂਰਜ-ਵੰਸ਼ੀ ਰਾਜਾ ਸੀ, ਜਿਹੜਾ ਮੁ-ਦਾਸ ਦਾ ਪੁੱਤਰ ਸੀ ਅਤੇ ਇਕਸ਼ਵਾਕੂ ਦੇ ਵੰਸ਼ ਦਾ ਸੀ। ਮਹਾਂਭਾਰਤ ਵਿਚ ਲਿਖਿਆ ਹੈ ਕਿ ਇਕ ਵੇਰ ਜੰਗਲ ਵਿਚ ਸ਼ਿਕਾਰ ਖੇਡਦਿਆਂ ਇਸ ਦਾ ਟਾਕਰਾ ਵਿਸ਼ਿਸ਼ਠ ਦੇ ਸਭ ਤੋਂ ਵੱਡੇ ਪੁੱਤਰ ਸ਼ਕਤੀ ਨਾਲ ਹੋ ਗਿਆ। ਰਾਜੇ ਨੇ ਰਿਸ਼ੀ ਨੂੰ ਰਾਹ ਵਿਚੋਂ ਹਟਣ ਲਈ ਕਿਹਾ, ਪਰ ਰਿਸ਼ੀ ਨੇ ਇਨਕਾਰ ਕਰ ਦਿੱਤਾ। ਇਸ ਤੇ ਰਾਜੇ ਨੇ ਉਸ ਨੂੰ ਆਪਣੇ ਬੈਂਤ ਨਾਲ ਮਾਰਿਆ। ਕ੍ਰੋਧਤ ਰਿਸ਼ੀ ਨੇ ਉਸ ਨੂੰ ਆਦਮਖੋਰ ਹੋਣ ਦਾ ਸਰਾਪ ਦੇ ਦਿੱਤਾ। ਵਿਸ਼ਿਸ਼ਠ ਦੇ ਵਿਰੋਧੀ ਵਿਸ਼ਵਾਮਿੱਤਰ ਨੇ ਇਹ ਸਰਾਪ ਸੁਣ ਲਿਆ ਅਤੇ ਰਾਜੇ ਦੇ ਸਰੀਰ ਨੂੰ ਇਕ ਆਦਮਖੋਰ ਰਾਖਸ਼ ਦੇ ਹਵਾਲੇ ਕਰਨ ਦਾ ਢੰਗ ਸੋਚ ਲਿਆ। ਇਸ ਤਰ੍ਹਾਂ ਉਸ ਨੇ ਮਿਤ੍ਰਸ਼ਾਹ ਨਾਂ ਦੇ ਇਕ ਬ੍ਰਾਹਮਣ ਨੂੰ ਆਦਮਖੋਰ ਬਣਾਇਆ ਪਰ ਬ੍ਰਾਹਮਣ ਨੂੰ ਅਸਲ ਗੱਲ ਦਾ ਪਤਾ ਲਗ ਗਿਆ। ਉਸ ਨੇ ਸ਼ਕਤੀ ਦੇ ਸਰਾਪ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ। ਕਲਮਾਸ਼-ਪਾਦ ਦੇ ਪਹਿਲੇ ਸ਼ਿਕਾਰਾਂ ਵਿਚ ਸ਼ਕਤੀ ਆਪ ਵੀ ਸੀ ਅਤੇ ਵਿਸ਼ਿਸ਼ਠ ਦੇ ਸੌ ਪੁੱਤਰ ਵੀ ਇਸ ਦੀ ਅੰਨ੍ਹੀ ਭੁੱਖ ਦਾ ਸ਼ਿਕਾਰ ਹੋਏ। ਬਾਰ੍ਹਾਂ ਸਾਲ ਅਜਿਹੀ ਅਵਸਥਾ ਵਿਚ ਰਹਿਣ ਪਿਛੋਂ ਵਿਸ਼ਿਸ਼ਠ ਦੀ ਕਿਰਪਾ ਨਾਲ ਇਸ ਨੇ ਫੇਰ ਆਪਣਾ ਕੁਦਰਤੀ ਰੂਪ ਪ੍ਰਾਪਤ ਕਰ ਲਿਆ।

ਵਿਸ਼ਨੂੰ ਪੁਰਾਣ ਵਿਚ ਕਹਾਣੀ ਹੋਰ ਤਰ੍ਹਾਂ ਦਿੱਤੀ ਗਈ ਹੈ। ਇਸ ਅਨੁਸਾਰ ਜਦੋਂ ਰਾਜਾ ਸ਼ਿਕਾਰ ਨੂੰ ਗਿਆ ਤਾਂ ਇਸ ਨੇ ਦੋ ਖ਼ੂਨਖਾਰ ਸ਼ੇਰਾਂ ਨੂੰ ਵੇਖਿਆ। ਰਾਜੇ ਨੇ ਉਨ੍ਹਾਂ ਵਿਚੋਂ ਇਕ ਨੂੰ ਮਾਰ ਦਿਤਾ, ਪਰ ਉਹ ਮਰਦਿਆਂ ਹੀ ਇਕ ਰਾਖਸ਼ ਬਣ ਗਿਆ। ਦੂਜਾ ਸ਼ੇਰ ਬਦਲਾ ਲੈਣ ਦੀ ਧਮਕੀ ਦੇ ਕੇ ਗਾਇਬ ਹੋ ਗਿਆ। ਕਲਮਾਸ਼-ਪਾਦ ਨੇ ਇਕ ਯੱਗ ਕੀਤਾ ਜਿਸ ਦਾ ਪ੍ਰਬੰਧ ਵਿਸ਼ਿਸ਼ਠ ਦੇ ਹੱਥ ਵਿਚ ਸੀ। ਯੱਗ ਦੀ ਸਮਾਪਤੀ ਤੇ ਵਿਸ਼ਿਸ਼ਠ ਘਰ ਚਲਾ ਗਿਆ। ਰਾਖਸ਼ ਨੇ ਉਸ ਦਾ ਭੇਸ ਧਾਰ ਕੇ ਭੋਜਨ ਕਰਨ ਦੀ ਇੱਛਾ ਪ੍ਰਗਟ ਕੀਤੀ। ਉਸ ਤੋਂ ਪਿਛੋਂ ਰਾਖਸ਼ ਨੇ ਰਸੋਈਏ ਦਾ ਭੇਸ ਧਾਰ ਲਿਆ ਅਤੇ ਜਦੋਂ ਵਿਸ਼ਿਸ਼ਠ ਵਾਪਸ ਆਇਆ ਤਾਂ ਉਸ ਨੇ ਆਦਮੀ ਦਾ ਮਾਸ ਤਿਆਰ ਕਰਕੇ ਰਿਸ਼ੀ ਅਗੇ ਰਖ ਦਿੱਤਾ। ਕ੍ਰੋਧਤ ਰਿਸ਼ੀ ਨੇ ਰਾਜੇ ਨੂੰ ਸਰਾਪ ਦਿੱਤਾ ਕਿ ਉਸ ਦੀ ਭੁੱਖ ਅਗੇ ਤੋਂ ਅਜਿਹੇ ਭੋਜਨ ਨਾਲ ਹੀ ਮਿਟਿਆ ਕਰੇਗੀ। ਕਾਫੀ ਤੂੰ-ਤੂੰ ਮੈਂ-ਮੈਂ ਹੋਣ ਪਿਛੋਂ ਸਚਾਈ ਦਾ ਪਤਾ ਲੱਗਾ ਤਾਂ ਰਿਸ਼ੀ ਨੇ ਸਰਾਪ ਦੀ ਆਯੂ ਨੂੰ ਬਾਰ੍ਹਾਂ ਸਾਲ ਤਕ ਸੀਮਤ ਕਰ ਦਿੱਤਾ। ਗੁੱਸੇ ਵਿਚ ਆ ਕੇ ਰਾਜੇ ਨੇ ਵੀ ਵਿਸ਼ਿਸ਼ਠ ਨੂੰ ਸਰਾਪ ਦਾ ਜਵਾਬ ਦੇਣ ਲਈ ਆਪਣੇ ਹੱਥਾਂ ਵਿਚ ਪਾਣੀ ਚੁੱਕਿਆ ਪਰੰਤੂ ਇਸ ਦੀ ਪਤਨੀ ਮਦਯੰਤੀ ਦੇ ਜ਼ੋਰ ਦੇਣ ਤੇ ਇਸ ਨੇ ਸਰਾਪ ਨਾ ਦਿੱਤਾ। ਇਸ ਨੇ ਮੰਤਰ ਵਾਲਾ ਪਾਣੀ ਜ਼ਮੀਨ ਉੱਤੇ ਇਸ ਲਈ ਨਾ ਸੁੱਟਿਆ ਕਿ ਜ਼ਮੀਨ ਦੀ ਉਪਜਾਇਤਾ ਖਤਮ ਨਾ ਹੋ ਜਾਵੇ, ਹਵਾ ਵਿਚ ਨਾ ਸੁੱਟਿਆ ਕਿ ਬਦਲ ਨਾ ਸੜ ਜਾਣ, ਇਸ ਲਈ ਇਸ ਨੇ ਪਾਣੀ ਨੂੰ ਪੈਰਾਂ ਉਪਰ ਹੀ ਡੋਲ੍ਹ ਲਿਆ। ਇਸ ਪਾਣੀ ਨਾਲ ਪੈਰ ਸੜਨ ਕਰਕੇ ਪੈਰਾਂ ਤੇ ਕਾਲੇ ਚਿੱਟੇ ਧੱਬੇ ਪੈ ਗਏ, ਜਿਸ ਕਰਕੇ ਇਸ ਦਾ ਨਾਂ ਕਲਮਾਸ਼-ਪਾਦ (ਡੱਬੇ ਪੈਰਾਂ ਵਾਲਾ) ਪ੍ਰਸਿੱਧ ਹੋਇਆ। ਬਾਰ੍ਹਾਂ ਸਾਲ ਵਿਚ ਹਰ ਦਿਨ ਦੇ ਛੇਵੇਂ ਪਹਿਰ ਇਹ ਆਦਮਖੋਰੀ ਦੀ ਭੁੱਖ ਤੋਂ ਬੇਬਸ ਹੋ ਜਾਂਦਾ ਅਤੇ ਮਨੁੱਖਾਂ ਦੇ ਮਨੁੱਖ ਨਿਗਲ ਜਾਂਦਾ। ਇਕ ਵਾਰ ਇਹ ਆਦਮੀ ਦਾ ਮਾਸ ਖਾਣ ਦੀ ਖ਼ੁਸ਼ੀ ਵਿਚ ਇਕ ਬ੍ਰਾਹਮਣ ਨੂੰ ਵੀ ਨਿਗਲ ਗਿਆ ਅਤੇ ਬ੍ਰਾਹਮਣ ਦੀ ਪਤਨੀ ਨੇ ਇਸ ਨੂੰ ਸਰਾਪ ਦਿੱਤਾ ਕਿ ਇਹ ਜਦੋਂ ਆਪਣੀ ਪਤਨੀ ਨਾਲ ਸੰਗ ਕਰੇਗਾ, ਇਸਦੀ ਮੌਤ ਹੋ ਜਾਵੇਗੀ। ਵਿਸ਼ਿਸ਼ਠ ਦੇ ਸਰਾਪ ਦੀ ਸਮਾਪਤੀ ਪਿਛੋਂ ਰਾਜਾ ਘਰ ਵਾਪਸ ਆਇਆ ਪਰ ਇਸ ਦੇ ਦਿਲ ਵਿਚ ਨਵੇਂ ਸਰਾਪ ਦੀ ਹਮੇਸ਼ਾ ਯਾਦ ਰਹਿੰਦੀ ਸੀ, ਇਸੇ ਕਰਕੇ ਇਹ ਆਪਣੀ ਪਤਨੀ ਵਲੋਂ ਮੂੰਹ ਮੋੜੀ ਰਖਦਾ ਸੀ। ਵਿਸ਼ਿਸ਼ਠ ਦੇ ਵਿਚ ਪੈਣ ਤੇ ਇਸ ਦੀ ਪਤਨੀ ਮਦਯੰਤੀ ਗਰਭਵਤੀ ਹੋ ਗਈ ਅਤੇ ਉਸ ਦਾ ਬੱਚਾ ਸਤ ਸਾਲ ਤਕ ਗਰਭ ਵਿਚ ਪਿਆ ਰਿਹਾ। ਅਖੀਰ ਰਾਣੀ ਨੇ ਇਕ ਤਿਖੇ ਪੱਥਰ ਨਾਲ ਪੇਟ ਚੀਰ ਕੇ ਬੱਚੇ ਨੂੰ ਜਨਮ ਦਿੱਤਾ ਜਿਸ ਦਾ ਨਾਂ (ਪੱਥਰ ਤੋਂ) ਅਸ਼ਮਕ ਰਖਿਆ ਗਿਆ।

ਹ. ਪੁ.—ਹਿੰ. ਮਿ. ਕੋ. 175.

**ਕਲਾ :** ਇਹ ਸ਼ਬਦ ਮਾਨਵ ਸੰਸਕ੍ਰਿਤੀ ਦੀ ਉਪਜ ਹੈ। ਪ੍ਰਕ੍ਰਿਤੀ ਨਾਲ ਯੁੱਧ ਕਰਦੇ ਸਮੇਂ ਮਨੁੱਖ ਨੇ ਸ੍ਰੇਸ਼ਟ ਸੰਸਕਾਰ ਦੇ ਰੂਪ ਵਿਚ ਸੁੰਦਰਤਾ ਬਾਰੇ ਜੋ ਕੁਝ ਵੀ ਜਾਣਕਾਰੀ ਪ੍ਰਾਪਤ ਕੀਤੀ ਉਸ ਦਾ ਭਾਵ 'ਕਲਾ' ਸ਼ਬਦ ਵਿਚ ਮਿਲਦਾ ਹੈ। ਇਸ ਦਾ ਜਨਮ ਸੁੰਦਰਤਾ ਦੀ ਪ੍ਰੇਰਣਾ ਨਾਲ ਹੋਇਆ।

ਕਲਾ ਦਾ ਅਰਥ ਰਚਨਾ ਕਰਨਾ ਹੈ। ਕਿਸੇ ਕਿਸਮ ਦੀ ਰਚਨਾ ਕਰਨ ਤੇ ਕਲਾਕਾਰ ਨੂੰ ਇਕ ਵਿਸ਼ੇਸ਼ ਤਰ੍ਹਾਂ ਦੇ ਸੁਖ ਦੀ ਪ੍ਰਾਪਤੀ ਹੁੰਦੀ

ਹੈ ਅਤੇ ਇਹੀ ਸੁਖ ਜਾਂ ਆਨੰਦ ਕਲਾ ਦਾ ਮੁੱਖ ਉਦੇਸ਼ ਹੈ। ਕਲਾ ਵਿਚ ਪ੍ਰਤੱਖ ਦੀ ਥਾਂ ਤੇ ਅਪ੍ਰਤੱਖ, ਵਸਤੂ ਸਥਿਤੀ ਦੀ ਜਗ੍ਹਾ ਵਿਚਾਰਾਂ ਦਾ ਅਤੇ ਸੱਚ ਦੀ ਜਗ੍ਹਾ ਕਲਪਨਾ ਦਾ ਵਧੇਰਾ ਮਹੱਤਵ ਹੈ। ਕਲਪਨਾ ਰਾਹੀਂ ਮਨੁੱਖ ਆਪਣੀਆਂ ਅਨੁਭੂਤੀਆਂ ਵਿਚ ਨਵੇਂ-ਨਵੇਂ ਖ਼ਿਆਲ ਜੋੜਦਾ ਹੈ ਅਤੇ ਨਵੇਂ ਅਨੁਭਵ ਕਰਦਾ ਹੈ, ਜਿਸਦੇ ਨਤੀਜੇ ਵਜੋਂ ਨਵੀਂ ਚੇਤਨਾ ਦਾ ਜਨਮ ਹੁੰਦਾ ਹੈ ਅਤੇ ਇਹੀ ਕਲਾ ਦਾ ਆਨੰਦ ਹੈ। ਕਲਾਵਾਂ ਕਈ ਹਨ ਪਰ ਇਨ੍ਹਾਂ ਦਾ ਉਦੇਸ਼ ਇਕੋ ਹੀ ਹੈ।

ਸੰਭਵ ਹੈ ਕਿ ਇਸ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਭਰਤ ਦੇ 'ਨਾਟ-ਸ਼ਾਸਤਰ' ਵਿਚ ਹੋਈ ਹੋਵੇ। ਇਸ ਤੋਂ ਬਾਅਦ ਵਾਤਸਾਇਨ ਦੇ 'ਕਾਮਸੂਤਰ' ਅਤੇ ਉਸ਼ਨਸ ਦੇ 'ਸ਼ੁਕਰਨੀਤੀ' ਗ੍ਰੰਥ ਵਿਚ ਇਸ ਦਾ ਉਲੇਖ ਆਇਆ ਹੈ। ਹਜ਼ਾਰਾਂ ਪਰਿਭਾਸ਼ਾਵਾਂ ਦੇ ਬਾਵਜੂਦ ਵੀ ਇਸ ਦਾ ਅਰਥ ਨਿਸ਼ਚਿਤ ਕਰਨਾ ਮੁਸ਼ਕਿਲ ਹੈ। ਇਹ ਸ਼ਬਦ ਏਨਾ ਵਿਆਪਕ ਹੈ ਕਿ ਅਲੱਗ-ਅਲੱਗ ਵਿਦਵਾਨਾਂ ਰਾਹੀਂ ਦਿੱਤੀਆਂ ਪਰਿਭਾਸ਼ਾਵਾਂ ਵੀ ਇਸ ਦਾ ਸਿਰਫ਼ ਇਕ ਪੱਖ ਹੀ ਉਜਾਗਰ ਕਰਦੀਆਂ ਹਨ। ਕਲਾ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—'ਉਪਯੋਗੀ ਕਲਾ' ਅਤੇ 'ਲਲਿਤ ਕਲਾ'। ਪਹਿਲੀ ਕਲਾ ਵਿਵਹਾਰਿਕ ਹੈ ਅਤੇ ਦੂਜੀ ਕਲਾ ਮਨ ਦੇ ਸੰਤੋਖ ਲਈ ਹੈ। ਭਾਰਤੀ ਪਰੰਪਰਾ ਅਨੁਸਾਰ ਕਲਾ ਉਨ੍ਹਾਂ ਸਾਰੀਆਂ ਕ੍ਰਿਆਵਾਂ ਨੂੰ ਕਹਿੰਦੇ ਹਨ ਜਿਨ੍ਹਾਂ ਵਿਚ ਕੌਸ਼ਲ ਹੋਵੇ। ਯੂਰਪੀ ਵਿਦਵਾਨ ਵੀ ਇਸ ਨਾਲ ਸਹਿਮਤ ਹਨ।

'ਕਾਮਸੂਤਰ', 'ਸ਼ੁਕਰਨੀਤੀ', 'ਜੈਨ ਗ੍ਰੰਥ', 'ਪ੍ਰਬੰਧ ਕੋਸ਼' 'ਕਲਾ ਵਿਲਾਸ', 'ਲਲਿਤ ਵਿਸਤਾਰ' ਆਦਿ ਗ੍ਰੰਥਾਂ ਵਿਚ ਕਲਾ ਦਾ ਉਲੇਖ ਮਿਲਦਾ ਹੈ। ਬਹੁਤੇ ਗ੍ਰੰਥਾਂ ਵਿਚ ਇਸ ਦੀ ਗਿਣਤੀ 64 ਮੰਨੀ ਗਈ ਹੈ। 'ਪ੍ਰਬੰਧ ਕੋਸ਼' ਵਿਚ 72, ਲਲਿਤ ਵਿਸਤਾਰ ਵਿਚ 86 ਕਲਾਵਾਂ ਦਾ ਉਲੇਖ ਮਿਲਦਾ ਹੈ। ਪ੍ਰਸਿਧ ਕਸ਼ਮੀਰੀ ਪੰਡਿਤ ਕਸ਼ੇਮੇਂਦ੍ਰ ਨੇ ਆਪਣੇ ਗ੍ਰੰਥ 'ਕਲਾ ਵਿਲਾਸ' ਵਿਚ ਸਭ ਤੋਂ ਵਧ ਕਲਾਵਾਂ ਦਾ ਉਲੇਖ ਕੀਤਾ ਹੈ— ਇਸ ਵਿਚ 64 ਜਨ ਉਪਯੋਗੀ, 32 ਧਰਮ, ਅਰਥ, ਕਾਮ ਮੋਕਸ਼ ਸਬੰਧੀ, 32 ਈਰਖਾ-ਸੰਕੋਚ-ਪ੍ਰਭਾਵ ਮਾਨ ਸਬੰਧੀ, 64 ਪਵਿੱਤਰਤਾ ਸਬੰਧੀ, 64 ਵੇਸ਼ਵਾਂ ਸਬੰਧੀ, 10 ਦਵਾਈ ਸਬੰਧੀ, 16 ਪਰਮਾਤਾਵਾਂ ਅਤੇ 100 ਸਾਰ ਕਲਾਵਾਂ ਦਾ ਉਲੇਖ ਹੈ। ਕਾਮਸੂਤਰ ਦੀ ਸੂਚੀ ਸਭ ਤੋਂ ਵੱਧ ਪ੍ਰਮਾਣਤ ਮੰਨੀ ਗਈ ਹੈ। ਕਾਮਸੂਤਰ ਅਨੁਸਾਰ 64 ਕਲਾਵਾਂ ਹਨ। 'ਸ਼ੁਕਰਨੀਤੀ' ਅਨੁਸਾਰ ਕਲਾਵਾਂ ਅਣਗਿਣਤ ਹਨ ਪਰ ਇਸ ਸਮਾਜ ਵਿਚ ਪ੍ਰਚਲਤ 64 ਕਲਾਵਾਂ ਦਾ ਉਲੇਖ ਕੀਤਾ ਗਿਆ ਹੈ।

ਇਨ੍ਹਾਂ ਸਾਰੀਆਂ ਕਲਾਵਾਂ ਦਾ ਸਬੰਧ ਲਲਿਤ ਕਲਾਵਾਂ ਨਾਲ ਬਹੁਤ ਘੱਟ ਹੈ। ਚਿੱਤਰ, ਮੂਰਤੀ ਬਣਾਉਣਾ, ਸੰਗੀਤ, ਨ੍ਰਿਤ, ਅਦਾਕਾਰੀ, ਕਾਵਿ ਆਦਿ ਵੀ ਕਲਾਵਾਂ ਹਨ। ਇਹ ਕਹਿਣਾ ਮੁਸ਼ਕਲ ਹੈ ਕਿ ਸਭ ਤੋਂ ਪੁਰਾਣੀ ਕਿਹੜੀ ਕਲਾ ਹੈ। ਹਰ ਕਲਾ ਵਿਚ ਕੁਝ ਹੱਦ ਤਕ ਸਾਰੀਆਂ ਕਲਾਵਾਂ ਦਾ ਪ੍ਰਯੋਗ ਸੰਭਵ ਹੈ ਜਿਵੇਂ, ਸੰਗੀਤ ਵਿਚ ਸੁਰ ਪ੍ਰਧਾਨ ਹੈ, ਕਾਵਿ ਵਿਚ ਸ਼ਬਦ ਪਰ ਸ੍ਰੇਸ਼ਟ ਕਾਵਿ ਵਿਚ ਗਾਣੇ ਦੀ ਵਰਤੋਂ ਕੁਝ ਘੱਟ ਨਹੀਂ ਹੁੰਦੀ। ਪ੍ਰਾਚੀਨ ਕਾਲ ਵਿਚ ਗੀਤ, ਨਾਚ ਅਤੇ ਵਾਜੇ ਨੂੰ ਸੰਗੀਤ ਵਿਚ ਹੀ ਮੰਨਿਆ ਗਿਆ ਸੀ ਕਿਉਂਕਿ ਇਸਦਾ ਮੂਲ ਆਧਾਰ ਗਤੀਮਾਨਤਾ ਹੈ। ਭਾਰਤੀ ਚਿੱਤਰ ਕਲਾ ਅਤੇ ਸ਼ਿਲਪ ਕਲਾ 'ਰਮਾਇਣ' ਅਤੇ 'ਮਹਾਂਭਾਰਤ' ਤੇ ਆਧਾਰਿਤ ਹੈ ਅਤੇ ਮਹਾਨ ਕਲਾ-ਮੰਦਰਾਂ ਅਤੇ ਚਿੱਤਰਾਂ ਤੋਂ ਕਵੀਆਂ ਨੂੰ ਬਹੁਤ ਪ੍ਰੇਰਣਾ ਮਿਲੀ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਕਲਾ ਦੇ ਅਲਗ ਅਲਗ ਆਧਾਰ ਤੇ ਭੇਦ ਕਰਨਾ ਮੁਸ਼ਕਲ ਹੈ।

ਹ. ਪੁ.—ਹਿੰ. ਵਿ. ਕੋ. 2 : 378 ; ਹਿੰ. ਸਾ. ਕੋ. 1 : 220 ; ਸ. ਵਿ. ਕੋ. 8 : 19.

**ਕਲਾਇਤ :** ਭਾਰਤ ਦੀ ਸਾਬਕਾ ਪਟਿਆਲਾ ਰਿਆਸਤ ਦੀ ਨਰਵਾਣਾ ਤਹਿਸੀਲ ਦੀ ਕਰਮਗੜ੍ਹ ਨਿਜ਼ਾਮਤ ਦਾ ਇਹ ਇਕ ਪਿੰਡ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਜਦੋਂ ਪੰਜਾਬ ਦੀਆਂ ਦੇਸੀ ਰਿਆਸਤ ਨੂੰ ਖ਼ਤਮ ਕਰਕੇ ਪੈਪਸੂ ਬਣਾਇਆ ਤਾਂ ਇਹ ਉਸ ਵਿਚ ਆ ਗਿਆ ਤੇ ਫੇਰ 1956 ਵਿਚ ਇਹ ਪੰਜਾਬ ਦਾ ਹਿੱਸਾ ਬਣ ਗਿਆ, ਪਰ ਜਦੋਂ 1966 ਈ. ਵਿਚ ਹਰਿਆਣਾ ਰਾਜ ਬਣਨ ਸਮੇਂ ਇਹ ਪਿੰਡ ਹਰਿਆਣੇ ਵਿਚ ਚਲਾ ਗਿਆ। ਅੱਜਕਲ੍ਹ ਇਹ ਹਰਿਆਣਾ ਰਾਜ ਦੇ ਕੁਰੂਕੁਸ਼ੇਤਰ ਜ਼ਿਲ੍ਹੇ ਵਿਚ ਨਰਵਾਣਾ ਕੈਥਲ ਰੇਲ ਲਾਈਨ ਉਤੇ ਵਾਕਿਆ ਹੈ। ਇਥੇ ਚਾਰ ਪੁਰਤਾਨ ਇਤਿਹਾਸਕ ਮੰਦਰ ਹਨ ਜਿਨ੍ਹਾਂ ਦਾ ਸਬੰਧ ਰਾਜਾ ਸਲਵਾਨ ਨਾਲ ਹੈ। ਇਥੇ ਇਕ ਪਵਿੱਤਰ ਤਲਾਬ ਵੀ ਹੈ ਜਿਸ ਨੂੰ ਕਪਲ ਮੁਨੀ ਦਾ ਤੀਰਥ ਕਹਿੰਦੇ ਹਨ। ਹਿੰਦੂ ਇਸ ਨੂੰ ਬਹੁਤ ਪਵਿੱਤਰ ਮੰਨਦੇ ਹਨ।

21° 49′ ਉ. ਵਿਥ. ; 76° 19′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 296

**ਕਲਾਈਸਟ, ਬਰਨਡ ਹੈਨਰਿਕ ਵਿਲਹੈਲਮ ਫਾਨ :** ਇਸ ਦਾ ਆਪਣੇ ਸਮੇਂ ਦੇ ਜਰਮਨ ਸਾਹਿਤ ਵਿਚ ਇਕ ਨਾਟਕਕਾਰ ਅਤੇ ਨਾਵਲਕਾਰ ਦੇ ਰੂਪ ਵਿਚ ਵਿਸ਼ੇਸ਼ ਸਥਾਨ ਹੈ। ਇਸ ਦਾ ਜਨਮ ਸੰਨ 1777 ਵਿਚ ਹੋਇਆ। ਨਾਟਕੀ ਸਾਹਿਤ ਵਿਚ ਚਲ ਰਹੀ ਕਲਾਸਕੀ ਪਰੰਪਰਾ ਦੀ, ਜਿਸ ਦਾ ਹਾਮੀ ਗੋਏਟੇ ਸੀ, ਇਸ ਨੇ ਡਟ ਕੇ ਵਿਰੋਧਤਾ ਕੀਤੀ। ਇਸ ਦਾ ਉਦੇਸ਼ ਗੋਏਟੇ ਨੂੰ ਪਛਾੜਕੇ ਆਪਣੇ ਯੁਗ ਦੇ ਸਰਵੋਤਮ ਨਾਟਕਕਾਰ ਵਜੋਂ ਪ੍ਰਸਿੱਧੀ ਪ੍ਰਾਪਤ ਕਰਨਾ ਸੀ। ਪਰੰਤੂ ਇਸ ਦਾ ਨਾਟਕ 'ਰਾਬਰਟ ਗਾਈਸਕਾਰਡ' ਜੋ ਇਕ ਦੁਖਾਂਤ ਨਾਟਕ ਸੀ ਅਸਫਲ ਸਿੱਧ ਹੋਇਆ ਅਤੇ ਇਸ ਨੂੰ ਬਹੁਤ ਨਿਰਾਸ਼ਾ ਹੋਈ। ਇਸ ਨੇ ਉਹ ਨਾਟਕ ਫੂਕ ਦਿਤਾ। ਇਸ ਨੇ ਆਪਣੇ ਨਾਟਕਾਂ ਵਿਚ ਯੂਨਾਨੀ ਨਾਟਕੀ ਸਾਹਿਤ ਅਤੇ ਸ਼ੈਕਸਪੀਅਰ ਦੇ ਦੁਖਾਂਤ ਨਾਟਕਾਂ ਦੇ ਮੂਲ ਤੱਤਾਂ ਨੂੰ ਮਿਲਾ ਕੇ ਨਵੀਂ ਨਾਟਕੀ ਸ਼ੈਲੀ ਨੂੰ ਜਨਮ ਦੇਣ ਦਾ ਤਜਰਬਾ ਕੀਤਾ ਪਰ ਇਸ ਵਿਚ ਵੀ ਇਹ ਅਸਫਲ ਰਿਹਾ। ਸਾਹਿਤ ਵਿਚ ਪ੍ਰਸਿੱਧੀ ਦੀ ਆਸ ਅਤੇ ਪ੍ਰੇਮ, ਦੋਹਾਂ ਵਿਚ ਅਸਫਲ ਹੋਣ ਕਰਕੇ ਇਸ ਦਾ ਜੀਵਨ ਦੁਖੀ ਅਤੇ ਸੰਘਰਸ਼ਮਈ ਹੋ ਗਿਆ। ਇਹੋ ਵੇਦਨਾ ਅਤੇ ਸੰਘਰਸ਼ ਇਸ ਦੇ ਨਾਟਕਾਂ ਵਿਚੋਂ ਝਲਕਦੇ ਹਨ। ਇਸ ਦੇ ਆਪਣੇ ਵਿਅਕਤਿਤਵ ਵਾਂਗ ਹੀ ਇਸ ਦੇ ਪਾਤਰ ਵੀ ਦ੍ਰਿੜ੍ਹਤਾ ਅਤੇ ਪ੍ਰਪੱਕ ਇਰਾਦੇ ਦੇ ਪ੍ਰਤੀਕ ਬਣਦੇ ਹਨ। ਉਨ੍ਹਾਂ ਦੀ ਹਰ ਵਿਸ਼ੇਸ਼ਤਾ ਆਪਣੇ ਸਿਖਰ ਦੀ ਹੁੰਦੀ ਹੈ। ਇਸ ਦੇ ਨਾਟਕਾਂ ਵਿਚ ਮਾਨਸਕ ਭਾਵਨਾਵਾਂ ਦੀ ਤੀਬਰ ਅਭਿਵਿਅਕਤੀ ਮਿਲਦੀ ਹੈ। ਇਸ ਦਾ ਇਕ ਨਾਟਕ 'ਦੀ ਪ੍ਰਿੰਸ ਆਫ ਹੋਂਮਬਰਗ' ਰਾਸ਼ਟਰ ਪ੍ਰਤੀ ਜਰਮਨ ਜਾਤੀ ਦੀ ਕਰਤੱਵ ਭਾਵਨਾ ਅਤੇ ਅਨੁਸ਼ਾਸਨ ਪ੍ਰਿਯਤਾ ਦੀ ਉਦਾਹਰਨ ਪੇਸ਼ ਕਰਦਾ ਹੈ। ਇਸ ਦੇ ਨਾਵਲਾਂ ਵਿਚ ਸਭ ਤੋਂ ਮਹੱਤਵਪੂਰਨ ਨਾਵਲ 'ਮਾਈਕਲ ਕੋਫਲਹਾਸ' ਹੈ।

ਸੰਨ 1811 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 266.

**ਕਲਾਈਡ, ਕੋਲਿਨ ਕੈਂਮਬੈੱਲ :** ਬਰਤਾਨੀਆ ਦੇ ਇਸ ਨਾਮਵਰ ਕਮਾਂਡਰ ਦਾ ਜਨਮ 20 ਅਕਤੂਬਰ, 1792 ਨੂੰ ਗਲਾਸਗੋ ਵਿਖੇ ਹੋਇਆ। ਇਸਨੇ ਸਭ ਤੋਂ ਪਹਿਲਾਂ ਪੈਨਿਨਸੁਲਰ ਜੰਗ ਵਿਚ ਸੇਵਾ ਕੀਤੀ ਜਿਥੋਂ ਇਸਨੂੰ ਮੈਦਾਨ ਛੱਡਣਾ ਪਿਆ। ਇਸਨੇ ਭਾਰਤ ਅਤੇ ਚੀਨ ਵਿਚ ਲੜਾਈ ਲੜੀ ਅਤੇ ਕ੍ਰੀਮੀਆਂ ਦੀ ਜੰਗ ਛਿੜਨ ਤੇ ਇਸਨੂੰ ਹਾਈਲੈਂਡ ਬ੍ਰਿਗੇਡ ਦਾ ਇੰਚਾਰਜ ਬਣਾਕੇ ਭੇਜਿਆ ਗਿਆ। ਭਾਰਤ ਵਿਚ 1857 ਦਾ ਗਦਰ ਸ਼ੁਰੂ ਹੋਣ ਤੇ ਇਸਨੂੰ ਕਮਾਂਡਰ-ਇਨ-ਚੀਫ ਬਣਾਕੇ ਤੁਰੰਤ ਕਾਨ੍ਹਪੁਰ ਭੇਜ ਦਿਤਾ ਗਿਆ। ਫਿਰ ਲਖਨਊ ਵਲ ਵਧਦਿਆਂ ਹੋਇਆਂ ਇਸ ਨੂੰ ਕਦਮ ਕਦਮ ਤੇ ਲੜਾਈ ਲੜਨੀ ਪਈ। ਇਸ ਪਿਛੋਂ ਇਹ ਅਵਧ ਵਲ ਵਧਿਆ ਅਤੇ ਮਈ, 1858 ਤਕ ਇਸ ਦਾ ਹੁਕਮ ਸਾਰੇ ਉੱਤਰ ਵਿਚ ਲਾਗੂ ਹੋਇਆ। ਦੋ ਸਾਲ ਤਕ ਇਕ ਸਫਲ ਪ੍ਰਬੰਧਕ ਹੋਣ ਦੇ ਨਾਤੇ ਭਾਰਤ ਵਿਚ ਸ਼ਾਂਤੀ ਕਾਇਮ ਕਰਨ ਵਿਚ ਚੋਖੀ ਮਦਦ ਕੀਤੀ ਜਿਸ ਲਈ ਇਸਨੂੰ 1858 ਈ. ਵਿਚ ਇਨਾਮ ਦਿਤਾ ਗਿਆ। ਸੰਨ 1860 ਵਿਚ ਇਹ

ਭਾਰਤ ਛੱਡ ਗਿਆ ਅਤੇ 1863 ਈ. ਵਿਚ ਇਸਦੀ ਮੌਤ ਹੋ ਗਈ।

ਹ. ਪੁ.—ਨਿ. ਕ. ਸ਼ੂ. ਬਾ. 2 : 415

**ਕਲਾਈਡ ਨਦੀ** : ਸਕਾਟਲੈਂਡ ਦੀ ਸਭ ਤੋਂ ਪ੍ਰਸਿੱਧ ਅਤੇ ਮਹੱਤਵਪੂਰਨ ਇਹ ਇਕ ਨਦੀ ਅਤੇ ਐਸਚੂਅਰੀ ਹੈ ਜੋ ਦੇਸ਼ ਦੇ ਪੱਛਮੀ ਤੱਟ ਤੋਂ ਅੰਧ ਮਹਾਂਸਾਗਰ ਵਿਚ ਜਾ ਡਿਗਦੀ ਹੈ। ਨਦੀ ਦੀ ਕੁੱਲ ਲੰਬਾਈ 170 ਕਿ. ਮੀ ਹੈ। ਅੱਪਰ ਕਲਾਈਡ ਜੋ ਕਿਸੇ ਸਮੇਂ ਦਰਿਆ ਟਵੀਡ ਦੇ ਪੂਰਬ ਵਲ ਨੂੰ ਵਹਿਣ ਵਾਲੀ ਇਕ ਸਹਾਇਕ ਨਦੀ ਹੁੰਦੀ ਸੀ ਅਤੇ ਹੁਣ ਦੱਖਣੀ ਉੱਚਭੂਮੀਆਂ ਦੇ ਉਜਾੜ ਪ੍ਰਦੇਸ਼ਾਂ ਵਿਚੋਂ ਨਿਕਲਣ ਤੇ ਮੱਛੀਆਂ ਫੜਨ ਵਾਲੀ ਇਕ ਸਾਫ ਪਾਣੀ ਦੀ ਨਦੀ ਹੈ, ਇਕ ਵਿਕ-ਸਿਤ ਹੋਈ ਇਕ ਪੁਰਾਣੀ ਦਰਿਆਈ ਵਾਦੀ ਦੇ ਵਿਚੋਂ ਦੀ ਬਿਗਰ ਕਸਬੇ ਤੀਕ ਕੋਈ 50 ਕਿ. ਮੀ. ਉੱਤਰ ਵਲ ਨੂੰ ਵਗਦੀ ਹੈ। ਇਥੋਂ ਇਹ ਨਦੀ ਇਕ ਦਮ ਰਸਤਾ ਬਦਲ ਲੈਂਦੀ ਹੈ ਅਤੇ ਉੱਤਰ-ਪੂਰਬ ਵਲ ਵਗਣ ਲਗ ਪੈਂਦੀ ਹੈ। ਬਿਗਰ ਕਸਬੇ ਤੋਂ ਕਲਾਈਡ ਉੱਤਰ-ਪੱਛਮ ਵਲ ਨੂੰ ਚੱਕਰ ਖਾਂਦੀ ਹੋਈ ਵਹਿੰਦੀ ਹੈ। ਇਥੋਂ ਕੋਈ 30 ਕਿ. ਮੀ ਦੂਰ ਇਸ ਨਦੀ ਦਾ ਪਾਣੀ ਲਗਭਗ 75 ਮੀ. ਹੇਠਾਂ ਵਗਣ ਲਗਦਾ ਹੈ ਜਿਥੇ ਇਹ ਨਦੀ ਕਲਾਈਡ ਨਾਂ ਦੀ ਆਬਸ਼ਾਰ ਬਣਾਉਂਦੀ ਹੈ। ਇਨ੍ਹਾਂ ਆਬਸ਼ਾਰਾਂ ਦੁਆਰਾ ਪੈਦਾ ਕੀਤੀ ਬਿਜਲੀ ਕਾਰਨ ਹੀ ਉਨ੍ਹੀਵੀਂ ਸਦੀ ਦੇ ਅਰੰਭ ਵਿਚ ਇਥੇ ਸੂਤੀ ਕੱਪੜੇ ਦੇ ਕਾਰਖਾਨੇ ਸਥਾਪਤ ਹੋਏ ਸਨ।

ਕਰਾਸ ਫਰਡ ਦੇ ਨੇੜੇ ਕਲਾਈਡ ਦੀ ਖੁਲ੍ਹੀ ਵਾਦੀ ਕਲਾਈ-ਡਜ਼ਡੇਲ ਘੋੜਿਆਂ ਦੀ ਨਸਲਕਸ਼ੀ ਲਈ ਬਹੁਤ ਪ੍ਰਸਿੱਧ ਹੈ। ਇਸ ਵਾਦੀ ਵਿਚ ਅੱਜਕਲ੍ਹ ਸੰਘਣੀ ਖੇਤੀ ਕੀਤੀ ਜਾਂਦੀ ਹੈ। ਹੈਮਿਲਟਨ ਤੋਂ ਉੱਤਰ ਵਲ ਗਲਾਸਗੋ ਦੇ ਮੈਟਰੋਪਾਲਿਟਨ ਖੇਤਰ ਦੇ ਕੇਂਦਰ ਵਲ ਨੂੰ ਕੋਲੇ ਦੀ ਖਾਣ-ਖੁਦਾਈ ਅਤੇ ਵੱਡੇ ਵੱਡੇ ਉਦਯੋਗ ਪ੍ਰਬਲ ਹੋ ਗਏ ਹਨ। ਅਠਾਰ੍ਹਵੀਂ ਸਦੀ ਵਿਚ ਨਵੀਂ ਦੁਨੀਆ ਦੇ ਨਾਲ ਵਪਾਰ ਦੇ ਵਿਕਸਿਤ ਹੋ ਜਾਣ ਪਿਛੋਂ ਕਲਾਈਡ ਨਦੀ ਵਿਚੋਂ ਗਾਰਾ ਕੱਢਕੇ ਇਸ ਨੂੰ ਡੂੰਘੀ ਕਰਕੇ ਗਲਾਸਗੋ ਦੇ ਕੇਂਦਰ ਵਲ ਇਸ ਨਦੀ ਨੂੰ ਜਹਾਜ਼ਰਾਨੀ ਯੋਗ ਬਣਾ ਦਿਤਾ ਹੈ। ਇਸ ਤਰ੍ਹਾਂ ਇਹ ਸਥਾਨ ਮਗਰੋਂ ਸਭ ਤੋਂ ਵੱਡਾ ਉਦਯੋਗਕ ਸ਼ਹਿਰ ਅਤੇ ਦੁਨੀਆ ਦਾ ਸਮੁੰਦਰੀ ਜਹਾਜ਼ ਤਿਆਰ ਕਰਨ ਦਾ ਸਭ ਤੋਂ ਵੱਡਾ ਕੇਂਦਰ ਬਣ ਗਿਆ। ਗਲਾਸਗੋ ਤੋਂ ਲਗਭਗ 35 ਕਿ. ਮੀ. ਹੇਠਾਂ ਵੱਲ ਪ੍ਰਸਿੱਧ ਕਲਾਈਡਸਾਈਡ ਜਹਾਜ਼ਾਂ ਦੇ ਕਾਰਖਾਨੇ ਹਨ ਜਿਨ੍ਹਾਂ ਨੇ ਅਜੇ ਵੀ ਨਦੀ ਦੀ ਹੱਦ ਬਣਾਈ ਹੋਈ ਹੈ, ਨੂੰ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਦਹਾਕਿਆਂ ਵਿਚ ਬਦੇਸ਼ੀ ਮੁਕਾਬਲੇ ਤੋਂ ਕਾਫੀ ਨੁਕਸਾਨ ਉਠਾਉਣਾ ਪਿਆ।

ਇਕ ਸੁੰਦਰ ਪਰਬਤੀ ਖੇਤਰ ਦੇ ਵਿਚੋਂ ਦੀ ਵਹਿੰਦੀ ਹੋਈ ਇਹ ਨਦੀ ਡਮਬਾਰਟਨ ਅਤੇ ਗਰੀਨੱਕ ਨਾਂ ਦੇ ਦੋ ਸਾਹਿਲੀ ਕਸਬਿਆਂ ਦੇ ਨੇੜੇ ਆਪਣੀ ਐਸਚੂਅਰੀ ਕੋਲ ਜਾ ਪਹੁੰਚਦੀ ਹੈ। ਡਮਬਾਰਟਨ ਤੋਂ ਨਦੀ ਦੀ ਐਸਚੂਅਰੀ ਲਗਭਗ 105 ਕਿ. ਮੀ. ਤਕ ਏਲਸਾ ਕਰੈਗ ਦੇ ਇਕ ਛੋਟੇ ਜਿਹੇ ਟਾਪੂ ਵਲ ਨੂੰ ਫੈਲੀ ਹੋਈ ਹੈ। ਐਸਚੂਅਰੀ ਦਾ ਸੁੰਦਰ ਇਲਾਕਾ ਸੈਲਾਨੀਆਂ ਵਾਸਤੇ ਕਾਫ਼ੀ ਚਿਰ ਤੋਂ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਕਲਾਈਡ ਨਦੀ ਦੇ ਪਾਸਿਆਂ ਤੇ ਗਲਾਸਗੋ, ਪੋਰਟ ਗਲਾਸਗੋ, ਗਰੀਨੱਕ ਅਤੇ ਆਰਡਰਾਸਨ ਦੀਆਂ ਪ੍ਰਸਿੱਧ ਬੰਦਰ-ਗਾਹਾਂ ਹਨ।

$53^{\circ}$ 20′ ਉ. ਵਿਥ. ; $3^{\circ}$ 30′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 1014

**ਕਲਾਈਨ, ਫੀਲਿਕਸ** : ਜਰਮਨ ਦਾ ਇਹ ਇਕ ਪ੍ਰਸਿੱਧ ਗਣਿਤਵੇਤਾ ਹੋਇਆ ਹੈ, ਜਿਸ ਦੇ ਰੇਖਾ-ਗਣਿਤ ਦੇ ਸੰਸ਼ਲੇਸ਼ਣ ਨੇ ਗਣਿਤ ਵਿਗਿਆਨ ਦੇ ਵਿਕਾਸ ਵਿਚ ਬਹੁਤ ਪ੍ਰਭਾਵ ਪਾਇਆ ਹੈ। ਇਸ ਸੰਸ਼ਲੇਸ਼ਣ ਨੂੰ 'ਐਰਲਾਂਗਰ ਪ੍ਰੋਗਰਾਮ' ਆਖਦੇ ਹਨ। ਇਸ ਵਿਗਿਆਨੀ ਦਾ ਜਨਮ ਡੂਸੈੱਲਡੋਰਫ ਵਿਖੇ 25 ਨਵੰਬਰ, 1849 ਨੂੰ ਹੋਇਆ। 1872-75 ਤਕ ਇਹ ਐਰਲਾਂਨ ਯੂਨੀਵਰਸਿਟੀ ਵਿਚ ਹਿਸਾਬ ਦਾ ਪ੍ਰੋਫ਼ੈਸਰ ਰਿਹਾ। ਇਸ ਨੇ ਨਾਰਵੇ ਦੇ 'ਸੋਫਸ ਲੀ' ਨਾਲ ਕੰਮ ਕੀਤਾ ਅਤੇ ਇਹ ਪਹਿਲਾ ਆਦਮੀ ਸੀ ਜਿਸਨੇ ਲੀ ਦੇ 'ਸਪੱਰਸ਼ੀ ਰੂਪਾਂਤਰਾਂ' ਨੂੰ ਸਹੀ ਤਰਤੀਬ ਦਿਤੀ। ਸੰਨ 1916 ਤੋਂ ਕੁਝ ਚਿਰ ਪਹਿਲਾਂ ਨਵੀਆਂ ਰੇਖਾ-ਗਣਿਤਾਂ ਦੀ ਖੋਜ ਹੋਈ ਜਿਸ ਵਿਚ ਕਲਾਈਨ ਦਾ ਪ੍ਰੋਗਰਾਮ ਅਨੁਕੂਲ ਨਹੀਂ ਰਿਹਾ ਪਰ ਇਸ ਦਾ ਸੰਸ਼ਲੇਸ਼ਣ ਅਜੇ ਵੀ ਪ੍ਰਸਿੱਧ ਹੈ ਅਤੇ ਰੇਖਾ-ਗਣਿਤਾਂ ਵਿਚ ਵਰਤਿਆ ਜਾਂਦਾ ਹੈ।

ਕਲਾਈਨ 1880 ਤੋਂ 1913 ਈ. ਤਕ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਰਿਹਾ। ਸੰਨ 1895 ਵਿਚ ਇਸ ਨੇ ਗਣਿਤ ਦੇ ਐਨਸਾਈ-ਕਲੋਪੀਡੀਆ ਦੀ ਨੀਂਹ ਰਖੀ ਜਿਸ ਦੀ ਮਰਦੇ ਦਮ ਤਕ ਨਿਗਰਾਨੀ ਕਰਦਾ ਰਿਹਾ। ਇਸ ਦਾ ਪ੍ਰਮੁੱਖ ਯੋਗਦਾਨ 'ਐਲੀਮੈਂਟਰੀ ਮੈਥੇਮੈਟਿਕਸ ਫ਼ਰਾਮ ਐਨ ਐਡਵਾਂਸਡ ਸਟੈਂਡ ਪੁਆਇੰਟ (1908)' ਹੈ। ਇਸ ਦੀਆਂ ਤਕਨੀਕੀ ਲਿਖਤਾਂ ਵਿਚ 1884 ਦਾ ਲੈਕਚਰਜ਼ ਔਨ ਦਾ ਇਕੋਸ ਹੈਡਰਨ ਦੀਆਂ ਦੋ ਜਿਲਦਾਂ 1897, 1902 ਅਤੇ ਲੈਕਚਰਜ਼ ਔਨ ਥਿਊਰੀ ਆਫ਼ ਔਟੋਮਾਰਫਸਫ਼ੰਕਸ਼ਨਜ਼ ਸ਼ਾਮਲ ਹਨ।

ਇਸ ਦੀ ਮੌਤ ਗਟਿੰਸੈੱਨ ਵਿਖੇ 22 ਜੂਨ, 1925 ਨੂੰ ਹੋਈ।

ਹ. ਪੁ.—ਐਨ. ਬ੍ਰਿ. ਮਾ. 5 : 848

**ਕਲਾਈਪੇਟਾ** : ਰੂਸ ਦੇ ਲਿਥੂਏਨੀਅਨ ਸੋਵੀਅਤ ਸਮਾਜਵਾਦੀ ਗਣਰਾਜ ਸੰਘ ਦਾ ਇਹ ਇਕ ਕਸਬਾ ਅਤੇ ਬੰਦਰਗਾਹ ਹੈ ਜੋ ਇਕ ਤੰਗ ਜਿਹੇ ਜਲ-ਮਾਰਗ ਜਿਸ ਰਾਹੀਂ 'ਕਿਊਰਿਸ਼ਜ਼ ਹਾਫ' ਖਾੜੀ ਅਤੇ ਨੈਮੈਨ ਦਰਿਆ ਬਾਲਟਿਕ ਸਾਗਰ ਨਾਲ ਜੁੜਦੇ ਹਨ, ਉਤੇ ਸਥਿਤ ਹੈ। ਛੋਟੀ ਜਿਹੀ ਬਸਤੀ ਤੋਂ ਇਲਾਵਾ ਇਥੋਂ ਦੀ ਸਥਾਨਕ ਆਬਾਦੀ ਨੇ ਤੇਰ੍ਹਵੀਂ ਸਦੀ ਦੇ ਆਰੰਭ ਵਿਚ ਹੀ ਇਥੇ ਇਕ ਛੋਟਾ ਜਿਹਾ ਕਿਲ੍ਹਾ ਬਣਾਇਆ ਸੀ। ਸੰਨ 1252 ਵਿਚ ਟਿਊਟਨੀ ਦੇ ਨਾਈਟਾਂ ਨੇ ਇਸ ਉਤੇ ਕਬਜ਼ਾ ਕਰ ਲਿਆ ਅਤੇ ਇਸ ਨੂੰ ਤਬਾਹ ਕਰਕੇ ਮੇਮਿਲੱਬੁਰਕ ਨਾਂ ਦਾ ਨਵਾਂ ਛੋਟਾ ਕਿਲਾ ਬਣਾਇਆ। ਕਸਬੇ ਨੂੰ (ਜਿਸ ਨੂੰ ਪਿਛੋਂ ਮੇਮੈਲ ਕਿਹਾ ਜਾਣ ਲਗਾ) ਜਰਮਨਾਂ ਨੇ ਆਬਾਦ ਕੀਤਾ ਅਤੇ ਇਹ ਪੂਰਬੀ ਪ੍ਰਸ਼ੀਆ ਦੇ ਸੂਬੇ ਦਾ ਭਾਗ ਬਣ ਗਿਆ। ਸੰਨ 1923 ਵਿਚ ਮੇਮੈਲ ਲਿਥੂਏਨੀਆਂ ਨੂੰ ਦੇ ਦਿਤਾ ਗਿਆ ਅਤੇ ਇਸ ਦਾ ਨਾਂ ਫਿਰ ਕਲਾਈਪੇਟਾ ਰੱਖ ਦਿਤਾ ਗਿਆ। ਲਿਥੂਏਨੀਆਂ ਦਾ ਲਗਭਗ 90 ਪ੍ਰਤਿਸ਼ਤ ਬਦੇਸ਼ੀ ਵਪਾਰ ਇਸੇ ਬੰਦਰਗਾਹ ਰਾਹੀਂ ਹੋਣ ਕਰਕੇ ਇਸ ਬੰਦਰਗਾਹ ਦਾ ਚੋਖਾ ਵਿਕਾਸ ਹੋਇਆ। ਸੰਨ 1939 ਵਿਚ ਇਹ ਜ਼ਰਮਨੀ ਵਿਚ ਸ਼ਾਮਲ ਕਰ ਲਈ ਗਈ ਪਰ 1945 ਈ. ਵਿਚ ਸੋਵੀਅਤ ਰੂਸ ਦੇ ਅਧੀਨ ਚਲੀ ਗਈ।

ਇਥੇ ਸਮੁੰਦਰੀ ਜਹਾਜ਼ ਤਿਆਰ ਕਰਨ ਅਤੇ ਮੁਰੰਮਤ ਕਰਨ ਦੇ ਵੱਡੇ ਵੱਡੇ ਕਾਰਖਾਨੇ ਹਨ ਜੋ ਟਰਾਲਰ ਅਤੇ ਤੈਰਦੇ ਘਾਟਾਂ ਦੇ ਕੰਮ ਲਈ ਵਿਸ਼ੇਸ਼ ਤੌਰ ਤੇ ਪ੍ਰਸਿੱਧ ਹਨ। ਸੂਤੀ ਕੱਪੜਾ ਤਿਆਰ ਕਰਨਾ, ਗੁੱਦਾ ਕੱਢਣਾ ਅਤੇ ਕਾਗਜ਼ ਤਿਆਰ ਕਰਨਾ, ਇਮਾਰਤੀ ਸਮਾਨ, ਰੇਡੀਓ ਤਿਆਰ ਕਰਨਾ, ਟੈਲੀਫੂਨ ਦੇ ਹਿੱਸੇ ਅਤੇ ਅੰਬਰੀ ਗਹਿਣੇ (ਅੰਬਰ ਇਕ ਕਿਸਮ ਦੀ ਪੀਲੇ ਅਤੇ ਭੂਰੇ ਰੰਗ ਦੀ ਧਾਤ) ਬਣਾਉਣੇ ਇਥੋਂ ਦੇ ਹੋਰ ਪ੍ਰਸਿੱਧ ਉਦਯੋਗ ਹਨ। ਇਸ ਤੋਂ ਇਲਾਵਾ ਮੱਛੀਆਂ ਦੀ ਡੱਬੇ-ਬੰਦੀ ਕਰਨਾ ਵੀ ਇਥੋਂ ਦਾ ਮੁੱਖ ਉਦਯੋਗ ਹੈ। ਡੂੰਘੇ ਸਮੁੰਦਰ ਵਿਚੋਂ ਮੱਛੀਆਂ ਫੜਨ ਵਾਲੇ ਜਹਾਜ਼ੀ ਬੇੜੇ ਦਾ ਅੱਡਾ ਵੀ ਇਥੇ ਹੀ ਹੈ।

ਆਬਾਦੀ—191,000 (1984)

$55^{\circ}$ 43′ ਉ. ਵਿਥ. ; $21^{\circ}$ 07′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 846

**ਕਲਾਈਵ, ਰਾਬਰਟ** : ਇਸ ਦਾ ਜਨਮ 29 ਸਤੰਬਰ, 1725 ਨੂੰ ਸ਼ਰੌਪਸ਼ਿਰ ਵਿਖੇ ਇਕ ਵਕੀਲ ਦੇ ਘਰ ਹੋਇਆ। ਪੜ੍ਹਾਈ

ਵਿਚ ਇਹ ਲਾਇਕ ਨਹੀਂ ਸੀ ਅਤੇ ਬਚਪਨ ਵਿਚ ਬਹੁਤ ਸ਼ਰਾਰਤੀ ਸੀ। ਉਥੋਂ ਇਸ ਦੇ ਪਿਤਾ ਨੇ ਇਸ ਨੂੰ ਸ਼ਹਿਰੋਂ ਬਾਹਰ ਭੇਜਣ ਲਈ ਈਸਟ ਇੰਡੀਆ ਕੰਪਨੀ ਵਿਚ ਭਰਤੀ ਕਰਵਾ ਕੇ ਭਾਰਤ ਘੱਲ ਦਿਤਾ। ਇਥੇ ਆ ਕੇ ਇਹ ਮਨ ਲਾ ਕੇ ਪੜ੍ਹਿਆ ਅਤੇ ਸਫਲਤਾ ਪ੍ਰਾਪਤ ਕੀਤੀ। ਇਹ ਪਹਿਲਾ ਬਰਤਾਨਵੀ ਪ੍ਰਸ਼ਾਸਕ ਸੀ ਜਿਸ ਨੇ ਬੰਗਾਲ ਫਤਹਿ ਕਰਕੇ ਅਗਰੇਜ਼ ਰਾਜ ਦੀ ਨੀਂਹ ਰੱਖੀ।



ਰਾਬਰਟ ਕਲਾਈਵ

ਸੰਨ 1743 ਵਿਚ ਇਹ ਪਹਿਲੀ ਵਾਰ ਭਾਰਤ ਆਇਆ ਪਰ 1753 ਵਿਚ ਆਪਣੇ ਦੇਸ਼ ਨੂੰ ਵਾਪਸ ਪਰਤ ਗਿਆ ਅਤੇ 1756 ਵਿਚ ਇਹ ਫਿਰ ਭਾਰਤ ਪਰਤਿਆ। ਇਸ ਤੋਂ ਅਗਲੇ ਸਾਲ ਇਸ ਨੇ ਬੰਗਾਲ ਵਿਚ ਭਾਰਤੀ ਫ਼ੌਜਾਂ ਨੂੰ ਹਰਾਇਆ ਅਤੇ ਆਪਣਾ ਨਿਯੰਤਰਣ ਕਾਇਮ ਕਰ ਲਿਆ। ਇਸ ਦਾ ਪ੍ਰਬੰਧ ਭਾਵੇਂ ਬਹੁਤ ਚੰਗਾ ਨਹੀਂ ਸੀ, ਪਰੰਤੂ ਜਦੋਂ ਇਹ 1760 ਵਿਚ ਇੰਗਲੈਂਡ ਗਿਆ ਤਾਂ ਜੇਤੂ ਹੋਣ ਕਰਕੇ ਇਸਦਾ ਸਨਮਾਨ ਕੀਤਾ ਗਿਆ। 1765 ਵਿਚ ਇਹ ਫਿਰ ਬੰਗਾਲ ਮੁੜਿਆ ਅਤੇ ਦੂਜੀ ਵਾਰ ਗਵਰਨਰ ਦਾ ਪਦ ਸੰਭਾਲਿਆ। ਇਸ ਨੇ ਪ੍ਰਸ਼ਾਸਨ ਵਿਚ ਬਹੁਤ ਸੁਧਾਰ ਲਿਆਂਦੇ ਅਤੇ ਬੰਗਾਲ ਦੇ ਨਾਲ ਨਾਲ ਬਿਹਾਰ ਉਤੇ ਵੀ ਕੰਪਨੀ ਦਾ ਅਧਿਕਾਰ ਜਮਾ ਲਿਆ। 1767 ਵਿਚ ਇਹ ਫਿਰ ਇੰਗਲੈਂਡ ਵਾਪਸ ਚਲਾ ਗਿਆ। ਭਾਰਤ ਵਿਚ ਰਹਿਣ ਵੇਲੇ ਇਸਦੀ ਰਹਿਣੀ-ਬਹਿਣੀ ਸਬੰਧੀ ਹੋਈ ਪਾਰਲੀਮੈਂਟ ਦੀ ਚਰਚਾ ਦੇ ਫ਼ਲਸਰੂਪ ਇਸ ਨੇ 1774 ਵਿਚ ਆਤਮ ਹੱਤਿਆ ਕਰ ਲਈ।

ਹ. ਪੁ.—ਐਨ. ਬ੍ਰਿ. ਮਾ. 2 : 1003.

**ਕਲਾਸਕੀ ਸਿਖਿਆ :** ਕਲਾਸਕੀ ਸਿਖਿਆ ਤੋਂ ਭਾਵ ਹੈ ਪ੍ਰਾਚੀਨ ਸਮੇਂ ਤੋਂ ਦੱਬੀਆਂ ਆ ਰਹੀਆਂ ਭਾਸ਼ਾਵਾਂ ਦਾ ਗਿਆਨ। ਯੂਨਾਨ ਅਤੇ ਰੋਮ ਦੀਆਂ ਭਾਸ਼ਾਵਾਂ ਅਤੇ ਸਾਹਿਤ ਦਾ ਅਧਿਐਨ ਅਨੇਕਾਂ ਸਾਲਾਂ ਤਕ ਬਰਤਾਨੀਆਂ ਵਿਚ ਪਬਲਿਕ ਸਕੂਲਾਂ ਅਤੇ ਯੂਨੀਵਰਸਿਟੀਆਂ ਵਿਚ ਸਿਖਿਆ ਦਾ ਮੁੱਖ ਅੰਗ ਰਿਹਾ ਹੈ। ਯੂਨਾਨੀ ਭਾਸ਼ਾ ਵਿਚ ਲਿਖੇ ਗਏ ਸਾਹਿਤ ਦਾ ਇਤਿਹਾਸ 700 ਈ. ਪੂ. ਤੋਂ ਲੈ ਕੇ 1453 ਈ. ਅਰਥਾਤ ਬਾਈਜ਼ਨਤੀ-ਨੀਆ ਦੇ ਪਤਨ ਤੱਕ ਉਪਲਬੱਧ ਹੈ। ਲਾਤੀਨੀ ਸਾਹਿਤ ਦਾ ਆਰੰਭ ਤੀਜੀ ਸਦੀ ਈ. ਪੂ. ਤੋਂ ਲਿੰਵੀਅਸ ਐਂਡਰੋਨਿਕੱਸ ਦੀਆਂ ਲਿਖਤਾਂ ਨਾਲ ਹੁੰਦਾ ਹੈ। ਲਾਤੀਨੀ ਮੱਧ ਕਾਲ ਤਕ ਲਿਖਤੀ ਅਤੇ ਬੋਲਚਾਲ ਦੀ ਭਾਸ਼ਾ ਸੀ। ਵਧੀਆ ਯੂਨਾਨੀ ਰਚਨਾਵਾਂ ਛੇਵੀਂ ਅਤੇ ਚੌਥੀ ਸਦੀ ਈ. ਪੂ. ਦੇ ਵਿਚਕਾਰਲੇ ਸਮੇਂ ਵਿਚ ਮਿਲਦੀਆਂ ਹਨ ਅਤੇ ਹੋਮਰ, ਥੀਉ-ਕਰੀਟਸ ਅਤੇ ਲੂਸੀਅਨ ਤੋਂ ਇਲਾਵਾ ਇਸ ਕਾਲ ਤੋਂ ਬਾਹਰ ਦੇ ਬਹੁਤ ਘੱਟ ਲੇਖ ਪੜ੍ਹੇ ਜਾਂਦੇ ਹਨ। ਦੂਸਰੇ ਪਾਸੇ ਵਰਜਿਲ, ਹੋਰੇਸ, ਸਿਸਰੋ ਅਤੇ ਸੀਜ਼ਰ ਦੇ ਨਾਲ ਨਾਲ ਰੋਮਨ ਕਵਿਤਾ ਅਤੇ ਵਾਰਤਕ ਦਾ ਅਧਿ-ਐਨ ਵੀ ਕੀਤਾ ਜਾਂਦਾ ਹੈ। ਇਹ ਪ੍ਰਾਚੀਨ ਭਾਸ਼ਾਵਾਂ ਹੁਣ ਤਕ ਵੀ ਅਧਿਐਨ-ਖੇਤਰ ਵਿਚ ਮਹੱਤਵਪੂਰਨ ਹਨ ਜਿਸ ਦੇ ਕਈ ਕਾਰਨ ਹੇਠ ਲਿਖੇ ਹਨ :—

ਪੱਛਮੀ ਵਿਦਿਆ ਅਤੇ ਸਭਿਆਚਾਰ ਦਾ ਆਧਾਰ ਯੂਨਾਨੀ ਅਤੇ ਰੋਮ ਦਾ ਸਾਹਿਤ ਆਦਿ ਹੈ। ਅੱਜ ਵੀ ਇੰਗਲੈਂਡ ਦੇ ਥੀਏਟਰ, ਸੜਕਾਂ ਅਤੇ ਸ਼ਹਿਰਾਂ ਵਿਚਲੇ ਅਜਾਇਬ-ਘਰ ਇਸ ਗੱਲ ਦਾ ਪ੍ਰਮਾਣ ਦਿੰਦੇ ਹਨ ਕਿ ਰੋਮਨ ਫ਼ੌਜਾਂ ਅਤੇ ਪ੍ਰਤਿਨਿਧਾਂ ਦਾ ਚੋਖਾ ਬੋਲਬਾਲਾ ਸੀ। ਇੰਗਲੈਂਡ ਨੂੰ ਛੱਡ ਕੇ ਲਗਭਗ ਬਹੁਤੇ ਯੂਰਪੀ ਦੇਸ਼ਾਂ ਵਿਚ ਰੋਮਨ ਕਾਨੂੰਨ ਦੀ ਹੀ ਵਰਤੋਂ ਸੀ। ਫ਼ਰਾਂਸੀਸੀ ਅਤੇ ਹੋਰ ਭਾਸ਼ਾਵਾਂ ਲਾਤੀਨੀ ਦਾ ਵਿਕਸਤ ਰੂਪ ਹਨ। ਨਿਰਸੰਦੇਹ ਇਹ ਕਿਹਾ ਜਾ ਸਕਦਾ ਹੈ ਕਿ ਯੂਨਾਨੀ ਭਾਸ਼ਾ, ਸਾਹਿਤ ਤੇ ਵਿਗਆਨ ਤੋਂ ਬਿਨਾਂ ਇਨ੍ਹਾਂ ਖੇਤਰਾਂ ਵਿਚ ਵਿਕਾਸ ਦੀ ਸੰਭਾਵਨਾ ਬਹੁਤ ਘੱਟ ਸੀ। ਈਸਾਈ ਮਤ ਦੀ ਵਿਚਾਰਧਾਰਾ, ਯੂਨਾਨ ਅਤੇ ਲਾਤੀਨੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ ਅਤੇ ਅੰਗਰੇਜ਼ੀ ਕਵੀ ਚੌਸਰ ਅਤੇ ਰਾਬਰਟ ਬਰਿਜ ਤੱਕ ਸਾਰੇ ਹੀ ਯੂਨਾਨੀ ਸਾਹਿਤ ਤੋਂ ਪ੍ਰਭਾਵਿਤ ਸਨ। ਇਤਿਹਾਸ, ਕਵਿਤਾ, ਮਹਾਂਕਾਵਿ, ਗੀਤ-ਕਾਵਿ, ਦੁਖਾਂਤ, ਸੁਖਾਂਤ, ਭੂਗੋਲ, ਸਰੀਰ-ਵਿਗਿਆਨ, ਦਰਸ਼ਨ ਤੇ ਅਧਿਆਤਮਵਾਦ ਆਦਿ ਸ਼ਬਦ ਯੂਨਾਨੀ ਹੀ ਹਨ।

ਯੂਨਾਨੀ ਅਤੇ ਅੰਗਰੇਜ਼ੀ ਸਾਹਿਤ ਸੰਸਾਰ ਵਿਚ ਮਹਾਨ ਸਾਹਿਤ ਕਹਾਉਂਦਾ ਹੈ। ਸੈਕਸ਼ਪੀਅਰ ਮਹਾਨ ਕਵੀ ਸੀ ਪਰ ਅੰਗਰੇਜ਼ੀ ਵਿਚ ਕੋਈ ਹੋਮਰ ਵਰਗਾ ਮਹਾਂਕਾਵਿ ਲਿਖਾਰੀ, ਪਲੈਟੋ ਤੇ ਅਰਸਤੂ ਵਰਗਾ ਦਾਰਸ਼ਨਿਕ, ਲੇਖਕ ਅਤੇ ਐਰਿਸਟੋਫੇਨਜ਼ ਵਰਗਾ ਸੁਖਾਂਤ ਕਵੀ ਅਤੇ ਦੁਖਾਂਤ ਲੇਖਕ ਨਹੀਂ ਮਿਲਦਾ। ਰੋਮ ਦੇ ਪ੍ਰਤਿਭਸ਼ਾਲੀ ਲਿਖਾਰੀ ਅਤੇ ਸੰਖੇਪ ਭਾਸ਼ਾ ਇਸ ਦੀ ਵਿਸ਼ੇਸ਼ਤਾ ਹੈ।

ਯੂਨਾਨੀ ਲੋਕ ਪਹਿਲੇ ਸਨ ਜਿਨ੍ਹਾਂ ਦੀ ਸੋਚ ਵਿਗਿਆਨਕ ਸੀ ਅਤੇ ਉਨ੍ਹਾਂ ਨੇ ਸਾਹਿਤ ਦੀਆਂ ਸਾਰੀਆਂ ਕਿਸਮਾਂ ਉਤੇ ਸਫਲਤਾ ਨਾਲ ਕਲਮ ਅਜ਼ਮਾਈ ਕੀਤੀ। ਉਨ੍ਹਾਂ ਦਾ ਸਾਹਿਤ ਮਨੁਖੀ ਮਨ ਦੀ ਇਸ ਉਪਜ ਲਈ ਉਤਨਾ ਹੀ ਮਹੱਤਵਪੂਰਨ ਹੈ ਜਿਤਨੀ ਈਸਾਈਆਂ ਲਈ ਬਾਈ-ਬਲ। ਉਨ੍ਹਾਂ ਕੋਲ ਸੁੰਦਰਤਾ ਅਤੇ ਪ੍ਰਤਿਭਾ ਦੋਵੇਂ ਵਸਤਾਂ ਸਨ। ਉਨ੍ਹਾਂ ਨਾਲ ਸਬੰਧ ਸਥਾਪਿਤ ਕਰਕੇ ਅਸੀਂ ਬਹੁਤ ਕੁਝ ਗ੍ਰਹਿਣ ਕੀਤਾ। ਇਹੀ ਸਥਿਤੀ ਰਾਜਨੀਤੀ ਦੇ ਖੇਤਰ ਵਿਚ ਸੀ। ਰੋਮ ਵਿਚ ਸਲਤਨਤਾਂ ਦਾ ਕਾਇਮ ਹੋਣਾ ਅਤੇ ਉਨ੍ਹਾਂ ਦਾ ਪਤਨ, ਯੂਨਾਨ ਵਿਚ ਲੋਕਰਾਜ ਦਾ ਆਰੰਭ ਅਤੇ ਪਤਨ ਆਦਿ ਗੱਲਾਂ ਹੋਰ ਦੇਸ਼ਾਂ ਵਿਚ ਅਮਲ ਵਿਚ ਆ ਚੁਕੀਆਂ ਸਨ ਜਿਸ ਦਾ ਆਧਾਰ ਪਲੈਟੋ ਦੀ 'ਗਣਤੰਤਰ' ਪੁਸਤਕ ਹੈ, ਜਿਸ ਵਿਚ ਸਮਾਜਕ ਤੇ ਰਾਜਸੀ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਅਰਸਤੂ ਦੀਆਂ ਪੁਸਤਕਾਂ 'ਰਾਜਨੀਤਕ' ਅਤੇ 'ਅਧਿਆਤਮਕ' ਲੇਖਕ ਦੀ ਪ੍ਰਤਿਭਾ ਦਾ ਪ੍ਰਗਟਾ ਰੂਪ ਹਨ। ਰੋਮ, ਆਗਸ-ਟਨ ਅਤੇ ਇੰਪੀਰੀਅਲ ਸਾਹਿਤ ਤੋਂ ਸਮਾਜ ਦੇ ਰੂਪ ਅਮੀਰੀ, ਪਦਾ-ਰਥਵਾਦ, ਸ਼ਭਿਅ ਅਤੇ ਅਸੰਤੁਸ਼ਟੀ ਦੇ ਪੱਖ ਉਜਾਗਰ ਹੁੰਦੇ ਹਨ। ਲਾਤੀਨੀ ਭਾਸ਼ਾ ਫ਼ਰਾਂਸੀਸੀ, ਇਤਾਲਵੀ, ਸਪੇਨੀ ਅਤੇ ਪੁਰਤਗੇਜ਼ੀ ਭਾਸ਼ਾਵਾਂ ਸਿਖਣ ਦਾ ਆਧਾਰ ਹੈ। ਆਧੁਨਿਕ ਵਿਗਿਆਨ ਦੀ ਸ਼ਬਦਾ-ਵਲੀ ਦਾ ਭੰਡਾਰ ਯੂਨਾਨੀ ਸ਼ਬਦਾਵਲੀ ਵਿਚ ਮੌਜੂਦ ਹੈ। ਸਾਡਾ ਇਤਿ-ਹਾਸ ਆਪਣੇ ਦੇਸ਼ ਤਕ ਸੀਮਿਤ ਹੈ ਪਰ ਰੋਮ ਅਤੇ ਯੂਨਾਨ ਦਾ ਇਤਿਹਾਸ ਸਾਡਾ ਸੰਪਰਕ ਯੂਰਪ ਨਾਲ ਪੈਦਾ ਕਰਦਾ ਹੈ।

ਇਨ੍ਹਾਂ ਪ੍ਰਾਚੀਨ ਭਾਸ਼ਾਵਾਂ ਦੇ ਅਨੁਵਾਦ ਲਈ ਮਾਨਸਿਕ ਪ੍ਰਤਿਭਾ ਅਤੇ ਸਿਖਲਾਈ ਦੀ ਲੋੜ ਹੈ। ਦਿਮਾਗ ਤੇ ਜ਼ੋਰ ਦਿਤੇ ਬਿਨਾਂ ਵਾਕ-ਬਣਤਰ ਅਤੇ ਭਾਵਾਂ ਨੂੰ ਸਮਝਣਾ ਤੇ ਅਨੁਵਾਦ ਕਰਨਾ ਅਸੰਭਵ ਹੈ। ਈਸਾਈ ਅਤੇ ਯੂਨਾਨੀ ਦੋ ਮੁੱਖ ਸਾਹਿਤਕ ਭਾਸ਼ਾਵਾਂ ਤੇ ਪ੍ਰਤਿਭਾ ਦੇ ਸੋਮੇ ਸਨ ਜਿਨ੍ਹਾਂ ਤੋਂ 19 ਵੀਂ ਸਦੀ ਦੇ ਪੜ੍ਹੇ ਲਿਖੇ ਵਿਅਕਤੀ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਭਾਵੇਂ ਬਾਅਦ ਵਿਚ ਇਹ ਪ੍ਰਭਾਵ ਘਟ ਗਿਆ ਪਰ ਅੱਜ ਵੀ ਇਸ ਦੇ ਪ੍ਰਭਾਵ ਹਰ ਖੇਤਰ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ।

ਅਮਰੀਕਾ ਵਿਚ ਕਲਾਸਕੀ ਸਿਖਿਆ ਦਾ ਆਰੰਭ 1638 ਵਿਚ ਹਾਰਵਰਡ ਕਾਲਜ ਅਤੇ ਬੋਸਟਨ ਬੈਟਿਨ (ਲਾਤੀਨੀ) ਸਕੂਲ ਦੀ ਸਥਾਪਨਾ

ਨਾਲ ਹੋਇਆ । ਇਨ੍ਹਾਂ ਸੰਸਥਾਵਾਂ ਵਿਚ ਦਾਖ਼ਲ ਹੋਣ ਲਈ ਲਾਤੀਨੀ ਭਾਸ਼ਾ ਨੂੰ ਪੜ੍ਹਣ ਤੇ ਲਿਖਣ ਦੀ ਯੋਗਤਾ ਜ਼ਰੂਰੀ ਸੀ ਕਿਉਂਕਿ ਸਾਰੇ ਲੈਕਚਰ ਲਾਤੀਨੀ ਵਿਚ ਸਨ। ਕਲਾਕਸੀ ਸਿਖਿਆ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਗਿਆ ਹੈ—ਪੂਰਵ ਕ੍ਰਾਂਤੀ ਦਾ ਸਮਾਂ, ਘਰੇਲੂ ਜੰਗ ਦੇ ਖ਼ਾਤਮੇ ਦਾ ਸਮਾਂ ਅਤੇ ਆਧੁਨਿਕ ਸਮਾਂ । ਕਾਲਜਾਂ ਵਿਚ ਕਲਾਸਕੀ ਵਿਦਿਆ ਹੀ ਮੁਖ ਰਹੀ ਭਾਵੇਂ ਗਣਿਤ, ਵਿਗਿਆਨ, ਭੂਗੋਲ, ਸਰੀਰਿਕ ਸਿਖਿਆ 1693 ਵਿਚ ਵਿਲੀਅਮ ਅਤੇ ਮੇਰੀ ਦੇ ਪਾਠ ਕ੍ਰਮਾਂ ਵਿਚ ਸ਼ਾਮਲ ਸਨ। ਬੈਂਜਮਿਨ ਫਰੈਂਕਲਿਨ ਦੇ ਅਧੀਨ ਪੈਨਸਿਲ-ਵਾਨੀਆ ਯੂਨੀਵਰਸਿਟੀ ਦੇ ਮੋਢੀ ਨੇ ਵਿਗਿਆਨ ਲਈ ਉਚਿਤ ਉਪਬੰਧ ਕੀਤੇ ਅਤੇ 1754 ਵਿਚ ਕੋਲੰਬੀਆਂ ਰਾਹੀਂ ਵਿਗਿਆਨ ਅਤੇ ਇਤਿਹਾਸ ਵਿਚ ਪ੍ਰਗਤੀ ਦੇ ਪ੍ਰੋਗਰਾਮ ਦੀ ਘੋਸ਼ਣਾ ਕੀਤੀ ਗਈ। ਮੱਧ ਕਾਲ ਵਿਚ ਬਹੁਤ ਸਾਰੇ ਨਵੇਂ ਸਕੂਲ ਕਾਲਜ ਖੋਲ੍ਹੇ ਗਏ ਅਤੇ ਰਾਜ ਪੱਧਰ ਤੇ ਉਚੀ ਵਿਦਿਆ ਲਈ ਵਿਦਿਅਕ ਉਪਬੰਧਾਂ ਦਾ ਵਿਸਤਾਰ ਕੀਤਾ ਗਿਆ। ਸਰਬ ਵਿਆਪੀ ਵਿਦਿਆ ਦੇ ਸਿਧਾਂਤ ਚਾਲੂ ਰਖਣ ਲਈ ਅਤੇ ਤੀਬਰ ਉਦਯੋਗਿਕ ਵਿਕਾਸ ਲਈ ਪੇਸ਼ਾਵਰ ਅਤੇ ਵਿਗਿਆਨਕ ਟ੍ਰੇਨਿੰਗ ਲਈ ਉਪਬੰਧ ਦੀ ਲੋੜ ਸੀ । ਉਚੀ ਵਿਦਿਆ ਲਈ ਜਾਂ ਤਾਂ ਅਲੱਗ ਸਕੂਲ ਕਾਲਜ ਖੋਲ੍ਹੇ ਗਏ ਸਨ ਜਾਂ ਅਜਿਹੇ ਉਪਬੰਧ ਦੀ ਲੋੜ ਸੀ । ਪਰ ਪਿਛੋਂ ਯੂਨਾਨੀ ਭਾਸ਼ਾ ਉਤੇ ਚੋਖਾ ਪ੍ਰਭਾਵ ਪਿਆ ਜੋ 1928 ਤਕ ਸੈਕੰਡਰੀ ਸਕੂਲਾਂ ਵਿਚ ਬਿਲਕੁਲ ਖ਼ਤਮ ਕਰ ਦਿੱਤੀ ਗਈ ਸੀ ਅਤੇ ਕਾਲਜ ਵਿਚ ਬਹੁਤ ਘੱਟ ਅੰਡਰ ਗ੍ਰੈਜੂਏਟਾਂ ਵਲੋਂ ਪੜ੍ਹੀ ਜਾਂਦੀ ਸੀ। ਇਹੀ ਸਥਿਤੀ ਲਾਤੀਨੀ ਭਾਸ਼ਾ ਦੀ ਸੀ। 1924 ਵਿਚ ਛਪੀ ਰਪੋਟ ਵਿਚ ਲਾਤੀਨੀ ਭਾਸ਼ਾ ਸਿਖਾਉਣ ਦੇ ਕੁਝ ਮੰਤਵ ਇਹ ਸਨ : ਲਾਤੀਨੀ ਭਾਸ਼ਾ ਪੜ੍ਹਨੀ ਤੇ ਸਮਝਣੀ, ਇਤਿਹਾਸਕ ਅਤੇ ਸਭਿਆਚਾਰਕ ਪਿਛੋਕੜ ਦਾ ਵਿਕਾਸ ਕਰਨਾ, ਵਿਦੇਸ਼ੀ ਭਾਸ਼ਾ ਨੂੰ ਸਿਖਣ ਦੀ ਯੋਗਤਾ ਵਧਾਉਣੀ ਆਦਿ ।

ਇੰਗਲੈਂਡ ਅਤੇ ਸਕਾਟਲੈਂਡ ਵਿਚ ਕਲਾਸਕੀ ਵਿਦਿਆ ਪ੍ਰਾਚੀਨ ਸਕੂਲਾਂ ਵਿਚ ਪ੍ਰਚਲਿਤ ਸੀ। ਯੂਨਾਨੀ ਭਾਸ਼ਾ ਘਟ ਵਰਤੋਂ ਵਿਚ ਸੀ। ਇਸ ਲਈ ਲਾਤੀਨੀ ਵਿਆਕਰਣ ਉਤੇ ਪਹਿਲਾਂ ਵਧੇਰੇ ਜ਼ੋਰ ਦਿੱਤਾ ਜਾਂਦਾ ਸੀ ਜੋ ਪਿੱਛੋਂ ਘਟ ਗਿਆ । 19 ਵੀਂ ਸਦੀ ਵਿਚ ਕਰੜੀ ਆਲੋ-ਚਨਾ ਦੇ ਬਾਵਜੂਦ ਕਲਾਸਕੀ ਵਿਦਿਆ ਦੀ ਚੋਖੀ ਮਹੱਤਤਾ ਸੀ, ਵਿਸ਼ੇਸ਼ ਤੌਰ ਤੇ ਪਬਲਿਕ ਸਕੂਲਾਂ ਵਿਚ । ਜਦੋਂ ਵਿਦਿਆ ਦੀ ਜ਼ਿੰਮੇਵਾਰੀ ਰਾਜ ਦੀ ਹੋ ਗਈ ਤਾਂ ਵਿਦਿਆ ਨੂੰ ਵਿਤੀ ਹਿਤਾਂ ਲਈ ਵਰਤਿਆ ਜਾਣਾ ਜ਼ਰੂਰੀ ਸਮਝਿਆ ਜਾਣ ਲਗਾ। ਬਹੁਤ ਸਾਰੀਆਂ ਸੰਸਥਾਵਾਂ ਕਲਾਸਕੀ ਵਿਦਿਆ ਨੂੰ ਕਾਇਮ ਰਖਣ ਲਈ ਚਾਹਵਾਨ ਸਨ ਜਿਹੜੀ ਕਿ ਵਿਦਿਆ ਦਾ ਮਹੱਤਵਪੂਰਨ ਅੰਗ ਬਣ ਸਕਦੀ ਹੈ। ਕਲਾਸੀਕਲ ਐਸੋਸੀਏਸ਼ਨ ਸਾਲ ਵਿਚ ਤਿੰਨ ਦਿਨ ਯੂਨੀਵਰਟੀਆਂ ਵਿਖੇ ਕਾਨਫਰੰਸਾਂ ਕਰਦੀ ਸੀ। ਇਸ ਦਾ ਪ੍ਰਚਾਰ ਅਖ਼ਬਾਰਾਂ ਅਤੇ ਰਸਾਲਿਆਂ ਰਾਹੀਂ ਵੀ ਕੀਤਾ ਗਿਆ ।

ਮਹਾਂਦੀਪੀ ਯੂਰਪ ਵਿਚ ਕਲਾਸਕੀ ਵਿਦਿਆ ਬਾਰੇ ਕੁਝ ਕਹਿਣਾ ਮੁਸ਼ਕਲ ਹੈ। ਆਮ ਤੌਰ ਤੇ ਨਿਰੋਲ ਕਲਾਸਕੀ ਕੋਰਸ 20 ਵੀਂ ਸਦੀ ਦੇ ਦੂਜੇ ਅੱਧ ਤਕ ਕਾਇਮ ਰਖੇ ਗਏ ਸਨ ਅਤੇ ਲੀਤੀਨੀ ਭਾਸ਼ਾ ਦਾ ਹੋਰ ਭਾਸ਼ਾਵਾਂ ਦੀ ਤਰ੍ਹਾਂ ਮਹੱਤਵਪੂਰਨ ਸਥਾਨ ਸੀ । ਫ਼ਰਾਂਸ ਦੇ ਵਿਦਿਅਕ ਢਾਂਚੇ ਵਿਚ ਲਾਤੀਨੀ ਦੇ ਨਾਲ ਤਿੰਨ ਹੋਰ ਕੋਰਸ—ਕਲਾਸਕੀ ਲਾਤੀਨੀ ਅਤੇ ਹੋਰ ਦੋ ਆਧੁਨਿਕ ਵਿਸ਼ੇ ; ਅਤੇ ਸਾਇੰਸ ਜਾਂ ਲਾਤੀਨੀ ਦੇ ਨਾਲ ਗਣਿਤ ਵਿਗਿਆਨ ਦਾ ਕੋਰਸ ਜ਼ਰੂਰੀ ਸਨ। ਜਰਮਨੀ ਵਿਚ ਸਕੂਲ ਕਲਾਸੀਕਲ ਜਿਮਨਾਸ਼ੀਅਮਾਂ ਕਰਕੇ ਜਾਣੇ ਜਾਂਦੇ ਹਨ ਅਤੇ ਲਾਤੀਨੀ, ਯੂਨਾਨੀ ਅਤੇ ਇਕ ਹੋਰ ਆਧੁਨਿਕ ਭਾਸ਼ਾ ਉਤੇ ਜ਼ੋਰ ਦਿੱਤਾ ਜਾਂਦਾ ਸੀ। ਨੀਦਰਲੈਂਡ ਵਿਚ ਕਲਾਸਕੀ ਵਿਦਿਆ ਚੋਖੀ ਪ੍ਰਫੁਲਿਤ ਹੋਈ । ਲਾਤੀਨੀ ਅਤੇ ਯੂਨਾਨੀ, ਇਤਿਹਾਸ ਅਤੇ ਧਰਮ ਸ਼ਾਸਤਰ ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਵਿਚ ਆਵਸ਼ਕ ਸੀ। ਨਾਰਵੇ ਅਤੇ ਸਵੀਡਨ ਵਿਚ ਇਸ ਦੀ ਮਹੱਤਤਾ ਕੁਝ ਘੱਟ ਸੀ। ਇਟਲੀ ਵਿਚ ਸਕੂਲ ਦੀ ਪੜ੍ਹਾਈ ਖ਼ਤਮ ਕਰਨ ਪਿਛੋਂ ਤਿੰਨ ਸਾਲਾਂ ਲਈ ਲਾਤੀਨੀ ਦਾ ਅਧਿਐਨ ਆਵਸ਼ਕ ਸੀ। ਇਸ ਤੋਂ ਪਿਛੋਂ ਚਾਰ ਕਿਸਮਾਂ ਦੇ ਸਕੂਲਾਂ ਵਿਚੋਂ ਕਿਸੇ ਇਕ ਵਿਚ ਪੰਜ ਸਾਲ ਲਈ ਲਾਤੀਨੀ ਦਾ ਅਧਿਐਨ ਕੀਤਾ ਜਾਂਦਾ ਸੀ।

ਲਾਤੀਨੀ-ਅਮਰੀਕੀ ਦੇਸ਼ਾਂ ਵਿਚ ਕਲਾਸਕੀ ਭਾਸ਼ਾਵਾਂ ਦੇ ਅਧਿ-ਐਨ ਵਲ ਘਟ ਧਿਆਨ ਦਿੱਤਾ ਜਾਂਦਾ ਸੀ। ਸਪੇਨੀ ਭਾਸ਼ਾ ਵਾਲੇ ਦੇਸ਼ਾਂ ਵਿਚ ਸਥਿਤੀ ਕੁਝ ਭਿੰਨ ਸੀ। ਅਰਜਨਟੀਨਾਂ ਵਿਚ ਲਾਤੀਨੀ 1836 ਵਿਚ ਆਵਸ਼ਕ ਵਿਸ਼ਾ ਸੀ ਪਰ 1901 ਤਕ ਇਕ ਸਕੂਲ ਨੂੰ ਛੱਡ ਕੇ ਬਾਕੀਆਂ ਵਿਚ ਇਹ ਖਤਮ ਕਰ ਦਿੱਤਾ ਗਿਆ। ਬ੍ਰਾਜ਼ੀਲ ਵਿਚ ਇਹ ਅਧਿਐਨ ਬਹੁਤ ਘੱਟ ਸਕੂਲਾਂ ਵਿਚ ਕੀਤਾ ਜਾਂਦਾ ਸੀ।

ਭਾਰਤ ਵਿਚ ਕਲਾਸਕੀ ਸਿਖਿਆ ਦਾ ਮੁਢਲਾ ਰੂਪ ਅਸੀਂ ਰਿਗਵੇਦ ਅਤੇ ਦੂਸਰੇ ਵੇਦਾਂ ਵਿਚ ਦੇਖਦੇ ਹਾਂ। ਇਸ ਯੁਗ ਦੀ ਵਿਦਿਆ ਦਾ ਉਦੇਸ਼ ਮੁਖ ਤੌਰ ਤੇ ਤੱਤਸਾਖਿਆਤਕਾਰ ਸੀ। ਬ੍ਰਹਮਚਾਰੀਆ, ਤਪ ਤੇ ਯੋਗ ਅਭਿਆਸ ਨਾਲ ਤੱਤਾਂ ਦਾ ਸਾਖਿਆਤਕਾਰ ਕਰਨ ਵਾਲੇ ਨੂੰ ਰਿਸ਼ੀ, ਬਿਪ੍ਰ, ਬੈਧਸ, ਕਵੀ, ਮੁਨੀ, ਮਨੀਸ਼ੀ ਆਦਿ ਨਾਲ ਸਦਿਆ ਜਾਂਦਾ ਸੀ। ਵਿਦਿਆਲੇ ਨੂੰ ਗੁਰੂਕੁਲ, ਆਚਾਰੀਆ ਕੁਲ, ਗੁਰੂ ਗ੍ਰਿਹ ਆਦਿ ਨਾਮ ਨਾਲ ਸਦਿਆ ਜਾਂਦਾ ਹੈ। ਅਧਿਆਪਕ ਨੂੰ ਆਚਾਰੀਆ ਜਾਂ ਗੁਰੂ ਤੇ ਵਿਦਿਆਰਥੀ ਨੂੰ ਬ੍ਰਹਮਚਾਰੀ, ਵਰਤਧਾਰੀ, ਅੰਤੇਵਾਸੀ ਤੇ ਆਚਾਰੀਆ ਕੁਲਵਾਸੀ ਆਦਿ ਆਖਿਆ ਜਾਂਦਾ ਸੀ । ਆਚਾਰੀਆ ਪਾਸ ਰਹਿ ਕੇ ਵਿਦਿਆਰਥੀ ਗੁਰੂ ਸੇਵਾ ਕਰਦਾ ਤੇ ਬ੍ਰਹਮਚਾਰੀ ਰਹਿ ਕੇ ਵੇਦਾਂ ਦਾ ਅਧਿਐਨ ਕਰਦਾ ਸੀ। ਵਿਦਿਆਰਥੀ ਗੁਰੂ ਮਗਰ ਵੇਦ ਮੰਤਰ ਉਚਾਰਦੇ ਸਨ ਤੇ ਉਨ੍ਹਾਂ ਮੰਤਰਾਂ ਨੂੰ ਯਾਦ ਕਰਦੇ ਸਨ। ਇਨ੍ਹਾਂ ਨੂੰ ਅਰਥ ਬੋਧ ਵੀ ਕਰਵਾਇਆ ਜਾਂਦਾ ਸੀ। ਹਰ ਵਿਦਿਆਰਥੀ ਲਈ ਬ੍ਰਹਮਚਾਰੀ ਧਰਮ ਪਾਲਣ ਕਰਨਾ ਲਾਜ਼ਮੀ ਸੀ। ਵਿਦਿਆਰਥਣਾਂ ਲਈ ਵੀ ਇਹ ਜ਼ਰੂਰੀ ਸੀ। ਯੱਗਾਂ ਦੀਆਂ ਵਿਧੀਆਂ ਬਾਰੇ ਦੱਸਿਆ ਜਾਂਦਾ ਸੀ। ਵੇਦ, ਸਿਖਿਆ, ਕਲਪ, ਵਿਆਕਰਣ, ਛੰਦ, ਜੋਤਿਸ਼ ਤੇ ਨਿਰੁਕਤ ਪੜ੍ਹਾਏ ਜਾਂਦੇ ਸਨ। ਪੰਜ ਸਾਲ ਦੇ ਬੱਚੇ ਨੂੰ ਪੜ੍ਹਨੇ ਪਾਇਆ ਜਾਂਦਾ ਸੀ। ਬ੍ਰਹਮਚਾਰੀ ਧਰਮ ਪਾਲਣ ਕਰਨ ਵਾਲੇ 12 ਸਾਲ ਤੱਕ ਗੁਰੂ-ਕੁਲ ਵਿਚ ਰਹਿ ਕੇ ਵੇਦਾਂ ਦਾ ਅਧਿਐਨ ਕਰਦੇ ਸਨ। ਪੜ੍ਹਾਈ ਖ਼ਤਮ ਕਰਨ ਤੇ ਵਿਦਿਆਰਥੀ ਗੁਰੂ ਦੀਖਿਆ ਦਿੰਦੇ ਸਨ ।

ਭਾਰਤੀ ਸਿਖਿਆ ਵਿਚ ਆਚਾਰੀਆ ਦਾ ਸਥਾਨ ਬੜਾ ਹੀ ਗੌਰਵ ਵਾਲਾ ਸੀ। ਉਨ੍ਹਾਂ ਦਾ ਬੜਾ ਸਤਿਕਾਰ ਤੇ ਆਦਰ ਮਾਨ ਹੁੰਦਾ ਸੀ। ਇਹ ਆਚਾਰੀਆ ਉਚੇ ਅਚਾਰ ਵਾਲੇ ਤੇ ਕਲਿਆਣ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਉਹ ਵਿਦਿਆਰਥੀ ਦੀ ਹਰ ਪ੍ਰਕਾਰ ਦੇਖਭਾਲ ਕਰਦੇ ਸਨ। ਵਿਦਿਆਰਥੀ ਆਪਣੇ ਆਚਾਰੀਆ ਦੀ ਬਹੁਤ ਇਜ਼ਤ ਕਰਦੇ ਸਨ ਤੇ ਸਵੇਰ ਸਾਰ ਆਪਣਾ ਨਿਤ ਕਾਰਜ ਆਰੰਭ ਕਰਨ ਤੋਂ ਪਹਿਲਾਂ ਗੁਰੂ ਦੇ ਚਰਨਾਂ ਨੂੰ ਛੂਹਣ ਲਈ ਉਨ੍ਹਾਂ ਦੇ ਦੁਆਰ ਤੇ ਰੋਜ਼ ਜਾਂਦੇ ਸਨ । ਵਿਦਿਆਰਥੀ ਲਈ ਭਿਖਿਆ ਮੰਗ ਕੇ ਲਿਆਉਣਾ ਲਾਜ਼ਮੀ ਸੀ। ਮੰਗ ਕੇ ਲਿਆਂਦਾ ਗਿਆ ਅੰਨ ਗੁਰੂ ਦੇ ਅਰਪਣ ਕਰ ਦਿੱਤਾ ਜਾਂਦਾ ਸੀ।

ਕਾਸ਼ੀ, ਤਕਸ਼ਿਲਾ, ਨਾਲੰਦਾ, ਵਿਕ੍ਰਮਸ਼ਿਲਾ, ਵਲਭੀ, ਉਦੰਤਪੁਰੀ, ਜਗਦੱਲ, ਨਦਿਆ, ਮਿਥਿਲਾ, ਪ੍ਰਯਾਗ, ਅਯੋਧਿਆ ਆਦਿ ਸਿਖਿਆ ਦੇ ਕੇਂਦਰ ਸਨ। ਦੱਖਣੀ ਭਾਰਤ ਦੇ ਐਨਾਕਿਅਮ, ਸਲੌਤਗੀ ਤਿਰੁਮੁ-ਕੱਦਲ, ਮਲਕਪੁਰਮ, ਤਿਰੂਵੋਕਿਊਰ ਵਿਚ ਪ੍ਰਸਿਧ ਵਿਦਿਆਲੇ ਸਨ। ਪ੍ਰਾਚੀਨ ਸਿਖਿਆ ਵਿਅਕਤੀਗਤ ਸੀ ।

ਬੋਧੀਆਂ ਤੇ ਜੈਨੀਆਂ ਦੀ ਸਿਖਿਆ ਵਿਧੀ ਵੀ ਇਸ ਪ੍ਰਕਾਰ ਦੀ ਹੀ ਸੀ।

ਭਾਰਤ ਵਿਚ ਮੁਸਲਮਾਨਾਂ ਦੇ ਰਾਜ ਦੀ ਸਥਾਪਤੀ ਕਾਰਨ ਇਸਲਾਮੀ ਸਿਖਿਆ ਦਾ ਪ੍ਰਸਾਰ ਆਰੰਭ ਹੋ ਗਿਆ। ਫ਼ਾਰਸੀ ਜਾਣਨ ਵਾਲਿਆਂ ਨੂੰ ਸਰਕਾਰੀ ਕੰਮਾਂ ਲਈ ਯੋਗ ਸਮਝਿਆ ਜਾਣ ਲਗਾ। ਹਿੰਦੂ

ਅਰਬੀ ਫ਼ਾਰਸੀ ਪੜ੍ਹਨ ਲਗੇ। ਇਸਲਾਮ ਦੇ ਪ੍ਰਚਾਰ ਲਈ ਮਸਜ਼ਦਾਂ ਬਣਾਈਆਂ ਗਈਆਂ ਤੇ ਨਾਲ ਹੀ ਮਕਤਬ, ਮਦਰਸੇ ਤੇ ਲਾਇਬ੍ਰੇਰੀਆਂ ਦੀ ਸਥਾਪਨਾ ਹੋਣ ਲਗੀ। ਮਕਤਬ ਵਿਚ ਮੁਢਲੀ ਤੇ ਮਦਰੱਸਿਆਂ ਵਿਚ ਉਚੇਰੀ ਵਿਦਿਆ ਦਿੱਤੀ ਜਾਂਦੀ ਸੀ। ਇਨ੍ਹਾਂ ਵਿਚ ਆਮ੍ਹਨ ਇਸਲਾਮੀ ਧਾਰਮਿਕ ਸਿਖਿਆ ਦਿੱਤੀ ਜਾਂਦੀ ਸੀ। ਇਸ ਤੋਂ ਇਲਾਵਾ ਪੜ੍ਹਨਾ, ਲਿਖਣਾ, ਹਿਸਾਬ, ਅਰਜ਼ੀ-ਨਵੀਸੀ ਅਤੇ ਚਿਠੀ ਪੱਤਰ ਲਿਖਣਾ ਵੀ ਸਿਖਦੇ ਸਨ। ਪੜ੍ਹਨ ਵਾਲਿਆਂ ਵਿਚ ਮੁਸਲਮਾਨਾਂ ਦੇ ਬੱਚਿਆਂ ਤੋਂ ਇਲਾਵਾ ਹਿੰਦੂਆਂ ਦੇ ਬੱਚੇ ਵੀ ਹੁੰਦੇ ਸਨ।

ਰਾਜਕੁਮਾਰਾਂ ਲਈ ਮਹਿਲਾਂ ਵਿਚ ਹੀ ਸਿਖਿਆ ਦਾ ਪ੍ਰਬੰਧ ਕੀਤਾ ਜਾਂਦਾ ਸੀ। ਰਾਜ ਪ੍ਰਬੰਧ, ਸੈਨਿਕ ਸੰਗਠਨ, ਯੁੱਧ-ਵਿਦਿਆ, ਸਾਹਿਤ, ਇਤਿਹਾਸ, ਵਿਆਕਰਣ, ਕਾਨੂੰਨ ਆਦਿ ਦਾ ਗਿਆਨ ਘਰ ਰੱਖੇ ਅਧਿਆਪਕ ਤੋਂ ਪ੍ਰਾਪਤ ਕੀਤਾ ਜਾਂਦਾ ਸੀ। ਰਾਜਕੁਮਾਰੀਆਂ ਵੀ ਪੜ੍ਹਾਈ ਕਰਦੀਆਂ ਸਨ। ਕੋਈ ਇਮਤਿਹਾਨ ਨਹੀਂ ਸੀਂ ਹੁੰਦਾ। ਦਿੱਲੀ, ਆਗਰਾ, ਬੀਦਰ, ਜੌਨਪੁਰ, ਮਾਲਵਾ ਮੁਸਲਿਮ ਸਿਖਿਆ ਦੇ ਗੜ੍ਹ ਸਨ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਮਗਰੋਂ ਸਿੱਖ ਧਰਮ ਦਾ ਪ੍ਰਚਾਰ ਸਾਰੇ ਪੰਜਾਬ ਵਿਚ ਤੇ ਬਾਹਰ ਵੀ ਹੋ ਗਿਆ। ਗੁਰਦਵਾਰਿਆਂ ਦੀ ਸਥਾਪਨਾ ਕੀਤੀ ਗਈ ਤੇ ਗ੍ਰੰਥੀਆਂ ਨੂੰ ਧਰਮ-ਕਰਮ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਗੁਰਮੁਖੀ ਅੱਖਰ ਤੇ ਵਿਦਿਆ ਪੜ੍ਹਣ ਦਾ ਕਾਰਜ ਵੀ ਕਰਨਾ ਪੈਂਦਾ ਸੀ। ਇਨ੍ਹਾਂ ਗੁਰਦਵਾਰਿਆ ਵਿਚ ਹਰ ਪ੍ਰਕਾਰ ਦੀ ਪੜ੍ਹਾਈ ਕਰਵਾਈ ਜਾਂਦੀ ਸੀ। ਸਿੱਖਾਂ ਤੋਂ ਇਲਾਵਾ ਹਿੰਦੂ ਵਿਦਿਆਰਥੀ ਵੀ ਪੜ੍ਹਦੇ ਸਨ।

ਹ. ਪੁ.—ਹਿੰ. ਵਿ. ਕੋ. 11 : 268 ; ਨਿ. ਯੁ. ਐਨ. 4 : 2135; ਐਨ. ਬ੍ਰਿ. 5 : 875.

**ਕਲਾਸਵਾਲੀਆ, ਕਰਤਾਰ ਸਿੰਘ** : ਇਸ ਦਾ ਜਨਮ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਕਲਾਸਵਾਲਾ ਵਿਖੇ 1882 ਵਿਚ ਹੋਇਆ।


ਕਰਤਾਰ ਸਿੰਘ ਕਲਾਸਵਾਲੀਆ

ਇਸਦਾ ਪਿਤਾ ਸ੍ਰ. ਜਗਤ ਸਿੰਘ ਫ਼ੌਜੀ ਪੈਨਸ਼ਨਰ ਸੀ ਜਿਸਦਾ ਦੇਹਾਂਤ 1892 ਵਿਚ ਹੀ ਹੋ ਗਿਆ ਅਤੇ ਭਾਈ ਦਸੌਂਧਾ ਸਿੰਘ ਇਸ ਦਾ ਸਰਪ੍ਰਸਤ ਬਣਿਆ। ਗੁਰਮਤਿ ਦੀ ਪੜ੍ਹਾਈ ਇਸ ਨੇ ਘਰ ਵਿਚ ਹੀ ਕੀਤੀ। ਇਸ ਨੇ ਪਹਿਲਾਂ ਪਹਿਲ ਲਾਹੌਰ ਦੀ ਮੁਫ਼ੀਦ-ਇ-ਆਮ ਪ੍ਰੈਸ ਵਿਚ ਆਦਿ ਗ੍ਰੰਥ ਅਤੇ ਹੋਰ ਪੰਜਾਬੀ ਪੁਸਤਕਾਂ ਦੀ ਪਰੂਫ਼ ਰੀਡਿੰਗ ਕੀਤੀ ਅਤੇ ਕੁਝ ਚਿਰ ਪਸਰੂਰ ਦੇ ਹਾਈ ਸਕੂਲ ਵਿਚ ਪੰਜਾਬੀ ਪੜ੍ਹਾਈ ਕੀਤੀ। ਇਸ ਪਿਛੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਧਰਮ ਦਾ ਅਧਿਆਪਕ ਨਿਯੁਕਤ ਹੋਇਆ। ਫਿਰ ਫ਼ੌਜ ਵਿਚ ਭਰਤੀ ਹੋ ਕੇ 47 ਸਿੱਖ ਰਜਮੈਂਟ ਵਿਚ ਗ੍ਰੰਥੀ ਲਗ ਗਿਆ। ਜਦੋਂ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਫ਼ੌਜ ਦੀ ਨੌਕਰੀ ਛਡਕੇ ਅੰਮ੍ਰਿਤਸਰ ਆ ਗਿਆ ਅਤੇ 1936 ਤਕ ਦਰਬਾਰ ਸਾਹਿਬ ਵਿਚ ਹੈਡ ਗ੍ਰੰਥੀ ਦੀ ਸੇਵਾ ਨਿਭਾਈ।

ਇਸ ਨੂੰ ਸਿੱਖ ਇਤਿਹਾਸ ਨਾਲ ਬਹੁਤ ਲਗਨ ਸੀ ਜਿਸ ਕਰਕੇ ਇਸ ਨੇ ਆਪਣੀ ਸਾਰੀ ਉਮਰ ਸਿੱਖ ਇਤਿਹਾਸ ਨੂੰ ਕਵਿਤਾਉਣ ਅਤੇ ਸੂਰਜ ਪ੍ਰਕਾਸ਼ ਦੀ ਕਥਾ ਕਰਨ ਵਿਚ ਗੁਜ਼ਾਰੀ। ਇਸ ਨੇ ਸਮੁੱਚੇ ਸਿੱਖ ਇਤਿਹਾਸ ਨੂੰ ਛੰਦਬੱਧ ਕਰਨ ਦੀ ਵਿਉਂਤ ਬਣਾਈ ਸੀ ਤੇ ਇਸ ਆਸ਼ੇ ਵਿਚ ਇਹ ਤੋਖੀ ਹੱਦ ਤਕ ਸਫ਼ਲ ਵੀ ਹੋਇਆ। ਇਸ ਦੀਆਂ ਰਚੀਆਂ ਪੁਸਤਕਾਂ ਨਿਮਨ ਅਨੁਸਾਰ ਹਨ :—

ਉਜਿਆਰੀ ਜੋਤ, ਅਜੀਤ ਖਾਲਸਾ, ਸਿਦਕ ਖਾਲਸਾ, ਸੁਧਾਰ ਖਾਲਸਾ, ਦਸਮੇਸ਼ ਖਾਲਸਾ, ਦਰਬਾਰ ਖਾਲਸਾ, ਰਾਜ ਖਾਲਸਾ, ਤੇਗ ਖ਼ਾਲਸਾ, ਬੰਦਾ ਬਹਾਦਰ, ਮਹਾਰਾਜਾ ਦਲੀਪ ਸਿੰਘ, ਬੀਰ ਸਪੁਤਰ, ਦਾਤਾਰੀ ਜੋਤ, ਦਿਦਾਰੀ ਜੋਤ, ਦਲੇਰ ਖਾਲਸਾ, ਗਿਆਨ ਪ੍ਰਕਾਸ਼, ਦਸ਼ਮੇਸ਼ ਦੁਲਾਰੇ, ਵਾਰਾਂ ਧਰਮ ਸ਼ਹੀਦਾਂ, ਬਾਬੇ ਦੀ ਬੇਰ, ਉਪਕਾਰੀ ਜੋਤ, ਬੀਰ ਖਾਲਸਾ, ਨਿਰੰਕਾਰੀ ਜੋਤ, ਹਿਤਕਾਰੀ ਜੋਤ, ਦੁਸ਼ਟ ਦਮਨ ਪ੍ਰਕਾਸ਼, ਸ੍ਰੀ ਅਰਜਨ ਪ੍ਰਕਾਸ਼, ਨਿਰੰਕਾਰੀ ਜੋਤ, ਅਕਾਲੀ ਜੋਤ, ਦਲ ਭੰਜਨੀ ਜੋਤ, ਪ੍ਰਹਿਲਾਦ ਭਗਤ, ਖੂਨ-ਇ-ਸ਼ਹੀਦਾਂ, ਨਿਰਭੈ ਯੋਧਾ, ਜੌਹਰ ਖਾਲਸਾ, ਪ੍ਰਕਾਸ਼ ਖਾਲਸਾ, ਸਰਕਾਰ ਖਾਲਸਾ, ਬੇਤਾਜ ਖਾਲਸਾ, ਸ੍ਰੀ ਕਲਗੀਧਰ ਦਰਸ਼ਨ, ਭਾਈ ਕਲਿਆਣਾ, ਖੂਨੀਆਂ ਹੋਲੀਆਂ, ਸਿੰਘਣੀਆਂ ਦੇ ਸਿਦਕ, ਉਜਿਆਰੀ ਜੋਤ ਆਦਿ ਨਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਕਈ ਰਚਨਾਵਾਂ ਉਤੇ ਕਿੱਸਿਆਂ ਦਾ ਪ੍ਰਭਾਵ ਵੀ ਹੈ। ਇਹ ਸਾਰੀਆਂ ਪੁਸਤਕਾਂ 1920 ਤੋਂ 1950 ਤਕ ਅਤਿਅੰਤ ਲੋਕ-ਪ੍ਰਿਅ ਰਹੀਆਂ। ਢਾਡੀ ਸਿੰਘ, ਕੀਰਤਨ ਕਰਨ ਵਾਲੇ, ਰਾਗੀ ਅਤੇ ਕਥਾਕਾਰ ਇਨ੍ਹਾਂ ਪੁਸਤਕਾਂ ਦੀ ਸਹਾਇਤਾ ਨਿਰਸੰਕੋਚ ਲੈਂਦੇ ਰਹਿੰਦੇ ਸਨ। ਅੱਜ ਕੱਲ੍ਹ ਇਨ੍ਹਾਂ ਪੁਸਤਕਾਂ ਦੀ ਸਾਹਿਤਕ ਕੀਮਤ ਭਾਵੇਂ ਕਾਫ਼ੀ ਘਟ ਗਈ ਹੈ ਪਰੰਤੂ ਸਿੱਖ ਘਰਾਣਿਆਂ ਵਿਚ ਇਹ ਪੁਸਤਕਾਂ ਆਮ ਹਨ। ਧਰਮ ਕੇਂਦਰਾਂ ਵਿਚ ਇਹ ਪੁਸਤਕਾਂ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋ ਹੀ ਜਾਂਦੀਆਂ ਹਨ।

ਇਸ ਦੀਆਂ ਤਿੰਨ ਦਰਜਨ ਦੇ ਲਗਭਗ ਪੁਸਤਕਾਂ ਦਾ ਅਧਿਐਨ ਇਸ ਸਿੱਟੇ ਤੇ ਪਹੁੰਚਾਉਂਦਾ ਹੈ ਕਿ ਇਹ ਪਰੰਪਰਾਵਾਦੀ ਨਹੀਂ ਸੀ। ਇਸ ਨੇ ਹਿੰਦੂ ਅਤੇ ਮੁਸਲਿਮ ਦੋਹਾਂ ਪ੍ਰਣਾਲੀਆਂ ਦੀਆਂ ਪ੍ਰੀਤ ਕਹਾਣੀਆਂ ਦਾ ਤਿਆਗ ਕੀਤਾ ਅਤੇ ਪਾਠਕਾਂ ਅਤੇ ਸਰੋਤਿਆਂ ਨੂੰ ਸਿੱਖ ਇਤਿਹਾਸ ਦੀਆਂ ਸੁਨਹਿਰੀ ਰਵਾਇਤਾਂ ਤੋਂ ਜਾਣੂ ਕਰਾਉਣ ਦਾ ਜੋ ਉਦੱਮ ਕੀਤਾ ਉਸ ਦੀ ਜਿਤਨੀ ਵੀ ਪ੍ਰਸ਼ੰਸਾ ਕੀਤੀ ਜਾਵੇ ਥੋੜੀ ਹੈ। ਉਸ ਸਮੇਂ ਸਿੱਖ ਇਤਿਹਾਸ ਨੂੰ ਉਚਿਆਉਣ ਦੀ ਪ੍ਰਵਿਰਤੀ ਆਮ ਸੀ ਅਤੇ ਇਸ ਪ੍ਰਵਿਰਤੀ ਦੇ ਭਾਈ ਵੀਰ ਸਿੰਘ ਆਗੂ ਸਨ।

ਇਸ ਦੀ ਬੋਲੀ ਠੇਠ ਪੰਜਾਬੀ ਹੈ। ਭਾਵੇਂ ਛੰਦਾਂ ਵਿਚ ਵੰਨ ਸੁਵੰਨਤਾ ਦੀ ਭਰਮਾਰ ਹੈ, ਪਰ ਬੈਂਤ ਦੀ ਪ੍ਰਧਾਨਤਾ ਵਧੇਰੇ ਹੈ। ਕੁਝ ਰਚਨਾਵਾਂ ਵਿਚ ਅੰਗਰੇਜ਼ੀ ਰਾਜ ਦੀ ਪ੍ਰਸ਼ੰਸਾ ਵੀ ਮਿਲਦੀ ਹੈ ਜੋ ਇਸਦੇ ਮਾਨਸਿਕ ਦਵੰਦ ਦੀ ਸੂਚਕ ਹੈ।

ਇਸ ਦਾ ਦੇਹਾਂਤ 1952 ਵਿਚ ਹੋਇਆ।

ਹ. ਪੁ.—ਪੰ. ਲਿ. ਕੋ. 93.

**ਕਲਾਸਿਕ** : ਇਹ ਸ਼ਬਦ ਮੂਲ ਰੂਪ ਵਿਚ ਪ੍ਰਾਚੀਨ ਯੂਨਾਨ ਅਤੇ ਰੋਮ ਦੇ ਲੇਖਕਾਂ ਅਤੇ ਉਨ੍ਹਾਂ ਦੀਆਂ ਲਿਖਤਾਂ ਲਈ ਵਰਤਿਆ ਜਾਂਦਾ ਸੀ ਪਰੰਤੂ ਹੁਣ ਕਿਸੇ ਵੀ ਦੇਸ਼ ਅਤੇ ਯੁਗ ਦੇ ਪੁਰਾਤਨ, ਪ੍ਰਸਿਧੀ ਪ੍ਰਾਪਤ ਕਰਨ ਵਾਲੇ ਪਰਵਾਨਤ ਜਾਂ ਪ੍ਰਤਿਸ਼ਠਿਤ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਲਈ ਵਰਤਿਆ ਜਾਂਦਾ ਹੈ। ਵਰਤਮਾਨ ਅਰਥਾਂ ਵਿਚ ਇਸ ਸ਼ਬਦ ਦੀ ਸਭ ਤੋਂ ਪਹਿਲੀ ਵਾਰ ਵਰਤੋਂ ਦੂਜਰੀ ਈਸਵੀ ਸਦੀ ਵਿਚ ਰੋਮਨ ਲੇਖਕ ਔਲਸ ਜੈਲਿਅਸ ਨੇ ਆਪਣੀ ਪੁਸਤਕ ਵਿਚ ਕੀਤੀ। ਉਸ ਅਨੁਸਾਰ ਲੇਖਕ 'ਕਲਾਸਕੀ' ਅਤੇ 'ਪ੍ਰੋਲੇਤਾਰੀ' ਦੋ ਕਿਸਮ ਦੇ ਹੁੰਦੇ ਹਨ। ਕਲਾਸਕੀ ਲੇਖਕ ਦੀ ਰਚਨਾ ਉਚ ਕੋਟੀ ਦੀ ਜਾਂ ਮਾਣ ਸਥਾਪਤ ਕਰਨ ਵਾਲੀ ਹੁੰਦੀ ਹੈ ਅਤੇ ਪ੍ਰੋਲੇਤਾਰੀ ਦੀ ਰਚਨਾ ਜਨ-ਸਮੂਹ ਦੀ ਸ਼ੈਲੀ ਵਿਚ ਹੋਣ ਕਰਕੇ ਨਿਮਨ ਪੱਧਰ ਜਾਂ ਕਾਲ -ਸਾਖੇਪ ਹੁੰਦੀ ਹੈ।

ਕਲਾਸਿਕ ਸ਼ਬਦ ਦੀ ਅਰਥ ਸੀਮਾ ਨੂੰ ਵਿਸਤ੍ਰਿਤ ਕਰਕੇ ਹੁਣ ਜੀਵਨ ਦੇ ਕਿਸੇ ਖੇਤਰ ਵਿਚ ਵੀ ਸਥਾਈ ਵਡਿਆਈ ਸਥਾਪਿਤ ਕਰਨ ਵਾਲੇ ਵਿਅਕਤੀ, ਉਸ ਦੀ ਨਿਪੁੰਨਤਾ, ਸ਼ੈਲੀ ਜਾਂ ਪ੍ਰਾਪਤੀ, ਅਨੰਤ ਜਾਂ ਪ੍ਰਸਿੱਧ ਖੇਲ ਮੁਕਾਬਲਿਆਂ ਆਦਿ ਨੂੰ ਵੀ ਕਲਾਸਿਕ ਕਿਹਾ ਜਾਂਦਾ ਹੈ।

ਇੰਜ ਵੱਖ ਵੱਖ ਵਿਸ਼ਿਆਂ ਦੇ ਸਬੰਧ ਵਿਚ ਕਲਾਸਿਕ ਸ਼ਬਦ ਦੇ ਵੱਖ ਵੱਖ ਅਰਥ ਹਨ ।

ਬੈਬਿਟ ਅਨੁਸਾਰ ਉਹ ਹਰ ਰਚਨਾ ਕਲਾਸੀਕਲ ਹੁੰਦੀ ਹੈ ਜਿਹੜੀ ਕਿਸੇ ਵਿਸ਼ੇਸ਼ ਸ਼੍ਰੇਣੀ ਜਾਂ ਵਿਚਾਰ ਦੀ ਪ੍ਰਤੀਨਿਧਤਾ ਕਰਦੀ ਹੋਵੇ, ਜੋ ਪਰਾਸਰੀਰਕ ਵੀ ਹੋ ਸਕਦੀ ਹੈ ਤੇ ਪਰਾਸ਼ਕਤੀਵਾਦੀ ਵੀ ਪਰ ਸ਼ਰਤ ਇਹ ਹੈ ਕਿ ਇਹ ਰਚਨਾ ਸਰਬ ਸ੍ਰੇਸ਼ਟ, ਅਦੁਤੀ ਤੇ ਗੰਭੀਰ ਹੋਵੇ । ਅਰਸਤੂ ਅਨੁਸਾਰ ਕਲਾ ਕਿਰਤਾਂ ਦੇ ਵੱਖ ਵੱਖ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿਚ ਇਕ ਸਾਂਝੀ ਇਕਾਈ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਸਾਰਿਆਂ ਦੀ ਮਹਾਨਤਾ ਦੀ ਵੀ ਇਕ ਹੀ ਸਚਾਈ ਹੈ, ਉਹ ਹੈ ਅਨੇਕਤਾ ਵਿਚ ਏਕਤਾ ਅਤੇ ਏਕਤਾ ਹੋਣ ਕਾਰਨ ਉਨ੍ਹਾਂ ਦੇ ਉਦੇਸ਼ ਇਕੋ ਜਿਹੇ ਹਨ । ਉਦੇਸ਼ ਦੀ ਏਕਤਾ ਹੀ ਇਨ੍ਹਾਂ ਦੀ ਏਕਤਾ ਕਾਇਮ ਰਖਦੀ ਹੈ। ਬਾਹਰਲੇ ਰੂਪ ਵਿਚੋਂ ਆਲੋਚਕ ਇਸ ਅੰਦਰਲੀ ਏਕਤਾ ਦੀ ਭਾਲ ਕਰਦਾ ਹੈ । ਇਹ ਹੀ ਕਲਾਸੀਕਲ ਦ੍ਰਿਸ਼ਟੀਕੋਣ ਹੈ ।

ਵਰਜਿਲ (ਲਾਤੀਨੀ), ਹੋਮਰ (ਯੂਨਾਨੀ) ਤੇ ਥੀਉਕ੍ਰਿਸਟ ਮੁਢਲੇ ਕਲਾਸੀਕਲ ਸਾਹਿਤਕਾਰ ਮੰਨੇ ਗਏ ਹਨ । ਇਨ੍ਹਾਂ ਮਗਰੋਂ ਹੋਰਸ ਕਵਿਤਾ ਵਿਚ, ਸਿਸਰੋ ਦਰਸ਼ਨ ਭਾਸ਼ਣ ਕਲਾ ਵਿਚ, ਟੈਸੀਟਸ ਇਤਿਹਾਸ ਵਿਚ, ਪਲੌਟੱਸ ਟੈਰਿਸ ਨਾਟਕਾਂ ਵਿਚ ਕਲਾਸੀਕਲ ਲੇਖਕ ਮੰਨੇ ਜਾਂਦੇ ਹਨ । ਸਤਾਰ੍ਹਵੀਂ ਸਦੀ ਵਿਚ ਬੇਕਨ, ਮਿਲਟਨ ਤੇ ਜਾਨਸਨ ਕਲਾਸੀਕਲ ਸਾਹਿਤਕਾਰ ਹਨ । ਫ਼ਰਾਂਸ ਤੇ ਇੰਗਲੈਂਡ ਵਿਚ ਅਠਾਰ੍ਹਵੀਂ ਸਦੀ ਨੂੰ ਜਾਗ੍ਰਿਤੀ ਤੇ ਗਿਆਨ ਦੀ ਸਦੀ ਆਖਿਆ ਜਾਂਦਾ ਹੈ ਜਿਸ ਵਿਚ ਡਰਾਈਡਨ ਤੇ ਪੋਪ ਆਦਿ ਨੇ ਆਪਣੀਆਂ ਰਚਨਾਵਾਂ ਵਿਚ ਪੁਰਾਤਨ ਕਲਾਸੀਕਲ ਧਾਰਨਾਵਾਂ ਹੀ ਅਪਣਾਈਆਂ ।

ਹਿਊਮ ਨੇ ਕਲਾਸੀਕਲ ਸਾਹਿਤ ਦੀ ਪਰਖ ਲਈ ਬਹੁਤ ਵਧੀਆ ਮਾਪਦੰਡ ਦਿੱਤਾ ਹੈ, ਜਿਸ ਅਨੁਸਾਰ ਜਿਹੜਾ ਸਾਹਿਤ ਕਾਲ ਦੀ ਕਸੌਟੀ ਤੇ ਪੂਰਾ ਉਤਰਦਾ ਹੈ, ਉਹੀ ਉਚ ਸ੍ਰੇਸ਼ਟ ਜਾਂ ਕਲਾਸੀਕਲ ਸਾਹਿਤ ਹੈ ਜਿਵੇਂ ਹੋਮਰ ਦੋ ਹਜ਼ਾਰ ਸਾਲ ਪਹਿਲਾਂ ਐਥਨਜ ਵਿਚ ਬੜੀ ਦਿਲਚਸਪੀ ਨਾਲ ਪੜ੍ਹਿਆ ਜਾਂਦਾ ਸੀ ਤੇ ਹੁਣ ਵੀ ਉਨੀ ਦਿਲਚਸਪੀ ਨਾਲ ਸਾਰੇ ਸੰਸਾਰ ਵਿਚ ਪੜ੍ਹਿਆ ਜਾਂਦਾ ਹੈ ।

ਇਸ ਪ੍ਰਕਾਰ ਕਲਾਸੀਕਲ ਸਾਹਿਤ ਜੀਵਨ ਦੇ ਉਨ੍ਹਾਂ ਤੱਤਾਂ ਦੀ ਅਭਿਵਿਅਕਤੀ ਹੈ ਜਿਨ੍ਹਾਂ ਦੀ ਉਪਯੋਗਤਾ ਤੇ ਸਾਰਥਿਕਤਾ ਹਰ ਯੁਗ ਵਿਚ ਅਤੇ ਨਿਰੰਤਰ ਇਕੋ ਜਿਹੀ ਰਹਿੰਦੀ ਹੈ ਤੇ ਉਨ੍ਹਾ ਦੀ ਮਹਾਨਤਾ ਵੀ ਕਦੇ ਘਟਦੀ ਨਹੀਂ ।

ਜਿਥੋਂ ਤਕ ਕਲਾਸਿਕ ਸ਼ਬਦ ਦੇ ਸਾਹਿਤਕ ਪ੍ਰਯੋਗ ਦਾ ਸਬੰਧ ਹੈ, ਪੱਛਮ ਦੀ ਦੇਣ ਹੁੰਦੇ ਹੋਏ ਵੀ ਹੁਣ ਇਸ ਦੀ ਵਰਤੋਂ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਅਤੇ ਸਾਹਿਤਾਂ ਵਿਚ ਹੁੰਦੀ ਹੈ । ਕਿਸੇ ਵੀ ਪ੍ਰਾਚੀਨ ਭਾਸ਼ਾ ਜਾਂ ਸਾਹਿਤ ਨੂੰ ਉਸ ਦੇ ਪ੍ਰਭਾਵਤ ਜਾਂ ਵਿਕਸਤ ਕਿਸੇ ਆਧੁਨਿਕ ਭਾਸ਼ਾ ਜਾਂ ਸਾਹਿਤ ਦੇ ਸੰਦਰਭ ਵਿਚ 'ਕਲਾਸਿਕ' ਕਿਹਾ ਜਾਂਦਾ ਹੈ । ਇਸ ਤਰ੍ਹਾਂ ਸੰਸਕ੍ਰਿਤ ਨੂੰ ਵਧੇਰੇ ਭਾਰਤੀ ਭਾਸ਼ਾਵਾਂ ਜਾਂ ਸਾਹਿਤਾਂ ਦੇ ਸੰਦਰਭ ਵਿਚ ਜਾਂ ਚੀਨੀ ਭਾਸ਼ਾ ਨੂੰ ਅਤੇ ਉਸ ਸਾਹਿਤ ਨੂੰ ਆਧੁਨਿਕ ਚੀਨੀ ਭਾਸ਼ਾ ਅਤੇ ਸਾਹਿਤ ਦੇ ਸੰਦਰਭ ਵਿਚ 'ਕਲਾਸਿਕ' ਕਿਹਾ ਜਾਂਦਾ ਹੈ ।

ਯੂਨਾਨੀ ਸਾਹਿਤ ਵਿਚ ਹੋਮਰ (900 ਈ. ਪੂ.) ਤੋਂ ਲੈ ਕੇ ਸਮਰਾਟ ਸਕੰਦਰ ਦੀ ਮੌਤ 323 ਈ. ਪੂ. ਤਕ ਦੇ ਸਾਹਿਤ ਨੂੰ ਕਲਾਸੀਕਲ ਮੰਨਿਆ ਜਾਂਦਾ ਹੈ, ਇਸ ਤੋਂ ਪਿਛੋਂ ਹੈਲਨਿਕ ਅਤੇ ਗ੍ਰੇਕੋ ਰੋਮਨ ਸਾਹਿਤ ਕਾਲ ਆਉਂਦੇ ਹਨ । ਕਲਾਸਿਕ ਕਾਲ ਨੂੰ ਵਧੇਰੇ ਕਰਕੇ ਬੀਰ ਰਸ ਕਾਲ ਕਿਹਾ ਜਾ ਸਕਦਾ ਹੈ । ਇਸ਼ ਵਿਚ ਮਹਾਂਕਾਵਿ, ਨਾਟਕ ਅਤੇ ਗਦ ਸਾਰਿਆਂ ਦੀ ਨਵੀਨ ਪ੍ਰੰਤੂ ਉਤਮ ਰਚਨਾ ਹੋਈ ।

**ਪੁਨਰ ਜਾਗ੍ਰਿਤੀ (ਰਿਨੈਸੈਂਸ) (1450 ਤੋਂ 1550)—** ਇਹ ਕਾਲ ਯੂਰਪੀ ਸਾਹਿਤ ਵਿਚ ਨਵੀਂ ਜਾਗ੍ਰਿਤੀ ਅਤੇ ਨਵ ਚੇਤਨਾ ਦਾ ਯੁਗ ਸੀ । ਇਸ ਦੀ ਅਗਵਾਈ ਕਰਨ ਵਾਲੇ ਪੰਦਰਵੀਂ ਸਦੀ ਦੇ ਪਹਿਲੇ ਅੱਧ ਵਿਚਲੇ ਦਾਂਤੇ, ਪੇਤ੍ਰਾਰਕ (1304-74), ਬੋਕੇਚੋ (1313-75), ਕੋਜ਼ੀਮੋ ਮੇਦਿਚੀ (1389-1464) ਆਦਿ ਸਨ, ਪ੍ਰੰਤੂ ਪੰਦਰਵੀਂ ਸਦੀ ਵਿਚ ਇਹ ਰੁਚੀ ਇਨੀ ਪ੍ਰਬਲ ਅਤੇ ਤੇਜ਼ ਹੋ ਗਈ ਕਿ ਇਥੋਂ ਮਧਯੁਗੀ ਯੂਰਪ ਦਾ ਆਧੁਨਿਕਤਾ ਵਿਚ ਪ੍ਰਵੇਸ਼ ਮੰਨਿਆ ਜਾਂਦਾ ਹੈ । ਪ੍ਰਾਚੀਨ ਯੂਨਾਨ ਅਤੇ ਲਾਤੀਨੀ ਸਾਹਿਤਕਾਰਾਂ ਦੀਆਂ ਰਚਨਾਵਾਂ ਤੋਂ ਪ੍ਰੇਰਣਾ ਪ੍ਰਾਪਤ ਕਰਨ ਤੋਂ ਇਲਾਵਾ 16ਵੀਂ ਸਦੀ ਦੇ ਇਤਾਲਵੀ ਸਾਹਿਤਕਾਰਾਂ ਨੇ ਅਰਸਤੂ ਅਤੇ ਹੋਰੈਸ ਦਾ 'ਪੋਇਟਿਕਸ' ਅਤੇ 'ਆਰਸ-ਪੋਇਟਿਕਸ' ਰਚਨਾਵਾਂ ਨੂੰ ਕਾਵਿ ਦੇ ਲੱਛਣ ਗ੍ਰੰਥ ਦੇ ਰੂਪ ਵਿਚ ਪ੍ਰਵਾਨ ਕੀਤਾ । ਪੁਨਰ ਜਾਗ੍ਰਿਤੀ ਨੇ ਹੀ ਫਲੋਰੈਂਸ ਵਿਚ ਮੇਦਿਚੀ ਦੀ ਅਗਵਾਈ ਵਿਚ ਨਵ-ਅਫਲਾਤੂਨਵਾਦ ਨੂੰ ਵੀ ਜਨਮ ਦਿਤਾ ਜਿਸ ਦਾ ਗਹਿਰਾ ਅਸਰ ਇਟਲੀ ਅਤੇ ਯੂਰਪ ਦੇ ਹੋਰ ਦੇਸ਼ਾਂ ਦੇ ਪ੍ਰੇਮ ਕਾਵਿ ਤੇ ਪਿਆ ।

ਇਟਲੀ ਦੀਆਂ ਸੀਮਾਵਾਂ ਨੂੰ ਲੰਘ ਕੇ ਕਲਾਸਿਕੀ ਨਵਜਾਗ੍ਰਿਤੀ ਪੰਦਰਵੀਂ ਸੋਲ੍ਹਵੀਂ ਸਦੀ ਵਿਚ ਫ਼ਰਾਂਸ ਵਿਚ ਅਤੇ 16ਵੀਂ ਸਦੀ ਵਿਚ ਸਪੇਨ, ਜਰਮਨੀ ਅਤੇ ਇੰਗਲੈਂਡ ਵਿਚ ਪੁਜੀ । ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਨੇ ਜਿਥੇ ਇਕ ਪਾਸੇ ਆਪਣੇ ਪ੍ਰਾਚੀਨ ਕਲਾਸਕੀ ਆਦਰਸ਼ ਪੇਸ਼ ਕੀਤੇ ਉਥੇ ਦੂਜੇ ਪਾਸੇ ਵਿਅਕਤੀ ਦੀ ਚੇਤਨਾ ਨੂੰ ਮੁਕਤ ਕਰਕੇ ਉਸ ਨੂੰ ਪ੍ਰਯੋਗ ਅਤੇ ਸਿਰਜਨ ਦੀਆਂ ਨਵੀਆਂ ਦਿਸ਼ਾਵਾਂ ਵਿਚ ਜਾਣ ਦਾ ਵੀ ਹੌਂਸਲਾ ਦਿਤਾ । ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀਆਂ ਵਿਚ ਇਨ੍ਹਾਂ ਹੀ ਆਦਰਸ਼ਾਂ ਤੇ ਰੂੜ੍ਹੀ ਬਣ ਜਾਣ ਪਿਛੋਂ ਇਹ ਰਚਨਾਤਮਕ ਫੁਰਤੀ ਵੀ ਅਲੋਪ ਹੋ ਗਈ । ਪ੍ਰਾਚੀਨ ਕਲਾਸਕੀ ਦੇ ਪ੍ਰਵਾਹ ਨੂੰ ਰੀਤੀ ਦੇ ਕੁੰਡ ਵਿਚ ਬੰਨ੍ਹ ਕੇ ਇਕ ਨਵੇਂ ਵਾਦ ਨੇ ਜਨਮ ਲਿਆ, ਜਿਸ ਨੂੰ ਨੀਓ ਕਲਾਸਿਸਿਜ਼ਮ ਕਿਹਾ ਜਾਂਦਾ ਹੈ ।

**ਨਵ-ਕਲਾਸਿਸਿਜ਼ਮ (ਰੀਤੀਵਾਦ)—**ਯੂਰਪ ਵਿਚ ਨਵ-ਕਲਾਸਿਸਿਜ਼ਮ ਨੂੰ ਪ੍ਰਤਿਸ਼ਠਿਤ ਕਰਨ ਵਿਚ ਮੁੱਖ ਕਾਰਜ 17ਵੀਂ ਸਦੀ ਦੇ ਫ਼ਰਾਂਸੀਸੀ ਸਹਾਤਿਕਾਰਾਂ ਅਤੇ ਆਲੋਚਕਾਂ ਦਾ ਸੀ ।

ਆਲੋਚਨਾ ਵਿਚ ਇਸ ਰੀਤੀਵਾਦੀ ਦਾ ਪਹਿਲਾ ਮਹੱਤਵਪੂਰਨ ਪ੍ਰਚਾਰਕ ਮੈਲਾਰਬ (1555-1628) ਹੋਇਆ । 1630 ਤੋਂ 1660 ਦੇ ਵਿਚਕਾਰ ਇਸ ਰੀਤੀਵਾਦ ਦਾ ਪ੍ਰਸਾਰ ਹੋਰ ਵੀ ਹੋਇਆ । ਇਹ ਕੰਮ ਰੈਪਲੇਨ (1514-1674), ਬਾਯਲੋ (1636-1711), ਰਾਪਿਨ, ਲੇ ਬੋਸੂ ਆਦਿ ਨੇ ਪੂਰਾ ਕੀਤਾ ਅਤੇ ਇਸ ਵਿਚ ਉਨ੍ਹਾਂ ਨੂੰ ਲੂਈ ਦੀ ਦਰਬਾਰੀ ਸਰਪਰਸਤੀ ਵਿਚ ਸਥਾਪਤ ਫਰੈਂਚ ਅਕਾਦਮੀ, ਦੇਕਾਰਤ ਤੇ ਬੁੱਧੀਵਾਦ ਅਤੇ ਕੈਥੋਲਿਕ ਚਰਚ ਤੋਂ ਪ੍ਰੇਰਣਾ ਅਤੇ ਸਮਰਥਨ ਪ੍ਰਾਪਤ ਹੋਇਆ ।

ਜਿਥੋਂ ਤਕ ਕਾਵਿ ਰੂਪਾਂ ਦਾ ਪ੍ਰਸ਼ਨ ਸੀ ਨਵ-ਕਲਾਸੀਕਲ ਆਲੋਚਨਾ ਸ਼ਾਸਤਰੀਆਂ ਅਨੁਸਾਰ ਹਰੇਕ ਰੂਪ ਦੇ ਵਿਸ਼ੇ, ਉਦੇਸ਼, ਪ੍ਰਭਾਵ ਅਤੇ ਸ਼ੈਲੀਆਂ ਪ੍ਰਾਚੀਨਾਂ ਨੇ ਨਿਸ਼ਚਿਤ ਕਰ ਦਿੱਤੀਆਂ ਸਨ । ਇਸੇ ਆਧਾਰ ਤੇ ਉਨ੍ਹਾਂ ਨੇ ਮਹਾਂਕਾਵਿ ਅਤੇ ਸੁਖਾਂਤ ਨਾਟਕਾਂ ਦੇ ਰਚਨਾ ਵਿਧਾਨ ਨੂੰ ਵਿਅੰਗ ਕੀਤਾ । ਉਨ੍ਹਾਂ ਨੇ ਦੁਖਾਂਤ ਵਿਚ ਵਿਅੰਗ ਅਤੇ ਵਿਅੰਗ ਵਿਚ ਦੁਖਾਂਤ ਦੇ ਮੇਲ ਦੀ ਨਿੰਦਾ ਕੀਤੀ ਅਤੇ ਕਾਲ, ਦੇਸ਼ ਅਤੇ ਘਟਨਾ ਦੀ ਏਕਤਾ ਦੇ ਰਚਨਾ ਵਿਧਾਨ ਨੂੰ ਰੂਪਕ ਦਾ ਕੇਂਦਰੀ ਸਿਧਾਂਤ ਮੰਨਿਆ ।

ਨਵ-ਕਲਾਸਕੀ ਸਿਧਾਂਤ ਦਾ ਗਹਿਰਾ ਪ੍ਰਭਾਵ ਉਸੇ ਸਮੇਂ ਯੂਰਪੀ ਸਾਹਿਤ ਉਤੇ ਪਿਆ ਕਿਉਂਕਿ 14ਵੇਂ ਲੂਈ ਦਾ ਫ਼ਰਾਂਸ ਯੂਰਪ ਦਾ ਸੰਸਕ੍ਰਿਤਿਕ ਕੇਂਦਰ ਸੀ । ਅਠਾਰ੍ਹਵੀਂ ਸਦੀ ਦਾ ਅੰਗਰੇਜ਼ੀ ਸਾਹਿਤ ਇਨ੍ਹਾਂ ਆਦਰਸ਼ਾਂ ਦਾ ਪ੍ਰਤੀਬਿੰਬ ਹੈ ।

ਸਪਸ਼ਟ ਹੈ ਕਿ ਪ੍ਰਾਚੀਨ ਯੂਨਾਨ ਅਤੇ ਲਾਨੀਤੀ ਕਲਾਸਿਕਾਂ ਅਤੇ ਰਿਨੇਸੈਂਸ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਨਵ-ਕਲਾਸਕੀ ਸਾਹਿਤਕਾਰਾਂ ਨਾਲ ਮੇਲਿਆ ਨਹੀਂ ਜਾ ਸਕਦਾ । ਇਕ ਪਾਸੇ ਖੋਜ ਜਾਂ ਪਰੰਪਰਾਗਤ ਖੋਜ ਹੈ ਦੂਜੇ ਪਾਸੇ ਇਸ ਖੋਜ ਦੀ ਪ੍ਰਾਪਤੀ ਨੂੰ ਰੂੜ੍ਹੀ ਵਿਚ ਬਦਲ ਦੇਣ ਦਾ

ਜਤਨ ਹੈ। ਇਹ ਹੈਰਾਨੀ ਦੀ ਗਲ ਨਹੀਂ ਕਿ ਪੱਛਮੀ ਯੂਰਪ ਦੇ ਸਾਂਸਕ੍ਰਿਤਿਕ ਸੰਕਟ ਦੇ ਇਸ ਯੁਗ ਵਿਚ ਅੰਗਰੇਜ਼ੀ ਅਤੇ ਹੋਰ ਸਾਹਿਤ ਵਿਚ ਨਵ-ਕਲਾਸਿਸਿਜ਼ਮ ਦਾ ਪੁਨਰ ਕਲਿਆਣ ਹੋਇਆ। ਆਧੁਨਿਕ ਅੰਗਰੇਜ਼ੀ ਕਵਿਤਾ ਦੇ ਪ੍ਰਸਿਧ ਬਾਨੀ ਅਤੇ ਸਿਧਾਂਤਕਾਰ ਐਜ਼ਰਾ ਪਾਉਂਡ, ਟੀ. ਈ ਹੁਲਸ਼ ਅਤੇ ਟੀ. ਐਸ. ਇਲੀਅਟ ਨੇ ਰਿਨੇਸੈਂਸ ਦੀ ਮਾਨਵਤਾਵਾਦੀ ਪਰੰਪਰਾ ਦੇ ਆਧਾਰ ਤੇ ਵਿਕਸਿਤ ਰੋਮਾਂਚਿਕ ਸਾਹਿਤਧਾਰਾ ਦੀ ਤੁਲਨਾ ਵਿਚ 18ਵੀਂ ਸਦੀ ਦੀ ਨਵ-ਕਲਾਸਕੀ ਅੰਗਰੇਜ਼ੀ ਕਵਿਤਾ ਨੂੰ ਵਧੇਰੇ ਮਹੱਤਵ ਦਿਤਾ ਹੈ।

ਭਾਰਤੀ ਸਾਹਿਤ ਵਿਚ ਕਲਾਸਿਸਿਜ਼ਮ ਲਈ ਪਰਿਆਇ ਸਨਾਤਨਵਾਦ ਹੈ। ਉਪਰ ਆਈਆਂ ਪਰਿਭਾਸ਼ਾਵਾਂ ਅਨੁਸਾਰ ਮਹਾਭਾਰਤ, ਪੌਰਾਣਿਕ ਸਾਹਿਤ, ਉਪਨਿਸ਼ਦਾਂ, ਬਾਲਮੀਕ ਦੀ ਰਾਮਾਇਣ ਤੇ ਗੀਤਾ ਆਦਿ ਸੰਸਕ੍ਰਿਤ ਦੇ ਕਲਾਸੀਕਲ ਗ੍ਰੰਥ ਹਨ। ਮਹਾਂਕਵੀ ਕਾਲੀ ਦਾਸ ਦੀਆਂ ਰਚਨਾਵਾਂ ਵੀ ਕਲਾਸੀਕਲ ਸਾਹਿਤ ਦਾ ਸੁੰਦਰ ਨਮੂਨਾ ਹਨ। ਤੁਲਸੀ ਦੀ ਰਾਮਾਇਣ,ਸੂਰਦਾਸ ਦਾ ਸੂਰ ਸਾਗਰ,ਜਾਇਸੀ ਦਾ ਪਦਮਾਵਤ ਹਿੰਦੀ ਦੀਆਂ ਕਲਾਸੀਕਲ ਰਚਨਾਵਾਂ ਹਨ।

ਪੰਜਾਬੀ ਸਾਹਿਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਤੇ ਦਸਮ ਗ੍ਰੰਥ ਨੂੰ ਕਲਾਸੀਕਲ ਸਾਹਿਤ ਵਿਚ ਸਹਿਜੇ ਹੀ ਸ਼ਾਮਲ ਕੀਤਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਦਾ ਅਧਿਐਨ ਇਨ੍ਹਾਂ ਦੇ ਰਚਨ-ਕਾਲ ਤੋਂ ਹੀ ਬੜੀ ਦਿਲਚਸਪੀ ਨਾਲ ਕੀਤਾ ਜਾ ਰਿਹਾ ਹੈ ਤੇ ਲੱਖਾਂ ਲੋਕਾਂ ਨੇ ਇਨ੍ਹਾਂ ਵਿਚ ਦੱਸੇ ਅਧਿਆਤਮਕ ਵਿਚਾਰਾਂ ਨੂੰ ਅਪਨਾਇਆ ਤੇ ਜੀਵਨ ਵਿਚ ਇਨ੍ਹਾਂ ਵਿਚ ਦਸੀ ਜੀਵਨ ਜਾਚ ਨੂੰ ਆਦਰਸ਼ ਮੰਨ ਕੇ ਦੁਨੀਆਂ ਵਿਚ ਵਿਚਰਦੇ ਰਹੇ।

ਦਸਮ ਗ੍ਰੰਥ ਤਾਂ ਕਲਾਤਮਕ ਪੱਖੋਂ ਵੀ ਕਲਾਸੀਕਲ ਸਾਹਿਤ ਦਾ ਸੁੰਦਰ ਨਮੂਨਾ ਹੈ ਕਿਉਂਕਿ ਭਾਰਤੀ ਸ਼ਾਸਤਰੀ ਸਾਹਿਤ ਦੇ ਸਿਧਾਂਤਾਂ ਨੂੰ ਅਪਨਾਇਆ ਗਿਆ ਹੈ ਤੇ ਜਿਹੜੇ ਗੁਣ ਆਚਾਰੀਆਂ ਨੇ ਉਚੇ ਜਾਂ ਉਤਕ੍ਰਸ਼ਟ ਸਾਹਿਤ ਲਈ ਨਿਰਧਾਰਤ ਕੀਤੇ ਹਨ। ਉਹਨਾਂ ਸਾਰਿਆਂ ਦੇ ਦਰਸ਼ਨ ਇਸ ਗ੍ਰੰਥ ਵਿਚ ਹੋ ਜਾਂਦੇ ਹਨ। ਇਸ ਵਿਚ ਚੌਬੀ ਅਵਤਾਰਾਂ ਦੀਆਂ ਕਥਾਵਾਂ ਨੂੰ ਪੌਰਾਣਿਕ ਢੰਗ ਨਾਲ ਲਿਖਿਆ ਗਿਆ ਹੈ ਤੇ ਇਕ ਵਿਸ਼ੇਸ਼ ਮੰਤਵ ਦੀ ਪੂਰਤੀ ਇਨ੍ਹਾਂ ਦਾ ਲਕਸ਼ ਸੀ।

ਕਿੱਸਾ-ਕਾਵਿ ਵਿਚ ਵਾਰਸ ਦੀ ਹੀਰ, ਹਾਸ਼ਮ ਦੀ ਸੱਸੀ, ਫ਼ਜ਼ਲ ਸ਼ਾਹ ਦੀ ਸੋਹਣੀ, ਪੀਲੂ ਦਾ ਮਿਰਜ਼ਾ, ਕਾਦਰਯਾਰ ਦਾ ਪੂਰਨ ਭਗਤ, ਸ਼ਾਹ ਮੁਹੰਮਦ ਦਾ ਜੰਗਨਾਮਾ, ਸਿੰਘਾਂ ਤੇ ਫਰੰਗੀਆਂ ਆਦਿ ਕਲਾਸੀਕਲ ਸਾਹਿਤ ਵਿਚ ਸਹਿਜੇ ਹੀ ਰਖੀਆਂ ਜਾਣ ਯੋਗ ਰਚਨਾਵਾਂ ਹਨ, ਜਿਨ੍ਹਾਂ ਦਾ ਅਧਿਐਨ ਨਿਰੰਤਰ ਇਨ੍ਹਾਂ ਦੇ ਰਚਨਕਾਲ ਤੋਂ ਹੋ ਰਿਹਾ ਹੈ ਤੇ ਅਗਾਂਹ ਵੀ ਹੁੰਦਾ ਰਹੇਗਾ ਕਿਉਂਕਿ ਇਨ੍ਹਾਂ ਵਿਚ ਜੀਵਨ ਦੀਆਂ ਅਮਰ ਸਚਾਈਆਂ ਬੜੇ ਕਲਾਤਮਕ ਤੇ ਸੁਹਜਾਤਮਕ ਢੰਗ ਨਾਲ ਪੇਸ਼ ਕੀਤੀਆਂ ਗਈਆਂ ਹਨ।

ਹ. ਪੁ.—ਹਿੰ. ਵਿ. ਕੋ. 3 : 267 ; ਪੰ. ਸਾ. ਕੋ.—ਪੰ. ਯੂਨੀ।

**ਕਲਾਸੀਕਲ ਮਕੈਨਿਕਸ :** ਕਲਾਸੀਕਲ ਮਕੈਨਿਕਸ ਭੌਤਿਕ-ਵਿਗਿਆਨ ਦੀ ਉਹ ਬ੍ਰਾਂਚ ਹੈ, ਜਿਸ ਵਿਚ ਪ੍ਰਕਾਸ਼ ਦੀ ਚਾਲ ਨਾਲੋਂ ਘੱਟ ਗਤੀਸ਼ੀਲ ਅਤੇ ਆਮ ਆਕਾਰ ਦੇ ਪਿੰਡਾਂ ਦੀ ਗਤੀ ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਮਕੈਨਿਕਸ ਕੁਆਂਟਮ ਤੇ ਸਾਪੇਖਕੀ ਮਕੈਨਿਕਸ ਤੋਂ ਭਿੰਨ ਹੈ। ਕੁਆਂਟਮ ਮਕੈਨਿਕਸ ਅਣੂਆਂ ਤੇ ਪਰਮਾਣੂਆਂ ਨਾਲ ਸਬੰਧਿਤ ਹੈ, ਜਦੋਂ ਕਿ ਸਾਪੇਖਕੀ ਮਕੈਨਿਕਸ ਜ਼ਿਆਦਾ ਗਤੀਸ਼ੀਲ ਪਿੰਡਾਂ ਨਾਲ ਸਬੰਧਿਤ ਹੈ।

ਕਲਾਸੀਕਲ ਮਕੈਨਿਕਸ, ਜਿਸ ਨੂੰ ਅਸੀਂ ਨਿਊਟਨੀ ਮਕੈਨਿਕਸ ਵੀ ਆਖਦੇ ਹਾਂ, ਖਗੋਲ-ਵਿਗਿਆਨ ਤੇ ਇੰਜਨੀਅਰਿੰਗ ਦੀਆਂ ਭਿੰਨ ਭਿੰਨ ਸ਼ਾਖਾਵਾਂ ਦਾ ਅਧਾਰ ਹੈ। ਇਸ ਨੂੰ ਆਮ ਤੌਰ ਤੇ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। (1) ਸਥਿਤੀ-ਵਿਗਿਆਨ ਸਥਿਰ ਪਿੰਡਾਂ ਬਾਰੇ ਅਤੇ (2) ਗਤੀ-ਵਿਗਿਆਨ-ਗਤੀਸ਼ੀਲ ਪਿੰਡਾਂ ਬਾਰੇ ਦਸਦਾ ਹੈ।

**ਇਤਿਹਾਸ**–ਸਥਿਤੀ-ਵਿਗਿਆਨ ਦੀ ਨੀਂਹ ਤੀਜੀ ਸਦੀ ਈ. ਪੂ. ਵਿਚ ਯੂਨਾਨੀ ਗਣਿਤਵੇਤਾ ਆਰਕਿਮੀਡੀਜ਼ ਨੇ ਰਖੀ; ਜਦੋਂ ਉਸ ਨੇ ਪੁੰਜ-ਕੇਂਦਰ ਅਤੇ ਸਰਲ ਲੀਵਰਾਂ ਦੇ ਸੰਤੁਲਨ ਬਾਰੇ ਫ਼ਾਰਮੂਲੇ ਪ੍ਰਾਪਤ ਕੀਤੇ। ਇਹ ਫ਼ਾਰਮੂਲੇ ਕੇਵਲ ਸਮਾਂਤਰ ਬਲਾਂ ਤਕ ਸੀਮਿਤ ਸਨ। ਲਗਭਗ ਦੋ ਹਜ਼ਾਰ ਸਾਲ ਬਾਅਦ ਹਾਲੈਂਡ ਦੇ ਇਕ ਗਣਿਤਵੇਤਾ ਨੇ ਅਸਮਾਂਤਰ ਬਲਾਂ ਲਈ ਵੀ ਲੀਵਰ ਸਮੱਸਿਆ ਦਾ ਹੱਲ ਲੱਭਿਆ ਅਤੇ ਇਸ ਤਰ੍ਹਾਂ ਉਸ ਨੇ ਬਲ-ਵੈੱਕਟਰਾਂ ਦੇ ਚਤੁਰਭੁਜ ਨਿਯਮ ਦੀ ਵਿਆਖਿਆ ਕੀਤੀ। ਅਠਾਰ੍ਹਵੀਂ ਸਦੀ ਵਿਚ ਜੌਨ ਬਰਾਨਉਲੀ ਨੇ ਕਲਪਿਤ ਕਾਰਜ ਦੇ ਨਿਯਮਾਂ ਦੀ ਵਿਆਖਿਆ ਕਰਕੇ ਸਥਿਤੀ-ਵਿਗਿਆਨ ਨੂੰ ਨਵੀਂ ਦਿਸ਼ਾ ਦਿਤੀ।

ਗਤੀ-ਵਿਗਿਆਨ ਵਿਚ ਸਭ ਤੋਂ ਪਹਿਲਾ ਕੰਮ ਅਰਸਤੂ ਦੀ ਗਤੀਸ਼ੀਲ ਪਿੰਡਾਂ ਦੇ ਅਧਿਐਨ ਦੀ ਅਸਫ਼ਲ ਕੋਸ਼ਿਸ਼ ਸੀ। ਇਸ ਅਧਿਐਨ ਵਿਚ ਪਹਿਲੀ ਸਫ਼ਲਤਾ ਗੈਲੀਲੀਉ ਨੂੰ ਸਤਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਮਿਲੀ ਜਦੋਂ ਉਸ ਨੇ ਅਰਸਤੂ ਦੇ ਸਿਧਾਂਤ "ਭਾਰੀ ਵਸਤੂ ਹਲਕੀ ਵਸਤੂ ਨਾਲੋਂ ਜਲਦੀ ਡਿਗਦੀ ਹੈ" ਨੂੰ ਗ਼ਲਤ ਦੱਸਿਆ। ਉਸ ਅਨੁਸਾਰ ਸਾਰੀਆਂ ਵਸਤੂਆਂ ਦਾ ਡਿਗਣ ਸਮਾਂ ਇਕੋ ਜਿੰਨਾ ਹੈ। ਗੈਲੀਲੀਉ ਨੇ ਜੜ੍ਹਤਾ ਦੇ ਨਿਯਮ ਬਾਰੇ ਵੀ ਵਿਚਾਰਿਆ ਸੀ ਪਰ ਇਸ ਦੀ ਪੂਰਨ ਵਿਆਖਿਆ ਨਿਊਟਨ ਨੇ ਉਸ ਸਦੀ ਦੇ ਅੰਤ ਵਿਚ ਆਪਣੇ ਤਿੰਨ ਗਤੀ ਨਿਯਮਾਂ ਰਾਹੀਂ ਕੀਤੀ। ਆਈਲਰ ਨੇ ਅਠਾਰ੍ਹਵੀਂ ਸਦੀ ਵਿਚ ਮਕੈਨਿਕਸ ਸਬੰਧੀ ਪੁਸਤਕਾਂ ਲਿਖੀਆਂ। ਇਨ੍ਹਾਂ ਵਿਚ ਦ੍ਰਿੜ੍ਹ ਪਿੰਡਾਂ ਦੀਆਂ ਗਤੀਆਂ ਲਈ ਵਿਸ਼ਲੇਸ਼ਣਾਤਮਕ ਵਿਧੀਆਂ ਦੀ ਵਰਤੋਂ ਕੀਤੀ। ਉਸੇ ਸਦੀ ਵਿਚ ਇਕ ਫਰਾਂਸੀਸੀ ਗਣਿਤ-ਸ਼ਾਸਤਰੀ ਡੀ-ਅਲੰਬਰਟ ਨੇ ਇਕ ਸਿਧਾਂਤ ਦਿਤਾ। ਇਹ ਗਤੀ-ਵਿਗਿਆਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਇਕ ਨਵਾਂ ਤਰੀਕਾ ਸੀ। ਇਸ ਤੋਂ ਲਗਭਗ ਇਕ ਸੌ ਸਾਲ ਬਾਅਦ ਫਰਾਂਸ ਦੇ ਹੀ ਇਕ ਹੋਰ ਗਣਿਤ-ਸ਼ਾਸਤਰੀ ਜੋਸਫ਼ ਲੂਈ ਲੈਗਰਾਂਜੇ ਨੇ ਕੁਝ ਹੋਰ ਗਤੀ-ਸਮੀਕਰਨਾਂ ਪ੍ਰਾਪਤ ਕੀਤੀਆਂ। ਇਹ ਸਮੀਕਰਨਾਂ ਕਈ ਹਾਲਤਾਂ ਵਿਚ ਨਿਊਟਨ ਦੀਆਂ ਗਤੀ ਸਮੀਕਰਨਾਂ ਤੋਂ ਵੀ ਆਸਾਨ ਸਨ।

**ਸਥਿਤੀ-ਵਿਗਿਆਨ**–ਜਦੋਂ ਕੋਈ ਮਸ਼ੀਨ ਜਾਂ ਬਣਤਰ ਸੰਤੁਲਿਤ ਅਵਸਥਾ ਵਿਚ ਹੋਵੇ ਤਾਂ ਸਥਿਤੀ-ਵਿਗਿਆਨ ਦੀ ਵਰਤੋਂ ਕਰਕੇ ਅਸੀਂ ਕੁਝ ਹੱਦ ਤਕ ਅਗਿਆਤ ਬਲਾਂ ਬਾਰੇ ਜਾਣ ਸਕਦੇ ਹਾਂ।

ਸਥਿਤੀ-ਵਿਗਿਆਨ ਵਿਚ ਅਸੀਂ ਇਹ ਕਲਪਨਾ ਕਰਦੇ ਹਾਂ ਕਿ ਪਿੰਡ ਪੂਰੀ ਤਰ੍ਹਾਂ ਦ੍ਰਿੜ੍ਹ ਹੈ ਤੇ ਉਸ ਪਿੰਡ ਤੇ ਲਗ ਰਹੇ ਸਾਰੇ ਬਲਾਂ ਦਾ ਜੋੜ ਜ਼ੀਰੋ ਹੈ। ਇਸ ਤੋਂ ਇਲਾਵਾ ਇਹ ਬਲ ਪਿੰਡ ਨੂੰ ਕਿਸੇ ਵੀ ਧੁਰੇ ਦੁਆਲੇ ਘੁਮਾ ਨਹੀਂ ਸਕਦੇ। ਜਦੋਂ ਸਾਰੇ ਬਲ ਇਕ ਤਲ ਵਿਚ ਹੋਣ ਤਾਂ ਸਿਰਫ਼ ਤਿੰਨ ਸਮੀਕਰਨਾਂ ਹੀ ਹੋਣਗੀਆਂ, ਜਿਨ੍ਹਾਂ ਤੋਂ ਸਿਰਫ਼ ਤਿੰਨ ਅਗਿਆਤ ਬਲ ਲੱਭੇ ਜਾ ਸਕਦੇ ਹਨ। ਜੇਕਰ ਅਗਿਆਤ ਬਲ ਇਸ ਤੋਂ ਜ਼ਿਆਦਾ ਹੋਣ ਤਾਂ ਉਹ ਸਮੱਸਿਆ ਜ਼ਿਆਦਾ ਗੁੰਝਲਦਾਰ ਹੋਵੇਗੀ ਅਤੇ ਉਸ ਬਾਰੇ ਅਸੀਂ ਵਿਚਾਰ ਨਹੀਂ ਕਰਾਂਗੇ।

ਸਥਿਤੀ-ਵਿਗਿਆਨ ਵਿਚ ਬਲ ਤੋਂ ਸਾਡਾ ਭਾਵ ਕਿਸੇ ਅਜਿਹੀ ਕਿਰਿਆ ਨਾਲ ਹੈ ਜਿਸ ਨਾਲ ਪਿੰਡ ਦੀ ਸਥਿਤੀ ਉਹੀ ਰਹੇ ਜਾਂ ਸਥਿਤੀ ਵਿਚ ਪਰਿਵਰਤਨ ਆਵੇ। ਉਦਾਹਰਨ ਵਜੋਂ ਗੁਰੂਤਾ ਬਲ, ਭਾਫ਼ ਇੰਜਣ ਵਿਚ ਭਾਫ਼, ਵਾਯੂ ਵਿਚ ਪਿੰਡ ਦੀ ਗਤੀ ਨੂੰ ਰੋਕ ਆਦਿ। ਪਿੰਡ ਵਿਚ ਬਲ ਦਾ ਪ੍ਰਭਾਵ ਇਸ ਦੀ ਮਾਤਰਾ, ਦਿਸ਼ਾ ਤੇ ਪਿੰਡ ਦੇ ਕਿਸੇ ਬਿੰਦੂ ਤੇ ਲਗ ਰਿਹਾ ਹੈ, ਤੇ ਨਿਰਭਰ ਕਰਦਾ ਹੈ। ਅਸੀਂ ਆਮ ਤੌਰ ਤੇ ਇਕ ਬਲ ਨੂੰ ਇਕ ਵੈੱਕਟਰ ਨਾਲ ਅੰਕਿਤ ਕਰਦੇ ਹਾਂ (ਇਸ ਤਰ੍ਹਾਂ ਲਿਖਣ ਤੋਂ ਸਾਡਾ ਭਾਵ ਹੈ ਕਿ ਪਿੰਡ ਦੀ ਸੰਤੁਲਿਤ ਅਵਸਥਾ ਵਿਚ ਕੋਈ ਅੰਤਰ ਨਹੀਂ ਆਉਂਦਾ ਜੇਕਰ ਅਸੀਂ ਬਲ ਲਗ ਰਹੇ ਬਿੰਦੂ ਨੂੰ ਕੋਈ ਇਕ ਕਿਰਿਆ ਰੇਖਾ ਵਿਚ ਬਦਲੀਏ)।

ਸਥਿਤੀ-ਵਿਗਿਆਨ ਦੀਆਂ ਸਮੱਸਿਆਵਾਂ ਦੇ ਹੱਲ ਲਈ ਅਸੀਂ ਮੁੱਖ ਤੌਰ ਤੇ ਦੋ ਨਿਯਮਾਂ ਦੀ ਵਰਤੋਂ ਕਰਦੇ ਹਾਂ (1) ਬਲਾਂ ਦਾ ਚਤੁਰਭੁਜੀ ਨਿਯਮ (2) ਕਿਰਿਆ ਤੇ ਪ੍ਰਤਿਕਿਰਿਆ ਦੀ ਬਰਾਬਰੀ ।

ਚਤੁਰਭੁਜੀ ਨਿਯਮ ਅਨੁਸਾਰ ਕਿਸੇ ਪਿੰਡ ਤੇ ਲਗ ਰਹੇ ਦੋ ਬਲਾਂ ਦੀਆਂ ਕਿਰਿਆ-ਰੇਖਾਵਾਂ $F_1$, $F_2$ ਜੇਕਰ ਇਕ ਦੂਜੇ ਨੂੰ ਕੱਟਣ ਤਾਂ ਇਨ੍ਹਾਂ ਬਲਾਂ ਦਾ ਪਰਿਣਾਮੀ ਬਲ $F_R$ ਚਤੁਰਭੁਜ ਦੇ ਕਰਨ OC ਰਾਹੀਂ ਅੰਕਿਤ ਕੀਤਾ ਜਾਂਦਾ ਹੈ (ਚਿਤਰ 1) ।




ਚਿਤਰ 1: ਬਲਾਂ ਦਾ ਚਤੁਰਭੁਜੀ ਨਿਯਮ

ਕਿਰਿਆ ਤੇ ਪ੍ਰਤਿਕਿਰਿਆ ਨਿਯਮ ਨੂੰ ਅਸੀਂ ਨਿਊਟਨ ਦਾ ਤੀਜਾ ਨਿਯਮ ਆਖਦੇ ਹਾਂ । ਇਸ ਨਿਯਮ ਅਨੁਸਾਰ ਜਦੋਂ ਇਕ ਪਿੰਡ ਦੂਜੇ ਪਿੰਡ ਉਤੇ ਬਲ ਲਗਾਉਂਦਾ ਹੈ ਤਾਂ ਦੂਜਾ ਪਿੰਡ ਵੀ ਪਹਿਲੇ ਪਿੰਡ ਤੇ ਉਲਟ ਦਿਸ਼ਾ ਵਿਚ ਅਤੇ ਉੱਨਾ ਹੀ ਬਲ ਲਗਾਉਂਦਾ ਹੈ । ਇਹ ਦੋਵੇਂ ਬਲ ਇਕੋ ਰੇਖਾ ਵਿਚ ਲਗਦੇ ਹਨ ।

**ਬਲ ਦਾ ਮੋਮੈਂਟ ਤੇ ਬਲ-ਯੁਗਮ**—ਮਕੈਨਿਕਸ ਵਿਚ ਮੋਮੈਂਟ ਜਾਂ ਟਾਰਕ ਉਹ ਪਰਵਿਰਤੀ ਹੁੰਦੀ ਹੈ ਜਿਸ ਅਨੁਸਾਰ ਪਿੰਡ ਕਿਸੇ ਬਲ ਅਧੀਨ ਇਕ ਧੁਰੇ ਦੁਆਲੇ ਘੁੰਮਦਾ ਹੈ ਜਾਂ ਘੁੰਮਣ ਦੀ ਕੋਸ਼ਿਸ਼ ਕਰਦਾ ਹੈ । ਬਿੰਦੂ ਦੁਆਲੇ ਬਲ ਦੇ ਮੋਮੈਂਟ ਬਲ ਦੀ ਮਾਤਰਾ ਅਤੇ ਉਸ ਦੀ ਕਿਰਿਆ ਦਿਸ਼ਾ ਦੀ ਧੁਰੇ ਤੋਂ ਲੰਬਾਤਮਕ ਦੂਰੀ ਦੇ ਗੁਣਨ ਦੇ ਬਰਾਬਰ ਹੈ ।

ਇਕ ਪਿੰਡ ਤੇ ਦੋ ਵਖ ਵਖ ਬਿੰਦੂਆਂ ਉਤੇ ਦੋ ਬਰਾਬਰ ਅਤੇ ਉਲਟ ਦਿਸ਼ਾ ਵਿਚ ਲੱਗ ਰਹੇ ਬਲਾਂ ਨੂੰ ਬਲ-ਯੁਗਮ ਕਿਹਾ ਜਾਂਦਾ ਹੈ । ਇਹ ਬਲ-ਯੁਗਮ ਪਿੰਡ ਨੂੰ ਘੁੰਮਾਉਣ ਦੀ ਪਰਵਿਰਤੀ ਰਖਦਾ ਹੈ ਜਿਸ ਦਾ ਮੋਮੈਂਟ ਬਲ ; ਬਲਾਂ ਦੀ ਮਾਤਰਾ ਅਤੇ ਉਨ੍ਹਾਂ ਵਿਚਕਾਰ ਲੰਬਾਤਮਕ ਦੂਰੀ ਦੇ ਗੁਣਨ ਦੇ ਬਰਾਬਰ ਹੁੰਦਾ ਹੈ ।

**ਗਤੀ-ਵਿਗਿਆਨ**—ਇਕ ਪਿੰਡ ਦੀ ਗਤੀ ਤੋਂ ਸਾਡਾ ਮੰਤਵ ਉਸ ਦੀ ਸਥਿਤੀ ਬਦਲਣ ਤੋਂ ਹੈ ਤੇ ਇਸ ਸਥਿਤੀ ਨੂੰ ਦੱਸਣ ਲਈ ਸਾਨੂੰ ਇਕ ਨਿਰਦੇਸ਼-ਸਿਸਟਮ ਚਾਹੀਦਾ ਹੈ । ਆਮ ਤੌਰ ਤੇ ਅਸੀਂ ਸਮਕੋਨੀ ਨਿਰਦੇਸ਼-ਸਿਸਟਮ ਦੀ ਵਰਤੋਂ ਕਰਦੇ ਹਾਂ । ਜੇਕਰ ਇਕ ਪਿੰਡ ਕੁਝ ਸਮੇਂ t ਵਿਚ s ਦੂਰੀ ਤਹਿ ਕਰਦਾ ਹੈ ਤਾਂ $s/t$ ਨੂੰ ਪਿੰਡ ਦੀ ਰਫ਼ਤਾਰ ਜਾਂ ਚਾਲ ਕਿਹਾ ਜਾਂਦਾ ਹੈ । ਜਦੋਂ ਪਿੰਡ ਦੀ 'ਰਫ਼ਤਾਰ' ਨੂੰ ਕਿਸੇ ਵਿਸ਼ੇਸ਼ ਦਿਸ਼ਾ ਵਿਚ ਦਰਸਾਇਆ ਜਾਵੇ ਤਾਂ ਪਿੰਡ ਦੇ ਵੇਗ ਬਾਰੇ ਪਤਾ ਲਗਦਾ ਹੈ । ਪਿੰਡ ਦੀ ਗਤੀ ਸਥਾਨ ਅੰਤਰਿਤ ਜਾਂ ਘੁੰਮਣਸ਼ੀਲ ਹੋ ਸਕਦੀ ਹੈ । ਜਦੋਂ ਗਤੀ ਰੇਖਾਤਮਕ (ਸਥਾਨ-ਅੰਤਰਿਤ) ਹੋਵੇ ਤਾਂ ਵੇਗ ਨੂੰ ਦਰਸਾਉਣ ਲਈ ਸਾਨੂੰ ਸਿਰਫ਼ ਚਾਲ ਤੇ ਰੇਖਾ ਦੀ ਦਿਸ਼ਾ ਬਾਰੇ ਹੀ ਗਿਆਨ ਹੋਣਾ ਜ਼ਰੂਰੀ ਹੈ । ਪ੍ਰੰਤੂ ਘੁੰਮ ਰਹੀ ਵਸਤੂ ਦੀ ਕਿਸੇ ਬਿੰਦੂ ਤੇ ਦਿਸ਼ਾ ਉਸ ਬਿੰਦੂ ਤੇ ਖਿੱਚੀ ਇਕ ਸਪੱਰਸ਼ ਰੇਖਾ ਦੇ ਨਾਲ ਹੁੰਦੀ ਹੈ । ਇਹ ਦਿਸ਼ਾ ਲਗਾਤਾਰ ਬਦਲਦੀ ਰਹਿੰਦੀ ਹੈ । ਇਸ ਲਈ ਘੁੰਮਣ ਵਾਲੀ ਵਸਤੂ ਦਾ ਵੇਗ ਸਦਾ ਬਦਲਦਾ ਰਹਿੰਦਾ ਹੈ, ਭਾਵੇਂ ਉਸ ਦੀ ਚਾਲ-ਮਾਤਰਾ ਸਥਿਰ ਹੀ ਰਹੇ । ਇਸ ਤਰ੍ਹਾਂ ਘੁੰਮ ਰਹੀ ਵਸਤੂ ਵਿਚ ਸਦਾ ਹੀ ਪ੍ਰਵੇਗ ਹੁੰਦਾ ਹੈ । ਪ੍ਰਵੇਗ ਤੋਂ ਸਾਡਾ ਭਾਵ ਸਮੇਂ ਦੇ ਨਾਲ ਵੇਗ ਦਾ ਪਰਿਵਰਤਨ ਹੁੰਦਾ ਹੈ । ਵਸਤੂ ਵਿਚ ਪ੍ਰਵੇਗ ਤਦੋਂ ਹੀ ਜ਼ੀਰੋ ਹੋਵੇਗਾ, ਜਦੋਂ ਵੇਗ ਦੀ ਮਾਤਰਾ ਤੇ ਦਿਸ਼ਾ ਦੋਵੇਂ ਹੀ ਸਥਿਰ ਹੋਣ । ਪ੍ਰਵੇਗ ਵੀ ਵੇਗ ਵਾਂਗ ਇਕ ਵੈੱਕਟਰ ਰਾਸ਼ੀ ਹੈ ।

ਜਦੋਂ ਇਕ ਪਿੰਡ ਕਿਸੇ ਧੁਰੇ ਦੁਆਲੇ ਘੁੰਮ ਰਿਹਾ ਹੁੰਦਾ ਹੈ ਤਾਂ ਪਿੰਡ ਦੀ ਕੋਣੀ ਸਥਿਤੀ; ਜਿਹੜੀ ਕਿ ਧੁਰੇ ਤੋਂ ਲੰਬਾਤਮਕ ਦਿਸ਼ਾ ਵਿਚ ਖਿੱਚੀ ਰੇਖਾ ਨਾਲ ਦਰਸਾਈ ਜਾਂਦੀ ਹੈ; ਸਮੇਂ ਨਾਲ ਬਦਲਦੀ ਹੈ, ਉਸ ਨੂੰ ਅਸੀਂ ਪਿੰਡ ਦਾ ਕੋਣੀ ਵੇਗ ਆਖਦੇ ਹਾਂ । ਜੇਕਰ ਇਕ ਪਿੰਡ ਦੀ ਕੋਣੀ ਸਥਿਤੀ ਵਿਚ ਪਰਿਵਰਤਨ $\Delta\theta$ ; $\Delta t$ [$\Delta \equiv$ ਡੈਲਟਾ (ਗ੍ਰੀਕ ਅੱਖਰ)], ਸਮੇਂ ਵਿਚ ਹੁੰਦਾ ਹੈ ਤਾਂ $\Delta\theta/\Delta t$ ਨੂੰ ਅਸੀਂ ਕੋਣੀ ਵੇਗ $\omega$ ਆਖਦੇ ਹਾਂ । ਇਸੇ ਤਰ੍ਹਾਂ ਜੇਕਰ $\Delta t$ ਸਮੇਂ ਵਿਚ ਕੋਣੀ ਵੇਗ ਵਿਚ ਪਰਵਿਰਤਨ $\Delta\omega$ ਹੋਵੇ ਤਾਂ $\Delta\omega/\Delta t$ ਨੂੰ ਕੋਣੀ ਪ੍ਰਵੇਗ '$\alpha$' ਕਿਹਾ ਜਾਂਦਾ ਹੈ । ਇਕ ਪਿੰਡ ਦਾ ਕੋਣੀ ਵੇਗ '$\omega$' ਅਤੇ ਕੋਣੀ ਪ੍ਰਵੇਗ '$\alpha$' ਦਾ ਤਦ ਅਨੁਸਾਰੀ ਰੇਖਾਤਮਕ ਰਾਸ਼ੀਆਂ v ਅਤੇ a ਨਾਲ ਸਬੰਧ ਨਿਮਨ ਅਨੁਸਾਰ ਦਰਸਾਇਆ ਜਾਂਦਾ :—

$$\vec{v} = \vec{\omega} \times \vec{r}$$
$$\vec{a} = \vec{\alpha} \times \vec{r}$$

ਜਿਥੇ ਬਿੰਦੂ $\vec{r}$ ਦੀ ਸਥਿਤੀ ਨੂੰ ਦਰਸਾਉਣ ਵਾਲਾ ਸਥਿਤੀ ਵੈੱਕਟਰ ਹੈ ।




ਚਿਤਰ 2. ਕੋਣੀ ਗਤੀ

**ਸਰਲ ਆਵਰਤਕ ਚਾਲ**—ਚਿਤਰ 2 ਤੋਂ ਇਹ ਸਪੱਸ਼ਟ ਹੈ ਕਿ ਕੋਣੀ ਵੇਗ $\omega$ ਨਾਲ ਘੁੰਮ ਰਹੇ ਇਕ ਪਿੰਡ ਦਾ y–ਧੁਰੇ ਉਤੇ ਪ੍ਰਖੇਪ ਘਟਦਾ ਵਧਦਾ ਰਹਿੰਦਾ ਹੈ । ਪ੍ਰਖੇਪ ਦੀ ਮਾਤਰਾ ਕਣ ਦੀ ਸਥਿਤੀ ਉਤੇ ਨਿਰਭਰ ਕਰਦੀ ਹੈ । ਹੁਣ ਕਿਉਂਕਿ y–ਧੁਰੇ ਵਾਲਾ ਪ੍ਰਖੇਪ ਸਿਰਫ਼ ਰੇਖਾਤਮਕ ਗਤੀ ਕਰਦਾ ਹੈ ਇਸ ਲਈ ਇਸਦਾ ਵੇਗ $r\omega \sin\theta$ ਤੇ ਪ੍ਰਵੇਗ $r\omega^2 \sin\theta$ ਹੋਵੇਗਾ । ਜਦੋਂ ਕਣ ਚੱਕਰ ਵਿਚ ਘੁੰਮਦਾ ਹੈ ਤਾਂ ਅਸੀਂ ਆਖਦੇ ਹਾਂ ਕਿ ਇਸ ਦਾ ਪ੍ਰਖੇਪ ਇਕ ਸਰਲ ਆਵਰਤ ਗਤੀ ਕਰਦਾ ਹੈ । ਇਸ ਵਿਚ ਪ੍ਰਖੇਪ ਦਾ ਵਿਸਥਾਪਨ ਧੁਰੇ ਦੇ ਕੇਂਦਰ ਤੋਂ ਮਾਪਦੇ ਹਾਂ ਅਤੇ ਪ੍ਰਵੇਗ ਵਿਸਥਾਪਨ ਦੇ ਸਮਾਨੁਪਾਤੀ ਹੁੰਦਾ ਹੈ ਪਰ ਸਦਾ ਹੀ ਉਲਟ ਦਿਸ਼ਾ ਵਿਚ ਰਹਿੰਦਾ ਹੈ ।

ਇਹ ਗਤੀ ਬੜੀ ਮਹੱਤਵਪੂਰਨ ਗਤੀ ਹੈ । ਸਰਲ ਆਵਰਤ ਗਤੀ ਦਾ ਆਵਰਤ ਕਾਲ $T = 2\pi\sqrt{+(s/a)}$ ਹੁੰਦਾ ਹੈ ਜਿਥੇ s y–ਧੁਰੇ ਤੇ ਵਿਸਥਾਪਨ ਹੈ ਤੇ a ਪ੍ਰਵੇਗ ਹੈ ।

**ਕੋਰੋਲੀਅਸ ਬਲ**—ਚਾਹੇ ਸਾਰੀਆਂ ਗਤੀਆਂ ਸਾਪੇਖੀ ਹੁੰਦੀਆਂ ਹਨ ਪਰੰਤੂ ਫਿਰ ਵੀ ਸਾਪੇਖੀ ਗਤੀ, ਆਮ ਤੌਰ ਤੇ ਗਤੀਸ਼ੀਲ ਪਥ ਤੇ ਗਤੀ ਬਾਰੇ ਹੀ ਵਰਤਿਆ ਜਾਂਦਾ ਹੈ ਜਿਵੇਂ ਕਿ ਕੋਈ ਕਾਰ ਇਕ ਸਥਿਰ ਰਫ਼ਤਾਰ ਨਾਲ ਇਕ ਘੁੰਮ ਰਹੇ ਪਥ ਤੇ ਚੱਲ ਰਹੀ ਹੋਵੇ ਤਾਂ ਇਸ ਦੀ ਨਿਰਪੇਖ ਗਤੀ ਦੋ ਗਤੀਆਂ (1) ਪਥ ਦੇ ਸਾਪੇਖੀ ਕਾਰ ਦੀ ਗਤੀ ਅਤੇ (2) ਪਥ ਦੀ ਗਤੀ ਦਾ ਜੋੜ ਹੋਵੇਗੀ । ਇਸੇ ਤਰ੍ਹਾਂ ਕਣ ਦਾ ਪਰਿਣਾਮੀ ਪ੍ਰਵੇਗ ਇਨ੍ਹਾਂ ਦੋਹਾਂ ਗਤੀਆਂ ਕਾਰਨ ਪ੍ਰਵੇਗਾਂ ਦੇ ਜੋੜ ਦੇ ਬਰਾਬਰ ਹੁੰਦਾ ਹੈ ।

**ਨਿਊਟਨ ਦੇ ਤਿੰਨ ਨਿਯਮ**–ਨਿਊਟਨ ਨੇ ਆਮ ਪਿੰਡਾਂ ਦੀਆਂ ਗਤੀਆਂ ਬਾਰੇ ਤਿੰਨ ਨਿਯਮ ਦੱਸੇ । ਇਹ ਨਿਯਮ ਸਿਰਫ਼ ਪੁੰਜ ਕੇਂਦਰ ਦੀ ਰੇਖਾਤਮਕ ਗਤੀ ਬਾਰੇ ਹੀ ਹਨ ।

**1. ਜੜ੍ਹਤਾ ਦਾ ਨਿਯਮ**–ਇਸ ਨੂੰ ਅਸੀਂ ਪਹਿਲਾ ਨਿਯਮ ਵੀ ਆਖਦੇ ਹਾਂ । ਇਸ ਅਨੁਸਾਰ ਕੋਈ ਵੀ ਪਿੰਡ ਆਪਣੀ ਵਿਸ਼ਰਾਮ ਜਾਂ ਸਰਲ ਰੇਖਾ ਵਿਚ ਸਥਿਰ ਚਾਲ ਵਾਲੀ ਅਵਸਥਾ ਨੂੰ ਉਦੋਂ ਤਕ ਨਹੀਂ ਛੱਡਦਾ ਜਦੋਂ ਤਕ ਇਸ ਉਤੇ ਕੋਈ ਬਾਹਰੀ ਬਲ ਨਹੀਂ ਲਗਾਇਆ ਜਾਂਦਾ ।

**2. ਬਲ ਦਾ ਨਿਯਮ**–ਇਹ ਨਿਯਮ ਇਕ ਸੰਖਿਆਤਮਕ ਨਿਯਮ ਹੈ, ਜਿਸ ਅਨੁਸਾਰ ਕਿਸੇ ਪਿੰਡ ਤੇ ਲੱਗੇ ਬਲ $\vec{F}$ ਕਾਰਨ ਉਸ ਵਿਚ ਉਤਪੰਨ ਪ੍ਰਵੇਗ $\vec{a}$ ਬਲ ਦੇ ਸਮਾਨੁਪਾਤੀ ਅਤੇ ਪਿੰਡ ਦੇ ਪੁੰਜ m ਦੇ ਉਲਟ-ਅਨੁਪਾਤੀ ਹੁੰਦੀ ਹੈ ਅਰਥਾਤ $\vec{F}=m.\vec{a}$ ਜੇਕਰ ਬਲ ਇਕ ਤੋਂ ਜ਼ਿਆਦਾ ਹੋਣ ਤਾਂ ਸਾਨੂੰ ਚਤੁਰਭੁਜੀ ਨਿਯਮ ਦੀ ਵਰਤੋਂ ਕਰਕੇ ਪਰਿਣਾਮੀ ਬਲ ਪ੍ਰਾਪਤ ਕਰਨਾ ਪੈਂਦਾ ਹੈ । ਇਸ ਨਿਯਮ ਦੀ ਵਰਤੋਂ ਕਰਕੇ ਅਸੀਂ ਪਿੰਡ ਦੀ ਗਤੀ ਬਾਰੇ ਜਾਣ ਸਕਦੇ ਹਾਂ । ਮੰਨ ਲਉ ਕਿ ਪਿੰਡ ਦਾ ਆਰੰਭਿਕ ਵੇਗ ਜ਼ੀਰੋ ਹੈ । ਹੁਣ ਜੇਕਰ ਪਿੰਡ ਸਥਿਰ ਵੇਗ $\vec{v}$ ਨਾਲ t ਸਮੇਂ ਤਕ ਚੱਲੇ ਤਾਂ ਪਿੰਡ ਦਾ ਕੁੱਲ ਵਿਸਥਾਪਨ $\vec{s}=\vec{v}.t$ ਹੋਵੇਗਾ । ਜੇਕਰ ਪਿੰਡ ਦੀ ਚਾਲ ਬਦਲਦੀ ਰਹੇ ਤਾਂ ਵਿਸਥਾਪਨ ਦੀ ਮਾਤਰਾ $\frac{1}{2}at^2$ ਹੋਵੇਗੀ । ਜੇਕਰ ਪਿੰਡ ਦੀ ਸ਼ੁਰੂ ਦੀ ਚਾਲ $v_0$ ਹੋਵੇ ਤਾਂ ਵਿਸਥਾਪਨ ਦੀ ਮਾਤਰਾ $s=v_0t+\frac{1}{2}at^2$ ਹੋਵੇਗੀ । ਇਹ ਸਮੀਕਰਨਾਂ ਵਿਉਤਪੰਨ ਕਰਨ ਲਈ ਅਸੀਂ ਹਵਾ ਦੇ ਪ੍ਰਤਿਰੋਧ ਨੂੰ ਨਿਗੂਣਾ ਮੰਨਿਆ ਹੈ ।

**3. ਕਿਰਿਆ ਤੇ ਪ੍ਰਤਿਕਿਰਿਆ ਦਾ ਨਿਯਮ**–ਨਿਊਟਨ ਦੇ ਇਸ ਤੀਜੇ ਨਿਯਮ ਅਨੁਸਾਰ ਦੋ ਪਰਸਪਰ ਕਿਰਿਆ ਕਰ ਰਹੇ ਪਿੰਡਾਂ ਵਿਚ ਲੱਗੇ ਬਲ ਸਦਾ ਹੀ ਬਰਾਬਰ ਪਰੰਤੂ ਇਕ ਦੂਜੇ ਤੋਂ ਉਲਟ ਹੁੰਦੇ ਹਨ ।

**ਪ੍ਰੋਜੈੱਕਟਾਈਲ ਦੀ ਗਤੀ**–ਇਸ ਦੀ ਗਤੀ ਦਾ ਵਿਸ਼ਲੇਸ਼ਣ ਕਰਨ ਲਈ ਸਾਨੂੰ ਇਸ ਗੱਲ ਦਾ ਖ਼ਿਆਲ ਰਖਣਾ ਜ਼ਰੂਰੀ ਹੈ ਕਿ ਪ੍ਰਾਰੰਭਿਕ ਵੇਗ ਅਤੇ ਭਾਰ ਹੇਠਾਂ ਵਲ ਲਗਦੇ ਹਨ । ਹੁਣ ਵੇਗ ਦਾ ਖਿਤਿਜੀ ਅੰਸ਼ ਸਦਾ ਹੀ ਸਥਿਰ ਰਹੇਗਾ ਤੇ ਭਾਰ ਕਾਰਨ ਲੰਬਾਤਮਕ ਘਟਕ ਘਟਦਾ ਜਾਵੇਗਾ । ਪ੍ਰੋਜੈੱਕਟਾਈਲ ਅਧਿਕਤਮ ਖਿਤਿਜੀ ਦੂਰੀ ਉਦੋਂ ਤੈਅ ਕਰਦਾ ਹੈ, ਜਦੋਂ ਇਸ ਨੂੰ 45° ਦੇ ਕੋਣ ਤੇ ਛੱਡਿਆ ਜਾਂਦਾ ਹੈ । ਵਿਸ਼ਲੇਸ਼ਣ ਲਈ ਹਵਾ ਦੇ ਪ੍ਰਤਿਰੋਧ ਦਾ ਨੋਟਿਸ ਜ਼ਰੂਰੀ ਹੈ ।

**ਪੈਂਡੂਲਮ**–ਇਹ ਕਈ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਕਿ ਸਰਲ, ਸੰਯੁਕਤ ਆਦਿ । ਸਰਲ ਪੈਂਡੂਲਮ ਵਿਚ ਇਕ ਅਪੁੰਜ ਦੇ ਪਿੰਡ ਨੂੰ ਇਕ ਧਾਗੇ ਨਾਲ ਲਟਕਾਇਆ ਜਾਂਦਾ ਹੈ (ਧਾਗੇ ਦਾ ਪੁੰਜ ਪਿੰਡ ਦੇ ਪੁੰਜ ਦੀ ਤੁਲਨਾ ਵਿਚ ਨਿਗੂਣਾ ਹੁੰਦਾ ਹੈ) । ਅਸੀਂ ਇਹ ਵੀ ਮੰਨਦੇ ਹਾਂ ਕਿ ਪਿੰਡ ਜਾਂ ਬੌਬ ਤਲ ਵਿਚ ਹੀ ਕੰਪਨਾਂ ਕਰਦਾ ਹੈ ਅਤੇ ਇਨ੍ਹਾਂ ਕੰਪਨਾਂ ਦਾ ਆਯਾਮ ਬਹੁਤ ਹੀ ਘੱਟ ਹੁੰਦਾ ਹੈ । ਇਸ ਪੈਂਡੂਲਮ ਦੇ ਆਵਰਤ-ਕਾਲ ਸਮੀਕਰਨ $t=2\pi\sqrt{l/g}$ ਤੋਂ ਪਤਾ ਕੀਤਾ ਜਾਂਦਾ ਹੈ, ਜਿਥੇ $l$ ਧਾਗੇ ਦੀ ਲੰਬਾਈ ਅਤੇ g ਗੁਰੂਤਾ-ਪ੍ਰਵੇਗ ਹੈ । ਸੈਕੰਡ ਪੈਂਡੂਲਮ ਉਹ ਪੈਂਡੂਲਮ ਹੈ ਜਿਸ ਦਾ ਆਵਰਤ-ਕਾਲ 2 ਸੈਕੰਡ ਹੋਵੇ । ਇਸ ਨਾਲ ਅਸੀਂ ਧਰਤੀ ਦੇ ਕਿਸੇ ਸਥਾਨ ਤੇ ਗੁਰੂਤਾ ਦਾ ਮੁੱਲ ਵੀ ਲੱਭ ਸਕਦੇ ਹਾਂ । ਹੋਰ ਸਾਰੇ ਪੈਂਡੂਲਮ ਦ੍ਰਿੜ੍ਹ ਪਿੰਡਾਂ ਦੇ ਬਣੇ ਹੁੰਦੇ ਹਨ ਤੇ ਉਨ੍ਹਾਂ ਵਿਚ ਸਾਨੂੰ ਵਾਯੂ-ਪ੍ਰਤਿਰੋਧ ਬਾਰੇ ਨਹੀਂ ਸੋਚਣਾ ਪੈਂਦਾ ।

ਸਰਲ ਪੈਂਡੂਲਮ ਵਿਸ਼ਲੇਸ਼ਣ ਵਿਚ ਕਈ ਸੋਧਾਂ ਜਿਵੇਂ ਕਿ ਆਯਾਮ ਦਾ ਘੱਟ ਨਾ ਹੋਣਾ, ਹਵਾ ਪ੍ਰਤਿਰੋਧ ਆਦਿ ਦੀ ਵਰਤੋਂ ਕਰਨੀ ਪੈਂਦੀ ਹੈ ਜੇਕਰ ਅਸੀਂ ਸਰਲ ਪੈਂਡੂਲਮ ਉੱਤੇ ਹੋਰ ਬਲ ਲਗਾਈਏ ਜਿਹੜੇ ਨਾ ਕੇਵਲ ਹਵਾ ਪ੍ਰਤਿਰੋਧ ਤੇ ਹੀ ਕਾਬੂ ਪਾਉਣ ਸਗੋਂ ਪੈਂਡੂਲਮ ਨੂੰ ਹੋਰ ਊਰਜਾ ਦੇਣ ਦਾ ਸੋਮਾ ਵੀ ਬਣਨ ਤਾਂ ਅਜਿਹੇ ਪੈਂਡੂਲਮ ਨੂੰ ਅਸੀਂ ਅਨੁਨਾਦੀ ਪੈਂਡੂਲਮ ਆਖਦੇ ਹਾਂ ।

**ਸੰਵੇਗ ਤੇ ਊਰਜਾ ਨਿਯਮ**–ਨਿਊਟਨ ਦੇ ਦੂਜੇ ਨਿਯਮ ਅਨੁਸਾਰ ਬਲ ਦਾ ਪਤਾ ਹੋਣ ਤੇ ਪ੍ਰਵੇਗ ਜਾਂ ਵੇਗ ਅਤੇ ਸੰਵੇਗ ਦਾ ਪਤਾ ਹੋਣ ਤੇ ਪਿੰਡ ਉਪਰ ਲਗਿਆ ਬਲ ਪ੍ਰਾਪਤ ਕਰ ਸਕਦੇ ਹਾਂ ।

ਜੇਕਰ ਇਕ ਬਲ F, t ਸਮੇਂ ਤਕ ਇਕ ਪਿੰਡ ਤੇ ਲੱਗੇ ਤਾਂ F.t ਨੂੰ ਅਸੀਂ ਬਲ ਦਾ ਆਵੇਗ ਆਖਦੇ ਹਾਂ। ਇਹ ਆਵੇਗ ਉਸ ਸਮੇਂ ਵਿਚ ਕਣ ਦੇ ਸੰਵੇਗ ਦੇ ਪਰਿਵਰਤਨ ਦੇ ਬਰਾਬਰ ਹੋਵੇਗਾ । ਇਸ ਸਬੰਧ ਨੂੰ ਅਸੀਂ ਸੰਵੇਗ ਤੇ ਆਵੇਗ ਨਿਯਮ ਆਖਦੇ ਹਾਂ ।

ਆਮ ਤੌਰ ਤੇ ਪਿੰਡਾਂ ਤੇ ਦੋ ਤਰ੍ਹਾਂ ਦੇ ਬਲ ਲੱਗੇ ਹੁੰਦੇ ਹਨ। ਇਹ (1) ਅੰਦਰੂਨੀ (2) ਬਾਹਰਲੇ ਹਨ। ਅੰਦਰੂਨੀ ਬਲ ਕਣਾਂ ਵਿਚ ਪਰਸਪਰ ਕਿਰਿਆਵਾਂ ਕਾਰਨ ਹੁੰਦੇ ਹਨ ਤੇ ਹਰੇਕ ਪਿੰਡ ਵਿਚ ਹੁੰਦੇ ਹਨ ਜੇਕਰ ਪਿੰਡ ਇਕ ਤੋਂ ਵੱਧ ਕਣਾਂ ਦਾ ਬਣਿਆ ਹੋਵੇ । ਪਰ ਕਿਸੇ ਪਿੰਡ ਦਾ ਸੰਵੇਗ ਤਦੋਂ ਤਕ ਸਥਿਰ ਰਹਿੰਦਾ ਹੈ ਜਦੋਂ ਪਿੰਡ ਤੇ ਬਾਹਰਲਾ ਬਲ ਨਾ ਲੱਗੇ । ਇਸ ਨੂੰ ਅਸੀਂ ਸੰਵੇਗ ਦਾ ਸੁਰੱਖਿਅਣ ਨਿਯਮ ਆਖਦੇ ਹਾਂ ।

ਇਕ ਹੋਰ ਰਾਸ਼ੀ ਕਾਰਜ ਹੈ। ਜੇਕਰ ਇਕ ਬਲ F ਇਕ ਪਿੰਡ ਨੂੰ S ਦੂਰੀ ਤਕ ਲੈ ਜਾਂਦਾ ਹੈ ਤਾਂ ਪਿੰਡ ਤੇ ਕੀਤਾ ਗਿਆ ਕਾਰਜ F.S ਹੋਵੇਗਾ ਅਤੇ ਆਵੇਗ-ਸੰਵੇਗ ਸਬੰਧ ਤੋਂ ਇਹ $\frac{1}{2}m(v^2-v_0^2)$ ਦੇ ਬਰਾਬਰ ਹੋਵੇਗਾ; $\frac{1}{2}mv^2$ ਪਿੰਡ ਦੀ ਗਤਿਜ ਊਰਜਾ ਹੈ ਜਦੋਂ ਕਿ $\frac{1}{2}m(v^2-v_0^2)$ ਗਤਿਜ ਊਰਜਾ ਵਿਚ ਪਰਿਵਰਤਨ ਦਰਸਾਉਂਦਾ ਹੈ ।

ਇਕ ਕਣ, ਜਿਹੜਾ ਕਿ ਕਾਰਜ ਕਰ ਸਕਦਾ ਹੈ, ਵਿਚ ਗਤਿਜ ਜਾਂ ਸਥਿਤਿਜ ਊਰਜਾ ਜਾਂ ਦੋਵੇਂ ਊਰਜਾਵਾਂ ਹੋ ਸਕਦੀਆਂ ਹਨ । ਸਥਿਤਿਜ ਊਰਜਾ ਪਿੰਡ ਦੀ ਸਥਿਤੀ ਉਪਰ ਨਿਰਭਰ ਕਰਦੀ ਹੈ । ਪਰੰਤੂ ਲਚਕੀਲੇ ਪਿੰਡਾਂ ਵਿਚ ਇਹ ਪਿੰਡ ਦੀ ਵਿਰੂਪਤਾ ਉਪਰ ਵੀ ਨਿਰਭਰ ਕਰਦੀ ਹੈ । ਸਥਿਤਿਜ ਊਰਜਾ ਧਰਤੀ ਲਈ wh ਹੁੰਦੀ ਹੈ ਜਿਥੇ w ਪਿੰਡ ਦਾ ਭਾਰ ਹੈ ਤੇ h ਧਰਤੀ ਦੀ ਸਤ੍ਹਾ ਤੋਂ ਇਸ ਦੀ ਉਚਾਈ ਹੈ । ਸਥਿਤਿਜ ਤੇ ਗਤਿਜ ਊਰਜਾਵਾਂ ਇਕ ਦੂਜੇ ਵਿਚ ਪਰਿਵਰਤਿਤ ਹੁੰਦੀਆਂ ਰਹਿੰਦੀਆਂ ਹਨ । ਜਦੋਂ ਇਕ ਘਟਦੀ ਹੈ ਤਾਂ ਦੂਜੀ ਇਸ ਤਰ੍ਹਾਂ ਵਧਦੀ ਹੈ ਕਿ ਦੋਹਾਂ ਦਾ ਜੋੜ ਸਥਿਰ ਰਹਿੰਦਾ ਹੈ । ਇਸੇ ਨੂੰ ਅਸੀਂ ਊਰਜਾ ਸੁਰੱਖਿਅਣ ਨਿਯਮ ਆਖਦੇ ਹਾਂ । ਅਜਿਹੇ ਸਿਸਟਮ, ਜਿਸ ਵਿਚ ਇਹ ਨਿਯਮ ਲਾਗੂ ਹੁੰਦਾ ਹੈ, ਨੂੰ ਸੁਰੱਖਿਅਤ ਸਿਸਟਮ ਆਖਦੇ ਹਾਂ ਅਤੇ ਸਿਸਟਮ ਤੇ ਲਗੇ ਬਲਾਂ ਨੂੰ ਸੁਰੱਖਿਅਤ ਬਲ ਕਿਹਾ ਜਾਂਦਾ ਹੈ । ਅਜਿਹੀਆਂ ਹਾਲਤਾਂ ਵਿਚ ਅਸੀਂ ਰਗੜ ਬਲ ਨੂੰ ਛੱਡ ਦਿਤਾ ਹੈ । ਪਰ ਜੇਕਰ ਰਗੜ ਬਲ ਨੂੰ ਧਿਆਨ ਵਿਚ ਰਖਿਆ ਜਾਵੇ ਤਾਂ ਬਲ ਨੂੰ ਸੁਰੱਖਿਅਤ ਬਲ ਨਹੀਂ ਕਿਹਾ ਜਾ ਸਕਦਾ ।

**ਟੱਕਰ**—ਜਦੋਂ ਦੋ ਗਤੀਸ਼ੀਲ ਪਿੰਡਾਂ ਵਿਚਕਾਰ ਟੱਕਰ ਹੁੰਦੀ ਹੈ ਤਾਂ ਉਨ੍ਹਾਂ ਦੇ ਸੰਪਰਕ ਵਿਚ ਆਉਣ ਨਾਲ ਪੈਦਾ ਹੋਇਆ ਬਲ ਦੋਵੇਂ ਪਿੰਡਾਂ ਦੇ ਪ੍ਰਾਰੰਭਿਕ ਵੇਗ, ਪੁੰਜ, ਆਕਾਰ ਅਤੇ ਉਨ੍ਹਾਂ ਦੇ ਲਚਕੀਲੇਪਨ ਤੇ ਨਿਰਭਰ ਕਰਦਾ ਹੈ । ਇਕ ਟੱਕਰ ਵਿਚ ਪ੍ਰਾਰੰਭਿਕ ਅਤੇ ਅੰਤਿਮ ਸੰਵੇਗ ਬਰਾਬਰ ਰਹਿੰਦੇ ਹਨ । ਗਣਿਤੀ ਸ਼ਬਦਾਂ ਵਿਚ ਲਿਖ ਸਕਦੇ ਹਾਂ ਕਿ

$$m_1v_1'+m_2v_2'=m_1v_1+m_2v_2$$

ਲਚਕੀਲੀ ਟੱਕਰ ਵਿਚ ਟੱਕਰ ਦੇ ਦੌਰਾਨ ਸਿਰਫ਼ ਦੋਵਾਂ ਪਿੰਡਾਂ ਦੀਆਂ ਗਤਿਜ ਊਰਜਾਵਾਂ ਵਿਚ ਹੀ ਵਟਾਂਦਰਾ ਹੁੰਦਾ ਹੈ ਤੇ ਅਨਲਚਕੀਲੀ ਟੱਕਰ ਵਿਚ ਗਤਿਜ ਊਰਜਾ ਸਥਿਤਿਜ ਵਿਚ ਤੇ ਸਥਿਤਿਜ ਊਰਜਾ, ਗਤਿਜ ਵਿਚ ਪਰਿਵਰਤਿਤ ਹੋ ਜਾਂਦੀ ਹੈ । ਇਸ ਤੋਂ ਸਾਡਾ ਭਾਵ ਇਹ

ਹੈ ਕਿ ਅਨਲਚਕੀਲੀ ਟੱਕਰ ਵਿਚ ਇਕ ਪਿੰਡ ਵਿਚ ਕੰਪਨਾਂ ਪੈਦਾ ਹੋ ਸਕਦੀਆਂ ਹਨ ਤੇ ਪਿੰਡ ਸਥਾਈ ਤੌਰ ਤੇ ਵਿਰੂਪਿਤ ਹੋ ਸਕਦਾ ਹੈ।

**ਲਚਕੀਲੇ ਪਿੰਡ**–ਆਮ ਵੇਖਣ ਵਿਚ ਆਇਆ ਹੈ ਕਿ ਕੋਈ ਵੀ ਪਿੰਡ ਪੂਰੀ ਤਰ੍ਹਾਂ ਦ੍ਰਿੜ੍ਹ ਨਹੀਂ ਹੁੰਦਾ। ਜਦੋਂ ਵੀ ਪਿੰਡ ਤੇ ਭਾਰ ਲਗਾਉਂਦੇ ਹਾਂ ਤਾਂ ਪਿੰਡ ਦੀ ਸ਼ਕਲ ਵਿਚ ਪਰਿਵਰਤਨ ਆ ਸਕਦਾ ਹੈ। ਕੁਝ ਪਿੰਡਾਂ ਵਿਚ ਇਹ ਪਰਿਵਰਤਨ ਭਾਰ ਹਟਾਉਣ ਤੇ ਖ਼ਤਮ ਹੋ ਜਾਂਦਾ ਹੈ ਤੇ ਕੁਝ ਵਿਚ ਇਹ ਫਿਰ ਵੀ ਰਹਿ ਜਾਂਦਾ ਹੈ। ਪਹਿਲੀ ਤਰ੍ਹਾਂ ਦੇ ਪਿੰਡ ਲਚਕੀਲੇ ਤੇ ਦੂਜੀ ਤਰ੍ਹਾਂ ਦੇ ਪਿੰਡ ਪਲਾਸਟਿਕ ਹੁੰਦੇ ਹਨ। ਲਗ-ਭਗ ਸਾਰੇ ਧਾਤੂ ਇਕ ਸੀਮਿਤ ਭਾਰ ਲਈ ਲਚਕੀਲੇ ਹੁੰਦੇ ਹਨ।

ਪਿੰਡ ਦਾ ਲਚਕੀਲੀ ਗੁਣਾਂਕ $Y$ ਪਿੰਡ ਵਿਚ ਪੈਦਾ ਹੋਏ ਤਣਾਉ ਤੇ ਪਿੰਡ ਤੇ ਲੱਗੇ ਪ੍ਰਤਿਬਲ ਦੇ ਅਨੁਪਾਤ ਦੇ ਬਰਾਬਰ ਹੈ। ਜਦੋਂ ਇਕ ਪਿੰਡ ਜਾਂ ਤਾਰ ਨੂੰ ਇਕ ਲਚਕੀਲੀ ਸੀਮਾ ਤੋਂ ਵਧਾਉਂਦੇ ਹਾਂ ਤਾਂ ਉਹ ਤਾਰ ਟੁੱਟ ਜਾਂਦੀ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਕੋਈ ਬਣਤਰ ਕਿਸੇ ਇਕ ਭਾਰ ਤੇ ਨਾ ਟੁੱਟੇ ਤਾਂ ਸਾਨੂੰ ਉਸ ਬਣਤਰ ਲਈ ਟੁੱਟ ਜਾਣ ਵਾਲੇ ਭਾਰ ਦਾ ਅਨੁਮਾਨ ਕਰਨਾ ਪਵੇਗਾ। ਕਿਸੇ ਬਣਤਰ ਦਾ ਕਰਜ਼ਾਪਨ ਇਸ ਗੱਲ ਤੇ ਵੀ ਨਿਰਭਰ ਕਰਦਾ ਹੈ ਕਿ ਉਸ ਤੇ ਭਾਰ ਕਿਸ ਤਰ੍ਹਾਂ ਲਟਕਾਇਆ ਜਾਂਦਾ ਹੈ। ਇਸ ਤੋਂ ਸਾਡਾ ਭਾਵ ਹੈ ਕਿ ਜੇਕਰ ਅਸੀਂ ਹੌਲੀ ਹੌਲੀ ਬਣਤਰ ਤੇ ਭਾਰ ਲਟਕਾਈਏ ਤਾਂ ਤੋੜਨ ਵਾਲੇ ਭਾਰ ਦਾ ਮੁੱਲ ਵਧ ਜਾਵੇਗਾ।

**ਡੀ-ਅਲੰਬਰਟ ਦਾ ਨਿਯਮ**–ਡੀ-ਅਲੰਬਰਟ ਨੇ ਨਿਊਟਨ ਦੇ ਨਿਯਮ ਦੀ ਵਿਆਖਿਆ ਕੁਝ ਹੋਰ ਤਰ੍ਹਾਂ ਕੀਤੀ। ਉਸ ਨੇ ਦੱਸਿਆ ਕਿ $F=ma$ ਨੂੰ ਅਸੀਂ $F+(-ma)=0$ ਲਿਖ ਸਕਦੇ ਹਾਂ ਜਿਥੇ $(-ma)$ ਨੂੰ ਵੀ ਇਕ ਬਲ ਹੀ ਮੰਨਿਆ ਹੈ ਅਤੇ ਇਸਨੂੰ ਜੜ੍ਹਤਾ ਬਲ ਆਖਦੇ ਹਾਂ। ਇਸ ਧਾਰਨਾ ਦੇ ਅਧਾਰ ਤੇ ਅਸੀਂ ਨਿਊਟਨ ਦੀਆਂ ਗਤੀਸ਼ੀਲ ਸਮੱਸਿਆਵਾਂ ਨੂੰ ਸਥਿਤੀ-ਵਿਗਿਆਨ ਦੀਆਂ ਸਮੱਸਿਆਵਾਂ ਵਿਚ ਬਦਲ ਦਿੰਦੇ ਹਾਂ ਅਤੇ $(-ma)$ ਨੂੰ ਉਲਟ ਪ੍ਰਭਾਵਿਤ ਬਲ ਜਾਂ ਸਵੈ-ਇੱਛਤ ਬਲ ਆਖਦੇ ਹਾਂ। ਡੀ-ਅਲੰਬਰਟ ਦੇ ਨਿਯਮ ਦੀ ਵਰਤੋਂ ਕਰਕੇ ਅਸੀਂ ਸੰਤੁਲਨ ਦੀਆਂ ਸਮੀਕਰਨਾਂ ਦੀ ਹੀ ਵਰਤੋਂ ਕਰਦੇ ਹਾਂ।

**ਕੋਰੋਲੀਅਸ ਬਲ**–ਇਹ ਬਲ ਅਸੀਂ ਕੋਰੋਲੀਅਸ ਪ੍ਰਵੇਗ ਨੂੰ ਪੁੰਜ ਨਾਲ ਗੁਣਾ ਕਰਕੇ ਪ੍ਰਾਪਤ ਕਰ ਸਕਦੇ ਹਾਂ। ਧਰਤੀ ਉਪਰ ਅਸੀਂ ਇਸ ਬਲ ਦਾ ਅਨੁਭਵ ਕਰ ਸਕਦੇ ਹਾਂ ਪਰ ਇਸ ਦੀ ਮਾਤਰਾ ਬਹੁਤ ਘੱਟ ਹੈ। ਫੋਕਾਲਟ ਨੇ ਇਸ ਮਾਤਰਾ ਨੂੰ ਮਾਪਦੇ ਹੋਏ ਦੱਸਿਆ ਕਿ ਸਾਡੀ ਧਰਤੀ ਘੁੰਮ ਰਹੀ ਹੈ। ਇਸ ਮਾਤਰਾ ਨੂੰ ਮਾਪਣ ਲਈ ਉਸਨੇ ਫੋਕਾਲਟ ਪੈਂਡੂਲਮ ਦੀ ਵਰਤੋਂ ਕੀਤੀ। ਇਸ ਬਲ ਕਾਰਨ ਧਰਤੀ ਭੂ-ਮੱਧ ਰੇਖਾ ਤੇ ਉਭਰੀ ਹੋਈ ਹੈ ਕਿਉਂਕਿ ਉਥੇ ਇਹ ਬਲ ਸਭ ਤੋਂ ਜ਼ਿਆਦਾ ਹੈ। ਇਸ ਬਲ ਕਾਰਨ ਸਾਨੂੰ ਨਿਊਟਨੀ ਸਮੀਕਰਨਾਂ ਉਤੇ ਮੁੜ ਵਿਚਾਰ ਕਰਨਾ ਪਵੇਗਾ। ਜੇਕਰ ਅਸੀਂ ਸਮੀਕਰਨਾਂ ਕਿਸੇ ਨਿਸ਼ਚਿਤ ਤਾਰੇ ਦੇ ਅੰਧਾਰ ਤੇ ਲਿਖੀਏ ਤਾਂ ਸਾਡੇ ਸਿੱਟੇ ਨਹੀਂ ਬਦਲਣਗੇ ਪਰ ਜੇਕਰ ਸਾਡਾ ਨਿਰਦੇਸ਼ ਅੰਕ ਸਿਸਟਮ ਘੁੰਮ ਰਿਹਾ ਹੋਵੇ ਤਾਂ ਸਿੱਟੇ ਕੋਰੋਲੀਅਸ ਬਲ ਕਾਰਨ ਬਦਲ ਜਾਣਗੇ।

**ਆਭਾਸੀ ਕਾਰਜ ਦਾ ਨਿਯਮ**–ਸਥਿਤੀ-ਵਿਗਿਆਨ ਦੀਆਂ ਸੰਤੁਲਨ ਸਮੀਕਰਨਾਂ ਨਾਲ ਗੁੰਝਲਦਾਰ ਕਿਰਿਆਵਾਂ ਵਾਲੇ ਸਿਸਟਮਾਂ ਦੀਆਂ ਸਮੱਸਿਆਵਾਂ ਦਾ ਹੱਲ ਬਹੁਤ ਕਠਿਨ ਹੋ ਜਾਂਦਾ ਹੈ। ਸੰਤੁਲਨ ਵਿਧੀ ਨਾਲ ਬਲ ਪ੍ਰਾਪਤ ਕਰਨ ਲਈ ਸਾਨੂੰ ਸਾਰੇ ਘਟਕ ਅਲੱਗ ਅਲੱਗ ਕਰਨੇ ਪੈਂਦੇ ਹਨ। ਜੇਕਰ ਇਨ੍ਹਾਂ ਘਟਕਾਂ ਦੀ ਸੰਖਿਆ ਜ਼ਿਆਦਾ ਹੋਵੇ ਤਾਂ ਸਾਨੂੰ ਬਹੁਤ ਸਾਰੀਆਂ ਸਮੀਕਰਨਾਂ ਹੱਲ ਕਰਨੀਆਂ ਪੈਂਦੀਆਂ ਹਨ। ਇਸ ਲਈ ਬਹੁਤ ਸਾਰੇ ਅਗਿਆਤ ਬਲਾਂ ਦਾ ਸਾਨੂੰ ਪਤਾ ਹੋਣਾ ਚਾਹੀਦਾ ਹੈ। ਆਭਾਸੀ ਕਾਰਜ ਦੇ ਨਿਯਮ ਦੀ ਵਰਤੋਂ ਕਰਕੇ ਅਸੀਂ ਕੁਝ ਅਗਿਆਤ ਬਲ ਪਤਾ ਕਰ ਸਕਦੇ ਹਾਂ ਤੇ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਾਂ। ਇਹ ਨਿਯਮ ਗਤੀਸ਼ੀਲ ਸਿਸਟਮਾਂ ਲਈ ਵੀ ਵਰਤਿਆ ਜਾਂਦਾ ਹੈ, ਜੇਕਰ ਅਸੀਂ ਡੀ-ਅਲੰਬਰਟ ਦੇ ਨਿਯਮ ਦੀ ਵਰਤੋਂ ਕਰਕੇ ਹਰੇਕ ਘਟਕ ਨੂੰ ਸੰਤੁਲਨ ਵਿਚ ਲੈ ਆਈਏ।

ਜੇਕਰ ਕੋਈ ਬਲ $F$ ਇਕ ਸਿਸਟਮ $\Delta S$ ਦੂਰੀ ਤਕ ਲੈ ਜਾਵੇ ਤਾਂ ਸਿਸਟਮ ਤੇ ਕੀਤਾ ਗਿਆ ਕਾਰਜ $F.\Delta S$ ਹੋਵੇਗਾ। ਇਹ ਵਿਸਥਾਪਨ $\Delta S$ ਆਭਾਸੀ ਹੋਵੇਗਾ ਜੇਕਰ ਇਹ ਸਿਸਟਮ ਦੁਆਰਾ ਅਨੁਭਵ ਨਾ ਕੀਤਾ ਜਾਵੇ। ਇਹ ਵਿਸਥਾਪਨ ਇਕ ਸਮੇਂ ਤੇ ਹੁੰਦਾ ਹੈ ਤੇ ਇਸ ਵਿਚ ਸਿਸਟਮ ਤੇ ਲੱਗ ਰਹੇ ਬਲ, 0 ਦੂਰੀ ਦੇ ਦੌਰਾਨ ਤੇ ਵਿਸਥਾਪਨ ਤੋਂ ਬਾਅਦ ਉਹੀ ਰਹਿੰਦੇ ਹਨ ਜਿਹੜੇ ਕਿ ਵਿਸਥਾਪਨ ਤੋਂ ਪਹਿਲਾਂ ਸਨ। $F$ ਤੇ ਅਜਿਹੇ $\Delta S$ ਦੇ ਗੁਣਕ ਨੂੰ ਅਸੀਂ ਆਭਾਸੀ ਕਾਰਜ ਆਖਦੇ ਹਾਂ। ਪਿੰਡ ਤੇ ਲੱਗ ਰਹੇ ਸਾਰੇ ਬਲਾਂ ਲਈ ਇਹ ਜ਼ੀਰੋ ਹੋਵੇਗਾ। ਇਸ ਨੂੰ ਅਸੀਂ ਆਭਾਸੀ ਕਾਰਜ ਦਾ ਨਿਯਮ ਆਖਦੇ ਹਾਂ। ਇਸ ਨੂੰ ਅਸੀਂ ਕਦੇ ਕਦੇ ਆਭਾਸੀ ਵਿਸਥਾਪਨ ਦਾ ਨਿਯਮ ਵੀ ਆਖਦੇ ਹਾਂ ਤੇ ਸ਼ੁਰੂ ਸ਼ੁਰੂ ਵਿਚ ਇਸ ਨੂੰ ਆਭਾਸੀ ਵੇਗਾਂ ਦਾ ਨਿਯਮ ਵੀ ਕਿਹਾ ਜਾਂਦਾ ਸੀ ਜਦੋਂ ਕਿ ਆਭਾਸੀ ਵੇਗ ਆਭਾਸੀ ਵਿਸਥਾਪਨ ਨੂੰ $\Delta t$ ਨਾਲ ਭਾਗ ਕਰਕੇ ਪ੍ਰਾਪਤ ਕੀਤੇ ਜਾਂਦੇ ਹਨ ਜੇਕਰ ਕਾਲ ਅੰਤਰ $\Delta t \to 0$ ਹੋ ਜਾਵੇ ਤਾਂ ਆਭਾਸੀ ਵੇਗ ਨੂੰ ਤਤਕਾਲੀ ਵੇਗ ਵੀ ਆਖਦੇ ਹਾਂ ਇਸ ਧਾਰਨਾ ਦੀ ਵਰਤੋਂ ਮਸ਼ੀਨਾਂ ਵਿਚ ਹੁੰਦੀ ਹੈ। $Fv$ ਨੂੰ ਅਸੀਂ ਤਤਕਾਲੀ ਸ਼ਕਤੀ ਆਖਦੇ ਹਾਂ।

**ਚਕਰਨ ਲਾਟੂ ਤੇ ਜਾਇਰੋਸਕੋਪ**–ਤਿੰਨ ਵਿਮਾਂ ਵਿਚ ਦੋ ਵਿਮਾਂ ਵਾਂਗ ਅਸੀਂ ਇਹ ਮੰਨਦੇ ਹਾਂ ਕਿ ਪਿੰਡ ਦਾ ਪੁੰਜ-ਕੇਂਦਰ ਇਸ ਤਰ੍ਹਾਂ ਚਲਦਾ ਹੈ ਕਿ ਪਰਿਣਾਮੀ ਬਲ ਇਕ ਕਣ ਤੇ ਲੱਗ ਰਿਹਾ ਹੋਵੇ। ਜੇਕਰ ਦੋ ਵਿਮਾਂ ਵਿਚ ਪਿੰਡ ਤੇ ਇਕ ਟਾਰਕ ਲਗਾਈਏ ਤਾਂ ਪਿੰਡ ਕਿਸੇ ਧੁਰੇ ਦੁਆਲੇ ਘੁੰਮੇਗਾ। ਪੁਲਾੜ ਵਿਚ ਅਜਿਹੇ ਤਿੰਨ ਤਲ ਹੋਣਗੇ ਤੇ ਇਨ੍ਹਾਂ ਤਿੰਨ ਤਲਾਂ ਵਿਚ ਪਿੰਡ ਇਕੋ ਹੀ ਸਮੇਂ ਤੇ ਘੁੰਮ ਸਕਦਾ ਹੈ। ਇਸ ਲਈ ਤਿੰਨ ਵਿਮੀ ਗਤੀ ਜ਼ਿਆਦਾ ਗੁੰਝਲਦਾਰ ਹੋ ਜਾਂਦੀ ਹੈ। ਚਕਰਨ ਸਪਿਨ ਤੇ ਜਾਇਰੋਸਕੋਪ ਅਜਿਹੀ ਗਤੀ ਦੀਆਂ ਹੀ ਉਦਾਹਰਨਾਂ ਹਨ। ਇਨ੍ਹਾਂ ਦੇ ਅਧਿਐਨ ਵਿਚ ਅਸੀਂ ਕੁਝ ਧਾਰਨਾਵਾਂ ਕਰਦੇ ਹਾਂ ਜਿਨ੍ਹਾਂ ਕਾਰਨ ਸਮੱਸਿਆ ਸਰਲ ਹੋ ਜਾਂਦੀ ਹੈ।

ਜਾਇਰੋਸਕੋਪ ਇਕ ਛੋਟਾ ਜਿਹਾ ਤੇ ਸਹੀ ਤੌਰ ਤੇ ਬਣਿਆ ਫਲਾਈਵ੍ਹੀਲ ਹੀ ਹੈ, ਜਿਹੜਾ ਕਿ ਆਲੇ ਦੁਆਲੇ ਦੀਆਂ ਰਿੰਗਾਂ ਨਾਲ ਇਸ ਤਰ੍ਹਾਂ ਸੈੱਟ ਕੀਤਾ ਹੁੰਦਾ ਹੈ ਕਿ ਇਹ ਕਿਸੇ ਧੁਰੇ ਦੁਆਲੇ ਆਸਾਨੀ ਨਾਲ ਘੁੰਮ ਸਕੇ। ਇਸ ਵਿਚ ਬਲਕ੍ਰਿਤ ਪ੍ਰੀਸੈਸ਼ਨ ਪੈਦਾ ਹੁੰਦਾ ਹੈ। ਕੁਝ ਪਾਣੀ ਵਾਲੇ ਜਹਾਜ਼ਾਂ ਵਿਚ ਵੱਡਾ ਜਾਇਰੋਸਕੋਪ ਬਹੁਤ ਲਾਭਦਾਇਕ ਸਿਧ ਹੁੰਦਾ ਹੈ। ਇਸ ਨਾਲ ਜਹਾਜ਼ ਨੂੰ ਸਮੁੰਦਰ ਵਿਚ ਡੋਲਣ ਤੋਂ ਬਚਾਇਆ ਜਾ ਸਕਦਾ ਹੈ।

**ਲੈਗਰਾਜੇ ਦੀਆਂ ਸਮੀਕਰਨਾਂ**–ਗੁੰਝਲਦਾਰ ਸਮੱਸਿਆਵਾਂ ਲਈ ਆਮ ਤੌਰ ਤੇ, ਨਿਊਟਨੀ ਸਮੀਕਰਨਾਂ ਦਾ ਹੱਲ ਬਹੁਤ ਕਠਿਨ ਹੋ ਜਾਂਦਾ ਹੈ। ਕਈ ਵਾਰੀ ਸਮੱਸਿਆਵਾਂ ਵਿਚ ਅਜਿਹੀਆਂ ਔਕੜਾਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਨਿਊਟਨੀ ਸਮੀਕਰਨਾਂ ਵਿਚ ਲਿਖਣਾ ਵੀ ਕਠਿਨ ਹੁੰਦਾ ਹੈ। ਅਜਿਹੀਆਂ ਹਾਲਤਾਂ ਵਿਚ ਲੈਗਰਾਜੇ ਅਤੇ ਹੈਮਿਲਟਨ ਦੀਆਂ ਸਮੀਕਰਨਾਂ ਬਹੁਤ ਉਪਯੋਗੀ ਸਿੱਧ ਹੁੰਦੀਆਂ ਹਨ। ਇਹ ਸਮੀਕਰਨਾਂ ਨਿਊਟਨੀ ਸਮੀਕਰਨ ਤੇ ਅਧਾਰਿਤ ਹਨ ਪ੍ਰੰਤੂ ਇਨ੍ਹਾਂ ਨਾਲ ਅਸੀਂ ਸਮੱਸਿਆਵਾਂ ਹੱਲ ਕਰਨ ਦੇ ਨਵੇਂ ਤਰੀਕੇ ਲੱਭ ਸਕਦੇ ਹਾਂ। ਇਨ੍ਹਾਂ ਵਿਚ ਅਸੀਂ ਸਿਰਫ਼ ਸਕੇਲਰ ਰਾਸ਼ੀਆਂ ਦੀ ਵਰਤੋਂ ਕਰਦੇ ਹਾਂ ਤੇ ਕਿਸੇ ਤਰ੍ਹਾਂ ਦੀ ਜੁਮੈਟਰੀ ਦੀ ਲੋੜ ਨਹੀਂ ਪੈਂਦੀ। ਨਿਊਟਨੀ ਮਕੈਨਿਕਸ ਵਿਚ ਕਾਰਟੀਜ਼ੀਅਨ ਕੋਆਰਡੀਨੇਟ ਵਰਤਦੇ ਹਾਂ ਪਰੰਤੂ ਦੂਜੀਆਂ ਸਮੀਕਰਨਾਂ ਵਿਚ ਅਸੀਂ ਵਿਆਪਕ ਕੋਆਰਡੀਨੇਟ ਵਰਤਦੇ ਹਾਂ। ਕਿਸੇ ਵੀ ਪਿੰਡ ਦੀ ਗਤਿਜ ਤੇ ਸਥਿਤਿਜ ਊਰਜਾ ਇਨ੍ਹਾਂ ਕੋਆਰਡੀਨੇਟਾਂ ਵਿਚ ਹੀ ਲਿਖਦੇ ਹਾਂ। ਇਨ੍ਹਾਂ ਕੋਆਰਡੀਨੇਟਾਂ ਦਾ ਸਭ ਤੋਂ ਵੱਡਾ ਲਾਭ ਇਹ ਹੈ

ਕਿ ਇਹ ਸਭ ਇਕ ਦੂਜੇ ਤੋਂ ਸੁਤੰਤਰ ਹਨ। ਆਮ ਤੌਰ ਤੇ ਇਨ੍ਹਾਂ ਨੂੰ $q_1, q_2, \ldots q_4$ ਨਾਲ ਅੰਕਿਤ ਕਰਦੇ ਹਾਂ। ਇਨ੍ਹਾਂ ਕੋਆਰਡੀਨੇਟਾਂ ਦੇ ਅਨੁਸਾਰੀ ਅਸੀਂ ਵਿਆਪਕ ਵੇਗ ਵੀ ਲਿਖਦੇ ਹਾਂ। ਹੋਰ ਜ਼ਿਆਦਾ ਵਿਆਖਿਆ ਨਾ ਕਰਦੇ ਹੋਏ ਅਸੀਂ ਸਿਰਫ ਇਹ ਦੱਸਾਂਗੇ ਕਿ ਇਕ ਸੁਰੱਖਿਅਤ ਸਿਸਟਮ ਲਈ ਲੈਗਰਾਂਜੇ ਸਮੀਕਰਨਾਂ ਇਹ ਹਨ—

$$\frac{\partial L}{\partial q} - \frac{d}{dt}\left(\frac{\partial L}{\partial \dot{q}}\right) = 0$$ ਜਿਥੇ L

ਸਿਸਟਮ ਦਾ ਲੈਗਰਾਂਜੀਅਨ ਹੈ ਤੇ ਇਹ ਸਥਿਤਿਜ ਤੇ ਗਤਿਜ ਦੇ ਅੰਤਰ ਦੇ ਬਰਾਬਰ ਹੈ।

ਹੈਮਿਲਟਨ ਸਮੀਕਰਨਾਂ ਲਈ ਵਿਆਪਕ ਸੰਵੇਗਾਂ p ਤੇ ਕੋਆਰਡੀਨੇਟਾਂ ਦੀ ਵਰਤੋਂ ਕਰਦੇ ਹਾਂ। ਇਨ੍ਹਾਂ ਸਮੀਕਰਨਾਂ ਲਈ ਅਸੀਂ ਸਿਸਟਮ ਦਾ ਹੈਮਿਲਟੋਨਿਅਨ H ਲਿਖਦੇ ਹਾਂ ਜਿਹੜਾ ਕਿ ਗਤਿਜ ਤੇ ਸਥਿਤਿਜ ਊਰਜਾਵਾਂ ਦਾ ਜੋੜ ਹੈ। ਇਨ੍ਹਾਂ ਸਮੀਕਰਨਾਂ ਦਾ ਰੂਪ ਹੇਠਾਂ ਦਿਤਾ ਹੈ—

$$\dot{q} = \frac{\partial H}{\partial p}, \dot{p} = -\frac{\partial H}{\partial q}$$

ਇਨ੍ਹਾਂ ਸਮੀਕਰਨਾਂ ਤੇ ਲੈਗਰਾਂਜੇ ਸਮੀਕਰਨਾਂ ਵਿਚ ਕੋਈ ਅੰਤਰ ਨਹੀਂ ਹੈ। ਇਨ੍ਹਾਂ ਵਿਚ ਇਕੋ ਹੀ ਵਾਧਾ ਹੈ ਕਿ ਇਨ੍ਹਾਂ ਨਾਲ ਅਸੀਂ ਕਲਾਸੀਕਲ ਮਕੈਨਿਕਸ ਅਤੇ ਕੁਆਂਟਮ ਮਕੈਨਿਕਸ ਵਿਚਕਾਰ ਅੰਤਰ ਜ਼ਿਆਦਾ ਚੰਗੀ ਤਰ੍ਹਾਂ ਸਮਝ ਸਕਦੇ ਹਾਂ।

ਹ. ਪੁ.—ਮਕੈਨਿਕਸ-ਵਿਲੀਅਮ, ਐਫ਼. ਓਸਗੁਡ ; ਕਲਾਸੀਕਲ ਮਕੈਨਿਕਸ ਮਦਨ ਲਾਲ ਹਸੀਜਾ; ਮਕੈਨਿਕਸ-ਕੀਥ ਆਰ. ਸਾਈਮਨ; ਪ੍ਰਿੰਸੀਪਲਜ਼ ਆੱਫ ਮਕੈਨਿਕਸ-ਜਾੱਨ. ਐਲ. ਸਿੰਜੇ ਅਤੇ ਬਾਈਰਾੱਨ. ਏ. ਗ੍ਰਿਫਿਥ

—ਸੁਰੇਸ਼. ਸੀ. ਗੁਪਤਾ (ਡਾ.)

**ਕਲਾਗੇਨਫੁਰਟ** : ਆਸਟ੍ਰੀਆ ਦੇ ਕਾਰਨਟੈੱਨ 'ਸੰਘੀ ਰਾਜ' ਦਾ ਇਹ ਰਾਜਧਾਨੀ ਸ਼ਹਿਰ ਹੈ ਜੋ 'ਵਰਥਰ ਸੀ' ਨਾਂ ਦੀ ਪਹਾੜੀ ਝੀਲ ਦੇ ਪੂਰਬ ਵਿਚ ਗਲੈਨ ਦਰਿਆ ਤੇ ਵਾਕਿਆ ਹੈ। 12ਵੀਂ ਸਦੀ ਵਿਚ ਇਸਦੀ ਨੀਂਹ ਰੱਖੀ ਗਈ ਅਤੇ 1514 ਈ. ਵਿਚ ਅੱਗ ਲੱਗਣ ਨਾਲ ਇਸ ਸ਼ਹਿਰ ਦੀ ਕਾਫ਼ੀ ਤਬਾਹੀ ਹੋਈ। ਸੰਨ 1518 ਤੋਂ ਇਹ ਸ਼ਹਿਰ ਕਾਰਨਟੈੱਨ ਦੀ ਰਾਜਧਾਨੀ ਅਤੇ 1787 ਤੋਂ 'ਗਰਕ' ਦੇ ਪ੍ਰਿੰਸ-ਬਿਸ਼ਪ ਦੀ ਸੀਟ ਚਲਿਆ ਆ ਰਿਹਾ ਹੈ। ਇਥੋਂ ਦੇ ਸਟੇਟ ਅਜਾਇਬ ਘਰ, ਡਾਇਓਸਿਸਨ ਅਜਾਇਬ-ਘਰ, ਸਟੇਟ ਆਰਟ ਗੈਲਰੀ ਅਤੇ ਸੱਤਵੀਂ ਸਦੀ ਦਾ 'ਟਾਊਨ ਹਾਲ' ਵੇਖਣਯੋਗ ਹਨ। ਇਹ ਆਵਾਜਾਈ ਅਤੇ ਸੈਰ ਸਪਾਟੇ ਦਾ ਕੇਂਦਰ ਹੈ। ਇਥੇ ਧਾਤਾਂ, ਭੋਜਨ ਅਤੇ ਰਸਾਇਣਿਕ ਵਸਤਾਂ ਦੀਆਂ ਦਸਤਕਾਰੀਆਂ ਆਦਿ ਤੋਂ ਛੁਟ ਕੱਪੜੇ, ਚਮੜੇ, ਤੰਬਾਕੂ ਅਤੇ ਬਿਜਲੀ ਦਾ ਸਮਾਨ ਅਤੇ ਫਰਨੀਚਰ ਤਿਆਰ ਕੀਤਾ ਜਾਂਦਾ ਹੈ।

ਆਬਾਦੀ—87,321 (1981)

46° 38′ ਉ. ਵਿਥ. ; 14° 18′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 846.

**ਕਲਾਜ, ਜੋਹਾਨ** : ਇਸ ਜਰਮਨ ਕਵੀ ਦਾ ਜਨਮ ਸੰਨ 1615 ਵਿਚ ਸੈਕਸਨੀ ਵਿਖੇ ਹੋਇਆ। ਇਸ ਨੇ ਵਿਟਨਬਰਕ ਵਿਖੇ ਧਰਮ ਸ਼ਾਸਤਰ ਦਾ ਅਧਿਐਨ ਕੀਤਾ। ਫਿਰ ਨੂਰਨਬੈਰਕ ਵਿਖੇ ਜਾ ਕੇ 1644 ਵਿਚ ਇਕ ਸਾਹਿਤਕ ਸੋਸਾਇਟੀ ਬਣਾਈ ਅਤੇ 17ਵੀਂ ਸਦੀ ਦੇ ਮੱਧ ਦੇ ਦੌਰਾਨ ਨੂਰਨਬੈਰਕ ਨੂੰ ਜਰਮਨ ਸਾਹਿਤ ਦਾ ਕੇਂਦਰ ਬਨਾਉਣ ਵਿਚ ਵੱਡਾ ਹਿੱਸਾ ਪਾਇਆ। ਇਸ ਸਥਾਨ ਤੇ ਹੀ ਇਹ ਪੜ੍ਹਾਂਦਾ ਰਿਹਾ ਅਤੇ ਬਾਅਦ ਵਿਚ ਅਧਿਆਪਕ ਅਤੇ ਉਪਦੇਸ਼ਕ ਬਣਕੇ ਕਿਟਸਿੰਐਨ ਵਿਖੇ ਚਲਾ ਗਿਆ ਜਿਥੇ ਇਸ ਦੀ ਮੌਤ 1656 ਵਿਚ ਹੋਈ। ਇਸ ਦੀ ਵਧੇਰੀ ਕਵਿਤਾ ਗ੍ਰਾਮੀਣ ਸੀ ਅਤੇ ਇਸ ਨੇ ਧਾਰਮਕ ਅਤੇ ਰਹੱਸਵਾਦੀ ਨਾਟਕ ਵੀ ਲਿਖੇ।

ਹ. ਪੁ.—ਐਨ. ਬ੍ਰਿ. 3 : 397.

**ਕਲਾਜ਼ਮੈਨੀ** : ਤੁਰਕੀ ਦਾ ਇਹ ਇਕ ਪ੍ਰਾਚੀਨ ਸ਼ਹਿਰ ਹੈ, ਜੋ ਇਜ਼ਮੀਰ ਖਾੜੀ ਦੇ ਦੱਖਣ ਵਿਚ ਇਜ਼ਮੀਰ ਤੋਂ 32 ਕਿ. ਮੀ. ਪੱਛਮ ਵਿਚ ਆਇਓਨੀਆ ਵਿਖੇ ਸਥਿਤ ਹੈ। ਇਹ ਆਇਓਨੀਅਨ ਡੋਡੀਕਪਲੀਜ਼ ਜਿਹੜੀ ਕਿ 12 ਸ਼ਹਿਰਾਂ ਦੀ ਕਨਫੈਡਰੇਸ਼ਨ ਸੀ,ਦਾ ਮੈਂਬਰ ਸੀ। ਇਸ ਦੇ ਬਾਨੀ 'ਕਲਿਓਨੀ' ਅਤੇ 'ਫਲੀਅਸ' ਤੋਂ ਆਏ ਦੱਸੇ ਜਾਂਦੇ ਹਨ ਤੇ ਆਰੰਭ ਵਿਚ ਇਹ ਸ਼ਹਿਰ ਐਰਿਥਰੀਐਨ ਪ੍ਰਾਇਦੀਪ ਦੇ ਨੇੜੇ ਮੁੱਖ ਧਰਤੀ ਤੇ ਵਾਕਿਆ ਸੀ, ਪਰ ਇਥੋਂ ਦੇ ਵਸਨੀਕ ਇਰਾਨੀਆਂ ਦੇ ਡਰ ਮਾਰੇ ਸਾਹਿਲ ਤੋਂ 360 ਮੀ. ਦੇ ਫਾਸਲੇ ਤੇ ਇਕ ਟਾਪੂ ਤੇ ਚਲੇ ਗਏ ਅਤੇ ਉਥੇ ਜਾ ਕੇ ਸ਼ਹਿਰ ਵਸਾਇਆ। ਇਹ ਟਾਪੂ ਮੁੱਖ ਧਰਤੀ ਨਾਲ ਸਕੰਦਰ ਮਹਾਨ ਨੇ ਪੁਲ ਦੁਆਰਾ ਜੋੜਿਆ, ਜਿਸਦੇ ਚਿੰਨ੍ਹ ਹੁਣ ਵੀ ਮਿਲਦੇ ਹਨ। ਇਸ ਸ਼ਹਿਰ ਨੂੰ ਫਿਲਾਸਫਰ 'ਐਨੈਕਸੈਗੋਰਸ' ਅਤੇ ਅਰਟੇਮਨ ਇੰਜੀਨੀਅਰ ਦੀ ਜਨਮ ਭੂਮੀ ਹੋਣ ਦਾ ਮਾਣ ਹੈ।

ਹ. ਪੁ.—ਐਨ. ਬ੍ਰਿ. 5 : 893

**ਕਲਾਡਜ਼ਕੋ** : ਪੋਲੈਂਡ ਦੇ ਵਰੋੱਟਸਲੱਾਫ ਪ੍ਰਾਂਤ ਦਾ ਇਹ ਇਕ ਸ਼ਹਿਰ ਅਤੇ ਕਾਊਂਟੀ ਦੀ ਰਾਜਧਾਨੀ ਹੈ। ਇਹ ਨਾਈਸਾ ਕਲਾਡਜ਼ਕਾ ਦਰਿਆ ਦੇ ਦੋਨਾਂ ਪਾਸਿਆਂ ਤੇ ਵਾਕਿਆ ਸੂਡੇਟੀ ਪਹਾੜਾਂ ਵਿਚ ਸਥਿਤ ਹੈ। ਇਹ ਪੋਲੈਂਡ ਦੀ ਇਕ ਸਰਹੱਦੀ ਬਸਤੀ ਹੈ ਜੋ 6ਵੀਂ ਸਦੀ ਤੋਂ ਲੈ ਕੇ 10ਵੀਂ ਸਦੀ ਤਕ ਹੋਂਦ ਵਿਚ ਆਈ ਸੀ। ਗਿਆਰ੍ਹਵੀਂ ਸਦੀ ਤੋਂ ਉੱਨੀਵੀਂ ਸਦੀ ਤਕ ਸਮੇਂ ਸਮੇਂ ਤੇ ਇਹ ਬੋਹੀਮੀਆ, ਆਸਟ੍ਰੀਆ ਅਤੇ ਪ੍ਰਸ਼ੀਆ ਦੇ ਹੱਥਾਂ ਵਿਚ ਰਿਹਾ ਹੈ। ਸੰਨ 1945 ਵਿਚ ਮੁੜ ਇਸ ਤੇ ਪੋਲੈਂਡ ਦਾ ਅਧਿਕਾਰ ਹੋ ਗਿਆ। ਪੋਲੈਂਡ ਦਾ ਸਭ ਤੋਂ ਪੁਰਾਣਾ ਸਾਹਿਤ ਇਥੇ ਹੀ ਲਿਖਿਆ ਗਿਆ ਸੀ।

ਅਜੋਕਾ ਸ਼ਹਿਰ ਆਪਣੇ ਆਲੇ ਦੁਆਲੇ ਲਈ ਆਵਾਜਾਈ ਦਾ ਕੇਂਦਰ ਅਤੇ ਇਕ ਪ੍ਰਸਿੱਧ ਸੈਲਾਨੀ ਕੇਂਦਰ ਹੈ। ਇਥੇ 14ਵੀਂ ਸਦੀ ਦਾ ਬਣਿਆ ਇਕ ਪੱਥਰਾਂ ਦਾ ਪੁਲ ਅਤੇ ਕਈ ਇਤਿਹਾਸਕ ਇਮਾਰਤਾਂ ਹਨ। ਲੱਕੜਾਂ ਚੀਰਨ, ਧਾਤਕਰਨੀ ਕ੍ਰਿਆ, ਕੱਪੜਾ ਬੁਣਨ ਅਤੇ ਖੁਰਾਕ ਤਿਆਰ ਕਰਨ ਦੇ ਉਦਯੋਗ ਇਥੋਂ ਦੇ ਮੁੱਖ ਉਦਯੋਗ ਹਨ।

ਆਬਾਦੀ—29,500 (1982)

50° 27′ ਉ. ਵਿਥ. ; 16° 39′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 852

**ਕਲਾਡਨੋ** : ਚੈਕੋਸਲੋਵਾਕੀਆ ਦੇ ਕੇਂਦਰੀ ਬੋਹੀਮੀਆ ਖੇਤਰ ਵਿਚ ਖਾਣਾਂ ਦਾ ਇਹ ਇਕ ਕੇਂਦਰ ਹੈ ਜੋ 'ਪ੍ਰਾਗ' ਦੇ 29 ਕਿ. ਮੀ. ਉੱਤਰ-ਪੱਛਮ ਵਿਚ ਵਾਕਿਆ ਹੈ। ਇਥੇ ਕਾਰਬੋਨੀਫੈਰਸ ਚਟਾਨਾਂ ਬਹੁਤ ਹਨ ਅਤੇ ਇਥੇ ਕੋਲੇ ਦਾ ਕੰਮ 18ਵੀਂ ਸਦੀ ਤੋਂ ਸ਼ੁਰੂ ਕੀਤਾ ਗਿਆ ਭਾਵੇਂ ਵੱਡੇ ਪੈਮਾਨੇ ਵਿਚ ਇਹ ਕੰਮ 19ਵੀਂ ਸਦੀ ਦੇ ਅੱਧ ਵਿਚ ਸ਼ੁਰੂ ਹੋਇਆ। ਸਖ਼ਤ ਕੋਲੇ ਦਾ ਉਤਪਾਦਨ ਲਗਭਗ 3,000,000 ਟਨ ਸਾਲਾਨਾ ਹੈ। ਕੱਚਾ ਲੋਹਾ ਵੀ ਮਿਲਦਾ ਹੈ ਪਰ ਬਲਾਸਟ ਭੱਠੀਆਂ, ਰੋਲਿੰਗ ਮਿੱਲਾਂ ਆਦਿ ਨੂੰ ਚਲਦੇ ਰਖਣ ਵਾਸਤੇ ਜ਼ਿਆਦਾ ਲੋਹਾ ਰੂਸ ਤੋਂ ਮੰਗਾਇਆ ਜਾਂਦਾ ਹੈ। ਇਹ ਸ਼ਹਿਰ ਮੁੱਖ ਰੇਲ ਲਾਈਨ ਦੁਆਰਾ ਪ੍ਰਾਗ ਨਾਲ ਮਿਲਿਆ ਹੋਇਆ ਹੈ।

ਆਬਾਦੀ—72,000 (1983)

50° 08′ ਉ. ਵਿਥ.; 14° 05′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 396.

**ਕਲਾਤ** : ਬਲੋਚਿਸਤਾਨ ਦੇ ਸੂਬੇ ਵਿਚ ਇਹ ਇਕ ਦੇਸੀ ਰਿਆਸਤ ਹੁੰਦੀ ਸੀ ਜਿਹੜੀ 1947 ਈ. ਵਿਚ ਪਾਕਿਸਤਾਨ ਦੇ ਹੋਂਦ ਵਿਚ ਆਉਣ ਤੋਂ ਬਾਅਦ ਪਾਕਿਸਤਾਨ ਵਿਚ ਆ ਗਈ। ਇਸ ਦਾ ਕੁੱਲ ਰਕਬਾ 183,278 ਵ. ਕਿ. ਮੀ. ਸੀ। ਇਸ ਰਿਆਸਤ ਵਿਚ ਸਾਰਾ ਕੇਂਦਰੀ ਅਤੇ ਦੱਖਣੀ-ਪੱਛਮੀ ਬਲੋਚਿਸਤਾਨ ਦਾ ਸੂਬਾ ਆ ਜਾਂਦਾ ਸੀ। ਇਸ ਦੇ ਪੱਛਮ ਵਿਚ ਈਰਾਨ, ਪੂਰਬ ਵਿਚ ਬੋਲਾਨ ਦੱਰਾ, ਮਰੀ ਅਤੇ

ਬਗਤੀ ਪਹਾੜੀਆਂ ਅਤੇ ਸਿੰਧ, ਉੱਤਰ ਵਿਚ ਚਗਾਈ ਅਤੇ ਕੋਇਟਾ ਜ਼ਿਲ੍ਹੇ ਅਤੇ ਦੱਖਣ ਵਿਚ ਨਾਮ ਬੇਲਾ ਅਤੇ ਅਰਬ ਸਾਗਰ ਸਨ । ਇਸ ਰਿਆਸਤ ਦਾ ਵਧੇਰੇ ਹਿੱਸਾ ਪਹਾੜੀ ਸੀ ।

ਇਸ ਰਿਆਸਤ ਤੇ ਪਹਿਲਾਂ ਸਿੰਧ, ਫਿਰ ਅਰਬਾਂ, ਗਜ਼ਨਵੀਆਂ, ਗੌਰੀਆਂ ਅਤੇ ਮੰਗੋਲਾਂ ਅਤੇ ਫਿਰ ਸਿੰਧ ਵਾਲਿਆਂ ਦਾ ਕਬਜ਼ਾ ਸੀ । ਕਲਾਤ ਸ਼ਹਿਰ ਇਸ ਰਿਆਸਤ ਦੀ ਰਾਜਧਾਨੀ ਸੀ ।

ਹ. ਪੁ.—ਇੰਪ. ਗ. ਇੰਡ. 14 : 299

**ਕਲਾਨਡਾਈਕ ਦਰਿਆ** : ਕੈਨੇਡਾ ਦੇ ਪੱਛਮੀ ਯੂਕਾਨ ਇਲਾਕੇ ਵਿਚ ਯੂਕਾਨ ਦਰਿਆ ਦਾ ਇਹ ਇਕ ਸਹਾਇਕ ਦਰਿਆ ਹੈ ਜੋ ਓਗਾਲਵੀ ਪਹਾੜਾਂ ਵਿਚੋਂ ਨਿਕਲਦਾ ਹੈ ਅਤੇ ਪੱਛਮ ਦਿਸ਼ਾ ਵਿਚ 160 ਕਿ. ਮੀ. ਵਗਦਾ ਹੋਇਆ ਡਾਸਨ ਦੇ ਸਥਾਨ ਤੇ ਯੂਕਾਨ ਦਰਿਆ ਵਿਚ ਮਿਲ ਜਾਂਦਾ ਹੈ । ਸੰਨ 1896 ਵਿਚ ਬੋਨੈਂਜ਼ਾ ਕਰੀਕ ਅਤੇ ਕਲਾਨਡਾਈਕ ਦੀਆਂ ਹੋਰ ਸਹਾਇਕ ਨਦੀਆਂ ਵਿਚੋਂ ਸੋਨਾ ਲੱਭਣ ਨਾਲ ਇਸ ਦਰਿਆ ਦੀ ਮਹੱਤਤਾ ਬਹੁਤ ਵਧ ਗਈ ਕਿਉਂਕਿ ਸੋਨਾ ਲੱਭਣ ਕਰਕੇ 30,000 ਲੋਕ ਇਥੇ ਆ ਕੇ ਵੱਸ ਗਏ ਸਨ । ਪਰ ਕੁਝ ਸਾਲਾਂ ਬਾਅਦ ਇਥੋਂ ਦੇ ਆਮ ਅਤੇ ਆਸਾਨੀ ਨਾਲ ਲੱਭਣ ਵਾਲੇ ਭੰਡਾਰਾਂ ਵਿਚੋਂ ਸੋਨਾ ਖਤਮ ਹੋ ਜਾਣ ਕਾਰਨ ਲੋਕਾਂ ਦੀ ਗਿਣਤੀ ਵੀ ਘਟਣੀ ਸ਼ੁਰੂ ਹੋ ਗਈ । ਸੰਨ 1910 ਵਿਚ ਇਥੇ ਕੇਵਲ 1000 ਦੀ ਆਬਾਦੀ ਸੀ । ਇਸ ਦੀਆਂ ਹੋਰ ਸਹਾਇਕ ਨਦੀਆਂ ਦੇ ਹਾਈਡ੍ਰਾਲਿਕ ਢੰਗ ਨਾਲ ਸੋਨਾ ਕੱਢਣ ਦਾ ਕੰਮ 1966 ਈ. ਤਕ ਜਾਰੀ ਰਿਹਾ । ਇਸ ਤੋਂ ਬਾਅਦ ਇਥੋਂ ਸੋਨਾ ਕੱਢਣਾ ਬਿਲਕੁਲ ਬੰਦ ਕਰ ਦਿਤਾ ਗਿਆ । ਦਰਿਆ ਦੇ ਨਾਂ ਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਨੂੰ ਵੀ ਕਲਾਨਡਾਈਕ ਕਿਹਾ ਜਾਂਦਾ ਹੈ ।

63° 03′ ਉ. ਵਿਥ.; 39° 26′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 853

**ਕਲਾਨਮੈਕਨੁਆਇਜ਼** : ਆਇਰਲੈਂਡ ਦੀ ਆਫਾਲੇ ਕਾਊਂਟੀ ਵਿਚ, ਸ਼ੈਨਾਨ ਦਰਿਆ ਦੇ ਖੱਬੇ ਕੰਢੇ ਉੱਤੇ ਅਤੇ 'ਐਥਲੋਨ' ਦੇ ਦੱਖਣ ਵਿਚ ਈਸਾਈਆਂ ਦਾ ਇਹ ਇਕ ਪ੍ਰਾਚੀਨ ਕੇਂਦਰ ਹੈ। ਸੰਨ 1545 ਵਿਚ 'ਸੇਂਟ ਕਾਇਰਨ' ਦੁਆਰਾ 'ਐਬੇ' ਦੀ ਨੀਂਹ ਰੱਖਣ ਤੋਂ ਪਿਛੋਂ, ਇਹ ਆਇਰਲੈਂਡ ਦੇ ਮੱਠ ਵਾਲਿਆਂ ਸ਼ਹਿਰਾਂ ਵਿਚੋਂ ਸਭ ਤੋਂ ਵਧੇਰੇ ਪ੍ਰਸਿੱਧ ਸੀ । ਨੌਵੀਂ ਸਦੀ ਦੇ ਅੰਤ ਤੀਕ ਇਹ ਸਿੱਖਿਆ ਦਾ ਮਹੱਤਵ-ਪੂਰਨ ਕੇਂਦਰ ਬਣ ਗਿਆ । ਇਤਿਹਾਸ ਦੀਆਂ ਕਈ ਪੁਸਤਕਾਂ ਇਥੇ ਹੀ ਸੰਕਲਤ ਕੀਤੀਆਂ ਗਈਆਂ ਸਨ। ਕਲਾਨਮੈਕਨੁਆਇਜ਼ ਦੇ ਸੱਤ ਗਿਰਜਾ-ਘਰਾਂ ਦੇ ਖੰਡਰਾਤ ਅੱਜ ਵੀ ਇਥੇ ਮੌਜੂਦ ਹਨ । ਲਗਭਗ 900 ਈ. ਵਿਚ ਇਥੇ 'ਗਰੇਟ ਸਟੋਨ' ਚਰਚ ਦੀ ਨੀਂਹ ਰੱਖੀ ਗਈ ਜੋ ਚੌਦ੍ਹਵੀਂ ਸਦੀ ਵਿਚ ਮੁੜ ਬਣਾਇਆ ਗਿਆ । ਇਸ ਤੋਂ ਇਲਾਵਾ ਇਥੇ ਹੋਰ ਵੀ ਕਈ ਗਿਰਜਾ-ਘਰ ਹਨ । ਇਥੇ ਸੇਂਟ ਕਾਇਰਨ ਦੀ ਫ਼ੀਸਟ ਦੇ ਸਬੰਧ ਵਿਚ 9 ਸਤੰਬਰ, ਨੂੰ ਸਾਲਾਨਾ ਮੇਲਾ ਲੱਗਦਾ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 1005

**ਕਲਾਨੌਰ** : ਪੰਜਾਬ ਰਾਜ (ਭਾਰਤ) ਦੇ ਗੁਰਦਾਸਪੁਰ ਜ਼ਿਲ੍ਹੇ ਦਾ ਇਕ ਕਸਬਾ ਹੈ ਜੋ ਗੁਰਦਾਸਪੁਰ ਤੋਂ 24 ਕਿ. ਮੀ. ਪੱਛਮ ਵਲ ਵਾਕਿਆ ਹੈ । ਚੌਦ੍ਹਵੀਂ ਤੋਂ ਸੋਲ੍ਹਵੀਂ ਸਦੀ ਤੱਕ ਆਪਣੇ ਇਲਾਕੇ ਦਾ ਇਹ ਮੁੱਖ ਸਥਾਨ ਰਿਹਾ ਹੈ । ਇਸ ਉੱਤੇ ਜਸਰਥ ਖੋਖਰ ਨੇ ਦੋ ਵਾਰ ਹਮਲਾ ਕੀਤਾ । ਪਹਿਲਾ ਹਮਲਾ 1422 ਵਿਚ ਉਸਨੇ ਲਾਹੌਰ ਤੇ ਆਪਣੇ ਅਸਫਲ ਹਮਲੇ ਤੋਂ ਬਾਅਦ ਕੀਤਾ ਅਤੇ ਦੂਜਾ ਹਮਲਾ 1428 ਵਿਚ ਕੀਤਾ ਜਦੋਂ ਕਿ ਮਲਕ ਸਿਕੰਦਰ ਇਸ ਨੂੰ ਖਾਲੀ ਕਰਾਉਣ ਲਈ ਆਇਆ ਅਤੇ ਉਸਨੇ ਜਸਰਥ ਨੂੰ ਬਿਆਸ ਦੇ ਸਥਾਨ ਤੇ ਹਰਾਇਆ । ਇਥੇ ਹੀ ਅਕਬਰ ਬਾਦਸ਼ਾਹ ਦੇ ਪਿਤਾ ਦੀ ਮੌਤ ਉਪਰੰਤ ਉਸਦੀ ਤਖ਼ਤ ਨਸ਼ੀਨੀ ਦੀ ਰਸਮ ਅਦਾ ਕੀਤੀ ਗਈ । ਤਖ਼ਤ ਨਸ਼ੀਨੀ ਵਾਲੀ ਥਾਂ ਜੋ ਅਜੇ ਵੀ ਸ਼ਹਿਰ ਤੋਂ ਬਾਹਰ ਮੌਜੂਦ ਹੈ, ਬਾਰੇ ਕਿਹਾ ਜਾਂਦਾ ਹੈ ਕਿ ਇਹ ਸਥਾਨ ਅਕਬਰ ਨੂੰ ਬਹੁਤ ਪਿਆਰਾ ਸੀ ਅਤੇ ਉਸ ਨੇ ਅਗਲੇ ਸਾਲ ਇਹ ਸਿਕੰਦਰ ਸ਼ਾਹ ਸੂਰ ਤੋਂ ਵਾਪਸ ਲੈ ਲਿਆ ਅਤੇ ਕਈ ਮਹੀਨੇ ਇਥੇ ਰਿਹਾ । ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਸਿੱਖਾਂ ਦੇ ਆਗੂ ਬੰਦਾ ਸਿੰਘ ਬਹਾਦਰ ਨੇ ਇਸ ਨੂੰ ਫ਼ਤਹਿ ਕੀਤਾ ਅਤੇ ਸ਼ਹਰਾਬ ਖ਼ਾਂ ਫੌਜਦਾਰ ਦੀ ਥਾਂ ਸਿੰਘ ਹਾਕਮ ਥਾਪੇ ਗਏ ।

ਸੰਨ 1867 ਵਿਚ ਇਥੇ ਮਿਉਂਸਪਲਟੀ ਕਾਇਮ ਕੀਤੀ ਗਈ । ਇਥੇ ਇਕ ਹਾਇਰ ਸੈਕੰਡਰੀ ਸਕੂਲ ਅਤੇ ਹਸਪਤਾਲ ਹੈ । ਇਤਿਹਾਸਕ ਯਾਦਗਾਰਾਂ ਵਿਚੋਂ ਅਕਬਰ ਦਾ ਤਖ਼ਤ ਇਥੇ ਮੌਜੂਦ ਹੈ । ਇਸ ਤੋਂ ਬਿਨਾਂ ਇਥੇ ਇਕ ਸ਼ਿਵ ਮੰਦਰ ਹੈ ।

ਆਬਾਦੀ—8665 (1981)

32° 0′ ਉ. ਵਿਥ.; 75° 10′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 297; ਮ. ਕੋ. 309.

**ਕਲਾਨੌਰ** : ਹਰਿਆਣਾ ਰਾਜ ਵਿਚ ਰੋਹਤਕ ਜ਼ਿਲ੍ਹੇ ਦਾ ਇਹ ਇਕ ਕਸਬਾ ਹੈ ਜੋ ਰੋਹਤਕ ਤੋਂ 19 ਕਿ. ਮੀ. ਪੱਛਮ ਵਲ ਭਿਵਾਨੀ ਸੜਕ ਉੱਤੇ ਸਥਿਤ ਹੈ । ਇਸ ਕਸਬੇ ਦੀ ਨੀਂਹ ਦਿੱਲੀ ਦੇ ਰਾਜਾ ਅਨੰਗਪਾਲ ਦੇ ਜੁਆਈਆਂ ਕਲਿਆਨ ਸਿੰਘ ਅਤੇ ਭਿਵਾਨੀ ਸਿੰਘ ਨੇ ਰੱਖੀ ਸੀ ਅਤੇ ਪਹਿਲੇ ਜੁਆਈ ਪਿੱਛੇ ਇਸ ਕਸਬੇ ਦਾ ਨਾਂ ਰਖਿਆ ਗਿਆ । ਮਗਰੋਂ ਕਲਾਨੌਰ ਇਨ੍ਹਾਂ ਦੇ ਉੱਤਰਾਧਿਕਾਰੀਆਂ ਦੇ ਕਬਜ਼ੇ ਵਿਚ ਰਿਹਾ । ਕੁਝ ਸਮੇਂ ਲਈ ਫਰੁੱਖ਼ਨਗਰ ਦੇ ਬਲੋਚਾਂ ਨੇ ਇਸ ਤੇ ਕਬਜ਼ਾ ਕਰ ਲਿਆ ਪਰ ਦਿੱਲੀ ਦਰਬਾਰ ਨੇ ਮੁੜ ਪਹਿਲਿਆਂ ਦੇ ਹੱਕ ਵਿਚ ਫੈਸਲਾ ਦੇ ਦਿਤਾ । ਇਹ ਚਮੜੇ ਦਾ ਸਾਮਾਨ ਖਾਸ ਕਰਕੇ ਕਾਠੀਆਂ ਬਣਾਉਣ ਲਈ ਬਹੁਤ ਮਸ਼ਹੂਰ ਹੈ ।

ਆਬਾਦੀ—12,380 (1981)

28° 50′ ਉ. ਵਿਥ.; 94° 24′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 297

**ਕਲਾਪਰੋਟ, ਹਾਈਨਰਿਕ ਜੂਲੀਅਸ** : ਇਹ ਜਰਮਨ ਦਾ ਸਾਹਿਤ ਦਰਸ਼ਨ ਗਿਆਤਾ ਅਤੇ ਸਿਆਹ ਸੀ ਜਿਸ ਦੀਆਂ ਲਿਖਤਾਂ ਨੇ ਪੂਰਬੀ ਭਾਸ਼ਾਵਾਂ ਖਾਸ ਕਰਕੇ ਰੂਸੀ ਰਾਜ ਦੀਆਂ ਭਾਸ਼ਾਵਾਂ ਦੀ ਸ਼੍ਰੇਣੀ ਵੰਡ ਨੂੰ ਇਕ ਨਵੀਂ ਸੇਧ ਦਿੱਤੀ । ਇਸ ਦਾ ਜਨਮ 11 ਅਕਤੂਬਰ, 1783 ਨੂੰ ਇਕ ਕੈਮਿਸਟ ਮਾਰਟਿਨ ਹਾਈਨਰਿਕ ਕਲਾਪਰੋਟ ਦੇ ਘਰ ਹੋਇਆ । ਇਸ ਨੂੰ ਸੇਂਟ ਪੀਟਰਜ਼ਬਰਗ ਅਕੈਡਮੀ ਵਿਚ ਨਿਯੁਕਤੀ ਮਿਲ ਗਈ ਅਤੇ 1805 ਵਿਚ ਇਹ ਚੀਨ ਵਿਖੇ ਦੂਤਾਵਾਸ ਵਿਚ ਚਲਾ ਗਿਆ । ਵਾਪਸੀ ਤੇ ਇਸ ਨੂੰ ਮਾਨਵਵੰਸ਼-ਵਿਗਿਆਨ ਅਤੇ ਭਾਸ਼ਾ ਵਿਗਿਆਨ ਦੀ ਖੋਜ ਲਈ ਲਾ ਦਿੱਤਾ ਗਿਆ । ਇਸ ਤੋਂ ਬਾਅਦ ਕਈ ਸਾਲ ਇਹ ਅਕੈਡਮੀ ਦੇ ਸਾਹਿਤ ਦਰਸ਼ਨ ਪ੍ਰਕਾਸ਼ਨ ਕਾਰਜ ਵਿਚ ਲੱਗਾ ਰਿਹਾ । ਇਹ 1812 ਵਿਚ ਬਰਲਿਨ ਚਲਾ ਗਿਆ ਪਰੰਤੂ 1815 ਵਿਚ ਇਹ ਪੈਰਿਸ ਵਿਚ ਵਸ ਗਿਆ । ਇਸ ਨੂੰ 1816 ਵਿਚ ਪਰਸ਼ੀਆ ਦੇ ਬਾਦਸ਼ਾਹ ਨੇ ਏਸ਼ੀ-ਆਈ ਭਾਸ਼ਾਵਾਂ ਅਤੇ ਸਾਹਿਤ ਦੇ ਪ੍ਰੋਫ਼ੈਸਰ ਦੀ ਪਦਵੀ ਅਤੇ ਤਨਖਾਹ ਪ੍ਰਵਾਨ ਕੀਤੀ ਅਤੇ ਨਾਲ ਹੀ ਸਬੰਧਤ ਰਚਨਾ ਦਾ ਪ੍ਰਕਾਸ਼ਨ ਮੁਕੰਮਲ ਹੋਣ ਤੱਕ ਪੈਰਿਸ ਵਿਚ ਰਹਿਣ ਦੀ ਆਗਿਆ ਦੇ ਦਿੱਤੀ । ਇਸ ਦੀ ਮੌਤ ਪੈਰਿਸ ਵਿਚ 28 ਅਗਸਤ, 1835 ਨੂੰ ਹੋ ਗਈ।

ਹ. ਪੁ.—ਐਨ. ਬ੍ਰਿ. 13 : 397.

**ਕਲਾਪਰੋਟ, ਮਾਰਟਿਨ ਹਾਈਨਰਿਕ** : ਇਸ ਜਰਮਨ ਰਸਾਇਣ-ਵਿਗਿਆਨੀ ਦਾ ਜਨਮ 1 ਦਸੰਬਰ, 1743 ਨੂੰ ਵੈਰਨੀਗੈਰੋਡੈ ਵਿਖੇ ਹੋਇਆ । ਇਸ ਨੇ ਯੂਰੇਨੀਅਮ, ਜ਼ਰਕੋਨੀਅਮ ਅਤੇ ਸੀਰੀਅਮ ਤੱਤਾਂ ਦੀ ਖੋਜ ਕੀਤੀ । ਇਸ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਦਵਾਈਆਂ ਦੀ ਦੁਕਾਨ ਕੀਤੀ । ਸੰਨ 1792 ਵਿਚ ਇਹ ਆਰਟਿਲੈਰੀਸ਼ੂਲ ਵਿਖੇ ਰਸਾਇਣ-ਵਿਗਿਆਨ ਦਾ ਲੈਕਚਰਾਰ ਅਤੇ ਜਦੋਂ ਸੰਨ 1810 ਵਿਚ ਬਰਲਿਨ ਯੂਨੀਵਰਸਿਟੀ ਸ਼ੁਰੂ ਹੋਈ ਤਾਂ ਉਥੇ ਰਸਾਇਣ-ਵਿਗਿਆਨ ਦਾ ਪ੍ਰੋਫ਼ੈਸਰ ਲਗ ਗਿਆ । ਕਲਾਪਰੋਟ ਜਰਮਨੀ ਵਿਚ ਆਪਣੇ ਸਮੇਂ ਦਾ

ਬਹੁਤ ਪ੍ਰਸਿਧ ਰਸਾਇਣ-ਵਿਗਿਆਨੀ ਸੀ। ਇਸ ਨੇ ਵਿਸ਼ਲੇਸ਼ਣਾਤਮਕ ਰਸਾਇਣ-ਵਿਗਿਆਨ ਅਤੇ ਖਣਿਜ-ਵਿਗਿਆਨ ਦੀਆਂ ਵਿਧੀਆਂ ਨੂੰ ਨਿਯਮਿਤ ਕਰਨ ਅਤੇ ਸੁਧਾਰਨ ਲਈ ਬਹੁਤ ਕੰਮ ਕੀਤਾ । ਇਸ ਦੇ ਮਾਤਰਾਤਮਕ ਢੰਗਾਂ ਦੇ ਸਿਰ ਸਦਕਾ ਹੀ ਇਹ ਫ਼ਰਾਂਸ ਤੋਂ ਬਾਹਰ ਲਾਵਾ-ਜ਼ੀਏ ਦੇ ਸੋਜ-ਨਿਵਾਰਕ ਸਿਧਾਂਤਾਂ ਦੇ ਮੁਢਲੇ ਸਮਰਥਕਾਂ ਵਿਚੋਂ ਇਕ ਮੰਨਿਆ ਗਿਆ। ਇਹ ਸਭ ਤੋਂ ਪਹਿਲਾ ਵਿਗਿਆਨੀ ਸੀ ਜਿਸ ਨੇ ਯੂਰੇਨੀਅਮ (1789), ਜ਼ਰਕੋਨੀਅਮ (1789) ਅਤੇ ਸੀਰੀਅਮ (1803) ਦਾ ਵਰਣਨ ਕੀਤਾ ਅਤੇ ਇਨ੍ਹਾਂ ਨੂੰ ਭਿੰਨ-ਭਿੰਨ ਤੱਤ ਦੱਸਿਆ। ਇਸ ਨੇ ਵਿਲੀਅਮ ਗਰੇਗਰ ਦੁਆਰਾ ਪਹਿਲਾਂ ਖੋਜ ਕੀਤੇ (1791) ਟਾਇਟੇਨੀਅਮ ਦੀ ਲਗਭਗ ਪੰਜ ਸਾਲ ਬਾਅਦ ਦੁਬਾਰਾ ਖੋਜ ਕੀਤੀ ਅਤੇ ਇਸ ਦਾ ਨਾਂ ਰਖਿਆ। ਇਸ ਨੇ ਕਈ ਪਦਾਰਥਾਂ ਜਿਨ੍ਹਾਂ ਵਿਚ ਟੈਲਿਊਰੀਅਮ, ਸਟ੍ਰਾਂਸ਼ੀਅਮ, ਬੈਰੀਲੀਅਮ ਅਤੇ ਕ੍ਰੋਮੀਅਮ ਦੇ ਯੌਗਿਕ ਵੀ ਸ਼ਾਮਲ ਹਨ, ਦੀ ਰਚਨਾ ਵੀ ਦੱਸੀ।

ਇਸ ਨੇ 200 ਤੋਂ ਵੱਧ ਖੋਜ ਪੱਤਰ ਲਿਖੇ ਅਤੇ ਇਕ ਰਸਾ-ਇਣਿਕ ਕੋਸ਼ ਵੀ ਤਿਆਰ ਕੀਤਾ। ਅੰਤ ਵਿਚ 1 ਜਨਵਰੀ, 1817 ਨੂੰ ਬਰਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 397

**ਕਲਾਬੁੰਦ :** ਇਸ ਜਰਮਨ ਲੇਖਕ ਦਾ ਜਨਮ 4 ਨਵੰਬਰ, 1891 ਨੂੰ ਕਰੋਸੇਨ ਵਿਖੇ ਹੋਇਆ। ਇਸ ਦੀਆਂ ਕਵਿਤਾਵਾਂ 'ਮਾਰਮੈਨ ਸੋਲ' (1913), 'ਟਾਈ ਮਿਸਲਜ਼ ਲੇਟਰ' (1916) ਨਾਂ ਹੇਠ ਅਤੇ ਕਹਾਣੀਆਂ 'ਕਲਾਬੁੰਦ ਕਾਰੂਸੈਲ'(1944) ਨਾਂ ਹੇਠ ਪ੍ਰਕਾਸ਼ਿਤ ਹੋਈਆਂ। ਨਾਵਲਾਂ ਵਿਚੋਂ ਇਸ ਦਾ ਇਤਿਹਾਸਕ ਨਾਵਲ'ਪੀਟਰ ਦੀ ਜ਼ਾਰ'(1925) ਅਤੇ ਨਾਟਕਾਂ ਵਿਚੋਂ 'ਦੀ ਆਰਡੇ ਆਫ ਚਾਕ' (1929) ਪ੍ਰਸਿੱਧ ਹਨ। ਇਸ ਨੇ ਕਈ ਅਨੁਵਾਦ ਕੀਤੇ ਅਤੇ ਜਰਮਨ ਸਾਹਿਤ ਦਾ ਇਤਿਹਾਸ ਲਿਖਿਆ। ਇਸ ਦੀ ਮੌਤ ਸਵਿਟਜ਼ਰਲੈਂਡ ਵਿਖੇ 14 ਅਗਸਤ, 1928 ਨੂੰ ਹੋਈ।

ਹ. ਪੁ.—ਐਨ. ਬ੍ਰਿ. 13 : 396.

**ਕਲਾਰਕ, ਐਡਮ :** ਇਸ ਬਰਤਾਨਵੀ ਧਰਮ-ਸ਼ਾਸਤਰੀ ਦਾ ਜਨਮ 1762 ਵਿਚ ਲੰਡਨ ਡੇਰੀ ਵਿਖੇ ਹੋਇਆ। ਇਹ ਮੈਥੋਡਿਸਟ ਕਾਨਫਰੰਸ ਦਾ ਤਿੰਨ ਵਾਰੀ ਪ੍ਰਧਾਨ ਬਣਿਆ। ਇਸ ਦੀਆਂ ਰਚਨਾਵਾਂ ਵਿਚ ਪੁਸਤਕ ਸੂਚੀ ਦੀ ਇਕ ਡਿਕਸ਼ਨਰੀ (1803-4) ਵਧੇਰੇ ਪ੍ਰਸਿੱਧ ਹੈ ਜਿਸ ਵਿਚ ਆਰੰਭ ਤੋਂ ਲੈ ਕੇ 1800 ਤੱਕ ਦੀਆਂ ਲਾਤੀਨੀ, ਯੂਨਾਨੀ, ਹੀਬਰੂ ਅਤੇ ਪੂਰਬੀ ਭਾਸ਼ਾਵਾਂ ਦੀਆਂ ਪ੍ਰਸਿੱਧ ਪੁਸਤਕਾਂ ਦੀ ਸੂਚੀ ਸ਼ਾਮਲ ਹੈ ਅਤੇ ਦੂਸਰੀ ਪੁਸਤਕ 'ਧਾਰਮਕ ਗ੍ਰੰਥਾਂ' ਦੀ ਵਿਆਖਿਆ (1810-26 ਈ.) ਵੀ ਮਹੱਤਵਪੂਰਨ ਹੈ। ਇਸਦੀ ਮੌਤ 26 ਅਗਸਤ, 1832 ਨੂੰ ਹੋਈ।

ਹ. ਪੁ.—ਨਿ. ਕ. ਯੂ. ਬਾ. 5 : 406.

**ਕਲਾਰਕ, ਐਡਵਰਡ ਡੈਨੀਅਲ :** ਇੰਗਲੈਂਡ ਦੇ ਇਸ ਪ੍ਰਸਿਧ ਖਣਿਜ-ਵਿਗਿਆਨੀ ਅਤੇ ਯਾਤਰੂ ਦਾ ਜਨਮ 5 ਜੂਨ, 1769 ਨੂੰ ਸਸੈਕਸ ਕਾਉਂਟੀ ਵਿਚ ਵਿਲਿੰਗਡਨ ਵਿਖੇ ਹੋਇਆ । ਇਸਨੇ ਯੂਰਪ ਅਤੇ ਏਸ਼ੀਆ ਮਾਈਨਰ ਵਿਖੇ ਵਿਸਤ੍ਰਿਤ ਪੱਧਰ ਤੇ ਯਾਤਰਾ ਕੀਤੀ ਅਤੇ ਭਿੰਨ-ਭਿੰਨ ਤਰ੍ਹਾਂ ਦੇ ਤਾਬੂਤ ਅਤੇ ਨਕਸ਼ੇ ਆਦਿ ਇਕੱਠੇ ਕੀਤੇ ਜਿਨ੍ਹਾਂ ਵਿਚੋਂ ਬਹੁਤ ਸਾਰੇ ਕੈਂਬਰਿਜ ਯੂਨੀਵਰਸਿਟੀ ਵਿਚ ਰਖੇ ਗਏ । ਇਹ ਪਹਿਲਾ ਵਿਅਕਤੀ ਸੀ ਜਿਸਨੂੰ 1808 ਈ. ਵਿਚ ਕੈਂਬਰਿਜ ਯੂਨੀ-ਵਰਸਿਟੀ ਵਿਖੇ ਖਣਿਜ-ਵਿਗਿਆਨ ਦਾ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ ਸੀ। ਇਸਦੀ ਮੌਤ 9 ਮਾਰਚ, 1822 ਨੂੰ ਲੰਡਨ ਵਿਖੇ ਹੋਈ।

ਹ. ਪੁ.—ਨਿ. ਕ. ਯੂ. ਬਾ. 2 : 406

**ਕਲਾਰਕ, ਐਬਰਾਹਮ :** ਅਮਰੀਕਾ ਦੇ ਇਸ ਪ੍ਰਸਿੱਧ ਦੇਸ਼ ਭਗਤ ਅਤੇ ਸੁਤੰਤਰਤਾ ਦੇ ਐਲਾਨ ਉੱਤੇ ਸਹੀ ਪਾਉਣ ਵਾਲੇ ਵਿਅਕਤੀ ਦਾ ਜਨਮ 15 ਫ਼ਰਵਰੀ,1726 ਨੂੰ ਐਲਿਜ਼ਬੈਥ ਟਾਊਨ ਵਿਚ ਹੋਇਆ। ਸਾਧਾਰਨ ਸਿਖਿਆ ਤੋਂ ਕੋਈ ਬਹੁਤਾ ਲਾਹਾ ਨਾ ਲੈਂਦੇ ਹੋਏ ਇਹ ਸਰਵੇਅਰ ਬਣ ਗਿਆ ਅਤੇ ਜਾਇਦਾਦ ਤਬਾਦਲੇ ਦਾ ਪ੍ਰਬੰਧ ਕਰਦਾ ਰਿਹਾ। ਇਸ ਨੂੰ ਰਾਜਨੀਤੀ ਦਾ ਵਰਦਾਨ ਮਿਲਿਆ ਹੋਇਆ ਸੀ। ਇਸਨੇ ਨਿਊ ਜਰਸੀ ਵਿਚ ਬਹੁਤ ਸਾਰੇ ਜਨਤਕ ਅਹੁਦਿਆਂ ਤੇ ਸੇਵਾ ਕੀਤੀ। ਇਸਨੇ ਗ੍ਰੇਟ-ਬ੍ਰਿਟੇਨ ਵਿਰੁੱਧ ਨੌ ਆਬਾਦੀਆਂ ਦੇ ਮਾਮਲੇ ਦੀ ਅਗਵਾਈ ਕੀਤੀ ਅਤੇ ਜੂਨ, 1776 ਵਿਚ ਇਹ ਕਾਨਟੀਨੈਂਟਲ ਕਾਂਗਰਸ ਲਈ ਚੁਣਿਆ ਗਿਆ। ਇਸ ਸੰਸਥਾ ਦਾ ਮੈਂਬਰ ਹੋਣ ਦੇ ਨਾਤੇ ਇਸ ਨੇ ਗ੍ਰੇਟ-ਬ੍ਰਿਟੇਨ ਨਾਲੋਂ ਵੱਖਰੇ ਹੋਣ ਦੇ ਮਾਮਲੇ ਦੇ ਹੱਕ ਵਿਚ ਮਤ ਦਿਤਾ ਅਤੇ ਸੁਤੰਤਰਤਾ ਦੇ ਐਲਾਨ ਤੇ ਸਹੀ ਪਾਈ । ਬਾਅਦ ਵਿਚ ਇਹ ਕਾਨਟੀਨੈਂਟਲ ਕਾਂਗਰਸ ਲਈ ਕਈ ਵਾਰ ਚੁਣਿਆ ਗਿਆ । ਇਹ ਨਵੇਂ ਸੰਘੀ ਸੰਵਿਧਾਨ ਨੂੰ ਅਪਣਾਉਣ ਦਾ ਉਦੋਂ ਤੱਕ ਵਿਰੋਧ ਕਰਦਾ ਰਿਹਾ ਜਦੋਂ ਤੱਕ ਇਹ ਯਕੀਨੀ ਨਾ ਹੋਇਆ ਕਿ ਇਸ ਵਿਚ ਹੱਕਾਂ ਦਾ ਬਿਲ ਸ਼ਾਮਲ ਕੀਤਾ ਜਾਵੇਗਾ। ਸੰਨ 1791 ਤੋਂ ਅੰਤ ਤਕ ਇਹ ਸੰਯੁਕਤ ਰਾਜ ਦੇ ਪ੍ਰਤੀਨਿਧ ਸਦਨ ਵਿਚ ਇਕ ਮੈਂਬਰ ਹੋਣ ਦੇ ਨਾਤੇ ਸੇਵਾ ਕਰਦਾ ਰਿਹਾ। 15 ਸਤੰਬਰ, ਸੰਨ 1794 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 869

**ਕਲਾਰਕਸਨ ਟੌਮਸ :** ਇੰਗਲੈਂਡ ਦੇ ਇਸ ਨਾਮਵਰ ਅੰਗਰੇਜ਼ ਸੁਧਾਰਕ ਦਾ ਜਨਮ 28 ਮਾਰਚ, 1760 ਨੂੰ ਕੈਂਬ੍ਰਿਜ਼ਸ਼ਿਰ ਕਾਊਂਟੀ ਵਿਚ ਵਿਜ਼ਬੀਚ ਵਿਖੇ ਹੋਇਆ। ਸੰਨ 1786 ਵਿਚ ਇਸ ਨੇ ਗੁਲਾਮੀ ਦੇ ਵਿਸ਼ੇ ਉਤੇ ਇਕ ਲੇਖ 'ਪ੍ਰਾਈਜ਼ ਐਸੇਜ਼' ਛਾਪਿਆ ਜਿਸ ਤੋਂ ਇਸਦੀ ਵਾਹਵਾ ਪ੍ਰਸ਼ੰਸਾ ਹੋਈ। ਇਸ ਤੋਂ ਪਿਛੋਂ ਗੁਲਾਮੀ ਵਿਰੋਧੀ ਲਹਿਰ ਦਾ ਆਗੂ ਬਣਿਆ। ਇਸਨੇ ਦੇਸ਼ ਦੇ ਕੋਨੇ ਕੋਨੇ ਦੀ ਸੈਰ ਕੀਤੀ ਅਤੇ ਪਾਰਲੀਮੈਂਟ ਕਮੇਟੀ ਲਈ ਸਬੂਤ ਇਕੱਠੇ ਕੀਤੇ। ਗੁਲਾਮਾਂ ਦੇ ਵਪਾਰ ਨੂੰ ਖ਼ਤਮ ਕਰਨ ਲਈ ਜਿਹੜਾ ਬਿਲ 1807 ਵਿਚ ਪਾਸ ਹੋਇਆ ਉਹ ਇਸਦੇ ਯਤਨਾਂ ਦਾ ਹੀ ਸਿੱਟਾ ਸੀ। ਇਸਨੇ ਗੁਲਾਮ-ਵਿਰੋਧੀ ਸੋਸਾਇਟੀ ਦਾ ਉਪ-ਪ੍ਰਧਾਨ ਹੋਣ ਦੇ ਨਾਤੇ ਬ੍ਰਿਟਿਸ਼ ਵੈਸਟ ਇੰਡੀਜ਼ (1833) ਵਿਚ ਗੁਲਾਮੀ ਨੂੰ ਜੜ੍ਹੋਂ ਖ਼ਤਮ ਕਰਨ ਲਈ ਬੜੇ ਯਤਨ ਕੀਤੇ। ਇਸਦੀ ਮੌਤ 26 ਸਤੰਬਰ, 1845 ਨੂੰ ਸਫਕ ਕਾਊਂਟੀ ਵਿਚ ਇਪਸਵਿਚ ਵਿਖੇ ਹੋਈ।

ਹ. ਪੁ.—ਨਿ. ਕ. ਯੂ. ਬਾ. 2 : 407

**ਕਲਾਰਕ, ਸਰ ਡੁਗਾਲਡ :** ਮੋਟਰ-ਸਾਈਕਲਾਂ ਅਤੇ ਹੋਰ ਛੋਟੀਆਂ ਮਸ਼ੀਨਾਂ ਵਿਚ ਵਰਤੇ ਜਾਣ ਵਾਲੇ ਦੋ-ਸਟਰੋਕਾਂ ਵਾਲੇ ਕਲਾਰਕ ਅੰਤਰ-ਦਹਿਨ ਇੰਜਨ ਦੀ ਕਾਢ ਕੱਢਣ ਵਾਲੇ ਇੰਜਨੀਅਰ ਦਾ ਜਨਮ 31 ਮਾਰਚ, 1854 ਈ. ਨੂੰ ਗਲੈਸਗੋ ਵਿਖੇ ਹੋਇਆ। ਇਸ ਨੇ 1876 ਈ. ਵਿਚ ਹਾਈਡ੍ਰੋਕਾਰਬਨ ਵਾਸ਼ਪਾਂ ਨਾਲ ਚਲਣ ਵਾਲਾ ਗੈਸ ਇੰਜਣ ਤਿਆਰ ਕੀਤਾ ਅਤੇ 1881 ਈ. ਵਿਚ ਦੋ-ਸਟਰੋਕਾਂ ਵਾਲੇ ਇੰਜਣ ਨੂੰ ਪੇਟੈਂਟ ਕਰਵਾਇਆ। ਪ੍ਰਚਲਿਤ ਔਟੋ-ਸਾਈਕਲ ਦੇ ਸਿਧਾਂਤ ਤੇ ਕੰਮ ਕਰਨ ਵਾਲੇ ਦੋ-ਸਟਰੋਕਾਂ ਵਾਲੇ ਇੰਜਣ ਅਤੇ ਕਲਾਰਕ ਦੇ ਦੋ ਸਟਰੋਕਾਂ ਵਾਲੇ ਇੰਜਣ ਵਿਚ ਕੇਵਲ ਇਕੋ ਇਕ ਅੰਤਰ ਇਹ ਹੈ ਕਿ ਔਟੋ-ਸਾਈਕਲ ਦੇ ਚਾਰ ਸਟਰੋਕਾਂ ਪਿਛੋਂ, ਇਕ ਐਕਸਪਲੋਜ਼ਨ ਸਟਰੋਕ ਹੁੰਦਾ ਹੈ, ਜਦੋਂ ਕਿ ਕਲਾਰਕ ਦੇ ਇੰਜਣ ਵਿਚ ਦੋ ਸਟਰੋਕਾਂ ਪਿਛੋਂ ਇਕ ਸਟਰੋਕ ਹੁੰਦਾ ਹੈ। ਗਰਮੀ ਅਤੇ ਰੌਸ਼ਨੀ ਪ੍ਰਾਪਤ ਕਰਨ ਲਈ ਇਸ ਨੇ ਗੈਸ ਦੇ ਗੁਣਾਂ ਅਤੇ ਆਰਥਿਕਤਾ ਬਾਰੇ ਅਧਿਐਨ ਕੀਤਾ।

ਇਸ ਦੀਆਂ ਖੋਜਾਂ, ਇਸ ਦੀ ਪੁਸਤਕ 'ਦੀ ਗੈਸ, ਪੈਟਰੋਲ ਐਂਡ ਆਇਲ ਇੰਜਣ (ਜਿਲਦ 1-1909 ; ਜਿਲਦ II-1913)' ਵਿਚ ਛਪੀਆਂ ਹਨ।

12 ਨਵੰਬਰ, 1932 ਨੂੰ ਈਬਰਸਟ, ਸਰੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 991

**ਕਲਾਰਕ, ਚਾਰਲਸ ਕਉਡਨ :** ਇਸ ਅੰਗਰੇਜ਼ ਲਿਖਾਰੀ ਦਾ ਜਨਮ 15 ਦਸੰਬਰ, 1787 ਨੂੰ ਐਨਫੀਲਡ, ਮਿਡਲਸੈਕਸ ਵਿਖੇ ਹੋਇਆ। ਇਸ ਦੀ ਮਿੱਤਰਤਾ ਦੇ ਦਾਇਰੇ ਵਿਚ ਲੈਂਬ, ਹੈਜ਼ਲਿਟ, ਕਾਲਰਿਜ, ਲੇ ਹੰਟ ਅਤੇ ਡਿਕਨਜ਼ ਸਨ। ਇਹ ਸ਼ੈਕਸਪੀਅਰ ਅਤੇ ਹੋਰ ਨਾਟਕਕਾਰਾਂ ਬਾਰੇ ਇਕ ਪ੍ਰਸਿੱਧ ਲੈਕਚਰਾਰ ਸੀ। ਇਸ ਨੇ ਆਪਣੀ ਪਤਨੀ ਮੇਰੀ ਵਿਕਟੋਰੀਆ ਨੋਵੇਲੋ ਦੇ ਨਾਲ ਰਲਕੇ ਸ਼ੈਕਸਪੀਅਰ ਬਾਰੇ ਇਕ ਐਡੀਸ਼ਨ 1866 ਵਿਚ ਕੱਢੀ ਜੋ 1886 ਵਿਚ ਦੁਬਾਰਾ ਛਾਪੀ ਗਈ। ਇਸ ਦੀ ਮੌਤ 13 ਮਾਰਚ, 1877 ਨੂੰ ਹੋਈ।

ਹ. ਪੁ.—ਨਿ. ਕ. ਯੂ. ਬਾ. 2 : 406.

**ਕਲਾਰਕ, ਚੈਂਪ :** ਅਮਰੀਕਾ ਦੇ ਇਸ ਉੱਘੇ ਰਾਜਨੀਤੀਵੇਤਾ ਅਤੇ ਪ੍ਰਤੀਨਿਧ ਸਦਨ ਦੇ ਸਪੀਕਰ ਦਾ ਜਨਮ 7 ਮਾਰਚ, 1850 ਨੂੰ ਲਾਰੈਂਸਬਰਗ ਦੇ ਨੇੜੇ ਹੋਇਆ। ਇਸਨੇ ਲੋਕਲ ਪਬਲਿਕ ਸਕੂਲ, ਕੈਂਟਕੀ ਯੂਨੀਵਰਸਿਟੀ (ਲੈਕਸਿੰਗਟਨ) ਅਤੇ ਬੇਥੈਨੀ ਕਾਲਜ ਵਿਖੇ ਵਿਦਿਆ ਪ੍ਰਾਪਤ ਕੀਤੀ ਅਤੇ ਪਿਛੋਂ ਵਕਾਲਤ ਪਾਸ ਕਰਨ ਲਈ ਲਾਅ ਸਕੂਲ ਵਿਚ ਦਾਖਲ ਹੋਇਆ। ਸੰਨ 1880 ਵਿਚ ਇਹ ਬੋਲਿੰਗ ਗਰੀਨ ਵਿਖੇ ਸਥਾਈ ਤੌਰ ਤੇ ਟਿਕ ਗਿਆ। ਦੇਸ਼ ਦੇ ਅਖਬਾਰ ਦਾ ਸੰਪਾਦਕ, ਸਿਟੀ-ਅਟਾਰਨੀ, ਕਾਊਂਟੀ ਪ੍ਰਾਸੀਕਿਊਟਿੰਗ ਅਟਾਰਨੀ ਅਤੇ ਮਿਸੂਰੀ ਵਿਧਾਨ ਸਭਾ ਦਾ ਮੈਂਬਰ ਹੁੰਦੇ ਹੋਏ ਇਸਨੇ ਰਾਜਸੀ ਖੇਤਰ ਵਿਚ ਸਫਲਤਾ ਪ੍ਰਾਪਤ ਕਰਨ ਲਈ ਆਪਣੇ ਸਮੇਂ ਦੇ ਪੇਂਡੂ ਅਮਰੀਕਨ ਢੰਗਾਂ ਦੇ ਪੈਟਰਨ ਨੂੰ ਅਪਣਾਇਆ। ਇਹ 13 ਵਾਰੀ ਪ੍ਰਤੀਨਿਧ ਸਦਨ ਦਾ (1893-95 ਅਤੇ 1897-1921 ਸਮੇਂ ਦੌਰਾਨ) ਅਤੇ ਸਦਨ ਦੀਆਂ ਕਮੇਟੀਆਂ ਦਾ ਮੈਂਬਰ ਬਣਿਆ। ਚਾਰ ਸਾਲਾਂ ਲਈ ਡੈਮੋਕ੍ਰੈਟਿਕ ਪਾਰਟੀ ਦਾ ਨੇਤਾ ਹੋਣ ਦੇ ਨਾਤੇ 1910 ਵਿਚ ਸਦਨ ਦੇ ਸਪੀਕਰ ਵਿਰੁੱਧ ਬਗ਼ਾਵਤ ਕਰਨ ਸਮੇਂ ਆਪਣੀ ਪਾਰਟੀ ਦੀ ਅਗਵਾਈ ਕੀਤੀ ਅਤੇ 1911 ਤੋਂ 1919 ਤਕ ਸਪੀਕਰ ਬਣਿਆ। ਇਸਦੇ ਵਿਚਾਰ ਪ੍ਰਗਤੀਸ਼ੀਲ ਸਨ ਅਤੇ ਕੌਮੀ ਮਸਲਿਆਂ ਉਤੇ ਇਸਨੇ ਦੱਖਣ ਅਤੇ ਪੱਛਮ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਕੀਤੀ। ਇਸਨੇ ਆਪਣੀ ਪਾਰਟੀ ਵਲੋਂ ਰਾਸ਼ਟਰਪਤੀ ਪਦ ਲਈ ਚੋਣ ਲੜਨੀ ਚਾਹੀ ਪਰ ਅਸਫਲ ਰਿਹਾ। 2 ਮਾਰਚ, 1921 ਨੂੰ ਵਾਸ਼ਿੰਗਟਨ ਵਿਖੇ ਇਸਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 870

**ਕਲਾਰਕ, ਜਾਨ ਬੇਟਸ :** ਸੰਯੁਕਤ ਰਾਜ ਅਰਥ ਵਿਗਿਆਨੀਆਂ ਦੇ ਡੀਨ ਅਤੇ ਸੀਮਾਂਤ ਉਤਪਾਦਕਤਾ ਸਿਧਾਂਤ ਤਿਆਰਕਰਨ ਵਾਲੇ ਇਸ ਵਿਸ਼ਵ ਪ੍ਰਸਿੱਧ ਅਰਥ-ਵਿਗਿਆਨੀ ਦਾ ਜਨਮ 26 ਜਨਵਰੀ, 1847 ਨੂੰ ਰੋਡ ਟਾਪੂ ਨਾਮੀ ਰਾਜ ਵਿਚ 'ਪਰਾਵੀਡੈਂਸ' ਦੇ ਸਥਾਨ ਤੇ ਹੋਇਆ। ਇਸਨੇ ਬਰਾਊਨ ਯੂਨੀਵਰਸਿਟੀ ਐਮਰਸਟ ਕਾਲਜ ਤੋਂ ਸਿਖਿਆ ਪ੍ਰਾਪਤ ਕੀਤੀ। ਸੰਯੁਕਤ ਰਾਜ ਵਿਚ ਮੁੜਨ ਤੇ ਇਸਨੇ ਕਾਰਲਟਨ ਸਮਿੱਥ ਅਤੇ ਐਮਰਸਟ ਕਾਲਜਾਂ ਅਤੇ ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਾਇਆ।

ਇਸਦੀ ਪੁਸਤਕ (1866) ਨੇ ਪੁਰਾਣੀ ਰਾਜਨੀਤਕ ਅਰਥ ਵਿਵਸਥਾ ਦੇ ਵਿਚਾਰ ਵਿਰੁੱਧ ਇਕ ਵਿਦਰੋਹ ਖੜ੍ਹਾ ਕਰ ਦਿਤਾ ਸੀ। ਇਸਨੇ ਇਹ ਦਲੀਲ ਦਿਤੀ ਕਿ ਲੋਕ ਜਿੰਨਾ ਆਪਣੇ ਸਵੈ-ਕੇਂਦ੍ਰਿਤ ਹਿੱਤਾਂ ਦੁਆਰਾ ਪ੍ਰੇਰੇ ਜਾ ਸਕਦੇ ਹਨ ਉੱਨਾ ਹੀ ਉਹ ਆਪਣੇ ਸਮਾਜਕ ਹਿਤਾਂ ਦੁਆਰਾ ਵੀ ਪ੍ਰੇਰਿਤ ਹੋ ਸਕਦੇ ਹਨ। ਇਹ ਇਸ ਲਈ ਇਸਨੇ ਇਹ ਮੰਨਣ ਤੋਂ ਇਨਕਾਰ ਕਰ ਦਿਤਾ ਕਿ ਕੇਵਲ ਆਰਥਿਕ ਮੁਕਾਬਲਾ ਹੀ ਚੀਜ਼ਾਂ ਦੀ ਸਹੀ ਵੰਡ ਦਾ ਸਾਧਨ ਹੋ ਸਕਦਾ ਹੈ। ਆਪਣੀ ਪੁਸਤਕ (1899) ਵਿਚ ਇਸ ਨੇ ਆਪਣਾ ਵੱਖਰਾ ਉਪਯੋਗਤਾ ਸਿਧਾਂਤ ਵਿਕਸਿਤ ਕੀਤਾ। ਇਸਨੇ ਇਹ ਦਾਅਵਾ ਕੀਤਾ ਕਿ ਵਸਤਾਂ ਦੇ ਆਪਣੇ ਅੰਦਰ ਹੀ ਬਹੁਤ ਉਪਯੋਗਤਾਵਾਂ ਹੁੰਦੀਆਂ ਹਨ। ਅਰਥਾਤ ਇਹ ਵਸਤਾਂ ਉਪਯੋਗਤਾ ਦੇ ਵੱਖ-ਵੱਖ ਗੁਣਾਤਮਕ ਅੰਸ਼ ਪੇਸ਼ ਕਰਦੀਆਂ ਹਨ। ਇਸੇ ਰਚਨਾ ਵਿਚ ਹੀ ਇਸਨੇ ਪਹਿਲਾਂ ਪੂਰਨ ਸਥਿਰ ਸੰਤੁਲਨ ਜਿਸ ਉਤੇ ਕਿਸੇ ਗਤੀਸ਼ੀਲ ਤਬਦੀਲ ਦਾ ਕੋਈ ਪ੍ਰਭਾਵ ਨਾ ਪਵੇ, ਸਬੰਧੀ ਇਕ ਸਿਧਾਂਤਕ ਨਮੂਨਾ ਸਥਾਪਤ ਕਰਕੇ ਆਪਣਾ ਸੀਮਾਂਤ ਉਤਪਾਦਕਤਾ ਸਿਧਾਂਤ ਵੀ ਵਿਕਸਿਤ ਕੀਤਾ। ਇਸ ਮਨਘੜਤ ਨਮੂਨੇ ਤੋਂ ਇਸਨੇ ਕੁੱਲ ਰਾਸ਼ਟਰੀ ਉਤਪਾਦਨ ਦੀ ਵੰਡ ਸਬੰਧੀ ਆਪਣੇ ਸਿੱਟੇ ਕੱਢੇ। ਇਥੇ ਇਸਨੇ ਇਕ ਸਥਾਈ, ਭਵਿੱਖ ਦੀ ਆਮਦਨ ਦੇ ਚਲਦੇ ਪ੍ਰਵਾਹ ਜਿਸ ਵਿਚੋਂ ਪੂੰਜੀਗਤ ਵਸਤਾਂ ਦੇ ਸਮੇਤ ਸਾਰੇ ਉਤਪਾਦਕ ਇਨਪੁਟ ਅਸਥਾਈ ਤੌਰ ਦੇ ਵਿਆਜ ਵਜੋਂ ਲੈ ਲਏ ਜਾਂਦੇ ਹਨ, ਸਬੰਧੀ ਇਕ ਸਮਾਜਕ ਪੂੰਜੀ ਦੀ ਧਾਰਨਾ ਵੀ ਪੇਸ਼ ਕੀਤੀ।

ਇਹ ਅਮਰੀਕਨ ਇਕਨਾਮਿਕ ਐਸੋਸੀਏਸ਼ਨ (ਜਿਸ ਦਾ ਇਹ 1893-95 ਵਿਚ ਪ੍ਰੈਜ਼ੀਡੈਂਟ ਹੁੰਦਾ ਸੀ) ਦੇ ਬਾਨੀਆਂ ਵਿਚੋਂ ਇਕ ਸੀ। ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਇਹ ਇਸ ਸਿੱਟੇ ਤੇ ਪੁਜਿਆ ਕਿ ਜੰਗ ਮਨੁੱਖ ਦੀ ਕਿਸਮਤ ਦਾ ਸਭ ਤੋਂ ਵੱਡਾ ਵੈਰੀ ਹੈ।

ਇਸ ਦੀ ਮੌਤ 21 ਮਾਰਚ, 1938 ਨੂੰ ਨਿਊਯਾਰਕ ਸਿਟੀ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 2 : 968

**ਕਲਾਰਕ, ਜਾਰਜ ਰੋਜਰਜ਼ :** ਅਮਰੀਕਾ ਦੇ ਇਸ ਨਾਮਵਰ ਕਮਾਂਡਰ ਦਾ ਜਨਮ 19 ਨਵੰਬਰ, 1752 ਨੂੰ ਵਰਜੀਨੀਆ ਵਿਖੇ ਹੋਇਆ। ਸੰਨ 1778-83 ਦੀ ਸੁਤੰਤਰਤਾ ਦੀ ਜੰਗ ਸਮੇਂ ਇਸਨੇ ਕੈਂਟਕੀ ਦੀ ਸੁਰੱਖਿਆ ਨੂੰ ਮਜ਼ਬੂਤ ਕੀਤਾ। ਇਸ ਨੇ 1779 ਵਿਚ ਹੈਮਿਲਟਨ ਅਧੀਨ ਬ੍ਰਿਟਿਸ਼ ਫੌਜ ਨੂੰ ਜਿੱਤ ਕੇ ਇਕ ਹੈਰਾਨੀ ਪੈਦਾ ਕਰ ਦਿਤੀ ਪਰੰਤੂ ਬਾਅਦ ਵਿਚ ਇਸ ਨੂੰ ਆਪਣੀ ਜਿੱਤ ਉਪਰੰਤ ਪਿਛੇ ਹਟਣ ਤੇ ਮਜਬੂਰ ਹੋਣਾ ਪਿਆ। ਇਸ ਨੇ 1780 ਵਿਚ ਸੇਂਟ ਲੂਈ ਵਿਰੁੱਧ ਬਰਤਾਨਵੀ ਹਮਲਾ ਪਛਾੜਿਆ ਅਤੇ 1782 ਵਿਚ ਭਾਰਤੀ ਸ਼ਾਅਨੀ ਉਤੇ ਸਫਲ ਹਮਲਾ ਕੀਤਾ। ਜੰਗ ਪਿਛੋਂ ਇਸ ਨੂੰ ਭਾਰਤੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਪ੍ਰੰਤੂ ਇਸ ਤੇ ਬਦ-ਇੰਤਜ਼ਾਮੀ ਅਤੇ ਗਦੱਾਰੀ ਦਾ ਗ਼ਲਤ ਦੋਸ਼ ਲਾ ਕੇ 1786 ਵਿਚ ਨੌਕਰੀ ਤੋਂ ਬਰਤਰਫ ਕਰ ਦਿਤਾ ਗਿਆ।

13 ਫਰਵਰੀ, 1818 ਨੂੰ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਨਿ. ਕ. ਯੂ. ਬਾ. 1 : 406

**ਕਲਾਰਕ ਫੋਰਕ :** ਉੱਤਰ-ਪੱਛਮੀ ਸੰਯੁਕਤ ਰਾਜ ਦਾ ਇਹ ਇਕ ਦਰਿਆ ਹੈ ਜੋ ਬਿਊਟ ਮਾਊਂਟ ਤੋਂ ਨਿਕਲਕੇ ਉੱਤਰ ਅਤੇ ਅਤੇ ਉੱਤਰ-ਪੱਛਮ ਵੱਲ ਲਗਭਗ 580 ਕਿ. ਮੀ. ਤੀਕ ਵਿੰਗ-ਵਲਾਵੇਂ ਖਾਂਦਾ ਹੋਇਆ ਉੱਤਰੀ ਇਡਾਹੋ ਦੀ ਪਾਨਡਾਰੇ ਝੀਲ ਵਿਚ ਜਾ ਡਿਗਦਾ ਹੈ। ਇਸਦੇ ਮੁੱਖ ਸਹਾਇਕ ਦਰਿਆ-ਬਲੈਕ ਫ਼ੁੱਟ, ਬਿਟਰ ਰੂਟ, ਸੇਂਟ ਰੀਜਿਸ ਅਤੇ ਫਲੈਟ ਹੈੱਡ ਹਨ ਅਤੇ ਇਨ੍ਹਾਂ ਵਿਚੋਂ ਫਲੈਟ ਹੈੱਡ ਸਭ ਨਾਲੋਂ ਮਸ਼ਹੂਰ ਹੈ। ਇਸ ਦਰਿਆ ਦਾ ਮੈਦਾਨ ਖਣਿਜ ਪਦਾਰਥਾਂ, ਘਣੇ ਜੰਗਲਾਂ ਦਿਲ-ਖਿਚਵੀਆਂ ਝੀਲਾਂ, ਅਤੇ ਨਦੀਆਂ ਆਦਿ ਲਈ ਬੜਾ ਪ੍ਰਸਿੱਧ ਹੈ।

48° 09′ ਉ. ਵਿਥ. ; 116° 15′ ਪੱ. ਲੰਬ.

ਹ. ਪੁ.—ਐਨ. ਬ੍ਰਿ. 5 : 873.

**ਕਲਾਰਾ, ਸੇਂਟ :** ਇਹ ਇਟਲੀ ਦੀ ਇਕ ਸੰਤਣੀ ਸੀ। ਇਸ ਦਾ ਜਨਮ ਅਸਿਸੀ ਵਿਚ 16 ਜੁਲਾਈ, 1194 ਨੂੰ ਹੋਇਆ। ਅਜੇ 17-18 ਸਾਲ ਦੀ ਹੀ ਸੀ ਜਦੋਂ ਇਹ ਸੇਂਟ ਫ਼੍ਰਾਂਸਿਸ ਦੇ ਪ੍ਰਭਾਵ ਹੇਠ ਆ ਗਈ। ਸੇਂਟ ਫ਼੍ਰਾਂਸਿਸ ਨੂੰ ਜਦੋਂ ਇਸ ਗੱਲ ਦਾ ਨਿਸਚਾ ਹੋ ਗਿਆ ਕਿ ਇਸ ਨੂੰ ਧਰਮ ਨਾਲ ਸੱਚੀ ਲਗਨ ਹੈ ਤਾਂ ਉਸ ਨੇ ਇਸ ਨੂੰ ਫ਼ਰਾਂਸਿਸਕੀ ਮੱਤ ਵਿਚ ਸ਼ਾਮਲ ਕਰ ਲਿਆ। ਇਸ ਤਰ੍ਹਾਂ ਇਹ ਪਹਿਲੀ ਫ਼ਰਾਂਸਿਸਕੀ ਸੰਤਣੀ ਬਣੀ। ਇਹ ਅਤੇ ਇਸ ਤੋਂ ਮਗਰੋਂ ਬਣੀਆਂ ਹੋਰ ਫ਼ਰਾਂਸਿਸਕੀ ਸੰਤਣੀਆਂ ਅਸਿਸੀ ਦੇ ਨੇੜੇ ਬਣਾਏ ਗਏ ਚਰਚ ਸੇਂਟ ਦਮਿਆਨੋ ਵਿਚ ਰਹਿੰਦੀਆਂ ਸਨ। 11 ਅਗਸਤ, 1253 ਨੂੰ ਆਪਣੀ ਮੌਤ ਤੱਕ ਇਹ ਇਸ ਚਰਚ ਦੀ ਪ੍ਰਧਾਨ ਰਹੀ। ਸੰਨ 1255 ਵਿਚ ਇਸ ਨੂੰ ਸੰਤ ਦੇ ਤੌਰ ਤੇ ਮਾਨਤਾ ਦਿਤੀ ਗਈ। ਬਾਅਦ ਵਿਚ ਹਰ ਸਾਲ 12 ਅਗਸਤ ਨੂੰ ਇਸ ਦਾ ਉਤਸਵ ਮਨਾਇਆ ਜਾਣ ਲੱਗਾ।

ਹ. ਪੁ.—ਨਿ. ਕ 1. 2 : 404.

**ਕਲਾਲ** : ਖੇਤੀ ਕਰਨ ਵਾਲੇ ਮੁਸਲਮਾਨ ਜੱਟਾਂ ਦਾ ਇਹ ਇਕ ਫਿਰਕਾ ਹੈ ਜੋ ਮਿੰਟਗੁਮਰੀ ਅਤੇ ਮੁਲਤਾਨ (ਹੁਣ ਪਾਕਿਸਤਾਨ) ਵਿਚ ਮਿਲਦਾ ਹੈ। ਕਲਾਲ ਜਾਂ ਕਰਾਲ ਅਜਿਹੀ ਘੱਟਦੀ-ਵੱਧਦੀ ਸਮਾਜਕ ਸਥਿਤੀ ਦੀ ਸ਼੍ਰੇਣੀ ਹੈ ਜਿਸ ਦਾ ਮੂਲ ਵੀ ਸ਼ਾਇਦ ਮਿਲਵਾਂ ਜੁਲਵਾਂ ਹੋਵੇ। ਕਰਾਲ ਆਪਣਾ ਮੂਲ ਹਿੰਦੂ ਰਾਜਪੂਤ ਖ਼ਾਨਦਾਨ ਨਾਲ ਜੋੜਦੇ ਹਨ ਜਿਨ੍ਹਾਂ ਦਾ ਇਹ ਨਾਂ ਰਾਜਪੂਤਾਨੇ ਦੀ ਰਿਆਸਤ ਕਰਾਉਲੀ ਤੋਂ ਪਿਆ। ਇਨ੍ਹਾਂ ਦੇ 52 ਫਿਰਕੇ ਜਾਂ ਗੋਤ ਹਨ ਜਿਨ੍ਹਾਂ ਵਿਚ ਕਪੂਰਥਲੇ ਦੇ ਤੁਲਸੀ ਅਤੇ ਪੀਟਲ ਸ਼ਾਮਲ ਹਨ। ਇਹ ਕਰਾਲ ਆਪਣੇ ਆਪ ਨੂੰ ਲਾਹੌਰ ਦੇ ਇਕ ਪਿੰਡ ਆਹਲੂ (ਹੁਣ ਪਾਕਿਸਤਾਨ) ਨਾਲ ਜੋੜਕੇ ਆਹਲੂਵਾਲੀਏ ਕਹਾਉਂਦੇ ਹਨ ਅਤੇ ਆਹਲੂਵਾਲੀਆਂ ਦੇ ਇਹ ਭਾਗ ਤੁਲਸੀ, ਫੂਲ, ਮਲੀ, ਰੇਖੀ, ਸਾਦ ਅਤੇ ਸੇਗਟ ਕਹਾਉਂਦੇ ਹਨ। ਕਰਾਲ ਜਾਤੀ ਸਾਰੇ ਉੱਤਰੀ ਪੰਜਾਬ ਵਿਚ ਗੁਜਰਾਤ (ਹੁਣ ਪਾਕਿਸਤਾਨ) ਤੋਂ ਲੈ ਕੇ ਹੁਸ਼ਿਆਰਪੁਰ ਤਕ ਮਿਲਦੀ ਹੈ, ਅਤੇ ਵਿਧਵਾ-ਪੁਨਰਵਿਵਾਹ ਤੋਂ ਗੁਰੇਜ਼ ਕਰਨ ਵਾਲੇ ਜਾਣੇ ਜਾਂਦੇ ਹਨ। ਕਲਾਲ ਹਿੰਦੂ ਵੀ ਹਨ, ਪ੍ਰੰਤੂ ਇਹ ਕਰਾਲਾਂ ਨਾਲੋਂ ਵਧ ਸਿੱਖ ਮੱਤ ਅਪਣਾਉਂਦੇ ਹਨ। ਸ਼ਬਦ 'ਕਲਾਲ' ਕੁਲਾਲ (ਘੁਮਾਰ) ਤੋਂ ਲਿਆ ਗਿਆ ਜਾਪਦਾ ਹੈ। ਇਨ੍ਹਾਂ ਦੇ ਗੋਤ ਹੇਠ ਲਿਖੇ ਅਨੁਸਾਰ ਹਨ :—

ਭਾਗਰ, ਭੰਮਰਾਲ, ਭੰਡਾਰੀ, ਭਰਵਾਥੀਆ, ਭੂਕਾਈ, ਬਿਮਬਟ, ਹਤਿਆਰ, ਜਨਵਾਥੀਆ, ਲਧਾਥੀਆ ਮੱਮਕ, ਪੋਂਟਲ, ਪਾਲ।

ਹ. ਪੁ.—ਗ.ਟ੍ਰਾ. ਕਾ. 2 : 438.

**ਕਲਾਵਰ** : ਇਹ ਟਰਾਈਫੋਲੀਅਮ ਪ੍ਰਜਾਤੀ ਦੇ ਕਿਸੇ ਵੀ ਮੈਂਬਰ ਪੌਦੇ ਦਾ ਨਾਂ ਹੈ ਜੋ ਮਟਰ ਕੁਲ ਫੇਬੇਸੀ ਵਿਚ ਸ਼ਾਮਲ ਹਨ। ਇਸ ਪ੍ਰਜਾਤੀ ਦੀਆਂ 300 ਤੋਂ ਵੱਧ ਇਕ ਵਰ੍ਹਾ ਅਤੇ ਬਹੁ-ਵਰ੍ਹੇ ਜੀਵੀ ਜਾਤੀਆਂ ਦਾ ਪਤਾ ਲਗ ਚੁੱਕਾ ਹੈ। ਇਸ ਪ੍ਰਜਾਤੀ ਦੇ **ਪੌਦੇ** ਦੱਖਣ ਪੂਰਬ ਏਸ਼ੀਆ ਅਤੇ ਆਸਟ੍ਰੇਲੀਆ ਤੋਂ ਇਲਾਵਾ ਸੀਤ-ਊਸ਼ਨ ਖੰਡੀ ਖੇਤਰਾਂ ਵਿਚ ਮਿਲਦੇ ਹਨ। ਪਰਤਵੇਂ ਪੱਤੇ ਸੰਯੁਕਤ ਹੁੰਦੇ ਹਨ ਜਿਨ੍ਹਾਂ ਵਿਚ ਆਮ ਤੌਰ ਤੇ ਤਿੰਨ-ਖੰਨੀਆਂ ਪੱਤੀਆਂ ਹੁੰਦੀਆਂ ਹਨ। ਇਸਦੇ ਬਹੁਤ ਛੋਟੇ ਖ਼ੁਸ਼ਬੂਦਾਰ ਫੁੱਲ, ਹੈੱਡ ਜਾਂ ਸਪਾਈਕਾਂ ਵਿਚ ਇਕੱਠੇ ਹੋ ਜਾਂਦੇ ਹਨ। ਛੋਟੇ ਅਤੇ ਖ਼ੁਸ਼ਕ ਬੀਜ ਵਿਚ ਆਮ ਤੌਰ ਤੇ ਇਕ ਜਾਂ ਦੋ ਬੀਜ ਹੁੰਦੇ ਹਨ। ਕਲਾਵਰ ਦੀਆਂ ਕਾਸ਼ਤ ਯੋਗ ਜਾਤੀਆਂ ਪੁਰਾਣੀ ਦੁਨੀਆ ਵਿਚ ਉਤਪੰਨ ਹੋਈਆਂ ਜਿਥੋਂ ਇਹ ਸੀਤ-ਊਸ਼ਨ ਖੰਡਾਂ ਵਿਚ ਫੈਲ ਗਈਆਂ।



ਕਲਾਵਰ

ਇਸਦੇ ਪੌਦੇ ਪਸ਼ੂਆਂ ਲਈ ਬਹੁਤ ਵਧੀਆ ਖ਼ੁਰਾਕ ਦੇ ਤੌਰ ਤੇ ਵਰਤੇ ਜਾਂਦੇ ਹਨ। ਇਨ੍ਹਾਂ ਪੌਦਿਆਂ ਵਿਚ ਕਾਫ਼ੀ ਮਾਤਰਾ ਵਿਚ ਪ੍ਰੋਟੀਨ, ਫ਼ਾਸਫ਼ੋਰਸ ਅਤੇ ਕੈਲਸੀਅਮ ਹੁੰਦੀ ਹੈ, ਜਿਸ ਕਰਕੇ ਇਨ੍ਹਾਂ ਤੋਂ ਤਾਜ਼ੀ ਜਾਂ ਖ਼ੁਸ਼ਕ ਹਾਲਤ ਵਿਚ ਚੰਗੀ ਖ਼ੁਰਾਕ ਬਣ ਸਕਦੀ ਹੈ।

ਪਸ਼ੂਆਂ ਦੇ ਚਾਰੇ ਲਈ ਮੁੱਖ ਤੌਰ ਤੇ ਕੰਮ ਆਉਣ ਤੋਂ ਇਲਾਵਾ ਇਹ ਭੋਂ ਸੁਧਾਰ ਅਤੇ ਭੋਂ ਸੁਰੱਖਿਆ ਪੌਦਿਆਂ ਦੇ ਤੌਰ ਤੇ ਵੀ ਕੰਮ ਆਉਂਦੇ ਹਨ। ਕਲਾਵਰ ਇਕ ਹੈਕਟੇਅਰ ਭੋਂ ਵਿਚ 55-170 ਕਿ. ਗ੍ਰਾ. ਨਾਈਟ੍ਰੋਜਨ ਜਮ੍ਹਾਂ ਕਰਦੀ ਹੈ ਅਤੇ ਇਸ ਤੋਂ ਪਿਛੋਂ ਬੀਜਣ ਵਾਲੀਆਂ ਫ਼ਸਲਾਂ ਲਈ ਹੋਰ ਤੱਤਾਂ ਦੀ ਉਪਲਬਧੀ ਨੂੰ ਵਧਾ ਦਿੰਦੀ ਹੈ।

ਖੇਤੀਬਾੜੀ ਪੱਖੋਂ ਬਹੁਤ ਜ਼ਿਆਦਾ ਮਹੱਤਤਾ ਵਾਲੀਆਂ ਜਾਤੀਆਂ ਵਿਚੋਂ ਰੈੱਡ ਕਲਾਵਰ (*T. pratense*),ਵਾਈਟ ਕਲਾਵਰ (*T. repens*) ਅਤੇ ਆਲਸਾਈਕ ਕਲਾਵਰ (*T. hybridium*) ਹਨ। ਰੈੱਡ ਕਲਾਵਰ ਜੋ ਦੋ-ਵਰ੍ਹਾ ਜੀਵੀ ਅਤੇ ਜਾਮਣੀ ਰੰਗੇ ਫੁੱਲਾਂ ਵਾਲੀ ਜਾਤੀ ਹੈ, ਇਸ ਹੈੱਡ ਦੇ ਆਕਾਰ ਵਿਚ 2.5 ਸੈਂ. ਮੀ. ਹੁੰਦੇ ਹਨ। ਵਾਈਟ ਕਲਾਵਰ ਇਕ ਛੋਟੇ ਕੱਦ ਵਾਲੀ ਬਹੁ-ਵਰ੍ਹੇ ਜੀਵੀ ਜਾਤੀ ਹੈ, ਜੋ ਘਾਹ ਵਾਲੇ ਮੈਦਾਨਾਂ ਵਿਚ ਲਗਾਈ ਜਾਂਦੀ ਹੈ। ਇਸਦਾ ਹੈੱਡ ਚਿੱਟੇ ਰੰਗ ਦਾ ਹੁੰਦਾ ਹੈ ਜੋ ਗੁਲਾਬੀ ਭਾਹ ਮਾਰਦਾ ਹੈ। ਆਲਸਾਈਕ ਕਲਾਵਰ ਵੀ ਬਹੁ-ਵਰ੍ਹਾ ਜੀਵੀ ਜਾਤੀ ਹੈ ਜਿਸਨੂੰ ਸਵੀਡਿਸ਼ ਕਲਾਵਰ ਜਾਂ ਐਲਸੈਸ਼ਨ ਕਲਾਵਰ ਵੀ ਕਿਹਾ ਜਾਂਦਾ ਹੈ। ਇਸਦੇ ਗੋਲਾਕਾਰ ਗੁਲਾਬੀ ਰੰਗ ਦੇ ਫੁੱਲਾਂ ਵਾਲੇ ਹੈੱਡ ਹੁੰਦੇ ਹਨ। ਇਹ ਭੋਂ ਸੁਧਾਰ ਲਈ ਵੀ ਵਰਤੀ ਜਾਂਦੀ ਹੈ।

(ਹੋਰ ਵਿਸਥਾਰ ਲਈ ਵੇਖੋ, ਬਰਸੀਮ)।

ਹ. ਪੁ.—ਐਨ. ਬ੍ਰਿ. ਮਾ. 2 : 1010

**ਕਲਿਓਪੈਟਰਾ** : ਮਿਸਰ ਦੀ ਇਸ ਮਲਕਾ ਦਾ ਜਨਮ 69 ਈ. ਪੂ. ਨੂੰ ਮਿਸਰ ਵਿਚ ਹੋਇਆ। ਇਹ ਇਤਿਹਾਸ ਅਤੇ ਨਾਟਕ ਦੀ ਦੁਨੀਆ ਵਿਚ ਵਿਨਾਸ਼ਕਾਰੀ ਸੁਹਾਗਣ ਦੇ ਰੂਪ ਵਿਚ ਪ੍ਰਸਿੱਧ ਹੈ। ਇਸ ਨੇ ਆਪਣੇ ਜੂਲੀਸ ਸੀਜ਼ਰ ਅਤੇ ਮਾਰਕ ਐਨਟੋਨੀ ਨਾਲ ਪਿਆਰ ਰਾਹੀਂ ਰੋਮਨ ਇਤਿਹਾਸ ਉਪਰ ਪ੍ਰਭਾਵ ਪਾਇਆ।

ਇਹ ਅਤੇ ਇਸ ਦਾ ਭਰਾ ਨੌਜਵਾਨ ਬਾਦਸ਼ਾਹ ਟੌਲਮੀ ਤੇਰ੍ਹਵਾਂ ਰਾਜ ਗੱਦੀ ਦੀ ਪ੍ਰਾਪਤੀ ਲਈ 51ਈ.ਪੂ. ਵਿਚ ਖਾਨਾ ਜੰਗੀ ਵਿਚ ਉਲਝ ਗਏ ਜਦੋਂ 48 ਈ.ਪੂ. ਵਿਚ ਸੀਜ਼ਰ ਆਇਆ ਤਾਂ ਕਲਿਓਪੈਟਰਾ ਨੇ ਉਸ ਨੂੰ ਆਪਣੇ ਜਾਲ ਵਿਚ ਫਸਾ ਲਿਆ ਅਤੇ ਉਸ ਨੇ ਅਗਲੇ ਸਾਲ ਇਸ ਦੇ ਭਰਾ ਨੂੰ ਹਰਾ ਦਿਤਾ। ਇਹ ਲਗਭਗ 46 ਈ.ਪੂ. ਵਿਚ ਸੀਜ਼ਰ ਕੋਲ ਰੋਮ ਚਲੀ ਗਈ ਅਤੇ 44 ਈ. ਪੂ. ਵਿਚ ਉਸ ਦੇ ਕਤਲ ਪਿਛੋਂ ਘਰ ਪਰਤ ਆਈ। ਜਦੋਂ ਮਾਰਕ ਐਨਟੋਨੀ ਸੀਜ਼ਰ ਦਾ ਵਾਰਸ ਬਣ ਗਿਆ ਤਾਂ ਇਹ ਉਸ ਕੋਲ ਏਸ਼ੀਆ ਕੱਚਕ ਵਿਖੇ ਚਲੀ ਗਈ ਅਤੇ ਉਸ ਨੂੰ ਫ਼ਸਾ ਲਿਆ। ਦੋਵੇਂ ਇਕੱਠੇ ਮਿਸਰ ਪਰਤ ਆਏ। ਇਨ੍ਹਾਂ ਨੇ 37 ਈ.ਪੂ. ਵਿਚ ਵਿਆਹ ਕਰਵਾ ਲਿਆ ਜਿਸ ਨੇ ਰੋਮ ਵਿਚ ਐਨਟੋਨੀ ਦੀ ਲੋਕ ਪ੍ਰਿਯਤਾ ਨਸ਼ਟ ਕਰ ਦਿਤੀ। ਰੋਮਨ ਸੈਨੇਟ ਨੇ ਇਨ੍ਹਾਂ ਵਿਰੁਧ 31 ਈ. ਪੂ. ਵਿਚ ਜੰਗ ਦਾ ਐਲਾਨ ਕਰ ਦਿਤਾ, ਜਿਸ ਵਿਚ ਇਨ੍ਹਾਂ ਦੀ ਸਮੁੰਦਰ ਵਿਚ ਹਾਰ ਹੋਈ ਅਤੇ ਇਹ ਮਿਸਰ ਨੂੰ ਭੱਜ ਗਏ ਜਿਥੇ ਦੋਵਾਂ ਨੇ 30 ਈ. ਪੂ. ਵਿਚ ਆਤਮ ਹੱਤਿਆ ਕਰ ਲਈ।

ਹ. ਪੁ.—ਐਨ. ਬ੍ਰਿ. ਮਾ. 2. : 989

**ਕਲਿਆਣ** : ਭਾਰਤ ਦੇ ਪੰਜਾਬ ਰਾਜ ਵਿਚ ਜ਼ਿਲ੍ਹਾ ਪਟਿਆਲਾ ਦਾ ਇਹ ਇਕ ਕਸਬਾ ਹੈ, ਜੋ ਪਟਿਆਲਾ ਸ਼ਹਿਰ ਤੋਂ ਅੱਠ ਕਿ. ਮੀ. ਪੱਛਮ ਵੱਲ ਪਟਿਆਲਾ-ਮਲੇਰਕੋਟਲਾ ਸੜਕ ਉੱਤੇ ਸਥਿਤ ਹੈ। ਪਿੰਡ ਦਾ ਕੁੱਲ ਰਕਬਾ ਲਗਭਗ 3 ਵ. ਕਿ. ਮੀ. ਹੈ। ਇਥੇ ਇਕ ਸਰਕਾਰੀ ਹਾਇਰ ਸੈਕੰਡਰੀ ਸਕੂਲ, ਕਿੱਤਾ ਸਿਖਲਾਈ ਸਕੂਲ ਡਾਕਖਾਨਾ ਅਤੇ ਸਰਕਾਰੀ ਹਸਪਤਾਲ ਹੈ। ਕਸਬੇ ਵਿਚ ਇਕ ਸ਼ਾਨਦਾਰ ਇਤਿਹਾਸਕ ਗੁਰਦਵਾਰਾ ਸਾਹਿਬ ਬਣਿਆ ਹੋਇਆ ਹੈ। ਅਗਸਤ-ਸਤੰਬਰ ਮਹੀਨੇ ਵਿਚ ਇਥੇ ਗੁੱਗੇ ਦਾ ਵੀ ਭਾਰੀ ਮੇਲਾ ਲਗਦਾ ਹੈ।

ਆਬਾਦੀ—1525 (1981)

ਹ. ਪੁ.—ਇੰਪ. ਗ. ਇੰਡ. 14 : 322; ਹਿੰ. ਵਿ. ਕੋ. 2: 376.

**ਕਲਿਆਣ** : ਭਾਰਤ ਦੇ ਮਹਾਰਾਸ਼ਟਰ ਰਾਜ ਦੇ 'ਥਾਨਾ' ਜ਼ਿਲ੍ਹੇ ਵਿਚ ਇਹ ਇਸੇ ਹੀ ਨਾਂ ਦੇ ਤਅੱਲੁਕੇ ਦਾ ਸਦਰ ਮੁਕਾਮ ਹੈ

ਜੋ ਗ੍ਰੇਟ ਇੰਡੀਅਨ ਪੈਨਿਨਸੂਲਾ-ਰੇਲਵੇ ਦੀਆਂ ਉੱਤਰ-ਪੂਰਬੀ ਅਤੇ ਦੱਖਣ-ਪੂਰਬੀ ਲਾਈਨਾਂ ਦੇ ਜੰਕਸ਼ਨ ਉੱਤੇ, ਬੰਬਈ ਤੋਂ ਉੱਤਰ-ਪੂਰਬ ਵੱਲ ਲਗਭਗ 55 ਕਿ.ਮੀ. ਦੀ ਦੂਰੀ ਤੇ ਉਲਹਾਸ ਦਰਿਆ ਦੇ ਕੰਢੇ ਉਪਰ ਸਥਿਤ ਹੈ।

ਕਲਿਆਨ ਸ਼ਹਿਰ ਦਾ ਜ਼ਿਕਰ ਪਹਿਲੀ, ਦੂਜੀ, ਪੰਜਵੀਂ ਜਾਂ ਛੇਵੀਂ ਸਦੀ ਈਸਵੀ ਦੇ ਪੁਰਾਣੇ ਸ਼ਿਲਾਲੇਖਾਂ ਵਿਚ ਮਿਲਦਾ ਹੈ। 'ਪੈਰੀਪਲੱਸ' ਅਨੁਸਾਰ ਇਹ ਸ਼ਹਿਰ ਦੂਜੀ ਸਦੀ ਦੇ ਅੰਤ ਦੇ ਨੇੜੇ-ਤੇੜੇ ਬਹੁਤ ਮਹੱਤਤਾ ਵਾਲਾ ਸ਼ਹਿਰ ਹੁੰਦਾ ਸੀ। ਚੌਦ੍ਹਵੀਂ ਸਦੀ ਈਸਵੀ ਵਿਚ ਮੁਸਲਮਾਨ ਹਾਕਮਾਂ ਨੇ ਇਸਨੂੰ ਜ਼ਿਲ੍ਹੇ ਦਾ ਸਦਰ-ਮੁਕਾਮ ਥਾਪ ਦਿਤਾ ਤੇ ਇਸਦਾ ਨਾਂ ਬਦਲ ਕੇ ਇਸਲਾਮਾਬਾਦ ਰੱਖ ਦਿਤਾ।

ਸੰਨ 1536 ਵਿਚ ਇਸ ਉਤੇ ਪੁਰਤਗੇਜ਼ੀਆਂ ਨੇ ਕਬਜ਼ਾ ਕਰ ਲਿਆ ਪਰ ਇਸ ਨੂੰ ਕਿਲੇ ਬੰਦ ਨਾ ਕੀਤਾ ਅਤੇ 1750 ਵਿਚ ਮੁੜਦੇ ਹੋਇਆਂ ਨੇ ਇਸ ਸ਼ਹਿਰ ਦੇ ਉਪ-ਨਗਰਾਂ ਨੂੰ ਸਾੜ ਦਿਤਾ ਅਤੇ ਆਪਣੇ ਨਾਲ ਲੁੱਟ ਦਾ ਕਾਫ਼ੀ ਮਾਲ ਲੈ ਗਏ। ਇਸੇ ਸਮੇਂ ਤੋਂ ਇਹ ਨਗਰ ਅਹਿਮਦ ਨਗਰ ਬਾਦਸ਼ਾਹਤ ਦਾ ਹਿੱਸਾ ਬਣ ਗਿਆ। ਸੰਨ 1648 ਵਿਚ ਸ਼ਿਵਾ ਜੀ ਦੇ ਇਕ ਜਰਨੈਲ 'ਅਬਾਜੀ ਅਹਿਮਦ ਸੌਂਦੀਓ' ਨੇ ਕਲਿਆਨ ਉੱਤੇ ਅਚਾਨਕ ਹੱਲਾ ਕੀਤਾ ਅਤੇ ਉਥੋਂ ਦੇ ਗਵਰਨਰ ਨੂੰ ਕੈਦੀ ਬਣਾ ਲਿਆ। ਸੰਨ 1660 ਵਿਚ ਇਹ ਕਸਬਾ ਫਿਰ ਮੁਸਲਮਾਨਾਂ ਦੇ ਹੱਥਾਂ ਵਿਚ ਚਲਾ ਗਿਆ ਪਰ ਸੰਨ 1662 ਵਿਚ ਇਹ ਫਿਰ ਇਨ੍ਹਾਂ ਕੋਲੋਂ ਖੁੱਸ ਗਿਆ। ਸੰਨ 1674 ਵਿਚ ਸ਼ਿਵਾਜੀ ਨੇ ਅੰਗਰੇਜ਼ਾਂ ਨੂੰ ਇਕ ਫੈਕਟਰੀ ਸਥਾਪਤ ਕਰਨ ਦੀ ਮਨਜ਼ੂਰੀ ਦੇ ਦਿਤੀ। 1780 ਈ. ਵਿਚ ਮਰਹੱਟਿਆਂ ਦੀ ਸਪਲਾਈ ਲਾਈਨ ਬੰਦ ਹੋ ਜਾਣ ਕਾਰਨ ਅੰਗਰੇਜ਼ਾਂ ਨੇ ਕਲਿਆਨ ਉਪਰ ਕਬਜ਼ਾ ਕਰ ਲਿਆ। ਇਥੇ ਚੌਲ ਕੱਢਣ ਦੇ ਕਾਫ਼ੀ ਕਾਰਖਾਨੇ ਹਨ। ਮੁਤੱਬਰ ਖਾਨ (ਸ਼ਾਹ ਜਹਾਨ ਦਾ ਇਕ ਵਜ਼ੀਰ) ਦਾ ਮਕਬਰਾ ਅਤੇ ਸੱਤ ਮਸਜਿਦਾਂ ਜਿਨ੍ਹਾਂ ਵਿਚੋਂ 'ਕਾਲੀ ਮਸਜਿਦ' ਸਭ ਤੋਂ ਵੱਧ ਵਰਣਨਯੋਗ ਹੈ, ਸ਼ਹਿਰ ਦੀਆਂ ਮਹੱਤਵਪੂਰਨ ਇਤਿਹਾਸਕ ਇਮਾਰਤਾਂ ਹਨ। ਇਥੇ ਇਕ ਲਾਇਬ੍ਰੇਰੀ ਅਤੇ ਇਕ ਛੋਟਾ ਜਿਹਾ ਛਾਪਾਖ਼ਾਨਾ ਹੈ।

ਆਬਾਦੀ—136,052 (1981)

19° 14' ਉ. ਵਿਥ.; 73° 10' ਪੂ. ਲੰਬ.

ਹ. ਪੁ.—ਹਿੰ. ਵਿ. ਕੋ. 2 : 376 ; ਇੰਪ. ਗ. ਇੰਡ. 14 : 322

**ਕਲਿਆਨੀ :** ਭਾਰਤ ਦੇ ਕਰਨਾਟਕ ਰਾਜ ਵਿਚ ਜ਼ਿਲ੍ਹਾ ਬਿਦਰ ਦਾ ਇਹ ਇਕ ਕਸਬਾ ਹੈ ਜੋ ਬਿਦਰ ਸ਼ਹਿਰ ਤੋਂ 58 ਕਿ. ਮੀ. ਪੱਛਮ ਵਿਚ ਸਥਿਤ ਹੈ। ਬਿਦਰ ਦਾ ਸਾਰਾ ਜ਼ਿਲ੍ਹਾ ਪਹਿਲਾਂ ਰਿਆਸਤ ਹੈਦਰਾਬਾਦ (ਦੱਖਣ) ਦਾ ਭਾਗ ਹੁੰਦਾ ਸੀ। ਸੰਨ 1948 ਵਿਚ ਇਹ ਰਿਆਸਤ ਭਾਰਤ ਗਣਰਾਜ ਵਿਚ ਸ਼ਾਮਲ ਕਰ ਲਈ ਗਈ। ਸੰਨ 1956 ਵਿਚ ਜਦੋਂ ਇਸ ਰਿਆਸਤ ਨੂੰ ਤੋੜ ਕੇ ਇਸ ਦੇ ਵੱਖ-ਵੱਖ ਇਲਾਕੇ ਬੋਲੀ ਦੇ ਆਧਾਰ ਤੇ ਗਵਾਂਢੀ ਰਾਜਾਂ ਵਿਚ ਰਲਾ ਦਿਤੇ ਗਏ ਤਾਂ ਬਿਦਰ ਦਾ ਜ਼ਿਲ੍ਹਾ ਕਰਨਾਟਕ ਰਾਜ ਦੇ ਹਿੱਸੇ ਵਿਚ ਆ ਗਿਆ।

ਗਿਆਰ੍ਹਵੀਂ ਸਦੀ ਦੇ ਅੱਧ ਵਿਚ ਕਲਿਆਨੀ ਚਾਲੂਕੀਆ ਰਾਜਿਆਂ ਦੀ ਰਾਜਧਾਨੀ ਹੁੰਦੀ ਸੀ। ਇਸ ਤੋਂ ਬਾਅਦ ਇਹ ਕਿਸੇ ਨਾ ਕਿਸੇ ਰਾਜੇ ਦੀ ਰਾਜਧਾਨੀ ਰਿਹਾ। 'ਮਿਤਾਕਸ਼ਰਾ' (ਕਾਨੂੰਨ ਉੱਤੇ ਲਿਖਿਆ ਗਰੰਥ) ਦਾ ਪ੍ਰਸਿੱਧ ਲੇਖਕ ਵਿਜਨਾਨੇਸ਼ਵਰ ਅਤੇ ਲਿੰਗਾਇਤ ਮਤ ਦਾ ਬਾਨੀ ਬਸਾਵਾ ਵੀ ਇਸੇ ਹੀ ਕਸਬੇ ਦੇ ਵਾਸੀ ਸਨ। ਸੰਨ 1653 ਵਿਚ ਮੁਗ਼ਲਾਂ ਨੇ ਇਸ ਕਸਬੇ ਨੂੰ ਬਹੁਤ ਬਰਬਾਦ ਕੀਤਾ। ਸੰਨ 1656 ਵਿਚ ਔਰੰਗਜ਼ੇਬ ਨੇ ਕਿਲੇ ਉੱਤੇ ਕਬਜ਼ਾ ਕਰ ਲਿਆ। ਚਾਲੂਕੀਆ ਖਾਨਦਾਨ ਦੇ ਪਤਨ ਮਗਰੋਂ ਮੁਸਲਮਾਨੀ ਹਾਕਮਾਂ ਦੀਆਂ ਆਪਸੀ ਲੜਾਈਆਂ ਦੇ ਸਮੇਂ ਕਲਿਆਨੀ ਦੇ ਸੁੰਦਰ ਮੰਦਰਾਂ ਨੂੰ ਢਾਹ ਢੇਰੀ ਕਰ ਦਿਤਾ ਗਿਆ ਅਤੇ ਉਨ੍ਹਾਂ ਦੀ ਥਾਂ ਤੇ ਮਸਜਿਦਾਂ ਉਸਾਰ ਦਿਤੀਆਂ ਗਈਆਂ।

17° 53' ਉ.ਵਿਥ. ; 76° 57' ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 324.

**ਕਲਿਕਰ, ਰੂਡਾਲਫ ਅਲਬਰਟ ਫਾਨ :** ਇਸ ਹਿਸਟਾਲੋਜਿਸਟ ਅਤੇ ਭਰੂਣ-ਵਿਗਿਆਨੀ ਜਿਸ ਨੇ ਸਭ ਤੋਂ ਪਹਿਲਾਂ ਟਿਸ਼ੂ ਬਣਤਰ ਦੀ ਸੈਲੂਲਰ ਤੱਤਾਂ ਦੇ ਰੂਪ ਵਿਚ ਵਿਆਖਿਆ ਕੀਤੀ, ਦਾ ਜਨਮ 6 ਜੁਲਾਈ, 1817 ਈ. ਨੂੰ ਜ਼ਿਊਰਿਕ ਵਿਖੇ ਹੋਇਆ। ਸੰਨ 1844 ਵਿਚ ਇਹ ਜ਼ਿਊਰਿਕ ਯੂਨੀਵਰਸਿਟੀ ਵਿਖੇ ਸਰੀਰ-ਵਿਗਿਆਨ ਅਤੇ ਤੁਲਨਾਤਮਕ ਐਨਾਟਮੀ ਦਾ ਪ੍ਰੋਫ਼ੈਸਰ ਲਗਿਆ। ਸੰਨ 1847 ਵਿਚ ਇਸ ਨੇ ਵੂਰਟਸਬੁਰਕ ਯੂਨੀਵਰਸਿਟੀ ਵਿਖੇ ਪ੍ਰੋਫ਼ੈਸਰ ਅਤੇ ਐਨਾਟਮੀ ਦੇ ਮੁਖੀ ਦੇ ਤੌਰ ਤੇ ਕੰਮ ਕੀਤਾ। ਵੂਰਟਸਬੁਰਕ ਨੂੰ ਡਾਕਟਰੀ ਵਿਦਿਆ ਦਾ ਪ੍ਰਮੁੱਖ ਕੇਂਦਰ ਬਣਾਉਣ ਵਿਚ ਇਸ ਨੇ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1848 ਵਿਚ ਇਸ ਨੇ *The Zeitschrift für Wisseuschaftlichen Zoologie* ਦੀ ਸਥਾਪਨਾ ਕੀਤੀ। ਇਸ ਨੇ ਵਖ-ਵਖ ਵਿਸ਼ਿਆਂ ਸਬੰਧੀ ਖੋਜ ਕੀਤੀ ਜਿਵੇਂ :—

1. ਸਫ਼ੈਲੋਪੋਡਜ਼ ਦਾ ਵਿਕਾਸ, 2. ਮੁਲਾਇਮ ਤੰਤੂਆਂ ਦੀ ਬਣਤਰ, 3. ਲਹੂ ਦੇ ਲਾਲ ਸੈੱਲਾਂ ਦਾ ਵਿਕਾਸ ਅਤੇ ਭਿੰਨਤਾ, 4. ਜਰਮ ਸਤ੍ਹਾ ਦਾ ਵਿਕਾਸ ਆਦਿ। ਇਸ ਨੇ ਸਪਰਮੈਟੋਜ਼ੋਆ ਦੀ ਬਣਤਰ ਨੂੰ ਸੈਲੂਲਰ ਦੱਸਿਆ। ਇਸ ਦੀਆਂ ਪ੍ਰਸਿਧ ਕਿਰਤਾਂ ਵਿਚੋਂ ਨਿਮਨ ਲਿਖਤ ਨੂੰ ਜਗਤ-ਪ੍ਰਸਿਧਤਾ ਹਾਸਲ ਹੈ—

'ਹੈਂਡਬੁਕ ਆਫ਼ ਹਿਊਮਨ ਹਿਸਟਾਲੋਜੀ—1852 ਅਤੇ ਐਂਬ੍ਰੀਔਲੌਜੀ ਆਫ਼ ਮੈਨ ਐਂਡ ਹਾਇਰ ਐਨੀਮਲਜ਼—1861' ਆਦਿ।

2 ਨਵੰਬਰ, 1905 ਈ. ਨੂੰ ਵੂਰਟਸਬੁਰਕ (ਅੱਜ ਕੱਲ੍ਹ ਪੱਛਮੀ ਜਰਮਨੀ ਵਿਚ) ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 5 : 875

**ਕਲਿੰਗ :** ਇਹ ਸ਼ਬਦ ਮਲਾਇਆ ਪ੍ਰਾਇਦੀਪ ਵਿਚ ਭਾਰਤੀ ਪੈਦਾਇਸ਼ ਵਾਲੇ ਲੋਕਾਂ ਲਈ ਵਰਤਿਆ ਜਾਂਦਾ ਹੈ। ਇਸ ਲਈ 'ਤੇਲਿੰਗ' ਸ਼ਬਦ ਵੀ ਵਰਤਿਆ ਜਾਂਦਾ ਹੈ। ਸ਼ਬਦ ਕਾਲਿੰਗ (ਤੇਲਿੰਗ) ਕਾਲਿੰਗਾ (ਤੇਲਿੰਗਾ) ਸ਼ਬਦ ਤੋਂ ਬਣਿਆ ਲੱਗਦਾ ਹੈ ਅਤੇ ਤੈਲਗੂ ਸ਼ਾਇਦ ਇਸੇ ਹੀ ਸ਼ਬਦ ਦਾ ਇਕ ਹੋਰ ਰੂਪ ਹੈ। ਤੇਲਿੰਗਾ ਦੇ ਲੋਕ ਦ੍ਰਾਵੜ ਨਸਲ ਨਾਲ ਸਬੰਧ ਰੱਖਦੇ ਹਨ ਅਤੇ ਬਹੁਤ ਹੀ ਵਿਕਸਿਤ ਸੰਸ਼ਲੇਸ਼ਣਾਤਮਕ ਭਾਸ਼ਾ ਬੋਲਦੇ ਹਨ। ਮਲਾਈ ਲੋਕਾਂ ਨਾਲ ਇਹ ਬੜੀ ਆਸਾਨੀ ਨਾਲ ਘੁਲ-ਮਿਲ ਜਾਂਦੇ ਹਨ ਅਤੇ ਉਨ੍ਹਾਂ ਦੇ ਆਪਸੀ ਵਿਆਹਾਂ ਤੋਂ ਉਤਪੰਨ ਹੋਈ ਨਸਲ (ਜਿਸ ਨੂੰ ਜਾਵੀ ਪੀਕਨ ਕਹਿੰਦੇ ਹਨ) ਬੜੀ ਬਲਵਾਨ, ਹੁਸ਼ਿਆਰ ਅਤੇ ਮਿਹਨਤੀ ਕੌਮ ਸਿੱਧ ਹੋਈ ਹੈ। ਮਦਰਾਸ ਤੱਟ ਦੇ ਮਲਾਇਆ ਪ੍ਰਾਇਦੀਪ ਦੇ ਜਲ-ਡਮਰੂਆਂ ਨਾਲ ਵਪਾਰ ਕਰਨ ਵਾਲੇ ਮੁਸਲਮਾਨ 'ਕਲਿੰਗ ਇਸਲਾਮ' ਅਖਵਾਉਂਦੇ ਹਨ।

ਹ. ਪੁ.—ਐਨ. ਬ੍ਰਿ. 13 : 427.

**ਕਲਿੰਗਰ, ਫ੍ਰੀਡਰਿਕ ਮੈਕਸੀਮਿਲੀਅਨ ਫ਼ਾਨ :** ਇਸ ਜਰਮਨ ਨਾਟਕਕਾਰ ਅਤੇ ਨਾਵਲਕਾਰ ਦਾ ਜਨਮ 17 ਫਰਵਰੀ, 1752 ਨੂੰ ਫਰੈਂਕਫਰਟ ਵਿਖੇ ਇਕ ਗਰੀਬ ਪਰਿਵਾਰ ਵਿਚ ਹੋਇਆ। ਇਹ ਛੋਟੀ ਉਮਰ ਵਿਚ ਯਤੀਮ ਹੋ ਗਿਆ ਸੀ ਅਤੇ ਇਕ ਸਰਪ੍ਰਸਤ ਦੇ ਆਸਰੇ ਇਸ ਨੇ ਵਿਦਿਆ ਪ੍ਰਾਪਤ ਕੀਤੀ। ਗੇਟੇ,ਜੋ ਇਸਦਾ ਬਚਪਨ ਦਾ ਮਿੱਤਰ ਸੀ, ਨੇ ਇਸਦਾ ਚੋਖਾ ਸਾਥ ਦਿੱਤਾ। ਇਸ ਨੇ ਰੁਟੀਨ ਅਤੇ ਪਰਿਸਥਿਤੀਆਂ ਦਾ ਡੱਟਕੇ ਵਿਰੋਧ ਕੀਤਾ ਅਤੇ ਆਪਣੀ ਰਚਨਾ 'Sturm und Drang' ਵਿਚ ਇਸ ਵਿਰੋਧ ਨੂੰ ਪੇਸ਼ ਕੀਤਾ। ਇਸ ਦੇ ਲਿਖੇ ਨਾਟਕ, ਜੋ ਬੜੀ ਤੇਜ਼ੀ ਅਤੇ ਜੋਸ਼ ਵਿਚ ਲਿਖੇ ਗਏ ਸਨ, ਅਜਿਹੇ ਹੀਰੋ ਦੁਆਲੇ ਘੁੰਮਦੇ ਹਨ ਜੋ ਕਾਬਲ, ਸੰਘਰਸ਼ ਕਰਨ ਵਾਲਾ ਅਤੇ ਪ੍ਰੇਮੀ ਹੁੰਦਾ ਹੈ ਪਰ ਇਨ੍ਹਾਂ ਵਿਚ ਮਨੋਵਿਗਿਆਨਕ ਗਹਿਰਾਈ ਅਤੇ ਨਾਟਕੀ ਅੰਸ਼ ਦੀ ਘਾਟ ਹੈ। ਇਸ ਨੇ ਪ੍ਰਸਿੱਧ ਨਾਟਕ 'Die zwillinge' (1776) ਵਿਚ ਮਾਯੂਸੀ ਦਾ ਪ੍ਰਗਟਾ ਅਤੇ ਆਉਣ ਵਾਲੀ ਪੀੜ੍ਹੀ ਵਾਲੇ ਸਮਾਜ

ਵਿਰੁਧ ਵਿਦਰੋਹ ਕੀਤਾ ਹੈ। ਇਸ ਦੀ ਰਚਨਾ 'Das Ieidende Weib' (1775) ਵਿਚੋਂ ਰੂਸੋ ਅਤੇ ਹੋਰ ਨਾਟਕਾਂ ਵਿਚੋਂ ਸ਼ੇਕਸਪੀਅਰ ਦਾ ਪ੍ਰਭਾਵ ਝਲਕਦਾ ਹੈ।

ਸੰਨ 1776 ਵਿਚ ਇਸ ਨੂੰ ਕਲਾਕਾਰਾਂ ਦੇ ਗਰੁੱਪ ਦਾ 'ਥੀਏਟਰ-ਪੋਇਟ' ਨਿਯੁਕਤ ਕੀਤਾ ਗਿਆ ਸੀ ਪਰ ਇਸ ਦਾ ਝੁਕਾਅ ਫੌਜੀ ਜੀਵਨ ਵਲ ਸੀ ਜਿਥੇ ਇਸ ਨੂੰ ਦੇਵੀ ਦੇਵਤਿਆਂ ਵਲੋਂ ਮਨੁੱਖ ਉਪਰ ਠੋਸੀਆਂ ਸੀਮਾਵਾਂ ਵਿਰੁਧ ਤਾਕਤ ਅਤੇ ਸਰਗਰਮੀ ਦੇ ਅੰਦਰੂਨੀ ਸੰਘਰਸ਼ ਨੂੰ ਪ੍ਰਗਟ ਕਰਨ ਦੇ ਚੰਗੇ ਅਵਸਰ ਜਾਪੇ। ਥੋੜੀ ਦੇਰ ਆਸਟ੍ਰੀਆ ਵਿਖੇ ਸੇਵਾ ਕਰਨ ਉਪਰੰਤ ਇਹ 1780 ਵਿਚ ਸੇਂਟ ਪੀਟਰਜ਼ਬਰਗ ਚਲਾ ਗਿਆ ਅਤੇ ਛੇਤੀ ਹੀ ਉਚੀ ਪਦਵੀ ਪ੍ਰਾਪਤ ਕੀਤੀ। ਇਹ ਜਰਨਲ ਵੀ ਬਣਿਆ ਅਤੇ ਪਿਛੋਂ ਮਹੱਤਵਪੂਰਨ ਅਹੁਦਿਆਂ ਤੇ ਰਿਹਾ। ਸੰਨ 1803 ਤੋਂ 1817 ਤੱਕ ਇਹ ਡੋਰਪਟ ਯੂਨੀਵਰਸਿਟੀ ਵਿਖੇ ਕਿਉਰੇਟਰ ਰਿਹਾ। ਰੂਸ ਜਾਣ ਪਿਛੋਂ ਇਸ ਨੇ ਚੋਖਾ ਸਾਹਿਤ ਰਚਿਆ। ਇਸ ਨੇ ਦੋ ਦੁਖਾਂਤ ਅਤੇ ਬਹੁਤ ਸਾਰੇ ਦਾਰਸ਼ਨਿਕ ਰੋਮਾਂਸ ਲਿਖੇ। ਇਨ੍ਹਾਂ ਨਾਵਲਾਂ ਵਿਚੋਂ ਰੂਸੀ ਪ੍ਰਭਾਵ ਪ੍ਰਤਿਬਿੰਬਤ ਹੁੰਦੇ ਹਨ। ਇਸ ਦੀ ਮੌਤ 25 ਫਰਵਰੀ, 1831 ਨੂੰ ਡੋਰਪਟ ਵਿਖੇ ਹੀ ਹੋਈ।

ਹ. ਪੁ.—ਐਨ. ਬ੍ਰਿ. 13 : 400.

**ਕਲਿੰਟਨ :** ਸੰਯੁਕਤ ਰਾਜ ਅਮਰੀਕਾ ਦੇ ਆਈਓਵਾ ਰਾਜ ਵਿਚ ਇਹ ਇਸੇ ਹੀ ਨਾਂ ਦੀ ਕਾਊਂਟੀ ਦੇ ਧੁਰ-ਪੂਰਬ ਦਾ ਰਾਜਧਾਨੀ-ਸ਼ਹਿਰ ਹੈ ਜੋ ਮਿਸਿਸਿਪੀ ਦਰਿਆ ਦੇ ਪੱਛਮੀ ਕੰਢੇ ਉੱਤੇ ਸਥਿਤ ਹੈ। ਸੰਨ 1830 ਵਿਚ ਜੋਜ਼ਫ ਐਮ ਬਾਰਲੇਟ ਨਾਂ ਦੇ ਆਰੰਭਕ ਆਬਾਦਕਾਰ ਨੇ ਇੰਡੀਅਨਾਂ ਲਈ ਇਥੇ ਇਕ ਵਪਾਰਕ ਸਟੋਰ ਖੋਲ੍ਹਿਆ ਅਤੇ ਇਸ ਦਾ ਨਾਂ ਨਿਊਯਾਰਕ ਰੱਖਿਆ। ਸੰਨ 1855 ਵਿਚ ਇਸ ਨੂੰ ਆਵੀਓਵਾ ਲੈਂਡ ਕੰਪਨੀ ਨੇ ਖਰੀਦ ਲਿਆ ਅਤੇ ਇਸ ਦਾ ਨਾਂ ਨਿਊਯਾਰਕ ਦੇ ਗਵਰਨਰ 'ਡੀ ਵਿੱਟ ਕਲਿੰਟਨ' ਦੇ ਸਨਮਾਨ ਵਿਚ ਉਸਦੇ ਨਾਂ ਪਿਛੇ ਰੱਖ ਦਿਤਾ। ਇਥੋਂ ਦੇ ਕਾਰਖਾਨਿਆਂ ਵਿਚ ਮਕੱਈ ਦੀਆਂ ਵਸਤਾਂ, ਰੇਲਾਂ ਦਾ ਸਾਮਾਨ, ਲੱਕੜੀ ਦਾ ਸਾਮਾਨ, ਫੌਲਾਦੀ ਟਿਊਬਾਂ, ਸੀਤੇ ਹੋਏ ਕੱਪੜੇ, ਸਾਮਾਨ ਬੰਦ ਕਰਨ ਲਈ ਗੱਤੇ ਦੇ ਡੱਬੇ, ਰਬੜ ਦੇ ਟਾਇਰ ਅਤੇ ਲੋਹੇ ਦੀਆਂ ਤਾਰਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਥੇ ਮਾਊਂਟ ਸੇਂਟ-ਕਲੇਅਰ ਅਕਾਦਮੀ ਤੇ ਕਾਲਜ ਅਤੇ ਇਕ ਹੋਰ ਕਾਲਜ ਹੈ।

ਇਹ ਸ਼ਹਿਰ ਸੰਯੁਕਤ ਰਾਜ ਦੀ ਪ੍ਰਸਿੱਧ ਐਕਟਰੈੱਸ ਅਤੇ ਸੰਗੀਤਕਾਰ 'ਲਿਲੀਅਨ ਰਸਲ' ਦਾ ਜਨਮ ਅਸਥਾਨ ਹੈ।

ਆਬਾਦੀ—32,828 (1980)

41° 51′ ਉ. ਵਿਥ.; 90° 12′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 1000.

**ਕਲਿੰਟਨ, ਜਾਰਜ :** ਅਮਰੀਕਾ ਦੇ ਇਸ ਉੱਘੇ ਕਮਾਂਡਰ, ਨਿਊਯਾਰਕ ਦੇ ਗਵਰਨਰ ਅਤੇ ਸੰਯੁਕਤ ਰਾਜ (ਅਮਰੀਕਾ) ਦੇ ਉਪ-ਪ੍ਰਧਾਨ ਦਾ ਜਨਮ ਲਿਟਲ ਬ੍ਰਿਟੇਨ, ਨਿਊਯਾਰਕ ਵਿਖੇ 26 ਜੁਲਾਈ, 1739 ਨੂੰ ਹੋਇਆ। ਫਰਾਂਸ ਅਤੇ ਭਾਰਤ ਦੀ ਆਖ਼ਰੀ ਲੜਾਈ ਵਿਚ ਸੇਵਾ ਕਰਨ ਪਿਛੋਂ ਇਸ ਨੇ ਕਾਨੂੰਨ ਦੀ ਪੜ੍ਹਾਈ ਕੀਤੀ। ਇਹ ਨਿਊਯਾਰਕ ਜਨਰਲ ਅਸੈਂਬਲੀ ਦਾ 1768 ਤੋਂ 1775 ਤਕ ਮੈਂਬਰ ਰਿਹਾ ਅਤੇ 1775 ਵਿਚ ਕਾਨਟੀਨੈਂਟਲ ਕਾਂਗਰਸ ਦਾ ਮੈਂਬਰ ਬਣਿਆ। ਸੰਨ 1776 ਦੀ ਗਰਮੀ ਰੁੱਤੇ ਇਸ ਨੂੰ ਜਨਰਲ, ਜਾਰਜ ਵਾਸ਼ਿੰਗਟਨ ਨੇ ਨਿਊਯਾਰਕ ਦੀ ਸੁਰੱਖਿਆ ਵਿਚ ਸਹਾਇਕ ਹੋਣ ਲਈ ਆਦੇਸ਼ ਦਿਤਾ ਅਤੇ ਇਸ ਨੇ ਸੁਤੰਤਰਤਾ ਦੇ ਐਲਾਨ ਤੇ ਸਹੀ ਪਾਉਣ ਤੋਂ ਪਹਿਲਾਂ ਹੀ ਫਿਲਾਡੈਲਫੀਆ ਛੱਡ ਦਿਤਾ। ਮਾਰਚ, 1777 ਵਿਚ ਇਸ ਨੂੰ ਬ੍ਰਿਗੇਡੀਅਰ ਜਨਰਲ ਨਿਯੁਕਤ ਕੀਤਾ ਗਿਆ।

ਨਿਊਯਾਰਕ ਦੇ ਲੋਕਾਂ ਵਿਚ ਬਹੁਤ ਹੀ ਹਰਦਿਲ ਅਜ਼ੀਜ਼ ਦੇ ਤੌਰ ਤੇ ਇਸ ਨੇ (1777 ਤੋਂ 1795 ਅਤੇ 1801 ਤੋਂ 1804 ਤੱਕ) ਗਵਰਨਰ ਵਜੋਂ ਸੇਵਾ ਕੀਤੀ ਅਤੇ ਨਿਊਯਾਰਕ ਵਿਚ ਸੰਯੁਕਤ ਰਾਜ (ਅਮਰੀਕਾ) ਦਾ ਸੰਵਿਧਾਨ ਪਰਵਾਨ ਕਰਨ ਸਮੇਂ ਇਹ ਵਿਰੋਧੀ ਧੜੇ ਦੇ ਆਗੂਆਂ ਵਿਚੋਂ ਇਕ ਸੀ। ਇਹ 1804 ਅਤੇ 1808 ਵਿਚ ਅਮਰੀਕਾ ਦਾ ਉਪ-ਪ੍ਰਧਾਨ ਚੁਣਿਆ ਗਿਆ। ਇਸ ਨੇ 1808 ਵਿਚ ਪ੍ਰਧਾਨਗੀ ਲਈ ਨਾਮਜ਼ਦਗੀ ਮੰਗੀ ਪਰੰਤੂ ਇਸ ਨੂੰ ਬਹੁਤ ਨਿਰਾਸ਼ਾ ਹੋਈ ਜਦੋਂ ਇਸ ਪਦਵੀ ਲਈ ਜੇਮਜ਼ ਮੈਡੀਸਨ ਨੂੰ ਚੁਣ ਲਿਆ ਗਿਆ।

ਇਸ ਦੀ ਮੌਤ ਆਪਣੀ ਉਪ-ਪ੍ਰਧਾਨਗੀ ਦੀ ਦੂਜੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਹੀ 20 ਅਪਰੈਲ, 1812 ਨੂੰ ਵਾਸ਼ਿੰਗਟਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 2 : 1001.

**ਕਲਿੰਟਨ, ਡੀ ਵਿਟ :** ਅਮਰੀਕਾ ਦੇ ਇਸ ਰਾਜਸੀ ਨੇਤਾ ਦਾ ਜਨਮ 2 ਮਾਰਚ, 1769 ਨੂੰ ਲਿਟਲ ਬ੍ਰਿਟੇਨ, ਨਿਊਯਾਰਕ ਵਿਖੇ ਹੋਇਆ। ਇਸ ਨੇ 1786 ਈ. ਵਿਚ ਕੋਲੰਬੀਆ ਕਾਲਜ ਨਿਊਯਾਰਕ ਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਅਗਲੇ ਹੀ ਸਾਲ ਲੇਖ ਲਿਖਣੇ ਆਰੰਭ ਕਰ ਦਿਤੇ ਜਿਨ੍ਹਾਂ ਰਾਹੀਂ ਅਮਰੀਕਾ ਦੇ ਤਜਵੀਜ਼ ਕੀਤੇ ਸੰਵਿਧਾਨ ਵਿਚ ਸੋਧਾਂ ਦੀ ਵਿਰੋਧਤਾ ਕੀਤੀ। ਸੰਨ 1790 ਵਿਚ ਇਸਨੇ ਵਕਾਲਤ ਸ਼ੁਰੂ ਕਰ ਦਿਤੀ ਅਤੇ 1795 ਈ. ਤਕ ਆਪਣੇ ਚਾਚੇ ਨਿਊਯਾਰਕ ਦੇ ਗਵਰਨਰ 'ਜਾਰਜ ਕਲਿੰਟਨ' ਦਾ ਸਕੱਤਰ ਰਿਹਾ। ਸੰਨ 1798 ਤੋਂ 1802 ਈ. ਅਤੇ 1806 ਤੋਂ 1811 ਈ. ਤਕ ਇਹ ਰਾਜ ਦੀ ਸੈਨੇਟ ਦਾ ਮੈਂਬਰ ਰਿਹਾ। ਨਿਯੁਕਤੀ ਕਰਤਾ ਦੀ ਕੌਂਸਲ ਦਾ ਮੈਂਬਰ ਹੋਣ ਦੇ ਨਾਤੇ ਇਸਨੇ ਵਧੇਰੇ ਮਹੱਤਵਪੂਰਨ ਅਹੁਦਿਆਂ ਉੱਤੇ ਰਿਪਬਲਿਕਨਾਂ ਨੂੰ ਨਿਯੁਕਤ ਕੀਤਾ।

ਸੰਨ 1803 ਵਿਚ ਇਸਨੂੰ ਨਿਊਯਾਰਕ ਸਿਟੀ ਦਾ ਮੇਅਰ ਨਿਯੁਕਤ ਕੀਤਾ ਗਿਆ ਜਿਥੇ ਇਹ 1803 ਤੋਂ 1815 ਈ. ਦੌਰਾਨ ਕੁੱਲ 10 ਸਾਲ ਇਸ ਅਹੁਦੇ ਤੇ ਰਿਹਾ। ਇਸ ਸਮੇਂ ਦੌਰਾਨ ਇਹ ਸਟੇਟ ਸੈਨੇਟਰ (1806-11 ਈ.) ਅਤੇ ਲੈਫਟੀਨੈਂਟ ਗਵਰਨਰ (1811-13 ਈ.) ਰਿਹਾ। ਇਸਨੇ ਵਿਸ਼ਾਲ ਪੈਮਾਨੇ ਤੇ ਮੁਫ਼ਤ ਵਿਦਿਆ ਦਾ ਸਮੱਰਥਨ ਕੀਤਾ ਅਤੇ ਪਬਲਿਕ ਅਤੇ ਪ੍ਰਾਈਵੇਟ ਫੰਡਾਂ ਦੀ ਸਹਾਇਤਾ ਨਾਲ ਪਬਲਿਕ ਸਕੂਲ ਖੋਲ੍ਹਣ ਵਿਚ ਸਫਲਤਾ ਪ੍ਰਾਪਤ ਕੀਤੀ।

ਇਸਨੇ 'ਈਰੀ' ਨਹਿਰ ਬਣਾਉਣ ਲਈ ਤਜਵੀਜ਼ ਪੇਸ਼ ਕੀਤੀ ਅਤੇ 1811 ਵਿਚ ਇਕ ਬਿੱਲ ਪੇਸ਼ ਕੀਤਾ ਤਾਂ ਕਿ ਤਜਵੀਜ਼ ਕੀਤੇ ਗਏ ਰੂਟ ਦੇ ਫੈਸਲੇ ਬਾਰੇ ਕਮਿਸ਼ਨ ਬਿਠਾਇਆ ਜਾਵੇ। ਸੰਨ 1812 ਦੀ ਜੰਗ ਪਿਛੋਂ ਨਹਿਰੀ ਪ੍ਰਾਜੈਕਟ ਨੂੰ ਮੁੜ ਪੇਸ਼ ਕੀਤਾ ਗਿਆ ਅਤੇ ਕਲਿੰਟਨ ਇਸਦਾ ਚੇਅਰਮੈਨ ਬਣਿਆ। ਸੰਨ 1817-23 ਤੱਕ ਇਹ ਦੋ ਵਾਰੀ ਨਿਊਯਾਰਕ ਦਾ ਗਵਰਨਰ ਚੁਣਿਆ ਗਿਆ। ਇਸਨੇ ਗ਼ੁਲਾਮੀ ਦੀ ਪ੍ਰਥਾ ਦਾ ਵਿਰੋਧ ਕੀਤਾ, ਗਰੀਬਾਂ ਦੀ ਆਰਥਿਕ ਸਥਿਤੀ ਵਿਚ ਸੁਧਾਰ ਅਤੇ ਅਧਿਆਪਕਾਂ ਦੀ ਸਿਖਲਾਈ ਦਾ ਸਮਰੱਥਨ ਕੀਤਾ। ਰਾਜਨੀਤੀ ਅਤੇ ਜਨਤਕ ਸੁਧਾਰਾਂ ਵੱਲ ਝੁਕਾਉ ਤੋਂ ਇਲਾਵਾ ਇਸਨੇ ਪ੍ਰਕ੍ਰਿਤੀ ਵਿਗਿਆਨ ਦਾ ਵੀ ਅਧਿਐਨ ਕੀਤਾ। ਇਸਦੀ ਮੌਤ 11 ਫਰਵਰੀ, 1828 ਨੂੰ 'ਆਲਬਨੀ' ਵਿਖੇ ਹੋ ਗਈ।

ਹ. ਪੁ.—ਐਨ. ਬ੍ਰਿ. 5 : 929.

**ਕਲਿਫਟਨ :** ਸੰਯੁਕਤ ਰਾਜ ਅਮਰੀਕਾ ਦੇ ਉੱਤਰ-ਪੂਰਬੀ ਨਿਊ ਜਰਸੀ ਰਾਜ ਵਿਚ ਪੈਸੇਇਕ ਕਾਊਂਟੀ ਦਾ ਇਹ ਇਕ ਸ਼ਹਿਰ ਹੈ ਜੋ ਪੈਸੇਇਕ ਦਰਿਆ ਉੱਤੇ ਪੈਸੇਇਕ ਅਤੇ ਪੈਟਰਸੱਨ ਸ਼ਹਿਰਾਂ ਦੇ ਵਿਚਕਾਰ ਸਥਿੱਤ ਹੈ। ਇਹ ਸ਼ਹਿਰ 1685 ਈ. ਵਿਚ ਵਸਾਇਆ ਗਿਆ ਸੀ। ਸੰਨ 1917 ਤੱਕ ਇਹ ਪੈਸੇਇਕ ਦਾ ਇਕ ਹਿੱਸਾ ਸੀ। ਬਾਅਦ ਵਿਚ ਕਲਿਫਟਨ ਦੇ ਤੌਰ ਤੇ ਇਸਦੀ ਸਥਾਪਨਾ ਕੀਤੀ ਗਈ।

ਭਾਰੀ ਉਦਯੋਗਾਂ ਦੇ ਖੇਤਰ ਵਿਚ ਇਥੇ ਇਸਪਾਤ, ਕੱਪੜਾ, ਰਸਾਇਣਕ ਪਦਾਰਥ, ਬਿਜਲੀ ਦਾ ਸਾਮਾਨ ਅਤੇ ਗੱਤੇ ਆਦਿ ਬਣਾਉਣ ਦੀਆਂ ਸਨਅਤਾਂ ਹਨ।

ਆਬਾਦੀ—74,388 (1980)

40° 53′ ਉ. ਵਿਥ.; 74° 08′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 997.

**ਕਲਿਫ਼ਰਡ, ਲੂਸੀ :** ਇਸ ਬਰਤਾਨਵੀ ਨਾਵਲਕਾਰ ਦਾ ਜਨਮ ਜਾਨ ਲੇਨ ਦੇ ਘਰ ਹੋਇਆ । ਸੰਨ 1875 ਵਿਚ ਇਸ ਦੀ ਸ਼ਾਦੀ ਗਣਿਤ-ਵਿਗਿਆਨੀ ਡਬਲਯੂ. ਕੇ. ਕਲੀਫਰਡ ਨਾਲ ਹੋਈ। ਇਹ ਆਪਣੀ ਨਾਵਲ ਰਚਨਾ ਕਾਰਨ ਸਾਹਿਤਕ ਖੇਤਰ ਵਿਚ ਚੋਖੀ ਪ੍ਰਸਿੱਧ ਹੋ ਗਈ। ਇਸ ਦਾ ਪਹਿਲਾ ਨਾਵਲ 'ਮਿਸਿਜ਼ ਕੀਥੇਸ ਕਰਾਈਮ' (1885) ਸੀ। ਇਸ ਦੇ ਹੋਰ ਨਾਵਲ ਸਨ—'ਆਟ ਐਨੇ' (1892), 'ਸਰ ਜਾਰਜੇਸ ਆਬਜੈਕਸ਼ਨ (1910) ਅਤੇ 'ਮਿਸ ਫਿੰਗਲ' (1919)। ਨਾਵਲ ਰਚਨਾਂ ਤੋਂ ਇਲਾਵਾ ਇਸ ਨੇ 'ਦੀ ਸਰਚਲਾਈਟ' (1913), 'ਏ ਵੂਮੈਨ ਏਲੋਨ' (1914), 'ਟੂਸ਼ ਕੰਪਨੀ' (1915) ਅਤੇ 'ਈਵੰਸ ਲਵਰ' (1927) ਨਾਟਕ ਵੀ ਲਿਖੇ । ਇਸ ਦੀ ਮੌਤ 21 ਅਪ੍ਰੈਲ, 1929 ਨੂੰ ਹੋਈ।

ਹ. ਪੁ.—ਨ. ਕ. ਯੂ. ਬਾ. 2 : 412.

**ਕਲਿਫਰਡ ਵਿਲੀਅਮ ਕਿੰਗਡਨ :** ਇੰਗਲੈਂਡ ਦਾ ਇਹ ਇਕ ਉੱਘਾ ਗਣਿਤ-ਵਿਗਿਆਨੀ ਅਤੇ ਫ਼ਿਲਾਸਫ਼ਰ ਸੀ ਜਿਸਨੇ ਬਾਈਕੁਆਟਰਨੀਅਨਜ਼ ਸਿਧਾਂਤ ਦਾ ਵਿਕਾਸ ਕੀਤਾ। ਇਸਦਾ ਜਨਮ ਇੰਗਲੈਂਡ ਵਿਚ ਐਕਸੈਟਰ ਵਿਖੇ 4 ਮਈ, 1845 ਨੂੰ ਹੋਇਆ। ਸੰਨ 1871 ਵਿਚ ਲੰਡਨ ਦੇ ਯੂਨੀਵਰਸਿਟੀ ਕਾਲਜ ਵਿਚ ਇਸਦਾ ਨਾਂ ਗਣਿਤ ਦੇ ਵਿਸ਼ੇ ਦੇ ਪ੍ਰੋਫ਼ੈਸਰ ਦੇ ਤੌਰ ਤੇ ਜਾਣਿਆ ਜਾਣ ਲਗਾ ਅਤੇ ਇਸ ਤੋਂ ਤਿੰਨ ਸਾਲ ਬਾਅਦ ਕਲਿਫਰਡ ਲੰਡਨ ਦੀ ਰੌਇਲ ਸੁਸਾਇਟੀ ਦਾ ਫ਼ੈਲੋ ਚੁਣਿਆ ਗਿਆ।

ਇਸ ਨੇ 1870 ਈ. ਵਿਚ 'ਆਨ ਦਾ ਸਪੇਸ ਥਿਊਰੀ ਆਫ਼ ਮੈਟਰ' ਲਿਖਿਆ। ਇਸਨੇ ਦੱਸਿਆ ਕਿ ਮਾਦਾ ਅਤੇ ਊਰਜਾ 'ਖ਼ਲਾ' ਦੇ ਕਰਵੇਚਰ ਦੀਆਂ ਸਿਰਫ਼ ਵਖ-ਵਖ ਕਿਸਮਾਂ ਹੀ ਹਨ । ਇਹ ਖ਼ਿਆਲ ਪ੍ਰਗਟਾਉਂਦਿਆਂ ਇਸਨੇ ਆਈਨਸਟਾਈਨ ਦੇ ਸਾਪੇਖਤਾ-ਸਿਧਾਂਤ ਸਬੰਧੀ ਪੂਰਵ-ਸੰਕੇਤ ਦਿਤਾ। ਨਾਨ-ਯੁਕਲਿਡੀਆਈ ਖ਼ਲਾਵਾਂ ਵਿਚ ਗਤੀ ਦਾ ਅਧਿਐਨ ਕਰਨ ਲਈ ਬਾਈਕੁਆਟਰਨੀਅਨਜ਼ ਦੀ ਵਰਤੋਂ ਕੀਤੀ। ਇਸ ਨੇ ਦਰਸਾਇਆ ਕਿ ਅਚੱਲ ਕਰਵੇਚਰ ਦੇ ਖ਼ਲਾਵਾਂ ਦੀਆਂ ਕਈ ਵਖ-ਵਖ ਸਥਲ-ਸ਼ਾਸਤਰੀ ਬਣਾਵਟਾਂ ਹੋ ਸਕਦੀਆਂ ਹਨ ਅਤੇ ਇਸਨੇ ਇਕ ਰੀਮੈਨ ਸਤ੍ਹਾ ਦੀ ਸਥਲ-ਸ਼ਾਸਤਰੀ ਸਮਾਨਤਾ ਗਲੀਆਂ ਵਾਲੇ ਇਕ ਡੱਬੇ ਨਾਲ ਕੀਤੀ।

ਇੰਗਲੈਂਡ ਦੇ 'ਕਾਰਲ ਪੀਅਰਸਨ' ਨੇ ਸਾਇੰਸ ਦੀ ਫ਼ਿਲਾਸਫ਼ੀ ਉਪਰ ਕਲਿਫਰਡ ਦੇ ਵਿਚਾਰਾਂ ਦਾ ਹੋਰ ਅੱਗੇ ਵਿਕਾਸ ਕੀਤਾ । ਇਹ ਵਿਚਾਰ ਜਰਮਨੀ ਦੇ 'ਹੈਰਮਨ ਵਾਨ ਹੈਲਮਹੋਲਟਸ' ਅਤੇ ਅਰਨਸਟ ਮੈਚ ਦੇ ਵਿਚਾਰਾਂ ਨਾਲ ਸਬੰਧਤ ਸਨ। ਫ਼ਿਲਾਸਫ਼ੀ ਵਿਚ ਇਸਦਾ ਨਾਂ ਦੋ ਅਖਾਣਾਂ 'ਮਾਈਂਡ-ਸਟੱਫ਼' ਅਤੇ 'ਦਾ ਟਰਾਈਬਲ ਸੈਲਫ਼' ਚਾਲੂ ਕਰਨ ਕਰਕੇ ਜਾਣਿਆ ਜਾਂਦਾ ਹੈ। 3 ਮਾਰਚ, 1879 ਨੂੰ ਪੁਰਤਗਾਲ ਦੇ ਮਾਦੀਰਾ ਦੀਪ-ਸਮੂਹ ਵਿਚ ਇਸ ਦੀ ਮੌਤ ਹੋ ਗਈ। ਇਸ ਦਾ ਬਹੁਤ ਸਾਰਾ ਕੰਮ ਇਸਦੀ ਮੌਤ ਤੋਂ ਬਾਅਦ ਛਪਿਆ। ਜਿਵੇਂ ਐਲੀਮੈਂਟਸ ਆਫ਼ ਡੈਨਿਮਿਕ (1878, 87-2 ਜਿਲਦਾਂ), ਸੀਇੰਗ ਐਂਡ ਥਿੰਕਿੰਗ (1879); ਲੈਕਚਰਜ਼ ਐਂਡ ਐਸੇਜ਼ (1879); 'ਮੈਥਿਮੈਟੀਕਲ ਪੇਪਰਜ਼' (1882) ਅਤੇ ਦਾ 'ਕਾਮਨ ਸੈਂਸ ਆਫ਼ ਦੀ ਐਕਜ਼ੈਕਟ ਸਾਇੰਸਜ਼' (1885) ਆਦਿ।

ਹ. ਪੁ.—ਐਨ. ਬ੍ਰਿ. ਮਾ. 2 : 997

**ਕਲਿਯੁਗ :** ਵਿਸ਼ਨੂ ਦਾ ਚੌਥਾ ਜਾਂ ਅਜੋਕਾ ਯੁਗ, ਜਿਸ ਦੀ ਉਮਰ 432,000 ਸਾਲ ਦੀ ਹੈ। ਇਸ ਦਾ ਆਰੰਭ 3102 ਪੂ. ਈ. ਤੋਂ ਹੋਇਆ ਸੀ।

ਯੁਗ ਗਿਣਤੀ ਵਿਚ ਚਾਰ ਮੰਨੇ ਜਾਂਦੇ ਹਨ—ਕ੍ਰਿਤ ਯੁਗ (ਇਸ ਨੂੰ ਸਾਧਾਰਨ ਭਾਸ਼ਾ ਵਿਚ ਸਤਿਯੁਗ ਵੀ ਕਹਿੰਦੇ ਹਨ), ਤ੍ਰੇਤਾ ਯੁਗ, ਦ੍ਵਾਪਰ ਯੁਗ ਅਤੇ ਕਲਿਯੁਗ। ਇਨ੍ਹਾਂ ਯੁਗਾਂ ਦੀ ਅਸੀਮ ਆਯੂ ਰਿਗਵੇਦ ਵਿਚ ਦੱਸੀ ਗਈ ਹੈ। ਇਸ ਵੰਡ ਅਨੁਸਾਰ ਕਲਿਯੁਗ ਵਿਚ ਧਰਮ ਚੌਥਾ ਹਿੱਸਾ ਰਹਿ ਗਿਆ। ਵੇਦਾਂ ਦੁਆਰਾ ਦੱਸੇ ਵਿਧਾਨ ਧਾਰਮਕ, ਸੰਸਕਾਰ ਅਤੇ ਯੋਗ ਰਸਮਾਂ ਬੰਦ ਹੋ ਗਈਆਂ। ਵਿਪੱਤੀਆਂ, ਬੀਮਾਰੀਆਂ, ਕਮਜ਼ੋਰੀਆਂ ਅਤੇ ਕ੍ਰੋਧ ਆਦਿ ਜਿਹੇ ਦੋਸ਼, ਸੰਕਟ, ਭੁੱਖ ਅਤੇ ਡਰ ਚੁਫੇਰੇ ਫੈਲ ਗਏ। ਜਿਵੇਂ ਸਮਾਂ ਲੰਘਦਾ ਜਾਂਦਾ ਹੈ, ਧਰਮ ਘਟਦਾ ਜਾਂਦਾ ਹੈ ਅਤੇ ਲੋਕ ਪਤਨਸ਼ੀਲ ਹੁੰਦੇ ਜਾਂਦੇ ਹਨ। ਜਦੋਂ ਲੋਕ ਪਤਨਸ਼ੀਲ ਹੁੰਦੇ ਹਨ ਤਾਂ ਉਨ੍ਹਾਂ ਦੇ ਮੰਤਵ ਘਟੀਆ ਬਣ ਜਾਂਦੇ ਹਨ ਅਤੇ ਸਮੁੱਚਾ ਪਤਨ ਉਨ੍ਹਾਂ ਦੇ ਮੰਤਵ ਨੂੰ ਸਮਾਪਤ ਕਰ ਦਿੰਦਾ ਹੈ।

ਇਸ ਯੁਗ ਵਿਚ ਮਨੁੱਖ ਦੀ ਉਮਰ ਦੀ ਕੋਈ ਨਿਸਚਿਤ ਸੀਮਾਂ ਨਹੀਂ ਮਿਲਦੀ।

ਹ. ਪੁ.—ਹਿੰ. ਮਿ. ਕੋ. 177.

**ਕਲੀ (ਕਲੱਈ) :** ਇਸ ਧਾਤਵੀ ਤੱਤ ਦਾ ਰਸਾਇਣਿਕ ਚਿੰਨ੍ਹ Sn, ਪਰਮਾਣਵੀ-ਕ੍ਰਮ-ਅੰਕ 50 ਅਤੇ ਪਰਮਾਣਵੀ-ਭਾਰ 118.70 ਹੈ। ਕੁਦਰਤ ਵਿਚ ਇਸ ਦੇ 10 ਸਮਸਥਾਨਕ ਮਿਲਦੇ ਹਨ, 124 ਪਰਮਾਣੂ-ਭਾਰ ਵਾਲਾ ਇਹ ਸਮਸਥਾਨਕ ਰੇਡੀਓਐਕਟਿਵ ਹੈ, ਜਿਸ ਦਾ ਵਿਘਟਨ ਦੂਹਰੇ ß-ਖੈ ਦੁਆਰਾ ਹੁੰਦਾ ਹੈ ਅਤੇ ਅਰਧ-ਆਯੂ ਲਗਭਗ $6 \times 10^{15}$ ਸਾਲ ਹੈ। ਸੰਨ 1950 ਦੇ ਅੱਧ ਤਕ ਨਿਊਕਲੀ ਕਿਰਿਆਵਾਂ ਜਾਂ ਯੂਰੇਨੀਅਮ ਦੇ ਵਿਖੰਡਨ ਦੁਆਰਾ ਇਸ ਦੇ 17 ਬਨਾਉਟੀ ਰੇਡੀਓ-ਐਕੱਟਿਵ ਸਮਸਥਾਨਕ ਤਿਆਰ ਹੋ ਚੁੱਕੇ ਸਨ।

ਕਲੱਈ ਵਾਲੀਆਂ ਕਾਂਸੀਆਂ 30 ਸਦੀਆਂ ਪੂ. ਈ. ਦੇ ਸਮੇਂ ਤੋਂ ਤਿਆਰ ਕੀਤੀਆਂ ਗਈਆਂ ਸਨ ਪ੍ਰੰਤੂ ਇਸ ਗੱਲ ਦਾ ਪਤਾ ਨਹੀਂ ਲਗ ਸਕਿਆ ਕਿ ਕੀ ਧਾਤਵੀ ਕਲੱਈ ਪਹਿਲੋਂ ਵਖਰੀ ਕੀਤੀ ਗਈ ਅਤੇ ਫਿਰ ਤਾਂਬੇ ਨਾਲ ਮਿਲਾਈ ਗਈ ਜਾਂ ਟਿਨਸਟੋਨ ਨੂੰ ਤਾਂਬੇ ਵਿਚ ਲਘੂ-ਕਰਨ ਦੁਆਰਾ ਮਿਲਾਇਆ ਗਿਆ। ਪਲਿਨੀ ਨੇ ਕਲੱਈ ਨੂੰ 'ਵਾਈਟ ਲੈੱਡ' ਅਤੇ ਸਿੱਕੇ ਨੂੰ 'ਬਲੈਕ ਲੈੱਡ' ਦੱਸਿਆ। ਇਸ ਨੇ ਸਟੈਨਮ ਸ਼ਬਦ ਦੀ ਵਰਤੋਂ ਵੀ ਕੀਤੀ ਪ੍ਰੰਤੂ ਅਸਲ ਵਿਚ ਇਸ ਦਾ ਸਬੰਧ ਇਕ ਸਿਲਵਰ-ਲੈੱਡ ਮਿਸ਼ਰਿਤ-ਧਾਤ ਨਾਲ ਸੀ। ਉਸ ਸਮੇਂ ਇਕ ਬਨਾਉਟੀ ਸਟੈਨਮ ਬਣਾਇਆ ਗਿਆ ਜਿਸ ਵਿਚ 2/3 ਭਾਗ 'ਵਾਈਟ-ਲੈੱਡ' ਸੀ ਅਤੇ ਚੌਥੀ ਸਦੀ ਤਕ ਸਟੈਨਮ ਦਾ ਅਰਥ ਕਲੱਈ ਵਿਚ ਬਦਲ ਚੁੱਕਾ ਸੀ।

ਸ਼ੁੱਧ ਕਲੱਈ ਦੀਆਂ ਸਭ ਤੋਂ ਮੁਢਲੀਆਂ ਬਣੀਆਂ ਵਸਤਾਂ ਇਕ ਛੱਲਾ ਅਤੇ ਤੀਰਥ-ਯਾਤਰੀਆਂ ਦੀ ਇਕ ਬੋਤਲ ਹਨ, ਜਿਹੜੇ ਕਿ 18ਵੇਂ ਰਾਜਵੰਸ਼ (?) (1580-1350 ਪੂ. ਈ.) ਦੇ ਸਮੇਂ ਦੇ ਮਿਸਰ ਦੇ ਮਕਬਰਿਆਂ ਵਿਚੋਂ ਮਿਲੇ ਹਨ। ਕਲੱਈ ਦੀਆਂ ਕੱਚੀਆਂ-ਧਾਤਾਂ ਮਿਸਰ ਵਿਚ ਨਹੀਂ ਮਿਲਦੀਆਂ ਸਨ, ਇਸ ਲਈ ਕਲੱਈ ਬਾਹਰਲੇ ਦੇਸ਼ਾਂ ਤੋਂ ਮੰਗਵਾਈ ਗਈ ਹੋਵੇਗੀ।

ਕਲੱਈ ਭਾਵੇਂ ਬਹੁਤ ਹੀ ਦੁਰਲੱਭ ਤੱਤ ਨਹੀਂ ਫਿਰ ਵੀ ਇਹ ਤੱਤ ਲਿਥੀਅਮ, ਵੈਨੇਡੀਅਮ ਅਤੇ ਟਾਇਟੇਨੀਅਮ ਵਾਂਗ ਬਹੁਤੀ ਮਾਤਰਾ ਵਿਚ ਨਹੀਂ ਮਿਲਦਾ। ਇਹ ਧਰਤੀ ਦੀ ਪਰਤ ਵਿਚ 40 ਗ੍ਰਾ. ਪ੍ਰਤਿ ਟਨ ਹੁੰਦਾ ਹੈ ਜਦੋਂ ਕਿ ਉਲਕਾ ਪਿੰਡਾਂ ਦੀਆਂ ਖਾਣਾਂ ਦੇ ਲੋਹਾ-ਨਿਕਲ, ਟਰਾਇਲਾਈਟ ਅਤੇ ਸਿਲੀਕੇਟ ਫ਼ੇਜ਼ਾਂ ਵਿਚ ਇਸ ਦੀ ਮਾਤਰਾ ਕ੍ਰਮਵਾਰ 100,15 ਅਤੇ 5 ਗ੍ਰਾ. ਪ੍ਰਤਿ ਟਨ ਹੁੰਦੀ ਹੈ। ਹੋ ਸਕਦਾ ਹੈ ਕਿ ਧਰਤੀ ਦੀ ਪੇਪੜੀ ਨਾਲੋਂ ਇਸ ਦੀ ਲੋਹਾ-ਨਿਕਲ ਕੋਰ ਵਿਚ ਕਲੱਈ ਵਧੇਰੀ ਮਾਤਰਾ ਵਿਚ ਮਿਲਦੀ ਹੋਵੇ।

ਕਲੱਈ ਦੇ ਵਧੇਰੇ ਪ੍ਰਸਿੱਧ ਖਣਿਜ ਇਹ ਹਨ :—ਕੈਸਿਟੇਰਾਈਟ ($SnO_2$), ਸਿਲਿੰਡਰਾਈਟ ($Pb_3Sn_4Sb_2S_{14}$), ਫ੍ਰੈਂਕਆਈਟ ($Pb_5Sn_3Sb_2S_{14}$), ਸਟੈਨਾਈਟ ($Cu_2FeSnS_4$), ਅਰੈਂਡੀਸਾਈਟ [$Sn_5$ $(OH)_8$ $(SiO_4)_3$], ਕੇਨਫ਼ੀਲਡਾਈਟ ($Ag_8Sn\ S_6$), ਕਿਊਪਰੋਕੈਸਿਟੇਰਾਈਟ [$Cu_2$ Sn $(OH)_6$ $.4SnO_2$], ਹਲਸਾਈਟ [$10(Fe,Mg,Ca)O.2Fe_2O_3.SnO_2.3B_2O_3.2H_2O$], ਨੇਟਿਵ

ਟਿਨ (Sn), ਨਾਰਡੈਂਨਸਕਾਈਓਲਡੀਨ [$CaSn(BO_3)_2$], ਪੈਗੇਆਈਟ ($30FeO.5Fe_2O_3.SnO_2.6B_2O_3.5H_2O$), ਪਲੰਬੋਸਟੈਨਾਈਟ ($Pb_2Fe_2Sn_2Sb_2S_{11}$), ਸਟੋਕਸਾਈਟ ($H_4Ca\ SnSi_3O_{11}$) ਅਤੇ ਟੀਲਾਈਟ ($Pb\ Sn\ S_2$)।

ਕਲੱਈ ਦੀਆਂ ਡਿਪਾਜ਼ਿਟਾਂ ਦੋ ਕਿਸਮ ਦੀਆਂ ਹੁੰਦੀਆਂ ਹਨ, ਪ੍ਰਾਇਮਰੀ ਅਤੇ ਸੈਕੰਡਰੀ ਕਛਾਰੀ ਡਿਪਾਜ਼ਿਟਾਂ। ਦੁਨੀਆ ਦੀ ਕਲੱਈ ਦੀ ਕੱਚੀ-ਧਾਤ ਦੀ ਬਹੁਤੀ ਮਾਤਰਾ ਸੈਕੰਡਰੀ ਡਿਪਾਜ਼ਿਟਾਂ ਵਿਚੋਂ ਮਿਲਦੀ ਹੈ। ਇਨ੍ਹਾਂ ਡਿਪਾਜ਼ਿਟਾਂ ਨੂੰ ਪੈਨਿੰਗ, ਬਜਰੀ ਪੰਪ ਤੇ ਖੁੱਲ੍ਹੀ ਖੁਦਾਈ ਅਤੇ ਡ੍ਰੈਜਿੰਗ ਦੁਆਰਾ ਬਾਹਰ ਕੱਢਿਆ ਜਾਂਦਾ ਹੈ। ਪ੍ਰਾਇਮਰੀ ਡਿਪਾਜ਼ਿਟਾਂ ਖ਼ਾਸ ਕਰਕੇ ਬੋਲੀਵੀਅਨ ਕੱਚੀਆਂ-ਧਾਤਾਂ ਨੂੰ ਨਾਲੀਆਂ ਰਾਹੀਂ ਖੁਦਾਈ ਦੁਆਰਾ ਬਾਹਰ ਕੱਢਿਆ ਜਾਂਦਾ ਹੈ।

ਕਲੱਈ ਧਾਤ, ਕੱਚੀ-ਧਾਤ ਦੇ ਸੰਘਣੇ ਪਦਾਰਥ ਦਾ ਕੋਲੇ ਨਾਲ ਝੋਂਕਾ ਜਾਂ ਪਰਾਵਰਤਨੀ ਭੱਠੀਆਂ ਵਿਚ ਲਘੂਕਰਨ ਕਰਕੇ ਪ੍ਰਾਪਤ ਕੀਤੀ ਜਾਂਦੀ ਹੈ। ਜਿਹੜੀ ਅਣਸੋਧੀ ਧਾਤ ਭੱਠੀਆਂ ਵਿਚੋਂ ਨਿਕਲਦੀ ਹੈ ਉਸ ਨੂੰ ਦ੍ਰਵੀਕਰਨ, ਪੋਲਿੰਗ, ਟਾਸਿੰਗ, ਉਬਾਲਨ, ਬਿਜਲਈ ਅਪਘਟਨ ਜਾਂ ਇਨ੍ਹਾਂ ਵਿਧੀਆਂ ਵਿਚੋਂ ਕੁਝ ਨੂੰ ਮਿਲਾ ਕੇ ਸ਼ੁੱਧ ਕੀਤਾ ਜਾਂਦਾ ਹੈ। ਇਨ੍ਹਾਂ ਸਾਰੀਆਂ ਆਕਸੀਕਰਨ ਵਿਧੀਆਂ ਵਿਚ ਆਕਸੀਕ੍ਰਿਤ ਅਸ਼ੁੱਧੀਆਂ ਅਤੇ ਕਲੱਈ ਦਾ ਆਕਸਾਈਡ ਪਿਘਲੀ ਹੋਈ ਕਲੱਈ ਦੀ ਸਤ੍ਹਾ ਉਤੇ ਮੈਲ ਦੀ ਇਕ ਤਹਿ ਜਿਹੀ ਬਣ ਜਾਂਦੀ ਹੈ, ਜਿਸ ਨੂੰ ਲਾਹ ਦਿਤਾ ਜਾਂਦਾ ਹੈ ਅਤੇ ਮੁੜ ਸੁਧਾਈ ਲਈ ਪਰਤਾ ਦਿਤਾ ਜਾਂਦਾ ਹੈ। ਕਲੱਈ ਦੀ ਗਾਲਣ ਕਿਰਿਆ ਸਮੇਂ ਕਾਫ਼ੀ ਧਾਤ ਧਾਤ-ਮੈਲ ਵਿਚ ਫਸ ਜਾਂਦੀ ਹੈ ਜਾਂ ਫ਼ਲੱਕਸਾਂ ਨਾਲ ਕਿਰਿਆ ਕਰਦੀ ਹੈ (ਕਿਉਂਕਿ ਸਟੈਨਿਕ ਆਕ-ਸਾਈਡ ਐਂਮਫ਼ੋਟੈਰਿਕ ਹੈ) ਅਤੇ ਧਾਤ-ਮੈਲ ਵਿਚ ਕਲੱਈ ਦੇ ਯੋਗਿਕਾਂ ਦੇ ਰੂਪ ਵਿਚ ਮਿਲ ਜਾਂਦਾ ਹੈ। ਪਿਘਲੀ ਹੋਈ ਕਲੱਈ ਗਤੀਸ਼ੀਲ ਤਰਲ ਹੈ ਜਿਹੜਾ ਕਿ ਭੱਠੀਆਂ ਦੇ ਛੋਟੇ ਛੋਟੇ ਸੁਰਾਖ਼ਾਂ ਵਿਚੋਂ ਬਾਹਰ ਆ ਜਾਂਦਾ ਹੈ। ਸੈਕੰਡਰੀ ਜਾਂ ਪੁਨਰ-ਪ੍ਰਾਪਤ ਕਲੱਈ ਧਾਤਵੀ ਕਲੱਈ ਜਾਂ ਕਲੱਈ ਦੇ ਯੋਗਿਕਾਂ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ ਅਤੇ ਆਮ ਕਰਕੇ ਠੋਸ ਹੁੰਦੀ ਹੈ।

ਕਲੱਈ ਇਕ ਨਰਮ, ਖਿਚੀਣ ਯੋਗ ਅਤੇ ਚਿੱਟੀ ਧਾਤ ਹੈ। ਜਦੋਂ ਇਸ ਨੂੰ ਮੋੜਿਆ ਜਾਂਦਾ ਹੈ ਤਾਂ ਇਸ ਵਿਚੋਂ ਇਕ ਜ਼ੋਰ ਦੀ ਆਵਾਜ਼ ਨਿਕਲਦੀ ਹੈ ਜਿਸਨੂੰ "ਕਰਾਈ ਆਫ਼ ਟਿਨ" (ਟਿਨ ਕੜਕੜਾਹਟ) ਕਿਹਾ ਜਾਂਦਾ ਹੈ। ਇਸ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਜਦੋਂ ਕਿਸੇ ਛੜੀ (ਕਲੱਈ ਦੀ) ਨੂੰ ਮੋੜਿਆ ਜਾਂਦਾ ਹੈ ਤਾਂ ਧਾਤ ਦੇ ਰਵੇ ਇਕ ਦੂਸਰੇ ਨਾਲ ਘਸਰਦੇ ਹਨ। ਇਸ ਧਾਤ ਦੇ ਘੱਟੋ ਘੱਟ ਦੋ ਭਿੰਨ-ਰੂਪੀ ਰੂਪਾਂਤਰ ਹਨ। ਸਧਾਰਨ ਵਪਾਰਕ ਕਿਸਮ ਵਿਚ ਇਹ ਇਕ ਚਿੱਟੀ ਭਾਰੀ ਧਾਤ ਹੈ ਅਤੇ ਜਦੋਂ ਇਸ ਨੂੰ ਕਾਫ਼ੀ ਸਮੇਂ ਲਈ 13° ਸੈਂ. ਤਾਪਮਾਨ ਤੋਂ ਥੱਲੇ ਰਖਿਆ ਜਾਵੇ ਤਾਂ ਇਹ ਭੁੱਟਣਸ਼ੀਲ ਬਣ ਜਾਂਦੀ ਹੈ ਅਤੇ ਬੜੀ ਜਲਦੀ ਭੂਰੇ ਰੰਗ ਦੇ ਪਾਊਡਰ ਵਿਚ ਪੀਸਿਆ ਜਾ ਸਕਦਾ ਹੈ। ਇਸ ਦੀ ਭੂਰੀ ਕਿਸਮ ਨੂੰ α–ਕਲੱਈ ਅਤੇ ਚਿੱਟੀ ਕਿਸਮ ਨੂੰ β–ਕਲੱਈ ਕਿਹਾ ਜਾਂਦਾ ਹੈ। ਇਕ ਹੋਰ ਤੀਸਰੀ ਕਿਸਮ ਜਿਸ ਨੂੰ γ–ਕਲੱਈ ਕਿਹਾ ਜਾਂਦਾ ਹੈ; 161° ਸੈਂ. ਤੇ ਬਣਦੀ ਹੈ ਅਤੇ ਇਸ ਦੀ ਹੋਂਦ ਪਿਘਲਾਉ-ਦਰਜੇ ਤਕ ਰਹਿੰਦੀ ਹੈ। ਪ੍ਰੰਤੂ ਮਾਹਿਰਾਂ ਨੇ ਇਸ ਨੂੰ ਨਹੀਂ ਮੰਨਿਆ।

ਕਲੱਈ ਦਾ ਪਿਘਲਾਉ-ਦਰਜਾ 231.9° ਸੈਂ., ਉਬਾਲ-ਦਰਜਾ 2,270° ਸੈਂ., ਅੰਤਰਕਾਲੀ ਤਾਪਮਾਨ 13.2° ਸੈਂ. (ਭੂਰੇ ਤੋਂ ਚਿੱਟੇ ਲਈ), ਕ੍ਰਾਂਤਿਕ ਤਾਪਮਾਨ 3730° ਸੈਂ. ਅਤੇ ਕ੍ਰਾਂਤਿਕ ਦਬਾਉ 650 ਵਾਯੂਮੰਡਲ ਹੁੰਦਾ ਹੈ। ਚਿੱਟੀ ਕਿਸਮ ਦੀ ਘਣਤਾ 7.311 (20°/4°) ਅਤੇ ਭੂਰੀ ਕਿਸਮ ਦੀ 5.85 (15°ਸੈਂ.) ਹੁੰਦੀ ਹੈ। ਕਲੀ ਦੀ ਕਠੋਰਤਾ 1.8, ਬਿਜਲਈ-ਚਾਲਕਤਾ 14.0, ਤਾਪ-ਚਾਲਕਤਾ 31.2 ਅਤੇ ਰੇਖਾਤਮਕ ਪਸਾਰ-ਗੁਣਾਂਕ $2.03 \times 10^{-5}$ (ਚਿੱਟੀ ਕਿਸਮ ਲਈ 8°–95° ਸੈਂ.) ਹੁੰਦਾ ਹੈ। ਇਸ ਦਾ ਗਲਣ-ਤਾਪ 14.2 ਕੈਲੋਰੀ ਪ੍ਰਤਿ ਗ੍ਰਾ., ਵਾਸ਼ਪੀਕਰਨ-ਤਾਪ 5.25 ਕੈਲੋਰੀ ਪ੍ਰਤਿ ਗ੍ਰਾ. ਅਤੇ ਅੰਤਰ-ਕਾਲੀ-ਤਾਪ 4.2 ਕੈਲੋਰੀ ਪ੍ਰਤਿ ਗ੍ਰਾ. (ਭੂਰੇ ਤੋਂ ਚਿੱਟੇ ਲਈ) ਹੁੰਦਾ ਹੈ। ਇਸ ਦਾ ਵਿਸ਼ਿਸ਼ਟ ਤਾਪ 0.0534 ਕੈਲੋਰੀ ਪ੍ਰਤਿ ਗ੍ਰਾ. (ਚਿੱਟੇ ਲਈ) ਹੁੰਦਾ ਹੈ। ਕਲੀ ਦਾ ਆਇਨਨ ਪੋਟੈਂਸ਼ਲ I=7.30e.V ; II=14.5 e.V ; III=30.5 e.V ਅਤੇ IV=39.4 e.V ਹੁੰਦਾ ਹੈ।

ਉਚਿਤ ਹਾਲਤਾਂ ਵਿਚ ਸਟੈਨਿਕ ਐਸਿਡ ਦੇ ਅਨੁਸਾਰੀ ਯੋਗਿਕ ਵੀ ਵਖਰੇ ਕੀਤੇ ਜਾ ਸਕਦੇ ਹਨ। ਦੋ ਸਟੈਨਿਕ ਐਸਿਡ ਤਿਆਰ ਕੀਤੇ ਜਾਂਦੇ ਹਨ ਅਰਥਾਤ ਇਕ ਤਾਂ ਸਟੈਨੇਟ ਘੋਲਾਂ ਦੇ ਤੇਜ਼ਾਬੀਕਰਨ ਨਾਲ ਅਤੇ ਦੂਸਰਾ ਕਲੀ ਉਤੇ ਗਾੜ੍ਹੇ ਨਾਈਟ੍ਰਿਕ ਐਸਿਡ ਦੀ ਕਿਰਿਆ ਦੁਆਰਾ। ਇਨ੍ਹਾਂ ਦੇ ਨਾਂ ਕ੍ਰਮਵਾਰ α–ਅਤੇ β–ਸਟੈਨਿਕ ਐਸਿਡ ਜਾਂ ਸਟੈਨਿਕ ਅਤੇ ਮੈਟਾਸਟੈਨਿਕ ਐਸਿਡ ਹਨ। ਦੋਹਾਂ ਢੰਗਾਂ ਨਾਲ ਤਿਆਰ ਕੀਤੇ ਐਸਿਡਾਂ ਦੇ ਗੁਣਾਂ ਵਿਚ ਫ਼ਰਕ ਹੁੰਦਾ ਹੈ, ਪ੍ਰੰਤੂ ਹਾਲੇ ਤਕ ਇਸ ਫ਼ਰਕ ਦਾ ਕਾਰਨ ਪਤਾ ਨਹੀਂ ਲਗ ਸਕਿਆ, α—ਤੇਜ਼ਾਬ ਨੂੰ β—ਤੇਜ਼ਾਬ ਵਿਚ ਬੜੀ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ, ਪ੍ਰੰਤੂ β—ਨੂੰ α—ਵਿਚ ਬਦਲਣਾ ਬਹੁਤ ਔਖਾ ਹੈ। ਸਟੈਨਿਕ ਐਸਿਡ ਦੀ ਕਿਰਿਆ ਹਾਈਡ੍ਰੋਜਨ ਪਰਆਕਸਾਈਡ ਨਾਲ ਕਰਵਾਉਣ ਤੇ ਕਲੱਈ ਦਾ ਪਰਆਕਸੀ ਐਸਿਡ ਬਣਦਾ ਹੈ ਜਿਸ ਦਾ ਫ਼ਾਰਮੂਲਾ $H_2Sn_2O_7.3H_2O$ ਹੈ। ਇਸ ਤੇਜ਼ਾਬ ਦੇ ਸੋਡੀਅਮ ਅਤੇ ਪੋਟਾਸ਼ੀਅਮ ਲੂਣ ਵੀ ਬਣਦੇ ਹਨ।

ਯੋਗਿਕ ਬਣਾਉਣ ਵਿਚ ਕਲੱਈ, ਸਿਲਿਕਾਨ ਅਤੇ ਜਰਮੇਨੀਅਮ ਨਾਲ ਮਿਲਦੀ ਜੁਲਦੀ ਹੈ। ਕਲੱਈ ਕੇਵਲ ਇਕ ਗੈਸੀ ਦੋ ਅੰਗੀ ਹਾਈਡ੍ਰਾਈਡ ਬਣਾਉਂਦੀ ਹੈ ਜਿਸ ਦਾ ਫ਼ਾਰਮੂਲਾ $SnH_4$ ਹੈ। ਬਹੁਤ ਸਾਰੇ ਆਰਗੈਨੋਟਿਨ ਯੋਗਿਕ ਤਿਆਰ ਕੀਤੇ ਗਏ ਹਨ ਜਿਨ੍ਹਾਂ ਵਿਚ ਕਲੱਈ ਇਕ ਤੋਂ ਚਾਰ ਐਲਕਾਈਲ ਜਾਂ ਐਰਾਈਲ ਗਰੁੱਪ ਬਣਾਉਣ ਲਈ ਜੁੜੀ ਹੁੰਦੀ ਹੈ। ਉਹ ਯੋਗਿਕ ਜਿਨ੍ਹਾਂ ਵਿਚ ਕਲੱਈ (IV) ਹੋਵੇ, ਦੂਸਰੇ ਬੰਧਨ ਹੈਲੋਜੈਂਨਾਂ, ਹਾਈਡ੍ਰੋਜਨ ਜਾਂ ਆਕਸੀਜਨ ਨਾਲ ਜੁੜੇ ਹੋ ਸਕਦੇ ਹਨ। ਕਲੀ ਧਾਤ ਪੋਟਾਸ਼ੀਅਮ ਦੇ ਤਰਲ ਅਮੋਨੀਆ ਘੋਲ ਵਿਚ ਘੁਲ ਜਾਂਦੀ ਹੈ ਅਤੇ ਖ਼ੂਨ ਵਰਗਾ ਲਾਲ ਰੰਗ ਦਾ ਘੋਲ ਬਣ ਜਾਂਦਾ ਹੈ, ਜਿਸ ਵਿਚ ਪੌਲੀਸਟੈਨਾਈਡ ਆਇਨ ($Sn_9^{4-}$) ਹੁੰਦੀ ਹੈ। ਇਸ ਆਇਨ ਵਿਚ ਕਲੱਈ ਦੇ ਅੱਠ ਪਰਮਾਣੂ ਇਕ $Sn^{4-}$ ਆਇਨ ਨਾਲ ਜੁੜੇ ਹੁੰਦੇ ਹਨ।

ਸਟੈਨਿਕ ਆਕਸਾਈਡ ਵਪਾਰਕ ਤੌਰ ਤੇ ਕਲੱਈ ਧਾਤ ਨੂੰ ਉੱਚ ਤਾਪਮਾਨ ਉਤੇ ਜਾਲਣ ਦੁਆਰਾ ਤਿਆਰ ਕੀਤਾ ਜਾਂਦਾ ਹੈ। ਘੱਟ ਤਾਪਮਾਨ ਉਤੇ ਕਲੋਰੀਨ ਨਾਲ ਕਿਰਿਆ ਦੁਆਰਾ $SnCl_4$ ਬਣਦਾ ਹੈ। ਛੋਟੇ ਪੈਮਾਨੇ ਉਤੇ ਕਲੱਈ ਦੇ ਯੋਗਿਕ, ਕਲੱਈ ਨੂੰ ਤੇਜ਼ਾਬ ਜਾਂ ਖਾਰ ਵਿਚ ਘੋਲਣ ਉਪਰੰਤ ਉਚਿਤ ਰੀਏਜੈਂਟਾਂ ਨਾਲ ਕਿਰਿਆ ਕਰ-ਵਾਉਣ ਨਾਲ ਤਿਆਰ ਕੀਤੇ ਜਾਂਦੇ ਹਨ। ਆਰਗੈਨੋਟਿਨ ਯੋਗਿਕ, ਕਲੀ ਦੇ ਹੈਲਾਈਡਾਂ ਦੀ ਗਰੀਨਯਾਰ ਰੀਏਜੈਂਟ ਜਾਂ ਆਰਗੈਨੋਜ਼ਿੰਕ ਯੋਗਿਕਾਂ ਨਾਲ ਕਿਰਿਆ ਦੁਆਰਾ ਬਣਾਏ ਜਾਂਦੇ ਹਨ।

ਕਲੀ ਦੀ ਵਰਤੋਂ ਵਧੇਰੇ ਕਰਕੇ ਬਿਜਲ-ਲੇਪਣ (ਮੁਲੰਮਾਕਰਨ) ਅਤੇ ਮਿਸ਼ਰਿਤ-ਧਾਤਾਂ ਵਿਚ ਕੀਤੀ ਜਾਂਦੀ ਹੈ। ਕਲੀ ਲੋਹੇ ਨਾਲੋਂ ਘੱਟ ਕਿਰਿਆਸ਼ੀਲ ਹੈ, ਲੋਹੇ ਵਾਲੀ ਚੀਜ਼ ਨੂੰ ਸੁਰੱਖਿਅਤ ਕਰਨ ਲਈ ਕਲੀ ਦਾ ਲੇਪ ਚੜ੍ਹਾਇਆ ਜਾਂਦਾ ਹੈ। ਕਲੀ ਦੀ ਵਰਤੋਂ ਬਲਾਕ ਟਿਨ ਭੱਠੀਆਂ ਅਤੇ ਕਸ਼ੀਦਣ ਲਈ ਤੇ ਕਸ਼ੀਦਿਤ ਪਾਣੀ ਦੇ ਸੰਚਾਰ ਲਈ ਟਿਨ ਪਾਈਪਾਂ ਬਣਾਉਣ ਲਈ ਵੀ ਕੀਤੀ ਜਾਂਦੀ ਹੈ। ਕਈ ਚੀਜ਼ਾਂ ਨੂੰ ਲਪੇਟਣ ਲਈ

ਪਤਲੀਆਂ ਪੱਤਰੀਆਂ ਬਣਾਈਆਂ ਜਾਂਦੀਆਂ ਹਨ। ਦੰਦ ਮੰਜਨ ਅਤੇ ਹੋਰ ਮੱਲ੍ਹਮਾਂ ਪਾਉਣ ਲਈ ਦਬੀਣਯੋਗ ਟਿਊਬਾਂ ਵੀ ਇਸੇ ਦੀਆਂ ਬਣਦੀਆਂ ਹਨ।

ਕਲੀ ਦੀਆਂ ਮਿਸ਼ਰਿਤ-ਧਾਤਾਂ ਦੀਆਂ ਦੋ ਸ਼੍ਰੇਣੀਆਂ ਕਾਂਸੀਆਂ ਅਤੇ ਚਿੱਟੀਆਂ ਧਾਤਾਂ ਹਨ। ਆਮ ਕਰਕੇ ਕਾਂਸੀਆਂ, ਤਾਂਬੇ ਉਤੇ ਆਧਾਰਿਤ ਮਿਸ਼ਰਿਤ-ਧਾਤਾਂ ਹਨ ਅਤੇ ਚਿੱਟੀਆਂ ਕਲੱਈ ਉਤੇ ਅਧਾਰਿਤ ਮਿਸ਼ਰਿਤ-ਧਾਤਾਂ ਹੁੰਦੀਆਂ ਹਨ। ਕਾਂਸੀ ਦੀ ਕਿਸਮ ਦੀਆਂ ਮਿਸ਼ਰਿਤ-ਧਾਤਾਂ ਬੈੱਲ ਮੈਟਲ (ਭਰਤ), ਗਨ ਮੈਟਲ ਅਤੇ ਸਿੱਕੇ ਵਾਲੀ ਕਾਂਸੀ ਹਨ। ਚਿੱਟੀਆਂ ਧਾਤਾਂ ਦੀਆਂ ਮਿਸ਼ਰਿਤ-ਧਾਤਾਂ ਬੈਬਿਟ ਧਾਤ, ਬ੍ਰਿਟੇਨੀਆ ਧਾਤ, ਪਿਊਟਰ ਅਤੇ ਪ੍ਰਤਿ ਰਗੜ ਧਾਤ ਹਨ। ਸੋਲਡਰ, ਕਲੱਈ ਦੀ ਇਕ ਮਿਸ਼ਰਿਤ-ਧਾਤ ਹੈ, ਜਿਸ ਵਿਚ ਸਿੱਕਾ ਅਤੇ ਕਲੀ ਹੁੰਦੀ ਹੈ।

ਵਪਾਰਕ ਤੌਰ ਤੇ ਵਰਤੇ ਜਾਂਦੇ ਕਲੱਈ ਦੇ ਯੌਗਿਕਾਂ ਵਿਚ, ਕਲੱਈ ਕੁੱਲ ਖਪਤ ਦਾ 1% ਤੋਂ ਵੀ ਘੱਟ ਲਗਦੀ ਹੈ। ਇਸ ਦੀ ਮੁੱਖ ਵਰਤੋਂ ਕੱਪੜਾ ਬਣਾਉਣ ਅਤੇ ਰੰਗਾਈ ਆਦਿ ਵਿਚ ਕੀਤੀ ਜਾਂਦੀ ਹੈ। ਉਦਯੋਗਿਕ ਤੌਰ ਤੇ ਵਰਤੇ ਜਾਂਦੇ ਯੌਗਿਕ $SnO_2$ (ਟਿਨ ਐਸ਼), $SnCl_5.5H_2O$ (ਬਟਰ ਆਫ਼ ਟਿਨ), $SnCl_2.2H_2O$ (ਟਿਨ ਸਾਲਟ) ਅਤੇ $(NH_4)_2\ SnCl_6$ (ਪਿੰਕ ਸਾਲਟ) ਹਨ।

ਹ. ਪੁ.—ਐਨ. ਬ੍ਰਿ. 22: 233

**ਕਲੀਓਫੋਂਨ** : ਐਥਨਜ਼ ਦਾ ਇਹ ਇਕ ਨੀਤੀਵੇਤਾ ਅਲਪਤੰਤਰੀ ਸ਼ਾਸਨ ਦਾ ਵਿਰੋਧੀ ਅਤੇ ਕਲੇਪਾਈਡਸ ਦਾ ਪੁੱਤਰ ਸੀ। ਇਸਨੂੰ ਮਹੱਤਵਪੂਰਨ (ਮੂਲਕ) ਨੀਤੀਆਂ ਵਿਰਾਸਤ ਵਿਚ ਮਿਲੀਆਂ ਸਨ। ਕਲੀਔਨ ਵਾਂਗ ਇਸਦੀ ਤਾਕਤ ਦਾ ਆਧਾਰ ਅਸੈਂਬਲੀ ਉਤੇ ਕੰਟਰੋਲ ਅਤੇ ਇਸ ਦੀਆਂ ਅਦਾਲਤੀ ਸਰਗਰਮੀਆਂ ਸਨ। ਇਸਦੇ ਬੋਲਣ ਦਾ ਢੰਗ ਬੜਾ ਜੋਸ਼ੀਲਾ ਸੀ। ਇਹ ਇਕ ਦੇਸ਼ ਭਗਤ ਅਤੇ ਈਮਾਨਦਾਰ ਵਿਅਕਤੀ ਸੀ। 410 ਈ. ਪੂ. ਵਿਚ ਅਲਪਤੰਤਰੀ ਰਾਜ ਦੇ ਪਤਨ ਤੋਂ ਪਿਛੋਂ ਕਲੀਓਫੋਂਨ ਤਾਕਤ ਵਿਚ ਆਇਆ ਅਤੇ ਪੈਲੋਪਾਨੀਸ਼ੀਅਨ ਜੰਗ ਦੇ ਅੰਤ ਤਕ ਐਥਨਜ਼ ਦੀ ਰਾਜਨੀਤੀ ਵਿਚ ਮਹੱਤਵਪੂਰਨ ਸ਼ਖਸੀਅਤ ਰਿਹਾ। ਇਸਨੇ ਅਲਪਤੰਤਰੀ ਰਾਜ ਦੇ ਮੈਂਬਰਾਂ ਦੇ ਕਤਲੇਆਮ ਨੂੰ ਉਤਸ਼ਾਹਤ ਕੀਤਾ। ਇਸਨੇ ਗਰੀਬਾਂ ਨੂੰ ਵਿੱਤੀ ਸਹਾਇਤਾ ਦੇ ਕੇ ਸਾਧਾਰਨ ਜਨਤਾ ਵਿਚ ਹੌਂਸਲਾ ਭਰਿਆ ਜਦੋਂ ਕਿ ਸਪਾਰਟਨ ਕੰਟਰੋਲ ਕਾਰਨ ਸ਼ਹਿਰ ਵਿਚ ਗੰਭੀਰ ਨਿਰਾਸ਼ਾ ਦਾ ਰਾਜ ਸੀ। ਪਰ ਦੁਬਾਰਾ ਅਲਪਤੰਤਰੀ ਸ਼ਾਸਕਾਂ ਦੇ ਤਾਕਤ ਵਿਚ ਆਉਣ ਪਿਛੋਂ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 404 ਈ. ਪੂ. ਇਸ ਨੂੰ ਮੌਤ ਦੀ ਸਜ਼ਾ ਹੋ ਗਈ।

ਹ. ਪੁ.—ਐਨ. ਬ੍ਰਿ. 5 : 903

**ਕਲੀਔਨ** : ਐਥਨਜ਼ ਦੀ ਰਾਜਨੀਤੀ ਵਿਚ ਵਪਾਰੀ ਜਮਾਤ ਦੇ ਪਹਿਲੇ ਪ੍ਰਸਿੱਧ ਪ੍ਰਤੀਨਿਧ ਕਬੀਏਨੇਟਸ ਦਾ ਇਹ ਪੁੱਤਰ ਸੀ ਜਿਸ ਕੋਲੋਂ ਇਸਨੇ ਚਮੜਾਸਾਜ਼ੀ ਦਾ ਕੰਮ ਸਿਖਿਆ। ਪੈਲੋਪੋਨੀਸ਼ੀਅਨ ਜੰਗ ਦੇ ਦੌਰਾਨ ਇਹ ਪਹਿਲਾ ਵਿਅਕਤੀ ਸੀ ਜਿਸਨੇ ਪੈਰੀਕਲੀਜ਼ ਦੀ ਵਿਰੋਧਤਾ ਕੀਤੀ ਅਤੇ ਇਸਨੇ ਤਾਨਾਸ਼ਾਹਾਂ ਦੇ ਨਾਲ ਮਿਲਕੇ ਇਹ ਕੰਮ ਕੀਤਾ ਕਿਉਂਕਿ ਉਹ ਵੀ ਪੈਰੀਕਲੀਜ਼ ਦੇ ਵਿਰੋਧੀ ਸਨ। 430 ਈ. ਪੂ. ਜਦੋਂ ਐਥਨਜ਼ ਵਿਚ ਪਲੇਗ ਕਾਰਨ ਤਬਾਹੀ ਮੱਚ ਗਈ ਤਾਂ ਇਸ ਨੇ ਪੈਰੀਕਲੀਅਨ ਰਾਜ ਦੀ ਵਿਰੋਧਤਾ ਕੀਤੀ। ਪੈਰੀਕਲੀਜ਼ ਨੂੰ ਜਨਤਕ ਧਨ ਦੀ ਕੁਵਰਤੋਂ ਕਾਰਨ ਸਜ਼ਾ ਹੋ ਗਈ ਪਰ 429 ਈ. ਪੂ. ਉਹ ਦੁਬਾਰਾ ਚੁਣਿਆ ਗਿਆ ਸੀ। ਪੈਰੀਕਲੀਜ਼ ਦੀ ਮੌਤ ਪਿਛੋਂ ਇਸ ਲਈ ਰਸਤਾ ਸਾਫ਼ ਸੀ। ਇਹ ਐਥਨਜ਼ ਦੇ ਰਾਜਤੰਤਰ ਸ਼ਾਸਨ ਦਾ ਪਹਿਲਾ ਆਗੂ ਬਣਕੇ ਮੈਦਾਨ ਵਿਚ ਨਿਤਰਿਆ। ਇਹ ਇਕ ਵਧੀਆ ਵਕਤਾ ਅਤੇ ਜੋਸ਼ੀਲਾ ਵਿਅਕਤੀ ਸੀ ਅਤੇ ਜਾਣਦਾ ਸੀ ਕਿ ਲੋਕਾਂ ਦੇ ਦਿਲਾਂ ਉੱਤੇ ਕਿਵੇਂ ਰਾਜ ਕਰਨਾ ਹੈ। ਇਸਨੇ ਜੰਗ ਵਿਚ ਜ਼ੋਰਦਾਰ ਹਮਲੇ ਦਾ ਸਮਰਥਨ ਕੀਤਾ। 427 ਵਿਚ ਕਲੀਔਨ ਨੇ ਤਜਵੀਜ਼ ਪੇਸ਼ ਕੀਤੀ ਕਿ ਮਿਟਲੀਨੀ ਸ਼ਹਿਰ ਦੇ ਸਾਰੇ ਨਾਗਰਿਕਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਵੇ ਅਤੇ ਬੱਚਿਆਂ ਤੇ ਇਸਤਰੀਆਂ ਨੂੰ ਗ਼ੁਲਾਮ ਬਣਾ ਲਿਆ ਜਾਏ। ਇਸ ਖੁੱਲ੍ਹੇਆਮ ਜ਼ੁਲਮ ਤੋਂ ਦੇਸ਼ ਵਾਸੀਆਂ ਨੂੰ ਬਚਾਉਣ ਲਈ ਫ਼ੁਰਮਾਨ ਜਾਰੀ ਹੋ ਗਿਆ ਸੀ। ਇਸਨੇ ਆਪਣੀ ਤਾਕਤ ਵਧਾਉਣ ਲਈ ਕਈ ਯਤਨ ਕੀਤੇ ਪਰ ਅੰਤ ਨੂੰ ਜੰਗ ਵਿਚ 422 ਈ. ਪੂ. ਇਸਦੀ ਹਾਰ ਅਤੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 901

**ਕਲੀਮਾਨਸੋ, ਜਾਰਜ ਈ ਬੈਂਜਾਮਿਨ** : ਫਰਾਂਸ ਦੇ ਇਸ ਪ੍ਰਸਿੱਧ ਨੀਤੀਵੇਤਾ ਦਾ ਜਨਮ 28 ਸਤੰਬਰ, 1841 ਨੂੰ ਹੋਇਆ। ਸੰਨ 1865 ਵਿਚ ਡਾਕਟਰ ਦੀ ਡਿਗਰੀ ਲੈਣ ਉਪਰੰਤ 1870 ਈ. ਤੱਕ ਇੰਗਲੈਂਡ ਦੀਆਂ ਸਮਾਜਕ ਪਰਿਸਥਿਤੀਆਂ ਦਾ ਅਧਿਐਨ ਕੀਤਾ। ਸੰਨ 1871 ਵਿਚ ਇਹ ਪੈਰਿਸ ਦੀ ਮਿਊਂਸਪਲ ਕੌਂਸਲ ਵਿਚ ਚੁਣਿਆ ਗਿਆ ਅਤੇ ਕ੍ਰਮਵਾਰ ਸਕੱਤਰ, ਉਪ-ਪ੍ਰਧਾਨ ਅਤੇ ਪ੍ਰਧਾਨ ਬਣਿਆ। ਫਰੈਂਚ ਚੈਂਬਰ ਵਿਚ ਇਹ ਸੁਧਾਰਵਾਦੀ ਧੜੇ ਦਾ ਨੇਤਾ ਬਣਿਆ। ਇਹ 1906 ਤੋਂ 1909 ਈ. ਤੱਕ ਦੇਸ਼ ਦਾ ਪ੍ਰਧਾਨ ਮੰਤਰੀ ਰਿਹਾ। ਸੰਨ 1913 ਵਿਚ ਇਸਨੇ ਰੋਜ਼ਾਨਾ ਅਖ਼ਬਾਰ ਕੱਢਿਆ ਅਤੇ ਪੈਰਿਸ ਦੀ ਅਮਨ ਕਾਨਫ਼ਰੰਸ ਦੀ ਪ੍ਰਧਾਨਗੀ ਵੀ ਕੀਤੀ। ਇਸਨੇ 1922 ਵਿਚ ਅਮਰੀਕਾ ਦਾ ਦੌਰਾ ਕਰਨ ਉਪਰੰਤ ਫ਼ਰਾਂਸ ਵਾਪਸ ਆ ਕੇ ਸਾਹਿਤਕ ਸਰਗਰਮੀਆਂ ਆਰੰਭ ਕਰ ਦਿਤੀਆਂ। ਇਸਨੇ ਆਪਣੇ ਜੀਵਨ-ਕਾਲ ਵਿਚ ਅਖ਼ਬਾਰ ਕੱਢਿਆ, ਨਾਵਲ ਤੇ ਡਰਾਮੇ ਲਿਖੇ ਅਤੇ ਦਰਸ਼ਨ ਦੀਆਂ ਰਚਨਾਵਾਂ ਰਚੀਆਂ।

24 ਨਵੰਬਰ, 1929 ਨੂੰ ਇਸਦਾ ਦੇਹਾਂਤ ਹੋ ਗਿਆ।

ਹ. ਪੁ.—ਨਿ. ਕ. ਯੂ. ਬਾ. 2 : 409

**ਕਲੀਮੇਟਿਸ** : ਇਹ ਸਦਾ-ਬਹਾਰ ਪੌਦਿਆਂ ਦੀ ਇਕ ਪ੍ਰਜਾਤੀ ਦਾ ਨਾਂ ਹੈ ਜਿਸ ਵਿਚ ਬਹੁਤਾ ਕਰਕੇ ਇਮਾਰਤਾਂ ਉਪਰ ਚੜ੍ਹਨ ਵਾਲੇ ਝਾੜੀ-ਨੁਮਾ ਪੌਦੇ ਸ਼ਾਮਲ ਹਨ। ਇਸਨੂੰ ਪੰਜਾਬੀ ਵਿਚ ਘੰਟਿਆਲੀ ਜਾਂ ਬਿਰੀਲੀ (ਬਿਰੀ) ਵੇਲ ਵੀ ਕਿਹਾ ਜਾਂਦਾ ਹੈ। ਇਸ ਪ੍ਰਜਾਤੀ ਵਿਚ 250 ਜਾਤੀਆਂ ਹਨ, ਜੋ ਏਸ਼ੀਆ ਅਤੇ ਉੱਤਰੀ ਅਮਰੀਕਾ ਵਿਚ ਮਿਲਦੀਆਂ ਹਨ। ਬਹੁਤ ਸਾਰੀਆਂ ਜਾਤੀਆਂ ਉੱਤਰੀ ਅਮਰੀਕਾ ਵਿਚ ਦਿਲਚਸਪ ਫੁੱਲਾਂ ਵਾਸਤੇ ਪੈਦਾ ਕੀਤੀਆਂ ਜਾਂਦੀਆਂ ਹਨ। ਇਹ ਫੁੱਲ ਇਕੱਲੇ ਜਾਂ ਵੱਡੇ ਗੁੱਛਿਆਂ ਵਿਚ ਲਗਦੇ ਹਨ। ਇਨ੍ਹਾਂ ਦੇ ਪੱਤੇ ਸੰਯੁਕਤ ਹੁੰਦੇ ਹਨ। ਅਮਰੀਕਾ ਦੀਆਂ ਕੁਝ-ਕੁ ਪ੍ਰਸਿਧ ਕਿਸਮਾਂ ਵਿਚ ਕਲੀਮੇਟਿਸ ਵਿਰਜਿਨੀਆ (*Clematis virginia*), ਟ੍ਰੈਵਲਰਜ਼ ਜੁਆਏ ਜਾਂ ਓਲਡ ਮੈੱਨਜ਼ ਬੀਅਰਡ (*C. vitalba*) ਅਤੇ ਵਾਈਨ ਬਾਵਰ (*C. viticella*) ਸ਼ਾਮਲ ਹਨ। ਦੱਖਣੀ ਅਤੇ ਮੱਧ ਅਮਰੀਕਾ ਵਿਚ ਮਿਲਦੀ ਕਿਸਮ ਕਲੀਮੇਟਿਸ ਡਾਇਓਕਾ (*C. dioica*) ਅਤੇ ਅਫ਼ਰੀਕਾ ਦੀ ਕਿਸਮ ਕਲੀਮੇਟਿਸ ਥਨਬੈਰਗਾਈ (*C. thenbergii*) ਸਥਾਨਕ ਸ਼ਿੰਗਾਰ ਸਮੱਗਰੀ ਅਤੇ ਚਮੜੀ ਦੇ ਰੋਗਾਂ ਲਈ ਦਵਾਈਆਂ ਵਿਚ ਵਰਤੀਆਂ ਜਾਂਦੀਆਂ ਹਨ।



ਕਲੀਮੇਟਿਸ

ਭਾਰਤ ਵਿਚ ਉਪਲੱਬਧ ਜਾਤੀਆਂ ਵਿਚੋਂ ਕੁਝ ਸਜਾਵਟ ਦੇ ਤੌਰ ਤੇ ਅਤੇ ਕੁਝ ਦਵਾਈਆਂ ਵਿਚ ਵਰਤੋਂ ਕਰਨ ਲਈ ਪੈਦਾ ਕੀਤੀਆਂ ਜਾਂਦੀਆਂ ਹਨ । ਦਵਾਈਆਂ ਵਿਚ ਵਰਤੀਂਦੀਆਂ ਜਾਤੀਆਂ ਵਿਚ ਕੁਝ-ਕੁ ਇਹ ਹਨ :—

**ਕਲੀਮੇਟਿਸ ਗੌਰਿਆਨਾ**—ਇਸਦੇ ਰਗੜੇ ਹੋਏ ਪੱਤੇ ਅਤੇ ਤਣੇ ਦੀ ਵਰਤੋਂ ਜ਼ਹਿਰ ਅਤੇ ਛਾਲੇ ਪੈਦਾ ਕਰਦੀ ਹੈ । ਇਹ ਜਾਤੀ ਪੰਜਾਬ ਦੇ ਪਹਾੜੀ ਇਲਾਕੇ, ਹਿਮਾਲੀਆ ਵਿਚ 1600 ਮੀ. ਦੀ ਉਚਾਈ ਤਕ ਅਤੇ ਭਾਰਤ ਦੇ ਬਾਕੀ ਹਿੱਸਿਆਂ ਵਿਚ 300 ਮੀ. ਤੋਂ 1000 ਮੀ. ਦੀ ਉਚਾਈ ਤਕ ਮਿਲਦੀ ਹੈ ।

**ਕਲੀਮੇਟਿਸ ਨੀਪੌਲੈਂਸਿਸ**—ਇਸ ਜਾਤੀ ਦੇ ਪੱਤੇ ਚਮੜੀ ਲਈ ਹਾਨੀਕਾਰਕ ਹਨ । ਇਸ ਵਿਚ ਤੇਜ਼ਾਬੀ ਅਤੇ ਜ਼ਹਿਰੀਲਾ ਮਾਦਾ ਐਨੀਮੋਨਿਨ ਪਦਾਰਥ ਦੀ ਹੋਂਦ ਕਾਰਨ ਹੁੰਦਾ ਹੈ । ਇਹ ਪੌਦੇ ਗੜ੍ਹਵਾਲ ਤੋਂ ਭੂਟਾਨ ਤਕ ਮਿਲਦੇ ਹਨ । ਆਮ ਤੌਰ ਤੇ ਇਹ ਛਾਂ ਵਾਲੀਆਂ ਘਾਟੀਆਂ ਵਿਚ ਪਾਏ ਜਾਂਦੇ ਹਨ ।

**ਕਲੀਮੇਟਿਸ ਓਰੀਐਂਟੇਲਿਸ**—ਇਸਨੂੰ ਕਲੀਮੇਟਿਸ ਗਰੈਵੀਓਲਸ ਵੀ ਕਿਹਾ ਜਾਂਦਾ ਹੈ । ਇਸ ਜਾਤੀ ਦੇ ਪੌਦੇ ਜ਼ਹਿਰੀਲੇ ਹੁੰਦੇ ਹਨ । ਇਹ ਸਿੰਧ ਤੋਂ ਕੁਮਾਉਂ ਤਕ ਦੀਆਂ ਘਾਟੀਆਂ ਵਿਚ 4300 ਮੀ. ਦੀ ਉਚਾਈ ਤਕ ਮਿਲਦੇ ਹਨ ।

**ਕਲੀਮੇਟਿਸ ਸਮਾਈਲੇਸੀਫੋਲੀਆ**—ਇਸ ਦੀਆਂ ਜੜ੍ਹਾਂ ਦਾ ਕਾੜ੍ਹਾ ਇੰਡੋਚਾਈਨਾ ਵਿਚ ਇਕ ਬਿਮਾਰੀ (ਕੁਰਬੇਚਰ) ਦੇ ਇਲਾਜ ਲਈ ਵਰਤਿਆ ਜਾਂਦਾ ਹੈ । ਇਹ ਪੌਦੇ ਕਮਾਉਂ, ਹਿਮਾਲੀਆ ਵਿਚ ਸਿੱਕਮ ਤੋਂ ਪੂਰਬ ਵਲ 1650 ਮੀ. ਤਕ ਦੀ ਉਚਾਈ ਤਕ ਮਿਲਦੇ ਹਨ ।

**ਕਲੀਮੇਟਿਸ ਟਰਾਈਲੋਬਾ**—ਇਸ ਜਾਤੀ ਦੇ ਪੌਦਿਆਂ ਦੀ ਵਰਤੋਂ ਫੋੜਿਆਂ ਅਤੇ ਖੁਰਕ ਆਦਿ ਹਟਾਉਣ ਲਈ ਕੀਤੀ ਜਾਂਦੀ ਹੈ । ਇਸ ਦੀ ਵਰਤੋਂ ਲਹੂ-ਰੋਗਾਂ, ਕੋੜ੍ਹ, ਬੁਖ਼ਾਰ ਅਤੇ ਸੱਪ ਦੇ ਕੱਟੇ ਹੋਏ ਜ਼ਖ਼ਮਾਂ ਦੇ ਇਲਾਜ ਲਈ ਵੀ ਕੀਤੀ ਜਾਂਦੀ ਹੈ । ਇਹ ਪੌਦੇ ਕੋਨਕਾਨ, ਦੱਖਣ ਅਤੇ ਪੱਛਮੀ ਘਾਟਾਂ ਵਿਚ ਮਿਲਦੇ ਹਨ ।

**ਕਲੀਮੇਟਿਸ ਵਿਟਿਆਨਾ**—ਇਸ ਜਾਤੀ ਦੇ ਪੌਦੇ ਜ਼ਹਿਰੀਲੇ ਹੁੰਦੇ ਹਨ । ਇਨ੍ਹਾਂ ਵਿਚ ਹਾਈਡ੍ਰੋਸਾਇਆਨਿਕ ਐਸਿਡ ਹੁੰਦਾ ਹੈ । ਇਹ ਪੌਦੇ ਦੱਖਣੀ ਉੜੀਸਾ, ਪੱਛਮੀ ਘਾਟਾਂ ਅਤੇ ਨੀਲਗਿਰੀ ਵਿਚ 2400 ਮੀ. ਦੀ ਉਚਾਈ ਤਕ ਮਿਲਦੇ ਹਨ ।

ਹ. ਪੁ.—ਐਨ. ਬ੍ਰਿ. ਮਾ. 2 : 983 : ਗ. ਇ. ਮੈ. ਪ. : 70

**ਕਲੀਵਜ਼** : ਪੱਛਮੀ ਜਰਮਨੀ ਦਾ ਇਹ ਇਕ ਸ਼ਹਿਰ ਹੈ ਜੋ ਡੱਚ ਸਰਹੱਦ ਤੋਂ 14 ਕਿ. ਮੀ. ਦੱਖਣ ਵੱਲ ਵਾਕਿਆ ਹੈ । ਸਪਾਈ ਕੈਨਾਲ ਇਸ ਨੂੰ ਦਰਿਆ 'ਰਾਈਨ' ਨਾਲ ਜੋੜਦੀ ਹੈ । 11ਵੀਂ ਸਦੀ ਵਿਚ ਇਹ ਸ਼ਹਿਰ 'ਕਾਊਂਟਸ ਆਫ ਕਲੀਵਜ਼ ਦੀ ਸੀਟ ਬਣਿਆ । ਮਗਰੋਂ 1242 ਈ. ਵਿਚ ਇਸ ਨੂੰ ਸ਼ਾਹੀ ਫੁਰਮਾਨ ਜਾਰੀ ਕੀਤਾ ਗਿਆ । 1368 ਵਿਚ ਇਹ ਮਾਰਕ ਦੇ ਕਾਊਂਟਾਂ ਨੂੰ ਦਿਤਾ ਗਿਆ ਅਤੇ 'ਯੂਲਿਕ' ਅਤੇ 'ਬਰਗ' ਦੀਆਂ ਡੱਚੀਆਂ ਵੀ ਇਸ ਵਿਚ ਸ਼ਾਮਲ ਕਰ ਲਈਆਂ ਗਈਆਂ । ਕ੍ਰਾਂਤੀ ਸਮੇਂ ਅਤੇ ਨੈਪੋਲੀਅਨ ਦੀਆਂ ਲੜਾਈਆਂ ਵੇਲੇ ਫਰਾਂਸ ਕੋਲ ਰਹਿਣ ਉਪਰੰਤ ਇਹ ਸ਼ਹਿਰ ਸੰਨ 1815 ਵਿਚ ਪ੍ਰਸ਼ੀਆ ਨੂੰ ਦੇ ਦਿਤਾ ਗਿਆ । ਦੂਜੇ ਸੰਸਾਰ ਯੁੱਧ ਸਮੇਂ ਇਹ ਸ਼ਹਿਰ ਬਹੁਤ ਬੁਰੀ ਤਰ੍ਹਾਂ ਤਬਾਹ ਹੋ ਗਿਆ । ਇਸ ਦੀਆਂ ਕੁਝ ਇਤਿਹਾਸਕ ਇਮਾਰਤਾਂ ਦੇਖਣਯੋਗ ਹਨ, ਜਿਨ੍ਹਾਂ ਵਿਚੋਂ ਇਕ ਮਿਥਿਹਾਸ ਨਾਲ ਸਬੰਧ ਰੱਖਦੀ ਇਮਾਰਤ 'ਸਵੈਨਜ਼ ਕੈਸਲ' ਹੈ । ਇਹ ਸ਼ਹਿਰ ਸੈਰ-ਸਪਾਟੇ ਲਈ ਮਸ਼ਹੂਰ ਹੈ । ਇਥੋਂ ਦੀਆਂ ਵਧੇਰੇ ਦਸਤਕਾਰੀਆਂ ਚਮੜੇ ਦਾ ਸਾਮਾਨ ਅਤੇ ਰਸਾਇਣਿਕ ਪਦਾਰਥ ਤਿਆਰ ਕਰਨ ਨਾਲ ਹੀ ਸਬੰਧਤ ਹਨ ।

ਆਬਾਦੀ—44,200 (1970)

51° 48′ ਉ. ਵਿਥ.; 6° 09′ ਪੂ. ਲੰਬ

ਹ. ਪੁ.—ਐਨ. ਬ੍ਰਿ. ਮਾ. 5 : 850

**ਕਲੀਵਲੈਂਡ** : ਕਾਊਂਟੀ–ਉੱਤਰੀ-ਪੂਰਬੀ ਇੰਗਲੈਂਡ ਦੀ ਇਹ ਇਕ ਕਾਊਂਟੀ ਹੈ ਜੋ ਪਹਿਲਾਂ ਟੀਜ਼ ਸਾਈਡ ਨਾਂ ਨਾਲ ਪ੍ਰਸਿੱਧ ਸੀ । ਸੰਨ 1974 ਵਿਚ ਟੀਜ਼ ਸਾਈਡ ਅਤੇ ਹਾਰਟਲ ਪੂਲ ਦੀਆਂ ਕਾਊਂਟੀ ਬਰੋਆਂ ਦੇ ਨਾਲ ਦੱਖਣੀ-ਪੂਰਬੀ ਡਰਾਮ ਅਤੇ ਉੱਤਰ-ਪੂਰਬੀ ਯਾਰਕਸ਼ਿਰ ਦੇ ਕੁਝ ਦਿਹਾਤੀ ਅਤੇ ਸ਼ਹਿਰੀ ਡਿਸਟ੍ਰਿਕਟਾਂ ਨੂੰ ਇਕੱਠਾ ਕਰਕੇ ਇਹ ਕਾਊਂਟੀ ਬਣਾਈ ਗਈ ਸੀ । ਲੋਅਰ ਟੀਜ਼ ਦਰਿਆ ਦੀ ਘਾਟੀ ਅਤੇ ਐਸੱਚੁਅਰੀ ਦੁਆਲੇ ਇਹ ਨਵੀਂ ਕਾਊਂਟੀ ਉਦਯੋਗ ਪ੍ਰਧਾਨ ਹੈ । ਸੰਨ 1983 ਵਿਚ ਇਥੋਂ ਦੀ ਆਬਾਦੀ 564,800 ਸੀ ।

ਭੂ-ਵਿਗਿਆਨ ਪੱਖੋਂ ਇਹ ਖੇਤਰ ਮੁੱਖ ਤੌਰ ਤੇ ਰੇਤਲੇ ਪੱਥਰਾਂ ਵਾਲਾ ਹੈ ਜਿਸ ਵਿਚ ਨਮਕ ਅਤੇ ਜਿਪਸਮ ਦੇ ਭੰਡਾਰ ਹਨ । ਕਾਊਂਟੀ ਦੇ ਦੱਖਣੀ ਭਾਗ ਵਿਚ ਕਲੀਵਲੈਂਡ ਪਹਾੜੀਆਂ ਦਾ ਹਿੱਸਾ ਸ਼ਾਮਲ ਹੈ, ਜਿਥੇ ਲੋਹੇ ਦੀ ਧਾਤ ਦੇ ਭੰਡਾਰ ਮਿਲਦੇ ਹਨ । ਆਬੋ-ਹਵਾ ਦੇ ਪੱਖੋਂ ਇਹ ਖੇਤਰ ਕੋਈ ਵਧੀਆ ਨਹੀਂ ਹੈ । ਸਰਦੀਆਂ ਦੀ ਰੁੱਤ ਲੰਬੀ ਅਤੇ ਸਖ਼ਤ ਸਰਦ ਹੁੰਦੀ ਹੈ, ਗਰਮੀਆਂ ਵੀ ਆਮ ਕਰਕੇ ਠੰਢੀਆਂ ਹੀ ਰਹਿੰਦੀਆਂ ਹਨ । ਔਸਤਨ ਸਾਲਾਨਾ ਵਰਖਾ ਲਗਭਗ 63.5 ਸੈਂ. ਮੀ. ਹੋ ਜਾਂਦੀ ਹੈ ।

ਬਰਤਾਨੀਆ ਦੀ ਸੈਕਸਨ-ਨਵਆਬਾਦਕਾਰੀ ਤੋਂ ਪਹਿਲਾਂ ਸਥਾਈ ਬਸਤੀਆਂ ਦੇ ਵੀ ਇਥੇ ਕੁਝ ਸਬੂਤ ਮਿਲਦੇ ਹਨ । ਸੱਤਵੀਂ ਸਦੀ ਦੇ ਸ਼ੁਰੂ ਵਿਚ ਸੈਲਟਿਕ ਪਰਚਾਰਕਾਂ ਨੇ ਇਥੇ ਈਸਾਈ ਮੱਤ ਲਿਆਂਦਾ ਸੀ, ਪਰ ਧਾਰਮਿਕ ਇਮਾਰਤਾਂ ਮਗਰਲੇ ਡੈਨਿਸ਼ ਹਮਲਿਆਂ ਵਿਚ ਪੂਰੀ ਤਰ੍ਹਾਂ ਤਬਾਹ ਕਰ ਦਿਤੀਆਂ ਗਈਆਂ ਸਨ । ਮੱਧ ਕਾਲ ਦੌਰਾਨ ਅਤੇ ਰੇਲਵੇ ਯੁੱਗ (1825 ਤੋਂ ਬਾਅਦ) ਤੱਕ ਇਹ ਇਲਾਕਾ ਖੇਤੀਬਾੜੀ ਅਤੇ ਮੱਛੀ ਫੜਨ ਉੱਪਰ ਹੀ ਨਿਰਭਰ ਸੀ ਅਤੇ ਸਨਅੱਤ ਕਿਤੇ ਵੀ ਨਹੀਂ ਸੀ । 19ਵੀਂ ਸਦੀ ਦੇ ਦੌਰਾਨ ਇਸ ਇਲਾਕੇ ਵਿਚ ਸਨਅੱਤਾਂ ਦਾ ਵਿਕਾਸ ਬੜੀ ਤੇਜ਼ੀ ਨਾਲ ਹੋਇਆ ਅਤੇ ਉੱਤਰ ਵਿਚ ਖਾਣਾਂ ਤੇ ਵੀ ਕੰਮ ਸ਼ੁਰੂ ਹੋ ਗਿਆ । ਬਾਅਦ ਵਿਚ ਰੇਲ ਮਾਰਗਾਂ ਦੇ ਪਸਾਰ ਨੇ ਸਨੱਅਤੀ ਵਿਕਾਸ ਨੂੰ ਹੋਰ ਵੀ ਤੇਜ਼ ਕਰ ਦਿਤਾ । ਕੱਚੇ ਲੋਹੇ, ਵਧੀਆ ਕੋਕਿੰਗ, ਕੋਲਾ ਅਤੇ ਚੂਨੇ ਦੇ ਪੱਥਰਾਂ ਆਦਿ ਦਾ ਮਿਲਣਾ, ਬਰਾਮਦ ਲਈ ਡੂੰਘੇ ਜਵਾਰਭਾਟੇ ਦਾ ਆਉਣਾ ਅਤੇ ਰੇਲਵੇ ਦੇ ਪਸਾਰ ਨੇ ਕਲੀਵਲੈਂਡ ਨੂੰ ਲੋਹੇ ਦੀ ਕੱਚੀ ਧਾਤ ਦੇ ਉਤਪਾਦਨ ਲਈ ਦੇਸ਼ ਵਿਚੋਂ ਸਿਰਕੱਢ ਕਾਊਂਟੀ ਅਤੇ ਸਟੀਲ ਲਈ ਦੇਸ਼ ਵਿਚ ਦੂਜੇ ਦਰਜੇ ਦੀ ਕਾਊਂਟੀ ਬਣਾ ਦਿਤਾ ਹੈ । ਇਸ ਤੋਂ ਬਿਨਾਂ ਬਰਤਾਨੀਆ ਦਾ ਇਕ ਤਿਹਾਈ ਕੱਚਾ ਲੋਹਾ ਵੀ ਇਥੇ ਤਿਆਰ ਕੀਤਾ ਜਾਂਦਾ ਹੈ ।

19ਵੀਂ ਸਦੀ ਦੇ ਪਿਛੋਕੜ ਵਿਚ ਇਹ ਕਾਊਂਟੀ ਇਕੱਲੀ ਮੈਟਾਲਰਜੀ ਤਕ ਹੀ ਸੀਮਤ ਨਹੀਂ ਰਹੀ । ਇਥੇ ਨਮਕ ਵੀ ਭਾਰੀ ਮਾਤਰਾ ਵਿਚ ਬਰਾਮਦ ਹੋਣ ਲਗ ਪਿਆ ਹੈ । ਰਾਸਾਇਣਕ ਉਦਯੋਗਾਂ ਦਾ ਵੀ ਵਿਕਾਸ ਹੋਣ ਲਗ ਪਿਆ । ਅੱਜਕੱਲ੍ਹ ਬਿਲਿੰਘਮ ਯੂਰਪ ਵਿਚ ਸਭ ਤੋਂ ਵੱਡਾ ਕੈਮੀਕਲ ਅਤੇ ਪੈਟਰੋਕੈਮੀਕਲ ਕੇਂਦਰ ਬਣ ਗਿਆ ਹੈ । ਇੰਜਨੀਅਰਿੰਗ ਅਤੇ ਸਮੁੰਦਰੀ ਜਹਾਜ਼ਾਂ ਦਾ ਇਹ ਮੁੱਢ ਤੋਂ ਹੀ ਵੱਡਾ ਕੇਂਦਰ ਰਿਹਾ ਹੈ । ਅੱਜਕੱਲ੍ਹ ਹਲਕੇ ਫੁਲਕੇ ਉਦਯੋਗਾਂ ਦਾ ਵੀ ਵਿਕਾਸ ਹੋ ਰਿਹਾ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 992

**ਕਲੀਵਲੈਂਡ** : ਸ਼ਹਿਰ–ਓਹਾਈਓ ਰਾਜ (ਸ. ਰ. ਅ.) ਵਿਚ ਕਾਈਹੋਗਾ ਕਾਊਂਟੀ ਦੀ ਇਹ ਸੀਟ ਅਤੇ ਰਾਜ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਈਰੀ ਝੀਲ ਦੇ ਦੱਖਣੀ ਤੱਟ ਤੇ ਇਕ ਵੱਡੀ ਲਾਰੈਂਸ ਸੀਵੇ ਬੰਦਰਗਾਹ ਹੈ ਜੋ 'ਕਾਈਹੋਗਾ' ਦਰਿਆ ਦੇ ਮੁਹਾਣੇ ਉੱਪਰ ਸਥਿਤ ਹੈ । ਜ਼ਿਆਦਾ ਕਰਕੇ ਸ਼ਹਿਰ ਇਕ ਮੈਦਾਨ ਉਪਰ ਵਸਿਆ ਹੋਇਆ ਹੈ ਜੋ ਝੀਲ ਤੋਂ 18-25 ਮੀ. ਦੀ ਉਚਾਈ ਤੇ ਹੈ ਅਤੇ ਇਸ ਨੂੰ ਲਗਭਗ ਇਕ ਕਿ. ਮੀ. ਚੌੜੀ ਵਾਦੀ, ਜਿਸਨੂੰ 'ਫਲੈਟਸ' ਆਖਦੇ ਹਨ, ਵੰਡਦੀ ਹੈ । ਅੰਗਰੇਜ਼ਾਂ ਦੇ ਪਹੁੰਚਣ ਤੋਂ ਪਹਿਲਾਂ ਫਰਾਂਸੀਸੀਆਂ ਅਤੇ ਇੰਡੀਅਨਾਂ ਨੇ ਲੋਅਰ ਕਾਈਹੋਗਾ ਘਾਟੀ ਵਿਚ ਵਪਾਰਕ ਚੌਕੀਆਂ ਸਥਾਪਤ ਕੀਤੀਆਂ ਹੋਈਆਂ ਸਨ ।

ਸੰਨ 1825 ਵਿਚ ਈਰੀ ਨਹਿਰ ਮੁਕੰਮਲ ਹੋਣ ਨਾਲ ਅਤੇ ਰੇਲ ਮਾਰਗਾਂ ਦੇ ਪਸਾਰ ਨਾਲ ਵਪਾਰਕ ਅਤੇ ਸਨੱਅਤੀ ਪੱਖੋਂ ਸ਼ਹਿਰ ਨੇ ਕਾਫ਼ੀ ਤਰੱਕੀ ਕੀਤੀ । 1855 ਵਿਚ ਮਿਸ਼ੀਗਨ ਅਤੇ ਕੈਨੇਡਾ ਵਿਚਕਾਰ 'ਸੂ' ਨਹਿਰ ਖੁਲ੍ਹਣ ਨਾਲ ਕਲੀਵਲੈਂਡ 'ਈਰੀ' ਝੀਲ ਦਾ ਆਵਾਜਾਈ ਦਾ ਕੇਂਦਰ ਬਣ ਗਿਆ । ਖ਼ਾਨਾ-ਜੰਗੀ ਮਗਰੋਂ ਇਹ ਬਹੁਤ ਹੀ ਸਨੱਅਤੀ ਤਰੱਕੀ ਕਰ ਗਿਆ । 20ਵੀਂ ਸਦੀ ਦੇ ਚੌਥੇ ਦਹਾਕੇ ਤਕ ਕਲੀਵਲੈਂਡ ਇਕ ਮਾਡਰਨ ਸ਼ਹਿਰ ਬਣ ਗਿਆ ।

ਸ਼ਹਿਰ ਦੀ ਆਰਥਿਕਤਾ ਭਾਰੀ ਉਦਯੋਗਾਂ ਉਪਰ ਨਿਰਭਰ ਹੈ । ਇਥੇ ਬਹੁਤ ਤਰ੍ਹਾਂ ਦਾ ਨਿਰਮਾਣ ਹੁੰਦਾ ਹੈ ਜਿਸ ਵਿਚ ਲਗਭਗ ਸਾਰੀ ਹੀ ਭਾਰੀ ਮਸ਼ੀਨਰੀ ਸ਼ਾਮਲ ਹੈ। ਕਲੀਵਲੈਂਡ 400 ਨਾਲੋਂ ਜ਼ਿਆਦਾ ਮੈਡੀਕਲ ਅਤੇ ਸਨੱਅਤੀ ਖੋਜ ਕੇਂਦਰਾਂ ਦਾ ਸਦਰ ਮੁਕਾਮ ਹੈ । ਨੈਸ਼ਨਲ ਐਰੋਨਾਟਿਕਸ ਐਂਡ ਸਪੇਸ ਐਡਮਿਨਸਟਰੇਸ਼ਨ ਲਿਊਸ ਰੀਸਰਚ ਸੈਂਟਰ ਵੀ ਇਨ੍ਹਾਂ ਖੋਜ-ਕੇਂਦਰਾਂ ਵਿਚੋਂ ਇਕ ਹੈ । ਕਲੀਵਲੈਂਡ ਵਿਦਿਅਕ ਅਦਾਰਿਆਂ ਦਾ ਗੜ੍ਹ ਹੈ । ਇਥੇ ਕਈ ਯੂਨੀਵਰਸਿਟੀਆਂ, ਕਈ ਕਿਸਮ ਦੇ ਕਾਲਜ ਅਤੇ ਸਕੂਲ ਮੌਜੂਦ ਹਨ । ਔਰਤਾਂ ਲਈ ਤਿੰਨ ਰੋਮਨ ਕੈਥੋਲਿਕ ਕਾਲਜ ਹਨ । ਯੂਨੀਵਰਸਿਟੀ ਸਰਕਲ ਡੀਵੈਲਪਮੈਂਟ ਫਾਉਂਡੇਸ਼ਨ ਅਧੀਨ ਕੇਸ ਵੈਸਟਰਨ ਰੀਜ਼ਰਵ ਯੂਨੀਵਰਸਿਟੀ ਦੇ 370 ਹੈਕਟੇਅਰ ਜਗ੍ਹਾ ਵਿਚ ਹਰ ਪਹਿਲੂ ਨਾਲ ਸਬੰਧਤ 30 ਨਾਲੋਂ ਜ਼ਿਆਦਾ ਸਭਿਆਚਾਰਕ ਅਤੇ ਧਾਰਮਿਕ ਅਦਾਰੇ ਬਣਾਉਣ ਦੀ ਇਕ 20 ਸਾਲਾ ਮਾਸਟਰ ਪਲੈਨ ਬਣਾਈ ਗਈ ਹੈ ।

ਆਬਾਦੀ—572,532 (1980)
41° 30′ ਉ. ਵਿ. ; 81° 41′ ਪੱ. ਲੰਬ.
ਹ. ਪੁ.—ਐਨ. ਬ੍ਰਿ. ਮਾ. 2 : 993

**ਕਲੀਵਲੈਂਡ** : ਸ਼ਹਿਰ–ਟੈਨੈਸੀ ਰਾਜ (ਸ. ਰ. ਅ.) ਦਾ ਇਹ ਇਕ ਸ਼ਹਿਰ ਅਤੇ ਬਰੈਡਲੇ ਕਾਉਂਟੀ ਦੀ ਸੀਟ ਹੈ ਜੋ ਚੈਟਾਨੂਗਾ ਦੇ ਉੱਤਰ ਪੂਰਬ ਵਲ ਵਾਕਿਆ ਹੈ । ਚੈਰੋਕੀ ਇੰਡੀਅਨਾਂ ਤੋਂ ਇਹ ਇਲਾਕਾ ਖਾਲੀ ਕਰਵਾ ਕੇ 1832 ਈ. ਵਿਚ ਇਹ ਸ਼ਹਿਰ ਆਬਾਦ ਕੀਤਾ ਗਿਆ ਸੀ ਅਤੇ ਇਸ ਦਾ ਨਾਂ ਕਰਨਲ ਬੈਂਜਮਿਨ ਕਲੀਵਲੈਂਡ, ਜੋ ਇਕ ਕ੍ਰਾਂਤੀਕਾਰੀ ਜੰਗ ਦਾ ਕਮਾਂਡਰ ਸੀ, ਦੇ ਨਾਂ ਪਿੱਛੇ ਰੱਖਿਆ ਗਿਆ ।

ਸ਼ਹਿਰ ਦੀ ਆਰਥਿਕਤਾ ਖੇਤੀਬਾੜੀ (ਸਬਜ਼ੀਆਂ, ਸਟ੍ਰਾਬਰੀ ਕਪਾਹ ਤੇ ਕਣਕ) ਅਤੇ ਸਨੱਅਤ ਉਪਰ ਨਿਰਭਰ ਹੈ । ਇਥੋਂ ਦੇ ਨਿਰਮਾਣ ਵਿਚ ਗੈਸ ਤੇ ਬਿਜਲੀ ਦਾ ਸਾਮਾਨ, ਫਰਨੀਚਰ, ਸੂਤੀ ਕਪੜਾ, ਫਾਰਮੀ ਮਸ਼ੀਨਰੀ, ਰਸਾਇਣ, ਮੈਗੇਨੀਜ਼, ਬੈਟਰੀਆਂ ਅਤੇ ਮਿਸਤਰੀਆਂ ਦੇ ਔਜ਼ਾਰ ਆਦਿ ਸ਼ਾਮਲ ਹਨ ।

ਕਲੀਵਲੈਂਡ ਚੈਰੋਕੀ ਨੈਸ਼ਨਲ ਫਾਰੈਸਟ ਦਾ ਸਦਰ ਮੁਕਾਮ ਹੈ । ਇਥੇ ਲੀ ਕਾਲਜ ਅਤੇ ਕਲੀਵਲੈਂਡ ਸਟੇਟ ਕਮਿਉਨਿਟੀ ਕਾਲਜ ਹਨ । ਦੇਸ਼ ਦੇ ਕਈ ਮੁੱਖ ਦਫ਼ਤਰ ਇਥੇ ਹਨ ਅਤੇ ਇਸ ਸ਼ਹਿਰ ਵਿਚ ਚਰਚ ਆਫ਼ ਗੌਡ ਅਤੇ ਪਬਲਿਸ਼ਿੰਗ ਹਾਊਸ ਹਨ ।

ਆਬਾਦੀ—20,651 (1970)
35° 10′ ਉ. ਵਿਥ. ; 84° 53′ ਪੱ. ਲੰਬ
ਹ. ਪੁ.—ਐਨ. ਬ੍ਰਿ. ਮਾ. 2 : 992

**ਕਲੀਵਲੈਂਡ** : ਸ਼ਹਿਰ–ਮਿਸਿੱਸਿਪੀ ਰਾਜ (ਸ. ਰ. ਅ.) ਵਿਚ ਬਾਲੀਵਾਰ ਕਾਉਂਟੀ ਦਾ ਇਹ ਇਕ ਸ਼ਹਿਰ ਹੈ ਜੋ ਡੈਲਟਾ ਖੇਤਰ ਵਿਚ ਵਾਕਿਆ ਹੈ । ਇਹ ਇਕ ਜ਼ਰਾਇਤੀ ਵਪਾਰਕ ਕੇਂਦਰ ਹੈ । ਇਥੇ ਹਲਕੇ ਫੁਲਕੇ ਉਦਯੋਗ ਹਨ ਜਿਨ੍ਹਾਂ ਵਿਚ ਦਵਾਈਆਂ ਅਤੇ ਧਾਤ ਦੀਆਂ ਬਣੀਆਂ ਵਸਤਾਂ ਦਾ ਨਿਰਮਾਣ ਹੁੰਦਾ ਹੈ । ਇਥੇ ਇਕ ਡੈਲਟਾ ਸਟੇਟ ਕਾਲਜ (1925) ਹੈ ।

ਆਬਾਦੀ—13,327 (1970)
30° 45′ ਉ. ਵਿਥ. ; 90° 50′ ਪੂ. ਲੰਬ.
ਹ. ਪੁ.—ਐਨ. ਬ੍ਰਿ. ਮਾ. 2 : 993

**ਕਲੀਵਲੈਂਡ, ਸਟੀਵਨ ਗਰੋਵਰ** : ਸੰਯੁਕਤ ਰਾਜ ਅਮਰੀਕਾ ਦੇ ਇਸ ਵਿਸ਼ਵ ਪ੍ਰਸਿੱਧ ਪ੍ਰਧਾਨ ਅਤੇ ਲਿਬਰਲ ਡੈਮੋਕ੍ਰੇਟਿਕ ਨੇਤਾ ਦਾ



ਸਟੀਫਨ ਗਰੋਵਰ ਕਲੀਵਲੈਂਡ

ਜਨਮ 18 ਮਾਰਚ, 1837 ਨੂੰ ਕਾਲਡਵੈਲ ਵਿਖੇ ਹੋਇਆ । ਇਹ ਅਮਰੀਕਾ ਦਾ ਦੋ ਵਾਰ (1885 ਤੋਂ 1889 ਅਤੇ 1893 ਤੋਂ 1897 ਤਕ) ਪ੍ਰਧਾਨ ਬਣਿਆ । ਪੱਛਮੀ ਨਿਊਯਾਰਕ ਵਿਚ ਇਕ ਵਕੀਲ ਵਜੋਂ ਕਿੱਤਾ ਕਰਦਿਆਂ ਇਸਨੇ ਰਿਪਬਲੀਕਨ ਪਾਰਟੀ ਵਲੋਂ ਹਾਵੀ ਰਾਸ਼ਟਰੀ ਸਿਆਸਤ ਵਿਚ ਲਿਆਂਦੇ ਗਏ ਭ੍ਰਿਸ਼ਟਾਚਾਰ ਵਿਰੁਧ ਸੁਧਾਰਾਂ ਦਾ ਬੀੜਾ ਚੁੱਕਿਆ । ਇਸ ਦੀ ਦਿਆਨਤਦਾਰੀ ਨੇ ਇਸ ਨੂੰ ਡੈਮੋਕ੍ਰੇਟਿਕ ਸੁਧਾਰਵਾਦੀਆਂ ਦਾ ਪ੍ਰਤੀਨਿਧ ਬਣਾ ਦਿਤਾ । ਆਪਣੀ ਮਿਹਨਤ ਸਦਕਾ ਇਹ 1881-82 ਵਿਚ 'ਬੱਫਾਲੋ' ਦਾ ਸਫ਼ਲ ਮੇਅਰ ਅਤੇ 1883-84 ਵਿਚ ਨਿਊਯਾਰਕ ਦਾ ਗਵਰਨਰ ਬਣਿਆ । ਰਾਸ਼ਟਰੀ ਪੱਧਰ ਤੇ ਪਿਛਲੇ 23 ਸਾਲ ਤੋਂ ਸਤ-ਹੀਣ ਹੋਈ ਡੈਮੋਕ੍ਰੇਟਿਕ ਪਾਰਟੀ ਨੇ 1884 ਵਿਚ ਇਸ ਨੂੰ ਪ੍ਰਧਾਨਗੀ ਪਦ ਲਈ ਨਾਮਜ਼ਦ ਕਰ ਦਿਤਾ । ਇਹ ਨਿਊਯਾਰਕ ਸਿਟੀ ਡੈਮੋਕ੍ਰੇਟਿਕ ਆਰਗੇਨਾਈਜ਼ੇਸ਼ਨ ਦੇ ਵਿਰੋਧ ਦੇ ਬਾਵਜੂਦ ਵੀ ਚੰਗੀ ਲੋਕਪ੍ਰੀਯਤਾ ਨਾਲ ਜਿੱਤਿਆ । ਆਪਣੇ ਪਹਿਲੇ ਪ੍ਰਸ਼ਾਸਨ ਦੇ ਦੌਰਾਨ ਇਸ ਨੇ ਪੈਨਡਲਟਨ ਸਿਵਲ ਸਰਵਿਸ ਐਕਟ 1883 ਦੇ ਉਪਬੰਧ ਲਾਗੂ ਕਰਕੇ ਲਗਭਗ 12,000 ਸੰਘੀ ਆਸਾਮੀਆਂ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ ਕੀਤਾ । ਪਾਰਟੀ ਪ੍ਰਾਈਵੇਟ ਪੈਨਸ਼ਨ ਬਿਲਾਂ ਨੂੰ ਰੋਕਣ ਸਬੰਧੀ ਆਪਣੀ ਵੀਟੋ ਸ਼ਕਤੀ ਵਰਤ ਕੇ ਅਤੇ ਉਚੇਰੇ ਟੈਰਿਫ ਦਾ ਵਿਰੋਧ ਕਰਕੇ ਇਸਨੇ ਆਪਣੀ ਪਾਰਟੀ ਦੇ ਬੌਸਾਂ ਦੀ ਹਮਦਰਦੀ ਗੁਆ ਲਈ । 1888 ਦੀ ਪ੍ਰਧਾਨ ਦੀ ਚੋਣ ਵਿਚ ਟੈਰਿਫ ਦਾ ਮਸਲਾ ਹੀ ਉਭਰ ਕੇ ਸਾਹਮਣੇ ਆਇਆ । ਚੋਣ ਵਿਚ ਇਹ ਹਾਰ ਗਿਆ ਅਤੇ ਨਿਊਯਾਰਕ ਵਿਚ ਵਕਾਲਤ ਕਰਨ ਲੱਗ ਗਿਆ ।

ਚਾਰ ਸਾਲਾਂ ਪਿਛੋਂ ਦੋਨੋਂ ਵੱਡੀਆਂ ਪਾਰਟੀਆਂ, ਜੋ ਹਾਲੀ ਵੀ ਟੈਰਿਫ ਦੇ ਮਾਮਲੇ ਤੇ ਕੇਂਦਰਿਤ ਸਨ, ਨੂੰ ਖੇਤੀ ਆਧਾਰਤ ਪਾਪੂਲਿਸਟ ਪਾਰਟੀ ਨੇ ਚਣੌਤੀ ਦਿਤੀ ਅਤੇ ਤਿਕੋਨੇ ਮੁਕਾਬਲੇ ਵਿਚ ਕਲੀਵਲੈਂਡ ਨੇ ਫਿਰ ਜਿੱਤ ਪ੍ਰਾਪਤ ਕੀਤੀ ।

ਇਸ ਦੇ ਪ੍ਰਾਰੰਭ ਤੋਂ (ਮਾਰਚ, 1893) ਥੋੜ੍ਹਾ ਸਮਾਂ ਪਿਛੋਂ ਹੀ ਦੇਸ਼ ਵਿੱਤੀ ਸਮੱਸਿਆ ਦੀ ਲਪੇਟ ਵਿਚ ਆ ਗਿਆ । ਲੋਕਾਂ ਨੇ ਇਸ ਨੂੰ ਦੋਸ਼ੀ ਠਹਿਰਾਇਆ ਅਤੇ ਇਸ ਦੀ ਪਾਰਟੀ ਵੀ ਇਸ ਤੋਂ ਲਾਂਭੇ ਹੋਣ ਲਗੀ । ਚਾਂਦੀ ਦੀ ਖਰੀਦ ਸਬੰਧੀ 1890 ਦੇ ਐਕਟ ਨੂੰ ਆਰਥਿਕ ਮੰਦਵਾੜੇ ਦਾ ਕਾਰਨ ਦਸ ਕੇ ਇਸਨੇ 1893 ਵਿਚ ਕਾਂਗਰਸ ਪਾਸੋਂ ਇਹ ਐਕਟ ਮਨਸੂਖ ਕਰਵਾ ਦਿਤਾ, ਪਰ ਇਸ ਕਾਰਵਾਈ ਨਾਲ ਵੀ ਦੇਸ਼ ਦੀ ਆਰਥਿਕ ਸਥਿਤੀ ਵਿਚ ਕੋਈ ਸੁਧਾਰ ਨਾ ਹੋਇਆ । ਸਰਕਾਰ ਦੀ ਸੋਨਾ ਸਪਲਾਈ ਸਬੰਧੀ ਨਿਘਰਦੀ ਹਾਲਤ ਨੂੰ ਸੁਧਾਰਨ ਲਈ ਇਸ ਨੇ 3,500,000 ਔਂਸ ਸੋਨਾ ਪ੍ਰਾਈਵੇਟ-ਪੂੰਜੀਪਤੀਆਂ ਪਾਸੋਂ ਜਿਹੜੇ ਕਿ ਇਸ ਧੰਦੇ ਵਿਚੋਂ ਬਹੁਤ ਜ਼ਿਆਦਾ ਮੁਨਾਫਾ ਕਮਾਉਂਦੇ ਸਨ, ਖਰੀਦਣ

ਲਈ ਅਧਿਕਾਰ ਦਿਤਾ। ਸਭ ਕੁਝ ਦੇ ਬਾਵਜੂਦ ਵੀ ਵਪਾਰੀ ਦੁਨੀਆ ਰੌਲਾ ਰੱਪਾ ਪਾਉਂਦੀ ਰਹੀ । ਸ਼ਿਕਾਗੋ ਨੇੜੇ ਪੁਲਮੈਨ ਪੈਲੇਸ ਕਾਰ ਕੰਪਨੀ ਵਿਚ 1894 ਵਿਚ ਫੈਲੇ ਮਜ਼ਦੂਰ ਯੁੱਧ ਨੇ ਇਸ ਅਸ਼ਾਂਤੀ ਵਿਚ ਹੋਰ ਵਾਧਾ ਕੀਤਾ ਜਿਸ ਨਾਲ ਮਿਡਵੈਸਟ ਵਿਚ ਰੇਲਵੇ ਦੀ ਆਮ ਹੜਤਾਲ ਹੋਈ ਅਤੇ ਖ਼ੂਨ ਖਰਾਬਾ ਹੋਇਆ। ਇਸ ਗੜਬੜ ਨੂੰ ਫ਼ੌਜ ਭੇਜ ਕੇ ਇਸ ਨੇ ਕਾਬੂ ਵਿਚ ਲਿਆਂਦਾ ਅਤੇ ਵਪਾਰੀ ਤਬਕੇ ਨੇ ਕਲੀਵਲੈਂਡ ਦੀ ਇਸ ਸਫਲਤਾ ਲਈ ਸ਼ਲਾਘਾ ਕੀਤੀ। ਸੈਨੇਟ ਦਾ ਵਧੇਰੇ ਸਹਿਯੋਗ ਨਾ ਮਿਲਣ ਕਰਕੇ ਇਹ ਕਈ ਗੱਲਾਂ ਵਿਚ ਅਸਫਲ ਰਿਹਾ। ਵਿਦੇਸ਼ੀ ਮਾਮਲਿਆਂ ਵਿਚ ਵੀ ਇਸ ਨੂੰ ਕਈ ਔਕੜਾਂ ਆਈਆਂ। ਸੰਨ 1896 ਵਿਚ ਜਦੋਂ ਨਾਮਜ਼ਦਗੀ ਕਨਵੈਨਸ਼ਨ ਹੋਈ ਤਾਂ ਫਰੀ-ਸਿਲਵਰ ਦੇ ਮੁਦਈਆਂ ਨੇ ਡੈਮੋਕ੍ਰੈਟਿਕ ਪਾਰਟੀ ਉਪਰ ਫਤਹਿ ਹਾਸਲ ਕੀਤੀ ਅਤੇ ਇਸ ਦੀ ਸਹਾਇਤਾ ਨਾਲ ਨੈਸ਼ਨਲ ਡੈਮੋਕ੍ਰੈਟਿਕ ਪਾਰਟੀ ਦੇ ਨਾਂ ਦੀ ਨਵੀਂ ਪਾਰਟੀ ਹੋਂਦ ਵਿਚ ਆਈ। 1896 ਦੀ ਚੋਣ ਵਿਚ ਰਿਪਬਲੀਕਨ ਜਿੱਤ ਗਏ ਅਤੇ ਇਹ ਆਪਣੀ ਮਿਆਦ ਪੂਰੀ ਕਰਕੇ ਮਾਰਚ, 1897 ਵਿਚ ਆਪਣੇ ਘਰ ਚਲਾ ਗਿਆ । ਪਾਰਟੀ ਦੇ ਮਤ-ਭੇਦ ਦੂਰ ਹੋ ਗਏ ਅਤੇ ਇਸ ਨੂੰ ਫਿਰ ਦਿਆਨਤਦਾਰ ਸਰਕਾਰ ਦੇ ਮੁਦੱਈ ਵਜੋਂ ਮਾਣ ਪ੍ਰਾਪਤ ਹੋਇਆ। ਇਹ ਪ੍ਰਿੰਸਟਨ ਯੂਨੀਵਰਸਿਟੀ ਵਿਚ ਟ੍ਰਸਟੀ ਅਤੇ ਲੋਕ ਮਾਮਲਿਆਂ ਬਾਰੇ ਲੈਕਚਰਾਰ ਦੇ ਤੌਰ ਤੇ ਸੇਵਾ ਕਰਦਾ ਰਿਹਾ। ਇਸ ਤੋਂ ਬਿਨਾਂ ਇਹ ਬਹੁਤ ਸਾਰੀਆਂ ਜੀਵਨ ਬੀਮਾ ਕੰਪਨੀਆਂ ਵਿਚ ਕਮਿਸ਼ਨ ਏਜੰਟ ਵਜੋਂ ਵੀ ਕੰਮ ਕਰਦਾ ਰਿਹਾ । ਇਸ ਨੇ 1904 ਵਿਚ "ਪ੍ਰੈਜ਼ੀਡੈਨਸ਼ਲ ਪ੍ਰਾਬਲਮਜ਼" ਪੁਸਤਕ ਵੀ ਲਿਖੀ।

24 ਜੂਨ, 1908 ਨੂੰ ਪ੍ਰਿੰਸਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 994

**ਕਲੀਵਲੈਂਡ, ਜਾਨ :** ਇਸ ਅੰਗਰੇਜ਼ ਸ਼ਾਹੀ ਕਵੀ ਅਤੇ ਰਾਜਸੀ ਵਿਅੰਗ ਦੇ ਜਨਮਦਾਤਾ ਦਾ ਜਨਮ ਜੂਨ, 1613 ਵਿਚ ਲਫਬਰ ਵਿਖੇ ਹੋਇਆ ਅਤੇ ਇਸ ਨੇ ਕ੍ਰਾਈਸਟ ਕਾਲਜ, ਕੈਂਬਰਿਜ ਵਿਖੇ ਵਿਦਿਆ ਪ੍ਰਾਪਤ ਕੀਤੀ। ਸੰਨ 1634 ਵਿਚ ਇਸ ਨੂੰ ਸੇਂਟ ਜਾਨ ਦਾ ਫੈਲੋ ਬਣਾਇਆ ਗਿਆ ਅਤੇ 1642 ਵਿਚ ਗ੍ਰਹਿ ਯੁੱਧ ਸ਼ੁਰੂ ਹੋਣ ਤੇ ਇਸ ਨੇ ਦਰਬਾਰੀ ਕਵੀ ਦੇ ਤੌਰ ਤੇ ਲਿਖਣਾ ਸ਼ੁਰੂ ਕਰ ਦਿੱਤਾ। ਸੰਨ 1655 ਵਿਚ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਹ ਤਿੰਨ ਮਹੀਨੇ ਜੇਲ੍ਹ ਵਿਚ ਰਿਹਾ।

ਇਹ ਆਪਣੇ ਸਮੇਂ ਦਾ ਪ੍ਰਸਿੱਧ ਕਵੀ ਸੀ। ਸੰਨ 1647 ਅਤੇ 1700 ਦੇ ਵਿਚਕਾਰ ਇਸ ਦੀਆਂ ਕਵਿਤਾਵਾਂ ਦੀਆਂ ਲਗਭਗ 30 ਐਡੀਸ਼ਨਾਂ ਛਪੀਆਂ। ਇਸ ਦੀ ਕਵਿਤਾ ਅਧਿਆਤਮਵਾਦ ਅਤੇ ਬੌਧਿਕ ਕਿਸਮ ਦੀ ਸੀ। ਪਰ ਇਸ ਦੀ ਵਧੇਰੇ ਪ੍ਰਸਿੱਧੀ ਰਾਜਸੀ ਵਿਅੰਗਕਾਰ ਵਜੋਂ ਹੋਈ। ਤਕਨੀਕ ਦੇ ਪੱਖ ਤੋਂ ਇਸ ਦੀ ਕਵਿਤਾ ਦੀ ਆਪਣੀ ਵਿਲੱਖਣਤਾ ਹੈ। ਸੰਨ 1658 ਵਿਚ ਇਸ ਦੀ ਮੌਤ ਲੰਡਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 5 : 909.

**ਕਲੂਸ, ਵਿਲੈਮ ਜੋਹਾਨ ਥੀਓਡੋਰ :** ਇਸ ਵਲੰਦੇਜ਼ੀ ਕਵੀ, ਆਲੋਚਕ ਅਤੇ ਸੌਨੈੱਟ ਦੇ ਮਾਹਿਰ ਦਾ ਜਨਮ 6 ਮਈ, 1859 ਨੂੰ ਐਮਸਟਰਡਮ ਵਿਖੇ ਹੋਇਆ। ਇਸ ਨੇ ਕੁਝ ਸਮੇਂ ਲਈ ਪ੍ਰਾਚੀਨ ਸਾਹਿਤ ਦਾ ਅਧਿਐਨ ਕੀਤਾ। ਇਸ ਨੇ 19ਵੀਂ ਸਦੀ ਦੀ ਬੁਰਜੂਆ ਅਤੇ ਰਵਾਇਤੀ ਵਲੰਦੇਜ਼ੀ ਕਵਿਤਾ ਦਾ ਜ਼ਬਰਦਸਤ ਵਿਰੋਧ ਕੀਤਾ ਅਤੇ ਇਸ ਦਾ ਟਾਕਰਾ ਸ਼ੈਲੇ ਅਤੇ ਕੀਟਸ ਦੀਆਂ ਰਚਨਾਵਾਂ ਨਾਲ ਕੀਤਾ, ਜਿਸ ਦੀ ਜਾਣਕਾਰੀ ਉਸ ਸਮੇਂ ਹਾਲੈਂਡ ਵਿਚ ਬਹੁਤ ਘੱਟ ਸੀ। 'De Nieuwe Gids' (1885-1943) ਮੈਗਜ਼ੀਨ ਦਾ ਫਾਊਂਡਰ ਮੈਂਬਰ ਹੋਣ ਕਰਕੇ ਇਸ ਨੇ ਰਸਾਲੇ ਰਾਹੀਂ ਆਧੁਨਿਕ ਵਿਚਾਰਾਂ ਦਾ ਸਮਰਥਨ ਕੀਤਾ ਅਤੇ ਰਵਾਇਤੀ ਕਾਵਿਕ ਭਾਸ਼ਾ ਅਤੇ ਅਲੰਕਾਰਾਂ ਦੀ ਨਿਖੇਧੀ ਕੀਤੀ। ਇਸ ਅਨੁਸਾਰ ਕਲਾ ਵਿਅਕਤੀਗਤ ਭਾਵਾਂ ਦਾ ਵਿਅਕਤੀਗਤ ਪ੍ਰਗਟਾ ਹੈ। ਇਸ ਦਾ ਵਧੀਆ ਕਵਿਤਾ ਸੰਗ੍ਰਹਿ 'Verzen'ਹੈ। ਇਸ ਦੀ ਮੌਤ 31 ਮਾਰਚ, 1938 ਨੂੰ ਹੋਈ।

ਹ. ਪੁ.—ਐਨ. ਬ੍ਰਿ. 13 : 401.

**ਕਲੂਜ :** ਰੋਮਾਨੀਆ ਦੇਸ਼ ਦਾ ਇਹ ਇਕ ਸ਼ਹਿਰ ਹੈ ਜਿਹੜਾ ਕਿ ਟਰਾਂਸਲਵੇਨੀਆ ਦੀ ਇਤਿਹਾਸਕ ਰਾਜਧਾਨੀ ਹੈ। ਇਹ ਬੁਖ਼ਾਰੈਸਟ ਦੇ ਉੱਤਰ-ਪੱਛਮ ਵਿਚ 320 ਕਿ. ਮੀ. ਦੇ ਫ਼ਾਸਲੇ ਤੇ ਵਾਕਿਆ ਹੈ। ਇਹ ਕਲੂਜ ਡਿਸਟ੍ਰਿਕਟ ਦੀ ਰਾਜਧਾਨੀ ਅਤੇ ਰੋਮਾਨੀਆ ਦਾ ਦੂਜਾ ਵੱਡਾ ਸ਼ਹਿਰ ਹੈ। ਮੱਧ ਕਾਲ ਵਿਚ ਇਹ ਇਕ ਬਹੁਤ ਵੱਡਾ ਵਪਾਰਕ ਅਤੇ ਸਭਿਆਚਾਰਕ ਕੇਂਦਰ ਸੀ ਅਤੇ 1405 ਵਿਚ ਹੰਗਰੀ ਦੇ ਬਾਦਸ਼ਾਹ ਨੇ ਇਸ ਨੂੰ ਆਜ਼ਾਦ ਸ਼ਹਿਰ ਦਾ ਰੁਤਬਾ ਦਿਤਾ । 16ਵੀਂ ਸਦੀ ਵਿਚ ਟਰਾਂਸਲਵੇਨੀਆ ਦੀ ਖ਼ੁਦਮੁਖ਼ਤਾਰ ਹਕੂਮਤ ਬਣਾਉਣ ਤੇ ਕਲੂਜ ਬਹੁਤ ਦੇਰ ਤੱਕ ਇਸ ਦੀ ਰਾਜਧਾਨੀ ਰਿਹਾ । ਸੰਨ 1920 ਵਿਚ ਟਰਾਂਸਲਵੇਨੀਆ ਸਮੇਤ ਇਸ ਨੂੰ ਵੀ ਰੋਮਾਨੀਆ ਵਿਚ ਮਿਲਾ ਦਿਤਾ ਗਿਆ। ਇਥੇ ਕਈ ਪ੍ਰਸਿੱਧ ਇਤਿਹਾਸਕ ਇਮਾਰਤਾਂ ਹਨ। ਇਥੇ ਘਰੇਲੂ ਅਤੇ ਉਦਯੋਗਿਕ ਵਰਤੋਂ ਲਈ ਰੈਫ੍ਰਿਜਰੇਟਰ ਅਤੇ ਇਸ ਨਾਲ ਸਬੰਧਤ ਹੋਰ ਸਾਮਾਨ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਰਸਾਇਣਿਕ ਵਸਤਾਂ, ਕਪੜਾ ਅਤੇ ਚਮੜੇ ਦਾ ਸਾਮਾਨ ਬਣਾਉਣ ਦੇ ਬਹੁਤ ਸਾਰੇ ਕਾਰਖਾਨੇ ਹਨ। ਇਹ ਇਕ ਵੱਡਾ ਸਭਿਆਚਾਰਕ ਕੇਂਦਰ ਹੈ । ਕਲੂਜ ਵਿਚ ਲਗਭਗ ਹਰ ਕਿਸਮ ਦੀ ਵਿਦਿਅਕ ਅਤੇ ਉਦਯੋਗਿਕ ਸੰਸਥਾ ਮੌਜੂਦ ਹੈ।

'ਬੇਬਜ਼ ਬਲਵਾਈ ਯੂਨੀਵਰਸਿਟੀ' ਵੀ ਇਥੇ ਹੈ । ਗੁਫ਼ਾਵਾਂ ਦੀ ਖੋਜ ਸਬੰਧੀ ਇਥੇ ਇਕ 'ਸਪੀਲੀਆਲੋਜੀ ਸੰਸਥਾ' ਵੀ ਹੈ ਜੋ ਦੁਨੀਆ ਵਿਚ ਅਜਿਹੀ ਕਿਸਮ ਦੀ ਪਹਿਲੀ ਹੀ ਸੰਸਥਾ ਹੈ । ਇਥੋਂ ਦੇ ਬਨਸਪਤੀ ਵਿਗਿਆਨ ਦੇ ਬਾਗ਼ ਵੀ ਬਹੁਤ ਵੱਡੇ ਹਨ।

ਆਬਾਦੀ—270, 820 (1983)
46° 47′ ਉ. ਵਿਥ. ; 23° 36′ ਪੂ. ਲੰਬ.
ਹ.ਪੁ.—ਐਨ. ਬ੍ਰਿ. ਮਾ.2 : 1011

**ਕੱਲੂ ਪਹਿਲਵਾਨ (ਸਿਤਾਰਾ-ਇ-ਹਿੰਦ) :** ਪੰਜਾਬ (ਭਾਰਤ) ਦੇ ਇਸ ਨਾਮਵਰ ਪਹਿਲਵਾਨ ਦਾ ਜਨਮ 10 ਫਰਵਰੀ, 1863 ਨੂੰ ਅੰਮ੍ਰਿਤਸਰ ਸ਼ਹਿਰ ਵਿਖੇ ਹੋਇਆ । ਇਸ ਦਾ ਅਸਲੀ ਨਾਂ ਅਹਿਮਦ ਬਖ਼ਸ਼ ਸੀ ਪਰੰਤੂ ਮਹਾਰਾਜਾ ਜੋਧਪੁਰ ਨੇ ਲਾਡ ਨਾਲ ਇਸ ਦਾ ਨਾਂ ਕੱਲੂ ਰੱਖ ਦਿਤਾ ਸੀ। ਇਹ ਗੁਲਾਮ ਪਹਿਲਵਾਨ ਦਾ ਛੋਟਾ ਭਰਾ ਸੀ ਅਤੇ 1899 ਵਿਚ ਉਸ ਨਾਲ ਪੈਰਿਸ ਗਿਆ ਸੀ।

ਆਪਣੇ ਵੱਡੇ ਭਰਾ ਦੀ ਮੌਤ ਪਿਛੋਂ, ਸਾਰੇ ਭਾਰਤ ਵਿਚ ਕੇਵਲ ਕੱਲੂ ਪਹਿਲਵਾਨ ਹੀ ਕਿੱਕਰ ਸਿੰਘ ਦਾ ਮੁਕਾਬਲਾ ਕਰਨ ਵਾਲਾ ਰਹਿ ਗਿਆ ਸੀ। ਮਿਲਖੀ ਰਾਮ ਕਿੱਸਾਕਾਰ ਨੇ ਆਪਣੇ ਕਿੱਸੇ ਵਿਚ ਕੱਲੂ ਪਹਿਲਵਾਨ ਬਾਰੇ ਇੰਜ ਲਿਖਿਆ ਹੈ—

ਕਿੱਕਰ ਸਿੰਘ ਤੇ
ਕੱਲੂ ਭਲਵਾਨ ਦਾ ਜੀ,
ਕਿੱਸਾ ਜੋੜਿਆ ਨਾਲ
ਧਿਆਨ ਯਾਰੋ ।
ਰੁਸਤਮਿ-ਹਿੰਦ ਹੋ ਕੇ
ਇਸ ਜਹਾਨ ਵਿਚੋਂ,
ਮਰ ਗਿਆ ਗੁਲਾਮ ਭਲਵਾਨ ਯਾਰੋ ।
ਕੱਲੂ ਓਸ ਦਾ ਸਕਾ ਭਰਾ ਹੋਵੇ,
ਕਿਸੇ ਸ਼ੇਰ ਦੇ ਵਾਂਗ ਜੁਆਨ ਯਾਰੋ ।
ਕਿੱਕਰ ਸਿੰਘ ਦੇ ਨਾਲ
ਹੁਣ ਲੜਾਂਗਾ ਮੈਂ,
ਕੱਲੂ ਆਖਦਾ ਨਾਲ ਜ਼ਬਾਨ ਯਾਰੋ ।

ਕੱਲੂ ਪਹਿਲਵਾਨ ਕਿੱਕਰ



ਕੱਲੂ ਪਹਿਲਵਾਨ

ਸਿੰਘ ਨਾਲ ਸੱਤ ਕੁਸ਼ਤੀਆਂ ਲੜਿਆ । ਇਹ ਕੁਸ਼ਤੀਆਂ ਅੰਮ੍ਰਿਤਸਰ, ਲਾਹੌਰ, ਕਲਕੱਤੇ, ਦਿੱਲੀ, ਮਦਰਾਸ, ਬਨਾਰਸ ਅਤੇ ਬੰਬਈ ਵਿਚ ਹੋਈਆਂ । ਇਨ੍ਹਾਂ ਵਿਚ ਇਹ ਕਿੱਕਰ ਸਿੰਘ ਕੋਲੋਂ ਢਹਿੰਦਾ ਵੀ ਰਿਹਾ ਪਰ ਉਸ ਦੀ ਬੁੱਢੀ ਉਮਰ ਵਿਚ ਉਸ ਨੂੰ ਇਸ ਨੇ ਢਾਹ ਹੀ ਲਿਆ । ਕੁਝ ਕੁਸ਼ਤੀਆਂ ਵਿਚ ਫੈਸਲਾ ਨਾ ਹੋ ਸਕਿਆ ।

ਕਿੱਕਰ ਸਿੰਘ ਨਾਲ ਇਸ ਦੀ ਇਕ ਕੁਸ਼ਤੀ ਲਾਹੌਰ ਵਿਖੇ ਹੋਈ । ਇਸ ਵਿਚ ਕਿੱਕਰ ਸਿੰਘ ਦੀ ਹਥੇਲੀ ਫਟ ਗਈ ਅਤੇ ਖ਼ੂਨ ਦੀਆਂ ਧਾਰਾਂ ਚੱਲ ਪਈਆਂ । ਕਿੱਕਰ ਸਿੰਘ ਨੇ ਅੱਗੇ ਲੜਨ ਤੋਂ ਇਨਕਾਰ ਕਰ ਦਿਤਾ ਪਰੰਤੂ ਮੁਨਸਫ਼ ਨੇ ਉਸ ਨੂੰ ਲੜਨ ਲਈ ਮਜਬੂਰ ਕੀਤਾ ।

ਇਸ ਦੀ ਕਿੱਕਰ ਸਿੰਘ ਨਾਲ ਆਖਰੀ ਕੁਸ਼ਤੀ ਦਿੱਲੀ ਦਰਬਾਰ ਵਿਚ 13 ਦਸੰਬਰ, 1911 ਨੂੰ ਹੋਈ । ਇਹ ਕਿੱਕਰ ਸਿੰਘ ਦੀ ਆਖਰੀ ਕੁਸ਼ਤੀ ਸੀ । ਇਸ ਕੁਸ਼ਤੀ ਵਿਚ ਕੱਲੂ ਜਿੱਤ ਗਿਆ ।

ਕਿੱਕਰ ਸਿੰਘ ਤੋਂ ਬਿਨਾਂ ਇਸਦੀਆਂ ਕਰੀਮ ਬਖਸ਼ ਪੇਲੜੇ ਵਾਲੇ ਨਾਲ ਚਾਰ ਕੁਸ਼ਤੀਆਂ ਹੋਈਆਂ । 1906 ਵਿਚ ਇਸ ਨੇ ਕਰੀਮ ਨੂੰ ਤਿੰਨਾਂ ਮਿੰਟਾਂ ਵਿਚ ਕਲਕੱਤੇ ਵਿਖੇ ਢਾਹ ਕੇ ਰੁਸਤਮਿ-ਹਿੰਦ ਦਾ ਖਿਤਾਬ ਪ੍ਰਾਪਤ ਕੀਤਾ । ਗਾਮੂੰ ਬਾਲੀਵਾਲੇ ਨਾਲ ਵੀ ਇਸ ਨੇ ਚਾਰ ਕੁਸ਼ਤੀਆਂ ਲੜੀਆਂ । ਚੰਨਣ ਕਸਾਈ ਪਹਿਲਵਾਨ ਨੂੰ ਵੀ ਇਸ ਨੇ ਹਰਾਇਆ ਸੀ । 1907 ਵਿਚ ਇਸਨੇ ਕਾਦਰ ਬਖ਼ਸ਼ ਪਹਿਲਵਾਨ ਨੂੰ ਹਰਾਇਆ ਸੀ । ਘੱਕੇ ਪਹਿਲਵਾਨ ਨਾਲ ਵੀ ਇਸ ਦੀ ਇਕ ਕੁਸ਼ਤੀ ਹੋਈ ਜਿਸ ਵਿਚ ਇਸ ਨੂੰ ਜਿੱਤ ਪ੍ਰਾਪਤ ਹੋਈ । ਇਸ ਦੀ ਆਖਰੀ ਕੁਸ਼ਤੀ 1917 ਵਿਚ ਰਜਬ ਪਹਿਲਵਾਨ ਮੁਲਤਾਨੀ ਨਾਲ ਕਲਕੱਤੇ ਵਿਚ ਹੋਈ ਜਿਸ ਵਿਚ ਇਸ ਨੂੰ ਜਿੱਤ ਪ੍ਰਾਪਤ ਹੋਈ ਸੀ ।

ਪਹਿਲਵਾਨ ਦਾ ਕੱਦ-ਕਾਠ ਅਤੇ ਇਸ ਦੀ ਖੁਰਾਕ—ਕੱਲੂ ਪਹਿਲਵਾਨ ਦੇ ਸਰੀਰ ਦੀ ਬਣਤਰ ਸੁਹਣੀ ਸੀ । ਇਸ ਦਾ ਕੱਦ 1.85 ਮੀ. ਅਤੇ ਛਾਤੀ ਦਾ ਘੇਰਾ 1.42 ਮੀ. ਸੀ । ਇਹ ਸੁਭਾਅ ਦਾ ਬੇਹੱਦ ਕਾਹਲਾ ਸੀ ।

ਇਸ ਦੀ ਰੋਜ਼ ਦੀ ਖੁਰਾਕ ਵਿਚ ਇਕ ਕਿਲੋ ਮੱਖਣ, ਅੱਧਾ ਕਿਲੋ ਘੀ, ਪੰਜ ਕਿਲੋ ਦੁੱਧ, ਸੱਤ ਕਿਲੋ ਮਾਸ ਅਤੇ 700 ਗਰਾਮ ਬਦਾਮਾਂ ਦੀਆਂ ਗਿਰੀਆਂ ਹੁੰਦੀਆਂ ਸਨ । ਇਸ ਨੂੰ ਦਹੀਂ ਖਾਣ ਦਾ ਬਹੁਤ ਸ਼ੌਕ ਸੀ ।

1925 ਵਿਚ ਕੱਲੂ ਪਹਿਲਵਾਨ ਦੀ ਗੁਰਦੇ ਦੀ ਤਕਲੀਫ਼ ਕਾਰਨ ਮੌਤ ਹੋ ਗਈ । ਇਸ ਨੂੰ ਅਖਾੜੇ ਕਟੜਾ ਕਰਮ ਸਿੰਘ (ਅੰਮ੍ਰਿਤਸਰ) ਵਿਚ ਦਬਿਆ ਗਿਆ ਅਤੇ ਉਥੇ ਹੀ ਇਸ ਦੀ ਕਬਰ ਬਣਾਈ ਗਈ ।

ਹ. ਪੁ.—ਭਾਰਤ ਦੇ ਪਹਿਲਵਾਨ-ਕ੍ਰਿਤ ਬਲਵੀਰ ਸਿੰਘ ਕੰਵਲ ਪੰਨਾ 56

**ਕਲੂਵਰ, ਹਾਈਨਰਿਕ** : ਇਸ ਪ੍ਰਯੋਗਿਕ ਮਨੋ-ਵਿਗਿਆਨੀ ਅਤੇ ਨਾੜੀ-ਵਿਗਿਆਨੀ ਦਾ ਜਨਮ 25 ਮਈ, 1897 ਨੂੰ ਹਾਲਸਟਾਈਨ (ਹੁਣ ਪੱਛਮੀ ਜਰਮਨੀ ਵਿਚ) ਵਿਖੇ ਹੋਇਆ । ਇਸ ਨੇ ਮਨੁੱਖ ਦੇ ਦਿਮਾਗ਼ ਅਤੇ ਉਸ ਦੇ ਵਤੀਰੇ ਵਿਚਕਾਰ ਸਬੰਧ ਦਰਸਾਉਣ ਲਈ ਕਈ ਤਜਰਬੇ ਕੀਤੇ । ਇਸ ਨੇ ਫ਼ੋਟੋਗ੍ਰਾਫ਼ਿਕ ਵੀਜ਼ੂਅਲ ਮੈਮੋਰੀ ਇਨ ਚਿਲਡਰਨ (1926) ਅਤੇ 'ਪੀਯੋਟੇ ਕੈਕਟਸ' ਤੋਂ ਤਿਆਰ ਕੀਤੀ ਦਵਾਈ ਮੈਸਕੇਲੀਨ ਦੇ ਪ੍ਰਯੋਗ ਨਾਲ ਅੱਖਾਂ ਨੂੰ ਭੁਲੇਖਾ ਪੈਣ (1928) ਆਦਿ ਤੋਂ ਲੈ ਕੇ ਮਨੁੱਖ ਅਤੇ ਦੂਜੇ ਜੀਵ-ਜੰਤੂਆਂ ਦੀ ਨਾੜੀ ਰਚਨਾ ਅਤੇ ਪ੍ਰਤੱਖ ਗਿਆਨ-ਸਬੰਧੀ ਖੋਜਾਂ ਕੀਤੀਆਂ । ਜਦੋਂ ਇਹ ਸ਼ਿਕਾਗੋ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ (1933-63) ਸੀ ਤਾਂ ਇਸ ਨੇ 'ਬੀਹੇਵੀਅਰ ਮਕੈਨਿਜ਼ਮਜ਼ ਇਨ ਮਾਂਕੀਜ਼' ਨਾਮੀ ਪੁਸਤਕ ਲਿਖੀ ਜਿਸ ਨੇ ਵਿਵਹਾਰ ਅਤੇ ਨਾੜੀ-ਵਿਗਿਆਨ ਸਬੰਧੀ ਖੋਜ ਉਤੇ ਬਹੁਤ ਪ੍ਰਭਾਵ ਪਾਇਆ । 'ਕਲੂਵਰ ਬੂਸੀ ਸਿਨਡ੍ਰੋਮ' ਰਾਹੀਂ ਇਸ ਨੇ ਬਾਂਦਰਾਂ ਦੇ ਦਿਮਾਗ਼ ਵਿਚੋਂ ਪੁੜਪੁੜੀ ਖੰਨ ਨੂੰ ਕੱਟ ਦੇਣ ਨਾਲ ਵਿਵਹਾਰ ਅਤੇ ਮਨੋਵਿਗਿਆਨਕ ਪ੍ਰਭਾਵਾਂ ਦੀ ਵਿਆਖਿਆ ਕੀਤੀ ਹੈ । ਇਸ ਖੋਜ ਨੇ ਦਿਮਾਗ਼ ਦੇ ਗ਼ੈਰ ਸੰਵੇਦਕੀ ਖੇਤਰਾਂ ਦੀ ਰਚਨਾ ਬਾਰੇ ਵਿਚਾਰਧਾਰਾ ਉਤੇ ਬਹੁਤ ਪ੍ਰਭਾਵ ਪਾਇਆ ।

ਆਪਣੇ ਜੀਵਨ ਦੇ ਅੰਤਮ ਵਰ੍ਹਿਆਂ ਵਿਚ ਇਸ ਨੇ ਆਪਣਾ ਧਿਆਨ ਨਾੜੀ-ਰਸਾਇਣ-ਵਿਗਿਆਨ ਖ਼ਾਸ ਕਰਕੇ ਦਿਮਾਗ਼ ਵਿਚਲੇ ਫਰੀ ਪਾਰਫਿਰਿੰਜ਼ ਵਲ ਮੋੜਿਆ । ਇਸ ਦੁਆਰਾ ਨਾੜੀ ਟਿਸ਼ੂ ਰੰਗਣ ਸਬੰਧੀ ਕੀਤੇ ਕੰਮ ਦਾ, ਦੂਜੇ ਖੋਜੀਆਂ ਨੇ ਬਹੁਤ ਪ੍ਰਯੋਗ ਕੀਤਾ । ਇਸ ਨੇ 1966 'ਵਿਚ ਮੈਸਕਲ ਐਂਡ ਮਕੈਨਿਜ਼ਮ ਆਫ਼ ਹੈਲੂਸੀਨੇਸ਼ਨਜ਼' ਨਾਮੀ ਪੁਸਤਕ ਵੀ ਲਿਖੀ ।

ਹ. ਪੁ.—ਐਨ. ਬ੍ਰਿ. ਮਾ. 5 : 854

**ਕਲੂਵਰ, ਫਿਲਿਪ** : ਯੂਰਪ ਦੇ ਭੂਗੋਲਿਕ ਗਿਆਨ ਦੇ ਖੇਤਰ ਵਿਚ ਜਾਗਰਤੀ ਲਿਆਉਣ ਵਾਲੀ ਇਸ ਨਾਮਵਰ ਸਖ਼ਸ਼ੀਅਤ ਅਤੇ ਇਤਿਹਾਸਕ ਭੂਗੋਲ ਦੇ ਬਾਨੀ ਦਾ ਜਨਮ ਸੰਨ 1580 ਨੂੰ ਡੈਨਜ਼ਿਗ (ਪੋਲੈਂਡ) ਵਿਖੇ ਹੋਇਆ । ਫ਼ੌਜੀ ਦੇ ਰੂਪ ਵਿਚ ਸੇਵਾ ਕਰਨ ਅਤੇ ਫਿਰ ਯੂਰਪ ਦੇ ਬਹੁਤ ਸਾਰੇ ਹਿੱਸਿਆਂ ਦਾ ਸਫ਼ਰ ਕਰਨ ਉਪਰੰਤ ਇਹ ਸੰਨ 1615 ਵਿਚ ਲਾਈਡਨ ਵਿਖੇ ਰਹਿਣ ਲੱਗ ਪਿਆ । ਅਗਲੇ ਸਾਲ ਇਹ ਲਾਈਡਨ ਵਿਖੇ 'ਅਕਾਦਮਿਕ ਭੂਗੋਲ ਵਿਗਿਆਨੀ' ਨਿਯੁਕਤ ਕਰ ਦਿਤਾ ਗਿਆ । ਇਤਿਹਾਸ ਅਤੇ ਸਨਾਤਨੀ ਲੇਖਕਾਂ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਪ੍ਰੇਰਿਤ ਹੋ ਕੇ ਇਸ ਦਾ ਭੂਗੋਲ ਦੇ ਵਿਸ਼ੇ ਵੱਲ ਰੁਝਾਅ ਹੋ ਗਿਆ । *'Introduction in Universam Geographiam'* (1924) (ਸਮੁੱਚੇ ਭੂਗੋਲ ਦੀ ਜਾਣ ਪਛਾਣ) ਇਸਦੀਆਂ ਸਾਰੀਆਂ ਰਚਨਾਵਾਂ ਵਿਚੋਂ ਸਭ ਤੋਂ ਪ੍ਰਸਿੱਧ ਪੁਸਤਕ ਹੈ । ਇਸ ਪੁਸਤਕ ਦੀਆਂ ਪਹਿਲੀਆਂ ਛੇ ਜਿਲਦਾਂ ਵਿਚ ਧਰਤੀ ਬਾਰੇ ਵਿਚਾਰ ਪ੍ਰਗਟਾਏ ਗਏ ਹਨ । ਪਰ ਪ੍ਰਸਿੱਧੀ ਇਸਨੂੰ ਪਿਛਲੀਆਂ ਪੰਜ ਜਿਲਦਾਂ ਕਾਰਨ ਹੀ ਪ੍ਰਾਪਤ ਹੋਈ । ਇਨ੍ਹਾਂ ਜਿਲਦਾਂ ਵਿਚ ਵੱਖ-ਵੱਖ ਦੇਸ਼ਾਂ ਬਾਰੇ ਥੋੜ੍ਹੇ-ਥੋੜ੍ਹੇ ਵਰਨਣ ਦਿਤੇ ਗਏ ਹਨ ਅਤੇ ਨਾਲ ਹੀ ਮਨੁੱਖੀ ਅਤੇ ਇਤਿਹਾਸਕ ਚਿੰਤਨ ਉੱਤੇ ਜ਼ੋਰ ਦਿਤਾ ਗਿਆ ਹੈ ।

31 ਦਸੰਬਰ, 1622 ਨੂੰ ਨੀਦਰਲੈਂਡਜ਼ ਵਿਚ ਲਾਈਡਨ ਵਿਖੇ ਇਸਦੀ ਮੌਤ ਹੋਈ ।

ਹ. ਪੁ.—ਐਨ. ਬ੍ਰਿ. ਮਾ. 2 : 1013

**ਕਲੇਅਰ** : ਆਇਰਲੈਂਡ ਗਣਰਾਜ ਦੇ ਮਨਸਟਰ ਪ੍ਰਾਂਤ ਦੀ ਇਹ ਇਕ ਕਾਊਂਟੀ ਹੈ । ਇਸ ਦੇ ਉੱਤਰ ਵਿਚ ਖਾੜੀ ਗਾਲਵੇ ਅਤੇ ਪੱਛਮ ਵਿਚ ਅੰਧ ਮਹਾਂਸਾਗਰ ਹੈ । ਇਸਦਾ ਰਕਬਾ 3188 ਵ. ਕਿ.ਮੀ. ਅਤੇ ਆਬਾਦੀ 87,567 (1981) ਹੈ । ਐਨਸ ਇਸ ਕਾਊਂਟੀ ਦਾ ਸਦਰ ਮੁਕਾਮ ਹੈ । ਕਾਊਂਟੀ ਦੇ ਪੂਰਬ ਵਿਚ ਪਹਾੜੀਆਂ ਹਨ । ਕੇਂਦਰ ਵਿਚ ਚਰਾਗਾਹਾਂ ਅਤੇ ਮੈਦਾਨ ਹਨ ਅਤੇ ਇਸ ਦਾ ਪੱਛਮੀ ਹਿੱਸਾ ਪਠਾਰਾਂ ਨੇ ਢੱਕਿਆ ਹੋਇਆ ਹੈ ।

ਇਥੇ ਸਰਦੀ ਘੱਟ ਪੈਂਦੀ ਹੈ ਅਤੇ ਗਰਮੀਆਂ ਵਿਚ 100 ਤੋਂ 150 ਸੈਂ. ਮੀ. ਸਲਾਨਾ ਵਰਖਾ ਹੁੰਦੀ ਹੈ ।

ਕਾਊਂਟੀ ਦਾ 2/3 ਤੋਂ ਵੱਧ ਭਾਗ ਫ਼ਸਲਾਂ ਅਤੇ ਚਰਾਗਾਹਾਂ ਅਧੀਨ ਹੈ । ਜਵੀਂ ਅਤੇ ਆਲੂ ਇਥੋਂ ਦੀਆਂ ਮੁੱਖ ਫ਼ਸਲਾਂ ਹਨ ।

ਇਥੋਂ ਦੀਆਂ ਵਧੇਰੇ ਬਸਤੀਆਂ ਛੋਟੇ-ਛੋਟੇ ਵਪਾਰਕ ਕੇਂਦਰ ਹਨ । ਕਾਊਂਟੀ ਵਿਚ ਈਸਾਈਆਂ ਦੇ ਕਈ ਪ੍ਰਾਚੀਨ ਅਤੇ ਪ੍ਰਸਿੱਧ ਅਸਥਾਨ ਮਿਲਦੇ ਹਨ ।

ਹ. ਪੁ.—ਐਨ. ਬ੍ਰਿ. 5 : 864

**ਕਲੇਅਰ, ਜੌਨ** : ਇਹ ਅੰਗਰੇਜ਼ੀ ਦੇ ਪ੍ਰਸਿੱਧ ਕਵੀਆਂ ਵਿਚੋਂ ਇਕ ਸੀ ਜਿਸ ਦਾ ਜਨਮ 17 ਜੁਲਾਈ, 1793 ਨੂੰ ਨਾਰਥੈਂਪਟਨਸ਼ਿਰ ਦੇ ਇਕ ਪਿੰਡ ਹੈਲਪਸਟੋਨ ਵਿਖੇ ਹੋਇਆ । ਕਲੇਅਰ ਦੀ ਸਕੂਲੀ ਵਿਦਿਆ ਅਤੇ ਪੁਸਤਕਾਂ ਤੱਕ ਪਹੁੰਚ ਬਹੁਤ ਘੱਟ ਸੀ ਪਰ ਇਸ ਦੀ ਯਾਦਾਸ਼ਤ ਬੜੀ ਤੇਜ਼ ਸੀ ਅਤੇ ਇਸ ਦੀ ਕਾਵਿਕ ਪ੍ਰਤਿਭਾ 12 ਸਾਲ ਤੋਂ ਹੀ ਪਰਗਟ ਹੋਣ ਲੱਗ ਪਈ ਸੀ ਜੋ ਇਸ ਨੂੰ ਆਪਣੇ ਮਾਤਾ-ਪਿਤਾ ਤੋਂ

ਪ੍ਰਾਪਤ ਹੋਈ ਸੀ। ਇਸ ਦੀਆਂ ਮੁੱਢਲੀਆਂ ਕਵਿਤਾਵਾਂ ਜੌਨ ਕਨਿੰਘਮ, ਐਲਨ ਰੋਮਜ਼ੇ ਅਤੇ ਜੇਮਜ ਥਾਮਸਨ ਦੀ ਯਾਦ ਵਿਚ ਲਿਖੀਆਂ ਗਈਆਂ ਸਨ। ਸੰਨ 1817 ਵਿਚ ਇਸ ਨੇ ਆਪਣੀਆਂ ਕਵਿਤਾਵਾਂ ਦੀ ਜਿਲਦ ਚੰਦੇ ਦੇ ਆਸਰੇ ਛਪਵਾਉਣੀ ਚਾਹੀ ਪਰ ਅਸਫ਼ਲ ਰਿਹਾ। ਸੰਨ 1820 ਵਿਚ ਕਲੇਅਰ ਦੀ ਪਹਿਲੀ ਪੁਸਤਕ 'ਪੋਇਮਜ਼ ਡਿਸਕ੍ਰਿਪਟਿਵ ਆਫ਼ ਰੂਰਲ ਲਾਈਫ਼ ਐਂਡ ਸੀਨਰੀ' ਛਪੀ ਸੀ, ਜਿਸ ਕਰਕੇ ਲੰਡਨ ਦੇ ਸਾਹਿਤਕ ਖੇਤਰ ਵਿਚ ਹਲਚਲ ਮਚ ਗਈ ਅਤੇ ਸਾਲ ਵਿਚ ਇਸ ਦੀਆਂ ਚਾਰ ਐਡੀਸ਼ਨਾਂ ਛਪੀਆਂ। ਇਸ ਦੀਆਂ ਅਗਲੀਆਂ ਦੋ ਰਚਨਾਵਾਂ ਐਸੀ ਪ੍ਰਸਿੱਧੀ ਨਾ ਪ੍ਰਾਪਤ ਕਰ ਸਕੀਆਂ। ਇਸ ਦਾ ਜੀਵਨ ਬੜਾ ਇਕਾਂਤਵਾਸੀ ਸੀ। ਲੰਡਨ ਜਾਣ ਤੇ ਇਸ ਦੀ ਦੋਸਤੀ ਚਾਰਲਸ ਲੈਂਬ, ਐਲਨ ਕਨਿੰਘਮ, ਜਾਰਜ ਡਾਰਲੇ ਤੇ ਐਚ. ਐਫ਼. ਕੈਰੀ ਨਾਲ ਹੋਈ ਪਰ ਇਸ ਦਾ ਜੀਵਨ ਗਰੀਬੀ, ਚਿੰਤਾ ਅਤੇ ਨਿਰਾਸ਼ਾ ਭਰਿਆ ਸੀ। ਇਹ ਅੰਗਰੇਜ਼ੀ ਦੇ ਰੋਮਾਂਸ-ਵਾਦੀ ਕਵੀਆਂ ਦੇ ਗਰੁੱਪ ਵਿਚੋਂ ਇਕ ਸੀ। ਇਸ ਦੀਆਂ ਮੁੱਢਲੀਆਂ ਰਚਨਾਵਾਂ ਬੜੀਆਂ ਹੀ ਭਾਵੁਕ, ਵਿਸਤ੍ਰਿਤ ਅਤੇ 19ਵੀਂ ਸਦੀ ਦੇ ਮੁੱਢ ਨਾਲ ਸਬੰਧਤ ਸਨ ਪਰ ਇਸ ਨੂੰ ਬਹੁਤ ਮਹੱਤਤਾ ਪ੍ਰਾਪਤ ਨਾ ਹੋਈ। ਇਸ ਦੀ ਮੌਤ 20 ਮਈ, 1864 ਨੂੰ ਨਾਰਥੈਂਪਟਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 5 : 863.

**ਕਲੇ, ਹੈਨਰੀ** : ਅਮਰੀਕਾ ਦੇ ਇਸ ਰਾਜਸੀ ਨੇਤਾ ਜੋ ਅਮਰੀਕਨ ਖਾਨਾ ਜੰਗੀ ਦੇ ਸਮੇਂ 'ਮਹਾਨ ਸਮਝੌਤਾਵਾਦੀ' ਮੰਨਿਆ ਗਿਆ ਸੀ, ਦਾ ਜਨਮ 12 ਅਪ੍ਰੈਲ, 1777 ਨੂੰ ਹੈਨੋਵਰ ਵਿਖੇ ਹੋਇਆ। ਇਸਦੀ ਸਕੂਲੀ ਵਿਦਿਆ ਸੀਮਤ ਜਿਹੀ ਸੀ, ਪਰ ਇਸਨੂੰ ਪੜ੍ਹਨ ਦਾ ਬੜਾ ਸ਼ੌਕ ਸੀ। ਵਕਾਲਤ ਪਾਸ ਕਰਨ ਉਪਰੰਤ ਇਹ ਦੀਵਾਨੀ ਤੇ ਫੌਜਦਾਰੀ ਮੁਕਦਮਿਆਂ ਦਾ ਮਾਹਿਰ ਵਕੀਲ ਸਿੱਧ ਹੋਇਆ ਅਤੇ 1800 ਤਕ ਇਹ ਕੈਂਟਕੀ ਦੇ ਪ੍ਰਸਿੱਧ ਵਕੀਲਾਂ ਵਿਚੋਂ ਇਕ ਸੀ।

ਲੈਕਸਿੰਗਟਨ ਪਹੁੰਚਣ ਤੋਂ ਕੁਝ ਦੇਰ ਮਗਰੋਂ ਇਸ ਦੀਆਂ ਰਾਜਸੀ ਸਰਗਰਮੀਆਂ ਸ਼ੁਰੂ ਹੋ ਗਈਆਂ ਸਨ। ਇਸਨੇ ਰਾਜ ਦੇ ਸੁਤੰਤਰ ਸੰਵਿਧਾਨ ਦੀ ਮੰਗ ਕੀਤੀ ਅਤੇ 1803 ਵਿਚ ਇਹ ਕੈਂਟਕੀ ਵਿਧਾਨ ਲਈ ਚੁਣਿਆ ਗਿਆ। 1806 ਵਿਚ ਇਸਨੇ ਆਰਨ ਬੱਰ ਦੇ ਕਾਉਂਸਲ ਵਜੋਂ ਕੰਮ ਕੀਤਾ, ਜੋ ਕੈਂਟਕੀ ਦੀ ਮਹਾਂਨ ਜਿਊਰੀ ਦੀ ਛਾਣਬੀਨ ਅਧੀਨ ਸੀ। ਇਹ 30 ਸਾਲ ਦੀ ਉਮਰ ਵਿਚ ਸੈਨੇਟਰ ਬਣਿਆ। ਇਸਨੇ ਇਕ ਅਜਿਹੇ ਸੰਵਿਧਾਨ ਦਾ ਸਮਰਥਨ ਕੀਤਾ ਜੋ ਸੜਕਾਂ, ਨਹਿਰਾਂ ਅਤੇ ਹੋਰ ਅੰਦਰੂਨੀ ਸੁਧਾਰਾਂ ਲਈ ਫੈਡਰਲ ਫੰਡਾਂ ਦੀ ਵਰਤੋਂ ਦੀ ਆਗਿਆ ਦੇਂਦਾ ਸੀ। 1807 ਤੋਂ 1809 ਤਕ ਇਹ ਕੈਂਟਕੀ ਵਿਧਾਨ ਸਭਾ ਵਿਚ ਰਿਹਾ। ਇਹ ਆਪਣੇ ਆਪ ਨੂੰ ਜਨਤਕ ਹਿਤਾਂ ਦਾ ਰਖਵਾਲਾ ਸਮਝਦਾ ਸੀ ਅਤੇ ਇਸਨੇ ਲੋਕ ਸਭਾ ਦੇ ਇਕ ਮੈਂਬਰ ਨਾਲ ਸੈਨੇਟ ਵਿਚ ਖੁਸ਼ੀ ਨਾਲ ਸੀਟ ਬਦਲ ਲਈ। 1811 ਵਿਚ ਇਹ ਲੋਕ ਸਭਾ ਦਾ ਸਪੀਕਰ ਚੁਣਿਆ ਗਿਆ ਅਤੇ ਫਿਰ ਕਈ ਵਾਰ ਸਪੀਕਰ ਬਣਿਆ। 1814 ਵਿਚ ਅਮਰੀਕਨ ਅਮਨ ਕਮਿਸ਼ਨ ਦੇ ਮੈਂਬਰ ਵਜੋਂ ਇਸਨੇ ਅਮਨ ਸੰਧੀ ਦੇ ਕੰਮ ਵਿਚ ਸਰਗਰਮ ਹਿੱਸਾ ਲਿਆ। 1815 ਵਿਚ ਹੈਨਰੀ ਕਲੇ ਅਮਰੀਕਾ ਦਾ ਪ੍ਰਮੁੱਖ ਨੀਤੀਵੇਤਾ ਅਤੇ ਰਾਸ਼ਟਰੀ ਆਗੂ ਵਜੋਂ ਪ੍ਰਸਿੱਧ ਸੀ। ਇਸਨੇ ਉਨ੍ਹਾਂ ਲਾਤੀਨੀ-ਅਮਰੀਕਨ ਦੇਸ਼ ਭਗਤਾਂ ਨੂੰ ਸਹਾਇਤਾ ਦੇਣ ਉਤੇ ਜ਼ੋਰ ਦਿਤਾ ਜੋ ਸਪੇਨ ਤੋਂ ਆਜ਼ਾਦੀ ਲਈ ਲੜੇ ਸਨ। 1823 ਤੋਂ 25 ਤਕ ਇਹ ਫਿਰ ਸਪੀਕਰ ਚੁਣਿਆ ਗਿਆ ਅਤੇ ਸਦਨ ਵਿਚ ਇਸਨੇ ਰਾਸ਼ਟਰਪਤੀ ਦੇ ... ਦੀ ਆਲੋਚਨਾ ਕੀਤੀ।

ਸੰਨ 1824 ਵਿਚ ਰਾਸ਼ਟਰਪਤੀ ਦੇ ਪਦ ਲਈ ਉਮੀਦਵਾਰ ਖੜ੍ਹਾ ਹੋਇਆ ਪਰ ਅਸਫ਼ਲ ਰਿਹਾ। ਪਿਛੋਂ ਇਹ ਰਾਸ਼ਟਰਪਤੀ ਐਡਮ ... ਰਾਜ ਸਕੱਤਰ ਬਣਿਆ। ਕਾਫ਼ੀ ਦੇਰ ਤੋਂ ਚਲਦੀ ਰਾਜਸੀ ਹਲਚਲ ... ਹੈਨਰੀ ਕਲੇ 4 ਮਾਰਚ, 1828 ਨੂੰ ਵਾਪਸ ਲੈਕਸਿੰਗਟਨ ਚਲਾ ... ਪਰ ਰਾਜਸੀ ਸਥਿਤੀ ਤੋਂ ਜਾਣੂ ਰਿਹਾ। ਸੰਨ 1831 ਵਿਚ ਇਸਦਾ ਨਾਂ ਰਾਸ਼ਟਰਪਤੀ ਪਦ ਲਈ ਚੁਣਿਆ ਗਿਆ। ਉਸੇ ਸਾਲ ਇਹ ਸੈਨੇਟ ਵਿਚ ਮੁੜ ਦਾਖਲ ਹੋਇਆ ਅਤੇ ਜੈਕਸਨ ਦਾ ਖੁਲ੍ਹਾ ਵਿਰੋਧ ਕੀਤਾ। ਪਿਛੋਂ ਹੈਰੀਸਨ ਅਤੇ ਟੇਲਰ ਦੋਵੇਂ ਹੀ ਦੇਸ਼ ਨੂੰ ਅਗਵਾਈ ਦੇਣ ਵਿਚ ਅਸਫ਼ਲ ਰਹੇ ਅਤੇ ਪਾਰਟੀ ਹੈਨਰੀ ਕਲੇ ਦੇ ਸਹਾਰੇ ਹੀ ਚਲਦੀ ਰਹੀ ਇਸਨੇ 1850 ਦੇ ਸਮਝੌਤੇ ਲਈ ਅਣਥੱਕ ਯਤਨ ਕੀਤੇ। ਅੰਤ ਇਸ ਰਾਹੀਂ ਪੇਸ਼ ਕੀਤੀਆਂ ਤਜਵੀਜ਼ਾਂ ਕਾਨੂੰਨ ਦਾ ਰੂਪ ਧਾਰ ਗਈਆਂ। ਇਸ ਤੋਂ ਪਿੱਛੋਂ ਇਸ ਦੀ ਸਿਹਤ ਖਰਾਬ ਰਹਿਣ ਲਗੀ ਅਤੇ ਇਸਨੇ ਰਾਜਨੀਤੀ ਵਿਚ ਹਿੱਸਾ ਲੈਣਾ ਘਟਾ ਦਿਤਾ। 29 ਜੂਨ, 1852 ਨੂੰ ਇਸਦੀ ਮੌਤ ਵਾਸ਼ਿੰਗਟਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 5 : 891

**ਕਲੇਪਸ, ਐਡਵਿੱਨ** : ਛੂਤ ਤੇ ਰੋਗਾਣੂ ਸਿਧਾਂਤ ਲਈ ਪ੍ਰਸਿਧ ਇਸ ਜਰਮਨ ਡਾਕਟਰ ਅਤੇ ਰੋਗਾਣੂ-ਵਿਗਿਆਨੀ ਦਾ ਜਨਮ 6 ਫ਼ਰਵਰੀ, 1834 ਨੂੰ ਕਨਿਕਗਰੈੱਟਸ ਪਰੂਸ਼ੀਆ (ਹੁਣ ਕਾਲੀਨਿਨਗਰਾਡ, ਰੂਸ) ਵਿਖੇ ਹੋਇਆ। ਇਸ ਨੇ ਫਰਿਡਰਿਕ ਲੋਫ਼ਲਰ ਨਾਲ ਮਿਲ ਕੇ 1884 ਵਿਚ ਡਿਪਥੀਰੀਆ ਕੀਟਾਣੂਆਂ ਬਾਰੇ ਖੋਜ ਕੀਤੀ, ਜਿਸ ਨੂੰ ਕਲੇਪਸ-ਲੋਫ਼ਲਰ ਬੈਸਿਲਸ ਕਰਕੇ ਜਾਣਿਆ ਜਾਂਦਾ ਹੈ। ਇਹ 1861 ਤੋਂ 1866 ਤਕ ਬਰਲਿਨ ਦੇ ਪੈਥਾਲੋਜੀਕਲ ਇੰਸਟੀਚਿਊਟ ਵਿਚ ਰੁਡਾਲਫ਼ ਵਰਊ ਦਾ ਸਹਾਇਕ ਰਿਹਾ ਅਤੇ ਇਹ ਯੂਰਪ ਦੀਆਂ ਕਈ ਯੂਨੀਵਰਸਿਟੀਆਂ ਅਤੇ ਸ਼ਿਕਾਗੋ ਦੇ ਰਸ਼ ਮੈਡੀਕਲ ਕਾਲਜ 1896 ਵਿਚ ਪ੍ਰੋਫ਼ੈਸਰ ਰਿਹਾ। ਰਾਬਰਟ ਕੋਕ ਤੋਂ ਬਾਅਦ ਇਹ ਛੂਤ ਦੀਆਂ ਭਿਆਨਕ ਹਾਲਤਾਂ ਬਾਰੇ ਅਧਿਐਨ ਕਰਨ ਲਗਾ ਅਤੇ 1876 ਵਿਚ ਯੰਤ੍ਰਿਕ ਢੰਗਾਂ ਨਾਲ ਐਂਡੋਕਾਰਡਾਈਟਿਸ ਪੈਦਾ ਕਰਨ ਵਿਚ ਸਫਲ ਹੋ ਗਿਆ। ਤਪਦਿਕ ਸਬੰਧੀ ਖੋਜਾਂ ਕਰਦੇ ਸਮੇਂ ਦੁੱਧ ਦੁਆਰਾ ਉਤਪੰਨ ਛੂਤ ਦੇ ਭਿਆਨਕ ਰੋਗਾਣੂ ਪੈਦਾ ਕਰਨ ਵਿਚ ਸਫਲ ਹੋ ਗਿਆ। ਸੰਨ 1878 ਵਿਚ ਐਲੀ ਮਕੈਨਿਕੋਫ਼ ਅਤੇ ਪੀਰੇ ਰਾਉਕਸ ਤੋਂ 25 ਸਾਲਾਂ ਬਾਅਦ ਬਾਂਦਰਾਂ ਵਿਚ ਆਤਸ਼ਕ ਪੈਦਾ ਕਰਨ ਵਿਚ ਵੀ ਸਫਲ ਹੋ ਗਿਆ। ਇਸ ਨੇ ਮਲੇਰੀਆ, ਹੈਮਰੇਜ਼ਿਕ ਪੈਂਕ੍ਰੀਐਟਾਈਟਿਸ ਅਤੇ ਗਿਰੈਂਟਿਜ਼ਮ ਦਾ ਵੀ ਅਧਿਐਨ ਕੀਤਾ। ਨਿਬੰਧਾਂ ਤੋਂ ਛੁੱਟ ਇਸ ਦੀਆਂ ਪੈਥਾਲੋਜੀਕਲ ਐਨਾਟਮੀ (1869-76) ਅਤੇ ਜਨਰਲ ਪੈਥਾਲੋਜੀ (1887-89) ਪ੍ਰਸਿਧ ਰਚਨਾਵਾਂ ਹਨ।

23 ਅਕਤੂਬਰ, 1913 ਨੂੰ ਬੈਰੋਨ, ਸਵਿਟਜ਼ਰਲੈਂਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5 : 847

**ਕਲੈਕਮੈਨੈਨ** : ਕਾਊਂਟੀ—ਸਕਾਟਲੈਂਡ ਦੀ ਇਹ ਸਭ ਤੋਂ ਛੋਟੀ ਕਾਊਂਟੀ ਹੈ ਜਿਸ ਦਾ ਰਕਬਾ 142 ਵ. ਕਿ. ਮੀ. ਅਤੇ ਆਬਾਦੀ 47,875 (1981) ਹੈ। ਇਸ ਕਾਊਂਟੀ ਦੇ ਉੱਤਰੀ ਅੱਧ ਵਿਚ ਓਕਿਨ ਪਹਾੜੀਆਂ ਦਾ ਦੱਖਣ-ਪੱਛਮੀ ਪਠਾਰੀ ਬੰਜਰ ਜਿਹਾ ਹਿੱਸਾ ਹੈ। ਦੱਖਣ ਦਾ ਇਲਾਕਾ ਫੋਰਥ ਦਰਿਆ ਦੇ ਨਾਲ ਲਗਦਾ ਬੇਟ ਹੈ।

ਇਥੋਂ ਦੇ ਮੁਢਲੇ ਵਸਨੀਕ ਕੈੱਲਟਿਕ ਡੈਮਨੋਨੀ ਕਬੀਲੇ ਨਾਲ ਸਬੰਧ ਰੱਖਦੇ ਹਨ। ਮੁੱਖ ਤੌਰ ਤੇ ਇਹ ਭਾਵੇਂ ਉਦਯੋਗਕ ਕਾਊਂਟੀ ਹੈ ਪਰ ਖੇਤੀਬਾੜੀ ਵਿਚ ਵੀ ਘੱਟ ਨਹੀਂ। ਕੋਲੇ ਦੀਆਂ ਖਾਣਾਂ ਇਸ ਕਾਊਂਟੀ ਦੀ ਮੁੱਖ ਦੌਲਤ ਹਨ।

ਐਲਓਆ ਕਾਊਂਟੀ ਦਾ ਸਨਅੱਤੀ, ਵਪਾਰਕ ਅਤੇ ਪ੍ਰਬੰਧਕੀ ਕੇਂਦਰ ਹੈ। ਸ਼ੁਰੂ ਵਿਚ ਤਾਂ ਇਹ ਇਕ ਬੰਦਰਗਾਹ ਅਤੇ ਉਦਯੋਗਕ ਕੇਂਦਰ ਦੇ ਤੌਰ ਤੇ ਮਸ਼ਹੂਰ ਸੀ ਪਰ ਅੱਜਕਲ੍ਹ ਇੰਜਨੀਅਰਿੰਗ, ਸ਼ਰਾਬ ਕੱਢਣ ਅਤੇ ਧਾਗਾ ਬਣਾਉਣ ਲਈ ਪ੍ਰਸਿੱਧ ਹੈ। ਆਵਾਜਾਈ ਦੀਆਂ ਕਾਫੀ ਸਹੂਲਤਾਂ ਹਨ।

ਹ. ਪੁ.—ਐਨ. ਬ੍ਰਿ. ਮਾ. 2 : 960.

**ਕਲੈਕਮੈਨੈਨ** : ਸ਼ਹਿਰ-ਸਕਾਟਲੈਂਡ ਦੀ ਇਸੇ ਹੀ ਨਾਂ ਦੀ ਕਾਊਂਟੀ ਦਾ ਇਹ ਇਕ ਪ੍ਰਾਚੀਨ ਸ਼ਹਿਰ ਹੈ, ਜਿਹੜਾ ਕੋਈ ਬਹੁਤਾ

ਚਿਰ ਕਾਊਂਟੀ ਦਾ ਸਦਰ ਮੁਕਾਮ ਨਹੀਂ ਰਿਹਾ। ਇਥੋਂ ਦਾ ਮੀਨਾਰ ਜੋ ਅੱਜਕਲ੍ਹ ਖੰਡਰਾਤ ਬਣਿਆ ਹੋਇਆ ਹੈ, ਮੱਧ ਕਾਲ ਵਿਚ ਬਰੂਸ ਖ਼ਾਨਦਾਨ ਦਾ ਨਿਵਾਸ ਸਥਾਨ ਸੀ।

ਆਬਾਦੀ — 3,090 (ਤਾ. ਮਰ)

56° 06′ ਉ. ਵਿਥ. ; 3° 46′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 960.

**ਕਲੈਪਸਿਡਰਕ (ਵੇਖੋ ਕ੍ਰੋਨੋਮੀਟਰ)**

**ਕਲੈਮ, ਗਸਟੇਵ ਫ਼੍ਰੀਡ੍ਰਿਕ** : ਇਸ ਜਰਮਨ ਮਾਨਵ-ਸ਼ਾਸਤਰੀ ਅਤੇ ਪ੍ਰਸਿੱਧ ਸਾਹਿਤਕਾਰ ਦਾ ਜਨਮ ਕੈਮਨਿਟਸ, ਸੈਕਸਨੀ ਵਿਖੇ 12 ਨਵੰਬਰ, 1802 ਨੂੰ ਹੋਇਆ ਪਰ ਇਸ ਨੇ ਆਪਣੇ ਜੀਵਨ ਦਾ ਵਧੇਰਾ ਸਮਾਂ ਡਰੈਸਡੈਨ ਵਿਖੇ ਬਿਤਾਇਆ, ਜਿਥੇ ਇਹ ਰਾਇਲ ਲਾਇਬ੍ਰੇਰੀ ਦਾ ਇਨਚਾਰਜ ਸੀ। ਇਸ ਨੇ ਲੋਕ ਕਥਾਵਾਂ ਅਤੇ ਯਾਤਰਾ ਸੰਬੰਧੀ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਅਤੇ ਇਕ ਛੇ ਜਿਲਦੀ ਰਚਨਾ 'Die Franen Women' (1854-59) ਦੀ ਸਿਰਜਨਾ ਵੀ ਕੀਤੀ। ਇਕ ਪੁਸਤਕ 'ਜਨਰਲ ਕਲਚਰ ਹਿਸਟਰੀ ਆਫ ਮੈਨਕਾਈਂਡ' ਦਸ ਜਿਲਦਾਂ ਵਿਚ ਛਪੀ। ਇਸ ਨੇ ਮਾਨਵਤਾ ਦੇ ਇਤਿਹਾਸ ਨੂੰ ਸਮਾਜਕ ਸੰਗਠਨ, ਤਕਨੀਕ ਅਤੇ ਮਾਨਤਾਵਾਂ ਦੇ ਸੰਦਰਭ ਵਿਚ ਲਿਖਿਆ। ਇਸਦੀ ਪੁਸਤਕ 'ਜਨਰਲ ਸਾਇੰਸ ਆਫ ਕਲਚਰ' ਦੋ ਜਿਲਦਾਂ ਵਿਚ ਛਪੀ, ਜਿਸ ਵਿਚ ਮਨੁੱਖੀ ਸਭਿਆਚਾਰ ਦੇ ਪਦਾਰਥਕ ਆਧਾਰ ਦਾ ਵੇਰਵੇ ਸਹਿਤ ਵਰਣਨ ਹੈ। ਇਸ ਨੇ ਸਭਿਆਚਾਰ ਦੇ ਵਿਕਾਸ ਦੀਆਂ ਤਿੰਨ ਅਵਸਥਾਵਾਂ ਦਸੀਆਂ— ਗੁਲਾਮੀ, ਸਭਿਆਕਰਨ ਅਤੇ ਆਜ਼ਾਦੀ। ਇਸ ਨੇ ਮਨੁੱਖਤਾ ਨੂੰ ਦੋ ਜਾਤਾਂ, ਸਰਗਰਮ ਅਤੇ ਸੁਸਤ ਵਿਚ ਵੰਡਿਆ ਅਤੇ ਇਸ ਦਾ ਵਿਸ਼ਵਾਸ ਸੀ ਕਿ ਮਨੁੱਖਾਂ ਵਿਚ ਮਾਨਸਕ ਤੌਰ, ਤੇ ਅਤੇ ਸੁਭਾਅ ਅਨੁਸਾਰ ਅੰਤਰ ਹੁੰਦਾ ਹੈ। ਇਸ ਦੀ ਮੌਤ ਡਰੈਸਡੈੱਨ ਵਿਖੇ 1867 ਵਿਚ ਹੋਈ।

ਹ. ਪੁ.—ਐਨ. ਬ੍ਰਿ. 13 : 399.

**ਕਲੈਮਡੋਬੈਕਟਿਰੀਏਲਜ਼** : ਇਹ ਸ਼ਾਈਜ਼ੋਮਾਈਸੀਟੀਜ਼ ਸ਼੍ਰੇਣੀ ਦੇ ਜੀਵਾਣੂਆਂ ਦੇ ਇਕ ਵਰਗ ਦਾ ਨਾਂ ਹੈ। ਇਨ੍ਹਾਂ ਦੀ ਖ਼ਾਸੀਅਤ ਇਹ ਹੈ ਕਿ ਇਨ੍ਹਾਂ ਦੇ ਗ੍ਰਾਮ-ਨੈਗੇਟਿਵ ਸੈੱਲ ਕਾਰਬਨੀ ਮਾਦੇ ਦੀ ਬਣੀ ਇਕ ਨਾਜ਼ੁਕ ਜਿਹੀ ਸ਼ੀਥ ਵਿਚ ਤੰਦ ਵਰਗੀ ਤਰਤੀਬ ਵਿਚ ਪਏ ਹੁੰਦੇ ਹਨ। ਇਸ ਸ਼ੀਥ ਦੇ ਵਿਚ ਜਾਂ ਇਸਦੇ ਉਤੇ ਅਕਸਰ ਲੋਹਾ ਅਤੇ ਮੈਂਗਨੀਜ਼ ਆਕਸਾਈਡ ਹੁੰਦੇ ਹਨ। ਇਸ ਗਰੁੱਪ ਦੇ ਜੀਵਾਣੂਆਂ ਨੂੰ ਲੋਹਾ-ਜੀਵਾਣੂ ਵੀ ਕਿਹਾ ਜਾਂਦਾ ਹੈ।



ਕਲੈਮਡੋਬੈਕਟਿਰੀਏਲਜ਼ ਵਰਗ ਦੀਆਂ ਕੁਝ ਨੁਮਾਇੰਦਗੀ ਪ੍ਰਜਾਤੀਆਂ

(1) ਟੌਕਸੋਥਰਿਕਸ (Toxothrix — ਕਲੈਮਡੋਬੈਕਟਿਰੀਏਸੀ)
(2) ਕਰੈੱਨੋਥਰਿਕਸ (Cronothrix — ਕਰੈਨੋਟ੍ਰੀਕੇਸ਼ੀ)
(3) ਕਲੋਨੋਥਰਿਕਸ (Clonothrix — ਕਰੈਨੋਟ੍ਰੀਕੇਸੀ)
(4) ਸਫਿਰੋਟਾਇਲਸ (Sphaerotilus — ਕਲੈਮਡੋਬੈਕਟਿਰੀਏਸੀ)
(5) ਪੈਲੋਨੀਮਾ (Pelonema — ਪੈਲੋਪਲੋਕੇਸੀ)

ਇਨ੍ਹਾਂ ਜੀਵਾਣੂਆਂ ਦੀਆਂ ਜਣਨ ਇਕਾਈਆਂ ਸਥਿਰ ਹੁੰਦੀਆਂ ਹਨ ਜਾਂ ਇਹ ਸਬਪੋਲਰ ਫਲੈਜੈੱਲਾ ਦੀ ਸਹਾਇਤਾ ਨਾਲ ਤੈਰਦੀਆਂ ਹਨ। ਇਹ ਤੈਰਦੀਆਂ ਇਕਾਈਆਂ ਸਿਊਡੋਮੋਨਾਸ ਦੇ ਸੈੱਲਾਂ ਨਾਲ ਬਹੁਤ ਮਿਲਦੀਆਂ ਜੁਲਦੀਆਂ ਹਨ। ਸਿਊਡੋਮੋਨਾਸ ਉਹ ਪ੍ਰਜਾਤੀ ਹੈ ਜਿਸ ਤੋਂ ਕਲੈਮਡੋਬੈਕਟਿਰੀਏਲਜ਼ ਦਾ ਵਿਕਾਸ ਹੋਇਆ ਸਮਝਿਆ ਜਾਂਦਾ ਹੈ।

ਬਰਗਿਸ 'ਮੈਨੂਅਲ ਆਫ ਡਿਟਰਮੀਨੇਟਿਵ ਬੈਕਟੀਰੀਆਲੋਜੀ (1957)' ਵਿਚ ਇਸ ਵਰਗ ਨੂੰ ਅੱਗੋਂ ਤਿੰਨ ਕੁਲਾਂ ਵਿਚ ਵੰਡਿਆ ਗਿਆ ਹੈ :-ਕਲੈਮਡੋਬੈਕਟਿਰੀਏਸੀ, ਕਰੈਨੋਟ੍ਰੀਕੇਸੀ ਅਤੇ ਪੈਲੋਪਲੋਕੇਸੀ।

ਪਰ ਇਸ ਸ਼੍ਰੇਣੀ ਵੰਡ ਬਾਰੇ ਵੀ ਵਿਗਿਆਨੀਆਂ ਦੇ ਕਈ ਮੱਤ ਭੇਦ ਹਨ।

ਹ. ਪੁ.—ਮੈਕ. ਐਨ. ਸ. ਟ. 3 : 64

**ਕਲੈਮਥ** : ਦਰਿਆ—ਸੰਯੁਕਤ ਰਾਜ ਅਮਰੀਕਾ ਦਾ ਇਹ ਇਕ ਦਰਿਆ ਹੈ ਜੋ ਆਰੇਗਾਨ ਰਾਜ ਵਿਚ ਕਲੈਮਥ ਆਬਸ਼ਾਰ ਦੇ ਨੇੜਿਉਂ ਅੱਪਰ ਕਲੈਮਥ ਝੀਲ ਵਿਚੋਂ ਨਿਕਲਦਾ ਹੈ। ਪਹਿਲਾਂ ਇਹ ਦੱਖਣ ਵਲ ਨੂੰ 2 ਕਿ. ਮੀ. ਈਵੈਂਨਾ ਝੀਲ ਤੱਕ ਇਕ ਸੰਜੋਗੀ ਦਰਿਆ ਦੇ ਤੌਰ ਤੇ ਵਗਦਾ ਹੈ ਜਿਥੇ ਇਸਨੂੰ ਕਲੈਮਥ ਦਰਿਆ ਕਹਿਣਾ ਸ਼ੁਰੂ ਹੋ ਜਾਂਦਾ ਹੈ। ਫਿਰ ਇਹ ਦੱਖਣ-ਪੱਛਮ ਦੀ ਦਿਸ਼ਾ ਵਿਚ ਨੂੰ ਕੈਲਿਫ਼ੋਰਨੀਆ ਦੇ ਕਲੈਮਥ ਪਹਾੜਾਂ ਵਿਚੋਂ ਦੀ ਲੰਘਦਾ ਹੋਇਆ 400 ਕਿ. ਮੀ. ਦਾ ਸਫਰ ਤਹਿ ਕਰਕੇ ਰੀਕੁਆ ਦੇ ਨਜ਼ਦੀਕ ਸ਼ਾਂਤ ਮਹਾਂਸਾਗਰ ਵਿਚ ਜਾ ਡਿਗਦਾ ਹੈ। ਦਰਿਆ ਦਾ ਉਪਰਲਾ ਹਿੱਸਾ ਵੱਡੀਆਂ-ਵੱਡੀਆਂ ਸਿੰਜਾਈ ਸਕੀਮਾਂ ਅਤੇ ਪੱਣ-ਬਿਜਲੀ ਪ੍ਰਜੈਕਟਾਂ ਲਈ ਬਹੁਤ ਮਹੱਤਵਪੂਰਨ ਹੈ।

ਕਲੈਮਥ ਦਰਿਆ ਦੀਆਂ ਮੁੱਖ ਸਹਾਇਕ ਨਦੀਆਂ ਸ਼ੈਸਤਾ ਅਤੇ ਟਰਿਨਿਟੀ ਹਨ। ਦਰਿਆ ਦਾ ਨਾਂ ਇਕ ਇੰਡੀਅਨ ਕਬੀਲੇ ਦੇ ਨਾਉਂ ਤੇ ਪਿਆ ਹੈ।

41° 33′ ਉ. ਵਿਥ.; 124° 04′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 846

**ਕਲੈਮਥ** : ਪਰਬਤ—ਸ਼ਾਂਤ ਮਹਾਂਸਾਗਰ ਦੀਆਂ ਤੱਟੀ ਪਹਾੜੀ ਲੜੀਆਂ ਦਾ ਇਹ ਇਕ ਹਿੱਸਾ ਹੈ ਜੋ ਸੰਯੁਕਤ ਰਾਜ ਅਮਰੀਕਾ ਦੇ ਆਰੇਗਨ ਰਾਜ ਦੇ ਦੱਖਣ-ਪੱਛਮ ਵਿਚ ਵਿਲੇਮਬੇਟ ਵਾਦੀ ਤੋਂ ਲੈ ਕੇ ਦੱਖਣ ਵਲ ਨੂੰ ਕੈਲਿਫੋਰਨੀਆ ਰਾਜ ਦੀ ਸੈਂਟਰਲ ਵੈਲੀ ਤੱਕ ਕੋਈ 400 ਕਿ. ਮੀ. ਵਿਚ ਫੈਲਿਆ ਹੋਇਆ ਹੈ। ਇਹ ਪਹਾੜ 2,755 ਮੀ. ਉੱਚੇ ਐਂਡੀ ਪਹਾੜ ਤੱਕ ਉੱਚੇ ਉਠ ਜਾਂਦੇ ਹਨ ਅਤੇ ਇਸ ਵਿਚ ਛੋਟੀਆਂ-ਛੋਟੀਆਂ ਕਈ ਪਹਾੜੀ ਲੜੀਆਂ ਸ਼ਾਮਲ ਹਨ ਜਿਨ੍ਹਾਂ ਨੂੰ ਕਈ ਦਰਿਆਵਾਂ (ਖਾਸ ਕਰਕੇ ਰੋਗ ਅਤੇ ਕਲੈਮਥ) ਨੇ ਕਈ ਥਾਵਾਂ ਤੋਂ ਡੂੰਘਾ ਕੱਟਿਆ ਵੱਢਿਆ ਹੋਇਆ ਹੈ। ਇਨ੍ਹਾਂ ਦਰਿਆਵਾਂ ਵਿਚ ਹੀ ਸੈਕਰਾਮੈਂਟੋ ਦਰਿਆ ਦਾ ਸਿਖਰ ਮੁੱਖੀ ਹਿੱਸਾ ਵੀ ਸ਼ਾਮਲ ਹੈ। ਇਨ੍ਹਾਂ ਪਹਾੜੀ ਲੜੀਆਂ ਦਾ ਨਾਂ ਇਕ ਇੰਡੀਅਨ ਕਬੀਲੇ ਕਲੈਮਥ ਦੇ ਨਾਂ ਤੇ ਪਿਆ ਹੈ। ਇਮਾਰਤੀ ਲੱਕੜ, ਡੇਅਰੀ ਫਾਰਮਿੰਗ, ਫ਼ਲ ਉਗਾਉਣਾ, ਸ਼ਿਕਾਰ ਕਰਨਾ, ਮੱਛੀ ਫੜਨਾ ਅਤੇ ਸੈਲਾਨੀਗਿਰੀ ਆਦਿ ਇਸ ਖੇਤਰ ਦੀ ਆਮਦਨ ਦੇ ਮੁੱਖ ਸਾਧਨ ਹਨ।

41° 40′ ਉ. ਵਿਥ.; 123° 20′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 846

**ਕਲੈਮੈਂਟ ਆਫ਼ ਅਲੈਗਜ਼ੈਂਡਰੀਆ** : ਇਸ ਯੂਨਾਨੀ ਧਰਮ ਸ਼ਾਸਤਰੀ ਦਾ ਜਨਮ ਲਗਭਗ 150 ਈ. ਵਿਚ ਐਥਨਜ਼ ਵਿਖੇ ਹੋਇਆ ਸੀ। ਇਸ ਨੇ ਤਰਕ ਸ਼ਾਸਤਰ, ਨਿਆਂ ਸ਼ਾਸਤਰ, ਸੰਗੀਤ, ਯੂਨਾਨੀ ਕਵਿਤਾ ਅਤੇ ਫਿਲਾਸਫੀ ਦਾ ਅਧਿਐਨ ਕੀਤਾ। ਇਸ ਨੇ ਬਾਅਦ ਵਿਚ ਈਸਾਈ ਮੱਤ ਧਾਰਨ ਕਰ ਲਿਆ ਅਤੇ 190 ਈ. ਵਿਚ ਅਲੈਗਜ਼ੈਂਡਰੀਆ ਵਿਖੇ ਧਾਰਮਕ ਸਕੂਲ ਵਿਚ ਅਧਿਆਪਕ ਲੱਗ ਗਿਆ। ਇਸ ਦੀਆਂ ਲਿਖਤਾਂ ਵਿਚੋਂ ਤਿੰਨ ਪ੍ਰਸਿੱਧ ਹਨ—'Protreptikas' (ਯੂਨਾਨੀਆਂ ਨੂੰ ਪ੍ਰੇਰਨਾ), 'Paidagogos' (ਈਸਾਈਆਂ ਨੂੰ ਉਨ੍ਹਾਂ ਦੇ ਵਿਵਹਾਰ ਤੇ ਆਚਰਣ ਬਾਰੇ ਹਦਾਇਤਾਂ) ਅਤੇ 'Strongteis', (ਫੁਟਕਲ)। ਕਲੈਮੈਂਟ ਦੇ ਉਪਦੇਸ਼ਾਂ ਦਾ ਸਾਰ ਇਹ ਹੈ ਕਿ ਈਸਾਈ ਧਰਮ ਵਿਚ ਦੱਸੀ ਗਈ ਫਿਲਾਸਫੀ ਵਿਚ ਪੂਰਨ ਗਿਆਨ ਭਰਿਆ ਹੋਇਆ ਹੈ ਅਤੇ ਧਾਰ-

ਮਕ ਗਿਆਨ ਰਾਹੀਂ ਈਸਾਈ ਰੱਬ ਨੂੰ ਮਿਲਣ ਵਿਚ ਪੂਰਨਤਾ ਪ੍ਰਾਪਤ ਕਰਦੇ ਹਨ । ਇਸ ਨੂੰ ਸੰਤ ਸਮਝ ਕੇ ਇਸ ਦਾ ਤਿਉਹਾਰ 4 ਦਸੰਬਰ ਨੂੰ ਮਨਾਇਆ ਜਾਂਦਾ ਸੀ ਪਰ ਪੋਪ ਕਲੈਮੈਂਟ ਅਠਵੇਂ ਨੇ ਇਸ ਨੂੰ ਬੰਦ ਕਰ ਦਿੱਤਾ ।

ਇਸ ਦੀ ਮੌਤ 215 ਈ. ਵਿਚ ਹੋਈ ।

ਹ. ਪੁ.—ਨਿ. ਕ. ਯੂ. ਬਾ. 2 : 410.

**ਕਲੈਮੈਂਟ ਆਫ਼ ਰੋਮ** : ਈਸਾਈ-ਸ਼ਹੀਦ, ਕਲੈਮੈਂਟ ਆਫ ਰੋਮ ਪਹਿਲਾ, ਸੇਂਟ ਪੀਟਰ ਤੋਂ ਪਿਛੋਂ ਰੋਮਨ ਪਾਦਰੀਆਂ ਦੀ ਸੂਚੀ ਵਿਚ ਤੀਸਰਾ ਪੋਪ ਸੀ, ਜੋ ਇਸ ਅਹੁਦੇ ਤੇ 90-99 ਈ. ਤੱਕ ਰਿਹਾ । ਕਲੈ-ਮੈਂਟ, ਜਿਸਦਾ ਹਵਾਲਾ ਪਾਲ ਫਿਨ ਚੌਥੇ ਨੇ ਦਿੱਤਾ ਹੈ, ਬਾਰੇ ਕਿਹਾ ਜਾਂਦਾ ਹੈ ਕਿ ਇਸ ਨੂੰ ਲੰਗਰ ਨਾਲ ਬੰਨ੍ਹ ਕੇ ਕਾਲੇ ਸਮੁੰਦਰ ਵਿਚ ਸੁੱਟ ਦਿੱਤਾ ਗਿਆ ਸੀ । ਨਤੀਜੇ ਵਜੋਂ ਇਸ ਨੂੰ ਇਕ ਸ਼ਹੀਦ ਮੰਨਿਆ ਜਾਣ ਲੱਗ ਪਿਆ ਅਤੇ ਨਵੰਬਰ 23 ਨੂੰ ਇਸ ਦਾ ਦਿਨ ਮਨਾਇਆ ਜਾਂਦਾ ਹੈ ।

ਇਸ ਦੀ ਮੌਤ 99 ਈ. ਦੇ ਲਗਭਗ ਹੋਈ ।

ਹ. ਪੁ.—ਨਿ. ਕ. ਯੂ. ਬਾ. 2 : 410.

**ਕਲੈਮੈਂਟੀ ਸਾਹਿਤ** : ਰੋਮ ਦੇ ਬਿਸ਼ਪ ਕਲੈਮੈਂਟ ਪਹਿਲੇ ਦੇ ਮੌਲਿਕ ਪੱਤਰ ਵਿਚ ਸਮੇਂ-ਸਮੇਂ ਤੇ ਸ਼ਾਮਲ ਕੀਤੀਆਂ ਜਾਂਦੀਆਂ ਰਹੀਆਂ ਭਿੰਨ-ਭਿੰਨ ਲਿਖਤਾਂ ਦੇ ਸਮੂਹ ਨੂੰ ਕਲੈਮੈਂਟੀ ਸਾਹਿਤ ਕਿਹਾ ਜਾਂਦਾ ਹੈ। ਇਨ੍ਹਾਂ ਲਿਖਤਾਂ ਵਿਚ (1) ਕਲੈਮੈਂਟ ਦਾ ਕਥਿਤ ਦੂਜਾ ਪੱਤਰ, ਜੋ ਇਕ ਪੱਤਰ ਨਹੀਂ ਸਗੋਂ ਇਕ ਪ੍ਰਵਚਨ ਸੀ ਅਤੇ ਸ਼ਾਇਦ 140 ਈ. ਦੇ ਲਗ-ਭਗ ਰੋਮ ਵਿਚ ਲਿਖਿਆ ਗਿਆ, (2) ਪਵਿਤਰਤਾ ਸਬੰਧੀ ਦੋ ਪੱਤਰ ਜੋ ਸ਼ਾਇਦ ਸਿਕੰਦਰੀਆ ਦੇ ਬਿਸ਼ਪ ਐਥਾਨੇਸ਼ੀਅੱਸ ਦੁਆਰਾ ਲਿਖੇ ਗਏ ਸਨ, (3) ਕਲੈਮੈਂਟ ਵਲੋਂ ਲਾਰਡ ਦੇ ਭਰਾ ਜੇਮਜ਼ ਨੂੰ ਲਿਖੇ ਮੰਨੇ ਜਾਂਦੇ 'ਹੱਮਿਲੀਜ਼ ਐਂਡ ਰੈਕੱਗਨੀਸ਼ਨਜ਼' ਸਮੇਤ ਇਕ ਜਾਣ ਪਛਾਣ ਪੱਤਰ ਦੇ, (4) ਅਪਸਟਾਲਿਕ ਕਾਨਸਟੀਚਿਊਸ਼ਨਜ਼, ਮੁੱਢਲੇ ਈਸਾਈ ਧਾਰਮਕ ਨਿਯਮਾਂ ਦਾ ਸੰਗ੍ਰਹਿ ਅਤੇ (5) ਪੰਜ ਪੱਤਰ, ਜੋ ਨੌਵੀਂ ਸਦੀ ਦੀ ਪ੍ਰਾਪਤ ਰਚਨਾ ਦਾ ਕੁਝ ਨਕਲੀ ਰੂਪ ਮੰਨੇ ਜਾਂਦੇ ਹਨ, ਸ਼ਾਮਲ ਹਨ।

ਕਲੈਮੈਂਟ ਦੇ ਦੂਜੇ ਪੱਤਰ ਨੂੰ ਇਸ ਦੀ ਮੌਲਿਕ ਰਚਨਾ ਮੰਨਿਆ ਜਾਂਦਾ ਹੈ ਅਤੇ ਪੰਜਵੀਂ ਸਦੀ ਦੀ ਯੂਨਾਨੀ ਬਾਈਬਲ ਦੇ ਹੱਥ ਲਿਖਤ ਖਰੜੇ ਵਿਚ ਇਸ ਨੂੰ ਧਾਰਮਕ ਗ੍ਰੰਥ ਮੰਨਿਆ ਗਿਆ ਹੈ । ਇਸ ਵਿਚ ਹਜ਼ਰਤ ਈਸਾ ਦੇ ਉਚੇ ਅਸੂਲਾਂ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਹਜ਼ਰਤ ਈਸਾ ਦੇ ਕਬਰ ਵਿਚੋਂ ਉਠਣ ਦੀ ਯਾਦ ਵਿਚ ਮਨਾਏ ਜਾਣ ਵਾਲੇ ਪੁਰਬ ਲਈ ਸਰੀਰ ਨੂੰ ਸ਼ੁੱਧ ਰੱਖ ਕੇ ਬਪਤਿਸਮਾ ਸੰਸਕਾਰ ਨੂੰ ਬਰਕਰਾਰ ਰੱਖਣ ਦੀ ਮਹਾਨਤਾ ਤੇ ਜ਼ੋਰ ਦਿੱਤਾ ਗਿਆ ਹੈ ।

ਪਵਿਤਰਤਾ ਸਬੰਧੀ ਦੋ ਪੱਤਰ (ਜੋ ਅਸਲ ਵਿਚ ਗ੍ਰੰਥ ਹੀ ਹਨ) 1470 ਈ. ਵਿਚ ਲਿਖੇ ਸੀਰੀਆਈ ਹੱਥ ਲਿਖਤ ਖਰੜੇ ਵਿਚ ਸ਼ਾਮਲ ਹਨ । ਮੂਲ ਰੂਪ ਵਿਚ ਯੂਨਾਨੀ ਭਾਸ਼ਾ ਵਿਚ ਲਿਖੇ ਇਹ ਫਲ-ਸਤੀਨੀਆਂ ਦੇ ਮਠਵਾਸ ਐਨਟਾਈਆਕਸ (ਲਗਭਗ 620 ਈ.) ਦੀਆਂ ਮੂਲ ਸਿਖਿਆਵਾਂ ਦੇ ਸਾਰ ਰੂਪ ਵਿਚ ਵੀ ਮਿਲਦੇ ਹਨ ਅਤੇ ਕਾਪਟਿਕ ਅੰਸ਼ਾਂ ਵਿਚ ਵੀ ਉਪਲਬਧ ਹਨ, ਜੋ ਐਥਨੇਸ਼ੀਅਸ ਨਾਲ ਸਬੰਧਤ ਕੀਤੇ ਜਾਂਦੇ ਹਨ । ਇਨ੍ਹਾਂ ਦਾ ਸਭ ਤੋਂ ਪਹਿਲਾ ਹਵਾਲਾ ਲਗਭਗ 375 ਈ. ਵਿਚ ਬਿਸ਼ਪ ਐਪੀਫੇਨੀਅੱਸ ਨੇ ਦਿੱਤਾ ਅਤੇ ਚੌਥੀ ਅਤੇ ਪੰਜਵੀਂ ਸਦੀ ਵਿਚ ਇਨ੍ਹਾਂ ਦੀ ਮਿਸਰ ਵਿਚ ਵਰਤੋਂ ਕੀਤੀ ਗਈ । ਇਨ੍ਹਾਂ ਪੱਤਰਾਂ ਵਿਚ ਵੈਰਾਗ-ਉਲੰਘਣਾ ਦੀ ਆਲੋਚਨਾ ਕੀਤੀ ਗਈ ਸੀ ।

ਹੱਮਿਲੀਜ਼ (ਮੂਲ ਰੂਪ ਯੂਨਾਨੀ ਵਿਚ) ਅਤੇ ਰੈਕਗਨੀਸ਼ਨਜ਼ (ਲਗਭਗ 400 ਈ. ਵਿਚ ਸੀਰੀਆਈ ਅਤੇ ਲਾਤੀਨੀ ਵਿਚ ਅਨੁਵਾਦਿਤ) ਵਿਚ ਵਧੇਰੇ ਕਰਕੇ ਸੰਮਿਲਤ ਸਮਗਰੀ ਹੈ। ਇਨ੍ਹਾਂ ਗ੍ਰੰਥਾਂ ਵਿਚ ਰੋਮ ਦੇ ਮੁਕਾਬਲੇ ਤੇ ਓਰੀਐਂਟਲ ਚਰਚਾਂ ਦੀ ਦਸ਼ਾ ਨੂੰ ਉਚਿ-ਆਉਣ ਦਾ ਯਤਨ ਕੀਤਾ ਗਿਆ ਹੈ । ਹੱਮਿਲੀਜ਼ ਦੀ ਮਹਾਨਤਾ ਚਰਚ ਦੇ ਮੁੱਢਲੇ ਇਤਿਹਾਸ ਵਿਚ ਯਹੂਦੀ-ਈਸਾਈ ਨਾਸਤਿਕਤਾ ਸਬੰਧੀ ਦਿੱਤੀ ਗਈ ਜਾਣਕਾਰੀ ਸਦਕਾ ਹੈ, ਜਦੋਂ ਕਿ ਰੈਕੱਗਨੀਸ਼ਨਜ਼ ਵਿਚ ਇਹ ਉਲੇਖ ਹੈ ਕਿ ਕਿਵੇਂ ਸੋਧੇ ਹੋਏ ਰੂਪ ਵਿਚ ਅਜਿਹਾ ਸਾਹਿਤ ਰੂਹਾਨੀ ਉੱਨਤੀ ਦੇ ਨਾਲ-ਨਾਲ ਆਨੰਦ ਵੀ ਦਿੰਦਾ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 988.

**ਕਲੈਰਮਾਂਨ-ਫਰਾਨ** : ਦੱਖਣੀ ਮੱਧ ਫਰਾਂਸ ਵਿਚ ਪਵੀਡ-ਡੌਮ ਡਿਪਾਰਟਮੈਂਟ ਦਾ ਇਹ ਰਾਜਧਾਨੀ ਸ਼ਹਿਰ ਹੈ ਜੋ ਲੀਔਨ ਦੇ ਪੱਛਮ ਵਲ ਛੋਟੇ ਜਿਹੇ ਦਰਿਆ ਟਰੈਟੇਨ ਉਪਰ ਵਾਕਿਆ ਹੈ । ਇਸਨੂੰ 1731 ਵਿਚ ਕਲੈਰਮਾਂਨ ਅਤੇ ਮੋਂਨਫੈਰਾਨ ਦੀ ਯੂਨੀਅਨ ਹੋਣ ਤੇ ਵਸਾਇਆ ਸੀ । ਉੱਤਰ, ਪੱਛਮ ਅਤੇ ਦੱਖਣ ਵਲੋਂ ਇਹ ਸ਼ਹਿਰ ਪਹਾੜੀਆਂ ਦੁਆਰਾ ਘਿਰਿਆ ਹੋਇਆ ਹੈ । ਇਸ ਦੇ ਪੂਰਬ ਵਿਚ ਮੈਦਾਨ ਹੈ । ਕਲੈਰਮਾਂਨ ਦੇ ਪੁਰਾਣੇ ਸ਼ਹਿਰ ਦੇ ਮਕਾਨ ਆਮ ਕਰਕੇ ਕਾਲੀਆਂ ਜਵਾਲਾਮੁਖੀ ਚਟਾਨਾਂ ਦੇ ਬਣੇ ਹੋਏ ਹਨ ਜਿਵੇਂ ਤੇਰ੍ਹਵੀਂ ਸਦੀ ਦਾ ਚਰਚ । ਕਈ ਇਮਾਰਤਾਂ ਪ੍ਰਾਚੀਨ ਰੋਮ ਦੀ ਸ਼ਿਲਪਕਲਾ ਦੀ ਇਕ ਸ਼ਾਨਦਾਰ ਮਿਸਾਲ ਹਨ । ਇਕ ਯੂਨੀਵਰਸਿਟੀ ਟਾਊਨ ਹੈ ਜਿਸਦੀ ਭੂਗੋਲਿਕ ਸਥਿਤੀ ਇਸਨੂੰ ਇਕ ਟੂਰਿਸਟ ਅਤੇ ਵਪਾਰਕ ਕੇਂਦਰ ਬਣਾ ਦਿੰਦੀ ਹੈ । ਇਥੋਂ ਦੀਆਂ ਮੁੱਖ ਸੱਨਅਤਾਂ ਰਬੜ ਦੇ ਟਾਇਰ ਅਤੇ ਰਬੜ ਦਾ ਹੋਰ ਸਾਮਾਨ ਬਣਾਉਣਾ, ਸੂਤੀ ਕੱਪੜਾ ਬੁਣਨਾ ਅਤੇ ਛਾਪਾਖਾਨਾ ਆਦਿ ਹਨ । ਇਥੇ ਇਕ ਹਵਾਈ ਅੱਡਾ ਵੀ ਹੈ ।

ਰੋਮ ਦੇ ਲੋਕ ਇਸਨੂੰ 'ਅਗਸਟੋਨੀਮੀਟਮ' ਆਖਦੇ ਸਨ । ਤੀਜੀ ਜਾਂ ਚੌਥੀ ਸਦੀ ਈ. ਪੂ. ਸੇਂਟ ਅਸਟਰੀਮੋਨੀਅਸ ਨੇ ਇਸ ਸ਼ਹਿਰ ਨੂੰ ਈਸਾਈ ਮਤ ਵਿਚ ਤਬਦੀਲ ਕਰ ਦਿਤਾ ਸੀ ਅਤੇ ਇਹ ਸੇਂਟ ਇਥੋਂ ਦਾ ਸਭ ਤੋਂ ਪਹਿਲਾ ਬਿਸ਼ਪ ਬਣਿਆ । ਮੱਧ ਕਾਲ ਵਿਚ ਇਸਦੇ ਬਿਸ਼ਪੀ ਪੱਦ ਨੇ ਇਸਨੂੰ ਧਾਰਮਿਕ ਮਹੱਤਤਾ ਬਹੁਤ ਦਿਤੀ ਅਤੇ ਇਥੇ ਹੀ 1095 ਵਿਚ ਪੋਪ 'ਅਰਬਨ ਦੂਜੇ' ਨੇ ਸਭ ਤੋਂ ਪਹਿਲੇ ਮਸੀਹੀ ਜਹਾਦ ਦਾ ਪ੍ਰਚਾਰ ਕੀਤਾ ਸੀ। 'ਲੂਈ ਚੌਦ੍ਹਵੇਂ' ਨੇ ਇਨ੍ਹਾਂ ਦੀਆਂ ਵਧੀਕੀਆਂ ਦੀ ਸਜ਼ਾ ਦੇਣ ਲਈ ਜੱਜ ਭੇਜੇ ਸਨ । ਇਸ ਸ਼ਹਿਰ ਤੇ ਫਰਾਂਸੀਸੀ ਕ੍ਰਾਂਤੀ ਦਾ ਬਹੁਤ ਅਸਰ ਸੀ । 19ਵੀਂ ਸਦੀ ਵਿਚ ਇਸਦਾ ਇਕ ਭਾਰੀ ਉਤਪਾਦਤ ਕੇਂਦਰ ਦੇ ਤੌਰ ਤੇ ਵਿਕਾਸ ਹੋਇਆ ।

ਆਬਾਦੀ—161,203 (1975)

45° 47′ ਉ. ਵਿਥ.; 3° 05′ ਪੂ. ਲੰਬ.

ਹ. ਪੁ.—ਐ. ਬ੍ਰਿ. ਮਾ. 2 : 991.

**ਕਲੈਰਿਨੈੱਟ** : ਇਹ ਗਾਉਣ ਵਜਾਉਣ ਵਾਲੀਆਂ ਮੰਡਲੀਆਂ ਵਿਚ,ਫੌਜ ਵਿਚ ਅਤੇ ਪਿੱਤਲ ਬੈਂਡ-ਵਾਜਿਆਂ ਵਿਚ ਵਰਤਿਆ ਜਾਣ ਵਾਲਾ ਇਕਹਿਰੀ ਰੀਡ ਅਤੇ ਲੱਕੜ ਦੀ ਹਵਾ ਨਲਕੀ ਵਾਲਾ ਇਕ ਸਾਜ਼ ਹੈ । ਇਸ ਨੂੰ ਸ਼ਹਿਨਾਈ ਵੀ ਕਿਹਾ ਜਾਂਦਾ ਹੈ । ਇਸ ਨੂੰ ਬੈਂਡ ਵਾਜੇ ਦੀ ਸ਼ਾਨ ਮੰਨਿਆ ਜਾਂਦਾ ਹੈ । ਇਹ ਆਮ ਕਰਕੇ ਅਫਰੀਕਨ ਲੱਕੜ ਤੋਂ ਤਿਆਰ ਕੀਤਾ ਜਾਂਦਾ ਹੈ, ਜਿਸ ਦਾ ਵਿਆਸ ਲਗਭਗ 15 ਮਿ. ਮੀ. (0.6 ਇੰਚ) ਰਖਿਆ ਜਾਂਦਾ ਹੈ । ਇਹ ਸਿਰੇ ਉੱਤੇ ਜਾ ਕੇ ਪਿਆਲੇ ਦੀ ਸ਼ਕਲ ਧਾਰਨ ਕਰ ਲੈਂਦਾ ਹੈ, ਕਈ ਵਾਰੀ ਇਹ ਧਾਤ ਦਾ ਵੀ ਬਣਾਇਆ ਜਾਂਦਾ ਹੈ ਪ੍ਰੰਤੂ ਇਹ ਠੀਕ ਕੰਮ ਨਹੀਂ ਕਰਦਾ । ਇਸ ਦੇ ਮੂੰਹ ਵਾਲਾ ਪਾਸਾ ਆਮ ਕਰਕੇ ਐਬੋਨਾਈਟ ਦਾ ਬਣਿਆ ਹੁੰਦਾ ਹੈ, ਜਿਸ ਵਿਚ ਬਣੀ ਝਿਰੀ ਵਿਚ ਇਕਹਿਰੀ ਰੀਡ ਕੱਸੀ ਜਾਂਦੀ ਹੈ । ਇਸ ਨੂੰ ਵਜਾਉਣ ਵਾਲਾ ਰੀਡ ਨੂੰ ਆਪਣੇ ਬੁੱਲ੍ਹਾਂ ਵਿਚ ਜਾਂ ਹੇਠਲੇ ਬੁੱਲ ਅਤੇ ਉਪਰਲੇ ਦੰਦਾਂ ਵਿਚ ਫੜਕੇ ਰੱਖਦਾ ਹੈ । ਇਕ ਸਧਾਰਨ ਕਲੈਰਿਨੈੱਟ ਦੀ ਲੰਬਾਈ 66 ਸੈਂ. ਮੀ. (26 ਇੰਚ) ਹੁੰਦੀ ਹੈ । ਸੁਰਾਖਾਂ ਉੱਤੇ ਉਂਗਲਾਂ ਰਖ ਕੇ ਜਾਂ ਕਿਸੇ ਹੋਰ ਮਕੈਨਿਜ਼ਮ ਨਾਲ ਸੁਰਾਂ ਕੱਢੀਆਂ ਜਾਂਦੀਆਂ ਹਨ । ਰੀਡ ਨਾਲ ਲਗਿਆ

ਹੋਇਆ ਪਾਈਪ ਅੱਗੋਂ ਬੰਦ ਹੁੰਦਾ ਹੈ ਅਤੇ ਸਟਾਪ ਪਾਈਪ ਦਾ ਕੰਮ ਕਰਦਾ ਹੈ ।



ਕਲੈਰਿਨੈੱਟ ਖੱਬੇ ਤੋਂ ਸੱਜੇ : ਡੇਨਰ ਕਲੈਰਿਨੈੱਟ (ਅਠਾਰ੍ਹਵੀਂ ਸਦੀ); ਉਨ੍ਹੀਵੀਂ ਸਦੀ ਦੀ ਬਾਹਮ ਕਲੈਰਿਨੈੱਟ (1844) ਅਤੇ ਪਿਤਲ ਦੀ ਆਧੁਨਿਕ ਕਲੈਰਿਨੈੱਟ

ਇਸ ਦੀ ਕਾਢ ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਯੋਹਾਨ ਕ੍ਰਿਸਟਾਫ਼ ਡੇਨਰ ਨੇ ਕੱਢੀ ਸੀ, ਜਿਹੜਾ ਕਿ ਨਿਊਰਨਬਰਗ ਦਾ ਪ੍ਰਸਿੱਧ ਬੰਸਰੀ ਨਿਰਮਾਤਾ ਸੀ। ਇਸ ਤੋਂ ਪਹਿਲਾਂ ਇਕਹਿਰੀ ਰੀਡ ਦਾ ਇਸਤੇਮਾਲ ਕੇਵਲ ਆਰਗਨ ਵਾਜੇ ਅਤੇ ਲੋਕ ਸਾਜ਼ਾਂ ਵਿਚ ਕੀਤਾ ਜਾਂਦਾ ਸੀ । ਅਨੇਕਾਂ ਸੁਧਾਰ ਹੋਣ ਤੋਂ ਬਾਅਦ ਆਧੁਨਿਕ ਕਲੈਰਿਨੈੱਟ ਦਾ ਵਿਕਾਸ 1800 ਤੋਂ 1850 ਈ. ਦੇ ਵਿਚਕਾਰ ਹੋਇਆ । ਫਿਰ ਕੁਝ ਸੁਰਾਂ ਵਿਚ ਹੋਰ ਸੁਧਾਰ ਕਰਨ ਲਈ ਹੋਰ ਬਟਨ (Keys) ਲਗਾਏ ਗਏ । ਇਸ ਦੇ ਮੂੰਹ ਦੀ ਲੰਬਾਈ ਅਤੇ ਪਾਈਪ ਦਾ ਵਿਆਸ ਵਧੇਰੇ ਸੁਰ ਸ਼ਕਤੀ ਨੂੰ ਮੁੱਖ ਰੱਖਦੇ ਹੋਏ ਵਧਾਏ ਗਏ ਹਨ ।

ਹ. ਪੁ.—ਐਨ. ਬ੍ਰਿ. ਮਾ. 2 : 966.

**ਕਲੈਰੇਨਡਨ, ਐਡਵਰਡ ਹਾਈਡ :** ਵਿਸ਼ਵ ਦੇ ਇਸ ਪ੍ਰਸਿੱਧ ਅੰਗਰੇਜ਼ ਨੀਤੀਵੇਤਾ ਅਤੇ ਇਤਿਹਾਸਕਾਰ ਦਾ ਜਨਮ ਡਿੰਟਨ ਵਿਖੇ 18 ਫ਼ਰਵਰੀ, 1609 ਨੂੰ ਹੋਇਆ। ਗ੍ਰੇਜੂਏਸ਼ਨ ਕਰਨ ਉਪਰੰਤ ਲੰਡਨ ਦੇ ਮਿਡਲ ਟੈਂਪਲ ਵਿਚ ਕਾਨੂੰਨ ਦਾ ਅਧਿਐਨ ਕਰਨ ਪਿਛੋਂ ਇਸਨੇ ਵਕਾਲਤ ਆਰੰਭ ਕੀਤੀ। ਪ੍ਰਸਿੱਧ ਵਕੀਲ ਹੋਣ ਦੇ ਨਾਤੇ ਇਹ 1640 ਵਿਚ 'ਬੂਟਨ ਬੈਸੇਟ' ਤੋਂ ਥੁੜ੍ਹਚਿਰੀ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। ਇਸੇ ਵਰ੍ਹੇ ਇਹ ਲੰਮੇ ਸਮੇਂ ਦੀ ਪਾਰਲੀਮੈਂਟ ਲਈ ਸੇਲਟਾਸ ਦਾ ਪ੍ਰਤੀਨਿਧ ਚੁਣਿਆ ਗਿਆ। ਇਸ ਪਾਰਲੀਮੈਂਟ ਦੇ ਆਰੰਭ ਵਿਚ ਹੀ ਰਾਜੇ ਦੇ 12 ਵਰ੍ਹਿਆਂ ਦੇ ਵਿਅਕਤੀਗਤ ਸ਼ਾਸਨ ਵਿਚ ਕਾਨੂੰਨ ਦੀ ਕੁਵਰਤੋਂ, ਅਸਾਧਾਰਨ ਅਦਾਲਤਾਂ ਦੀ ਰਾਜਾ ਦੇ ਸੁਆਰਥ ਸਾਧਨ ਲਈ ਵਰਤੋਂ, ਜੱਜਾਂ ਵਲੋਂ ਗਲਤ ਵਿਵਹਾਰ, 'ਜਹਾਜ਼ੀ ਕਰ' ਸਬੰਧੀ ਫ਼ੈਸਲੇ ਆਦਿ ਗੈਰ ਕਾਨੂੰਨੀ ਕੰਮਾਂ ਦਾ ਵਿਰੋਧ ਹੋਇਆ । ਇਸ ਨੇ ਵਿਰੋਧੀ ਪੱਖ ਦੀ ਹਮਾਇਤ ਕੀਤੀ ਪਰੰਤੂ ਧਰਮ-ਵਿਵਸਥਾ ਵਿਚ ਪਰਿਵਰਤਨ ਦੇ ਮਸਲੇ ਤੇ ਰਾਜੇ ਦੀ ਮਦਦ ਕਰਨ ਕਰਕੇ ਇਹ 1641 ਤੋਂ ਉਸ ਦਾ ਨਿਕਟਵਰਤੀ ਸਲਾਹਕਾਰ ਬਣ ਗਿਆ। ਪਾਰਲੀਮੈਂਟ ਦੀਆਂ ਮੰਗਾਂ ਅਤੇ ਮਤਿਆਂ ਸਬੰਧੀ ਉੱਤਰ ਇਹੋ ਹੀ ਤਿਆਰ ਕਰਦਾ ਹੁੰਦਾ ਸੀ। ਬਾਦਸ਼ਾਹ ਵਲੋਂ 'ਹਾਊਸ ਆਫ ਕਾਮਨਜ਼' ਦੇ ਪੰਜ ਮੈਂਬਰਾਂ ਦੀ ਗ੍ਰਿਫ਼ਤਾਰੀ ਦਾ ਇਸ ਨੇ ਵਿਰੋਧ ਕੀਤਾ ਸੀ। ਪਰ ਪਾਰਲੀਮੈਂਟ ਵਿਚ ਸੰਘਰਸ਼ ਛਿੜਨ ਤੇ ਇਹ ਸਾਫ ਤੌਰ ਤੇ ਬਾਦਸ਼ਾਹ ਦੇ ਨਾਲ ਹੋ ਗਿਆ। ਇਸ ਨੇ ਬਾਦਸ਼ਾਹ ਨੂੰ ਗੈਰ-ਕਾਨੂੰਨੀ ਗੱਲਾਂ ਦਾ ਤਿਆਗ ਕਰਨ ਦੀ ਸਲਾਹ ਦਿਤੀ । ਇਹ ਮੰਨਦਾ ਸੀ ਕਿ ਬਾਦਸ਼ਾਹ ਦੇ ਕਾਰਜਾਂ ਦਾ ਆਧਾਰ ਕਾਨੂੰਨ ਹੋਣਾ ਚਾਹੀਦਾ ਹੈ। ਇਸ ਨੇ ਬਾਦਸ਼ਾਹ ਦੀ ਨੀਤੀ ਨਿਸ਼ਚਿਤ ਕੀਤੀ ਅਤੇ ਹਾਊਸ ਆਫ਼ ਕਾਮਨਜ਼ ਵਿਚ ਬਾਦਸ਼ਾਹ ਦੇ ਪੱਖ ਵਿਚ ਦਲ ਸੰਗਠਿਤ ਕੀਤਾ। ਇਸ ਨੂੰ ਬਾਦਸ਼ਾਹ ਨੇ 1643 ਵਿਚ ਨਾਈਟ ਦੀ ਪਦਵੀ ਦਿਤੀ, ਪ੍ਰੀਵੀ ਕੌਂਸਲ ਦਾ ਮੈਂਬਰ ਅਤੇ ਖ਼ਜ਼ਾਨਾ ਮੰਤਰੀ ਵੀ ਨਿਯੁਕਤ ਕੀਤਾ, ਇਸ ਵਰ੍ਹੇ ਆਕਸਫੋਰਡ ਲਈ ਇਸ ਨੂੰ ਆਪਣਾ ਪ੍ਰਤੀਨਿਧੀ ਨਿਯੁਕਤ ਕੀਤਾ ।

ਜੰਗ ਵਿਚ ਹਾਰਨ ਤੋਂ ਪਿਛੋਂ ਬਾਦਸ਼ਾਹ ਦਾ ਵੱਡਾ ਪੁੱਤਰ ਚਾਰਲਸ ਇੰਗਲੈਂਡ ਦੇ ਪੱਛਮੀ ਪ੍ਰਦੇਸ਼ ਵਿਚ ਚਲਾ ਗਿਆ ਤਾਂ ਇਹ ਵੀ ਉਸ ਦੇ ਨਾਲ ਹੀ ਗਿਆ । ਦੂਜੀ ਵਾਰ 1648 ਵਿਚ ਯੁੱਧ ਆਰੰਭ ਹੋਣ ਪਿਛੋਂ ਇਹ ਰਾਜਕੁਮਾਰ ਨਾਲ ਹਾਲੈਂਡ ਚਲਾ ਗਿਆ। ਰਾਜੇ ਦੇ ਪੱਖ ਵਿਚ ਸਹਾਇਤਾ ਲੈਣ ਲਈ ਇਹ 1649 ਵਿਚ ਸਪੇਨ ਗਿਆ ਪਰ ਦੋ ਸਾਲ ਉਥੇ ਰਹਿ ਕੇ ਅਸਫ਼ਲ ਵਾਪਸ ਆਇਆ । ਇਹ 1652 ਵਿਚ ਫਿਰ ਰਾਜਕੁਮਾਰ ਕੋਲ ਹਾਲੈਂਡ ਚਲਾ ਗਿਆ ਅਤੇ ਇੰਗਲੈਂਡ ਵਿਚ ਰਾਜਤੰਤਰ ਦੀ ਪੁਨਰਸਥਾਪਨਾ ਤੱਕ ਇਹ ਉਸਦਾ ਪ੍ਰਧਾਨ ਮੰਤਰੀ ਰਿਹਾ । ਰਾਜਕੁਮਾਰ ਨੇ 1658 ਵਿਚ ਇਸਨੂੰ ਆਪਣਾ ਲਾਰਡ ਚਾਂਸਲਰ ਨਿਯੁਕਤ ਕੀਤਾ। ਇਸ ਨੇ 1660 ਦੀ ਬ੍ਰੇਡਾ ਦੀ ਘੋਸ਼ਣਾ ਦਾ ਮਸੌਦਾ ਤਿਆਰ ਕੀਤਾ। ਇਸੇ ਸਾਲ ਚਾਰਲਸ ਦੂਜੇ ਨੇ ਵੀ ਇਸ ਨੂੰ ਲਾਰਡ ਚਾਂਸਲਰ ਅਤੇ ਪ੍ਰਧਾਨ ਮੰਤਰੀ ਬਣਾਇਆ। ਬਾਦਸ਼ਾਹ ਨੇ ਇਸ ਨੂੰ ਆਕਸਫੋਰਡ ਯੂਨੀਵਰਸਿਟੀ ਦਾ ਚਾਂਸਲਰ ਵੀ ਨਿਯੁਕਤ ਕੀਤਾ। ਬਾਦਸ਼ਾਹ ਨੇ ਇਸ ਨੂੰ 1661 ਵਿਚ ਕਲੈਰੇਂਡਨ ਦੇ ਅਰਲ ਦੀ ਪਦਵੀ ਦਿਤੀ ਅਤੇ ਆਪਣੇ ਛੋਟੇ ਭਰਾ ਜੇਮਜ਼ ਨਾਲ ਇਸਦੀ ਧੀ ਐਨ ਹਾਈਡ ਦਾ ਵਿਆਹ ਕੀਤਾ।

ਇਸ ਨੇ 1665 ਵਿਚ ਖਰਚ ਦੀਆਂ ਮੰਗਾਂ ਦੇ ਫੈਸਲੇ ਅਤੇ ਖਰਚ ਦੀ ਜਾਂਚ ਸਬੰਧੀ ਪਾਰਲੀਮੈਂਟ ਦੇ ਮਤੇ ਦਾ ਵਿਰੋਧ ਕੀਤਾ ਸੀ ਅਤੇ ਉਨ੍ਹਾਂ ਨੂੰ ਨਾ ਮੰਨਣ ਦੀ ਰਾਜੇ ਨੂੰ ਸਲਾਹ ਦਿਤੀ ਸੀ। ਇਹ ਰਾਜੇ ਦੀ ਆਪਣੀ ਮਨ-ਮਾਨੀ ਦਾ ਵਿਰੋਧੀ ਸੀ। ਧਾਰਮਿਕ ਦਾਨ ਦੇ ਐਲਾਨ ਨੂੰ ਕਾਨੂੰਨੀ ਰੂਪ ਦੇਣ ਦੀ ਰਾਜੇ ਦੀ ਇੱਛਾ ਦਾ ਇਸ ਨੇ ਵਿਰੋਧ ਕੀਤਾ ਸੀ। ਇਸ ਵਲੋਂ ਬਣਾਏ ਗਏ ਪ੍ਰਸਿੱਧ ਕਾਨੂੰਨ (1661 ਤੋਂ 1665) ਕਲੈਰੇਨਡਨ ਕੋਡ ਦੇ ਨਾਂ ਨਾਲ ਪ੍ਰਸਿੱਧ ਹਨ। ਇਸ ਦੀ ਬਦੇਸ਼ੀ ਨੀਤੀ ਬਹੁਤ ਸਫ਼ਲ ਸੀ । ਰਾਜ ਵਿਚ ਪ੍ਰਧਾਨ ਮੰਤਰੀ ਬਣਨ ਦੇ ਸਮੇਂ ਤੋਂ ਇਸ ਦੇ ਹਰਮਨ ਪਿਆਰਾ ਹੋਣ ਦੀ ਚਰਚਾ ਘੱਟ ਗਈ ਸੀ। ਰਾਜੇ ਨੇ ਇਸ ਨੂੰ 1667 ਵਿਚ ਚਾਂਸਲਰ ਦੇ ਪਦ ਤੋਂ ਹਟਾ ਦਿਤਾ। ਇਹ ਰਾਜੇ ਦਾ ਪ੍ਰਧਾਨ ਮੰਤਰੀ ਨਾ ਰਿਹਾ। ਇਸੇ ਸਾਲ ਇਸ ਤੇ 'ਹਾਊਸ ਆਫ਼ ਕਾਮਨਜ਼' ਨੇ ਇਮਪੀਚਮੈਂਟ ਚਾਲੂ ਕੀਤੀ। ਰਾਜੇ ਦੀ ਸਲਾਹ ਨਾਲ ਇਹ ਫਰਾਂਸ ਚਲਾ ਗਿਆ। ਪਾਰਲੀਮੈਂਟ ਨੇ ਇਸ ਨੂੰ ਵਾਪਸ ਆਉਣ ਅਤੇ ਕੀਤੀ ਜਾਣ ਵਾਲੀ ਕਾਰਵਾਈ ਸਮੇਂ ਹਾਜ਼ਰ ਰਹਿਣ ਲਈ ਕਿਹਾ ਪਰੰਤੂ ਇਹ ਵਾਪਸ ਨਾ ਆਇਆ ਤਾਂ ਇਸ ਨੂੰ ਸਾਰੀ ਉਮਰ ਲਈ ਦੇਸ਼-ਨਿਕਾਲੇ ਦੀ ਸਜ਼ਾ ਦੇ ਦਿਤੀ ਗਈ । 19 ਦਸੰਬਰ, 1674 ਨੂੰ ਫ਼ਰਾਂਸ ਦੇ ਰੂਓਂ ਨਗਰ ਵਿਚ ਇਸ ਦੀ ਮੌਤ ਹੋ ਗਈ। 1646 ਤੋਂ 1648 ਤਕ ਰਾਜਕੁਮਾਰ ਦੇ ਨਾਲ ਦੇ ਪ੍ਰਵਾਸ-ਕਾਲ ਵਿਚ ਅਤੇ 1667 ਤੋਂ 1674 ਤਕ ਫਰਾਂਸ ਪ੍ਰਵਾਸ ਵਿਚ ਇਸ ਨੇ ਵਿਦਰੋਹ ਦਾ ਇਤਿਹਾਸ ਅਤੇ ਰਾਜਤੰਤਰ ਦੀ ਮੁੜ ਸਥਾਪਨਾ ਤਕ ਦਾ ਆਪਣਾ ਜੀਵਨ ਵਿਰਤਾਂਤ ਲਿਖਿਆ । ਇਹ ਰਚਨਾ ਦੇਸ਼ ਦੇ ਮਹੱਤਵਪੂਰਨ ਇਤਿਹਾਸਕ ਗ੍ਰੰਥਾਂ ਵਿਚ ਸਥਾਨ ਰਖਦੀ ਹੈ।

ਹ. ਪੁ.—ਹਿੰ. ਵਿ. ਕੋ. 3 : 275.

**ਕਲੈਰੇਨਡਨ ਸੰਵਿਧਾਨ :** ਬਾਦਸ਼ਾਹ ਹੈਨਰੀ ਦੂਜੇ ਵਲੋਂ ਜਨਵਰੀ, 1164 ਵਿਚ ਚਰਚ ਤੇ ਰਾਜ ਦੇ ਆਪਸੀ ਸਬੰਧਾਂ ਦੀ

ਵਿਆਖਿਆ ਕਰਦੇ ਇਹ 16 ਅਨੁਛੇਦ ਸਨ । ਇਹ ਪਾਦਰੀਆਂ ਨੂੰ ਮਿਲਦੇ ਵਿਸ਼ੇਸ਼-ਅਧਿਕਾਰਾਂ ਅਤੇ ਚਰਚ ਕੋਰਟਾਂ ਦੀ ਸ਼ਕਤੀ ਤੇ ਰੋਕ ਲਾਉਣ ਲਈ ਜਾਰੀ ਕੀਤੇ ਗਏ ਸਨ । ਇਨ੍ਹਾਂ ਸੰਵਿਧਾਨਾਂ ਨਾਲ ਬਾਦਸ਼ਾਹ ਅਤੇ ਕੈਂਟਰਬਰੀ ਦੇ ਆਰਕਬਿਸ਼ਪ ਟਾਮਸ ਬੈਕਟ ਵਿਚ ਇਕ ਪ੍ਰਸਿੱਧ ਕਸ਼ਮਕਸ਼ ਨੇ ਜਨਮ ਲਿਆ ।

ਹੈਨਰੀ ਦੇ ਪੂਰਵਜ ਸਟੀਫਨ (1135-54) ਦੇ ਹਫੜਾ ਦਫੜੀ ਦੇ ਕਾਲ ਵਿਚ ਧਾਰਮਿਕ ਕਾਨੂੰਨ ਦੇ ਵਿਕਸਤ ਹੋਣ ਨਾਲ ਚਰਚ ਕੋਰਟਾਂ ਨੇ ਬਹੁਤ ਸਾਰੇ ਸੈਕੂਲਰ ਅਦਾਲਤੀ ਸ਼ਾਹੀ ਅਖਤਿਆਰ ਹਥਿਆ ਲਏ ਸਨ । ਇਨ੍ਹਾਂ ਸੰਵਿਧਾਨਾਂ ਦਾ ਉਦੇਸ਼ ਹੈਨਰੀ ਪਹਿਲੇ (1100-35) ਦੇ ਕਾਲ ਵਾਲੇ ਰਸਮ-ਰਿਵਾਜ ਬਹਾਲ ਕਰਨਾ ਸੀ ਪਰੰਤੂ ਇਹ ਆਦੇਸ਼ ਪਹਿਲੇ ਅਜਿਹੇ ਸਾਰੇ ਆਦੇਸ਼ਾਂ ਨਾਲੋਂ ਸਖ਼ਤ ਸਨ । ਇਨ੍ਹਾਂ ਅਨੁਸਾਰ ਕਿਸੇ ਵੀ ਪਾਦਰੀ ਨੂੰ ਰਾਜ ਛੱਡਣ ਜਾਂ ਰੋਮ ਵਿਚ ਅਦਾਲਤੀ ਅਪੀਲ ਕਰਨ ਲਈ ਬਾਦਸ਼ਾਹ ਤੋਂ ਪੂਰਵ ਪ੍ਰਵਾਨਗੀ ਲੈਣੀ ਜ਼ਰੂਰੀ ਸੀ । ਚਰਚ ਉਤੇ ਕਿਸੇ ਵੀ ਧਰਮ ਵਿਚੋਂ ਛੇਕਣ ਅਤੇ ਪਾਬੰਦੀ ਲਾਉਣ ਦੀ ਸ਼ਕਤੀ ਅਤੇ ਕਿਸੇ ਸਾਧਾਰਣ ਵਿਅਕਤੀ ਵਿਰੁਧ ਗੁਪਤ ਰਿਪੋਟ ਤੇ ਕੀਤੀ ਜਾਣ ਵਾਲੀ ਕਾਰਵਾਈ ਉਪਰ ਰੋਕ ਲਾ ਦਿਤੀ ਗਈ ਸੀ । ਸਾਰੇ ਵੱਡੇ ਪਾਦਰੀਆਂ ਦੇ ਅਧਿਕਾਰ ਖੇਤਰਾਂ ਅਤੇ ਗਿਰਜਿਆਂ ਦੀ ਆਮਦਨ ਬਾਦਸ਼ਾਹ ਨੂੰ ਦੇ ਦਿਤੀ ਗਈ ਅਤੇ ਖਾਲੀ ਥਾਵਾਂ ਭਰਨ ਦੀ ਖੁਲ੍ਹ ਦੇ ਦਿਤੀ ਗਈ । ਚਰਚ ਦੀ ਸਰਪ੍ਰਸਤੀ ਰਿਣ ਅਤੇ ਭੌਂ ਦੇ ਮਾਮਲਿਆਂ ਦੀ ਫ਼ੀਸ ਦੇ ਸਾਰੇ ਮਾਮਲੇ ਧਰਮ-ਨਿਰਪੇਖ ਅਦਾਲਤਾਂ ਕੋਲ ਰਾਖਵੇਂ ਕਰ ਦਿਤੇ ਗਏ ।

ਚਰਚ ਕੋਰਟਾਂ ਨੂੰ ਚਰਚ ਸੰਪਤੀ ਉਪਰ ਪ੍ਰਭਾਵਸ਼ਾਲੀ ਨਿਯੰਤਰਣ ਦੇ ਦਿਤਾ ਗਿਆ ਪਰੰਤੂ ਜਿਥੇ ਝਗੜਾ ਇਕ ਸਾਧਾਰਣ ਵਿਅਕਤੀ ਅਤੇ ਪਾਦਰੀ ਵਿਚਕਾਰ ਹੋਵੇ ਉਥੇ ਮਾਮਲਾ ਸੈਕੂਲਰ ਜਿਊਰੀ ਹੀ ਸੁਣ ਸਕਦੀ ਸੀ । ਸਭ ਤੋਂ ਵਧ ਇਤਰਾਜ਼ ਯੋਗ ਤੀਜਾ ਅਨੁਛੇਦ ਸੀ ਜਿਸ ਅਨੁਸਾਰ ਸੰਗੀਨ ਜੁਰਮ ਵਾਲੇ ਪਾਦਰੀ ਨੂੰ ਸੈਕੂਲਰ ਦੰਡ ਦਿਤਾ ਜਾ ਸਕਦਾ ਸੀ । ਭਾਵੇਂ ਚਰਚ ਕੋਰਟਾਂ ਜੁਰਮ ਕਰਨ ਵਾਲੇ ਪਾਦਰੀਆਂ ਨਾਲ ਜਾਣ-ਬੁੱਝ ਕੇ ਨਰਮਾਈ ਵਰਤਦੀਆਂ ਸਨ ਫਿਰ ਵੀ ਬੈਕੇਟ ਨੂੰ ਇਸੇ ਉਪਬੰਧ ਨੇ ਦੱਬਕੇ ਰੋਸ ਪ੍ਰਗਟ ਕਰਨ ਲਈ ਉਕਸਾਇਆ ।

ਜਦੋਂ ਬਾਦਸ਼ਾਹ ਨੇ ਇਹ ਸੰਵਿਧਾਨ ਜਨਵਰੀ ਵਿਚ ਕਲੇਰੈਨਡਨ ਵਿਖੇ ਪੇਸ਼ ਕੀਤੇ ਤਾਂ ਬੈਕੇਟ ਦੀ ਅਗਵਾਈ ਵਿਚ ਪਾਦਰੀਆਂ ਨੇ ਝਿਜਕਦੇ ਝਿਜਕਦੇ ਇਨ੍ਹਾਂ ਦੀ ਪਾਲਣਾ ਕਰਨ ਦਾ ਵਚਨ ਦਿਤਾ । ਬਾਅਦ ਵਿਚ ਬੈਕੇਟ ਪਛਤਾਇਆ ਅਤੇ ਇਕ ਸਾਲ ਦੇ ਅੰਦਰ ਹੀ ਉਸ ਨੇ ਆਪਣੀ ਪ੍ਰਤਿਗਿਆ ਤੋੜ ਦਿਤੀ । ਹੈਨਰੀ ਵਲੋਂ ਉਸ ਨੂੰ ਛੇ ਸਾਲ ਦਾ ਦੇਸ਼ ਨਿਕਾਲਾ ਦੇ ਦਿਤਾ ਗਿਆ । ਬੈਕੇਟ ਦੀ 1170 ਵਿਚ ਦਿਤੀ ਸ਼ਹਾਦਤ ਸਦਕਾ ਹੈਨਰੀ ਨੂੰ ਪਾਦਰੀਆਂ ਤੇ ਕੀਤੀ ਸਖਤੀ ਨੂੰ ਨਰਮ ਕਰਨਾ ਪਿਆ ਪਰ ਉਸ ਨੇ ਨਿਸ਼ਚਿਤ ਰੂਪ ਵਿਚ ਸੰਵਿਧਾਨਾਂ ਦੀ ਇਕ ਵੀ ਧਾਰਾ ਰੱਦ ਨਾ ਕੀਤੀ । ਤੇਰ੍ਹਵੀਂ ਸਦੀ ਤਕ ਦੂਜੀ ਵੇਰ ਜੁਰਮ ਕਰਨ ਵਾਲੇ ਦੋਸ਼ੀ ਪਾਦਰੀਆਂ ਵਿਰੁਧ ਸੈਕੂਲਰ ਅਦਾਲਤਾਂ ਵਿਚ ਮੁਕੱਦਮੇ ਚਲਾਏ ਜਾਂਦੇ ਸਨ । ਪਹਿਲੀ ਵਾਰ ਕੀਤੇ ਗੁਨਾਹ ਲਈ ਉਨ੍ਹਾਂ ਨੂੰ ਪਾਦਰੀ ਹੋਣ ਦਾ ਲਾਭ ਦੇ ਦਿਤਾ ਜਾਂਦਾ ਸੀ ।

ਹ. ਪੁ.—ਐਨ. ਬ੍ਰਿ. ਮਾ. 2 : 965-66

**ਕਲੇਰੈਨਡਨ, ਫ਼੍ਰੀਡ੍ਰਿਕ ਵਿਲੀਅਰਜ਼** : ਇਸ ਅੰਗਰੇਜ਼ ਨੀਤੀਵਾਨ ਦਾ ਜਨਮ 12 ਜਨਵਰੀ, 1800 ਨੂੰ ਹੋਇਆ । ਇਸ ਨੇ ਸੇਂਟ ਜਾਨ ਕਾਲਜ, ਕੈਂਬ੍ਰਿਜ ਵਿਚ ਪੜ੍ਹਾਈ ਕੀਤੀ । ਕੇਵਲ 20 ਸਾਲ ਦੀ ਉਮਰ ਵਿਚ ਇਸਦੀ ਨਿਯੁਕਤੀ ਸੇਂਟ ਪੀਟਰਜ਼ ਬਰਗ ਸਥਿਤ ਬ੍ਰਿਟਿਸ਼ ਦੂਤਾਵਾਸ ਵਿਚ ਇਕ ਉਚ-ਅਧਿਕਾਰੀ ਵਜੋਂ ਹੋ ਗਈ ਅਤੇ 1833 ਵਿਚ ਮੈਡਰਿਡ ਵਿਖੇ ਬ੍ਰਿਟਿਸ਼ ਸਕੱਤਰ ਬਣਿਆ । ਮੈਡਰਿਡ ਵਿਚ ਸਪੇਨੀ ਵਰਾਸਤ ਦੇ ਸਬੰਧ ਵਿਚ ਇਜ਼ਾਬੇਲਾ ਦੂਜੇ ਦੇ ਹੱਕ ਵਿਚ ਇਸ ਦੇ ਉਦਾਰ-ਸ਼ਾਸਨ ਦਾ ਪੱਖ ਲੈ ਕੇ ਮਾਣ ਖੱਟਿਆ । ਇਸ ਨੂੰ 1838 ਵਿਚ ਅਰਲ ਦੀ ਉਪਾਧੀ ਨਾਲ ਸਨਮਾਨਿਆ ਗਿਆ ਸੀ । ਲਾਰਡ ਮੈਲਬੋਰਨ ਦੇ ਸ਼ਾਸਨ-ਕਾਲ ਵਿਚ ਇਸ ਨੂੰ ਉੱਚੇ ਪਦ ਮਿਲਦੇ ਰਹੇ ਪਰੰਤੂ ਮਾਸਟਰਨ ਦੀ ਮਿਸ਼ਰਤ ਅਤੇ ਫਰਾਂਸ ਸਬੰਧੀ ਨੀਤੀ ਦਾ ਇਸਨੇ ਡਟ ਕੇ ਵਿਰੋਧ ਕੀਤਾ । ਸੰਨ 1846 ਵਿਚ ਜੌਨ ਰਸਲ ਦੇ ਮੰਤਰੀ ਮੰਡਲ ਵਿਚ ਵਪਾਰ ਮੰਡਲ ਦੇ ਪ੍ਰਧਾਨ ਦੇ ਰੂਪ ਵਿਚ ਇਹ ਉਸਦਾ ਮੈਂਬਰ ਬਣਿਆ । ਦੋ ਵਾਰ ਇਸ ਨੂੰ ਭਾਰਤ ਦਾ ਅਤੇ ਇਕ ਵਾਰ ਕੈਨੇਡਾ ਦਾ ਵਾਇਸਰਾਏ ਬਣਨ ਦੀ ਪੇਸ਼ਕਸ਼ ਹੋਈ ਪਰੰਤੂ ਇਸ ਨੇ ਪੇਸ਼ਕਸ਼ ਸਵੀਕਾਰ ਨਾ ਕੀਤੀ । ਸੰਨ 1847 ਵਿਚ ਇਹ ਆਇਰਲੈਂਡ ਦਾ ਲਾਰਡ ਲੈਫਟੀਨੈਂਟ ਬਣਾਇਆ ਗਿਆ । ਇਹ 1852 ਤਕ ਇਸ ਦੇਸ਼ ਦਾ ਮਾਰਗ ਦਰਸ਼ਨ ਕਰਦਾ ਰਿਹਾ । ਅਗਲੇ ਸਾਲ 1853 ਵਿਚ ਇਹ ਅੰਤਰਰਾਸ਼ਟਰੀ ਵਿਭਾਗ ਦਾ ਸਰਕਾਰੀ ਸਕੱਤਰ ਬਣਿਆ । ਇਹ ਇਸ ਦੀ ਇੱਛਾ ਦੀ ਪੂਰਤੀ ਸੀ, ਜੀਵਨ ਦਾ ਵਰਦਾਨ ਸੀ ।

ਇਸ ਪਦ ਨੂੰ ਸੰਭਾਲਕੇ ਹੀ ਇਸ ਨੂੰ ਰੂਸੀ-ਤੁਰਕੀ ਰਾਜਨੀਤਿਕ ਮੁਠਭੇੜ ਦਾ ਸਾਹਮਣਾ ਕਰਨਾ ਪਿਆ ਜਿਸ ਦਾ ਅੰਤਿਮ ਸਿੱਟਾ ਕਰੀਮੀਆ ਦਾ ਯੁੱਧ ਸੀ । ਨਤੀਜੇ ਵਜੋਂ ਪੈਰਿਸ ਵਿਚ ਰਾਸ਼ਟਰਾਂ ਦਾ ਸੰਮੇਲਨ ਹੋਇਆ ਜਿਸ ਵਿਚ ਇਸ ਦੀ ਸੁਲਝੀ ਨੀਤੀ ਨਾਲ ਸ਼ਾਂਤੀਪੂਰਨ ਸੰਧੀ ਸੰਭਵ ਹੋ ਸਕੀ । ਇਸ ਨੇ ਆਸਟ੍ਰੀਆ ਨੂੰ ਮਜਬੂਰ ਕੀਤਾ ਕਿ ਉਹ ਜਾਂ ਤਾਂ ਚੁੱਪ ਰਹੇ ਨਹੀਂ ਤੇ ਮਿੱਤਰ ਦੇਸ਼ਾਂ ਨੂੰ ਸਹਿਯੋਗ ਦੇਵੇ । ਸਮਰਾਟ ਨੈਪੋਲੀਅਨ ਤੇ ਵੀ ਇਸ ਦਾ ਬੇਹੱਦ ਪ੍ਰਭਾਵ ਸੀ ਅਤੇ ਇਸੇ ਪ੍ਰਭਾਵ ਸਦਕਾ ਉਹ ਸੰਧੀ ਤੇ ਬੱਝਿਆ ਰਿਹਾ ਸੀ । ਸੰਮੇਲਨ ਦੀ ਸਫ਼ਲਤਾ ਦਾ ਸਿਹਰਾ ਵੀ ਵਧੇਰੇ ਹੱਦ ਤਕ ਇਸੇ ਨੂੰ ਜਾਂਦਾ ਹੈ । ਇਸੇ ਦੀ ਸਹਾਇਤਾ ਨਾਲ ਕਾਵੂਰ ਇਟਲੀ ਦੀ ਸਮੱਸਿਆ ਨੂੰ ਯੂਰਪ ਦੇ ਸਾਹਮਣੇ ਰਖ ਸਕਿਆ । ਸੰਮੇਲਨ ਦੀਆਂ ਮਹਾਨ ਸਫ਼ਲਤਾਵਾਂ ਜਿਵੇਂ ਸਮੁੰਦਰੀ ਜੰਗ ਦੇ ਨਿਯਮਾਂ ਦਾ ਐਲਾਨ ਆਦਿ ਦਾ ਸਿਹਰਾ ਵੀ ਇਸੇ ਨੂੰ ਜਾਂਦਾ ਹੈ । ਸੰਨ 1853 ਵਿਚ ਜੌਨ ਰਸਲ ਨਾਲ ਨਿੱਜੀ ਵਿਰੋਧ ਕਾਰਨ ਇਸ ਨੂੰ ਮੰਤਰੀ ਮੰਡਲ ਤੋਂ ਲਾਂਭੇ ਹੋਣਾ ਪਿਆ । ਪਾਮਸਟਰਨ ਦੀ ਮੌਤ ਪਿਛੋਂ 1865 ਵਿਚ ਇਹ ਫਿਰ ਬਿਦੇਸ਼ ਵਿਭਾਗ ਵਿਚ ਨਿਯੁਕਤ ਹੋਇਆ ਜਿਥੇ ਇਹ 1870 ਵਿਚ ਹੋਈ ਆਪਣੀ ਮੌਤ ਦੀ ਘੜੀ ਤਕ ਰਿਹਾ ।

ਇਹ ਪ੍ਰਭਾਵਸ਼ਾਲੀ ਵਿਅਕਤੀਤਵ, ਤੇਜ਼ ਬੁੱਧੀ, ਚਤੁਰ ਨੀਤੀਵਾਨ ਅਤੇ ਨਿਮਰ ਵਿਵਹਾਰ ਵਾਲਾ ਪ੍ਰਸੰਨ-ਚਿੱਤ ਵਿਅਕਤੀ ਸੀ ।

ਹ. ਪੁ.—ਹਿੰ. ਵਿ. ਕੋ. 3 : 275.

**ਕਲੌਜ਼ੇਵਿਟਸ,ਕਾਰਲ ਫ਼ੌਨ** : ਪ੍ਰਸ਼ੀਆ ਦੇ ਇਸ ਉੱਘੇ ਕਮਾਂਡਰ ਦਾ ਜਨਮ 1 ਜੂਨ, 1780 ਨੂੰ ਹੋਇਆ । ਪ੍ਰਸ਼ੀਆ ਅਤੇ ਰੂਸੀ ਸੈਨਾ ਵਿਚ ਸੇਵਾ ਕਰਨ ਪਿਛੋਂ 1818 ਵਿਚ ਬਰਲਿਨ ਵਿਖੇ ਵਾਰ ਅਕੈਡਮੀ ਦਾ ਡਾਇਰੈਕਟਰ ਬਣਿਆ । ਇਸ ਨੂੰ 1830 ਵਿਚ ਤੋਪਖਾਨੇ ਦਾ ਨਰੀਖਕ ਬਣਾ ਦਿਤਾ ਗਿਆ ।

ਇਸ ਦਾ ਵਡੱਪਣ ਇਸ ਦੀਆਂ ਯੁੱਧ ਸਬੰਧੀ ਲਿਖਤਾਂ ਅਤੇ ਸਿਖਲਾਈ ਵਿਚ ਹੈ ਜਿਸ ਨੇ ਪ੍ਰਸ਼ੀਆ ਅਤੇ ਬਾਅਦ ਵਿਚ ਜਰਮਨ ਫ਼ੌਜਾਂ ਵਿਚ ਰੂਹ ਫੂਕ ਦਿਤੀ । ਇਸ ਨੇ ਯੁੱਧ ਨੂੰ ਇਕ ਵਪਾਰ ਦਸਿਆ ਜੋ ਦੁਸ਼ਮਣ ਦੇ ਨਸ਼ਟ ਹੋਣ ਤਕ ਜਾਰੀ ਰਖਣਾ ਚਾਹੀਦਾ ਹੈ । ਇਸ ਦੀ ਲਿਖਤ ਨੂੰ ਇਸ ਦੀ ਵਿਧਵਾ ਨੇ 1832-37 ਵਿਚ ਦਸ ਜਿਲਦਾਂ ਵਿਚ ਪ੍ਰਕਾਸ਼ਤ ਕਰਵਾਇਆ ਜਿਸ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਅਤੇ ਜਿਸ ਨੂੰ ਦਾਰਸ਼ਨਿਕ ਪੱਖ ਤੋਂ ਯੁੱਧ ਕਲਾ ਸਬੰਧੀ ਇਕ ਮਹਾਨ ਕਿਰਤ ਮੰਨਿਆ ਜਾਂਦਾ ਹੈ ।

ਇਸ ਦੀ ਮੌਤ 18 ਨਵੰਬਰ, 1831 ਨੂੰ ਹੋਈ ।

ਹ. ਪੁ.—ਨਿ. ਕ. ਯੂ. ਬਾ. 1 : 408.

**ਕਲੱਟਸ, ਜਾਂ ਬੈਪਟਿਸਟ ਡੁਵਾਲ-ਡੀ-ਗਰੇਸਾ** : ਜਰਮਨ ਦੇ ਇਸ ਕੱਟੜ ਕ੍ਰਾਂਤੀਕਾਰੀ ਦਾ ਜਨਮ 24 ਜੂਨ, 1755 ਨੂੰ ਕਲੀਵਸ ਦੇ ਨੇੜੇ ਹੋਇਆ । ਇਹ ਇਕ ਸਾਊ ਪ੍ਰਸ਼ੀਅਨ ਪਰਿਵਾਰ ਵਿਚੋਂ ਸੀ ।

ਇਸਨੂੰ ਇਸਦੇ ਪਿਤਾ ਨੇ ਬਰਲਿਨ ਵਿਖੇ ਮਿਲਟਰੀ ਅਕਾਦਮੀ ਵਿਚ ਭੇਜਿਆ, ਪਰ ਇਹ ਉਸ ਵਿਚੋਂ ਹਟ ਗਿਆ ਅਤੇ 1776 ਈ. ਵਿਚ ਪੈਰਿਸ ਚਲਾ ਗਿਆ ਜਿਥੇ ਇਸਨੇ ਐਨਸਾਈਕਲੋਪੀਡੀਆ ਦੇ ਸੰਪਾਦਨ ਵਿਚ ਹਿੱਸਾ ਪਾਇਆ। ਸੰਨ 1784 ਵਿਚ ਪੈਰਿਸ ਤੋਂ ਸਾਰੇ ਯੂਰਪ ਦੀ ਯਾਤਰਾ ਲਈ ਚਲਾ ਗਿਆ ਅਤੇ ਇਨਕਲਾਬ ਸਮੇਂ ਪੈਰਿਸ ਵਾਪਸ ਪਰਤ ਆਇਆ। ਇਹ ਜੈਕੋਬੀਅਨ ਕਲੱਬ ਵਿਚ ਸ਼ਾਮਲ ਹੋ ਗਿਆ ਅਤੇ ਪਿਛੋਂ ਇਸ ਤਰਕ ਸੰਪਰਦਾ ਦਾ ਮੋਢੀ ਕਹਾਇਆ। 19 ਜੂਨ, 1790 ਨੂੰ ਇਸਨੇ 36 ਬਦੇਸ਼ੀਆਂ ਦੇ ਮੁਖੀ ਵਜੋਂ ਸੰਵਿਧਾਨ ਸਭਾ ਸਾਹਮਣੇ ਮਨੁੱਖਤਾ ਦੇ ਨਾਂ ਤੇ ਸੰਸਾਰ ਵਿਅਕਤੀ ਅਤੇ ਨਾਗਰਿਕਾਂ ਦੇ ਹੱਕਾਂ ਦੀ ਘੋਸ਼ਣਾ ਕੀਤੀ। ਇਸ ਤੋਂ ਪਿਛੋਂ ਇਹ ਮਨੁੱਖਤਾ ਦੇ ਹਿੱਤਾਂ ਦੇ ਬੁਲਾਰੇ ਦੇ ਤੌਰ ਤੇ ਪ੍ਰਸਿੱਧ ਹੋ ਗਿਆ। ਸੰਨ 1792 ਵਿਚ ਇਹ ਕਨਵੈਨਸ਼ਨ (ਸੰਸਦ) ਵਿਚ ਚੁਣਿਆ ਗਿਆ। ਇਸਨੇ ਮਨੁੱਖਤਾ ਦੀ ਖਾਤਰ ਲੂਈ ਸੋਲ੍ਹਵੇਂ ਦੀ ਮੌਤ ਲਈ ਵੋਟ ਪਾਈ। ਇਸਨੂੰ 24 ਮਾਰਚ, 1794 ਨੂੰ ਗਿਲੋਟੀਨ ਨਾਲ ਮਾਰ ਦਿੱਤਾ ਗਿਆ।

ਹ. ਪੁ.—ਐਨ. ਬ੍ਰਿ. 5 : 939

**ਕਲੋਡੀਅਸ, ਪਬਲੀਅਸ** : ਰੋਮਨ ਰਾਜਨੀਤੀਵੇਤਾ ਅਤੇ ਗਣਤੰਤਰ ਰੋਮ ਦਾ ਫਸਾਦੀ ਮੈਂਬਰ ਕਲੋਡੀਅਸ ਪਬਲੀਅਸ, ਦੋ ਪ੍ਰਸਿੱਧ ਪਰਿਵਾਰਾਂ ਨਾਲ ਸਬੰਧਤ ਸੀ ਅਤੇ ਆਪਣੇ ਭਣਵਈਏ ਐਲ.ਲੂਕੱਲਸ ਕੋਲ ਰਹਿੰਦੇ ਹੋਏ ਇਸਨੇ 68-67 ਵਿਚ ਫ਼ੌਜਾਂ ਨੂੰ ਗ਼ਦਰ ਲਈ ਭੜਕਾਇਆ। ਦਸੰਬਰ 62 ਵਿਚ ਜਦੋਂ 'ਜੂਲੀਅਸ ਸੀਜ਼ਰ' ਦੇ ਘਰ ਜਸ਼ਨ ਮਨਾਇਆ ਜਾ ਰਿਹਾ ਸੀ ਜਿਸ ਵਿਚ ਮਰਦ ਸ਼ਾਮਲ ਨਹੀਂ ਹੋ ਸਕਦੇ ਸਨ, ਤਾਂ ਇਹ ਇਕ ਔਰਤ ਦੇ ਭੇਸ ਵਿਚ ਛੁਪਿਆ ਹੋਇਆ ਉਥੋਂ ਮਿਲਿਆ। ਸੈਨੇਟ ਨੇ ਮੁਕੱਦਮਾ ਚਲਾਉਣ ਦਾ ਫੈਸਲਾ ਕੀਤਾ ਅਤੇ 61 ਵਿਚ ਕਲੋਡੀਅਸ ਉੱਤੇ ਮੁਕੱਦਮਾ ਚਲਾਇਆ ਗਿਆ ਪਰ ਇਸ ਵਿਚੋਂ ਇਸ ਨੂੰ ਬਰੀ ਕਰ ਦਿਤਾ ਗਿਆ ਕਿਉਂਕਿ ਜਿਊਰੀ ਨੂੰ ਜਾਂ ਤਾਂ ਰਿਸ਼ਵਤ ਦਿਤੀ ਗਈ ਸੀ ਜਾਂ ਜੂਲੀਅਸ ਸੀਜ਼ਰ ਦੀ ਮਾਂ ਵਲੋਂ ਜਿਊਰੀ ਨੇ ਪੇਸ਼ ਕੀਤੀ ਗਵਾਹੀ ਨੂੰ ਦਲੀਲ-ਆਧਾਰਤ ਨਹੀਂ ਮੰਨਿਆ ਸੀ। ਇਸ ਮੁਕੱਦਮੇ ਵਿਚ ਸਿਸਰੋ ਨੇ ਇਸ ਵਿਰੁੱਧ ਗਵਾਹੀ ਦਿਤੀ ਸੀ। ਇਸ ਲਈ ਇਹ ਸਿਸਰੋ ਦਾ ਪੱਕਾ ਦੁਸ਼ਮਣ ਬਣ ਗਿਆ ਅਤੇ ਉਸ ਤੇ ਕੈਟਿਲਾਈਨ ਦੇ ਸਾਥੀਆਂ ਨੂੰ ਕਤਲ ਕਰਨ ਦੇ ਦੋਸ਼ ਵਿਚ ਮੁਕੱਦਮਾ ਵੀ ਚਲਾਇਆ ਗਿਆ। ਇਸ ਨੂੰ ਲੋਕ ਨੇਤਾ ਚੁਣ ਲਿਆ ਗਿਆ। ਇਸਨੇ ਰੋਮ ਵਿਚ ਅਨਾਜ ਦੇ ਰਾਸ਼ਨ ਲਈ ਅਦਾਇਗੀ ਖਤਮ ਕਰਨ ਸਬੰਧੀ ਕਾਨੂੰਨ ਬਣਾਇਆ ਅਤੇ ਹੋਰ ਅਜਿਹੇ ਕਾਨੂੰਨ ਦੁਬਾਰਾ ਬਣਾਏ ਜਿਨ੍ਹਾਂ ਅਨੁਸਾਰ ਮੁਕੱਦਮਾ ਚਲਾਉਣ ਤੋਂ ਬਿਨਾਂ ਕਿਸੇ ਰੋਮਨ ਨਾਗਰਿਕ ਨੂੰ ਮੌਤ ਦੀ ਸਜ਼ਾ ਨਹੀਂ ਸੀ ਦਿਤੀ ਜਾ ਸਕਦੀ। ਕਿਉਂਕਿ ਸਿਸਰੋ ਰੋਮ ਵਿਚੋਂ ਭੱਜ ਗਿਆ ਸੀ, ਇਸ ਲਈ ਇਸਨੇ ਇਕ ਕਾਨੂੰਨ ਬਣਾਕੇ ਸਿਸਰੋ ਨੂੰ ਦੇਸ਼-ਬਦਰ ਕਰਾਰ ਦੇ ਦਿਤਾ। ਜਨਵਰੀ 52 ਈ. ਪੂ. ਇਹ ਇਕ ਲੜਾਈ ਵਿਚ ਮਾਰਿਆ ਗਿਆ।

ਹ. ਪੁ.—ਐਨ. ਬ੍ਰਿ. 5 : 937

**ਕਲੋਡੇਲ, ਪਾਲ ਲੂਈ ਚਾਰਲਸ ਮਾਰੀ** : ਇਸ ਫ਼ਰਾਂਸੀਸੀ ਕਵੀ ਅਤੇ ਨਾਟਕਕਾਰ ਦਾ ਜਨਮ 6 ਅਗਸਤ, 1868 ਨੂੰ ਹੋਇਆ। ਇਹ 20ਵੀਂ ਸਦੀ ਦੇ ਪਹਿਲੇ ਅੱਧ ਵਿਚ ਫ਼ਰਾਂਸੀਸੀ ਸਾਹਿਤ ਵਿਚ ਪ੍ਰਸਿੱਧ ਵਿਅਕਤੀ ਅਤੇ ਕੈਥੋਲਿਕ ਸਾਹਿਤਕ ਪੁਨਰਜਾਗ੍ਰਤੀ ਦਾ ਪ੍ਰਸਿੱਧ ਪ੍ਰਤੀਨਿਧ ਸੀ। ਸੰਨ 1890 ਵਿਚ ਇਹ ਨੀਤੀਵੇਤਾ ਵਜੋਂ ਨੌਕਰੀ ਵਿਚ ਆਇਆ ਅਤੇ ਰਾਸ਼ਟਰ ਸੰਘ, ਚੀਨ ਅਤੇ ਯੂਰਪ ਵਿਚ ਉੱਚੇ ਅਹੁਦਿਆਂ ਤੇ ਰਹਿਣ ਮਗਰੋਂ 1917 ਵਿਚ 'Rio De Laneiro' ਅਤੇ 1919 ਵਿਚ ਕੋਪਨਹੇਗਨ ਵਿਖੇ ਮੰਤਰੀ, 1921 ਵਿਚ ਟੋਕੀਓ ਵਿਖੇ ਰਾਜਦੂਤ ਅਤੇ 1927 ਵਿਚ ਵਾਸ਼ਿੰਗਟਨ ਵਿਖੇ ਡੀ. ਸੀ. ਨਿਯੁਕਤ ਹੋਇਆ। ਸੰਨ 1935 ਵਿਚ ਰੀਟਾਇਰ ਹੋ ਕੇ ਇਹ ਪੈਰਿਸ ਰਹਿਣ ਲਗ ਪਿਆ। ਆਪਣੇ ਜੀਵਨ ਦੇ ਦੌਰਾਨ ਇਸ ਦੀ ਲਿਖਤ ਅਤੇ ਸਰਕਾਰੀ ਨੌਕਰੀ ਵਿਚ ਕੋਈ ਉਲਝਣ ਪੇਸ਼ ਨਾ ਆਈ। ਸੰਸਾਰ ਦੀ ਯਾਤਰਾ ਤੋਂ ਇਸ ਨੇ ਜੋ ਅਨੁਭਵ ਗ੍ਰਹਿਣ ਕੀਤੇ ਉਹ ਇਸ ਦੀ ਲਿਖਤ ਅਤੇ ਵਿਚਾਰਾਂ ਵਿਚ ਮੌਜੂਦ ਹਨ। ਸੰਨ 1946 ਵਿਚ ਇਹ ਫ਼ਰਾਂਸੀਸੀ ਅਕਾਦਮੀ ਵਿਚ ਮੈਂਬਰ ਚੁਣਿਆ ਗਿਆ। ਇਸ ਦੀ ਮੌਤ 23 ਫਰਵਰੀ, 1955 ਨੂੰ ਹੋਈ।

ਹ. ਪੁ.—ਐਨ. ਬ੍ਰਿ. 5 : 883.

**ਕਲੋਰਐਮਫੈਨੀਕੋਲ** : ਇਹ ਇਕ ਪ੍ਰਤਿ ਜੀਵਾਣੂ ਦਵਾਈ ਹੈ, ਜੋ ਸਟ੍ਰੈਪਟੋਮਾਈਸੀਜ਼ ਵੈਨਜ਼ਿਉਏਲੀ ਤੋਂ ਤਿਆਰ ਕੀਤੀ ਜਾਂਦੀ ਹੈ। ਸੰਨ 1947 ਵਿਚ ਬਰਖੋਲਡਰ ਨੇ ਇਸਨੂੰ ਵੈਨਜ਼ਿਉਏਲਾ ਵਿਚ ਇਕ ਮਿੱਟੀ ਦੇ ਨਮੂਨੇ ਤੋਂ ਵਖਰਿਆਂ ਕੀਤਾ। ਫਿਰ 1950 ਈ. ਵਿਚ ਇਸ ਦਾ ਰਸਾਇਣਿਕ ਸੰਸ਼ਲੇਸ਼ਣ ਕਰਕੇ ਇਸ ਯੌਗਿਕ ਨੂੰ ਕਲੋਰਐਮਫੈਨੀਕੋਲ ਦਾ ਨਾਮ ਦਿਤਾ ਗਿਆ।

ਕਲੋਰਐਮਫੈਨੀਕੋਲ ਦਾ ਰਸਾਇਣਿਕ ਫ਼ਾਰਮੂਲਾ ਹੈ :—



ਕਲੋਰਐਮਫੈਨੀਕੋਲ

ਕਲੋਰਐਮਫੈਨੀਕੋਲ ਕੁਦਰਤੀ ਤੌਰ ਤੇ ਮਿਲਣ ਵਾਲੇ ਯੌਗਿਕਾਂ ਵਿਚੋਂ ਬੜਾ ਅਨੋਖਾ ਯੌਗਿਕ ਹੈ। ਇਸ ਵਿਚ ਨਾਈਟ੍ਰੋਬੈਂਨਜ਼ੀਨ ਦਾ ਅੱਧਾ ਭਾਗ ਹੁੰਦਾ ਹੈ ਅਤੇ ਇਹ ਡਾਈਕਲੋਰੋਐਸੀਟਿਕ ਐਸਿਡ ਦਾ ਇਕ ਵਿਉਤਪੰਨ ਹੈ। ਪਾਣੀ ਵਿਚ ਇਹ ਬਹੁਤ ਹੀ ਘੱਟ ਘੁਲਨਸ਼ੀਲ (1 : 400) ਹੈ। ਇਸ ਸਥਿਰ ਯੌਗਿਕ ਉਪਰ pH ਰੇਂਜ 2.0 ਤੋਂ 9.0 ਤਕ ਕੋਈ ਅਸਰ ਨਹੀਂ ਹੁੰਦਾ।

ਕਲੋਰਐਮਫੈਨੀਕੋਲ ਪ੍ਰਤਿ ਜੀਵਾਣੂ ਦਾ ਅਸਰਦਾਇਕ ਖੇਤਰ ਬਹੁਤ ਵਿਸ਼ਾਲ ਹੈ। ਇਹ ਮੁਢਲੇ ਤੌਰ ਤੇ ਬੈਕਟੀਰੀਆ ਦੇ ਵਾਧੇ ਨੂੰ ਰੋਕਣ ਦਾ ਕੰਮ ਕਰਦੀ ਹੈ, ਭਾਵੇਂ ਇਸ ਦਾ ਅਸਰ ਕੁਝ ਖ਼ਾਸ ਹਾਲਤਾਂ ਵਿਚ ਕਈ ਜਾਤੀਆਂ ਤੇ ਬੈਕਟੀਰੀਆ ਨੂੰ ਨਾਸ਼ ਕਰਨ ਵਾਲਾ ਵੀ ਹੁੰਦਾ ਹੈ। ਇਸਦੀ ਥੋੜ੍ਹੀ ਜਿਹੀ ਖ਼ੁਰਾਕ ਨਾਲ ਹੀ ਏਰੋਬੈਕਟਰ ਏਰੋਜੀਨਸ, ਐਸ਼ਰੀਚੀਆ ਕੋਲਾਈ, ਪ੍ਰੋਟੀਅਸ, ਐਕਟੀਨੋਬੈਸੀਲਸ ਆਦਿ ਬੈਕਟੀਰੀਆ ਦਾ ਵਾਧਾ ਰੁਕ ਜਾਂਦਾ ਹੈ ਜਦੋਂ ਕਿ ਸਟ੍ਰੈਪਟੋਕੋਕਾਈ ਅਤੇ ਸਟੈਫ਼ਾਈਲੋਕੋਕਾਈ ਵਰਗੇ ਬੈਕਟੀਰੀਆ ਦਾ ਵਾਧਾ ਦਵਾਈ ਦੀ ਜ਼ਿਆਦਾ ਖ਼ੁਰਾਕ ਨਾਲ ਹੀ ਰੁਕਦਾ ਹੈ। ਦਵਾਈ ਦੀ ਦਰਮਿਆਨੀ ਖ਼ੁਰਾਕ ਹੀ ਐਕਟੀਨੋਮਾਈਸੀਜ਼, ਬੈਸੀਲਸ ਐਂਥਰੇਸਿਸ, ਕੋਰਾਈਨੈਬੈਕਟੀਰੀਅਮ ਡਿਪਥੀਰੀ ਆਦਿ ਬੈਕਟੀਰੀਆ ਲਈ ਕਾਫ਼ੀ ਹੁੰਦੀ ਹੈ।

ਕਲੋਰਐਮਫੈਨੀਕੋਲ ਛੂਤ ਫੈਲਾਉਣ ਵਾਲੇ ਗਰਾਮ-ਨੈਗੇਟਿਵ, ਗ੍ਰਾਮ-ਪਾਜ਼ੇਟਿਵ ਜੀਵਾਣੂਆਂ, ਰਿਕੈੱਟਸੀ, ਸਪਾਇਰੋਕੀਟ ਅਤੇ ਵਿਸ਼ਾਣੂਆਂ ਨੂੰ ਮਾਰਨ ਲਈ ਬੜੀ ਅਸਰਦਾਇਕ ਦਵਾਈ ਹੈ। ਇਹ ਉਨ੍ਹਾਂ ਸੂਖਮ ਜੀਵਾਂ ਨੂੰ ਵਧਣ ਅਤੇ ਫੈਲਣ ਤੋਂ ਰੋਕਦੀ ਹੈ, ਜਿਹੜੇ ਇਸ ਦੇ ਪ੍ਰਭਾਵ ਨੂੰ ਗ੍ਰਹਿਣ ਕਰਦੇ ਹਨ।

ਕਲੋਰਐਮਫੈਨੀਕੋਲ ਆਮ ਤੌਰ ਤੇ ਮੂੰਹ ਰਾਹੀਂ ਹੀ ਦਿਤੀ ਜਾਂਦੀ ਹੈ ਅਤੇ ਮਿਹਦਾ ਆਂਦਰ ਨਲੀ ਤੋਂ ਛੇਤੀ ਹੀ ਜਜ਼ਬ ਹੋ ਕੇ ਸਰੀਰ ਦੇ ਤੰਤੂਆਂ ਅਤੇ ਤਰਲਾਂ ਵਿਚ ਫੈਲ ਜਾਂਦੀ ਹੈ। ਇਸ ਨਾਲ ਮਿਹਦਾ-ਆਂਦਰ ਦੀ ਹਰ ਬਿਮਾਰੀ ਅਤੇ ਦਸਤ ਵਗੈਰਾ ਠੀਕ ਹੋ ਜਾਂਦੇ ਹਨ। ਇਸਨੂੰ ਪੇਸ਼ਾਬ ਰਸਤੇ ਦੀ ਛੂਤ ਅਤੇ ਰਿਕੈੱਟਸੀਅਲ ਬਿਮਾਰੀਆਂ ਦੇ ਇਲਾਜ ਵਿਚ ਵੀ ਵਰਤਿਆ ਜਾਂਦਾ ਹੈ।

ਹ. ਪੁ.—ਦੀ ਫ਼ਾਰਮੇਕਾਲੋਜੀਕਲ ਬੇਸਿਸ ਆਫ਼ ਥੈਰੇਪਿਉਟਿਕਸ-1269 ; ਐਨ. ਬ੍ਰਿ. 5 : 663

**ਕਲੋਰਟੈੱਟ੍ਰਾਸਾਈਕਲਿਨ** : ਇਹ ਕਈ ਕਿਸਮ ਦੀਆਂ ਬਿਮਾਰੀਆਂ ਵਿਚ ਵਰਤਿਆ ਜਾਣ ਵਾਲਾ ਇਕ ਪ੍ਰਤਿ ਜੀਵਾਣੂ (ਐਂਟੀਬਾਇਆਟਿਕ) ਪਦਾਰਥ ਹੈ। ਬੀ. ਐਮ. ਡੱਗਰ ਅਤੇ ਉਸਦੇ

ਸਾਥੀਆਂ ਨੇ ਇਸ ਦੀ ਖੋਜ ਕੀਤੀ ਸੀ ਅਤੇ 1948 ਵਿਚ ਲੈਡਰਲ ਲੈਬਾਰਟਰੀ ਨੇ ਇਸਨੂੰ ਸਭ ਤੋਂ ਪਹਿਲਾਂ ਪ੍ਰਚਲਿਤ ਕੀਤਾ ਸੀ।

ਕਲੋਰਟੈੱਟ੍ਰਾਸਾਈਕਲਿਨ ਇਕ ਰਵੇਦਾਰ, ਪੀਲਾ ਯੋਗਿਕ ਹੈ, ਜਿਸਦਾ ਟਰੇਡ ਮਾਰਕ ਔਰੀਓਮਾਈਸਿਨ ਹੈ। ਇਸ ਨੂੰ ਮਿੱਟੀ ਵਿਚ ਰਹਿਣ ਵਾਲੇ ਸੂਖਮ ਜੀਵ, ਸਟ੍ਰੈਪਟੋਮਾਈਸੀਜ਼ ਔਰੀਓਫਾਸੀਨਜ਼ ਬਣਾਉਂਦੇ ਹਨ। ਮੂਲ ਕਲਚਰ ਵਿਚ ਉਤਪਰਿਵਰਤਨ ਕਰਕੇ ਇਕ ਅਜਿਹਾ ਸਟ੍ਰੇਨ ਪੈਦਾ ਕੀਤਾ ਗਿਆ ਹੈ, ਜਿਹੜਾ ਵਪਾਰਕ ਮੰਤਵ ਲਈ ਲੋੜੀਂਦੀ ਕਲੋਰਟੈੱਟ੍ਰਾਸਾਈਕਲਿਨ ਪੈਦਾ ਕਰ ਦਿੰਦਾ ਹੈ। ਇਨ੍ਹਾਂ ਨੂੰ ਕਈ ਖ਼ਮੀਰਕਾਂ ਵਿਚ ਉਲਟਾਇਆ ਜਾਂਦਾ ਹੈ। ਹਰ ਨਵਾਂ ਖ਼ਮੀਰਨ ਪਹਿਲੇ ਨਾਲੋਂ ਵੱਡਾ ਹੁੰਦਾ ਹੈ ਅਤੇ ਅੰਤ ਵਿਚ ਕਈ ਦਿਨਾਂ ਲਈ 20,000 ਗੈਲਨ ਦੇ ਟੈਂਕਾਂ ਵਿਚ ਇਨ੍ਹਾਂ ਦਾ ਕਲਚਰ ਉਗਾਇਆ ਜਾਂਦਾ ਹੈ। ਕਲਚਰ ਬਣਾਉਣ ਲਈ ਕਈ ਮਾਧਿਅਮ ਵਰਤੇ ਜਾ ਸਕਦੇ ਹਨ ਪਰ ਬਹੁਤਾ ਕਰਕੇ ਕਾਰਬੋਹਾਈਡ੍ਰੇਟ, ਕੈਲਸੀਅਮ ਕਾਰਬੋਨੇਟ ਮਾਧਿਅਮਾਂ ਨਾਲ ਪਰਿਣਾਮ ਤਸੱਲੀਬਖ਼ਸ਼ ਪ੍ਰਾਪਤ ਹੋਏ ਹਨ। ਖ਼ਮੀਰਨ ਦੀ ਕਿਰਿਆ ਜੀਵਾਣੂ ਰਹਿਤ ਹਾਲਤਾਂ ਅੰਦਰ ਬੰਦ ਹੌਜ਼ਾਂ ਵਿਚ, ਹਵਾ-ਪ੍ਰਵਾਹਨ ਅਤੇ ਹਿਲਾਉਣ ਦੀ ਵਿਧੀ ਰਾਹੀਂ ਕੀਤੀ ਜਾਂਦੀ ਹੈ। ਇਸ ਨਾਲ ਕਈ ਮਿਲੀਗ੍ਰਾਮ ਪ੍ਰਤਿ ਮਿਲੀਲਿਟਰ ਦੀ ਦਰ ਨਾਲ ਉਪਜ ਪ੍ਰਾਪਤ ਹੁੰਦੀ ਹੈ।

ਖ਼ਮੀਰਨ ਘੋਲ ਵਿਚੋਂ ਐਂਟੀਬਾਇਆਟਿਕ ਪਦਾਰਥ ਨੂੰ ਕਈ ਵਿਧੀਆਂ ਰਾਹੀਂ ਵਖ ਕੀਤਾ ਜਾ ਸਕਦਾ ਹੈ। ਆਮ ਤੌਰ ਤੇ ਸਭ ਤੋਂ ਪਹਿਲੀ ਅਵਸਥਾ ਘੋਲ ਵਿਚੋਂ ਅਘੁਲਨਸ਼ੀਲ ਕੈਲਸੀਅਮ ਲੂਣ ਅਤੇ ਉੱਲੀ-ਜਾਲੇ ਨੂੰ ਵਖ ਕਰਨਾ ਹੈ। ਫਿਰ ਇਸ ਫ਼ਿਲਟਰ ਕੇਕ ਵਿਚੋਂ ਕਲੋਰਟੈੱਟ੍ਰਾਸਾਈਕਲਿਨ ਨਿਚੋੜ ਲਈ ਜਾਂਦੀ ਹੈ ਅਤੇ ਕਈ ਵਾਰ ਨਿਸ਼ਕਰਸ਼ਣ ਅਤੇ ਅਵਖੇਪਣ ਦੀਆਂ ਕਿਰਿਆਵਾਂ ਤੋਂ ਬਾਅਦ ਸ਼ੁੱਧ ਐਂਟੀਬਾਇਆਟਿਕ ਪਦਾਰਥ ਪ੍ਰਾਪਤ ਹੋ ਜਾਂਦਾ ਹੈ। ਕਲੋਰਟੈੱਟ੍ਰਾਸਾਈਕਲਿਨ ਇਕ ਐਮਫੋਟੇਰਿਕ ਪਦਾਰਥ ਹੈ ਜਿਸ ਨੂੰ ਆਮ ਤੌਰ ਤੇ ਹਾਈਡ੍ਰੋਕਲੋਰਾਈਡ ਲੂਣ ਦੇ ਤੌਰ ਤੇ ਵਰਤਿਆ ਜਾਂਦਾ ਹੈ। ਕਲੋਰਟੈੱਟ੍ਰਾਸਾਈਕਲਿਨ ਦਾ ਰਸਾਇਣਿਕ ਫ਼ਾਰਮੂਲਾ $C_{22}H_{23}O_8N_2Cl$ ਹੈ। ਕਲੋਰਟੈੱਟ੍ਰਾਸਾਈਕਲਿਨ ਦੀ ਮਾਤਰਾ ਦਾ ਮਾਈਕ੍ਰੋਬਾਇਆਲੋਜੀਕਲ ਜਾਂ ਫ਼ਿਜ਼ਿਕੋਕੈਮੀਕਲ ਤਰੀਕਿਆਂ ਰਾਹੀਂ ਪਤਾ ਲਗਾਇਆ ਜਾ ਸਕਦਾ ਹੈ। ਇਸ ਦਵਾਈ ਦੀ ਬਹੁਤ ਥੋੜ੍ਹੀ ਜਿਹੀ ਮਾਤਰਾ ਜਿਵੇਂ 0.1




ਕਲੋਰਟੈਟਰਾਸਾਈਕਲਿਨ

ਮਾਈਕ੍ਰੋ-ਗ੍ਰਾਮ ਸੂਖਮ ਜੀਵਾਂ ਨੂੰ ਖ਼ਤਮ ਕਰ ਸਕਦੀ ਹੈ। ਖ਼ੁਸ਼ਕ ਹਾਲਤ ਵਿਚ ਇਹ ਸਥਾਈ ਰਹਿੰਦਾ ਹੈ। ਪਰ ਜਲ-ਘੋਲਾਂ ਵਿਚ ਇਸ ਦਾ ਅਪਘਟਨ ਹੋ ਜਾਂਦਾ ਹੈ।

ਆਮ ਤੌਰ ਤੇ ਇਸ ਦਵਾਈ ਦੀ ਵਰਤੋਂ ਮੂੰਹ ਰਾਹੀਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਦੇ ਟੀਕੇ ਵੀ ਲਗਾਏ ਜਾਂਦੇ ਹਨ ਅਤੇ ਇਸ ਦੀ ਮੱਲ੍ਹਮ ਦਾ ਇਸਤੇਮਾਲ ਵੀ ਦਰਦ ਵਾਲੀ ਥਾਂ ਤੇ ਕੀਤਾ ਜਾਂਦਾ ਹੈ। ਇਹ ਆਂਦਰਾਂ ਰਾਹੀਂ ਜਜ਼ਬ ਹੋ ਕੇ ਸਾਰੇ ਟਿਸ਼ੂਆਂ ਤਕ ਪਹੁੰਚ ਜਾਂਦੀ ਹੈ। ਇਸ ਦੀ ਔਸਤਨ ਰੋਜ਼ਾਨਾ ਖ਼ੁਰਾਕ (ਖਾਣ ਲਈ) ਸਰੀਰ ਦੇ ਹਰ ਕਿਲੋ ਭਾਰ ਪਿੱਛੇ 12.5—20 ਮਿ. ਗ੍ਰਾ. ਹੈ। ਇਸ ਦਵਾਈ ਦਾ ਗੁਰਦੇ ਜਾਂ ਜਿਗਰ ਦੇ ਕੰਮਾਂ ਜਾਂ ਖ਼ੂਨ ਉਤੇ ਕੋਈ ਪ੍ਰਭਾਵ ਨਹੀਂ ਪੈਂਦਾ। ਕਈ ਵਾਰ ਇਸ ਨਾਲ ਉਲਟੀ, ਦਸਤ, ਚਮੜੀ ਜਾਂ ਪੇਟ ਆਦਿ ਦੇ ਰੋਗਾਂ ਦੀ ਸ਼ਿਕਾਇਤ ਹੋ ਜਾਂਦੀ ਹੈ।

ਇਸ ਦਵਾਈ ਦੀ ਵਰਤੋਂ ਮਨੁੱਖਾਂ ਅਤੇ ਡੰਗਰਾਂ ਦੋਹਾਂ ਲਈ ਕੀਤੀ ਜਾਂਦੀ ਹੈ। ਇਸ ਨੂੰ ਖ਼ੁਰਾਕ ਦੀ ਘਾਟ ਪੂਰਾ ਕਰਨ ਅਤੇ ਖਾਣ ਵਾਲੀਆਂ ਚੀਜ਼ਾਂ ਨੂੰ ਸੁਰੱਖਿਅਤ ਰਖਣ ਲਈ ਵਰਤਿਆ ਜਾਂਦਾ ਹੈ। ਜੇ ਮੁਰਗੀਆਂ, ਸੂਰਾਂ ਅਤੇ ਵੱਛਿਆਂ ਦੀ ਖ਼ੁਰਾਕ ਵਿਚ ਮਿਲਾ ਦਿਤੀ ਜਾਵੇ ਤਾਂ ਇਹ ਉਨ੍ਹਾਂ ਦੇ ਵਾਧੇ ਦੀ ਦਰ ਨੂੰ ਤੇਜ਼ ਕਰਦੀ ਹੈ। ਇਸ ਦੀ ਬਹੁਤ ਥੋੜ੍ਹੀ ਮਾਤਰਾ ਮੀਟ ਆਦਿ ਵਰਗੀਆਂ ਖ਼ਰਾਬ ਹੋਣ ਵਾਲੀਆਂ ਚੀਜ਼ਾਂ ਦੀ ਤਾਜ਼ਗੀ ਕਾਇਮ ਰਖਣ ਲਈ ਕੀਤੀ ਜਾਂਦੀ ਹੈ। ਵਪਾਰਕ ਤੌਰ ਤੇ ਇਸ ਦੀ ਮਹੱਤਤਾ ਮੁਰਗੀਆਂ ਅਤੇ ਮੱਛੀਆਂ ਨੂੰ ਸੁਰੱਖਿਅਤ ਰਖਣ ਦੇ ਸਬੰਧ ਵਿਚ ਹੈ।

ਹ. ਪੁ.—ਮੈਕ. ਐਨ. ਸ. ਟ. 3 : 83; ਟੈ. ਬੁ. ਮੈ.

**ਕਲੋਰਲ** : ਇਹ ਭਾਰਾ, ਤੇਲ ਵਰਗਾ, ਰੰਗਹੀਨ ਅਤੇ ਤੇਜ਼ ਗੰਧ ਤੇ ਸਵਾਦ ਵਾਲਾ ਤਰਲ ਪਦਾਰਥ ਹੈ। ਇਸ ਦਾ ਰਸਾਇਣਿਕ ਨਾਂ ਟ੍ਰਾਈਕਲੋਰੋਐਸੀਟੈਲਡਿਹਾਈਡ ਅਤੇ ਫ਼ਾਰਮੂਲਾ $CCl_3.CHO$ ਹੈ। ਇਸ ਦਾ ਹਾਈਡ੍ਰੇਟ $CCl_3CH(OH)_2$ ਦਵਾਈ ਦੇ ਤੌਰ ਤੇ ਵਰਤਿਆ ਜਾਂਦਾ ਹੈ। ਕਲੋਰਲ ਸਭ ਤੋਂ ਪਹਿਲਾਂ 1832 ਈ. ਵਿਚ ਜੇ. ਫ਼ਾਨ ਲੀਬਿਕ ਨੇ ਤਿਆਰ ਕੀਤੀ ਸੀ। ਕਲੋਰਲ ਹਾਈਡ੍ਰੇਟ ਦਵਾਈਆਂ ਵਿਚ ਪਹਿਲੀ ਵਾਰੀ ਸੰਨ 1869 ਵਿਚ ਵਰਤਿਆ ਗਿਆ। ਕਲੋਰਲ, ਖ਼ੁਸ਼ਕ ਕਲੋਰੀਨ ਨੂੰ ਠੰਢੀ ਸ਼ੁੱਧ ਅਲਕੋਹਲ ਵਿਚੋਂ ਲੰਘਾਉਣ ਨਾਲ ਤਿਆਰ ਕੀਤੀ ਜਾਂਦੀ ਹੈ। ਖਾਰ ਦੀ ਹੋਂਦ ਵਿਚ ਕਲੋਰਲ, ਕਲੋਰੋਫ਼ਾਰਮ ਵਿਚ ਬਦਲ ਜਾਂਦੀ ਹੈ ਅਤੇ ਪਾਣੀ ਦੀ ਹੋਂਦ ਵਿਚ ਕਲੋਰਲ ਹਾਈਡ੍ਰੇਟ ਬਣ ਜਾਂਦਾ ਹੈ। ਕਲੋਰਲ ਹਾਈਡ੍ਰੇਟ ਪਾਰਦਰਸ਼ੀ ਰਵੇਦਾਰ ਯੋਗਿਕ ਹੈ, ਜਿਸ ਦਾ ਪਿਘਲਾਉ ਦਰਜਾ 57° ਸੈਂ. ਹੈ। ਕਲੋਰਲ ਪਾਣੀ ਨਾਲੋਂ $1\frac{1}{2}$ ਗੁਣਾ ਭਾਰੀ ਹੁੰਦੀ ਹੈ ਅਤੇ ਇਸ ਦਾ ਉਬਾਲ ਦਰਜਾ 97.8° ਸੈਂ. ਹੁੰਦਾ ਹੈ। ਗੰਧਕ ਦੇ ਤੇਜ਼ਾਬ ਦੀ ਹੋਂਦ ਵਿਚ ਕਲੋਰੋਬੈਂਨਜ਼ੀਨ ਨਾਲ ਦ੍ਰਵਣ ਕਰਕੇ ਇਹ ਇਕ ਪ੍ਰਸਿਧ ਕੀਟਾਣੂਨਾਸ਼ਕ (ਡੀ. ਡੀ. ਟੀ.) ਵਿਚ ਬਦਲ ਜਾਂਦੀ ਹੈ।

ਕਲੋਰਲ ਅਤੇ ਇਸ ਦਾ ਹਾਈਡ੍ਰੇਟ ਜਨਰਲ ਅਨੈੱਸਥੀਜ਼ੀਆ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ, ਪ੍ਰੰਤੂ ਅਮਲੀ ਤੌਰ ਤੇ ਇਨ੍ਹਾਂ ਦੀ ਅਸਰਦਾਇਕ ਖ਼ੁਰਾਕ, ਘਾਤਕ ਖ਼ੁਰਾਕ ਦੇ ਬਹੁਤ ਨੇੜੇ ਹੁੰਦੀ ਹੈ। ਇਸ ਦਵਾਈ ਦਾ ਮਹੱਤਵਪੂਰਨ ਕੰਮ ਇਹ ਹੈ ਕਿ ਕਲੋਰਲ ਹਾਈਡ੍ਰੇਟ ਦੀ ਇਕ ਤੋਂ ਦੋ ਗ੍ਰਾ. ਤਕ ਦੀ ਖ਼ੁਰਾਕ ਨਾਲ ਵਿਅਕਤੀ ਨੂੰ ਕੁਝ ਰਾਹਤ ਪ੍ਰਦਾਨ ਹੁੰਦੀ ਹੈ। ਇੰਨੀ ਖ਼ੁਰਾਕ ਲੈਣ ਮਗਰੋਂ 10 ਤੋਂ 15 ਮਿੰਟਾਂ ਵਿਚ ਸ਼ਾਂਤੀ ਮਿਲ ਜਾਂਦੀ ਹੈ ਅਤੇ ਇਕ ਘੰਟੇ ਦੇ ਅੰਦਰ-ਅੰਦਰ 5 ਤੋਂ 8 ਘੰਟੇ ਤਕ ਰਹਿਣ ਵਾਲੀ ਨੀਂਦ ਆ ਜਾਂਦੀ ਹੈ। ਇਸ ਤੋਂ ਬਾਅਦ ਸਰੀਰ ਵਿਚ ਇਸ ਦਾ ਕੋਈ ਅਸਰ ਨਹੀਂ ਰਹਿੰਦਾ।

ਕਲੋਰਲ ਹਾਈਡ੍ਰੇਟ ਦੀ ਬਾਲਗ਼ਾਂ ਲਈ ਘਾਤਕ ਖ਼ੁਰਾਕ ਲਗਭਗ 10 ਗ੍ਰਾ. (ਮੂੰਹ ਰਾਹੀਂ) ਹੈ। ਇਕ ਖ਼ੁਰਾਕ ਵਿਚ ਦੋ ਗ੍ਰਾ. ਤੋਂ ਵੱਧ ਦੇਣ ਲੱਗੇ ਵੀ ਖ਼ਾਸ ਖ਼ਿਆਲ ਰਖਣਾ ਚਾਹੀਦਾ ਹੈ। ਕਲੋਰਲ ਹਾਈਡ੍ਰੇਟ ਦੇ ਵਿਸ਼-ਪ੍ਰਭਾਵ ਦੇ ਚਿੰਨ੍ਹ ਅਤਿਅੰਤ ਮਦਹੋਸ਼ੀ, ਲਹੂ-ਵਹਿਣੀਆਂ ਦਾ ਪਸਾਰ, ਲਹੂ ਦਬਾਉ ਤੇ ਸਰੀਰਕ ਤਾਪਮਾਨ ਵਿਚ ਕਮੀ ਅਤੇ ਸਾਹ ਦਾ ਹੌਲੀ ਚਲਣਾ ਹਨ। ਸਾਹ ਦੀ ਖਿੰਨਤਾ ਕਾਰਨ ਆਮ ਕਰਕੇ 5 ਤੋਂ 10 ਘੰਟੇ ਦੇ ਵਿਚ ਵਿਚ ਮੌਤ ਹੋ ਜਾਂਦੀ ਹੈ।

ਅਲਕੋਹਲ ਅਤੇ ਤਰਲ ਕਲੋਰਲ ਦੇ ਮੇਲ ਨਾਲ ਬਹੁਤ ਜ਼ਿਆਦਾ ਵਿਸ਼-ਪ੍ਰਭਾਵ ਪੈਦਾ ਹੋ ਸਕਦਾ ਹੈ, ਕਿਉਂਕਿ ਇਸ ਤਰ੍ਹਾਂ 'ਨਾਕਆਊਟ ਡਰਾਪਸ' ਜਾਂ 'ਮਿੱਕੀ ਫ਼ਿੱਨ' ਬਣ ਜਾਂਦਾ ਹੈ। ਇਹ ਮਿਸ਼ਰਨ ਬਹੁਤ ਤੇਜ਼ੀ ਨਾਲ ਆਲਸ ਲਿਆ ਦਿੰਦਾ ਹੈ। ਕਲੋਰਲ ਦੀ ਜ਼ਹਿਰ ਨੂੰ ਦੂਰ ਕਰਨ ਲਈ ਮਿਹਦੇ ਨੂੰ ਸਾਫ਼ ਕਰਨਾ ਚਾਹੀਦਾ ਹੈ, ਸਰੀਰ ਦੇ ਤਾਪਮਾਨ ਨੂੰ ਕਾਇਮ ਰਖਣਾ ਚਾਹੀਦਾ ਹੈ, ਸਾਹ ਦੀ ਰਫ਼ਤਾਰ ਨੂੰ ਵਧਾਉਣ ਲਈ ਅਤੇ ਖ਼ੂਨ ਦੇ ਦਬਾਉ ਨੂੰ ਵਧਾਉਣ ਲਈ ਉਤੇਜਕ ਦਵਾਈਆਂ

ਦੇਣੀਆਂ ਚਾਹੀਦੀਆਂ ਹਨ ਅਤੇ ਕਈ ਵਾਰੀ ਬਣਾਵਟੀ ਸਾਹ ਲੈਣ ਦਾ ਢੰਗ ਵੀ ਵਰਤਿਆ ਜਾਂਦਾ ਹੈ ।

ਇਹ ਦਵਾਈ ਆਮ ਤੌਰ ਤੇ ਉਨ੍ਹਾਂ ਰੋਗੀਆਂ ਨੂੰ ਦਿਤੀ ਜਾਂਦੀ ਹੈ ਜਿਹੜੇ ਮਾਰਫੀਨ ਅਤੇ ਅਲਕੋਹਲ ਵਗੈਰਾ ਦਾ ਪ੍ਰਯੋਗ ਛੱਡਣਾ ਚਾਹੁੰਦੇ ਹੋਣ । ਕਲੋਰਲ, ਸਭ ਬਣਾਵਟੀ ਢੰਗ ਨਾਲ ਨੀਂਦ ਪੈਦਾ ਕਰਨ ਵਾਲੇ ਪਦਾਰਥਾਂ ਨਾਲੋਂ ਸਸਤੀ ਹੈ ।

ਹ. ਪੁ.—ਐਨ. ਬ੍ਰਿ. 5 : 663

**ਕਲੋਰਾਈਟ** : ਇਹ ਆਮ ਕਰਕੇ ਮੈਗਨੀਸ਼ੀਅਮ ਅਤੇ ਫ਼ੈਰਸ (ਲੋਹੇ) ਦੇ ਹਰੇ, ਪਾਣੀ ਮਿਲੇ ਅਬਰਕਮਈ ਐਲੂਮਿਨੀਅਮ ਸਿਲੀਕੇਟਾਂ ਦਾ ਇਕ ਗਰੁੱਪ ਹੈ । ਇਹ ਦੂਸਰੇ ਖਣਿਜਾਂ ਦੀਆਂ ਸਹਿ-ਉਪਜਾਂ ਦੇ ਤੌਰ ਤੇ ਵੀ ਮਿਲਦੇ ਹਨ । ਕਲੋਰਾਈਟਾਂ ਦੀਆਂ ਦਰਾੜਾਂ ਪ੍ਰਸਿੱਧ ਹਨ । ਇਹ ਅਬਰਕਾਂ ਨਾਲੋਂ ਘੱਟ ਸੰਪੰਨ ਹੁੰਦੀਆਂ ਹਨ ਤੇ ਤਹਿਆਂ ਨਰਮ ਹੁੰਦੀਆਂ ਹਨ (ਕਠੋਰਤਾ = 2 ਤੋਂ 3) ਅਤੇ ਬਿਨਾ ਟੁੱਟੇ ਮੁੜ ਜਾਂਦੀਆਂ ਹਨ । ਰਸਾਇਣਿਕ ਤੌਰ ਤੇ ਸ਼ੁੱਧ ਅਬਰਕਾਂ ਅਤੇ ਕਲੋਰਾਈਟਾਂ ਵਿਚ ਅੰਤਰ ਇਹ ਹੈ ਕਿ ਕਲੋਰਾਈਟਾਂ ਵਿਚ ਪਾਣੀ ਦੀ ਮਾਤਰਾ ਵਧੇਰੇ (12% ਜਾਂ 13%) ਹੁੰਦੀ ਹੈ ਅਤੇ ਖਾਰਾਂ ਬਿਲਕੁਲ ਹੀ ਨਹੀਂ ਹੁੰਦੀਆਂ ।

ਕਲੋਰਾਈਟਾਂ ਦੀ ਮੂਲ ਕ੍ਰਿਸਟਲੀਕਰਨ ਸਕੀਮ ਵਿਚ ਉਹ ਰਚਨਾਵਾਂ ਆ ਸਕਦੀਆਂ ਹਨ ਜਿਨ੍ਹਾਂ ਦੇ ਮੂਲ-ਅਨੁਪਾਤੀ ਫ਼ਾਰਮੂਲਿਆਂ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕੇ :—

$$(Si_{4-x}\,Al_x)\,(\overset{2+}{M}_{6-x}\,\overset{3+}{Me}_x)\,O_{10}(OH)_3$$

ਇਥੇ $Me^{2+}$ ਦੁਸੰਯੋਜਕ ਤੇ $Me^{3+}$ ਤ੍ਰੈਸੰਯੋਜਕ ਧਾਤਾਂ ਹਨ ਅਤੇ x ਦਾ ਮੁੱਲ 2 ਤਕ ਹੋ ਸਕਦਾ ਹੈ । ਚਾਰ ਫੋਲਡਾਂ ਵਾਲੇ ਆਇਨਾਂ ਦਾ ਉਪਸਹਿਸੰਯੋਜਨ ਚੌਫਲਕੀ ਅਤੇ ਛੇ ਫੋਲਡਾਂ ਦਾ ਅੱਠਫਲਕੀ ਹੁੰਦਾ ਹੈ । ਕਈ ਹੋਰ੍ਹ ਦੁਸੰਯੋਜਕ ਧਾਤਾਂ ਦੀ ਕੁਝ-ਕੁ ਮਾਤਰਾ ਅਕਸਰ ਮੌਜੂਦ ਹੁੰਦੀ ਹੈ ਅਤੇ ਕੁਝ ਰਚਨਾਵਾਂ ਵਿਚ ਫ਼ੈਰਿਕ ਆਇਰਨ ਜਾਂ ਕ੍ਰੋਮੀਅਮ ਅੰਸ਼ਕ ਤੌਰ ਤੇ ਮੂਲ ਚੌਫਲਕੀ ਐਲੂਮਿਨੀਅਮ ਦਾ ਸਥਾਨ ਲੈ ਲੈਂਦਾ ਹੈ ।

ਆਦਰਸ਼ ਫ਼ਾਰਮੂਲੇ ਵਾਲੇ ਕਲੋਰਾਈਟਾਂ ਨੂੰ ਔਰਥੋਕਲੋਰਾਈਟ ਕਿਹਾ ਜਾਂਦਾ ਹੈ । ਕਲੋਰਾਈਟ ਕਈ ਹੋਰ ਰਚਨਾਵਾਂ ਖ਼ਾਸ ਕਰਕੇ ਜਿਨ੍ਹਾਂ ਵਿਚ ਫ਼ੈਰਿਕ ਆਇਰਨ ਹੁੰਦਾ ਹੈ, ਨੂੰ ਲੈਪਟੋਕਲੋਰਾਈਟ ਕਿਹਾ ਜਾਂਦਾ ਹੈ ਅਤੇ ਇਹ ਠੋਸ ਹਾਲਤ ਵਿਚ ਹਾਈਡ੍ਰੋਜਨ ਦੀ ਕਮੀ ਪੂਰੀ ਕਰਕੇ ਆਕਸੀਕਰਨ ਦੁਆਰਾ ਉਤਪੰਨ ਹੋਏ ਮੰਨੇ ਜਾਂਦੇ ਹਨ । ਲੈਪਟੋਕਲੋਰਾਈਟਾਂ ਦੇ ਭੌਤਿਕ ਗੁਣ ਨਿਯਮਬੱਧ ਨਹੀਂ ਹੁੰਦੇ ਅਤੇ ਇਨ੍ਹਾਂ ਵਿਚ ਆਮ ਕਰਕੇ ਸੰਗੁਣਿਤ ਮਿਲਾਵਟਾਂ ਹੁੰਦੀਆਂ ਹਨ । ਸੰਨ 1926 ਵਿਚ ਸਭ ਤੋਂ ਪਹਿਲਾਂ ਏ. ਐਨ. ਵਿਨਚੈੱਲ ਨੇ ਪ੍ਰਯੋਗਿਕ ਤੌਰ ਤੇ ਫ਼ੈਰਸ ਔਰਥੋਕਲੋਰਾਈਟਾਂ ਨੂੰ ਲੈਪਟੋਕਲੋਰਾਈਟਾਂ ਵਿਚ ਬਦਲਿਆ ਸੀ । ਆਮ ਵਰਤੋਂ ਵਿਚ ਲਿਆਏ ਜਾਂਦੇ ਔਰਥੋਕਲੋਰਾਈਟਾਂ ਦੀਆਂ ਕਿਸਮਾਂ ਦੇ ਨਾਂ ਪੈਨੀਨਾਈਟ, ਕਲਿਨੋਕਲੋਰ, ਕੋਰੰਡੋਫਾਈਲਾਈਟ ਅਤੇ ਡੈਫ਼ਨਾਈਟ ਹਨ ।

ਕੈਮੋਜ਼ਾਈਟ ਅਤੇ ਥਰਿੰਗਾਈਟ, ਲੈਪਟੋਕਲੋਰਾਈਟਾਂ ਲਈ ਆਮ ਵਰਤੇ ਜਾਂਦੇ ਨਾਂ ਹਨ ਅਤੇ ਅਸਧਾਰਨ ਰਸਾਇਣਿਕ ਬਣਤਰਾਂ ਲਈ ਕਈ ਤਰ੍ਹਾਂ ਦੇ ਨਾਂ ਰਖੇ ਜਾਂਦੇ ਹਨ ਜਿਵੇਂ ਕ੍ਰੋਮੀਅਮ ਵਾਲੇ ਮੈਂਬਰਾਂ ਲਈ ਕੈਮਰੇਰਾਈਟ ਅਤੇ ਕਾਟਸ਼ੂਬੀਆਈਟ ।

ਹ. ਪੁ.—ਐਨ. ਬ੍ਰਿ. 5 : 668

**ਕਲੋਰੀਨ** : ਹੈਲੋਜੈੱਨ ਪਰਿਵਾਰ ਨਾਲ ਸਬੰਧਿਤ ਇਸ ਤੱਤ ਦਾ ਰੰਗ ਹਰਾ-ਪੀਲਾ ਅਤੇ ਗੰਧ ਬਹੁਤ ਤੇਜ਼ ਹੁੰਦੀ ਹੈ । ਸਭ ਤੋਂ ਪਹਿਲਾਂ ਸੰਨ 1774 ਵਿਚ ਇਸ ਨੂੰ ਕੇ. ਡਬਲਿਊ. ਸ਼ੀਲੈ ਨੇ ਲੂਣ ਦੇ ਤੇਜ਼ਾਬ ਅਤੇ ਮੈਂਗਨੀਜ਼ ਡਾਈਔਕਸਾਈਡ ਤੋਂ ਬਣਾਇਆ ਸੀ । ਇਸ ਗੈਸ ਦਾ ਅਪਘਟਨ ਨਾ ਹੋ ਸਕਣ ਕਰਕੇ ਸੰਨ 1810 ਵਿਚ ਐੱਚ. ਡੇਵੀ ਨੇ ਦਲੀਲ ਦਿਤੀ ਕਿ ਇਹ ਇਕ ਤੱਤ ਹੈ ਅਤੇ ਇਹ ਵੀ ਸਿੱਧ ਕੀਤਾ ਕਿ ਹਾਈਡ੍ਰੋਕਲੋਰਿਕ ਐਸਿਡ ਵਿਚ ਹਾਈਡ੍ਰੋਜਨ ਅਤੇ ਇਕ ਨਵਾਂ ਤੱਤ ਹੁੰਦਾ ਹੈ । ਇਸ ਨਵੇਂ ਤੱਤ ਨੂੰ ਇਸ ਨੇ ਕਲੋਰੀਨ ਦਾ ਨਾਂ ਦਿਤਾ । ਕਲੋਰੀਨ ਦਾ ਰਸਾਇਣਿਕ ਚਿੰਨ੍ਹ Cl, ਪ੍ਰਮਾਣੂ-ਕ੍ਰਮ-ਅੰਕ 17 ਅਤੇ ਔਸਤਨ ਪਰਮਾਣੂ-ਭਾਰ 35.453 ਹੈ ।

ਇਹ ਗੈਸ ਕੁਦਰਤ ਵਿਚ ਕਦੇ ਵੀ ਮੁਕਤ ਹਾਲਤ ਵਿਚ ਨਹੀਂ ਮਿਲਦੀ, ਵਧੇਰੇ ਕਰਕੇ ਘੁਲਨਸ਼ੀਲ ਕਲੋਰਾਈਡਾਂ ਜਿਵੇਂ ਲੂਣ ਵਾਲੇ ਪਾਣੀ ਵਿਚ ਸੋਡੀਅਮ ਕਲੋਰਾਈਡ ਅਤੇ ਰਾਕ ਸਾਲਟ ਦੇ ਰੂਪ ਵਿਚ ਮਿਲਦੀ ਹੈ । ਅਘੁਲਨਸ਼ੀਲ ਪਦਾਰਥਾਂ, ਜਿਵੇਂ ਹਾਰਨ ਸਿਲਵਰ ($AgCl$) ਵਿਚ ਵੀ ਇਹ ਥੋੜ੍ਹੀ ਜਿਹੀ ਮਾਤਰਾ ਵਿਚ ਉਪਲੱਬਧ ਹੁੰਦੀ ਹੈ ।

ਕਲੋਰੀਨ ਇਕ ਤੇਜ਼ ਜ਼ਹਿਰ ਹੈ, ਇਸ ਦੀ ਵਰਤੋਂ ਸਭ ਤੋਂ ਪਹਿਲਾਂ ਦੁਨੀਆ ਦੀ ਪਹਿਲੀ ਲੜਾਈ ਵਿਚ ਕੀਤੀ ਗਈ ਸੀ । ਜੇਕਰ ਵਾਯੂਮੰਡਲ ਵਿਚ ਇਸ ਗੈਸ ਦੀ ਮਾਤਰਾ 2. 5 ਮਿ. ਗ੍ਰਾ. ਪ੍ਰਤਿ ਲਿਟਰ ਹੋ ਜਾਵੇ ਤਾਂ ਕੁਝ ਹੀ ਮਿੰਟਾਂ ਵਿਚ ਮੌਤ ਹੋ ਜਾਂਦੀ ਹੈ ।

**ਲਾਭ**—ਸ਼ੁਰੂ ਸ਼ੁਰੂ ਵਿਚ ਕਲੋਰੀਨ ਦੀ ਵਰਤੋਂ ਕੱਪੜੇ ਅਤੇ ਕਾਗ਼ਜ਼ ਦੇ ਕਾਰਖ਼ਾਨਿਆਂ ਵਿਚ ਅਤੇ ਰੰਗਕਾਟ ਪਾਊਡਰ ਬਣਾਉਣ ਲਈ ਹੀ ਕੀਤੀ ਜਾਂਦੀ ਸੀ । ਵੀਹਵੀਂ ਸਦੀ ਦੇ ਸ਼ੁਰੂ ਵਿਚ ਤਰਲ ਕਲੋਰੀਨ ਦੀ ਵਰਤੋਂ ਸ਼ੁਰੂ ਹੋ ਗਈ । ਇਸ ਨੂੰ ਸਿੱਧੇ ਹੀ ਰੰਗ ਕੱਟਣ ਲਈ ਵਰਤਿਆ ਜਾ ਸਕਦਾ ਸੀ । ਇਹ ਬਹੁਤ ਪ੍ਰਭਾਵਸ਼ਾਲੀ ਜੀਵਾਣੂਨਾਸ਼ਕ ਹੈ, ਜਿਸ ਕਰਕੇ ਮਿਊਂਸਪਲ ਪਾਣੀ ਸਪਲਾਈ ਦੇ ਕਲੋਰੀਕਰਨ ਦੀ ਵਰਤੋਂ ਕਾਰਬਨਿਕ ਅਤੇ ਅਕਾਰਬਨਿਕ ਰਸਾਇਣਾਂ ਦੇ ਬਣਾਉਣ ਵਿਚ ਬਹੁਤ ਵਧ ਗਈ ਹੈ (ਚਿਤਰ 1) ।




ਚਿਤਰ 1: ਕਲੋਰੀਨ ਅਤੇ ਇਸ ਦੇ ਵਿਉਤਪੰਨਾਂ ਦਾ ਵਪਾਰਕ ਉਤਪਾਦਨ

**ਪ੍ਰਯੋਗਸ਼ਾਲਾ ਵਿਚ ਤਿਆਰੀ**—ਪ੍ਰਯੋਗਸ਼ਾਲਾ ਵਿਚ ਕਲੋਰੀਨ ਗੈਸ, ਹਾਈਡ੍ਰੋਕਲੋਰਿਕ ਐਸਿਡ ਜਾਂ ਤੇਜ਼ਾਬੀ ਘੋਲ ਵਿਚ ਕਿਸੇ ਵੀ ਅਘੁਲਨਸ਼ੀਲ ਕਲੋਰਾਈਡ ਦੀ ਤੇਜ਼ ਆਕਸੀਕਾਰਕ ਜਿਵੇਂ ਮੈਂਗਨੀਜ਼ ਡਾਈਔਕਸਾਈਡ, ਪੋਟਾਸ਼ੀਅਮ ਪਰਮੈਂਗਨੇਟ ਜਾਂ ਪੋਟਾਸ਼ੀਅਮ ਡਾਈਕ੍ਰੋਮੇਟ ਨਾਲ ਕਿਰਿਆ ਕਰਵਾ ਕੇ ਤਿਆਰ ਕੀਤੀ ਜਾ ਸਕਦੀ ਹੈ ।

ਹਾਈਪੋਕਲੋਰਾਈਟ ਦੀ ਤੇਜ਼ਾਬ ਨਾਲ ਕਿਰਿਆ ਕਰਾਉਣ ਨਾਲ ਵੀ ਕਲੋਰੀਨ ਬਣ ਜਾਂਦੀ ਹੈ ।

**ਭੌਤਿਕ ਗੁਣ**—ਕਲੋਰੀਨ ਦੇ ਕੁਝ ਹੋਰ ਭੌਤਿਕ ਗੁਣ ਅੱਗੇ ਦਿਤੀ ਸਾਰਨੀ ਵਿਚ ਦਰਸਾਏ ਗਏ ਹਨ :—

| | |
|---|---|
| ਸਥਿਰ ਸਮਸਥਾਨਕ (ਪਰਮਾਣੂ-ਕ੍ਰਮ—ਅੰਕ) | 35,37 |
| ਰੇਡੀਓਐਕਟਿਵ ਸਮਸਥਾਨਕ (ਪਰਮਾਣੂ-ਕ੍ਰਮ—ਅੰਕ) | 32-34,36,38—40 |
| ਇਲੈਕਟ੍ਰਾਨੀ ਤਰਤੀਬ | $1s^2,2s^2,2p^6,3s^2,3p^5$ |
| ਵਾਧੂ ਇਲੈੱਕਟ੍ਰਾਨ ਲਈ ਆਕਰਸ਼ਣ-ਸ਼ਕਤੀ | 3.75 ਇਲੈੱਕਟ੍ਰਾਨ ਵੋਲਟ |
| ਕਲੋਰਾਈਡ ਆਇਨ ਕ੍ਰਿਸਟਲ ਅਰਧ-ਵਿਆਸ | 1. 81A° |
| ਅਣਵੀ ਭਾਰ | 70. 91 |
| 0°ਸੈਂ. ਅਤੇ 1 ਵਾਯੂਮੰਡਲ ਉਤੇ ਘਣਤਾ | 3. 214 ਗ੍ਰਾਮ ਪ੍ਰਤਿ ਲਿਟਰ |
| 1 ਵਾਯੂ ਮੰਡਲ ਉਤੇ ਉਬਾਲ ਦਰਜਾ | -34.05° ਸੈਂ. |
| ਦਰਜਾ-ਜਮਾਉ | -101° ਸੈਂ. |
| ਕ੍ਰਾਂਤਿਕ ਤਾਪਮਾਨ | 144° ਸੈਂ. |
| ਕ੍ਰਾਂਤਿਕ ਦਬਾਓ | 76. 1 ਵਾਯੂਮੰਡਲ |
| ਕ੍ਰਾਂਤਿਕ ਘਣਤਾ | 0.573 ਗ੍ਰਾਮ ਪ੍ਰਤਿ ਮਿਲੀਲਿਟਰ |
| ਗਲਣ ਤਾਪ | 22. 9 ਕੈਲੋਰੀ ਪ੍ਰਤਿ ਗ੍ਰਾ. |
| ਵਾਸ਼ਪੀਕਰਨ ਤਾਪ | 68. 8 ਕੈਲੋਰੀ ਪ੍ਰਤਿ ਗ੍ਰਾਮ |
| ਸਥਿਰ ਦਬਾਉ ਅਤੇ ਕਮਰੇ ਦੇ ਤਾਪਮਾਨ ਉਤੇ ਗੈਸ ਦੀ ਤਾਪ ਸਮਰੱਥਾ | 0.226 ਕੈਲੋਰੀ ਪ੍ਰਤਿ ਗ੍ਰਾ. |
| T°k ਉਤੇ ਤਾਪ ਸਮਰੱਥਾ $8.28+0.56\times10^{-3}T$ | ਕੈਲੋਰੀ ਪ੍ਰਤਿ ਮੋਲ |
| ਤਰਲ ਦੀ ਤਾਪ ਸਮਰੱਥਾ | 16 ਕੈਲੋਰੀ ਪ੍ਰਤਿ ਮੋਲ |
| 298.1°K ਉਤੇ ਐਨਟ੍ਰੌਪੀ | 53.31 ਕੈਲੋਰੀ ਪ੍ਰਤਿ ਮੋਲ ਪ੍ਰਤਿ ਡਿਗਰੀ |
| 20°ਸੈਂ. ਉਤੇ ਪਾਣੀ ਵਿਚ ਘੁਲਨਸ਼ੀਲਤਾ | 0.09 ਮੋਲ ਪ੍ਰਤਿ ਲਿਟਰ (1 ਵਾਯੂਮੰਡਲ ਉਤੇ) |

**ਰਸਾਇਣਿਕ ਗੁਣ**—ਇਹ ਆਵਰਤੀ ਸਿਸਟਮ ਦੇ 7ਵੇਂ ਗਰੁੱਪ ਦਾ ਮੈਂਬਰ ਹੈ, ਇਸ ਲਈ ਇਹ ਰਿਣ-ਬਿਜਲਈ ਤੱਤ ਹੈ ਅਤੇ ਇਸ ਦਾ ਜ਼ਿਆਦਾ ਝੁਕਾਅ–1 ਆਕਸੀਕਰਨ ਸਟੇਟ ਵਾਲੇ ਕਲੋਰਾਈਡ ਆਇਨ ਵਲ ਹੁੰਦਾ ਹੈ ਫਿਰ ਵੀ ਕਲੋਰੀਨ +1, +3, +4, +5 ਅਤੇ +7 ਵਾਲੀ ਆਕਸੀਕਰਨ ਸਟੇਟ ਵਿਚ ਵੀ ਮਿਲਦੀ ਹੈ। ਆਕਸੀਜਨ, ਫਲੋਰੀਨ, ਨਾਈਟ੍ਰੋਜਨ, ਕਾਰਬਨ ਅਤੇ ਅਕਿਰਿਆਸ਼ੀਲ ਗੈਸਾਂ ਨੂੰ ਛੱਡ ਕੇ ਇਹ ਸਭ ਤੱਤਾਂ ਨਾਲ ਸਿਧੀ ਹੀ ਮਿਲ ਜਾਂਦੀ ਹੈ। ਇਸ ਤਰ੍ਹਾਂ ਬਣੇ ਦੋ-ਅੰਗੀ ਯੋਗਿਕਾਂ ਨੂੰ ਕਲੋਰਾਈਡ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਬਹੁਤੀਆਂ ਕਿਰਿਆਵਾਂ ਕਮਰੇ ਦੇ ਤਾਪਮਾਨ ਤੇ ਹੀ ਹੁੰਦੀਆਂ ਹਨ, ਜਿਵੇਂ ਪਾਊਡਰ ਕੀਤੇ ਐਂਟੀਮਨੀ ਨਾਲ

$$2Sb + 3Cl_2 = 2SbCl_3$$

ਖ਼ੁਸ਼ਕ ਕਲੋਰੀਨ ਘੱਟ ਕਿਰਿਆ ਕਰਦੀ ਹੈ ਅਤੇ ਕਿਰਿਆ ਕਰਵਾਉਣ ਲਈ ਉੱਚੇ ਤਾਪਮਾਨ ਦੀ ਲੋੜ ਪੈਂਦੀ ਹੈ। ਇਹੋ ਕਾਰਨ ਹੈ ਕੇ ਖ਼ੁਸ਼ਕ (ਤਰਲ) ਕਲੋਰੀਨ ਨੂੰ ਸਟੀਲ ਦੇ ਸਿਲਿੰਡਰਾਂ ਵਿਚ ਇਕੱਠਾ ਕੀਤਾ ਜਾ ਸਕਦਾ ਹੈ। ਕਲੋਰੀਨ ਕਾਰਬਨ ਦੀ ਹੋਂਦ ਵਿਚ ਉੱਚੇ ਤਾਪਮਾਨ ਉਤੇ ਕੁਝ ਵਿਸ਼ੇਸ਼ ਔਕਸਾਈਡਾਂ ਨਾਲ ਕਿਰਿਆ ਕਰਦੀ ਹੈ ਤਾਂ ਕਲੋਰਾਈਡ ਬਣਦੇ ਹਨ ਜਿਵੇਂ—

$$Al_2O_3+3Cl_2+3C=2AlCl_3+3CO$$

ਪਾਣੀ ਨਾਲ 0°ਸੈਂ. ਉਤੇ ਮਿਲ ਕੇ ਇਕ ਰਵੇਦਾਰ ਹਾਈਡ੍ਰੇਟ $Cl_2.8H_2O$ ਬਣਾਉਂਦੀ ਹੈ ਜਿਹੜਾ ਗਰਮ ਕਰਨ ਤੇ ਅਪਘਟਿਤ ਹੋ ਜਾਂਦਾ ਹੈ। ਪਰਤਵੀਂ ਕਿਰਿਆ ਹੋਣ ਕਾਰਨ ਕਲੋਰੀਨ ਵਿਚ ਕੁਝ ਕੁ ਮਾਤਰਾ ਹਾਈਡ੍ਰੋਕਲੋਰਿਕ ਅਤੇ ਹਾਈਪੋਕਲੋਰਸ ਐਸਿਡ ਦੀ ਹੁੰਦੀ ਹੈ :—

$$Cl_2+H_2O=H^++Cl^-+HOCl$$

ਇਸ ਦਾ ਸੰਤੁਲਨ ਸਥਿਰ ਅੰਕ $4.8\times10^{-4}$ (25°ਸੈਂ. ਉਤੇ) ਹੈ। ਹਾਈਪੋਕਲੋਰਸ ਐਸਿਡ ਵਿਚੋਂ ਆਕਸੀਜਨ ਹੌਲੀ ਹੌਲੀ ਨਿਕਲ ਜਾਂਦੀ ਹੈ, ਇਸ ਲਈ ਪਾਣੀ ਵਿਚ ਕਲੋਰੀਨ ਦਾ ਘੋਲ ਅਸਥਾਈ ਹੈ ਅਤੇ ਅੰਤ ਵਿਚ ਸਾਰੀ ਕਲੋਰੀਨ ਹਾਈਡ੍ਰੋਕਲੋਰਿਕ ਐਸਿਡ ਵਿਚ ਬਦਲ ਜਾਂਦੀ ਹੈ। ਕਲੋਰੀਨ ਖਾਰੇ ਘੋਲਾਂ ਵਿਚ ਬੜੀ ਛੇਤੀ ਘੁਲ ਜਾਂਦੀ ਹੈ ਕਿਉਂਕਿ ਹਾਈਡ੍ਰੋਕਲੋਰਿਕ ਐਸਡਿ ਸਥਾਪਿਤ ਹੋ ਰਹੇ ਸੰਤੁਲਨ ਨੂੰ ਰੋਕਦੇ ਹਨ। ਕਮਰੇ ਦੇ ਤਾਪਮਾਨ ਉਤੇ ਰਸਾਇਣਿਕ ਕਿਰਿਆ ਇਸ ਤਰ੍ਹਾਂ ਹੁੰਦੀ ਹੈ :—

$$Cl_2+2OH^-=Cl^-+OCl^-+H_2O$$

ਗਾੜ੍ਹੀ ਅਤੇ ਗਰਮ ਖਾਰ ਨਾਲ ਕਿਰਿਆ ਦੁਆਰਾ ਕਲੋਰਾਈਡ ਅਤੇ ਕਲੋਰੇਟ ਬਣਦਾ ਹੈ :—

$$3Cl_2+6OH^-=5Cl^-+ClO_3^-+3H_2O$$

ਕਲੋਰੀਨ ਗੈਸ ਇਕ ਬਹੁਤ ਤੇਜ਼ ਆਕਸੀਕਾਰਕ ਹੈ। ਪਾਣੀ ਵਾਲੇ ਇਲੈੱਕਟ੍ਰੋਲਾਈਟ ਵਿਚ 25°ਸੈਂ. ਉਤੇ ਇਸ ਦਾ ਇਲੈੱਕਟ੍ਰੋਡ ਪੁਟੈਂਸ਼ਲ $\frac{1}{2}Cl_2(g)+e=Cl$ 1.358 ਵੋਲਟ ਹੈ।

ਕਈ ਆਰਗੈਨਿਕ ਯੋਗਿਕਾਂ ਦਾ ਕਲੋਰੀਕਰਨ ਵੀ ਕਲੋਰੀਨ ਦੁਆਰਾ ਕੀਤਾ ਜਾਂਦਾ ਹੈ।

**ਵਪਾਰਕ ਤੌਰ ਤੇ ਕਲੋਰੀਨ ਦਾ ਉਤਪਾਦਨ**—ਜਦੋਂ ਤੋਂ ਕਲੋਰੀਨ ਦੀ ਖੋਜ ਹੋਈ ਹੈ, ਉਦੋਂ ਤੋਂ ਹੀ ਇਸ ਦੀ ਵਰਤੋਂ ਉਦਯੋਗਾਂ ਵਿਚ ਵਡੇ ਪੈਮਾਨੇ ਤੇ ਹੁੰਦੀ ਆ ਰਹੀ ਹੈ। ਸਭ ਤੋਂ ਪਹਿਲੀ ਅਤੇ ਪੁਰਾਣੀ ਵੈਲਡਨ ਵਿਧੀ ਵਿਚ ਕਲੋਰੀਨ, ਹਾਈਡ੍ਰੋਕਲੋਰਿਕ ਐਸਿਡ ਦੀ ਮੈਂਗਨੀਜ਼ ਡਾਈਆਕਸਾਈਡ ਨਾਲ ਕਿਰਿਆ ਤੋਂ ਤਿਆਰ ਕੀਤੀ ਜਾਂਦੀ ਸੀ :—

$$MnO_2+4HCl=Cl_2+MnCl_2+2H_2O$$

ਲਗਭਗ 1868 ਵਿਚ ਹੈਨਰੀ ਡੈਕਨ ਨੇ ਹਾਈਡ੍ਰੋਜਨ ਕਲੋਰਾਈਡ ਗੈਸ ਅਤੇ ਵਾਯੂਮੰਡਲ ਵਿਚਲੀ ਆਕਸੀਜਨ ਦੀ ਕਿਰਿਆ ਦੁਆਰਾ ਕਲੋਰੀਨ ਗੈਸ ਬਣਾਉਣ ਦੀ ਵਿਧੀ ਦਾ ਪਤਾ ਲਗਾਇਆ—

$$4HCl+O_2 \quad 2Cl_2+2H_2O$$

ਪਰੰਤੂ ਇਹ ਕਿਰਿਆ ਪਰਤਵੀਂ ਅਤੇ ਅਪੂਰਨ ਸੀ।

**ਬਿਜਲ-ਅਪਘਟਨੀ ਵਿਧੀ** (Electrolytic Process)—ਸੰਨ 1960 ਦੇ ਮੁੱਢ ਵਿਚ ਉਦਯੋਗਿਕ ਕਲੋਰੀਨ ਦਾ ਮੁੱਖ ਸੋਮਾ ਲੂਣਾ ਪਾਣੀ (ਬ੍ਰਾਈਨ) ਸੀ। ਫਿਊਜ਼ ਕੀਤੇ ਸੋਡੀਅਮ ਕਲੋਰਾਈਡ ਦੇ ਬਿਜਲਈ ਅਪਘਟਨ ਤੋਂ ਵੀ ਕਲੋਰੀਨ ਇਕ ਸਹਿ-ਉਪਜ ਦੇ ਤੌਰ ਤੇ ਪ੍ਰਾਪਤ ਕੀਤੀ ਜਾਂਦੀ ਸੀ। ਸੰਨ 1890 ਵਿਚ ਪਹਿਲੀ ਵਾਰ ਵਪਾਰਕ ਤੌਰ ਤੇ ਬਿਜਲ-ਅਪਘਟਨੀ ਕਲੋਰੀਨ ਚੰਗੀ ਤਰ੍ਹਾਂ ਤਿਆਰ ਕੀਤੀ ਗਈ।

$$2NaCl+2H_2O=Cl_2+NaOH+H_2$$

ਉਪਰੋਕਤ ਕਿਰਿਆ ਵਿਚ ਭਾਵੇਂ ਲੂਣ ਦੇ ਬਿਜਲਈ ਅਪਘਟਨ (ਚਿਤਰ 2) ਵਿਚ ਕਲੋਰੀਨ ਅਤੇ ਕਾਸਟਿਕ ਸੋਡਾ ਸਮਾਨ ਮਾਤਰਾ



ਚਿਤਰ 2. ਬਿਜਲ-ਅਪਘਟਨੀ ਕਾਸਟਿਕ ਸੋਡਾ ਅਤੇ ਕਲੋਰੀਨ

ਵਿਚ ਬਣਦੇ ਹਨ ਫਿਰ ਵੀ ਕਲੋਰੀਨ ਨੂੰ ਮੁੱਖ ਉਪਜ ਅਤੇ ਕਾਸਟਿਕ ਸੋਡੇ ਨੂੰ ਸਹਿ-ਉਪਜ ਮੰਨਿਆ ਜਾਂਦਾ ਹੈ।

ਇਸ ਵਿਧੀ ਲਈ ਦੋ ਭਿੰਨ ਭਿੰਨ ਕਿਸਮ ਦੇ ਸੈੱਲ ਅਰਥਾਤ ਡਾਇਆਫ਼੍ਰਾਮ ਸੈੱਲ ਅਤੇ ਮਰਕਰੀ (ਪਾਰਾ) ਸੈੱਲ ਵਰਤੇ ਜਾਂਦੇ ਹਨ। ਦੋਹਾਂ ਵਿਚ ਇਲੈੱਕਟ੍ਰੋਲਾਈਟ ਲੂਣ ਦਾ ਗਾੜ੍ਹਾ ਘੋਲ (ਬ੍ਰਾਈਨ) ਹੀ ਹੁੰਦਾ ਹੈ। ਸੈੱਲ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਬ੍ਰਾਈਨ ਵਿਚ ਸੋਡੀਅਮ ਕਾਰਬੋਨੇਟ ਪਾ ਕੇ ਕੈਲਸੀਅਮ ਅਤੇ ਮੈਗਨੀਸ਼ੀਅਮ ਆਇਨਾਂ ਦਾ ਤਲਛੱਟ ਬਣਾ ਲਿਆ ਜਾਂਦਾ ਹੈ ਨਹੀਂ ਤਾਂ ਇਨ੍ਹਾਂ ਆਇਨਾਂ ਦਾ ਤਲਛੱਟ ਸੈੱਲ ਦੇ ਅੰਦਰ ਜਾ ਕੇ ਬਣ ਜਾਵੇਗਾ ਅਤੇ ਸੈੱਲ ਦੇ ਕੰਮ ਕਰਨ ਵਿਚ ਰੁਕਾਵਟ ਪੈ ਜਾਵੇਗੀ। ਦੋਹਾਂ ਕਿਸਮ ਵਿਚ ਗ੍ਰੈਫ਼ਾਈਟ ਦੇ ਐਨੋਡ ਵਰਤੇ ਜਾਂਦੇ ਹਨ, ਪ੍ਰੰਤੂ ਕੈਥੋਡ ਭਿੰਨ ਭਿੰਨ ਹੁੰਦੇ ਹਨ। ਡਾਇਆਫ਼੍ਰਾਮ ਸੈੱਲ ਵਿਚ ਜ਼ਿਆਦਾਤਰ ਲੋਹੇ ਦੇ ਕੈਥੋਡ ਅਤੇ ਪਾਰੇ ਵਾਲੇ ਸੈੱਲ ਵਿਚ ਪਾਰੇ ਨੂੰ ਹੀ ਕੈਥੋਡ ਦੇ ਤੌਰ ਤੇ ਵਰਤਿਆ ਜਾਂਦਾ ਹੈ। ਗ੍ਰੈਫ਼ਾਈਟ ਐਨੋਡ ਉਤੇ ਕਿਰਿਆ ਦੁਆਰਾ ਕਲੋਰੀਨ ਗੈਸ ਬਾਹਰ ਨਿਕਲਦੀ ਹੈ :—

$$2Cl = Cl_2 + 2e$$

ਕਲੋਰੀਨ ਦੇ ਨਾਲ ਆਮ ਕਰਕੇ ਕੁਝ-ਕੁ ਮਾਤਰਾ ਆਕਸੀਜਨ ਦੀ ਵੀ ਹੁੰਦੀ ਹੈ, ਇਸ ਤਰ੍ਹਾਂ ਰਸਾਇਣਿਕ ਕਿਰਿਆ ਦੀ ਸੁਯੋਗਤਾ (ਐਫੀਸ਼ੈਂਸੀ) ਘਟ ਜਾਂਦੀ ਹੈ। ਪਾਰੇ ਵਾਲੀ ਕਿਸਮ ਵਾਲੇ ਸੈੱਲ ਦਾ ਫ਼ਾਇਦਾ ਇਹ ਹੈ ਕਿ ਕਾਸਟਿਕ ਸੋਡੇ ਦਾ ਘੋਲ ਕਲੋਰਾਈਡ ਮੁਕਤ ਹੁੰਦਾ ਹੈ ਅਤੇ ਸੈੱਲ ਵਿਚ 50% ਤਕ ਗਾੜ੍ਹਾ ਕਾਸਟਿਕ ਸੋਡਾ ਤਿਆਰ ਕੀਤਾ ਜਾ ਸਕਦਾ ਹੈ, ਜਦੋਂ ਕਿ ਦੂਸਰੇ ਸੈੱਲਾਂ ਵਿਚ ਇਹ ਵਧੇਰੇ ਪਤਲਾ ਹੁੰਦਾ ਹੈ ਅਤੇ ਵਿਕਰੀ ਲਈ ਇਸ ਕਲੋਰਾਈਡ ਨਾਲੋਂ ਵਖਰਾ ਕਰਨਾ ਪੈਂਦਾ ਹੈ। ਇਸ ਸੈੱਲ ਦਾ ਨੁਕਸਾਨ ਇਹ ਹੈ ਕਿ ਪਾਰਾ ਬਹੁਤ ਮਹਿੰਗਾ ਪੈਂਦਾ ਹੈ। ਇਨ੍ਹਾਂ ਸੈੱਲਾਂ ਦੀ ਸੁਯੋਗਤਾ ਲਗਭਗ ਡਾਇਆਫ਼੍ਰਾਮ ਕਿਸਮ ਵਾਲੇ ਸੈੱਲਾਂ ਜਿੰਨੀ ਹੀ ਹੁੰਦੀ ਹੈ। ਇਨ੍ਹਾਂ ਸੈੱਲਾਂ ਦੇ ਕੰਮ ਕਰਨ ਲਈ ਬਹੁਤ ਉੱਚੇ ਕਰੰਟ ਅਰਥਾਤ 15,000 ਐਂਪੀਅਰ ਤਕ ਦੀ ਲੋੜ ਪੈਂਦੀ ਹੈ।

ਅਜ ਕੱਲ੍ਹ ਨਵੀਂ ਕਿਸਮ ਦੇ ਸੈੱਲ ਸਟੀਲ ਦੇ ਬਣੇ ਟੈਂਕ ਹਨ ਜਿਹੜੇ 6.096 ਮੀ. ਤੋਂ 12.192 ਮੀ. (20 ਤੋਂ 40 ਫ਼ੁੱਟ) ਲੰਬੇ, 63.5 ਸੈਂ. ਮੀ. (25 ਇੰਚ) ਚੌੜੇ ਅਤੇ 20.3 ਸੈਂ. ਮੀ. (8 ਇੰਚ) ਡੂੰਘੇ ਹਨ। ਇਨ੍ਹਾਂ ਦੇ ਪਾਸਿਆਂ ਤੇ ਰਬੜ ਦੀ ਤਹਿ ਚੜ੍ਹੀ ਹੁੰਦੀ ਹੈ ਅਤੇ ਅਣਢਕੇ ਸਟੀਲ ਅਧਾਰ ਉਤੇ ਪਾਰੇ ਦੀ ਇਕ ਪਤਲੀ ਜਿਹੀ ਤਹਿ ਕੈਥੋਡ ਦਾ ਕੰਮ ਕਰਦੀ ਹੈ। ਟੈਂਕ ਇਸ ਤਰ੍ਹਾਂ ਢਾਲਵਾਂ ਹੁੰਦਾ ਹੈ ਕਿ ਪਾਰੇ ਦਾ ਵਹਾਉ ਇੰਨਾਂ ਹੋਵੇ ਕਿ 15,000 ਐਂਪੀਅਰ ਉਤੇ ਸੋਡੀਅਮ ਦਾ 0.2% ਭਾਗ ਇਕੱਠਾ ਹੋ ਸਕੇ। ਪਾਰੇ ਵਿਚੋਂ ਸੋਡੀਅਮ ਨੂੰ ਬਿਨਾ ਬਿਜਲਈ-ਅਪਘਟਨ ਦੇ ਨਾਲ ਲਗਵੇਂ ਹਿੱਸੇ ਵਿਚ ਭੇਜਿਆ ਜਾਂਦਾ ਹੈ। ਬ੍ਰਾਈਨ (ਇਕ ਲਿਟਰ ਘੋਲ ਵਿਚ 310 ਗ੍ਰਾ. ਸੋਡੀਅਮ ਕਲੋਰਾਈਡ) ਦਾ ਬਿਜਲਈ-ਅਪਘਟਨ 70° ਤੋਂ 90° ਸੈਂ. ਤਕ ਹੋ ਜਾਂਦਾ ਹੈ ਅਤੇ ਸੈੱਲ ਵਿਚ 220 ਤੋਂ 270 ਗ੍ਰਾ. ਲੂਣ ਪ੍ਰਤਿ ਲਿਟਰ ਬਾਕੀ ਬਚ ਜਾਂਦਾ ਹੈ। ਪਾਰੇ ਦੀ ਹਾਨੀ 1% ਤੋਂ 7% ਪ੍ਰਤਿ ਸਾਲ ਦੱਸੀ ਗਈ ਹੈ।

**ਵੰਡ**—ਸੈੱਲਾਂ ਤੋਂ ਆ ਰਹੀ ਕਲੋਰੀਨ ਨੂੰ ਗਾੜ੍ਹੇ ਗੰਧਕ ਦੇ ਤੇਜ਼ਾਬ ਦੀ ਕਿਰਿਆ ਦੁਆਰਾ ਖ਼ੁਸ਼ਕ ਕੀਤਾ ਜਾਂਦਾ ਹੈ ਅਤੇ ਠੰਢਾ ਕਰਨ ਉਪਰੰਤ ਦਬਾਉ ਨਾਲ ਦ੍ਰਵਿਤ ਕੀਤਾ ਜਾਂਦਾ ਹੈ। ਦ੍ਰਵਿਤ ਕਲੋਰੀਨ ਨੂੰ ਸਿਲਿੰਡਰਾਂ ਅਤੇ ਟੈਂਕਰਾਂ ਵਿਚ ਭਰਕੇ ਵੇਚਿਆ ਜਾਂਦਾ ਹੈ। ਵੱਡੇ ਪੈਮਾਨੇ ਉਤੇ ਕਲੋਰੀਨ ਕਾਸਟਿਕ ਸੋਡੇ ਦੇ ਕਾਰਖ਼ਾਨੇ ਆਮ ਕਰਕੇ ਅਜਿਹੀ ਥਾਂ ਤੇ ਸਥਿਤ ਹੁੰਦੇ ਹਨ ਜਿਥੇ ਲੂਣ ਅਤੇ ਬਿਜਲਈ ਊਰਜਾ ਸਸਤੀ ਪੈਂਦੀ ਹੋਵੇ। ਇਸ ਦੇ ਬਾਵਜੂਦ ਵੀ ਕਾਗਜ਼ ਅਤੇ ਰੇਸ਼ਮ ਦੇ ਕੁਝ ਕਾਰਖ਼ਾਨੇ, ਜਿਨ੍ਹਾਂ ਵਿਚ ਕਲੋਰੀਨ ਅਤੇ ਕਾਸਟਿਕ ਸੋਡੇ ਦੀ ਵਰਤੋਂ ਕਾਫ਼ੀ ਹੁੰਦੀ ਹੈ, ਆਪਣਾ ਹੀ ਬਿਜਲ-ਅਪਘਟਨੀ ਪਲਾਂਟ ਚਲਾਉਂਦੇ ਹਨ। ਅਜਿਹੀ ਹਾਲਤ ਵਿਚ ਕਲੋਰੀਨ ਨੂੰ ਦ੍ਰਵਿਤ ਕਰਨ ਦੀ ਲੋੜ ਨਹੀਂ ਪੈਂਦੀ, ਸਗੋਂ ਸਿੱਧੀ ਹੀ ਪਾਈਪਾਂ ਦੁਆਰਾ ਵਰਤੋਂ ਵਾਲੀ ਥਾਂ ਤੇ ਪਹੁੰਚ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 5 : 663 ; ਮੈਕ. ਐਨ. ਸ. ਟ. 3 : 67

**ਕਲੋਰੋਪਿਕ੍ਰਿਨ** : ਇਹ, ਕਈ ਨਾਈਟ੍ਰੋ ਯੋਗਿਕਾਂ (ਉਦਾਹਰਨ ਦੇ ਤੌਰ ਤੇ ਪਿਕ੍ਰਿਕ ਐਸਿਡ, ਨਾਈਟ੍ਰੋਮੀਥੇਨ) ਨਾਲ ਰੰਗਕਾਟ ਪਾਊਡਰ (ਬਲੀਚਿੰਗ ਪਾਊਡਰ) ਦੀ ਕਸ਼ੀਦਿਤ-ਉਪਜ ਹੈ। ਇਹ ਕਲੋਰਲ ਜਾਂ ਕਲੋਰੋਫ਼ਾਰਮ ਨਾਲ ਗਾੜ੍ਹੇ ਨਾਈਟ੍ਰਿਕ ਐਸਿਡ ਦੀ ਕਿਰਿਆ ਦੁਆਰਾ ਜਾਂ ਤਕਰਬੀਨ ਕਿਸੇ ਵੀ ਆਰਗੈਨਿਕ ਪਦਾਰਥ ਨਾਲ ਐਕਵਾਰੀਜੀਆ ਦੀ ਕਿਰਿਆ ਨਾਲ ਤਿਆਰ ਕੀਤੀ ਜਾ ਸਕਦੀ ਹੈ। ਇਸ ਨੂੰ ਤਿਆਰ ਕਰਨ ਦਾ ਸਭ ਤੋਂ ਸਧਾਰਨ ਢੰਗ ਸੰਨ 1866 ਵਿਚ ਏ. ਡਬਲਯੂ. ਫ਼ਾਨ ਹੱਫ਼ਮੈਨ ਨੇ ਕੱਢਿਆ। ਇਸ ਢੰਗ ਵਿਚ ਇਕ ਹਿੱਸਾ ਪਿਕ੍ਰਿਕ ਐਸਿਡ ਵਾਲੇ ਘੋਲ (30° ਸੈਂ. ਉਤੇ ਸੰਤ੍ਰਿਪਤ) ਨੂੰ 10 ਹਿੱਸੇ ਰੰਗਕਾਟ ਪਾਊਡਰ ਅਤੇ ਪਾਣੀ ਦੀ ਲੇਵੀ ਨਾਲ ਮਿਲਾਇਆ ਜਾਂਦਾ ਹੈ। ਬਹੁਤ ਹੀ ਤੇਜ਼ ਕਿਰਿਆ ਹੁੰਦੀ ਹੈ ਅਤੇ ਗਰਮ ਕੀਤੇ ਬਿਨਾ ਹੀ ਕਲੋਰੋਪਿਕ੍ਰਿਨ (ਨਾਈਟ੍ਰੋਕਲੋਰੋਫ਼ਾਰਮ, ਟ੍ਰਾਈਕਲੋਰੋਨਾਈਟ੍ਰੋਮੀਥੇਨ) ਕਸ਼ੀਦ ਹੋ ਜਾਂਦੀ ਹੈ। ਇਸ ਦਾ ਰਸਾਇਣਿਕ ਫ਼ਾਰਮੂਲਾ $CCl_3.NO_2$ ਹੈ। ਇਹ ਰੰਗਹੀਨ ਤਰਲ ਹੈ ਜਿਸ ਦਾ ਉਬਾਲ ਦਰਜਾ 112° ਸੈਂ. ਅਤੇ ਵਿਸ਼ਿਸ਼ਟ ਘਣਤਾ 1.692 ਹੈ। ਇਹ ਪਾਣੀ ਵਿਚ ਲਗਭਗ ਅਘੁਲਨਸ਼ੀਲ ਹੈ ਪ੍ਰੰਤੂ ਅਲਕੋਹਲ ਵਿਚ ਝਟ ਘੁਲ ਜਾਂਦੀ ਹੈ। ਇਸ ਦੀ ਗੰਧ ਬਹੁਤ ਤੇਜ਼ ਹੁੰਦੀ ਹੈ ਅਤੇ ਇਸ ਦੇ ਵਾਸ਼ਪ ਅੱਖਾਂ ਉਤੇ ਬਹੁਤ ਹੀ ਬੁਰਾ ਅਸਰ ਪਾਉਂਦੇ ਹਨ। ਕਲੋਰੋਪਿਕ੍ਰਿਨ ਦੀ ਵਰਤੋਂ ਯੁੱਧ ਵਿਚ ਅੱਖਾਂ ਵਿਚੋਂ ਹੰਝੂ ਲਿਆਉਣ ਲਈ, ਖੁਰਕ ਪੈਦਾ ਕਰਨ ਲਈ ਅਤੇ ਘਾਤਕ ਏਜੰਟ ਦੇ ਤੌਰ ਤੇ ਕੀਤੀ ਜਾਂਦੀ ਹੈ। ਇਸ ਰਸਾਇਣਿਕ ਪਦਾਰਥ ਦੀ ਬਹੁਤੀ ਸੰਘਣਤਾ ਕਾਰਨ ਫੇਫੜਿਆਂ ਵਿਚ ਜ਼ਖ਼ਮ ਹੋ ਕੇ ਮੌਤ ਹੋ ਜਾਂਦੀ ਹੈ। ਕਈ ਵਾਰੀ ਇਸ ਦੀ ਘੱਟ ਸੰਘਣਤਾ ਨਾਲ ਵੀ ਮੌਤ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਦੀ ਵਰਤੋਂ ਕੀਟਨਾਸ਼ਕ ਦੇ ਤੌਰ ਤੇ ਵੀ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 5 : 671 ; ਆ. ਕੈ.—ਵਿਨਾਰ. 1 : 117

**ਕਲੋਰੋਫ਼ਾਰਮ** : ਇਸ ਨੂੰ ਟ੍ਰਾਈਕਲੋਰੋਮੀਥੇਨ ਵੀ ਕਿਹਾ ਜਾਂਦਾ ਹੈ। ਇਸ ਦਾ ਰਸਾਇਣਿਕ ਫ਼ਾਰਮੂਲਾ $CHCl_3$ ਹੈ। ਇਹ ਸਾਫ਼, ਰੰਗਹੀਨ, ਗਤੀਸ਼ੀਲ ਅਤੇ ਭਾਰਾ ਤਰਲ ਪਦਾਰਥ ਹੈ, ਜਿਸ ਦੀ ਗੰਧ ਈਥਰ ਨਾਲ ਮਿਲਦੀ ਜੁਲਦੀ ਅਤੇ ਮਨ ਭਾਉਂਦੀ ਹੁੰਦੀ ਹੈ। ਇਸ ਨੂੰ 1831 ਵਿਚ ਸੈਮੂਐਲ ਗੱਥਰੀ ਨੇ ਅਮਰੀਕਾ ਵਿਚ ਈ. ਸੂਬੇਈਰਾਨ ਨੇ ਫ਼ਰਾਂਸ ਵਿਚ ਅਤੇ ਜੇ. ਫ਼ੌਨ ਲੀਬਿੱਕ ਨੂੰ ਜਰਮਨੀ ਵਿਚ ਇਕੋ ਸਮੇਂ ਵਿਚ ਹੀ ਤਿਆਰ ਕੀਤਾ। ਸੰਨ 1847 ਵਿਚ ਬੇਹੋਸ਼ ਕਰਨ ਲਈ ਇਸਦੀ ਪਹਿਲੀ ਵਾਰ ਵਰਤੋਂ ਕੀਤੀ ਗਈ।

ਕਲੋਰੋਫ਼ਾਰਮ ਸਾਹ ਨਾਲ ਅੰਦਰ ਖਿੱਚਣ ਵਾਲਾ ਬਹੁਤ ਹੀ ਤੇਜ਼ ਅਨੈੱਸਥੈਟਿਕ ਹੈ ਅਤੇ ਇਸ ਦੇ ਕੁਝ-ਕੁ ਮਿਲੀਲਿਟਰ ਹੀ ਚੀਰ-ਫ਼ਾੜ ਲਈ ਲੋੜੀਂਦੇ ਅਨੈੱਸਥੀਜ਼ੀਏ ਲਈ ਕਾਫ਼ੀ ਹੁੰਦੇ ਹਨ। ਕਲੋਰੋਫ਼ਾਰਮ ਆਮ ਕਰਕੇ ਇਕ ਖੁੱਲ੍ਹੇ ਮਾਸਕ ਵਿਚੋਂ ਸਾਹ ਦੁਆਰਾ ਅੰਦਰ ਖਿੱਚੀ ਜਾਂਦੀ ਹੈ ਅਤੇ ਕੁਝ-ਕੁ ਮਿੰਟਾਂ ਵਿਚ ਹੀ ਅਤਿਅੰਤ ਬੇਹੋਸ਼ੀ ਪੈਦਾ ਹੋ ਜਾਂਦੀ ਹੈ। ਇਹ ਮੁੱਖ ਤੌਰ ਤੇ ਮੂੰਹ ਰਾਹੀਂ ਬਾਹਰ ਨਿਕਲ ਰਹੀ ਹਵਾ ਨਾਲ ਹੀ ਬਾਹਰ ਨਿਕਲਦੀ ਹੈ ਅਤੇ ਰੋਗੀ 10 ਤੋਂ 15 ਮਿੰਟ ਵਿਚ ਜਾਗ ਪੈਂਦਾ ਹੈ। ਇਸ ਸਮੇਂ ਰੋਗੀ ਦੀ ਹਾਲਤ ਸ਼ਰਾਬੀ ਵਰਗੀ ਹੁੰਦੀ ਹੈ ਅਤੇ ਉਹ ਥੋੜ੍ਹੀ ਜਿਹੀ ਉਲਟੀ ਕਰਦਾ ਹੈ।

ਕਲੋਰੋਫ਼ਾਰਮ ਦੀ ਵਰਤੋਂ ਲਈ ਬਹੁਤ ਹੀ ਧਿਆਨ ਦੀ ਲੋੜ ਹੈ, ਇਹੀ ਕਾਰਨ ਹੈ ਕਿ ਕਈ ਅਨਾੜੀਆਂ ਦੁਆਰਾ ਇਸ ਦੀ ਗ਼ਲਤ ਮਾਤਰਾ ਦੇਣ ਨਾਲ ਵਧੇਰੀਆਂ ਮੌਤਾਂ ਹੋ ਜਾਂਦੀਆਂ ਹਨ। ਇਸ ਨਾਲ ਸਰੀਰ ਦੇ ਅੰਗਾਂ ਖ਼ਾਸ ਕਰਕੇ ਦਿਲ, ਲਹੂ-ਵਹਿਣੀਆਂ, ਜਿਗਰ, ਪੈਂਕ੍ਰੀਆਸ ਅਤੇ ਗੁਰਦਿਆਂ ਉਤੇ ਬਹੁਤ ਬੁਰਾ ਅਸਰ ਪੈਂਦਾ ਹੈ। ਘੱਟ

ਆਕਸੀਜਨ ਦੀ ਹੋਂਦ ਵਿਚ ਸੰਘਣੀ ਕਲੋਰੋਫ਼ਾਰਮ ਦੀ ਵਰਤੋਂ ਕਰਨ ਨਾਲ ਕਲੋਰੋਫਾਰਮ ਦੀ ਜ਼ਹਿਰ ਦੇਰ ਨਾਲ ਚੜ੍ਹਦੀ ਹੈ। ਇਹ ਪ੍ਰਭਾਵ ਅਕਸਰ ਮਾੜੀ ਸਿਹਤ ਵਾਲੇ ਮਰੀਜ਼ਾਂ ਵਿਚ ਵਧੇਰੇ ਹੁੰਦਾ ਹੈ। ਇਸ ਨੂੰ ਵਧੇਰੇ ਗਰਮ ਜਲਵਾਯੂ ਇਲਾਕੇ ਵਿਚ ਪਹਿਲ ਦਿਤੀ ਜਾਂਦੀ ਹੈ, ਕਿਉਂਕਿ ਇਸ ਦਾ ਉਬਾਲ ਦਰਜਾ ਉੱਚਾ ਹੈ ਅਤੇ ਠੰਢੇ ਜਲਵਾਯੂ ਵਿਚ ਇਸ ਦੀ ਵਰਤੋਂ ਤੇਜ਼ ਪ੍ਰਭਾਵ ਕਾਰਨ ਕੀਤੀ ਜਾਂਦੀ ਹੈ।

ਕਲੋਰੋਫ਼ਾਰਮ ਇਕ ਜਲਣ-ਰਹਿਤ ਪਦਾਰਥ ਹੈ, ਇਸ ਲਈ ਇਸ ਦੀ ਵਰਤੋਂ ਅੱਗ, ਉੱਚ ਵੋਲਟੇਜ ਬਿਜਲੀ ਦੀ ਹੋਂਦ ਵਿਚ ਅਤੇ ਕੁਝ ਹੋਰਨਾਂ ਹਾਲਤਾਂ ਵਿਚ ਅਜਿਹੇ ਸਥਾਨਾਂ ਤੇ ਵੀ ਕੀਤੀ ਜਾ ਸਕਦੀ ਹੈ ਜਿਥੇ ਵਿਸਫੋਟਕ ਅਨੈੱਸਥੈਟਿਕਾਂ ਦੀ ਵਰਤੋਂ ਅਸੰਭਵ ਹੋਵੇ।

ਕਲੋਰੋਫਾਰਮ ਦੀ ਵਰਤੋਂ ਕਈ ਵਾਰੀ ਅੰਦਰੂਨੀ ਤੌਰ ਤੇ ਬੈ, ਪੀੜ ਅਤੇ ਖੰਘ ਠੀਕ ਕਰਨ ਵਾਲੀਆਂ ਦਵਾਈਆਂ ਵਿਚ ਵੀ ਕੀਤੀ ਜਾਂਦੀ ਹੈ। ਬਾਹਰੀ ਤੌਰ ਤੇ ਇਸ ਦੀ ਵਰਤੋਂ ਘੋਲਾਂ, ਮੱਲ੍ਹਮਾਂ ਜਾਂ ਮਾਲਿਸ਼ ਕਰਨ ਵਾਲੀਆਂ ਦਵਾਈਆਂ ਵਿਚ ਕੀਤੀ ਜਾਂਦੀ ਹੈ। ਇਹ ਕੀੜਿਆਂ ਦੇ ਕੱਟਣ ਨਾਲ ਪੈਦਾ ਹੋਈ ਖੁਰਕ ਲਈ ਲਾਭਦਾਇਕ ਹੈ।

ਕਲੋਰੋਫਾਰਮ ਦੀ 20°ਸੈਂ. ਉਤੇ ਵਿਸ਼ਿਸ਼ਟ ਘਣਤਾ 1.476 ਹੈ। ਇਸ ਦਾ ਵਾਸ਼ਪ ਹਵਾ ਨਾਲੋਂ ਚਾਰ ਗੁਣਾ ਭਾਰਾ ਹੁੰਦਾ ਹੈ। ਕਲੋਰੋਫ਼ਾਰਮ —62°ਸੈਂ. ਉਤੇ ਠੋਸ ਬਣ ਜਾਂਦਾ ਹੈ ਅਤੇ 61°ਸੈਂ. ਉਤੇ ਉਬਲਦਾ ਹੈ। ਇਸ ਦਾ ਕ੍ਰਾਂਤਿਕ ਤਾਪਮਾਨ 260° ਸੈਂ. ਹੈ। ਇਹ ਪਾਣੀ ਵਿਚ ਬਹੁਤ ਘੱਟ ਘੁਲਨਸ਼ੀਲ ਹੈ ਪ੍ਰੰਤੂ ਪਸ਼ੂ ਅਤੇ ਬਨਸਪਤ ਚਰਬੀਆਂ, ਅਲਕੋਹਲ, ਈਥਰ, ਐਸੀਟੋਨ, ਗੈਸੋਲੀਨ ਅਤੇ ਹੋਰ ਵਧੇਰੇ ਆਰਗੈਨਿਕ ਘੋਲਕਾਂ ਵਿਚ ਬਹੁਤ ਆਸਾਨੀ ਨਾਲ ਘੁਲ ਜਾਂਦੀ ਹੈ।

ਕਲੋਰੋਫ਼ਾਰਮ ਕਈ ਹਾਈਡ੍ਰੋਕਾਰਬਨਾਂ (ਅਕਸਰ ਅਲਕੋਹਲ ਜਾਂ ਐਸੀਟੋਨ ਦੁਆਰਾ) ਤੋਂ ਤਿਆਰ ਕੀਤਾ ਜਾ ਸਕਦਾ ਹੈ ਪ੍ਰੰਤੂ ਤਿਆਰੀ ਦੌਰਾਨ ਕਈ ਹੋਰ ਜ਼ਹਿਰੀਲੇ ਪਦਾਰਥ ਜਿਵੇਂ ਫ਼ਾਸਜੀਨ, ਕਲੋਰੀਨ, ਹਾਈਡ੍ਰੋਕਲੋਰਿਕ ਐਸਿਡ ਅਤੇ ਈਥਾਈਲ ਕਲੋਰਾਈਡ ਆਦਿ ਵੀ ਬਣ ਜਾਂਦੇ ਹਨ। ਭਾਵੇਂ ਇਹ ਜਲਣ-ਰਹਿਤ ਹੈ ਫਿਰ ਵੀ ਇਸ ਦਾ ਅਪਘਟਨ ਇਨ੍ਹਾਂ ਜ਼ਹਿਰੀਲੇ ਯੋਗਿਕਾਂ ਵਿਚ ਹੋ ਜਾਂਦਾ ਹੈ।

ਹ. ਪu.—ਐਨ. ਬ੍ਰਿ. 5 : 668

**ਕਲੋਰੋਫਿਲ** : ਪ੍ਰਕਾਸ਼ ਵਿਸ਼ਲੇਸ਼ਣ ਵਿਚ ਪ੍ਰਕਾਸ਼ੀ ਉਰਜਾ ਦੇ ਫ਼ੋਟੋਰਿਸੈਪਟਰ ਜੋ ਹਰੇ ਰੰਗ ਦੇ ਪਿਗਮੈਂਟ ਹੁੰਦੇ ਹਨ, ਉਨ੍ਹਾਂ ਨੂੰ ਕਲੋਰੋਫਿਲ ਕਿਹਾ ਜਾਂਦਾ ਹੈ। ਇਹ ਪਿਗਮੈਂਟ ਕਾਰਬਨੀ ਯੋਗਿਕਾਂ ਦੀ ਕੁਲ ਟੈੱਟ੍ਰਾਪਾਇਰੋਲ ਨਾਲ ਸਬੰਧਿਤ ਹਨ। ਇਨ੍ਹਾਂ ਵਿਚ ਖੁੱਲ੍ਹੀ ਚੇਨ ਵਾਲੇ ਬਾਈਲ ਪਿਗਮੈਂਟ ਅਤੇ ਵੱਡੇ ਰਿੰਗ ਯੋਗਿਕ ਸ਼ਾਮਲ ਹੁੰਦੇ ਹਨ। ਵੱਡੇ ਰਿੰਗ ਯੋਗਿਕ ਪਾਰਫਾਇਰਨ, ਡਾਈਹਾਈਡ੍ਰੋ ਅਤੇ ਟੈੱਟ੍ਰ ਹਾਈਡ੍ਰੋਪਾਰਫਾਇਰਨ ਅਤੇ ਇਨ੍ਹਾਂ ਦੇ ਵਿਉਤਪੰਨ ਹੁੰਦੇ ਹਨ ਜੋ ਲੋਹਾ ਅਤੇ ਮੈਗਨੇਸ਼ੀਅਮ ਧਾਤਾਂ ਆਦਿ ਨਾਲ ਕੀਲੇਟਿਡ ਹੁੰਦੇ ਹਨ।

ਹੋਂਦ—ਵੱਡੇ ਪੌਦਿਆਂ ਅਤੇ ਐਲਗੀ ਵਿਚ ਪੰਜ ਸਬੰਧਿਤ ਕਲੋਰੋਫਿਲ ਪਾਏ ਜਾਂਦੇ ਹਨ। ਜਿਨ੍ਹਾਂ ਦੇ ਨਾਂ a ਤੋਂ e ਤਕ ਹਨ। ਵੈਸਕੁਲਰ ਜਾਂ ਹਰੇ ਪੌਦਿਆਂ ਵਿਚ ਕਲੋਰੋਫਿਲ a ਅਤੇ b ਦੀ ਅਨੁਪਾਤ 3 : 1 ਹੁੰਦੀ ਹੈ। ਦੂਜੇ ਕਲੋਰੋਫਿਲ ਜੇਕਰ ਹੋਣ ਵੀ ਤਾਂ ਬਹੁਤ ਘੱਟ ਮਾਤਰਾ ਵਿਚ ਮੌਜੂਦ ਹੁੰਦੇ ਹਨ। ਕੁਝ ਹਾਲਤਾਂ ਵਿਚ ਕਲੋਰੋਫਿਲ ਦੇ ਬਾਇਓਕੈਮੀਕਲ ਪਰਿਕ੍ਰਸਰ ਪ੍ਰੋਟੋਕਲੋਰੋਫਿਲ ਅਤੇ ਮੈਗਨੀਸ਼ੀਅਮ ਪ੍ਰੋਟੋਪਾਰਫਾਇਰਨ ਬਹੁਤ ਥੋੜ੍ਹੀ ਮਾਤਰਾ ਵਿਚ ਮਿਲਦੇ ਹਨ। ਕੁਝ ਸਾਵਲਾਂ ਵਿਚ ਖੁੱਲ੍ਹੇ-ਚੇਨ ਧਾਤ ਰਹਿਤ ਟੈੱਟ੍ਰਾਪਾਇਰੋਲ ਪਿਗਮੈਂਟ ਜਿਨ੍ਹਾਂ ਨੂੰ ਫਾਈਕੋਬਾਇਲਨ ਕਿਹਾ ਜਾਂਦਾ ਹੈ, ਪ੍ਰੋਟੀਨ ਨਾਲ ਲੱਗੇ ਹੋਏ ਮਿਲਦੇ ਹਨ।

ਕਲੋਰੋਫਿਲ ਜੋ ਉਪਰਲੇ ਯੋਗਿਕਾਂ ਵਿਚ ਸ਼ਾਮਲ ਹਨ ਲਿਪੋਟੀਨ ਬਾਡੀਆਂ ਅਤੇ ਪਲਾਸਟਿਡਜ਼ ਵਿਚ ਮਿਲਦੇ ਹਨ। ਹਰੇ ਪੌਦਿਆਂ ਵਿਚ ਕਲੋਰੋਫਿਲ a, b ਅਤੇ ਕਲੋਰੋਪਲਾਸਟ ਦੇ ਖ਼ੁਸ਼ਕ ਭਾਰ ਦਾ 15-20 ਪ੍ਰਤਿਸ਼ਤ ਹਿੱਸਾ ਹੁੰਦੇ ਹਨ। ਕਲੋਰੋਪਲਾਸਟ ਬਹੁਤ ਬਾਰੀਕ ਲੈਮੇਲੇਟਿਡ ਝਿੱਲੀਆਂ (ਮੋਟਾਈ = 30-50A) ਦੇ ਬਣੇ ਹੋਏ ਹੁੰਦੇ ਹਨ, ਜਿਨ੍ਹਾਂ ਉਪਰ ਕਲੋਰੋਫਿਲ ਇਕ ਕਸਵੀਂ ਪਕੜ ਵਾਲੀ ਪੰਕਤੀ ਵਾਂਗ ਜੁੜੇ ਹੁੰਦੇ ਹਨ। ਅਜਿਹੀਆਂ ਲੈਮੇਲੇਟਿਡ ਰਚਨਾਵਾਂ ਪ੍ਰਕਾਸ਼ੀ ਵਿਸ਼ਲੇਸ਼ਣ ਬੈਕਟੀਰੀਆ ਵਿਚ ਵੀ ਪਾਈਆਂ ਗਈਆਂ ਹਨ।

**ਕੰਮ**—ਕਲੋਰੋਫਿਲ a ਪੌਦਿਆਂ ਦੇ ਪ੍ਰਕਾਸ਼ ਵਿਸ਼ਲੇਸ਼ਣ ਵਿਚ ਕਿਰਿਆਸ਼ੀਲ ਫ਼ੋਟੋਰਿਸੈਪਟਰ ਹੈ ਅਤੇ ਇਹ ਪਲਾਸਟਿਡਜ਼ ਵਿਚ ਇਕ ਵੱਡਾ ਪਿਗਮੈਂਟ ਹੁੰਦਾ ਹੈ। ਕਲੋਰੋਫਿਲ a ਨਾ ਕੇਵਲ ਸਿੱਧੇ ਤੌਰ ਤੇ ਪ੍ਰਕਾਸ਼ ਉਰਜਾ ਜਜ਼ਬ ਕਰਦਾ ਹੈ, ਸਗੋਂ ਪਲਾਸਟਿਡਜ਼ ਜ਼ਰੂਰੀ ਪਿਗਮੈਂਟਾਂ ਦੁਆਰਾ ਜਜ਼ਬ ਕੀਤੀ ਹੋਈ ਪ੍ਰਕਾਸ਼ ਉਰਜਾ ਵੀ ਕਲੋਰੋਫਿਲ a ਨੂੰ ਭੇਜਦਾ ਹੈ। ਪੌਦੇ ਦੇ ਫ਼ਾਈਲਮ ਤੇ ਨਿਰਭਰ ਕਰਦੇ ਹੋਏ ਕਈ ਜ਼ਰੂਰੀ ਪਿਗਮੈਂਟ ਇਸ ਕੰਮ ਵਿਚ ਮਿਲਵਰਤਨ ਕਰਦੇ ਹਨ ਜਿਨ੍ਹਾਂ ਵਿਚ ਕਈ ਕਲੋਰੋਫਿਲ, ਫਾਈਕੋਬਾਇਲਿਨ ਅਤੇ ਖ਼ਾਸ ਕੈਰੋਟਿਨੌਇਡਜ਼ ਸ਼ਾਮਲ ਹਨ। ਇਹ ਸਮਝਿਆ ਜਾਂਦਾ ਹੈ ਕਿ ਸ਼ਾਇਦ ਕਲੋਰੋਫਿਲ a ਵਿਚ ਪ੍ਰਕਾਸ਼ੀ ਉਰਜਾ ਕਈ ਸੌ ਕਲੋਰੋਫਿਲ a ਅਣੂਆਂ (ਫ਼ੋਟੋਸਿੰਥੈਟਿਕ ਯੂਨਿਟ) ਰਾਹੀਂ ਇਕ ਅਜਿਹੀ ਜਗ੍ਹਾ ਜਾਂ ਉਰਜਾ ਭੰਡਾਰ ਤੇ ਭੇਜੀ ਜਾਂਦੀ ਹੈ ਜਿਥੋਂ ਇਹ ਰਸਾਇਣਿਕ ਉਰਜਾ ਵਿਚ ਬਦਲ ਜਾਂਦੀ ਹੈ।

**ਰਸਾਇਣਿਕ ਰਚਨਾ**—ਕਲੋਰੋਫਿਲ a ਅਤੇ ਸਬੰਧਿਤ ਯੋਗਿਕਾਂ ਦੀ ਰਚਨਾ ਹੇਠ ਲਿਖੇ ਅਨੁਸਾਰ ਹੈ :—



ਕਲੋਰੋਫਿਲ a

$C_{55}H_{72}O_5N_4Mg$

ਹੋਰਨਾਂ ਯੋਗਿਕਾਂ ਦੀ ਰਚਨਾ ਦਾ ਪਤਾ ਕਰਨ ਲਈ ਕਲੋਰੋਫਿਲ a ਦੀ ਜਗ੍ਹਾ ਐਟਮ ਜਾਂ ਗਰੁੱਪ ਹੇਠ ਲਿਖੀਆਂ ਪੁਜ਼ੀਸ਼ਨਾਂ ਵਿਚ ਭਰਨ ਨਾਲ ਲਾਇਆ ਜਾ ਸਕਦਾ ਹੈ।

ਕਲੋਰੋਫਿਲ b :—3 ਪੁਜ਼ੀਸ਼ਨ ਵਿਚ—$CH_3$ ਦੀ ਜਗ੍ਹਾ—CHO

ਬੈਕਟੀਰੀਓਕਲੋਰੋਫਿਲ :—3 ਅਤੇ 4 ਪੁਜ਼ੀਸ਼ਨ ਵਿਚ H ਪ੍ਰਮਾਣੂ ਜਮ੍ਹਾਂ ਕਰਨ ਨਾਲ, 2 ਪੁਜ਼ੀਸ਼ਨ ਵਿਚ—$CH{=}CH_2$ ਦੀ ਜਗ੍ਹਾ—$CO.CH_3$ ਭਰਨ ਨਾਲ.

ਬੈਕਟੀਰੀਓਵੀਰਿਡਿਨ :—2 ਪੁਜ਼ੀਸ਼ਨ ਵਿਚ—$CH{=}CH_2$ ਦੀ ਜਗ੍ਹਾ —$CO.CH_3$ ਭਰਨ ਨਾਲ (ਇਹ ਫ਼ਾਰਮੂਲਾ ਸ਼ੱਕੀ ਹੈ)।

ਪ੍ਰੋਟੋਕਲੋਰੋਫਿਲ :—7 ਅਤੇ 8 ਪੁਜ਼ੀਸ਼ਨ ਵਿਚ H ਪ੍ਰਮਾਣੂ ਹਟਾ ਲਏ ਜਾਣ ਅਤੇ ਦੂਹਰਾ ਬਾਂਡ ਜਮ੍ਹਾਂ ਕਰਨ ਨਾਲ।

ਕਲੋਰੋਫਿਲ a ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਇਹ ਮੈਗ-ਨੀਸ਼ੀਅਮ ਕੀਲੇਟ ਦਾ ਡਾਈਹਾਈਡ੍ਰੋਪਾਰਫਾਇਰਨ ਹੈ ਜਿਸ ਨਾਲ ਸਾਈਕਲੋਪੈਂਟੇਨੋਨ ਰਿੰਗ ਲਗਿਆ ਹੁੰਦਾ ਹੈ ਅਤੇ ਇਸ ਦੀ ਫ਼ਾਈਟੋਲ ਨਾਲ ਐਸਟ੍ਰੀਫੀਕੇਸ਼ਨ ਹੋਈ ਹੁੰਦੀ ਹੈ। ਕਲੋਰੋਫਿਲ a ਵਿਚ ਚਾਰ ਪੰਜ ਮੈਂਬਰੀ ਰਿੰਗ (*A—D*) ਹੁੰਦੇ ਹਨ ਜੋ ਕਿ ਵੱਡੇ ਮੈਕਰੋ ਰਿੰਗ ਦਾ ਇਕ ਹਿੱਸਾ ਬਣ ਜਾਂਦੇ ਹਨ। A ਤੋਂ C ਦੇ ਰਿੰਗ ਪਾਇਰੋਲਿਕ ਨਿਊਕਲੀ-ਆਈ ਹਨ ਜਦ ਕਿ ਰਿੰਗ *D* ਡਾਈਹਾਡ੍ਰੋਪਾਇਰੋਲਿਕ ਨਿਊਕਲੀ ਹੈ ਜਿਸ ਵਿਚ ਦੋ ਵਾਧੂ ਹਾਈਡ੍ਰੋਜਨ ਪ੍ਰਮਾਣੂ ਹੁੰਦੇ ਹਨ। ਛੋਟੇ ਰਿੰਗਾਂ ਦੇ ਬਾਹਰਲੇ ਪਾਸੇ ਦੋ ਲਾਗਲੀਆਂ ਚੇਨਾਂ ਹਨ ਜੋ 1–8 ਨੰਬਰ ਵਿਚ ਆਉਂਦੀਆਂ ਹਨ। ਇਨ੍ਹਾਂ ਵਿਚ 4 ਮੀਥਾਈਲ ਗਰੁੱਪ, ਇਕ ਈਥਾਈਲ ਤੇ ਇਕ ਵੀਨਾਈਲ ਅਤੇ 7 ਪੁਜ਼ੀਸ਼ਨ ਤੇ ਪ੍ਰੋਪਿਆਨਿਕ ਐਸਿਡ ਗਰੁੱਪ ਹੈ ਜੋ $C_{20}$ ਅਲਕੋਹਲ ਫ਼ਾਈਟੋਲ ਨਾਲ ਐਸਟਰੀਕਰਨ ਕੀਤਾ ਹੁੰਦਾ ਹੈ। 6 ਪੁਜ਼ੀਸ਼ਨ ਵਿਚ ਆਕਸੀਕ੍ਰਿਤ ਪ੍ਰੋਪਿਆਨਿਕ ਐਸਿਡ ਹੁੰਦਾ ਹੈ ਜੋ ਮੈਥੇਨੋਲ ਨਾਲ ਐਸਟ੍ਰੀਕ੍ਰਿਤ ਕੀਤਾ ਹੁੰਦਾ ਹੈ ਜਿਸ ਤੋਂ ਸਾਈਕਲੋਪੈਂਟਾਨੋਨ ਰਿੰਗ E ਬਣਦੀ ਹੈ। ਇਸ ਰਿੰਗ ਵਿਚ 9 ਪੁਜ਼ੀਸ਼ਨ ਤੇ ਕਾਰਬੋਨਾਈਲ ਆਕਸੀ-ਜਨ ਅਤੇ 10 ਪੁਜ਼ੀਸ਼ਨ ਤੇ ਐਨੋਲੀਜ਼ੇਬਲ ਹਾਈਡ੍ਰੋਜਨ ਪ੍ਰਮਾਣੂ ਹੁੰਦੇ ਹਨ।

ਇਹ ਛੋਟੇ ਰਿੰਗ ਮੀਥਾਈਲ ਬਰਿਜ (Ċ-H) ∝ ਤੋਂ S ਰਾਹੀਂ ਜੁੜੇ ਹੁੰਦੇ ਹਨ ਜਿਸ ਨਾਲ ਕਿ ਅੰਦਰਲਾ 16 ਮੈਂਬਰੀ ਕਾਰਬਨ ਅਤੇ ਨਾਈਟ੍ਰੋਜਨ ਦਾ ਰਿੰਗ ਬਣਦਾ ਹੈ। ਇਹ ਪ੍ਰਮਾਣੂ ਇਕ ਦੂਜੇ ਦੇ ਨਾਲ ਪਰਤਵੇਂ ਇਕਹਿਰੇ ਅਤੇ ਦੋਹਰੇ ਬਾਂਡ ਰਾਹੀਂ ਜੁੜੇ ਹੋਏ ਹੁੰਦੇ ਹਨ।

ਮੁਢਲਾ ਯੌਗਿਕ ਪਾਰਫਾਇਰਨ ਜਾਂ ਪਾਰਫਿਨ ਚਾਰ ਪਾਇਰੋਲ ਨਿਊਕਲੀਆਂ ਦਾ ਬਣਿਆ ਅਤੇ ਲਾਲ ਰੰਗਾ ਹੁੰਦਾ ਹੈ, ਜਿਵੇਂ ਕਿ ਪ੍ਰੋਟੋਪਾਰਫਿਨ ਵਿਚ। ਜਦ ਇਕ ਡਾਈਹਾਈਡ੍ਰੋਪਾਇਰੋਲ ਇਕ ਪਾਇਰੋਲਿਕ ਨਿਊਕਲੀ ਨੂੰ ਬਦਲਦਾ ਹੈ ਤਾਂ ਇਸ ਤਰ੍ਹਾਂ ਪੈਦਾ ਹੋਇਆ ਯੌਗਿਕ ਡਾਈਹਾਈਡ੍ਰੋਪਾਰਫਾਇਰਨ ਜਾਂ ਕਲੋਰਿਨ (Chlorin) ਹੁੰਦਾ ਹੈ ਅਤੇ ਇਸਦਾ ਰੰਗ ਹਰਾ ਹੁੰਦਾ ਹੈ ਜਿਵੇਂ ਕਿ ਕਲੋਰੋਫਿਲ ਵਿਚ।

**ਬਾਇਓਸੰਸ਼ਲੇਸ਼ਣ**—ਪ੍ਰੋਟੋਪਲਾਜ਼ਮ ਦੇ ਦੋ ਵੱਡੇ ਪਿਗਮੈਂਟ ਹਰਾ (ਕਲੋਰੋਫਿਲ) ਅਤੇ ਲਾਲ (ਹੀਮ) ਦੋਵੇਂ ਹੀ ਇਕਸਾਰ ਬਾਇਓਸੰਸ਼ਲੇਸ਼ਣ ਤਰੀਕੇ ਰਾਹੀਂ ਪ੍ਰੋਟੋਪਾਰਫਾਇਰਨ ਤਕ ਸੰਸ਼ਲੇਸ਼ਿਤ ਹੁੰਦੇ ਹਨ। ਇਹ ਛੋਟੇ ਬਿਲਡਿੰਗ ਬਲੱਾਕ ਗਲਾਈਸਿਨ ਅਤੇ ਸਕਸੀਨਿਕ ਐਸਿਡ ਤੋਂ ਸ਼ੁਰੂ ਹੋ ਕੇ ਕਈ ਐਨੱਜ਼ਾਈਮਿਕ ਪੜਾਅ ਵਿਚ ਬਦਲਦੇ ਹੋਏ ਪ੍ਰੋਟੋਪਾਰਫਾਇਰਨ ਤਕ ਪਹੁੰਚਦੇ ਹਨ ਜੋ ਪ੍ਰਾਣੀਆਂ ਅਤੇ ਪੌਦਿਆਂ ਵਿਚ ਇਕਸਾਰ ਹੁੰਦਾ ਹੈ। ਇਥੇ ਇਹ ਤਰੀਕਾ ਦੋ ਸ਼ਾਖ਼ਾਵਾਂ ਵਿਚ ਵੰਡਿਆ ਜਾਂਦਾ ਹੈ (1) ਪਾਰਫਾਇਰਨ ਦੀ ਇਕ ਸ਼੍ਰੇਣੀ ਜੋ ਲੋਹੇ ਨਾਲ ਕੀਲੇਟ ਹੁੰਦੀ ਹੈ ਜਿਵੇਂ ਹੀਮ ਅਤੇ ਹੋਰ ਸਬੰਧਤ ਸਾਈਟੋਕ੍ਰੋਮ ਪਿਗਮੈਂਟ ਆਦਿ (2) ਪਾਰਫਾਇਰਨ ਦੀ ਇਕ ਸ਼੍ਰੇਣੀ ਜੋ ਮੈਗਨੀਸ਼ੀਅਮ ਨਾਲ ਕੀਲੇਟ ਹੁੰਦੀ ਹੈ ਅਤੇ ਜੋ ਕਲੋਰੋਫਿਲ ਦੀ ਪਰਿਕਰਸਰ ਹੈ।

ਪ੍ਰੋਟੋਪਾਰਫਾਇਰਨ ਤੋਂ ਕਲੋਰੋਫਿਲ ਦੀ ਤਬਦੀਲੀ ਦਾ ਸਬੂਤ ਕਲੋਰੈਲਾ ਮਿਊਟੈਂਟਾਂ ਤੋਂ ਪਿਗਮੈਂਟਾਂ ਦੇ ਵਖਰਾਕਰਨ ਤੇ ਨਿਰਭਰ ਕਰਦਾ ਹੈ। ਪਹਿਲਾਂ ਮੈਗਨੀਸ਼ੀਅਮ ਦਾਖ਼ਲ ਕੀਤਾ ਜਾਂਦਾ ਹੈ ਤਾਂ ਕਿ ਮੈਗ-ਨੀਸ਼ੀਅਮ ਪ੍ਰੋਟੋਪਾਰਫਾਇਰਨ ਬਣ ਸਕੇ। ਇਹ ਯੌਗਿਕ ਇਕ ਮਿਊਟੈਂਟ ਵਿਚ ਮਿਲਦਾ ਹੈ। ਇਕ ਹੋਰ ਮਿਊਟੈਂਟ ਤੋਂ ਮੈਗਨੀਸ਼ੀਅਮ ਵੀਨਾਈਲ ਫੀਓਪਾਰਫਾਇਰਨ a5 ਵਖਰਾ ਕਰ ਲਿਆ ਗਿਆ ਹੈ। ਇਸ ਸਟੇਜ ਤਕ ਪੁਜਦਿਆਂ ਕਈ ਐਂਨਜ਼ਾਈਮੀ ਪੜਾਅ ਲੰਘਣੇ ਪੈਂਦੇ ਹਨ ਅਤੇ 4




ਕਲੋਰੋਫਿਲ ਦਾ ਬਾਇਓਸੰਸ਼ਲੇਸ਼ਣ

ਪੁਜ਼ੀਸ਼ਨ ਤੇ ਵੀਨਾਈਲ ਗਰੁੱਪ ਦੀ ਲਘੂਕ੍ਰਿਤ ਕਿਰਿਆ ਵੀ ਸ਼ਾਮਲ ਹੁੰਦੀ ਹੈ।

6 ਪੁਜ਼ੀਸ਼ਨ ਤੇ ਪ੍ਰੋਪਿਆਨਿਕ ਐਸਿਡ ਦੀ ਆਕਸੀਕਰਨ, ਇਸ ਦੀ ਮੈਥੇਨਾਲ ਨਾਲ ਐਸਟਰੀਕਰਨ ਅਤੇ ਇਸ ਚੱਕਰ ਨਾਲ ਸਾਈਕਲੋਪੈਂਟਨੋਨ ਰਿੰਗ E ਬਣਦਾ ਹੈ, 7 ਪੁਜ਼ੀਸ਼ਨ ਤੇ ਪ੍ਰੋਟੋਕਲੋਰੋਫਿਲ, ਪ੍ਰੋਪਿਆਨਿਕ ਐਸਿਡ ਦੀ ਫ਼ਾਈਟੋਲ ਨਾਲ ਐਸਟਰੀਕਰਨ ਨਾਲ ਬਣਦਾ ਹੈ। ਕਲੋਰੋਫਿਲ ਦੇ ਪਰਿਵਰਤਨ ਵਾਸਤੇ ਲਘੂਕਰਨ ਹੋਣਾ ਲੋੜੀਂਦਾ ਹੈ ਜੋ ਰਿੰਗ *D* ਦੀ 7 ਅਤੇ 8 ਪੁਜ਼ੀਸ਼ਨ ਤੇ ਹਾਈਡ੍ਰੋਜਨ ਦੇ ਦੋ ਪ੍ਰਮਾਣੂਆਂ ਦੇ ਜੁੜਨ ਨਾਲ ਹੋ ਜਾਂਦਾ ਹੈ (ਕੁਝ ਪੌਦਿਆਂ ਵਿਚ ਜਿਵੇਂ ਕਲੋਰੈਲਾ)। ਇਹ ਲਘੂਕਰਨ ਕਿਰਿਆ ਐਂਨਜ਼ਾਈਮਾਂ ਦੁਆਰਾ ਹੋ ਸਕਦੀ ਹੈ ਅਤੇ

ਕਲੋਰੋਫਿਲ ਹਨੇਰੇ ਵਿਚ ਬਣ ਜਾਂਦਾ ਹੈ। ਪਰ ਬਹੁਤ ਸਾਰੇ ਪੌਦਿਆਂ ਵਿਚ ਅਖੀਰਲੇ ਪੜਾਅ ਲਈ ਪ੍ਰਕਾਸ਼ ਦਾ ਹੋਣਾ ਜ਼ਰੂਰੀ ਹੈ । ਕਲੋਰੋਫਿਲ ਬਣਨ ਲਈ ਹੋਰ ਗੁਣਾਂਕਾਂ ਵਿਚ Fe,Mg ਅਤੇ $O_2$ ਸ਼ਾਮਲ ਹਨ । ਵੱਡੇ ਪੌਦਿਆਂ ਦੇ ਨਵੇਂ ਸੈੱਲਾਂ ਵਿਚ ਅਪੂਰਨ ਕਲੋਰੋਪਲਾਸਟ ਅੰਦਰੂਨੀ ਬਾਰੀਕ ਲਿਪੋਪ੍ਰੋਟੀਨ ਲੈਮੈਲੀ (ਮਹੀਨ-ਪੱਟੀਆਂ) ਬਣਾਉਂਦੇ ਹਨ ਜੋ ਕਲੋਰੋਫਿਲ ਸੰਸ਼ਲੇਸ਼ਣ ਦੇ ਸਹਿਯੋਗੀ ਹੁੰਦੇ ਹਨ, ਇਹ ਇਸ ਬਾਰੇ ਸੂਚਕ ਹੈ ਕਿ ਕਲੋਰੋਫਿਲ ਇਨ੍ਹਾਂ ਲੈਮੈਲੀ ਤੇ ਟਿਕਦਾ ਹੋਵੇ ।

ਫਾਈਕੋਬਾਇਲਿਨ ਪਿਗਮੈਂਟ, ਕਲੋਰੋਫਿਲ ਅਤੇ ਬੈਕਟੀਰੀਓ-ਕਲੋਰੋਫਿਲ ਦਾ ਕਲੋਰੋਫਿਲ a ਤਕ ਦਾ ਬਾਇਓਸੰਸ਼ਲੇਸ਼ਣ ਰਸਤਾ ਫ਼ਾਰਮੂਲੇ ਵਿਚ ਦਰਸਾਇਆ ਗਿਆ ਹੈ । ਪ੍ਰੋਟੋਪਾਰਫਾਇਰਨ ਤਕ ਸੰਸ਼ਲੇਸ਼ਣ ਪ੍ਰਾਣੀ ਅਤੇ ਪੌਦੇ ਸੈੱਲਾਂ ਵਿਚ ਇਕਸਾਰ ਹੀ ਹੁੰਦਾ ਹੈ।

**ਵੱਡੀ ਮਾਤਰਾ ਵਿਚ ਵਿਯੋਜਨ**—ਕਲੋਰੋਫਿਲ a ਅਤੇ b ਦਾ ਵਿਯੋਜਨ ਨੈਟਲ ਜਾਂ ਪਾਲਕ ਦੇ ਪੱਤਿਆਂ, ਜਿਨ੍ਹਾਂ ਵਿਚ ਥੋੜ੍ਹਾ ਜਿਹਾ ਕਲੋਰੋਫਾਈਲੇਜ਼ ਅਤੇ ਕੁਝ-ਕੁ $Na_2CO_3$ ਮਿਲੀ 80% ਐਸੀਟੋਨ ਹੋਵੇ, ਦੇ ਨਿਚੋੜ ਤੋਂ ਕੀਤਾ ਜਾਂਦਾ ਹੈ। ਐਸੀਟੋਨ ਪਾਣੀ ਨਾਲ ਧੋ ਕੇ ਬਾਹਰ ਕੱਢ ਦਿਤੀ ਜਾਂਦੀ ਹੈ, ਫਿਰ ਮੈਥੇਨੌਲ ਨਾਲ ਧੋਣ ਤੇ ਕੈਰੋਟੀਨੋਲ ਕੱਢ ਦਿਤੇ ਜਾਂਦੇ ਹਨ। ਅਖ਼ੀਰ ਵਿਚ ਪੈਟਰੋਲੀਅਮ ਈਥਰ ਨੂੰ ਪਾਣੀ ਨਾਲ ਐਸੀਟੋਨ ਅਤੇ ਮੈਥੇਨੌਲ ਤੋਂ ਮੁਕਤ ਕੀਤਾ ਜਾਂਦਾ ਹੈ। ਮੈਥੇਨੌਲ ਨਾਲ ਕਲੋਰੋਫਿਲ ਦੇ ਤਲਛੱਟ ਬਣ ਜਾਂਦੇ ਹਨ। ਇਸਨੂੰ ਟੈਲਕ ਉਪਰ ਫ਼ਿਲਟਰੀ-ਕਰਨ ਕੀਤਾ ਜਾਂਦਾ ਹੈ ਅਤੇ ਟੈਲਕ ਨੂੰ ਕੈਰੋਟੀਨਜ਼ ਕੱਢਣ ਲਈ ਪੈਟਰੋਲੀਅਮ ਈਥਰ ਨਾਲ ਸਾਫ਼ ਕੀਤਾ ਜਾਂਦਾ ਹੈ। ਕਲੋਰੋਫਿਲ ਨੂੰ ਈਥਰ ਨਾਲ ਕੱਢ ਲਿਆ ਜਾਂਦਾ ਹੈ। ਈਥਰ ਨੂੰ ਫਿਰ ਨਿਰਜਲ $Na_2So_4$ ਨਾਲ ਖ਼ੁਸ਼ਕ ਕੀਤਾ ਜਾਂਦਾ ਹੈ ਅਤੇ ਕਲੋਰੋਫਿਲ ਦਾ ਪੈਟਰੋਲੀਅਮ ਈਥਰ ਨਾਲ ਤਲ-ਛੱਟ ਤਿਆਰ ਕੀਤਾ ਜਾਂਦਾ ਹੈ। ਕਲੋਰੋਫਿਲ ਦਾ ਵਖਰਾਕਰਨ ਕਰੋਮੈਟੋ-ਗ੍ਰਾਫ਼ੀ ਦੀ ਮਦਦ ਨਾਲ ਕੀਤਾ ਜਾਂਦਾ ਹੈ। ਜਿਸ ਵਿਚ ਇਸਨੂੰ ਪਿਰੀਡੀਨ ਦੀ ਥੋੜ੍ਹੀ ਮਾਤਰਾ ਵਿਚ ਘੋਲਿਆ ਅਤੇ ਪੈਟਰੋਲੀਅਮ ਈਥਰ ਨਾਲ ਹਲਕਾ ਕੀਤਾ ਜਾਂਦਾ ਹੈ। ਕਰੋਮੈਟੋਗ੍ਰਾਫ਼ੀ ਵਿਚ ਪਾਊਡਰ ਵਰਗੇ ਸੁਕਰੋਜ਼ ਕਾਲਮ ਵਰਤੇ ਜਾਂਦੇ ਹਨ। ਕਾਲਮ ਨੂੰ 0.5 ਪ੍ਰਤਿਸ਼ਤ ਪੈਂਨਟੇਨ ਵਿਚ ਆਈਸੋ ਪਰੋਪੇਨੌਲ ਨਾਲ ਵਿਕਸਿਤ ਕੀਤਾ ਜਾਂਦਾ ਹੈ । ਰਵੇਦਾਰ ਕਲੋਰੋਫਿਲ ਈਥਰ ਦੇ ਕਲੋਰੋਫਿਲ ਘੋਲ ਵਿਚ ਪਾਣੀ ਪਾਉਣ ਨਾਲ ਪ੍ਰਾਪਤ ਕੀਤਾ ਜਾਂਦਾ ਹੈ ਜਿਸਦਾ ਖ਼ਲਾ ਵਿਚ ਹੌਲੀ-ਹੌਲੀ ਵਾਸ਼ਪੀਕਰਨ ਹੋ ਜਾਂਦਾ ਹੈ।

ਹ. ਪੁ.—ਮੈਕ. ਐਨ. ਸ. ਟ. 3 : 78

**ਕਲੌਜ਼ਿਉਸ, ਰੁਡਾਲਫ਼ ਜੂਲੀਅਸ ਇਮੈਨੂਅਲ** : ਇਸ ਜਰਮਨ ਭੌਤਿਕ-ਵਿਗਿਆਨੀ ਨੇ ਅਣਵੀ ਭੌਤਿਕ-ਵਿਗਿਆਨ ਵਿਚ ਬਹੁਤ ਵੱਡਾ ਹਿੱਸਾ ਪਾਇਆ। ਇਸ ਦਾ ਜਨਮ ਪਾਮਰਏਨੀਆ ਵਿਚ ਕਸਲੀਨ ਵਿਖੇ ਸੰਨ 1822 ਵਿਚ ਹੋਇਆ । ਸੰਨ 1848 ਵਿਚ ਹਾਲੈ ਤੋਂ ਡਿਗਰੀ ਪ੍ਰਾਪਤ ਕਰਨ ਉਪਰੰਤ ਇਸ ਨੇ ਰਾਇਲ ਆਰਟਿਲਰੀ ਅਤੇ ਇੰਜਨੀਅਰਿੰਗ ਸਕੂਲ ਬਰਲਿਨ, ਜ਼ੂਰਿਕ ਪਾਲੀਟੈਕਨਿਕ, ਜ਼ੂਰਿਕ ਯੂਨੀ-ਵਰਸਿਟੀ, ਵਰਟਸਬੁੱਰਕ ਅਤੇ ਬੌਨ ਵਿਖੇ ਭੌਤਿਕ-ਵਿਗਿਆਨ ਦੇ ਪ੍ਰੋਫ਼ੈਸਰ ਦੇ ਤੌਰ ਤੇ ਕੰਮ ਕੀਤਾ। ਇਸ ਦਾ ਕੰਮ ਪ੍ਰਯੋਗਿਕੀ ਭੌਤਿਕ-ਵਿਗਿਆਨ ਨਾਲੋਂ ਗਣਿਤਕ ਜ਼ਿਆਦਾ ਹੈ, ਜਿਹੜਾ ਮੁੱਖ ਤੌਰ ਤੇ ਅਣਵੀ ਭੌਤਿਕ-ਵਿਗਿਆਨ ਦੀਆਂ ਜਟਿੱਲ ਸਮੱਸਿਆਵਾਂ ਨਾਲ ਸਬੰਧਿਤ ਹੈ । ਕਾਰਨੋ-ਸਿਧਾਂਤ ਦੀ ਵਰਤੋਂ ਨਾਲ ਤਾਪ ਦੇ ਨਿਯਮ ਦੀ ਪ੍ਰੋੜ੍ਹਤਾ ਕੀਤੀ ਅਤੇ ਇਸ ਦੀਆਂ ਖੋਜਾਂ ਸਦਕਾ ਹੀ ਤਾਪਗਤੀ-ਵਿਗਿਆਨ ਨੂੰ ਵਿਗਿਆਨ ਦੀ ਇਕ ਵਖਰੀ ਸ਼ਾਖ਼ਾ ਗਿਣਿਆ ਜਾਣ ਲੱਗ ਪਿਆ। ਇਸ ਨੇ ਤਾਪਗਤੀ-ਵਿਗਿਆਨ ਦੇ ਦੂਸਰੇ ਨਿਯਮ ਦਾ ਵਰਣਨ ਬੜੇ ਸੁਚੱਜੇ ਢੰਗ ਨਾਲ ਕੀਤਾ ਅਤੇ ਕਿਹਾ ਕਿ 'ਤਾਪ ਇਕ ਠੰਢੀ ਵਸਤੂ ਨਾਲੋਂ ਗਰਮ ਵਸਤੂ ਵਲ ਨਹੀਂ ਵਹਿ ਸਕਦਾ।' ਇਸ ਨੇ ਆਪਣੇ ਇਨ੍ਹਾਂ ਸਿੱਟਿਆਂ ਨੂੰ ਭਾਫ਼-ਇੰਜਣ ਦੇ ਸਿਧਾਂਤ ਦੇ ਵਿਕਾਸ ਲਈ ਵਰਤਿਆ ਅਤੇ ਐਂਨਟ੍ਰੋਪੀ ਦੀ ਧਾਰਨਾ ਉਤੇ ਵਿਸ਼ੇਸ਼ ਜ਼ੋਰ ਦਿਤਾ।

ਗੈਸਾਂ ਦੇ ਅਣੂ-ਗਤੀ ਸਿਧਾਂਤ ਵਿਚ ਇਸ ਦੀਆਂ ਖੋਜਾਂ ਦੀ ਬਹੁਤ ਦੇਣ ਹੈ। ਇਸ ਨੇ ਇਸ ਸਿਧਾਂਤ ਨੂੰ ਤਾਪ ਦੇ ਗਤਿਕੀ ਸਿਧਾਂਤ ਦੇ ਅਧਾਰ ਉਤੇ ਇਕ ਥਿਊਰੀ ਦੀ ਪੱਧਰ ਤਕ ਲਿਆਂਦਾ। ਕਲੌਜ਼ਿਉਸ ਨੇ ਬਿਜਲਈ-ਅਪਘਟਨ ਦੇ ਸਿਧਾਂਤ ਵਿਚ ਵੀ ਕਾਫ਼ੀ ਹਿੱਸਾ ਪਾਇਆ। ਇਸ ਨੇ ਦੱਸਿਆ ਕਿ ਇਲੈਕਟ੍ਰੋਲਾਈਟਾਂ ਵਿਚਲੇ ਅਣੂ ਨਿਰੰਤਰ ਵਟਾਂਦਰਾ ਕਰ ਰਹੇ ਪਰਮਾਣੂ ਹਨ ਅਤੇ ਬਿਜਲਈ ਬਲ ਇਸ ਵਟਾਂਦਰੇ ਦੀ ਸਿਰਫ਼ ਦਿਸ਼ਾ ਹੀ ਨਿਰਧਾਰਿਤ ਕਰਦਾ ਹੈ। ਇਸ ਦੇ ਇਸ ਵਿਚਾਰ ਨੂੰ 1887 ਤਕ ਬਹੁਤ ਘੱਟ ਪੱਖ ਮਿਲਿਆ ਅਤੇ ਮਗਰੋਂ ਐਸ. ਏ. ਆਰਰੇਨਿਉਸ ਨੇ ਇਸ ਬਾਰੇ ਕੰਮ ਸ਼ੁਰੂ ਕੀਤਾ ਅਤੇ ਇਸ ਨੂੰ ਬਿਜਲਈ ਅਪਘਟਨ ਵਿਯੋ-ਜਨ ਦੇ ਸਿਧਾਂਤ ਦਾ ਅਧਾਰ ਬਣਾਇਆ।

ਹ. ਪੁ.—ਐਨ. ਬ੍ਰਿ. 5 : 888

**ਕਲੌਂਜੀ** : ਇਹ ਕਾਲੇ ਰੰਗ ਦੀ ਛੋਟੇ-ਛੋਟੇ ਬੀਜਾਂ ਵਰਗੀ ਹੁੰਦੀ ਹੈ ਜੋ ਆਮ ਤੌਰ ਤੇ ਅੰਬ ਆਦਿ ਦੇ ਆਚਾਰ ਵਿਚ ਪਾਈ ਜਾਂਦੀ ਹੈ ਜਾਂ ਕਈ ਤਰ੍ਹਾਂ ਦੀਆਂ ਦਵਾਈਆਂ ਵਿਚ ਵਰਤੀਂਦੀ ਹੈ। ਇਸਦੀ ਤਾਸੀਰ ਗਰਮ ਖ਼ੁਸ਼ਕ ਹੈ।

ਇਸਦੇ ਬੀਜ ਉੱਤੇਜਕ, ਬੈ-ਬਾਦੀ ਹਟਾਉਣ, ਪੇਸ਼ਾਬ ਵਧਾਉਣ ਮਾਹਵਾਰੀ ਚਾਲੂ ਕਰਨ ਅਤੇ ਦੁੱਧ ਵਧਾਉਣ ਆਦਿ ਲਈ ਵਰਤੇ ਜਾਂਦੇ ਹਨ। ਇਹ ਪਿਊਰਪੈਰਲ ਬੁਖ਼ਾਰ ਦੇ ਹਲਕੇ ਕੇਸਾਂ ਲਈ ਵੀ ਲਾਭਵੰਦ ਹੈ। ਇਸ ਦਾ ਪਾਊਡਰ ਤਿਲਾਂ ਦੇ ਤੇਲ ਨਾਲ ਮਿਲਾ ਕੇ ਚਮੜੀ ਤੇ ਨਿਕਲ ਆਉਂਦੀਆਂ ਅਲਾਮਤਾਂ ਅਤੇ ਬਿੱਛੂ-ਡੰਗ ਲਈ ਵੀ ਉਪਯੋਗੀ ਸਿੱਧ ਹੁੰਦਾ ਹੈ। ਇਸ ਦੇ ਬੀਜਾਂ ਵਿਚ ਵਿਸ਼ੇਸ਼ ਤੇਲ ਹੁੰਦਾ ਹੈ, ਜਿਸ ਵਿਚ ਕਈ ਕੌੜੇ ਅਤੇ ਜ਼ਹਿਰੀਲੇ ਪਦਾਰਥ ਹੁੰਦੇ ਹਨ।

ਇਸ ਦੀ ਕਾਸ਼ਤ ਪੰਜਾਬ, ਬਿਹਾਰ ਅਤੇ ਭਾਰਤ ਦੇ ਕਈ ਹੋਰ ਹਿੱਸਿਆਂ ਵਿਚ ਕੀਤੀ ਜਾਂਦੀ ਹੈ। ਕਈ ਜਗ੍ਹਾ ਤੇ ਇਹ ਜੜ੍ਹੀ-ਬੂਟੀਆਂ ਦੇ ਰੂਪ ਵਿਚ ਵੀ ਮਿਲਦੀ ਹੈ।

ਹ. ਪੁ.—ਚੌ. ਇ. ਡ. ਇੰ. : 516; ਗ. ਇੰ. ਮੈ. ਪ. : 176; ਮ. ਕੋ. : 314

**ਕਵਸ਼ ਜਾਂ ਕਵਸ਼ ਐਲੂਸ਼** : ਇਹ ਐਲੂਸ਼ ਦਾ ਪੁੱਤਰ ਸੀ ਅਤੇ ਇਸ ਦਾ ਜਨਮ ਇਕ ਗੁਲਾਮ ਇਸਤਰੀ ਦੀ ਕੁੱਖੋਂ ਹੋਇਆ ਸੀ। ਇਸ ਨੂੰ ਰਿਗਵੇਦ ਦੇ ਦਸਵੇਂ ਮੰਡਲ ਦੀਆਂ ਕੁਝ ਰਿਚਾਵਾਂ ਦਾ ਲੇਖਕ ਮੰਨਿਆ ਜਾਂਦਾ ਹੈ। ਐਤਰੇਯ ਬ੍ਰਾਹਮਣ ਵਿਚ ਲਿਖਿਆ ਹੈ ਕਿ ਇਕ ਵਾਰ ਰਿਸ਼ੀ ਇਕੱਠੇ ਹੋ ਕੇ ਸਰਸਵਤੀ ਨਦੀ ਦੇ ਕੰਢੇ ਇਕ ਯੱਗ ਕਰ ਰਹੇ ਸਨ। ਕਵਸ਼ ਉਨ੍ਹਾਂ ਦੇ ਨਾਲ ਸੀ, ਪਰ ਰਿਸ਼ੀਆਂ ਨੇ ਇਸ ਨੂੰ ਆਪਣੇ ਵਿਚੋਂ ਇਸ ਲਈ ਕੱਢ ਦਿੱਤਾ ਕਿ ਇਹ ਇਕ ਗੁਲਾਮ ਲੜਕੀ ਦਾ ਪੁੱਤਰ ਸੀ ਅਤੇ ਇਸ ਲਈ ਸਰਸਵਤੀ ਦੇ ਪਾਣੀ ਪੀਣ ਦਾ ਅਧਿਕਾਰੀ ਨਹੀਂ ਸੀ। ਜਦੋਂ ਇਹ ਇਕਾਂਤ ਵਿਚ ਬੈਠਾ ਹੋਇਆ ਸੀ ਤਾਂ ਇਸ ਦੇ ਹਿਰਦੇ ਵਿਚ ਉਸਤਤੀ ਦਾ ਸਾਖਿਆਤਕਾਰ ਹੋਇਆ, ਜਿਸ ਨਾਲ ਸਰਸਵਤੀ ਨਦੀ ਝੁਕ ਗਈ ਅਤੇ ਇਸ ਦੇ ਪਾਣੀ ਨੇ ਇਸ ਨੂੰ ਘੇਰ ਲਿਆ । ਰਿਸ਼ੀਆਂ ਨੇ ਇਹ ਵੇਖ ਕੇ ਜਾਣ ਲਿਆ ਕਿ ਇਹ ਘਟਨਾ ਦੇਵਤਿਆਂ ਦੀ ਵਿਸ਼ੇਸ਼ ਕਿਰਪਾ ਸਦਕਾ ਹੀ ਹੋਈ ਹੈ ਅਤੇ ਇਸ ਕਾਰਨ ਉਨ੍ਹਾਂ ਨੇ ਇਸ ਨੂੰ ਆਪਣੇ ਨਾਲ ਮਿਲਾ ਲਿਆ।

ਹ. ਪੁ.—ਹਿੰ. ਮਿ. ਕੋ. 177.

**ਕਵਾਸੀਮੋਡੋ, ਸਾਲਵਾਤੋਰ** : ਇਸ ਇਤਾਲਵੀ ਕਵੀ, ਜਿਸ ਨੂੰ 1959 ਵਿਚ ਸਾਹਿਤ ਦੇ ਖੇਤਰ ਵਿਚ ਨੋਬਲ ਪੁਰਸਕਾਰ ਮਿਲਿਆ, ਦਾ ਜਨਮ ਮਾਡੀਕਾ, ਸਿਸਿਲੀ ਵਿਖੇ 20 ਅਗਸਤ, 1901 ਨੂੰ ਹੋਇਆ। ਇਸ ਨੇ ਤਕਨੀਕੀ ਵਿਦਿਆ ਪ੍ਰਾਪਤ ਕੀਤੀ, ਜੋ ਇਸ ਦੀਆਂ ਕਵਿਤਾਵਾਂ ਤੋਂ ਸਪਸ਼ਟ ਹੁੰਦਾ ਹੈ। ਰੋਮ ਪਾਲੀਟੈਕਨਿਕ ਤੋਂ ਇੰਜਨੀ-

ਅਰਿੰਗ ਵਿਚ ਗ੍ਰੈਜੂਏਸ਼ਨ ਕਰਕੇ ਇਸ ਨੇ ਇਟਲੀ ਦੇ ਕਈ ਹਿੱਸਿਆਂ ਵਿਚ ਰਾਜ ਦੀ ਨੌਕਰੀ ਕਰਕੇ ਦਸ ਸਾਲ ਬਿਤਾਏ ਅਤੇ ਨਾਲ ਹੀ ਕਵਿਤਾ ਲਿਖਣਾ ਇਸ ਦਾ ਸ਼ੁਗਲ ਰਿਹਾ। ਸੰਨ 1935 ਵਿਚ ਇਸ ਨੂੰ ਮਿਲੈਨ ਵਿਖੇ ਇਤਾਲਵੀ ਸਾਹਿਤ ਦਾ ਪ੍ਰੋਫ਼ੈਸਰ ਲਾ ਦਿੱਤਾ ਗਿਆ। ਇਸ ਨੇ ਕਈ ਰਸਾਲਿਆਂ ਵਿਚ ਆਪਣੇ ਲੇਖ ਛਪਵਾਏ। ਸੰਨ 1930 ਵਿਚ ਇਹ ਕਵਿਤਾ ਦੇ ਉਸ ਸਕੂਲ (ਵਿਚਾਰਧਾਰਾ) ਦਾ ਆਗੂ ਬਣਿਆ, ਜਿਸ ਵਿਚ ਕਵਿਤਾ ਦੇ ਰੂਪ ਦੇ ਖੇਤਰ ਵਿਚ ਫ਼ਰਾਂਸੀਸੀ ਚਿੰਨ੍ਹਵਾਦ ਦਾ ਤਜ਼ਰਬਾ ਹੋ ਰਿਹਾ ਸੀ ਕਿ ਕਵਿਤਾ ਵਿਚ ਸ਼ਬਦਾਂ ਦੀ ਅਜਿਹੀ ਵਰਤੋਂ ਹੋਵੇ ਜਿਸ ਤੋਂ ਭਾਵਾਂ ਅਤੇ ਵਿਚਾਰਾਂ ਦਾ ਸ੍ਵੈ ਪ੍ਰਗਟਾ ਹੋਵੇ। ਇਹ ਇਸ ਦਾ ਨਿਜੀ ਪ੍ਰਗਟਾ ਢੰਗ ਬਣ ਗਿਆ। ਇਸ ਨੇ ਕਈ ਪੁਸਤਕਾਂ ਦੇ ਅਨੁਵਾਦ ਵੀ ਕੀਤੇ। ਇਨ੍ਹਾਂ ਵਿਚੋਂ ਆਧੁਨਿਕ ਰੁਚੀ ਪ੍ਰਤਿਬਿੰਬਤ ਹੁੰਦੀ ਹੈ।

ਹ. ਪੁ.—ਐਨ. ਬ੍ਰਿ. 18 : 939.

**ਕਵਾਂਗਤੁੰਗ :** ਇਹ ਲੋਕ ਗਣਰਾਜੀ ਚੀਨ ਦੇ ਇੱਕੀ ਪ੍ਰਾਂਤਾਂ ਵਿਚੋਂ ਧੁਰ-ਦੱਖਣ ਦਾ ਇਕ ਪ੍ਰਾਂਤ ਹੈ ਜੋ ਪੱਛਮ ਵਲੋਂ ਕਵਾਂਗ ਸੀ ਚੁਆਂਗ ਖ਼ੁਦਮੁਖ਼ਤਾਰ ਖੇਤਰ ਉੱਤਰ, ਵਲੋਂ ਹੁਨਾਨ ਅਤੇ ਕਿਆਂਗ ਸੀ ਪ੍ਰਾਂਤਾਂ, ਉੱਤਰ-ਪੂਰਬ ਵੱਲੋਂ ਫੂਕਈਐਨ ਅਤੇ ਦੱਖਣ ਵਲੋਂ ਦੱਖਣੀ ਚੀਨ ਸਾਗਰ ਦੁਆਰਾ ਘਿਰਿਆ ਹੋਇਆ ਹੈ। ਤੱਟ ਦੇ ਪੱਛਮੀ ਸਿਰੇ ਤੇ ਇਹ ਪ੍ਰਾਂਤ ਵੀਅਤਨਾਮ ਨਾਲ ਸਰਹੱਦ ਬਣਾਉਂਦਾ ਹੈ। ਪ੍ਰਾਂਤ ਦੀ ਤੱਟ-ਰੇਖਾ ਸਭ ਤੋਂ ਲੰਬੀ ਹੈ। ਹੈਨਾਨ ਦਾ ਟਾਪੂ ਇਸੇ ਪ੍ਰਾਂਤ ਵਿਚ ਸ਼ਾਮਲ ਹੈ। ਪ੍ਰਾਂਤ ਦਾ ਕੁਲ ਰਕਬਾ 211,500 ਵ. ਕਿ. ਮੀ. ਹੈ ਅਤੇ ਇਸ ਪੱਖ ਤੋਂ ਇਸਦੀ ਚੀਨ ਵਿਚ ਬਾਰ੍ਹਵੀਂ ਥਾਂ ਹੈ। ਕੈਨਤਾਨ ਇਸਦੀ ਰਾਜਧਾਨੀ ਹੈ।

ਕਵਾਂਗਤੁੰਗ ਦੀ ਧਰਾਤਲੀ ਨੁਹਾਰ ਬੜੀ ਵਖਰੇਵੇਂ ਵਾਲੀ ਹੈ। ਮੁੱਖ ਤੌਰ ਤੇ ਇਸ ਵਿਚ ਗੋਲ ਪਹਾੜੀਆਂ ਵੇਖਣ ਵਿਚ ਆਉਂਦੀਆਂ ਹਨ। ਇਹ ਦਰਿਆਵਾਂ ਅਤੇ ਨਾਲਿਆਂ ਨਾਲ ਕੱਟਿਆ-ਵੱਢਿਆ ਹੋਇਆ ਹੈ। ਜਲੌਢ ਮਿੱਟੀ ਦੀਆਂ ਵਾਦੀਆਂ ਆਮ ਮਿਲਦੀਆਂ ਹਨ। ਨਾਨ ਲਿੰਗ ਚੀਨ ਦੀਆਂ ਤਿੰਨ ਵਡੀਆਂ ਪਰਬਤ ਲੜੀਆਂ ਵਿਚੋਂ ਧੁਰ ਦੱਖਣ ਦੀ ਪਰਬਤ ਲੜੀ, ਜਿਹੜੀ ਕਿ ਪਿਛਲੇ ਮੈਸੋਜ਼ੋਇਕ ਕਾਲ ਵਿਚ ਅੱਜ ਤੋਂ ਕੋਈ 70,000,000 ਤੋਂ 130,000,000 ਸਾਲ ਪਹਿਲਾਂ, ਹੋਂਦ ਵਿਚ ਆਈ ਸੀ, ਕਵਾਂਗਸੀ ਖੇਤਰ ਦੇ ਨਾਲ ਹੀ ਕਵਾਂਗਤੁੰਗ ਨੂੰ ਯੰਗਸੀ ਬੇਸਿਨ ਨਾਲੋਂ ਪ੍ਰਤੱਖ ਤੌਰ ਤੇ ਵੱਖ ਕਰਦੀ ਹੈ। ਪੂਰਬੀ ਕਵਾਂਗਤੁੰਗ ਵਿਚ ਵਧੇਰੇ ਕਰਕੇ ਦੱਖਣੀ ਉੱਚ-ਭੂਮੀਆਂ ਦਾ ਦੱਖਣ ਵਲ ਦਾ ਵਧਿਆ ਹੋਇਆ ਭਾਗ ਸ਼ਾਮਲ ਹੈ। ਉੱਤਰ ਪੂਰਬ ਤੋਂ ਦੱਖਣ ਪੱਛਮ ਦੀ ਦਿਸ਼ਾ ਵਿਚ ਨਾਨ ਲਿੰਗ ਦੇ ਸਮੇਂ ਦੀਆਂ ਹੋਂਦ ਵਿਚ ਆਈਆਂ ਕਈ ਵਾਦੀਆਂ ਹਨ। ਨੀਵੀਆਂ ਤੇ ਪੱਧਰੀਆਂ ਜਿਹੀਆਂ ਪਹਾੜੀਆਂ ਨੇ ਜਿਨ੍ਹਾਂ ਦੀ ਢਲਾਣ ਕੇਵਲ 10° ਹੀ ਹੈ, ਪ੍ਰਾਂਤ ਦਾ 70 ਪ੍ਰਤੀਸ਼ਤ ਹਿੱਸਾ ਰੋਕਿਆ ਹੋਇਆ ਹੈ। ਬਹੁਤੀਆਂ ਚੋਟੀਆਂ ਦੀ ਉਚਾਈ 457 ਮੀ. ਤੋਂ ਲੈ ਕੇ 610 ਮੀ. ਤੀਕ ਹੈ। ਕੁਝ ਚੋਟੀਆਂ ਦੀ ਉਚਾਈ 1680 ਮੀ. ਤੀਕ ਵੀ ਪਹੁੰਚ ਜਾਂਦੀ ਹੈ।

ਰਲਾ ਮਿਲਾ ਕੇ ਸਾਰੇ ਪ੍ਰਾਂਤ ਵਿਚ ਕੋਈ 1,343 ਵਡੇ ਅਤੇ ਛੋਟੇ ਦਰਿਆ ਹਨ। ਹਾਨ ਇਥੋਂ ਦਾ ਸਭ ਤੋਂ ਮਹੱਤਵਪੂਰਨ ਦਰਿਆ ਹੈ ਅਤੇ ਇਹ ਪੂਰਬੀ ਸਿਰੇ ਉਤੇ ਸਵਾਟੋ ਡੈਲਟਾ ਬਣਾਉਂਦਾ ਹੈ ਅਤੇ ਸ਼ੀ ਦਰਿਆ ਕੇਂਦਰ ਵਿਚ ਕੈਨਤਾਨ ਡੈਲਟਾ ਬਣਾਉਂਦਾ ਹੈ।

ਆਮ ਕਰਕੇ ਇਸ ਪ੍ਰਾਂਤ ਦੀ ਜ਼ਮੀਨ ਬਹੁਤ ਘਟੀਆ ਹੈ। ਇਥੋਂ ਦੀ ਨੀਵੀਂ ਧਰਤੀ ਹੀ ਚੀਨ ਦਾ ਅਜਿਹਾ ਹਿੱਸਾ ਹੈ ਜਿੱਥੇ ਅਸਲ ਵਿਚ ਊਸ਼ਣ ਅਤੇ ਉਪ-ਊਸ਼ਣ ਕਟੀਬੰਧ ਜਲਵਾਯੂ ਮਿਲਦੀ ਹੈ। ਪ੍ਰਾਂਤ ਵਿਚ ਔਸਤ ਸਾਲਾਨਾ ਵਰਖਾ 150 ਤੋਂ 200 ਸੈ. ਮੀ. ਤੀਕ ਹੁੰਦੀ ਹੈ। ਜੁਲਾਈ ਦਾ ਔਸਤ ਤਾਪਮਾਨ 28° ਤੋਂ 30° ਸੈਂ. ਅਤੇ ਜਨਵਰੀ ਦਾ 13° ਤੋਂ 16° ਸੈਂ. ਹੈ। ਜਲਵਾਯੂ ਗਰਮ-ਤਰ ਹੋਣ ਕਾਰਨ ਇਥੇ ਚੌੜੇ ਅਤੇ ਨੋਕੀਲੇ ਪੱਤਿਆਂ ਵਾਲੇ ਸਦਾ ਬਹਾਰ ਦਰਖਤਾਂ ਦੇ ਸੰਘਣੇ ਜੰਗਲ ਮਿਲਦੇ ਹਨ। ਸੰਨ 1949 ਤੋਂ ਪ੍ਰਾਂਤ ਵਿਚ ਜੰਗਲ ਲਾਉਣ ਸਬੰਧੀ ਵਿਸ਼ਾਲ ਪ੍ਰੋਗਰਾਮ ਚਾਲੂ ਕੀਤੇ ਗਏ। ਅੱਜ ਕਵਾਂਗਤੁੰਗ ਦੀਆਂ ਸਾਰੀਆਂ ਪਹਾੜੀਆਂ ਉਤੇ ਹਰਿਆਵਲ ਹੀ ਹਰਿਆਵਲ ਨਜ਼ਰ ਆਉਂਦੀ ਹੈ।

ਬਾਘ, ਗੈਂਡੇ, ਚੀਤੇ, ਬਘਿਆੜ, ਰਿੱਛ ਅਤੇ ਲੂੰਬੜ ਕਵਾਂਗਤੁੰਗ ਦੀਆਂ ਪਹਾੜੀਆਂ ਉਤੇ ਆਮ ਮਿਲਦੇ ਹਨ। ਪਰ ਜੰਗਲਾਂ ਨੂੰ ਅੱਗ ਲਾਉਣ ਅਤੇ ਕੱਟਣ ਕਾਰਨ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਗਈ ਹੈ।

ਮੁੱਖ ਤੌਰ ਤੇ ਇਹ ਪ੍ਰਾਂਤ ਖੇਤੀਬਾੜੀ ਉਤੇ ਨਿਰਭਰ ਹੈ। ਇਥੋਂ ਦੀ ਲਗਭਗ 15% ਜ਼ਮੀਨ ਕਾਸ਼ਤ ਅਧੀਨ ਹੈ ਜਿਥੇ ਸੰਘਣੀ ਖੇਤੀ ਕੀਤੀ ਜਾਂਦੀ ਹੈ। ਵਧੇਰੇ ਵਾਹੀ ਹੋਈ ਭੋਂ ਵਿਚ ਸਾਲ ਵਿਚ ਧਾਨ ਦੀਆਂ ਦੋ ਫਸਲਾਂ ਵੀ ਉਗਾਈਆਂ ਜਾਂਦੀਆਂ ਹਨ। ਧਾਨ ਹੀ ਪ੍ਰਾਂਤ ਦੀ ਮੁੱਖ ਫਸਲ ਹੈ ਅਤੇ ਕਾਸ਼ਤ ਅਧੀਨ ਰਕਬੇ ਦਾ ਲਗਭਗ 76% ਇਸੇ ਹੀ ਫ਼ਸਲ ਅਧੀਨ ਹੈ। ਇਥੋਂ ਦੀਆਂ ਹੋਰ ਮਹੱਤਵਪੂਰਨ ਫਸਲਾਂ ਗੰਨਾ, ਸੰਗਤਰਾ, ਕੇਲਾ, ਲੀਚੀ, ਚਕੋਤਰਾ ਅਤੇ ਅਨਾਨਾਸ ਹਨ। ਇਸ ਤੋਂ ਇਲਾਵਾ ਕੈਨਤਾਨ ਡੈਲਟੇ ਵਿਚ ਰੇਸ਼ਮ ਅਤੇ ਪੇਈ ਦਰਿਆ ਦੇ ਉਪਰਲੇ ਹਿੱਸੇ ਵਿਚ ਤਮਾਕੂ ਦਾ ਉਤਪਾਦਨ ਕੀਤਾ ਜਾਂਦਾ ਹੈ।

ਲੰਬੀ ਤਟ ਰੇਖਾ ਦੇ ਹੋਣ ਕਰਕੇ ਇਹ ਪ੍ਰਾਂਤ ਸਾਰੇ ਚੀਨ ਦੇਸ਼ ਦਾ 1/4 ਹਿੱਸਾ ਮੱਛੀ-ਉਤਪਾਦਨ ਕਰਦਾ ਹੈ।

ਧਾਤ ਪ੍ਰਾਸੈਸਿੰਗ, ਮਸ਼ੀਨਰੀ ਤਿਆਰ ਕਰਨ, ਸਮੁੰਦਰੀ ਜਹਾਜ਼ ਬਣਾਉਣ ਅਤੇ ਉਨ੍ਹਾਂ ਦੀ ਮੁਰੰਮਤ ਕਰਨ, ਜਲ-ਬਿਜਲੀ ਪੈਦਾ ਕਰਨ ਅਤੇ ਖਾਣਾਂ ਪੁਟਣ ਸਬੰਧੀ ਇਥੇ ਭਾਰੀ ਉਦਯੋਗ ਸਥਾਪਤ ਹਨ। ਇਸ ਤੋਂ ਇਲਾਵਾ ਘਰੇਲੂ ਦਸਤਕਾਰੀ, ਖ਼ੁਰਾਕ ਪ੍ਰਾਸੈਸਿੰਗ ਅਤੇ ਸੂਤੀ ਕੱਪੜੇ ਤਿਆਰ ਕਰਨ ਦੇ ਵੀ ਉਦਯੋਗ ਹਨ।

ਆਰਥਿਕ ਅਤੇ ਸਭਿਆਚਾਰਕ ਤੌਰ ਤੇ ਕਵਾਂਗਤੁੰਗ ਦੇ ਵੱਖ ਵੱਖ ਇਲਾਕੇ ਜਲ-ਮਾਰਗਾਂ ਦੁਆਰਾ ਇਕ ਦੂਜੇ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ ਇਥੋਂ ਦੇ ਤੱਟ ਰਸਤੇ ਅਤੇ ਅੰਤਰ-ਰਾਸ਼ਟਰੀ ਸਮੁੰਦਰੀ ਰਸਤੇ ਕੋਈ 100 ਤੋਂ ਵੱਧ ਵਡੀਆਂ ਅਤੇ ਛੋਟੀਆਂ ਬੰਦਰਗਾਹਾਂ ਨਾਲ ਜੁੜੇ ਹੋਏ ਹਨ। ਹਵਾ ਮਪੋਆ,ਜਾਨ ਜੀਆਂਗ, ਸਵਾਟਾਓ ਅਤੇ ਹਾਈਕਾਓ ਰਾਸ਼ਟਰੀ ਮਹੱਤਤਾ ਵਾਲੀਆਂ ਮੁੱਖ ਬੰਦਰਗਾਹਾਂ ਹਨ। ਇਹ ਪ੍ਰਾਂਤ ਹਵਾਈ ਸੇਵਾ ਦੁਆਰਾ ਲੰਡਨ, ਪੈਰਿਸ, ਢਾਕਾ, ਜਕਾਰਤਾ, ਪੀਆਂਗਯਾਂਗ ਅਤੇ ਦਾਰੁਕ-ਇਸਲਾਮ ਨਾਲ ਜੁੜਿਆ ਹੋਇਆ ਹੈ। ਸਾਰੇ ਪ੍ਰਾਂਤ ਵਿਚ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਸਾਰੇ ਪ੍ਰਾਂਤ ਵਿਚ 17204 ਕਿ. ਮੀ. ਸ਼ਾਹ ਰਾਹ ਅਤੇ ਲਗਭਗ 750 ਕਿ. ਮੀ. ਰੇਲ-ਮਾਰਗ ਹਨ।

ਵਧੇਰੇ ਕਰਕੇ ਪ੍ਰਾਂਤ ਦੀ ਵਸੋਂ ਦਰਿਆਵਾਂ ਦੀਆਂ ਵਾਦੀਆਂ ਅਤੇ ਡੈਲਟਿਆਂ ਉਤੇ ਕੇਂਦਰਤ ਹੈ। ਇਸਦੇ ਮੁਕਾਬਲੇ ਅੰਤਰੀਵ ਪਹਾੜੀ ਖੇਤਰਾਂ ਵਿਚ ਵਸੋਂ ਬਹੁਤ ਘੱਟ ਮਿਲਦੀ ਹੈ। ਪ੍ਰਾਂਤ ਵਿਚ ਵਧੇਰੇ ਆਬਾਦੀ ਹਾਨ ਚੀਨੀਆਂ ਦੀ ਹੈ। ਸੰਨ 1982 ਵਿਚ ਇਥੋਂ ਦੀ ਕੁਲ ਆਬਾਦੀ 59,299,220 ਸੀ। ਇਸ ਪ੍ਰਾਂਤ ਦੇ ਲੋਕ ਆਪੋ ਆਪਣੀ ਸਥਾਨਕ ਬੋਲੀ ਬੋਲਦੇ ਹਨ ਪਰ ਇਥੋਂ ਦੀ ਪ੍ਰਮੁੱਖ ਭਾਸ਼ਾ ਕੈਨਟਨੀਜ਼ ਹੈ। ਇਸ ਤੋਂ ਇਲਾਵਾ ਹਾਕਾ ਵੀ ਵੱਡੀ ਗਿਣਤੀ ਵਿਚ ਬੋਲੀ ਜਾਂਦੀ ਹੈ।

ਸੰਨ 1949 ਤੋਂ ਇਥੋਂ ਦੇ ਪ੍ਰਬੰਧਕੀ ਢਾਂਚੇ ਵਿਚ ਕਈ ਤਬਦੀਲੀਆਂ ਲਿਆਂਦੀਆਂ ਗਈਆਂ ਹਨ। ਸੰਨ 1950 ਵਿਚ ਨਸਲੀ ਘੱਟ ਗਿਣਤੀ ਵਾਲੇ ਇਲਾਕਿਆਂ ਲਈ ਖ਼ੁਦ-ਮੁਖ਼ਤਾਰ ਜ਼ਿਲ੍ਹਾ ਇਕਾਈਆਂ ਸਥਾਪਤ ਕੀਤੀਆਂ ਗਈਆਂ। ਕੈਨਟਨ ਦੀ ਮਿਊਂਸਪਲਟੀ ਤੋਂ ਇਲਾਵਾ ਕਵਾਂਗਤੁੰਗ ਦੀ ਸੱਤ ਵਿਸ਼ੇਸ਼ ਡਿਸਟ੍ਰਿਕਟਾਂ, ਪ੍ਰਬੰਧਕੀ ਡਿਸਟ੍ਰਿਕਟ ਅਤੇ ਇਕ ਖ਼ੁਦ-ਮੁਖ਼ਤਾਰ ਡਿਸਟ੍ਰਿਕਟ ਵਿਚ ਉਪ-ਵੰਡ ਕੀਤੀ ਹੋਈ ਹੈ। ਰਲਾ-ਮਿਲਾਕੇ ਸਾਰੇ ਸੂਬੇ ਵਿਚ 94 ਕਾਉਂਟੀਆਂ, 3 ਖ਼ੁਦ-ਮੁਖ਼ਤਾਰ ਕਾਉਂਟੀਆਂ ਅਤੇ 9 ਕਾਉਂਟੀ-ਪੱਧਰ ਦੀਆਂ ਮਿਉਂਸਪਲਟੀਆਂ ਹਨ।

ਸੰਨ 1949 ਤੋਂ ਪ੍ਰਾਂਤ ਵਿਚ ਸਿੱਖਿਆ, ਸਿਹਤ ਅਤੇ ਹੋਰ ਸਮਾਜਕ ਖੇਤਰਾਂ ਵਿਚ ਬਹੁਤ ਵਿਕਾਸ ਹੋਇਆ। ਪੂਰਵ-ਸਕੂਲ ਸਿੱਖਿਆ

ਲਈ ਪ੍ਰਾਂਤ ਵਿਚ ਬਹੁਤ ਸਾਰੇ ਕਿੰਡਰਗਾਰਟਨ ਅਤੇ ਨਰਸਰੀਆਂ ਹਨ । ਇਕ ਕਮਿਯੂਨ ਵਿਚ 15 ਤੋਂ ਲੈ ਕੇ 50 ਪ੍ਰਾਇਮਰੀ ਸਕੂਲ ਹਨ । ਭਾਵੇਂ ਸਿਖਿਆ ਇਥੇ ਲਾਜ਼ਮੀ ਨਹੀਂ ਫਿਰ ਵੀ 80% ਤੋਂ ਵੱਧ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਜਾਂਦੇ ਹਨ। ਕਈਆਂ ਕਮਿਯੂਨਾਂ ਵਿਚ ਇਕ ਜਨਰਲ ਮਿਡਲ ਸਕੂਲ ਅਤੇ ਇਕ ਜਾਂ ਦੋ ਪੇਸ਼ਾਵਰ ਸਕੂਲ ਹਨ । ਸਾਰੇ ਪ੍ਰਾਂਤ ਵਿਚ 30 ਤੋਂ ਵੱਧ ਯੂਨੀਵਰਸਿਟੀਆਂ ਅਤੇ ਕਾਲਜ ਅਤੇ ਲਗਭਗ 20 ਤਕਨੀਕੀ ਸਕੂਲ ਹਨ ।

ਆਮ ਕਰਕੇ ਇਕ ਕਮਿਯੂਨ ਵਿਚ ਇਕ ਹਸਪਤਾਲ, 15 ਤੀਕ ਕਲਿਨਿਕ, ਕਈ ਸਿਹਤ ਕੇਂਦਰ ਅਤੇ ਕਈ ਜ਼ੱਚਾ ਕੇਂਦਰ ਹਨ। ਕਾਉਂਟੀ ਅਤੇ ਪ੍ਰਾਂਤਕ ਪੱਧਰ ਤੇ ਵਧੀਆ ਡਾਕਟਰੀ ਸਹੂਲਤਾਂ ਪ੍ਰਾਪਤ ਹਨ ।

ਬੱਚਿਆਂ ਅਤੇ ਕਾਮਿਆਂ ਦੀ ਭਲਾਈ ਲਈ ਕਈ ਵਿਸ਼ੇਸ਼ ਸਕੀਮਾਂ ਚਲਦੀਆਂ ਹਨ । ਨੌਕਰੀ ਜਾਂ ਕੰਮ ਕਰਨ ਵਾਲੀਆਂ ਔਰਤਾਂ ਦੇ ਬੱਚਿਆਂ ਲਈ ਨਰਸਰੀਆਂ ਅਤੇ ਬੱਚਾ ਸੰਭਾਲ ਕੇਂਦਰ ਮੁਫ਼ਤ ਸੇਵਾ ਕਰਦੇ ਹਨ ।

ਆਰੰਭ ਵਿਚ ਕਵਾਂਗਤੁੰਗ ਉਤੇ ਗ਼ੈਰ-ਹਾਨ ਨਸਲੀ ਗਰੁਪ ਦਾ ਕਬਜ਼ਾ ਸੀ । ਇਸ ਨੂੰ ਪਹਿਲੀ ਵਾਰ 222 ਈ. ਪੂ. ਵਿਚ ਚੀਨੀ ਸਾਮਰਾਜ ਵਿਚ ਸ਼ਾਮਲ ਕੀਤਾ ਗਿਆ । 111 ਈ. ਪੂ. ਵਿਚ ਹਾਨ ਖ਼ਾਨਦਾਨ ਦੇ 'ਬਾਦਸ਼ਾਹ ਵੂ' ਨੇ ਚੀਨੀ ਤਾਕਤ ਨੂੰ ਅਜੋਕੇ ਕਵਾਂਗਤੁੰਗ (ਸਮੇਤ ਹੈਨਾਨ) ਤੀਕ ਵਧਾ ਲਿਆ । ਪਰ ਇਸ ਜਿੱਤ ਤੋਂ ਮਗਰੋਂ ਇਥੇ ਨੌਆਬਾਦੀਆਂ ਸਥਾਪਤ ਨਾ ਹੋ ਸਕੀਆਂ ਅਤੇ ਕਵਾਂਗਤੁੰਗ ਕੇਵਲ ਸਿਆਸੀ ਤੌਰ ਹੀ ਸਾਮਰਾਜ ਦਾ ਹਿੱਸਾ ਬਣਿਆ ਰਿਹਾ । ਸੂਈ, ਤਾਨ ਅਤੇ ਉੱਤਰੀ ਸੁਨ ਖ਼ਾਨਦਾਨਾਂ ਦੀਆਂ ਪੰਜ ਸਦੀਆਂ ਦੌਰਾਨ (581 ਤੋਂ 1126 ਈ. ਤੀਕ) ਕਵਾਂਗਤੁੰਗ ਵਿਚ ਫ਼ੌਜੀ ਅਤੇ ਜ਼ਰਾਇਤੀ ਨੌਆਬਾਦੀਆਂ ਹੌਲੀ ਹੌਲੀ ਵਿਕਸਿਤ ਹੋਈਆਂ । ਇਨ੍ਹਾਂ ਨੌਆਬਾਦੀਆਂ ਦੇ ਵਿਕਾਸ ਅਤੇ ਕੈਨਟਨ ਦੇ ਰਸਤਿਉਂ ਸਮੁੰਦਰੋਂ ਪਾਰ ਦੇ ਵਪਾਰ ਕਾਰਨ, ਕਵਾਂਗਤੁੰਗ ਵਿਚ ਬਹੁਤ ਸਾਰੇ ਲੋਕ ਪ੍ਰਵਾਸ ਕਰਨ ਲਗ ਪਏ ਅਤੇ ਕੈਨਤਾਨ ਇਕ ਬਹੁਤ ਵੱਡੇ ਸ਼ਹਿਰ ਵਜੋਂ ਉੱਨਤ ਹੋਣ ਲਗ ਪਿਆ । ਇਸ ਸਮੇਂ ਤੀਕ ਵੀ ਕਵਾਂਗਤੁੰਗ ਉਤੇ ਆਰੰਭਕ ਨਸਲੀ ਵਸੋਂ ਦਾ ਹੀ ਬੋਲ ਬਾਲਾ ਰਿਹਾ ।

ਸੰਨ 1126 ਵਿਚ ਹਾਨ ਚੀਨੀ ਦੱਖਣ ਵਲ ਭਾਰੀ ਗਿਣਤੀ ਵਿਚ ਘੁਸ ਗਏ ਜਦੋਂ ਤਾਤਾਰਾਂ ਨੇ ਸੁਨ ਰਾਜਧਾਨੀ ਉਤੇ ਕਬਜ਼ਾ ਕਰ ਲਿਆ ਸੀ । ਸੰਨ 1279 ਵਿਚ ਜਦੋਂ ਚੀਨ ਉਤੇ ਮੰਗੋਲਾਂ ਦਾ ਕਬਜ਼ਾ ਹੋ ਗਿਆ ਤਾਂ ਇਥੋਂ ਦੀ ਬਹੁਤ ਸਾਰੀ ਆਬਾਦੀ ਵਿਚ ਹਿੱਲਜੁਲ ਹੋਈ । ਕਵਾਂਗਤੁੰਗ ਦਾ ਸਭਿਆਚਾਰਕ ਵਿਕਾਸ ਤੇਜ਼ੀ ਨਾਲ ਹੋਣਾ ਆਰੰਭ ਹੋਇਆ । ਵਿਸ਼ੇਸ਼ ਤੌਰ ਤੇ ਸੋਲ੍ਹਵੀਂ ਸਦੀ ਤੋਂ ਪਿਛੋਂ ਇਥੇ ਸ਼ਕਰਕੰਦੀ ਅਤੇ ਮੂੰਗਫਲੀ ਬੀਜਣੀ ਸ਼ੁਰੂ ਹੋਈ ਸੀ । ਉਦੋਂ ਇਥੋਂ ਦੀ ਆਬਾਦੀ ਵਿਚ ਵੀ ਬਹੁਤ ਵਾਧਾ ਹੋਇਆ ਅਤੇ ਸਤਾਰ੍ਹਵੀਂ ਸਦੀ ਦੇ ਪਿਛਲੇ ਹਿੱਸੇ ਵਿਚ ਕਵਾਂਗਤੁੰਗ ਇਕ ਅਜਿਹਾ ਇਲਾਕਾ ਬਣ ਗਿਆ ਸੀ ਜਿਥੋਂ ਲੋਕ ਬਾਹਰ ਜਾਣ ਲਗ ਪਏ । ਕਵਾਂਗਤੁੰਗ ਤੋਂ ਪ੍ਰਵਾਸੀ ਪਹਿਲਾਂ ਕਵਾਂਗਸੀ, ਸਜ਼ਵਾਨ ਤਾਈਵਾਨ ਅਤੇ ਫਿਰ 19ਵੀ- ਸਦੀ ਦੇ ਮੱਧ ਵਿਚ ਦੱਖਣੀ-ਏਸ਼ੀਆ ਅਤੇ ਉੱਤਰੀ ਅਮਰੀਕਾ ਵਲ ਜਾਣੇ ਸ਼ੁਰੂ ਹੋ ਗਏ ।

ਪੁਰਾਣੇ ਮੇਲ ਮਿਲਾਪ ਕਾਰਨ, ਉਨ੍ਹੀਵੀਂ ਸਦੀ ਦੇ ਮੱਧ ਤੋਂ ਲੈ ਕੇ, ਇਸ ਪ੍ਰਾਂਤ ਨੇ ਕਈ ਮਹਾਨ ਸਿਆਸੀ, ਫ਼ੌਜੀ ਅਤੇ ਬੌਧਿਕ ਨੇਤਾਵਾਂ ਨੂੰ ਜਨਮ ਦਿਤਾ ਹੈ ।

ਹ. ਪੁ.—ਐਨ. ਬ੍ਰਿ. ਮਾ. 10 : 553

**ਕਵਾਂਡੋ** : ਅਫ਼ਰੀਕਾ ਦਾ ਇਹ ਇਕ ਦਰਿਆ ਹੈ ਜਿਹੜਾ ਕਾਲਾ-ਹਾਰੀ ਦੇ ਰੇਗਿਸਤਾਨ ਵਿਚੋਂ ਨਿਕਲਦਾ ਹੈ ਅਤੇ ਦੱਖਣ-ਪੂਰਬੀ ਦਿਸ਼ਾ ਵਿਚ ਅੰਗੋਲਾ ਅਤੇ ਉੱਤਰੀ ਰੋਡੇਸ਼ੀਆਮ ਵਿਚਕਾਰ ਲਗਭਗ 160 ਕਿ. ਮੀ. ਦੀ ਹੱਦ ਬਣਾਉਂਦਾ ਹੋਇਆ ਆਪਣੇ ਸੋਮੇ ਤੋਂ 640 ਕਿ.ਮੀ.(400 ਮੀਲ) ਦੂਰ ਕਾਪਰੀਵੀ ਪੱਟੀ ਦੀ ਉੱਤਰੀ ਹੱਦ ਤੀਕ ਜਾ ਪਹੁੰਚਦਾ ਹੈ । ਇਸ ਇਲਾਕੇ ਵਿਚ ਇਸ ਨੂੰ ਮਾਸ਼ੀ ਆਖਦੇ ਹਨ ਪਰ ਕਾਪਰੀਵੀ ਹੱਦ ਦੇ ਦੱਖਣ ਵਿਚ ਇਸ ਨੂੰ ਵੱਖਰੇ ਕਬੀਲੇ ਲਿਨਆਨੰਤੀ ਅਤੇ 'ਖੋਬੇ' ਦੇ ਨਾਂ ਨਾਲ ਸੱਦਦੇ ਹਨ । ਲਿਨਆਨੰਤੀ ਦੀਆਂ ਦਲ-ਦਲਾਂ ਨੇ ਝੀਲ ਲਿਆਮਬੇਜ਼ੀ ਦਾ 1300 ਵ. ਕਿ. ਮੀ. ਖੇਤਰ ਰੋਕਿਆ ਹੋਇਆ ਹੈ ਅਤੇ ਇਨ੍ਹਾਂ ਦਲਦਲਾਂ ਦੇ ਪਾਣੀ ਦਾ ਨਿਕਾਸ ਦਰਿਆ ਜ਼ੰਬੇਜ਼ੀ ਵਿਚ ਹੈ । ਖੋਬੇ ਕਾਸੇਠ ਦੀ ਆਬਸ਼ਾਰ ਵੀ ਬਣਉਂਦਾ ਹੈ । ਮਈ ਦੇ ਮਹੀਨੇ ਖੋਬੇ ਵਿਚ ਪਾਣੀ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ ਅਤੇ ਜੂਨ ਵਿਚ ਇਸ ਅੰਦਰ ਹੜ੍ਹ ਆਉਂਦੇ ਹਨ । ਇਹਨਾਂ ਦਿਨਾਂ ਵਿਚ ਪਾਣੀ ਆਮ ਸਤ੍ਹਾ ਤੋਂ ਲਗਭਗ ਇਕ ਮੀਟਰ (ਤਿੰਨ ਫ਼ੁੱਟ) ਉੱਚਾ ਰਹਿੰਦਾ ਹੈ । ਖੋਬੇ ਦੇ 14590 ਵ. ਕਿ ਮੀ. ਨਦੀ ਖੇਤਰ ਤੋਂ 300,000 ਹੈ. ਮੀ. 2,500,000 ਤੋਂ 3,60,000 ਹੈ. ਮੀ. ਦੇ ਲਗਭਗ ਪਾਣੀ ਦਾ ਵਹਾਉ ਹੈ ।

13° ਦ. ਵਿਥ.; 19° 12′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 522

**ਕਵਾਨਜ਼ਾ** : ਪੱਛਮੀ ਅਫ਼ਰੀਕਾ ਵਿਚ ਅੰਗੋਲਾ ਦਾ ਇਕ ਮੁੱਖ ਦਰਿਆ ਹੈ ਜੋ ਅੰਗੋਲਾ ਦੀ ਬਾਈ ਪਠਾਰ ਤੇ ਸਥਿਤ ਕੈਟੋਂਟਾ ਦੇ ਨੇੜਿਓਂ ਨਿਕਲ ਕੇ ਉੱਤਰ ਵੱਲ ਨੂੰ ਵਹਿੰਦਾ ਹੈ । ਕੁਝ ਦੂਰ ਜਾ ਕੇ ਇਸ ਦੀ ਦਿਸ਼ਾ ਉੱਤਰ-ਪੱਛਮ ਨੂੰ ਹੋ ਜਾਂਦੀ ਹੈ । ਹੋਰ ਅੱਗੇ ਜਾ ਕੇ ਇਹ ਪੱਛਮ ਨੂੰ ਵਹਿੰਦਾ ਹੋਇਆ 'ਡਾਂਡੋ' ਤੋਂ 10 ਕਿ.ਮੀ. ਉੱਤਰ ਵਿਚ ਕੈਮਬੈਂਬ ਦੀ ਆਬਸ਼ਾਰ ਬਣਾਉਂਦਾ ਹੋਇਆ, ਅੰਗੋਲਾ ਦੀ ਰਾਜਧਾਨੀ ਲੁਆਂਡਾ ਤੋਂ ਕੁਝ ਕਿ. ਮੀ. ਦੱਖਣ ਵੱਲ ਅੰਧ ਮਹਾਂਸਾਗਰ ਵਿਚ ਜਾ ਡਿਗਦਾ ਹੈ। ਇਸ ਦਰਿਆ ਵਿਚ ਕਈ ਸਹਾਇਕ ਦਰਿਆ ਮਿਲਦੇ ਹਨ । ਇਸ ਦੀ ਕੁੱਲ ਲੰਬਾਈ ਲਗਭਗ 960 ਕਿ. ਮੀ. ਹੈ । ਇਸ ਦਾ ਬਹੁਤ ਵੱਡਾ ਭਾਗ ਜਹਾਜ਼ਰਾਨੀ ਦੇ ਯੋਗ ਨਹੀਂ ਹੈ । ਇਸ ਵਿਚ ਦਹਾਨੇ ਤੋਂ ਲੈ ਕੇ ਡਾਂਡੋਂ ਤਕ ਕੇਵਲ 190 ਕਿ. ਮੀ. ਤੀਕ ਛੋਟੇ ਜਹਾਜ਼ ਚਲ ਸਕਦੇ ਹਨ।

ਕੈਮਬੈਬ ਡੈਮ ਪ੍ਰਾਜੈਕਟ ਅਫ਼ਰੀਕਾ ਵਿਚ ਸਭ ਤੋਂ ਵੱਡਾ ਪਨ-ਬਿਜਲੀ ਪਲਾਂਟ ਹੈ । ਦਰਿਆ ਦੀ ਹੇਠਲੀ ਵਾਦੀ ਵਿਚ ਚੌਲ, ਗੰਨਾ, ਸਣ ਅਤੇ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਹੈ ।

ਹ. ਪੁ.—ਐਨ. ਅਮੇ. 8:278; ਵਿਜ਼ੀਬਲ ਰੀਜਨਜ਼ ਐਟਲਸ.

—ਵੀਰ ਸਿੰਘ

**ਕਵਾਨਜ਼ਾ ਨਾਰਟੇ** : ਅੰਗੋਲਾ ਦਾ ਇਹ ਇਕ ਪ੍ਰਬੰਧਕੀ ਡਿਸਟ੍ਰਿਕਟ ਹੈ ਜੋ ਗਿਆਰਾਂ ਮਿਉਂਸਪਲ ਕਮੇਟੀਆਂ ਵਿਚ ਵੰਡਿਆ ਹੋਇਆ ਹੈ ਅਤੇ ਵਿਲਾ ਸਾਲਾਜ਼ਾਰ ਇਸ ਦਾ ਸਦਰ ਮੁਕਾਮ ਹੈ । ਇਸ ਦਾ ਰਕਬਾ 27,106 ਵ. ਕਿ. ਮੀ. ਅਤੇ ਆਬਾਦੀ 298,062 (1970) ਹੈ । ਡਾਂਡੋ, ਲੁਕਾਲਾ ਅਤੇ ਕਵਾਂਜ਼ਾ ਦਰਿਆ ਇਸ ਨੂੰ ਸਿੰਜਦੇ ਹਨ । ਇਥੋਂ ਮੈਂਗਨੀਜ਼, ਲੋਹਾ ਅਤੇ ਕੋਲਾ ਨਿਕਲਦਾ ਹੈ । ਕੌਫ਼ੀ, ਸਿਸਲ, ਨਾਰੀਅਲ, ਤੰਬਾਕੂ, ਕਪਾਹ ਅਤੇ ਫਲੀਆਂ ਦੀ ਕਾਸ਼ਤ ਹੁੰਦੀ ਹੈ ।

ਹ. ਪੁ.—ਐਨ. ਬ੍ਰਿ. ਮਾ. 3 : 276

**ਕਵਾਫ਼ੀਸ** : ਇਸ ਯੂਨਾਨੀ ਕਵੀ ਦਾ ਜਨਮ 17 ਅਪ੍ਰੈਲ, 1863 ਨੂੰ ਅਲੈਗਜ਼ੈਂਡਰੀਆ ਵਿਖੇ ਹੋਇਆ । ਇਸ ਨੇ ਕਵਿਤਾ ਦੇ ਖੇਤਰ ਵਿਚ ਨਵੀਂ ਸ਼ੈਲੀ ਦਾ ਵਿਕਾਸ ਕੀਤਾ । ਇਸ ਨੇ ਨਾ ਕੇਵਲ ਯੂਨਾਨੀ ਕਵਿਤਾ ਨੂੰ ਸਗੋਂ ਸਾਰੇ ਯੂਰਪ ਨੂੰ ਇਕ ਨਵੇਂ ਢੰਗ ਦੀ ਕਾਵਿਕ ਸ਼ੈਲੀ ਪ੍ਰਦਾਨ ਕੀਤੀ। ਇਸ ਉੱਤੇ ਸਮਕਾਲੀ ਯੂਨਾਨੀ ਸਾਹਿਤ ਦਾ ਵਿਸ਼ੇਸ਼ ਪ੍ਰਭਾਵ ਨਹੀਂ ਸੀ ਪਿਆ । ਇਸ ਨੇ ਬਹੁਤ ਕੁਝ ਲਿਖਿਆ ਪਰ ਬਹੁਤ ਘਟ ਛਾਪਿਆ ਅਰਥਾਤ ਕੁਲ 200 ਕਵਿਤਾਵਾਂ ਛਪਵਾਈਆਂ । ਇਸ ਦੀਆਂ ਕਵਿਤਾਵਾਂ ਦੋ ਭਾਗਾਂ ਵਿਚ ਵੰਡੀਆਂ ਜਾ ਸਕਦੀਆਂ ਹਨ—ਪਹਿਲਾ ਭਾਗ

1910 ਤੋਂ ਪਹਿਲਾਂ ਦਾ, ਜਦੋਂ ਕਿ ਇਸ ਉੱਤੇ ਰੋਮਾਂਸਵਾਦੀਆਂ ਦਾ ਪ੍ਰਭਾਵ ਸੀ ਅਤੇ ਦੂਸਰਾ ਭਾਗ 1910 ਤੋਂ ਪਿਛੋਂ ਦਾ, ਜੋ ਇਸ ਦੀ ਲਿਖਤ ਦਾ ਵਧੀਆ ਕਾਲ ਹੈ । ਇਸ ਦੀ ਸ਼ੈਲੀ ਵਿਚ ਵਾਰਤਾਲਾਪ ਵਾਲਾ ਅੰਸ਼ ਪ੍ਰਧਾਨ ਹੈ ਅਤੇ ਯਥਾਰਥ ਦੇ ਨੇੜੇ ਹੈ । ਇਸ ਦੇ ਪ੍ਰੇਰਨਾ ਸ੍ਰੋਤ ਪਾਤਰ ਇਤਿਹਾਸ, ਧਰਮ ਅਤੇ ਰਾਜਨੀਤੀ ਨਾਲ ਸਬੰਧਤ ਹਨ। ਇਸ ਦੀ ਮੌਤ ਅਲੈਗਜ਼ੈਂਡਰੀਆ ਵਿਖੇ 29 ਅਪ੍ਰੈਲ, 1933 ਨੂੰ ਹੋਈ।

ਹ. ਪੁ.—ਐਨ. ਬ੍ਰਿ. 13 : 256.

**ਕਵਾਰਲਜ਼, ਫ਼ਰਾਂਸਿਸ :** ਇਸ ਅੰਗਰੇਜ਼ ਧਾਰਮਕ ਕਵੀ ਦਾ ਜਨਮ ਐਸੈਕਸ ਵਿਚ ਰਮਫਰਡ ਵਿਖੇ 8 ਮਈ, 1592 ਨੂੰ ਹੋਇਆ। ਸੰਨ 1609 ਵਿਚ ਇਸ ਨੇ ਡਿਗਰੀ ਪ੍ਰਾਪਤ ਕੀਤੀ। ਆਪਣਾ ਸਾਹਿਤਕ ਜੀਵਨ ਇਸ ਨੇ ਬਾਈਬਲ ਦੇ ਸ਼ੋਕਾਤਮਕ ਭਾਗਾਂ ਦੀ ਵਿਆਖਿਆ ਕਰਕੇ ਆਰੰਭਿਆ। ਇਸ ਦੀ ਪਹਿਲੀ ਲੜੀ 'ਏ ਫ਼ੀਸਟ ਫ਼ਾਰ ਵਰਮਜ਼',



ਫ਼ਰਾਂਸਿਸ ਕਵਾਰਲਜ਼

1620 ਵਿਚ ਛਪੀ । ਸੰਨ 1626 ਦੇ ਲਾਗੇ ਚਾਗੇ ਕਵਾਰਲਜ਼ ਆਇਰਲੈਂਡ ਗਿਆ, ਜਿਥੇ ਕਿ ਇਹ ਲਾਟ੍ਰੂਪਾਦਰੀ ਅਸ਼ਰ ਦਾ ਸਕੱਤਰ ਬਣ ਗਿਆ। ਇਥੇ ਹੀ ਇਸ ਨੇ ਆਪਣੀ ਧਰਮ-ਨਿਰਪੇਖ ਕ੍ਰਿਤ 'ਆਰਗੇਲਸ ਐਂਡ ਪਾਰਥੀਨੀਆ' (1629) ਮੁਕੰਮਲ ਕੀਤੀ। ਸੰਨ 1633 ਵਿਚ ਇਹ ਐਸੈਕਸ ਵਿਖੇ ਵੱਸ ਗਿਆ । ਸੰਨ 1635 ਵਿਚ ਛਪੀ 'ਐਬਲੈਮਜ਼' ਅਤੇ 1638 ਵਿਚ ਛਪੀ 'ਹਾਇਰੋਗਲਿਫਾਈਕਸ ਆਫ਼ ਦੀ ਲਾਈਫ਼ ਆਫ਼ ਮੈਨ' ਨੂੰ ਇਸ ਨੇ 'ਐਂਬਲੈਮਜ਼ ਐਂਡ ਹਾਇਰੋਗਲਿਫਾਈਕਸ' ਨਾਂ ਹੇਠ ਇਕੱਠੀਆਂ ਕਰਕੇ ਛਪਵਾਇਆ। ਇਹ ਪੁਸਤਕ 17ਵੀਂ ਸਦੀ ਦੀ ਕਵਿਤਾ ਦੀ ਸਭ ਤੋਂ ਜ਼ਿਆਦਾ ਹਰਮਨ ਪਿਆਰੀ ਪੁਸਤਕ ਬਣ ਗਈ।

ਕਵਾਰਲਜ਼ ਦੇ ਅੰਤਲੇ ਦਿਨ ਬੜੀ ਗਰੀਬੀ ਵਿਚ ਬੀਤੇ। ਇਹੀ ਕਾਰਨ ਹੈ ਕਿ 1640 ਈ. ਵਿਚ ਇਸ ਨੇ ਲੰਡਨ ਦੇ ਇਤਿਹਾਸਕਾਰ ਦੀ ਆਸਾਮੀ ਲੈ ਲਈ ਅਤੇ ਕਵਿਤਾ ਲਿਖਣੀ ਛੱਡ ਦਿੱਤੀ। ਇਸ ਦੀ ਪਹਿਲੀ ਗੱਦ-ਪੁਸਤਕ 'ਐਨਕਾਇਰਿਡੌਇਨ' (1640) ਵਿਚ ਛਪੀ, ਜਿਹੜੀ ਕਿ ਆਪਣੇ ਸਮੇਂ ਅਖਾਣਾਂ ਦੀ ਹਰਮਨ ਪਿਆਰੀ ਪੁਸਤਕ ਬਣੀ। ਇਸ ਨੂੰ ਬਾਦਸ਼ਾਹ ਦੀ ਵਫ਼ਾਦਾਰੀ ਅਤੇ 1664 ਵਿਚ ਇਕ ਪੈਂਫ਼ਲਿਟ 'ਦੀ ਲਾਇਲ ਕਨਵਰਟ' ਲਿਖਣ ਕਰਕੇ ਬੜੇ ਦੁੱਖ ਝੱਲਣੇ ਪਏ । ਇਸ ਦੀ ਮੌਤ 8 ਸਤੰਬਰ, 1644 ਨੂੰ ਹੋਈ।

ਹ. ਪੁ.—ਐਨ. ਬ੍ਰਿ. 18 : 933

**ਕਵਾਲਯੈਵਸਕੀ, (ਕਾਵਾਲਯੈਵਸਕੀ), ਅਲੈਗਜ਼ੈਂਡਰ ਅਨੁਫਰੀਵਿਚ :** ਰੂਸ ਦੇ ਇਸ ਪ੍ਰਾਣੀ-ਵਿਗਿਆਨੀ, ਜਿਸ ਨੇ ਤੁਲਨਾਤਮਕ ਭਰੂਣ-ਵਿਗਿਆਨ ਅਤੇ ਪ੍ਰਯੋਗਾਤਮਕ ਤੰਤੂ-ਵਿਗਿਆਨ ਦੀ ਨੀਂਹ ਰਖੀ, ਦਾ ਜਨਮ 19 ਨਵੰਬਰ,1840 ਨੂੰ ਡਵੀਂਸਕ ਦੇ ਨੇੜੇ ਸ਼ੁਸਤਿਆਂਕਾ (ਹੁਣ ਡਾਓਗਾਫ਼ਪੀਲਜ਼) ਲੈਟਵਿਆ ਵਿਖੇ (ਰੂਸ ਵਿਚ) ਹੋਇਆ । ਇਸ ਨੇ ਸਭ ਤੋਂ ਪਹਿਲਾਂ ਦੱਸਿਆ ਕਿ ਬਹੁ-ਸੈੱਲੇ ਪ੍ਰਾਣੀਆਂ ਦਾ ਵਿਕਾਸ ਇਕੋ ਤਰ੍ਹਾਂ ਹੀ ਹੁੰਦਾ ਹੈ। ਸੰਨ 1867 ਵਿਚ ਸੇਂਟ ਪੀਟਰਜ਼ਬਰਗ ਯੂਨੀਵਰਸਿਟੀ (ਹੁਣ ਲੈਨਿਨਗਰਾਡ ਸਟੇਟ ਯੂਨੀਵਰਸਿਟੀ) ਤੋਂ ਡੀ. ਐਸਸੀ. ਦੀ ਡਿਗਰੀ ਹਾਸਲ ਕੀਤੀ। ਇਸ ਨੇ ਲੈਨਿਨਗਰਾਡ ਸਟੇਟ, ਕਾਜ਼ਾਨ, ਕੀਯੈੱਫ ਤੇ ਓਡੈੱਸਾ ਯੂਨੀਵਰਸਿਟੀਆਂ ਵਿਚ ਪੜ੍ਹਾਇਆ । ਲਾਲ ਸਾਗਰ ਅਤੇ ਭੂ-ਮੱਧ ਸਾਗਰ ਦੇ ਕਿਨਾਰਿਆਂ ਤਕ ਇਸ ਨੇ ਲੰਮੀਆਂ ਯਾਤਰਾਵਾਂ ਕੀਤੀਆਂ। ਇਸ ਦੀਆਂ ਮੁੱਖ ਰਚਨਾਵਾਂ ਵਿਚੋਂ 'ਡਿਵੈਲਪਮੈਂਟ ਆਫ਼ ਐਂਫੀਆਕਸਸ ਲੈਂਸਿਓਲੇਟਸ' (1865), ਅਤੇ ਐਨਾਟਮੀ ਐਂਡ ਡਿਵੈਲਪਮੈਂਟ ਆਫ਼ ਫੋਰੋਨਿਸ (1887) ਜਗਤ-ਪ੍ਰਸਿੱਧ ਹਨ । ਇਹ ਸੰਨ 1890 ਵਿਚ ਰੂਸੀ ਅਕਾਦਮੀ ਆਫ਼ ਸਾਇੰਸ ਦਾ ਮੈਂਬਰ ਚੁਣਿਆ ਗਿਆ।

22 ਨਵੰਬਰ, 1901 ਨੂੰ ਪੀਟਰਜ਼ਬਰਗ (ਹੁਣ ਲੈਨਿਨਗਰਾਡ) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5 : 906

**ਕਵਿਤਾ :** ਇੰਜ ਜਾਪਦਾ ਹੈ ਕਿ ਕਵਿਤਾ ਦੀ ਉਤਪਤੀ ਜਾਦੂ-ਮੰਤਰਾਂ, ਧਾਰਮਕ ਸੰਸਕਾਰਾਂ ਬਾਰੇ ਮੰਤਰਾਂ ਅਤੇ ਮੁੱਢਲੇ ਕਬੀਲਿਆਂ ਦੇ ਲੈਆਤਮਕ ਤੇ ਸੰਗੀਤਾਤਮਕ ਢੰਗ ਅਨੁਸਾਰ ਸੁਣਾਈਆਂ ਲੋਕ ਗਾਥਾਵਾਂ ਤੇ ਹੋਈ ਹੋਵੇਗੀ। ਉਸ ਸਮੇਂ ਲੋਕ ਮਨ-ਇੱਛਿਤ ਘਟਨਾਵਾਂ ਦੇ ਵਾਪਰਨ ਲਈ ਜਾਦੂ ਟੂਣੇ ਕਰਦੇ ਸਨ। ਜੇਕਰ ਵਿਸ਼ਵ ਦੇ ਵੱਖ ਵੱਖ ਭਾਗਾਂ ਦੇ ਪ੍ਰਾਚੀਨ ਕਬੀਲਿਆਂ ਦੀ ਸੂਰਤ ਵਿਚ ਮਨੁੱਖ ਦੇ ਉਸ ਸਮੇਂ ਦੇ ਅਣ-ਲਿਖੇ ਸੀਨਾ-ਬ-ਸੀਨਾ ਚਲੇ ਆ ਰਹੇ ਸਾਹਿਤ ਨੂੰ ਵਿਚਾਰਿਆ ਜਾਵੇ ਤਾਂ ਇਉਂ ਜਾਪਦਾ ਹੈ ਕਿ ਕਵਿਤਾ ਦੇ ਮੁੱਢਲੇ ਇਤਿਹਾਸ ਵਿਚ ਹੀ ਸੰਕੇਤਾਂ ਦੀ ਬਿਲਕੁਲ ਸਹੀ ਵਰਤੋਂ ਅਤੇ ਸ਼ਬਦਾਵਲੀ ਦੇ ਵੱਖ-ਵੱਖ ਪੱਧਰਾਂ ਦਾ ਵਿਕਾਸ ਹੋਇਆ। ਜਿਥੇ ਕਈ ਸੂਰਤਾਂ ਵਿਚ ਇਹ ਇਸਤਰੀਆਂ ਦਾ ਬਾਂਝਪਣ ਦੂਰ ਕਰਨ, ਆਤਮ-ਸ਼ੁੱਧੀ ਅਤੇ ਰੂਹਾਂ ਨੂੰ ਵੱਸ ਵਿਚ ਕਰਨ ਵਾਸਤੇ ਇਕ ਪਵਿੱਤਰ ਅਤੇ ਗੁਪਤ ਕਲਾ ਸੀ, ਉਥੇ ਇਹ ਮਨ-ਪਰਚਾਵੇ ਦਾ ਵੀ ਇਕ ਸਾਧਨ ਸੀ।

ਜਦੋਂ ਕਵਿਤਾ ਧਾਰਮਕ-ਰਾਜਸੀ ਮਨੋਰਥਾਂ ਤੋਂ ਵੱਖ ਹੋ ਗਈ ਤਾਂ ਇਹ ਮਨੋਰੰਜਨ ਦੇ ਸਾਧਨ ਦੇ ਰੂਪ ਵਿਚ ਵਿਕਾਸ ਕਰਨ ਲਈ ਆਜ਼ਾਦ ਹੋ ਗਈ ਤੇ ਇਸ ਵਿਚ ਕੇਵਲ ਕਹਾਣੀ, ਧਾਰਮਕ ਸੰਸਕਾਰ, ਮੰਤਰ ਅਤੇ ਨਕਲੀ ਧਾਰਮਕ ਤੱਤ ਰਹਿ ਗਏ । ਕਵੀ, ਜਿਸ ਨੂੰ ਪਹਿਲਾਂ ਇਕ ਪੁਜਾਰੀ ਜਾਂ ਜਨੂੰਨੀ ਈਸ਼ਵਰ-ਭਗਤ ਦੇ ਤੌਰ ਤੇ ਸਨਮਾਨ ਦਿੱਤਾ ਜਾਂਦਾ ਸੀ, ਹੁਣ ਉਸ ਦੀ ਕਦਰ ਘੱਟ ਗਈ ਸੀ। ਭਾਵੇਂ ਹਾਲਾਂ ਵੀ ਉਸ ਦੇ ਕੰਮਾਂ ਦੀ ਮਹੱਤਤਾ ਨੂੰ ਧਿਆਨ ਵਿਚ ਰਖਦੇ ਹੋਏ, ਸਮਾਜ ਵਿਚ ਉਸ ਦਾ ਸਨਮਾਨ ਕਾਇਮ ਸੀ ਪ੍ਰੰਤੂ ਹੁਣ ਉਸ ਦੀ ਮਹੱਤਤਾ ਰੂਹਾਨੀ ਤਾਕਤਾਂ ਕਰਕੇ ਨਹੀਂ ਸਗੋਂ ਉਸ ਦੀਆਂ ਆਪਣੀਆਂ ਕਿਰਤਾਂ ਦੀ ਵਡਿਆਈ ਕਰਕੇ ਸੀ।

ਕਵੀ ਵਲੋਂ ਆਪਣੀ ਘਟੀ ਇੱਜ਼ਤ ਨੂੰ ਦੁਬਾਰਾ ਹਾਸਲ ਕਰਨ ਲਈ ਕੀਤੀਆਂ ਕੋਸ਼ਿਸ਼ਾਂ ਦੇ ਫਲਸਰੂਪ ਕਵਿਤਾ ਦੀਆਂ ਅਨੇਕ ਕਿਸਮਾਂ ਹੋਂਦ ਵਿਚ ਆਈਆਂ। ਇਸ ਤਰ੍ਹਾਂ ਕਵੀ ਦੀ ਇਸ ਧਾਰਨਾ ਕਰਕੇ ਕਿ ਸਲੀਕੇ ਅਤੇ ਚੱਜ-ਆਚਾਰ ਦੀ ਸਹੀ ਜਾਂਚ ਦਾ ਅਧਿਕਾਰ ਉਸੇ ਪਾਸ ਹੈ, ਵਿਅੰਗਾਤਮਕ ਕਵਿਤਾ ਦਾ ਮੁੱਢ ਬਝਿਆ। ਆਪਣੇ ਬਜ਼ੁਰਗਾਂ ਦੇ ਕੀਤੇ ਕਾਰਨਾਮਿਆਂ ਨੂੰ ਮੁੜ ਦੁਹਰਾਉਣ ਅਤੇ ਬੰਸਾਵਲੀਆਂ ਨੂੰ ਗਿਣਨ ਲਈ ਵੀਰਗਾਥਾ ਦੀ ਵਰਤੋਂ ਸ਼ੁਰੂ ਹੋਈ । ਕਵੀ ਆਪਣੇ ਆਪ ਨੂੰ ਸਾਰੇ ਸਭਿਆਚਾਰ ਦਾ ਇਤਿਹਾਸਕਾਰ, ਬੰਸਾਵਲੀ ਲੇਖਕ ਅਤੇ ਕਲਪਿਤ ਕਹਾਣੀਕਾਰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਸੀ । ਇਥੇ ਇਹ ਵੀ ਦਲੀਲ ਦਿੱਤੀ ਜਾ ਸਕਦੀ ਹੈ ਕਿ ਕਵੀ ਵਲੋਂ ਨਾਟਕ ਅਤੇ ਵਿਸ਼ੇਸ਼ ਕਰਕੇ ਧਾਰਮਕ ਨਾਟਕ ਲਿਖੇ ਜਾਣੇ ਵੀ ਉਸ ਵਲੋਂ ਆਪਣੇ ਘਟ ਚੁਕੇ

ਵਕਾਰ ਅਤੇ ਅਧਿਕਾਰ ਨੂੰ ਮੁੜ ਹਾਸਲ ਕਰਨ ਦੇ ਉਪਰਾਲੇ ਵਜੋਂ ਹੀ ਸੀ। ਇਸੇ ਤਰ੍ਹਾਂ ਕਵਿਤਾ ਦੀਆਂ ਹੋਰ ਕਈ ਕਿਸਮਾਂ ਅਤੇ ਵਿਸ਼ੇਸ਼ਤਾਈਆਂ ਦੇ ਹੋਂਦ ਵਿਚ ਆਉਣ ਨੂੰ ਵੀ ਕਵੀ ਦੇ ਇਨ੍ਹਾਂ ਯਤਨਾਂ ਨਾਲ ਜੋੜਿਆ ਜਾ ਸਕਦਾ ਹੈ ਕਿ ਇਹ ਪੜ੍ਹੇ ਲਿਖੇ ਤੇ ਸਭਿਅਕ ਸਮਾਜ ਵਿਚ ਵੀ ਆਪਣਾ ਉਹੋ ਸਥਾਨ ਅਤੇ ਤਾਕਤ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ ਲੱਗਿਆ ਹੋਇਆ ਹੈ, ਜੋ ਉਸ ਨੂੰ ਅਨਪੜ੍ਹ ਤੇ ਮੁੱਢਲੇ ਸਮਾਜ ਵਿਚ ਪ੍ਰਾਪਤ ਸੀ।

ਫਿਰ ਵੀ ਕਵਿਤਾ ਨੂੰ ਉਕਤ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਬਚੀ ਹੋਈ ਰਹਿੰਦ-ਖੂੰਹਦ ਕਹਿਣਾ ਠੀਕ ਨਹੀਂ। ਭਾਵੇਂ ਸਮਾਜ ਨਾਲ ਇਸ ਦਾ ਸਬੰਧ ਬਹੁਤ ਬਦਲ ਗਿਆ ਹੈ, ਪ੍ਰੰਤੂ ਇਸ ਨੂੰ ਨਗੂਣਾ ਨਹੀਂ ਸਮਝਿਆ ਜਾ ਸਕਦਾ। ਉਦਾਹਰਨ ਵਜੋਂ 18ਵੀਂ ਸਦੀ ਦੇ ਅੰਤ ਤੱਕ ਵੀ ਕਵਿਤਾ ਦਾ ਲੋਕ ਘਟਨਾਵਾਂ ਉੱਤੇ ਡੂੰਘਾ ਪ੍ਰਭਾਵ ਸੀ। ਵੀਹਵੀਂ ਸਦੀ ਦੀ ਕਵਿਤਾ ਰਾਜਸੀ ਪ੍ਰਸ਼ਾਸਨ ਦੀ ਪ੍ਰਸ਼ੰਸਾ ਨਾਲੋਂ ਇਕੱਲਿਆਂ ਪੜ੍ਹਨ ਲਈ ਵਧੇਰੇ ਮਹੱਤਤਾ ਰੱਖਦੀ ਹੈ। ਸਰਵ-ਅਧਿਕਾਰਵਾਦੀ ਰਾਜਾਂ ਵਿਚ ਕਵੀ ਦੀਆਂ ਕ੍ਰਿਤਾਂ ਨੂੰ ਮਾਣ ਭਾਵੇਂ ਵਧੇਰੇ ਮਿਲ ਜਾਂਦਾ ਹੈ ਪ੍ਰੰਤੂ ਉਸ ਪ੍ਰਤੀ ਸਨੇਹ ਬਹੁਤ ਘੱਟ ਹੁੰਦਾ ਹੈ। ਬਹੁਤ ਘੱਟ ਲੋਕ ਹੀ ਕਵਿਤਾ ਨੂੰ ਸਮਾਜਕ-ਗਿਆਨ-ਵਿਸ਼ਾ ਮੰਨਦੇ ਹਨ। ਵਧੇਰੇ ਇਸ ਨੂੰ ਜਾਂ ਤਾਂ ਕਵੀ ਦੇ ਨਿੱਜੀ ਅਨੁਭਵਾਂ ਨਾਲ ਹੀ ਜੋੜਦੇ ਹਨ ਜਾਂ ਇਸ ਨੂੰ ਡੂੰਘੀਆਂ ਅਮਰ ਸਚਾਈਆਂ ਨਾਲ ਜੋੜਦੇ ਹਨ। ਜਾਰਜ ਈਲੀਅਟ ਨੇ ਆਪਣੇ ਨਾਵਲ 'ਮਿਡਲ ਮਾਰਚ' (1872) ਵਿਚ ਇਨ੍ਹਾਂ ਸਾਰੇ ਵਿਚਾਰਾਂ ਨੂੰ ਬੜੀ ਸੁਚੱਜਤਾ ਨਾਲ ਇਉਂ ਸੰਯੋਜਿਤ ਕੀਤਾ ਹੈ: 'ਕਵੀ ਬਣਨ ਲਈ ਰੂਹ ਚਾਹੀਦੀ ਹੈ, ਜਿਸ ਵਿਚ ਧਿਆਨ ਸਹਿਜੇ ਹੀ ਅਨੁਭਵ ਵਿਚ ਬਦਲ ਜਾਂਦਾ ਹੈ ਅਤੇ ਅਨੁਭਵ ਮੁੜ ਇਕ ਨਵਾਂ ਹੀ ਗਿਆਨ ਬਣ ਕੇ ਨਿਕਲਦਾ ਹੈ।' ਇਸ ਵਿਆਖਿਆ ਅਨੁਸਾਰ ਕਵੀ ਦਾ ਦਰਜਾ ਇਕ ਸਿੱਧ ਪੁਰਸ਼ ਦੇ ਬਰਾਬਰ ਹੁੰਦਾ ਹੈ। ਵਰਡਜ਼ਵਰਥ ਅਤੇ ਕੋਲਰਿਜ ਦਾ ਵੀ ਇਹੋ ਵਿਚਾਰ ਸੀ। 19ਵੀਂ ਸਦੀ ਵਿਚ ਹਰਬਰਟ ਸਪੈਂਸਰ ਨੇ ਕਵਿਤਾ ਬਾਰੇ ਕਿਹਾ ਸੀ ਕਿ 'ਇਹ ਭਾਵੁਕ ਵਿਚਾਰਾਂ ਨੂੰ ਉੱਤਮ ਢੰਗ ਨਾਲ ਪ੍ਰਗਟਾਉਣ ਦੀ ਬੋਲਚਾਲ ਦੀ ਇਕ ਕਿਸਮ ਹੈ।'

ਜਦੋਂ ਮੈਥਿਊ ਆਰਨਲਡ ਨੇ ਕਵਿਤਾ ਬਾਰੇ ਇਹ ਵਿਚਾਰ ਪੇਸ਼ ਕੀਤਾ ਕਿ 'ਕਵਿਤਾ ਅਸਲ ਵਿਚ ਜੀਵਨ ਦੀ ਸਮਾਲੋਚਨਾ ਕਰਦੀ ਹੈ, ਤਾਂ ਟੀ. ਐਸ. ਈਲੀਅਟ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਵਿਚਾਰ ਦੀ ਨਿਖੇਧੀ ਕਰਦਿਆਂ ਹੋਇਆ ਕਿਹਾ ਸੀ ਕਿ 'ਆਰਨਲਡ ਤਾਂ ਇਹ ਵੀ ਕਹਿ ਸਕਦਾ ਹੈ ਕਿ ਈਸਾਈ ਭਗਤੀ ਅਸਲ ਵਿਚ ਈਸਾਈ ਮੱਤ ਅਨੁਸਾਰ ਤ੍ਰੈਪੱਖੀ ਸਮਾਲੋਚਨਾ ਕਰਨਾ ਹੈ।' ਕਵਿਤਾ ਬਾਰੇ ਆਰਨਲਡ ਅਤੇ ਈਲੀਅਟ ਵਿਚਲਾ ਵਿਰੋਧ ਹਮੇਸ਼ਾ ਚਲਦਾ ਆਇਆ ਹੈ। ਇਕ ਪੱਖ ਇਸ ਨੂੰ ਵਿਸ਼ਵ ਸਚਾਈਆਂ ਨੂੰ ਨਿਰੂਪਣ ਕਰਨ ਦਾ ਮਾਧਿਅਮ ਮੰਨਦਾ ਹੈ ਅਤੇ ਦੂਜੀ ਧਿਰ ਇਸ ਨੂੰ ਨਿਜੀ ਅਨੁਭਵਾਂ ਦੀ ਪ੍ਰਤਿਕ੍ਰਿਆ ਕਰਕੇ ਮੰਨਦੀ ਹੈ।

ਸਾਹਿਤ ਦਾ ਆਰੰਭਕ ਰੂਪ ਕਵਿਤਾ ਸੀ। ਵਾਰਤਕ ਵਿਚ ਰਚਨਾ ਤੋਂ ਪਹਿਲਾਂ ਰੋਮਾਂਸ ਜਾਂ ਕਹਾਣੀ ਤੇ ਨਾਟਕ ਵੀ ਛੰਦਬਧ ਰੂਪ ਵਿਚ ਲਿਖੇ ਜਾਂਦੇ ਸਨ। ਭਾਰਤ ਵਿਚ ਤਾਂ ਗਿਆਨ ਸਾਹਿਤ ਵੀ ਛੰਦਾ-ਬੰਦੀ ਵਿਚ ਰਚਿਆ ਜਾਂਦਾ ਸੀ।

ਕਾਵਿ-ਕਲਾ ਪੰਜ ਪ੍ਰਸਿੱਧ ਲਲਿਤ ਕਲਾਵਾਂ ਦੀ ਮੁਖੀ ਹੈ। ਰਾਗ ਨਿਰੋਲ ਸੂਖ਼ਮ ਕਲਾ ਹੈ। ਇਹ ਅਰਥ ਅਤੀਤ ਜਾਂ ਨਿਰਾਰਥਕ ਹੈ। ਕਵਿਤਾ ਪਦਾਰਥਕ ਤੇ ਸਾਰਥਕ ਹੈ, ਕਿਉਂਜੋ ਰਾਗ ਵਿਚ ਕੇਵਲ ਆਵਾਜ਼ਾਂ ਹੁੰਦੀਆਂ ਹਨ ਪਰ ਕਵਿਤਾ ਵਿਚ ਸ਼ਬਦ ਵੀ ਹੁੰਦੇ ਹਨ, ਜਿਨ੍ਹਾਂ ਦੇ ਕੁਝ ਅਰਥ ਵੀ ਨਿਕਲਦੇ ਹਨ। ਕਵਿਤਾ ਰਾਗ, ਸ਼ਿਲਪ-ਕਲਾ, ਮੂਰਤੀ-ਕਲਾ ਅਤੇ ਚਿਤਰਕਾਰੀ ਆਦਿ ਕਲਾਵਾਂ ਤੋਂ ਸਮੁੱਚੇ ਤੌਰ ਤੇ ਸਰਵੋਤਮ ਲਲਿਤ-ਕਲਾ ਮੰਨੀ ਜਾਂਦੀ ਰਹੀ ਹੈ।

ਕਵਿਤਾ ਦੀ ਆਰੰਭਕ ਅਵਸਥਾ ਵਿਚ ਛੰਦ ਦੀ ਹੋਂਦ ਬਹੁਤ ਜ਼ਰੂਰੀ ਸੀ। ਵਿਸ਼ਵ ਦੇ ਉਪਲਬਧ ਸਾਹਿਤ ਦੀ ਆਰੰਭਕ ਕਵਿਤਾ ਛੰਦਾ-ਬੰਦੀ ਵਿਚ ਮਿਲਦੀ ਹੈ; ਜਿਵੇਂ ਰਿਗਵੇਦ ਦੀਆਂ ਰਿਚਾਵਾਂ ਛੰਦਾਂ ਵਿਚ ਹੀ ਹਨ। ਦੇਵਤਿਆਂ ਦੀ ਉਸਤਤੀ, ਜਾਦੂ, ਟੂਣੇ ਦੇ ਮੰਤਰਾਂ, ਤੰਤਰਾਂ ਨਾਲ ਸਬੰਧਤ ਸਾਹਿਤ ਛੰਦਾ-ਬੰਦੀ ਵਿਚ ਮਿਲਦਾ ਹੈ। ਮਿ. ਗ੍ਰਿਫ਼ਥ ਦੇ ਲਿਖਣ ਅਨੁਸਾਰ ਰਿਗਵੇਦ ਦੀ ਮਹੱਤਤਾ ਕਵਿਤਾ ਪੱਖੋਂ ਵੀ ਹੈ ਅਤੇ ਇਤਿਹਾਸਕ ਪੱਖੋਂ ਵੀ।

**ਕਵਿਤਾ ਦੇ ਤੱਤ**—ਕਵਿਤਾ ਦੇ ਤਿੰਨ ਤੱਤ ਹਨ: ਭਾਵ, ਕਲਪਨਾ ਤੇ ਸੰਗੀਤ। ਅਫ਼ਲਾਤੂਨ ਦਾ ਕਥਨ ਹੈ ਕਿ ਕਵੀ ਦੀ ਆਤਮਾ ਵਿਚ ਕਲਾ-ਦੇਵੀਆਂ ਦਾ ਉਨਮਾਦ ਹੁੰਦਾ ਹੈ। ਉਹ ਮਨੁੱਖ ਦੀ ਭਾਵੁਕਤਾ ਨੂੰ ਪ੍ਰੇਰਦਾ ਹੈ। ਕਵਿਤਾ ਮਨੁੱਖ ਦੇ ਅੰਦਰਲੇ ਭਾਵਾਂ ਦੀ ਬਹੁਲਤਾ ਤੇ ਤੀਬਰਤਾ ਤੋਂ ਉਤਪੰਨ ਹੁੰਦੀ ਹੈ। ਹਾਊਸਮੈਨ ਅਨੁਸਾਰ ਕਵਿਤਾ ਦੀ ਵਿਸ਼ੇਸ਼ਤਾ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿਚ ਹੀ ਹੈ। ਕਵੀ ਨੇ ਜੋ ਕੁਝ ਮਹਿਸੂਸ ਕੀਤਾ ਹੈ, ਉਸ ਦੀ ਝਰਨਾਟ ਪਾਠਕ ਵਿਚ ਵੀ ਪੈਦਾ ਕਰ ਦੇਣਾ ਹੈ। ਕੀਟਸ ਕਹਿੰਦਾ ਹੈ ਕਿ ਕਵਿਤਾ ਆਪਣੀ ਉੱਤਮ ਅਧਿਕਤਾ ਦੇ ਕਾਰਨ ਆਨੰਦ ਦਿੰਦੀ ਹੈ। ਡਰਿੰਕਵਾਟਰ ਦਾ ਵਿਚਾਰ ਹੈ ਕਿ ਕਵਿਤਾ ਦਾ ਪ੍ਰਾਥਮਕ ਤੇ ਸਦੀਵੀ ਸਬੰਧ ਭਾਵਾਂ ਨਾਲ ਹੈ, ਜੋ ਇਸ ਪਰਿਵਰਤਨ-ਸ਼ੀਲ ਦੁਨੀਆਂ ਵਿਚ ਨਹੀਂ ਬਦਲਦੇ। ਕੋਲਰਿਜ ਦਾ ਵਾਕ ਹੈ ਕਿ ਮਹਾਨ ਕਵਿਤਾ ਸਾਡੇ ਮਨ ਵਿਚ ਭਾਵਾਂ ਦੀ ਅੰਤਲੀ ਤੇ ਨਿਰੰਤਰ ਧਾਰਾ ਪੈਦਾ ਕਰਦੀ ਹੈ, ਜੋ ਸਾਡੇ ਅੰਦਰ ਦੀਆਂ ਡੂੰਘੀਆਂ ਘਾਟੀਆਂ ਵਿਚ ਜਾ ਵਸਦੀ ਹੈ।

**ਪੰਜਾਬੀ ਕਵਿਤਾ**—ਪੰਜਾਬੀ ਕਵਿਤਾ ਆਪਣੇ ਵਰਤਮਾਨ ਸਰੂਪ ਵਿਚ ਨੌਂਵੀਂ-ਦਸਵੀਂ ਸਦੀ ਤੋਂ ਵਿਕਸਿਤ ਹੁੰਦੀ ਹੋਈ ਬਾਰ੍ਹਵੀਂ ਤੇਰ੍ਹਵੀਂ ਸਦੀ ਤੱਕ ਇਕ ਸੁਤੰਤਰ ਰੂਪ ਧਾਰਨ ਕਰ ਗਈ ਜਾਪਦੀ ਹੈ। ਨੌਂਵੀਂ-ਦਸਵੀਂ ਸਦੀ ਦੇ ਮੁਲਤਾਨ ਨਿਵਾਸੀ ਕਵੀ ਅੱਦੇ ਮਾਨ (ਅਬਦੁਰ ਰਹਮਾਨ) ਦੀ ਰਚਨਾ 'ਸਨੇਹ ਰਾਸਕ' ਵਿਚ 300 ਤੋਂ ਵਧੇਰੇ ਸ਼ਬਦ ਪੰਜਾਬੀ ਦੇ ਹਨ, ਜੋ ਥੋੜੇ ਬਹੁਤ ਭੇਦ ਨਾਲ ਅੱਜ ਤਕ ਪਰਚੱਲਿਤ ਹਨ।

**ਜੋਗੀਆਂ ਦੀ ਕਵਿਤਾ**—ਜੋਗੀਆਂ ਨੇ ਆਪਣੇ ਜੋਗ-ਸਬੰਧੀ ਅਨੁਭਵਾਂ, ਸਦਾਚਾਰਕ ਸਿਖਿਆ ਤੇ ਜੋਗ ਦੇ ਮਹੱਤਵ ਨੂੰ ਦਰਸਾਉਣ ਲਈ ਜੋ ਬਾਣੀ ਰਚੀ, ਉਸ ਵਿਚ ਵੀ ਪੰਜਾਬੀ ਸ਼ਬਦਾਵਲੀ ਉਪਲਬਧ ਹੈ। ਗੋਰਖ (940-1040), ਚਰਪਟ (890-990), ਪੂਰਨ ਜਾਂ ਚੌਰੰਗੀ ਨਾਥ (970 ਤੋਂ 1070 ਈ.) ਤੇ ਰਤਨ ਨਾਥ (1000-1120) ਭਾਵੇਂ ਹਠ-ਯੋਗੀ ਸਨ ਪਰ ਇਨ੍ਹਾਂ ਦੀ ਕਵਿਤਾ ਵਿਚ ਹਠ-ਯੋਗ ਦਾ ਪ੍ਰਚਾਰ ਨਹੀਂ ਲਭਦਾ, ਸਗੋਂ ਇੰਦਰੀ-ਨਿਰੋਧ, ਸਵੈ-ਕਾਬੂ ਤੇ ਸਦਾਚਾਰ ਦਾ ਪ੍ਰਚਾਰ ਲਭਦਾ ਹੈ। ਗਜ਼ਨੀ ਦੇ ਸਾਮਰਾਜ ਦੇ ਸਮੇਂ (1000 ਈ.) ਤੋਂ ਅਗਲੇ ਸੌ ਵਰ੍ਹੇ ਤੋਂ ਕੁਝ ਵਧ ਅਤੇ ਸ਼ੇਖ ਫ਼ਰੀਦ ਦੀ ਰਚਨਾ ਤੋਂ ਪਹਿਲਾਂ ਮੁਸਲਮਾਨ ਵਿਦਵਾਨਾਂ ਵਲੋਂ ਪੰਜਾਬੀ ਕਵਿਤਾ ਵਿਚ ਰਚਨਾ ਹੋਣ ਦੇ ਹਵਾਲੇ ਤਾਂ ਮਿਲਦੇ ਹਨ ਪਰ ਮੰਦੇ ਭਾਗਾਂ ਨੂੰ ਉਹ ਰਚਨਾਵਾਂ ਪ੍ਰਾਪਤ ਨਹੀਂ। ਇਨ੍ਹਾਂ ਉਲੇਖਾਂ ਤੋਂ ਸਾਨੂੰ ਇਹ ਸਮਝਣ ਵਿਚ ਸਹਾਇਤਾ ਜ਼ਰੂਰ ਮਿਲਦੀ ਹੈ ਕਿ ਕਿਵੇਂ ਨੌਂਵੀਂ ਸਦੀ ਤੋਂ ਚੱਲ ਕੇ ਤੇਰ੍ਹਵੀਂ ਸਦੀ ਅਰਥਾਤ ਸ਼ੇਖ ਫ਼ਰੀਦ ਦੇ ਸਮੇਂ ਤਕ ਪੰਜਾਬੀ ਕਵਿਤਾ ਆਪਣਾ ਸਾਹਿਤਕ ਸਰੂਪ ਸਥਾਪਤ ਕਰ ਚੁਕੀ ਸੀ।

**ਲੋਕ-ਗੀਤ**—ਇਨ੍ਹਾਂ ਗੀਤਾਂ ਦੀਆਂ ਕਈ ਕਿਸਮਾਂ ਤੇ ਕਈ ਰੂਪ ਹਨ ਜਿਨ੍ਹਾਂ ਵਿਚੋਂ ਪਿਆਰ ਗੀਤਾਂ ਨੂੰ ਸਭ ਤੋਂ ਵਧ ਮਹਾਨਤਾ ਪ੍ਰਾਪਤ ਹੈ। ਪਿਆਰ-ਗੀਤਾਂ ਵਿਚੋਂ ਵੀ ਵਿਯੋਗ-ਸ਼ਿੰਗਾਰ ਗੀਤ ਜ਼ਿਆਦਾ ਮਹੱਤਵਪੂਰਨ ਹਨ। ਦੂਜੇ ਦਰਜੇ ਤੇ ਸੰਜੋਗ-ਪਿਆਰ ਤੇ ਤੀਜੇ ਦਰਜੇ ਦੇ ਵਖੋ ਵੱਖ ਮਿੱਠੇ ਤੇ ਕੌੜੇ ਜੀਵਨ ਅਨੁਭਵ ਤੇ ਸਮਾਜਕ ਰਸਮ-ਰਿਵਾਜਾਂ ਨਾਲ ਸਬੰਧਤ ਗੀਤ ਹਨ, ਜਿਵੇਂ ਵਿਆਹ, ਜਨਮ, ਮੌਤਾਂ ਤੇ ਹੋਰ ਸ਼ਗਨਾਂ ਆਦਿ ਦੇ ਗੀਤ। ਇਹ ਲੋਕ ਭਾਵ ਕਈ ਰੂਪਾਂ ਤੇ ਸੰਚਿਆਂ

ਵਿਚ ਢਲੇ ਹਨ, ਜਿਵੇਂ ਖੁੱਲ੍ਹੇ ਡੁੱਲ੍ਹੇ ਗੀਤ, ਸਿਠਣੀਆਂ, ਘੋੜੀਆਂ, ਬਾਰਾਮਾਹੇ, ਅਠਵਾਰੇ, ਸੀਹਰਫ਼ੀਆਂ ਆਦਿ। ਇਨ੍ਹਾਂ ਸਾਹਿਤ ਰੂਪਾਂ ਦੇ ਅਵੱਸ਼ ਕੋਈ ਨਾ ਕੋਈ ਸੋਮੇ ਹਨ।

ਲੋਕ-ਵਾਰਾਂ ਪੰਜਾਬੀ ਲੋਕ-ਸਾਹਿਤ ਦੀਆਂ ਪੂਰਵ-ਨਾਨਕ ਕਾਲ ਦੀਆਂ ਪੁਰਤਾਨ ਵਾਰਾਂ ਦੀ ਹੋਂਦ ਦਾ ਪਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਧੁਨੀਆਂ ਤੋਂ ਮਿਲਦਾ ਹੈ, ਜਿਵੇਂ 'ਰਾਏ ਕਮਾਲ', 'ਟੁੰਡੇ ਅਸਰਾਜੇ, 'ਸਕੰਦਰ ਇਬਰਾਹੀਮ', 'ਲਲਾ ਬਹਿਲੀਮਾ', 'ਹਸਨੇ ਮਹਿਮੇ', 'ਮੂਸੇ', 'ਜੋਧੇ','ਕੈਲਾਸ਼','ਮਾਲਦੇਵ' ਦੀਆਂ ਵਾਰਾਂ ਆਦਿ। ਇਨ੍ਹਾਂ ਦੀ ਬੋਲੀ ਨਿਰੋਲ ਪੰਜਾਬੀ ਹੈ ਤੇ ਇਹ ਅਧ-ਪੜ੍ਹੇ ਭੱਟਾਂ ਦੀਆਂ ਕਿਰਤਾਂ ਜਾਪਦੀਆਂ ਹਨ। ਹੋ ਸਕਦਾ ਹੈ ਕਿ ਇਹ ਲੋਕ-ਕਾਵਿ-ਰੂਪ ਪੰਜਾਬੀਆਂ ਦੀ ਦੇਣ ਹੀ ਹੋਵੇ ਜਾਂ ਇਹ ਵੀ ਸੰਭਵ ਹੈ ਕਿ ਰਾਜਸਥਾਨੀ ਡਿੰਗਲ ਜਾਂ ਪਿੰਗਲ ਸਾਹਿਤ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਹੋਵੇ ਜੋ ਚਾਰਣ ਕਵੀਆਂ ਦੀ ਦੇਣ ਹੈ। ਬੀਰਤਾ ਦੀ ਉਪਾਸਨਾ ਹੀ ਲੋਕ ਵਾਰਾਂ ਦਾ ਸੋਮਾ ਹੈ।

**ਪੂਰਵ ਨਾਨਕ ਕਾਲ ਦੀ ਪੰਜਾਬੀ ਕਵਿਤਾ**—ਇਸ ਕਾਲ ਦਾ ਪ੍ਰਸਿਧ ਤੇ ਮੁਖੀ ਕਵੀ ਬਾਬਾ ਫ਼ਰੀਦ ਹੈ। ਫ਼ਰੀਦ ਦੀ ਬੋਲੀ ਨਿਰੋਲ ਪੰਜਾਬੀ ਹੈ, ਜਿਸਨੇ ਉਨ੍ਹਾਂ ਦੀ ਕਵਿਤਾ ਨੂੰ ਮਿਠਾਸ ਪ੍ਰਦਾਨ ਕੀਤੀ ਹੈ। ਇਸ ਦੀ ਬਿੰਬਾਵਲੀ ਸੰਤ-ਬਾਣੀ ਵਾਲੀ ਹੈ। ਫ਼ਰੀਦ ਨੇ ਸਿਧਾਂਤਕ ਸ਼ਬਦਾਵਲੀ ਵੀ ਭਾਰਤੀ ਚਿੰਤਨ ਜਾਂ ਸਾਧਨਾਂ ਤੋਂ ਲਈ ਹੈ।

ਪੰਜਾਬ ਤੋਂ ਬਾਹਰ ਦੇ ਭਗਤ ਕਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੈਰ ਪੰਜਾਬੀ ਭਗਤਾਂ ਦੀ ਬਾਣੀ ਸੰਕਲਿਤ ਕੀਤੀ ਹੋਈ ਹੈ, ਜਿਸ ਵਿਚ ਪੰਜਾਬੀ ਸ਼ਬਦਾਵਲੀ ਦੀ ਪ੍ਰਧਾਨਤਾ ਹੈ। ਕਬੀਰ ਤੇ ਰਵਿਦਾਸ ਦੋਵੇਂ ਸਮਕਾਲੀ ਸਨ। ਰਾਮਾ ਨੰਦ ਯੂ. ਪੀ. (ਜਨਮ 1017 ਈ.), ਪਰਮਾਨੰਦ ਬੰਬਈ, ਨਾਮਦੇਵ ਮਹਾਰਾਸ਼ਟਰ, ਤ੍ਰਿਲੋਚਨ ਮਹਾਰਾਸ਼ਟਰ, ਧੰਨਾ ਰਾਜਪੂਤਾਨਾ, ਬੇਣੀ ਰਾਜਪੂਤਾਨਾ, ਸੈਣ ਤੇ ਭੀਖਣ ਯੂ. ਪੀ, ਜੈਦੇਵ ਬੰਗਾਲ, ਪੀਪਾ ਯੂ. ਪੀ., ਸਦਨਾ ਸਿੰਧ ਅਤੇ ਸੂਰਦਾਸ ਅਵਧ ਦਾ ਰਹਿਣ ਵਾਲਾ ਸੀ। ਇਨ੍ਹਾਂ ਭਗਤਾਂ ਦਾ ਮੁਖ ਪ੍ਰੇਰਨਾ-ਸ੍ਰੋਤ ਭਾਰਤੀ ਰਹੱਸਵਾਦੀ ਤੇ ਦਾਰਸ਼ਨਿਕ ਚਿੰਤਨ ਧਾਰਾ ਸੀ। ਪੰਜਾਬੀਪਨ ਕਬੀਰ ਤੇ ਨਾਮਦੇਵ ਵਿਚ ਵਧ ਹੈ।

**ਗੁਰੂ ਨਾਨਕ ਕਾਲ ਦੀ ਕਵਿਤਾ**—ਇਸ ਕਾਲ ਦੀ ਧਾਰਮਕ ਤੇ ਰਹੱਸਵਾਦੀ ਕਵਿਤਾ ਨੂੰ ਛੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :—

1. ਸ੍ਰੀ ਗੁਰੂ ਨਾਨਕ ਸਾਹਿਬ ਦੀ ਅਧਿਆਤਮਕ ਕਵਿਤਾ ;
2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਗੁਰੂ ਸਾਹਿਬਾਨ ਦੀ ਕਵਿਤਾ ;
3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਘਰ ਦੇ ਨਿਕਟਵਰਤੀ ਮਹਾਂਪੁਰਸ਼ਾਂ ਦੀ ਕਵਿਤਾ,
4. ਭਾਈ ਗੁਰਦਾਸ ਦੀ ਕਵਿਤਾ ਤੇ ਹੋਰ ਸਿੱਖਾਂ ਦੀ ਕਵਿਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ;
5. ਗੁਰੂ ਗੋਬਿੰਦ ਸਿੰਘ ਜੀ ਦੀ ਦਸਮ ਗ੍ਰੰਥ ਵਿਚ ਦਰਜ ਕਵਿਤਾ ;
6. ਦਸਮ ਗੁਰੂ ਜੀ ਦੇ ਦਰਬਾਰੀ ਕਵੀਆਂ ਦੀ ਕਵਿਤਾ ॥

ਇਸ ਕਾਲ ਦੀ ਸਮੁੱਚੀ ਕਵਿਤਾ ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਭਾਵ ਹੈ। ਗੁਰੂ ਨਾਨਕ ਜੀ ਦੇ ਦਾਰਸ਼ਨਿਕ ਵਿਚਾਰਾਂ ਦੇ ਸਪਸ਼ਟੀਕਰਣ, ਸਰਲੀਕਰਣ ਤੇ ਵਿਸਥਾਰ ਦੇ ਦਰਸ਼ਨ ਬਾਕੀ ਗੁਰੂ ਸਾਹਿਬਾਨ ਦੀ ਬਾਣੀ 'ਚੋਂ ਹੁੰਦੇ ਹਨ। ਗੁਰੂ ਨਾਨਕ ਦੇਵ ਵਾਲੇ ਕਾਵਿ-ਰੂਪ ਮਗਰਲੇ ਗੁਰੂ ਸਾਹਿਬਾਨ ਨੇ ਅਪਣਾਏ ਅਤੇ ਉਨ੍ਹਾਂ ਵਾਂਗ ਸਾਰੀ ਰਚਨਾ ਰਾਗਾਂ ਵਿਚ ਕੀਤੀ। ਜਿਥੋਂ ਤਕ ਰਹੱਸਵਾਦੀ-ਬਿੰਬਾਵਲੀ ਤੇ ਅਲੰਕਾਰਾਂ ਅਤੇ ਸਿਧਾਂਤਕ ਸ਼ਬਦਾਵਲੀ ਦਾ ਸਬੰਧ ਹੈ, ਸਾਰੇ ਗੁਰੂ ਸਾਹਿਬਾਨ ਵਿਚ ਸਾਂਝ ਦੇਖੀ ਜਾ ਸਕਦੀ ਹੈ। ਇਸ ਕਾਲ ਦੇ ਸਿਖ ਕਵੀਆਂ ਵਿਚ ਬੁਨਿਆਦੀ ਸਿਧਾਂਤਕ ਵਿਚਾਰ ਗੁਰੂ ਨਾਨਕ ਸਾਹਿਬ ਵਾਲੇ ਹੀ ਹਨ।

ਗੁਰੂ ਨਾਨਕ ਦੇਵ ਜੀ ਦੇ ਕਾਵਿ-ਰੂਪਾਂ ਦੇ ਸੋਮੇ ਵਿਸ਼ੇਸ਼ ਕਰਕੇ ਦੋ ਹਨ—ਭਾਰਤੀ ਸਾਹਿਤਧਾਰਾ ਵਿਚ ਪ੍ਰਚੱਲਿਤ ਕਾਵਿ-ਰੂਪ ਅਤੇ ਪੰਜਾਬ ਵਿਚ ਪ੍ਰਚੱਲਿਤ ਲੋਕ-ਕਾਵਿ। ਉਨ੍ਹਾਂ ਆਪਣੀ ਬਾਣੀ ਨੂੰ ਛੰਦਾਂ, ਵਾਰਾਂ, ਪਹਿਰਿਆਂ, ਅਲਾਹੁਣੀਆਂ ਆਦਿ ਕਾਵਿ-ਰੂਪਾਂ ਵਿਚ ਢਾਲਿਆ। ਪੱਟੀ, ਗੋਸ਼ਟਿ, ਬਾਰਾਮਾਹ, ਥਿਤੀ, ਬਾਵਨ-ਅੱਖਰੀ ਆਦਿ ਦੇ ਕਾਵਿ-ਰੂਪ ਲੌਕਿਕ ਵੀ ਸਨ ਤੇ ਕਿਤਾਬੀ ਵੀ। ਗੁਰੂ ਨਾਨਕ ਸਾਹਿਬ ਦੇ ਛੰਦ ਵੀ ਵਧੇਰੇ ਲੋਕ ਕਵਿਤਾ ਦੇ ਨੇੜੇ ਹਨ, ਜਿਨ੍ਹਾਂ ਨੂੰ ਬੜੀ ਸੁਤੰਤਰਤਾ ਨਾਲ ਅਪਨਾਇਆ ਗਿਆ ਹੈ। ਸ਼ਲੋਕ ਤੇ ਪਦਿਆਂ ਦੇ ਵੀ ਸਿੱਕੇ-ਬੰਦ ਰੂਪ ਉਨ੍ਹਾਂ ਨਹੀਂ ਅਪਨਾਏ, ਸਗੋਂ ਬੜੇ ਨਵੇਂ ਤਜਰਬੇ ਟਕਸਾਲੀ ਕਾਵਿ ਰੂਪਾਂ ਵਿਚ ਵੀ ਕੀਤੇ ਹਨ। ਪਉੜੀ, ਕਾਫੀ ਆਦਿ ਛੰਦ-ਰੂਪਾਂ ਦੀ ਵੀ ਆਪ ਨੇ ਵਰਤੋਂ ਕੀਤੀ ਹੈ। ਸਿਰੀ, ਮਾਝ, ਆਸਾ, ਗੁਜਰੀ, ਵਡਹੰਸ, ਸੋਰਠ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲ੍ਹਾਰ ਤੇ ਪਰਭਾਤੀ ਰਾਗ ਗੁਰੂ ਨਾਨਕ ਸਾਹਿਬ ਨੇ ਵਰਤੇ ਹਨ। ਇਨ੍ਹਾਂ ਦੀ ਸਾਰੀ ਸਿਧਾਂਤਕ ਸ਼ਬਦਾਵਲੀ ਵੀ ਪੂਰਵ-ਕਾਲੀ ਸਾਹਿਤ ਵਿਚੋਂ ਹੀ ਲਈ ਗਈ ਹੈ। ਮਿਥਿਹਾਸਕ ਚਿੰਨ੍ਹਵਾਦ ਇਨ੍ਹਾਂ ਸਾਰਿਆਂ ਨੇ ਬਹੁਤ ਕਰਕੇ ਭਾਰਤੀ ਪਰ ਕਿਤੇ ਕਿਤੇ ਇਸਲਾਮੀ ਵੀ ਲਏ। ਇਨ੍ਹਾਂ ਦੀ ਬੋਲੀ ਮਿਲਗੋਭਾ ਸੰਤ-ਭਾਖਾ ਸੀ, ਜਿਸ ਵਿਚ ਵਧੇਰੇ ਅੰਸ਼ ਪ੍ਰਾਕ੍ਰਿਤ ਤੇ ਸੰਸਕ੍ਰਿਤ ਦਾ ਹੀ ਸੀ ਤੇ ਕਿਰਿਆਵਾਂ ਅਪਭ੍ਰੰਸ਼ ਦੀਆਂ ਤੇ ਨਾਲ ਕਿਤੇ ਕਿਤੇ ਫ਼ਾਰਸੀ-ਅਰਬੀ ਸ਼ਬਦਾਵਲੀ ਦਾ ਪ੍ਰਯੋਗ ਵੀ ਕੀਤਾ ਹੈ ਪਰ ਪ੍ਰਧਾਨਤਾ ਸਥਾਨਕ ਪੰਜਾਬੀ ਬੋਲੀ ਨੂੰ ਦਿਤੀ ਹੈ। ਇਨ੍ਹਾਂ ਨੇ ਮੌਲਿਕ ਅਲੰਕਾਰ ਤੇ ਮੌਲਿਕ ਸ਼ੈਲੀ ਨੂੰ ਵੀ ਜਨਮ ਦਿਤਾ ਹੈ।

ਗੁਰੂ ਜੀ ਨੇ ਮੂਲ ਵਿਚਾਰ ਹਿੰਦੂ ਦਰਸ਼ਨ ਦੇ ਅਪਣਾਏ ਹਨ ਪਰ ਇੰਨ ਬਿੰਨ ਉਨ੍ਹਾਂ ਦਾ ਵਿਸਥਾਰ ਆਪਣੀ ਬਾਣੀ ਵਿਚ ਉਸੇ ਤਰ੍ਹਾਂ ਨਹੀਂ ਕੀਤਾ ਜਿਵੇਂ ਉਹ ਪੁਰਾਤਨ ਪੁਸਤਕਾਂ ਵਿਚ ਮਿਲਦਾ ਹੈ।

ਪੰਜਾਬ ਦੇ ਭਗਤ ਤੇ ਫ਼ਕੀਰ ਕਵੀ ਗੁਰੂ ਸਾਹਿਬਾਨ ਤੇ ਗੁਰੂ ਘਰ ਦੇ ਨਿਕਟ-ਵਰਤੀ ਸਿੱਖਾਂ ਦੀ ਰਚਨਾ ਤੋਂ ਛੁੱਟ ਵੀ ਇਸ ਕਾਲ ਵਿਚ ਢੇਰ ਸਾਰਾ ਭਗਤੀ-ਕਾਵਿ ਰਚਿਆ ਗਿਆ। ਇਹ ਰਚਨਾ ਡਾ. ਮੋਹਣ ਸਿੰਘ ਜੀ ਦੀ ਲੱਭਤ ਅਨੁਸਾਰ, ਹਿਰਦਾ ਰਾਮ, ਛੱਜੂ, ਜੱਲ੍ਹਣ, ਵਲੀ ਰਾਮ, ਬਾਬਾ ਲਾਲ, ਬਾਬਾ ਦਿਆਲ ਦਾਸ, ਬਾਬਾ ਕਾਹਨਾ, ਚਤਰ ਦਾਸ ਆਦਿ ਹਿੰਦੂ ਭਗਤ ਕਰ ਰਹੇ ਸਨ ਤੇ ਬਹੁਤ ਸਾਰੇ ਸੂਫ਼ੀ ਫਕੀਰ ਜਿਵੇਂ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ, ਵਜ਼ੀਦ, ਸ਼ਾਹ ਸ਼ਰਫ, ਸ਼ਾਹ ਲਤੀਫ, ਮੁਕਬਲ, ਬਰਖ਼ੁਰਦਾਰ ਆਦਿ ਰਹੱਸਵਾਦੀ ਕਵਿਤਾ ਲਿਖ ਰਹੇ ਸਨ।

ਇਨ੍ਹਾਂ ਸਾਰੇ ਭਗਤਾਂ ਤੇ ਫ਼ਕੀਰ ਕਵੀਆਂ ਦਾ ਉਦੇਸ਼ ਸੀ, ਮਨੁੱਖ ਨੂੰ ਮੋਹ ਮਾਇਆ, ਵਿਸ਼ੇ-ਵਿਕਾਰਾਂ ਆਦਿ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਨਾ ਦੇਣਾ ਤੇ ਪਰਮਾਤਮਾ ਦੀ ਭਗਤੀ ਕਰਨ ਲਈ ਉਤਸ਼ਾਹਿਤ ਕਰਕੇ ਪਰਮਾਤਮਾ ਨਾਲ ਇਕ-ਮਿਕਤਾ ਪ੍ਰਾਪਤ ਕਰਨ ਲਈ ਤਿਆਰ ਕਰਨਾ।

ਸਿੰਗਾਰ-ਕਾਵਿ ਤੇ ਪ੍ਰੇਮ-ਕਥਾ-ਕਾਵਿ 1708 ਈ. ਤਕ ਕਿੱਸਿਆਂ ਦੇ ਰੂਪ ਵਿਚ ਸ਼ਿੰਗਾਰ ਤੇ ਪ੍ਰੇਮ-ਕਹਾਣੀਆਂ ਵੀ ਕਾਫ਼ੀ ਮਾਤਰਾ ਵਿਚ ਲਿਖੀਆਂ ਜਾ ਚੁਕੀਆਂ ਸਨ। ਅਕਬਰ ਦੇ ਸਮਕਾਲੀ ਦਮੋਦਰ ਨੇ 'ਹੀਰ' ਲਿਖ ਕੇ ਇਸ ਪ੍ਰਕਾਰ ਦੇ ਕਾਵਿ ਦਾ ਪੰਜਾਬੀ ਸਾਹਿਤ ਆਰੰਭ ਕਰ ਦਿਤਾ। ਪੀਲੂ ਨੇ ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿਖਿਆ, ਹਾਫ਼ਜ਼ ਬਰਖ਼ੁਰਦਾਰ ਨੇ (1) ਸੱਸੀ ਪੁੰਨੂੰ, (2) ਮਿਰਜ਼ਾ ਸਾਹਿਬਾਂ, (3) ਯੂਜ਼ਫ਼ ਜ਼ੁਲੇਖਾਂ ਦੇ ਕਿੱਸੇ ਨਜ਼ਮਾਏ ਤੇ ਅਹਿਮਦ ਨੇ ਇਸੇ ਸਮੇਂ 'ਹੀਰ' ਦਾ ਕਿੱਸਾ ਲਿਖਿਆ।

ਇਨ੍ਹਾਂ ਕਿੱਸਿਆਂ ਦੀ ਭਾਸ਼ਾ ਪੰਜਾਬੀ ਹੈ। ਹਿੰਦੂ ਕਿੱਸਾਕਾਰਾਂ ਦੀ ਸ਼ਬਦਾਵਲੀ ਉਤੇ ਸੰਸਕ੍ਰਿਤ ਆਦਿ ਭਾਰਤੀ ਭਾਸ਼ਾਵਾਂ ਦਾ ਅਤੇ ਮੁਸਲਮਾਨ ਕਵੀਆਂ ਦੀ ਭਾਸ਼ਾ ਉਤੇ ਅਰਬੀ-ਫ਼ਾਰਸੀ ਬਦੇਸ਼ੀ ਭਾਸ਼ਾਵਾਂ ਦਾ ਡੂੰਘਾ

ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਇਹ ਭਾਸ਼ਾ ਪ੍ਰਚੱਲਿਤ ਲੋਕ ਭਾਸ਼ਾ ਦੇ ਬਹੁਤ ਨੇੜੇ ਹੈ, ਜਿਸ ਕਾਰਨ ਪੰਜਾਬੀਆਂ ਦਾ ਇਸ ਕਿੱਸਾ-ਕਾਵਿ ਨਾਲ ਬਹੁਤ ਸਨੇਹ ਹੈ।

1800 ਤੋਂ 1850 ਤਕ ਦੀ ਪੰਜਾਬੀ ਕਵਿਤਾ ਇਸ ਸਮੇਂ ਵਿਚ ਸਿੱਖਾਂ ਦੀ ਚੜ੍ਹਦੀ ਕਲਾ ਤੇ ਰਾਜ ਸਥਾਪਤੀ ਲਈ ਕੀਤੇ ਯੁੱਧਾਂ ਨੂੰ ਬੜੀ ਰੂਹ ਨਾਲ ਕਵੀਆਂ ਨੇ ਆਪਣੀ ਕਵਿਤਾ ਵਿਚ ਬਿਆਨਿਆ ਹੈ। ਦਿਆਲ ਸਿੰਘ, ਅਣਦ, ਕਾਦਰਯਾਰ, ਨਿਹਾਲ ਸਿੰਘ ਆਦਿ ਕਵੀਆਂ ਨੇ ਸਿੱਖਾਂ ਦੀ ਬਹਾਦਰੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਗੁਣ ਗਾਏ ਹਨ। ਸ਼ਾਹ ਮੁਹੰਮਦ 'ਜੰਗਨਾਮਾ' ਲਿਖ ਕੇ ਅਮਰ ਹੋ ਗਿਆ।

1850 ਤੋਂ 1900 ਤਕ ਦੀ ਪੰਜਾਬੀ ਕਵਿਤਾ, ਪੰਜਾਬੀ ਕਵਿਤਾ ਦੀ ਇਕ ਹਜ਼ਾਰ ਸਾਲ ਦੀ ਉਮਰ ਵਿਚ ਕਦੇ ਵੀ ਇਕ ਸੌ ਸਾਲ ਵਿਚ ਪੰਜਾਬੀ ਕਵਿਤਾ ਨੇ ਇੰਨੀ ਤੇਜ਼ੀ ਨਾਲ ਤਰੱਕੀ ਨਹੀਂ ਕੀਤੀ, ਜਿੰਨੀ ਤੇਜ਼ੀ ਨਾਲ ਪਿਛਲੇ ਸੌ ਸਾਲ ਵਿਚ ਕੀਤੀ ਹੈ। ਇਹ ਸੌ ਸਾਲ ਦਾ ਸਮਾਂ ਹੋਣੀਆਂ ਭਰਿਆ ਸਮਾਂ ਸੀ। ਇਸੇ ਸੌ ਸਾਲ ਵਿਚ ਪੰਜਾਬ ਗ਼ੁਲਾਮ ਹੋਇਆ। ਇਸੇ ਸੌ ਸਾਲ ਦੇ ਸਮੇਂ ਵਿਚ ਆਜ਼ਾਦੀ ਅਤੇ ਸਮਾਜਕ ਸੁਧਾਰ ਲਈ ਅੰਦੋਲਨ ਚਲੇ। ਇਸੇ ਸੌ ਸਾਲ ਵਿਚ ਦੇਸ਼ ਆਜ਼ਾਦ ਹੋਇਆ। ਇਸੇ ਸੌ ਸਾਲ ਦੇ ਅਰਸੇ ਵਿਚ ਪੰਜਾਬੀ ਸਾਹਿਤ ਦੁਨੀਆਂ ਦੀ ਸਭ ਤੋਂ ਅਮੀਰ ਜ਼ਬਾਨ ਅੰਗਰੇਜ਼ੀ ਦੇ ਸਾਹਿਤ ਦੇ ਪ੍ਰਭਾਵ ਹੇਠ ਆਇਆ। ਇਹ ਪ੍ਰਭਾਵ ਹੋਰ ਭਾਸ਼ਾਵਾਂ ਨਾਲੋਂ ਜ਼ਿਆਦਾ ਸੀ। ਇਕ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਤੇ ਦੂਜੇ ਦੇਸ਼ ਦੀਆਂ ਸਮਾਜੀ, ਰਾਜਸੀ ਤੇ ਆਰਥਕ ਲਹਿਰਾਂ ਨੇ ਪੰਜਾਬੀ ਸਾਹਿਤ ਦੀ ਸਮਰੱਥਾ ਤੇ ਸੰਭਾਵਨਾਵਾਂ ਨੂੰ ਵਧਾਇਆ। ਪੰਜਾਬੀ ਕਵਿਤਾ ਦੇ ਖੇਤਰ ਵਿਚ ਨਿੱਜੀ ਅਨੁਭਵ, ਨਿੱਜੀ ਭਾਵਾਂ ਦੀ ਅੰਤਰਮੁਖੀ ਕਵਿਤਾ ਲਿਖਣ ਦਾ ਰਿਵਾਜ ਵਧਿਆ। ਪ੍ਰੋ. ਪੂਰਨ ਸਿੰਘ ਦੀ ਰੋਮਾਂਟਿਕ ਕਵਿਤਾ, ਮੋਹਨ ਸਿੰਘ ਦੀ ਇਸਤਰੀ ਦੇ ਹੁਸਨ ਅਤੇ ਇਸ਼ਕ ਸਬੰਧੀ ਕਵਿਤਾ, ਅੰਮ੍ਰਿਤਾ ਦਾ ਇਸਤਰੀ-ਅਨੁਭਵ, ਸਫ਼ੀਰ ਦਾ ਇਸ਼ਕ ਦੀ ਰੌਸ਼ਨੀ ਵਿਚ ਬ੍ਰਹਿਮੰਡ ਦੇ ਭੇਤਾਂ ਨੂੰ ਸਮਝਣ ਦਾ ਜਤਨ, ਬਾਵਾ ਬਲਵੰਤ ਦਾ ਕ੍ਰਾਂਤੀਕਾਰੀ ਬੋਲ, ਭਾਈ ਵੀਰ ਸਿੰਘ ਦਾ 'ਮੇਰੇ ਸਾਈਆਂ ਜੀਉ' ਵਿਚਲਾ ਰਹੱਸਵਾਦੀ ਅਨੁਭਵ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਬਿਲਕੁਲ ਨਿਵੇਕਲੀਆਂ ਤੇ ਨਵੀਨ ਚੀਜ਼ਾਂ ਹਨ।

ਸੰਨ 1850 ਵਿਚ ਪੰਜਾਬ ਦੇ ਸਾਮਰਾਜੀ ਘੇਰੇ ਵਿਚ ਆ ਜਾਣ ਨਾਲ ਹੀ ਕਿੱਸਾ ਕਵਿਤਾ ਦਾ ਜੁੱਗ ਖ਼ਤਮ ਹੋ ਗਿਆ ਕਿਹਾ ਜਾ ਸਕਦਾ ਹੈ। ਨਵਾਂ ਕਾਲ ਸ਼ੁਰੂ ਹੋਣ ਨਾਲ ਪੁਰਾਣੇ ਰੂਪ ਇਕ ਦਮ ਮਿਟ ਨਹੀਂ ਜਾਂਦੇ। ਇਹ ਪਰਿਵਰਤਨ ਉਨ੍ਹੀਵੀਂ ਸਦੀ ਦੇ ਅੰਤਲੇ ਭਾਗ ਵਿਚ ਹੌਲੇ ਹੌਲੇ ਆਇਆ। ਇਸ ਕਾਲ ਵਿਚ ਫ਼ਜ਼ਲ ਸ਼ਾਹ, ਸੱਯਦ ਮੀਰਾਂ ਸ਼ਾਹ, ਹਦਾਇਤ ਉੱਲਾ, ਬੂਟਾ ਗੁਜਰਾਤੀ, ਕਿਸ਼ਨ ਸਿੰਘ ਆਰਫ਼,ਭਗਵਾਨ ਸਿੰਘ, ਸੰਤ ਰੇਣ, ਮੌਲਾ ਬਖ਼ਸ਼ ਕੁਸ਼ਤਾ ਨੇ ਕਵਿਤਾ ਦੇ ਖੇਤਰ ਵਿਚ ਕਾਫ਼ੀ ਨਾਮਣਾ ਖੱਟਿਆ। ਫ਼ਜ਼ਲ ਸ਼ਾਹ ਨੇ ਤਾਂ ਸੋਹਣੀ ਲਿਖ ਕੇ ਪੁਰਾਣੇ ਕਿੱਸਿਆਂ ਨੂੰ ਮਾਤ ਪਾ ਦਿਤਾ।

ਵੀਹਵੀਂ ਸਦੀ ਦੇ ਪੰਜਾਬੀ ਕਵੀਆਂ ਵਿਚ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਕਿਰਪਾ ਸਾਗਰ, ਪ੍ਰੀਤਮ ਸਿੰਘ ਸਫ਼ੀਰ, ਅੰਮ੍ਰਿਤਾ ਪ੍ਰੀਤਮ, ਡਾ. ਮੋਹਨ ਸਿੰਘ ਦੀਵਾਨਾ, ਬਾਵਾ ਬਲਵੰਤ ਤੋਂ ਬਿਨਾਂ ਜੇ ਇਸ ਸਦੀ ਦੇ ਇਕ ਦਰਜਨ ਮੁਖੀ ਕਵੀਆਂ ਦੇ ਨਾਂ ਲੈਣੇ ਹੋਣ ਤਾਂ ਇਨ੍ਹਾਂ ਵਿਚ ਡਾ. ਦੀਵਾਨ ਸਿੰਘ ਕਾਲੇ ਪਾਣੀ, ਅਵਤਾਰ ਸਿੰਘ ਆਜ਼ਾਦ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪ੍ਰਭਜੋਤ ਕੌਰ ਅਤੇ ਪਿਆਰਾ ਸਿੰਘ ਸਹਿਰਾਈ ਅਗਲੀ ਸਫ਼ ਵਿਚ ਆਉਣ ਵਾਲੇ ਦੋ ਕਵੀ ਹਨ। ਇਨ੍ਹਾਂ ਤੋਂ ਪਿਛੋਂ ਆਉਣ ਵਾਲੇ ਨਵੇਂ ਪੋਚ ਵਿਚ ਸੰਤੋਖ ਸਿੰਘ ਧੀਰ, ਅਜਾਇਬ ਚਿਤਰਕਾਰ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਹਰਨਾਮ ਸਿੰਘ ਨਾਜ਼ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਤੋਂ ਬਿਨਾਂ ਈਸ਼ਵਰ ਚਿਤਰਕਾਰ ਦਾ ਨਾਂ ਵੀ ਵਰਨਣਯੋਗ ਹੈ। ਈਸ਼ਵਰ ਚਿਤਰਕਾਰ ਨੇ ਪੰਜਾਬੀ ਵਿਚ ਮੌਲਾ ਬਖ਼ਸ਼ ਕੁਸ਼ਤਾ ਤੋਂ ਪਿਛੋਂ ਸ਼ਾਇਦ ਸਭ ਤੋਂ ਵਧ ਗ਼ਜ਼ਲਾਂ ਲਿਖੀਆਂ। ਇਨ੍ਹਾਂ ਤੋਂ ਬਿਨਾਂ ਹਰਦਿਆਲ ਸਿੰਘ ਸੀਕਰੀ, ਸੰਤ ਸਿੰਘ ਸੇਖੋਂ, ਚੰਨਣ ਸਿੰਘ ਜੇਠੂਵਾਲੀਆ, ਕਰਤਾਰ ਸਿੰਘ ਦੁੱਗਲ, ਡਾ. ਗੋਪਾਲ ਸਿੰਘ ਦਰਦੀ, ਨਰਿੰਦਰਪਾਲ ਸਿੰਘ ਨੇ ਵੀ ਕਵਿਤਾ ਲਿਖੀ ਹੈ। ਗਿਆਨੀ ਹੀਰਾ ਸਿੰਘ ਦਰਦ ਤੇ ਚਰਨ ਸਿੰਘ ਸ਼ਹੀਦ ਨੇ ਕਵਿਤਾ ਲਿਖਣੀ ਅਕਾਲੀ ਲਹਿਰ ਤੋਂ ਪਹਿਲਾਂ ਸ਼ੁਰੂ ਕੀਤੀ ਸੀ।

ਇਸੇ ਦੌਰਾਨ ਕਲਕੱਤੇ ਵਿਚ ਚਲਦੀ 'ਕਵੀ ਕੁਟੀਆਂ' ਨੇ ਕਵਿਤਾ ਦੇ ਵਿਕਾਸ ਵਿਚ ਇਕ ਵਿਸ਼ੇਸ਼ ਹਿੱਸਾ ਪਾਇਆ। ਇਹ ਲੋਕ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ ਪਾਉਂਦੇ ਰਹੇ ਅਤੇ ਕਵਿਤਾ ਨੂੰ ਅਗੇ ਤੋਰਦੇ ਰਹੇ। ਇਨ੍ਹਾਂ ਵਿਚ ਮੁਨਸ਼ਾ ਸਿੰਘ ਦੁਖੀ, ਸੁਦਾਗਰ ਸਿੰਘ ਭਿਖਾਰੀ ਅਤੇ ਗੁਰਾਦਿੱਤਾ ਖੰਨਾ ਦੇ ਨਾਂ ਵਿਸ਼ੇਸ਼ ਵਰਨਣਯੋਗ ਹਨ।

ਦਰਬਾਰੀ ਕਵੀਆਂ ਦੇ ਪਹਿਲੇ ਪੋਚ ਵਿਚ ਕੁਸ਼ਤਾ, ਫ਼ੀਰੋਜ਼ਦੀਨ ਸ਼ਰਫ਼, ਹਮਦਮ, ਚਾਤ੍ਰਿਕ, ਦਰਦ, ਮੁਸਾਫ਼ਰ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ। ਅਗਲੇ ਪੋਚ ਵਿਚ ਦਰਸ਼ਨ ਸਿੰਘ ਅਵਾਰਾ, ਵਿਧਾਤਾ ਸਿੰਘ ਤੀਰ, ਨੰਦ ਲਾਲ ਨੂਰਪੁਰੀ, ਕਰਤਾਰ ਸਿੰਘ ਬਲੱਗਣ, ਗੁਰਦਿਤ ਸਿੰਘ ਕੁੰਦਨ, ਤੇਜਾ ਸਿੰਘ ਸਾਬਰ, ਡਾਕਟਰ ਫ਼ਕੀਰ, ਮੁਹੰਮਦ ਫ਼ਕੀਰ ਲਾਹੌਰ ਵਾਲੇ, ਦਾਮਨ ਲਾਹੌਰ, ਹਜ਼ਾਰਾ ਸਿੰਘ ਗੁਰਦਾਸਪੁਰੀ, ਬਿਸ਼ਨ ਸਿੰਘ ਉਪਾਸ਼ਕ, ਗੁਰਦੇਵ ਸਿੰਘ ਮਾਨ, ਇੰਦਰਜੀਤ ਸਿੰਘ ਤੁਲਸੀ, ਸਾਧੂ ਸਿੰਘ ਹਮਦਰਦ, ਈਸ਼ਰ ਸਿੰਘ ਈਸ਼ਰ, ਹਰਸਾ ਸਿੰਘ ਚਾਤਰ, ਗੁਰਨਾਮ ਸਿੰਘ ਤੀਰ ਸ਼ਾਮਲ ਕੀਤੇ ਜਾ ਸਕਦੇ ਹਨ। ਈਸ਼ਰ ਤੇ ਗੁਰਨਾਮ ਸਿੰਘ ਤੀਰ ਨੇ ਹਾਸ ਰਸ ਨੂੰ ਪੰਜਾਬੀ ਕਵਿਤਾ ਵਿਚ ਜਿਉਂਦੇ ਰੱਖਣ ਦਾ ਜਤਨ ਕੀਤਾ ਹੈ। ਚਾਤਰ ਤੇ ਗੁਰਦਾਸਪੁਰੀ ਨੇ ਚੰਗੀਆਂ ਵਾਰਾਂ ਲਿਖੀਆਂ ਹਨ।

ਪੰਡਤ ਕਿਸ਼ੋਰ ਚੰਦ, ਚਾਤ੍ਰਿਕ, ਕਰਤਾਰ ਸਿੰਘ ਕਲਾਸਵਾਲੀਆ, ਵਿਧਾਤਾ ਸਿੰਘ ਤੀਰ, ਸੋਹਣ ਸਿੰਘ ਘੁਕੇਵਾਲੀਆ ਤੇ ਹੋਰ ਬਹੁਤ ਸਾਰੇ ਕਵੀਸ਼ਰਾਂ ਨੇ ਕਿੱਸੇ ਅਤੇ ਕਿੱਸਾ-ਨੁਮਾ ਕਥਾ-ਕਾਵਿ ਲਿਖ ਕੇ ਇਸ ਮਰ ਰਹੇ ਕਾਵਿ-ਰੂਪ ਨੂੰ ਜੀਉਂਦਾ ਰੱਖਣ ਦਾ ਜਤਨ ਕੀਤਾ ਹੈ।

ਪੰਜਾਬੀ ਕਵਿਤਾ ਵਿਚ ਸੁਤੰਤਰਤਾ ਤੋਂ ਬਾਅਦ ਕੁਝ ਨਵੇਂ ਝੁਕਾਅ ਆਏ। ਨਵੀਂ ਪੀੜ੍ਹੀ ਵਿਚੋਂ ਪ੍ਰੀਤਮ ਸਿੰਘ ਸਫ਼ੀਰ ਆਪਣੇ ਚਾਰ ਸੰਗ੍ਰਹਿ 'ਕੱਤਕ ਕੂੰਜਾਂ', 'ਪਾਪ ਦਾ ਸੋਹਿਲਾ', 'ਰਾਗ ਰਿਸ਼ਮਾਂ' ਤੇ 'ਰਕਤ ਬੂੰਦਾਂ' ਪ੍ਰਕਾਸ਼ਿਤ ਕਰ ਚੁੱਕਾ ਸੀ। 'ਰਕਤ' ਬੂੰਦਾਂ' ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਆਪਣੀ ਕਾਵਿ ਪ੍ਰਾਪਤੀ ਦੀ ਸਿਖ਼ਰ ਛੋਹ ਚੁੱਕਾ ਸੀ। ਸੁਤੰਤਰਤਾ ਤੋਂ ਗਿਆਰਾਂ ਸਾਲ ਪਿਛੋਂ 1958 ਵਿਚ ਆ ਕੇ ਉਸਨੇ ਆਪਣੇ ਅਗਲੇ ਦੋ ਕਾਵਿ ਸੰਗ੍ਰਹਿ 'ਆਦਿ ਜੁਗਾਦਿ' ਤੇ 'ਸਰਬਕਲਾ' ਪੰਜਾਬੀ ਕਵਿਤਾ ਨੂੰ ਦਿੱਤੇ ਹਨ। ਇਸ ਪੋਚ ਵਿਚੋਂ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਪ੍ਰਾਪਤੀ ਦੇ ਘਰ ਵਿਚ ਪਹੁੰਚ ਚੁੱਕੇ ਸਨ। ਬਾਵਾ ਬਲਵੰਤ ਸੁਤੰਤਰਤਾ ਤੋਂ ਪਹਿਲੇ ਆਪਣੇ ਦੋ ਸੰਗ੍ਰਹਿ 'ਮਹਾਂ ਨਾਚ' ਤੇ 'ਅਮਰ ਗੀਤ' ਦੇ ਚੁੱਕਾ ਸੀ, ਜਿਨ੍ਹਾਂ ਵਿਚ ਉਸ ਦੀ ਕਵਿਤਾ ਆਪਣੀ ਸੇਧ ਪਕੜ ਚੁੱਕੀ ਸੀ। ਸੁਤੰਤਰਤਾ ਤੋਂ ਪਿਛੋਂ 'ਜਵਾਲਾ ਮੁਖੀ', 'ਬੰਦਰਗਾਹ' ਤੇ 'ਸੁਗੰਧ ਸੁਮੀਰ' ਸੰਗ੍ਰਹਿ ਉਸ ਨੇ ਪੰਜਾਬੀ ਕਵਿਤਾ ਨੂੰ ਪ੍ਰਦਾਨ ਕੀਤੇ ਹਨ, ਜਿਨ੍ਹਾਂ ਦਾ ਪ੍ਰਾਪਤੀ ਪੱਧਰ ਪਹਿਲਾਂ ਜਿਤਨਾ ਹੀ ਪ੍ਰਤੀਤ ਹੁੰਦਾ ਹੈ।

ਉਸ ਸਮੇਂ ਦੇ ਨੌਜਵਾਨ ਕਵੀ 'ਪ੍ਰਭਜੋਤ' ਤੇ 'ਸੰਤੋਖ ਸਿੰਘ ਧੀਰ' ਕਵਿਤਾ ਦੇ ਖੇਤਰ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਇਨ੍ਹਾਂ ਤੋਂ ਪਿਛੋਂ ਨਵੀਂ ਪੀੜ੍ਹੀ ਦੇ ਜਿਨ੍ਹਾਂ ਕਵੀਆਂ ਨੇ ਇਸ ਖੇਤਰ ਵਿਚ ਕੋਈ ਪ੍ਰਾਪਤੀ ਕੀਤੀ ਹੈ, ਉਨ੍ਹਾਂ ਵਿਚ ਪ੍ਰੋ. ਦੀਵਾਨ ਸਿੰਘ, ਡਾ. ਹਰਿਭਜਨ ਸਿੰਘ, ਤਖ਼ਤ ਸਿੰਘ, ਡਾ. ਜਸਵੰਤ ਸਿੰਘ ਨੇਕੀ ਤੇ ਤਾਰਾ ਸਿੰਘ ਕੋਮਲ ਦੇ ਨਾਂ ਵਰਨਣਯੋਗ ਹਨ।

ਇਨ੍ਹਾਂ ਦੇ ਨਾਲ ਹੀ ਜਸਵੰਤ ਰਾਹੀ, ਸੁਰਜੀਤ ਰਾਮਪੁਰੀ, ਗੁਰਚਰਨ ਰਾਮਪੁਰੀ ਤੇ ਅਮਰ ਚਿੱਤਰਕਾਰ ਆਦਿ ਕਵੀ ਵੀ ਸ੍ਰੇਸ਼ਟ ਰਚਨਾਵਾਂ ਦੇ ਰਹੇ ਸਨ।

ਸ਼ਿਵ ਕੁਮਾਰ ਬਟਾਲਵੀ, ਜਗਤਾਰ, ਸ. ਸ. ਮੀਸ਼ਾ ਤੇ ਤਾਰਾ ਸਿੰਘ ਵੱਖਰੀ ਭਾਂਤ ਦੇ ਕਵੀ ਹਨ। ਉਹ ਹਜੂਮ ਵਿਚ ਨਹੀਂ ਰਲੇ, ਉਨ੍ਹਾਂ ਨੇ ਨਾਅਰਿਆਂ ਦਾ ਸਾਥ ਨਹੀਂ ਦਿੱਤਾ ਪਰ ਤਾਂ ਵੀ ਉਨ੍ਹਾਂ ਦੀ ਕਵਿਤਾ ਵਿਚ ਸਮਾਜਕ ਤੇ ਨਿਜੀ ਭਾਵਨਾ ਦਾ ਸੁਮਿਸ਼ਰਣ ਮਿਲਦਾ ਹੈ।

ਇਨ੍ਹਾਂ ਤੋਂ ਇਲਾਵਾ ਗੁਲਵੰਤ, ਕਰਮਜੀਤ, ਰਣਧੀਰ ਚੰਦ, ਵਰਿਆਮ ਅਸਰ, ਸੁਰਿੰਦਰ ਗਿੱਲ, ਗੁਰਦਾਸਪੁਰੀ, ਡਾ. ਗੁਰਚਰਨ ਸਿੰਘ, ਖੁਰਸ਼ੀਦ, ਇਮਰੋਜ਼, ਸੁਰਜੀਤ ਪਾਤਰ, ਦੇਵ ਆਦਿ ਕਵੀ ਇਸੇ ਕਾਲ ਵਿਚ ਪ੍ਰਫੁਲਤ ਹੋਏ ਹਨ ਤੇ ਯਥਾ ਸ਼ਕਤੀ ਵਿਕਾਸ ਕਰਨ ਦੇ ਯਤਨ ਵਿਚ ਹਨ। ਕੁਝ ਅਜਿਹੇ ਕਵੀ ਵੀ ਹਨ ਜੋ ਪੁਰਾਣੇ ਰੂਪ ਦੀ ਕਵਿਤਾ ਵਿਚ ਆਧੁਨਿਕ ਚਿੰਤਨ ਤੇ ਸਮਾਜਕ ਚੇਤਨਾ ਦੀ ਕਵਿਤਾ ਰਚ ਰਹੇ ਹਨ, ਇਨ੍ਹਾਂ ਵਿਚੋਂ ਅਮਰ ਚਿੱਤਰਕਾਰ, ਗੁਰਦੇਵ ਨਿਰਧਨ, ਅਜਾਇਬ ਹੁੰਦਲ, ਦੇਵਿੰਦਰ ਜੋਸ਼, ਕੰਵਰ ਚੌਹਾਨ, ਸਾਧੂ ਸਿੰਘ ਹਮਦਰਦ ਦੇ ਨਾਂ ਵਰਣਨਯੋਗ ਹਨ।

ਨਵੇਂ ਕਵੀਆਂ ਨੇ ਆਪਣੇ ਵਿਦਰੋਹ ਨੂੰ 'ਕ੍ਰਾਂਤੀਕਾਰੀ ਰਚਨਾ' ਦੇ ਨਾਂ ਹੇਠ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਹੈ ਤੇ ਉਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਇਸ ਭ੍ਰਿਸ਼ਟ ਸਮਾਜ ਲਈ ਹਰ ਕੁਰਬਾਨੀ ਕਰਨਗੇ। ਇਨ੍ਹਾਂ ਕਵੀਆਂ ਵਿਚੋਂ ਪਾਸ਼, ਖਟਕੜ, ਲਾਲ ਸਿੰਘ ਦਿਲ, ਪਰਮਿੰਦਰਜੀਤ, ਫ਼ਤਹਜੀਤ, ਵਰਿਆਮ ਸੰਧੂ, ਹਰਭਜਨ ਹਲਵਾਰਵੀ, ਸੰਤ ਆਓਦਾਮੀ, ਡਾ. ਅਜਮੇਰ ਸਿੰਘ ਅਤੇ ਕੁਲਵੰਤ ਜਗਰਾਵਾਂ ਦੇ ਨਾਂਉ ਵਰਣਨ ਯੋਗ ਹਨ।

ਇਨ੍ਹਾਂ ਕ੍ਰਾਂਤੀਸ਼ੀਲਾਂ ਦੇ ਨਾਲ-ਨਾਲ ਗੰਭੀਰ ਕਿਸਮ ਦੇ ਪ੍ਰਗਤੀਵਾਦੀ ਕਵੀ ਅਜੇ ਵੀ ਆਪਣੀ ਸੁਰ ਉੱਚੀ ਕਰ ਰਹੇ ਹਨ। ਨਵੇਂ ਕਵੀਆਂ ਵਿਚੋਂ ਧੀਰ, ਅਮਰੀਕ ਸਿੰਘ ਪੂਨੀ, ਖੁਰਸ਼ੀਦ, ਅਜਾਇਬ ਹੁੰਦਲ, ਗੁਲ ਚੌਹਾਨ, ਵਰਿਆਮ ਅਸਰ, ਹਰਭਜਨ ਕੋਮਲ, ਮਿੰਦਰ, ਕਰਨਜੀਤ, ਰਣਧੀਰ ਚੰਦ, ਜੋਗਾ ਸਿੰਘ, ਆਤਮ ਹਮਰਾਹੀ, ਕਸ਼ਮੀਰ ਕਾਦਰ, ਸ਼ੇਰ ਸਿੰਘ ਕੰਵਲ, ਹਮਦਰਦ ਵੀਰ ਨੁਸ਼ਹਿਰਵੀ ਅਤੇ ਰਵਿੰਦਰ ਭੱਠਲ ਆਪਣੇ ਸਮਾਜਕ ਫਰਜ਼ ਪ੍ਰਤੀ ਸੁਚੇਤ ਹਨ।

ਹ. ਪੁ.—ਐਨ. ਬ੍ਰਿ. 18 : 90; ਪੰ. ਸਾ. ਇ. 1-2; ਪੰਜਾਬੀ ਕਵਿਤਾ ਦੇ ਸੌ ਸਾਲ—ਪਿਆਰਾ ਸਿੰਘ ਭੋਗਲ; ਪੰਜਾਬੀ ਸਾਹਿਤ ਦੇ ਮੁਢਲੇ ਸੋਮੇ—ਡਾ. ਤਾਰਨ ਸਿੰਘ; ਪੰਜਾਬੀ ਕਵਿਤਾ ਵਿਚ ਸੁਤੰਤਰਤਾ ਤੋਂ ਪਿਛਲੇ ਝੁਕਾਉ—ਪ੍ਰੋ. ਸੰਤ ਸਿੰਘ ਸੇਖੋਂ; ਨਵੀਂ ਪੰਜਾਬੀ ਕਵਿਤਾ—ਪ੍ਰੋ. ਕੁਲਬੀਰ ਸਿੰਘ ਕਾਂਗ; ਹਿੰ. ਵਿ. ਕੋ. 2 : 502; ਸਾਹਿਤ ਦੀ ਪਰਖ—ਡਾ. ਗੋਪਾਲ ਸਿੰਘ।

**ਕਵਿਨਤਿਲਯੈਨ :** ਇਹ ਰੋਮ ਦਾ ਇਕ ਲੇਖਕ ਸੀ, ਜਿਸ ਦਾ ਅਲੰਕਾਰ ਸ਼ਾਸਤਰ ਸਬੰਧੀ ਕੀਤਾ ਕੰਮ, ਪੁਰਾਤਨ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਦਾ ਜਨਮ ਅੱਜ ਕਲ੍ਹ ਦੇ ਲੋਗਰੋਨਯੋ ਪ੍ਰਾਂਤ ਦੇ ਕਾਲਾਆੱਰਰਾ ਵਿਖੇ ਹੋਇਆ। ਇਸ ਨੇ ਆਪਣੀ ਕੁਝ ਪੜ੍ਹਾਈ ਰੋਮ ਵਿਖੇ ਕੀਤੀ। ਫਿਰ ਇਹ ਸਪੇਨ ਵਾਪਸ ਚਲਾ ਗਿਆ। ਪਰ ਫਿਰ ਇਹ ਰੋਮ ਆ ਕੇ ਅਲੰਕਾਰ-ਸ਼ਾਸਤਰ ਪੜ੍ਹਾਉਣ ਲੱਗਾ। ਬਾਅਦ ਵਿਚ ਇਸ ਨੂੰ ਇਸੇ ਵਿਸ਼ੇ ਦਾ ਪ੍ਰੋਫੈਸਰ ਲਾ ਦਿੱਤਾ ਗਿਆ। ਪਲਿਨੀ ਇਸ ਦੇ ਵਿਦਿਆਰਥੀਆਂ ਵਿਚੋਂ ਸੀ। ਇਹ ਕਾਨੂੰਨੀ ਅਦਾਲਤਾਂ ਵਿਚ ਵਕਾਲਤ ਵੀ ਕਰਦਾ ਰਿਹਾ। ਇਸ ਕੰਮ ਵਿਚ ਇਸ ਨੇ 20 ਸਾਲ ਲਾਏ। ਮਗਰੋਂ ਲਗਭਗ 90 ਈ. ਵਿਚ ਜਦੋਂ ਇਹ ਰਿਟਾਇਰ ਹੋਇਆ ਤਾਂ ਇਸ ਨੇ ਲਿਖਣਾ ਆਰੰਭ ਕੀਤਾ। ਇਸ ਦੀ ਮਹਾਨ ਕ੍ਰਿਤ 'ਇਨਸਟਿਟਯੂਸ਼ੀਓ ਆਰਟਾਰਿਓ' ਨੂੰ ਸੰਕਲਿਤ ਕਰਨ ਵਿਚ ਇਸ ਦੇ ਦੋ ਸਾਲ ਲਗੇ। ਇਹ ਪੁਸਤਕ ਇਸ ਨੇ ਲਗਭਗ 95 ਈ.ਵਿਚ ਛਪਵਾਈ। ਇਸ ਨੇ ਬਹੁਤ ਧਨ ਅਤੇ ਨਾਮਣਾ ਖੱਟਿਆ। 'ਇਨਸਟਿਟਸ਼ੀਓ' ਦੀ ਜਿਲਦ ਛੇ ਦੀ ਭੂਮਿਕਾ ਵਿਚ ਇਸ ਨੇ ਆਪਣੀ 19 ਸਾਲ ਦੀ ਨੌਜਵਾਨ ਪਤਨੀ ਅਤੇ ਆਪਣੇ ਦੋ ਛੋਟੇ ਪੁਤਰਾਂ ਦੇ ਮਰਨ ਤੇ ਡੂੰਘਾ ਦੁਖ ਪ੍ਰਗਟ ਕੀਤਾ ਹੈ। ਇਹ ਪੁਸਤਕ ਉਸ ਸਮੇਂ ਲਿਖੀ ਗਈ ਜਦੋਂ ਕਿ ਰਾਜਨੀਤਕ ਜ਼ਿੰਦਗੀ ਆਜ਼ਾਦ ਨਹੀਂ ਸੀ। 'ਇਨਸਟਿਟਸ਼ੀਓ' ਦੀਆਂ 12 ਜਿਲਦਾਂ ਵਿਚ ਇਸ ਨੇ ਇਕ ਮਨੁੱਖ ਨੂੰ ਬਚਪਨ ਤੋਂ ਲੈ ਕੇ ਮੁਕੰਮਲ ਵਿਆਖਿਆਤਾ ਬਣਨ ਤੱਕ ਪੂਰੀ ਸਿੱਖਿਆ ਦਿੱਤੀ ਹੈ। ਇਸ ਦੀ ਪਹਿਲੀ ਜਿਲਦ ਅਲੰਕਾਰ ਸ਼ਾਸਤਰ ਦੇ ਅਧਿਐਨ ਤੋਂ ਪਹਿਲਾਂ ਦੀ ਸਿਖਲਾਈ ਦਿੰਦੀ ਹੈ ਅਤੇ ਦੂਜੀ ਜਿਲਦ ਵਿਚ ਅਲੰਕਾਰਮਈ ਵਿਆਖਿਆਨ ਦੇ ਮੁੱਢਲੇ ਅਭਿਆਸਾਂ ਦੇ ਢੰਗ ਦੱਸੇ ਹਨ। ਜਿਲਦ ਤਿੰਨ ਤੋਂ ਗਿਆਰਾਂ ਅਲੰਕਾਰ ਸ਼ਾਸਤਰ ਦੇ ਪੰਜ ਵੱਖ-ਵੱਖ ਭਾਗਾਂ ਨਾਲ ਸਬੰਧਤ ਹਨ। ਜਿਲਦ ਦਸ ਵਿਚ ਯੂਨਾਨੀ ਅਤੇ ਲਾਤੀਨੀ ਲੇਖਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਸਿਫਾਰਸ਼ ਕੀਤੀ ਹੈ ਤਾ ਕਿ ਉਨ੍ਹਾਂ ਨੂੰ ਵਿਆਖਿਆਰ ਦੇ ਮਹੱਤਵਪੂਰਨ ਗੁਣਾਂ ਦਾ ਪਤਾ ਲੱਗ ਸਕੇ। ਜਿਲਦ ਬਾਰਾਂ ਵਿਚ ਆਦਰਸ਼ ਵਿਆਖਿਆਤਾ ਦਾ ਵਰਨਣ ਹੈ। ਇਸ ਦੀ ਮੌਤ ਲਗਭਗ 100 ਈ. ਵਿਚ ਹੋਈ।

ਹ. ਪੁ.—ਐਨ. ਬ੍ਰਿ. 18 : 970.

**ਕਵਿਲਰ ਕੂਚ, ਸਰ ਆਰਥਰ ਟੱਮਸ :** ਇਸ ਅੰਗਰੇਜ਼ ਕਵੀ, ਨਾਵਲਕਾਰ ਅਤੇ ਸੰਗ੍ਰਹਿ-ਕਰਤਾ ਦਾ ਜਨਮ 21 ਨਵੰਬਰ, 1863 ਨੂੰ ਕਾਰਨਵਾਲ ਵਿਖੇ ਹੋਇਆ। ਇਸ ਨੇ ਨਿਊਟਨ ਐਬਟ ਕਾਲਜ, ਕਲਿਫਟਨ ਕਾਲਜ ਅਤੇ ਟ੍ਰਿਨਿਟੀ ਕਾਲਜ, ਆਕਸਫੋਰਡ ਵਿਖੇ ਵਿਦਿਆ ਪ੍ਰਾਪਤ ਕੀਤੀ। ਇਸ ਦਾ ਨਾਵਲ 'ਡੈੱਡ ਮੈਨਜ਼ ਰੌਕ' (1887) ਬਹੁਤ ਪ੍ਰਸਿੱਧ ਹੈ। ਇਸ ਦੀਆਂ ਅਨੇਕਾਂ ਕਹਾਣੀਆਂ ਪੁਸਤਕ ਰੂਪ ਵਿਚ 'ਨੌਟਸ ਐਂਡ ਕ੍ਰੌਸਿਸ' ਵਿਚ ਛਪੀਆਂ। ਸੰਨ 1910 ਵਿਚ ਇਸ ਨੂੰ ਨਾਈਟ ਦਾ ਖ਼ਿਤਾਬ ਦਿੱਤਾ ਗਿਆ ਅਤੇ 1912 ਵਿਚ ਅੰਗਰੇਜ਼ੀ ਸਾਹਿਤ ਦਾ ਪ੍ਰੋਫੈਸਰ ਅਤੇ ਜੀਸੱਸ ਕਾਲਜ ਦਾ ਫੈਲੋ ਚੁਣਿਆ ਗਿਆ। ਇਸ ਦੇ ਬਹੁਤ ਪ੍ਰਸਿੱਧ ਲੈਕਚਰ 'ਆੱਨ ਦੀ ਆਰਟ ਆਫ਼ ਰਾਈਟਿੰਗ' ਅਤੇ 'ਸਟੱਡੀਜ਼ ਇਨ ਲਿਟਰੇਚਰ' ਆਦਿ ਪੁਸਤਕ ਰੂਪ ਵਿਚ ਛਪੇ। ਇਸ ਨੇ 'ਦੀ ਔਕਸਫੋਰਡ ਬੁੱਕ ਔਫ ਇੰਗਲਿਸ਼ ਵਰਸ' (1900) ਅਤੇ 'ਦੀ ਔਕਸਫੋਰਡ ਬੁੱਕ ਔਫ ਬੈਲਡਜ਼ (1910) ਪੁਸਤਕਾਂ ਸੰਪਾਦਤ ਕੀਤੀਆਂ। ਇਸ ਦੀ ਗੰਭੀਰ ਕਵਿਤਾ 'ਪੋਇਮਜ਼' (1930) ਵਿਚ ਅਤੇ ਸਾਧਾਰਨ ਕਵਿਤਾ 'ਗ੍ਰੀਨ ਬੇਜ਼' (1930) ਵਿਚ ਛਪੀ ਹੈ। ਇਸ ਦੀ ਮੌਤ 12 ਮਈ, 1944 ਨੂੰ ਹੋਈ।

ਹ. ਪੁ.—ਐਨ. ਬ੍ਰਿ. ਮਾ. 8 : 354.

**ਕਵੀਨਜ਼ (ਕਿੰਗਜ਼) ਬੈਂਚ :** ਇਹ ਬਰਤਾਨੀਆਂ ਦੇ ਅਦਾਲਤੀ ਪ੍ਰਬੰਧ ਦੀ ਇਕ ਮਹੱਤਵਪੂਰਨ ਕੜੀ ਹੈ। ਪਹਿਲਾਂ ਪਹਿਲ ਇਹ ਅਦਾਲਤ ਕੇਵਲ ਉਹੋ ਮੁਕੱਦਮੇ ਹੀ ਸੁਣਦੀ ਸੀ, ਜੋ ਦੇਸ਼ ਦੇ ਹਾਕਮ ਨਾਲ ਸਬੰਧਤ ਹੁੰਦੇ ਸਨ ਜਾਂ ਉਨ੍ਹਾਂ ਮਹੱਤਵਪੂਰਨ ਵਿਅਕਤੀਆਂ ਨਾਲ ਸਬੰਧਤ ਹੁੰਦੇ ਸਨ ਜਿਨ੍ਹਾਂ ਨੂੰ ਵਿਸ਼ੇਸ਼ ਹੱਕ ਪ੍ਰਾਪਤ ਸੀ ਕਿ ਉਨ੍ਹਾਂ ਦੇ ਮੁਕੱਦਮਿਆਂ ਦੀ ਸੁਣਵਾਈ ਦੇਸ਼ ਦੇ ਹਾਕਮ ਦੀ ਹਾਜ਼ਰੀ ਵਿਚ ਹੀ ਕੀਤੀ ਜਾਵੇ। ਇਹ ਅਦਾਲਤ ਹੋਰਨਾਂ ਅਦਾਲਤਾਂ ਦੀਆਂ ਗਲਤੀਆਂ ਅਤੇ ਤਰੁਟੀਆਂ ਨੂੰ ਦੂਰ ਕਰ ਸਕਦੀ ਸੀ। ਹੈਨਰੀ III ਦੇ ਰਾਜ ਸਮੇਂ ਘਰੋਗੀ ਜੰਗ ਦੇ ਬੰਦ ਹੋਣ ਪਿਛੋਂ, ਇਹ ਅਦਾਲਤ ਫ਼ੌਜਦਾਰੀ ਜਾਂ ਅਰਧ ਫ਼ੌਜਦਾਰੀ ਮੁਕੱਦਮਿਆਂ ਨਾਲ ਭਰ ਗਈ। ਸੰਨ 1268 ਵਿਚ ਇਸ ਦਾ ਵੱਖਰਾ ਚੀਫ਼ ਜਸਟਿਸ ਬਣ ਗਿਆ ਪਰ ਹੌਲੀ-ਹੌਲੀ ਇਹ ਕਾਮਨ ਲੱਅ ਦੀ ਵੱਖਰੀ ਅਦਾਲਤ ਬਣ ਗਈ। ਕਾਮਨ ਪਲੀਅਜ਼ ਦੀ ਅਦਾਲਤ ਨੂੰ ਕਾਮਨ ਲੱਅ ਦੀ ਵੱਖਰੀ ਅਦਾਲਤ ਬਣਿਆਂ ਇਕ ਸਦੀ ਵੀ ਪੂਰੀ ਨਹੀਂ ਸੀ ਲੰਘੀ ਕਿ ਕੋਰਟ ਔਫ਼ ਕਿੰਗ ਬੈਂਚ ਨੇ ਵੀ ਕੁਈਨ-ਬੈਂਚ ਵਾਲੀ ਸ਼ਕਲ ਅਖਤਿਆਰ ਕਰ ਲਈ।

ਇਸ ਦੇ ਅਧਿਕਾਰ ਖੇਤਰ ਵਿਚ ਸਰਵ-ਉੱਚ ਅਤੇ ਆਮ ਅਧਿਕਾਰ ਖੇਤਰ ਆਉਂਦੇ ਹਨ ਅਤੇ ਇਨ੍ਹਾਂ ਵਿਚ (1) ਫ਼ੌਜਦਾਰੀ ਅਧਿਕਾਰ ਖੇਤਰ, (2) ਸਿਵਲ ਅਧਿਕਾਰ ਖੇਤਰ ਅਤੇ (3) ਛੋਟੀਆਂ ਅਦਾਲਤਾਂ, ਜਿਨ੍ਹਾਂ ਵਿਚ ਕਾਮਨ ਪਲੀਅਜ਼ ਅਦਾਲਤਾਂ ਵੀ ਸ਼ਾਮਲ ਹਨ, ਦੀਆਂ

ਕੀਤੀਆਂ ਗਲਤੀਆਂ ਸਬੰਧੀ ਅਧਿਕਾਰ ਖੇਤਰ ਵੀ ਸ਼ਾਮਲ ਸੀ । ਸੰਨ 1830 ਦੇ ਐਕਟ ਦੁਆਰਾ ਐਕਸਚੇਕਰ ਚੈਂਬਰ ਅਦਾਲਤ ਤਿੰਨ ਕਾਮਨ ਲੱਅ ਅਦਾਲਤਾਂ ਅਤੇ ਪਾਰਲੀਮੈਂਟ ਦੇ ਦਰਮਿਆਨ ਅਪੀਲ ਦੀ ਵਿਚ-ਕਾਰਲੀ ਅਦਾਲਤ ਬਣ ਗਈ ।

ਜੁਡੀਕੇਚਰ ਐਕਟ 1873 ਨਾਲ, ਇਹ ਅਦਾਲਤ ਹਾਈ ਕੋਰਟ ਔਫ਼ ਜਸਟਿਸ ਦੇ ਕੁਈਨ ਬੈਂਚ ਡਵੀਜ਼ਨ ਵਿਚ ਮਿਲਾ ਦਿੱਤੀ ਗਈ । ਇਸ ਦਾ ਇਕ ਚੀਫ਼ ਜਸਟਿਸ ਸੀ, ਜਿਸ ਨੂੰ ਹੁਣ ਇੰਗਲੈਂਡ ਦਾ ਲਾਰਡ ਚੀਫ਼ ਜਸਟਿਸ ਕਿਹਾ ਜਾਂਦਾ ਹੈ ਅਤੇ ਘਟੋਂ ਘੱਟ 17 ਜੱਜ ਹੁੰਦੇ ਸਨ, ਜਿਨ੍ਹਾਂ ਦੀ ਗਿਣਤੀ ਬਾਅਦ ਵਿਚ ਵਧਾ ਕੇ 24 ਕਰ ਦਿੱਤੀ ਗਈ । ਛੋਟੀਆਂ ਅਦਾਲਤਾਂ ਦੁਆਰਾ ਕੀਤੇ ਫ਼ੈਸਲਿਆਂ ਵਿਰੁੱਧ ਅਪੀਲਾਂ ਡਵੀਜ਼ਨਲ ਕੋਰਟ ਨੂੰ ਕੀਤੀਆਂ ਜਾਂਦੀਆਂ ਹਨ । ਡਵੀਜ਼ਨਲ ਕੋਰਟ ਵਿਚ ਡਵੀਜ਼ਨ ਦੇ ਦੋ ਜਾਂ ਤਿੰਨ ਜੱਜ ਹੁੰਦੇ ਹਨ ।

ਹ. ਪ੍ਰ.—ਐਨ. ਬ੍ਰਿ. 18 : 952

**ਕਵੀਨਜ਼ਲੈਂਡ** : ਆਸਟ੍ਰੇਲੀਆ ਦਾ ਇਹ ਇਕ ਰਾਜ ਹੈ ਜਿਸ ਨੇ ਇਸ ਟਾਪੂ-ਨੁਮਾ ਮਹਾਂਦੀਪ ਦੀ ਉੱਤਰ-ਪੂਰਬੀ ਨੁੱਕਰ ਮੱਲੀ ਹੋਈ ਹੈ । ਇਸ ਦਾ ਰਕਬਾ ਅੰਦਾਜ਼ਨ 1,727,200 ਵ. ਕਿ. ਮੀ. ਹੈ ਜੋ ਸਾਰੇ ਆਸਟ੍ਰੇਲੀਆ ਦਾ ਲਗਭਗ ਇਕ ਚੌਥਾਈ ਹਿੱਸਾ ਬਣਦਾ ਹੈ । ਇਸ ਰਾਜ ਦੇ ਉੱਤਰ-ਪੂਰਬ ਵਲ ਸ਼ਾਂਤ ਮਹਾਂਸਾਗਰ, ਦੱਖਣ ਵਲ ਨਿਊ ਸਾਊਥ ਵੇਲਜ਼, ਦੱਖਣ-ਪੱਛਮ ਵਲ ਦੱਖਣੀ ਆਸਟ੍ਰੇਲੀਆ, ਅਤੇ ਪੱਛਮ ਵਲ ਨਾਰਦਰਨ ਟੈਰੀਟਰੀ ਹਨ । ਇਸ ਰਾਜ ਦੀ ਕੁਲ ਆਬਾਦੀ ਅੰਦਾ. 2,345,300 (1981) ਹੈ । ਇਸ ਦੀ ਰਾਜਧਾਨੀ ਬ੍ਰਿਜ਼ਬੇਨ ਸ਼ਹਿਰ ਹੈ ਜੋ ਪੂਰਬੀ ਤੱਟ ਦੇ ਨਾਲ ਵੱਸਿਆ ਹੋਇਆ ਹੈ ।

### ਭੂ-ਆਕ੍ਰਿਤੀ ਵਿਗਿਆਨ

**ਧਰਾਤਲ**–ਕਵੀਨਜ਼ਲੈਂਡ ਰਾਜ ਦਾ ਅੰਦਰਲਾ ਦੋ ਤਿਹਾਈ ਹਿੱਸਾ ਖੁੱਲ੍ਹਾ ਮੈਦਾਨ ਹੈ ਜਿਸ ਵਿਚ ਕਿਧਰੇ ਕਿਧਰੇ ਨੀਵੀਆਂ ਪਹਾੜੀਆਂ ਹਨ । ਪੂਰਬੀ ਸਾਹਿਲ ਦੇ ਨਾਲ ਦਾ ਇਕ ਤਿਹਾਈ ਹਿੱਸਾ ਪਹਾੜੀ ਇਲਾਕਾ ਹੈ ਜਿਸ ਦੀਆਂ ਲੜੀਆਂ ਵਿਚਕਾਰ ਚੌੜੀਆਂ ਵਾਦੀਆਂ ਅਤੇ ਮੈਦਾਨ ਹਨ । ਗ੍ਰੇਟ ਡੀਵਾਈਡਿੰਗ ਰੇਂਜ ਰਾਜ ਦੀ ਪੂਰੀ ਲੰਬਾਈ ਦੇ ਨਾਲ-ਨਾਲ ਹੈ ਜੋ ਪੂਰਬ ਵਲ ਅਤੇ ਪੱਛਮ ਵਲ ਨੂੰ ਵਗਣ ਵਾਲੇ ਦਰਿਆਵਾਂ ਨੂੰ ਵੱਖ ਕਰਦੀ ਹੈ । ਦੱਖਣ ਵਿਚ ਇਹ ਰੇਂਜ ਤੱਟ ਦੇ ਨਜ਼ਦੀਕ ਪਹੁੰਚ ਕੇ 1,370 ਮੀ. ਦੀ ਉਚਾਈ ਤੱਕ ਪਹੁੰਚ ਜਾਂਦੀ ਹੈ । ਰਾਜ ਦੀ ਸਭ ਤੋਂ ਉੱਚੀ ਚੋਟੀ ਬਾਰਟਲ ਫਰੀਅਰ 1,611 ਮੀ. ਉੱਚੀ ਹੈ ।

ਰਾਜ ਦੇ ਅੰਦਰਲੇ ਦਰਿਆ ਸਿਰਫ ਭਾਰੀ ਵਰਖਾ ਦੌਰਾਨ ਹੀ ਵਗਦੇ ਹਨ ਤੇ ਉਦੋਂ ਇਨ੍ਹਾਂ ਵਿਚ ਹੜ੍ਹ ਆ ਜਾਂਦੇ ਹਨ । ਦੱਖਣ-ਪੱਛਮ ਦੇ ਬੰਜਰ ਇਲਾਕੇ ਦੇ ਦਰਿਆ ਸਹਾਇਕ ਨਦੀਆਂ ਅਤੇ ਨਾਲਿਆਂ ਦੀ ਸ਼ਕਲ ਵਿਚ ਵਗਦੇ ਹਨ । ਸਾਹਿਲੀ ਦਰਿਆ ਵੀ ਕਦੇ-ਕਦੇ ਵਗਦੇ ਹਨ ਅਤੇ ਘੱਟ ਡੂੰਘੇ ਹਨ ।

ਤੱਟ ਦੇ ਨਾਲ-ਨਾਲ ਜ਼ਮੀਨ ਘੱਟ ਉਪਜਾਊ ਹੈ । ਰਾਜ ਦੇ ਅੰਦਰਲੇ ਹਿੱਸਿਆਂ ਦੀ ਜ਼ਮੀਨ ਕਾਲੀ-ਭੂਰੀ ਹੈ ਜਿਸ ਵਿਚ ਦੁਨੀਆ ਦੇ ਸਭ ਤੋਂ ਵੱਡੇ ਕੁਦਰਤੀ ਘਾਹ ਦੇ ਮੈਦਾਨ ਪਾਏ ਜਾਂਦੇ ਹਨ । ਗ੍ਰੇਟ ਆਰਟੀਜ਼ੀਅਨ ਬੇਸਿਨ ਜੋ ਮੈਦਾਨਾਂ ਨਾਲੋਂ ਨੀਵਾਂ ਹੈ, ਪਸ਼ੂਆਂ ਲਈ ਪਾਣੀ ਮੁਹੱਈਆ ਕਰਦਾ ਹੈ ।

**ਜਲਵਾਯੂ**–ਕਵੀਨਜ਼ਲੈਂਡ ਦਾ ਸਾਲਾਨਾ ਵਰਖਾ ਅੰਤਰ 450 ਸੈ. ਮੀ. (ਉੱਤਰ-ਪੂਰਬੀ ਤੱਟ) ਤੋਂ ਲੈ ਕੇ 12.5 ਸੈਂ. ਮੀ. (ਦੱਖਣ-ਪੱਛਮ ਵਿਚ) ਤੱਕ ਹੈ । ਸਮੁੱਚੇ ਰਾਜ ਵਿਚ ਗਰਮੀਆਂ ਵਿਚ ਹੀ ਜ਼ਿਆਦਾ ਵਰਖਾ ਹੁੰਦੀ ਹੈ । ਜਿਉਂ-ਜਿਉਂ ਰਾਜ ਦੇ ਅੰਦਰ ਵਲ ਨੂੰ ਜਾਈਏ ਵਰਖਾ ਘਟਦੀ ਜਾਂਦੀ ਹੈ । ਰਾਜ ਦਾ ਗਰਮੀਆਂ ਦਾ ਤਾਪਮਾਨ ਦਰਮਿਆਨੇ ਤੋਂ ਉੱਚਾ ਰਹਿੰਦਾ ਹੈ । ਤੱਟ ਦੇ ਨਾਲ-ਨਾਲ ਜਲਵਾਯੂ ਤਰ ਹੈ ਪਰੰਤੂ ਅੰਦਰਲੇ ਭਾਗ ਆਮ ਕਰਕੇ ਖ਼ੁਸ਼ਕ ਹਨ । ਸਰਦੀਆਂ ਸੁਖਾਵੀਆਂ ਅਤੇ ਧੁੱਪ ਵਾਲੀਆਂ ਹੁੰਦੀਆਂ ਹਨ । ਜਨਵਰੀ ਵਿਚ ਵੱਧ ਤੋਂ ਵੱਧ ਔਸਤਾਨ ਤਾਪਮਾਨ 38° ਸੈਂ. ਅਤੇ ਜੁਲਾਈ ਵਿਚ ਘੱਟ ਤੋਂ ਘੱਟ ਔਸਤ ਤਾਪਮਾਨ 7° ਸੈਂ. ਨੋਟ ਕੀਤਾ ਗਿਆ ਹੈ ।

**ਬਨਸਪਤੀ ਤੇ ਜੀਵ ਜੰਤੂ**–ਪੂਰਬੀ ਤੱਟ ਦੇ ਜ਼ਿਆਦਾਤਰ ਉਪਜਾਊ ਹਿੱਸਿਆਂ ਵਿਚ ਸੰਘਣੇ ਬਰਸਾਤੀ ਜੰਗਲ ਹਨ । ਉਪਟੱਟੀ ਬਨਸਪਤੀ ਵਿਚ ਜ਼ਿਆਦਾ ਕਰਕੇ ਸਫ਼ੈਦੇ ਦੇ ਖੁਲ੍ਹੇ ਜੰਗਲ ਹਨ । ਅੰਦਰਲੇ ਭਾਗਾਂ ਵਿਚ ਕਿੱਕਰ ਜਾਤੀ ਦੇ ਦਰੱਖਤਾਂ ਦੀ ਗਿਣਤੀ ਵਧੇਰੇ ਹੈ ਅਤੇ ਘਾਹ ਦੇ ਮੈਦਾਨ ਵੀ ਹਨ ।

ਰਾਜ ਵਿਚ ਜੀਵ-ਜੰਤੂਆਂ ਦੀਆਂ ਕਈ ਕਿਸਮਾਂ ਮਿਲਦੀਆਂ ਹਨ ਜਿਵੇਂ 50 ਜਾਤੀਆਂ ਦੇ ਥੈਲੀ ਵਾਲੇ ਜੀਵ, 400 ਜਾਤੀਆਂ ਦੇ ਪੰਛੀ ਅਤੇ 1600 ਜਾਤੀਆਂ ਦੀਆਂ ਮੱਛੀਆਂ ।

### ਇਤਿਹਾਸ

ਕਵੀਨਜ਼ਲੈਂਡ ਦਾ ਤੱਟ ਕੈਪਟਨ ਜੇਮਜ਼ ਕੁਕ ਨੇ 1770 ਈ. ਵਿਚ ਲੱਭਿਆ ਅਤੇ ਇਸ ਨੂੰ ਚਾਰਟਰ ਦਿਤਾ । ਆਸਟ੍ਰੇਲੀਆ ਦਾ ਸਾਰੇ ਦਾ ਸਾਰਾ ਪੂਰਬੀ ਹਿੱਸਾ ਨਿਊ ਸਾਊਥ ਵੇਲਜ਼ ਦੇ ਨਾਂ ਹੇਠ 1787 ਵਿਚ ਬ੍ਰਿਟਿਸ਼ ਨੌਆਬਾਦੀ ਬਣ ਗਿਆ ਸੀ । ਸੰਨ 1824 ਵਿਚ ਬ੍ਰਿਜ਼ਬੇਨ ਨੂੰ ਬਰਤਾਨੀਆ ਤੋਂ ਆਏ ਕੈਦੀਆਂ ਦੀ ਬਸਤੀ ਬਣਾ ਦਿਤਾ ਗਿਆ । ਸੰਨ 1839 ਵਿਚ ਕੈਦੀ ਭੇਜਣੇ ਬੰਦ ਕਰ ਦਿਤੇ ਅਤੇ ਅਗਲੇ ਸਾਲ ਪਹਿਲੇ ਆਜ਼ਾਦ ਨੌਂ ਆਬਾਦਕਾਰ ਇਥੇ ਪਹੁੰਚ ਗਏ । ਜਦੋਂ ਆਬਾਦੀ ਵੱਧ ਗਈ ਤਾਂ ਇਥੇ ਨਿਊ ਸਾਊਥ ਵੇਲਜ਼ ਤੋਂ ਵੱਖਰੇ ਹੋਣ ਦੀ ਇਕ ਲਹਿਰ ਉੱਠੀ ਅਤੇ 1859 ਈ. ਵਿਚ ਕਵੀਨਜ਼ਲੈਂਡ (ਕਵੀਨ ਵਿਕਟੋਰੀਆ ਦੇ ਨਾਂ ਪਿਛੇ) ਨਾਂ ਦੀ ਇਕ ਅਲੱਗ ਨੌਆਬਾਦੀ ਦਾ ਐਲਾਨ ਕੀਤਾ ਗਿਆ । ਸੰਨ 1901 ਵਿਚ ਕਵੀਨਜ਼ਲੈਂਡ ਆਸਟ੍ਰੇਲੀਆ ਦੇ ਕਾਮਨਵੈਲਥ ਦਾ ਇਕ ਰਾਜ ਬਣ ਗਿਆ । ਪਾਰਲੀਮੈਂਟ ਦੋ-ਸਦਨੀ ਸੀ ਪਰ 1922 ਈ. ਵਿਚ ਵਿਧਾਨ ਪ੍ਰੀਸ਼ਦ (ਉਪਰਲਾ ਸਦਨ) ਨੂੰ ਖਤਮ ਕਰ ਦਿਤਾ ਗਿਆ । ਸੰਨ 1960 ਵਿਚ ਚੁਣੀ ਗਈ ਪਾਰਲੀਮੈਂਟ ਕਵੀਨਜ਼ਲੈਂਡ ਦੇ ਇਤਿਹਾਸ ਵਿਚ 37ਵੀਂ ਸੀ ।

ਰਾਜ ਦੀ ਸਿਆਸਤ ਵਿਚ 1932 ਤੋਂ 1957 ਈ. ਦੌਰਾਨ ਆਸਟ੍ਰੇਲੀਅਨ ਲੇਬਰ ਪਾਰਟੀ ਦਾ ਬੋਲ ਬਾਲਾ ਸੀ, ਪ੍ਰੰਤੂ ਇਸ ਤੋਂ ਅਗਲੇ ਸਾਲ ਫੁਟ ਕਾਰਨ ਪਾਰਟੀ ਦੀ ਹਾਰ ਹੋ ਗਈ ਅਤੇ ਦੇਸ਼ ਦੀਆਂ ਸਾਰੀਆਂ ਪਾਰਟੀਆਂ ਦੀ ਮਿਲੀ-ਜੁਲੀ ਸਰਕਾਰ ਕਾਇਮ ਹੋ ਗਈ । ਸੰਨ 1960 ਅਤੇ 1963 ਵਿਚ ਫਿਰ ਚੋਣਾਂ ਹੋਈਆਂ । ਸੰਨ 1961 ਦੀ ਸੰਘੀ ਚੋਣ ਵਿਚ ਰਾਜ ਦਾ ਝੁਕਾਉ ਆਸਟ੍ਰੇਲੀਅਨ ਲੇਬਰ ਪਾਰਟੀ ਵਲ ਸੀ ।

### ਆਰਥਿਕਤਾ

**ਕੁਦਰਤੀ ਸਾਧਨ ਅਤੇ ਖਣਿਜ**–ਰਾਜ ਦੇ ਮੁੱਖ ਖਣਿਜ ਪਦਾਰਥ ਕੋਲਾ ਅਤੇ ਐਲੂਮੀਨਾ ਹਨ। ਕੇਪਯਾਰਕ ਪ੍ਰਾਇਦੀਪ ਉਪਰ ਵੀਪਾ ਵਿਖੇ ਬੌਕਸਾਈਟ ਦਾ ਖੇਤਰ ਹੈ । ਉੱਤਰ-ਪੱਛਮ ਵਿਚ ਮਾਊਂਟ ਈਸਾ ਦੀਆਂ ਖਾਣਾਂ ਵਿਚ ਤਾਂਬਾ, ਚਾਂਦੀ, ਸਿੱਕਾ ਅਤੇ ਜਿਸਤ ਮਿਲਦਾ ਹੈ । ਰੋਮਾ ਵਿਖੇ ਕੁਦਰਤੀ ਗੈਸ ਅਤੇ ਮੂਨੀ ਵਿਖੇ ਤੇਲ ਦੇ ਖੇਤਰ ਹਨ ।

**ਉਦਯੋਗ**–ਰਾਜ ਦੀ ਆਮਦਨ ਵਿਚ ਦਿਹਾਤੀ ਸੱਨਅਤਾਂ ਦੇ ਮੁਕਾਬਲੇ ਕਵੀਨਜ਼ਲੈਂਡ ਦੇ ਨਿਰਮਾਣ ਅਤੇ ਪ੍ਰਾਸੈਸਿੰਗ ਸੱਨਅਤਾਂ ਦਾ ਯੋਗਦਾਨ ਵਧੇਰੇ ਹੈ । ਬ੍ਰਿਜ਼ਬੇਨ ਰਾਜ ਦਾ ਸਭ ਤੋਂ ਵੱਡਾ ਨਿਰਮਾਣ ਕੇਂਦਰ ਹੈ ।

**ਖੇਤੀਬਾੜੀ ਅਤੇ ਪਸ਼ੂ ਪਾਲਣ**–ਰਾਜ ਵਿਚ ਵਿਸ਼ਾਲ ਘਾਹ ਦੇ ਮੈਦਾਨ ਹੋਣ ਕਾਰਨ ਖੇਤੀਬਾੜੀ ਨਾਲੋਂ ਪਸ਼ੂ ਪਾਲਣ ਤੇ ਵਧੇਰੇ ਜ਼ੋਰ ਹੈ । ਵਧੀਆ ਕਿਸਮ ਦੀਆਂ ਭੇਡਾਂ, ਬੱਕਰੀਆਂ ਅਤੇ ਗਊਆਂ ਆਦਿ ਪਾਲੀਆਂ ਜਾਂਦੀਆਂ ਹਨ । ਇਹ ਰਾਜ ਦੀ ਆਮਦਨ ਦਾ ਸਭ ਤੋਂ ਵੱਡਾ ਸੋਮਾ ਹੈ ।

ਤੱਟੀ ਅਤੇ ਉਪ-ਤੱਟੀ ਖੇਤਰ ਵਿਚ ਅਨਾਜ ਦੀਆਂ ਫਸਲਾਂ ਗੰਨਾ, ਮੂੰਗਫਲੀ, ਤੰਬਾਕੂ, ਕਪਾਹ, ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਰਾਜ ਵਿਚ ਉਪਜਾਊ ਰਕਬਾ ਬਹੁਤ ਹੈ ਜਿਸਨੂੰ ਕਾਸ਼ਤਯੋਗ ਬਣਾਇਆ ਜਾ ਸਕਦਾ ਹੈ।

**ਆਵਾਜਾਈ ਤੇ ਢੋਅ-ਢੁਆਈ**–ਕਵੀਨਜ਼ਲੈਂਡ ਵਿਚ ਬੰਦਰਗਾਹਾਂ ਦਾ ਬਹੁਤ ਵਿਕਾਸ ਹੋਇਆ ਹੈ। ਬ੍ਰਿਜ਼ਬੇਨ ਰਾਜ ਦੀ ਸਭ ਤੋਂ ਵੱਡੀ ਦਰਾਮਦੀ ਬੰਦਰਗਾਹ ਹੈ ਜਦੋਂ ਕਿ ਗਲੈਡਸਟੋਨ ਅਤੇ ਵੀਪਾ ਸਭ ਤੋਂ ਵੱਡੀਆਂ ਬਰਾਮਦੀ ਬੰਦਰਗਾਹਾਂ ਹਨ। ਸਾਰੇ ਰਾਜ ਵਿਚ 8,844 ਕਿ. ਮੀ. (1976) ਲੰਬਾ ਰੇਲਵੇ ਮਾਰਗ ਹੈ। ਇਥੇ ਹਵਾਈ ਸੇਵਾਵਾਂ ਵੀ ਬਹੁਤ ਮਹੱਤਤਾ ਰੱਖਦੀਆਂ ਹਨ। ਸੜਕਾਂ ਦਾ ਵੀ ਵਿਕਾਸ ਹੋ ਰਿਹਾ ਹੈ ਪਰ ਬਰਸਾਤਾਂ ਵਿਚ ਇਨ੍ਹਾਂ ਨੂੰ ਸੁਰੱਖਿਅਤ ਰੱਖਣਾ ਕੁਝ ਔਖਾ ਹੈ।

ਲੋਕ

ਕਵੀਨਜ਼ਲੈਂਡ ਦੇ 90 ਪ੍ਰਤੀਸ਼ਤ ਲੋਕ ਬਾਕੀ ਰਾਜਾਂ ਦੇ ਲੋਕਾਂ ਵਾਂਗ ਅਸਟਰੇਲੀਆ ਵਿਚ ਹੀ ਜੰਮੇ ਪਲੇ ਹਨ ਪਰ ਇਨ੍ਹਾਂ ਵਿਚ ਬਹੁਤਿਆਂ ਦਾ ਪਿੱਛਾ ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਦਾ ਹੈ। ਇਥੋਂ ਦੇ ਆਦਿ ਵਾਸੀ ਮੰਗੋਲਾਂ ਜਾਂ ਹਬਸ਼ੀਆਂ ਨਾਲੋਂ ਜ਼ਿਆਦਾ ਕਰਕੇ ਕਾਕੇਸ਼ੀਅਨਾਂ ਨਾਲ ਮਿਲਦੇ ਜੁਲਦੇ ਹਨ। ਆਦਿ ਵਾਸੀ ਆਮ ਕਰਕੇ ਰਾਖਵੀਆਂ ਥਾਵਾਂ ਵਿਚ ਰਹਿੰਦੇ ਹਨ ਅਤੇ ਇਨ੍ਹਾਂ ਨੂੰ ਸਰਕਾਰੀ ਹਿਫਾਜ਼ਤ ਅਤੇ ਭਲਾਈ ਪ੍ਰੋਗਰਾਮ ਦਾ ਲਾਭ ਪ੍ਰਾਪਤ ਹੁੰਦਾ ਹੈ।

ਦਿਹਾਤੀ ਲੋਕਾਂ ਦਾ ਪੇਸ਼ਾ ਪਸ਼ੂ ਪਾਲਣਾ ਅਤੇ ਖੇਤੀਬਾੜੀ ਕਰਨਾ ਹੈ। ਖਣਿਜੀ ਸੋਮਿਆਂ ਦੇ ਵਿਕਾਸ ਨਾਲ ਮਾਈਨਿੰਗ ਸ਼ਹਿਰਾਂ ਤੇ ਬੰਦਰਗਾਹਾਂ ਤੇ ਵਸੋਂ ਸੰਘਣੀ ਹੋ ਗਈ।

ਯੂਰਪੀਨਾਂ ਦੇ ਰਚ ਮਿਚ ਜਾਣ ਨਾਲ ਇਨ੍ਹਾਂ ਲੋਕਾਂ ਦੀ ਬੋਲੀ ਅੰਗਰੇਜ਼ੀ ਬਣ ਗਈ ਹੈ ਪਰ ਧਰਮ ਵਿਚ ਕੋਈ ਫਰਕ ਨਹੀਂ ਪਿਆ।

**ਸਿਖਿਆ**–ਰਾਜ ਦੇ 80 ਪ੍ਰਤੀਸ਼ਤ ਸਕੂਲ ਸਰਕਾਰੀ ਹਨ ਅਤੇ ਬਾਕੀ ਦੇ ਸਕੂਲ ਧਾਰਮਕ ਜਾਂ ਦੂਜੀਆਂ ਸੰਸਥਾਵਾਂ ਚਲਾਉਂਦੀਆਂ ਹਨ। 6 ਤੋਂ 15 ਸਾਲ ਤੱਕ ਵਿਦਿਆ ਲਾਜ਼ਮੀ ਹੈ। ਬ੍ਰਿਜ਼ਬੇਨ ਅਤੇ ਟਾਊਨ-ਜ਼ਵਿਲ ਵਿਚ ਯੂਨੀਵਰਸਿਟੀਆਂ ਹਨ ਅਤੇ ਬ੍ਰਿਜ਼ਬੇਨ ਵਿਚ ਤਕਨੀਕੀ ਅਦਾਰੇ ਹਨ। ਸਾਰੇ ਰਾਜ ਵਿਚ 29 ਤਕਨੀਕੀ ਅਤੇ ਇਕ ਖੇਤੀਬਾੜੀ ਕਾਲਜ ਹੈ।

ਰਾਜ ਪ੍ਰਬੰਧ

ਰਾਜ ਸਰਕਾਰ ਬਰਤਾਨੀਆ ਵਰਗੀ ਹੈ ਜਿਸ ਵਿਚ ਇਕ ਵਿਧਾਨ ਮੰਡਲ, ਇਕ ਕਾਰਜਕਾਰੀ ਅਤੇ ਇਕ ਨਿਆਂ ਪਾਲਕਾ ਹੈ। ਕਵੀਨਜ਼ਲੈਂਡ ਹੀ ਇਕ ਅਜਿਹਾ ਰਾਜ ਹੈ ਜਿਸ ਵਿਚ ਇਕ ਸਦਨੀ ਪਾਰਲੀਮੈਂਟ ਹੈ। ਗਵਰਨਰ ਰਾਜ ਦਾ ਮੁੱਖੀ ਹੁੰਦਾ ਹੈ ਜੋ ਕਾਰਜਕਾਰੀ ਕੌਂਸਲ ਦੀ ਸਲਾਹ ਨਾਲ ਕੰਮ ਚਲਾਉਂਦਾ ਹੈ। ਇਥੇ 82 ਮੈਂਬਰੀ ਵਿਧਾਨ ਸਭਾ ਹੈ ਜਿਸਨੂੰ ਵੋਟਾਂ ਦੁਆਰਾ ਚੁਣਿਆ ਜਾਂਦਾ ਹੈ। ਮੰਤਰੀ ਮੰਡਲ ਵਿਚ 11 ਮੰਤਰੀ ਅਤੇ ਇਕ ਮੁੱਖ ਮੰਤਰੀ ਹੁੰਦਾ ਹੈ। ਕਵੀਨਜ਼ਲੈਂਡ ਰਾਜ 27 ਮੈਂਬਰ ਆਸਟਰੇਲੀਆ ਦੀ ਸੰਘੀ ਪਾਰਲੀਮੈਂਟ ਨੂੰ ਭੇਜਦਾ ਹੈ।

ਹ. ਪੁ.—ਐਨ. ਬ੍ਰਿ. ਮਾ. 15 : 338; ਐਨ. ਐਮ. 23 : 80; ਸਟੇ. ਯੀ. ਬੁ. 1978—79

**ਕਵੀਲਨ** : ਜ਼ਿਲ੍ਹਾ—ਭਾਰਤ ਦੇ ਦੱਖਣੀ ਕੇਰਲ ਰਾਜ ਦਾ ਇਹ ਇਕ ਜ਼ਿਲ੍ਹਾ ਹੈ ਜਿਹੜਾ ਵਧੇਰੇ ਕਰਕੇ ਅਰਬ ਸਾਗਰ ਅਤੇ ਪੱਛਮੀ ਘਾਟਾਂ ਵਿਚਕਾਰਲੇ ਸਾਹਿਲੀ ਮੈਦਾਨ ਉੱਤੇ ਸਥਿਤ ਹੈ। ਜ਼ਿਲੇ ਦਾ ਕੁਲ ਖੇਤਰਫਲ 4,623 ਵ. ਕਿ. ਮੀ. ਅਤੇ ਆਬਾਦੀ 28,10,000 (1981) ਹੈ। ਇਸੇ ਹੀ ਨਾਂ ਦਾ ਸ਼ਹਿਰ ਇਥੋਂ ਦਾ ਸਦਰ-ਮੁਕਾਮ ਹੈ। ਸਥਿਤੀ ਕਾਰਨ ਇਹ ਜ਼ਿਲ੍ਹਾ ਵਪਾਰਕ ਪੱਖੋਂ ਹਮੇਸ਼ਾਂ ਹੀ ਮਹੱਤਵਪੂਰਨ ਰਿਹਾ ਹੈ। ਸਭ ਤੋਂ ਪਹਿਲਾਂ ਇਥੇ ਯੂਰਪੀਅਨ, ਫਿਰ ਪੁਰਤਗੇਜ਼ੀ, ਵਲੰਦੇਜ਼ੀ ਅਤੇ ਅਖੀਰ ਵਿਚ ਅੰਗਰੇਜ਼ ਆ ਪਹੁੰਚੇ। ਨਿਰਯਾਤ ਪੱਖੋਂ ਵੀ ਇਹ ਜ਼ਿਲ੍ਹਾ ਬਹੁਤ ਪ੍ਰਸਿੱਧ ਹੈ। ਇਥੇ ਖਣਿਜ ਪਦਾਰਥ ਅਤੇ ਜ਼ਰਾਇਤੀ ਪਦਾਰਥ (ਵਿਸ਼ੇਸ਼ ਤੌਰ ਤੇ ਕਾਜੂ) ਤਿਆਰ ਕਰਨ ਦੇ ਕਾਰਖਾਨੇ ਸਥਾਪਤ ਹਨ। ਜ਼ਿਲ੍ਹੇ ਵਿਚ ਕਈ ਵਿਦਿਅਕ ਸੰਸਥਾਵਾਂ ਵੀ ਹਨ। ਇਥੇ ਰੇਲਵੇ ਦੀਆਂ ਸਹੂਲਤਾਂ ਵੀ ਉਪਲੱਬਧ ਹਨ।

ਹ. ਪੁ.—ਐਨ. ਬ੍ਰਿ. ਮਾ. 8 : 355

**ਕਵੀਲਨ** : ਸ਼ਹਿਰ–ਇਹ ਕੇਰਲਾ ਰਾਜ (ਭਾਰਤ) ਦੇ ਕਵੀਲਨ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਅਸ਼ਥਾਮੁੜੀ ਝੀਲ ਉਤੇ ਸਥਿਤ ਹੈ। ਇਹ ਝੀਲ ਸਥਿਰ ਪਾਣੀ ਵਾਲੀ ਝੀਲ ਹੈ ਜਿਸ ਵਿਚ ਜਹਾਜ਼ਰਾਨੀ ਹੋ ਸਕਦੀ ਹੈ। ਝੀਲ ਵਿਚ 8 ਪਾੜਾਂ ਹਨ। ਇਸ ਝੀਲ ਕਰਕੇ ਸ਼ਹਿਰ ਦਾ ਵਪਾਰਕ ਮਹੱਤਵ ਵਧਿਆ ਹੈ। ਪੁਰਤਗਾਲੀਆਂ ਨੇ ਇਥੇ ਇਕ ਫੈਕਟਰੀ ਲਗਾਈ ਜੋ 1662 ਈ. ਵਿਚ ਵਲੰਦੇਜ਼ੀਆਂ ਦੇ ਕਬਜ਼ੇ ਵਿਚ ਆ ਗਈ ਤੇ ਬਾਅਦ ਵਿਚ ਅੰਗਰੇਜ਼ਾਂ ਨੂੰ ਦਿਤੀ ਗਈ।

ਇਥੇ ਪਟਸਨ ਅਤੇ ਸੂਤ ਨੂੰ ਕੱਤਣ ਅਤੇ ਬੁਣਨ, ਟਾਈਲਾਂ ਬਣਾਉਣ ਦੇ ਅਤੇ ਕਾਜੂਆਂ ਨੂੰ ਛਿੱਲਣ ਆਦਿ ਦੇ ਕਾਰਖਾਨੇ ਹਨ। ਸ਼ਹਿਰ ਵਿਚ ਕੇਰਲਾ ਯੂਨੀਵਰਸਿਟੀ ਨਾਲ ਸਬੰਧਤ ਤਿੰਨ ਕਾਲਜ ਹਨ। ਸ਼ਹਿਰ ਛੋਟੀ ਪਟੜੀ ਦੀ ਰੇਲ ਦੁਆਰਾ ਉੱਤਰ ਵਲ ਅਰਨਾਕੁਲਮ ਨਾਲ, ਦੱਖਣ ਵਲ ਤ੍ਰਿਵੇਂਦਰਮ ਨਾਲ ਤੇ ਪੂਰਬ ਵਲ ਸੈਂਨਕੋਟਾ ਨਾਲ ਜੁੜਿਆ ਹੋਇਆ ਹੈ।

ਆਬਾਦੀ—137,927 (1981)

8°54′ਉ. ਵਿਥ.; 76° 83′ ਪੂ. ਲੰਬ.

ਹ. ਪੁ.—ਐਨ. ਬ੍ਰਿ. 18 : 965

**ਕਵੇਂਕਾ** : ਪ੍ਰਾਂਤ–ਪੂਰਬੀ ਮੱਧ ਸਪੇਨ ਦਾ ਇਹ ਇਕ ਪ੍ਰਾਂਤ ਹੈ ਜੋ ਨਿਊ ਕੇਸਟੀਲ ਨਾਂ ਦੇ ਪ੍ਰਾਚੀਨ ਰਾਜ ਵਿਚੋਂ 1833 ਈ. ਵਿਚ ਬਣਾਇਆ ਗਿਆ ਹੈ। ਇਸ ਦਾ ਰਕਬਾ 17,061 ਵ. ਕੀ. ਮੀ. ਹੈ ਅਤੇ ਆਬਾਦੀ 2,10,280 (1981) ਹੈ। ਇਸ ਦਾ ਬਹੁਤਾ ਭਾਗ ਪਹਾੜੀ ਤੇ ਖੇਤੀਬਾੜੀ ਦੇ ਯੋਗ ਨਾ ਹੋਣ ਕਰਕੇ ਆਬਾਦੀ ਦੀ ਘਣਤਾ ਬਹੁਤ ਘੱਟ ਹੈ। ਪ੍ਰਾਂਤ ਦੇ ਵਿਚਕਾਰਲੇ ਤੇ ਪੂਰਬੀ ਭਾਗ ਵਿਚ ਚੀੜ੍ਹ ਦੇ ਜੰਗਲ ਅਤੇ ਚਰਾਗਾਹਾਂ ਵਾਲੇ ਪਹਾੜ ਹਨ। ਹੁਕਾਰ ਤੇ ਟੇਗਸ ਦਰਿਆ ਇਸ ਪ੍ਰਾਂਤ ਵਿਚੋਂ ਗੁਜ਼ਰਦੇ ਹਨ। ਕਵੇਂਕਾ ਸ਼ਹਿਰ ਇਸ ਪ੍ਰਾਂਤ ਦੀ ਰਾਜਧਾਨੀ ਹੈ।

ਇਥੇ ਅਨਾਜ, ਅੰਗੂਰ, ਜ਼ੈਤੂਨ, ਕੇਸਰ ਅਤੇ ਫਲਾਂ ਦੀ ਕਾਸ਼ਤ ਹੁੰਦੀ ਹੈ। ਟੱਪਰੀਵਾਸ ਭੇਡਾਂ, ਬੱਕਰੀਆਂ ਪਾਲਦੇ ਹਨ। ਆਮਦਨ ਦਾ ਕੁਦਰਤੀ ਸਾਧਨ ਇਮਾਰਤੀ ਲੱਕੜ ਹੈ। ਸ਼ਹਿਦ, ਮੋਮ, ਪਨੀਰ ਤੇ ਉੱਨ ਦੀ ਬਰਾਮਦ ਹੁੰਦੀ ਹੈ।

ਹ. ਪੁ.—ਐਨ. ਬ੍ਰਿ. ਮਾ. 3 : 282

**ਕਵੇਂਕਾ** : ਸ਼ਹਿਰ–ਪੂਰਬੀ ਮੱਧ ਸਪੇਨ ਦੇ ਇਸੇ ਹੀ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ, ਜੋ ਵੇਕਾਰ ਤੇ ਹੁਕਾਰ ਦਰਿਆਵਾਂ ਦੇ ਸੰਗਮ ਤੇ ਵਾਕਿਆ ਪੈਰਾਮਿਡ ਵਰਗੀ ਪਹਾੜੀ ਤੇ ਸਥਿਤ ਹੈ। ਰੋਮਨ ਕੌਂਕਾ ਦੇ ਤੌਰ ਤੇ ਇਹ ਸ਼ਹਿਰ ਆਬਾਦ ਹੋਇਆ ਸੀ। ਮੱਧ ਕਾਲ ਵਿਚ ਇਹ ਸਭਿਆਚਾਰ ਤੇ ਕੱਪੜੇ ਦਾ ਕੇਂਦਰ ਸੀ।

ਸ਼ਹਿਰ ਵਿਚ ਤੇਰ੍ਹਵੀਂ ਸਦੀ ਦਾ ਰੋਮਨ ਢੰਗ ਦਾ ਬਣਿਆ ਗਾਥਾਂ ਦਾ ਚਰਚ ਵਰਣਨਯੋਗ ਹੈ। ਪ੍ਰਾਂਤ ਦੇ ਪੁਰੱਤਤਵ ਤੇ ਸਪੈਨਿਸ਼ ਐਕਸਟ੍ਰੈਕਟ ਆਰਟ ਅਜਾਇਬ-ਘਰ ਵੀ ਇਸ ਸ਼ਹਿਰ ਵਿਚ ਹਨ।

ਉਦਯੋਗਿਕ ਵਿਕਾਸ ਬਹੁਤ ਘੱਟ ਹੋਇਆ ਹੈ। ਇਥੋਂ ਦੇ ਉਦਯੋਗਾਂ ਵਿਚ ਚਮੜਾ ਰੰਗਣਾ, ਆਰਾ ਮਿਲਾਂ, ਪੇਪਰ ਮਿਲਾਂ ਤੇ ਆਟਾ ਮਿਲਾਂ ਸ਼ਾਮਲ ਹਨ। ਇਥੋਂ ਦੀਆਂ ਉਤਪਾਦਿਤ ਵਸਤਾਂ ਫਰਨੀਚਰ, ਸਾਬਣ ਚਮੜੇ ਤੇ ਉੱਨ ਦੀਆਂ ਵਸਤਾਂ ਹਨ।

ਆਬਾਦੀ—39,860 (1982)

40° 04′ ਉ. ਵਿਥ.; 20° 08′ ਪੱ. ਲੰਬ.

ਹ. ਪ.—ਐਨ. ਬ੍ਰਿ. ਮਾ. 3 : 282

**ਕਵੇਂਕਾ** : ਸ਼ਹਿਰ–ਐਕਵੇਡਾਰ ਦੇ ਅਸਵਾਈ ਪ੍ਰਾਂਤ ਦਾ ਇਹ ਰਾਜਧਾਨੀ ਸ਼ਹਿਰ ਹੈ। ਇਸ ਦਾ ਪੂਰਾ ਨਾਂ ਸੈਂਤਾ ਆਨਾ ਡੀ

ਕਵੈਂਕਾ ਹੈ। ਇਹ ਪਾਉਂਟੇ ਦਰਿਆ ਦੇ ਸਹਾਇਕ ਦਰਿਆ ਮਾਟਾਡੀਰੋ ਤੇ ਕਵੈਂਕਾ ਬੇਸਿਨ ਵਿਚ 2,596 ਮੀ. ਦੀ ਉਚਾਈ ਤੇ ਵਾਕਿਆ ਹੈ। ਇਸ ਸਪੇਨੀ ਨੌਆਬਾਦੀ ਸ਼ਹਿਰ ਦੀ ਨੀਂਹ 1557 ਈ. ਵਿਚ ਰੱਖੀ ਗਈ ਸੀ।

ਇਹ ਸਾਰੇ ਦੱਖਣੀ ਐਕਵੇਡਾਰ ਵਾਸਤੇ ਵਪਾਰਕ ਕੇਂਦਰ ਹੈ। ਇਥੇ ਜ਼ਰਾਇਤੀ ਵਸਤਾਂ, ਪਸ਼ੂਆਂ, ਖੱਲਾਂ ਅਤੇ ਸੰਗਮਰਮਰ ਦਾ ਵਪਾਰ ਹੁੰਦਾ ਹੈ। ਇਥੋਂ ਦੇ ਉਦਯੋਗਾਂ ਵਿਚ ਪਨਾਮਾ ਟੋਪ, ਕੱਪੜਾ ਤੇ ਲੇਸ, ਚਮੜੇ ਦੀਆਂ ਵਸਤਾਂ, ਗਹਿਣੇ ਤੇ ਖਾਣ-ਪੀਣ ਦੀਆਂ ਵਸਤਾਂ ਦਾ ਉਤਪਾਦਨ ਸ਼ਾਮਲ ਹੈ। ਇਥੋਂ ਦਾ ਇੰਡੀਅਨ ਬਾਜ਼ਾਰ ਜੋ ਹਫਤੇ ਮਗਰੋਂ ਲਗਦਾ ਹੈ, ਸੈਲਾਨੀਆਂ ਲਈ ਖਿੱਚ ਦਾ ਕਾਰਨ ਹੈ।

ਲਾ ਕਨਸੈਪਸ਼ਨ ਮੱਠ (1599) ਅਤੇ ਲਾਸ ਕਰਮੇਲਾਈਟਸ ਡੈਸਕਾਲਜ਼ਸ (1682) ਈ. ਸਪੇਨੀ ਨੌਆਬਾਦੀ ਉਸਾਰੀ ਕਲਾ ਦੀਆਂ ਪ੍ਰਮੁੱਖ ਉਦਾਹਰਣਾਂ ਹਨ। ਦੂਜੀਆਂ ਵਰਣਨਯੋਗ ਇਮਾਰਤਾਂ ਵਿਚ ਗਾਥਾਂ ਦਾ ਚਰਚ, ਗੌਰਮਿੰਟ ਹਾਊਸ (ਜਿਥੇ ਕਦੇ ਜਰਮਨ ਭੂਗੋਲਵੇਤਾ ਅਤੇ ਯਾਤਰੂ ਅਲਗੈਂਜ਼ਾਂਦਰ ਵਾਨ ਹਮਬੋਲਟ 1802 ਈ. ਵਿਚ ਠਹਿਰਿਆ ਸੀ) ਅਤੇ ਮਿਊਂਸਪਲ ਅਜਾਇਬ-ਘਰ ਸ਼ਾਮਲ ਹਨ। ਇਥੇ ਇਕ ਯੂਨੀਵਰਸਿਟੀ (1868 ਈ.) ਵੀ ਹੈ।

ਆਬਾਦੀ—155, 711 (1982)

2° 52′ ਦੱ. ਵਿਥ. ; 78° 04′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 282

**ਕਾਂ** : ਇਹ ਕਾਲੇ ਰੰਗ ਦੇ ਪੰਛੀ ਹਨ ਜੋ ਕਾਰਵਿਡੀ ਕੁਲ ਦੇ ਮੈਂਬਰ ਹਨ। ਇਨ੍ਹਾਂ ਦਾ ਨਾਂ ਇਨ੍ਹਾਂ ਦੀ ਆਵਾਜ਼ ਕਾਂ, ਕਰਾਅ ਤੋਂ ਹੀ ਲਿਆ ਗਿਆ ਹੈ। ਕਾਰਵਸ ਪ੍ਰਜਾਤੀ ਦੀਆਂ ਲਗਭਗ 20 ਜਾਤੀਆਂ ਨੂੰ ਕਾਂ ਜਾਂ ਅੰਗਰੇਜ਼ੀ ਵਿਚ ਕ੍ਰੋ ਕਿਹਾ ਜਾਂਦਾ ਹੈ। ਇਸ ਦੀ ਉੱਤਰੀ ਅਮਰੀਕਾ ਵਿਚ ਪਾਈ ਜਾਂਦੀ ਜਾਤੀ ਕਾਰਵਸ ਬਰੈਕੀਰਿੰਕਸ (*Corvos brachyrhynchus*) ਹੈ ਅਤੇ ਯੂਰੇਸ਼ੀਆ ਵਿਚ ਮਿਲਦੀ ਜਾਤੀ ਕਾਰਵਸ ਕਾਰਨੋ (*C. corone*) ਹੈ। ਘਰੇਲੂ ਕਾਂ, ਕਾਰਵਸ ਸਪਲੈਂਡੈਸ (*C.splendes*) ਭਾਰਤ ਤੋਂ ਮਲੇਸ਼ੀਆ ਤਕ ਮਿਲਦਾ ਹੈ।

ਕਾਂ ਦੀ ਲੰਬਾਈ ਲਗਭਗ 50 ਸੈਂ. ਮੀ. ਹੁੰਦੀ ਹੈ। ਇਸ ਦੇ ਨਰ ਅਤੇ ਮਾਦਾ ਵਿਚ ਕੋਈ ਅੰਤਰ ਨਹੀਂ ਹੁੰਦਾ। ਇਸ ਦੀ ਹਸਲੀ ਚੌੜੀ, ਗਿੱਚੀ, ਪਿੱਠ ਦਾ ਉਪਰਲਾ ਹਿੱਸਾ ਅਤੇ ਛਾਤੀ ਹਲਕੀ ਸਲੇਟੀ ਰੰਗ ਦੀ, ਛਾਤੀ ਤੋਂ ਹੇਠਲਾ ਭਾਗ ਕਾਲਾ ਭੂਰਾ ਹੁੰਦਾ ਹੈ। ਬਾਕੀ ਹਿੱਸੇ ਅਤੇ ਪੂਛ ਕਾਲੀ ਹੁੰਦੀ ਹੈ, ਜਿਸ ਵਿਚ ਚਮਕੀਲੇ, ਕਾਸ਼ਨੀ, ਨੀਲੇ ਅਤੇ ਹਰੇ ਰੰਗ ਦੀ ਭਾਹ ਹੁੰਦੀ ਹੈ। ਘਰੇਲੂ ਕਾਂ ਸਮੁੰਦਰੀ ਤੱਟ ਤੋਂ 1350 ਮੀ. ਦੀ ਉਚਾਈ ਤਕ ਸਾਰੇ ਭਾਰਤ, ਬਰ੍ਹਮਾ ਅਤੇ ਲੰਕਾ ਵਿਚ ਮਿਲਦਾ ਹੈ।



ਘਰੇਲੂ ਕਾਂ

ਇਹ ਪੰਛੀ ਭਾਰਤ ਵਿਚ ਸਭ ਤੋਂ ਵੱਧ ਦਿਖਾਈ ਦਿੰਦਾ ਹੈ। ਇਹ ਮਨੁੱਖੀ ਵਸੋਂ ਵਾਲੀਆਂ ਥਾਵਾਂ ਤੇ ਜ਼ਿਆਦਾ ਗਿਣਤੀ ਵਿਚ ਪਾਇਆ ਜਾਂਦਾ ਹੈ। ਕਈ ਮੀਲਾਂ ਬੰਜਰ ਭੌਂ ਉਤੇ ਕਾਂ ਅਤੇ ਆਦਮੀ ਬੇਸ਼ਕ ਦਿਖਾਈ ਨਾ ਦੇਣ ਪਰ ਜਦੋਂ ਵੀ ਇਸ ਥਾਂ ਤੇ ਤੰਬੂ ਜਾਂ ਝੌਂਪੜੀਆਂ ਆਦਿ ਟਿਕ ਜਾਂਦੀਆਂ ਹਨ ਤਾਂ ਕੁਝ ਸਮੇਂ ਵਿਚ ਹੀ ਤਕਰੀਬਨ ਦਰਜਨ ਕੁ ਕਾਂ ਇਨ੍ਹਾਂ ਆਦਮੀਆਂ ਦਾ ਸਾਥ ਦੇਣ ਆ ਟਪਕਦੇ ਹਨ।

ਕਾਂ ਬਹੁਤ ਹੀ ਜ਼ਿਆਦਾ ਸਮੂਹ-ਪ੍ਰਿਯ ਹੈ ਅਤੇ ਇਨ੍ਹਾਂ ਦੀ ਇਹ ਖ਼ੂਬੀ ਇਨ੍ਹਾਂ ਦੇ ਰਹਿਣ-ਟਿਕਾਣੇ ਉਤੇ ਪ੍ਰਤੱਖ ਦੇਖੀ ਜਾ ਸਕਦੀ ਹੈ। ਹਜ਼ਾਰਾਂ ਹੀ ਪੰਛੀ ਇਕ ਚੁਣੀ ਹੋਈ ਥਾਂ ਤੇ ਇਕੱਠੇ ਹੀ ਸੌਂਦੇ ਹਨ। ਅਕਸਰ ਇਹ ਥਾਂ ਦਰਖ਼ਤਾਂ ਦਾ ਝੁੰਡ ਹੁੰਦੀ ਹੈ ਜੋ ਕਈ ਏਕੜਾਂ ਤਾਂਈ ਫੈਲੀ ਹੋਈ ਹੁੰਦੀ ਹੈ। ਇਨ੍ਹਾਂ ਪੰਛੀਆਂ ਦੀ ਸਵੇਰ ਅਤੇ ਸ਼ਾਮ ਦੀ ਉਡਾਰੀ ਬੜੀ ਆਕਰਸ਼ਕ ਹੁੰਦੀ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਪੰਛੀਆਂ ਦੀ ਕੋਈ ਨਦੀ ਵਹਿ ਰਹੀ ਹੋਵੇ। ਸਵੇਰ ਵੇਲੇ ਇਹ ਪੰਛੀ ਭੋਜਨ ਦੀ ਭਾਲ ਵਿਚ ਨਿਕਲਦੇ ਹਨ ਅਤੇ ਇਨ੍ਹਾਂ ਦੀ ਉਡਾਰੀ ਬੜੀ ਛੋਟੀ ਹੁੰਦੀ ਹੈ ਜਦ ਕਿ ਸ਼ਾਮ ਦੇ ਵਕਤ ਇਹ ਕਾਫ਼ੀ ਲੰਬੀ ਹੁੰਦੀ ਹੈ। ਸੂਰਜ ਡੁੱਬਣ ਦੇ ਨਾਲ ਹੀ ਇਨ੍ਹਾਂ ਦੀਆਂ ਡਾਰਾਂ ਆਪਣੇ ਆਪਣੇ ਟਿਕਾਣਿਆਂ ਨੂੰ ਮੁੜਦੀਆਂ ਆਮ ਵੇਖੀਆਂ ਜਾ ਸਕਦੀਆਂ ਹਨ। ਬਹੁਤ ਹੱਦ ਤਕ ਇਹ ਨਿਝੱਕ ਅਤੇ ਚੋਰ ਪੰਛੀ ਹੈ, ਇਹ ਕਮਰਿਆਂ ਵਿਚ ਵੜ ਕੇ ਬਿਨਾ ਕਿਸੇ ਖੜਾਕ ਤੋਂ ਚੁਸਤੀ ਨਾਲ ਰਸੋਈ ਘਰਾਂ ਵਿਚੋਂ ਚੀਜ਼ਾਂ ਚੁੱਕ ਕੇ ਲੈ ਜਾਂਦਾ ਹੈ। ਬਜ਼ਾਰ ਵਿਚ ਦੁਕਾਨਾਂ ਤੋਂ ਖਾਣ ਵਾਲੀਆਂ ਚੀਜ਼ਾਂ ਉਠਾ ਲੈਂਦਾ ਹੈ।

ਸਿਰਫ ਮਨੁੱਖ ਹੀ ਨਹੀਂ ਇਹ ਸਗੋਂ ਸ਼ਿਕਾਰੀ ਪੰਛੀਆਂ ਤੋਂ ਵੀ ਲੁੱਟ ਖਸੁੱਟ ਕਰਦਾ ਹੈ। ਖ਼ਾਸ ਕਰਕੇ ਸ਼ਿਕਰਾ ਅਤੇ ਉੱਲੂ ਆਦਿ ਤੋਂ। ਇਸ ਤੋਂ ਇਲਾਵਾ ਇਹ ਪਸ਼ੂਆਂ ਦੀ ਪਿੱਠ ਤੇ ਬੈਠ ਕੇ ਉਨ੍ਹਾਂ ਦੇ ਪਿੰਡੇ ਤੋਂ ਕੱਚਾ ਮਾਸ ਨੋਚ ਲੈਂਦੇ ਹਨ। ਮਾਸ ਦੇ ਨਾਲ ਨਾਲ ਇਹ ਚਿੱਚੜ ਅਤੇ ਹੋਰ ਕੀੜੇ ਆਦਿ ਵੀ ਖਾ ਜਾਂਦੇ ਹਨ। ਇਹ ਕੁੱਤਿਆਂ ਅਤੇ ਲੂੰਬੜਾਂ ਤੋਂ ਵੀ ਭੋਜਨ ਚੁਰਾ ਲੈਂਦੇ ਹਨ। ਪਰ ਫਿਰ ਵੀ ਇਸ ਚੁਸਤ, ਚਲਾਕ ਅਤੇ ਬੇਸ਼ਰਮ ਪੰਛੀਆਂ ਦੇ ਮਾੜੇ ਕੰਮਾਂ ਤੋਂ ਇਲਾਵਾ ਮਨੁੱਖਾਂ ਦੇ ਇਸ ਰੋਜ਼ਾਨਾ ਸਾਥੀ ਬਾਰੇ ਬਹੁਤ ਕੁਝ ਆਕਰਸ਼ਕ ਹੈ। ਕੋਇਲ ਦਾ ਜੀਵਨ-ਕਾਲ ਇਸ ਧਾਰਨਾ ਤੇ ਅਧਾਰਿਤ ਹੈ ਕਿ ਇਹ ਕਾਂ ਨੂੰ ਆਪਣੀ ਮਰਜ਼ੀ ਨਾਲ ਫਸਾ ਸਕਦੀ ਤੇ ਧੋਖਾ ਦੇ ਸਕਦੀ ਹੈ ਅਤੇ ਇਹ ਇੰਜ ਕਰਦੀ ਵੀ ਹੈ। ਆਪਣੇ ਅੰਡਿਆਂ ਨੂੰ ਕਾਂ ਦੇ ਅੰਡਿਆਂ ਦੀ ਥਾਂ ਬਦਲ ਦਿੰਦੀ ਤੇ ਭੋਲਾ ਕਾਂ ਇਨ੍ਹਾਂ ਨੂੰ ਆਪਣੇ ਅੰਡੇ ਸਮਝ ਕੇ ਇਸ ਦੇ ਬੱਚੇ ਪਾਲਦਾ ਰਹਿੰਦਾ ਹੈ।

ਇਹ ਪੰਛੀ ਹਰੇਕ ਉਹ ਚੀਜ਼ ਖਾ ਜਾਂਦਾ ਹੈ ਜੋ ਮਨੁੱਖ ਖਾਂਦਾ ਹੈ ਅਤੇ ਕਈ ਕੁਝ ਹੋਰ ਵੀ ਜੋ ਮਨੁੱਖ ਨਹੀਂ ਖਾਂਦਾ। ਇਸ ਦੀ ਖ਼ੁਰਾਕ ਵਿਚ ਗੰਦ ਮੰਦ, ਕੀੜੇ ਮਕੌੜੇ, ਫਲ, ਬੀਜ, ਬੇਰੀ ਫਲ, ਅੰਡੇ, ਛੋਟੇ ਛੋਟੇ ਜੀਵ ਅਤੇ ਮੁਰਦਾਰ ਸ਼ਾਮਲ ਹਨ। ਇਹ ਰਸੋਈ ਘਰਾਂ ਦੁਆਲੇ ਬਚੀਆਂ ਖੁਚੀਆਂ ਚੀਜ਼ਾਂ ਲਈ ਬੜੇ ਚੱਕਰ ਲਾਉਂਦਾ ਰਹਿੰਦਾ ਹੈ। ਸਮੁੰਦਰੀ ਕੰਢਿਆਂ ਤੇ ਇਹ ਸਿੱਪੀਆਂ ਅਤੇ ਝੀਂਗੇ ਵੀ ਖਾ ਜਾਂਦਾ ਹੈ।

ਆਸਟ੍ਰੀਆ ਦੇ ਇਕ ਨੋਬਲ ਇਨਾਮ ਜੇਤੂ ਕਾਨਰਾਡ ਲੋਰੈਂਜ ਨੇ ਕਾਵਾਂ ਬਾਰੇ ਕਾਫ਼ੀ ਲੋੜੀਂਦੀ ਜਾਣਕਾਰੀ ਦਿਤੀ ਹੈ, ਖ਼ਾਸ ਕਰਕੇ ਇਸ ਪੰਛੀ ਦੇ ਸੁਭਾਅ ਬਾਰੇ। ਉਸ ਅਨੁਸਾਰ ਕਾਵਾਂ ਵਿਚ ਉੱਡਣ-ਸੰਚਾਰ ਸਬੰਧੀ ਹਦੋਂ ਵੱਧ ਸੂਝ ਹੁੰਦੀ ਹੈ। ਇਨ੍ਹਾਂ ਵਿਚ ਦੁਸ਼ਮਣ ਨੂੰ ਪਛਾਨਣ ਸਬੰਧੀ ਸੂਝ ਵੀ ਕਾਫ਼ੀ ਹੁੰਦੀ ਹੈ। ਇਕ ਕਾਂ ਜਿਸ ਨੂੰ ਦੁਸ਼ਮਣ ਦੀ ਸਮਝ ਨਹੀਂ ਹੁੰਦੀ ਉਸ ਨੂੰ ਇਸ ਪ੍ਰਤਿ ਇਕ ਵੱਡੇ ਕਾਂ ਜਾਂ ਇਸ ਜਾਤੀ ਦੇ ਤਜਰਬੇਕਾਰ ਜਾਨਵਰਾਂ ਦੁਆਰਾ ਸੂਚਿਤ ਕਰ ਦਿਤਾ ਜਾਂਦਾ ਹੈ। ਇਹ ਸੂਝ ਇਕ ਰਵਾਇਤ ਹੈ ਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਦਿਤੀ ਜਾਂਦੀ ਹੈ। ਕਿਸੇ ਦੁਸ਼ਮਣ ਨੂੰ ਦੇਖ ਕੇ ਜਿਸ ਬਾਰੇ ਛੋਟੇ ਬੱਚੇ ਨੂੰ ਪਤਾ ਵੀ ਨਹੀਂ ਹੁੰਦਾ, ਇਕ ਵਡੇਰੇ ਕਾਂ ਦੀ ਸਿਰਫ ਇਕ ਹੀ ਕੂਕ ਉਸ ਨੂੰ ਸੁਚੇਤ ਕਰ ਦਿੰਦੀ ਹੈ। ਇਕ ਦਮ ਹੀ ਛੋਟਾ ਬੱਚਾ ਇਸ ਬਾਰੇ ਆਪਣੇ ਦਿਮਾਗ ਵਿਚ ਇਕ ਤਸਵੀਰ ਜਿਹੀ ਬਣਾ ਲੈਂਦਾ ਹੈ।

ਜਣਨ-ਰੁੱਤ ਅਪ੍ਰੈਲ ਤੋਂ ਜੂਨ ਤਕ ਹੁੰਦੀ ਹੈ। ਇਸ ਦਾ ਆਲ੍ਹਣਾ ਦਰਖ਼ਤਾਂ ਉਪਰ ਹੁੰਦਾ ਹੈ ਜੋ ਇਸ ਦੇ ਸਰੀਰ ਤੋਂ ਵੀ ਛੋਟਾ ਹੁੰਦਾ ਹੈ ਅਤੇ ਦਰਖ਼ਤਾਂ ਦੀਆਂ ਟਾਹਣੀਆਂ ਉੱਤੇ ਅਟਕਿਆ ਹੋਇਆ ਹੁੰਦਾ ਹੈ। ਇਹ ਪੰਛੀ ਕਦੀ ਵੀ ਚੰਗੀ ਤਰ੍ਹਾਂ ਆਲ੍ਹਣਾ ਨਹੀਂ ਬਣਾਉਂਦੇ। ਨਰ ਅਤੇ ਮਾਦਾ ਆਲ੍ਹਣਾ ਬਣਾਉਣ,ਅੰਡੇ ਦੇਣ ਅਤੇ ਹੋਰ ਫ਼ਰਜ਼ਾਂ ਨੂੰ ਨਿਭਾਉਣ ਲਈ ਪੂਰੀ ਤਰ੍ਹਾਂ ਇਕ ਦੂਜੇ ਨੂੰ ਮਿਲਵਰਤਨ ਦਿੰਦੇ ਹਨ। ਇਕ ਵਾਰੀ ਦਿਤੇ ਹੋਏ ਅੰਡਿਆਂ ਦੀ ਗਿਣਤੀ 4 ਜਾਂ 5 ਹੁੰਦੀ ਹੈ, ਕਦੀ ਇਹ 6 ਹੋ ਸਕਦੇ ਹਨ। ਅੰਡੇ ਟੇਢੇ ਆਕਾਰ ਦੇ ਹੁੰਦੇ ਹਨ ਜੋ ਛੋਟੇ ਹਿੱਸੇ ਵਾਲੇ ਪਾਸਿਉਂ ਤਿੱਖੇ ਜਿਹੇ ਹੁੰਦੇ ਹਨ। ਅੰਡੇ ਦੀ ਸਤ੍ਹਾ ਸਖ਼ਤ, ਮੁਲਾਇਮ ਅਤੇ ਚਮਕੀਲੀ ਹੁੰਦੀ ਹੈ। ਅੰਡੇ ਦੀ ਛਿੱਲੜ ਦਾ ਰੰਗ ਨੀਲੇ ਹਰੇ ਰੰਗ ਦਾ ਕਿਸੇ ਵੀ ਕਿਸਮ ਦਾ ਹੋ ਸਕਦਾ ਹੈ, ਜਿਸ ਉਪਰ ਲਾਲ ਭੂਰੇ ਰੰਗ ਦੇ ਟਿਮਕਣੇ ਜਾਂ ਧਾਰੀਆਂ ਹੁੰਦੀਆਂ ਹਨ।

ਮਾਪੇ ਆਪਣੇ ਬੱਚਿਆਂ ਨੂੰ ਸੁਖਾਲਾ ਬਣਾਉਣ ਲਈ ਆਲ੍ਹਣੇ ਵਿਚ ਕਈ ਤਰ੍ਹਾਂ ਦੀਆਂ ਸੁਵਿਧਾਵਾਂ ਉਪਲੱਬਧ ਕਰਦੇ ਹਨ। ਇਹ ਆਪਣੇ ਬੱਚਿਆਂ ਨੂੰ ਸਾਫ਼ ਰਖਦੇ ਅਤੇ ਬਹੁਤ ਚੰਗੀ ਖ਼ੁਰਾਕ ਮੁਹੱਈਆ ਕਰਦੇ ਹਨ। ਮਾਦਾ ਪਾਣੀ ਵਿਚ ਆਪਣਾ ਸਰੀਰ ਡਬੋ ਕੇ ਆਪਣੇ ਗਿੱਲੇ ਖੰਭਾਂ ਨਾਲ ਬੱਚਿਆਂ ਨੂੰ ਨਹਾਉਂਦੀ ਹੈ। ਦੋ ਹਫ਼ਤਿਆਂ ਤਕ ਮਾਪੇ ਆਪਣੇ ਬੋਟਾਂ ਦੀਆਂ ਬਿੱਠਾਂ ਖਾਂਦੇ ਹਨ।

ਕਾਂ ਜਿਥੇ ਇਕ ਸਿਰਦਰਦੀ ਦਾ ਕਾਰਨ ਹਨ ਉਥੇ ਦੁਨੀਆ ਦੇ ਕਈ ਹਿੱਸਿਆਂ ਵਿਚ ਇਸ ਨੂੰ ਵੇਖਣਾ ਚੰਗਾ ਸ਼ਗਨ ਵੀ ਸਮਝਿਆ ਜਾਂਦਾ ਹੈ। ਪ੍ਰਾਚੀਨ ਜਰਮਨ ਦੇ ਲੋਕੀਂ ਇਸ ਨੂੰ ਸਿਆਣਪ ਦਾ ਪ੍ਰਤੀਕ ਮੰਨਿਆ ਕਰਦੇ ਸਨ। ਅਫ਼ਰੀਕਨ ਘਰਾਂ ਵਿਚ ਵੀ ਇਹ ਕਾਫ਼ੀ ਪ੍ਰਸਿੱਧ ਹੈ। ਭਾਰਤੀ ਲੋਕ-ਗੀਤਾਂ ਵਿਚ ਵੀ ਇਸ ਦੀ ਕਾਫ਼ੀ ਜਗ੍ਹਾ ਹੈ। ਸਾਰੀ ਦੁਨੀਆ ਵਿਚ ਇਹ ਗੰਦਗੀ ਸਾਫ਼ ਕਰਨ ਅਤੇ ਮੁਰਦਾਰ ਨੂੰ ਖਾ ਕੇ ਸਫ਼ਾਈ ਕਰਨ ਵਿਚ ਸਹਾਈ ਹੁੰਦਾ ਹੈ। ਕਾਵਾਂ ਦੀ ਮੌਤ ਦਰ ਬਹੁਤ ਜ਼ਿਆਦਾ ਹੈ, ਜੋ ਕੁਝ ਹੱਦ ਤਕ ਬਿਮਾਰੀ ਕਾਰਨ ਅਤੇ ਕੁਝ ਹੱਦ ਤਕ ਉੱਲੂ ਆਦਿ ਪੰਛੀਆਂ ਦੀ ਮਾਰਧਾੜ ਦੁਆਰਾ ਹੁੰਦੀ ਹੈ।

**ਜੰਗਲੀ ਕਾਂ**–ਇਹ ਘਰੇਲੂ ਕਾਂ ਤੋਂ ਵੱਡੇ ਆਕਾਰ ਦਾ ਸਾਰਾ ਹੀ ਗੂੜ੍ਹੇ ਕਾਲੇ ਰੰਗ ਦਾ ਪੰਛੀ ਹੈ। ਇਸ ਦੀ ਚੁੰਝ ਭਾਰੀ ਹੁੰਦੀ ਹੈ। ਇਹ ਜ਼ਿਆਦਾਤਰ ਭਾਰਤ, ਬਰ੍ਹਮਾ, ਲੰਕਾ ਅਤੇ ਦੱਖਣ ਪੂਰਬ ਏਸ਼ੀਆ ਵਿਚ ਮਿਲਦਾ ਹੈ। ਇਸ ਦਾ ਵਿਗਿਆਨਕ ਨਾਂ ਕਾਰਵਸ ਮੈਕਰੋਰਿੰਕਸ (*C. macrorhynchos*) ਹੈ। ਜਿਵੇਂ ਇਸ ਦੇ ਨਾਂ ਤੋਂ ਪ੍ਰਤੱਖ ਹੈ ਕਿ ਇਹ ਜੰਗਲਾਂ ਦਾ ਪੰਛੀ ਹੈ, ਪਰ ਇਹ ਕਦੀ ਕਦਾਈਂ ਸ਼ਹਿਰਾਂ ਜਾਂ ਪਿੰਡਾਂ ਦੀ ਗੰਦਗੀ ਦੇ ਢੇਰਾਂ ਤੇ ਵੀ ਦਿਖਾਈ ਦਿੰਦਾ ਹੈ। ਹਿਮਾਲੀਆ ਦੇ ਇਲਾਕੇ ਵਿਚ ਘਰੇਲੂ ਕਾਂ ਦੀ ਥਾਂ ਇਹੀ ਮਿਲਦਾ ਹੈ। ਪਹਾੜਾਂ ਵਿਚ 4500 ਮੀ. ਦੀ ਉਚਾਈ ਤਕ ਪਾਇਆ ਜਾਂਦਾ ਹੈ। ਇਹ ਘਰੇਲੂ ਕਾਂ ਵਾਂਗ ਚੁਸਤ ਅਤੇ ਬਹਾਦਰ ਨਹੀਂ ਕਿ ਘਰ ਦੇ ਕਮਰਿਆਂ ਜਾਂ ਵਰਾਂਡਿਆਂ ਵਿਚ ਖਾਣ ਵਾਲੀਆਂ ਚੀਜ਼ਾਂ ਚੁਰਾ ਸਕੇ। ਇਸ ਦੀਆਂ ਬਹੁਤ ਸਾਰੀਆਂ ਆਦਤਾਂ, ਸੁਭਾਅ ਅਤੇ ਜੀਵਨ-ਕਾਲ ਘਰੇਲੂ ਕਾਂ ਵਾਂਗ ਹੀ ਹਨ। ਪਰ ਇਸ ਦੀ ਆਵਾਜ਼ ਜ਼ਰੂਰ ਘਰੇਲੂ ਕਾਂ ਤੋਂ ਵਖਰੀ ਹੁੰਦੀ ਹੈ। ਇਸ ਦੀ ਆਵਾਜ਼ ਭਰੜਾਈ ਹੋਈ ਕਾਹ, ਕਰਾਅ ਕਰਦੀ ਹੈ।

ਹ. ਪੁ.—ਪਾ. ਹੈਂ. ਇੰ. ਬ.: 3; ਕਾ. ਬ. : 89; ਸਾ. ਰਿ. 79 : 555 ; ਐਨ. ਬ੍ਰਿ. ਮਾ. 2 : 262

**ਕਾਉਂਕੇ** : ਪੰਜਾਬ ਰਾਜ (ਭਾਰਤ) ਦੇ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਉਂ ਦਾ ਇਹ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਜਗਰਾਉਂ ਤੋਂ ਪੱਛਮ ਵਲ ਲਗਭਗ 6 ਕਿ.ਮੀ.ਦੀ ਦੂਰੀ ਤੇ ਸਥਿਤ ਹੈ। ਇਸ ਪਿੰਡ ਤੋਂ ਲਗਭਗ 2.25 ਕਿ.ਮੀ. ਦੀ ਦੂਰੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਬਣਿਆ ਹੋਇਆ ਹੈ। ਗੁਰੂ ਜੀ ਇਥੇ ਸਿੱਧਵਾਂ ਤੋਂ ਆਏ ਸਨ। ਦਰਬਾਰ ਸੁੰਦਰ ਬਣਿਆ ਹੋਇਆ ਹੈ। ਦਰਬਾਰ ਨਾਲ 13 ਘੁਮਾਉਂ ਜ਼ਮੀਨ ਪਿੰਡ ਵਲੋਂ ਹੈ। ਵਿਸਾਖੀ ਨੂੰ ਇਥੇ ਭਾਰੀ ਮੇਲਾ ਲਗਦਾ ਹੈ। ਪਿੰਡ ਦਾ ਕੁਲ ਰਕਬਾ ਅੰਦਾਜ਼ਨ 2600 ਹੈਕਟੇਅਰ (6491 ਏਕੜ) ਹੈ। ਪਿੰਡ ਵਿਚ ਇਕ ਸੈਕੰਡਰੀ ਸਕੂਲ, ਡਾਕਖਾਨਾ ਅਤੇ ਇਕ ਪਸ਼ੂਆਂ ਦਾ ਹਸਪਤਾਲ ਹੈ।

ਆਬਾਦੀ—7,657 (1971)

30° 45′ ਉ. ਵਿਥ. ; 75° 25′ ਪੂ. ਲੰਬ.

ਹ. ਪੁ.—ਮ. ਕੋਂ. 3 : 313.

**ਕਾਉਂਟੀ ਕੋਰਟ** : ਇਤਿਹਾਸਕ ਤੌਰ ਤੇ ਇਹ ਕਾਉਂਟੀ ਕੋਰਟ ਨਿਆਂਪਾਲਕਾ ਦੀ ਇਲਾਕਾਈ ਸਭਾ ਅਤੇ ਪੁਰਾਣੀ ਬਿਨੈ-ਕੋਰਟ ਜਾਂ ਗਰੀਬ ਲੋਕਾਂ ਦੇ ਮੁਕੱਦਮੇ ਸੁਣਨ ਲਈ ਅਦਲ-ਨਿਆਂ ਪ੍ਰਣਾਲੀ ਦਾ ਵਿਕਸਿਤ ਰੂਪ ਸੀ। ਕਾਉਂਟੀ ਕੋਰਟ ਦਾ ਅਧਿਕਾਰ ਖੇਤਰ ਉਸ ਸਮੇਂ ਖ਼ਤਮ ਹੋ ਜਾਂਦਾ ਸੀ ਜਦੋਂ ਰਾਇਲ ਅਦਾਲਤੀ (Curia Reges) ਜੱਜ ਦੇਸ਼ ਦਾ ਦੌਰਾ ਕਰਕੇ ਲੋਕਾਂ ਦੇ ਮੁਕੱਦਮਿਆਂ ਦੀ ਸੁਣਵਾਈ ਮੌਕੇ ਤੇ ਜਾ ਕੇ ਕਰਦੇ ਸਨ। ਆਧੁਨਿਕ ਕਾਉਂਟੀ ਕੋਰਟ ਦੀ ਸਥਾਪਨਾ 1846 ਵਿਚ 20 ਪੌਂਡ ਤੋਂ ਘੱਟ ਮਾਲੀਅਤ ਦੇ ਮੁਕੱਦਮਿਆਂ ਦੀ ਸੁਣਵਾਈ ਲਈ ਉਨ੍ਹਾਂ ਗਰੀਬ ਲੋਕਾਂ ਦੇ ਲਾਭ ਲਈ ਕੀਤੀ ਗਈ ਜੋ ਉਪਰਲੀਆਂ ਕਚਹਿਰੀਆਂ ਵਿਚ ਖ਼ਰਚਾ ਨਹੀਂ ਸਨ ਕਰ ਸਕਦੇ। ਬਾਅਦ ਵਿਚ ਬਣੇ ਐਕਟਾਂ ਅਤੇ 1959 ਵਿਚ ਬਣੇ ਕਾਉਂਟੀ ਕੋਰਟਸ ਐਕਟ ਦੁਆਰਾ ਇਨ੍ਹਾਂ ਕੋਰਟਾਂ ਦਾ ਅਧਿਕਾਰ ਖੇਤਰ ਵਧਾ ਦਿੱਤਾ ਗਿਆ ਹੈ। 1846 ਵਿਚ ਬਣੇ ਕਾਉਂਟੀ ਕੋਰਟਸ ਐਕਟ ਨੇ ਦੇਸ਼ ਨੂੰ ਕਾਉਂਟੀ ਕੋਰਟ ਜ਼ਿਲ੍ਹਿਆਂ ਵਿਚ ਵੰਡ ਦਿੱਤਾ ਸੀ। ਹੁਣ ਇੰਗਲੈਂਡ ਅਤੇ ਵੇਲਜ਼ ਵਿਚ 63 ਜ਼ਿਲ੍ਹੇ ਜਾਂ ਹਲਕੇ ਬਣਾਏ ਹੋਏ ਹਨ ਜਿਨ੍ਹਾਂ ਵਿਚੋਂ ਹਰ ਇਕ ਵਿਚ ਇਕ ਜਾਂ ਵਧ ਜੱਜ ਕੰਮ ਕਰਦੇ ਹਨ। ਲਾਰਡ ਚਾਂਸਲਰ 80 ਤੱਕ ਜੱਜ ਨਿਯੁਕਤ ਕਰ ਸਕਦਾ ਹੈ। ਇਸ ਕੋਰਟ ਦਾ ਜੱਜ ਕੇਵਲ ਉਸ ਵਿਅਕਤੀ ਨੂੰ ਹੀ ਨਿਯੁਕਤ ਕੀਤਾ ਜਾ ਸਕਦਾ ਹੈ ਜੋ ਘੱਟੋ ਘੱਟ 7 ਸਾਲ ਵਕਾਲਤ ਕਰਦਾ ਰਿਹਾ ਹੋਵੇ ਪਰੰਤੂ ਜੱਜ ਬਣਨ ਉਪਰੰਤ ਉਹ ਵਕਾਲਤ ਨਹੀਂ ਕਰ ਸਕਦਾ ਜਾਂ ਪਾਰਲੀਮੈਂਟ ਵਿਚ ਨਹੀਂ ਬੈਠ ਸਕਦਾ। ਇਨ੍ਹਾਂ ਕਚਹਿਰੀਆਂ ਵਿਚ ਬਹੁਤੇ ਨਿਰਣੇ ਇਕੱਲਾ ਜੱਜ ਹੀ ਕਰਦਾ ਹੈ। ਬਹੁਤੇ ਜੱਜ ਘੱਟ ਹੀ ਇਕੱਠੇ ਇਕ ਮੁਕੱਦਮੇ ਦੀ ਸੁਣਵਾਈ ਲਈ ਬੈਠਦੇ ਹਨ। ਘੱਟ ਮਹੱਤਤਾ ਵਾਲੇ ਮੁਕੱਦਮੇ ਕਾਉਂਟੀ ਕੋਰਟ ਦਾ ਰਜਿਸਟਰਾਰ ਹੀ ਸੁਣਦਾ ਹੈ। ਇਸ ਕੋਰਟ ਦੀ ਵਿਧੀ ਹਾਈ ਕੋਰਟ ਨਾਲੋਂ ਸਸਤੀ ਅਤੇ ਸਾਧਾਰਨ ਹੁੰਦੀ ਹੈ।

ਹ.ਪੁ.—ਐਵ. ਐਨ. 4 : 126.

**ਕਾਉਨੀਤਸ, ਰੀਤਬਰਗ ਵੇਤਸੇਲ ਆਂਤੋਲ** : ਆਸਟ੍ਰੀਆ ਦੇ ਇਸ ਚਾਂਸਲਰ ਅਤੇ ਰਾਜਨੀਤੀਵੇਤਾ ਦਾ ਜਨਮ 1711 ਈ. ਵਿਚ ਵੀਆਨਾ ਵਿਖੇ ਕਾਉਂਟ ਮਾਰਕਸ ਉਲਰਿਖ ਦੇ ਘਰ ਹੋਇਆ। ਕਾਨੂੰਨੀ ਵਿਦਿਆ ਪ੍ਰਾਪਤ ਕਰਨ ਪਿਛੋਂ ਇਹ ਆਸਟ੍ਰੀਆ ਦੀ ਬਦੇਸ਼ੀ ਸੇਵਾ ਵਿਚ ਸ਼ਾਮਲ ਹੋ ਗਿਆ ਅਤੇ 1742 ਈ. ਵਿਚ ਰਾਜਦੂਤ ਬਣ ਗਿਆ। ਛੇਤੀ ਹੀ ਮਹਾਰਾਣੀ ਮਾਰੀਆ ਥੇਰੇਸਾ ਨਾਲ ਇਸਦੀ ਜਾਣ-ਪਹਿਚਾਣ ਹੋ ਗਈ ਤੇ ਇਸ ਨੂੰ ਚੀਫ ਮਨਿਸਟਰ ਬਣਾ ਕੇ ਨੀਦਰਲੈਂਡਜ਼ ਭੇਜ ਦਿਤਾ ਗਿਆ। ਸੰਨ 1744 ਵਿਚ ਇਸਨੂੰ ਬੈਲਜੀਅਮ ਦਾ ਰਾਜਪਾਲ ਬਣਾ ਦਿਤਾ ਗਿਆ।

ਸੰਨ 1748 ਵਿਚ ਆਯਾ-ਲਾ-ਸ਼ਾਪੇਲ ਦੀ ਪੀਸ ਕਾਂਗਰਸ ਵਿਚ ਇਸਨੇ ਆਸਟ੍ਰੀਆ ਦੀ ਪ੍ਰਤਿਨਿਧਤਾ ਕੀਤੀ। ਉਥੇ ਇਸ ਨੇ ਆਸਟ੍ਰੀਆ ਦੇ ਅਧਿਕਾਰਾਂ ਨੂੰ ਅਜਿਹੀ ਸਫ਼ਲਤਾ ਨਾਲ ਪੇਸ਼ ਕੀਤਾ ਕਿ ਇਹ ਯੂਰਪ ਦੇ ਪ੍ਰਧਾਨ ਰਾਜਨੀਤੀਵਾਨਾਂ ਵਿਚ ਗਿਣਿਆ ਜਾਣ ਲੱਗ ਪਿਆ।

ਮਾਰੀਆ ਥੇਰੇਸਾ ਦੇ ਪਤੀ ਦੀ ਮੌਤ ਪਿਛੋਂ ਕਾਉਨੀਤਸ ਦਾ ਅਸਰ ਬਹੁਤ ਵੱਧ ਗਿਆ ਤੇ ਇਹ ਲਗਭਗ 40 ਸਾਲ ਮੱਧ-ਯੂਰਪ ਦੀ ਰਾਜਨੀਤੀ ਤੇ ਛਾਇਆ ਰਿਹਾ। ਸੰਨ 1794 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ.ਕੋ. 2 : 429; ਐਨ. ਬ੍ਰਿ. ਮਾ. 5 : 733

**ਕਾਉਕਾ ਦਰਿਆ** : ਕੋਲੰਬੀਆ (ਦੱ. ਅਮ.) ਦਾ ਇਹ ਇਕ ਦਰਿਆ ਹੈ ਜੋ ਪੋਪਾਯਾਨ ਦੇ ਨੇੜਿਓਂ ਨਿਕਲਕੇ ਮੱਧ ਅਤੇ ਪੱਛਮੀ ਕੌਰਡੀਲੇਰਾ ਵਿਚਕਾਰ ਦੀ, ਉੱਤਰ ਦਿਸ਼ਾ ਵਿਚ ਵਗਦਾ ਹੈ ਅਤੇ 1,025 ਕਿ. ਮੀ. (840 ਮੀਲ) ਦਾ ਸਫ਼ਰ ਤਹਿ ਕਰਕੇ ਮਾਮਪੋਸ ਲਾਗੇ ਮੈਗਡਲਿਨਾ ਦਰਿਆ ਨਾਲ ਰਲ ਜਾਂਦਾ ਹੈ। ਇਹ ਆਪਣੇ ਮੱਧ ਵਿਚ ਖੁਲ੍ਹੀ ਅਤੇ ਉਪਜਾਊ ਕਾਉਕਾ ਵਾਦੀ ਵਿਚ ਦੀ ਗੁਜ਼ਰਦਾ ਹੈ ਅਤੇ ਕਾਰਟਾਗੋ ਦੇ ਹੇਠਾਂ ਵਲ ਕਾਲਡਾਸ ਖੇਤਰ ਵਿਚ ਦਾਖ਼ਲ ਹੋ ਜਾਂਦਾ ਹੈ ਜਿਥੇ ਡੂੰਘੀਆਂ ਖੱਡਾਂ ਦੀ ਸ਼ਕਲ ਵਿਚ ਗੁਜ਼ਰਦਾ ਹੈ। ਐਂਟੀਓਕੀਆ ਦੇ ਬਹੁਤ ਹਿੱਸੇ ਵਿਚ ਇਹ ਡੂੰਘੀ ਘਾਟੀ ਬਣਾਉਂਦਾ ਹੈ ਅਤੇ ਇਸ ਤੋਂ ਅੱਗੇ ਮੈਗਡਲਿਨਾ ਦੇ ਜੰਗਲਾਂ ਵਾਲੇ ਨੀਵੇਂ ਮੈਦਾਨਾਂ ਵਿਚੋਂ ਦੀ ਲੰਘਦਾ ਹੈ ਅਤੇ ਇਥੇ ਇਹ ਜਹਾਜ਼ਰਾਨੀ ਦੇ ਯੋਗ ਹੈ। ਜਵਾਲਾ ਮੁਖੀ ਉੱਚ-ਭੂਮੀਆਂ, ਜਿਨ੍ਹਾਂ ਦਾ ਜਲ ਨਿਕਾਸ ਕਾਉਕਾ ਦਰਿਆ ਦੁਆਰਾ ਹੁੰਦਾ ਹੈ, ਕੋਲੰਬੀਆ ਦੀ ਕੁਲ ਕਾਫ਼ੀ ਦਾ ਦੋ-ਤਿਹਾਈ ਹਿੱਸਾ ਪੈਦਾ ਕਰਦੀਆਂ ਹਨ।

8° 54′ ਉ. ਵਿਥ.; 74° 28′ ਪੱ. ਲੰਬ.

ਹ. ਪੁ.—ਐਨ. ਬ੍ਰਿ. 5 : 95

**ਕਾਉਟੀਨ** : ਦੱਖਣੀ ਚਿੱਲੀ ਦਾ ਇਹ ਇਕ ਪ੍ਰਾਂਤ ਹੈ ਜਿਸਦੇ ਪੂਰਬ ਵਲ ਅਰਜਨਟੀਨਾ ਅਤੇ ਪੱਛਮ ਵਲ ਸ਼ਾਂਤ ਮਹਾਂਸਾਗਰ ਹੈ। ਇਹ ਪ੍ਰਾਂਤ 1887 ਈ. ਵਿਚ ਹੋਂਦ ਵਿਚ ਆਇਆ ਸੀ ਅਤੇ 1938 ਈ. ਵਿਚ ਇਸ ਦੀਆਂ ਅਜੋਕੀਆਂ ਸਰਹੱਦਾਂ ਨਿਸ਼ਚਿਤ ਕੀਤੀਆਂ ਗਈਆਂ ਸਨ। ਪ੍ਰਾਂਤ ਦਾ ਕੁਲ ਰਕਬਾ 17,370 ਵ. ਕਿ. ਮੀ. ਹੈ ਅਤੇ ਆਬਾਦੀ 465,695 (1972) ਹੈ। ਪ੍ਰਾਂਤ ਦਾ ਸਾਰਾ ਹੀ ਰਕਬਾ ਸ਼ੀਤ-ਊਸ਼ਣ ਵਰਖਾ ਵਾਲੇ ਜੰਗਲਾਂ ਵਿਚ ਸਥਿਤ ਹੈ। ਕਣਕ, ਇਮਾਰਤੀ ਲੱਕੜੀ ਅਤੇ ਪਸ਼ੂ ਪ੍ਰਾਂਤ ਦੀ ਮੁੱਖ ਪੈਦਾਵਾਰ ਹਨ। ਇੰਪੀਰੀਅਲ ਅਤੇ ਟਾਲਟਨ ਦਰਿਆ ਇਸ ਪ੍ਰਾਂਤ ਵਿਚੋਂ ਦੀ ਪੂਰਬ ਤੋਂ ਪੱਛਮ ਵਲ ਨੂੰ ਵਹਿੰਦੇ ਹਨ। ਪੈਨ-ਅਮੈਰੀਕਨ ਹਾਈਵੇ ਅਤੇ ਉੱਤਰੀ ਦੱਖਣੀ ਰੇਲਵੇ, ਟੇਮੂਕੋ (ਪ੍ਰਾਂਤ ਦੀ ਰਾਜਧਾਨੀ) ਦੇ ਵਿਚੋਂ ਦੀ ਲੰਘਦੀ ਹੈ।

ਹ. ਪੁ.—ਐਨ. ਬ੍ਰਿ. ਮਾ. 2 : 653; ਸਟੇ. ਯੀ. ਬੁ. 1978-79

**ਕਾਊਨਾਸ** : ਲਿਥੂਏਨੀਅਨ ਸੋਵੀਅਤ ਸਮਾਜਵਾਦੀ ਗਣਰਾਜ (ਸੋ. ਸੰਘ) ਦਾ ਇਹ ਇਕ ਪ੍ਰਸਿੱਧ ਸ਼ਹਿਰ ਹੈ ਜੋ ਨੀਰੀਜ਼ ਅਤੇ ਨੇਮੁਨਾਸ ਦਰਿਆਵਾਂ ਦੇ ਸੰਗਮ ਉੱਤੇ ਸਥਿਤ ਹੈ। ਸੰਨ 1030 ਵਿਚ ਇਸਦੀ ਗੜ੍ਹੀ ਵਜੋਂ ਨੀਂਹ ਰੱਖੀ ਗਈ ਸੀ। ਸੰਨ 1317 ਵਿਚ ਇਹ ਕਸਬਾ ਬਣ ਗਿਆ ਅਤੇ 1408 ਈ. ਵਿਚ ਇਸਨੂੰ ਸਵੈ-ਸ਼ਾਸਨ ਦਾ ਚਾਰਟਰ ਦਿਤਾ ਗਿਆ। ਇਸ ਉੱਤੇ ਕਈ ਹਮਲੇ ਕੀਤੇ ਗਏ ਅਤੇ ਟਯੂਟਾਨੀ ਨਾਈਟਾਂ ਨੇ ਇਸ ਨੂੰ ਬਹੁਤ ਬਰਬਾਦ ਕੀਤਾ। 1410 ਈ. ਵਿਚ ਨਾਈਟਾਂ ਦੀ ਹਾਰ ਤੋਂ ਪਹਿਲਾਂ ਇਸ ਉੱਤੇ ਕਈ ਹੋਰ ਤਾਕਤਾਂ ਦਾ ਵੀ ਕਬਜ਼ਾ ਰਿਹਾ। ਇਸ ਤੋਂ ਮਗਰੋਂ ਇਥੋਂ ਦਾ ਵਪਾਰ ਬਹੁਤ ਉੱਨਤ ਹੋਇਆ ਅਤੇ ਕਸਬਾ ਬਹੁਤ ਪ੍ਰਫੁੱਲਤ ਹੋਇਆ। ਸੰਨ 1795 ਵਿਚ ਪੋਲੈਂਡ ਦੀ ਤੀਜੀ ਵੰਡ ਵੇਲੇ ਇਹ ਰੂਸ ਅਧੀਨ ਚਲਾ ਗਿਆ ਅਤੇ 1842 ਈ. ਵਿਚ ਪ੍ਰਾਂਤਕ ਕੇਂਦਰ ਬਣ ਗਿਆ। ਪਿਛੋਂ 19ਵੀਂ ਸਦੀ ਵਿਚ ਰੇਲਾਂ ਦੇ ਆਉਣ ਕਾਰਨ ਸ਼ਹਿਰ ਦਾ ਵਪਾਰ ਵਧਿਆ ਅਤੇ ਉਦਯੋਗ ਵਿਕਸਿਤ ਹੋਣਾ ਸ਼ੁਰੂ ਹੋ ਗਿਆ। ਸੰਨ 1920 ਤੋਂ 1940 ਤੀਕ ਕਾਊਨਾਸ ਆਜ਼ਾਦ ਲਿਥੂਏਨੀਆ ਦੀ ਰਾਜਧਾਨੀ ਰਿਹਾ। ਸੰਨ 1944 ਵਿਚ ਸੋਵੀਅਤ ਯੂਨੀਅਨ ਨੇ ਇਸਨੂੰ ਆਪਣੇ ਵਿਚ ਸ਼ਾਮਲ ਕਰ ਲਿਆ। ਦੂਜੇ ਮਹਾਂ ਯੁੱਧ ਦੌਰਾਨ ਇਸ ਸ਼ਹਿਰ ਦਾ ਭਾਰੀ ਨੁਕਸਾਨ ਹੋਇਆ।

ਅਜੋਕਾ ਕਾਊਨਾਸ ਇਕ ਭਾਰੀ ਉਦਯੋਗਿਕ ਕੇਂਦਰ ਹੈ। ਇਥੇ ਧਾਤਾਂ ਦੀ ਢਲਾਈ, ਮਸ਼ੀਨੀ ਔਜ਼ਾਰ, ਰੇਡੀਓ, ਫਰਨੀਚਰ, ਉੱਨ, ਰੇਸ਼ਮ ਅਤੇ ਰੇਅਨ ਦੇ ਕੱਪੜੇ ਤਿਆਰ ਕੀਤੇ ਜਾਂਦੇ ਹਨ। ਇਹ ਇਕ ਭਾਰੀ ਵਿਦਿਅਕ ਅਤੇ ਸਭਿਆਚਾਰਕ ਕੇਂਦਰ ਹੈ। ਇਸ ਸ਼ਹਿਰ ਦੀਆਂ ਪੁਰਾਣੀਆਂ ਇਮਾਰਤਾਂ ਅਤੇ ਇਥੋਂ ਦੇ ਪੁਰਾਣੇ ਕਿਲੇ ਦੇ ਖੰਡਰਾਤ ਅੱਜ ਵੀ ਇਥੇ ਮੌਜੂਦ ਹਨ।

ਆਬਾਦੀ—383,000 (1981)

54° 54′ ਉ. ਵਿਥ.; 23° 54′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 732

**ਕਾਊਫ਼ਮਾਨ, ਮੇਰੀਆ ਐਨਾ ਐਂਜਲੀਕਾ** : ਸਵਿਟ-ਜ਼ਰਲੈਂਡ ਦੀ ਇਸ ਪੋਰਟ੍ਰੇਟ ਚਿੱਤਰਕਾਰ ਦਾ ਜਨਮ ਕੋਇਰ ਵਿਖੇ 30 ਅਕਤੂਬਰ, 1741 ਨੂੰ ਹੋਇਆ। ਇਹ ਰਾਇਲ ਅਕੈਡਮੀ ਦੇ ਮੁੱਢਲੇ ਮੈਂਬਰਾਂ ਵਿਚੋਂ ਇਕ ਸੀ। ਬਚਪਨ ਤੋਂ ਹੀ ਇਹ ਸੰਗੀਤਕਾਰ ਅਤੇ ਚਿੱਤਰਕਾਰ ਵਜੋਂ ਨਿਪੁੰਨ ਸੀ। ਸੰਨ 1754 ਵਿਚ ਇਸ ਦਾ ਚਿੱਤਰ-ਕਾਰ ਪਿਤਾ ਇਸ ਨੂੰ ਮਾਈਲੈਨ ਲੈ ਗਿਆ। ਸੰਨ 1763 ਵਿਚ ਇਹ ਰੋਮ ਗਈ ਅਤੇ ਫਿਰ ਬੋਲੋਨਯਾ ਅਤੇ ਵੈਨਿਸ ਚਲੀ ਗਈ। ਅੰਗ੍ਰੇਜ਼ ਰਾਜਦੂਤ ਦੀ ਪਤਨੀ ਲੇਡੀ ਵੈਂਟਵਰਥ ਨਾਲ 1766 ਵਿਚ ਇਹ ਲੰਡਨ ਪੁੱਜੀ। ਲੋਕਾਂ ਵਲੋਂ ਅਤੇ ਵਿਸ਼ੇਸ਼ ਕਰਕੇ ਸ਼ਾਹੀ ਘਰਾਣੇ ਵਲੋਂ ਇਸ ਨੂੰ ਬਹੁਤ ਮਾਣ ਮਿਲਿਆ।

ਸਰ ਜੋਸ਼ੂਆ ਰੇਨਲਡਜ਼ ਨਾਲ ਇਸ ਦੀ ਪੱਕੀ ਦੋਸਤੀ ਸੀ। ਦੋਹਾਂ ਨੇ ਇਕ ਦੂਜੇ ਦੇ ਚਿੱਤਰ ਬਣਾਏ ਸਨ। ਸੰਨ 1767 ਵਿਚ ਇਸ ਨੇ ਸਵੀਡਨ ਦੇ ਇਕ ਕਾਊਂਟ ਨਾਲ ਸ਼ਾਦੀ ਕੀਤੀ ਪਰ ਛੇਤੀ ਹੀ ਉਸ ਨਾਲੋਂ ਵੱਖ ਹੋ ਗਈ। ਸੰਨ 1766-67 ਦੇ ਦੌਰਾਨ ਇਸ ਨੇ 'ਫ੍ਰੀ ਸੋਸਾ-ਇਟੀ ਆਫ਼ ਆਰਟਿਸਟਸ' ਨੂੰ ਦਿਹਾਤੀ ਅਤੇ ਮਿਥਿਹਾਸਕ ਚਿੱਤਰ ਬਣਾ ਕੇ ਦਿੱਤੇ। ਸੰਨ 1773 ਵਿਚ ਇਸ ਨੂੰ ਰਾਇਲ ਅਕੈਡਮੀ ਵੱਲੋਂ ਹੋਰ ਉਘੇ ਚਿੱਤਰਕਾਰਾਂ ਸਹਿਤ ਸੇਂਟ ਪਾਲ ਦੇ ਚਰਚ ਨੂੰ ਸਜਾਉਣ ਲਈ ਨਿਯੁਕਤ ਕੀਤਾ ਗਿਆ ਅਤੇ ਇਸ ਨੇ ਬਿਆਜੋ ਰੈਬੈਕਾ ਸਹਿਤ ਸਮਰਸੈੱਟ ਹਾਊਸ ਵਿਖੇ ਅਕੈਡਮੀ ਦੇ ਪੁਰਾਣੇ ਲੈਕਚਰ ਕਮਰੇ ਨੂੰ ਪੇਂਟ ਕੀਤਾ।

ਸੰਨ 1781 ਵਿਚ ਆਪਣੇ ਪਹਿਲੇ ਪਤੀ ਦੀ ਮੌਤ ਪਿਛੋਂ ਇਸ ਨੇ ਵੈਨਿਸ ਦੇ ਇਕ ਕਲਾਕਾਰ ਨਾਲ ਸ਼ਾਦੀ ਕੀਤੀ, ਜਿਹੜਾ ਉਦੋਂ ਇੰਗਲੈਂਡ ਰਹਿੰਦਾ ਸੀ। ਕੁਝ ਚਿਰ ਮਗਰੋਂ ਇਹ ਵਾਪਸ ਰੋਮ ਚਲੀ ਗਈ। ਸੰਨ 1797 ਤਕ ਇਹ ਆਪਣੇ ਚਿੱਤਰ ਰਾਇਲ ਅਕੈਡਮੀ ਨੂੰ ਭੇਜਦੀ ਰਹੀ। 5 ਨਵੰਬਰ, 1807 ਨੂੰ ਇਸ ਦੀ ਮੌਤ ਹੋ ਗਈ ਅਤੇ ਆਨਟੋਨੀਓ ਕਾਨੋਵਾ ਦੀਆਂ ਹਦਾਇਤਾਂ ਅਨੁਸਾਰ ਇਸ ਨੂੰ ਪੂਰੇ ਸਨ-ਮਾਨ ਨਾਲ ਦਫ਼ਨਾਇਆ ਗਿਆ।

ਹ. ਪੁ.—ਐਨ. ਬ੍ਰਿ. 13 : 253.

**ਕਾਊਲਬਾਕ, ਵਿਲਹੈਲਮ ਫੌਨ** : ਇਹ ਜਰਮਨ ਚਿੱਤਰ-ਕਾਰ ਅਤੇ ਤਸਵੀਰਾਂ ਵਾਹੁਣ ਵਾਲਾ ਸੀ, ਜਿਸ ਨੇ ਕੰਧ-ਚਿੱਤਰਕਾਰੀ ਕਰਕੇ ਪ੍ਰਸਿੱਧਤਾ ਪ੍ਰਾਪਤ ਕੀਤੀ। ਇਸ ਦਾ ਜਨਮ ਆਰੋਲਸਨ ਵਿਖੇ 15 ਅਕਤੂਬਰ, 1805 ਨੂੰ ਹੋਇਆ। ਇਸ ਨੇ ਪੀਟਰ ਫਾਨ ਕੌਰ-ਨੇਲੀਉਸ ਦੇ ਅਧੀਨ ਸਿੱਖਿਆ ਪ੍ਰਾਪਤ ਕੀਤੀ ਸੀ। ਜਦੋਂ 1825 ਵਿਚ ਕੌਰਨੇਲੀਉਸ ਮਿਊਨਿਕ ਵਿਚ ਬਾਵੇਰੀਅਨ ਅਕੈਡਮੀ ਦਾ ਡਾਇਰੈਕਟਰ ਬਣਿਆ ਤਾਂ ਉਸ ਨੇ ਕਾਊਲਬਾਕ ਨੂੰ ਆਪਣੇ ਨਾਲ ਲੈ ਆਂਦਾ। ਸੰਨ 1849 ਵਿਚ ਕੌਰਨੇਲੀਉਸ ਦੇ ਮਗਰੋਂ ਕਾਊਲਬਾਕ ਇਸ ਅਕੈਡਮੀ ਦਾ ਡਾਇਰੈਕਟਰ ਬਣਿਆ ਅਤੇ ਆਪਣੀ ਮੌਤ (7 ਅਪ੍ਰੈਲ, 1874) ਤਕ ਇਸ ਪਦ ਤੇ ਰਿਹਾ। ਇਸ ਦੀਆਂ ਅਲੌਕਿਕ ਕ੍ਰਿਤਾਂ ਵਿਚ 'ਰੈਨਾ-ਰਡ ਦੀ ਫੌਕਸ' ਪੁਸਤਕ ਲਈ ਬਣਾਈਆਂ ਗਈਆਂ ਤਸਵੀਰਾਂ ਅਤੇ ਕਲੋਪਸ਼ਟੌਕ, ਗੇਟੇ ਅਤੇ ਸ਼ੈਕਸਪੀਅਰ ਦੀ ਕਵਿਤਾ ਲਈ ਬਣਾਏ ਚਿੱਤਰ ਸ਼ਾਮਲ ਹਨ। ਇਸ ਨੇ ਮਿਊਨਿਕ ਅਤੇ ਬਰਲਿਨ ਦੀਆਂ ਬੇਸ਼ੁਮਾਰ ਕੰਧਾਂ ਉੱਤੇ ਚਿੱਤਰਕਾਰੀ ਕੀਤੀ। ਇਤਿਹਾਸਕ ਘਟਨਾਵਾਂ ਸਬੰਧੀ ਵੀ ਇਸ ਦੇ ਬਹੁਤ ਸਾਰੇ ਚਿੱਤਰ ਹਨ।

ਹ. ਪੁ.—ਐਨ. ਬ੍ਰਿ. 13 : 254.

**ਕਾਊਲਾਨੀਆ** : ਦੱਖਣੀ ਇਟਲੀ ਵਿਚ ਇਹ ਇਕ ਪ੍ਰਾਚੀਨ ਯੂਨਾਨੀ ਸ਼ਹਿਰ ਹੁੰਦਾ ਸੀ ਅਤੇ ਅਕਾਇਆਵਾਸੀਆਂ ਦੁਆਰਾ ਇਟਲੀ

ਵਿਚ ਸਥਾਪਤ ਕੀਤੀਆਂ ਨਵ-ਆਬਾਦੀਆਂ ਵਿਚੋਂ ਇਹ ਧੁਰ ਦੱਖਣ ਵਲ ਸੀ। ਇਸ ਦੀ ਸਥਾਪਨਾ ਸ਼ਾਇਦ ਸੱਤਵੀਂ ਸਦੀ ਈ. ਪੂ. ਦੇ ਪਹਿਲੇ ਮੱਧ ਵਿਚ ਹੋਈ ਸੀ। ਕਾਊਲਾਨੀਆ ਕਰੋਟਨ ਦੀ ਇਕ ਚੌਂਕੀ ਹੁੰਦੀ ਸੀ। ਛੇਵੀਂ ਸਦੀ ਦੇ ਦੂਜੇ ਮੱਧ ਦੇ ਸਿੱਕਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਕਾਫ਼ੀ ਮਹੱਤਤਾ ਵਾਲਾ ਸ਼ਹਿਰ ਹੁੰਦਾ ਸੀ।

ਹ. ਪੁ.—ਐਨ. ਬ੍ਰਿ. ਮਾ. 5 : 652

**ਕਾਊਲੀ, ਅਬਰਾਹਮ** : ਇਸ ਅੰਗ੍ਰੇਜ਼ੀ ਕਵੀ, ਨਿਬੰਧ-ਕਾਰ ਅਤੇ ਰਹੱਸਵਾਦੀ ਲੇਖਕ ਦਾ ਜਨਮ ਸੰਨ 1618 ਵਿਚ ਲੰਡਨ ਵਿਖੇ ਹੋਇਆ ਅਤੇ ਇਹ ਉਚੇਰੀ ਵਿਦਿਆ ਦੀ ਪ੍ਰਾਪਤੀ ਲਈ ਟ੍ਰਿਨਿਟੀ ਕਾਲਜ, ਕੈਂਬਰਿਜ ਵਿਚ ਪੜ੍ਹਿਆ। ਇਸ ਨੇ ਕਈ ਪ੍ਰਕਾਰ ਦੀ ਸ਼ਾਹੀ ਨੌਕਰੀ ਕੀਤੀ। ਇਸ ਨੇ 'ਪ੍ਰੋਪੋਜ਼ੀਸ਼ਨ ਫਾਰ ਦੀ ਐਡਵਾਨਸਮੈਂਟ ਔਫ ਐਕਸਪੈਰੀਮੈਂਟਲ ਫ਼ਿਲਾਸਫ਼ੀ' (1661) ਲਿਖੀ। ਇਸ ਦੀ ਰਹੱਸਵਾਦੀ ਕਵਿਤਾ ਮੁਖ ਰੂਪ ਵਿਚ 'ਦੀ ਮਿਸਲੈਨੀਜ਼' (1656) ਅਤੇ 'ਦੀ ਮਿਸਟ੍ਰੈਸ, (1647 ਅਤੇ 1656)' ਨਾਂ ਦੀਆਂ ਪੁਸਤਕਾਂ ਵਿਚ ਸੰਗ੍ਰਹਿਤ ਹੈ। ਇਕ ਅਧੂਰਾ ਮਹਾਂਕਾਵਿ 'The Davideis' (1656) ਅਤੇ 'Pindarique Odes' (1656) ਇਸ ਦੀਆਂ ਪ੍ਰਸਿੱਧ ਰਚਨਾਵਾਂ ਹਨ। ਇਸ ਨੇ ਬਾਅਦ ਵਿਚ ਨਿਬੰਧਾਂ ਦੀ ਪ੍ਰਸਿੱਧ ਪੁਸਤਕ 'ਐਸੇਜ਼ ਇਨ ਵਰਸ ਐਂਡ ਪ੍ਰੋਜ਼' (1668) ਲਿਖੀ। ਇਸ ਦੀ ਮੌਤ ਚਰਟਸੀ ਵਿਚ 28 ਜੁਲਾਈ, 1667 ਨੂੰ ਹੋਈ।

ਹ. ਪੁ.—ਐਨ. ਬ੍ਰਿ. 6 : 682.

**ਕਾਓ-ਸਾਈਉਂਗ** : ਚੀਨ ਸਾਗਰ ਵਿਚ ਤਾਈਵਾਨ ਦੇ ਦੱਖਣ-ਪੱਛਮੀ ਤੱਟ ਤੇ ਵਾਕਿਆ ਟਾਪੂ ਦਾ ਇਹ ਦੂਜਾ ਵੱਡਾ ਸ਼ਹਿਰ, ਸੱਨਅਤੀ ਕੇਂਦਰ ਅਤੇ ਉੱਘੀ ਬੰਦਰਗਾਹ ਹੈ। ਸ਼ੁਰੂ ਵਿਚ ਇਥੇ ਗਵਾਂਗਡੁੰਗ ਅਤੇ ਫੁਕਯੈੱਨ ਤੋਂ ਆਏ ਚੀਨੀ ਲੋਕ ਵੱਸੇ ਸਨ। ਸੰਨ 1895 ਤੋਂ 1945 ਦੌਰਾਨ ਜਾਪਾਨੀਆਂ ਨੇ ਇਸਨੂੰ ਸੱਨਅਤੀ ਕੇਂਦਰ ਤੇ ਬੰਦਰਗਾਹ ਦੇ ਤੌਰ ਤੇ ਉੱਨਤ ਕੀਤਾ। ਜਾਪਾਨੀਆਂ ਦੇ ਦੱਖਣ-ਪੱਛਮ ਵਲ ਫੈਲਣ ਅਤੇ ਤਾਈਵਾਨ ਦੀ ਬਰਾਮਦ ਵਾਸਤੇ ਇਸ ਦੇ ਯੋਗ ਥਾਂ ਤੇ ਵਾਕਿਆ ਹੋਣ ਕਾਰਨ ਇਸਦਾ ਵਿਕਾਸ ਹੋਰ ਵੀ ਤੇਜ਼ ਹੋ ਗਿਆ। ਇਥੋਂ ਲੂਣ, ਖੰਡ, ਸੀਮਿੰਟ ਅਤੇ ਡੱਬੇ-ਬੰਦ ਅਨਾਨਾਸ ਦੀ ਬਰਾਮਦ ਹੁੰਦੀ ਹੈ। ਸੰਨ 1970 ਦੇ ਸ਼ੁਰੂ ਵਿਚ ਇਹ ਤਾਈਵਾਨ ਦਾ ਸਭ ਤੋਂ ਵੱਧ ਵਿਕਸਿਤ ਸ਼ਹਿਰ ਬਣ ਗਿਆ। ਇਥੇ 800 ਤੋਂ ਵੀ ਵੱਧ ਵੱਖ-ਵੱਖ ਕਿਸਮ ਦੇ ਕਾਰਖਾਨੇ ਸਥਾਪਤ ਹੋ ਚੁਕੇ ਹਨ। ਇਥੋਂ ਦਾ ਮੁੱਖ ਉਤਪਾਦਨ ਕੱਪੜਾ, ਐਲੂਮੀਨੀਅਮ, ਮਸ਼ੀਨੀ ਪੁਰਜ਼ੇ, ਮਿੱਟੀ ਦੇ ਬਰਤਨ, ਰਸਾਇਣਿਕ ਵਸਤਾਂ ਲੱਕੜ ਦਾ ਸਾਮਾਨ, ਛਾਪੇਖਾਨੇ ਦੀਆਂ ਵਸਤਾਂ, ਸੀਮਿੰਟ, ਪੈਟਰੋਲੀਅਮ ਵਸਤਾਂ, ਖਾਦ ਅਤੇ ਖਾਣ ਪੀਣ ਵਾਲੀਆਂ ਵਸਤਾਂ ਹਨ। ਇਹ ਮੱਛੀ ਫੜਨ ਦਾ ਵੀ ਕੇਂਦਰ ਹੈ।

ਆਬਾਦੀ—884, 211 (1972)

22° 38′ ਉ. ਵਿਥ.; 120° 17′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 224

**ਕਾਓਲੈਕ** : ਸੈਨੇਗਾਲ ਦੇਸ਼ ਵਿਚ ਇਹ ਇਕ ਸ਼ਹਿਰ ਹੈ ਜੋ ਸਾਲੂਮ ਦਰਿਆ ਦੇ ਸੱਜੇ ਕੰਢੇ ਤੇ ਵਾਕਿਆ ਹੈ। ਇਹ ਮੂੰਗਫਲੀ ਦੀ ਬਰਾਮਦ ਲਈ ਇਕ ਪ੍ਰਸਿੱਧ ਦਰਿਆਈ ਬੰਦਰਗਾਹ ਹੈ ਜੋ 20 ਕਿ. ਮੀ. ਉੱਤਰ-ਪੂਰਬ ਵਲ ਗੁਨਗੁਨੀਓ ਨਾਲ ਰੇਲ ਦੁਆਰਾ ਜੁੜੀ ਹੋਈ ਹੈ। ਸ਼ਹਿਰ ਦਾ ਪ੍ਰਬੰਧਕੀ ਹਿੱਸਾ ਸਟੇਸ਼ਨ ਤੇ ਦਰਿਆ ਵਿਚਕਾਰ ਸਥਿਤ ਹੈ, ਜਿਥੇ ਅਫ਼ਰੀਕਨਾਂ ਦੀ ਇਕ ਮੰਡੀ ਯੂਰਪੀਨ ਵਪਾਰਕ ਸਟੇਸ਼ਨ ਹਨ। ਅਫ਼ਰੀਕਨਾਂ ਦੇ ਘਰ ਨੀਵੇਂ ਤੇ ਚੌਰਸ ਹਨ ਜੋ ਮਿੱਟੀ ਰੇਤ ਜਾਂ ਲੱਕੜ ਦੇ ਬਣੇ ਹੋਏ ਹਨ ਅਤੇ ਇਹ ਦਰਿਆ ਦੇ ਕੰਢੇ ਦੇ ਨਾਲ ਨਾਲ ਹਨ। ਸ਼ਹਿਰ ਵਿਚ ਕੋਈ ਉਦਯੋਗ ਨਹੀਂ, ਸਿਰਫ 20,000 ਤੋਂ 30,000 ਮੀਟ੍ਰਿਕ ਟਨ ਸਾਲਾਨਾ ਤਕ ਲੂਣ ਤਿਆਰ ਕੀਤਾ ਜਾਂਦਾ ਹੈ। ਸ਼ਹਿਰ ਦੇ ਬਾਹਰ ਮੁਸਲਮਾਨਾਂ ਦੀ ਇਕ ਵੱਡੀ ਮਸਜਿਦ ਹੈ।

ਆਬਾਦੀ—115,679 (1982)

14° 09′ ਉ. ਵਿਥ.; 16° 04′ ਪੱ. ਲੰਬ.

ਹ. ਪੁ.—ਐਨ. ਬ੍ਰਿ. 13 : 224

**ਕਾਅਬਾ (ਕਾਬਾ)** : ਇਹ ਅਰਬ ਦੇ ਮੱਕੇ ਸ਼ਹਿਰ ਵਿਚ ਮੁਸਲਮਾਨਾਂ ਦਾ ਧਰਮ ਮੰਦਰ ਹੈ ਜੋ ਇਸਲਾਮੀ ਕਿਤਾਬਾਂ ਅਨੁਸਾਰ ਪਹਿਲਾਂ ਹਜ਼ਰਤ ਆਦਮ ਨੇ ਬਣਾਇਆ ਸੀ। ਇਸ ਦਾ ਕਾਬਾ ਨਾਮ ਅਰਬ ਦੇ ਬੁਤ ਪਰਸਤਾਂ ਦਾ ਰਖਿਆ ਹੋਇਆ ਹੈ। ਮੁਹੰਮਦ ਸਾਹਿਬ ਨੇ ਇਸ ਦਾ ਨਾਮ 'ਬੈਤੁੱਲਾ' (ਅੱਲਾ ਦਾ ਘਰ) ਕਰਕੇ ਥਾਪਿਆ ਸੀ। ਨੂਹ ਵਾਲੇ ਤੂਫ਼ਾਨ ਵਿਚ ਇਹ ਡਿੱਗ ਪਿਆ ਅਤੇ ਮੁੜ ਇਬਰਾਹੀਮ ਨੇ ਉਸਾਰਿਆ। ਫੇਰ ਇਹ ਕਈ ਵੇਰ ਡਿੱਗਾ ਅਤੇ ਬਣਿਆ। ਇਕ ਵੇਰ ਮੁਹੰਮਦ ਸਾਹਿਬ ਨੇ ਵੀ ਇਸ ਦੀ ਨੀਂਹ ਰੱਖੀ ਸੀ। ਇਹ ਸੰਨ ਹਿਜਰੀ 65 ਵਿਚ ਵੀ ਨਵੇਂ ਸਿਰੇ ਚਿਣਿਆ ਗਿਆ ਸੀ।

ਇਸ ਮੰਦਰ ਵਿਚ ਅਨੇਕਾਂ ਬੁੱਤਾਂ ਦੀ ਪੂਜਾ ਹੁੰਦੀ ਸੀ, ਜਿਨ੍ਹਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਬਾਹਰ ਕੱਢਿਆ। ਸੰਨ 1040 ਵਿਚ



ਕਾਅਬਾ

ਰੂਮ ਦੇ ਉਸਮਾਨੀ ਬਾਦਸ਼ਾਹ ਸੁਲਤਾਨ ਮੁਰਾਦ ਨੇ ਕਾਬੇ ਨੂੰ ਨਵੇਂ ਸਿਰਿਓਂ ਬਣਾਇਆ ਜੋ ਹੁਣ ਤਕ ਕਾਇਮ ਹੈ।

ਇਸ ਮੰਦਰ ਦੀ ਪੂਰਬ ਵੱਲ ਦੀ ਬਾਹੀ, ਜਿੱਧਰ ਦਰਵਾਜ਼ਾ ਹੈ, 33 ਗਜ਼ ਲੰਮੀ ਹੈ, ਪੱਛਮ ਦੀ 31 ਗਜ਼, ਉੱਤਰ ਦੀ 22 ਗਜ਼ ਅਤੇ ਦੱਖਣ ਦੀ 20 ਗਜ਼ ਹੈ, ਅਤੇ ਬੁਲੰਦੀ 35 ਫੁੱਟ ਹੈ। ਗਿਣਾਈ ਭੂਰੇ ਰੰਗ ਦੇ ਪੱਥਰ ਦੀ ਚੂਨੇ ਨਾਲ ਹੋਈ ਹੈ। ਕੁਰਸੀ ਦੋ ਫੁੱਟ ਉਚੀ ਅਤੇ ਛੱਤ ਚਪਟੀ ਹੈ। ਇਸ ਦਾ ਦਰਵਾਜ਼ਾ ਖ਼ਾਸ ਤਿਉਹਾਰਾਂ ਸਮੇਂ ਹੀ ਖੁਲ੍ਹਦਾ ਹੈ, ਜਦੋਂ ਯਾਤਰੀ ਲੋਕ ਆਉਂਦੇ ਹਨ। ਦੱਖਣ-ਪੂਰਬ ਵਲ ਦਾ ਜੋ ਮੰਦਿਰ ਦਾ ਕੋਠਾ ਹੈ, ਉਸ ਵਿਚ ਜ਼ਮੀਨ ਤੋਂ 5 ਫੁੱਟ ਉੱਚਾ 'ਸੰਗੇ ਅਸਵਦ' (ਕਾਲਾ ਪੱਥਰ) ਜੜਿਆ ਹੋਇਆ ਹੈ ਜਿਸ ਨੂੰ ਹਾਜੀ ਚੁੰਮਦੇ ਹਨ। ਦੱਖਣ ਦੇ ਕੋਨੇ ਵਿਚ ਇਕ ਹੋਰ ਪੱਥਰ ਵੀ ਹੈ, ਜਿਸ ਦਾ ਨਾਂ "ਰੁਕਨੁਲਯਮਾਨ" ਹੈ। ਇਸ ਨੂੰ ਯਾਤਰੀ ਲੋਕ ਸੱਜੇ ਹੱਥ ਨਾਲ ਛੋਂਹਦੇ ਹਨ। ਦਰਵਾਜ਼ੇ ਦੇ ਪਾਸ ਮੰਦਰ ਦੀ ਦੀਵਾਰ ਦੇ ਨਾਲ ਲਗਦਾ ਇਕ ਸੰਗਮਰਮਰ ਦੇ ਹਾਸ਼ੀਏ ਵਾਲਾ ਗਹਿਰਾ ਮਕਾਮ ਹੈ, ਜਿਸ ਉਪਰ ਤਿੰਨ ਆਦਮੀ ਖੜ੍ਹੇ ਹੋ ਸਕਦੇ ਹਨ। ਆਖਦੇ ਹਨ ਕਿ ਇਸ ਥਾਂ ਇਬਰਾਹੀਮ ਨੇ ਇਸਮਾਈਲ ਸਮੇਤ ਈਸ਼ਵਰ ਅਗੇ ਪ੍ਰਾਰਥਨਾ ਕੀਤੀ ਸੀ। ਕਾਬੇ ਦੇ ਚਾਰ ਪਾਸੇ ਪਰਿਕ੍ਰਮਾ ਲਈ ਖੁੱਲ੍ਹੀ ਥਾਂ ਹੈ ਅਤੇ ਸੁੰਦਰ

ਵਲਗਣ ਹੈ। ਕਾਬੇ ਦਾ ਮੰਦਰ ਸਿਆਹ ਰੇਸ਼ਮੀ ਗਿਲਾਫ਼ ਨਾਲ ਢਕਿਆ ਰਹਿੰਦਾ ਹੈ, ਜਿਸ ਉਤੇ ਕੁਰਾਨ ਦੀਆਂ ਆਯਤਾਂ ਲਿਖੀਆਂ ਹਨ।

ਹ. ਪੁ.—ਮ. ਕੋ.

**ਕਾਆਰ** : ਦੱਖਣੀ ਫ਼ਰਾਂਸ ਵਿਚ ਲਾਟ ਡਿਪਾਰਟਮੈਂਟ ਦੀ ਇਹ ਰਾਜਧਾਨੀ ਹੈ ਜੋ ਲਾਟ ਦਰਿਆ ਦੁਆਰਾ ਘਿਰੇ ਇਕ ਪਥਰੀਲੇ ਪ੍ਰਾਇਦੀਪ ਉਤੇ ਸਥਿਤ ਹੈ। ਪਹਿਲਾਂ ਇਹ ਕਾਡਰਸੀ ਦੀ ਰਾਜਧਾਨੀ ਹੁੰਦੀ ਸੀ ਅਤੇ ਇਸ ਨੂੰ ਰੋਮਨ ਡਾਈਵੋਨਾ ਕਿਹਾ ਜਾਂਦਾ ਸੀ। ਸ਼ਹਿਰ ਦਾ ਪ੍ਰਾਚੀਨ ਫੁਹਾਰਾ ਅੱਜ ਵੀ ਸ਼ਹਿਰ ਨੂੰ ਪਾਣੀ ਸਪਲਾਈ ਕਰਦਾ ਹੈ। ਰੋਮਨ ਰਾਜ-ਕਾਲ ਦੌਰਾਨ ਇਹ ਲਿਨਨ ਕੱਪੜੇ ਲਈ ਬਹੁਤ ਪ੍ਰਸਿੱਧ ਸੀ। ਪਿਛੋਂ ਵਿਸਗਾਥਾਂ ਅਤੇ ਮੁਸਲਮਾਨੀ ਹਮਲਾਵਾਰਾਂ ਨੇ ਇਸ ਉਤੇ ਕਬਜ਼ਾ ਕਰ ਲਿਆ। ਤੇਰ੍ਹਵੀਂ ਸਦੀ ਵਿਚ ਇਥੋਂ ਦੇ ਸ਼ਾਹੂਕਾਰਾਂ ਸਦਕਾ ਹੀ ਇਹ ਇਕ ਪ੍ਰਸਿੱਧ ਵਿੱਤੀ ਕੇਂਦਰ ਬਣ ਗਿਆ। ਸੰਨ 1316 ਤੋਂ ਇਨਕਲਾਬ ਤੀਕ, ਇਥੋਂ ਦੇ ਬਿਸ਼ਪਾਂ ਨੇ ਸ਼ਾਹੀ ਅਫ਼ਸਰਾਂ ਨਾਲ ਰਲਕੇ ਇਲਾਕੇ ਦਾ ਪ੍ਰਬੰਧ ਚਲਾਇਆ। ਸ਼ਹਿਰ ਦੇ ਵਾਸੀ, ਪੋਪ ਜਾਹਨ ਬਾਈਵੇਂ ਨੇ 1331 ਈ. ਵਿਚ ਇਥੇ ਯੂਨੀਵਰਸਿਟੀ ਸਥਾਪਤ ਕੀਤੀ ਜੋ 1751 ਈ. ਤੀਕ ਚਲਦੀ ਰਹੀ।

ਪੁਰਾਣੇ ਸ਼ਹਿਰ ਦੀ ਨੀਂਹ 1119 ਈ. ਵਿਚ ਰਖੀ ਗਈ ਅਤੇ 1285 ਈ. ਤੋਂ 1500 ਈ. ਵਿਚਕਾਰ ਸ਼ਹਿਰ ਦੇ ਕਈ ਹਿੱਸਿਆਂ ਨੂੰ ਉਸਾਰਿਆ ਗਿਆ।

ਇਥੇ ਬਹੁਤ ਘਟ ਸਾਮਾਨ ਤਿਆਰ ਕੀਤਾ ਜਾਂਦਾ ਹੈ। ਸਰਦੀਆਂ ਵਿਚ ਇਹ ਪਨੀਰ ਅਤੇ ਖੁੰਬ ਦੀ ਇਕ ਗਹਿਮਾ-ਗਹਿਮ ਮੰਡੀ ਹੁੰਦੀ ਹੈ। ਇਹ ਜਾਹਨ ਬਾਈਵੇਂ, ਲੀਓਨ ਗੈਂਬੇਟਾ (ਪ੍ਰਸਿੱਧ ਰਾਜਨੀਤੀ ਵੇਤਾ) ਅਤੇ ਕਵੀ ਕਲੀਮੈਂਟ ਆਰਟ ਦਾ ਜਨਮ ਅਸਥਾਨ ਹੈ।

ਆਬਾਦੀ—18,204 (1982)

44° 27′ ਉ. ਵਿਥ.; 1° 26′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 438

**ਕਾਇਆਨਾਈਟ** : ਇਹ ਐਲੂਮਿਨਾ ਅਤੇ ਸਿਲਿਕਾ ($Al_2O_3.SiO_2$) ਮਿਲਿਆ ਖਣਿਜ ਹੈ ਜਿਸ ਦੀਆਂ ਚਟਾਨਾਂ ਬਣਦੀਆਂ ਹਨ। ਮੁਲਾਈਟ ਵੀ ਇਸ ਤੋਂ ਬਣਦੀ ਹੈ ਜਿਸ ਦੀ ਵਰਤੋਂ ਸਪਾਰਕ-ਪਲੱਗਾਂ ਅਤੇ ਦੂਸਰੀਆਂ ਉੱਚਤਾਪ ਸਹਿ ਪਾਰਸਲੇਨਾ ਵਿਚ ਕੀਤੀ ਜਾਂਦੀ ਹੈ। ਇਹ ਮੁੱਖ ਤੌਰ ਤੇ ਨਾਈਸ ਅਤੇ ਅਬਰਕ ਸ਼ਸਟ ਵਿਚੋਂ ਮਿਲਦਾ ਹੈ। ਇਸ ਨਾਲ ਅਕਸਰ ਗਾਰਨੈੱਟ, ਕੁਆਰਟਜ਼ ਅਤੇ ਅਬਰਕ ਮਿਲੇ ਹੁੰਦੇ ਹਨ। ਕਾਇਆਨਾਈਟ ਦੇ ਰਵੇ ਤ੍ਰੈਨਤਧੁਰਈ ਸਿਸਟਮ ਵਿਚ ਹੁੰਦੇ ਹਨ ਅਤੇ ਚਟਾਨਾਂ ਵਿਚ ਲੰਬੇ ਅਤੇ ਤਿੱਖੇ ਰਵਿਆਂ ਦੀ ਸ਼ਕਲ ਵਿਚ ਮਿਲਦੇ ਹਨ। ਇਸ ਦਾ ਰੰਗ ਭੂਰਾ, ਕਾਲਾ ਜਾਂ ਨੀਲਾ ਹੋ ਸਕਦਾ ਹੈ। ਇਹ ਕਠੋਰਤਾ ਕਾਰਨ ਪ੍ਰਸਿਧ ਹੈ ਅਤੇ ਇਸ ਦੀ ਕਠੋਰਤਾ 4. 5 ਤੋਂ 7 ਤਕ ਹੁੰਦੀ ਹੈ। ਇਸ ਦੀ ਵਿਸ਼ਿਸ਼ਟ ਘਣਤਾ 3.6 ਹੈ।

ਇਸ ਨੂੰ ਪ੍ਰਯੋਗਸ਼ਾਲਾ ਵਿਚ ਬਣਾਇਆ ਜਾ ਸਕਦਾ ਹੈ, ਜਿਹੜਾ 14,000-18,000 ਐਟਮਾਸਫ਼ੀਅਰ ਦਬਾਉ ਅਤੇ 600°-900° ਸੈਂ. ਉਤੇ ਬਣਦਾ ਹੈ। ਉੱਚੇ ਦਬਾਉ ਅਰਥਾਤ 25,000-30,000 ਐਟਮਾਸਫ਼ੀਅਰ ਉਤੇ ਕਾਇਆਨਾਈਟ ਇਕ ਸੰਘਣੇ ਬਹੁ-ਰੂਪਕ ਦਾ ਰੂਪ ਧਾਰਨ ਕਰ ਲੈਂਦਾ ਹੈ।

ਹ. ਪੁ.—ਐਨ. ਬ੍ਰਿ. 13 : 525

**ਕਾਇਟੇ, ਲੂਈ ਪਾਲ** : ਆਕਸੀਜਨ, ਹਾਈਡ੍ਰੋਜਨ, ਨਾਈਟ੍ਰੋਜਨ ਅਤੇ ਹਵਾ ਨੂੰ ਤਰਲ ਅਵਸਥਾ ਵਿਚ ਬਦਲਣ ਵਾਲੇ ਫ਼ਰਾਂਸ ਦੇ ਇਸ ਭੌਤਿਕ-ਵਿਗਿਆਨੀ ਅਤੇ ਲੋਹੇ ਦੇ ਨਿਰਮਾਤਾ ਦਾ ਜਨਮ 1832 ਈ. ਹੋਇਆ। ਇਸ ਦੇ ਹੋਰ ਖੋਜ ਕਾਰਜਾਂ ਵਿਚ ਘੱਟ ਤਾਪਮਾਨ ਉਤਪੰਨ ਕਰਨਾ ਅਤੇ ਧਾਤਾਂ ਵਿਚੋਂ ਦੀ ਗੈਸ ਲੰਘਾਉਣਾ ਸ਼ਾਮਲ ਹਨ। ਇਸ ਤੋਂ ਇਲਾਵਾ ਇਸ ਨੇ ਉੱਚ-ਦਬਾਉ, ਕ੍ਰਾਂਤਿਕ-ਬਿੰਦੂ ਅਤੇ ਘੱਟ ਤਾਪਮਾਨਾਂ ਉਤੇ ਧਾਤਾਂ ਦੀ ਅਵਸਥਾ ਦਾ ਪਤਾ ਲਗਾਉਣ ਲਈ ਮਾਨੋਮੀਟਰਾਂ ਦਾ ਅਧਿਐਨ ਕੀਤਾ। ਇਸ ਨੇ ਹਵਾਈ ਜਹਾਜ਼ ਦੀ ਉਚਾਈ ਦਾ ਪਤਾ ਲਗਾਉਣ ਵਾਲੇ ਯੰਤਰ ਦੀ ਕਾਢ ਵੀ ਕੱਢੀ।

5 ਜਨਵਰੀ, 1913 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 439

**ਕਾਇਨ** : ਬਾਈਬਲ ਵਿਚ ਆਦਮ ਅਤੇ ਹੱਵਾ ਦੇ ਜੇਠੇ ਪੁੱਤਰ ਦਾ ਨਾਂ ਕਾਇਨ (ਭਾਵ ਲਾਭ) ਰਖਿਆ ਗਿਆ ਹੈ। ਇਸ ਦਾ ਪਰਮਾਤਮਾ ਤੇ ਅਧੂਰਾ ਵਿਸ਼ਵਾਸ਼ ਸੀ,ਜਿਸ ਕਰਕੇ ਪਰਮਾਤਮਾ ਨੇ ਇਸ ਦੇ ਮੁਕਾਬਲੇ ਤੇ ਇਸ ਦੇ ਭਰਾ ਹਾਬੀਲ ਦੇ ਬਲੀਦਾਨ ਨੂੰ ਵਧੇਰੇ ਪਸੰਦ ਕੀਤਾ ਸੀ। ਇਹ ਵੇਖ ਕੇ ਈਰਖਾ ਅਧੀਨ ਇਸ ਨੇ ਆਪਣੇ ਭਰਾ ਹਾਬੀਲ ਨੂੰ ਮਾਰ ਦਿੱਤਾ। ਨਤੀਜੇ ਵਜੋਂ ਇਸ ਨੂੰ ਯਾਯਾਵਰ ਵਾਂਗ ਧਰਤੀ ਤੇ ਭਟਕਣ ਦਾ ਸਰਾਪ ਅਤੇ ਨਾਲ ਹੀ ਪਸ਼ਚਾਤਾਪ ਕਰਨ ਦਾ ਸਮਾਂ ਦਿੱਤਾ ਗਿਆ। ਇਹ ਉਨ੍ਹਾਂ ਅਧਰਮੀ ਮਨੁੱਖਾਂ ਦਾ ਪ੍ਰਤੀਕ ਹੈ, ਜੋ ਭਗਤਾਂ ਨਾਲ ਈਰਖਾ ਕਰਦੇ ਹਨ।

ਬਾਈਬਲ ਵਿਚ ਕਾਇਨ ਦੇ ਸਬੰਧ ਵਿਚ ਬਹੁਤ ਸਾਰੀਆਂ ਦੰਦ-ਕਥਾਵਾਂ ਪ੍ਰਚੱਲਤ ਹਨ ਅਤੇ ਉਸ ਵਿਚ ਯਾਸਾਵਰ ਜਾਤੀਆਂ ਦੀ ਸਭਿਅਤਾ ਦਾ ਵੀ ਚਿਤ੍ਰਨ ਕੀਤਾ ਹੋਇਆ ਹੈ। ਇਸ ਬਿਰਤਾਂਤ ਦੀ ਮੁੱਖ ਧਾਰਮਕ ਸਿਖਿਆ ਇਸ ਪ੍ਰਕਾਰ ਹੈ : (1) ਆਦਮ ਦੇ ਕਾਰਨ ਇਸ ਧਰਤੀ ਤੇ ਪਾਪ ਦਾ ਪ੍ਰਵੇਸ਼ ਹੋਇਆ ਸੀ, ਜਿਸ ਨਾਲ ਕਾਇਨ ਨੇ ਆਪਣੇ ਪਿਤਾ ਦਾ ਮੁਕਾਬਲਾ ਅਤੇ ਘੋਰ ਪਾਪ ਕੀਤਾ ਸੀ, (2) ਸਰਬ ਸ਼ਕਤੀਮਾਨ ਪਰਮਾਤਮਾ ਪਾਪ ਦਾ ਦੰਡ ਦੇ ਕੇ ਪਸ਼ਚਾਤਾਪ ਕਰਨ ਲਈ ਵੀ ਸਮਾਂ ਦਿੰਦਾ ਹੈ, (3) ਮਨੁੱਖ ਵਲੋਂ ਨਿਸ਼ਕਪਟ ਹਿਰਦੇ ਨਾਲ ਦਿਤੀ ਗਈ ਬਲੀ ਨੂੰ ਹੀ ਪਰਮਾਤਮਾ ਸਵੀਕਾਰ ਕਰਦਾ ਹੈ ਅਤੇ (4) ਮਨੁੱਖ ਨੂੰ ਕਿਸੇ ਦੂਸਰੇ ਮਨੁੱਖ ਦਾ ਕਤਲ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਹ. ਪੁ.—ਹਿੰ. ਵਿ. ਕੋ. 2 : 428.

**ਕਾਇਰੋਲਪਿਸ** : ਇਹ ਪੂਰਵਜ ਮੱਛੀਆਂ ਦੀ ਇਕ ਲੁਪਤ ਹੋ ਚੁੱਕੀ ਪ੍ਰਜਾਤੀ ਹੈ ਜਿਸ ਦੇ ਪਥਰਾਟ ਯੂਰਪ ਅਤੇ ਉੱਤਰੀ ਅਮਰੀਕਾ ਦੀਆਂ ਡਿਵੋਨੀਅਨ ਸਮੇਂ ਦੀਆਂ ਚਟਾਨਾਂ ਵਿਚੋਂ ਮਿਲੇ ਹਨ। ਇਹ ਪ੍ਰਜਾਤੀ ਪੁਰਾਤਨ ਹੱਡਲ ਮੱਛੀਆਂ ਦੇ ਇਕ ਗਰੁੱਪ ਪੈਲੀਨੀਸਕਾਈਡਜ਼ ਦੀ ਪ੍ਰਤਿਨਿਧ ਹੈ। ਇਹ ਪਿਛਲੇਰੀਆਂ ਅਤੇ ਜ਼ਿਆਦਾ ਵਿਕਸਿਤ ਹੱਡਲ ਮੱਛੀਆਂ ਦੀ ਇਕ ਸਾਂਝੀ ਪਿਤਰ ਵੀ ਕਹੀ ਜਾ ਸਕਦੀ ਹੈ।

ਇਹ ਇਕ ਪਤਲੀ ਤੇ ਸਿੱਧੇ ਸਰੀਰ ਵਾਲੀ ਮੱਛੀ ਸੀ। ਇਸ ਦੇ ਮੂੰਹ ਵਿਚ ਕਈ ਦੰਦ ਸਨ ਜਿਸ ਤੋਂ ਪਤਾ ਲਗਦਾ ਹੈ ਕਿ ਇਹ ਸ਼ਿਕਾਰਖੋਰ ਮੱਛੀ ਸੀ। ਪੂਛ ਉਪਰ ਵਲ ਮੁੜੀ ਹੋਈ ਸੀ ਅਤੇ ਇਸ ਦੇ ਹੇਠਾਂ ਪੂਛ-ਖੰਭੜਾ ਸੀ। ਇਕ ਪਿੱਠ ਖੰਭੜਾ ਸੀ, ਪੈਕਟੋਰਲ ਖੰਭੜਿਆਂ ਦਾ ਬਹੁਤਾ ਹਿੱਸਾ ਸਰੀਰ ਦੇ ਨਾਲ ਲਗਿਆ ਹੋਇਆ ਸੀ ਅਤੇ ਇਨ੍ਹਾਂ ਵਿਚ ਲਚਕ ਬਹੁਤ ਹੀ ਘੱਟ ਸੀ। ਅੱਖਾਂ ਵੱਡੀਆਂ ਅਤੇ ਖੋਪਰੀ ਦੇ ਬਿਲਕੁਲ ਅਗਲੇ ਹਿੱਸੇ ਤੇ ਸਥਿਤ ਸਨ।

ਹ. ਪੁ.—ਐਨ. ਬ੍ਰਿ. ਮਾ. 2 : 789

**ਕਾਈਊਸ** : ਰੈੱਡ ਇੰਡੀਅਨਾਂ ਦਾ ਇਹ ਇਕ ਕਬੀਲਾ ਸੀ ਜਿਹੜਾ ਕਿ ਪਹਿਲਾਂ ਉੱਤਰ-ਪੂਰਬੀ ਆਰੇਗਾਨ ਅਤੇ ਵਾਸ਼ਿੰਗਟਨ ਦੇ ਕੁਝ ਹਿੱਸੇ ਵਿਚ ਰਹਿੰਦਾ ਸੀ। ਇਹ ਆਪਣੇ ਘੋੜਿਆਂ ਅਤੇ ਜੰਗੀ ਸੁਭਾਅ ਕਰਕੇ ਬੜਾ ਪ੍ਰਸਿੱਧ ਸੀ।

ਵੱਲਾਵੱਲਾ ਅਤੇ ਨੀਜ਼ ਪਰਸੀਜ਼ ਦੇ ਕਬੀਲਿਆਂ ਨਾਲ ਇਨ੍ਹਾਂ ਦੀ ਨੇੜੇ ਦੀ ਸਾਂਝ ਸੀ ਅਤੇ ਇਨ੍ਹਾਂ ਵਿਚ ਆਪਸੀ ਵਿਆਹ ਸ਼ਾਦੀਆਂ ਵੀ ਹੁੰਦੀਆਂ ਸਨ। ਸੰਨ 1855 ਦੇ ਸਮਝੌਤੇ ਅਨੁਸਾਰ ਉਮਾਟਿੱਲਾ ਦਾ ਇਲਾਕਾ ਇਨ੍ਹਾਂ ਲਈ ਰਾਖਵਾਂ ਹੋ ਗਿਆ।

ਸੰਨ 1838 ਵਿਚ ਮਾਰਕਸ ਵਿਟਮੈਨ ਨੇ ਮੌਜੂਦਾ ਵੱਲਾਵੱਲਾ ਸ਼ਹਿਰ ਦੇ ਲਾਗੇ ਆਪਣਾ ਮਿਸ਼ਨ ਕਾਇਮ ਕਰ ਲਿਆ। ਸੰਨ 1847

ਵਿਚ ਕੁਝ ਕਾਈਊਸਾਂ ਨੇ ਵਿਟਮੈਨ, ਉਸਦੀ ਪਤਨੀ ਅਤੇ 12 ਹੋਰਨਾਂ ਨੂੰ ਮਾਰ ਦਿਤਾ। ਉਨ੍ਹਾਂ ਦਾ ਖ਼ਿਆਲ ਸੀ ਕਿ ਉਨ੍ਹਾਂ ਦੇ ਬਹੁਤ ਸਾਰੇ ਬੰਦਿਆਂ ਦੀ ਮੌਤ ਦਾ ਕਾਰਨ ਡਾਕਟਰ ਵਿਟਮੈਨ ਸੀ, ਭਾਵੇਂ ਕਿ ਉਹ ਬਿਮਾਰੀ ਨਾਲ ਮਰੇ ਸਨ। ਵਾਲੰਟੀਅਰ ਫ਼ੌਜਾਂ ਨਾਲ ਲੰਮੇ ਸਮੇਂ ਦੀ ਲੜਾਈ ਮਗਰੋਂ ਇੰਡੀਅਨਾਂ ਨੇ ਜੁਰਮ ਦਾ ਇਕਬਾਲ ਕੀਤਾ ਅਤੇ 1850 ਈ. ਵਿਚ ਉਹ ਪੰਜੇ ਕਾਤਲ ਪੇਸ਼ ਕਰ ਦਿਤੇ ਗਏ।

ਹ. ਪੁ. ਐਨ. ਬ੍ਰਿ. 5 : 84

**ਕਾਈਓਸਾਏ, ਸ਼ੋਜ਼ੋ :** ਇਸ ਨੂੰ ਕਾਵਾਨਾਬੇ ਕਾਈਓਸਾਏ ਵੀ ਕਹਿੰਦੇ ਹਨ। ਇਹ ਉਘਾ ਜਾਪਾਨੀ ਚਿੱਤਰਕਾਰ ਸੀ, ਜਿਸ ਨੇ ਕੁਝ ਕੁ ਬਹੁਤ ਹੀ ਸੁੰਦਰ ਚਿੱਤਰ ਬਣਾਏ ਹਨ। ਇਸ ਦਾ ਜਨਮ ਕੋਗੋ ਵਿਚ 18 ਮਈ, 1831 ਨੂੰ ਹੋਇਆ। ਇਸ ਨੇ ਵਧੇਰੇ ਟ੍ਰੇਨਿੰਗ ਕਾਨੋ ਤੋਹਾਕੂ ਦੇ ਸਟੂਡੀਓ ਤੋਂ ਪ੍ਰਾਪਤ ਕੀਤੀ। ਕਾਈਓਸਾਏ ਉਤੇ ਕਾਟਸੂਸ਼ਿਕਾ ਹੋਕੂਸਾਏ ਦਾ ਬਹੁਤ ਪ੍ਰਭਾਵ ਪਿਆ।

1867 ਦੀ ਰਾਜਨੀਤਕ ਕ੍ਰਾਂਤੀ ਦੇ ਦੌਰਾਨ ਕਾਈਓਸਾਏ ਵਿਅੰਗ-ਚਿੱਤਰਕਾਰ ਵਜੋਂ ਬਹੁਤ ਪ੍ਰਸਿੱਧ ਹੋ ਗਿਆ ਸੀ। ਅਧਿਕਾਰੀਆਂ ਵਲੋਂ ਇਸ ਨੂੰ ਕਈ ਵਾਰੀ ਗ੍ਰਿਫ਼ਤਾਰ ਕੀਤਾ ਗਿਆ ਅਤੇ ਜੇਲ੍ਹ ਭੇਜਿਆ ਗਿਆ ਪਰ ਇਸ ਨੇ ਆਪਣੀ ਵਿਅੰਗ-ਚਿੱਤਰਕਾਰੀ ਦਾ ਕੰਮ ਪੂਰੀ ਸਫਲਤਾ ਨਾਲ ਜਾਰੀ ਰਖਿਆ। ਭੂਤਾਂ-ਪ੍ਰੇਤਾਂ ਅਤੇ ਪ੍ਰਾਣੀ ਜੀਵਨ ਵਿਸ਼ੇਸ਼ ਕਰਕੇ ਪੰਛੀਆਂ, ਮੱਛੀਆਂ ਅਤੇ ਸੱਪ-ਸਰੀਂਡਿਆਂ ਸਬੰਧੀ ਬਣਾਏ ਗਏ ਕਾਈਓਸਾਏ ਦੇ ਰੇਖਾ-ਚਿੱਤਰ ਇਸ ਦੀ ਮੌਲਿਕਤਾ ਅਤੇ ਹਾਸਰਸ ਨੂੰ ਰੂਪਮਾਨ ਕਰਦੇ ਹਨ।

ਕਾਈਓਸਾਏ ਚੌਲਾਂ ਤੋਂ ਤਿਆਰ ਕੀਤੀ ਜਾਪਾਨੀ ਸ਼ਰਾਬ 'ਸੇਕ' ਪੀਣ ਦਾ ਆਦੀ ਸੀ ਅਤੇ ਇਸ ਦੇ ਪ੍ਰਭਾਵ ਹੇਠ ਬਣਾਈ ਚਿੱਤਰਕਾਰੀ ਬਹੁਤ ਹੀ ਵਧੀਆ ਹੁੰਦੀ ਸੀ। ਵਧੇਰੇ ਤਸਵੀਰਾਂ, ਪੁਸਤਕਾਂ ਅਤੇ ਰੇਖਾ ਚਿੱਤਰਾਂ ਉਤੇ ਇਸ ਨੇ 'ਸ਼ੋਜ਼ੋ (ਸ਼ਰਾਬੀ) ਕਾਈਓਸਾਏ' ਕਰਕੇ ਹਸਤਾਖ਼ਰ ਕੀਤੇ ਹੋਏ ਹਨ। ਇਸ ਦੀ ਮੌਤ ਟੋਕੀਓ ਵਿਚ 25 ਅਪ੍ਰੈਲ, 1889 ਨੂੰ ਹੋਈ।

ਹ. ਪੁ.—ਐਨ. ਬ੍ਰਿ. 13 : 527.

**ਕਾਈਓਵਾ :** ਦੱਖਣੀ 'ਗ੍ਰੇਟ ਪਲੇਨਜ਼' (ਸ. ਰ. ਅ.) ਦਾ ਇਹ ਇਕ ਕਬੀਲਾ ਹੈ। ਸੰਨ 1970 ਵਿਚ ਇਸ ਕਬੀਲੇ ਦੀ ਆਬਾਦੀ 3,000 ਸੀ। 18ਵੀਂ ਸਦੀ ਤੋਂ ਮਿਲੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਇਸ ਕਬੀਲੇ ਦੇ ਲੋਕ ਮੌਜੂਦਾ ਥਾਂ ਦੇ ਉੱਤਰ-ਪੱਛਮ ਵਿਚ ਦੱਖਣ-ਪੱਛਮੀ ਓਕਲਾਹਾਮਾ ਦੇ ਸਥਾਨ ਤੇ ਰਹਿੰਦੇ ਸਨ ਜਿਥੇ ਇਹ 1868 ਤੋਂ ਕੋਮਾਨਚੇ ਕਬੀਲੇ ਨਾਲ ਰਲ ਕੇ ਰਹਿ ਰਹੇ ਸਨ।

ਕਾਈਓਵਾ ਸੱਤ ਹਿੱਸਿਆਂ (ਫਿਰਕਿਆਂ) ਵਿਚ ਵੰਡੇ ਹੋਏ ਹਨ ਜਿਨ੍ਹਾਂ ਵਿਚੋਂ ਇਕ ਫਿਰਕਾ ਕੁਆਟੋ ਅੱਜਕਲ੍ਹ ਨਹੀਂ ਮਿਲਦਾ। ਕਾਈਓਵਾ ਇਕ ਵਿਸ਼ੇਸ਼ ਕਿਸਮ ਦਾ ਕਬੀਲਾ ਸੀ। ਇਨ੍ਹਾਂ ਨੇ ਸਪੇਨ ਤੋਂ ਘੋੜੇ ਖ਼ਰੀਦ ਰੱਖੇ ਸਨ ਅਤੇ ਉਨ੍ਹਾਂ ਉਤੇ ਸਵਾਰ ਹੋ ਕੇ ਮੱਝਾਂ ਦਾ ਸ਼ਿਕਾਰ ਕਰਦੇ ਹੁੰਦੇ ਸਨ। ਇਨ੍ਹਾਂ ਕੋਲ ਜ਼ਮੀਨ ਨਹੀਂ ਸੀ ਹੁੰਦੀ। ਉਨ੍ਹਾਂ ਵਿਚ ਯੋਧਾ ਗਰੁੱਪ ਵੀ ਸਨ ਜਿਨ੍ਹਾਂ ਦੇ ਮੈਂਬਰਾਂ ਨੂੰ ਜੰਗ ਵਿਚ ਵਿਖਾਈ ਸੂਰਬੀਰਤਾ ਅਨੁਸਾਰ ਅਹੁਦੇ ਦਿਤੇ ਜਾਂਦੇ ਸਨ।

ਕਾਈਓਵਾ ਇਸ ਗੱਲ ਵਿਚ ਵਿਸ਼ਵਾਸ਼ ਰਖਦੇ ਸਨ ਕਿ ਸੁਪਨੇ ਅਤੇ ਦੂਰ-ਅੰਦੇਸ਼ੀ ਤੋਂ ਉਹਨਾਂ ਨੂੰ ਜੰਗ ਵਿਚ, ਸ਼ਿਕਾਰ ਕਰਨ ਵਿਚ ਤੇ ਰਾਜ਼ੀ ਹੋਣ ਲਈ ਅਦਭੁੱਤ ਕੁਦਰਤੀ ਸ਼ਕਤੀ ਪ੍ਰਾਪਤ ਹੁੰਦੀ ਹੈ। ਕਾਈਓਵਾ ਤਸਵੀਰਾਂ ਬਣਾਉਣ ਵਿਚ ਪ੍ਰਸਿੱਧ ਹਨ।

ਹ. ਪੁ.—ਐਨ. ਬ੍ਰਿ. ਮਾ. 5 : 828.

**ਕਾਈਔਸ :** ਤੁਰਕੀ ਦੇ ਪੱਛਮੀ ਤੱਟ ਤੋਂ 8 ਕਿ. ਮੀ. ਦੂਰ ਏਜੀਅਨ ਸਾਗਰ ਵਿਚ ਇਹ ਇਕ ਟਾਪੂ ਹੈ ਜੋ ਪਸਾਰਾ ਅਤੇ ਹੋਰ ਦੂਜੇ ਟਾਪੂਆਂ ਨਾਲ ਮਿਲ ਕੇ ਯੂਨਾਨ ਦਾ ਇਸੇ ਨਾਂ ਦਾ ਇਕ ਡਿਪਾਰਟਮੈਂਟ ਬਣਾਉਂਦਾ ਹੈ। ਇਹ 50 ਕਿ. ਮੀ. ਉੱਤਰ-ਦੱਖਣ ਵਲ ਨੂੰ ਲੰਬਾ ਅਤੇ 13 ਤੋਂ 24 ਕਿ. ਮੀ. ਚੌੜਾ ਹੈ। ਇਸਦਾ ਕੁਲ ਖੇਤਰਫਲ 831 ਵ. ਕਿ.ਮੀ.ਅਤੇ ਆਬਾਦੀ 49,865 (1981) ਹੈ ਇਹ ਟਾਪੂ ਜਵਾਲਾਮੁਖੀ ਅਤੇ ਚੂਨੇ ਦੇ ਪੱਥਰਾਂ ਵਾਲਾ ਹੈ। ਇਸ ਟਾਪੂ ਨੂੰ ਉੱਤਰ ਤੋਂ ਦੱਖਣ ਦੀ ਦਿਸ਼ਾ ਵਿਚ ਪਹਾੜ ਆਰ-ਪਾਰ ਕਰਦੇ ਹਨ ਜਿਨ੍ਹਾਂ ਦੀ ਵੱਧ ਤੋਂ-ਵੱਧ ਉਚਾਈ 1,297 ਮੀ. ਹੈ। ਖੀਆਸ ਇਸ ਡਿਪਾਰਟਮੈਂਟ ਦੀ ਰਾਜਧਾਨੀ ਹੈ ਜੋ ਇਸ ਟਾਪੂ ਦੇ ਪੂਰਬੀ ਤੱਟ ਤੇ ਇਕ ਛੋਟੀ ਜਿਹੀ ਬੰਦਰਗਾਹ ਹੈ।

ਕਾਈਔਸ ਦੇ ਇਤਿਹਾਸ ਦਾ ਆਰੰਭ ਆਇਓਨੀਅਨ ਯੂਨਾਨੀਆਂ ਦੀ ਇਕ ਬਸਤੀ ਦੇ ਨਾਲ ਹੁੰਦਾ ਹੈ। ਇਸ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਹੋਮਰ ਇਥੋਂ ਦਾ ਵਾਸੀ ਸੀ ਅਤੇ ਇਹ ਕਵੀਆਂ ਦੇ ਇਕ ਸਕੂਲ ਦਾ ਸਥਾਨ ਸੀ। ਦੂਜੀਆਂ ਆਇਓਨੀਅਨ ਬਸਤੀਆਂ ਦੀ ਤਰ੍ਹਾਂ ਪਹਿਲਾਂ ਇਹ ਲਿਡੀਆ ਅਤੇ ਫਿਰ ਪ੍ਰਸ਼ਾਅ ਦੇ ਕਬਜ਼ੇ ਵਿਚ ਰਿਹਾ ਅਤੇ ਇਸ ਟਾਪੂ ਨੇ 494 ਈ. ਪੂ. ਵਿਚ ਹੋਏ ਗਦਰ ਵਿਚ ਵੀ ਹਿੱਸਾ ਲਿਆ ਜਿਸ ਬਦਲੇ ਇਸ ਨੂੰ ਕਾਫ਼ੀ ਸਜ਼ਾ ਭੁਗਤਣੀ ਪਈ। ਸ਼ੁਰੂ ਕਾਲ ਵਿਚ ਇਹ ਮਾਈਲਟਸ ਦੇ ਬਹੁਤ ਨੇੜੇ ਸੀ ਅਤੇ ਆਪਣੇ ਦੂਜੇ ਆਇਓਨੀਅਨ ਗੁਆਂਢੀਆਂ ਦਾ ਦੁਸ਼ਮਣ ਸੀ। ਆਇਓਨੀਆ ਦੀ ਆਜ਼ਾਦੀ ਪਿਛੋਂ ਕਾਈਔਸ ਡੇਲੀਅਨ ਲੀਗ ਨਾਲ ਮਿਲ ਗਿਆ ਪ੍ਰੰਤੂ ਏਥਨਜ਼ ਵਾਸੀਆਂ ਤੋਂ ਆਪਣੀ ਆਜ਼ਾਦੀ ਕਾਇਮ ਰੱਖੀ ਅਤੇ ਪੈਲੋਪਾਨੀਸ਼ੀਅਨ ਯੁੱਧ ਸਮੇਂ ਆਪਣੇ ਗਠਜੋੜ ਲਈ ਵਫ਼ਾਦਾਰ ਰਹੇ। ਇਸ ਟਾਪੂ ਨੇ ਹੈਲਨਵਾਦੀ ਕਾਲ ਦੌਰਾਨ ਬਹੁਤ ਉੱਨਤੀ ਕੀਤੀ ਅਤੇ ਰੋਮ ਦਾ ਹਮਾਇਤੀ ਬਣ ਗਿਆ ਪ੍ਰਾਚੀਨ ਕਾਲ ਤੋਂ ਹੀ ਇਹ ਸ਼ਰਾਬ ਅਤੇ ਦਿਲ ਦੀ ਦਵਾਈ ਤਿਆਰ ਕਰਨ ਵਾਲੀਆਂ ਜੜੀਆਂ ਬੂਟੀਆਂ ਲਈ ਪ੍ਰਸਿੱਧ ਰਿਹਾ ਹੈ।

ਮੱਧ ਕਾਲ ਵਿਚ ਟਾਪੂ ਆਮ ਕਰਕੇ ਜੈਨੋਈਆਂ ਦੇ ਹੱਥਾਂ ਵਿਚ ਰਿਹਾ। ਅਖੀਰ 1566 ਈ. ਵਿਚ ਤੁਰਕਾਂ ਨੇ ਟਾਪੂ ਇਨ੍ਹਾਂ ਪਾਸੋਂ ਲੈ ਲਿਆ ਅਤੇ 1912 ਈ. ਤਕ ਇਥੇ ਤੁਰਕਾਂ ਦਾ ਰਾਜ ਰਿਹਾ। ਸੰਨ 1822 ਵਿਚ ਤੁਰਕਾਂ ਵਿਰੁੱਧ ਇਕ ਗਦਰ ਦੌਰਾਨ ਸਾਰੇ ਈਸਾਈਆਂ ਨੂੰ ਬਹੁਤ ਤਸੀਹੇ ਦਿਤੇ ਅਤੇ ਗ਼ੁਲਾਮੀ ਲਈ ਵੇਚੇ ਗਏ। ਸੰਨ 1881 ਵਿਚ ਆਏ ਇਕ ਭੁਚਾਲ ਕਾਰਨ ਟਾਪੂ ਦੇ ਅੱਧੇ ਪਿੰਡ ਤਬਾਹ ਹੋ ਗਏ ਅਤੇ 6,000 ਲੋਕਾਂ ਦਾ ਜਾਨੀ ਨੁਕਸਾਨ ਹੋਇਆ। ਯੂਨਾਨੀਆਂ ਨੇ 1912 ਈ. ਦੀ ਪਹਿਲੀ ਬਲਕਾਨ ਜੰਗ ਵਿਚ ਇਸ ਟਾਪੂ ਤੇ ਕਬਜ਼ਾ ਕਰ ਲਿਆ ਅਤੇ 1913 ਈ. ਵਿਚ ਲੰਡਨ ਅਤੇ ਏਥਨਜ਼ ਦੀਆਂ ਸੰਧੀਆਂ ਦੁਆਰਾ ਇਹ ਯੂਨਾਨ ਨੂੰ ਦਿਤਾ ਗਿਆ। ਦੂਜੇ ਮਹਾਂ ਯੁੱਧ ਦੌਰਾਨ ਇਤਹਾਦੀਆਂ ਨੇ ਇਸ ਟਾਪੂ ਦੀ ਖੀਔਸ ਬੰਦਰਗਾਹ ਤੇ ਬੰਬਾਰੀ ਕੀਤੀ।

ਇਸ ਟਾਪੂ ਵਿਚ ਸਥਾਈ ਨਦੀਆਂ-ਨਾਲੇ ਬਿਲਕੁਲ ਨਹੀਂ ਹਨ। ਕਬੋਸ ਦੇ ਉਪਜਾਊ ਮੈਦਾਨ ਲਈ ਸਿੰਜਾਈ ਦੀ ਘਾਟ ਰਹਿੰਦੀ ਹੈ। ਫਿਰ ਵੀ ਨਿੰਬੂ ਜਾਤੀ ਦੇ ਫਲ, ਜੈਤੂਨ ਅਤੇ ਅੰਜੀਰ ਆਦਿ ਦੀ ਕਾਸ਼ਤ ਕੀਤੀ ਜਾਂਦੀ ਹੈ। ਨਿੰਬੂ, ਸੰਤਰੇ ਆਦਿ ਬਾਹਰ ਭੇਜੇ ਜਾਂਦੇ ਹਨ। ਐਂਟੀਮਨੀ, ਕੈਲਾਮਾਈਨ ਅਤੇ ਸੰਗਮਰਮਰ ਦੀਆਂ ਖਾਨਾਂ ਤੇ ਕੰਮ ਹੁੰਦਾ ਹੈ ਅਤੇ ਇਥੇ ਚੰਮੜਾ ਰੰਗਣ ਦੇ ਉਦਯੋਗ ਹਨ।

ਹ. ਪੁ.—ਐਨ. ਬ੍ਰਿ. ਮਾ. 2 ; 864 ; ਕੋਲ. ਐਨ. 5 : 37

**ਕਾਈਐਨ :** ਫਰੈਂਚ ਗੀਆਨਾ ਦੀ ਇਹ ਰਾਜਧਾਨੀ ਅਤੇ ਅੰਧ ਮਹਾਂਸਾਗਰੀ ਬੰਦਰਗਾਹ ਹੈ ਜੋ ਈਲ-ਦ-ਕਾਈਐਨ ਦੀਪ ਦੇ ਉੱਤਰੀ-ਪੱਛਮੀ ਸਿਰੇ ਉਤੇ ਸਥਿਤ ਹੈ। ਇਸਦੀ ਨੀਂਹ ਸੰਨ 1643 ਵਿਚ ਇਕ ਫਰਾਂਸੀਸੀ ਨੇ ਰੈਵਰਡਾਈਅਰ ਵਜੋਂ ਰਖੀ। ਇੰਡੀਅਨਾਂ ਦੁਆਰਾ ਕੀਤੀ ਤਬਾਹੀ ਉਪਰੰਤ ਸ਼ਹਿਰ ਉਤੇ ਇਨ੍ਹਾਂ ਨੇ ਫਿਰ ਕਬਜ਼ਾ ਕਰ ਲਿਆ ਅਤੇ ਇਸ ਨੂੰ ਸ਼ਹਿਰ ਘੋਸ਼ਿਤ ਕਰ ਦਿਤਾ ਗਿਆ ਅਤੇ 1777 ਈ. ਵਿਚ ਇਸਦਾ ਨਾਂ ਫਿਰ ਕਾਈਐਨ ਰੱਖ ਦਿਤਾ ਗਿਆ। ਸੰਨ 1848 ਵਿਚ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਉਪਰੰਤ ਇਹ

ਗੀਆਨਾ ਵਿਚ ਸਥਾਪਤ ਕੀਤੀਆਂ ਫਰਾਂਸੀਸੀ ਬਸਤੀਆਂ ਦਾ ਕੇਂਦਰ ਬਣ ਗਿਆ। ਸੰਨ 1852 ਵਿਚ ਨੈਪੋਲੀਅਨ ਤੀਜੇ ਨੇ ਇਹ ਫ਼ੁਰਮਾਨ ਕੀਤਾ ਕਿ ਸੱਤ ਸਾਲਾਂ ਤੋਂ ਵੱਧ ਸਜ਼ਾ ਵਾਲੇ ਦੋਸ਼ੀਆਂ ਨੂੰ ਇਸ ਦੀਪ ਵਿਚ ਭੇਜ ਦਿਤਾ ਜਾਵੇ। ਨਤੀਜੇ ਵਜੋਂ ਕਾਈਐਨ ਦੋਸ਼ੀਆਂ ਦੇ ਸ਼ਹਿਰ ਵਜੋਂ ਪ੍ਰਸਿੱਧ ਹੋ ਗਿਆ। ਸੰਨ 1944 ਵਿਚ ਜੇਲ੍ਹਾਂ ਬੰਦ ਕਰ ਦਿਤੀਆਂ ਗਈਆਂ।

ਇਥੋਂ ਦੀ ਬੰਦਰਗਾਹ ਉੱਤੇ ਵੱਡੇ ਜਹਾਜ਼ਾਂ ਲਈ ਸਹੂਲਤਾਂ ਬਹੁਤ ਘੱਟ ਹਨ। ਇਥੋਂ ਇਮਾਰਤੀ ਲੱਕੜੀ, ਇੱਤਰ, ਰਮ ਅਤੇ ਸੋਨਾ ਥੋੜ੍ਹੀ ਜਿਹੀ ਮਿਕਦਾਰ ਵਿਚ ਬਾਹਰ ਭੇਜਿਆ ਜਾਂਦਾ ਹੈ। ਸੰਨ 1960 ਦੇ ਮੱਧ ਤੀਕ ਸ਼ਹਿਰ ਦੇ ਆਲੇ-ਦੁਆਲੇ ਗੰਨਾ ਅਤੇ ਅਨਾਨਾਸ ਉਗਾਇਆ ਜਾਂਦਾ ਸੀ ਅਤੇ ਪਿਛੋਂ ਅਨਾਨਾਸ ਨੂੰ ਡੱਬਾ ਬੰਦ ਕਰਨ ਅਤੇ ਸ਼੍ਰਿੰਪ-ਪ੍ਰਾਸੈ-ਸਿੰਗ ਪਲਾਂਟ ਸਥਾਪਤ ਕੀਤੇ ਗਏ। ਚਰਚ ਆਫ ਹੋਲੀ ਸੇਵੀਅਰ, ਜੇਜ਼ਵਿਟਸ ਹਾਊਸ ਅਤੇ ਇਕ ਪ੍ਰੀਫੈਕਚਰ ਇਥੋਂ ਦੀਆਂ ਪ੍ਰਸਿੱਧ ਇਤਿਹਾਸਕ ਇਮਾਰਤਾਂ ਹਨ। ਇਸ ਸ਼ਹਿਰ ਵਿਚ ਇਕ ਅੰਤਰ-ਰਾਸ਼ਟਰੀ ਹਵਾਈ ਅੱਡਾ ਵੀ ਹੈ। ਇਹ ਕਾਈਐਨ ਸਬ-ਡਵੀਜ਼ਨ ਦਾ ਪ੍ਰਬੰਧਕੀ ਸਦਰ-ਮੁਕਾਮ ਹੈ।

ਆਬਾਦੀ—38,901 (1981)

ਹ. ਪੁ.—ਐਨ. ਬ੍ਰਿ. ਮਾ. 2 : 660

**ਕਾਈਸ** : ਈਰਾਨ ਦੀ ਮੁੱਖ ਭੂਮੀ ਤੋਂ 16 ਕਿ. ਮੀ. ਦੂਰ ਖਾੜੀ ਫਾਰਸ ਵਿਚ ਇਹ ਇਕ ਟਾਪੂ ਹੈ ਜੋ ਕਿਸੇ ਸਮੇਂ ਇਕ ਮਹੱਤਵਪੂਰਨ ਵਪਾਰਕ ਕੇਂਦਰ ਸੀ। ਇਹ ਲਗਭਗ 15 ਕਿ. ਮੀ. ਲੰਬਾ ਅਤੇ 8 ਕਿ. ਮੀ. ਚੌੜਾ ਹੈ ਜੋ ਸਮੁੰਦਰੀ ਸਤ੍ਹਾ ਤੋਂ 37 ਮੀ. ਉੱਚੀ ਪਠਾਰ ਦੇ ਰੂਪ ਵਿਚ ਹੈ। ਇਹ ਬਨਸਪਤੀ ਰਹਿਤ ਪਠਾਰ ਹੈ, ਸਿਰਫ ਕਿਤੇ ਕਿਤੇ ਖੇਤੀਬਾੜੀ ਹੁੰਦੀ ਹੈ ਜਾਂ ਥੋੜੇ ਜਿਹੇ ਖਜੂਰਾਂ ਦੇ ਝੁੰਡ ਹਨ। ਇਹ ਸਖ਼ਤ ਚਟਾਨ ਦੇ ਕੰਢਿਆਂ ਨਾਲ ਘਿਰਿਆ ਹੋਇਆ ਹੈ।

ਮੁਸਲਮਾਨ ਕਾਲ ਦੇ ਆਰੰਭ ਵਿਚ ਕਾਈਸ ਫਾਰਸ ਪ੍ਰਾਂਤ ਦਾ ਇਕ ਭਾਗ ਸੀ। ਪ੍ਰਸਿੱਧੀ ਤਾਂ ਇਸਨੇ ਮੱਧ ਕਾਲ ਦੇ ਅਖੀਰ ਵਿਚ ਜਾ ਕੇ ਹਾਸਲ ਕੀਤੀ ਜਦੋਂ ਕਿ ਦੱਖਣੀ ਅਰਬ ਦੇ ਇਕ ਸ਼ਹਿਜ਼ਾਦੇ ਨੇ ਇਸ ਉੱਤੇ ਕਬਜ਼ਾ ਕਰ ਲਿਆ ਅਤੇ ਇਥੇ ਇਕ ਬੇੜਾ ਤਿਆਰ ਕੀਤਾ। ਇਸ ਤੋਂ ਬਾਅਦ ਉਸਨੇ ਕਾਈਸ ਦੇ ਉੱਤਰ-ਪੱਛਮ ਵਲ ਦੇ ਇਲਾਕੇ ਸਿਰਾਫ, ਜੋ ਉਸ ਸਮੇਂ ਫਾਰਸ-ਇੰਡੀਅਨ ਅਤੇ ਚੀਨੀ ਵਪਾਰ ਦੀ ਇਕ ਪ੍ਰਸਿੱਧ ਮੰਡੀ ਸੀ, ਤੇ ਵੀ ਕਬਜ਼ਾ ਕਰ ਲਿਆ। ਗਿਆਰ੍ਹਵੀਂ ਸਦੀ ਦੇ ਸ਼ੁਰੂ ਵਿਚ ਸਿਰਾਫ ਹੌਲੀ ਹੌਲੀ ਉੱਜੜਦਾ ਗਿਆ ਅਤੇ ਇਸਦੀ ਥਾਂ ਕਾਈਸ ਨੇ ਮੱਲ ਲਈ।

ਚੜ੍ਹਦੀਆਂ ਕਲਾਂ ਦੇ ਸਮੇਂ ਕਾਈਸ ਖ਼ਾਨਦਾਨ ਨੇ ਅਰਬ ਤੱਟ ਦੇ ਸਾਹਮਣੇ ਓਮਾਨ ਡਿਸਟ੍ਰਿਕਟ ਉੱਤੇ ਵੀ ਰਾਜ ਕੀਤਾ ਸੀ। ਸੰਨ 1164 ਤੋਂ 1173 ਵਿਚਕਾਰ ਸਪੇਨ ਦਾ ਰਬੀ ਬੈਨਜਾਮਿਨ ਨਾਂ ਦਾ ਇਕ ਯਾਤਰੀ ਇਥੇ ਆਇਆ ਜਿਸਨੇ ਦੇਖਿਆ ਕਿ ਇਹ ਟਾਪੂ ਇਕ ਅਮੀਰ ਮੰਡੀ ਸੀ ਜਿਥੇ ਫਾਰਸ, ਮੈਸੋਪੋਟਾਮੀਆ, ਅਰਬ ਅਤੇ ਭਾਰਤੀ ਉਤਪਾਦਨ ਅਤੇ ਹੋਰ ਵਸਤਾਂ ਦੀ ਅਦਲਾ-ਬਦਲੀ ਦਾ ਮੁੱਖ ਕਾਰੋਬਾਰ ਹੁੰਦਾ ਸੀ। ਪੁਰਾਤਨ ਸ਼ਹਿਰ ਦੇ ਖੰਡਰ ਹੀ ਹੁਣ ਬਾਕੀ ਹਨ ਜੋ ਉੱਤਰੀ ਤੱਟ ਤੇ ਹਰੀਰਾਹ ਨਾਂ ਨਾਲ ਮਸ਼ਹੂਰ ਹਨ। 14ਵੀਂ ਸਦੀ ਵਿਚ ਇਸ ਦੀ ਮਹੱਤਤਾ ਖਤਮ ਹੋ ਗਈ ਅਤੇ ਇਥੋਂ ਦਾ ਵਪਾਰ ਹਾਰਮੂਜ਼ ਵਿਚ ਤਬਦੀਲ ਹੋ ਗਿਆ।

ਆਬਾਦੀ—1,834 (ਤਾ. ਮਰ.)

26° 32′ ਉ. ਵਿਥ.; 54° ਪੂ. ਲੰਬ.

ਹ. ਪੁ.—ਐਨ. ਬ੍ਰਿ. 18 : 909

**ਕਾਈਸਰ, ਹੈਂਡਰਿਕ ਡ** : ਆਪਣੇ ਸਮੇਂ ਦਾ ਸਭ ਤੋਂ ਵੱਧ ਮਹੱਤਵਪੂਰਨ ਪੁਰਤਗੇਜ਼ੀ ਬੁੱਤਘਾੜਾ ਸੀ। ਇਸ ਦਾ ਜਨਮ ਯੂਟ੍ਰੈਕਟ ਵਿਖੇ 15 ਮਈ, 1565 ਨੂੰ ਹੋਇਆ। ਸੰਨ 1594 ਵਿਚ ਇਸ ਨੂੰ ਐਮਸਟਰਡੈਮ ਦੀ ਨਗਰਪਾਲਿਕਾ ਦਾ ਮਿਸਤਰੀ ਅਤੇ ਸੰਗਤ੍ਰਾਸ਼ ਨਿਯੁਕਤ ਕੀਤਾ ਗਿਆ ਅਤੇ 1612 ਤੋਂ ਮਗਰੋਂ ਇਹ ਨਗਰਪਾਲਿਕਾ ਦਾ ਸ਼ਿਲਪਕਾਰ ਬਣਿਆ। ਇਸ ਦੀ ਸ਼ਿਲਪਕਲਾ ਨੀਦਰਲੈਂਡ ਦੀ ਪੁਨਰ-ਜਾਗ੍ਰਤੀ ਦੇ ਸ਼ਿੰਗਾਰਨੁਮਾ ਢੰਗ ਅਤੇ 1630 ਦੇ ਲਾਗੇ-ਚਾਗੇ ਪੁਰਤਗੇਜ਼ੀ ਸ਼ਿਲਪਕਲਾ ਵਿਚਕਾਰ ਇਕ ਕੜੀ ਦਾ ਕੰਮ ਦਿੰਦੀ ਹੈ। ਐਮਸਟਰਡੈਮ ਵਿਚ ਬਣੇ 'ਸਾਊਥ ਚਰਚ' (1603-14), 'ਈਸਟ ਇੰਡੀਆ ਹਾਊਸ', (1606) 'ਟਾਵਰ' ਅਤੇ 'ਵੈਸਟ ਚਰਚ' (1620) ਇਸ ਦੀ ਸ਼ਿਲਪਕਾਰੀ ਦੇ ਉੱਤਮ ਨਮੂਨੇ ਹਨ। ਡੈਲਫਟ ਵਿਖੇ ਨਿਊ ਚਰਚ ਵਿਚ 'ਵਿਲੀਅਮ ਦੀ ਸਾਈਲੈਂਟ' ਦਾ ਮਕਬਰਾ ਇਸ ਦੀ ਸੰਗਤ੍ਰਾਸ਼ੀ ਦੀ ਵਧੀਆ ਕ੍ਰਿਤ ਹੈ। ਅੰਗਰੇਜ਼ ਸੰਗਤ੍ਰਾਸ਼ ਨਿਕੋਲਾਸ ਸਟੋਨ ਇਸ ਦਾ ਉੱਘਾ ਸ਼ਾਗਿਰਦ ਹੋਇਆ ਹੈ, ਜਿਹੜਾ ਕਿ ਇਸ ਦਾ ਜਵਾਈ ਵੀ ਸੀ। 15 ਮਈ, 1621 ਨੂੰ ਐਮਸਟਰਡੈਮ ਵਿਖੇ ਇਸ ਦੀ ਮੌਤ ਹੋ ਗਈ। ਇਸ ਦੇ ਤਿੰਨ ਪੁੱਤਰ ਸੰਗਤ੍ਰਾਸ਼ ਅਤੇ ਇਕ ਚਿਤਰਕਾਰ ਬਣਿਆ।

ਹ. ਪੁ.—ਐਨ. ਬ੍ਰਿ. 13 : 321

**ਕਾਈਸਰ, ਟਾਮਸ ਡ** : ਇਹ ਇਕ ਪੁਰਤਗੇਜ਼ੀ ਚਿਤਰਕਾਰ ਸੀ ਅਤੇ ਆਪਣੀ ਵਧੀਆ ਤਸਵੀਰਸਾਜ਼ੀ ਕਰਕੇ ਉੱਘਾ ਸੀ। ਇਸ ਦਾ ਜਨਮ ਐਮਸਟਰਡੈਮ ਵਿਖੇ ਸ਼ਿਲਪਕਾਰ ਅਤੇ ਬੁੱਤਘਾੜੇ ਹੈਂਡਰਿਕ ਡ ਕਾਈਸਰ ਦੇ ਘਰ ਹੋਇਆ। ਇਸ ਨੇ ਤਸਵੀਰਾਂ ਬਣਾਉਣ ਵਿਚ ਬਹੁਤ ਕਮਾਲ ਕੀਤਾ। ਉਂਜ ਭਾਵੇਂ ਇਸ ਨੇ ਕੁਝ ਇਤਿਹਾਸਕ ਅਤੇ ਮਿਥਿਹਾਸਕ ਤਸਵੀਰਾਂ ਵੀ ਬਣਾਈਆਂ ਸਨ, ਜਿਵੇਂ ਕਿ ਐਮਸਟਰਡੈਮ ਦੇ ਟਾਊਨ ਹਾਲ ਵਿਚ ਪਈਆਂ 'ਥੀਸੀਅੱਸ' ਅਤੇ 'ਅਰੀਆਡਨੇ'। ਇਸ ਦੀ ਤਸਵੀਰਸਾਜ਼ੀ ਵਿਚ ਚਰਿੱਤਰ ਵਿਸ਼ੇਸ਼ ਕਰਕੇ ਰੂਪਮਾਨ ਹੁੰਦਾ ਹੈ ਅਤੇ ਇਨ੍ਹਾਂ ਵਿਚੋਂ ਸੁੰਦਰ ਸੁਨਹਿਰੀ ਰੰਗ ਭਾਹ ਮਾਰਦਾ ਹੈ। ਇਸ ਦੀਆਂ ਕੁਝ ਤਸਵੀਰਾਂ ਪੂਰੇ ਆਕਾਰ ਦੀਆਂ ਹਨ। 'ਮਰਚੈਂਟ ਵਿਦ ਹਿਜ਼ ਕਲਰਕ,' 'ਪੋਰਟ੍ਰੇਟ ਆਫ਼ ਏ ਸਾਵਾਨ' ਅਤੇ 'ਕਲਾਈਸ ਫੈਬ੍ਰੀਸ਼ੀਅਸ' ਇਸ ਦੀਆਂ ਪ੍ਰਸਿੱਧ ਕ੍ਰਿਤਾਂ ਹਨ।

ਹ. ਪੁ.—ਐਨ. ਬ੍ਰਿ. 13 : 322

**ਕਾਈ ਸੀਗਬਾਨ** : ਅਪਸਾਲਾ (ਸਵੀਡਨ) ਵਿਖੇ ਇੰਸਟੀਚਿਊਟ ਆਫ਼ ਫ਼ਿਜ਼ਿਕਸ ਦੇ ਇਸ 63 ਸਾਲਾ ਭੌਤਿਕ-ਵਿਗਿਆਨੀ ਨੇ 1981 ਦਾ ਭੌਤਿਕ-ਵਿਗਿਆਨ ਦਾ ਨੋਬਲ ਪੁਰਸਕਾਰ ਅਮਰੀਕਾ ਦੇ ਬਲੋਮਬਰਜੈੱਨ ਅਤੇ ਸ਼ੈਵਲੋ ਨਾਲ ਸਾਂਝਾ ਕੀਤਾ। ਇਸ ਨੂੰ ਸਾਰੇ ਪੁਰਸਕਾਰ ਦਾ ਅੱਧਾ ਹਿੱਸਾ ਮਿਲਿਆ ਜਦੋਂ ਕਿ ਬਾਕੀ ਦਾ ਅੱਧਾ ਭਾਗ ਬਲੋਮਬਰਜੈੱਨ ਅਤੇ ਸ਼ੈਵਲੋ ਦੋਵਾਂ ਨੂੰ ਮਿਲਿਆ। ਕਾਈ ਸੀਗਬਾਨ ਨੂੰ ਇਹ ਪੁਰਸਕਾਰ ਉਸ ਦੁਆਰਾ ਉੱਚ-ਵਿਭੇਦਨ ਇਲੈੱਕਟ੍ਰਾਨ ਸਪੈੱਕਟ੍ਰਮ-ਵਿਗਿਆਨ ਨੂੰ ਵਿਕਸਿਤ ਕਰਨ ਵਜੋਂ ਮਿਲਿਆ। ਇਸ ਨੇ ਭਿੰਨ ਭਿੰਨ ਕਿਸਮ ਦੇ ਐਟਾਮਿਕ ਸਿਸਟਮਾਂ ਵਿਚ ਇਲੈੱਕਟ੍ਰਾਨ ਤਰਤੀਬਾਂ ਦੇ ਸੁਭਾਅ ਦਾ ਪਤਾ ਲਾਉਣ ਲਈ ਐੱਕਸ-ਕਿਰਨ ਫ਼ੋਟੋ ਇਲੈੱਕਟ੍ਰਾਨ ਸਪੈੱਕਟ੍ਰੋਸਕੋਪੀ ਦੀ ਵਰਤੋਂ ਉਤੇ ਕੰਮ ਕੀਤਾ। ਸੀਗਬਾਨ ਨੇ ਸਿੱਧ ਕੀਤਾ ਕਿ ਐਟਮਾਂ ਅੰਦਰ ਬਿਨਾ ਖਿੰਡੇ ਬਚ ਨਿਕਲਣ ਵਾਲੇ ਇਲੈੱਕਟ੍ਰਾਨਾਂ ਦੀ ਊਰਜਾ ਤੋਂ ਕਈ ਗੁਣਾ ਦਾ ਅਧਿਐਨ ਸੰਭਵ ਹੈ। ਇਹ ਢੰਗ ਅੱਜ ਕਲ੍ਹ ਅਲਟ੍ਰਾ-ਵਾਇਲਿਟ ਖੇਤਰ ਲਈ ਵੀ ਵਰਤਿਆ ਜਾਂਦਾ ਹੈ। ਅਲਟ੍ਰਾ-ਵਾਇਲਿਟ ਫ਼ੋਟਾਨ ਸਪੈੱਕਟ੍ਰੋਸਕੋਪੀ ਐਟਮ ਵਿਚ ਬਾਹਰਲੇ ਵੇਲੈਂਸ ਇਲੈੱਕਟ੍ਰਾਨਾਂ ਲਈ ਬਹੁਤ ਸਹੀ ਹੈ। ਸੀਗਬਾਨ ਨੇ ਅਪਸਾਲਾ ਵਿਖੇ ਆਪਣੇ ਸਾਥੀਆਂ ਨਾਲ ਰਲਕੇ ਰਸਾਇਣਿਕ ਵਿਸ਼ਲੇਸ਼ਣ ਲਈ ਇਲੈੱਕਟ੍ਰਾਨ ਸਪੈੱਕਟ੍ਰੋਸਕੋਪੀ ਦੀ ਵਰਤੋਂ ਸ਼ੁਰੂ ਕਰਨ ਲਈ ਲੋੜੀਂਦੇ ਤਕਨੀਕੀ ਵਿਕਾਸ ਵਾਸਤੇ ਬੀਟਾ-ਕਿਰਨ, ਨਿਊਕਲੀ ਸਪੈੱਕਟ੍ਰੋਸਕੋਪੀ ਵਿਚ ਇਲੈੱਕਟ੍ਰਾਨਾਂ ਦੇ ਵਿਸ਼ਲੇਸ਼ਣ ਵਿਚ ਆਪਣੇ ਪਹਿਲੇ ਅਨੁਭਵ ਦੀ ਵਰਤੋਂ ਕੀਤੀ। ਇਸ ਨੇ ਠੋਸਾਂ, ਅਣੂਆਂ ਅਤੇ ਪਰਮਾਣੂਆਂ ਵਿਚ ਫ਼ੋਟੋ-ਇਲੈੱਕਟ੍ਰਾਨਾਂ ਨੂੰ

ਉਤੇਜਿਤ ਕਰਨ ਲਈ ਚੰਗੀ ਤਰ੍ਹਾਂ ਸਮਾਂਤਰਿਤ ਐੱਕਸ-ਕਿਰਨ ਸ੍ਰੋਤਾਂ ਦੀ ਵਰਤੋਂ ਕੀਤੀ। ਇਸ ਤੋਂ ਪਹਿਲਾਂ ਇਸ ਦੇ ਪਿਤਾ ਕਾਰਲ ਮਾਨ ਸੀਗਬਾਨ ਨੇ 1924 ਦਾ ਭੌਤਿਕ-ਵਿਗਿਆਨ ਦਾ ਨੋਬਲ ਪੁਰਸਕਾਰ ਐੱਕਸ-ਕਿਰਨ ਸਪੈੱਕਟ੍ਰੋਸਕੋਪੀ ਉਤੇ ਕੰਮ ਕਰਕੇ ਪ੍ਰਾਪਤ ਕੀਤਾ ਸੀ।

ਹ. ਪੁ.—ਸਾ. ਟ੍ਰ. ਦਸੰਬਰ, 1981 : 42 ; ਕੰ. ਮਾ. ਜਨਵਰੀ 1982 : 410

**ਕਾਈਸੈਰੀ** : ਈਲ—ਮੱਧ ਤੁਰਕੀ ਦੀ ਇਹ ਇਕ ਈਲ (ਪ੍ਰਾਂਤ) ਹੈ ਜੋ ਮੱਧ ਅਨਾਤੋਲੀਅਨ ਪਠਾਰਾਂ ਤੇ ਵਾਕਿਆ ਹੈ ਅਤੇ ਇਸ ਦਾ ਕੁਲ ਰਕਬਾ 16,917 ਵ. ਕਿ. ਮੀ. ਅਤੇ ਵਸੋਂ 778,383 (1980) ਹੈ। ਇਸ ਦਾ ਜਲ-ਨਿਕਾਸ ਕਿਜ਼ਿਲ ਇਰਮਾਕ ਅਤੇ ਯੀਨਸ ਇਰਮੈਗੀ ਦਰਿਆਵਾਂ ਨਾਲ ਹੁੰਦਾ ਹੈ। ਇਸ ਇਲਾਕੇ ਦੀਆਂ ਜ਼ਰਾਇਤੀ ਫਸਲਾਂ ਰਾਈ, ਬਾਜਰਾ, ਸਣ ਅਤੇ ਫ਼ਲ ਹਨ। ਇਥੇ ਪਸ਼ੂ ਵੀ ਕਾਫੀ ਗਿਣਤੀ ਵਿਚ ਪਾਲੇ ਜਾਂਦੇ ਹਨ।

ਹ. ਪੁ.—ਐਨ. ਬ੍ਰਿ. ਮਾ. 5 : 738; ਕੋਲ. ਐਨ. 11 : 157

**ਕਾਈਸੈਰੀ** : ਸ਼ਹਿਰ—ਮੱਧ ਤੁਰਕੀ ਵਿਚ ਇਸੇ ਹੀ ਨਾਂ ਦੀ ਈਲ (ਪ੍ਰਾਂਤ) ਦੀ ਰਾਜਧਾਨੀ ਹੈ ਜੋ ਅੰਕਾਰਾ ਤੋਂ 265 ਕਿ. ਮੀ. ਪੂਰਬ-ਦੱਖਣ-ਪੂਰਬ ਵਲ ਐਰਜ਼ੀਯਾਸ ਦਾਇ ਨਾਂ ਦੇ ਬੁਝੇ ਹੋਏ ਜਵਾਲਾ ਮੁਖੀ ਪਰਬਤ ਦੇ ਹੇਠਾਂ ਪੱਧਰੇ ਮੈਦਾਨ ਵਿਚ 1,043 ਮੀ. ਦੀ ਉਚਾਈ ਤੇ ਵਸਿਆ ਹੋਇਆ ਹੈ। ਇਸ ਜਗ੍ਹਾ ਵਿਚੋਂ ਦੀ ਤਿੰਨ ਪ੍ਰਾਚੀਨ ਰਸਤੇ ਲੰਘਦੇ ਸਨ। ਸ਼ੁਰੂ ਵਿਚ ਇਸ ਦਾ ਨਾਂ ਮਾਜਾਕਾ ਸੀ ਜੋ ਕੈਪਾਡੋਸ਼ੀਆ ਬਾਦਸ਼ਾਹਾਂ ਦੀ ਰਿਹਾਇਸ਼ਗਾਹ ਸੀ ਅਤੇ ਬਾਅਦ ਵਿਚ ਇਸ ਦਾ ਨਾਂ ਯੂਸੀਬੀਆ ਰੱਖ ਦਿਤਾ ਗਿਆ। ਰੋਮਨ ਬਾਦਸ਼ਾਹ ਕਲਾਡੀਅਸ ਦੇ ਰਾਜ-ਕਾਲ ਸਮੇਂ ਇਸ ਦਾ ਨਾਂ ਸਜ਼ੇਰੀਆ ਰੱਖਿਆ ਗਿਆ। ਸੰਨ 268 ਵਿਚ ਇਸ ਤੇ ਫ਼ਾਰਸੀਆਂ ਦਾ ਕਬਜ਼ਾ ਹੋ ਗਿਆ। ਸੰਨ 302 ਵਿਚ ਇਥੇ ਪਹਿਲੇ ਆਰਮੀਨੀਆ ਦੇ ਬਿਸ਼ਪ ਦੀ ਬਲੀ ਦਿਤੀ ਗਈ। ਬਾਦਸ਼ਾਹ ਜਸਤਿਨੀਅਨ ਨੇ ਇਸ ਸ਼ਹਿਰ ਨੂੰ ਥੋੜ੍ਹਾ ਜਿਹਾ ਬਦਲ ਦਿਤਾ ਅਤੇ ਇਥੇ ਫਸੀਲ ਵਾਲੀ ਗੜ੍ਹੀ ਬਣਾਈ। ਸੰਨ 1064 ਵਿਚ ਸੈਲਜੂਕ ਤੁਰਕਾਂ ਦਾ ਕਬਜ਼ਾ ਹੋ ਗਿਆ। ਸੰਨ 1243 ਵਿਚ ਇਸ ਤੇ ਮੰਗੋਲ ਛਾ ਗਏ। ਸੰਨ 1577 ਵਿਚ ਆਟੋਮਨ ਤੁਰਕਾਂ ਨੇ ਇਥੋਂ ਦੀਆਂ ਕੰਧਾਂ ਨੂੰ ਮੁੜ ਉਸਾਰਿਆ।

13ਵੀਂ ਸਦੀ ਦੀ ਸੈਲਜੂਕ ਕਲਾ ਦੀਆਂ ਕਈ ਉਦਾਹਰਣਾਂ ਇਥੇ ਮਿਲਦੀਆਂ ਹਨ ਜਿਵੇਂ—ਗੋਲਾਕਾਰ ਤੇ ਅੱਠ-ਭੁਜੇ ਮਕਬਰੇ ਆਦਿ। ਡੋਨਰ ਕਮਬੈਟ, ਉਲੂ ਕਾਮੀ ਅਤੇ ਕੁਰਸੂੰਲੂ ਕਾਮੀ ਦੋ ਮਸਜਿਦਾਂ ਅਤੇ ਪ੍ਰਾਂਤਕ ਅਜਾਇਬ ਘਰ ਵੇਖਣ ਯੋਗ ਹਨ।

ਇਹ ਜ਼ਰਾਇਤੀ ਵਸਤਾਂ ਦੀ ਇਕ ਬੜੀ ਭਾਰੀ ਮੰਡੀ ਹੈ। ਇਥੇ ਖੰਡ, ਸੀਮਿੰਟ, ਕੱਪੜਾ, ਘਰੇਲੂ ਵਰਤੋਂ ਦੀਆਂ ਵਸਤਾਂ, ਹਵਾਈ ਜਹਾਜ਼ ਤੇ ਹੋਰ ਪੁਰਜ਼ਿਆਂ ਆਦਿ ਦਾ ਉਤਪਾਦਨ ਹੁੰਦਾ ਹੈ। ਸੋਨੇ ਦੇ ਕੰਮ ਦਾ ਅਤੇ ਚਟਾਈਆਂ ਬਣਾਉਣ ਦਾ ਵੀ ਇਹ ਉੱਘਾ ਕੇਂਦਰ ਹੈ।

ਆਬਾਦੀ—281,320 (1980)

38° 43′ ਉ. ਵਿਥ.; 35° 30′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 738; ਕੋਲ. ਐਨ. 11 : 157

**ਕਾਈਜ਼ਰ, ਜਿਐੱਰਜ** : ਇਹ ਜਰਮਨੀ ਦਾ ਪ੍ਰਸਿੱਧ ਪ੍ਰਭਾਵਵਾਦੀ ਨਾਟਕਕਾਰ ਸੀ। ਇਸ ਦਾ ਜਨਮ ਮੈਗਡੈਬਰਗ ਵਿਖੇ 25 ਨਵੰਬਰ, 1878 ਨੂੰ ਹੋਇਆ। ਇਹ ਕਲਰਕ ਬਣ ਕੇ ਆਰਜੈਨਟੀਨਾ ਚਲਾ ਗਿਆ, ਪਰ ਬਿਮਾਰ ਹੋਣ ਕਰ ਕੇ ਜਰਮਨੀ ਵਿਚ ਵਾਪਸ ਆ ਗਿਆ। ਲੰਬੀ ਬਿਮਾਰੀ ਦੇ ਦੌਰਾਨ ਇਸ ਨੇ ਆਪਣੇ ਪਹਿਲੇ ਨਾਟਕ ਲਿਖੇ ਜੋ ਕਿ ਵਿਅੰਗਾਤਮਕ ਸੁਖਾਂਤ ਸਨ। ਸੰਨ 1914 ਵਿਚ ਇਸ ਨੇ 'Die Burger Von Calais' ਨਾਟਕ ਲਿਖ ਕੇ ਕੁਝ ਨਾਮਣਾ ਖੱਟਿਆ। ਇਸ ਪਿਛੋਂ ਇਸ ਦੇ ਨਾਟਕਾਂ ਦੀ ਲੜੀ ਸ਼ੁਰੂ ਹੋ ਗਈ। ਇਸ ਦੇ ਨਾਟਕਾਂ ਦੇ ਵਿਸ਼ੇ ਸਮਾਜਕ ਸਨ, ਜਿਸ ਨੇ ਪ੍ਰਭਾਵਵਾਦੀ ਲਹਿਰ ਦੇ ਮੋਢੀ ਵਜੋਂ ਇਸ ਦੀ ਸਥਿਤੀ ਮਜਬੂਤ ਕਰ ਦਿੱਤੀ।



ਚਿਤਰ : ਜਿਐੱਰਜ ਕਾਈਜ਼ਰ

'Von Morgensbis Mitteravachts' (1916), 'ਡਾਈ ਕੋਰੈਲੀ' (1917), 'ਦੀ ਕੋਰਲ' (1931), 'ਗੈਸ I ਅਤੇ ਗੈਸ II' (1918 ਤੇ 1920), 'Holle, Weg, Erde' (1919), 'Nebeneinander' (1923), 'Jweimal Oliver' (1926) ਅਤੇ 'Der Silbersee' (1933) ਇਸਦੇ ਪ੍ਰਸਿੱਧ ਨਾਟਕ ਸਨ।

ਸੰਨ 1938 ਵਿਚ ਜਦੋਂ ਨਾਜ਼ੀਆਂ ਨੇ ਇਸ ਦੇ ਨਾਟਕਾਂ ਤੇ ਬੰਦਸ਼ ਲਾ ਦਿਤੀ ਤਾਂ ਇਹ ਸਵਿਟਜ਼ਰਲੈਂਡ ਵਿਚ ਜਲਾਵਤਨ ਹੋ ਗਿਆ, ਜਿਥੇ ਇਹ ਆਪਣੀ ਮੌਤ ਤਕ ਨਾਟਕ ਲਿਖਦਾ ਰਿਹਾ। ਇਸ ਦੀ ਆਖਰੀ ਕ੍ਰਿਤ ਕਲਪਨਿਕ ਤਿੰਨ ਨਾਟਕ 'Jweimal Amphitryon', Pygmalion ਅਤੇ 'Bellerophon' ਸਨ, ਜਿਹੜੇ 1948 ਵਿਚ ਛਪੇ। ਲਗਭਗ 60 ਨਾਟਕ ਲਿਖਣ ਤੋਂ ਇਲਾਵਾ ਕਾਈਜ਼ਰ ਨੇ ਦੋ ਨਾਵਲ ਅਤੇ ਕੁਝ ਕਵਿਤਾ ਵੀ ਲਿਖੀ।

ਇਸ ਦੀ ਮੌਤ ਸਵਿਟਜ਼ਰਲੈਂਡ ਵਿਚ ਆਸਕੋਨਾ ਵਿਖੇ 4 ਜੂਨ, 1945 ਨੂੰ ਹੋਈ।

ਹ. ਪੁ.—ਐਨ. ਬ੍ਰਿ. 13 : 188

**ਕਾਈਟਨ** : ਇਸ ਨੂੰ ਪਿਲ ਬੱਗ, ਲੋਰਕੋਂਡਾ ਅਤੇ ਕ੍ਰਿਪਿਪੋਡਾ ਵੀ ਕਹਿੰਦੇ ਹਨ। ਇਹ ਮੋਲਸਕਾ ਫ਼ਾਈਲਮ ਦੀ ਪੌਲੀਪਲੈਕੋਫੋਰਾ ਸ਼੍ਰੇਣੀ ਦੇ ਸਮੁੰਦਰੀ ਪ੍ਰਾਣੀ ਹਨ। ਇਨ੍ਹਾਂ ਦੀਆਂ ਤਕਰੀਬਨ 1,000 ਜਾਤੀਆਂ ਸਾਰੀ ਦੁਨੀਆ ਵਿਚ ਮਿਲਦੀਆਂ ਹਨ ਪਰ ਗਰਮ ਇਲਾਕਿਆਂ ਵਿਚ ਇਨ੍ਹਾਂ ਦੀ ਬਹੁਤਾਤ ਹੈ। ਇਹ ਪ੍ਰਾਣੀ, ਖ਼ਾਸ ਕਰਕੇ ਗਰਮ ਇਲਾਕਿਆਂ ਦੇ, ਇੰਟਰਟਾਈਡਲ ਜ਼ੋਨ ਜਾਂ ਪੇਤਲੇ ਪਾਣੀਆਂ ਵਿਚ ਮਿਲਦੇ ਹਨ। ਠੰਢੇ ਭਾਗਾਂ ਵਿਚ ਬਹੁਤੀਆਂ ਜਾਤੀਆਂ 4,000 ਮੀ. ਦੀ ਡੂੰਘਾਈ ਤੇ ਮਿਲਦੀਆਂ ਹਨ।

ਇਹ ਚਪਟੇ ਸਰੀਰ ਵਾਲੇ, ਦੋਪਾਸੀ ਸਮਮਿਤ ਪ੍ਰਾਣੀ ਤਕਰੀਬਨ ਅੰਡਾਕਾਰ ਆਕਾਰ ਦੇ ਹੁੰਦੇ ਹਨ। ਆਮ ਤੌਰ ਤੇ ਇਨ੍ਹਾਂ ਦੀ ਵੱਧ ਤੋਂ ਵੱਧ ਲੰਬਾਈ ਕੋਈ 5 ਸੈਂ. ਮੀ. ਹੁੰਦੀ ਹੈ। ਉੱਤਰੀ ਅਮਰੀਕਾ ਦੇ ਸ਼ਾਂਤ ਮਹਾਸਾਗਰੀ ਤਟ ਦੀ ਇਕ ਜਾਤੀ ਕ੍ਰਿਪਟੋਕਾਈਟਨ ਸਟੈੱਲਰੀ (*Cryptochiton stelleri*) ਲਗਭਗ 33 ਸੈਂ. ਮੀ. ਲੰਬੀ ਹੁੰਦੀ ਹੈ। ਇਸ ਦੇ ਪਿਛਲੇ ਪਾਸੇ ਇਕ ਦੂਜੇ ਨੂੰ ਢਕਦੀਆਂ ਅੱਠ ਪਲੇਟਾਂ ਦੀ ਇਕ ਕਤਾਰ ਹੁੰਦੀ ਹੈ, ਜਿਹੜੀਆਂ ਇਕ ਸਖ਼ਤ ਗਰਡਲ ਰਾਹੀਂ ਢਕੀਆਂ ਹੁੰਦੀਆਂ ਹਨ। ਇਹ ਆਪਣੇ ਵੱਡੇ ਚਪਟੇ ਪੈਰਾਂ ਨੂੰ ਚਟਾਨਾਂ ਉਤੇ ਘਿਸਰਨ ਜਾਂ ਚੰਬੜਨ ਲਈ ਵਰਤਦਾ ਹੈ। ਮੂੰਹ ਵਿਚ ਇਕ ਚੰਗਾ ਵਿਕਸਿਤ ਰੈਡੂਲਾ ਹੁੰਦਾ ਹੈ ਜਿਸ ਨੂੰ ਇਹ ਪੱਥਰਾਂ ਤੋਂ ਕਾਈ ਅਤੇ ਹੋਰ

ਪੌਦੇ (ਭੋਜਨ ਲਈ) ਖੁਰਚਣ ਲਈ ਵਰਤਦਾ ਹੈ। ਪੈਰ ਦੇ ਦੋਵੇਂ ਪਾਸੇ ਇਕ ਝਿਰੀ ਵਿਚ ਗਲਫੜੇ ਹੁੰਦੇ ਹਨ।

ਇਨ੍ਹਾਂ ਪ੍ਰਾਣੀਆਂ ਦਾ ਸਰੀਰ ਬਹੁਤ ਲਚਕਦਾਰ ਹੁੰਦਾ ਹੈ ਅਤੇ ਇਹ ਚੱਟਾਨਾਂ ਦੀਆਂ ਵਿਰਲਾਂ ਵਿਚ ਵੀ ਪੂਰੇ ਆ ਜਾਂਦੇ ਹਨ ਜਾਂ ਜਦੋਂ ਪੁੱਟੇ ਜਾਣ ਤਾਂ ਗੇਂਦ ਵਾਂਗ ਗੋਲ ਬਣ ਜਾਂਦੇ ਹਨ। ਇਹ ਚੱਟਾਨਾਂ ਨਾਲ ਇੰਨੀ ਪੱਕੀ ਤਰ੍ਹਾਂ ਚਿੰਬੜ ਸਕਦੇ ਹਨ ਕਿ ਜੇਕਰ ਹਟਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਜ਼ਖ਼ਮੀ ਹੋ ਜਾਂਦੇ ਹਨ।

ਬਹੁਤੇ ਕਾਈਟਨ ਰਾਤਲ ਪ੍ਰਾਣੀ ਹਨ। ਇਨ੍ਹਾਂ ਦੇ ਅਸੰਖਾਂ ਸੁਤੰਤਰ ਤਾਰੂ ਲਾਰਵੇ ਟ੍ਰੋਕੋਫੋਰ ਸਮੁੰਦਰੀ ਪਲੈਂਕਟਨ ਦਾ ਇਕ ਮਹੱਤਵ-ਪੂਰਨ ਹਿੱਸਾ ਹਨ।

ਹ. ਪੁ.—ਐਨ. ਬ੍ਰਿ. ਮਾ. 2 : 869

**ਕਾਈਟਿਨ** : ਇਹ ਇਕ ਬਹੁ-ਸੈਕੈਰਾਈਡ ਹੈ ਜਿਹੜਾ ਪ੍ਰਾਕ੍ਰਿਤਕ ਰੂਪ ਵਿਚ ਬਹੁਤ ਜ਼ਿਆਦਾ ਮਿਲਦਾ ਹੈ। ਪ੍ਰਾਣੀ ਕਾਈਟਿਨ ਨੂੰ ਭੋਜਨ ਵਜੋਂ ਨਹੀਂ ਵਰਤਦੇ ਪ੍ਰੰਤੂ ਕੁਝ ਵਿਗਿਆਨੀਆਂ ਦਾ ਕਹਿਣਾ ਹੈ ਕਿ ਹੈਲਿਕਸ ਕਿਸਮ ਦਾ ਘੋਂਗਾ ਕੁਝ ਹੱਦ ਤਕ ਕਾਈਟਿਨ ਪਚਾ ਸਕਦਾ ਹੈ। ਕੁਝ ਪੌਦੇ ਅਤੇ ਪ੍ਰਾਣੀ ਕਾਈਟਿਨ ਦਾ ਸੰਸ਼ਲੇਸ਼ਣ ਕਰਦੇ ਹਨ। ਕ੍ਰਾਸਟੇਸ਼ੀਅਨ ਪ੍ਰਾਣੀਆਂ ਦੇ ਸਖ਼ਤ ਖ਼ੋਲਾਂ ਦਾ ਅਧਾਰ-ਪਦਾਰਥ ਕਾਈਟਿਨ ਹੀ ਹੁੰਦਾ ਹੈ। ਕੀਟਾਂ ਦਾ ਬਾਹਰਲਾ ਪਿੰਜਰ ਕਾਈਟਿਨੀ ਮਾਦੇ ਦਾ ਹੁੰਦਾ ਹੈ ਅਤੇ ਕੁਝ ਉੱਲੀਆਂ ਦੀਆਂ ਸੈੱਲ-ਭਿੱਤੀਆਂ ਵਿਚ ਵੀ ਇਹ ਪਦਾਰਥ ਮਿਲਦਾ ਹੈ। ਕੈਲਸੀਅਮ ਕਾਰਬੋਨੇਟ ਦੀ ਅਕਾਰਬਨੀ ਤੇਜ਼ਾਬ ਨਾਲ ਘੁਲਨ ਕਿਰਿਆ ਅਤੇ ਪ੍ਰੋਟੀਨਾਂ ਦੇ ਹਟਾਉਣ ਤੋਂ ਬਾਅਦ ਕਾਈਟਿਨ ਪਾਊਡਰ ਬਣ ਜਾਂਦਾ ਹੈ। ਇਹ ਪਾਣੀ, ਪਤਲੇ ਅਕਾਰਬਨੀ ਤੇਜ਼ਾਬ ਅਤੇ ਖਾਰਾਂ ਵਿਚ ਅਘੁਲਨਸ਼ੀਲ ਹੈ ਅਤੇ ਇਨ੍ਹਾਂ ਗੁਣਾਂ ਕਰਕੇ ਸੈਲੂਲੋਸ ਨਾਲ ਮਿਲਦਾ ਜੁਲਦਾ ਹੈ। ਇਹ ਸ਼ਵਾਇਤਸਰ-ਰੀਏਜੈਂਟ ਵਿਚ ਵੀ ਨਹੀਂ ਘੁਲਦਾ। ਸੰਘਣੇ ਅਕਾਰਬਨੀ ਤੇਜ਼ਾਬ ਵਿਚ ਇਹ ਘੁਲ ਜਾਂਦਾ ਹੈ ਅਤੇ ਪਤਲਾ ਕਰਨ ਤੇ ਕਾਈਟਿਨ ਬਿਲਕੁਲ ਨਹੀਂ ਬਦਲਦਾ ਅਤੇ ਅਵਖੇਪਿਤ ਹੋ ਜਾਂਦਾ ਹੈ। ਸੰਘਣੇ ਤੇਜ਼ਾਬ ਵਿਚ ਰਖਣ ਨਾਲ ਇਕ ਵਿਸ਼ਿਸ਼ਟ ਘੁੰਮਣ ਦੁਆਰਾ ਤਬਦੀਲੀ ਆ ਕੇ ਜਲ-ਅਪਘਟਨ ਹੋ ਜਾਂਦਾ ਹੈ, $[a]D^{20}$—15°→+56° ਅਤੇ ਤੇਜ਼ਾਬ ਜਾਂ ਕਾਈਟਿਨੇਸ ਲਗਾਤਾਰ ਜਲ-ਅਪਘਟਨ ਰਾਹੀਂ ਡੀ-ਗਲੂਕੋਸੈਮਾਈਨ ਵਖ ਕੀਤਾ ਜਾ ਸਕਦਾ ਹੈ।



ਕਾਈਟਿਨ ਦੀਆਂ ਐਨ-ਐਸੀਟਾਈਲ-ਡੀ-ਗਲੂਕੋਸੈਮਾਈਨ ਇਕਾਈਆਂ ਦੀ ਚੇਨ

ਕਾਈਟਿਨ ਇਕ ਲੰਬਾ ਅਸ਼ਾਖ਼ਿਤ ਅਣੂ ਹੈ ਜਿਸ ਵਿਚ ਐਨ-ਐਸੀਟਾਈਲ-ਡੀ-ਗਲੂਕੋਸੈਮਾਈਨ ਇਕਾਈਆਂ B–1, 4 ਬੰਧਨਾਂ ਰਾਹੀਂ ਜੁੜੀਆਂ ਰਹਿੰਦੀਆਂ ਹਨ।

ਹ. ਪੁ.—ਮੈਕ. ਐਨ. ਸ. ਟ. 3 : 64

**ਕਾਈਤੈੱਲ, ਵਿਲਹੈਲਮ** : ਜਰਮਨੀ ਦਾ ਇਹ ਇਕ ਫ਼ੌਜੀ ਅਫਸਰ ਸੀ ਜਿਹੜਾ ਦੂਜੇ ਸੰਸਾਰ ਯੁੱਧ ਸਮੇਂ ਹਿਟਲਰ ਦਾ ਮੁੱਖ ਸੈਨਾ ਸਲਾਹਕਾਰ ਸੀ। ਇਸ ਦਾ ਜਨਮ 22 ਸਤੰਬਰ, 1882 ਨੂੰ ਹੋਇਆ। ਪਹਿਲੇ ਸੰਸਾਰ ਯੁੱਧ ਸਮੇਂ ਇਸ ਨੇ ਵਧੇਰੇ ਕਰਕੇ ਸਟਾਫ਼ ਡਿਊਟੀਆਂ ਹੀ ਨਿਭਾਈਆਂ ਸਨ। ਫਰਵਰੀ, 1938 ਵਿਚ ਜਦੋਂ ਹਿਟਲਰ ਨੇ ਫ਼ੌਜਾਂ ਦੀ ਕਮਾਂਡ ਖ਼ੁਦ ਸੰਭਾਲੀ ਤਾਂ ਉਸ ਨੇ ਕਾਈਤੈੱਲ ਨੂੰ ਚੀਫ਼ ਆਫ਼ ਆਰਮਡ ਫੋਰਸਿਜ਼ ਹਾਈ ਕਮਾਂਡ ਦੀ ਨਵੀਂ ਆਸਾਮੀ ਉੱਤੇ ਲਗਾ ਦਿਤਾ ਜਿਹੜੀ ਕਿ ਯੁੱਧ ਮੰਤਰੀ ਦੇ ਬਰਾਬਰ ਸੀ। ਇਸ ਨੇ ਹਰ ਵੱਡੀ ਕਾਨਫ਼ਰੰਸ ਵਿਚ ਭਾਗ ਲਿਆ ਅਤੇ ਜੰਗ ਦੇ ਦੌਰਾਨ ਅਹਿਮ ਹੁਕਮ ਜਾਰੀ ਕੀਤੇ। ਇਸ ਨੇ ਜੰਗੀ ਕੈਦੀਆਂ ਨੂੰ ਗੋਲੀ ਨਾਲ ਉਡਾਉਣ ਦਾ ਵੀ ਹੁਕਮ ਦਿਤਾ। ਜੰਗ ਮਗਰੋਂ ਇੰਟਰਨੈਸ਼ਨਲ ਮਿਲਟਰੀ ਟ੍ਰਿਬਿਊਨਲ ਵਲੋਂ ਨਿਊਰਮਬਰਗ ਵਿਖੇ ਇਸ ਉਤੇ ਜੰਗੀ ਜੁਰਮਾਂ ਅਤੇ ਮਨੁੱਖਤਾ ਵਿਰੁਧ ਜੁਰਮਾਂ ਕਰਕੇ ਮੁਕੱਦਮਾ ਚਲਾਇਆ ਗਿਆ ਅਤੇ 16 ਅਕਤੂਬਰ, 1946 ਨੂੰ ਇਸ ਨੂੰ ਫਾਂਸੀ ਦੇ ਦਿਤੀ ਗਈ।

ਹ. ਪੁ.—ਐਨ. ਬ੍ਰਿ. 13 : 269

**ਕਾਈ ਦੀਪ ਸਮੂਹ** : ਇੰਡੋਨੇਸ਼ੀਆ ਦੇ ਮਾਲੂਕੂ ਪ੍ਰਾਂਤ ਦਾ ਇਹ ਇਕ ਹਿੱਸਾ ਹੈ ਜੋ ਮੋਲੱਕਾਜ਼ ਦੇ ਦੱਖਣ ਵਲ, ਆਰੂ ਦੀਪ ਸਮੂਹ ਦੇ ਪੱਛਮ ਵਲ ਅਤੇ ਸੀਰਾਮ ਦੀਪਸਮੂਹ ਤੋਂ ਦੱਖਣ ਵਲ ਬਾਂਦਾ ਸਾਗਰ ਵਿਚ ਵਾਕਿਆ ਹੈ। ਇਸ ਵਿਚ ਕਾਈ ਬੇਸਾਰ ਜਾਂ ਵੱਡਾ ਕਾਈ ਕੈਟਜ਼ਲ ਜਾਂ ਛੋਟਾ ਕਾਈ ਤੇ ਕਾਈ ਦੂਲਾਹ ਅਤੇ ਕੁਰ ਤੇ ਤਾਜੰਡੂ ਗਰੁੱਪ ਸ਼ਾਮਲ ਹਨ। ਇਸਦਾ ਕੁਲ ਖੇਤਰਫਲ 1,438 ਵ. ਕਿ.ਮੀ. ਹੈ। ਕਾਈ ਬੇਸਾਰ ਪਹਾੜੀ ਇਲਾਕਾ ਹੈ ਜਿਸ ਵਿਚ 900 ਮੀ. ਤਕ ਉੱਚੇ ਪਹਾੜ ਹਨ ਅਤੇ ਸਾਹਿਲ ਦੇ ਨਾਲ ਨਾਲ ਖੜੀ ਢਾਲ ਵਾਲੀਆਂ ਚਟਾਨਾਂ ਹਨ। ਲਗਭਗ ਸਾਰੇ ਟਾਪੂ ਜੰਗਲਾਂ ਨਾਲ ਢੱਕੇ ਹੋਏ ਹਨ ਅਤੇ ਵਧੀਆ ਇਮਾਰਤੀ ਲੱਕੜ ਦੇ ਭੰਡਾਰ ਹਨ।

ਇਨ੍ਹਾਂ ਟਾਪੂਆਂ ਦੀ ਬਨਸਪਤੀ ਵਿਚ ਅੰਜੀਰ, ਆਇਰਨ ਵੁੱਡ ਦੇ ਦਰਖ਼ਤ, ਪਾਮ ਅਤੇ ਊਸ਼ਣ ਖੰਡ ਦੇ ਦਰਖ਼ਤ ਅਤੇ ਚਾਉਲ ਤੇ ਤੰਬਾਕੂ ਦੀਆਂ ਫ਼ਸਲਾਂ ਪਾਈਆਂ ਜਾਂਦੀਆਂ ਹਨ। ਇਥੋਂ ਦੀ ਜੀਵ ਪ੍ਰਣਾਲੀ ਵਿਚ ਜੰਗਲੀ ਸੂਰ, ਹਰੇ ਰੰਗ ਦੀਆਂ ਛੋਟੀਆਂ ਛੋਟੀਆਂ ਕਿਰਲੀਆਂ, ਕਸਕਸ, ਕਬੂਤਰ, ਲਾਲ ਲੋਰੀ, ਕਈ ਕਿਸਮ ਦੀਆਂ ਤਿੱਤਲੀਆਂ, ਬੀਂਡੇ ਅਤੇ ਕੱਛੂ ਆਦਿ ਸ਼ਾਮਲ ਹਨ।

ਇਥੋਂ ਦੇ ਵਾਸੀ ਕਾਲੇ ਰੰਗ ਦੇ ਪਾਪੂਅਨ ਹਨ ਜੋ ਕਿ ਮਲਾਇਆ ਦੇ ਲੋਕਾਂ ਨਾਲ ਵਿਆਹ ਸ਼ਾਦੀਆਂ ਕਰਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਈਸਾਈ ਬਣ ਗਏ ਹਨ ਪਰ ਮੁਸਲਮਾਨਾਂ ਦੀ ਗਿਣਤੀ ਕਾਫ਼ੀ ਹੈ। ਇਨ੍ਹਾਂ ਦੀ ਸੋਸਾਇਟੀ ਵਿਚ ਅਜੇ ਪੁਰਾਣੇ ਰਿਵਾਜ ਪ੍ਰਚਲਤ ਹਨ। ਇਥੋਂ ਦੀ ਗ਼ੈਰਕਾਸ਼ਤ ਭੂਮੀ ਪਿੰਡ ਦੀ ਸਾਂਝੀ ਹੁੰਦੀ ਹੈ ਅਤੇ ਜਿੰਨਾਂ ਚਿਰ ਕੋਈ ਕਾਸ਼ਤ ਕਰਦਾ ਹੈ ਉਹ ਜ਼ਮੀਨ ਉਸਦੀ ਹੁੰਦੀ ਹੈ। ਇਸ ਦੀਪ ਸਮੂਹ ਦੇ ਲੋਕ ਲੱਕੜੀ ਉੱਤੇ ਮੀਨਾਕਾਰੀ ਕਰਨ, ਟੋਕਰੀਆਂ ਅਤੇ ਕਿਸ਼ਤੀਆਂ ਬਣਾਉਣ ਵਿਚ ਬਹੁਤ ਮਾਹਰ ਹਨ। ਇਥੇ ਕੇਲੇ, ਅਰਬੀ, ਅਨਾਜ, ਚਾਉਲ ਅਤੇ ਤੰਬਾਕੂ ਦੀ ਕਾਸ਼ਤ ਹੁੰਦੀ ਹੈ। ਇਥੇ ਖੋਪੇ, ਇਮਾਰਤੀ ਲੱਕੜ, ਸਮੁੰਦਰੀ ਘੋਂਗੇ ਅਤੇ ਕੱਛੂ ਦੀ ਖੋਪਰੀ ਦਾ ਵਪਾਰ ਹੁੰਦਾ ਹੈ। ਟੂਅਲ ਦਾ ਇਥੋਂ ਪ੍ਰਬੰਧਕੀ ਕੇਂਦਰ ਅਤੇ ਮੁੱਖ ਬੰਦਰਗਾਹ ਹੈ।

ਆਬਾਦੀ—39, 660 (ਤਾ. ਮਰ.)

5° 35′ ਦੱ. ਵਿਥ.; 132° 45′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 661

**ਕਾਈਫਹਾਊਜ਼ਰ ਗੇਬਰਜ਼** : ਜਰਮਨ ਦੇ ਥੁਰਿੰਜੀਆ ਖੇਤਰ ਵਿਚ ਪਹਾੜੀਆਂ ਦੀ ਇਹ ਇਕ ਦੂਹਰੀ ਕਤਾਰ ਹੈ ਜੋ ਲਗਭਗ 20 ਕਿ. ਮੀ. ਲੰਬੀ ਹੈ ਅਤੇ ਇਸਦੀ ਵੱਧ ਤੋਂ ਵੱਧ ਉਚਾਈ 477 ਮੀ. ਹੈ। ਹਾਰਟਸ ਪਰਬਤਾਂ ਤੋਂ ਦੱਖਣੀ ਪਾਸੇ ਥੁਰਿੰਜੀਆ ਦੀ ਨਿਵਾਣ ਵਿਚ ਇਹ ਇਕ ਖਾਲ ਦੀ ਸ਼ਕਲ ਵਿਚ ਹਨ ਜਿਸਦਾ ਉੱਤਰੀ ਹਿੱਸਾ ਖੜੇ ਦਾਅ ਹੈ ਅਤੇ ਦੱਖਣੀ ਢਾਲਦਾਰ ਹੈ। ਇਨ੍ਹਾਂ ਪਹਾੜੀਆਂ ਦੀ ਉੱਤਰੀ ਕਤਾਰ ਦੇ ਉੱਤੇ ਦੋ ਕਿਲਿਆਂ ਦੇ ਖੰਡਰਾਤ ਹਨ, ਇਕ ਰੌਦਨਬਰਗ (ਪੱਛਮ ਵਲ) ਅਤੇ ਦੂਜਾ, ਕਾਈਫਹਾਊਜ਼ਰ (ਪੂਰਬ ਵਲ) ਹੈ। ਕਿਆਸ ਕੀਤਾ ਜਾਂਦਾ ਹੈ ਕਿ ਕਾਈਫਹਾਊਜ਼ਰ 10ਵੀਂ ਸਦੀ ਵਿਚ ਬਣਿਆ ਸੀ ਤੇ 16ਵੀਂ ਸਦੀ ਵਿਚ ਤਬਾਹ ਕੀਤਾ ਗਿਆ। ਇਸੇ ਪਹਾੜੀ ਤੇ ਵਿਲੀਅਮ ਪਹਿਲੇ ਦਾ ਬੁੱਤ ਤੇ ਹੋਰ ਯਾਦਗਾਰਾਂ ਹਨ। ਮਿਥਿਹਾਸ ਇਹ ਦਸਦਾ ਹੈ ਕਿ ਬਾਦਸ਼ਾਹ ਫ੍ਰੈਡਰਿਕ ਪਹਿਲਾ ਇਨ੍ਹਾਂ ਬਰਬਤਾਂ ਵਿਚ ਸੁੱਤਾ

ਹੋਇਆ ਹੈ ਅਤੇ ਉਹ ਇਕ ਦਿਨ ਉੱਠੇਗਾ ਤੇ ਸਾਰੇ ਜਰਮਨ ਲੋਕਾਂ ਦੀ ਆਪਣੇ ਦੁਸ਼ਮਣਾਂ ਵਿਰੁੱਧ ਜਿੱਤ ਲਈ ਅਗਵਾਈ ਕਰੇਗਾ। ਇਹੋ ਜਿਹੀਆਂ ਹੋਰ ਮਿੱਥਾਂ ਵੀ ਇਨ੍ਹਾਂ ਪਰਬਤਾਂ ਬਾਰੇ ਮਿਲਦੀਆਂ ਹਨ।

51° 23′ ਉ. ਵਿਥ.; 11° 5′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 526

**ਕਾਈਫੰਗ :** ਚੀਨ ਵਿਚ ਹੋਨਾਨ ਪ੍ਰਾਂਤ ਦਾ ਇਹ ਇਕ ਸ਼ਹਿਰ ਹੈ ਜੋ 1954 ਤਕ ਇਸ ਪ੍ਰਾਂਤ ਦੀ ਰਾਜਧਾਨੀ ਰਿਹਾ ਹੈ। ਇਹ ਕਾਈਫੰਗ ਇਲਾਕੇ ਦਾ ਪ੍ਰਬੰਧਕੀ ਕੇਂਦਰ ਅਤੇ ਉਪਪ੍ਰਾਂਤ ਦੇ ਮੁਕਾਬਲੇ ਦੀ ਖੁਦਮੁਖਤਾਰ ਮਿਊਂਸਪਲਟੀ ਹੈ। ਇਹ ਸ਼ਹਿਰ ਦਰਿਆ ਹਵਾਂਗ ਹੋ ਦੇ ਦੱਖਣ ਵਲ ਚੀਨ ਦੇ ਉੱਤਰੀ ਮੈਦਾਨ ਦੇ ਦੱਖਣੀ ਹਿੱਸੇ ਵਿਚ ਵਾਕਿਆ ਹੈ। ਚੌਥੀ ਸਦੀ ਈ. ਪੂ. ਵਿਚ ਇਹ ਸ਼ਹਿਰ ਵੇ ਖਾਨਦਾਨ ਦੀ ਰਾਜਧਾਨੀ ਸੀ। ਇਸ ਖ਼ਾਨਦਾਨ ਨੇ ਇਥੇ ਕਈ ਨਹਿਰਾਂ ਬਣਾਈਆਂ ਸਨ। ਤੀਜੀ ਸਦੀ ਈ. ਪੂ. ਦੇ ਅੰਤ ਵਿਚ ਤਾਲੀਯਾਂਗ ਸ਼ਹਿਰ ਚਿਨ ਖ਼ਾਨਦਾਨ (221-206 ਈ. ਪੂ.) ਨੇ ਤਬਾਹ ਕਰ ਦਿਤਾ ਅਤੇ 5ਵੀਂ ਸਦੀ ਈ. ਤਕ ਸਿਰਫ ਕਾਈਫੰਗ ਸ਼ਹਿਰ ਹੀ ਦਰਮਿਆਨੇ ਆਕਾਰ ਦੀ ਮੰਡੀ ਸੀ। 5ਵੀਂ ਸਦੀ ਦੇ ਅੰਤ ਵਿਚ ਉੱਤਰੀ ਵੇ ਖ਼ਾਨਦਾਨ ਦੇ ਅਧੀਨ ਇਹ ਸ਼ਹਿਰ ਕਮਾਂਡਰੀ ਦਾ ਸਦਰ ਮੁਕਾਮ ਬਣ ਗਿਆ ਅਤੇ 6ਵੀਂ ਸਦੀ ਈ. ਵਿਚ ਪੀਨਚਾਓ ਨਾਂ ਦੀ ਪ੍ਰੀਫੈਕਚਰ ਬਣ ਗਿਆ। ਇਸ ਨਾਂ ਥੱਲੇ ਇਹ ਮੁੜ ਚੀਨ ਦੇ ਮਸ਼ਹੂਰ ਵਪਾਰਕ ਸ਼ਹਿਰਾਂ ਵਿਚੋਂ ਇਕ ਬਣ ਗਿਆ। ਇਸਦੀ ਨਵੀਂ ਮਹੱਤਤਾ ਦਾ ਕਾਰਨ 607-608 ਵਿਚ ਗ੍ਰੈਂਡ ਕੈਨਾਲ ਦਾ ਬਣਨਾ ਸੀ। ਤਿਯਾਂਗ ਦੇ ਰਾਜ-ਕਾਲ ਸਮੇਂ (ਸੰਨ 618-907) ਇਸਦੀ ਮਹੱਤਤਾ ਹੌਲੀ ਹੌਲੀ ਵਧਦੀ ਗਈ ਅਤੇ 756 ਈ. ਤੋਂ ਬਾਅਦ ਇਹ ਫੌਜੀ ਗਵਰਨਰ ਦਾ ਸਦਰ-ਮੁਕਾਮ ਬਣ ਗਿਆ। ਸੰਨ 907 ਤੋਂ ਬਾਅਦ ਉੱਤਰੀ ਮੈਦਾਨ ਤੇ ਰਾਜ ਕਰਨ ਵਾਲੀਆਂ ਕਈ ਹਕੂਮਤਾਂ ਨੇ ਇਸਨੂੰ ਆਪਣੀ ਪੂਰਬੀ ਰਾਜਧਾਨੀ ਬਣਾ ਲਿਆ ਸੀ। ਜਦੋਂ ਸੰਨ—(960-1126 ਈ.) ਖ਼ਾਨਦਾਨ ਨੇ ਮੁੜ ਸੰਘੀ ਰਾਜ ਕਾਇਮ ਕੀਤਾ ਤਾਂ ਉਨ੍ਹਾਂ ਨੇ ਵੀ ਇਸਨੂੰ ਆਪਣੀ ਰਾਜਧਾਨੀ ਬਣਾਇਆ ਸੀ। ਇਸ ਸ਼ਹਿਰ ਵਿਚ ਕਈ ਸਦੀਆਂ ਤੋਂ ਚੀਨ ਦੇ ਯਹੂਦੀ ਲੋਕ ਰਹਿੰਦੇ ਸਨ।

ਕਾਈਫੰਗ ਚੀਨ ਦੀ ਅਜਿਹੀ ਪਹਿਲੀ ਰਾਜਧਾਨੀ ਸੀ ਜੋ ਸ਼ੁਰੂ ਤੋਂ ਹੀ ਵਪਾਰਕ ਮੈਟਰੋਪਾਲਿਟਨ ਰਹੀ ਹੈ। ਸੁੰਨ ਖ਼ਾਨਦਾਨ ਸਮੇਂ ਇਹ ਓਰੀਐਂਟ ਵਿਚ ਸਭ ਤੋਂ ਮਸ਼ਹੂਰ ਵਪਾਰਕ ਕੇਂਦਰ ਸੀ। ਚਾਰ ਵੱਡੀਆਂ ਨਹਿਰਾਂ ਦੇ ਸੰਗਮ ਤੇ ਹੋਣ ਕਰਕੇ ਇਹ ਅਨਾਜ ਅਤੇ ਵਸਤਾਂ ਦੀ ਸ਼ਕਲ ਵਿਚ ਕਾਫ਼ੀ ਮਾਲੀਆ ਇਕੱਠਾ ਕਰਦਾ ਸੀ ਜਿਸ ਕਰਕੇ ਇਹ ਸਨੱਅਤੀ ਕੇਂਦਰ ਵੀ ਬਣ ਗਿਆ। ਸ਼ਹਿਰ ਕੰਧਾਂ ਦੇ ਤੀਹਰੇ ਚੱਕਰ ਨਾਲ ਘਿਰਿਆ ਹੋਇਆ ਸੀ। 11ਵੀਂ ਸਦੀ ਵਿਚ ਇਸ ਸ਼ਹਿਰ ਦੀ ਆਬਾਦੀ ਲਗਭਗ 600,000 ਅਤੇ 700,000 ਦੇ ਵਿਚਕਾਰ ਸੀ।

ਜਦੋਂ ਚਿਨ ਖ਼ਾਨਦਾਨ ਨੇ ਉੱਤਰੀ ਚੀਨ ਨੂੰ ਮਸਲ ਦਿਤਾ ਅਤੇ ਸੰਨ 1127 ਵਿਚ ਕਾਈਫੰਗ ਤੇ ਕਬਜ਼ਾ ਕਰਕੇ ਇਸਨੂੰ ਲੁੱਟ ਲਿਆ ਤਾਂ ਇਸ ਸ਼ਹਿਰ ਤੇ ਬੜੀ ਭਾਰੀ ਸੱਟ ਵਜੀ। ਚਿਨ ਦੇ ਰਾਜ ਅਧੀਨ ਇਹ ਸ਼ਹਿਰ ਪਹਿਲਾ ਬਯੈਨ-ਜਿੰਗ ਅਤੇ ਬਾਅਦ ਵਿਚ ਦੱਖਣੀ ਰਾਜਧਾਨੀ ਦੇ ਤੌਰ ਤੇ ਜਾਣਿਆ ਜਾਂਦਾ ਸੀ। ਸੰਨ 1127 ਤੋਂ ਬਾਅਦ ਸ਼ਹਿਰ ਦੀ ਬਾਹਰਲੀ ਕੰਧ ਢਾਹ ਦਿਤੀ ਗਈ। ਇਹ ਮੰਗੋਲਾਂ ਦੇ ਰਾਜ-ਕਾਲ (1234-1368 ਈ.) ਵਿਚ ਵੀ ਇਕ ਮਸ਼ਹੂਰ ਪ੍ਰਬੰਧਕੀ ਕੇਂਦਰ ਰਿਹਾ ਅਤੇ ਹੋਨਾਨ ਪ੍ਰਾਂਤ ਦਾ ਸਦਰ-ਮੁਕਾਮ ਸੀ। ਸੰਨ 1368 ਵਿਚ ਮਿੰਗ (1368-1644 ਈ.) ਖ਼ਾਨਦਾਨ ਦੇ ਪਹਿਲੇ ਬਾਦਸ਼ਾਹ ਨੇ ਇਸਨੂੰ ਹੋਨਾਨ ਪ੍ਰਾਂਤ ਦੀ ਰਾਜਧਾਨੀ ਬਣਾਇਆ ਅਤੇ ਇਸ ਦੁਆਲੇ ਇਕ ਨਵੀਂ ਕੰਧ ਵੀ ਉਸਾਰੀ ਗਈ। ਸੰਨ 1642 ਵਿਚ ਇਸ ਸ਼ਹਿਰ ਨੂੰ ਇਕ ਹੋਰ ਬਿਪਤਾ ਦਾ ਸਾਹਮਣਾ ਕਰਨਾ ਪਿਆ, ਜਦੋਂ ਵਿਰੋਧੀ ਤਾਕਤਾਂ ਨੇ ਹਵਾਂਗ ਹੋ ਦਰਿਆ ਦਾ ਰੁਖ ਬਦਲਕੇ ਸ਼ਹਿਰ ਵਿਚ ਹੜ੍ਹ ਲਿਆ ਦਿਤਾ ਸੀ।

ਭਾਵੇਂ ਕਾਈਫੰਗ ਮਿੰਗ ਅਤੇ ਚਿੰਗ (1644-1911 ਈ.) ਦੇ ਰਾਜ-ਕਾਲ ਸਮੇਂ ਇਕ ਮਹੱਤਵਪੂਰਣ ਪ੍ਰਬੰਧਕੀ ਕੇਂਦਰ ਰਿਹਾ ਪਰ ਵਪਾਰ ਵਿਚ 11ਵੀਂ ਸਦੀ ਵਾਲੀਆਂ ਸਿਖਰਾਂ ਨੂੰ ਕਦੀ ਵੀ ਛੂਹ ਨਾ ਸਕਿਆ। 20ਵੀਂ ਸਦੀ ਵਿਚ ਕਾਈਫੰਗ ਦੀ ਸਥਿਤੀ ਨੂੰ ਇਕ ਹੋਰ ਧੱਕਾ ਲੱਗਾ ਜਦੋਂ ਦੋ ਉੱਤਰੀ ਤੇ ਦੱਖਣੀ ਮੁੱਖ ਰੇਲ ਲਾਈਨਾਂ ਇਸ ਸ਼ਹਿਰ ਕੋਲੋਂ ਦੀ ਹੀ ਲੰਘ ਗਈਆਂ ਭਾਵੇਂ ਇਸ ਸ਼ਹਿਰ ਨੂੰ ਉਨ੍ਹਾਂ ਨਾਲ ਪੂਰਬੀ ਪੱਛਮੀ ਲੁੰਘਾਈ ਰੇਲਵੇ ਨਾਲ ਮਿਲਾਇਆ ਗਿਆ। ਇਥੇ ਸਨੱਅਤੀ ਪਸਾਰ ਵੀ ਕਾਫ਼ੀ ਹੋਇਆ। ਇਥੇ ਖੇਤੀਬਾੜੀ ਦੀ ਮਸ਼ੀਨਰੀ, ਜਿਸਤ ਅਤੇ ਰਸਾਇਣਿਕ ਪਦਾਰਥ ਤਿਆਰ ਕੀਤੇ ਜਾਂਦੇ ਹਨ। ਸੁੰਨ ਰਾਜਧਾਨੀ ਦੇ ਤੌਰ ਤੇ ਇਥੇ ਕਈ ਨਿਸ਼ਾਨ ਮਿਲਦੇ ਹਨ। ਇਹ ਇਕ ਸਭਿਆਚਾਰਕ ਕੇਂਦਰ ਹੈ ਜਿਥੇ ਇਕ ਮੈਡੀਕਲ ਕਾਲਜ, ਲਾਇਬ੍ਰੇਰੀ ਅਤੇ ਇਕ ਪ੍ਰਾਂਤਕ ਅਜਾਇਬ ਘਰ ਹੈ।

ਆਬਾਦੀ—318,000 (1981)

34° 51′ ਉ. ਵਿਥ.; 114° 21′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 660

**ਕਾਈਮੀਰਾ :** ਇਕ ਜੀਵਿਤ ਵਸਤੂ ਦੇ ਕਿਸੇ ਵੀ ਹਿੱਸੇ ਵਿਚ ਵਖਰੀ ਵਖਰੀ ਸੰਰਚਨਾ ਵਾਲੇ ਤੰਤੂਆਂ ਦੇ ਸੁਮੇਲ ਨੂੰ ਕਾਈਮੀਰਾ ਕਿਹਾ ਜਾਂਦਾ ਹੈ। ਪਹਿਲਾਂ ਪਹਿਲ ਬਨਸਪਤੀ ਜਗਤ ਵਿਚ ਵਿਸ਼ੇਸ਼ ਕਿਸਮ ਦੇ ਪੌਦਿਆਂ ਨੂੰ **'ਕਲਮੀ ਦੋਗਲੇ'** ਆਖਿਆ ਜਾਂਦਾ ਸੀ। ਕਲਮੀ ਦੋਗਲੇ ਤੋਂ ਭਾਵ ਇਕ ਅਜਿਹਾ ਪੌਦਾ ਹੈ, ਜੋ ਕਲਮਾਂ ਦੁਆਰਾ ਦੋ ਪੌਦਿਆਂ ਦੇ ਬਨਸਪਤੀ ਸੈੱਲਾਂ ਦੇ ਸੁਮੇਲ ਤੋਂ ਬਣਿਆ ਹੋਵੇ। ਇਹ ਠੀਕ ਹੈ ਕਿ ਕੁਝ ਸੰਯੁਕਤ ਜਾਂ ਗੁੰਝਲਦਾਰ ਸੁਭਾਅ ਦੇ ਪੌਦੇ ਵੀ ਪਿਉਂਦ ਰਾਹੀਂ ਬਣ ਸਕਦੇ ਹਨ ਤੇ ਇਨ੍ਹਾਂ ਵਿਚ ਕਲਮੀ ਪੌਦਿਆਂ ਦੇ ਕੁਝ ਲੱਛਣ ਆ ਸਕਦੇ ਹਨ, ਪਰ ਇਹ ਬਨਸਪਤੀ ਸੈੱਲਾਂ ਦੇ ਸੁਮੇਲ ਤੋਂ ਬਿਨਾ ਬਣਦੇ ਹਨ ਤੇ ਇਉਂ ਇਨ੍ਹਾਂ ਨੂੰ ਦੋਗਲੇ ਕਹਿਣਾ ਅਣਉਚਿਤ ਹੋਵੇਗਾ। ਇਸੇ ਕਰਕੇ ਦੋਗਲੇ ਦੀ ਥਾਂ ਤੇ ਹੁਣ ਕਾਈਮੀਰਾ ਸ਼ਬਦ ਵਰਤਿਆ ਜਾਣ ਲਗ ਪਿਆ ਹੈ।

ਅਜਿਹੇ ਪੌਦੇ ਆਪਣੀ ਸ਼ੋਭਾ ਲਈ ਨਹੀਂ ਸਗੋਂ ਆਪਣੇ ਅਨੋਖੇਪਣ ਕਾਰਨ ਕਾਫ਼ੀ ਚਿਰ ਤੋਂ ਬਾਗ਼ਾਂ ਵਿਚ ਉਗਾਏ ਜਾਂਦੇ ਰਹੇ ਹਨ। ਅਜਿਹਾ ਸਭ ਤੋਂ ਪਹਿਲਾ ਪੌਦਾ ਬਿਜ਼ੇਰੀਆ ਆਰੇਂਜ 1644 ਈ. ਵਿਚ ਫਲੋਰੈਂਸ ਗਾਰਡਨ ਵਿਚ ਇਕ ਅਪਸਥਾਨੀ ਡੋਡੀ ਦੇ ਰੂਪ ਵਿਚ ਵੇਖਿਆ ਗਿਆ ਜਿਥੇ ਖੱਟੇ ਦੀ ਕਲਮ ਤੁਰੰਜ ਤੇ ਪਿਉਂਦ ਕੀਤੀ ਗਈ ਸੀ। ਇਸ ਦੀਆਂ ਹੋਰ ਉਦਾਹਰਨਾਂ ਹਨ : ਕਰੈਟੀਗੋ ਮੈਸਪਾਈਲਸ (*Cratego Mespilus*) ਦੀਆਂ ਕਿਸਮਾਂ ਜੋ ਮੈਸਪਾਈਲਸ ਜਰਮੈਨਿਕਾ (*Mespilus germanica*) ਤੇ ਗਰੈਟੀਗਸ ਮੋਨੋਗਾਇਨਾ (*Grataegus monogyna*) ਦੀ ਪਿਉਂਦ; ਪਾਇਰੋਸਾਈਡੋਨੀਆਜ਼ ਅਤੇ ਪਾਇਰਸ ਕਮਿਊਨਿਸ (*Pyrus communis*) ਆਦਿ। ਇਨ੍ਹਾਂ ਉਦਾਹਰਨਾਂ ਵਿਚ ਇਹ ਪੌਦੇ ਕਲਮ ਅਤੇ ਸਟਾਕ ਦੇ ਜੋੜ ਤੋਂ ਨਿਕਲੀ ਅਪਸਥਾਨੀ ਸ਼ਾਖ਼ਾ ਤੋਂ ਬਨਸਪਤੀ ਜਣਨ ਦੁਆਰਾ ਬਣੇ ਹਨ।

ਉਕਤ ਸਾਰੀਆਂ ਵੰਨਗੀਆਂ ਸਹਿਜ ਸੁਭਾਅ ਹੀ ਬਾਗ਼ਬਾਨੀ ਅਮਲਾਂ ਦੁਆਰਾ ਪ੍ਰਾਪਤ ਹੋਈਆਂ ਸਨ। ਪਰ 1907 ਵਿਚ ਹਾਂਸ ਵਿਕਲਰ ਦੇ ਤਜਰਬਿਆਂ ਨਾਲ ਇਸ ਵਿਸ਼ੇ ਦੇ ਗਿਆਨ ਨੇ ਇਕ ਨਵੀਂ ਕਰਵਟ ਲਈ। ਇਨ੍ਹਾਂ ਤਜਰਬਿਆਂ ਵਿਚ ਮਕੋ ਨੂੰ ਟਮਾਟਰ ਤੇ ਪਿਉਂਦ ਕੀਤਾ ਗਿਆ ਸੀ।

ਪਿਉਂਦ ਕਰਨ ਮਗਰੋਂ ਤਣਿਆਂ ਦੇ ਸੁਮੇਲ ਵਾਲੀ ਜਗ੍ਹਾ ਤੇ ਇਕ ਆਡੇ-ਦਾਅ ਟੱਕ ਦਿਤਾ ਗਿਆ। ਇਸ ਸਤ੍ਹਾ ਤੋਂ ਬਹੁਤ ਸਾਰੀਆਂ ਕਲੀਆਂ ਨਿਕਲੀਆਂ ਜਿਨ੍ਹਾਂ ਵਿਚੋਂ ਕੁਝ ਮਕੋ ਵਰਗੀਆਂ ਟਹਿਣੀਆਂ ਬਣ ਗਈਆਂ, ਕੁਝ ਟਮਾਟਰ ਵਰਗੀਆਂ, ਪਰ ਦੋਹਾਂ ਤੰਤੂਆਂ ਦੇ ਸੁਮੇਲ ਤੋਂ ਇਕ ਅਜਿਹੀ ਸ਼ਾਖ਼ਾ ਉਪਜੀ ਜਿਸ ਵਿਚ ਇਕ ਪਾਸੇ ਮਕੋ ਦੇ ਤੇ ਦੂਜੇ

ਪਾਸੇ ਟਮਾਟਰ ਦੇ ਲੱਛਣ ਸਨ । ਵਿਕਲਰ ਨੇ ਇਸ ਸ਼ਾਖਾ ਨੂੰ ਕਾਈਮੀਰਾ ਦਾ ਨਾਂ ਦਿਤਾ ਕਿਉਂਕਿ ਇਸ ਵਿਚ ਅੱਧੇ ਲੱਛਣ ਇਕ ਜਾਤੀ ਦੇ ਸਨ ਅਤੇ ਅੱਧੇ ਦੂਜੀ ਦੇ ।




ਚਿਤਰ. ਕਾਈਮੀਰਾ ਦੀ ਉਪਜ ਵਿਚਲੀਆਂ ਅਵਸਥਾਵਾਂ:—ਵਿਕਲਰ ਵਿਧੀ; ਟੁੱਟਵੀਂ ·ਰੇਖਾ-ਟੱਕ ਦਾ ਸਥਾਨ ਦਰਸਾਉਂਦੇ ਹੋਏ—n-ਮਕੋ; t-ਟਮਾਟਰ; sc-ਕਾਈਮੀਰਾ

ਸੰਨ 1909 ਵਿਚ ਅਰਵਿਨ ਬੌਰ ਨੇ ਚਿਤਕਬਰੇ ਪੌਦਿਆਂ, ਖ਼ਾਸ ਕਰਕੇ ਗਾਰਡਨ ਜੀਰੇਨੀਅਮ ਉੱਤੇ ਪ੍ਰਯੋਗ ਕਰਕੇ ਵੇਖਿਆ ਕਿ ਇਸ ਪੌਦੇ ਦੀਆਂ ਕੁਝ ਟਹਿਣੀਆਂ ਇਕ ਪਾਸਿਉਂ ਹਰੀਆਂ ਤੇ ਦੂਜੇ ਪਾਸਿਉਂ ਰੰਗਹੀਨ ਹੁੰਦੀਆਂ ਹਨ । ਬੌਰ ਨੇ ਅਜਿਹੀ ਟਹਿਣੀ ਨੂੰ ਕਾਤਰੀ ਕਾਈਮੀਰਾ ਦਾ ਨਾਂ ਦਿਤਾ ।

ਅਜਿਹੀ ਟਹਿਣੀ ਦੇ ਹਰੇ ਪਾਸਿਉਂ ਨਿਕਲਣ ਵਾਲੀ ਸ਼ਾਖ਼ਾ ਹਰੀ, ਚਿੱਟੇ ਪਾਸਿਉਂ ਨਿਕਲਣ ਵਾਲੀ ਚਿੱਟੀ ਅਤੇ ਵਿਚਕਾਰੋਂ ਨਿਕਲਣ ਵਾਲੀ ਸ਼ਾਖ਼ਾ ਇਕ ਪਾਸਿਉਂ ਹਰੀ ਅਤੇ ਦੂਜੇ ਪਾਸਿਉਂ ਚਿੱਟੀ ਹੋਵੇਗੀ । ਜੇ ਕੋਈ ਸ਼ਾਖ਼ਾ ਅਜਿਹੇ ਕਿਸੇ ਬਿੰਦੂ ਤੋਂ ਨਿਕਲੇ ਤਾਂ ਹਰੇ ਜਾਂ ਚਿੱਟੇ ਰੰਗ ਦੀ ਪਰਤ ਇਕ ਦੂਜੇ ਨੂੰ ਢਕ ਲਵੇਗੀ । ਇਸ ਨੂੰ ਬੌਰ ਨੇ ਪੂਰਨ ਘਿਰਿਆ ਕਾਈਮੀਰਾ ਦਾ ਨਾਂ ਦਿਤਾ । ਉਸਨੇ ਇਹ ਵੀ ਸਿੱਧ ਕੀਤਾ ਕਿ ਵਿਕਲਰ ਦੁਆਰਾ ਮਕੋ ਤੇ ਟਮਾਟਰ ਵਿਚਲੀ ਪਿਉਂਦ ਤੋਂ ਬਣਾਏ ਕਲਮੀ ਦੋਗਲੇ ਅਸਲ ਵਿਚ ਪੂਰਨ ਘਿਰਿਆ ਕਾਈਮੀਰਾ ਹੀ ਸਨ ਕਿਉਂਕਿ ਵਿਕਲਰ ਨੇ ਵੀ ਦੋ ਵਿਸ਼ੇਸ਼ ਪੌਦਿਆਂ ਨੂੰ ਖ਼ਾਸ ਨਾਂ ਦਿਤੇ ਸਨ, ਜਨ੍ਹਾਂ ਵਿਚੋਂ ਇਕ ਦੇ ਬਾਹਰ ਮਕੋ ਦੇ ਸੈਲਾਂ ਦੀ ਤਹਿ ਦੇ ਅੰਦਰ ਟਮਾਟਰ ਦੇ ਸੈਲੱ ਸਨ ਅਤੇ ਦੂਜੇ ਵਿਚ ਇਸ ਤੋਂ ਉਲਟ । ਹੌਲੀ ਹੌਲੀ ਵਕਲਰ ਨੇ ਵੀ ਇਸ ਤੱਥ ਨੂੰ ਸਵੀਕਾਰ ਕਰ ਲਿਆ ।

ਇਉਂ ਹੀ ਲੈਬਰਨਮ ਐਡੈਮੀ ਵਰਗੇ ਕਲਮੀ ਦੋਗਲੇ, ਜਿਨ੍ਹਾਂ ਝਚ ਸਿਸਟੀਸਸ ਪਰਪਿਉਰੀਅਸ ਤੇ ਲੈਬਰਨਮ ਦੀਆਂ ਅੰਦਰ ਬਾਹਰ ਹਿਆਂ ਸਨ, ਉਨ੍ਹਾਂ ਨੂੰ ਵੀ ਪੂਰਨ ਘਿਰਿਆ ਕਾਈਮੀਰਾ ਦਾ ਨਾਂ ਦਿਤਾ ਆ ।

ਫੁੱਲਦਾਰ ਪੌਦਿਆਂ ਵਿਚ ਜਣਨ ਸੈੱਲ ਹਮੇਸ਼ਾ ਉਪਰਲੀ ਪਰਤ ੜ ਕੇ ਨਿਕਲਦੇ ਹਨ ਸੋ ਪੂਰਨ ਘਿਰਿਆ ਕਾਈਮੀਰਾ ਤੋਂ ਬਣਨ ਵਾਲੀ ੀਰੀ ਜਾਂ ਤਾਂ ਸ਼ੁੱਧ ਗੁੱਦਾ ਹੋਏਗੀ ਜਾਂ ਸ਼ੁੱਧ-ਛਿੱਲੜ, ਪਰ ਇਹ ਕਦੀ ਘਿਰਿਆ ਕਾਈਮੀਰਾ ਨਹੀਂ ਹੋਵੇਗੀ ।

ਪਿਉਂਦ ਤੋਂ ਸਿਵਾਇ ਕਾਈਮੀਰਾ ਕੁਦਰਤੀ ਰੂਪ ਵਿਚ ਵੀ ਨਦੇ ਹਨ । ਇਹ ਵਧ ਰਹੇ ਖੇਤਰ ਦੇ ਕੁਝ ਸੈੱਲਾਂ ਵਿਚ ਅਚਾਨਕ ਹੋਏ, ਪਰਿਵਰਤਨ ਕਰਕੇ ਬਣਦੇ ਹਨ । ਇਹ ਆਪਣੇ ਮਾਪਿਆਂ ਨਾਲੋਂ ਕੁਝ ਵਿਚ ਵਖਰੇ ਹੁੰਦੇ ਹਨ ਅਤੇ ਕੁਝ ਗੁਣ-ਸੂਤਰਾਂ ਦੀ ਗਿਣਤੀ ਵਿਚ ।

ਜਿਥੇ ਕਲਮੀ ਦੋਗਲਿਆਂ ਵਿਚ ਮਾਪਿਆਂ ਦੇ ਗੁਣਾਂ ਨੂੰ ਠਿਆਂ ਹੋਇਆ ਮੰਨਿਆ ਜਾਂਦਾ ਹੈ, ਕਾਈਮੀਰਾ ਸਿਧਾਂਤ ਵਿਚ ਇਹ ਣੀ ਵਿਲੱਖਣਤਾ ਕਾਇਮ ਰਖਦੇ ਹਨ, ਪਰ ਵਧ ਰਹੇ ਖੇਤਰ ਤੇ ਇਕ ਤਰੀਕੇ ਨਾਲ ਤਰਤੀਬ ਦਿਤੇ ਹੁੰਦੇ ਹਨ ।

ਹ. ਪੁ.—ਐਨ. ਬ੍ਰਿ. 5 : 550

**ਕਾਈਲਾਨ** : ਸਪਾਰਟਾ ਦੇ ਇਸ ਰਾਜਨੀਤੀਵਾਨ ਦਾ ਜਨਮ ਛੇਵੀਂ ਸਦੀ ਈ. ਪੂ. ਵਿਚ ਹੋਇਆ । ਪਲੈਟੋ ਇਸ ਨੂੰ ਪ੍ਰਾਚੀਨ ਯੂਨਾਨ ਦੇ ਸੱਤ ਸਿਆਣੇ ਆਦਮੀਆਂ ਵਿਚੋਂ ਸੱਤਵਾਂ ਮੰਨਦਾ ਹੈ । ਇਸ ਦੇ ਨਾਲ ਆਮ ਤੌਰ ਤੇ ਜੋੜੇ ਜਾਂਦੇ ਮੁਹਾਵਰੇ ਜਿਨ੍ਹਾਂ ਵਿਚ 'ਨਥਿੰਗ ਇਨ ਐਕਸੈੱਸ' ਅਤੇ 'ਨੋ ਦਾਈਸੈਲਫ' ਹਨ, ਜੋ ਸਚਮੁਚ ਹੀ ਦੋ-ਹਰਤੇ ਅਤੇ ਸੂਤਰ-ਬੱਧ ਹਨ ।

560 ਜਾਂ 556 ਈ. ਪੂ. ਵਿਚ ਇਹ ਇਫੌਰ (Ephor ਸਪਾਰਟਨ ਮੈਜਿਸਟ੍ਰੇਟ) ਰਿਹਾ ।

ਹ. ਪੁ.—ਐਨ. ਬ੍ਰਿ. 5 : 548

**ਕਾਸ** : ਤੁਰਕੀ ਦੇ ਦੱਖਣੀ-ਪੱਛਮੀ ਤੱਟ ਤੋਂ ਦੂਰ, ਯੂਨਾਨ ਦੇ ਡੋਡੈਕਾਨੀਸ ਦੀਪ-ਸਮੂਹ ਦਾ ਇਹ ਦੂਜਾ ਸਭ ਤੋਂ ਵੱਡਾ ਟਾਪੂ ਹੈ । ਇਸ ਟਾਪੂ ਦਾ ਸਭ ਤੋਂ ਉੱਚਾ ਥਾਂ ਦੀਕਾਇਸ ਪਰਬਤ (846 ਮੀ.) ਹੈ ਜੋ ਇਸਨੂੰ ਵਿਚਕਾਰੋਂ ਦੱਖਣੀ ਅਤੇ ਉੱਤਰੀ ਦੋ ਹਿੱਸਿਆਂ ਵਿਚ ਵੰਡਦਾ ਹੈ । ਦੱਖਣੀ ਤੱਟ ਦੇ ਨਾਲ-ਨਾਲ ਖੁਰਦਰੇ ਚੂਨੇ ਦੇ ਪੱਥਰ ਦੀ ਪਹਾੜੀ ਹੈ ਅਤੇ ਉੱਤਰੀ ਤੱਟ ਦੇ ਨਾਲ-ਨਾਲ ਇਕ ਉਪਜਾਊ ਨੀਵਾਂ ਮੈਦਾਨ ਹੈ । ਇਸਦਾ ਤੱਟ ਇਕ ਸਾਰ ਹੈ, ਬੰਦਰਗਾਹ ਸਿਰਫ ਮੈਂਡ੍ਰੇਕੀਅਨ ਵਿਖੇ ਹੀ ਹੈ ।

ਆਮਦਨ ਦਾ ਮੁੱਖ ਸਾਧਨ ਅੰਗੂਰ, ਨਾਸ਼ਪਾਤੀ ਅਤੇ ਜ਼ੈਤੂਨ ਦੀ ਉਪਜ ਹੈ । ਸਬਜ਼ੀਆਂ ਵੀ ਉਗਾਈਆਂ ਜਾਂਦੀਆਂ ਹਨ । ਵਿਚਕਾਰਲੇ ਨੀਵੇਂ ਮੈਦਾਨ ਵਿਚ ਮੱਕੀ ਦੀ ਫ਼ਸਲ ਦੀ ਕਾਸ਼ਤ ਕੀਤੀ ਜਾਂਦੀ ਹੈ । ਖਰਬੂਜ਼ਾ, ਅੰਗੂਰ ਅਤੇ ਦੂਜੇ ਫ਼ਲ ਬਾਹਰ ਭੇਜੇ ਜਾਂਦੇ ਹਨ । ਤੰਬਾਕੂ, ਤਿਲ ਅਤੇ ਰੇਸ਼ਮ ਇਥੋਂ ਦੀਆਂ ਹੋਰ ਉਪਜਾਂ ਹਨ । ਦੱਖਣ ਦੇ ਪਰਬਤਾਂ ਵਿਚ ਖਣਿਜੀ ਝਰਨੇ ਵੀ ਮੌਜੂਦ ਹਨ ।

ਇਹ ਟਾਪੂ ਪੂਰਵ ਇਤਿਹਾਸ ਕਾਲ ਤੋਂ ਆਬਾਦ ਸੀ ਪਰ ਐਪਿਡੌਰਸ ਦੇ ਡੋਰੀਅਨ ਨਵਅਬਾਦਕਾਰਾਂ ਨੇ ਇਸ ਨੂੰ ਮੁੜ ਆਬਾਦ ਕੀਤਾ ਅਤੇ ਇਹ 5ਵੀਂ ਸਦੀ ਈ. ਪੂ. ਵਿਚ ਡੇਲੀਅਨ ਲੀਗ ਦਾ ਮੈਂਬਰ ਬਣ ਗਿਆ । ਐਸਲੇਪੀਅਸ ਦੀ ਸ਼ਰਨਗਾਹ ਇਕ ਸਿਹਤ ਵਰਧਕ ਅਸਥਾਨ ਅਤੇ ਯੂਨਾਨ ਵਿਚ ਵਿਗਿਆਨਕ ਦਵਾਈਆਂ ਦਾ ਸਭ ਤੋਂ ਪਹਿਲਾ ਸਕੂਲ ਬਣ ਗਿਆ । 336 ਈ. ਪੂ. ਵਿਚ ਇਸ ਤੇ ਅਲੈਗਜਾਂਦਰ ਤੀਜੇ ਨੇ ਕਬਜ਼ਾ ਕਰ ਲਿਆ ਅਤੇ ਇਸ ਤੋਂ ਪਿਛੋਂ 323 ਈ. ਪੂ. ਵਿਚ ਇਹ ਟਾਲਮੀਆਂ ਪਾਸ ਚਲਾ ਗਿਆ । ਇਸਦੇ ਸਿਰਕੱਢ ਸ਼ਹਿਰੀਆਂ ਵਿਚ ਡਾਕਟਰ ਹਿਪੋਕਰੇਟੀਜ਼, ਪੇਂਟਰ ਅਪੈਲੀਜ਼ ਅਤੇ ਕਵੀ ਫਿਲੀਟਸ ਤੇ ਥੀਓਕਰੇਟਸ ਸ਼ਾਮਲ ਹਨ । 53 ਈ. ਵਿਚ ਏਸ਼ੀਆ ਦੇ ਰੋਮਨ ਪ੍ਰਾਂਤ ਵਿਚ ਸ਼ਾਮਲ ਹੋਣ ਤੇ ਇਸ ਨੂੰ ਆਜ਼ਾਦ ਸ਼ਹਿਰ ਵਜੋਂ ਕਰਾਰ ਦਿਤਾ ਗਿਆ । ਇਹ ਇਕ ਬਾਜ਼ਨਤੀਨੀ ਬਿਸ਼ਪੀ ਹਲਕਾ ਬਣ ਗਿਆ । 11ਵੀਂ ਸਦੀ ਵਿਚ ਇਸਨੂੰ ਸੈਰਸਨਾਂ ਨੇ ਤਬਾਹ ਕੀਤਾ ਅਤੇ 1215 ਈ. ਵਿਚ ਇਸ ਤੇ ਸੇਂਟ ਜਾਨ ਦੇ ਨਾਈਟਾਂ ਦਾ ਕਬਜ਼ਾ ਹੋ ਗਿਆ । ਸੰਨ 1523 ਵਿਚ ਆਟੋਮਨਾਂ ਦੇ ਕਬਜ਼ੇ ਵਿਚ ਚਲਾ ਗਿਆ ਅਤੇ 1912 ਈ. ਵਿਚ ਇਸ ਤੇ ਇਟਲੀ ਨੇ ਕਬਜ਼ਾ ਜਮਾ ਲਿਆ । ਸੰਨ 1947 ਵਿਚ ਇਟਲੀ ਨੇ ਇਸਨੂੰ ਯੂਨਾਨ ਦੇ ਸਪੁਰਦ ਕਰ ਦਿਤਾ । ਸੰਨ 1933 ਵਿਚ ਕਾਸ ਦਾ ਸ਼ਹਿਰ ਭੂਚਾਲ ਨਾਲ ਨਸ਼ਟ ਹੋ ਗਿਆ ਪਰ ਮੁੜ ਉਸਾਰਿਆ ਗਿਆ ।

ਆਬਾਦੀ—16,650 (1971)
36° 50′ ਉ. ਵਿਥ.; 27° 10′ ਪੂ. ਲੰਬ.
ਹ. ਪੁ.—ਐਨ. ਬ੍ਰਿ. ਮਾ. 3 : 173

**ਕਾਸਕ** : ਤੁਰਕੀ ਦੇ ਸ਼ਬਦ 'ਕਜ਼ਾਕ' ਤੋਂ ਭਾਵ ਹੈ 'ਸਾਹਸੀ' ਜਾਂ 'ਵਿਦ੍ਰੋਹੀ' ਦੂਜੇ ਸ਼ਬਦਾਂ ਵਿਚ 'ਸੁਤੰਤਰ ਮਨੁੱਖ' । ਮੱਧ ਕਾਲ ਵਿਚ ਇਹ ਨਾਂ ਪਹਿਲਾਂ ਪਹਿਲ ਕੇਂਦਰੀ ਏਸ਼ੀਆਈ ਤੁਰਕੀ ਰਾਜਾਂ ਤੋਂ ਬਣਾਏ ਗਏ ਬੰਦੀਆਂ ਲਈ ਵਰਤਿਆ ਗਿਆ ਸੀ, ਜਿਹੜੇ ਗੁਲਾਮੀ ਕਬੂਲ ਕਰਨ ਦੇ ਟਾਕਰੇ ਵਿਚ ਕਾਲੇ ਸਾਗਰ ਦੇ ਉੱਤਰ ਵਿਚ ਸਟੈਪੀਜ਼ ਦੇ

ਮੈਦਾਨ ਵਿਚ ਟੱਪਰੀਵਾਸਾਂ ਵਾਲਾ ਜੀਵਨ ਬਤੀਤ ਕਰਨਾ ਚੰਗਾ ਸਮਝਦੇ ਸਨ। ਮਗਰੋਂ, ਜਦੋਂ ਮੌਜੂਦਾ ਯੂਕਰੇਨ ਦੇ ਪੱਛਮੀ ਭਾਗ ਉੱਤੇ ਪੋਲੈਂਡ ਦਾ ਰਾਜ ਸੀ ਤਾਂ ਉਹੋ ਗੱਲ ਫਿਰ ਵਾਪਰੀ ਅਤੇ ਉਨ੍ਹਾਂ ਕਿਸਾਨਾਂ ਲਈ ਇਹੋ ਨਾਂ ਵਰਤਿਆ ਗਿਆ, ਜਿਹੜੇ ਨੀਪਰ ਦਰਿਆ ਦੀਆਂ 'ਆਬਸ਼ਾਰਾਂ ਤੋਂ ਅਗਲੇਰੇ' ਭਾਗ ਤੋਂ ਆਪਣੇ ਜ਼ਿਮੀਂਦਾਰਾਂ ਦੇ ਹੱਥੋਂ ਬਚ ਕੇ ਭੱਜ ਨਿਕਲੇ ਸਨ। ਪਿਛੋਂ ਪੋਲੈਂਡ ਦੀ ਦੱਖਣ-ਪੂਰਬੀ ਸਰਹੱਦ ਦੇ ਸਾਰੇ ਕਿਸਾਨਾਂ ਨੂੰ ਕਜ਼ਾਕ ਕਿਹਾ ਜਾਣ ਲਗਿਆ। ਇਸ ਲਈ ਯੂਕਰੇਨ ਦੇ ਲੋਕਾਂ ਨੂੰ ਪਹਿਲਾਂ ਕਾਸਕ ਕਿਹਾ ਜਾਣ ਲਗਿਆ, ਪਰ ਸਾਰੇ ਕਾਸਕ ਯੂਕਰੇਨ ਵਾਸੀ ਨਹੀਂ ਸਨ। ਉਨ੍ਹਾਂ ਵਿਚੋਂ ਬਹੁਤ ਸਾਰੇ ਤੁਰਕੀ ਲੋਕ ਸਨ ਅਤੇ ਬਹੁਤ ਸਾਰੇ ਰਲੀਆਂ-ਮਿਲੀਆਂ ਨਸਲਾਂ ਵਿਚੋਂ ਸਨ।

17ਵੀਂ ਸਦੀ ਦੇ ਅੱਧ ਵਿਚ ਜਦੋਂ ਯੂਕਰੇਨ ਨੂੰ ਪੋਲੈਂਡ ਅਤੇ ਰੂਸ ਵਿਚਕਾਰ ਵੰਡਿਆ ਗਿਆ, ਤਾਂ ਰੂਸੀ ਜ਼ਾਰਾਂ ਨੇ ਵੀ ਪੋਲੈਂਡ ਵਾਂਗ ਆਪਣੇ ਕਾਸਕਾਂ (ਰੂਸ ਵਿਚ 'ਕਜ਼ਾਕੀ') ਨੂੰ ਪਹਿਲਾਂ ਸੀਮਾਂ ਦੀ ਸੁਰੱਖਿਆ ਵਜੋਂ ਅਤੇ ਫਿਰ ਯੂਰਾਲ ਪਰਬਤ ਅਤੇ ਕੈਸਪੀਅਨ ਸਾਗਰ ਤੋਂ ਪਰੇ ਦੇ ਇਲਾਕੇ ਰੂਸ ਵਿਚ ਮਿਲਾਉਣ ਦੇ ਮਨੋਰਥ ਨਾਲ ਅੱਗੇ ਵਧਦੀਆਂ ਫ਼ੌਜਾਂ ਵਜੋਂ ਵਰਤਿਆ। ਜਦੋਂ ਵੀ ਕਦੇ ਜ਼ਾਰਾਂ ਜਾਂ ਸਥਾਨਕ ਜ਼ਿਮੀਂਦਾਰਾਂ ਨੇ ਇਨ੍ਹਾਂ ਦੀ ਆਜ਼ਾਦੀ ਵਿਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਇਹ ਵਿਦ੍ਰੋਹ ਕਰ ਦਿੰਦੇ। ਇਵਾਨ ਸਟੈਪੈਨੋਵਿਚ ਮਾਜ਼ੇਪਾ ਸਭ ਤੋਂ ਉੱਘਾ ਕਾਸਕ ਨੇਤਾ ਹੋਇਆ ਹੈ।

ਕਾਸਕਾਂ ਨੂੰ ਕਈ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ, ਜਿਸ ਦੇ ਬਦਲੇ ਵਿਚ ਇਨ੍ਹਾਂ ਦੇ ਸਾਰੇ ਆਦਮੀਆਂ ਨੂੰ 18 ਸਾਲ ਦੀ ਉਮਰ ਤੋਂ ਸ਼ੁਰੂ ਕਰਕੇ 20 ਸਾਲ ਲਈ ਫ਼ੌਜੀ ਨੌਕਰੀ ਕਰਨੀ ਪੈਂਦੀ ਸੀ। 20ਵੀਂ ਸਦੀ ਦੇ ਮੁੱਢ ਵਿਚ ਕਾਸਕਾਂ ਪਾਸ 588,800 ਵ. ਕਿ. ਮੀ. (ਲ. 230,000 ਵ. ਮੀਲ) ਇਲਾਕਾ ਸੀ ਅਤੇ ਇਨ੍ਹਾਂ ਦੀ ਕੁੱਲ ਆਬਾਦੀ ਲਗਭਗ 12,000,000 ਸੀ। ਸੰਨ 1918-20 ਦੀ ਰੂਸੀ ਖ਼ਾਨਾ ਜੰਗੀ ਦੇ ਦੌਰਾਨ ਕਾਸਕ ਵੰਡੇ ਹੋਏ ਸਨ ਅਤੇ ਦੋਵੇਂ ਧਿਰਾਂ ਵਲੋਂ ਲੜੇ ਸਨ। ਦੂਜੇ ਸੰਸਾਰ ਯੁੱਧ ਦੇ ਦੌਰਾਨ ਕਾਸਕਾਂ ਦੇ ਪੁਰਾਣੇ ਯੂਨਿਟ ਤੋੜ ਕੇ ਇਨ੍ਹਾਂ ਨੂੰ ਯੂ. ਐਸ. ਐਸ. ਆਰ. ਦੇ ਨਵੇਂ ਪ੍ਰਸ਼ਾਸਕੀ ਡਵੀਜ਼ਨਾਂ ਵਿਚ ਸ਼ਾਮਲ ਕਰ ਦਿਤਾ ਗਿਆ ਸੀ।

ਕਾਸਕਾਂ ਦੇ ਰੂਹ-ਭਰੇ ਜੀਵਨ ਸਬੰਧੀ ਬਹੁਤ ਸਾਰਾ ਸਾਹਿਤ ਮਿਲਦਾ ਹੈ।

ਹ. ਪੁ.—ਐਨ. ਬ੍ਰਿ. 6 : 587

**ਕਾਸਕਟ ਪੱਤਰ** : ਇਹ ਨਾਂ ਉਹਨਾਂ 8 ਪੱਤਰਾਂ ਅਤੇ ਬੇਤਰਤੀਬੇ ਗਾਣਿਆਂ ਦੀ ਲੜੀ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਬਾਰੇ ਜੇਮਜ਼ ਚੌਥੇ ਅਰਲ ਆਫ਼ ਮਾਰਟਨ ਦਾ ਦਾਅਵਾ ਹੈ ਕਿ ਉਸ ਦੇ ਨੌਕਰਾਂ ਨੂੰ ਜੇਮਜ਼ ਚੌਥੇ ਅਰਲ ਆਫ਼ ਬੋਥਵੈੱਲ ਦੇ ਇਕ ਸੇਵਕ ਪਾਸੋਂ ਚਾਂਦੀ ਦੇ ਡੱਬੇ ਵਿਚ ਪਏ 20 ਜੂਨ, 1567 ਨੂੰ ਮਿਲੇ ਸਨ। 6 ਦਿਨ ਪਹਿਲਾਂ ਸਕਾਟਲੈਂਡ ਦੀ ਮਲਕਾ ਮੇਰੀ ਨੇ ਕਾਰਬੈਰੀ ਹਿੱਲ ਵਿਖੇ ਆਪਣੇ ਵਿਦਰੋਹੀਆਂ ਅੱਗੇ ਹਥਿਆਰ ਸੁੱਟੇ ਸਨ। ਜੇਕਰ ਇਹ ਪੱਤਰ ਅਸਲੀ ਹੋਣ ਤਾਂ ਇਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਅਗਲੀ ਫ਼ਰਵਰੀ ਵਿਚ ਮੈਰੀ ਦਾ ਬੋਥਵੈੱਲ ਨਾਲ ਮਿਲ ਕੇ ਆਪਣੇ ਪਤੀ ਹੈਨਰੀ, ਲਾਰਡ ਡਾਰਨਲੀ ਨੂੰ ਕਤਲ ਕਰਨ ਵਿਚ ਪੂਰਾ ਹੱਥ ਸੀ। ਇਹ ਪੱਤਰ 14 ਦਸੰਬਰ, 1568 ਨੂੰ ਮਲਕਾ ਇਲਿਜ਼ਬਥ ਵਲੋਂ ਬਿਠਾਏ ਗਏ ਕਮਿਸ਼ਨ ਦੇ ਸਾਹਮਣੇ ਵੈਸਟਮਿਨਸਟਰ ਵਿਖੇ ਪੇਸ਼ ਕੀਤੇ ਗਏ ਸਨ। ਸਕਾਟਲੈਂਡ ਦੀ ਭਾਸ਼ਾ ਵਿਚ ਅਤੇ ਅੰਗਰੇਜ਼ੀ ਵਿਚ ਇਨ੍ਹਾਂ ਦੇ ਉਲੱਥੇ ਹੋ ਗਏ ਸਨ। ਕਮਿਸ਼ਨਰਾਂ ਦੀ ਕਾਨਫ਼ਰੰਸ ਮਗਰੋਂ ਪੱਤਰ ਮੁੜ ਸਕਾਟਲੈਂਡ ਭੇਜ ਦਿਤੇ ਗਏ। ਸੰਨ 1581 ਵਿਚ ਇਹ ਵਿਲੀਅਮ, ਪਹਿਲੇ ਅਰਲ ਆਫ਼ ਗਾਊਰੀ ਦੇ ਕਬਜ਼ੇ ਵਿਚ ਸਨ। ਇਲਿਜ਼ਬਥ ਦੀ ਬੇਨਤੀ ਤੇ ਵੀ ਉਸ ਨੇ ਇਨ੍ਹਾਂ ਨੂੰ ਇੰਗਲੈਂਡ ਭੇਜਣ ਤੋਂ ਨਾਂਹ ਕਰ ਦਿਤੀ। ਰਾਜ-ਧ੍ਰੋਹ ਬਦਲੇ ਸੰਨ 1584 ਵਿਚ ਗਾਊਰੀ ਨੂੰ ਫਾਂਸੀ ਦਿਤੀ ਗਈ ਅਤੇ ਇਸ ਤੋਂ ਮਗਰੋਂ ਮੂਲ ਪੱਤਰਾਂ ਦਾ ਕੋਈ ਖੁਰਾਖੋਜ ਨਹੀਂ ਲੱਭਾ।

ਇਲਿਜ਼ਬਥ ਦੇ ਕਮਿਸ਼ਨਰਾਂ ਨੇ ਇਨ੍ਹਾਂ ਪੱਤਰਾਂ ਦੇ ਅਸਲ ਹੋਣ ਬਾਰੇ ਕੋਈ ਫ਼ੈਸਲਾ ਨਹੀਂ ਦਿਤਾ ਸੀ। ਇਸ ਬਾਰੇ ਉਦੋਂ ਤੋਂ ਹੀ ਵਿਵਾਦ ਚਲ ਰਿਹਾ ਹੈ ਪਰ ਅਜੇ ਤਕ ਕੋਈ ਨਿਰਣਾ ਨਹੀਂ ਹੋ ਸਕਿਆ।

ਹ. ਪੁ.—ਐਨ. ਬ੍ਰਿ. 4 : 962

**ਕਾਸਗੰਜ** : ਇਹ ਉੱਤਰ ਪ੍ਰਦੇਸ਼ ਰਾਜ (ਭਾਰਤ) ਵਿਚ ਏਟਾ ਜ਼ਿਲ੍ਹੇ ਵਿਚ ਇਸੇ ਹੀ ਨਾਂ ਦੀ ਤਹਿਸੀਲ ਦਾ ਸਦਰਮੁਕਾਮ ਹੈ ਜੋ ਕਾਨ੍ਹਪੁਰ-ਅਛਨੇਰਾ ਰੇਲਵੇ ਅਤੇ ਮਥੁਰਾ-ਬਰੇਲੀ ਸੜਕ ਉਤੇ ਸਥਿਤ ਹੈ। ਦੱਸਿਆ ਜਾਂਦਾ ਹੈ ਕਿ ਸ਼ਹਿਰ ਦੀ ਨੀਂਹ, ਫਾਰੁਖਾਬਾਦ ਦੇ ਨਵਾਬ ਮੁਹੰਮਦ ਖ਼ਾਨ ਦੇ ਇਕ ਨੌਕਰ ਯਾਕੂਤ ਖ਼ਾਨ ਨੇ ਰੱਖੀ ਸੀ। ਇਸ ਤੋਂ ਪਿਛੋਂ ਇਹ ਕਰਨਲ ਜੇਮਜ਼ ਗਾਰਡਨਰ (ਜੋ ਪਹਿਲਾਂ ਮਰਹੱਟਿਆਂ ਅਧੀਨ ਅਤੇ ਫਿਰ ਅੰਗਰੇਜ਼ਾਂ ਅਧੀਨ ਨੌਕਰੀ ਕਰਦਾ ਸੀ) ਦੇ ਹੱਥਾਂ ਵਿਚ ਚਲਾ ਗਿਆ। ਉਸ ਨੇ ਇਥੇ ਇਕ ਰੈਜਮੰਟ ਖੜੀ ਕੀਤੀ ਅਤੇ ਵੱਡੀ ਜਾਇਦਾਦ ਜੋ ਇਸ ਦੇ ਉਤਰਾਧਿਕਾਰੀ ਖਿਲਾਰੀ ਬੈਠੇ ਸਨ, ਨੂੰ ਪ੍ਰਾਪਤ ਕਰ ਲਿਆ। ਇਸ ਜਾਇਦਾਦ ਦਾ ਕੁਝ ਹਿੱਸਾ ਦਿਲਸੁਖ ਰਾਏ ਦੇ ਹੱਥਾਂ ਵਿਚ ਚਲਾ ਗਿਆ। ਇਥੇ ਖੰਡ ਸਾਫ਼ ਕਰਨ ਦੇ ਕਾਰਖਾਨੇ ਹਨ। ਇਹ ਅਨਾਜ, ਖੰਡ ਅਤੇ ਕਪਾਹ ਦੀ ਭਾਰੀ ਮੰਡੀ ਹੈ।

ਆਬਾਦੀ— 27° 48′ ਉ. ਵਿਥ.; 78° 39′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 70

**ਕਾਸ਼ਗਾਰ** : ਚੀਨ ਦੇ ਸ਼ਿਨਜੀਆਂਗ ਵੀਗੁਰ ਖ਼ੁਦਮੁਖ਼ਤਾਰ ਖੇਤਰ ਦਾ ਇਹ ਇਕ ਸ਼ਹਿਰ ਅਤੇ ਇਸੇ ਹੀ ਨਾਂ ਦਾ ਇਕ ਨਖ਼ਲਿਸਤਾਨ ਹੈ। ਇਹ ਡਾਰੀਮ (ਤਾਰੀਮ) ਨਦੀ ਖੇਤਰ ਦੇ ਪੱਛਮੀ ਸਿਰੇ ਤੇ ਸਥਿੱਤ ਹੈ ਅਤੇ ਇਥੋਂ ਦੀ ਭੂਮੀ ਬਹੁਤ ਉਪਜਾਊ ਹੈ। ਇਸ ਖੇਤਰ ਦਾ ਜਲਵਾਯੂ ਬਹੁਤ ਖ਼ੁਸ਼ਕ ਹੈ ਅਤੇ ਔਸਤ ਸਾਲਾਨਾ ਵਰਖਾ 100 ਸੈਂ. ਮੀ. ਹੈ। ਬਹੁਤੀ ਵਰਖਾ ਸਖ਼ਤ ਗਰਮੀ ਦੇ ਦਿਨਾਂ ਵਿਚ ਹੁੰਦੀ ਹੈ। ਤਾਪਮਾਨ ਜਨਵਰੀ ਵਿਚ 6 ਸੈਂ. ਤੋਂ ਜੁਲਾਈ ਵਿਚ 26 ਸੈ. ਤੱਕ ਹੁੰਦਾ ਹੈ।

ਇਥੇ ਕਣਕ, ਮੱਕੀ, ਜੌਂ, ਚਾਉਲ, ਲੋਬੀਆ ਅਤੇ ਕਪਾਹ ਬਹੁਤ ਹੁੰਦੀ ਹੈ। ਇਥੇ ਫ਼ਲ ਵੀ ਬਹੁਤ ਪੈਦਾ ਹੁੰਦੇ ਹਨ ਅਤੇ ਇਹ ਇਲਾਕਾ ਅੰਗੂਰਾਂ, ਆੜੂਆਂ, ਖ਼ੁਰਮਾਨੀਆਂ ਅਤੇ ਤਰਬੂਜ਼ਾਂ ਲਈ ਬਹੁਤ ਪ੍ਰਸਿੱਧ ਹੈ। ਦਰਿਆਵਾਂ ਵਿਚ ਕਿਧਰੇ-ਕਿਧਰੇ ਮੱਛੀ ਵੀ ਫੜੀ ਜਾਂਦੀ ਹੈ। ਇਥੋਂ ਦੇ ਲੋਕ ਕਈ ਤਰ੍ਹਾਂ ਦੀ ਦਸਤਕਾਰੀ ਵਿਚ ਲੱਗੇ ਹੋਏ ਹਨ। ਸੂਤ ਅਤੇ ਰੇਸ਼ਮ ਦਾ ਕੱਪੜਾ ਬਣਾਇਆ ਜਾਂਦਾ ਹੈ। ਚਮੜੇ ਦੀਆਂ ਵਸਤਾਂ ਅਤੇ ਮਿੱਟੀ ਦੇ ਭਾਂਡੇ ਬਹੁਤ ਬਣਾਏ ਜਾਂਦੇ ਹਨ। ਕੁਝ ਤਾਂਬਾ ਵੀ ਇਸ ਖੇਤਰ ਵਿਚ ਮਿਲਦਾ ਹੈ। ਉੱਨ, ਖੱਲਾਂ ਅਤੇ ਜਾਨਵਰਾਂ ਤੋਂ ਤਿਆਰ ਕੀਤੀਆਂ ਕਈ ਤਰ੍ਹਾਂ ਦੀਆਂ ਵਸਤਾਂ ਚੀਨ ਦੇ ਦੂਜੇ ਹਿੱਸਿਆਂ ਨੂੰ ਭੇਜੀਆਂ ਜਾਂਦੀਆਂ ਹਨ।

ਕਾਸ਼ਗਰ ਦੀ ਮਹੱਤਤਾ ਵਪਾਰਕ ਕੇਂਦਰ ਵਜੋਂ ਰਹੀ ਹੈ। ਕਾਸ਼ਗਾਰ ਪਾਮੀਰ ਪਹਾੜਾਂ ਵਿਚ ਉਸ ਥਾਂ ਤੇ ਸਥਿਤ ਹੈ ਜਿਥੇ ਤਿਆਨ-ਸ਼ਾਨ ਅਤੇ ਕੁਨਲੁਨ ਪਰਬਤ ਲੜੀਆਂ ਆਪਸ ਵਿਚ ਮਿਲਦੀਆਂ ਹਨ। ਇਸ ਥਾਂ ਤੋਂ ਫੈਰਗਾਨਾ ਘਾਟੀ, ਕਾਰਾਕੋਰਮ ਦੱਰੇ, ਉਰਮਚੀ ਅਤੇ ਇ-ਲੀ-ਹੋ ਘਾਟੀ ਨੂੰ ਕਾਰਵਾਂ-ਰਸਤੇ ਜਾਂਦੇ ਹਨ।

ਚੀਨੀਆਂ ਨੇ ਪਹਿਲੀ ਵਾਰੀ ਕਾਸ਼ਗਾਰ ਨੂੰ ਦੂਜੀ ਸਦੀ ਈ. ਪੂ. ਵਿਚ ਆਪਣੇ ਕਬਜ਼ੇ ਵਿਚ ਲਿਆ। ਪਰੰਤੂ ਉਨ੍ਹਾਂ ਦਾ ਕੰਟਰੋਲ ਪਹਿਲੀ ਈਸਵੀ ਤੋਂ ਪਿਛੋਂ ਨਾ ਰਿਹਾ। ਚੀਨੀਆਂ ਨੇ 7ਵੀਂ ਅਤੇ 8ਵੀਂ ਸਦੀ ਵਿਚ ਮੁੜ ਕਾਸ਼ਗਾਰ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਤਰ੍ਹਾਂ ਕਾਸ਼ਗਾਰ ਕਈ ਹੱਥ ਬਦਲਦਾ ਰਿਹਾ। 14ਵੀਂ ਸਦੀ ਵਿਚ ਤੈਮੂਰਲੰਗ ਨੇ ਕਾਸ਼ਗਾਰ ਵਿਚ ਲੁੱਟਮਾਰ ਕੀਤੀ ਅਤੇ ਇਸ ਤੇ ਕਬਜ਼ਾ ਕਰ ਲਿਆ। ਸੰਨ 1755 ਵਿਚ ਕਾਸ਼ਗਾਰ ਚੇਇੰਗ ਖ਼ਾਨਦਾਨ ਕੋਲ ਚਲਾ ਗਿਆ।

ਮੁਸਲਮਾਨ ਜਰਨੈਲ ਯਾਕੂਬ ਬੇਗ ਨੇ ਇਸ ਨੂੰ 1862-75 ਈ. ਦੇ ਦੌਰਾਨ ਆਪਣੀ ਰਾਜਧਾਨੀ ਬਣਾਈ ਰੱਖਿਆ । ਸੰਨ 1943 ਵਿਚ ਇਹ ਮੁੜ ਚੀਨ ਕੋਲ ਆ ਗਿਆ ।

ਆਬਾਦੀ—ਅੰਦਾ. 175,000 (1970)

39° 29′ ਉ. ਵਿਥ.; 75° 59′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 244, ਵੈ. ਜ਼ਗ. ਡਿ. 592

**ਕਾਸਟਰ** : ਦੱਖਣੀ ਫਰਾਂਸ ਵਿਚ ਟਾਰਨ ਡਿਪਾਰਟਮੈਂਟ ਦਾ ਇਹ ਇਕ ਸ਼ਹਿਰ ਹੈ ਜੋ ਆਂਗੂ ਦਰਿਆ ਉੱਤੇ ਟੂਲੂਜ਼ ਦੇ ਪੂਰਬ ਵਲ ਸਥਿਤ ਹੈ । ਗਾਲੋ-ਰੋਮਨ ਕੈਂਪ ਇਸੇ ਹੀ ਅਸਥਾਨ ਤੇ ਹੁੰਦਾ ਸੀ । ਸ਼ਹਿਰ ਲਗਭਗ 647 ਈ. ਵਿਚ ਸਥਾਪਤ ਹੋਏ ਬੈਨਡਿਕਟਿਨੀ ਮੱਠ ਦੇ ਦੁਆਲੇ ਵਿਕਸਿਤ ਹੋਇਆ । ਸੋਲ੍ਹਵੀਂ ਸਦੀ ਦੇ ਮੱਧ ਵਿਚ ਸ਼ਹਿਰ ਨੇ ਧਰਮ-ਸੁਧਾਰ ਸ਼ੁਰੂ ਕੀਤਾ ਅਤੇ ਇਤਿਹਾਸਕਾਰਾਂ ਨੇ ਇਸ ਨੂੰ ਪ੍ਰੋਟੈਸਟੈਂਟ ਰਿਪਬਲਿਕ ਦਾ ਨਾਂ ਦੇ ਦਿਤਾ । ਲੂਈ ਤੇਰ੍ਹਵੇਂ ਨੇ ਕਾਸਟਰ ਨੂੰ ਫਤਹਿ ਕਰ ਲਿਆ ਪਰ ਮਗਰੋਂ ਆਰਥਕ ਤੌਰ ਤੇ ਸ਼ਹਿਰ ਨੂੰ ਬਹੁਤ ਘਾਟਾ ਪਿਆ । ਲੂਈ ਚੌਧਵੇਂ ਦੇ ਰਾਜ-ਕਾਲ ਦੌਰਾਨ ਸ਼ਹਿਰ ਫਿਰ ਖੁਸ਼ਹਾਲ ਹੋ ਗਿਆ । ਟਾਊਨ ਹਾਲ, ਬਾਰੋਕ ਗਿਰਜਾ-ਘਰ ਅਤੇ ਹੋਰ ਕਈ ਸਰਕਾਰੀ ਇਮਾਰਤਾਂ ਇਸੇ ਹੀ ਕਾਲ ਦੀ ਵਿਰਾਸਤ ਹਨ । ਤੇਰ੍ਹਵੀਂ ਸਦੀ ਤੋਂ ਇਥੇ ਸੂਤੀ ਕਪੜੇ ਦਾ ਉਦਯੋਗ ਉਨੱਤ ਹੋਣਾ ਸ਼ੁਰੂ ਹੋ ਗਿਆ । ਇਥੋਂ ਦੇ ਮਸ਼ੀਨੀ ਔਜ਼ਾਰ ਵਿਸ਼ਵ-ਭਰ ਵਿੱਚ ਪ੍ਰਸਿੱਧ ਹਨ ।

ਆਬਾਦੀ—40,457 (1968)

43° 40′ ਉ. ਵਿਥ.; 30° 59′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 627. ਵੈ. ਜ਼ਗ. ਡਿ. 227

**ਕਾਸਟਰਾਮਾ** : ਔਬਲਸਤ —ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ. ਸੰਘ) ਵਿਚ ਇਹ ਇਕ ਔਬਲਸਤ ਹੈ ਜੋ ਵੋਲਗਾ ਬੇਸਿਨ ਦੇ ਮੱਧ ਵਿਚ ਵਾਕਿਆ ਹੈ । ਇਸ ਦਾ ਕੁਲ ਖੇਤਰਫਲ 60,199 ਵ.ਕਿ.ਮੀ. ਅਤੇ ਆਬਾਦੀ 796,000 (1983) ਹੈ । ਇਹ ਔਬਲਸਤ 1944 ਈ. ਵਿਚ ਯਾਰੋਸਲਾਵਲ ਔਬਲਸਤ ਵਿਚੋਂ ਹੋਂਦ ਵਿਚ ਆਈ ਸੀ । ਵੋਲਗਾ ਦਰਿਆ ਇਸ ਔਬਲਸਤ ਨੂੰ ਦੱਖਣ-ਪੱਛਮ ਵਲੋਂ ਪਾਰ ਕਰਦਾ ਹੈ । ਇਸਦੀ ਧਰਾਤਲ ਰੋੜ੍ਹ ਅਤੇ ਪਥਰੀਲੇ ਮੈਦਾਨਾਂ ਵਾਲੀ ਹੈ । ਝੀਲਾਂ ਬਹੁਤ ਹਨ, ਜਿਨ੍ਹਾਂ ਵਿਚੋਂ ਵੱਡੀਆਂ ਗਾਲਇਚ ਅਤੇ ਚੁਖਲੋਮਾ ਹਨ । ਵਾਦੀਆਂ ਤੇ ਅਵਦਾਬਾਂ ਵਿਚ ਹੜ੍ਹ ਮਾਰੇ ਖੇਤਰ ਅਤੇ ਦਲਦਲਾਂ ਹਨ ਅਤੇ ਬਾਕੀ ਇਲਾਕੇ ਦਾ ਬਹੁਤ ਹਿੱਸਾ ਟਾਇਗਾ ਜੰਗਲਾਂ ਨੇ ਮੱਲਿਆ ਹੋਇਆ ਹੈ ਜਿਨ੍ਹਾਂ ਵਿਚ ਚੀਲ, ਦਿਆਰ ਅਤੇ ਕੈਲ ਆਦਿ ਦੇ ਦਰਖਤ ਹਨ । ਕੁਲ ਇਲਾਕੇ ਦਾ 15 ਪ੍ਰਤੀਸ਼ਤ ਭਾਗ ਖੇਤੀ ਅਧੀਨ ਹੈ ।

ਕਾਸਟਰਾਮਾ ਸ਼ਹਿਰ ਇਸ ਔਬਲਸਤ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਅਬਲਾਸਟ ਦਾ ਸਦਰ-ਮੁਕਾਮ ਹੈ । ਬਾਕੀ ਦੇ ਸ਼ਹਿਰ ਛੋਟੇ ਛੋਟੇ ਹਨ । ਇਨ੍ਹਾਂ ਸ਼ਹਿਰਾਂ ਵਿਚ ਲਕੜੀ ਚੀਰਨ ਦੇ ਆਰੇ ਅਤੇ ਲੱਕੜੀ ਦਾ ਸਮਾਨ ਬਣਾਉਣ ਸਬੰਧੀ ਉਦਯੋਗ ਹਨ । ਇਸ ਵਿਚ ਵਗਣ ਵਾਲੇ ਨਦੀਆਂ ਨਾਲੇ ਲੱਕੜੀ ਢੋਣ ਲਈ ਵਰਤੇ ਜਾਂਦੇ ਹਨ । ਇਸ ਇਲਾਕੇ ਦੀਆਂ ਮੁੱਖ ਫਸਲਾਂ ਅਨਾਜ, ਰਾਈ, ਜਵੀ, ਚਾਰਾ ਅਤੇ ਸਣ ਆਦਿ ਹਨ । ਚਰਾਗਾਹਾਂ ਦੇ ਬਾਵਜੂਦ ਵੀ ਇਥੇ ਪਸ਼ੂ ਘੱਟ ਪਾਲੇ ਜਾਂਦੇ ਹਨ । ਆਵਾਜਾਈ ਦੀਆਂ ਸਹੂਲਤਾਂ ਘੱਟ ਹਨ ।

ਹ. ਪੁ.—ਐਨ. ਬ੍ਰਿ. 13: 480

**ਕਾਸਟਰਾਮਾ** : ਸ਼ਹਿਰ—ਉੱਤਰ-ਪੱਛਮੀ ਰੂਸੀ ਸੋਵੀਅਤ ਸੰਘੀ ਗਣਰਾਜ ਵਿਚ ਇਹ ਇਸੇ ਹੀ ਨਾਂ ਦੀ ਔਬਲਸਤ ਦਾ ਸਦਰ-ਮੁਕਾਮ ਹੈ ਜੋ ਮਾਸਕੋ ਤੋਂ 300 ਕਿ. ਮੀ. ਦੂਰ ਮੱਧ ਵੋਲਗਾ ਦਰਿਆ ਦੇ ਖੱਬੇ ਕੰਢੇ ਤੇ ਸਥਿਤ ਹੈ । ਰੀਕਾਰਡ ਤੋਂ ਪਤਾ ਲਗਦਾ ਹੈ ਕਿ ਇਹ ਸ਼ਹਿਰ 1213 ਈ. ਵਿਚ ਵੱਸਿਆ ਸੀ ਪਰ ਆਮ ਯਕੀਨ ਮੁਤਾਬਕ ਇਸਦੀ ਨੀਂਹ 1152 ਈ. ਵਿਚ ਯੂਰੀ ਡੋਲਗੋਰੂਕੀ ਨੇ ਰੱਖੀ ਸੀ । ਵੋਲਗਾ ਵਪਾਰਕ ਰਸਤੇ ਦੀ ਚੰਗੀ ਜਗ੍ਹਾ ਤੇ ਹੋਣ ਕਾਰਨ ਇਹ ਨਾਵਗਰਾਦ, ਤਵਰ ਤੇ ਮਾਸਕੋ ਵਿਚਕਾਰ ਖਿਚੋਤਾਣੀ ਦਾ ਵਿਸ਼ਾ ਬਣ ਗਿਆ । ਸੰਨ 1329 ਵਿਚ ਇਹ ਮਾਸਕੋ ਵਿਚ ਸ਼ਾਮਲ ਹੋ ਗਿਆ । ਜੰਗ ਦੌਰਾਨ ਮਾਸਕੋ ਦੇ ਸ਼ਹਿਜ਼ਾਦਿਆਂ ਨੇ ਕਾਸਟਰਾਮਾ ਦੇ ਕਿਲੇ ਵਿਚ ਸ਼ਰਨ ਲਈ ਸੀ । ਸੰਨ 1239 ਦਾ ਬਣਿਆ ਚਰਚ ਕਿਲੇ ਵਿਚ ਵਾਕਿਆ ਹੈ ਜੋ ਪੁਰਾਤਨ ਰੂਸੀ ਕਲਾ ਦੀ ਇਕ ਮਿਸਾਲ ਹੈ । ਸ਼ਹਿਰ ਦੇ ਵਿਚਕਾਰ ਇਵਨ ਸੁਸੇਨਿਨ ਕਿਸਾਨ ਦੀ ਯਾਦਗਾਰ ਹੈ ਜਿਸਨੇ 1613 ਤੋਂ 1645 ਈ. ਤਕ ਰੂਸੀ ਜ਼ਾਰ ਮਾਈਕਲ ਫੀਡਰੋਵਿਚ ਦੀ ਜਾਨ ਬਚਾਈ ਸੀ ।

ਕਾਸਟਰਾਮਾ ਦੀ ਵਪਾਰਕ ਤੇ ਸੱਨਅਤੀ ਮਹੱਤਤਾ ਹੌਲੀ ਹੌਲੀ ਵਧਦੀ ਗਈ ਅਤੇ 19ਵੀਂ ਸਦੀ ਵਿਚ ਰੂਸ ਦੇ ਕੱਪੜੇ ਦੇ ਉਦਯੋਗ ਲਈ ਪ੍ਰਸਿੱਧ ਸ਼ਹਿਰਾਂ ਵਿਚੋਂ ਇਕ ਬਣ ਗਿਆ । ਇਥੇ ਸਣ ਸੋਧਣ ਅਤੇ ਇਸ ਤੋਂ ਲਿਨਨ ਬਣਾਉਣ ਦਾ ਕੰਮ ਜ਼ੋਰਾਂ ਤੇ ਹੈ । ਇਸ ਤੋਂ ਬਿਨਾਂ ਕੱਪੜਾ ਤਿਆਰ ਕਰਨ ਵਾਲੀਆਂ ਮਸ਼ੀਨਾਂ ਬਣਾਉਣ ਦਾ ਪਲਾਂਟ, ਟੈਕਸਟਾਈਲ ਇੰਸਟੀਚਿਊਟ, ਸੂਤੀ ਧਾਗੇ ਦਾ ਰੀਸਰਚ ਇੰਸਟੀਚਿਊਟ ਵੀ ਇਥੇ ਸਥਾਪਤ ਹਨ । ਲੱਕੜੀ ਚੀਰਨ ਦੇ ਆਰੇ ਅਤੇ ਭੋਜਨ ਪ੍ਰਾਸੈਸਿੰਗ ਪਲਾਂਟ ਵੀ ਇਥੋਂ ਦੇ ਉਦਯੋਗ ਵਿਚ ਸ਼ਾਮਲ ਹਨ ।

ਆਬਾਦੀ—264,000 (1983)

57° 47′ ਉ.ਵਿਥ.; 40° 55′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 480.

**ਕਾਸਟਰੀਆ** : ਯੂਨਾਨੀ ਮਕਦੂਨੀਆ ਦਾ ਇਕ ਜ਼ਰਾਇਤੀ ਸ਼ਹਿਰ ਹੈ ਜੋ ਕਾਸਟਰੀਆ ਝੀਲ ਦੇ ਪੱਛਮੀ ਕੰਢੇ ਤੇ ਇਕ ਥਲ ਜੋੜ੍ਹ ਉੱਤੇ ਸਥਿਤ ਹੈ । ਇਸਦਾ ਨਾਂ ਊਦਬਲਾਵਾਂ ਪਿਛੇ ਪਿਆ ਸੀ ਜੋ ਯਹੂਦੀਆਂ ਦੁਆਰਾ ਸ਼ੁਰੂ ਕੀਤੇ ਗਏ ਖੱਲਾਂ ਦੇ ਵਪਾਰ ਵਿਚ ਬੜੇ ਸਹਾਈ ਹੁੰਦੇ ਸਨ । ਕਾਫ਼ੀ ਸਮਾਂ ਇਹ ਪੁਰਾਤਨ ਸੈਲੀਟਰਮ ਕਰਕੇ ਹੀ ਜਾਣਿਆ ਜਾਂਦਾ ਰਿਹਾ ਹੈ ਅਤੇ ਇਸ ਉੱਤੇ 200 ਈ. ਪੂ. ਵਿਚ ਰੋਮਨਾਂ ਨੇ ਕਬਜ਼ਾ ਕੀਤਾ ਸੀ । ਛੇਵੀਂ ਸਦੀ ਵਿਚ ਇਕ ਬਾਜ਼ਨਤੀਨੀ ਇਤਿਹਾਸਕਾਰ ਅਨੁਸਾਰ ਇਸ ਸਥਾਨ ਦਾ ਨਾਂ ਜਸਤਿਨੀਆਨਾਪਾਲਿਸ ਰਖਿਆ ਸੀ । ਸਮੇਂ ਸਮੇਂ ਇਸ ਉੱਤੇ ਨਾਰਮਨਾਂ, ਬਾਜ਼ਨਤੀਨੀਆਂ, ਸਰਬੀਆਂ ਅਤੇ ਤੁਰਕਾਂ ਦਾ ਕਬਜ਼ਾ ਹੁੰਦਾ ਰਿਹਾ ਹੈ । ਪਿਛੋਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਹ ਯੂਨਾਨ ਦੇ ਕਬਜ਼ੇ ਵਿਚ ਆ ਗਿਆ । ਇਥੇ 54 ਤੋਂ ਵੱਧ ਬਾਜ਼ਨਤੀਨੀ ਅਤੇ ਮੱਧਕਾਲ ਦੇ ਗਿਰਜਾ-ਘਰ ਹਨ ਜਿਸ ਕਰਕੇ ਇਹ ਇਮਾਰਤੀ ਨਿਰਮਾਣ ਕਲਾ ਅਤੇ ਚਿਤਰ ਕਲਾ ਦੇ ਅਧਿਐਨ ਦਾ ਕੇਂਦਰ ਬਣ ਗਿਆ ਹੈ । ਇਥੇ ਮੈਟਰੋਪਾਲਿਟਨ ਬਿਸ਼ਪ ਦਾ ਨਿਵਾਸ-ਅਸਥਾਨ ਹੈ ।

ਆਬਾਦੀ—20,532 (1981)

40° 28′ ਉ. ਵਿਥ.; 21° 17′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 724.

**ਕਾਸਟਾਨੀਓ, ਆਂਡਰੇਐ ਡੈੱਲ** : ਇਟਲੀ ਦੇ ਇਸ ਚਿੱਤਰਕਾਰ ਦਾ ਜਨਮ ਸੰਨ 1423 ਵਿਚ ਹੋਇਆ । ਇਹ ਮਾਜ਼ਾਟਚੋ ਅਤੇ ਬੁੱਤਘਾੜੇ ਡੋਨਾਟੈਲੋ ਸਹਿਤ, ਆਪਣੇ ਸਮੇਂ ਦਾ ਵੱਡੀ ਪੁਨਰ-ਜਾਗ੍ਰਤੀ ਦੇ ਪ੍ਰਕਿਰਤੀਵਾਦੀਆਂ ਵਿਚੋਂ ਇਕ ਹੋਇਆ ਹੈ । ਇਸ ਨੇ ਵਧੇਰੇ ਕੰਮ ਫਲੋਰੈਂਸ ਵਿਖੇ ਕੀਤਾ ਸੀ ਅਤੇ ਉਥੇ ਹੀ ਪਲੇਗ ਨਾਲ ਅਗਸਤ, 1457 ਵਿਚ ਇਸ ਦੀ ਮ੍ਰਿਤੂ ਹੋ ਗਈ ।

ਨੈਸ਼ਨਲ ਗੈਲਰੀ ਲੰਡਨ ਵਿਚ ਪਈ 'ਕਰੂਸੀਫਿਕਸ਼ਨ' ਅਤੇ ਕੇਸਰ ਫ੍ਰੀਡਰਿਕ ਅਜ਼ਾਇਬ ਘਰ ਬਰਲਿਨ ਵਿਖੇ ਰਖੀ ਹੋਈ 'ਐਜੰਪਸ਼ਨ ਆਫ਼ ਦੀ ਵਰਜਿਨ' ਇਸ ਦੀਆਂ ਸਭ ਤੋਂ ਵੱਧ ਪ੍ਰਸਿੱਧ ਤਸਵੀਰਾਂ ਹਨ । ਫਲੋਰੈਂਸ ਦੇ ਸੇਂਟ ਐਪੋਲੋਨੀਆ ਅਜਾਇਬ ਘਰ ਵਿਚ ਇਸ ਦੇ ਉੱਘੇ ਚਿੱਤਰ ਇੱਕਤਰ ਕੀਤੇ ਗਏ ਹਨ । ਕਾਸਟਾਨੀਓ ਦਾ ਉਸਤਾਦ ਕੌਣ ਸੀ, ਇਸ ਬਾਰੇ ਕੁਝ ਪਤਾ ਨਹੀਂ, ਪਰ ਇਸ ਦਾ ਨਿਵੇਕਲਾ ਢੰਗ ਫਲੋਰੈਂਸ ਵਿਖੇ ਇਸ ਤੋਂ ਪਹਿਲੋਂ ਹੋਏ ਚਿੱਤਰਕਾਰ ਮਾਜ਼ਾਟਚੋ ਅਤੇ ਬੁੱਤਘਾੜੇ ਡੋਨਾਟੈਲੋ ਦੀਆਂ ਕਿਰਤਾਂ ਵਿਚੋਂ ਝਲਕਾਂ ਮਾਰਦਾ ਦਿਸਦਾ ਹੈ ।

ਹ. ਪੁ.—ਐਨ. ਬ੍ਰਿ. 5 : 23.

**ਕਾਸਟਾਮੋਨੂ : ਈਲ**—ਇਹ ਉੱਤਰੀ ਤੁਰਕੀ ਦੀ ਈਲ (ਪ੍ਰਾਂਤ) ਹੈ ਜਿਸ ਦੇ ਉੱਤਰ ਵਲ ਕਾਲਾ ਸਾਗਰ ਲਗਦਾ ਹੈ। ਇਸ ਦਾ ਕੁਲ ਰਕਬਾ 13,108 ਵ.ਕਿ.ਮੀ. ਅਤੇ ਆਬਾਦੀ 450,946 (1980) ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਇਸਦੇ ਪਾਣੀ ਦਾ ਨਿਕਾਸ ਗੋਕ ਅਰਾਕ, ਦੇਵਰਿਜ਼ ਅਤੇ ਕੋਕਾ ਦਰਿਆਵਾਂ ਰਾਹੀਂ ਹੁੰਦਾ ਹੈ। ਇਸ ਵਿਚ ਇਕ ਸਾਹਿਲੀ ਤੰਗ ਮੈਦਾਨ ਹੈ ਜਿਸ ਵਿਚ ਬੜੀ ਸੰਘਣੀ ਆਬਾਦੀ ਹੈ ਤੇ ਖੇਤੀਬਾੜੀ ਬੜੇ ਜ਼ੋਰਾਂ ਤੇ ਹੁੰਦੀ ਹੈ। ਇਕਕੁਰੇ ਅਤੇ ਇਲਗਾਜ਼ ਪਰਬਤਾਂ ਦੇ ਵਿਚਕਾਰ ਦਾ ਦਰਮਿਆਨੀ ਆਬਾਦੀ ਵਾਲਾ ਬੇਸਿਨ ਸ਼ਾਮਲ ਹੈ। ਈਲ ਵਿਚ ਛੋਟੇ ਛੋਟੇ ਆਰਾਮ-ਘਰ ਅਤੇ ਸਾਹਿਲ ਦੇ ਨਾਲ ਨਾਲ ਬੰਦਰਗਾਹਾਂ ਹਨ। ਇਨੇਬੋਲੂ ਜੋ ਕਾਸਟਾਮੋਨੂ ਸ਼ਹਿਰ ਨਾਲ ਸੜਕ ਰਾਹੀਂ ਜੁੜਿਆ ਹੋਇਆ ਹੈ। ਇਥੋਂ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਸ ਈਲ ਦੀ ਪੈਦਾਵਾਰ ਅਨਾਜ, ਫਲ, ਅਫੀਮ, ਕਪਾਹ, ਤੰਮਾਕੂ, ਉੱਨ ਅਤੇ ਸਣ ਹੈ। ਇਥੇ ਕਈ ਖਣਿਜ ਪਦਾਰਥ ਪਾਏ ਜਾਂਦੇ ਹਨ। ਖਣਿਜੀ ਚਸ਼ਮੇ ਵੀ ਹਨ।

ਹ. ਪੁ.—ਐਨ. ਬ੍ਰਿ. ਮਾ. 5 : 724

**ਕਾਸਟਾਮੋਨੂ : ਸ਼ਹਿਰ**—ਉੱਤਰੀ ਤੁਰਕੀ ਵਿਚ ਇਸੇ ਹੀ ਨਾਂ ਦੀ ਈਲ (ਪ੍ਰਾਂਤ) ਦੀ ਰਾਜਧਾਨੀ ਹੈ ਜੋ ਗੋਕ ਦਰਿਆ ਦੇ ਨੇੜੇ ਸਥਿਤ ਹੈ। ਇਹ ਫਰਾਤ ਦਰਿਆ ਨੂੰ ਜਾਣ ਵਾਲੇ ਉੱਤਰੀ ਰਾਹ ਉੱਤੇ ਕਾਸਟਾਮੋਨੂ ਨਾਂ ਦਾ ਇਕ ਮਸ਼ਹੂਰ ਬਾਜ਼ਨਤੀਨੀ ਸ਼ਹਿਰ ਸੀ ਜਿਸ ਉੱਤੇ 11ਵੀਂ ਸਦੀ ਵਿਚ ਸੈਲਜੂਕ ਤੁਰਕਾਂ ਨੇ ਕਬਜ਼ਾ ਕਰ ਲਿਆ। ਅਗਲੀ ਸਦੀ ਵਿਚ ਵਿਰੋਧੀ ਅਮੀਰਾਂ ਨੇ ਇਸ ਉਤੇ ਕਬਜ਼ਾ ਕਰ ਲਿਆ ਅਤੇ 1393 ਵਿਚ ਆਟੋਮਨ ਰਾਜ ਮਿਲਣ ਤੋਂ ਪਹਿਲਾਂ ਇਹ ਕੁਝ ਸਮੇਂ ਲਈ ਇਕ ਹੋਰ ਮੁਸਲਮਾਨ ਰਾਜ ਦਾ ਸਦਰ ਮੁਕਾਮ ਬਣ ਗਿਆ। ਚਟਾਨੀ ਪਹਾੜੀ ਉੱਤੇ ਤਬਾਹ ਹੋਈ ਇਕ ਗੜ੍ਹੀ (ਜਿਸ ਦੇ ਦੁਆਲੇ ਪੁਰਾਣਾ ਸ਼ਹਿਰ ਵਸਿਆ ਹੋਇਆ ਹੈ) ਅਤੇ ਧਾਰਮਕ ਇਮਾਰਤਾਂ ਦੇ ਗਰੁੱਪ ਵਿਚੋਂ ਥੀਆਲੋਜੀਕਲ ਕਾਲਜ, ਮਸਜਿਦ ਤੇ 16ਵੀਂ ਸਦੀ ਦੀ ਬਣੀ ਸਰਾਂ ਅਤੇ ਰੰਗੀਨ ਛੱਤਿਆ ਹੋਇਆ ਬਾਜ਼ਾਰ ਇਥੋਂ ਦੀਆਂ ਪ੍ਰਸਿੱਧ ਇਮਾਰਤਾਂ ਹਨ। ਤਾਂਬੇ ਦੇ ਬਰਤਨਾਂ ਅਤੇ ਖੰਡ ਦੇ ਕਾਰਖਾਨੇ ਕਰਕੇ ਵੀ ਇਹ ਬਹੁਤ ਪ੍ਰਸਿੱਧ ਹੈ। ਇਥੇ ਇਕ ਛੋਟਾ ਜਿਹਾ ਅਜਾਇਬ ਘਰ ਅਤੇ ਇਕ ਟੀਚਰ ਟ੍ਰੇਨਿੰਗ ਸਕੂਲ ਹੈ।

ਆਬਾਦੀ—81,423 (1970)
41° 22′ ਉ. ਵਿਥ.; 33° 47′ ਪੂ. ਲੰਬ.
ਹ. ਪੁ.—ਐਨ. ਬ੍ਰਿ. ਮਾ. 5 : 724.

**ਕਾਸਟਾ ਰੀਕਾ** : ਮੱਧ ਅਮਰੀਕਾ ਦਾ ਇਹ ਇਕ ਗਣਰਾਜ ਹੈ ਜੋ ਉੱਤਰੀ ਅਤੇ ਦੱਖਣੀ ਅਮਰੀਕਾ ਨੂੰ ਮਿਲਾਉਣ ਵਾਲੇ ਇਕ ਥਲ-ਡਮਰੂ ਉਪਰ ਵਾਕਿਆ ਹੈ। ਇਸਦੇ ਉੱਤਰ ਵੱਲ ਨਿਕਾਰਾਗੁਆ ਅਤੇ ਦੱਖਣ-ਪੂਰਬ ਵਲ ਪਾਨਾਮਾ ਹੈ। ਇਸਦਾ ਕੁਲ ਰਕਬਾ ਲਗਭਗ 51,100 ਵ. ਕਿ. ਮੀ. (19,344 ਵ. ਮੀ.) ਹੈ ਅਤੇ ਆਬਾਦੀ 2,340,000 (1982) ਹੈ। ਸੈਨ ਹੋਜ਼ਾ ਇਸ ਦੀ ਰਾਜਧਾਨੀ ਹੈ।

ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਕਾਸਟਾ ਰੀਕਾ ਦੀ ਲਗਭਗ ਪੂਰੀ ਲੰਬਾਈ ਵਿਚ ਲੰਬੇ ਰੁਖ ਨੂੰ ਤਿੰਨ ਪਰਬਤ ਲੜੀਆਂ ਕਾਰਡੀਲੇਰਾ ਸੈਂਟਰਲ ਕਾਰਡੀਲੇਰਾ ਡੀ ਗੁਆਨਾਕਾਸਟੀ ਅਤੇ ਕਾਰਡੀਲੇਰਾ ਡੀ ਟਾਲਾਮਾਂਗਕਾ ਫੈਲੀਆਂ ਹੋਈਆਂ ਹਨ। ਇਨ੍ਹਾਂ ਦੀ ਵੱਧ ਤੋਂ ਵੱਧ ਉਚਾਈ 3,820 ਮੀ. ਹੈ। ਇਨ੍ਹਾਂ ਵਿਚ ਜੁਆਲਾਮੁਖੀ ਪਹਾੜ ਵੀ ਹਨ ਜਿਨ੍ਹਾਂ ਵਿਚਕਾਰ ਇਕ ਵਾਦੀ ਮੈਸੀਟਾ ਸੈਂਟਰਲ ਜਾਂ ਮੱਧ ਪਠਾਰ ਹੈ। ਪਰਬਤੀ ਲੜੀਆਂ ਦੇ ਉੱਤਰ ਤੇ ਪੂਰਬ ਵਲ ਕੈਰਿਬੀਅਨ ਨੀਵੇਂ ਮੈਦਾਨ ਹਨ ਜਿਨ੍ਹਾਂ ਦਾ ਜ਼ਿਆਦਾ ਹਿੱਸਾ ਚਟਾਨੀ ਹੈ।

**ਜਲ-ਪ੍ਰਵਾਹ**—ਇਥੋਂ ਦੇ ਦੋ ਮੁੱਖ ਦਰਿਆ ਮੱਧ ਵਿਚ ਵਗਦੇ ਹਨ। ਇਕ ਕੈਰਿਬੀਅਨ ਸਾਗਰ ਵਿਚ ਡਿਗਦਾ ਹੈ ਅਤੇ ਦੂਜਾ ਸ਼ਾਂਤ ਮਹਾਂਸਾਗਰ ਵਿਚ।

**ਜਲਵਾਯੂ**—ਸ਼ਾਂਤ ਮਹਾਂਸਾਗਰ ਦੇ ਤੱਟ ਨਾਲ ਅਪ੍ਰੈਲ ਤੋਂ ਦਸੰਬਰ ਤਕ ਅਤੇ ਕੈਰਿਬੀਅਨ ਤੱਟ ਨਾਲ ਸਾਰਾ ਸਾਲ ਭਾਰੀ ਵਰਖਾ ਹੁੰਦੀ ਹੈ। ਕਾਸਟਾ ਰੀਕਾ ਵਿਚ ਔਸਤਨ ਸਾਲਾਨਾ ਵਰਖਾ 250 ਸੈਂ. ਮੀ. ਹੈ। ਤਾਪਮਾਨ ਉਚਾਈ ਨਾਲ ਬਦਲਦਾ ਰਹਿੰਦਾ ਹੈ। ਸੈਨ ਹੋਜ਼ਾ ਵਿਖੇ ਰੀਕਾਰਡ ਕੀਤਾ ਔਸਤਨ ਤਾਪਮਾਨ 21° ਸੈਂ. ਹੈ।

**ਬਨਸਪਤੀ ਤੇ ਜੀਵ-ਜੰਤੂ**—ਇਥੋਂ ਦੀ ਬਨਸਪਤੀ ਵਿਚ ਦਿਉਦਾਰ, ਮਹਾਂਗਨੀ ਅਤੇ ਓਕ ਦੇ ਸਦਾ ਬਹਾਰ ਜੰਗਲ ਹਨ। ਇਨ੍ਹਾਂ ਦਰਖ਼ਤਾਂ ਤੋਂ ਉਪਰ ਝਾੜੀਆਂ ਤੇ ਘਾਹ ਮਿਲਦਾ ਹੈ। ਉੱਤਰ-ਪੱਛਮ ਵਿਚ ਪਤਝੜ ਵਾਲੇ ਜੰਗਲ, ਕੈਰਿਬੀਅਨ ਤੱਟ ਦੇ ਨਾਲ ਨਾਲ ਪਾਮ ਦੇ ਦਰਖ਼ਤ ਅਤੇ ਸ਼ਾਂਤ ਮਹਾਂਸਾਗਰ ਦੇ ਤੱਟ ਉਪਰ ਮੈਂਗ੍ਰੋਵ ਦਰਖ਼ਤ ਪਾਏ ਜਾਂਦੇ ਹਨ।

ਜੀਵਾਂ ਵਿਚ ਥਣਧਾਰੀ ਜੀਵ ਹੀ ਬਹੁਤ ਗਿਣਤੀ ਵਿਚ ਮਿਲਦੇ ਹਨ ਜਿਨ੍ਹਾਂ ਵਿਚੋਂ ਮੁੱਖ-ਬਾਂਦਰ, ਕੀੜੀਖੋਰ, ਥੈਲੀਵਾਲੇ ਜੀਵ, ਹਿਰਨ, ਜੰਗਲੀ ਬਿੱਲੀ, ਨਿਉਲਾ, ਉਦਬਲਾ ਅਤੇ ਲੂੰਬੜੀ ਆਦਿ ਹਨ।




ਕਾਸਟਾ ਰੀਕਾ

**ਇਤਿਹਾਸ**—ਸੰਨ 1502 ਵਿਚ ਕ੍ਰਿਸਟਾਫਰ ਕੋਲੰਬਸ ਨੇ ਇਹ ਜਗ੍ਹਾ ਲੱਭੀ ਸੀ ਅਤੇ ਇਥੋਂ ਦੇ ਵਾਸੀਆਂ ਨੂੰ ਸੋਨੇ ਦੇ ਕੀਮਤੀ ਗਹਿਣੇ ਪਾਏ ਵੇਖਕੇ ਸੋਨੇ ਦੀ ਬਹੁਤਾਤ ਦਾ ਅੰਦਾਜ਼ਾ ਲਗਾਇਆ ਅਤੇ ਇਸ ਜਗ੍ਹਾ ਦਾ ਨਾਂ 'ਰਿਚ ਕੋਸਟ' ਜਾਂ 'ਕਾਸਟਾ ਰੀਕਾ' ਰੱਖਿਆ। ਇਸ ਦਾ ਅਸਲੀ ਇਤਿਹਾਸ 1562 ਈ. ਤੋਂ ਸ਼ੁਰੂ ਹੁੰਦਾ ਹੈ, ਜਦੋਂ ਇਸ ਦੇਸ਼ ਲਈ ਇਕ ਵੱਖਰਾ ਗਵਰਨਰ ਨਿਯੁਕਤ ਕੀਤਾ ਗਿਆ ਜਿਸਨੇ ਇਸਨੂੰ ਆਬਾਦ ਕਰਨ ਲਈ ਸਪੇਨ ਤੋਂ ਨਵਆਬਾਦਕਾਰਾਂ ਨੂੰ ਸੱਦਾ ਦਿਤਾ ਅਤੇ ਉਥੋਂ ਪਸ਼ੂ ਅਤੇ ਬੀਜ ਆਦਿ ਮੰਗਵਾਏ। ਸੰਨ 1823 ਤਕ ਇਸਦੀ ਰਾਜਧਾਨੀ ਕਾਰਟਾਗੋ ਸੀ ਅਤੇ ਬਾਅਦ ਵਿਚ ਸੈਨ ਹੋਜ਼ਾ ਬਣ ਗਈ।

ਢਾਈ ਸਦੀਆਂ ਤਕ ਇਹ ਮੰਦਹਾਲੀ ਵਿਚੋਂ ਦੀ ਗੁਜ਼ਰਿਆ ਅਤੇ 19ਵੀਂ ਸਦੀ ਦੇ ਸ਼ੁਰੂ ਵਿਚ ਇਥੋਂ ਦੇ ਲੋਕਾਂ ਨੂੰ ਬਾਹਰਲੀ ਹਵਾ ਲੱਗੀ। ਸੰਨ 1821 ਵਿਚ ਇਹ ਸਪੇਨ ਦੇ ਪੰਜੇ ਤੋਂ ਆਜ਼ਾਦ ਹੋ ਗਿਆ। ਸੰਨ 1823 ਤਕ ਇਹ ਮੈਕਸੀਕਨ ਰਾਜ ਅਤੇ ਫਿਰ ਮੱਧ ਅਮਰੀਕੀ ਰਾਜਾਂ ਦੀ ਇਕ ਫੈਡਰੇਸ਼ਨ ਅਧੀਨ ਰਿਹਾ। ਅਖੀਰ 1838 ਈ. ਨੂੰ ਖ਼ੁਦਮੁਖ਼ਤਾਰ ਬਣ ਗਿਆ ਅਤੇ 10 ਸਾਲਾਂ ਬਾਅਦ ਕਾਸਟਾ ਰੀਕਾ ਗਣਰਾਜ ਸਥਾਪਤ ਕੀਤਾ ਗਿਆ। ਸੰਨ 1850 ਵਿਚ ਸਪੇਨ ਨੇ ਇਸਨੂੰ ਅਸਲੀ ਤੌਰ ਤੇ ਮਾਨਤਾ ਦੇ ਦਿਤੀ। ਉੱਤਰ ਵਲੋਂ ਵਿਲੀਅਮ ਵਾਕਰਜ਼ ਫਿਲੀਬਸਟਰਾਂ ਦੇ ਨਾਕਾਮ ਹਮਲੇ ਨੇ ਇਸ ਦੀਆਂ ਜੜ੍ਹਾਂ ਹੋਰ ਵੀ ਪੱਕੀਆਂ ਕਰ ਦਿਤੀਆਂ। ਸੰਨ 1871 ਵਿਚ ਇਥੇ ਸੰਵਿਧਾਨ ਬਣਾਇਆ ਗਿਆ ਜਿਸਦੀ 1949 ਈ. ਤਕ ਲਾਗਾਤਾਰ ਸੋਧ ਹੁੰਦੀ ਰਹੀ। ਸੰਨ 1889 ਵਿਚ ਇਥੇ ਪਹਿਲੀ ਵਾਰ ਆਜ਼ਾਦ ਚੋਣਾਂ ਹੋਈਆਂ। 8 ਦਸੰਬਰ 1941 ਨੂੰ ਕਾਸਟਾ ਰੀਕਾ ਦੀ ਜਾਪਾਨ ਨਾਲ ਅਤੇ 11 ਦਸੰਬਰ 1941 ਨੂੰ ਇਟਲੀ ਨਾਲ ਲੜਾਈ ਛਿੜ ਪਈ। 8 ਫਰਵਰੀ, 1949 ਦੀਆਂ ਚੋਣਾਂ ਵਿਚ ਓਟੀਲੀਓ ਉਲੇਟ ਬਲੈਂਕ ਦੇਸ਼ ਦੇ ਪ੍ਰੈਜ਼ੀਡੈਂਟ ਵਜੋਂ ਚੁਣ ਲਿਆ ਗਿਆ। ਪਰ ਇਹ ਚੋਣ ਹੇਰਾਫੇਰੀ ਦੇ ਆਧਾਰ ਤੇ ਮਨਸੂਖ ਕਰ ਦਿਤੀ ਗਈ ਇਸ ਤੋਂ ਪਿਛੋਂ ਦੇਸ਼ ਵਿਚ ਕਈ ਸਿਆਸੀ ਪਾਰਟੀਆਂ ਹੋਂਦ ਵਿਚ ਆਈਆਂ ਜਿਨ੍ਹਾਂ ਕਾਰਨ ਕਾਫੀ ਉਥਲ-ਪੁਥਲ ਹੁੰਦੀ ਰਹੀ। ਨਵੰਬਰ 1949 ਨੂੰ ਦੇਸ਼ ਵਿਚ ਨਵਾਂ ਸੰਵਿਧਾਨ ਲਾਗੂ ਕੀਤਾ ਗਿਆ। ਇਸ ਤੋਂ ਪਿਛੋਂ ਵੱਖ ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰ ਦੇਸ਼ ਦੇ ਪ੍ਰੈਜ਼ੀਡੈਂਟ ਬਣਦੇ ਰਹੇ ਅਤੇ ਉਨ੍ਹਾਂ ਦੇ ਰਾਜ-ਕਾਲ ਦੌਰਾਨ ਕਈ ਬਗਾਵਤਾਂ ਵੀ ਹੁੰਦੀਆਂ ਰਹੀਆਂ। 8 ਮਈ 1978 ਤੋਂ ਰੋਡਰੀਗੋ ਕਰਾਜ਼ੋ ਓਡੀਓ ਦੇਸ਼ ਦੇ ਪ੍ਰੈਜ਼ੀਡੈਂਟ ਵਜੋਂ ਸੇਵਾ ਕਰ ਰਹੇ ਹਨ।

### ਆਰਥਿਕਤਾ

**ਕੁਦਰਤੀ ਸਾਧਨ**—ਸਭ ਤੋਂ ਪ੍ਰਸਿੱਧ ਖਣਿਜ ਬਾੱਕਸਾਈਟ ਤੋਂ ਬਿਨਾਂ ਇਥੇ ਮੈਂਗਨੀਜ਼, ਸੋਨਾ ਅਤੇ ਮਗਨੈਟਿਕ ਰੇਤ ਆਦਿ ਵੀ ਮਿਲਦੇ ਹਨ। ਪਣ-ਬਿਜਲੀ ਦੇ ਕਈ ਸਾਧਨ ਹਨ ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਕਾਚੀ ਦਾ ਤਲਾਅ ਹੈ। ਵਪਾਰਕ ਪੱਧਰ ਤੇ ਇਮਾਰਤੀ ਲੱਕੜ ਦੇ ਕਈ ਭੰਡਾਰ ਹਨ।

**ਖੇਤੀਬਾੜੀ**—ਅੱਧ ਨਾਲੋਂ ਜ਼ਿਆਦਾ ਲੋਕ ਖੇਤੀ ਕਰਦੇ ਹਨ ਅਤੇ ਦੇਸ਼ ਦੀ ਕੁਲ ਆਮਦਨ ਦਾ ਚੌਥਾ ਹਿੱਸਾ ਜ਼ਰਾਇਤੀ ਵਸਤਾਂ ਤੋਂ ਪ੍ਰਾਪਤ ਹੁੰਦਾ ਹੈ। ਮੁੱਖ ਫਸਲਾਂ ਮੱਕੀ, ਫਲੀਆਂ, ਚਾਉਲ, ਕਾਫੀ ਤੇ ਕੇਲਾ ਹਨ। ਨੀਵੀਆਂ ਥਾਵਾਂ ਤੇ ਗੰਨੇ ਅਤੇ ਕੋਕੋ ਦੀ ਕਾਸ਼ਤ ਹੁੰਦੀ ਹੈ।

**ਉਦਯੋਗ**—ਆਮਦਨ ਦਾ ਪੰਜਵਾਂ ਹਿੱਸਾ ਉਦਯੋਗਿਕ ਉਤਪਾਦਨ ਹੈ। ਸੱਨਅਤਾਂ ਵਧੇਰੇ ਕਰਕੇ ਮੱਧ ਪਠਾਰ ਵਿਚ ਹਨ। ਇਨ੍ਹਾਂ ਵਿਚ ਭੋਜਨ ਪ੍ਰਾਸੈੱਸ ਕਰਨ, ਸੂਤੀ ਕੱਪੜਾ, ਜੁੱਤੀਆਂ ਤੇ ਫਰਨੀਚਰ ਆਦਿ ਤਿਆਰ ਕਰਨ ਦੀਆਂ ਸੱਨਅਤਾਂ ਹਨ। ਇਨ੍ਹਾਂ ਤੋਂ ਬਿਨ੍ਹਾਂ ਰਸਾਇਣਿਕ ਖਾਦ, ਰਬੜ ਦੇ ਟਾਇਰਾਂ, ਜਿਸਤੀ ਚਾਦਰਾਂ, ਪਲਾਈਵੁੱਡ, ਦਵਾਈਆਂ ਬੈਟਰੀਆਂ ਅਤੇ ਧਾਤੂ ਦੇ ਬਰਤਨ ਆਦਿ ਵੀ ਇਥੇ ਤਿਆਰ ਹੁੰਦੇ ਹਨ।

**ਵਪਾਰ**—ਕਾਸਟਾ ਰੀਕਾ ਘਰੇਲੂ ਜ਼ਰੂਰਤ ਪੂਰੀ ਕਰਨ ਲਈ ਕਣਕ, ਜਵਾਰ ਤੇ ਫਲੀਆਂ ਆਪਣੇ ਗੁਆਂਢੀ ਦੇਸ਼ਾਂ ਤੋਂ ਮੰਗਵਾਉਂਦਾ ਹੈ। ਇਨ੍ਹਾਂ ਤੋਂ ਬਿਨਾਂ ਕਾਗਜ਼, ਤੇਲ, ਮਸ਼ੀਨਰੀ ਅਤੇ ਕੀੜੇ ਮਾਰ ਦਵਾਈਆਂ ਆਦਿ ਵੀ ਬਾਹਰਲੇ ਮੁਲਕਾਂ ਤੋਂ ਮੰਗਵਾਉਂਦਾ ਹੈ। ਕਾਫ਼ੀ, ਕੇਲਾ, ਗਊ-ਮਾਸ ਅਤੇ ਕੋਕੋ ਬਾਹਰਲੇ ਦੇਸ਼ਾਂ ਨੂੰ ਭੇਜਦਾ ਹੈ।

**ਆਵਾਜਾਈ**—ਇਥੇ ਤਿੰਨ ਰੇਲ ਮਾਰਗ ਸਿਸਟਮ ਹਨ ਜੋ ਲਗਭਗ 1100 ਕਿ. ਮੀ. ਲੰਬੇ ਹਨ। ਹਵਾਈ ਢੋਆ-ਢੁਆਈ ਬਹੁਤ ਮਹੱਤਤਾ ਰੱਖਦੀ ਹੈ, ਆਵਾਜਾਈ ਲਈ ਆਮ ਕਰਕੇ ਹਵਾਈ ਸੇਵਾਵਾਂ ਹੀ ਵਰਤੀਆਂ ਜਾਂਦੀਆਂ ਹਨ। ਸੜਕਾਂ ਆਮ ਕਰਕੇ ਮੱਧ ਪਠਾਰ ਵਿਚ ਹੀ ਹਨ।

### ਲੋਕ

**ਆਬਾਦੀ**—ਭਾਵੇਂ ਇਸਨੂੰ ਉੱਚੀ ਦਰ ਵਾਲੀ ਆਬਾਦੀ ਵਾਲਾ ਮੰਨਿਆ ਜਾਂਦਾ ਹੈ ਪਰ ਆਬਾਦੀ ਇੰਨੀ ਸੰਘਣੀ ਨਹੀਂ ਹੈ। ਅੱਧ ਨਾਲੋਂ ਜ਼ਿਆਦਾ ਆਬਾਦੀ ਮੱਧ ਪਠਾਰ ਵਿਚ ਹੈ ਜਿਨ੍ਹਾਂ ਵਿਚ ਵਧੇਰੇ ਕਰਕੇ ਸਪੇਨੀ ਹਨ ਅਤੇ ਬਾਕੀ ਇੰਡੀਅਨ ਤੇ ਹਬਸ਼ੀ ਹਨ। ਆਬਾਦੀ ਦਾ ਪੰਜਵਾਂ ਹਿੱਸਾ ਸ਼ਾਂਤ ਮਹਾਂਸਾਗਰ ਦੇ ਉੱਤਰ-ਪੱਛਮ ਵਿਚ ਰਹਿੰਦਾ ਹੈ ਜ਼ਿਸਨੂੰ ਕਾਸਟਾ ਰੀਕਾ ਦਾ 'ਬਰਾਊਨ' ਪ੍ਰਾਂਤ ਕਹਿੰਦੇ ਹਨ। ਇਸ ਵਿਚ ਸਪੇਨੀ, ਇੰਡੀਅਨ ਅਤੇ ਹਬਸ਼ੀ ਸਾਰੇ ਹੀ ਰਹਿੰਦੇ ਹਨ। ਕੈਰਿਬੀਅਨ ਨੀਵੇਂ ਮੈਦਾਨਾਂ ਵਿਚ ਹਬਸ਼ੀ ਰਹਿੰਦੇ ਹਨ। ਇਨ੍ਹਾਂ ਦੀ ਬੋਲੀ ਸਪੇਨੀ ਅਤੇ ਧਰਮ ਰੋਮਨ-ਕੈਥੋਲਿਕ ਹੈ। ਇਸ ਖੇਤਰ ਵਿਚ ਪ੍ਰੋਟੈਸਟੈਂਟ ਮੱਤ ਦਾ ਬੋਲ-ਬਾਲਾ ਹੈ।

**ਸਿਖਿਆ**—ਸਰਕਾਰ ਨੇ ਵਿਦਿਆ ਵਲ ਉਚੇਚਾ ਧਿਆਨ ਦਿਤਾ ਹੈ, ਪ੍ਰਾਇਮਰੀ ਤਕ ਦੀ ਸਿਖਿਆ ਲਾਜ਼ਮੀ ਤੇ ਮੁਫ਼ਤ ਹੈ। 85.7 ਪ੍ਰਤੀਸ਼ਤ ਲੋਕ ਪੜ੍ਹੇ ਲਿਖੇ ਹਨ। ਸੈਨ ਹੋਜ਼ਾ ਨਜ਼ਦੀਕ ਕਾਸਟਾ ਰੀਕਾ ਯੂਨੀਵਰਸਿਟੀ ਹੈ। ਜਿਥੇ 11000 (1970) ਨਾਲੋਂ ਜ਼ਿਆਦਾ ਵਿਦਿਆਰਥੀ ਪੜ੍ਹਦੇ ਹਨ ਅਤੇ ਜਿਨ੍ਹਾਂ ਵਿਚ ਤੀਜੇ ਹਿੱਸੇ ਨਾਲੋਂ ਵੱਧ ਗਿਣਤੀ ਲੜਕੀਆਂ ਦੀ ਹੈ।

### ਰਾਜ ਪ੍ਰਬੰਧ

ਕਾਸਟਾ ਰੀਕਾ ਦਾ ਰਾਜ ਪ੍ਰਬੰਧ ਨਵੰਬਰ, 1949 ਦੇ ਸੰਵਿਧਾਨ ਅਨੁਸਾਰ ਚਲਾਇਆ ਜਾਂਦਾ ਹੈ। ਇਕ ਪ੍ਰਧਾਨ, ਦੋ ਉਪ-ਪ੍ਰਧਾਨ ਅਤੇ ਇਕ ਸਦਨੀ ਵਿਧਾਨ ਮੰਡਲ ਇਕੋ ਸਮੇਂ ਚਾਰ ਸਾਲਾਂ ਵਾਸਤੇ ਚੁਣੇ ਜਾਂਦੇ ਹਨ। ਸੁਪਰੀਮ ਕੋਰਟ ਦੇ ਮੈਜਿਸਟਰੇਟ ਅਸੈਂਬਲੀ ਦੁਆਰਾ ਅੱਠ ਸਾਲਾਂ ਲਈ ਚੁਣੇ ਜਾਂਦੇ ਹਨ ਅਤੇ ਦੋ-ਤਿਹਾਈ ਵੋਟਾਂ ਨਾਲ ਹਟਾਏ ਜਾ ਸਕਦੇ ਹਨ। ਸਾਰੇ ਗਣਰਾਜ ਨੂੰ ਸੱਤ ਰਾਜਾਂ ਵਿਚ ਵੰਡਿਆ ਗਿਆ ਹੈ। ਰਾਜ ਦਾ ਮੁਖੀਆ ਗਵਰਨਰ ਹੁੰਦਾ ਹੈ ਹਰ ਇਕ ਰਾਜ ਨੂੰ ਕੈਨਟਨਾਂ ਅਤੇ ਕੈਨਟਨਾਂ ਨੂੰ ਅੱਗੋਂ ਡਿਸਟ੍ਰਿਕਟਾਂ ਵਿਚ ਵੰਡਿਆ ਹੋਇਆ ਹੈ।

**ਕੌਮੀ ਝੰਡਾ**—ਰਾਸ਼ਟਰੀ ਝੰਡਾ ਨੀਲਾ, ਚਿੱਟਾ ਅਤੇ ਲਾਲ ਰੰਗ ਦਾ ਹੈ। ਰਾਸ਼ਟਰੀ ਗੀਤ **'Nobile patria, tu hermosa bander'** ਹੈ। ਮੁਦ੍ਰਿਕ ਇਕਾਈ ਕੋਲਨ ਹੈ ਅਤੇ 5.60 ਕੋਲਨ ਇਕ ਅਮਰੀਕਨ ਡਾਲਰ ਦੇ ਬਰਾਬਰ ਹੈ।

ਹ. ਪੁ.—ਐਨ. ਬ੍ਰਿ. ਮੈ. 5 : 208; ਐਨ. ਅਮੇ. 8 : 42

**ਕਾਸਟੀਲੀਓਨੇ, ਜੋਵਾਨੀ ਬੇਨੇਡੇਟੋ** : ਇਟਲੀ ਦੇ ਇਸ ਚਿੱਤਰਕਾਰ ਅਤੇ ਪ੍ਰਿੰਟ ਬਣਾਉਣ ਵਾਲੇ ਕਲਾਕਾਰ ਦਾ ਜਨਮ ਸੰਨ 1616 ਵਿਚ ਜੇਨੋਆ ਵਿਖੇ ਹੋਇਆ। ਕਾਸਟੀਲੀਓਨੇ ਇਕ ਬਹੁਤ ਚੰਗਾ ਚਿੱਤਰਕਾਰ ਹੋਇਆ ਹੈ, ਜਿਸ ਨੇ ਬੇਸ਼ੁਮਾਰ ਤਸਵੀਰਾਂ, ਇਤਿਹਾਸਕ ਚਿੱਤਰ ਅਤੇ ਭੂ-ਦ੍ਰਿਸ਼ ਚਿੱਤਰ ਬਣਾਏ। ਪਰ ਇਸ ਨੇ ਮੇਲਿਆਂ, ਮੰਡੀਆਂ ਅਤੇ ਪਸ਼ੂਆਂ ਸਹਿਤ ਪੇਂਡੂ ਨਜ਼ਾਰਿਆਂ ਸਬੰਧੀ ਵਧੇਰੇ ਹੀ ਕਮਾਲ ਕਰ ਦਿਖਾਇਆ ਹੈ। ਪ੍ਰਿੰਟ ਬਣਾਉਣ ਵਿਚ ਇਸ ਨੇ ਨੀਦਰਲੈਂਡੀ ਢੰਗ ਦੀ ਨਕਲ ਕੀਤੀ ਹੈ। ਵਾਨ ਡਾਈਕ ਦੇ ਚਿੱਤਰਾਂ ਨੇ ਇਸ ਨੂੰ ਵਧੇਰੇ ਪ੍ਰਭਾਵਤ ਕੀਤਾ ਸੀ। ਇਸ ਦਾ ਢੰਗ ਜਾਂ-ਲਾਈਵੈਨੱਜ਼ ਨਾਲ ਬਹੁਤ ਮਿਲਦਾ ਸੀ। ਮੋਨੋਟਾਈਪ ਦੀ ਸਭ ਤੋਂ ਪਹਿਲਾਂ ਇਸੇ ਨੇ ਵਰਤੋਂ ਕੀਤੀ ਸੀ।

ਆਪਣੇ ਅੰਤਲੇ ਵਰ੍ਹਿਆਂ ਵਿਚ ਇਹ ਮਾਂਚੂਆਂ ਵਿਖੇ ਰਿਹਾ ਅਤੇ ਸ਼ਾਹੀ ਦਰਬਾਰ ਲਈ ਚਿੱਤਰ ਬਣਾਏ । ਉਥੇ ਹੀ 1670 ਵਿਚ ਇਸ ਦੀ ਮ੍ਰਿਤੂ ਹੋ ਗਈ । ਮਗਰੋਂ ਇਸ ਦੇ ਭਰਾ ਸਾਲਵੇਟੋਰ ਅਤੇ ਪੁੱਤਰ ਫਰਾਂਸਿਸਕੋ ਨੇ ਇਸ ਦੇ ਢੰਗ ਨੂੰ ਅਪਣਾਇਆ ।

ਹ. ਪੁ.—ਐਨ. ਬ੍ਰਿ. 5 : 35

**ਕਾਸਟੀਲੀਓਨੇ, ਬੱਲਡੇਸਾਰ :** ਇਟਲੀ ਦਾ ਰਾਜਨੀਤੀਵੇਤਾ ਅਤੇ ਇਕ ਪ੍ਰਸਿੱਧ ਰਾਜ-ਦਰਬਾਰੀ ਸੀ । ਇਸਦਾ ਜਨਮ 6 ਦਸੰਬਰ, 1478 ਨੂੰ ਇਟਲੀ ਵਿਚ ਕੈਸੇਟੀਕੋ ਵਿਖੇ ਹੋਇਆ ।

ਮਿਲਨ ਵਿਖੇ ਵਿਦਿਆ ਪ੍ਰਾਪਤ ਕਰਨ ਅਤੇ ਸਫੋਰਟਸਾ ਦੇ ਦਰਬਾਰ ਵਿਚ ਤਲਵਾਰ-ਬਾਜ਼ੀ ਸਿਖਣ ਉਪਰੰਤ ਇਹ 1499 ਈ. ਵਿਚ ਫਰੈਨਚੇਸਕੋ ਦੀ ਸੇਵਾ ਵਿਚ ਹਾਜ਼ਰ ਹੋ ਗਿਆ । ਸੰਨ 1507 ਵਿਚ ਉਹ ਅਰਬੀਨੋ ਦੇ ਦਰਬਾਰ ਵਿਚ ਚਲਾ ਗਿਆ । 1513 ਈ. ਤਕ ਉਥੇ ਰਿਹਾ ।

ਅਰਬੀਨੋ ਦੇ ਦਰਬਾਰ ਵਿਚ ਕਈ ਵਿਦਵਾਨਾਂ ਨੂੰ ਮਿਲਿਆ ਅਤੇ ਉਥੇ ਇਸਨੇ 'ਦੀ ਕੋਰਟੀਅਰ' ਪੁਸਤਕ ਲਿਖੀ । ਇਸ ਪੁਸਤਕ ਵਿਚ ਇਸਨੇ ਇਕ ਚੰਗੇ ਦਰਬਾਰੀ, ਚੰਗੀ ਇਸਤਰੀ ਅਤੇ ਦਰਬਾਰੀ ਤੇ ਸ਼ਹਿਜ਼ਾਦੇ ਦੇ ਆਪਸੀ ਸਬੰਧਾਂ ਬਾਰੇ ਲਿਖਿਆ ਹੈ । ਚੰਗੇ ਦਰਬਾਰੀ ਬਾਰੇ ਲਿਖਦਿਆਂ ਇਸ ਨੇ ਲਿਖਿਆ ਹੈ ਕਿ ਉਹ ਚੰਗੇ ਘਰਾਣੇ ਦਾ ਜੰਮਪਲ, ਚੋਟੀ ਦਾ ਵਿਦਵਾਨ, ਇਕ ਨਿਪੁੰਨ ਸਿਪਾਹੀ, ਸੰਗੀਤਕਾਰ, ਕਵੀ ਅਤੇ ਮਜ਼ਾਕੀਆ ਸੁਭਾ ਦਾ ਹੋਣਾ ਚਾਹੀਦਾ ਹੈ । ਇਹ ਪੁਸਤਕ ਆਪਣੀ ਸਦੀ ਦੀ ਇਕ ਬੇਮਿਸਾਲ ਪੁਸਤਕ ਹੈ ।

ਸੰਨ 1506 ਵਿਚ ਉਸਨੂੰ ਇਕ ਸਰਵੋਤਮ ਤਗਮਾ ਪ੍ਰਾਪਤ ਕਰਨ ਲਈ ਇੰਗਲੈਂਡ ਭੇਜਿਆ ਗਿਆ । 2 ਫਰਵਰੀ, 1529 ਨੂੰ ਟੋਲੈਡੋ, (ਸਪੇਨ) ਵਿਖੇ ਇਸਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 5 : 35

**ਕਾਸਟੇਲਨਵਾਵੋ ਟੈਡੈਸਕੋ ਮਾਰੀਓ :** ਇਟਲੀ ਦੇ ਇਸ ਰੋਮਾਂਚਵਾਦੀ ਢੰਗ ਦੇ ਸੰਗੀਤਕਾਰ ਦਾ ਜਨਮ ਫਲੋਰੈਂਸ ਵਿਚ 3 ਅਪ੍ਰੈਲ 1895 ਨੂੰ ਹੋਇਆ । ਦੂਜੇ ਸੰਸਾਰ ਯੁੱਧ ਸਮੇਂ ਇਹ ਅਮਰੀਕਾ ਚਲਾ ਗਿਆ ਅਤੇ ਹੱਲੀਵੁਡ ਵਿਖੇ ਵਸਣ ਲੱਗ ਪਿਆ । ਆਪਣੀ ਦੂਜੀ ਪਿਆਨੋ ਸੰਗੀਤ ਪਾਰਟੀ ਸਮੇਂ ਇਹ ਇਕੱਲੇ ਸੰਗੀਤਕਾਰ ਵਜੋਂ ਪੇਸ਼ ਹੋਇਆ ਅਤੇ ਇਸ ਨੇ ਤਿੰਨ ਵਾਇਲਿਨ ਸੰਗੀਤ-ਗੋਸ਼ਟੀਆਂ ਇਕ ਸੈਲੋ ਸੰਗੀਤ-ਗੋਸ਼ਟੀ ਅਤੇ ਇਕ ਗੀਟਾਰ ਅਤੇ ਆਰੱਕੈਸਟਰਾ ਗੋਸ਼ਟੀ ਲਿਖੀ । ਇਸ ਦੀਆਂ ਔਰਕੈਸਟਰਾ ਕਿਰਤਾਂ ਵਿਚ ਸ਼ੇਕਸਪੀਅਰ ਦੇ 12 ਡਰਾਮਿਆਂ ਦੇ ਮੁਢਲੇ ਗੀਤਾਂ ਦੀ ਲੜੀ ਸ਼ਾਮਲ ਹੈ । ਸ਼ੇਕਸਪੀਅਰ ਦੇ ਗੀਤਾਂ ਅਤੇ ਕਵਿਤਾਵਾਂ ਲਈ ਇਸ ਨੇ ਕਾਫ਼ੀ ਸੰਗੀਤ ਸਾਜਿਆ ਹੈ । ਇਸ ਨੇ ਸ਼ੇਕਸਪੀਅਰ ਦੇ ਦੋ ਗੀਤ-ਨਾਟਾਂ 'ਦੀ ਮਰਚੈਂਟ ਆਫ਼ ਵੈਨਿਸ' ਅਤੇ 'ਆਲ ਇਜ਼ ਵੈਲੱ ਦੈਟਐਂਡਜ਼ ਵੈੱਲ' ਲਈ ਵੀ ਸੰਗੀਤ ਰਚਨਾ ਕੀਤੀ ਹੈ । ਇਸ ਦਾ ਚੈਂਬਰ-ਸੰਗੀਤ ਕਈ ਕਿਸਮ ਦੇ ਸੰਗੀਤਾਂ ਦਾ ਮਿਸ਼ਰਣ ਹੁੰਦਾ ਹੈ ਅਤੇ ਇਸ ਦੇ ਗੀਤਾਂ ਵਿਚ ਇਟਲੀ ਦੇ ਢੰਗ ਦਾ ਸੁਰੀਲਾਪਨ ਹੁੰਦਾ ਹੈ ।

ਹ. ਪੁ —ਐਨ. ਬ੍ਰਿ. 5 : 34

**ਕਾਂਸਟੈਂਸ ਝੀਲ :** ਜਰਮਨ, ਸਵਿਟਜ਼ਰਲੈਂਡ ਅਤੇ ਆਸਟਰੀਆ ਦੀਆਂ ਸਰਹੱਦਾਂ ਨਾਲ ਘਿਰੀ ਹੋਈ ਮੱਧ ਯੂਰਪ ਵਿਚ ਇਹ ਇਕ ਝੀਲ ਹੈ ਜੋ ਸਮੁੰਦਰੀ ਸਤ੍ਹਾ ਤੋਂ ਲਗਭਗ 400 ਮੀ. ਦੀ ਉਚਾਈ ਤੇ ਵਾਕਿਆ ਹੈ । ਇਸ ਵਿਚ ਪੈਣ ਵਾਲੇ ਦਰਿਆਵਾਂ ਵਿਚੋਂ ਰਾਈਨ ਪ੍ਰਮੁੱਖ ਹੈ । ਉੱਤਰ-ਪੱਛਮ ਦੀ ਦਿਸ਼ਾ ਵਿਚ ਬੋਡਾਨਰੂਕ ਪ੍ਰਾਇਦੀਪ ਦੁਆਰਾ ਦੋ ਭਾਗਾਂ ਵਿਚਵੰਡ ਹੋ ਜਾਂਦੀ ਹੈ । ਇਸ ਝੀਲ ਦੀ ਵੱਧ ਤੋਂ ਵੱਧ ਚੌੜਾਈ 17 ਕਿ. ਮੀ. ਖੇਤਰਫਲ 522 ਵ. ਕਿ. ਮੀ. ਅਤੇ ਵੱਧ ਤੋਂ ਵੱਧ ਡੂੰਘਾਈ 252 ਮੀ. ਹੈ ।

ਇਸ ਝੀਲ ਦਾ ਪਾਣੀ ਗਾੜ੍ਹਾ,ਹਰਾ ਤੇ ਸਾਫ਼ ਹੈ । ਕਈ ਵਾਰ ਬਰਫ਼ ਪਿਘਲਣ ਨਾਲ ਦਰਿਆਵਾਂ ਦੁਆਰਾ ਇਸ ਵਿਚ ਜ਼ਿਆਦਾ ਪਾਣੀ ਆ ਜਾਣ ਕਾਰਨ ਹੜ੍ਹ ਆ ਜਾਂਦਾ ਹੈ । ਅਜਿਹੇ ਸਮੇਂ ਝੀਲ ਦਾ ਪਾਣੀ 1 ਮੀ. ਤੋਂ ਲੈ ਕੇ 4 ਮੀ. ਤਕ ਚੜ੍ਹ ਜਾਂਦਾ ਹੈ । ਜ਼ਿਆਦਾ ਠੰਢ ਦੇ ਦਿਨਾਂ ਵਿਚ ਝੀਲ ਦਾ ਪਾਣੀ ਜੰਮ ਜਾਂਦਾ ਹੈ । ਆਲੇ-ਦੁਆਲੇ ਉਦਯੋਗ ਕਾਫ਼ੀ ਵਿਕਸਤ ਹਨ ਅਤੇ ਭੂਮੀ ਉਪਜਾਊ ਹੈ । ਚਾਰ-ਚੁਫੇਰੇ ਸੁੰਦਰ ਬਗੀਚਿਆਂ ਪਿੰਡਾਂ ਤੇ ਸ਼ਹਿਰਾਂ ਦੀ ਭਰਮਾਰ ਹੈ । ਇਨ੍ਹਾਂ ਸ਼ਹਿਰਾਂ ਵਿਚਕਾਰ ਚਲਣ ਵਾਲੀਆਂ ਛੋਟੀਆਂ ਕਿਸ਼ਤੀਆਂ ਝੀਲ ਦੀ ਸੁੰਦਰਤਾ ਨੂੰ ਹੋਰ ਵੀ ਵਧਾਉਂਦੀਆਂ ਹਨ ।

47° 35′ ਉ. ਵਿਥ.; 9° 25′ ਪੂ. ਲੰਬ.

ਹ. ਪੁ.—ਹਿੰ. ਵਿ. ਕੋਂ. 2 : 427

**ਕਾਸਟੈਲਯਾਨ ਡ ਲਾ ਪਲਾਨਾ :** ਪੂਰਬੀ ਸਪੇਨ ਵਿਚ ਇਹ ਇਸੇ ਹੀ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ ਜੋ ਭੂ-ਮੱਧ ਸਾਗਰ ਦੇ ਤੱਟ ਦੇ ਨੇੜੇ ਇਕ ਉਪਜਾਊ ਮੈਦਾਨ ਵਿਚ ਸਥਿਤ ਹੈ । ਆਰੰਭ ਵਿਚ ਇਸ ਸ਼ਹਿਰ ਦੀ ਨੀਂਹ ਲਾ ਮੈਗਡੇਲਾਨਾ ਹਿੱਲ ਨਾਂ ਦੀ ਇਕ ਨੇੜੇ ਦੀ ਪਹਾੜੀ ਦੀ ਚੋਟੀ ਉੱਤੇ ਰੱਖੀ ਗਈ ਸੀ । ਸੰਨ 1233 ਵਿਚ ਐਰਾਗਾਨ ਦੇ ਜੇਮਜ਼ ਪਹਿਲੇ ਨੇ ਇਸ ਨੂੰ ਮੂਰਾਂ ਕੋਲੋਂ ਖੋਹ ਕੇ ਆਪਣੇ ਅਧੀਨ ਕਰ ਲਿਆ । ਸੰਨ 1251 ਵਿਚੋਂ ਇਥੋਂ ਦੇ ਵਾਸੀਆਂ ਦੀ ਬੇਨਤੀ ਤੇ ਇਸ ਸ਼ਹਿਰ ਨੂੰ ਬਦਲਕੇ ਅਜੋਕੀ ਥਾਂ ਤੇ ਲੈ ਆਂਦਾ । ਸੰਨ 1833 ਵਿਚ ਇਸ ਨੂੰ ਪ੍ਰਾਂਤ ਦੀ ਰਾਜਧਾਨੀ ਬਣਾ ਲਿਆ ਗਿਆ ਅਤੇ 1873 ਈ. ਵਿਚ ਇਸ ਨੂੰ ਸ਼ਹਿਰ ਦਾ ਦਰਜਾ ਦੇ ਦਿਤਾ ਗਿਆ । ਗੱਥਿਕ ਸੈਂਤਾ ਮੇਰੀਆ ਚਰਚ (1591-1694 ਈ.) ਅਤੇ ਸਤਾਰ੍ਹਵੀਂ ਸਦੀ ਦਾ ਬਣਿਆ ਟਾਊਨ ਹਾਲ ਇਥੋਂ ਦੀਆਂ ਪ੍ਰਸਿੱਧ ਇਤਿਹਾਸਕ ਇਮਾਰਤਾਂ ਹਨ ।

ਸ਼ਹਿਰ ਦੀ ਐਲ ਗਰਾਓ ਡੇ ਕਾਸਟੈਲਯਾਨ ਬੰਦਰਗਾਹ ਤੋਂ ਸੰਤਰੇ, ਸਣ ਅਤੇ ਰੰਗ-ਬਰੰਗੀਆਂ ਟਾਈਲਾਂ ਬਾਹਰ ਭੇਜੀਆਂ ਜਾਂਦੀਆਂ ਹਨ । ਸਥਾਨਕ ਬੀਚਾਂ ਤੇ ਆਧਾਰਤ ਸੈਰ-ਸਪਾਟੇ ਦੀਆਂ ਸਹੂਲਤਾਂ ਵਿਕਸਿਤ ਹੋ ਰਹੀਆਂ ਹਨ ।

ਆਬਾਦੀ—126,464 (1981)

35° 59′ ਉ. ਵਿਥ.; 10° 02′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 620

**ਕਾਸਟੈਲੋ ਬਰੈਂਕੂ, ਕਾਮੀਲੋ :** ਪੁਰਤਗਾਲ ਦੇ ਇਸ ਪ੍ਰਸਿੱਧ ਨਾਵਲਕਾਰ ਤੇ ਭਾਸ਼ਾ-ਮਾਹਿਰ ਦਾ ਜਨਮ ਲਿਜ਼ਬਾਨ ਵਿਖੇ 16 ਮਾਰਚ, 1825 ਨੂੰ ਹੋਇਆ । ਇਹ ਬਚਪਨ ਵਿਚ ਹੀ ਯਤੀਮ ਹੋ ਗਿਆ ਤੇ ਇਸ ਦੇ ਰਿਸ਼ਤੇਦਾਰਾਂ ਨੇ ਇਸ ਨੂੰ ਪਾਲਿਆ । ਓਪੋਰਡੋ ਵਿਚ ਪੜ੍ਹਦੇ ਸਮੇਂ ਇਹ ਪੱਤਰਕਾਰੀ ਵੀ ਕਰਦਾ ਰਿਹਾ । ਇਸ ਨੇ ਓਪੋਰਡੋ ਦੇ ਇਕ ਵਪਾਰੀ ਦੀ ਪਤਨੀ ਨੂੰ ਪਿਆਰ ਵਿਚ ਜਿੱਤ ਲਿਆ ਤੇ 1861 ਵਿਚ ਦੋਹਾਂ ਪ੍ਰੇਮੀਆਂ ਨੂੰ ਕੈਦ ਹੋਈ । ਇਸ ਕਰਕੇ ਇਹ ਪ੍ਰਸਿੱਧ ਲੇਖਕ ਕਾਫ਼ੀ ਬਦਨਾਮ ਹੋ ਗਿਆ । ਇਸ ਨੇ ਬਹੁਤ ਸਾਰੀ ਕਵਿਤਾ ਤੋਂ ਇਲਾਵਾ ਨਾਵਲ, ਨਾਟਕ ਤੇ ਵਾਦ-ਵਿਵਾਦ ਵਾਲੀਆਂ ਪੁਸਤਕਾਂ ਲਿਖੀਆਂ । ਮਾੜੀ ਸਿਹਤ ਕਰਕੇ, ਅੱਖਾਂ ਦੀ ਰੌਸ਼ਨੀ ਜਾਣ ਕਰਕੇ ਅਤੇ ਮਾੜੇ ਦਿਨਾਂ ਕਾਰਨ 1 ਜੂਨ, 1890 ਨੂੰ ਇਸ ਨੇ ਆਤਮਘਾਤ ਕਰ ਲਿਆ ।

ਕਾਮੀਲੋ ਨੇ ਆਪਣੀਆਂ ਕਹਾਣੀਆਂ ਇਸਤਰੀਆਂ ਲਈ ਲਿਖੀਆਂ ਤੇ ਉਨ੍ਹਾਂ ਵਿਚ ਪਿਆਰ ਦੀ ਵਕਾਲਤ ਕੀਤੀ । ਇਨ੍ਹਾਂ ਦੇ ਪਲਾਟ ਬੜੇ ਦੁਖਾਂਤਿਕ ਹਨ । ਸੰਨ 1861 ਵਿਚ ਇਸ ਨੇ ਆਪਣੇ ਨਾਵਲਾਂ ਵਿਚ ਬਦਲ ਰਹੇ ਕਾਲ ਦਾ ਬੜੇ ਸੁਹਿਰਦ ਢੰਗ ਨਾਲ ਚਿਤਰਨ ਕੀਤਾ ਹੈ । ਇਸ ਨੇ ਪੁਰਾਤਨ ਇਤਿਹਾਸ ਨਾਲ ਸਬੰਧਿਤ ਨਾਵਲ ਵੀ ਲਿਖੇ । ਆਪਣੇ 'Novelas do Minho' 1875-77 ਵਿਚ ਇਸ ਨੇ ਪ੍ਰਕਿਰਤੀਵਾਦ ਨੂੰ ਅਪਣਾਇਆ ਪਰ ਲੋਕ ਰੁਚੀ ਵਿਚ ਪਰਿਵਰਤਨ ਤੋਂ ਖਿਝ ਕੇ ਇਸ ਨੇ ਨਵੇਂ ਪ੍ਰਕਿਰਤੀਵਾਦੀ ਸਕੂਲ ਦੀ ਆਪਣੇ ਨਾਵਲਾਂ 'Eusebco Macario' (1879) ਅਤੇ 'A Corja' (1880) ਵਿਚ ਖਿੱਲੀ ਉਡਾਈ ।

ਹ. ਪੁ.—ਐਨ. ਬ੍ਰਿ. 5 : 34

**ਕਾਸਤਰੋ ਅਤੇ ਪਲਕਸ :** ਇਹ ਯੂਨਾਨ ਅਤੇ ਰੋਮ ਦੇ ਡਾਇਉਸਕੋਰੋਈ ਜਾਣੇ ਜਾਂਦੇ ਦੋ ਦੇਵਤੇ ਹਨ । ਹੋਮਰ ਇਨ੍ਹਾਂ ਨੂੰ ਲੇਡਾ ਅਤੇ ਟਾਇਨਡਾਰੀਅਸ ਦੇ ਪੁੱਤਰ ਅਤੇ ਹੈਲਨ ਅਤੇ ਕਲਾਈਟਮਨਸਟਰਾ ਦੇ ਭਰਾ ਦੱਸਦਾ ਹੈ। ਇਕ ਹੋਰ ਦੰਦ-ਕਥਾ ਅਨੁਸਾਰ ਈਸ਼ਾ ਨੇ ਇਕ ਹੰਸਣੀ ਲੇਡਾ ਨੂੰ ਪਿਆਰ ਦਿੱਤਾ । ਉਸ ਨੇ ਦੋ ਅੰਡੇ ਦਿੱਤੇ, ਜਿਨ੍ਹਾਂ ਵਿਚੋਂ ਇਕ ਵਿਚੋਂ ਈਸ਼ਾ ਦੇ ਬੱਚੇ ਪੋਲਕਸ ਅਤੇ ਹੈਲਨ ਉਤਪੰਨ ਹੋਏ ਅਤੇ ਦੂਸਰੇ ਤੋਂ ਕਾਸਟਰ ਅਤੇ ਕਲਾਈਟਮਨਸਟਰਾ ਟਾਇਨਡਾਰੀਅਸ ਦੇ ਬੱਚੇ ਹੋਏ । ਪੋਲਕਸ ਅਮਰ ਸੀ, ਜਦੋਂ ਕਿ ਕਾਸਟਰ ਦੀ ਬਿਮਾਰੀ, ਬੁਢਾਪੇ ਅਤੇ ਮੌਤ ਕਾਰਨ ਛੁੱਟੀ ਹੋ ਸਕਦੀ ਸੀ । ਇਹ ਅਰਗੋਨਾਟਸਸਨ ਅਤੇ ਪੋਲਕਸ ਨੇ ਅਮਾਈਕਸ ਦਾ ਕਤਲ ਕਰ ਦਿੱਤਾ ਅਤੇ ਇਸ ਤਰ੍ਹਾਂ ਮੁੱਕੇਬਾਜ਼ ਤੇ ਪਹਿਲਵਾਨ ਪ੍ਰਸਿੱਧ ਹੋ ਗਿਆ । ਕਾਸਟਰ ਆਪਣੀ ਘੋੜ ਸਵਾਰੀ ਕਰਕੇ ਪ੍ਰਸਿੱਧ ਸੀ । ਇਹ ਐਥਨ ਵਾਸੀਆਂ ਨਾਲ ਆਪਣੀ ਭੈਣ ਹੈਲਨ ਮੁੜਵਾਉਣ ਲਈ ਲੜੇ, ਜਦੋਂ ਉਸ ਨੂੰ ਥੀਸੀਅਸ ਲੈ ਗਿਆ ਸੀ । ਇਨ੍ਹਾਂ ਦੋਵਾਂ ਨੇ ਲਿਨਸੀਅਸ ਅਤੇ ਈਦਸ ਜੋ ਅਫੇਰੀਅਸ ਦੇ ਪੁੱਤਰ ਸਨ ਦੀਆਂ ਮੰਗੇਤਰਾਂ ਕਬਜ਼ੇ ਵਿਚ ਲੈ ਲਈਆਂ ਅਤੇ ਇਸ ਤੇ ਹੋਈ ਲੜਾਈ ਵਿਚ ਕਾਸਟਰੋ ਈਦਸ ਹੱਥੋਂ ਮਾਰਿਆ ਗਿਆ । ਇਸ ਤੋਂ ਪਿਛੋਂ ਪੋਲਕਸ ਨੇ ਦੋਵੇਂ ਅਫਾਰੀਡੇਈ ਮਾਰ ਦਿੱਤੇ ਅਤੇ ਈਸ਼ਾ ਤੋਂ ਭਰਾ ਲਈ ਮੁਕਤੀ ਮੰਗੀ। ਈਸ਼ਾ ਨੇ ਦੋਵਾਂ ਨੂੰ ਅਮਰਤਾ ਪ੍ਰਦਾਨ ਕੀਤੀ ਤੇ ਕਿਹਾ ਕਿ ਦੋਵੇਂ ਵਾਰੀ-ਵਾਰੀ ਇਕ-ਇਕ ਦਿਨ ਦੇਵ ਲੋਕ ਵਿਚ ਰਹਿਣ। ਇਹ ਵੀ ਕਿਹਾ ਜਾਂਦਾ ਹੈ ਕਿ ਈਸ਼ਾ ਨੇ ਇਨ੍ਹਾਂ ਨੂੰ ਜੈਮਿਨੀ ਸਤਾਰਿਆਂ ਵਿਚ ਥਾਂ ਦੇ ਦਿੱਤੀ। ਇਨ੍ਹਾਂ ਨੂੰ ਜਹਾਜ਼ਾਂ ਦੇ ਰਾਖੇ ਕਰਕੇ ਪੂਜਿਆ ਜਾਂਦਾ ਸੀ । ਰੋਮਨ 'ਰਿਜਿਲਸ' ਦੀ ਜਿੱਤ ਇਨ੍ਹਾਂ ਕਰਕੇ ਹੋਈ ਮੰਨਦੇ ਹਨ ਅਤੇ ਇਨ੍ਹਾਂ ਦਾ ਵੇਸਟਾ ਦੇ ਸਾਹਮਣੇ ਇਕ ਮੰਦਰ ਬਣਾ ਦਿੱਤਾ । ਇਨ੍ਹਾਂ ਨੂੰ ਸਦਾ ਸਫੈਦ ਘੋੜਿਆਂ ਉੱਤੇ ਸਵਾਰ ਅਤੇ ਟੋਪੀ ਵਿਚ ਇਕ ਚਮਕਦਾਰ ਸਤਾਰੇ ਨਾਲ ਵਿਖਾਇਆ ਜਾਂਦਾ ਹੈ ।

ਹ. ਪੁ.—ਐਵ. ਐਨ. 3 : 158

**ਕਾਸਤਰੋ, ਇਨੀਜ਼ ਡ :** ਇਹ ਪੁਰਤਗਾਲ ਦੇ ਬਾਦਸ਼ਾਹ ਪੀਟਰ ਪਹਿਲੇ (ਪੀਦਰੋ) ਦੀ ਪ੍ਰੇਮਿਕਾ ਅਤੇ ਸ਼ਾਇਦ ਉਸ ਦੀ ਪਤਨੀ ਵੀ ਸੀ। ਇਸ ਦਾ ਜਨਮ ਚੌਦਵੀਂ ਸਦੀ ਦੇ ਮੁੱਢ ਵਿਚ ਡਾਨ ਪੀਦਰੋ ਫਰਨੈਂਡੀਜ਼ ਡੇ ਕਾਸਤਰੋ ਦੇ ਘਰ ਸਪੇਨੀ ਗਲਿਸ਼ੀਆ ਵਿਖੇ ਹੋਇਆ । ਇਨੀਜ਼ ਅਤੇ ਇਸ ਦੀ ਚਚੇਰੀ ਭੈਣ ਕੌਂਸਟਾਂਸ਼ਾ ਇਕੱਠੀਆਂ ਪਲੀਆਂ । ਸੰਨ 1341 ਵਿਚ ਕੌਂਸਟਾਂਸ਼ਾ ਦੀ ਸ਼ਾਦੀ ਪੁਰਤਗਾਲ ਦੇ ਬਾਦਸ਼ਾਹ ਐਲਫਾਂਸੋ ਦੇ ਪੁੱਤਰ ਰਾਜ ਕੁਮਾਰ ਪੀਦਰੋ ਦੂਜੇ ਨਾਲ ਹੋਈ । ਰਾਜਕੁਮਾਰੀ ਅਤੇ ਇਸ ਦੀ ਚਚੇਰੀ ਭੈਣ ਲਿਜ਼ਬਨ ਰਹਿਣ ਲਈ ਚਲੀਆਂ ਗਈਆਂ, ਜਿਥੇ ਪੀਦਰੋ ਦੂਜੇ ਨੂੰ ਇਨੀਜ਼ ਨਾਲ ਅਜਿਹਾ ਪ੍ਰੇਮ ਲਗਿਆ ਜਿਸ ਨਾਲ ਦੋਵੇਂ ਅਮਰ ਹੋ ਗਏ ।

ਕੌਂਸਟਾਂਸ਼ਾ 1943 ਈ: ਵਿਚ ਮਰ ਗਈ । ਇਸ ਸਮੇਂ ਤੱਕ ਕਾਸਤਰੋ ਲੋਕ ਕਾਫੀ ਜ਼ੋਰ ਪਕੜ ਗਏ ਸਨ । ਕੁਝ ਚੁਗਲਖੋਰਾਂ ਨੇ ਐਲਫਾਂਸੋ ਨੂੰ ਚੁੱਕਿਆ ਕਿ ਇਸ ਦੇ ਪੁੱਤਰ ਦੇ ਇਨੀਜ਼ ਨਾਲ ਸਬੰਧਾਂ ਕਰਕੇ ਉਸ ਦਾ ਤਖ਼ਤ ਖਤਰੇ ਵਿਚ ਹੈ । ਬਾਦਸ਼ਾਹ ਮਹਿਲਾਂ ਵਿਚ ਇਨੀਜ਼ ਨੂੰ ਮਾਰਨ ਗਿਆ । ਪਰ ਇਸ ਦੀ ਸੁੰਦਰਤਾ ਅਤੇ ਹੰਝੂ ਦੇਖ ਕੇ ਵਾਪਸ ਆ ਗਿਆ । ਪਰ ਉਨ੍ਹਾਂ ਤਿੰਨਾਂ ਚੁਗਲਖੋਰਾਂ ਨੇ ਇਨੀਜ਼ ਨੂੰ ਛੁਰਾ ਮਾਰ ਕੇ ਮਾਰ ਦਿਤਾ (1355 ਈ.) । ਸੰਨ 1357 ਵਿਚ ਜਦੋਂ ਐਲਫਾਂਸੋ ਮਰਿਆ ਤਾਂ ਰਾਜ ਕੁਮਾਰ ਪੀਦਰੋ ਤਖ਼ਤ ਉਤੇ ਬੈਠਿਆ । ਇਸਦੇ ਨਤੀਜੇ ਨੇ ਇਨੀਜ਼ ਨੂੰ ਮਾਰਨ ਵਾਲੇ ਤਿੰਨੇ ਹਤਿਆਰੇ ਪੇਸ਼ ਕਰ ਦਿਤੇ । ਇਕ ਤਾਂ ਭੱਜ ਗਿਆ ਪਰ ਦੋਹਾਂ ਨੂੰ ਬਾਦਸ਼ਾਹ ਦੇ ਸਾਮ੍ਹਣੇ ਹੀ ਕੋਹਿਆ ਗਿਆ ।

ਕਿਹਾ ਜਾਂਦਾ ਹੈ ਕਿ ਬਾਦਸ਼ਾਹ ਨੇ ਇਨੀਜ਼ ਦੀ ਲਾਸ਼ ਉੱਤੇ ਸ਼ਾਹੀ ਲਿਬਾਸ ਅਤੇ ਸਿਰ ਉੱਤੇ ਤਾਜ ਪਹਿਨਾਇਆ ਅਤੇ ਆਪਣੇ ਨਾਲ ਤਖ਼ਤ ਤੇ ਬਿਠਾਇਆ । ਅਮੀਰਾਂ-ਵਜ਼ੀਰਾਂ ਨੇ ਇਸ ਨੂੰ ਇਵੇਂ ਸਿਜਦੇ ਕੀਤੇ ਜਿਵੇਂ ਕਿ ਆਪਣੀ ਜ਼ਿੰਦਾ ਰਾਣੀ ਨੂੰ ਕਰਦੇ ਹੋਣ।

ਹ. ਪੁ.—ਐਨ. ਬ੍ਰਿ. 5 : 8

**ਕਾਸਤਰੋ ਰੂਜ਼, ਫੀਦਲ :** ਇਹ ਕਿਊਬਾ ਦਾ ਪ੍ਰਧਾਨ ਮੰਤਰੀ ਅਤੇ '26 ਜੁਲਾਈ ਅੰਦੋਲਨ' ਦਾ ਲੀਡਰ ਹੈ । ਇਸ ਦਾ ਜਨਮ 13 ਅਗਸਤ, 1926 ਨੂੰ ਓਰੀਐਂਟ ਪ੍ਰਾਂਤ ਵਿਚ ਮਾਯਾਰੀ ਵਿਖੇ ਹੋਇਆ । ਇਸ ਦਾ ਪਿਤਾ ਇਕ ਵੱਡੇ ਗੰਨੇ ਫਾਰਮ ਦਾ ਅਮੀਰ ਜ਼ਿਮੀਂਦਾਰ ਸੀ । ਸੰਨ 1950 ਵਿਚ ਫੀਦਲ ਕਾਸਤਰੋ ਨੇ ਹਵਾਨਾ ਯੂਨੀਵਰਸਿਟੀ ਤੋਂ ਲੌਅ ਦੀ ਡਿਗਰੀ ਪ੍ਰਾਪਤ ਕੀਤੀ । ਮੁੱਢਲੀ ਉਮਰ ਤੋਂ ਹੀ ਇਹ ਰਾਜਨੀਤਕ ਅਤੇ ਕ੍ਰਾਂਤੀਕਾਰੀ ਲਹਿਰਾਂ ਨਾਲ ਸਬੰਧ ਰੱਖਣ ਲਗ ਪਿਆ ਸੀ ।



ਕਾਸਤਰੋ

ਕਿਊਬਾ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਅਤ ਜਨਰਲ ਫੁਲਜੈਂਨਸ਼ੋ ਬਤਿਸਤਾ ਦਾ ਰਾਜ ਪਲਟਾਉਣ ਲਈ ਕਾਸਤਰੋ ਨੇ ਆਪਣੇ ਕੁਝ ਹਮਾਇਤੀਆਂ ਨਾਲ ਸਾਨਤਿਆਗੋ ਵਿਖੇ ਮੋਨਕਾਡਾ ਦੀਆਂ ਫ਼ੌਜੀ ਬਾਰਕਾਂ ਉੱਤੇ 26 ਜੁਲਾਈ, 1953 ਨੂੰ ਹੱਲਾ ਬੋਲ ਦਿਤਾ । ਇਸ ਦੀ ਇਹ ਕੋਸ਼ਿਸ਼ ਨਾਕਾਮ ਹੋ ਗਈ ਅਤੇ ਇਸ ਨੂੰ 15 ਸਾਲ ਦੀ ਕੈਦ ਹੋ ਗਈ । ਹੋਰਾਂ ਕੈਦੀਆਂ ਸਮੇਤ 1955 ਈ. ਨੂੰ ਜਦੋਂ ਇਸ ਨੂੰ ਛਡਿਆ ਗਿਆ, ਤਾਂ ਇਹ ਪਹਿਲਾਂ ਨਿਊਯਾਰਕ ਅਤੇ ਮਗਰੋਂ ਮੈਕਸੀਕੋ ਗਿਆ । ਉਥੇ ਇਸ ਨੇ ਦੇਸ਼ੋਂ ਕੱਢੇ ਹੋਏ ਕਿਊਬਾ ਦੇ ਲੋਕਾਂ ਨੂੰ ਗੁਰੀਲਾ ਲੜਾਈ ਲਈ ਸਿਖਲਾਈ ਦਿਤੀ । 82 ਵਿਦ੍ਰੋਹੀਆਂ ਸਮੇਤ ਇਹ ਦਸੰਬਰ, 1956 ਵਿਚ ਕਿਊਬਾ ਦੇ ਓਰੀਐਂਟ ਪ੍ਰਾਂਤ ਦੇ ਤਟ ਤੇ ਆ ਪਹੁੰਚਿਆ । ਇਸ ਦੇ ਵਧੇਰੇ ਬੰਦੇ ਬਤਿਸਤਾ ਦੀਆਂ ਫੌਜਾਂ ਨੇ ਮਾਰ ਦਿਤੇ । ਕਾਸਤਰੋ ਸਮੇਤ ਜਿਹੜੇ ਕੁਝ ਬਚੇ ਸਨ, ਉਹ ਓਰੀਐਂਟ ਦੇ ਪਹਾੜਾਂ ਵਿਚ ਜਾ ਛਿਪੇ । ਉਥੇ ਕਿਸਾਨਾਂ ਨੇ ਇਸ ਨੂੰ ਹਰ ਤਰ੍ਹਾਂ ਦੀ ਮਦਦ ਦਿਤੀ । ਇਸ ਤੋਂ ਮਗਰੋਂ ਇਸ ਨੇ ਗੁਰੀਲਾ ਜੰਗ ਛੇੜ ਦਿਤੀ । ਦਸੰਬਰ, 1958 ਵਿਚ ਇਹ ਆਪਣੇ ਫ਼ੌਜੀ ਹਮਲੇ ਵਿਚ ਸਫਲ ਹੋ ਗਿਆ ਅਤੇ ਜਨਰਲ ਬਤਿਸਤਾ 1 ਜਨਵਰੀ, 1959 ਨੂੰ ਦੇਸ਼ ਵਿਚੋਂ ਭੱਜ ਗਿਆ। ਫਰਵਰੀ, 1959 ਵਿਚ ਕਾਸਤਰੋ ਨੂੰ ਕਿਊਬਾ ਦਾ ਪ੍ਰਧਾਨ ਮੰਤਰੀ ਬਣਾ ਦਿਤਾ ਗਿਆ ।

ਕਾਸਤਰੋ ਨੇ ਦੇਸ਼ ਵਿਚ ਬਹੁਤ ਸਾਰੇ ਸੁਧਾਰ ਲਿਆਂਦੇ । ਇਸ ਨੇ ਭੋਂ ਦੀ ਮਾਲਕੀ, ਕਾਸ਼ਤ ਅਤੇ ਖਣਿਜੀ ਜ਼ਖ਼ੀਰਿਆਂ ਸਬੰਧੀ ਬਹੁਤ ਲਾਹੇਵੰਦ ਕਦਮ ਚੁੱਕੇ, ਪਰ ਅਮਰੀਕਾ ਵਿਚ ਇਸ ਦੇ ਵਿਰੋਧੀਆਂ ਨੇ ਸਾਜ਼ਿਸ਼ਾਂ ਜਾਰੀ ਰੱਖੀਆਂ ।

ਸੰਯੁਕਤ ਰਾਜ ਅਮਰੀਕਾ ਨਾਲ ਕਿਊਬਾ ਦੇ ਸਬੰਧ ਬਹੁਤ ਵਿਗੜ ਗਏ । ਉਹ ਸਮਝਦੇ ਹਨ ਕਿ ਜੇਕਰ ਕਿਊਬਾ ਸਰਕਾਰ ਕਮਿਊਨਿਸਟ ਨਹੀਂ ਹੈ ਤਾਂ ਕਮਿਊਨਿਸਟਾਂ ਦੇ ਪ੍ਰਭਾਵ ਥੱਲੇ ਜ਼ਰੂਰ ਹੈ । ਪਰ ਕਾਸਤਰੋ ਨੇ ਇਸ ਗੱਲ ਤੋਂ ਸਦਾ ਇਨਕਾਰ ਕੀਤਾ ਹੈ । ਇਸ ਨੇ

ਕਿਊਬਾ ਨੂੰ ਇਕ ਕੁਸ਼ਲ, ਨਿਪੁੰਨ ਅਤੇ ਦਿਆਨਤਦਾਰ ਸਰਕਾਰ ਦਿੱਤੀ ਹੈ, ਜਿਸ ਨੇ ਸਾਰੇ ਲੋਕਾਂ ਦਾ ਦਿਲ ਜਿੱਤ ਲਿਆ ਹੈ ।

ਹ. ਪੁ.—ਐਨ. ਬ੍ਰਿ.5 : 7; ਐਨ. ਬ੍ਰਿ. ਮੈ. 3 : 993

**ਕਾਸਤਰੋ, ਯੂਜੀਨੋ ਡ :** ਇਹ ਪੁਰਤਗਾਲੀ ਕਵੀ ਸੀ, ਜਿਸ ਨੇ ਪੁਰਤਗਾਲੀ-ਸਾਹਿਤ ਵਿਚ ਪ੍ਰਤੀਕਵਾਦ ਨੂੰ ਲਿਆਂਦਾ । ਇਸ ਦਾ ਜਨਮ 4 ਮਾਰਚ, 1869 ਨੂੰ ਕਵੀਂਬਰਾ ਵਿਖੇ ਹੋਇਆ । ਕਵੀਂਬਰਾ ਤੇ ਲਿਜ਼ਬਨ ਵਿਚ ਵਿਦਿਆ ਪ੍ਰਾਪਤ ਕਰਨ ਮਗਰੋਂ ਇਹ ਵੀਐਨਾ ਵਿਚ ਪੁਰਤਗਾਲ ਦਾ ਅਟੈਸ਼ੇ ਨਿਯੁਕਤ ਹੋਇਆ । ਜਲਦੀ ਨੌਕਰੀ ਛੱਡ ਕੇ ਇਹ ਫ਼ਰਾਂਸ ਚਲਾ ਗਿਆ ਅਤੇ ਪ੍ਰਤੀਕਵਾਦੀਆਂ ਦੀਆਂ ਬੈਠਕਾਂ ਵਿਚ ਸ਼ਾਮਲ ਹੋਣ ਲਗ ਪਿਆ । ਸੰਨ 1889 ਵਿਚ ਇਹ ਕਵੀਂਬਰਾ ਵਾਪਸ ਪਰਤ ਕੇ ਪੁਰਤਗਾਲੀ ਵੈਣਕ ਕਾਵਿ ਲਈ ਮਿਆਰ ਸਿੱਧ ਹੋਇਆ । ਇਸ ਤੇ ਫ਼ਰਾਂਸੀਸੀ ਪ੍ਰਤੀਕਵਾਦ ਦਾ ਬਹੁਤ ਗਹਿਰਾ ਪ੍ਰਭਾਵ ਸੀ। ਸੰਨ 1891 ਤੋਂ ਮਗਰੋਂ ਇਹ ਪ੍ਰਤੀਕਵਾਦ ਤੋਂ ਸੌਂਦਰਯਵਾਦ ਵਲ ਝੁਕ ਗਿਆ । ਸੰਨ 1914 ਵਿਚ ਇਹ ਕਵੀਂਬਰਾ ਯੂਨੀਵਰਸਿਟੀ ਵਿਚ ਫ਼ਰਾਂਸੀਸੀ ਸਾਹਿਤ ਦੀ ਚੇਅਰ ਦਾ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ । ਇਸ ਦੀ ਮੌਤ 17 ਅਗਸਤ, 1944 ਨੂੰ ਕਵੀਂਬਰਾ ਵਿਖੇ ਹੋਈ ।

ਹ. ਪੁ.—ਐਨ. ਬ੍ਰਿ. 5 : 7

**ਕਾਸਤਰੋ, ਰੋਜ਼ਾਲੀਆ ਡ :** ਗੈਲੀਸੀਅਨ ਭਾਸ਼ਾ ਦੀ ਇਸ ਪ੍ਰਸਿੱਧ ਸਪੇਨੀ ਕਵਿਤਰੀ ਦਾ ਜਨਮ ਫਰਵਰੀ, 1837 ਵਿਚ ਸਾਨਟੀਆਗੋ ਡੇ ਕੰਮਪੋਸਟੇਲਾ ਵਿਖੇ ਹੋਇਆ । ਸੰਨ 1858 ਵਿਚ ਇਸ ਨੇ ਪ੍ਰਸਿੱਧ ਇਤਿਹਾਸਕਾਰ ਮੈਨੂਐਲ ਮੁਰਘੁਈਆ ਨਾਲ ਵਿਆਹ ਕਰਵਾਇਆ । ਇਸ ਦੀ ਮੌਤ 15 ਜੁਲਾਈ, 1885 ਨੂੰ ਹੋਈ । ਇਸ ਦੀ ਕਵਿਤਾ ਵਿਚ ਲੋਕਾਂ ਦੀਆਂ ਭਾਵਨਾਵਾਂ, ਉਨ੍ਹਾਂ ਦੇ ਦੁਖ-ਸੁਖ, ਦੇਸ਼-ਪਿਆਰ ਅਤੇ ਗਿਲੇ-ਸ਼ਿਕਵਿਆਂ ਨੂੰ ਜ਼ਬਾਨ ਮਿਲੀ ਹੈ । ਸੰਨ 1867 ਤੋਂ ਮਗਰੋਂ ਇਸ ਦੀ ਕਵਿਤਾ ਵਿਚ ਇਸ ਦੇ ਆਪੇ ਤੇ ਇਸ ਦੀਆਂ ਨਿੱਜੀ ਪੀੜਾਂ ਨੂੰ ਅਭਿਵਿਅਕਤੀ ਮਿਲੀ ਹੈ ।

'Cantares gallegos' (1863) ਅਤੇ Follas novas (1880) ਇਸ ਦੀਆਂ ਕਵਿਤਾ ਦੀਆਂ ਪ੍ਰਸਿੱਧ ਰਚਨਾਵਾਂ ਹਨ । ਇਨ੍ਹਾਂ ਪੁਸਤਕਾਂ ਨੇ ਇਸ ਨੂੰ ਅਮਰ ਕਰ ਦਿਤਾ ਹੈ । ਇਸ ਨੇ ਕੁਝ ਨਾਵਲ ਵੀ ਲਿਖੇ ਹਨ ।

ਹ. ਪੁ.—ਐਨ. ਬ੍ਰਿ. 5 : 644

**ਕਾਸ਼ਨੀ :** ਇਸ ਨੂੰ ਚਿਕਰੀ ਵੀ ਕਹਿੰਦੇ ਹਨ । ਇਹ ਐਸਟਰੇਸੀ ਕੁਲ ਦਾ ਇਕ ਨੀਲੇ ਫੁੱਲਾਂ ਵਾਲਾ, ਸਲਾਦ ਦੇ ਤੌਰ ਤੇ ਵਰਤਿਆ ਜਾਣ ਵਾਲਾ ਸਦਾ-ਬਹਾਰ ਪੌਦਾ ਹੈ । ਇਸ ਦਾ ਬਨਸਪਤੀ-ਵਿਗਿਆਨਕ ਨਾਂ ਸਾਈਕੋਰੀਅਮ ਇੰਟਾਈਬਸ (*Cichorium intybus*) ਹੈ । ਇਹ ਪੌਦਾ ਯੂਰਪ ਦਾ ਜੰਮ-ਪਲ ਹੈ । 19ਵੀਂ ਸਦੀ ਵਿਚ ਇਸ ਨੂੰ ਅਮਰੀਕਾ ਵਿਚ ਲਿਆਂਦਾ ਗਿਆ ਅਤੇ ਹੁਣ ਇਸ ਨੂੰ ਨੀਦਰਲੈਂਡ, ਬੈਲਜੀਅਮ, ਫ਼ਰਾਂਸ ਅਤੇ ਜਰਮਨੀ ਵਿਚ ਬਹੁਤ ਜ਼ਿਆਦਾ ਉਗਾਇਆ ਜਾਂਦਾ ਹੈ । ਉੱਤਰੀ ਅਮਰੀਕਾ ਵਿਚ ਵੀ ਇਹ ਮਿਲਦਾ ਹੈ । ਪੂਰਬੀ ਅਮਰੀਕਾ ਅਤੇ ਕੈਨੇਡਾ ਦੀਆਂ ਚਰਾਗਾਹਾਂ ਅਤੇ ਸੜਕਾਂ ਦੇ ਪਾਸਿਆਂ ਤੇ ਇਹ ਨਦੀਨ ਦੇ ਰੂਪ ਵਿਚ ਉੱਗਦਾ ਹੈ ।

ਇਹ ਪੌਦਾ ਤਕਰੀਬਨ 1–1.5 ਮੀ. ਉੱਚਾ ਹੁੰਦਾ ਹੈ । ਇਸ ਦੀ ਲੰਮੀ, ਗੁੱਦੇਦਾਰ, ਮੂਸਲ ਜੜ੍ਹ ਹੁੰਦੀ ਹੈ । ਤਣਾ ਸਖ਼ਤ ਤੇ ਸ਼ਾਖ਼ਾਵਾਂ ਵਿਚ ਵੰਡਿਆ ਹੋਇਆ ਹੁੰਦਾ ਹੈ ਅਤੇ ਇਸ ਉਤੇ ਨਰਮ ਲੂਈਂ ਹੁੰਦੀ ਹੈ । ਪੱਤੇ ਖੰਨਾਂ ਵਿਚ ਵੰਡੇ ਹੋਏ ਤੇ ਦੰਦੇਦਾਰ ਹੁੰਦੇ ਹਨ ।

ਇਸ ਪੌਦੇ ਨੂੰ ਸਬਜ਼ੀ ਜਾਂ ਸਲਾਦ ਦੇ ਤੌਰ ਤੇ ਵਰਤਿਆ ਜਾਂਦਾ ਹੈ । ਜੜ੍ਹਾਂ ਨੂੰ ਉਬਾਲ ਕੇ ਮੱਖਣ ਨਾਲ ਖਾਧਾ ਜਾਂਦਾ ਹੈ ਤੇ ਪੱਤਿਆਂ ਨੂੰ ਸਲਾਦ ਵਜੋਂ ਵਰਤਿਆ ਜਾਂਦਾ ਹੈ । ਜੜ੍ਹਾਂ ਨੂੰ ਭੁੰਨ ਕੇ, ਪੀਸ ਕੇ ਖ਼ੁਸ਼ਬੂ ਲਈ ਜਾਂ ਕਾਫ਼ੀ ਦੇ ਬਦਲ ਵਜੋਂ ਵਰਤਿਆ ਜਾਂਦਾ ਹੈ । ਇਹ ਪਸ਼ੂਆਂ ਦੇ ਚਾਰੇ ਦਾ ਕੰਮ ਵੀ ਦਿੰਦਾ ਹੈ ।

ਗਰਮੀ ਦੀ ਰੁੱਤ ਵਿਚ ਜੜ੍ਹਾਂ ਨੂੰ ਖੁੱਲ੍ਹੀਆਂ ਥਾਵਾਂ ਵਿਚ ਬੀਜਿਆ ਜਾਂਦਾ ਹੈ । ਪਤਝੜ ਵਿਚ ਇਨ੍ਹਾਂ ਨੂੰ ਪੁੱਟ ਕੇ ਸਰਦੀ ਵਿਚ ਮੁੜ ਬੀਜਿਆ ਜਾਂਦਾ ਹੈ । ਇਸ ਤਰ੍ਹਾਂ ਲਗਾਉਣ ਦੇ ਦੋ ਤਰੀਕੇ ਹਨ : ਇਕ ਤਰੀਕੇ ਨਾਲ ਬਾਰਬ ਡਾ ਕੈਪੂਸਿਨ ਉੱਗਦੇ ਹਨ ਜਿਨ੍ਹਾਂ ਨੂੰ ਦੂਰ ਦੂਰ ਪੱਤੇ ਲਗਦੇ ਹਨ ਤੇ ਇਨ੍ਹਾਂ ਦਾ ਰੰਗ ਵੀ ਪਿੱਲਤਣ ਤੇ ਹੁੰਦਾ ਹੈ । ਫ਼ਰਾਂਸੀਸੀ ਲੋਕ ਇਨ੍ਹਾਂ ਨੂੰ ਸਰਦੀਆਂ ਦੇ ਸਲਾਦ ਵਜੋਂ ਬਹੁਤ ਪਸੰਦ ਕਰਦੇ ਹਨ । ਦੂਜੇ ਤਰੀਕੇ ਨਾਲ ਵਿਟਲੋਫ਼ ਪੈਦਾ ਹੁੰਦੇ ਹਨ ਜਿਨ੍ਹਾਂ ਦੇ ਪੱਤੇ ਨੇੜੇ ਨੇੜੇ ਹੁੰਦੇ ਹਨ । ਇਸ ਨੂੰ ਬੈਲਜੀਅਮ ਅਤੇ ਕਈ ਹੋਰ ਦੇਸ਼ਾਂ ਵਿਚ ਪਸੰਦ ਕੀਤਾ ਜਾਂਦਾ ਹੈ । ਸਾਰੇ ਯੂਰਪ ਵਿਚ ਸਰਦੀਆਂ ਵਿਚ ਸਲਾਦ ਪ੍ਰਾਪਤ ਕਰਨ ਲਈ ਇਨ੍ਹਾਂ ਦੀਆਂ ਜੜ੍ਹਾਂ ਨੂੰ ਸਟੋਰ ਕੀਤਾ ਜਾਂਦਾ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 831

**ਕੌਸਮਿਕ-ਕਿਰਨਾਂ :** ਕੌਸਮਿਕ-ਕਿਰਨਾਂ ਦੀ ਖੋਜ ਸੰਨ 1900 ਦੇ ਸ਼ੁਰੂ ਵਿਚ ਸੀ. ਟੀ. ਆਰ. ਵਿਲਸਨ, ਐਲਸਟਰ ਅਤੇ ਗੀਟਲ ਦੇ ਇਕ ਸਧਾਰਨ ਪ੍ਰੇਖਣ ਸਮੇਂ ਅਚਾਨਕ ਕੀਤੀ ਜਦੋਂ ਇਨ੍ਹਾਂ ਨੇ ਵੇਖਿਆ ਕਿ ਚੰਗੇ ਬਿਜਲੀ ਰੋਧਨ ਦੇ ਬਾਵਜੂਦ ਵੀ ਇਲੈੱਕਟ੍ਰੋਸਕੋਪਾਂ ਵਿਚ ਕੁਝ ਕੁ ਚਾਰਜ ਲੀਕ ਹੋ ਹੀ ਜਾਂਦਾ ਹੈ । ਇਸ ਦਾ ਕਾਰਨ ਕੇਵਲ ਯੰਤਰ ਦੁਆਲੇ ਕੁਝ ਕੁ ਆਇਨਾਂ ਦੀ ਹੋਂਦ ਹੈ । ਸੰਨ 1903 ਵਿਚ ਇਸ ਗੱਲ ਦੀ ਪੁਸ਼ਟੀ ਰਦਰਫੋਰਡ ਅਤੇ ਕੁਕ ਨੇ ਕੀਤੀ । ਇਨ੍ਹਾਂ ਨੇ ਲੋਹੇ ਅਤੇ ਸਿੱਕੇ ਦੀਆਂ ਸੋਖਣ ਸਕਰੀਨਾਂ ਦੀ ਵਰਤੋਂ ਕਰਕੇ ਇਹ ਵਿਖਾਇਆ ਕਿ ਸਥਾਈ ਆਇਨਨ ਦਾ ਕਾਫ਼ੀ ਭਾਗ ਯੰਤਰ ਵਿਚ ਬਾਹਰ ਤੋਂ ਦਾਖ਼ਲ ਹੋਏ ਵਿਕੀਰਨ ਕਾਰਨ ਸੀ । ਸੰਨ 1909 ਵਿਚ ਗੋਕੈੱਲ ਨੇ 4,500 ਮੀ. ਦੀ ਉਚਾਈ ਤਕ ਵੁਲਫ਼ ਇਲੈੱਕਟ੍ਰੋਸਕੋਪ ਦੀ ਮੱਦਦ ਨਾਲ ਡਿਸਚਾਰਜ ਦੇ ਦਰ ਦਾ ਪਤਾ ਲਾਇਆ । ਸੰਨ 1911-14 ਵਿਚ ਹੈੱਸ ਅਤੇ ਕੋਲਹਾਰਸਟਰ ਨੇ ਸੀਲ ਕੀਤੇ ਆਇਨਨ ਚੈਂਬਰਾਂ ਦੀ ਵਰਤੋਂ ਕਰਕੇ ਗੋਕੈੱਲ ਨਾਲੋਂ ਵੀ ਕਾਫ਼ੀ ਵੱਧ ਉਚਾਈ ਤਕ ਗ਼ੁਬਾਰਿਆਂ ਦਾ ਪ੍ਰੇਖਣ ਕੀਤਾ ਅਤੇ ਪਤਾ ਲਾਇਆ ਕਿ ਕੁਝ ਕੁ ਸੈਂਕੜੇ ਮੀਟਰਾਂ ਤੋਂ ਉਪਰ ਵਿਕੀਰਨ ਦੀ ਤੀਬਰਤਾ 9,000 ਮੀ. ਤਕ ਲਗਾਤਾਰ ਵਧਦੀ ਜਾਂਦੀ ਹੈ ।

ਕੋਲਹਾਰਸਟਰ ਨੇ ਆਪਣੇ ਪ੍ਰੇਖਣ ਦੁਆਰਾ ਦੱਸਿਆ ਕਿ ਵਿਕੀਰਨਾਂ ਦਾ ਸ੍ਰੋਤ ਸੂਰਜ ਜਾਂ ਤਾਰੇ ਨਹੀਂ ਹੋ ਸਕਦੇ ਸਗੋਂ ਇਸ ਦਾ ਸ੍ਰੋਤ ਆਕਾਸ਼ ਗੰਗਾ ਤੋਂ ਕਾਫ਼ੀ ਦੂਰ ਕਿਧਰੇ ਵੀ ਹੋ ਸਕਦਾ ਹੈ ।

ਮਿਲੀਕਾਨ ਅਤੇ ਇਸ ਦੇ ਸਾਥੀਆਂ ਨੇ 1925-26 ਵਿਚ ਇਹ ਦਾਅਵਾ ਕੀਤਾ ਕਿ ਇਨ੍ਹਾਂ ਵੇਧੀ ਕਿਰਨਾਂ ਦਾ ਮੁੱਖ ਹਿੱਸਾ ਗੁੰਝਲਦਾਰ ਰਚਨਾ ਵਾਲੇ ਊਰਜਾਮਈ ਫੋਟਾਨ (ਬਿਜਲ-ਚੁੰਬਕੀ ਵਿਕੀਰਨਾਂ) ਹਨ । ਇਹ ਫੋਟਾਨ ਅੰਤਰ-ਤਾਰਾ ਪੁਲਾੜ ਵਿਚ ਹਾਈਡ੍ਰੋਜਨ ਤੋਂ ਹੀਲੀਅਮ ਨਿਊਕਲੀਅਸ ਬਣਨ ਦੀ ਕਿਰਿਆ ਸਮੇਂ ਉਤਪੰਨ ਹੁੰਦੇ ਹਨ । ਇਸ ਤਰ੍ਹਾਂ ਇਨ੍ਹਾਂ ਕਿਰਨਾਂ ਦਾ ਸ੍ਰੋਤ ਪੁਲਾੜ ਵਿਚ ਮੰਨਿਆ ਜਾ ਸਕਦਾ ਹੈ ; ਇਸੇ ਕਰਕੇ ਇਨ੍ਹਾਂ ਕਿਰਨਾਂ ਦਾ ਨਾਂ ਕੌਸਮਿਕ-ਕਿਰਨਾਂ ਅਰਥਾਤ ਪੁਲਾੜੀ ਕਿਰਨਾਂ ਪਿਆ । ਸੰਨ 1930 ਵਿਚ ਸਾਰੀ ਦੁਨੀਆ ਵਿਚ ਧਰਤੀ ਉਤੇ ਗ਼ੁਬਾਰਿਆਂ ਰਾਹੀਂ ਪੁਲਾੜ ਵਿਚ ਕੌਸਮਿਕ ਕਿਰਨਾਂ ਦਾ ਸਰਵੇਖਣ ਕੀਤਾ ਗਿਆ । ਭਿੰਨ ਭਿੰਨ ਵਿਥਕਾਰਾਂ ਅਤੇ ਲੰਬਕਾਰਾਂ ਉਤੇ ਕੌਸਮਿਕ-ਕਿਰਨਾਂ ਦੀ ਤੀਬਰਤਾ ਦੇ ਅਧਿਐਨ ਤੋਂ ਪਤਾ ਲੱਗਾ ਕਿ ਪ੍ਰਾਇਮਰੀ ਵਿਕੀਰਨ ਵਿਚ ਵਧੇਰੇ ਪਾਜ਼ੇਟਿਵ ਚਾਰਜਿਤ ਕਣ ਹੁੰਦੇ ਹਨ ਜਿਨ੍ਹਾਂ ਦੀ ਔਸਤ ਊਰਜਾ ਲਗਭਗ 10 ਬਿਲੀਅਨ ਇਲੈੱਕਟ੍ਰਾਨ ਵੋਲਟ ਹੁੰਦੀ ਹੈ ।

ਸੰਨ 1930 ਵਿਚ ਲੜੀਦਾਰ ਬੁਛਾੜਾਂ ਦਾ ਵੀ ਪਤਾ ਲੱਗਿਆ । ਇਹ ਵੇਖਿਆ ਗਿਆ ਕਿ ਸਮੁੰਦਰੀ ਸਤ੍ਹਾ ਦੇ ਨੇੜੇ ਸੈਕੰਡਰੀ ਕੌਸਮਿਕ-ਕਿਰਨਾਂ ਘੱਟੋ-ਘੱਟ ਦੋ ਘਟਕਾਂ ਅਰਥਾਤ 'ਨਰਮ' (ਅਲਪਵੇਧੀ) ਅਤੇ

'ਸਖ਼ਤ' (ਅਤਿਵੇਧੀ), ਕੌਸਮਿਕ-ਕਿਰਨਾਂ ਵੰਡੀਆਂ ਜਾ ਸਕਦੀਆਂ ਹਨ । ਅਲਪਵੇਦੀ ਘਟਕ ਪੂਰੀ ਤਰ੍ਹਾਂ ਸਿੱਕੇ ਦੇ 10 ਸੈਂ. ਮੀ. ਤਕ ਸੋਖਿਤ ਹੋ ਜਾਂਦੀ ਹੈ ਜਦੋਂ ਕਿ ਅਤਿਵੇਧੀ ਘਟਕ ਧਰਤੀ ਦੇ ਤਲ ਤੋਂ ਬਹੁਤ ਹੇਠਾਂ ਤਕ ਵੀ ਦਾਖ਼ਲ ਹੋ ਸਕਦੀ ਹੈ । ਪਹਿਲੀ ਕਿਸਮ ਦੀ ਪਛਾਣ ਇਲੈੱਕਟ੍ਰਾਨਾਂ ਦੁਆਰਾ ਕੀਤੀ ਜਾ ਸਕਦੀ ਹੈ ਅਤੇ ਦੂਸਰੀ ਇਕ ਨਵੀਂ ਕਿਸਮ ਦੇ ਕਣ ਤੋਂ ਬਣੀ ਮੰਨੀ ਜਾਂਦੀ ਹੈ, ਜਿਸ ਨੂੰ ਅੱਜ ਕੱਲ੍ਹ ਮਾਈਕ੍ਰੋਨ (μ) ਮੇਸੋਨ ਕਿਹਾ ਜਾਂਦਾ ਹੈ ।

ਕੌਸਮਿਕ-ਕਿਰਨਾਂ ਦੀ ਪਛਾਣ ਲਈ ਹੇਠ ਲਿਖੇ ਢੰਗ ਵਰਤੇ ਜਾਂਦੇ ਹਨ :—(ੳ) ਕੌਸਮਿਕ-ਕਿਰਨ ਆਇਨਨ ਚੈਂਬਰ (ਅ) ਸੰਪਾਤ ਕਾਊਂਟਰ (ੲ) ਸਿੰਟੀਲੇਸ਼ਨ ਕਾਊਂਟਰ (ਸ) ਕਾਊਂਟਰ ਦੁਆਰਾ ਕੰਟਰੋਲ ਕੀਤਾ ਕਲਾਊਡ ਚੈਂਬਰ (ਹ) ਫ਼ੋਟੋਗ੍ਰਾਫ਼ਿਕ ਇਮਲਸ਼ਨ ਢੰਗ ਅਤੇ (ਕ) ਬਬਲ ਚੈਂਬਰ ਢੰਗ ।

### ਕੌਸਮਿਕ-ਕਿਰਨਾਂ ਦਾ ਆਰੰਭ

ਧਰਤੀ ਉਤੇ ਪ੍ਰਾਪਤ ਕੌਸਮਿਕ-ਕਿਰਨ ਫ਼ਲੱਕਸ ਵਿਚ ਸੂਰਜ ਦੀ ਬਹੁਤ ਘੱਟ ਦੇਣ ਹੈ । ਉੱਚ ਊਰਜਾ ਵਾਲੇ ਕਣਾਂ ਦੇ ਮੁੱਖ ਸ੍ਰੋਤਾਂ ਲਈ ਹੇਠ ਲਿਖੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ :—

**1. ਅੰਤਰ-ਤਾਰਾ ਸੋਮਾ**—ਸੰਨ 1949 ਵਿਚ ਐਂਨਰਿਕੋ ਫ਼ਰਮੀ ਨੇ ਇਕ ਬਹੁਤ ਸਰਲ ਢੰਗ ਦੱਸਿਆ, ਜਿਸ ਵਿਚ ਅਨਿਯਮਿਤ ਚੁੰਬਕੀ ਖੇਤਰਾਂ ਵਾਲੀ ਆਇਨਿਤ ਗੈਸ ਦੇ ਗਤੀਸ਼ੀਲ ਬੱਦਲਾਂ ਉਪਰੋਂ ਉੱਛਲ ਕੇ ਕੌਸਮਿਕ-ਕਿਰਨਾਂ ਅੰਤਰ-ਤਾਰਾ ਆਕਾਸ਼ ਵਿਚ ਪੁੱਜ ਜਾਂਦੀਆਂ ਹਨ । ਇਸ ਤਰ੍ਹਾਂ ਕਣ ਆਮ੍ਹੋ-ਸਾਹਮਣੀਆਂ ਟੱਕਰਾਂ ਦੁਆਰਾ ਊਰਜਾ ਗ੍ਰਹਿਣ ਕਰ ਸਕਦੇ ਹਨ । ਇਸ ਢੰਗ ਨਾਲ ਕੌਸਮਿਕ ਕਿਰਨਾਂ ਦੀ ਊਰਜਾ-ਵੰਡ ਦੀ ਵਿਆਖਿਆ ਕੀਤੀ ਜਾ ਸਕਦੀ ਹੈ, ਪ੍ਰੰਤੂ ਇਹ ਢੰਗ ਬਹੁਤ ਹੀ ਅਯੋਗ ਹੈ ।

**2. ਤਾਰਾ ਸੋਮਾ**—ਚਮਕ ਵਾਲਾ ਸਿਧਾਂਤ ਸੂਰਜ ਤਕ ਸੀਮਿਤ ਨਹੀਂ ਹੈ । ਅਜਿਹੇ ਸਿਤਾਰੇ ਵੀ ਹਨ ਜਿਨ੍ਹਾਂ ਵਿਚ ਬਹੁਤ ਹੀ ਜ਼ਿਆਦਾ ਚਮਕ ਹੁੰਦੀ ਹੈ । ਜਦੋਂ ਸਿਤਾਰੇ ਕੌਸਮਿਕ ਕਿਰਨਾਂ ਪ੍ਰਦਾਨ ਕਰਨ ਵਾਲੇ ਹੁੰਦੇ ਹਨ ਤਾਂ ਵਧੇਰੇ ਊਰਜਾ ਦੀ ਲੋੜ ਕਾਰਨ ਇਹ ਸਾਰੀਆਂ ਕੌਸਮਿਕ ਕਿਰਨਾਂ ਉਤਪੰਨ ਨਹੀਂ ਕਰ ਸਕਦੇ ।

**3. ਸੁਪਰਨੋਵਾ ਸੋਮਾ**—ਸਮੂਹ ਕੌਸਮਿਕ-ਕਿਰਨਾਂ ਦੇ ਸ੍ਰੋਤ ਆਕਾਸ਼ ਗੰਗਾ ਵਿਚ ਬਹੁਤ ਤੇਜ਼ ਕਾਰਜ, ਖ਼ਾਸ ਕਰਕੇ ਸੁਪਰਨੋਵਾ ਵਿਸਫ਼ੋਟ ਹਨ [ਸੁਪਰਨੋਵਾ ਕਦੇ-ਕਦੇ ਵਿਖਾਈ ਦੇਣ ਵਾਲੇ ਉਨ੍ਹਾਂ ਨੋਵਾ ਵਿਚੋਂ ਹੈ ਜਿਹੜਾ ਫਟਣ ਤੇ ਸੂਰਜ ਨਾਲੋਂ 100 ਮਿਲੀਅਨ ਗੁਣਾ (10 ਕਰੋੜ ਗੁਣਾ) ਜ਼ਿਆਦਾ ਰੌਸ਼ਨੀ ਉਤਪੰਨ ਕਰਦਾ ਹੈ] । ਸੁਪਰਨੋਵਾ ਦਾ ਸਭ ਤੋਂ ਪ੍ਰਸਿੱਧ ਬਚਿਆ ਭਾਗ ਕਰੈਬ ਨੀਹਾਰਿਕਾ (ਨੈਬੂਲਾ) ਹੈ। ਨੀਹਾਰਿਕਾ ਵਿਚ ਇਲੈੱਕਟ੍ਰਾਨਾਂ ਦੀ ਊਰਜਾ ਦਾ ਅੰਦਾਜ਼ਾ $10^{11}$ ਜਾਂ $10^{13}$ ਇਲੈੱਕਟ੍ਰਾਨ ਵੋਲਟ ਲਗਾਇਆ ਗਿਆ ਹੈ । ਇਕ ਇਲੈੱਕਟ੍ਰਾਨ ਦੁਆਰਾ ਅੱਧੀ ਊਰਜਾ ਗੁਆਉਣ ਲਈ ਲੋੜੀਂਦਾ ਸਮਾਂ ਸਿੰਕ੍ਰੋਟ੍ਰਾਨ ਵਿਕੀਰਨ ਦੁਆਰਾ ਪਤਾ ਲਾਇਆ ਜਾ ਸਕਦਾ ਹੈ, ਜਿਸ ਤੋਂ ਇਹ ਸਪੱਸ਼ਟ ਹੋਇਆ ਹੈ ਕਿ $10^{11}$ ਇਲੈੱਕਟ੍ਰਾਨ ਵੋਲਟ ਵਾਲੇ ਇਲੈੱਕਟ੍ਰਾਨ 100 ਸਾਲ ਤਕ ਰਹਿੰਦੇ ਹਨ, ਜੇਕਰ ਕਰੈਬ ਵਿਚ ਚੁੰਬਕੀ-ਖੇਤਰ $10^{-3}$ ਗੌਸ ਹੋਵੇ । ਵਧ ਰਹੀ ਊਰਜਾ ਵਾਲੇ ਕਣਾਂ ਲਈ ਸਮਾਂ ਬੜੀ ਤੇਜ਼ੀ ਨਾਲ ਘਟਦਾ ਰਹਿੰਦਾ ਹੈ । ਇਹ ਸਮੇਂ ਸੁਪਰਨੋਵਾ ਦੇ ਜੀਵਨ-ਕਾਲ ਨਾਲੋਂ ਬਹੁਤ ਘੱਟ ਹੋਣ ਕਾਰਨ, ਮੁਢਲੇ ਵਿਸਫ਼ੋਟ ਤੋਂ ਕਾਫ਼ੀ ਸਮਾਂ ਮਗਰੋਂ ਇਲੈੱਕਟ੍ਰਾਨ ਸੁਪਰਨੋਵਾ ਸ਼ੈੱਲ ਵਿਚ ਪ੍ਰਵੇਗਿਤ ਹੁੰਦੇ ਹਨ । ਕਰੈਬ ਨੀਹਾਰਿਕਾ ਦੇ ਕੇਂਦਰ ਵਿਚ ਇਕ ਪਲਸਰ ਦੀ ਨਵੀਂ ਖੋਜ ਤੋਂ ਕਣ ਪ੍ਰਵੇਗ ਲਈ ਇਕ ਬਹੁਤ ਹੀ ਸ਼ਕਤੀਸ਼ਾਲੀ ਸ੍ਰੋਤ ਦਾ ਪਤਾ ਲੱਗਾ ਹੈ ।

ਜੇਕਰ ਸੁਪਰਨੋਵਾ ਵਿਸਫ਼ੋਟ ਇਕ ਜਾਂ ਦੋ ਪ੍ਰਤਿ ਸਦੀ ਦੇ ਦਰ ਨਾਲ ਹੋਣ ਤਾਂ ਪ੍ਰਤਿ ਸੁਪਰਨੋਵਾ ਊਰਜਾ ਨਿਕਾਸ ਇੰਨਾ ਕੁ ਹੋ ਸਕਦਾ ਹੈ ਜਿਸ ਨਾਲ ਊਰਜਾ ਨਿਵੇਸ਼ $5 \times 10^{-26}$ ਅਰਗ/ ਸੈਂ. ਮੀ.$^3$ ਸੈਕੰਡ ਪੂਰਾ ਹੋ ਸਕੇ ਅਰਥਾਤ ਗੈਲੈੱਕਟਿਕ ਕੌਸਮਿਕ-ਕਿਰਨ ਘਣਤਾ ਨੂੰ ਕਾਇਮ ਰਖ ਸਕੇ । ਇਹ ਵੀ ਅਨੁਮਾਨ ਲਾਇਆ ਗਿਆ ਹੈ ਕਿ ਹਰ ਸੁਪਰਨੋਵਾ ਵਿਸਫ਼ੋਟ ਦੁਆਰਾ ਔਸਤਨ $10^{51}$ ਅਰਗ ਊਰਜਾ ਬਾਹਰ ਨਿਕਲਦੀ ਹੈ, $10^{42}$ ਅਰਗ/ਸੈਕਿੰਡ ਊਰਜਾ ਉਤਪਾਦਨ ਜਾਂ ਗੈਲੈੱਕਸਈ ਡਿਸਕ ਦਾ ਆਇਤਨ $3 \times 10^{66}$ ਸੈਂ. ਮੀ. ਮੰਨਦੇ ਹੋਏ ਲਗਭਗ $10^{25}$ ਅਰਗ/ ਸੈਂ. ਮੀ.$^3$ ਸੈਕੰਡ ਪ੍ਰਤਿ ਯੂਨਿਟ ਆਇਤਨ ਊਰਜਾ ਉਤਪਾਦਨ ਕੌਸਮਿਕ-ਕਿਰਨਾਂ ਲਈ ਲੋੜੀਂਦੇ ਨਾਲੋਂ ਲਗਭਗ 10 ਗੁਣਾ ਹੈ ।

**4. ਬਾਹਰੀ ਗੈਲੈੱਕਸਈ ਸੋਮਾ**—ਸੁਪਰਨੋਵਾ ਸ੍ਰੋਤ ਦੁਆਰਾ ਬਹੁਤ ਉੱਚ ਊਰਜਾ ਵਾਲੇ ਕਣਾਂ ($10^{18}$ ਤੋਂ $10^{20}$ ਇਲੈੱਕਟ੍ਰਾਨ ਵੋਲਟ ਦੀ ਦਿਸ਼ਾ ਸਮਗੁਣੀ) ਵੰਡ ਬਾਰੇ ਪਤਾ ਨਹੀਂ ਲਗ ਸਕਦਾ । ਇਸ ਲਈ ਇਹ ਮੰਨਣਾ ਪਿਆ ਕਿ ਬਹੁਤ ਉੱਚ ਊਰਜਾ ਵਾਲੀਆਂ ਕੌਸਮਿਕ-ਕਿਰਨਾਂ ਦੇ ਸ੍ਰੋਤ ਜ਼ਰੂਰ ਹੀ ਬਾਹਰੀ ਗੈਲੈੱਕਸਈ ਵਸਤਾਂ ਹੋਣਗੀਆਂ । ਇਹ ਸੰਭਵ ਹੈ ਕਿ ਕੌਸਮਿਕ ਵਿਕੀਰਨ ਦਾ 1% ਤੋਂ 10% ਭਾਗ ਆਕਾਸ਼ ਗੰਗਾ ਦੇ ਬਾਹਰ ਤੋਂ ਸ਼ੁਰੂ ਹੁੰਦਾ ਹੈ ਅਰਥਾਤ ਉਨ੍ਹਾਂ ਪਦਾਰਥਾਂ ਵਿਚ ਜਿਥੇ ਸ਼ਕਤੀਸ਼ਾਲੀ ਇਲੈੱਕਟ੍ਰਾਨਾਂ ਦੇ ਨਾਕਾਬਲਿਇਤਬਾਰ ਉੱਚ ਫਲੱਕਸ ਹੋਣ ।

**ਕੌਸਮਿਕ-ਕਿਰਨਾਂ ਦੀ ਰਚਨਾ**—ਕੌਸਮਿਕ-ਕਿਰਨਾਂ ਦੋ ਕਿਸਮ ਦੀਆਂ ਹੁੰਦੀਆਂ ਹਨ ਅਰਥਾਤ ਪ੍ਰਾਇਮਰੀ ਅਤੇ ਸੈਕੰਡਰੀ ।

**ਪ੍ਰਾਇਮਰੀ ਕੌਸਮਿਕ-ਕਿਰਨਾਂ**—ਇਹ ਸਿੱਧ ਕੀਤਾ ਗਿਆ ਹੈ ਕਿ ਬਾਹਰੀ ਪੁਲਾੜ ਵਿਚੋਂ ਵਾਯੂਮੰਡਲ ਦੇ ਸਿਖਰ ਉਤੇ ਪਹੁੰਚ ਰਹੇ ਪ੍ਰਾਇਮਰੀ ਕੌਸਮਿਕ ਵਿਕੀਰਨ ਮੁੱਖ ਤੌਰ ਤੇ ਪ੍ਰੋਟਾਨਾਂ ਦੇ ਬਣੇ ਹੁੰਦੇ ਹਨ । ਇਸ ਵਿਚਾਰ ਦੀ ਪੁਸ਼ਟੀ ਇਨ੍ਹਾਂ ਤੱਥਾਂ ਦੁਆਰਾ ਹੁੰਦੀ ਹੈ—(ੳ) ਬ੍ਰਹਿਮੰਡ ਵਿਚ ਹਾਈਡ੍ਰੋਜਨ ਤੱਤ ਬਹੁਤ ਮਾਤਰਾ ਵਿਚ ਹੈ, ਇਸ ਲਈ ਸੁਤੰਤਰ ਪੁਲਾੜ ਵਿਚ ਭਿੜਨ ਵਾਲੇ ਵਧੇਰੇ ਕਣ ਪ੍ਰੋਟਾਨ ਹੋਣੇ ਚਾਹੀਦੇ ਹਨ ; (ਅ) ਕੌਸਮਿਕ-ਕਿਰਨਾਂ ਉਤੇ ਭੂ-ਚੁੰਬਕੀ ਪ੍ਰਭਾਵ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਪ੍ਰਾਇਮਰੀ ਕੌਸਮਿਕ-ਕਿਰਨਾਂ ਪ੍ਰੋਟਾਨਾਂ ਵਰਗੇ ਪਾਜ਼ੇਟਿਵ ਚਾਰਜਿਤ ਕਣਾਂ ਦੀਆਂ ਬਣੀਆਂ ਹੋਣੀਆਂ ਚਾਹੀਦੀਆਂ ਹਨ ; (ੲ) ਉਪਰਲੇ ਵਾਯੂਮੰਡਲ ਵਿਚ ਪਾਜ਼ੇਟਿਵ ਪ੍ਰਾਇਮਰੀ ਕਿਰਨਾਂ ਦੁਆਰਾ ਮੇਸੋਨਾਂ ਦੇ ਬਣਨ ਤੋਂ ਪਤਾ ਲਗਦਾ ਹੈ ਕਿ ਇਹ ਪ੍ਰੋਟਾਨ ਵਾਯੂਮੰਡਲ ਦੇ ਸਿਖਰ ਦੇ ਨੇੜੇ ਦੇ ਪ੍ਰਯੋਗਾਂ ਤੋਂ ਪ੍ਰਾਇਮਰੀ ਕੌਸਮਿਕ ਕਿਰਨਾਂ ਵਿਚ ਭਾਰੇ ਨਿਊਕਲੀਅਸਾਂ ਦੀ ਬੜੀ ਦਿਲਚਸਪ ਖੋਜ ਹੋਈ ਹੈ । ਇਨ੍ਹਾਂ ਭਾਰੇ ਨਿਊਕਲੀਅਸਾਂ ਦਾ ਭਾਰ ਹੀਲੀਅਮ ਦੇ 4 ਤੋਂ ਲੈ ਕੇ ਲੋਹੇ ਦੇ 56 ਤਕ ਹੈ । ਇਸ ਦਾ ਪਤਾ ਪਲੇਟਾਂ ਉਤੇ ਆਇਨਨ ਦੇ ਭਾਰੇ ਪਥਾਂ ਦੁਆਰਾ ਲੱਗਾ ਹੈ ।

**ਸੈਕੰਡਰੀ ਕੌਸਮਿਕ-ਕਿਰਨਾਂ**—ਸਭ ਤਰ੍ਹਾਂ ਦੇ ਮੁਢਲੇ ਕਣ ਸੈਕੰਡਰੀ ਕੌਸਮਿਕ-ਕਿਰਨਾਂ ਵਿਚ ਮਿਲਦੇ ਹਨ । ਇਨ੍ਹਾਂ ਵਿਚੋਂ ਵਧੇਰੇ ਮਾਤਰਾ ਵਿਚ ਮਿਲਣ ਵਾਲੇ ਕਣ ਪਾਜ਼ੇਟ੍ਰਾਨ, ਮਿਊਆਨ, ਪਾਜ਼ੇਟਿਵ ਨੈਗੇਟਿਵ π-ਮੇਸੋਨ, ਉਦਾਸੀਨ π-ਮੇਸੋਨ ਅਤੇ ਨਿਊਟ੍ਰੀਨੋ ਹਨ (ਵਿਸਤਾਰ ਲਈ ਵੇਖੋ ਸਬੰਧਿਤ ਐਂਟਰੀਆਂ) ।

**ਵਾਯੂਮੰਡਲ ਵਿਚ ਭਾਰੇ ਕਣਾਂ ਦੀਆਂ ਕੁਝ ਤਬਦੀਲੀਆਂ**—ਵਾਯੂਮੰਡਲ ਵਿਚ ਭਾਰੇ ਕਣਾਂ ਵਿਚ ਕਾਫ਼ੀ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ ਜੋ ਹੇਠ ਲਿਖੇ ਅਨੁਸਾਰ ਹਨ ।

ਭਾਰੇ ਪ੍ਰਾਇਮਰੀ ਕਣਾਂ ਦਾ ਵਿਨਾਸ਼ ਭਾਰੇ ਪ੍ਰਾਇਮਰੀ ਨਿਊਕਲੀਅਸ ਆਇਨੀਕਰਨ ਦੁਆਰਾ ਪ੍ਰੋਟਾਨਾਂ ਨਾਲੋਂ ਤੇਜ਼ੀ ਨਾਲ ਊਰਜਾ ਗੁਆਉਂਦੇ ਹਨ ਅਰਥਾਤ ਉਨ੍ਹਾਂ ਦੇ ਚਾਰਜ ਦੇ ਵਰਗ ਦੇ ਅਨੁਪਾਤ ਵਿਚ । ਇਸ ਲਈ ਇਨ੍ਹਾਂ ਵਿਚੋਂ ਕਾਫ਼ੀ ਨੂੰ ਵਾਯੂਮੰਡਲ ਦੇ ਸਿਖਰ ਦੇ ਨੇੜੇ ਰੋਕ ਲਿਆ ਜਾਂਦਾ ਹੈ । ਵਧੇਰੇ ਸ਼ਕਤੀਸ਼ਾਲੀ ਦੂਸਰੇ ਨਿਊਕਲੀਅਸਾਂ ਨਾਲ ਪਰਸਪਰ ਕਿਰਿਆ ਕਰਕੇ ਪ੍ਰੋਟਾਨਾਂ ਅਤੇ ਨਿਊਟ੍ਰਾਨਾਂ ਵਿਚ ਟੁੱਟ ਜਾਂਦੇ ਹਨ ਅਤੇ ਇਸ ਤੋਂ ਮਗਰੋਂ ਵਧੇਰੇ ਗਿਣਤੀ ਵਿਚ ਪ੍ਰਾਇਮਰੀ

ਪ੍ਰੋਟਾਨਾਂ ਵਰਗੇ ਲੱਛਣ ਦਰਸਾਉਂਦੇ ਹਨ। ਜਿੰਨਾ ਵੱਡਾ ਨਿਊਕਲੀਅਸ ਹੋਵੇਗਾ ਟੁੱਟਣ ਤੋਂ ਪਹਿਲਾਂ ਉਨੀ ਛੋਟੀ ਔਸਤਨ ਪਥ-ਲੰਬਾਈ ਹੋਵੇਗੀ। ਇਸ ਦੀ ਸੀਮਾ α-ਕਣਾਂ ਲਈ 45 ਗ੍ਰਾ./ਸੈਂ.ਮੀ.$^2$ ਤੋਂ ਪ੍ਰਾਇਮਰੀ ਸਿਲਿਕੱਨ ਨਿਊਕਲੀਅਸ ਲਈ 20 ਗ੍ਰਾਂ./ਸੈਂ.ਮੀ$^2$. ਅਤੇ ਲੋਹੇ ਲਈ 14 ਗ੍ਰਾ./ਸੈਂ. ਮੀ.$^2$ ਹੈ। ਇਸ ਤੋਂ ਪਤਾ ਲਗਦਾ ਹੈ ਕਿ ਭਾਰੇ ਪ੍ਰਾਇਮਰੀ ਨਿਊਕਲੀਅਸ ਕੇਵਲ ਬਹੁਤ ਉਚਾਈਆਂ ਉਤੇ ਹੀ ਕਿਉਂ ਪਛਾਣੇ ਜਾਂਦੇ ਹਨ।

**ਪ੍ਰਾਇਮਰੀ ਪ੍ਰੋਟਾਨਾਂ ਦੀਆਂ ਪਰਸਪਰ ਕਿਰਿਆਵਾਂ**—ਪ੍ਰਾਇਮਰੀ ਪ੍ਰੋਟਾਨਾਂ ਦੀ ਵਾਯੂਮੰਡਲ ਵਿਚ ਵਿਸ਼ੇਸ਼ ਤੇ ਪਹਿਲੀ ਪਰਸਪਰ ਕਿਰਿਆ ਇਨ੍ਹਾਂ ਦਾ ਨਾਈਟ੍ਰੋਜਨ ਜਾਂ ਆਕਸੀਜਨ ਨਿਊਕਲੀਅਸ ਨਾਲ ਟਕਰਾਉ ਹੈ। ਇਸ ਦੇ ਤੁਰੰਤ ਪ੍ਰਭਾਵ ਇਹ ਹਨ : (1) $\pi^+$–ਅਤੇ $\pi^0$–ਮੇਸੱਨ ਲਗਭਗ 2 : 1 ਵਿਚ ਉਤਪੰਨ ਹੁੰਦੇ ਹਨ ਅਤੇ ਕੁੱਲ ਗਿਣਤੀ ਪ੍ਰਾਇਮਰੀ ਊਰਜਾ ਉਤੇ ਨਿਰਭਰ ਹੁੰਦੀ ਹੈ ਪ੍ਰੰਤੂ ਵਿਸ਼ੇਸ਼ ਕਰਕੇ 2 ਅਤੇ 10 ਦੇ ਵਿਚਕਾਰ ਹੁੰਦੀ ਹੈ ; (2) ਮੌਲਿਕ ਪ੍ਰੋਟਾਨ, ਘਟੀ ਹੋਈ ਊਰਜਾ ਨਾਲ ਚਲਦਾ ਰਹਿੰਦਾ ਹੈ, ਇਸ ਦੇ ਨਾਲ ਟੱਕਰ ਨਾਲ ਪ੍ਰਵੇਗਿਤ ਨਿਊਕਲੀਔਨ ਵੀ ਚਲਦੇ ਰਹਿੰਦੇ ਹਨ ; (3) ਬਚਿਆ ਹੋਇਆ ਨਿਊਕਲੀਅਸ ਉਤੇਜਿਤ ਸਥਿਤੀ ਵਿਚ ਰਹਿੰਦਾ ਹੈ, ਜਿਸ ਤੋਂ ਇਹ ਕਿਸੇ ਵੀ ਦਿਸ਼ਾ ਵਿਚ ਮੰਦ ਗਤੀ ਵਾਲੇ ਪ੍ਰੋਟਾਨ ਜਾਂ ਨਿਊਟ੍ਰਾਨ ਉਤਸਰਜਿਤ ਕਰਕੇ ਆਪਣੀ ਮੂਲ ਅਵਸਥਾ ਵਿਚ ਆ ਜਾਂਦਾ ਹੈ। ਕਈ ਵਾਰੀ ਡਿਊਟ੍ਰਾਨ, ਟ੍ਰਾਈਟਾਨ ਅਤੇ α–ਕਣ (ਸਾਰੇ ਪਾਜ਼ੇਟਿਵ ਚਾਰਜਿਤ) ਵੀ ਉਤਸਰਜਿਤ ਹੁੰਦੇ ਹਨ। ਇਨ੍ਹਾਂ ਅੰਸ਼ਾਂ, ਜਿਨ੍ਹਾਂ ਨੂੰ ਵਾਸ਼ਪੀਕਰਨ ਉਪਜ ਕਿਹਾ ਜਾਂਦਾ ਹੈ, ਦੀ ਊਰਜਾ 10 ਮਿਲੀਅਨ ਇਲੈੱਕਟ੍ਰਾਨ ਵੋਲਟ ਤਕ ਹੁੰਦੀ ਹੈ।

**ਵਾਸ਼ਪੀਕਰਨ ਉਪਜਾਂ ਦਾ ਸਤ੍ਹਾ ਸੋਖਣ**—ਚਾਰਜਿਤ ਵਾਸ਼ਪੀਕਰਨ ਉਪਜਾਂ 1 ਗ੍ਰਾ./ਸੈਂ. ਮੀ.$^2$ ਤੋਂ ਵੀ ਘੱਟ ਹਵਾ ਵਿਚ ਸਾਰੀ ਊਰਜਾ ਗੁਆ ਦਿੰਦੀਆਂ ਹਨ। ਆਇਨਨ ਦੁਆਰਾ ਨਿਊਟ੍ਰਾਨ ਕੋਈ ਊਰਜਾ ਨਹੀਂ ਗੁਆਉਂਦੇ ਅਤੇ ਸਤ੍ਹਾ ਸੋਖਣ ਤੋਂ ਪਹਿਲਾਂ ਵਾਯੂਮੰਡਲ ਦੇ 5% ਤੋਂ 10% (ਭਾਰ ਅਨੁਸਾਰ) ਵਿਚੋਂ ਲੰਘਦੇ ਹਨ। ਇਨ੍ਹਾਂ ਦੀ ਰਫ਼ਤਾਰ ਆਕਸੀਜਨ ਅਤੇ ਨਾਈਟ੍ਰੋਜਨ ਦੇ ਪਰਮਾਣੂਆਂ ਨਾਲ ਟਕਰਾ ਕੇ ਘਟ ਜਾਂਦੀ ਹੈ ਅਤੇ ਵੇਗ ਘਟਣ ਨਾਲ ਟਕਰਾਅ ਵਿਚ ਇਨ੍ਹਾਂ ਦੇ ਪ੍ਰਗ੍ਰਹਿਣ ਦੇ ਮੌਕੇ ਵਧ ਜਾਂਦੇ ਹਨ। ਨਾਈਟ੍ਰੋਜਨ ਨਿਊਕਲੀਅਸ ਦੁਆਰਾ ਪ੍ਰਗ੍ਰਹਿਣ ਤੋਂ ਪਹਿਲਾਂ ਕਈਆਂ ਦੀ ਊਰਜਾ $\frac{1}{40}$eV ਹੋ ਜਾਂਦੀ ਹੈ, ਜਿਹੜੀ ਕਿ ਫਿਰ ਇਕ ਪ੍ਰੋਟਾਨ ਉਤਸਰਜਿਤ ਕਰਕੇ ਰੇਡੀਉ-ਐੱਕਟਿਵ ਕਾਰਬਨ ਅਰਥਾਤ $14C_6$ ਬਣਾਉਂਦੀ ਹੈ।

**ਸੈਕੰਡਰੀ ਨਿਊਕਲੀਆਨਾਂ ਦੁਆਰਾ ਪਰਸਪਰ ਕਿਰਿਆਵਾਂ**—ਇਕ GeV ਨਾਲੋਂ ਕਾਫ਼ੀ ਜ਼ਿਆਦਾ ਊਰਜਾ ਵਾਲੇ ਸੈਕੰਡਰੀ ਪ੍ਰੋਟਾਨ ਜਾਂ ਨਿਊਟ੍ਰਾਨ ਵਿਚ ਪ੍ਰਾਇਮਰੀ ਵਿਕੀਰਨ ਵਾਲੇ ਗੁਣ ਹੁੰਦੇ ਹਨ। ਇਨ੍ਹਾਂ ਦਾ ਨਿਊਕਲੀ ਟਕਰਾਅ ਹੁੰਦਾ ਹੈ ਅਤੇ ਮੇਸੱਨ, ਤੀਬਰ ਸੈਕੰਡਰੀ ਨਿਊਕਲੀਆਨ ਅਤੇ ਵਾਸ਼ਪੀਕਰਨ ਉਪਜਾਂ ਬਾਹਰ ਨਿਕਲਦੀਆਂ ਹਨ। ਸਿਲਸਿਲੇਵਾਰ ਨਿਊਕਲੀ ਪਰਸਪਰ ਕਿਰਿਆਵਾਂ ਦੁਆਰਾ ਮੇਸੱਨਾਂ ਅਤੇ ਨਿਊਕਲੀਆਨਾਂ ਦੇ ਇਸ ਕ੍ਰਮਿਕ (ਸਟੈੱਪਾਂ ਵਿਚ) ਗੁਣਨ ਕਿਰਿਆ ਨੂੰ ਨਿਊਕਲੀ ਕੈਸਕੇਡ ਕਿਹਾ ਜਾਂਦਾ ਹੈ।

ਇਕ GeV ਤੋਂ ਘੱਟ ਊਰਜਾ ਵਾਲੀਆਂ ਸੈਕੰਡਰੀ ਨਿਊਕਲੀਆਨਾਂ ਵਿਚ ਆਮ ਕਰਕੇ ਨਿਊਕਲੀ ਪਰਸਪਰ ਕਿਰਿਆਵਾਂ ਹੁੰਦੀਆਂ ਹਨ ਅਤੇ ਕੇਵਲ ਘੱਟ ਰੇਂਜ ਵਾਲੇ ਚਾਰਜਿਤ ਨਿਊਕਲੀ ਅੰਸ਼ ਅਤੇ ਨਿਊਟ੍ਰਾਨ ਬਣਦੇ ਹਨ, ਜਿਹੜੇ ਕਿ ਉਦੋਂ ਤਕ ਪਰਸਪਰ ਕਿਰਿਆ ਕਰਦੇ ਰਹਿੰਦੇ ਹਨ ਜਦੋਂ ਤਕ ਕੇਵਲ ਵਾਸ਼ਪੀਕਰਨ ਉਪਜਾਂ ਦਾ ਉਤਸਰਜਨ ਨਹੀਂ ਹੁੰਦਾ।

**ਟ੍ਰਾਂਜ਼ੀਸ਼ਨ ਵਕਰ**—ਭਿੰਨ ਭਿੰਨ ਕਿਸਮ ਦੇ ਕਣਾਂ ਦੀ ਵਾਯੂਮੰਡਲ ਵਿਚ ਡੂੰਘਾਈ ਅਤੇ ਉਨ੍ਹਾਂ ਦੀਆਂ ਗਿਣਤੀ-ਦਰਾਂ ਵਿਚਕਾਰ ਗ੍ਰਾਫ਼ਾਂ ਨੂੰ ਵਾਯੂਮੰਡਲੀ ਟ੍ਰਾਂਜ਼ੀਸ਼ਨ ਵਕਰ ਕਿਹਾ ਜਾਂਦਾ ਹੈ।

ਵਾਯੂਮੰਡਲੀ ਟ੍ਰਾਂਜ਼ੀਸ਼ਨ ਵਕਰ ਵਿਚ ਅਧਿਕਤਮ ਦਾ ਕਾਰਨ ਮਲਟੀਪਲ ਮੇਸੱਨ ਉਤਪਾਦਨ, ਨਿਊਕਲੀ ਬੁਛਾੜਾਂ ਅਤੇ ਕੈਸਕੇਡ ਬੁਛਾੜਾਂ ਦੇ ਮਕੈਨਿਜ਼ਮ ਦੁਆਰਾ ਕਣਾਂ ਦਾ ਵਧਣਾ ਹੈ। ਵਾਯੂਮੰਡਲ ਦੇ ਸਿਖਰ ਉਤੇ ਉਤਪੰਨ ਹੋਏ ਨਵੇਂ ਕਣਾਂ ਦੀ ਗਿਣਤੀ, ਔਸਤ ਊਰਜਾ ਉੱਚੀ ਹੋਣ ਕਰਕੇ, ਸਤ੍ਹਾ ਸੋਖਿਤ ਪ੍ਰਾਇਮਰੀਆਂ ਨਾਲੋਂ ਵਧ ਜਾਂਦੀ ਹੈ ਅਤੇ ਵਾਯੂਮੰਡਲ ਦੇ ਹੇਠਲੇ ਪਾਸੇ ਇਸ ਦਾ ਉਲਟ ਹੁੰਦਾ ਹੈ। ਟ੍ਰਾਂਜ਼ੀਸ਼ਨ ਵਕਰ ਵਿਚ ਅਧਿਕਤਮ ਦੇ ਨੇੜੇ ਬਹੁਤੀ ਮਾਤਰਾ ਵਿਚ ਮੌਜੂਦ ਚਾਰਜਿਤ ਕਣ ਪਾਜ਼ੇਟ੍ਰਾਨ ਤੇ ਇਲੈੱਕਟ੍ਰਾਨ ਹਨ ਜਦੋਂ ਕਿ ਫੋਟੱਨ ਅਤੇ ਮੰਦ ਗਤੀ ਨਿਊਟ੍ਰਾਨਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਵਾਯੂਮੰਡਲ ਦੇ ਸਿਖਰ ਵਾਲੇ ਕਣਾਂ ਵਿਚ ਸਾਰੇ ਪ੍ਰਾਇਮਰੀ ਪ੍ਰੋਟਾਨ, ਭਾਰੇ ਨਿਊਕਲੀਅਸ ਅਤੇ ਕੁਝ ਕੁ ਇਲੈੱਕਟ੍ਰਾਨ ਹੁੰਦੇ ਹਨ। ਸਮੁੰਦਰੀ ਤਲ ਦੇ ਨੇੜੇ ਇਹ ਪ੍ਰਾਇਮਰੀ ਨਹੀਂ ਰਹਿੰਦੇ ਅਤੇ ਅਲਪਵੇਦੀ ਅੰਸ਼ ਜ਼ਿਆਦਾਤਰ ਸਤ੍ਹਾ ਸੋਖਿਤ ਹੋ ਜਾਂਦੇ ਹਨ ਅਤੇ ਬਾਕੀ ਬਚੇ ਕਣ ਮਿਊਆਨ ਹੁੰਦੇ ਹਨ।

**ਵਿਸਤ੍ਰਿਤ ਹਵਾ ਬੁਛਾੜਾਂ**—ਜਦੋਂ ਬਹੁਤ ਉੱਚ ਊਰਜਾ ਅਰਥਾਤ $10^{14}$eV ਜਾਂ ਜ਼ਿਆਦਾ ਵਾਲੀਆਂ ਪ੍ਰਾਇਮਰੀ ਕੱਸਮਿਕ-ਕਿਰਨਾਂ ਵਾਯੂਮੰਡਲ ਵਿਚ ਦਾਖ਼ਲ ਹੁੰਦੀਆਂ ਹਨ ਤਾਂ ਵਿਸਤ੍ਰਿਤ ਹਵਾ ਬੁਛਾੜ ਹੋਂਦ ਵਿਚ ਆਉਂਦੀ ਹੈ। ਪ੍ਰਾਇਮਰੀ ਊਰਜਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਕਣਾਂ ਦੀ ਕੈਸਕੇਡ ਰਚਨਾ ਉਦੋਂ ਤਕ ਹੁੰਦੀ ਰਹਿੰਦੀ ਹੈ ਜਦੋਂ ਤਕ ਇਹ ਕਾਫ਼ੀ ਮਾਤਰਾ ਵਿਚ ਨਹੀਂ ਬਣ ਜਾਂਦੇ। ਇਨ੍ਹਾਂ ਬੁਛਾੜਾਂ ਵਿਚ ਹਰ ਕਿਸਮ ਦੇ ਮੁਢਲੇ ਕਣ ਪਾਏ ਜਾਂਦੇ ਹਨ ਪ੍ਰੰਤੂ ਸਭ ਤੋਂ ਵਧ ਮਾਤਰਾ ਫੋਟੱਨਾਂ, ਇਲੈੱਕਟ੍ਰਾਨਾਂ ਅਤੇ ਪਾਜ਼ੇਟ੍ਰਾਨਾਂ ਦੀ ਹੁੰਦੀ ਹੈ। ਕਈ ਵਾਰੀ ਤਾਂ ਇਕੋ ਬੁਛਾੜ ਵਿਚ ਇਹ ਗਿਣਤੀ $10^{10}$ ਨਾਲੋਂ ਵੀ ਵਧ ਜਾਂਦੀ ਹੈ।

ਹਵਾ ਬੁਛਾੜਾਂ ਵਿਚਲੇ ਸਾਰੇ ਕਣ ਇਕੋ ਹੀ ਦਿਸ਼ਾ ਵਿਚ ਨਹੀਂ ਚਲਦੇ ਭਾਵੇਂ ਇਕ ਕੋਰ ਦੇ ਨੇੜੇ ਇਹ ਕਾਫ਼ੀ ਸਾਰੇ ਇਕੱਠੇ ਹੋਏ ਹੁੰਦੇ ਹਨ ਪ੍ਰੰਤੂ ਇਕਹਿਰੇ ਹਵਾ ਬੁਛਾੜਾਂ ਵਿਚ ਇਹ ਕਣ ਇਕ ਦੂਸਰੇ ਤੋਂ 1,000 ਮੀ. ਤੋਂ ਵੀ ਜ਼ਿਆਦਾ ਫ਼ਾਸਲੇ ਉਤੇ ਹੁੰਦੇ ਵੇਖੇ ਗਏ ਹਨ।

**ਕੱਸਮਿਕ-ਕਿਰਨਾਂ ਦੀ ਬੰਬਾਰੀ ਦੇ ਪ੍ਰਭਾਵ**—ਜਦੋਂ ਵੀ ਕੱਸਮਿਕ-ਕਿਰਨਾਂ ਦੇ ਕਣ ਮਾਦੇ ਨਾਲ ਟਕਰਾਉਂਦੇ ਹਨ ਤਾਂ ਨਿਊਕਲੀ ਟਕਰਾਉ ਭਾਰੀ ਮਾਤਰਾ ਵਿਚ ਰੇਡੀਉ-ਐੱਕਟਿਵ ਸਮਸਥਾਨਕ ਉਤਪੰਨ ਕਰਦੇ ਹਨ। ਅਜਿਹਾ ਸਭ ਤੋਂ ਪ੍ਰਸਿੱਧ ਸਮਸਥਾਨਕ ਕਾਰਬਨ-14 ਹੈ। ਕਾਰਬਨ-14 ਦੀ ਅਰਧ-ਆਯੂ ਲਗਭਗ 5,600 ਸਾਲ ਹੈ ਅਤੇ ਇਸ ਦੀ ਵਰਤੋਂ ਪੁਰਾਤੱਤਵ-ਵਿਗਿਆਨ ਅਤੇ ਭੂ-ਵਿਗਿਆਨ ਦੇ ਅਧਿਐਨ ਲਈ ਕਾਰਬਨ-ਡੇਟਿੰਗ ਢੰਗ ਵਿਚ ਕੀਤੀ ਜਾਂਦੀ ਹੈ। ਜੇ ਇਸ ਢੰਗ ਦੀ ਵਰਤੋਂ ਉਨ੍ਹਾਂ ਵਸਤੂਆਂ ਲਈ ਕੀਤੀ ਜਾਵੇ ਜਿਨ੍ਹਾਂ ਦੀ ਆਯੂ ਦਾ ਪਤਾ ਹੋਵੇ, ਤਾਂ ਪਤਾ ਲਗਦਾ ਹੈ ਕਿ ਔਸਤ ਕੱਸਮਿਕ-ਕਿਰਨ ਤੀਬਰਤਾ ਪਿਛਲੇ 30,000 ਸਾਲ ਤੋਂ ਲਗਭਗ ਸਥਿਰ ਹੈ। ਹਾਈਡ੍ਰੋਜਨ ਦਾ ਸਮਸਥਾਨਕ ਜੋ ਵਾਯੂਮੰਡਲ ਵਿਚ ਕੱਸਮਿਕ-ਵਿਕੀਰਨ ਦੁਆਰਾ ਉਤਪੰਨ ਹੁੰਦਾ ਹੈ, ਉਹ ਟ੍ਰਾਈਟੀਅਮ ਹੈ। ਇਸ ਦੀ ਅਰਧ-ਆਯੂ ਲਗਭਗ 12 ਸਾਲ ਹੈ ਅਤੇ ਇਸ ਦੀ ਵਰਤੋਂ ਵਧੇਰੇ ਆਧੁਨਿਕ ਘਟਨਾਵਾਂ ਦੇ ਵਾਪਰਨ ਦੇ ਸਹੀ ਸਮੇਂ ਦਾ ਪਤਾ ਲਗਾਉਣ ਲਈ ਕੀਤੀ ਜਾਂਦੀ ਹੈ। ਧਰਤੀ ਉਤੇ ਹੋਰ ਕਈ ਕਿਸਮ ਦੇ ਰੇਡੀਉ-ਐੱਕਟਿਵ ਸਮਸਥਾਨਕ ਵੇਖੇ ਗਏ ਹਨ ਜਿਹੜੇ ਕਿ ਕੱਸਮਿਕ ਕਿਰਨਾਂ ਦੁਆਰਾ ਉਤਪੰਨ ਹੁੰਦੇ ਹਨ। ਇਨ੍ਹਾਂ ਦੀ ਅਰਧ-ਆਯੂ ਭਿੰਨ ਭਿੰਨ ਹੈ।

ਉਲਕਾ-ਪਿੰਡਾਂ ਅਤੇ ਚੰਨ ਦੀ ਸਤ੍ਹਾ ਉਤੇ ਸਥਿਰ ਅਤੇ ਰੇਡੀਉ-ਐੱਕਟਿਵ ਸਮਸਥਾਨਕ ਮਿਲਦੇ ਹਨ। ਇਨ੍ਹਾਂ ਦੀ ਬਹੁਲਤਾ ਤੋਂ ਸੂਰਜੀ ਸਿਸਟਮ ਦੇ ਇਤਿਹਾਸ ਦਾ ਪਤਾ ਚਲਦਾ ਹੈ ਅਤੇ ਇਸ ਗੱਲ ਦਾ ਸਬੂਤ ਮਿਲਦਾ ਹੈ ਕਿ ਪਿਛਲੇ 10 ਸਾਲ ਤੋਂ ਔਸਤ ਕੱਸਮਿਕ-ਕਿਰਨ ਤੀਬਰਤਾ ਵਿਚ ਤਬਦੀਲੀ ਲਗਭਗ 10% ਤਕ ਅਤੇ ਪਿਛਲੇ $10^9$ ਸਾਲਾਂ ਵਿਚ ਲਗਭਗ 100% ਤਕ ਹੀ ਹੋਈ ਹੈ।

ਇਕ ਉਲਕਾ-ਪਿੰਡ ਦੇ ਕੱਸਮਿਕ-ਕਿਰਨਾਂ ਦੀ ਬੰਬਾਰੀ ਦੇ ਪ੍ਰਭਾਵਸ਼ੀਲ ਸਮੇਂ ਨੂੰ ਕੱਸਮਿਕ-ਕਿਰਨ ਦਾ ਪ੍ਰਭਾਵਨ-ਕਾਲ ਕਿਹਾ ਜਾਂਦਾ ਹੈ। ਇਸ ਦੀ ਮਿਣਤੀ ਇਸ ਦੁਆਰਾ ਪੈਦਾ ਹੋਏ ਰੇਡੀਓ-ਐਕਟਿਵ ਅਤੇ ਸਥਿਰ ਦੋਵੇਂ ਨਿਊਕਲੀਆਈਡਾਂ ਦੀ ਸੰਘਣਤਾ ਅਤੇ ਉਤਪਾਦਨ ਦਰ ਦਾ ਪਤਾ ਲਾ ਕੇ ਕੀਤੀ ਜਾ ਸਕਦੀ ਹੈ। ਕੱਸਮਿਕ-ਕਿਰਨ ਬੰਬਾਰੀ ਇਕ ਵਿਸ਼ੇਸ਼ ਸਮੇਂ ਉਤੇ ਸ਼ੁਰੂ ਹੁੰਦੀ ਮੰਨੀ ਜਾਂਦੀ ਹੈ, ਜਦੋਂ ਕਿ ਵੱਡੇ ਆਇਤਨ ਵਾਲਾ ਪਦਾਰਥ ਜਿਹੜਾ ਆਪਣੇ ਆਪ ਨੂੰ ਕੱਸਮਿਕ-ਵਿਕੀਰਨ ਤੋਂ ਬਚਾਅ ਸਕਦਾ ਹੋਵੇ, ਟੁੱਟ ਜਾਂਦਾ ਹੈ।

ਇਹ ਧਾਰਨਾ ਵੀ ਹੁਣ ਗ਼ਲਤ ਹੁੰਦੀ ਜਾਪਦੀ ਹੈ, ਕਿਉਂਕਿ ਕਈ ਉਲਕਾਵਾਂ 630 ਤੋਂ $900 \times 10^6$ ਸਾਲਾਂ ਵਿਚਕਾਰ ਹੀ ਬਣੇ ਹਨ, ਜਿਸ ਦਾ ਅਰਥ ਹੈ ਕਿ ਇਨ੍ਹਾਂ ਉਲਕਾਵਾਂ ਦੇ ਮੂਲ ਪਿੰਡ ਇਸ ਵਿਸ਼ੇਸ਼ ਸਮੇਂ ਵਿਚ ਹੀ ਕਾਫ਼ੀ ਭਿਅੰਕਰ ਟੱਕਰਾਂ ਰਾਹੀਂ ਟੁੱਟੇ ਹੋਣਗੇ।

**ਕੱਸਮਿਕ-ਕਿਰਨਾਂ ਅਤੇ ਅਸੀਂ**—ਵਿਗਿਆਨਕ ਖੋਜ ਤੋਂ ਪਤਾ ਲਗਦਾ ਹੈ ਕਿ ਕੱਸਮਿਕ-ਕਿਰਨਾਂ ਦਾ ਸਾਡੇ ਸਰੀਰ ਅਤੇ ਜੀਵਨ ਨਾਲ ਵੀ ਸਬੰਧ ਹੈ, ਪਰ ਜਦੋਂ ਤਕ ਅਸੀਂ ਧਰਤੀ ਦੀ ਸਤ੍ਹਾ ਉਤੇ ਹਾਂ ਇਹ ਪ੍ਰਭਾਵ ਖ਼ਤਰਨਾਕ ਨਹੀਂ ਹੁੰਦਾ। ਇਹ ਕਿਰਨਾਂ ਭਾਵੇਂ ਸਿੱਧੇ ਤੌਰ ਤੇ ਤਾਂ ਨਹੀਂ ਪਰ ਜੇਕਰ ਸਰੀਰ ਵਿਚ ਪਹਿਲਾਂ ਹੀ ਕੈਂਸਰ ਦੇ ਕੁਝ ਰੋਗਾਣੂ ਪ੍ਰਵੇਸ਼ ਕਰ ਚੁੱਕੇ ਹੋਣ ਤਾਂ ਇਹ ਬਿਮਾਰੀ ਵਧਾਉਣ ਦਾ ਕੰਮ ਕਰਦੀਆਂ ਹਨ। ਇਨ੍ਹਾਂ ਦੇ ਹੋਰ ਵੀ ਕਈ ਅਜਿਹੇ ਪ੍ਰਭਾਵ ਹਨ ਜਿਵੇਂ ਵਾਲਾਂ ਦਾ ਗਿਰਨਾ, ਵਾਲਾਂ ਦਾ ਭੂਰੇ ਹੋਣਾ, ਅੰਤਰੀਵ ਮਾਰੂ ਬੁਖ਼ਾਰ ਆਦਿ। ਜੇ ਕੋਈ ਵਿਅਕਤੀ ਕਿਰਨਾਂ ਦੀ ਤੀਖਣ ਮਾਤਰਾ ਗ੍ਰਹਿਣ ਕਰਦਾ ਹੈ ਤਾਂ ਉਸ ਨੂੰ 'ਰੇਡੀਏਸ਼ਨ ਬਿਮਾਰੀ' ਹੋ ਜਾਂਦੀ ਹੈ। ਇਸ ਦੇ ਚਿੰਨ੍ਹ ਚਮੜੀ ਦੀ ਜਲਨ, ਖ਼ੂਨ ਦੀਆਂ ਉਲਟੀਆਂ, ਵਾਲ ਝੜਨੇ ਅਤੇ ਸੈੱਲਾਂ ਦਾ ਵਿਨਾਸ਼ ਹਨ। ਕੈਂਸਰ ਅਤੇ ਲਿਊਕੋਮਾ ਰੋਗਾਂ ਨੂੰ ਠੀਕ ਕਰਨ ਲਈ ਕਈ ਵਾਰੀ ਇਨ੍ਹਾਂ ਕਿਰਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਕਿਰਨਾਂ ਦੇ ਲਗਾਤਾਰ ਪ੍ਰਭਾਵ ਬਾਅਦ ਪੈਦਾ ਹੋਣ ਵਾਲਾ ਬੱਚਾ ਆਮ ਨਾਲੋਂ ਛੋਟਾ ਹੁੰਦਾ ਹੈ ਅਤੇ ਉਸ ਦਾ ਦਿਮਾਗ਼ ਪੂਰੀ ਤਰ੍ਹਾਂ ਨਾਲ ਪ੍ਰਫੁਲਿਤ ਨਹੀਂ ਹੁੰਦਾ। ਕਈ ਵਾਰੀ ਕੋਈ ਨਾ ਕੋਈ ਸਰੀਰਕ ਅੰਗ ਵੀ ਪੂਰਨ ਤੌਰ ਤੇ ਵਿਕਸਿਤ ਨਹੀਂ ਹੁੰਦਾ। ਅਜਿਹੇ ਨੁਕਸ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ (ਜਿਥੇ ਐਟਮ ਬੰਬ ਸੁੱਟੇ ਗਏ ਸਨ) ਦੇ ਵਸਨੀਕਾਂ ਵਿਚ ਵੇਖਣ ਵਿਚ ਆਏ ਹਨ। ਜਿਨ੍ਹਾਂ ਔਰਤਾਂ ਨੂੰ ਉਸ ਵਕਤ ਗਰਭ ਸੀ ਉਨ੍ਹਾਂ ਵਿਚੋਂ ਕਈਆਂ ਦੇ ਪੈਦਾ ਹੋਏ ਬੱਚਿਆਂ ਵਿਚ ਸਰੀਰਕ ਜਾਂ ਦਿਮਾਗ਼ੀ ਨੁਕਸ ਦੇਖੇ ਗਏ ਹਨ।

ਹ. ਪੁ.—ਐਨ. ਬ੍ਰਿ. ਮੈ. 5 : 200 ; ਐ. ਡਿ—ਰਾਜਮ : 1008

**ਕੌਂਸਲ :** ਮੂਲ ਰੂਪ ਵਿਚ ਇਹ ਨਾਂ ਰੋਮ ਰਾਜ ਵਿਚ ਦੋ ਸਰਬ-ਉੱਚ ਮੈਜਿਸਟ੍ਰੇਟਾਂ ਨੂੰ ਦਿਤਾ ਜਾਂਦਾ ਸੀ। ਬਾਦਸ਼ਾਹ ਟਾਰਕੁਈਨੀਅਸ ਸੁਪਰਬਸ ਨੂੰ ਗੱਦੀਓਂ ਲਾਹੁਣ ਉਪਰੰਤ 509 ਈ. ਪੂ. ਵਿਚ ਗ਼ਰੀਬਾਂ ਅਮੀਰਾਂ ਦੀ ਸਾਂਝੀ ਕੋਸ਼ਿਸ਼ ਨਾਲ ਇਨ੍ਹਾਂ ਨੂੰ ਸੈਨਿਟ ਦੇ ਮੁਖੀਏ ਬਣਾ ਦਿਤਾ। ਇਨ੍ਹਾਂ ਦੋਨਾਂ ਦੇ ਇਕੋ ਅਧਿਕਾਰ ਹਨ ਅਤੇ ਹਰ ਸਾਲ ਚੁਣੇ ਜਾਂਦੇ ਸਨ। ਇਨ੍ਹਾਂ ਦੀ ਉਮਰ ਘਟੋ ਘਟ 45 ਸਾਲ ਹੋਣੀ ਜ਼ਰੂਰੀ ਸੀ ਅਤੇ ਇਹ ਵੀ ਜ਼ਰੂਰੀ ਸੀ ਕਿ ਉਮੀਦਵਾਰ ਹੇਠਲੇ ਦਫਤਰਾਂ ਕੁਏਸਟਰ ਈਡਾਇਲ ਅਤੇ ਪ੍ਰਿਟਰ ਤੋਂ ਆਇਆ ਹੋਵੇ ਅਤੇ ਚੋਣਾਂ ਸਮੇਂ ਰੋਮ ਵਿਚ ਹੋਵੇ। ਸ਼ੁਰੂ ਵਿਚ ਇਸ ਆਸਾਮੀ ਲਈ ਸਿਰਫ਼ ਖ਼ਾਨਦਾਨੀ ਅਮੀਰਾਂ ਨੂੰ ਹੀ ਯੋਗ ਕਰਾਰ ਦਿੱਤਾ ਜਾਂਦਾ ਸੀ ਪਰ 366 ਈ.ਪੂ. ਵਿਚ ਇਕ ਸਾਧਾਰਣ ਮਨੁੱਖ ਵੀ ਚੁਣਿਆ ਗਿਆ। ਇਨ੍ਹਾਂ ਦੇ ਅਧਿਕਾਰ ਖੇਤਰਾਂ ਵਿਚ ਜੰਗ ਦਾ ਐਲਾਨ ਕਰਨਾ, ਅਮਨ ਕਾਇਮ ਰੱਖਣਾ ਅਤੇ ਸੰਧੀਆਂ ਕਰਨਾ ਸੀ। ਹੌਲੀ ਹੌਲੀ ਇਹ ਅਧਿਕਾਰ ਖੇਤਰ ਪਹਿਲੇ ਬਾਦਸ਼ਾਹਾਂ ਦੇ ਬਰਾਬਰ ਹੋ ਗਏ।

ਫਰਾਂਸ ਵਿਚ ਕਾਂਸਲ-ਪਦ ਤਿੰਨ ਸਰਬ ਉੱਚ ਮੈਜਿਸਟ੍ਰੇਟਾਂ (ਪਹਿਲਾ, ਦੂਜਾ ਅਤੇ ਤੀਜਾ ਕਾਂਸਲ) ਵਿਚੋਂ ਇਕ ਲਈ ਵਰਤਿਆ ਜਾਂਦਾ ਹੈ ਜੋ 1799 ਤੋਂ 1804 ਈ. ਵਿਚਕਾਰ ਦੇ ਅਰਸੇ ਲਈ ਇਸ ਪਦ ਤੇ ਰਿਹਾ। ਨੈਪੋਲੀਅਨ ਬੋਨਾਪਾਰਟ ਸਭ ਤੋਂ ਪਹਿਲਾ ਕਾਂਸਲ ਸੀ ਜਿਸ ਨੇ ਜਲਦੀ ਹੀ ਸਾਰੇ ਅਧਿਕਾਰ ਸੰਭਾਲ ਲਏ ਅਤੇ 18 ਮਈ, 1804 ਨੂੰ ਆਪਣੇ ਆਪ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ।

ਵਰਤਮਾਨ ਕਾਂਸਲ ਪਦ ਵਣਜਦੂਤ ਲਈ ਵਰਤੇ ਜਾਂਦੇ ਹਨ ਜਿਸ ਨੂੰ ਇਕ ਦੇਸ਼ ਆਪਣੇ ਵਪਾਰਕ ਹਿੱਤਾਂ ਦੀ ਰਖਿਆ ਲਈ ਕਿਸੇ ਦੂਜੇ ਦੇਸ਼ ਵਿਚ ਨਿਯੁਕਤ ਕਰ ਕੇ ਭੇਜਦਾ ਹੈ। ਬਦੇਸ਼ ਪਹੁੰਚ ਕੇ ਕਾਂਸਲ ਉਥੋਂ ਦੀ ਸਰਕਾਰ ਨੂੰ ਆਪਣਾ ਵਿਸ਼ਵਾਸ-ਪੱਤਰ ਦਿਖਾਉਂਦਾ ਹੈ ਅਤੇ ਆਪਣੀ ਨਿਯੁਕਤੀ ਦੀ ਮਨਜ਼ੂਰੀ ਸਬੰਧੀ ਸਰਕਾਰੀ ਹੁਕਮ ਪ੍ਰਾਪਤ ਕਰਦਾ ਹੈ ਅਤੇ ਨਾਲ ਹੀ ਉਸ ਨੂੰ ਉਸ ਦਫਤਰ ਦੇ ਅਧਿਕਾਰ ਅਤੇ ਵਿਸ਼ੇਸ਼ ਅਧਿਕਾਰ ਮਿਲ ਜਾਂਦੇ ਹਨ। ਨਿਸ਼ਚਤ ਸਮਿਆਂ ਤੇ ਉਹ ਆਪਣੀ ਸਰਕਾਰ ਨੂੰ ਉਸ ਦੇਸ਼ ਵਿਚ ਵਪਾਰਕ ਸਥਿਤੀ ਦੀ ਉਸ ਹੱਦ ਤੱਕ ਸੂਚਨਾ ਭੇਜਦਾ ਹੈ ਜਿਥੋਂ ਤਕ ਕਿ ਉਸ ਦੇ ਆਪਣੇ ਮੁਲਕ ਦੇ ਹਿਤਾਂ ਉੱਪਰ ਅਸਰ ਪੈਂਦਾ ਹੋਵੇ। ਇਸ ਤੋਂ ਬਿਨਾਂ ਕਾਂਸਲ ਵੀਜ਼ਾ ਲਾਉਣ, ਵਿਆਹ ਸ਼ਾਦੀਆਂ ਨਿਭਾਉਣ ਅਤੇ ਦਸਤਾਵੇਜ਼ ਤਸਦੀਕ ਕਰਨ ਆਦਿ ਦਾ ਕੰਮ ਵੀ ਕਰਦੇ ਹਨ। ਹੁਣ ਸਾਰੇ ਦੇਸ਼ਾਂ ਨੇ ਕਾਂਸਲ ਦੇ ਦਫਤਰ ਨੂੰ ਮਾਨਤਾ ਦੇ ਦਿੱਤੀ ਹੈ। 12ਵੀਂ ਸਦੀ ਦੇ ਮੱਧ ਵਿਚ ਸਭ ਤੋਂ ਪਹਿਲਾਂ ਇਹ ਇਟਲੀ ਵਿਚ ਸ਼ੁਰੂ ਕੀਤਾ ਗਿਆ ਸੀ ਅਤੇ 16ਵੀਂ ਸਦੀ ਤਕ ਇਹ ਸਾਰੇ ਯੂਰਪ ਦੇਸ਼ਾਂ ਵਿਚ ਪ੍ਰਚਲਤ ਹੋ ਗਿਆ। ਇਸ ਦੇ ਆਮ ਕਰਕੇ ਤਿੰਨ ਅਹੁਦੇ ਹਨ—ਕਾਂਸਲ ਜਨਰਲ, ਕਾਂਸਲ ਅਤੇ ਉਪ ਕਾਂਸਲ।

ਹ. ਪੁ.—ਵ. ਯੂ. ਐਨ. 4 : 1302.

**ਕਾਸਾਈ ਓਰੀਐਂਟਲ :** ਦੱਖਣੀ ਮੱਧ ਜ਼ੇਅਰ (ਕਾਂਗੋ) ਦਾ ਇਹ ਇਕ ਖੇਤਰ ਹੈ ਜਿਸ ਦੇ ਆਲੇ-ਦੁਆਲੇ ਕੀਵੂ, ਸ਼ਾਬਾ ਅਤੇ ਕਾਸਾਈ ਆਕਸੀਡੈਂਟਲ ਖੇਤਰ ਹਨ। ਇਸ ਦਾ ਖੇਤਰਫਲ 168,216 ਵ. ਕਿ. ਮੀ. ਅਤੇ ਆਬਾਦੀ 1,681,580 (1979) ਹੈ। ਪ੍ਰਬੰਧਕੀ ਤੌਰ ਤੇ ਇਹ ਦੋ ਉਪਖੰਡਾਂ—ਸੰਕੂਰੂ ਅਤੇ ਕਾਬਿੰਡਾ ਵਿਚ ਵੰਡਿਆ ਹੋਇਆ ਹੈ। ਸੰਨ 1962 ਤਕ ਇਹ ਕਾਸਾਈ ਪ੍ਰਾਂਤ ਦਾ ਇਕ ਹਿੱਸਾ ਸੀ ਅਤੇ ਇਸ ਤੋਂ ਬਾਅਦ ਅੰਦਰੂਨੀ ਝਗੜਿਆਂ ਕਾਰਨ ਇਹ ਪੂਰਬੀ ਅਤੇ ਪੱਛਮੀ ਖੰਡਾਂ ਵਿਚ ਵੰਡਿਆ ਗਿਆ।

ਦੁਨੀਆ ਭਰ ਦਾ ਸਭ ਤੋਂ ਵੱਧ ਸਨਅਤੀ ਹੀਰਾ ਕਾਸਾਈ ਓਰੀਐਂਟਲ ਵਿਚ ਲੁਬੀਲਸ਼ ਦਰਿਆ ਦੇ ਬੇਸਿਨ ਵਿਚ ਮਿਲਦਾ ਹੈ। ਇਥੋਂ ਸੋਨਾ ਵੀ ਨਿਕਲਦਾ ਹੈ। ਇਥੋਂ ਦੀਆਂ ਜ਼ਰਾਇਤੀ ਵਸਤਾਂ ਵਿਚ ਕਪਾਹ, ਪਾਮ ਦਾ ਤੇਲ ਤੇ ਗੁੱਦਾ, ਰਬੜ ਅਤੇ ਕਾਫ਼ੀ ਸ਼ਾਮਲ ਹਨ। ਪਸ਼ੂ ਅਤੇ ਮੁਰਗੀਆਂ ਵੀ ਇਥੇ ਪਾਲੀਆਂ ਜਾਂਦੀਆਂ ਹਨ। ਇਸ ਖੇਤਰ ਦੀ ਰਾਜਧਾਨੀ ਮਬੂਜੀਮੇਈ ਹੈ।

ਹ. ਪੁ—ਐਨ. ਬ੍ਰਿ. ਮਾ. 5 : 719.

**ਕਾਸਾਈ ਆਕਸੀਡੈਂਟਲ :** ਦੱਖਣੀ ਮੱਧ ਜ਼ੇਅਰ (ਕਾਂਗੋ) ਦਾ ਇਹ ਇਕ ਇਲਾਕਾ ਹੈ ਜਿਸ ਦੇ ਦੱਖਣ ਵਲ ਅੰਗੋਲਾ ਅਤੇ ਪੂਰਬ ਵਲ ਕਾਸਾਈ ਓਰੀਐਂਟਲ ਹੈ। ਇਹ ਇਲਾਕਾ ਦੋ ਉਪਖੰਡਾਂ-ਲੂਲੂਆ ਅਤੇ ਕਾਸਾਈ ਵਿਚ ਵੰਡਿਆ ਹੋਇਆ ਹੈ। ਇਸ ਦਾ ਖੇਤਰਫਲ 156,967 ਕਿ. ਮੀ. ਅਤੇ ਕਿਸੇ ਵੇਲੇ ਇਹ ਆਬਾਦੀ 2,817,717 (1976) ਹੈ। ਕਿਸੇ ਵੇਲੇ ਇਹ ਕਾਸਾਈ (ਜਿਸ ਦਾ ਨਾਂ ਕਾਸਾਈ ਦਰਿਆ ਪਿਛੇ ਪਿਆ) ਪ੍ਰਾਂਤ ਦਾ ਇਕ ਹਿੱਸਾ ਹੁੰਦਾ ਸੀ ਜੋ 1962 ਤੋਂ ਪਿਛੋਂ ਦੋ ਮੁੱਖ ਨਸਲੀ ਧੜਿਆਂ-ਲੂਬਾ (ਹੁਣ ਕਾਸਾਈ ਓਰੀਐਂਟਲ ਵਿਚ) ਅਤੇ ਲੂਲੂਆ (ਹੁਣ ਕਾਸਾਈ ਆਕਸੀਡੈਂਟਲ ਵਿਚ) ਦੀ ਆਪਸੀ ਦੁਸ਼ਮਣੀ ਕਾਰਨ ਦੋ ਭਾਗਾਂ ਵਿਚ ਵੰਡਿਆ ਗਿਆ।

ਇਥੇ ਹੀਰੇ, ਜਵਾਹਰਾਤ ਅਤੇ ਸੋਨੇ ਦੀਆਂ ਖਾਣਾਂ ਹਨ ਅਤੇ ਕਪਾਹ, ਖਜੂਰ, ਚਾਉਲ, ਕਾਫ਼ੀ ਅਤੇ ਕੋਪਲ ਦੀ ਕਾਸ਼ਤ ਹੁੰਦੀ ਹੈ। ਮੁਰਗੀਆਂ ਅਤੇ ਪਸ਼ੂ ਵੀ ਪਾਲੇ ਜਾਂਦੇ ਹਨ। ਕਾਨੰਗਾ, ਤਸ਼ਿਕਾਪਾ ਅਤੇ

ਮੇਵਕਾ ਇਥੋਂ ਦੇ ਪ੍ਰਸਿੱਧ ਸ਼ਹਿਰ ਹਨ। ਈਲੀਬੋ, ਕਾਸਾਈ ਦਰਿਆ ਉੱਤੇ ਸਿਰੇ ਦੀ ਬੰਦਰਗਾਹ ਹੈ ਅਤੇ ਇਥੋਂ ਰੇਲਵੇ ਲਾਈਨ ਸ਼ੁਰੂ ਹੁੰਦੀ ਹੈ ਜੋ ਪੱਛਮ ਵਲ ਨੂੰ ਸ਼ਾਬਾ ਇਲਾਕੇ ਵਿਚ ਨੂੰ ਜਾਂਦੀ ਹੈ। ਇਸ ਦੇ ਉੱਤਰ ਵਲ ਨੂੰ ਸਲੌਂਗਾ ਨੈਸ਼ਨਲ ਪਾਰਕ ਹੈ।

ਹ. ਪੁ.—ਐਨ. ਬ੍ਰਿ. ਮਾ. 5 : 719 ;

**ਕਾਸਾਈ ਦਰਿਆ :** ਮੱਧ ਅਫ਼ਰੀਕਾ ਵਿਚ ਇਹ ਕਾਂਗੋ ਦਰਿਆ ਦਾ ਇਕ ਦੱਖਣੀ ਸਹਾਇਕ ਦਰਿਆ ਹੈ ਜੋ ਮਲੈਬੋ ਪੂਲ ਤੋਂ 200 ਕਿ. ਮੀ. ਉਪਰ ਕਵਾਮਾਊਥ ਦੇ ਮੁਕਾਮ ਤੇ ਇਸ ਵਿਚ ਸਮਾ ਜਾਂਦਾ ਹੈ। ਦੱਖਣੀ ਕਾਂਗੋ ਬੇਸਿਨ ਸਿਸਟਮ ਦਾ ਇਹ ਸਭ ਤੋਂ ਲੰਬਾ ਦਰਿਆ ਹੈ ਜੋ ਬੇਂਗੁਏਲਾ ਪਹਾੜੀਆਂ ਵਿਚੋਂ ਨਿਕਲਦਾ ਹੈ ਅਤੇ ਕਵਾਮਾਊਥ ਤਕ 2,153 ਕਿ. ਮੀ. ਦਾ ਸਫ਼ਰ ਤਹਿ ਕਰਦਾ ਹੈ। ਸ਼ੁਰੂ ਵਿਚ 400 ਕਿ. ਮੀ. ਤਕ ਇਹ ਪੂਰਬ ਵਲ ਨੂੰ ਵਗਦਾ ਹੈ ਅਤੇ ਫਿਰ ਉੱਤਰ ਵਲ ਨੂੰ ਮੁੜਕੇ 500 ਕਿ. ਮੀ. ਤਕ ਅੰਗੋਲਾ ਅਤੇ ਜ਼ੇਅਰ ਵਿਚਕਾਰ ਸਰਹੱਦ ਬਣਾਉਂਦਾ ਹੈ। ਇੰਨੇ ਸਫ਼ਰ ਵਿਚ ਇਹ ਲਗਭਗ 600-900 ਮੀ. ਉਚੀਆਂ ਡੂੰਘੀਆਂ ਵਾਦੀਆਂ ਵਿਚੋਂ ਦੀ ਗੁਜ਼ਰਦਾ ਹੋਇਆ ਕਈ ਝਰਨੇ ਬਣਾਉਂਦਾ ਹੈ। 6° ਦੱਖਣੀ ਲੰਬਕਾਰ ਵਿਚ ਝਰਨਿਆਂ ਅਤੇ ਤੇਜ਼ ਰੌਆਂ ਵਿਚੋਂ ਨਿਕਲਕੇ ਇਸ ਦਾ ਵਹਾਓ ਜਹਾਜ਼ਰਾਨੀ ਯੋਗ ਬਣ ਜਾਂਦਾ ਹੈ। ਕਿਨਸ਼ਾਸਾ ਤੋਂ ਈਲਿਬੋ ਤਕ 800 ਕਿ. ਮੀ. ਦੇ ਮਾਰਗ ਵਿਚ ਲਗਭਗ 500,000 ਮੀਟ੍ਰਿਕ ਟਨ ਮਾਲ ਦੀ ਸਾਲਾਨਾ ਆਵਾਜਾਈ ਹੁੰਦੀ ਹੈ। ਹੇਠਲੇ ਹਿੱਸੇ ਵਿਚ ਇਹ ਦਰਿਆ ਭੂਮੱਧ ਰੇਖਾ ਦੇ ਬਰਸਾਤੀ ਜੰਗਲਾਂ ਵਿਚ ਦੀ ਗੁਜ਼ਰਦਾ ਹੈ। ਨਵਾਂਗੋ ਨਾਲ ਸੰਗਮ ਤੋਂ ਹੇਠਾਂ ਵਲ ਇਹ ਵਿਸਮਾਨ ਪੂਲ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਫਿਰ ਇਸ ਵਿਚ ਫ਼ਿਮੀ-ਲੁਕੇਨੀ ਆ ਮਿਲਦੀ ਹੈ। ਇਸ ਤੋਂ ਬਾਅਦ ਇਸ ਨੂੰ ਕਵਾ ਕਹਿੰਦੇ ਹਨ। ਕਾਂਗੋ ਵਿਚ ਮਿਲਣ ਤੋਂ ਪਹਿਲਾਂ ਇਕ ਕਿ. ਮੀ. ਤੰਗ ਰਸਤੇ ਵਿਚੋਂ ਦੀ ਵਗਦਾ ਹੈ।

ਹ. ਪੁ.—ਐਨ. ਬ੍ਰਿ. ਮਾ. 5 : 719.

**ਕਾਸ਼ਾਨ :** ਪੱਛਮੀ ਕੇਂਦਰੀ ਈਰਾਨ ਦੇ ਸੂਬਾ ਤਹਿਰਾਨ ਦਾ ਇਹ ਇਕ ਪ੍ਰਾਚੀਨ ਸ਼ਹਿਰ ਹੈ ਜੋ ਕੇਂਦਰੀ ਈਰਾਨੀ ਪਰਬਤਾਂ ਦੇ ਪੂਰਬ ਵਿਚ ਇਨ੍ਹਾਂ ਨਾਲ ਲਗਦੇ ਮਾਰੂਥਲ ਵਿਚ ਸਥਿਤ ਹੈ ਜੋ ਕਿਸੇ ਸਮੇਂ ਕਾਫਲਿਆਂ ਦਾ ਬੜਾ ਪ੍ਰਸਿੱਧ ਰਾਹ ਹੁੰਦਾ ਸੀ। ਕਿਸੇ ਸਮੇਂ ਇਹ ਮਿੱਟੀ ਦੇ ਭਾਂਡਿਆਂ ਦਾ ਵੱਡਾ ਕੇਂਦਰ ਹੁੰਦਾ ਸੀ। ਇਥੇ ਮਿੱਟੀ ਦੇ ਸੁੰਦਰ ਭਾਂਡੇ ਅਤੇ ਚਮਕਦਾਰ ਟਾਈਲਾਂ ਬਣਾਈਆਂ ਜਾਂਦੀਆਂ ਸਨ ਜੋ ਨੇੜੇ ਦੇ ਪੂਰਬ ਨੂੰ ਭੇਜੀਆਂ ਜਾਂਦੀਆਂ ਸਨ। ਇਥੋਂ ਦੀਆਂ ਚਮਕ-ਦਮਕ ਵਾਲੀਆਂ ਚੀਜ਼ਾਂ ਵਿਸ਼ੇਸ਼ ਤੌਰ ਤੇ ਪ੍ਰਸਿੱਧ ਸਨ। ਇਥੋਂ ਦੇ ਉੱਨ ਅਤੇ ਰੇਸ਼ਮ ਦੇ ਬਣੇ ਹੋਏ ਗ਼ਲੀਚੇ ਈਰਾਨ ਭਰ ਵਿਚ ਵਧੀਆ ਮੰਨੇ ਜਾਂਦੇ ਹਨ। ਆਧੁਨਿਕ ਉਦਯੋਗਕ ਵਿਕਾਸ ਇਥੇ ਸਾਧਾਰਨ ਹੀ ਰਿਹਾ ਹੈ।

ਆਬਾਦੀ—81,654 (ਤਾ. ਮਰ.)

33° 59′ ਉ. ਵਿਥ. : 51° 29′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 719

**ਕਾਸ਼ਿਕਾ :** ਇਹ ਪਾਣਿਨੀ ਦੇ 'ਅਸ਼ਟ ਅਧਿਆਈ' ਉਪਰ ਸੱਤਵੀਂ ਸਦੀ ਵਿਚ ਕੀਤੀ ਇਕ ਪ੍ਰਸਿੱਧ ਵਿਆਖਿਆ ਹੈ। ਇਸ ਵਿਚ ਬਹੁਤ ਸਾਰੇ ਸੂਤਰਾਂ ਦੀ ਵਿਆਖਿਆ ਅਤੇ ਉਨ੍ਹਾਂ ਦੇ ਉਦਾਹਰਣ ਪੂਰਵ-ਕਾਲ ਦੇ ਵਿਦਵਾਨਾਂ ਦੇ ਵਿਆਖਿਆ-ਗ੍ਰੰਥਾਂ ਵਿਚੋਂ ਵੀ ਦਿਤੇ ਗਏ ਹਨ। ਕੇਵਲ ਵਿਆਖਿਆ ਦੀ ਹੀ ਨਕਲ ਨਾ ਕਰਕੇ ਅਨੇਕ ਥਾਵਾਂ ਤੇ ਉਸ ਤੋਂ ਵਖ ਹੋ ਕੇ ਆਪਣੇ ਮੱਤ ਦਾ ਪ੍ਰਗਟਾ ਵੀ ਕੀਤਾ ਹੋਇਆ ਹੈ। ਇਸ ਪੁਸਤਕ ਵਿਚ ਦਿੱਤੀਆਂ ਗਈਆਂ ਵਿਆਖਿਆਵਾਂ ਤੋਂ ਪੁਰਾਣੇ ਵਿਆਖਿਆਕਾਰਾਂ ਦਾ ਮੱਤ ਜਾਣਨ ਵਿਚ ਬਹੁਤ ਸਹਾਇਤਾ ਮਿਲਦੀ ਹੈ, ਨਹੀਂ ਤਾਂ ਉਹ ਅਲੋਪ ਹੀ ਹੋ ਜਾਂਦੇ। ਇਸੇ ਤਰ੍ਹਾਂ ਇਸ ਵਿਚ ਦਿੱਤੇ ਗਏ ਉਦਾਹਰਣਾਂ ਅਤੇ ਪ੍ਰਤੀ-ਉਦਾਹਰਣਾਂ ਤੋਂ ਕੁਝ ਅਜਿਹੇ ਇਤਿਹਾਸਕ-ਤੱਥਾਂ ਦੀ ਉਪਲਬਧੀ ਹੋਈ ਹੈ ਜੋ ਹੋਰ ਕਿਸੇ ਤਰ੍ਹਾਂ ਵੀ ਮਿਲਣੇ ਸੰਭਵ ਨਹੀਂ ਸਨ। ਇਸ ਗ੍ਰੰਥ ਵਿਚ ਗਣ ਪਾਠ ਦਿਤਾ ਹੋਇਆ ਹੈ, ਜੋ ਪ੍ਰਾਚੀਨ ਗ੍ਰੰਥਾਂ ਵਿਚ ਉਪਲਬਧ ਨਹੀਂ।

ਇਹ ਜੈਦਿੱਤ (ਜਯਾਦਿੱਤ) ਅਤੇ ਵਾਮਨ ਨਾਮ ਦੇ ਦੋ ਵਿਦਵਾਨਾਂ ਦੀ ਸਾਂਝੀ ਕਿਰਤ ਹੈ। ਪ੍ਰੌਢ ਮਨੋਰਮਾ ਦੀ ਸ਼ਬਦ-ਰਤਨ-ਵਿਆਖਿਆ ਵਿਚ ਪਹਿਲਾ, ਦੂਜਾ, ਪੰਜਵਾਂ ਅਤੇ ਅੱਠਵਾਂ ਕਾਂਡ ਜੈ ਦਿੱਤ ਦੇ ਲਿਖੇ ਅਤੇ ਬਾਕੀ ਹਿੱਸੇ ਵਾਮਨ ਦੇ ਲਿਖੇ ਦੱਸੇ ਗਏ ਹਨ। ਪਰੰਤੂ ਇਸ ਪੁਸਤਕ ਦੀ ਸ਼ੈਲੀ ਨੂੰ ਧਿਆਨ ਪੂਰਵਕ ਵੇਖਣ ਨਾਲ ਪ੍ਰਤੀਤ ਹੁੰਦਾ ਹੈ ਕਿ ਆਰੰਭ ਦੇ ਪੰਜ ਕਾਂਡ ਜੈਦਿੱਤ ਦੇ ਅਤੇ ਅੰਤਲੇ ਤਿੰਨ ਵਾਮਨ ਦੇ ਲਿਖੇ ਹੋਏ ਹਨ। ਕੁਝ ਠੋਸ ਪ੍ਰਮਾਣ ਮਿਲਣ ਤੇ ਇਹ ਮੰਨ ਲਿਆ ਗਿਆ ਹੈ ਕਿ ਦੋਵਾਂ ਨੇ ਸੰਪੂਰਨ ਅਸ਼ਟਅਧਿਆਈ ਉਪਰ ਆਪਣੀ ਆਪਣੀ ਵੱਖਰੀ ਰਚਨਾ ਕੀਤੀ ਸੀ, ਪਰੰਤੂ ਇਹ ਗੱਲ ਹਾਲੀਂ ਭੇਦ ਵਾਲੀ ਹੀ ਹੈ ਕਿ ਕਦੋਂ ਅਤੇ ਕਿਸ ਤਰ੍ਹਾਂ ਕੁਝ ਅੰਸ਼ ਜੈਦਿੱਤ ਦੇ ਅਤੇ ਕੁਝ ਵਾਮਨ ਦੇ ਲੈ ਕੇ ਇਹ ਕਾਸ਼ਿਕਾ ਬਣੀ। ਪਰ ਇਹ ਗੱਲ ਪ੍ਰਮਾਣਿਤ ਹੈ ਕਿ ਲਿਖਤਾਂ ਦਾ ਇਹ ਏਕੀਕਰਨ ਵਿਕਰਮੀ ਸੰਮਤ 700 ਤੋਂ ਪਹਿਲਾਂ ਹੋ ਚੁੱਕਾ ਸੀ।

ਕਾਸ਼ਿਕਾ ਤੇ ਬਹੁਤ ਸਾਰੇ ਵਿਦਵਾਨਾਂ ਨੇ ਵਿਆਖਿਆ ਗ੍ਰੰਥ ਲਿਖੇ ਹਨ, ਜਿਨ੍ਹਾਂ ਵਿਚੋਂ ਪ੍ਰਮੁੱਖ ਵਿਆਖਿਆਕਾਰ ਜਿਨੇਂਦਰਬੁਧੀ, ਇੰਦੂ ਮਿੱਤਰ, ਮਹਾਨਯਾਸਕਾਰ, ਵਿਦਿਆਸਾਗਰ ਮੁਨੀ, ਹਰਦੱਤ ਮਿਸ਼ਰ, ਰਾਮਦੇਵ ਮਿਸ਼ਰ, ਵਰਿਤੀ ਰਤਨਾਕਰ ਅਤੇ ਚਕਿਤਸਾਕਾਰ ਹਨ।

ਹ. ਪੁ.—ਹਿੰ. ਵਿ. ਕੋ. 2 : 506

**ਕਾਸਿਮ ਬਾਜ਼ਾਰ :** ਪੱਛਮੀ ਬੰਗਾਲ ਰਾਜ (ਭਾਰਤ) ਦੇ ਮੁਰਸ਼ਿਦਾਬਾਦ ਜ਼ਿਲ੍ਹੇ ਦੇ ਉਪ-ਮੰਡਲ ਵਿਚ ਇਹ ਇਕ ਤਬਾਹ ਹੋਇਆ ਸ਼ਹਿਰ ਹੈ ਜੋ ਭਾਗੀਰਥੀ ਦਰਿਆ ਉਤੇ ਸਥਿਤ ਹੈ। ਅੱਜਕੱਲ੍ਹ ਇਹ ਸ਼ਹਿਰ ਬਰਹਾਮਪੁਰ ਮਿਉਂਸਪਲਟੀ ਵਿਚ ਸ਼ਾਮਲ ਕਰ ਲਿਆ ਗਿਆ ਹੈ। ਇਸ ਸ਼ਹਿਰ ਦੀ ਥਾਂ ਉੱਤੇ ਹੁਣ ਕੁਝ ਖੰਡਰਾਤ ਹਨ ਅਤੇ ਇਸਦੀ ਮੁਰਸ਼ਿਦਾਬਾਦ ਸ਼ਹਿਰ ਨਾਲੋਂ ਵੀ ਵਧੇਰੇ ਮਹੱਤਤਾ ਹੈ। ਮੁਰਸ਼ਿਦ ਕੁਲੀ ਖ਼ਾਨ, ਜਿਸ ਨੇ ਮੁਰਸ਼ਿਦਾਬਾਦ ਦੀ ਨੀਂਹ ਰੱਖੀ ਸੀ ਅਤੇ ਇਸ ਨੂੰ ਆਪਣਾ ਨਾਂ ਦਿਤਾ ਸੀ, ਦੇ ਰਾਜ-ਕਾਲ ਤੋਂ ਪਹਿਲਾਂ, ਬੰਗਾਲ ਦੇ ਸਾਰੇ ਵਪਾਰ ਦਾ ਕਾਸਿਮ ਬਾਜ਼ਾਰ ਹੀ ਕੇਂਦਰ ਸੀ ਅਤੇ ਭਾਰਤ ਨਾਲ ਵਪਾਰ ਕਰਨ ਵਾਲੀਆਂ ਸਾਰੀਆਂ ਯੂਰਪੀ ਕੌਮਾਂ ਦੀਆਂ ਆਰੰਭ ਵਿਚ ਇਥੇ ਹੀ ਫੈਕਟਰੀਆਂ ਸਨ। ਅੰਗਰੇਜ਼ਾਂ ਦੇ ਰਿਕਾਰਡ ਵਿਚ, ਉਨ੍ਹੀਵੀਂ ਸਦੀ ਦੇ ਆਰੰਭਕ ਸਾਲਾਂ ਵਿਚ ਭਾਗੀਰਥੀ ਦਰਿਆ ਦਾ ਆਮ ਨਾਂ 'ਕਾਸਿਮ ਬਾਜ਼ਾਰ ਦਰਿਆ' ਹੀ ਸੀ ਅਤੇ ਭਾਗੀਰਥੀ, ਪਦਮਾ ਅਤੇ ਜਲੰਗੀ ਦਰਿਆਵਾਂ ਦੁਆਰਾ ਘਿਰੇ ਤਿਕੋਣੀ ਖੇਤਰ ਨੂੰ, ਕੰਪਨੀ ਦੇ ਆਰੰਭਕ ਦਿਨਾਂ ਵਿਚ, ਕਾਸਿਮ ਬਾਜ਼ਾਰ ਦੇ ਦੀਪ ਵਜੋਂ ਜਾਣਿਆ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਇਸ ਸਥਾਨ ਦਾ ਨਾਂ ਮਿਥਿਹਾਸਕ ਬਾਨੀ ਕਾਸਿਮ ਖ਼ਾਨ ਦੇ ਪਿਛੇ ਪਿਆ ਹੈ। ਇਥੋਂ ਦੇ ਸਤ੍ਹਾਰਵੀਂ ਸਦੀ ਤੋਂ ਪਹਿਲਾਂ ਦੇ ਇਤਿਹਾਸ ਬਾਰੇ ਕੁਝ ਵੀ ਪਤਾ ਨਹੀਂ। ਪਰ ਜਦੋਂ ਵੀ ਇਸ ਦਾ ਪਹਿਲੀ ਵਾਰ ਜ਼ਿਕਰ ਆਇਆ ਸੀ, ਇਹ ਇਕ ਬਹੁਤ ਮਹੱਤਤਾ ਵਾਲੀ ਥਾਂ ਸੀ। ਸਰਸਵਤੀ ਦੇ ਮੁਹਾਣੇ ਉੱਤੇ ਗਾਦ ਕਾਰਨ, ਸਾਤਗਾਉਂ ਦੇ ਤਬਾਹ ਹੋਣ ਉਪਰੰਤ ਅਤੇ ਕਲਕੱਤੇ ਦੀ ਨੀਂਹ ਰੱਖਣ ਤੋਂ ਪਹਿਲਾਂ, ਕਾਸਿਮ ਬਾਜ਼ਾਰ ਇਕ ਵੱਡਾ ਇੰਪੋਰੀਅਮ ਹੁੰਦਾ ਸੀ।

ਸੰਨ 1658 ਵਿਚ ਪਹਿਲੀ ਵਾਰ ਇਕ ਅੰਗਰੇਜ਼ ਵਪਾਰੀ ਏਜੰਟ ਕਾਸਿਮ ਬਾਜ਼ਾਰ ਲਈ ਨਿਯੁਕਤ ਕੀਤਾ ਗਿਆ ਅਤੇ ਨੌਂ ਸਾਲ ਮਗਰੋਂ ਇਹ ਫੈਸਲਾ ਕੀਤਾ ਗਿਆ ਕਿ ਇਥੋਂ ਦਾ ਇਕ ਚੀਫ ਕੌਂਸਲ ਦਾ ਮੈਂਬਰ ਵੀ ਹੋਣਾ ਚਾਹੀਦਾ ਹੈ। ਸੰਨ 1686 ਵਿਚ ਬੰਗਾਲ ਵਿਚਲੀਆਂ ਹੋਰ ਅੰਗਰੇਜ਼ੀ ਫੈਕਟਰੀਆਂ ਦੇ ਨਾਲ ਹੀ ਕਾਸਿਮ ਬਾਜ਼ਾਰ ਵਿਖੇ ਸਥਾਪਤ ਫੈਕਟਰੀ ਨੂੰ, ਨਵਾਬ ਸ਼ਾਇਸ਼ਤਾ ਖ਼ਾਨ ਦੇ ਹੁਕਮ ਤੇ ਜ਼ਬਤ ਕਰ ਲਿਆ ਗਿਆ ਪਰ ਇਕ ਜਾਂ ਦੋ ਸਾਲ ਮਗਰੋਂ ਹੀ ਇਨ੍ਹਾਂ ਨੂੰ ਵਾਪਸ ਦੇ ਦਿਤਾ ਗਿਆ ਅਤੇ ਸਦੀ ਦੇ ਮੁਕਣ ਤੇ ਇਹ ਬੰਗਾਲ ਵਿਚ ਅੰਗਰੇਜ਼ਾਂ ਦੀ ਇਕ

ਪ੍ਰਸਿੱਧ ਵਪਾਰਕ ਏਜੰਸੀ ਬਣ ਗਈ । ਸੰਨ 1681 ਵਿਚ ਜਾਬ ਚਾਰਨਾਕ ਕਾਸਿਮ ਬਾਜ਼ਾਰ ਦਾ ਚੀਫ਼ ਸੀ । ਈਸਟ ਇੰਡੀਆ ਕੰਪਨੀ ਵਲੋਂ ਬੰਗਾਲ ਵਿਚ ਲਾਉਣ ਵਾਲੀ 230,000 ਪੌਂਡ ਦੀ ਕੁੱਲ ਰਕਮ ਵਿਚੋਂ 140,000 ਪੌਂਡ ਕਾਸਿਮ ਬਾਜ਼ਾਰ ਵਿਚ ਹੀ ਲਾਏ ਗਏ । ਸਥਾਨਕ ਰਵਾਇਤ ਅਨੁਸਾਰ ਇਸ ਕਸਬੇ ਵਿਚ ਇੰਨੀਆਂ ਉੱਚੀਆਂ ਇਮਾਰਤਾਂ ਬਣੀਆਂ ਹੋਈਆਂ ਸਨ ਕਿ ਗਲੀਆਂ ਵਿਚ ਸੂਰਜ ਦੀ ਕਿਰਨ ਵੀ ਕਦੇ ਨਹੀਂ ਸੀ ਦਿਸਦੀ।

ਕੰਪਨੀ ਦੀ ਕਾਸਿਮ ਬਾਜ਼ਾਰ ਵਿਖੇ ਸਥਾਪਤ ਫੈਕਟਰੀ ਦੀ ਬਹੁਤੀ ਆਮਦਨ ਅਤੇ ਰਾਜਸੀ ਮਹੱਤਤਾ ਮੁਸਲਮਾਨੀ ਰਾਜਧਾਨੀ ਅਤੇ ਮੁਰਸ਼ਿਦਾਬਾਦ ਦੇ ਨੇੜੇ ਹੋਣ ਕਰਕੇ ਸੀ । ਇਸੇ ਕਰਕੇ ਹੀ ਇਸ ਨੂੰ ਹਮੇਸ਼ਾ ਹੀ ਖ਼ਤਰਾ ਪਿਆ ਰਹਿੰਦਾ ਸੀ । ਜਦੋਂ ਕਦੇ ਵੀ ਕਲਕੱਤੇ ਵਿਖੇ ਇੰਗਲਿਸ਼ ਕੌਂਸਲ ਵਿਚ ਨਵਾਬ ਲੜ ਪੈਂਦਾ ਸੀ ਤਾਂ ਉਹ ਆਪਣੀਆਂ ਫ਼ੌਜਾਂ ਨੂੰ ਕਿਲਾਬੰਦ ਕੀਤੀ ਫੈਕਟਰੀ ਦੀ ਨਾਕਾਬੰਦੀ ਕਰਨ ਲਈ ਅਕਸਰ ਹੁਕਮ ਦੇ ਦਿੰਦਾ । ਸੰਨ 1757 ਵਿਚ ਜਦੋਂ ਨਵਾਬ ਸਿਰਾਜ਼-ਉੱਦ-ਦੌਲਾ ਨੇ ਅੰਗਰੇਜ਼ਾਂ ਨੂੰ ਬੰਗਾਲ ਵਿਚੋਂ ਕੱਢਣ ਦਾ ਮਨ ਬਣਾਇਆ ਤਾਂ ਉਸਦੇ ਗੁੱਸੇ ਦਾ ਪਹਿਲਾ ਵਾਰ ਕਾਸਿਮ ਬਾਜ਼ਾਰ ਉਤੇ ਹੀ ਹੋਇਆ । ਬਿਨਾਂ ਕਿਸੇ ਅੜਿਕੇ ਤੋਂ, ਫੈਕਟਰੀ ਉੱਤੇ ਕਬਜ਼ਾ ਕਰ ਲਿਆ ਗਿਆ ਅਤੇ ਅੰਗਰੇਜ਼ ਸਮੇਤ ਰੈਜ਼ੀਡੈਂਟ ਮਿਸਟਰ ਵਾਟਸ, ਵਾਰਨ ਹੇਸਟਿੰਗਜ਼ ਅਤੇ ਉਸਦੇ ਸਹਾਇਕ ਹਿਰਾਸਤ ਵਿਚ ਲੈ ਕੇ ਮੁਰਸ਼ਿਦਾਬਾਦ ਨੂੰ ਭੇਜ ਦਿਤੇ ਗਏ । ਪਲਾਸੀ ਦੀ ਲੜਾਈ ਤੋਂ ਪਿਛੋਂ ਕਾਸਿਮ ਬਾਜ਼ਾਰ ਦੀ ਵਪਾਰਕ ਮਹੱਤਤਾ ਫਿਰ ਪਹਿਲਾਂ ਵਰਗੀ ਹੋ ਗਈ ਪਰ ਰਾਜਸੀ ਤਾਕਤ ਰੈਜ਼ੀਡੈਂਟ ਦੇ ਹੱਥੋਂ ਨਵਾਬ ਦੇ ਸ਼ਾਹੀ ਦਰਬਾਰ ਵਿਚ ਬੈਠਣ ਵਾਲੇ ਏਜੰਟ ਦੇ ਹੱਥ ਵਿਚ ਦੇ ਦਿਤੀ ਗਈ ।

ਉੱਨ੍ਹੀਵੀਂ ਸਦੀ ਦੇ ਆਰੰਭ ਤੋਂ ਕਾਸਿਮ ਬਾਜ਼ਾਰ ਢਹਿੰਦੀਆਂ ਕਲਾਂ ਵਿਚ ਜਾਣ ਲਗ ਪਿਆ । ਸੰਨ 1811 ਵਿਚ ਇਹ ਰੇਸ਼ਮ, ਹੌਜ਼ਰੀ, ਕੋਰਸ ਅਤੇ ਹਾਥੀ ਦੰਦ ਦੇ ਅਨੂਪਮ ਕੰਮ ਵਜੋਂ ਬਹੁਤ ਪ੍ਰਸਿੱਧ ਸੀ। ਸੰਨ 1813 ਵਿਚ, ਭਾਗੀਰਥੀ ਦਰਿਆ ਦੇ ਮਾਰਗ ਵਿਚ ਤਬਦੀਲੀ ਆ ਜਾਣ ਕਾਰਨ ਇਹ ਸ਼ਹਿਰ ਤਬਾਹ ਹੋ ਗਿਆ । ਕਾਸਿਮ ਬਾਜ਼ਾਰ ਦੇ ਮਾਲ ਗੋਦਾਮਾਂ ਦੇ ਸਾਮ੍ਹਣੇ ਵਾਲਾ ਜਲ-ਮਾਰਗ ਹਾਨੀਕਾਰਕ ਦਲਦਲ ਬਣ ਗਿਆ ਅਤੇ ਇਥੇ ਮਲੇਰੀਏ ਦਾ ਬੁਖ਼ਾਰ ਫੈਲ ਗਿਆ । ਨਤੀਜੇ ਵਜੋਂ ਇਥੋਂ ਦੀ ਆਬਾਦੀ ਹੌਲੀ-ਹੌਲੀ ਘੱਟ ਗਈ । ਕੰਪਨੀ ਦੀਆਂ ਰੇਸ਼ਮ ਦੀਆਂ ਫੈਕਟਰੀਆਂ ਚਲਦੀਆਂ ਰਹੀਆਂ ਅਤੇ ਇਥੇ ਬੁਣਨ ਦਾ ਕੰਮ ਉਦੋਂ ਹੀ ਠੱਪ ਹੋਇਆ ਜਦੋਂ ਇਹ ਮਾਨਚੈਸਟਰ ਦੀਆਂ ਤਿਆਰ ਕੀਤੀਆਂ ਕਪਾਹ ਦੀਆਂ ਸਸਤੀਆਂ ਵਸਤਾਂ ਨਾਲ ਮੁਕਾਬਲਾ ਨਾ ਕਰ ਸਕੀਆਂ । ਸੰਨ 1829 ਵਿਚ ਇਥੋਂ ਦੀ ਆਬਾਦੀ 3,538 ਹੋ ਗਈ। ਕਾਸਿਮ ਬਾਜ਼ਾਰ ਦੇ ਮਹਾਰਾਜਾ ਦਾ ਮਹੱਲ ਇਥੋਂ ਦੀ ਸਭ ਤੋਂ ਸੁੰਦਰ ਇਮਾਰਤ ਹੈ । ਇਸ ਤੋਂ ਇਲਾਵਾ ਇਥੇ ਵੱਡੀਆਂ-ਵੱਡੀਆਂ ਇਮਾਰਤਾਂ ਦੇ ਖੰਡਰਾਤ ਅਤੇ ਥੇਹ ਅੱਜ ਵੀ ਮੌਜੂਦ ਹਨ । ਵਾਰਨ ਹੇਸਟਿੰਗਜ਼ ਦੀ ਪਹਿਲੀ ਪਤਨੀ ਇਥੇ ਹੀ ਦਫ਼ਨਾਈ ਗਈ ਸੀ ।

24° 8′ ਉ. ਵਿਥ.; 88° 17′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 52

**ਕਾਸ਼ੀ** : ਉੱਤਰ ਪ੍ਰਦੇਸ਼ ਰਾਜ (ਭਾਰਤ) ਵਿਚ ਹਿੰਦੂਆਂ ਦੀ ਇਹ ਇਕ ਪ੍ਰਧਾਨ ਪਵਿੱਤਰ ਨਗਰੀ ਅਤੇ ਵਿਦਿਆ ਦੀ ਟਕਸਾਲ ਹੈ ਜਿਹੜੀ ਗੰਗਾ ਨਦੀ ਦੇ ਉੱਤਰੀ ਤੱਟ ਉੱਤੇ, ਰਾਜ ਦੀ ਦੱਖਣ-ਪੂਰਬੀ ਨੁੱਕਰ ਵਿਚ, 'ਵਰੁਣਾ' ਅਤੇ 'ਅਸੀ' ਨਦੀਆਂ ਦੇ ਗੰਗਾ ਨਦੀ ਨਾਲ ਸੰਗਮ ਹੋਣ ਵਾਲੇ ਸਥਾਨ ਦੇ ਵਿਚਾਲੇ ਵਾਕਿਆ ਹੈ । ਕਾਸ਼ੀ ਦੇ ਸਥਾਨ ਤੇ ਹੀ ਗੰਗਾ ਨਦੀ ਦੱਖਣ ਤੋਂ ਉੱਤਰ ਵਲ ਨੂੰ ਲਗਭਗ 6 ਕਿ. ਮੀ. ਦਾ ਮੋੜਾ ਖਾਂਦੀ ਹੈ । ਨਗਰੀ ਦਾ ਪ੍ਰਾਚੀਨ ਨਾਂ 'ਵਾਰਾਨਸੀ' ਹੁੰਦਾ ਸੀ ਜਿਹੜਾ ਵਿਗੜ ਕੇ ਬਨਾਰਸ ਬਣ ਗਿਆ । ਉੱਤਰ ਪ੍ਰਦੇਸ਼ ਰਾਜ ਸਰਕਾਰ ਨੇ ਇਸ ਨਗਰੀ ਦਾ ਨਾਂ ਬਨਾਰਸ ਤੋਂ ਬਦਲਕੇ ਮੁੜ ਵਾਰਾਨਸੀ ਰੱਖ ਦਿਤਾ ਹੈ ।

ਹਿੰਦੁਸਤਾਨ ਵਿਚ ਇਸ ਨਗਰੀ ਦੀ ਮਹਿਮਾਂ ਚਿਰ ਕਾਲ ਤੋਂ ਹੈ । ਇਥੋਂ ਦੇ ਲਗਭਗ ਸਾਰਿਆਂ ਹੀ ਪ੍ਰਾਚੀਨ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਆਇਆ ਹੈ । ਫਾਹੀਆਨ ਅਤੇ ਹਿਊਨਸਾਂਗ ਵਰਗੇ ਚੀਨੀ ਯਾਤਰੀ ਵੀ ਇਥੇ ਆਏ ਸਨ । ਹਿਊਨਸਾਂਗ ਅਨੁਸਾਰ ਕਾਸ਼ੀ ਵਿਚ ਲਗਭਗ 30 ਬੁੱਧ ਵਿਹਾਰ ਅਤੇ 100 ਹਿੰਦੂ ਮੰਦਰ ਹੁੰਦੇ ਸਨ । ਜਗਤ ਗੁਰੂ ਸ਼ੰਕਰਾਚਾਰੀਆ, ਕਬੀਰ ਅਤੇ ਰਾਮਾਨੰਦ ਵਰਗੇ ਮਹਾਂ ਪੁਰਸ਼ਾਂ ਨੇ ਵੀ ਆਪਣੇ ਧਾਰਮਕ ਵਿਚਾਰਾਂ ਨਾਲ ਕਾਸ਼ੀ ਦੀ ਪ੍ਰਸਿੱਧੀ ਨੂੰ ਕਾਇਮ ਰੱਖੀ ਰੱਖਿਆ । ਤੁਲਸੀ ਦਾਸ, ਮਧੁਸੂਦਨ, ਸਰਸਵਤੀ, ਪੰਡਤਰਾਜ ਜਗਨਨਾਥ ਵਰਗੇ ਮਹਾਂ ਕਵੀਆਂ ਤੇ ਸੰਤਾਂ ਦੇ ਜਨਮ-ਅਸਥਾਨ ਹੋਣ ਦਾ ਵੀ ਕਾਸ਼ੀ ਨੂੰ ਮਾਣ ਹੈ । ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਕਾਸ਼ੀ ਦੇ ਸਾਰੇ ਮੰਦਰ ਢਹਿ ਢੇਰੀ ਕਰ ਦਿਤੇ ਅਤੇ ਵਿਸ਼ੇਸ਼ਰ ਨਾਥ ਦਾ ਪ੍ਰਸਿੱਧ ਮੰਦਰ ਤੋੜਕੇ ਇਕ ਵੱਡੀ ਮਸਜਿਦ ਬਣਵਾ ਦਿਤੀ ਜੋ ਹੁਣ ਵੀ ਮੌਜੂਦ ਹੈ । ਉਸਨੇ ਕਾਸ਼ੀ ਦਾ ਨਾਂ ਬਦਲਕੇ ਮੁਹੰਮਦਾਬਾਦ ਰੱਖ ਦਿਤਾ ਸੀ ।

ਇਸ ਸਮੇਂ ਕਾਸ਼ੀ ਵਿਚ ਲਗਭਗ 1500 ਮੰਦਰ ਹਨ ਜਿਨ੍ਹਾਂ ਵਿਚੋਂ ਬਹੁਤਿਆਂ ਦੀ ਪਰੰਪਰਾ ਭਾਰਤ ਦੇ ਪ੍ਰਾਚੀਨ ਸਮਿਆਂ ਨਾਲ ਜੁੜੀ ਹੋਈ ਹੈ । ਵਿਸ਼ਵਨਾਥ, ਸੰਕਟਮੋਚਨ ਅਤੇ ਦੁਰਗਾ ਦੇ ਮੰਦਰ ਭਾਰਤ ਭਰ ਵਿਚ ਪ੍ਰਸਿੱਧ ਹਨ । ਕਾਸ਼ੀ ਵਿਸ਼ਵ-ਵਿਦਿਆਲਾ ਵੀ ਇਸੇ ਥਾਂ ਹੈ । ਪੁਰਾਤਨ ਪਰੰਪਰਾ ਦੀਆਂ ਇਥੇ ਕਈ ਸੈਂਕੜੇ ਪਾਠਸ਼ਾਲਾਵਾਂ ਹਨ । ਭਾਰਤੇਂਦੂ ਵਰਗੇ ਸਾਹਿਤਕਾਰਾਂ ਅਤੇ 'ਨਾਗਰੀ ਪ੍ਰਚਾਰਨੀ ਸਭਾ' ਵਰਗੀਆਂ ਸੰਸਥਾਵਾਂ ਨੂੰ ਜਨਮ ਦੇ ਕੇ ਕਾਸ਼ੀ ਨੇ ਹਿੰਦੀ ਸਾਹਿਤ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ ।

ਇਸ ਨਗਰੀ ਵਿਚ ਸਿੱਖਾਂ ਨੇ ਵੀ ਆਪਣੇ ਕਈ ਗੁਰਦੁਆਰੇ ਬਣਾਏ ਹਨ ਜਿਨ੍ਹਾਂ ਦਾ ਸਬੰਧ ਇਨ੍ਹਾਂ ਦੇ ਇਤਿਹਾਸ ਨਾਲ ਹੈ । ਇਨ੍ਹਾਂ ਵਿਚੋਂ ਮੁੱਖ ਇਹ ਹਨ ।

(ੳ) ਮਹੱਲਾ ਆਸਭੈਰੋ ਵਿਚ 'ਵੱਡੀ ਸੰਗਤਿ' ਹੈ । ਇਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੰਮਤ 1722 ਵਿਚ ਪਧਾਰੇ ਸਨ ਅਤੇ ਸੱਤ ਮਹੀਨੇ ਤੇਰ੍ਹਾਂ ਦਿਨ ਨਿਵਾਸ ਕੀਤਾ । ਜਿਸ ਗੁਫ਼ਾ ਵਿਚ ਏਕਾਂਤ ਵਿਚ ਰਹਿੰਦੇ ਸਨ, ਉਹ ਮੌਜੂਦ ਹੈ । ਪਟਨੇ ਤੋਂ ਪੰਜਾਬ ਨੂੰ ਆਉਂਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸ ਥਾਂ ਪਧਾਰੇ ਸਨ । ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਚੋਲਾ ਅਤੇ ਜੋੜੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋੜੇ ਇਥੇ ਸਨਮਾਨ ਨਾਲ ਰੱਖੇ ਹੋਏ ਹਨ, ਜਿਨ੍ਹਾਂ ਦਾ ਦਰਸ਼ਨ ਸੰਗਰਾਂਦ ਵਾਲੇ ਦਿਨ ਕਰਾਇਆ ਜਾਂਦਾ ਹੈ । ਪੋਹ ਸੁਦੀ ਸੱਤੋਂ, ਅਸੂ ਵਦੀ ਦਸਵੀਂ ਅਤੇ ਵਿਸਾਖੀ ਦੇ ਮੇਲੇ ਲੱਗਦੇ ਹਨ ।

ਮਹਾਰਾਜਾ ਨਰੇਂਦਰ ਸਿੰਘ ਪਟਿਆਲਾਪਤਿ ਨੇ ਸੰਮਤ 1911 ਵਿਚ ਬਹੁਤ ਧਨ ਖਰਚ ਕੇ ਇਕ ਸ਼ੀਸ਼ ਮਹਿਲ ਬਣਵਾਇਆ ਅਤੇ ਦੋ ਰੁਪਏ ਰੋਜ਼ ਦਾ ਲੰਗਰ ਲਗਾਇਆ ।

(ਅ) ਲਕਸਾ ਮਹਾਲ ਵਿਚ ਗੁਰੂ ਕਾ ਬਾਗ ਗੁਰਦੁਆਰਾ ਹੈ । ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਪਧਾਰੇ ਸਨ ਅਤੇ ਗੋਪਾਲ ਪਾਂਡੇ ਨੂੰ ਉਪਦੇਸ਼ ਦਿਤਾ ਸੀ ।

(ੲ) ਜਗਤ ਗੰਜ ਵਿਚ 'ਛੋਟੀ ਸੰਗਤਿ' ਗੁਰਦੁਆਰਾ ਹੈ । ਇਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੁਝ ਸਮਾਂ ਪਧਾਰੇ ਸਨ ।

(ਸ) ਕਾਸ਼ੀ ਤੋਂ ਤਿੰਨ ਕੋਹ ਗੰਗਾ ਪਾਰ ਛੋਟੇ ਮਿਰਜ਼ਾਪੁਰ ਦੀ ਜ਼ਮੀਨ ਵਿਚ ਸੋਲ੍ਹਾਂ ਵਿੱਘੇ ਦਾ ਗੁਰੂ ਕਾ ਬਾਗ ਹੈ । ਇਸ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਇਕ ਵਾਰ ਪਧਾਰੇ ਸਨ । ਇਹ ਰੇਲਵੇ ਸਟੇਸ਼ਨ ਅਹਰੌਰਾ ਤੋਂ 5 ਕਿ. ਮੀ. (ਤਿੰਨ ਮੀਲ) ਉੱਤਰ ਵਲ ਹੈ ।

ਉਦਾਸੀ ਅਤੇ ਨਿਰਮਲੇ ਸੰਤਾਂ ਦੇ ਕਰੀਬ ਚਾਲੀ ਥਾਂ ਅਜਿਹੇ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਆਬਾਦੀ—990,778 (1981)

24° 30′ ਉ. ਵਿਥ.; 83° 20′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 2 : 506; ਮ. ਕੋ. 314; ਗ. ਇੰਡ.ਪਾਕਿ. 600.

**ਕਾਂਸੀ :** ਇਹ ਇਕ ਮਿਸ਼ਰਿਤ-ਧਾਤ ਹੈ ਜਿਸ ਵਿਚ ਮੁੱਖ ਤੌਰ ਤੇ ਤਾਂਬਾ ਜਾਂ ਕਲੱਈ (ਕਲੀ) ਭਿੰਨ ਭਿੰਨ ਅਨੁਪਾਤਾਂ ਵਿਚ ਹੁੰਦੇ ਹਨ। ਲਗਭਗ 11ਵੀਂ ਸਦੀ ਦੀ ਯੂਨਾਨ ਦੀ ਇਕ ਹੱਥ-ਲਿਖਤ ਵਿਚ ਇਸ ਦੀ ਰਚਨਾ ਤਾਂਬਾ ਤਕਰੀਬਨ 450 ਗ੍ਰਾ. ਅਤੇ ਕਲੱਈ 56 ਗ੍ਰਾ. ਮਿਲੀ ਹੈ। ਤਾਂਬੇ ਵਿਚ ਕਲੱਈ ਮਿਲਾਉਣ ਨਾਲ ਤਿਆਰ ਕੀਤੀ ਮਿਸ਼ਰਿਤ-ਧਾਤ ਤਾਂਬੇ ਨਾਲੋਂ ਜ਼ਿਆਦਾ ਗਲਣਯੋਗ ਹੈ, ਇਸੇ ਲਈ ਇਸ ਨੂੰ ਢਾਲਣ ਲਈ ਵਰਤਿਆ ਜਾਂਦਾ ਹੈ। ਇਹ ਕਠੋਰ ਪ੍ਰੰਤੂ ਘੱਟ ਕੁਟੀਣਯੋਗ ਹੈ। ਨਰਮ ਕਾਂਸੀ ਜਾਂ ਗਨ ਮੈਟਲ 16 ਹਿੱਸੇ ਤਾਂਬਾ ਅਤੇ 1 ਹਿੱਸਾ ਕਲੱਈ ਨਾਲ ਬਣਦੀ ਹੈ ਅਤੇ ਕਠੋਰ ਗਨ ਮੈਟਲ ਬਣਾਉਣ ਲਈ ਕਲੱਈ ਦੀ ਮਾਤਰਾ ਲਗਭਗ ਦੁਗਣੀ ਕਰ ਦਿਤੀ ਜਾਂਦੀ ਹੈ।

ਸਟੀਲ ਵਾਲੀ ਕਾਂਸੀ ਵਿਚ 8% ਕਲੱਈ ਤਾਂਬੇ ਨਾਲ ਮਿਸ਼ਰਿਤ ਕੀਤੀ ਹੁੰਦੀ ਹੈ ਅਤੇ ਇਸ ਦੀ ਮਜ਼ਬੂਤੀ ਤੇ ਕਠੋਰਤਾ ਕੋਲਡ ਰੋਲਿੰਗ ਦੁਆਰਾ ਵਧਾਈ ਜਾਂਦੀ ਹੈ। ਉਹ ਕਾਂਸੀ ਜਿਸ ਵਿਚ ਲਗਭਗ 7 ਹਿੱਸੇ ਤਾਂਬਾ ਅਤੇ 1 ਹਿੱਸਾ ਕਲੱਈ ਹੋਵੇ ਕਠੋਰ, ਭੁਰਭੁਰੀ ਅਤੇ ਭਰਵੀਂ ਹੁੰਦੀ ਹੈ। ਬੈੱਲ ਮੈਟਲ ਵਿਚ ਤਾਂਬਾ ਲਗਭਗ 3 ਤੋਂ 5 ਹਿੱਸੇ ਅਤੇ ਕਲੱਈ 1 ਹਿੱਸਾ ਹੁੰਦੀ ਹੈ। ਸਪੈਕਿਊਲਮ ਧਾਤ ਵਿਚ 2 ਤੋਂ 2.5 ਹਿੱਸੇ ਤਾਂਬਾ ਅਤੇ 1 ਹਿੱਸਾ ਕਲੱਈ ਹੁੰਦੀ ਹੈ। ਮੂਰਤੀਆਂ ਬਣਾਉਣ ਵਾਲੀ ਕਾਂਸੀ ਵਿਚ 80% ਤੋਂ 90% ਤਕ ਤਾਂਬਾ ਅਤੇ ਬਾਕੀ ਕਲੱਈ ਜਾਂ ਜਿਸਤ ਅਤੇ ਸਿੱਕੇ ਸਮੇਤ ਕਲੱਈ ਹੁੰਦੀ ਹੈ।

ਬਰਤਾਨਵੀ ਅਤੇ ਫ਼ਰਾਂਸ ਦੇ ਤਾਂਬੇ ਦੇ ਸਿੱਕਿਆਂ ਵਾਲੀ ਕਾਂਸੀ ਵਿਚ 95% ਤਾਂਬਾ, 4% ਕਲੱਈ ਅਤੇ 1% ਜਿਸਤ ਹੁੰਦੀ ਹੈ। ਅਮਰੀਕਾ ਦੇ ਸੈਂਟ ਵਿਚ 95% ਤਾਂਬਾ ਅਤੇ 5% ਕਲੱਈ ਤੇ ਜਿਸਤ ਹੁੰਦੇ ਹਨ।

ਮਸ਼ੀਨਾਂ ਦੇ ਬੈਰਿੰਗ ਬਣਾਉਣ ਲਈ ਵਰਤੀਆਂ ਜਾਂਦੀਆਂ ਤਾਂਬਾ-ਕਲੱਈ ਮਿਸ਼ਰਿਤ-ਧਾਤਾਂ ਵਿਚ ਕੁਝ ਕੁ ਮਾਤਰਾ ਕਾਂਸੀ ਦੀ ਹੁੰਦੀ ਹੈ ਜਿਸ ਨਾਲ ਕਠੋਰਤਾ ਵਧਦੀ ਹੈ। ਬੈਰਿੰਗਾਂ ਵਿਚ ਵਰਤੀਆਂ ਜਾਣ ਵਾਲੀਆਂ ਪ੍ਰਤਿ-ਰਗੜ ਧਾਤਾਂ ਵੀ ਤਾਂਬਾ-ਕਲੱਈ ਮਿਸ਼ਰਿਤ-ਧਾਤਾਂ ਹੁੰਦੀਆਂ ਹਨ। ਇਨ੍ਹਾਂ ਵਿਚ ਤਾਂਬੇ ਦੀ ਮਾਤਰਾ ਘੱਟ ਹੁੰਦੀ ਹੈ ਅਤੇ ਇਨ੍ਹਾਂ ਤੋਂ ਇਲਾਵਾ ਇਸ ਵਿਚ ਐਂਟੀਮਨੀ ਮਿਲੀ ਹੁੰਦੀ ਹੈ।

**ਫ਼ਾੱਸਫ਼ਰ ਕਾਂਸੀ**—ਕਾਂਸੀ ਨੂੰ ਫ਼ਾੱਸਫ਼ੋਰਸ ਨਾਲ ਗਾਲਣ ਨਾਲ ਇਸ ਦੇ ਗੁਣਾਂ ਅਤੇ ਸਮਰੱਥਾ ਵਿਚ ਸੁਧਾਰ ਹੋ ਜਾਂਦਾ ਹੈ। ਇਸ ਤਰ੍ਹਾਂ ਤਿਆਰ ਕੀਤੀ ਮਿਸ਼ਰਿਤ-ਧਾਤ ਨੂੰ ਫ਼ਾੱਸਫ਼ਰ ਕਾਂਸੀ ਕਿਹਾ ਜਾਂਦਾ ਹੈ ਅਤੇ ਇਸ ਦੀਆਂ ਡਲੀਆਂ ਵਿਚ ਕੇਵਲ 1% ਫ਼ਾੱਸਫ਼ੋਰਸ ਹੋ ਸਕਦਾ ਹੈ। ਪ੍ਰੰਤੂ ਢਾਲਣ ਤੋਂ ਬਾਅਦ ਇਸ ਵਿਚ ਫ਼ਾੱਸਫ਼ੋਰਸ ਦੇ ਟ੍ਰੇਸ ਹੀ ਰਹਿ ਜਾਂਦੇ ਹਨ। ਕਾਂਸੀ ਨੂੰ ਮੈਂਗਨੀਜ਼ ਮਿਲਾ ਕੇ ਵੀ ਸੁਧਾਰਿਆ ਜਾਂਦਾ ਹੈ। ਐਲੂਮਿਨੀਅਮ ਨਾਲ ਤਾਂਬੇ ਦੀਆਂ ਮਿਸ਼ਰਿਤ-ਧਾਤਾਂ ਜਿਨ੍ਹਾਂ ਵਿਚ ਅਕਸਰ ਕਲੱਈ ਨਹੀਂ ਹੁੰਦੀ, ਨੂੰ ਐਲੂਮਿਨੀਅਮ ਕਾਂਸੀ ਕਿਹਾ ਜਾਂਦਾ ਹੈ। ਇਹ ਆਪਣੀ ਸਮਰੱਥਾ ਅਤੇ ਖੋਰ ਲਈ ਪ੍ਰਤਿਰੋਧ ਕਰਕੇ ਬਹੁਤ ਲਾਹੇਵੰਦ ਹਨ। ਸਿਲਿਕਾੱਨ ਦੀ ਥੋੜ੍ਹੀ ਜਿਹੀ ਮਾਤਰਾ ਮਿਲਾਉਣ ਨਾਲ ਤਾਂਬੇ ਦੀ ਤਣਾਉ-ਸਮਰੱਥਾ ਵਧ ਜਾਂਦੀ ਹੈ। ਇਕ ਅਜਿਹੀ ਸਿਲਿਕਾੱਨ ਕਾਂਸੀ ਦੀ ਉਦਾਹਰਨ ਟੈਲੀਗ੍ਰਾਫ਼ ਤਾਰ ਹੈ ਜਿਸ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਕਿ ਇਸ ਵਿਚ 99.94% ਤਾਂਬਾ, 0.03% ਕਲੱਈ ਅਤੇ ਲੋਹੇ ਤੇ ਸਿਲਿਕਾੱਨ ਦੇ ਟ੍ਰੇਸ ਸਨ।

ਪ੍ਰਾਚੀਨ ਕਾਲ ਦੀ ਕਾਂਸੀ ਵਿਚ ਜ਼ਿਆਦਾ ਤਾਂਬਾ ਹੁੰਦਾ ਸੀ ਅਤੇ ਇਕ ਜਾਂ ਦੋ ਧਾਤਾਂ ਜਿਵੇਂ ਕਿ ਜਿਸਤ, ਕਲੱਈ, ਸਿੱਕਾ ਅਤੇ ਚਾਂਦੀ ਨਾਲ ਇਸ ਨੂੰ ਮਿਸ਼ਰਿਤ ਕੀਤਾ ਹੁੰਦਾ ਸੀ। ਰੋਮ-ਵਾਸੀ ਵੀ ਆਪਣੇ ਕਾਂਸੀ ਦੇ ਸਿੱਕਿਆਂ ਵਿਚ, ਸਿੱਕੇ ਨੂੰ ਮਿਸ਼ਰਿਤ-ਧਾਤ ਦੇ ਤੌਰ ਤੇ ਵਰਤਦੇ ਸਨ ਪ੍ਰੰਤੂ ਹੌਲੀ ਹੌਲੀ ਇਸ ਦੀ ਮਾਤਰਾ ਘਟਾ ਦਿਤੀ।

ਕਾਂਸੀ ਦੀ ਵਰਤੋਂ ਵਧੇਰੇ ਕਰਕੇ ਮੂਰਤੀ ਕਲਾ ਵਿਚ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 4 : 274

**ਕਾਸ਼ੀਉਸ :** ਰੋਮ ਦਾ ਇਹ ਇਕ ਪ੍ਰਾਚੀਨ ਖ਼ਾਨਦਾਨ ਹੈ, ਜਿਹੜਾ ਮੁੱਢ ਤੋਂ ਹੀ ਅਮੀਰ ਹੈ। ਇਸ ਖ਼ਾਨਦਾਨ ਦੇ ਉੱਘੇ ਮੈਂਬਰ ਹੇਠ ਲਿਖੇ ਅਨੁਸਾਰ ਹਨ ਜਿਨ੍ਹਾਂ ਵਿਚੋਂ ਪਹਿਲੇ ਨੂੰ ਛੱਡ ਕੇ ਬਾਕੀ ਸਾਰੇ ਸਾਧਾਰਨ ਮਨੁੱਖਾਂ ਵਿਚੋਂ ਸਨ :—

1. ਸਪੂਰੀਅਸ ਕਾਸੀਉਸ, ਜਿਸ ਦਾ ਉਪ-ਨਾਂ ਵੈਸੀਲਾਈਨਸ ਸੀ। ਇਹ ਤਿੰਨ ਵਾਰੀ ਰਾਜ-ਪ੍ਰਤਿਨਿਧ ਬਣਿਆ। 502 ਈ. ਪੂ. ਵਿਚ ਇਹ ਪਹਿਲੀ ਵਾਰੀ ਰਾਜ-ਪ੍ਰਤਿਨਿਧ ਬਣਿਆ ਸੀ। ਇਸ ਦੇ ਭੂਮੀ-ਕਾਨੂੰਨ ਕਰਕੇ ਵੱਡੇ ਜ਼ਿਮੀਂਦਾਰ ਅਤੇ ਅਮੀਰ ਨਾਰਾਜ਼ ਹੋ ਗਏ। ਇਸ ਉੱਤੇ ਮੁਕੱਦਮਾ ਚਲਾਇਆ ਗਿਆ ਅਤੇ ਫ਼ਾਂਸੀ ਦਿਤੀ ਗਈ।

2. ਗਾਈਉਸ ਕਾਸੀਉਸ ਲੌਂਜੀਨਸ, 73 ਈ. ਪੂ. ਵਿਚ ਰਾਜ-ਪ੍ਰਤਿਨਿਧ ਬਣਿਆ। ਇਸ ਨੇ ਸਰਕਾਰ ਵਲੋਂ ਅਨਾਜ ਖਰੀਦ ਕੇ ਨਿਸ਼ਚਿਤ ਕਰ ਤੇ ਵੇਚਣ ਦਾ ਕਾਨੂੰਨ ਪਾਸ ਕਰਵਾਇਆ।

3. ਗਾਈਉਸ ਕਾਸੀਉਸ ਲੌਂਜੀਨਸ ਜੋ ਜੂਲੀਅਸ ਸੀਜ਼ਰ ਦੇ ਵਿਰੁਧ ਸਾਜ਼ਸ਼ ਵਿਚ ਮੁੱਖੀ ਸੀ।

4. ਕਵਿੰਟਸ ਕਾਸੀਉਸ ਲੌਂਜੀਨਸ ਜੋ ਸੀਜ਼ਰ ਦੇ ਕਾਤਲ ਦਾ ਭਰਾ ਜਾਂ ਚਚੇਰਾ ਭਰਾ ਸੀ। 54 ਈ. ਪੂ. ਵਿਚ ਇਹ ਪਾਂਪੀ ਦਾ ਨਿਆਂ-ਅਧੀਸ਼ ਸੀ।

5. ਗਾਈਉਸ ਕਾਸੀਉਸ ਲੌਂਜੀਨਸ (ਪਹਿਲੀ ਸਦੀ ਈਸਵੀ) ਵਿਚ ਰੋਮ ਦਾ ਕਾਨੂੰਨਦਾਨ ਸੀ। ਇਹ 30 ਈ. ਵਿਚ ਰਾਜ-ਪ੍ਰਤਿਨਿਧ ਅਤੇ 45-50 ਈ. ਤੱਕ ਕਲੌਡੀਅਸ ਦੇ ਅਧੀਨ ਸੀਰੀਆ ਦਾ ਗਵਰਨਰ ਰਿਹਾ। 65 ਈ. ਵਿਚ ਨੀਰੋ ਨੇ ਇਸ ਨੂੰ ਸਾਰਡੀਨੀਆ ਵਿਚੋਂ ਕੱਢ ਦਿਤਾ। ਵੈਸਪੇਸੀਅਨ ਨੇ ਇਸ ਨੂੰ ਵਾਪਸ ਬੁਲਾ ਲਿਆ ਅਤੇ ਇਹ ਵੱਡੇਰੀ ਉਮਰ ਦਾ ਹੋ ਕੇ ਮਰਿਆ।

ਹ. ਪੁ.—ਐਨ. ਬ੍ਰਿ. 4 : 971

**ਕਾਸੀਨੀ :** ਖ਼ਗੋਲ-ਵਿਗਿਆਨੀਆਂ ਦੇ ਇਕ ਇਤਾਲਵੀ ਪਰਿਵਾਰ ਦਾ ਇਹ ਇਕ ਨਾਂ ਹੈ ਜਿਸ ਦੀਆਂ ਚਾਰ ਪੀੜ੍ਹੀਆਂ ਇਕ ਦੂਜੀ ਤੋਂ ਬਾਅਦ ਪੈਰਿਸ ਪ੍ਰੇਖਣਸ਼ਾਲਾ ਦਾ ਦਫ਼ਤਰੀ ਚਾਰਜ ਸੰਭਾਲਦੀਆਂ ਰਹੀਆਂ ਅਤੇ ਖੋਜ ਕਰਦੀਆਂ ਰਹੀਆਂ।

**1. ਜ਼ੀਓਵਾਨੀ ਡੌਮੇਨੀਕੋ ਕਾਸੀਨੀ**—ਇਸ ਦਾ ਜਨਮ 8 ਜੂਨ, 1625 ਨੂੰ ਇਟਲੀ ਵਿਚ ਪੈਰੀਨਾਲਡੋ ਵਿਖੇ ਹੋਇਆ ਅਤੇ ਮੌਤ 14 ਸਤੰਬਰ, 1712 ਨੂੰ ਪੈਰਿਸ ਵਿਖੇ ਹੋਈ। ਸੰਨ 1671-84 ਵਿਚਕਾਰ ਇਸਨੇ ਸ਼ਨੀ ਗ੍ਰਹਿ ਦੇ ਚਾਰ ਉਪ-ਗ੍ਰਹਿਆਂ ਦੀ ਖੋਜ ਕੀਤੀ ਅਤੇ 1675 ਵਿਚ ਸ਼ਨੀ ਗ੍ਰਹਿ ਦੇ A ਅਤੇ B ਛੱਲਿਆਂ ਦੀ ਵੰਡ ਦਾ ਪਤਾ ਕੀਤਾ। ਰਾਸ਼ੀ-ਚਕ੍ਰ ਪ੍ਰਕਾਸ਼ ਦਾ ਨਿਰੀਖਣ ਸਭ ਤੋਂ ਪਹਿਲਾਂ ਇਸ ਨੇ ਕੀਤਾ ਸੀ। ਬ੍ਰਹਸਪਤ ਦੇ ਉਪ-ਗ੍ਰਹਿਆਂ ਦੇ ਗ੍ਰਹਿਣਾਂ ਦਾ ਵੀ ਇਸਨੇ ਗੂੜ੍ਹਾ ਅਧਿਐਨ ਕੀਤਾ ਤਾਂ ਜੋ ਇਨ੍ਹਾਂ ਦੀ ਮਦਦ ਨਾਲ ਸਮੁੰਦਰ ਵਿਚ ਲੰਬਕਾਰਾਂ ਦਾ ਪਤਾ ਲਗਾਇਆ ਜਾ ਸਕੇ।

ਗ੍ਰਹਿਆਂ ਦੇ ਪਥਾਂ ਲਈ ਕੈਪਲਰ ਦੀਆਂ ਇਲਿਪਸਾਂ ਦੀ ਥਾਂ ਇਸ ਨੇ ਕੁਝ ਅੰਡਾਕਾਰ ਵਕਰਾਂ ਦੀ ਵਰਤੋਂ ਕੀਤੀ ਅਤੇ ਇਨ੍ਹਾਂ ਵਕਰਾਂ ਦਾ ਨਾਂ ਇਸਦੇ ਨਾਂ ਪਿਛੇ 'ਕਾਸੀਨੀਅਨਜ਼' ਹੀ ਪੈ ਗਿਆ।

2. **ਜੈਕਸ ਕਾਸੀਨੀ**—ਇਹ ਜੀਓਵਾਨੀ ਡੋਮੇਨੀਕੋ ਕਾਸੀਨੀ ਦਾ ਪੁੱਤਰ ਸੀ ਜਿਸਦਾ ਜਨਮ 8 ਫ਼ਰਵਰੀ, 1677 ਨੂੰ ਪੈਰਿਸ ਪ੍ਰੇਖਣਸ਼ਾਲਾ ਵਿਖੇ ਹੋਇਆ। ਸੰਨ 1712 ਈ. ਵਿਚ ਪ੍ਰੇਖਣਸ਼ਾਲਾ ਵਿਚ ਇਸਨੂੰ ਆਪਣੇ ਪਿਤਾ ਵਾਲੀ ਪਦਵੀ ਮਿਲ ਗਈ ਅਤੇ 1713 ਈ. ਵਿਚ ਇਸਨੇ ਡਨਕੈਰਕ ਤੋਂ ਪੈਰਪੀਨਯਾਨ ਤਕ ਮਧਿਆਨ੍ਹ-ਚਾਪ ਮਿਣੀ ਅਤੇ ਨਤੀਜਿਆਂ ਨੂੰ 'De la grandeur at de la figure de la terre' (1720) ਨਾਂ ਦੀ ਪੁਸਤਕ ਵਿਚ ਛਪਵਾਇਆ। ਸੰਨ 1716 ਵਿਚ ਇਸਨੇ ਸ਼ਨੀ ਦੇ ਉਪ-ਗ੍ਰਹਿਆਂ ਦੀਆਂ ਸਭ ਤੋਂ ਪਹਿਲੀਆਂ ਸਾਰਨੀਆਂ ਦਿਤੀਆਂ।

ਇਸਦੀ ਮੌਤ 18 ਅਪਰੈਲ, 1756 ਨੂੰ ਕਲੈਰਮਾਂਟ ਦੇ ਨਜ਼ਦੀਕ ਥੁਰੇ ਵਿਖੇ ਹੋਈ।

3. **ਸੀਸਰ ਫਰਾਂਕੁਅਸ ਕਾਸੀਨੀ ਡੀ ਥੁਰੇ**—ਇਹ ਜੈਕਸ ਕਾਸੀਨੀ ਦਾ ਪੁੱਤਰ ਸੀ। ਜਿਸਦਾ ਜਨਮ 17 ਜੂਨ, 1714 ਨੂੰ ਪੈਰਿਸ ਦੀ ਪ੍ਰੇਖਣਸ਼ਾਲਾ ਵਿਖੇ ਹੋਇਆ ਸੀ। ਆਪਣੇ ਪਿਤਾ ਵਾਲਾ ਦਫ਼ਤਰ ਸੰਭਾਲ ਕੇ ਇਸਨੇ ਵੀ ਨਿਰੀਖਣ ਲੈਣ ਦਾ ਜੱਦੀ ਕੰਮ ਸ਼ੁਰੂ ਕਰ ਦਿਤਾ ਅਤੇ 1744 ਵਿਚ ਇਸਨੇ ਫ਼ਰਾਂਸ ਦਾ ਇਕ ਵੱਡਾ ਭੂਗੋਲਿਕ ਨਕਸ਼ਾ ਤਿਆਰ ਕਰਨਾ ਸ਼ੁਰੂ ਕੀਤਾ। ਸੰਨ 1771 ਵਿਚ ਇਹ ਪੈਰਿਸ ਪ੍ਰੇਖਣਸ਼ਾਲਾ ਦਾ ਡਾਇਰੈਕਟਰ ਬਣ ਗਿਆ। ਇਸ ਦੀਆਂ ਮੁੱਖ ਰਚਨਾਵਾਂ ਨਿਮਨ ਹਨ :

'Meridienne de l' obseroatoire de Paris' (1744), 'Description geometrique de la terre' (1775) and 'Description geometrique de la France' (1784)।

ਇਸ ਦੀ ਮੌਤ 4 ਸਤੰਬਰ, 1784 ਨੂੰ ਥੁਰੇ ਵਿਖੇ ਹੋ ਗਈ।

4. **ਜੈਕਸ ਡਾਮੇਨੀਕ ਕਾਸੀਨੀ, ਕਾਸੀਨੀ**—ਇਹ ਸੀਸਰ ਫਰਾਂਕੁਅਸ ਕਾਸੀਨੀ ਦਾ ਪੁੱਤਰ ਸੀ ਜਿਸ ਦਾ ਜਨਮ 30 ਜੂਨ, 1748 ਨੂੰ ਪੈਰਿਸ ਦੀ ਪ੍ਰੇਖਣਸ਼ਾਲਾ ਵਿਚ ਹੋਇਆ। ਸੰਨ 1784 ਵਿਚ ਇਹ ਆਪਣੇ ਪਿਤਾ ਦੀ ਥਾਂ ਪ੍ਰੇਖਣਸ਼ਾਲਾ ਦਾ ਡਾਇਰੈਕਟਰ ਬਣਿਆ। ਪ੍ਰੇਖਣਸ਼ਾਲਾ ਵਿਚ ਹੋਰ ਸਾਮਾਨ ਲਿਆਉਣ ਦੀ ਇਸਦੀ ਸਕੀਮ 1793 ਈ. ਵਿਚ ਫ਼ਰਾਂਸੀਸੀ ਕ੍ਰਾਂਤੀ ਨੇ ਮਲੀਆਮੇਟ ਕਰ ਦਿਤੀ। ਕੁਝ ਮਹੀਨੇ ਕੈਦ ਵਿਚ ਰਹਿਣ ਉਪਰੰਤ 1794 ਵਿਚ ਇਹ ਥੁਰੇ ਆ ਗਿਆ। ਇਸ ਨੇ ਆਪਣੇ ਪਿਤਾ ਦੁਆਰਾ ਸ਼ੁਰੂ ਕੀਤੇ ਫ਼ਰਾਂਸ ਦੇ ਨਕਸ਼ੇ ਨੂੰ ਮੁਕੰਮਲ ਕੀਤਾ ਅਤੇ 1793 ਈ. ਵਿਚ ਅਕੈਡਮੀ ਔਫ਼ ਸਾਇੰਸ ਦੁਆਰਾ ਪ੍ਰਕਾਸ਼ਿਤ ਕਰਵਾਇਆ। 18 ਅਕਤੂਬਰ, 1845 ਨੂੰ ਥੁਰੇ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 19

**ਕਾਸੀਨੋ** : ਕੇਂਦਰੀ ਇਟਲੀ ਦੇ ਫਰੋਜ਼ੀਨੋਨੇ ਪ੍ਰਾਂਤ ਵਿਚ ਇਹ ਇਕ ਸ਼ਹਿਰ ਹੈ ਜੋ ਰੋਮ ਦੇ ਦੱਖਣ-ਪੂਰਬ ਵਿਚ ਵਾਕਿਆ ਕੈਰੋ ਪਹਾੜ ਦੇ ਪੈਰਾਂ ਵਿਚ ਦਰਿਆ ਰਾਪੀਡੋ ਕੰਢੇ ਸਥਿਤ ਹੈ। ਇਸ ਸ਼ਹਿਰ ਦਾ ਆਰੰਭ ਕਾਸੀਨਮ ਨਾਂ ਨਾਲ ਹੋਇਆ ਜਿਸ ਵਿਚ ਵੋਲਸੀ ਲੋਕ ਰਹਿੰਦੇ ਸਨ। ਇਹ ਜਗ੍ਹਾ ਅਜੋਕੇ ਸ਼ਹਿਰ ਦੇ ਨਾਲ ਕਿਲੇ ਵਾਲੀ ਪਹਾੜੀ ਦੀਆਂ ਹੇਠਲੀਆਂ ਢਲਾਣਾਂ ਉਤੇ ਹੈ। 312 ਈ. ਪੂ. ਵਿਚ ਕਾਸੀਨਮ ਰੋਮਨ ਕੰਟਰੋਲ ਅਧੀਨ ਸੀ ਅਤੇ ਇਸ ਤੋਂ ਪਿਛੋਂ ਇਹ ਸ਼ਹਿਰ ਕਾਫੀ ਵਧਿਆ ਫੁਲਿਆ। 5ਵੀਂ ਸਦੀ ਵਿਚ ਇਹ ਵਿਸ਼ਵ ਪਾਦਰੀ ਦੀ ਸੀਟ ਬਣ ਗਿਆ ਪਰ ਲਗਾਤਾਰ ਵਹਿਸ਼ੀਆਨਾ ਹਮਲਿਆਂ ਕਾਰਨ ਇਸਨੂੰ ਕਾਫ਼ੀ ਨੁਕਸਾਨ ਉਠਾਉਣਾ ਪਿਆ। ਲਗਭਗ 866 ਵਿਚ ਇਥੋਂ ਦੇ ਬਾਕੀ ਵਸਨੀਕ ਵੀ ਵਰਤਮਾਨ ਜਗ੍ਹਾ ਤੇ ਤਬਦੀਲ ਹੋ ਗਏ। ਇਸ ਵਰਤਮਾਨ ਜਗ੍ਹਾ ਨੂੰ ਸ਼ੁਰੂ ਵਿਚ ਯੂਲੋਗੋਮੀਨੋਪੋਲਿਸ, ਬਾਅਦ ਵਿਚ ਸਾਨ ਜਰਮਾਨੋ ਅਤੇ 1871 ਤੋਂ ਕਾਸੀਨੋ ਕਿਹਾ ਜਾਣ ਲੱਗਾ। ਨੌਵੀਂ ਸਦੀ ਵਿਚ ਇਥੇ ਇਕ ਕਿਲਾ ਬਣਨ ਨਾਲ ਇਸਦੀ ਆਬਾਦੀ ਵਿਚ ਚੋਖਾ ਵਾਧਾ ਹੋਇਆ।

ਬੈਨਡਿਕਟਿਨੀ ਆਸ਼ਰਮ ਤੇ 589 ਵਿਚ ਲੰਬਾਰਡਾਂ, 884 ਵਿਚ ਸੈਰਸਨਾਂ ਅਤੇ 1030 ਵਿਚ ਨਾਰਮਨਾਂ ਨੇ ਹਮਲਾ ਕੀਤਾ ਅਤੇ ਇਹ ਆਸ਼ਰਮ ਹਰ ਵਾਰ ਆਪਣੇ ਮੂਲ ਸਥਾਨ ਤੇ ਉਸਾਰਿਆ ਜਾਂਦਾ ਰਿਹਾ। ਮੱਧ ਕਾਲ ਸਮੇਂ ਇਹ ਆਸ਼ਰਮ ਕਲਾ ਅਤੇ ਵਿਦਿਆ ਦਾ ਉੱਘਾ ਕੇਂਦਰ ਸੀ। ਸੰਨ 1349 ਵਿਚ ਜਿਨ੍ਹਾਂ ਇਮਾਰਤਾਂ, ਗਿਰਜਾਘਰਾਂ ਅਤੇ ਮੱਠਾਂ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਉਹ 16ਵੀਂ ਤੇ 17ਵੀਂ ਸਦੀ ਵਿਚ ਮੁੜ ਮੁਕੰਮਲ ਤੌਰ ਤੇ ਉਸਾਰੇ ਗਏ।

ਦੂਜੇ ਵਿਸ਼ਵ ਯੁੱਧ ਦੌਰਾਨ ਇਸ ਸ਼ਹਿਰ ਦੀ ਬਿਲਕੁਲ ਤਬਾਹੀ ਹੋ ਗਈ ਅਤੇ ਇਸ ਪਿਛੋਂ ਸ਼ਹਿਰ ਨਵੇਂ ਸਿਰਿਉਂ ਨਵੀਂ ਸਕੀਮ ਨਾਲ ਉਸਾਰਿਆ ਗਿਆ। ਪੁਰਾਲੇਖ, ਲਾਇਬਰੇਰੀ ਅਤੇ ਕੁਝ ਚਿੱਤਰ ਬਚ ਗਏ।

ਅਜੋਕਾ ਕਾਸੀਨੋ ਇਕ ਜ਼ਰਾਇਤੀ ਅਤੇ ਵਪਾਰਕ ਕੇਂਦਰ ਹੈ ਅਤੇ ਇਥੇ ਖਿਡੌਣੇ ਬਣਾਏ ਜਾਂਦੇ ਹਨ।

ਆਬਾਦੀ—26,287 (1971)
41° 30′ ਉ. ਵਿਥ.; 13° 49′ ਪੂ. ਲੰਬ.
ਹ. ਪੁ.—ਐਨ. ਬ੍ਰਿ. ਮਾ. 2 : 615

**ਕਾਸ਼ੀਪੁਰ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਨੈਨੀਤਾਲ ਜ਼ਿਲ੍ਹੇ ਦੀ ਇਸੇ ਹੀ ਨਾਂ ਦੀ ਤਹਿਸੀਲ ਦਾ ਇਹ ਸਦਰ-ਮੁਕਾਮ ਹੈ ਜੋ ਮੁਰਾਦਾਬਾਦ ਤੋਂ ਆਉਣ ਵਾਲੀ ਸੜਕ ਉਤੇ ਸਥਿਤ ਹੈ। ਅਜੋਕੇ ਸ਼ਹਿਰ ਦਾ ਨਾਂ ਇਸ ਦੇ ਬਾਨੀ ਕਾਸ਼ੀ ਨਾਥ ਦੇ ਨਾਂ ਪਿਛੇ ਪਿਆ ਜੋ ਸੋਲ੍ਹਵੀਂ ਜਾਂ ਸਤਾਰ੍ਹਵੀਂ ਸਦੀ ਵਿਚ ਪਰਗਨੇ ਦਾ ਗਵਰਨਰ ਹੁੰਦਾ ਸੀ। ਅਠਾਰ੍ਹਵੀਂ ਸਦੀ ਦੇ ਪਿਛਲੇ ਮੱਧ ਵਿਚ, ਗਵਰਨਰ ਨੰਦ ਰਾਮ ਅਲਮੋੜਾ ਤੇ ਚੰਦ ਰਾਜੇ ਤੋਂ ਅਮਲੀ ਰੂਪ ਵਿਚ ਆਜ਼ਾਦ ਹੋ ਗਿਆ ਅਤੇ ਉਸਦਾ ਭਤੀਜਾ ਸ਼ਿਬ ਲਾਲ, 1801 ਈ. ਵਿਚ ਅੰਗਰੇਜ਼ੀ ਰਾਜ ਵਿਚ ਇਸ ਸ਼ਹਿਰ ਦੇ ਸ਼ਾਮਲ ਹੋਣ ਤੀਕ, ਇਥੇ ਕਾਬਜ਼ ਰਿਹਾ।

ਸ਼ਹਿਰ ਦੇ ਬਾਜ਼ਾਰ ਬਹੁਤ ਖੁਲ੍ਹੇ ਹਨ। ਸਭ ਤੋਂ ਵੱਡੀ ਇਮਾਰਤ ਇਥੋਂ ਦੇ ਰਾਜੇ ਦੀ ਹੀ ਹੈ। ਸ਼ਹਿਰ ਦੇ ਨੇੜੇ ਹੀ ਕਿਲਿਆਂ ਅਤੇ ਮੰਦਰਾਂ ਦੇ ਖੰਡਰਾਤ ਅਤੇ ਕਈ ਤਾਲਾਬ ਹਨ। ਤਾਲਾਬਾਂ ਵਿਚੋਂ ਇਕ ਤਾਲਾਬ, ਪਾਂਡੂ ਭਰਾਵਾਂ ਦੇ ਗੁਰੂ ਦਰੋਨਾ ਦੇ ਨਾਂ ਉੱਤੇ ਹੈ।

ਆਬਾਦੀ—33,466 (1971)
29° 13′ ਉ. ਵਿਥ.; 78° 58′ ਪੂ. ਲੰਬ.
ਹ. ਪੁ.—ਇੰਪ. ਗ. ਇੰਡ. 15 : 71

**ਕਾਂਸੀ ਯੁਗ** : ਮਨੁੱਖ ਦੇ ਭੌਤਿਕੀ ਸਭਿਆਚਾਰ ਦੇ ਵਿਕਾਸ ਦਾ ਇਹ ਤੀਜਾ ਕਾਲ ਹੈ। ਪਹਿਲੇ ਦੋ ਯੁੱਗ ਹਨ—ਪੁਰਾ-ਪੱਥਰ ਯੁੱਗ ਅਤੇ ਨਵਾਂ-ਪੱਥਰ ਯੁੱਗ। ਇਹ ਪਹਿਲਾ ਕਾਲ ਸੀ, ਜਿਸ ਵਿਚ ਧਾਤ ਦੀ ਵਰਤੋਂ ਹੋਣ ਲੱਗੀ ਸੀ। ਇਸ ਕਾਲ ਦੇ ਮੁੱਢ ਨੂੰ ਕਦੇ ਕਦੇ ਤਾਂਬਾ-ਪੱਥਰ ਯੁੱਗ ਵੀ ਕਿਹਾ ਜਾਂਦਾ ਹੈ ਕਿਉਂਕਿ ਸ਼ੁਰੂ-ਸ਼ੁਰੂ ਵਿਚ ਨਿਰੋਲ ਤਾਂਬਾ ਹੀ ਵਰਤਿਆ ਜਾਂਦਾ ਸੀ। ਘੱਟ ਮਿਲਣ ਕਰਕੇ, ਤਾਂਬਾ ਪਹਿਲਾਂ ਕੇਵਲ ਛੋਟੀਆਂ ਜਾਂ ਕੀਮਤੀ ਵਸਤੂਆਂ ਲਈ ਹੀ ਵਰਤਿਆ ਜਾਂਦਾ ਸੀ। ਤਾਂਬੇ ਦੀ ਵਰਤੋਂ 4000 ਈ. ਪੂ. ਦੇ ਲਾਗੇ ਚਾਗੇ ਮੈਸੋਪੋਟਾਮੀਆ ਵਿਚ ਅਤੇ ਇਰਾਕ ਤੋਂ ਸਿਲਿਸ਼ੀਆ ਤੱਕ ਉਸ ਸਮੇਂ ਵਿਚ ਪਾਈਆਂ ਜਾਂਦੀਆਂ ਹੋਰ ਸਭਿਆਤਾਵਾਂ ਵਿਚ ਕੀਤੀ ਜਾਂਦੀ ਸੀ। ਚੌਥੇ ਹਜ਼ਾਰਵੇਂ ਈ. ਪੂ. ਦੇ ਅੱਧ ਤੱਕ ਮੈਸੋਪੋਟਾਮੀਆ ਵਿਚ ਧਾਤਾਂ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ ਅਤੇ ਔਜ਼ਾਰ ਤੇ ਹਥਿਆਰ ਢਾਲੇ ਜਾਣ ਲੱਗੇ। 3000 ਈ. ਪੂ. ਤੱਕ ਨਜ਼ਦੀਕ ਪੂਰਬ ਵਿਚ ਤਾਂਬੇ ਦਾ ਆਮ ਪਸਾਰਾ ਹੋ ਗਿਆ ਸੀ ਅਤੇ ਪੱਛਮ ਵਿਚ ਰੋਮ ਖੇਤਰ ਤੱਕ ਫੈਲ ਗਿਆ ਸੀ। ਅਸਲੀ ਕਾਂਸੀ (ਤਾਂਬੇ ਅਤੇ ਕਲੀ ਦਾ ਐਲਾਇ) ਦੀ ਵਰਤੋਂ 3000 ਈ. ਪੂ. ਤੋਂ

ਪਹਿਲਾਂ ਹੋਈ ਨਹੀਂ ਮਿਲਦੀ । ਤੀਜੇ ਹਜ਼ਾਰਵੇਂ ਈ. ਪੂ. ਵਿਚ ਕਲੀ ਦੇ ਭੰਡਾਰ ਲੱਭੇ ਗਏ ਭਾਸਦੇ ਹਨ । ਮੁੱਢਲੀ ਅਵਸਥਾ ਵਿਚ ਅਨਾਤੋਲੀ ਕਾਂਸੀ ਵਧੇਰੇ ਉਪਲਬਧ ਸੀ । ਦੂਜੇ ਹਜ਼ਾਰਵੇਂ ਈ. ਪੂ. ਵਿਚ ਕਾਰਨਵਾਲ ਕਲੀ ਦੇ ਮਿਸ਼ਰਣ ਤੋਂ ਬਣਾਈਆਂ ਗਈਆਂ ਕਾਂਸੀ ਦੀਆਂ ਵਸਤੂਆਂ ਬਹੁਤ ਗਿਣਤੀ ਵਿਚ ਮਿਲਦੀਆਂ ਹਨ । ਇਸ ਤਰ੍ਹਾਂ ਲਗਭਗ 3000 ਸਾਲਾਂ ਤੱਕ ਪਹਿਲਾਂ ਤਾਂਬੇ ਦੇ ਅਤੇ ਮਗਰੋਂ ਕਾਂਸੀ ਦੇ ਔਜ਼ਾਰ, ਹਥਿਆਰ ਅਤੇ ਭਾਂਡੇ ਬਣਦੇ ਰਹੇ । ਜਿਉਂ ਜਿਉਂ ਧਾਤਾਂ ਵਧੇਰੇ ਮਿਲਦੀਆਂ ਗਈਆਂ, ਪੱਥਰ ਦੀ ਵਰਤੋਂ ਘਟਦੀ ਗਈ । ਦੂਜੇ ਹਜ਼ਾਰਵੇਂ ਈ. ਪੂ. ਦੇ ਖਤਮ ਹੋਣ ਦੇ ਸਮੇਂ ਤੋਂ ਲੋਹੇ ਦੀ ਸੁਲਭੱਤਾ ਅਤੇ ਵਰਤੋਂ ਵਧਣ ਕਰਕੇ 'ਕਾਂਸੀ ਯੁਗ' ਦਾ ਖ਼ਾਤਮਾ ਹੋ ਗਿਆ ਅਤੇ 'ਲੋਹਾ ਯੁਗ' ਸ਼ੁਰੂ ਹੋ ਗਿਆ ।

ਹ. ਪੁ.—ਐਨ. ਬ੍ਰਿ. 4 : 275

**ਕਾਸ਼ੀ ਰਾਮ ਦਾਸ :** ਮਹਾਭਾਰਤ ਦਾ ਬੰਗਾਲੀ ਭਾਸ਼ਾ ਵਿਚ ਅਨੁਵਾਦ ਕਰਨ ਵਾਲਿਆਂ ਵਿਚ ਕਵੀ ਕਾਸ਼ੀ ਰਾਮ ਦਾਸ ਦਾ ਅਤਿਅੰਤ ਉਚਾ ਸਥਾਨ ਹੈ । ਬੰਗਾਲ ਵਿਚ ਇਸ ਦੀ ਪ੍ਰਸਿੱਧੀ ਲੋਕ ਕਵੀ ਦੇ ਰੂਪ ਵਿਚ ਹੈ । ਬੇਸ਼ਕ ਇਸ ਨੇ ਪਹਿਲੇ ਹੋਏ ਮਹਾਭਾਰਤ ਦੇ ਅਨੁਵਾਦਾਂ ਤੋਂ ਕਾਫ਼ੀ ਸਹਾਇਤਾ ਲਈ ਪਰ ਇਸ ਦੀ ਮੌਲਕਤਾ ਵਿਚ ਕੋਈ ਫਰਕ ਨਹੀਂ ਪਿਆ । ਇਸ ਨੇ ਰਿਸ਼ੀ ਵਿਆਸ ਦੇ ਮਹਾਭਾਰਤ ਦਾ ਅਨੁਵਾਦ ਮਾਤਰ ਹੀ ਨਹੀਂ ਕੀਤਾ, ਸਗੋਂ ਪੁਰਾਣਾਂ ਆਦਿ ਦਾ ਵੀ ਆਸਰਾ ਲਿਆ ਹੈ । ਇਸ ਦਾ ਜਨਮ 16ਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਇਆ । ਆਪਣੇ ਮਹਾਭਾਰਤ ਦੇ ਆਰੰਭ ਵਿਚ ਇਸ ਨੇ ਆਪਣੇ ਬਾਰੇ ਕੁਝ ਵਾਕਫ਼ੀਅਤ ਦਿੱਤੀ ਹੈ । ਇਸ ਅਨੁਸਾਰ ਇੰਦ੍ਰਾਣੀ ਦੇਸ਼ ਦੇ ਸਿੰਗੀ ਪਿੰਡ ਵਿਚ ਇਸ ਦਾ ਨਿਵਾਸ ਸੀ । ਪਿਤਾ ਦਾ ਨਾਮ ਪ੍ਰਿਅੰਕਰ ਸੀ । ਕਾਸ਼ੀ ਰਾਮ ਦੇ ਦੋਵੇਂ ਭਰਾ ਸ੍ਰੀ ਕ੍ਰਿਸ਼ਨ ਦਾਸ ਜਾਂ ਸ੍ਰੀ ਕ੍ਰਿਸ਼ਨ ਕਿੰਕਰ ਅਤੇ ਗਦਾਧਰ ਵੀ ਕਵੀ ਸਨ । ਕਾਸ਼ੀ ਰਾਮ ਦਾਸ ਨੇ 'ਭਾਰਤ ਪੁਰਾਣ' ਪਾਚਾਲੀ-ਛੰਦ ਵਿਚ ਰਚਿਆ । ਕਾਸ਼ੀ ਰਾਮ ਸੰਪੂਰਨ ਮਹਾਭਾਰਤ ਦਾ ਅਨੁਵਾਦ ਨਹੀਂ ਕਰ ਸਕਿਆ ਕਿਉਂਕਿ ਇਸ ਦੀ ਮੌਤ ਹੋ ਗਈ ਸੀ । ਇਕ ਅਧੂਰੇ ਕੰਮ ਨੂੰ ਇਸ ਦੇ ਭਰਾ ਨੇ ਨੇਪਰੇ ਚਾੜ੍ਹਿਆ ।

ਹ. ਪੁ.—ਹਿੰ. ਵਿ. ਕੋ. 2 : 507

**ਕਾਸ਼ੀ ਵਿਦਿਆ ਪੀਠ :** ਇਹ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਬਨਾਰਸ ਸ਼ਹਿਰ (ਵਾਰਾਨਸੀ) ਵਿਚ ਸਥਾਪਿਤ, ਇਕ ਉੱਘੀ ਯੂਨੀਵਰਸਿਟੀ ਹੈ । 10 ਫਰਵਰੀ, 1921 ਨੂੰ ਮਹਾਤਮਾ ਗਾਂਧੀ ਨੇ ਇਸ ਦੀ ਨੀਂਹ ਰੱਖੀ ਸੀ । ਅੱਜ ਇਸ ਨੂੰ ਭਾਰਤ ਦੇ ਉਚ ਵਿਦਿਆਲਿਆਂ ਵਿਚ ਗਿਣਿਆ ਜਾਂਦਾ ਹੈ । ਪਹਿਲਾਂ ਇਹ ਨਿੱਜੀ ਅਦਾਰਾ ਸੀ ਅਤੇ ਇਸ ਨੂੰ ਸਰਕਾਰ ਤੋਂ ਕੋਈ ਮਾਲੀ ਸਹਾਇਤਾ ਨਹੀਂ ਮਿਲਦੀ ਸੀ । ਸਾਲ 1960-61 ਵਿਚ ਇਸ ਆਦਾਰੇ ਦੇ ਵਿਧਾਨ ਵਿਚ ਲੋੜੀਂਦੀ ਸੋਧ ਕੀਤੀ ਗਈ ਅਤੇ ਇਸਨੂੰ ਸਰਕਾਰੀ ਸਹਾਇਤਾ ਮਿਲਣੀ ਸ਼ੁਰੂ ਹੋ ਗਈ । ਜੁਲਾਈ, 1961 ਤੋਂ ਇਸ ਅਦਾਰੇ ਵਿਚ ਐਮ. ਏ. ਦੇ ਸਟੈਂਡਰਡ ਤੱਕ ਕਲਾਸਾਂ ਲੱਗਣੀਆਂ ਸ਼ੁਰੂ ਹੋ ਗਈਆਂ ਅਤੇ ਜੁਲਾਈ, 1963 ਤੋਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਐਕਟ ਅਧੀਨ ਇਸ ਨੂੰ ਯੂਨੀਵਰਸਿਟੀ ਮੰਨ ਲਿਆ ਗਿਆ । ਇਥੇ ਵਿਦੇਸ਼ਾਂ ਤੋਂ ਵੀ ਬਹੁਤ ਸਾਰੇ ਵਿਦਿਆਰਥੀ ਵਿਦਿਆ ਪ੍ਰਾਪਤੀ ਲਈ ਆਉਂਦੇ ਹਨ ।

ਹ. ਪੁ.—ਐਨ. ਇੰਡ.

**ਕੱਸੂਥ, ਲਾਜੋਸ :** ਹੰਗਰੀ ਦੇ ਇਸ ਦੇਸ਼ ਭਗਤ ਅਤੇ 1848-49 ਦੀ ਕ੍ਰਾਂਤੀ ਦੇ ਮੋਢੀ ਨੇਤਾ ਦਾ ਜਨਮ 19 ਸਤੰਬਰ, 1802 ਨੂੰ ਹੋਇਆ । ਇਹ ਇਕ ਸ਼ਰੀਫ ਪਰੰਤੂ ਗਰੀਬ ਘਰਾਣੇ ਵਿਚੋਂ ਸੀ ਅਤੇ ਇਸ ਦਾ ਪਿਤਾ ਕਾਉਂਟ ਵੈਕਸੇ ਦਾ ਏਜੰਟ ਸੀ । ਇਸ ਦਾ ਪਰਿਵਾਰ ਲੂਥਰ ਘਰਾਣੇ ਨਾਲ ਸਬੰਧ ਰਖਦਾ ਸੀ । ਇਸ ਨੇ ਸ਼ਾਰੋਸ਼ ਪੱਟਾਕ ਦੇ ਪ੍ਰੋਟੈਸਟੈਂਟ ਸਕੂਲ ਵਿਚ ਵਿਦਿਆ ਪ੍ਰਾਪਤ ਕੀਤੀ । ਆਪਣੀ ਕਾਉਂਟੀ ਵਿਚ ਵਾਪਸੀ ਤੇ ਇਸ ਨੇ ਇਕ ਵਪਾਰੀ ਦੀ ਵਿਧਵਾ ਦੀ ਨੌਕਰੀ ਕਰ ਲਈ । ਇਹ 1825-27 ਅਤੇ 1832-36 ਦੀ ਡਾਇਟ (ਵਿਧਾਨ-ਸਭਾ) ਵਿਚ ਵਪਾਰੀਆਂ ਦੇ ਪ੍ਰਤਿਨਿਧ ਵਜੋਂ ਸ਼ਾਮਲ ਹੋਇਆ ਪਰੰਤੂ ਇਸ ਨੂੰ ਕਾਰਵਾਈ ਵਿਚ ਹਿੱਸਾ ਲੈਣ ਦਾ ਅਧਿਕਾਰ ਨਹੀਂ ਸੀ । ਇਸ ਨੇ ਉਥੇ ਆਪਣੇ ਰਾਜਨੀਤਿਕ ਅਤੇ ਸਮਾਜਕ ਫ਼ਲਸਫ਼ੇ ਦਾ ਵਿਕਾਸ ਕੀਤਾ । ਇਹ ਹੰਗਰੀ ਵਿਚ ਆਪਣੇ ਸਮੇਂ ਦੇ ਹਰ ਨਵੇਂ ਪਰਿਵਰਤਨ ਨੂੰ ਲਿਆਉਣਾ ਚਾਹੁੰਦਾ ਸੀ । ਇਸ ਨੇ ਆਪਣੇ ਦੇਸ਼ ਵਿਚ ਆਰਥਿਕ ਅਤੇ ਸਮਾਜਕ ਸੁਧਾਰ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ।

4 ਮਈ, 1837 ਨੂੰ ਪੁਲਿਸ ਨਾਲ ਮੱਤ-ਭੇਦ ਹੋਣ ਕਰਕੇ ਇਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਲਗਭਗ ਦੋ ਸਾਲ ਬਾਅਦ ਇਸ ਨੂੰ 3 ਸਾਲ ਕੈਦ ਦੀ ਸਜ਼ਾ ਦਿਤੀ ਗਈ । ਸੰਨ 1840 ਵਿਚ ਮੁਆਫ਼ੀ ਅਧੀਨ ਇਸ ਨੂੰ ਰਿਹਾ ਕਰ ਦਿਤਾ ਗਿਆ । ਰਿਹਾਈ ਉਪਰੰਤ ਇਹ ਬਹੁਤ ਹਰਮਨ ਪਿਆਰਾ ਹੋ ਗਿਆ । 'Pesti Hirlop' ਨਾਂ ਦੇ ਮੈਗਜ਼ੀਨ ਦੇ ਮਾਲਕ ਨੇ ਇਸ ਨੂੰ ਸੰਪਾਦਕ ਵਜੋਂ ਨਿਯੁਕਤ ਕਰ ਲਿਆ । ਇਥੇ ਇਸ ਨੇ ਆਪਣੀ ਕਲਮ ਦੇ ਬਹੁਤ ਜੌਹਰ ਦਿਖਾਏ । ਨੌਕਰੀ ਛੁਟ ਜਾਣ ਪਿਛੋਂ ਇਸ ਨੇ ਆਪਣਾ ਪਰਚਾ ਸ਼ੁਰੂ ਕਰਨਾ ਚਾਹਿਆ ਪਰੰਤੂ ਇਸ ਨੂੰ ਆਗਿਆ ਨਾ ਦਿਤੀ ਗਈ ।

ਸੰਨ 1847 ਵਿਚ ਪੈਸਟ ਦੀ ਕਾਉਂਟੀ ਨੇ ਇਸ ਨੂੰ ਆਪਣੇ ਪ੍ਰਤਿਨਿਧ ਵਜੋਂ 'ਡਾਇਟ' ਵਿਚ ਭੇਜਿਆ । ਤੁਰੰਤ ਹੀ ਇਹ 'ਰਿਫਾਰਮ ਪਾਰਟੀ' ਦਾ ਨੇਤਾ ਬਣ ਗਿਆ । ਉਥੇ ਇਹ ਇਕ ਸਫ਼ਲ ਵਕਤਾ ਵਜੋਂ ਸਾਹਮਣੇ ਆਇਆ । 3 ਮਾਰਚ, 1848 ਨੂੰ ਇਸ ਨੇ ਆਪਣੇ ਭਾਸ਼ਣ ਵਿਚ ਹੰਗਰੀ ਨੂੰ ਵਿਆਨਾ ਤੋਂ ਸੁਤੰਤਰ ਕਰਾਉਣ ਦੀ ਮੰਗ ਕੀਤੀ । ਇਸ ਦੀਆਂ ਕੋਸ਼ਿਸ਼ਾਂ ਸਫ਼ਲ ਹੋਈਆਂ ਤੇ ਹੰਗਰੀ ਸੁਤੰਤਰ ਹੋ ਗਿਆ ।

ਸੁਤੰਤਰ ਹੰਗਰੀ ਦੇ ਨਵੇਂ ਪ੍ਰਧਾਨ ਮੰਤਰੀ ਕਾਉਂਟ ਲਾਜੋਸ ਨੇ ਇਸ ਨੂੰ ਆਪਣੇ ਮੰਤਰੀ ਮੰਡਲ ਵਿਚ ਵਿੱਤ ਦਾ ਵਿਭਾਗ ਦਿਤਾ । ਪਿਛੋਂ ਕਾਉਂਟ ਲਾਜੋਸ ਦੀ ਸਰਕਾਰ ਦੇ ਅਸਤੀਫਾ ਦੇਣ ਤੇ ਸਾਰੀ ਦੀ ਸਾਰੀ ਰਾਜਨੀਤਕ ਤਾਕਤ ਕੱਸੂਥ ਦੇ ਹੱਥ ਆ ਗਈ । ਕੁਝ ਚਿਰ ਪਿਛੋਂ 'ਡਾਇਟ' ਨੇ ਇਸ ਨੂੰ ਹੀ ਹੰਗਰੀ ਦਾ ਗਵਰਨਰ ਚੁਣ ਲਿਆ । ਰੂਸ ਦੀ ਫ਼ੌਜ ਪਹੁੰਚਣ ਤੇ ਇਸ ਨੇ ਅਸਤੀਫ਼ਾ ਦੇ ਦਿਤਾ ਅਤੇ ਜਾਨ ਬਚਾਕੇ ਤੁਰਕੀ ਨੱਠ ਗਿਆ ।

ਜੀਵਨ ਦੇ ਅੰਤਿਮ ਸਾਲ ਇਸ ਨੇ ਟੂਰਿਨ (ਇਟਲੀ) ਵਿਚ ਬਿਤਾਏ ਅਤੇ ਉਥੇ ਹੀ 20 ਮਾਰਚ, 1894 ਨੂੰ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 13 : 479

**ਕਾਸੂਬੀ :** ਪੋਲੈਂਡ ਵਿਚ ਇਹ ਇਕ ਸਲਾਵੋਂਨਿਕ ਜਾਤੀ ਦੇ ਲੋਕ ਹਨ ਜਿਨ੍ਹਾਂ ਦੀ ਗਿਣਤੀ 1960 ਦੇ ਦਹਾਕੇ ਵਿਚ ਅੰਦਾਜ਼ਨ 200,000 ਸੀ । ਇਨ੍ਹਾਂ ਦੀ ਵਧੇਰੇ ਗਿਣਤੀ ਵੈਜ਼ੈਰੋਵੋ, ਪੱਕ, ਕਾਰਟੂਜ਼ੀ ਅਤੇ ਕੋਸੀਅਰਜ਼ਾਈਨਾ ਦੇ ਡਿਸਟ੍ਰਿਕਟਾਂ ਵਿਚ ਵਸਦੀ ਹੈ । ਵੀਹਵੀਂ ਸਦੀ ਦੇ ਮੁੱਢ ਵਿਚ ਇਸ ਦੇ ਦੋ ਗਰੁੱਪ ਕਾਸੂਬੀ ਅਤੇ ਸਲੋਵਿਨਸੀ ਸਨ ਪਰ 1960 ਈ. ਤੱਕ ਸਲੋਵਿਨਸੀ ਜਾਂ ਤਾਂ ਮਰ-ਮੁੱਕ ਗਏ ਜਾਂ ਜਰਮਨਾਂ ਵਿਚ ਮਿਲ ਗਏ । ਪਹਿਲੇ ਮਹਾਂ ਯੁੱਧ ਤੋਂ ਪਹਿਲਾਂ ਕਾਸੂਬੀ ਲੋਕ ਵਧੇਰੇ ਕਰਕੇ ਮਛੇਰੇ ਜਾਂ ਕਿਸਾਨ ਸਨ ਪਰ ਗਾਦਿਨੀਆ ਦੀ ਬੰਦਰਗਾਹ ਬਣਨ ਨਾਲ ਇਨ੍ਹਾਂ ਵਿਚ ਸਮਾਜਕ ਅਤੇ ਸਭਿਆਚਾਰਕ ਤੌਰ ਤੇ ਫੇਰ ਤਬਦੀਲੀਆਂ ਆਈਆਂ ।

16ਵੀਂ ਸਦੀ ਤੱਕ ਕਾਸੂਬੀ ਨਾਂ ਸਲੋਂਵੋਂਨਿਕ ਲੋਕਾਂ ਲਈ ਵਰਤਿਆ ਜਾਂਦਾ ਸੀ । 20ਵੀਂ ਸਦੀ ਦੇ ਮੁੱਢ ਵੇਲੇ ਪ੍ਰਸ਼ਾਅ ਨੇ ਕਾਸੂਬੀਆਂ ਨੂੰ ਅੱਡ ਹੋਣ ਲਈ ਉਭਾਰਿਆ, ਪਰ ਇਹ ਆਪਣੀ ਪੋਲਿਸ਼ ਕੌਮੀਅਤ ਬਾਰੇ ਵਧੇਰੇ ਸੁਚੇਤ ਸਨ ।

ਕਾਸੂਬੀ ਲੋਕਾਂ ਪਾਸ ਲੋਕ ਗੀਤਾਂ ਦਾ ਬੜਾ ਵੱਡਾ ਖ਼ਜ਼ਾਨਾ ਹੈ। 19ਵੀਂ ਸਦੀ ਵਿਚ ਕੁਝ ਕੁ ਸਮਝਦਾਰ ਲੋਕਾਂ ਨੇ ਇਕ ਸਾਹਿਤਕ ਭਾਸ਼ਾ ਬਣਾਈ ਅਤੇ ਕੁਝ ਕੁ ਚੰਗਾ ਸਾਹਿਤ ਵੀ ਰਚਿਆ।

ਹ. ਪੁ.—ਐਨ. ਬ੍ਰਿ. 13 : 248

**ਕਾਸੇਟਲਾਰ ਦੀ ਰਿਪਾਲ ਏਮੀਲੀਓ :** ਸਪੇਨ ਦਾ ਇਹ ਇਕ ਉੱਘਾ ਰਾਜਨੀਤੀਵਾਨ ਸੀ। ਇਸ ਦਾ ਜਨਮ ਕਾਦਿਜ਼ ਵਿਖੇ 7 ਸਤੰਬਰ, 1832 ਨੂੰ ਹੋਇਆ। ਮੈਡਰਿਡ ਯੂਨੀਵਰਸਿਟੀ ਵਿਚ ਵਿਦਿਆ ਪ੍ਰਾਪਤ ਕਰ ਕੇ, ਇਹ ਉਥੇ ਹੀ ਇਤਿਹਾਸ ਦਾ ਪ੍ਰੋਫੈਸਰ ਨਿਯੁਕਤ ਹੋ ਗਿਆ। ਰਾਜਨੀਤੀ ਵਿਚ ਸਰਗਰਮ ਹੋਣ ਕਰਕੇ ਇਹ ਇਕ ਪ੍ਰਚਾਰਕ ਵਜੋਂ ਪ੍ਰਸਿੱਧ ਹੋ ਗਿਆ। ਬਾਦਸ਼ਾਹ ਦੇ ਵਿਰੁੱਧ ਭਾਸ਼ਣਾਂ ਕਾਰਨ ਉਹ ਛੇਤੀ ਹੀ ਬਦਨਾਮ ਹੋ ਗਿਆ। ਰਾਜਨੀਤਕ ਕਾਰਨਾਂ ਕਾਰਨ ਇਸ ਨੂੰ ਨੌਕਰੀ ਤੋਂ ਕੱਢ ਦਿੱਤੇ ਜਾਣ ਤੇ, ਮੈਡਰਿਡ ਵਿਚ ਬਹੁਤ ਦੰਗਾ-ਫ਼ਸਾਦ ਹੋਇਆ। ਸੰਨ 1866 ਵਿਚ ਇਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਪਰੰਤੂ ਇਹ ਜਾਨ ਬਚਾ ਕੇ ਫਰਾਂਸ ਦੌੜ ਗਿਆ।

ਸੰਨ 1873 ਵਿਚ ਅਮੇਡਿਓ ਦੇ ਸਿੰਘਾਸਨ ਛੱਡਣ ਤੇ ਇਸ ਦੀ ਸੰਘੀ ਗਣਤੰਤਰ ਕਾਇਮ ਕਰਨ ਦੀ ਕੋਸ਼ਿਸ਼ ਸਫਲ ਹੋ ਗਈ ਤੇ ਇਹ ਨਵੀਂ ਸਰਕਾਰ ਵਿਚ ਇਕ ਮੰਤਰੀ ਵਜੋਂ ਲੈ ਗਿਆ ਗਿਆ। ਪਰੰਤੂ ਛੇਤੀ ਹੀ ਸਰਕਾਰ ਵਿਚ ਗੜਬੜ ਹੋਣ ਕਾਰਨ ਕਾਰਜਕਾਰੀ ਦਾ ਪ੍ਰਧਾਨ ਐਸਟੈਨਿਸਲੋ ਦੇਸ਼ ਛਡ ਕੇ ਨੱਠ ਗਿਆ। ਕੁਝ ਚਿਰ ਪਿਛੋਂ ਸਰਕਾਰ ਦੀ ਵਾਗਡੋਰ ਕਾਸੈਟਲਾਰ ਦੇ ਹੱਥ ਆ ਗਈ ਤੇ ਇਹ ਸਤੰਬਰ, 1873 ਵਿਚ ਦੇਸ਼ ਦਾ ਪ੍ਰੈਜ਼ੀਡੈਂਟ ਬਣ ਗਿਆ। ਅਲਫਾਂਸੋ ਸੱਤਵੇਂ ਦੇ ਮੁੜ ਬਾਦਸ਼ਾਹ ਸਥਾਪਿਤ ਹੋਣ ਤੇ ਇਸ ਨੂੰ ਬਾਰਸੈਲੋਨਾ ਦਾ ਡਿਪਟੀ ਚੁਣ ਕੇ ਰਾਜ ਦਰਬਾਰ ਵਿਚ ਸ਼ਾਮਲ ਕਰ ਲਿਆ ਗਿਆ। ਇਸ ਨੇ ਲਗਭਗ 90 ਪੁਸਤਕਾਂ ਲਿਖੀਆਂ।

25 ਮਈ, 1980 ਨੂੰ ਸਾਨ ਪੈਡਰੋ ਥੈਲ ਵਿਚ ਇਸ ਦੀ ਮੌਤ ਹੋ ਗਈ।

ਹ. ਪੁ. ਐਨ. ਬ੍ਰਿ. 5 : 33

**ਕਾਸੇਨਾ :** ਕਾਸੇਨਾ ਉਹ ਲੋਕ ਹਨ ਜੋ ਘਾਨਾ ਦੇ ਉੱਤਰ ਵਿਚ ਸਿਸਲੀ ਦਰਿਆ ਦੇ ਦੋਹਾਂ ਪਾਸਿਆਂ ਉਤੇ ਅਤੇ ਅੱਪਰ ਵੋਲਟਾ ਦੇ ਨਾਲ ਲਗਦੇ ਇਲਾਕੇ ਵਿਚ ਵਸਦੇ ਹਨ। ਇਹ ਗਰੂਜ਼ੀ ਕਿਸਮ ਦੀ ਗੁਰ ਭਾਸ਼ਾ ਬੋਲਦੇ ਹਨ ਅਤੇ ਇਨ੍ਹਾਂ ਵਿਚ ਤਿੰਨ ਗਰੁੱਪ ਸ਼ਾਮਲ ਹਨ। ਪੂਰਬ ਵਿਚ ਕਾਸੇਨਾ ਬੂਰਾ ਅਤੇ ਸਿਸਲੀ ਦੇ ਪੱਛਮੀ ਕੰਢੇ ਉਤੇ ਕਾਸੇਨਾ ਨਾਗਵਾ ਅਤੇ ਕਾਸੇਨਾ ਫਰਾ ਰਹਿੰਦੇ ਹਨ। ਪਹਿਲਾਂ ਇਹ ਲੋਕ ਸੁਤੰਤਰ ਪੈਰਿਸ਼ਾਂ (ਬਸਤੀਆਂ) ਵਿਚ ਰਹਿੰਦੇ ਹੁੰਦੇ ਸਨ। ਉਨ੍ਹੀਵੀਂ ਸਦੀ ਵਿਚ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਦੇ ਆਗਮਨ ਤੋਂ ਥੋੜ੍ਹਾ ਚਿਰ ਪਹਿਲਾਂ ਗ਼ੁਲਾਮ ਹਮਲਾਵਰ ਜਿਵੇਂ—ਬਾਬਾਤੂ ਇਸ ਉਤੇ ਹੱਲੇ ਕਰਦੇ ਸੇ। ਇਹ ਗੋਡੀ ਕਰਨ ਵਾਲੇ ਕਿਰਸਾਨ ਹਨ ਅਤੇ ਅਨਾਜ, ਮੱਕੀ, ਮੂੰਗਫਲੀ ਅਤੇ ਫਲੀਦਾਰ ਫਸਲਾਂ ਬੀਜਦੇ ਹਨ। ਇਸ ਤੋਂ ਇਲਾਵਾ ਇਹ ਲੋਕ ਭੇਡਾਂ, ਬਕਰੀਆਂ, ਕੁੱਕੜ-ਕੁੱਕੜੀਆਂ ਅਤੇ ਗਿਨੀ ਫਾਊਲ (ਇਕ ਪ੍ਰਕਾਰ ਦਾ ਜੰਗਲੀ ਕੁੱਕੜ) ਪਾਲਦੇ ਹਨ।

ਹ. ਪੁ.—ਐਨ. ਬ੍ਰਿ. 13 : 243

**ਕਾਸੈੱਲ :** ਪੱਛਮੀ ਜਰਮਨੀ ਦੇ ਪੂਰਬੀ ਹਿੱਸੇ ਵਿਚ ਹੈਸੈਨ ਰਾਜ ਦਾ ਇਹ ਇਕ ਸ਼ਹਿਰ ਹੈ ਜਿਹੜਾ ਫੁਲਡਾ ਦਰਿਆ ਤੇ ਸਥਿਤ ਹੈ। ਸੰਨ 1180 ਵਿਚ ਇਸ ਨੂੰ ਅਧਿਕਾਰ ਪੱਤਰ ਮਿਲਣ ਨਾਲ ਇਹ ਹੈੱਸ ਲਾਟ ਦੇ ਜਾਗੀਰਦਾਰਾਂ ਦਾ ਨਿਵਾਸ ਸਥਾਨ ਬਣ ਗਿਆ। ਸੰਨ 1567 ਤੋਂ 1866 ਤਕ ਕਾਸੈੱਲ, ਹੈੱਸ-ਕਾਸੈੱਲ ਦੀ ਰਾਜਧਾਨੀ ਰਿਹਾ। ਸੰਨ 1807 ਤੋਂ ਲੈ ਕੇ 1813 ਤਕ ਇਹ ਵੈਸਟ-ਫਾਲੀਆ ਰਾਜ ਦੀ ਅਤੇ 1866 ਤੋਂ ਬਾਅਦ ਸੰਨ 1945 ਤਕ ਪ੍ਰਸ਼ਾਅ ਦੀ ਰਾਜਧਾਨੀ ਰਿਹਾ। ਇਹ ਜਰਮਨ ਹਵਾਈ ਜਹਾਜ਼ਾਂ ਦਾ ਕੇਂਦਰ ਸੀ। ਦੂਜੇ ਵਿਸ਼ਵ ਯੁੱਧ ਦੇ ਦੌਰਾਨ ਇਥੇ ਟੈਂਕ ਤਿਆਰ ਕੀਤੇ ਜਾਂਦੇ ਸਨ। ਇਸ ਯੁੱਧ ਵਿਚ ਬੰਬਾਰੀ ਨਾਲ ਕਾਸੈੱਲ ਤਕਰੀਬਨ ਤਬਾਹ ਹੋ ਗਿਆ ਸੀ। ਪਰ ਇਸ ਨੂੰ ਛੇਤੀ ਹੀ ਦੋਬਾਰਾ ਉਸਾਰਿਆ ਗਿਆ।

ਇਥੇ ਦਾ ਅਜਾਇਬ ਘਰ, ਲਾਇਬ੍ਰੇਰੀ ਅਤੇ ਇਕ ਪੁਰਾਣਾ ਮਹੱਲ ਵੇਖਣ ਵਾਲੀਆਂ ਥਾਵਾਂ ਹਨ। ਇਥੋਂ ਦੇ ਅਜਾਇਬ ਘਰ ਵਿਚ ਕਈ ਕੀਮਤੀ ਚੀਜ਼ਾਂ ਪਈਆਂ ਹੋਈਆਂ ਹਨ।

ਇਹ ਇਕ ਮਹੱਤਵਪੂਰਨ ਰੇਲਵੇ ਜੰਕਸ਼ਨ ਅਤੇ ਉਦਯੋਗਿਕ ਕੇਂਦਰ ਹੈ। ਇਥੇ ਔਜ਼ਾਰ, ਧਾਤ ਦੀਆਂ ਵਸਤੂਆਂ, ਰੇਲ ਦੇ ਡੱਬੇ ਅਤੇ ਇੰਜਣ, ਕਾਗਜ਼ ਅਤੇ ਦਸਤਾਨੇ ਤਿਆਰ ਕੀਤੇ ਜਾਂਦੇ ਹਨ।

ਆਬਾਦੀ—201,705 (1976)

5° 19′ ਉ. ਵਿਥ,; 9° 29′ ਪੂ. ਲੰਬ.

ਹ. ਪੁ. ਐਨ. ਮਾ. 5 : 723

**ਕਾਸੋਵੋ :** ਯੂਗੋਸਲਾਵੀਆ ਵਿਚ ਸਰਬੀਆ ਦਾ 97 ਕਿ. ਮੀ. ਲੰਬਾ ਇਹ ਇਕ ਖੁਦਮੁਖਤਾਰ ਮੈਦਾਨੀ ਇਲਾਕਾ ਹੈ ਜੋ ਪਹਾੜੀਆਂ ਦੁਆਰਾਂ ਘਿਰਿਆ ਹੋਇਆ ਹੈ। ਇਸ ਨੂੰ 1946 ਤੋਂ 1971 ਤਕ ਕਾਸੋਵੋ ਮੈਟੋਹੀਯਾ ਵੀ ਕਹਿੰਦੇ ਰਹੇ ਹਨ। ਆਮ ਕਰਕੇ ਇਸ ਨੂੰ ਕਾਸਮੇਟ ਕਹਿੰਦੇ ਹਨ। ਇਸ ਦਾ ਕੁਲ ਖੇਤਰਫਲ 10,887 ਵ. ਕਿ. ਮੀ. ਅਤੇ ਆਬਾਦੀ 1,245,000 (1971) ਹੈ। ਪਹਾੜੀਆਂ ਵਿਚ ਸਿੱਕੇ ਅਤੇ ਚਾਂਦੀ ਦੇ ਬਹੁਤ ਭੰਡਾਰ ਹਨ। ਪਹਿਲਾਂ ਇਥੋਂ ਦੀਆਂ ਚਾਂਦੀ ਦੀਆਂ ਖਾਣਾਂ ਵਿਚ ਰੋਮਨ ਕੰਮ ਕਰਦੇ ਹੁੰਦੇ ਸਨ। ਮੱਧ-ਕਾਲ ਵਿਚ ਸਰਬੀਆ ਦੇ ਬਾਦਸ਼ਾਹਾਂ ਨੇ ਇਥੋਂ ਦੀਆਂ ਖਾਣਾਂ ਨੂੰ ਵਿਕਸਿਤ ਕੀਤਾ ਅਤੇ ਨੋਵੋ ਬਰਡੋ ਨਾਂ ਦਾ ਸ਼ਹਿਰ ਪ੍ਰਫੁੱਲਤ ਹੋਇਆ। ਬਾਲਕਨ ਆਵਾਜਾਈ ਲਈ ਇਹ ਇਕ ਕੇਂਦਰੀ ਇਲਾਕਾ ਹੈ। ਪਰੀਸ਼ਟੀਨਾ ਇਸ ਇਲਾਕੇ ਦਾ ਵੱਡਾ ਸ਼ਹਿਰ ਹੈ। ਸ਼ਹਿਰ ਦੇ ਨੇੜੇ ਹੀ ਗ੍ਰੇਕੇਨੀਆ ਦੇ ਸਰਬੀਆਈ ਮੱਠ ਅਤੇ ਗਾਜ਼ੀਮਸਤਾਨ ਦੀ ਰਣ-ਭੂਮੀ ਹੈ ਜਿਥੇ 1389 ਈ. ਵਿਚ ਤੁਰਕਾਂ ਨੇ ਸਰਬੀਆ ਦੀ ਫੌਜ, ਜਿਸ ਦਾ ਜ਼ਾਰ ਲਾਜ਼ਾਰ ਕਮਾਂਡਰ ਸੀ, ਨੂੰ ਹਰਾਇਆ ਸੀ। ਮੈਟੋਹੀਯਾ ਕਾਸੋਵੋ ਦੇ ਪੱਛਮ ਵਲ ਹੈ ਅਤੇ ਪੇਚ ਇਥੋਂ ਦਾ ਵੱਡਾ ਸ਼ਹਿਰ ਹੈ। ਕਾਸੋਵੋ ਅਤੇ ਮੈਟੋਹੀਯਾ ਬਾਲਕਨ ਦੇ ਸਭ ਤੋਂ ਉਪਜਾਊ ਹਿੱਸੇ ਹਨ। ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਖਾਣਾਂ ਵਿਚ ਕੰਮ ਕਰਨਾ ਹੈ।

ਹ. ਪੁ.—ਐਨ. ਬ੍ਰਿ. 13 : 479; ਐਨ. ਬ੍ਰਿ. ਮੈ. 19 : 1102

**ਕਾਨ੍ਹ ਸਿੰਘ, ਭਾਈ (ਨਾਭਾ) ;** ਕੋਸ਼ਕਾਰੀ, ਪਿੰਗਲ ਅਤੇ ਵਿਆਕਰਣ ਦੇ ਖੇਤਰਾਂ ਵਿਚ ਨਿਪੁੰਨ, ਧਰਮ, ਤਰਕ-ਨਿਆਇ, ਇਤਿਹਾਸ ਤੇ ਸਾਹਿਤ ਦੇ ਧੁਰੰਤਰ ਗਿਆਨੀ, ਸੰਸਕ੍ਰਿਤ, ਹਿੰਦੀ, ਪੰਜਾਬੀ, ਫ਼ਾਰਸੀ, ਉਰਦੂ ਤੇ ਅੰਗ੍ਰੇਜ਼ੀ ਆਦਿ ਭਾਸ਼ਾਵਾਂ ਦੇ ਪਰਮ ਗਿਆਤਾ, ਰਾਜਨੀਤੀ ਤੇ ਸਿੱਖ ਧਰਮ ਦੇ ਇਸ ਮਹਾਨ ਵਿਦਵਾਨ ਦਾ ਜਨਮ ਭਾਈ ਨਾਰਾਇਣ ਸਿੰਘ ਦੇ ਘਰ ਹੋਇਆ। ਇਸ ਦਾ ਜੱਦੀ ਪਿੰਡ 'ਪਿੱਥੋ' ਜ਼ਿਲ੍ਹਾ ਬਠਿੰਡਾ ਸੀ, ਪਰ ਇਸ ਦਾ ਬਜ਼ੁਰਗ ਬਾਬਾ ਅਜਾਪਾਲ ਸਿੰਘ ਨਾਮੀ ਨਾਭੇ ਦੇ ਪ੍ਰਸਿੱਧ ਗੁਰਦੁਆਰੇ ਦੇ ਮਹੰਤ ਜੀ ਸਨ। ਇਸ ਨੇ ਮੁੱਢਲੀ ਵਿਦਿਆ ਭਾਈ ਰੂਪ ਸਿੰਘ ਪਾਸੋਂ, ਸੰਸਕ੍ਰਿਤ ਦਾ ਗਿਆਨ ਭਾਈ ਕਲਿਆਣ ਦਾਸ ਪਾਸੋਂ ਪ੍ਰਾਪਤ ਕੀਤਾ ਅਤੇ ਨਾਭੇ ਦੇ ਪ੍ਰਸਿੱਧ ਪੰਡਤਾਂ ਪਾਸੋਂ ਨਿਆਇ, ਵੇਦਾਂਤ, ਕਾਵਿ ਤੇ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ; ਭਾਈ ਭਗਵਾਨ ਸਿੰਘ ਦੁੱਘ ਪਾਸੋਂ ਕਵਿਤਾ ਤੇ ਭਾਈ ਗੱਜਾ ਸਿੰਘ ਪਾਸੋਂ ਸੰਗੀਤ ਵਿਦਿਆ ਪ੍ਰਾਪਤ ਕੀਤੀ। ਭਾਈ ਜਵਾਹਰ ਸਿੰਘ ਨੇ ਸਿੱਖ ਇਤਿਹਾਸ ਨਾਲ ਡੂੰਘੀ ਜਾਣ-ਪਛਾਣ ਕਰਵਾਈ। ਇਸ ਨੇ ਜਦੋਂ ਫਾਰਸੀ ਦਾ ਅਧਿਐਨ ਸ਼ੁਰੂ ਕੀਤਾ ਤਾਂ ਲੋਕਾਂ ਦੇ ਵਿਰੋਧ ਕਾਰਨ ਇਸ ਨੂੰ ਫ਼ਾਰਸੀ ਦੀ ਪੜ੍ਹਾਈ ਬੰਦ ਕਰਨੀ ਪਈ। ਇਸ ਨੂੰ ਪੜ੍ਹਾਈ

ਦੀ ਤਲਬ ਸੀ ਜਿਸ ਕਾਰਨ ਘਰ ਬਾਰ ਛੱਡ ਕੇ ਇਹ ਦਿੱਲੀ ਪੁੱਜ ਗਿਆ ਅਤੇ ਇਥੇ ਅੰਗ੍ਰੇਜ਼ੀ ਤੇ ਫਾਰਸੀ ਦਾ ਡੂੰਘਾ ਅਧਿਐਨ ਕੀਤਾ।



ਭਾਈ ਕਾਨ੍ਹ ਸਿੰਘ ਨਾਭਾ

ਇਹ ਦਿੱਲੀ ਤੋਂ ਲਾਹੌਰ ਆ ਗਿਆ ਤੇ ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ. ਗੁਰਮੁਖ ਸਿੰਘ ਤੇ ਸਰ ਅੱਤਰ ਸਿੰਘ ਭਦੌੜ ਵਾਲਿਆਂ ਦੀ ਸੰਗਤ ਵਿਚ ਰਹਿ ਕੇ ਗੁਰਮਤਿ ਦੇ ਪ੍ਰਚਾਰ ਲਈ ਯਤਨ ਅਰੰਭ ਕਰ ਦਿੱਤੇ। ਇਥੇ ਰਹਿ ਕੇ ਇਸ ਨੇ 'ਗੁਰਮਤ ਪ੍ਰਭਾਕਰ', 'ਗੁਰਮਤ ਸੁਧਾਰਕ' ਅਤੇ 'ਹਮ ਹਿੰਦੂ ਨਹੀਂ' ਵਿਦਵਤਾ ਭਰਪੂਰ ਗ੍ਰੰਥ ਤਿਆਰ ਕੀਤੇ। ਦੋ ਕੁ ਸਾਲਾਂ ਮਗਰੋਂ ਇਹ ਵਾਪਸ ਨਾਭੇ ਆ ਗਿਆ।

ਇਸ ਦਾ ਵਿਆਹ 24 ਸਾਲਾਂ ਦੀ ਉਮਰ ਵਿਚ ਹੋਇਆ ਪਰ ਜਲਦੀ ਹੀ ਇਸ ਦੀ ਪਤਨੀ ਗੁਜ਼ਰ ਗਈ। ਫਿਰ ਇਸ ਨੇ ਦੂਸਰਾ ਵਿਆਹ ਕਰਵਾਇਆ ਪਰ ਉਹ ਪਤਨੀ ਵੀ ਜਲਦੀ ਗੁਜ਼ਰ ਗਈ। ਇਸ ਦੀ ਤੀਸਰੀ ਸ਼ਾਦੀ ਬੀਬੀ ਬਸੰਤ ਕੌਰ ਨਾਲ ਹੋਈ ਜਿਸ ਦੀ ਕੁੱਖੋਂ ਇਕੋ ਪੁੱਤਰ ਭਾਈ ਭਗਵੰਤ ਸਿੰਘ 'ਹਰੀ ਜੀ' ਜਨਮਿਆ।

ਇਸ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਹੀਰਾ ਸਿੰਘ ਨਾਭਾ ਨੇ ਇਸ ਨੂੰ ਆਪਣੇ ਮੁਸਾਹਿਬਾਂ ਵਿਚ ਸ਼ਾਮਲ ਕਰ ਲਿਆ ਤੇ ਫਿਰ ਇਨ੍ਹਾਂ ਨੂੰ ਟਿੱਕਾ ਰਿਪੁਦਮਨ ਸਿੰਘ ਦਾ ਅਧਿਆਪਕ ਨਿਯੁਕਤ ਕਰ ਦਿਤਾ। ਆਪਣੀ ਯੋਗਤਾ ਕਾਰਨ ਜਲਦੀ ਹੀ ਇਹ ਕ੍ਰਮਵਾਰ ਮਹਾਰਾਜੇ ਦੇ ਪ੍ਰਾਈਵੇਟ ਸਕੱਤਰ, ਸਿਟੀ ਮੈਜਿਸਟ੍ਰੇਟ, ਨਹਿਰ ਨਾਜ਼ਮ ਅਤੇ ਜ਼ਿਲ੍ਹਾ ਫੂਲ ਦੇ ਡਿਪਟੀ ਕਮਿਸ਼ਨਰ ਬਣ ਗਏ। ਇਸ ਉਤੇ ਮਹਾਰਾਜੇ ਨੂੰ ਬਹੁਤ ਵਿਸ਼ਵਾਸ ਸੀ, ਜਿਸ ਕਾਰਨ ਮਹਾਰਾਜੇ ਨੇ ਸ਼ਾਹੀ ਦਰਬਾਰ ਵਿਚ ਮਹਾਰਾਜਾ ਨਾਭਾ ਦੇ ਬੈਠਣ ਦੇ ਸਵਾਲ ਅਤੇ ਪਰਗਨਾ ਪੱਖੋਵਾਲ ਤੇ ਦਰਿੜ ਦੇ ਇਲਾਕਿਆਂ (ਜੋ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ ਸਮੇਂ ਜ਼ਬਤ ਹੋਏ ਸਨ) ਦੇ ਝਗੜੇ ਨੂੰ ਨਜਿੱਠਣ ਲਈ ਇਸ ਨੂੰ ਫੂਲਕੀਆਂ ਰਿਆਸਤਾਂ ਦੇ ਪੁਲੀਟੀਕਲ ਏਜੰਟ ਕਰਨਲ ਡਨਲਪ ਸਮਿੱਥ ਪਾਸ ਵਕੀਲ ਬਣਾ ਕੇ ਭੇਜਿਆ। ਇਸ ਨੇ ਬੜੀ ਯੋਗਤਾ ਨਾਲ ਇਨ੍ਹਾਂ ਮਸਲਿਆਂ ਨੂੰ ਨਜਿਠਿਆ। ਇਹ ਇਸ ਮਾਮਲੇ ਸਬੰਧੀ ਤਿੰਨ ਵਾਰ ਇੰਗਲੈਂਡ ਵੀ ਗਿਆ। ਵਾਪਸ ਆਉਣ ਤੇ ਮਹਾਰਾਜਾ ਹੀਰਾ ਸਿੰਘ ਨੇ ਇਸ ਨੂੰ ਆਪਣਾ ਵਿਦੇਸ਼ ਮੰਤਰੀ ਨਿਯੁਕਤ ਕਰ ਲਿਆ। ਪਰ ਕਿਸੇ ਗ਼ਲਤ ਫ਼ਹਿਮੀ ਕਾਰਨ ਇਹ ਨੌਕਰੀ ਤੋਂ ਅਲੱਗ ਹੋ ਕੇ ਕਸ਼ਮੀਰ ਚਲਾ ਗਿਆ, ਜਿਥੇ ਇਨ੍ਹਾਂ ਨੇ ਸਿੱਖ ਸਾਹਿਤ ਦੇ ਆਧਾਰ ਤੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਲਿਖਣਾ ਸ਼ੁਰੂ ਕੀਤਾ। 1915 ਵਿਚ ਮਹਾਰਾਜਾ ਪਟਿਆਲਾ ਨੇ ਇਸ ਨੂੰ ਪੋਲੀਟੀਕਲ ਏਜੰਸੀ ਦੀ ਵਕਾਲਤ ਦਾ ਅਹੁਦਾ ਪੇਸ਼ ਕੀਤਾ ਜੋ ਇਸ ਨੇ ਸਵੀਕਾਰ ਕਰ ਲਿਆ। 1917 ਵਿਚ ਮਹਾਰਾਜਾ ਪਟਿਆਲਾ ਤੇ ਨਾਭਾ ਵਿਚਕਾਰ ਅਚਾਨਕ ਰਾਜਸੀ ਤੇ ਆਪਸੀ ਕਾਰਨਾਂ ਕਰਕੇ ਖਿਚੋਤਾਣ ਵੱਧ ਗਈ ਜਿਸ ਨੂੰ ਭਾਈ ਅਰਜਨ ਸਿੰਘ ਬਾਗੜੀਆ ਨੇ ਮੁਕਾਇਆ। ਇਹ ਸਰਕਾਰ ਦੀ ਮਰਜ਼ੀ ਨਾਲ ਨਾਭੇ ਆ ਗਏ। ਮਹਾਰਾਜਾ ਰਿਪੁਦਮਨ ਸਿੰਘ ਨੂੰ 9 ਜੁਲਾਈ, 1923 ਨੂੰ ਗੱਦੀਓਂ ਲਾਹ ਕੇ ਦੇਹਰਾਦੂਨ ਭੇਜ ਦਿਤਾ ਗਿਆ ਤੇ ਨਾਲ ਹੀ ਭਾਈ ਜੀ ਹਮੇਸ਼ਾ ਲਈ ਰਿਆਸਤਾਂ ਦੇ ਝਗੜਿਆਂ ਤੋਂ ਵੱਖ ਹੋ ਕੇ ਸਾਹਿਤ ਸੇਵਾ ਵਿਚ ਜੁੱਟ ਗਏ। ਇਸ ਨੇ ਪਹਿਲਾਂ ਮਹਾਰਾਜਾ ਹੀਰਾ ਸਿੰਘ ਦੇ ਕਹਿਣ ਤੇ ਮਿਸਟਰ ਮੈਕਾਲਿਫ ਸਾਹਿਬ ਨੂੰ ਵਿਦਿਆ ਪੜ੍ਹਾਈ ਅਤੇ ਸਿੱਖ ਰਿਲੀਜਨ ਲਿਖਣ ਵਿਚ ਮਦਦ ਕੀਤੀ ਜਿਸ ਦਾ ਜ਼ਿਕਰ ਮੈਕਾਲਿਫ ਨੇ ਆਪਣੇ ਗ੍ਰੰਥ ਦੀ ਭੂਮਿਕਾ ਵਿਚ ਕੀਤਾ ਅਤੇ ਆਪਣੀ ਪੁਸਤਕ ਦੇ ਸਾਰੇ ਅਧਿਕਾਰ ਇਸ ਨੂੰ ਹੀ ਸੌਂਪ ਦਿਤੇ।

ਇਸ ਨੇ ਮੂਰਤੀ ਪੂਜਾ ਦਾ ਵਿਰੋਧ ਕੀਤਾ ਤੇ ਦਰਬਾਰ ਸਾਹਿਬ ਦੀ ਪਰਕਰਮਾਂ ਵਿਚੋਂ ਮੂਰਤੀਆਂ ਚੁਕਵਾਉਣ ਵਿਚ ਪੂਰਾ ਸਹਿਯੋਗ ਦਿੱਤਾ। ਸਿੰਘ ਸਭਾ ਲਹਿਰ ਤੇ ਸਿੱਖ ਵਿਦਿਅਕ ਲਹਿਰ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਪੱਕੇ ਪੈਰੀਂ ਖੜ੍ਹਾ ਕਰਨ ਲਈ ਇਸ ਦੀ ਸੇਵਾ ਅਦੁੱਤੀ ਸੀ। ਭਾਈ ਜੀ ਦੀਆਂ ਵਿਦਿਅਕ ਸੇਵਾਵਾਂ ਨੂੰ ਮੁਖ ਰਖਕੇ 1931 ਵਿਚ ਅੰਮ੍ਰਿਤਸਰ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਪ੍ਰਧਾਨਗੀ ਦਾ ਮਾਨ ਬਖਸ਼ਿਆ ਗਿਆ ਤੇ 1932 ਵਿਚ ਸਰਕਾਰ ਹਿੰਦ ਵਲੋਂ ਇਸ ਨੂੰ ਸਰਦਾਰ ਬਹਾਦਰ ਦਾ ਖਿਤਾਬ ਦਿਤਾ ਗਿਆ। ਇਹ ਧਰਮ, ਸਾਹਿਤ, ਦੇਸ ਤੇ ਕੌਮ ਦੀ ਸੇਵਾ ਕਰਦੇ ਹੋਏ 23 ਨਵੰਬਰ, 1938 ਨੂੰ ਨਾਭੇ ਵਿਖੇ ਅਕਾਲ ਚਲਾਣਾ ਕਰ ਗਿਆ।

ਭਾਈ ਸਾਹਿਬ ਨੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ ਜੋ ਇਸ ਪ੍ਰਕਾਰ ਹਨ:—

1. 'ਰਾਜ ਧਰਮ': ਇਹ ਭਾਈ ਸਾਹਿਬ ਦੀ ਪਹਿਲੀ ਰਚਨਾ ਹੈ ਜਿਸ ਵਿਚ ਭਾਈ ਸਾਹਿਬ ਤੇ ਮਹਾਰਾਜਾ ਹੀਰਾ ਸਿੰਘ ਦੇ ਵਿਚਾਰਾਂ ਨੂੰ ਪੁਰਾਤਨ ਪੰਜਾਬੀ ਵਿਚ ਅੰਕਿਤ ਕੀਤਾ ਗਿਆ।

2. 'ਨਾਟਕ ਭਾਵਾਰਥ ਦੀਪਿਕਾ' : ਪ੍ਰਸਿੱਧ 'ਹਨੂਮਾਨ ਨਾਟਕ" ਕ੍ਰਿਤ ਭਾਈ ਹਿਰਦੇ ਰਾਮ ਭੱਲਾ ਦੇ ਭਾਵਾਰਥ ਇਸ ਗ੍ਰੰਥ ਵਿਚ ਦਿਤੇ ਹਨ ਜੋ ਟਿੱਕਾ ਰਿਪੁਦਮਨ ਸਿੰਘ ਨੂੰ ਇਹ ਨਾਟਕ ਪੜ੍ਹਾਉਂਦਿਆਂ ਟਿਪਣੀ ਦੇ ਰੂਪ ਵਿਚ ਲਿਖੇ ਸਨ। ਇਨ੍ਹਾਂ ਵਿਚ ਸਦਾਚਾਰਕ, ਧਾਰਮਕ ਤੇ ਨਿਆਇਸ਼ੀਲ ਗੁਣੀ ਮਨੁੱਖ ਬਣਨ ਲਈ ਪ੍ਰੇਰਿਤ ਕੀਤਾ ਗਿਆ ਹੈ।

3. 'ਹਮ ਹਿੰਦੂ ਨਹੀਂ' : ਇਹ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਲਿਖੀ ਗਈ ਵਿਵਾਦ ਗ੍ਰਸਤ ਰਚਨਾ ਹੈ ਜਿਸ ਵਿਚ ਵਾਰਤਾਲਾਪ ਦੇ ਰੂਪ ਵਿਚ ਸਿੱਖ ਦੇ ਹਿੰਦੂ ਹੋਣ ਵਾਲੇ ਵਿਚਾਰਾਂ ਨੂੰ ਦਲੀਲਾਂ ਨਾਲ ਕੱਟਿਆ ਗਿਆ ਹੈ ਤੇ ਸਿੱਖ ਧਰਮ ਦੀ ਸ੍ਰੇਸ਼ਟਤਾ ਦਰਸਾਈ ਗਈ ਹੈ। ਲੇਖਕ ਨੇ ਆਪਣੇ ਪੱਖ ਵਿਚ ਧਰਮ ਗ੍ਰੰਥਾਂ ਦੇ ਹਵਾਲੇ ਆਦਿ ਦਿਤੇ ਹਨ। ਇਸ ਦਾ ਹਿੰਦੂਆਂ ਵਲੋਂ ਬੜਾ ਵਿਰੋਧ ਹੋਇਆ ਜਿਸ ਕਾਰਨ ਇਸ ਨੂੰ ਨੌਕਰੀ ਤੋਂ ਹੱਥ ਧੋਣੇ ਪਏ ਪਰ ਇਹ ਸਿੱਖ ਧਰਮ ਵਿਚੋਂ ਕਰਮ ਕਾਂਡ, ਮੂਰਤੀ ਪੂਜਾ ਤੇ ਹੋਰ ਬ੍ਰਾਹਮਣੀ ਪ੍ਰਭਾਵਾਂ ਨੂੰ ਖਤਮ ਕਰਨ ਵਿਚ ਲਾਭਦਾਇਕ ਸਿੱਧ ਹੋਈ।

4. 'ਟੀਕਾ ਵਿਸ਼ਨੂੰ ਪੌਰਾਣ' : ਇਹ ਪੁਸਤਕ 1903 ਵਿਚ ਮਹਾਰਾਜਾ ਨਾਭਾ ਵਲੋਂ ਛਪਵਾਈ ਗਈ। ਇਸ ਵਿਚ ਜਿਥੇ ਪੌਰਾਣ ਦਾ ਟੀਕਾ ਹੈ, ਉਥੇ ਨਾਲ ਟਿੱਪਣੀਆਂ ਦੇ ਕੇ ਵਿਚਾਰਾਂ ਨੂੰ ਸਪੱਸ਼ਟ ਵੀ ਕੀਤਾ ਗਿਆ ਹੈ।

5. 'ਸ਼ਰਾਬ ਨਿਸ਼ੇਧ' : ਇਹ ਪੁਸਤਕ 1907 ਵਿਚ ਪ੍ਰਕਾਸ਼ਿਤ ਹੋਈ ਜਿਸ ਵਿਚ ਸ਼ਰਾਬ ਦੇ ਵਧਦੇ ਪ੍ਰਚਾਰ ਨੂੰ ਰੋਕਣ ਲਈ

ਯਤਨ ਕੀਤਾ ਗਿਆ। ਇਸ ਵਿਚ ਪ੍ਰਸਿੱਧ ਪੂਰਬੀ-ਪੱਛਮੀ ਧਰਮ ਗ੍ਰੰਥਾਂ, ਵੈਦਿਕ ਗ੍ਰੰਥਾਂ ਤੇ ਦੁਨੀਆਂ ਦੇ ਮਹਾਨ ਵਿਅਕਤੀਆਂ ਦੇ ਵਿਚਾਰ ਆਪਣੇ ਵਿਚਾਰ ਦੀ ਪੁਸ਼ਟੀ ਲਈ ਦਿਤੇ ਗਏ ਹਨ।

6. 'ਸੱਚ ਦਾ ਪਰਮਾਰਥ' : ਇਸ ਵਿਚ ਬਾਬਾ ਸੁੰਦਰ ਜੀ ਦੀ ਸੱਚ ਦੀ ਵਿਆਖਿਆ ਕੀਤੀ ਗਈ ਹੈ ਤੇ ਇਸ ਦੀ ਸ਼ੈਲੀ ਬੜੀ ਵਿਅੰਗਮਈ ਹੈ, ਜੋ ਅਨਮਤੀਏ ਸੱਦ ਦੇ ਅਰਥ ਗ਼ਲਤ ਕਰਕੇ ਆਪਣਾ ਪੱਖ ਪੂਰਦੇ ਹਨ, ਉਨ੍ਹਾਂ ਨੂੰ ਬੜੀਆਂ ਦਲੀਲਾਂ ਨਾਲ ਕੱਟਿਆ ਹੈ ਤੇ ਵਹਿਮਾਂ ਭਰਮਾਂ ਵਿਚੋਂ ਨਿਕਲਣ ਲਈ ਪ੍ਰੇਰਿਆ ਹੈ।

7. 'ਗੁਰ ਛੰਦ ਦਿਵਾਕਰ' : ਇਹ ਗ੍ਰੰਥ ਪਿੰਗਲ ਨਾਲ ਸਬੰਧਤ ਹੈ। ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ ਤੇ ਕਬਿੱਤ ਸਵਈਏ, ਗੁਰਬਿਲਾਸ ਪਾਤਸ਼ਾਹੀ ਛੇਵੀਂ ਤੇ ਦਸਵੀਂ, ਗੁਰਮਤ ਪ੍ਰਕਾਸ਼, ਗੁਰੂ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਵਿਚੋਂ ਛੰਦਾਂ ਦੀ ਖੋਜ ਕਰਕੇ ਉਨ੍ਹਾਂ ਨੂੰ ਪਿੰਗਲ ਸ਼ਾਸਤਰ ਅਨੁਸਾਰ ਠੀਕ ਦਰਸਾਇਆ ਹੈ।

8. 'ਗੁਰ ਸ਼ਬਦਾਲੰਕਾਰ' : ਇਸ ਗ੍ਰੰਥ ਵਿਚ ਗੁਰਮਤਿ ਸਾਹਿਤ ਵਿਚ ਵਰਤੇ ਗਏ ਅਲੰਕਾਰਾਂ ਦੀ ਵਿਆਖਿਆ ਬੜੀ ਵਿਦਵਤਾ ਸਹਿਤ ਕੀਤੀ ਗਈ ਹੈ ਜਿਸ ਤੋਂ ਲੇਖਕ ਦੀ ਸੰਸਕ੍ਰਿਤ ਕਾਵਿ ਸ਼ਾਸਤਰ ਦੀ ਵਾਕਫੀਅਤ ਦਾ ਗਿਆਨ ਹੁੰਦਾ ਹੈ। ਪੰਜਾਬੀ ਵਿਚ ਇਹ ਪਹਿਲੀ ਪੁਸਤਕ ਹੈ ਜਿਸ ਵਿਚ ਅਲੰਕਾਰਾਂ ਬਾਰੇ ਇੰਨਾ ਵਿਸਤ੍ਰਿਤ ਵਿਚਾਰ ਹੋਇਆ ਹੈ।

9. 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' : ਇਹ ਭਾਈ ਸਾਹਿਬ ਦਾ ਸ਼ਾਹਕਾਰ ਹੈ ਜਿਸ ਨੂੰ ਸਿੱਖ ਧਰਮ ਤੇ ਸਾਹਿਤ ਦਾ ਵਿਸ਼ਵ ਕੋਸ਼ ਆਖਿਆ ਗਿਆ ਹੈ। ਇਸ ਨੇ ਆਪਣੇ ਜੀਵਨ ਦੇ 14 ਸਾਲ ਇਹ ਕੋਸ਼ ਤਿਆਰ ਕਰਨ ਲਈ ਲਗਾਏ ਪਰ ਇਸ ਨਾਲ ਸਬੰਧਿਤ ਸੰਕਲਨ, ਖੋਜ ਛਪਾਈ ਤੇ ਪਰੂਫਾਂ ਦੀ ਸੁਧਾਈ ਨੂੰ ਘੱਟੋ ਘੱਟ 28 ਸਾਲ ਲਗ ਗਏ। ਇਸ ਵਿਚ ਸਿੱਖ ਸਾਹਿਤ, ਧਰਮ, ਇਤਿਹਾਸ, ਆਦਿ ਨਾਲ ਸਬੰਧਤ ਸ਼ਬਦਾਂ ਬਾਰੇ ਮੁਕੰਮਲ ਜਾਣਕਾਰੀ ਦਿਤੀ ਗਈ ਹੈ। ਇਥੇ ਹੀ ਬਸ ਨਹੀਂ ਜੋਤਿਸ਼, ਭੂਗੋਲ, ਬਨਸਪਤੀ ਸਾਇੰਸ, ਦੂਜੇ ਧਰਮਾਂ ਬਾਰੇ ਵਿਸ਼ੇਸ਼ ਜਾਣਕਾਰੀ ਦਿਤੀ ਗਈ ਹੈ। ਇਸ ਵਿਚ 64263 ਐਂਟਰੀਆਂ ਹਨ ਅਤੇ ਸ਼ਬਦਾਂ ਦੀ ਨਿਰੁਕਤੀ ਵੀ ਦਿਤੀ ਗਈ ਹੈ।

ਇਹ ਇਕ ਅਦੁਤੀ ਰਚਨਾ ਹੈ ਜਿਸ ਦੀ ਨਜ਼ੀਰ ਹੋਰ ਭਾਰਤੀ ਭਾਸ਼ਾਵਾਂ ਵਿਚ ਨਹੀਂ ਮਿਲਦੀ। ਇਹ ਇਕ ਇਕੱਲੇ ਵਿਅਕਤੀ ਦੀ ਘਾਲਣਾ ਦਾ ਸਿੱਟਾ ਹੈ, ਜਿਸ ਨੂੰ ਦੇਖਕੇ ਵਿਦਵਾਨ ਹੈਰਾਨ ਹਨ। ਇਸ ਦਾ ਪੈਟਰਨ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਾਲਾ ਹੈ ਜਿਸ ਦਾ ਭਾਈ ਸਾਹਿਬ ਨੇ ਆਪ ਵੀ ਜ਼ਿਕਰ ਕੀਤਾ ਹੈ। ਇਹੀ ਕਾਰਨ ਹੈ ਕਿ ਆਧੁਨਿਕ ਵਿਸ਼ਵ ਕੋਸ਼/ਕੋਸ਼ ਦੀ ਤਕਨੀਕ ਪੱਖੋਂ ਇਹ ਅਤਿਅੰਤ ਸਫਲ ਰਚਨਾ ਹੈ।

10. 'ਚੰਡੀ ਦੀ ਵਾਰ ਸਟੀਕ' : ਇਹ ਟੀਕਾ ਨਾਮਧਾਰੀ ਆਗੂ ਬਾਬਾ ਪ੍ਰਤਾਪ ਸਿੰਘ ਦੇ ਆਖਣ ਤੇ ਇਸ ਨੇ ਲਿਖਿਆ ਜਿਸ ਵਿਚ ਪਹਿਲਾਂ ਹੋਇਆਂ ਟੀਕਿਆਂ ਵਿਚਲੀਆਂ ਉਕਾਈਆਂ ਦੂਰ ਕੀਤੀਆਂ। ਇਸ ਟੀਕੇ ਤੋਂ ਲੇਖਕ ਦੀ ਵਿਦਵਤਾ ਤੇ ਡੂੰਘੇ ਅਧਿਐਨ ਦਾ ਪਤਾ ਲਗਦਾ ਹੈ।

ਸੰਪਾਦਤ ਪੁਸਤਕਾਂ :

11. 'ਗੁਰਮਤ ਪ੍ਰਭਾਕਰ' : ਇਸ ਪੁਸਤਕ ਵਿਚ ਅੱਖਰ ਕ੍ਰਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵੱਖ ਵੱਖ ਵਿਸ਼ਿਆਂ ਤੇ ਉਪਦੇਸ਼ ਇਕਠੇ ਕਰਨ ਦਾ ਉਦਮ ਕੀਤਾ ਗਿਆ ਹੈ ਅਤੇ ਫੁਟ-ਨੋਟਾਂ ਵਿਚ ਅਰਥ ਵੀ ਦਿਤੇ ਗਏ ਹਨ। ਇਸ ਗ੍ਰੰਥ ਦਾ ਪ੍ਰਯੋਜਨ ਸਿੱਖਾਂ ਨੂੰ ਉਨ੍ਹਾਂ ਦੇ ਧਰਮ ਦੀ ਅਸਲੀਅਤ ਤੋਂ ਜਾਣੂ ਕਰਵਾਉਣਾ ਸੀ।

12. 'ਗੁਰਮਤ ਸੁਧਾਕਰ' : ਭਾਈ ਸਾਹਿਬ ਨੇ ਇਸ ਗ੍ਰੰਥ ਨੂੰ ਸੋਲ੍ਹਾਂ ਕਲਾਂ ਭੂਸ਼ਿਤ ਚੰਦ੍ਰਮਾ ਆਖਿਆ ਹੈ। ਗੁਰਮਤ ਸੁਧਾਕਰ ਵਾਂਗ ਇਸ ਵਿਚ ਵੀ ਕਰਮ ਕਾਂਡ, ਵਹਿਮਾਂ, ਭਰਮਾਂ, ਜੰਤਰਾਂ, ਮੰਤਰਾਂ, ਦੇਵੀ ਪੂਜਾ ਅਤੇ ਜ਼ਾਤ ਪਾਤ ਆਦਿ ਦਾ ਖੰਡਨ ਕੀਤਾ ਗਿਆ ਹੈ। ਇਨ੍ਹਾਂ ਵਿਚਾਰਾਂ ਨੂੰ ਸਪੱਸ਼ਟ ਕਰਨ ਲਈ ਲੇਖਕ ਨੇ ਦਸਮ ਗ੍ਰੰਥ, ਭਾਈ ਗੁਰਦਾਸ ਰਚਨਾਵਲੀ, ਗੁਰਬਿਲਾਸ, ਸੂਰਜ ਪ੍ਰਕਾਸ਼, ਜਨਮਸਾਖੀਆਂ, ਰਹਿਤਨਾਮੇ, ਪੰਥ ਪ੍ਰਕਾਸ਼ ਆਦਿ ਗ੍ਰੰਥਾਂ ਚੋਂ ਪ੍ਰਮਾਣ ਦਿਤੇ ਹਨ। ਇਹ ਪੁਸਤਕ ਧਰਮ ਦੇ ਪੱਖੋਂ ਇਕ ਹਵਾਲਾ ਆਖੀ ਜਾ ਸਕਦੀ ਹੈ।

13. 'ਸਮੱਸਿਯਾ ਪੂਰਤੀ' : 1899 ਵਿਚ ਭਾਈ ਸਾਹਿਬ ਨੇ ਇਸ ਪੁਸਤਕ ਦਾ ਸੰਪਾਦਨ ਕੀਤਾ ਤੇ "ਨਾਰੀ ਚੜ੍ਹੀ ਹੈ ਅਟਾਰੀ ਨਾ ਉਤਾਰੀ-ਉਤਰਤ ਹੈ" ਅਤੇ "ਇਹ ਕਾਰਨ ਨਾਰਿ ਨਰੇਲ ਉਛਾਲੇ" ਸਮੱਸਿਆ ਉਪਰ ਦੱਸ ਕਵੀਆਂ ਦੀਆਂ ਰਚਨਾਵਾਂ ਸੰਕਲਿਤ ਕੀਤੀਆਂ ਹਨ। ਇਸ ਵਿਚ ਕਾਨ੍ਹ ਸਿੰਘ, ਭਾਈ ਦਿੱਤ ਸਿੰਘ, ਰਾਮ ਗੁਪਾਲ, ਜੀਵਨ ਰਾਮ, ਸ੍ਰੀ ਧਰ ਜੀ, ਪ੍ਰੇਮ ਸਿੰਘ, ਸੁਮੇਰ ਸਿੰਘ, ਤਾਰਾ ਸਿੰਘ ਤੇ ਦੋ ਗੁਮਨਾਮ ਕਵੀਆਂ ਦੀਆਂ ਰਚਨਾਵਾਂ ਸ਼ਾਮਲ ਹਨ। ਸ਼ਮਸ਼ੇਰ ਸਿੰਘ ਅਸ਼ੋਕ ਦਾ ਵਿਚਾਰ ਹੈ ਕਿ ਮਹਾਰਾਜਾ ਰਿਪੁਦਮਨ ਸਿੰਘ ਦੀਆਂ ਕਵਿਤਾਵਾਂ ਵੀ ਇਸ ਵਿਚ ਦਰਜ ਹਨ।

14. 'ਰੂਪਦੀਪ ਪਿੰਗਲ' : ਹਿੰਦੀ ਦੇ ਪ੍ਰਸਿੱਧ ਕਵੀ ਜੈ ਕਿਸ਼ਨ ਦਾਸ ਦੇ ਇਸ ਗ੍ਰੰਥ ਨੂੰ ਬੜੀ ਮਿਹਨਤ ਨਾਲ ਸੰਪਾਦਿਤ ਕਰਕੇ 1925 ਵਿਚ ਛਪਵਾਇਆ।

15. 'ਅਨੇਕਾਰਥ ਕੋਸ਼' : ਇਹ ਸੰਸਕ੍ਰਿਤ ਤੇ ਬ੍ਰਜਭਾਸ਼ਾ ਦੇ ਕਠਨ ਸ਼ਬਦਾਂ ਦਾ ਛੰਦ-ਬੱਧ ਕੋਸ਼ ਹੈ ਜਿਸ ਵਿਚ ਇਕ ਸ਼ਬਦ ਦੇ ਕਈ ਕਈ ਅਰਥ ਦਰਸਾਏ ਗਏ ਹਨ। ਇਹ ਮਹਾ ਕਾਵਿ ਵੀ ਨੰਦ ਦਾਸ ਦੀ ਕਿਰਤ ਹੈ। ਭਾਈ ਸਾਹਿਬ ਨੇ ਬੜੀ ਮਿਹਨਤ ਨਾਲ ਛਾਪੇਖਾਨੇ ਵਾਲਿਆਂ ਦੁਆਰਾ ਪਾਈਆਂ ਅਸ਼ੁਧੀਆਂ ਦੂਰ ਕੀਤੀਆਂ ਤੇ ਨੰਦ ਦਾਸ ਦੀ ਰਚਨਾ ਨਾਲ 114 ਸ਼ਬਦ ਨਵੇਂ ਮਿਲਾਏ।

16. 'ਨਾਗ ਮਾਲਾ ਕੋਸ਼' : ਇਹ ਨੰਦ ਦਾਸ ਦੀ ਰਚਨਾ ਹੈ ਜਿਸ ਵਿਚ ਇਕ ਇਕ ਵਸਤੂ ਦੇ ਕਈ ਕਈ ਨਾਮ ਦਿਤੇ ਹਨ। ਜੋ ਛੰਦ-ਬੱਧ ਰਚਨਾ ਹੈ ਭਾਈ ਸਾਹਿਬ ਨੇ ਇਸ ਨੂੰ ਬੜੀ ਮਿਹਨਤ ਨਾਲ ਸੋਧਿਆ ਤੇ ਹੋਰ ਸ਼ਬਦਾਂ ਦਾ ਵਾਧਾ ਕੀਤਾ। ਫੁੱਟ-ਨੋਟਾਂ ਵਿਚ ਸ਼ੰਕਾ ਸਮਾਧਾਨ ਵੀ ਕੀਤਾ।

17. 'ਗੁਰਮਤ ਮਾਰਤੰਡ : ਇਹ ਭਾਈ ਸਾਹਿਬ ਦੇ ਅੰਤਿਮ ਦਿਨਾਂ ਦੀ ਰਚਨਾ ਹੈ ਜਿਸ ਵਿਚ ਗੁਰਮਤ ਪ੍ਰਭਾਕਰ, ਗੁਰਮਤ ਸੁਧਾਕਰ ਤੇ ਗੁਰਗਿਰਾ ਕਸੌਟੀ (1899 ਵਿਚ ਲਿਖੀ ਸੀ ਪਰ ਅਪ੍ਰਕਾਸ਼ਿਤ ਰਹੀ) ਦਾ ਸਾਰ ਦਿਤਾ ਹੈ।

ਅਣਛਪੀਆਂ ਰਚਨਾਵਾਂ :

1. 'ਪਹਾੜ ਯਾਤਰਾ' : 1902 ਵਿਚ ਇਸ ਨੇ ਇਹ ਸਫਰਨਾਮਾ ਲਿਖਿਆ। ਇਸ ਵਿਚ ਲੇਖਕ ਦੀ ਖੋਜ ਸਬੰਧੀ ਪਹਾੜ ਦੀ ਯਾਤਰਾ ਦਾ ਵਰਣਨ ਹੈ।

2. 'ਵਲਾਇਤ ਯਾਤਰਾ' : ਇਸ ਵਿਚ ਇਸ ਦੇ ਵਲਾਇਤ ਦੇ ਤਿੰਨ ਦੌਰਿਆਂ ਦਾ ਹਾਲ ਦਰਜ ਹੈ ਜੋ ਲੇਖਕ ਨੇ 1907,8,10 ਵਿਚ ਕੀਤੇ।

3, 'ਜੋਤਿਸ਼ ਗ੍ਰੰਥ' : ਇਹ ਗ੍ਰੰਥ ਇਸ ਨੇ ਮਹਾਰਾਜਾ ਹੀਰਾ ਸਿਘ ਨਾਭਾ ਦੇ ਹੁਕਮ ਨਾਲ ਲਿਖਿਆ ਪਰ ਅਣਛਪਿਆ ਰਹਿ ਗਿਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਮਹਾਰਾਜਾ ਸਾਹਿਬ ਗੁਜ਼ਰ ਗਏ ਸਨ।

4. 'ਗੁਰਮਹਿਮਾ' : ਇਸ ਵਿਚ ਲੇਖਕ ਨੇ 95 ਕਵੀਆਂ ਦੇ ਜੀਵਨ ਖੋਜ ਕਰਕੇ ਲਿਖੇ ਤੇ ਉਨ੍ਹਾਂ ਦੀਆਂ ਗੁਰ-ਮਹਿਮਾਂ ਸਬੰਧੀ ਚੋਣਵੀਆਂ ਰਚਨਾਵਾਂ ਦਾ ਸੰਕਲਨ ਕੀਤਾ।

5. 'ਵੈਦਿਕ ਸਬੰਧੀ ਇਕ ਗ੍ਰੰਥ' ; ਇਸ ਵਿਚ ਸਿਹਤ ਦੇ ਨਿਯਮਾਂ ਸਬੰਧੀ ਵਿਸਤ੍ਰਿਤ ਵਿਚਾਰ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਭਾਈ ਸਾਹਿਬ ਦਾ ਇਕ ਅੰਗ੍ਰੇਜ਼ੀ ਵਿਚ ਲਿਖਿਆ ਨਿਬੰਧ ਵੀ ਮਿਲਦਾ ਹੈ ; 'ਸਮ ਲਾਈਟ ਆਨ ਸਿੱਖ ਟੀਨੈਟਸ'।

ਭਾਈ ਸਾਹਿਬ ਨੇ ਗੁਰਮੁਖੀ ਲਿਪੀ ਦੇ ਸੁਧਾਰ ਲਈ ਕਈ ਨਵੇਂ ਚਿੰਨ੍ਹ ਅਪਣਾਏ ਤਾਕਿ ਸੰਸਕ੍ਰਿਤ ਤੇ ਅਰਬੀ ਫਾਰਸੀ ਦੀਆਂ ਧੁਨੀਆਂ ਨੂੰ ਜਿਵੇਂ ਦਾ ਤਿਵੇਂ ਪ੍ਰਗਟ ਕੀਤਾ ਜਾ ਸਕੇ ਤੇ ਉਨ੍ਹਾਂ ਦਾ ਉਚਾਰਨ ਸ਼ੁੱਧ ਰੂਪ ਵਿਚ ਕੀਤਾ ਜਾ ਸਕੇ। ਮਹਾਨ ਕੋਸ਼, ਗੁਰਸ਼ਬਦਾਲੰਕਾਰ ਅਤੇ ਗੁਰ ਛੰਦ ਦਿਵਾਕਰ ਵਿਚ ਉਹ ਚਿੰਨ੍ਹ ਅਪਣਾਏ ਗਏ ਹਨ।

ਇਉਂ ਇਸ ਮਹਾਨ ਵਿਦਵਾਨ ਨੇ ਆਪਣਾ ਸਾਰਾ ਜੀਵਨ ਧਰਮ, ਸਾਹਿਤ ਅਤੇ ਰਾਜਨੀਤੀ ਦੇ ਅਰਪਨ ਕਰ ਦਿਤਾ ਅਤੇ ਆਉਣ ਵਾਲੀਆਂ ਨਸਲਾਂ ਲਈ ਪੂਰਨੇ ਪਾ ਕੇ ਉਚੇਰਾ, ਕਰਮਸ਼ੀਲ ਤੇ ਸਨਮਾਨਯੋਗ ਜੀਵਨ ਜੀਉਣ ਲਈ ਉਤਸ਼ਾਹਤ ਕੀਤਾ।

ਹ. ਪੁ.—ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ; ਸ: ਸਮਸ਼ੇਰ ਸਿੰਘ ਅਸ਼ੋਕ;ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ-ਪ੍ਰੋ: ਸੁਖਜੀਤ ਕੌਰ; ਕਲਮ ਦੇ ਧਨੀ-ਪਿਆਰਾ ਸਿੰਘ ਪਦਮ।

**ਕਾਹਵਾ :** ਇਹ ਅਰਬ ਦੇ ਲੋਕਾਂ ਦੇ ਪੀਣ ਵਾਲੇ ਪਦਾਰਥ ਦਾ ਨਾਂ ਹੈ ਜੋ ਇਕ ਝਾੜੀ ਕਾਫ਼ੀ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਪਰ ਸ਼ਬਦ-ਵਿਗਿਆਨੀ ਇਸ ਨੂੰ ਕਾਫ਼ਾ ਦੇ ਨਾਂ ਨਾਲ ਵੀ ਸਬੰਧਿਤ ਕਰਦੇ ਹਨ ਜੋ ਦੱਖਣੀ-ਪੱਛਮੀ ਈਥੋਪੀਆ ਦਾ ਇਕ ਸੂਬਾ ਹੈ ਅਤੇ ਇਥੇ ਹੀ ਇਸ ਦਾ ਮੂਲ-ਅਸਥਾਨ ਗਿਣਿਆ ਜਾਂਦਾ ਹੈ (ਵਿਸਥਾਰ ਲਈ ਵੇਖੋ, ਕਾਫ਼ੀ)।

ਹ. ਪੁ.—ਐਨ. ਬ੍ਰਿ. ਮਾ. 2: 1040

**ਕਾਹਿਰਾ :** ਮਿਸਰ ਦੇਸ਼ ਦੀ ਰਾਜਧਾਨੀ, ਅਫ਼ਰੀਕਾ ਦਾ ਸਭ ਤੋਂ ਵੱਡਾ ਅਤੇ ਦੁਨੀਆ ਦਾ ਅੱਠਵਾਂ ਵੱਡਾ ਸ਼ਹਿਰ ਹੈ ਜੋ ਨੀਲ ਦਰਿਆ ਦੇ ਕੰਢਿਆਂ (ਮੁੱਖ ਤੌਰ ਤੇ ਪੂਰਬੀ ਕੰਢੇ) ਉਤੇ ਅਸਵਾਨ ਹਾਈ ਡੈਮ ਤੋਂ 800 ਕਿ. ਮੀ. ਹੇਠਾਂ, ਜਿਥੇ ਲੋਅਰ ਨੀਲ ਰਾਸੈਟਾ ਅਤੇ ਡੈਮਿਐਟਾ ਤੋਂ ਸ਼ਾਖਾਵਾਂ ਵਿਚ ਵੰਡਿਆ ਜਾਂਦਾ ਹੈ, ਦੇ ਨਜ਼ਦੀਕ ਵੱਸਿਆ ਹੋਇਆ ਹੈ।

ਕਾਹਿਰਾ ਨੂੰ ਅਰਬੀ ਵਿਚ ਅਲ-ਕਾਹਿਰਾ ਕਿਹਾ ਜਾਂਦਾ ਹੈ ਜਿਸ ਦਾ ਭਾਵ ਹੈ ਜੇਤੂ। ਲਗਭਗ 5000 ਸਾਲ ਪਹਿਲਾਂ, ਕਾਹਿਰਾ ਤੋਂ ਲਗਭਗ 22 ਕਿ. ਮੀ. ਦੂਰ ਤਬਾਹ ਹੋਇਆ ਮੈਮਫਿਸ ਨਾਮੀ ਸ਼ਹਿਰ ਇਕ ਬਹੁਤ ਵੱਡਾ ਸ਼ਹਿਰ ਹੁੰਦਾ ਸੀ। 2000 ਸਾਲ ਪਹਿਲਾਂ, ਕਾਹਿਰਾ ਵਾਲੀ ਥਾਂ ਤੇ ਸਥਿਤ ਬਾਬਲ (ਹੁਣ ਮਿਸਰ ਅਲ-ਕਦੀਮ੍ਹਾ) ਨਾਮੀ ਸ਼ਹਿਰ ਸੀ ਜਿਸ ਉਤੇ ਰੋਮਨਾਂ ਦਾ ਕਬਜ਼ਾ ਹੁੰਦਾ ਸੀ। ਸਮਕਾਲੀ ਕਾਹਿਰਾ ਸ਼ਹਿਰ ਫੁਸਤਾਤ ਸ਼ਹਿਰ ਤੋਂ ਹੀ ਹੋਂਦ ਵਿਚ ਆਇਆ ਹੈ। ਫੁਸਤਾਤ ਸ਼ਹਿਰ ਦੀ ਨੀਂਹ ਅਮਰ ਇਬਨ ਅਲ-ਆਸ (ਅਰਬਾਂ ਦਾ ਕਮਾਂਡਰ, ਜਿਸਨੇ ਮਿਸਰ ਵਿਚ ਇਸਲਮ ਫੈਲਾਇਆ ਸੀ) ਨੇ 641 ਈ. ਵਿਚ ਬਾਬਲ ਵਿਖੇ ਰੱਖੀ ਸੀ। ਪਿਛਲਿਆਂ ਖ਼ਾਨਦਾਨਾਂ ਅਰਥਾਤ ਸੰਨ 750 ਵਿਚ ਉਮਈਆਂ ਨੇ ਅਲ-ਅਸਕਰ ਅਤੇ ਸੰਨ 870 ਵਿਚ ਅਹਿਮਦ ਇਬਨ ਤੁਲੂਨ ਨੇ ਅਲ-ਕਾਤਾਈ ਦੀ ਨੀਂਹ ਰੱਖ ਕੇ ਅਲ-ਫੁਸਤਾਤ ਦੇ ਤੇਜ਼ੀ ਨਾਲ ਉੱਨਤ ਹੋ ਰਹੇ ਵਪਾਰਕ ਅਤੇ ਉਦਯੋਗਿਕ-ਬੰਦਰਗਾਹੀ ਸ਼ਹਿਰ ਵਿਚ ਸ਼ਾਹੀ ਉਪ-ਨਗਰਾਂ ਦਾ ਵਾਧਾ ਕੀਤਾ। ਇਸ ਸਮੇਂ ਸ਼ਹਿਰ ਦੇ ਦੱਖਣੀ ਹਿਸੇ ਵਿਚ ਇਸ ਸਮੇਂ ਦਾ ਥੋੜ੍ਹਾ ਜਿਹਾ ਹਿੱਸਾ ਹੀ ਬਾਕੀ ਹੈ। ਟ੍ਰਾਜਨ ਦਾ ਮੀਨਾਰ (130 ਈ.), ਅਮਰ-ਇਬਨ-ਅਲ-ਆਸ (641) ਅਤੇ ਅਹਿਮਦ ਇਬਨ ਤੁਲੂਨ (878) ਦੀਆਂ ਮਸਜਿਦਾਂ ਅਤੇ ਅੰਸ਼ਕ ਤੌਰ ਤੇ ਖੋਦੇ ਗਏ ਟਿੱਲੇ, ਜਿਨ੍ਹਾਂ ਤੋਂ ਅਲ-ਫੁਸਤਾਤ ਦੀ ਥਾਂ ਦਾ ਪਤਾ ਲੱਗਦਾ ਹੈ, ਅੱਜ ਵੀ ਮੌਜੂਦ ਹਨ।

ਸੰਨ 969 ਵਿਚ ਫ਼ਾਤਮੀਆਂ ਨੇ ਅਜੋਕੇ ਟਿਊਨੀਸ਼ੀਆ ਤੋਂ ਮਿਸਰ ਉਤੇ ਹਮਲਾ ਕਰ ਦਿਤਾ। ਜੇਤੂ ਜਰਨੈਲ ਜਾਵਹਰ ਨੇ ਮੌਜੂਦਾ ਬਸਤੀਆਂ ਦੇ ਉੱਤਰ-ਪੂਰਬ ਵਿਚ ਇਕ ਨਵਾਂ ਆਇਤਾਕਾਰ ਸ਼ਕਲ ਵਿਚ ਕਿਲੇਬੰਦ ਸ਼ਹਿਰ ਸਥਾਪਤ ਕਰ ਦਿਤਾ। ਸ਼ੁਰੂ ਵਿਚ ਇਸ ਦਾ ਨਾਂ ਅਲ-ਮਨਸੂਰੀਆ ਰੱਖਿਆ ਗਿਆ ਅਤੇ 973-974 ਈ. ਵਿਚ ਅਲ-ਕਾਹਿਰਾ, ਜਦੋਂ ਕਿ ਫ਼ਾਤਿਮਾ ਦਾ ਇਕ ਪੈਰੋਕਾਰ ਖਲੀਫ਼ਾ-ਅਲ-ਮੁਈਜ਼ ਇਸ ਨੂੰ ਇਕ ਖਾਨਦਾਨ (ਜੋ 200 ਸਾਲ ਤੀਕ ਚਲਦਾ ਰਿਹਾ ਸੀ) ਦੀ ਰਾਜ-ਧਾਨੀ ਬਣਾਉਣ ਲਈ ਪਹੁੰਚਿਆ ਸੀ। ਅਲ-ਕਾਹਿਰਾ ਅਤੇ ਅਲ-ਫੁਸਤਾਤ ਦੋਵੇਂ ਸ਼ਹਿਰ ਹੀ 1168 ਈ. ਤੱਕ ਹੋਂਦ ਵਿਚ ਰਹੇ ਜਦੋਂ ਅਲ-ਫੁਸਤਾਤ, ਜੋ ਕਿ ਇਸ ਸਮੇਂ ਕਿਲੇਬੰਦ ਨਹੀਂ ਸੀ, ਨੂੰ ਅੱਗ ਲਾ ਦਿਤੀ ਗਈ। ਕਾਹਿਰਾ ਨੂੰ ਜਿਹਾਦੀਆਂ ਦੀ ਮਾਰ ਤੋਂ ਬਚਾਉਣ ਲਈ ਸੀਰੀਆ ਤੋਂ ਸੁੰਨੀ ਫੌਜ ਨੇ ਜਿਹਾਦੀਆਂ ਨੂੰ ਭਜਾ ਦਿਤਾ। ਇਸ ਤੋਂ ਪਿਛੋਂ ਜੇਤੂ ਕਮਾਂਡਰ ਸਲਾਦੀਨ ਨੇ ਅਯੂਬ ਖ਼ਾਨਦਾਨ ਦੀ ਨੀਂਹ ਰੱਖੀ ਅਤੇ ਕਾਹਿਰਾ ਤੋਂ ਇਕ ਵਿਸ਼ਾਲ ਸਲਤਨਤ ਉਤੇ ਹਕੂਮਤ ਕੀਤੀ।

ਭਾਵੇਂ ਅਲ-ਫੁਸਤਾਤ ਅੰਸ਼ਿਕ ਤੌਰ ਤੇ ਮੁੜ ਉਸਾਰ ਲਿਆ ਗਿਆ ਪਰ ਕਾਹਿਰਾ ਨੇ ਤਾਂ ਆਪਣੇ ਆਪ ਹੀ ਇਕ ਸ਼ਾਹੀ ਘੇਰੇ 'ਚੋਂ ਨਿਕਲ ਕੇ ਇਕ ਵੱਡੇ ਸਾਮਰਾਜੀ ਸ਼ਹਿਰ ਦਾ ਰੂਪ ਧਾਰ ਲਿਆ। ਸਲਾਦੀਨ ਨੇ ਬਦਰ ਅਲ ਜਮਾਲੀ ਨਾਂ ਦੇ ਇਕ ਉੱਚ ਅਧਿਕਾਰੀ ਦੁਆਰਾ ਗਿਆਰ੍ਹਵੀਂ ਸਦੀ ਵਿਚ ਬਣਾਈਆਂ ਦੀਵਾਰਾਂ ਵਿਚ ਹੋਰ ਵਾਧੇ ਕੀਤੇ ਅਤੇ ਮਕੱਤਮ ਪਹਾੜੀ ਪਾਸੇ ਉਤੇ ਇਕ ਕਿਲਾ ਬਣਾ ਦਿਤਾ। ਸੰਨ 1260 ਤੋਂ ਬਾਅਦ ਜਦੋਂ ਬੇਬਰਜ਼ ਪਹਿਲਾ ਮਮਲੂਕ ਸੁਲਤਾਨ ਬਣਿਆ ਤਾਂ ਉਸ ਸਮੇਂ ਕਾਹਿਰਾ ਮਮਲੂਕ ਸਲਤਨਤ, ਜਿਸਨੇ ਮਿਸਰ ਅਤੇ ਫਰਟਾਈਲ ਕ੍ਰੈਸੈਂਟ ਉਤੇ 1516 ਈ. ਤੀਕ ਰਾਜ ਕੀਤਾ ਸੀ, ਦੀ ਰਾਜਧਾਨੀ ਰਿਹਾ।

ਮਮਲੂਕ ਰਾਜ-ਕਾਲ ਦੌਰਾਨ ਮਧ-ਕਾਲੀ ਕਾਹਿਰਾ ਸ਼ਹਿਰ ਦਾ ਵਿਕਾਸ ਤਾਂ ਸਿੱਖਰ ਤੇ ਪਹੁੰਚ ਚੁੱਕਾ ਸੀ। ਲਗਭਗ 1340 ਦੇ ਅੰਤ ਤੀਕ ਇਥੇ ਕੋਈ 500,000 ਲੋਕ ਰਹਿੰਦੇ ਸਨ ਅਤੇ ਸ਼ਹਿਰ ਫ਼ਾਤਮੀਆਂ ਦੇ ਸਮੇਂ ਦੇ ਮੁੱਢਲੇ ਸ਼ਹਿਰ ਨਾਲੋਂ ਪੰਜ ਗੁਣੇ ਤੋਂ ਵੱਧ ਵੱਡਾ ਹੋ ਚੁੱਕਾ ਸੀ। ਇਸ ਸਮੇਂ ਕਾਹਿਰਾ ਅਫ਼ਰੀਕਾ, ਯੂਰਪ ਅਤੇ ਏਸ਼ੀਆ ਕੋਚਿਕ ਦਾ ਸਭ ਤੋਂ ਵੱਡਾ ਸ਼ਹਿਰ ਬਣ ਗਿਆ ਸੀ। ਇਥੋਂ ਦੀ ਅਲ-ਅਜ਼ਹਰ ਯੂਨੀਵਰਸਿਟੀ ਇਸਲਾਮੀ ਸਿਖਿਆ ਦਾ ਮੁੱਖ ਕੇਂਦਰ ਸੀ। ਇਹ ਪੂਰਬ-ਪੱਛਮ ਵਿਚਕਾਰ ਗਰਮ ਮਸਾਲੇ ਦੇ ਵਪਾਰ ਲਈ ਇਕ ਮੁੱਖ ਕੇਂਦਰ ਵੀ ਸੀ ਅਤੇ ਅਮੀਰ ਸਲਤਨਤ ਤੋਂ ਇਸ ਨੂੰ ਖਰਾਜ ਵੀ ਮਿਲਦਾ ਹੁੰਦਾ ਸੀ। ਕਾਹਿਰਾ ਦੀ ਸਭ ਤੋਂ ਮਹੱਤਵਪੂਰਨ ਭਵਨ-ਉਸਾਰੀ ਇਸੇ ਹੀ ਕਾਲ ਦੌਰਾਨ ਹੋਈ ਸੀ।

ਇਸ ਤੋਂ ਮਗਰੋਂ ਕਾਹਿਰਾ ਢਹਿੰਦੀਆਂ ਕਲਾਂ ਵਿਚ ਜਾਣ ਲੱਗਾ। ਸੰਨ 1348 ਦੀ ਪਲੇਗ ਕਾਰਨ ਇਥੋਂ ਦੀ ਦਸਵਾਂ ਹਿੱਸਾ ਆਬਾਦੀ ਖਤਮ ਹੋ ਗਈ। ਸੰਨ 1400 ਦੇ ਲਗਭਗ ਤੈਮੂਰ ਲੰਗ ਨੇ ਪੂਰਬੀ ਸਰਹੱਦ ਨੂੰ ਤਬਾਹ ਕਰ ਦਿਤਾ। ਵਾਸਕੋਡੀਗਾਮਾ ਦੀ ਭਾਰਤ ਯਾਤਰਾ (1498) ਈ. ਨਾਲ ਗਰਮ ਮਸਾਲੇ ਦੇ ਵਪਾਰ ਸਬੰਧੀ ਇਜ਼ਾਰਾਦਾਰੀ ਟੁੱਟ ਗਈ। ਅਖੀਰ ਤੁਰਕਾਂ ਦੀ ਜਿੱਤ ਨਾਲ ਰਾਜਸੀ ਖ਼ੁਦਮੁਖ਼ਤਾਰੀ ਵੀ ਜਾਂਦੀ ਰਹੀ ਅਤੇ ਉਨ੍ਹਾਂ ਨੇ 1517 ਈ. ਤੋਂ ਬਾਅਦ ਕਾਹਿਰਾ ਨੂੰ ਇਕ ਸੂਬਾਈ ਰਾਜਧਾਨੀ ਹੀ ਬਣਾ ਦਿਤਾ। ਸੰਨ 1798 ਵਿਚ ਜਦੋਂ ਨੈਪੋਲੀਅਨ ਕਾਹਿਰਾ ਵਿਖੇ ਆਇਆ ਤਾਂ ਉਸ ਸਮੇਂ 300,000 ਤੋਂ ਘੱਟ ਵਿਅਕਤੀ ਸ਼ਹਿਰ ਅਤੇ ਆਲੇ-ਦੁਆਲੇ ਦੇ ਦੋ ਬੰਦਰਗਾਹੀ ਉਪ-ਨਗਰਾਂ-ਮਿਸਰ ਅਲ ਕਦੀਮਾਂ ਅਤੇ ਬੂਲਾਕ ਵਿਚ ਵਸ ਰਹੇ ਸਨ। ਸੰਨ 1801 ਵਿਚ ਨੈਪੋਲੀਅਨ ਦੀ ਹਾਰ ਪਿਛੋਂ ਤੁਰਕ ਵਾਪਸ ਆ ਗਏ। ਸੰਨ 1805 ਵਿਚ ਅਲਬਾਨੀਆ ਦੀ ਫੌਜ ਦੇ ਕਮਾਂਡਰ, ਮੁਹੰਮਦ ਅਲੀ ਨੂੰ ਪਾਸ਼ਾ ਨਿਯੁਕਤ ਕੀਤਾ ਗਿਆ ਅਤੇ ਉਸ ਨੇ ਇਕ ਖ਼ਾਨਦਾਨ ਦੀ ਨੀਂਹ ਰੱਖੀ ਜਿਸ ਨੇ ਮਿਸਰ ਉਤੇ, ਸੰਨ 1952 ਤੱਕ ਰਾਜ ਕੀਤਾ।

ਅਜੋਕਾ ਸ਼ਹਿਰੀ ਵਿਕਾਸ 1830 ਈ. ਦੇ ਦਹਾਕੇ ਵਿਚ ਸ਼ੁਰੂ ਹੋਇਆ ਪਰ ਕੇਵਲ ਇਸਮਾਈਲ (1863-79) ਦੇ ਰਾਜ-ਕਾਲ ਦੌਰਾਨ ਹੀ ਸ਼ਹਿਰ ਵਿਚ ਸਹੀ ਤੌਰ ਤੇ ਤਬਦੀਲੀ ਆਈ। ਕਾਹਿਰਾ ਨੂੰ ਪੱਛਮੀ-ਰੂਪ ਦੇਣ ਦੀ ਉਤਸੁਕਤਾ ਅਤੇ ਬਾਰਨ ਹਾਊਸਮਾਨ ਦੁਆਰਾ ਪੈਰਿਸ ਦੀ ਕੀਤੀ ਮੁਰੰਮਤ ਤੋਂ ਪ੍ਰਭਾਵਤ ਹੋ ਕੇ ਇਸਮਾਈਲ ਨੇ ਸ਼ਹਿਰ ਦੇ ਮਧ ਕਾਲੀ ਅੰਦਰਲੇ ਹਿਸੇ ਦੇ ਪੱਛਮ ਵੱਲ ਨੂੰ ਯੂਰਪੀ-ਨਮੂਨੇ ਦਾ ਸ਼ਹਿਰ ਉਸਾਰਨ ਦਾ ਹੁਕਮ ਦੇ ਦਿੱਤਾ। ਇਸ ਸਮੇਂ ਦੀਆਂ ਇਮਾਰਤਾਂ ਉਪਰ ਸਭ ਤੋਂ ਵਧ ਪ੍ਰਭਾਵ ਫਰਾਂਸੀਸੀ ਨਮੂਨੇ ਦਾ ਹੀ ਪਿਆ।

ਵੀਹਵੀਂ ਸਦੀ ਵਿਚ ਕਾਹਿਰਾ ਦੀ ਆਬਾਦੀ ਅਤੇ ਰਕਬੇ ਵਿਚ ਮਹੱਤਵਪੂਰਨ ਵਾਧਾ ਹੋਇਆ। ਆਵਾਜਾਈ ਦੇ ਵਿਕਾਸ ਨਾਲ ਸ਼ਹਿਰ ਦੇ ਆਲੇ-ਦੁਆਲੇ ਦੇ ਖੇਤਰਾਂ ਵਿਚ ਬਹੁਤ ਵਿਕਾਸ ਹੋਇਆ। ਇਨਕਲਾਬ ਤੋਂ ਬਾਅਦ ਕਾਹਿਰਾ ਵਿਚ ਨਾਸਰ ਸਿਟੀ ਨਾਂ ਦਾ ਇਕ ਹੋਰ ਉਪ-ਨਗਰ ਵਸਾਇਆ ਗਿਆ ਜਿਥੇ 500,000 ਲੋਕ ਰਹਿ ਸਕਦੇ ਸਨ।

**ਆਧੁਨਿਕ ਕਾਹਿਰਾ**—ਆਧੁਨਿਕ ਕਾਹਿਰਾ ਸ਼ਹਿਰ ਪੱਖੇ ਦੀ ਸ਼ਕਲ ਵਰਗਾ, ਦੱਖਣ ਵਿਚ ਰੇਤਲੇ ਟਿੱਬੇ ਹੋਣ ਕਾਰਨ ਭੀੜਾ ਹੈ ਅਤੇ ਉੱਤਰ ਵਿਚ ਡੈਲਟੇ ਵਲ ਨੂੰ ਸਭ ਤੋਂ ਵਧ ਚੌੜਾ ਹੈ। ਕਈ ਸਦੀਆਂ ਤੋਂ ਸ਼ਹਿਰ ਦਰਿਆ ਵੱਲ ਨੂੰ ਹੀ ਵਧਦਾ ਰਿਹਾ ਹੈ। ਹੁਣੇ ਹੁਣੇ ਉਦਯੋਗਿਕ ਵਿਕਾਸ ਦੇ ਉਤਸ਼ਾਹ ਅਧੀਨ ਸ਼ਹਿਰ ਉੱਤਰ ਅਤੇ ਦੱਖਣ ਵਲ ਨੂੰ ਕਾਫੀ ਵਧਿਆ ਹੈ।

ਐਡੇ ਵੱਡੇ ਸ਼ਹਿਰ ਦਾ ਕੰਪਲੈਕਸ ਸ਼ਹਿਰ ਦੇ ਇਤਿਹਾਸਕ ਪ੍ਰਸੰਗ ਵਿਚ ਹੀ ਕੇਵਲ ਸਮਝਿਆ ਜਾ ਸਕਦਾ ਹੈ। ਇਥੋਂ ਦੇ ਪੁਰਾਣੇ ਤੰਨ ਖੇਤਰਾਂ ਨੇ ਤਾਂ ਅੰਦਰੂਨੀ ਗੰਦੀ ਬਸਤੀ ਹੀ ਮੱਲੀ ਹੋਈ ਹੈ ਅਤੇ ਏਸੇ ਬਸਤੀ ਨੇ ਹੀ ਸ਼ਹਿਰ ਦੇ ਪੱਛਮੀ ਸਭਿਅਤਾ ਦੇ ਪ੍ਰਭਾਵ ਅਧੀਨ ਵਿਕਸਿਤ ਹੋਏ ਅੰਦਰਲੇ ਹਿਸੇ ਨੂੰ ਘੇਰਿਆ ਹੋਇਆ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਡਾ ਖੇਤਰ ਫਾਤਮੀਆਂ ਦੇ ਸ਼ਹਿਰ ਵਾਲਾ ਹੈ।



ਮਸਜਿਦ ਸੁਲਤਾਨ ਹਸਨ

ਇਸ ਸੰਘਣੀ ਆਬਾਦੀ ਵਾਲੇ ਖੇਤਰ ਵਿਚ ਇਥੋਂ ਦੀਆਂ ਸਭ ਪੁਰਾਣੀਆਂ ਇਮਾਰਤਾਂ ਵਿਚ ਇਥੋਂ ਦੀਆਂ ਇਤਿਹਾਸਕ ਯਾਦਗਾਰਾਂ ਨ। ਇਸ ਦੇ ਉੱਤਰੀ ਸਿਰੇ ਤੇ ਬੇਬਰਜ਼ ਪਹਿਲੇ ਦੀ ਮਸਜਿਦ ਹੈ ਅਤੇ ਖਣ ਵਿਚ ਸਲਾਦੀਨ ਦਾ ਕਿਲਾ ਹੈ। ਕੇਂਦਰੀ ਕਿਲੇਬੰਦ ਸ਼ਹਿਰ ਵਿਚ ਲ ਅਜ਼ਹਾਰ ਮਸਜਿਦ ਦੇ ਨੇੜੇ ਦੇ ਵੱਡੇ ਬਾਜ਼ਾਰਾਂ ਵਿਚੋਂ ਖ਼ਾਨ ਅਲ ਲੀਲੀ (1390) ਅਤੇ ਸੋਨਾ, ਚਾਂਦੀ ਅਤੇ ਸੂਤੀ ਕੱਪੜੇ ਦੀਆਂ ਸੁੰਦਰ ਤਤਾਂ ਵੇਖਣ ਵਾਲੇ ਪ੍ਰਸਿੱਧ ਬਾਜ਼ਾਰ ਹਨ। ਕੇਵਲ ਦੋ ਗਲੀਆਂ ਪੁਰਾਣੇ ਹਰ ਨੂੰ ਅਜੋਕੇ ਕੇਂਦਰੀ ਵਪਾਰਕ ਡਿਸਟ੍ਰਿਕਟ ਮਸਕੀ ਸਟਰੀਟ ਨ੍ਹੀਵੀਂ ਸਦੀ ਵਿਚ ਬਣਾਈ ਗਈ) ਅਤੇ ਅਲ ਅਜ਼ਹਾਰ ਸਟਰੀਟ (1931) ਨਾਲ ਜੋੜਦੀਆਂ ਹਨ। ਇਥੋਂ ਦੀਆਂ ਹੋਰ ਗਲੀਆਂ ਤੰਗ, ਵਿੰਗ-ਵਲਾਵੇਂ ਖਾਂਦੀਆਂ ਅਤੇ ਕਿਤੇ ਨਾ ਕਿਤੇ ਰਾਹ ਵਿਚ ਹੀ ਖਤਮ ਹੋ ਜਾਂਦੀਆਂ ਹਨ।



ਕਾਹਿਰਾ ਦੇ ਪੁਰਾਣੇ ਸ਼ਹਿਰ ਦੀ ਕਿਲਾਬੰਦੀ ਦਾ ਇਕ ਦਰਵਾਜ਼ਾ

ਬੂਲਾਕ, ਜੋ 1340 ਤੀਕ ਇਕ ਦੀਪ ਅਤੇ 1560 ਦੇ ਅੰਤ ਤੀਕ ਇਕ ਮੁੱਖ ਬੰਦਰਗਾਹ ਹੁੰਦਾ ਸੀ, ਉਨ੍ਹੀਵੀਂ ਸਦੀ ਦੇ ਆਰੰਭ ਵਿਚ ਇਕ ਉਦਯੋਗਕ ਸਥਾਨ ਬਣ ਗਿਆ। ਇਥੇ ਇਕ ਛੋਟੀ ਜਿਹੀ ਵਰਕਸ਼ਾਪ, ਨੈਸ਼ਨਲ ਪ੍ਰੈੱਸ, ਸੂਤੀ ਕਪੜੇ ਦੇ ਉਦਯੋਗ ਅਤੇ ਵਪਾਰਕ ਸਕੂਲ ਹਨ। ਅਬੂ-ਅਲ-ਅਲਾ ਅਤੇ ਸਿਨਾਨ ਪਾਸ਼ਾ ਦੀਆਂ ਮਸਜਿਦਾਂ ਵੀ ਇਥੋਂ ਦੀਆਂ ਕੁਝ ਰਹਿੰਦੀਆਂ ਇਤਿਹਾਸਕ ਇਮਾਰਤਾਂ ਵਿਚੋਂ ਹਨ।

ਪੁਰਾਣੇ ਸ਼ਹਿਰ ਦਾ ਬਿਲਕੁਲ ਉਲਟ ਮੁਕਾਬਲਾ ਹੈ। ਕਾਹਿਰਾ ਦੇ ਆਧੁਨਿਕ ਟਾਊਨਸ਼ਿਪ ਦੇ ਕੇਂਦਰ ਅਜ਼ਬਾਕੀਆ ਅਤੇ ਇਸ ਦੇ ਨਾਲ ਲਗਦੇ ਇਸਮਾਈਲੀਆ ਕਸਰ-ਐਨ-ਨਿਲ ਅਤੇ ਗਾਰਡਨ ਸਿਟੀ ਦਾ ਵਿਸ਼ੇਸ਼ ਕਰਕੇ ਦਰਿਆ ਦੇ ਨਾਲ ਨਾਲ, ਕਸਰ-ਐਨ-ਨਿਲ ਪੁਲ ਦੇ ਨੇੜੇ ਇਕ ਅਜਿਹਾ ਡਿਸਟ੍ਰਿਕਟ ਸਥਿਤ ਹੈ ਜੋ ਕਾਹਿਰਾ ਦੇ ਸ਼ੋਅ ਕੇਸ ਨੂੰ ਬਣਾਉਂਦਾ ਹੈ। ਦਰਿਆ ਦੇ ਸਮਾਨੰਤਰ ਕਾਰਨਿਸ਼ੇ ਇਕ ਵੱਡਾ ਸ਼ਾਹਰਾਹ ਹੈ। ਉੱਤਰ ਤੋਂ ਦੱਖਣ ਵਲ ਨੂੰ, ਵੱਡੀ ਟੈਲੀਵੀਜ਼ਨ ਬਿਲਡਿੰਗ, ਕੈਥਿਡਰਲ, ਨੀਲ ਹਿਲਟਨ ਹੋਟਲ ਅਤੇ ਸ਼ੈਫਰਡਜ਼ ਹੋਟਲ ਇਕ ਲਾਈਨ ਵਿਚ ਹਨ। ਇਸ ਦੇ ਗਵਾਂਢ ਵਿਚ ਹੀ ਗਾਰਡਨ ਸਿਟੀ ਦੀਆਂ ਵਿੰਗ-ਤੜਿੰਗੀਆਂ ਗਲੀਆਂ ਹਨ। ਕਾਰਨਿਸ਼ੇ ਦੇ ਸਾਹਮਣੇ ਅਜ਼-ਜ਼ਮਾਲਿਕ ਹੋਟਲਾਂ, ਨਵੀਨ ਕਾਹਿਰਾ ਟਾਵਰ, ਬਾਗ਼, ਘੋੜ-ਦੌੜ ਦਾ ਟਰੈਕ, ਖੇਡਾਂ ਅਤੇ ਅਫਸਰਾਂ ਦੀਆਂ ਕਲੱਬਾਂ ਅਤੇ ਸੁੰਦਰ ਮਕਾਨਾਂ ਦੀ ਥਾਂ ਹੈ। ਨੀਲ ਦਰਿਆ ਦੇ ਸਾਹਮਣੇ ਵਾਲੀਆਂ ਆਲੀਸ਼ਾਨ ਇਮਾਰਤਾਂ ਅਤੇ ਪ੍ਰਾਚੀਨ ਅੰਤਰਦੇਸ਼ੀ ਕੁਆਟਰਾਂ ਵਿਚਕਾਰ ਨੀਵੇਂ ਮੱਧ ਵਰਗ ਦੇ ਲੋਕਾਂ ਦਾ ਅਨਿਸ਼ਚਿਤ ਜਿਹਾ ਇਲਾਕਾ ਹੈ। ਮੁੱਖ ਤੌਰ ਤੇ ਇਸ ਇਲਾਕੇ ਦਾ ਵਿਕਾਸ ਉਨ੍ਹੀਵੀਂ ਸਦੀ ਵਿਚ ਹੋਇਆ। ਇਥੇ ਇਕ ਨੈਸ਼ਨਲ ਲਾਇਬਰੇਰੀ, ਮਿਊਜ਼ੀਅਮ ਆਫ ਇਸਲਾਮਿਕ ਆਰਟ ਅਤੇ ਅਬਦੀਨ ਪੈਲੇਸ ਮਿਊਜ਼ੀਅਮ ਅਤੇ ਪੁਰਾ ਲੇਖ ਭਵਨ ਹਨ।

ਵੱਡੇ ਸ਼ਹਿਰ ਦੇ ਪੂਰਬੀ ਕਿਨਾਰੇ ਦੇ ਨਾਲ ਨਾਲ ਵਿਸਤ੍ਰਿਤ ਕਬਰਸਤਾਨ ਹਨ। ਇਸ ਇਲਾਕੇ ਨੂੰ 'ਸਿਟੀ ਆਫ ਦੀ ਡੈੱਡ' ਕਿਹਾ

ਜਾਂਦਾ ਹੈ। ਧੂੜ ਭਰੇ ਅਤੇ ਗੇਰੂਏ ਰੰਗ ਵਾਲੇ ਵਿਸ਼ਾਲ ਇਲਾਕੇ ਵਿਚ ਮਕਬਰਾ ਮਸਜਿਦਾਂ, ਅਤੇ ਆਰੰਭਕ ਧਾਰਮਿਕ ਨੇਤਾਵਾਂ ਅਤੇ ਮਮਲੂਕ ਸੁਲਤਾਨਾਂ ਦੇ ਰੋਜ਼ੇ ਮਿਲਦੇ ਹਨ।

ਅਜੋਕੇ ਦਹਾਕਿਆਂ ਵਿਚ ਸ਼ਹਿਰ ਦੀਆਂ ਉੱਤਰੀ ਅਤੇ ਪੱਛਮੀ ਫਿਰਨੀਆਂ ਦਾ ਬਹੁਤ ਵਿਕਾਸ ਹੋਇਆ ਹੈ। ਕਾਹਿਰਾ ਦੀ ਸਭ ਤੋਂ ਵਧੇਰੇ ਆਬਾਦੀ ਇਨ੍ਹਾਂ ਇਲਾਕਿਆਂ ਵਿਚ ਹੀ ਰਹਿੰਦੀ ਹੈ। ਨੀਲ ਦਰਿਆ ਦੇ ਪੱਛਮੀ ਕੰਢੇ ਅਤੇ ਰਾਵਦਾ ਦੀਪ ਉਪਰਲੀ ਜ਼ਰਾਇਤੀ ਜ਼ਮੀਨ ਨੂੰ ਸ਼ਹਿਰੀ ਵਰਤੋਂ ਵਿਚ ਲੈ ਆਂਦਾ ਗਿਆ ਹੈ। ਇਨ੍ਹਾਂ ਇਲਾਕਿਆਂ ਵਿਚ ਰਿਹਾਇਸ਼ੀ ਜ਼ੁਆਲੋਜੀਕਲ ਅਤੇ ਬੋਟੈਨੀਕਲ ਗਾਰਡਨਜ਼, ਐਗਰੀਕਲਚਰਲ ਮਿਊਜ਼ੀਅਮ ਅਤੇ ਕਾਹਿਰਾ ਯੂਨੀਵਰਸਿਟੀ ਦਾ ਕੈਂਪਸ ਹੈ।

ਕਾਹਿਰਾ ਦੇ ਵੱਖ-ਵੱਖ ਭਾਗਾਂ ਦੇ ਵਿਕਾਸ ਬਾਰੇ ਉਥੋਂ ਦੀਆਂ ਇਤਿਹਾਸਕ ਕਾਲ ਦੀਆਂ ਇਮਾਰਤਾਂ ਦੇ ਨਮੂਨਿਆਂ ਤੋਂ ਪਤਾ ਲੱਗਦਾ ਹੈ। ਪਹਿਲੇ ਪਹਿਲ ਦੋ ਜਾਂ ਚਾਰ ਮੰਜ਼ਲੀਆਂ ਇਮਾਰਤਾਂ ਹੁੰਦੀਆਂ ਸਨ ਜਿਨ੍ਹਾਂ ਵਿਚੋਂ ਜ਼ਿਆਦਾ ਤਰ ਅੱਗ-ਪੱਕੀਆਂ ਇੱਟਾਂ ਨਾਲ, ਪਲੱਸਤਰ ਨਾਲ ਜਾਂ ਕੁਝ ਕੁ ਲੱਕੜ ਨਾਲ ਉਸਾਰੀਆਂ ਹੁੰਦੀਆਂ ਸਨ। ਲੱਕੜ ਦੀ ਘਾਟ ਕਰਕੇ, ਲੱਕੜੀ ਦੀ ਵਰਤੋਂ ਘੱਟ ਕੀਤੀ ਜਾਂਦੀ ਸੀ। ਕੁਝ ਕੁ ਪੁਰਾਣੀਆਂ ਇਮਾਰਤਾਂ ਦੀਆਂ ਖਿੜਕੀਆਂ ਲੱਕੜ ਦੀਆਂ ਪਤਲੀਆਂ-ਪਤਲੀਆਂ ਫੱਟੀਆਂ ਨਾਲ ਢੱਕੀਆਂ ਹੁੰਦੀਆਂ ਸਨ ਅਤੇ ਲੱਕੜ ਦੇ ਦਰਵਾਜ਼ੇ ਪਿੱਤਲ ਜਾਂ ਲੋਹੇ ਦੇ ਕਿੱਲਾਂ ਜਾਂ ਹੋਰ ਚੀਜ਼ਾਂ ਵਿਚ ਜੜ ਕੇ ਸਜਾਏ ਹੁੰਦੇ ਸਨ। ਰਵਾਇਤੀ ਰਿਹਾਇਸ਼ੀ ਘਰਾਂ ਵਿਚ ਖੁਲ੍ਹੇ ਫੁਹਾਰਿਆਂ ਵਾਲੇ ਵਿਹੜੇ ਅਤੇ ਆਦਮੀਆਂ ਅਤੇ ਔਰਤਾਂ ਲਈ ਵੱਖ-ਵੱਖ ਹਿੱਸੇ ਰੱਖੇ ਜਾਂਦੇ ਸਨ। ਰਵਾਇਤੀ ਠੀਹਿਆਂ ਅਤੇ ਸਰਾਵਾਂ ਵਿਚ, ਅੰਦਰੂਨੀ ਵਿਹੜੇ ਵਲ ਧਿਆਨ ਮਾਰਨ ਲਈ, ਗੈਲਰੀਆਂ ਵੀ ਰੱਖੀਆਂ ਹੁੰਦੀਆਂ ਸਨ।

ਉਨ੍ਹੀਵੀਂ ਸਦੀ ਵਿਚ ਉਸਾਰੇ ਗਏ ਕਾਹਿਰਾ ਦੇ ਕੁਝ ਭਾਗਾਂ ਤੋਂ ਯੂਰਪੀ-ਪ੍ਰਭਾਵ ਦੀ ਝਲਕ ਦਿਸਦੀ ਹੈ, ਜਿਵੇਂ ਕਿ ਬਾਹਰੋਂ ਪੱਥਰਾਂ ਦੀ ਸਜਾਵਟ, ਗੁੰਬਦ ਅਤੇ ਰੋਮਨ ਢੰਗ ਨਾਲ ਬਣੇ ਦਰਵਾਜ਼ੇ ਆਦਿ। ਬੇਸ਼ਕ ਸਮੇਂ ਦੇ ਗੇੜ ਨਾਲ ਇਹ ਪ੍ਰਭਾਵ ਖਤਮ ਹੁੰਦਾ ਚਲਾ ਗਿਆ ਫਿਰ ਵੀ ਕਾਹਿਰਾ ਦੇ ਅਸਥਾਈ ਇਲਾਕੇ ਵਿਚ ਉਸਰੀਆਂ ਇਮਾਰਤਾਂ ਤੋਂ ਇਸ ਦੇ ਸਦੀਵੀ ਪ੍ਰਭਾਵ ਦਾ ਪਤਾ ਲਗਦਾ ਹੈ।

ਆਧੁਨਿਕ ਪੱਛਮੀ ਭਾਗਾਂ, ਜਿਹੜੇ ਕਿ ਸਦੀ ਦੇ ਅੰਤ ਵਿਚ ਉਸਾਰੇ ਗਏ, ਦੀ ਉਸਾਰੀ ਕਲਾ ਉਤੇ ਪਰਸ਼ੀਅਨ ਪ੍ਰਭਾਵ ਪ੍ਰਤੱਖ ਦਿਸਦਾ ਹੈ। ਜ਼ਿਆਦਾ ਤਰ ਦਰਮਿਆਨੀ ਉਚਾਈ ਵਾਲੀਆਂ ਇਮਾਰਤਾਂ ਪੱਥਰ ਜਾਂ ਕੰਕ੍ਰੀਟ ਭਰਕੇ ਤਿਆਰ ਕੀਤੀਆਂ ਗਈਆਂ ਹਨ। ਨੀਲ ਦਰਿਆ ਦੇ ਨਾਲ-ਨਾਲ ਦੀਆਂ ਅਤੇ ਦੀਪ ਦੀਆਂ ਇਮਾਰਤਾਂ ਦੀ ਉਸਾਰੀ ਕਲਾ ਉੱਤੇ ਸਾਗਰੀ ਨਮੂਨਾ ਹਾਵੀ ਹੈ। ਉੱਚੀਆਂ ਟਾਈਲਾਂ ਨਾਲ ਸੱਜੀਆਂ ਬਾਲਕੋਨੀਆਂ ਵਾਲੀਆਂ ਇਮਾਰਤਾਂ ਕੰਕ੍ਰੀਟ ਅਤੇ ਸ਼ੀਸ਼ੇ ਦੀਆਂ ਬਣੀਆਂ ਹੋਈਆਂ ਹਨ। ਇਥੇ ਮਿਸਰ ਦੇ ਪ੍ਰਾਚੀਨ ਮੰਦਰਾਂ ਦੀ ਉਸਾਰੀ ਕਲਾ ਵੀ ਮੁੜ ਸੁਰਜੀਤ ਹੋਈ ਪ੍ਰਤੀਤ ਹੁੰਦੀ ਹੈ।

ਪੂਰਬੀ ਕਬਰਸਤਾਨਾਂ ਵਿਚ ਬਣੀਆਂ ਪਧਰੇ ਅਤੇ ਨੁਕੀਲੇ ਜਾਂ ਆਇਤਾਕਾਰ ਗੁੰਬਦਾਂ ਵਾਲੀਆਂ ਬਣੀਆਂ ਯਾਦਗਾਰੀ ਇਮਾਰਤਾਂ ਉਤੇ ਮਮਲੂਕ ਨਮੂਨੇ ਦੀ ਛਾਪ ਹੈ। ਇਥੋਂ ਦੇ ਅਤੇ ਆਲੇ-ਦੁਆਲੇ ਦੇ ਪੇਂਡੂ ਮਕਾਨ ਮਿੱਟੀ ਦੇ ਜਾਂ ਅਣ-ਘੜ ਪੱਕੀਆਂ ਇੱਟਾਂ ਦੇ ਬਣੇ ਹੋਏ ਹਨ ਅਤੇ ਇਨ੍ਹਾਂ ਦਾ ਮੁਹਾਂਦਰਾ ਹਿੰਟਰਲੈਂਡ ਦੇ ਮਕਾਨਾਂ ਨਾਲ ਰਲਦਾ ਮਿਲਦਾ ਹੈ। ਪੱਛਮ ਅਤੇ ਉੱਤਰ ਦੇ ਸ਼ਾਨਦਾਰ ਡਿਸਟ੍ਰਿਕਟਾਂ ਵਿਚ ਵਿਕਸਿਤ ਹੋਈਆਂ ਨਵੀਆਂ ਆਬਾਦੀਆਂ ਵਿਚ ਖੂਬਸੂਰਤ ਵੱਖ-ਵੱਖ ਹਿੱਸੇ ਅਤੇ ਇਕ ਜਾਂ ਦੋ-ਮੰਜ਼ਿਲੇ 'ਵਿਲੇ' ਬਣੇ ਹੋਏ ਹਨ ਜਿਨ੍ਹਾਂ ਦੀਆਂ ਉੱਚੀਆਂ ਕੰਧਾਂ ਨੂੰ ਸੁੰਦਰ ਬਾਗਾਂ ਨੇ ਘੇਰਿਆ ਹੋਇਆ ਹੈ। ਨੀਵੇਂ ਮੱਧ ਵਰਗ ਅਤੇ ਕਿਰਤੀ ਵਰਗ ਦੇ ਲੋਕਾਂ ਲਈ ਨਿਰੋਲ ਕੰਕ੍ਰੀਟ ਦੀਆਂ ਬਣੀਆਂ ਫਲੈਟ ਇਮਾਰਤਾਂ ਹਨ ਜਿਨ੍ਹਾਂ ਦਾ ਸਭ ਤੋਂ ਹੇਠਲਾ ਭਾਗ ਦੁਕਾਨਾਂ ਨੇ ਮੱਲਿਆ ਹੋਇਆ ਹੈ। ਗਰੀਬ ਵਰਗ ਦੇ ਲੋਕਾਂ ਲਈ ਤਿੰਨ ਜਾਂ ਪੰਜ ਪੌੜੀਆਂ ਜਿੰਨੀਆਂ ਉਚਾਈ ਵਾਲੀਆਂ ਇਮਾਰਤਾਂ ਹਨ ਜੋ ਲਾਲ ਰੰਗ ਦੀਆਂ ਮਾੜੀਆਂ ਜਿਹੀਆਂ ਇੱਟਾਂ ਤੋਂ ਬਣੀਆਂ ਹੋਈਆਂ ਹਨ।



ਕਾਹਿਰਾ

ਕਿਉਂਕਿ ਇਥੇ ਵਰਖਾ ਬਿਲਕੁਲ ਨਹੀਂ ਹੁੰਦੀ ਇਸ ਕਰਕੇ ਇਨ੍ਹਾਂ ਇਮਾਰਤਾਂ ਦੀਆਂ ਛੱਤਾਂ ਪੱਧਰੀਆਂ ਹੀ ਰੱਖੀਆਂ ਹੋਈਆਂ ਹਨ। ਵਸੋਂ ਦੇ ਹਰ ਭਾਗ ਵਿਚ ਵਪਾਰਕ ਅਦਾਰੇ ਖਿਲਰੇ ਹੋਏ ਹਨ ਅਤੇ ਗਰੀਬ ਲੋਕਾਂ ਦੀ ਆਬਾਦੀ ਵਾਲੇ ਭਾਗਾਂ ਵਿਚ ਉਦਯੋਗਕ ਵਰਕਸ਼ਾਪਾਂ ਆਮ ਵੇਖੀਆਂ ਜਾ ਸਕਦੀਆਂ ਹਨ।

ਕਾਹਿਰਾ ਮੱਧ-ਪੂਰਬ ਦੀ ਸਭਿਆਚਾਰਕ ਰਾਜਧਾਨੀ ਅਤੇ ਨਾਲ ਹੀ ਇਲਾਕੇ ਦਾ ਮੁੱਖ ਜਨ-ਮਾਧਿਅਮ ਕੇਂਦਰ ਹੈ। ਕਈ ਸਦੀਆਂ ਤੀਕ ਇਲਾਕੇ ਦੀਆਂ ਵੱਡੀਆਂ ਧਾਰਮਿਕ ਅਤੇ ਸਭਿਆਚਾਰਕ ਸੰਸਥਾਵਾਂ ਇਥੇ ਹੀ ਕੇਂਦਰਤ ਸਨ। ਉਨ੍ਹੀਵੀਂ ਸਦੀ ਦੇ ਦੌਰਾਨ ਯੂਰਪੀ ਸਭਿਆਚਾਰਕ ਸੰਸਥਾਵਾਂ ਜਿਵੇਂ ਥੀਏਟਰ, ਓਪੇਰਾ ਆਦਿ ਹੋਰ ਬਣਾਈਆਂ ਗਈਆਂ। ਬਾਰੋਕ ਓਪੇਰਾ ਹਾਊਸ (ਜੋ ਸੰਨ 1971 ਵਿਚ ਅੱਗ ਨਾਲ ਤਬਾਹ ਹੋ ਗਿਆ ਸੀ) ਜਿਥੇ ਕਦੀ ਮਿਸਰੀ ਸੰਗੀਤਕਾਰਾਂ ਦੀਆਂ ਧੁਨਾਂ ਸੁਣੀਆਂ ਜਾਂਦੀਆਂ ਸਨ, ਕਾਹਿਰਾ ਸਿੰਪਫਨੀ ਆਰਕੇਸਟਰਾ ਲਈ ਨਿਵਾਸ-ਅਸਥਾਨ ਅਤੇ ਸੰਗੀਤ-ਨਾਟ ਅਤੇ ਓਪੇਰਾ ਕੰਪਨੀਆਂ (ਸਮੇਤ ਦੇਸੀ ਰੀਡਾ ਫੋਕਲੋਰ ਬੈਲੇ ਟਰੂਪ) ਲਈ ਮੀਜ਼ਬਾਨ ਹੁੰਦਾ ਸੀ।

ਮਿਸਰ ਆਪਣੀ ਸੰਗੀਤਮਈ ਅਤੇ ਨਾਟਕ ਕਲਾ ਦੇ ਪੱਖ ਤੋਂ ਕਾਫੀ ਚਿਰ ਤੋਂ ਪ੍ਰਸਿੱਧ ਰਿਹਾ ਹੈ। ਵਿਸ਼ੇਸ਼ ਤੌਰ ਤੇ ਅਜੋਕੇ ਸਾਲਾਂ ਵਿਚ

ਇਥੇ ਅਸਲੀ ਅਰਬੀ ਥੀਏਟਰ ਦੀ ਪੁਨਰ-ਜਾਗਰਤੀ ਹੋਈ ਹੈ । ਅਸਲ ਵਿਚ ਸਾਰੀਆਂ ਅਰਬੀ ਫਿਲਮਾਂ (ਕੁਝ ਫਿਲਮਾਂ ਤੋਂ ਇਲਾਵਾ ਜੋ ਬੈਰੂਤ ਤੋਂ ਬਣ ਕੇ ਆਉਂਦੀਆਂ ਹਨ) ਕਾਹਿਰਾ ਦੀਆਂ ਪੰਜ ਵੱਡੀਆਂ ਕੰਪਨੀਆਂ ਅਤੇ ਕਈ ਹੋਰ ਛੋਟੀਆਂ ਕੰਪਨੀਆਂ ਬਣਾਉਂਦੀਆਂ ਹਨ । ਅਰਬ ਦੁਨੀਆ ਦੇ ਸਿਰਕੱਢ ਫਿਲਮੀ ਸਿਤਾਰਿਆਂ ਅਤੇ ਸੰਗੀਤਕਾਰਾਂ ਦਾ ਹੈਡਕੁਆਟਰ ਕਾਹਿਰਾ ਹੀ ਹੁੰਦਾ ਹੈ । ਮਿਸਰੀ ਰੇਡੀਓ ਵਿਸ਼ੇਸ਼ ਕਰਕੇ 'ਵਾਇਸ ਆਫ ਦੀ ਅਰਬਜ਼' ਪ੍ਰੋਗਰਾਮ ਸਾਰੇ ਉੱਤਰੀ ਅਤੇ ਦੱਖਣੀ ਅਫ਼ਰੀਕਾ ਵਿਚ ਪ੍ਰਭਾਵਸ਼ਾਲੀ ਹੈ ।

ਕਾਹਿਰਾ ਉਚੇਰੀ ਵਿਦਿਆ ਦਾ ਇਕ ਭਾਰੀ ਕੇਂਦਰ ਹੈ ਅਤੇ ਨਾ ਕੇਵਲ ਮਿਸਰ ਤੋਂ ਹੀ ਸਗੋਂ ਹੋਰ ਅਰਬ ਦੇਸ਼ਾਂ ਦੇ ਵਿਦਿਆਰਥੀ ਇਥੇ ਸਿਖਿਆ ਪ੍ਰਾਪਤ ਕਰਨ ਆਉਂਦੇ ਹਨ । ਇਥੇ ਇਕ ਵਿਸ਼ਵ-ਪ੍ਰਸਿੱਧ ਯੂਨੀਵਰਸਿਟੀ ਹੈ। ਇਸ ਤੋਂ ਇਲਾਵਾ ਇਥੇ ਕਈ ਨਰਸਰੀ ਸਕੂਲ, ਸੈਕੰਡਰੀ ਸਕੂਲ, ਤਕਨੀਕੀ ਸੰਸਥਾਵਾਂ, ਪ੍ਰੀ-ਯੂਨੀਵਰਸਿਟੀ ਸੁਪੀਰੀਅਰ ਸਕੂਲ ਅਤੇ ਕਈ ਬਦੇਸ਼ੀ ਸਕੂਲ ਹਨ ।

ਸ਼ਹਿਰ ਦੀ ਸਥਾਪਨਾ ਤੋਂ ਲੈ ਕੇ ਇਥੋਂ ਦੀ ਅਰਥ-ਵਿਵਸਥਾ ਸਰਕਾਰੀ ਕੰਮਾਂ, ਕਾਮਰਸ, ਵਪਾਰ ਅਤੇ ਉਦਯੋਗਿਕ ਉਤਪਾਦਨ ਤੇ ਅਧਾਰਤ ਹੈ। ਵਿਸ਼ੇਸ਼ ਕਰਕੇ ਸੰਨ 1920 ਤੋਂ ਲੈ ਕੇ ਆਧੁਨਿਕ ਉਪਜਾਇਕ ਸੈਕਟਰ ਵਿਚ ਅਨੋਖਾ ਵਿਕਾਸ ਹੋਇਆ ਹੈ । ਸੰਨ 1952 ਦੇ ਇਨਕਲਾਬ ਤੋਂ ਲੈ ਕੇ ਇਥੇ ਸੂਤੀ ਕੱਪੜੇ ਦੇ ਵੱਡੇ ਪੈਮਾਨੇ ਦੇ ਉਦਯੋਗਾਂ, ਖੁਰਾਕ ਪ੍ਰਾਸੈਸਿੰਗ, ਤੰਬਾਕੂ ਅਤੇ ਗੰਨੇ ਸਬੰਧੀ ਉਦਯੋਗਾਂ ਵਿਚ ਭਾਰੀ ਵਿਕਾਸ ਹੋਇਆ ਹੈ । ਲੋਹੇ ਅਤੇ ਫੌਲਾਦ ਦੇ ਉਤਪਾਦਨ ਤੋਂ ਇਲਾਵਾ ਇਥੇ ਉਪਭੋਗੀ ਵਸਤਾਂ ਜਿਵੇਂ ਕਾਰਾਂ ਅਤੇ ਫਰਿੱਜ ਆਦਿ ਤਿਆਰ ਕੀਤੇ ਜਾਂਦੇ ਹਨ ।

ਆਬਾਦੀ—5,074,016 (1976)

30° 03′ ਉ. ਵਿਥ.; 31° 15′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮੈਂ. 3 : 580

**ਕਾਹੀਤਾ** : ਉੱਤਰੀ ਅਮਰੀਕਾ ਦੇ ਰੈੱਡ ਇੰਡੀਅਨ ਕਬੀ-ਲਿਆਂ ਦਾ ਇਹ ਇਕ ਗਰੁੱਪ ਹੈ, ਜਿਹੜਾ ਮੈਕਸੀਕੋ ਦੇ ਉੱਤਰ-ਪੱਛਮੀ ਤੱਟ ਉਤੇ ਦਰਿਆਵਾਂ ਦੇ ਮੁਹਾਣਿਆਂ ਦੇ ਨਾਲ-ਨਾਲ ਆਬਾਦ ਸੀ । ਸੰਨ 1533 ਵਿਚ ਜਦੋਂ ਪਹਿਲਾਂ-ਪਹਿਲਾਂ ਸਪੇਨੀਆਂ ਨੇ ਇਨ੍ਹਾਂ ਉਤੇ ਹਮਲਾ ਕੀਤਾ ਤਾਂ ਇਨ੍ਹਾਂ ਦੀ ਗਿਣਤੀ ਅੰਦਾਜ਼ਨ 100,000 ਸੀ। ਇਹ ਖੇਤੀਬਾੜੀ ਕਰਦੇ ਸਨ ਅਤੇ ਫ਼ੌਜੀ ਸੰਗਠਨ ਦੇ ਪੱਖੋਂ ਬੜੀ ਸਮਰੱਥਾ ਰੱਖਦੇ ਸਨ ।

ਭਾਵੇਂ ਮੁੱਢ ਵਿਚ ਇਨ੍ਹਾਂ ਨੇ ਸਪੇਨੀਆਂ ਨੂੰ ਦਾਖ਼ਲ ਹੋਣ ਤੇ ਰੁਕਾਵਟ ਪਾਈ ਪਰ ਛੇਤੀ ਹੀ ਇਹ ਮਿਸ਼ਨਰੀਆਂ ਦੇ ਉਪਾਸ਼ਕ ਬਣ ਗਏ ਅਤੇ 17ਵੀਂ ਸਦੀ ਦੇ ਦੌਰਾਨ ਸਾਰੇ ਈਸਾਈ ਬਣ ਗਏ । ਇਹ ਈਸਟਰ ਦੇ ਤਿਉਹਾਰ ਆਪਣੇ ਨਿਵੇਕਲੇ ਢੰਗ ਨਾਲ ਮਨਾਉਂਦੇ ਹਨ । ਮਾਈਓ ਅਤੇ ਯਾਕੀ ਇਨ੍ਹਾਂ ਦੇ ਮੁੱਖ ਜੀਵਿਤ ਕਬੀਲੇ ਹਨ । ਸੰਨ 1905 ਅਤੇ 1910 ਦੇ ਵਿਚਕਾਰ ਮੈਕਸੀਕੋ ਦੀ ਸਰਕਾਰ ਨੇ ਹਜ਼ਾਰਾਂ ਯਾਕੀ ਅਤੇ ਮਾਈਓ ਲੋਕਾਂ ਨੂੰ ਜਲਾਵਤਨ ਕਰ ਦਿੱਤਾ । ਬਾਕੀ ਭੱਜ ਗਏ ਅਤੇ ਉੱਤਰ ਯਾਕੀ ਪੱਛਮੀ ਮੈਕਸੀਕੋ ਤੇ ਦੱਖਣ-ਪੱਛਮੀ ਯੂ. ਐਸ. ਏ. ਵਿਚ ਖਿੰਡ ਗਏ । ਯਾਕੀ ਲੋਕਾਂ ਦੀ ਅੰਤਲੀ ਬਗਾਵਤ 1927 ਈ. ਵਿਚ ਹੋਈ ਸੀ।

ਯਾਕੀ ਹਿਰਨ-ਨਾਚੀ ਨੂੰ ਸੋਨੋਰਾ ਰਾਜ ਦੀ ਸਰਕਾਰੀ ਮੁਹਰ ਵਿਚ ਕੇਂਦਰੀ ਸਥਾਨ ਪ੍ਰਾਪਤ ਹੈ ।

ਹ. ਪੁ.—ਐਨ. ਬ੍ਰਿ. 4 : 580

**ਕਾਹੇਦੇਸ** : ਉੱਤਰੀ ਵੈਨਜ਼ੁਏਲਾ ਦਾ ਇਹ ਇਕ ਰਾਜ ਹੈ ਜੋ ਇਥੋਂ ਦੇ ਘਾਹ ਦੇ ਮੈਦਾਨਾਂ ਵਾਲੇ ਰਾਜਾਂ ਵਿਚੋਂ ਇਕ ਹੈ । ਇਸਦਾ ਰਕਬਾ 11770 ਵ. ਕਿ. ਮੀ. ਅਤੇ ਆਬਾਦੀ 94,351 (1971) । ਨਵਆਬਾਦੀ ਕਾਲ ਤੋਂ ਹੀ ਇਸ ਇਲਾਕੇ ਦੀ ਆਰਥਿਕਤਾ ਪਸ਼ੂ ਪਾਲਣ ਤੇ ਨਿਰਭਰ ਹੈ । ਓਰੀਨੋਕੋ ਦੀਆਂ ਸਹਾਇਕ ਨਦੀਆਂ ਇਸ ਰਾਜ ਦਾ ਜਲ ਨਿਕਾਸ ਕਰਦੀਆਂ ਹਨ । ਇਥੋਂ ਦੀ ਜਲਵਾਯੂ ਸਿਲ੍ਹੀ ਅਤੇ ਖ਼ੁਸ਼ਕ ਉਸ਼ਣ-ਖੰਡੀ ਹੈ । ਬਰਸਾਤ ਦੇ ਮੌਸਮ ਵਿਚ ਲਗਭਗ 120 ਸੈਂ. ਮੀ. ਵਰਖਾ ਹੁੰਦੀ ਹੈ । ਇਸ ਰਾਜ ਦੀ ਕੋਈ ਵੀ ਥਾਂ 213 ਮੀ. ਤੋਂ ਉੱਚੀ ਨਹੀਂ ਹੈ । ਉੱਤਰ ਦੀਆਂ ਪਹਾੜੀਆਂ ਵਿਚ ਕਾਫ਼ੀ ਅਤੇ ਦੱਖਣ ਵਿਚ, ਜਿਥੇ ਸਿੰਜਾਈ ਹੁੰਦੀ ਹੈ, ਮੱਕੀ, ਕਪਾਹ, ਗੰਨਾ ਅਤੇ ਕਾਸਾਵਾ ਦੀ ਕਾਸ਼ਤ ਹੁੰਦੀ ਹੈ । ਸੈਨੇਕਾਰਲਸ, ਜੋ ਇਥੋਂ ਦੀ ਰਾਜਧਾਨੀ ਹੈ, ਅਤੇ ਟੀਨਾਕੀਲੀਓ ਇਸ ਰਾਜ ਦੇ ਮੁੱਖ ਵਪਾਰਕ ਕੇਂਦਰ ਹਨ ।

ਹ. ਪੁ.—ਐਨ. ਬ੍ਰਿ. 6 : 34

**ਕਾਕਸ** : ਇਹ ਸ਼ਬਦ 18ਵੀਂ ਸਦੀ ਵਿਚ ਉਨ੍ਹਾਂ ਮੀਟਿੰਗਾਂ ਤੋਂ ਪ੍ਰਚਲਿਤ ਹੋਇਆ ਜਿਹੜੀਆਂ ਬਰਤਾਨਵੀਆਂ ਨੂੰ ਰੋਕਣ ਅਤੇ ਸ਼ਹਿਰ ਤੇ ਕਾਬੂ ਪਾਉਣ ਲਈ ਬੋਸਟਨ ਦੇ ਅਖੌਤੀ ਕਾਕਹਾਊਸਾਂ ਵਿਚ ਸਮੁੰਦਰੀ ਜਹਾਜ਼ਾਂ ਦੇ ਕਾਕਰਾਂ ਦੁਆਰਾ ਕੀਤੀਆਂ ਜਾਂਦੀਆਂ ਸਨ । ਕਾਕ-ਹਸ ਸ਼ਬਦ ਦੀ ਵਰਤੋਂ ਬਰਤਾਨੀਆਂ ਵੇਲੇ ਮਖੌਲ ਵਿਚ ਕਰਦੇ ਸਨ । ਕਾਕਸ ਸ਼ਬਦ 1763 ਵਿਚ ਪਹਿਲੀ ਵਾਰ ਜਾਨ ਐਡਮ ਨੇ ਆਪਣੀ ਡਾਇਰੀ ਵਿਚ ਵਰਤਿਆ ਸੀ । ਅੱਜਕਲ੍ਹ ਇਹ ਸ਼ਬਦ ਰਾਜਸੀ ਪਾਰਟੀਆਂ ਜਾਂ ਵਿਧਾਨ ਸਭਾਵਾਂ ਦੁਆਰਾ ਕੀਤੀਆਂ ਗਈਆਂ ਉਨ੍ਹਾਂ ਮੀਟਿੰਗਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਵਿਚ ਭਵਿੱਖ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ । ਕੁਝ ਸਟੇਟਾਂ ਵਿਚ ਕਾਕਸ ਕਾਨੂੰਨਨ ਤੌਰ ਤੇ ਨਿਯਮਿਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਸਾਜ਼ਸ਼ੀ ਬੰਦਿਆਂ ਨੂੰ ਨਜਾਇਜ਼ ਫਾਇਦਾ ਉਠਾਉਣ ਤੋਂ ਰੋਕਿਆ ਜਾ ਸਕੇ । ਇਸ ਸੂਰਤ ਵਿਚ ਬੈਲਿਟ ਪੇਪਰਾਂ ਦੁਆਰਾ ਵੋਟਾਂ ਪੈਂਦੀਆਂ ਹਨ ਅਤੇ ਇਨ੍ਹਾਂ ਮੀਟਿੰਗਾਂ ਨੂੰ ਪ੍ਰਾਇਮਰੀ ਆਖਿਆ ਜਾਂਦਾ ਹੈ । ਗ੍ਰੇਟ ਬ੍ਰਿਟਿਨ ਵਿਚ ਵੀ ਕਾਕਸ ਪ੍ਰਚਲਿਤ ਹੋ ਗਿਆ ਹੈ । ਭਾਰਤ ਵਿਚ ਕਾਕਸ ਸ਼ਬਦ ਰਾਜਸੀ ਲੀਡਰਾਂ ਲਈ ਵਿਅੰਗਆਤਮਕ ਤੌਰ ਤੇ ਵਰਤਿਆ ਜਾਂਦਾ ਹੈ ।

ਹ. ਪੁ.—ਵ. ਯੂ. ਐਨ. 3 : 1017.

**ਕਾਕਸ, ਸਰ ਪਰਸੀ** : ਇੰਗਲੈਂਡ ਦੇ ਇਸ ਰਾਜਨੀਤੀਵਾਨ ਦਾ ਜਨਮ 20 ਨਵੰਬਰ, 1864 ਨੂੰ ਹੈਰਨਗੇਟ ਵਿਖੇ ਹੋਇਆ । ਪਹਿਲੇ ਵਿਸ਼ਵ-ਯੁੱਧ ਪਿਛੋਂ ਇਸ ਨੇ ਇਰਾਕ ਨੂੰ ਬਰਤਾਨਵੀਂ ਇਲਾਕੇ ਤੋਂ ਸੁਤੰਤਰ ਇਰਾਕ ਬਣਾਉਣ ਵਿਚ ਬਹੁਤ ਹਿੱਸਾ ਪਾਇਆ । ਇਸ ਨੇ ਇਰਾਕ ਨੂੰ ਫੌਜੀ ਰਾਜ ਤੋਂ ਬਦਲਕੇ ਬਾਦਸ਼ਾਹ ਫੈਸਲ ਪਹਿਲੇ ਦੀ ਸਥਾਈ ਸਰਕਾਰ ਹੇਠ ਲਿਆਉਣ ਵਿਚ ਬਹੁਤ ਸਹਾਇਤਾ ਕੀਤੀ ।

ਮਿਲਟਰੀ ਅਕੈਡਮੀ, ਸੈਂਡਹਰਸਟ ਵਿਖੇ ਸਿਖਿਆ ਪ੍ਰਾਪਤ ਕਰਕੇ, ਇਸ ਨੇ 1884 ਤੋਂ 1890 ਈ. ਤੱਕ ਭਾਰਤ ਵਿਚ ਫ਼ੌਜ ਵਿਚ ਸੇਵਾ ਕੀਤੀ। ਸੰਨ 1890 ਵਿਚ ਇਹ ਭਾਰਤੀ ਰਾਜਨੀਤਕ ਸੇਵਾ ਵਿਚ ਸ਼ਾਮਲ ਹੋ ਗਿਆ । ਸੰਨ 1894 ਤੋਂ 1914 ਤੱਕ ਇਹ ਫਾਰਸ ਦੀ ਖਾੜੀ ਅਤੇ ਈਰਾਨ ਵਿਚ ਕਈ ਅਹੁਦਿਆਂ ਤੇ ਰਿਹਾ । ਪਹਿਲੇ ਵਿਸ਼ਵ ਯੁੱਧ ਦੌਰਾਨ ਭਾਰਤੀ ਫ਼ੌਜ ਦੇ ਰਾਜਨੀਤਿਕ ਅਧਿਕਾਰੀ ਵਜੋਂ ਇਹ ਬਰਤਾਨਵੀਂ ਇਰਾਕ ਵਿਚ ਸਥਾਨਕ ਅਧਿਕਾਰੀਆਂ ਨਾਲ ਸਾਰੇ ਸਬੰਧਾਂ ਦਾ ਜ਼ਿੰਮੇਵਾਰ ਸੀ । ਸੰਨ 1918 ਤੋਂ 1920 ਤਕ ਇਹ ਈਰਾਨ ਵਿਚ ਬਰਤਾਨੀਆ ਦਾ ਵਜ਼ੀਰ ਰਿਹਾ ।

ਅਕਤੂਬਰ, 1920 ਵਿਚ ਇਹ ਨਵੇਂ ਇਰਾਕ ਵਿਚ ਬਰਤਾਨਵੀਂ ਹਾਈ ਕਮਿਸ਼ਨਰ ਵਜੋਂ ਬਗਦਾਦ ਗਿਆ । ਇਸ ਨੇ ਬਰਤਾਨਵੀਂ ਦੇਖ-ਰੇਖ ਅੰਦਰ ਨਿਰੋਲ ਇਰਾਕੀ ਮੰਤਰੀ-ਮੰਡਲ ਅਤੇ ਪ੍ਰਾਂਤਕ ਰਾਜ-ਪ੍ਰਬੰਧ ਸਥਾਪਤ ਕੀਤਾ । ਇਸ ਨੇ ਇਰਾਕ ਦੀ ਫ਼ੌਜ ਦਾ ਸੰਗਠਨ ਕੀਤਾ । ਇਸਨੇ ਜਨਮਤ ਕਰਵਾਕੇ ਅਮੀਰ ਫੈਸਲ ਨੂੰ ਬਾਦਸ਼ਾਹ ਫੈਸਲ ਪਹਿਲੇ ਵਜੋਂ ਰਾਜ-ਗੱਦੀ ਉਤੇ ਬੈਠਾਇਆ ।

ਇਹ 1923 ਈ. ਵਿਚ ਸੇਵਾ ਤੋਂ ਰੀਟਾਇਰ ਹੋਇਆ । 20 ਫਰਵਰੀ, 1937 ਨੂੰ ਬੈਡਫੋਰਡਸ਼ਿਰ ਵਿਖੇ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. ਮਾ. 3 : 211

**ਕਾਕਸਟੇ, ਜਾਨਿਸ :** ਲਤਵੀਆ ਨੂੰ ਆਜ਼ਾਦ ਕਰਵਾਉਣ ਵਾਲਾ ਅਤੇ ਲਤਵੀਆ ਗਣਤੰਤਰ ਦਾ ਇਹ ਪਹਿਲਾ ਪ੍ਰਧਾਨ ਸੀ। ਇਸ ਦਾ ਜਨਮ ਕੁਰਲੈਂਡ ਵਿਚ ਲਾਈਲਸੀਸਾਵਾ ਵਿਖੇ 4 ਸਤੰਬਰ, 1859 ਨੂੰ ਹੋਇਆ। ਮਾਸਕੋ ਤੋਂ ਕਾਨੂੰਨ ਦੀ ਡਿਗਰੀ ਪਾਸ ਕਰਕੇ ਇਹ ਕੁਝ ਸਮੇਂ ਲਈ ਕੂਰਲੈਂਡ ਸਰਕਾਰ ਦੇ ਪਬਲਿਕ ਪ੍ਰਾਸੀਕਿਊਟਰ ਦਫ਼ਤਰ ਵਿਚ ਲਗਿਆ ਰਿਹਾ। ਮਗਰੋਂ ਇਸ ਨੇ ਲਤਵੀਆਈ ਭਾਸ਼ਾ ਦਾ ਅਖ਼ਬਾਰ 'ਤੇਵਿਜੀਆ' (ਪਿਤਾ-ਭੂਮੀ) ਸੰਪਾਦਿਤ ਕੀਤਾ। ਸੰਨ 1906 ਵਿਚ ਇਹ ਪਹਿਲੀ ਰੂਸੀ ਵਿਧਾਨ-ਸਭਾ ਦਾ ਮੈਂਬਰ ਚੁਣਿਆ ਗਿਆ। ਜੁਲਾਈ, 1915 ਵਿਚ ਜਰਮਨੀ ਵਲੋਂ ਕੁਰਲੈਂਡ ਉਤੇ ਹਮਲੇ ਦੇ ਕਾਰਨ ਮਜ਼ਬੂਰ ਹੋ ਕੇ ਇਹ ਪੈਟ੍ਰੋਗਰਾਦ (ਹੁਣ ਲੈਨਿਨਗਰਾਦ) ਚਲਿਆ ਗਿਆ, ਜਿਥੇ ਇਹ ਜੰਗੀ ਰਿਫ਼ਿਊਜੀਆਂ ਲਈ ਕੇਂਦਰੀ ਰਾਹਤ ਕਮੇਟੀ ਦੇ ਮੋਢੀਆਂ ਵਿਚੋਂ ਸੀ। ਸੰਨ 1918 ਵਿਚ ਇਹ ਲਤਵੀਆਈ ਪੀਪਲਜ਼ ਕੌਂਸਲ ਦਾ ਚੇਅਰਮੈਨ ਚੁਣਿਆ ਗਿਆ। ਇਹ ਲਤਵੀਆਈ ਨੈਸ਼ਨਲ ਕੌਂਸਲ ਦਾ ਪ੍ਰਧਾਨ ਅਤੇ 1920 ਈ. ਵਿਚ ਲਤਵੀਆਈ ਸੰਵਿਧਾਨ ਸਭਾ ਦਾ ਪ੍ਰਧਾਨ ਬਣਿਆਂ। 14 ਨਵੰਬਰ, 1922 ਨੂੰ ਇਹ ਲਤਵੀਆ ਦਾ ਪਹਿਲਾ ਪ੍ਰਧਾਨ ਚੁਣਿਆ ਗਿਆ। 14 ਮਾਰਚ, 1927 ਨੂੰ ਇਸ ਦੀ ਮੌਤ ਰੀਗਾ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 4 : 590

**ਕਾਕਕ੍ਰਾਫਟ, ਸਰ ਜਾਨ ਡਗਲਾਸ :** ਇਸ ਭੌਤਿਕ-ਵਿਗਿਆਨੀ ਦਾ ਜਨਮ 27 ਮਈ, 1897 ਨੂੰ ਟਾਡਮਾਰਡਨ (ਯਾਰਕਸ਼ਿਰ) ਵਿਖੇ ਹੋਇਆ। ਪਰਮਾਣਵੀ ਨਿਊਕਲੀਅਸ ਦੇ ਅਧਿਐਨ ਲਈ ਕਣ-ਪ੍ਰਵੇਗਕਾਂ ਦਾ ਪਹਿਲੀ ਵਾਰ ਉਪਯੋਗ ਕਰਨ ਲਈ ਇਸ ਨੂੰ ਅਤੇ ਅਰਨਸਟ ਟੀ. ਐਸ. ਵਾਲਟਨ ਨੂੰ ਇਕੱਠਿਆਂ 1957 ਵਿਚ ਨੋਬਲ ਪੁਰਸਕਾਰ ਮਿਲਿਆ।



ਸਰ ਜਾਨ ਡਗਲਾਸ ਕਾਕਕ੍ਰਾਫਟ

ਇਸ ਨੇ ਮਾਨਚੈਸਟਰ ਯੂਨੀਵਰਸਿਟੀ ਅਤੇ ਸੇਂਟ-ਜਾਨ-ਕਾਲਜ, ਕੈਂਬਰਿਜ ਤੋਂ ਵਿਦਿਆ ਪ੍ਰਾਪਤ ਕੀਤੀ ਅਤੇ ਕੈਂਬਰਿਜ ਯੂਨੀਵਰਸਿਟੀ ਵਿਖੇ 1939 ਤੋਂ 1946 ਤਕ ਪ੍ਰਾਕਿਰਤਕ ਦਰਸ਼ਨ ਦਾ ਪ੍ਰੋਫ਼ੈਸਰ ਲਗਾ ਰਿਹਾ। ਸੰਨ 1932 ਵਿਚ ਇਸ ਨੇ ਵਾਲਟਨ ਨਾਲ ਮਿਲ ਕੇ ਕਾਕਕ੍ਰਾਫਟ ਵਾਲਟਨ ਜੈਨੇਰੇਟਰ ਤਿਆਰ ਕੀਤਾ। ਇਸ ਜੈਨੇਰੇਟਰ ਦੀ ਸਹਾਇਤਾ ਨਾਲ ਪ੍ਰੋਟਾਨਾਂ ਦੀ ਲਿਥੀਅਮ ਪਰਮਾਣੂਆਂ ਉਤੇ ਬੰਬਾਰੀ ਕਰਕੇ ਵਿਘਟਨ ਕੀਤਾ ਗਿਆ। ਇਸ ਕਿਸਮ ਦੇ ਪ੍ਰਵੇਗਕ ਸੰਸਾਰ ਭਰ ਦੀਆਂ ਪ੍ਰਯੋਗਸ਼ਾਲਾਵਾਂ ਵਿਚ ਕਾਫ਼ੀ ਲਾਭਦਾਇਕ ਸਿੱਧ ਹੋਏ। ਇਨ੍ਹਾਂ ਨੇ ਨਿਊਕਲੀ ਰਿਸਰਚ ਵਿਚ ਕਣ-ਪ੍ਰਵੇਗਕਾਂ ਦੀ ਮਹੱਤਤਾ ਬਾਰੇ ਜ਼ੋਰ ਦਿਤਾ ਅਤੇ ਕਈ ਪਰਮਾਣੂਆਂ ਦੇ ਵਿਘਟਨ ਵਿਚ ਸਫ਼ਲ ਹੋਇਆ। ਦੂਜੇ ਸੰਸਾਰ ਯੁੱਧ ਦੌਰਾਨ ਇਹ ਕੈਨੇਡਾ ਦੀ 'ਨੈਸ਼ਨਲ ਰਿਸਰਚ ਕਾਊਂਸਲ' ਦੀ 'ਐਟਾਮਿਕ ਐਨਰਜੀ ਡਿਵੀਜਨ' ਦਾ ਡਾਇਰੈਕਟਰ ਬਣਿਆ। ਸੰਨ 1946 ਵਿਚ ਸਪਲਾਈ ਮੰਤਰਾਲੇ ਦੀ ਹਾਰਵੈੱਲ ਵਿਖੇ ਬਾਰਕਸ਼ਿਰ ਵਿਚ 'ਐਟਾਮਿਕ ਐਨਰਜੀ ਰਿਸਰਚ ਐਸਟੈਬਲਿਸ਼ਮੈਂਟ' ਦਾ ਡਾਇਰੈਕਟਰ ਬਣ ਗਿਆ ਅਤੇ 1952 ਤੋਂ 1954 ਤਕ ਡਿਫੈਂਸ ਮਨਿਸਟਰੀ ਦਾ ਚੇਅਰਮੈਨ ਰਿਹਾ। ਸੰਨ 1948 ਵਿਚ ਇਸ ਨੂੰ ਨਾਈਟ ਦਾ ਖ਼ਿਤਾਬ ਦਿਤਾ ਗਿਆ ਅਤੇ ਫਿਰ ਦੁਬਾਰਾ 1953 ਵਿਚ ਬਾਥ ਵਿਖੇ ਨਾਈਟ ਕਮਾਂਡਰ ਬਣਾਇਆ ਗਿਆ। ਸੰਨ 1960 ਵਿਚ ਨਵੇਂ ਸਥਾਪਿਤ ਹੋਏ ਚਰਚਿਲ ਕਾਲਜ, ਕੈਂਬਰਿਜ ਦਾ ਮੁਖੀ ਬਣ ਗਿਆ।

18 ਸਤੰਬਰ, 1967 ਨੂੰ ਕੈਂਬਰਿਜ ਵਿਖੇ ਇਸ ਦਾ ਦਿਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 2 : 1029

**ਕਾਕਚੀਕੇਲ :** ਇਹ ਇਕ ਭਾਸ਼ਾ ਹੈ ਜੋ ਗਵਾਤੇਮਾਲਾ ਪਠਾਰ ਵਿਚ ਤਕਰੀਬਨ 350,000 ਰੈੱਡ ਇੰਡੀਅਨ ਦੁਆਰਾ ਬੋਲੀ ਜਾਂਦੀ ਹੈ। ਇਹ ਕੀਚੇ ਪਰਿਵਾਰ ਦੀ ਭਾਸ਼ਾ ਦਾ ਇਕ ਹਿੱਸਾ ਹੈ। ਗਵਾਤੇਮਾਲਾ ਇਲਾਕੇ ਦੇ ਲੋਕਾਂ ਦੇ ਸਮਾਜਕ ਯੂਨਿਟਾਂ ਦਾ ਆਧਾਰ ਇਹ ਭਾਸ਼ਾ ਨਹੀਂ ਹੈ ਤੇ ਨਾ ਹੀ ਇਹ ਸਭਿਆਚਾਰਕ ਵੱਖਰਤਾ ਨਾਲ ਸਬੰਧਤ ਹੈ। ਇਥੇ ਰਹਿਣ ਵਾਲੀ ਹਰ ਸਮੁਦਾਇ ਦੀ ਰਾਜਨੀਤਕ ਤੇ ਧਾਰਮਕ ਹਕੂਮਤ ਹੈ। ਜਿਥੋਂ ਤਕ ਇਸ ਖੇਤਰ ਦੇ ਸਦੀਆਂ ਤੋਂ ਵਸੇ ਕਿਸਾਨਾਂ ਦਾ ਸਬੰਧ ਹੈ, ਇਸ ਸਭਿਆਚਾਰ ਵਿਚ ਸਪੇਨੀ ਅਤੇ ਇੰਡੀਅਨ ਤੱਤਾਂ ਦਾ ਸੁਮੇਲ ਹੈ। ਇਨ੍ਹਾਂ ਦਾ ਇਤਿਹਾਸ ਹੱਥ-ਲਿਖਤਾਂ ਵਿਚ ਸਾਂਭਿਆ ਹੋਇਆ ਹੈ ਜੋ ਕਾਕਚੀਕੇਲ ਭਾਸ਼ਾ ਵਿਚ ਹੈ, ਪਰ ਸਪੇਨੀ ਵਰਣਮਾਲਾ ਵਰਤੀ ਗਈ ਹੈ।

ਹ. ਪੁ.—ਐਨ. ਬ੍ਰਿ. 4 : 589.

**ਕਾਕਚੇਟਾਫ :** ਆਬਲਸਤ—ਉੱਤਰੀ ਕਜ਼ਾਕ ਸੋਵੀਅਤ ਸਮਾਜਵਾਦੀ ਗਣਰਾਜ (ਸੋ. ਸੰਘ) ਦਾ ਇਹ ਇਕ ਆਬਲਸਤ (ਪ੍ਰਬੰਧਕੀ ਖੇਤਰ) ਹੈ ਜਿਸ ਦਾ ਰਕਬਾ 78,100 ਵ. ਕਿ. ਮੀ. ਅਤੇ ਆਬਾਦੀ 590,000 (1970) ਹੈ। ਇਸ ਦੇ ਸਟੈਪੀ ਮੈਦਾਨ, ਜਿਨ੍ਹਾਂ ਦੇ ਉੱਤਰ-ਪੱਛਮ ਵਿਚ ਜੰਗਲ ਹਨ, ਦੱਖਣ ਵਲ ਸੁੰਦਰ ਪਹਾੜੀਆਂ ਦੀ ਸ਼ਕਲ ਵਿਚ ਉਪਰ ਉਠੇ ਹੋਏ ਹਨ। ਇਹ ਪਹਾੜੀਆਂ ਬਹੁਤ ਸੁੰਦਰ ਹਨ ਅਤੇ ਇਨ੍ਹਾਂ ਵਿਚ ਸਭ ਤੋਂ ਉੱਚੀ ਚੋਟੀ ਮਾਊਂਟ ਸਿਨਿਉਖਾ (947 ਮੀ.) ਹੈ। ਇਸ ਚੋਟੀ ਦੇ ਨੇੜੇ ਹੀ ਬੋਰੋਵਆਏ ਨਾਂ ਦਾ ਇਕ ਸਿਹਤਅਫ਼ਜ਼ਾ ਸਥਾਨ ਹੈ। ਆਬਲਸਤ ਦੇ ਪੱਛਮੀ ਭਾਗ ਵਿਚੋਂ ਦੀ ਇਜ਼ਿਮ ਦਰਿਆ ਲੰਘਦਾ ਹੈ ਅਤੇ ਇਥੇ ਕਈ ਝੀਲਾਂ ਹਨ। ਇਥੋਂ ਦੀ ਆਬੋਹਵਾ ਮਹਾਂਦੀਪੀ ਹੈ ਅਤੇ ਸਾਲਾਨਾ ਵਰਖਾ 25 ਸੈ. ਮੀ. ਦੇ ਲਗਭਗ ਹੁੰਦੀ ਹੈ। ਇਸ ਖੇਤਰ ਦੀ ਆਰਥਕ ਹਾਲਤ ਖੇਤੀਬਾੜੀ ਤੇ ਨਿਰਭਰ ਹੈ। ਭੇਡਾਂ ਪਾਲਣਾ ਅਤੇ ਡੇਅਰੀ ਵੀ ਇਥੋਂ ਦਾ ਪ੍ਰਮੁੱਖ ਕਿੱਤਾ ਹੈ। ਇਥੇ ਮੈਟਲ ਵਰਕਸ, ਇਮਾਰਤਾਂ ਦਾ ਸਾਮਾਨ ਬਣਾਉਣ ਅਤੇ ਹੋਰ ਹਲਕੀਆਂ ਸਨਅੱਤਾਂ ਹਨ। ਸੋਨਾ ਵੀ ਇਸ ਇਲਾਕੇ ਵਿਚੋਂ ਮਿਲਦਾ ਹੈ। 70% ਲੋਕ ਪਿੰਡਾਂ ਵਿਚ ਰਹਿੰਦੇ ਹਨ। ਕਾਕਚੇਤਾਵ ਇਸ ਖੇਤਰ ਦੀ ਰਾਜਧਾਨੀ ਹੈ।

ਹ. ਪੁ.—ਐਨ. ਬ੍ਰਿ. ਮਾ. 5 : 872

**ਕਾਕਚੇਟਾਫ :** ਸ਼ਹਿਰ—ਕਜ਼ਾਕ ਸੋਵੀਅਤ ਸਮਾਜਵਾਦੀ ਗਣਰਾਜ (ਸੋ. ਸੰਘ) ਵਿਚ ਇਸੇ ਹੀ ਨਾਂ ਦੇ ਆਬਲਸਤ ਦਾ ਸਦਰ-ਮੁਕਾਮ ਹੈ ਜੋ ਇਸ਼ਮ ਸਟੈੱਪ ਦੇ ਦੱਖਣੀ ਕਿਨਾਰੇ ਉੱਤੇ ਸਥਿਤ ਹੈ। ਸੰਨ 1824 ਵਿਚ ਇਸ ਸ਼ਹਿਰ ਦੀ ਸਥਾਪਨਾ ਹੋਈ। ਸੰਨ 1868 ਵਿਚ ਇਹ ਡਿਸਟ੍ਰਿਕਟ ਪ੍ਰਬੰਧਕੀ ਕੇਂਦਰ ਦਾ ਅਤੇ 1944 ਈ. ਵਿਚ ਆਬਲਸਤ ਦਾ ਸਦਰ-ਮੁਕਾਮ ਬਣ ਗਿਆ, ਪਰ ਇਸ ਸ਼ਹਿਰ ਦਾ ਵਿਕਾਸ 1960 ਦੇ ਦਹਾਕੇ ਵਿਚ ਹੀ ਹੋਣਾ ਸ਼ੁਰੂ ਹੋਇਆ। ਅੱਜਕਲ੍ਹ

ਇਹ ਸਨਅਤੀ ਕੇਂਦਰ ਅਤੇ ਰੇਲਵੇ ਦਾ ਜੰਕਸ਼ਨ ਹੈ । ਇਥੇ ਇਕ ਟੀਚਰ ਟ੍ਰੇਨਿੰਗ ਇੰਸਟੀਚੀਊਟ ਅਤੇ ਦੋ ਅਜਾਇਬ-ਘਰ ਹਨ ।

ਆਬਾਦੀ—81,000(1970)

53° 15′ ਉ. ਵਿਥ.; 69° 13′ ਪੂ. ਲੰਥ.

ਹ. ਪੁ.—ਐਨ. ਬ੍ਰਿ. ਮਾ. 5 : 872

**ਕਾਕਟੋ, ਜ਼ਾਂ** ; ਇਹ ਫ਼ਰਾਂਸ ਦਾ ਕਵੀ ਤੇ ਲੇਖਕ ਸਾਹਿਤ ਦੇ ਹਰ ਰੂਪ ਵਿਚ ਆਪਣੀ ਮੌਲਿਕਤਾ, ਬਹੁ-ਪੱਖੀ ਤੇ ਵਿਸ਼ਾਲ ਦੇਣ ਕਾਰਨ ਜਗਤ-ਪ੍ਰਸਿੱਧ ਹੋ ਨਿਬੜਿਆ ਹੈ । ਇਸ ਦਾ ਜਨਮ ਅਮੀਰ ਵਕੀਲਾਂ ਦੇ ਇਕ ਪਰਿਵਾਰ ਵਿਚ 5 ਜੁਲਾਈ, 1889 ਨੂੰ ਪੈਰਿਸ ਦੇ ਨੇੜੇ ਮੇਜ਼ੋਂਨਲਾਈਟ ਵਿਖੇ ਹੋਇਆ । ਇਹ ਡਾਕਟਰੀ ਤੌਰ ਤੇ ਤਾਂ ਅਯੋਗ ਸੀ ਪਰ ਕਿਸੇ ਦੂਸਰੇ ਨਾਂ ਅਧੀਨ ਸਮੁੰਦਰੀ ਫ਼ੌਜ ਵਿਚ ਭਰਤੀ ਹੋ ਕੇ 1914 ਵਿਚ ਜੰਗੀ ਮੁਹਾਜ਼ ਹੋ ਗਿਆ । ਇਨ੍ਹਾਂ ਮੁਹਿੰਮਾਂ ਬਾਰੇ ਇਸ ਨੇ 'Thomas 'L mposteur' (1923) ਪੁਸਤਕ ਲਿਖੀ । ਯੁੱਧ ਦੌਰਾਨ ਉਡਾਨਾਂ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਬਹੁਤ ਸਾਰੀਆਂ ਕਵਿਤਾਵਾਂ 'La cap de-Bonne-Experance' (1919) ਵਿਚ ਸ਼ਾਮਲ ਹਨ । ਇਸ ਨੇ ਹੋਰਨਾਂ ਨਾਲ ਰਲ ਕੇ ਫ਼ਿਲਮਾਂ ਦੀਆਂ ਕਹਾਣੀਆਂ ਵੀ ਲਿਖੀਆਂ । ਇਸ ਤੇ ਜ਼ਾਕ ਮਾਰੀਟੇਨ ਦਾ ਪ੍ਰਭਾਵ ਪਿਆ ਤੇ ਇਸ ਨੇ ਕੈਥੋਲਿਕਵਾਦ ਦੀ ਪੁਨਰ ਸਥਾਪਨਾ ਲਈ ਬੌਧਿਕ ਰੂਪ ਵਿਚ ਹਿੱਸਾ ਪਾਇਆ । ਜਿਨ੍ਹਾਂ ਫ਼ਿਲਮਾਂ ਦੀਆਂ ਕਹਾਣੀਆਂ ਇਸ ਨੇ ਲਿਖੀਆਂ ਜਾਂ ਡਾਇਰੈਕਟ ਕੀਤੀਆਂ ਉਨ੍ਹਾਂ ਵਿਚੋਂ 'ਔਰਫ਼ੀ' (1950) ਅਤੇ ਲਾਟੈਸਟਾਮੈਂਟ ਡ ਔਰਫ਼ੀ (1960) ਆਦਿ ਬਹੁਤ ਹੀ ਯਾਦਗਾਰੀ ਫ਼ਿਲਮਾਂ ਹਨ ।

ਇਸ ਨੇ 1935 ਵਿਚ ਦੁਨੀਆਂ ਦੀ ਯਾਤਰਾ ਕੀਤੀ । ਬਾਅਦ ਵਿਚ ਇਸ ਨੇ ਅਮਰੀਕਾ, ਈਸਟਰਨ ਮੈਡੀਟ੍ਰੇਨੀਅਨ, ਯੂਨਾਨ, ਸਪੇਨ ਆਦਿ ਦੀ ਯਾਤਰਾ ਵੀ ਕੀਤੀ । ਸੰਨ 1956 ਵਿਚ ਇਸ ਨੇ ਇੰਗਲੈਂਡ ਦੀ ਯਾਤਰਾ ਕੀਤੀ ਤੇ ਆਕਸਫੋਰਡ ਤੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ । ਇਸ ਦੇ ਜੀਵਨ ਦੇ ਆਖਰੀ ਸਾਲ ਚਿਤਰਕਾਰੀ ਵਿਚ ਬੀਤੇ । 11 ਅਕਤੂਬਰ, 1963 ਨੂੰ ਇਸ ਦੀ ਮੌਤ ਹੋ ਗਈ ।

'ਔਰਫ਼ੀ, (1927), ਲਾ ਮਸ਼ੀਨ ਇਨਪਰਨੇਟ' (1934) ਅਤੇ 'ਇੰਟੀਮੇਟ ਰਿਲੇਸ਼ਨਜ਼' (1951) ਆਦਿ ਇਸ ਦੀਆਂ ਪ੍ਰਸਿਧ ਰਚਨਾਵਾਂ ਹਨ ।

ਹ. ਪੁ.—ਐਨ. ਬ੍ਰਿ. ਮਾ. 6 : 7.

**ਕਾਕਤੀ ਖ਼ਾਨਦਾਨ** : ਸੰਨ 1190 ਤੋਂ ਮਗਰੋਂ ਜਦੋਂ ਕਲਿਆਨ ਦੇ ਚਾਲੂਕੀਆਂ ਦਾ ਰਾਜ ਨਸ਼ਟ ਹੋ ਕੇ ਖੇਰੂੰ ਖੇਰੂੰ ਹੋ ਗਿਆ ਤਾਂ ਇਸ ਦੇ ਇਕ ਹਿੱਸੇ ਦੇ ਮਾਲਕ ਵਾਰੰਗਲ ਦੇ ਕਾਕਤੀ ਬਣ ਗਏ ਅਤੇ ਦੂਜੇ ਦੇ ਦਵਾਰਸਮੁਦਰ ਦੇ ਹੋਇਸਲ ਅਤੇ ਤੀਜੇ ਦੇ ਦਿਉਗਿਰੀ ਦੇ ਯਾਦਵ । ਸੁਭਾਵਕ ਹੀ ਇਹ ਇਲਾਕਾ ਕਾਕਤੀਆਂ ਦਾ ਦੂਜੀਆਂ ਸ਼ਕਤੀਆਂ ਨਾਲ ਸੰਘਰਸ਼ ਦਾ ਕਾਰਨ ਬਣ ਗਿਆ । ਕਾਕਤੀਆਂ ਦੀ ਸ਼ਕਤੀ ਪ੍ਰੌਲਰਾਜ ਦੂਜੇ ਦੇ ਸਮੇਂ ਵਿਚ ਬਹੁਤ ਵਧੀ । ਉਸ ਦੇ ਪੋਤੇ ਗਣਪਤੀ ਨੇ ਦੱਖਣ ਵਿਚ ਕਾਂਚੀ ਤਕ ਆਪਣੇ ਸਾਮਰਾਜ ਦਾ ਵਿਸਥਾਰ ਕੀਤਾ । ਗਣਪਤੀ ਦੀ ਧੀ ਰੁਦਰੰਮਾ ਇਤਿਹਾਸ ਵਿਚ ਇਕ ਪ੍ਰਸਿੱਧ ਇਸਤਰੀ ਸੀ । ਉਸ ਦੀ ਸ਼ਾਸਨ ਨੀਤੀ ਦੇ ਪ੍ਰਭਾਵ ਕਾਰਨ ਕਾਕਤੀ ਸਾਮਰਾਜ ਨੇ ਬੜੀ ਉੱਨਤੀ ਕੀਤੀ । ਵੀਨਸ ਦੇ ਯਾਤਰੂ ਮਾਰਕੋਪੋਲੋ ਨੇ ਰੁਦਰੰਮਾ ਨੂੰ ਬੜਾ ਸਲਾਹਿਆ ਹੈ । ਪ੍ਰਤਾਪਰੁਦਰਦੇਵ ਪਹਿਲੇ ਅਤੇ ਦੂਜੇ, ਦੋਹਾਂ ਕਾਕਤੀ ਰਾਜਿਆਂ ਨੂੰ ਦਿੱਲੀ ਦੇ ਸੁਲਤਾਨਾਂ ਨਾਲ ਵੀ ਲੜਾਈ ਕਰਨੀ ਪਈ । ਅਲਾਉੱਦੀਨ ਖਿਲਜੀ ਦੁਆਰਾ ਭੇਜੀ ਗਈ ਫ਼ੌਜ ਨੂੰ 1303 ਈ. ਵਿਚ ਕਾਕਤੀ ਰਾਜੇ ਪ੍ਰਤਾਪਰੁਦਰਦੇਵ ਤੋਂ ਹਾਰ ਖਾ ਕੇ ਮੁੜਨਾ ਪਿਆ । 4 ਸਾਲ ਮਗਰੋਂ ਯਾਦਵਾਂ ਦੀ ਹਾਰ ਤੋਂ ਉਤਸ਼ਾਹ ਲੈ ਕੇ ਮੁਸਲਮਾਨ ਫਿਰ ਕਾਕਤੀ ਰਾਜੇ ਉੱਤੇ ਚੜ੍ਹ ਆਏ । ਸੁਲਤਾਨ ਦਾ ਉਦੇਸ਼ ਵਾਰੰਗਲ ਦੇ ਰਾਜ ਨੂੰ ਦਿੱਲੀ ਦੀ ਸਲਤਨਤ ਵਿਚ ਮਿਲਾਉਣ ਦਾ ਨਹੀਂ ਸੀ, ਸਗੋਂ ਉਹ ਤਾਂ ਪ੍ਰਤਾਪਰੁਦਰਦੇਵ ਪਾਸੋਂ ਈਨ ਮਨਵਾਉਣੀ ਅਤੇ ਉਸ ਦਾ ਧਨ ਹੜਪ ਕਰਨਾ ਚਾਹੁੰਦਾ ਸੀ । ਉਸ ਨੇ ਆਪਣੇ ਸੈਨਾਪਤੀ ਮਲਿਕ ਕਾਫ਼ੂਰ ਨੂੰ ਆਦੇਸ਼ ਵੀ ਦਿਤਾ ਸੀ ਕਿ ਜੇਕਰ ਕਾਕਤੀ ਰਾਜਾ ਉਸ ਦੀਆਂ ਸ਼ਰਤਾਂ ਮੰਨ ਲਵੇ ਤਾਂ ਉਸ ਨੂੰ ਉਹ ਬਹੁਤਾ ਤੰਗ ਨਾ ਕਰੇ । ਪ੍ਰਤਾਪਰੁਦਰਦੇਵ ਨੇ ਵਾਰੰਗਲ ਦੇ ਕਿਲੇ ਵਿਚ ਬੈਠ ਕੇ ਮਲਿਕ ਕਾਫ਼ੂਰ ਦਾ ਟਾਕਰਾ ਕੀਤਾ । ਮਲਿਕ ਕਾਫ਼ੂਰ ਨੇ 1310 ਈ. ਵਿਚ ਕਾਕਤੀ ਰਾਜੇ ਨੂੰ ਸੰਧੀ ਕਰਨ ਲਈ ਮਜਬੂਰ ਕੀਤਾ । ਕਾਕਤੀ ਰਾਜੇ ਨੇ ਮਲਿਕ ਕਾਫ਼ੂਰ ਨੂੰ 100 ਹਾਥੀ, 7,000 ਘੋੜੇ ਅਤੇ ਬੇਸ਼ੁਮਾਰ ਹੀਰੇ ਅਤੇ ਢਾਲੇ ਹੋਏ ਸਿੱਕੇ ਭੇਟ ਕੀਤੇ । ਇਸ ਤੋਂ ਇਲਾਵਾ ਰਾਜੇ ਨੇ ਦਿੱਲੀ ਦੇ ਸੁਲਤਾਨ ਨੂੰ ਸਾਲਾਨਾ ਟੈਕਸ ਦੇਣਾ ਵੀ ਕਬੂਲ ਕਰ ਲਿਆ ।

ਅਲਾਉੱਦੀਨ ਦੀ ਮੌਤ ਮਗਰੋਂ ਫੈਲੀ ਅਰਾਜਕਤਾ ਦੇ ਸਮੇਂ ਪ੍ਰਤਾਪਰੁਦਰਦੇਵ ਦੂਜੇ ਨੇ ਸਾਲਾਨਾ ਟੈਕਸ ਦੇਣਾ ਬੰਦ ਕਰ ਦਿਤਾ ਅਤੇ ਆਪਣੇ ਰਾਜ ਦੀਆਂ ਹੱਦਾਂ ਵੀ ਬਹੁਤ ਵਧਾ ਲਈਆਂ । ਛੇਤੀ ਹੀ ਤੁਗ਼ਲਕ ਖ਼ਾਨਦਾਨ ਦੇ ਪਹਿਲੇ ਸੁਲਤਾਨ ਗਿਆਸੁੱਦੀਨ ਨੇ ਆਪਣੇ ਪੁੱਤਰ ਮੁਹੰਮਦ ਜੌਨਾ ਨੂੰ ਫ਼ੌਜ ਦੇ ਕੇ ਵਾਰੰਗਲ ਜਿੱਤਣ ਲਈ ਭੇਜਿਆ । ਜੌਨਾ ਨੇ ਵਾਰੰਗਲ ਦੇ ਕਿਲੇ ਨੂੰ ਘੇਰਾ ਪਾ ਲਿਆ ਪਰ ਹਿੰਦੂਆਂ ਨੇ ਜਾਨ ਲੜਾ ਕੇ ਉਸ ਦਾ ਟਾਕਰਾ ਕੀਤਾ ਅਤੇ ਉਸ ਨੂੰ ਮਜਬੂਰ ਹੋ ਕੇ ਦਿੱਲੀ ਪਰਤਣਾ ਪਿਆ । ਚਾਰ ਮਹੀਨੇ ਮਗਰੋਂ ਸੁਲਤਾਨ ਨੇ ਵਾਰੰਗਲ ਉੱਤੇ ਫਿਰ ਹਮਲਾ ਕੀਤਾ । ਘਮਸਾਨ ਦੀ ਲੜਾਈ ਮਗਰੋਂ ਕਾਕਤੀ ਰਾਜੇ ਨੇ ਆਪਣੇ ਪਰਿਵਾਰ ਅਤੇ ਸਰਦਾਰਾਂ ਸਹਿਤ ਆਤਮ ਸਮਰਪਣ ਕਰ ਦਿਤਾ । ਰਾਜੇ ਨੂੰ ਦਿੱਲੀ ਤੇ ਅਧਿਕਾਰ ਹੋ ਗਿਆ । ਜੌਨਾ ਨੇ ਵਾਰੰਗਲ ਦਾ ਨਾਂ ਬਦਲ ਕੇ ਸੁਲਤਾਨਪੁਰ ਰਖ ਦਿਤਾ । ਕਾਕਤੀ ਰਾਜ ਨੂੰ ਦਿੱਲੀ ਦੀ ਸਲਤਨਤ ਵਿਚ ਨਹੀਂ ਮਿਲਾਇਆ ਗਿਆ ਸੀ ਪਰ ਇਸ ਦੀ ਸ਼ਕਤੀ ਬਿਲਕੁਲ ਖ਼ਤਮ ਹੋ ਚੁੱਕੀ ਸੀ ਅਤੇ ਮਗਰਲੇ ਰਾਜੇ ਕੇਵਲ ਨਾ ਮਾਤਰ ਹੀ ਸਨ । ਵਾਰੰਗਲ ਦੇ ਪਿਛਲੇ ਸਮੇਂ ਦੀ ਇਕ ਰਾਣੀ ਨੇ ਤਿਲੰਗਾਨਾ ਨੂੰ ਸ਼ਕਤੀ ਤਾਂ ਨਹੀਂ ਪਰ ਬਹਾਦਰੀ ਜ਼ਰੂਰ ਦਿਤੀ ਸੀ ਜਦੋਂ ਉਸ ਦੀ ਅਸਮਤ ਉੱਤੇ ਹੱਥ ਚੁੱਕਣ ਦਾ ਸਾਹਸ ਕਰਨ ਵਾਲੇ ਮੁਸਲਮਾਨ ਦੇ ਉਸ ਨੇ ਛੱਕੇ ਛੁੜਾ ਦਿਤੇ ਸਨ । ਤਿਲੰਗਾਨਾ ਦਾ ਵਧੇਰੇ ਭਾਗ ਨਿਜ਼ਾਮ ਦੇ ਅਧਿਕਾਰ ਹੇਠ ਰਿਹਾ ਹੈ ਅਤੇ ਉਸ ਦੀ ਰਾਜਧਾਨੀ ਵਾਰੰਗਲ ਰਹੀ ਹੈ ।

ਹ. ਪੁ.—ਹਿੰ. ਵਿ. ਕੋ. 2 : 429.

**ਕਾਕਤੀ, ਬਾਣੀਕਾਂਤ** ; ਇਸ ਦਾ ਜਨਮ ਨਵੰਬਰ, 1894 ਈ. ਵਿਚ ਬਾਟੀ ਕੁਰਿਹਾ ਪਿੰਡ ਵਿਚ ਹੋਇਆ । ਇਸ ਦੇ ਪਿਤਾ ਦਾ ਨਾਮ ਲਲਿਤ ਰਾਮ ਸੀ । 1918 ਵਿਚ ਇਹ ਕਾਟਨ ਕਾਲਜ ਵਿਚ ਅਧਿਆਪਕ ਦੇ ਅਹੁਦੇ ਤੇ ਨਿਯੁਕਤ ਹੋਇਆ । ਇਥੇ ਪੜ੍ਹਾਉਂਦਿਆਂ ਇਸ ਨੇ ਅਸਾਮੀ ਭਾਸ਼ਾ, ਇਸ ਦੇ ਗਠਨ ਅਤੇ ਕ੍ਰਮਪਰਿਵਰਤਨ ਵਿਸ਼ੇ ਤੇ ਸ਼ੋਧ ਪ੍ਰਬੰਧ ਲਿਖ ਕੇ ਕਲਕੱਤਾ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ । ਇਹ ਦੋ ਸਾਲ ਕਾਟਨ ਕਾਲਜ ਵਿਚ ਪ੍ਰਿੰਸੀਪਲ ਵੀ ਰਿਹਾ ਤੇ ਕਾਲਜ ਛੱਡਣ ਤੋਂ ਮਗਰੋਂ ਇਸ ਦੀ ਨਿਯੁਕਤੀ ਗੋਹਾਟੀ ਯੂਨੀਵਰਸਿਟੀ ਦੇ ਡੀਨ ਆਫ਼ ਆਰਟਸ ਪਦ ਤੇ ਹੋਈ । ਜਿੰਨਾ ਚਿਰ ਜੀਉਂਦਾ ਰਿਹਾ, ਇਹ ਇਸ ਅਹੁਦੇ ਤੇ ਹੀ ਰਿਹਾ । 15 ਨਵੰਬਰ, 1952 ਨੂੰ ਇਸ ਦੀ ਮੌਤ ਹੋ ਗਈ ।

ਇਸ ਨੇ ਅਸਾਮੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਬੜੀ ਸ਼ਰਧਾ ਨਾਲ ਸੇਵਾ ਕੀਤੀ । ਆਧੁਨਿਕ ਅਸਾਮੀ ਸਮਾਲੋਚਕਾਂ ਵਿਚ ਇਸ ਦਾ ਸਰਵੋਤਮ ਸਥਾਨ ਹੈ । ਸਾਧਾਰਣ ਅਸਾਮੀ ਸ਼ਬਦਾਂ ਦੀ ਵਰਤੋਂ ਇਸ ਦੀ ਸ਼ੈਲੀ ਦੀ ਵਿਸ਼ੇਸ਼ਤਾ ਹੈ, ਜੋ ਕਈ ਥਾਈਂ ਕਾਵਿਕ ਹੋ ਗਈ ਹੈ ਤੇ ਉਸ ਵਿਚ ਛੰਦਾਂ ਦੀ ਛਣਕਾਰ ਸੁਣਾਈ ਦਿੰਦੀ ਹੈ । ਇਸ ਦੇ ਗ੍ਰੰਥਾਂ ਦੇ ਨਾਮ ਹਨ—ਪੁਰਣਿ ਕਾਗ ਰੂਪਰ ਧਰਮਰ ਧਾਰਾ, ਕਲਿਤਾ ਜਾਤਿਰ ਇਤਬ੍ਰਿਤ, ਪੁਰਣਿ ਅਸਮਿਯਾ ਸਾਹਿਤ, ਵਿਸ਼ਣੁਈਟ ਮਿਥਜ਼

ਐਂਡ ਲੀਜ਼ੈਂਡ, ਮਦਰ ਗਾਡਜ਼ ਕਾਮਖਿਆ, ਸਾਹਿਤਯ ਔਰ ਪ੍ਰੇਮ, ਅਸਮਿਆ ਭਾਸ਼ਾ ਇਸ ਕਾ ਗਠਨ ਔਰ ਕ੍ਰਮ ਪਰਿਵਰਤਨ, ਲਾਈਫ਼ ਐਂਡ ਟੀਚਿੰਗਜ਼ ਆਫ਼ ਸ਼ੰਕਰ ਦੇਵ, ਸਟੀਡਜ਼ ਫ੍ਰਾਮ ਅਸਮਿਆ ਹਿਸਟਰੀ ਅਤੇ ਪਰਿਵਲਾ ।

ਹ. ਪੁ.—ਹਿੰ. ਵਿ. ਕੋ. 2 : 429.

**ਕਾਕਰ, ਐਡਵਰਡ :** ਅੰਕ-ਗਣਿਤ ਦਾ ਇਹ ਇਕ ਪ੍ਰਸਿੱਧ ਅੰਗਰੇਜ਼ ਲਿਖਾਰੀ ਸੀ, ਜਿਸ ਦੀ ਇਕ ਅਖਾਣ 'ਅਕੱਰਡਿੰਗ ਟੂ ਕਾਕਰ' ਬਣ ਗਈ ਜਿਸ ਦਾ ਅਰਥ ਸੀ 'ਬਿਲਕੁਲ ਸਹੀ' । ਇਸ ਦਾ ਜਨਮ 1631 ਈ. ਵਿਚ ਹੋਇਆ ਸੀ । ਇਹ ਇੰਗਲੈਂਡ ਵਿਚ ਰਹਿੰਦਾ ਸੀ ਤੇ ਅੰਕ-ਗਣਿਤ ਪੜ੍ਹਾਉਂਦਾ ਸੀ । ਇਸ ਦਾ ਅੰਕ-ਗਣਿਤ ਉਪਰ ਕੀਤਾ ਕੰਮ, ਇਸ ਦੀ ਮੌਤ ਤੋਂ ਬਾਅਦ 1678 ਵਿਚ ਜਾਨ ਹਾਕਨ ਨੇ ਛਪਵਾਇਆ । ਇਸ ਦੇ ਇਕ ਸੌ ਐਡੀਸ਼ਨ ਕੱਢੇ ਗਏ । ਇਸ ਦੇ ਹੋਰ ਕੰਮਾਂ ਵਿਚ ਕਾਕਰਜ਼ ਮੌਰਲਜ਼ (ਕਾਵਿ ਸੰਗ੍ਰਹਿ) ਅਤੇ ਕਾਕਰਜ਼ ਇੰਗਲਿਸ਼ ਡਿਕਸ਼ਨਰੀ(1704) ਸ਼ਾਮਲ ਹਨ ।

ਇਸ ਦੀ ਮੌਤ 1675 ਈ. ਨੂੰ ਲੰਡਨ ਵਿਚ ਹੋਈ ।

ਹ. ਪੁ.—ਐਨ. ਬ੍ਰਿ. 6 : 1

**ਕਾਕਰਮਾਊਥ :** ਇੰਗਲੈਂਡ ਦੀ ਕੰਬਰੀਆ ਕਾਊਂਟੀ ਵਿਚ ਇਹ ਇਕ ਪ੍ਰਸਿੱਧ ਸ਼ਹਿਰ ਅਤੇ ਸੈਰ-ਸਪਾਟੇ ਦਾ ਕੇਂਦਰ ਹੈ ਜੋ ਲੇਕ ਡਿਸਟ੍ਰਿਕਟ ਦੇ ਉੱਤਰੀ-ਪੱਛਮੀ ਸਿਰੇ ਉੱਤੇ ਕਾਕਰ ਅਤੇ ਡਰਵੈਂਟ ਦਰਿਆਵਾਂ ਦੇ ਸੰਗਮ ਉੱਤੇ ਸਥਿਤ ਹੈ । ਕਿਸੇ ਸਮੇਂ ਡਰਵੈਂਟ ਦਰਿਆ ਦੇ ਐਨ ਹੇਠਲੇ ਪਾਸੇ ਵਲ ਰੋਮਨ ਕੈਂਪ ਹੁੰਦਾ ਸੀ ਅਤੇ ਚੌਦ੍ਹਵੀਂ ਸਦੀ ਵਿਚ ਹੈਨਰੀ ਪਰਸੀ ਦੁਆਰਾ ਬਣਾਏ ਕਿਲੇ ਦੇ ਖੰਡਰਾਤ ਅੱਜ ਵੀ ਮੌਜੂਦ ਹਨ । ਇਹ ਮਹਾਨ ਅੰਗਰੇਜ਼ ਕਵੀ, ਵਰਡਜ਼ਵਰਥ ਦਾ ਜਨਮ ਅਸਥਾਨ ਹੈ ਅਤੇ ਉਸ ਦਾ ਜਨਮ-ਅਸਥਾਨ ਨੈਸ਼ਨਲ ਟਰੱਸਟ ਦੁਆਰਾ ਸੁਰੱਖਿਅਤ ਰਖਿਆ ਹੋਇਆ ਹੈ । ਲੇਕ ਡਿਸਟ੍ਰਿਕਟ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ ਅਤੇ ਇਸ ਤੋਂ ਇਸ ਸ਼ਹਿਰ ਨੂੰ ਬਹੁਤ ਲਾਭ ਹੁੰਦਾ ਹੈ ।

ਆਬਾਦੀ—6,365 (1971)

54° 40′ ਉ. ਵਿਥ.; 3° 21′ ਪੱ. ਲੰਬ.

ਹ. ਪੁ.—ਚੈਂਬ. ਐਨ. 3 : 698.; ਐਨ. ਬ੍ਰਿ. ਮਾ. 2 : 1029

**ਕਾਕ, ਰਾਬਰਟ :** ਨੋਬਲ ਪੁਰਸਕਾਰਿਤ ਸੰਸਾਰ ਪ੍ਰਸਿੱਧ ਇਸ ਸਰੀਰ-ਕਿਰਿਆ-ਵਿਗਿਆਨੀ ਦਾ ਜਨਮ 11 ਦਸੰਬਰ, 1843 ਨੂੰ ਕਲੌਸਥਾਲ ਹਾਨੋਵਰ ਵਿਖੇ ਹੋਇਆ । ਇਹ ਜ਼ਰਾਸੀਮੀ ਖੋਜ ਦਾ ਬਾਨੀ ਸੀ । ਇਸ ਨੇ ਹੈਮਬਰਗ ਹਸਪਤਾਲ ਵਿਚ ਸਹਾਇਕ ਫ਼ਿਜ਼ੀਸ਼ੀਅਨ ਦੇ ਤੌਰ ਤੇ ਕੰਮ ਕੀਤਾ । ਇਸ ਤੋਂ ਪਿਛੋਂ ਇਹ 1866 ਵਿਚ ਲੈਂਗਹੈਗਨ ਵਿਖੇ ਅਤੇ ਰੈਕਵਿਜ ਤੇ ਵਾਲਸਟੀਨ ਵਿਚ 1872-80 ਤਕ ਪ੍ਰੈਕਟਿਸ ਕਰਦਾ ਰਿਹਾ । ਸੰਨ 1883 ਵਿਚ ਜਦੋਂ ਇਹ ਭਾਰਤ ਅਤੇ ਮਿਸਰ ਵਿਚ ਸੀ ਤਾਂ ਇਸ ਨੇ ਹੈਜ਼ੇ ਦਾ ਅਧਿਐਨ ਕੀਤਾ । ਇਹ ਫ਼ਰਾਂਸ ਦੀ 'ਅਕੈਡਮੀ ਆਫ਼ ਸਾਇੰਸ' ਦਾ ਮੈਂਬਰ, ਬਰਲਿਨ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ (1885), ਹਾਈਜਿਨ ਸੰਸਥਾ ਦਾ ਡਾਇਰੈਕਟਰ ਅਤੇ ਬਰਲਿਨ ਵਿਚ ਛੂਤ ਦੀਆਂ ਬਿਮਾਰੀਆਂ ਦੀ ਸੰਸਥਾ ਦਾ ਡਾਇਰੈਕਟਰ (1891-1904) ਨਿਯੁਕਤ ਕੀਤਾ ਗਿਆ । ਸੰਨ 1905 ਵਿਚ ਇਸ ਨੂੰ ਫ਼ਿਜ਼ਿਆਲੋਜੀ ਅਤੇ ਮੈਡੀਸਨ ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ । ਇਸ ਨੇ 1912 ਵਿਚ ਇਕ ਖੋਜ ਕਿਤਾਬ '*Gesamellte werke*' 2 ਜਿਲਦਾਂ ਵਿਚ ਲਿਖੀ ।

ਇਸ ਨੇ 1877 ਵਿਚ ਬੈਕਟੀਰੀਆ ਸਮੀਅਰਜ਼ ਬਨਾਉਣ ਅਤੇ ਇਨ੍ਹਾਂ ਨੂੰ ਤਾਪ ਨਾਲ ਸਥਿਰ ਕਰਨ ਦਾ ਕੰਮ ਸ਼ੁਰੂ ਕੀਤਾ । ਸੰਨ 1882 ਵਿਚ ਇਹ ਐਂਥਰੈਕਸ ਬੈਸੀਲਸ (*Anthrax bacillus*) ਦਾ ਸ਼ੁੱਧ ਕਲਚਰ ਤਿਆਰ ਕਰਨ ਵਾਲਾ ਪਹਿਲਾ ਵਿਗਿਆਨੀ ਸੀ । ਇਸ ਨੇ 1883 ਵਿਚ ਏਸ਼ੀਆਈ ਹੈਜ਼ੇ ਦਾ ਕਾਰਨ ਕੌਮਾ ਬੈਸੀਲਸ ਨੂੰ ਪਛਾਣ ਲਿਆ । ਇਸੇ ਹੀ ਸਾਲ ਇਸ ਨੇ ਮਿਸਰ ਵਿਚ ਅੱਖਾਂ ਦੀ ਬਿਮਾਰੀ (ਆਪਥੈਲਮੀਆ) ਫੈਲਾਉਣ ਵਾਲੇ ਆਰਗੈਨਿਜ਼ਮ ਦੀ ਖੋਜ ਵੀ ਕੀਤੀ । ਇਸ ਨੇ 1890 ਵਿਚ ਟਿਊਬ੍ਰਕੁਲੀਨ ਤਿਆਰ ਕੀਤੀ ਅਤੇ ਗ਼ਲਤੀ ਨਾਲ ਇਸ ਨੂੰ ਤਪਦਿਕ ਦੇ ਇਲਾਜ ਲਈ ਦਵਾਈ ਸਮਝ ਲਿਆ ਪਰ ਬਾਅਦ ਵਿਚ ਇਸੇ ਬਿਮਾਰੀ ਦੀ ਸ਼ਨਾਖ਼ਤ ਲਈ ਕਾਫ਼ੀ ਲਾਭਵੰਦ ਸਿੱਧ ਹੋਈ । ਦੱਖਣੀ ਅਫ਼ਰੀਕਾ ਵਿਚ ਇਸ ਨੇ 1896 ਵਿਚ ਪਸ਼ੂਆਂ ਦੀ ਇਕ ਬਿਮਾਰੀ (ਰਿਨਡਰਪੈਸਟ) ਵਾਸਤੇ ਵੈਕਸੀਨ ਤਿਆਰ ਕਰਨ ਲਈ ਤਰੀਕੇ ਵੀ ਵਿਕਸਿਤ ਕੀਤੇ । ਬੰਬਈ ਵਿਚ ਸੰਨ 1897 ਵਿਚ ਇਸ ਨੇ ਬਿਉਬੋਨਿਕ ਪਲੇਗ ਅਤੇ ਸਲੀਪਿੰਗ ਸਿਕਨੈੱਸ ਦੇ ਫੈਲਾਉਣ ਦੇ ਸਾਧਨ ਦੀ ਵੀ ਖੋਜ ਕੀਤੀ । ਇਸ ਦੀਆਂ ਹੋਰ ਖੋਜਾਂ ਵਿਚ ਬੈਕਟੀਰੀਆਈ ਖੋਜ ਦੇ ਸਧਾਰਨ ਤਰੀਕੇ, ਕੀਟ-ਨਾਸ਼ਕ ਤਰੀਕਿਆਂ ਦਾ ਵਿਕਾਸ, ਠੋਸ-ਤਰਲ ਮਾਧਿਅਮ ਵਿਚ ਬੈਕਟੀਰੀਆ ਦੀ ਰਚਨਾ ਆਦਿ ਸ਼ਾਮਲ ਹਨ । ਇਸ ਨੇ ਬਹੁਤ ਸਾਰੀਆਂ ਬਿਮਾਰੀਆਂ ਨੂੰ ਫੈਲਾਉਣ ਵਾਲੇ ਏਜੰਟਾਂ ਨੂੰ ਪਛਾਨਣ ਲਈ ਨਿਯਮ ਸਥਾਪਿਤ ਕੀਤੇ । ਇਹ 27 ਮਈ, 1910 ਨੂੰ ਬਾਡੈਨ ਵਿਖੇ ਸਵਰਗਵਾਸ ਹੋ ਗਿਆ ।

ਹ. ਪੁ.—ਵ. ਹੂ. ਸਾ.: 951

**ਕੱਕਰੋਚ (ਜਾਂ ਤਿਲਚੱਟਾ) :** ਇਹ ਡਿਕਟਿਓਪਟੈਰਾ ਵਰਗ ਦੇ ਬਲੈਟੈਰੀਆ ਉਪ-ਵਰਗ ਦਾ ਕੀੜਾ ਹੈ, ਜਿਸ ਦੀਆਂ ਲਗਭਗ 2,000 ਜਾਤੀਆਂ ਹਨ । ਇਸ ਦਾ ਨਾਂ ਸਪੇਨ ਦੇ ਸ਼ਬਦ ਕੂਕਰਾਚਾ ਤੋਂ ਵਿਗੜ ਕੇ ਬਣਿਆ ਹੈ । ਕੱਕਰੋਚ ਬਹੁਤ ਪੁਰਾਤਨ, ਜਿਉਂਦੇ, ਪਰਾਂ ਵਾਲੇ ਕੀੜਿਆਂ ਵਿਚੋਂ ਹਨ । ਇਹ ਸਭ ਤੋਂ ਪੁਰਾਣੇ ਪਥਰਾਟ ਕੀੜਿਆਂ ਵਿਚ ਵੀ ਮਿਲਦੇ ਹਨ ।

ਇਨ੍ਹਾਂ ਦੇ ਮੁੱਖ ਲੱਛਣ ਚਪਟਾ ਅਤੇ ਅੰਡਾਕਾਰ ਸਰੀਰ, ਲੰਮੀਆਂ, ਧਾਗੇ ਵਰਗੀਆਂ ਟੋਹਣੀਆਂ ਅਤੇ ਚਮਕੀਲੀ, ਕਾਲੀ ਜਾਂ ਭੂਰੀ, ਚਮੜੇ ਵਰਗੀ ਕੱਜਣ (ਇੰਟੈਗੁਮੈਂਟ) ਦਾ ਹੋਣਾ ਹੈ । ਸਿਰ ਹੇਠਾਂ ਵਲ ਮੁੜਿਆ ਹੋਇਆ ਹੁੰਦਾ ਹੈ ਅਤੇ ਮੂੰਹ-ਅੰਗ ਪਿੱਛੇ ਵਲ ਲਗੇ ਹੁੰਦੇ ਹਨ । ਨਰ ਕੱਕਰੋਚ ਦੇ ਆਮ ਤੌਰ ਤੇ, ਪਰਾਂ ਦੇ ਦੋ ਜੋੜੇ ਹੁੰਦੇ ਹਨ ਪ੍ਰੰਤੂ ਮਾਦਾ ਬਿਨਾਂ ਪਰਾਂ ਦੇ ਹੁੰਦੀਆਂ ਹਨ ਜਾਂ ਇਨ੍ਹਾਂ ਦੇ ਪਰ ਅਵਸ਼ੇਸ਼ ਰੂਪ ਵਿਚ ਹੁੰਦੇ ਹਨ । ਮਾਦਾ ਅੰਡ-ਕੋਸ਼ਾਂ ਵਿਚ, ਜਿਨ੍ਹਾਂ ਨੂੰ ਅੰਡਖ਼ੋਲ ਜਾਂ ਊਥੀਕਾ ਕਹਿੰਦੇ ਹਨ, ਅੰਡੇ ਚੁੱਕੀ ਰਖਦੀ ਹੈ । ਇਹ ਅੰਡਖ਼ੋਲ, ਇਨ੍ਹਾਂ ਦੇ ਸਰੀਰ ਤੋਂ ਲਮਕਦੇ ਰਹਿੰਦੇ ਹਨ । ਜਦੋਂ ਮਾਦਾ ਇਨ੍ਹਾਂ ਨੂੰ ਕਿਸੇ ਥਾਂ ਤੇ ਰਖ ਦਿੰਦੀ ਹੈ ਤਾਂ ਉਸ ਤੋਂ ਬਾਅਦ ਇਨ੍ਹਾਂ ਵਿਚੋਂ ਨਰਮ ਨਰਮ, ਚਿੱਟੇ ਰੰਗ ਦੇ ਨਿੰਫ ਨਿਕਲਦੇ ਹਨ ਜਿਹੜੇ ਹਵਾ ਲਗਣ ਨਾਲ, ਸਖ਼ਤ ਤੇ ਭੂਰੇ ਰੰਗ ਦੇ ਹੋ ਜਾਂਦੇ ਹਨ ।



ਕੱਕਰੋਚ (ਪੇਰੀਪਲੈਨੇਟਾ ਅਮੈਰੀਕਾਨਾ)

ਕੌਕਰੋਚ, ਗਰਮ ਸਿੱਲ੍ਹੀਆਂ ਅਤੇ ਹਨੇਰੀਆਂ ਥਾਵਾਂ ਤੇ ਰਹਿਣਾ ਪਸੰਦ ਕਰਦੇ ਹਨ। ਇਹ ਆਮ ਤੌਰ ਤੇ ਊਸ਼ਣ-ਖੰਡੀ ਜਾਂ ਹੋਰ ਸ਼ਾਂਤ ਜਲਵਾਯੂ ਵਾਲੇ ਇਲਾਕਿਆਂ ਵਿਚ ਮਿਲਦੇ ਹਨ । ਸਿਰਫ ਕੁਝ ਕੁ ਜਾਤੀਆਂ ਹੀ ਮਨੁੱਖੀ ਨਿਵਾਸ ਸਥਾਨਾਂ ਤੇ ਰਹਿੰਦੀਆਂ ਹਨ ਅਤੇ ਪੈੱਸਟ (ਵਿਨਾਸ਼ਕਾਰੀ) ਬਣ ਗਈਆਂ ਹਨ। ਇਹ ਕੀੜੇ ਜਿੰਨਾ ਖਾਂਦੇ ਹਨ ਉਸ ਤੋਂ ਜ਼ਿਆਦਾ ਚੀਜ਼ਾਂ ਖ਼ਰਾਬ ਕਰਦੇ ਹਨ । ਇਨ੍ਹਾਂ ਤੋਂ ਬਦਬੂ ਆਉਂਦੀ ਹੈ। ਇਹ ਭੋਜਨ, ਕਾਗ਼ਜ਼, ਕੱਪੜੇ, ਕਿਤਾਬਾਂ ਤੇ ਮਰੇ ਹੋਏ ਕੀੜਿਆਂ, ਖ਼ਾਸ ਕਰਕੇ ਖਟਮਲ ਆਦਿ ਤੇ ਆਹਾਰ ਕਰਦੇ ਹਨ। ਇਨ੍ਹਾਂ ਨੂੰ ਕੰਟਰੋਲ ਕਰਨ ਲਈ ਕੀੜੇਮਾਰ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਅਮਰੀਕਨ ਕੌਕਰੋਚ ਪੈਰੀਪਲੈਨੇਟਾ ਅਮੈਰੀਕਾਨਾ (*Periplaneta americana*) ਤਕਰੀਬਨ 30-50 ਮਿ. ਮੀ. ਲੰਮਾ ਤੇ ਲਾਲ-ਭੂਰੇ ਰੰਗ ਦਾ ਹੁੰਦਾ ਹੈ। ਇਹ ਬਾਹਰ ਖੁੱਲ੍ਹੀਆਂ ਥਾਵਾਂ ਜਾਂ ਘਰਾਂ ਵਿਚ ਹਨੇਰੀਆਂ, ਗਰਮ ਦੋਵੇਂ ਤਰ੍ਹਾਂ ਦੀਆਂ ਥਾਵਾਂ ਤੇ ਮਿਲਦੇ ਹਨ। ਬਾਲਗ ਅਵਸਥਾ ਵਿਚ (ਜਿਹੜੀ ਤਕਰੀਬਨ 1½ ਸਾਲ ਦੀ ਹੁੰਦੀ ਹੈ) ਮਾਦਾ 50 ਜਾਂ ਇਸ ਤੋਂ ਵੱਧ ਅੰਡਖ਼ੋਲ ਜਾਂ ਉਓਥੀਕਾ ਦਿੰਦੀ ਹੈ। ਹਰ ਅੰਡਖ਼ੋਲ ਵਿਚ ਤਕਰੀਬਨ 16 ਅੰਡੇ ਹੁੰਦੇ ਹਨ ਜਿਨ੍ਹਾਂ ਵਿਚੋਂ 45 ਦਿਨ ਤੋਂ ਬਾਅਦ ਨਿੰਫ ਨਿਕਲਦੇ ਹਨ। ਨਿੰਫ ਅਵਸਥਾ 11-14 ਮਹੀਨੇ ਦੀ ਹੁੰਦੀ ਹੈ । ਇਹ ਅਮਰੀਕਾ ਦੇ ਊਸ਼ਣੀ ਅਤੇ ਉਪ-ਊਸ਼ਣੀ ਭਾਗਾਂ ਵਿਚ ਮਿਲਦੇ ਹਨ। ਇਨ੍ਹਾਂ ਦੇ ਪਰ ਚੰਗੀ ਤਰ੍ਹਾਂ ਵਿਕਸਿਤ ਹੋਏ ਹੁੰਦੇ ਹਨ ਇਸ ਲਈ ਇਹ ਕਾਫ਼ੀ ਦੂਰ ਤਕ ਉੱਡ ਸਕਦੇ ਹਨ।

ਭੂਰੀਆਂ ਧਾਰੀਆਂ ਵਾਲਾ ਕੌਕਰੋਚ ਸੁਪੈਲਾ ਸੁਪੇਲੈਕਟੀਲਿਅਮ (*Supella supellectilium*) ਜਰਮਨ ਕੌਕਰੋਚ ਤੋਂ ਥੋੜ੍ਹਾ ਛੋਟਾ ਹੁੰਦਾ ਹੈ । ਨਰ ਕੌਕਰੋਚ ਦੇ ਪਰ ਵਿਕਸਿਤ ਹੁੰਦੇ ਹਨ ਅਤੇ ਇਹ ਮਾਦਾ ਨਾਲੋਂ ਹਲਕੇ ਰੰਗ ਦਾ ਹੁੰਦਾ ਹੈ। ਮਾਦਾ ਦੇ ਪਰ ਛੋਟੇ ਅਤੇ ਅਕਿਰਿਆਸ਼ੀਲ ਹੁੰਦੇ ਹਨ। ਬਾਲਗ ਅਵਸਥਾ ਤਕਰੀਬਨ 200 ਦਿਨ ਦੀ ਹੁੰਦੀ ਹੈ ਤੇ ਇਨ੍ਹਾਂ ਦੀਆਂ ਸਾਲ ਵਿਚ ਦੋ ਪੀੜ੍ਹੀਆਂ ਪੈਦਾ ਹੋ ਸਕਦੀਆਂ ਹਨ। ਇਹ ਘਰਾਂ ਵਿਚ ਹਰ ਜਗ੍ਹਾ ਤੇ ਮਿਲ ਸਕਦੇ ਹਨ।

ਜਰਮਨ ਕੌਕਰੋਚ ਬਲੈਟੈੱਲਾ ਜਰਮੈਨਿਕਾ (*Blattella germanica*) ਇਕ ਆਮ ਘਰੇਲੂ ਪੈੱਸਟ ਹੈ। ਇਸ ਦੀ ਮਾਦਾ ਆਪਣੇ ਅੰਡਖ਼ੋਲਾਂ ਨੂੰ ਉਦੋਂ ਤਕ ਚੁੱਕੀ ਫਿਰਦੀ ਹੈ ਜਦੋਂ ਤਕ ਕਿ ਅੰਡਿਆਂ ਵਿਚੋਂ ਬੱਚੇ ਨਿਕਲਣ ਲਈ ਤਿਆਰ ਹੋ ਜਾਂਦੇ ਹਨ । ਇਹ ਕੌਕਰੋਚ ਤਕਰੀਬਨ 12. ਮਿ. ਮੀ. ਲੰਮਾ ਹੁੰਦਾ ਹੈ। ਸਮੁੰਦਰੀ ਜਹਾਜ਼ਾਂ ਰਾਹੀਂ ਇਹ ਸਾਰੇ ਸੰਸਾਰ ਵਿਚ ਫੈਲ ਗਿਆ ਹੈ । ਇਕ ਸਾਲ ਵਿਚ ਇਨ੍ਹਾਂ ਦੀਆਂ ਤਿੰਨ ਜਾਂ ਜ਼ਿਆਦਾ ਪੀੜ੍ਹੀਆਂ ਪੈਦਾ ਹੋ ਸਕਦੀਆਂ ਹਨ । ਇਸ ਨੂੰ ਕਰੋਟਨ ਬਗ ਵੀ ਕਹਿੰਦੇ ਹਨ । ਬਲੈਟਾ ਓਰੀਐਨਟੇਲਿਸ (*Blatta orientalis*) ਕਿਸਮ ਦਾ ਕੌਕਰੋਚ 25-30 ਮਿ. ਮੀ. ਲੰਮਾ ਹੁੰਦਾ ਹੈ ਅਤੇ ਇਸ ਦਾ ਜੀਵਨ ਚੱਕਰ ਅਮਰੀਕਨ ਕੌਕਰੋਚ ਵਰਗਾ ਹੁੰਦਾ ਹੈ।

ਪਰਕੋਬਲੈਟਾ ਪੈਨਸਿਲਵਾਨੀਕਾ (*Parcoblatta pennsylvanica*) ਉੱਤਰੀ ਵਿਥਕਾਰ ਵਿਚ ਪੱਥਰਾਂ ਆਦਿ ਦੇ ਹੇਠਾਂ ਲੁਕਿਆ ਮਿਲਦਾ ਹੈ। ਇਸ ਦੇ ਨਰ ਤੇ ਮਾਦਾ ਇੰਨੇ ਵਖਰੇ ਜਾਪਦੇ ਹਨ ਕਿ ਕਦੇ ਇਨ੍ਹਾਂ ਨੂੰ ਵਖ ਵਖ ਜਾਤੀਆਂ ਸਮਝਿਆ ਜਾਂਦਾ ਸੀ। ਨਰ 15-25 ਮਿ. ਮੀ. ਲੰਮਾ ਹੁੰਦਾ ਹੈ ਅਤੇ ਇਸ ਦੇ ਪਰ ਪੇਟ ਤੋਂ ਪਿਛੇ ਤਕ ਪਹੁੰਚਦੇ ਹਨ। ਮਾਦਾ ਛੋਟੀ ਤੇ ਛੋਟੇ ਪਰਾਂ ਵਾਲੀ ਹੁੰਦੀ ਹੈ।

ਪੁਰਾਤਨ ਘਰੇਲੂ ਦਵਾਈਆਂ ਵਿਚ ਕੌਕਰੋਚ ਇਕ ਮਹੱਤਵਪੂਰਨ ਮੂਲ ਪਦਾਰਥ ਰਿਹਾ ਹੈ। ਚੀਨੀ ਨਾਲ ਪੀਸ ਕੇ ਕਦੇ ਇਨ੍ਹਾਂ ਨੂੰ ਕੈਂਸਰ ਅਤੇ ਅਲਸਰ ਠੀਕ ਕਰਨ ਲਈ ਵਰਤਿਆ ਜਾਂਦਾ ਸੀ। ਕੌਕਰੋਚ ਤੋਂ ਬਣੀ ਰਾਖ ਨੂੰ ਦਵਾਈ ਵਿਚ ਮਿਲਾ ਕੇ ਵਰਮਾਂ ਨੂੰ ਮਾਰਨ ਲਈ ਪਿਲਾਈ ਜਾਂਦੀ ਸੀ। ਕੌਕਰੋਚਾਂ ਨੂੰ ਪੀਸ ਕੇ ਪਾਊਡਰ ਦੀ ਸ਼ਕਲ ਵਿਚ ਪਲਵਿਸ ਤਾਰਾਕੇਨੀ ਦੇ ਨਾਂ ਨਾਲ ਵੇਚਿਆ ਜਾਂਦਾ ਹੈ ਜਿਸ ਨੂੰ ਜਲੋਧਰ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਲਸਣ ਦੇ ਨਾਲ ਤੇਲ ਵਿਚ ਤਲ ਕੇ ਇਨ੍ਹਾਂ ਨੂੰ ਹਾਜ਼ਮੇ ਲਈ ਖਾਧਾ ਜਾਂਦਾ ਰਿਹਾ ਹੈ।

ਹ. ਪੁ.—ਐਨ. ਬ੍ਰਿ. ਮਾ. 2 : 1031

**ਕਾਕਲਬਰ ਜਾਂ ਭੰਗੜਾ :** ਇਹ ਐਸਟਰੇਸੀ ਕੁਲ ਦੀ ਜੈਂਥੀਅਮ ਪ੍ਰਜਾਤੀ ਦੀਆਂ ਘਾਹ ਬੂਟੀਆਂ ਹਨ। ਪੰਜਾਬੀ ਵਿਚ ਇਸ ਨੂੰ ਭੰਗੜਾ ਕਿਹਾ ਜਾਂਦਾ ਹੈ। ਇਹ ਪੌਦੇ ਯੂਰਪ, ਉੱਤਰੀ ਅਮਰੀਕਾ ਦੇ ਕੁਝ ਹਿੱਸੇ ਅਤੇ ਭਾਰਤ ਵਿਚ ਮਿਲਦੇ ਹਨ । ਕੁਝ ਵਿਗਿਆਨੀ ਇਸ ਪ੍ਰਜਾਤੀ ਦੀਆਂ 15 ਤਕ ਜਾਤੀਆਂ ਮੰਨਦੇ ਹਨ, ਜਦੋਂ ਕਿ ਕੁਝ ਇਸ ਦੀਆਂ 2 ਤੋਂ 4 ਜਾਤੀਆਂ ਹੀ ਗਿਣਦੇ ਹਨ। ਇਹ ਇਕ-ਵਰਸ਼ੀ ਬੂਟੀਆਂ ਖਰ੍ਹਵੀਆਂ ਅਤੇ ਕਈ ਵਾਰੀ ਕੰਡਿਆਂ ਵਾਲੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਤਣਾ 30 ਸੈਂ. ਮੀ. ਤੋਂ ਲਗਭਗ 1.9 ਮੀ. ਤਕ ਲੰਮਾ ਹੁੰਦਾ ਹੈ। ਇਸ ਦੇ ਤਣੇ ਉਪਰ ਬਹੁਤ ਸਾਰੀਆਂ ਟਹਿਣੀਆਂ ਹੁੰਦੀਆਂ ਹਨ। ਪੱਤੇ ਲੰਬੀਆਂ ਡੰਡੀਆਂ ਵਾਲੇ ਅਤੇ ਕਈ ਤਰ੍ਹਾਂ ਨਾਲ ਖੰਨਾਂ ਵਿਚ ਵੰਡੇ ਹੁੰਦੇ ਹਨ। ਨਰ ਅਤੇ ਮਾਦਾ ਫੁੱਲ ਛੋਟੇ ਹੁੰਦੇ ਹਨ ਅਤੇ ਇਕੋ ਪੌਦੇ ਤੇ ਹੀ ਲੱਗੇ ਹੁੰਦੇ ਹਨ।



ਕਾਕਲਬਰ

ਇਸ ਦੇ ਫੁੱਲ ਗੋਲ ਹੁੰਦੇ ਹਨ ਅਤੇ ਨਰ ਫੁੱਲ ਦੇ ਗੁੱਛੇ ਮਾਦਾ ਫੁੱਲਾਂ ਦੇ ਉਪਰ ਹੀ ਲਗਦੇ ਹਨ ਜੋ ਹਰੇ, ਪੀਲੇ ਜਾਂ ਭੂਰੇ ਬਰ ਵਿਚ ਬੰਦ ਪਏ ਰਹਿੰਦੇ ਹਨ ਜਿਨ੍ਹਾਂ ਉਤੇ ਮੁੜੇ ਹੋਏ ਕੰਡੇ ਅਤੇ ਸਿਰੇ ਉਤੇ ਇਕ ਜਾਂ ਦੋ ਦੰਦਾਂ ਵਾਲੀ ਚੁੰਝ ਹੁੰਦੀ ਹੈ। ਪੱਕੇ ਹੋਏ ਬਰ ਜਾਨਵਰਾਂ ਦੇ ਵਾਲਾਂ ਨਾਲ ਚਿਪਕ ਕੇ ਦੂਰ-ਦੂਰ ਤਕ ਖਿਲਰ ਜਾਂਦੇ ਹਨ। ਬਹੁਤ ਜ਼ਿਆਦਾ ਗਿਣਤੀ ਵਿਚ ਉੱਗੇ ਹੋਣ ਕਰਕੇ ਇਹ ਫ਼ਸਲਾਂ ਲਈ ਮੁਸੀਬਤ ਬਣ ਜਾਂਦੇ ਹਨ।

ਇਹ ਚਾਰੂ ਪਸ਼ੂਆਂ ਲਈ ਘਾਤਕ ਸਿੱਧ ਹੁੰਦੇ ਹਨ ਅਤੇ ਕੁਝ ਸਮਾਂ ਪਹਿਲਾਂ ਇਹ ਜੜ੍ਹੀ-ਬੂਟੀਆਂ ਵਾਲੇ ਇਲਾਜ ਵਿਚ ਵਰਤੇ ਜਾਂਦੇ ਰਹੇ ਹਨ। ਭਾਰਤ ਦੇ ਗਰਮ ਇਲਾਕਿਆਂ ਅਤੇ ਹਿਮਾਲੀਆ ਵਿਚ 2300 ਮੀ. ਦੀ ਉਚਾਈ ਤਕ ਮਿਲਦੇ ਹਨ । ਇਸ ਨੂੰ ਚੇਚਕ ਦੇ ਇਲਾਜ ਲਈ ਲਾਭਵੰਦ ਮੰਨਿਆ ਗਿਆ ਹੈ । ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਦੀ ਜੜ੍ਹ ਵਿਚ ਇਕ ਕੌੜਾ ਪਦਾਰਥ ਹੁੰਦਾ ਹੈ, ਜਿਹੜਾ ਕੈਂਸਰ ਅਤੇ ਥਾਇਰੌਇਡ ਗਲੈਂਡ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਲਈ ਵਰਤਿਆ ਜਾਂਦਾ ਹੈ। ਦੱਖਣੀ ਭਾਰਤ ਵਿਚ ਇਨ੍ਹਾਂ ਦੇ ਕੰਡੇਦਾਰ ਬਰੈਕਟ-ਸਮੂਹ ਅੱਧੇ ਸਿਰ ਦੀ ਪੀੜ ਦੇ ਇਲਾਜ ਲਈ ਕੰਨਾਂ ਵਿਚਲੇ ਗਹਿਣਿਆਂ ਨਾਲ ਬੰਨ੍ਹੇ ਜਾਂਦੇ ਹਨ। ਸਾਰੇ ਪੌਦੇ ਵਿਚ ਹੀ ਪਸੀਨਾ ਲਿਆਉਣ ਅਤੇ ਉਤੇਜਨਾ ਪੈਦਾ ਕਰਨ ਵਾਲੇ ਗੁਣ ਹੁੰਦੇ ਹਨ । ਇਸ ਦਾ ਕਾੜ੍ਹਾ ਮਲੇਰੀਆ ਬੁਖ਼ਾਰ ਵਿਚ ਵੀ ਲਾਭਵੰਦ ਸਿੱਧ ਹੁੰਦਾ ਹੈ।

ਹ. ਪੁ.—ਐਨ. ਬ੍ਰਿ. 6 : 3; ਐਨ. ਬ੍ਰਿ. ਮਾ. 2 : 1030; ਵੈ. ਇ. ਡ. ਇੰ. 438

**ਕਾਂਕਲਿਨ, ਐੱਡਵਿਨ ਗਰਾਂਟ :** ਇਹ ਇਕ ਜੀਵ-ਵਿਗਿਆਨੀ ਹੋਇਆ ਹੈ ਜਿਹੜਾ ਮਨੁੱਖੀ ਵਿਕਾਸ ਉਤੇ ਆਪਣੇ ਅਧਿਐਨ ਕਰਕੇ ਜਾਣਿਆ ਜਾਂਦਾ ਹੈ। ਇਸ ਦਾ ਜਨਮ 24 ਨਵੰਬਰ, 1863 ਨੂੰ ਓਹਾਈਓ ਵਿਚ ਵੱਾਲਡੋ ਵਿਖੇ ਹੋਇਆ । ਇਹ ਪਰਿੰਸਟਨ ਵਿਚ ਜੀਵ-ਵਿਗਿਆਨ ਦਾ ਪ੍ਰੋਫ਼ੈਸਰ (1908-1933) ਰਿਹਾ ਅਤੇ ਰਿਟਾਇਰ ਹੋਣ ਉਪਰੰਤ ਇਹ ਇਥੇ ਹੀ ਖੋਜ ਕਰਦਾ ਰਿਹਾ।

ਰੀੜ੍ਹਰਹਿਤ ਪ੍ਰਾਣੀਆਂ ਦੇ ਭਰੂਣਾਂ ਉਤੇ ਕੰਮ ਕਰਦੇ ਸਮੇਂ ਇਸ ਨੇ ਅੰਡ-ਸੈੱਲ ਦਾ ਅਧਿਐਨ ਕੀਤਾ ਅਤੇ ਅੰਡ-ਸੈੱਲਾਂ ਤੋਂ ਭਰੂਣ ਤਕ ਅੰਗਾਂ ਦਾ ਨਿਕਾਸ ਲੱਭਿਆ ਅਤੇ ਇਸ ਤਰ੍ਹਾਂ ਮਨੁੱਖੀ-ਵਿਕਾਸ ਬਾਰੇ ਪ੍ਰਮਾਣਕਤਾ (ਅਥਾਰਟੀ) ਹਾਸਲ ਕੀਤੀ। ਇਸ ਦੀਆਂ ਮੁੱਖ ਲਿਖਤਾਂ ਵਿਚੋਂ 'ਹੈਰੇਡਿਟੀ ਐਂਡ ਐੱਨਵਾਇਰਮੈਂਟ ਇਨ ਦਾ ਡਿਵੈਲਪਮੈਂਟ ਆਫ਼ ਮੈੱਨ' (1915-21), 'ਡਾਇਰੈਕਸ਼ਨ ਆਫ਼ ਹਿਊਮਨ ਐਵੋਲਿਊਸ਼ਨ' (1921) ਅਤੇ 'ਪ੍ਰੋਬਲਮਜ਼ ਆਫ਼ ਔਰਗੈਨਿਕ ਅਡੈਪਟੇਸ਼ਨ' (1921) ਹਨ।

21 ਨਵੰਬਰ, 1952 ਨੂੰ ਪਰਿੰਸਟਨ (ਨਿਊ ਜਰਜ਼ਿ) ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 84

**ਕਾਕਾਟਰਿਸ :** ਯੂਨਾਨੀ ਅਤੇ ਰੋਮ ਦੀਆਂ ਲੋਕ ਕਥਾਵਾਂ ਵਿਚ ਕਾਕਾਟਰਿਸ ਨਾਮੀ ਇਕ ਛੋਟਾ ਜਿਹਾ ਸੱਪ, ਸ਼ਾਇਦ ਮਿਸਰ ਦਾ ਕੋਬਰਾ ਹੁੰਦਾ ਸੀ। ਇਸ ਨੂੰ ਬੇਸੀਲੀਕੋਸ ਜਾਂ ਬੇਸੀਲਿਸਕ ਵੀ ਆਖਦੇ ਹਨ । ਇਸ ਵਿਚ ਸਿਰਫ਼ ਨਿਉਲੇ ਤੋਂ ਛੁੱਟ ਹੋਰ ਸਾਰੇ ਜੀਵ ਜੰਤੂ ਅਤੇ ਬਨਸਪਤੀ ਨੂੰ ਤਬਾਹ ਕਰਨ ਦੀ ਸ਼ਕਤੀ ਸੀ। 17ਵੀਂ ਸਦੀ ਵਿਚ ਇਕ ਹੋਰ ਅਚੰਭੇ ਵਾਲੀ ਗੱਲ ਇਸ ਕਥਾ ਨਾਲ ਜੁੜ ਗਈ ਕਿ ਇਹ ਇਕ ਕੁੱਕੜ ਦੇ ਦਿਤੇ ਹੋਏ ਅੰਡੇ ਵਿਚੋਂ ਸੱਪ ਰਾਹੀਂ ਕੱਢੇ ਬੱਚੇ ਤੋਂ ਬਣਿਆ ਸੀ। ਨਿਉਲਾ ਇਸ ਦਾ ਦੁਸ਼ਮਣ ਸੀ, ਕਿਉਂਕਿ ਨਿਉਲੇ ਵਿਚੋਂ ਨਿਕਲਦੀ ਜ਼ਹਿਰ ਇਸ ਸੱਪ ਨੂੰ ਮਾਰ ਦਿੰਦੀ ਸੀ। ਇਸ ਦਾ ਦੂਜਾ ਦੁਸ਼ਮਣ ਮੁਰਗਾ ਸੀ, ਕਿਉਂਕਿ ਇਸ ਦੀ ਬਾਂਗ ਸੁਣਨ ਨਾਲ ਵੀ ਇਹ ਮਰ ਜਾਂਦਾ ਸੀ । ਇਸੇ ਲਈ ਇਨ੍ਹਾਂ ਇਲਾਕਿਆਂ ਵਿਚ ਲੋਕ ਸਫ਼ਰ ਵੇਲੇ ਇਸ ਤੋਂ ਡਰਦੇ ਆਪਣੇ ਨਾਲ ਮੁਰਗਾ ਜ਼ਰੂਰ ਰਖਦੇ ਸਨ।

ਹ. ਪੁ.—ਐਨ. ਬ੍ਰਿ. ਮਾ. 2 : 1028

**ਕਾਕੀਨਾਡ :** ਆਂਧਰਾ ਪ੍ਰਦੇਸ਼ ਰਾਜ (ਭਾਰਤ) ਦੇ ਗੋਦਾਵਰੀ ਜ਼ਿਲ੍ਹੇ ਵਿਚ ਇਹ ਇਕ ਸ਼ਹਿਰ ਅਤੇ ਬੰਦਰਗਾਹ ਹੈ ਜੋ ਇਸੇ ਹੀ ਨਾਂ ਦੇ ਤਅੱਲੁਕੇ ਦਾ ਸਦਰ-ਮੁਕਾਮ ਹੈ। ਇਹ ਸਮੁੰਦਰ ਤੱਟੀ ਰੇਲਵੇ ਦੀ ਇਕ ਉਪ ਸ਼ਾਖਾ ਦੁਆਰਾ ਕਲਕੱਤਾ ਤੋਂ ਮਦਰਾਸ ਜਾਣ ਵਾਲੇ ਮੁੱਖ ਰੇਲ-ਮਾਰਗ ਨਾਲ ਮਿਲਿਆ ਹੋਇਆ ਹੈ । ਵਰਤਮਾਨ ਸ਼ਹਿਰ ਦੀ ਨੀਂਹ 17ਵੀਂ ਸਦੀ ਵਿਚ ਡੱਚਾਂ ਨੇ ਰੱਖੀ ਸੀ । ਇਹ ਸ਼ਹਿਰ 1825 ਈ. ਵਿਚ ਅੰਗਰੇਜ਼ਾਂ ਦੇ ਅਧਿਕਾਰ ਵਿਚ ਚਲਾ ਗਿਆ ਅਤੇ ਇਸ ਦਾ ਵਿਕਾਸ ਘੱਟ ਗਿਆ। ਇਹ ਅਰਧ ਕੁਦਰਤੀ ਬੰਦਰਗਾਹ ਹੈ, ਇਸ ਲਈ ਇਸ ਦਾ ਵਿਕਾਸ ਇਕ ਸੀਮਤ ਹੱਦ ਤਕ ਹੀ ਹੋ ਸਕਿਆ ਹੈ। ਇਸ ਬੰਦਰਗਾਹ ਤੋਂ ਬਾਹਰ ਜਾਣ ਵਾਲੀਆਂ ਵਸਤਾਂ ਵਿਚੋਂ ਤਿਲ, ਤੰਬਾਕੂ ਅਤੇ ਦਾਲਾਂ ਮੁੱਖ ਹਨ ਅਤੇ ਦਰਾਮਦ ਹੋਣ ਵਾਲੀਆਂ ਵਸਤਾਂ ਕੱਪੜਾ, ਮਿੱਟੀ ਦਾ ਤੇਲ ਅਤੇ ਚੌਲ ਹਨ। ਇਥੇ ਚੌਲ ਸਾਫ਼ ਕਰਨ ਅਤੇ ਤੰਬਾਕੂ ਦੀਆਂ ਚੀਜ਼ਾਂ ਤਿਆਰ ਕਰਨ ਦੇ ਕਾਰਖਾਨੇ ਹਨ । ਇਥੇ ਕਈ ਵਿਦਿਅਕ ਸੰਸਥਾਵਾਂ ਅਤੇ ਹਸਪਤਾਲ ਹਨ। ਦੂਜੇ ਮਹਾਯੁੱਧ ਸਮੇਂ ਭਾਰਤ ਦੀ ਭੂਮੀ ਉਪਰ ਹੋਏ ਜਾਪਾਨੀ ਹਵਾਈ ਹਮਲੇ ਦਾ ਪਹਿਲਾ ਬੰਬ ਇਥੇ ਹੀ ਡਿਗਿਆ ਸੀ।

ਆਬਾਦੀ—225,151 (1981)

16° 57′ ਉ. ਵਿਥ.; 82° 14′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 2 : 429

**ਕਾਕੇਸ਼ੀ ਭਾਸ਼ਾਵਾਂ :** ਇਹ ਭਾਸ਼ਾਵਾਂ ਕਾਕੇਸ਼ੀਅਨ ਥਲ-ਡਮਰੂ ਵਿਚ ਬੋਲੀਆਂ ਜਾਂਦੀਆਂ ਹਨ ਅਤੇ ਇਹ ਇੰਡੋ-ਯੂਰਪੀ ਜਾਂ ਸਾਮੀ ਜਾਂ ਯੂਰਾਲ-ਅਲਤਾਈ ਪਰਿਵਾਰਾਂ ਨਾਲ ਸਬੰਧਤ ਨਹੀਂ ਹਨ । ਇਨ੍ਹਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਲਗਭਗ 4,000,000 ਹੈ। ਇਨ੍ਹਾਂ ਨੂੰ ਤਿੰਨ ਗਰੁਪਾਂ ਵਿਚ ਵੰਡਿਆ ਗਿਆ ਹੈ—ਪੂਰਬੀ ਕਾਕੇਸ਼ੀ ਭਾਸ਼ਾ, ਪੱਛਮੀ ਕਾਕੇਸ਼ੀ ਭਾਸ਼ਾ ਤੇ ਦੱਖਣੀ ਕਾਕੇਸ਼ੀ ਭਾਸ਼ਾ। ਪੂਰਬੀ ਕਾਕੇਸ਼ੀ ਭਾਸ਼ਾ ਨੂੰ ਅੱਠਾਂ ਸ਼ਾਖਾਵਾਂ ਵਿਚ ਵੰਡਿਆ ਗਿਆ ਹੈ, ਪੱਛਮੀ ਕਾਕੇਸ਼ੀ ਭਾਸ਼ਾ ਦੀਆਂ ਤਿੰਨ ਸ਼ਾਖਾਵਾਂ ਹਨ ਅਤੇ ਦੱਖਣੀ ਕਾਕੇਸ਼ੀ ਭਾਸ਼ਾ ਦੀਆਂ ਵੀ ਤਿੰਨ ਸ਼ਾਖਾਵਾਂ ਹਨ।

ਪੂਰਬੀ ਕਾਕੇਸ਼ੀ ਭਾਸ਼ਾ ਤੇ ਪੱਛਮੀ ਕਾਕੇਸ਼ੀ ਭਾਸ਼ਾ ਇਕ ਦੂਸਰੀ ਨਾਲ ਸਬੰਧਤ ਹਨ ਤੇ ਇਨ੍ਹਾਂ ਨੂੰ ਇਕ ਭਾਸ਼ਾ ਦੀਆਂ ਦੋ ਸ਼ਾਖਾਵਾਂ ਮੰਨਿਆ ਜਾ ਸਕਦਾ ਹੈ। ਇਨ੍ਹਾਂ ਵਿਚ ਤੇ ਦੱਖਣੀ ਕਾਕੇਸ਼ੀ ਭਾਸ਼ਾ ਗਰੁਪ ਵਿਚ ਵਿਗਿਆਨਕ ਤੌਰ ਤੇ ਸਾਂਝ ਸਥਾਪਿਤ ਨਹੀਂ ਕੀਤੀ ਜਾ ਸਕੀ। ਇਸ ਲਈ ਦੱਖਣੀ ਗਰੁਪ ਨੂੰ ਵੱਖਰਾ ਸਮਝਣਾ ਚਾਹੀਦਾ ਹੈ।

ਹ. ਪੁ.—ਐਨ. ਬ੍ਰਿ. 5 : 56

**ਕਾਕੋਰੀ :** ਉੱਤਰ ਪ੍ਰਦੇਸ਼ ਰਾਜ (ਭਾਰਤ) ਜ਼ਿਲ੍ਹਾ ਲਖਨਊ ਦਾ ਇਹ ਇਕ ਕਸਬਾ ਹੈ ਜੋ ਅੱਵਧ-ਰੋਹੇਲ ਖੰਡ ਰੇਲ-ਮਾਰਗ ਉਪਰ ਇਕ ਰੇਲਵੇ ਸਟੇਸ਼ਨ ਦੇ ਨੇੜੇ ਸਥਿਤ ਹੈ। ਸ਼ੁਰੂ ਵਿਚ ਇਥੇ ਭਾਰ ਲੋਕ ਰਹਿੰਦੇ ਸਨ ਅਤੇ ਹੌਲੀ-ਹੌਲੀ ਉਹ ਬੈਸਵਾਰਾ ਲੋਕਾਂ ਵਿਚ ਸ਼ਾਮਲ ਹੋ ਗਏ । ਜੌਨਪੁਰ ਦੇ ਹੁਸੈਨ ਸ਼ਾਹ ਨੇ ਇਸ ਨੂੰ ਮੁਸਲਮਾਨਾਂ ਨੂੰ ਦੇ ਦਿਤਾ । ਇਸ ਕਸਬੇ ਵਿਚ ਕਈ ਮਸ਼ਹੂਰ ਫਕੀਰਾਂ ਦੇ ਮਕਬਰੇ ਹਨ । ਇਥੇ ਬਹੁਤ ਸਾਰਿਆਂ ਸ਼ੇਖ਼ਾਂ ਦੇ ਪਰਿਵਾਰ ਰਹਿੰਦੇ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਲਖਨਊ ਦੇ ਵਕੀਲ ਹਨ ਅਤੇ ਬਾਕੀ ਸਰਕਾਰੀ ਨੌਕਰੀਆਂ ਕਰਦੇ ਹਨ। ਇਨ੍ਹਾਂ ਨੇ ਕਸਬੇ ਨੂੰ ਆਲੀਸ਼ਾਨ ਮਕਾਨਾਂ ਨਾਲ ਸਜਾਇਆ ਹੋਇਆ ਹੈ।

26° 52′ ਉ. ਵਿਥ.; 80° 48′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 289

**ਕਾਂਗ ਸੀ :** ਚੀਨ ਦੇ ਮਾਂਚੂ ਨਸਲ ਦੇ ਦੂਜੇ ਅਤੇ ਸਭ ਤੋਂ ਮਹਾਨ ਸ਼ਹਿਨਸ਼ਾਹ ਦਾ ਰਾਜ-ਕਾਲ (ਸੰਨ 1661-1722) ਦਰਸਾਉਣ ਲਈ ਵਰਤਿਆ ਜਾਂਦਾ ਇਹ ਇਕ ਸ਼ਬਦ ਹੈ । ਬਾਦਸ਼ਾਹ ਦਾ ਆਪਣਾ ਨਾਂ ਸ਼ੁਆਨ-ਯੇਹ ਸੀ । ਇਸ ਦਾ ਜਨਮ 1654 ਈ. ਵਿਚ ਹੋਇਆ ਅਤੇ ਇਹ 7 ਸਾਲ ਦੀ ਉਮਰ ਵਿਚ ਤਖ਼ਤ ਤੇ ਬੈਠਿਆ ਪਰ 13 ਸਾਲ ਦੀ ਉਮਰ ਤੱਕ ਇਸ ਦੇ ਰਾਜ ਭਾਗ ਦਾ ਕੰਮ 4 ਸਰਪ੍ਰਸਤਾਂ ਦੇ ਹੱਥ ਵਿਚ ਰਿਹਾ। ਇਸ ਨੇ ਦੱਖਣ-ਪੱਛਮੀ ਚੀਨ ਅਤੇ ਫਾਰਮੂਸਾ ਜਿੱਤੇ ਅਤੇ 1689 ਈ. ਵਿਚ ਰੂਸ ਨਾਲ ਨਰਚਿੰਸਕ ਦੀ ਸੰਧੀ ਕੀਤੀ। ਇਸ ਨੇ ਵੱਡੀਆਂ-ਵੱਡੀਆਂ ਡਿਕਸ਼ਨਰੀਆਂ, ਵਿਸ਼ਵਕੋਸ਼ਾਂ, ਕਾਵਿ-ਸੰਗ੍ਰਹਿਆਂ ਅਤੇ ਖੇਤੀਬਾੜੀ ਉੱਤੇ ਪੁਸਤਕਾਂ ਲਿਖਵਾਉਣ ਲਈ ਬੜਾ ਉਤਸ਼ਾਹ ਦਿਤਾ। ਇਸ ਦੇ ਲੰਮੇ ਰਾਜ-ਕਾਲ ਸਮੇਂ ਚੀਨੀ ਦੇ ਬਹੁਤ ਵਧੀਆ ਕਿਸਮ ਦੇ ਬਰਤਨ ਬਣਨ ਲੱਗੇ। ਮਾਂਚੂ ਕਾਲ ਦਾ ਹੋਰ ਐਡਾ ਉੱਘਾ ਹੁਕਮਰਾਨ ਸਿਰਫ਼ ਇਸ ਦਾ ਪੋਤਾ ਚੁੰਗ-ਲੀ ਹੀ ਹੋਇਆ ਹੈ।

ਹ. ਪੁ.—ਐਨ. ਬ੍ਰਿ. 13 : 207

**ਕਾਗ਼ਜ਼ :** ਆਮ ਕਰਕੇ ਸੈਲੂਲੋਸ ਦੇ ਰੇਸ਼ਿਆਂ ਤੋਂ ਇਕਸਾਰ ਪਤਲੀ ਚਾਦਰ-ਨੁਮਾ ਤਿਆਰ ਕੀਤੀ ਗਈ ਵਸਤੂ ਨੂੰ ਕਾਗ਼ਜ਼ ਕਿਹਾ ਜਾਂਦਾ ਹੈ। ਕਿਸੇ ਵੀ ਪਦਾਰਥ ਜਾਂ ਪੌਦੇ ਤੋਂ, ਜਿਸ ਵਿਚ ਸੈਲੂਲੋਸ ਕਾਫ਼ੀ ਹੋਵੇ, ਕਾਗਜ਼ ਤਿਆਰ ਕੀਤਾ ਜਾ ਸਕਦਾ ਹੈ। ਰੂੰਈ (ਕਪਾਹ) ਲਗਭਗ ਸੈਲੂਲੋਸ ਦੀ ਸ਼ੁੱਧ ਕਿਸਮ ਹੈ, ਪਰ ਇਸ ਦੀ ਕੀਮਤ ਵਧੇਰੇ ਹੋਣ ਕਰਕੇ ਕਾਗਜ਼ ਤਿਆਰ ਕਰਨ ਲਈ ਪ੍ਰਯੋਗ ਕਰਨਾ ਠੀਕ ਨਹੀਂ ਹੈ। ਰੇਸ਼ਿਆਂ ਦਾ ਆਪਸ ਵਿਚ ਜੁੜ ਕੇ ਚਾਦਰ ਵਾਂਗ ਤਹਿ ਜਿਹੀ ਬਣਾ ਸਕਣਾ, ਸੈਲੂਲੋਸ ਦਾ ਗੁਣ ਹੈ। ਇਸੇ ਕਰਕੇ ਕਾਗ਼ਜ਼ ਇਸੇ ਤੋਂ ਹੀ ਤਿਆਰ ਕੀਤਾ ਜਾਂਦਾ ਹੈ। ਰੇਸ਼ਮ ਅਤੇ ਉੱਨ ਵਿਚ ਇਹ ਗੁਣ ਨਹੀਂ ਹੁੰਦਾ।

ਇੰਗਲੈਂਡ ਦੇ ਵਿਦਵਾਨਾਂ ਨੇ ਲਿਖਿਆ ਹੈ ਕਿ ਚੀਨੀਆਂ ਨੇ 95 ਈ. ਪੂ. ਵਿਚ ਰੂੰ ਅਤੇ ਉੱਨ ਤੋਂ ਕਾਗ਼ਜ਼ ਤਿਆਰ ਕਰਨ ਦੀ ਕਾਢ ਕੱਢੀ ਸੀ। ਅਰਬ ਦੇ ਲੋਕਾਂ ਨੇ 708 ਈ. ਵਿਚ ਸਮਰਕੰਦ ਉੱਤੇ ਜਿੱਤ ਪ੍ਰਾਪਤ ਕਰਨ ਉਪਰੰਤ ਚੀਨੀ ਕੈਦੀਆਂ ਤੋਂ ਕਾਗ਼ਜ਼ ਤਿਆਰ ਕਰਨ ਦੀ ਵਿਧੀ ਸਿੱਖੀ ਸੀ। ਅਰਬ ਤੋਂ ਯੂਨਾਨ ਵਿਚ, ਉਸ ਥਾਂ ਤੋਂ ਇਟਲੀ, ਸਪੇਨ, ਜਰਮਨੀ, ਫ਼ਰਾਂਸ ਅਤੇ ਫਿਰ 14ਵੀਂ ਸਦੀ ਦੇ ਆਰੰਭ ਵਿਚ ਇੰਗਲੈਂਡ ਵਿਚ ਕਾਗ਼ਜ਼ ਤਿਆਰ ਕਰਨ ਦਾ ਢੰਗ ਪ੍ਰਚਲਿਤ ਹੋਇਆ।

ਭਾਰਤ ਵਿਚ ਕਾਗ਼ਜ਼ ਕਦੋਂ ਬਣਿਆ ਅਤੇ ਇਸ ਦੀ ਕਾਢ ਕਿਸ ਨੇ ਕੱਢੀ, ਇਸ ਦਾ ਸਬੂਤ ਗ੍ਰੰਥਾਂ ਤੋਂ ਪੂਰੀ ਤਰ੍ਹਾਂ ਨਹੀਂ ਮਿਲਦਾ, ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਵਿਚ ਕਾਗ਼ਜ਼ ਬਹੁਤ ਪੁਰਾਣੇ ਸਮੇਂ ਤੋਂ ਵਰਤਿਆ ਜਾ ਰਿਹਾ ਹੈ। ਇਸ ਦਾ ਪ੍ਰਮਾਣ ਸਿਕੰਦਰ ਦੇ ਸੈਨਾਨੀ 'ਨਿਯਰਖੁਸ' ਦੇ ਲੇਖ ਤੋਂ ਮਿਲਦਾ ਹੈ। ਕਾਗ਼ਜ਼ ਤੋਂ ਪਹਿਲਾਂ ਭੋਜ ਪੱਤਰ, ਤਾੜ ਪੱਤਰ, ਲੱਕੜ, ਪੱਥਰ, ਧਾਤ ਦੇ ਪੱਤਰੇ, ਦੰਦ ਦੇ ਟੁਕੜੇ, ਚਮੜਾ ਆਦਿ ਲਿਖਣ ਲਈ ਵਰਤੇ ਜਾਂਦੇ ਸਨ।

ਕਾਗ਼ਜ਼ ਪਹਿਲਾਂ ਹੱਥ ਨਾਲ ਬਣਾਇਆ ਜਾਂਦਾ ਸੀ। ਕਾਗ਼ਜ਼ ਬਣਾਉਣ ਦੀ ਸਭ ਤੋਂ ਪਹਿਲੀ ਮਸ਼ੀਨ ਫ਼ਰਾਂਸ ਦੇ ਲੂਈ ਰਾਬਰਟ ਨੇ ਤਿਆਰ ਕੀਤੀ। ਇੰਗਲੈਂਡ ਵਿਚ 1804 ਅਤੇ ਅਮਰੀਕਾ ਵਿਚ 1820 ਵਿਚ ਕਾਗ਼ਜ਼ ਬਣਾਉਣ ਦੀਆਂ ਮਸ਼ੀਨਾਂ ਬਣਾਈਆਂ ਗਈਆਂ। ਅੱਜ ਕਲ੍ਹ ਭਾਰਤ ਵਿਚ ਵੀ ਮਸ਼ੀਨਾਂ ਨਾਲ ਵਧੀਆ ਕਿਸਮ ਦਾ ਕਾਗ਼ਜ਼ ਤਿਆਰ ਹੁੰਦਾ ਹੈ।

**ਕੱਚਾ-ਮਾਲ**—ਲਗਭਗ ਪਿਛਲੇ 2000 ਸਾਲਾਂ ਤੋਂ ਸੈਲੂਲੋਸ ਰੇਸ਼ੇ ਨੂੰ ਸਭ ਤੋਂ ਚੰਗਾ ਕੱਚਾ ਮਾਲ ਮੰਨਿਆ ਜਾਂਦਾ ਰਿਹਾ ਹੈ। ਭਾਵੇਂ ਅਨੇਕਾਂ ਨਵੇਂ ਸਿੰਥੈਟਿਕ ਪਾਲੀਮਰਾਂ (ਬਹੁਲਕਾਂ) ਦੀ ਵਰਤੋਂ ਵਿਚ ਨਿੱਤ ਵਾਧਾ ਹੋ ਰਿਹਾ ਹੈ ਪਰੰਤੂ ਫਿਰ ਵੀ ਆਉਣ ਵਾਲੇ ਕਈ ਸਾਲਾਂ ਤਕ ਸੈਲੂਲੋਸ ਇਕ ਮਹੱਤਵਪੂਰਨ ਕੱਚੇ ਮਾਲ ਦੇ ਤੌਰ ਤੇ ਵਰਤਿਆ ਜਾਂਦਾ ਰਹੇਗਾ।

**ਲਕੜੀ ਦਾ ਗੁੱਦਾ**—ਕਾਗ਼ਜ਼ ਤਿਆਰ ਕਰਨ ਲਈ ਸੈਲੂਲੋਸ ਰੇਸ਼ਿਆਂ ਵਾਲੀ ਲਕੜੀ ਇਕ ਮੁਢਲਾ ਪਦਾਰਥ ਹੈ। ਪਹਿਲਾਂ ਲੱਕੜੀ ਦੇ ਰੇਸ਼ੇ ਤਿਆਰ ਕੀਤੇ ਜਾਂਦੇ ਹਨ। ਇਸ ਕ੍ਰਿਰਿਆ ਨੂੰ ਗੁੱਦਾ ਬਣਾਉਣਾ ਜਾਂ ਪਲਪਿੰਗ ਕਿਹਾ ਜਾਂਦਾ ਹੈ। ਪਲਪਿੰਗ ਲਈ ਤਿੰਨ ਢੰਗ ਮਕੈਨੀਕਲ, ਰਸਾਇਣਿਕ ਅਤੇ ਅਰਧ-ਰਸਾਇਣਿਕ ਵਰਤੇ ਜਾਂਦੇ ਹਨ।

ਮਕੈਨੀਕਲ ਪਲਪਿੰਗ ਵਿਚ ਮਸ਼ੀਨਾਂ ਨਾਲ ਲਕੜੀ ਦਾ ਬੁਰਾਦਾ ਤਿਆਰ ਕੀਤਾ ਜਾਂਦਾ ਹੈ। ਇਸ ਬੁਰਾਦੇ ਵਿਚ ਕਾਗ਼ਜ਼ ਲਈ ਲਗਭਗ 95% ਲੋੜੀਂਦੇ ਅੰਸ਼ਾਂ ਨੂੰ ਛੱਡ ਕੇ ਬਾਕੀ ਦੇ 5% ਅੰਸ਼ ਪਾਣੀ ਵਿਚ ਘੁਲਨਸ਼ੀਲ ਪਦਾਰਥ ਹੁੰਦੇ ਹਨ।

ਰਸਾਇਣਿਕ ਪਲਪਿੰਗ ਵਿਚ ਕੈਮੀਕਲਾਂ ਨਾਲ ਸੈਲੂਲੋਸ ਦੇ ਰੇਸ਼ਿਆਂ ਨੂੰ ਲਕੜੀ ਦੇ ਬਾਕੀ ਅੰਸ਼ਾਂ ਨਾਲੋਂ ਵੱਖਰਾ ਕੀਤਾ ਜਾਂਦਾ ਹੈ ਅਤੇ ਇਸ ਵਿਚ ਪਾਣੀ ਅਤੇ ਲੋੜੀਂਦੇ ਕੈਮੀਕਲ ਪਾ ਕੇ ਉੱਚ ਤਾਪਮਾਨ ਅਤੇ ਦਬਾਉ ਉਤੇ ਪਕਾਇਆ ਜਾਂਦਾ ਹੈ। ਇਸ ਤਰ੍ਹਾਂ ਸੈਲੂਲੋਸ ਰੇਸ਼ਿਆਂ ਵਿਚੋਂ ਲਿਗਨਿਨ, ਪੈਕਟਿਨ ਆਦਿ ਨਿਕਲ ਜਾਂਦੇ ਹਨ। ਚੀਲ੍ਹ, ਦਿਆਰ, ਧਤੂਰਾ, ਬਿਆਰ, ਕੈਲ ਅਤੇ ਸਖ਼ਤ ਲਕੜੀ ਵਾਲੇ ਹੋਰ ਅਜਿਹੇ ਦਰਖ਼ਤਾਂ ਦੀ ਪਲਪਿੰਗ ਕਰਨ ਲਈ ਸਲਫ਼ਾਈਟ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਸਲਫ਼ਾਈਟ ਪਲਪ ਹਲਕੇ ਰੰਗ ਦੇ ਹੁੰਦੇ ਹਨ, ਜਿਨ੍ਹਾਂ ਨੂੰ ਅਸਾਨੀ ਨਾਲ ਰੰਗਹੀਨ ਬਣਾਇਆ ਜਾ ਸਕਦਾ ਹੈ। ਇਹ ਪਲਪ ਮਜ਼ਬੂਤ ਹੋਣ ਕਾਰਨ ਇਸ ਨੂੰ ਵਧੀਆ ਕਿਸਮ ਦਾ ਕਾਗ਼ਜ਼ ਤਿਆਰ ਕਰਨ ਲਈ ਵਰਤਿਆ ਜਾ ਸਕਦਾ ਹੈ। ਵਧੇਰੇ ਵਰਤੀ ਜਾਣ ਵਾਲੀ ਕਰਾਫ਼ਟ ਜਾਂ ਸਲਫ਼ੇਟ ਵਿਧੀ ਵਿਚ ਸੋਡੀਅਮ ਹਾਈਡਰੋ ਆਕਸਾਈਡ ਅਤੇ ਸੋਡੀਅਮ ਸਲਫ਼ਾਈਡ ਨੂੰ ਤੇਜ਼ ਐਲਕਲੀ ਦੇ ਘੋਲ ਵਿਚ ਅੰਸ਼ਾਂ ਦੇ ਤੌਰ ਤੇ ਵਰਤਿਆ ਜਾਂਦਾ ਹੈ। ਲਗਭਗ ਹਰ ਕਿਸਮ ਦੀ ਲਕੜੀ ਦਾ ਬੁਰਾਦਾ ਇਸ ਢੰਗ ਨਾਲ ਤਿਆਰ ਕੀਤਾ ਜਾ ਸਕਦਾ ਹੈ। ਕਰਾਫ਼ਟ ਪਲਪ ਆਮ ਕਰਕੇ ਗੂੜ੍ਹੇ ਰੰਗ ਦੀ ਹੁੰਦੀ ਹੈ, ਜਿਸ ਨੂੰ ਰੰਗਹੀਨ ਕਰਨਾ ਕਠਿਨ ਕੰਮ ਹੈ। ਇਹ ਕਾਫ਼ੀ ਮਜ਼ਬੂਤ ਹੁੰਦੀ ਹੈ। ਰੰਗਦਾਰ ਪਲਪ ਤੋਂ ਡੱਬੇ ਆਦਿ ਤਿਆਰ ਕੀਤੇ ਜਾਂਦੇ ਹਨ ਜਦੋਂ ਕਿ ਰੰਗਹੀਨ ਪਲਪ ਤੋਂ ਵਧੀਆ ਕਿਸਮ ਦਾ ਕਾਗ਼ਜ਼ ਤਿਆਰ ਕੀਤਾ ਜਾਂਦਾ ਹੈ।

ਅਰਧ-ਰਸਾਇਣਿਕ ਪਲਪਿੰਗ ਆਪਣੇ ਆਪ ਵਿਚ ਅਜੋਕੇ ਯੁਗ ਦਾ ਇਕ ਨਵਾਂ ਢੰਗ ਹੈ। ਇਸ ਵਿਚ ਕਈ ਕਿਰਿਆਵਾਂ ਹੁੰਦੀਆਂ ਹਨ, ਜਿਵੇਂ ਕਿ ਮਕੈਨੀਕਲ ਪਿਸਾਈ ਤੋਂ ਪਹਿਲਾਂ ਉਦਾਸੀਨ ਸਲਫ਼ਾਈਟ ਵਿਧੀ, ਅਰਧ-ਸਲਫ਼ੇਟ ਵਿਧੀ ਆਦਿ ਹਲਕੀਆਂ ਜਿਹੀਆਂ ਰਸਾਇਣਿਕ ਕਿਰਿਆਵਾਂ ਹੁੰਦੀਆਂ ਹਨ। ਉਦਾਸੀਨ ਸਲਫ਼ਾਈਟ ਨਾਲ ਤਿਆਰ ਕੀਤੀ ਅਰਧ ਰਸਾਇਣਿਕ ਪਲਪ ਵੱਟਦਾਰ ਕਾਗ਼ਜ਼ ਜਾਂ ਗੱਤੇ ਦੇ ਡੱਬੇ ਆਦਿ ਬਣਾਉਣ ਲਈ ਵਰਤੀ ਜਾਂਦੀ ਹੈ।

**ਹੋਰ ਕੱਚਾ ਮਾਲ**—ਸੈਲੂਲੋਸ ਦੇ ਰੇਸ਼ਿਆਂ ਦੇ ਹੋਰ ਕਈ ਮਹੱਤਵਪੂਰਨ ਸੋਮੇ ਹਨ। ਪੁਰਾਣੇ ਸੂਤੀ ਕਪੜਿਆਂ ਨੂੰ ਪਿਛਲੇ ਕਈ ਸਾਲਾਂ ਤੋਂ ਮੁੱਖ ਕੱਚੇ ਮਾਲ ਦੇ ਤੌਰ ਤੇ ਵਰਤਿਆ ਜਾਂਦਾ ਰਿਹਾ ਹੈ। ਅੱਜ ਕਲ੍ਹ ਵੀ ਇਨ੍ਹਾਂ ਤੋਂ ਬਾਂਡ ਪੇਪਰ ਤਿਆਰ ਕੀਤਾ ਜਾਂਦਾ ਹੈ। ਸੂਤੀ ਬੱਤੀਆਂ ਵੀ ਰੂੰਈ ਵਾਲਾ ਕਾਗ਼ਜ਼ ਤਿਆਰ ਕਰਨ ਲਈ ਵਰਤੀਆਂ ਜਾਂਦੀਆਂ ਹਨ। ਯੂਰਪ ਅਤੇ ਹੋਰ ਦੇਸ਼ਾਂ ਵਿਚ ਘਾਹ-ਫੂਸ ਅਤੇ ਖੇਤੀਬਾੜੀ ਦੀ ਰਹਿੰਦ-ਖੂੰਹਦ ਨੂੰ ਵੀ ਕਾਗ਼ਜ਼ ਬਣਾਉਣ ਲਈ ਵਰਤਿਆ ਜਾਂਦਾ ਹੈ। ਫਟੇ ਪੁਰਾਣੇ ਵਾਧੂ ਕਾਗ਼ਜ਼ਾਂ ਤੋਂ ਮੁੜ ਘਟੀਆ ਕਿਸਮ ਦਾ ਕਾਗ਼ਜ਼ ਵੀ ਤਿਆਰ ਕੀਤਾ ਜਾਂਦਾ ਹੈ।

**ਬੁਰਾਦਾ ਸ਼ੋਧਨ**—ਕਈ ਵਾਰੀ ਲੱਕੜੀ ਤੋਂ ਤਿਆਰ ਕੀਤਾ ਬੁਰਾਦਾ ਇੰਨਾ ਸ਼ੁੱਧ ਜਾਂ ਚਿੱਟਾ ਨਹੀਂ ਹੁੰਦਾ, ਕਿ ਕਾਗ਼ਜ਼ ਤਿਆਰ ਕਰਨ ਲਈ ਇਸ ਨੂੰ ਵਰਤਿਆ ਜਾ ਸਕੇ। ਇਸ ਲਈ ਬੁਰਾਦਾ ਸ਼ੁੱਧ ਕਰਨਾ ਜ਼ਰੂਰੀ ਹੈ। ਸ਼ੁੱਧ ਕਰਨ ਦੇ ਅਨੇਕਾਂ ਢੰਗਾਂ ਵਿਚੋਂ ਸਭ ਤੋਂ ਪ੍ਰਚਲਿਤ ਢੰਗ ਬਲੀਚਿੰਗ ਹੈ। ਬੁਰਾਦੇ ਨੂੰ ਰੰਗ-ਰਹਿਤ ਕਰਨ ਲਈ ਕਲੋਰੀਨ ਅਤੇ ਇਸ ਦੇ ਯੌਗਿਕ ਵੀ ਵਰਤੇ ਜਾਂਦੇ ਹਨ। ਕੈਲਸੀਅਮ ਅਤੇ ਸੋਡੀਅਮ ਦੇ ਹਾਈਪੋਕਲੋਰਾਈਟ ਵੀ ਰੰਗਕਾਟ ਹਨ। ਬੁਰਾਦੇ ਉਤੇ ਬਹੁਤ ਜ਼ਿਆਦਾ ਸਫ਼ੈਦੀ ਲਿਆਉਣ ਲਈ ਕਲੋਰੀਨ ਡਾਈ-ਆਕਸਾਈਡ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤੋਂ ਬਿਨਾ ਕੁਝ ਹੋਰ ਰੰਗਕਾਟ ਹਨ, ਹਾਈਡ੍ਰੋਜਨ, ਸੋਡੀਅਮ ਪਰਆਕਸਾਈਡ, ਸਲਫ਼ਰ ਡਾਈਆਕਸਾਈਡ, ਸੋਡੀਅਮ ਅਤੇ ਜ਼ਿੰਕ ਹਾਈਡ੍ਰੋਸਲਫ਼ਾਈਟ ਆਦਿ।

**ਕਾਗ਼ਜ਼ ਉਤਪਾਦਨ**—ਕਾਗ਼ਜ਼ ਉਤਪਾਦਨ ਮੂਲ ਰੂਪ ਵਿਚ ਇਕ ਮਕੈਨੀਕਲ ਕਾਰਜ ਵਿਧੀ ਹੈ ਭਾਵੇਂ ਤਿਆਰ ਕੀਤੇ ਜਾਣ ਵਾਲੇ ਕਾਗ਼ਜ਼ ਦੇ ਗੁਣ ਉਸ ਦੇ ਭੌਤਿਕੀ-ਰਸਾਇਣਿਕ ਗੁਣਾਂ ਤੇ ਨਿਰਭਰ ਹੁੰਦੇ ਹਨ। ਪਲਪਿੰਗ ਅਤੇ ਬਲੀਚਿੰਗ ਉਪਰੰਤ ਪ੍ਰਾਪਤ ਸੈਲੂਲੋਸ ਰੇਸ਼ਿਆਂ ਨੂੰ ਸਾਫ਼ ਕਰਕੇ ਮਸ਼ੀਨਾਂ ਵਿਚ ਕੁਟਿਆ ਜਾਂਦਾ ਹੈ। ਸਾਫ਼ ਕਰਨ ਦੀ ਵਿਧੀ ਵਿਚ ਸੈਲੂਲੋਸ ਰੇਸ਼ਿਆਂ ਨੂੰ ਨਖੇੜਿਆ, ਰਗੜਿਆ ਹਮਵਾਰ ਕੀਤਾ ਅਤੇ ਕੱਟਿਆ ਜਾਂਦਾ ਹੈ। ਇਹ ਪਾਣੀ ਨੂੰ ਸੋਖਣ ਉਪਰੰਤ ਫੁਲ ਜਾਂਦੇ ਹਨ ਅਤੇ ਬਹੁਤ ਲਚਕਦਾਰ ਹੋ ਜਾਂਦੇ ਹਨ। ਸੁੱਕਣ ਉਪਰੰਤ ਇਨ੍ਹਾਂ ਵਿਚ ਇਕ ਦੂਜੇ ਨਾਲ ਜੁੜਨ ਦੀ ਸਮਰੱਥਾ ਵਧ ਜਾਂਦੀ ਹੈ। ਇਸ ਦੇ ਦੋ ਕਾਰਨ ਹਨ : ਰੇਸ਼ਿਆਂ ਦੀ ਸਤ੍ਹਾ ਦਾ ਸਾਫ਼ ਹੋ ਜਾਣਾ ਅਤੇ ਦੂਜਾ ਨਵਾਂ ਸਤ੍ਹਈ ਖੇਤਰਫਲ ਬਣ ਜਾਣਾ। ਕੁੱਟੇ ਹੋਏ ਮਾਲ (ਸਟਾਕ) ਤੋਂ ਤਿਆਰ ਕੀਤਾ ਕਾਗ਼ਜ਼ ਹਲਕਾ, ਨਰਮ ਅਤੇ ਮੁਸਾਮਦਾਰ ਹੁੰਦਾ ਹੈ ਪਰੰਤੂ ਜ਼ਿਆਦਾ ਕੁਟੇ ਹੋਏ ਮਾਲ ਤੋਂ ਤਿਆਰ ਕਾਗ਼ਜ਼ ਸੰਘਣਾ, ਸਖ਼ਤ ਅਤੇ ਵਧੇਰੇ ਮਜ਼ਬੂਤ ਹੁੰਦਾ ਹੈ।

ਸਟਾਕ ਤਿਆਰ ਕਰਨ ਲਈ ਕਾਗ਼ਜ਼ ਦੀ ਪਲਪ ਵਿਚ ਅਨੇਕਾਂ ਵਸਤਾਂ ਮਿਲਾਈਆਂ ਜਾਂਦੀਆਂ ਹਨ। ਮਿੱਟੀ, ਟਾਇਟੇਨੀਅਮ

ਡਾਈਆਕਸਾਈਡ ਜਾਂ ਕੈਲਸੀਅਮ ਕਾਰਬੋਨੇਟ ਆਦਿ ਕਾਗਜ਼ ਨੂੰ ਅਪਾਰਦਰਸ਼ੀ ਬਣਾਉਣ ਲਈ ਮਿਲਾਈਆਂ ਜਾਂਦੀਆਂ ਹਨ। ਕਾਗਜ਼ ਨੂੰ ਰੰਗਦਾਰ ਬਣਾਉਣ ਲਈ ਪਲਪ ਵਿਚ ਕੁਝ ਰੰਗ ਵੀ ਮਿਲਾਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਕਾਗਜ਼ ਨੂੰ ਸਿੱਲ੍ਹ-ਸਹਿਣ ਲਈ, ਉੱਲੀ ਆਦਿ ਤੋਂ ਬਚਾਉਣ ਲਈ ਕਈ ਤਰ੍ਹਾਂ ਦੀਆਂ ਵਸਤਾਂ 'ਸਟਾਕ' ਵਿਚ ਮਿਲਾਈਆਂ ਜਾਂਦੀਆਂ ਹਨ।

**ਸ਼ੀਟ ਬਣਾਉਣਾ ਅਤੇ ਸੁਕਾਉਣਾ**—ਕਾਗਜ਼ ਦਾ ਲਗਾਤਾਰ ਉਤਪਾਦਨ ਕਰਨ ਲਈ ਮਸ਼ੀਨ ਵਿਚ ਗਿੱਲੇ ਰੇਸ਼ਿਆਂ ਅਤੇ ਕੁਝ ਹੋਰ ਤੱਤਾਂ ਤੋਂ ਕਾਗਜ਼ ਦੀ ਸ਼ੀਟ ਤਿਆਰ ਹੁੰਦੀ ਰਹਿੰਦੀ ਹੈ। ਇਹ ਮਸ਼ੀਨ ਕੁਝ ਮੀਟਰ ਪ੍ਰਤੀ ਸੈਕਿੰਡ ਤੋਂ 500 ਪ੍ਰਤੀ ਸੈਕਿੰਡ ਦੀ ਗਤੀ ਨਾਲ ਚਲਦੀ ਹੈ। ਸਾਰੀ ਦੀ ਸਾਰੀ ਮਸ਼ੀਨ ਇਕੋ ਬਲਾਕ ਵਾਲੀ ਹੁੰਦੀ ਹੈ, ਜਿਸ ਉਤੇ ਕਈ ਪੇਚੀਦਾ ਕੰਮ ਹੁੰਦੇ ਹਨ।

ਫੁਰਡਰੀਨੀਅਰ ਮਸ਼ੀਨ ਕਾਗਜ਼ ਦੀਆਂ ਸ਼ੀਟਾਂ ਬਣਾਉਣ ਲਈ ਪ੍ਰਚਲਿਤ ਮਸ਼ੀਨਾਂ ਵਿਚੋਂ ਇਕ ਹੈ। ਇਸ ਵਿਚ ਤਾਰਾਂ ਦੀ ਬਣੀ ਇਕ ਗਤੀਸ਼ੀਲ ਬੈਲਟ ਜਾਂ ਪਰਦਾ ਲਗਾ ਹੁੰਦਾ ਹੈ। ਇਸ ਬੈਲਟ ਉਤੇ ਪਤਲੀ ਸਲੱਰੀ ਪਾਈ ਜਾਂਦੀ ਹੈ, ਜਿਸ ਤੋਂ ਕਾਗਜ਼ ਦੀ ਸ਼ੀਟ ਬਣਦੀ ਰਹਿੰਦੀ ਹੈ। ਲੋੜੀਂਦੀ ਮੋਟਾਈ ਅਤੇ ਸਮਰਥਾ ਵਾਲੀ ਸ਼ੀਟ ਪ੍ਰਾਪਤ ਕਰਨ ਲਈ, ਇਕ ਸਮਾਨ ਜੈੱਟ ਰਾਹੀਂ ਸਲੱਰੀ ਬੈਲਟ ਉਤੇ ਸੁੱਟੀ ਜਾਂਦੀ ਹੈ, ਜਿਥੋਂ ਬੈਲਟ ਇਸ ਨੂੰ ਟੇਬਲ ਰੋਲਰ ਤੇ ਸੋਖਣ ਬਕਸਿਆਂ ਉਤੋਂ ਦੀ ਲਿਜਾ ਕੇ ਅੰਤ ਵਿਚ ਸਪੰਜ-ਟਾਈਪ ਸੋਖਣ ਰੋਲਰਾਂ ਉਤੋਂ ਦੀ ਲੰਘਾਉਂਦੀ ਹੈ। ਇਸ ਤਰ੍ਹਾਂ ਕਾਗਜ਼ ਦੀ ਖੁਸ਼ਕ ਸ਼ੀਟ ਬਣ ਜਾਂਦੀ ਹੈ।

ਕਾਗਜ਼ ਦੀ ਸ਼ੀਟ ਬਣਾਉਣ ਦੀ ਦੂਜੀ ਮਸ਼ੀਨ, ਜਿਸ ਨੂੰ ਸਿਲਿੰਡਰ ਮਸ਼ੀਨ ਕਿਹਾ ਜਾਂਦਾ ਹੈ, ਵਿਚ ਬੈਲਟ ਦੀ ਥਾਂ ਇਕ ਜਾਂ ਜ਼ਿਆਦਾ ਘੁੰਮਣਸ਼ੀਲ ਫਿਲਟਰ ਵਰਤੇ ਜਾਂਦੇ ਹਨ। ਹਰ ਇਕ ਕੱਜਿਆ ਹੋਇਆ ਸਿਲਿੰਡਰ ਇਕ ਹੌਜ਼ ਵਿਚ ਫਿੱਟ ਕੀਤਾ ਹੁੰਦਾ ਹੈ, ਜਿਹੜਾ ਕਿ ਕਾਗਜ਼ ਦੀ ਪਤਲੀ ਜਿਹੀ ਸਲੱਰੀ ਵਿਚ ਅੱਧਾ ਡੁੱਬਿਆ ਹੁੰਦਾ ਹੈ। ਜਦੋਂ ਸਿਲਿੰਡਰ ਘੁੰਮਦਾ ਹੈ ਤਾਂ ਪਾਣੀ ਪਰਦੇ ਦੇ ਵਿਚੋਂ ਦੀ ਸਿਲਿੰਡਰ ਦੇ ਅੰਦਰ ਚਲਾ ਜਾਂਦਾ ਹੈ ਅਤੇ ਕਾਗਜ਼ ਦੀ ਨਮੀ ਵਾਲੀ ਸ਼ੀਟ ਬਣ ਜਾਂਦੀ ਹੈ। ਇਸ ਤਰ੍ਹਾਂ ਬਣੀ ਸ਼ੀਟ ਨੂੰ ਸਿਲਿੰਡਰ ਉਤੋਂ ਚੁੱਕ ਲਿਆ ਜਾਂਦਾ ਹੈ। ਜੇਕਰ ਅਨੇਕਾਂ ਪਰਤਾਂ ਵਾਲੀ ਸ਼ੀਟ ਜਾਂ ਗੱਤਾ ਬਣਾਉਣਾ ਹੋਵੇ ਤਾਂ ਨਾਲ ਵਾਲੇ ਦੂਜੇ ਸਿਲਿੰਡਰਾਂ ਤੋਂ ਤਿਆਰ ਹੋਈਆਂ ਨਮੀ ਵਾਲੀਆਂ ਸ਼ੀਟਾਂ ਨੂੰ ਇਕ ਦੂਜੇ ਉਤੇ ਰੱਖ ਦਿਤਾ ਜਾਂਦਾ ਹੈ ਅਤੇ ਪਰੈਸ ਕਰਨ ਉਪਰੰਤ ਸੁਕਾ ਲਿਆ ਜਾਂਦਾ ਹੈ। ਕਾਗਜ਼ ਦੀ ਇਸ ਸ਼ੀਟ ਨੂੰ ਖੁਸ਼ਕ ਕਰਨ ਦੇ ਢੰਗ ਉਸ ਦੇ ਗੁਣਾਂ ਅਤੇ ਸਮਰੱਥਾ ਉਤੇ ਨਿਰਭਰ ਕਰਦੇ ਹਨ। ਪੁਸਤਕਾਂ ਅਤੇ ਰਸਾਲਿਆਂ ਵਾਲੇ ਕਾਗਜ਼ ਉਤੇ ਨਸ਼ੀਨ ਕੋਟਿੰਗ ਕੀਤੀ ਜਾਂਦੀ ਹੈ। ਕੋਟਿੰਗ ਮਿਸ਼ਰਨ ਇਕ ਜਾਂ ਦੋਵੇਂ ਪਾਸੇ ਚੜ੍ਹਾਇਆ ਜਾਂਦਾ ਹੈ। ਕੋਟਿੰਗ ਚੜ੍ਹਾਉਣ ਤੋਂ ਬਾਅਦ ਕਾਗਜ਼ ਨੂੰ ਮੁੜ ਸੁਕਾ ਲਿਆ ਜਾਂਦਾ ਹੈ। ਕਾਗਜ਼ ਦੀ ਫਿਨਿਸ਼ਿੰਗ ਕਰਨ ਲਈ ਅੱਜ ਕਲ੍ਹ ਕਲੰਡਰ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ।

**ਕਾਗਜ਼ ਤੋਂ ਤਿਆਰ ਕੀਤੀਆਂ ਜਾਂਦੀਆਂ ਵਸਤਾਂ**—ਕਾਗਜ਼ ਤੋਂ ਅਣਗਿਣਤ ਕਿਸਮ ਦੀਆਂ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੀਆਂ ਕਈ ਸਦੀਆਂ ਤੋਂ ਕਾਗਜ਼ ਦਾ ਖ਼ਾਸ ਸਥਾਨ ਰਿਹਾ ਹੈ ਪਰ ਉਦਯੋਗਿਕ ਕ੍ਰਾਂਤੀ ਸਦਕੇ ਪਿਛਲੇ ਕੁਝ ਕੁ ਦਹਾਕਿਆਂ ਵਿਚ ਇਸ ਤੋਂ ਅਨੇਕਾਂ ਨਵੀਆਂ ਚੀਜ਼ਾਂ ਤਿਆਰ ਹੋਣ ਲਗੀਆਂ ਹਨ। ਵੱਟਾਂ ਵਾਲੇ ਕਾਗਜ਼ ਦੀ ਵਰਤੋਂ ਸਭ ਤੋਂ ਵੱਧ ਸਮਾਨ ਦੀ ਪੈਕਿੰਗ ਲਈ ਕੀਤੀ ਜਾਂਦੀ ਹੈ। ਤਹਿਦਾਰ ਕਾਗਜ਼ ਦਾਣੇਦਾਰ ਪਦਾਰਥਾਂ ਨੂੰ ਡੱਬੇ ਬੰਦ ਕਰਨ ਲਈ ਵਰਤਿਆ ਜਾਂਦਾ ਹੈ। ਮੋਮ ਦੀ ਕੋਟਿੰਗ ਜਾਂ ਕਿਸੇ ਹੋਰ ਅਜਿਹੇ ਪਦਾਰਥ ਦੀ ਕੋਟਿੰਗ ਚੜ੍ਹਾ ਕੇ ਕਾਗਜ਼ ਦੀ ਵਰਤੋਂ ਖਾਣ ਵਾਲੀਆਂ ਚੀਜ਼ਾਂ ਨੂੰ ਪੈਕ ਕਰਨ ਲਈ ਵਧੇਰੇ ਹੋਣ ਲਗ ਪਈ ਹੈ। ਇਮਾਰਤੀ ਗੱਤੇ ਅਤੇ ਕਾਗਜ਼ ਦਾ ਵੀ ਕਾਫ਼ੀ ਮਾਤਰਾ ਵਿਚ ਉਤਪਾਦਨ ਹੁੰਦਾ ਹੈ। ਕਾਗਜ਼ ਤੋਂ ਬਣੇ ਫਿਲਟਰ, ਹਵਾ ਅਤੇ ਤਰਲਾਂ ਨੂੰ ਫਿਲਟਰ ਕਰਨ ਲਈ ਮਹੱਤਵਪੂਰਨ ਥਾਂ ਲੈਂਦੇ ਜਾ ਰਹੇ ਹਨ। ਕਾਗਜ਼ ਦੀ ਆਧੁਨਿਕ ਵਰਤੋਂ ਦੇ ਨਾਲ ਨਾਲ ਇਸ ਦੇ ਉਤਪਾਦਨ ਦੇ ਢੰਗ ਅਤੇ ਸਬੰਧਤ ਮਸ਼ੀਨਾਂ ਵੀ ਬਦਲਦੀਆਂ ਜਾ ਰਹੀਆਂ ਹਨ। ਖ਼ਾਸ ਸ਼ੀਸ਼ੇ ਅਤੇ ਹੋਰ ਧਾਤਾਂ ਦੇ ਰੇਸ਼ਿਆਂ ਜਾਂ ਸਿੰਥੈਟਿਕ ਹਾਈਪਾਲੀਮਰਜ਼ ਦਾ ਪ੍ਰਯੋਗ ਕਰਕੇ ਇਕ ਵਿਸ਼ੇਸ਼ ਕਿਸਮ ਦਾ ਕਾਗਜ਼ ਤਿਆਰ ਹੋਣ ਲਗ ਪਿਆ ਹੈ।

ਹ. ਪੁ.—ਮ. ਕੋ. : 315; ਹਿੰ. ਵਿ. 2 : 430;
ਮੈਕ. ਐਨ. ਸ. ਟ. 9 : 539

**ਕਾਗਨੋਵਿਚ, ਲਾਜ਼ਾਰ ਮਵਾਸੀਵਿਚ :** ਇਹ ਇਕ ਰੂਸੀ ਰਾਜਨੀਤੀਵੇਤਾ ਅਤੇ ਕਮਿਊਨਿਸਟ ਪਾਰਟੀ ਦਾ ਆਗੂ ਹੋਇਆ ਹੈ ਜਿਸ ਨੂੰ ਰੂਸ ਵਿਚ ਆਵਾਜਾਈ ਅਤੇ ਭਾਰੀ-ਉਦਯੋਗ ਦੇ ਪ੍ਰਬੰਧ ਦੀ ਦੇਖ ਭਾਲ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸ ਦਾ ਜਨਮ 22 ਨਵੰਬਰ, 1893 ਨੂੰ ਰੂਸ ਵਿਚ ਕਾਬਾਨੀ ਵਿਖੇ ਹੋਇਆ।

ਸੰਨ 1911 ਵਿਚ ਰਸ਼ੀਅਨ ਸੋਸ਼ਲ ਡੈਮੋਕਰੈਟਿਕ ਵਰਕਰਜ਼ ਪਾਰਟੀ ਵਿਚ ਮਿਲਕੇ ਅਤੇ ਪਾਰਟੀ ਦੇ ਪ੍ਰਬੰਧਕ ਦੇ ਤੌਰ ਤੇ ਕੰਮ ਕਰਨ ਤੋਂ ਬਾਅਦ 1920 ਈ. ਵਿਚ ਇਹ ਤਾਸ਼ਕੰਦ ਸਰਕਾਰ ਦਾ ਮੁੱਖੀ ਬਣਿਆ। ਸਟਾਲਿਨ ਨੇ ਇਸ ਨੂੰ ਪਾਰਟੀ ਦੇ ਜਨਰਲ ਸਕੱਤਰ ਦੇ ਤੌਰ ਤੇ ਪਾਰਟੀ ਦੀ ਸੈਂਟਰਲ ਕਮੇਟੀ ਦੇ ਸਕੱਤਰੇਤ ਦੇ 'ਆਰਗੇਨਾਈਜ਼ੇਸ਼ਨ ਐਂਡ ਇੰਸਟਰੱਕਸ਼ਨ ਡਿਪਾਰਟਮੈਂਟ' ਦਾ ਮੁੱਖੀ ਬਣਾਇਆ। ਸੰਨ 1924 ਵਿਚ ਜਦੋਂ ਇਸ ਦਾ ਵਿਭਾਗ ਵਧਕੇ 'ਡਿਪਾਰਟਮੈਂਟ ਆਫ਼ ਆਰਗੇਨਾਈਜ਼ੇਸ਼ਨ ਐਂਡ ਐਸੋਸੀਏਸ਼ਨ' ਬਣ ਗਿਆ ਤਾਂ ਪਾਰਟੀ ਦੇ ਮੈਂਬਰਾਂ ਨੂੰ ਪਾਰਟੀ, ਸਰਕਾਰ, ਟਰੇਡ ਯੂਨੀਅਨਾਂ ਅਤੇ ਉਦਯੋਗਾਂ ਵਿਚ ਕੰਮ ਲਗਾਉਣ ਦੀ ਜ਼ਿੰਮੇਵਾਰੀ ਇਸ ਨੂੰ ਸੌਂਪੀ ਗਈ ਅਤੇ ਇਸ ਨੇ ਆਪਣੇ ਰਾਜਨੀਤਕ ਵਿਰੋਧੀਆਂ ਨੂੰ ਹਰਾਉਣ ਵਿਚ ਸਟਾਲਿਨ ਦੀ ਸਹਾਇਤਾ ਕੀਤੀ। ਇਸ ਦੇ ਸਿੱਟੇ ਵਜੋਂ ਇਹ ਸੈਂਟਰਲ ਕਮੇਟੀ ਦਾ ਉਮੀਦਵਾਰ ਮੈਂਬਰ (1923), ਪੂਰਾ ਮੈਂਬਰ (1924), ਪੋਲਿਟਬਿਊਰੋ ਦਾ ਉਮੀਦਵਾਰ ਮੈਂਬਰ (1926) ਅਤੇ ਫਿਰ ਪੂਰਾ ਮੈਂਬਰ (1930) ਬਣਿਆ।

ਇਹ (1925-28) ਯੂਕਰੇਨੀਅਨ ਕਮਿਊਨਿਸਟ ਪਾਰਟੀ ਦਾ ਪਹਿਲਾ ਸਕੱਤਰ ਬਣਨ ਅਤੇ ਨੀਪਰ ਦਰਿਆ ਉੱਤੇ ਮੁੱਖ ਹਾਈਡ੍ਰੋਇਲੈਕਟ੍ਰਿਕ ਪਾਵਰ ਸਟੇਸ਼ਨ ਬਣਨ ਦੀ ਦੇਖ ਭਾਲ ਕਰਨ ਕਰਕੇ ਇਕ ਚੰਗਾ ਪ੍ਰਬੰਧਕ ਮੰਨਿਆ ਜਾਣ ਲੱਗਾ। ਸੰਨ 1930-35 ਤੱਕ ਮਾਸਕੋ ਰੀਜਨਲ ਪਾਰਟੀ ਆਰਗੇਨਾਈਜ਼ੇਸ਼ਨ ਦਾ ਮੁੱਖੀਆ ਰਿਹਾ। ਸੰਨ 1933 ਵਿਚ ਇਸ ਨੇ ਮਸ਼ੀਨ-ਟਰੈਕਟਰ ਕੇਂਦਰਾਂ ਦੀਆਂ ਰਾਜਨੀਤਕ ਡਵੀਜ਼ਨਾਂ ਦਾ ਸੰਗਠਨ ਕੀਤਾ ਜਿਹੜੀਆਂ ਸਮੂਹਕ ਫ਼ਾਰਮਾਂ ਨੂੰ ਭਾਰੀ ਜ਼ਰਾਇਤੀ ਮਸ਼ੀਨਰੀ ਸਪਲਾਈ ਕਰਦੀਆਂ ਸਨ ਅਤੇ ਇਸ ਤਰ੍ਹਾਂ ਸਮੂਹਕ ਫਾਰਮ ਸਿਸਟਮ ਨੂੰ ਫੇਲ੍ਹ ਹੋਣ ਤੋਂ ਬਚਾਇਆ। ਇਹ ਆਵਾਜਾਈ (1935), ਭਾਰੀ ਉਦਯੋਗ (1937) ਅਤੇ ਬਾਲਣ ਤੇ ਪੈਟਰੋਲੀਅਮ ਉਦਯੋਗਾਂ (1939) ਦਾ ਕੱਮਿਸ਼ਾਰ ਰਿਹਾ।

ਫਰਵਰੀ, 1947 ਤੋਂ ਬਾਅਦ ਇਹ 'ਸਟੇਟ ਡਿਫੈਂਸ ਕਮੇਟੀ' ਦਾ ਮੈਂਬਰ ਰਿਹਾ ਜਿਸ ਨੇ ਦੂਜੀ ਸੰਸਾਰ ਜੰਗ ਸਮੇਂ ਦੇਸ਼ ਦੀ ਵਾਗਡੋਰ ਸੰਭਾਲੀ ਸੀ ਅਤੇ ਰੂਸ ਵਿਚ ਆਵਾਜਾਈ ਨੂੰ ਕੰਟਰੋਲ ਕੀਤਾ ਸੀ। ਜੰਗ ਖ਼ਤਮ ਹੋਣ ਤੋਂ ਬਾਅਦ ਇਹ ਨਿਰਮਾਣ-ਪਦਾਰਥਾਂ ਦੇ ਉਦਯੋਗ ਦਾ ਮੰਤਰੀ ਬਣਿਆ ਪਰ ਭਿਆਨਕ ਸੋਕੇ ਅਤੇ ਜੰਗ ਤੋਂ ਪਿਛੋਂ ਦੇ ਹਾਲਾਤ ਨੂੰ ਸੁਧਾਰਨ ਲਈ 1947 ਵਿਚ ਯੂਕਰੇਨ ਵਾਪਸ ਚਲਾ ਗਿਆ। ਦਸੰਬਰ, 1947 ਵਿਚ ਮੰਤਰੀ-ਪਰਿਸ਼ਦ ਦੇ ਉਪ-ਚੇਅਰਮੈਨ ਦੇ ਤੌਰ ਤੇ ਮਾਸਕੋ

ਆਇਆ ਅਤੇ ਆਵਾਜਾਈ ਅਤੇ ਭਾਰੇ ਉਦਯੋਗਾਂ ਨਾਲ ਸਬੰਧਤ ਸਾਰੇ ਮੰਤਰੀ ਮੰਡਲਾਂ ਦੀ ਦੇਖ ਭਾਲ ਦਾ ਅਧਿਕਾਰ ਹਾਸਲ ਕੀਤਾ । ਸਟਾਲਿਨ ਦੀ ਮੌਤ ਪਿਛੋਂ ਇਹ ਮੰਤਰੀ-ਪ੍ਰੀਸ਼ਦ ਦੀ ਨਵੀਂ ਬਣੀ ਪ੍ਰੀਜ਼ੀਡੀਅਮ ਦਾ ਮੈਂਬਰ ਬਣਿਆ ।

ਕਰੁਸ਼ਚੋਫ ਦੇ ਤਾਕਤ ਹਾਸਲ ਕਰਨ ਤੋਂ ਬਾਅਦ ਇਸ ਦੇ ਹੱਥੋਂ ਤਾਕਤ ਘੱਟਦੀ ਗਈ । ਇਹ ਫਿਰ ਵਿਰੋਧੀ ਧੜੇ ਵਿਚ ਮਿਲ ਗਿਆ ਅਤੇ ਜੂਨ, 1957 ਵਿਚ ਕਰੁਸ਼ਚੋਫ ਨੂੰ ਗੱਦੀਉਂ ਲਾਹੁਣ ਦੀ ਕੋਸ਼ਿਸ਼ ਵਿਚ ਨਾਕਾਮਯਾਬ ਰਹਿਣ ਦੇ ਸਿੱਟੇ ਵਜੋਂ ਇਸ ਦੇ ਹੱਥੋਂ ਸਰਕਾਰ ਅਤੇ ਪਾਰਟੀ ਦੇ ਸਾਰੇ ਅਹੁਦੇ ਜਾਂਦੇ ਰਹੇ । ਬਾਅਦ ਵਿਚ ਖ਼ਬਰ ਮਿਲੀ ਸੀ ਕਿ ਇਸ ਨੂੰ ਇਕ ਛੋਟਾ ਜਿਹਾ ਪ੍ਰਬੰਧਕੀ ਅਹੁਦਾ ਮਿਲਿਆ ਸੀ ਪਰ 1964 ਵਿਚ ਇਹ ਐਲਾਨ ਕਰ ਦਿਤਾ ਗਿਆ ਕਿ ਇਸ ਨੂੰ ਪਹਿਲਾਂ ਹੀ ਕਮਿਊਨਿਸਟ ਪਾਰਟੀ ਵਿਚੋਂ ਕੱਢ ਦਿਤਾ ਗਿਆ ਸੀ । ਸੰਨ 1963 ਵਿਚ ਇਕ ਪੱਛਮੀ ਪੱਤਰਕਾਰ ਨੇ ਲਿਖਿਆ ਸੀ ਕਿ ਉਸ ਨੇ ਇਸ ਦੀ ਕਬਰ ਦੇਖੀ ਸੀ ਪਰ ਇਸ ਦੀ ਮੌਤ ਬਾਰੇ ਸਰਕਾਰੀ ਸੂਚਨਾ ਕੋਈ ਨਹੀਂ ਦਿਤੀ ਗਈ ਸੀ ।

ਹ. ਪੂ.—ਐਨ. ਬ੍ਰਿ. ਮਾ. 5 : 657

**ਕਾਂਗ ਯੂ ਵੇ :** ਚੀਨ ਦਾ ਇਹ ਵਿਦਵਾਨ ਆਪਣੇ ਸੁਤੰਤਰ ਵਿਚਾਰਾਂ ਅਤੇ ਸੁਧਾਰ ਲਹਿਰ (1898) ਦੇ ਨੇਤਾ ਵਜੋਂ ਪ੍ਰਸਿੱਧ ਹੈ। ਇਸ ਦਾ ਜਨਮ ਸੰਨ 1858 ਵਿਚ ਹੋਇਆ । ਇਹ ਕਨਫਿਊਸ਼ੀਅਸ ਪਰੰਪਰਾ ਦਾ ਧਾਰਨੀ ਸੀ ਜਿਸ ਨੇ ਬੌਧਿਕ ਤੇ ਸੰਸਥਾਗਤ ਸੁਧਾਰਾਂ ਦੀ ਵਕਾਲਤ ਕੀਤੀ । ਇਸ ਨੇ ਨਵ-ਕਨਫਿਊਸ਼ੀਅਸਵਾਦ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਕਨਫਿਊਸ਼ੀਅਸਵਾਦ ਵਿਸ਼ਵ-ਪ੍ਰੇਮ ਤੇ ਜਮਹੂਰੀਅਤ ਦਾ ਧਾਰਨੀ ਹੈ ਜੋ ਆਖਿਰ ਮਾਨਵਤਾ ਨੂੰ ਆਜ਼ਾਦੀ, ਬਰਾਬਰੀ ਤੇ ਖ਼ੁਸ਼ੀ ਪ੍ਰਦਾਨ ਕਰਨ ਵਿਚ ਸਮਰਥ ਹੋਵੇਗਾ । ਇਸ ਦੀ ਯੋਜਨਾ ਦਾ ਨਿਸ਼ਾਨਾ ਸ਼ਾਹੀ ਪ੍ਰਬੰਧ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਣਾ ਸੀ ਜਿਸ ਨੂੰ ਬਾਦਸ਼ਾਹ ਨੇ ਸਵੀਕਾਰ ਕਰ ਲਿਆ ਪਰ ਵਿਰੋਧੀਆਂ ਨੇ ਰਾਣੀ ਤੋਂ ਇਹ ਰੁਕਵਾ ਕੇ ਇਸ ਨੂੰ ਫਾਂਸੀ ਦਾ ਹੁਕਮ ਕਰਵਾ ਦਿਤਾ ਪਰ ਇਹ ਬਚ ਨਿਕਲਿਆ ਅਤੇ 15 ਸਾਲ ਜਾਪਾਨ, ਭਾਰਤ, ਯੂਰਪ ਅਤੇ ਅਮਰੀਕਾ ਵਿਚ ਫਿਰਦਾ ਰਿਹਾ । ਇਸ ਨੂੰ ਸਮੇਂ ਦੇ ਬਾਦਸ਼ਾਹ ਨੇ ਉੱਚਾ ਸਰਕਾਰੀ ਅਹੁਦਾ ਤਾਂ ਦਿੱਤਾ ਪਰ ਇਸ ਦੇ ਸੁਧਾਰਾਂ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿਤਾ । ਇਸ ਨੇ ਕਨਫਿਊਸ਼ੀਅਸਵਾਦ ਦਾ ਪ੍ਰਚਾਰ ਕੀਤਾ ਪਰ 1920-30 ਦੇ ਵਿਦਵਾਨਾਂ ਨੇ ਇਸ ਨੂੰ ਪਿਛਾਹ-ਖਿਚੂ ਮੰਨਿਆ ।

ਸੰਨ 1927 ਵਿਚ ਇਸ ਦੀ ਮੌਤ ਹੋ ਗਈ ।

ਹ. ਪੂ.—ਐਨ. ਬ੍ਰਿ. 13 : 257

**ਕਾਂਗਰਸ :** ਕਾਂਗਰਸ ਸ਼ਬਦ ਦਾ ਅੱਖਰੀ ਭਾਵ ਤਾਂ ਕਿਸੇ ਇਕੱਤਰਤਾ ਜਾਂ ਮੀਟਿੰਗ ਤੋਂ ਹੈ ।

ਕਾਂਗਰਸ ਬਹੁਤ ਸਾਰੇ ਦੇਸ਼ਾਂ ਦੇ ਸ਼ਾਸਕਾਂ ਜਾਂ ਪ੍ਰਤੀਨਿਧੀਆਂ ਦਾ ਇਕ ਸੰਮੇਲਨ ਹੁੰਦਾ ਹੈ ਜਿਸ ਵਿਚ ਵੱਖ-ਵੱਖ ਸਰਕਾਰਾਂ ਵਿਚਕਾਰ ਝਗੜਿਆਂ ਨੂੰ ਨਿਪਟਾਇਆ ਜਾਂਦਾ ਹੈ । ਕਾਂਗਰਸ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਪ੍ਰਤੀਨਿਧੀਆਂ ਦੀ ਇਕ ਪ੍ਰਾਰੰਭਕ ਮੀਟਿੰਗ ਹੁੰਦੀ ਹੈ ਜਿਸ ਵਿਚ ਕਾਂਗਰਸ ਦੇ ਸ਼ੁਰੂ ਹੋਣ ਦੇ ਦਿਨ, ਏਜੰਡੇ ਅਤੇ ਕਾਰਵਿਹਾਰ ਦੇ ਢੰਗ ਆਦਿ ਸਬੰਧੀ ਨਿਰਣਾ ਕੀਤਾ ਜਾਂਦਾ ਹੈ । ਪ੍ਰਤੀਨਿਧੀਆਂ ਦੇ ਆਪਸ ਵਿਚ ਵਿਸ਼ਵਾਸ-ਪੱਤਰਾਂ ਦੇ ਤਬਾਦਲੇ ਅਤੇ ਇਨ੍ਹਾਂ ਨੂੰ ਵਾਚਣ ਨਾਲ ਹੀ ਕਾਂਗਰਸ ਸ਼ੁਰੂ ਹੋ ਜਾਂਦੀ ਹੈ । ਇਸ ਉਪਰੰਤ ਝਗੜੇ ਨਾਲ ਸਬੰਧਤ ਦੇਸ਼ਾਂ ਦੇ ਦੂਤ ਆਹਮੋ-ਸਾਹਮਣੇ ਜਾਂ ਸਾਲਸ ਦੇ ਰਾਹੀਂ ਗੱਲਬਾਤ ਸ਼ੁਰੂ ਕਰਦੇ ਹਨ । ਇਹ ਗੱਲਬਾਤ ਜਾਂ ਤਾਂ ਕਿਸੇ ਸਾਂਝੇ ਸਥਾਨ ਤੇ ਹੁੰਦੀ ਹੈ ਜਾਂ ਵਾਰੋ ਵਾਰੀ ਉਨ੍ਹਾਂ ਦੇ ਰਿਹਾਇਸ਼ੀ ਸਥਾਨਾਂ ਤੇ ਹੁੰਦੀ ਹੈ । ਇਹ ਵਾਰਤਾਲਾਪ ਲਿਖਤੀ ਜਾਂ ਜ਼ਬਾਨੀ ਰੂਪ ਵਿਚ ਉਦੋਂ ਤੀਕ ਜਾਰੀ ਰਹਿੰਦੀ ਹੈ ਜਦੋਂ ਤੀਕ ਸੰਧੀ ਲਈ ਸਹਿਮਤੀ ਨਹੀਂ ਹੋ ਜਾਂਦੀ ਜਾਂ ਕਾਂਗਰਸ ਭੰਗ ਨਹੀਂ ਹੋ ਜਾਂਦੀ । ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧੀਆਂ ਦੀਆਂ ਅਜਿਹੀਆਂ ਮੀਟਿੰਗਾਂ ਨੂੰ ਕਈ ਵਾਰ ਕਾਨਫਰੰਸਾਂ ਵੀ ਕਿਹਾ ਜਾਂਦਾ ਹੈ । ਕਾਨਫਰੰਸ ਅਤੇ ਕਾਂਗਰਸ ਵਿਚ ਨਾਂ ਮਾਤਰ ਹੀ ਅੰਤਰ ਹੈ । ਕਾਨਫਰੰਸ ਲਈ ਪ੍ਰਤੀਨਿਧ ਸਬੰਧਤ ਦੇਸ਼ਾਂ ਦੇ ਰਾਜਦੂਤ ਹੁੰਦੇ ਹਨ ਜਦੋਂ ਕਿ ਕਾਂਗਰਸ ਲਈ ਵਿਸ਼ੇਸ਼ ਪ੍ਰਤੀਨਿਧ ਨਿਯੁਕਤ ਕਰਕੇ ਭੇਜੇ ਜਾਂਦੇ ਹਨ ।

ਹ. ਪੂ.—ਐਨ. ਐਮ. 7 : 505

**ਕਾਂਗਰਸ, ਸੰਯੁਕਤ ਰਾਜ :** ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਅਨੁਸਾਰ ਸੰਘੀ ਸਰਕਾਰ ਦੇ ਸਾਰੇ ਵਿਧਾਨਿਕ ਅਖ਼ਤਿਆਰ ਦੋ ਸਦਨਾਂ ਵਾਲੇ ਵਿਧਾਨ-ਮੰਡਲ ਦੇ ਪਾਸ ਹਨ ਜਿਸ ਨੂੰ ਕਾਂਗਰਸ ਕਿਹਾ ਜਾਂਦਾ ਹੈ । ਉਪਰਲੇ ਸਦਨ ਨੂੰ ਸੈਨੇਟ ਅਤੇ ਹੇਠਲੇ ਸਦਨ ਨੂੰ ਹਾਊਸ ਆਫ਼ ਰੀਪ੍ਰੀਜ਼ੈਂਟਿਟਿਵਜ਼ ਆਖਦੇ ਹਨ । ਦੋਨਾਂ ਸਦਨਾਂ ਦੇ ਵਿਧਾਨਕ ਅਖ਼ਤਿਆਰ ਬਰਾਬਰ ਹੁੰਦੇ ਹਨ ਪਰੰਤੂ ਵਿੱਤ ਸਬੰਧੀ ਬਿਲ ਪੇਸ਼ ਕਰਨ ਦਾ ਅਧਿਕਾਰ ਸਿਰਫ ਪ੍ਰਤੀਨਿਧਾਂ ਦੇ ਹਾਊਸ ਨੂੰ ਹੀ ਹੈ । ਅਸਲ ਵਿਚ ਸੈਨੇਟ ਹਾਊਸ ਨਾਲੋਂ ਵੱਧ ਸ਼ਕਤੀਸ਼ਾਲੀ ਹੈ ਕਿਉਂਕਿ ਸੈਨੇਟ ਪਾਸ ਕਾਰਜਕਾਰੀ ਅਤੇ ਨਿਆਂ ਸਬੰਧੀ ਅਧਿਕਾਰ ਵੀ ਹੁੰਦੇ ਹਨ ਜਿਹੜੇ ਕਿ ਹਾਊਸ ਵਿਚ ਪਾਸ ਨਹੀਂ ਹੁੰਦੇ ।

ਹਰ ਇਕ ਬਿਲ ਦੋਨਾਂ ਸਦਨਾਂ ਦੁਆਰਾ ਪਾਸ ਹੋਣਾ ਜ਼ਰੂਰੀ ਹੁੰਦਾ ਹੈ । ਪ੍ਰਧਾਨ ਦੀ ਮਨਜ਼ੂਰੀ ਉਪਰੰਤ ਇਹ ਕਾਨੂੰਨ ਬਣ ਜਾਂਦਾ ਹੈ । ਜੇਕਰ ਪ੍ਰਧਾਨ 10 ਦਿਨਾਂ ਦੇ ਅੰਦਰ ਬਿਲ ਪਾਸ ਨਾ ਕਰੇ ਤਾਂ ਉਸਦੀ ਸਲਾਹ ਬਿਨਾਂ ਹੀ ਕਾਨੂੰਨ ਬਣ ਜਾਂਦਾ ਹੈ । ਜੇਕਰ ਪ੍ਰਧਾਨ ਬਿਲ ਨੂੰ ਰੱਦ ਕਰ ਦੇਵੇ ਤਾਂ ਇਹ ਬਿਲ ਉਸ ਸਦਨ ਵਿਚ ਵਾਪਸ ਚਲਾ ਜਾਂਦਾ ਹੈ ਜਿਸ ਸਦਨ ਨੇ ਇਹ ਪੇਸ਼ ਕੀਤਾ ਹੁੰਦਾ ਹੈ ਅਤੇ ਜੇਕਰ ਕਾਂਗਰਸ ਇਸ ਨੂੰ ਹਰ ਇਕ ਸਦਨ ਦੇ ਦੋ-ਤਿਹਾਈ ਬਹੁਮਤ ਨਾਲ ਪਾਸ ਕਰ ਦੇਵੇ ਤਦ ਇਹ ਕਾਨੂੰਨ ਬਣ ਜਾਂਦਾ ਹੈ ਅਤੇ ਪ੍ਰਧਾਨ ਆਪਣੀ ਰਜ਼ਾਮੰਦੀ ਤੋਂ ਇਨਕਾਰ ਨਹੀਂ ਕਰ ਸਕਦਾ । ਜੇਕਰ ਪ੍ਰਧਾਨ ਬਿਲ ਨੂੰ ਆਪਣੇ ਪਾਸ 10 ਦਿਨ ਰੱਖਦਾ ਹੈ ਅਤੇ ਕਾਂਗਰਸ ਸਥਗਿਤ ਹੋ ਜਾਂਦੀ ਹੈ ਤਾਂ ਬਿਲ ਆਪਣੇ ਆਪ ਖਤਮ ਹੋ ਜਾਵੇਗਾ ਜੇਕਰ ਪ੍ਰਧਾਨ ਦਸਤਖਤ ਨਾ ਕਰੇ ।

**ਸੈਨੇਟ**—ਇਹ ਕਾਂਗਰਸ ਦਾ ਉਪਰਲਾ ਸਦਨ ਹੈ ਜੋ ਸਥਾਈ ਹੁੰਦਾ ਹੈ ਜਿਸ ਦੇ ਇਕ-ਤਿਹਾਈ ਮੈਂਬਰ ਹਰ ਦੋ ਸਾਲਾਂ ਬਾਅਦ ਛੇ-ਛੇ ਸਾਲਾਂ ਲਈ ਚੁਣੇ ਜਾਂਦੇ ਹਨ । ਹਰ ਇਕ ਰਾਜ ਵਿਚੋਂ ਦੋ ਸੈਨੇਟਰ ਚੁਣੇ ਜਾਂਦੇ ਹਨ ਭਾਵੇਂ ਉਹ ਰਾਜ ਵੱਡਾ ਹੋਵੇ ਜਾਂ ਛੋਟਾ । ਇਸ ਤਰ੍ਹਾਂ ਸੈਨੇਟਰਾਂ ਦੀ ਕੁਲ ਗਿਣਤੀ 100 ਹੈ । ਸੰਨ 1913 ਤੋਂ ਪਹਿਲਾਂ ਸੈਨੇਟਰ ਰਾਜਾਂ ਦੇ ਵਿਧਾਨ-ਮੰਡਲਾਂ ਦੁਆਰਾ ਚੁਣੇ ਜਾਂਦੇ ਸਨ ਪਰ ਹੁਣ ਲੋਕਾਂ ਦੁਆਰਾ ਚੁਣੇ ਜਾਂਦੇ ਹਨ । 30 ਸਾਲ ਤੋਂ ਵੱਧ ਉਮਰ ਦਾ ਹਰ ਇਕ ਵਿਅਕਤੀ ਜੋ 9 ਸਾਲਾਂ ਤੋਂ ਅਮਰੀਕਾ ਦਾ ਸ਼ਹਿਰੀ ਹੋਵੇ ਅਤੇ ਸਬੰਧਤ ਰਾਜ, ਜਿਥੋਂ ਚੁਣਿਆ ਜਾਣਾ ਹੋਵੇ, ਵਿਚ ਰਹਿੰਦਾ ਹੋਵੇ, ਸੈਨੇਟਰ ਦੀ ਚੋਣ ਲੜ ਸਕਦਾ ਹੈ ।

ਸੈਨੇਟ ਦਾ ਚੇਅਰਮੈਨ ਸੰਯੁਕਤ ਰਾਜ ਅਮਰੀਕਾ ਦਾ ਉਪ-ਪ੍ਰਧਾਨ ਹੁੰਦਾ ਹੈ । ਇਹ ਸਦਨ ਕਮੇਟੀਆਂ ਵਿਚ ਵੰਡਿਆ ਹੋਇਆ ਹੁੰਦਾ ਹੈ ਅਤੇ ਹਰ ਇਕ ਕਮੇਟੀ ਜ਼ਿੰਮੇ ਇਕ ਖਾਸ ਕੰਮ ਹੁੰਦਾ ਹੈ । ਇਕ ਸੈਨੇਟਰ ਦੋ ਤੋਂ ਵੱਧ ਕਮੇਟੀਆਂ ਦਾ ਮੈਂਬਰ ਨਹੀਂ ਬਣ ਸਕਦਾ । ਹੇਠਲੇ ਸਦਨ ਦੇ ਮੈਂਬਰਾਂ ਨਾਲੋਂ ਸੈਨੇਟਰਾਂ ਨੂੰ ਇਹ ਖੁੱਲ੍ਹ ਹੁੰਦੀ ਹੈ ਕਿ ਉਹ ਕਿਸੇ ਬਿਲ ਤੇ ਕਿੰਨੇ ਵੀ ਲੰਬੇ ਅਰਸੇ ਲਈ ਬੋਲ ਸਕਦੇ ਹਨ । ਕਈ ਵਾਰ ਇਸ ਅਧਿਕਾਰ ਦੀ ਗ਼ਲਤ ਵਰਤੋਂ ਵੀ ਕੀਤੀ ਜਾਂਦੀ ਹੈ । ਇਸ ਸਦਨ ਪਾਸ ਵਿਧਾਨਕ, ਕਾਰਜਕਾਰੀ, ਨਿਆਂ-ਸਬੰਧੀ ਅਤੇ ਹੋਰ ਕਈ ਤਰ੍ਹਾਂ ਦੀਆਂ ਸ਼ਕਤੀਆਂ ਹਨ । ਵਿਧਾਨਕ ਤੌਰ ਤੇ ਇਹ ਹੇਠਲੇ ਸਦਨ ਦੇ ਬਰਾਬਰ ਦਾ ਸਦਨ ਹੈ ਅਤੇ ਉਸ ਨਾਲ ਤਾਲ ਮੇਲ ਰੱਖਦਾ ਹੈ । ਪ੍ਰਧਾਨ ਨਾਲ ਮਿਲਕੇ ਇਸ ਨੂੰ ਵੱਡੇ ਅਹੁਦਿਆਂ ਲਈ ਨਿਯੁਕਤੀਆਂ ਕਰਨ ਅਤੇ ਸੰਧੀਆਂ ਆਦਿ ਕਰਨ ਦਾ ਵੀ ਅਧਿਕਾਰ ਪ੍ਰਾਪਤ ਹੈ । ਵੱਡੇ ਵੱਡੇ ਦੋਸ਼ਾਂ ਲਈ ਇਹ ਇਕੱਲਾ ਹੀ ਕਚਹਿਰੀ ਦੇ ਤੌਰ ਤੇ ਕੰਮ ਕਰਦਾ ਹੈ । ਹੇਠਲੇ

ਸਦਨ ਨਾਲ ਮਿਲਕੇ ਇਸ ਨੂੰ ਸੰਵਿਧਾਨ ਵਿਚ ਤਰਮੀਮ ਕਰਨ ਦਾ ਵੀ ਅਧਿਕਾਰ ਹੈ। ਪ੍ਰਧਾਨ ਦੀ ਚੋਣ ਸਬੰਧੀ ਝਗੜਾ ਵੀ ਇਹ ਸਦਨ ਹੀ ਨਿਪਟਾਉਂਦਾ ਹੈ। ਕਿਸੀ ਗੱਲ ਦੀ ਜਾਂਚ-ਪੜਤਾਲ ਕਰਵਾਉਣ ਲਈ ਵੀ ਇਹ ਸਦਨ ਹੀ ਕਮੇਟੀਆਂ ਨਿਯੁਕਤ ਕਰਦਾ ਹੈ।

**ਹਾਊਸ ਆਫ ਦੀ ਰੀਪ੍ਰੀਜ਼ੈਂਟਿਟਿਵਜ਼**—ਇਹ ਅਮਰੀਕਨ ਕਾਂਗਰਸ ਦਾ ਹੇਠਲਾ ਸਦਨ ਹੈ। ਇਸ ਦੇ ਮੈਂਬਰਾਂ ਦੀ ਗਿਣਤੀ 437 ਹੈ ਜੋ ਆਬਾਦੀ ਦੇ ਆਧਾਰ ਤੇ (400,000 ਵਿਅਕਤੀਆਂ ਪਿਛੇ ਇਕ ਪ੍ਰਤੀਨਿਧ) ਦੇਸ਼ ਦੇ ਲੋਕਾਂ ਦੁਆਰਾ ਚੁਣੇ ਜਾਂਦੇ ਹਨ। ਇਸ ਦੀ ਮਿਆਦ ਦੋ ਸਾਲ ਹੁੰਦੀ ਹੈ। ਇਸ ਤੋਂ ਪਹਿਲਾਂ ਇਸ ਨੂੰ ਭੰਗ ਨਹੀਂ ਕੀਤਾ ਜਾ ਸਕਦਾ। ਘੱਟੋ ਘੱਟ 25 ਸਾਲ ਦੀ ਉਮਰ ਦਾ ਹਰ ਇਕ ਵਿਅਕਤੀ ਜੋ 7 ਸਾਲਾਂ ਤੋਂ ਅਮਰੀਕਾ ਦਾ ਸ਼ਹਿਰੀ ਹੋਵੇ ਅਤੇ ਉਸ ਰਾਜ ਵਿਚ ਰਹਿੰਦਾ ਹੋਵੇ ਜਿਥੋਂ ਚੁਣਿਆ ਜਾਣਾ ਹੈ, ਪ੍ਰਤੀਨਿਧ ਦੀ ਚੋਣ ਲੜ ਸਕਦਾ ਹੈ।

ਇਹ ਸਦਨ ਆਪਣੇ ਵਿਚੋਂ ਕੁਝ ਕਮੇਟੀਆਂ ਚੁਣਦਾ ਹੈ ਜੋ ਇਸ ਸਦਨ ਵਿਚ ਆਉਣ ਵਾਲੇ ਬਿਲਾਂ ਦਾ ਨਿਰੀਖਣ ਕਰਦੀਆਂ ਹਨ ਅਤੇ ਕਈ ਸੂਰਤਾਂ ਵਿਚ ਇਹ ਕਮੇਟੀਆਂ ਸਦਨ ਵਿਚ ਬਿਲ ਪੇਸ਼ ਕਰਦੀਆਂ ਹਨ। ਇਹ ਸਦਨ ਇਕ ਸਪੀਕਰ ਵੀ ਚੁਣਦਾ ਹੈ ਜੋ ਇਸਦੇ ਸੈਸ਼ਨਾਂ ਦੀ ਪ੍ਰਧਾਨਗੀ ਕਰਦਾ ਹੈ। ਵਿਧਾਨਕ ਖੇਤਰ ਵਿਚ ਇਹ ਸਦਨ ਸੈਨੇਟ ਦੇ ਬਰਾਬਰ ਦਾ ਹੈ। ਸਾਰੇ ਵਿੱਤ ਸਬੰਧੀ ਬਿਲ ਇਹੋ ਸਦਨ ਪੇਸ਼ ਕਰਦਾ ਹੈ। ਸੈਨੇਟ ਵਰਗੇ ਕਾਰਜਕਾਰੀ ਅਧਿਕਾਰ ਇਸ ਪਾਸ ਨਹੀਂ ਹਨ। ਕਈ ਕਾਰਨਾਂ ਕਰਕੇ ਇਹ ਸਦਨ ਵਿਧਾਨਕ ਤੌਰ ਤੇ ਸੈਨੇਟ ਨਾਲੋਂ ਕਮਜ਼ੋਰ ਹੈ।

ਸਮੁੱਚੀ ਕਾਂਗਰਸ ਦੇ ਹੱਥ ਵਿਚ ਸੀਮਤ ਜਿਹੇ ਅਧਿਕਾਰ ਹਨ। ਟੈਕਸ ਲਗਾਉਣ ਅਤੇ ਇਕੱਤਰ ਕਰਨ ਦਾ ਅਧਿਕਾਰ ਇਸ ਪਾਸ ਹੈ। ਇਹ ਹਥਿਆਰਬੰਦ ਫੌਜਾਂ ਦਾ ਸੰਗਠਨ ਨਿਸ਼ਚਿਤ ਕਰਦੀ ਹੈ। ਇਹ ਜੰਗ ਦਾ ਐਲਾਨ ਕਰ ਸਕਦੀ ਹੈ। ਇਹ ਮੁਦਰਿਕ ਪ੍ਰਣਾਲੀ ਲਾਗੂ ਕਰਨ ਅਤੇ ਫੈਡਰੇਸ਼ਨ ਵਿਚ ਨਵੇਂ ਰਾਜ ਸ਼ਾਮਲ ਕਰਨ ਲਈ ਕਾਨੂੰਨ ਬਣਾਉਂਦੀ ਹੈ। ਇਹ ਸੁਪਰੀਮ ਕੋਰਟ ਦਾ ਸੰਗਠਨ ਨਿਸ਼ਚਿਤ ਕਰਦੀ ਹੈ ਅਤੇ ਪ੍ਰਧਾਨ ਜਾਂ ਸੰਯੁਕਤ ਰਾਜ ਦੇ ਕਿਸੇ ਵੀ ਵਿਅਕਤੀ ਤੇ ਦੋਸ਼ ਲਗਾ ਸਕਦੀ ਹੈ। ਪ੍ਰਧਾਨ ਅਤੇ ਉਪ-ਪ੍ਰਧਾਨ ਦੀ ਚੋਣ ਬਾਰੇ ਫੈਸਲਾ ਕਰਦੀ ਹੈ। ਪਰ ਸੰਯੁਕਤ ਰਾਜ ਅਮਰੀਕਾ ਦੇ ਪ੍ਰਧਾਨ ਨੂੰ ਇਨ੍ਹਾਂ ਦੇ ਕੰਮਾਂ ਵਿਚ ਵਿਧਾਨਕ ਤੌਰ ਤੇ ਵੀਟੋ ਵਰਤਣ ਦਾ ਹੱਕ ਹਾਸਲ ਹੈ।

ਹ. ਪੁ.—ਚੈਂਬ. ਐਨ. 4 : 17; ਸੁਧਾਂਸ਼ ਵਰਲਡ ਕਾਂਸਟੀਚਿਊਸ਼ਨਜ਼—ਐਸ. ਐਲ. ਕੈਲੀ .

**ਕਾਂਗਰੀਵ, ਵਿਲੀਅਮ** : ਅੰਗਰੇਜ਼ੀ ਦੇ ਇਸ ਪ੍ਰਸਿੱਧ ਨਾਟਕਕਾਰ ਦਾ ਜਨਮ 24 ਜਨਵਰੀ, 1670 ਨੂੰ ਲੀਡਜ਼ ਦੇ ਨੇੜੇ ਬਾਰਡਸੇ ਵਿਖੇ ਹੋਇਆ। ਇਸ ਦਾ ਪਿਤਾ ਆਇਰਲੈਂਡ ਵਿਚ ਯੌਲ ਵਿਖੇ ਰਖਿਆ—ਸੈਨਾ ਦਾ ਕਮਾਂਡਰ ਸੀ, ਜਿਸ ਕਾਰਨ ਇਸ ਨੇ ਕਿਲਕੈਨੀ ਸਕੂਲ ਤੇ ਟ੍ਰਿਨਿਟੀ ਕਾਲਜ, ਡਬਲਿਨ ਤੋਂ ਵਿਦਿਆ ਪ੍ਰਾਪਤ ਕੀਤੀ ਤੇ 1696 ਵਿਚ ਐਮ. ਏ. ਪਾਸ ਕਰ ਲਈ। ਦੋਵੇਂ ਜਗ੍ਹਾ ਜੋਨੈਥਨ ਸਵਿਫਟ ਇਸ ਦਾ ਜਮਾਤੀ ਸੀ। ਕਾਨੂੰਨ ਪੜ੍ਹਨ ਲਈ 1691 ਵਿਚ ਇਹ ਮਿਡਲ ਟੈਂਪਲ ਵਿਚ ਦਾਖ਼ਲ ਹੋਇਆ ਪਰ ਜਲਦੀ ਹੀ ਕਾਨੂੰਨ ਛੱਡ ਕੇ ਸਾਹਿਤ ਵਾਲੇ ਪਾਸੇ ਆ ਗਿਆ। ਸੰਨ 1892 ਵਿਚ ਇਸ ਨੇ ਹਾਸ-ਵਿਅੰਗ ਭਰਿਆ ਨਾਵਲ 'ਇਨਕਗਨੀਟੋ' ਪ੍ਰਕਾਸ਼ਿਤ ਕੀਤਾ ਅਤੇ 1693 ਵਿਚ 'ਦੀ ਓਲਡ ਬੈਚਲਰ' ਸੁਖਾਂਤ ਲਿਖ ਕੇ ਅਚਾਨਕ ਹੀ ਪ੍ਰਸਿੱਧੀ ਪ੍ਰਾਪਤ ਕਰ ਲਈ। 'ਦੀ ਡਬਲ ਡੀਲਰ' (1694), 'ਲਵ ਫਾਰ ਲਵ' (1695) ਤੇ 'ਦੀ ਵੇ ਆੱਫ ਦੀ ਵਰਲਡ' (1700) ਇਸ ਦੇ ਹੋਰ ਸੁਖਾਂਤ ਨਾਟਕ ਹਨ। ਇਨ੍ਹਾਂ ਨਾਟਕਾਂ ਵਿਚ ਕਾਂਗਰੀਵ ਨੇ ਆਪਣੇ ਆਪ ਨੂੰ ਮਸਨੂਈ ਸੁਖਾਂਤ ਦਾ ਸਰਵੋਤਮ ਲੇਖਕ ਸਿੱਧ ਕੀਤਾ ਹੈ। ਇਸ ਨੇ ਫੈਸ਼ਨ ਤੇ ਬਹਾਦਰੀ ਦੇ ਸੰਕੀਰਣ ਨਜ਼ਰੀਏ ਨੂੰ ਪੇਸ਼ ਕਰਨ ਵਿਚ ਕਮਾਲ ਕਰ ਵਿਖਾਈ ਹੈ। ਸੰਨ 1697 ਵਿਚ ਇਸ ਨੇ ਇਕ ਦੁਖਾਂਤ 'ਦੀ ਮੌਰਨਿੰਗ ਬ੍ਰਾਈਡ' ਵੀ ਲਿਖਿਆ। ਇਸ ਨੇ ਆਪਣੇ ਅੰਤਿਮ ਸੁਖਾਂਤ ਨੂੰ ਅਸਫਲ ਦੇਖ ਕੇ ਲਿਖਣਾ ਛੱਡ ਦਿੱਤਾ। ਇਹ ਸਰਕਾਰੀ ਅਹੁਦਿਆਂ ਤੇ ਕੰਮ ਕਰਦਾ ਰਿਹਾ ਅਤੇ ਇਸ ਨੇ ਡਰਾਈਡਨ, ਪੋਪ, ਸਵਿਫਟ ਤੇ ਸਟੀਲ ਜਿਹੇ ਮਿੱਤਰਾਂ ਦੀ ਪ੍ਰਸੰਸਾ ਹਾਸਲ ਕੀਤੀ। ਡਚੈਸ ਆਫ ਮਾਰਲਬਰੋ ਨਾਲ ਇਸ ਦੇ ਬਹੁਤ ਨਿਕਟਵਰਤੀ ਸਬੰਧ ਸਨ। ਇਸ ਦੀ ਮੌਤ 19 ਜਨਵਰੀ, 1729 ਨੂੰ ਲੰਡਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 6 : 331.

**ਕਾਂਗਲਟਨ** : ਇੰਗਲੈਂਡ ਵਿਚ, ਚੈਸ਼ਿਰ ਕਾਊਂਟੀ ਦੀ ਇਹ ਇਕ ਮਿਉਂਸਪਲ ਬਰੋ ਹੈ ਜੋ ਚੈਸਟਰ ਤੋਂ 50 ਕਿ. ਮੀ. ਪੂਰਬ ਵਲ ਡੇਨ ਦੇ ਕੰਢਿਆਂ ਉੱਪਰ ਇਕ ਡੂੰਘੀ ਵਾਦੀ ਵਿਚ ਵਾਕਿਆ ਹੈ। 'ਡੂਮਜ਼ ਡੇ' ਕਿਤਾਬ ਵਿਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਸੰਨ 1272 ਵਿਚ ਇਸ ਬਰੋ ਦੀ ਸਥਾਪਨਾ ਹੈਨਰੀ ਡੀ ਲੇਸੀ ਦੇ ਚਾਰਟਰ ਦੁਆਰਾ ਹੋਈ ਅਤੇ ਬਾਅਦ ਵਿਚ ਐਡਵਰਡ ਪਹਿਲੇ ਨੇ ਇਥੇ ਮੇਲੇ ਅਤੇ ਸਪਤਾਹਿਕ ਪਸ਼ੂ ਮੰਡੀ ਲਾਉਣ ਦੀ ਆਗਿਆ ਦੇ ਦਿਤੀ। ਇਥੇ ਇਕ ਪਬਲਿਕ ਪਾਰਕ ਅਤੇ ਇਕ ਤੈਰਨ ਲਈ ਖੁੱਲ੍ਹਾ ਤਲਾਅ ਹੈ।

ਅੱਜਕਲ੍ਹ ਇਥੇ ਮੁੱਖ ਉਦਯੋਗ ਕੱਪੜੇ ਦਾ ਹੈ ਅਤੇ ਇਸ ਤੋਂ ਬਿਨਾਂ ਦੂਜੇ ਉਦਯੋਗਾਂ ਵਿਚ ਹੌਜ਼ਰੀ, ਨਿਟਵੀਅਰ, ਸੂਤੀ ਕੱਪੜੇ, ਮੇਜ਼ ਪੋਸ਼, ਵਿਛਾਈਆਂ ਅਤੇ ਰਿਬਨ ਆਦਿ ਦਾ ਉਤਪਾਦਨ ਸ਼ਾਮਲ ਹੈ। ਸਾਫਟ ਡ੍ਰਿੰਕਸ, ਕਾਰਬੋਰਡ, ਪਸ਼ੂਆਂ ਦੀ ਖ਼ੁਰਾਕ, ਬਿਜਲੀ ਦਾ ਸਾਮਾਨ ਅਤੇ ਟੈਲੀਵਿਜ਼ਨ ਦੇ ਐਂਟੀਨੇ ਆਦਿ ਵੀ ਇਥੇ ਤਿਆਰ ਹੁੰਦੇ ਹਨ।

ਆਬਾਦੀ—20,324 (1971)

53° 10′ ਉ. ਵਿਥ.; 2° 13′ ਪੱ. ਲੰਬ.

ਹ. ਪੁ.—ਐਨ. ਬ੍ਰਿ. 6 : 312

**ਕਾਂਗੜ** : ਭਾਰਤ ਦੇ ਪੰਜਾਬ ਰਾਜ ਵਿਚ ਇਹ ਇਕ ਇਤਿਹਾਸਕ ਪਿੰਡ ਹੈ। ਵਧੇਰੇ ਕਰ ਕੇ ਇਹ ਪਿੰਡ ਦੀਨਾ-ਕਾਂਗੜ ਨਾਂ ਨਾਲ ਪ੍ਰਸਿੱਧ ਹੈ। ਦੀਨਾ ਤੇ ਕਾਂਗੜ ਦੋ ਜੁੜਵੇਂ ਪਿੰਡ ਹਨ। ਅਜੋਕੇ ਪੰਜਾਬ ਦੀ ਭੂਗੋਲਿਕ ਵੰਡ ਅਨੁਸਾਰ ਪਹਿਲਾ ਜ਼ਿਲ੍ਹਾ ਫਿਰੋਜ਼ਪੁਰ ਦਾ ਪਿੰਡ ਹੈ ਅਤੇ ਦੂਜਾ ਜ਼ਿਲ੍ਹਾ ਬਠਿੰਡਾ ਦਾ। ਇਤਿਹਾਸਕ ਤਾਣੇ-ਬਾਣੇ ਵਿਚ ਇਹ ਦੋਵੇਂ ਪਿੰਡ ਇਕੱ ਕਰਕੇ ਜਾਣੇ ਜਾਂਦੇ ਹਨ ਅਤੇ ਇਕ ਦਾ ਨਾਂ ਦੂਜੇ ਤੋਂ ਬਿਨਾਂ ਅਧੂਰਾ ਰਹਿ ਜਾਂਦਾ ਹੈ। ਇਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮਾ ਲਿਖ ਕੇ, ਜ਼ੁਲਮ, ਜਬਰ ਤੇ ਤਕੱਬਰ ਨੂੰ ਦਯਾ, ਮਿੱਠਤ ਤੇ ਹਲੀਮੀ ਨਾਲ ਝੰਝੋੜਿਆ ਅਤੇ ਰਾਕਸ਼ੀ ਸ਼ਕਤੀ ਦੇ ਘੁੰਡ ਮਰੋੜੇ ਸਨ।

ਕਾਂਗੜ ਰਾਮਪੁਰਾ ਫੂਲ ਤੋਂ 29 ਕਿ. ਮੀ. ਦੂਰ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਇਕ ਵੱਡੇ ਥੇਹ ਤੇ ਵੱਸਿਆ ਬਹੁਤ ਪੁਰਾਣਾ ਪਿੰਡ ਹੈ। ਇਸ ਦਾ ਪੁਰਾਣਾ ਇਤਿਹਾਸ ਸਮੇਂ ਦੀਆਂ ਤਹਿਆਂ ਵਿਚ ਦਬਕੇ ਰਹਿ ਗਿਆ ਹੈ। ਫਿਰ ਵੀ ਇਸ ਦਾ ਵਰਤਮਾਨ ਮੁਗ਼ਲਰਾਜ ਦੇ ਆਰੰਭ ਤਕ ਪਹੁੰਚ ਜਾਂਦਾ ਹੈ। ਇਸ ਪਿੰਡ ਵਿਚੋਂ ਕਈ ਨਵੇਂ ਪਿੰਡ ਹੋਂਦ ਵਿਚ ਆਏ ਅਤੇ ਇਹ ਆਪਣੇ ਆਲੇ-ਦੁਆਲੇ ਦੇ ਪਿੰਡਾਂ ਦਾ ਸਭਿਆਚਾਰਕ ਤੇ ਪ੍ਰਬੰਧਕੀ ਕੇਂਦਰ ਰਿਹਾ ਹੈ।

ਇਹ ਇਤਿਹਾਸਕ ਪਿੰਡ ਰਾਜੇ ਕੰਗ ਦਾ ਵਸਾਇਆ ਹੋਇਆ ਦਸਿਆ ਜਾਂਦਾ ਹੈ। ਕੰਗ ਤੋਂ ਹੀ ਕੰਗ ਗੜ੍ਹ ਤੇ ਫੇਰ ਕਾਂਗੜ ਬਣ ਗਿਆ। ਪਿੰਡ ਦੇ ਪੱਛਮੀ ਪਾਸੇ ਵਲ ਇਕ ਥੇਹ ਤੋਂ ਪਤਾ ਲਗਦਾ ਹੈ ਕਿ ਇਥੇ ਜ਼ਰੂਰ ਹੀ ਕੋਈ ਵੱਡਾ ਪਿੰਡ ਵਸਦਾ ਰਿਹਾ ਹੋਵੇਗਾ। ਲੋਕ-ਗਾਥਾ ਅਨੁਸਾਰ ਕੰਗ ਗੜ੍ਹ ਏਡਾ ਵੱਡਾ ਸ਼ਹਿਰ ਸੀ ਕਿ ਮਜ਼ੌਰ ਜਦੋਂ ਤੇਲ ਮੰਗਣ ਨਿਕਲਦੇ ਤਾਂ ਦੁਕਾਨਾਂ ਤੋਂ ਪਲੀ ਪਲੀ (ਲਗਭਗ 12 ਕੁ ਗ੍ਰਾਮ) ਤੇਲ ਲੈਣ ਨਾਲ ਸਵਾ ਮਣ (ਲਗਪਗ 20 ਕਿ. ਗ੍ਰਾ.) ਤੇਲ ਇਕੱਠਾ ਹੋ ਜਾਂਦਾ ਸੀ। ਗੁਰੂ ਸਾਹਿਬ ਦੇ ਜ਼ਫਰਨਾਮੇ ਵਿਚ ਇਸ ਦੇ

ਜ਼ਿਕਰ 'ਤਸ਼ਰੀਫ ਦਰ ਕਸਬਾ ਕਾਂਗੜ ਕੁਨੈਂਦਾ, ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਵੇਲੇ ਕਾਂਗੜ ਤਕੜਾ ਕਸਬਾ ਸੀ।

ਕਿਹਾ ਜਾਂਦਾ ਹੈ ਕਿ ਪਿੰਡ ਦੀ ਵਰਤਮਾਨ ਉਸਾਰੀ ਦਾ ਆਰੰਭ ਅਕਬਰ ਦੇ ਸਮਕਾਲੀ ਇਕ ਸੂਝਵਾਨ ਅਤੇ ਅਧਿਆਤਮਕ ਖੇਤਰ ਵਿਚ ਪ੍ਰਸਿੱਧ ਬਜ਼ੁਰਗ ਮਹਿਰ ਮਿੱਠਾ ਨੇ ਕੀਤਾ ਸੀ। ਅਕਬਰ ਨੇ ਰਾਜਨੀਤਕ ਦ੍ਰਿਸ਼ਟੀ ਨਾਲ ਮਹਿਰ ਮਿੱਠਾ ਨਾਲ ਸਬੰਧ ਜੋੜਨ ਲਈ ਸ਼ਾਦੀ ਦੀ ਪੇਸ਼ਕਸ਼ ਕੀਤੀ ਅਤੇ ਮਹਿਰ ਮਿੱਠਾ ਦੀ ਪੋਤਰੀ ਅਰਥਾਤ ਰਾਏਬੇਗ ਦੀ ਧੀ ਸੱਮੀ ਨਾਲ ਸ਼ਾਦੀ ਕਰ ਲਈ। ਇਸ ਦੇ ਸਿੱਟੇ ਵਜੋਂ ਅਕਬਰ ਨੇ ਇਕ ਸੌ ਵੀਹ ਪਿੰਡ ਮਹਿਰ ਮਿੱਠੇ ਨੂੰ ਜਗੀਰ ਵਜੋਂ ਅਤੇ ਮੀਆਂ ਦੀ ਪਦਵੀ ਦਿਤੀ। ਕਿਹਾ ਜਾਂਦਾ ਹੈ ਕਿ ਮਹਿਰ ਮਿੱਠਾ ਨੇ ਕਾਂਗੜ ਨੂੰ ਆਪਣੀ ਜਗੀਰ ਦਾ ਕੇਂਦਰ ਬਣਾਇਆ। ਮੁਗ਼ਲਾਂ ਦਾ ਜ਼ੋਰ ਘੱਟ ਜਾਣ ਨਾਲ ਇਹ ਪਿੰਡ ਨਾਭੇ ਅਤੇ ਪਟਿਆਲੇ ਦੀਆਂ ਰਿਆਸਤਾਂ ਨੇ ਦੱਬ ਲਏ ਸਨ ਅਤੇ ਕਾਂਗੜ ਵਾਲਿਆਂ ਕੋਲ ਕੇਵਲ ਅੱਠ ਪਿੰਡ ਰਹਿ ਗਏ ਸਨ ਜਿਨ੍ਹਾਂ ਨੂੰ ਅੱਠ ਕਾਂਗੜ ਵੀ ਕਹਿੰਦੇ ਹਨ। ਉਨ੍ਹਾਂ ਦੇ ਨਾਂ ਕਾਂਗੜ, ਸਲਾਬਤਪੁਰਾ, ਆਦਮਪੁਰਾ, ਦਿਆਲਪੁਰਾ, ਦੱਲੇਵਾਲਾ, ਗੁਜਰਾਂਵਾਲ, ਭਾਈ ਰੂਪਾ ਤੇ ਰਾਜਗੜ੍ਹ ਹਨ।



ਸਮਾਧ ਮਹਿਰ ਮਿੱਠਾ

ਮਹਿਰ ਮਿੱਠਾ ਦੇ ਖਾਨਦਾਨ ਨੇ ਮੁਗ਼ਲ ਸਰਕਾਰ ਦੇ ਨਾਲ ਆਪਣੀ ਵਫ਼ਾਦਾਰੀ ਰੱਖਦਿਆਂ ਸਿੱਖ ਗੁਰੂ ਸਾਹਿਬਾਨ ਨਾਲ ਵੀ ਨੇੜਤਾ ਪੈਦਾ ਕਰ ਲਈ। ਮਹਿਰ ਮਿੱਠਾ ਦੇ ਦੋ ਪੁੱਤਰ ਹੋਰ ਸਨ। ਇਨ੍ਹਾਂ ਵਿਚੋਂ ਚੈਨ ਬੇਗ (ਚੰਨ) ਦੇ ਪੁੱਤਰ ਉਮਰ ਸ਼ਾਹ ਦੇ ਅੱਗੋਂ ਦੋ ਪੁੱਤਰ ਰਾਏ ਜੋਧ ਤੇ ਸਲੀਮ ਸ਼ਾਹ ਹੋਏ। ਇਨ੍ਹਾਂ ਦੋਨਾਂ ਦੇ ਹੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਾਫੀ ਗੂੜ੍ਹੇ ਸਬੰਧ ਹੋ ਗਏ। ਰਾਇ ਜੋਧ ਦੀ ਪਤਨੀ ਗੁਰੂ ਹਰਿਗੋਬਿੰਦ ਸਾਹਿਬ ਦੀ ਕੱਟੜ ਸ਼ਰਧਾਲੂ ਸੀ। ਗੁਰੂ ਸਰ ਨਥਾਣਾ ਦੀ ਲੜਾਈ ਲਈ ਗੁਰੂ ਜੀ ਨੇ ਇਥੇ ਹੀ ਤਿਆਰੀ ਕੀਤੀ ਸੀ। ਰਾਇ ਜੋਧ ਆਪਣੇ ਭਾਈ ਸਲੀਮ ਸ਼ਾਹ ਸਮੇਤ ਇਕ ਹਜ਼ਾਰ ਘੋੜ ਸਵਾਰ ਲੈ ਕੇ ਲੜਾਈ ਵਿਚ ਸ਼ਾਮਲ ਹੋਇਆ। ਰਾਇ ਜੋਧ ਦੀ ਬਹਾਦਰੀ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਆਪਣੀਆਂ ਦੋ ਕਟਾਰਾਂ ਵਿਚੋਂ ਇਕ ਉਸ ਨੂੰ ਬਖਸ਼ ਦਿਤੀ। ਅੱਜਕਲ੍ਹ ਇਹ ਕਟਾਰ ਮਹਿਰ ਮਿੱਠੇ ਦੀ 17ਵੀਂ ਪੀੜ੍ਹੀ ਸਰਦਾਰ ਸ਼ਮਸ਼ੇਰ ਸਿੰਘ ਕੋਲ ਮੌਜੂਦ ਹੈ।

ਜਦੋਂ ਗੁਰੂ ਜੀ ਇਥੇ ਆਉਂਦੇ ਸਨ ਤਾਂ ਉਹ ਇਥੇ ਇਕ ਕਿਲੇ ਦੇ ਚਾਰ ਬੁਰਜਾਂ ਵਿਚੋਂ ਇਕ ਵਿਚ ਠਹਿਰਦੇ ਸਨ। ਇਹ ਕਿਲਾ ਹੁਣ ਖਤਮ ਹੋ ਚੁੱਕਾ ਹੈ।

ਰਾਇ ਜੋਧ ਦੇ ਪੁੱਤਰ ਰਾਇ ਫੱਤਾ ਦੇ ਅਗੋਂ ਤਿੰਨ ਪੋਤਰੇ ਤਖਤ ਮੱਲ, ਲਖਮੀਰ ਤੇ ਸ਼ਮੀਰ ਹੋਏ। ਇਹ ਅਗੋਂ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਸਨ। ਤਖਤ ਮੱਲ ਉਸ ਸਮੇਂ ਕਾਂਗੜ ਦਾ ਮਾਲਕ ਸੀ ਅਤੇ ਲਖਮੀਰ ਨੇ ਨਵੇਂ ਵਸਾਏ ਦੀਨਾ ਪਿੰਡ ਤੇ ਕਬਜ਼ਾ ਕਰ ਲਿਆ ਸੀ। ਗੁਰੂ ਜੀ ਦੇ ਦੀਨਾ ਆਉਣ ਸਮੇਂ ਲਖਮੀਰ ਹੀ ਦੀਨੇ ਪਿੰਡ ਦਾ ਮਾਲਕ ਸੀ।

ਪੁਰਾਣੀਆਂ ਯਾਦਗਾਰਾਂ ਵਿਚੋਂ ਕਾਂਗੜ ਦੇ ਥੇਹ ਉੱਤੇ ਮਹਿਰ ਮਿੱਠਾ ਦੀ ਬਣੀ ਸਮਾਧ ਹੈ। ਇਹ ਛੋਟੀਆਂ ਇਟਾਂ ਦੀ ਬਣੀ ਹੋਈ ਹੈ ਜੋ ਗੁਰਦੁਆਰਾ ਜ਼ਫਰਨਾਮਾ ਦੀ ਪੁਨਰ ਉਸਾਰੀ ਦੇ ਸਮੇਂ ਦੀ ਹੈ। ਇਸ ਦਾ ਡੀਜ਼ਾਇਨ ਵੀ ਉਸ ਨਾਲ ਮਿਲਦਾ ਹੈ। ਇਸ ਦੇ ਅੰਦਰ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ।

ਹ. ਪੁ.—ਦੀਨਾ-ਕਾਂਗੜ ਸਰਵੇ ਪੁਸਤਕ—ਭਾਸ਼ਾ ਵਿਭਾਗ, ਪੰਜਾਬ।

**ਕਾਂਗੜਾ** : ਜ਼ਿਲ੍ਹਾ—ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਦਾ ਇਹ ਇਕ ਜ਼ਿਲ੍ਹਾ ਹੈ ਜਿਸਦਾ ਖੇਤਰਫਲ 5300 ਵ. ਕਿ. ਮੀ. ਹੈ ਅਤੇ ਆਬਾਦੀ 965,488 (1981) ਹੈ। ਸੰਨ 1966 ਤੋਂ ਪਹਿਲਾਂ ਇਹ ਇਲਾਕਾ ਪੰਜਾਬ ਰਾਜ ਵਿਚ ਸੀ ਅਤੇ ਪੰਜਾਬ ਦਾ ਧੁਰ ਉਪਰਲਾ ਇਕ ਜ਼ਿਲ੍ਹਾ ਹੁੰਦਾ ਸੀ। ਇਸਦਾ ਬਹੁਤਾ ਭਾਗ ਪਹਾੜੀ ਹੈ। ਇਨ੍ਹਾਂ ਸਮਾਨਾਂਤਰ ਪਹਾੜੀ ਲੜੀਆਂ ਨੂੰ ਲੰਬੇ ਦਾਅ ਵਾਦੀਆਂ ਵੱਖ ਕਰਦੀਆਂ ਹਨ। ਦਰਿਆ ਬਿਆਸ ਕਾਂਗੜਾ ਜ਼ਿਲ੍ਹੇ ਵਿਚੋਂ ਨਿਕਲਦਾ ਹੈ। ਕਾਂਗੜਾ ਵਾਦੀ ਬਹੁਤ ਸੁੰਦਰ ਅਤੇ ਉਪਜਾਊ ਹੈ। ਇਹ ਚਾਹ ਲਈ ਦੇਸ਼ ਭਰ ਵਿਚ ਪ੍ਰਸਿੱਧ ਹੈ। ਸਰਦੀ ਇਥੇ ਸਖ਼ਤ ਪੈਂਦੀ ਹੈ ਅਤੇ ਗਰਮੀਆਂ ਨੂੰ ਮੌਸਮ ਸੁਹਾਵਣਾ ਹੁੰਦਾ ਹੈ। ਧਰਮਸ਼ਾਲਾ ਇਸ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਸਿਹਤਵਰਧਕ ਅਸਥਾਨਾਂ ਵਿਚੋਂ ਇਕ ਹੈ। ਜਗ੍ਹਾ-ਜਗ੍ਹਾ ਤੇ ਦੇਵੀ-ਦੇਵਤਿਆਂ ਦੇ ਸਥਾਨ ਹਨ ਇਸ ਲਈ ਕਾਂਗੜੇ ਨੂੰ ਦੇਵ ਭੂਮੀ ਨਾਲ ਵੀ ਨਿਵਾਜਿਆ ਗਿਆ ਹੈ। ਕਾਸ਼ਤ ਅਧੀਨ ਬਹੁਤ ਥੋੜ੍ਹਾ ਇਲਾਕਾ ਹੈ ਜਿਸ ਵਿਚ ਕਣਕ, ਜਵਾਰ, ਚੌਲ, ਬਾਜਰਾ, ਆਲੂ ਅਤੇ ਚਾਹ ਦੀ ਕਾਸ਼ਤ ਕੀਤੀ ਜਾਂਦੀ ਹੈ। ਇਸ ਜ਼ਿਲ੍ਹੇ ਦੀ ਮਹੱਤਵਪੂਰਨ ਪੈਦਾਵਾਰ ਲੱਕੜ ਹੈ। ਕੰਬਲ ਤੇ ਸ਼ਾਲ ਤਿਆਰ ਕਰਨਾ ਇਥੋਂ ਦੇ ਮੁੱਖ ਉਦਯੋਗ ਹਨ।

ਹ. ਪੁ.—ਐਨ. ਬ੍ਰਿ. 13 : 207; ਹਿੰ. ਵਿ. ਕੋ. 2 : 409

**ਕਾਂਗੜਾ** : ਸ਼ਹਿਰ—ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਇਹ ਇਕ ਸ਼ਹਿਰ ਹੈ ਜੋ ਪਠਾਨਕੋਟ ਤੋਂ 83 ਕਿ. ਮੀ. ਤੋਂ ਪੂਰਬ ਵੱਲ ਸਮੁੰਦਰੀ ਸਤ੍ਹਾ ਤੋਂ ਅੰਦਾਜ਼ਨ 734 ਮੀਟਰ ਦੀ ਉਚਾਈ ਤੇ ਵਾਕਿਆ ਹੈ। ਬਰਫ਼ ਨਾਲ ਢੱਕਿਆ ਧੌਲਾਧਾਰ ਪਰਬਤ ਅਤੇ ਕਾਂਗੜੇ ਦੀ ਹਰੀ ਭਰੀ ਵਾਦੀ ਦਾ ਰਮਣੀਕ ਦ੍ਰਿਸ਼ ਇਥੋਂ ਨਜ਼ਰ ਆਉਂਦਾ ਹੈ। ਇਹ ਨਗਰ ਬਾਣ ਗੰਗਾ ਅਤੇ ਮਾਝੀ ਨਦੀਆਂ ਵਿਚਕਾਰ ਵੱਸਿਆ ਹੋਇਆ ਹੈ। ਦੱਖਣ ਵਿਚ ਪੁਰਾਣਾ ਕਿਲਾ ਅਤੇ ਉੱਤਰ ਵਿਚ ਵਰਜੇਸ਼ਵਰੀ ਦੇਵੀ ਦੇ ਮੰਦਰ ਦਾ ਸੁਨਹਿਰਾ ਕਲਸ ਇਸ ਨਗਰ ਦੀਆਂ ਪ੍ਰਾਚੀਨ ਨਿਸ਼ਾਨੀਆਂ ਹਨ। ਇਕ ਪਾਸੇ ਪੁਰਾਣਾ ਕਾਂਗੜਾ ਅਤੇ ਦੂਸਰੇ ਪਾਸੇ ਭਵਨ (ਨਵਾਂ ਕਾਂਗੜਾ) ਦੀਆਂ ਨਵੀਆਂ ਬਸਤੀਆਂ ਹਨ। ਕਾਂਗੜਾ ਪਹਿਲਾਂ ਨਗਰਕੋਟ ਦੇ ਨਾਂ ਨਾਲ ਪ੍ਰਸਿੱਧ ਸੀ ਅਤੇ ਇਹ ਕਿਹਾ ਜਾਂਦਾ ਹੈ ਕਿ ਇਸਨੂੰ ਰਾਜਾ ਸੁਸਰਮਾਚੰਦ ਨੇ ਮਹਾਂਭਾਰਤ ਦੇ ਯੁੱਧ ਤੋਂ ਬਾਅਦ ਵਸਾਇਆ ਸੀ। ਛੇਵੀਂ ਸਦੀ ਵਿਚ ਨਗਰਕੋਟ ਜਲੰਧਰ ਰਾਜ ਦੀ ਰਾਜਧਾਨੀ ਸੀ। 18ਵੀਂ ਸਦੀ ਵਿਚ ਰਾਜਾ ਸੰਸਾਰ ਚੰਦ ਦੇ ਰਾਜ-ਕਾਲ ਵਿਚ ਇਥੇ ਕਲਾਕੌਸ਼ਲ ਦਾ ਬੋਲਬਾਲਾ ਸੀ। 'ਕਾਂਗੜਾ ਕਲਮ' ਸੰਸਾਰ-ਪ੍ਰਸਿੱਧ ਹੈ ਅਤੇ ਚਿੱਤਰ ਸ਼ੈਲੀ ਵਿਚ ਉਤਮ ਸਥਾਨ ਰੱਖਦੀ ਹੈ। ਇਥੇ ਕਿਲੇ ਵਿਚ ਇਕ ਮੰਦਰ ਹੈ ਜਿਸਨੂੰ ਮਹਿਮੂਦ ਗਜ਼ਨੀ ਨੇ 1009 ਈ. ਵਿਚ ਲੁੱਟਿਆ ਸੀ। ਫਿਰ 1360 ਈ. ਵਿਚ ਕਾਂਗੜੇ ਨੂੰ ਫਿਰੋਜ਼ਸ਼ਾਹ ਨੇ ਲੁੱਟਿਆ ਸੀ। ਇਥੇ ਦੇਵੀ ਦਾ ਮੰਦਰ ਉੱਤਰੀ ਭਾਰਤ ਦੇ ਪ੍ਰਾਚੀਨ ਅਤੇ

ਧੰਨਵਾਨ ਮੰਦਰਾਂ ਵਿਚੋਂ ਇਕ ਹੈ । ਸੰਨ 1905 ਦੇ ਭੁਚਾਲ ਨਾਲ ਇਹ ਮੰਦਰ ਕਿਲੇ ਸਮੇਤ ਤਬਾਹ ਹੋ ਗਿਆ ਸੀ । ਇਸ ਤੋਂ ਬਾਅਦ ਜਲਦੀ ਹੀ ਨਵੀਂ ਆਬਾਦੀ ਵਸਾਈ ਗਈ । ਸੰਨ 1855 ਤੋਂ ਪਹਿਲਾਂ ਇਹ ਕਾਂਗੜੇ ਜ਼ਿਲ੍ਹੇ ਦਾ ਸਦਰ-ਮੁਕਾਮ ਸੀ ਜੋ ਬਾਅਦ ਵਿਚ ਧਰਮਸ਼ਾਲਾ ਵਿਚ ਤਬਦੀਲ ਕਰ ਦਿਤਾ ਗਿਆ । ਦੇਵੀ ਮੰਦਰ ਦੇ ਦਰਸ਼ਨ ਲਈ ਸ਼ਰਧਾਲੂ ਭਾਰਤ ਦੇ ਕੋਨੇ-ਕੋਨੇ ਵਿਚੋਂ ਆਉਂਦੇ ਹਨ। ਬਾਸਮਤੀ ਚਾਉਲਾਂ ਅਤੇ ਅੱਖਾਂ ਦੇ ਇਲਾਜ ਲਈ ਇਹ ਦੂਰ-ਦੂਰ ਤੱਕ ਪ੍ਰਸਿੱਧ ਹੈ ।

ਇਥੇ ਇਕ ਕਾਲਜ ਅਤੇ ਫ਼ੌਜੀ ਛਾਉਣੀ ਵੀ ਹੈ ।

ਆਬਾਦੀ—6,000 (1971)

32° 6′ ਉ. ਵਿਥ.; 76° 16′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 207; ਹਿੰ. ਵਿ. ਕੋ. 2 : 409

**ਕਾਗਾਨ :** ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਦੇ ਹਜ਼ਾਰਾ ਜ਼ਿਲ੍ਹੇ ਵਿਚ ਇਹ ਇਕ ਪਹਾੜੀ ਵਾਦੀ ਹੈ ਜੋ ਹਿਮਾਲਾ ਦੇ ਅੰਦਰ ਤੀਕ ਜਾਂਦੀ ਹੈ ਅਤੇ ਦੱਖਣ ਨੂੰ ਛੱਡ ਕੇ ਇਹ ਹਰੇਕ ਪਾਸਿਉਂ ਕਸ਼ਮੀਰ ਦੇ ਇਲਾਕੇ ਦੁਆਰਾ ਘਿਰੀ ਹੋਈ ਹੈ । ਇਸ ਵਾਦੀ ਦਾ ਰਕਬਾ ਅੰਦਾਜ਼ਨ 2,950 ਵ. ਕਿ. ਮੀ., ਲੰਬਾਈ ਅੰਦਾਜ਼ਨ 70 ਕਿ. ਮੀ. ਅਤੇ ਔਸਤ ਚੌੜਾਈ ਅੰਦਾਜ਼ਨ 24 ਕਿ. ਮੀ. ਹੈ । ਉਚੀਆਂ ਪਰਬਤ ਲੜੀਆਂ ਨੇ ਇਸ ਵਾਦੀ ਨੂੰ ਹਰੇਕ ਪਾਸਿਉਂ ਘੇਰਿਆ ਹੋਇਆ ਹੈ । ਟੇਢੇ ਰੁੱਖ ਨੂੰ ਕਈ ਵਧੀਆਂ ਹੋਈਆਂ ਪਹਾੜੀਆਂ ਵਾਦੀ ਨੂੰ ਕੱਟਦੀਆਂ ਹਨ ਜਿਥੇ ਖਿੰਡੀ ਪੁੰਡੀ ਵਸੋਂ ਹੈ । ਵਾਦੀ ਵਿਚ 22 ਰੁੱਖਾਂ (ਜੰਗਲ) ਅਤੇ ਚਰਾਂਦਾਂ ਹਨ ਜਿਨ੍ਹਾਂ ਦਾ ਰਕਬਾ ਅੰਦਾਜ਼ਨ 230 ਵ. ਕਿ. ਮੀ. ਹੈ । ਇਸ ਤੋਂ ਇਲਾਵਾ ਰਾਖਵੇਂ ਅਤੇ ਅਰਾਖਵੇਂ ਜੰਗਲਾਂ ਦਾ ਰਕਬਾ 1,170 ਵ. ਕਿ. ਮੀ. ਹੈ । ਵਾਦੀ ਵਿਚੋਂ ਘਾਹ ਕੱਟਣ ਅਤੇ ਪਸ਼ੂ ਚਰਾਉਣ ਲਈ ਅਧਿਕਾਰ ਹਰ ਸਾਲ ਪਟੇ ਤੇ ਦਿਤੇ ਜਾਂਦੇ ਹਨ । ਇਮਾਰਤੀ ਲੱਕੜੀ ਕੇਵਲ ਜੰਗਲਾਤ ਵਿਭਾਗ ਹੀ ਕਟਾਉਂਦਾ ਹੈ । ਸਾਰੀ ਵਾਦੀ ਦਾ ਜਲ-ਨਿਕਾਸ ਕਰਨ ਉਪਰੰਤ ਕੁਨ੍ਹਾਰ ਦਰਿਆ, ਇਕ ਤੰਗ ਤੇ ਡੂੰਘੀ ਗਹਿਰੀ ਘਾਟੀ (ਗੌਰਜ) ਰਾਹੀਂ ਜਿਹਲਮ ਨਾਲ ਮਿਲਦਾ ਹੈ ਅਤੇ ਵਾਦੀ ਦਾ ਖੁਲ੍ਹਾ ਪਾਸਾ ਹਜ਼ਾਰਾ ਜ਼ਿਲ੍ਹੇ ਵਲ ਨੂੰ ਮੁੜਦਾ ਹੈ। ਇਥੇ ਸਵਾਤੀ ਅਤੇ ਗੁੱਜਰ ਮੁਸਲਮਾਨ ਸਭ ਤੋਂ ਵੱਧ ਰਹਿੰਦੇ ਹਨ ।

ਹ. ਪੁ.—ਇੰਪ. ਗ. ਇੰਡ. 14 : 272

**ਕਾਗਾਯਾਨ :** ਫਿਲਪੀਨ ਦਾ ਇਹ ਇਕ ਪ੍ਰਾਂਤ ਹੈ ਜਿਸ ਨੇ ਲੂਜ਼ਾਨ ਦੀ ਉੱਤਰ-ਪੂਰਬੀ ਨੁੱਕਰ ਮੱਲੀ ਹੋਈ ਹੈ । ਇਥੋਂ ਦਾ ਕੁਲ ਰਕਬਾ 9,003 ਵ. ਕਿ. ਮੀ. ਅਤੇ ਆਬਾਦੀ 711,476 (1980) ਹੈ । ਪ੍ਰਾਂਤ ਦਾ ਸਾਰਾ ਰਕਬਾ ਕਾਗਾਯਾਨ ਦਰਿਆ ਦੀ ਵਾਦੀ ਨੇ ਮੱਲਿਆ ਹੋਇਆ ਹੈ ਅਤੇ ਇਹ ਵਿਸ਼ਾਲ ਨੀਵੀਂ ਭੂਮੀ ਵਾਲਾ ਇਲਾਕਾ ਜਲੌਢ ਮਿੱਟੀ ਨਾਲ ਢੱਕਿਆ ਹੋਇਆ ਹੈ । ਉੱਤਰ ਦੇ ਪਾਸੇ ਨੂੰ ਛੱਡ ਕੇ, ਇਹ ਉੱਚੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਹੈ । ਤੰਬਾਕੂ, ਅਨਾਜ ਅਤੇ ਚਾਉਲ ਇਸ ਪ੍ਰਾਂਤ ਦੀਆਂ ਮੁੱਖ ਫਸਲਾਂ ਹਨ । ਬਾਬੂਯਾਨ ਦੀਪ-ਸਮੂਹ ਪ੍ਰਬੰਧਕੀ ਪੱਖ ਤੋਂ ਕਾਗਾਯਾਨ ਦਾ ਹਿੱਸਾ ਹਨ । ਟੂਗੇਗਾਰਾਓ ਸੂਬੇ ਦੀ ਰਾਜਧਾਨੀ ਹੈ, ਜੋ ਦੱਖਣ ਵੱਲ ਸਥਿਤ ਹੈ । ਆਪਾਰੀ ਇਥੋਂ ਦੀ ਮੁੱਖ ਬੰਦਰਗਾਹ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 437

**ਕਾਂਗਿਆਰੀ :** ਇਹ ਬੱਲੀਆਂ ਵਾਲੇ ਅਨਾਜਾਂ ਅਰਥਾਤ ਕਣਕ, ਜੌਂ, ਜੁਆਰ ਆਦਿ ਦਾ ਇਕ ਰੋਗ ਹੈ, ਜਿਸ ਕਰਕੇ ਬੱਲੀ ਉਤੇ ਕਾਲਖ ਜਿਹੀ ਜੰਮ ਜਾਂਦੀ ਹੈ ਅਤੇ ਬੱਲੀ ਨੂੰ ਦਾਣੇ ਨਹੀਂ ਪੈਂਦੇ ।

ਕਾਂਗਿਆਰੀ ਨੂੰ ਅੰਗਰੇਜ਼ੀ ਵਿਚ ਸਮੱਟ ਕਿਹਾ ਜਾਂਦਾ ਹੈ । ਪੌਦਿਆਂ ਦੀਆਂ ਬਹੁਤ ਸਾਰੀਆਂ ਕੁਲਾਂ ਨੂੰ ਇਹ ਰੋਗ ਲਗ ਜਾਂਦਾ ਹੈ ਪਰ ਅਨਾਜ ਵਾਲੇ ਪੌਦਿਆਂ ਨੂੰ ਕਾਫ਼ੀ ਮਾਲੀ ਨੁਕਸਾਨ ਪਹੁੰਚਾਉਣ ਵਾਲਾ ਰੋਗ ਹੈ । ਸੰਯੁਕਤ ਰਾਜ ਅਮਰੀਕਾ ਵਿਚ ਸਟਿੰਕਿੰਗ ਸਮੱਟ ਜਾਂ ਬੰਟ ਨਾਲ ਕਣਕ ਦੀ ਫ਼ਸਲ ਦਾ 1.3 ਪ੍ਰਤੀਸ਼ਤ ਹਿੱਸਾ ਹਰ ਸਾਲ ਨਸ਼ਟ ਹੋ ਜਾਂਦਾ ਹੈ ।



ਕਣਕ ਦੀ ਕਾਂਗਿਆਰੀ

ਕਾਂਗਿਆਰੀ ਨੂੰ ਫੈਲਾਉਣ ਵਾਲੇ ਔਰਗੈਨਿਜ਼ਮ ਅਸਟੀਲੈਜੀਨੇਸੀ ਕੁਲ ਨਾਲ ਸਬੰਧਤ ਹਨ, ਇਨ੍ਹਾਂ ਦੀ ਪ੍ਰਤਿਨਿਧ ਜਾਤੀ ਅਸਟੀਲੈਗੋ ਮੇਡਿਸ (*Ustilago maydis*) ਹੈ । ਰੋਗ ਦੀ ਲਾਗ ਬੈਸਿਡੀਅਮ-ਬੀਜਾਣੂਆਂ (ਬੇਸਿਡੀਓਸਪੋਰ) ਜਾਂ ਇਨ੍ਹਾਂ ਦੀਆਂ ਅੱਖਾਂ ਤੋਂ ਸ਼ੁਰੂ ਹੁੰਦੀ ਹੈ। ਦੋ ਸੈੱਲ ਆਪਸ ਵਿਚ ਮਿਲ ਜਾਂਦੇ ਹਨ ਅਤੇ ਇਨ੍ਹਾਂ ਦੇ ਨਿਊਕਲੀਆਈ ਆਪਸ ਵਿਚ ਜੁੜ ਜਾਂਦੇ ਹਨ । ਇਕ ਮਾਈਸੀਲੀਅਮ ਇਨ੍ਹਾਂ ਸੈੱਲਾਂ ਦੇ ਜੁੜਨ ਤੋਂ ਪੈਦਾ ਹੁੰਦਾ ਹੈ ਅਤੇ ਮੀਜ਼ਬਾਨ ਪੌਦੇ ਤੇ ਹਮਲਾ ਕਰ ਦਿੰਦਾ ਹੈ । ਅੰਤ ਵਿਚ ਛਾਲਿਆਂ ਵਰਗੀ ਸੋਜ਼ਸ ਜਿਹੀ ਪੈਦਾ ਹੋ ਜਾਂਦੀ ਹੈ ਅਤੇ ਮਾਈਸੀਲੀਅਮ ਦੇ ਬਹੁਤ ਸਾਰੇ ਸੈੱਲ ਟਿਲਿਊਟੋ ਬੀਜਾਣੂਆਂ (ਟੀਲਿਓਸਪੋਰ) ਵਿਚ ਵਿਕਸਿਤ ਹੋ ਜਾਂਦੇ ਹਨ। ਹਰੇਕ ਟਿਲਿਊਟੋ ਬੀਜਾਣੂ ਦੇ ਦੋ ਨਿਊਕਲੀਆਈ ਆਪਸ ਵਿਚ ਮਿਲ ਜਾਂਦੇ ਹਨ । ਹਰੇਕ ਛਾਲੇ ਵਿਚ ਹੁਣ ਟਿਲਿਊਟੋ ਬੀਜਾਣੂਆਂ ਦਾ ਪਾਊਡਰ ਜਿਹਾ ਹੀ ਰਹਿ ਜਾਂਦਾ ਹੈ ਅਤੇ ਇਹ ਪਾਊਡਰ ਮੀਜ਼ਬਾਨ ਪੌਦੇ ਦੇ ਇਕ ਪਤਲੇ ਜਿਹੇ ਤੰਤੂ ਵਿਚ ਢੱਕਿਆ ਰਹਿੰਦਾ ਹੈ । ਇਸ ਤੰਤੂ ਦੇ ਫਟਣ ਨਾਲ ਟਿਲਿਊਟੋ ਬੀਜਾਣੂ ਨਿਕਲ ਕੇ ਪਾਣੀ ਜਾਂ ਹਵਾ ਨਾਲ ਖਿੰਡਰ ਜਾਂਦੇ ਹਨ । ਇਸ ਤੋਂ ਬਹੁਤ ਜਲਦੀ ਬਾਅਦ ਜਾਂ ਸਰਦੀ ਦੀ ਰੁੱਤ ਦੇ ਬਾਅਦ ਇਕ ਟਿਲਿਊਟੋ ਬੀਜਾਣੂ ਜੰਮਦਾ ਹੈ ਅਤੇ ਇਕ ਨਲੀ ਵਰਗਾ ਐਪੀਬੈਸਿਡੀਅਮ ਵਿਕਸਿਤ ਹੁੰਦਾ ਹੈ । ਇਸ ਦੇ ਨਿਊਕਲੀਅਸ ਵਿਚ ਘਟਣ ਵੰਡ ਰਿਡੱਕਸ਼ਨ ਡਵੀਜ਼ਨ ਹੋ ਜਾਂਦੀ ਹੈ ਅਤੇ ਇਨ੍ਹਾਂ ਵਿਚ-ਲੀਆਂ ਕਰੌਸ ਕੰਧਾਂ ਦੀ ਵੰਡ ਹੋਣ ਕਰਕੇ ਐਪੀਬੈਸਿਡੀਅਮ ਚਾਰ ਸੈੱਲਾਂ

ਵਿਚ ਵੰਡਿਆ ਜਾਂਦਾ ਹੈ । ਹਰੇਕ ਵਿਚ ਇਕਹਿਰਾ ਹੈਪਲੌਇਡ ਨਿਊਕਲੀਅਸ ਹੁੰਦਾ ਹੈ। ਹੋਰ ਬੈਸਿਡੀਅਮ-ਬੀਜਾਣੂ ਇਕ-ਇਕ ਸੈੱਲ ਤੋਂ ਪੈਦਾ ਹੁੰਦੇ ਰਹਿੰਦੇ ਹਨ ।

**ਰੋਕਥਾਮ**—ਕਾਂਗਿਆਰੀ ਦੀ ਰੋਕਥਾਮ ਬਿਮਾਰੀਆਂ ਤੋਂ ਰਹਿਤ ਕਿਸਮਾਂ ਦਾ ਵਿਕਾਸ ਅਤੇ ਕਾਸ਼ਤ ਕਰਨ ਤੇ ਨਿਰਭਰ ਕਰਦੀ ਹੈ। ਬੀਜਾਂ ਨੂੰ ਬੀਜਣ ਤੋਂ ਪਹਿਲਾਂ ਮਰਕਿਊਰੀਅਲ ਦਵਾਈਆਂ ਨਾਲ ਸੋਧਣ ਨਾਲ ਵੀ ਇਹ ਰੋਗ ਕਿਸੇ ਹੱਦ ਤਕ ਘਟ ਜਾਂਦਾ ਹੈ । ਇਨ੍ਹਾਂ ਦਵਾਈਆਂ ਵਿਚ ਐਗਰੋਸੈਨ ਜੀ. ਐੱਨ. ਅਤੇ ਸੈਰੇਸਨ ਜਾਂ ਥੀਰਮ ਅਤੇ ਕੈਪਟਾਨ ਆਦਿ ਸ਼ਾਮਲ ਹਨ ।

ਹ. ਪੁ.—ਮੈਕ. ਐਨ. ਸ. ਟ. 12 : 387; ਪ. ਡਿਜ਼ੀ. : 19

**ਕਾਗੂ** : ਇਹ ਗਰੂਫ਼ੌਰਮੀਜ਼ ਵਰਗ ਦੀ ਰ੍ਹਾਈਨੋਕੇਟਿਡੀ ਕੁਲ ਦਾ ਇਕੋ ਇਕ ਮੈਂਬਰ ਪੰਛੀ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਰ੍ਹਾਈਨੋਕੇਟਸ ਜੁਬੇਟਸ (*Rhynochetus jubatus*) ਹੈ । ਨਿਊ ਕੈਲੇਡੋਨਯਾ ਵਿਚ ਮਿਲਣ ਵਾਲਾ ਇਹ ਉਡਾਰੀਹੀਣ ਪੰਛੀ ਹੁਣ ਤਕਰੀਬਨ ਲੁਪਤ ਹੋ ਚੁੱਕਾ ਹੈ। ਅਜਿਹਾ ਨਿਊ ਕੈਲੇਡੋਨਯਾ ਵਿਚ ਕੁੱਤੇ ਲਿਆਉਣ ਨਾਲ ਹੋਇਆ ਹੈ।



ਕਾਗੂ (ਰ੍ਹਾਈਨੋਕੇਟਸ ਜੁਬੇਟਸ)

ਇਹ ਪੰਛੀ ਤਕਰੀਬਨ 55 ਸੈ. ਮੀ. ਲੰਮਾ ਹੁੰਦਾ ਹੈ ਅਤੇ ਇਸ ਦੇ ਖੰਭ ਸਲੇਟੀ ਰੰਗ ਦੇ ਹੁੰਦੇ ਹਨ। ਇਕ ਪਿੱਛੇ ਵਲ ਮੁੜੀ ਕਲਗੀ ਹੁੰਦੀ ਹੈ। ਚੁੰਝ, ਲੱਤਾਂ ਅਤੇ ਅੱਖਾਂ ਦਾ ਰੰਗ ਲਾਲ-ਸੰਤਰੀ ਹੁੰਦਾ ਹੈ। ਸੰਭੋਗ ਸਮੇਂ ਕਾਗੂ ਆਪਣੇ ਖੰਭ ਖਿਲਾਰ ਕੇ ਨੱਚਦਾ ਹੈ ਤੇ ਇਸ ਤਰ੍ਹਾਂ ਉਨ੍ਹਾਂ ਉਪਰਲੇ ਕਾਲੇ, ਚਿੱਟੇ ਅਤੇ ਬਦਾਮੀ ਰੰਗ ਦੇ ਆਕਰਸ਼ਕ ਚਟਾਖ ਸਪੱਸ਼ਟ ਵਿਖਾਈ ਦਿੰਦੇ ਹਨ। ਰਾਤ ਵੇਲੇ ਇਹ ਪੰਛੀ ਉੱਚੀਆਂ-ਉੱਚੀਆਂ ਆਵਾਜ਼ਾਂ ਕੱਢਦੇ ਹਨ। ਇਹ ਕੀੜੇ-ਮਕੌੜਿਆਂ ਅਤੇ ਘੋਗਿਆਂ ਦੀ ਭਾਲ ਵਿਚ ਜੰਗਲਾਂ ਵਿਚ ਘੁੰਮਦੇ ਰਹਿੰਦੇ ਹਨ।

ਹ. ਪੁ.—ਐਨ. ਬ੍ਰਿ. ਮਾ. 5 : 658

**ਕਾਗੇਰਾ** : ਉੱਤਰ-ਪੱਛਮੀ ਤਨਜ਼ਾਨੀਆ (ਪੂਰਬੀ ਅਫਰੀਕਾ) ਵਿਚ ਨੀਲ ਦਰਿਆ ਦੀ ਸਭ ਤੋਂ ਵੱਡੀ ਉਪਰਲੀ ਸ਼ਾਖਾ ਹੈ ਜਿਹੜੀ ਉੱਤਰ ਦੀ ਦਿਸ਼ਾ ਵਿਚ ਰਵਾਂਡਾ ਦੀ ਹੱਦ ਦੇ ਨਾਲ ਵਹਿੰਦੀ ਹੋਈ ਅੱਗੇ ਜਾ ਕੇ ਪੂਰਬ ਵੱਲ ਯੁਗਾਂਡਾ ਦੀ ਹੱਦ ਬਣਾਉਂਦੀ ਹੋਈ ਝੀਲ ਵਿਕਟੋਰੀਆ ਵਿਚ ਜਾ ਡਿਗਦੀ ਹੈ।

ਕਾਗੇਰਾ ਦਾ ਬੇਸਿਨ ਪਹਾੜੀ ਹੈ ਅਤੇ ਕਿਤੇ ਕਿਤੇ ਝੀਲਾਂ ਅਤੇ ਦਲਦਲਾਂ ਵੀ ਹਨ। ਇਸ ਦਾ ਮੁੱਖ ਭਾਗ ਰਵਾਂਡਾ ਵਿਚ ਆਉਂਦਾ ਹੈ ਜਿਸ ਵਿਚ ਕਾਗੇਰਾ ਨੈਸ਼ਨਲ ਪਾਰਕ ਸ਼ਾਮਲ ਹੈ। ਦਰਿਆ ਦੀ ਸਭ ਤੋਂ ਲੰਬੀ ਸਹਾਇਕ ਨਦੀ ਲੁਕਰਾਰਾ ਹੈ। ਇਸ ਦੇ ਥੋੜ੍ਹੇ ਜਿਹੇ ਹਿੱਸੇ ਵਿਚ ਹੀ ਜਹਾਜ਼ਰਾਨੀ ਹੋ ਸਕਦੀ ਹੈ। ਇਸ ਉੱਤੇ ਸਿਰਫ ਇਕੋ ਹੀ ਬੰਦਰਗਾਹ ਹੈ ਜੋ ਤਨਜ਼ਾਨੀਆਂ ਵਿਚ ਹੈ ਅਤੇ ਇਸ ਵਿਚ ਛੋਟੀਆਂ ਬੇੜੀਆਂ ਅਤੇ ਸਟੀਮਰ ਹੀ ਚਲ ਸਕਦੇ ਹਨ।

0° 57′ ਦ. ਵਿਥ.; 31° 47′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 657; ਵੈ. ਜ਼ਗ. ਡਿ.

**ਕਾਂਗੋ** : ਦੱਖਣ-ਪੱਛਮੀ ਫਰਾਂਸ ਅਤੇ ਬ੍ਰਿਟੈਨੀ ਦੇ ਇਲਾਕੇ ਬਾਸਕ ਦੀਆਂ ਭ੍ਰਸ਼ਟ ਜਾਤੀਆਂ ਦੇ ਇਹ ਲੋਕ ਹਨ। ਇਨ੍ਹਾਂ ਨੂੰ ਕੈਪੋ, ਗੈਫੇ, ਗਾਹੇ, ਗੈਫੋ, ਕੈਕਾਊ, ਕੈਕੂਅਕਸ ਅਤੇ ਕੈਕੂਇਨਜ਼ ਕਰਕੇ ਜਾਣਿਆ ਜਾਂਦਾ ਸੀ। ਕੋੜ੍ਹ ਆਦਿ ਕਰਕੇ ਇਨ੍ਹਾਂ ਦੇ ਅੰਗ ਅਤੇ ਸ਼ਕਲਾਂ ਬੜੀਆਂ ਬਦਸੂਰਤ ਹੁੰਦੀਆਂ ਸਨ। ਇਸ ਲਈ ਮੁੱਢ ਵਿਚ ਇਨ੍ਹਾਂ ਉੱਤੇ ਬਹੁਤ ਪਾਬੰਦੀਆਂ ਹੁੰਦੀਆਂ ਸਨ, ਜਿਵੇਂ ਕਿ ਘਟੀਆ ਕਾਨੂੰਨੀ ਦਸ਼ਾ ਰਾਜਨੀਤਿਕ ਜੀਵਨ ਤੋਂ ਬੇਦਖ਼ਲੀ, ਹੋਰ ਲੋਕਾਂ ਦੇ ਲਾਗੇ ਨਾ ਆਉਣਾ ਅਤੇ ਵੱਖਰੀ ਥਾਂ ਤੇ ਦਫ਼ਨਾਏ ਜਾਣਾ। ਇਹ ਨਾ ਤਾਂ ਹਥਿਆਰ ਰੱਖ ਸਕਦੇ ਸਨ ਅਤੇ ਨਾ ਹੀ ਨੰਗੇ ਪੈਰੀਂ ਚੱਲ ਸਕਦੇ ਸਨ। ਚਰਚ ਵਿਚ ਇਨ੍ਹਾਂ ਵਾਸਤੇ ਨਿਵੇਕਲੀ ਥਾਂ ਰੱਖੀ ਹੁੰਦੀ ਸੀ । ਇਹ ਲੱਕੜਹਾਰਿਆਂ, ਤਰਖਾਣਾਂ, ਰਾਜਗੀਰਾਂ, ਮਾਹੀਗੀਰਾਂ ਅਤੇ ਜੁਲਾਹਿਆਂ ਆਦਿ ਵਜੋਂ ਆਪਣੀ ਰੋਜ਼ੀ ਕਮਾਉਂਦੇ ਹੁੰਦੇ ਸਨ। ਕਦੇ-ਕਦੇ ਇਹ ਗਾਇਕਾਂ ਦੇ ਤੌਰ ਤੇ ਵੀ ਬੜੇ ਪ੍ਰਸਿੱਧ ਹੋ ਜਾਂਦੇ ਸਨ।

ਇਨ੍ਹਾਂ ਦੇ ਪੂਰਵਜ ਰੋਮਨ ਜਾਂ ਗੌਥ ਜਾਂ ਮੂਰ ਸਮਝੇ ਜਾਂਦੇ ਹਨ। ਪਹਿਲਾਂ-ਪਹਿਲ 17ਵੀਂ ਸਦੀ ਵਿਚ ਇਨ੍ਹਾਂ ਨੂੰ ਮੁਕਤ ਕਰਵਾਉਣ ਲਈ ਉਪਰਾਲੇ ਕੀਤੇ ਗਏ ਸਨ ਅਤੇ ਹੁਣ ਕਾਫ਼ੀ ਦੇਰ ਤੋਂ ਇਹ ਸਮਝਿਆ ਜਾਣ ਲੱਗ ਪਿਆ ਹੈ ਕਿ ਇਹ ਕਿਸੇ ਪੱਖੋਂ ਵੀ ਅਸਾਧਾਰਨ ਨਹੀਂ ਹਨ। ਬੀਮਾਰੀ ਦੇ ਵਧੇਰੇ ਫੈਲਣ ਦੇ ਡਰ ਕਰਕੇ ਹੀ ਇਹ ਲੋਕ ਕੋੜ੍ਹੀਆਂ ਦੀਆਂ ਬਸਤੀਆਂ ਵਿਚ ਰਹਿਣ ਲਗ ਪਏ ਸਨ।

ਹ. ਪੁ.—ਐਨ. ਬ੍ਰਿ. 4 : 580

**ਕਾਂਗੋ** : ਵੇਖੋ ਜ਼ੇਅਰ

**ਕਾਂਗੋ (ਲੋਕ)** : ਇਨ੍ਹਾਂ ਨੂੰ ਬਕਾਂਗੋ ਵੀ ਕਹਿੰਦੇ ਹਨ। ਇਹ ਬੰਟੂ ਕਬੀਲਿਆਂ ਵਿਚੋਂ ਵੀ ਬਹੁਤ ਸਾਰਿਆਂ ਦਾ ਨਸਲੀ ਨਾਂ ਹੈ ਜਿਨ੍ਹਾਂ ਦੀ ਬੋਲੀ ਅਤੇ ਸਭਿਆਚਾਰ ਸਾਂਝਾ ਹੈ ਅਤੇ ਜਿਹੜੇ ਅਫਰੀਕਾ ਦੇ ਅੰਧ ਮਹਾਂਸਾਗਰੀ ਸਾਹਿਲ ਦੇ ਨਾਲ ਨਾਲ ਪੁਆਇੰਟ ਨਵਾਰ (ਕਾਂਗੋ) ਤੋਂ ਲੁਆਂਡਾ (ਅੰਗੋਲਾ) ਤਕ ਆਬਾਦ ਹਨ । ਇਹ ਜ਼ੇਅਰ ਅਤੇ ਅੰਗੋਲਾ ਵਿਚ ਰਹਿੰਦੇ ਹਨ। ਸੰਨ 1970 ਦੇ ਦਹਾਕੇ ਵਿਚ ਇਨ੍ਹਾਂ ਦੀ ਵਸੋਂ ਸੰਖਿਆ ਅੰਦਾਜ਼ਨ 1,500,000 ਸੀ। ਇਨ੍ਹਾਂ ਦੀ ਭਾਸ਼ਾ ਨਾਈਜਰ-ਕਾਂਗੋ ਭਾਸ਼ਾਵਾਂ ਦੀ ਇਕ ਸ਼ਾਖਾ ਬੀਨੋਯੂ-ਕਾਂਗੋ ਵਿਚੋਂ ਹੈ। ਇਨ੍ਹਾਂ ਦਾ ਮੁੱਖ ਕਿੱਤਾ ਖੇਤੀ ਹੈ ਪ੍ਰੰਤੂ ਅੰਦਾਜ਼ਨ 350,000 ਕਾਂਗੋ ਸ਼ਹਿਰਾਂ ਵਿਚ ਵਪਾਰ ਕਰਦੇ ਹਨ। ਕੁਝ ਕਬੀਲੇ ਅਜੇ ਵੀ ਮੱਛੀਆਂ ਫੜਦੇ ਹਨ ਅਤੇ ਸ਼ਿਕਾਰ ਕਰਦੇ ਹਨ।

ਕਬੀਲੇ ਵੱਖ ਵੱਖ ਵੰਸ਼ਾਂ ਜਾਂ ਕੁਲਾਂ ਵਿਚ ਗਰੁੱਪਾਂ ਦੇ ਤੌਰ ਤੇ ਰਹਿੰਦੇ ਹਨ। ਹਰ ਇਕ ਪਿੰਡ ਗੁਆਂਢੀ ਪਿੰਡ ਤੋਂ ਹਰ ਗੱਲੋਂ ਮੁਕਤ ਹੈ। ਪਿਤਰ-ਪੂਜਾ ਅਤੇ ਜੜ-ਪੂਜਾ ਇਨ੍ਹਾਂ ਦਾ ਧਰਮ ਹੈ। ਕਾਂਗੋ ਨਸਲ ਦੀ ਕਲਾਤਮਕ ਸੂਝਬੂਝ ਦਾ ਅੰਦਾਜ਼ਾ ਇਨ੍ਹਾਂ ਦੇ ਘੜੇ ਗਏ ਬੁੱਤਾਂ, ਅਮੀਰ ਲੋਕ-ਸਾਹਿਤ ਅਤੇ ਮੌਲਿਕ ਸੰਗੀਤ ਤੋਂ ਲਾਇਆ ਜਾ ਸਕਦਾ ਹੈ।

ਹ. ਪੁ.—ਐਨ. ਬ੍ਰਿ. ਮਾ. 5 : 882

**ਕਾਂਗੋ (ਦਰਿਆ)** : ਅਫ਼ਰੀਕਾ ਦਾ ਇਹ ਸਭ ਤੋਂ ਵੱਡਾ ਦਰਿਆ ਹੈ। ਨੀਲ ਦਰਿਆ (6650 ਕਿ. ਮੀ.) ਨੂੰ ਛੱਡ ਕੇ ਇਹ ਸਭ ਤੋਂ ਲੰਬਾ ਵੀ ਹੈ। ਇਸ ਦੇ ਸੋਮੇ ਚਾਂਬੇਜ਼ੀ (ਜ਼ੈਂਬੀਆ) ਤੋਂ ਲੈ ਕੇ ਮੁਹਾਣੇ ਬਨਾਨਾ (ਕਾਂਗੋ) ਤੀਕ ਇਸ ਦੀ ਕੁਲ ਲੰਬਾਈ 4,350 ਕਿ. ਮੀ. (ਕੋਲ. ਐਨ. ਅਨੁਸਾਰ 4,600 ਕਿ. ਮੀ.) ਹੈ। ਇਸਦਾ ਬੇਸਿਨ

ਜਿਹੜਾ 3,457,000 ਵ. ਕਿ. ਮੀ. ਦੇ ਨੇੜੇ ਹੈ, ਲਗਭਗ ਸਾਰੇ ਦਾ ਸਾਰਾ ਬੈਲਜੀਅਨ ਕਾਂਗੋ ਵਿਚ ਹੀ ਸਥਿਤ ਹੈ। ਕਾਂਗੋ ਬੇਸਿਨ 8° 30′ ਉੱਤਰੀ ਅਤੇ 14° 30′ ਦੱਖਣੀ ਵਿਥਕਾਰਾਂ ਅਤੇ 13° ਤੋਂ 34° ਪੂਰਬੀ ਲੰਬਕਾਰਾਂ ਵਿਚਕਾਰ ਮਹਾਂਦੀਪ ਦੀ ਸਭ ਤੋਂ ਵੱਧ ਵਰਖਾ ਵਾਲੀ ਪੱਟੀ ਵਿਚ ਸਥਿਤ ਹੈ। ਇਹੀ ਕਾਰਨ ਹੈ ਕਿ ਇਸ ਦੇ ਸਾਲਾਨਾ ਪਾਣੀ ਦਾ ਵਹਾ (40,000 ਕਿਊ. ਮੀ. ਪ੍ਰਤੀ ਸੈਕਿੰਡ) ਇਸ ਦੇ ਬੇਸਿਨ ਮੁਤਾਬਕ ਬਹੁਤ ਜ਼ਿਆਦਾ ਹੈ ਜਿਹੜਾ ਕਿ ਦੁਨੀਆ ਵਿਚ ਕੇਵਲ ਐਮੇਜ਼ਨ ਦਰਿਆ ਦੇ ਵਹਾ ਤੋਂ ਹੀ ਘੱਟ ਹੈ। ਇਹ ਦਰਿਆ ਆਪਣੇ ਸੋਮੇ ਚਾਂਬੇਜ਼ੀ ਤੋਂ ਅੰਧ ਮਹਾਂਸਾਗਰ (ਸਟੈਨਲੇਪੂਲ) ਤੀਕ ਆਪਣੇ ਮਾਰਗ ਦੇ ਤਿੰਨ ਮੁੱਖ ਖੰਡ—ਉਪਰਲਾ, ਵਿਚਕਾਰਲਾ ਤੇ ਹੇਠਲਾ—ਖੰਡ ਬਣਾਉਂਦਾ ਹੈ।

ਮੁੱਖ ਦਰਿਆ ਕਾਂਗੋ ਅਤੇ ਇਸ ਦੀਆਂ ਸਹਾਇਕ ਨਦੀਆਂ ਦੀ ਵਪਾਰਕ ਸਾਮਾਨ ਦੀ ਢੋਆ-ਢੁਆਈ ਵਿਚ ਬਹੁਤ ਮਹੱਤਤਾ ਹੈ।

**ਕਾਂਗੋ ਦਰਿਆਈ ਸਿਲਸਲਾ**—ਕਾਂਗੋ ਦੇ ਉਪਰਲੇ ਹਿੱਸੇ ਵਿਚ ਉੱਤਰ-ਪੂਰਬੀ ਅੰਗੋਲਾ ਅਤੇ ਕਟਿੰਗਾ ਦੀਆਂ ਪਠਾਰਾਂ ਤੋਂ ਨਦੀਆਂ ਉੱਤਰ ਵਲ ਚਲਦੀਆਂ ਹਨ ਤੇ ਜਿਨ੍ਹਾਂ ਵਿਚ ਲੂਆਲਾਬਾ ਪੂਰਬ ਵਿਚੋਂ ਮਿਲਦੀ ਹੈ। ਇਸ ਨੂੰ ਹੀ ਕਾਂਗੋ ਦਾ ਮੁੱਖ ਦਰਿਆ ਆਖਦੇ ਹਨ। ਇਥੇ ਹੀ ਜ਼ੈਂਬੀਆ ਅਤੇ ਟਾਂਗਾਨੀਕਾ ਦੀਆਂ ਉੱਚੀਆਂ ਪਠਾਰਾਂ ਦੀਆਂ ਨਦੀਆਂ ਪੱਛਮ ਵੱਲੋਂ ਆ ਕੇ ਮਿਲਦੀਆਂ ਹਨ। ਪੂਰਬੀ ਦਰਿਆਵਾਂ ਨੂੰ ਇਸਦਾ ਅਸਲੀ ਵਹਿਣ (ਬੇਸਿਨ) ਮੰਨਿਆ ਜਾਂਦਾ ਹੈ। ਇਸ ਦੀਆਂ ਸਹਾਇਕ ਨਦੀਆਂ ਭੂ-ਮੱਧ ਰੇਖਾ ਦੇ ਦੋਵੇਂ ਪਾਸੇ ਹੋਣ ਕਰਕੇ ਹੇਠਲੇ ਕਾਂਗੋ ਵਿਚ ਸਾਰਾ ਸਾਲ ਹੀ ਪਾਣੀ ਦਾ ਨਿਕਾਸ ਜ਼ਿਆਦਾ ਰਹਿੰਦਾ ਹੈ। ਜੁਲਾਈ ਵਿਚ ਉੱਤਰੀ ਨਦੀਆਂ ਅਤੇ ਜਨਵਰੀ ਵਿਚ ਦੱਖਣੀ ਨਦੀਆਂ ਵਧੇਰੇ ਰਫ਼ਤਾਰ ਨਾਲ ਚਲਦੀਆਂ ਹਨ।

**ਉਪਰਲਾ ਕਾਂਗੋ**—ਉੱਤਰੀ ਰੋਡੇਸ਼ੀਆ (ਜ਼ਿਮਬਾਬਵੇ) ਵਿਚ ਆਪਣੇ ਸੋਮੇ ਤੋਂ ਸਟੈਨਲੇ ਆਬਸ਼ਾਰਾਂ ਵੱਲ ਨੂੰ ਉੱਤਰੀ ਦਿਸ਼ਾ ਵਲ ਚਲਦਾ ਹੈ। ਸੋਮੇ ਦੇ ਦਰਿਆ ਝੀਲ ਬੈਂਗਵਿਊਲੂ ਵਿਚ ਡਿਗਦੇ ਹਨ ਜਿਹੜੀ 4,275 ਵ. ਕਿ. ਮੀ. ਵਿਚ ਫੈਲੀ ਹੋਈ ਹੈ ਅਤੇ ਘੱਟ ਡੂੰਘੀ ਹੈ ਅਤੇ ਸਮੁੰਦਰੀ ਤਲ ਤੋਂ 1,129 ਮੀ. ਉੱਚੀ ਹੈ। ਇਸ ਝੀਲ ਦੇ ਪਾਣੀ ਦਾ ਨਿਕਾਸ ਦਰਿਆ ਲੁਆਪੂਲਾ ਵਿਚ ਹੁੰਦਾ ਹੈ ਜਿਹੜਾ ਉੱਤਰੀ ਰੋਡੇਸ਼ੀਆ ਅਤੇ ਬੈਲਜੀਅਨ ਕਾਂਗੋ ਵਿਚਕਾਰ 480 ਕਿ. ਮੀ. ਲੰਬੀ ਹੱਦ ਬਣਾਉਂਦਾ ਹੈ। ਲੁਆਪੂਲਾ ਦਰਿਆ ਝੀਲ ਮਵੇਰੂ ਵਿਚ ਜਾ ਮਿਲਦਾ ਹੈ ਜਿਥੇ ਇਸ ਵਿਚ ਦਰਿਆ ਲੂਵੂਆ ਆ ਮਿਲਦਾ ਹੈ ਅਤੇ ਇਹ ਮਿਲਕੇ ਉਪਰਲੇ ਕਾਂਗੋ ਦਾ ਮੁੱਖ ਦਰਿਆ ਬਣਾਉਂਦੇ ਹਨ ਪਰ ਭੂ-ਮੱਧ ਰੇਖਾ ਪਾਰ ਕਰਨ ਤੀਕ ਇਸ ਨੂੰ ਲੁਆਪੂਲਾ ਦਰਿਆ ਹੀ ਆਖਦੇ ਹਨ। ਇਸ ਮਾਰਗ ਵਿਚ ਬਹੁਤ ਸਾਰੀਆਂ ਝੀਲਾਂ ਹੋਣ ਕਰਕੇ ਦਰਿਆ ਜਹਾਜ਼ਰਾਨੀ ਦੇ ਕਾਬਲ ਨਹੀਂ ਹੈ। ਇਨ੍ਹਾਂ ਝਾਲਾਂ ਤੋਂ ਹੇਠਾਂ ਕਿੰਡੂ ਤੋਂ ਪੌਨਟਾਇਵਿਲ ਤੀਕ 320 ਕਿ. ਮੀ. ਵਿਚ ਜਹਾਜ਼ਰਾਨੀ ਹੁੰਦੀ ਹੈ। ਇਸ ਤੋਂ ਪਿਛੋਂ ਸੱਤ ਝਾਲਾਂ ਆਉਂਦੀਆਂ ਹਨ ਤੇ ਜਿਨ੍ਹਾਂ ਵਿਚੋਂ ਸਟੈਨਲੇ ਆਬਸ਼ਾਰ ਸਭ ਤੋਂ ਵੱਡੀ ਹੈ ਜੋ ਸਮੁੰਦਰ ਤੱਟ ਤੋਂ 463 ਮੀ. ਉੱਚੀ ਹੈ। ਇਸ ਦੇ ਆਬਸ਼ਾਰ ਦੇ ਬਿਲਕੁਲ ਹੇਠਾਂ ਸਟੈਨਲੇਵਿਲ ਹੈ।

**ਵਿਚਕਾਰਲਾ ਕਾਂਗੋ**—ਸਟੈਨਲੇ ਫਾਲਜ਼ ਤੋਂ ਸਟੈਨਲੇਪੂਲ ਤੀਕ 1719 ਕਿ. ਮੀ. ਦੇ ਲਗਭਗ ਆਮ ਕਰਕੇ ਪੱਛਮ ਦੀ ਦਿਸ਼ਾ ਵਿਚ ਚਲਦਾ ਹੈ। ਇਸ ਮਾਰਗ ਦੇ ਇਸ ਹਿੱਸੇ ਵਿਚ ਢਲਾਣ ਬਹੁਤ ਘੱਟ ਹੋਣ ਕਰਕੇ ਜਹਾਜ਼ਰਾਨੀ ਦਾ ਕੰਮ ਕਾਫ਼ੀ ਹੁੰਦਾ ਹੈ। ਇਸ ਹਿੱਸੇ ਵਿਚ ਕਾਂਗੋ ਦੇ ਚਾਰ ਮੁੱਖ ਸਹਾਇਕ ਦਰਿਆ ਆ ਕੇ ਮਿਲਦੇ ਹਨ। ਲੋਮਾਮੀ, ਜਿਹੜਾ ਉੱਤਰ ਵਲ ਹੀ ਕਾਂਗੋ ਦੇ ਸਮਾਨਾਂਤਰ ਹੀ ਚਲਦਾ ਹੈ, ਸਟੈਨਲੇਵਿਲ ਤੋਂ 129 ਕਿ. ਮੀ. ਹੇਠਾਂ ਇਸਦੇ ਦੱਖਣੀ ਕੰਢੇ ਤੇ ਇਸ ਵਿਚ ਆ ਡਿਗਦਾ ਹੈ। ਇਤੁਰੀ, ਜਿਸ ਨੂੰ ਇਸ ਦੇ ਉਤਲੇ ਹਿੱਸੇ ਵਿਚ ਆਰੂਵੇਮੀਅ ਆਖਦੇ ਹਨ, ਪੱਛਮ ਵੱਲ ਵਗਦਾ ਹੈ ਅਤੇ ਉੱਤਰ ਵਲੋਂ ਲੁਮਾਮੀ ਦੇ ਮੁਹਾਣੇ ਦੇ ਨੇੜੇ ਕਾਂਗੋ ਵਿਚ ਆ ਡਿਗਦਾ ਹੈ। ਇਹ ਦਰਿਆ ਝੀਲ ਐਲਬਰਟ ਦੇ ਪੱਛਮ ਵਲ ਵਧੇ ਘਣੇ ਜੰਗਲਾਂ ਵਿਚੋਂ ਦੀ ਵਗਦਾ ਹੈ ਅਤੇ ਇਸਦੇ ਕੰਢਿਆਂ ਤੇ ਦੁਨੀਆ ਦੇ ਸਭ ਤੋਂ ਛੋਟੇ ਕੱਦ ਦੇ ਨੇਗ੍ਰੀਟਸ ਨਾਂ ਦੇ ਲੋਕ ਰਹਿੰਦੇ ਹਨ। ਉਬੰਗੀ ਜਿਹੜਾ ਇਸਦੇ ਸਾਰੇ ਸਹਾਇਕ ਦਰਿਆਵਾਂ ਤੋਂ ਵੱਡਾ ਹੈ, ਬੋਗਮੂ ਤੇ ਉਲੇਲ ਦਰਿਆਵਾਂ ਦੇ ਸੰਗਮ ਨਾਲ ਬਣਦਾ ਹੈ। ਭੂ-ਮੱਧ ਰੇਖਾ ਦੇ ਦੱਖਣ ਵਿਚ ਥੋੜ੍ਹੇ ਫਾਸਲੇ ਤੇ ਹੀ ਇਸ ਵਿਚ ਮਿਲ ਜਾਂਦਾ ਹੈ। ਇਸ ਸੰਗਮ ਤੋਂ ਲੈ ਕੇ ਕੇ ਲਿਓਪੋਲਡਵਿਲ ਤੋਂ ਹੇਠਾਂ ਤੀਕ ਦਰਿਆ ਕਾਂਗੋ ਬੈਲਜੀਅਨ ਕਾਂਗੋ ਅਤੇ ਗਣਤੰਤਰ ਕਾਂਗੋ ਨੂੰ ਵੱਖ-ਵੱਖ ਕਰਦਾ ਹੈ। ਇਸ ਮਾਰਗ ਦੇ ਅੱਧ ਵਿਚ ਕਾਸਾਈ ਦਰਿਆ ਕਾਂਗੋ ਵਿਚ ਆ ਡਿਗਦਾ ਹੈ। ਕਾਂਗੋ ਦੇ ਵਿਚਕਾਰਲੇ ਮਾਰਗ ਅੰਦਰ ਕੁਕੁਇਲਹੈਟਵਿਲ ਨਾਂ ਦਾ ਮੁੱਖ ਸ਼ਹਿਰ ਰੁਕੀ ਸੰਗਮ ਤੇ ਵਸਿਆ ਹੋਇਆ ਹੈ। ਸਟੈਨਲੇਪੂਲ ਉੱਤੇ ਲਿਓਪੋਲਡੇਵਿਲ (ਬੈਲਜੀਅਨ ਕਾਂਗੋ) ਅਤੇ ਬ੍ਰੈਜ਼ਵਿਲ (ਗਣਤੰਤਰ ਕਾਂਗੋ) ਦੋ ਹੋਰ ਵੱਡੇ ਸ਼ਹਿਰ ਹਨ।

**ਹੇਠਲਾ ਕਾਂਗੋ**—ਸਟੈਨਲੇਪੂਲ ਤੋਂ ਅੰਧ ਮਹਾਂਸਾਗਰ ਤਕ 435 ਕਿ. ਮੀ. (270 ਮੀਲ) ਕਾਂਗੋ ਦਾ ਹੇਠਲਾ ਮਾਰਗ ਹੈ। ਇਥੇ ਸ਼ਕਤੀਸ਼ਾਲੀ ਆਬਸ਼ਾਰ ਦੀ ਇਕ ਹੋਰ ਲੜੀ ਕਾਂਗੋ ਦਰਿਆ ਦੇ ਜਹਾਜ਼ਰਾਨੀ ਵਾਲੇ ਹਿੱਸੇ ਨੂੰ ਸਮੁੰਦਰ ਤੋਂ ਵੱਖ ਕਰਦੀ ਹੈ। ਯੈਲਿਕ ਆਬਸ਼ਾਰ ਜਿਹੜੀ ਸਭ ਤੋਂ ਅਖੀਰ ਵਿਚ ਹੈ, ਸਮੁੰਦਰ ਤੋਂ 153 ਕਿ. ਮੀ. ਹੀ ਦੂਰ ਰਹਿ ਜਾਂਦੀ ਹੈ। ਇਸ ਮਾਰਗ ਵਿਚ ਇਸ ਦੇ ਉੱਤਰੀ ਕੰਢੇ ਤੇ ਮੁੱਖ ਬੰਦਰਗਾਹ ਬੋਮਾ ਸਥਿਤ ਹੈ।

**ਹੋਰ ਸ਼ਾਖਾਵਾਂ**—ਖੱਬੇ ਕੰਢੇ ਤੇ ਕਾਂਗੋ ਦੀਆਂ ਮੁੱਖ ਸਹਾਇਕ ਨਦੀਆਂ ਲੋਮਾਮੀ, ਲੁਲੋਂਗਾ, ਇਕਲੈਂਬਾ, ਰੁਕੀ ਅਤੇ ਕਾਸਾਈ (ਕਵਾ) ਹਨ। ਸੱਜੇ ਕੰਢੇ ਤੇ ਮੁੱਖ ਸਹਾਇਕ ਨਦੀਆਂ ਆਰੂਵੇਮੀਅ, ਇਤਿੰਬਰੀ, ਮੰਗੋਲਾ, ਉਬੰਗੀ ਅਤੇ ਸਾਂਗਾ ਹਨ। ਕਾਂਗੋ ਅਤੇ ਇਸ ਦੇ ਸਹਾਇਕ ਦਰਿਆ 17,700 ਕਿ. ਮੀ. ਦੇ ਲਗਭਗ ਜਲਮਾਰਗ ਪ੍ਰਦਾਨ ਕਰਦੇ ਹਨ। ਇਸ ਦਰਿਆ ਵਿਚ ਕਈ ਛੋਟੀਆਂ ਬੰਦਰਗਾਹਾਂ ਵੀ ਮੌਜੂਦ ਹਨ ਜਿਹੜੀਆਂ ਸੜਕਾਂ ਦੁਆਰਾ ਵੱਡਿਆਂ-ਵੱਡਿਆਂ ਸ਼ਹਿਰਾਂ ਨਾਲ ਜੁੜੀਆਂ ਹੋਈਆਂ ਹਨ।

ਕਾਂਗੋ ਦਰਿਆ 1,980 ਤੋਂ 990 ਮੀ. (6,500 ਤੋਂ 3,250 ਫੁੱਟ) ਦੀ ਉਚਾਈ ਦੇ ਖੇਤਰ ਵਿਚੋਂ ਨਿਕਲਦਾ ਹੈ। ਲੁਆਲਬਾ ਅਤੇ ਲੂਵੂਆ ਦਰਿਆ ਦੇ ਸੰਗਮ ਤੋਂ ਕਿੰਡੂ ਤੀਕ ਕਾਂਗੋ 990 ਤੋਂ 495 ਮੀ. (3,250 ਤੋਂ 1,625 ਫੁੱਟ) ਦੀ ਉਚਾਈ ਵਾਲੇ ਖੇਤਰ ਨੂੰ ਪਾਰ ਕਰਦਾ ਹੈ। ਹੇਠਲੇ ਕਾਂਗੋ ਦੀ ਉਚਾਈ ਕੇਵਲ 200 ਮੀ. ਰਹਿ ਜਾਂਦੀ ਹੈ। ਲੂਵੂਆ-ਲੁਆਲਬਾ ਦੇ ਸੰਗਮ ਤੋਂ ਹੇਠਾਂ ਕਾਂਗੋ ਘਾਟੀ ਵਿਚ 130 ਤੋਂ 195 ਸੈਂ. ਮੀ. ਦੇ ਲਗਭਗ ਵਰਖਾ ਹੁੰਦੀ ਹੈ। ਕਾਸਾਈ ਦੇ ਮੁਹਾਣੇ ਉਤੇ ਸਭ ਤੋਂ ਜ਼ਿਆਦਾ ਸਾਲਾਨਾ ਵਰਖਾ ਹੁੰਦੀ ਹੈ ਜਿਹੜੀ 155 ਤੋਂ 195 ਸੈਂ. ਮੀ. ਦੇ ਲਗਭਗ ਹੈ।

**ਇਤਿਹਾਸ**—ਸੰਨ 1486 ਵਿਚ ਬਾਰਥੋਲੋਮਿਊ ਡਿਆਜ਼ ਨਾਮੀ ਪੁਰਤਗਾਲੀ ਮਲਾਹ ਨੇ ਕਾਂਗੋ ਦਾ ਮੁਹਾਣਾ ਲੱਭਿਆ ਅਤੇ ਮਾਤਾਦੀ ਬੰਦਰਗਾਹ ਤੀਕ ਇਸ ਦੀ ਖੋਜ ਕੀਤੀ। ਪਰ ਪੁਰਤਗਾਲੀ ਇਸ ਦੇ ਮੁਹਾਣੇ ਤੇ ਸੀਮਤ ਰਹੇ। ਸੰਨ 1798 ਵਿਚ ਲਾਸਰਡਾ ਇਕ ਹੋਰ ਪੁਰਤਗਾਲੀ ਨੇ ਕਟੰਗਾ ਦੇ ਤਾਂਬੇ ਦਾ ਖੇਤਰ ਲੱਭਿਆ। ਉੱਨੀਵੀਂ ਸਦੀ ਦੇ ਅੱਧ ਵਿਚ ਇਥੇ ਅਰਬ ਲੋਕ ਵੀ ਆ ਗਏ ਤੇ ਜਿਨ੍ਹਾਂ ਆਪਣਾ ਅਸਰ ਪੂਰਬੀ ਬੇਸਿਨ ਤੀਕ ਪਹੁੰਚਾ ਦਿੱਤਾ ਤੇ ਗੁਲਾਮਾਂ ਅਤੇ ਹਾਥੀ ਦੰਦ ਦਾ ਵਪਾਰ ਕੀਤਾ। ਸੰਨ 1867-73 ਵਿਚਕਾਰ ਡਾਕਟਰ ਡੇਵਿਡ ਲਿਵਿੰਗਸਟੋਨ ਨੇ ਲੁਆਲਬਾ ਤੇ ਲੂਵੂਆ ਦਰਿਆ ਲੱਭੇ ਤੇ ਇਨ੍ਹਾਂ ਨੂੰ ਨੀਲ ਦਰਿਆ ਦੇ ਸਹਾਇਕ ਦਰਿਆ ਦੱਸਿਆ। ਬੈਲਜੀਅਮ ਦੇ ਬਾਦਸ਼ਾਹ ਲੀਓਪੋਲਡ ਦੂਜੇ ਦੀ ਪ੍ਰੇਰਨਾ ਤੇ ਇਹ 1879 ਈ. ਵਿਚ ਕਾਂਗੋ

ਵਾਪਸ ਆ ਗਿਆ ਅਤੇ ਪੰਜ ਸਾਲ ਦੇ ਸਮੇਂ ਦੌਰਾਨ ਇਸਨੇ ਕਾਂਗੋ ਅਤੇ ਇਸ ਦੀਆਂ ਸਹਾਇਕ ਨਦੀਆਂ ਉਪਰ 22 ਅੱਡੇ ਸਥਾਪਿਤ ਕੀਤੇ ਅਤੇ ਉਪਰਲੇ ਹਿੱਸੇ ਵਿਚ ਚਾਰ ਸਟੀਮਰ ਚਾਲੂ ਕੀਤੇ ਅਤੇ ਸਟੈਨਲੇ ਆਬਸ਼ਾਰਾਂ ਦੇ ਦੁਆਲੇ ਇਕ ਸੜਕ ਬਣਵਾਈ ।

ਹ. ਪੁ.—ਐਨ. ਬ੍ਰਿ. 6 : 318; ਕੋਲ. ਐਨ. 5 : 444

**ਕਾਗੋਸ਼ੀਮਾ : ਪ੍ਰੀਫੈਕਚਰ**—ਕਯੂਸ਼ੂ ਟਾਪੂ ਦੇ ਦੱਖਣ ਵਿਚ ਇਹ ਇਕ ਜਾਪਾਨੀ ਪ੍ਰੀਫੈਕਚਰ ਹੈ ਜਿਸ ਵਿਚ ਆਸਾਮੀ ਦੀਪ ਸਮੂਹ ਟਾਨੇਗਾਸ਼ੀਮਾ, ਯਾਕੂਸ਼ੀਮਾ ਅਤੇ ਹੋਰ ਦੂਰ ਦੇ ਟਾਪੂ ਸ਼ਾਮਲ ਹਨ । ਇਸ ਦਾ ਕੁੱਲ ਰਕਬਾ 9,163 ਵ. ਕਿ. ਮੀ. ਅਤੇ ਵਸੋਂ 1,804,000 (1983) ਹੈ । ਇਹ ਜਾਪਾਨ ਦੀ ਮੁੱਖ ਖੇਤੀਬਾੜੀ ਵਾਲੀ ਪ੍ਰੀਫੈਕਚਰ ਹੈ ਜਿਥੇ ਖੁਸ਼ਕ ਅਨਾਜ ਅਤੇ ਸ਼ਕਰਕੰਦੀ ਦੀ ਕਾਸ਼ਤ ਹੁੰਦੀ ਹੈ । ਉਗੱੜ-ਦੁੱਗੜੀ ਧਰਾਤਲ, ਜਵਾਲਾ ਮੁਖੀ ਸੁਆਹ ਵਾਲੀ ਮਿੱਟੀ ਅਤੇ ਮੰਡੀਆਂ ਤੋਂ ਦੂਰੀ ਇਸ ਪ੍ਰੀਫੈਕਚਰ ਦੇ ਪਿਛਾਂਹ ਖਿੱਚੂ ਲੱਛਣ ਹਨ । ਜੰਗਲਾਤ ਅਤੇ ਤੱਟਾਂ ਦੇ ਨਾਲ ਨਾਲ ਮੱਛੀਆਂ ਫੜਨ ਦਾ ਕੰਮ ਵੀ ਮਹੱਤਵ ਪੂਰਨ ਹੈ । ਉਦਯੋਗ ਸਿਰਫ਼ ਖਾਣ-ਪੀਣ ਵਾਲੀਆਂ ਵਸਤਾਂ ਪ੍ਰੋਸੈੱਸ ਕਰਨ, ਲੱਕੜੀ ਦੇ ਕੰਮ ਅਤੇ ਘਰੇਲੂ ਦਸਤਕਾਰੀਆਂ ਤਕ ਹੀ ਸੀਮਤ ਹੈ । ਜਵਾਲਾਮੁਖੀ ਚੋਟੀਆਂ ਮਾਊਂਟ ਸਾਕੂਰਾਜੀਮਾ ਅਤੇ ਮਾਊਂਟ ਕਰੀਸ਼ੀਮਾ ਸੈਲਾਨੀਆਂ ਲਈ ਬਹੁਤ ਖਿਚ ਰੱਖਦੀਆਂ ਹਨ ।

ਹ. ਪੁ.—ਐਨ. ਬ੍ਰਿ. ਮਾ. 13 : 186

**ਕਾਗੋਸ਼ੀਮਾ** : ਸ਼ਹਿਰ—ਜਾਪਾਨ ਵਿਚ ਕਯੂਸ਼ੂ ਟਾਪੂ ਦੇ ਇਸੇ ਨਾਂ ਦੇ ਪ੍ਰੀਫੈਕਚਰ ਦੀ ਰਾਜਧਾਨੀ ਅਤੇ ਸਭ ਤੋਂ ਵੱਡਾ ਸ਼ਹਿਰ ਹੈ ਜੋ ਕਾਗੋਸ਼ੀਮਾ ਖਾੜੀ ਦੇ ਪੱਛਮੀ ਤੱਟ ਤੇ ਵਾਕਿਆ ਹੈ । ਇਸ ਸ਼ਹਿਰ ਦੀ ਸਭ ਤੋਂ ਜ਼ਿਆਦਾ ਪ੍ਰਸਿੱਧੀ ਸ਼ਕਤੀਸ਼ਾਲੀ ਸਿਮਾਜ਼ੂ ਨਾਂ ਦੇ ਕਬੀਲੇ ਦੀ ਜਾਗੀਰਦਾਰੀ ਸਮੇਂ ਕਿਲ੍ਹੇ ਬੰਦ ਸ਼ਹਿਰ ਦੇ ਤੌਰ ਤੇ ਹੋਈ ਸੀ । ਇਹ ਸਾਈਗੋ ਟਾਕਾਮੋਰੀ ਅਤੇ ਓਕੂਬੋ ਤੋਸ਼ੀਮੀਕੀ ਵਰਗੇ ਉੱਘੇ ਆਗੂਆਂ ਦਾ ਜਨਮ ਸਥਾਨ ਵੀ ਹੈ । ਇਹ ਇਸ ਇਲਾਕੇ ਦਾ ਕਿਸਾਨਾਂ ਅਤੇ ਮਛੇਰਿਆਂ ਲਈ ਪ੍ਰਬੰਧਕੀ ਅਤੇ ਸੱਨਅਤੀ ਕੇਂਦਰ ਹੈ । ਕਾਗੋਸ਼ੀਮਾ ਦੀ ਬੰਦਰਗਾਹ ਤੋਂ ਦੂਰ ਦੇ ਟਾਪੂਆਂ ਟਾਨੇਮਾਸ਼ੀਆ ਤੇ ਯਾਕੂਸ਼ੀਮਾ ਆਦਿ ਨੂੰ ਸਟੀਮਰ ਤੇ ਛੋਟੀਆਂ ਕਿਸ਼ਤੀਆਂ ਚਲਦੀਆਂ ਹਨ ।

ਆਬਾਦੀ—520,998 (1983)

31° 35′ ਉ. ਵਿਥ.; 130° 30′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 186

**ਕਾਂਚਰਾਪਾਰਾ** : ਭਾਰਤ ਦੇ ਪੱਛਮੀ ਬੰਗਾਲ ਰਾਜ ਵਿਚ, ਜਲਪਾਈਗੁੜੀ ਮੰਡਲ ਦੇ ਚੌਬੀਸ ਪਰਗਨਾ ਜ਼ਿਲ੍ਹੇ ਦਾ ਇਹ ਇਕ ਸ਼ਹਿਰ ਹੈ ਜੋ ਹੁਗਲੀ ਦਰਿਆ ਦੇ ਬਿਲਕੁਲ ਪੂਰਬ ਵਿਚ ਸਥਿਤ ਹੈ । ਇਹ ਸ਼ਹਿਰ ਹਾਲੀਸਹਰ ਮਿਊਂਸਪਲ ਕਮੇਟੀ ਵਿਚ ਪੈਂਦਾ ਹੈ ਅਤੇ ਇਹ ਭਾਰਤ ਦੀਆਂ ਸਭ ਤੋਂ ਵੱਡੀਆਂ ਰੇਲਵੇ ਵਰਕਸ਼ਾਪਾਂ ਵਿਚੋਂ ਇਕ ਹੈ । ਪਟਸਨ ਇਥੋਂ ਦਾ ਮੁੱਖ ਉਦਯੋਗ ਹੈ । ਇਥੇ ਕ੍ਰਿਸ਼ਨ ਭਗਵਾਨ ਦਾ ਇਕ ਮੰਦਰ ਹੈ ਅਤੇ ਇਥੇ ਹਰ ਸਾਲ ਇਕ ਭਾਰੀ ਧਾਰਮਿਕ ਮੇਲਾ ਲੱਗਦਾ ਹੈ । ਸ਼ਹਿਰ ਦੇ ਬਿਲਕੁਲ ਉੱਤਰ ਵਿਚ ਕਲਿਆਨੀ ਨਾਂ ਦਾ ਇਕ ਯੋਜਨਾ-ਬੱਧ ਆਧੁਨਿਕ ਸ਼ਹਿਰ ਹੈ ਜਿਥੇ ਇਕ ਯੂਨੀਵਰਸਿਟੀ (1960) ਅਤੇ ਟੀ. ਬੀ. ਹਸਪਤਾਲ ਹੈ ।

ਆਬਾਦੀ—79,019(1971)

22° 56′ ਉ. ਵਿਥ.; 88° 27′ ਪੂ. ਲੰ.

ਹ. ਪੁ.—ਐਨ. ਬ੍ਰਿ. ਮਾ. 5 : 684.

**ਕਾਚਿਨ** : ਬਰਮਾ ਸੰਘ ਦੀ ਉੱਤਰੀ ਸਿਰੇ ਦੀ ਇਹ ਇਕ ਸਟੇਟ ਹੈ । ਇਸ ਦਾ ਕੁਲ ਰਕਬਾ 89,041 ਵ. ਕਿ. ਮੀ. ਅਤੇ ਆਬਾਦੀ 735,000 (1973) ਹੈ । ਸਾਰੀ ਸਟੇਟ ਜੰਗਲਾਂ ਨਾਲ ਭਰੀ ਹੋਈ ਹੈ । ਇਸ ਦੇ ਉੱਤਰ ਤੇ ਪੱਛਮ ਵਿਚ ਭਾਰਤ, ਉੱਤਰ ਅਤੇ ਪੂਰਬ ਵਿਚ ਤਿੱਬਤ ਤੇ ਚੀਨ ਲਗਦਾ ਹੈ । ਸੰਨ 1947 ਵਿਚ ਇਹ ਸਟੇਟ ਬਣਾਈ ਗਈ ਸੀ । ਇਸ ਵਿਚ ਮੱਧ ਕੁਮੌਨ ਰੇਂਜ ਸ਼ਾਮਲ ਹੈ ਅਤੇ ਇਰਾਵਦੀ ਦੀਆਂ ਸਹਾਇਕ ਨਦੀਆਂ ਮਾਲੀ ਤੇ ਨਾਮਾਈ ਇਸ ਦਾ ਜਲ-ਨਿਕਾਸ ਕਰਦੀਆਂ ਹਨ । ਬਰ੍ਹਮਾ ਦੀ ਸਭ ਤੋਂ ਵੱਡੀ ਝੀਲ ਇਨਡਾਜੀ ਇਸ ਦੇ ਦੱਖਣ-ਪੱਛਮ ਵਿਚ ਵਾਕਿਆ ਹੈ । ਪਹਾੜੀ ਇਲਾਕਿਆਂ ਵਿਚ ਕਾਚਿਨ ਅਤੇ ਦੱਖਣੀ ਘਾਟੀਆਂ ਵਿਚ ਸ਼ਾਨ ਅਤੇ ਬਰ੍ਹਮੀ ਲੋਕ ਵਸਦੇ ਹਨ । ਚਾਉਲ, ਸਬਜ਼ੀਆਂ, ਤੰਬਾਕੂ, ਗੰਨਾ ਅਤੇ ਕਪਾਹ ਇਥੋਂ ਦੀਆਂ ਮੁੱਖ ਫ਼ਸਲਾਂ ਹਨ ।

ਪੱਛਮ ਵਿਚ ਐਂਬਰ ਤੇ ਹੀਰੇ ਦੀਆਂ ਖਾਣਾਂ ਹਨ ਜਿਨ੍ਹਾਂ ਵਿਚ ਸਦੀਆਂ ਤੋਂ ਕੰਮ ਹੋ ਰਿਹਾ ਹੈ । ਚੀਨੀ ਲੋਕ ਇਨ੍ਹਾਂ ਹੀਰਿਆਂ ਦੀ ਬਹੁਤ ਕੀਮਤ ਪਾਉਂਦੇ ਹਨ । 18ਵੀਂ ਸਦੀ ਤੋਂ ਚੀਨੀ ਸਰਕਾਰਾਂ ਲਗਾਤਾਰ ਕਾਚਿਨ ਇਲਾਕੇ ਤੇ ਆਪਣਾ ਹੱਕ ਸਮਝਦੀਆਂ ਹਨ ।

ਮੀਚੀਨਾ ਰਾਜਧਾਨੀ ਭਾਮੋ, ਮੋਗਾਂਗ, ਪੂਟਾਓ ਅਤੇ ਕਾਥਾ ਆਬਾਦੀ ਦੇ ਮੁੱਖ ਕੇਂਦਰ ਹਨ । ਆਬਾਦੀ ਦਾ ਪ੍ਰਬੰਧ ਵਧੀਆ ਹੈ । ਦਰਿਆਵਾਂ ਰਾਹੀਂ ਵੀ ਬਹੁਤ ਸਾਰਾ ਸਫ਼ਰ ਹੁੰਦਾ ਹੈ ।

ਹ. ਪੁ.—ਐਨ. ਬ੍ਰਿ. ਮਾ. 5 : 653

**ਕਾਚੀਨ** : ਇਹ ਸ਼ਬਦ (ਜਿਹੜਾ ਕਿ ਬਰ੍ਹਮੀ ਬੋਲੀ ਵਿਚ 'ਖੱਟੇ' ਅਤੇ 'ਕੌੜੇ' ਸ਼ਬਦਾਂ ਤੋਂ ਬਣਿਆ ਹੈ) ਭਾਰਤ ਅਤੇ ਚੀਨ ਦੇ ਨਾਲ ਲਗਦੇ ਉੱਤਰ-ਪੂਰਬੀ ਬਰ੍ਹਮਾ ਦੇ ਇਲਾਕੇ ਵਿਚ ਰਹਿੰਦੇ ਕਬੀਲਿਆਂ ਦੇ ਇਕ ਗਰੁਪ ਲਈ ਵਰਤਿਆ ਜਾਂਦਾ ਹੈ । ਇਸ ਵਿਚ ਜਿੰਗਫੋ, ਐਤਜ਼ੀ, ਮਾਰੂ, ਲਾਸ਼ੀ, ਨੁੰਗ ਅਤੇ ਲਿਸੂ ਸ਼ਾਮਲ ਹਨ । ਭਾਵੇਂ ਇਨ੍ਹਾਂ ਵਿਚੋਂ ਹਰ ਕਬੀਲੇ ਦੀ ਆਪਣੀ ਭਾਸ਼ਾ, ਕਾਨੂੰਨ ਅਤੇ ਧਰਮ ਹਨ ਪਰ ਇਨ੍ਹਾਂ ਵਿਚ ਸਥਾਨ ਦੇ ਪੱਖੋਂ, ਵਿਆਹ-ਸ਼ਾਦੀਆਂ ਅਤੇ ਰਸਮਾਂ-ਰਿਵਾਜਾਂ ਦੇ ਪੱਖੋਂ ਬੜਾ ਰਲਗੱਡ ਰਿਹਾ ਹੈ ।

ਰਾਜਨੀਤਿਕ ਸੱਤਾ ਦੇ ਢੰਗ ਵਿਚ ਬੜਾ ਅੰਤਰ ਹੈ । ਕਈ ਖੇਤਰਾਂ ਵਿਚ ਕੁਲੀਨ-ਤੰਤਰ ਪ੍ਰਚਲਤ ਹੈ, ਜਿਥੇ ਪੁਸ਼ਤ ਦਰ-ਪੁਸ਼ਤ ਸਰਦਾਰ ਆਪਣੇ ਉਤੇ ਨਿਰਭਰ ਲੋਕਾਂ ਤੋਂ ਉਗਰਾਹੀ ਪ੍ਰਾਪਤ ਕਰਦੇ ਹਨ । ਹੋਰ ਥਾਵਾਂ ਉਤੇ ਗਣਤੰਤਰਾਤਮਕ ਪ੍ਰਬੰਧ ਜਾਰੀ ਹੈ, ਜਿਥੇ ਹਰ ਪਿੰਡ ਇਕ ਮੁਖੀ ਦੇ ਅਧੀਨ ਹੁੰਦਾ ਹੈ, ਜਿਹੜਾ ਆਮ ਕਰਕੇ ਵੋਟਾਂ ਰਾਹੀਂ ਚੁਣਿਆ ਜਾਂਦਾ ਹੈ ਪਰ ਅੱਜਕੱਲ੍ਹ ਜੱਦੀ ਹੀ ਹੁੰਦਾ ਹੈ । ਉਹ ਕੋਈ ਉਗਰਾਹੀ ਨਹੀਂ ਕਰਦਾ । ਕਾਚੀਨ ਕਬੀਲਿਆਂ ਦੇ ਲੋਕ ਬਹੁਤ ਉੱਘੇ ਲੜਾਕੇ ਹਨ । ਰਵਾਇਤ ਅਨੁਸਾਰ ਇਹ ਭਾੜੇ ਦੇ ਸਿਪਾਹੀਆਂ ਵਜੋਂ ਕੰਮ ਕਰਦੇ ਹਨ ਅਤੇ ਬਰ੍ਹਮਾ ਦੀ ਫ਼ੌਜ ਵਿਚ ਇਨ੍ਹਾਂ ਦੀ ਬਹੁਤ ਜ਼ਿਆਦਾ ਗਿਣਤੀ ਹੈ ।

ਹ. ਪੁ.—ਐਨ. ਬ੍ਰਿ. 13 : 182

**ਕਾਂਚੀਪੁਰਮ** : ਵੇਖੋ, ਕਾਂਜੀਵਰਮ

**ਕਾਜ਼ਵੀਨ** : ਈਰਾਨ ਦਾ ਇਹ ਇਕ ਸ਼ਹਿਰ ਹੈ ਜੋ ਤਹਿਰਾਨ ਪ੍ਰਾਂਤ ਵਿਚ ਐਲਬੁਰਜ਼ ਪਹਾੜਾਂ ਦੀ ਦੱਖਣੀ ਤਲਹੱਟੀ ਵਿਚ ਇਕ ਵੱਡੇ ਤੇ ਉਪਜਾਊ ਮੈਦਾਨ ਵਿਚ ਸਥਿਤ ਹੈ । ਇਹ ਸੜਕ ਤੇ ਰੇਲ ਦੁਆਰਾ ਤਹਿਰਾਨ ਅਤੇ ਤਬਰੇਜ਼ ਨਾਲ ਅਤੇ ਸੜਕ ਦੁਆਰਾ ਕੈਸਪੀਅਨ ਸਾਗਰ ਅਤੇ ਹਾਮਾਦਾਨ ਨਾਲ ਜੁੜਿਆ ਹੋਇਆ ਹੈ । ਇਸ ਸ਼ਹਿਰ ਦੀ ਨੀਂਹ ਚੌਥੀ ਸਦੀ ਈਸਵੀ ਤੋਂ ਪਹਿਲਾਂ ਰੱਖੀ ਗਈ ਸੀ । ਸ਼ੁਰੂ ਦੇ ਮੁਸਲਮਾਨੀ ਰਾਜ-ਕਾਲ ਦੌਰਾਨ ਇਸ ਸ਼ਹਿਰ ਨੇ ਬਹੁਤ ਉੱਨਤੀ ਕੀਤੀ । ਭਾਵੇਂ ਤੇਰ੍ਹਵੀਂ ਸਦੀ ਵਿਚ ਮੁਗ਼ਲਾਂ ਦੇ ਹੱਲੇ ਕਾਰਨ ਇਹ ਸ਼ਹਿਰ ਬਰਬਾਦ ਹੋ ਗਿਆ ਸੀ ਪਰ ਸਫ਼ਾਵੀਆਂ ਅਧੀਨ ਇਹ ਮੁੜ ਆਬਾਦ ਹੋ ਗਿਆ । ਸ਼ਾਹ ਤਾਮਸਪ ਪਹਿਲੇ (1524-76 ਈ.) ਨੇ ਇਸ ਨੂੰ, ਆਪਣੀ ਰਾਜਧਾਨੀ ਬਣਾ ਲਿਆ । ਸ਼ਾਹ ਅਬਾਸ ਪਹਿਲੇ ਨੇ (1588-1629 ਈ.) ਇਸ ਸ਼ਹਿਰ ਵਿਚ ਹੋਰ ਕਈ ਇਮਾਰਤਾਂ ਬਣਾਈਆਂ ਪਰ ਰਾਜਧਾਨੀ ਇਸਫ਼ਹਾਨ ਵਿਚ ਬਦਲ ਦਿੱਤੀ ਗਈ ।

ਇਹ ਕੱਚੇ ਰੇਸ਼ਮ, ਚੌਲ ਅਤੇ ਮੱਛੀ ਦਾ ਪ੍ਰਸਿੱਧ ਕੇਂਦਰ ਹੈ। ਇਨ੍ਹਾਂ ਤੋਂ ਇਲਾਵਾ ਇਥੇ ਗ਼ਲੀਚੇ ਤਿਆਰ ਕੀਤੇ ਜਾਂਦੇ ਹਨ।

ਆਬਾਦੀ—138,978 (1977)

36° 16′ ਉ. ਵਿਥ.; 50° 00′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 262 ; ਐਨ. ਬ੍ਰਿ. ਮਾ. 5 : 741

**ਕਾਜ਼ੀ :** ਇਹ ਇਸਲਾਮੀ ਰਾਜਾਂ ਵਿਚ ਨਿਆਂ ਵਿਭਾਗ ਦਾ ਮੁੱਖ ਅਧਿਕਾਰੀ ਹੁੰਦਾ ਹੈ। ਆਰੰਭ ਵਿਚ ਨਿਆਂ ਵਿਭਾਗ ਦੀ ਦੇਖ ਰੇਖ ਖਲੀਫ਼ੇ ਦੇ ਅਧੀਨ ਹੁੰਦੀ ਸੀ ਜੋ ਪੂਰੇ ਇਸਲਾਮੀ ਰਾਜ ਦਾ ਹਾਕਮ ਹੁੰਦਾ ਸੀ। ਦੂਸਰੇ ਖਲੀਫ਼ਾ ਹਜ਼ਰਤ ਉਮਰ (634-644 ਈ.) ਨੇ ਕਈ ਲੋਕਾਂ ਨੂੰ ਕਾਜ਼ੀ ਨਿਯੁਕਤ ਕੀਤਾ ਕਿਉਂਕਿ ਰਾਜ ਦੇ ਪਸਾਰ ਕਾਰਨ ਉਸ ਵਲੋਂ ਨਿਆਂ ਵਿਭਾਗ ਵੀ ਨਾਲ-ਨਾਲ ਸੰਭਾਲਣਾ ਔਖਾ ਹੋ ਗਿਆ ਸੀ। ਅਬੂ ਮੂਸਾ ਦੀ ਕੂਫ਼ੇ ਦੀ ਕਾਜ਼ੀ ਵਜੋਂ ਨਿਯੁਕਤੀ ਸਮੇਂ ਹਜ਼ਰਤ ਉਮਰ ਨੇ ਇਕ ਪੱਤਰ ਲਿਖਿਆ ਜਿਸ ਨੂੰ ਕਜ਼ਾ ਵਿਭਾਗ (ਜਿਸ ਦਾ ਸਬੰਧ ਕਾਜ਼ੀਆਂ ਨਾਲ ਹੁੰਦਾ ਸੀ) ਦੇ ਆਦੇਸ਼ਾਂ ਅਤੇ ਕਾਰਜਾਂ ਦਾ ਪੂਰਨ ਵਿਧਾਨ ਸਮਝਣਾ ਚਾਹੀਦਾ ਹੈ। ਇਸ ਪੱਤਰ ਵਿਚ ਬਚਨ ਦਾ ਪਾਲਣ ਕਰਨ, ਨਿਆਂ ਦਾ ਨਿਰਾਦਰ ਨਾ ਕਰਨ, ਪੱਖਪਾਤ ਨਾ ਕਰਨ ਅਤੇ ਸ਼ਕਤੀਹੀਨ ਲੋਕਾਂ ਨੂੰ ਸਹਾਰਾ ਦੇਣ ਤੇ ਬਹੁਤ ਜ਼ੋਰ ਦਿੱਤਾ ਗਿਆ ਸੀ। ਕਾਜ਼ੀ ਲਈ ਇਹ ਵੀ ਆਦੇਸ਼ ਸੀ ਕਿ ਇਹ ਦੰਡ ਦੇਣ ਤੋਂ ਪਿਛੋਂ ਉਸ ਉਪਰ ਠੰਢੇ ਦਿਲ ਨਾਲ ਵਿਚਾਰ ਕਰੇ ਅਤੇ ਜੇ ਇਨਸਾਫ਼ ਕਿਸੇ ਹੋਰ ਢੰਗ ਨਾਲ ਹੋ ਸਕਦਾ ਪ੍ਰਤੀਤ ਹੋਵੇ ਤਾਂ ਉਹ ਢੰਗ ਅਪਣਾਉਣ ਤੋਂ ਸੰਕੋਚ ਨਾ ਕੀਤਾ ਜਾਵੇ। ਕੋੜਿਆਂ ਦੀ ਸਜ਼ਾ ਭੁਗਤ ਚੁੱਕੇ ਅਤੇ ਗਵਾਹੀ ਵਿਚ ਝੂਠਾ ਸਿੱਧ ਹੋ ਚੁੱਕੇ ਵਿਅਕਤੀ ਦੀ ਗਵਾਹੀ ਪ੍ਰਵਾਨ ਕਰਨ ਦੀ ਮਨਾਹੀ ਸੀ।

ਭਾਵੇਂ ਖ਼ਲੀਫ਼ਿਆਂ ਨੇ ਨਿਆਂ ਵਿਭਾਗ ਕਾਜ਼ੀਆਂ ਦੇ ਸਪੁਰਦ ਕਰ ਦਿੱਤਾ ਸੀ ਫਿਰ ਵੀ ਮਹੱਤਵਪੂਰਨ ਨਿਰਣੇ ਉਹ ਆਪ ਹੀ ਕਰਦੇ ਸਨ। ਖ਼ਲੀਫ਼ਿਆਂ ਦੇ ਕਾਲ ਵਿਚ ਕਾਜ਼ੀਆਂ ਨੂੰ ਕੇਵਲ ਫਰਿਆਦਾਂ ਦੇ ਫੈਸਲੇ ਕਰਨ ਦਾ ਅਧਿਕਾਰ ਸੀ ਪਰੰਤੂ ਹੌਲੀ-ਹੌਲੀ ਕਾਜ਼ੀਆਂ ਦੇ ਅਧਿਕਾਰ ਵਧਦੇ ਗਏ ਅਤੇ ਹੋਰ ਕਾਰਜ ਵੀ ਇਨ੍ਹਾਂ ਨੂੰ ਸੰਭਾਲੇ ਜਾਣ ਲਗੇ, ਇਥੋਂ ਤੱਕ ਕਿ ਜਨ-ਸਾਧਾਰਨ ਦੇ ਹਿਤਾਂ ਦੀ ਰਖਿਆ ਵੀ ਇਨ੍ਹਾਂ ਨੂੰ ਸੌਂਪ ਦਿੱਤੀ ਗਈ। ਪਾਗਲਾਂ, ਅੰਨ੍ਹਿਆਂ, ਦਰਿੱਦਰਾਂ ਅਤੇ ਮੂਰਖਾਂ ਦੀ ਧਨ-ਸੰਪਤੀ ਦੀ ਦੇਖ-ਭਾਲ, ਵਸੀਅਤਾਂ ਦੀ ਪਾਲਨਾ, ਵਕਫ਼ਾਂ ਦਾ ਪ੍ਰਬੰਧ, ਵਿਧਵਾਵਾਂ ਦੇ ਵਿਆਹ ਦੀ ਵਿਵਸਥਾ, ਰਸਤਿਆਂ ਅਤੇ ਘਰਾਂ ਦੀ ਦੇਖ ਭਾਲ, ਦਸਤਾਵੇਜ਼ਾਂ ਦੀ ਜਾਂਚ ਪੜਤਾਲ, ਗਵਾਹਾਂ ਦੀ ਛਾਣ-ਬੀਣ, ਅਮੀਨਾਂ ਅਤੇ ਨਾਇਬਾਂ ਦੀ ਦੇਖ-ਰੇਖ ਕਾਜ਼ੀ ਦੇ ਸਪੁਰਦ ਰਹਿਣ ਲੱਗੀ। ਕਦੀ ਕਦੀ ਸੈਨਿਕ ਦਸਤੇ ਵੀ ਜੰਗ ਵਿਚ ਕਾਜ਼ੀ ਦੀ ਅਗਵਾਈ ਹੇਠ ਭੇਜੇ ਜਾਂਦੇ ਸਨ। ਭਾਰਤ ਵਿਚ ਵੀ ਦਿੱਲੀ ਦੇ ਸੁਲਤਾਨਾਂ ਅਤੇ ਮੁਗ਼ਲਾਂ ਦੇ ਰਾਜਕਾਲ ਵਿਚ ਕਾਜ਼ੀਆਂ ਦੇ ਸਪੁਰਦ ਲਗਭਗ ਇਹੋ ਕੰਮ ਸਨ ਅਤੇ ਸਰਬਉੱਚ ਕਾਜ਼ੀ, ਕਾਜ਼ੀ-ਉਲ-ਕੁਜ਼ਜ਼ਾਤ ਕਹਾਉਂਦਾ ਸੀ।

ਹ. ਪੁ.—ਹਿੰ. ਵਿ. ਕੋ. 2 : 441.

**ਕਾਂਜੀ :** ਇਹ ਇਕ ਨਮਕੀਨ ਜ਼ਾਇਕੇਦਾਰ ਤੇ ਹਾਜ਼ਮੇਦਾਰ ਪੀਣ ਦਾ ਪਦਾਰਥ ਹੈ। ਇਸ ਦੀ ਵਰਤੋਂ ਆਮ ਕਰਕੇ ਗਰਮੀਆਂ ਵਿਚ ਕੀਤੀ ਜਾਂਦੀ ਹੈ। ਪਹਿਲਾਂ ਪਿੰਡਾਂ ਵਿਚ ਵਿਆਹ ਵੇਲੇ ਰੋਟੀ ਤੋਂ ਬਾਅਦ ਬਰਾਤੀਆਂ ਨੂੰ ਕਾਂਜੀ ਪਿਲਾਉਣ ਦਾ ਕਾਫ਼ੀ ਰਿਵਾਜ ਸੀ। ਕਾਂਜੀ ਗਾਜਰਾਂ, ਪਕੌੜੀਆਂ (ਵੇਸਣ ਦੀਆਂ ਮੋਟੀਆਂ) ਅਤੇ ਜ਼ੀਰੇ ਤੋਂ ਬਣਾਈ ਜਾਂਦੀ ਹੈ। ਗਾਜਰਾਂ ਤੇ ਪਕੌੜੀਆਂ ਦੀ ਕਾਂਜੀ ਬਣਾਉਣ ਲਈ ਇਕ ਕਿਲੋ ਵੱਡੀਆਂ ਕਾਲੀਆਂ ਗਾਜਰਾਂ ਨੂੰ 10-15 ਮਿੰਟ ਪਾਣੀ ਵਿਚ ਪਾ ਕੇ ਸਾਫ਼ ਕਰਨ ਉਪਰੰਤ ਬਾਰੀਕ ਬਾਰੀਕ ਛਿਲਕਾ ਉਤਾਰ ਕੇ ਲੰਬੇ ਦਾਅ ਚਾਰ ਜਾਂ ਵੱਧ ਟੁਕੜਿਆਂ ਵਿਚ ਕੱਟ ਲਵੋ। ਇਕ ਸਾਫ਼ ਕੀਤੇ ਮਿੱਟੀ ਜਾਂ ਕੱਚ ਦੇ ਬਰਤਨ ਵਿਚ 2 ਲਿਟਰ ਪਾਣੀ ਪਾਉ ਅਤੇ ਉਸ ਵਿਚ ਉਕਤ ਕੱਟੀਆਂ ਹੋਈਆਂ ਇਕ ਕਿਲੋ ਗਾਜਰਾਂ, 250 ਗ੍ਰਾ. ਰਾਈ, 125 ਗ੍ਰਾ. ਲੂਣ ਅਤੇ 60 ਗ੍ਰਾ. ਮਿਰਚ ਪਾ ਕੇ ਚੰਗੀ ਤਰ੍ਹਾਂ ਹਿਲਾਉ। ਬਰਤਨ ਨੂੰ ਚੰਗੀ ਤਰ੍ਹਾਂ ਬੰਦ ਕਰਕੇ 3-4 ਦਿਨ ਧੁੱਪੇ ਰਖੋ। ਜਦੋਂ ਕਾਂਜੀ ਦਾ ਰੰਗ ਹੌਲੀ-ਹੌਲੀ ਬਦਲ ਕੇ ਗਾੜ੍ਹਾ ਲਾਲ ਹੋ ਜਾਵੇ ਤਾਂ ਕਾਂਜੀ ਤਿਆਰ ਹੈ। ਕਾਲੀਆਂ ਗਾਜਰਾਂ ਦੀ ਥਾਂ ਆਮ ਗਾਜਰਾਂ ਵਿਚ ਚੁਕੰਦਰ ਪਾ ਕੇ ਵੀ ਕਾਂਜੀ ਤਿਆਰ ਕੀਤੀ ਜਾ ਸਕਦੀ ਹੈ। ਕਈ ਵਾਰੀ ਇਸ ਦੀ ਥਾਂ ਪਕੌੜੀਆਂ ਦੀ ਕਾਂਜੀ ਵੀ ਤਿਆਰ ਕੀਤੀ ਜਾਂਦੀ ਹੈ।

**ਕਾਂਜੀ ਜ਼ੀਰਾ**—ਇਸ ਨੂੰ ਜਲ ਹਾਜ਼ਮਾਂ ਜਾਂ ਜਲ ਜ਼ੀਰਾ ਵੀ ਕਹਿੰਦੇ ਹਨ। ਜਲ ਜ਼ੀਰਾ ਬਣਾਉਣ ਲਈ 10 ਗ੍ਰਾ. ਚਿੱਟਾ ਅਤੇ 5 ਗ੍ਰਾ. ਕਾਲਾ ਜ਼ੀਰਾ ਲੈ ਕੇ ਇਨ੍ਹਾਂ ਨੂੰ ਇਕੱਠਿਆਂ ਹੀ ਥੋੜ੍ਹੇ ਜਿਹੇ ਘੀ ਵਿਚ ਭੁੰਨ ਕੇ ਬਹੁਤ ਹੀ ਬਾਰੀਕ ਪੀਹ ਲਵੋ। ਫਿਰ 10 ਗ੍ਰਾ. ਅਦਰਕ ਤੇ 25 ਗ੍ਰਾ. ਅਨਾਰ ਦਾਣੇ ਨੂੰ ਪਾਣੀ ਵਿਚ ਪੀਹ ਕੇ ਛਾਣ ਲਵੋ। ਹੁਣ ਕੱਚ ਦੇ ਕਿਸੇ ਬਰਤਨ ਵਿਚ ਲਗਭਗ 5 ਲਿਟਰ ਪਾਣੀ ਪਾ ਕੇ ਪੀਸੀਆਂ ਹੋਈਆਂ ਉਪਰੋਕਤ ਸਾਰੀਆਂ ਚੀਜ਼ਾਂ ਘੋਲ ਲਵੋ ਅਤੇ ਇਸ ਵਿਚ ਹੀ ਲਗਭਗ 250 ਗ੍ਰਾ. ਨਿੰਬੂਆਂ ਦਾ ਰਸ ਕਢਾ ਕੇ ਪਾ ਦਿਉ। ਇਸ ਵਿਚ ਹੁਣ 50 ਗ੍ਰਾ. ਸਧਾਰਨ ਲੂਣ ਅਤੇ 10 ਗ੍ਰਾ. ਕਾਲਾ ਲੂਣ ਪਾ ਕੇ ਸਾਰੀਆਂ ਚੀਜ਼ਾਂ ਨੂੰ ਕਿਸੇ ਮਧਾਣੀ ਨਾਲ ਰਿੜਕ ਕੇ ਚੰਗੀ ਤਰ੍ਹਾਂ ਇਕਸਾਰ ਕਰ ਲਵੋ। ਫਿਰ 2-3 ਘੰਟੇ ਤਕ ਬਿਨਾਂ ਹਿਲਾਏ ਰਖਣ ਉਪਰੰਤ ਕਪੜੇ ਵਿਚੋਂ ਛਾਣ ਕੇ ਵਰਤੋਂ ਵਿਚ ਲਿਆਉ।

**ਕਾਜ਼ੀ ਨਜ਼ਰੁਲ ਇਸਲਾਮ :** ਬੰਗਾਲ ਦੇ ਇਸ ਇਨਕਲਾਬੀ ਕਵੀ ਦਾ ਜਨਮ 24 ਮਈ, 1899 ਨੂੰ ਕਾਜ਼ੀ ਫ਼ਕੀਰ ਦੇ ਘਰ ਹੋਇਆ ਜੋ 'ਪੀਰ ਸਾਹਿਬ' ਦੇ ਮਜ਼ਾਰ ਦਾ ਮਜੌਰ ਅਤੇ ਮਸੀਤ ਦਾ ਮੌਲਵੀ ਸੀ ਅਤੇ ਗਰੀਬੀ ਦੇ ਬਾਵਜੂਦ ਵੀ ਬੜਾ ਈਮਾਨਦਾਰ ਤੇ ਸਤਿਕਾਰਯੋਗ ਵਿਅਕਤੀ ਸੀ ਪਰ ਉਹ ਆਪਣੇ ਪ੍ਰਤਿਭਾਸ਼ਾਲੀ ਪੁੱਤਰ ਨੂੰ ਯੋਗ ਸਿਖਿਆ ਨਾ ਦੇ ਸਕਿਆ। ਨਜ਼ਰੁਲ ਇਸਲਾਮ ਨੇ ਮੌਲਵੀ ਪਾਸੋਂ ਅਰਬੀ ਤੇ ਫ਼ਾਰਸੀ ਪੜ੍ਹੀ ਤੇ ਪਿਤਾ ਦੀ ਮੌਤ ਮਗਰੋਂ ਪਰਿਵਾਰ ਦਾ ਖਰਚ ਤੋਰਿਆ। ਇਕ ਪੁਲਿਸ ਅਫ਼ਸਰ ਤੇ ਸਥਾਨਕ ਨੰਬਰਦਾਰ ਦੀ ਮਦਦ ਨਾਲ ਇਸ ਨੇ ਆਪਣੀ ਪੜ੍ਹਾਈ ਜਾਰੀ ਰਖੀ ਪਰ 1917 ਵਿਚ ਇਹ ਪੜ੍ਹਾਈ ਵਿਚੇ ਛੱਡਕੇ 49ਵੀਂ ਬੰਗਾਲ ਰਜਮੰਟ ਵਿਚ ਭਰਤੀ ਹੋ ਗਿਆ। ਕਰਾਚੀ ਵਿਖੇ ਮਿਲਟਰੀ ਵਿਚ ਰਹਿੰਦਿਆਂ ਇਸ ਨੇ ਇਕ ਮੌਲਵੀ ਮਿੱਤਰ ਨਾਲ ਫਾਰਸੀ ਕਵਿਤਾ ਦਾ ਅਧਿਐਨ ਕੀਤਾ ਅਤੇ ਕੁਝ ਫਾਰਸੀ ਕਵਿਤਾ ਦਾ ਬੰਗਾਲੀ ਵਿਚ ਅਨੁਵਾਦ ਵੀ ਕੀਤਾ। ਸੰਨ 1919 ਵਿਚ ਰਜਮੰਟ ਟੁੱਟਣ ਤੇ ਇਹ ਮੁੜ ਮਿਲਟਰੀ ਵਿਚ ਨਹੀਂ ਗਿਆ।

ਇਸ ਨੇ ਨਿਜੀ ਪ੍ਰੇਮ, ਪ੍ਰਭੂ-ਭਗਤੀ ਤੇ ਹੋਰ ਕਈ ਵਿਸ਼ਿਆਂ ਤੇ ਕਵਿਤਾਵਾਂ ਲਿਖੀਆਂ। ਇਸ ਨੇ ਨਵਯੁਗ ਰਸਾਲੇ ਦਾ ਸੰਪਾਦਕ ਬਣਕੇ ਜੋਸ਼ੀਲੇ ਸੰਪਾਦਕੀ ਲੇਖ ਲਿਖੇ, ਜਿਨ੍ਹਾਂ ਨੂੰ 'ਯੁਗਬਾਣੀ' ਨਾਂ ਦੇ ਨਿਬੰਧ ਸੰਗ੍ਰਹਿ ਹੇਠ ਪ੍ਰਕਾਸ਼ਿਤ ਕੀਤਾ। ਇਹ ਨਿਬੰਧ-ਸੰਗ੍ਰਹਿ ਛੇਤੀ ਹੀ ਜ਼ਬਤ ਕਰ ਲਿਆ ਗਿਆ। ਉਸੇ ਸਾਲ ਇਸ ਨੇ 'ਧੂਮ ਕੇਤੂ' ਪਤ੍ਰਿਕਾ ਕੱਢੀ ਅਤੇ ਅਨੰਦਮੇਈਰ ਅਗਨਾਮੀ ਨਜ਼ਮ ਲਿਖਣ ਤੇ ਜੇਲ੍ਹ ਭੁਗਤਣੀ ਪਈ। ਰਿਹਾਈ ਮਗਰੋਂ ਇਹ ਬੰਗਾਲ ਪ੍ਰਦੇਸ਼ ਕਾਂਗਰਸ ਵਿਚ ਸ਼ਾਮਲ ਹੋ ਗਿਆ। ਇਸ ਨੇ ਦੋ ਨਾਵਲ ਵੀ ਲਿਖੇ। ਇਸ ਦੀਆਂ ਬਹੁਤ ਸਾਰੀਆਂ ਪੁਸਤਕਾਂ, ਕਵਿਤਾਵਾਂ, ਨਾਵਲ, ਫਾਰਸੀ ਕਵੀਆਂ ਦੇ ਬੰਗਲਾ ਅਨੁਵਾਦ ਤੇ ਨਾਟਕ ਆਦਿ 1930 ਤੋਂ ਮਗਰੋਂ ਪ੍ਰਕਾਸ਼ਿਤ ਹੋਏ।

ਸੰਨ 1942 ਵਿਚ ਦਿਮਾਗੀ ਬੀਮਾਰੀ ਕਾਰਨ ਇਹ ਬੇਹੋਸ਼ੀ ਦੀ ਹਾਲਤ ਵਿਚ ਜੀਵਤ ਰਿਹਾ। ਇਸ ਨੂੰ ਇਲਾਜ ਲਈ ਲੰਡਨ ਤੇ ਵੀਆਨਾ ਭੇਜਿਆ ਗਿਆ ਪਰ ਬੀਮਾਰੀ ਲਾਇਲਾਜ ਦੱਸੀ ਗਈ।

ਬੰਗਾਲੀ ਦੇ ਸਿਰਜਨਾਤਮਕ ਸਾਹਿਤ ਵਿਚ ਮੌਲਿਕ ਯੋਗਦਾਨ ਪਾਉਣ ਸਦਕਾ 1945 ਵਿਚ ਕਲਕਤਾ ਯੂਨੀਵਰਸਿਟੀ ਨੇ 'ਜਗਤਾਰਿਨੀ ਤਮਗਾ' ਪ੍ਰਦਾਨ ਕਰਕੇ ਇਸ ਨੂੰ ਸਨਮਾਨਿਆ। ਭਾਰਤ

ਸਰਕਾਰ ਨੇ ਇਸ ਨੂੰ 'ਪਦਮ ਭੂਸ਼ਨ' ਦੀ ਉਪਾਧੀ ਨਾਲ ਸਨਮਾਨਿਆ ਤੇ ਸਾਹਿਤ ਦੀ ਸੇਵਾ ਬਦਲੇ ਪੈਨਸ਼ਨ ਵੀ ਮਨਜ਼ੂਰ ਕੀਤੀ। ਪਾਕਿਸਤਾਨ ਸਰਕਾਰ ਨੇ ਵੀ ਕੁਝ ਸਾਲਾਂ ਲਈ ਇਸ ਨੂੰ ਸਾਹਿਤ ਸੇਵਾ ਬਦਲੇ ਪੈਨਸ਼ਨ ਦਿੱਤੀ।

ਹ. ਪੁ.—ਡਿ. ਨੈ. ਬਾ. 2 : 309

**ਕਾਜ਼ੀਮੀਰ ਪੇਰਯੇ :** ਫਰਾਂਸ ਦੇ ਇਸ ਉਘੇ ਸਿਆਸਤਦਾਨ ਦਾ ਜਨਮ 8 ਨਵੰਬਰ 1847 ਨੂੰ ਪੈਰਿਸ ਵਿਖੇ ਹੋਇਆ। ਇਸ ਦਾ ਪੂਰਾ ਨਾਂ ਜੀਨ ਪਾਲ ਪੀਅਰੇ ਕਾਜ਼ੀਮੀਰ-ਪੇਰਯੇ ਸੀ। ਇਹ ਇਕ ਉੱਘੇ ਪਰਿਵਾਰ ਨਾਲ ਸਬੰਧ ਰਖਦਾ ਸੀ। ਇਸ ਨੇ ਆਪਣਾ ਰਾਜਨੀਤਕ ਜੀਵਨ ਆਪਣੇ ਪਿਤਾ, ਜੋ ਅੰਦਰੂਨੀ ਮੰਤਰੀ ਸੀ, ਦੇ ਸਕੱਤਰ ਦੇ ਤੌਰ ਤੇ ਸ਼ੁਰੂ ਕੀਤਾ। ਸੰਨ 1870-71 ਵਿਚ ਪੈਰਿਸ ਦੀ ਨਾਕਾਬੰਦੀ ਸਮੇਂ ਇਹ ਆਪਣੇ ਆਪ ਪ੍ਰਸਿੱਧ ਹੋ ਗਿਆ ਅਤੇ 'Legion of Honor' ਦੀ ਚਰਖੜੀ ਇਸ ਨੂੰ ਇਨਾਮ ਵਜੋਂ ਦਿੱਤੀ ਗਈ। ਸੰਨ 1893-94 ਦੌਰਾਨ ਇਹ ਪ੍ਰਧਾਨ ਮੰਤਰੀ ਸੀ ਅਤੇ 1894 ਈ. ਵਿਚ ਮੇਰੀ ਕਾਰਨਟ ਦੀ ਜਗ੍ਹਾ ਫਰਾਂਸੀਸੀ ਗਣਰਾਜ ਦਾ ਇਹ ਪੰਜਵਾਂ ਪ੍ਰੈਜ਼ੀਡੈਂਟ ਬਣਿਆ। ਛੇ ਮਹੀਨਿਆਂ ਬਾਅਦ ਇਸ ਨੇ ਅਸਤੀਫਾ ਦੇ ਦਿੱਤਾ ਅਤੇ ਸਿਆਸਤ ਤੋਂ ਪਿਛਾਂਹ ਹਟ ਗਿਆ।

11 ਮਾਰਚ, 1907 ਨੂੰ ਇਸ ਦੀ ਪੈਰਿਸ ਵਿਖੇ ਮੌਤ ਹੋਈ।

ਹ. ਪੁ.—ਵ. ਯੂ. ਐਨ. 3 : 999

**ਕਾਂਜੀਵਰਮ :** ਭਾਰਤ ਦੇ ਤਾਮਿਲਨਾਡੂ ਰਾਜ ਵਿਚ ਚਿੰਗਲਪੇਟ ਜ਼ਿਲ੍ਹੇ ਦੇ ਇਸੇ ਹੀ ਨਾਂ ਦੇ ਤਅੱਲਕੇ ਦਾ ਇਹ ਸਦਰ-ਮੁਕਾਮ ਹੈ ਜੋ ਮਦਰਾਸ ਸ਼ਹਿਰ ਦੇ ਲਗਭਗ 72 ਕਿ. ਮੀ. ਪੱਛਮ-ਦੱਖਣ ਪੱਛਮ ਵਲੋਂ ਅਰਕੁਨਮ ਅਤੇ ਚਿੰਗਲਪੇਟ ਬ੍ਰਾਂਚ ਲਾਈਨ ਉਤੇ ਸਥਿਤ ਹੈ। ਇਸ ਸ਼ਹਿਰ ਦਾ ਅਸਲੀ ਨਾਂ ਕਾਂਚੀ ਜਾਂ ਕਾਂਚੀਪੁਰਮ ਹੈ। ਇਹ ਦੱਖਣੀ ਭਾਰਤ ਦੇ ਸਭ ਤੋਂ ਪ੍ਰਾਚੀਨ ਕਸਬਿਆਂ ਵਿਚੋਂ ਹੈ ਅਤੇ ਈਸਾਈ ਕਾਲ ਦੀਆਂ ਅਰੰਭਕ ਸਦੀਆਂ ਵਿਚ ਇਹ ਪਲਵਾਂ ਰਾਜਿਆਂ ਦੇ ਖ਼ਾਨਦਾਨ ਦੀ ਰਾਜਧਾਨੀ ਹੁੰਦੀ ਸੀ। ਚੀਨੀ ਯਾਤਰੀ, ਹਿਊਨ ਸਵਾਂਗ ਸੱਤਵੀਂ ਸਦੀ ਵਿਚ ਇਥੇ ਆਇਆ ਸੀ। ਉਸ ਦੇ ਕਥਨ ਅਨੁਸਾਰ ਇਸ ਸ਼ਹਿਰ ਦਾ ਘੇਰਾ ਲਗਭਗ 10. ਕਿ. ਮੀ. ਸੀ। ਉਸ ਸਮੇਂ ਵਿਚ ਇਥੇ ਜੈਨੀ ਬਹੁਤ ਸਨ ਅਤੇ ਬੋਧੀਆਂ ਅਤੇ ਬ੍ਰਾਹਮਣਾਂ ਦਾ ਇਕੋ ਜਿਹਾ ਹੀ ਅਸਰ-ਰਸੂਖ ਸੀ। ਗਿਆਰਵੀਂ ਸਦੀ ਵਿਚ ਇਸ ਸ਼ਹਿਰ ਉਤੇ ਚੋਲ ਖ਼ਾਨਦਾਨ ਦਾ ਕਬਜ਼ਾ ਹੋ ਗਿਆ। ਕਾਂਜੀਵਰਮ ਟੋਂਡਾ ਮੰਡਲਮ ਦੀ ਰਾਜਧਾਨੀ ਬਣ ਗਿਆ ਅਤੇ ਇਹ ਉਨਾ ਚਿਰ ਤੀਕ ਚੋਲ ਖਾਨਦਾਨ ਦੇ ਹੱਥਾਂ ਵਿਚ ਰਹੀ ਜਿੰਨਾ ਚਿਰ ਤੀਕ ਇਸ ਖ਼ਾਨਦਾਨ ਦਾ ਸੰਨ 1310 ਵਿਚ ਉੱਤਰ ਦੇ ਮੁਸਲਮਾਨਾਂ ਨੇ ਤਖ਼ਤਾ ਨਹੀਂ ਉਲਟਾ ਦਿੱਤਾ ਸੀ। ਜਦੋਂ ਵਿਜੈਨਗਰ ਖਾਨਦਾਨ ਦੇ ਬਾਦਸ਼ਾਹ ਤਾਕਤ ਵਿਚ ਆਏ ਤਾਂ ਉਨ੍ਹਾਂ ਨੇ ਇਸ ਸ਼ਹਿਰ ਨੂੰ ਤੁਰੰਤ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਸੰਨ 1646 ਵਿਚ ਮੁਸਲਮਾਨਾਂ ਨੇ ਇਹ ਸ਼ਹਿਰ ਵਿਜੈਨਗਰ ਦੇ ਬਾਦਸ਼ਾਹ ਕੋਲੋਂ ਖੋਹ ਲਿਆ। ਸੰਨ 1677 ਵਿਚ ਇਸ ਉਤੇ ਮਰਹੱਟਿਆਂ ਦਾ ਕਬਜ਼ਾ ਹੋ ਗਿਆ ਅਤੇ ਥੋੜ੍ਹਾ ਚਿਰ ਮਗਰੋਂ ਔਰੰਗਜ਼ੇਬ ਦੀ ਫ਼ੌਜ ਨੇ ਮਰਹੱਟਿਆਂ ਨੂੰ ਇਥੋਂ ਭਜਾ ਦਿੱਤਾ। ਇਹ 1752 ਤੀਕ ਮੁਸਲਮਾਨਾਂ ਦੇ ਕਬਜ਼ੇ ਵਿਚ ਰਿਹਾ, ਪਰ ਉਸ ਤੋਂ ਪਿੱਛੋਂ ਕਲਾਈਵ ਨੇ ਫਰਾਂਸੀਸੀਆਂ ਨਾਲ ਹੋਏ ਯੁਧਾਂ ਸਮੇਂ ਇਸ ਨੂੰ ਮੁਸਲਮਾਨਾਂ ਕੋਲੋਂ ਲੈ ਲਿਆ। ਸੰਨ 1757 ਵਿਚ ਫ਼ਰਾਂਸੀਸੀਆਂ ਨੇ ਇਕ ਹਮਲੇ ਵਿਚ ਹਾਰ ਖਾਣ ਕਾਰਨ ਇਸ ਸ਼ਹਿਰ ਨੂੰ ਅੱਗ ਲਾ ਦਿੱਤੀ। ਸੰਨ 1758 ਵਿਚ ਫ਼ਰਾਂਸੀਸੀਆਂ ਦੇ ਮਦਰਾਸ ਉਤੇ ਅੱਗੇ ਵਧਣ ਕਾਰਨ ਅੰਗਰੇਜ਼ੀ ਰੱਖਿਆ ਸੈਨਾ ਨੂੰ ਥੋੜ੍ਹੇ ਸਮੇਂ ਲਈ ਪਿਛੇ ਹਟਾ ਲਿਆ ਗਿਆ ਪਰ ਛੇਤੀ ਹੀ ਹੋਰ ਫੌਜ ਦੇ ਕੇ ਇਸ ਸੈਨਾ ਨੂੰ ਵਾਪਸ ਭੇਜ ਦਿੱਤਾ ਗਿਆ। ਰਾਜਧਾਨੀ ਨੂੰ ਘੇਰਾ ਪੈਣ ਸਮੇਂ ਅਤੇ ਬਾਅਦ ਦੇ ਯੁੱਧਾਂ ਦੌਰਾਨ ਇਸ ਸ਼ਹਿਰ ਦੀ ਬਹੁਤ ਮਹੱਤਤਾ ਰਹੀ।

ਇਹ ਦੱਖਣ ਵਿਚ ਹਿੰਦੂਆਂ ਦੇ ਸਭ ਤੋਂ ਪਵਿੱਤਰ ਅਸਥਾਨਾਂ ਵਿਚੋਂ ਅਤੇ ਭਾਰਤ ਦੇ ਸੱਤ ਪਵਿੱਤਰ ਸ਼ਹਿਰਾਂ ਵਿਚੋਂ ਇਕ ਹੈ। ਸ਼ਹਿਰ ਵਿਚ ਮੰਦਰ ਬਹੁਤ ਹਨ।

ਆਬਾਦੀ—130,926 (1981); ਮੈ.ਖੇ.—

$12^{\circ} 50'$ ਉ. ਵਿਥ.; $79^{\circ} 42'$ ਪੂ. ਲੰਬ. 145,254 (1981)

ਹ. ਪੁ.—ਇੰਪ. ਗ. ਇੰਡ. 10 : 377

**ਕਾਜੂ :** ਇਹ ਇਕ ਖਾਣ ਵਾਲਾ ਬੀਜ ਜਾਂ ਨਟ ਹੈ ਜਿਸਦਾ ਬਨਸਪਤੀ ਵਿਗਿਆਨਕ ਨਾਂ ਐਨਾਕਾਰਡੀਅਮ ਔਕਸੀਡੈਂਟੇਲ (*Anacardium occidentale*) ਹੈ। ਇਹ ਪੌਦੇ ਐਨਾਕਾਰਡੀਏਸੀ ਕੁਲ ਦੇ ਮੈਂਬਰ ਹਨ। ਇਨ੍ਹਾਂ ਪੌਦਿਆਂ ਦਾ ਮੂਲ ਅਸਥਾਨ ਬ੍ਰਾਜ਼ੀਲ ਹੈ। ਹੁਣ ਇਸ ਦੀ ਕਾਸ਼ਤ ਤਪਤ-ਖੰਡੀ ਦੇਸ਼ਾਂ ਵਿਚ ਮੈਕਸੀਕੋ ਤੋਂ ਪੀਰੂ, ਬਰਾਜ਼ੀਲ, ਵੈਸਟ ਇੰਡੀਜ਼ ਵਿਚ ਅਤੇ ਰੂਮ ਸਾਗਰੀ ਖੇਤਰ ਮੋਜ਼ਮਬੀਕ, ਭਾਰਤ ਅਤੇ ਈਸਟ ਇੰਡੀਜ਼ ਵਿਚ ਕੀਤੀ ਜਾਂਦੀ ਹੈ। ਇਹ ਪੌਦੇ ਝਾੜੀ-ਨੁਮਾ ਜਾਂ ਦਰਖ਼ਤ ਦੀ ਸ਼ਕਲ ਵਿਚ ਹੁੰਦੇ ਹਨ ਜਿਨ੍ਹਾਂ ਦੀ ਲੰਬਾਈ 12 ਮੀ. ਤਕ ਵੀ ਹੋ ਸਕਦੀ ਹੈ। ਇਹ ਪੌਦੇ ਜ਼ਰਖ਼ੇਜ਼ ਅਤੇ ਜ਼ਿਆਦਾ ਨਮੀ ਵਾਲੀਆਂ ਥਾਵਾਂ ਤੇ ਚੰਗੀ ਤਰ੍ਹਾਂ ਹੋ ਸਕਦੇ ਹਨ। ਇਹ ਦਰਖ਼ਤ ਇਸ ਦੇ ਨਟਾਂ ਲਈ ਹੀ ਜ਼ਿਆਦਾ ਮਹੱਤਵਪੂਰਨ ਹੈ। ਇਸ ਦੀ ਲੱਕੜੀ ਸਮੁੰਦਰੀ ਜਹਾਜ਼ਾਂ ਦੇ ਕਰੇਟ, ਬੇੜੀਆਂ, ਚਾਰਕੋਲ ਆਦਿ



ਚਿਤਰ . ਕਾਜੂ ਫਲ ਅਤੇ ਨਟ

ਲਈ ਵਰਤੀ ਜਾਂਦੀ ਹੈ। ਇਸ ਤੋਂ ਇਕ ਗੂੰਦ ਵੀ ਪ੍ਰਾਪਤ ਕੀਤੀ ਜਾਂਦੀ ਹੈ ਜੋ ਅਰਬੀ, ਗੂੰਦ ਵਰਗੀ ਹੁੰਦੀ ਹੈ। ਇਹ ਜਾਤੀ ਅਮਰੀਕਨ ਜ਼ਹਿਰੀਲੇ ਬੂਟੇ ਆਈਵੀ ਅਤੇ ਜ਼ਹਿਰੀਲੇ ਸੁਮਾਕ ਨਾਲ ਵੀ ਮਿਲਦੀ ਜੁਲਦੀ ਹੈ। ਸੋ ਇਸ ਲਈ ਇਹ ਜ਼ਰੂਰੀ ਹੈ ਕਿ ਬੜੀ ਸਾਵਧਾਨੀ ਨਾਲ ਇਸ ਨੂੰ ਵਰਤਿਆ ਜਾਵੇ।

ਨਟ ਇਕ ਵੱਡੀ ਮੋਟੀ ਬੀਨ ਦੀ ਸ਼ਕਲ ਵਰਗੇ 2.5 ਸੈਂ. ਮੀ. ਲੰਮੇ ਵੀ ਹੁੰਦੇ ਹਨ। ਇਸ ਦਰਖ਼ਤ ਨੂੰ ਪਤਲੀ ਛਿੱਲ ਵਾਲੇ ਅਤੇ ਨਾਖ਼ ਦੀ ਸ਼ਕਲ ਵਰਗੇ ਪੀਲੇ ਜਾਂ ਲਾਲ ਰੰਗੇ ਰਸ ਭਰੇ ਫਲ ਲਗਦੇ ਹਨ ਜਿਨ੍ਹਾਂ ਨੂੰ 'ਕੈਸ਼ੀਓ ਐਪਲ' ਕਿਹਾ ਜਾਂਦਾ ਹੈ। ਇਹ ਅਸਲ ਵਿਚ ਭਰੀ ਹੋਈ ਫੁੱਲ-ਡੰਡਲ ਅਤੇ ਡਿਸਕ ਹੁੰਦੀ ਹੈ। ਫਲ ਅਸਲ ਵਿਚ ਇਸ ਐਪਲ ਤੋਂ ਬਾਹਰਵਾਰ ਸਿਰੇ ਤੇ ਲਗਦਾ ਹੈ। 'ਕੈਸ਼ੀਓ ਐਪਲ' ਨੂੰ ਕਈ ਥਾਵਾਂ ਤੇ ਜੈਮ, ਜੈਲੀਆਂ ਅਤੇ ਪੀਣ ਵਾਲੇ ਖ਼ਮੀਰੇ ਪਦਾਰਥਾਂ ਵਿਚ ਵਰਤ ਲਿਆ ਜਾਂਦਾ ਹੈ। ਨਟ ਦੀਆਂ ਭਿੱਤੀਆਂ ਵਿਚੋਂ ਉਪਰਲੀ ਭਿੱਤੀ ਪਤਲੀ, ਮੁਲਾਇਮ, ਲਚਕਦਾਰ ਪਰ ਸਖ਼ਤ ਅਤੇ ਪੱਕਣ ਤਕ ਜ਼ੈਤੂਨੀ ਹਰੇ ਰੰਗ ਦੀ ਹੁੰਦੀ ਹੈ। ਅੰਦਰਲਾ ਸ਼ੈੱਲ ਸਖ਼ਤ ਹੁੰਦਾ ਹੈ ਅਤੇ ਹੋਰਨਾਂ ਸ਼ੈੱਲਾਂ ਵਾਂਗ ਤੋੜਨਾ ਚਾਹੀਦਾ ਹੈ। ਸ਼ੈੱਲਾਂ ਦੇ ਅੰਦਰਲੇ ਭੂਰੇ ਤੇਲ ਨਾਲ ਮਨੁੱਖੀ ਚਮੜੀ ਉਪਰ ਉਠਾਅ ਪੈਦਾ ਹੋ ਜਾਂਦੇ ਹਨ। ਇਹ

ਤੇਲ ਲੁਬਰੀਕੇਂਟ, ਕੀਟਨਾਸ਼ਕ ਅਤੇ ਪਲਾਸਟਿਕ ਬਣਾਉਣ ਦੇ ਕੰਮ ਲਈ ਵਰਤੋਂ ਵਿਚ ਲਿਆਂਦਾ ਜਾਂਦਾ ਹੈ । ਹਰ ਸਾਲ ਲਗਭਗ 3,624,000 ਕਿ. ਗ੍ਰਾ. ਤੇਲ ਪੈਦਾ ਹੁੰਦਾ ਹੈ ।

ਫਲ ਨੂੰ ਹੱਥਾਂ ਨਾਲ ਚੁਗਿਆ ਜਾਂਦਾ ਹੈ ਤੇ ਧੁੱਪ ਵਿਚ ਸੁਕਾਇਆ ਜਾਂਦਾ ਹੈ । ਕਈ ਥਾਵਾਂ ਤੇ ਸੁੱਕੇ ਹੋਏ ਨਟਾਂ ਨੂੰ ਬਲਦੀਆਂ ਹੋਈਆਂ ਲੱਕੜਾਂ ਵਿਚ ਰੁਖ ਕੇ ਪਕਾਇਆ ਜਾਂਦਾ ਹੈ ਜਿਥੇ ਬਾਹਰਲਾ ਖ਼ੋਲ ਗਰਮੀ ਨਾਲ ਪਾਟ ਜਾਂਦਾ ਹੈ ਅਤੇ ਇਸ ਵਿਚਲਾ ਤੇਲ ਬਾਹਰ ਨਿਕਲ ਜਾਂਦਾ ਹੈ। ਤੇਲ ਨੂੰ ਬਹੁਤ ਜਲਦੀ ਅੱਗ ਲੱਗ ਜਾਂਦੀ ਹੈ ਅਤੇ ਇਸ ਵਿਚੋਂ ਨਿਕਲਿਆ ਧੂੰਆਂ ਅੱਖਾਂ ਅਤੇ ਚਮੜੀ ਲਈ ਹਾਨੀਕਾਰਕ ਹੁੰਦਾ ਹੈ । ਪਕਾਉਣ ਦੇ ਲਈ ਤਰੀਕਿਆਂ ਵਿਚ ਹਾਨੀਕਾਰਕ ਗੈਸਾਂ ਰੋਸਟਿੰਗ ਸਿਲਿੰਡਰਾਂ ਵਿਚ ਹੀ ਖ਼ਤਮ ਕਰ ਦਿਤੀਆਂ ਜਾਂਦੀਆਂ ਹਨ ।

ਇਸ ਦਰਖ਼ਤ ਦੇ ਹੋਰਨਾਂ ਹਿੱਸਿਆਂ ਵਿਚ ਬਹੁਤ ਵੈਦਿਕ ਗੁਣ ਹਨ । ਇਸ ਦੀ ਛਿੱਲ ਬਦਲ ਅਤੇ ਬਾਧਕ ਦੇ ਤੌਰ ਤੇ ਅਤੇ ਜੜ੍ਹਾਂ ਜੁਲਾਬ ਲਿਆਉਣ ਲਈ ਵਰਤੀਆਂ ਜਾਂਦੀਆਂ ਹਨ । ਇਸ ਦੀ ਗਿਰੀ ਵਿਚ ਚੰਗੇ ਖ਼ੁਰਾਕੀ ਤੱਤ ਹੁੰਦੇ ਹਨ ਅਤੇ ਇਹ ਖੁਰਕ ਹਟਾਉਣ ਅਤੇ ਸੱਟਾਂ ਆਦਿ ਉਤੇ ਲੇਪ ਕਰਨ ਵਿਚ ਵੀ ਵਰਤੀ ਜਾਂਦੀ ਹੈ । ਇਸ ਦੀ ਛਿੱਲ ਤੋਂ ਤਿਆਰ ਕੀਤੀ ਲੁੱਕ; ਕੋੜ੍ਹ, ਭੈਰੀ, ਅਲਸਰ ਤੇ ਖੁਰਕ ਹਟਾਉਣ ਲਈ ਅਤੇ ਚਮੜੀ ਤੇ ਲਾਲਗੀ ਪੈਦਾ ਕਰਨ ਲਈ ਵਰਤੋਂ ਵਿਚ ਲਿਆਂਦੀ ਜਾਂਦੀ ਹੈ । ਇਸ ਦਾ ਫਲ ਮਰੋੜੇ ਰੋਕਣ ਵਿਚ ਸਹਾਈ ਹੁੰਦਾ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 609 ; ਇ. ਬਾ. : 349 ;
ਗ. ਇੰ. ਮੈ. ਪ : 17

**ਕਾਜ਼ੂਫ :** ਇਹ ਦੱਖਣ-ਪੱਛਮੀ ਪੋਲੈਂਡ ਵਿਚ ਕੱਟਾਵੀਤਸੈ ਪ੍ਰਾਂਤ ਦਾ ਇਕ ਸ਼ਹਿਰ ਹੈ ਜੋ ਕਰਾਕੁਫ-ਵਰਾਤਸਲਾਫ ਰੇਲਵੇ ਲਾਈਨ ਉਤੇ ਵਾਕਿਆ ਹੈ ।

ਕਾਜ਼ੂਫ ਕਿਸੇ ਸਮੇਂ ਵਰਾਤਸਲਾਫ ਦੇ ਬਿਸ਼ਪਾਂ ਦੀ ਇਲਾਕਾਈ ਸੀਟ ਸੀ । 1921 ਈ. ਵਿਚ ਅੱਪਰ ਸਾਈਲੀਸ਼ੀਆ ਦੀ ਵੰਡ ਨਾਲ ਇਹ ਪੋਲੈਂਡ ਵਿਚ ਆ ਗਿਆ । 1934 ਈ. ਵਿਚ ਇਸ ਵਿਚ ਆਲੇ-ਦੁਆਲੇ ਦੇ 4 ਪਿੰਡਾਂ ਨੂੰ ਸ਼ਾਮਲ ਕਰਕੇ ਕਮਿਊਨ ਦਾ ਦਰਜਾ ਦੇ ਦਿੱਤਾ ਗਿਆ । ਦੂਜੇ ਵਿਸ਼ਵ ਯੁੱਧ ਸਮੇਂ ਇਸ ਸ਼ਹਿਰ ਨੂੰ ਜਰਮਨ ਵਿਚ ਰਲਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਜੰਗ ਤੋਂ ਬਾਅਦ ਇਹ ਪੱਕੇ ਤੌਰ ਤੇ ਪੋਲੈਂਡ ਦਾ ਸ਼ਹਿਰ ਬਣ ਗਿਆ ।

ਅੱਜ ਕਲ੍ਹ ਇਹ ਭਾਰੀ ਸਨੱਅਤ ਅਤੇ ਖਾਨਾਂ ਦਾ ਇਕ ਮਹੱਤਵ-ਪੂਰਨ ਸ਼ਹਿਰ ਹੈ । ਇਥੇ ਕੋਲੇ ਦੀਆਂ ਕਈ ਖਾਣਾਂ, ਢਲਾਈ ਦੇ ਕੰਮ ਦੇ ਕਾਰਖਾਨੇ, ਇਕ ਇਸਪਾਤ ਦਾ ਕਾਰਖਾਨਾ ਹੈ ਜਿਨ੍ਹਾਂ ਦਾ 1947 ਤੋਂ ਬਾਅਦ ਕਾਫੀ ਵਿਕਾਸ ਹੋਇਆ । ਇਸ ਤੋਂ ਬਿਨਾਂ ਨਾਈਟਰੋਜਨ ਅਤੇ ਰਸਾਇਣਿਕ ਪਦਾਰਥਾਂ ਦੇ ਪਲਾਂਟ, ਇਕ ਜਿਸਤ ਢਲਾਈ ਅਤੇ ਬਿਜਲੀ ਦੇ ਸਾਮਾਨ ਤਿਆਰ ਕਰਨ ਵਾਲਾ ਕਾਰਖਾਨਾ ਵੀ ਇਥੇ ਮੌਜੂਦ ਹੈ ।

ਆਬਾਦੀ—157, 000, (1977)
50° 10′ ਉ. ਵਿਥ. ; 18° 57′ ਪੂ. ਲੰਬ.
ਹ. ਪੁ.—ਐਨ. ਬ੍ਰਿ. 5 : 685 ; ਐਨ. ਬ੍ਰਿ.ਮਾ. 2 : 890.

**ਕਾਜ਼ੈਨ :** ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ. ਯੂਨੀ.) ਦੇ ਅੰਦਰ ਤਤਾਰਿਸਤਾਨ ਦਾ ਇਹ ਇਕ ਵੱਡਾ ਉਦਯੋਗਿਕ ਸ਼ਹਿਰ, ਰਾਜਧਾਨੀ ਅਤੇ ਸਭਿਆਚਾਰਕ ਕੇਂਦਰ ਹੈ ਜੋ ਵੋਲਗਾ ਦਰਿਆ ਦੇ ਪੱਛਮੀ ਕੰਢੇ ਦੇ ਨੇੜੇ ਪਹਾੜੀਆਂ ਉੱਤੇ ਸਥਿਤ ਹੈ । ਅਜੋਕੀ ਥਾਂ ਉਤੇ ਇਸ ਸ਼ਹਿਰ ਦੀ ਨੀਂਹ ਸੰਨ 1437 ਵਿਚ ਤਤਾਰ ਗੋਲਡਨ ਹੋਰਡ ਦੇ ਖ਼ਾਨ ਨੇ ਰੱਖੀ ਸੀ । ਸੰਨ 1552 ਵਿਚ ਇਸ ਉਤੇ 'ਈਵਾਨ ਦੀ ਟੈਰੀਬਲ' (ਦਹਿਸ਼ਤਪਸੰਦ) ਨੇ ਕਬਜ਼ਾ ਕਰ ਲਿਆ ਸੀ । ਸੰਨ 1708 ਤੋਂ ਬਾਅਦ ਇਹ ਪ੍ਰਾਂਤ ਦੀ ਰਾਜਧਾਨੀ ਹੁੰਦਾ ਸੀ । ਪਹਿਲਾਂ 1774 ਅਤੇ ਫਿਰ 1917—1920 ਦੇ ਘਰੇਲੂ ਯੁੱਧ ਦੌਰਾਨ ਇਹ ਸ਼ਹਿਰ ਬਹੁਤ ਬਰਬਾਦ ਹੋ ਗਿਆ । ਸੰਨ 1920 ਵਿਚ ਇਹ ਤਾਤਾਰ-ਸਤਾਨ ਦੀ ਰਾਜਧਾਨੀ ਬਣਿਆ ।

ਇਥੇ ਇਕ ਕਿਲਾ, ਕਈ ਗਿਰਜਾ ਘਰ ਅਤੇ ਮਸਜਿਦਾਂ, ਇਕ ਯੂਨੀਵਰਸਿਟੀ (1804) ਅਤੇ ਇਕ ਪ੍ਰਸਿਧ ਅਜਾਇਬ ਘਰ ਹੈ । ਇਥੇ ਹਵਾਈ ਜਹਾਜ਼, ਮਾਲ ਗੱਡੀ ਦੇ ਡੱਬੇ, ਰਸਾਇਣਿਕ ਵਸਤਾਂ, ਨਕਲੀ ਰਬੜ, ਇੰਜਨੀਅਰਿੰਗ ਵਸਤਾਂ, ਚਮੜਾ ਅਤੇ ਲੱਕੜ ਦਾ ਸਾਮਾਨ ਤਿਆਰ ਕਰਨ ਦੇ ਕਾਰਖਾਨੇ ਹਨ ।

ਆਬਾਦੀ—970,000 (1977)
55° 45′ ਉ. ਵਿਥ.; 49° 08′ ਪੂ. ਲੰਬ.
ਹ. ਪੁ.—ਚੈਂਬ. ਐਨ. 8 : 192 ; ਕੋਲ. ਐਨ. 11 : 158 ; ਐਨ. ਬ੍ਰਿ. ਮਾ. 5 : 740.

**ਕਾਜ਼ੈਮਬੇ :** ਇਹ ਇਕ ਅਫ਼ਰੀਕਨ ਬਾਦਸ਼ਾਹਤ ਹੁੰਦੀ ਸੀ ਜਿਹੜੀ ਕਿ ਝੀਲ ਮਵੇਰੂ ਦੇ ਦੱਖਨ ਅਤੇ ਝੀਲ ਬੈਂਗਵਿਊਲੂ ਦੇ ਉੱਤਰ ਵਿਚ 9° ਦੱਖਣ ਤੋਂ 11° ਦੱਖਣ ਦੇ ਵ੍ਰਿਚਕਾਰ ਸਥਿਤ ਸੀ । ਸੰਨ 1894 ਵਿਚ ਇਹ ਉੱਤਰੀ ਰੋਡੇਸ਼ੀਆ ਅਤੇ ਬੈਲਜੀਅਨ ਕਾਂਗੋ ਵਿਚ ਵੰਡੀ ਗਈ । ਇਸ ਬਾਦਸ਼ਾਹਤ ਦਾ ਨਾਂ ਇਸ ਦੇ ਹੁਕਮਰਾਨ ਦੇ ਜੱਦੀ ਨਾਂ 'ਮੁਆਤਾ ਕਾਜ਼ੈਮਬੇ' ਤੋਂ ਪਿਆ ਸੀ । ਇਸ ਦੀ ਨੀਂਹ ਬਾਲੂਬਾ ਖਾਨਦਾਨ ਨੇ ਰੱਖੀ ਸੀ, ਜਿਸ ਨੇ ਕਾਸਾਈ ਖੇਤਰ ਵਿਚ ਇਕ ਤਾਕਤਵਰ ਰਾਜ ਕਾਇਮ ਕੀਤਾ ਹੋਇਆ ਸੀ । ਬੇਸ਼ਕ ਇਹ ਖ਼ੁਦ ਮੁਖਤਿਆਰ ਬਾਦਸ਼ਾਹਤ ਸੀ ਤਾਂ ਵੀ 1875 ਈ. ਤੱਕ ਇਹ ਬਾਲੂਬਾ ਰਾਜ ਤੇ ਹੀ ਆਸ਼ਰਿਤ ਸੀ । ਹਾਥੀ ਦੰਦਾਂ ਦੇ ਵਪਾਰ ਕਰਕੇ ਅਤੇ ਤਾਂਬੇ ਦੀਆਂ ਖ਼ਾਣਾਂ ਕਰਕੇ ਇਸ ਦੀ ਆਰਥਿਕ ਦਸ਼ਾ ਬਹੁਤ ਚੰਗੀ ਸੀ । ਸੰਨ 1875 ਵਿਚ ਪੂਰਬੀ ਅਫ਼ਰੀਕਾ ਦੇ ਨਿਆਂਮਾਵੇਜ਼ੀ ਕਬੀਲੇ ਦੇ ਇਕ ਸਾਹਸੀ ਮਸ਼ੀਰੀ ਨੇ ਬਾਲੂਬਾ ਖ਼ਾਨਦਾਨ ਦਾ ਤਖਤਾ ਉਲਟਾ ਦਿੱਤਾ ਅਤੇ ਕਾਜ਼ੈਮਬੇ ਸਹਿਤ ਲਾਗੇ-ਚਾਗੇ ਦੇ ਇਲਾਕੇ ਜਿੱਤ ਲਏ । ਮਸ਼ੀਰੀ ਦੀ ਮੌਤ ਪਿਛੋਂ ਬਾਦਸ਼ਾਹਤ ਖੇਰੂੰ ਖੇਰੂੰ ਹੋ ਗਈ ।

ਉੱਤਰੀ ਰੋਡੇਸ਼ੀਆ ਦੇ ਕਾਵਾਮਬਵਾ ਜ਼ਿਲ੍ਹੇ ਵਿਚ ਕਾਜ਼ੈਮਬੇ ਖ਼ਾਨਦਾਨ, ਬਾਲੂੰਦਾ ਕਬੀਲੇ ਦੇ ਰੂਪ ਵਿਚ ਅਜੇ ਵੀ ਬਚਿਆ ਹੋਇਆ ਹੈ ।

ਹ. ਪੁ.—ਐਨ. ਬ੍ਰਿ. 5 : 84

**ਕਾਜ਼ੈਰਟਾ :** ਦੱਖਣੀ ਇਟਲੀ ਦੇ ਕਾਮਪਾਨੀਆ ਇਲਾਕੇ ਵਿਚ ਨੇਪਲਜ਼ ਦੇ ਉੱਤਰ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ । ਪੁਰਾਣੇ ਸ਼ਹਿਰ ਦੀ ਨੀਂਹ ਲੰਬਾਰਡਾਂ ਨੇ ਅੱਠਵੀਂ ਸਦੀ ਵਿਚ ਰੱਖੀ ਸੀ ਅਤੇ ਇਹ ਪੁਰਾਣਾ ਸ਼ਹਿਰ ਅਜੋਕੇ ਸ਼ਹਿਰ ਦੇ 5 ਕਿ. ਮੀ. ਉੱਤਰ-ਉੱਤਰ-ਪੂਰਬ ਵਲ ਪਹਾੜੀਆਂ ਉਤੇ ਸਥਿਤ ਹੈ । ਸੰਨ 1057 ਵਿਚ ਇਸ ਉਤੇ ਨਾਰਮਨਾਂ ਨੇ ਕਬਜ਼ਾ ਕਰ ਲਿਆ ਸੀ । ਬਾਰ੍ਹਵੀਂ ਸਦੀ ਵਿਚ ਇਥੋਂ ਦੇ ਵਾਸੀ ਮੈਦਾਨਾਂ ਵਲ ਹੇਠਾਂ ਨੂੰ ਆ ਗਏ ਜਿਥੋਂ ਨਵਾਂ ਸ਼ਹਿਰ ਸ਼ੁਰੂ ਹੋ ਜਾਂਦਾ ਹੈ । ਇਹ ਸ਼ਹਿਰ, 1752 ਅਤੇ 1774 ਈ. ਵਿਚਕਾਰ ਬਣਾਏ ਮਹੱਲਾਂ ਅਤੇ ਬਾਗ਼ਾਂ ਕਰਕੇ ਬਹੁਤ ਪ੍ਰਸਿੱਧ ਹੈ । ਇਥੋਂ ਦਾ ਪੰਜ-ਮੰਜ਼ਿਲਾ ਮਹੱਲ, 1944-45 ਈ. ਵਿਚ ਫੀਲਡ ਮਾਰਸ਼ਲ ਅਲੈਗਜਾਂਦਰ ਦਾ ਹੈੱਡ-ਕੁਆਟਰ ਸੀ ਅਤੇ ਇਟਲੀ ਵਿਚ ਜਰਮਨ ਫੌਜਾਂ ਨੂੰ ਹਥਿਆਰ ਸੁੱਟਣ ਬਾਰੇ, ਇਥੇ ਹੀ ਹਸਤਾਖ਼ਰ ਕੀਤੇ ਗਏ ਸਨ ।

ਇਹ ਸਣ, ਮੱਕੀ, ਤੰਬਾਕੂ ਅਤੇ ਫਲਾਂ ਦੀ ਭਾਰੀ ਮੰਡੀ ਹੈ । ਇਥੇ ਸ਼ਰਾਬ, ਜ਼ੈਤੂਨ ਦਾ ਤੇਲ, ਰਸਾਇਣਕ ਪਦਾਰਥ, ਰੇਸ਼ਮ ਅਤੇ ਸਾਬਣ ਤਿਆਰ ਕਰਨ ਦੇ ਉਦਯੋਗ ਸਥਾਪਤ ਹਨ । ਪੁਰਾਣੇ ਸ਼ਹਿਰ ਵਿਚ ਇਕ

ਵੱਡਾ ਗਿਰਜਾ ਘਰ ਹੈ ਜੋ ਭਵਨ ਉਸਾਰੀ ਦੇ ਵੱਖ ਵੱਖ ਨਮੂਨਿਆਂ ਦਾ ਪ੍ਰਤੀਕ ਹੈ।

ਆਬਾਦੀ—67,298 (1971)

41°04′ ਉ. ਵਿਥ.; 14° 20′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 608 ; ਕੋਲ. ਐਨ.4 : 440

**ਕਾਂਟ, ਇਮੈਨੂਐਲ ;** ਇਹ ਜਰਮਨੀ ਦਾ ਨਵੀਨ ਕਾਲ ਦਾ ਸਿਰਕੱਢ ਫ਼ਿਲਾਸਫ਼ਰ ਸੀ ਅਤੇ ਪਰਾ-ਭੌਤਿਕ ਵਿਗਿਆਨੀਆਂ ਵਿਚ ਸ਼ਾਇਦ ਸਭ ਤੋਂ ਵੱਡਾ ਸੀ। ਇਸ ਦੇ ਵੱਡ-ਵਡੇਰੇ ਸਕਾਟਲੈਂਡ ਦੇ ਸਨ। ਇਸ ਦਾ ਜਨਮ 22 ਅਪ੍ਰੈਲ, 1724 ਨੂੰ ਪੂਰਬੀ ਪ੍ਰਸ਼ਾ ਵਿਚ ਕੁਨਿਕਸਬੈਰਕ ਵਿਖੇ ਹੋਇਆ। ਕਾਲਜ ਦੀ ਪੜ੍ਹਾਈ ਮੁਕਾਉਣ ਮਗਰੋਂ 16 ਸਾਲ ਦੀ ਉਮਰ ਵਿਚ ਕਾਂਟ ਯੂਨੀਵਰਸਿਟੀ ਵਿਚ ਦਾਖ਼ਲ ਹੋਇਆ, ਜਿੱਥੇ ਇਸ ਨੇ ਫ਼ਿਲਾਸਫ਼ੀ, ਗਣਿਤ, ਭੌਤਿਕ-ਵਿਗਿਆਨ ਅਤੇ ਧਰਮ ਵਿਗਿਆਨ ਵਿਚ ਵਿਦਿਆ ਪ੍ਰਾਪਤ ਕੀਤੀ। ਪੰਜ ਸਾਲ ਮਗਰੋਂ ਪਿਤਾ ਦੀ ਮੌਤ ਹੋ ਜਾਣ ਕਾਰਨ ਇਸ ਨੂੰ ਮਾਇਕ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਰਕੇ 1746 ਤੋਂ 1755 ਤੱਕ ਇਸ ਨੂੰ ਕਈ ਵੱਡੇ ਵੱਡੇ ਘਰਾਣਿਆ ਵਿਚ ਪ੍ਰਾਈਵੇਟ ਟਿਊਸ਼ਨਾਂ ਕਰਨੀਆਂ ਪਈਆਂ। ਸੰਨ 1755 ਵਿਚ ਇਕ ਦੋਸਤ ਦੀ ਮਦਦ ਨਾਲ ਇਹ ਲੈਕਚਰਾਰ ਲੱਗ ਗਿਆ।



ਇਮੈਨੂਐਲ ਕਾਂਟ

ਸੰਨ 1749 ਵਿਚ ਇਸ ਨੇ ਭੌਤਿਕ-ਵਿਗਿਆਨ ਉਤੇ ਆਪਣਾ ਲੇਖ 'ਕਨਸਬਨਿੰਗ ਏ ਟ੍ਰੂ ਐਸਟੀਮੇਸ਼ਨ ਆਫ਼ ਦਾ ਵਿਟਲ ਫੋਰਸਜ਼' ਛਪਵਾਇਆ। ਭੌਤਿਕ ਭੂਗੋਲ ਅਤੇ ਪ੍ਰਯੋਗਾਤਮਕ ਮਨੋਵਿਗਿਆਨ ਸਬੰਧੀ ਇਸ ਦੇ ਲੈਕਚਰ ਲੋਕ ਰੁਚੀ ਅਨੁਸਾਰ ਹੁੰਦੇ ਸਨ, ਭਾਵੇਂ ਪੂਰਨ ਤੌਰ ਤੇ ਕੁਝ ਕੁ ਦਾਰਸ਼ਨਿਕ ਹੁੰਦੇ ਸਨ ਅਤੇ ਆਮ ਲੋਕਾਂ ਲਈ ਨਹੀਂ ਹੁੰਦੇ ਸਨ। ਸੰਨ 1762 ਵਿਚ ਇਸ ਦੇ ਸ੍ਰੋਤਿਆਂ ਵਿਚ ਹੈਰਡਰ ਵੀ ਸੀ, ਜੋ ਬੜੇ ਉਮਾਹ ਨਾਲ ਕਾਂਟ ਨੂੰ ਨੈਤਿਕ ਦਰਸ਼ਨ ਦਾ ਅਧਿਆਪਕ ਕਹਿੰਦਾ ਹੈ।

ਸੰਨ 1755 ਵਿਚ ਇਸ ਦੀ ਪੁਸਤਕ 'ਥੀਊਰੀ ਆਫ਼ ਦੀ ਹੈਵਨਜ਼' ਛਪੀ। ਇਸ ਪੁਸਤਕ ਵਿਚ ਇਹ ਨਿਊਟਨ ਦੇ ਇਸ ਵਿਚਾਰ ਦੀ ਨੁਕਤਾਚੀਨੀ ਕਰਦਾ ਹੈ ਕਿ ਸੂਰਜ-ਮੰਡਲ ਦੀ ਮੌਜੂਦਾ ਸਥਿਤੀ ਨੂੰ ਕੁਦਰਤ ਦੇ ਮਕੈਨਕੀ ਨਿਯਮਾਂ ਦੁਆਰਾ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਇਹ ਆਪਣਾ ਮਸ਼ਹੂਰ ਸਿਧਾਂਤ ਪੇਸ਼ ਕਰਦਾ ਹੈ ਕਿ ਆਕਾਸ਼ੀ ਪਿੰਡਾਂ ਦਾ ਮੌਜੂਦਾ ਸਿਸਟਮ ਗੈਸੀ ਵਾਯੂ ਮੰਡਲ ਤੋਂ ਬਣਿਆ ਹੈ ਜਿਸ ਦਾ ਕੰਮ ਘੁੰਮਦੇ ਰਹਿਣਾ ਹੈ। ਇਹ ਵਿਸ਼ਵ ਦੇ ਸਾਰੇ ਤੱਤਾਂ ਦੇ ਆਪਸੀ ਪੱਕੇ ਸਬੰਧਾਂ ਤੋਂ ਇਹ ਸਿੱਟਾ ਕੱਢਦਾ ਹੈ ਕਿ ਸਾਰੇ ਵਿਸ਼ਵ ਨੂੰ ਕੰਟਰੋਲ ਕਰਨ ਵਾਲੀ ਇਕ ਸਰਬ-ਸਮਰਥ ਤਾਕਤ ਹੈ। ਇਸ ਤਰ੍ਹਾਂ ਇਸ ਪੁਸਤਕ ਵਿਚ ਇਹ ਆਪਣੇ ਵਿਗਿਆਨਕ ਅਤੇ ਧਾਰਮਕ ਵਿਚਾਰਾਂ ਦਾ ਸੁਮੇਲ ਕਰਦਾ ਹੈ, ਭਾਵੇਂ ਰੱਬ ਦੀ ਹੋਂਦ ਬਾਰੇ ਮਿਲਦੇ ਸਧਾਰਨ ਸਬੂਤਾਂ ਨੂੰ ਇਹ ਰੱਦ ਕਰਦਾ ਹੈ।

ਸੰਨ 1766 ਵਿਚ ਇਸ ਦੀ ਉੱਘੀ ਕ੍ਰਿਤ 'ਡ੍ਰੀਮਜ਼ ਆਫ਼ ਏ ਵਿਜ਼ਨਰੀ' ਪ੍ਰਕਾਸ਼ਿਤ ਹੋਈ। ਸੰਨ 1770 ਵਿਚ ਇਸ ਦੀ ਲਾਤੀਨੀ ਕ੍ਰਿਤ 'Dissertatio de mundi sensibilis' ਛਪੀ, ਜਿਹੜੀ ਇਸ ਦੇ ਵਿਚਾਰਾਂ ਦਾ ਧੁਰਾ ਸੀ। ਇਸ ਉਪਰੰਤ ਇਸ ਨੂੰ ਕੁਨਿਕਸਬੈਰਕ ਯੂਨੀਵਰਸਿਟੀ ਵਿਖੇ ਤਰਕ ਅਤੇ ਪਰਾ-ਭੌਤਿਕ ਵਿਗਿਆਨ ਦਾ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ। ਸੰਨ 1770 ਤੋਂ 1797 ਤਕ ਇਸ ਪਦ ਉਤੇ ਰਹਿਣ ਦੇ ਸਮੇਂ ਦੌਰਾਨ ਹੀ ਇਸ ਦੀ ਇਕ ਉਚ ਅਤੇ ਮੌਲਿਕ ਵਿਚਾਰਵਾਨ ਵਜੋਂ ਸਾਰੇ ਸੰਸਾਰ ਵਿਚ ਪ੍ਰਸਿੱਧੀ ਹੋਈ। ਆਪਣੀ ਕਮਜ਼ੋਰ ਆਵਾਜ਼, ਅੰਗਹੀਣਤਾ ਅਤੇ ਮਾੜੀ ਸਿਹਤ ਦੇ ਬਾਵਜੂਦ ਵੀ ਇਹ ਲੈਕਚਰਾਰ ਵਜੋਂ ਬਹੁਤ ਹੀ ਸਫ਼ਲ ਸੀ। ਇਹ ਪਰਾ-ਭੌਤਿਕ ਵਿਗਿਆਨ ਅਤੇ ਤਰਕਵਾਦ ਤੋਂ ਇਲਾਵਾ ਪ੍ਰਾਕ੍ਰਿਤਕ ਵਿਗਿਆਨ, ਭੂਗੋਲ, ਮਾਨਵ-ਵਿਗਿਆਨ, ਭੌਤਿਕ ਵਿਗਿਆਨ ਅਤੇ ਗਣਿਤ ਸਬੰਧੀ ਲੈਕਚਰ ਦਿੰਦਾ ਰਿਹਾ।

ਕਾਂਟ ਦੀ ਅਸਲ ਪ੍ਰਸਿੱਧੀ ਇਸ ਦੀਆਂ ਮਗਰੋਂ ਦੇ ਕਾਲ ਦੀਆਂ ਕ੍ਰਿਤਾਂ ਕਰਕੇ ਹੋਈ। ਇਨ੍ਹਾਂ ਵਿਚੋਂ 1781 ਵਿਚ ਛਪੀ 'ਕਰਿਟੀਕ ਆਫ਼ ਪਿਊਰ ਰੀਜ਼ਨ' ਕ੍ਰਿਤ ਬਹੁਤ ਪ੍ਰਸਿੱਧ ਹੈ ਅਤੇ ਮਗਰੋਂ ਦੀਆਂ ਛਪੀਆਂ ਸਾਰੀਆਂ ਪੁਸਤਕਾਂ ਦਾ ਆਧਾਰ ਮੰਨੀ ਜਾਂਦੀ ਹੈ। ਸੰਨ 1783 ਵਿਚ ਇਸ ਪੁਸਤਕ ਦੀ ਭੂਮਿਕਾ ਵਜੋਂ ਇਸ ਨੇ 'Prolegomena' ਛਾਪੀ। ਸੰਨ 1785 ਵਿਚ 'ਮੈਟਾਫਿਜ਼ਿਕਸ ਆਫ਼ ਐਥਕੀਸ', 1786 ਵਿਚ 'ਮੈਟਾਫ਼ਿਜ਼ਿਕ ਆਫ਼ ਨੇਚਰ', 1783 ਵਿਚ 'ਕਰਿਟਿਕ ਆਫ਼ ਪ੍ਰੈਕਟਿਕਲ ਰੀਜ਼ਨ' ਅਤੇ 1790 ਵਿਚ 'ਕਰਿਟਿਕ ਆਫ਼ ਜੱਜਮੈਂਟ' ਦੇ ਛਪਣ ਨਾਲ ਇਸ ਦੀਆਂ ਬਹੁਤ ਪ੍ਰਸਿੱਧ ਪੁਸਤਕਾਂ ਦੀ ਸੂਚੀ ਮੁਕੰਮਲ ਹੋਈ। ਇਸ ਦੀ ਪੁਸਤਕ 'ਔਨ ਰਿਲਿਜ਼ਨ ਵਿਦਿਨ ਦਾ ਲਿਮਿਟਸ ਆਫ਼ ਰੀਜ਼ਨ ਅਲੋਨ' ਦੇ ਛਪਣ ਨਾਲ ਪ੍ਰਸ਼ਾ ਸਰਕਾਰ ਨੇ ਇਸ ਦੇ ਪੜ੍ਹਾਉਣ ਕਾਰਜ ਉਤੇ ਸੈਂਸਰ ਬਿਠਾ ਦਿੱਤਾ ਕਿਉਂਕਿ ਇਸ ਪੁਸਤਕ ਵਿਚ ਲੂਥਰ-ਵਿਰੋਧੀ ਵਿਚਾਰ ਪ੍ਰਗਟ ਕੀਤੇ ਗਏ ਸਨ। ਹੌਲੇ ਹੌਲੇ ਕਾਂਟ ਦੀ ਸਿਹਤ ਖ਼ਰਾਬ ਹੁੰਦੀ ਗਈ ਅਤੇ ਦਿਮਾਗੀ ਤਾਕਤ ਘਟਦੀ ਗਈ ਅਤੇ 1797 ਵਿਚ ਇਸ ਨੇ ਆਪਣੇ ਪ੍ਰੋਫ਼ੈਸਰ ਪਦ ਤੋਂ ਅਸਤੀਫ਼ਾ ਦੇ ਦਿੱਤਾ। 12 ਫ਼ਰਵਰੀ, 1804 ਨੂੰ ਕੁਨਿਕਸਬੈਰਕ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਸੰਨ 1770 ਤੱਕ ਪ੍ਰਕਾਸ਼ਿਤ ਹੋਈਆਂ ਇਸ ਦੀਆਂ ਪੁਸਤਕਾਂ ਤੋਂ ਇਸ ਦੇ ਦਾਰਸ਼ਨਿਕ ਵਿਕਾਸ ਨੂੰ ਸੰਖੇਪ ਤੌਰ ਤੇ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ: ਇਸ ਦੀਆਂ ਪਹਿਲੀਆਂ ਲਿਖਤਾਂ ਡੈਕਾਰਟੇ ਦੇ ਵਿਚਾਰਾਂ ਨੂੰ 'ਲਾਈਪਨਿਟਸ' ਦੇ ਵਿਚਾਰਾਂ ਅਨੁਸਾਰ, ਅਤੇ ਵੋਲਫ਼ ਦੇ ਵਿਚਾਰਾਂ ਨੂੰ ਕਰੂਸੀਅਸ ਦੇ ਵਿਚਾਰਾਂ ਅਨੁਸਾਰ ਸਮਾਧਾਨ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਜਦੋਂ ਕਿ ਇਸ ਦੀ 'ਥੀਊਰੀ ਆਫ਼ ਦਾ ਹੈਵਨਜ਼' ਨਿਊਟਨ ਅਤੇ ਲਾਈਪਨਿਟਸ ਦੇ ਵਿਚਾਰਾਂ ਵਿਚਕਾਰ, ਜਾਂ ਮਕੈਨਕੀ ਤੇ ਉਪਦੇਸ਼-ਆਤਮਕ ਨੁਕਤਿਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ। ਉਸ ਸਮੇਂ ਦੇ ਦੌਰਾਨ ਇਸ ਨੇ ਹੋਰ ਬਹੁਤ ਸਾਰੇ ਪ੍ਰਸ਼ਨਾਂ ਸਬੰਧੀ ਏਥੇ ਦਰਜ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ: 'ਔਨ ਦਾ ਫਾਲਸ ਸਬਲਟੀ ਆਫ਼ ਦੀ ਸਿਲੋਜਿਸਟਿਕ ਫਿੱਗਰਜ਼' (1762), 'ਅਟੈਂਪਟ ਟ੍ਰ ਇੰਟਰੋਡਿਊਸ ਦੀ ਨੋਸ਼ਨ ਆਫ਼ ਨੈਗੇਟਿਵ ਕੁਐਂਟਿਟੀ ਇੰਟੂ ਫ਼ਿਲਾਸਫ਼ੀ' (1763), 'ਓਨਲੀ ਪੌਸੀਬਲ ਪ੍ਰੂਫ਼ ਔਫ਼ ਦੀ ਐਗਜ਼ਿਸਟੈਨਸ ਔਫ ਗੌਡ' (1763) ਤੇ 'ਆਨ ਐਵੀਡੈਨਸ' (1764)।

ਅੰਗਰੇਜ਼ ਪ੍ਰਯੋਗਾਤਮਕਵਾਦੀਆਂ ਦਾ ਸੰਦੇਹਵਾਦ ਅਤੇ ਜਰਮਨੀ ਵਿਚ ਪ੍ਰਚਲਤ ਵਿਚਾਰਧਾਰਾਵਾਂ ਦੇ ਰੂੜ੍ਹੀਬਧ ਪ੍ਰਤਿਭਾਵ ਕਾਂਟ ਦੀ ਫ਼ਿਲਾਸਫ਼ੀ ਦੇ ਮੁੱਖ ਨਿਸ਼ਾਨੇ ਸਨ। ਇਸ ਦੀ ਘਾਲਣਾ ਨੂੰ ਆਮ ਕਰਕੇ ਤਿੰਨ ਕਾਲਾਂ ਵਿਚ ਵੰਡਿਆ ਜਾਂਦਾ ਹੈ: (1) ਲਾਈਪਨਿਟਸ ਅਤੇ ਵੋਲਫ਼ ਦਾ ਪ੍ਰਭਾਵ, (2) ਅੰਗਰੇਜ਼ ਪ੍ਰਯੋਗਾਤਮਕਵਾਦੀ ਫ਼ਿਲਾਸਫ਼ਰਾਂ (ਜਿਵੇਂ ਕਿ ਹਿਊਮ) ਦੇ ਪ੍ਰਭਾਵ ਕਰਕੇ ਲਾਈਪਨਿਟਸ ਅਤੇ ਵੋਲਫ਼ ਦਾ ਵਿਰੋਧ, ਅਤੇ (3) ਇਸ ਦਾ ਕ੍ਰਾਂਤੀਕਾਰੀ ਕਾਲ, ਜਿਸ ਦੇ ਦੌਰਾਨ ਇਸ ਦੀ ਆਪਣੀ

ਫ਼ਿਲਾਸਫ਼ੀ ਪ੍ਰਫੁੱਲਤ ਹੋਈ। ਆਪਣੀ ਫ਼ਿਲਾਸਫ਼ੀ ਵਿਚ ਇਹ ਦੋ ਮੁੱਖ ਵੰਡਾਂ ਕਰਦਾ ਹੈ : (ੳ) ਅਨੁਭਵ-ਅਤੀਤ, ਅਤੇ (ਅ) ਪਰਾ-ਭੌਤਿਕ। ਇਸ ਨੇ ਪਹਿਲੀ ਨੂੰ ਖ਼ੂਬ ਵਿਕਸਿਤ ਕੀਤਾ ਅਤੇ ਮਗਰੋਂ ਦੇ ਦਾਰਸ਼ਨਿਕ ਵਿਚਾਰ ਉੱਤੇ ਇਸ ਦਾ ਡੂੰਘਾ ਅਸਰ ਪਿਆ—ਏਥੋਂ ਤੱਕ ਕਿ ਇਸ ਨੂੰ ਅਨੁਭਵ-ਅਤੀਤਵਾਦ ਨੂੰ ਮੁੜ ਪੈਦਾ ਕਰਨ ਵਾਲਾ ਕਿਹਾ ਗਿਆ। ਇਹ ਦਿਮਾਗ਼ ਨੂੰ (ੳ) ਸਮਝ, (ਅ) ਸੰਵੇਦਨਾ, ਅਤੇ (ੲ) ਸੰਕਲਪ ਵਿਚ ਵੰਡਦਾ ਹੈ। ਇਹ ਪੁਰਾਣੇ ਤਰਕ-ਬੁੱਧੀਵਾਦ ਦੀ ਨਿਖੇਧੀ ਕਰਦਾ ਹੈ। ਰੱਬ ਦੀ ਹੋਂਦ ਨੂੰ ਇਹ ਨੈਤਿਕਤਾ ਵਿਚ ਇਸ ਦੀ ਲੋੜ ਦੇ ਪ੍ਰਚਲਿਤ ਨਿਯਮ ਦੇ ਪੱਖੋਂ ਹੀ ਮੰਨਦਾ ਹੈ ਅਤੇ ਮਨੋਭਾਵਾਂ ਦੇ ਟਾਕਰੇ ਤੇ ਇਹ ਦਲੀਲ ਉੱਤੇ ਵਧੇਰੇ ਜ਼ਿੰਮੇਵਾਰੀ ਪਾਉਂਦਾ ਹੈ। ਕਾਂਟ ਕਿਸੇ ਉੱਚ, ਪਰਮ ਅਤੇ ਬਾਹਰੀ ਸਚਾਈ ਦੇ ਕਿਸੇ ਨਿਯਮ ਦੀ ਹੋਂਦ ਨੂੰ ਨਹੀਂ ਮੰਨਦਾ, ਜਿਵੇਂ ਕਿ ਤਰਕ-ਬੁੱਧੀਵਾਦੀਆਂ ਨੇ ਸਥਾਪਿਤ ਕੀਤਾ ਸੀ। ਆਪਣੀ ਪੁਸਤਕ 'ਕ੍ਰਿਟਿਕ ਔਨ ਪਿਓਰ ਰੀਜ਼ਨ' ਵਿਚ ਇਹ ਅਨੁਭਵ ਅਤੇ ਪ੍ਰਯੋਗਾਤਮਕ ਦਲੀਲ ਦੇ ਨਿਯਮਾਂ ਦਾ ਨਿਰੀਖਣ ਕਰਦਾ ਹੈ। ਇਸ ਅਨੁਸਾਰ ਪ੍ਰਯੋਗਾਤਮਕ ਦਲੀਲ ਹੀ ਨੈਤਿਕਤਾ ਹੈ ਅਤੇ ਸਭ ਤੋਂ ਉੱਤਮ ਕਾਰਜ ਹੀ ਨੈਤਿਕਤਾ ਕਾਰਜ ਹੈ। 'ਕ੍ਰਿਟਿਕ ਆਫ਼ ਜੱਜਮੈਂਟ' ਵਿਚ ਇਹ ਸਿੱਧ ਕਰਦਾ ਹੈ ਕਿ ਜੀਵਨ ਦਾ ਅੰਤਿਮ ਮਨੋਰਥ ਨੈਤਿਕ ਉਦੇਸ਼ਵਾਦ ਹੈ। ਇਸ ਦੇ ਆਲੋਚਨਾਤਮਕ ਜਾਂ ਅਨੁਭਵ-ਅਤੀਤ ਆਦਰਸ਼ਵਾਦ ਤੋਂ ਫਿਕਤੇ ਦਾ 'ਆਤਮਪਰਕ' ਆਦਰਸ਼ਵਾਦ, ਸ਼ੈਲਿੰਗ ਦਾ 'ਵਸਤੂਪਰਕ' ਆਦਰਸ਼ਵਾਦ, ਅਤੇ ਹੇਗੈਲ ਦਾ 'ਪਰਮ' ਆਦਰਸ਼ਵਾਦ ਵਿਕਸਿਤ ਹੋਏ ਅਤੇ ਇਸ ਦੀਆਂ ਕ੍ਰਿਤਾਂ ਨੇ ਯਾਕੋਬੀ ਸ਼ਲਾਈਅਰਮਾਕਰ ਅਤੇ ਸ਼ੋਪੈਨਹਾਊਅਰ ਨੂੰ ਵੀ ਪ੍ਰਭਾਵਿਤ ਕੀਤਾ।

ਕਿਉਂਕਿ ਧਰਮ ਨੂੰ ਇਹ ਦਲੀਲ ਦੀਆਂ ਹੱਦਾਂ ਦੇ ਅੰਦਰ-ਅੰਦਰ ਹੀ ਸਵੀਕਾਰ ਕਰਦਾ ਸੀ, ਇਸ ਲਈ ਇਸ ਨੇ ਆਪਣੇ ਲੈਕਚਰਾਂ ਅਤੇ ਮਗਰੋਂ ਦੀਆਂ ਪੁਸਤਕਾਂ ਵਿਚ ਧਰਮ ਦੇ ਵਿਸ਼ੇ ਨੂੰ ਛੂਹਣ ਤੋਂ ਗੁਰੇਜ਼ ਕੀਤਾ। ਇਹ ਇਸ ਦੇ ਜੀਵਨ ਦਾ 'ਅਮਲੀ' ਸਮਾਂ ਅਖਵਾਉਂਦਾ ਹੈ। ਇਸ ਅੰਤਲੇ ਕਾਲ ਵਿਚ ਇਸ ਨੇ 1795 ਵਿਚ 'ਔਨ ਐਵਰਲਾਸਟਿੰਗ ਪੀਸ', 1797 ਵਿਚ 'ਦਾ ਮੈਟਾਫ਼ਿਜ਼ਿਕ ਔਫ਼ ਮੌਰਲਜ਼' ਅਤੇ 'ਦਾ ਮੈਟਾਫ਼ਿਜ਼ੀਕਲ ਫਾਊਂਡੇਸ਼ਨਜ਼ ਔਫ ਦਾ ਥੀਊਰੀ ਆਫ਼ ਵਰਚਯੂ', ਅਤੇ ਕੁਝ ਨਿੱਕੇ ਲੇਖ ਲਿਖੇ ਸਨ। 1798 ਵਿਚ ਇਸ ਦੀਆਂ 'ਦਾ ਕਨਫਲਿਕਟ ਆਫ਼ ਦਾ ਫੈਕਲਟੀਜ਼' ਅਤੇ 'ਐਂਥਰੋਪਾਲੋਜੀ ਫ੍ਰੌਮ ਏ ਪ੍ਰੈਗਮੈਟੀਕਲ ਪੁਆਇੰਟ ਆਫ਼ ਵਿਯੂ' ਛਪੀਆਂ।

ਕਾਂਟ ਦੀ ਮੌਤ ਮਗਰੋਂ ਵੱਖ-ਵੱਖ ਵਿਦਵਾਨਾਂ ਵੱਲੋਂ ਇਸ ਦੀਆਂ ਕ੍ਰਿਤਾਂ ਕਈ ਕਈ ਜਿਲਦਾਂ ਵਿਚ ਇਕੱਠੀਆਂ ਕਰਕੇ ਛਾਪੀਆਂ ਗਈਆਂ ਅਤੇ ਅੰਗਰੇਜ਼ੀ ਵਿਚ ਅਨੁਵਾਦ ਕੀਤੀਆਂ ਗਈਆਂ।

ਹ. ਪੁ.—ਐਵ. ਐਨ. 7 : 283 ; ਐਨ. ਅਮੈ. 16 : 304 ; ਐਨ. ਬ੍ਰਿ. ਮੈ. 10 : 390; ਕੋਲੀ. ਐਨ. 11 : 314.

**ਕੌਟਸਕੀ, ਕਾਰਲ :** ਚੈਕੋਸਲੋਵਾਕੀਆ ਦੇ ਇਸ ਪ੍ਰਸਿੱਧ ਮਾਰਕਸਵਾਦੀ ਸਿਧਾਂਤਕਾਰ ਅਤੇ ਜਰਮਨ ਸੋਸ਼ਲ ਡੈਮੋਕ੍ਰੈਟਿਕ ਪਾਰਟੀ ਦੇ ਨੇਤਾ ਦਾ ਜਨਮ 16 ਅਕਤੂਬਰ, 1854 ਨੂੰ ਪ੍ਰਾਗ ਵਿਖੇ ਹੋਇਆ। ਸੰਨ 1883 ਵਿਚ ਇਸ ਨੇ 'ਡਾਈ ਨਿਊ ਜ਼ਾਈਟ' ਨਾਂ ਦਾ ਅਖ਼ਬਾਰ ਜਾਰੀ ਕੀਤਾ, ਜਿਹੜਾ 1885 ਤੋਂ 1888 ਤੱਕ ਲੰਡਨ ਤੋਂ ਅਤੇ 1890 ਤੋਂ 1917 ਤੱਕ ਸਟੱਟਗਾਰਟ ਤੋਂ ਛਪਦਾ ਰਿਹਾ। ਇਹ ਕਾਰਲ ਮਾਰਕਸ ਦਾ ਦੋਸਤ ਅਤੇ ਸ਼ਗਿਰਦ ਸੀ। ਏਂਜਲਜ਼ ਦੀ ਮੌਤ ਮਗਰੋਂ ਇਸੇ ਨੂੰ ਮਾਰਕਸ ਦੀ ਫ਼ਿਲਾਸਫ਼ੀ ਦਾ ਸਭ ਤੋਂ ਵਧੀਆ ਵਿਆਖਿਆਕਾਰ ਮੰਨਿਆ ਜਾਂਦਾ ਹੈ। ਸੰਨ 1914 ਵਿਚ ਜੰਗ ਸ਼ੁਰੂ ਹੋਣ ਤੇ ਕੌਟਸਕੀ ਨੇ ਅਮਨਪਸੰਦੀ ਵਾਲਾ ਰਵੱਈਆ



ਕਾਰਲ ਕੌਟਸਕੀ

ਅਪਣਾਇਆ। ਇਹ ਰੂਸੀ ਕ੍ਰਾਂਤੀ ਦੇ ਵਿਰੁਧ ਸੀ। ਹੋਰਾਂ ਸਮੇਤ ਇਹ ਸੋਸ਼ਲਿਸਟ ਡੈਮੋਕ੍ਰੈਟਿਕ ਪਾਰਟੀ ਵਿਚ ਸ਼ਾਮਲ ਹੋ ਗਿਆ। ਕੌਟਸਕੀ ਵੀਆਨਾ ਵਿਚ ਰਹਿਣ ਲੱਗ ਪਿਆ ਸੀ ਪਰ ਅਜੇ ਵੀ ਇਸ ਨੂੰ ਪਾਰਟੀ ਦਾ ਸਭ ਤੋਂ ਉੱਘਾ ਸਿਧਾਂਤਕਾਰ ਮੰਨਿਆ ਜਾਂਦਾ ਸੀ। ਆਪਣੀ ਪੁਸਤਕ 'ਡਿਕ-ਟੇਟਰਸ਼ਿਪ ਆਫ਼ ਦੀ ਪ੍ਰੋਲੀਟੇਰੀਅਟ' ਵਿਚ ਇਸ ਨੇ ਲੈਨਿਨ ਦੇ ਸਿਧਾਂਤ ਨੂੰ ਖੂਬ ਭੰਡਿਆ ਹੈ। ਸੰਨ 1934 ਵਿਚ ਇਹ ਚੈਕੋਸਲੋਵਾਕੀਆ ਦਾ ਸ਼ਹਿਰੀ ਬਣ ਗਿਆ। ਜਦੋਂ ਜਰਮਨੀ ਸੁਡੇਟਨਲੈਂਡ ਨੂੰ ਫ਼ਤਿਹ ਕਰਨ ਵਾਲਾ ਸੀ ਤਾਂ ਇਹ ਭੱਜ ਕੇ ਐਮਸਟਰਡਮ (ਨੀ. ਲੈਂ.) ਚਲਾ ਗਿਆ, ਜਿਥੇ ਗਰੀਬੀ ਦੀ ਹਾਲਤ ਵਿਚ 17 ਅਕਤੂਬਰ, 1938 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 255; ਐਨ. ਬ੍ਰਿ. ਮਾ. 5 : 739

**ਕਾਟਸੀਨਾ :** ਉੱਤਰੀ ਨਾਈਜੀਰੀਆ ਦਾ ਇਹ ਇਕ ਸ਼ਹਿਰ ਹੈ ਜੋ ਇਸੇ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ। ਇਹ ਨਾਈਜਰ ਗਣਰਾਜ ਨਾਲ ਲਗਦੀ ਉੱਤਰੀ ਫ਼ੈਡਰਲ ਸਰਹੱਦ ਦੇ ਨੇੜੇ ਸਥਿਤ ਹੈ। ਇਸ ਸ਼ਹਿਰ ਦੀ ਨੀਂਹ ਲਗਭਗ 1100 ਈ. ਵਿਚ ਰੱਖੀ ਗਈ। ਇਸ ਦਾ ਨਾਂ ਜਾਨਜ਼ਮਾ ਬਾਦਸ਼ਾਹ ਦੀ ਪਤਨੀ ਕਾਸੀਨਾ ਦੇ ਪਿੱਛੋਂ ਰੱਖਿਆ ਗਿਆ। ਸੋਲ੍ਹਵੀਂ ਸਦੀ ਦੇ ਅਖੀਰ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਅਖੀਰ ਤੀਕ ਇਹ ਬੁੱਧੀਜੀਵੀਆਂ ਅਤੇ ਕਾਫ਼ਲਿਆਂ ਦਾ ਪ੍ਰਸਿੱਧ ਕੇਂਦਰ ਹੁੰਦਾ ਸੀ। ਅਜੋਕਾ ਕਾਟਸੀਨਾ ਸ਼ਹਿਰ ਮੂੰਗਫਲੀ, ਹੱਡੀਆਂ ਅਤੇ ਖੱਲਾਂ ਇਕੱਠੀਆਂ ਕਰਨ ਦਾ ਭਾਰੀ ਕੇਂਦਰ ਹੈ। ਇਥੇ ਖਾਣ-ਪੀਣ ਵਾਲੀਆਂ ਸਾਰੀਆਂ ਵਸਤਾਂ ਦਾ ਸਥਾਨਕ ਵਪਾਰ ਹੁੰਦਾ ਹੈ। ਸੂਤੀ ਕੱਪੜਾ ਬੁਣਨ ਅਤੇ ਰੰਗਣ, ਚਮੜੇ ਅਤੇ ਧਾਤ ਦੀਆਂ ਵਸਤਾਂ ਤਿਆਰ ਕਰਨ, ਡਿਜ਼ਾਇਨ ਵਾਲੇ ਮਿੱਟੀ ਦੇ ਭਾਂਡੇ ਬਣਾਉਣ, ਕਢਾਈ ਦਾ ਕੰਮ ਅਤੇ ਖੱਪਰ ਤਿਆਰ ਕਰਨਾ ਇਥੋਂ ਦੀ ਰਵਾਇਤੀ ਦਸਤਕਾਰੀ ਹੈ। ਇਥੇ ਇਕ ਸਰਕਾਰੀ ਸੈਕੰਡਰੀ ਸਕੂਲ, ਅਤੇ ਸਰਕਾਰੀ ਅਰਬੀ ਟੀਚਰ ਟ੍ਰੇਨਿੰਗ ਕਾਲਜ ਹਨ।

ਆਬਾਦੀ—112,230 (1972)

13° 00′ ਉ. ਵਿਥ.; 07° 32′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 729; ਐਨ. ਬ੍ਰਿ. 13 : 252

**ਕਾਟਸੂਰਾ, ਟਾਰੋ :** ਜਾਪਾਨ ਦੇ ਇਸ ਉੱਘੇ ਫ਼ੌਜੀ ਅਫ਼ਸਰ ਅਤੇ ਨੀਤੀਵੇਤਾ ਦਾ ਜਨਮ 1847 ਈ. ਵਿਚ ਚੋਸ਼ੂ ਵਿਖੇ ਹੋਇਆ। ਇਹ ਪੁਨਰ-ਸਥਾਪਨਾ ਦੀ ਖ਼ਾਨਾਜੰਗੀ ਵਿਚ ਸ਼ਾਹੀ ਝੰਡੇ ਹੇਠ ਲੜਿਆ। ਸੰਨ 1894-95 ਵਿਚ ਚੀਨ ਵਿਰੁਧ ਬਹਾਦਰੀ ਦੀ ਲੜਾਈ ਕਰਨ ਉੱਤੇ ਇਸ ਨੂੰ ਵਾਈਕਾਊਂਟ ਦਾ ਖ਼ਿਤਾਬ ਦਿੱਤਾ ਗਿਆ। ਸੰਨ 1898 ਤੋਂ 1901 ਤਕ ਇਹ ਜੰਗੀ ਵਜ਼ੀਰ ਰਿਹਾ ਅਤੇ ਫਿਰ ਲਗਾਤਾਰ $4\frac{1}{2}$ ਸਾਲ ਪ੍ਰਧਾਨ ਮੰਤਰੀ ਰਿਹਾ। ਰੂਸ ਨਾਲ ਜੰਗ ਸਮੇਂ ਵੀ ਇਹ ਦੇਸ਼ ਦੇ ਕੰਮਾਂ ਵਲ ਪੂਰਾ ਧਿਆਨ ਦਿੰਦਾ ਰਿਹਾ। ਸੰਨ 1905 ਵਿਚ ਇਸ ਨੇ ਐਂਗਲੋ-ਜਾਪਾਨੀ ਸੰਧੀ ਕੀਤੀ। ਮਾਰਕੋਇਸ ਦੀ ਪਦਵੀ ਮਿਲਣ ਤੇ ਇਸ ਨੇ 1906 ਈ. ਵਿਚ ਪ੍ਰਧਾਨ ਮੰਤਰੀ ਪਦ ਤਿਆਗ ਦਿੱਤਾ ਪਰ 1908 ਈ. ਵਿਚ ਇਸ ਨੂੰ ਦੁਬਾਰਾ ਪ੍ਰਧਾਨ ਮੰਤਰੀ ਬਣਨ ਲਈ ਕਿਹਾ ਗਿਆ। ਕਾਟਸੂਰਾ ਜਾਪਾਨ ਵਿਚ ਕਨਜ਼ਰਵੇਟਿਵ ਵਿਚਾਰਧਾਰਾ ਦਾ

ਪ੍ਰਤਿਨਿਧੀ ਸੀ। ਇਹ ਇਸ ਅਸੂਲ ਦਾ ਮੁਦਈ ਸੀ ਕਿ ਕੈਬਨਿਟ ਬਾਦਸ਼ਾਹ ਨੂੰ ਜਵਾਬਦੇਹ ਹੈ ਨਾ ਕਿ ਪਾਰਲੀਮੈਂਟ ਨੂੰ। ਇਸ ਤਰ੍ਹਾਂ ਇਹ ਰਾਜਨੀਤਿਕ ਪਾਰਟੀਆਂ ਤੋਂ ਅਲੱਗ ਹੀ ਰਿਹਾ। ਸੰਨ 1911 ਵਿਚ ਇਸ ਨੇ ਮੁੜ ਪ੍ਰਧਾਨ ਮੰਤਰੀ ਪਦ ਛੱਡ ਦਿੱਤਾ। ਇਸ ਨੂੰ ਪ੍ਰਿੰਸ ਦੀ ਪਦਵੀ ਵੀ ਦਿੱਤੀ ਗਈ। 20 ਦਸੰਬਰ 1912 ਨੂੰ 7 ਹਫਤੇ ਲਈ ਇਹ ਫਿਰ ਪ੍ਰਧਾਨ ਮੰਤਰੀ ਬਣਿਆ ਤੇ ਅਸਤੀਫ਼ਾ ਦੇ ਦਿੱਤਾ। 10 ਅਕਤੂਬਰ 1913 ਨੂੰ ਇਸ ਦੀ ਟੋਕੀਓ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 296

**ਕਾਟਾਂਗਾ :** ਅਫਰੀਕਾ ਵਿਚ ਜ਼ੇਅਰ (ਕਾਂਗੋ) ਦਾ ਸਾਬਕਾ ਪ੍ਰਾਂਤ ਹੈ ਜਿਸ ਨੂੰ ਅੱਜ ਕਲ੍ਹ ਸ਼ਾਬਾ ਕਹਿੰਦੇ ਹਨ। ਇਹ ਦੇਸ਼ ਦਾ ਖਣਿਜ ਭਰਪੂਰ ਖੇਤਰ ਹੈ। ਇਸ ਦੇ ਉੱਤਰ-ਪੂਰਬ ਵਲ ਟਾਂਗਾਨੀਕਾ ਝੀਲ, ਪੂਰਬ ਤੇ ਦੱਖਣ ਵਲ ਜ਼ੈਂਬੀਆ ਅਤੇ ਪੱਛਮ ਵਲ ਅੰਗੋਲਾ ਹੈ। ਕਾਟਾਂਗਾ ਦਾ ਇਲਾਕਾ ਪਹਾੜੀ ਹੈ ਜਿਸ ਵਿਚ ਕਿਤੇ ਕਿਤੇ ਪਠਾਰਾਂ ਵੀ ਹਨ। ਇਥੇ ਕਈ ਝੀਲਾਂ ਅਤੇ ਦਲਦਲਾਂ ਵੀ ਹਨ ਜਿਨ੍ਹਾਂ ਵਿਚੋਂ ਦੀ ਕਾਂਗੋ ਦੀ ਸਹਾਇਕ ਨਦੀ ਲੁਆਲਾਬਾ ਵਗਦੀ ਹੈ। ਇਥੇ ਗਰਮੀਆਂ ਅਤੇ ਬਰਸਾਤ ਅੱਧ ਅਕਤੂਬਰ ਤੋਂ ਅੱਧ ਅਪਰੈਲ ਤਕ ਰਹਿੰਦੀ ਹੈ। ਪਠਾਰਾਂ ਉਤੇ ਔਸਤਨ ਤਾਪਮਾਨ 20° ਸੈਂ. ਅਤੇ ਵਰਖਾ 135 ਸੈਂ ਮੀ. ਦੇ ਲਗਭਗ ਹੁੰਦੀ ਹੈ। ਬਨਸਪਤੀ ਵਿਚ ਖੁਸ਼ਕ ਜੰਗਲ, ਸਵਾਨਾ ਅਤੇ ਘਾਹ ਦੇ ਮੈਦਾਨ ਸ਼ਾਮਲ ਹਨ। ਸ਼ੇਰ, ਕਾਲਾ ਬਾਰਾਸਿੰਗਾ, ਹਾਥੀ, ਜ਼ੈਬਰਾ ਅਤੇ ਹਿਰਨ ਇਥੋਂ ਦੇ ਮੁੱਖ ਜਾਨਵਰ ਹਨ।

ਕੈਪਟਨ ਡਬਲਯੂ ਜੀ. ਸਟੇਅਰਜ਼ ਦੀ 1891-92 ਦੀ ਮੁਹਿੰਮ ਵਿਚ ਕਾਟਾਂਗਾ ਨੂੰ ਕਾਂਗੋ ਦੀ ਆਜ਼ਾਦ ਸਟੇਟ ਵਿਚ ਸ਼ਾਮਲ ਕਰ ਲਿਆ। ਫੌਜੀ ਮਹੱਤਤਾ ਵਧਾ ਦਿੱਤੀ 30 ਜੂਨ, 1960 ਨੂੰ ਕਾਂਗੋ ਦੇ ਆਜ਼ਾਦ ਹੋਣ ਉਪਰੰਤ ਕਾਟਾਂਗਾ ਦੇ ਪ੍ਰਧਾਨ ਮੰਤਰੀ ਨੇ 11 ਜੁਲਾਈ, 1960 ਨੂੰ ਪ੍ਰਾਂਤ ਦੇ ਆਜ਼ਾਦ ਹੋਣ ਦਾ ਐਲਾਨ ਕਰ ਦਿੱਤਾ। ਇਹ ਕਾਟਾਂਗਾ ਦੀ ਖ਼ੁਦਮੁਖ਼ਤਾਰੀ ਲਈ ਅੜਿਆ ਰਿਹਾ ਪਰ 1962 ਈ. ਵਿਚ ਸੰਘੀ ਦੇਸ਼ਾਂ ਨੇ ਫੌਜ ਦੀ ਮਦਦ ਨਾਲ ਇਹ ਪ੍ਰਾਂਤ ਕਾਂਗੋ ਦੀ ਕੇਂਦਰੀ ਸਰਕਾਰ ਵਿਚ ਸ਼ਾਮਲ ਕਰ ਦਿੱਤਾ। ਇਸ ਤੋਂ ਬਾਅਦ ਕੇਂਦਰੀ ਸਰਕਾਰ ਨੇ ਇਸ ਨੂੰ ਦੋ ਪ੍ਰਾਂਤਾਂ—ਉਤਰੀ ਕਾਟਾਂਗਾ ਅਤੇ ਲੁਆਲਾਬਾ ਅਤੇ ਪੂਰਬੀ ਕਾਟਾਂਗਾ ਵਿਚ ਵੰਡ ਦਿੱਤਾ।

ਇਸ ਖੇਤਰ ਦਾ ਬਹੁਤ ਸਾਰਾ ਇਲਾਕਾ ਅਫ਼ਰੀਕਨ ਜ਼ਹਿਰੀਲੀ ਮੱਖੀ ਤੋਂ ਮੁਕਤ ਹੈ। ਇਸ ਕਰਕੇ ਇਥੇ ਯੂਰਪੀਅਨ ਕੰਪਨੀਆਂ ਦੀ ਮਦਦ ਨਾਲ ਪਸ਼ੂ ਪਾਲਣ ਦਾ ਕੰਮ ਸਿਖਰਾਂ ਤੇ ਹੈ। ਇਥੋਂ ਦੀਆਂ ਮੁਖ ਫਸਲਾਂ ਮੱਕੀ, ਮੂੰਗਫਲੀ, ਕਾਸਾਵਾ ਅਤੇ ਕਪਾਹ ਹਨ। ਖਣਿਜਾਂ ਦੇ ਭੰਡਾਰ ਪ੍ਰੀਕੈਂਬਰੀਅਨ ਪਰਤਦਾਰ ਚਟਾਨਾਂ ਵਿਚ ਮਿਲਦੇ ਹਨ। ਊਸ਼ਣ ਖੰਡੀ ਕਾਟਾਂਗਾ ਵਿਚ ਤਾਂਬਾ, ਕੋਬਾਲਟ, ਯੂਰੇਨੀਅਮ, ਸਿੱਕਾ, ਜਿਸਤ ਅਤੇ ਇਸ ਤੋਂ ਦੂਰ ਉੱਤਰ ਵਿਚ ਕਲੀ ਅਤੇ ਪੂਰਬੀ ਖੇਤਰ ਵਿਚ ਮੈਂਗਨੀਜ਼ ਆਦਿ ਮਿਲਦੇ ਹਨ। ਘਟੀਆ ਕਿਸਮ ਦਾ ਕੋਲਾ ਵੀ ਪਾਇਆ ਜਾਂਦਾ ਹੈ। ਇਥੋਂ ਯੂਰੇਨੀਅਮ ਆਕਸਾਈਡ ਯੂਰਪ ਨੂੰ ਭੇਜੀ ਜਾਂਦੀ ਹੈ।

ਕਾਟਾਂਗਾ ਵਿਚ ਆਬਾਦੀ ਵਿਰਲੀ ਹੈ। ਖਾਣਾਂ ਪੁੱਟਣ ਲਈ ਮਜ਼ਦੂਰ ਕਸਾਈ ਰਾਜ ਤੋਂ ਮੰਗਵਾਏ ਜਾਂਦੇ ਹਨ। ਬਾਂਟੂ ਅਤੇ ਲੂਬਾ ਕਬੀਲੇ ਇਥੇ ਵਸੇ ਹੋਏ ਹਨ। ਇਲਿਜ਼ਾਬੱਥਵਿੱਲ ਅਤੇ ਜੈਡੋਟਵਿਲ ਇਸ ਦੇ ਮੁੱਖ ਸ਼ਹਿਰ ਹਨ। ਇਥੇ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਜਲਮਾਰਗ ਵੀ ਆਵਾਜਾਈ ਲਈ ਵਰਤੇ ਜਾਂਦੇ ਹਨ। ਇਲਿਜ਼ਾਬੱਥਵਿੱਲ ਵਿਖੇ ਇਕ ਅੰਤਰਦੇਸ਼ੀ ਹਵਾਈ ਅੱਡਾ ਹੈ।

ਹ. ਪੁ.—ਐਨ. ਬ੍ਰਿ. 13 : 249; ਵੈ. ਜਗ. ਡਿ. 1098

**ਕਾਟਾਦਿਨ ਪਹਾੜੀ :** ਸੰਯੁਕਤ ਰਾਜ ਅਮਰੀਕਾ ਦੇ ਮੇਨ ਰਾਜ ਦੀ ਸਭ ਤੋਂ ਉੱਚੀ (1606 ਮੀ.) ਪਹਾੜੀ ਹੈ ਜੋ ਪਿਸਕੈਟਾਕਵਿਸ ਕਾਊਂਟੀ ਵਿਚ ਮਿਲਿਨਾਕੈੱਟ ਸ਼ਹਿਰ ਤੋਂ 30 ਕਿ. ਮੀ. ਉੱਤਰ-ਪੱਛਮ ਵਿਚ ਐਪਾਲੇਚੀਅਨ ਪਹਾੜੀਆਂ ਵਿਚ ਸਥਿਤ ਹੈ। ਬੈਕਸਟਰ ਸਟੇਟ ਪਾਰਕ ਵਿਚ ਕਈ ਉੱਚੀਆਂ ਸਿਖਰਾਂ ਹਨ ਜਿਨ੍ਹਾਂ ਵਿਚੋਂ ਬੈਕਸਟਰ ਸਿਖਰ ਸਭ ਤੋਂ ਉੱਚੀ ਹੈ। ਸਰਦੀ ਦੇ ਮਹੀਨਿਆਂ ਨੂੰ ਛੱਡ ਕੇ ਇਥੇ ਪਹਾੜ ਉਤੇ ਚੜ੍ਹਨ ਅਤੇ ਕੈਂਪ ਲਗਾਉਣ ਦੀ ਖੁਲ੍ਹ ਹੈ। ਐਪਾਲੇਚੀਅਨ ਪਹਿਆ ਜਾਂ ਮਾਰਗ ਬੈਕਸਟਰ ਚੋਟੀ ਤੋਂ ਦੱਖਣ-ਪੱਛਮ ਵਲ ਅਤੇ ਕਾਟਾਦਿਨ ਪਰਬਤ ਤੋਂ ਜਾਰਜੀਆ ਵਿਚ ਸਪਰਿੰਗਰ ਪਰਬਤ ਤਕ ਜਾਂਦਾ ਹੈ।

45° 55′ ਉ. ਵਿਥ.; 68° 55′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 725

**ਕਾਟਾਨਜ਼ਾਰੋ :** ਦੱਖਣੀ ਇਟਲੀ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਅਤੇ ਕਾਲੇਬ੍ਰਿਆ ਖੇਤਰ ਦਾ ਇਹ ਦੱਖਣੀ ਰਾਜਧਾਨੀ ਸ਼ਹਿਰ ਹੈ, ਜੋ ਕੋਜ਼ੈਨੱਟਸਾ ਤੋਂ ਲਗਭਗ 50 ਕਿ. ਮੀ. ਦੱਖਣ-ਪੂਰਬ ਵੱਲ ਸਥਿਤ ਹੈ।

17ਵੀਂ ਅਤੇ 18ਵੀਂ ਸਦੀ ਵਿਚ ਰੇਸ਼ਮ ਲਈ ਇਹ ਵਿਦੇਸ਼ਾਂ ਵਿਚ ਜਾਣਿਆ ਜਾਂਦਾ ਸੀ। ਇਥੋਂ ਦੀਆਂ ਵਰਣਨ ਯੋਗ ਥਾਵਾਂ ਵਿਚ ਇਕ ਪ੍ਰਾਦੇਸ਼ਿਕ ਅਜਾਇਬ ਘਰ, 18ਵੀਂ ਸਦੀ ਦੀ ਯੂਰਪੀ ਕਲਾ ਦੀ ਸ਼ੈਲੀ ਦਾ ਗਿਰਜਾ ਘਰ ਅਤੇ ਇਕ ਪਾਰਕ ਹੈ। ਇਥੇ ਕਾਟਾਨਜ਼ਾਰੋ ਤੋਂ ਕਾਟਾਨਜ਼ਾਰੋ ਸਾਲੋ ਸਟੇਸ਼ਨ ਤੱਕ ਸੁਰੰਗ ਰਾਹੀਂ ਰੇਲ-ਰਾਹ ਹੈ ਜੋ ਕਾਲੇਬ੍ਰਿਆ ਦੇ ਪੂਰਬੀ ਤੇ ਪੱਛਮੀ ਸਿਰੇ ਦੀਆਂ ਦੋ ਮੁੱਖ ਰੇਲ ਰਾਹਾਂ ਨੂੰ ਮਿਲਾਉਂਦਾ ਹੈ।

ਇਸ ਦੀ ਸਥਾਪਨਾ ਤਕਰੀਬਨ 10ਵੀਂ ਸਦੀ ਵਿਚ ਹੋਈ। ਸੰਨ 1059 ਵਿਚ ਰੌਬੇਰੋ ਗੀਸਕੱਰ ਨੇ ਇਸ ਤੇ ਕਬਜ਼ਾ ਕਰ ਲਿਆ। ਸੰਨ 1528 ਵਿਚ ਚਾਰ ਮਹੀਨੇ ਫਰਾਂਸ ਨੇ ਇਸ ਨੂੰ ਘੇਰੇ ਵਿਚ ਲਈ ਰੱਖਿਆ, ਪਰ ਇਸ ਦੇ ਵਾਸੀਆਂ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ, ਜਿਸ ਕਾਰਨ ਚਾਰਲਸ ਪੰਜਵੇਂ ਨੇ ਇਸ ਨੂੰ ਮਹਾਨਤਾ ਅਤੇ ਵਫ਼ਾਦਾਰੀ ਦਾ ਨਾਂ ਦਿੱਤਾ। ਦੂਜੇ ਵਿਸ਼ਵ ਯੁੱਧ ਵਿਚ ਇਸ ਸ਼ਹਿਰ ਦਾ ਬੰਬਾਰੀ ਨਾਲ ਕਾਫ਼ੀ ਨੁਕਸਾਨ ਹੋਇਆ।

ਆਬਾਦੀ 86, 070 (1971)

38° 54′ ਉ. ਵਿਥ, 16° 36′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 634

**ਕਾਟਾਵੀਟਸੇ :** ਪ੍ਰਾਂਤ—ਉੱਤਰੀ-ਕੇਂਦਰੀ ਪੋਲੈਂਡ ਦਾ ਇਹ ਇਕ ਪ੍ਰਾਂਤ ਹੈ ਜਿਸ ਦੀ ਸਰਹੱਦ ਚੈਕੋਸਲੋਵਾਕੀਆ ਦੇਸ਼ ਨਾਲ ਲਗਦੀ ਹੈ। ਇਥੋਂ ਦਾ ਰਕਬਾ 9546 ਵ. ਕਿ. ਮੀ. ਹੈ। ਰਕਬੇ ਪੱਖੋਂ ਇਹ ਪੋਲੈਂਡ ਦਾ ਸਭ ਤੋਂ ਛੋਟਾ ਪ੍ਰਾਂਤ ਹੈ। ਆਬਾਦੀ ਦੇ ਪੱਖੋਂ ਇਹ ਸਭ ਤੋਂ ਵੱਡਾ ਪ੍ਰਾਂਤ ਹੈ। ਸੰਨ 1979 ਵਿਚ ਇਥੋਂ ਦੀ ਆਰੰਭਕ ਵਸੋਂ 3,677,000 ਸੀ। ਵਿਸਚੂਲਾ ਦਰਿਆ ਪ੍ਰਾਂਤ ਤੇ ਦੱਖਣ-ਪੂਰਬੀ ਹਿੱਸੇ ਵਿਚੋਂ ਦੀ ਵਗਦਾ ਹੈ। ਪ੍ਰਾਂਤ ਦੇ ਦੱਖਣੀ ਹਿੱਸੇ ਵਿਚ ਜੰਗਲ ਹਨ। ਸਾਰਾ ਪ੍ਰਾਂਤ ਸਾਈਲੀਸ਼ੀਆ ਦੀਆਂ ਖਾਣਾਂ ਉਤੇ ਨਿਰਭਰ ਕਰਦਾ ਹੈ। ਜਿਸਤ, ਸਿੱਕੇ ਦੀ ਕੱਚੀ ਧਾਤ ਅਤੇ ਇੰਜੀਨੀਅਰਿੰਗ ਦਾ ਕੰਮ, ਪ੍ਰਾਂਤ ਦੀ ਆਰਥਿਕਤਾ ਦਾ ਆਧਾਰ ਹਨ। ਜਾਬਜ਼ੇ, ਚੈਨਟਸਟਾਕੋਵਾ (Czestochowa) ਬ੍ਰਾਈਟਾਮ ਅਤੇ ਗਲੀਵੀਟਸੇ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਹਨ।

ਹ. ਪੁ.—ਐਨ. ਬ੍ਰਿ. ਮਾ. 5 : 729

**ਕਾਟਾਵੀਟਸੇ :** (ਸ਼ਹਿਰ)—ਉੱਤਰ ਦੱਖਣੀ ਪੋਲੈਂਡ ਵਿਚ ਇਸੇ ਨਾਂ ਦੇ ਪ੍ਰਾਂਤ ਦਾ ਇਹ ਰਾਜਧਾਨੀ ਸ਼ਹਿਰ ਹੈ ਜੋ ਅੱਪਰ ਸ਼ਾਈਲੀਸ਼ੀਆ ਦੇ ਕੋਲੇ ਦੇ ਮੈਦਾਨਾਂ ਵਿਚ ਸਥਿਤ ਹੈ। ਇਸ ਬਸਤੀ ਦਾ ਪਤਾ ਸਭ ਤੋਂ ਪਹਿਲਾਂ 1598 ਈ. ਵਿਚ ਲੱਗਾ। ਸੰਨ 1865 ਤੀਕ ਇਹ ਕੇਵਲ ਇਕ ਛੋਟਾ ਜਿਹਾ ਪਿੰਡ ਹੀ ਹੁੰਦਾ ਸੀ। ਸੰਨ 1860 ਵਿਚ ਕੋਲੇ ਦੀਆਂ ਖਾਣਾਂ ਦਾ ਵਿਕਾਸ ਹੋਣ ਕਾਰਨ ਇਹ ਸ਼ਹਿਰ ਬਹੁਤ ਉੱਨਤ ਹੋਇਆ। ਸੰਨ 1922 ਵਿਚ ਇਹ ਪੋਲੈਂਡ ਦਾ ਭਾਗ ਬਣ ਗਿਆ। ਇਸ ਸ਼ਹਿਰ ਦੀ ਤਰੱਕੀ ਕੋਲੇ ਦੀਆਂ ਖਾਣਾਂ

ਅਤੇ ਭਾਰੀ ਸਨਅਤਾਂ ਕਰਕੇ ਹੋਈ । ਇਹ ਇਕ ਪ੍ਰਸਿੱਧ ਰੇਲਵੇ ਜੰਕਸ਼ਨ ਹੈ ਅਤੇ ਇਥੇ ਇਕ ਹਵਾਈ ਅੱਡਾ ਵੀ ਹੈ । ਇਹ ਇਕ ਸਭਿਆਚਾਰਕ ਕੇਂਦਰ ਹੈ ਜਿਥੇ ਸੰਗੀਤ, ਕਲਾ ਅਤੇ ਤਕਨੀਕੀ ਸਕੂਲ ਸਥਾਪਤ ਹਨ। ਇਸ ਤੋਂ ਇਲਾਵਾ ਇਹ ਲਾਇਬਰੇਰੀਆਂ, ਥੀਏਟਰਾਂ ਅਤੇ ਖੇਡਾਂ ਦਾ ਕੇਂਦਰ ਹੈ ।

ਆਬਾਦੀ, 353,000 (1979)

50° 16′ ਉ. ਵਿਥ; 19° 00′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 729

**ਕਾਂਟੀਲੂਪ, ਸੇਂਟ ਟਾਮਸ ਡ** : ਇਸ ਪਾਦਰੀ ਦਾ ਜਨਮ ਸੰਨ 1218 ਦੇ ਲਗਭਗ ਹੋਇਆ । ਇਹ ਆਪਣੀ ਵਿਰਕੱਤ ਜ਼ਿੰਦਗੀ, ਸਖਤ ਅਨੁਸ਼ਾਸਨ ਅਤੇ ਬਹਾਦਰੀ ਕਰਕੇ ਮਸ਼ਹੂਰ ਸੀ । ਇਹ ਦੂਸਰੇ ਬੈਰਨ ਕਾਂਟੀਲੂਪ ਦਾ ਪੁੱਤਰ ਸੀ । ਇਸ ਨੇ ਪੈਰਿਸ ਅਤੇ ਔਰਲੀਆਂ ਤੋਂ ਵਿਦਿਆ ਪ੍ਰਾਪਤ ਕੀਤੀ । ਇਹ ਪੈਰਿਸ ਅਤੇ ਔਕਸਫਰਡ ਵਿਖੇ ਧਾਰਮਕ ਕਾਨੂੰਨ ਪੜ੍ਹਾਉਂਦਾ ਰਿਹਾ । ਸੰਨ 1262 ਵਿਚ ਇਹ ਆਕਸਫੋਰਡ ਦਾ ਚਾਂਸਲਰ ਬਣ ਗਿਆ । ਬੈਰਨਾਂ ਦੀ ਲੜਾਈ ਸਮੇਂ ਇਸ ਨੇ ਸਾਈਮਨ ਡ ਮਾਂਫਰ ਦਾ ਪੱਖ ਲਿਆ ਅਤੇ ਫ਼ਰਾਂਸ ਦੇ ਸੇਂਟ ਲੂਈ IX ਦੇ ਦਰਬਾਰ ਵਿਚ ਬੈਰਨਾਂ ਦੀ ਪ੍ਰਤੀਨਿਧਤਾ ਕੀਤੀ ।

ਸੰਨ 1265 ਵਿਚ ਇਹ ਚਾਂਸਲਰ ਬਣ ਗਿਆ ਪਰੰਤੂ ਉਸੇ ਸਾਲ ਮਾਂਫਰ ਦੀ ਮੌਤ ਪਿਛੋਂ ਇਹ ਪਦ ਇਸ ਤੋਂ ਖੁਸ ਗਿਆ ਅਤੇ ਇਹ ਪੈਰਿਸ ਵਾਪਸ ਆ ਕੇ ਅਧਿਆਪਕ ਬਣ ਗਿਆ । ਥੋੜ੍ਹੇ ਸਮੇਂ ਮਗਰੋਂ ਇਹ ਮੁੜ ਔਕਸਫੋਰਡ ਦਾ ਚਾਂਸਲਰ ਬਣ ਗਿਆ । ਸੰਨ 1274 ਵਿਚ ਇਸ ਨੇ ਲਾਈਨਜ਼ ਦੀ ਦੂਸਰੀ ਕੌਂਸਲ ਵਿਚ ਭਾਗ ਲਿਆ ਅਤੇ ਅਗਲੇ ਸਾਲ ਇਹ ਹੈਰ ਐਫਰਡ ਦਾ ਬਿਸ਼ਪ ਬਣਾ ਦਿੱਤਾ ਗਿਆ । ਸੰਨ 1280 ਵਿਚ ਇਸ ਨੂੰ ਅਧਿਕਾਰ ਖੇਤਰ ਸਬੰਧੀ ਬਹੁਤ ਸਾਰੇ ਝਗੜਿਆਂ ਕਰਕੇ ਧਰਮ ਵਿਚੋਂ ਖਾਰਜ ਕਰ ਦਿੱਤਾ ਗਿਆ । ਇਹ ਆਪਣੇ ਪੱਖ ਦੀ ਪੈਰਵੀ ਕਰਨ ਲਈ ਇਟਲੀ ਗਿਆ ਪਰ 25 ਅਗਸਤ, 1282 ਨੂੰ ਔਰਵਾਈਐਟੋ ਵਿਖੇ ਇਸ ਦਾ ਦੇਹਾਂਤ ਹੋ ਗਿਆ । ਹਰ ਸਾਲ 3 ਅਕਤੂਬਰ ਨੂੰ ਇਸ ਦਾ ਦਿਵਸ ਮਨਾਇਆ ਜਾਂਦਾ ਹੈ ।

ਹ. ਪੁ.—ਐਨ. ਬ੍ਰਿ. 4 : 803

**ਕਾਟੇਨੀਆ** : ਇਟਲੀ ਵਿਚ ਪੂਰਬੀ ਸਿਸਲੀ ਦੇ ਇਸੇ ਨਾਂ ਦੇ ਪ੍ਰਾਂਤ ਦੀ ਇਹ ਰਾਜਧਾਨੀ ਹੈ ਜੋ ਆਇਓਨੀਅਨ ਸਮੁੰਦਰੀ ਤੱਟ ਉਤੇ, ਕਾਟੇਨੀਆ ਦੇ ਖੁਲ੍ਹੇ ਮੈਦਾਨ ਵਿਚ ਐਟਨਾ ਪਹਾੜੀ ਦੇ ਦੱਖਣ ਵਿਚ ਸਥਿਤ ਹੈ । ਇਸ ਦਾ ਪ੍ਰਾਚੀਨ ਨਾਂ ਕੈਟਾਨਾ ਹੁੰਦਾ ਸੀ । ਸ਼ਹਿਰ ਦੀ ਨੀਂਹ ਕੈਲਸਿਸ ਤੋਂ ਆਏ ਆਬਾਦਕਾਰਾਂ ਨੇ ਨੈਕਸਾਸ ਤੋਂ 80 ਕਿ. ਮੀ. ਦੂਰ 729 ਈ. ਪੂ. ਵਿਚ ਰੱਖੀ ਸੀ । 263 ਈ. ਪੂ. ਵਿਚ ਰੋਮ ਦੇ ਕਬਜ਼ੇ ਅਧੀਨ ਆਉਣ ਤੋਂ ਪਹਿਲਾਂ, ਸਿਰਾਕੂਜ਼ ਹਮਲਿਆਂ ਕਾਰਨ ਸ਼ਹਿਰ ਦਾ ਭਾਰੀ ਨੁਕਸਾਨ ਹੁੰਦਾ ਰਿਹਾ । ਪਿਛੋਂ ਇਸ ਨੂੰ ਫਿਰ ਉਸਾਰਿਆ ਗਿਆ ਅਤੇ ਅਗਸਟਨ ਯੁਗ ਵਿਚ ਇਸ ਸ਼ਹਿਰ ਨੇ ਬਹੁਤ ਉੱਨਤੀ ਕੀਤੀ । ਹੈਨਰੀ ਛੇਵੇਂ ਅਤੇ ਫ੍ਰੈਡਰਿਕ ਦੂਜੇ ਨੇ ਇਸ ਸ਼ਹਿਰ ਨੂੰ ਬਹੁਤ ਬਰਬਾਦ ਕੀਤਾ । ਸਿਸਲੀ ਰਾਜ ਦੇ ਐਰਾਗਾਨੀ ਬਾਦਸ਼ਾਹ ਇਥੇ ਅਕਸਰ ਰਿਹਾ ਕਰਦੇ ਸਨ । ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਦੌਰਾਨ ਅੰਦਰੂਨੀ ਗੜਬੜ, ਸਮੁੰਦਰੀ ਡਾਕੂਆਂ ਦੇ ਹਮਲਿਆਂ, ਮਹਾਮਾਰੀ, ਕਾਲ ਅਤੇ ਕੁਦਰਤੀ ਕਹਿਰਾਂ ਨੇ ਸ਼ਹਿਰ ਨੂੰ ਮੁਸੀਬਤ ਵਿਚ ਪਾ ਦਿੱਤਾ । ਪਿਛੋਂ ਇਹ ਨੇਪਲਜ਼ ਦੇ ਬੁਰਬਨ ਰਾਜ ਦੇ ਅਧੀਨ ਚਲਾ ਗਿਆ । ਸੰਨ 1837 ਵਿਚ ਹੈਜ਼ਾ ਫੈਲਣ ਦੌਰਾਨ ਅੰਦਰੂਨੀ ਗੜਬੜ ਨੂੰ ਦਬਾ ਦਿੱਤਾ ਗਿਆ । ਦੂਜੇ ਵਿਸ਼ਵ ਯੁਧ ਦੌਰਾਨ, ਸੰਨ 1943 ਵਿਚ ਬੰਬਾਰੀ ਅਤੇ ਘਮਸਾਨ ਦੀ ਲੜਾਈ ਕਾਰਨ, ਸ਼ਹਿਰ ਦਾ ਬਹੁਤ ਨੁਕਸਾਨ ਹੋਇਆ । ਅਜੋਕਾ ਕਾਟੇਨੀਆ ਸ਼ਹਿਰ, ਸਿਸਲੀ ਦਾ ਦੂਜਾ ਵੱਡਾ ਸ਼ਹਿਰ, ਉਦਯੋਗ ਅਤੇ ਆਵਾਜਾਈ ਦਾ ਪ੍ਰਸਿੱਧ ਕੇਂਦਰ ਹੈ ਜੋ ਰੇਲ ਦੁਆਰਾ ਪਾਲੈਰਮੋ, ਮਾਸੀਨਾ ਅਤੇ ਸਿਰਾਕੂਜ਼ ਨਾਲ ਜੁੜਿਆ ਹੋਇਆ ਹੈ । ਮਸ਼ੀਨਰੀ, ਰਸਾਇਣਕ ਵਸਤਾਂ ਤਿਆਰ ਕਰਨਾ, ਖੁਰਾਕ ਪ੍ਰਾਸੈਸਿੰਗ ਅਤੇ ਮੱਛੀ ਫੜਨਾ ਇਥੋਂ ਦੇ ਪ੍ਰਸਿੱਧ ਉਦਯੋਗ ਹਨ । ਸਿਸਲੀ ਦੀ ਸੋਧੀ ਹੋਈ ਅੱਧੀ ਗੰਧਕ, ਕਾਟੇਨੀਆ ਦੀਆਂ ਫੈਕਟਰੀਆਂ ਤੋਂ ਆਉਂਦੀ ਹੈ । ਇਹ ਆਲੇ-ਦੁਆਲੇ ਦੇ ਜ਼ਰਾਇਤੀ ਖੇਤਰ ਦੀ ਮੰਡੀ ਹੈ ਅਤੇ ਇਥੋਂ ਬਦਾਮ, ਸੰਗਤਰੇ ਅਤੇ ਨਾਲ ਹੀ ਧਾਤ, ਲੱਕੜ ਅਤੇ ਅੰਬਰ ਦੀਆਂ ਹੱਥ ਨਾਲ ਤਿਆਰ ਕੀਤੀਆਂ ਵਸਤਾਂ ਬਾਹਰ ਭੇਜੀਆਂ ਜਾਂਦੀਆਂ ਹਨ ।

ਆਬਾਦੀ—399,773 (1977)

37° 30′ ਉ. ਵਿਥ.; 15° 06′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 634 ਚੈਂਬ.ਐਨ. 3 : 167

**ਕਾਟੈਲਪਾ** : ਇਹ ਬਿਗਨੋਨੀਏਸੀ ਕੁਲ ਦੇ ਸਜਾਵਟੀ ਰੁੱਖ ਹਨ । ਇਹ ਆਮ ਤੌਰ ਤੇ ਭਰਵੇਂ ਪੱਤਿਆਂ ਅਤੇ ਗਰਮੀਆਂ ਵਿਚ ਖ਼ੂਬਸੂਰਤ ਫੁੱਲਾਂ ਲਈ ਕਾਸ਼ਤ ਕੀਤੇ ਜਾਂਦੇ ਹਨ । ਕਾਟੈਲਪਾ ਪ੍ਰਜਾਤੀ ਦੀਆਂ 11 ਜਾਤੀਆਂ ਹਨ । ਇਹ ਜਾਤੀਆਂ ਪੂਰਬੀ ਏਸ਼ੀਆ, ਪੂਰਬੀ ਉੱਤਰ-ਅਮਰੀਕਾ ਅਤੇ ਵੈਸਟ-ਇੰਡੀਜ਼ ਵਿਚ ਮਿਲਦੀਆਂ ਹਨ ।

ਇਸ ਦੇ ਪੱਤੇ ਵੱਡੇ ਅਤੇ ਖ਼ੂਬਸੂਰਤ ਹੁੰਦੇ ਹਨ । ਇਹ ਰੁੱਖ ਸਦਾਬਹਾਰ ਨਹੀਂ ਹੈ, ਇਸ ਲਈ ਆਮ ਤੌਰ ਤੇ ਇਸ ਦੇ ਪੱਤੇ ਪੱਤਝੜ ਦੀ ਰੁੱਤ ਵਿਚ ਝੜ ਜਾਂਦੇ ਹਨ । ਪੱਤਿਆਂ ਦੀ ਡੰਡੀ ਲੰਮੀ ਹੁੰਦੀ ਹੈ । ਫੁੱਲ ਸਿਰਿਆਂ ਤੇ ਪੈਨਿਕਲ ਦੀ ਸ਼ਕਲ ਵਿਚ ਲਗਦੇ ਹਨ, ਜਿਨ੍ਹਾਂ ਦਾ ਰੰਗ ਚਮਕੀਲਾ, ਚਿੱਟਾ, ਪੀਲਾ ਜਾਂ ਜਾਮਨੀ ਹੁੰਦਾ ਹੈ ।

ਇਸ ਦਾ ਫਲ ਲੰਮਾ ਸਿਲਿੰਡਰ-ਵਰਗਾ ਲਗਭਗ 500 ਗ੍ਰਾ. ਭਾਰਾ ਹੁੰਦਾ ਹੈ, ਜਿਸ ਵਿਚ ਬਹੁਤ ਜ਼ਿਆਦਾ ਬੀਜ ਹੁੰਦੇ ਹਨ । ਇਸ ਦੇ ਬੀਜਾਂ ਦੇ ਦੋਹਾਂ ਸਿਰਿਆਂ ਤੇ ਵਾਲਾਂ ਦਾ ਇਕ ਛੋਟਾ ਜਿਹਾ ਗੁੱਛਾ ਹੁੰਦਾ ਹੈ ।

ਇਸ ਦੀ ਇਕ ਜਾਤੀ ਕਾਟੈਲਪਾ ਸਪੀਸੀਓਸਾ (*C. speciosa*) ਦੇ ਰੁੱਖ ਛੋਟੇ ਕੱਦ ਦੇ ਹੁੰਦੇ ਹਨ, ਜੋ ਅਮਰੀਕਾ ਦੀ ਓਹਾਈਓ ਵਾਦੀ ਦੇ ਹੇਠਲੇ ਹਿੱਸਿਆਂ ਵਿਚ ਮਿਲਦੀ ਹੈ ਅਤੇ ਮੱਧ-ਪੱਛਮ ਵਿਚ ਬਹੁਤ ਜ਼ਿਆਦਾ ਲਗਾਈ ਜਾਂਦੀ ਹੈ । ਇਸ ਦੀ ਲੱਕੜੀ ਬਹੁਤ ਹੰਢਣਸਾਰ ਹੋਣ ਕਰਕੇ ਖੰਭੇ ਬਣਾਉਣ ਲਈ ਹੀ ਵਰਤੀ ਜਾਂਦੀ ਹੈ ।

ਹ. ਪੁ.—ਸ. ਸਾ. ਹਾ. 1 : 684 ; ਐਨ. ਬ੍ਰਿ. ਮਾ. 2 : 633 ; ਇ. ਬਾ. : 106.

**ਕਾਠੀਆਵਾੜ : ਪ੍ਰਾਇਦੀਪ**—ਭਾਰਤ ਦੇ ਗੁਜਰਾਤ ਰਾਜ ਦੇ ਪੱਛਮ ਵਿਚ ਇਹ ਇਕ ਵਰਗਾਕਾਰ ਪ੍ਰਾਇਦੀਪ ਹੈ । ਇਸ ਦੇ ਉੱਤਰ ਵਿਚ ਖਾੜੀ ਕੱਛ ਅਤੇ ਦੱਖਣ ਤੇ ਦੱਖਣ-ਪੂਰਬ ਵਿਚ ਕੈਂਬੇ ਦੀ ਖਾੜੀ ਹੈ । ਇਸ ਦੀ ਲੰਬਾਈ ਕੋਈ 350 ਕਿ. ਮੀ. ਅਤੇ ਵੱਧ ਤੋਂ ਵੱਧ ਚੌੜਾਈ 270 ਕਿ. ਮੀ. ਹੈ । ਇਸ ਦਾ ਖੇਤਰਫਲ 60,000 ਵ. ਕਿ. ਮੀ. (23,000 ਵ. ਮੀਲ) ਹੈ । ਕਾਠੀਆਵਾੜ ਦੀ ਸਤ੍ਹਾ ਵਧੇਰੇ ਕਰਕੇ ਉਘੜ ਦੁਗੜੀ ਹੈ । ਇਸ ਵਿਚ ਕਈ ਨੀਵੀਆਂ ਪਹਾੜੀਆਂ ਬੇਤਰਤੀਬੀ ਨਾਲ ਖਿੰਡੀਆਂ ਹੋਈਆਂ ਹਨ ਜਿਨ੍ਹਾਂ ਵਿਚ ਗੀਰ ਪਹਾੜੀਆਂ 1117 ਮੀ. ਤਕ ਉੱਚੀਆਂ ਹਨ । ਉੱਤਰੀ ਇਲਾਕਾ ਥੋੜ੍ਹਾ ਬਹੁਤ ਪੱਧਰਾ ਹੈ । ਗੀਰ ਲੜੀ ਸਮੁੰਦਰ ਤੱਟ ਤੋਂ 32 ਕਿ. ਮੀ. ਦੂਰ, ਉੱਤਰ ਤੋਂ ਦੱਖਣ ਨੂੰ ਫੈਲੀ ਹੋਈ ਹੈ । ਭਾਦਰ ਇਲਾਕੇ ਦਾ ਮੁੱਖ ਦਰਿਆ ਹੈ । ਇਹ ਮਾਂਡਵ ਦੀਆਂ ਪਹਾੜੀਆਂ ਵਿਚੋਂ ਨਿਕਲ ਕੇ 176 ਕਿ. ਮੀ. ਲਈ ਦੱਖਣ-ਪੱਛਮ ਨੂੰ ਵਹਿੰਦਾ ਹੋਇਆ ਨਾਵੀਬੰਦਰ ਦੇ ਸਥਾਨ ਤੇ ਸਮੁੰਦਰ ਵਿਚ ਜਾ ਡਿੱਗਦਾ ਹੈ । ਆਜੀ, ਮਾਛੂ, ਭੋਗਾਵ ਅਤੇ ਸ਼ਤਰੰਜੀ ਹੋਰ ਦਰਿਆ ਹਨ ।

ਭਾਰਤ ਆਜ਼ਾਦ ਹੋਣ ਤੋਂ ਪਹਿਲਾਂ ਕਾਠੀਆਵਾੜ ਕਈ ਛੋਟੀਆਂ-ਛੋਟੀਆਂ ਰਿਆਸਤਾਂ ਅਤੇ ਜਾਗੀਰਾਂ ਵਿਚ ਵੰਡਿਆ ਹੋਇਆ ਸੀ। ਸੰਨ 1948 ਵਿਚ ਇਨ੍ਹਾਂ ਸਾਰੀਆਂ ਨੂੰ ਰਲਾ ਕੇ ਸੌਰਾਸ਼ਟਰ ਰਾਜ ਬਣਾ ਦਿਤਾ ਗਿਆ। ਸੰਨ 1956 ਵਿਚ ਰਾਜਾਂ ਨੂੰ ਨਵੇਂ ਸਿਰਿਓਂ ਤਰਤੀਬ ਦੇਣ ਸਮੇਂ, ਸੌਰਾਸ਼ਟਰ ਨੂੰ ਬੰਬਈ ਰਾਜ ਵਿਚ ਮਿਲਾ ਦਿੱਤਾ ਗਿਆ। 1960 ਈ. ਵਿਚ ਬੰਬਈ ਰਾਜ ਦੇ ਉੱਤਰੀ ਇਲਾਕੇ, ਬੋਲੀ ਦੇ ਆਧਾਰ ਤੇ ਅੱਡ ਕਰ ਕੇ ਗੁਜਰਾਤ ਰਾਜ ਬਣਾ ਦਿੱਤਾ ਗਿਆ। ਉਦੋਂ ਤੋਂ ਕਾਠੀਆਵਾੜ ਗੁਜਰਾਤ ਰਾਜ ਦਾ ਭਾਗ ਹੈ।

ਕਾਠੀਆਵਾੜ ਆਪਣੇ ਤੀਰਥ ਅਸਥਾਨਾਂ—ਜਿਵੇਂ ਕਿ ਦਵਾਰਕਾ, ਕਾਲੀਤਾਨਾ, ਗਿਰਨਾਰ, ਅਤੇ ਸੋਮਨਾਥ ਲਈ ਮਸ਼ਹੂਰ ਹੈ। ਇਥੋਂ ਦੇ ਇਕ ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰ ਭਾਵਨਗਰ, ਰਾਜਕੋਟ ਅਤੇ ਜਾਮਨਗਰ ਹਨ। ਜਾਮਨਗਰ ਵਿਚ ਹਵਾਈ ਅੱਡਾ ਵੀ ਹੈ। ਕਾਠੀਆਵਾੜ ਦੀ ਮੁੱਖ ਪੈਦਾਵਾਰ ਮੂੰਗਫਲੀ, ਕਪਾਹ, ਕਣਕ, ਬਾਜਰਾ ਅਤੇ ਲੂਣ ਹੈ। ਇਥੇ ਚੀਨੀ ਮਿੱਟੀ, ਸੰਗਮਰਮਰ, ਰੇਤ-ਪੱਥਰ, ਚੂਨੇ ਦੇ ਪੱਥਰ ਅਤੇ ਬਾਕਸਾਈਟ ਦੇ ਬਹੁਤ ਵੱਡੇ ਭੰਡਾਰ ਹਨ। ਇਸ ਲਈ ਸੀਮਿੰਟ ਅਤੇ ਚੀਨੀ ਮਿੱਟੀ ਦੇ ਬਰਤਨ ਬਣਾਏ ਜਾਂਦੇ ਹਨ। ਇਥੇ ਰੂੰ ਵੇਲਣ ਅਤੇ ਤੇਲ ਕੱਢਣ ਦੀਆਂ ਕਈ ਮਿਲਾਂ ਹਨ। ਬਾਕਸਾਈਟ ਨੂੰ ਵਰਤਣ ਲਈ ਐਲੂਮਨੀਅਮ ਦਾ ਕਾਰਖਾਨਾ ਲਗਾਇਆ ਜਾ ਰਿਹਾ ਹੈ।

ਕਾਠੀਆਵਾੜ ਦੇ ਤਟ ਤੇ ਕਈ ਮੱਛੀਘਾਟ ਹਨ। ਇਥੇ ਇੰਜਣ ਨਾਲ ਚੱਲਣ ਵਾਲੀਆਂ ਕਿਸ਼ਤੀਆਂ ਨਾਲ ਭਾਰੀ ਮਾਤਰਾ ਵਿਚ ਮੱਛੀ ਫੜੀ ਜਾਂਦੀ ਹੈ। ਤਟ ਤੇ ਕਈ ਪਲਾਂਟ ਮੱਛੀ ਨੂੰ ਠੰਢਾ ਰੱਖਣ ਜਾਂ ਡੱਬੇ ਬੰਦ ਕਰਨ ਲਈ ਬਣੇ ਹੋਏ ਹਨ।

ਹ. ਪੁ.—ਇੰਪ. ਗ. ਇੰਡ. 15 : 164 ; ਹਿੰ. ਵਿ. ਕੋ. 2:444 ; ਐਨ. ਬ੍ਰਿ. ਮਾ. 5 : 726

**ਕੌਡ :** ਇਹ ਗੈਡਡੀ ਕੁਲ ਦੀ ਇਕ ਵੱਡੀ ਤੇ ਮਹੱਤਵਪੂਰਨ ਸਮੁੰਦਰੀ ਮੱਛੀ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਗੇਡਸ ਮਾਰੂਆ (*Gadus morhua*) ਹੈ। ਇਹ ਮੱਛੀ ਉੱਤਰੀ ਅੰਧ ਮਹਾਂਸਾਗਰ ਦੇ ਦੋਹਾਂ ਪਾਸੇ ਮਿਲਦੀ ਹੈ। ਠੰਢੇ ਪਾਣੀ ਦੀ ਇਹ ਮੱਛੀ ਆਮ ਤੌਰ ਤੇ ਤਲ ਦੇ ਨੇੜੇ ਰਹਿੰਦੀ ਹੈ। ਇਹ ਮੱਛੀ ਆਮ ਤੌਰ ਤੇ ਖਾਣ ਲਈ, ਲਿਵਰ ਔਇਲ ਅਤੇ ਹੋਰ ਪਦਾਰਥ ਤਿਆਰ ਕਰਨ ਲਈ ਵਰਤੀ ਜਾਂਦੀ ਹੈ।

ਇਸ ਉਤੇ ਗੂੜ੍ਹੇ ਰੰਗ ਦੇ ਚਟਾਖ ਹੁੰਦੇ ਹਨ। ਇਸ ਦੇ ਤਿੰਨ ਪਿੱਠ ਖੰਭੜੇ ਅਤੇ ਦੋ ਗੁਦਾ ਖੰਭੜੇ ਹੁੰਦੇ ਹਨ ਅਤੇ ਠੋਡੀ ਤੇ ਇਕ ਬਾਰਬੈੱਲ ਹੁੰਦਾ ਹੈ। ਇਸ ਦਾ ਰੰਗ ਹਰਾ, ਸਲੇਟੀ, ਭੂਰਾ ਜਾਂ ਕਾਲਾ ਹੋ ਸਕਦਾ ਹੈ। ਕਈ ਵਾਰ ਇਹ ਭੂਸਲਾ ਜਾਂ ਗੂੜ੍ਹਾ ਲਾਲ ਵੀ ਹੁੰਦਾ ਹੈ। ਇਹ ਮੱਛੀ ਲਗਭਗ 11.5 ਕਿ. ਗ੍ਰਾ. ਭਾਰੀ ਹੁੰਦੀ ਹੈ। ਪਰ ਇਸ ਦੀ ਵੱਧ ਤੋਂ ਵੱਧ ਲੰਬਾਈ 1.8 ਮੀ. ਅਤੇ ਭਾਰ 91 ਕਿ. ਗ੍ਰਾ. ਤੋਂ ਵਧ ਹੋ ਸਕਦਾ ਹੈ। ਇਹ ਇਕ ਪੇਟੂ ਅਤੇ ਪ੍ਰਵਾਸੀ ਮੱਛੀ ਹੈ ਜਿਹੜੀ ਦੂਜੀਆਂ ਛੋਟੀਆਂ ਮੱਛੀਆਂ ਅਤੇ ਕਈ ਰੀੜ੍ਹ ਰਹਿਤ ਪ੍ਰਾਣੀਆਂ ਤੇ ਆਹਾਰ ਕਰਦੀ ਹੈ।

ਉੱਤਰੀ ਸ਼ਾਂਤ ਮਹਾਸਾਗਰ ਦੀ ਜਾਤੀ ਗੇਡਸੋ ਮੈਕਰੋਸੈੱਫਲਸ (*C. macrocephalus*) ਵੀ ਦੇਖਣ ਵਿਚ ਇਸ ਨਾਲ ਕਾਫ਼ੀ ਮਿਲਦੀ ਜੁਲਦੀ ਲਗਦੀ ਹੈ। ਜਾਪਾਨ ਵਿਚ ਇਹ ਜਾਤੀ ਪੂਰਬੀ ਅਤੇ ਪੱਛਮੀ ਦੋਨੋਂ ਸ਼ਾਂਤ ਮਹਾਸਾਗਰਾਂ ਵਿਚ ਮਿਲਦੀ ਹੈ ਅਤੇ ਇਸ ਨੂੰ ਤਾਰਾ ਕਹਿੰਦੇ ਹਨ। ਇਹ ਵੀ ਖਾਣ ਲਈ ਅਤੇ ਲਿਵਰ ਔਇਲ ਪ੍ਰਾਪਤ ਕਰਨ ਲਈ ਪਕੜੀ ਜਾਂਦੀ ਹੈ। ਇਹ ਲੰਬਾਈ ਵਿਚ ਅੰਧ ਮਹਾਸਾਗਰੀ ਕੌਡ ਤੋਂ ਛੋਟੀ ਹੁੰਦੀ ਹੈ। ਇਸ ਦੀ ਵੱਧ ਤੋਂ ਵੱਧ ਲੰਬਾਈ 75 ਸੈਂ. ਮੀ. ਹੁੰਦੀ ਹੈ। ਇਸ ਦਾ ਰੰਗ ਚਿਤਕਬਰਾ ਅਤੇ ਭੂਰਾ ਹੁੰਦਾ ਹੈ, ਜਿਸ ਉਤੇ ਚਿੱਟੀ ਲੇਟਰਲ ਲਾਈਨ ਹੁੰਦੀ ਹੈ।

ਹ. ਪੁ.—ਐਨ. ਬ੍ਰਿ. ਮਾ. 2 : 1033

**ਕਾਡਰਸ :** ਯੂਨਾਨ ਦੀ ਇਕ ਪੁਰਾਣੀ ਕਥਾ ਅਨੁਸਾਰ ਇਹ ਏਥਨਜ਼ ਦਾ ਆਖਰੀ ਬਾਦਸ਼ਾਹ ਸੀ, ਜਿਹੜਾ ਪਾਈਲੋਸ ਦੇ ਨੀਲੀਦ ਪਰਿਵਾਰ ਦੇ ਵਿਅਕਤੀ ਮੈਲਾਨਥਸ ਦਾ ਪੁੱਤਰ ਸੀ। ਸ਼ੁਰੂ ਵਿਚ ਇਹ ਏਥਨਜ਼ ਵਿਚ ਸ਼ਰਨਾਰਥੀ ਦੇ ਤੌਰ ਤੇ ਆਇਆ ਸੀ। ਸ਼ਾਇਦ 11ਵੀਂ ਈ. ਪੂ. ਵਿਚ ਪੈਲੋਪਾਨੀਸਸ ਉਤੇ ਡੋਰੀਅਨਾਂ ਵਲੋਂ ਕੀਤੇ ਗਏ ਹਮਲੇ ਸਮੇਂ ਇਹ ਭਵਿੱਖਬਾਣੀ ਹੋਈ ਸੀ ਕਿ ਏਥਨਜ਼-ਵਾਸੀਆਂ ਦੀ ਜਿੱਤ ਤਾਂ ਹੀ ਹੋ ਸਕਦੀ ਸੀ ਜੇਕਰ ਉਨ੍ਹਾਂ ਦਾ ਬਾਦਸ਼ਾਹ ਦੁਸ਼ਮਣਾਂ ਦੇ ਹੱਥੋਂ ਮਾਰਿਆ ਜਾਵੇ। ਇਸ ਲਈ ਕਾਡਰਸ ਭੇਸ ਵਟਾ ਕੇ ਦੁਸ਼ਮਣਾਂ ਦੇ ਕੈਂਪ ਵਿਚ ਚਲਾ ਗਿਆ ਅਤੇ ਲੜਦਾ ਹੋਇਆ ਮਾਰਿਆ ਗਿਆ। ਜਦੋਂ ਡੋਰੀਅਨਾਂ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਉਹ ਆਪਣੀਆਂ ਫੌਜਾਂ ਵਾਪਸ ਲੈ ਗਏ। ਏਥਨਜ਼ਵਾਸੀਆਂ ਨੇ ਸੋਚਿਆ ਕਿ ਕਾਡਰਸ ਜਿੰਨਾ ਉਚਾ ਤੇ ਮਹਾਨ ਵਿਅਕਤੀ ਸੀ ਹੋਰ ਕੋਈ ਨਹੀਂ ਹੋ ਸਕਦਾ, ਇਸ ਲਈ ਅੱਗੋਂ ਵਾਸਤੇ ਉਨ੍ਹਾਂ ਨੇ ਬਾਦਸ਼ਾਹ ਦਾ ਪਦ ਹੀ ਸਮਾਪਤ ਕਰ ਦਿਤਾ ਅਤੇ ਇਸ ਦੀ ਥਾਂ ਤੇ ਆਰਕਨ ਦਾ ਪਦ ਕਾਇਮ ਕੀਤਾ ਗਿਆ।

ਹ. ਪੁ.—ਐਨ. ਬ੍ਰਿ. 6 : 13

**ਕਾਂਡੇਲਾ :** ਭਾਰਤ ਦੇ ਗੁਜਰਾਤ ਰਾਜ ਦੀ ਕੱਛ ਦੀ ਖਾੜੀ ਦੇ ਪੂਰਬੀ ਕੰਢੇ ਤੇ ਇਹ ਇਕ ਕੁਦਰਤੀ ਬੰਦਰਗਾਹ ਹੈ। ਇਥੇ ਜਹਾਜ਼ਾਂ ਦੀ ਆਵਾਜਾਈ ਅਤੇ ਖੜ੍ਹੇ ਰੱਖਣ ਦੀ ਪੂਰੀ ਸਹੂਲਤ ਹੈ। 818 ਮੀਟਰ ਡੂੰਘੇ ਪਾਣੀ ਵਿਚ ਇਕੋ ਹੀ ਸਮੇਂ ਤੇ ਚਾਰ ਜਹਾਜ਼ ਖੜ੍ਹੇ ਕੀਤੇ ਜਾ ਸਕਦੇ ਹਨ। 48 ਕਿ. ਮੀ. ਤੱਕ ਆਉਂਦੇ ਜਾਂਦੇ ਜਹਾਜ਼ਾਂ ਦਾ ਰਡਾਰ ਜੰਤਰ ਰਾਹੀਂ ਨਿਰੀਖਣ ਵੀ ਕੀਤਾ ਜਾਂਦਾ ਹੈ। ਪਾਣੀ, ਬਿਜਲੀ ਅਤੇ ਹੋਰ ਸਭ ਸਹੂਲਤਾਂ ਇਥੇ ਪ੍ਰਾਪਤ ਹਨ। ਭਾਰਤ-ਪਾਕਿਸਤਾਨ ਦੀ ਵੰਡ ਨਾਲ ਕਰਾਚੀ ਬੰਦਰਗਾਹ ਦੇ ਪਾਕਿਸਤਾਨ ਵਿਚ ਜਾਣ ਮਗਰੋਂ 1949 ਈ. ਵਿਚ ਇਸ ਦਾ ਵਿਕਾਸ ਸ਼ੁਰੂ ਕੀਤਾ ਗਿਆ। ਕੱਛ ਰਾਜ ਨੇ ਆਪਣੇ 3.2 ਕਿ. ਮੀ. ਪਰੇ ਇਕ ਬੰਦਰਗਾਹ ਬਣਾਈ ਸੀ। ਇਸ ਨੇ 1955 ਵਿਚ ਭਾਰਤ ਦੀ ਛੇਵੀਂ ਵੱਡੀ ਬੰਦਰਗਾਹ ਦਾ ਦਰਜਾ ਲੈ ਲਿਆ। ਇਸ ਦੇ ਪਿਛਵਾੜੇ 704, 000 ਵ. ਕਿ. ਮੀ. ਦੇ ਲੰਬੇ ਚੌੜੇ ਖੇਤਰ ਵਿਚ ਰਾਜਸਥਾਨ, ਗੁਜਰਾਤ, ਪੰਜਾਬ, ਕਸ਼ਮੀਰ, ਪੱਛਮੀ ਉੱਤਰ ਪ੍ਰਦੇਸ਼ ਰਾਜ ਸ਼ਾਮਲ ਹਨ। ਕੁਲ 7,000 ਏਕੜ ਦੀ ਭੂਮੀ ਤੇ ਗਾਂਧੀਧਾਮ ਨਗਰ ਦੀ ਵਿਉਂਤ ਕੀਤੀ ਗਈ ਹੈ। ਕਾਂਡਲਾ ਤੋਂ ਹਰ ਸਾਲ ਔਸਤਨ 10 ਲੱਖ ਰੁਪਏ ਦਾ ਸਾਮਾਨ ਬਾਹਰ ਭੇਜਿਆ ਅਤੇ ਮੰਗਾਇਆ ਜਾਂਦਾ ਹੈ। ਕੱਚਾ ਲੋਹਾ, ਮੂੰਗਫਲੀ ਦਾ ਤੇਲ, ਕਪਾਹ, ਕੱਪੜਾ, ਦਾਲਾਂ, ਖੱਲਾਂ, ਲੂਣ ਬਾਹਰ ਭੇਜੇ ਜਾਂਦੇ ਹਨ। ਪੈਟਰੋਲ, ਕਪਾਹ, ਸੀਮਿੰਟ, ਇਸਪਾਤ, ਰਸਾਇਣਿਕ ਪਦਾਰਥ ਆਦਿ ਬਾਹਰੋਂ ਮੰਗਾਏ ਜਾਂਦੇ ਹਨ। ਇਥੇ ਹਵਾਈ ਅੱਡਾ ਵੀ ਹੈ। ਰੇਲਾਂ ਅਤੇ ਸੜਕਾਂ ਨਾਲ ਆਲੇ-ਦੁਆਲੇ ਦੇ ਸ਼ਹਿਰਾਂ ਨਾਲ ਜੁੜੇ ਹੋਣ ਕਾਰਨ ਇਹ ਭਾਰਤ ਦੀ ਮਸ਼ਹੂਰ ਬੰਦਰਗਾਹ ਬਣ ਗਈ ਹੈ।

ਆਬਾਦੀ—17, 502 (1971)
23° 05′ ਉ. ਵਿਥ.; 70° 13′ ਪੂ. ਲੰਬ.
ਹ. ਪੁ.—ਹਿੰ. ਵਿ. ਕੋ. 2 : 422 : ਐਨ. ਬ੍ਰਿ. ਮਾ. 5 : 684

**ਕੌਡ ਲਿਵਰ ਔਇਲ :** ਇਹ ਹਲਕੇ ਪੀਲੇ ਰੰਗ ਦਾ ਚਰਬੀ ਵਾਲਾ ਤੇਲ ਹੈ ਜੋ ਕੌਡ ਤੇ ਇਸ ਦੀਆਂ ਹੋਰ ਸਬੰਧਿਤ ਮੱਛੀਆਂ ਦੇ ਜਿਗਰ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਖ਼ਾਸ ਕਰਕੇ ਅੰਧ-ਮਹਾਸਾਗਰ ਦੀ ਕੌਡ ਮੱਛੀ (*Codus morrhua*) ਅਤੇ ਗੈਡਿਡੀ ਕੁਲ ਦੀਆਂ ਕਈ ਹੋਰ ਮੱਛੀਆਂ ਇਸ ਮੰਤਵ ਲਈ ਵਰਤੀਆਂ ਜਾਂਦੀਆਂ ਹਨ। ਕੌਡ ਲਿਵਰ ਔਇਲ ਵਿਚ ਵਿਟਾਮਿਨ-ਏ ਅਤੇ ਡੀ ਹੁੰਦੇ ਹਨ। ਇਸ ਨੂੰ ਦਵਾਈਆਂ ਵਿਚ ਵਰਤਿਆ ਜਾਂਦਾ ਹੈ, ਜਿਸ ਕਰਕੇ ਕੈਲਸੀਅਮ

ਅਤੇ ਫ਼ਾਸਫ਼ੋਰਸ ਦੀ ਰਸ-ਪਰਕਿਰਿਆ ਠੀਕ ਹੋ ਜਾਂਦੀ ਹੈ, ਜੋ ਵਿਟਾਮਿਨ-ਡੀ ਦੀ ਘਾਟ ਕਾਰਨ ਰਿਕਟਸ,ਇਨਫੈਨਟਾਈਲ, ਟਿਟੈਨੀ ਅਤੇ ਆਸਟੀਓ-ਮੈਲੇਸੀਆ ਆਦਿ ਬਿਮਾਰੀਆਂ ਵਿਚ ਹੁੰਦੀ ਹੈ । ਇਹ ਪਸ਼ੂਆਂ ਅਤੇ ਮੁਰਗੀਆਂ ਦੀ ਖ਼ੁਰਾਕ ਵਿਚ ਵੀ ਵਰਤਿਆ ਜਾਂਦਾ ਹੈ ।

19ਵੀਂ ਸਦੀ ਵਿਚ ਇਸ ਦੀ ਆਮ ਵਰਤੋਂ ਬਹੁਤ ਸਾਰੀਆਂ ਮਾਰੂ ਬਿਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਸੀ । ਸੰਨ 1922 ਵਿਚ ਇਸ ਦੀ ਵੈਦਿਕ ਮਹੱਤਤਾ ਪੂਰੀ ਤਰ੍ਹਾਂ ਪਤਾ ਲਗ ਚੁੱਕੀ ਸੀ ਅਤੇ ਇਸ ਵਿਚ ਵਿਟਾਮਿਨ-ਏ ਅਤੇ ਡੀ ਦੀ ਹੋਂਦ ਦਾ ਵੀ ਪਤਾ ਲਗ ਚੁੱਕਾ ਸੀ । ਮੱਛੀ ਦੀ ਉਮਰ ਅਤੇ ਜਾਤੀ ਦੇ ਨਾਲ ਇਸ ਵਿਚਲਾ ਵਿਟਾਮਿਨ ਅਸਰ ਵੀ ਬਦਲਦਾ ਰਹਿੰਦਾ ਹੈ । ਜਿੰਨਾ ਵੀ ਪੁਰਾਣਾ ਅਤੇ ਘੱਟ ਚਰਬੀ ਵਾਲਾ ਜਿਗਰ ਹੋਵੇਗਾ, ਉਸ ਦੇ ਤੇਲ ਵਿਚਲੇ ਵਿਟਾਮਿਨ ਉਨੇ ਹੀ ਜ਼ਿਆਦਾ ਅਸਰਦਾਇਕ ਹੋਣਗੇ ।

ਇਹ ਤੇਲ ਜ਼ਿਆਦਾਤਰ ਬਰਤਾਨੀਆਂ, ਨਾਰਵੇ, ਆਈਸਲੈਂਡ ਅਤੇ ਕੈਨੇਡਾ ਵਿਚ ਪੈਦਾ ਕੀਤਾ ਜਾਂਦਾ ਹੈ । ਤਾਜ਼ੇ ਕੱਡ ਜਿਗਰ ਵਿਚੋਂ ਤੇਲ ਨੂੰ ਭਾਫ਼, ਪਾਣੀ, ਤੇਜ਼ਾਬ ਜਾਂ ਖਾਰਾਂ ਨਾਲ ਰਿੰਨ੍ਹਣ ਨਾਲ ਕੱਢਿਆ ਜਾਂਦਾ ਹੈ । ਖਾਰਾਂ ਨੂੰ ਰਿੰਨ੍ਹਣ ਤੇ ਵਿਟਮਿਨ-ਏ ਚੰਗੀ ਤਰ੍ਹਾਂ ਨਿਕਲ ਆਉਂਦਾ ਹੈ । ਵੈਦਿਕ ਗ੍ਰੇਡਾਂ ਨੂੰ ਠੰਡਾ ਕੀਤਾ ਜਾਂਦਾ ਹੈ ਅਤੇ ਜੰਮੇ ਹੋਏ ਸਟੀਐਰਿਕ ਅਤੇ ਹੋਰ ਫੈਟੀ ਐਸਿਡਾਂ ਨੂੰ ਫਿਲਟਰ ਕਰ ਲਿਆ ਜਾਂਦਾ ਹੈ । ਫਿਲਟਰ ਕੀਤੇ ਹੋਏ ਪਦਾਰਥ ਨੂੰ ਸਟੀਐਰੀਨ ਗੁਣਾਂਕ ਕਿਹਾ ਜਾਂਦਾ ਹੈ ।

ਰਸਾਇਣਿਕ ਪੱਖੋਂ ਕੱਡ ਲਿਵਰ ਔਇਲ ਇਕ ਵਿਸ਼ੇਸ਼ ਸਮੁੰਦਰੀ-ਜੀਵ-ਤੇਲ ਹੈ । ਇਸ ਵਿਚ ਅਸੰਤ੍ਰਿਪਤ ਫੈਟੀ ਤੇਜ਼ਾਬ ਬਹੁਤ ਹੁੰਦੇ ਹਨ । ਪਰ ਜਦ ਇਹ ਹਵਾ ਦੇ ਸਪੱਰਸ਼ ਵਿਚ ਆਉਂਦਾ ਹੈ ਤਾਂ ਇਸ ਦਾ ਆਕਸੀਕਰਨ ਹੋ ਜਾਂਦਾ ਹੈ ਅਤੇ ਇਸ ਵਿਚ ਖਟਾਸ ਪੈਦਾ ਹੋ ਜਾਂਦੀ ਹੈ ਜਿਸ ਕਰਕੇ ਔਇਲ ਵਿਚ ਵਿਟਾਮਿਨ-ਏ ਦੀ ਮਾਤਰਾ ਘਟ ਜਾਂਦੀ ਹੈ । ਕੱਡ ਲਿਵਰ ਔਇਲ ਬਹੁਤ ਸਾਰੇ ਗਲਿਸਰਾਈਡਾਂ ਦਾ ਮਿਸ਼ਰਨ ਹੈ । ਇਸ ਵਿਚ ਜ਼ਿਆਦਾ ਤਰ ਓਲੀਇਕ ਐਸਿਡ, ਗੈਡੋਲਿਕ ਐਸਿਡ, ਪਾਮਿਟਿਕ ਐਸਿਡ ਆਦਿ ਹੀ ਹੁੰਦੇ ਹਨ ।

ਹ. ਪੁ.—ਐਨ. ਬ੍ਰਿ. ਮਾ. 2 : 1036

**ਕਾਂਡੀ** : ਭਾਰਤ ਵਿਚ ਪੱਛਮੀ ਬੰਗਾਲ ਰਾਜ ਦੇ ਮੁਰਸ਼ਿਦਾਬਾਦ ਜ਼ਿਲ੍ਹੇ ਵਿਚ ਇਹ ਇਸੇ ਨਾਂ ਦੇ ਉਪ-ਮੰਡਲ ਦਾ ਸਦਰ-ਮੁਕਾਮ ਹੈ । ਇਸ ਸ਼ਹਿਰ ਦੀ ਮਹੱਤਤਾ ਪੈਕਪਾਰਾ (ਇਕ ਅਮੀਰ ਅਤੇ ਸ਼ਰਧਾਲੂ ਹਿੰਦੂ ਖਾਨਦਾਨ) ਦੇ ਰਾਜਿਆਂ ਕਰਕੇ ਹੈ ਜਿਨ੍ਹਾਂ ਨੇ ਇਸ ਨੂੰ ਆਪਣਾ ਰਿਹਾਇਸ਼ੀ ਅਸਥਾਨ ਬਣਾਇਆ ਸੀ । ਗੰਗਾ ਗੋਬਿੰਦ ਸਿੰਘ ਇਸੇ ਹਿੰਦੂ ਧਰਮ ਦਾ ਬਾਨੀ ਸੀ ਅਤੇ ਇਸ ਦਾ ਜਨਮ ਇਥੇ ਹੀ ਹੋਇਆ ਸੀ । ਇਸ ਨੇ ਆਪਣੀ ਧਨ-ਦੌਲਤ ਨਾਲ ਮੰਦਰ ਅਤੇ ਕ੍ਰਿਸ਼ਨ ਜੀ ਦੇ ਬੁੱਤ ਬਣਵਾਏ ਸਨ । ਸੰਨ 1869 ਵਿਚ ਇਥੇ ਮਿਊਂਸਪਲ ਕਮੇਟੀ ਸਥਾਪਤ ਕੀਤੀ ਗਈ । ਇਥੇ ਇਕ ਵਧੀਆ ਹਸਪਤਾਲ ਅਤੇ ਹੋਰ ਸਰਕਾਰੀ ਦਫ਼ਤਰ ਹਨ ।

ਆਬਾਦੀ—23° 58′ ਉ. ਵਿਥ.; 88° 03′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 378

**ਕਾਂਡੀਯਾਕ, ਏਟੀਐਨ ਬਾਨੇ ਡ** : ਇਹ ਫ਼ਰਾਂਸੀਸੀ ਫ਼ਿਲਾਸਫ਼ਰ ਸੀ, ਜਿਹੜਾ ਕਿ ਇਕ ਮਨੋਵਿਗਿਆਨੀ, ਤਰਕ-ਵਿਗਿਆਨੀ, ਆਰਥਕ-ਵਿਗਿਆਨੀ ਅਤੇ ਫ਼ਰਾਂਸ ਵਿਚ ਲੱਕ ਦੇ ਸਿਧਾਂਤਾਂ ਨੂੰ ਲੜੀਬਧ ਢੰਗ ਨਾਲ ਵਿਆਖਿਆ ਕਰਨ ਵਜੋਂ ਪ੍ਰਸਿੱਧ ਸੀ । ਇਸ ਦਾ ਜਨਮ ਗ੍ਰੈਨੋਬਲ ਵਿਖੇ 30 ਸਤੰਬਰ, 1715 ਨੂੰ ਹੋਇਆ । ਵਿਦਿਆ ਪ੍ਰਾਪਤ ਕਰਕੇ ਇਹ ਪਾਦਰੀ ਬਣ ਗਿਆ । ਰੂਸੋ ਨਾਲ ਇਸ ਦੀ ਪੱਕੀ ਦੋਸਤੀ ਸੀ ।


ਏਟੀਐਨ ਬਾਨੇ ਡ ਕਾਂਡੀਯਾਕ

ਕਾਂਡੀਯਾਕ ਪੈਰਿਸ ਵਿਚ ਡਨੀ ਡੀਗਰੋ ਅਤੇ ਹੋਰ ਵਿਦਵਾਨਾਂ ਦੇ ਸੰਪਰਕ ਵਿਚ ਆਇਆ । ਸੰਨ 1746 ਵਿਚ ਇਸ ਦੀ ਪੁਸਤਕ 'Essai sur lorigine des connaissances humaines' ਅਤੇ 1749 ਵਿਚ 'Traite des systems' ਦੇ ਛਪਣ ਨਾਲ ਸਾਹਿਤਕ ਖੇਤਰਾਂ ਵਿਚ ਇਸ ਦੀ ਥਾਂ ਸਥਾਪਿਤ ਹੋ ਗਈ । ਸੰਨ 1752 ਵਿਚ ਇਸ ਨੂੰ ਬਰਲਿਨ ਅਕੈਡਮੀ ਦਾ ਮੈਂਬਰ ਚੁਣਿਆ ਗਿਆ । ਸੰਨ 1754 ਵਿਚ ਇਸ ਦੀ ਪੁਸਤਕ 'Traite des sensations' ਅਤੇ 1755 ਵਿਚ 'Traite des animaux' ਛਪੀ । ਸੰਨ 1758 ਵਿਚ ਇਸ ਨੂੰ ਪਾਰਮਾ ਦੇ ਬਾਲਕ ਫਰਡੀਨੈਂਡ ਦਾ ਪ੍ਰੀਸੈਪਟਰ ਨਿਯੁਕਤ ਕੀਤਾ ਗਿਆ । ਸੰਨ 1767 ਵਿਚ ਇਹ ਫਰਾਂਸ ਵਾਪਸ ਪਰਤਿਆ ਅਤੇ 1768 ਵਿਚ ਇਸ ਨੂੰ 'Academic Francaise' ਲਈ ਚੁਣਿਆ ਗਿਆ । ਸੰਨ 1776 ਵਿਚ ਇਸ ਨੇ ਆਪਣੀ ਪੁਸਤਕ 'Le Commerce et le gouvernement consideres relativemant l'un l'autre' ਛਪਵਾਈ । 2 ਜਾਂ 3 ਅਗਸਤ, 1780 ਦੀ ਰਾਤ ਨੂੰ ਇਸ ਦਾ ਦੇਹਾਂਤ ਹੋ ਗਿਆ । ਇਸ ਦੀ ਮੌਤ ਮਗਰੋਂ ਇਸ ਦੀਆਂ ਪੁਸਤਕਾਂ 'La Logique' (1780) ਅਤੇ 'La langue des calculs' (1798) ਛਪੀਆਂ ।

ਕਾਂਡੀਯਾਕ ਨੇ ਆਪਣੀਆਂ ਪੁਸਤਕਾਂ ਵਿਚ ਲਗਭਗ ਹਰ ਗੱਲ ਨੂੰ ਵਿਚਾਰਾਂ ਦੇ ਸਬੰਧਕੀ ਨਿਯਮ ਦੁਆਰਾ ਸਿੱਧ ਕੀਤਾ । ਇਹ ਲੱਕ ਦੇ ਸਿਧਾਂਤਾਂ ਦਾ ਹਾਮੀ ਸੀ ਪਰ ਡੇਕਾਰਟ, ਸਪਿਨੋਜ਼ਾ, ਮਾਲਬ੍ਰਾਂਸ਼ ਆਦਿ ਨਾਲ ਸਹਿਮਤ ਨਹੀਂ ਸੀ । ਇਸ ਅਨੁਸਾਰ ਕੇਵਲ ਸੰਵੇਦਨਾ ਹੀ ਗਿਆਨ ਦਾ ਅਸਲੀ ਸੋਮਾ ਹੋ ਸਕਦਾ ਹੈ ਅਤੇ ਸਾਰੇ ਬੌਧਿਕ ਅਮਲ ਸੰਵੇਦਨਾ ਨਾਲ ਹੀ ਜੋੜੇ ਜਾ ਸਕਦੇ ਹਨ ।

ਹ. ਪੁ.—ਐਨ. ਬ੍ਰਿ. 6:275 ਐਵ. ਐਨ, 3;699

**ਕਾਡੂ** : ਇਹ ਇਕ ਛੋਟਾ ਜਿਹਾ ਕਬੀਲਾ ਹੈ, ਜਿਸ ਦੇ ਮੁੱਢ ਬਾਰੇ ਕੁੱਝ ਪਤਾ ਨਹੀਂ ਅਤੇ ਜਿਹੜਾ ਕਿਸੇ ਸਮੇਂ ਬਰ੍ਹਮਾ ਦੇ ਉਪਰਲੇ ਹਿੱਸੇ ਵਿਚ ਮੇਂਗਥਨ ਪਹਾੜੀ ਦੇ ਦੁਆਲੇ ਦੇ ਖੇਤਰ ਵਿਚ ਵਸਦਾ ਸੀ । ਭਾਵੇਂ ਕਾਥਾ ਅਤੇ ਚਿੰਦਵਿਨ ਜ਼ਿਲ੍ਹਿਆਂ ਦੇ ਵਿਚਕਾਰਲੇ ਖੇਤਰ ਵਿਚ ਕੁੱਝ ਆਬਾਦੀਆਂ ਕਾਇਮ ਹਨ ਪਰ 1954 ਤਕ ਇਹ ਕਬੀਲਾ ਖਿੰਡ-ਪੁੰਡ ਗਿਆ ਸੀ ਅਤੇ ਆਲੇ-ਦੁਆਲੇ ਦੇ ਬਰ੍ਹਮੀ ਲੋਕਾਂ ਵਿਚ ਸ਼ਾਮਲ ਹੋ ਗਿਆ ਸੀ । ਪਿਛਲਿਆਂ ਸਮਿਆਂ ਵਿਚ ਕਾਡੂ ਲੋਕਾਂ ਦੀ ਵਧੇਰੀ ਗਿਣਤੀ ਵਿਚ ਜੰਗਲਾਂ ਦੇ ਕੰਮਾਂ ਵਿਚ ਨੌਕਰੀ ਕਰ ਲੈਣ ਕਰਕੇ ਵੀ ਕਬੀਲੇ ਦੇ ਖਿੰਡਣ ਪੁੰਡਣ ਵਿਚ ਤੇਜ਼ੀ ਆਈ ।

ਹ. ਪੁ.—ਐਨ. ਬ੍ਰਿ. 13 : 183

**ਕਾਡੂਨਾ** : ਉੱਤਰੀ ਕੇਂਦਰੀ ਨਾਈਜੀਰੀਆ ਦੇ ਉੱਤਰੀ-ਕੇਂਦਰੀ ਰਾਜ ਦਾ ਇਹ ਰਾਜਧਾਨੀ ਸ਼ਹਿਰ ਹੈ ਜੋ ਕਾਡੂਨਾ ਦਰਿਆ ਉਤੇ ਸਥਿਤ ਹੈ । ਉੱਤਰੀ ਨਾਈਜੀਰੀਆ ਦੇ ਪਹਿਲੇ ਅੰਗਰੇਜ਼ ਗਵਰਨਰ, ਸਰ ਫ੍ਰੈਡਰਿਕ ਲੂਗਰਡ ਨੇ 1913 ਈ: ਵਿਚ ਇਸ ਸ਼ਹਿਰ ਦੀ ਉਸਾਰੀ ਸ਼ੁਰੂ ਕਰਵਾਈ । ਸੰਨ 1917 ਵਿਚ ਕਾਡੂਨਾ, ਜ਼ੁਨਗਰੂ ਦੀ ਥਾਂ ਤੇ, ਉੱਤਰੀ ਸੂਬਿਆਂ ਦੀ ਰਾਜਧਾਨੀ ਬਣ ਗਿਆ । ਇਹ 1954 ਤੋਂ

1967 ਤੀਕ, ਜਦੋਂ ਉੱਤਰੀ ਨਾਈਜੀਰੀਆ ਛੇ ਰਾਜਾਂ ਵਿਚ ਵੰਡਿਆ ਹੋਇਆ ਸੀ, ਉੱਤਰੀ ਖੇਤਰ ਦੀ ਵੀ ਰਾਜਧਾਨੀ ਰਿਹਾ।

ਈਬੋ ਫ਼ੌਜੀ ਰਾਜਪਲਟੇ (ਜਨਵਰੀ, 1966) ਸਮੇਂ ਸੋਕੋਟੋ ਦੇ ਸੁਲਤਾਨ ਅਤੇ ਉੱਤਰੀ ਇਲਾਕੇ ਦੇ ਪ੍ਰਧਾਨ ਮੰਤਰੀ ਸਰ ਅਹਿਮਦ ਬੀਲੋ ਦੇ ਇਥੇ ਕਤਲ ਹੋ ਜਾਣ ਕਾਰਨ ਨਾਈਜੀਰੀਆ ਵਿਚ ਖਾਨਾਜੰਗੀ (1967-1970) ਇਥੇ ਹੀ ਛਿੜੀ ਸੀ।

ਸੰਨ 1950 ਦੇ ਦਹਾਕੇ ਦੇ ਅਖ਼ੀਰ ਤੋਂ ਕਾਡੂਨਾ ਨਾਈਜੀਰੀਆ ਦਾ ਸੂਤੀ ਕਪੜੇ ਦਾ ਉੱਘਾ ਕੇਂਦਰ ਰਿਹਾ ਹੈ। ਦੇਸ਼ ਦੀ ਕਪਾਹ ਦੀ ਫ਼ਸਲ ਸਭ ਤੋਂ ਵਧੇਰੇ ਇਸੇ ਸ਼ਹਿਰ ਦੇ ਕਾਰਖਾਨਿਆਂ ਵਿਚ ਹੀ ਖਪਤ ਹੁੰਦੀ ਹੈ। ਫ਼ਰਨੀਚਰ, ਐਲੂਮੀਨੀਅਮ ਦੀਆਂ ਵਸਤਾਂ, ਗੋਲਾ-ਬਾਰੂਦ ਅਤੇ ਵਿਸਫੋਟਕ ਇਥੇ ਤਿਆਰ ਕੀਤੇ ਜਾਂਦੇ ਹਨ। ਇਥੇ ਇਕ ਸ਼ਰਾਬ ਤਿਆਰ ਕਰਨ ਦਾ ਕਾਰਖਾਨਾ, ਇਕ ਬੁੱਚੜਖਾਨਾ ਅਤੇ ਇਕ ਰੀਫ੍ਰਿਜਰੇਟਰ ਤਿਆਰ ਕਰਨ ਦਾ ਪਲਾਂਟ ਹੈ। ਇਥੇ ਜਵਾਰ, ਬਾਜਰਾ, ਮੱਕੀ, ਕੋਲੇ ਦੇ ਬੀਜ (Kola Nuts) ਬੱਕਰੀਆਂ, ਮੁਰਗੀਆਂ ਅਤੇ ਸਥਾਨਕ ਵਪਾਰ ਹੁੰਦਾ ਹੈ। ਇਕ ਲਾਈਵਸਟਾਕ ਸਰਵਿਸਿਜ਼ ਟ੍ਰੇਨਿੰਗ ਸੈਂਟਰ ਅਤੇ ਪਸ਼ੂਆਂ ਦੀ ਬੀਮਾਰੀ ਸਬੰਧੀ ਖੋਜ ਸੰਸਥਾ ਇਥੇ ਹੀ ਸਥਾਪਤ ਹਨ। ਇਥੇ ਕਈ ਸਰਕਾਰੀ ਸਕੰਡਰੀ ਸਕੂਲ, ਐਂਗਲੀਕਲ ਅਤੇ ਕੈਥੋਲਿਕ ਟੀਚਰ ਟ੍ਰੇਨਿੰਗ ਕਾਲਜ, ਤਕਨੀਕੀ ਸੰਸਥਾਵਾਂ, ਪੁਲਿਸ ਅਤੇ ਮਿਲਟਰੀ ਅਕਾਦਮੀਆਂ, ਰਾਜ ਲਾਇਬ੍ਰੇਰੀ,ਜੀਆਲੋਜੀਕਲ ਸਰਵੇ ਆਫ ਨਾਈਜੀਰੀਆ ਦਾ ਹੈਡਕੁਆਰਟਰ ਹੈ। ਇਥੇ ਅਹਿਮਦੂ ਬੀਲੋ ਸਟੇਡੀਅਮ (1964) ਅਤੇ ਕਈ ਹਸਪਤਾਲ ਹਨ।

ਆਬਾਦੀ—202,000 (1975)

10° 33′ ਉ. ਵਿਥ.; 07° 27′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 655

**ਕਾਤਿਆਇਨ :** ਧਰਮ ਗ੍ਰੰਥਾਂ ਵਿਚ ਤਿੰਨ ਪ੍ਰਸਿੱਧ ਕਾਤਿਆਇਨਾ (1) ਵਿਸ਼ਵਾਮਿੱਤਰ ਵੰਸ਼ੀ ਕਾਤਿਆਇਨ, (2) ਗੋਮਿਲਪੁੱਤਰ ਕਾਤਿਆਇਨ ਅਤੇ (3) ਸੋਮਦੱਤਪੁੱਤਰ ਵਰਰੁਚੀ ਕਾਤਿਆਇਨ ਦਾ ਉਲੇਖ ਹੈ।

ਵਿਸ਼ਵਾਮਿੱਤਰ ਵੰਸ਼ੀ ਕਾਤਿਆਇਨ ਰਿਸ਼ੀ ਨੇ ਸ੍ਰੋਤਸੂਤਰ, ਗ੍ਰਹਿ ਸੂਤਰ ਅਤੇ ਪ੍ਰਤਿਹਾਰ ਸੂਤਰ ਦੀ ਰਚਨਾ ਕੀਤੀ। ਇਹ ਸਕੂਲ ਅਯੁਰਵੇਦ ਦੇ ਅੰਗੀ-ਰਸਾਇਣ ਦੀ ਕਾਤਿਆਇਨ ਸ਼ਾਖ਼ਾ ਦਾ ਜਨਮਦਾਤਾ ਹੈ। ਇਹ ਸ਼ਾਖ਼ਾ ਵਿੰਧਿਆਚਲ ਦੇ ਦੱਖਣੀ ਭਾਗ ਤੋਂ ਮਹਾਰਾਸ਼ਟਰ ਤਕ ਫੈਲੀ ਹੋਈ ਹੈ।

(2) ਗੋਮਿਲ ਦੇ ਪੁੱਤਰ ਸਮ੍ਰਿਤੀਕਾਰ ਕਾਤਿਆਇਨ ਨੇ ਛੰਦੋਪਰਿਸ਼ਿਸ਼ਟਕਰਮਪ੍ਰਦੀ ਦੀ ਰਚਨਾ ਕੀਤੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਸ੍ਰੌਤ ਸੂਤਰ ਲਿਖਣ ਵਾਲੀ ਕਾਤਿਆਇਨ ਅਤੇ ਸਮ੍ਰਿਤੀ ਲਿਖਣ ਵਾਲਾ ਕਾਤਿਆਇਨ ਇਕੋ ਹੀ ਵਿਅਕਤੀ ਸੀ, ਪਰੰਤੂ ਇਹ ਠੀਕ ਨਹੀਂ ਜਾਪਦਾ।

(3) ਵਰਰੁਚੀ ਕਾਤਿਆਇਨ ਪਾਣਿਨੀ ਦੇ ਸੂਤਰਾਂ ਦੇ ਪ੍ਰਸਿੱਧ ਵਾਰਤਿਕਕਾਰ ਹਨ ਅਤੇ ਬ੍ਰਿਹਤ/ਕਥਾ ਮੰਜਰੀ ਵਿਚ ਕਾਤਿਆਇਨ ਵਰਰੁਚੀ ਦਾ ਇਕ ਨਾਂ 'ਸੂਤਧਰ' ਵੀ ਆਇਆ ਹੈ। ਇਸ ਦੀ ਵਾਰਤਕ ਪਾਣਿਨੀ ਵਿਆਕਰਣ ਲਈ ਅਤੀ ਮਹੱਤਵਸ਼ਾਲੀ ਸਿੱਧ ਹੋਈ ਹੈ। ਇਨ੍ਹਾਂ ਤੋਂ ਬਿਨਾਂ ਇਹ ਵਿਆਕਰਣ ਅਧੂਰਾ ਰਹਿ ਜਾਂਦਾ ਹੈ। ਇਨ੍ਹਾਂ ਦੇ ਆਧਾਰ ਤੇ ਹੀ ਪਿਛੋਂ ਪਾਤੰਜਲੀ ਨੇ ਮਹਾਂ ਭਾਸ਼ਾ ਦੀ ਰਚਨਾ ਕੀਤੀ। ਰਿਸ਼ੀ ਨੇ ਵਿਆਕਰਣ ਦੇ ਸਪਸ਼ਟੀਕਰਣ ਤੋਂ ਇਲਾਵਾ ਵੇਦਸਰਵਾਨੁਕ੍ਰਮਣੀ ਅਤੇ ਪ੍ਰਤਿਸ਼ਾਖਾ ਦੀ ਵੀ ਰਚਨਾ ਕੀਤੀ ਹੈ। ਵਰਰੁਚੀ ਕਾਤਿਆਇਨ ਦੇ ਭ੍ਰਾਜਸੰਗਕ ਸ਼ਲੋਕਾਂ ਦੀ ਚਰਚਾ ਵੀ ਮਹਾ-ਭਾਸ਼ਾ ਵਿਚ ਕੀਤੀ ਗਈ ਹੈ। ਅਸ਼ੋਕ ਦੇ ਸ਼ਿਲਾਲੇਖਾ ਵਿਚ ਇਸ ਰਿਸ਼ੀ ਦਾ ਜ਼ਿਕਰ ਮਿਲਦਾ ਹੈ।

ਹ. ਪੁ.—ਹਿੰ. ਵਿ. ਕੋ. 2:444 ; ਹਿੰ. ਮਿ. ਕੋ. 318

**ਕਾਤਿਬ ਚਲੇਬੀ :** ਤੁਰਕੀ ਦਾ ਇਹ ਇਕ ਪ੍ਰਸਿੱਧ ਇਤਿਹਾਸਕਾਰ, ਪੁਸਤਕ-ਸੂਚੀਕਾਰ ਅਤੇ ਵਿਦਵਾਨ ਸੀ ਜਿਸ ਨੇ ਸਭ ਤੋਂ ਪਹਿਲਾਂ ਤੁਰਕੀ ਦੇ ਵਿਚਾਰਾਂ ਵਿਚ ਪੱਛਮੀ ਰੰਗਣ ਲਿਆਂਦੀ। ਅਰਬੀ ਵਿਚ ਇਸ ਨੂੰ 'ਹਾਜੀ ਖ਼ਲੀਫ਼ਾ' ਕਹਿੰਦੇ ਹਨ ਅਤੇ ਇਸ ਦਾ ਪੂਰਾ ਨਾਂ 'ਮੁਸਤਫ਼ਾ ਇਬਨ ਅਬਦੁੱਲਾ ਕਾਤਿਬ ਚਲੇਬੀ ਹਾਜੀ ਖ਼ਲੀਫ਼ਾ' ਸੀ। ਇਸ ਦਾ ਜਨਮ ਇਕ ਸੈਨਿਕ ਦੇ ਘਰ ਇਸਤੰਬੋਲ ਵਿਖੇ 1608 ਵਿਚ ਹੋਇਆ। ਇਸ ਨੇ ਕਈ ਲੜਾਈਆਂ ਵਿਚ ਭਾਗ ਲਿਆ ਅਤੇ ਆਪਣੀਆਂ ਪੁਸਤਕਾਂ ਲਈ ਇਤਿਹਾਸਕ ਮਸਾਲਾ ਇਕੱਠਾ ਕੀਤਾ। ਇਹ ਇਕ ਮਿਹਨਤੀ ਵਿਦਵਾਨ ਸੀ ਅਤੇ ਖ਼ੂਬ ਲਿਖਦਾ ਸੀ। ਇਸ ਦੀਆਂ ਮੁੱਖ ਪੁਸਤਕਾਂ ਇਹ ਸਨ; 'ਫ਼ਜ਼ਲੀਕ' (1592 ਤੋਂ 1654 ਤੱਕ ਉਸਮਾਨ ਸਲਤਨਤ ਦਾ ਇਤਿਹਾਸ), 'ਤੁਹਫ਼ਤ-ਉਲ-ਕਿਬਰ ਫਿ ਐਸਫਾਰ ਇਲ-ਬਿਹਾਰ, (ਉਸਮਾਨ ਨੇਵੀ ਦਾ ਇਤਿਹਾਸ), 'ਸਿਹਾਨੁਮਾ' (ਤੁਰਕੀ ਵਿਚ ਲਿਖਿਆ ਪਹਿਲਾ ਭੂਗੋਲ), 'ਮਿਜ਼ਨ-ਉਲ-ਹੱਕ ਫਿ ਬਿਹਤਿਦਾਰ-ਇਲ-ਇਹਕ' (ਵਿਗਿਆਨ ਦੇ ਹੱਕ ਵਿਚ ਅਤੇ ਕੱਟੜਪੁਣੇ ਦੇ ਵਿਰੁੱਧ ਲਿਖੀ ਪੁਸਤਕ), 'ਕਸ਼ਫ ਅਲ-ਜ਼ਨੂਨ' ਇਸ ਦੀ ਸੱਭ ਤੋਂ ਉੱਤਮ ਕ੍ਰਿਤ ਸੀ, ਜਿਹੜੀ ਕਿ ਅਰਬੀ ਵਿਚ ਪੁਸਤਕ ਸੂਚੀਨੁਮਾ ਵਿਸ਼ਵਕੋਸ਼ ਸੀ।

ਸੰਨ 1657 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 295.

**ਕਾਥਾ :** ਇਹ ਸੀਲੇਸਟਰੇਸੀ ਕੁਲ ਦੀ ਸਦਾ ਬਹਾਰ ਕੰਡੇ-ਰਹਿਤ ਝਾੜੀ ਦਾ ਅਰਬੀ ਨਾਂ ਹੈ। ਇਸਦਾ ਬਨਸਪਤੀ-ਵਿਗਿਆਨਕ ਨਾਂ ਕਾਥਾ ਈਡੂਲਿਸ (*Catha edulis*) ਹੈ। ਇਹ ਝਾੜੀ ਅਰਬ, ਅਫਰੀਕਾ ਅਤੇ ਹੋਰ ਗਰਮ ਜਲਵਾਯੂ ਵਾਲੇ ਦੇਸ਼ਾਂ ਵਿਚ ਕਾਸ਼ਤ ਕੀਤੀ ਜਾਂਦੀ ਹੈ। ਇਹ ਝਾੜੀ, ਚਾਹ ਦੇ ਪੌਦੇ ਨਾਲ ਮਿਲਦੀ ਜੁਲਦੀ ਹੈ ਅਤੇ ਕੌਫ਼ੀ ਦੇ ਪ੍ਰਚਲਿਤ ਹੋਣ ਤੋਂ ਬਹੁਤ ਚਿਰ ਪਹਿਲਾਂ ਹੀ ਬਾਗ਼ਾਂ ਵਿਚ ਉਗਾਈ ਜਾਂਦੀ ਰਹੀ ਹੈ।

ਕਾਥਾ ਦੇ ਗੂੜ੍ਹੇ-ਹਰੇ ਰੰਗ ਦੇ ਪੱਤੇ ਅਰਬ ਵਿਚ ਇੱਥੋਂ ਦੇ ਵਸਨੀਕਾਂ ਦੁਆਰਾ ਪੀਣ ਵਾਲੇ ਪਦਾਰਥ ਖਾਣ ਲਈ ਵਰਤੇ ਜਾਂਦੇ ਹਨ।



ਚਿਤਰ. ਕਾਥਾ ਦੇ ਪੱਤੇ ਅਤੇ ਫੁੱਲ

ਇਸ ਦੇ ਪੱਤਿਆਂ ਤੋਂ ਤਿਆਰ ਕੀਤੇ ਜਾਂਦੇ ਪੀਣ ਵਾਲੇ ਪਦਾਰਥ ਵਿਚ ਥਕਾਵਟ ਦੂਰ ਕਰਨ ਅਤੇ ਸਹਿਣ-ਸ਼ਕਤੀ ਵਧਾਉਣ ਆਦਿ ਦੇ ਗੁਣ ਹਨ। ਇਸੇ ਕਰਕੇ ਉੱਥੋਂ ਦੇ ਲੋਕ ਇਸ ਨੂੰ ਪੀਂਦੇ ਹਨ।

ਇਸ ਦੇ ਪੱਤੇ ਅਤੇ ਡੰਡੀਆਂ ਨੂੰ ਉਤੇਜਨਾ ਪੈਦਾ ਕਰਨ ਲਈ ਚਬਾਇਆ ਵੀ ਜਾਂਦਾ ਹੈ। ਇਨ੍ਹਾਂ ਵਿਚ ਇਕ ਕੈਫ਼ੀਨ ਵਰਗਾ ਐਲਕੇਲਾਇਡ ਹੁੰਦਾ ਹੈ।

ਪੱਤਿਆਂ ਤੋਂ ਤਿਆਰ ਕੀਤਾ ਜਾਂਦਾ ਸਤ, ਮਿੱਠਾ ਤੇ ਸੁਗੰਧਿਤ ਹੁੰਦਾ ਹੈ। ਇਸ ਦੀ ਵਰਤੋਂ ਬਾਧਕ ਦੇ ਤੌਰ ਤੇ, ਖੰਘ, ਦਮੇਂ ਅਤੇ ਛਾਤੀ ਦੀਆਂ ਹੋਰ ਬਿਮਾਰੀਆਂ ਲਈ ਕੀਤੀ ਜਾਂਦੀ ਹੈ।

ਭਾਰਤ ਵਿਚ ਇਸ ਦੀ ਕਾਸ਼ਤ ਸਫਲਤਾ ਨਾਲ ਬੰਬਈ ਅਤੇ ਮੈਸੂਰ ਖੇਤਰ ਵਿਚ ਸ਼ੁਰੂ ਕੀਤੀ ਗਈ ਹੈ।

ਹ. ਪੁ.—ਸ. ਸਾ. ਹਾ. 1 : 686; ਇ. ਬਾ. 481 ; ਗ. ਇੰ. ਮੈ. ਪ : 54

**ਕਾਥਾ :** ਜ਼ਿਲ੍ਹਾ—ਉੱਤਰੀ-ਕੇਂਦਰੀ ਅੱਪਰ ਬਰਮਾ ਵਿਚ ਸਾਗਾਇੰਗ ਡਿਵੀਜ਼ਨ ਦਾ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵਿਚ ਕਾਚਿਨ ਅਤੇ ਪੂਰਬ ਵਿਚ ਸ਼ਾਨ ਰਾਜਾਂ ਦੀਆਂ ਸਰਹੱਦਾਂ ਲਗਦੀਆਂ ਹਨ। ਜ਼ਿਲ੍ਹੇ ਦਾ ਕੁਲ ਰਕਬਾ 13,543 ਵ. ਕਿ. ਮੀ. ਅਤੇ ਆਬਾਦੀ 18,835 (ਅੰ. ਅੰਕ) ਹੈ। ਇਥੇ ਜੰਗਲਾਂ ਨਾਲ ਭਰੀਆਂ ਤਿੰਨ ਪਰਬਤ ਲੜੀਆਂ ਹਨ ਜੋ ਇਰਾਵਦੀ, ਮੇਜ਼ਾ ਅਤੇ ਮੂ ਦਰਿਆਵਾਂ ਦੇ ਵਹਿਣਾਂ ਨੂੰ ਵੱਖ ਕਰਦੀਆਂ ਹਨ। ਇਥੋਂ ਦੇ ਜੰਗਲਾਂ ਵਿਚ ਬੱਬਰ ਸ਼ੇਰ, ਚੀਤੇ, ਹਾਥੀ ਅਤੇ ਜੰਗਲੀ ਸਾਨ੍ਹ ਆਦਿ ਬਹੁਤ ਮਿਲਦੇ ਹਨ। ਇਸ ਤੋਂ ਇਲਾਵਾ ਇਥੋਂ ਦੇ ਜੰਗਲਾਂ ਵਿਚ ਸਾਗਵਾਨ ਅਤੇ ਬਾਂਸ ਦੇ ਦਰਖਤ ਵੱਡੀ ਮਾਤਰਾ ਵਿਚ ਹਨ। ਚਾਉਲ, ਚਾਹ ਅਤੇ ਕਪਾਹ ਇਸ ਜ਼ਿਲ੍ਹੇ ਦੀਆਂ ਮੁੱਖ ਫਸਲਾਂ ਹਨ।

ਹ. ਪੁ.—ਐਨ. ਬ੍ਰਿ. ਮਾ. 5 : 726

**ਕਾਥਾ :** ਸ਼ਹਿਰ—ਉੱਤਰੀ ਕੇਂਦਰੀ ਅੱਪਰ ਬਰਮਾ ਦੇ ਸਾਗਾਇੰਗ ਡਿਵੀਜ਼ਨ ਵਿਚ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਇਹ ਸਦਰ-ਮੁਕਾਮ ਹੈ ਜੋ ਇਰਾਵਦੀ ਦਰਿਆ ਦੇ ਪੱਛਮੀ ਕੰਢੇ ਉੱਤੇ ਸਥਿਤ ਹੈ। ਇਹ ਇਕ ਜਹਾਜ਼ ਤੋਂ ਦੂਜੇ ਜਹਾਜ਼ ਵਿਚ ਸਾਮਾਨ ਚੜ੍ਹਾਉਣ ਲਈ, ਇਕ ਮਹੱਤਵਪੂਰਨ ਸਥਾਨ ਹੈ। ਇਹ 80 ਕਿ. ਮੀ. ਦੂਰ ਭਾਮੋਂ ਸ਼ਹਿਰ ਨਾਲ ਚੀਨ ਵਲ ਨੂੰ ਜਾਣ ਵਾਲੀ ਬਰਮਾ ਰੋਡ ਦੁਆਰਾ ਜੁੜਿਆ ਹੋਇਆ ਹੈ।

ਆਬਾਦੀ : 7,714

24° 11′ ਉ. ਵਿਥ.; 96° 21′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 726

**ਕਾਥੇਰੇਸ :** ਪ੍ਰਾਂਤ—ਐਸਟਰੈਮਾਡੂਰਾ (Extremadura) ਖੇਤਰ ਵਿਚ ਇਹ ਸਪੇਨ ਦਾ ਦੂਸਰਾ ਵੱਡਾ ਪ੍ਰਾਂਤ ਹੈ। ਇਸ ਦਾ ਕੁਲ ਖੇਤਰਫਲ 19,945 ਵ. ਕਿ. ਮੀ. ਹੈ ਅਤੇ ਆਬਾਦੀ 457,777 (1970) ਹੈ। ਇਸ ਦੀ ਪੂਰਬੀ ਹੱਦ ਪੁਰਤਗਾਲ ਨਾਲ ਲਗਦੀ ਹੈ। ਇਸ ਦਾ ਉੱਤਰੀ ਤੇ ਦੱਖਣੀ ਹਿੱਸਾ ਪਹਾੜੀ ਹੈ। ਬਾਕੀ ਹਿੱਸਾ ਪੱਧਰਾ ਉਪਜਾਊ ਮੈਦਾਨ ਹੈ। ਇਹ ਜ਼ਿਆਦਾਤਰ ਖੇਤੀਬਾੜੀ ਅਤੇ ਪਸ਼ੂ ਪਾਲਣ ਵਾਲਾ ਪ੍ਰਾਂਤ ਹੈ। ਇਥੇ ਭੇਡਾਂ ਅਤੇ ਸੂਰ ਪਾਲੇ ਜਾਂਦੇ ਹਨ। ਅੰਜੀਰ ਇਥੇ ਆਮ ਉਗਾਏ ਜਾਂਦੇ ਹਨ। ਇਸ ਤੋਂ ਇਲਾਵਾ ਸਿੰਜਾਈ ਦਾ ਪ੍ਰਬੰਧ ਹੋਣ ਨਾਲ ਹੁਣ ਇਥੇ ਕਪਾਹ, ਤਮਾਕੂ, ਦਾਲਾਂ ਅਤੇ ਮਿਰਚਾਂ ਦੀ ਕਾਸ਼ਤ ਵੀ ਕੀਤੀ ਜਾਣ ਲੱਗੀ ਹੈ। ਰਾਜ ਵਿਚ ਕਾਫ਼ੀ ਮਾਤਰਾ ਵਿਚ ਕਾਰਕ ਅਤੇ ਬਲੂਤ ਦੇ ਸਦਾ ਬਹਾਰ ਜੰਗਲ ਹਨ।

ਰੋਮਨ ਕਾਲ ਵਿਚ ਇਸ ਖੇਤਰ ਦੀ ਕਾਫ਼ੀ ਮਹੱਤਤਾ ਸੀ। ਮੇਰੀਥਾ ਤਕ ਬਣੀਆਂ ਸੜਕਾਂ ਕਰਕੇ ਇਹ ਸਾਰੇ ਸਪੇਨ ਨਾਲ ਜੁੜਿਆ ਹੋਇਆ ਸੀ ਤੇ ਆਲੀਕਾਨਟੇਰਾ ਦਾ ਪੁਲ ਰੋਮਨ ਪੁਲਾਂ ਵਿਚੋਂ ਇਕ ਮਹੱਤਵਪੂਰਨ ਪੁਲ ਹੈ।

ਹ. ਪੁ.—ਐਨ. ਬ੍ਰਿ. ਮਾ. 2 : 426

**ਕਾਥੇਰੇਸ :** ਸ਼ਹਿਰ—ਸਪੇਨ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਦਾ ਰਾਜਧਾਨੀ ਸ਼ਹਿਰ ਹੈ ਜੋ ਦਰਿਆ ਟੇਗਸ ਦੇ ਦੱਖਣ ਵਲ ਸਥਿਤ ਹੈ। ਨਵਾਂ ਤੇ ਪੁਰਾਣਾ ਸ਼ਹਿਰ ਦੋ ਹਿੱਸਿਆਂ ਵਿਚ ਵੱਸਿਆ ਹੋਇਆ ਹੈ। ਉਪਰਲੇ (ਪੁਰਾਣੇ) ਸ਼ਹਿਰ ਵਿਚ ਮੱਧ ਕਾਲ ਦੀਆਂ ਕਈ ਇਮਾਰਤਾਂ ਜਿਵੇਂ ਮਹਿਲ, ਬੁਰਜ, ਕਿਲੇ ਅਤੇ ਵੱਡੀਆਂ ਵੱਡੀਆਂ ਦੀਵਾਰਾਂ ਆਦਿ ਸ਼ਾਮਲ ਹਨ। ਇਨ੍ਹਾਂ ਵਿਚੋਂ ਕੁਝ ਰੋਮਨ ਅਤੇ ਕੁਝ ਅਰਬੀ ਹਨ। ਇਥੋਂ ਦੇ ਪੁਰਾਣੇ ਮਸ਼ਹੂਰ ਭਿਕਸ਼ੂ ਕਾਲਜ ਵਿਚ ਹੁਣ ਹਸਪਤਾਲ ਹੈ। ਪੁਰਾਣੇ ਸ਼ਹਿਰ ਤੋਂ ਨਵੇਂ ਸ਼ਹਿਰ ਵਿਚ ਜਾਣ ਲਈ ਚਾਰ ਦਰਵਾਜ਼ੇ ਹਨ ਜਿਨ੍ਹਾਂ ਵਿਚੋਂ ਉਤਰਦੀਆਂ ਤਿਰਛੀਆਂ ਪੌੜੀਆਂ ਨਵੇਂ ਸ਼ਹਿਰ ਵਿਚ ਪਹੁੰਚਦੀਆਂ ਹਨ। ਸ਼ਹਿਰ ਦੇ ਇਸ ਨਵੇਂ ਹਿੱਸੇ ਵਿਚ ਕਚਹਿਰੀਆਂ, ਟਾਊਨ ਹਾਲ, ਸਕੂਲ ਅਤੇ ਕੋਰਯਾ ਦੇ ਪਾਦਰੀਆਂ ਦਾ ਮਹੱਲ ਹੈ। ਕਾਥੇਰੇਸ ਸ਼ਹਿਰ ਇਕ ਬ੍ਰਾਂਚ ਲਾਈਨ ਤੇ ਸਥਿਤ ਹੈ। ਇਥੇ ਕਾਰਕ, ਚਮੜੇ ਦਾ ਸਾਮਾਨ, ਚੀਨੀ ਦੇ ਭਾਂਡੇ, ਕੱਪੜਾ ਆਦਿ ਤਿਆਰ ਕੀਤਾ ਜਾਂਦਾ ਹੈ। ਅਨਾਜ, ਤੇਲ, ਪਾਲਤੂ ਪਸ਼ੂ, ਉੱਨ, ਸਾਸੇਜ ਤੇ ਫਾਸਫੇਟ ਇਥੋਂ ਬਾਹਰ ਭੇਜੇ ਜਾਂਦੇ ਹਨ। ਸ਼ਹਿਰ ਬੁਨਿਆਦੀ ਤੌਰ ਤੇ ਰੋਮਨ ਹੈ।

ਆਬਾਦੀ—56,064 (1970)

39° 29′ ਉ. ਵਿਥ.; 6° 22′ ਪੱ. ਲੰਬ

ਹ. ਪੁ.—ਐਨ. ਬ੍ਰਿ. 4 : 588; ਐਨ. ਬ੍ਰਿ. ਮਾ. 2 : 246

**ਕਾਦੰਬ :** ਦੱਖਣ ਦਾ ਇਹ ਇਕ ਬ੍ਰਾਹਮਣ ਰਾਜ ਘਰਾਣਾ ਸੀ। ਕਾਦੰਬਾਂ ਦੀ ਰਾਜਧਾਨੀ ਉੱਤਰ ਕਨਾੜਾ ਵਿਚ ਵੈਜੈਯੰਤੀ ਜਾਂ ਬਨਵਾਸੀ ਸੀ। ਇਨ੍ਹਾਂ ਦੀ ਉੱਨਤੀ ਪਲੱਵਾਂ ਰਾਜਿਆਂ ਦੇ ਗਵਾਂਢ ਵਿਚ ਸਾਤਵਾਹਨਾਂ ਦੀ ਗਿਰਾਵਟ ਮਗਰੋਂ ਹੋਈ। ਹੋ ਸਕਦਾ ਹੈ ਕਿ ਕਦੇ ਇਨ੍ਹਾਂ ਦਾ ਸਬੰਧ ਕਨੌਜ ਦੇ ਮੌਖਰੀਆਂ ਨਾਲ ਵੀ ਰਿਹਾ ਹੋਵੇ। ਮੁੱਢਲੇ ਕਾਦੰਬਾਂ ਨੇ ਵੈਜੈਯੰਤੀ ਦਾ ਰਾਜ ਚੁਟੀ-ਸ਼ਾਤਕਰਣੀਆਂ ਪਾਸੋਂ ਖੋਹਿਆ ਸੀ ਅਤੇ ਕੁਝ ਸਮੇਂ ਤਕ ਇਨ੍ਹਾਂ ਨੂੰ ਪਲੱਵ ਬਾਦਸ਼ਾਹਾਂ ਦੀ ਅਧੀਨਗੀ ਵਿਚ ਹੀ ਰਹਿਣਾ ਪਿਆ ਸੀ। ਇਹ ਮਾਨਵਿਆ ਗੋਤ ਦੇ ਬ੍ਰਾਹਮਣ ਸਨ। ਇਨ੍ਹਾਂ ਦੀ ਰਾਜਧਾਨੀ ਉੱਤੇ ਪੁਲਕੇਸ਼ਿਨ ਦੂਜੇ ਚਾਲੁਕੀਆ ਨੇ ਸੱਤਵੀਂ ਸਦੀ ਦੇ ਮੁੱਢ ਵਿਚ ਕਬਜ਼ਾ ਕਰ ਲਿਆ। ਇਸ ਰਾਜ ਘਰਾਣੇ ਦੇ ਰਾਜਿਆਂ—ਹਰੀਵਰਮਨ, ਰਵੀਵਰਮਨ ਅਤੇ ਕ੍ਰਿਸ਼ਨਵਰਮਨ ਦੇ ਤਾਮਰ ਪੱਤਰ ਉੱਤਰੀ ਕਨਾੜਾ ਤੋਂ ਮਿਲੇ ਹਨ।

ਹ. ਪੁ.—ਹਿੰ. ਵਿ. ਕੋ. 2 : 445

**ਕਾਦੰਬਰੀ :** ਇਹ ਸੰਸਕ੍ਰਿਤ ਦੇ ਮਹਾ ਕਵੀ ਬਾਣ ਭੱਟ ਦੀ ਸੁਪ੍ਰਸਿੱਧ ਰਚਨਾ ਹੈ ਜਿਸ ਦੀ ਕਥਾ ਇਸ ਤਰ੍ਹਾਂ ਹੈ—ਵਿਦਿਸਾ ਰਾਜਾ ਸੂਦ੍ਰਕ ਪਾਸ ਕੋਈ ਚੰਡਾਲ ਕੁੜੀ ਇਕ ਤੋਤਾ ਲੈ ਕੇ ਹਾਜ਼ਰ ਹੁੰਦੀ ਹੈ। ਉਹ ਤੋਤਾ ਆਪਣੀ ਰਾਮ ਕਹਾਣੀ ਸੁਣਾਉਂਦਾ ਹੈ। ਮਾਤਾ ਪਿਤਾ ਦੇ ਬਚਪਨ ਵਿਚ ਗੁਜ਼ਰਨ ਮਗਰੋਂ ਜਦੋਂ ਉਹ ਅਨਾਥ ਤੋਤਾ ਅੰਤਮ ਸਾਹ ਲੈ ਰਿਹਾ ਸੀ ਤਾਂ ਹਾਰੀਤ ਨਾਮੀ ਬ੍ਰਹਮਚਾਰੀ ਨੇ ਉਸ ਨੂੰ ਬਚਾਇਆ ਤੇ ਆਪਣੇ ਪਿਤਾ ਜਾਬਾਲੀ ਪਾਸ ਪਹੁੰਚਾਇਆ। ਜਾਬਾਲੀ ਨੇ ਤੋਤੇ ਦੇ ਪੂਰਵਲੇ ਜਨਮ ਦੀ ਕਹਾਣੀ ਸੁਣਾਈ। ਉਜੈਨੀ ਦਾ ਰਾਜਾ ਤਾਰਾਪੀਡ ਸੀ ਤੇ ਉਸ ਦਾ ਮੰਤਰੀ ਸ਼ੁਕਨਾਸ ਸੀ। ਰਾਜੇ ਦਾ ਪੁੱਤਰ ਚੰਦ੍ਰਪੀਡ ਤੇ ਮੰਤਰੀ ਦਾ ਪੁੱਤਰ ਵੈਸ਼ਮਪਾਇਨ ਦਿੱਗ ਵਿਜੈ ਲਈ ਚਲ ਪਏ। ਇਕ ਦਿਨ ਉਹ ਕਿਨਰ ਜੋੜੇ ਦਾ ਪਿਛਾ ਕਰਦੇ ਹੋਏ ਭਟਕ ਗਏ ਅਤੇ ਮਹਾਸ਼ਵੇਤਾ ਪਾਸ ਪੁੱਜ ਗਏ। ਉਸ ਨੇ ਆਪਣੀ ਕਹਾਣੀ ਸੁਣਾਈ ਕਿ 'ਮੈਂ ਗੰਧਰਵ ਤੇ ਅਪਸਰਾ ਦੀ ਪੁੱਤਰੀ ਹਾਂ। ਮੈਨੂੰ ਪੁੰਡਰੀਕ ਬ੍ਰਹਮਚਾਰੀ ਨਾਲ ਪਿਆਰ ਹੋ ਗਿਆ ਪਰ ਉਹ ਛੇਤੀ ਹੀ ਮਰ ਗਿਆ। ਮੈਂ ਉਸ ਮਗਰੋਂ ਮਰ ਜਾਂਦੀ ਪਰ ਇਕ ਮਹਾਂਪੁਰਖ ਆਇਆ ਤੇ ਪੁੰਡਰੀਕ ਦਾ ਸਰੀਰ ਲੈ ਗਿਆ ਤੇ ਮੈਨੂੰ ਆਖ ਗਿਆ ਕਿ 'ਜੀਵੇਂਗੀ ਤਾਂ ਪੁੰਡਰੀਕ ਨੂੰ ਮਿਲੇਂਗੀ' ਮੈਂ ਇਸ ਆਸ ਤੇ ਜੀਵਤ ਹਾਂ'। ਮਹਾਸ਼ਵੇਤਾ ਦੀ ਸਖੀ ਕਾਦੰਬਰੀ ਸੀ। ਇਸ ਨੂੰ ਵੀ ਚੰਦ੍ਰਪੀਡ ਮਿਲਿਆ ਤਾਂ ਪਿਆਰ ਪੈ ਗਿਆ। ਉਸੇ ਵੇਲੇ ਪਿਤਾ ਦਾ ਸੁਨੇਹਾ ਮਿਲਣ ਤੇ ਚੰਦ੍ਰਪੀਡ ਰਾਜਧਾਨੀ ਵਾਪਸ ਆ ਗਿਆ ਤੇ ਵੈਸ਼ਮਪਾਇਨ ਉਥੇ ਰੁਕ ਗਿਆ। ਚੰਦ੍ਰਪੀਡ ਫੌਜ ਸਮੇਤ ਵਾਪਸ ਆਉਣ ਵਾਲਾ ਸੀ ਕਿ ਉਜੈਨੀ ਵਿਚ ਉਸ ਨੂੰ ਕਾਦੰਬਰੀ ਦੀ ਖ਼ਬਰ ਮਿਲੀ। ਇਥੋਂ ਤੱਕ ਇਹ ਕਥਾ ਬਾਣ ਨੇ ਲਿਖੀ ਹੈ। ਇਸ

ਤੋਂ ਮਗਰਲੀ ਕਥਾ ਉਸ ਦੇ ਪੁੱਤਰ ਪੁਲਿਨ ਭੱਟ ਨੇ ਲਿਖੀ ਹੈ । ਫੌਜ ਵਾਪਸ ਆ ਗਈ ਤੇ ਵੈਸ਼ਮਪਾਇਨ ਨਾ ਆਇਆ ਜਿਸ ਨੂੰ ਲੱਭਣ ਲਈ ਚੰਦ੍ਰਪੀਡ ਗਿਆ । ਮਹਾਸਵੇਤਾ ਨੇ ਦੱਸਿਆ ਕਿ ਉਹ ਮੈਨੂੰ ਪਿਆਰ ਕਰਨ ਲੱਗਾ ਸੀ । ਮੈਂ ਉਸ ਦੀ ਤੋਤੇ ਰੱਟ ਤੋਂ ਅੱਕ ਕੇ ਉਸ ਨੂੰ ਤੋਤਾ ਬਣਨ ਦਾ ਸਰਾਪ ਦੇ ਦਿੱਤਾ । ਉਹ ਮਰ ਗਿਆ । ਇਹ ਸੁਣ ਕੇ ਚੰਦ੍ਰਪੀਡ ਵੀ ਮਿੱਤਰ ਵਿਯੋਗ ਵਿਚ ਮਰ ਗਿਆ । ਕਾਦੰਬਰੀ ਵੀ ਮਰਨ ਵਾਲੀ ਸੀ ਕਿ ਗੈਬੀ ਸੁਨੇਹਾ ਮਿਲਿਆ—'ਚੰਦ੍ਰਪੀਡ ਦੇ ਸਰੀਰ ਦੀ ਰੱਖਿਆ ਕਰੋ ।' ਪੁੰਡਰੀਕ ਦਾ ਸਰੀਰ ਸਵਰਗ ਵਿਚ ਸੁਰੱਖਿਅਤ ਹੈ । ਮਹਾਸ਼ਵੇਤ ਤੇ ਕਾਦੰਬਰੀ ਨੇ ਉਸ ਦੇ ਸਰੀਰ ਦੀ ਰੱਖਿਆ ਕਰਨੀ ਅਰੰਭ ਕਰ ਦਿੱਤੀ । ਤਾਰਾਪੀਡ ਤੇ ਸ਼ੁਕਨਾਸ ਵੀ ਆ ਗਏ । ਫਿਰ ਇਥੇ ਜਾਬਾਨੀ ਦੀ ਕਥਾ ਸਮਾਪਤ ਹੋਈ ਤਾਂ ਤੋਤੇ ਨੂੰ ਪਤਾ ਲੱਗਾ ਕਿ ਮੈਂ ਵੈਸ਼ਮਪਾਇਨ ਹਾਂ ਤਾਂ ਉਹ ਉਡ ਕੇ ਚੰਡਾਲ ਕੰਨਿਆ ਪਾਸ ਆ ਗਿਆ । ਚੰਡਾਲ ਕੰਨਿਆ ਨੇ ਦੱਸਿਆ ਕਿ ਮੈਂ ਤੋਤੇ ਦੀ ਮਾਂ ਲਕਸ਼ਮੀ ਹਾਂ । ਉਸ ਵੇਲੇ ਉਸ ਦੇ ਹੁਕਮ ਅਨੁਸਾਰ ਰਾਜਾ ਮਰ ਗਿਆ ਅਤੇ ਤੋਤਾ ਵੀ ਮਰ ਗਿਆ । ਉਸ ਵੇਲੇ ਚੰਦ੍ਰਪੀਡ ਵਿਚ ਜੀਵਨ ਦਾ ਸੰਚਾਰ ਹੋਇਆ । ਪੁੰਡਰੀਕ ਆਕਾਸ਼ ਚੋਂ ਉਤਰਿਆ । ਸਾਰੇ ਮਿਲਦੇ ਹਨ । ਚੰਦ੍ਰਪੀਡ ਪੁੰਡਰੀਕ ਨੂੰ ਰਾਜਾ ਬਣਾਕੇ ਆਪ ਪਿਤਰੀ ਸੇਵਾ ਵਿਚ ਲੱਗ ਜਾਂਦਾ ਹੈ ।

ਹ. ਪੁ.—ਸੰਸਕ੍ਰਿਤ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ—ਡਾ. ਰਾਮਜੀ ਉਪਾਧਾਯ ।

**ਕਾਦਰਯਾਰ :** ਇਹ ਪੰਜਾਬੀ ਦਾ ਪ੍ਰਸਿੱਧ ਕਿੱਸਾਕਾਰ ਹੋਇਆ ਹੈ, ਜਿਹੜਾ ਆਪਣੀ ਅਮਰ ਰਚਨਾ 'ਕਿੱਸਾ ਪੂਰਨ ਭਗਤ' ਲਿਖ ਕੇ ਹੋਰ ਚੋਟੀ ਦੇ ਕਿੱਸਾਕਾਰਾਂ ਵਾਂਗ ਮਾਣ ਦਾ ਅਧਿਕਾਰੀ ਬਣਿਆ । ਇਸ ਦਾ ਜਨਮ ਪਾਕਿਸਤਾਨ ਵਿਚ ਗੁਜਰਾਂਵਾਲੇ ਤੋਂ ਐਮਨਾਬਾਦ ਨੂੰ ਜਾਂਦੀ ਸੜਕ ਉਤੇ ਸਥਿਤ ਪਿੰਡ ਮਾਛੀਕੇ ਵਿਖੇ 1802 ਈ. ਵਿਚ ਹੋਇਆ । ਇਹ ਜੱਟ ਜ਼ਿਮੀਂਦਾਰ ਸੀ ਅਤੇ ਥੋੜ੍ਹਾ ਜਿਹਾ ਪੜ੍ਹਿਆ ਲਿਖਿਆ ਸੀ । ਆਪਣੀ ਪਹਿਲੀ ਰਚਨਾ 'ਮੇਅਰਾਜ ਨਾਮਾ' ਵਿਚ ਆਪਣੀ ਨਿਮਰਤਾ ਦਾ ਸਬੂਤ ਦਿੰਦੇ ਹੋਏ ਇਹ ਲਿਖਦਾ ਹੈ :— 'ਮੈਂ ਦਹਿਕਾਨ ਬੇਇਲਮ ਵਿਚਾਰਾ, ਦੋਸ ਨਾ ਰਾਹੀਏ ਧਰਿਆ ।' ਇਸ ਨੇ ਆਪਣੇ ਜੀਵਨ ਦਾ ਵਧੇਰਾ ਹਿੱਸਾ ਆਪਣੇ ਪਿੰਡ ਵਿਚ ਹੀ ਗੁਜ਼ਾਰਿਆ, ਜਿਥੇ 1892 ਵਿਚ ਇਸ ਦੀ ਮੌਤ ਹੋ ਗਈ । ਇਹ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਸੀ ।

ਇਸ ਦੀਆਂ ਲਿਖਤਾਂ ਨੂੰ ਮੋਟੇ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :—

1. ਮੁਸਲਮਾਨਾਂ ਦੇ ਇਤਿਹਾਸ ਦੀਆਂ ਰਵਾਇਤਾਂ 'ਮੇਅਰਾਜਨਾਮਾ' ਅਤੇ 'ਰੋਜ਼ਾਨਾਮਾ' ।

2. ਇਸ ਦੇ ਇਲਾਕੇ ਵਿਚ ਵਾਪਰੀਆਂ ਪ੍ਰਸਿੱਧ ਕਹਾਣੀਆਂ ਜਾਂ ਮਹਾਂਪੁਰਸ਼ਾਂ ਦੇ ਹਾਲ, ਜਿਵੇਂ ਪੂਰਨ ਭਗਤ, ਰਾਜਾ ਰਸਾਲੂ ਦੀ ਵਾਰ, ਵਾਰ ਰਾਣੀ ਕੋਕਲਾਂ, ਪੂਰਨ ਭਗਤ ਦੀ ਵਾਰ, ਸੋਹਣੀ ਮਹੀਂਵਾਲ, ਹਰੀ ਸਿੰਘ ਨਲੂਆ ।

ਹ. ਪੁ.—ਪੰ. ਸਾ. ਇ. 676; ਪੰ. ਸ਼ਾ. ਤਜ਼. 163.

**ਕਾਦਰੀ :** ਮੁਸਲਮਾਨਾਂ ਦਾ ਇਹ ਇਕ ਫ਼ਿਰਕਾ ਹੈ ਜਿਸ ਨੂੰ ਮੁਅਤਜ਼ਿਲਾ ਉਪ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ । ਪਰੰਤੂ ਮੁਅਤਜ਼ਿਲਾ ਫ਼ਿਰਕੇ ਵਾਲੇ ਮੁਹੰਮਦ ਸਾਹਿਬ ਦੇ ਅੰਤਮ ਕਾਲ ਨੂੰ ਪੂਰਵ ਨਿਰਣੀਤ ਨਹੀਂ ਸਨ ਮੰਨਦੇ ਇਸ ਲਈ ਬਾਅਦ ਵਿਚ ਮੁਤਾਜ਼ਿਲਾ ਫ਼ਿਰਕੇ ਵਾਲਿਆਂ ਨੇ ਇਸ ਨਾਂ ਦਾ ਬੁਰਾ ਮਨਾਇਆ ਅਤੇ ਉਨ੍ਹਾਂ ਕਿਹਾ ਕਿ ਇਹ ਫ਼ਿਰਕਾ ਉਨ੍ਹਾਂ ਲੋਕਾਂ ਦਾ ਹੈ ਜੋ ਅੱਲ੍ਹਾ ਨੂੰ ਸਭ ਕੁਝ ਦਾ ਕਰਤਾ ਮੰਨਦੇ ਹਨ ਅਤੇ ਉਸੇ ਦਾ ਸਾਰੇ ਕੁਝ ਉਪਰ ਨਿਯੰਤਰਨ ਮੰਨਦੇ ਹਨ । ਕੱਟੜ ਲੋਕ ਇਹ ਕਹਿੰਦੇ ਹਨ ਕਿ ਅਜਿਹਾ ਉਨ੍ਹਾਂ ਨੇ ਇਸ ਲਈ ਕਿਹਾ ਤਾਂ ਜੋ ਉਹ ਪੈਗੰਬਰ ਵਲੋਂ ਉਨ੍ਹਾਂ ਨੂੰ ਪਾਰਸੀਮਤ ਵਾਲੇ ਕਿਹਾ ਜਾਣ ਤੋਂ ਬਚ ਜਾਣ । ਪਰੰਤੂ ਇਹ ਨਾਂ ਉਸ ਤੋਂ ਪਹਿਲਾਂ ਦਾ ਹੈ ਜੋ ਕਾਦਰ ਨੂੰ ਆਪਣੇ ਕਾਰਜਾਂ ਸਬੰਧੀ ਨਿਯੰਤਰਨ ਰੱਖਣ ਵਾਲੇ ਲੋਕਾਂ ਨੇ ਅਪਣਾਇਆ ਸੀ । ਇਨ੍ਹਾਂ ਨੂੰ ਅੱਲ੍ਹਾ ਦੇ ਸ਼ਰੀਕ ਰੂਪ ਵਿਚ ਕਾਦਰ ਨੂੰ ਮੰਨਣ ਵਾਲੇ ਵੀ ਕਿਹਾ ਗਿਆ ਹੈ । ਪਰੰਤੂ ਇਸ ਫ਼ਿਰਕੇ ਵਾਲੇ ਆਪਣੇ ਆਪ ਨੂੰ ਅਦਲ ਦੇ ਮਨੁੱਖ ਕਹਾਉਣਾ ਵਧੇਰੇ ਉਚਿਤ ਸਮਝਦੇ ਹਨ ।

ਹ. ਪੁ.—ਸ਼ਾ. ਐਨ. ਇਸ. 200.

**ਕਾਦਾਨਾ ਪ੍ਰਾਜੈਕਟ :** ਭਾਰਤ ਦੇ ਗੁਜਰਾਤ ਰਾਜ ਵਿਚ, ਪੰਚਮਹਿਲ ਜ਼ਿਲ੍ਹੇ ਦੇ ਸੰਤਰਾਮਪੁਰ ਤਅੱਲੁਕੇ ਵਿਚ ਕਾਦਾਨਾ ਪਿੰਡ ਦੇ ਨੇੜੇ, ਮਾਹੀ ਦਰਿਆ ਨੂੰ 2,225 ਮੀ. ਲੰਬਾ ਅਤੇ 58.2 ਮੀ. ਉੱਚਾ ਬੰਨ੍ਹ ਮਾਰ ਕੇ, ਇਕ ਬਣਾਉਟੀ ਝੀਲ ਬਣਾਈ ਗਈ ਹੈ । ਇਹ ਅਸਥਾਨ ਵਾਨਕਬੋਰੀ ਬੰਨ੍ਹ ਤੋਂ 70.8 ਕਿ. ਮੀ. ਉਪਰ ਵੱਲ ਹੈ । ਇਸ ਝੀਲ ਵਿਚ 170 ਕਰੋੜ ਘਣ ਮੀਟਰ ਪਾਣੀ ਜਮ੍ਹਾਂ ਹੋ ਸਕਦਾ ਹੈ । ਇਸ ਦਾ ਜਲ-ਗ੍ਰਹਿ ਖੇਤਰ 15 ਹਜ਼ਾਰ ਵ. ਕਿ. ਮੀ. ਹੈ । ਇਸ ਝੀਲ ਵਿਚੋਂ ਸਿੱਧਿਆਂ ਹੀ ਇਕ 106 ਕਿ. ਮੀ. ਲੰਬੀ ਨਹਿਰ ਕੱਢੀ ਗਈ ਹੈ । ਇਸ ਦੇ ਪਾਣੀ ਨਾਲ ਪੰਚਮਹਿਲ ਜ਼ਿਲ੍ਹੇ ਦੀ 256,544 ਹੈਕਟੇਅਰ ਭੋਂ ਵਿਚ ਸਿੰਜਾਈ ਕੀਤੀ ਜਾਂਦੀ ਹੈ ।

ਇਹ ਪ੍ਰਾਜੈਕਟ 1956 ਈ. ਵਿਚ ਸ਼ੁਰੂ ਹੋ ਕੇ 1973-74 ਈ. ਵਿਚ ਮੁਕੰਮਲ ਹੋਇਆ ਸੀ । ਇਸ ਤੇ ਕੁਲ 21 ਕਰੋੜ ਰੁਪਏ ਤੋਂ ਵਧੇਰੇ ਖਰਚ ਹੋਏ ਹਨ । ਇਸ ਪ੍ਰਾਜੈਕਟ ਤੋਂ ਆਲੇ-ਦੁਆਲੇ ਦੇ ਇਲਾਕੇ ਨੂੰ ਵੱਡੀ ਪੱਧਰ ਤੇ ਬਿਜਲੀ ਸਪਲਾਈ ਕੀਤੀ ਜਾਇਆ ਕਰੇਗੀ ।

**ਕਾਦਿਰੀ :** ਸ਼ਹਿਰ—ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਵਿਚ ਇਸੇ ਨਾਂ ਦੇ ਤਅੱਲੁਕੇ ਦਾ ਸਦਰ ਮੁਕਾਮ ਹੈ । ਇਥੇ ਨਰਸਿਮਹਾ ਦਾ ਇਕ ਵੱਡਾ ਮੰਦਰ ਬਣਿਆ ਹੋਇਆ ਹੈ ਅਤੇ ਉਸ ਦੇ ਤਿਉਹਾਰ ਦੇ ਮੌਕੇ ਤੇ ਬਹੁਤ ਸਾਰੇ ਸ਼ਰਧਾਲੂ ਆਉਂਦੇ ਹਨ । ਕਿਹਾ ਜਾਂਦਾ ਹੈ ਕਿ ਚੇਂਦਰਾ ਨਾਂ ਦੇ ਦਰੱਖਤ ਹੇਠਾਂ ਬਣੀ ਵਰਮੀ ਵਿਚੋਂ ਨਰਸਿਮਹਾ ਦਾ ਬੁੱਤ ਮਿਲਿਆ ਸੀ ਪਰ ਇਹੀ ਕਹਾਣੀ ਹੋਰਨਾਂ ਥਾਵਾਂ ਨਾਲ ਜੋੜੀ ਜਾਂਦੀ ਹੈ । ਇਸ ਦਰੱਖਤ ਦਾ ਨਾਂ ਸੰਸਕ੍ਰਿਤ ਵਿਚ ਖਾਦਰੀ ਹੈ ਅਤੇ ਰਵਾਇਤ ਅਨੁਸਾਰ ਰੰਗਾ ਨਯੁਦ (ਪਟਨਾਮ ਦਾ ਸਥਾਨਕ ਸਰਦਾਰ) ਨੇ ਸਾਰਾ ਜੰਗਲ ਸਾਫ਼ ਕਰ ਦਿਤਾ ਅਤੇ ਇਕ ਮੰਦਰ ਉਸਾਰਿਆ ਤਾਂ ਸ਼ਹਿਰ ਦਾ ਇਹ ਨਾਂ ਰੱਖ ਦਿਤਾ ਗਿਆ ਜਿਹੜਾ ਮੰਦਰ ਦੇ ਆਲੇ-ਦੁਆਲੇ ਵਿਕਸਿਤ ਹੋਇਆ । ਪੁਰਾਣੀ ਰੀਤ ਅਨੁਸਾਰ ਜਨਵਰੀ ਮਹੀਨੇ ਵਿਚ ਇਥੇ ਤਿਉਹਾਰ ਦੇ ਮੌਕੇ ਉਤੇ ਬੱਬਰ ਸ਼ੇਰ ਜਾਂ ਚੀਤੇ ਨੂੰ ਖੁੱਲ੍ਹਾ ਛੱਡਿਆ ਜਾਂਦਾ ਸੀ ਅਤੇ ਫਿਰ ਉਸ ਨੂੰ ਗੋਲੀ ਨਾਲ ਮਾਰ ਦਿਤਾ ਜਾਂਦਾ ਸੀ ਪਰ ਇਕ ਸਾਲ ਇਕ ਦਰਸ਼ਕ ਹੀ ਮਾਰ ਦਿਤਾ ਗਿਆ ਅਤੇ ਕੁਲੈਕਟਰ ਨੇ ਇਹ ਰੀਤ ਬੰਦ ਹੀ ਕਰ ਦਿਤੀ ।

ਕਾਦਿਰੀ ਵਿਖੇ ਕਈ ਅਜਿਹੇ ਚਿੰਨ੍ਹ ਮਿਲਦੇ ਹਨ ਜਿਨ੍ਹਾਂ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਕਿਸੇ ਸਮੇਂ ਮੁਸਲਮਾਨੀ ਕਸਬਾ ਸੀ । ਭਾਵੇਂ ਮੌਜੂਦਾ ਇਮਾਰਤਾਂ ਤੋਂ ਮੁਸਲਮਾਨੀ ਭਵਨ-ਉਸਾਰੀ ਬਾਰੇ ਕੋਈ ਬਹੁ-ਪਤਾ ਨਹੀਂ ਲਗਦਾ ਫਿਰ ਵੀ ਆਲੇ-ਦੁਆਲੇ ਤਿੰਨ ਕਿ. ਮੀ. ਤੀਕ ਕਈ ਮਕਬਰੇ ਅਤੇ ਮਸਜਿਦਾਂ ਹਨ ਜੋ ਬੜੀ ਮਾੜੀ ਹਾਲਤ ਵਿਚ ਹਨ । ਪਹਿਲਾਂ ਇਹ ਥਾਂ ਇਕ ਸਥਾਨਕ ਸਰਦਾਰ ਦਾ ਸਦਰ ਮੁਕਾਮ ਹੁੰਦਾ ਸੀ । ਜਦੋਂ ਮੁਨਰੋ ਨੇ ਦੇਸ਼ ਦੀ ਵਾਗਡੋਰ ਸੰਭਾਲੀ ਸੀ ਤੇ ਉਸਨੇ ਮਾਲੀਏ ਨੂੰ ਤਹਿ ਕਰਨ ਲਈ ਸਰਦਾਰ ਨੂੰ ਸੱਦਿਆ । ਸਰਦਾਰ ਨੇ ਮੁਨਰੋ ਕੋਲ ਪਹੁੰਚਣ ਤੋਂ ਨਾਂਹ ਕਰ ਦਿਤੀ । ਨਤੀਜੇ ਵਜੋਂ ਇਕ ਫੌਜ ਦੀ ਇਕ ਟੁਕੜੀ ਨੂੰ ਉਸਦੇ ਵਿਰੁਧ ਭੇਜਿਆ ਗਿਆ ਅਤੇ ਇਸਨੇ ਕਿਲਾ-ਬੰਦ ਮੰਦਰ, ਜਿਸਨੂੰ ਸਰਦਾਰ ਨੇ ਆਪਣੀ ਚੌਕੀ ਬਣਾਇਆ ਹੋਇਆ ਸੀ, ਉੱਤੇ ਅਚਾਨਕ ਹੱਲਾ ਕਰ

ਦਿਤਾ ਪਰ ਰੌਲੇ ਦੇ ਵਿਚ ਹੀ ਉਹ ਬਚ ਕੇ ਨਿਕਲ ਗਿਆ ਅਤੇ ਉਸਦੀ ਸਾਰੀ ਜਾਇਦਾਦ ਜ਼ਬਤ ਕਰ ਲਈ। ਸ਼ਹਿਰ ਦੇ ਦੱਖਣੀ ਭਾਰਤੀ ਰੇਲਵੇ ਉੱਤੇ ਸਟੇਸ਼ਨ ਬਣ ਜਾਣ ਨਾਲ ਇਸ ਦੀ ਮਹੱਤਤਾ ਹੋਰ ਵੱਧ ਗਈ ਹੈ। ਅਨਾਜ ਦੀ ਇਹ ਇਕ ਮੰਡੀ ਹੈ।

ਆਬਾਦੀ—33,820 (1971)
14° 6′ ਉ. ਵਿਥ.; 78° 10′ ਪੂ. ਲੰਬ.
ਹ. ਪੁ.—ਇੰਪ. ਗ. ਇੰਡ. 14 : 260

**ਕਾਦੀਆਂ :** ਭਾਰਤ ਦੇ ਪੰਜਾਬ ਰਾਜ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਮੁਸਲਮਾਨਾਂ ਨਾਲ ਸਬੰਧਤ ਇਹ ਇਕ ਪ੍ਰਸਿੱਧ ਕਸਬਾ ਹੈ ਜੋ ਬਟਾਲਾ ਸ਼ਹਿਰ ਤੋਂ 19 ਕਿ. ਮੀ. ਦੀ ਦੂਰੀ ਉੱਤੇ ਸਥਿਤ ਹੈ। ਇਹ ਅਹਿਮਦੀ ਮੁਸਲਮਾਨਾਂ ਦਾ ਵੰਡ ਤੋਂ ਪਹਿਲਾਂ (ਜੋ ਵੰਡ ਸਮੇਂ ਝੰਗ, ਪਾਕਿਸਤਾਨ ਵਿਚ ਚਲਾ ਗਿਆ ਸੀ) ਦਾ ਹੈਡਕੁਆਟਰ ਸੀ। ਉਸ ਸਮੇਂ ਇਥੋਂ ਦੀ ਸਾਰੀ ਵਸੋਂ ਤਕਰੀਬਨ ਅਹਿਮਦੀਆਂ ਦੀ ਹੀ ਸੀ। ਕਿਹਾ ਜਾਂਦਾ ਹੈ ਕਿ ਮਿਰਜ਼ਾ ਹਾਦੀ ਬੇਗ, ਜਿਸ ਨੇ ਬਾਬਰ ਦਾ ਸਾਥ ਦਿਤਾ ਸੀ, ਨੇ ਇਸ ਕਸਬੇ ਦੀ ਨੀਂਹ ਸੰਨ 1530 ਵਿਚ ਰੱਖੀ ਸੀ। ਅਹਿਮਦੀਆਂ ਫਿਰਕੇ ਦਾ ਬਾਨੀ ਮਿਰਜ਼ਾ ਗੁਲਾਮ ਅਹਿਮਦ ਮਿਰਜ਼ਾ ਹਾਦੀ ਬੇਗ ਦੇ ਖ਼ਾਨਦਾਨ ਵਿਚੋਂ ਹੀ ਸੀ। ਮਿਰਜ਼ਾ ਗ਼ੁਲਾਮ ਅਹਿਮਦ ਨੇ ਆਪਣੇ ਪੈਗੰਬਰ ਹੋਣ ਦਾ ਐਲਾਨ ਇਥੇ ਹੀ ਕੀਤਾ ਸੀ। ਮਿਰਜ਼ੇ ਨੇ ਕੋਈ 85 ਪੁਸਤਕਾਂ ਦੀ ਰਚਨਾ ਕੀਤੀ।

ਵੰਡ ਤੋਂ ਪਹਿਲਾਂ ਇਸ ਕਸਬੇ ਦਾ ਉਦਯੋਗਕ ਕੇਂਦਰ ਵਜੋਂ ਤੇਜ਼ੀ ਨਾਲ ਵਿਕਾਸ ਹੋਇਆ। ਸ਼ੀਸ਼ੇ ਦਾ ਸਾਮਾਨ, ਬਿਜਲੀ ਦਾ ਸਾਮਾਨ, ਟਾਰਚਾਂ, ਸੂਖਮ ਵਸਤਾਂ ਅਤੇ ਹਵਾਈ ਜਹਾਜ਼ਾਂ ਲਈ ਕੱਪਾਸ ਇਥੋਂ ਦੀਆਂ ਪ੍ਰਸਿੱਧ ਉਦਯੋਗਕ ਵਸਤਾਂ ਹੁੰਦੀਆਂ ਸਨ। ਮੁਸਲਮਾਨਾਂ ਦੇ ਇਸ ਕਸਬੇ ਨੂੰ ਛੱਡ ਜਾਣ ਤੋਂ ਬਾਅਦ ਇਹ ਵਸਤਾਂ ਵੀ ਬਣਨੀਆਂ ਬੰਦ ਹੋ ਗਈਆਂ। ਇਸ ਸਮੇਂ ਇਥੇ ਥੋੜ੍ਹੇ ਜਿਹੇ ਸਨਅਤੀ ਅਦਾਰੇ ਹਨ ਜੋ ਬਟਾਲੇ ਦੇ ਵੱਡੇ ਸਨਅਤੀ ਅਦਾਰਿਆਂ ਦੇ ਸਹਾਇਕ ਹਨ।

ਕਸਬੇ ਵਿਚ ਡੀ. ਏ. ਵੀ. ਹਾਇਰ ਸੈਕੰਡਰੀ ਸਕੂਲ, ਖਾਲਸਾ ਹਾਇਰ ਸੈਕੰਡਰੀ ਸਕੂਲ, ਵੈਦ ਕੌਰ ਆਰੀਆ ਕੰਨਯਾ ਹਾਈ ਸਕੂਲ ਹਨ। ਸਿੱਖ ਨੈਸ਼ਨਲ ਕਾਲਜ (ਡਿਗਰੀ ਕਾਲਜ) ਤੋਂ ਇਲਾਵਾ ਅਹਿਮਦੀਆ ਫਿਰਕੇ ਦੇ ਦੋ ਮਿਡਲ ਸਕੂਲ ਵੀ ਹਨ। ਇਥੇ ਇਕ ਉਦਯੋਗਕ ਸਿਖਲਾਈ ਕੇਂਦਰ ਵੀ ਹੈ। ਮਿਉਂਸਪਲ ਕਮੇਟੀ, ਮਾਰਕੀਟ ਕਮੇਟੀ, ਟੈਲੀਫੂਨ ਐਕਸਚੇਂਜ, ਸਿਵਲ ਹਸਪਤਾਲ, ਡੰਗਰਾਂ ਦਾ ਹਸਪਤਾਲ, ਗੌ: ਫਰੂਟ ਫਾਰਮ (ਅੰਬ) ਕਸਬੇ ਦੇ ਪ੍ਰਸਿੱਧ ਸਰਕਾਰੀ ਦਫਤਰ ਹਨ। ਇਹ ਝੋਨੇ ਦੀ ਭਾਰੀ ਮੰਡੀ ਹੈ। ਬਾਗ਼-ਇ-ਜੰਨਅਤ ਅਤੇ ਮਸਜਿਦ ਦੇ ਉੱਚੇ ਮੀਨਾਰ ਇਥੋਂ ਦੀਆਂ ਵੇਖਣ ਯੋਗ ਥਾਵਾਂ ਹਨ।

ਆਬਾਦੀ—16,424 (1981)
31° 45′ ਉ. ਵਿਥ.; 75° 20′ ਪੂ. ਲੰਬ.
ਹ. ਪੁ.—ਸੈਂ. ਇੰਡ.—1961; ਡਿ. ਸੈਂ. ਹੈਂ. ਬੁੱ 14-ਗੁਰਦਾਸਪੁਰ ਡਿਸਟ੍ਰਿਕਟ

**ਕਾਦੀਥ :** ਪ੍ਰਾਂਤ—ਦੱਖਣੀ ਪੱਛਮੀ ਸਪੇਨ ਵਿਚ ਅੰਦਾਲੂਸ਼ੀਆ ਨਾਂ ਦੇ ਖੇਤਰ ਵਿਚ ਇਹ ਇਕ ਪ੍ਰਾਂਤ ਹੈ ਜੋ ਉੱਤਰ ਵਲੋਂ ਵੈਲਵਾ ਅਤੇ ਸੈਵਿਲ ਦੇ ਪ੍ਰਾਂਤ ਅਤੇ ਪੂਰਬ ਵਲੋਂ ਮੈਲਾਗਾ ਦੇ ਪ੍ਰਾਂਤ ਦੁਆਰਾ ਘਿਰਿਆ ਹੋਇਆ ਹੈ। ਸੰਨ 1833 ਵਿਚ ਸੈਵਿਲ ਦੇ ਕੁਝ ਡਿਸਟ੍ਰਿਕਟਾਂ ਨੂੰ ਵੱਖ ਕਰਕੇ, ਇਹ ਪ੍ਰਾਂਤ ਹੋਂਦ ਵਿਚ ਆਇਆ। ਇਥੋਂ ਦਾ ਰਕਬਾ 7,385 ਵ. ਕਿ. ਮੀ. ਹੈ ਪਰ ਇਸ ਵਿਚ ਮੋਰਾਕੋ ਦੇ ਉੱਤਰੀ ਤੱਟ ਉੱਤੇ ਸਥਿਤ ਸੇਉਤਾ ਅੰਤਰ ਖੇਤਰ ਸ਼ਾਮਲ ਨਹੀਂ ਹੈ। ਸੰਨ 1970 ਵਿਚ ਪ੍ਰਾਂਤ ਦੀ ਕੁਲ ਆਬਾਦੀ 885,433 ਸੀ। ਪ੍ਰਾਂਤ ਦੇ ਪਹਾੜੀ ਹਿੱਸੇ ਨੂੰ ਐਂਡਾਲੂਜ਼ਾ ਪਹਾੜੀਆਂ ਦੇ ਜੰਗਲਾਂ ਨਾਲ ਭਰੇ ਹੋਏ ਪਰਬਤੀ ਵਧਾਉ ਕਟਦੇ ਹਨ। ਇਥੋਂ ਦਾ ਪੱਛਮੀ ਕੇਂਦਰੀ ਭਾਗ ਇਕ ਨੀਵਾਂ ਮੈਦਾਨ ਹੈ ਜਿਸ ਨੂੰ ਗਵਾਥਾਲੇਟੇ ਅਤੇ ਵਾਰਵਾਟੇ ਦਰਿਆ ਅਤੇ ਇਨ੍ਹਾਂ ਦੀਆਂ ਸਹਾਇਕ ਨਦੀਆਂ ਪਾਰ ਕਰਦੀਆਂ ਹਨ। ਤੱਟ ਰੇਖਾ ਦੇ ਨਾਲ ਨਾਲ ਲਾਗੂਨਾ ਦੇ ਲਾ ਜੰਡਾ ਦਾ ਦਲਦਲ ਵਾਲਾ ਇਲਾਕਾ ਅਤੇ ਲੂਣ ਵਾਲੇ ਕਈ ਤਲਾਬ ਹਨ।

ਪ੍ਰਾਂਤ ਦਾ ਜਲਵਾਯੂ ਸੁਹਾਵਣਾ ਹੈ ਪਰ ਉਚਾਈ ਅਤੇ ਹੋਰ ਭੂ-ਆਕ੍ਰਿਤੀ ਦੇ ਲੱਛਣਾਂ ਕਾਰਨ ਇਹ ਬਦਲਦਾ ਰਹਿੰਦਾ ਹੈ। ਉੱਚੇ ਖੇਤਰਾਂ ਵਿਚ ਸੰਘਣੇ ਜੰਗਲ ਹਨ ਅਤੇ ਇਨ੍ਹਾਂ ਜੰਗਲਾਂ ਵਿਚ ਕਾਰਕ ਬਹੁਤ ਪੈਦਾ ਹੁੰਦਾ ਹੈ। ਉਪਜਾਊ ਭੋਂ ਵਿਚ ਫ਼ਲ, ਅੰਗੂਰ ਅਤੇ ਜ਼ੈਤੂਨ ਉਗਾਏ ਜਾਂਦੇ ਹਨ।

ਹ. ਪੁ.—ਐਨ. ਬ੍ਰਿ. ਮਾ. 2 : 429.

**ਕਾਦੀਥ :** ਸ਼ਹਿਰ—ਦੱਖਣੀ ਪੱਛਮੀ ਸਪੇਨ ਦੇ ਅੰਦਾਲੂਸ਼ੀਆ ਖੇਤਰ ਵਿਚ ਇਸੇ ਨਾਂ ਦੇ ਪ੍ਰਾਂਤ ਦੀ ਇਹ ਰਾਜਧਾਨੀ ਸ਼ਹਿਰ ਅਤੇ ਬੰਦਰਗਾਹ ਹੈ ਜੋ ਇਕ ਲੰਬੇ ਤੇ ਤੰਗ ਪ੍ਰਾਇਦੀਪ (ਜੋ ਕਾਦੀਥ ਦੀ ਖਾੜੀ ਵਿਚ ਨੂੰ ਫੈਲਿਆ ਹੋਇਆ ਹੈ) ਉੱਤੇ ਸਥਿਤ ਹੈ। ਰਵਾਇਤੀ ਤੌਰ ਤੇ ਇਸ ਸ਼ਹਿਰ ਦੀ ਨੀਂਹ ਫੀਨੀਸ਼ੀਆ ਦੇ ਵਪਾਰੀਆਂ ਨੇ ਗੈਦੀਰ ਭਾਵ ਵਲਗਣ) ਦੇ ਨਾਂ ਉੱਤੇ ਲਗਭਗ 1100 ਪੂ. ਈ. ਵਿਚ ਰੱਖੀ। ਲਗਭਗ 500 ਪੂ. ਈ. ਵਿਚ ਇਸ ਉੱਤੇ ਕਾਰਥਿਜ ਦੇ ਲੋਕਾਂ ਨੇ ਕਬਜ਼ਾ ਕਰ ਲਿਆ। ਦੂਜੇ ਪਿਊਨਿਕ ਯੁੱਧ ਸਮੇਂ ਸ਼ਹਿਰ ਦੇ ਲੋਕਾਂ ਨੇ ਸ੍ਵੈ-ਇੱਛਾ ਨਾਲ ਰੋਮ ਦੇ ਹਵਾਲੇ ਕਰ ਦਿਤਾ। ਇਸ ਸਮੇਂ ਤੋਂ ਗੇਦੀਜ਼ ਦੇ ਨਾਂ ਵਜੋਂ ਇਸ ਸ਼ਹਿਰ ਦੀ ਤੇਜ਼ੀ ਨਾਲ ਉੱਨਤੀ ਹੋਈ। ਪੰਜਵੀਂ ਸਦੀ ਵਿਚ ਵਿਸਗਾਥਾਂ ਨੇ ਇਸ ਸ਼ਹਿਰ ਨੂੰ ਤਬਾਹ ਕਰ ਦਿਤਾ। ਸੰਨ 1492 ਵਿਚ ਜਦੋਂ ਅਮਰੀਕਾ ਨੂੰ ਲੱਭਿਆ ਤਾਂ ਉਸ ਸਮੇਂ ਇਹ ਸ਼ਹਿਰ ਫਿਰ ਉੱਨਤ ਹੋਇਆ ਅਤੇ ਸਪੇਨੀਆਂ ਨੇ ਸਰਕਾਰੀ ਸਮੁੰਦਰੀ ਜਹਾਜ਼ਾਂ ਦਾ ਹੈਡਕੁਆਟਰ ਬਣਿਆ। ਸੋਲ੍ਹਵੀਂ ਸਦੀ ਦੌਰਾਨ ਇਸ ਸ਼ਹਿਰ ਨੇ ਵਹਿਸ਼ੀ ਸਮੁੰਦਰੀ ਲੁਟੇਰਿਆਂ ਦੇ ਹੱਲਿਆਂ ਨੂੰ ਪਿੱਛੇ ਧੱਕ ਦਿਤਾ। ਸੰਨ 1587 ਵਿਚ ਸਮੁੰਦਰੀ ਜਹਾਜ਼ ਖੜ੍ਹੇ ਕਰਨ ਵਾਲੀ ਥਾਂ ਨੂੰ ਅੱਗ ਲਗਾ ਦਿਤੀ ਗਈ। ਸੰਨ 1797-98 ਵਿਚ ਅੰਗਰੇਜ਼ਾਂ ਦੁਆਰਾ ਕੀਤੀ ਨਾਕਾਬੰਦੀ ਅਤੇ 1800 ਵਿਚ ਕੀਤੀ ਬੰਬਾਰੀ ਪਿੱਛੋਂ, ਸੰਨ 1810-12 ਵਿਚ ਇਸ ਨੂੰ ਫਰਾਂਸੀਸੀਆਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਇਹ ਸਾਰੇ ਸਪੇਨ ਦੀ ਰਾਜਧਾਨੀ ਰਿਹਾ।

ਅਮਰੀਕਨ ਦੇਸ਼ਾਂ ਵਿਚ ਸਪੇਨੀ ਨਵ-ਅਬਾਦੀਆਂ ਦੇ ਖੁਸ ਜਾਣ ਕਾਰਨ ਕਾਦੀਥ ਦੇ ਵਪਾਰ ਨੂੰ ਬਹੁਤ ਧੱਕਾ ਲੱਗਾ। ਸੰਨ 1898 ਦੇ ਸਪੇਨੀ ਅਮਰੀਕੀ ਯੁੱਧ ਦੀਆਂ ਤਬਾਹੀਆਂ ਕਾਰਨ ਇਹ ਸ਼ਹਿਰ ਢਹਿੰਦੀਆਂ ਕਲਾਂ ਵਿਚ ਜਾਣ ਲੱਗਾ। ਸੰਨ 1900 ਤੋਂ ਬਾਅਦ ਇਹ ਸ਼ਹਿਰ ਕਾਫੀ ਉੱਨਤ ਹੋਇਆ। ਸੰਨ 1936-39 ਦੀ ਸਪੇਨੀ ਖ਼ਾਨਾਜੰਗੀ ਵਿਚ ਕਾਦੀਥ ਰਾਸ਼ਟਰਵਾਦੀਆਂ ਦੇ ਹੱਥਾਂ ਵਿਚ ਚਲਾ ਗਿਆ ਅਤੇ ਸਪੇਨੀ ਮਰਾਕੋ ਤੋਂ ਫੌਜੀ ਭਰਤੀ ਲਈ ਦਾਖਲੇ ਦੀ ਪ੍ਰਸਿੱਧ ਬੰਦਰਗਾਹ ਰਹੀ। ਸੰਨ 1947 ਵਿਚ ਸਮੁੰਦਰੀ ਫ਼ੌਜ ਦਾ ਬਾਰੂਦਖਾਨਾ ਫਟਣ ਨਾਲ ਸ਼ਹਿਰ ਦਾ ਭਾਰੀ ਨੁਕਸਾਨ ਹੋਇਆ।

ਮੁੱਖ ਤੌਰ ਤੇ ਇਹ ਸ਼ਹਿਰ ਇਕ ਵਪਾਰਕ ਬੰਦਰਗਾਹ ਹੈ ਅਤੇ ਇਥੋਂ ਸ਼ਰਾਬ, ਲੂਣ, ਜ਼ੈਤੂਨ, ਅੰਜੀਰ, ਕਾਰਕ ਅਤੇ ਨਮਕੀਨ ਮੱਛੀ ਬਾਹਰ ਭੇਜੇ ਜਾਂਦੇ ਹਨ। ਸ਼ਹਿਰ ਦੇ ਨੇੜੇ ਹੀ ਫੌਜੀ ਹਵਾਈ ਅੱਡਾ ਅਤੇ ਸਪੇਨੀ ਅਮਰੀਕੀ ਹਵਾਈ ਅੱਡਾ ਹੈ। ਪੁਰਾਣਾ ਗਿਰਜਾ ਘਰ ਅਤੇ ਨਵਾਂ ਗਿਰਜਾ ਘਰ ਸਾਨ ਸੀਬੈਸਚੈਨ, ਸਾਂਤਾ ਕੈਂਟਾਲੀਨਾ ਦੇ ਕਿਲੇ, ਕਈ ਅਜਾਇਬ ਘਰ ਅਤੇ ਸਿਗਨਲ ਟਾਵਰ ਇਥੋਂ ਦੀਆਂ ਇਤਿਹਾਸਕ ਥਾਵਾਂ ਹਨ।

ਆਬਾਦੀ—135,743 (1970)
36° 32′ ਉ. ਵਿਥ.; 6° 18′ ਪੱ. ਲੰਬ.
ਹ. ਪੁ.—ਐਨ. ਬ੍ਰਿ. ਮਾ. 2 : 429 ; ਕੋਲ. ਐਨ. 4 : 164

**ਕਾਨ :** ਉੱਤਰ-ਪੱਛਮੀ ਫ਼ਰਾਂਸ ਵਿਚ ਕਾਨਵਾਡੋਸ ਡਿਪਾਰਟਮੈਂਟ ਦਾ ਇਹ ਇਕ ਸ਼ਹਿਰ ਹੈ ਜੋ ਪੈਰਿਸ ਤੋਂ 200 ਕਿ. ਮੀ. ਉੱਤਰ-ਪੱਛਮ ਵਲ ਦਰਿਆ ਔਰਨ ਦੇ ਖੱਬੇ ਕੰਢੇ ਉੱਤੇ ਇਸ ਦੇ ਮੁਹਾਣੇ ਤੋਂ ਲਗਭਗ 15 ਕਿ. ਮੀ. ਹਟਵਾਂ ਵਸਿਆ ਹੋਇਆ ਹੈ। ਇਹ ਘਰੋਗੀ ਵਪਾਰ ਦਾ ਕੇਂਦਰ, ਜ਼ਰਾਇਤੀ ਅਤੇ ਡੇਅਰੀ ਵਸਤਾਂ ਦੀ ਮੰਡੀ ਅਤੇ ਸੂਤੀ ਕੱਪੜੇ, ਲੋਹਾ, ਧਾਤੂ ਵਸਤਾਂ ਅਤੇ ਚਮੜੇ ਆਦਿ ਦਾ ਮਹੱਤਵਪੂਰਨ ਨਿਰਮਾਣ ਕੇਂਦਰ ਹੈ। ਇਹ ਅੰਗੋਰਾ ਸੈਹਿਆਂ ਦੀਆਂ ਖੱਲਾਂ ਤੋਂ ਦਸਤਾਨੇ ਬਣਾਉਣ ਲਈ ਬਹੁਤ ਪ੍ਰਸਿੱਧ ਹੈ। ਇਥੇ ਇਮਾਰਤੀ ਲੱਕੜ, ਲੋਹੇ, ਕੋਲੇ, ਅਨਾਜ, ਬਰਾਂਡੀ ਅਤੇ ਬਨਸਪਤੀ ਤੇਲਾਂ ਦਾ ਕਾਫੀ ਵਪਾਰ ਹੁੰਦਾ ਹੈ।

ਭਾਵੇਂ ਦੂਜੇ ਵਿਸ਼ਵ ਯੁੱਧ ਦੌਰਾਨ ਇਸ ਸ਼ਹਿਰ ਦੀ ਬੜੀ ਤਬਾਹੀ ਹੋਈ ਪਰ ਅੱਜ ਵੀ ਇਹ ਸ਼ਹਿਰ ਬਹੁਤ ਸੁਥਰਾ ਹੈ ਅਤੇ ਇਸ ਦੀਆਂ ਗਲੀਆਂ ਖੁੱਲ੍ਹੀਆਂ ਅਤੇ ਨਿਯਮਤ ਹਨ। ਸ਼ਹਿਰ ਵਿਚ ਵਰਣਨ ਯੋਗ ਵੱਡੀਆਂ ਵੱਡੀਆਂ ਇਮਾਰਤਾਂ ਹਨ। ਇਥੋਂ ਦੇ ਵਰਣਨ ਯੋਗ ਗਿਰਜਿਆਂ ਵਿਚ 'Abbaye-aux-Dames' ਅਤੇ 'Abbaye-aux-Hommes' ਹਨ ਜੋ ਰੋਮਨ ਨਮੂਨੇ ਦੇ ਬਣੇ ਹੋਏ ਹਨ ਅਤੇ ਇਹ ਦੋਨੋਂ ਵਿਲੀਅਮ ਦਾ ਕੌਨਕਰਰ ਦੇ ਸਮੇਂ ਦੇ ਹਨ। ਸੰਨ 1431 ਵਿਚ ਸਥਾਪਤ ਕੀਤੀ ਗਈ ਇਕ ਯੂਨੀਵਰਸਿਟੀ ਵੀ ਇਥੇ ਮੌਜੂਦ ਹੈ। ਇਨ੍ਹਾਂ ਤੋਂ ਬਿਨਾਂ ਸ਼ਹਿਰ ਕਈ ਹੋਰ ਮੱਧ-ਕਾਲੀਨ ਅਤੇ ਪ੍ਰਾਚੀਨ ਇਮਾਰਤਾਂ ਨਾਲ ਭਰਿਆ ਹੋਇਆ ਹੈ। ਇਹ ਸ਼ਹਿਰ ਪਹਿਲਾਂ ਕਿਲਾਬੰਦ ਸ਼ਹਿਰ ਸੀ ਜਿਸ ਦਾ ਸਬੂਤ ਇਥੋਂ ਦੇ ਖੰਡਰਾਤ ਹਨ।

ਸਭ ਤੋਂ ਪਹਿਲਾਂ ਇਸ ਸ਼ਹਿਰ ਦੀ ਮਹੱਤਤਾ 'ਵਿਲੀਅਮ ਜੇਤੂ' ਦੇ ਸਮੇਂ ਹੋਈ ਸੀ। 1346 ਈ. ਵਿਚ ਇਹ ਐਡਵਰਡ ਤੀਜੇ ਦੇ ਕਬਜ਼ੇ ਵਿਚ ਆ ਗਿਆ ਜਿਸ ਦੇ ਸਮੇਂ ਇਸ ਨੂੰ ਇੰਗਲੈਂਡ ਵਿਚ ਲੰਡਨ ਤੋਂ ਦੂਜੇ ਨੰਬਰ ਤੇ ਵੱਡਾ ਸ਼ਹਿਰ ਕਿਹਾ ਜਾਂਦਾ ਸੀ। 1417 ਤੋਂ 1450 ਤਕ ਇਹ ਮੁੜ ਅੰਗਰੇਜ਼ਾਂ ਦੇ ਕਬਜ਼ੇ ਵਿਚ ਰਿਹਾ ਅਤੇ ਇਸ ਦੌਰਾਨ ਇਥੇ ਯੂਨੀਵਰਸਿਟੀ ਦੀ ਨੀਂਹ ਰੱਖੀ ਗਈ ਸੀ। ਪ੍ਰੋਟੈਸਟੈਂਟਾਂ ਅਤੇ ਰੋਮਨ ਕੈਥੋਲਿਕਾਂ ਵਿਚਕਾਰ ਧਾਰਮਕ ਯੁੱਧਾਂ ਨੇ ਇਸ ਸ਼ਹਿਰ ਨੂੰ ਬਹੁਤ ਨੁਕਸਾਨ ਪਹੁੰਚਾਇਆ। ਸੰਨ 1562 ਵਿਚ ਪ੍ਰੋਟੈਸਟੈਂਟਾਂ ਵਲੋਂ ਐਡਮਿਰਲ ਡੀ ਕੋਲਿਗਨੀ ਨੇ ਇਸ ਤੇ ਕਬਜ਼ਾ ਕਰ ਲਿਆ। ਫਰਾਂਸੀਸੀ ਕ੍ਰਾਂਤੀ ਦੌਰਾਨ 1793 ਈ. ਵਿਚ ਇਹ ਇਕ ਗਿਰਾਂਡਿਨ ਦਾ ਗੜ੍ਹ ਬਣ ਗਿਆ। ਦੂਜੇ ਵਿਸ਼ਵ ਯੁਧ ਦੌਰਾਨ ਜਦੋਂ 6 ਜੂਨ, 1944 ਨੂੰ ਇਤਹਾਦੀਆਂ ਨੇ ਫਰਾਂਸ ਤੇ ਹਮਲਾ ਕੀਤਾ ਤਦ ਕਾਨ ਵੀ ਨਾਰ ਮੰਡੀ ਮੁਹਿੰਮ ਵੇਲੇ ਦੇ ਮੁੱਖ ਕੇਂਦਰਾਂ ਵਿਚੋਂ ਇਕ ਸੀ ਅਤੇ ਆਖਰਕਾਰ ਇਸ ਤੇ ਇਤਹਾਦੀਆਂ ਦਾ ਕਬਜ਼ਾ ਹੋ ਗਿਆ।

ਆਬਾਦੀ—181,390 (1975)

49° 11′ ਉ. ਵਿਥ.; 0° 21′ ਪੱ. ਲੰਬ.

ਹ. ਪੁ.—ਐਨ. ਅਮੈ. 5 : 137; ਵ. ਯੂ. ਐਨ. 3 : 884

**ਕੌਨ :** ਆਇਰਲੈਂਡ ਦੇ ਬਹੁਤ ਉੱਘੇ ਬਾਦਸ਼ਾਹਾਂ ਵਿਚੋਂ ਦੂਜੀ ਸਦੀ ਈਸਵੀ ਵਿਚ ਹੋਇਆ ਇਹ ਇਕ ਬਾਦਸ਼ਾਹ ਸੀ, ਜਿਸ ਨੂੰ 100 ਜੰਗਾਂ ਦਾ 'ਕੌਨ' ਕਿਹਾ ਜਾਂਦਾ ਹੈ। ਇਸ ਦੇ ਹੋਣ ਦਾ ਪੱਕਾ ਸਬੂਤ ਇਸ ਗੱਲ ਤੋਂ ਵੀ ਲਗਦਾ ਹੈ ਕਿ ਆਇਰਲੈਂਡ ਦੇ ਉੱਤਰੀ ਅੱਧ ਨੂੰ, ਜਿਥੇ ਕੌਨ ਦਾ ਰਾਜ ਸੀ, 'ਲੇਥ ਕੁਇਨਾ ਕਿਹਾ ਜਾਂਦਾ ਹੈ। ਇਸ ਦੇਸ਼ ਦੀ ਸਭ ਤੋਂ ਪਹਿਲੀ ਰਾਜਨੀਤਕ ਵੰਡ ਪੰਜ ਭਾਗਾਂ ਵਿਚ ਸੀ : ਅਲਸਟਰ, ਤਾਰਾ, ਲਾਈਨਸਟਰ, ਮਨਸਟਰ ਅਤੇ ਕੌਨਾਟ ਜਿਸ ਸਮੇਂ ਦੌਰਾਨ ਦੇਸ਼ ਦਾ ਏਕੀਕਰਨ ਕੀਤਾ ਗਿਆ ਉਦੋਂ ਕਦੇ 'ਕੌਨ ਦਾ ਅੱਧ' ਪਦ ਪ੍ਰਚੱਲਤ ਹੋਇਆ ਹੋਵੇਗਾ, ਜਦੋਂ ਕਿ ਆਇਰਲੈਂਡ ਦੇ ਉੱਤਰੀ ਅੱਧ ਉੱਤੇ ਕੌਨ ਪੂਰੀ ਤਰ੍ਹਾਂ ਛਾਇਆ ਹੋਇਆ ਸੀ, ਪਰ ਇਹ ਦੱਖਣੀ ਅੱਧ ਨੂੰ ਆਪਣੇ ਅਧੀਨ ਨਹੀਂ ਲਿਆ ਸਕਿਆ। ਆਇਰਲੈਂਡ ਦੇ ਸਾਹਿਤ ਵਿਚ ਕੌਨ ਸਬੰਧੀ ਸਾਰੀਆਂ ਕਹਾਣੀਆਂ ਰਵਾਇਤੀ ਢੰਗ ਦੀਆਂ ਹੀ ਹਨ, ਜੋ ਬੜੀਆਂ ਰੋਮਾਂਚਵਾਦੀ ਹਨ ਅਤੇ ਜਿਨ੍ਹਾਂ ਵਿਚ ਕਿਤੇ ਕਤੇ ਇਤਿਹਾਸਕ ਤੱਤ ਭਰੇ ਹੋਏ ਹਨ।

ਹ. ਪੁ.—ਐਨ. ਬ੍ਰਿ. 6 : 347

**ਕਾਨਸਸ :** ਇਹ ਇਟਲੀ ਦਾ ਇਕ ਪ੍ਰਾਚੀਨ ਦੇਵਤਾ ਸੀ। ਇਸ ਦਾ ਉਤਸਵ ਮਨਾਉਣ ਦੇ ਸਮੇਂ (ਫਸਲ ਵੱਢਕੇ ਅਤੇ ਬਿਆਈ ਕਰਨ ਪਿਛੋਂ), ਇਸ ਸਬੰਧੀ ਕੀਤੀਆਂ ਜਾਂਦੀਆਂ ਰਸਮਾਂ ਤੇ ਮਨੋਰੰਜਨ ਦੀ ਨੌਈਅਤ ਅਤੇ ਉਤਸਵ ਮਨਾਉਣ ਦੇ ਸਮੇਂ ਤੋਂ ਪਿਛੋਂ ਇਸ ਦੇ ਬੁੱਤ ਦਾ ਹਮੇਸ਼ਾ ਮਿੱਟੀ ਨਾਲ ਢਕੇ ਰਹਿਣ ਤੋਂ ਪਤਾ ਲਗਦਾ ਹੈ ਕਿ ਇਹ ਖੇਤੀ ਦਾ ਦੇਵਤਾ ਸੀ। ਇਸ ਨੂੰ ਗੋਦਾਮਾਂ ਦਾ ਦੇਵਤਾ ਵੀ ਕਿਹਾ ਜਾਂਦਾ ਸੀ।

ਪੁਰਾਤਨ ਲੇਖਕਾਂ ਨੇ ਕਾਨਸਸ ਦੀ 'ਨੈਪਚੂਨੱਸ ਇਕੁਐਸਟਰ' ਨਾਲ ਤੁਲਨਾ ਕੀਤੀ ਹੈ ਅਤੇ ਬਾਅਦ ਦੇ ਲਾਤੀਨੀ ਕਵੀਆਂ ਨੇ ਇਸ ਨੂੰ ਨੈਪਚੂਨੱਸ ਦੇ ਤੌਰ ਤੇ ਵਰਤਿਆ ਹੈ। ਪਰ ਇਹ ਇਸ ਲਈ ਹੋਇਆ ਕਿ ਇਸਦੇ ਉਤਸਵ ਸਮੇਂ ਘੋੜਿਆਂ ਅਤੇ ਰੱਥਾਂ ਦੀ ਦੌੜ ਹੁੰਦੀ ਸੀ, ਨਹੀਂ ਤੇ ਇਨ੍ਹਾਂ ਦੋਹਾਂ ਦੇਵਤਿਆਂ ਦਾ ਕੁਝ ਵੀ ਆਪਸ ਵਿਚ ਨਹੀਂ ਮਿਲਦਾ।

ਇਸ ਦਾ ਉਤਸਵ 21 ਅਗਸਤ ਅਤੇ 15 ਦਸੰਬਰ ਨੂੰ ਮਨਾਇਆ ਜਾਂਦਾ ਸੀ। ਉਸ ਦਿਨ ਘੋੜੇ ਅਤੇ ਖੱਚਰਾਂ ਨੂੰ ਸਜਾਕੇ ਵਿਹਲਿਆਂ ਰਖਿਆ ਜਾਂਦਾ ਸੀ। ਸਰਕਸ ਵਿਚ ਖੇਡਾਂ ਦਾ ਸਭ ਤੋਂ ਵਿਸ਼ੇਸ਼ ਪ੍ਰੋਗਰਾਮ ਰੱਥਾਂ ਦੀ ਦੌੜ ਹੁੰਦੀ ਸੀ ਜਿਸ ਵਿਚ ਖੱਚਰਾਂ ਘੋੜਿਆਂ ਦੀ ਥਾਂ ਭਾਗ ਲੈਂਦੀਆਂ ਸਨ।

ਹ. ਪੁ.—ਐਨ. ਬ੍ਰਿ. 6 : 414

**ਕਾਨਸਟਾਂਟਾ :** ਦੱਖਣੀ-ਪੂਰਬੀ ਰੋਮਾਨੀਆ ਵਿਚ ਇਹ ਇਸੇ ਹੀ ਨਾਂ ਦੀ ਕਾਊਂਟੀ ਦੀ ਰਾਜਧਾਨੀ ਹੈ ਜੋ ਬੁਖਾਰੈਸਟ ਤੋਂ 200 ਕਿ. ਮੀ. ਪੂਰਬ ਵੱਲ ਕਾਲੇ ਸਾਗਰ ਉੱਤੇ ਸਥਿਤ ਹੈ। ਇਹ ਦੇਸ਼ ਦੀ ਮੁੱਖ ਬੰਦਰਗਾਹ ਹੈ।

ਬਸਤੀ ਦੀ ਸਥਾਪਨਾ ਸਬੰਧੀ ਪਹਿਲਾ ਰਿਕਾਰਡ ਟਾਮਿਸ ਨਾਂ ਦੇ ਇਕ ਪ੍ਰਾਚੀਨ ਸ਼ਹਿਰ ਤੋਂ ਹੀ ਮਿਲਦਾ ਹੈ ਜਿਸ ਦੀ ਨੀਂਹ ਯੂਨਾਨੀ ਆਬਾਦਕਾਰਾਂ ਨੇ ਸੱਤਵੀਂ ਈ. ਪੂ. ਵਿਚ ਰੱਖੀ ਸੀ। ਰੋਮਨਾਂ ਦੇ ਸੀਥੀਆਂ ਮਾਈਨਰ ਨਾਂ ਦੇ ਇਲਾਕੇ ਨੂੰ ਆਪਣੇ ਇਲਾਕੇ ਵਿਚ ਸ਼ਾਮਲ ਕਰ ਲਿਆ। ਚੌਥੇ ਸਦੀ ਈਸਵੀ ਵਿਚ ਕਾਨਸਟੈਂਨਟਾਈਨ ਮਹਾਨ ਨੇ ਟਾਮਿਸ ਸ਼ਹਿਰ ਦੀ ਸਹੀ ਤੌਰ ਤੇ ਮੁੜ ਉਸਾਰੀ ਕੀਤੀ ਅਤੇ ਇਸਦਾ ਨਾਂ ਕਾਨਸਟਾਂਟਾ ਰੱਖਿਆ। ਜਗਤ ਪ੍ਰਸਿੱਧ ਰੋਮਨ-ਕਵੀ ਔਵਿਡ ਨੂੰ 9 ਤੋਂ 17 ਈ. ਤਕ ਜਲਾਵਤਨ ਕਰਕੇ ਇਥੇ ਹੀ ਰੱਖਿਆ ਗਿਆ ਸੀ। ਛੇਵੀਂ ਸਦੀ ਤੋਂ ਪੰਦਰ੍ਹਵੀਂ ਸਦੀ ਦੇ ਆਰੰਭ ਸਮੇਂ ਦੀ ਤੁਰਕਾਂ ਦੀ ਜਿੱਤ ਤਕ ਇਸ ਇਲਾਕੇ ਉੱਤੇ ਗਾਥਾਂ, ਹੁੰਨਾਂ ਆਵਾਰਾਂ, ਜੈਪਡੀਆਂ ਅਤੇ ਹੋਰਨਾਂ ਦੇ ਹੱਲੇ ਹੁੰਦੇ ਰਹੇ। ਤੁਰਕਾਂ ਅਧੀਨ ਕਾਨਸਟਾਂਟਾ ਇਕ ਛੋਟਾ ਜਿਹਾ ਪਿੰਡ ਹੀ ਰਹਿ ਗਿਆ ਅਤੇ ਇਸ ਦੀ ਵਸੋਂ 2,000 ਹੀ ਰਹਿ ਗਈ। ਉਦਯੋਗਕ ਅਤੇ ਵਪਾਰਕ ਕੇਂਦਰ ਵਜੋਂ ਇਸ ਸ਼ਹਿਰ ਦਾ ਆਧੁਨਿਕ ਵਿਕਾਸ ਸੰਨ 1878 ਵਿਚ ਹੀ ਸ਼ੁਰੂ ਹੋਇਆ ਜਦੋਂ ਇਹ ਇਲਾਕਾ ਰੋਮਾਨੀਆ ਨੂੰ ਵਾਪਸ ਦਿਤਾ ਗਿਆ।

ਬੰਦਰਗਾਹ ਉੱਤੇ ਸਾਰੀਆਂ ਆਧੁਨਿਕ ਸਹੂਲਤਾਂ ਪ੍ਰਾਪਤ ਹਨ। ਕਾਗਜ਼ ਦਾ ਗੁੱਦਾ ਅਤੇ ਤਿਆਰ ਕੀਤੀ ਕੰਕ੍ਰੀਟ ਇਥੋਂ ਦੀਆਂ ਪ੍ਰਸਿੱਧ ਉਦਯੋਗਕ ਵਸਤਾਂ ਹਨ। ਇਹ ਖੁਰਾਕ-ਪ੍ਰਾਸੈਸਿੰਗ ਦਾ ਵੀ ਕੇਂਦਰ ਹੈ। ਇਥੇ ਕਈ ਥੀਏਟਰ ਅਤੇ ਅਜਾਇਬ ਘਰ ਹਨ।

ਆਬਾਦੀ—279,308(1979)

44° 11′ ਉ. ਵਿਥ.; 28° 39′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 99

**ਕਾਨਸਟੈਂਸ (ਦੂਜਾ) ਪੋਗੋਨੇਟਸ :** ਇਸ ਬਾਜ਼ਨਤੀਨੀ ਸ਼ਹਿਨਸ਼ਾਹ ਦਾ ਜਨਮ 630 ਈ. ਵਿਚ ਕੁਸਤੁਨਤੁਨੀਆਂ (ਹੁਣ

ਇਸਤੰਬੋਲ) ਵਿਖੇ ਹੋਇਆ। ਇਸਨੇ 641 ਤੋਂ 668 ਈ. ਤੱਕ ਰਾਜ ਕੀਤਾ। ਸੰਨ 641 ਵਿਚ ਆਪਣੇ ਪਿਤਾ ਕੌਂਨਸਟੈਂਨਟਾਈਨ ਤੀਜੇ ਦੀ ਮੌਤ ਅਤੇ ਚਾਚੇ ਹੇਰਾਕਲੀਓਨਾਸ ਦੇ ਪਤਨ ਮਗਰੋਂ ਇਹ ਇਕੋ ਇਕ ਹੁਕਮਰਾਨ ਰਹਿ ਗਿਆ ਸੀ। ਇਸ ਨੂੰ ਇਸਲਾਮ ਦੇ ਮੁੱਢਲੇ ਭਿਆਨਕ ਹਮਲਿਆਂ ਦਾ ਟਾਕਰਾ ਕਰਨਾ ਪਿਆ। ਅੰਤ ਵਿਚ 646 ਵਿਚ ਸਕੰਦਰੀਆ ਇਸ ਦੇ ਹੱਥੋਂ ਨਿਕਲ ਗਿਆ ਅਤੇ ਮਿਸਰ ਮੁਸਲਮਾਨਾਂ ਨੇ ਖੋਹ ਲਿਆ। 655 ਵਿਚ ਅਰਬਾਂ ਨਾਲ ਸਮੁੰਦਰੀ ਲੜਾਈ ਵਿਚ ਇਸਨੂੰ ਹਾਰ ਹੋਈ, ਪਰ ਅਰਬਾਂ ਦੇ ਅੰਦਰੂਨੀ ਝਗੜੇ ਕਾਰਨ ਇਹ ਕੁਸਤੁਨਤੁਨੀਆ ਉੱਤੇ ਹਮਲਾ ਨਾ ਕਰ ਸਕਿਆ। ਕਾਨਸਟੈਂਜ਼ ਨੇ ਪੂਰਬੀ ਸੂਬਿਆਂ ਵਿਚ ਆਪਣੀ ਸੁਰੱਖਿਆ ਮਜ਼ਬੂਤ ਕੀਤੀ। ਸੰਨ 658 ਵਿਚ ਇਸ ਨੇ ਬਲਕਾਨ ਵਿਚ ਆਬਾਦ ਹੋ ਰਹੇ ਸਲਾਵ ਲੋਕਾਂ ਦੇ ਵਿਰੁਧ ਚੜ੍ਹਾਈ ਕੀਤੀ ਅਤੇ 663 ਈ. ਵਿਚ ਰੋਮ ਗਿਆ। ਅੰਤ ਵਿਚ ਇਹ ਸਿਰਾਕਿਊਜ਼ ਵਿਚ ਸਥਾਪਤ ਹੋ ਗਿਆ, ਜਿਸ ਨੂੰ ਇਹ ਆਪਣੀ ਰਾਜਧਾਨੀ ਬਣਾਉਣਾ ਚਾਹੁੰਦਾ ਸੀ। ਇਸ ਦੀਆਂ ਜ਼ਬਰੀ ਵਸੂਲੀਆਂ ਕਰਕੇ ਅਫ਼ਰੀਕਨਾਂ ਨੇ ਵਿਦਰੋਹ ਕਰ ਦਿਤਾ ਪਰ ਇਸ ਨੇ ਦੱਖਣੀ ਇਟਲੀ ਅਤੇ ਸਿਸਲੀ ਵਿਚ ਬਾਜ਼ਨਤੀਨ ਉੱਤੇ ਅਧਿਕਾਰ ਬਣਾਈ ਰੱਖਿਆ। 15 ਸਤੰਬਰ, 668 ਨੂੰ ਇਸ ਨੂੰ ਸਿਰਾਕਿਊਜ਼ ਵਿਖੇ ਕਤਲ ਕਰ ਦਿਤਾ ਗਿਆ।

ਹ. ਪੁ.—ਐਨ. ਬ੍ਰਿ. 6 : 383

**ਕਾਨਸਟੈਂਸ, ਫਲੇਵੀਅਸ ਜੂਲੀਅਸ :** ਰੋਮਨ ਸ਼ਹਿਨਸ਼ਾਹ ਕੌਂਨਸਟੈਨਟਾਈਨ ਮਹਾਨ ਦਾ ਇਹ ਸਭ ਤੋਂ ਛੋਟਾ ਪੁੱਤਰ ਸੀ। ਇਸਦਾ ਜਨਮ ਲਗਭਗ 323 ਈ. ਵਿਚ ਹੋਇਆ। ਸੰਨ 333 ਵਿਚ ਇਸ ਨੂੰ ਸੀਜ਼ਰ ਘੋਸ਼ਿਤ ਕੀਤਾ ਗਿਆ ਅਤੇ ਆਪਣੇ ਪਿਤਾ ਦੀ ਮੌਤ ਪਿਛੋਂ 337 ਈ. ਵਿਚ ਇਹ ਇਟਲੀ, ਅਫ਼ਰੀਕਾ ਅਤੇ ਇਲਿਰੀਕਮ ਦਾ ਹੁਕਮਰਾਨ ਬਣਿਆ। ਇਸ ਦੇ ਭਰਾ ਕਾਨਸਟੈਨਟਾਈਨ ਦੂਜੇ ਨੇ 340 ਈ. ਵਿਚ ਉੱਤਰੀ ਇਟਲੀ ਉੱਤੇ ਹਮਲਾ ਕੀਤਾ ਪਰ ਉਸ ਨੇ ਕਾਨਸਟੈਂਸ ਦੀਆਂ ਫ਼ੌਜਾਂ ਦੇ ਹੱਥੋਂ ਹਾਰ ਖਾਧੀ ਅਤੇ ਐਕਵਿਲੇਆ ਵਿਖੇ ਮਾਰਿਆ ਗਿਆ। ਇਸ ਤਰ੍ਹਾਂ ਕਾਨਸਟੈਂਸ ਪੱਛਮੀ ਸਲਤਨਤ, ਇਟਲੀ, ਸਪੇਨ, ਗੱਾਲ (ਯੂਰਪ ਦਾ ਪ੍ਰਾਚੀਨ ਦੇਸ਼) ਅਤੇ ਬਰਤਾਨੀਆ ਦਾ ਹੁਕਮਰਾਨ ਬਣ ਗਿਆ। ਇਸ ਨੇ 341 ਵਿਚ ਆਪਣੀ ਹਕੂਮਤ ਦੇ ਵਿਰੁਧ ਫ੍ਰੈਂਕਾਂ ਦੇ ਹਮਲੇ ਨੂੰ ਸਫਲਤਾ ਪੂਰਬਕ ਪਛਾੜਿਆ ਅਤੇ 343 ਈ. ਵਿਚ ਬਰਤਾਨੀਆਂ ਦਾ ਦੌਰਾ ਕੀਤਾ। ਇਹ ਇਕ ਪੱਕਾ ਕੈਥੋਲਿਕ ਸੀ। ਸੰਨ 350 ਵਿਚ ਮੈਗਨੈਨਸ਼ੀਅਸ ਨੇ ਇਸ ਦਾ ਤਖ਼ਤਾ ਉਲਟਾ ਦਿਤਾ ਅਤੇ ਇਹ ਗੱਾਲ ਵਿਚ ਮਾਰਿਆ ਗਿਆ।

ਹ. ਪੁ.—ਐਨ. ਬ੍ਰਿ. 6 : 383; ਨਿ. ਕ. ਯੂ. ਬਾ. 434

**ਕਾਨਸਟੈਨਸ਼ੀਅਸ (ਪਹਿਲਾ,) ਕਲੋਰਸ :** ਇਹ ਇਕ ਰੋਮਨ ਸ਼ਹਿਨਸ਼ਾਹ ਸੀ। ਇਸ ਦਾ ਛੋਟਾ ਨਾਂ 'ਕਲੋਰਸ' ਸੀ ਜਿਸਦਾ ਭਾਵ 'ਪੀਲਾ' ਹੁੰਦਾ ਹੈ। ਇਹ ਮਾਮੂਲੀ ਖ਼ਾਨਦਾਨ ਵਿਚੋਂ ਸੀ ਅਤੇ ਇਸ ਨੇ 'ਪ੍ਰੋਟੈਕਟਰ' ਵਜੋਂ ਫ਼ੌਜ ਵਿਚ ਨੌਕਰੀ ਕੀਤੀ। ਫਿਰ ਡੈਲਮੇਸ਼ੀਆ ਦਾ ਗਵਰਨਰ ਬਣਿਆ। 1 ਮਾਰਚ, 293 ਨੂੰ ਇਸ ਨੂੰ ਸ਼ਹਿਨਸ਼ਾਹ ਮੈਕਸੀਮਿਆਨ ਵੱਲੋਂ 'ਸੀਜ਼ਰ' ਦਾ ਖ਼ਿਤਾਬ ਦਿਤਾ ਗਿਆ। ਉਸ ਨੇ ਇਸ ਨੂੰ ਮੁਤਬੰਨਾ ਬਣਾ ਲਿਆ ਅਤੇ ਆਪਣੀ ਧੀ ਥੀਉਡੋਰਾ ਨਾਲ ਸ਼ਾਦੀ ਕਰ ਦਿਤੀ। 'ਸੀਜ਼ਰ' ਵਲੋਂ ਇਸ ਨੂੰ ਗੱਾਲ ਦਾ ਪ੍ਰਸ਼ਾਸਨ ਸੰਭਾਲਿਆ ਗਿਆ। ਇਸ ਨੇ ਕਈ ਲੜਾਈਆਂ ਲੜੀਆਂ ਅਤੇ ਮਹੱਤਵਪੂਰਨ ਜਿੱਤਾਂ ਪ੍ਰਾਪਤ ਕੀਤੀਆਂ। ਜਦੋਂ 1 ਮਈ, 305 ਨੂੰ ਡਾਇਓਕਲੀਸ਼ੀਅਨ ਅਤੇ ਮੈਕਸੀਮਿਅਨ ਨੇ ਤਖ਼ਤ ਨੂੰ ਤਿਲਾਂਜਲੀ ਦੇ ਦਿਤੀ ਤਾਂ ਇਹ ਸੀਨੀਅਰ ਆਗੱਸਟਸ ਬਣਿਆ ਪਰ 306 ਈ. ਦੀਆਂ ਗਰਮੀਆਂ ਵਿਚ ਐਬੋਰੇਕਮ ਵਿਖੇ ਇਸ ਦੀ ਮੌਤ ਹੋ ਗਈ।



ਕਾਨਸਟੈਨਸ਼ੀਅਸ ਪਹਿਲਾ

ਹ. ਪੁ.—ਐਨ. ਬ੍ਰਿ. 6 : 390

**ਕਾਨਸਟੈਨਸ਼ੀਅਸ (ਦੂਜਾ), ਫਲੇਵੀਅਸ ਜੂਲੀਅਸ** (Constantius Flavius Julius) : ਇਹ ਰੋਮਨ ਸ਼ਹਿਨਸ਼ਾਹ, ਕੌਂਨਸਟੈਨਟਾਈਨ ਮਹਾਨ ਅਤੇ ਫੌਸਟਾ ਦਾ ਤੀਜਾ ਪੁੱਤਰ ਸੀ। ਇਸ ਦਾ ਜਨਮ ਇਲਿਰੀਕਮ ਵਿਖੇ 7 ਅਗਸਤ, 317 ਨੂੰ ਹੋਇਆ ਅਤੇ 8 ਨਵੰਬਰ 324 ਨੂੰ ਇਹ 'ਸੀਜ਼ਰ' ਬਣਾਇਆ ਗਿਆ। 22 ਮਈ, 337 ਨੂੰ ਜਦੋਂ ਇਸ ਦੇ ਪਿਤਾ ਦੀ ਮੌਤ ਹੋਈ ਤਾਂ ਫ਼ੌਜਾਂ ਨੇ ਇਸ ਦੇ ਬਹੁਤ ਸਾਰੇ ਸਬੰਧੀਆਂ ਨੂੰ ਮਾਰ ਦਿਤਾ। ਇਸ ਵਿਚ ਕਾਨਸਟੈਨਸ਼ੀਅਸ ਦਾ ਹੱਥ ਦੱਸਿਆ ਜਾਂਦਾ ਹੈ। ਫਿਰ ਕਾਨਸਟੈਨਸ਼ੀਅਸ ਨੇ ਆਪਣੇ ਭਰਾਵਾਂ, ਕੌਂਨਸਟੈਨਟਾਈਨ ਦੂਜੇ ਅਤੇ ਕਾਨਸਟੈਂਜ਼ ਨਾਲ ਸਲਤਨਤ ਦਾ ਵੰਡਾਰਾ ਕਰ ਲਿਆ ਅਤੇ ਪੂਰਬੀ ਸੂਬੇ ਆਪ ਲੈ ਲਏ। ਇਸ ਦੇ ਰਾਜ ਸਮੇਂ ਈਰਾਨੀਆਂ ਨੇ ਕਿੰਨੇ ਹੀ ਅਸਫਲ ਹਮਲੇ ਕੀਤੇ। 357 ਈ. ਦੀ ਬਸੰਤ ਰੁੱਤ ਵਿਚ ਇਹ ਰੋਮ ਗਿਆ ਅਤੇ ਡੈਨਿਊਬ ਤੇ ਸਥਿਤ ਸਾਰਮਾਤੀ, ਸਿਉਵਾਈ ਅਤੇ ਕੁਆਦੀ ਉੱਤੇ ਹਮਲੇ ਕੀਤੇ। ਇਸੇ ਦੌਰਾਨ 359 ਈ. ਵਿਚ ਈਰਾਨੀ ਬਾਦਸ਼ਾਹ ਸਾਪੂਰ ਨੇ ਮੁੜ ਪੂਰਬੀ ਸੀਮਾ ਤੇ ਹਮਲੇ ਸ਼ੁਰੂ ਕਰ ਦਿਤੇ ਅਤੇ ਕਈ ਸ਼ਹਿਰ ਜਿੱਤ ਲਏ। ਉਧਰ 361 ਵਿਚ ਗੱਾਲ (ਯੂਰਪ ਦਾ ਪ੍ਰਾਚੀਨ ਦੇਸ਼) ਦੇ ਗਵਰਨਰ ਜੂਲੀਅਨ ਨੇ ਬਗ਼ਾਵਤ ਕਰ ਦਿਤੀ। ਕਾਨਸਟੈਨਸ਼ੀਅਸ ਉਸ ਨੂੰ ਦਬਾਉਣ ਲਈ ਗਿਆ ਪਰ ਟਾਰਸਸ ਵਿਖੇ ਇਹ ਬਿਮਾਰ ਹੋ ਗਿਆ ਅਤੇ ਸਾਈਲੀਸ਼ੀਆ ਵਿਚ ਮਾਪੱਸੂਕ੍ਰੀਨੀ ਵਿਖੇ 3 ਨਵੰਬਰ, 361 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 6 : 391.

**ਕਾਨਸਟੈਨਸ਼ੀਅਸ (ਤੀਜਾ) :** ਇਹ 421 ਈ. ਵਿਚ ਰੋਮਨ ਸ਼ਹਿਨਸ਼ਾਹ ਸੀ ਅਤੇ ਮੀਸ਼ੀਆ (ਦੱ. ਪੂ. ਯੂਰਪ ਦਾ ਪ੍ਰਾਚੀਨ ਦੇਸ਼) ਵਿਚ ਨਾਇਸਸ ਦਾ ਵਾਸੀ ਸੀ। 411 ਵਿਚ 'ਮਾਸਟਰ ਔਫ਼ ਸੋਲਜਰਜ਼' ਦੀ ਪਦਵੀ ਉੱਤੇ ਹੁੰਦਿਆਂ ਹੋਇਆਂ ਇਸ ਨੇ ਕੌਂਨਸਟੈਨਟਾਈਨ (ਫਲੇਵੀਅਸ ਕਲੋਡੀਅਸ ਕੌਂਨਸਟੈਨਸ਼ੀਅਸ) ਦਾ ਤਖ਼ਤਾ ਪਲਟਣ ਵਿਚ ਮਦਦ ਕੀਤੀ। 415 ਵਿਚ ਇਸ ਨੇ ਵਿਜ਼ਗਾਥਾਂ ਨੂੰ ਦੱਖਣੀ ਗੱਾਲ ਤੋਂ ਸਪੇਨ ਵਿਚ ਕੱਢ ਦਿਤਾ, ਜਿੱਥੇ ਉਨ੍ਹਾਂ ਨੂੰ ਉਥੇ ਪਹਿਲੋਂ ਵਸੇ ਦੂਜੇ ਅਸੱਭਿਅ ਲੋਕਾਂ ਨਾਲ ਲੜਨ ਤੇ ਮਜਬੂਰ ਕੀਤਾ। 417 ਵਿਚ ਇਸ ਨੇ ਸ਼ਹਿਨਸ਼ਾਹ ਦੀ ਭੈਣ ਪਲੇਸਿਡੀਆ ਨਾਲ ਸ਼ਾਦੀ ਕੀਤੀ ਜਿਸ ਦੇ ਪੇਟੋਂ ਅਗਲਾ ਸ਼ਹਿਨਸ਼ਾਹ ਵੈਲੈਨਟੀਨੀਅਨ ਤੀਜਾ ਪੈਦਾ ਹੋਇਆ। 418 ਵਿਚ ਵਿਜ਼ਗਾਥਾਂ ਨੂੰ ਸਪੇਨ ਤੋਂ ਵਾਪਸ ਬੁਲਾ ਕੇ ਇਸ ਨੇ ਉਨ੍ਹਾਂ ਨੂੰ ਦੱਖਣ-ਪੱਛਮੀ ਗੱਾਲ ਵਿਚ ਆਬਾਦ ਕਰ ਦਿਤਾ। 8 ਫ਼ਰਵਰੀ, 421 ਨੂੰ ਇਹ ਔਗਸਟਸ ਦੇ ਖਿਤਾਬ ਨਾਲ ਸ਼ਹਿਨਸ਼ਾਹ ਨਿਯਤ ਹੋਇਆ ਅਤੇ ਉਸੇ ਸਾਲ 2 ਸਤੰਬਰ ਨੂੰ ਰਾਵੈਨਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 6 : 391.

**ਕਾਨਸਟੈਨਟਾਈਨ :** ਸ਼ਹਿਨਸ਼ਾਹ—ਰੋਮ ਅਤੇ ਬਾਜ਼ਨਤੀਨ ਦੇ ਕਈ ਸ਼ਹਿਨਸ਼ਾਹਾਂ ਦਾ ਇਹ ਨਾਂ ਸੀ। ਕੌਂਨਸਟੈਨਟਾਈਨ ਪਹਿਲਾ—ਇਸ ਨੂੰ 'ਕੌਂਨਸਟੈਨਟਾਈਨ ਮਹਾਨ' ਕਿਹਾ ਜਾਂਦਾ ਹੈ। ਇਹ ਪਹਿਲਾ ਰੋਮਨ ਸ਼ਹਿਨਸ਼ਾਹ ਸੀ ਜਿਹੜਾ ਈਸਾਈ ਬਣਿਆ। ਇਸ ਦਾ ਜਨਮ ਮੀਸ਼ੀਆ (ਦੱ. ਪੂ. ਯੂਰਪ ਦਾ ਪ੍ਰਾਚੀਨ ਦੇਸ਼) ਵਿਚ ਨਾਇਸਸ ਵਿਖੇ ਹੋਇਆ ਅਤੇ ਮੌਤ 337 ਈ. ਵਿਚ ਹੋਈ। ਜਦੋਂ

ਰ ਦਾ ਪਿਤਾ ਕਾਨਟੈਨਸ਼ੀਅਸ ਐਬੋਰੇਕਮ ਵਿਖੇ ਦਲਾਣਾ ਕਰ ਗਿਆ 25 ਜੁਲਾਈ ਨੂੰ ਫ਼ੌਜਾਂ ਨੇ ਕੌਨਸਟੈਨਟਾਈਨ ਨੂੰ ਔਗਸਟਸ ਣਾਉਣ ਦਾ ਐਲਾਨ ਕਰ ਦਿਤਾ। ਆਪਣੇ ਰਾਜ ਨੂੰ ਪੱਕਾ ਕਰਨ ਈ ਇਸ ਨੂੰ ਬੇਸ਼ੁਮਾਰ ਲੜਾਈਆਂ ਲੜਨੀਆਂ ਪਈਆਂ।

ਇਸ ਨੇ ਈਸਾਈਆਂ ਨਾਲ ਪੂਰਨ ਸਹਿਨਸ਼ੀਲਤਾ ਵਾਲਾ ਵੱਈਆ ਅਪਣਾਇਆ। ਮਗਰੋਂ ਇਹ ਖ਼ੁਦ ਈਸਾਈ ਬਣ ਗਿਆ। ਸ ਦੇ ਰਾਜ ਸਮੇਂ ਧਰਮ ਸਬੰਧੀ ਬੇਸ਼ੁਮਾਰ ਝਗੜੇ ਹੁੰਦੇ ਰਹੇ।

ਕੌਨਸਟੈਨਟਾਈਨ ਮਹਾਨ ਮਗਰੋਂ ਇਸ ਦੇ ਦੂਜੇ ਪੁੱਤਰ ਨਸਟੈਨਟਾਈਨ ਦੂਜੇ ਤੋਂ ਲੈ ਕੇ ਕੌਨਸਟੈਨਟਾਈਨ ਗਿਆਰਵੇਂ ਤੱਕ ਸ ਨਾਂ ਅਧੀਨ ਰੋਮਨ ਸ਼ਹਿਨਸ਼ਾਹ ਬਣਦੇ ਗਏ, ਵਿਚ-ਵਿਚ ਹੋਰ ਖ਼ਤਾਬਾਂ ਵਾਲੇ ਸ਼ਹਿਨਸ਼ਾਹ ਵੀ ਬਣੇ ਸਨ। ਕਾਨਸਟੈਨਟਾਈਨ ਗਿਆਰਵਾਂ ਬਾਜ਼ਨਤੀਨ ਦਾ ਆਖ਼ਰੀ ਸ਼ਹਿਨਸ਼ਾਹ ਸੀ, ਜਿਸ ਨੇ 1449 ਤੋਂ 1453 ਈ. ਤਕ ਰਾਜ ਕੀਤਾ ਸੀ। 1451 ਈ. ਵਿਚ ਉਸਮਾਨ ਸੁਲਤਾਨ ਨੇ ਕੁਸਤੁਨਤੁਨੀਆ ਨੂੰ ਫ਼ਤਹਿ ਕਰਨ ਲਈ ਪੂਰਾ ਜ਼ੋਰ ਲਗਾ ਦਿਤਾ। ਉਧਰ ਕੌਨਸਟੈਨਟਾਈਨ ਨੇ ਵੀ ਸਾਰੇ ਪੱਛਮ ਨੂੰ ਆਪਣੀ ਮਦਦ ਲਈ ਪੁਕਾਰਿਆ ਅਤੇ ਪੂਰੀ ਵਾਹ ਲਗਾਈ ਪਰ 29 ਮਈ, 1453 ਨੂੰ ਇਹ ਸ਼ਹਿਰ ਦੀਆਂ ਦੀਵਾਰਾਂ ਕੋਲ ਲੜਦਾ ਹੋਇਆ ਮਾਰਿਆ ਗਿਆ ਅਤੇ ਕੁਸਤੁਨਤੁਨੀਆ ਤੁਰਕਾਂ ਦੇ ਕਬਜ਼ੇ ਵਿਚ ਚਲਾ ਗਿਆ।

ਹ. ਪੁ.—ਐਨ. ਬ੍ਰਿ. 6 : 384

**ਕਾਨਸਟੈਨਟਾਈਨ** : ਸ਼ਹਿਰ—ਉ. ਪੂ. ਅਲਜੀਰੀਆ ਵਿਚ ਇਸੇ ਨਾਂ ਦੇ ਪ੍ਰਾਂਤ ਦਾ ਰਾਜਧਾਨੀ ਸ਼ਹਿਰ ਹੈ ਜੋ ਰੇਲ ਰਾਹੀਂ ਫਿਲਪਵਿਲ ਨਾਂ ਦੀ ਬੰਦਰਗਾਹ ਤੋਂ 87 ਕਿ. ਮੀ. ਦੱਖਣ-ਪੱਛਮ ਵਲ ਸਥਿਤ ਹੈ। ਇਸਦਾ ਪੁਰਾਣਾ ਨਾਂ ਸਰਤਾ ਹੁੰਦਾ ਸੀ। ਇਹ ਸ਼ਹਿਰ ਇਕ ਕੁਦਰਤੀ ਗੜ੍ਹੀ ਹੈ ਅਤੇ ਇਸਨੇ ਇਕ ਚਟਾਨੀ, ਹੀਰੇ ਦੀ ਸ਼ਕਲ ਵਰਗੀ ਪਠਾਰ ਮੱਲੀ ਹੋਈ ਹੈ ਅਤੇ ਦੱਖਣ-ਪੱਛਮ ਨੂੰ ਛੱਡਕੇ ਇਹ ਖੜ੍ਹੀ ਢਾਲ ਵਾਲੀ ਸੰਕਰੀ ਘਾਟੀ ਜਿਸ ਦੇ ਪੂਰਬੀ ਪਾਸੇ ਦੇ ਵਿਚੋਂ ਦੀ ਵੈੱਡ ਰੂਮੇਲ ਵਗਦਾ ਹੈ, ਘਿਰਿਆ ਹੋਇਆ ਹੈ। ਰੂਮੇਲ ਸੰਕਰੀ ਘਾਟੀ ਦੀਆਂ ਕੰਧਾਂ ਵਿਚਲੀਆਂ ਗੁਫ਼ਾਵਾਂ ਇਸ ਸ਼ਹਿਰ ਦੇ ਪੂਰਵ-ਇਤਿਹਾਸਕ ਬਸਤੀ ਹੋਣ ਦੀ ਸਾਖੀ ਭਰਦੀਆਂ ਹਨ। ਤੀਜੀ ਸਦੀ ਈ. ਪੂ. ਦੇ ਅਖ਼ੀਰ ਤੀਕ ਇਹ ਨਯੂਮਿਡੀਆ ਦੇ ਸਭ ਤੋਂ ਪ੍ਰਸਿੱਧ ਸ਼ਹਿਰਾਂ ਵਿਚੋਂ ਇਕ ਸੀ ਅਤੇ ਇਹ ਮੈਸੀਲੀ ਦੇ ਬਾਦਸ਼ਾਹਾਂ ਦਾ ਨਿਵਾਸ-ਅਸਥਾਨ ਸੀ। ਦੂਜੀ ਈ. ਪੂ. ਵਿਚ ਇਸ ਸ਼ਹਿਰ ਦੀ ਉੱਨਤੀ ਸਿੱਖਰਾਂ ਤੇ ਸੀ। ਜੂਲੀਅਸ ਸੀਜ਼ਰ ਦੇ ਰਾਜ-ਕਾਲ ਦੌਰਾਨ ਇਥੇ ਰੋਮਨ ਲੋਕ ਆਬਾਦ ਹੋਏ। ਪਿਛੋਂ ਇਹ ਉੱਤਰੀ ਅਫ਼ਰੀਕੀ ਤੱਟ ਉੱਤੇ ਚਾਰ ਰੋਮਨ ਨਵ-ਆਬਾਦੀਆਂ ਦੇ ਇਕ ਰਾਜ ਮੰਡਲ ਦਾ ਮੁੱਖੀ ਸ਼ਹਿਰ ਰਿਹਾ। ਸਿਕੰਦਰ ਵਿਰੁੱਧ ਲੜੇ ਯੁੱਧ ਵਿਚ ਇਹ ਸ਼ਹਿਰ ਬਿਲਕੁਲ ਤਬਾਹ ਕਰ ਦਿਤਾ ਗਿਆ। 313 ਈ. ਵਿਚ ਸ਼ਹਿਰ ਮੁੜ ਵਸਾਇਆ ਗਿਆ। ਇਸ ਸ਼ਹਿਰ ਦਾ ਨਾਂ ਇਥੋਂ ਦੇ ਸਰਪ੍ਰਸਤ ਕੌਨਸਟੈਨਟਾਈਨ ਮਹਾਨ ਦੇ ਨਾਂ ਪਿਛੇ ਰੱਖ ਦਿਤਾ ਗਿਆ। ਅਫ਼ਰੀਕਾ ਦੇ ਵੈਂਡਲ ਹਮਲੇ ਦੌਰਾਨ ਇਹ ਕਿਸੇ ਦੇ ਵੀ ਕਬਜ਼ੇ ਵਿਚ ਨਾ ਆਇਆ। ਸੱਤਵੀਂ ਸਦੀ ਵਿਚ ਇਸ ਉੱਤੇ ਅਰਬਾਂ ਦਾ ਕਬਜ਼ਾ ਹੋ ਗਿਆ। ਲਗਾਤਾਰ ਲੁੱਟ ਮਾਰ ਹੋਣ ਦੇ ਬਾਵਜੂਦ ਵੀ ਇਹ ਸ਼ਹਿਰ ਬਾਰ੍ਹਵੀਂ ਸਦੀ ਦੌਰਾਨ ਖੁਸ਼ਹਾਲ ਰਿਹਾ ਅਤੇ ਯੂਰਪੀ ਵਪਾਰੀਆਂ ਨੂੰ ਖਿੱਚਣ ਲਈ ਇਥੋਂ ਦਾ ਵਪਾਰਕ ਦਾਇਰਾ ਬਹੁਤ ਵਿਸ਼ਾਲ ਸੀ। ਕਈ ਵਾਰ ਤੁਰਕਾਂ ਦੇ ਹੱਥਾਂ ਵਿਚੋਂ ਨਿਕਲਣ ਅਤੇ ਫਿਰ ਉਨ੍ਹਾਂ ਦੇ ਹੱਥਾਂ ਵਿਚ ਆਉਣ ਤੋਂ ਪਿਛੋਂ ਇਹ ਇਕ ਬੇ (ਆਟੋਮਾਨ ਰਾਜ ਵਿਚ ਇਕ ਜ਼ਿਲ੍ਹੇ ਜਾਂ ਛੋਟੇ ਜਿਹੇ ਪ੍ਰਾਂਤ ਦਾ ਗਵਰਨਰ) ਦਾ ਸਦਰ-ਮੁਕਾਮ ਬਣ ਗਿਆ ਜੋ ਐਲਜ਼ੀਅਰਸ ਦੇ ਮਾਤਹਿਤ ਸੀ। ਸਲਾਹ ਬੇ (1770-92) ਨੇ ਇਸ ਸ਼ਹਿਰ ਨੂੰ ਸੁੰਦਰ ਬਣਾ ਦਿਤਾ ਅਤੇ ਬਹੁਤ ਸਾਰੀਆਂ ਮੌਜੂਦਾ ਮੁਸਲਮਾਨੀ ਇਮਾਰਤਾਂ ਨੂੰ ਬਣਾਉਣ ਵਾਲਾ ਵੀ ਇਹੀ ਨਾਮਵਰ ਵਿਅਕਤੀ ਸੀ। ਸੰਨ 1826 ਵਿਚ ਇਥੋਂ ਦੇ ਲੋਕਾਂ ਨੇ ਸ਼ਹਿਰ ਨੂੰ ਆਜ਼ਾਦੀ ਦਿਵਾਉਣ ਤੇ ਜ਼ੋਰ ਦਿਤਾ ਅਤੇ ਪਿਛੋਂ ਸੰਨ 1837 ਤੀਕ ਇਹ ਸ਼ਹਿਰ ਫਰਾਂਸੀਸੀਆਂ ਨਾਲ ਟੱਕਰ ਲੈਂਦਾ ਰਿਹਾ। ਸੰਨ 1942-43 ਵਿਚ ਅਫ਼ਰੀਕਾ ਵਿਚ ਇਤਿਹਾਦੀ ਮੁਹਿੰਮ ਦੌਰਾਨ, ਕਾਨਸਟੈਨਟਾਈਨ ਅਤੇ ਨਾਲ ਲਗਵਾਂ ਸੈਟਿਫ ਸ਼ਹਿਰ ਪ੍ਰਸਿੱਧ ਫੌਜੀ ਅੱਡੇ ਸਨ।

ਮੌਜੂਦਾ ਮੱਧ ਕਾਲੀ ਕਿਲਾਬੰਦੀਆਂ, ਜਿਨ੍ਹਾਂ ਦੁਆਲੇ ਚਾਰ ਦੀਵਾਰੀਆਂ ਕੀਤੀਆਂ ਹੋਈਆਂ ਹਨ, ਮੁੱਖ ਤੌਰ ਤੇ ਰੋਮਨ ਸਾਮੱਗਰੀ ਦੀਆਂ ਬਣੀਆਂ ਹੋਈਆਂ ਹਨ। ਸ਼ਹਿਰ ਦੇ ਪੱਛਮ ਵਲ ਇਕ ਪੁਰਾਣਾ ਕਿਲਾ, ਪ੍ਰਬੰਧਕੀ ਅਤੇ ਵਪਾਰਕ ਇਮਾਰਤਾਂ ਹਨ। ਇਥੋਂ ਦੀਆਂ ਸਿੱਧੀਆਂ ਗਲੀਆਂ ਅਤੇ ਚੌੜੇ ਚੌਕ ਫਰਾਂਸੀਸੀ ਪ੍ਰਭਾਵ ਦੀ ਝਲਕ ਪੇਸ਼ ਕਰਦੇ ਹਨ। ਸ਼ਹਿਰ ਦੇ ਪੂਰਬੀ ਅਤੇ ਦੱਖਣੀ-ਪੂਰਬੀ ਸੈਕਟਰ ਵਿਚ ਟੇਢੀਆਂ-ਮੇਢੀਆਂ ਗਲੀਆਂ ਅਤੇ ਮੁਸਲਮਾਨੀ ਉਸਾਰੀ ਦਿਸਦੀ ਹੈ। ਇਥੇ ਇਕ ਯੂਨੀਵਰਸਿਟੀ (1961) ਅਤੇ ਕਈ ਹੋਰ ਸੰਸਥਾਵਾਂ ਹਨ।

ਚਮੜੇ ਅਤੇ ਊਨੀ ਵਸਤਾਂ ਤਿਆਰ ਕਰਨਾ ਹੀ ਇੱਥੋਂ ਦੇ ਮੁੱਖ ਉਦਯੋਗ ਹਨ। ਇਥੇ ਜ਼ਰਾਇਤੀ ਉਪਜ ਵਿਸ਼ੇਸ਼ ਕਰਕੇ ਅਨਾਜ ਦਾ ਬਹੁਤਾ ਵਪਾਰ ਹੁੰਦਾ ਹੈ।

ਆਬਾਦੀ—350, 183 (1974)

36° 22′ ਉ. ਵਿਥ.; 06° 37′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3: 100 ;

**ਕਾਨਸਟੈਨਟਾਈਨ (ਪਹਿਲਾ)** : ਹੈਲੈਨੀਜ਼ ਦਾ ਇਹ ਇਕ ਬਾਦਸ਼ਾਹ ਅਤੇ ਯੂਨਾਨ ਦੇ ਜਾਰਜ ਪਹਿਲੇ ਤੇ ਰੂਸ ਦੀ ਗ੍ਰੈਂਡ ਡਨੈਸ ਓਲਗਾ ਕਾਨਸਟੈਨਟਾਈਨੋਵਾ ਦਾ ਪੁੱਤਰ ਸੀ। ਇਸ ਦਾ ਜਨਮ 2 ਅਗਸਤ, 1868 ਨੂੰ ਏਥਨਜ਼ ਵਿਖੇ ਹੋਇਆ। ਜਰਮਨ ਵਿਚ ਫੌਜੀ ਸਿੱਖਿਆ ਮੁਕੰਮਲ ਕੀਤੀ ਅਤੇ 1889 ਵਿਚ ਇਸ ਨੇ ਹੋਐਨਜ਼ੋਲਰਨ ਦੀ ਸ਼ਹਿਜ਼ਾਦੀ ਸ਼ੋਫ਼ੀਆ ਡਰੋਥੀ ਨਾਲ ਵਿਆਹ ਕੀਤਾ। ਸੰਨ 1897 ਵਿਚ ਯੂਨਾਨ, ਤੁਰਕੀ ਦੀ ਜੰਗ ਵਿਚ ਇਸ ਨੇ ਫੌਜ ਦੀ ਕਮਾਨ ਕੀਤੀ ਪਰ ਹਾਰ ਗਿਆ। ਸੰਨ 1913 ਵਿਚ ਪਹਿਲੇ ਬਲਕਾਨ ਯੁੱਧ ਵਿਚ ਯੂਨਾਨੀ ਫੌਜ ਦੀ ਕਮਾਨ ਵਿਚ ਸੀ ਜਿਸ ਨੇ ਤੁਰਕਾਂ ਪਾਸੋਂ ਆਇਓਲੀਨਾ ਫ਼ਤਹਿ ਕੀਤਾ ਅਤੇ 18 ਮਾਰਚ, 1913 ਨੂੰ ਜਦੋਂ ਇਸ ਦੇ ਪਿਤਾ ਦਾ ਕਤਲ ਹੋ ਗਿਆ ਤਾਂ ਇਹ ਗੱਦੀ ਤੇ ਬੈਠਾ। ਅਗਲੇ ਸਾਲ ਪਹਿਲੀ ਵਿਸ਼ਵ-ਜੰਗ ਛਿੜ ਪਈ। ਕਾਨਸਟੈਨਟਾਈਨ ਜਰਮਨ ਪੱਖੀ ਸੀ ਪਰ ਯੂਨਾਨ ਇਤਹਾਦੀ ਪੱਖੀ ਸੀ, ਇਸ ਗੱਲ ਦੇ ਬਾਵਜੂਦ ਵੀ ਇਸ ਨੇ ਯੂਨਾਨ ਨੂੰ ਨਿਰਪੱਖ ਰੱਖਣ ਦੀ ਕੋਸ਼ਿਸ਼ ਕੀਤੀ। ਸੰਨ 1916 ਵਿਚ ਵੈਨੀਜ਼ੀਲਾਸ (ਯੂਨਾਨ ਦਾ ਇਕ ਸਿਆਸਤਦਾਨ) ਨੇ ਕਾਨਸਟੈਨਟਾਈਨ ਦੇ ਹੁਕਮ ਦੀ ਉਲੰਘਣਾ ਕਰਕੇ ਆਰਜ਼ੀ ਸਰਕਾਰ ਕਾਇਮ ਕਰ ਲਈ ਅਤੇ ਇਤਹਾਦੀ ਫੌਜਾਂ ਨੂੰ ਯੂਨਾਨ ਵਿਚ ਦਾਖਲ ਹੋਣ ਦੀ ਆਗਿਆ ਦੇ ਦਿਤੀ। ਇਤਹਾਦੀਆਂ ਦੇ ਦਬਾ ਥੱਲੇ ਆ ਕੇ ਇਸ ਨੂੰ 12 ਜੂਨ, 1917 ਨੂੰ ਯੂਨਾਨ ਤੋਂ ਸਵਿਟਜ਼ਰਲੈਂਡ ਜਾਣਾ ਪਿਆ। ਇਸ ਤੋਂ ਬਾਅਦ ਇਸ ਦਾ ਦੂਜਾ ਪੁੱਤਰ ਅਲੈਗਜ਼ਾਂਦਰ ਗੱਦੀ ਤੇ ਬੈਠਾ ਜਿਸ ਨੇ ਵੈਨੀਜ਼ੀਲੌਸ ਨੂੰ ਵਜ਼ਾਰਤ ਬਣਾਉਣ ਲਈ ਸੱਦਾ ਦਿਤਾ। 1920 ਈ. ਵਿਚ ਵੈਨੀਜ਼ੀਲੌਸ ਚੋਣਾਂ ਹਾਰ ਗਿਆ ਅਤੇ ਇਸੇ ਸਾਲ ਬਾਦਸ਼ਾਹ ਅਲੈਗਜ਼ਾਂਦਰ ਦੀ ਮੌਤ ਹੋ ਗਈ। ਯੂਨਾਨ ਦੇ ਲੋਕਾਂ ਨੇ ਇਤਹਾਦੀਆਂ ਦੀ ਵਿਰੋਧਤਾ ਦੇ ਬਾਵਜੂਦ ਵੀ ਕਾਨਸਟੈਨਟਾਈਨ ਨੂੰ ਦੇਸ਼ ਬੁਲਾ ਲਿਆ ਪਰ 27 ਸਤੰਬਰ, 1922 ਨੂੰ ਇਸ ਨੂੰ ਫਿਰ ਦੇਸ਼ ਛੱਡ ਕੇ ਸਿਸਲੀ

ਵਿਚ ਪਲੈਰੱਮੋ ਵਿਖੇ ਜਾਣਾ ਪਿਆ ਜਿਥੇ 11 ਜਨਵਰੀ 1923 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਕੋਲ. ਐਨ. 5 : 481; ਐਨ. ਅਮੈ. 7 : 557

**ਕਾਨਸੈਪਸਾਈਆਨ :** ਪ੍ਰਾਂਤ—ਦੱਖਣੀ ਮੱਧ ਚਿੱਲੀ ਦਾ ਇਹ ਇਕ ਪ੍ਰਾਂਤ ਹੈ ਜੋ ਸ਼ਾਂਤ ਮਹਾਂਸਾਗਰ ਦੇ ਨਾਲ ਲਗਦਾ ਹੈ। ਇਹ ਪ੍ਰਾਂਤ ਸੰਨ 1832 ਵਿਚ ਹੋਂਦ ਵਿਚ ਆਇਆ ਸੀ। ਪ੍ਰਾਂਤ ਦਾ ਕੁਲ ਰਕਬਾ 5701 ਵ. ਕਿ. ਮੀ. ਅਤੇ ਆਬਾਦੀ 723,630 (1972) ਹੈ। ਇਹ ਸਾਹਿਲੀ ਪਰਬਤੀ ਲੜੀ ਅਤੇ ਉਪਜਾਊ ਕੇਂਦਰੀ ਵਾਦੀ ਵਿਚਕਾਰ ਫੈਲਿਆ ਹੋਇਆ ਹੈ।

ਬੀਓ-ਬੀਓ ਅਤੇ ਇਟਾਟਾ ਦਰਿਆ ਪ੍ਰਾਂਤ ਦੇ ਵਿਚੋਂ ਦੀ ਲੰਘਦੇ ਹਨ। ਕੇਂਦਰੀ ਵਾਦੀ ਵਿਚ ਅੰਗੂਰ, ਕਣਕ, ਅਨਾਜ ਅਤੇ ਜਵੀ ਉਗਾਏ ਜਾਂਦੇ ਹਨ ਅਤੇ ਪਹਾੜੀ ਖੇਤਰ ਵਿਚ ਭੇਡਾਂ, ਬੱਕਰੀਆਂ ਪਾਲੀਆਂ ਜਾਂਦੀਆਂ ਹਨ। ਦੇਸ਼ ਦੇ ਅੰਦਰ ਜੰਗਲੀ ਲੱਕੜੀ ਦੀ ਢੋ-ਢੋਆਈ ਹੁੰਦੀ ਹੈ। ਸਾਹਿਲ ਤੇ ਮੱਛੀਆਂ ਫੜਨ ਵਾਲੀਆਂ ਕਈ ਥਾਵਾਂ ਹਨ। ਪ੍ਰਾਂਤ ਦੀ ਆਰਥਕ ਮਹੱਤਤਾ, ਖਣਿਜੀ ਸਾਧਨਾਂ ਅਤੇ ਉਦਯੋਗਾਂ ਕਰਕੇ ਹੈ। ਸਾਹਿਲ ਦੇ ਨੇੜੇ ਕੋਲੇ ਅਤੇ ਤਾਂਬੇ ਦੇ ਭੰਡਾਰ ਹਨ। ਕਾਨਸੈਪਸਾਈਆਨ ਸ਼ਹਿਰ ਦੇ ਆਲੇ-ਦੁਆਲੇ ਹੀ ਉਦਯੋਗ ਉੱਨਤ ਹੋਏ ਹਨ। ਟਾਲਕਾਵਾਨਾ ਦੇ ਨੇੜੇ ਹੁਆਚਿਪਾਟੋ ਦੇ ਸਥਾਨ ਤੇ ਫੌਲਾਦ ਦਾ ਇਕ ਵੱਡਾ ਕਾਰਖਾਨਾ ਲੱਗਾ ਹੋਇਆ ਹੈ। ਸੂਤੀ ਕੱਪੜਾ ਤਿਆਰ ਕਰਨਾ, ਆਟੇ ਦੀਆਂ ਮਿੱਲਾਂ, ਮੱਛੀਆਂ ਨੂੰ ਡੱਬਿਆਂ ਵਿਚ ਬੰਦ ਕਰਨਾ, ਖੰਡ ਸਾਫ਼ ਕਰਨਾ ਅਤੇ ਸ਼ਰਾਬ ਤਿਆਰ ਕਰਨਾ ਇਥੋਂ ਦੇ ਹੋਰ ਉਦਯੋਗਕ ਧੰਦੇ ਹਨ। ਸਾਹਿਲ ਉੱਤੇ ਆਰਾਮ ਕਰਨ ਲਈ ਥਾਵਾਂ ਬਣੀਆਂ ਹੋਈਆਂ ਹਨ।

ਹ. ਪੁ.—ਐਨ. ਬ੍ਰਿ. ਮਾ. 3 : 61

**ਕਾਨਸੈਪਸਾਈਆਨ :** ਡਿਪਾਰਟਮੈਂਟ—ਉੱਤਰੀ-ਕੇਂਦਰੀ ਪੈਰਾਗੁਏ ਦਾ ਇਹ ਇਕ ਡਿਪਾਰਟਮੈਂਟ ਹੈ ਜੋ ਉੱਤਰ ਵਲੋਂ ਬ੍ਰਾਜ਼ੀਲ ਦੁਆਰਾ ਘਿਰਿਆ ਹੋਇਆ ਹੈ। ਇਸ ਦਾ ਕੁਲ ਰਕਬਾ 18,05 ਵ. ਕਿ. ਮੀ. ਅਤੇ ਆਬਾਦੀ 108,198 (1972) ਹੈ। ਇਸ ਨੇ ਮੁੱਖ ਤੌਰ ਤੇ ਦਲਦਲੀ ਨੀਵੀਂ ਧਰਤੀ ਮੱਲੀ ਹੋਈ ਹੈ। ਆਪਾ ਅਤੇ ਸਪੇਨ ਦਰਿਆ ਇਸ ਡਿਪਾਰਟਮੈਂਟ ਵਿਚੋਂ ਦੀ ਗੁਜ਼ਰਦੇ ਹਨ। ਇਹ ਪਸ਼ੂ ਪਾਲਣ ਲਈ ਬਹੁਤ ਵਧੀਆ ਡਿਪਾਰਟਮੈਂਟ ਹੈ। ਇਥੇ ਚਾਹ, ਮੱਕੀ, ਐਲਫ-ਐਲਫਾ ਤਮਾਕੂ ਅਤੇ ਜੰਗਲ ਦੀ ਲੱਕੜ ਦਾ ਵਧੇਰੇ ਉਤਪਾਦਨ ਹੁੰਦਾ ਹੈ।

ਹ. ਪੁ.—ਐਨ. ਬ੍ਰਿ. ਮਾ. 3 : 61

**ਕਾਨਸੈਪਸਾਈਆਨ :** ਸ਼ਹਿਰ—ਉੱਤਰੀ ਕੇਂਦਰੀ ਪੈਰਾਗੁਏ ਵਿਚ ਇਹ ਇਸੇ ਹੀ ਨਾਂ ਦੇ ਡਿਪਾਰਟਮੈਂਟ ਦੀ ਰਾਜਧਾਨੀ ਹੈ ਜੋ ਪੈਰਾਗੁਏ ਦਰਿਆ ਦੇ ਪੂਰਬੀ ਕੰਢੇ ਉੱਤੇ ਸਥਿਤ ਹੈ। ਸ਼ਹਿਰ ਦੀ ਨੀਂਹ ਸੰਨ 1773 ਵਿਚ ਰੱਖੀ ਗਈ। ਇਸ ਸਮੇਂ ਇਹ ਪੈਰਾਗੁਏ ਦਾ ਚੌਥਾ ਵੱਡਾ ਸ਼ਹਿਰ ਹੈ। ਇਹ ਪੈਰਾਗੁਏ ਦੇ ਸਾਰੇ ਚਾਕੋ ਬੋਰੈਆਲ ਖੰਡ ਲਈ ਕਾਰੋਬਾਰ ਦਾ ਆਧਾਰ ਹੈ। ਇਹ ਢੋ-ਢੁਆਈ ਦਾ ਕੇਂਦਰ ਹੈ। ਇਥੇ ਲੱਕੜੀਆਂ ਚੀਰਨ ਦੇ ਆਰੇ, ਆਟੇ ਦੀਆਂ ਮਿੱਲਾਂ, ਕਪਾਹ ਵੇਲਣ, ਖੰਡ ਸਾਫ਼ ਕਰਨ ਅਤੇ ਚਮੜਾ ਕਮਾਉਣ ਦੇ ਕਾਰਖਾਨੇ ਹਨ। ਇਹ ਬ੍ਰਾਜ਼ੀਲ ਨਾਲ ਵਪਾਰ ਕਰਨ ਲਈ ਇਕ ਕਰ-ਰਹਿਤ ਬੰਦਰਗਾਹ ਹੈ। ਇਥੇ ਚਾਕੋ ਦੇ ਬਿਸ਼ਪ ਦਾ ਰਿਹਾਇਸ਼ੀ ਅਸਥਾਨ ਹੈ। ਇਹ ਇਕ ਪ੍ਰਸਿੱਧ ਧਾਰਮਿਕ ਕੇਂਦਰ ਹੈ।

ਆਬਾਦੀ—57,917 (1980)

23° 25′ ਦੱ. ਵਿਥ.; 57° 17′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 61.

**ਕਾਨਸੈਪਸਾਈਆਨ :** ਸ਼ਹਿਰ—ਦੱਖਣੀ ਚਿੱਲੀ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ ਜੋ ਬੀਓ-ਬੀਓ ਦਰਿਆ ਦੇ ਮੁਹਾਨੇ ਦੇ ਨੇੜੇ ਸਥਿਤ ਹੈ। ਇਸ ਸਮੇਂ ਇਹ ਚਿੱਲੀ ਦਾ ਤੀਜਾ ਵੱਡਾ ਸ਼ਹਿਰ ਹੈ। ਇਸ ਸ਼ਹਿਰ ਦੀ ਨੀਂਹ ਅੱਜਕੱਲ੍ਹ ਦੇ ਪੇਂਗਕੋ ਸ਼ਹਿਰ ਦੀ ਥਾਂ ਉੱਤੇ ਸੰਨ 1530 ਵਿਚ ਰੱਖੀ ਗਈ ਅਤੇ ਥੋੜਾ ਚਿਰ ਪਿਛੋਂ ਇਸ ਨੂੰ ਅਰਾਊਕਾਨੀਅਨ ਇੰਡੀਅਨਾਂ ਨੇ ਦੋ ਵਾਰ ਅੱਗ ਲਾ ਦਿਤੀ। ਇਹ ਕਈ ਵਾਰ ਭੁਚਾਲਾਂ ਦੀ ਲਪੇਟ ਵਿਚ ਆਇਆ। ਇਨ੍ਹਾਂ ਵਿਚੋਂ ਦੋ ਭੁਚਾਲਾਂ ਤੋਂ ਪਿਛੋਂ ਜਵਾਰ-ਤਰੰਗ (1730, 1951) ਵੀ ਆਏ ਸਨ। ਸੰਨ 1754 ਵਿਚ ਇਹ ਦਰਿਆ ਦੇ ਮੁਹਾਨੇ ਤੋਂ 10 ਕਿ. ਮੀ. ਦੂਰ ਦੇਸ਼ ਦੇ ਅੰਦਰ ਵਲ ਨੂੰ ਸਮੁੰਦਰੀ ਤਲ ਤੋਂ 13 ਮੀ. ਦੀ ਉਚਾਈ ਵਾਲੀ ਅਜੋਕੀ ਥਾਂ ਤੇ ਆ ਗਿਆ। ਕਾਨਸੈਪਸਾਈਆਨ ਇਕ ਵੱਡਾ ਵਪਾਰਕ ਅਤੇ ਉਦਯੋਗਕ ਕੇਂਦਰ ਬਣ ਗਿਆ। ਅਪੀਲ-ਅਦਾਲਤ ਇਥੇ ਹੀ ਲਗਦੀ ਹੈ। ਇਥੇ ਇਕ ਯੂਨੀਵਰਸਿਟੀ (ਸਥਾਪਨਾ 1919) ਹੈ।

ਸ਼ਹਿਰ ਦਾ ਵਪਾਰਕ ਅਤੇ ਉਦਯੋਗਕ ਵਿਕਾਸ ਬਹੁਤ ਹੋਇਆ ਹੈ। ਸ਼ਹਿਰ ਦੇ ਉੱਤਰ ਵਲ ਨੂੰ ਕਾਨਸੈਪਸਾਈਆਨ ਦੀ ਵੱਡੀ ਸੁਰੱਖਿਅਤ ਖਾੜੀ ਹੈ। ਦਰਿਆ ਦੀ ਪਣ-ਬਿਜਲੀ ਸਮਰੱਥਾ ਇਲਾਕੇ ਦੇ ਉਦਯੋਗਕ ਅਤੇ ਘਰੇਲੂ ਲੋੜਾਂ ਲਈ ਕਾਫ਼ੀ ਹੈ। 90 ਫ਼ੀਸਦੀ ਤੋਂ ਵੱਧ ਕੋਲਾ ਇਸ ਸ਼ਹਿਰ ਦੇ ਨੇੜੇ ਦੀਆਂ ਖਾਣਾਂ ਵਿਚੋਂ ਕੱਢਿਆ ਜਾਂਦਾ ਹੈ। ਸੂਤੀ ਕੱਪੜਾ ਤਿਆਰ ਕਰਨਾ, ਖੁਰਾਕ ਪ੍ਰਾਸੈਸਿੰਗ, ਲੱਕੜੀ ਦਾ ਕੰਮ, ਸ਼ਰਾਬ ਤਿਆਰ ਕਰਨਾ ਇਥੋਂ ਦੇ ਮੁੱਖ ਉਦਯੋਗ ਹਨ। ਇਥੇ ਇਕ ਕਾਗਜ਼ ਅਤੇ ਕਪਾਹ ਦਾ ਕਾਰਖਾਨਾ ਵੀ ਹੈ। ਇਸ ਤੋਂ ਇਲਾਵਾ ਸਟੀਲ ਪਲਾਂਟ, ਪੈਟਰੋਲ ਸਾਫ ਕਰਨ ਦਾ ਕਾਰਖਾਨਾ ਅਤੇ ਕੈਮੀਕਲ ਕੰਪਲੈਕਸ ਵੀ ਮੌਜੂਦ ਹੈ।

ਆਬਾਦੀ—169,570 (1975)

36° 50′ ਦੱ. ਵਿਥ.; 73° 03′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 61

**ਕਾਨਹੇਰੀ ਗੁਫ਼ਾਵਾਂ :** ਭਾਰਤ ਦੇ ਮਹਾਰਾਸ਼ਟਰ ਰਾਜ ਦੇ ਥਾਨਾ ਜ਼ਿਲ੍ਹੇ ਵਿਚ ਇਹ ਗੁਫ਼ਾਵਾਂ ਹਨ ਜੋ ਥਾਨਾ ਸ਼ਹਿਰ ਤੋਂ ਕੋਈ 10 ਕਿ. ਮੀ. ਦੂਰ ਸਲਸੇਟ ਦੀਪ ਦੀ ਇਕ ਸੁੰਦਰ ਵਾਦੀ ਵਿਚ ਵਾਕਿਆ ਹਨ। ਕਾਨਹਾਗਿਰੀ ਸ਼ਾਇਦ ਸੰਸਕ੍ਰਿਤ ਦੇ ਕ੍ਰਿਸ਼ਨਾਗਿਰੀ ਜਾਂ ਕ੍ਰਿਸ਼ਨਾ ਪਹਾੜੀ ਦਾ ਪ੍ਰਾਕ੍ਰਿਤਕ ਰੂਪ ਹੈ ਅਤੇ ਇਸ ਤੋਂ ਪਤਾ ਲਗਦਾ ਹੈ ਕਿ ਕਾਨਹੇਰੀ ਦੀ ਪ੍ਰਸਿੱਧੀ ਅਤੇ ਪਵਿੱਤਰਤਾ ਬੁੱਧ ਧਰਮ ਦੇ ਫੈਲਣ ਤੋਂ ਪਹਿਲਾਂ ਹੀ ਸੀ। ਇਨ੍ਹਾਂ ਗੁਫ਼ਾਵਾਂ ਦੇ ਸਾਧਾਰਨ ਨਮੂਨੇ ਅਤੇ ਨਾਸਿਕ ਦੀਆਂ ਗੁਫ਼ਾਵਾਂ ਵਿਚਲੇ ਇਕ ਸ਼ਿਲਾ-ਲੇਖ ਤੋਂ ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਇਹ ਗੁਫ਼ਾਵਾਂ 100 ਈ. ਪੂ. ਤੋਂ ਲੈ ਕੇ 50 ਈ. ਵਿਚਕਾਰ ਹੋਂਦ ਵਿਚ ਆਈਆਂ। ਇੰਜ ਪ੍ਰਤੀਤ ਹੁੰਦਾ ਹੈ ਕਿ ਨਵੀਆਂ ਗੁਫ਼ਾਵਾਂ ਵਿਚ ਵਾਧੇ ਅਤੇ ਪੁਰਾਣੀਆਂ ਗੁਫ਼ਾਵਾਂ ਵਿਚ ਨਵੀਆਂ ਸਜਾਵਟਾਂ ਚੌਥੀ, ਪੰਜਵੀਂ ਅਤੇ ਛੇਵੀਂ ਸਦੀ ਵਿਚ ਕੀਤੀਆਂ ਗਈਆਂ ਹੋਣ। ਇਨ੍ਹਾਂ ਗੁਫ਼ਾਵਾਂ ਵਿਚ ਕਈ ਰਿਹਾਇਸ਼ੀ ਸਥਾਨ ਅਤੇ ਕਈ ਚੈਤਯਾਂ ਜਾਂ ਪਵਿੱਤਰ ਯਾਦਗਾਰਾਂ ਹਨ। ਇਥੇ ਸੌ ਤੋਂ ਵਧ ਖੁਦਾਈਆਂ ਹੋਈਆਂ ਹਨ। ਚੈਤਯਾਂ ਅਤੇ ਵਿਸ਼ੇਸ਼ ਤੌਰ ਤੇ ਦਰਬਾਰ ਗੁਫ਼ਾ ਨੂੰ ਛੱਡਕੇ ਇਨ੍ਹਾਂ ਗੁਫ਼ਾਵਾਂ ਵਿਚ ਕੰਧਾਂ ਦੇ ਆਲ੍ਹੇ-ਦੁਆਲ੍ਹੇ ਸੌਣ ਲਈ ਪੱਥਰ ਦੇ ਬੈਂਚ ਹਨ। ਇਥੇ ਕੋਈ 54 ਸ਼ਿਲਾ-ਲੇਖ ਹਨ ਜੋ ਅੰਸ਼ਿਕ ਤੌਰ ਤੇ ਮਿਟ ਗਏ ਹਨ ਅਤੇ ਬਣਾਉਣ ਵਾਲਿਆਂ ਦੇ ਨਾਵਾਂ ਦਾ ਵਰਣਨ ਕਰਦੇ ਹਨ। ਸਭ ਤੋਂ ਵੱਡੀ ਚੈਤਯਾ ਇਥੋਂ ਦੀ ਸਭ ਤੋਂ ਮਸ਼ਹੂਰ ਗੁਫ਼ਾ ਹੈ। ਇਸ ਦੇ ਸਾਹਮਣੇ ਕਿਸੇ ਸਮੇਂ ਦੋ ਜਾਂ ਤਿੰਨ ਪਵਿੱਤਰ ਯਾਦਗਾਰਾਂ ਦੇ ਟਿੱਲੇ ਹੁੰਦੇ ਸਨ ਜਿਨ੍ਹਾਂ ਵਿਚੋਂ ਵੱਡਾ ਪੱਥਰਾਂ ਅਤੇ ਇੱਟਾਂ ਦਾ ਬਣਿਆ ਹੋਇਆ ਹੈ ਅਤੇ ਲਗਭਗ 4 ਤੋਂ 5 ਮੀ. ਉੱਚਾ ਹੈ। ਇਸ ਤੋਂ ਪਿਛੋਂ ਦਰਬਾਰ ਗੁਫ਼ਾ ਸਭ ਤੋਂ ਵੱਡੀ ਹੈ।

ਹ. ਪੁ.—ਇੰਪ. ਗ. ਇੰਡ. 14 : 399

**ਕੌਨਕੌਰਡ :** ਉੱਤਰੀ ਕੈਰੋਲਾਈਨਾ ਰਾਜ (ਸ. ਰ. ਅ.) ਦੇ ਕੇਂਦਰੀ ਉੱਤਰੀ ਪੀਡਮਾਂਟ ਖੇਤਰ ਵਿਚ ਕਾਰੈਰਸ ਕਾਊਂਟੀ ਦਾ ਸਦਰ-ਮੁਕਾਮ ਹੈ। ਸ਼ਹਿਰ ਦੀ ਨੀਂਹ 1793 ਈ. ਰੱਖੀ ਗਈ। ਆਲੇ-ਦੁਆਲੇ ਦੇ ਖੇਤਰ ਵਿਚ ਸੋਨਾ ਨਿਕਲਣ ਕਾਰਨ ਇਸ ਨੇ ਬਹੁਤ ਛੇਤੀ ਤਰੱਕੀ ਕਰ ਲਈ। ਲਗਭਗ 1850 ਵਿਚ ਇਥੇ ਖਾਣਾਂ ਦਾ ਕੰਮ ਘੱਟ ਗਿਆ ਅਤੇ ਕਪਾਹ ਅਤੇ ਹੌਜ਼ਰੀ ਦੀਆਂ ਕਈ ਕਿਸਮ ਦੀਆਂ ਵਸਤਾਂ ਦਾ ਉਤਪਾਦਨ ਹੋਣ ਲਗ ਪਿਆ। ਇਥੇ ਬਾਰਬਰ ਸਕੋਸ਼ਾ ਕਾਲਜ ਅਤੇ ਕਨਫੈਡਰੇਟ ਮੈਮੋਰੀਅਲ ਹਾਲ ਹੈ।

ਆਬਾਦੀ—18,464 (1970)
35° 25′ ਉ. ਵਿਥ.; 80° 35′ ਲੰਬ.
ਹ. ਪੁ.—ਐਨ. ਬ੍ਰਿ. ਮਾ. 3 : 65

**ਕੌਨਕੌਰਡ :** ਕੈਲਿਫੋਰਨੀਆ ਰਾਜ (ਸ. ਰ. ਅ.) ਵਿਚ ਕਾਂਟਰਾ ਕਾਸਟਾ ਕਾਊਂਟੀ ਦਾ ਇਕ ਸ਼ਹਿਰ ਹੈ। ਸੰਨ 1868 ਵਿਚ ਇਸ ਸ਼ਹਿਰ ਦੀ ਨੀਂਹ ਟੋਡ੍ਹ ਸੈਂਟੁਸ ਦੇ ਨਾਂ ਤੇ ਰੱਖੀ ਗਈ। ਛੇਤੀ ਹੀ ਇਥੇ ਬਗੀਚਿਆਂ ਅਤੇ ਮੁਰਗੀਖ਼ਾਨੇ ਦਾ ਬਹੁਤ ਵਿਕਾਸ ਕੀਤਾ ਗਿਆ ਸੰਨ 1912 ਵਿਚ ਪੂਰਬੀ ਰੇਲ ਮਾਰਗ ਬਣਾਇਆ ਗਿਆ। ਹੁਣ ਇਹ ਸ਼ਹਿਰ ਮੁੱਖ ਤੌਰ ਤੇ ਰਿਹਾਇਸ਼ੀ ਹੀ ਹੈ। ਇਹ ਸਾਨਫ੍ਰਾਂਸਿਸਕੋ-ਓਕਲੈਂਡ ਖੇਤਰ ਨਾਲ ਜੁੜਿਆ ਹੋਇਆ ਹੈ।

ਆਬਾਦੀ—101,862 (1980)
37° 59′ ਉ. ਵਿਥ.; 122° 02′ ਪੱ. ਲੰਬ.
ਹ. ਪੁ.—ਐਨ. ਬ੍ਰਿ. ਮਾ. 3 : 64

**ਕੌਨਕੌਰਡ :** ਨਿਊ ਹੈਂਪਸ਼ਿਰ (ਸ. ਰ. ਅ.) ਵਿਚ ਇਸੇ ਹੀ ਨਾਂ ਦੀ ਕਾਊਂਟੀ ਦਾ ਰਾਜਧਾਨੀ ਸ਼ਹਿਰ ਹੈ ਜੋ ਮਾਨਚੈਸਟਰ ਤੋਂ ਉਤਾਂਹ ਵਲ ਮੇਰੀਮੈਕ ਦਰਿਆ ਉਤੇ ਸਥਿਤ ਹੈ। ਸ਼ਹਿਰ ਦਾ ਥਾਂ, ਸੰਨ 1725 ਵਿਚ ਮੈਸਾਚੂਸੈਟੱਸ ਬੇ ਕਲੋਨੀ ਨੇ ਪੀਨਾਕੁੱਕ ਪਲਾਂਟੇਸ਼ਨ ਲਈ ਮਨਜ਼ੂਰ ਕੀਤਾ। ਸੰਨ 1727 ਵਿਚ ਇਹ ਥਾਂ ਆਬਾਦ ਕੀਤੀ ਗਈ ਅਤੇ ਸੰਨ 1733 ਵਿਚ ਇਸ ਕਸਬੇ ਨੂੰ ਮੈਸਾਚੂਸੈਟੱਸ ਵਿਚ ਰਮਫਰਡ ਵਜੋਂ ਸ਼ਾਮਲ ਕਰ ਲਿਆ। ਸੰਨ 1741 ਵਿਚ ਇਸ ਬਾਰੇ ਪੱਕਾ ਫੈਸਲਾ ਕੀਤਾ ਗਿਆ ਕਿ ਇਹ ਕਸਬਾ ਨਿਊ ਹੈਂਪਸ਼ਿਰ ਪ੍ਰਾਂਤ ਦੇ ਅਧਿਕਾਰ ਖੇਤਰ ਵਿਚ ਆਉਂਦਾ ਸੀ। ਇਥੇ ਤਕੜੀ ਮੁਕੱਦਮੇਬਾਜ਼ੀ ਹੋਈ ਅਤੇ ਇੰਗਲੈਂਡ ਦੀ ਪਰੀਵੀ ਕੌਂਸਲ ਅੱਗੇ ਅਪੀਲ ਕਰਕੇ ਹੀ ਇਹ ਮੁਕੱਦਮੇਬਾਜ਼ੀ ਖ਼ਤਮ ਹੋਈ। ਇਸ ਝਗੜੇ ਦਾ ਸੰਨ 1762 ਤੀਕ ਵੀ ਸਮਝੌਤਾ ਨਹੀਂ ਸੀ ਹੋ ਸਕਿਆ। ਸੰਨ 1765 ਵਿਚ ਨਿਊ ਹੈਂਪਸ਼ਿਰ ਨੇ ਫਿਰ ਇਸ ਨੂੰ ਕੌਨਕੌਰਡ ਦੇ ਨਾਂ ਵਜੋਂ ਸ਼ਾਮਲ ਕਰ ਲਿਆ ਅਤੇ ਅਖ਼ੀਰ ਸੰਨ 1808 ਵਿਚ ਉਥੇ ਨਿਊ ਹੈਂਪਸ਼ਿਰ ਵਿਧਾਨ-ਸਭਾ ਸਥਾਪਤ ਹੋ ਗਈ। ਸੰਨ 1823 ਵਿਚ ਇਹ ਸ਼ਹਿਰ ਮੇਰੀਮੈਕ ਕਾਊਂਟੀ ਦਾ ਸਦਰ ਮੁਕਾਮ ਬਣ ਗਿਆ।

ਉੱਨ੍ਹੀਵੀਂ ਸਦੀ ਦੇ ਆਰੰਭ ਵਿਚ ਪ੍ਰਿੰਟਿੰਗ ਇਥੋਂ ਦਾ ਮੁੱਖ ਉਦਯੋਗ ਸੀ। ਅੱਜਕੱਲ੍ਹ ਇਥੇ ਬਿਜਲੀ ਦਾ ਸਾਮਾਨ, ਚਮੜੇ ਦੀਆਂ ਵਸਤਾਂ, ਲੱਕੜ ਦਾ ਸਾਮਾਨ ਅਤੇ ਸੂਤੀ ਕੱਪੜਾ ਤਿਆਰ ਕਰਨ ਦੇ ਉਦਯੋਗ ਸਥਾਪਤ ਹਨ।

ਕੌਨਕੌਰਡ ਪ੍ਰੈਜ਼ੀਡੈਂਟ ਫ੍ਰੈਂਕਲਿਨ ਪੀਅਰਸ ਦਾ ਜਨਮ ਅਸਥਾਨ ਹੈ ਅਤੇ ਉਸ ਦਾ ਕਾਨੂੰਨ ਦਫ਼ਤਰ ਅੱਜ ਵੀ ਸੁਰੱਖਿਅਤ ਹੈ।

ਆਬਾਦੀ—30,022 (1970)
43° 12′ ਉ. ਵਿਥ.; 0° 32′ ਪੱ. ਲੰਬ
ਹ. ਪੁ.—ਐਨ. ਬ੍ਰਿ. ਮਾ. 3 : 65

**ਕੌਨਕੌਰਡ :** ਪੂਰਬੀ ਮੈਸਾਚੂਸੈਟੱਸ ਰਾਜ (ਸ. ਰ. ਅ.) ਵਿਚ ਮਿਡਲ ਸੈਕਸ ਕਾਊਂਟੀ ਦਾ ਇਕ ਸ਼ਹਿਰ ਹੈ ਜੋ ਕਾਨਕਰਡ ਦਰਿਆ ਦੇ ਉੱਤੇ, ਬੋਸਟਨ ਦੇ ਉੱਤਰ-ਪੂਰਬ ਵਿਚ ਸਥਿਤ ਹੈ। ਸੰਨ 1635 ਵਿਚ ਇਸ ਸ਼ਹਿਰ ਦੀ ਨੀਂਹ ਰੱਖੀ ਗਈ। ਇਹ ਪਹਿਲੀ ਪਿਓਰੀਟਨ ਬਸਤੀ ਸੀ ਜੋ ਜਵਾਰ-ਜਲ ਅਤੇ ਸਮੁੰਦਰੀ ਵਪਾਰ ਤੋਂ ਦੂਰ ਸੀ। ਇੰਡੀਅਨਾਂ ਨਾਲ ਹੋਏ ਸ਼ਾਂਤਮਈ ਸਮਝੌਤਿਆਂ ਕਾਰਨ ਇਸ ਦਾ ਨਾਂ ਮੁੜ ਕੌਨਕੌਰਡ ਰੱਖ ਦਿਤਾ। ਅਮਰੀਕੀ ਇਨਕਲਾਬ ਦੀ ਪਹਿਲੀ ਝੜਪ ਇਸੇ ਸਥਾਨ ਤੇ ਹੋਈ ਸੀ।

ਜਬਰ ਐਕਟਾਂ ਦੀ ਵਿਰੋਧਤਾ ਸਬੰਧੀ, ਸੰਨ 1774 ਵਿਚ ਇਥੇ ਪਹਿਲੀ ਕਾਊਂਟੀ ਕਨਵੈਨਸ਼ਨ ਹੋਈ। ਇਸ ਤੋਂ ਬਾਅਦ ਪਹਿਲਾ ਅਤੇ ਦੂਜਾ ਮੈਸਾਚੂਸੈਟੱਸ ਪ੍ਰਾਂਤਕ ਸੰਮੇਲਨ ਹੋਇਆ। ਅਪ੍ਰੈਲ 18, 1775 ਨੂੰ ਬਰਤਾਨਵੀ ਫ਼ੌਜਾਂ ਸ਼ਹਿਰ ਵਿਚ ਆਣ ਦਾਖਲ ਹੋਈਆਂ। ਅਗਲੇ ਦਿਨ ਹਥਿਆਰਬੰਦ ਵਿਅਕਤੀਆਂ ਦੀ ਅੰਗਰੇਜ਼ਾਂ ਨਾਲ ਨਾਰਥ ਬਰਿਜ ਦੇ ਸਥਾਨ ਤੇ ਮੁਠ-ਭੇੜ ਹੋਈ ਜਿਸ ਕਾਰਨ ਇਨਕਲਾਬ ਦੇ ਮਿਲਟਰੀ ਪੜਾਅ ਦਾ ਆਰੰਭ ਹੋਇਆ।

ਮਹਾਨ ਫਿਲਾਸਫਰ ਰੈਲਫ ਵੈਲਡੋ ਐਮਰਸਨ, ਪ੍ਰਾਕ੍ਰਿਤੀਵਾਦੀ ਹੈਨਰੀ ਡੇਵਿਡ ਥੋਰੋਓ, ਬੁਤਘਾੜਾ ਡੇਨੀਅਲ ਚੈਸਟਰ ਫਰੈਂਚ ਅਤੇ ਨੈਥਨੀਅਲ ਹਾਥਰਨ ਅਤੇ ਲਾਓਈਜ਼ਾ ਮੇ ਆਲਕੱਟ ਜਿਹੇ ਉੱਚ ਕੋਟੀ ਦੇ ਲਿਖਾਰੀਆਂ ਦਾ ਜਨਮ ਸਥਾਨ ਹੋਣ ਕਾਰਨ, ਕੌਨਕੌਰਡ ਉੱਨ੍ਹੀਵੀਂ ਸਦੀ ਦਾ ਇਕ ਪ੍ਰਸਿੱਧ ਸਭਿਆਚਾਰਕ ਕੇਂਦਰ ਸੀ।

ਇਸ ਸਮੇਂ ਇਹ ਸ਼ਹਿਰ ਮੁੱਖ ਤੌਰ ਤੇ ਰਿਹਾਇਸ਼ੀ ਸ਼ਹਿਰ ਹੈ। ਇਥੇ ਛੋਟੇ ਪੈਮਾਨੇ ਤੇ ਵੱਖ-ਵੱਖ ਕਿਸਮ ਦਾ ਸਾਮਾਨ ਵੀ ਤਿਆਰ ਕੀਤਾ ਜਾਂਦਾ ਹੈ। ਪ੍ਰਾਚੀਨ ਅਮਰੀਕੀ ਸ਼ਾਨ ਦੀ ਝਲਕ ਅੱਜ ਵੀ ਇਸ ਸ਼ਹਿਰ ਵਿਚ ਦਿਸਦੀ ਹੈ। ਮਾਈਨੂਟ ਮੈਨ ਨੈਸ਼ਨਲ ਹਿਸਟਾਰਿਕ ਪਾਰਕ, ਐਂਟੀਕੁਐਰੀਅਨ ਮਿਊਜ਼ੀਅਮ, ਵੈਲਡਨ ਪੌਂਡ ਰੀਜ਼ਰਵੇਸ਼ਨ ਅਤੇ ਐਮਰਸਨ, ਹਾਥਰਨ ਅਤੇ ਆਲਕੱਟ ਦੇ ਘਰ ਇਥੋਂ ਦੀਆਂ ਪ੍ਰਸਿੱਧ ਯਾਦਗਾਰਾਂ ਹਨ। ਸ਼ਹਿਰ ਦੇ ਨੇੜੇ ਹੀ 'ਗ੍ਰੇਟ ਮੀਡੋਜ਼ ਨੈਸ਼ਨਲ ਵਾਈਲਡਲਾਈਫ ਰੀਫੀਊਜ' ਹੈ।

ਆਬਾਦੀ—16,148 (1970)
42° 27′ ਉ. ਵਿਥ.; 71° 21′ ਪੱ. ਲੰਬ.
ਹ. ਪੁ.—ਐਨ. ਬ੍ਰਿ. ਮਾ. 3 : 64

**ਕਾਨਕੁਬਜ :** ਵੇਖੋ, ਕਨੌਜ

**ਕੌਨਟੌਕਯੌਨ :** (Cantemir or Kantemir) ਇਹ ਬਾਜ਼ੈਨਟੀਨੀ ਛੰਦਬੱਧ ਉਪਦੇਸ਼ਾਤਮਕ ਕਵਿਤਾ ਦਾ ਨਾਂ ਹੈ। ਇਸ ਵਿਚ ਕਈ ਬੰਦ ਹਨ, ਜੋ ਇਕੋ ਸ਼ਰਿਰ ਵਿਚ ਹਨ ਅਤੇ ਇਨ੍ਹਾਂ ਦਾ ਅੰਤ ਵੀ ਇਕੋ ਟੇਕ ਵਿਚ ਹੁੰਦਾ ਹੈ। ਇਸ ਨੂੰ ਇਸ ਤਰ੍ਹਾਂ ਅੱਖਰ-ਬੱਧ ਕੀਤਾ ਜਾਂਦਾ ਹੈ ਕਿ ਤੁਕਾਂ ਦੇ ਪਹਿਲੇ ਅੱਖਰਾਂ ਨਾਲ ਇਕ ਪੱਟੀ ਬਣਦੀ ਹੈ, ਜਿਸ ਵਿਚ ਕਵੀ ਦਾ ਨਾਂ ਵੀ ਸ਼ਾਮਲ ਹੁੰਦਾ ਹੈ। ਇਸ ਦੇ ਆਰੰਭ ਵਿਚ ਮੰਗਲਾਚਰਣ ਆਉਂਦਾ ਹੈ, ਜੋ ਵਖਰੇ ਛੰਦ ਵਿਚ ਹੁੰਦਾ ਹੈ। ਇਸ ਨਾਲ ਸੰਗੀਤ ਵੀ ਪੇਸ਼ ਕੀਤਾ ਜਾਂਦਾ ਸੀ। ਇਸ ਨੂੰ ਕਿਸੇ ਇਕੱਠ ਵਿਚ ਜਾਂ ਸੰਗਤ ਵਿਚ ਗਾਇਆ ਜਾਂਦਾ ਸੀ, ਜਿਸ ਦੀ ਟੇਕ ਸਾਰੇ ਲੋਕ ਇਕੱਠੇ ਰਲ ਕੇ ਗਾਉਂਦੇ ਸਨ।

ਕੌਨਟੌਕਯੌਨ ਮੁੱਢਲੇ ਈਸਾਈ ਚਰਚਾਂ ਵਿਚ ਗਦ ਦੇ ਉਪਦੇਸ਼ਾਂ ਦਾ ਕਾਵਿ-ਬੱਧ ਰੂਪ ਸੀ ਜਿਸ ਦਾ ਉਪਦੇਸ਼ ਮਗਰੋਂ ਵਖਿਆਨ ਕੀਤਾ ਜਾਂਦਾ ਸੀ। ਕੌਨਟੌਕਯੌਨ ਦੇ ਕੁੱਝ ਤੱਤ, ਜਿਵੇਂ ਕਿ ਪੱਟੀ ਅਤੇ ਟੇਕ ਯੂਨਾਨੀ ਸਾਹਿਤਕ ਪਰੰਪਰਾ ਅਨੁਸਾਰ ਹਨ, ਪਰ ਇਸ ਦਾ ਅਸਲੀ ਸਰੂਪ ਸੀਰੀਆਈ ਸਾਹਿਤਕ ਪ੍ਰਭਾਵ ਅਧੀਨ ਵਿਕਸਿਤ ਹੋਇਆ ਹੈ। ਛੇਵੀਂ ਸਦੀ ਦੀਆਂ ਦੋ ਕੌਨਟੌਕਯੌਨ ਕਵਿਤਾਵਾਂ ਉਪਲਬਧ ਹਨ ਪਰ ਨੌਂਵੀਂ, ਦਸਵੀਂ ਸਦੀ ਵਿਚ ਇਸ ਕਾਵਿ ਰੂਪ ਦਾ ਪਤਨ ਹੋ ਗਿਆ।

ਇਸ ਦੀ ਥਾਂ ਵਧੇਰੇ ਪ੍ਰਸਿਧ ਧਾਰਮਕ ਰੂਪ 'ਕੈਨਨ' ਨੇ ਲੈ ਲਈ, ਜਿਸ ਵਿਚ ਸ਼ਬਦਾਂ ਨਾਲੋਂ ਸੰਗੀਤ ਉੱਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. 13 : 451

**ਕਾਨਟਾਲ :** ਦੱਖਣੀ ਮੱਧ ਫ਼ਰਾਂਸ ਦਾ ਇਹ ਇਕ ਡਿਪਾਰਟਮੈਂਟ ਹੈ ਜੋ ਆਵੈਰਨ ਦੇ ਪ੍ਰਾਚੀਨ ਪ੍ਰਾਂਤ ਦੇ ਦੱਖਣੀ ਇਲਾਕੇ ਵਿਚ ਸਥਿਤ ਹੈ। ਇਸ ਦਾ ਰਕਬਾ 5,741 ਵ. ਕਿ. ਮੀ. ਹੈ ਅਤੇ ਆਬਾਦੀ 166,549 (1975) ਹੈ। ਉੱਚੀਆਂ ਪਠਾਰਾਂ ਵਾਲਾ ਇਹ ਇਲਾਕਾ ਪੂਰਬ ਵਲ ਨੂੰ ਮਾਸੀਫ਼ ਸੈਂਟਰਲ ਵਿਚ ਨੂੰ ਫੈਲਿਆ ਹੋਇਆ ਹੈ। ਇਸ ਦੇ ਵਿਚਕਾਰ ਠੋਸ ਜਵਾਲਾਮੁਖੀ ਪਹਾੜ ਹਨ ਜੋ 1.858 ਮੀ. ਤਕ ਉੱਚੇ ਹਨ। ਆਲਯਾ, ਡਾਰਡਾਨੀ ਅਤੇ ਟਰੂਯੀਰੀ ਦੇ ਦਰਿਆ ਜਵਾਲਾਮੁਖੀ ਪਹਾੜੀਆਂ ਵਿਚੋਂ ਦੀ ਲੰਘਦੇ ਹਨ ਅਤੇ ਇਹ ਦਰਿਆ ਜਲ-ਸ਼ਕਤੀ ਦੇ ਸੋਮੇ ਹਨ।

ਇਥੇ ਸਰਦੀ ਦੀ ਰੁੱਤ ਸ਼ੀਤ ਅਤੇ ਤਰ ਹੁੰਦੀ ਹੈ, ਬਸੰਤ ਰੁੱਤ ਤਕ ਬਰਫ਼ ਪੈਂਦੀ ਹੈ। ਉੱਚੀਆਂ ਭੂਮੀਆਂ ਉੱਤੇ ਐਲਪਾਈਨੀ ਚਰਾਗਾਹਾਂ ਹਨ ਜਿਨ੍ਹਾਂ ਤੇ ਮਈ ਤੋਂ ਸਤੰਬਰ ਤਕ ਪਸ਼ੂ ਚਰਦੇ ਹਨ । ਨੀਵੀਆਂ ਭੂਮੀਆਂ ਉੱਤੇ ਪਸ਼ੂਆਂ ਦਾ ਚਾਰਾ ਤੇ ਆਲੂ ਦੀ ਪੈਦਾਵਾਰ ਹੁੰਦੀ ਹੈ। ਉੱਤਰੀ ਪੱਛਮੀ ਕਾਨਟਾਲ ਤੋਂ ਯੂਰੇਨੀਅਮ ਕੱਢਿਆ ਜਾਂਦਾ ਹੈ। ਇਥੋਂ ਦਾ ਆਵੈਰਨ ਪਨੀਰ ਫ਼ਰਾਂਸ ਵਿਚ ਮਸ਼ਹੂਰ ਹੈ।

ਹ. ਪੁ.—ਐਨ. ਬ੍ਰਿ. ਮਾ. 2 : 519; ਐਨ. ਅਮੇ. 5 : 529

**ਕਾਨਟੈਮਿਰ :** ਤਾਤਰੀ ਮੂਲ ਦਾ ਇਹ ਇਕ ਉੱਘਾ ਖ਼ਾਨਦਾਨ ਸੀ ਜਿਹੜਾ 17ਵੀਂ ਸਦੀ ਵਿਚ ਕ੍ਰੀਮੀਆ ਤੋਂ ਆਇਆ ਤੇ ਮਾਲੱਡੇਵੀਆ ਵਿਖੇ ਆਬਾਦ ਹੋ ਗਿਆ। ਰੂਸ ਵਿਚ ਇਸ ਖ਼ਾਨਦਾਨ ਦੀ ਮਹੱਤਤਾ ਵਿਸ਼ੇਸ਼ ਕਰਕੇ ਸਾਹਿਤ ਦੇ ਖੇਤਰ ਵਿਚ ਸੀ । ਕਾਨਸਟੈਂਟਾਈਨ ਕਾਨਟੈਮਿਰ 1685 ਤੋਂ 1693 ਤੱਕ ਮਾਲਡੇਵੀਆ ਦਾ ਰਾਜ ਕੁਮਾਰ ਰਿਹਾ। ਇਸ ਤੋਂ ਪਿਛੋਂ ਇਸ ਦਾ ਪੁੱਤਰ ਐਂਟੀਓਕ ਤਖ਼ਤ 'ਤੇ ਬੈਠਿਆ। ਉਸ ਦਾ ਸਭ ਤੋਂ ਛੋਟਾ ਭਰਾ ਕਾਨਟੈਮਿਰ ਦੀਮਿਤਰੀ ਜਿਸ ਦਾ ਜਨਮ 26 ਅਕਤੂਬਰ, 1673 ਨੂੰ ਹੋਇਆ ਸੀ, 1710 ਵਿਚ ਬਾਦਸ਼ਾਹ ਬਣਾਇਆ ਗਿਆ। ਇਸ ਨੇ ਤੁਰਕੀ ਦੀ ਬਜਾਇ ਰੂਸ ਦੀ ਅਧੀਨਤਾ ਕਬੂਲ ਕਰਨ ਲਈ ਤੇ ਰੂਸ ਨਾਲ ਸੰਧੀ ਕਰ ਲਈ। 1711 ਈ. ਵਿਚ ਰੂਸ ਦੇ ਹਾਰ ਜਾਣ ਪਿਛੋਂ ਇਹ ਆਪਣਾ ਦੇਸ਼ ਛੱਡ ਕੇ ਸੇਂਟ ਪੀਟਰਜ਼-ਬਰਗ ਵਿਖੇ ਚਲਾ ਗਿਆ । ਇਥੇ ਹੀ ਇਸ ਨੇ ਇਕ ਅਕਾਦਮੀ ਦੀ ਨੀਂਹ ਰੱਖੀ ਅਤੇ ਆਪਣੀਆਂ ਇਤਿਹਾਸਕ ਅਤੇ ਹੋਰ ਕਿਰਤਾਂ ਲਿਖੀਆਂ। ਇਨ੍ਹਾਂ ਕਿਰਤਾਂ ਵਿਚ 'ਉਸਮਾਨ ਸਲਤਨਤ ਦੀ ਉਤਪਤੀ ਤੇ ਪਤਨ ਦਾ ਇਤਿਹਾਸ' ਵੀ ਸ਼ਾਮਲ ਹੈ।

ਇਸ ਦੇ ਛੋਟੇ ਲੜਕੇ ਐਂਟੀਓਕ (1709-1744) ਦਾ ਜਨਮ 21 ਸਤੰਬਰ 1709 ਨੂੰ ਹੋਇਆ । ਇਹ ਆਪਣੀਆਂ ਵਿਅੰਗਾਤਮਕ ਲਿਖਤਾਂ ਕਰਕੇ ਬਹੁਤ ਮਸ਼ਹੂਰ ਹੋਇਆ । 1732 ਤੋਂ 1736 ਤਕ ਇਹ ਲੰਡਨ ਵਿਚ ਅਤੇ ਉਸ ਤੋਂ ਮਗਰੋਂ ਆਪਣੀ ਮੌਤ ਤਕ ਪੈਰਿਸ ਵਿਚ ਰੂਸ ਦਾ ਰਾਜਦੂਤ ਰਿਹਾ। ਇਸ ਨੇ ਲਾਤੀਨੀ ਦੀਆਂ ਕੁਝ ਪ੍ਰਾਚੀਨ ਪੁਸਤਕਾਂ ਦਾ ਰੂਸੀ ਭਾਸ਼ਾ ਵਿਚ ਅਨੁਵਾਦ ਕੀਤਾ।

ਇਸ ਦੀ ਮੌਤ 11 ਅਪ੍ਰੈਲ, 1744 ਨੂੰ ਹੋਈ।

ਹ. ਪੁ.—ਐਨ. ਬ੍ਰਿ. 4 : 803; ਕੋ. ਯੂ. ਬਾ. 838

**ਕੌਨਡਾਰਸੇ, ਮਾਰਕਵਿਸਡੇ :** ਫ਼ਰਾਂਸ ਦਾ ਇਹ ਇਕ ਗਣਿਤਵੇਤਾ, ਕ੍ਰਾਂਤੀਕਾਰੀ ਅਤੇ ਫਿਲਾਸਫਰ ਸੀ ਜਿਸ ਦਾ ਜਨਮ 17 ਸਤੰਬਰ, 1743 ਨੂੰ ਪਿਕਾਰਡੀ ਵਿਚ ਹੋਇਆ । ਸੰਨ 1769 ਵਿਚ ਅਕਾਡਮੀ ਆਫ਼ ਸਾਇੰਸ ਦਾ ਮੈਂਬਰ ਬਣ ਗਿਆ, ਜਿੱਥੇ ਇਸ ਨੇ ਗਣਿਤ ਅਤੇ ਦੂਜੇ ਵਿਸ਼ਿਆਂ ਉੱਪਰ ਪੇਪਰਾਂ ਰਾਹੀਂ ਬੜਾ ਯੋਗਦਾਨ ਪਾਇਆ।

ਫ਼ਰਾਂਸੀਸੀ ਫਿਲਾਸਫਰ ਅਤੇ ਗਣਿਤਵੇਤਾ ਦੀ ਅਗਵਾਈ ਹੇਠਾਂ ਇਸ ਨੇ ਐਨਸਾਈਕਲੋਪੀਡੀਆ ਬਣਾਉਣ ਵਿਚ ਕਾਫ਼ੀ ਹਿਸਾ ਪਾਇਆ। ਸੰਨ 1785 ਵਿਚ ਇਸ ਨੇ 'ਐੱਸ ਆਨ ਦੀ ਐਪਲੀਕੇਸ਼ਨ ਆਫ਼ ਅਨੈਲਸਿਸ ਟ ਦਾ ਪ੍ਰਾਬੇਬਿਲਿਟਿ ਆਫ਼ ਮਜਾਰਿਟੀ ਡਿਸਿਯਨਜ਼' ਛਪਵਾਇਆ ਜੋ ਸੰਭਾਵਿਕਤਾ ਸਿਧਾਂਤ ਦੇ ਇਤਿਹਾਸ ਵਿਚ ਇਕ ਉੱਘਾ ਸਥਾਨ ਰਖਦਾ ਹੈ। ਸੰਨ 1805 ਵਿਚ ਇਸ ਦਾ ਦੂਜਾ ਐਡੀਸ਼ਨ ਛਪਿਆ ਜਿਸ ਵਿਚ ਕਾਫ਼ੀ ਸੋਧ ਅਤੇ ਵਾਧਾ ਕੀਤਾ ਗਿਆ ਸੀ।

ਸੰਨ 1786 ਵਿਚ ਇਸ ਨੇ ਆਪਣਾ *'Vie dem Turgot'* ਅਤੇ 1789 ਵਿਚ *Vie de Voltaire'* ਛਪਵਾਇਆ। ਆਪਣੇ ਦੋਸਤਾਂ ਦੀਆਂ ਇਨ੍ਹਾਂ ਜੀਵਨੀਆਂ ਵਿਚ ਇਸ ਨੇ ਟਰਗੋਟ ਦੇ ਆਰਥਿਕ ਸਿਧਾਂਤਾਂ ਅਤੇ ਵਾਲਟੇਅਰ ਦੇ ਗਿਰਜਿਆਂ ਦੀ ਵਿਰੋਧਤਾ ਪ੍ਰਤਿ ਆਪਣੀ ਹਮਦਰਦੀ ਦਰਸਾਈ ਹੈ । ਇਸ ਦੀਆਂ ਇਨ੍ਹਾਂ ਦੋਨਾਂ ਰਚਨਾਵਾਂ ਨੂੰ ਆਮ ਲੋਕਾਂ ਨੇ ਬੜੀ ਰੀਝ ਤੇ ਉਤਸ਼ਾਹ ਨਾਲ ਪੜ੍ਹਿਆ।

ਫ਼ਰਾਂਸੀਸੀ ਕ੍ਰਾਂਤੀ ਦਾ ਇਸ ਨੇ ਬੜੇ ਜੋਸ਼ ਨਾਲ ਸਵਾਗਤ ਕੀਤਾ ਅਤੇ ਇਸ ਨੇ ਇਸ ਦੀਆਂ ਰਾਜਸੀ ਸਰਗਰਮੀਆਂ ਵਿਚ ਬਹੁਤ ਭਾਗ ਲਿਆ। ਵਿਧਾਨ ਸਭਾ ਲਈ ਇਹ ਪੈਰਿਸ ਦਾ ਨੁਮਾਇੰਦਾ ਚੁਣਿਆ ਗਿਆ ਅਤੇ ਇਸ ਦਾ ਸਕੱਤਰ ਬਣ ਗਿਆ । ਵਿਦਿਆ ਪ੍ਰਣਾਲੀ ਦੇ ਸੁਧਾਰ ਵਿਚ ਇਸ ਨੇ ਕਾਫ਼ੀ ਹਿੱਸਾ ਲਿਆ । ਸੰਨ 1791 ਵਿਚ ਇਹ ਯੂਰਪੀਨ ਤਾਕਤਾਂ ਨੂੰ ਦਿੱਤੇ ਜਾਣ ਵਾਲੇ ਭਾਸ਼ਣਾਂ ਦਾ ਮੁੱਖ ਲਿਖਾਰੀ ਸੀ। ਇਹ ਸੰਵਿਧਾਨ ਬਣਾਉਣ ਵਾਲੀ ਕਮੇਟੀ ਦਾ ਮੈਂਬਰ ਬਣਿਆ। ਲੂਈ 16ਵੇਂ ਦੇ ਮੁਕਦਮੇ ਵਿਚ ਇਸ ਨੇ ਮੌਤ ਦੀ ਸਜ਼ਾ ਵਿਰੁਧ ਵੋਟ ਪਾਈ। ਇਸ ਦੇ ਆਜ਼ਾਦਾਨਾ ਖ਼ਿਆਲ ਕ੍ਰਾਂਤੀ ਲਈ ਖ਼ਤਰਨਾਕ ਬਣ ਗਏ ਅਤੇ ਅਖ਼ੀਰ ਇਹ ਬਾਗੀ ਹੋ ਗਿਆ। ਜਦੋਂ ਇਹ ਛੁਪਿਆ ਹੋਇਆ ਸੀ ਤਾਂ ਆਪਣਾ ਜੀ ਲਾਉਣ ਲਈ ਇਸ ਨੇ 'ਸਕੈੱਚ ਫਾਰ ਏ ਹਿਸਟਾਰੀਕਲ-ਪਿਕਚਰ ਆਫ਼ ਦੀ ਪ੍ਰੋਗ੍ਰੈੱਸ ਆਫ਼ ਦੀ ਹਯੂਮਨ ਮਾਈਂਡ' (ਅੰਗ੍ਰੇਜ਼ੀ ਅਨੁਵਾਦ) ਲਿਖਿਆ। ਇਸ ਰਚਨਾ ਨੇ ਇਸ ਨੂੰ ਹੋਰ ਵੀ ਪ੍ਰਸਿੱਧ ਕਰ ਦਿੱਤਾ। ਇਸ ਦਾ ਮੂਲ ਵਿਚਾਰ ਇਨਸਾਨ ਦੀ ਅੰਤਮ ਪੂਰਨਤਾ ਵਲ ਨੂੰ ਲਗਾਤਾਰ ਵਿਕਾਸ ਬਾਰੇ ਹੈ।

ਮਾਰਚ, 1794 ਵਿਚ ਇਸ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਕੈਦ ਕਰ ਦਿੱਤਾ ਗਿਆ । ਮਾਰਚ 29 ਦੀ ਸਵੇਰ ਨੂੰ ਇਹ ਮਰਿਆ ਹੋਇਆ ਪਾਇਆ ਗਿਆ।

ਹ. ਪੁ.—ਐਨ. ਬ੍ਰਿ. ਮੈ. 4 : 1081.

**ਕਾਨਡੌਲ, ਆਗਸਤੀਨ ਪਾਈਰੈਮ ਡੇ :** ਇਹ ਇਕ ਬਨਸਪਤੀ ਵਿਗਿਆਨੀ ਹੋਇਆ ਹੈ, ਜਿਸ ਨੇ ਪੌਦਿਆਂ ਦੀਆਂ ਪ੍ਰਜਾਤੀਆਂ ਵਿਚ ਕੁਦਰਤੀ ਸਬੰਧ ਲੱਭਣ ਲਈ ਇਨ੍ਹਾਂ ਦੀ ਵਿਗਿਆਨਕ ਰਚਨਾ ਨੂੰ ਆਧਾਰ ਮੰਨਿਆ । ਇਸ ਦਾ ਜਨਮ 4 ਫ਼ਰਵਰੀ, 1778 ਨੂੰ ਜੈਨੇਵਾ ਵਿਖੇ ਹੋਇਆ। ਚਾਰਲਸ ਡਾਰਵਨ ਦੇ ਜੀਵ-ਵਿਕਾਸ ਦੇ ਸਿਧਾਂਤ ਤੋਂ ਬਾਅਦ ਕਾਨਡੌਲ ਦਾ ਸਿਧਾਂਤ ਪੌਦਿਆਂ ਦੇ ਵਿਕਾਸਗਤ ਇਤਿਹਾਸ ਦਾ ਆਧਾਰ ਮੰਨਿਆ ਜਾਂਦਾ ਹੈ। ਤਕਰੀਬਨ ਅੱਧੀ ਸਦੀ ਤਕ ਇਸ ਦੁਆਰਾ ਸੁਝਾਇਆ ਪੌਦਿਆਂ ਦੇ ਵਰਗੀਕਰਣ ਦਾ ਸਿਸਟਮ ਸਾਰੀ ਦੁਨੀਆਂ ਵਿਚ ਪ੍ਰਵਾਨ ਕੀਤਾ ਗਿਆ ਅਤੇ ਦੂਜਿਆਂ ਲਈ ਮਾਡਲ ਬਣਦਾ ਰਿਹਾ।

ਸੰਨ 1796 ਵਿਚ ਕਾਨਡੌਲ ਪੈਰਿਸ ਗਿਆ ਜਿੱਥੇ ਇਸ ਦੀ ਦੋਸਤੀ ਜਾਰਜ ਕਿਊਵੀਆ ਅਤੇ ਜੌਨ ਲਾਮਾਰਕ ਨਾਲ ਹੋ ਗਈ । ਸੰਨ 1802 ਵਿਚ 'ਕਾਲਜ-ਦ-ਫ਼ਰਾਂਸ' ਪੈਰਿਸ ਵਿਚ ਕਿਊਵੀਆ ਦਾ ਸਹਾਇਕ ਬਣ ਕੇ ਇਸ ਨੇ 1805 ਅਤੇ 1815 ਵਿਚ *"Lamarck's Flore francaise'* ਦੀ ਦੁਹਰਾਈ ਕੀਤੀ। ਸੰਨ 1808 ਵਿਚ ਜਦੋਂ ਕਾਨਡੌਲ ਮੌਨਪੈਲੱਯੇ ਯੂਨੀਵਰਸਿਟੀ ਵਿਚ ਬਨਸਪਤੀ ਵਿਗਿਆਨ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ ਤਾਂ ਉਸ ਸਮੇਂ ਤਕ ਇਹ ਸਰਕਾਰ ਦੇ ਸਹਿਯੋਗ ਨਾਲ ਫ਼ਰਾਂਸ ਦਾ ਬਨਸਪਤੀ ਅਤੇ ਖੇਤੀਬਾੜੀ ਸਬੰਧੀ ਨਿਰੀਖਣ

(1806-12) ਸ਼ੁਰੂ ਕਰ ਚੁੱਕਾ ਸੀ, ਜਿਸ ਦੇ ਸਿੱਟੇ ਸੰਨ 1813 ਵਿਚ ਪ੍ਰਕਾਸ਼ਿਤ ਹੋਏ ਸਨ।

ਇਸੇ ਸਾਲ ਇਸ ਨੇ ਆਪਣਾ ਸਭ ਤੋਂ ਪ੍ਰਸਿੱਧ ਕੰਮ "*Therie elementaire de la botanique*" ਪ੍ਰਕਾਸ਼ਿਤ ਕੀਤਾ। ਇਸ ਨੇ ਪੌਦਿਆਂ ਦੀ ਫ਼ਿਜ਼ਿਆਲੋਜੀ ਦੀ ਥਾਂ ਐਨੌਟਮੀ (ਸਰੀਰ-ਰਚਨਾ) ਵਿਗਿਆਨ ਨੂੰ ਵਰਗੀਕਰਨ ਦਾ ਆਧਾਰ ਬਣਾਉਣਾ ਚਾਹਿਆ, ਜਿਸ ਦੇ ਲਈ ਇਸ ਨੇ 'ਟੈਕਸੋਨੌਮੀ' ਸ਼ਬਦ ਦੀ ਵਰਤੋਂ ਕੀਤੀ। ਇਸ ਨੇ ਦੱਸਿਆ ਕਿ ਆਪਸ ਵਿਚ ਸਬੰਧਤ ਫੁੱਲਦਾਰ ਪੌਦਿਆਂ ਦੇ 'ਵਰਗਾਂ' ਜਿਨ੍ਹਾਂ ਨੂੰ ਹੁਣ ਕੁਲਾਂ ਗਿਣਿਆ ਜਾਂਦਾ ਹੈ, ਵਿਚ ਲਿੰਗੀ ਹਿੱਸਿਆਂ ਦੀ ਇਕ ਖ਼ਾਸ ਸਮਾਨਤਾ ਹੁੰਦੀ ਹੈ। ਇਸ ਨੇ ਪੌਦਿਆਂ ਦੇ ਸਮਜਾਤੀ ਹਿੱਸਿਆਂ (ਜਿਨ੍ਹਾਂ ਦੇ ਪੂਰਵਜ ਸਾਂਝੇ ਹੋਣ, ਭਾਵੇਂ ਬਣਤਰ ਵਖਰੀ ਹੋਵੇ) ਦਾ ਸੰਕਲਪ ਦਿੱਤਾ, ਜਿਹੜਾ ਕਿ ਜੀਵ-ਵਿਕਾਸ ਦੇ ਲਈ ਇਕ ਮੰਨਿਆ ਹੋਇਆ ਪ੍ਰਮਾਣ ਹੈ। ਕਾਨਡੌਲ ਦਾ ਵੀ ਕਿਉਵੀਆ ਦੀ ਤਰ੍ਹਾਂ 'ਜਾਤੀ ਦੀ ਸਥਿਰਤਾ' ਵਿਚ ਦ੍ਰਿੜ੍ਹ ਵਿਸ਼ਵਾਸ ਸੀ।

ਸੰਨ 1817-41 ਤਕ ਇਸ ਨੇ ਜੈਨੇਵਾ ਯੂਨੀਵਰਸਿਟੀ ਵਿਚ ਨੈਚੂਰਲ ਹਿਸਟਰੀ ਦੀ ਚੇਅਰ ਸੰਭਾਲੀ; ਇਥੇ ਇਹ ਬੋਟੈਨੀਕਲ ਗਾਰਡਨਜ਼ ਦਾ ਪਹਿਲਾ ਡਾਇਰੈਕਟਰ ਸੀ। ਇਸ ਨੇ ਬਨਸਪਤੀ ਨਾਂ-ਪੱਧਤੀ ਦੇ ਪਹਿਲੇ ਵਿਉਂਤਾਤਮਕ ਨਿਯਮ ਆਪਣੀ "*Regni Vegetabilis System a Naturale*" (2 ਜਿਲਦਾਂ, 1018-21, *Natural classification for the Plant Kingdom*) ਵਿਚ ਦਿੱਤੇ।

ਇਸ ਤੋਂ ਬਾਅਦ ਇਸ ਨੇ ਉਦੋਂ ਤਕ ਗਿਆਤ ਬੀਜ ਵਾਲੇ ਪੌਦਿਆਂ ਦੇ ਵਿਸਥਾਰ ਪੂਰਵਕ ਵਰਗੀਕਰਨ ਦਾ ਕੰਮ ਸ਼ੁਰੂ ਕੀਤਾ ਜਿਹੜਾ "*Prodromus Systematis Naturals Regni Vegetabls*" (17 ਜਿਲਦਾਂ 1824-73) ਵਿਚ ਦਿੱਤਾ ਹੋਇਆ ਹੈ। ਉਸ ਦੀਆਂ ਇਸ ਨੇ ਪਹਿਲੀਆਂ 7 ਜਿਲਦਾਂ ਤਿਆਰ ਕੀਤੀਆਂ। ਬਾਕੀ ਦੀਆਂ 10 ਜਿਲਦਾਂ ਇਸ ਦੀ ਮੌਤ ਤੋਂ ਬਾਅਦ ਇਸਦੇ ਲੜਕੇ ਐਲਫਾਂਸੇ ਲੂਈ-ਪਾਇਰੀ ਨੇ ਆਪਣੀ ਨਿਗਰਾਨੀ ਹੇਠ ਪ੍ਰਕਾਸ਼ਿਤ ਕਰਵਾਈਆਂ।

ਕਾਨਡੌਲ ਨੇ ਫੁੱਲਦਾਰ ਪੌਦਿਆਂ ਦੀ ਉਪਵੰਡ ਕੀਤੀ ਅਤੇ ਦੋ-ਬੀਜ ਪੱਤਰੀ ਪੌਦਿਆਂ ਦੀਆਂ 161 ਕੁਲਾਂ ਦਾ ਵਰਣਨ ਕੀਤਾ। ਇਹ ਪੌਦਿਆਂ ਦੇ ਬਨਸਪਤੀ ਭੂਗੋਲ (ਫ਼ਾਈਟੋਜੀਓਗ੍ਰਾਫ਼ੀ) ਦੇ ਅਧਿਐਨ ਦਾ ਵੀ ਮੋਢੀ ਸੀ।

ਇਸ ਦੀ ਮੌਤ 9 ਸਤੰਬਰ, 1841 ਨੂੰ ਜੈਨੇਵਾ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 2 : 506

**ਕਾਨਪੁਰ** : ਜ਼ਿਲ੍ਹਾ—ਭਾਰਤ ਵਿਚ ਉੱਤਰ ਪ੍ਰਦੇਸ਼ ਰਾਜ ਦੇ ਅਲਾਹਾਬਾਦ ਖੰਡ ਦਾ ਇਹ ਇਕ ਪ੍ਰਸਿੱਧ ਜ਼ਿਲ੍ਹਾ ਹੈ ਜੋ ਉੱਤਰ-ਪੂਰਬ ਵਲੋਂ ਗੰਗਾ ਦਰਿਆ, ਉੱਤਰ-ਪੱਛਮ ਵਲੋਂ ਫ਼ਾਰੁੱਖ਼ਾਬਾਦ ਅਤੇ ਇਟਾਵਾ ਦੱਖਣ-ਪੱਛਮ ਵਲੋਂ ਜਮਨਾ ਦਰਿਆ ਅਤੇ ਦੱਖਣ-ਪੂਰਬ ਵਲੋਂ ਫ਼ਤਹਿ-ਪੁਰ ਜ਼ਿਲ੍ਹੇ ਦੁਆਰਾ ਘਿਰਿਆ ਹੋਇਆ ਹੈ। ਜ਼ਿਲ੍ਹੇ ਦਾ ਕੁਲ ਰਕਬਾ 6,121 ਵ. ਕਿ. ਮੀ. ਅਤੇ ਆਬਾਦੀ 37,90,549 (1981) ਹੈ। ਸਾਰਾ ਜ਼ਿਲ੍ਹਾ ਗੰਗਾ ਦਰਿਆ ਅਤੇ ਜਮਨਾ ਦਰਿਆ ਵਿਚਕਾਰ ਉਪਜਾਊ ਮੈਦਾਨ ਵਿਚ ਫੈਲਿਆ ਹੋਇਆ ਹੈ। ਜ਼ਿਲ੍ਹੇ ਦੀ ਆਮ ਢਲਾਣ ਦੱਖਣ-ਪੱਛਮ ਵਲ ਨੂੰ ਹੈ ਅਤੇ ਸਾਰੇ ਦਰਿਆਈ ਜਲ-ਮਾਰਗਾਂ ਦਾ ਰੁਖ ਵੀ ਉਸੇ ਪਾਸੇ ਵਲ ਹੈ। ਜ਼ਿਲ੍ਹੇ ਦਾ ਮੁੱਖ ਦਰਿਆ ਗੰਗਾ ਹੈ। ਇਸ ਤੋਂ ਇਲਾਵਾ ਜਮਨਾ, ਪਾਂਡੂ, ਇਸਨ (ਈਸ਼ਨ) ਅਤੇ ਉੱਤਰੀ ਸੋਨ ਇਥੋਂ ਦੇ ਹੋਰ ਦਰਿਆ ਹਨ। ਦੱਖਣੀ ਸੋਨ, ਖਿਦ ਅਤੇ ਸੇਂਗੁਰ ਜਮਨਾ ਦਰਿਆ ਦੀਆਂ ਸਹਾਇਕ ਨਦੀਆਂ ਹਨ। ਇਹ ਜ਼ਿਲ੍ਹਾ ਗੰਗਾ-ਜਮਨਾ ਦੁਆਬ ਦਾ ਹੀ ਇਕ ਹਿੱਸਾ ਹੈ ਜਿਹੜਾ ਦਰਿਆਈ ਮਿੱਟੀ ਵਾਲਾ ਇਕ ਪੱਧਰਾ ਮੈਦਾਨ ਹੈ। ਪਰ ਕਿਤੇ ਕਿਤੇ ਇਸ ਵਿਚ ਵਗਣ ਵਾਲੇ ਨਦੀ-ਨਾਲੇ ਧਰਾਤਲ ਵਿਚ ਵੱਖਰੇਵਾਂ ਲਿਆਉਂਦੇ ਹਨ। ਗੰਗਾ ਅਤੇ ਜਮਨਾ ਦੀਆਂ ਸਹਾਇਕ ਨਦੀਆਂ ਅੱਗੇ ਕਈ ਛੋਟੇ ਛੋਟੇ ਦੁਆਬ ਬਣਾਉਂਦੀਆਂ ਹਨ। ਜ਼ਿਲ੍ਹੇ ਦੇ ਉੱਤਰੀ ਅਤੇ ਕੇਂਦਰੀ ਹਿੱਸਿਆਂ ਵਿਚ ਝੀਲਾਂ ਹਨ।

ਜ਼ਿਲ੍ਹੇ ਵਿਚ ਗੰਗਾ ਦਰਿਆ ਵਰਗੀ ਚੀਕਣੀ ਮਿੱਟੀ ਮਿਲਦੀ ਹੈ। ਕੰਕਰ ਜ਼ਿਲ੍ਹੇ ਦੇ ਸਾਰੇ ਹਿੱਸਿਆਂ ਵਿਚ ਮਿਲਦੀ ਹੈ। ਗੰਗਾ-ਪਾਂਡੂ ਦੁਆਬ ਦਾ ਵਧੇਰੇ ਇਲਾਕਾ ਸ਼ੋਰੇ ਵਾਲੇ ਕਲੱਰ ਨਾਲ ਢੱਕਿਆ ਹੋਇਆ ਹੈ।

ਜ਼ਿਲ੍ਹੇ ਵਿਚ ਢੱਕ ਦੇ ਵਿਸ਼ਾਲ ਜੰਗਲ ਹਨ। ਕਾਫ਼ੀ ਰਕਬੇ ਵਿਚ ਅੰਬਾਂ ਦੇ ਝੁੰਡ ਮਿਲਦੇ ਹਨ। ਇਸ ਤੋਂ ਇਲਾਵਾ ਮਹੂਆ, ਜਾਮਣ ਅਤੇ ਬਾਬੂਲ ਦੇ ਦਰਖ਼ਤ ਵੀ ਮਿਲਦੇ ਹਨ।

ਸੇਂਗਰ ਅਤੇ ਜਮਨਾ ਦਰਿਆ ਦੇ ਸੰਗਮ ਵਾਲੇ ਖੇਤਰ ਵਿਚ ਚੀਤੇ, ਜਮਨਾ ਦਰਿਆ ਦੇ ਨਾਲ ਨਾਲ ਹਿਰਨ ਅਤੇ ਬਾਰਾਂਸਿੰਗੇ ਅਤੇ ਰੋਝ ਵੀ ਥੋਹੜੀ ਜਿਹੀ ਗਿਣਤੀ ਵਿਚ ਜ਼ਿਲ੍ਹੇ ਵਿਚ ਮਿਲਦੇ ਹਨ।

ਇਥੋਂ ਦੀ ਜਲਵਾਯੂ ਦੁਆਬੇ ਦੇ ਹੋਰਨਾਂ ਭਾਗਾਂ ਵਰਗੀ ਹੀ ਹੈ। ਮਾਰਚ ਮਹੀਨੇ ਤੋਂ ਲੈ ਕੇ ਵਰਖਾ ਦੇ ਆਰੰਭ ਹੋਣ ਤੀਕ ਜਲਵਾਯੂ ਖ਼ੁਸ਼ਕ ਰਹਿੰਦੀ ਹੈ। ਮਈ-ਜੂਨ ਵਿਚ ਇਥੇ ਸਖ਼ਤ ਗਰਮੀ ਪੈਂਦੀ ਹੈ। ਨਵੰਬਰ ਵਿਚ ਇਥੇ ਸਰਦੀ ਪੈਣ ਲਗ ਪੈਂਦੀ ਹੈ। ਜਨਵਰੀ ਮਹੀਨੇ ਵਿਚ ਸਰਦੀ ਹੱਦੋਂ ਵੱਧ ਪੈਂਦੀ ਹੈ। ਜਲ-ਨਿਕਾਸ ਚੰਗੇ ਹੋਣ ਕਰਕੇ ਇਥੇ ਹੜ੍ਹ ਬਹੁਤ ਘੱਟ ਆਉਂਦੇ ਹਨ। ਜਦੋਂ ਕਦੇ ਵੀ ਇਥੇ ਹੜ੍ਹ ਆਇਆ ਸੀ ਤਾਂ ਇਹ ਬਿਠੂਰ ਅਤੇ ਨਵਾਬਗੰਜ ਵਿਚਕਾਰਲੇ ਗੰਗਾ ਦੇ ਕਛਾਰੀ ਭਾਗ ਵਿਚ ਆਇਆ ਜਿਥੇ ਸੋਨ ਨਦੀ ਦਾ ਪਾਣੀ ਗੰਗਾ ਦੇ ਹੜ੍ਹ ਕਾਰਨ ਸੁੱਕ ਜਾਂਦਾ ਹੈ। ਸੰਨ 1924 ਅਤੇ 1948 ਵਿਚ ਜ਼ਿਲ੍ਹੇ ਵਿਚ ਸਭ ਤੋਂ ਭਿਅੰਕਰ ਹੜ੍ਹ ਆਏ ਸਨ ਅਤੇ ਪਰਮਟ ਅਤੇ ਪੁਰਾਣੇ ਕਾਨਪੁਰ ਦੇ ਕੁਝ ਭਾਗ ਪਾਣੀ ਦੀ ਲਪੇਟ ਵਿਚ ਆ ਗਏ ਸਨ।

ਕਈ ਸਾਲਾਂ ਤੋਂ ਇਥੋਂ ਦੀ ਵਰਖਾ ਦੀ ਔਸਤ 85 ਸੈ. ਮੀ. ਰਹੀ ਹੈ। ਸਮੇਂ ਸਮੇਂ ਸਿਰ ਵਰਖਾ ਘੱਟਦੀ ਵਧਦੀ ਵੀ ਰਹਿੰਦੀ ਹੈ।

ਜ਼ਿਲ੍ਹੇ ਦੇ ਕੁਲ ਰਕਬੇ ਦੀ 64% ਭੂਮੀ ਵਿਚ ਖੇਤੀ ਕੀਤੀ ਜਾਂਦੀ ਹੈ। ਕਣਕ, ਛੋਲੇ, ਜੌਂ, ਮਟਰ, ਅਰਹਰ, ਸਰ੍ਹੋਂ ਆਦਿ ਇਥੋਂ ਦੀਆਂ ਹਾੜ੍ਹੀ ਦੀਆਂ ਅਤੇ ਚਾਉਲ, ਮੱਕੀ, ਜਵਾਰ, ਬਾਜਰਾ, ਕਪਾਹ ਆਦਿ ਇਥੋਂ ਦੀਆਂ ਸਾਉਣੀ ਦੀਆਂ ਮੁੱਖ ਫਸਲਾਂ ਹਨ।

ਗੰਗਾ ਅਤੇ ਜਮਨਾ ਦਰਿਆਵਾਂ ਦੀਆਂ ਸਹਾਇਕ ਨਦੀਆਂ ਅਤੇ ਲੋਅਰ ਗੰਗਾ ਨਹਿਰ ਸਾਰੇ ਜ਼ਿਲ੍ਹੇ ਨੂੰ ਸਿੰਜਦੀ ਹੈ। ਇਸ ਤੋਂ ਇਲਾਵਾ ਖੂਹ, ਤਲਾਬ ਅਤੇ ਝੀਲਾਂ ਦੁਆਰਾ ਵੀ ਸਿੰਜਾਈ ਕੀਤੀ ਜਾਂਦੀ ਹੈ। ਉਦਯੋਗਕ ਪੱਖੋਂ ਇਹ ਉੱਤਰ ਪ੍ਰਦੇਸ਼ ਦਾ ਸਭ ਤੋਂ ਮਹੱਤਵਪੂਰਨ ਜ਼ਿਲ੍ਹਾ ਹੈ। ਵਧੇਰੇ ਕਾਰਖਾਨੇ ਕਾਨਪੁਰ ਸ਼ਹਿਰ ਵਿਚ ਹੀ ਸਥਾਪਤ ਹਨ। ਕਪਾਹ ਕੱਤਣ ਅਤੇ ਬੁਣਨ, ਚਮੜੇ ਨੂੰ ਕਮਾਉਣਾ ਅਤੇ ਚਮੜੇ ਦੀਆਂ ਚੀਜ਼ਾਂ ਤਿਆਰ ਕਰਨਾ ਇਥੋਂ ਦੇ ਮੁੱਖ ਉਦਯੋਗ ਹਨ।

ਜ਼ਿਲ੍ਹੇ ਦਾ ਵਪਾਰ ਕਾਨਪੁਰ ਸ਼ਹਿਰ ਵਿਚ ਹੀ ਕੇਂਦਰਤ ਹੈ। ਕਾਨਪੁਰ ਅੱਪਰ ਇੰਡੀਆ ਦੀ ਸਭ ਤੋਂ ਵੱਡੀ ਵਪਾਰਕ ਮੰਡੀ ਹੈ ਅਤੇ ਇਥੋਂ ਦੀਆਂ ਬਣੀਆਂ ਹੋਈਆਂ ਵਸਤਾਂ ਦੇਸ਼ ਦੇ ਸਾਰੇ ਭਾਗਾਂ ਅਤੇ ਕੁਝ ਵਸਤਾਂ ਬਾਹਰਲੇ ਮੁਲਕਾਂ ਨੂੰ ਭੇਜੀਆਂ ਜਾਂਦੀਆਂ ਹਨ। ਅਨਾਜ, ਦਾਲਾਂ, ਤੇਲ ਦੇ ਬੀਜ ਅਤੇ ਖੰਡ ਇਥੋਂ ਬਾਹਰ ਭੇਜੇ ਜਾਂਦੇ ਹਨ। ਕਪਾਹ, ਲੂਣ, ਸ਼ੋਰਾ, ਧਾਤਾਂ ਨੇੜੇ ਦੇ ਜ਼ਿਲ੍ਹਿਆਂ ਵਿਚ ਵੰਡਣ ਲਈ ਬਾਹਰੋਂ ਮੰਗਵਾਈਆਂ ਜਾਂਦੀਆਂ ਹਨ।

ਕਾਨਪੁਰ, ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਬਿਠੂਰ, ਇਕ ਉੱਜੜਿਆ ਹੋਇਆ ਕਸਬਾ, ਹਿੰਦੂਆਂ ਦਾ ਇਕ ਪਵਿੱਤਰ ਅਸਥਾਨ ਹੈ। ਛੇਵੀਂ ਅਤੇ ਸੱਤਵੀਂ ਸਦੀ ਦੌਰਾਨ ਬਣੇ ਮੰਦਰ, ਅੱਜ ਵੀ ਇਸ ਜ਼ਿਲ੍ਹੇ ਵਿਚ ਮੌਜੂਦ ਹਨ।

ਹ. ਪੁ.—ਇੰਪ. ਗ. ਇੰਡ 9 : 306; ਹਿੰ. ਵਿ. ਕੋ. 2 : 449

**ਕਾਨਪੁਰ :** ਸ਼ਹਿਰ—ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿਚ ਇਹ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਲਖਨਊ ਦੇ ਦੱਖਣ-ਪੱਛਮ ਵਿਚ ਗੰਗਾ ਦਰਿਆ ਉੱਤੇ ਸਥਿਤ ਹੈ । ਇਹ ਉੱਤਰ ਪ੍ਰਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਭਾਰਤ ਦੇ ਵੱਡਿਆਂ ਸ਼ਹਿਰਾਂ ਵਿਚੋਂ ਇਕ ਹੈ । ਸ਼ਹਿਰ ਦਾ ਕੁਲ ਰਕਬਾ 262 ਵ. ਕਿ. ਮੀ. ਹੈ । ਸ਼ਹਿਰ ਦੀ ਉਤਪਤੀ ਸਬੰਧੀ ਕਈ ਕਹਾਵਤਾਂ ਪ੍ਰਚਲਤ ਹਨ ਪਰ ਕਾਨਪੁਰ ਪਿੰਡ, ਜਿਸਦਾ ਸਹੀ ਨਾਂ ਕਾਨਪੁਰ ਜਾਂ ਕਨ੍ਹਈਆਪੁਰ ਮੰਨਿਆ ਜਾਂਦਾ ਹੈ ਅਤੇ ਜਿਸ ਨੂੰ ਹੁਣ ਪੁਰਾਣਾ 'ਕਾਨਪੁਰ' ਕਿਹਾ ਜਾਂਦਾ ਹੈ ਕਿੰਨਾ ਪੁਰਾਣਾ ਹੈ, ਇਸ ਬਾਰੇ ਕੋਈ ਪਤਾ ਨਹੀਂ ਲਗਦਾ । ਸ਼ਹਿਰ ਦੀ ਹੋਂਦ ਦਾ ਸਚੇਂਦੀ ਦੇ ਰਾਜਾ ਹਿੰਦੂ ਸਿੰਘ ਨਾਲ, ਜਾਂ ਮਹਾਭਾਰਤ ਕਾਲ ਦੇ ਵੀਰ ਕਾਲ ਦੇ ਨਾਲ ਸਬੰਧਤ ਹੋਣਾ ਭਾਵੇਂ ਸ਼ੰਕਾਜਨਕ ਹੈ ਪਰ ਇੰਨੀ ਗੱਲ ਮੰਨੀ ਜਾਂਦੀ ਹੈ ਕਿ ਅਵਧ ਦੇ ਨਵਾਬਾਂ ਦੇ ਰਾਜ ਕਾਲ ਦੇ ਅਖੀਰਲੇ ਪੜਾਅ ਵਿਚ ਇਹ ਸ਼ਹਿਰ ਕਾਨਪੁਰ, ਪਟਕਾਪੁਰ, ਕੁਰਸਵਾਂ, ਜੂਹੀ ਅਤੇ ਸੀਸਾਮਊ ਦੇ ਪਿੰਡਾਂ ਨੂੰ ਮਿਲਾਉਣ ਨਾਲ ਹੋਂਦ ਵਿਚ ਆਇਆ ਹੈ । ਗਵਾਂਢੀ ਪ੍ਰਦੇਸ਼ ਦੇ ਨਾਲ ਹੀ ਇਸ ਸ਼ਹਿਰ ਦਾ ਸ਼ਾਸਨ ਵੀ ਪਹਿਲੇ ਕਨੌਜ ਅਤੇ ਕਾਲਪੀ ਦੇ ਸ਼ਾਸਕਾਂ ਅਤੇ ਬਾਅਦ ਵਿਚ ਮੁਸਲਮਾਨ ਸ਼ਾਸਕਾਂ ਦੇ ਹੱਥਾਂ ਵਿਚ ਰਿਹਾ । ਅਠ੍ਹਾਰਵੀਂ ਸਦੀ ਵਿਚ ਇਹ ਕੇਵਲ ਇਕ ਪਿੰਡ ਹੀ ਸੀ ਅਤੇ ਇਹ ਕਨ੍ਹਈਆਪੁਰ ਜਾਂ ਕਾਨਪੁਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਇਸੇ ਹੀ ਨਾਂ ਤੋਂ ਸ਼ਹਿਰ ਦਾ ਅਜੋਕਾ ਨਾਂ ਪਿਆ । 1764-65 ਈ. ਵਿਚ ਬਕਸਰ ਅਤੇ ਜਾਜਮਊ ਦੇ ਸਥਾਨਾਂ ਤੇ ਅੰਗਰੇਜ਼ਾਂ ਦੀ ਜਿੱਤ ਹੋਈ । ਸੰਨ 1773 ਵਿਚ ਅੰਗਰੇਜ਼ਾਂ ਅਤੇ ਅਵਧ ਦੇ ਨਵਾਬ ਵਜ਼ੀਰ ਸ਼ੁਜਾ-ਉਦ-ਦੌਲਾ ਵਿਚਕਾਰ ਫ਼ੈਜ਼ਾਬਾਦ ਦੇ ਸਥਾਨ ਉੱਤੇ ਸੰਧੀ ਹੋਈ । ਸੰਧੀ ਅਨੁਸਾਰ ਨਵਾਬ ਵਜ਼ੀਰ ਨੇ ਅੰਗਰੇਜ਼ਾਂ ਨੂੰ ਆਪਣੇ ਇਲਾਕਿਆਂ ਵਿਚੋਂ, ਫੌਜਾਂ ਸਮੇਤ ਦੋ ਥਾਂਵਾਂ ਮੱਲਣ ਦੀ ਇਜਾਜ਼ਤ ਦੇ ਦਿਤੀ । ਪਹਿਲੀ ਵਾਰ ਫ਼ਤਿਹਗੜ੍ਹ ਅਤੇ ਹਰਦੋਈ ਜ਼ਿਲ੍ਹੇ ਦੀ ਇਕ ਥਾਂ ਚੁਣੀ ਗਈ ਪਰ ਸੰਨ 1778 ਵਿਚ ਹਰਦੋਈ ਜ਼ਿਲ੍ਹੇ ਵਿਚੋਂ ਫੌਜਾਂ ਚਲਕੇ ਕਾਨਪੁਰ ਆ ਗਈਆਂ । ਸੰਨ 1778 ਵਿਚ ਕਾਨਪੁਰ ਵਿਖੇ ਅੰਗਰੇਜ਼ੀ ਛਾਉਣੀ ਸਥਾਪਤ ਕਰ ਦਿਤੀ ਗਈ । ਸੰਨ 1801 ਵਿਚ ਨਵਾਬ ਨੇ ਹੋਰਨਾਂ ਇਲਾਕਿਆਂ ਦੇ ਨਾਲ ਹੀ ਕਾਨਪੁਰ ਜ਼ਿਲ੍ਹਾ ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ ।

ਗੰਗਾ ਦੇ ਤੱਟ ਉਤੇ ਸਥਿਤ ਹੋਣ ਕਾਰਨ ਇਥੇ ਆਵਾਜਾਈ ਅਤੇ ਉਦਯੋਗਕ ਧੰਦਿਆਂ ਦੇ ਉੱਨਤ ਹੋਣ ਦੀਆਂ ਕਾਫ਼ੀ ਸਹੂਲਤਾਂ ਸਨ । ਇਸੇ ਕਰਕੇ ਅੰਗਰੇਜ਼ਾਂ ਨੇ ਇਥੇ ਉਦਯੋਗ ਸਥਾਪਤ ਕੀਤੇ ਅਤੇ ਸ਼ਹਿਰ ਦੇ ਵਿਕਾਸ ਦਾ ਆਰੰਭ ਹੋਇਆ । ਸਭ ਤੋਂ ਪਹਿਲਾਂ ਈਸਟ ਇੰਡੀਆ ਕੰਪਨੀ ਨੇ ਇਥੇ ਨੀਲ ਦੇ ਕਿੱਤੇ ਦਾ ਆਰੰਭ ਕੀਤਾ । ਸੰਨ 1832 ਵਿਚ ਜਰਨੈਲੀ ਸੜਕ ਦੇ ਬਣ ਜਾਣ ਨਾਲ ਇਹ ਸ਼ਹਿਰ ਅਲਾਹਾਬਾਦ ਨਾਲ ਜੁੜ ਗਿਆ । ਸੰਨ 1864 ਵਿਚ ਇਹ ਲਖਨਊ, ਕੱਲਪੀ ਆਦਿ ਮੁੱਖ ਸਥਾਨਾਂ ਨਾਲ ਸੜਕਾਂ ਦੁਆਰਾ ਜੋੜ ਦਿਤਾ ਗਿਆ । ਅੱਪਰ ਗੰਗਾ ਨਹਿਰ ਦਾ ਨਿਰਮਾਣ ਵੀ ਹੋ ਗਿਆ । ਆਵਾਜਾਈ ਦੇ ਇਸ ਵਿਕਾਸ ਕਰਕੇ ਸ਼ਹਿਰ ਦਾ ਵਪਾਰ ਤੇਜ਼ੀ ਨਾਲ ਵਧਿਆ ।

ਸ਼ਾਂਤੀ ਹੋਣ ਉਪਰੰਤ ਵਿਦਰੋਹੀਆਂ ਨੂੰ ਕੰਮ ਦੇ ਕੇ ਕਾਰੇ ਲਾਈ ਰੱਖਣ ਲਈ ਪੇਸ਼ਾਵਰਾਨਾ ਦ੍ਰਿਸ਼ਟੀ ਤੋਂ ਸ਼ਹਿਰ ਦੀ ਉਪਯੋਗੀ ਸਥਿਤੀ ਦਾ ਲਾਭ ਉਠਾਉਣ ਲਈ ਇਥੋਂ ਉਦਯੋਗ-ਧੰਦਿਆਂ ਦਾ ਵਿਕਾਸ ਤੇਜ਼ ਰਫਤਾਰ ਨਾਲ ਆਰੰਭਿਆ ਗਿਆ । 1859 ਈ. ਵਿਚ ਇਥੇ ਰੇਲਵੇ ਲਾਈਨ ਬਣਾਈ ਗਈ । ਇਸ ਤੋਂ ਪਿਛੋਂ ਛਾਉਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਚਮੜੇ ਦਾ ਸਰਕਾਰੀ ਕਾਰਖਾਨਾ ਲਾਇਆ ਗਿਆ । 1861 ਵਿਚ ਇਥੇ ਸੂਤੀ ਕਪੜੇ ਦੀ ਪਹਿਲੀ ਮਿੱਲ ਸਥਾਪਤ ਹੋਈ । ਰੇਲਵੇ ਦੇ ਪ੍ਰਸਾਰ ਨਾਲ ਹੌਲੀ ਹੌਲੀ ਨਵੇਂ ਕਾਰਖਾਨੇ ਸਥਾਪਤ ਹੁੰਦੇ ਗਏ । ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸ਼ਹਿਰ ਦਾ ਵਿਕਾਸ ਬੜੀ ਤੇਜ਼ੀ ਨਾਲ ਹੋਇਆ । ਇਥੇ ਮੁੱਖ ਤੌਰ ਤੇ ਵੱਡੇ ਪੈਮਾਨੇ ਦੇ ਉਦਯੋਗਾਂ ਵਿਚੋਂ ਸੂਤੀ ਕਪੜੇ ਦਾ ਉਦਯੋਗ ਪ੍ਰਧਾਨ ਹੈ । ਇਹ ਸ਼ਹਿਰ ਚਮੜੇ ਦੇ ਕਾਰੋਬਾਰ ਵਿਚ ਉੱਤਰੀ ਭਾਰਤ ਦਾ ਪ੍ਰਮੁੱਖ ਕੇਂਦਰ ਹੈ । ਊਨੀ ਕੱਪੜੇ ਦੇ ਉਦਯੋਗ ਅਤੇ ਪਟਸਨ ਦੀਆਂ ਦੋ ਮਿੱਲਾਂ ਨੇ ਸ਼ਹਿਰ ਦੀ ਪ੍ਰਸਿੱਧੀ ਨੂੰ ਹੋਰ ਵਧਾਇਆ ਹੈ । ਇਨ੍ਹਾਂ ਵੱਡਿਆਂ ਉਦਯੋਗਾਂ ਤੋਂ ਇਲਾਵਾ ਕਾਨਪੁਰ ਵਿਚ ਛੋਟੇ-ਮੋਟੇ ਬਹੁਤ ਸਾਰੇ ਕਾਰਖਾਨੇ ਹਨ । ਪਲਾਸਟਿਕ ਦਾ ਉਦਯੋਗ, ਇੰਜਨੀਅਰਿੰਗ ਦਾ ਸਾਮਾਨ ਬਣਾਉਣ ਦੇ ਕਾਰਖਾਨੇ, ਸਾਬਣ ਬਣਾਉਣ ਦਾ ਧੰਦਾ, ਆਟੇ ਦੀਆਂ ਮਿੱਲਾਂ, ਸ਼ੀਸ਼ੇ ਦਾ ਸਾਮਾਨ ਤਿਆਰ ਕਰਨ ਦੇ ਕਾਰਖਾਨੇ ਅਤੇ ਬਿਸਕੁਟ ਆਦਿ ਬਣਾਉਣ ਦੇ ਕਾਰਖਾਨੇ ਪੂਰੇ ਸ਼ਹਿਰ ਵਿਚ ਫੈਲੇ ਹੋਏ ਹਨ । ਸੂਤੀ ਕੱਪੜੇ ਦੀਆਂ 16 ਮਿੱਲਾਂ ਅਤੇ ਗਰਮ ਕੱਪੜੇ ਦੀਆਂ 2 ਮਿੱਲਾਂ ਤੋਂ ਇਲਾਵਾ ਇਥੇ ਆਧੁਨਿਕ ਯੁੱਗ ਦੇ ਲਗਭਗ ਸਭ ਤਰ੍ਹਾਂ ਦੇ ਛੋਟੇ ਅਤੇ ਵੱਡੇ ਉਦਯੋਗ ਹਨ । ਟੈਨਰੀ ਐਂਡ ਫੁੱਟਵੀਅਰ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ ਅਤੇ ਆਰਟੀਫੀਸ਼ਲ ਲਿੰਬਜ਼ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ ਵੀ ਇਥੇ ਹੀ ਸਥਾਪਤ ਹਨ ।

ਸ਼ਹਿਰ ਦਾ ਆਕਾਰ ਇਕ ਚਤਰਭੁਜ ਵਾਂਗ ਹੈ ਜਿਸਦਾ ਇਕ ਵੱਡਾ ਪਾਸਾ ਗੰਗਾ ਨਦੀ ਦਾ ਸੱਜਾ ਕੰਢਾ ਹੈ । ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਵੀ ਇਥੇ ਨਗਰਪਾਲਿਕਾ ਦੁਆਰਾ ਹੀ ਪ੍ਰਬੰਧ ਹੁੰਦਾ ਰਿਹਾ ਹੈ । ਸੰਨ 1943 ਵਿਚ ਸ਼ਹਿਰ ਦੀਆਂ ਵਧਦੀਆਂ ਹੋਈਆਂ ਲੋੜਾਂ ਨੂੰ ਮੁਖ ਰੱਖਦੇ ਹੋਏ ਇੰਪਰੂਵਮੈਂਟ ਟਰੱਸਟ ਸਥਾਪਤ ਕੀਤਾ ਗਿਆ ਜਿਸ ਨੇ ਇਸ ਸ਼ਹਿਰ ਦਾ ਵਿਸਥਾਰ ਤੇ ਵਿਕਾਸ ਬੜੇ ਸੁਚੱਜੇ ਢੰਗ ਨਾਲ ਇਕ ਤਰਤੀਬ ਵਿਚ ਕੀਤਾ ।

ਸ਼ਹਿਰ ਦੇ ਵਿਸਥਾਰ ਦੇ ਫਲਸਰੂਪ ਆਜ਼ਾਦ ਨਗਰ, ਕਿਦਵਈ ਨਗਰ, ਅਸ਼ੋਕ ਨਗਰ, ਸੀਸਾਮਊ, ਕਾਕਾਦੇਵ ਆਦਿ ਬਾਹਰਲੇ ਖੇਤਰਾਂ ਦਾ ਯੋਜਨਾ-ਬੱਧ ਵਿਕਾਸ ਹੋਇਆ ਹੈ । ਸ਼ਹਿਰ ਦੇ ਵਿਚੋਂ ਦੀ ਲੰਘਦੀ ਜੀ. ਟੀ. ਰੋਡ ਇਥੋਂ ਦੀ ਆਵਾਜਾਈ ਦੀ ਰੀੜ੍ਹ ਦੀ ਹੱਡੀ ਕਹਾਉਂਦੀ ਹੈ।

ਯੋਜਨਾ ਦੇ ਫਲਸਰੂਪ ਸ਼ਹਿਰ ਦੇ ਮੱਧ ਖੇਤਰ ਦੇ ਸੁਧਾਰ ਲਈ ਯੋਜਨਾ ਬੱਧ ਬਾਜ਼ਾਰਾਂ, ਉਦਯੋਗਿਕ ਖੇਤਰਾਂ ਅਤੇ ਰਿਹਾਇਸ਼ੀ ਖੇਤਰਾਂ ਦਾ ਚੋਖਾ ਵਿਕਾਸ ਹੋਇਆ ਹੈ । ਇਹ ਸ਼ਹਿਰ ਉੱਤਰੀ ਰੇਲਵੇ ਦਾ ਭਾਰੀ ਜੰਕਸ਼ਨ ਬਣ ਗਿਆ ਹੈ । ਸ਼ਹਿਰ ਦਾ ਸਬੰਧ ਦੇਸ਼ ਦੇ ਸਾਰੇ ਹਿੱਸਿਆਂ ਨਾਲ ਹੈ ਅਤੇ ਅਜੋਕੇ ਯੁੱਗ ਦੀਆਂ ਸਾਰੀਆਂ ਸਹੂਲਤਾਂ ਇਥੇ ਮੌਜੂਦ ਹਨ ।

ਇਥੇ ਇਕ ਯੂਨੀਵਰਸਿਟੀ, ਡਾਕਟਰੀ, ਕਾਨੂੰਨ, ਖੇਤੀਬਾੜੀ ਦੇ ਕਾਲਜ, ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਅਤੇ ਇਕ ਸਰਕਾਰੀ ਪ੍ਰਯੋਗਾਤਮਕ ਫ਼ਾਰਮ ਹੈ । ਹਿੰਦੂਆਂ ਦਾ ਸ਼ੀਸ਼ੇ ਦਾ ਮੰਦਰ ਅਤੇ ਕਮਲਾ ਰਿਟਰੀਟ ਅਤੇ ਝੀਲ ਉਤੇ ਬਣਿਆ ਇਕ ਰੈਸਟ ਹਾਊਸ ਸ਼ਹਿਰ ਦੀਆਂ ਪ੍ਰਸਿੱਧ ਇਮਾਰਤਾਂ ਹਨ । ਸ਼ਹਿਰ ਦੇ ਨੇੜੇ ਹੀ ਇਕ ਹਵਾਈ ਅੱਡਾ ਹੈ ।

ਆਬਾਦੀ—17,82,665 (1981)

26° 28′ ਉ. ਵਿਥ.; 80° 20′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 2 : 448

**ਕਾਨਪੁਰ :** ਛਾਉਣੀ—ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਇਸੇ ਹੀ ਨਾਂ ਦੇ ਸ਼ਹਿਰ ਵਿਚ ਇਕ ਛਾਉਣੀ ਹੈ । ਸੰਨ 1778 ਵਿਚ ਅੰਗਰੇਜ਼ੀ ਛਾਉਣੀ ਬਿਲਗ੍ਰਾਮ ਦੇ ਨੇੜੇ ਫੈਜ਼ਪੁਰ 'ਕੰਪੂ' ਨਾਮੀ ਸਥਾਨ ਤੋਂ ਹਟ ਕੇ ਕਾਨਪੁਰ ਆ ਗਈ । ਛਾਉਣੀ ਦੇ ਇਸ ਪਰਿਵਰਤਨ ਦਾ ਮੁੱਖ ਕਾਰਨ ਕਾਨਪੁਰ ਦੀ ਪੇਸ਼ਾਵਰਾਨਾ ਉੱਨਤੀ ਸੀ ਜਿਸਦੇ ਨਾਲ ਨਾਲ ਇਸ ਗੱਲ ਦੀ ਵਿਸ਼ੇਸ਼ ਲੋੜ ਮਹਿਸੂਸ ਹੋਣ ਲੱਗੀ ਕਿ ਯੂਰਪੀ ਵਪਾਰੀਆਂ ਅਤੇ ਉਨ੍ਹਾਂ ਦੀਆਂ ਦੁਕਾਨਾਂ ਅਤੇ ਗੁਦਾਮਾਂ ਦੀ ਰਖਿਆ ਲਈ ਇਥੇ ਫ਼ੌਜ ਰੱਖੀ ਜਾਵੇ । ਅੰਗਰੇਜ਼ ਫ਼ੌਜ ਪਹਿਲਾਂ ਜੂਹੀ, ਫਿਰ ਅਜੋਕੀ ਛਾਉਣੀ ਵਿਚ ਆ ਵਸੀ । ਕਾਨਪੁਰ ਦੀ ਛਾਉਣੀ ਵਿਚ ਪੁਰਾਣੇ ਕਾਨਪੁਰ ਦੀ ਹੱਦ ਤੋਂ ਲੈ ਕੇ ਜਾਜਮਊ ਦੀ ਹੱਦ ਤਕ ਦਾ ਵਿਚਕਾਰਲਾ ਲਗਭਗ

ਸਾਰਾ ਭਾਗ ਸ਼ਾਮਲ ਸੀ। ਕਾਨਪੁਰ ਦੇ ਸੰਨ 1840 ਦੇ ਨਕਸ਼ ਤੋਂ ਪਤਾ ਲਗਦਾ ਹੈ ਕਿ ਉੱਤਰ ਵਲ ਪੁਰਾਣੇ ਕਾਨਪੁਰ ਦੀ ਪੂਰਬੀ ਹੱਦ ਤੋਂ ਜਾਜਮਊ ਤੀਕ ਗੰਗਾ ਦੇ ਕੰਢੇ-ਕੰਢੇ ਛਾਉਣੀ ਦੀ ਹੱਦ ਚਲੀ ਗਈ ਸੀ। ਪੱਛਮ ਵਿਚ ਇਸ ਛਾਉਣੀ ਦੀ ਹੱਦ ਉੱਤਰ ਤੋਂ ਦੱਖਣ ਵਲ ਨੂੰ ਭੈਰੋਘਾਟ ਤੋਂ ਸੀਸਾਮਾਊ ਤਕ ਚਲੀ ਗਈ ਸੀ। ਇਥੋਂ ਇਹ ਵਰਤਮਾਨ ਮਾਲ ਰੋਡ ਦੇ ਕਿਨਾਰੇ-ਕਿਨਾਰੇ ਪਟਕਾਪੁਰ ਤੀਕ ਚਲੀ ਗਈ ਸੀ। ਫਿਰ ਦੱਖਣ-ਪੱਛਮ ਵਲ ਨੂੰ ਮੁੜ ਕੇ ਕਲੈਕਟਰਗੰਜ ਤੀਕ ਪਹੁੰਚਦੀ ਸੀ। ਉਥੋਂ ਇਹ ਹੱਦ ਸ਼ਹਿਰ ਦੇ ਦੱਖਣੀ ਪੱਛਮੀ ਭਾਗ ਨੂੰ ਘੇਰਦੀ ਹੋਈ ਦਲੇਲਪੁਰਵਾ ਪਹੁੰਚਦੀ ਸੀ ਅਤੇ ਇਥੋਂ ਦੱਖਣ ਵਲ ਨੂੰ ਸਮਾਂਨਾਂਤਰ ਜਾ ਕੇ ਜਾਜਮਊ ਤੋਂ ਆਉਣ ਵਾਲੀ ਪੂਰਬੀ ਹੱਦ ਵਿਚ ਜਾ ਕੇ ਮਿਲ ਜਾਂਦੀ ਸੀ। ਛਾਉਣੀ ਦੇ ਅੰਦਰ ਇਕ ਵਿਸ਼ਾਲ ਅਸਲਾਖ਼ਾਨਾ ਅਤੇ ਯੂਰਪੀਅਨ ਹਸਪਤਾਲ ਸੀ। ਪਰਮਟ ਦੇ ਦੱਖਣ ਵਿਚ ਅੰਗਰੇਜ਼ੀ ਪੈਦਲ ਸੈਨਾ ਦੀ ਬੈਰਕ ਅਤੇ ਪਰੇਡ ਕਰਨ ਦਾ ਮੈਦਾਨ ਸੀ। ਇਸਦੇ ਅਤੇ ਸ਼ਹਿਰ ਦੇ ਵਿਚਕਾਰ ਕਾਲੀ ਪਲਟਨ ਦੀਆਂ ਬੈਰਕਾਂ ਸਨ ਜੋ ਪੱਛਮ ਵਿਚ ਸੂਬੇਦਾਰ ਦੇ ਤਲਾਬ ਤੋਂ ਲੈ ਕੇ ਪੂਰਬ ਵਿਚ ਕ੍ਰਾਈਸਟ ਚਰਚ ਤੀਕ ਫੈਲੀ ਹੋਈ ਸੀ। ਛਾਉਣੀ ਦੇ ਪੂਰਬੀ ਭਾਗ ਵਿਚ ਵੱਡਾ ਤੋਪਖਾਨਾ ਸੀ ਅਤੇ ਇਕ ਅੰਗਰੇਜ਼ੀ ਰਿਸਾਲਾ ਰਹਿੰਦਾ ਸੀ। 1857 ਦੇ ਵਿਦਰੋਹ ਤੋਂ ਬਾਅਦ ਸੀਮਾ ਵਿਚ ਫਿਰ ਪਰਿਵਰਤਨ ਆਇਆ। ਛਾਉਣੀ ਦਾ ਵਧੇਰੇ ਭਾਗ ਨਾਗਰਿਕਾਂ ਨੂੰ ਦੇ ਦਿਤਾ ਗਿਆ। ਇਸ ਵੇਲੇ ਛਾਉਣੀ ਦੀ ਸੀਮਾ ਉੱਤਰ ਵਿਚ ਗੰਗਾ ਨਦੀ, ਦੱਖਣ ਵਿਚ ਜੀ. ਟੀ. ਰੋਡ ਅਤੇ ਪੂਰਬ ਵਿਚ ਜਾਜਮਊ ਹੈ। ਪੱਛਮ ਵਿਚ ਲਖਨਊ ਜਾਣ ਵਾਲੀ ਰੇਲਵੇ ਲਾਈਨ ਦੇ ਕਿਨਾਰੇ ਕਿਨਾਰੇ ਮਾਲ ਰੋਡ ਉਤੇ ਆਉਣ ਵਾਲੇ ਨਹਿਰ ਦੇ ਪੁਲ ਤੋਂ ਹੁੰਦੀ-ਹੋਈ ਫੂਲਬਾਗ ਦੇ ਉੱਤਰ ਵਲੋਂ ਗੰਗਾ ਦੇ ਕਿਨਾਰੇ ਹਾਰਨੈਸ ਫੈਕਟਰੀ ਤੀਕ ਚਲੀ ਗਈ ਹੈ। ਛਾਉਣੀ ਦੇ ਮੁਹੱਲੇ ਸਦਰਬਾਜ਼ਾਰ, ਗੋਰਾਬਾਜ਼ਾਰ, ਲਾਲਕੁਰਤੀ, ਕਛਿਆਣਾ, ਸ਼ੁਤਰਖਾਨਾ, ਦਾਨਾਖੋਰੀ ਆਦਿ ਦੇ ਨਾਂ ਸਾਨੂੰ ਪੁਰਾਣੀ ਛਾਉਣੀ ਦੇ ਰੋਜ਼ਾਨਾ ਜੀਵਨ ਨਾਲ ਸਬੰਧਤ ਵੱਖ- ਵੱਖ ਬਾਜ਼ਾਰਾਂ ਦੀ ਯਾਦ ਦਿਵਾਉਂਦੇ ਹਨ।

ਅੱਜਕੱਲ੍ਹ ਛਾਉਣੀ ਦੀ ਉਹ ਰੌਣਕ ਨਹੀਂ ਹੈ ਜੋ ਪਹਿਲਾਂ ਹੁੰਦੀ ਸੀ। ਉਦੇਸ਼ ਪੂਰੇ ਹੋ ਜਾਣ ਕਾਰਨ ਅੰਗਰੇਜ਼ਾਂ ਦੇ ਰਾਜ-ਕਾਲ ਵਿਚ ਹੀ ਸੈਨਾ ਦਾ ਕੈਂਪ ਤੋੜ ਦਿਤਾ ਗਿਆ ਪਰ ਹੁਣ ਵੀ ਇਥੇ ਕੁਝ ਫ਼ੌਜਾਂ ਰਹਿੰਦੀਆਂ ਹਨ। ਬੈਰਕਾਂ ਵਿਚ ਫਿਰ ਸਨਾਟਾ ਛਾਇਆ ਹੋਇਆ ਹੈ। ਛਾਉਣੀ ਦੀਆਂ ਕਿੰਨੀਆਂ ਹੀ ਬੈਰਕਾਂ ਤਾਂ ਖ਼ਾਲੀ ਪਈਆਂ ਹੋਈਆਂ ਹਨ ਜਾਂ ਉਨ੍ਹਾਂ ਵਿਚ ਸਰਕਾਰੀ ਕਰਮਚਾਰੀ ਕਿਰਾਏ ਤੇ ਰਹਿੰਦੇ ਹਨ। ਮੈਮੋਰੀਅਲ ਚਰਚ, ਕਾਨਪੁਰ ਕਲੱਬ ਅਤੇ ਲਾਟ ਸਾਹਿਬ ਦੀ ਕੋਠੀ (ਸਰਕਟ ਹਾਊਸ) ਦੇ ਕਾਰਨ ਇਥੋਂ ਦੀ ਕੁਝ ਰੌਣਕ ਬਣੀ ਹੋਈ ਹੈ। ਛਾਉਣੀ ਦਾ ਪ੍ਰਬੰਧ ਕੈਨਟੋਨਮੈਂਟ ਬੋਰਡ ਦੇ ਸਪੁਰਦ ਹੈ ਜਿਸਦੇ ਕੁਝ ਚੁਣੇ ਹੋਏ ਮੈਂਬਰ ਹੁੰਦੇ ਹਨ।

ਹ. ਪੁ.—ਹਿੰ. ਵਿ. ਕੋ. 2 : 449

**ਕੱਨਫੈਡਰੇਸ਼ਨ :** ਮੂਲਰੂਪ ਵਿਚ ਇਹ ਸ਼ਬਦ ਲੋਕਾਂ ਦੀ ਕਿਸੇ ਲੀਗ ਜਾਂ ਯੂਨੀਅਨ ਜਾਂ ਲੋਕਾਂ ਦੀਆਂ ਸੰਸਥਾਵਾਂ ਲਈ ਵਰਤਿਆ ਜਾਂਦਾ ਸੀ। ਅੱਜਕੱਲ੍ਹ ਦੀ ਰਾਜਨੀਤੀ ਵਿਚ ਇਹ ਸ਼ਬਦ ਪ੍ਰਭੁਤਾਧਾਰੀ ਸਟੇਟਾਂ ਦੀ ਕਿਸੇ ਯੂਨੀਅਨ ਤਕ ਹੀ ਸੀਮਤ ਰਹਿ ਗਿਆ ਹੈ ਜਿਹੜੀ ਕਿ ਕੁਝ ਸਾਂਝੇ ਮੰਤਵਾਂ ਲਈ ਬਣਾਈ ਜਾਂਦੀ ਹੈ ਜਿਵੇਂ-1815 ਵਿਚ ਵੀਆਨਾ ਦੀ ਕਾਂਗਰਸ ਦੁਆਰਾ ਕਾਇਮ ਕੀਤੀ ਗਈ ਜਰਮਨ ਕਾਨਫੈਡਰੇਸ਼ਨ। ਕਾਨਫੈਡਰੇਸ਼ਨ ਅਤੇ ਫੈਡਰੇਸ਼ਨ ਦੇ ਮੂਲ ਰੂਪ ਵਿਚ ਇਕੋ ਹੀ ਅਰਥ ਹਨ ਪਰ ਇਨ੍ਹਾਂ ਦੀ ਵਿਲੱਖਣਤਾ ਦਾ ਵਿਕਾਸ ਸੰਯੁਕਤ ਰਾਜ ਅਮਰੀਕਾ ਦੀ ਰਾਜਨੀਤਕ ਸ਼ਬਦਾਵਲੀ ਵਿਚ ਹੋ ਚੁੱਕਾ ਹੈ। 1789 ਤਕ ਸੰਯੁਕਤ ਰਾਜ ਅਮਰੀਕਾ ਇਕ ਕਾਨਫੈਡਰੇਸ਼ਨ ਸੀ, ਫਿਰ ਸ਼ਬਦ ਫੈਡਰੇਸ਼ਨ ਜਾਂ ਫੈਡਰਲ ਰੀਪਬਲਿਕ ਸ਼ਾਮਲ ਕੀਤਾ ਗਿਆ ਜਿਸਦਾ ਮਤਲਬ ਨੇੜੇ ਦੀ ਯੂਨੀਅਨ ਸੀ। ਉੱਤਰ ਅਤੇ ਦੱਖਣ ਵਿਚਕਾਰ ਖਾਨਾਜੰਗੀ ਸਮੇਂ ਇਸ ਵਿਲੱਖਣਤਾ ਉਪਰ ਜ਼ੋਰ ਦਿਤਾ ਗਿਆ। ਜਿਹੜੀਆਂ ਸਟੇਟਾਂ ਅੱਡ ਹੋ ਗਈਆਂ, ਉਨ੍ਹਾਂ ਨੇ ਫੈਡਰਲ ਯੂਨੀਅਨ ਦੀ ਵਿਰੋਧਤਾ ਵਿਚ ਇਕ ਕਾਨਫੈਡਰੇਸ਼ਨ ਬਣਾ ਲਈ। ਇਸ ਤਰ੍ਹਾਂ ਕਾਨਫੈਡਰੇਸ਼ਨ ਦਾ ਮਤਲਬ ਪ੍ਰਭੁਤਾਧਾਰੀ ਸਟੇਟਾਂ ਦੀ ਇਕ ਯੂਨੀਅਨ ਸੀ, ਇਸ ਵਿਚ ਹਰ ਇਕ ਸੰਵਿਧਾਨੀ ਸੰਸਥਾ ਦੀ ਪ੍ਰਭੁਤਾ ਆਜ਼ਾਦੀ ਉਪਰ ਜ਼ੋਰ ਦਿਤਾ ਗਿਆ ਹੈ। ਫੈਡਰੇਸ਼ਨ ਦਾ ਮਤਲਬ ਸਟੇਟਾਂ ਦੀ ਇਕ ਯੂਨੀਅਨ ਹੈ ਜਿਸ ਵਿਚ ਸਾਂਝੀ ਸਰਕਾਰ ਦੀ ਸਰਬ-ਉਚਤਾ ਉਪਰ ਜ਼ੋਰ ਦਿਤਾ ਜਾਂਦਾ ਹੈ। ਇਹ ਵਿਲੱਖਣਤਾ ਸਾਰੇ ਨਹੀਂ ਪਾਈ ਜਾਂਦੀ। ਇਕ ਹੋਰ ਰੂਪ 'ਕਾਨਫੈਡਰੇਸੀ' ਹੈ ਜੋ ਐਂਗਲੋ ਫਰਾਂਸੀਸੀ 'Confederacie' ਵਿਚੋਂ ਨਿਕਲਿਆ ਹੈ। ਆਮ ਕਰਕੇ ਇਸਦਾ ਅਰਥ ਸਟੇਟਾਂ ਜਾਂ ਵਿਅਕਤੀਗਤਾਂ ਦੀ ਲੀਗ ਜਾਂ ਯੂਨੀਅਨ ਹੁੰਦਾ ਹੈ। ਇਹ ਸ਼ਬਦ ਅਮਰੀਕਾ ਵਿੱਚ ਅੱਡ ਹੋਈਆਂ ਦੱਖਣੀ ਸਟੇਟਾਂ ਲਈ ਕਾਨਫੈਡਰੇਸ਼ਨ ਦੇ ਮਤਲਬ ਲਈ ਵਰਤਿਆ ਜਾਂਦਾ ਸੀ। ਕੁਝ ਮੰਤਵਾਂ ਲਈ ਕਾਨਫੈਡਰੇਸੀ ਦਾ ਮਤਲਬ ਆਜ਼ਾਦ ਸਟੇਟਾਂ ਦੀ ਇਕ ਆਰਜ਼ੀ ਲੀਗ ਹੁੰਦਾ ਹੈ। ਵਿਅਕਤੀਗਤਾਂ ਲਈ ਕਾਨਫੈਡਰੇਸੀ ਦੀ ਆਮ ਕਰਕੇ ਉਦੋਂ ਵਰਤੋਂ ਕੀਤੀ ਜਾਂਦੀ ਹੈ ਜਦੋਂ ਨਜਾਇਜ਼ ਮੰਤਵਾਂ ਲਈ ਉਨ੍ਹਾਂ ਦੇ ਇਕ ਗੁਪਤ ਮੇਲ-ਜੋਲ ਬਾਰੇ ਬਿਆਨ ਕਰਨਾ ਹੁੰਦਾ ਹੈ। ਵਪਾਰਕ ਯੂਨੀਅਨ ਦੀ ਸ਼ਬਦਾਬਲੀ ਵਿਚ ਫੈਡਰੇਸ਼ਨ ਖ਼ੁਦਮੁਖ਼ਤਾਰ ਯੂਨੀਅਨਾਂ ਦਾ ਇਕ ਗਠਜੋੜ ਹੁੰਦਾ ਹੈ ਜਦੋਂ ਕਿ ਕਾਨਫੈਡਰੇਸ਼ਨ ਇਕ ਸੰਸਥਾ ਹੁੰਦੀ ਹੈ ਜਿਸਨੂੰ ਸੰਵਿਧਾਨਕ ਯੂਨੀਅਨਾਂ ਆਪਣੇ ਬਹੁਤ ਸਾਰੇ ਅਧਿਕਾਰ ਸੰਭਾਲ ਦਿੰਦੀਆਂ ਹਨ।

ਹ. ਪੁ.—ਐਨ. ਬ੍ਰਿ. 6 : 289

**ਕਾਨਬ੍ਰੇਅ ਕੈਮਬ੍ਰੇਅ :** ਉੱਤਰ-ਪੂਰਬੀ ਫ਼ਰਾਂਸ ਦਾ ਇਹ ਇਕ ਸ਼ਹਿਰ ਅਤੇ ਨਾਰ ਡਿਪਾਰਟਮੈਂਟ ਦੇ ਅਰਾਨਡਿਸਮੈਂਟ (ਡਿਪਾਰਟਮੈਂਟ ਦਾ ਸਭ ਤੋਂ ਵੱਡਾ ਉਪ-ਮੰਡਲ) ਦਾ ਸਦਰ-ਮੁਕਾਮ ਹੈ ਜੋ ਲੀਲ ਤੋਂ ਕੋਈ 60 ਕਿ. ਮੀ. ਦੱਖਣ-ਪੂਰਬ ਵਲ ਐਸਕਾਟ ਦਰਿਆ ਤੇ ਵਾਕਿਆ ਹੈ। ਪਹਿਲੇ ਮਹਾਂ ਯੁੱਧ (1914-1918) ਸਮੇਂ ਸ਼ਹਿਰ ਤੇ ਜਰਮਨੀ ਦਾ ਕਬਜ਼ਾ ਹੋ ਗਿਆ ਅਤੇ ਯੁੱਧ ਕਾਰਨ ਸ਼ਹਿਰ ਦਾ ਭਾਰੀ ਨੁਕਸਾਨ ਹੋਇਆ। ਦੂਜੇ ਮਹਾਂ ਯੁੱਧ ਸਮੇਂ ਵੀ ਇਸ ਉਤੇ ਜਰਮਨੀ ਦਾ ਹੀ ਅਧਿਕਾਰ ਸੀ। ਉਸ ਸਮੇਂ (1944) ਫਿਰ ਬੰਬਾਰੀ ਨਾਲ ਸ਼ਹਿਰ ਦਾ ਬਹੁਤ ਨੁਕਸਾਨ ਹੋਇਆ। ਫ਼ਰਾਂਸ ਦੀ ਕ੍ਰਾਂਤੀ ਸਮੇਂ ਪੁਰਾਣਾ ਵੱਡਾ ਗਿਰਜਾ ਅਤੇ ਕਈ ਪੁਰਾਣੀਆਂ ਇਮਾਰਤਾਂ ਵੀ ਤਬਾਹ ਹੋ ਗਈਆਂ। ਸੰਨ 1914 ਤੋਂ ਪਹਿਲਾਂ ਇਹ ਇਕ ਬਹੁਤ ਉੱਨਤ ਸ਼ਹਿਰ ਹੁੰਦਾ ਸੀ ਅਤੇ ਇਥੇ ਬਹੁਤ ਵਧੀਆ ਕਿਸਮ ਦਾ ਕੱਪੜਾ ਬਣਾਉਣ ਦੇ ਕਾਰਖਾਨੇ ਸਨ। ਇਸ ਤੋਂ ਇਲਾਵਾ ਇਥੇ ਉੱਨ ਵੇਲਣ, ਕੱਤਣ ਅਤੇ ਰੰਗਣ ਦਾ ਕੰਮ ਵੀ ਬਹੁਤ ਹੁੰਦਾ ਹੈ।

ਸ਼ਹਿਰ ਡਿਸਟ੍ਰਿਕਟ ਦੀ ਜ਼ਰਾਇਤੀ ਉਪਜ ਦਾ ਚੰਗਾ ਖੇਤਰ ਹੈ। ਇਥੇ ਪਸ਼ੂ ਵੀ ਪਾਲੇ ਜਾਂਦੇ ਹਨ। ਚਕੰਦਰ, ਅਨਾਜ, ਚਾਰਾ, ਸਣ ਉਗਾਏ ਜਾਂਦੇ ਹਨ। ਇਥੋਂ ਦੇ ਉਦਯੋਗ ਵੀ ਜ਼ਰਾਇਤੀ ਉਪਜਾਂ ਨਾਲ ਹੀ ਸਬੰਧਤ ਹਨ। ਇਤਿਹਾਸਕ ਪੱਖ ਤੋਂ ਵੀ ਸ਼ਹਿਰ ਦੀ ਕਾਫ਼ੀ ਮਹੱਤਤਾ ਹੈ।

ਆਬਾਦੀ—37,290

50° 10′ ਉ. ਵਿਥ.; 3° 14′ ਪੂ. ਲੰਬ.

ਹ. ਪੁ.—ਐਨ. ਬ੍ਰਿ.. 4 : 683; ਐਨ. ਬ੍ਰਿ. ਮਾ. 2 : 474

**ਕਾਨਬਾਸੇਰੈੱਸ :** ਫ਼ਰਾਂਸ ਦਾ ਇਹ ਇਕ ਪ੍ਰਸਿੱਧ ਸਿਆਸਤਦਾਨ ਅਤੇ ਕਾਨੂੰਨਦਾਨ ਸੀ। ਇਸ ਦਾ ਪੂਰਾ ਨਾਂ ਜੀਨ ਜ਼ਾਕਸ ਰੇਜਿਸ ਤੇ ਕਾਨਬਾਸੇਰੈੱਸ ਸੀ। ਇਸ ਦਾ ਜਨਮ 18 ਅਕਤੂਬਰ, 1753 ਨੂੰ ਮਾਨਪੈਲੀਯੇ ਵਿਖੇ ਹੋਇਆ। ਆਪਣੇ ਗੁਣਾਂ ਅਤੇ ਲਗਨ ਸਦਕਾ ਜਲਦੀ ਹੀ ਇਹ ਇਕ ਉੱਘਾ ਵਿਅਕਤੀ ਬਣ ਗਿਆ ਅਤੇ ਇਸ ਨੂੰ ਕੌਂਸਲਰ ਦਾ ਪਦ ਮਿਲ ਗਿਆ। ਫ਼ਰਾਂਸੀਸੀ ਕ੍ਰਾਂਤੀ ਦੇ ਸ਼ੁਰੂ ਵਿਚ ਇਸ ਨੂੰ ਕਈ

ਅਹੁਦੇ ਦਿਤੇ ਗਏ। ਸਤੰਬਰ, 1792 ਵਿਚ ਕਨਵੈਨਸ਼ਨ ਦਾ ਇਕ ਮੈਂਬਰ ਬਣ ਗਿਆ ਅਤੇ ਕਮੇਟੀਆਂ ਵਿਚ ਖਾਸ ਕਰਕੇ ਲੈਜਿਸਲੇਸ਼ਨ ਦੀ ਦੀ ਕਮੇਟੀ ਵਿਚ ਇਸ ਨੇ ਬੜੀ ਮਿਹਨਤ ਨਾਲ ਕੰਮ ਕੀਤਾ। ਜਨਵਰੀ, 1793 ਵਿਚ ਲੂਈ 16ਵੇਂ ਦੇ ਮੁਕੱਦਮੇ ਵਿਚ ਇਸ ਨੇ ਲੂਈ 16ਵੇਂ ਨੂੰ ਦੋਸ਼ੀ ਠਹਿਰਾਇਆ ਅਤੇ ਆਪਣਾ ਵੋਟ ਉਸ ਨੂੰ ਆਰਜ਼ੀ ਤੌਰ ਤੇ ਫੜ ਲੈਣ ਅਤੇ ਬਾਹਰੋਂ ਫਰਾਂਸ ਉਪਰ ਕਿਸੇ ਹਮਲੇ ਦੀ ਸੂਰਤ ਵਿਚ ਉਸ ਨੂੰ ਮਾਰ ਦੇਣ ਦੇ ਹੱਕ ਵਿਚ ਪਾਈ। 24 ਜਨਵਰੀ ਨੂੰ ਇਸ ਨੂੰ ਕਨਵੈਨਸ਼ਨ ਦਾ ਸਕੱਤਰ ਚੁਣਿਆ ਗਿਆ। ਸੰਨ 1795 ਵਿਚ ਇਹ ਪਬਲਿਕ ਸੇਫ਼ਟੀ ਕਮੇਟੀ ਦਾ ਪ੍ਰਧਾਨ ਬਣ ਗਿਆ। ਸੰਨ 1799 ਵਿਚ ਨਿਆਂ ਮੰਤਰੀ ਅਤੇ ਬਰੂਮੇਅਰ ਦੇ ਰਾਜ ਪਲਟੇ ਤੋਂ ਬਾਅਦ ਇਸ ਨੂੰ ਦੂਜਾ ਕਾਂਸਲ ਬਣਾਇਆ ਗਿਆ। ਨੈਪੋਲੀਅਨ ਨੂੰ ਤਾਕਤ ਵਿਚ ਲਿਆਉਣ ਲਈ ਇਸ ਨੇ ਬਹੁਤ ਮਦਦ ਕੀਤੀ। ਨੈਪੋਲੀਅਨ ਦੇ ਬਾਦਸ਼ਾਹ ਬਣਨ ਉਪਰੰਤ ਇਸ ਨੂੰ ਸਾਰੀ ਉਮਰ ਲਈ ਆਰਚ ਚਾਂਸਲਰ ਅਤੇ ਸੈਨੇਟ ਦੇ ਪ੍ਰਧਾਨ ਦੇ ਨਾਲ ਨਾਲ ਰਾਜ ਦਾ ਰਾਜਕੁਮਾਰ ਬਣਾ ਦਿਤਾ ਗਿਆ। ਸੰਨ 1808 ਵਿਚ ਇਸ ਨੂੰ 'ਡਿਊਕ ਆਫ਼ ਪਰਮਾ' ਦਾ ਖਿਤਾਬ ਮਿਲਿਆ। ਨੈਪੋਲੀਅਨ ਦੀ ਆਖਰੀ ਹਾਰ ਤੋਂ ਬਾਅਦ ਇਸ ਨੂੰ ਫਰਾਂਸ ਤੋਂ ਜਲਵਤਨੀ ਦੇ ਦਿਤੀ ਗਈ, ਪਰ 1818 ਵਿਚ ਇਸ ਦੇ ਸ਼ਹਿਰੀ ਅਧਿਕਾਰ ਮੁੜ ਬਹਾਲ ਕਰ ਦਿਤੇ ਗਏ। 8 ਮਾਰਚ, 1824 ਨੂੰ ਇਸ ਦੀ ਪੈਰਿਸ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਅਮੈ. 5 : 244 ; ਕੋਲ. ਐਨ. 4 : 218

**ਕਾਨਬੁਰੀ :** ਪ੍ਰਾਂਤ—ਪੱਛਮੀ ਥਾਈਲੈਂਡ ਦਾ ਇਹ ਇਕ ਪ੍ਰਾਂਤ ਹੈ ਜੋ ਬੈਂਕਾਕ ਦੇ ਉੱਤਰ-ਪੱਛਮ ਵਲ ਬਰਮਾ ਦੀ ਸਰਹੱਦ ਤੇ ਵਾਕਿਆ ਹੈ। ਇਸ ਦਾ ਖੇਤਰਫਲ 19,486 ਵ. ਕਿ. ਮੀ. ਅਤੇ ਆਬਾਦੀ 329,054 (1970) ਹੈ। ਇਥੇ ਜੰਗਲਾਂ ਨਾਲ ਢਕੀਆਂ ਪਹਾੜੀਆਂ ਵਿਚ ਬਾਂਸ ਬਹੁਤ ਹੁੰਦਾ ਹੈ ਜੋ ਕਾਗਜ਼ ਬਣਾਉਣ ਦੇ ਕੰਮ ਆਉਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਪਹਾੜੀਆਂ ਵਿਚੋਂ ਟੰਗਸਟਨ, ਸਿੱਕਾ ਅਤੇ ਜਿਸਤ ਦੇ ਖਣਿਜ ਪ੍ਰਾਪਤ ਹੁੰਦੇ ਹਨ। ਚਾਉਲ ਅਤੇ ਤੰਬਾਕੂ ਇਸ ਪ੍ਰਾਂਤ ਦੀਆਂ ਮੁੱਖ ਫਸਲਾਂ ਹਨ। ਥਾਈ ਤੇ ਲਾਵਾ ਇਥੋਂ ਦੇ ਵਸਨੀਕ ਹਨ। ਕਵਾਈ ਦਰਿਆ ਤੇ ਇਕ ਪ੍ਰਸਿੱਧ ਪੁਲ ਹੈ ਜੋ ਖਵੇ ਨੋਈ ਅਤੇ ਖਵੈ ਯਾਈ ਦਰਿਆਈ ਘਾਟੀਆਂ ਨੂੰ ਮਿਲਾਉਂਦਾ ਹੈ। ਇਹ ਦੋਨੋਂ ਦਰਿਆ ਕਾਨਬੁਰੀ ਸ਼ਹਿਰ ਦੇ ਮੁਕਾਮ ਤੇ ਜਾ ਕੇ ਮੈਕਲਾਂਗ ਦਰਿਆ ਦਾ ਰੂਪ ਧਾਰਨ ਕਰ ਲੈਂਦੇ ਹਨ। ਕਾਨਬੁਰੀ ਸ਼ਹਿਰ ਇਸ ਪ੍ਰਾਂਤ ਦੀ ਰਾਜਧਾਨੀ ਹੈ।

ਹ. ਪੁ.—ਐਨ. ਬ੍ਰਿ. ਮਾ. 5 : 683

**ਕਾਨਬੁਰੀ :** ਸ਼ਹਿਰ—ਪੱਛਮੀ ਥਾਈਲੈਂਡ ਵਿਚ ਇਹ ਇਸੇ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਸ਼ਹਿਰ ਹੈ। ਜੋ 18 ਵੀਂ ਸਦੀ ਵਿਚ ਬਰਮਾ ਦੇ ਹਮਲਾਵਰਾਂ ਵਿਰੁੱਧ ਰੱਖਿਆ ਦੇ ਪੱਖੋਂ ਬਣਾਇਆ ਗਿਆ ਸੀ। ਇਸ ਚਾਰ ਦੀਵਾਰੀ ਵਾਲੇ ਸ਼ਹਿਰ ਵਿਚ ਦੋ ਕਾਗਜ਼ ਬਣਾਉਣ ਦੇ ਕਾਰਖ਼ਾਨੇ ਹਨ। ਸ਼ਹਿਰ ਦੇ ਨੇੜੇ ਇਕ ਸਾਈਯਾਕ ਝਰਨਾ ਹੈ।

ਆਬਾਦੀ—16,397 (1970)

14° 02′ ਉ. ਵਿਥ.; 9° 33′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 683

**ਕਾਨਬੇਅਰ, ਹਾਬਰਟ ;** ਇਸ ਫ਼ਰਾਂਸੀਸੀ ਸੰਗੀਤਕਾਰ ਦਾ ਜਨਮ ਸੰਨ 1628 ਵਿਚ ਹੋਇਆ ਸੀ। ਇਹ ਲੂਈ ਚੌਦ੍ਹਵੇਂ ਦੀ ਮਾਤਾ ਐਨ ਆਫ਼ ਆਸਟ੍ਰੀਆ ਦੇ ਦਰਬਾਰ ਵਿਚ ਸੰਗੀਤ ਦਾ ਡਾਇਰੈਕਟਰ ਸੀ। ਇਹ ਫ਼ਰਾਂਸ ਦਾ ਪਹਿਲਾ ਓਪੇਰਾ ਸੰਗੀਤਕਾਰ ਕਰਕੇ ਜਾਣਿਆ ਜਾਂਦਾ ਹੈ। ਇਸ ਦੀ ਪਹਿਲੀ ਸਟੇਜੀ ਕ੍ਰਿਤ 'ਦੀ ਪੈਸਟੋਰੇਲੀ ਡ ਇਸੀ', ਜਿਹੜੀ ਕਿ ਪੀਅਰੇ ਪੈਰਿਨ ਕਵੀ ਦੀ ਲਿਖੀ ਹੋਈ ਸੀ, 1659 ਵਿਚ ਪੇਸ਼ ਕੀਤੀ ਗਈ ਸੀ। ਸੰਨ 1669 ਵਿਚ ਲੂਈ ਨੇ ਕੇਵਲ ਇਨ੍ਹਾਂ ਦੋ ਵਿਅਕਤੀਆਂ ਨੂੰ ਹੀ ਓਪੇਰੇ ਖੇਡਣ ਦਾ ਅਧਿਕਾਰ ਤਾ ਦਿ। ਸੰਨ 1671 ਵਿਚ ਇਨ੍ਹਾਂ ਦਾ 5 ਐਕਟਾਂ ਵਾਲਾ ਪੇਂਡੂ ਗੀਤ-ਨਾਟ ਸ਼ਾਹਕਾਰ 'ਪੋਮੋਨ' ਖੇਡਿਆ ਗਿਆ। ਸੰਨ 1672 ਵਿਚ ਜਦੋਂ ਜ਼੍ਹਾਂ ਬੈਪਤਿਸਤੇ ਲੂਈ ਨੇ ਓਪੇਰੇ ਖੇਡਣ ਦੇ ਸ਼ਾਹੀ ਅਧਿਕਾਰ ਪ੍ਰਾਪਤ ਕਰ ਲਏ ਤਾਂ ਕਾਨਬੇਅਰ ਫ਼ਰਾਂਸ ਛੱਡ ਕੇ ਇੰਗਲੈਂਡ ਚਲਾ ਗਿਆ। ਸੰਨ 1673 ਵਿਚ ਇਹ ਲੰਡਨ ਪਹੁੰਚਣ ਤੇ ਚਾਰਲਸ II ਦੇ ਦਰਬਾਰ ਵਿਚ ਸੰਗੀਤ ਦਾ ਸੁਪਰਡੈਂਟ ਨਿਯੁਕਤ ਹੋਇਆ। ਸੰਨ 1677 ਵਿਚ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 578 ; ਐਵ.ਐਨ. 2 : 770.

**ਕਾਨਯਾਰ ਡ ਲਾ ਟੂਰ, ਚਾਰਲਸ :** ਇਸ ਇੰਜੀਨੀਅਰ ਅਤੇ ਭੌਤਿਕ-ਵਿਗਿਆਨੀ ਦਾ ਜਨਮ 31 ਮਾਰਚ, 1777 ਨੂੰ ਪੈਰਿਸ ਵਿਖੇ ਹੋਇਆ। ਸੰਨ 1819 ਵਿਚ ਇਸ ਨੇ ਸਾਇਰਨ ਦੀ ਕਾਢ ਕੱਢੀ ਜਿਸ ਦੀ ਵਰਤੋਂ ਕਿਸੇ ਧੁਨੀ ਦੀ ਖਿਚ ਦਾ ਪਤਾ ਲਗਾਉਣ ਲਈ ਕੀਤੀ ਜਾਂਦੀ ਹੈ ਅਤੇ ਸੰਨ 1818 ਵਿਚ ਇਸ ਨੂੰ ਬੈਰਨ ਦੀ ਉਪਾਧੀ ਦੇ ਨਾਂ ਨਾਲ ਸਨਮਾਨਿਆ ਗਿਆ।

ਇਸ ਨੇ ਇਕ ਬਲੋਇੰਗ ਮਸ਼ੀਨ ਦੀ ਵੀ ਈਜਾਦ ਕੀਤੀ, ਜਿਸ ਦਾ ਨਾਉਂ ਕਲਯਾਰਡਲੇ ਮਸ਼ੀਨ ਪੈ ਗਿਆ। ਇਸ ਮਸ਼ੀਨ ਵਿਚ ਆਰਕਿਮੀਡੀਜ਼ ਪੇਚਾਂ ਦਾ ਇਕ ਤਿਰਛਾ ਸੈੱਟ ਪਾਣੀ ਦੇ ਹੌਜ਼ ਅੰਦਰ ਇਸ ਤਰ੍ਹਾਂ ਲਗਿਆ ਹੁੰਦਾ ਹੈ ਕਿ ਇਸ ਦਾ ਹੇਠਲਾ ਭਾਗ ਪੂਰੀ ਤਰ੍ਹਾਂ ਅਤੇ ਉਪਰਲਾ ਭਾਗ ਅੰਸ਼ਿਕ ਤੌਰ ਤੇ ਡੁੱਬਿਆ ਰਹਿੰਦਾ ਹੈ। ਜਿਸ ਪਾਸੇ ਪਾਣੀ ਚੁੱਕਣਾ ਹੋਵੇ, ਉਸ ਤੋਂ ਉਲਟ ਦਿਸ਼ਾ ਵਿਚ ਇਸ ਨੂੰ ਘੁਮਾਇਆ ਜਾਂਦਾ ਹੈ।

ਦ੍ਰਵਾਂ ਉੱਤੇ ਤਾਪ ਅਤੇ ਦਬਾਉ ਦੇ ਪ੍ਰਭਾਵ ਸੰਬੰਧੀ ਖੋਜਾਂ ਕਰਦੇ ਸਮੇਂ, ਇਸ ਨੇ ਪਤਾ ਲਾਇਆ ਕਿ ਹਰ ਇਕ ਦ੍ਰਵ ਕਿਸੇ ਵਿਸ਼ੇਸ਼ ਤਾਪਮਾਨ (ਕ੍ਰਾਂਤਿਕ ਤਾਪਮਾਨ) ਉਤੇ ਦ੍ਰਵ ਨਹੀਂ ਰਹਿੰਦਾ, ਸਗੋਂ ਗੈਸ ਵਿਚ ਬਦਲ ਜਾਂਦਾ ਹੈ ਭਾਵੇਂ ਉਸ ਉੱਤੇ ਦਬਾਉ ਦੀ ਮਾਤਰਾ ਕਿੰਨੀ ਵੀ ਹੋਵੇ। ਪਾਣੀ ਲਈ ਇਸ ਨੇ ਇਹ ਕ੍ਰਾਂਤਿਕ ਤਾਪਮਾਨ 683.3° ਫ਼ਾ. (361.8° ਸੈਂ:) ਲੱਭਿਆ, ਜਿਹੜਾ ਕਿ ਉਸ ਸਮੇਂ ਤੀਕ ਬਿਲਕੁਲ ਦਰੁਸਤ ਮੰਨਿਆ ਜਾਂਦਾ ਰਿਹਾ। ਇਸ ਨੇ ਧੁਨੀ ਪੈਦਾ ਕਰਨ ਦੇ ਸਿਧਾਂਤਾਂ ਸਬੰਧੀ ਪ੍ਰਯੋਗ ਵੀ ਕੀਤੇ।

5 ਜੁਲਾਈ, 1859 ਨੂੰ ਪੈਰਿਸ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 680

**ਕਾਨਰਾਬੇਅਰ, ਫਰਾਂਸਵਾ ਸਰਟਨ :** ਫਰਾਂਸ ਦੇ ਇਸ ਨਾਮਵਰ ਮਾਰਸ਼ਲ ਦਾ ਜਨਮ 27 ਜੂਨ, 1809 ਨੂੰ ਇਸੇ ਦੇਸ਼ ਦੇ ਡਿਪਾਰਟਮੈਂਟ ਵਿਚ ਸੇਂਟ ਸੇਰੀ ਵਿਖੇ ਹੋਇਆ। ਸੇਂਟ ਸਿਰ ਤੋਂ ਵਿਦਿਆ ਹਾਸਲ ਕਰਨ ਉਪਰੰਤ ਇਹ ਸੰਨ 1828 ਵਿਚ ਸਬ-ਲੈਫਟੀਨੈਂਟ ਬਣ ਗਿਆ। ਸੰਨ 1835 ਵਿਚ ਇਸ ਨੂੰ ਅਲਜੀਰੀਆ ਭੇਜਿਆ ਗਿਆ ਅਤੇ ਕਾਨਸਟੈਨਟੀਨ ਨੂੰ ਫਤਹਿ ਕਰਨ ਵੇਲੇ ਇਸ ਨੇ ਬੜਾ ਨਾਮਣਾ ਖੱਟਿਆ। ਕਰਨਲ ਹੁੰਦਿਆਂ ਇਸ ਨੇ ਸੰਨ 1847 ਵਿਚ ਜ਼ਾਟਕਾ ਦੇ ਘੇਰੇ ਸਮੇਂ ਵੀ ਬੜੇ ਜੌਹਰ ਵਿਖਾਏ। ਸੰਨ 1850 ਵਿਚ ਇਸ ਨੂੰ ਪੈਰਿਸ ਬੁਲਾ ਲਿਆ ਗਿਆ ਅਤੇ ਪ੍ਰਿੰਸ-ਪ੍ਰੈਜ਼ੀਡੈਂਟ ਲੂਈ ਨੈਪੋਲੀਅਨ ਦਾ ਬ੍ਰਿਗੇਡੀਅਰ ਅਤੇ ਏਡੀਕਾਂਗ ਨਿਯੁਕਤ ਕਰ ਦਿਤਾ ਗਿਆ। 2 ਦਸੰਬਰ, 1851 ਦੇ ਰਾਜ ਪਲਟੇ ਵਿਚ ਇਸ ਨੇ ਵਧ ਚੜ੍ਹ ਕੇ ਹਿੱਸਾ ਲਿਆ। ਸੰਨ 1853 ਵਿਚ ਇਸ ਨੂੰ ਤੁਰਕੀ ਦੇ ਕੇ ਜਰਨੈਲ ਅਤੇ ਸੰਨ 1856 ਵਿਚ ਫਰਾਂਸ ਦਾ ਮਾਰਸ਼ਲ ਬਣਾ ਦਿਤਾ ਗਿਆ। ਇਸ ਨੇ ਲੰਬਾਰਡੀ ਵਿਚ, ਸੰਨ 1859 ਦੀ ਲੜਾਈ ਵਿਚ ਹਿੱਸਾ ਲਿਆ ਅਤੇ ਸਾਲਫਰੀਨੋ ਅਤੇ ਮਾਜੈਂਟਾ ਦੀਆਂ ਲੜਾਈਆਂ ਵਿਚ ਨਾਂ ਪੈਦਾ ਕੀਤਾ। ਫਰਾਂਸੀਸੀ-ਜਰਮਨ ਯੁੱਧ ਵਿਚ ਇਹ ਹਾਰ

ਗਿਆ ਅਤੇ ਇਸ ਨੂੰ ਕੈਦੀ ਬਣਾ ਲਿਆ ਗਿਆ। ਯੁੱਧ ਤੋਂ ਬਾਅਦ ਏਸ ਨੇ ਮੁੜ ਫ਼ੌਜੀ ਜੀਵਨ ਵਿਚਰਨਾ ਸ਼ੁਰੂ ਕਰ ਦਿਤਾ ਅਤੇ ਯੁੱਧ ਸਬੰਧੀ ਸਭ ਤੋਂ ਉੱਚੀ ਕੌਂਸਲ ਦਾ ਮੈਂਬਰ ਬਣ ਗਿਆ। ਇਹ ਸੰਨ 1876 ਵਿਚ ਲਾਟ ਲਈ ਅਤੇ ਸੰਨ 1879 ਅਤੇ 1885 ਵਿਚ ਸ਼ਾਰਾਂਟ ਲਈ ਸੈਨੇਟਰ ਚੁਣਿਆ ਗਿਆ। ਇਸ ਨੇ ਤੀਜੀ ਗਣਤੰਤਰ ਵਿਚ ਬੋਨਾਪਾਰਟ-ਵਿਚਾਰਾਂ ਦੀ ਨੁਮਾਇੰਦਗੀ ਕੀਤੀ।

ਇਸ ਦੀ ਮੌਤ 28 ਜਨਵਰੀ, 1895 ਨੂੰ ਪੈਰਿਸ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 4 : 801

**ਕਾਨਰਾਰਟ, ਵਾਲੈਂਟੀਨ :** ਇਸ ਫ਼ਰਾਂਸੀਸੀ ਵਿਦਵਾਨ ਦਾ ਜਨਮ ਸੰਨ 1603 ਵਿਚ ਵਾਲਾਨ-ਸਾਇਐਨ ਵਿਖੇ ਹੋਇਆ। ਸੰਨ 1627 ਵਿਚ ਇਹ ਬਾਦਸ਼ਾਹ ਦਾ ਕੌਂਸਲਰ ਸਕੱਤਰ ਬਣਿਆ। ਉਸ ਸਮੇਂ ਹੀ ਇਸ ਨੇ ਲੇਖਕਾਂ ਨੂੰ ਆਪਣੇ ਘਰ ਸੱਦਣਾ ਸ਼ੁਰੂ ਕੀਤਾ। ਲੇਖਕਾਂ ਦੀ ਇਸ ਟੋਲੀ ਤੋਂ ਫਰਾਂਸੀਸੀ ਅਕੈਡਮੀ ਬਣੀ। ਇਸ ਦੇ ਬਣਨ ਵਿਚ ਕਾਨਰਾਰਟ ਨੇ ਬਹੁਤ ਅਸਰਦਾਇਕ ਭਾਗ ਲਿਆ। ਇਹ ਲੇਖਕਾਂ ਨੂੰ ਧਨ ਉਧਾਰ ਦਿੰਦਾ ਰਿਹਾ ਅਤੇ ਉਨ੍ਹਾਂ ਦੇ ਝਗੜਿਆਂ ਦੇ ਫੈਸਲੇ ਕਰਾਉਂਦਾ ਰਿਹਾ।

ਕਾਨਰਾਰਟ ਨੂੰ ਮੂਲ ਲੇਖਕ ਦੇ ਤੌਰ ਤੇ ਘੱਟ ਹੀ ਜਾਣਿਆ ਜਾਂਦਾ ਹੈ। ਇਸ ਨੇ ਕੇਵਲ ਤਿੰਨ ਮੁੱਖਬੰਧ ਪ੍ਰਕਾਸ਼ਿਤ ਕੀਤੇ। ਇਸ ਨੇ ਆਪਣੀ ਜੀਵਨੀ ਲਿਖੀ, ਜੋ 1825 ਵਿਚ ਛਪੀ।

ਇਸ ਦੀ ਮੌਤ 23 ਸਤੰਬਰ, 1675 ਨੂੰ ਪੈਰਿਸ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 6 : 362.

**ਕੱਨਰੈਡ (ਪਹਿਲਾ) :** ਫ਼ਰੈਂਗਕੋਨੀਆ ਦਾ ਡਿਊਕ ਅਤੇ ਜਰਮਨ ਦਾ ਇਹ ਇਕ ਬਾਦਸ਼ਾਹ ਸੀ। 'ਲੂਈ ਦੀ ਚਾਈਲਡ' (ਪੂਰਬੀ ਫ਼੍ਰੈਂਕਿਸ਼ ਕਾਰਲੋਵਿੰਜੀਆ ਦਾ ਅਖੀਰਲਾ ਹਾਕਮ) ਦੀ ਮੌਤ ਪਿਛੋਂ ਇਹ 10 ਨਵੰਬਰ, 911 ਨੂੰ ਬਾਦਸ਼ਾਹ ਚੁਣਿਆ ਗਿਆ। ਇਸ ਬਾਰੇ ਅਜੇ ਤੀਕ ਕੋਈ ਪਤਾ ਨਹੀਂ ਚਲਦਾ ਕਿ ਕੀ ਰਾਈਨ ਦਰਿਆ ਦੇ ਪੂਰਬੀ ਪਾਸੇ ਵਲ ਰਹਿੰਦੇ ਜਰਮਨ ਕੁਲੀਨ ਵਿਅਕਤੀਆਂ ਨੇ ਇਸ ਦੀ ਮਦਦ ਕੀਤੀ ਸੀ ਜਾਂ ਕੇਵਲ ਫਰਾਂਕ ਜਾਤੀ ਅਤੇ ਮੈਨਸਨ ਜਾਤੀ ਦੇ ਹੀ ਲੋਕਾਂ ਨੇ ਮਦਦ ਕੀਤੀ ਸੀ। ਪੂਰਬ ਅਤੇ ਪੱਛਮ ਵਲ ਦੇ ਫਰੈਂਕੀ ਰਾਜਾਂ ਵਿਚਕਾਰਲੇ ਲੋਥਾਰਿੰਜੀਅਨ ਕੁਲੀਨ ਵਿਅਕਤੀ ਪੱਛਮੀ ਫਰੈਂਕੀ ਕਾਰਲੋਵਿੰਜੀ (ਚਾਰਲਸ ਤੀਜੇ) ਦੇ ਹਿਮਾਇਤੀ ਬਣ ਗਏ। ਇਸ ਦੇ ਰਾਜ ਵਿਚ ਡੈਨਮਾਰਕ ਵਾਸੀਆਂ, ਸਲਾਵਾਂ, ਮੈਗਯਾਰਾਂ ਅਤੇ ਹੈਨਰੀ (ਸੈਕਸਨੀ ਦੇ ਡਿਊਕ) ਨਾਲ ਲਗਾਤਾਰ ਯੁੱਧ ਹੁੰਦੇ ਰਹੇ। ਪਿਛੋਂ ਇਸ ਨੇ ਆਪਣੇ ਹੀ ਇਕ ਵਿਰੋਧੀ-ਹੈਨਰੀ ਪਹਿਲਾ ਦਾ ਫਾਊਲਰ ਨੂੰ ਆਪਣਾ ਉਤਰਾਧਿਕਾਰੀ ਚੁਣਿਆ।

ਇਸ ਦੀ ਮੌਤ 23 ਦਸੰਬਰ, 918 ਨੂੰ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 89; ਐਨ. ਅਮੈ. 7 : 535

**ਕੱਨਰੈਡ (ਦੂਜਾ) :** ਇਸ ਹੋਲੀ ਰੋਮਨ ਸ਼ਹਿਨਸ਼ਾਹ ਦਾ ਜਨਮ ਲਗਭਗ 900 ਈ. ਵਿਚ ਹੈਨਰੀ (ਫਰੈਂਗਕੋਨੀਆ ਦਾ ਡਿਊਕ) ਦੇ ਘਰ ਹੋਇਆ। ਹੈਨਰੀ ਤੋਂ ਪਿਛੋਂ ਇਹ 1024 ਈ. ਵਿਚ ਜਰਮਨੀ ਦਾ ਬਾਦਸ਼ਾਹ ਚੁਣਿਆ ਗਿਆ। ਇਸ ਨੂੰ ਗੱਦੀਉਂ ਲਾਉਣ ਲਈ ਕਈ ਨਾਕਾਮ ਕੋਸ਼ਿਸ਼ਾਂ ਕੀਤੀਆਂ ਗਈਆਂ। ਸੰਨ 1026 ਵਿਚ ਇਹ ਇਟਲੀ ਦਾ ਬਾਦਸ਼ਾਹ ਬਣਿਆ ਅਤੇ ਸੰਨ 1027 ਵਿਚ ਇਸ ਦੀ ਕਾਨਿਊਟ (ਇੰਗਲੈਂਡ ਦਾ ਬਾਦਸ਼ਾਹ) ਅਤੇ ਬਰਗੰਡੀ ਦੇ ਰੂਡਾਲਫ ਤੀਜੇ ਦੀ ਹਾਜ਼ਰੀ ਵਿਚ ਰੋਮ ਵਿਖੇ ਸ਼ਹਿਨਸ਼ਾਹ ਵਜੋਂ ਤਾਜਪੋਸ਼ੀ ਕੀਤੀ ਗਈ। ਇਸ ਨੂੰ ਫਰੈਂਗਕੋਨੀਆ ਖ਼ਾਨਦਾਨ ਦਾ ਅਸਲੀ ਬਾਨੀ ਮੰਨਿਆ ਜਾਂਦਾ ਹੈ। ਕਾਨਰੈਡ ਇਕ ਦਲੇਰ ਵਿਧਾਨਕਾਰ ਸੀ ਅਤੇ ਇਸ ਨੇ ਆਪਣੇ ਪੁੱਤਰ ਹੈਨਰੀ ਲਈ ਜਾਨਸ਼ੀਨੀ ਵੀ ਪ੍ਰਾਪਤ ਕੀਤੀ ਅਤੇ ਇਸ ਦੇ ਨਾਲ ਹੀ ਇਸ ਨੇ ਪੋਲੈਂਡ (1028) ਦੇ ਕੁਝ ਇਲਾਕੇ ਨੂੰ ਫ਼ਤਹਿ ਕਰਕੇ ਅਤੇ ਬਰਗੰਡੀ ਰਾਜ (1032) ਨੂੰ ਵਿਰਾਸਤ ਵਿਚ ਪ੍ਰਾਪਤ ਕਰਕੇ ਆਪਣੇ ਰਾਜ ਦਾ ਵਿਸਥਾਰ ਕੀਤਾ। ਇਸ ਤੋਂ ਇਲਾਵਾ ਇਸ ਨੇ ਲਿਊਟੀਜ਼ੀਅਨੀਆਂ ਦੇ ਕਾਫ਼ਰ ਸਲਾਵ ਕਬੀਲੇ ਉੱਤੇ ਵੀ ਜਿੱਤ ਪਾਪਤ ਕਰ ਲਈ। ਆਪਣੀ ਮੌਤ ਤੋਂ ਕੁਝ ਕੁ ਸਾਲ ਪਹਿਲਾਂ ਇਸ ਨੇ ਆਪਣੇ ਇਕ ਸਾਬਕਾ ਹਿਮਾਇਤੀ ਦਾ ਵਿਦਰੋਹ ਦਬਾਉਣ ਲਈ ਇਟਲੀ ਵਿਚ ਮੁਹਿੰਮ ਚਲਾਈ ਸੀ, ਪਰ ਜਰਮਨੀ ਨੂੰ ਪਰਤਣ ਵੇਲੇ ਮਹਾਂਮਾਰੀ ਨਾਲ ਇਸ ਦੀ ਬਹੁਤ ਸਾਰੀ ਫੌਜ ਮਾਰੀ ਗਈ।

ਇਸ ਦੀ ਮੌਤ 4 ਜੂਨ, 1039 ਨੂੰ ਯਿਊਟ੍ਰੈਕਟ ਹੁਣ ਨੀਦਰਲੈਂਡ ਵਿਚ) ਵਿਖੇ ਹੋਈ।

ਹ. ਪੁ.—ਐਨ ਬ੍ਰਿ. ਮਾ. 3 : 89; ਐਨ. ਅਮੈ. 7 535

**ਕੱਨਰੈਡ (ਤੀਜਾ) ;** ਜਰਮਨੀ ਦੇ ਇਸ ਬਾਦਸ਼ਾਹ ਦਾ ਜਨਮ 1093 ਈ. ਨੂੰ ਫ੍ਰੈਡਰਿਕ ਪਹਿਲੇ (ਸਵਾਬੀਆ ਦੇ ਡਿਊਕ) ਦੇ ਘਰ ਹੋਇਆ। ਇਹ ਸ਼ਹਿਨਸ਼ਾਹ ਹੈਨਰੀ ਦਾ ਪੋਤਾ ਅਤੇ ਹੋਹੈਨਸ਼ਟਾਊਫ਼ੈਨ ਵੰਸ਼ ਦਾ ਬਾਨੀ ਸੀ। ਇਸ ਦੇ ਚਾਚੇ-ਸ਼ਹਿਨਸ਼ਾਹ ਹੈਨਰੀ ਪੰਜਵੇਂ ਨੇ ਸੰਨ 1115 ਵਿਚ ਇਸ ਨੂੰ ਫਰੈਂਗਕੋਨੀਆ ਦਾ ਡਿਊਕ ਨਿਯੁਕਤ ਕੀਤਾ। ਇਹ 1138 ਈ. ਵਿਚ ਸ਼ਹਿਨਸ਼ਾਹ ਚੁਣਿਆ ਗਿਆ ਪਰ ਇਸ ਦੀ ਤਾਜਪੋਸ਼ੀ ਕਦੇ ਵੀ ਨਹੀਂ ਕੀਤੀ ਗਈ ਸੀ। 'ਹੈਨਰੀ ਦੀ ਪਰਾਊਡ' (ਬਾਵੇਰੀਆ ਅਤੇ ਸੈਕਸਨੀ ਦਾ ਡਿਊਕ) ਨੇ ਕਾਨਰੈਡ ਦੀ ਸ਼ਹਿਨਸ਼ਾਹੀ ਪਦਵੀ ਸਬੰਧੀ ਝਗੜਾ ਖੜ੍ਹਾ ਕਰ ਦਿੱਤਾ ਜਿਸਦੇ ਫਲਸਰੂਪ ਗਵੈਲਫਾਂ ਅਤੇ ਗਿਬਲੀਨਾ ਨਾਂ ਦੇ ਦੋ ਧੜਿਆਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਸੰਨ 1146 ਵਿਚ ਸਪਾਈਰਜ਼ ਵਿਖੇ ਸੰਸਦ (ਡਾਇਟ) ਬੈਠੀ। ਸੇਂਟ ਬਰਨਾਰਡ ਦੇ ਸੁਭਾਸ਼ਨ ਨੇ ਕੱਨਰੈਡ ਨੂੰ ਦੂਜਾ ਧਰਮ ਯੁੱਧ ਛੇੜਨ ਲਈ ਮਨਾ ਲਿਆ। ਅਗਲੇ ਹੀ ਸਾਲ ਇਹ ਇਕ ਭਾਰੀ ਫ਼ੌਜ ਲੈਕੇ ਰਵਾਨਾ ਹੋ ਗਿਆ ਪਰ ਇਸ ਦਲੇਰਾਨਾ ਕਦਮ ਵਿਚ ਇਸ ਦੀ ਫ਼ੌਜ ਦਾ ਬਹੁਤ ਭਾਰੀ ਨੁਕਸਾਨ ਹੋਇਆ ਅਤੇ ਇਹ 1149 ਈ. ਵਿਚ ਵਾਪਸ ਆ ਗਿਆ। ਇਸ ਨੇ ਆਪਣੇ ਭਤੀਜੇ ਫ੍ਰੈਡਰਿਕ ਤੀਜੇ (ਸਵਾਬੀਆ ਦਾ ਡਿਊਕ) ਜੋ ਅੱਗੇ ਜਾ ਕੇ ਸ਼ਹਿਨਸ਼ਾਹ ਫ੍ਰੈਡਰਿਕ ਪਹਿਲਾ ਬਾਰਬਾਰੋਸਾ ਬਣਿਆ, ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ।

ਇਸ ਦੀ ਮੌਤ 15 ਫਰਵਰੀ, 1152 ਨੂੰ ਬਾਮਬੈਰਕ (ਪੱ.ਜਰ.) ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 89; ਐਨ. ਅਮੈ. 7 : 535.

**ਕੱਨਰੈਡ (ਚੌਥਾ) :** ਜਰਮਨੀ ਦੇ ਇਸ ਬਾਦਸ਼ਾਹ ਦਾ ਜਨਮ 25 ਅਪ੍ਰੈਲ, 1228 ਨੂੰ ਇਟਲੀ ਵਿਚ ਆਂਡਰੀਆ ਵਿਖੇ ਹੋਇਆ। ਇਹ ਮਹਾਨ ਸ਼ਹਿਨਸ਼ਾਹ ਫ੍ਰੈਡਰਿਕ ਦੂਜੇ ਦਾ ਪੁੱਤਰ ਸੀ। ਇਹ ਸੰਨ 1237 ਵਿਚ ਸ਼ਹਿਨਸ਼ਾਹ ਚੁਣਿਆ ਗਿਆ ਪਰ ਇਸ ਦੀ ਤਾਜਪੋਸ਼ੀ ਕਦੇ ਵੀ ਨਹੀਂ ਹੋਈ ਸੀ। ਸੰਨ 1245 ਵਿਚ ਪੋਪ ਇਨੋਸੈਂਟ ਚੌਥੇ ਨੇ ਕਾਨਰੈਡ ਅਤੇ ਉਸਦੇ ਪਿਤਾ ਨੂੰ ਗੱਦੀਉਂ ਲਾਹ ਦਿਤਾ ਅਤੇ ਉਹਨਾਂ ਦੇ ਵਿਰੁੱਧ ਧਰਮ ਯੁੱਧ ਦਾ ਐਲਾਨ ਕਰ ਦਿਤਾ। 5 ਅਗਸਤ, 1246 ਨੂੰ ਹੈਨਰੀ ਰੈਸਪ ਨੇ ਕਾਨਰੈਡ ਨੂੰ ਫਰੈਂਗਕਫਰਟ ਵਿਖੇ ਹਰਾ ਦਿਤਾ। ਸੰਨ 1250 ਵਿਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਇਸ ਨੇ ਵਿਰੋਧਤਾ ਕਰਨ ਵਾਲਿਆਂ ਕਸਬਿਆਂ ਨੂੰ ਮੁੜ ਪ੍ਰਾਪਤ ਕਰਨ ਲਈ ਇਟਲੀ ਵਲ ਨੂੰ ਕੂਚ ਕਰ ਦਿਤਾ। ਇਸ ਨੇ ਨੇਪਲਜ਼ ਉੱਤੇ ਤਾਂ ਕਬਜ਼ਾ ਕਰ ਲਿਆ ਪਰ ਪੋਪ ਤੋਂ ਸਿਸਲੀ ਦੇ ਰਾਜ ਦਾ ਪਦ-ਪ੍ਰਦਾਨ ਪ੍ਰਾਪਤ ਕਰਨ ਵਿਚ ਅਸਫਲ ਰਿਹਾ।

ਲੜਾਈਆਂ-ਝਗੜਿਆਂ ਦੇ ਵਿਚਕਾਰ ਹੀ, ਬੁਖਾਰ ਕਾਰਨ ਇਸ ਦੀ 21 ਮਈ, 1254 ਨੂੰ ਲਾਵੈਲੋ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 90; ਐਨ. ਅਮੈ. 7 : 535

**ਕੱਾਨਰੈਡ, ਜੋਜ਼ੇਫ :** ਅੰਗਰੇਜ਼ੀ ਸਾਹਿਤ ਦੇ ਇਸ ਸਰਵੋਤਮ ਨਾਵਲਕਾਰ ਦਾ ਜਨਮ 3 ਦਸੰਬਰ, 1857 ਨੂੰ ਪੋਲੈਂਡ ਦੇ ਸ਼ਹਿਰ ਬਾਈਐਰਡਾਈਚੇਫ ਵਿਚ ਹੋਇਆ । ਇਸ ਦਾ ਪਿਤਾ ਭਾਵੇਂ ਜ਼ਿਮੀਦਾਰ ਸੀ ਪਰ ਸਾਹਿਤਕ ਰੁਚੀਆਂ ਵੀ ਰਖਦਾ ਸੀ। ਇਸ ਦੇ ਪਿਤਾ ਨੂੰ ਪੋਲੈਂਡ ਦੀ ਆਜ਼ਾਦੀ ਦੇ ਅੰਦੋਲਨ ਵਿਚ ਹਿੱਸਾ ਲੈਣ ਕਰਕੇ ਉੱਤਰੀ ਰੂਸ ਵਿਚ ਜਲਾਵਤਨ ਕਰ ਦਿੱਤਾ ਗਿਆ। ਇਹ ਮਸਾਂ ਦਸ ਸਾਲ ਦਾ ਸੀ ਜਦੋਂ ਇਸ ਦੇ ਮਾਤਾ ਪਿਤਾ ਦਾ ਦੇਹਾਂਤ ਹੋ ਗਿਆ । ਇਸ ਦੀ ਪਾਲਣਾ ਇਸ ਦੇ ਚਾਚੇ ਟਾਡਿਊਜ਼ ਬੋਬਰੋਵਸਕੀ ਨੇ ਕੀਤੀ। ਇਸ ਦਾ ਬਚਪਨ ਕ੍ਰਾਕੋ ਵਿਖੇ ਬੀਤਿਆ ਜਿਥੇ ਕਿ ਇਸ ਨੇ ਫ਼ਰਾਂਸੀਸੀ ਭਾਸ਼ਾ ਬੋਲਣੀ ਅਤੇ ਲਿਖਣੀ ਸਿਖੀ। ਇਥੇ ਹੀ ਇਸ ਨੂੰ ਸਮੁੰਦਰ ਦੀ ਸੈਰ ਦਾ ਸ਼ੌਕ ਜਾਗਿਆ। 17 ਸਾਲ ਦੀ ਉਮਰ ਵਿਚ ਇਸ ਨੇ ਇਹ ਸ਼ੌਕ, ਫ਼ਰਾਂਸੀਸੀ ਜਹਾਜ਼ਾਂ ਵਿਚ ਰੋਮ ਸਾਗਰ ਅਤੇ ਦੱਖਣੀ ਅਮਰੀਕਾ ਦੇ ਸਮੁੰਦਰੀ ਤੱਟਾਂ ਤੇ ਦੋ ਸਾਲ ਸੇਵਾ ਕਰਕੇ, ਪੂਰਾ ਕੀਤਾ।

ਜਦੋਂ ਇਹ ਬਾਲਗ ਹੋਇਆ ਤਾਂ ਇਹ ਫ਼ਰਾਂਸੀਸੀ ਦੀ ਥਾਂ ਅੰਗਰੇਜ਼ੀ-ਰਾਜ ਦੀ ਵਫ਼ਾਦਾਰੀ ਅਧੀਨ ਆ ਗਿਆ । ਸੰਨ 1878 ਵਿਚ ਇਹ ਲੋਸਟਾਫ਼ਟ ਵਿਖੇ ਉਤਰਿਆ ਅਤੇ ਇਥੇ ਯੋਗ ਮਲਾਹ ਦੇ ਤੌਰ ਤੇ ਨਿਪੁੰਨਤਾ ਹਾਸਲ ਕਰਨ ਪਿਛੋਂ ਇਸ ਨੇ ਤੱਟ ਦੇ ਜਹਾਜ਼ ਤੇ ਨੌਕਰੀ ਕੀਤੀ ।

ਕੱਾਨਰੈਡ ਨੇ 1894 ਵਿਚ ਸਮੁੰਦਰੀ ਜਹਾਜ਼ਾਂ ਦੀ ਸੇਵਾ ਛੱਡ ਦਿੱਤੀ ਅਤੇ 1896 ਵਿਚ ਆਪਣੀ ਸ਼ਾਦੀ ਪਿੱਛੋਂ ਇਹ ਕੈਂਟ ਵਿਖੇ ਵਸ ਗਿਆ। ਕਾਂਗੋ ਬੁਖ਼ਾਰ ਤੋਂ ਰਾਜ਼ੀ ਹੋਣ ਦੇ ਦੌਰਾਨ ਇਸ ਨੇ ਆਪਣਾ ਪਹਿਲਾ ਨਾਵਲ 'ਅਲਮੇਅਰਜ਼ ਫ਼ੌਲੀ' ਸ਼ੁਰੂ ਕੀਤਾ ਤੇ ਇਸ ਤੇ ਇਸ ਨੇ ਪੰਜ ਸਾਲ ਲਾਏ।

'ਅਲਮੇਅਰਜ਼ ਫ਼ੌਲੀ' ਨਾਵਲ ਪੜ੍ਹਨ ਵਾਲਿਆਂ ਨੂੰ ਇਹ ਬਹੁਤ ਚੰਗਾ ਲਗਾ। ਇਸ ਪਿੱਛੋਂ ਇਸ ਨੇ ਲੜੀਵਾਰ ਕਈ ਨਾਵਲ 'ਐਨ ਆਊਟ ਕਾਸਟ ਆਫ ਦੀ ਆਈਲੈਂਡਜ਼' (1896), 'ਦੀ ਨਿੱਗਰ ਆਫ਼ ਦਾ ਨਾਰਸੀਸਸ' (1897), 'ਲਾਰਡ ਜ਼ਿਮ' (1900), 'ਯੂਥ' (1902), 'ਟਾਈਫੋਨ' (1903) ਅਤੇ 'ਨੋਸਟਰੋਮੋ' (1904) ਲਿਖੇ। ਇਸ ਦੀ ਪ੍ਰਸ਼ੰਸਾ ਇਸ ਲਈ ਹੋਈ ਕਿ ਇਸ ਨੇ ਸਮੁੰਦਰੀ ਜੀਵਨ ਚਿਤਰਨ ਤੇ ਹੱਥ ਅਜ਼ਮਾਇਆ। ਕੱਾਨਰੈਡ ਦੇ ਜ਼ਿੰਦਗੀ ਸਬੰਧੀ ਵਿਚਾਰ ਨਿਰਾਸ਼ਾਵਾਦੀ ਸਨ, ਫਿਰ ਵੀ ਇਹ ਉਚ ਕੋਟੀ ਦੇ ਨਾਵਲਕਾਰਾਂ ਵਿਚੋਂ ਸੀ।

ਇਸ ਦੀ ਮੌਤ 3 ਅਗਸਤ, 1924 ਨੂੰ ਕੈਂਟ ਵਿਖੇ ਹੋਈ।

ਹ. ਪੁ.—ਨਿ. ਕ. ਯੂ. ਬਾ, 431; ਐਨ. ਬ੍ਰਿ. 6 : 360; ਐਨ. ਬ੍ਰਿ. ਮਾ. 3 : 90.

**ਕੱਾਨ ਲਾਕ** (Conn (Con), Lough) : ਪੱਛਮੀ ਆਇਰਲੈਂਡ ਦੀ ਮਾਯੂ ਕਾਊਂਟੀ ਦੀ ਇਹ ਇਕ ਝੀਲ ਹੈ ਜੋ ਮੋਏ ਦਰਿਆ ਰਾਹੀਂ ਕੀਲਾਲਾ ਖਾੜੀ ਵਿਚ ਜਾਂਦੀ ਹੈ। ਪਾਨਟੂਨ ਦੇ ਸਥਾਨ ਤੇ ਇਹ ਝੀਲ ਲਾਕ ਕੁਲੀਨ ਨਾਮੀ 3 ਕਿ. ਮੀ. ਦੀ ਇਕ ਛੋਟੀ ਝੀਲ ਨਾਲ ਮਿਲ ਕੇ 18 ਕਿ. ਮੀ. ਲੰਬੀ ਤੇ 6 ਕਿ. ਮੀ. ਚੌੜੀ ਪਾਣੀ ਦੀ ਇਕ ਪਤਲੀ ਜਿਹੀ ਤਹਿ ਵਿਚ ਫੈਲ ਜਾਂਦੀ ਹੈ। ਇਹ ਝੀਲ ਸਮੁੰਦਰੀ ਸਤਹ ਤੋਂ ਲਗਭਗ 13 ਕਿ. ਮੀ. ਉੱਚੀ ਹੈ । ਇਸ ਵਿਚ ਚੂਨੇ ਦੇ ਪੱਥਰਾਂ ਦੀ ਤਹਿ ਵਿਛੀ ਹੋਈ ਹੈ। ਇਸ ਤੋਂ ਇਲਾਵਾ ਇਥੇ ਗ੍ਰੇਨਾਈਟ ਦੇ ਪੱਥਰ ਵੀ ਹਨ ਜੋ ਪੱਛਮ ਵਲ ਅੰਧ ਮਹਾਂਸਾਗਰ ਦੇ ਤੱਟ ਤਕ ਵਿਛੇ ਹੋਏ ਹਨ। ਝੀਲ ਦੇ ਕੰਢੇ ਵਿੰਗੇ-ਟੇਢੇ ਹਨ ਜੋ ਕਈ ਥਾਵਾਂ ਤੇ ਦਲਦਲ ਵਾਲੇ ਤੇ ਕਈ ਥਾਵਾਂ ਤੋਂ ਪੱਧਰੇ ਤੇ ਪਹਾੜੀ ਹਨ। ਝੀਲ ਦੇ ਕਈ ਸਾਰੇ ਦੀਪ ਸਮੂਹਾਂ ਵਿਚੋਂ ਕਿਤੇ ਵੀ ਕੋਈ ਵਸੋਂ ਨਹੀਂ ਹੈ। ਪਾਨਟੂਨ ਦੇ ਸਥਾਨ ਤੋਂ ਦੋਹਾਂ ਝੀਲਾਂ ਨੂੰ ਜੋੜਨ ਵਾਲਾ ਪੁਲ ਮੱਛੀਆਂ ਫੜਨ ਲਈ ਖਾਸ ਮਹੱਤਤਾ ਰਖਦਾ ਹੈ। ਇਸ ਖੇਤਰ ਵਿਚਲੇ ਸਥਾਨਕ ਜੰਗਲਾਂ ਵਿਚ ਬਲੂਤ, ਭੋਜ ਪੱਤਰ, ਐਸ਼, ਖੈਰ ਦੇ ਦਰਖ਼ਤ ਅਤੇ ਹੋਰ ਕਈ ਪਰਕਾਰ ਦੀ ਛੋਟੀ ਛੋਟੀ ਬਨਸਪਤੀ ਵੀ ਮਿਲਦੀ ਹੈ।

ਹ. ਪੁ.—ਐਨ. ਬ੍ਰਿ. 6 : 348

**ਕਾਨੜਾ :** ਇਹ ਇਕ ਰਾਗ ਹੈ। ਗਾਇਕਾਂ ਨੇ ਇਸ ਦੇ 18 ਭੇਦ ਕਲਪੇ ਹਨ : ਦਰਬਾਰੀ, ਨਾਯਕੀ, ਮੁਦ੍ਰਾ, ਕਾਫ਼ਿਕੀ, ਵਾਗੇਸ਼੍ਰੀ (ਵਾਗੀਸ਼੍ਵਰੀ), ਨਟ, ਕਾਫ਼ੀ, ਕੋਲ਼ਾਹਲ, ਮੰਗਲ, ਸਰਾਮ, ਟੰਕ, ਨਾਗਧ੍ਵਨਿ, ਅਡਾਨਾ, ਸ਼ਾਹਾਨਾ, ਸੂਹਾ, ਸੁਘਰ, ਹੁਸੈਨੀ ਅਤੇ ਜਯਜਯੰਤਿ। ਉਦਾਹਰਣ ਵਜੋਂ ਦਰਬਾਰੀ ਕਾਨੜੇ ਦਾ ਸਰੂਪ ਇਥੇ ਦਿੱਤਾ ਜਾਂਦਾ ਹੈ। ਇਹ ਆਸਾਵਰੀ ਠਾਟ ਦਾ ਸ਼ਾੜਵ ਸੰਪੂਰਣ ਰਾਗ ਹੈ, ਅਰਥਾਤ ਆਰੋਹੀ ਵਿਚ ਛੇ ਅਤੇ ਅਵਰੋਹੀ ਵਿਚ ਸੱਤ ਸੁਰ ਹਨ। ਆਰੋਹੀ ਵਿਚ ਗਾਂਧਾਰ ਦੁਰਬਲ ਹੈ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ। ਪੰਚਮ ਅਤੇ ਰਿਸ਼ਭ ਨਾਲ ਨਿਸ਼ਾਦ ਦੀ ਸੰਗਤੀ ਰਹਿੰਦੀ ਹੈ । ਗਾਂਧਾਰ ਧੈਵਤ ਨਿਸ਼ਾਦ ਕੋਮਲ, ਬਾਕੀ ਸ਼ੁਧ ਸੁਰ ਹਨ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ :

ਆਰੋਹੀ—ਨਾ ਸ਼ ਰ ਮ ਪ ਧਾ ਨਾ ਸ਼

ਅਵਰੋਹੀ—ਸ਼ ਧਾ ਨਾ ਪ ਗਾ ਮ ਰ ਸ਼

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਨੜੇ ਦਾ ਅਠਾਈਵਾਂ ਨੰਬਰ ਹੈ।

ਹ. ਪੁ.—ਮ. ਕੋ. : 318

**ਕੱਾਨਾਕਰੀ :** ਗਿੰਨੀ ਗਣਰਾਜ ਦੀ ਰਾਜਧਾਨੀ, ਸਭ ਤੋਂ ਵੱਡਾ ਸ਼ਹਿਰ ਹੈ ਅਤੇ ਅੰਧ ਮਹਾਂਸਾਗਰ ਦੀ ਬੰਦਰਗਾਹ ਹੈ ਜੋ ਟਾਂਬੋ ਟਾਪੂ ਅਤੇ ਕੈਲੂਮ ਪ੍ਰਾਇਦੀਪ ਦੇ ਸੰਗਮ ਤੇ ਵਾਕਿਆ ਹੈ। ਇਸ ਸ਼ਹਿਰ ਦਾ ਨੀਂਹ ਪੱਥਰ ਫ਼ਰਾਂਸੀਸੀਆਂ ਨੇ 1884 ਈ. ਵਿਚ ਰੱਖੀ ਅਤੇ ਇਕ ਸਥਾਨਕ ਪਿੰਡ ਦੇ ਨਾਂ ਪਿਛੇ ਇਸ ਦਾ ਨਾਂ ਰੱਖਿਆ ਗਿਆ । ਇਸ ਤੋਂ ਪਿਛੋਂ 1891 ਵਿਚ ਰੀਵੀਅਰਜ਼ ਡੂ ਸੂਡ ਪ੍ਰੋਟੈਕਟੋਰੇਟ ਦੀ 1893 ਵਿਚ ਫ਼ਰਾਂਸੀਸੀ ਗਿੰਨੀ ਅਤੇ 1958 ਵਿਚ ਆਜ਼ਾਦ ਗਿੰਨੀ ਦੀ ਰਾਜਧਾਨੀ ਬਣ ਗਿਆ। ਟਾਂਬੋ ਟਾਪੂ ਜਿਥੇ ਇਹ ਪਹਿਲਾਂ ਪਿੰਡ ਦੇ ਤੌਰ ਤੇ ਵਸਿਆ ਸੀ। 300 ਮੀ. ਲੰਬੇ ਦਲਦਲੀ ਲਾਂਘੇ ਦੁਆਰਾ ਪ੍ਰਾਇਦੀਪ ਨਾਲ ਜੁੜਿਆ ਹੋਇਆ ਹੈ। ਕੱਾਨਾਕਰੀ ਡੂੰਘੇ ਪਾਣੀ ਵਾਲੀ ਬੰਦਰਗਾਹ ਹੈ ਜਿਥੋਂ ਐਲੂਮੀਨਾ, ਕੇਲਾ, ਸੰਤਰਾ, ਅਨਾਨਾਸ, ਕਾਫ਼ੀ, ਖਜੂਰ ਤੇ ਮੱਛੀ ਬਾਹਰ ਭੇਜੀ ਜਾਂਦੀ ਹੈ। ਇਹ ਗੱਡੀਆਂ-ਮੋਟਰਾਂ ਦਾ ਸਿਰੇ ਦਾ ਸਟੇਸ਼ਨ ਹੈ। ਸ਼ਹਿਰ ਦੇ 15 ਕਿ. ਮੀ. ਉੱਤਰ-ਪੂਰਬ ਵਲ ਗਿੰਨੀ ਦਾ ਅੰਤਰਦੇਸ਼ੀ ਹਵਾਈ ਅੱਡਾ ਹੈ।

ਕੱਾਨਾਕਰੀ ਦੇ ਆਲੇ-ਦੁਆਲਿਉਂ ਲੋਹੇ ਅਤੇ ਬਾਕਸਾਈਟ ਦੇ ਖਣਿਜ ਪਦਾਰਥ ਮਿਲਣ ਕਰਕੇ 1950 ਈ. ਦੇ ਦਹਾਕੇ ਵਿਚ ਇਹ ਇਕ ਸੱਨਅਤੀ ਸ਼ਹਿਰ ਬਣ ਗਿਆ। ਇਥੋਂ ਦੇ ਸਥਾਨਕ ਉਦਯੋਗਾਂ ਵਿਚ ਫਲ ਅਤੇ ਮੱਛੀ ਡੱਬਿਆਂ ਵਿਚ ਬੰਦ ਕਰਨਾ, ਛਾਪਾਖਾਨਾ, ਆਟੋਮੋਬਾਈਲ ਦੇ ਪੁਰਜ਼ੇ ਜੋੜਨਾ, ਐਲੂਮਿਨੀਅਮ ਦੇ ਬਰਤਨ ਅਤੇ ਪਲਾਸਟਕ ਦੀਆਂ ਵਸਤਾਂ ਤਿਆਰ ਕਰਨਾ ਆਦਿ ਸ਼ਾਮਲ ਹਨ। ਪ੍ਰਮੁੱਖ ਪਲਾਂਟ ਜਿਵੇਂ ਕੱਪੜੇ ਦੀ ਮਿੱਲਾਂ, ਤੰਬਾਕੂ ਤੇ ਮਾਚਸ ਦੇ ਕਾਰਖ਼ਾਨੇ, ਫ਼ਰਨੀਚਰ ਤਿਆਰ ਕਰਨ ਦੇ ਕਾਰਖ਼ਾਨੇ, ਇੱਟਾਂ ਦੇ ਭੱਠੇ, ਜੁੱਤੀਆਂ ਦੇ ਕਾਰਖ਼ਾਨੇ ਅਤੇ ਖਾਣਾ ਪੁੱਟਣ ਲਈ ਵਿਸਫੋਟ ਪਦਾਰਥ ਤਿਆਰ ਕਰਨ ਦੇ ਕਾਰਖ਼ਾਨੇ ਆਦਿ ਸ਼ਹਿਰ ਦੇ ਉੱਤਰ-ਪੂਰਬੀ ਹਿੱਸੇ ਵਿਚ ਲਾਏ ਗਏ ਹਨ।

ਕੱਾਨਾਕਰੀ, ਦੇਸ਼ ਦਾ ਇਕ ਚੰਗਾ ਵਿਦਿਅਕ ਕੇਂਦਰ ਹੈ। ਇਥੇ ਪਾਲੀਟੈਕਨਿਕ ਇੰਸਟੀਚਿਊਟ ਦੀ ਸੀਟ ਹੈ ਅਤੇ ਅਧਿਆਪਕ-ਸਿਖਲਾਈ ਤੇ ਕਿੱਤਾਕਾਰੀ ਅਦਾਰਿਆਂ ਦੇ ਨਾਲ ਨਾਲ ਨਰਸਾਂ ਤੇ ਦਾਈਆਂ ਦੀ ਸਿਖਲਾਈ ਅਤੇ ਮਿਲਟਰੀ ਦੇ ਸਕੂਲ ਆਦਿ ਹਨ। ਸੰਨ 1960 ਵਿਚ ਇਥੇ ਅਜਾਇਬ ਘਰ, ਲਾਇਬ੍ਰੇਰੀ ਅਤੇ ਪੁਰਾ ਲੇਖ ਭਵਨ ਸਥਾਪਤ ਕੀਤੇ ਗਏ। ਫ਼ਰਾਂਸੀਸੀਆਂ ਨੇ ਇਥੇ ਬੂਟੈਨੀਕਲ ਗਾਰਡਨ ਦੀ ਨੀਂਹ ਰੱਖੀ ਸੀ। ਇਥੋਂ

ਦੀਆਂ ਇਮਾਰਤਾਂ ਵਿਚ ਨੈਸ਼ਨਲ ਅਸੈਂਬਲੀ, ਸਟੇਡੀਅਮ, ਸ਼ਹੀਦਾਂ ਦੀਆਂ ਯਾਦਗਾਰਾਂ, ਕੇਂਦਰੀ ਮਸਜਿਦ ਅਤੇ ਰੋਮਨ ਕੈਥੋਲਿਕ ਗਿਰਜਾ-ਘਰ ਸ਼ਾਮਲ ਹਨ ।

ਆਬਾਦੀ—525,671 (1972)
9° 31′ ਉ. ਵਿਥ. ; 13° 43′ ਪੱ. ਲੰਬ.
ਹ. ਪੁ.—ਐਨ. ਬ੍ਰਿ. ਮਾ. 3 : 49

**ਕਾਨਾਜ਼ਾਵਾ** : ਜਾਪਾਨ ਦਾ ਇਹ ਇਕ ਇਤਿਹਾਸਕ ਸ਼ਹਿਰ ਇਸ਼ੀਕਾਵਾ ਪ੍ਰੀਫੈਕਚਰ ਦੀ ਰਾਜਧਾਨੀ ਅਤੇ ਮਸ਼ਹੂਰ ਸੱਨਅਤੀ ਕੇਂਦਰ ਹੈ । 16ਵੀਂ ਸਦੀ ਵਿਚ ਟੋਯੋਟੋਮੀ ਹਾਈਡਯੋਸ਼ੀ ਨੇ ਕਾਨਜ਼ਾਵਾ ਅਤੇ ਕਾਗਾ ਦਾ ਪ੍ਰਾਂਤ ਮੇਈਡਾ ਖ਼ਾਨਦਾਨ ਨੂੰ ਦਿਤਾ ਸੀ ਅਤੇ ਇਹ ਸ਼ਹਿਰ ਲਗਭਗ 300 ਸਾਲ ਤਕ ਉਨ੍ਹਾਂ ਦੇ ਅਧਿਕਾਰ ਅਧੀਨ ਰਿਹਾ । ਉਨ੍ਹਾਂ ਦੇ ਮਹਿਲ ਦੀਆਂ ਕੰਧਾਂ, ਗੇਟ ਅਤੇ ਕੁਝ ਇਮਾਰਤਾਂ ਬਾਕੀ ਬਚੀਆਂ ਹੋਈਆਂ ਹਨ ਜੋ ਪੁਰਾਤਨ ਜਾਪਾਨ ਦੀ ਯਾਦ ਤਾਜ਼ਾ ਕਰਦੀਆਂ ਹਨ । ਕੈਨਰੋਕੂਐਨ ਬਾਗ਼ ਜਿਹੜਾ ਪੁਰਾਣੇ ਰਜਵਾੜਿਆਂ ਨਾਲ ਸਬੰਧਤ ਹੈ ਜਾਪਾਨ ਦੀ ਬਾਗਬਾਨੀ ਦੀ ਇਕ ਖ਼ੂਬਸੂਰਤ ਮਿਸਾਲ ਪੇਸ਼ ਕਰਦਾ ਹੈ ।

ਇਥੇ ਅਯਾਸ਼ੀ ਦਾ ਸਾਮਾਨ ਬਣਾਉਣ ਦੀਆਂ ਸੱਨਅੱਤਾਂ ਹਨ ਜਿਨ੍ਹਾਂ ਵਿਚ ਸੁੰਦਰ ਚਿੱਤਰਕਾਰੀ ਵਾਲੇ ਚੀਨੀ ਦੇ ਬਰਤਨ ਆਦਿ ਸ਼ਾਮਲ ਹਨ । ਪੁਰਾਤਨ ਰੇਸ਼ਮ ਦੇ ਉਦਯੋਗ ਦਾ ਵੀ ਵਿਕਾਸ ਹੋਇਆ ਹੈ ਅਤੇ ਇਸ ਵਿਚ ਸੂਤੀ, ਊਨੀ, ਨਕਲੀ ਰੇਸ਼ਮ ਅਤੇ ਨਾਈਲਨ ਦਾ ਕੱਪੜਾ ਤਿਆਰ ਹੁੰਦਾ ਹੈ ।

ਆਬਾਦੀ—419,971 (1981)
30° 34′ ਉ. ਵਿਥ. ; 136° 39′ ਪੂ. ਲੰਬ
ਹ. ਪੁ.—ਐਨ. ਬ੍ਰਿ. 13 : 202

**ਕੌਨਾਟ, ਆਰਥਰ ਵਿਲੀਅਮ ਪੈਟਰਿਕ ਐਲਬਰਟ :** ਵਿਸ਼ਵ ਪ੍ਰਸਿੱਧ ਮਹਾਰਾਣੀ ਵਿਕਟੋਰੀਆ ਦੇ ਇਸ ਤੀਜੇ ਪੁੱਤਰ ਦਾ ਜਨਮ 1 ਮਈ, 1850 ਨੂੰ ਬੁਕਿੰਘਮ ਮਹੱਲ ਵਿਚ ਹੋਇਆ । ਸੰਨ 1874 ਵਿਚ ਇਸ ਨੂੰ ਕੌਨਾਟ ਅਤੇ ਸਟ੍ਰੈਟਹਰਨ ਦਾ ਡਿਊਕ ਬਣਾਇਆ ਗਿਆ । ਇਸ ਨੂੰ ਇਕ ਫ਼ੌਜੀ ਸਿਪਾਹੀ ਵਜੋਂ ਸਿਖਲਾਈ ਦਿਤੀ ਗਈ । ਸੰਨ 1900 ਤੋਂ 1904 ਤੀਕ ਇਹ ਆਇਰਲੈਂਡ ਦਾ ਕਮਾਂਡਰ-ਇਨ ਚੀਫ਼, 1904 ਤੋਂ 1907 ਤੀਕ ਫ਼ੌਜਾਂ ਦਾ ਇੰਸਪੈਕਟਰ ਜਨਰਲ ਅਤੇ ਸੰਨ 1907 ਤੋਂ 1909 ਤੀਕ ਰੂਮ ਸਾਗਰ ਵਿਚ ਕਮਾਂਡਰ ਇਨ ਚੀਫ਼ ਅਤੇ ਸੰਨ 1911 ਤੋਂ 1916 ਤੀਕ ਕੈਨੇਡਾ ਦਾ ਗਵਰਨਰ ਜਨਰਲ ਰਿਹਾ ।

ਇਸ ਨੇ ਸੰਨ 1879 ਵਿਚ ਪ੍ਰਸ਼ੀਆ ਦੀ ਸ਼ਹਿਜ਼ਾਦੀ ਲੂਈ ਮਾਰਗਰੇਟ ਨਾਲ ਸ਼ਾਦੀ ਕੀਤੀ । ਇਨ੍ਹਾਂ ਦੀ ਵੱਡੀ ਲੜਕੀ ਮਾਰਗਾਰੈੱਟ ਨੇ ਸੰਨ 1905 ਵਿਚ ਸਵੀਡਨ ਦੇ ਬਾਦਸ਼ਾਹ ਗਸਟਾਵ ਛੇਵੇਂ ਨਾਲ ਸ਼ਾਦੀ ਕੀਤੀ । ਇਸ ਦੇ ਇਕਲੌਤੇ ਪੁੱਤਰ ਸ਼ਹਿਜ਼ਾਦਾ ਆਰਥਰ ਨੇ ਸੰਨ 1913 ਈ. ਵਿਚ ਫਾਈਫ ਦੀ ਡੱਚੈਸ ਸ਼ਹਿਜ਼ਾਦੀ ਅਲੈਗਜ਼ੈਂਡਰੀ ਨਾਲ ਸ਼ਾਦੀ ਕੀਤੀ । ਛੋਟੇ ਆਰਥਰ ਦਾ ਪੁੱਤਰ ਅਲਸਟੇਅਰ ਆਰਥਰ 1942 ਈ. ਵਿਚ ਆਪਣੇ ਦਾਦੇ ਦਾ ਉੱਤਰਾਧਿਕਾਰੀ ਬਣਿਆ ਅਤੇ ਇਸ ਦੀ ਮੌਤ ਪਿੱਛੋਂ ਡੱਚੀ ਖ਼ਤਮ ਹੋ ਗਈ ।

ਇਸ ਦੀ ਮੌਤ 16 ਜਨਵਰੀ, 1942 ਨੂੰ ਸਰੇ ਕਾਊਂਟੀ ਵਿਚ ਗਸ਼ਾਟ ਪਾਰਕ ਵਿਖੇ ਹੋਈ ।

ਹ. ਪੁ.—ਐਨ. ਬ੍ਰਿ. ਮਾ. 3 : 85

**ਕਾਨ੍ਹਾ ਭਗਤ** : ਕਾਨ੍ਹਾ ਭਗਤ ਦੇ ਜੀਵਨ ਸਮਾਚਾਰਾਂ ਬਾਰੇ ਕੁਝ ਤਾ ਨਹੀਂ ਲਗਦਾ । ਇਹ ਜਹਾਂਗੀਰ ਦੇ ਰਾਜ ਕਾਲ ਵਿਚ ਹੋਇਆ ਤੇ ਹੌਰ ਵਿਚ ਰਹਿੰਦਾ ਸੀ । ਕਾਨ੍ਹੇ ਨੇ ਕਾਫ਼ੀ ਸਾਰੀ ਬਾਣੀ ਰਚੀ ਹੈ ਜੋ ਅਜੇ -ਲਿਖਤ ਰੂਪ ਵਿਚ ਵੱਖ-ਵੱਖ ਪਬਲਿਕ ਜਾਂ ਨਿੱਜੀ ਲਾਇਬ੍ਰੇਰੀਆਂ ਦਾ ਗਾਰ ਹੈ । ਕਵਿਤਾ ਦਾ ਰੰਗ ਵੇਦਾਂਤੀ ਹੈ ਤੇ ਉਸ ਵੇਲੇ ਦੀ ਅਧਿਆਤਮਕ ਤਾ ਦੇ ਸਾਰੇ ਗੁਣ ਇਸ ਦੀ ਬਾਣੀ ਵਿਚ ਮੌਜੂਦ ਹਨ । ਸਿੱਖ ਇਤਿਹਾਸਕ ਗ੍ਰੰਥਾਂ ਵਿਚ ਜ਼ਿਕਰ ਆਉਂਦਾ ਹੈ ਕਿ ਇਹ ਗੁਰੂ ਅਰਜਨ ਦੇਵ ਪਾਸ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਵਾਉਣ ਲਈ ਹਾਜ਼ਰ ਹੋਇਆ ਪਰ ਵਿਚਾਰਧਾਰਕ ਵਿਰੋਧ ਕਾਰਨ ਇਹ ਬੇਨਤੀ ਅਸਵੀਕਾਰ ਕਰ ਦਿੱਤੀ ਗਈ । ਇਸ ਦੀ ਮ੍ਰਿਤੂ 1606 ਈ. ਵਿਚ ਹੋਈ ਦੱਸੀ ਜਾਂਦੀ ਹੈ ।

ਹ. ਪੁ.—ਪੰ. ਸਾ. ਇ. 1 : 445.

**ਕੌਨੌਲੀ ਜੇਮਜ਼** : ਆਇਰਲੈਂਡ ਦੇ ਇਸ ਪ੍ਰਸਿੱਧ ਕਿਰਤੀ ਅਤੇ ਮਾਰਕਸਵਾਦੀ ਨੇਤਾ ਦਾ ਜਨਮ 5 ਜੂਨ, 1868 ਨੂੰ ਮਾਨਗੈਨ ਕਾਊਂਟੀ ਵਿਚ ਹੋਇਆ ।


ਕੌਨੌਲੀ ਜੇਮਜ਼

ਸੰਨ 1896 ਵਿਚ ਕੌਨੌਲੀ ਨੇ 'ਆਇਰਿਸ਼ ਸੋਸ਼ਲਿਸਟ ਰੀਪਬਲਿਕ ਪਾਰਟੀ' ਦੀ ਸਥਾਪਨਾ ਕੀਤੀ । ਸੰਯੁਕਤ ਰਾਜ ਅਮਰੀਕਾ ਵਿਚ (1903—10) ਇਸ ਨੇ ਵਿਸ਼ਵ ਦੇ ਉਦਯੋਗਿਕ ਕਾਮਿਆਂ ਨੂੰ ਇਕ-ਮੁੱਠ ਕਰਨ ਵਿਚ ਬੜਾ ਅਹਿਮ ਹਿੱਸਾ ਪਾਇਆ । ਆਇਰਲੈਂਡ ਵਿਚ ਇਸ ਨੇ 'ਲੇਬਰ ਪਾਰਟੀ' ਅਤੇ ਕਈ ਹੋਰ ਯੂਨੀਅਨਾਂ ਸਥਾਪਿਤ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ । ਸੰਨ 1913 ਵਿਚ ਜਦੋਂ ਡਬਲਿਨ ਦੇ ਉਦਯੋਗਪਤੀਆਂ ਨੇ ਯੂਨੀਅਨ ਦੇ ਮੈਂਬਰਾਂ ਵਿਰੁੱਧ ਤਾਲਾਬੰਦੀ ਸ਼ੁਰੂ ਕਰ ਦਿਤੀ ਸੀ ਤਾਂ ਕੌਨਾਲੀ ਇਕ ਅਨਿਯਮਿਤ 'ਸਿਟੀਜ਼ਨ ਆਰਮੀ' ਦਾ ਕਮਾਂਡਰ ਬਣ ਗਿਆ । ਡਬਲਿਨ ਵਿਚ ਬ੍ਰਿਟਿਸ਼ ਹਕੂਮਤ ਵਿਰੁੱਧ ਈਸਟਰ ਵਿਦਰੋਹ ਖੜ੍ਹਾ ਕਰਨ ਵਿਚ ਇਸ ਦਾ ਮੁੱਖ ਹੱਥ ਸੀ ।

ਇਸ ਦੀ ਮੌਤ 12 ਮਈ, 1916 ਨੂੰ ਡਬਲਿਨ ਵਿਖੇ ਹੋਈ ।

ਹ. ਪੁ.—ਐਨ. ਬ੍ਰਿ. ਮਾ. 3 : 87

**ਕਾਨਾਲੇਹਾਸ ਈ ਮੇਨਡੇਥ, ਜੋਜ਼** : ਸਪੇਨ ਦੇ ਇਸ ਉੱਘੇ ਨੀਤੀਵਾਨ ਦਾ ਜਨਮ 31 ਜੁਲਾਈ, 1854 ਨੂੰ ਐਲ ਫੈਰਾਲ ਵਿਖੇ ਹੋਇਆ । ਇਸ ਨੇ ਮੈਡਰਿਡ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੀ ਅਤੇ ਅਗਲੇ ਸਾਲ ਵਿਚ ਦੋ ਡਾਕਟ੍ਰੇਟ ਡਿਗਰੀਆਂ ਪ੍ਰਾਪਤ ਕੀਤੀਆਂ । ਇਸ ਦਾ ਸਿਆਸੀ ਜੀਵਨ 1881 ਈ. ਵਿਚ ਸ਼ੁਰੂ ਹੋਇਆ ਜਦੋਂ ਇਹ ਸੋਰੀਆ ਪ੍ਰਾਂਤ ਵਲੋਂ ਕਾਰਟੀਜ਼ ਲਈ ਚੁਣਿਆ ਗਿਆ ਸੀ । ਇਹ 1883 ਈ. ਵਿਚ ਪ੍ਰਧਾਨ ਮੰਤਰੀ ਦੇ ਵਿਭਾਗ ਵਿਚ ਅਧੀਨ ਸਕੱਤਰ, 1888 ਈ. ਵਿਚ ਲੋਕ ਨਿਰਮਾਣ ਅਤੇ ਨਿਆਂ—ਮੰਤਰੀ ਅਤੇ 1894 ਈ. ਵਿਚ ਵਿੱਤ ਮੰਤਰੀ ਬਣਿਆ । ਵਿਚਾਰਾਂ ਵਿਚ ਇਹ ਸਪੇਨੀ ਲਿਬਰਨ ਪਾਰਟੀ ਦੇ ਖੱਬੇ ਧੜੇ ਦਾ ਸਮੱਰਥਕ ਸੀ । ਇਹ ਧਾਰਮਕ ਵਿਵਸਥਾ ਉਤੇ ਪਾਬੰਦੀਆਂ ਲਾਉਣ ਅਤੇ ਗ਼ੈਰ-ਕਾਸ਼ਤੀ ਜਗੀਰਦਾਰਾਂ ਦੀ ਮਲਕੀਅਤ ਨੂੰ ਖ਼ਤਮ ਕਰਨ ਵਿਚ ਵਿਸ਼ਵਾਸ ਰੱਖਦਾ ਸੀ । ਇਹ ਸੰਨ 1900 ਤੋਂ 1912 ਤੀਕ ਦੇਸ਼ ਦਾ ਪ੍ਰਧਾਨ ਮੰਤਰੀ ਰਿਹਾ । ਇਸ ਨੇ ਆਪਣੇ ਰਾਜ-ਕਾਲ ਦੌਰਾਨ ਦੇਸ਼ ਵਿਚ ਹੋਈਆਂ ਹੜਤਾਲਾਂ ਅਤੇ ਸਿਵਲ ਅਤੇ ਫ਼ੌਜੀ, ਫਸਾਦਾਂ ਨੂੰ ਬੜੀ ਸੂਝ-ਬੂਝ ਨਾਲ ਦਬਾਇਆ ।

12 ਨਵੰਬਰ, 1912 ਨੂੰ ਇਸ ਨੂੰ ਮੈਡਰਿਡ (ਸਪੇ) ਵਿਖੇ ਕਤਲ ਕਰ ਦਿਤਾ ਗਿਆ ।

ਹ. ਪੁ.—ਐਨ. ਬ੍ਰਿ. 4 : 764.

**ਕਾਨਿਊਟ ਛੇਵਾਂ** : ਡੈਨਮਾਰਕ ਦਾ ਇਕ ਪ੍ਰਸਿੱਧ ਬਾਦਸ਼ਾਹ ਅਤੇ ਵਾਲਡੇਮਾਰ ਪਹਿਲੇ ਦਾ ਸਭ ਤੋਂ ਵੱਡਾ ਲੜਕਾ ਸੀ । 25 ਜੂਨ,

1170 ਨੂੰ ਇਸ ਦੀ ਆਪਣੇ ਪਿਤਾ ਦੇ ਕੋਰਜੈਂਟ ਵਜੋਂ ਤਾਜਪੋਸ਼ੀ ਕੀਤੀ ਗਈ। ਸੰਨ 1182 ਵਿਚ ਇਹ ਰਾਜ ਗੱਦੀ ਤੇ ਬੈਠਾ । ਦੇਸ਼ ਦੇ ਹਾਕਮ ਵਜੋਂ, ਇਸ ਉਤੇ ਇਸ ਦੇ ਨੇੜੇ ਦੇ ਸਾਥੀਆਂ ਅਰਥਾਤ ਆਰਚਬਿਸ਼ਪ ਆਪਸਲਾਨ ਅਤੇ ਇਸ ਦੇ ਛੋਟੇ ਭਰਾ ਵਾਲਡੇਮਾਰ ਦੂਜੇ ਦਾ ਪ੍ਰਭਾਵ ਛਾਇਆ ਰਿਹਾ। ਇਸ ਦੇ ਰਾਜ-ਕਾਲ ਦੌਰਾਨ ਇਸ ਦੇ ਰਾਜ ਨੇ 'ਹੋਲੀ ਰੋਮਨ ਰਾਜ' ਤੋਂ ਆਪਣੀ ਆਜ਼ਾਦੀ ਦਾ ਵੱਖਰਾ ਦਾਅਵਾ ਕੀਤਾ ਅਤੇ ਬਾਲਟਿਕ ਤੱਟ ਦੇ ਨਾਲ ਨਾਲ ਆਪਣੀ ਹਕੂਮਤ ਸਥਾਪਤ ਕਰਨੀ ਆਰੰਭ ਕਰ ਦਿਤੀ। ਸੰਨ 1184 ਵਿਚ ਆਪਸ਼ਾਲਾਨ ਨੇ ਪਾਮਰੇਨੀਆ ਦੇ ਡਿਊਕ ਬੋਗੀਸਲਾਵ ਦੇ ਜਹਾਜ਼ੀਬੇੜੇ ਨੂੰ ਸ਼ਟਰਾਲਜ਼ੁੰਟ ਦੇ ਸਥਾਨ ਤੇ ਬੁਰੀ ਤਰ੍ਹਾਂ ਹਰਾਇਆ। ਇਸ ਤੋਂ ਤੁਰੰਤ ਬਾਅਦ ਜਰਮਨ ਸਰਹੱਦੀ ਸ਼ਹਿਜ਼ਾਦਿਆਂ ਨੇ ਡੈਨਮਾਰਕ ਦੀ ਸਰਵ-ਉੱਚਤਾ ਦੀ ਈਨ ਮੰਨਣੀ ਸ਼ੁਰੂ ਕਰ ਦਿਤੀ ਅਤੇ ਸੰਨ 1185 ਵਿਚ ਬੋਗੀਸਲਾਵ ਨੇ ਪਾਮਾਰਜ਼ੀ ਲਈ ਵਫ਼ਾਦਾਰੀ ਦੀ ਸਹੁੰ ਖਾਧੀ। ਇਸ ਤੋਂ ਪਿਛੋਂ ਸੰਨ 1186 ਵਿਚ ਅਜੋਕੇ ਮੈਕਲੈਨਬੁਰਕ ਵਾਲੇ ਇਲਾਕੇ ਦੇ ਦੋ ਆਬਰੋਡਾਈਟ ਸ਼ਹਿਜ਼ਾਦਿਆਂ ਨੇ ਵੀ ਵਫ਼ਾਦਾਰੀ ਦੀ ਸਹੁੰ ਖਾਧੀ। ਫਿਰ ਕਾਨਿਊਟ ਨੇ ਆਪਣੇ ਸ਼ਾਹੀ ਨਾਂ ਦੇ ਨਾਲ 'ਸਲਾਵਾਂ ਦਾ ਬਾਦਸ਼ਾਹ' ਦੇ ਸ਼ਬਦ ਜੋੜ ਦਿਤੇ। ਇਸ ਤਰ੍ਹਾਂ ਡੈਨਮਾਰਕ ਯੂਰਪ ਦੀ ਉੱਚੀ ਸਿਆਸਤ ਵਿਚ ਦਾਖਲ ਹੋ ਗਿਆ। ਹਾਕਮ ਖ਼ਾਨਦਾਨ ਦੇ ਵਿਰੁੱਧ ਵਾਲਡੇਮਾਰ (ਸ਼ਲੈਸਵਿਗ ਦਾ ਬਿਸ਼ਪ) ਨੇ ਬਾਦਸ਼ਾਹ ਹੈਨਰੀ ਛੇਵੇਂ ਨਾਲ ਰਲ ਕੇ ਇਕ ਸਾਜ਼ਸ਼ ਤਿਆਰ ਕੀਤੀ ਪਰ ਡਿਊਕ ਵਾਲਡੇਮਾਰ ਨੇ ਇਸ ਸਾਜ਼ਸ਼ ਨੂੰ 1192 ਵਿਚ ਬੁਰੀ ਤਰ੍ਹਾਂ ਕੁਚਲ ਦਿਤਾ। ਇਸੇ ਸਮੇਂ ਵਿਚ ਹੀ ਲੂਬੈੱਕ ਨੇ ਡੈਨਮਾਰਕ ਦੀ ਪ੍ਰਭੁਤਾ ਮੰਨ ਲਈ ਅਤੇ ਇਸ ਤਰ੍ਹਾਂ ਡੈਨਮਾਰਕ ਦੇ ਓਡਰ ਦਰਿਆ ਤੋਂ ਪਰ੍ਹਾਂ ਦੇ ਸਾਰੇ ਪੂਰਬੀ ਬਾਲਟਿਕ ਇਲਾਕਿਆਂ ਉਤੇ ਬੋਲਬਾਲਾ ਹੋ ਗਿਆ।

ਇਸ ਦੀ ਮੌਤ 12 ਨਵੰਬਰ, 1202 ਨੂੰ ਹੋਈ।

ਹ. ਪੁ.—ਐਨ. ਬ੍ਰਿ. 4 : 810

**ਕਾਨਿਆਰ :** ਦੱਖਣੀ ਅਮਰੀਕਾ ਵਿਚ ਇਕਵੇਡਾਰ ਦੀ ਉੱਚ-ਭੂਮੀ ਦਾ ਇਹ ਇਕ ਪ੍ਰਾਂਤ ਹੈ। ਇਸ ਵਿਚ ਐਡੀਮਾਨ ਕਾਰਡਿਲੈਰਾ ਪਰਬਤ ਲੜੀ ਦਾ ਉੱਚਾ ਹਿੱਸਾ, ਕਵੇਂਗਕਾ ਬੇਸਿਨ ਦਾ ਹਿੱਸਾ ਅਤੇ ਕਾਰੰਜਲ ਦਰਿਆ ਦੀ ਵਾਦੀ ਸ਼ਾਮਲ ਹਨ। ਇਸ ਦਾ ਕੁਲ ਖੇਤਰਫਲ 2677 ਵ. ਕਿ. ਮੀ. ਅਤੇ ਆਬਾਦੀ 175,933(1982) ਹੈ। ਅਜ਼ੋਗਸ ਇਥੋਂ ਦੀ ਰਾਜਧਾਨੀ ਹੈ । ਰਾਜਧਾਨੀ ਦੇ ਨਜ਼ਦੀਕ ਚਾਰਾ, ਮੱਕੀ, ਕਣਕ, ਜੌਂ, ਆਲੂ ਅਤੇ ਫ਼ਲ ਉਗਾਏ ਜਾਂਦੇ ਹਨ। ਪਹਾੜਾਂ ਦੀਆਂ ਢਲਾਣਾਂ ਤੇ ਭੇਡਾਂ ਚਾਰੀਆਂ ਜਾਂਦੀਆਂ ਹਨ। ਨਾਰਜੈਲ ਦਰਿਆ ਦੀ ਡੂੰਘੀ ਵਾਦੀ ਵਿਚ ਗੰਨਾ ਅਤੇ ਕਾਫ਼ੀ ਦੀ ਕਾਸ਼ਤ ਕੀਤੀ ਜਾਂਦੀ ਹੈ । ਇਥੇ ਸੋਨਾ, ਚਾਂਦੀ, ਤਾਂਬੇ ਅਤੇ ਪਾਰੇ ਦੀਆਂ ਖਾਣਾਂ ਹਨ ਪਰ ਇਹ ਬਹੁਤੀਆਂ ਮਹੱਤਵਪੂਰਨ ਨਹੀਂ ਹਨ । ਇਸ ਤੋਂ ਇਲਾਵਾ ਦੇਸ਼ ਵਿਚ ਕੋਲੇ ਦੇ ਸਭ ਤੋਂ ਵੱਡੇ ਜ਼ਖੀਰੇ ਵੀ ਇਥੇ ਹੀ ਹਨ ਜਿਨ੍ਹਾਂ ਵਿਚ 3,800,000 ਟਨ ਕੋਲਾ ਹੋਣ ਦਾ ਅੰਦਾਜ਼ਾ ਹੈ ਪਰ ਇਸ ਦਾ ਹਾਲੇ ਵਿਸਥਾਰ ਨਹੀਂ ਕੀਤਾ ਗਿਆ । ਕਵੇਂਗਕਾ ਦੇ ਆਲੇ-ਦੁਆਲੇ ਦੇ ਘਰੇਲੂ ਲੋਕ ਖਜੂਰ ਦੀਆਂ ਟਾਹਣੀਆਂ ਦੀਆਂ ਟੋਪੀਆਂ ਬਣਾਉਂਦੇ ਹਨ ।

ਹ. ਪੁ.—ਐਨ. ਬ੍ਰਿ. 4 : 765; ਐਨ. ਬ੍ਰਿ. ਮਾ. 2 : 501

**ਕਾਨਿਗਰੀ :** ਭਾਰਤ ਦੇ ਆਂਧਰਾ ਰਾਜ ਦੇ ਨੇਲਰ ਜ਼ਿਲ੍ਹੇ ਵਿਚ ਇਸੇ ਨਾਂ ਦੇ ਤਅੱਲੁਕੇ ਦਾ ਸਦਰ-ਮੁਕਾਮ ਹੈ। ਕਸਬੇ ਦੇ ਉੱਤਰ ਵਲ ਕਾਨਿਗਰੀ ਪਹਾੜੀ ਕਾਫ਼ੀ ਉਚਾਈ ਤੀਕ ਉੱਠਦੀ ਹੈ ਜੋ ਆਲੇ-ਦੁਆਲੇ ਕਈ ਕਿਲੋਮੀਟਰਾਂ ਵਿਚ ਕੁਦਰਤੀ ਨਜ਼ਾਰੇ ਪੇਸ਼ ਕਰਦੀ ਹੈ। ਪਹਾੜੀ ਉੱਤੇ 2.5 ਕਿ.ਮੀ. ਦੇ ਰਕਬੇ ਵਿਚ ਇਕ ਖੁਰਦਰੀ ਜਿਹੀ ਪਠਾਰ ਹੈ ਜਿਥੇ ਕਿਸੇ ਸਮੇਂ ਇਕ ਕਸਬਾ ਹੁੰਦਾ ਸੀ। ਅਨੁਮਾਨ ਲਾਇਆ ਜਾਂਦਾ ਹੈ ਕਿ ਇਸ ਕਸਬੇ ਨੂੰ ਉੜੀਸਾ ਦੇ ਗਜਪਤੀਆਂ ਨੇ ਕਿਲਾ-ਬੰਦ ਕੀਤਾ ਸੀ। ਪਹਾੜੀ ਦੇ ਨਾਂ ਨੂੰ ਇਕ ਦੇਵੀ (ਜਿਸ ਦਾ ਇਸ ਉੱਤੇ ਇਕ ਮੰਦਰ ਹੈ) ਦੇ ਨਾਲ ਜੋੜਕੇ, ਇਸ ਦਾ ਨਾਂ ਕਨਕਗਿਰੀ ਵਿਜੈਮਾਰਤੰਡ ਦੁਰਗਮ ਰੱਖ ਦਿਤਾ। ਕਿਲਾ-ਬੰਦੀ ਦੇ ਕੁਝ ਖੰਡਰ ਅੱਜ ਵੀ ਮੌਜੂਦ ਹਨ। ਸੋਲ੍ਹਵੀਂ ਸਦੀ ਵਿਚ ਵਿਜੈ ਨਗਰ ਦੇ ਕ੍ਰਿਸ਼ਨ ਦੇਵ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਹੈਦਰਅਲੀ ਵਲੋਂ ਇਸ ਥਾਂ ਨੂੰ ਤਬਾਹ ਕਰਨ ਤੋਂ ਪਹਿਲਾਂ ਇਸ ਥਾਂ ਦਾ ਸਥਾਨਕ ਲੜਾਈ-ਝਗੜਿਆਂ ਵਿਚ ਬੜਾ ਅਹਿਮ ਹਿੱਸਾ ਰਿਹਾ ਸੀ ।

ਇਹ ਇਕ ਵੱਡੀ ਮੰਡੀ ਹੈ। ਕਤਾਈ ਦਾ ਸਾਮਾਨ, ਉਸਤਰੇ ਅਤੇ ਕੈਂਚੀਆਂ ਵਧੇਰੇ ਕਰਕੇ ਬਾਹਰ ਭੇਜੀਆਂ ਜਾਂਦੀਆਂ ਹਨ । ਇਥੋਂ ਦੇ ਬਣਾਏ ਹੋਏ ਸਲੀਪਰ ਵਧੀਆ ਮੰਨੇ ਜਾਂਦੇ ਹਨ । ਕਾਨਿਗਰੀ ਪਹਾੜੀ ਉੱਤੇ ਮਕਾਨ-ਉਸਾਰੀ ਲਈ ਗ੍ਰੇਨਾਈਟ ਪੱਥਰ ਮਿਲਦਾ ਹੈ।

ਆਬਾਦੀ—15° 25′ ਉ. ਵਿਥ.; 79° 31′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 400

**ਕਾਨੀਆ :** ਯੂਨਾਨ ਦੇ ਕਰੀਟ ਟਾਪੂ ਦਾ ਇਹ ਇਕ ਪ੍ਰਾਚੀਨ ਬੰਦਰਗਾਹੀ ਸ਼ਹਿਰ ਹੈ ਜੋ ਇਸੇ ਨਾਂ ਦੇ ਡਿਪਾਰਟਮੈਂਟ ਦੀ ਰਾਜਧਾਨੀ ਹੈ। ਇਹ ਕਾਨੀਆ ਖਾੜੀ ਦੀ ਪੂਰਬੀ ਨੁੱਕਰ ਤੇ ਵਾਕਿਅ ਹੈ। ਇਸ ਸ਼ਹਿਰ ਦੀ ਨੀਂਹ 1252 ਈ. ਵਿਚ ਪ੍ਰਾਚੀਨ ਸਾਈਡੋਨੀਆ ਦੀ ਜਗ੍ਹਾ ਤੇ ਵੀਨਸ਼ੀਆਂ ਨੇ ਰੱਖੀ ਸੀ। 1266 ਤੇ 1294 ਈ. ਵਿਚ ਇਸ ਉੱਤੇ ਜੈਨੋਆ ਨੇ ਹਮਲਾ ਕੀਤਾ ਸੀ। 1646 ਈ. ਵਿਚ ਤੁਰਕਾਂ ਨੇ ਇਸ ਨੂੰ ਵੀਨਸ਼ੀਆ ਪਾਸੋਂ ਲੈ ਲਿਆ ਸੀ। ਸੰਨ 1912 ਵਿਚ ਇਹ ਯੂਨਾਨ ਦੇ ਰਾਜ ਵਿਚ ਸ਼ਾਮਲ ਹੋ ਗਿਆ ਅਤੇ 1941 ਈ. ਵਿਚ ਜਰਮਨ ਹਵਾਈ ਹਮਲਿਆਂ ਵਿਚ ਇਸ ਦੀ ਬਹੁਤ ਤਬਾਹੀ ਹੋਈ ।

ਅੱਜਕੱਲ੍ਹ ਇਸ ਬੰਦਰਗਾਹ ਤੋਂ ਕਰੀਟ ਟਾਪੂ ਦੀਆਂ ਉਪਜਾਂ ਜਿਵੇਂ—ਨਿੰਬੂ ਜਾਤੀ ਦੇ ਫ਼ਲ, ਜ਼ੈਤੂਨ ਦਾ ਤੇਲ ਅਤੇ ਸ਼ਰਾਬ ਆਦਿ, ਬਾਹਰ ਜਾਂਦੀਆਂ ਹਨ ।

ਆਬਾਦੀ—47,804 (1981)

ਹ. ਪ.—ਐਨ. ਬ੍ਰਿ. ਮਾ. 5 : 784

**ਕਾਨੀਸਾਰੋ, ਸਟੈਨਿਸਲੋ :** ਇਸ ਰਸਾਇਣਕ-ਵਿਗਿਆਨੀ ਦਾ ਜਨਮ 13 ਜੁਲਾਈ, 1826 ਨੂੰ ਪਾਲਰਮੋ (ਸਿਸਲੀ) ਵਿਖੇ ਹੋਇਆ। ਇਹ ਵਿਗਿਆਨੀ ਹੋਣ ਦੇ ਨਾਲ ਨਾਲ ਇਕ ਚੰਗਾ ਅਧਿਆਪਕ ਅਤੇ ਵਿਧਾਇਕ ਵੀ ਸੀ । ਇਸ ਨੇ ਪਰਮਾਣੂ ਅਤੇ ਅਣੂ ਭਾਰਾਂ ਦਾ ਵਿਭੇਦੀਕਰਨ ਅਤੇ ਕਾਨੀਸਾਰੋ ਕਿਰਿਆ ਦੀ ਵਿਉਂਤ ਦੱਸੀ । ਪੀਸਾ ਵਿਚ (1845-46) ਇਸ ਨੇ ਰੈਫੀਲ-ਪਿਰਿਆ ਦੀ ਸੈਲਿਸਿਲਿਕ ਐਸਿਡ ਤਿਆਰ ਕਰਨ ਵਿਚ ਸਹਾਇਤਾ ਕੀਤੀ। ਸਿਸਲੀਅਨ ਇਨਕਲਾਬ ਵਿਚ ਹਿੱਸਾ ਲੈਣ ਕਰਕੇ ਇਸ ਨੂੰ 1848 ਵਿਚ ਮੌਤ ਦੀ ਸਜ਼ਾ ਸੁਣਾਈ ਗਈ, ਪਰ ਇਹ ਮਾਰਸੇਲਜ਼ ਵਿਚ ਭਜ ਗਿਆ, ਜਿਥੋਂ ਇਹ ਸੰਨ 1849 ਵਿਚ ਪੈਰਿਸ ਪਹੁੰਚ ਗਿਆ। ਸੰਨ 1851 ਵਿਚ ਮੀਸ਼ੈਲ-ਯੂਜੀਨ-ਸ਼ੀਅਵਰਲ ਦੀ ਖੋਜ-ਸ਼ਾਲਾ ਵਿਚ ਇਸ ਨੇ ਸਾਇਆਨਾਮਿਡ ਤਿਆਰ ਕਰਨ ਵਿਚ ਮਦਦ ਕੀਤੀ । ਇਸੇ ਹੀ ਸਾਲ ਇਹ ਐਲੈਗਜ਼ੈਂਡਰੀਆ ਪੀਡਮਾਂਟ (ਹੁਣ ਇਟਲੀ ਵਿਚ) ਰਸਾਇਣ ਅਤੇ ਭੌਤਿਕ-ਵਿਗਿਆਨ ਦਾ ਪ੍ਰੋਫ਼ੈਸਰ ਬਣ ਗਿਆ। ਇਥੇ ਇਸ ਨੇ ਇਹ ਖੋਜ ਕੀਤੀ ਕਿ ਬੈਂਨਜ਼ੈੱਲਡਿਹਾਈਡ ਨੂੰ ਜਦੋਂ ਸੰਘਣੇ ਐਲਕੋਹਲੀ ਹਾਈਡ੍ਰੋਕਸਾਈਡ (ਕਾਨੀਸਾਰੋ ਕਿਰਿਆ) ਨਾਲ ਮਿਲਾਇਆ ਜਾਂਦਾ ਹੈ ਤਾਂ ਇਸ ਨਾਲ ਬਰਾਬਰ ਦੀ ਮਾਤਰਾ ਵਿਚ ਬੈਂਨਜ਼ਾਈਲ ਐਲਕੋਹਲ ਅਤੇ ਬੈਂਨਜ਼ੋਇਕ ਐਸਿਡ ਲੂਣ ਪੈਦਾ ਹੁੰਦੇ ਹਨ।

ਜੈਨੋਆ ਵਿਖੇ, ਇਟਲੀ ਵਿਚ ਇਹ ਸੰਨ 1855 ਵਿਚ ਰਸਾਇਣ-ਵਿਗਿਆਨ ਦਾ ਪ੍ਰੋਫ਼ੈਸਰ ਬਣ ਗਿਆ। ਸੰਨ 1858 ਵਿਚ ਇਸ ਨੇ ਇਹ ਸਿੱਧ ਕੀਤਾ ਕਿ ਉੱਡਣਸ਼ੀਲ ਮਿਸ਼ਰਨਾਂ ਦੇ ਅਣੂਆਂ

ਵਿਚਾਲੇ ਤੱਤਾਂ ਦੇ ਪਰਮਾਣੂ ਭਾਰਾਂ ਦੀ ਗਿਣਤੀ ਐਵੋਗੈਡਰੋ ਦੇ ਸਿਧਾਂਤ ਨਾਲ ਕੀਤੀ ਜਾ ਸਕਦੀ ਹੈ। ਉੱਡਣਸ਼ੀਲ ਮਿਸ਼ਰਨਾਂ ਵਿਚ ਜਿਨ੍ਹਾਂ ਦੀ ਵਾਸ਼ਪ ਘਣਤਾ ਪਤਾ ਨਹੀਂ ਹੁੰਦੀ, ਪ੍ਰਮਾਣੂ ਭਾਰਾਂ ਦੀ ਗਿਣਤੀ ਵਿਸ਼ਿਸ਼ਟ ਤਾਪ ਦੇ ਅਨੁਮਾਨ ਨਾਲ ਕੀਤੀ ਜਾ ਸਕਦੀ ਹੈ। ਸੰਨ 1891 ਵਿਚ ਇਸ ਦੀ ਖੋਜ ਲਈ ਰੌਇਲ ਸੋਸਾਇਟੀ ਆਫ਼ ਲੰਡਨ ਵਲੋਂ ਇਸ ਨੂੰ ਕਾਪਲੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਪਾਲਰਮੋ ਵਿਚ (1861-71) ਜਦ ਇਹ ਅਕਾਰਬਨੀ ਅਤੇ ਕਾਰਬਨੀ ਰਸਾਇਣ-ਵਿਗਿਆਨ ਦਾ ਪ੍ਰੋਫੈਸਰ ਸੀ ਤਾਂ ਇਸ ਨੇ ਐਰੋਮੈਟਿਕ ਮਿਸ਼ਰਨ ਅਤੇ ਐਮੀਨਾ ਦਾ ਅਧਿਐਨ ਵੀ ਕਾਇਮ ਕੀਤਾ। ਸੰਨ 1871 ਵਿਚ ਇਸ ਨੂੰ ਰੋਮ ਯੂਨੀਵਰਸਿਟੀ ਦੇ ਰਸਾਇਣ-ਵਿਗਿਆਨ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਗਿਆ ਅਤੇ ਇਸੇ ਹੀ ਸਾਲ ਇਹ ਇਟਲੀ ਦੀ ਸੈਨੇਟ ਦਾ ਵੀ ਮੈਂਬਰ ਬਣਿਆ। ਇਹ ਅਸੈਂਬਲੀ ਦਾ ਵਾਈਸ-ਪ੍ਰੈਜ਼ੀਡੈਂਟ ਅਤੇ ਪਬਲਿਕ ਇਨਸਟਰਕਸ਼ਨ ਕੌਂਸਿਲ ਦਾ ਮੈਂਬਰ ਵੀ ਬਣ ਗਿਆ।

ਹ. ਪੁ.—ਐਨ. ਬ੍ਰਿ. ਮਾ. 2 : 512

**ਕਾਨੀਮਾਰਾ** : ਆਇਰਲੈਂਡ (ਬਰਤਾਨੀਆ) ਦਾ ਇਕ ਦਲਦਲੀ ਅਤੇ ਪਹਾੜੀ ਖੇਤਰ ਹੈ ਜੋ ਗਾਲਵੇ ਕਾਊਂਟੀ ਦੇ ਧੁਰ ਪੱਛਮੀ ਹਿੱਸੇ ਵਿਚ ਸਥਿਤ ਹੈ। ਇਹ ਵੱਖਰਾ ਜਿਹਾ ਖੰਡ 48 ਕਿ. ਮੀ. ਲੰਬਾ ਤੇ 24 ਤੋਂ 32 ਕਿ. ਮੀ. ਤਕ ਚੌੜਾ ਹੈ। ਇਸ ਦੇ ਤੱਟੀ ਕਿਨਾਰੇ ਟੁੱਟੇ ਫੁੱਟੇ ਹਨ ਅਤੇ ਸਮੁੰਦਰੀ ਦਹਾਨੇ ਤੇ ਛੋਟੀਆਂ ਛੋਟੀਆਂ ਕਈ ਝੀਲਾਂ ਹਨ ਜਿਥੇ ਮੱਛੀਆਂ ਦੀ ਭਰਮਾਰ ਹੈ। ਇਥੋਂ ਦੇ ਵਾਸੀ ਆਇਓਡੀਨ ਲਈ ਕੇਲੱਪ (ਇਕ ਕਿਸਮ ਦੀ ਸਮੁੰਦਰੀ ਕਾਈ) ਇਕੱਠਾ ਕਰਦੇ ਹਨ। ਕਲਿਫਡਨ ਇਸ ਦਾ ਇਕੋ ਇਕ ਮਹੱਤਵਪੂਰਨ ਤੇ ਵੱਡਾ ਸ਼ਹਿਰ ਹੈ। ਆਰਥਿਕ ਤੌਰ ਤੇ ਇਹ ਬਹੁਤ ਪਛੜਿਆ ਹੋਇਆ ਹੈ। ਇਥੇ ਵਸੋਂ ਵੀ ਬੜੀ ਵਿਰਲੀ ਹੈ।

ਹ. ਪੁ.—ਐਨ. ਐਮ. 7 : 533.

**ਕਾਨੂੰਗੋ** : ਇਹ ਰਾਜ ਸਰਕਾਰ (ਭਾਰਤ) ਦੇ ਮਾਲ ਦੇ ਮਹਿਕਮੇ ਦਾ ਅਹੁਦੇਦਾਰ ਹੈ ਜੋ ਪਟਵਾਰੀ ਦੇ ਕੰਮਾਂ ਦੀ ਪੜਤਾਲ ਕਰਦਾ ਹੈ। ਮਾਲ ਮਹਿਕਮੇ ਦੀ ਨੀਂਹ ਟੋਡਰ ਮੱਲ (ਅਕਬਰ ਦੇ ਨੌਂ ਰਤਨਾਂ ਵਿਚੋਂ ਇਕ) ਨੇ ਰੱਖੀ ਸੀ। ਕਾਨੂੰਗੋ ਅਰਬੀ ਦੇ ਦੋ ਸ਼ਬਦਾਂ ਕਾਨੂੰਨ+ਗੋ (ਮਾਲ ਦੇ ਨਿਯਮ ਦੱਸਣ ਵਾਲਾ) ਤੋਂ ਬਣਿਆ ਹੈ।

ਵਰਤਮਾਨ ਪ੍ਰਣਾਲੀ ਅਨੁਸਾਰ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਕਾਨੂੰਗੋ, ਤਹਿਸੀਲ ਪੱਧਰ ਤੇ ਦਫ਼ਤਰੀ ਕਾਨੂੰਗੋ ਅਤੇ ਬਾਕੀ ਫ਼ੀਲਡ ਕਾਨੂੰਗੋ ਹੁੰਦੇ ਹਨ। ਇਨ੍ਹਾਂ ਤੋਂ ਬਿਨਾਂ ਇਕ ਵਿਸ਼ੇਸ਼ ਕਾਨੂੰਗੋ ਜਾਂ ਪਟਵਾਰੀ ਮੁਕੱਰਰ ਹੁੰਦਾ ਹੈ। ਫ਼ੀਲਡ ਕਾਨੂੰਗੋ ਦੀ ਗਿਣਤੀ ਰਾਜ ਸਰਕਾਰ ਦੀ ਪ੍ਰਵਾਨਗੀ ਅਨੁਸਾਰ ਘਟਦੀ ਵਧਦੀ ਰਹਿੰਦੀ ਹੈ। ਲਗਭਗ 20 ਪਟਵਾਰੀਆਂ ਉਪਰ ਇਕ ਫ਼ੀਲਡ ਕਾਨੂੰਗੋ ਹੁੰਦਾ ਹੈ। ਵਿਸ਼ੇਸ਼ ਕਾਨੂੰਗੋ ਦਾ ਇਹ ਫ਼ਰਜ਼ ਹੁੰਦਾ ਹੈ ਕਿ ਉਹ ਅਦਾਲਤ ਸਾਹਮਣੇ ਮਾਲ ਰੀਕਾਰਡ ਪੇਸ਼ ਕਰੇ ਅਤੇ ਜ਼ਿਲ੍ਹਾ ਕਾਨੂੰਗੋ ਦੇ ਦਫ਼ਤਰੀ ਕੰਮ ਵਿਚ ਸਹਾਇਤਾ ਕਰੇ।

ਫ਼ੀਲਡ ਕਾਨੂੰਗੋ ਆਪਣੇ ਅਧੀਨ ਪਟਵਾਰੀਆਂ ਦੇ ਕੰਮਾਂ ਅਤੇ ਆਚਰਣ ਦਾ ਜ਼ਿੰਮੇਵਾਰ ਹੁੰਦਾ ਹੈ; ਉਨ੍ਹਾਂ ਦੇ ਕੰਮਾਂ ਦੀ ਰੀਪੋਰਟ ਤਹਿਸੀਲਦਾਰ ਨੂੰ ਦਿੰਦਾ ਹੈ; ਹਰ ਮਹੀਨੇ ਪਟਵਾਰੀ ਦੇ ਹਲਕੇ ਦੀ ਚੈਕਿੰਗ ਕਰਦਾ ਹੈ। ਦਫ਼ਤਰੀ ਕਾਨੂੰਗੋ ਜ਼ਰਾਇਤੀ ਅੰਕੜਿਆਂ ਦਾ ... ਅਤੇ ਫ਼ੀਲਡ ਕਾਨੂੰਗੋ ਤੇ ਪਟਵਾਰੀਆਂ ਦੇ ਕੰਮਾਂ ਦੀ ਪ੍ਰਗਤੀ ਰਿਪੋਰਟ ਤਹਿਸੀਲਦਾਰ ਅੱਗੇ ਪੇਸ਼ ਕਰਦਾ ਹੈ ਜੋ ਅਗੋਂ ਯੋਗ ਪ੍ਰਣਾਲੀ ...ੀਂ ਡਿਪਟੀ ਕਮਿਸ਼ਨਰ ਨੂੰ ਭੇਜਦਾ ਹੈ।

ਤਹਿਸੀਲ ਵਿਚ ਵਰਖਾ ਰੀਕਾਰਡ ਕਰਨ ਦਾ ਕੰਮ ਦਫ਼ਤਰੀ ਕਾਨੂੰਗੋ ਦਾ ਹੁੰਦਾ ਹੈ। ਜ਼ਿਲ੍ਹਾ ਕਾਨੂੰਗੋ ਅਤੇ ਦਫ਼ਤਰੀ ਕਾਨੂੰਗੋ ਪਾਸ ... ਵਿਭਾਗ ਸਬੰਧੀ ਹਵਾਲਾ ਪੁਸਤਕਾਂ ਵੀ ਹੁੰਦੀਆਂ ਹਨ।

ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਕਾਨੂੰਗੋ ਤਹਿਸੀਲ ਪੱਧਰ ਦੇ ਕਾਨੂੰਗੋਆਂ ਅਤੇ ਪਟਵਾਰੀਆਂ ਵਲੋਂ ਭੇਜੀਆਂ ਗਈਆਂ ਰੀਟਰਨਾਂ ਤੇ ਰੀਕਾਰਡ ਪ੍ਰਾਪਤ ਕਰਦਾ ਹੈ ਅਤੇ ਇਨ੍ਹਾਂ ਨੂੰ ਡਿਪਟੀ ਕਮਿਸ਼ਨਰ ਜਾਂ ਮਾਲ ਵਿਭਾਗ ਦੇ ਉੱਚ ਅਧਿਕਾਰੀ ਦੇ ਹੁਕਮ ਤੇ ਪੇਸ਼ ਕਰਦਾ ਹੈ। ਇਹ ਵਿਭਾਗ ਨਾਲ ਸਬੰਧਤ ਅੰਕੜਿਆਂ ਸਬੰਧੀ ਬਿਆਨ ਵੀ ਤਿਆਰ ਕਰਦਾ ਹੈ ਜੋ ਡਿਪਟੀ ਕਮਿਸ਼ਨਰ ਨੂੰ ਲੋੜੀਂਦੇ ਹੁੰਦੇ ਹਨ। ਇਸ ਤੋਂ ਬਿਨਾਂ ਇਹ ਪਟਵਾਰੀਆਂ, ਫ਼ੀਲਡ ਕਾਨੂੰਗੋਆਂ ਅਤੇ ਦਫ਼ਤਰੀ ਕਾਨੂੰਗੋਆਂ ਦਿਆਂ ਕੰਮਾਂ ਦਾ ਮੁਆਇਨਾ ਵੀ ਕਰਦਾ ਹੈ।

ਕਾਲ, ਔੜ ਅਤੇ ਹੜ੍ਹ ਪੀੜਤ ਇਲਾਕਿਆਂ ਦੇ ਨੁਕਸਾਨ ਆਦਿ ਦਾ ਜਾਇਜ਼ਾ ਵੀ ਇਨ੍ਹਾਂ ਦੀ ਮਦਦ ਨਾਲ ਹੀ ਲਿਆ ਜਾਂਦਾ ਹੈ। ਮਰਦਮਸ਼ੁਮਾਰੀ ਅਤੇ ਚੋਣਾਂ ਸਮੇਂ ਸਰਕਾਰ ਨੂੰ ਇਨ੍ਹਾਂ ਦੀ ਬੜੀ ਲੋੜ ਹੁੰਦੀ ਹੈ। ਜਨਮ ਤੇ ਮੌਤ ਦਾ ਰੀਕਾਰਡ ਵੀ ਇਨ੍ਹਾਂ ਪਾਸ ਹੁੰਦਾ ਹੈ। ਜੇ ਅਸਲ ਪੁਛਿਆ ਜਾਵੇ ਤਾਂ ਸਰਕਾਰ ਤੇ ਲੋਕਾਂ ਵਿਚਕਾਰ ਇਹ ਇਕ ਕੜੀ ਦਾ ਕੰਮ ਕਰਦੇ ਹਨ। ਸਰਕਾਰ ਨੂੰ ਦਿਹਾਤ ਬਾਰੇ ਲਗਭਗ ਹਰ ਤਰ੍ਹਾਂ ਦੀਆਂ ਸੂਚਨਾਵਾਂ ਦਾ ਪਤਾ ਇਨ੍ਹਾਂ ਦੁਆਰਾ ਹੀ ਲਗਦਾ ਹੈ। ਦਿਹਾਤ ਵਿਚ ਕਿਸੇ ਤਰ੍ਹਾਂ ਦੀ ਸਕੀਮ ਚਾਲੂ ਕਰਨ ਲਈ ਇਨ੍ਹਾਂ ਦੀ ਅਤੀ ਲੋੜ ਪੈਂਦੀ ਹੈ।

ਹ. ਪੁ.—ਪੰਜਾਬ ਲੈਂਡ ਰੀਕਾਰਡਜ਼ ਮੈਨੂਅਲ 1974; ਮ. ਕੋ.

**ਕਾਨੂੰਨ : ਪਰਿਭਾਸ਼ਾ, ਫ਼ਿਲਾਸਫ਼ੀ ਆਦਿ**—'ਕਾਨੂੰਨ' ਸ਼ਬਦ ਦੇ ਵੱਖ ਵੱਖ ਸਮਾਜਾਂ ਵਿਚ ਵੱਖੋ ਵੱਖ ਅਰਥ, ਭਾਵ ਅਤੇ ਵੱਖ ਵੱਖ ਗੱਲਾਂ ਸ਼ਾਮਲ ਹਨ ਜਿਵੇਂ ਕਿ ਕੁਦਰਤ ਦੇ ਕਾਨੂੰਨ, ਈਸ਼ਵਰ ਦੇ ਕਾਨੂੰਨ, ਸਦਾਚਾਰ ਦੇ ਕਾਨੂੰਨ, ਸਾਕਾਰਾਤਮਕ ਕਾਨੂੰਨ ਆਦਿ। ਫੇਰ ਬਾਹਰੀ ਪ੍ਰਕਿਰਤੀ ਅਤੇ ਮਨੁਖੀ ਕਿਰਿਆਵਾਂ ਵਿਚਕਾਰ ਰੇਖਾ ਖਿੱਚੀ ਗਈ। ਬਲੈਕਸਟੋਨ ਅਨੁਸਾਰ 'ਕਾਨੂੰਨ' ਆਪਣੇ ਅਤਿ ਸਾਧਾਰਨ ਅਤੇ ਵਿਆਪਕ ਅਰਥ ਵਿਚ 'ਕਿਰਿਆ ਦਾ ਨਿਯਮ' ਹੈ, ਜੋ ਜੀਵ ਜਾਂ ਨਿਰਜੀਵ, ਤਰਕਪੂਰਨ ਜਾਂ ਤਰਕ-ਰਹਿਤ ਸਭ ਤਰ੍ਹਾਂ ਦੀਆਂ ਕਿਰਿਆਵਾਂ ਤੇ ਇਕਸਾਰ ਲਾਗੂ ਹੁੰਦਾ ਹੈ। ਵੱਖੋ ਵੱਖ ਦੇਸ਼ਾਂ ਵਿਚ ਕਾਨੂੰਨ ਦਾ ਵਿਕਾਸ ਨਾਲੋ ਨਾਲ ਅਤੇ ਵੱਖ ਵੱਖ ਸਮਾਜਕ ਅਤੇ ਰਾਜਨੀਤਕ ਹਾਲਾਤ ਵਿਚ ਹੋਇਆ। ਕਾਨੂੰਨ ਦੇ ਸਮਾਨਵਾਚੀ ਸ਼ਬਦ ਹਿੰਦੂ ਪ੍ਰਣਾਲੀ ਵਿਚ 'ਧਰਮ', 'ਵਿਧੀ' ਅਤੇ 'ਵਿਵਹਾਰ' ਆਦਿ, ਇਸਲਾਮੀ ਸਿਸਟਮ ਵਿਚ 'ਹੁਕਮ' ਹਨ ਜੋ ਭਿੰਨ ਭਿੰਨ ਭਾਵਾਂ ਅਤੇ ਵਿਚਾਰਾਂ ਦੇ ਸੂਚਕ ਹਨ। ਕਾਨੂੰਨ ਦੇ ਅਧਿਐਨ ਲਈ ਇਸ ਦੇ ਸ਼ਾਸਤਰ ਨੂੰ ਪੱਛਮੀ ਵਿਦਵਾਨ 'ਕਾਨੂੰਨ ਸ਼ਾਸਤਰ' ਆਖਦੇ ਹਨ। ਅਨੇਕਾਂ ਕਾਨੂੰਨ ਸ਼ਾਸਤਰੀ ਵਿਚਾਰ-ਧਾਰਾਵਾਂ ਵਿਚ ਵੱਖੋ ਵੱਖ ਦ੍ਰਿਸ਼ਟੀਕੋਣਾਂ ਤੋਂ ਇਸ ਦੀਆਂ ਬਹੁਤ ਹੀ ਭਿੰਨ ਭਿੰਨ ਪਰਿਭਾਸ਼ਾਵਾਂ ਦਿਤੀਆਂ ਗਈਆਂ ਹਨ। 'ਜਸਟੀਨੀਅਨ ਡਾਈਜੈਸਟ' ਵਿਚ 'ਕਾਨੂੰਨ' ਨੂੰ ਨਿਆਂ ਅਤੇ ਅਨਿਆਂ ਦਾ ਮਿਆਰ ਆਖਿਆ ਗਿਆ ਹੈ। ਸਿਸਰੋ ਇਸ ਨੂੰ 'ਪ੍ਰਕਿਰਤੀ ਦਾ ਸਰਬ-ਉੱਚ ਕਾਰਨ ਅਤੇ ਤਰਕ' ਦਸਦਾ ਹੈ। ਪਰ ਅਮਲੀ ਤੌਰ ਤੇ ਰੋਮਨ ਕਾਨੂੰਨਦਾਨਾਂ ਨੇ ਕਾਨੂੰਨ ਅਤੇ ਨਿਆਂ ਨੂੰ ਇਕਮਿਕ ਨਹੀਂ ਮੰਨਿਆ। ਹਿੰਦੂ ਵਿਚਾਰਧਾਰਾ ਵਿਚ ਇਹ ਈਸ਼ਵਰੀ ਆਗਿਆ ਅਤੇ ਮਨੁੱਖੀ ਧਰਮ ਹੈ। ਰਾਜਾ ਅਤੇ ਰੰਕ ਲਈ ਇਸ ਦਾ ਪਾਲਣ ਕਰਨਾ ਲਾਜ਼ਮੀ ਹੈ। ਕਾਨੂੰਨ ਸਬੰਧੀ ਇਸ ਦ੍ਰਿਸ਼ਟੀਕੋਣ ਨਾਲ ਸਦਾਚਾਰਕ ਅਤੇ ਧਾਰਮਕ ਆਦੇਸ਼ ਕਾਨੂੰਨ ਮਰਯਾਦਾ ਵਿਚ ਜਾ ਰਲਦੇ ਹਨ। ਅਜੋਕੇ ਸਮੇਂ ਵਿਚ ਕਾਨੂੰਨ ਅਧਿਕ ਤੌਰ ਤੇ ਧਰਮ-ਨਿਰਪੱਖ ਹੋ ਕੇ ਸਮਾਜਕ ਵਿਗਿਆਨ ਦਾ ਭਾਗ ਬਣ ਗਿਆ ਹੈ। ਆਸਟਿਨ ਅਨੁਸਾਰ 'ਕਾਨੂੰਨ' ਰਾਜਨੀਤਕ ਤੌਰ ਤੇ ਉਚੇਰੇ ਮਨੁੱਖਾਂ ਦੁਆਰਾ ਅਧੀਨ ਪੁਰਖਾਂ ਲਈ ਬਣਾਏ ਨਿਯਮਾਂ ਦਾ ਸਮੂਹ, ਅਰਥਾਤ ਪ੍ਰਭੁਤਾਧਾਰੀ ਹੁਕਮਰਾਨ ਦਾ ਹੁਕਮ ਹੈ, ਜਿਸ ਦਾ ਪਾਲਣ ਕਰਨਾ ਇਕ ਕਰਤੱਵ ਬਣਦਾ ਹੈ ਅਤੇ ਇਸ ਦੀ ਉਲੰਘਣਾ ਲਈ 'ਦੰਡ' ਦੀ ਵਿਵਸਥਾ ਹੈ।

ਗਿਆਨ ਦੀਆਂ ਹੋਰ ਸ਼ਾਖਾਵਾਂ ਵਾਂਗ ਕਾਨੂੰਨ-ਸ਼ਾਸਤਰ ਦਾ ਨਿਯਮਿਤ ਅਧਿਐਨ ਰੋਮਨ ਲੋਕਾਂ ਵਿਚ ਪ੍ਰਚੱਲਿਤ ਹੋਇਆ। ਮਹਾਨ

ਰੋਮਨ ਕਾਨੂੰਨਦਾਨ ਅਲਪੀਐਨ ਨੇ ਕਾਨੂੰਨ ਸ਼ਾਸਤਰ ਦਾ ਲੱਛਣ 'ਰੱਬੀ ਅਤੇ ਮਨੁੱਖੀ ਗੱਲਾਂ ਦਾ ਗਿਆਨ, ਸਹੀ ਅਤੇ ਗ਼ਲਤ ਗੱਲਾਂ ਦਾ ਵਿਗਿਆਨ' ਦਸਿਆ। ਇੰਗਲੈਂਡ ਵਿਚ ਇਸ ਵਿਸ਼ੇ ਨੂੰ ਸਭ ਤੋਂ ਪਹਿਲਾ ਹੱਾਬਜ਼ ਨੇ ਛੋਹਿਆ। ਆਸਟਿਨ ਨੇ ਇਸ ਖੇਤਰ ਵਿਚ ਨਵਾਂ ਜੁਗ ਲਿਆਂਦਾ। ਉਸ ਅਨੁਸਾਰ ਕਾਨੂੰਨ ਵਿਗਿਆਨ ਕੇਵਲ ਸਾਕਾਰਾਤਮਕ ਅਰਥਾਤ ਨਿਰੋਲ ਨਿਸਚਿਤ ਕਾਨੂੰਨਾਂ ਨਾਲ ਸਬੰਧਿਤ ਹੈ। ਹਾਲੈਂਡ ਨੇ ਕਾਨੂੰਨ ਸ਼ਾਸਤਰ ਦੀ ਪਰਿਭਾਸ਼ਾ 'ਸਾਕਾਰਾਤਮਕ ਕਾਨੂੰਨ ਦਾ ਵਿਧਿਵਤ ਵਿਗਿਆਨ' ਵਜੋਂ ਕੀਤੀ। ਸਾਮੰਡ ਦੀ ਪਰਿਭਾਸ਼ਾ, 'ਜਿਊਰਿਸਪਰੂਡੈਨਸ ਕਾਨੂੰਨ-ਵਿਗਿਆਨ ਹੈ' ਸਭ ਤੋਂ ਵੱਧ ਲੋਕ-ਪਿਆਰੀ ਹੋ ਗਈ। ਕਾਨੂੰਨ ਤੋਂ ਉਸ ਦਾ ਭਾਵ ਦੇਸ਼-ਵਿਦੇਸ਼ ਦੇ ਕਾਨੂੰਨ ਜਾਂ ਸਿਵਲ ਕਾਨੂੰਨ ਤੋਂ ਹੈ। ਕਾਨੂੰਨੀ ਥਿਊਰੀਆਂ ਦੇ ਇਤਿਹਾਸਕ ਸਰਵੇਖਣ ਵਿਚ ਅਨੇਕਾਂ ਪ੍ਰਾਚੀਨ ਵਿਚਾਰ-ਪੱਧਤੀਆਂ ਦੇ ਦਰਸ਼ਨ ਹੁੰਦੇ ਹਨ। ਯੂਨਾਨ ਦੇ ਪ੍ਰਾਚੀਨ ਵਿਚਾਰਕਾਂ ਦੀ 'ਨਿਆਂ' ਬਾਰੇ ਬ੍ਰਹਿਮੰਡ-ਆਦਰਸ਼ਾਂ ਦੀ ਵੱਡੀ ਦੇਣ ਹੈ। ਅਰਸਤੂ ਦੇ ਮਤ ਅਨੁਸਾਰ 'ਪ੍ਰਾਣੀ' ਜ਼ੁੰਮੇਵਾਰੀਆਂ ਦਾ ਸੋਮਾ ਹੈ। ਉਸ ਦੀ ਅਸਲ ਪ੍ਰਕਿਰਤੀ ਉਸ ਦੇ ਅਤਿ ਸੰਪੂਰਨ ਅਤੇ ਅਤਿ ਮੁਕੰਮਲ ਵਿਕਾਸ ਦੇ ਰੂਪ ਵਿਚ ਹੈ। ਪੰਜਵੀਂ ਸਦੀ ਦੇ ਅਸ਼ਾਂਤ, ਬੁਧੀਜੀਵੀ ਅਤੇ ਰਾਜਨੀਤਿਕ ਵਾਤਾਵਰਣ ਵਿਚ ਅਫ਼ਲਾਤੂਨ ਨੇ 'ਨਿਆਂ' ਦੀ ਖ਼ਾਸੀਅਤ ਨੂੰ ਨਗਰ-ਰਾਜ ਦੇ ਮਨੁੱਖੀ ਨਿਯਮ ਨਾਲੋਂ ਕਿਤੇ ਵਧੇਰੇ ਸਥਿਰ ਅਤੇ ਨਿਰੋਲ ਰੂਪ ਨਾਲ ਸਬੰਧ ਜੋੜ ਕੇ ਮੁੜ ਪਰਿਭਾਸ਼ਤ ਕੀਤਾ ਸੀ। 'ਦਾ ਰੀਪਬਲਿਕ' ਵਿਚਲੇ ਸਮਾਜਕ ਸਿਖਰ ਦੀ ਹਾਲਤ 'ਯੂਟੋਪੀਆ' ਵਿਚ ਅਫ਼ਲਾਤੂਨ ਨਿਆਂ ਨੂੰ ਇਕ ਨਿਰਮਾਣ ਕਲਾ ਵਾਲੀ ਪਰਿਭਾਸ਼ਾ ਦਿੰਦਾ ਹੈ। ਉਸ ਅਨੁਸਾਰ, "ਫ਼ਿਲਾਸਫ਼ਰ ਨਰੇਸ਼ਾਂ ਦੁਆਰਾ ਨਿਸ਼ਚਿਤ ਕੀਤੇ ਆਦਰਸ਼ਕ ਰੂਪਾਂ ਦੇ ਮੁਤਾਬਕ ਰਾਜ ਦੇ ਤਰਤੀਬਣ ਨਾਲ ਹੀ 'ਨਿਆਂ' ਦਾ ਬੋਲ ਬਾਲਾ ਹੁੰਦਾ ਹੈ।" ਪ੍ਰਾਕਿਰਤਕ ਕਾਨੂੰਨ ਦੀ ਯੂਨਾਨੀ ਸੋਚ-ਪ੍ਰਣਾਲੀ ਨੂੰ ਜ਼ੀਨੋ ਦੇ ਪੈਰੋਕਾਰ ਵੈਰਾਗੀ ਦਾਰਸ਼ਨਿਕ ਸਟੋਇਕਸ ਨੇ ਹੋਰ ਸੂਖਮ ਬਣਾ ਦਿਤਾ। ਉਨ੍ਹਾਂ ਮਨੁੱਖਾਂ ਅੰਦਰ ਅੰਦਰੂਨੀ ਨਿਆਂ-ਤਰਕ ਦੀ ਹੋਂਦ ਦਰਸਾ ਕੇ ਹਰੇਕ ਨੂੰ ਸਰਬ ਜਗਤ ਨਾਲ ਜੋੜ ਦਿੱਤਾ। ਇਸ ਫ਼ਿਲਾਸਫ਼ੀ ਦਾ ਰੋਮਨ ਚਿੰਤਨ ਤੇ ਬੜਾ ਪ੍ਰਭਾਵ ਪਿਆ। ਕਾਨੂੰਨੀ ਮਾਹਿਰਾਂ ਦੇ ਖ਼ਾਸ ਵਰਗ ਦੀ ਅਣਹੋਂਦ ਕਾਰਨ ਯੂਨਾਨੀ ਕਾਨੂੰਨ ਕਿਸੇ ਪ੍ਰਣਾਲੀ ਦੇ ਤੌਰ ਤੇ ਜੀਵਤ ਨਹੀਂ ਰਿਹਾ। ਇਸ ਦੇ ਉਲਟ ਰੋਮਨ ਕਾਨੂੰਨ ਦਾ ਵਿਦਵਾਨ ਵਕੀਲਾਂ ਅਤੇ ਮੈਜਿਸਟ੍ਰੇਟਾਂ ਦੀਆਂ ਕੋਸ਼ਿਸ਼ਾਂ ਦੇ ਸਦਕੇ ਪੱਛਮੀ ਸਮਾਜ ਦੀ ਸਥਾਈ ਵਿਰਾਸਤ ਦੇ ਰੂਪ ਵਿਚ ਵਿਕਾਸ ਹੋਇਆ। ਇਸ ਤਰ੍ਹਾਂ ਰੋਮਨਾਂ ਦਾ ਅਨਘੜ ਦੀਵਾਨੀ ਕਾਨੂੰਨ ਕੁਦਰਤੀ ਕਾਨੂੰਨ ਤੇ ਆਧਾਰਿਤ ਜਨ-ਸਾਧਾਰਨ ਤੇ ਲਾਗੂ ਹੋਣ ਵਾਲੇ ਕਾਨੂੰਨ ਵਿਚ ਬਦਲ ਗਿਆ। ਇਸ ਨੇ ਰੋਮਨਾਂ ਅਤੇ ਵਿਦੇਸ਼ੀਆਂ ਸਭਨਾਂ ਤੇ ਲਾਗੂ ਹੋਣ ਵਾਲੇ ਅਸੂਲਾਂ ਦਾ ਰੂਪ ਧਾਰ ਲਿਆ। ਕਈ ਸਦੀਆਂ ਤਕ, ਖ਼ਾਸ ਕਰਕੇ ਪਹਿਲੀ 'ਬਾਬਲੀ ਜਲਾਵਤਨੀ' ਦੇ ਦੌਰਾਨ ਅਤੇ ਮਗਰੋਂ, ਯਹੂਦੀ ਧਰਮ-ਅਧਿਕਾਰੀਆਂ ਅਤੇ ਅਦਾਲਤਾਂ ਦੇ ਅਮਲਦਰਾਮਦ ਕਾਨੂੰਨ ਕਾਮਨ ਲਾ ਦੀ ਪਰੰਪਰਾ ਦੇ ਮਹਾਨ ਰੋਮਨ ਕਾਨੂੰਨਦਾਨਾਂ ਅਤੇ ਮਹਾਨ ਜੱਜਾਂ ਦੀਆਂ ਕਿਰਤਾਂ ਨਾਲ ਹੀ ਮਿਲਦੇ ਜੁਲਦੇ ਹਨ। ਮੱਧ-ਜੁਗੀ ਕਾਲ ਵਿਚ 'ਹਿਪੋ' ਦੇ ਸੇਂਟ ਆਗਸਟ ਨੇ ਰੱਬੀ ਕਾਰਣ ਨੂੰ ਰੱਬੀ ਇੱਛਾ ਦੇ ਬਰਾਬਰ ਜੋੜ ਕੇ ਇਸ ਨੂੰ ਮਨੁੱਖ ਅਤੇ ਹੋਰਨਾਂ ਸਭਨਾਂ ਪ੍ਰਾਣੀਆਂ ਦੇ ਸਿੱਧੇ ਤੌਰ ਤੇ ਬੰਧਨਕਾਰੀ, ਇਕਰਸ, ਅਬਦੀ, ਰੱਬੀ ਕਾਨੂੰਨ ਦੇ ਉਚੇ ਤੋਂ ਉਚੇ ਸੋਮੇ ਦਾ ਦਰਜਾ ਦੇ ਦਿਤਾ।

## ਵਿਚਾਰ ਸੰਪ੍ਰਦਾਵਾਂ

ਕਾਨੂੰਨ-ਪ੍ਰਣਾਲੀ ਅਤੇ ਵਿਚਾਰ ਦੇ ਕ੍ਰਮਬੱਧ ਅਧਿਐਨ ਲਈ ਰੋਮਨ ਕਾਨੂੰਨ ਆਰੰਭਿਕ ਨੁਕਤਾ ਹੈ। ਰੋਮਨ ਲੋਕਾਂ ਨੇ ਕਾਨੂੰਨ ਪ੍ਰਤੀ ਅਜੋਕੀ ਵਿਸ਼ਲੇਸ਼ਣਾਤਮਕ ਰਸਾਈ ਦੀ ਨੀਂਹ ਰੱਖੀ। ਪਰ ਉਨ੍ਹਾਂ ਕਾਨੂੰਨ ਨੂੰ 'ਨਿਆਂ' ਅਤੇ 'ਸਦਾਚਾਰ' ਵਿਚ ਰਲਾ ਦਿਤਾ। ਯੂਨਾਨੀ ਕਾਨੂੰਨ ਸਬੰਧੀ ਵਿਚਾਰ, ਸਾਨੂੰ ਯੂਨਾਨੀ ਸਾਹਿਤ ਅਤੇ ਫ਼ਿਲਾਸਫ਼ੀ ਦੇ ਵਿਸ਼ਿਆਂ ਤੇ, ਖ਼ਾਸ ਕਰਕੇ ਹੋਮਰ, ਸੁਕਰਾਤ, ਅਫ਼ਲਾਤੂਨ ਅਤੇ ਅਰਸਤੂ ਦੀਆਂ ਰਚਨਾਵਾਂ ਤੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਉਨ੍ਹਾਂ ਨੇ 'ਪ੍ਰਾਕਿਰਤਕ' ਜਾਂ 'ਅਜ਼ਲੀ' ਕਾਨੂੰਨ ਦਾ ਉਸ ਸਮੇਂ ਪ੍ਰਚੱਲਿਤ ਸਾਕਾਰਾਤਮਕ ਕਾਨੂੰਨ ਨਾਲ ਸਬੰਧ ਦਰਸਾਇਆ। ਧਰਮ-ਨਿਰਪੱਖ ਸਰਕਾਰ ਦੀ ਵਿਚਾਰ-ਪ੍ਰਣਾਲੀ ਨੂੰ ਢਾਹ-ਢੇਰੀ ਕਰਕੇ ਚਰਚ (ਈਸਾਈ ਧਰਮ) ਨੇ ਆਪਣੀ ਅਧਿਕਾਰ-ਸੱਤਾ ਜ਼ਮਾ ਲਈ। ਸੁਧਾਰਵਾਦ ਨੇ ਧਰਮ ਅਤੇ ਧਾਰਮਕ ਕਾਰਜ-ਕਲਾਪਾਂ ਵਿਚਾਲੇ ਲਕੀਰ ਖਿੱਚ ਦਿਤੀ। ਇਥੋਂ ਹੀ ਨਵੀਨ ਯੁਗ ਦੇ ਕਾਨੂੰਨ-ਸ਼ਾਸਤਰ ਦਾ ਪਿੜ ਬੱਝਾ। ਗ੍ਰੋਟਿਅਸ ਅਤੇ ਉਸ ਪਿਛੋਂ ਲੌਕ ਅਤੇ ਰੂਸੋ ਨੇ ਇਸ ਸਬੰਧੀ ਦ੍ਰਿਸ਼ਟੀਕੋਣ ਨੂੰ ਉੱਕਾ ਹੀ ਬਦਲਕੇ ਸ਼ਖ਼ਸੀ ਆਜ਼ਾਦੀ ਦਾ ਝੰਡਾ ਗੱਡ ਦਿੱਤਾ। ਵਿਸ਼ਲੇਸ਼ਣ-ਆਤਮਕ ਜਾਂ ਸਾਕਾਰਾਤਮਕ ਵਿਚਾਰਕਾਂ ਵਿਚ ਕਾਨੂੰਨਦਾਨ ਵਕੀਲਾਂ ਅਤੇ ਕਾਨੂੰਨੀ ਅਧਿਆਪਕਾਂ ਦੀ ਬਹੁ-ਗਿਣਤੀ ਸੀ। ਉਨ੍ਹਾਂ 'ਕੁਦਰਤੀ ਕਾਨੂੰਨ' ਦੇ ਖਿਆਲੀ ਅਤੇ ਕਲਪਣਾ-ਭਰਪੂਰ ਅਸਪਸ਼ਟ ਵਿਚਾਰਾਂ ਦੀ ਨਿਖੇਧੀ ਕਰਕੇ ਸੁਨਿਸ਼ਚਤ ਕਾਨੂੰਨ ਦੇ ਵਿਸ਼ਲੇਸ਼ਣ ਉਤੇ ਜ਼ੋਰ ਦਿਤਾ। ਬੈਂਥਮ ਨੇ 'ਵਿਅਕਤੀਵਾਦ' ਦੇ ਆਪਣੇ ਵਿਚਾਰਾਂ ਵਿਚ ਵਿਅਕਤੀ ਦੀ ਸੁਤੰਤਰਤਾ ਨੂੰ ਮੁੱਖਤਾ ਪ੍ਰਦਾਨ ਕੀਤੀ। ਉਸ ਨੇ ਕਾਨੂੰਨ ਨੂੰ ਸੰਘਤਾ-ਬੱਧ ਕਰਨ ਦੀ ਵਕਾਲਤ ਅਤੇ ਜੱਜ ਦੇ ਬਣਾਏ ਕਾਨੂੰਨ ਅਤੇ ਰਿਵਾਜ ਦੀ ਨਿੰਦਿਆ ਕੀਤੀ। ਇਸੇ ਵਿਅਕਤੀਵਾਦ ਨੇ ਉਪਯੋਗਤਾਵਾਦ ਦਾ ਰੂਪ ਧਾਰ ਲਿਆ। ਡਾਇਸੀ ਨੇ ਵਿਅਕਤੀਵਾਦ ਦੇ ਸੰਦੇਸ਼ ਨੂੰ ਰਾਜਕੀ ਸਮਾਜਵਾਦ ਦਾ ਬਾਨੀ ਮੰਨਿਆ ਹੈ। ਜਾਨ ਆੱਸਟਿਨ (1790-1839) ਇਸ ਵਿਸ਼ਲੇਸ਼ਣਾਤਮਕ ਪ੍ਰਣਾਲੀ ਦਾ ਮੋਢੀ ਸੀ। ਉਸ ਨੇ ਅੰਗਰੇਜ਼ੀ ਕਾਨੂੰਨ ਨੂੰ ਨਿਯਮਬੱਧ ਕੀਤਾ। ਆੱਸਟਿਨ ਦੇ 'ਕਾਨੂੰਨ ਹੁਕਮ ਹੈ' ਸਿਧਾਂਤ ਦੇ ਆਧਾਰ ਤੇ ਇਸ ਦੀ ਵਿਚਾਰ-ਪ੍ਰਣਾਲੀ ਨੂੰ ਹੁਕਮੀ ਜਾਂ ਆਦੇਸ਼ਾਤਮਕ ਵੀ ਆਖਿਆ ਜਾਂਦਾ ਹੈ। ਆੱਸਟਿਨ ਨੇ ਕਾਨੂੰਨ ਦੀ ਪਰਿਭਾਸ਼ਾ 'ਇਕ ਸੂਝਵਾਨ ਵਿਅਕਤੀ ਦੀ ਅਗਵਾਈ ਲਈ ਉਸ ਉਪਰ ਆਪਣੀ ਸੱਤਾ ਜਮਾਉਣ ਵਾਲੇ ਸੂਝਵਾਨ ਵਿਅਕਤੀ ਦੁਆਰਾ ਸਥਾਪਿਤ ਨਿਯਮਾਂ' ਵਜੋਂ ਕੀਤੀ ਹੈ। ਸਾਮੰਡ ਅਤੇ ਗ੍ਰੇ ਨੇ ਇਸ ਥਿਊਰੀ ਵਿਚ ਸੁਧਾਰ ਕਰਕੇ ਕਾਨੂੰਨ ਨੂੰ 'ਨਿਆਂ ਅਦਾਲਤਾਂ ਵਲੋਂ ਮਾਨਤਾ-ਪ੍ਰਾਪਤ ਅਤੇ ਅਮਲ ਵਿਚ ਲਿਆਂਦੇ ਨਿਯਮ' ਅਤੇ 'ਰਾਜ ਦੇ ਨਿਆਇਕ ਅੰਗ ਵਜੋਂ ਕਾਰਜਕਾਰੀ ਵਿਅਕਤੀਆਂ ਦੇ ਆਚਰਨ ਦੇ ਨਿਯਮ' ਦਸਿਆ। ਫ਼ਰਾਂਸ ਦੀ ਕ੍ਰਾਂਤੀ ਮਗਰੋਂ ਅਠਾਰ੍ਹਵੀਂ ਸਦੀ ਵਿਚ 'ਰਾਸ਼ਟਰਵਾਦ' ਦਾ ਦੌਰ-ਦੌਰਾ ਸੀ। ਇਟਲੀ ਵਿਚ ਵੀਕੋ, ਫ਼ਰਾਂਸ ਵਿਚ ਮੌਂਤੈਸਕਿਊ, ਇੰਗਲੈਂਡ ਵਿਚ ਬਰਕ ਆਦਿ ਮਹਾਨ ਵਿਚਾਰਕਾਂ ਨੇ ਮਨੁੱਖੀ ਆਤਮਾ ਦੀ ਖੋਜ ਵਿਚ ਅਗਵਾਈ ਅਤੇ ਗਿਆਨ ਦੀ ਪ੍ਰਾਪਤੀ ਲਈ ਇਤਿਹਾਸ ਵਲ ਮੁੜ ਕੇ ਇਤਿਹਾਸਕ ਵਿਚਾਰਧਾਰਾ ਦੀ ਦਾਗਬੇਲ ਪਾਈ। ਅਨੇਕਾਂ ਕਾਨੂੰਨ-ਸੰਗ੍ਰਹਿਆਂ ਵਿਚ 'ਨਪੋਲੀਅਨ ਸੰਘਤਾ' ਨੇ ਮੁੱਖ ਥਾਂ ਮੱਲ ਲਈ। ਬਰਲਿਨ ਯੂਨੀਵਰਸਿਟੀ ਦੇ ਅਧਿਆਪਕ ਸਾਵੀਨਾਈ ਨੇ ਕਨੂੰਨ ਨੂੰ 'ਲੋਕਾਂ ਦੇ ਜੀਵਨ ਦੀ ਉਪਜ ਅਤੇ ਉਨ੍ਹਾਂ ਦੀ ਆਤਮਾ ਦਾ ਪੂਰਨ ਰੂਪ' ਮੰਨਿਆ ਅਤੇ ਇਸ ਦਾ ਸਰੋਤ ਆਮ ਚੇਤਨਾ ਵਿਚੋਂ ਲੱਭਿਆ। ਜਰਮਨੀ ਵਿਚ ਹੀਗਲ ਅਤੇ ਸਪੈਂਗਲਰ ਆਦਿ ਅਨੇਕਾਂ ਵਿਚਾਰਵਾਨਾਂ ਨੇ ਇਤਿਹਾਸ ਨੂੰ ਨਵੇਂ ਅਰਥ ਬਖ਼ਸ਼ਕੇ ਕਾਨੂੰਨ ਫ਼ਿਲਾਸਫ਼ੀ ਦੀ ਨਵੀਂ ਤਹਿਰੀਕ ਚਲਾਈ। ਹੀਗਲ ਅਨੁਸਾਰ 'ਰਾਜ ਅਤੇ ਕਾਨੂੰਨ ਦੋਵੇਂ ਮਨੁੱਖੀ ਤਰਕ ਦੀ ਵਿਕਾਸਆਤਮਕ ਉਪਜ ਹਨ।' ਮਹਾਨ ਅੰਗਰੇਜ਼ ਕਾਨੂੰਨਦਾਨ ਸਰ ਹੈਨਰੀ ਮੈਨ ਨੇ ਅਨੇਕਾਂ ਮਨੁੱਖੀ ਫ਼ਿਰਕਿਆਂ ਦੀਆਂ ਕਾਨੂੰਨੀ ਸੰਸਥਾਵਾਂ ਦਾ ਤੁਲਨਾਤਮਕ ਅਧਿਐਨ ਕਰਕੇ ਕਾਨੂੰਨ ਦੇ ਵਿਕਾਸ ਦੇ ਸਿਧਾਂਤ ਦੀ ਸਥਾਪਨਾ ਕੀਤੀ। ਉਨ੍ਹਾਂ ਅੰਗਰੇਜ਼ੀ ਅਤੇ ਰੋਮਨ ਕਾਨੂੰਨ ਦੇ ਇਕ ਦੂਜੇ ਤੋਂ ਸੁਤੰਤਰ ਤੌਰ ਤੇ, ਪਰ ਸਾਮਾਨ-ਅੰਤਰ, ਵਧਣ ਫੁਲਣ ਦੀ ਵਿਆਖਿਆ ਕੀਤੀ। 1861 ਵਿਚ ਉਸ ਦੀ ਰਚਨਾ 'ਪ੍ਰਾਚੀਨ ਕਾਨੂੰਨ' ਦੇ ਪ੍ਰਕਾਸ਼ਿਤ ਹੋਣ ਮਗਰੋਂ ਭਾਰਤ ਵਿਚ ਮੇਨ ਦੇ ਤਜ਼ਰਬੇ ਨੇ ਉਸ ਦੀਆਂ ਰੁਚੀਆਂ ਨੂੰ

। ਵਿਸ਼ਾਲਤਾ ਬਖ਼ਸ਼ੀ, ਉਸ ਤੋਂ ਉਸ ਨੇ ਘੱਟ ਪਰਿਚਿਤ ਅਤੇ ਘੱਟ ਵਕਸਿਤ ਪ੍ਰਣਾਲੀਆਂ, ਜਿਹਾ ਕਿ ਬ੍ਰੇਹੋਨ, ਹਿੰਦੂ, ਵੈਲਸ਼, ਜਰਮੈਨਿਕ, ਐਂਗਲੋ ਸੈਕਸਨ ਅਤੇ ਹਿਬ੍ਰਿਊ ਦਾ ਅਤੇ ਆਦਿ ਮਨੁੱਖ-ਜਾਤੀਆਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ । ਮੇਨ ਦੀ ਰਚਨਾ ਵਿਚ ਥਾਇਓਲੋਜੀਕਲ ਤੋਂ ਲੈ ਕੇ ਸਮਾਜਕਤਾਵਾਦ ਦਾ ਭਰਪੂਰ ਮਿਲਵਾਂ ਪ੍ਰਭਾਵ ਝਲਕਦਾ ਹੈ । ਅਗਸਤੇ ਕੋਂਟ (1786-1857) ਸਮਾਜ-ਵਿਗਿਆਨ ਸ਼ਬਦ ਦੀ ਵਰਤੋਂ ਕਰਨ ਵਾਲਾ ਪਹਿਲਾ ਵਿਅਕਤੀ ਸੀ ਅਤੇ ਕਈ ਕਾਨੂੰਨਦਾਨ ਉਸ ਨੂੰ ਸਮਾਜ-ਵਿਗਿਆਨ ਦਾ ਬਾਨੀ ਮੰਨਦੇ ਹਨ । ਉਸ ਦਾ ਅਪਣਾਇਆ ਤਰੀਕਾ ਸਾਇੰਟਿਫਿਕ ਪੱਜ਼ੇਟਿਵਿਜ਼ਮ ਅਖਵਾਂਦਾ ਹੈ । ਉਸ ਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਡੂਰਕੈਨ ਨੇ ਇਹੋ ਪ੍ਰੇਰਨਾ ਆਪਣੇ ਸ਼ਾਗਿਰਦ ਦਿਊਗੁਈ (Duguit) ਨੂੰ ਦਿਤੀ । ਡੂਰਕੈਨ ਅਨੁਸਾਰ ਸਮਾਜਕ ਮੇਲ ਵਿਚ ਲੇਬਰ (ਮਿਹਨਤ) ਦੀ ਵੰਡ ਸਭ ਤੋਂ ਅਹਿਮ ਤੱਤ ਹੈ । ਇਸੇ ਨੂੰ ਉਸ ਨੇ 'ਸਮਾਜਕ ਨਿੱਗਰਤਾ' ਦਾ ਨਾਂ ਦਿੱਤਾ । ਦਿਊਗੁਈ ਦੇ ਵਿਚਾਰ 'ਕਾਨੂੰਨ ਦੀ ਖ਼ਾਲਸ ਥਿਊਰੀ' ਦੇ ਪ੍ਰਤਿਪਾਦਕ ਕੈਲਸਨ ਨਾਲ ਮੇਲ ਖਾਂਦੇ ਹਨ । 'ਗਰੁੱਪ' ਦੀ ਅਹਿਮੀਅਤ ਤੇ ਦਿਊਗੁਈ ਦੇ ਬਲ ਦੇਣ ਤੋਂ ਪ੍ਰੇਰਨਾ ਲੈ ਕੇ ਉਸ ਤੋਂ ਪਿਛਲੇਰੇ ਕਾਨੂੰਨਦਾਨਾਂ 'ਹੋਰੀਐ' ਅਤੇ 'ਰੇਨਾਰ' ਨੇ ਸੰਸਥਾਆਤਮਕ ਥਿਊਰੀ ਦੀ ਸਿਰਜਨਾ ਕੀਤੀ । ਜਰਮਨ ਕਾਨੂੰਨਦਾਨ ਗੀਰਕੇ (1841-1921) ਆਪਣੀ 'ਗਰੁੱਪ-ਸ਼ਖ਼ਸੀਅਤ ਦੀ ਅਸਲੀਅਤ' ਦੇ ਸਿਧਾਂਤ ਲਈ ਪ੍ਰਸਿੱਧ ਹੈ । ਵਿਸ਼ਲੇਸ਼ਣਾਤਮਕ, ਇਤਿਹਾਸਕ, ਦਾਰਸ਼ਨਿਕ ਵਿਚਾਰ-ਵਰਗਾਂ ਅਤੇ ਗਰੁੱਪ-ਥਿਊਰੀਆਂ ਦੀ ਕਿਰਿਆ ਅਤੇ ਪ੍ਰਤਿਕਿਰਿਆ ਇਕ ਦੂਜੇ ਤੇ ਚਲਦੀ ਰਹੀ ਅਤੇ ਇਹ ਸਭ ਇਕ ਦੂਜੇ ਦੀਆਂ ਪੂਰਕ ਸਿੱਧ ਹੋਈਆਂ । ਇਸ ਤਰ੍ਹਾਂ ਕਾਨੂੰਨ ਦੀਆਂ ਸਮਾਜ-ਵਿਗਿਆਨਕੀ ਥਿਊਰੀਆਂ ਹੋਂਦ ਵਿਚ ਆਈਆਂ । ਇਨ੍ਹਾਂ ਥਿਊਰੀਆਂ ਦੇ ਪ੍ਰਤਿਪਾਦਕਾਂ ਦਾ ਮੋਢੀ ਰੂਡੋਲਫ਼ ਫੱਾਨ ਇਹਰਿੰਗ ਸਮਝਿਆ ਜਾਂਦਾ ਹੈ । ਉਸ ਨੇ ਇਤਿਹਾਸਕ ਵਿਚਾਰਧਾਰਾ ਨੂੰ ਰੱਦ ਕਰਕੇ ਸਮਾਜਕ ਉਪਯੋਗਤਾਵਾਦ ਨੂੰ ਪ੍ਰਚਾਰਿਆ । ਉਸ ਅਨੁਸਾਰ ਕਾਨੂੰਨ 'ਰਾਜ ਦੀ ਰੋਕਥਾਮ ਦੀ ਸ਼ਕਤੀ ਦੁਆਰਾ ਸੁਨਿਸ਼ਚਿਤ ਕੀਤੀਆਂ ਸਮਾਜ ਦੇ ਜੀਵਨ ਦੀਆਂ ਹਾਲਤਾਂ ਦੀ ਗਾਰੰਟੀ ਹੈ । ਉਹ ਕਾਨੂੰਨ ਨੂੰ ਮੰਤਵ ਪੂਰਤੀ ਲਈ ਸਾਧਨ ਮੰਨਦਾ ਹੈ । ਵੀਹਵੀਂ ਸਦੀ ਦੇ ਮੁੱਢ ਵਿਚ ਕਾਨੂੰਨ ਉਪਰ ਕਈ ਪ੍ਰਕਾਰ ਦੇ ਫ਼ਰਜ਼ੀ ਅਨੁਮਾਨ ਥੋਪੇ ਗਏ । ਮਨੁੱਖੀ ਇੱਛਾ ਨੂੰ ਪਲਾਂਘਦੇ ਮਨੁੱਖੀ ਆਚਰਨ ਲਈ ਮਿਆਰ-ਸਥਾਪਨ ਦੇ ਅਰਥ ਵਿਚ ਪ੍ਰਾਕਿਰਤਕ ਕਾਨੂੰਨ ਵੀਹਵੀਂ ਸਦੀ ਵਿਚ ਮੁੜ-ਜੀਵਤ ਹੋ ਉਠਿਆ । ਫ਼ਰਾਂਸੀਸੀ ਕਾਨੂੰਨ-ਵੇਤਾ 'ਜ਼ੀਨੋ' ਨੇ ਆਪਣੀ ਰਚਨਾ 'ਅਰਥ ਕਰਨ ਦੇ ਤਰੀਕੇ' (1899) ਵਿਚ ਨਿਆਂ-ਪਾਲਕਾ ਵਲੋਂ ਕਾਨੂੰਨਸਾਜ਼ੀ ਦੇ ਰੋਲ ਨੂੰ ਦਰਸਾਇਆ । ਇਸ ਨਾਲ ਕਾਨੂੰਨ ਦੇ ਸ੍ਰੋਤ ਸਬੰਧੀ ਪ੍ਰਸ਼ਨ ਪੈਦਾ ਹੋ ਗਏ ਅਤੇ ਵਸਤਾਂ ਜਾਂ ਤੱਥਾਂ ਦੀ ਨੌਈਅਤ ਦੀ ਮਹੱਤਤਾ ਉਜਾਗਰ ਹੋ ਗਈ । ਏਰਲਿਕ (1882-1922) ਦੇ ਥੀਸਸ ਵਿਚ ਕੇਂਦਰੀ ਨੁਕਤਾ ਇਹ ਹੈ ਕਿ ਸਮੁਦਾਏ ਦਾ ਕਾਨੂੰਨ ਸਮਾਜੀ ਤੱਥਾਂ ਵਿਚੋਂ ਮਿਲਦਾ ਹੈ। ਉਹਦੇ ਮਤ ਅਨੁਸਾਰ ਰਸਮੀ ਕਾਨੂੰਨੀ ਮਿਆਰ ਅਤੇ ਰਿਵਾਜਾਂ ਆਦਿ ਵਿਚਕਾਰ ਕੋਈ ਵੱਡਾ ਫ਼ਰਕ ਨਹੀਂ । ਸਮਾਜਕਤਾ-ਵਾਦੀ ਕਾਨੂੰਨ-ਸ਼ਾਸਤਰ ਦੇ ਖੇਤਰ ਵਿਚ 'ਰੌਸਕੋ ਪਾਊਂਡ' ਅਮਰੀਕੀ ਨੇਤਾ ਮੰਨਿਆ ਜਾਂਦਾ ਹੈ । ਉਸਨੇ ਕਾਨੂੰਨ ਦੇ ਕਿਰਿਆਤਮਕ ਪਹਿਲੂ ਉਤੇ ਵਧੇਰੇ ਜ਼ੋਰ ਦਿਤਾ ਹੈ । ਉਸ ਦੀ ਵੱਡੀ ਧਾਰਨਾ ਇਹ ਹੈ ਕਿ ਕਾਨੂੰਨ ਦਾ ਕਾਰਜ 'ਸਮਾਜੀ ਇੰਜਨੀਅਰੀ' ਹੈ ਜਿਸ ਦਾ ਭਾਵ ਸਮਾਜ ਵਿਚ ਮੁਕਾਬਲੇ ਦੀ ਹੋੜ ਵਿਚ ਲੱਗੇ ਹਿਤਾਂ ਵਿਚਕਾਰ ਸੰਤੁਲਨ ਹੈ । ਦੂਜੇ ਸ਼ਬਦਾਂ ਵਿਚ ਕਾਨੂੰਨ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਹਿਤਾਂ ਦਾ ਮੁਲਾਂਕਣ ਕਰੇ ਅਤੇ ਸਮਾਜਕ ਤੌਰ ਤੇ ਸਭ ਤੋਂ ਮੁੱਲਵਾਨ ਮੰਤਵਾਂ ਦੀ ਚੋਣ ਕਰਕੇ ਉਨ੍ਹਾਂ ਦੀ ਪ੍ਰਾਪਤੀ ਕਰਾਵੇ । 'ਮਾਰਕਸਵਾਦ' ਵਿਚ ਇਕ ਤਾਂ ਕਾਨੂੰਨੀ, ਨੈਤਿਕ, ਆਰਥਕ ਅਤੇ ਮਨੋਵਿਗਿਆਨਿਕ ਜਾਂਚ—ਪੜਤਾਲਾਂ ਦੇ ਗੂੜ੍ਹੇ ਅੰਤਰ-ਸਬੰਧਾਂ ਦੀ ਪ੍ਰੌਢ਼ ਵਿਚਾਰਧਾਰਾ ਰਲਦੀ ਹੈ, ਦੂਜੇ ਇਨ੍ਹਾਂ ਵਿਚੋਂ ਆਰਥਕ ਤੱਤਾਂ ਨੂੰ ਮੁੱਖ ਥਾਂ ਦਿਤੀ ਗਈ ਹੈ । ਮਾਰਕਸੀ ਸਿਧਾਂਤ ਅਨੁਸਾਰ ਰਾਜਸੀ ਅਤੇ ਅਦਾਲਤੀ ਸਿਸਟਮ ਰਾਜ ਅਤੇ ਕਾਨੂੰਨ—ਸਮਾਜ ਦੇ ਉਪਰਲੇ ਢਾਂਚੇ ਦੀ ਨੁਮਾਇੰਦਗੀ ਕਰਦੇ ਹਨ । ਰਾਜ ਅਤੇ ਉਸ ਦੇ ਜ਼ੋਰ-ਜਬਰ ਵਾਲੇ ਕਾਨੂੰਨ ਕੇਵਲ ਜਮਾਤੀ ਗ਼ਲਬੇ ਦੇ ਸਾਧਨ-ਮਾਤਰ ਹਨ ਜੋ ਕਮਿਊਨਿਜ਼ਮ ਜਾਂ ਸਮਾਜਵਾਦ ਹੇਠ, ਜਿਥੇ ਜ਼ੋਰ-ਜਬਰ ਲਈ ਕੋਈ ਥਾਂ ਨਹੀਂ, ਫਾਲਤੂ ਅਤੇ ਅਣਲੋੜੀਂਦੇ ਬਣ ਜਾਣਗੇ । ਪੂਰਾ ਸਾਮਵਾਦ ਆਉਣ ਤੱਕ ਦੇ ਸੰਧੀ-ਕਾਲ ਦੇ ਦੌਰਾਨ ਉਹ ਖ਼ੁਦ-ਬਖ਼ੁਦ ਘਸ ਪਿਟ ਜਾਣਗੇ । ਕੁਝ ਅਜੋਕੀਆਂ ਥਿਊਰੀਆਂ, ਜਿਨ੍ਹਾਂ ਦੇਸ਼ਾਂ ਵਿਚ ਪ੍ਰਤਿ-ਪਾਦਤ ਹੋਈਆਂ, ਉਹ ਉਨ੍ਹਾਂ ਦੀਆਂ ਕਾਨੂੰਨੀ ਪ੍ਰਣਾਲੀਆਂ ਦਾ ਵਿਸ਼ਲੇਸ਼ਣ-ਮਾਤਰ ਹਨ । ਕੁਝ ਲੇਖਕਾਂ ਨੇ ਇਨ੍ਹਾਂ ਕਾਨੂੰਨਦਾਨਾਂ ਨੂੰ ਨਾਜ਼ੀ, ਫਾਸਿਸਟ, ਸੋਵੀਅਤ ਅਤੇ ਅਮਰੀਕੀ ਕਾਨੂੰਨਦਾਨਾਂ ਦੀਆਂ ਸ਼ਰੇਣੀਆਂ ਵਿਚ ਵੰਡਿਆ ਹੈ । 'ਵੈਬਰ' ਦਾ ਇਤਿਹਾਸਕ ਤਰੀਕਾ ਉਸ ਨੂੰ ਮੇਨ ਨਾਲ ਜੋੜਦਾ ਹੈ, ਪਰ ਵਿਕਾਸ-ਕ੍ਰਮ ਤੋਂ ਉਹ ਜਿਸ ਸਿਧਾਂਤ ਤੇ ਅਪੜਦਾ ਹੈ, ਉਹ ਮਾਰਕਸਵਾਦੀ ਹੈ । ਮਾਰਕਸੀ ਕਿਆਸਾਂ ਦੇ ਆਧਾਰ ਤੇ ਆਪਣੀ ਥਿਊਰੀ ਘੜਨ ਵਾਲਾ ਆਸਟਰੀਆ ਦਾ ਸਮਾਜਵਾਦੀ 'ਕਾਰਲ ਰੈਨਰ' ਕਾਨੂੰਨ ਦੀ ਸਰਮਾਏਦਾਰਾਨਾਂ ਪ੍ਰਣਾਲੀ ਦਾ ਵਿਰੋਧੀ ਹੈ । ਉਸ ਅਨੁਸਾਰ ਸਰਮਾਏਦਾਰ ਨੇ 'ਮਲਕੀਅਤ' ਦੇ ਨਾਂ ਹੇਠਾਂ ਮਨੁੱਖਾਂ ਉਪਰ ਹੁਕਮ ਦੀ ਸੱਤਾ ਬਣਾ ਲਈ ਹੈ, ਜੋ ਕਿ ਪਬਲਿਕ ਸੱਤਾ ਹੈ । ਯਥਾਰਥਵਾਦੀ ਤਹਿਰੀਕ ਸਮਾਜਿਕਤਾਵਾਦੀ ਰੁਖ ਦਾ ਭਾਗ ਹੈ, ਅਤੇ ਕਦੇ ਕਦਾਈਂ ਇਸ ਨੂੰ 'ਕਿਰਿਆਤਮਕ ਵਿਚਾਰਧਾਰਾ ਦਾ ਖੱਬਾ ਅੰਗ' ਆਖਿਆ ਜਾਂਦਾ ਹੈ । ਅਮਰੀਕਾ ਵਿਚ 'ਅਮਲੀ ਫ਼ਿਲਾਸਫ਼ੀ' ਅਤੇ ਨਿਆਂਪਾਲਕਾ ਦੇ ਸੰਗਠਨ ਨੇ ਇਸ ਨੂੰ ਪ੍ਰਭਾਵਿਤ ਕੀਤਾ । 'ਗ੍ਰੇ' ਅਤੇ 'ਹੋਮਜ਼' ਨੇ, ਜੋ ਕੁਝ ਜੱਜ ਕਰਾਰ ਦਿੰਦੇ ਹਨ, ਉਸ ਨੂੰ ਕਾਨੂੰਨ ਆਖਿਆ ਹੈ । ਜੱਜ ਫਰੈਂਕ ਦੇ ਮਤ ਅਨੁਸਾਰ 'ਨਜ਼ੀਰ' ਜਾਂ 'ਕਾਨੂੰਨ ਨੂੰ ਸੰਘਤਾਬੱਧ ਕਰਨ' ਦੇ ਨਾਂ ਤੇ ਕਾਨੂੰਨੀ ਨਿਸ਼ਚਿਤਤਾ ਦੀ ਥੋਥੀ ਕਲਪਨਾ ਨਾਲ ਚਿੰਬੜੇ ਰਹਿਣਾ ਨਹੀਂ ਚਾਹੀਦਾ । 'ਲੁਐਲਿਨ' ਅਨੁਸਾਰ 'ਯਥਾਰਥਵਾਦ' ਕਾਨੂੰਨ ਬਾਰੇ ਵਿਚਾਰ ਅਤੇ ਕਾਰਜ ਦੀ ਤਹਿਰੀਕ ਹੈ । ਉਹ ਨਜ਼ੀਰੀ ਕਾਨੂੰਨ(Case law) ਦੇ ਅਧਿਐਨ ਤੇ ਜ਼ੋਰ ਦਿੰਦਾ ਹੈ । ਕੈਲਸਨ ਨੇ ਆਪਣੀ 'ਕਾਨੂੰਨ ਦੀ ਖਾਲਸ ਥਿਊਰੀ' ਵਿਚ ਰਾਜ-ਪ੍ਰਭੁਤਾ, ਨਿੱਜੀ ਅਤੇ ਜਨਤਕ ਕਾਨੂੰਨ, ਕਾਨੂੰਨੀ ਸ਼ਖ਼ਸੀਅਤ, ਅਧਿਕਾਰ ਅਤੇ ਕਰਤੱਵ ਅਤੇ ਕੌਮਾਂਤਰੀ ਕਾਨੂੰਨਾਂ ਦੀਆਂ ਧਾਰਨਾਵਾਂ ਨੂੰ ਛੋਹਿਆ । ਉਹ ਕਾਨੂੰਨ ਅਤੇ ਰਾਜ ਨੂੰ ਦੋ ਵੱਖਰੀਆਂ ਹਸਤੀਆਂ ਨਹੀਂ ਮੰਨਦਾ ਅਤੇ ਨਾ ਹੀ ਜਨਤਕ ਅਤੇ ਨਿੱਜੀ ਕਾਨੂੰਨ ਵਿਚ ਫ਼ਰਕ ਕਰਦਾ ਹੈ । ਉਸ ਨੇ ਕੌਮਾਂਤਰੀ ਕਾਨੂੰਨ ਨੂੰ ਪ੍ਰਧਾਨਤਾ ਦਿਤੀ ।

ਪ੍ਰਾਕਿਰਤਕ ਕਾਨੂੰਨ ਤੋਂ ਭਾਵ ਹੈ ਉਹ ਨਿਯਮ ਅਤੇ ਸਿਧਾਂਤ ਜੋ (ਕਿਸੇ ਰਾਜਨੈਤਿਕ ਜਾਂ ਦੁਨਿਆਵੀ ਅਧਿਕਾਰਾਂ ਤੋਂ ਭਿੰਨ ਕਿਸੇ ਹੋਰ) ਕਿਸੇ ਸਰਬਉੱਚ ਸਰੋਤ ਤੋਂ ਨਿਕਲੇ ਹੋਣ । ਵੱਖੋ ਵੱਖ ਕਾਨੂੰਨਦਾਨਾਂ ਨੇ ਇਸ ਦੇ ਸੋਤ-ਆਧਾਰ ਤੇ ਵੱਖੋ ਵੱਖ ਨਾਂ ਦਿੱਤੇ ਹਨ, ਜਿਵੇਂ ਕਿ 'ਰੱਬੀ ਕਾਨੂੰਨ', 'ਸਦਾਚਾਰਕ ਕਾਨੂੰਨ', 'ਕੁਦਰਤ ਦਾ ਕਾਨੂੰਨ' ਜਾਂ 'ਪ੍ਰਾਕਿਰਤਕ ਕਾਨੂੰਨ', 'ਸਰਬੋਤਮ ਕਾਨੂੰਨ', 'ਪਰਮਾਤਮਾ ਦਾ ਕਾਨੂੰਨ', 'ਅਲਿਖਤ ਕਾਨੂੰਨ' ਆਦਿ । ਯੂਨਾਨੀ ਵਿਚਾਰਕਾਂ ਨੇ 'ਪ੍ਰਾਕਿਰਤਕ ਕਾਨੂੰਨ' ਦੇ ਵਿਚਾਰ ਨੂੰ ਵਿਕਸਿਤ ਕਰਕੇ ਇਸ ਦੀਆਂ ਅਤਿ ਜ਼ਰੂਰੀ ਵਿਸ਼ੇਸ਼ਤਾਈਆਂ ਦੀ ਸਥਾਪਨਾ ਕੀਤੀ । ਇਸ ਨੇ ਰੋਮ ਵਿਚ ਕਾਨੂੰਨੀ ਵਿਕਾਸ ਤੇ ਬਹੁਤ ਪ੍ਰਭਾਵ ਪਾਇਆ । 'Jus Gentium' ਰੋਮਨ ਕਾਨੂੰਨ ਦਾ ਭਾਗ ਬਣ ਗਿਆ । ਰੋਮਨ ਵਕੀਲਾਂ ਨੇ 'ਸਾਕਾਰਾਤਮਕ ਕਾਨੂੰਨ' ਅਤੇ 'ਪ੍ਰਾਕਿਰਤਕ ਕਾਨੂੰਨ' ਵਿਚਕਾਰ ਫ਼ਰਕ ਦੇ ਮਸਲੇ ਨੂੰ ਨਹੀਂ ਵਿਚਾਰਿਆ । ਰੋਮ ਵਿਚ ਗ਼ੁਲਾਮ ਲੋਕ ਇਸ ਕਾਨੂੰਨ ਦੇ ਲਾਭਾਂ ਤੋਂ ਵਾਂਝੇ ਰਹੇ ।

ਹਿੰਦੂ ਕਾਨੂੰਨੀ ਪੱਧਤੀ, ਸ਼ਾਇਦ ਸੰਸਾਰ ਦੀਆਂ ਸਭਨਾਂ ਕਾਨੂੰਨੀ ਪ੍ਰਣਾਲੀਆਂ ਤੋਂ ਪੁਰਾਣੀ ਹੈ । ਬਹੁਤ ਪਹਿਲੇ ਯੁੱਗ ਵਿਚ ਕਾਨੂੰਨੀ

ਸੰਘਤਾ ਦਾ ਬਹੁਤ ਤਰਕਪੂਰਨ ਅਤੇ ਮੁਕੰਮਲ ਵਿਕਾਸ ਹੋਇਆ । ਹਿੰਦੂ ਦ੍ਰਿਸ਼ਟੀ, ਅਨੁਸਾਰ ਕਾਨੂੰਨ ਦੀ ਹੋਂਦ ਦਾ ਕਾਰਨ ਈਸ਼ਵਰ ਹੈ। ਕਾਨੂੰਨ 'ਸ਼ਰੁਤੀ' ਅਰਥਾਤ ਵੇਦਾਂ ਵਿਚ ਅਤੇ ਸਿਮਰਿਤੀਆਂ ਵਿਚ ਸੁਰੱਖਿਅਤ ਹੈ । ਕਾਨੂੰਨੀ ਮਾਮਲਿਆਂ ਵਿਚ ਪ੍ਰਾਚੀਨ ਸਿਮਰਿਤੀਕਾਰਾਂ ਨੇ ਯੁਕਤੀ ਅਤੇ ਨਿਆਂ ਤੋਂ ਅਗਵਾਈ ਲਈ ਹੈ । ਧਰਮ-ਸ਼ਾਸਤਰਾਂ ਵਿਚ ਮਤ-ਭਿੰਨਤਾ ਹੋਣ ਤੇ ਯੁਕਤੀ ਤੇ ਆਧਾਰਿਤ ਸਿਧਾਂਤ ਨੂੰ ਸਹੀ ਮੰਨਿਆ ਗਿਆ ਹੈ। ਵੇਦ, ਸਿਮਰਿਤੀ, ਪ੍ਰਵਾਨਿਤ ਰੀਤੀ-ਰਿਵਾਜ ਅਤੇ ਆਤਮਾ ਦੇ ਅਨੁਕੂਲ ਗੱਲਾਂ ਨੂੰ ਕਾਨੂੰਨ ਦੀ ਚੌਹ-ਮੁਖੀ ਪ੍ਰਤੱਖ ਸਾਖੀ ਕਰਾਰ ਦਿਤਾ ਗਿਆ ਹੈ। ਮੁਢਲੇ ਸਮੇਂ ਵਿਚ ਈਸਾਈ ਪਾਦਰੀਆਂ ਨੇ ਰੂਹਾਨੀ ਆਧਾਰ ਤੋਂ 'ਪ੍ਰਾਕਿਰਤਕ ਕਾਨੂੰਨ' ਉਤੇ ਆਪਣੇ ਵਿਚਾਰ ਪ੍ਰਗਟ ਕੀਤੇ । ਉਨ੍ਹਾਂ ਵਿਚੋਂ 'ਸੇਂਟ ਆਗਸਤੀਨ' ਬਹੁਤ ਅਹਿਮ ਹੈ । ਮੱਧ ਜੁਗੀ ਕਾਲ ਵਿਚ 'ਇਕੁਈਨਾਸ' ਦੇ ਵਿਚਾਰ ਵਧੇਰੇ ਤਰਕਸੰਗਤ ਅਤੇ ਵਿਵਸਥਤ ਹਨ। ਰੱਬੀ ਗ੍ਰੰਥਾਂ ਵਿਚ ਦਿੱਤੇ ਕਾਨੂੰਨ ਨਾਲ ਅਨੁਕੂਲਤਾ ਲਾਜ਼ਮੀ ਸੀ । ਅਗਲੇ ਜੁਗ ਵਿਚ ਪੁਨਰ-ਉਥਾਨਵਾਦੀ ਵਿਚਾਰ-ਧਾਰਾਵਾਂ ਦਾ ਜ਼ੋਰ ਰਿਹਾ। ਤਰਕਸੰਗਤ ਅਤੇ ਨਵੇਂ ਵਿਚਾਰਾਂ ਦਾ ਵਿਕਾਸ ਹੋਇਆ । 'ਸਮਾਜਕ ਸਮਝੌਤਾ' ਦੀ ਵਿਚਾਰਧਾਰਾ ਨੇ 'ਸਰਕਾਰ', 'ਪ੍ਰਭੂ' ਜਾਂ 'ਹੁਕਮਰਾਨ' ਨੂੰ ਹੋਂਦ ਵਿਚ ਲਿਆਂਦਾ। ਪੰਦਰ੍ਹਵੀਂ ਸਦੀ ਵਿਚ ਪ੍ਰਾਕਿਰਤਕ ਕਾਨੂੰਨ ਦਾ ਵਿਰੋਧ ਹੋਇਆ। ਉਨ੍ਹੀਵੀਂ ਸਦੀ ਦੇ ਅੰਤ ਤੇ ਇਹ ਮੁੜ ਸੁਰਜੀਤ ਹੋ ਉਠਿਆ । ਭੌਤਿਕ ਤਰੱਕੀ ਅਤੇ ਸਮਾਜ ਉਤੇ ਇਸ ਦੇ ਅਸਰ ਨੇ ਵਿਚਾਰਕਾਂ ਨੂੰ ਕੁਝ ਕੀਮਤਾਂ ਅਤੇ ਮਿਆਰਾਂ ਦੀ ਲੋੜ ਸੁਝਾਈ । ਹੁਣ ਪ੍ਰਾਕਿਰਤਕ ਕਾਨੂੰਨ ਕਲਪਨਾ ਮਾਤਰ ਅਤੇ ਅਬਦਲਵਾਂ ਨਾ ਰਹਿਕੇ ਹੋਰਨਾਂ ਨਾਲ ਸਬੰਧਤ ਹੋ ਗਿਆ ।

ਪ੍ਰਾਕਿਰਤਕ ਕਾਨੂੰਨ ਦੀ ਧਾਰਨਾ ਸਮੇਂ ਸਮੇਂ ਸਿਰ ਬਦਲਦੀ ਰਹੀ ਹੈ । ਇਸ ਕਾਨੂੰਨ ਦੇ ਅਨੇਕਾਂ ਸਿਧਾਂਤ ਕਈ ਇਕ ਕਾਨੂੰਨੀ ਪ੍ਰਣਾਲੀਆਂ ਵਿਚ, ਉਨ੍ਹਾਂ ਦੇ ਸੁਨਹਿਰੀ ਅਸੂਲਾਂ ਵਜੋਂ ਸ਼ਾਮਲ ਕੀਤੇ ਗਏ। ਇੰਗਲੈਂਡ ਵਿਚ ਟ੍ਰਿਬਿਊਨਲਾਂ ਦਾ ਅਦਾਲਤੀ ਕੰਟਰੋਲ, ਬਦੇਸ਼ੀ ਨਿਆਂ-ਨਿਰਣਿਆਂ ਦੀ ਮਾਨਤਾ ਆਦਿ 'ਪ੍ਰਾਕਿਰਤਕ' ਕਾਨੂੰਨ' ਦੇ ਵਿਚਾਰਾਂ ਤੇ ਆਧਾਰਿਤ ਹਨ। ਅਦਲ ਸਾਮਤਾ ਅਤੇ ਚੰਗੀ ਜ਼ਮੀਰ ਦੇ ਸਿਧਾਂਤ ਦੀ ਬੁਨਿਆਦ ਵੀ ਇਹੋ ਪ੍ਰਾਕਿਰਤਕ ਕਾਨੂੰਨ ਹੈ। ਇਸ ਦਾ ਸਭ ਤੋਂ ਵੱਡਾ ਪ੍ਰਭਾਵ ਅਮਰੀਕੀ ਕਾਨੂੰਨੀ ਢਾਂਚੇ ਤੇ ਪਿਆ ਹੈ। 'ਆਜ਼ਾਦੀ ਦੀ ਘੋਸ਼ਣਾ' ਵਿਚ 'ਲਾਕ' ਅਤੇ 'ਰੂਸੋ' ਦੇ ਵਿਚਾਰਾਂ ਦੀ ਟੁਣਕਾਰ ਹੈ । ਇਸ ਵਿਚ ਜੀਵਨ, ਸੁਤੰਤਰਤਾ ਅਤੇ ਸੁਖ-ਪ੍ਰਾਪਤੀ ਨੂੰ ਮਨੁੱਖ ਦੇ ਅਟੱਲ ਅਧਿਕਾਰ ਮੰਨਿਆ ਗਿਆ ਹੈ। ਇਸ ਕੁਦਰਤੀ ਨਿਆਂ ਦੇ ਸਿਧਾਂਤਾਂ ਨਾਲ ਵਿਧਾਨ ਦੀ ਸ਼ਕਤੀ ਨੂੰ ਸੀਮਿਤ ਕੀਤਾ ਗਿਆ। ਭਾਰਤ ਵਿਚ ਕਈ ਇਕ ਕਾਨੂੰਨੀ ਸਿਧਾਂਤ ਅਤੇ ਧਾਰਨਾਵਾਂ ਇੰਗਲੈਂਡ ਤੋਂ ਅੰਗੀਕਾਰ ਕੀਤੀਆਂ ਗਈਆਂ ਹਨ, ਜਿਵੇਂ ਕਿ 'ਨੀਮ-ਮੁਆਹਿਦਾ,' 'ਅਪ-ਕਾਰਜ ਵਿਚ ਉਚਿੱਤਤਾ', 'ਅਦਲ' ਸਮਾਨਤਾ ਅਤੇ ਚੰਗੀ ਜ਼ਮੀਰ ਆਦਿ । ਭਾਰਤੀ ਸੰਵਿਧਾਨ ਵਿਚ ਪ੍ਰਾਕਿਰਤਕ ਕਾਨੂੰਨ ਦੇ ਅਨੇਕਾਂ ਸਿਧਾਂਤ ਅਪਣਾਏ ਗਏ ਹਨ। ਇਸ ਰਾਹੀਂ ਗਰੰਟੀ ਕੀਤੇ ਮੂਲ ਅਧਿਕਾਰ, ਇਸੇ ਦੀ ਦੇਣ ਹਨ। ਰਾਜ ਪ੍ਰਬੰਧਕੀ ਅਤੇ ਨੀਮ-ਅਦਾਲਤੀ ਟ੍ਰਿਬਿਊਨਲਾਂ ਤੇ ਕੰਟਰੋਲ ਦਾ ਅਖਤਿਆਰ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਨੂੰ ਦਿੱਤਾ ਗਿਆ ਹੈ। ਸੰਵਿਧਾਨ ਦੇ ਅਨੁਛੇਦ 311 ਅਧੀਨ, ਕਿਸੇ ਸਿਵਲ ਮੁਲਾਜ਼ਮ ਨੂੰ ਜਦ ਤਕ ਕਿ ਉਸ ਨੂੰ 'ਕਾਰਨ ਦੱਸੋ' ਦਾ ਉਚਿਤ ਮੌਕਾ ਨਾ ਦਿੱਤਾ ਜਾਵੇ, ਬਰਖ਼ਾਸਤ ਕੀਤਾ ਜਾਂ ਉਸ ਦਾ ਦਰਜਾ ਘਟਾਇਆ ਨਹੀਂ ਜਾ ਸਕਦਾ ।

### ਕਾਨੂੰਨ ਦੀਆਂ ਕਿਸਮਾਂ—

'ਕਾਨੂੰਨ' ਸ਼ਬਦ ਵਿਚ ਅਨੇਕਾਂ ਪ੍ਰਕਾਰ ਦੇ ਨਿਯਮ ਅਤੇ ਅਸੂਲ ਸ਼ਾਮਲ ਹਨ, ਜਿਵੇਂ 'ਕਿ ਕੇਂਦਰ ਵੱਲ ਖਿੱਚੇ ਜਾਣ ਦੇ ਗੁਰੁਤਾ ਦੇ, ਨਿਗਾਹ ਸਬੰਧੀ, ਜਾਂ ਜੰਤਰ-ਵਿਗਿਆਨ ਦੇ ਕਾਨੂੰਨ, ਕੁਦਰਤ ਦੇ ਅਤੇ ਕੌਮਾਂ ਦੇ ਕਾਨੂੰਨ' ਆਦਿ । ਕਾਨੂੰਨ ਆਪਣੇ ਸਰਬਪੱਖੀ ਅਰਥ ਵਿਚ ਆਮ ਤੌਰ ਤੇ ਇਸ ਪ੍ਰਕਾਰ ਦਾ ਹੈ—(1) ਹੁਕਮੀ ਕਾਨੂੰਨ : ਇਸ ਤੋਂ ਭਾਵ ਹੈ ਉਹ ਧਾਰਨਾ ਜਾਂ ਕਿਰਿਆ ਦਾ ਨਿਯਮ, ਜੋ ਕਿਸੇ ਅਜਿਹੇ ਅਧਿਕਾਰੀ ਵੱਲੋਂ ਆਰੋਪਿਆ ਜਾਵੇ, ਜੋ ਇਸ ਦੀ ਪਾਲਣਾ ਦੀ ਤਾਮੀਲ ਕਰਾਉਂਦਾ ਹੈ । ਇਹ ਤਾਮੀਲ ਸਰੀਰਕ ਬਲ ਜਾਂ ਕਿਸੇ ਹੋਰ ਸਾਧਨ ਰਾਹੀਂ ਸੁਨਿਸ਼ਚਿਤ ਹੋ ਸਕਦੀ ਹੈ। ਇਸ ਤਾਮੀਲ ਦੇ ਪਿਛੇ ਸਜ਼ਾ ਦਾ ਭਾਵ ਕੰਮ ਕਰਦਾ ਹੈ, (2) ਭੌਤਿਕ ਜਾਂ ਵਿਗਿਆਨਕ ਕਾਨੂੰਨ : ਇਹ ਉਨ੍ਹਾਂ ਇਕਸਾਰ ਹਾਲਤਾਂ ਅਤੇ ਨਿਯਮਤ ਕਿਰਿਆਵਾਂ ਦਾ ਸੂਚਕ ਹੈ, ਜੋ ਕੁਦਰਤ ਦੇ ਅਮਲਾਂ ਵਿਚ ਦਿੱਦੇ ਹਨ, ਜਿਵੇਂ ਕਿ ਰੋਸ਼ਨੀ ਅਤੇ ਤਾਪ ਦੇ ਨਿਯਮ, (3) ਕੁਦਰਤੀ ਕਾਨੂੰਨ : ਇਹ ਕੁਦਰਤੀ ਸਹੀਪਣੇ ਅਤੇ ਦੋਸ਼ ਦਾ ਲਖਾਇਕ ਹੈ । ਕੁਦਰਤੀ ਕਾਨੂੰਨ ਅਤੇ ਨਿਆਂ ਦੇ ਵਿਚਾਰ, ਸਦਾਚਾਰਕ ਜਾਂ ਧਾਰਮਕ ਭਾਵਨਾਵਾਂ ਉਤੇ ਟਿਕੇ ਹੋਏ ਹਨ, (4) ਇਕਰਾਰੀ ਕਾਨੂੰਨ : ਇਸ ਦਾ ਮਤਲਬ ਉਹ ਨਿਯਮ ਜਾਂ ਨਿਯਮਾਂਵਲੀ ਹੈ ਜੋ ਵਿਅਕਤੀਆਂ ਜਾਂ ਵਿਅਕਤੀ-ਗਰੁੱਪਾਂ ਵਿਚ ਪਾਏ ਕਰਾਰ ਦਾ ਨਤੀਜਾ ਹਨ, (5) ਰਿਵਾਜੀ ਕਾਨੂੰਨ ਉਹ ਨਿਯਮ ਜਾਂ ਸਿਧਾਂਤ ਜੋ ਇਕ ਲੰਬੇ ਅਰਸੇ ਤੱਕ ਅਮਲੀ ਤੌਰ ਤੇ ਵਰਤੀਦੇ, ਕਿਸੇ ਖ਼ਾਸ ਸਮੁਦਾਇ ਜਾਂ ਫਿਰਕੇ ਦੇ ਆਚਾਰ-ਵਿਊਹਾਰ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਕਈ ਹੋਰ ਇਨ੍ਹਾਂ ਨੂੰ ਕਾਨੂੰਨ ਦਾ ਸਿਰਫ਼ ਸਰੋਤ ਆਖਦੇ ਹਨ, (6) ਤਕਨੀਕੀ ਕਾਨੂੰਨ : ਕਿਸੇ ਖਾਸ ਟੀਚੇ ਦੀ ਪ੍ਰਾਪਤੀ ਲਈ ਜ਼ਰੂਰੀ ਨਿਯਮ ਹਨ, ਜਿਹਾ ਕਿ ਕਾਵਿ ਸਿਰਜਨ ਦੇ ਕਾਨੂੰਨ ਜਾਂ ਸਿਹਤ ਦੇ ਕਾਨੂੰਨ ਆਦਿ, (7) ਕੌਮਾਂਤਰੀ ਕਾਨੂੰਨ : ਇਹ ਉਹ ਨਿਯਮ-ਸਮੂਹ ਹਨ ਜਿਨ੍ਹਾਂ ਦੁਆਰਾ ਰਾਜ ਇਕ ਦੂਜੇ ਪ੍ਰਤੀ ਆਪਣੇ ਸਬੰਧਾਂ ਵਿਚ ਸ਼ਾਸਤ ਹੁੰਦੇ ਹਨ। ਕੌਮਾਂਤਰੀ ਕਾਨੂੰਨ ਦਾ ਆਧਾਰ ਕੁਝ ਵਿਚਾਰਕ ਪ੍ਰਾਕਿਰਤਕ ਕਾਨੂੰਨ ਨੂੰ ਮੰਨਦੇ ਹਨ, ਜਦ ਕਿ ਦੂਜੇ ਇਸ ਨੂੰ ਇਕ ਪ੍ਰਕਾਰ ਦਾ ਰਿਵਾਜੀ ਕਾਨੂੰਨ ਜਾਂ ਆਪਸੀ ਕਰਾਰ ਜਾਂ ਸਮਝੌਤੇ ਦਾ ਕਾਨੂੰਨ ਸਮਝਦੇ ਹਨ। ਅਸਲ ਵਿਚ ਇਹ ਤਿੰਨੇ ਪ੍ਰਕਾਰ ਦੇ ਕਾਨੂੰਨਾਂ ਦਾ ਸੰਗ੍ਰਹਿ ਹੈ, (8) ਸਿਵਲ ਲਾਅ : ਇਸ ਦਾ ਅਰਥ ਹੈ, 'ਦੇਸ ਵਿਦੇਸ਼ ਦਾ ਜਾਂ ਮਿਊਂਸਪਲ ਕਾਨੂੰਨ'। ਇਸ ਨੂੰ ਰਾਜ ਦੀਆਂ ਅਦਾਲਤਾਂ ਲਾਗੂ ਕਰਦੀਆਂ ਹਨ। ਕਾਨੂੰਨ ਸ਼ਾਸਤਰ ਵਿਚ ਦਰਅਸਲ ਕਾਨੂੰਨ ਇਸੇ ਨੂੰ ਆਖਿਆ ਜਾਂਦਾ ਹੈ। ਸਾਮੰਡ ਦੇ ਵਿਚਾਰ ਵਿਚ ਸ਼ਬਦ ਦੇ ਨਿਰੋਲ ਅਤੇ ਮੂਲ ਅਰਥ ਵਿਚ ਇਹੋ ਕਾਨੂੰਨ ਹੈ। ਹੋਰਨਾਂ ਸੂਰਤਾਂ ਵਿਚ ਕੇਵਲ ਸਦ੍ਰਿਸ਼ਤਾ ਦੇ ਵਿਸਤਾਰ ਨਾਲ ਸ਼ਬਦ ਕਾਨੂੰਨ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ ਵਿਚ ਉਪਰੋਕਤ ਕਾਨੂੰਨ ਦੀਆਂ ਕਿਸਮਾਂ ਨਹੀਂ ਸਗੋਂ ਉਨ੍ਹਾਂ ਦੀ ਗਿਣਤੀ ਮਾਤਰ ਹੈ।

### ਕਾਨੂੰਨ ਦੀਆਂ ਸ਼ਰੇਣੀਆਂ—

ਕਾਨੂੰਨ ਮੋਟੇ ਤੌਰ ਤੇ ਦੋ ਸ਼ਰੇਣੀਆਂ (1) ਕੌਮਾਂਤਰੀ ਕਾਨੂੰਨ ਅਤੇ (2) ਮਿਊਂਸਪਲ ਜਾਂ ਕੌਮੀ ਕਾਨੂੰਨ ਵਿਚ ਵੰਡਿਆ ਗਿਆ ਹੈ । ਕੌਮਾਂਤਰੀ ਕਾਨੂੰਨ ਦਾ ਮੌਜੂਦਾ ਰੂਪ ਪਿਛੇ ਜਿਹੇ ਹੀ ਹੋਂਦ ਵਿਚ ਆਇਆ ਹੈ। ਕੁਝ ਕਾਨੂੰਨਦਾਨ ਇਸ ਨੂੰ ਫੇਰ ਦੋ ਸ਼ਰੇਣੀਆਂ ਵਿਚ ਵੰਡਦੇ ਹਨ (1) ਪਬਲਿਕ ਕੌਮਾਂਤਰੀ ਕਾਨੂੰਨ ਅਤੇ (2) ਪ੍ਰਾਈਵੇਟ ਕੌਮਾਂਤਰੀ ਕਾਨੂੰਨ । ਕਾਨੂੰਨ ਦੀ ਇਸ ਸ਼ਰੇਣੀ ਨੂੰ 'ਕਾਨੂੰਨਾਂ ਦਾ ਵਾਦ-ਵਿਵਾਦ' ਵੀ ਆਖਿਆ ਜਾਂਦਾ ਹੈ । ਰਾਜ ਅੰਦਰ ਲਾਗੂ ਜਾਂ ਮਿਊਂਸਪਲ ਕਾਨੂੰਨ ਦੀਆਂ ਵੀ ਦੋ ਸ਼ਰੇਣੀਆਂ ਹਨ (1) ਪਬਲਿਕ ਕਾਨੂੰਨ ਅਤੇ (2) ਪ੍ਰਾਈਵੇਟ ਕਾਨੂੰਨ । ਰਾਜ ਦੀਆਂ ਸਰਗਮੀਆਂ ਬਹੁਤ ਹੱਦ ਤੱਕ ਪਬਲਿਕ ਜਾਂ ਜਨਤਕ ਕਾਨੂੰਨ ਰਾਹੀਂ ਵਿਨਿਯਮਿਤ ਹੁੰਦੀਆਂ ਹਨ । ਇਹ ਰਾਜ ਦੇ ਸੰਘਟਨ ਅਤੇ ਕਾਰਜਾਂ ਨੂੰ ਤੈਅ ਅਤੇ ਵਿਨਿਯਤ ਕਰਦਾ ਹੈ ਅਤੇ ਰਾਜ ਦਾ ਆਪਣੀ ਪਰਜਾ ਨਾਲ ਸਬੰਧ ਦਾ ਨਿਰਣਾ ਕਰਦਾ ਹੈ। ਜਨਤਕ ਕਾਨੂੰਨ ਫੇਰ ਤਿੰਨ ਸ਼ਰੇਣੀਆਂ ਵਿਚ ਵੰਡਿਆ ਹੋਇਆ ਹੈ। (1) ਸੰਵਿਧਾਨਕ ਕਾਨੂੰਨ, (2) ਰਾਜਪ੍ਰਬੰਧਕੀ ਕਾਨੂੰਨ ਅਤੇ (3) ਫੌਜਦਾਰੀ ਕਾਨੂੰਨ । ਸੰਵਿਧਾਨਕ ਕਾਨੂੰਨ ਦੇਸ਼ ਦੇ ਆਮ ਕਾਨੂੰਨਾਂ ਨਾਲੋਂ ਉਚੇਰਾ ਅਤੇ ਚੰਗੇਰਾ ਕਾਨੂੰਨ ਹੈ। ਆਮ ਕਾਨੂੰਨ ਆਪਣਾ ਅਧਿਕਾਰ ਅਤੇ ਬਲ ਇਸੇ ਤੋਂ ਪ੍ਰਾਪਤ ਕਰਦਾ ਹੈ। ਸੰਵਿਧਾਨਕ ਕਾਨੂੰਨ ਰਾਜ ਦਾ ਬੁਨਿਆਦੀ ਜਾਂ ਮੌਲਿਕ ਕਾਨੂੰਨ ਹੈ। ਇਹ ਭਾਰਤ ਵਿਚ

ਲਿਖਤੀ ਅਤੇ ਇੰਗਲੈਂਡ ਵਿਚ ਅਲਿਖਤ ਹੋ ਸਕਦਾ ਹੈ । ਅਜੋਕੇ ਯੁੱਗ ਵਿਚ ਲਿਖਤੀ ਸੰਵਿਧਾਨ ਦੀ ਵਧੇਰੇ ਪ੍ਰਵਿਰਤੀ ਹੈ, (2) ਰਾਜਪ੍ਰਬੰਧਕੀ ਕਾਨੂੰਨ ਵਿਚ ਉਸ ਤਰੀਕੇ ਨੂੰ ਨਿਯਤ ਕਰਨ ਵਾਲੇ ਸਭ ਨਿਯਮ ਆ ਜਾਂਦੇ ਹਨ, ਜਿਨ੍ਹਾਂ ਦੁਆਰਾ ਸਰਕਾਰ ਸੰਵਿਧਾਨ ਵਿਚ ਉਸ ਨੂੰ ਦਿੱਤੀਆਂ ਸ਼ਕਤੀਆਂ ਦੀ ਵਰਤੋਂ ਕਰਦੀ ਹੈ, (3) ਫ਼ੌਜਦਾਰੀ ਕਾਨੂੰਨ ਅਪਰਾਧਾਂ ਨੂੰ ਪਰਿਭਾਸ਼ਤ ਅਤੇ ਉਨ੍ਹਾਂ ਲਈ ਸਜ਼ਾਵਾਂ ਨਿਯਤ ਕਰਦਾ ਹੈ। ਰਾਜ ਅੰਦਰ ਅਮਨ ਤੇ ਵਿਵਸਥਾ ਬਣਾਈ ਰਖਣ ਲਈ ਇਸ ਦੀ ਲੋੜ ਹੈ। ਸਭਯ ਸਮਾਜਾਂ ਵਿਚ ਅਪਰਾਧ (ਅਪਰਾਧਾਂ ਦਾ ਸ਼ਿਕਾਰ ਹੋਏ) ਕਿਸੇ ਖ਼ਾਸ ਵਿਅਕਤੀ ਦੇ ਖਿਲਾਫ਼ ਨਹੀਂ ਸਗੋਂ ਸਮੁੱਚੇ ਸਮਾਜ ਵਿਰੁੱਧ ਜੁਰਮ ਗਿਣਿਆ ਜਾਂਦਾ ਹੈ। ਫ਼ੌਜਦਾਰੀ ਮਾਮਲਿਆਂ ਵਿਚ ਰਾਜ ਇਕ ਧਿਰ ਬਣ ਕੇ ਅਪਰਾਧੀ ਦੇ ਖਿਲਾਫ਼ ਕਾਰਵਾਈ ਚਲਾਉਂਦਾ ਹੈ। ਪ੍ਰਾਈਵੇਟ ਕਾਨੂੰਨ ਦੀਆਂ ਆਮ ਤੌਰ ਤੇ ਇਹ ਸ਼੍ਰੇਣੀਆਂ ਹਨ (1) ਵਿਅਕਤੀਆਂ ਦਾ ਕਾਨੂੰਨ, (2) ਜਾਇਦਾਦ ਦਾ ਕਾਨੂੰਨ, (3) ਜ਼ੁੰਮੇਦਾਰੀਆਂ ਦਾ ਕਾਨੂੰਨ। ਜ਼ੁੰਮੇਦਾਰੀਆਂ ਦਾ ਕਾਨੂੰਨ 'ਮੁਆਹਿਦਾ', 'ਨੀਮ ਮੁਆਹਿਦਾ' ਅਤੇ 'ਅਪਦੂਸ਼ਣ' ਵਿਚ ਵੰਡਿਆ ਹੋਇਆ ਹੈ। ਜ਼ਾਬਤੇ ਦਾ ਕਾਨੂੰਨ ਅਤੇ ਕਾਨੂੰਨ ਸ਼ਹਾਦਤ ਵੀ ਪ੍ਰਾਈਵੇਟ ਕਾਨੂੰਨ ਦੀਆਂ ਸ਼ਾਖਾਵਾਂ ਹਨ। ਇਹ ਸ਼੍ਰੇਣੀ-ਵੰਡ ਸਰਬਪੱਖੀ ਅਤੇ ਸੰਪੂਰਨ ਨਹੀਂ ।

### ਕਾਨੂੰਨ ਅਤੇ ਸਦਾਚਾਰ

ਕਾਨੂੰਨ ਅਤੇ ਸਦਾਚਾਰ ਦੀ ਇਕ ਦੂਜੇ ਤੇ ਕਿਰਿਆ ਅਤੇ ਪ੍ਰਤੀਕਿਰਿਆ ਚਲਦੀ ਰਹਿੰਦੀ ਹੈ ਅਤੇ ਉਹ ਇਕ ਦੂਜੇ ਨੂੰ ਢਾਲਦੇ ਰਹਿੰਦੇ ਹਨ । ਸਦਾਚਾਰ ਤੇ ਨਿਯਮ ਨਿਆਂ, ਸਾਮਯਾ ਅਤੇ ਚੰਗੇ ਅੰਤਹਕਰਣ ਦੇ ਨਾਂ ਤੇ ਕਾਨੂੰਨ ਦੇ ਤਾਣੇ-ਬਾਣੇ ਵਿਚ ਘੁਸ ਗਏ ਹਨ। ਅਦਾਲਤੀ ਕਾਨੂੰਨ-ਸਾਜ਼ੀ ਵਿਚ, ਕਾਨੂੰਨੀ ਧਾਰਨਾਵਾਂ ਦੇ ਅਰਥ ਕਰਨ ਵਿਚ ਅਤੇ (ਸਜ਼ਾਵਾਂ ਆਦਿ ਦੇਣ ਵਿਚ) ਅਦਾਲਤੀ ਸਵੈਵਿਵੇਕ ਦੀ ਵਰਤੋਂ ਕਰਨ ਵਿਚ, ਇਹ ਨੈਤਿਕ ਵਿਚਾਰ ਅਹਿਮ ਰੋਲ ਅਦਾ ਕਰਦੇ ਹਨ। ਇਖ਼ਲਾਕੀ ਨਿਯਮ ਵਿਧਾਨੀ ਸ਼ਕਤੀ ਤੇ ਅੰਕੁਸ਼ ਰਖਦੇ ਹਨ। ਕਾਨੂੰਨ ਇਕ ਤਰ੍ਹਾਂ ਸਦਾਚਾਰਾਂ ਨਾਲ ਮੁਕੰਮਲ ਹੁੰਦਾ ਹੈ।

### ਕਾਨੂੰਨ ਦੇ ਸਰੋਤ

ਕਾਨੂੰਨ ਦੀ ਉਤਪੱਤੀ ਬਾਰੇ ਅਨੇਕਾਂ ਮੱਤ ਹਨ। ਆਸਟਨ ਅਨੁਸਾਰ ਇਹ ਸਰਬਸ਼ਕਤੀਮਾਨ ਹੁਕਮਰਾਨ ਤੋਂ ਉਪਜਿਆ ਹੈ । ਸਾਵੀਨਾਈ ਇਸ ਦਾ ਮੁੱਢ ਲੋਕ-ਚੇਤਨਾ ਨਾਲ ਜੋੜਦਾ ਹੈ। ਸਮਾਜਕਤਾਵਾਦੀ ਅਨੇਕਾਂ ਬੇਮੇਲ ਤੱਤਾਂ ਵਿਚੋਂ ਇਸ ਦਾ ਨਿਕਾਸ ਖੋਜਦੇ ਹਨ। ਰੂਹਾਨੀ ਰਹਿਬਰ ਇਸ ਦਾ ਜਨਮ ਰੱਬ ਤੋਂ ਹੋਇਆ ਮੰਨਦੇ ਹਨ। ਹਿੰਦੂ ਅਤੇ ਮੁਸਲਮਾਨੀ ਕਾਨੂੰਨ ਦਾ ਮੁੱਢਲਾ ਸੋਮਾ, ਵੇਦ ਅਤੇ ਕੁਰਾਨ, ਈਸ਼ਵਰ ਵਲੋਂ ਪ੍ਰਗਟ ਹੋਏ ਮੰਨੇ ਜਾਂਦੇ ਹਨ । ਸਾਮੰਡ ਕਾਨੂੰਨ ਦੇ ਸਰੋਤਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਦਾ ਹੈ (1) ਯਥਾ ਰੂਪ-ਸਰੋਤ, ਜਿਥੋਂ ਕਾਨੂੰਨ ਨੂੰ ਇਸ ਦਾ ਬਲ ਅਤੇ ਜਾਇਜ਼ਤਾ ਪ੍ਰਾਪਤ ਹੁੰਦਾ ਹੈ, ਅਤੇ (2) ਪਦਾਰਥਕ ਸਰੋਤ, ਅਰਥਾਤ ਉਹ ਮਸਾਲਾ, ਜਿਸ ਤੋਂ ਕਾਨੂੰਨ ਦਾ ਵਜੂਦ ਬਣਦਾ ਹੈ, ਜਿਹਾ ਕਿ ਰਿਵਾਜ। ਇਹ ਪਦਾਰਥਕ ਸਰੋਤ ਕਾਨੂੰਨੀ ਅਤੇ ਸਾਹਿਤਕ ਦੋ ਤਰ੍ਹਾਂ ਦੇ ਹਨ । ਕਾਨੂੰਨੀ ਸਰੋਤ ਪ੍ਰਮਾਣੀਕ ਹੋਣ ਕਰਕੇ ਖ਼ੁਦ-ਬਖ਼ੁਦ ਕਾਨੂੰਨ ਗਿਣੇ ਜਾਂਦੇ ਹਨ। ਕਾਨੂੰਨੀ ਸਰੋਤਾਂ ਤੋਂ ਉਤਪੰਨ ਕਾਨੂੰਨ ਇਨ੍ਹਾਂ ਸ਼੍ਰੇਣੀਆਂ ਵਿਚ ਪੈਂਦਾ ਹੈ—(1) ਐਕਟ ਬਣਿਆ ਕਾਨੂੰਨ ਜਿਸ ਦਾ ਸਰੋਤ ਕਾਨੂੰਨ-ਸਾਜ਼ੀ ਜਾਂ ਵਿਧਾਨ ਹੈ। (2) ਕੇਸ ਲਾਅ, ਜਿਸ ਦਾ ਸਰੋਤ ਨਜ਼ੀਰ ਹੈ। (3) ਰਿਵਾਜੀ ਕਾਨੂੰਨ, ਜੋ ਰਿਵਾਜ ਤੋਂ ਪੈਦਾ ਹੁੰਦਾ ਹੈ। (4) ਇਕਰਾਰੀ ਜਾਂ ਮੁਆਹਿਦਾ ਕਾਨੂੰਨ, ਜਿਸ ਦਾ ਸਰੋਤ ਇਕਰਾਰਨਾਮਾ ਹੈ। ਦੂਜੀ ਸ਼੍ਰੇਣੀ ਵਿਚ ਕਾਨੂੰਨਦਾਨਾਂ ਦੀਆਂ ਰਚਨਾਵਾਂ, ਲਿਖਤਾਂ, ਵਿਦੇਸ਼ੀ ਫ਼ੈਸਲੇ ਅਤੇ ਅਨੇਕਾਂ ਹੋਰ ਗੱਲਾਂ ਸ਼ਾਮਲ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਜੱਜ ਆਪਣੇ ਫ਼ੈਸਲੇ ਤਿਆਰ ਕਰਦੇ ਹਨ । ਅਜੋਕੇ ਸਮੇਂ ਵਿਚ ਕਾਨੂੰਨ ਵਿਧਾਨ ਰਾਹੀਂ ਤਿਆਰ ਹੁੰਦਾ ਹੈ। ਵਿਧਾਨ ਜਾਂ ਨਜ਼ੀਰ ਅਧੀਨ ਨਾ ਆਉਣ ਵਾਲੇ ਮਾਮਲਿਆਂ ਵਿਚ ਰਿਵਾਜ ਦਾ ਵੱਡਾ ਦਖ਼ਲ ਹੈ। ਰਿਵਾਜ ਸਭਨਾਂ ਪ੍ਰਣਾਲੀਆਂ ਦੀ ਬੁਨਿਆਦ ਹਨ। ਰੋਮਨ ਕਾਨੂੰਨ ਵਿਚ ਮੈਜਿਸਟ੍ਰੇਟਾਂ, ਅੰਗ੍ਰੇਜ਼ੀ ਕਾਨੂੰਨ ਵਿਚ ਇਕੁਇਟੀ ਜੱਜਾਂ ਅਤੇ ਬ੍ਰੈਕਟਨ ਤੋਂ ਲੈ ਕੇ ਬਲੈਕਸਟੋਨ ਤੱਕ ਕਾਨੂੰਨ ਦੇ ਮਹਾਨ ਲੇਖਕਾਂ, ਹਿੰਦੂ ਕਾਨੂੰਨ ਵਿਚ ਸਿਮ੍ਰਿਤੀਕਾਰਾਂ, ਟੀਕਾਕਾਰਾਂ ਅਤੇ ਪ੍ਰਿਵੀ ਕੌਂਸਲ ਦੇ ਫ਼ੈਸਲਿਆਂ ਦੇ ਸਿਰਜਨਾਤਮਕ ਕਾਰਜਾਂ ਨੇ ਰਿਵਾਜਾਂ ਦੇ ਰੂਪ ਅਤੇ ਉਨ੍ਹਾਂ ਦੀ ਵਿਸ਼ੇ-ਵਸਤੂ ਤੇ ਨਿੱਗਰ ਪ੍ਰਭਾਵ ਪਾਇਆ ਹੈ। ਵਿਧਾਨ ਰਾਹੀਂ ਬਣਾਇਆ 'ਸਟੈਚਿਊਟ' ਜਾਂ ਲਿਖਤੀ ਕਾਨੂੰਨ ਸੰਖੇਪ, ਨਿਸ਼ਚਿਤ, ਸਪਸ਼ਟ ਅਤੇ ਆਮਫ਼ਹਿਮ ਹੋਣ ਕਰਕੇ ਰਾਸ਼ਟਰ ਦੇ ਚਾਲੂ ਸਿੱਕੇ ਵਾਂਗ ਤੁਰੰਤ ਕੰਮ ਆ ਸਕਦਾ ਹੈ। ਭਾਰਤ ਦੇ ਕਾਨੂੰਨ ਦੇ ਵਿਧਾਨ ਅਤੇ ਕੋਡ (ਸੰਗ੍ਰਹਿ) ਤਿਆਰ ਕਰਨ ਵਿਚ ਬਹੁਤੇ ਨਿਯਮ ਅੰਗ੍ਰੇਜ਼ੀ ਕਾਨੂੰਨ ਤੋਂ ਅਪਨਾਏ ਗਏ ਹਨ। ਅਰਥ ਕਰਨ ਦੇ ਵਿਸ਼ੇ ਵਿਚ ਅਗਵਾਈ ਹਿਤ ਇਕ 'ਸਾਧਾਰਨ ਖੰਡ ਐਕਟ' ਵੀ ਬਣਿਆ ਹੋਇਆ ਹੈ। ਪੁਰਾਣੇ ਸੰਗ੍ਰਹਿਕਾਰਾਂ ਵਿਚ ਯਜਨਾਵਲਕ, ਬ੍ਰਿਹਸਪਤੀ, ਨਾਰਦ, ਪਰਾਸ਼ਰ ਆਦਿ ਹਨ। ਅੱਜ ਦੇ ਜ਼ਮਾਨੇ ਵਿੱਚ ਵੱਖੋ-ਵੱਖ ਕਾਨੂੰਨ-ਕਮਿਸ਼ਨਾਂ ਨੇ ਅਨੇਕਾਂ ਕੋਡ ਤਿਆਰ ਕੀਤੇ ਹਨ। ਕੋਡ ਤਿਆਰ ਕਰਨ ਲਈ ਲਾਅ ਕਮਿਸ਼ਨ, ਵਿਧਾਨ ਮੰਡਲਾਂ ਅਤੇ ਅਦਾਲਤਾਂ ਦੇ ਕੰਮ ਵਿਚ ਇਕਸੁਰਤਾ ਅਤੇ ਤਾਲਮੇਲ ਅਤਿ ਜ਼ਰੂਰੀ ਹੈ।

—ਬਲਵੰਤ ਸਿੰਘ

**ਕਾਨੂਰੀ :** ਇਹ ਅਫ਼ਰੀਕਨ ਲੋਕ ਹਨ। ਸੰਨ 1970 ਦੇ ਦਹਾਕੇ ਵਿਚ ਇਨ੍ਹਾਂ ਦੀ ਕੁੱਲ ਆਬਾਦੀ 1,250,000 ਸੀ। ਇਨ੍ਹਾਂ ਵਿਚ ਮਾਂਗਾ, ਮੋਬਾਰ, ਕਵਾਯਾਮ ਅਤੇ ਬੁਡਾਵਾਈ ਲੋਕ ਵੀ ਸ਼ਾਮਲ ਹਨ। ਨਾਈਜੀਰੀਆ ਵਿਚ ਬੋਰਨੂ ਪ੍ਰਾਂਤ ਦੀ ਆਬਾਦੀ ਦਾ ਇਹ ਲੋਕ ਪ੍ਰਮੁੱਖ ਹਿੱਸਾ ਹਨ। ਇਹ ਲੋਕ ਬੋਰਨੂੰ ਦੇ ਸਰਹੱਦੀ ਇਲਾਕੇ ਨਾਈਜਰ ਅਤੇ ਚਾਡ ਝੀਲ ਦੇ ਪੱਛਮੀ ਕੰਢਿਆਂ ਦੇ ਨਾਲ ਨਾਲ ਵੀ ਕਾਫ਼ੀ ਗਿਣਤੀ ਵਿਚ ਵਸਦੇ ਹਨ। ਇਹ ਲੰਬੇ ਕੱਦ ਦੇ ਹਬਸ਼ੀ ਲੋਕ ਹਨ ਜੋ ਕਬਾਇਲੀ ਵਖਰੇਵਾਂ ਦਰਸਾਉਣ ਲਈ ਆਪਣੇ ਚਿਹਰਿਆਂ ਤੇ ਵਿਸ਼ੇਸ਼ ਕਿਸਮ ਦੇ ਨਿਸ਼ਾਨ ਲਗਾਉਂਦੇ ਹਨ । ਕਾਨੂਰੀ ਭਾਸ਼ਾ ਨੀਲੋ-ਸਹਾਰਨ ਗਰੁੱਪ ਦੀ ਸਹਾਰਨ ਬ੍ਰਾਂਚ ਨਾਲ ਸਬੰਧਤ ਹੈ।

ਕਾਨੂਰੀ ਲੋਕਾਂ ਨੇ ਇਕ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ। ਇਸ ਰਾਜ ਨੂੰ ਬੋਰਨੂ ਕਹਿੰਦੇ ਸਨ ਅਤੇ ਇਹ 16ਵੀਂ ਸਦੀ ਵਿਚ ਸਿਖਰਾਂ ਤੇ ਸੀ। 11ਵੀਂ ਸਦੀ ਵਿਚ ਇਹ ਲੋਕ ਮੁਸਲਮਾਨ ਬਣ ਗਏ ਸਨ।

ਇਹ ਲੋਕ ਖੇਤੀਬਾੜੀ ਉੱਪਰ ਨਿਰਭਰ ਹਨ । ਬਾਜਰਾ ਤੇ ਮੂੰਗਫਲੀ ਇਨ੍ਹਾਂ ਦੀਆਂ ਵਪਾਰਕ ਫ਼ਸਲਾਂ ਹਨ। ਇਹ ਲੋਕ ਪਿੰਡਾਂ ਤੇ ਸ਼ਹਿਰਾਂ ਵਿਚ ਵਸਦੇ ਹਨ ਅਤੇ ਆਲੇ-ਦੁਆਲੇ ਦੀ ਰੇਤਲੀ ਭੂਮੀ ਵਿਚ ਇਨ੍ਹਾਂ ਦੇ ਫਾਰਮ ਹਨ। ਕਾਨੂਰੀ ਵਪਾਰਕ ਕੌਮ ਹੈ ਜੋ ਫੂਲਾਨੀ ਤੇ ਅਰਬ ਚਰਵਾਹਿਆਂ ਨਾਲ ਡੇਅਰੀ ਉਪਜਾਂ ਦਾ ਵਪਾਰ ਕਰਦੇ ਹਨ । ਗਊਆਂ ਤੇ ਬੱਕਰੀਆਂ ਦੀਆਂ ਖੱਲਾਂ ਦੀ ਕਾਫ਼ੀ ਮਾਤਰਾ ਵਿਚ ਬਰਾਮਦ ਹੁੰਦੀ ਹੈ।

ਕਾਨੂਰੀ ਸਮਾਜ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਸ਼ੇਹੂ ਖਾਨਦਾਨ ਸਾਰੇ ਕਾਨੂਰੀ ਲੋਕਾਂ ਦਾ ਰਾਜਨੀਤਕ ਤੇ ਧਾਰਮਿਕ ਮੁੱਖੀ ਹੈ । ਇਨ੍ਹਾਂ ਵਿਚੋਂ ਕਈ ਲੋਕ ਸ਼ਾਹੀ ਸ਼ਾਨੋ-ਸ਼ੌਕਤ ਵਾਲੇ ਹਨ ਪਰ ਬਹੁਤੀ ਗਿਣਤੀ ਦਰਮਿਆਨੇ ਲੋਕਾਂ ਦੀ ਹੈ। ਬਰਤਾਨਵੀ ਲੋਕਾਂ ਦੇ ਇਥੇ ਆਉਣ ਤੋਂ ਪਹਿਲਾਂ ਇਥੇ ਇਕ ਗੁਲਾਮਾਂ ਦੀ ਵੀ ਸ਼੍ਰੇਣੀ ਸੀ । ਕਾਨੂਰੀ ਆਦਮੀ ਚਾਰ ਵਿਆਹ ਕਰ ਸਕਦੇ ਹਨ ਅਤੇ ਹਰ ਇਕ ਪਤਨੀ ਦਾ ਆਪਣਾ ਅਲੱਗ ਘਰ ਹੁੰਦਾ ਹੈ। ਇਨ੍ਹਾਂ ਦੇ ਘਰ ਮਿੱਟੀ ਦੀਆਂ ਇੱਟਾਂ ਦੇ ਬਣੇ ਗੋਲ ਜਾਂ ਚੌਰਸ ਹੁੰਦੇ ਹਨ ਜਿਨ੍ਹਾਂ ਦੀਆਂ ਛੱਤਾਂ ਪੱਧਰੀਆਂ ਜਾਂ ਛੱਪਰਾਂ ਵਾਲੀਆਂ ਹੁੰਦੀਆਂ ਹਨ।

ਹ. ਪ੍ਰ—ਐਨ. ਬ੍ਰਿ. ਮਾ. 5 : 697

**ਕਾਨੇਅਰੀ :** ਇਹ ਪੈਸੈਰੀਫ਼ੋਰਮੀਜ਼ ਵਰਗ ਦਾ ਕਾਰਜਵੀਲਿਡੀ ਕੁਲ ਦਾ ਪੀਲੇ ਰੰਗ ਦਾ ਇਕ ਪ੍ਰਸਿਧ ਪਾਲਤੂ ਪੰਛੀ ਹੈ। ਇਸ ਦਾ ਪ੍ਰਾਣੀ

ਵਿਗਿਆਨਕ ਨਾਂ ਸਿਰਾਈਨਸ ਕਨੈੱਰੀਆ ਹੈ । ਇਸ ਦਾ ਅਜੋਕਾ ਰੰਗ, ਸਾਫ਼ ਅਤੇ ਉੱਚੀ ਆਵਾਜ਼ 400 ਸਾਲ ਤੋਂ ਮਨੁੱਖ ਰਾਹੀਂ ਕੀਤੇ ਜਾ ਰਹੇ ਵਰਣਾਤਮਕ ਪ੍ਰਜਣਨ ਦੇ ਤਜਰਬਿਆਂ ਦਾ ਸਿੱਟਾ ਹਨ ।

ਇਹ ਪੰਛੀ ਕਾਨੇਅਰੀ ਆਜ਼ੋਰਜ਼ ਅਤੇ ਮਾਡੇਅਰਾ ਦੀਪ ਸਮੂਹਾਂ ਦਾ ਵਸਨੀਕ ਹੈ । ਇਸ ਦੀਆਂ ਕੁਝ ਪ੍ਰਸਿਧ ਕਿਸਮਾਂ ਹਾਰਟਜ਼ ਮਾਊਨਟੇਨ ਨਾਰਵਿਸ ਅਤੇ ਯਾਰਕਸ਼ਿਰ ਹਨ । ਇਕ ਪਿੰਜਰੇ ਵਿਚ ਰਖੇ ਕਾਨੇਅਰੀ ਦੀ ਔਸਤਨ ਉਮਰ 10-15 ਸਾਲ ਹੁੰਦੀ ਹੈ । ਕਈ 20 ਸਾਲ ਤੋਂ ਵੀ ਵਧ ਤਕ ਜਿਉਂਦੇ ਰਹੇ ਹਨ । ਇਸ ਦੇ ਹਰ ਸਾਲ 3 ਜਾਂ 4 ਝੋਲਾਂ ਹੁੰਦੀਆਂ



ਚਿਤਰ . ਕਾਨੇਅਰੀ (ਸਿਰਾਈਨਸ ਕਨੈੱਰੀਆ)

ਹਨ ; ਇਕ ਝੋਲ ਵਿਚ 6 ਤਕ ਅੰਡੇ ਹੋ ਸਕਦੇ ਹਨ । ਪਿੰਜਰੇ ਤੋਂ ਬਾਹਰ ਦੀ ਹਾਲਤ ਵਿਚ ਇਹ ਇਸ ਤੋਂ ਵੀ ਜ਼ਿਆਦਾ ਅੰਡੇ ਦਿੰਦਾ ਹੈ । ਆਲ੍ਹਣਾ ਬਣਾਉਣ ਅਤੇ ਅੰਡੇ ਸੇਣ ਦਾ ਕੰਮ ਮੁੱਖ ਤੌਰ ਤੇ ਮਾਦਾ ਕਰਦੀ ਹੈ, ਪਰੰਤੂ ਬੱਚਿਆਂ ਨੂੰ ਖੁਆਉਣ ਦੀ ਜ਼ਿੰਮੇਵਾਰੀ ਨਰ ਦੇ ਸਿਰ ਹੁੰਦੀ ਹੈ । ਇਹ ਦੂਜੇ ਪੰਛੀਆਂ ਦੀ ਬੜੀ ਆਸਾਨੀ ਨਾਲ ਨਕਲ ਉਤਾਰ ਲੈਂਦੇ ਹਨ । ਆਪਣੇ ਪਿਉ ਪਾਸੋਂ ਇਕ ਵਖਰੀ ਕਿਸਮ ਦੀ ਆਵਾਜ਼ ਸਿਖਦੇ ਹਨ ।

ਇਸ ਦੀ ਜੰਗਲੀ ਕਿਸਮ ਦੀ ਪਿੱਠ ਉਤੇ ਧਾਰੀਆਂ ਹੁੰਦੀਆਂ ਹਨ ਤੇ ਇਹ ਹਰੇ-ਭੂਰੇ ਰੰਗ ਦੀ ਹੁੰਦੀ ਹੈ । ਇਸ ਪ੍ਰਜਾਤੀ ਦੇ ਕੁਝ ਹੋਰ ਮੈਂਬਰ ਯੂਰਪ ਦਾ ਸਰੀਂ ਅਤੇ ਅਫ਼ਰੀਕਾ ਦਾ ਬਰਿਮਜ਼ਟੋਨ ਕਾਨੇਅਰੀ ਜਾਂ ਬੁਲੀ-ਸੀਡ ਈਟਰ (*S.sulbhuratus*) ਜਿਸਨੂੰ ਪਾਲਤੂ ਬਣਾ ਕੇ ਰਖਿਆ ਜਾਂਦਾ ਹੈ ਆਦਿ ਹਨ ।

ਹ. ਪੁ.—ਐਨ. ਬ੍ਰਿ. ਮਾ. 2 : 501; ਐਨ. ਬ੍ਰਿ. 4 ; 727

**ਕਾਨੇਰੀਆ, ਰਾਘਵ** : ਭਾਰਤ ਦੇ ਇਸ ਉੱਘੇ ਬੁੱਤਘਾੜੇ ਦਾ ਜਨਮ 19 ਮਾਰਚ, 1936 ਨੂੰ ਹੋਇਆ । 1959 ਵਿਚ ਇਸ ਨੇ ਬੜੌਦਾ ਯੂਨੀਵਰਸਿਟੀ ਤੋਂ ਬੁੱਤਕਾਰੀ ਦਾ ਡਿਪਲੋਮਾ ਅਤੇ 1967 ਵਿਚ ਲੰਡਨ ਤੋਂ ਕਲਾ ਦੀ ਸਿੱਖਿਆ ਪ੍ਰਾਪਤ ਕੀਤੀ । ਸੰਨ 1967 ਤੋਂ 1969 ਤਕ ਇਹ ਲੰਡਨ ਦੇ ਵਾਲਥਮ ਸਟੋਅ ਸਕੂਲ ਆਫ਼ ਆਰਟ ਵਿਚ ਬੁੱਤਕਾਰੀ ਦੀ ਸਿੱਖਿਆ ਦੇਂਦਾ ਰਿਹਾ । ਇਸ ਦੇ ਬਣਾਏ ਹੋਏ ਬੁੱਤ ਬਰਤਾਨੀਆ, ਨੈਸ਼ਨਲ ਮਿਊਜ਼ੀਅਮ ਨਵੀਂ ਦਿੱਲੀ, ਲਲਿਤ ਕਲਾ ਅਕੈਡਮੀ ਅਤੇ ਸਾਲਾਰ ਜੰਗ ਮਿਊਜ਼ੀਅਮ, ਹੈਦਰਾਬਾਦ ਵਿਚ ਪਏ ਹਨ ।

ਸੰਨ 1959 ਅਤੇ 1963 ਵਿਚ ਇਸ ਨੇ ਦੋ ਵਾਰ ਰਾਸ਼ਟਰੀ ਪੁਰਸਕਾਰ, ਸੰਨ 1967 ਵਿਚ ਸਰ ਰਾਬਰਟ ਸਾਲਿਸਬਰੀ ਅਵਾਰਡ ਲੰਡਨ, ਸੰਨ 1960, 1961 ਤੇ 1962 ਵਿਚ ਬੰਬਈ ਆਰਟ ਸੋਸਾਇਟੀ ਦੇ ਇਨਾਮ ਅਤੇ ਦੇਸ ਤੇ ਵਿਦੇਸ਼ਾਂ ਵਿਚ ਹੋਰ ਅਨੇਕਾਂ ਇਨਾਮ ਪ੍ਰਾਪਤ ਕੀਤੇ ।

ਅੱਜਕਲ੍ਹ ਇਹ ਬੜੌਦਾ ਵਿਚ ਐਮ. ਐਸ. ਯੂਨੀਵਰਸਿਟੀ ਦੇ ਫਾਈਨ ਆਰਟ ਵਿਭਾਗ ਵਿਚ ਰੀਡਰ ਦੇ ਤੌਰ ਤੇ ਕੰਮ ਕਰ ਰਿਹਾ ਹੈ ।

ਹ. ਪੁ.—ਇੰਡੀਆ ਹੂ-ਜ਼-ਹੂ 1983; ਆਰਟਿਸਟ ਡਾਇਰੈਕਟਰੀ ।

**ਕਾਨੇਰੀ ਦੀਪ-ਸਮੂਹ** : ਸਪੇਨ ਵਿਚ ਇਕ ਦੀਪ-ਸਮੂਹ ਹੈ ਜੋ ਅਫ਼ਰੀਕਾ ਦੇ ਉੱਤਰ-ਪੱਛਮੀ ਤੱਟ ਤੋਂ ਦੂਰ ਅੰਧ ਮਹਾਂਸਾਗਰ ਵਿਚ ਵਾਕਿਆ ਹੈ । ਇਸ ਵਿਚ ਸਪੇਨ ਦੇ ਦੋ ਮੈਟਰੋਪਾਲਿਟਨ ਪ੍ਰਾਂਤ ਲਾਸ ਪਾਲਮਾਸ ਅਤੇ ਸੈਂਤਾ ਕਰੂਜ਼ ਡੇ ਟੇਨੇਰੀਫ਼ੇ ਬਣੇ ਹੋਏ ਹਨ । ਇਸ ਦਾ ਰਕਬਾ 7,273 ਵ. ਕਿ. ਮੀ. ਅਤੇ ਆਬਾਦੀ 1,361,646 (1981) ਹੈ । ਸਾਰਾ ਰਕਬਾ ਦੋ ਗਰੁੱਪਾਂ ਵਿਚ ਵੰਡਿਆ ਹੋਇਆ ਹੈ । ਪਹਾੜੀ ਪੱਛਮੀ ਗਰੁੱਪ ਵਿਚ ਟੇਨੇਰੀਫ਼ੇ, ਗ੍ਰੈਂਡ ਕਾਨੇਰੀ, ਲਾ ਪਾਲਮਾ, ਗੋਮੇਰਾ ਅਤੇ ਫ਼ੈਰਓ ਟਾਪੂ ਸ਼ਾਮਲ ਹਨ ਅਤੇ ਇਹ ਟਾਪੂ ਸਿੱਧੇ ਸਮੁੰਦਰ ਵਿਚੋਂ ਉੱਪਰ ਉਠੇ ਹੋਏ ਹਨ । ਦੂਜੇ ਨੀਵੇਂ ਪੂਰਬੀ ਗਰੁੱਪ ਵਿਚ ਦੋ ਵੱਡੇ ਅਤੇ ਛੇ ਛੋਟੇ ਟਾਪੂ ਸ਼ਾਮਲ ਹਨ । ਇਹ ਟਾਪੂ ਜ਼ੁਆਲਾਮੁਖੀ ਮਾਦੇ ਨਾਲ ਬਣੇ ਹੋਏ ਹਨ । ਸਮੁੰਦਰੀ ਸਤ੍ਹਾ ਤੋਂ ਲੈ ਕੇ 390 ਮੀ. ਦੀ ਉਚਾਈ ਤਕ ਇਨ੍ਹਾਂ ਦਾ ਜਲਵਾਯੂ ਮਿਸਰ ਦੇ ਜਲਵਾਯੂ ਵਰਗਾ ਹੈ । ਸਿੰਜਾਈ ਦਾ ਚੰਗਾ ਪ੍ਰਬੰਧ ਹੋਣ ਕਰਕੇ ਇਥੇ ਕੇਲਾ, ਸੰਤਰਾ, ਕਾਫ਼ੀ, ਖਜੂਰ, ਗੰਨਾ ਤੇ ਤੰਬਾਕੂ ਦੀ ਖੇਤੀ ਹੁੰਦੀ ਹੈ । 390 ਮੀ. ਤੋਂ ਲੈ ਕੇ 720 ਮੀ. ਦੀ ਉਚਾਈ ਤਕ ਜਲਵਾਯੂ ਦੱਖਣੀ ਇਟਲੀ ਵਰਗਾ ਹੈ ਅਤੇ ਇਥੇ ਤਿਲ, ਆਲੂ ਅਤੇ ਅੰਗੂਰਾਂ ਦੀ ਫ਼ਸਲ ਹੁੰਦੀ ਹੈ । ਜਿਥੇ ਮੀਂਹ ਜ਼ਿਆਦਾ ਹੁੰਦਾ ਹੈ ਉਥੇ ਲਾਰਲ (ਚਮਕੀਲੀਆਂ ਪੱਤੀਆਂ ਵਾਲੀ ਝਾੜੀ), ਅੰਜੀਰ, ਅਖਰੋਟ, ਬਦਾਮ ਅਤੇ ਸਫ਼ੈਦੇ ਦੇ ਦਰਖ਼ਤ ਮਿਲਦੇ ਹਨ । 720 ਤੋਂ 1200 ਮੀ. ਤਕ ਦੀਆਂ ਉੱਚੀਆਂ ਥਾਂਵਾਂ ਦਾ ਜਲਵਾਯੂ ਠੰਢਾ ਅਤੇ ਤਰ ਹੈ ਅਤੇ ਇਥੇ ਕੰਡੇਦਾਰ ਝਾੜੀਆਂ, ਵਲਾਇਤੀ ਮਹਿੰਦੀ ਅਤੇ ਲਾਰਲ ਦੀਆਂ ਕਈ ਕਿਸਮਾਂ ਦੀ ਬਨਸਪਤੀ ਮਿਲਦੀ ਹੈ । ਪੱਛਮੀ ਸਾਰੇ ਟਾਪੂ 1200 ਮੀ. ਤੋਂ ਉੱਚੇ ਹੀ ਹਨ । ਇਸ ਤੋਂ ਉੱਪਰ ਬਨਸਪਤੀ ਘੱਟਦੀ ਜਾਂਦੀ ਹੈ, ਸਿਰਫ਼ ਝਾੜੀਆਂ ਜਾਂ ਚਾਰੇ ਵਾਲੇ ਪੌਦੇ ਹੀ ਉਗਦੇ ਹਨ ਅਤੇ ਬਰਫ਼ ਵਾਲੀਆਂ ਚੋਟੀਆਂ ਤੇ ਤਾਂ ਬਨਸਪਤੀ ਬਿਲਕੁਲ ਹੀ ਨਹੀਂ ਹੁੰਦੀ ।

ਕਾਨੇਰੀ ਦੇ ਆਦਿਵਾਸੀ ਗੁਆਂਚਜ਼ ਹਨ ਜੋ ਅੱਜਕਲ੍ਹ ਨਾਂ-ਮਾਤਰ ਹੀ ਹਨ ਅਤੇ ਇਨ੍ਹਾਂ ਤੇ 15ਵੀਂ ਸਦੀ ਵਿਚ ਸਪੇਨੀ ਲੋਕ ਕਾਬਜ਼ ਹੋ ਗਏ ਸਨ । ਰੋਮਨਾਂ ਨੂੰ ਇਨ੍ਹਾਂ ਟਾਪੂਆਂ ਦਾ ਪਤਾ ਮਾਰੀਟੇਨੀਆ ਦੇ ਬਾਦਸ਼ਾਹ ਜੂਬਾ ਦੂਜੇ ਪਾਸੋਂ ਲਗਭਗ 40 ਈ. ਪੂ. ਲੱਗਿਆ ਸੀ ਜੋ ਉਸ ਵੇਲੇ ਉਥੇ ਬਹੁਤ ਜ਼ਿਆਦਾ ਗਿਣਤੀ ਵਿਚ ਸਨ । 999 ਈ. ਵਿਚ ਅਰਬ ਦੇ ਲੋਕ ਇਥੇ ਆਏ ਅਤੇ ਗਰੈਨ ਕਨੇਰੀ ਉਤੇ ਵਪਾਰ ਕਰਨ ਲੱਗ ਪਏ । 13ਵੀਂ ਤੇ 14ਵੀਂ ਸਦੀ ਦੌਰਾਨ ਜਨੇਵੀ, ਮੇਜੋਰਕਨ, ਪੁਰਤਗੇਜ਼ੀ ਅਤੇ ਫ਼ਰਾਂਸੀਸੀ ਜਹਾਜ਼ਰਾਨ ਇਸ ਦੀਪ-ਸਮੂਹ ਤੇ ਆਏ । ਸੰਨ 1404 ਵਿਚ ਕੈਸਟੀਲ ਦੇ ਹੈਨਰੀ ਤੀਜੇ ਦੇ ਹੁਕਮ ਨਾਲ ਜੁਆਨ ਡੀ. ਬੀਦਨਕੋਰਟ ਇਥੋਂ ਦਾ ਬਾਦਸ਼ਾਹ ਬਣਿਆ ਅਤੇ ਬਹੁਤ ਸਾਰਿਆਂ ਟਾਪੂਆਂ ਨੂੰ ਜਿੱਤਣ ਪਿਛੋਂ (ਦਸੰਬਰ 1406) ਆਪਣੇ ਭਤੀਜੇ ਨੂੰ ਰਾਜ ਸੰਭਾਲ ਕੇ ਯੂਰਪ ਵਾਪਸ ਚਲਾ ਗਿਆ । 1420 ਤੇ 1479 ਵਿਚਕਾਰ ਪੁਰਤਗੇਜ਼ੀ ਫ਼ੌਜਾਂ ਨੇ ਗੋਮੇਰਾ ਤੇ ਕਬਜ਼ਾ ਕਰ ਲਿਆ । 1479 ਈ: ਵਿਚ ਇਸ ਤੇ ਸਪੇਨੀ ਰਾਜ ਨੂੰ ਮਾਨਤਾ ਮਿਲ ਗਈ ਅਤੇ 1496 ਈ. ਤਕ ਬਾਕੀ ਰਹਿੰਦੇ ਟਾਪੂਆਂ ਨੂੰ ਵੀ ਇਸ ਨੇ ਜਿੱਤ ਲਿਆ । ਕੋਲੰਬਸ ਵੀ ਇਸ ਟਾਪੂ ਤੇ ਆਇਆ ਸੀ । 1833-34 ਵਿਚ ਤਾਰ ਰਾਹੀਂ ਇਸ ਦਾ ਸੰਪਰਕ ਯੂਰਪ ਅਤੇ ਅਮਰੀਕਾ ਨਾਲ ਵੀ ਜੁੜ ਗਿਆ । ਸੰਨ 1836 ਵਿਚ ਜਨਰਲ ਫਰਾਂਸਿਸਕੋ ਫਰੈਂਕੋ ਨੇ ਵੀ ਇਨ੍ਹਾਂ ਟਾਪੂਆਂ ਨੂੰ ਵਰਤਿਆ ।

ਸੰਨ 1853 ਤਕ ਇਥੇ ਅੰਗੂਰਾਂ ਦੀ ਸ਼ਰਾਬ ਬਹੁਤ ਤਿਆਰ ਕੀਤੀ ਜਾਂਦੀ ਸੀ ਜੋ ਬਾਅਦ ਵਿਚ ਬੀਮਾਰੀ ਨਾਲ ਅੰਗੂਰਾਂ ਦੀਆਂ ਬਗੀਚੀਆਂ ਤਬਾਹ ਹੋ ਜਾਣ ਕਾਰਨ ਬੰਦ ਹੋ ਗਈ । ਇਸ ਦੀ ਜਗ੍ਹਾ ਕਚਨੀਲ ਉਦਯੋਗ ਨੇ ਲੈ ਲਈ ਅਤੇ ਜਿਸਦਾ ਪਤਨ 19ਵੀਂ ਸਦੀ ਦੇ ਅਖੀਰ ਵਿਚ ਗੰਨੇ ਦੀ ਪੈਦਾਵਾਰ ਨੇ ਕਰ ਦਿਤਾ । ਇਸ ਤੋਂ ਬਾਅਦ ਟਮਾਟਰ, ਆਲੂ ਅਤੇ ਕਈ ਕਿਸਮ ਦੇ ਫਲ ਖਾਸ ਕਰਕੇ ਕੇਲੇ ਦੀ ਪੈਦਾਵਾਰ ਹੋਣੀ ਸ਼ੁਰੂ ਹੋ ਗਈ । ਮੱਛੀਆਂ ਫੜਨਾ ਵੀ ਇਥੋਂ ਦਾ ਸਥਾਨਕ ਕਿੱਤਾ ਹੈ । ਸੰਨ 1950 ਤੋਂ

ਬਾਅਦ ਟੂਰਿਸਟ ਇੰਡਸਟਰੀ, ਹੋਟਲ ਅਤੇ ਸਰਕਾਰ ਦੁਆਰਾ ਚਲਾਈਆਂ ਜਾਂਦੀਆਂ ਸਰਾਵਾਂ ਦਾ ਕੰਮ ਤੇਜ਼ੀ ਨਾਲ ਵਧਿਆ ਹੈ ।

28° 00′ ਉ.ਵਿਥ.; 15° 30′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 502

**ਕੱਨੈਟੀਕੱਟ ਦਰਿਆ :** ਉੱਤਰ-ਪੂਰਬੀ ਸੰਯੁਕਤ ਰਾਜ ਅਮਰੀਕਾ ਦੇ ਨਿਊ ਇੰਗਲੈਂਡ ਰਾਜ ਦਾ ਸਭ ਨਾਲੋਂ ਲੰਬਾ ਦਰਿਆ ਹੈ ਜੋ ਨਿਊ ਹੈਂਪਸ਼ਿਰ-ਕੈਨੇਡੀਅਨ ਸਰਹੱਦ ਦੇ ਨੇੜੇ ਤੀਜੀ ਕੱਨੈਟੀਕੱਟ ਝੀਲ ਵਿਚੋਂ ਨਿਕਲਦਾ ਹੈ । ਇਹ ਲਗਭਗ 14 ਕਿ. ਮੀ. ਤਕ ਨਿਊ ਹੈਂਪਸ਼ਿਰ ਵਿਚੋਂ ਦੀ ਵਗਣ ਤੋਂ ਬਾਅਦ ਨਿਊ ਹੈਂਪਸ਼ਿਰ ਅਤੇ ਵਰਮਾਂਟ ਰਾਜਾਂ ਵਿਚਕਾਰ ਇਕ ਪ੍ਰਕਾਰ ਦੀ ਲਗਭਗ 382 ਕਿ. ਮੀ. ਲੰਬੀ ਸਰਹੱਦ ਬਣਾਉਂਦਾ ਹੈ । ਇਹ ਦਰਿਆ 755 ਕਿ. ਮੀ. ਲੰਬਾ ਹੈ । ਇਸ ਵਿਚ ਡਿਗਣ ਵਾਲੀਆਂ 23 ਸਹਾਇਕ ਨਦੀਆਂ ਬਹੁਤ ਛੋਟੀਆਂ ਅਤੇ ਤੰਗ ਘਾਟੀਆਂ ਵਿਚੋਂ ਦੀ ਲੰਘਦੀਆਂ ਹਨ । ਇਨ੍ਹਾਂ ਉਤੇ ਬਹੁਤ ਸਾਰੇ ਡੈਮ, ਜਲ ਭੰਡਾਰ ਅਤੇ ਕਾਰਖਾਨੇ ਹਨ । ਇਸ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਦੀਆਂ ਸਾਰੀਆਂ ਆਬਸ਼ਾਰਾਂ ਦਾ ਪੂਰਾ ਪੂਰਾ ਲਾਭ ਉਠਾਇਆ ਜਾਂਦਾ ਹੈ । ਇਹੀ ਕਾਰਨ ਹੈ ਕਿ ਇਹ ਦਰਿਆ ਸੰਯੁਕਤ ਰਾਜ ਵਿਚ ਪਣ-ਬਿਜਲੀ ਦੇ ਪੱਖੋਂ ਪੂਰੀ ਤਰ੍ਹਾਂ ਵਿਕਸਿਤ ਦਰਿਆਵਾਂ ਵਿਚੋਂ ਇਕ ਹੈ । ਕੱਨੈਟੀਕੱਟ ਵਾਦੀ ਵਿਚ ਇੰਡੀਅਨਾਂ ਨਵਆਬਾਦਕਾਰਾਂ ਅਤੇ ਵਪਾਰੀਆਂ ਆਦਿ ਨੇ ਬਹੁਤ ਸਫ਼ਰ ਕੀਤਾ ਹੈ। ਇਸ ਵਾਦੀ ਦੀ ਮਾਲ ਤਿਆਰ ਕਰਨ ਦੇ ਪੱਖੋਂ ਮਹੱਤਤਾ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਮਾਲ ਤਿਆਰ ਕਰਨ ਵਾਲੇ ਸ਼ਹਿਰ ਹਾਰਟਫ਼ਰਡ ਆਦਿ ਇਸੇ ਵਾਦੀ ਵਿਚ ਸਥਿਤ ਹਨ ।

41° 17′ ਉ. ਵਿਥ.; 72° 21′ ਪੱ. ਲੰਬ.

ਹ. ਪੁ.— ਐਨ. ਬ੍ਰਿ. 6 : 354

**ਕਾਨੈੱਮ :** ਚਾਡ ਝੀਲ (ਅਫ਼ਰੀਕਾ) ਦੇ ਉੱਤਰ ਅਤੇ ਪੂਰਬ ਵਿਚ ਇਹ ਅਫ਼ਰੀਕੀ ਹਬਸ਼ੀਆਂ ਦਾ ਇਕ ਪ੍ਰਾਚੀਨ ਰਾਜ ਸੀ ਜੋ 12ਵੀਂ ਅਤੇ 13ਵੀਂ ਸਦੀ ਵਿਚ ਸਿਖਰਾਂ ਤੇ ਸੀ । ਅਜੇ ਵੀ ਇਸ ਨੂੰ ਕਾਨੈੱਮ ਹੀ ਕਿਹਾ ਜਾਂਦਾ ਹੈ । ਕਾਨੈੱਮ ਰਾਜ ਦਾ ਜ਼ਿਕਰ ਲੋਕ ਗਾਥਾਵਾਂ ਵਿਚ ਭਰਪੂਰ ਹੈ । ਭਾਸ਼ਾਈ ਅਤੇ ਇਤਿਹਾਸਕ ਸਚਾਈਆਂ ਇਸ ਗੱਲ ਦਾ ਸੰਕੇਤ ਦਿੰਦੀਆਂ ਹਨ ਕਿ ਕਾਨੈੱਮ ਦੇ ਲੋਕ ਸਭ ਤੋਂ ਪਹਿਲਾਂ ਮੱਧ ਸ਼ਹਿਰਾਂ ਵਿਚ ਵਸਣੇ ਸ਼ੁਰੂ ਹੋਏ ਸਨ । 9ਵੀਂ ਸਦੀ ਦੇ ਸ਼ੁਰੂ ਵਿਚ ਸੈਫ਼ ਖ਼ਾਨਦਾਨ ਸਥਾਪਤ ਹੋਇਆ ਜੋ ਹਜ਼ਾਰਾਂ ਵਰ੍ਹੇ ਕਾਨੈੱਮ ਤੇ ਰਾਜ ਕਰਦਾ ਰਿਹਾ । ਇਥੋਂ ਦੇ ਸ਼ੁਰੂ ਦੇ ਸ਼ਾਸਕਾਂ ਨੂੰ ਮੇਈ ਕਿਹਾ ਜਾਂਦਾ ਸੀ ਜਿਨ੍ਹਾਂ ਦੀ ਰਾਜਧਾਨੀ ਨਜਿਮੀ ਵਿਖੇ, ਸੀ । ਇਨ੍ਹਾਂ ਵਿਚੋਂ ਮੇਈ ਉਮੇ ਦੇ ਸਮੇਂ ਰਾਜ ਦਾ ਬਹੁਤ ਪਸਾਰ ਹੋਇਆ ਅਤੇ ਇਸ ਨੇ 11ਵੀਂ ਸਦੀ ਵਿਚ ਇਸਲਾਮ ਕਬੂਲ ਕਰ ਲਿਆ । ਸੰਨ 1380 ਵਿਚ ਬੁਲਾਲਾ ਕਬੀਲੇ ਨੇ ਹਮਲਾ ਕਰਕੇ ਸੈਫ਼ ਖ਼ਾਨਦਾਨ ਨੂੰ ਬੋਰਨੂ ਭਜਾ ਦਿਤਾ । 16ਵੀਂ ਸਦੀ ਵਿਚ ਮਾਈ ਇਦਰਿਸ ਅਲੂਮਾ ਨੇ ਕਾਨੈੱਮ ਨੂੰ ਬੋਰਨੂ ਦਾ ਪ੍ਰੋਟੈਕਟੋਰੇਟ ਬਣਾਇਆ ਅਤੇ 19ਵੀਂ ਸਦੀ ਦੇ ਅੰਤ ਤਕ ਅਰਬੀ ਭਾਸ਼ਾ ਬੋਲਣ ਵਾਲੇ ਬਹੁਤ ਸਾਰੇ ਵੱਖਰੇ ਵੱਖਰੇ ਹਮਲਾਵਰ ਇਸ ਉਤੇ ਲਗਾਤਾਰ ਹਮਲਾ ਕਰਦੇ ਰਹੇ । ਸੰਨ 1901 ਨੂੰ ਇਸ ਉਤੇ ਫਰਾਂਸੀਸੀਆਂ ਦਾ ਕਬਜ਼ਾ ਹੋ ਗਿਆ ਅਤੇ 11 ਅਗਸਤ, 1960 ਨੂੰ ਆਜ਼ਾਦੀ ਵੇਲੇ ਕਾਨੈੱਮ ਚਾਡ ਦਾ ਗਣਰਾਜ ਦਾ ਇਕ ਹਿੱਸਾ ਸੀ ।

ਹ. ਪੁ.—ਐਨ. ਬ੍ਰਿ. 13 : 205

**ਕਾਨੋ :** ਨਾਈਜੀਰੀਆ ਦੇ ਕਾਨੋ ਪ੍ਰਾਂਤ ਦਾ ਇਕ ਸ਼ਹਿਰ ਹੈ ਜੋ ਲਾਗੋਸ ਤੋਂ ਲਗਭਗ 800 ਕਿ. ਮੀ. ਉੱਤਰ-ਪੂਰਬ ਵਲ, ਕੋਈ 480 ਮੀ. ਦੀ ਉਚਾਈ ਤੇ ਸਥਿਤ ਹੈ । ਇਹ ਸ਼ਹਿਰ ਨੌਵੀਂ ਸਦੀ ਵਿਚ ਬਣੇ ਇਕ ਪੁਰਾਣੇ ਸ਼ਹਿਰ ਦੀ ਥਾਂ ਉੱਤੇ ਹੀ ਸੋਲ੍ਹਵੀਂ ਸਦੀ ਵਿਚ ਉਸਾਰਿਆ ਗਿਆ । ਉਂਨੀਵੀਂ ਸਦੀ ਦੌਰਾਨ ਇਹ ਕਾਫ਼ਲਿਆਂ ਦੇ ਇਕ ਪ੍ਰਸਿੱਧ ਰਸਤੇ ਉਤੇ ਇਕ ਵਪਾਰਕ ਕੇਂਦਰ ਹੁੰਦਾ ਸੀ । ਕਾਨੋ ਦੇ ਸਥਾਨ ਉਤੇ ਗੁਲਾਮਾਂ ਦਾ ਵਪਾਰ ਹੋਇਆ ਕਰਦਾ ਸੀ । ਜੋ ਅੰਗਰੇਜ਼ਾਂ ਨੇ 1900 ਦੇ ਦਹਾਕੇ ਦੇ ਸ਼ੁਰੂ ਵਿਚ ਹੀ ਖ਼ਤਮ ਕਰ ਦਿਤਾ । ਪੁਰਾਣਾ ਸ਼ਹਿਰ ਮਿੱਟੀ ਦੀਆਂ ਵੱਡੀਆਂ ਵੱਡੀਆਂ ਕੰਧਾਂ ਨਾਲ ਘਿਰਿਆ ਹੋਇਆ ਹੈ । ਇਥੋਂ ਦੀਆਂ ਇਮਾਰਤਾਂ ਮੂਰ-ਉਸਾਰੀ-ਕਲਾ ਦੇ ਆਧਾਰ ਤੇ ਬਣੀਆਂ ਹੋਈਆਂ ਹਨ । ਇਥੇ ਕਈ ਛੋਟੇ ਛੋਟੇ ਉਦਯੋਗ ਹਨ ਜਿਥੇ ਮੂੰਗਫਲੀ ਤੋਂ ਤਿਆਰ ਹੋਣ ਵਾਲੀਆਂ ਵਸਤਾਂ, ਸੂਤੀ ਕਪੜੇ, ਚਮੜੇ ਅਤੇ ਧਾਤ ਦੀਆਂ ਵਸਤਾਂ, ਸਾਬਣ ਅਤੇ ਟਾਇਰ ਤਿਆਰ ਕੀਤੇ ਜਾਂਦੇ ਹਨ । ਇਥੇ ਕਈ ਹਸਪਤਾਲ, ਜੱਚਾ-ਬੱਚਾ ਕੇਂਦਰ, ਮੈਡੀਕਲ ਸਕੂਲ, ਦੰਦਾਂ ਦਾ ਹਸਪਤਾਲ ਅਤੇ ਕੈਥੋਲਿਕ ਅਤੇ ਅਰਬੀ ਸੈਕੰਡਰੀ ਸਕੂਲ ਹਨ । ਇਥੇ ਇਕ ਕਾਲਜ, ਅਰਬੀ ਕਾਨੂੰਨ ਸਕੂਲ, ਅਧਿਆਪਕ-ਸਿਖਲਾਈ ਸੰਸਥਾਵਾਂ, ਤਕਨੀਕੀ ਕਾਲਜ, ਇਕ ਵਪਾਰਕ ਸਕੂਲ ਅਤੇ ਜ਼ਰਾਇਤੀ (ਮੂੰਗਫਲੀ) ਖੋਜ ਸੰਸਥਾਵਾਂ ਵੀ ਹਨ ।

ਆਬਾਦੀ—475,000 (1982)

12° 00′ ਉ. ਵਿਥ.; 8° 30′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 691 ; ਐਨ. ਅਮੈ. 16 : 293

**ਕਾਨੋਸਾ ਡੀ ਪੁਲੀਯਾ :** ਦੱਖਣ-ਪੂਰਬੀ ਇਟਲੀ ਦੇ ਪੁਲੀਯਾ ਇਲਾਕੇ ਵਿਚ, ਬਾਰੀ ਪ੍ਰਾਂਤ ਦਾ ਇਹ ਇਕ ਸ਼ਹਿਰ ਹੈ ਜੋ ਓਫਾਂਟੋ ਦਰਿਆ ਦੇ ਕੰਢੇ ਤੇ ਵਾਕਿਆ ਹੈ । ਇਹ ਯੂਨਾਨੀ ਸ਼ਹਿਰ ਦੇ ਤੌਰ ਤੇ ਹੋਂਦ ਵਿਚ ਆਇਆ ਸੀ ਅਤੇ ਕਿਹਾ ਜਾਂਦਾ ਹੈ ਕਿ ਇਸਦੀ ਨੀਂਹ ਇਕ ਪ੍ਰਸਿੱਧ ਨਾਇਕ ਡਾਇਓਮੀਡੀਜ਼ ਨੇ ਰੱਖੀ ਸੀ । ਇਸ ਨੇ ਆਪਣੇ ਆਪ ਰੋਮ ਦੀ ਬਾਦਸ਼ਾਹੀ ਪਰਵਾਨ ਕਰ ਲਈ ਅਤੇ ਸਾਰੇ ਪਿਊਨਿਕ ਯੁੱਧਾਂ ਵਿਚ ਇਸ ਦਾ ਵਫ਼ਾਦਾਰ ਰਿਹਾ ਪਰ ਸੋਸ਼ਲ ਵਾਰ (90-89 ਈ. ਪੂ.) ਵਿਚ ਇਸ ਸ਼ਹਿਰ ਨੇ ਬਗ਼ਾਵਤ ਕਰ ਦਿੱਤੀ ਜਿਸ ਨਾਲ ਇਸਦਾ ਕਾਫ਼ੀ ਨੁਕਸਾਨ ਹੋਇਆ । ਵਪਾਰਕ ਕੇਂਦਰ ਹੋਣ ਕਰਕੇ ਰੋਮਨ ਬਾਦਸ਼ਾਹੀ ਦੇ ਸ਼ੁਰੂ ਵਿਚ ਇਸ ਨੂੰ ਸ਼ਹਿਰ ਦਾ ਦਰਜਾ ਮਿਲ ਗਿਆ ਸੀ । 6ਵੀਂ ਸਦੀ ਵਿਚ ਵੀ ਇਹ ਪੁਲੀਯਾ ਦੇ ਮਸ਼ਹੂਰ ਸ਼ਹਿਰਾਂ ਵਿਚੋਂ ਇਕ ਸੀ । 9ਵੀਂ ਸਦੀ ਵਿਚ ਸਾਰਾਸੀਨੀਆ ਨੇ ਇਸ ਨੂੰ ਤਬਾਹ ਕਰ ਦਿਤਾ ਅਤੇ 11ਵੀਂ ਸਦੀ ਵਿਚ ਨਾਰਮਨਾਂ ਨੇ ਇਸ ਨੂੰ ਮੁੜ ਉਸਾਰਿਆ । ਇਸ ਤੋਂ ਪਿਛੋਂ ਇਹ ਨੇਪਲਜ਼ ਦੇ ਰਾਜ ਦਾ ਇਕ ਹਿੱਸਾ ਬਣ ਗਿਆ । ਇਥੋਂ ਕਈ ਯੂਨਾਨੀ ਨਿਸ਼ਾਨੀਆਂ ਜਿਵੇਂ ਤੀਜ਼ੀ ਸਦੀ ਈ. ਪੂ. ਦੇ ਰੰਗ ਬਰੰਗੀ ਕਢਾਈ ਵਾਲੇ ਫੁੱਲਦਾਨ ਅਤੇ ਹੋਰ ਰੋਮਨ ਖੰਡਰਾਤ ਮਿਲੇ ਹਨ । ਇਸ ਸ਼ਹਿਰ ਵਿਚ ਤਬਾਹ ਹੋਏ ਮੱਧਕਾਲ ਦੇ ਕਿਲਿਆਂ ਅਤੇ 11ਵੀਂ ਸਦੀ ਦੇ ਗਿਰਜਾ ਘਰਾਂ, ਜਿਨ੍ਹਾਂ ਵਿਚ ਦਿਲਚਸਪ ਬਾਜ਼ਨਤੀਨੀ ਨਿਸ਼ਾਨੀਆਂ ਮਿਲਦੀਆਂ ਹਨ, ਦੀ ਭਰਮਾਰ ਹੈ ।

20ਵੀਂ ਸਦੀ ਦੇ ਸ਼ੁਰੂ ਵਿਚ ਇਥੋਂ ਦੀ ਬਹੁਤੀ ਵਸੋਂ ਅਮਰੀਕਾ ਚਲੀ ਗਈ ਅਤੇ ਬਾਕੀਆਂ ਦਾ ਕਾਰੋਬਾਰ ਪਸ਼ੂ ਪਾਲਣਾ ਅਤੇ ਤਿਲਾਂ, ਜ਼ੈਤੂਨ ਤੇ ਬਾਦਾਮ ਤੇ ਹੋਰ ਜੜ੍ਹੀ ਬੂਟੀਆਂ ਦੀ ਖੇਤੀ ਕਰਨਾ ਆਦਿ ਹੈ । ਇਥੇ ਜ਼ੈਤੂਨ ਦਾ ਤੇਲ, ਸ਼ਰਾਬ ਤੇ ਮਿੱਟੀ ਦੇ ਬਰਤਨ ਆਦਿ ਤਿਆਰ ਕੀਤੇ ਜਾਂਦੇ ਹਨ ।

ਆਬਾਦੀ—30,363 (1981)

40° 13′ ਉ. ਵਿਥ.; 16° 04′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 518

**ਕਾਨੋਪਸ :** ਮਿਸਰ ਦਾ ਇਹ ਇਕ ਪ੍ਰਾਚੀਨ ਸ਼ਹਿਰ ਹੈ ਜੋ ਕਾਨੋਬਸ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਅਲ-ਇਸਕੰਦਰੀਆ ਮੁਹਾਫ਼ਜ਼ਾ ਵਿਚ, ਨੀਲ ਡੈਲਟੇ ਦੇ ਪੱਛਮੀ ਕੰਢੇ ਤੇ ਵਾਕਿਆ ਹੈ । ਯੂਨਾਨੀ ਇਸ ਨੂੰ ਕਾਨੋਪੋਸ ਨਾਂ ਨਾਲ ਸਦਦੇ ਸਨ ਅਤੇ ਇਸ ਦਾ ਮਿਸਰੀ ਨਾਂ 'ਪੀਗੇਵਾਤ' ਸੀ । ਨੀਲ ਦੀ ਕਾਨੋਪਸ ਵਾਲੀ ਸ਼ਾਖ਼ਾ ਸਾਰੀ ਦੀ ਸਾਰੀ ਗਾਦ ਨਾਲ ਭਰ ਗਈ ਪਰ ਆਬੂ ਕੀਰ ਖਾੜੀ ਤੋਂ ਤਿੰਨ ਕਿ. ਮੀ. ਦੇ ਫ਼ਾਸਲੇ ਤੇ ਕੰਢਿਆਂ ਉਤੇ ਕੁਝ ਖੰਡਰਾਤ ਮਿਲਦੇ ਹਨ

ਜਿਨ੍ਹਾਂ ਵਿਚ ਯੂਨਾਨੀ-ਮਿਸਰੀ ਦੇਵਤਾ ਸਾਰਾਪਸ ਦਾ ਮੰਦਰ ਸ਼ਾਮਲ ਹੈ। ਕਾਨੋਪਸ ਮਲ੍ਹਮ ਦੇ ਉਦਯੋਗ ਦਾ ਕੇਂਦਰ ਸੀ ਅਤੇ ਸਿਕੰਦਰੀਆ ਦੇ ਲੋਕਾਂ ਵਾਸਤੇ ਇਕ ਸੁੰਦਰ ਸੈਰਗਾਹ ਸੀ। ਇਕ ਮਰਤਬਾਨ ਉੱਪਰ ਮਨੁੱਖੀ ਸਿਰ ਬਣਾਕੇ ਇਥੇ ਓਸੀਰਸ ਦੀ ਪੂਜਾ ਕੀਤੀ ਜਾਂਦੀ ਸੀ।

ਹ. ਪੁ.—ਐਨ. ਬ੍ਰਿ. ਮਾ. 2 : 517.

**ਕਾਨੋ, ਮੈੱਲਕਾਰ :** ਇਹ ਸਪੇਨ ਦਾ ਧਰਮ ਸ਼ਾਸਤਰੀ ਸੀ ਜਿਸ ਨੇ ਪੋਪ ਦੇ ਵਿਰੁਧ ਸਪੇਨ ਦੇ ਬਾਦਸ਼ਾਹ ਦੇ ਹੱਕਾਂ ਦੀ ਹਮਾਇਤ ਕੀਤੀ। ਇਸ ਦਾ ਜਨਮ ਨਿਊ ਕੈਸਟੀਲ ਵਿਚ ਟਰਾਂਨਕੋ ਵਿਖੇ ਲਗਭਗ 1509 ਵਿਚ ਹੋਇਆ। ਵਿਦਿਆ ਪ੍ਰਾਪਤ ਕਰਕੇ ਇਹ ਸੈਲਾਮੈਂਕਾ ਵਿਖੇ ਧਰਮ ਸ਼ਾਸਤਰ ਦਾ ਪ੍ਰੋਫੈਸਰ ਬਣਿਆ। ਸੰਨ 1546 ਵਿਚ ਇਸ ਨੇ ਅਮਰੀਕਾ ਵਿਚ ਰੈੱਡ ਇੰਡੀਅਨਾਂ ਦੇ ਅਧਿਕਾਰਾਂ ਦੀ ਰੱਖਿਆ ਕੀਤੀ। ਚਾਰਲਸ ਪੰਜਵੇਂ ਨੇ ਇਸ ਨੂੰ 1551-52 ਵਿਚ ਟਰੈਂਟੋ ਦੀ ਕੌਂਸਲ ਵਿਚ ਭੇਜਿਆ ਜਿਥੇ ਇਸ ਨੇ ਇਉਕੇਰਿਸਟ ਰਸਮ ਅਤੇ ਤਪੱਸਿਆ ਕਰਨ ਦੇ ਵਾਦ-ਵਿਵਾਦ ਵਿਚ ਭਾਗ ਲਿਆ। ਚਰਚ ਸਬੰਧੀ ਫਿਲਿਪ ਦੂਜੇ ਦੀਆਂ ਪਾਲਿਸੀਆਂ ਦਾ ਸਮਰਥਨ ਕਰਨ ਕਰਕੇ ਇਸ ਨੇ ਪੋਪ ਦੀ ਦੁਸ਼ਮਣੀ ਮੁੱਲ ਲੈ ਲਈ।

ਕਾਨੋ ਦੀ ਧਰਮ ਸ਼ਾਸਤਰੀ ਦੇ ਤੌਰ ਤੇ ਵਧੇਰੇ ਪ੍ਰਸਿੱਧੀ ਇਸ ਦੀ 'ਡੀ ਲੋਸਿਸ ਥੀਆਲੋਜੀਸੀਸ' ਪੁਸਤਕ ਕਰਕੇ ਹੋਈ ਜਿਹੜੀ ਕਿ ਇਸ ਦੀ ਮੌਤ ਤੋਂ ਬਾਅਦ 1563 ਵਿਚ ਛਪੀ।

ਇਸ ਦੀ ਮੌਤ ਟੋਲੀਡੋ ਵਿਖੇ 30,ਸਤੰਬਰ, 1560 ਨੂੰ ਹੋਈ।

ਹ. ਪੁ.—ਐਨ. ਬ੍ਰਿ. 4 : 791.

**ਕਾਨੋਵਾਸ ਦੈਲਕਾਸਟੀਲੀਓ, ਐਨਟੋਨੀਓ :** ਸਪੇਨ ਇਸ ਪ੍ਰਸਿੱਧ ਨੀਤੀਵਾਨ ਦਾ ਜਨਮ 8 ਫ਼ਰਵਰੀ, 1828 ਨੂੰ ਮੈਲਾਗਾ ਵਿਖੇ ਹੋਇਆ। ਇਸ ਨੇ ਮੈਡਰਿਡ ਯੂਨੀਵਰਸਿਟੀ ਵਿਚ ਕਾਨੂੰਨ ਅਤੇ ਫਿਲਾਸਫੀ ਦਾ ਅਧਿਐਨ ਕੀਤਾ ਅਤੇ ਆਪਣੀਆਂ ਲਿਖਤਾਂ ਅਤੇ ਪੱਤਰਕਾਰੀ ਰਾਹੀਂ ਆਪਣੀ ਰੋਜ਼ੀ ਕਮਾਉਂਦਾ ਰਿਹਾ। ਸੰਨ 1854 ਵਿਚ ਇਹ ਕਾਰਟੀਜ਼ (ਵਿਧਾਨ ਸਭਾ) ਦਾ ਮੈਂਬਰ ਚੁਣਿਆ ਗਿਆ ਅਤੇ 1860 ਅਤੇ 1868 ਵਿਚਕਾਰ ਬਣੇ ਲਿਬਰਲ ਮੰਤਰੀ ਮੰਡਲ ਵਿਚ ਕਈ ਅਹੁਦਿਆਂ ਤੇ ਰਿਹਾ। ਇਸ ਨੇ ਇਕ ਮੈਨੀਫੈਸਟੋ ਤਿਆਰ ਕੀਤਾ ਜਿਸ ਨੂੰ ਐਲਫਾਂਸੋ ਬਾਰ੍ਹਵੇਂ ਨੇ 1874 ਈ. ਵਿਚ ਜਾਰੀ ਕੀਤਾ। ਐਲਫਾਂਸੋ ਦੇ ਬਾਦਸ਼ਾਹ ਬਣਨ ਦੇ ਐਲਾਨ ਹੋਣ ਪਿਛੋਂ ਕਾਨੋਵਾਸ ਨੇ ਆਪਣਾ ਮੰਤਰੀ ਮੰਡਲ ਬਣਾਇਆ। ਸੰਨ 1876 ਵਿਚ ਇਸ ਨੇ ਸੰਵਿਧਾਨ ਤਿਆਰ ਕੀਤਾ। ਸੰਨ 1880 ਤੋਂ ਬਾਅਦ ਵੀ ਇਹ ਕਈ ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ। ਇਸ ਨੂੰ 'ਅਕਾਡਮੀ ਆਫ਼ ਮੈਡਰਿਡ' ਦਾ ਵੀ 1867 ਈ. ਵਿਚ ਮੈਂਬਰ ਬਣਾਇਆ ਗਿਆ ਸੀ। ਇਸ ਨੇ ਕਈ ਪੁਸਤਕਾਂ ਰਚੀਆਂ ਪਰ 'ਹਿਸਟਰੀ ਆਫ਼ ਦਾ ਡਿਕਲਾਈਨ ਆਫ਼ ਸਪੇਨ ਫਰਾਮ ਦਾ ਐਕਸੈਸ਼ਨ ਆਫ਼ ਫਿਲਿਪ ਥਰਡ ਟੂ ਦਾ ਡੈੱਥ ਆਫ਼ ਚਾਰਲਸ ਸੈਕੰਡ, ਨਾਮੀ ਪੁਸਤਕ ਸਭ ਤੋਂ ਪ੍ਰਸਿੱਧ ਹੈ।

8 ਅਗਸਤ, 1897 ਨੂੰ ਇਸ ਨੂੰ ਸਾਂਟਾ ਐਗਵੇਡਾ ਦੇ ਸਥਾਨ ਤੇ ਮਾਰ ਦਿਤਾ ਗਿਆ।

ਹ. ਪੁ.—ਐਨ. ਬ੍ਰਿ. 4 : 800; ਯੂ. ਐਨ. 3 ; 947.

**ਕਾਂਪਟਨ, ਆਰਥਰ ਹਾਲੀ :** ਇਸ ਭੌਤਿਕ-ਵਿਗਿਆਨੀ ਦਾ ਜਨਮ ਵੂਸਟਰ, ਓਹਾਈਓ ਵਿਖੇ 10 ਸਤੰਬਰ, 1892 ਨੂੰ ਹੋਇਆ। ਇੰਗਲੈਂਡ ਦੇ ਚਾਰਲਸ ਟੀ. ਆਰ. ਵਿਲਸਨ ਨਾਲ ਮਿਲ ਕੇ ਇਸ ਨੇ 1927 ਦਾ ਭੌਤਿਕ-ਵਿਗਿਆਨ ਦਾ ਨੋਬਲ ਪ੍ਰਾਈਜ਼ ਪ੍ਰਾਪਤ ਕੀਤਾ। ਇਨ੍ਹਾਂ ਨੇ ਖੋਜ ਕੀਤੀ ਸੀ ਕਿ ਜਦੋਂ ਫ਼ੋਟਾਨ ਜਾਂ ਐੱਕਸ ਕਿਰਨਾਂ, ਇਲੈੱਕਟ੍ਰਾਨ ਨਾਲ ਟਕਰਾਉਂਦੀਆਂ ਹਨ ਤਾਂ ਫ਼ੋਟਾਨ ਜਾਂ ਐਕਸ ਕਿਰਨ ਦੀ ਤਰੰਗ-ਲੰਬਾਈ ਵਿਚ ਤਬਦੀਲੀ ਆ ਜਾਂਦੀ ਹੈ। ਇਸ ਪ੍ਰਭਾਵ ਨੂੰ ਕਾਂਪਟਨ ਪ੍ਰਭਾਵ ਕਿਹਾ ਜਾਂਦਾ ਹੈ। ਸੰਨ 1923 ਵਿਚ ਇਸ ਨੇ ਬਿਜਲ ਚੁੰਬਕੀ ਵਿਕੀਰਨ ਦੇ ਦੋਗਲੇ ਸੁਭਾਅ (ਤਰੰਗ ਅਤੇ ਕਣ) ਦੀ ਪੁਸ਼ਟੀ ਕਰ ਦਿਤੀ। ਸੰਨ 1916 ਵਿਚ ਇਸ ਨੇ ਪ੍ਰਿੰਸਟਨ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ ਅਤੇ 1920 ਵਿਚ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਭੌਤਿਕ-ਵਿਗਿਆਨ ਵਿਭਾਗ ਦਾ ਮੁਖੀ ਬਣ ਗਿਆ। ਸੰਨ 1923 ਵਿਚ ਸ਼ਿਕਾਗੋ ਯੂਨੀਵਰਸਿਟੀ ਵਿਚ ਭੌਤਿਕ-ਵਿਗਿਆਨ ਦਾ ਪ੍ਰੋਫ਼ੈਸਰ ਲਗਿਆ ਅਤੇ ਉਥੇ ਹੀ 1942 ਤੋਂ 1945 ਤਕ ਮੈਟਲਰਜੀਕਲ ਐਟਾਮਿਕ ਪ੍ਰਾਜੈਕਟ ਦਾ ਡਾਇਰੈਕਟਰ ਬਣਿਆ ਰਿਹਾ। ਸੰਨ 1945 ਵਿਚ ਇਹ ਵਾਸ਼ਿੰਗਟਨ ਯੂਨੀਵਰਸਿਟੀ ਦਾ ਚਾਂਸਲਰ ਅਤੇ 1953 ਤੋਂ 1961 ਤਕ ਨੈਚਰਲ ਹਿਸਟਰੀ ਦਾ ਪ੍ਰੋਫ਼ੈਸਰ ਰਿਹਾ। ਅੰਤ ਵਿਚ 15 ਮਾਰਚ, 1962 ਨੂੰ ਕੈਲਿਫੋਰਨੀਆ ਵਿਚ ਬਰਕਲੇ ਵਿਖੇ ਇਸ ਦਾ ਦਿਹਾਂਤ ਹੋ ਗਿਆ।

### ਕਾਂਪਟਨ ਪ੍ਰਭਾਵ

ਸੰਨ 1925 ਵਿਚ ਕਾਂਪਟਨ ਨੇ ਵਿਕੀਰਨਾਂ ਦੇ ਕੁਆਂਟਮ ਸਿਧਾਂਤ ਨੂੰ ਅਧਾਰ ਮੰਨਕੇ ਇਹ ਦੱਸਿਆ ਕਿ ਖਿੰਡਾਉ ਜਾਂ ਸਕੈਟਰਿੰਗ ਦੋ ਕਣਾਂ (ਫ਼ੋਟਾਨ ਅਤੇ ਖਿੰਡਾਉਣ ਵਾਲੇ ਪਦਾਰਥ) ਵਿਚਕਾਰ ਲਚਕੀਲੀ ਟੱਕਰ ਕਾਰਨ ਹੁੰਦੀ ਹੈ। ਜੇਕਰ $h\nu$ ਊਰਜਾ ਵਾਲਾ ਇਕ ਫ਼ੋਟਾਨ ਇਕ ਇਲੈੱਕਟ੍ਰਾਨ ਨਾਲ ਟਕਰਾਵੇ ਤਾਂ ਇਹ ਇਲੈੱਕਟ੍ਰਾਨ ਨੂੰ ਗਤਿਜ ਊਰਜਾ ਦੇ ਦੇਵੇਗਾ ਅਤੇ ਸਿੱਟੇ ਵਜੋਂ ਆਪਣੀ ਊਰਜਾ ਗੁਆ ਲਵੇਗਾ। ਇਸ ਲਈ ਖਿੰਡੇ ਹੋਏ ਫ਼ੋਟਾਨ ਦੀ ਊਰਜਾ ਘਟ ਜਾਵੇਗੀ ਅਰਥਾਤ $h\nu'$ ਹੋ ਜਾਵੇਗੀ। ਇਸ ਲਈ ਇਸ ਦੀ ਆਵ੍ਰਿੱਤੀ ਆਪਾਤੀ ਫ਼ੋਟਾਨ ਨਾਲੋਂ ਘੱਟ ਅਤੇ ਤਰੰਗ-ਲੰਬਾਈ ਜ਼ਿਆਦਾ ਹੋਵੇਗੀ। ਖਿੰਡੇ ਹੋਏ ਵਿਕੀਰਨ ਦੀ ਤਰੰਗ-ਲੰਬਾਈ ਜਾਂ ਆਵ੍ਰਿੱਤੀ ਵਿਚ ਪ੍ਰੇਖਿਤ ਤਬਦੀਲੀ ਨੂੰ ਕਾਂਪਟਨ ਪ੍ਰਭਾਵ ਕਿਹਾ ਜਾਂਦਾ ਹੈ।

ਇਕ ਫ਼ੋਟਾਨ ਇਕ ਸਥਿਰ ਇਲੈੱਕਟ੍ਰਾਨ ਨਾਲ ਟਕਰਾਉਂਦਾ ਹੈ ਅਤੇ ਟਕਰਾਉਣ ਮਗਰੋਂ ਇਹ ਚਿਤਰ ਵਿਚ ਵਿਖਾਈ ਦਿਸ਼ਾ ਅਨੁਸਾਰ ਚਲਦੇ ਹਨ (ਚਿਤਰ 1)। ਭਾਵੇਂ ਸਰਲਤਾ ਲਈ ਅਸੀਂ ਇਲੈੱਕਟ੍ਰਾਨਾਂ ਨੂੰ ਮੁਕਤ ਅਤੇ ਸਥਿਰ ਮੰਨਿਆ ਹੈ ਪਰੰਤੂ ਅਜਿਹਾ ਹੁੰਦਾ ਨਹੀਂ, ਸਗੋਂ ਪਰਮਾਣੂ ਨਾਲ ਬੰਧਿਤ ਹੁੰਦਾ ਹੈ ਅਤੇ ਵਿਰਾਮ ਅਵਸਥਾ ਵਿਚ ਵੀ ਨਹੀਂ ਹੁੰਦਾ ਸਗੋਂ ਪਰਮਾਣੂ ਦੇ ਕੇਂਦਰ ਦੇ ਦੁਆਲੇ ਬੜੀ ਤੇਜ਼ ਰਫ਼ਤਾਰ ਨਾਲ ਘੁੰਮਦਾ ਹੈ।




ਕਾਂਪਟਨ ਪ੍ਰਭਾਵ

ਮੰਨ ਲਵੋ $h\nu$ ਅਤੇ $h\nu/c$ ਕ੍ਰਮਵਾਰ ਆਪਾਤੀ ਫ਼ੋਟਾਨ ਦੀ ਊਰਜਾ ਤੇ ਸੰਵੇਗ ਹਨ ਅਤੇ $h\nu'$ ਤੇ $h\nu'/c$ ਖਿੰਡੇ ਹੋਏ ਫ਼ੋਟਾਨ ਦੇ ਕ੍ਰਮਵਾਰ ਊਰਜਾ ਅਤੇ ਸੰਵੇਗ ਹਨ। ਕਿਉਂਕਿ ਟੱਕਰ ਤੋਂ ਪਹਿਲਾਂ ਇਲੈੱਕਟ੍ਰਾਨ ਨੂੰ ਵਿਰਾਮ ਅਵਸਥਾ ਵਿਚ ਮੰਨਿਆ ਜਾਂਦਾ ਹੈ ਇਸ ਦੀ ਊਰਜਾ $m_0c^2$ ਅਤੇ ਸੰਵੇਗ 0 ਹੋਵੇਗਾ। ਟੱਕਰ ਤੋਂ ਮਗਰੋਂ ਜੇਕਰ ਪ੍ਰਤਿਖਿਪਤ ਇਲੈੱਕਟ੍ਰਾਨ ਦਾ ਵੇਗ v ਹੋਵੇ ਤਾਂ ਇਸ ਦਾ ਪੁੰਜ

$$m=\frac{m_0}{\left(1-\frac{v^2}{c^2}\right)^{\frac{1}{2}}}$$ ਹੋਵੇਗਾ,

ਪ੍ਰਤਿਖਿਪਤ ਇਲੈੱਕਟ੍ਰਾਨ ਦੀ ਊਰਜਾ

$$mc^2=\frac{m_0c^2}{\left(1-\frac{v^2}{c^2}\right)^{\frac{1}{2}}}$$ ਅਤੇ

ਸੰਵੇਗ $$mv=\frac{m_0v}{\left(1-\frac{v^2}{c^2}\right)^{\frac{1}{2}}}$$

ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਫ਼ੋਟਾਨ ਦੀ ਤਰੰਗ ਲੰਬਾਈ ਵਿਚ ਤਬਦੀਲੀ

$$\lambda'-\lambda=\frac{2h}{m_0c}.\sin^2\left(\frac{\theta}{2}\right)$$ ਦੇ ਬਰਾਬਰ

ਹੁੰਦੀ ਹੈ, ਜਿੱਥੇ $\theta$ ਖਿੰਡੇ ਹੋਏ ਫ਼ੋਟਾਨ ਦਾ ਆਪਾਤੀ ਫ਼ੋਟਾਨ ਦੀ ਦਿਸ਼ਾ ਨਾਲ ਕੋਣ ਹੈ।

ਕਿਸੇ ਵੀ ਕਣ ਦੀ ਕਾਂਪਟਨ ਤਰੰਗ-ਲੰਬਾਈ

$$\lambda_0=\frac{h}{m_0c}$$ ਹੁੰਦੀ ਹੈ ; ਜਿੱਥੇ h

ਪਲਾਂਕ-ਸਥਿਰ-ਅੰਕ ਹੈ, $m_0$ ਕਣ ਦਾ ਵਿਰਾਮ-ਪੁੰਜ ਹੈ ਅਤੇ c ਪ੍ਰਕਾਸ਼ ਦਾ ਵੇਗ ਹੈ । ਇਹ ਇਕ ਸਥਿਰ ਰਾਸ਼ੀ ਹੈ ਅਤੇ ਇਸ ਦੀ ਕੀਮਤ 0.0242A ਦੇ ਬਰਾਬਰ ਹੁੰਦੀ ਹੈ।

ਹ. ਪੁ.—ਐ. ਫ਼ਿ—ਰਾਜਮ : 439 ; ਵਾ. ਨਾਂ. ਸ. ਐਨ. : 403 ; ਐਨ. ਬ੍ਰਿ. 6 : 242

**ਕਾਪਟਾਈਨ, ਜ਼ਾਕੋਬਸ ਕਾਰਨੇਲੀਅਸ :** ਇਹ ਇਕ ਡੱਚ ਖਗੋਲਵੇਤਾ ਹੋਇਆ ਹੈ ਜੋ ਖਗੋਲ–ਵਿਗਿਆਨ ਵਿਚ ਫ਼ੋਟੋਗ੍ਰਾਫ਼ੀ ਦੇ ਉਪਯੋਗ ਕਰਕੇ ਪ੍ਰਸਿੱਧ ਸੀ। ਇਸ ਦਾ ਜਨਮ ਨੀਦਰਲੈਂਡਜ਼ ਵਿਚ ਬਾਰਨੈਵੈਲਟ ਵਿਖੇ 19 ਜਨਵਰੀ, 1851 ਨੂੰ ਹੋਇਆ। ਇਸ ਨੇ ਇਊਟਰੈਕਟ ਯੂਨੀਵਰਸਿਟੀ ਵਿਚ ਵਿਦਿਆ ਪ੍ਰਾਪਤ ਕੀਤੀ ਅਤੇ 1875 ਵਿਚ ਲੀਡਨ ਪ੍ਰੇਖਣਸ਼ਾਲਾ ਦੇ ਸਟਾਫ਼ ਦਾ ਮੈਂਬਰ ਬਣ ਗਿਆ। ਸੰਨ 1878 ਵਿਚ ਗਰੋਨਿੰਗੈਨ ਵਿਖੇ ਖਗੋਲ ਵਿਗਿਆਨ ਅਤੇ ਸਿੱਧਾਂਤਕ ਯੰਤਰ ਵਿਗਿਆਨ ਦੀ ਚੇਅਰ ਲਈ ਚੁਣਿਆ ਗਿਆ।

ਖਗੋਲ ਵਿਗਿਆਨ ਵਿਚ ਫ਼ੋਟੋਗ੍ਰਾਫ਼ੀ ਢੰਗ ਵਰਤਣ ਵਾਲਾ ਪਹਿਲਾ ਵਿਅਕਤੀ ਕਾਪਟਾਈਨ ਨਹੀਂ ਸੀ। ਇਸ ਦੀ ਪ੍ਰਸਿੱਧੀ ਤਾਂ ਇਸ ਢੰਗ ਦੇ ਵਿਕਾਸ ਵਿਚ ਸੀ। ਸਰ ਡੇਵਿਡ ਗਿੱਲ ਦੀ ਮਦਦ ਨਾਲ ਇਸ ਨੇ ਦੱਖਣੀ ਅਰਧ-ਗੋਲੇ ਦੇ 5,00,000 ਨਾਲੋਂ ਜ਼ਿਆਦਾ ਤਾਰਿਆਂ ਦੀ ਸਥਿਤੀ ਬਾਰੇ ਪਤਾ ਕੀਤਾ। ਗਰੋਨਿੰਗੈਨ ਪ੍ਰਯੋਗਸ਼ਾਲਾ ਤੋਂ ਨਿਕਲਣ ਵਾਲੀ ਪੁਸਤਕ ਸੀਰੀਜ਼ ਵਿਚ ਕਾਪਟਾਈਨ ਨੇ ਤਾਰਿਆਂ ਦੀ ਗਤੀ ਅਤੇ ਖ਼ਲਾ ਵਿਚ ਇਨ੍ਹਾਂ ਦੀ ਵੰਡ ਦੀ ਖੋਜ ਕੀਤੀ। ਇਸ ਕੰਮ ਦੇ ਦੌਰਾਨ ਇਸ ਨੇ ਤਾਰਾ ਵਹਾ ਦੇ ਦ੍ਰਿਸ਼ਟਮਾਨ ਰੂਪ ਦੀ ਖੋਜ ਕੀਤੀ। ਵੀਹਵੀਂ ਸਦੀ ਦੇ ਪਹਿਲੇ ਚੌਥੇ ਹਿਸੇ ਦੀ ਖਗੋਲੀ ਖੋਜ ਉਤੇ ਇਸ ਦਾ ਬਹੁਤ ਡੂੰਘਾ ਪ੍ਰਭਾਵ ਪਿਆ। ਇਸ ਦੀਆਂ ਪਿਛਲੀਆਂ ਖੋਜਾਂ ਤੋਂ ਕਿਸੇ ਗੈਲੈੱਕਸੀ ਵਿਚ ਤਾਰਿਆਂ ਦੀ ਦੂਰੀ ਅਤੇ ਖਗੋਲ ਵਿਚ ਉਨ੍ਹਾਂ ਦੇ ਸਥਾਨਾਂ ਬਾਰੇ ਬਹੁਤ ਕੁਝ ਪਤਾ ਚਲਦਾ ਹੈ।

ਇਸ ਦੀ ਮੌਤ ਐਮਸਟਰਡਮ ਵਿਖੇ 18 ਜੂਨ, 1922 ਨੂੰ ਹੋਈ।

ਹ. ਪੁ.—ਐਨ. ਬ੍ਰਿ. 13 : 227

**ਕੱਪਟਿਕ ਧਰਮ** (Coptic Church) : ਮੁਸਲਮਾਨੀ ਬਹੁਗਿਣਤੀ ਵਾਲੇ ਮਿਸਰ ਵਿਚ ਈਸਾਈ ਧਰਮ ਦੀ ਮੁਖ ਤੌਰ ਤੇ ਨੁਮਾਇੰਦਗੀ ਕਰਨ ਵਾਲੇ ਧਰਮ ਨੂੰ ਕੱਪਟਿਕ ਚਰਚ ਦਾ ਨਾਂ ਦਿਤਾ ਗਿਆ ਹੈ। ਸੱਤਵੀਂ ਸਦੀ ਵਿਚ ਅਰਬਾਂ ਦੇ ਕਬਜ਼ੇ ਤੋਂ ਪਹਿਲਾਂ ਮਿਸਰੀ ਲੋਕ ਆਪਣੇ ਆਪ ਨੂੰ ਅਤੇ ਆਪਣੀ ਭਾਸ਼ਾ ਨੂੰ ਯੂਨਾਨੀ ਵਿਚ ਆਈਜਿਪਟੀਓਸ ਅਖਵਾਉਂਦੇ ਸਨ। ਅਰਬੀ ਵਿਚ ਇਸ ਦਾ ਸਮਾਨਾਰਥਕ ਸ਼ਬਦ ਕਿਬਤ ਹੈ, ਜਿਸ ਦਾ ਪੱਛਮੀ ਰੂਪ 'ਕੱਪਟ' ਬਣ ਗਿਆ। ਮਗਰੋਂ ਜਾ ਕੇ ਜਦੋਂ ਮਿਸਰੀ ਮੁਸਲਮਾਨਾਂ ਨੇ ਆਪਣੇ ਆਪ ਨੂੰ ਆਈਜਿਪਟੀਓਈ ਅਖਵਾਉਣਾ ਬੰਦ ਕਰ ਦਿਤਾ ਤਾਂ ਇਹ ਸ਼ਬਦ ਈਸਾਈ ਘੱਟ-ਗਿਣਤੀ ਲਈ ਮਖ਼ਸੂਸ ਹੋ ਗਿਆ। 19ਵੀਂ ਅਤੇ 20ਵੀਂ ਸਦੀ ਵਿਚ ਕੱਪਟਿਕ ਧਰਮ ਦੇ ਲੋਕ, ਆਪਣੇ ਆਪ ਨੂੰ ਰੋਮਨ ਕੈਥੋਲਿਕ ਧਰਮ ਵਿਚ ਤਬਦੀਲ ਹੋਏ ਕੱਪਟਾਂ ਨਾਲੋਂ ਵੱਖਰਾ ਦੱਸਣ ਲਈ, ਕੱਪਟਿਕ ਰੂੜ੍ਹੀਵਾਦੀ (Coptic Orthodox) ਅਖਵਾਉਣ ਲਗ ਪਏ।

ਚੌਥੀ ਅਤੇ ਪੰਜਵੀਂ ਸਦੀ ਵਿਚ ਮਿਸਰ ਵਿਚ ਕੱਪਟਾਂ ਅਤੇ ਯੂਨਾਨੀ ਬੋਲਣ ਵਾਲੇ ਰੋਮਨਾਂ ਜਾਂ ਮੈਲਕਾਈਟਾਂ (ਬਾਦਸ਼ਾਹ ਪੱਖੀ) ਵਿਚ ਕੈਲਸੀਡੋਨੀ ਕੌਂਸਲ (451 ਈ.) ਦੇ ਨਿਰਣਿਆਂ ਬਾਰੇ ਵਿਵਾਦ ਖੜਾ ਹੋ ਗਿਆ। ਮੋਨੋ ਫਿਸਾਈਟ ਕੱਪਟਾਂ ਦਾ ਇਤਰਾਜ਼ ਸੀ ਕਿ ਕੈਲਸੀਡੋਨ ਨੂੰ ਮੰਨਣ ਵਾਲੇ ਮੈਲਕਾਈਟ ਇਕ ਈਸਾ ਮਸੀਹ (ਰੱਬ-ਮਨੁੱਖ) ਦੀ ਬਜਾਏ ਦੋ ਈਸਾ ਮਸੀਹਾਂ ('ਰੱਬ' ਅਤੇ 'ਮਨੁੱਖ') ਦਾ ਪ੍ਰਚਾਰ ਕਰਦੇ ਹਨ। ਦੂਜੇ ਪਾਸੇ ਮੋਨੋ ਫਿਸਾਈਟਾਂ ਉਤੇ ਯੂਨਾਨੀ ਰੂੜ੍ਹੀਵਾਦੀ ਇਹ ਇਲਜ਼ਾਮ ਲਗਾਉਂਦੇ ਸਨ ਕਿ ਉਹ ਈਸਾ ਮਸੀਹ ਦੇ ਇਨਸਾਨੀ ਜਾਮੇ ਨੂੰ ਯਥਾਰਥਕ ਨਹੀਂ ਮੰਨਦੇ। ਸੱਤਵੀਂ ਸਦੀ ਵਿਚ ਅਰਬਾਂ ਦੇ ਮਿਸਰ ਉਤੇ ਕਬਜ਼ੇ ਮਗਰੋਂ ਕੱਪਟਾਂ ਨੇ ਯੂਨਾਨੀ ਭਾਸ਼ਾ ਬੋਲਣੀ ਬੰਦ ਕਰ ਦਿੱਤੀ। ਇਸ ਤਰ੍ਹਾਂ ਰਾਜਨੀਤਕ ਝਗੜੇ ਦੇ ਨਾਲ-ਨਾਲ ਭਾਸ਼ਾਈ ਬੰਧਨ ਨੇ ਇਸ ਵਿਵਾਦ ਨੂੰ ਹੋਰ ਵੀ ਪੱਕਾ ਕਰ ਦਿਤਾ। ਬਾਜ਼ਨਤੀਨੀ ਬਾਦਸ਼ਾਹਾਂ ਅਤੇ ਉਨ੍ਹਾਂ ਦੇ ਸਲਾਹਕਾਰਾਂ ਵਲੋਂ ਇਸ ਵਿਵਾਦ ਨੂੰ ਨਜਿੱਠਣ ਲਈ ਕਿੰਨੇ ਹੀ ਉਪਰਾਲੇ ਕੀਤੇ ਗਏ ਪਰ ਯੂਨਾਨੀ ਰੂੜ੍ਹੀਵਾਦੀਆਂ ਅਤੇ ਰੋਮ ਦੇ ਬਿਸ਼ਪ ਵਲੋਂ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਮਿਸਰ ਦੇ ਈਸਾਈ, ਜਿਹੜੇ ਕਿ ਮੁਸਲਮਾਨੀ ਖ਼ਲੀਫਿਆਂ ਦੀ ਸਲਤਨਤ ਦਾ ਭਾਗ ਰਹਿ ਚੁਕੇ ਸਨ, ਇਹ ਗੱਲ ਕਹਿਣੀ ਆਪਣੇ ਹਿਤ ਵਿਚ ਸਮਝਦੇ ਸਨ ਕਿ ਉਨ੍ਹਾਂ ਦਾ ਈਸਾਈ ਮੱਤ ਬਾਜ਼ਨਤੀਨੀ ਸਲਤਨਤ ਦੇ ਈਸਾਈ ਮੱਤ ਜਿਹਾ ਨਹੀਂ ਸੀ, ਨਾਲੇ ਅਰਬ ਦੇ ਖ਼ਲੀਫੇ ਭਾਵੇਂ ਇਸਲਾਮ ਕਬੂਲ ਕਰਨ ਵਾਲਿਆਂ ਉਤੇ ਵਧੇਰੇ ਬਖ਼ਸ਼ਸ਼ ਕਰਦੇ ਸਨ ਪਰ ਉਹ ਈਸਾਈ ਧਰਮ ਦੇ ਅੰਦਰੂਨੀ ਝਗੜਿਆਂ ਵਿਚ ਕੋਈ ਦਖ਼ਲ ਨਹੀਂ ਦਿੰਦੇ ਸਨ।

ਮੋਨੋ ਫਿਸਾਈਟ ਪ੍ਰਸ਼ਨ ਨੂੰ ਛੱਡ ਕੇ ਕੱਪਟਿਕ ਅਤੇ ਪੂਰਬੀ ਰੂੜ੍ਹੀਵਾਦੀ ਸਿਧਾਂਤਕ ਮਾਮਲਿਆਂ ਵਿਚ ਇਕਸੁਰ ਹਨ। ਬਾਈਬਲ ਦੀ ਸਿਖਿਆ ਦੇਣ ਲਈ ਅਤੇ ਭਜਨ ਗਾਉਣ ਲਈ ਕੱਪਟਿਕ ਧਰਮ ਵਿਚ ਹੁਣ ਅਰਬੀ ਭਾਸ਼ਾ ਹੀ ਵਰਤੀ ਜਾਂਦੀ ਹੈ। ਸੰਤ ਮਾਰਕ, ਸੰਤ ਸਿਰਿਲ (ਆੱਫ ਅਲੈਗਜ਼ੈਂਡਰੀਆ) ਅਤੇ ਸੰਤ ਗ੍ਰੈਗਰੀ (ਆੱਫ਼ ਨਾਜ਼ਿਆਂਜ਼ਸ) ਦੀਆਂ ਪ੍ਰਾਰਥਨਾ-ਪੁਸਤਕਾਂ ਕੱਪਟਿਕ ਭਾਸ਼ਾ ਵਿਚ ਲਿਖੀਆਂ ਹੋਈਆਂ ਹਨ ਪਰ ਉਨ੍ਹਾਂ ਦਾ ਅਰਬੀ ਭਾਸ਼ਾ ਵਿਚ ਪਾਠ ਵੀ ਨਾਲੋ ਨਾਲ ਦਿਤਾ ਹੋਇਆ ਹੈ।

1890ਵੇਂ ਦਹਾਕੇ ਮਗਰੋਂ ਕੱਪਟਿਕ ਧਰਮ ਦਾ ਪ੍ਰਬੰਧ ਲੋਕ-ਰਾਜੀ ਹੋ ਗਿਆ। ਕਮਿਊਨਿਟੀ ਕੌਂਸਲਾਂ ਦੀ ਮਦਦ ਨਾਲ ਪੈਟਰੀਆਰਕ ਜਾਂ ਪ੍ਰਧਾਨ ਪਾਦਰੀ ਅਤੇ 12 ਬਿਸ਼ਪ ਚਰਚਾਂ ਅਤੇ ਸਕੂਲਾਂ ਦੇ ਮਾਲੀ-ਪ੍ਰਬੰਧ ਅਤੇ ਵਿਆਹ-ਸ਼ਾਦੀਆਂ, ਵਰਾਸਤ ਅਤੇ ਹੋਰ ਮਾਮਲਿਆਂ ਸਬੰਧੀ ਨਿਯਮ ਬਣਾਉਂਦੇ ਹਨ। ਪ੍ਰਧਾਨ ਪਾਦਰੀ ਕਾਹਿਰਾ ਵਿਚ ਰਹਿੰਦਾ ਹੈ। ਕਾਹਿਰਾ ਵਿਚ ਇਕ ਕੱਪਟਿਕ ਅਧਿਐਨ ਇੰਸਟੀਚਿਊਟ ਹੈ। ਇੰਸਟੀਚਿਊਟ ਅਧੀਨ ਇਕ ਧਰਮ-ਵਿਗਿਆਨ ਸਬੰਧੀ ਕਾਲਜ ਅਤੇ ਇਕ ਅਜਾਇਬ-ਘਰ ਵੀ ਹੈ। ਸਰਕਾਰੀ ਸਕੂਲਾਂ ਵਿਚ ਵੀ ਧਾਰਮਿਕ ਸਿਖਿਆ ਦੇਣ ਲਈ ਈਸਾਈ ਬੱਚਿਆਂ ਲਈ ਜਿਹੜਾ

ਸਿਲੇਬਸ ਬਣਾਇਆ ਜਾਂਦਾ ਹੈ ਉਹ ਕੱਪਟਿਕ ਧਰਮ ਉਤੇ ਹੀ ਆਧਾਰਤ ਹੈ ।

ਯਰੋਸ਼ਲਮ ਵਿਚ ਵੀ ਇਕ ਕੱਪਟਿਕ ਚਰਚ ਹੈ ਅਤੇ ਸੁਡਾਨ ਦੀ ਰਾਜਧਾਨੀ ਖਰਤੂਮ ਵਿਚ ਵੀ ਕੱਪਟਿਕ ਬਿਸ਼ਪ ਦਾ ਨਿਵਾਸ ਹੈ ।

ਹ. ਪੁ.—ਐਨ. ਬ੍ਰਿ ਮਾ. 3 : 137; ਹਿੰ. ਵਿ. ਕੋ. 3 : 198.

**ਕੱਪਟਿਕ (ਭਾਸ਼ਾ) :** ਕੱਪਟਿਕ ਪ੍ਰਾਚੀਨ ਮਿਸਰੀ ਭਾਸ਼ਾ ਦਾ ਆਖਰੀ ਪੜਾਅ ਹੈ, ਜਿਸ ਵਿਚ ਯੂਨਾਨੀ ਭਾਸ਼ਾ ਦਾ ਕੁਝ ਮਿਸ਼ਰਣ ਹੈ, ਖਾਸ ਕਰਕੇ ਈਸਾਈ ਸਿਧਾਂਤ, ਜੀਵਨ ਤੇ ਪੂਜਾ ਪੱਧਤੀ ਨਾਲ ਸਬੰਧੱਤ ਗੱਲਾਂ ਵਿਚ । ਇਹ ਚਾਰ ਮੁਖ ਉਪਭਾਸ਼ਾਵਾਂ ਵਿਚ ਵੰਡੀ ਹੋਈ ਸੀ : ਸਾਹਿਤਿਕ, ਆਕਮਿਮਿਕ, ਬੋਹਾਇਰਿਕ ਅਤੇ ਫੇਯੂਮਿਕ । ਸ਼ਾਇਦ ਇਨ੍ਹਾਂ ਸਾਰੀਆਂ ਤੋਂ ਪਹਿਲੀ ਸਾਹਿਤਿਕ ਸੀ ਪਰ ਬੋਹਾਇਰਿਕ ਸਭ ਤੋਂ ਮਗਰੋਂ ਉਤਪੰਨ ਹੋ ਕੇ ਪਹਿਲਾ ਸਥਾਨ ਪ੍ਰਾਪਤ ਕਰ ਗਈ । ਇਹ ਕੱਪਟਿਕ ਚਰਚ ਦੀ ਭਾਸ਼ਾ ਬਣ ਗਈ ਤੇ ਹੌਲੀ ਹੌਲੀ ਇਸ ਨੇ ਹੋਰਨਾਂ ਉਪਭਾਸ਼ਾਵਾਂ ਦੀ ਥਾਂ ਮਲ ਲਈ ਤੇ ਅਖੀਰ ਲਗਭਗ 14ਵੀਂ ਸਦੀ ਵਿਚ ਇਨ੍ਹਾਂ ਨੂੰ ਖਤਮ ਕਰ ਦਿਤਾ । ਚੌਥੀ ਸਦੀ ਤੋਂ ਪਹਿਲਾਂ ਬਾਈਬਲ ਦਾ ਅਨੁਵਾਦ ਤਿੰਨ ਉਪਭਾਸ਼ਾਵਾਂ ਵਿਚ ਕੀਤਾ ਗਿਆ ਸੀ । ਕੱਪਟਿਕ ਦਾ ਸ਼ਾਇਦ ਹੀ ਆਪਣਾ ਮੌਲਿਕ ਸਾਹਿਤ ਹੋਵੇ । ਸੱਤਵੀਂ ਸਦੀ ਵਿਚ ਅਰਬਾਂ ਦੀ ਜਿੱਤ ਮਗਰੋਂ ਕੱਪਟਿਕ ਭਾਸ਼ਾਵਾਂ ਦਾ ਪਤਨ ਸ਼ੁਰੂ ਹੋ ਗਿਆ । 13ਵੀਂ ਸਦੀ ਤੱਕ ਕੱਪਟ ਲੋਕਾਂ ਨੇ ਬੋਲ-ਚਾਲ ਅਤੇ ਲਿਖਣ ਲਈ ਇਸ ਭਾਸ਼ਾ ਦੀ ਵਰਤੋਂ ਜਾਰੀ ਰੱਖੀ । 17ਵੀਂ ਸਦੀ ਤੱਕ ਵੀ ਇਹ ਥੋੜੀ ਬਹੁਤ ਵਰਤੀ ਜਾਂਦੀ ਰਹੀ । ਬੋਲੀ ਜਾਂਦੀ ਕੱਪਟਿਕ ਨੂੰ ਹੁਣ ਜ਼ੈਨੀਯਾਹ ਆਖਿਆ ਜਾਂਦਾ ਹੈ, ਜੋ ਅਪਰ ਮਿਸਰ ਦੇ ਕੁਝ ਈਸਾਈ ਪਿੰਡਾਂ ਵਿਚ ਬਚੀ ਰਹਿ ਗਈ ਹੈ ।

ਹ. ਪੁ.—ਐਵ. ਐਨ. 3 : 782

**ਕਾਂਪਟੀ :** ਭਾਰਤ ਦੇ ਮਹਾਂਰਾਸ਼ਟਰ ਰਾਜ ਦੇ ਨਾਗਪੁਰ ਜ਼ਿਲ੍ਹੇ ਦਾ ਇਕ ਕਸਬਾ ਹੈ ਜੋ ਨਾਗਪੁਰ ਸ਼ਹਿਰ ਤੋਂ ਉੱਤਰ-ਪੂਰਬ ਵਲ 16 ਕਿ. ਮੀ. ਦੀ ਦੂਰੀ ਤੇ ਕਨਹਨ ਨਦੀ ਦੇ ਸੱਜੇ ਕੰਢੇ ਅਤੇ ਦੱਖਣ-ਪੂਰਬੀ ਰੇਲ ਮਾਰਗ ਉਤੇ ਸਥਿਤ ਹੈ । ਇਸ ਕਸਬੇ ਦੀ ਸਥਾਪਨਾ ਇਕ ਫ਼ੌਜੀ ਛਾਉਣੀ ਦੇ ਰੂਪ ਵਿਚ ਸੰਨ 1821 ਵਿਚ ਕੀਤੀ ਗਈ ਸੀ । ਅੰਗਰੇਜ਼ਾਂ ਅਤੇ ਨਾਗਪੁਰ ਦੇ ਰਾਜੇ ਵਿਚਕਾਰ ਹੋਈ ਸੰਧੀ ਅਨੁਸਾਰ ਇਸ ਨੂੰ ਅੰਗਰੇਜ਼ਾਂ ਦੁਆਰਾ ਰੱਖੀ ਫ਼ੌਜ ਦਾ ਹੈੱਡਕੁਆਟਰ ਬਣਾ ਦਿਤਾ ਗਿਆ । ਮਰਹੱਟਿਆਂ ਦੇ ਰਾਜ-ਕਾਲ ਦੌਰਾਨ, ਛਾਉਣੀ ਦੇ ਅੰਦਰ ਕਰਾਂ ਤੋਂ ਮੁਕਾਬਲਤਨ ਛੋਟਾਂ ਹੋਣ ਕਰਕੇ, ਵਪਾਰੀ ਲੋਕ ਕਾਂਪਟੀ ਵਲ ਆ ਗਏ । ਇਸ ਤਰ੍ਹਾਂ ਛਾਉਣੀ ਦੇ ਨਾਲ ਨਾਲ ਇਕ ਵਪਾਰਕ ਕਸਬਾ ਹੋਂਦ ਵਿਚ ਆ ਗਿਆ । ਸਤਪੁੜਾ ਪਠਾਰ ਤੋਂ ਨਾਗਪੁਰ ਵਲ ਨੂੰ ਜਾਣ ਵਾਲੀ ਸੜਕ ਉਤੇ ਸਥਿਤ ਹੋਣ ਕਰਕੇ, ਕਾਂਪਟੀ ਕਾਫ਼ੀ ਸਮੇਂ ਤੀਕ ਇਸ ਖੇਤਰ ਦੇ ਵਪਾਰ ਦੀ ਇਜਾਰਾਦਾਰੀ ਚਲਾਉਂਦਾ ਰਿਹਾ । ਥੋੜ੍ਹੇ ਹੀ ਸਾਲਾਂ ਵਿਚ ਵੱਡੇ ਸ਼ਹਿਰ ਨਾਗਪੁਰ ਨੇ ਕਾਂਪਟੀ ਦੇ ਵਪਾਰਕ ਕਾਰੋਬਾਰ ਨੂੰ ਆਪਣੇ ਵਲ ਨੂੰ ਖਿੱਚ ਲਿਆ । ਰੇਲ ਮਾਰਗਾਂ ਦੇ ਵਿਸਥਾਰ ਅਤੇ ਸੈਨਿਕ ਕੇਂਦਰ ਦੀ ਮਹੱਤਤਾ ਵਿਚ ਨਵੀਨਤਾ ਆ ਜਾਣ ਨਾਲ ਕਸਬੇ ਦਾ ਪੂਰਬ ਕਾਲੀਨ ਵਪਾਰਕ ਮਹੱਤਵ ਬਹੁਤ ਘੱਟ ਗਿਆ ਹੈ ।

ਇਥੇ ਕਪਾਹ ਵਿਚੋਂ ਵੜੇਵੇਂ ਕੱਢਣ ਦੇ ਕਈ ਕਾਰਖਾਨੇ ਹਨ । ਇਥੇ ਇਕ ਸਰਕਾਰੀ ਹਾਈ ਸਕੂਲ, ਇਕ ਅੰਗਰੇਜ਼ੀ ਮਿਡਲ ਸਕੂਲ ਅਤੇ ਕਈ ਪ੍ਰਾਇਮਰੀ ਸਕੂਲ ਹਨ । ਇਥੇ ਇਕ ਛਾਉਣੀ ਦਾ ਜਨਰਲ ਹਸਪਤਾਲ ਹੈ ।

ਆਬਾਦੀ— 53,327 (1971)

21° 13′ ਉ. ਵਿਥ.; 79° 12′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 329; ਹਿੰ. ਵਿ. ਕੋ. 2 : 424

**ਕਾਪਰਨਨੇਅਮ :** ਇਜ਼ਰਾਈਲ ਵਿਚ ਗੈਲੀਲੀ ਸਾਗਰ ਦੇ ਉੱਤਰ-ਪੱਛਮੀ ਤੱਟ ਤੇ ਵਾਕਿਆ ਇਹ ਇਕ ਪ੍ਰਾਚੀਨ ਸ਼ਹਿਰ ਸੀ ਜਿਸ ਨੂੰ ਅੱਜਕਲ੍ਹ ਕੇਫਰਨੇਹਮ ਦੇ ਨਾਂ ਨਾਲ ਜਾਣਦੇ ਹਨ । ਇਹ ਈਸਾ ਮਸੀਹ ਦਾ ਦੂਜਾ ਘਰ ਸੀ ਅਤੇ ਉਸ ਦੇ ਜੀਵਨ ਸਮੇਂ ਇਹ ਇਕ ਕਿਲੇਬੰਦ ਸ਼ਹਿਰ, ਪ੍ਰਬੰਧਕੀ ਕੇਂਦਰ ਅਤੇ ਕਸਟਮ ਸਟੇਸ਼ਨ ਸੀ । ਈਸਾ ਮਸੀਹ ਨੇ ਆਪਣੇ ਚੇਲੇ ਪੀਟਰ ਐਂਡਰਿਊ ਅਤੇ ਮੈਥੀਊ ਇਸੇ ਸ਼ਹਿਰ ਵਿਚੋਂ ਚੁਣੇ ਸਨ ਅਤੇ ਕਈ ਚਮਤਕਾਰ ਵੀ ਵਿਖਾਏ ਸਨ । ਇਸ ਦੇ ਖੰਡਰਾਂ ਵਿਚ ਦੂਜੀ-ਤੀਜੀ ਸਦੀ ਈ. ਦਾ ਰੌਂਗਸ ਯਹੂਦੀ ਕਲਾ ਵਿਚ ਬਣਿਆ ਇਕ ਯਹੂਦੀ ਮੰਦਰ ਹੈ ਅਤੇ ਇਕ ਇਸ ਤੋਂ ਵੀ ਪੁਰਾਣਾ, ਈਸਾ ਮਸੀਹ ਦੇ ਸਮੇਂ ਦਾ ਯਹੂਦੀ ਮੰਦਰ ਹੈ ਜੋ ਇਸ ਦੀਆਂ ਨੀਂਹਾਂ ਵਿਚ ਦੱਬਿਆ ਪਿਆ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 532

**ਕਾਪਰਾਰਾ, ਜੋਵਾਨੀ ਬਤਿਸਤਾ :** ਇਹ ਇਟਲੀ ਦਾ ਪਾਦਰੀ ਅਤੇ ਡਿਪਲੋਮੈਟ ਸੀ, ਜਿਸ ਨੇ ਵੈਟੀਕੈਨ ਅਤੇ ਨੈਪੋਲੀਅਨ ਦੇ ਵਿਚਕਾਰ ਗੱਲਬਾਤ ਕਰਵਾਈ । ਇਸ ਦਾ ਜਨਮ ਬੋਲੋਨਾ ਵਿਖੇ 29 ਮਈ, 1733 ਨੂੰ ਹੋਇਆ । ਰਾਵੈਨਾ ਵਿਖੇ ਸੇਵਾ ਕਰਨ ਪਿਛੋਂ 1767 ਵਿਚ ਇਹ ਕੋਲੋਨ ਵਿਖੇ ਪਾਦਰੀ ਬਣ ਗਿਆ । ਸੰਨ 1785 ਤੋਂ 1792 ਤਕ ਵੀਐਨਾ ਵਿਖੇ ਪਾਦਰੀ ਰਹਿਣ ਉਪਰੰਤ 1792 ਵਿਚ ਇਸ ਨੂੰ ਕਾਰਡੀਨਲ ਪਾਦਰੀ ਬਣਾ ਦਿਤਾ ਗਿਆ । ਇਹ ਬਹੁਤ ਲੰਬੇ ਸਮੇਂ ਤਕ ਪੋਪ ਦਾ ਰਾਜਦੂਤ ਰਹਿਣ ਦੇ ਬਾਵਜੂਦ ਵੀ ਬੜਾ ਡਰਾਕਲ ਅਤੇ ਨਰਮ ਦਿਲ ਹੋਣ ਕਰ ਕੇ ਔਖੇ ਸਮੇਂ ਵਿਚ ਪੋਪ ਦੇ ਹਿਤਾਂ ਦੀ ਰਾਖੀ ਨਾ ਕਰ ਸਕਿਆ । ਫਰਵਰੀ, 1802 ਵਿਚ ਨੈਪੋਲੀਅਨ ਨੇ ਇਸ ਨੂੰ ਮਾਈਲੈੱਨ ਦਾ ਆਰਕ ਬਿਸ਼ਪ ਬਣਵਾ ਦਿੱਤਾ । ਸੰਨ 1804 ਵਿਚ ਇਸ ਨੇ ਪਾਇਸ ਸੱਤਵੇਂ ਦੁਆਰਾ ਨੈਪੋਲੀਅਨ ਦੀ ਤਾਜਪੋਸ਼ੀ ਸਬੰਧੀ ਗੱਲਬਾਤ ਵਿਚ ਸਹਾਇਤਾ ਕੀਤੀ ਅਤੇ 1805 ਵਿਚ ਇਸ ਨੇ ਨੈਪੋਲੀਅਨ ਨੂੰ ਇਟਲੀ ਦੇ ਬਾਦਸ਼ਾਹ ਵਲੋਂ ਆਪ ਤਾਜ ਪਹਿਨਾਇਆ ।

ਇਸ ਦੀ ਮੌਤ ਪੈਰਿਸ ਵਿਖੇ 21 ਜੂਨ, 1810 ਨੂੰ ਹੋਈ ।

ਹ. ਪੁ.—ਐਨ. ਬ੍ਰਿ. 4 : 854

**ਕਾਪਰੀ ਟਾਪੂ :** ਦੱਖਣੀ ਇਟਲੀ ਦੇ ਕਾਮਪਾਨੀਆ ਖੇਤਰ ਵਿਚ ਇਹ ਇਕ ਟਾਪੂ ਅਤੇ ਨਾਪੋਲੀ ਪ੍ਰਾਂਤ ਦਾ ਇਕ ਹਿੱਸਾ ਹੈ ਜੋ ਨੇਪਲਜ਼ ਖਾੜੀ ਦੇ ਦੱਖਣੀ ਲਾਂਘੇ ਦੇ ਨੇੜੇ, ਸੋਰੈਂਟੋ ਪ੍ਰਾਇਦੀਪ ਦੇ ਸਾਹਮਣੇ ਵਾਕਿਆ ਹੈ । ਸੋਰੈਂਟੋ ਪ੍ਰਾਇਦੀਪ ਨਾਲ ਇਸ ਨੂੰ ਪੂਰਵ ਇਤਿਹਾਸਕ ਕਾਲ ਵਿਚ ਜੋੜਿਆ ਗਿਆ ਸੀ ਜਿਸ ਦੀ ਵੱਧ ਤੋਂ ਵੱਧ ਚੌੜਾਈ 3 ਕਿ. ਮੀ. ਹੈ ਅਤੇ ਖੇਤਰਫਲ 10 ਵ. ਕਿ. ਮੀ. ਹੈ । ਪੱਛਮੀ ਉੱਚੇ ਇਲਾਕੇ ਵਿਚ ਮਾਂਟ ਸੋਲਾਰੋ ਦੇ ਮੁਕਾਮ ਤੇ ਇਸ ਦੀ ਉਚਾਈ 589 ਮੀ. ਹੈ ।

ਇਹ ਪੂਰਵ ਇਤਿਹਾਸ ਕਾਲ ਤੋਂ ਆਬਾਦ ਹੈ ਜੋ ਬਾਅਦ ਵਿਚ ਯੂਨਾਨੀ ਬਸਤੀ ਬਣ ਗਿਆ ਅਤੇ ਉਸ ਸਮੇਂ ਇਹ ਰੋਮਨ ਬਾਦਸ਼ਾਹਾਂ ਲਈ ਇਕ ਸੈਰਗਾਹ ਹੁੰਦੀ ਸੀ । ਬਾਦਸ਼ਾਹ ਅਗਸਟਸ ਇਥੇ ਰਹਿੰਦਾ ਸੀ ਅਤੇ ਬਾਦਸ਼ਾਹ ਤਿਬਰੀਅਸ ਨੇ ਇਥੇ ਕਈ ਬੰਗਲੇ ਬਣਾਏ ਸਨ । 10ਵੀਂ ਸਦੀ ਦੌਰਾਨ ਸਮੁੰਦਰੀ ਡਾਕੂਆਂ ਤੋਂ ਬਚਣ ਲਈ ਲੋਕ ਸਮੁੰਦਰ ਦੇ ਕੰਢਿਆਂ ਤੋਂ ਉਠਕੇ ਉੱਚੀਆਂ ਥਾਵਾਂ ਜਿਵੇਂ ਕਾਪਰੀ ਤੇ ਐਨਾਕਾਪਰੀ ਤੇ ਜਾ ਕੇ ਵਸ ਗਏ । 19ਵੀਂ ਸਦੀ ਵਿਚ ਕਾਪਰੀ ਤੇ ਐਨਾਕਾਪਰੀ ਵਿਚਕਾਰ ਢੋਆ-ਢੁਆਈ ਲਈ ਇਹ ਸੜਕ ਤਿਆਰ ਕੀਤੀ ਗਈ । ਇਸ ਤੋਂ ਪਹਿਲਾਂ ਐਨਾਕਾਪਰੀ ਨੂੰ ਸਮੁੰਦਰ ਵਲ ਦੀ 800 ਪੌੜੀਆਂ ਚੜ੍ਹਕੇ ਜਾਇਆ ਜਾਂਦਾ ਸੀ । ਮੱਧਕਾਲ ਵਿਚ ਨੇਪਲਜ਼ ਦੇ ਰਾਜ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਇਹ ਟਾਪੂ ਮਾਟਕਸੀਨੋ ਦੇ ਐਬੇ ਨਾਲ ਅਤੇ ਅਮਾਲਫੀ ਗਣਰਾਜ ਨਾਲ ਸਬੰਧ ਰਖਦਾ ਸੀ । ਨੈਪੋਲੀਅਨ ਜੰਗਾਂ ਸਮੇਂ ਇਹ ਕਈ ਵੇਰ ਫ਼ਰਾਂਸੀਸੀਆਂ ਤੇ ਬਰਤਾਨਵੀਆਂ

ਦੇ ਹੱਥਾਂ ਵਿਚ ਆਇਆ । ਸੰਨ 1813 ਵਿਚ ਇਹ ਟੂ ਸਿਸਲੀਜ਼ ਦੇ ਰਾਜ ਨੂੰ ਵਾਪਸ ਕਰ ਦਿਤਾ ਗਿਆ । ਇਥੋਂ ਦੀਆਂ ਗੁਫਾਵਾਂ ਵਿਚੋਂ ਇਕ ਵਿਚ ਪੱਥਰ ਉਪਰ ਕੀਤੀ ਮਨੁੱਖੀ ਕਾਰੀਗਰੀ ਦੇ ਸਬੂਤ ਮਿਲੇ ਹਨ। ਇਥੇ ਮੱਧਕਾਲ ਦੇ ਕਿਲਿਆਂ ਦੇ ਖੰਡਰ ਵੀ ਮਿਲਦੇ ਹਨ ।

19ਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ ਕਾਪਰੀ ਦੱਖਣੀ ਇਟਲੀ ਦੀਆਂ ਹਰਮਨ ਪਿਆਰੀਆਂ ਸੈਰਗਾਹਾਂ ਵਿਚੋਂ ਇਕ ਬਣ ਗਿਆ। ਟਾਪੂ ਵਿਚ ਨਿੰਬੂ ਜਾਤੀ ਦੇ ਫਲਾਂ, ਜ਼ੈਤੂਨ ਦੇ ਤੇਲ ਅਤੇ ਸ਼ਰਾਬ ਦਾ ਉਤਪਾਦਨ ਹੁੰਦਾ ਹੈ। ਮੱਛੀ ਫੜਨ ਲਈ ਇਹ ਟਾਪੂ ਬਹੁਤ ਪ੍ਰਸਿੱਧ ਹੈ। ਕਾਪਰੀ ਤੇ ਐਨਾਕਾਪਰੀ ਵਿਚਕਾਰ ਇਹ ਪੰਛੀਆਂ ਦੀ ਸ਼ਰਨਗਾਹ ਹੈ। ਇਥੇ ਬਹੁਤ ਸਾਰੀਆਂ ਬੀਚਾਂ (ਤੱਟ) ਅਤੇ ਕਈ ਹੋਟਲ ਤੇ ਬੰਗਲੇ ਹਨ। ਕਾਪਰੀ, ਨੇਪਲਜ਼ ਤੇ ਸੋਰੇਂਟੋ ਨਾਲ ਸਟੀਮਰ ਸੇਵਾਵਾਂ ਨਾਲ ਜੁੜਿਆ ਹੋਇਆ ਹੈ।

ਆਬਾਦੀ—8,025 (1971)

40° 33′ ਉ. ਵਿਥ.; 14° 13′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 540

**ਕਾਪਰੀਵੀ, ਲੀਓ :** ਜਰਮਨੀ ਦੇ ਇਸ ਪ੍ਰਸਿੱਧ ਨੀਤੀਵਾਨ ਦਾ ਜਨਮ 24 ਫਰਵਰੀ, 1831 ਨੂੰ ਬਰਲਿਨ-ਸ਼ਾਰਲਾਟਨਬਰਗ ਵਿਚ ਹੋਇਆ। ਇਕ ਫ਼ੌਜੀ ਕਮਾਂਡਰ ਵਜੋਂ ਇਸ ਨੇ ਫਰਾਂਸੀਸੀ—ਜਰਮਨ ਯੁੱਧ ਵਿਚ ਬਹੁਤ ਨਾਂ ਖੱਟਿਆ। ਸੰਨ 1883 ਵਿਚ ਇਸ ਦੀ ਇੱਛਾ ਦੇ ਵਿਰੁੱਧ ਹੀ ਇਸ ਨੂੰ ਜਰਮਨ ਐਡਮਿਰਲਟੀ ਦਾ ਮੁੱਖੀ ਨਿਯੁਕਤ ਕਰ ਦਿਤਾ ਗਿਆ। ਜਰਮਨ ਦੀ ਸਮੁੰਦਰੀ ਤਾਕਤ ਵਧਾਉਣ ਵਿਚ ਵੀ ਇਸ ਨੇ ਕਈ ਕੰਮ ਕੀਤੇ ਅਤੇ ਤਾਰਪੀਡੋ ਕਿਸ਼ਤੀਆਂ ਦੀ ਇਕ ਵਿੰਗ ਦੇ ਵਿਕਾਸ ਕਰਨ ਦੀ ਹਿਮਾਇਤ ਕੀਤੀ ਅਤੇ ਸਰਹੱਦਾਂ ਉੱਤੇ ਫਰਾਂਸ ਅਤੇ ਰੂਸ ਵਿਰੁੱਧ ਹੋਣ ਵਾਲੇ ਸੰਭਾਵੀ ਯੁੱਧ ਸਬੰਧੀ ਤੱਟ ਰੱਖਿਆ ਦੀ ਲੋੜ ਤੇ ਜ਼ੋਰ ਦਿਤਾ। ਸੰਨ 1888 ਵਿਚ ਜਦੋਂ ਨੌਜਵਾਨ ਬਾਦਸ਼ਾਹ ਵਿਲੀਅਮ ਦੂਜੇ ਨੇ ਸਮੁੰਦਰੀ ਬੇੜੇ ਦੇ ਕਮਾਂਡਰ ਅਤੇ ਪ੍ਰਬੰਧ ਨੂੰ ਵੱਖਰਾ ਕਰਨ ਦੀ ਤਿਆਰੀ ਕੀਤੀ ਤਾਂ ਕਾਪਰੀਵੀ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਅਸਤੀਫ਼ਾ ਦੇ ਦਿੱਤਾ।

ਫਿਰ ਕਾਪਰੀਵੀ ਦਸਵੀਂ ਆਰਮੀ ਕੋਰ ਦਾ ਕਮਾਂਡਰ ਬਣ ਗਿਆ। ਮਾਰਚ, 1890 ਵਿਚ ਚਾਂਸਲਰ ਬਿਸਮਾਰਕ ਨੇ ਕਾਪਰੀਵਾ ਨੂੰ ਪ੍ਰਸ਼ਾਅ ਦੇ ਪ੍ਰਧਾਨ ਮੰਤਰੀ ਦੇ ਪੱਦ ਲਈ, ਆਪਣੇ ਉਤਰਾਧਿਕਾਰੀ ਵਜੋਂ, ਬਾਦਸ਼ਾਹ ਕੋਲ ਤਜਵੀਜ਼ ਪੇਸ਼ ਕੀਤੀ। ਐਪਰ ਬਾਦਸ਼ਾਹ ਤਾਂ ਪਹਿਲਾਂ ਹੀ ਫਰਵਰੀ ਵਿਚ ਕਾਪਰੀਵੀ ਨੂੰ ਨਾ ਕੇਵਲ ਪ੍ਰਧਾਨ ਮੰਤਰੀ ਬਣਾਉਣ, ਸਗੋਂ ਆਪਣੇ ਸਾਰੇ ਵਿਭਾਗਾਂ ਦਾ ਪ੍ਰਬੰਧ ਸਪੁਰਦ ਕਰਨ ਦਾ ਮਨ ਬਣਾ ਚੁੱਕਾ ਸੀ। ਬਿਸਮਾਰਕ ਦੇ ਅਸਤੀਫ਼ਾ ਦੇਣ ਤੋਂ ਪਿਛੋਂ ਕਾਪਰੀਵੀ ਨੂੰ ਚਾਂਸਲਰ, ਪ੍ਰਸ਼ਾਅ ਦੇ ਮੰਤਰੀ ਮੰਡਲ ਦਾ ਪ੍ਰੈਜ਼ੀਡੈਂਟ ਅਤੇ ਬਦੇਸ਼ ਮੰਤਰੀ ਨਿਯੁਕਤ ਕੀਤਾ ਗਿਆ ਅਤੇ ਇਸ ਨੇ ਇਕ ਸੁਯੋਗ ਪ੍ਰਬੰਧਕ ਹੋਣ ਦਾ ਸਬੂਤ ਦਿਤਾ। ਇਸ ਨੇ ਅਫ਼ਰੀਕਾ ਵਿਚ ਆਪਣੇ ਪ੍ਰਭਾਵ-ਖੇਤਰਾਂ ਦੇ ਸਬੰਧ ਵਿਚ ਬਰਤਾਨੀਆ ਨਾਲ ਸਮਝੌਤਾ ਕੀਤਾ। ਆਸਟਰੀਆ, ਇਟਲੀ ਅਤੇ ਹੋਰਨਾਂ ਦੇਸ਼ਾਂ ਨਾਲ ਵਪਾਰਕ ਸੰਧੀਆਂ ਸਬੰਧੀ ਇਸ ਨੇ ਗੱਲਬਾਤ ਕੀਤੀ। ਇਸ ਨੇ ਫ਼ੌਜ ਨੂੰ ਮੁੜ ਸੰਗਠਤ ਕੀਤਾ। ਇਹ ਸਮਾਜਵਾਦੀਆਂ ਲਈ ਵੀ ਸੁਲ੍ਹਾਕਾਰੀ ਸੀ। ਇਸ ਨੇ ਸੰਨ 1892 ਵਿਚ ਮੰਤਰੀ ਮੰਡਲ ਦੀ ਪ੍ਰੈਜ਼ੀਡੈਂਸੀ ਅਤੇ 1894 ਈ. ਵਿਚ ਚਾਂਸਲਰ ਦੀ ਪਦਵੀ ਤੋਂ ਅਸਤੀਫ਼ਾ ਦੇ ਦਿਤਾ।

ਇਸ ਦੀ ਮੌਤ 6 ਫ਼ਰਵਰੀ, 1899 ਨੂੰ ਪੋਲੈਂਡ ਦੇ ਕਰਾਸਨੋ ਸ਼ਹਿਰ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 4 : 855; ਐਨ. ਅਮੈ. 5 : 572

**ਕਾਪਰੂਲੂ ਖ਼ਾਨਦਾਨ :** ਆਟੋਮਨ ਸਲਤਨਤ ਵੇਲੇ ਨੀਤੀਵਾਨਾਂ ਦਾ ਇਹ ਪ੍ਰਸਿੱਧ ਖਾਨਦਾਨ ਹੁੰਦਾ ਸੀ। ਵਿਚਾਰ ਕੀਤਾ ਜਾਂਦਾ ਹੈ ਕਿ ਸਤਾਰ੍ਹਵੀਂ ਸਦੀ ਦੇ ਦੂਜੇ ਮੱਧ ਵਿਚ ਇਸੇ ਹੀ ਖ਼ਾਨਦਾਨ ਨੇ ਆਟੋਮਨ ਸਲਤਨਤ ਨੂੰ ਢਹਿੰਦੀਆਂ ਕਲਾਂ ਵਿਚ ਜਾਣ ਤੋਂ ਬਚਾਇਆ ਸੀ। ਕਾਪਰੂਲੂ ਮਹਿਮਦ ਇਸ ਖ਼ਾਨਦਾਨ ਦਾ ਬਾਨੀ ਸੀ। ਜਦੋਂ ਆਟੋਮਨ ਸਲਤਨਤ ਔਖੀ ਸਥਿਤੀ ਵਿਚ ਫਸੀ ਹੋਈ ਸੀ ਤਾਂ ਇਹ 1656 ਈ. ਵਿਚ ਇਸਦਾ ਮੁੱਖ ਮੰਤਰੀ ਬਣਿਆ। ਇਸ ਨੇ 13 ਜੁਲਾਈ, 1657 ਨੂੰ ਵੀਨੀਸ਼ੀਆ ਦੀ ਸਮੁੰਦਰੀ ਫ਼ੌਜ ਨੂੰ ਜਿੱਤਿਆ ਅਤੇ ਇਸ ਪਿਛੋਂ ਟੈਨੇਡਾਗ ਅਤੇ ਲੈਮਨਾਸ ਦੇ ਦੀਪਾਂ ਅਤੇ ਯੈਲੋਵਾ ਅਤੇ ਵਹਾਦ ਦੇ ਪ੍ਰਾਂਤਾਂ ਨੂੰ ਜਿੱਤਿਆ।

ਸੰਨ 1658 ਦੇ ਪਤਨ ਸਮੇਂ ਅਨਾਤੋਲੀਆ ਅਤੇ ਸੀਰੀਆ ਦੇ ਮੁੱਖੀ ਗਵਰਨਰ ਜਨਰਲਾਂ ਅਤੇ ਅਬਜ਼ਾ ਹਸਨ (ਆਲੈਪੋ ਦਾ ਪਾਸ਼ਾ) ਵਰਗੇ ਵਿਦਰੋਹੀਆਂ ਨੂੰ ਆਪਣੀਆਂ ਨਿਪੁੰਨ ਜੰਗੀ ਚਾਲਾਂ ਨਾਲ ਕੁਚਲਕੇ ਰੱਖ ਦਿਤਾ। ਇਸੇ ਸਾਲ ਇਸ ਨੇ ਅਨਾਤੋਲੀਆ ਵਿਚ ਆਟੋਮਨ ਦੀ ਪ੍ਰਾਚੀਨ ਅਸੂਲਾਂ ਤੇ ਆਧਾਰਤ ਕੇਂਦਰੀ ਤਾਕਤ ਮੁੜ ਸਥਾਪਤ ਕੀਤੀ। ਇਸ ਦੀ ਮੌਤ 31 ਅਕਤੂਬਰ, 1661 ਨੂੰ (ਏਡਰੀਆਨੋਪਲ) ਵਿਚ ਹੋਈ।

ਕਾਪਰੂਲੂ ਮਹਿਮਦ ਤੋਂ ਪਿਛੋਂ ਇਸ ਦਾ ਪੁੱਤਰ ਫਾਜ਼ਿਲ ਅਹਿਮਦ ਇਸ ਖ਼ਾਨਦਾਨ ਦਾ ਪ੍ਰਸਿੱਧ ਵਿਅਕਤੀ ਸੀ। ਇਹ ਸੰਨ 1659 ਵਿਚ ਐਰਜ਼ਰੂਮ ਦਾ 1660 ਈ. ਵਿਚ ਦਮਿਸ਼ਕ ਦਾ ਗਵਰਨਰ ਜਨਰਲ ਅਤੇ 1 ਨਵੰਬਰ, 1661 ਨੂੰ ਮੁੱਖ ਮੰਤਰੀ ਬਣਿਆ। ਇਸ ਨੇ ਆਪਣੇ ਪਿਤਾ ਦੀਆਂ ਹੀ ਸਾਰੀਆਂ ਨੀਤੀਆਂ ਅਪਣਾਈਆਂ ਅਤੇ ਇਕ ਸੁਯੋਗ ਪ੍ਰਬੰਧਕ ਹੋਣ ਦਾ ਸਬੂਤ ਦਿਤਾ। 1 ਅਗਸਤ, 1664 ਨੂੰ ਇਸ ਨੂੰ ਆਸਟਰੀਆ ਵਿਰੁੱਧ ਸੇਂਟ ਗਾਟਹਾਰਡ ਦੀ ਲੜਾਈ ਵਿਚ ਹਾਰ ਤਾਂ ਖਾਣੀ ਪਈ ਫਿਰ ਵੀ ਇਹ ਆਟੋਮਨਾਂ ਦੇ ਹਿੱਤਾਂ ਵਿਚ ਵਾਸਵਰ ਦੀ ਸੰਧੀ (10 ਅਗਸਤ, 1664) ਕਰਵਾਉਣ ਵਿਚ ਕਾਮਯਾਬ ਹੋ ਗਿਆ। 27 ਸਤੰਬਰ, 1669) ਨੂੰ ਇਸ ਨੇ 28 ਮਹੀਨਿਆਂ ਦੇ ਘੇਰੇ ਪਿਛੋਂ ਕੈਂਡੀਆ ਨੂੰ ਜਿੱਤ ਲਿਆ ਅਤੇ ਵੈਨਿਸ ਨਾਲ ਛਿੜੇ ਇਕ ਲੰਬੇ ਯੁੱਧ ਦਾ ਅੰਤ ਹੋ ਗਿਆ। ਸੰਨ 1672 ਵਿਚ ਪੋਲੈਂਡ ਉੱਤੇ ਕੀਤੀ ਚੜ੍ਹਾਈ (ਜਿਸ ਵਿਚ ਸੁਲਤਾਨ ਆਪ ਵੀ ਸ਼ਾਮਲ ਸੀ) ਕਾਪਰੂਲੂ ਦੀ ਇਕ ਮਹਾਨ ਸਫਲਤਾ ਸੀ। ਅਕਤੂਬਰ 18, 1672 ਨੂੰ ਬੂਚਾਚ ਦੀ ਸੰਧੀ ਅਧੀਨ ਪੋਡੋਲੀਆ ਨੂੰ ਸਲਤਨਤ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਯੂਕਰੇਨ ਨੂੰ ਆਟੋਮਨ ਅਧਿਰਾਜਤਾ ਅਧੀਨ ਕਜ਼ਾਕਾਂ ਦੇ ਹਵਾਲੇ ਕਰ ਦਿੱਤਾ ਗਿਆ। ਲੰਬੀਆਂ ਚੜ੍ਹਾਈਆਂ ਅਤੇ ਵਧੇਰੇ ਸ਼ਰਾਬ ਪੀਣ ਕਾਰਨ ਇਸ ਦੀ 3 ਨਵੰਬਰ, 1676 ਨੂੰ ਮੌਤ ਹੋ ਗਈ।

ਫਾਜ਼ਿਲ ਅਹਿਮਦ ਤੋਂ ਪਿਛੋਂ (ਕਾਰਾ ਮੁਸਤਫਾ) ਮੁੱਖ ਮੰਤਰੀ ਬਣਿਆ। ਇਹ ਵਿਅਕਤੀ ਰੂਸ ਨਾਲ ਯੁੱਧ ਕਰਕੇ (1678-1681) ਯੂਕਰੇਨ ਵਿਚ ਅਤੇ ਵੀਆਨਾ ਨੂੰ ਘੇਰਾ ਪਾਕੇ (1683) ਕੇਂਦਰੀ ਯੂਰਪ ਵਿਚ ਹਮੇਸ਼ਾ ਲਈ ਆਟੋਮਨ ਪ੍ਰਭੁਤਾ ਸਥਾਪਤ ਕਰਨਾ ਚਾਹੁੰਦਾ ਸੀ। ਵੀਆਨਾ ਤੋਂ ਬਾਹਰ ਇਸ ਨੂੰ ਹਾਰ ਹੋਈ। ਨਤੀਜੇ ਵਜੋਂ ਆਟੋਮਨ ਸਲਤਨਤ ਢਹਿ-ਢੇਰੀ ਹੋ ਗਈ। ਆਸਟਰੀਆ ਦੇ ਸ਼ਹਿਨਸ਼ਾਹ ਨੇ ਵੈਨਿਸ ਅਤੇ ਪੋਲੈਂਡ ਦੇ ਵਿਰੁਧ ਇਕ 'ਹੋਲੀ ਲੀਗ' ਸਥਾਪਤ ਕਰ ਲਈ ਅਤੇ ਦੋ ਸਾਲ ਪਿਛੋਂ ਰੂਸ ਵੀ ਇਸ ਦਾ ਮੈਂਬਰ ਬਣ ਗਿਆ।

ਵੀਆਨਾ ਦੇ ਸਥਾਨ ਤੇ ਹਾਰ ਖਾਣ ਪਿਛੋਂ ਕਾਪਰੂਲੂ ਖ਼ਾਨਦਾਨ ਦਾ ਪ੍ਰਭਾਵ ਖ਼ਤਮ ਹੋ ਗਿਆ।

ਨੂਮੈਨ ਪਾਸ਼ਾ ਅਬਦੁੱਲਾ, ਐਸਦ, ਹਾਫਿਜ਼ ਅਹਿਮਦ ਅਤੇ ਮਹਿਮਦ (ਮੌਤ, 1719) ਇਸ ਖ਼ਾਨਦਾਨ ਦੇ ਹੋਰ ਨਾਮਵਰ ਵਿਅਕਤੀ ਹੋਏ ਹਨ।

ਹ. ਪੁ.—ਐਨ. ਬ੍ਰਿ. ਮੈ. 10 : 505

**ਕਾਪਵਾ :** ਦੱਖਣੀ ਇਟਲੀ ਦੇ ਪ੍ਰਮੁੱਖ ਸ਼ਹਿਰਾਂ ਵਿਚੋਂ ਹੈ ਜੋ ਇਸ ਦੇ ਕਾਜ਼ੇਰਟਾ ਰਾਜ ਦੇ ਕਾਮਪਾਨੀਆ ਖੇਤਰ ਵਿਚ ਨੇਪਲਜ਼ ਤੋਂ ਉੱਤਰ ਵਲ 25 ਕਿ. ਮੀ. ਦੀ ਦੂਰੀ ਤੇ ਵੋਲਟੂਰਨੋ ਦਰਿਆ ਦੇ ਕੰਢੇ ਸਥਿਤ ਹੈ। ਪਹਿਲਾਂ ਇਹ ਫੌਜੀ ਸੜਕਾਂ ਦਾ ਜੰਕਸ਼ਨ ਸੀ। 216 ਈ. ਪੂ. ਤੋਂ 211 ਈ. ਪੂ. ਵਿਚ ਇਹ ਕਾਰਥੀਜੀਅਨ ਜਰਨੈਲ ਹੈਨੀਬਾਲ ਅਤੇ ਰੋਮਨਾਂ ਵਿਚਕਾਰ ਸੰਘਰਸ਼ ਦਾ ਕਾਰਨ ਰਿਹਾ।

ਪਿਊਨਿਕ ਦੀ ਪਹਿਲੀ ਲੜਾਈ ਦੌਰਾਨ ਪੁਰਾਣੇ ਕਾਪਵਾ (ਅਜੋਕਾ ਸਾਂਤਾ ਮਾਰੀਆ ਕਾਪਵਾਵੇਅਰ) ਕਰਕੇ ਇਸ ਦਾ ਮਹੱਤਵ ਘੱਟ ਗਿਆ ਜੋ ਕਾਪਵਾ ਤੋਂ 5 ਕਿ. ਮੀ. ਦੱਖਣ-ਪੂਰਬ ਵਿਚ ਹੈ। ਪੁਰਾਣੇ ਕਾਪਵਾ ਦੇ ਵਸਨੀਕਾਂ ਨੇ ਨਵੇਂ ਕਾਪਵਾ ਦੀ ਨੀਂਹ ਪੁਰਾਣੇ ਕੈਸਿਲਾਈਨਮ ਦੀ ਥਾਂ ਤੇ 852 ਈ. ਵਿਚ ਰੱਖੀ। ਮੱਧਕਾਲ ਵਿਚ ਇਸ ਵਿਚ ਕਈ ਲੜਾਈਆਂ ਹੋਈਆਂ।

ਸ਼ਹਿਰ ਵੇਖਣ ਤੋਂ ਮੱਧਕਾਲੀ ਲਗਦਾ ਹੈ। ਪੁਰਾਣੀਆਂ ਇਮਾਰਤਾਂ ਵਿਚੋਂ ਗਿਰਜਾ, ਨਾਰਮਨ ਕਿਲਾ ਅਤੇ ਕਈ ਹੋਰ ਗਿਰਜੇ ਅਤੇ ਇਕ ਅਜਾਇਬ ਘਰ ਵੇਖਣਯੋਗ ਹਨ। ਕਾਪਵਾ ਵਿਚ ਰੇਲਾਂ ਤੇ ਸੜਕਾਂ ਬਹੁਤ ਹਨ। ਇਥੋਂ ਰਸਾਇਣ ਪਦਾਰਥ, ਖੰਡ ਤੇ ਯੁੱਧ-ਸਮੱਗਰੀ ਬਣਾਉਣ ਦੇ ਕਾਰਖਾਨੇ ਹਨ।

ਆਬਾਦੀ—18,053 (1981)

41° 06′ ਉ. ਵਿਥ.; 14° 12′ ਪੂ. ਲੰਬ.

ਹ. ਪੂ.—ਐਨ. ਬ੍ਰਿ. ਮਾ. 3 : 543

**ਕਾਪਵਾਨਾ, ਲੂਇਗੀ :** ਇਹ ਇਟਲੀ ਦਾ ਨਾਵਲਕਾਰ ਸੀ। ਇਸਦਾ ਜਨਮ 28 ਮਈ, 1839 ਨੂੰ ਸਿਸਲੀ ਵਿਚ ਮਿਨਿਓ ਵਿਖੇ ਹੋਇਆ। ਇਸ ਦੇ ਨਾਵਲਾਂ ਵਿਚ ਰੋਗ ਵਿਗਿਆਨ ਅਤੇ ਰਹੱਸਮਈ ਝੁਕਾਉ ਸਨ। ਇਸ ਦਾ 'Giacinta' ਨਾਂ ਦਾ ਨਾਵਲ, ਇਟਲੀ ਦੇ ਪੁਰਾਤਨ ਸਾਹਿਤ ਦੀ ਇਸੇ ਕਿਸਮ ਦੀ ਉਦਾਹਰਨ ਹੈ। ਇਸ ਨੇ ਹੈਗੱਲ ਦਾ ਅਸਰ ਕਬੂਲਿਆ। ਇਹ ਵੇਰਗਾ ਅਤੇ ਪੀਰਾਨਡੈਲੋ ਵਾਂਗ ਅਗਾਂਹ-ਵਧੂ ਸਾਹਿਤਕਾਰ ਸੀ ਅਤੇ ਇਟਲੀ ਦੇ ਪਹਿਲੇ ਯਥਾਰਥਵਾਦੀ ਸਾਹਿਤਕਾਰਾਂ ਵਿਚੋਂ ਇਕ ਸੀ। ਇਸ ਦੇ ਹੋਰ ਨਾਵਲਾਂ ਜਿਵੇਂ ਕਿ 'ਇਲ ਪ੍ਰੋਫਿਊਮੋ' (1890) ਅਤੇ ਸਿਸਲੀ ਕਹਾਣੀ 'Il marchese di Roccaverodin' (1901) ਦੇ ਸੰਜੀਦਾ ਮਨੋ-ਵਿਗਿਆਨਕ ਵਿਸ਼ੇ ਹਨ। ਇਸ ਦੀਆਂ ਕੁਝ ਕ੍ਰਿਤਾਂ ਨੂੰ ਨਕਲੀ-ਵਿਗਿਆਨਕ ਸਮਝਿਆ ਜਾਂਦਾ ਹੈ। ਇਸ ਨੇ ਕਈ ਸਫ਼ਲ ਪਰੀ ਕਹਾਣੀਆਂ ਲਿਖੀਆਂ ਹਨ ਅਤੇ ਕੁਝ ਸਾਹਿਤਕ ਪੜਚੋਲ ਵੀ ਕੀਤੀ ਹੈ।

ਇਸ ਦੀ ਮੌਤ 29 ਨਵੰਬਰ, 1915 ਨੂੰ ਕਾਟਾਨੀਆ ਵਿਖੇ ਹੋਈ।

ਹ. ਪੂ.—ਐਨ. ਬ੍ਰਿ. 4 : 857.

**ਕਾਪ, ਵੁੱਲਫਗੈਂਗ :** ਪ੍ਰਸ਼ਾਅ ਦੇ ਇਸ ਪ੍ਰਸਿੱਧ ਪ੍ਰਤਿਗਾਮੀ ਸਿਆਸਤਦਾਨ ਦਾ ਜਨਮ 24 ਜੁਲਾਈ, 1858 ਨੂੰ ਨਿਊਯਾਰਕ ਸਿਟੀ (ਸ. ਰ. ਅ) ਵਿਖੇ ਹੋਇਆ। ਇਸ ਨੇ ਕਾਪ ਰਾਜਗਰ ਦੀ (1920) ਜਿਸ ਵਿਚ ਨਵੇਂ ਵਾਈਮਾਰ ਗਣਤੰਤਰ ਨੂੰ ਖ਼ਤਮ ਕਰਨ ਅਤੇ ਸੱਜੇ ਧੜੇ ਦੀ ਤਾਨਾਸ਼ਾਹੀ ਹਕੂਮਤ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਦੀ ਅਗਵਾਈ ਕੀਤੀ ਸੀ।

ਕਾਪ ਦਾ ਪਿਤਾ (1848 ਦਾ ਇਕ ਇਨਕਲਾਬੀ) ਜਿਹੜਾ ਪਹਿਲਾਂ ਹੀ ਸੰਨ 1849 ਵਿਚ ਸੰਯੁਕਤ ਰਾਜ ਅਮਰੀਕਾ ਵਿਚ ਪਰਵਾਸ ਕਰੀ ਬੈਠਾ ਸੀ, ਸੰਨ 1870 ਵਿਚ ਜਰਮਨੀ ਵਾਪਸ ਆ ਗਿਆ। ਕਾਪ ਨੇ ਕਾਨੂੰਨ ਵਿਚ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਇਸ ਤੋਂ ਪਿਛੋਂ ਇਹ ਪੂਰਬੀ ਪ੍ਰਸ਼ਾਅ ਵਿਚ ਇਕ ਐਸਟੇਟ ਦਾ ਪ੍ਰਬੰਧ ਚਲਾਉਣ ਲਗ ਪਿਆ। ਸੰਨ 1900 ਵਿਚ ਇਹ ਪ੍ਰਸ਼ਾਅ ਦੇ ਖੇਤੀਬਾੜੀ ਮੰਤਰਾਲੇ ਵਿਚ ਕੌਂਸਲਰ ਬਣ ਗਿਆ ਅਤੇ ਸੰਨ 1906 ਤੋਂ 1920 ਤੀਕ ਪੂਰਬੀ ਪ੍ਰਸ਼ਾਅ ਦੇ 'ਜ਼ਰਾਇਤੀ ਕਰਜ਼ਾ ਬੈਂਕ' ਦੇ ਡਾਇਰੈਕਟਰ ਜਨਰਲ ਵਜੋਂ ਸੇਵਾ ਕੀਤੀ। ਇਕ ਪਾਨ-ਜਰਮਨ ਇਲਹਾਕਵਾਦੀ ਵਜੋਂ ਕਾਪ ਪਹਿਲੇ ਵਿਸ਼ਵ ਯੁੱਧ ਵਿਚ ਕੰਜ਼ਰਵੇਟਿਵ ਵਿਰੋਧੀ ਧੜੇ ਦਾ ਮੈਂਬਰ ਸੀ। ਇਸ ਨੇ ਐਡਮਿਰਲ ਐਲਫ੍ਰੈਡ ਫਾਨ ਟਿਰਪਿਟਸ ਨਾਲ ਮਿਲਕੇ 'ਜਰਮਨ ਫਾਦਰਲੈਂਡ ਪਾਰਟੀ' ਦੀ ਨੀਂਹ ਰੱਖੀ। ਸੰਨ 1918 ਦੇ ਇਨਕਲਾਬ ਪਿਛੋਂ ਕਾਪ ਰੀਕਸਟੈਗ ਲਈ ਚੁਣ ਲਿਆ ਗਿਆ ਅਤੇ ਇਸ ਨੇ ਮੁੜ ਰਾਜਤੰਤਰ ਸਥਾਪਤ ਕਰਨ ਲਈ ਬਹੁਤ ਸਰਗਰਮੀ ਨਾਲ ਕੰਮ ਕੀਤਾ। ਸੰਨ 1920 ਵਿਚ ਕਾਪ ਨੇ ਸਰਕਾਰ ਦਾ ਤਖ਼ਤਾ ਉਲਟਾਉਣ ਦੀ ਇਕ ਅਸਫਲ ਕੋਸ਼ਿਸ਼ ਕੀਤੀ ਅਤੇ ਆਪਣੇ ਕੁਝ ਸਾਜ਼ਸ਼ੀਆਂ ਨਾਲ ਸਵੀਡਨ ਨੂੰ ਭੱਜ ਗਿਆ ਪਰ ਛੇਤੀ ਹੀ ਮੁਕੱਦਮਾ ਚਲਵਾਉਣ ਲਈ ਇਹ ਵਾਪਸ ਆ ਗਿਆ।

ਇਸ ਦੀ ਮੌਤ 12 ਜੂਨ, 1922 ਨੂੰ ਲਾਈਪਸਿਗ ਵਿਖੇ ਹੋਈ।

ਹ. ਪੂ.—ਐਨ. ਬ੍ਰਿ. ਮਾ. 5 : 701

**ਕਾਪਾਲਿਕ :** ਸ਼ੈਵ ਸੰਪ੍ਰਦਾ ਦੇ ਅਧੀਨ ਨਕੁਲੀਸ਼ ਜਾਂ ਲਕੁਲੀਸ਼ ਨੂੰ ਪਸ਼ੁਪਤ (ਪਸ਼ੂ ਵੰਡਣ ਵਾਲੇ) ਮੱਤ ਦਾ ਬਾਨੀ ਮੰਨਿਆ ਜਾਂਦਾ ਹੈ। ਪਸ਼ੁਪਤ ਸੰਪ੍ਰਦਾ ਦਾ ਸਮਾਂ ਦੂਜੀ ਈ. ਪੂ. ਮੰਨਿਆ ਜਾਂਦਾ ਹੈ। ਇਸੇ ਸੰਪ੍ਰਦਾ ਦੀਆਂ ਹੀ ਕਾਲਮੁਖ ਅਤੇ ਕਾਪਾਲਿਕ ਵਿਸ਼ੇਸ਼ ਸ਼ਾਖਾਵਾਂ ਹੋਈਆਂ ਹਨ। ਪਹਿਲੀ ਸ਼ਾਖਾ ਮੁੱਖ ਰੂਪ ਵਿਚ ਰਾਜ ਦਰਬਾਰਾਂ ਅਤੇ ਸ਼ਹਿਰਾਂ ਤੱਕ ਸੀਮਤ ਰਹੀ ਪਰੰਤੂ ਕਾਪਾਲਿਕ ਮੱਤ ਦੱਖਣ ਅਤੇ ਉੱਤਰ ਭਾਰਤ ਵਿਚ ਗੁਪਤ-ਸਾਧਨਾਂ ਦੇ ਰੂਪ ਵਿਚ ਫੈਲਿਆ। ਮਹੇਸ਼ਵਰ ਕਾਪਾਲਿਕਾਂ ਦੇ ਦੇਵਤਾ ਸਨ। ਗੋਰਖ ਸਿਧਾਂਤ ਸੰਗ੍ਰਹਿ ਅਨੁਸਾਰ ਸ੍ਰੀ ਨਾਥ ਦੇ ਦੂਤਾਂ ਨੇ ਜਦੋਂ ਵਿਸ਼ਨੂੰ ਦੇ ਚੌਵੀ ਅਵਤਾਰਾਂ ਦੇ ਸਿਰ ਕੱਟ ਲਏ ਤਾਂ ਉਨ੍ਹਾਂ ਨੂੰ ਕਾਪਾਲਿਕ ਕਿਹਾ ਗਿਆ। ਇਸ ਤੋਂ ਅਤੇ ਹੋਰ ਬਹੁਤ ਕਥਾਵਾਂ ਤੋਂ ਵੈਸ਼ਨਵ ਮੱਤ ਦੇ ਕਾਪਾਲਿਕਾਂ ਜਾਂ ਸ਼ੈਵ ਸੰਪ੍ਰਦਾ ਦੇ ਵਿਰੋਧ ਦਾ ਪਤਾ ਲਗਦਾ ਹੈ। ਇਹ ਸੰਪ੍ਰਦਾ ਪਸ਼ੁਪਾਤ ਜਾਂ ਸ਼ੈਵ ਸੰਪ੍ਰਦਾ ਦਾ ਉਹ ਅੰਗ ਹੈ, ਜਿਸ ਵਿਚ ਵਾਮਾਚਾਰ ਆਪਣੀ ਸ਼ਿਖਰ ਤੇ ਹੈ। ਇਸ ਵਿਚ ਪ੍ਰਚਲਤ ਸਾਧਨਾਵਾਂ ਵਜਰਯਾਨੀ ਸਾਧਨਵਾਂ ਨਾਲ ਕਾਫ਼ੀ ਮਿਲਦੀਆਂ-ਜੁਲਦੀਆਂ ਹਨ। ਇਹ ਕਹਿਣਾ ਔਖਾ ਹੈ ਕਿ ਕਾਪਾਲਿਕ ਸੰਪ੍ਰਦਾ ਦਾ ਆਰੰਭ ਵਜਰਯਾਨੀ ਪਰੰਪਰਾਵਾਂ ਤੋਂ ਹੋਇਆ ਜਾਂ ਸ਼ੈਵ ਜਾਂ ਨਾਥ ਸੰਪ੍ਰਦਾ ਦੈਂਤ-ਦੇਵ ਪਰੰਪਰਾ ਦੇ ਦੇਵਤਿਆਂ ਅਤੇ ਸਾਧਨਾਵਾਂ ਦਾ ਸਿੱਧਾ ਪ੍ਰਭਾਵ ਸ਼ੈਵ ਅਤੇ ਬੋਧੀ ਕਾਪਾਲਿਕਾ ਤੇ ਪਿਆ ਕਿਉਂਕਿ ਤਿੰਨਾਂ ਵਿਚ ਹੀ ਲਗਭਗ ਕਈ ਦੇਵਤਾ ਸਮਾਨ ਗੁਣ, ਧਰਮ ਅਤੇ ਸੁਭਾ ਵਾਲੇ ਹਨ। ਬੁੱਧ ਧਰਮ ਵਿਚ ਇਸਤਰੀ ਗਮਨ ਨੂੰ ਜ਼ਰੂਰੀ ਮੰਨਣ ਵਾਲੇ ਲੋਕ ਆਪਣੇ ਆਪ ਨੂੰ ਕਪਾਲੀ ਕਹਾਉਂਦੇ ਸਨ। ਪ੍ਰਾਚੀਨ ਸਾਹਿਤ (ਮਾਲਤੀਮਾਧਵ) ਵਿਚ ਕਪਾਲ ਕੁੰਡਲਾ ਅਤੇ ਅਘੋਰਘੰਟ ਦਾ ਉਲੇਖ ਮਿਲਦਾ ਹੈ। ਇਸ ਅਨੁਸਾਰ ਕਾਪਾਲਿਕ ਮੱਤ ਨਾਲ ਸੰਪ੍ਰਦਾ ਅਤੇ ਹਠ ਯੋਗੀਆਂ ਵਾਂਗਰ ਚੱਕਰ ਅਤੇ ਨਾੜੀਆਂ ਵਿਚ ਵਿਸ਼ਵਾਸ਼ ਰਖਦਾ ਸੀ। ਇਸ ਵਿਚ ਜੀਵ ਅਤੇ ਸ਼ਿਵ ਵਿਚ ਅਭੇਦਤਾ ਮੰਨੀ ਗਈ ਹੈ। ਯੋਗ ਤੋਂ ਹੀ ਸ਼ਿਵ ਦਾ ਪ੍ਰਤੱਖ ਦਰਸ਼ਨ ਸੰਭਵ ਹੈ। ਸ਼ਿਵ ਦੀ ਸ਼ਕਤੀ ਵਾਲਾ ਰੂਪ ਹੀ ਸਮਰਥ ਅਤੇ ਪ੍ਰਭਾਵਸ਼ਾਲੀ ਹੈ। ਸ਼ਿਵ ਅਤੇ ਸ਼ਕਤੀ ਦੇ ਇਸ ਮਿਲਨ-ਅਨੰਦ ਨੂੰ ਹੀ ਕਾਪਾਲਿਕ ਆਪਣੀ ਕਪਾਲਿਨੀ ਦੇ ਮਾਧਿਅਮ ਨਾਲ ਅਨੁਭਵ ਕਰਦਾ ਹੈ, ਜਿਸ ਨੂੰ ਉਹ ਮਹਾਂਸੁਖ ਦੀ ਸੰਗਿਆ ਦਿੰਦਾ ਹੈ। ਸੋਮ ਨੂੰ ਕਾਪਾਲਿਕ ਸ਼ਕਤੀ ਸਹਿਤ ਸ਼ਿਵ ਦਾ ਹੀ ਪ੍ਰਤੀਕ ਮੰਨਦਾ ਹੈ ਅਤੇ ਉਸ ਦੀ ਪ੍ਰਾਪਤੀ ਤੋਂ ਪ੍ਰਸੰਨ ਹੋ ਕੇ ਯੋਗਨੀ ਨਾਲ ਵਿਚਾਰ ਕਰਦੇ ਹੋਏ ਕੈਲਾਸ਼ ਵਾਸੀ ਸ਼ਿਵ ਵਾਂਗ ਆਪਣੇ ਆਪ ਨੂੰ ਅਨੁਭਵ ਕਰਦਾ ਹੈ। ਸ਼ਰਾਬ, ਮਾਸ, ਮੱਛੀ, ਮੁਦਰਾ ਅਤੇ ਮਿਥੁਨ ਇਨ੍ਹਾਂ ਪੰਚਮਕਾਰ ਦੇ ਨਾਲ ਕਾਪਾਲਿਕਾਂ, ਸ਼ਕਤੀ ਅਤੇ ਵਜਰਯਾਨੀ ਸਿੱਧਾਂ ਦਾ

ਬਰਾਬਰ ਦਾ ਸਬੰਧ ਸੀ ਅਤੇ ਪੂਰਵ ਮੱਧ ਕਾਲ ਦੀਆਂ ਸਾਧਨਾਵਾਂ ਵਿਚ ਇਨ੍ਹਾਂ ਦਾ ਮਹੱਤਵਪੂਰਨ ਸਥਾਨ ਸੀ ।

ਹ. ਪੁ.—ਹਿੰ. ਵਿ. ਕੋ. 2 : 450

**ਕਾਪੀਸ** : ਫ਼ਿਲਪੀਨ ਦਾ ਇਹ ਇਕ ਪ੍ਰਾਂਤ ਹੈ ਜੋ ਪਾਨਾਈ ਟਾਪੂ ਦੇ ਉੱਤਰੀ ਹਿੱਸੇ ਵਿਚ ਵਾਕਿਆ ਹੈ । ਇਸ ਦਾ ਖੇਤਰਫਲ 2,633 ਵ. ਕਿ, ਮੀ. ਹੈ ਅਤੇ ਆਬਾਦੀ 492,231 (1981) ਹੈ । ਇਸ ਦੇ ਸਾਹਿਲ ਵਿਚ ਸੈਪੀਅਨ ਤੇ ਪਿਲਰ ਖਾੜੀਆਂ ਨੇ ਵੱਡੀਆਂ ਵੱਡੀਆਂ ਦਰਾੜਾਂ ਪਾਈਆਂ ਹੋਈਆਂ ਹਨ । ਇਸ ਵਿਚ ਚਾਵਲ, ਗੰਨਾ, ਨਾਰੀਅਲ ਤੇ ਅਬਾਕਾ (ਕੇਲੇ ਵਰਗਾ ਪੌਦਾ) ਦੀ ਖੇਤੀ ਹੁੰਦੀ ਹੈ । ਇਥੇ ਚਾਵਲ ਆਪਣੀ ਲੋੜ ਤੋਂ ਕਿਤੇ ਵੱਧ ਹੁੰਦਾ ਹੈ ਅਤੇ ਨਾਲ ਲਗਦੇ ਟਾਪੂਆਂ ਨੂੰ ਭੇਜਿਆ ਜਾਂਦਾ ਹੈ । ਇਥੇ ਮੱਛੀਆਂ ਫੜੀਆਂ ਜਾਂਦੀਆਂ ਹਨ । ਰੌਕਸਸ ਇਸ ਪ੍ਰਾਂਤ ਦੀ ਰਾਜਧਾਨੀ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 528

**ਕਾਪੈਲਾ, ਮਾਰਸ਼ੀਏਨਸ ਮਿਨਸ ਫੀਲਿਕਸ** : ਇਹ ਉੱਤਰੀ ਅਫ਼ਰੀਕਾ ਦਾ ਵਸਨੀਕ ਸੀ ਅਤੇ ਕਾਰਥਿਜ਼ ਵਿਖੇ ਵਕੀਲ ਰਿਹਾ ਸੀ । ਇਸ ਨੇ ਅੰਕ ਗਣਿਤ, ਜੋਤਿਸ਼, ਸੰਗੀਤ ਵਿਆਕਰਣ, ਸਾਹਿਤ-ਸ਼ਾਸਤਰ ਅਤੇ ਤਰਕ-ਸ਼ਾਸਤਰ ਦੀ ਭੂਮਿਕਾ ਵਿਚ ਜੋਕਿ 400 ਈ. ਦੇ ਲਾਗੇ ਚਾਗੇ ਪਰ ਯਕੀਨੀ ਤੌਰ ਤੇ 439 ਈ. ਤੋਂ ਪਹਿਲਾਂ ਲਿਖੀ, ਗਦ ਅਤੇ ਪਦ ਦੋਹਾਂ ਨੂੰ ਮਿਲਾ ਦਿੱਤਾ । ਇਹ ਕੰਮ ਇਸ ਨੇ ਬੁਢੇਪੇ ਵਿਚ ਕੀਤਾ ਅਤੇ ਆਪਣੇ ਲੜਕੇ ਦੇ ਨਾਂ ਸਮਰਪਿਤ ਕਰ ਦਿੱਤਾ । ਇਸ ਸਮੁੱਚੇ ਕੰਮ ਦੇ ਨਾਂ ਦਾ ਕੁੱਝ ਪਤਾ ਨਹੀਂ ਲਗਦਾ ।

ਇਸ ਦੀ ਵਾਰਤਕ ਅਕਸਰ ਰੁੱਖੀ ਅਤੇ ਨੀਰਸ ਹੈ ਪਰੰਤੂ ਇਸ ਦੇ ਕੁਝ ਭਾਗਾਂ ਤੇ ਐਪੁਲੀਅਸ ਦੀ 'ਮੈਟਾਮੋਰਫੋਸਿਸ' ਦੀ ਸ਼ੈਲੀ ਦਾ ਅਸਰ ਹੈ ਅਤੇ ਸਗੋਂ ਉਸ ਨਾਲੋਂ ਵੀ ਵਧੇਰੇ ਸੁੰਦਰ ਹੈ । ਇਸ ਦੀ ਕਵਿਤਾ ਵਧੇਰੇ ਢੁਕਵੀਂ ਹੈ ।

ਹ. ਪੁ.—ਐਨ. ਬ੍ਰਿ. 4 : 816

**ਕਾਪੋਸ਼ਵਾਰ** : ਦੱਖਣ-ਪੱਛਮੀ ਹੰਗਰੀ ਵਿਚ ਸ਼ੋਮੋਗੀ ਨਾਂ ਦੀ ਕਾਊਂਟੀ ਦਾ ਸਦਰ-ਮੁਕਾਮ ਹੈ ਜੋ ਕਾਪੋਸ ਦਰਿਆ ਦੇ ਉੱਤਰੀ ਕੰਢੇ ਉਤੇ ਸਥਿਤ ਹੈ । ਇਹ ਕਾਊਂਟੀ ਦੀ ਵੱਡੀ ਮੰਡੀ ਹੈ ਅਤੇ ਇਸ ਨੇ ਹੰਗਰੀ ਦੀ ਕਲਾ ਅਤੇ ਕਵਿਤਾ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ । ਇਕ ਕਿਲੇ ਦੇ ਖੰਡਰ ਅੱਜ ਵੀ ਇਥੇ ਮੌਜੂਦ ਹਨ । ਇਸ ਕਿਲੇ ਉਤੇ ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਵਿਚ ਤੁਰਕਾਂ ਨੇ ਤਿੰਨ ਵਾਰ ਕਬਜ਼ਾ ਕੀਤਾ ਸੀ । ਨਵੇਂ ਨਮੂਨੇ ਤੇ ਬਣਾਇਆ ਪੈਰਿਸ ਗਿਰਜਾ ਘਰ, 1737-40 ਈ. ਵਿਚ ਪਹਿਲਾਂ ਬਣਾਇਆ ਗਿਆ ਸੀ । ਸੰਨ 1966 ਵਿਚ ਇਥੇ ਗਿਆਰ੍ਹਵੀਂ ਸਦੀ ਦਾ ਬਣਿਆ ਬੈਨੇਡਿਕਟਿਨੀ ਮੱਠ ਮਿਲਿਆ ਸੀ ਜਿਸ ਨੂੰ ਅੱਜ ਤੀਕ ਸੰਭਾਲਿਆ ਹੋਇਆ ਹੈ । ਇਥੇ ਰਾਈ, ਆਲੂ, ਚਕੰਦਰ ਅਤੇ ਤੰਬਾਕੂ ਪੈਦਾ ਕੀਤੇ ਜਾਂਦੇ ਹਨ । ਸੂਤੀ ਕੱਪੜਾ, ਇਟਾਂ, ਜ਼ਰਾਇਤੀ ਮਸ਼ੀਨਰੀ ਤਿਆਰ ਕਰਨ ਅਤੇ ਖੰਡ ਸਾਫ਼ ਕਰਨਾ ਇਥੋਂ ਦੇ ਪ੍ਰਸਿੱਧ ਉਦਯੋਗ ਹਨ ।

ਆਬਾਦੀ—72,330 (1980)

46° 22′ ਉ. ਵਿਥ.; 17° 47′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 226; ਐਨ. ਬ੍ਰਿ. ਮਾ. 5 : 701

**ਕਾਪੋਦਿਸਤ੍ਰੀਆਸ, ਇਓਆਨਿੱਸ ਆਂਟੋਨੀਓਸ** (Kapodistrias, Ioannis Antonios) : ਅਲੈਗਜ਼ੈਂਡਰ ਪਹਿਲੇ ਦੇ ਰਾਜਕਾਲ ਦੌਰਾਨ ਰੂਸੀ ਬਦੇਸ਼ੀ ਸੇਵਾ ਅਤੇ ਆਜ਼ਾਦੀ ਦੇ ਸੰਘਰਸ਼ ਵਿਚ ਮਹਾਨ ਯੋਗਦਾਨ ਪਾਉਣ ਵਾਲੇ ਇਸ ਵਿਸ਼ਵ-ਪ੍ਰਸਿੱਧ



ਕਾਪੋਦਿਸਤ੍ਰੀਆਸ

ਨੀਤੀਵਾਨ ਦਾ ਜਨਮ 11, ਫ਼ਰਵਰੀ, 1776 ਨੂੰ ਕੋਰਕਿਰਾ (ਹੁਣ ਯੂਨਾਨ ਵਿਚ) ਹੋਇਆ । ਰੂਸ ਅਤੇ ਤੁਰਕੀ ਦੇ ਫਰਾਂਸੀਸੀਆਂ ਨੂੰ ਆਈਓਨੀਅਨ ਦੀਪ ਵਿਚੋਂ ਕੱਢਣ ਵਿਚ ਵੀ ਇਸ ਨੇ ਕਾਫ਼ੀ ਕੰਮ ਕੀਤਾ । ਨਵੇਂ ਰਾਜ ਦਾ ਦੂਜਾ ਸੰਵਿਧਾਨ ਲਿਖਣ ਵਿਚ ਇਹ ਸ਼ਾਮਲ ਸੀ ਅਤੇ ਰਾਜ ਦਾ 'ਸੈਕਟਰੀ ਆਫ ਸਟੇਟ' (1803) ਬਣ ਗਿਆ । 1807 ਵਿਚ ਫਰਾਂਸੀਸੀਆਂ ਦੇ ਦੀਪਾਂ ਨੂੰ ਮੁੜ ਆਪਣੇ ਕਬਜ਼ੇ ਵਿਚ ਲੈ ਲੈਣ ਤੇ ਇਹ ਰੂਸੀ ਬਦੇਸ਼ੀ ਸੇਵਾ (1809) ਵਿਚ ਸ਼ਾਮਲ ਹੋ ਗਿਆ ਅਤੇ ਬਲਕਾਨ ਮਾਮਲਿਆਂ ਸਬੰਧੀ ਮਾਹਰ ਦੇ ਤੌਰ ਤੇ ਕੰਮ ਕੀਤਾ । ਸੰਨ 1812 ਵਿਚ ਲੋਅਰ ਮੈਨਿਊਬ ਗਿਆ । ਉਪਰਲੀਆਂ ਹਥਿਆਰਬੰਦ ਫੌਜਾਂ ਦਾ ਕਮਾਂਡਰ ਬਣਾ ਦਿਤਾ ਗਿਆ । ਜਦੋਂ ਇਸ ਦੀ ਫੌਜ ਨੇ ਨੈਪੋਲੀਅਨ ਦੇ ਰੂਸ ਉਪਰਲੇ ਹਮਲੇ (1812) ਦਾ ਮੁਕਾਬਲਾ ਕਰਨ ਲਈ ਉੱਤਰ ਵਲ ਨੂੰ ਕੂਚ ਕਰ ਲਿਆ ਤੇ ਪਿਛੋਂ ਕਾਪੋ ਦਿਸਤ੍ਰੀਆਸ ਨੂੰ ਆਰਮੀ ਸਟਾਫ਼ ਲਈ ਅੰਤਰ-ਰਾਜਨੀਤੀਵੇਤਾ ਨਿਯੁਕਤ ਕਰ ਦਿਤਾ ਗਿਆ ਅਤੇ ਫਿਰ ਬਾਦਸ਼ਾਹ ਅਲੈਗਜ਼ੈਂਡਰ ਨੇ ਇਕ ਵਿਸ਼ੇਸ਼ ਮਿਸ਼ਨ (1814) ਲਈ ਸਵਿਟਜ਼ਰਲੈਂਡ ਭੇਜ ਦਿਤਾ ।

ਇਸ ਨੇ 1814-15 ਵਿਚ ਯੁੱਧ ਤੋਂ ਬਾਅਦ ਹੋਏ ਵੀਆਨਾ ਸੰਮੇਲਨ ਵਿਚ ਹਿੱਸਾ ਲੈਣ ਪਿਛੋਂ ਕਾਪੋਦਿਸਤ੍ਰੀਆਸ ਦਾ ਸਭ ਤੋਂ ਵਧ ਅਸਰ ਰਸੂਖ ਵਾਲਾ ਸਲਾਹਕਾਰ ਬਣ ਗਿਆ ਅਤੇ ਜਨਵਰੀ, 1816 ਤੋਂ ਪਿਛੋਂ ਇਸ ਨੂੰ ਬਦੇਸ਼ ਮੰਤਰਾਲੇ ਦੇ ਡਾਇਰੈਕਟਰ ਨਾਲ ਹੀ ਰੂਸ ਦੀ ਬਦੇਸ਼ੀ ਨੀਤੀ ਨੂੰ ਚਲਾਉਣ ਦੀ ਬਰਾਬਰ ਦੀ ਜ਼ਿੰਮੇਵਾਰੀ ਸੌਂਪ ਦਿਤੀ ।

ਕਾਪੋਦਿਸਤ੍ਰੀਆਸ, ਅਲੈਗਜ਼ੈਂਡਰ ਦੀ ਆਸਟਰੀਆ ਅਤੇ ਪ੍ਰਸ਼ਾ ਨਾਲ ਕੀਤੀ 'ਧਰਮ-ਸੰਧੀ' ਦੇ ਖਿਲਾਫ਼ ਸੀ ਅਤੇ ਫਿਰ ਜਦੋਂ ਅਲੈਗਜ਼ੈਂਡਰ ਨੇ ਯੂਨਾਨ ਵਲੋਂ ਤੁਰਕੀ ਵਿਰੁੱਧ ਕੀਤੇ ਗਏ ਵਿਦਰੋਹ (ਮਾਰਚ, 1821) ਦੀ ਮੱਦਦ ਕਰਨ ਤੋਂ ਨਾਂਹ ਕਰ ਦਿਤੀ ਤਾਂ ਕਾਪੋਦਿਸਤ੍ਰੀਆਸ ਨੇ ਰੂਸੀ ਸੇਵਾ ਤੋਂ ਲੰਬੇ ਸਮੇਂ ਦੀ ਛੁੱਟੀ ਲੈ ਲਈ ਅਤੇ ਜੈਨੇਵਾ ਵਿਚ ਜਾ ਵਸਿਆ । ਜੈਨੇਵਾ ਵਿਚ ਰਹਿੰਦਿਆਂ ਇਹ ਯੂਨਾਨ ਦੇ ਬਾਗੀਆਂ ਨੂੰ ਉੱਨਾ ਚਿਰ ਤੀਕ ਸਮੱਗਰੀ ਦਿੰਦਾ ਰਿਹਾ ਅਤੇ ਅਖਲਾਕੀ ਹੌਂਸਲਾ ਹਫ਼ਜ਼ਾਈ ਕਰਦਾ ਰਿਹਾ ਜਿੰਨਾ ਚਿਰ ਤੀਕ ਇਹ ਅਪ੍ਰੈਲ, 1827 ਵਿਚ ਯੂਨਾਨ ਦਾ ਪ੍ਰੈਜ਼ੀਡੈਂਟ ਨਹੀਂ ਚੁਣ ਲਿਆ ਗਿਆ ।

ਰੂਸੀ ਸੇਵਾ ਤੋਂ ਅਸਤੀਫ਼ਾ ਦੇਣ ਉਪਰੰਤ ਇਸ ਨੇ ਯੂਨਾਨ ਦੀ ਆਜ਼ਾਦੀ ਦੇ ਯੁੱਧ ਸਬੰਧੀ ਵਿਤ ਅਤੇ ਅੰਤਰ-ਰਾਜਨੀਤਿਕ ਸਹਾਇਤਾ ਪ੍ਰਾਪਤ ਕਰਨ ਹਿਤ ਯੂਰਪ ਦਾ ਦੌਰਾ ਕੀਤਾ ਅਤੇ ਜਨਵਰੀ, 1828 ਨੂੰ ਨਾਪਲਿਆ (ਯੂਨਾਨ ਦੀ ਰਾਜਧਾਨੀ) ਜਾ ਪਹੁੰਚਿਆ । ਪਿਛੋਂ ਇਸ ਨੇ ਆਪਣੀ ਸਾਰੀ ਤਾਕਤ ਯੂਨਾਨ ਦੀਆਂ ਸਰਹੱਦਾਂ ਦੇ ਨਿਪਟਾਰੇ ਅਤੇ ਨਵੇਂ ਬਾਦਸ਼ਾਹ ਦੀ ਚੋਣ ਸਬੰਧੀ ਬਰਤਾਨੀਆ, ਫਰਾਂਸ ਅਤੇ ਰੂਸ ਨਾਲ ਗਲਬਾਤ ਕਰਨ ਵਿਚ ਲਾ ਦਿਤੀ । ਇਸ ਨੇ ਪ੍ਰਭਾਵਸ਼ਾਲੀ ਸਰਕਾਰ ਸਥਾਪਤ ਕਰਨ ਅਤੇ ਤਾਕਤਵਰ ਅਰਧ-ਖ਼ੁਦਮੁਖ਼ਤਾਰ ਸਥਾਨਕ ਨੇਤਾਵਾਂ ਨੂੰ ਨਵੇਂ ਰਾਜ ਦੀ ਸਰਕਾਰ ਦੇ ਮਾਤਾਹਿਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ।

9 ਅਕਤੂਬਰ, 1831 ਨੂੰ, ਇਸ ਨੂੰ ਨਾਪਲਿਆ ਵਿਖੇ ਕਤਲ ਕਰ ਦਿਤਾ ਗਿਆ ।

ਹ. ਪੁ.—ਐਨ. ਬ੍ਰਿ. ਮਾ. 5 : 700

**ਕਾਪੋਨੀ, ਜੀਨੋ :** ਇਟਲੀ ਦਾ ਇਹ ਇਕ ਵਿਦਵਾਨ ਅਤੇ ਉੱਘਾ ਇਤਿਹਾਸਕਾਰ ਸੀ। ਇਸ ਦਾ ਜਨਮ 13 ਸਤੰਬਰ, 1972 ਵਿਚ ਫਲੋਰੈਂਸ ਵਿਖੇ ਹੋਇਆ।

ਇਸ ਨੇ ਆਪਣੇ ਜੀਵਨ ਕਾਲ ਵਿਚ ਬਹੁਤ ਦੂਰ ਦੂਰ ਤਕ ਸਫ਼ਰ ਕੀਤਾ ਅਤੇ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ, ਰਸਮਾਂ-ਰਿਵਾਜਾਂ ਅਤੇ ਸਿਖਿਆ ਪ੍ਰਣਾਲੀਆਂ ਬਾਰੇ ਅਧਿਐਨ ਕੀਤਾ। ਸੰਨ 1848 ਵਿਚ ਕੁਝ ਦੇਰ ਲਈ ਇਹ ਟਸਕੌਨ ਸਰਕਾਰ ਦਾ ਮੁਖੀ ਵੀ ਰਿਹਾ। ਸੰਨ 1859 ਵਿਚ ਇਹ ਟਸਕਾਨੀ ਦੀ ਸੰਵਿਧਾਨਕ ਕਨਵੈਨਸ਼ਨ ਦਾ ਮੈਂਬਰ ਵੀ ਰਿਹਾ। ਸੰਨ 1860 ਵਿਚ ਇਸ ਨੂੰ ਇਟਲੀ ਦਾ ਸੈਨੇਟਰ ਚੁਣ ਲਿਆ ਗਿਆ ਅਤੇ 1862 ਵਿਚ ਇਸ ਨੇ ਟਸਕਾਨੀ, ਅੰਧਰੀਆ ਅਤੇ ਮਾਰਚੈਜੋਂ ਲਈ ਕਮਿਸ਼ਨ ਦੀ ਅਗਵਾਈ ਕੀਤੀ।

3 ਫ਼ਰਵਰੀ, 1876 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 853; ਐਨ. ਐਮ. 5 : 570.

**ਕਾਫ਼ਕਾ, ਕੁਰਟ :** ਇਸ ਮਨੋਵਿਗਿਆਨੀ ਅਤੇ ਗੈਸਟਾਲਟ ਸਕੂਲ ਆਫ਼ ਸਾਈਕਾਲੋਜੀ ਦੀ ਸਥਾਪਨਾ ਕਰਨ ਵਾਲੇ ਮੁੱਖੀ ਦਾ ਜਨਮ 18 ਮਾਰਚ, 1886 ਨੂੰ ਬਰਲਿਨ ਵਿਖੇ ਹੋਇਆ। ਇਸ ਸਕੂਲ ਦੁਆਰਾ ਸਹਿਜ ਸ਼ਕਤੀ (Perception), ਸੋਚ ਸ਼ਕਤੀ, ਗਿਆਨ ਆਦਿ ਅੰਸ਼ਾਂ ਦਾ ਅਧਿਐਨ ਕੀਤਾ ਗਿਆ ਜਿਹੜੇ ਕਿ ਸਮੁਚੀ ਬਣਤਰ ਨੂੰ ਸੰਗਠਤ ਕਰਦੇ ਹਨ। ਗੈਸਟਾਲਟ ਸਿਧਾਂਤ ਦੇ ਜਨਮ ਦਾਤਾ ਮੈਕਸ ਵਰਧੀਮੇਰ ਦੁਆਰਾ ਕੀਤੇ ਗਏ ਸਹਿਜ ਸ਼ਕਤੀ ਸਬੰਧੀ ਪ੍ਰਯੋਗਾਂ ਵਿਚ ਮਨੋਵਿਗਿਆਨੀ ਵੌਲਫ਼ਗੈਂਗ ਕੋਹਲਰ ਨਾਲ 1912 ਈ. ਵਿਚ ਕੰਮ ਕੀਤਾ ਅਤੇ ਗੀਸੈਨ ਯੂਨੀਵਰਸਿਟੀ ਵਿਚ 1911 ਤੋਂ 1924 ਤਕ ਕੰਮ ਕੀਤਾ। ਕਈ ਸਾਲਾਂ ਤਕ ਲਗਾਤਾਰ ਇਹ ਗੈਸਟਾਲਟ ਲਹਿਰ ਦਾ ਬੁਲਾਰਾ ਰਿਹਾ, ਜਿਸ ਨੇ ਆਲੋਚਨਾਵਾਂ ਦਾ ਉੱਤਰ ਦਿਤਾ ਅਤੇ ਪ੍ਰਯੋਗਾਂ ਦੁਆਰਾ ਕੀਤੀਆਂ ਗਈਆਂ ਖੋਜਾਂ ਸਬੰਧੀ ਅਨੇਕਾਂ, ਲੇਖ ਲਿਖੇ। ਇਸ ਦੇ ਪ੍ਰਮੁੱਖ ਕੰਮਾਂ ਵਿਚ 'ਦੀ ਗਰੋਥ ਆਫ਼ ਦੀ ਮਾਈਂਡ (1921; ਅੰਗਰੇਜ਼ੀ ਐਡੀਸ਼ਨ-1924) ਸਭ ਤੋਂ ਉੱਤਮ ਸੀ, ਜਿਸ ਵਿਚ ਇਸ ਨੇ ਗੈਸਟਾਲਟ ਸਿਧਾਂਤਾਂ ਦੀ ਬੱਚਿਆਂ ਦੇ ਮਨੋਵਿਗਿਆਨ ਦੇ ਅਧਿਐਨ ਲਈ ਵਿਆਖਿਆ ਕੀਤੀ। ਇਸ ਦੀ 'ਪਰਸੈਪਸ਼ਨ-ਐਨ ਇੰਟਰੋਡਕਸ਼ਨ ਟੂ ਦੀ ਗੈਸਟਾਲਟ ਥਿਊਰੀ-1922' ਨਾਮੀ ਰਚਨਾ ਨੇ ਅਨੇਕਾਂ ਮਨੋਵਿਗਿਆਨੀਆਂ ਨੂੰ ਅਗਵਾਈ ਦਿਤੀ।

ਸੰਨ 1924 ਵਿਚ ਇਸ ਨੇ ਸੰਯੁਕਤ ਰਾਜ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਦੇ ਦੌਰੇ ਕੀਤੇ। ਸੰਨ 1927 ਵਿਚ ਸਮਿਥ ਕਾਲਜ ਵਿਖੇ ਮਨੋਵਿਗਿਆਨ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ ਅਤੇ ਬਾਕੀ ਦੀ ਸਾਰੀ ਜ਼ਿੰਦਗੀ ਇਸੇ ਅਹੁਦੇ ਤੇ ਹੀ ਰਿਹਾ। ਇਸ ਦੀ 'ਗੈਸਟਾਲਟ ਸਾਈਕਾਲੋਜੀ-1929' ਨਾਮੀ ਪੁਸਤਕ ਨੂੰ ਗੈਸਟਾਲਟ ਦੇ ਵਿਚਾਰਾਂ ਦੀ ਪ੍ਰਮੁਖ ਕ੍ਰਿਤ ਮੰਨਿਆ ਜਾਂਦਾ ਹੈ। 'ਪ੍ਰਿੰਸੀਪਲਜ਼ ਆਫ਼ ਗੈਸਟਾਲਟ ਸਾਈਕਾਲੋਜੀ-1935' ਨਾਮੀ ਇਸ ਦੀ ਇਕ ਹੋਰ ਪ੍ਰਮੁਖ ਕਿਰਤ ਹੈ, ਜਿਸ ਵਿਚ ਸਹਿਜ ਸ਼ਕਤੀ, ਸੋਚਨ ਸ਼ਕਤੀ ਅਤੇ ਸਿਖਣ ਢੰਗਾਂ ਦੀਆਂ ਸਮਾਜਕ ਕੀਮਤਾਂ ਬਾਰੇ ਪੂਰੇ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ।

22 ਨਵੰਬਰ, 1941 ਈ. ਨੂੰ ਨਾਰਥੈਂਪਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5: 868

**ਕਾਫਕਾ, ਫ੍ਰਾਂਟਸ :** ਇਹ ਪ੍ਰਸਿੱਧ ਜਰਮਨ ਲੇਖਕ ਸੀ। ਇਸ ਦੀਆਂ ਲਿਖਤਾਂ ਵਿਚ ਮਾਨਸਕ ਡੈ ਤੇ ਡਰਾਉਣੇ ਖਿਆਲ ਵਿਸ਼ੇਸ਼ ਗੁਣ ਹਨ, ਜੋ ਇਸ ਸਮੇਂ ਦੀਆਂ ਨਿਰਾਸ਼ਾਵਾਂ ਤੇ ਡਰਾਂ ਦੇ ਪ੍ਰਤੀਕ ਹਨ। ਭਾਵੇਂ ਛਪਣ ਸਮੇਂ ਇਸ ਦੇ ਮੌਲਿਕ ਨਾਵਲਾਂ ਨੇ ਲੋਕਾਂ ਦਾ ਧਿਆਨ ਨਹੀਂ ਖਿਚਿਆ ਪਰ ਦੂਜੇ ਸੰਸਾਰ ਯੁੱਧ ਮਗਰੋਂ ਜਰਮਨ ਤੇ ਬਦੇਸ਼ਾਂ ਵਿਚ ਇਹ ਬੜੇ ਪ੍ਰਸਿਧ ਹੋਏ। ਇਸ ਦਾ ਜਨਮ 3 ਜੁਲਾਈ, 1883 ਨੂੰ ਪ੍ਰੇਗ ਵਿਖੇ ਇਕ ਯਹੂਦੀ ਮਧ-ਸ਼੍ਰੇਣੀ ਪਰਿਵਾਰ ਵਿਚ ਹੋਇਆ। ਇਸ ਦੇ ਮੁੱਢਲੇ ਜੀਵਨ ਉਪਰ ਇਸ ਦੇ ਪਿਤਾ ਦਾ ਬਹੁਤ ਪ੍ਰਭਾਵ ਸੀ। ਪ੍ਰੇਗ ਯੂਨੀਵਰਸਟੀ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕਰਨ ਮਗਰੋਂ ਇਸ ਨੇ ਬੀਮਾਂ ਕੰਪਨੀ ਵਿਚ ਕੰਮ ਕੀਤਾ ਤੇ ਇਸ ਨੇ ਜੀਵਨ ਨੂੰ ਸਾਧਾਰਨ ਰੂਪ ਵਿਚ ਸਵੀਕਾਰ ਨਹੀਂ ਕੀਤਾ। ਇਸ ਨੇ ਆਪਣੇ ਪਿਤਾ ਦੇ ਹਾਵ-ਭਾਵ ਤੋਂ ਮੁਕਤ ਹੋਣ ਲਈ ਆਪਣੀ ਪ੍ਰੇਮਿਕਾ 'Milena Jesenska' ਨਾਲ ਸਾਂਵੇਂ ਸਬੰਧ ਰਖਣ ਅਤੇ ਉਸ ਨਾਲ ਪਿਆਰ ਨਿਭਾਉਣ ਲਈ ਬਹੁਤ ਹੀ ਆਤਮਕ ਪੀੜਾ ਸਹੀ। ਸੰਨ 1917 ਵਿਚ ਟੀ.ਬੀ. ਕਾਰਨ ਇਹ ਵੱਖ ਵੱਖ ਸੈਨੇਟੋਰੀਅਮਾਂ ਵਿਚ ਗਿਆ। ਸੰਨ 1922 ਵਿਚ ਇਸ ਨੇ ਪ੍ਰੇਗ ਛੱਡ ਦਿਤਾ ਤੇ ਬਰਲਿਨ ਚਲਾ ਗਿਆ। 3 ਜੂਨ, 1924 ਨੂੰ ਵੀਐਨਾ ਦੇ ਨੇੜੇ ਇਕ ਸੈਨੇਟੋਰੀਅਮ ਵਿਚ ਇਸ ਦੀ ਮੌਤ ਹੋ ਗਈ।


ਫ੍ਰਾਂਟਸ ਕਾਫਕਾ

ਇਸ ਦੇ ਜੀਵਨ ਕਾਲ ਵਿਚ ਇਸ ਦੀਆਂ ਥੋੜ੍ਹੀਆਂ ਜਿਹੀਆਂ ਲਿਖਤਾਂ ਹੀ ਛਪੀਆਂ ਸਨ। ਮਰਨ ਤੋਂ ਪਹਿਲਾਂ ਇਸ ਨੇ ਆਪਣੇ ਮਿੱਤਰ ਮੈਕਸ ਬ੍ਰਾਡ ਨੂੰ ਆਖਿਆ ਸੀ ਕਿ ਇਸ ਦੇ ਮਰਨ ਮਗਰੋਂ ਇਸ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਸਾੜ ਦੇਵੇ। ਪਰ ਖ਼ੁਸ਼ਕਿਸਮਤੀ ਨਾਲ ਬ੍ਰਾਡ ਨੇ ਅਜਿਹਾ ਨਾ ਕੀਤਾ ਅਤੇ ਤਿੰਨ ਨਾਵਲ— 'Der Prozess (1925) 'Das Schloss (1926)', 'Amerika (1927) ਅਤੇ ਬਹੁਤ ਸਾਰੇ ਛੋਟੇ ਰੇਖਾ-ਚਿਤਰ, ਡਾਇਰੀਆਂ ਤੇ ਅਖਾਣ ਰੂਪੀ ਵਾਕ ਪ੍ਰਕਾਸ਼ਿਤ ਕਰਵਾ ਦਿਤੇ।

ਹ. ਪੁ.—ਐਨ. ਬ੍ਰਿ. 13 : 185 ;

**ਕਾਫਰਡੈਮ :** ਪਾਣੀ ਵਿਚ ਉਸਾਰੀ ਕਰਨ ਜਾਂ ਨੀਹਾਂ ਭਰਨ ਲਈ ਪਾਣੀ ਦੀ ਰੋਕ ਲਈ ਬਣਾਏ ਗਏ ਆਰਜ਼ੀ ਬੰਨ੍ਹ ਨੂੰ ਕਾਫਰਡੈਮ ਜਾਂ ਕਾਫਰ-ਬੰਨ੍ਹ ਕਿਹਾ ਜਾਂਦਾ ਹੈ। ਇੰਜਨੀਅਰ ਇਸ ਥਾਂ ਨੂੰ ਇਸ ਤਰ੍ਹਾਂ ਘੇਰ ਲੈਂਦਾ ਹੈ ਕਿ ਇਸ ਵਿਚੋਂ ਲੋੜ ਸਮੇਂ ਇਕੱਠਾ ਹੋਇਆ ਪਾਣੀ ਬਾਹਰ ਕੱਢਿਆ ਜਾ ਸਕੇ। ਜਦੋਂ ਪਾਣੀ ਦੀ ਡੂੰਘਾਈ ਘੱਟ ਹੋਵੇ ਅਤੇ ਵਹਾਉ ਵੀ ਬਹੁਤ ਹੀ ਘੱਟ ਹੋਵੇ ਤਾਂ ਸਧਾਰਨ ਮਿੱਟੀ ਦਾ ਬੰਨ੍ਹ ਬਣਾਇਆ ਜਾਂਦਾ ਹੈ ਪਰ ਕਾਫਰਡੈਮ ਦੀ ਬਣਤਰ ਆਮ ਕਰਕੇ ਵਧੇਰੇ ਗੁੰਝਲਦਾਰ ਹੁੰਦੀ ਹੈ। ਪਹਿਲੀ ਕਿਸਮ ਦੇ ਕਾਫਰਡੈਮਾਂ ਵਿਚ ਲੱਕੜ ਦੀਆਂ ਸ਼ਤੀਰੀਆਂ ਦੀਆਂ ਦੋ ਕਤਾਰਾਂ ਨਾਲ ਇਕ ਦੂਜੇ ਨਾਲ ਜੁੜਵੇਂ ਖ਼ਾਨੇ ਬਣਾਏ ਜਾਂਦੇ ਹਨ, ਜਿਨ੍ਹਾਂ ਦੀ ਬਾਹਰਲੀ ਕੰਧ ਸਾਂਝੀ ਹੁੰਦੀ ਹੈ ਅਤੇ ਲੰਬਾਤਮਕ ਫ਼ੌਲਾਦ ਦੀ ਇਕ ਸ਼ੀਟ ਇਕ ਦੂਜੇ ਨੂੰ ਆਪਸ ਵਿਚ ਜੋੜਦੀ ਹੈ। ਇਹ ਸਮੁੱਚਾ ਢਾਂਚਾ ਕੰਮ ਵਾਲੀ ਥਾਂ ਨੂੰ ਘੇਰ ਲੈਂਦਾ ਹੈ, ਇਸ ਤਰ੍ਹਾਂ ਘੇਰ ਕੇ ਅੰਦਰਲੀ ਥਾਂ ਤੋਂ ਪਾਣੀ ਨੂੰ ਕੱਢ ਦਿਤਾ ਜਾਂਦਾ ਹੈ। ਇਕ ਕਾਫਰਡੈਮ ਨੂੰ ਘੱਟੋ ਘੱਟ ਇੰਨਾਂ ਮਜ਼ਬੂਤ ਹੋਣਾ ਜ਼ਰੂਰੀ ਹੈ ਕਿ ਉਹ ਹਰ ਤਰ੍ਹਾਂ ਦਾ ਬਾਹਰੀ ਦਬਾਉ ਆਦਿ ਸਹਿ ਸਕੇ।

ਹ. ਪੁ.—ਐਨ. ਬ੍ਰਿ. 6 : 30

**ਕਾਫ਼ਾ :** ਦੱਖਣ-ਪੱਛਮੀ ਇਥੋਪੀ[illegible] ਇਕ ਪ੍ਰਾਂਤ ਹੈ। ਇਸ ਦੇ ਪੂਰਬ ਵਲ ਓਮੋ ਦਰਿਆ ਅਤੇ [illegible] ਵਲ—ਸੁਡਾਨ ਦੇਸ਼ ਦੀ ਹੱਦ ਨਾਲ ਲੱਗਦੀ ਹੈ। ਇਸ ਦਾ [illegible] ਖੇਤਰਫਲ 54,600 ਵ. ਕਿ. ਮੀ. ਅਤੇ ਆਬਾਦੀ 1,704[illegible]0 (1982) ਹੈ। ਇਸ ਦੀ ਧਰਾਤਲ ਬਹੁਤ ਕਰਕੇ ਕੱਟੀ-ਵੱਢੀ [illegible]ਈ ਪਠਾਰੀ ਭੂਮੀ ਦੀ ਬਣੀ ਹੋਈ ਹੈ ਜਿਸ ਵਿਚ ਉਪਜਾਊ [illegible]ਲੀ ਪਹਾੜੀ ਇਲਾਕੇ ਹਨ। ਇਸ ਦੀ ਧਰਾਤਲ ਦੀ ਉੱਚਾਈ [illegible]00 ਤੋਂ 3,350 ਮੀ. ਤਕ ਹੈ। ਇਸ ਦਾ ਦੱਖਣੀ ਸਿਰਾ ਨੀਵਾਂ ਤੇ ਖੁਸ਼ਕ ਹੈ।

ਇਥੋਂ ਦੇ ਲੋਕ ਬਹੁਤਾ ਕਰਕੇ ਪਸ਼ੂ ਪਾਲਦੇ ਹਨ ਤੇ ਕੁਝ ਲੋਕ ਖੇਤੀ ਕਰਦੇ ਹਨ। ਇਥੋਂ ਦੀ ਮੁੱਖ ਉਪਜ ਕਾਫ਼ੀ ਹੈ ਜਿਸ ਦੇ ਬੂਟੇ ਇਥੋਂ ਦੇ ਜੰਗਲਾਂ ਵਿਚ ਕੁਦਰਤੀ ਤੌਰ ਤੇ ਉੱਗੇ ਹੋਏ ਹਨ। ਇਨ੍ਹਾਂ ਵਿਚੋਂ ਸਮੇਂ ਸਿਰ ਕਾਫ਼ੀ ਦੇ ਬੀਜ ਇਕੱਠੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਇਥੇ ਅਨਾਜ ਰਿੰਡ ਸਿਵਿਟ, (ਸਵਿਟ-ਬਿੱਲੀ ਤੋਂ ਪ੍ਰਾਪਤ ਹੋਣ ਵਾਲਾ ਖੁਸ਼ਬੂਦਾਰ ਪਦਾਰਥ) ਖੱਲਾਂ ਅਤੇ ਮਧੂ ਮੱਖੀ ਦੀ ਮੋਮ ਆਦਿ ਦਾ ਉਤਪਾਦਨ ਹੁੰਦਾ ਹੈ। ਇਸ ਦੇ ਨਾਲ ਹੀ ਇਥੋਂ ਬਹੁ-ਮੁੱਲੀ ਊਸ਼ਣ-ਖੰਡੀ ਲੱਕੜੀ ਵੀ ਪ੍ਰਾਪਤ ਹੁੰਦੀ ਹੈ।

ਇਹ ਪ੍ਰਾਂਤ ਦੇਸ਼ ਦੇ ਬਾਕੀ ਭਾਗਾਂ ਨਾਲ ਸੜਕਾਂ ਤੇ ਹਵਾਈ ਜਹਾਜ਼ਾਂ ਰਾਹੀਂ ਜੁੜਿਆ ਹੋਇਆ ਹੈ। 'ਜਿਮਾ' ਇਸ ਪ੍ਰਾਂਤ ਦੀ ਰਾਜਧਾਨੀ ਹੈ।

ਹ. ਪੁ.—ਐਮ. ਬ੍ਰਿ. ਮਾ. 5 : 746

**ਕਾਫ਼ਿਰਸਤਾਨ :** ਸ਼ਬਦਿਕ ਰੂਪ ਵਿਚ 'ਕਾਫ਼ਿਰਸਤਾਨ' ਤੋਂ ਭਾਵ ਕਾਫ਼ਰਾਂ ਦਾ ਦੇਸ਼ ਹੈ ਪਰ ਅੱਜਕੱਲ੍ਹ ਇਸ ਨੂੰ 'ਨੂਰਸਤਾਨ' ਆਖਦੇ ਹਨ ਅਰਥਾਤ 'ਬੁਧੀਜੀਵੀਆਂ ਦਾ ਦੇਸ਼'। ਅਫ਼ਗਾਨਿਸਤਾਨ ਵਿਚ ਇਹ ਇਕ ਪਹਾੜੀ ਇਲਾਕਾ ਹੈ ਜੋ ਜਲਾਲਾਬਾਦ (ਜਿਸ ਜ਼ਿਲ੍ਹੇ ਵਿਚ ਇਹ ਹੁਣ ਸ਼ਾਮਲ ਹੈ) ਦੇ ਬਿਲਕੁਲ ਉੱਤਰ ਵਲ ਸਥਿਤ ਹੈ। ਇਸ ਦਾ ਕੁਲ ਰਕਬਾ ਲਗਭਗ 13,000 ਵ. ਕਿ. ਮੀ. ਹੈ। ਇਸ ਦੇ ਉੱਤਰ ਵਲ ਹਿੰਦੂ-ਕੁਸ਼, ਪੂਰਬ ਵਲ ਬਸ਼ਗਲ ਦਾ ਪੂਰਬੀ ਜਲ-ਨਿਖੇੜ, ਦੱਖਣ ਵਲ ਕੁਨਾਰ ਵਾਦੀ ਅਤੇ ਕਾਬਲ ਅਤੇ ਪੱਛਮ ਵਲ ਨਿਜਰਾਓ ਅਤੇ ਪੰਜਸ਼ੀਰ ਵਾਦੀਆਂ ਦੀਆਂ ਉਪਰਲੀਆਂ ਪਰਬਤ ਲੜੀਆਂ ਹਨ। ਇਸ ਨੇ ਵੱਡੀਆਂ ਵਾਦੀਆਂ ਦੀਆਂ ਕਈ ਉੱਗੜ ਦੁੱਘੜੀਆਂ ਲੜੀਆਂ ਮੱਲੀਆਂ ਹੋਈਆਂ ਹਨ ਜੋ ਵਧੇਰੇ ਕਰਕੇ ਡੂੰਘੀਆਂ ਤੰਗ ਅਤੇ ਖਤਰਨਾਕ ਹਨ ਅਤੇ ਜਿਨ੍ਹਾਂ ਵਿਚ ਕਈ ਖੱਡਾਂ ਅਤੇ ਛੋਟੀਆਂ ਛੋਟੀਆਂ ਤੰਗ ਤੇ ਡੂੰਘੀਆਂ ਵਾਦੀਆਂ ਦਾ ਪਾਣੀ ਆ ਰਲਦਾ ਹੈ। ਮੁੱਖ ਵਾਦੀਆਂ ਨੂੰ ਵੱਖ ਕਰਨ ਵਾਲੀਆਂ ਪਹਾੜੀਆਂ ਬਹੁਤ ਉੱਚੀਆਂ ਅਤੇ ਉੱਗੜ ਦੁੱਘੜੀਆਂ ਹਨ ਅਤੇ ਇਨ੍ਹਾਂ ਉੱਤੇ ਆਸਾਨੀ ਨਾਲ ਨਹੀਂ ਚੜ੍ਹਿਆ ਜਾ ਸਕਦਾ। ਸਰਦੀਆਂ ਵਿਚ ਇਥੇ ਵੱਖ ਵੱਖ ਵਾਦੀਆਂ ਤੇ ਰਹਿਣ ਵਾਲੇ ਲੋਕਾਂ ਦਾ ਆਪਸੀ ਸੰਪਰਕ ਟੁਟ ਹੀ ਜਾਂਦਾ ਹੈ। ਵੇਖਣ ਤੋਂ ਜਾਪਦਾ ਹੈ ਕਿ ਸਾਰਾ ਇਲਾਕਾ ਜਲ-ਨਿਕਾਸ ਦੇ ਤਿੰਨ ਸਿਸਟਮਾਂ ਕਾਓ ਜਾਂ ਅਲਿੰਗਾਰ ਪੇਚ ਜਾਂ ਕਾਮਹ (ਇਹ ਨਾਂ ਇਸੇ ਹੀ ਨਾਂ ਦੇ ਪ੍ਰਸਿੱਧ ਦੱਰੇ ਪਿਛੋ ਰੱਖਿਆ ਗਿਆ ਹੈ) ਅਤੇ ਬਸ਼ਗਲ ਵਿਚ ਵੰਡਿਆ ਹੋਇਆ ਹੈ। ਅੰਤ ਨੂੰ ਇਹ ਸਾਰੇ ਨਾਲੇ ਕਾਬਲ ਦਰਿਆ ਵਿਚ ਜਾ ਰਲਦੇ ਹਨ।

ਕਾਫ਼ਿਰਸਤਾਨ ਵਿਚ ਹਰ ਕਿਸਮ ਦੇ ਪਰਬਤੀ ਦ੍ਰਿਸ਼ ਮਿਲਦੇ ਹਨ। ਘੱਟ ਉੱਚਾਈਆਂ ਉਤੇ ਪਹਾੜੀ ਪਾਸੇ ਜੰਗਲੀ ਜ਼ੈਤੂਨ ਅਤੇ ਸਦਾ ਬਹਾਰ ਬਲੂਤ ਦੇ ਰੁੱਖਾਂ ਨਾਲ ਢੱਕੇ ਹੋਏ ਹਨ। ਇਥੇ ਅਖਰੋਟ, ਸ਼ਹਿਤੂਤ, ਖੁਰਮਾਨੀ, ਸੇਬ ਅਤੇ ਅੰਗੂਰ ਦੇ ਫਲ ਬਹੁਤ ਮਿਲਦੇ ਹਨ ਪਰ ਗਰਮੀਆਂ ਦੇ ਮੌਸਮ ਵਿਚ ਬਨਖੋੜ ਅਤੇ ਹੋਰ ਦਰਖਤ ਸੁਹਾਵਣੀ ਛਾਂ ਦਿੰਦੇ ਹਨ। ਜਿਉਂ ਜਿਉਂ ਉਪਰ ਚੜ੍ਹਦੇ ਜਾਈਦਾ ਹੈ, ਫਲਦਾਰ ਦਰਖਤ ਕਿਤੇ ਵੀ ਨਜ਼ਰ ਨਹੀਂ ਆਉਂਦੇ ਅਤੇ ਇਨ੍ਹਾਂ ਦੀ ਥਾਂ ਚੀੜ ਦਿਉਦਾਰ ਦੇ ਸੰਘਣੇ ਜੰਗਲ ਆ ਜਾਂਦੇ ਹਨ। ਵਾਰੋ ਵਾਰੀ ਇਹ ਜੰਗਲ ਮੁੱਕ ਜਾਂਦੇ ਹਨ। 2,745 ਮੀ. ਦੀ ਉੱਚਾਈ ਤੇ ਪਹੁੰਚ ਕੇ ਇਹ ਪਹਾੜੀਆਂ ਲਗਭਗ ਬੰਜਰ ਹਨ। ਲਗਭਗ 3050 ਮੀ. ਦੀ ਉੱਚਾਈ ਤੇ ਬਨਸਪਤੀ ਬਿਲਕੁਲ ਨਹੀਂ ਮਿਲਦੀ। ਇਥੋਂ ਦੇ ਦਰਿਆ ਮੱਛੀਆਂ ਨਾਲ ਭਰੇ ਪਏ ਹਨ। ਮਾਰਖੋਰ, ਉਰਿਆਲ, ਚੀਤੇ ਅਤੇ ਰਿੱਛ ਇਥੋਂ ਦੇ ਜੰਗਲੀ ਜਾਨਵਰ ਹਨ।

ਸਤੰਬਰ 1885 ਵਿਚ ਕਰਨਲ ਲਾਕਹਰਟ ਦਾ ਮਿਸ਼ਨ ਥੋੜ੍ਹੇ ਜਿਹੇ ਸਮੇਂ ਲਈ ਬਸ਼ਗਲ ਵਾਦੀ ਦਾ ਉਪਰਲਾ ਹਿੱਸਾ ਵੇਖਣ ਲਈ ਆਇਆ ਸੀ ਇਸ ਤੋਂ ਪਿਛੋਂ ਸਰ ਜਾਰਜ ਰਾਬਰਟਸਨ ਸੰਨ 1889 ਅਤੇ 1890-91 ਵਿਚ ਦੋ ਵਾਰ ਇਸ ਹਿੱਸੇ ਨੂੰ ਵੇਖਣ ਆਇਆ ਸੀ। ਇਨ੍ਹਾਂ ਤੋਂ ਇਲਾਵਾ ਅੱਜ ਤੀਕ ਕੋਈ ਵੀ ਯੂਰਪੀਅਨ ਇਸ ਦੇਸ਼ ਦੇ ਅੰਦਰ ਤੀਕ ਨਹੀਂ ਗਿਆ। ਇਸ ਦੇਸ਼ ਦੇ ਲੋਕਾਂ ਨੂੰ, ਇਨ੍ਹਾਂ ਦੇ ਗਵਾਂਢੀ (ਕੱਟੜ ਅਫ਼ਗਾਨ) ਕਾਫ਼ਰ ਕਹਿ ਕੇ ਸੱਦਦੇ ਹਨ। ਸ਼ਹਿਨਸ਼ਾਹ ਬਾਬਰ ਇਨ੍ਹਾਂ ਲੋਕਾਂ ਨੂੰ ਸਿਆਹਪੋਸ਼ ਵਜੋਂ ਜਾਣਦਾ ਸੀ। ਇਨ੍ਹਾਂ ਲੋਕਾਂ ਵਿਚ ਬਹੁਤੇ ਜਾਂ ਥੋੜ੍ਹੇ ਵੈਰੀ ਕਬੀਲੇ ਵੀ ਸ਼ਾਮਲ ਹਨ ਅਤੇ ਇਨ੍ਹਾਂ ਦੀ ਭਾਸ਼ਾ, ਪਹਿਰਾਵਾ ਅਤੇ ਰਿਵਾਜ ਬਿਲਕੁਲ ਵੱਖਰੇ ਵੱਖਰੇ ਹਨ। ਅੱਜ ਤੀਕ ਇਹ ਭੇਦ ਭਰੇ ਲੋਕ ਇਕ ਵਧੀਆ ਨਸਲ ਦੇ ਮੰਨੇ ਜਾਂਦੇ ਰਹੇ ਹਨ ਅਤੇ ਇਹ ਆਪਣੀ ਸੁੰਦਰਤਾ ਅਤੇ ਗ੍ਰੀਕੋ-ਬਖ਼ਤਰੀਅਨ ਮੁੱਢ ਕਾਰਨ ਪ੍ਰਸਿੱਧ ਹਨ। ਇਨ੍ਹਾਂ ਦੀ ਖੂਬਸੂਰਤੀ ਦੀ ਤਾਂ ਇਕ ਮਿਥ ਹੀ ਬਣ ਚੁੱਕੀ ਹੈ। ਸਰ ਜਾਰਜ ਰਾਬਰਟਸਨ ਦਾ ਇਹ ਵਿਚਾਰ ਹੈ ਕਿ ਕਾਫ਼ਿਰਸਤਾਨ ਦੀਆਂ ਅਜੋਕੀਆਂ ਨਸਲਾਂ ਮੁੱਖ ਤੌਰ ਤੇ ਪੂਰਬੀ ਅਫ਼ਗਾਨਿਸਤਾਨ ਦੀ ਪ੍ਰਾਚੀਨ ਭਾਰਤੀ ਵਸੋਂ ਦੀ ਸੰਤਾਨ ਹਨ, ਜਿਸ ਨੇ ਦਸਵੀਂ ਸਦੀ ਵਿਚ ਇਸਲਾਮ ਕਬੂਲ ਕਰਨ ਤੋਂ ਨਾਂਹ ਕਰ ਦਿਤੀ ਸੀ ਅਤੇ ਮੁਸਲਮਾਨਾਂ ਤੋਂ ਡਰਦੀ ਹੋਈ ਇਸ ਵਸੋਂ ਨੇ ਪਹਾੜੀਆਂ ਵਿਚ ਜਾ ਪਨਾਹ ਲਈ। ਡਾ. ਗ੍ਰੀਅਰਸਨ ਦਾ ਇਹ ਮੱਤ ਹੈ ਕਿ ਕਾਫ਼ਿਰ ਉਪ-ਭਾਸ਼ਾਵਾਂ (ਜਿਨ੍ਹਾਂ ਨੂੰ ਡਾ. ਟਰੰਪ ਅਸਲ ਪ੍ਰਾਕ੍ਰਿਤ ਮੰਨਦਾ ਹੈ) ਇੰਡੋ-ਆਰੀਅਨ ਪਰਿਵਾਰ ਦੀਆਂ ਗੈਰ-ਸੰਸਕ੍ਰਿਤਿਕ ਭਾਸ਼ਾਵਾਂ ਨਾਲ ਸੰਬੰਧਤ ਹਨ ਅਤੇ ਇੰਜ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਨੂੰ ਬੋਲਣ ਵਾਲੇ ਲੋਕ ਉੱਤਰ ਵਲੋਂ ਆ ਕੇ ਆਪਣੀਆਂ ਅਜੋਕੀਆਂ ਥਾਵਾਂ ਤੇ ਆਏ ਸਨ ਅਤੇ ਦੱਖਣ ਵਲੋਂ ਆਏ ਨਵ-ਆਬਾਦਕਾਰ ਨਹੀਂ ਸਨ।

ਕਾਫ਼ਿਰਸਤਾਨ ਦੀ ਇਲਾਕਾਈ ਏਕਤਾ ਅਤੇ ਨਿਵੇਕਲੇਪਨ ਕਾਰਨ ਅਫ਼ਗਾਨਿਸਤਾਨ ਦੇ ਬਾਕੀ ਹਿੱਸਿਆਂ ਨਾਲੋਂ ਬਿਲਕੁਲ ਵਖਰਾ ਹੈ। ਇਨ੍ਹਾਂ ਲੋਕਾਂ ਦਾ ਕਬੀਲਾ—ਸੰਗਠਨ ਹੈ ਅਤੇ ਇਨ੍ਹਾਂ ਦੀਆਂ ਪਿੰਡਾਂ ਵਿਚ ਆਪਣੀਆਂ ਹੀ ਸਰਕਾਰਾਂ ਹੁੰਦੀਆਂ ਹਨ। ਇਸ ਸਮੇਂ ਇਹ ਲੋਕ ਕਿਸਾਨਾਂ ਵਜੋਂ ਆਬਾਦ ਹੋ ਗਏ। ਇਹ ਅਨਾਜ ਅਤੇ ਫਲ ਉਗਾਂਦੇ ਸਨ। ਇਸ ਤੋਂ ਇਲਾਵਾ ਇਹ ਲੋਕ ਪਸ਼ੂ ਪਾਲਦੇ ਹਨ। ਪਹਿਲਾਂ ਇਹ ਅਫ਼ਗਾਨਿਸਤਾਨ ਦਾ ਹਿੱਸਾ ਨਹੀਂ ਹੁੰਦਾ ਸੀ। ਸੰਨ 1890 ਵਿਚ ਅਬਦੁਰ ਰਹਿਮਾਨ ਖਾਨ ਨੇ ਇਸ ਨੂੰ ਜਿੱਤ ਲਿਆ ਅਤੇ ਇਹ ਅਫ਼ਗਾਨਿਸਤਾਨ ਦਾ ਅਨਿੱਖੜਵਾਂ ਹਿੱਸਾ ਬਣ ਗਿਆ। ਇਥੋਂ ਦੇ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਦਿਤਾ ਗਿਆ। ਫਲਸਰੂਪ ਅਬਦੁਰ ਰਹਿਮਾਨ ਖਾਨ ਨੇ ਕਾਫ਼ਿਰਸਤਾਨ ਦਾ ਨਾਂ ਬਦਲ ਕੇ ਨੂਰਸਤਾਨ (ਬੁੱਧੀਜੀਵੀਆਂ ਦੀ ਧਰਤੀ) ਰੱਖ ਲਿਆ।

ਹ. ਪੁ.—ਇੰਪ. ਗ. ਇੰਡ. 14 : 59 ; ਐਨ. ਬ੍ਰਿ. ਮਾ. 7 : 111

**ਕਾਫ਼ਿਰਕੋਟ :** ਉੱਤਰੀ-ਪੱਛਮੀ ਸਰਹੱਦੀ ਸੂਬੇ (ਪਾਕਿਸਤਾਨ) ਦੇ ਡੇਰਾ ਇਸਮਾਈਲ ਖ਼ਾਂ ਜ਼ਿਲ੍ਹੇ ਵਿਚ ਖੰਡਰਾਂ ਵਾਲਾ ਇਕ ਸਥਾਨ ਹੈ। ਇਸ ਸਥਾਨ ਨੂੰ ਤਿਲ ਕਾਫ਼ਿਰਕੋਟ ਜਾਂ ਰਾਜਾ ਸਰਕੋਟ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਸਥਾਨ ਖਿਸੌਰ ਪਹਾੜੀਆਂ ਉੱਪਰ ਜਿਥੇ ਕੁਰੱਮ ਦਰਿਆ ਸਿੰਧ ਦਰਿਆ ਵਿਚ ਜਾ ਰਲਦਾ ਹੈ, ਦੇ ਕੁਝ ਕਿ. ਮੀ. ਦੱਖਣ ਵਲ ਹੈ। ਖੰਡਰਾਂ ਵਿਚ ਪੱਥਰਾਂ ਦੀਆਂ ਬਣੀਆਂ ਹੋਈਆਂ

ਬੁਰਜਦਾਰ ਕੰਧਾਂ ਦੀਆਂ ਲੰਬੀਆਂ-ਚੌੜੀਆਂ ਕਤਾਰਾਂ ਹਨ ਜਿਨ੍ਹਾਂ ਨੇ ਪੁਰਾਣੀਆਂ ਰਿਹਾਇਸ਼ੀ ਥਾਵਾਂ ਦੇ ਮਲਬਿਆਂ ਨਾਲ ਭਰਿਆ ਹੋਇਆ ਇਕ ਖੇਤਰ ਘੇਰਿਆ ਹੋਇਆ ਹੈ। ਹਿੰਦੂਆਂ ਦੇ ਚਾਰ ਪੁਰਾਣੇ ਮੰਦਰਾਂ ਦੇ ਖੰਡਰ ਸੁਰੱਖਿਅਤ ਹਨ ਜਿਹੜੇ ਬਾਹਰੋਂ ਪੱਥਰਾਂ ਦੀ ਖੁਦਾਈ ਨਾਲ ਸਜਾਏ ਹੋਏ ਹਨ। 48 ਕਿ. ਮੀ. ਦੱਖਣ ਵਲ, ਬਿਤੌਲ ਦੇ ਸਥਾਨ ਉਤੇ ਵੀ ਇਸੇ ਹੀ ਨਾਂ ਦੇ ਹੋਰ ਖੰਡਰ ਮੌਜੂਦ ਹਨ।

32° 30′ ਉ. ਵਿਥ. ; 71° 21′ ਪੂ. ਲੰਬ.

ਹ. ਪ.—ਇੰਪ. ਗ. ਇੰਡ 14 : 271

**ਕਾਫ਼ੀ :** ਪੰਜਾਬੀ ਕਾਵਿ ਵਿਚ ਕਾਫ਼ੀ ਦਾ ਮਹੱਤਵਪੂਰਨ ਸਥਾਨ ਹੈ। ਕਾਫ਼ੀ ਦੀ ਪਰਿਭਾਸ਼ਾ ਬਾਰੇ ਹੁਣ ਤੱਕ ਮੁਖ ਰੂਪ ਵਿਚ ਦੋ ਮਤ ਪ੍ਰਚਲਤ ਹਨ। ਪਹਿਲਾ ਪ੍ਰਿੰਸੀਪਲ ਤੇਜਾ ਸਿੰਘ ਦਾ ਤੇ ਦੂਜਰਾ ਡਾ. ਮੋਹਨ ਸਿੰਘ ਦੀਵਾਨਾ ਦਾ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਕਾਫ਼ੀ ਦਾ ਅਰਥ ਹੈ ਵਾਰ ਵਾਰ ਆਉਣਾ। ਉਨ੍ਹਾਂ ਨੇ ਇਹ ਮਤ ਕਵਾਫ਼ੀ ਤੋਂ ਵਿਗੜਿਆ ਸ਼ਬਦ ਸਮਝ ਕੇ ਪੇਸ਼ ਕੀਤਾ ਤੇ ਕੱਵਾਲੀ ਨਾਲ ਜੋੜ ਕੇ ਇਸ ਦੇ ਅਰਥ ਕੱਢੇ। ਕੱਵਾਲੀ ਡੂੰਮਾਂ ਤੇ ਕਲੌਂਤਾ ਦੇ ਗਾਇਨ ਨੂੰ ਆਖਦੇ ਹਨ ਜਿਸ ਵਿਚ ਟੇਕ ਜਾਂ ਧਾਰਨਾ ਵਾਲੀਆਂ ਤੁਕਾਂ ਨੂੰ ਮੁੜ ਮੁੜ ਕੇ ਦੁਹਰਾਇਆ ਜਾਂਦਾ ਹੈ। ਪਰ ਡਾ. ਮੋਹਨ ਸਿੰਘ ਦੀਵਾਨਾ ਇਸ ਨੂੰ ਇਕ ਰਾਗਨੀ ਮੰਨਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਫ਼ੀ ਇਕ ਰਾਗਨੀ ਵੀ ਹੈ ਪਰ ਇਸ ਨੂੰ ਨਿਰਾ ਰਾਗਨੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਵੱਖ ਵੱਖ ਰਾਗਾਂ ਵਿਚ ਕਾਫ਼ੀ ਲਿਖੀ ਮਿਲਦੀ ਹੈ। ਸ਼ਾਹ ਹੁਸੈਨ ਨੇ ਸ੍ਰੀਰਾਗ, ਗਾਉੜੀ, ਮਾਝ, ਆਸਾ, ਆਸਾਵਰੀ, ਝੰਝੋਟੀ, ਗੁਜਰੀ, ਦੇਵਗੰਧਾਰੀ, ਵਡਹੰਸ, ਸੋਰਠ, ਧਨਾਸਰੀ, ਜੈਜਾਵੰਤੀ, ਤਿਲੰਗ, ਸਿੰਧੜਾ, ਸੂਹੀ ਪਰੁਜ਼, ਬਿਲਾਵਲ, ਗੌਂਡ-ਬਿਲਵਲ, ਰਾਮਕਲੀ, ਢੋਲਾ, ਖੱਟ, ਪਰਜ ਜੋਗ, ਤੁਖਾਰੀ, ਕਿਦਾਰਾ-ਭੈਰੋਂ, ਭੈਰਵੀ, ਹਿੰਡੋਲ, ਸਾਰੰਗ, ਕਾਨੜਾ, ਕਾਨੜਾ-ਤਿਲੰਗ, ਕਾਨੜਾ-ਮਾਰੂ, ਜੰਗਲਾਂ ਤੇ ਕਲਿਆਣ ਰਾਗਾਂ ਵਿਚ ਕਾਫ਼ੀਆਂ ਲਿਖੀਆਂ ਹਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਕਾਫ਼ੀ ਨੂੰ ਰਾਗਨੀ ਵੀ ਦਸਿਆ ਹੈ ਤੇ ਗੀਤ-ਧਾਰਣਾ ਵੀ। ਇਹ ਕਾਫ਼ੀ ਠਾਟ ਦੀ ਇਕ ਸੰਪੂਰਣ ਰਾਗਨੀ ਹੈ ਜਿਸ ਵਿਚ ਗਾਂਧਾਰ ਦੇ ਸ਼ੁੱਧ ਤੇ ਕੋਮਲ ਸੁਰ ਦੋਵੇਂ ਲਗਦੇ ਹਨ। ਨਿਸ਼ਾਦ ਕੋਮਲ ਤੇ ਬਾਕੀ ਸਾਰੇ ਸ਼ੁਧ ਸੁਰ ਹਨ। ਪੰਚਮ ਵਾਦੀ ਤੇ ਖੜਜ ਸੰਵਾਦੀ ਹੈ। ਇਹ ਦਿਨ ਦੇ ਚੌਥੇ ਪਹਿਰ ਗਾਈ ਜਾਂਦੀ ਹੈ। ਕਈਆਂ ਨੇ ਕਾਫ਼ੀ ਨੂੰ ਧਮਾਰ ਦਾ ਨਾਉਂ ਵੀ ਦਿੱਤਾ ਹੈ। ਅਰਬੀ ਵਿਚ ਕਾਫ਼ੀ ਦਾ ਅਰਥ ਪਿੱਛੇ ਚਲਣ ਵਾਲਾ, ਅਨਚਰ ਜਾਂ ਅਨੁਗਾਮੀ ਹੈ। ਛੰਦ ਦਾ ਇਹ ਪਦ ਜੋ ਸਥਾਈ (ਰਹਾਉ) ਹੋਵੇ ਜਿਸ ਵਿਚ ਗੌਣ ਸਮੇਂ ਹੋਰ ਤੁਕਾਂ ਲੋੜੀਆਂ ਜਾਣ ਅਤੇ ਜੋ ਮੁੜ ਮੁੜ ਗੀਤ ਦੇ ਤਾਲ ਵਿਸ਼੍ਰਾਮਪੁਰ ਆਵੇ ਸੋ ਕਾਫ਼ੀ ਹੈ। ਇਹ ਛੰਦ ਦੀ ਖਾਸ ਜਾਤਿ ਨਹੀਂ ਹੈ। ਸੂਫ਼ੀ ਫ਼ਕੀਰ ਜੋ ਪ੍ਰੇਮ-ਰਸ ਭਰੇ ਪਦ ਗਾਇਆ ਕਰਦੇ ਹਨ ਤੇ ਜਿਨ੍ਹਾਂ ਪਿਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਪਦ ਨੂੰ ਦੁਹਰਾਉਂਦੀ ਹੈ ਉਹ ਕਾਫ਼ੀ ਨਾਮ ਤੋਂ ਪ੍ਰਸਿੱਧ ਹੈ। ਕਈਆਂ ਨੇ ਤਾਟੰਕ ਛੰਦ ਦੀ ਚਾਲ ਨੂੰ ਹੀ ਕਾਫ਼ੀ ਦਾ ਸਰੂਪ ਦਸਿਆ ਹੈ ਪਰ ਇਹ ਠੀਕ ਨਹੀਂ ਹੈ ਕਿਉਂਕਿ ਕਾਫ਼ੀ ਪੂਰਨ ਛੰਦ ਨਹੀਂ ਹੈ ਪਰੰਤੂ ਗਾਉਣ ਦਾ ਇਕ ਢੰਗ ਹੈ।

ਉਪਰੋਕਤ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਕਾਫ਼ੀ ਇਕ ਰਾਗਨੀ ਵੀ ਹੈ ਅਤੇ ਗਾਉਣ ਦੀ ਵਿਧੀ ਵੀ ਹੈ।

ਪੰਜਾਬੀ ਸਾਹਿਤਕਾਰਾਂ ਦੀਆਂ ਕਾਫ਼ੀਆਂ ਵੱਖ ਵੱਖ ਛੰਦਾਂ ਤੇ ਵੱਖ ਵੱਖ ਰਾਗਾਂ ਵਿਚ ਉਪਲਬਧ ਹਨ। ਇਸ ਲਈ ਨਾ ਤਾਂ ਇਸ ਨੂੰ ਕੋਈ ਰਾਗ-ਵਿਸ਼ੇਸ਼ ਅਤੇ ਨਾ ਹੀ ਇਕ ਛੰਦ-ਵਿਸ਼ੇਸ਼ ਮੰਨਿਆ ਜਾ ਸਕਦਾ ਹੈ। ਇਸ ਨੂੰ ਨਿਰੋਲ ਕੱਵਾਲੀ ਦਾ ਰੂਪ ਵੀ ਨਹੀਂ ਮੰਨਿਆ ਜਾ ਸਕਦਾ ਤੇ ਨਾ ਹੀ ਮੁਸਲਮਾਨ ਸੂਫ਼ੀ ਫ਼ਕੀਰਾਂ ਨਾਲ ਸਬੰਧਤ ਕੀਤਾ ਜਾ ਸਕਦਾ ਹੈ ਕਿਉਂਕਿ ਹਿੰਦੂ ਸਿੱਖ ਕਵੀਆਂ ਨੇ ਵੀ ਕਾਫ਼ੀਆਂ ਲਿਖੀਆਂ ਹਨ।

ਅਸਲ ਵਿਚ ਕਾਫ਼ੀ ਇਕ ਸਰੋਦ ਰਚਨਾ ਹੈ ਜੋ ਕਿਸੇ ਵੀ ਰਾਗ ਵਿਚ ਗਾਈ ਜਾ ਸਕਦੀ ਹੈ। ਇਸ ਦਾ ਕੋਈ ਛੰਦ ਨਿਯਤ ਨਹੀਂ ਹੈ। ਇਹ ਕਿਸੇ ਵੀ ਛੰਦ ਵਿਚ ਲਿਖੀ ਜਾ ਸਕਦੀ ਹੈ। ਇਸ ਨੂੰ ਗਾਉਣ ਵਾਲੇ ਕੈਫ਼ੀ ਲੋਕ ਸਨ ਜੋ ਕੈਫ਼ੀਅਤ ਦੀ ਦਸ਼ਾ ਵਿਚ ਇਸ ਨੂੰ ਰਚਦੇ ਅਤੇ ਗਾਉਂਦੇ ਸਨ। ਇਸ ਲਈ ਇਸ ਕੈਫ਼ੀ ਤੋਂ ਕਾਫ਼ੀ ਸ਼ਬਦ ਬਣਿਆ ਮੰਨਿਆ ਜਾਣਾ ਠੀਕ ਪ੍ਰਤੀਤ ਹੁੰਦਾ ਹੈ। ਕਾਫ਼ੀ ਪੰਜਾਬੀ ਦਾ ਇਕ ਕਾਵਿ ਰੂਪ ਹੈ ਜਿਸ ਤੇ ਹਿੰਦੂ ਸਿੱਖ ਤੇ ਮੁਸਲਮਾਨ ਕਵੀਆਂ ਨੇ ਹੱਥ-ਅਜ਼ਮਾਈ ਕੀਤੀ ਹੈ।

ਪੰਜਾਬੀ ਕਾਫ਼ੀ ਸਾਹਿਤ ਦਾ ਆਰੰਭ ਬਾਬਾ ਫ਼ਰੀਦ ਦੀਆਂ ਕਾਫ਼ੀਆਂ ਨਾਲ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਤੇ ਹੋਰ ਗੁਰੂ ਸਾਹਿਬਾਨ ਦੀਆਂ ਕਾਫ਼ੀਆਂ ਮਿਲਦੀਆਂ ਹਨ। ਇਸ ਤੋਂ ਇਲਾਵਾ ਸ਼ਾਹ ਹੁਸੈਨ, ਭਗਤ ਕਾਨ੍ਹਾ, ਸੰਤ ਦਾਦੂ ਅਤੇ ਸ਼ਾਹ ਸ਼ਰਫ਼ ਨਾਨਕ-ਕਾਲ ਦੇ ਉਘੇ ਕਾਫ਼ੀ ਲੇਖਕ ਹਨ। ਬੁਲ੍ਹੇ ਸ਼ਾਹ ਨੇ ਕਾਫ਼ੀ ਨੂੰ ਸਿਖਰ ਤੇ ਪਹੁੰਚਾਇਆ ਹੈ। ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿਚ ਗੁਲਾਬਦਾਸ, ਪੀਰੋ, ਗਰੀਬ ਦਾਸ, ਸਾਧੂ ਜਨ, ਵਲੀ ਰਾਮ, ਆਕੂਲ ਸ਼ਾਹ, ਸੁੰਦਰ ਦਾਸ, ਸ਼ਫ਼ੀ ਸ਼ਾਹ ਕਲੰਦਰ, ਗੁਆਲਦਾਸ, ਟਹਿਕਨ, ਲਾਲ ਖ਼ਿਆਲ ਆਦਿ ਕਵੀਆਂ ਨੇ ਕਾਫ਼ੀਆਂ ਲਿਖੀਆਂ। ਉਨ੍ਹੀਵੀਂ ਤੇ ਵੀਹਵੀਂ ਸਦੀ ਵਿਚ ਵੀ ਕੁਝ ਕਵੀਆਂ ਨੇ ਕਾਫ਼ੀਆਂ ਲਿਖੀਆਂ ਹਨ ਜਿਵੇਂ ਕਰਮ ਅਲੀ ਸ਼ਾਹ, ਈਸ਼ਰਦਾਸ, ਪਾਲ ਸਿੰਘ ਆਰਿਫ਼, ਮੀਰਾਂ ਸ਼ਾਹ ਜਲੰਧਰੀ, ਮਸਤਨ ਖਾਨ ਮਸਤਨ, ਪੀਰ ਗੁਲਾਮ ਜੀਲਾਨੀ ਆਦਿ।

ਇਨ੍ਹਾਂ ਕਾਫ਼ੀਆਂ ਦਾ ਵਿਸ਼ਾ ਅਧਿਆਤਮਕ ਪਿਆਰ ਜਾਂ ਰਹੱਸਵਾਦੀ ਅਨੁਭਵਾਂ ਦੀ ਅਭਿਵਿਅਕਤੀ ਹੈ। ਮਸਤੀ ਵਿਚ ਗੜੂੰਦ ਆਤਮਕ ਮੰਡਲਾਂ ਦੀ ਦੱਸ ਪਾਉਂਦੇ ਇਹ ਰੱਬੀ ਕਵੀ ਸਵੈ-ਪ੍ਰਕਾਸ਼ ਕਰਦੇ ਸਰੋਦੀ ਕਾਵਿ ਰਚਨਾ ਕਰਦੇ ਹਨ ਜਿਸ ਵਿਚ ਰੱਬੀ ਪ੍ਰੇਮ, ਨਿੱਜੀ ਵੇਦਨਾ, ਵਸਲ ਦੀ ਤਾਂਘ, ਹਿਜਰ ਦੇ ਸੱਲ, ਮੁਰਸ਼ਦ ਦੀ ਉਪਮਾ ਤੇ ਬਖ਼ਸ਼ਿਸ਼ ਦੇ ਗੁਣ ਗਾਏ ਹੁੰਦੇ ਹਨ। ਇਸ ਵਿਚ ਉਪਦੇਸ਼ਾਤਮਕ ਪ੍ਰਵਿਰਤੀ ਪ੍ਰਧਾਨ ਹੁੰਦੀ ਹੈ। ਇਹ ਕਲਾਤਮਕ ਪੱਖੋਂ ਬੜੀ ਪ੍ਰੌੜ ਕਵਿਤਾ ਹੈ ਜਿਸ ਵਿਚ ਕਵਿਤਾ ਦੇ ਸਾਰੇ ਗੁਣ ਵਿਦਮਾਨ ਹਨ। ਇਹ ਛੰਦਬਧ, ਸੰਗੀਤਮਈ, ਪ੍ਰਤੀਕਾਂ, ਬਿੰਬਾਂ, ਅਲੰਕਾਰਾਂ ਆਦਿ ਪੱਖੋਂ ਬੜੀ ਸਫ਼ਲ ਕਵਿਤਾ ਹੈ।

ਹ. ਪੁ.—ਸਾਹਿਤ ਦਰਸ਼ਨ—ਪ੍ਰਿੰ. ਤੇਜਾ ਸਿੰਘ ; ਕਾਫ਼ੀਆਂ ਸ਼ਾਹ ਹੁਸੈਨ—ਡਾ. ਮੋਹਨ ਸਿੰਘ ਦੀਵਾਨਾ; ਚੋਣਵੀਆਂ ਕਾਫ਼ੀਆਂ—ਡਾ. ਸੁਰਿੰਦਰ ਸਿੰਘ ਕੋਹਲੀ; ਮ. ਕੋ.

**ਕਾਫ਼ੀ :** ਇਕ ਪੀਣ ਯੋਗ ਪਦਾਰਥ ਜੋ ਇਕ ਸਦਾ ਬਹਾਰ ਝਾੜੀ ਰੁਬੀਏਸੀ ਕੁਲ ਦੀ ਪ੍ਰਜਾਤੀ ਕੌਫ਼ੀਆ ਦੇ ਪੌਦਿਆਂ ਦੇ ਬੀਜਾਂ ਤੋਂ ਬਣਾਈ ਜਾਂਦੀ ਹੈ। ਇਸ ਦੇ ਬੀਜਾਂ ਲਈ ਜਾਂ ਇਸ ਦੇ ਬੀਜਾਂ ਨੂੰ ਪਕਾਉਣ ਅਤੇ ਪੀਸਣ ਉਪਰੰਤ ਪਾਣੀ ਵਿਚ ਜੋ ਬੀਵਰੇਜ (ਪੀਣ ਯੋਗ ਪਦਾਰਥ) ਬਣਦਾ ਹੈ, ਉਸ ਲਈ ਵੀ ਇਹ ਨਾਂ ਵਰਤਿਆ ਜਾਂਦਾ ਹੈ। ਇਸ ਬੀਵਰੇਜ ਨੂੰ ਦੁਨੀਆ ਦੀ ਲਗਭਗ ਇਕ ਤਿਹਾਈ ਆਬਾਦੀ ਗਰਮ ਜਾਂ ਠੰਢਿਆਂ ਪੀਂਦੀ ਹੈ। ਕਾਫ਼ੀ ਦਾ ਇਹ ਨਾਂ ਸ਼ਾਇਦ ਅਰਬੀ ਸ਼ਬਦ ਕਾਹਵਾ ਤੋਂ ਲਿਆ ਗਿਆ ਹੈ। ਕਈ ਨਿਰੁਕਤਕਾਰ ਇਸ ਨੂੰ ਇਸ ਦੇ ਮੂਲ-ਅਸਥਾਨ ਕਾਫ਼ਾ ਜੋ ਦੱਖਣ ਪੱਛਮੀ ਈਥੋਪੀਆ ਦੇ ਇਕ ਸੂਬੇ ਦਾ ਨਾਂ ਹੈ, ਨਾਲ ਵੀ ਜੋੜਦੇ ਹਨ। ਕਾਫ਼ੀ ਦੀਆਂ 25 ਜਾਂ ਇਸ ਤੋਂ ਵੀ ਵੱਧ ਜਾਤੀਆਂ ਪੂਰਬੀ ਅਰਧ-ਗੋਲੇ ਦੇ ਤਪਤ-ਖੰਡੀ ਇਲਾਕਿਆਂ ਵਿਚ ਆਪਣੇ ਆਪ ਉਗਦੀਆਂ ਜਾਂ ਖ਼ੁਦਰੌ ਮਿਲਦੀਆਂ ਹਨ। ਸਭ ਤੋਂ ਪੁਰਾਣੀ ਕਾਸ਼ਤ ਕੀਤੀ ਜਾਣ ਵਾਲੀ ਜਾਤੀ ਕੌਫ਼ੀਆ ਅਰੈਬੀਕਾ (*Coffea arabica*) ਹੈ। ਇਹ ਅਰਬ ਦੇਸ਼ ਦੀ ਇਕ

ਝਾੜੀ ਹੈ, ਜਿਹੜੀ ਅੱਜ ਕੱਲ੍ਹ ਲਾਤੀਨੀ ਅ[illegible]ਾਂ ਵਿਚ ਬਹੁਤ ਜ਼ਿਆਦਾ ਉਗਾਈ ਜਾਂਦੀ ਹੈ। ਕੌਫ਼ੀਆ ਰੋਬਸ[illegible]ਜੋ ਪੂਰਬੀ ਅਫ਼ਰੀਕਾ ਅਤੇ ਕਾਂਗੋ ਬੇਸਿਨ ਵਿਚ ਉਪਜੀ ਸੀ [illegible] ਕੱਲ੍ਹ ਅਫ਼ਰੀਕਾ ਅਤੇ ਮਦਗਾਸਕਰ



ਕਾਫ਼ੀ ਦੇ ਫੁੱਲ ਅਤੇ ਬੀਜ (*Coffea arabica*)

ਵਿਚ ਬਹੁਤ ਜ਼ਿਆਦਾ ਕਾਸ਼ਤ ਕੀਤੀ ਜਾਂਦੀ ਹੈ। ਇਹ ਦੋਵੇਂ ਜਾਤੀਆਂ ਏਸ਼ੀਆ ਵਿਚ ਵੀ ਕਾਸ਼ਤ ਕੀਤੀਆਂ ਜਾਂਦੀਆਂ ਹਨ।

ਆਪਣੇ ਆਪ ਉੱਗੀ ਹਾਲਤ ਵਿਚ ਕਾਫ਼ੀ ਦੀ ਝਾੜੀ ਸਦਾਬਹਾਰ ਹੁੰਦੀ ਹੈ ਜੋ 8-10 ਮੀ. ਉੱਚੀ ਹੋ ਸਕਦੀ ਹੈ। ਇਸ ਦੀਆਂ ਸ਼ਾਖ਼ਾਵਾਂ ਉਤੇ ਚਿੱਟੇ ਰੰਗ ਦੇ ਫੁੱਲਾਂ ਦੇ ਗੁੱਛੇ ਲਗਦੇ ਹਨ ਜਿਨ੍ਹਾਂ ਦੀ ਖ਼ੁਸ਼ਬੂ ਮੋਤੀਏ ਦੇ ਫੁੱਲਾਂ ਵਰਗੀ ਹੁੰਦੀ ਹੈ। ਇਸ ਦਾ ਫਲ, ਜੋ 15 ਤੋਂ 18 ਮਿ. ਮੀ. ਲੰਮਾ ਹੁੰਦਾ ਹੈ, ਜਦ ਪੱਕ ਜਾਂਦਾ ਹੈ ਤਾਂ ਇਸ ਦਾ ਰੰਗ ਲਾਲ ਹੋ ਜਾਂਦਾ ਹੈ। ਇਸ ਨੂੰ ਆਮ ਤੌਰ ਤੇ 'ਚੈਰੀ' ਕਹਿੰਦੇ ਹਨ। ਇਸ ਗੁੱਦੇਦਾਰ ਰਸ ਭਰੇ ਫਲ ਵਿਚ ਦੋ ਬੀਜ ਨਾਲੋ ਨਾਲ ਪਏ ਜੁੜੇ ਹੁੰਦੇ ਹਨ ਅਤੇ ਹਰੇਕ ਬੀਜ ਦੋ ਪਰਤਾਂ ਨਾਲ ਢਕਿਆ ਹੁੰਦਾ ਹੈ। ਕੌਫ਼ੀਆ ਅਰੈਬੀਕਾ ਜਾਤੀ ਤੋਂ ਕਈ ਹੋਰ ਕਿਸਮਾਂ ਵਿਕਸਿਤ ਹੋਈਆਂ ਹਨ, ਜਿਨ੍ਹਾਂ ਵਿਚ ਮੈਰਾਗੋਗਾਈਪ, ਬਾਰਬਨ ਅਤੇ ਕੈਟੂਰਾ ਬਰਾਜ਼ੀਲ ਵਿਚ ਬਹੁਤ ਹੀ ਚੰਗੀਆਂ ਕਿਸਮਾਂ ਗਿਣੀਆਂ ਜਾਂਦੀਆਂ ਹਨ। ਕੌਫ਼ੀਆ ਰੋਬਸਟਾ ਜਾਤੀ ਕੌਫ਼ੀਆ ਅਰੈਬੀਕਾ ਤੋਂ ਜ਼ਿਆਦਾ ਸਖ਼ਤ ਹੈ ਤੇ ਬਿਮਾਰੀਆਂ ਦਾ ਟਾਕਰਾ ਵੀ ਚੰਗੀ ਤਰ੍ਹਾਂ ਕਰ ਸਕਦੀ ਹੈ। ਇਸ ਨੂੰ ਫਲ ਵੀ ਜ਼ਿਆਦਾ ਲਗਦਾ ਹੈ। ਇਹ ਅਰੈਬੀਕਾ ਜਾਤੀ ਦੇ ਉਲਟ ਗਰਮ ਅਤੇ ਸਿੱਲ੍ਹੇ ਜਲਵਾਯੂ ਦੇ ਵੀ ਅਨੁਕੂਲ ਹੈ।

ਕਾਫ਼ੀ, ਪਕਾਏ ਹੋਏ ਤੇ ਪੀਸੇ ਹੋਏ ਬੀਨਜ਼ ਤੋਂ ਕਈ ਤਰੀਕਿਆਂ ਨਾਲ ਤਿਆਰ ਕੀਤੀ ਜਾ ਸਕਦੀ ਹੈ। ਕਾਫ਼ੀ ਦੀਆਂ ਬੈਰੀਜ਼ ਜਦ ਪੱਕ ਜਾਣ ਤਾਂ ਇਕ ਇਕ ਕਰਕੇ ਹਥ ਨਾਲ ਚੁਗੀਆਂ ਜਾਂਦੀਆਂ ਹਨ, ਭਾਵੇਂ ਅਰਬ ਅਤੇ ਬਰਾਜ਼ੀਲ ਦੇ ਕੁਝ ਹਿੱਸਿਆਂ ਵਿਚ ਇਨ੍ਹਾਂ ਨੂੰ ਜ਼ਮੀਨ ਤੇ ਡਿੱਗਣ ਮਗਰੋਂ ਹੀ ਇਕੱਠਾ ਕੀਤਾ ਜਾਂਦਾ ਹੈ। ਕਾਫ਼ੀ ਚੁਗਣ ਤੇ ਇਸ ਵਿਚੋਂ ਗੰਦ ਮੰਦ ਆਦਿ ਕੱਢ ਦੇਣ ਤੋਂ ਪਿਛੋਂ ਇਸ ਨੂੰ ਖ਼ੁਸ਼ਕ ਜਾਂ ਤਰ ਤਰੀਕੇ ਨਾਲ ਮਾਰਕੀਟ ਲਈ ਤਿਆਰ ਕੀਤਾ ਜਾਂਦਾ ਹੈ। ਪਹਿਲੇ ਤਰੀਕੇ ਵਿਚ ਬੈਰੀਜ਼ ਨੂੰ ਜ਼ਮੀਨ ਤੇ ਖਿਲਾਰ ਕੇ ਧੁੱਪ ਵਿਚ ਸੁਕਾਇਆ ਜਾਂਦਾ ਹੈ ਤੇ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਇਨ੍ਹਾਂ ਨੂੰ ਮੀਂਹ ਤੋਂ ਬਚਾਇਆ ਜਾ ਸਕੇ। ਬੈਰੀਜ਼ ਨੂੰ ਲਗਾਤਾਰ ਹਿਲਾਇਆ ਜਾਂਦਾ ਹੈ ਤਾਂ ਜੋ ਇਹ ਇਕਸਾਰ ਹੀ ਖ਼ੁਸ਼ਕ ਹੋ ਜਾਣ। ਅਖ਼ੀਰ ਵਿਚ ਖ਼ੁਸ਼ਕ ਛਿੱਲ ਅਤੇ ਗੁੱਦੇ ਨੂੰ ਮਸ਼ੀਨਾਂ ਨਾਲ ਸਾਫ਼ ਕੀਤਾ ਜਾਂਦਾ ਹੈ। ਤਰ ਵਿਧੀ ਵਿਚ ਬੈਰੀਜ਼ ਨੂੰ ਇਕ ਅਜਿਹੀ ਮਸ਼ੀਨ ਵਿਚੋਂ ਦੀ ਲੰਘਾਇਆ ਜਾਂਦਾ ਹੈ, ਜਿਸ ਵਿਚ ਛਿੱਲ ਅਤੇ ਗੁੱਦੇ ਦਾ ਕੁਝ ਭਾਗ ਲੱਥ ਜਾਂਦਾ ਹੈ। ਇਨ੍ਹਾਂ ਨੂੰ ਫਿਰ ਇਕ ਹੌਜ਼ ਵਿਚ ਰਖਿਆ ਜਾਂਦਾ ਹੈ, ਜਿਸ ਵਿਚ ਗੁੱਦੇ ਦਾ ਬਾਕੀ ਰਹਿ ਗਿਆ ਭਾਗ ਵੀ, ਖ਼ਮੀਰਿਆ ਜਾਂਦਾ ਹੈ ਅਤੇ ਇਸ ਨੂੰ ਧੋਇਆ ਜਾ ਸਕਦਾ ਹੈ। ਇਸ ਨੂੰ ਅਖ਼ੀਰ ਵਿਚ ਧੁੱਪ ਵਿਚ ਜਾਂ ਬਣਾਉਟੀ ਤੌਰ ਤੇ ਤਾਪ ਦੇ ਕੇ ਸੁਕਾਇਆ ਜਾਂਦਾ ਹੈ। ਇਸ ਤਰ੍ਹਾਂ ਤਿਆਰ ਹੋਏ ਪਦਾਰਥ ਦਾ ਰੰਗ ਇਸ ਵਿਚਲੀ ਨਮੀ ਤੇ ਨਿਰਭਰ ਕਰਦਾ ਹੈ। ਸੁਕਾਉਣ ਤੋਂ ਪਿਛੋਂ ਭੁਰਭੁਰੀ ਛਿੱਲੜ ਟੁੱਟ ਜਾਂਦੀ ਹੈ ਅਤੇ ਇਸ ਨੂੰ ਹਲਿੰਗ ਮਸ਼ੀਨਾਂ ਦੁਆਰਾ ਲਾਹ ਲਿਆ ਜਾਂਦਾ ਹੈ। ਇਸ ਤੋਂ ਹੇਠਲੀ ਛਿੱਲ ਨੂੰ ਪਾਲਸ਼ ਕਰਨ ਵਾਲੀਆਂ ਮਸ਼ੀਨਾਂ ਦੁਆਰਾ ਸਾਫ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਤਿਆਰ ਬੀਜ ਜਾਂ ਕਾਫ਼ੀ ਬੀਨਜ਼ ਮਾਰਕੀਟਿੰਗ ਲਈ ਤਿਆਰ ਹੋ ਜਾਂਦੇ ਹਨ ਅਤੇ ਇਨ੍ਹਾਂ ਦੀ ਗਰੇਡਿੰਗ ਕਰਕੇ ਬਾਹਰ ਭੇਜਿਆ ਜਾਂਦਾ ਹੈ।

ਅਖ਼ੀਰ ਵਿਚ ਬੀਨਜ਼ ਨੂੰ ਪਕਾ ਲਿਆ ਜਾਂਦਾ ਹੈ, ਜਿਸ ਨਾਲ ਇਨ੍ਹਾਂ ਦਾ ਭਾਰ ਤਾਂ ਜ਼ਰੂਰ ਘਟ ਜਾਂਦਾ ਹੈ, ਪਰ ਇਨ੍ਹਾਂ ਦਾ ਆਇਤਨ ਵਧ ਜਾਂਦਾ ਹੈ। ਇਸ ਵਿਧੀ ਨਾਲ ਕਈ ਕਿਰਿਆਤਮਕ ਤਬਦੀਲੀਆਂ ਵੀ ਵਾਪਰਦੀਆਂ ਹਨ। ਬੀਨਜ਼ ਵਿਚ ਸੁਆਦ ਅਤੇ ਮਹਿਕ ਇਸੇ ਸਮੇਂ ਦੌਰਾਨ ਹੀ ਬਣਦੀ ਹੈ। ਕੋਈ ਵੀ ਦੋ ਕਿਸਮਾਂ ਨੂੰ ਪੱਕਣ ਲਈ ਇਕੋ ਜਿੰਨਾ ਸਮਾਂ ਨਹੀਂ ਲਗਦਾ ਅਤੇ ਇਸ ਕਿਰਿਆ ਦੇ ਦੌਰਾਨ ਤਾਪਮਾਨ ਵਿਚ ਵੀ ਕਈ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਬਾਜ਼ਾਰ ਵਿਚ ਵੇਚਣ ਤੋਂ ਪਹਿਲਾਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਪੀਸ ਲਿਆ ਜਾਂਦਾ ਹੈ। ਵਪਾਰਕ ਕਾਫ਼ੀ ਕਈ ਕਿਸਮਾਂ ਨੂੰ ਮਿਲਾਉਣ ਉਪਰੰਤ ਤਿਆਰ ਕੀਤੀ ਜਾਂਦੀ ਹੈ। ਪਕਾਏ ਹੋਏ ਬੀਨਜ਼ ਵਿਚ 0.75 ਤੋਂ 1.5% ਕੈਫ਼ੀਨ (ਉਤੇਜਕ ਏਜੰਟ) ਅਤੇ ਕੈਫ਼ਰੋਲ (ਉੱਡਣਸ਼ੀਲ ਤੇਲ) ਹੁੰਦਾ ਹੈ, ਜਿਸ ਤੋਂ ਇਸ ਨੂੰ ਸੁਆਦ ਤੇ ਮਹਿਕ ਪ੍ਰਦਾਨ ਹੁੰਦੀ ਹੈ। ਇਸ ਵਿਚ ਗਲੂਕੋਜ਼, ਡੈੱਕਸਟਰੀਨ, ਪ੍ਰੋਟੀਨ ਅਤੇ ਚਰਬੀ ਵਾਲੇ ਤੇਲ ਵੀ ਹੁੰਦੇ ਹਨ। ਜੇਕਰ ਕਾਫ਼ੀ ਨੂੰ ਬਹੁਤ ਦੇਰ ਰਖਿਆ ਜਾਵੇ ਤਾਂ ਚਰਬੀ ਵਾਲੇ ਤੇਲਾਂ ਕਾਰਨ ਇਸ ਵਿਚੋਂ ਬੋ ਆਉਣ ਲਗ ਜਾਂਦੀ ਹੈ।

ਪੀਣ ਯੋਗ ਕਾਫ਼ੀ ਪਕਾਈ ਅਤੇ ਪੀਸੀ ਹੋਈ ਕਾਫ਼ੀ ਤੋਂ ਕਈ ਤਰ੍ਹਾਂ ਨਾਲ ਤਿਆਰ ਕੀਤੀ ਜਾਂਦੀ ਹੈ। ਇਸ ਮੰਤਵ ਲਈ ਭਿੰਨ ਭਿੰਨ ਪ੍ਰਕਾਰ ਦੇ ਬਰਤਨ ਵਰਤੇ ਜਾਂਦੇ ਹਨ। ਇਕ ਭਾਂਡੇ ਵਿਚ ਪੀਸੀ ਹੋਈ ਕਾਫ਼ੀ ਪਾਣੀ ਵਿਚ ਭਿਉਂ ਕੇ ਇਸ ਦਾ ਅਰਕ ਕੱਢਿਆ ਜਾਂਦਾ ਹੈ। ਐਸਪਰੈਸੋ ਕਾਫ਼ੀ ਪਾਊਡਰ ਕਾਫ਼ੀ ਨੂੰ ਪਰਕੁਲੇਟਰ ਵਿਚ ਪਾ ਕੇ ਇਸ ਵਿਚੋਂ ਭਾਫ਼ ਲੰਘਾਇਆਂ ਬਣ ਜਾਂਦੀ ਹੈ। ਪੀਸੀ ਹੋਈ ਕਾਫ਼ੀ ਨੂੰ ਪਾਣੀ ਵਿਚ ਉਬਾਲਣ ਨਾਲ ਇਸ ਦਾ ਕਾੜ੍ਹਾ ਤਿਆਰ ਕੀਤਾ ਜਾ ਸਕਦਾ ਹੈ।

ਹ. ਪੁ.—ਇ. ਬਾ.: 468; ਐਨ. ਬ੍ਰਿ. ਮਾ. 2 : 1040

**ਕਾਫ਼ੂਰ, ਮਲਿਕ :** ਕੈਂਬੇ, ਜਿਸ ਨੂੰ ਅੱਜਕੱਲ੍ਹ ਖੰਬਾਤ ਆਖਦੇ ਹਨ ਅਤੇ ਜਿਹੜਾ ਗੁਜਰਾਤ ਰਾਜ ਵਿਚ ਹੈ, ਦਾ ਰਹਿਣ ਵਾਲਾ ਇਹ ਇਕ ਹੀਜੜਾ ਸੀ। 1297 ਵਿਚ ਅਲਾਉੱਦੀਨ ਦੇ ਜਰਨੈਲ ਨੁਸਰਤ ਖ਼ਾਨ ਨੇ ਇਸ ਨੂੰ ਕੈਦੀ ਬਣਾ ਲਿਆ ਅਤੇ ਆਪਣੇ ਨਾਲ ਗ਼ੁਲਾਮ ਬਣਾ ਕੇ ਲੈ ਗਿਆ। ਪਿਛੋਂ ਇਸ ਦਾ ਨਾਂ ਹਜ਼ਾਰ ਦੀਨਾਰੀ ਗ਼ੁਲਾਮ ਪੈ ਗਿਆ।

ਇਹ ਗ਼ੁਲਾਮ ਸਮਾਂ ਪਾ ਕੇ ਆਪਣੇ ਮਾਲਕ ਅਲਾਉੱਦੀਨ ਦੀ ਮੁੱਛ ਦਾ ਵਾਲ ਬਣ ਗਿਆ। ਹਰ ਗੱਲ ਵਿਚ ਉਸ ਦੀ ਸਲਾਹ ਲਈ ਜਾਣ ਲੱਗੀ। ਦਿਨਾਂ ਵਿਚ ਹੀ ਇਸ ਨੂੰ ਰਾਜ ਦਾ ਲਫ਼ਟੈਣ ਬਣਾ ਦਿਤਾ ਗਿਆ।

1306-07 ਵਿਚ ਇਸ ਨੂੰ ਦਿਉਗੀਰ ਦੇ ਰਾਮ ਚੰਦਰ ਨੂੰ ਸਬਕ ਸਿਖਾਉਣ ਲਈ ਭੇਜਿਆ ਗਿਆ। ਹੁਣ ਤਕ ਇਸ ਨੂੰ ਮਲਿਕ ਨੈਬ ਕਿਹਾ ਜਾਣ ਲਗ ਪਿਆ ਸੀ। ਮਲਿਕ ਨੈਬ ਦੇ ਇਸ ਹਮਲੇ ਨਾਲ ਇਸ ਦੀ ਧਾਕ ਦੂਰ ਦੂਰ ਤਕ ਪੈ ਗਈ ਸੀ। ਇਸ ਨੇ ਰਾਮ ਚੰਦਰ ਨੂੰ ਹਰਾ ਕੇ ਉਸ ਤੋਂ ਬਕਾਇਆ ਲਗਾਨ ਵਸੂਲ ਕਰ ਲਿਆ ਅਤੇ ਅਗੋਂ ਲਈ ਰਾਜ-ਪ੍ਰਬੰਧ ਕਰਨ ਲਈ ਮੁਸਲਮਾਨ ਅਫ਼ਸਰ ਲਗਾ ਦਿਤੇ।

ਅਲਾਉੱਦੀਨ ਦੀ ਮੌਤ ਤੋਂ ਕੁਝ ਚਿਰ ਪਹਿਲਾਂ ਅਤੇ ਉਸ ਦੇ ਮਰਨ ਉਪਰੰਤ ਮਲਿਕ ਨੈਬ ਨੇ ਰਾਜ ਦੀ ਵਾਗਡੋਰ ਸੰਭਾਲੀ। ਇਸ ਤਰ੍ਹਾਂ ਇਹ ਆਪਣੇ ਜੀਵਨ ਕਾਲ ਵਿਚ ਇਕ ਗ਼ੁਲਾਮ ਤੋਂ ਵਧਦਾ ਵੱਧਦਾ ਰਾਜਗੱਦੀ ਤਕ ਪਹੁੰਚ ਗਿਆ।

ਹ. ਪੁ.—ਕੈ. ਹਿ. ਇੰ. 3 : 100

**ਕੱਬਡੈਨ ਰਿਚਰਡ** : ਇੰਗਲੈਂਡ ਦੇ ਇਸ ਅਰਥ-ਵਿਗਿਆਨੀ, ਰਾਜਨੀਤੀਵਾਨ ਅਤੇ ਪੱਤਰਕਾਰ ਦਾ ਜਨਮ 3 ਜੂਨ, 1804 ਵਿਚ ਸੱਸੈਕਸ ਦੇ ਡਨਫੋਰਡ ਫਾਰਮ ਵਿਚ ਹੋਇਆ। ਮਾਤਾ ਪਿਤਾ ਦੀ ਗਰੀਬੀ ਕਾਰਨ ਇਹ ਬਹੁਤ ਪੜ੍ਹ ਨਾ ਸਕਿਆ ਅਤੇ 1828 ਵਿਚ ਇਸ ਨੇ ਦੋ ਹੋਰ ਮਿੱਤਰਾਂ ਨਾਲ ਰਲਕੇ ਕੱਪੜੇ ਦਾ ਵਪਾਰ ਸ਼ੁਰੂ ਕਰ ਦਿਤਾ।

ਆਪਣੀ ਪੜ੍ਹਾਈ ਦੀ ਘਾਟ ਨੂੰ ਉਸ ਨੇ ਸਫ਼ਰ ਕਰਕੇ ਤੇ ਵੱਖ ਵੱਖ ਥਾਵਾਂ ਦਾ ਤਜਰਬਾ ਪ੍ਰਾਪਤ ਕਰਕੇ ਪੂਰਾ ਕੀਤਾ। 1831 ਈ. ਵਿਚ ਆਪਣੇ ਸਾਥੀਆਂ ਤੋਂ ਵੱਖ ਹੋ ਕੇ, ਇਸ ਨੇ ਆਪਣੇ ਰਾਜਨੀਤਕ ਝਸ ਨੂੰ ਪੂਰਾ ਕਰਨਾ ਸ਼ੁਰੂ ਕੀਤਾ। ਇਸ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਇੰਗਲੈਂਡ ਦੀ ਖੁਸ਼ਹਾਲੀ ਲਈ ਖੁਲ੍ਹੇ ਵਪਾਰ ਅਤੇ ਬਦੇਸ਼ੀ ਝਗੜਿਆਂ ਤੋਂ ਦੂਰ ਰਹਿਣ ਦੀ ਲੋੜ ਹੈ। 1838 ਈ. ਵਿਚ ਇਸ ਨੇ ਇਕ ਐਸੋਸੀਏਸ਼ਨ ਬਣਾਈ ਜਿਹੜੀ ਅੱਗੇ ਵਿਕਸਤ ਹੋਕੇ 'ਐਂਟੀ-ਕਾਰਨ ਲਾਅ ਲੀਗ' ਵਿਚ ਬਦਲ ਗਈ। ਕੱਬਡੈਨ ਅਤੇ ਜੌਹਨ ਬ੍ਰਾਈਟ ਇਸ ਦੇ ਮੁੱਖ ਨੇਤਾ ਸਨ।

1841 ਵਿਚ ਇਹ ਪਾਰਲੀਮੈਂਟ ਲਈ ਸਟਾਕ-ਪੋਰਟ ਤੋਂ ਚੁਣਿਆ ਗਿਆ। ਉਥੇ ਇਸ ਨੇ ਖਾਦ-ਸਮੱਗਰੀ ਉੱਤੇ ਬਹੁਤ ਵਧੇਰੇ ਆਯਾਤ ਟੈਕਸ ਹਟਾਉਣ ਦੀ ਮੁਹਿੰਮ ਚਲਾਈ ਅਤੇ ਸਰ ਰਾਬਰਟ ਪੀਲ ਦੀ ਸਹਾਇਤਾ ਨਾਲ ਇਸ ਕੰਮ ਵਿਚ ਸਫ਼ਲ ਹੋ ਗਿਆ।

1847 ਈ. ਵਿਚ ਇਹ ਦੂਜੀ ਵਾਰ ਪਾਰਲੀਮੈਂਟ ਲਈ ਚੁਣਿਆ ਗਿਆ। ਉਸ ਨੇ ਕਰੀਮੀਆ ਦੀ ਜੰਗ ਵਿਚ ਇੰਗਲੈਂਡ ਦੇ ਸ਼ਾਮਲ ਹੋਣ ਦਾ ਵਿਰੋਧ ਕੀਤਾ। 1857 ਈ. ਵਿਚ ਉਸ ਨੇ ਲਾਰਡ ਪਾਮਰਸਟਨ ਦੀ ਵਜ਼ਾਰਤ ਦੁਆਰਾ ਚੀਨ ਨਾਲ ਜੰਗ ਸ਼ੁਰੂ ਕਰਨ ਦੇ ਵਿਰੁੱਧ ਨਿਖੇਧੀ-ਪ੍ਰਸਤਾਵ ਪੇਸ਼ ਕੀਤਾ। ਇਸ ਪ੍ਰਸਤਾਵ ਕਾਰਨ ਆਮ ਚੋਣਾਂ ਕਰਾਉਣੀਆਂ ਪਈਆਂ। ਐਪਰ ਕੱਬਡੈਨ ਆਪਣੀ ਸੀਟ ਹਾਰ ਗਿਆ। 1859 ਵਿਚ ਇਹ ਮੁੜ ਚੁਣਿਆ ਗਿਆ।

2 ਅਪ੍ਰੈਲ, 1865 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 7 : 176 ; ਐਨ. ਬ੍ਰਿ. 5 : 990.

**ਕੱਬ, ਫਰਾਂਸਿਸ ਪਾਵਰ** : ਇਹ ਅੰਗਰੇਜ਼ ਸਮਾਜ ਸੇਵਿਕਾ ਅਤੇ ਧਾਰਮਿਕ ਸਮਾਜ ਸੇਵੀ ਵਿਸ਼ਿਆਂ ਦੀ ਇਸ ਲੇਖਿਕਾ ਦਾ ਜਨਮ 4 ਦਸੰਬਰ, 1822 ਨੂੰ ਡਬਲਿਨ ਵਿਖੇ ਹੋਇਆ। ਸੰਨ 1858 ਵਿਚ ਇਸ ਨੇ ਬ੍ਰਿਸਟਲ ਦੀਆਂ ਲੜਕੀ... ਅਤੇ ਲੜਕਿਆਂ ਵਿਚਕਾਰ ਆਪਣੀ ਸਮਾਜ ਸੇਵਾ ਦਾ ਕੰਮ ਸ਼ੁਰੂ ਕੀਤਾ। ...ਨੇ ਚੀਰ-ਫਾੜ, ਮੁਬਾਜੀ ਅਲਹਿਦਗੀ ਦੇ ਹੁਕਮਾਂ ਅਤੇ ਤਲਾਕ ਦੇ ਵਿ... ਸਬੰਧੀ ਬਹੁਤ ਖੋਜਾਂ ਕੀਤੀਆਂ। ਇਹ ਨਾਰੀ ਮੱਤ ਅਧਿਕਾਰ ਦੀ ਕੱਟੜ ...ਮਰਥਕ ਸੀ। ਸਮੇਂ ਸਮੇਂ ਇਸ ਨੇ ਇਕ ਈਸ਼ਵਰਵਾਦੀ ਰੋਮਨ ਕੈਥੋਲਿ... ਗਿਰਜਿਆਂ ਵਿਚ ਸੇਵਾ ਵੀ ਕੀਤੀ।

ਇਸ ਨੇ 30 ਵੱਖ ਵੱਖ ਕ੍ਰਿਤਾਂ ਛਪਵਾਈਆਂ।

ਇਸ ਨੇ ਆਪਣੀ ਸਵੈ-ਜੀਵਨੀ ਦੋ ਜਿਲਦਾਂ ਵਿਚ ਲਿਖ ਕੇ 1894 ਵਿਚ ਛਪਵਾਈ। 5 ਅਪ੍ਰੈਲ 1904 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 988

**ਕਾਬਰਾਲ, ਪੇਦਰੂ ਆਲਵਾਰ** : ਪੁਰਤਗਾਲ ਦਾ ਇਹ ਇਕ ਪ੍ਰਸਿੱਧ ਜਹਾਜ਼ਰਾਨ ਸੀ। ਬ੍ਰਾਜ਼ੀਲ ਲੱਭਣ ਦਾ ਸਿਹਰਾ ਆਮ ਕਰਕੇ ਇਸ ਦੇ ਸਿਰ ਹੈ। ਇਸ ਦਾ ਜਨਮ ਪੁਰਤਗਾਲ ਦੀ ਬੈਲਮਾਂਟ ਬੰਦਰਗਾਹ ਤੇ 1467-68 ਨੂੰ ਹੋਇਆ ਸੀ। ਕਾਰਬਾਲ ਜਦੋਂ ਪੁਰਤਗੇਜ਼ੀ ਬਾਦਸ਼ਾਹ ਮੈਨੂਅਲ ਪਹਿਲੇ ਦੀ ਖਾਤਰ ਭਾਰਤ ਨੂੰ ਸਮੁੰਦਰੀ ਯਾਤਰਾ ਤੇ ਚੱਲਿਆ ਤਾਂ ਦੱਖਣ-ਪੱਛਮ ਵਲ ਦੂਰ ਨਿਕਲ ਗਿਆ ਜਿਥੇ ਇਸ ਨੇ 22 ਅਪ੍ਰੈਲ, 1500 ਈ. ਨੂੰ ਬ੍ਰਾਜ਼ੀਲ ਦਾ ਸਾਹਿਲ ਵੇਖਿਆ। 10 ਦਿਨ ਬ੍ਰਾਜ਼ੀਲ ਵਿਚ ਠਹਿਰਨ ਉਪਰੰਤ ਇਸ ਦਾ ਬੇੜਾ ਭਾਰਤ ਨੂੰ ਚਲ ਪਿਆ। ਪਰ ਕੇਪ ਆਫ਼ ਗੁਡ ਹੋਪ ਦੇ ਨਜ਼ਦੀਕ ਜਾ ਕੇ ਤੇਰ੍ਹਾਂ ਵਿਚੋਂ ਚਾਰ ਜਹਾਜ਼ ਡੁਬ ਗਏ। ਇਸ ਨੇ ਭਾਰਤ ਵਿਚ ਵਪਾਰਕ ਚੌਂਕੀਆਂ ਸਥਾਪਤ ਕੀਤੀਆਂ ਪਰ ਜਲਦੀ ਹੀ ਮੁਸਲਮਾਨਾਂ ਨਾਲ ਇਸ ਦਾ ਝਗੜਾ ਹੋ ਗਿਆ। ਲੜਾਈ ਵਿਚ ਕਾਬਰਾਲ ਦੇ ਆਦਮੀ ਮਾਰੇ ਗਏ। 23 ਜੂਨ, 1501 ਨੂੰ ਸਿਰਫ਼ ਚਾਰ ਜਹਾਜ਼ ਬਾਕੀ ਲੈਕੇ ਇਹ ਪੁਰਤਗਾਲ ਪਹੁੰਚ ਗਿਆ।

1520 ਵਿਚ ਪੁਰਤਗਾਲ ਦੇ ਸੈਂਟਾਰੈਮ ਸ਼ਹਿਰ ਵਿਖੇ ਇਸਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 424

**ਕਾਬਰੀਨੀ, ਸੇਂਟ ਫ੍ਰਾਂਸਿਸ ਜ਼ੈਵੀਅਰ** : ਇਹ ਵਧੇਰੇ ਕਰਕੇ ਮਾਤਾ ਕਾਬਰੀਨੀ ਕਰਕੇ ਜਾਣੀ ਜਾਂਦੀ ਹੈ। ਇਸ ਦਾ ਜਨਮ 15 ਜੁਲਾਈ, 1850 ਨੂੰ ਹੋਇਆ। ਇਹ ਸੇਕ੍ਰਿਡ ਹਾਰਟ ਦੀਆਂ ਮਿਸ਼ਨਰੀ ਸਿਸਟਰਜ਼ ਦੀ ਬਾਨੀ ਸੀ ਅਤੇ ਸੰਯੁਕਤ ਰਾਜ ਦੀ ਪਹਿਲੀ ਸ਼ਹਿਰੀ ਸੀ, ਜਿਸ ਨੂੰ ਪਵਿੱਤਰ ਮਾਨਤਾ ਦਿੱਤੀ ਗਈ। ਬਚਪਨ ਤੋਂ ਹੀ ਇਸ ਦੀ ਇੱਛਾ ਮਿਸ਼ਨਰੀ ਬਣਨ ਦੀ ਸੀ। ਵਿਦਾਰਦੋ ਵਿਚ (1872-74) ਪੜ੍ਹਾਉਣ ਤੋਂ ਪਿਛੋਂ ਇਸ ਨੂੰ ਇਕ ਯਤੀਮਖ਼ਾਨੇ ਦੀ ਨਿਗਰਾਨ (1874) ਨਿਯੁਕਤ ਕਰ ਦਿੱਤਾ ਗਿਆ। ਉਸ ਤੋਂ ਥੋੜ੍ਹਾ ਚਿਰ ਪਿਛੋਂ ਹੀ ਇਸ ਨੇ ਆਪਣਾ ਪ੍ਰਣ ਪੂਰਾ ਕਰ ਲਿਆ ਅਤੇ ਇਹ ਮਾਤਾ ਕਾਬਰੀਨੀ ਕਰਕੇ ਜਾਣੀ ਜਾਣ ਲਗੀ। ਇਸ ਨੇ ਚੀਨ ਵਿਚ ਮੱਠ ਦੀ ਨੀਂਹ ਰਖਣ ਦੀ ਸੋਚੀ ਪਰੰਤੂ ਪੋਪ ਲੀਓ ਤੇਰ੍ਹਵੇਂ ਨੇ ਇਸ ਨੂੰ ਪੂਰਬ ਦੀ ਥਾਂ ਪੱਛਮ ਵਲ ਜਾਣ ਦੀ ਹਦਾਇਤ ਕੀਤੀ ਅਤੇ ਇਹ ਕੁਝ ਸਾਥਣਾਂ ਨਾਲ 1889 ਵਿਚ ਸੰਯੁਕਤ ਰਾਜ ਵੱਲ ਚੱਲ ਪਈ। ਉਥੇ ਇਨ੍ਹਾਂ ਨੇ ਅਣਗੌਲੇ ਇਟਲੀ ਦੇ ਪ੍ਰਵਾਸੀਆਂ ਵਿਚ ਬਹੁਤ ਕੰਮ ਕੀਤਾ। ਇਹ ਇਸ ਦੀ ਅਮਰੀਕਾ ਅਤੇ ਯੂਰਪ ਯਾਤਰਾਵਾਂ ਦੀ ਲੜੀ ਦੀ ਪਹਿਲੀ ਕੜੀ ਸੀ। ਸੰਨ 1909 ਵਿਚ ਇਹ ਸੰਯੁਕਤ ਰਾਜ ਦੀ ਸ਼ਹਿਰੀ ਬਣ ਗਈ। ਭਾਵੇਂ ਇਸ ਦੀ ਸਿਹਤ ਖ਼ਰਾਬ ਰਹਿੰਦੀ ਸੀ ਤਾਂ ਵੀ ਇਸ ਨੇ 67 ਘਰਾਂ ਦੀ ਸਥਾਪਨਾ ਪ੍ਰਸਿੱਧ ਥਾਵਾਂ ਤੇ ਕੀਤੀ। ਇਸ ਨੂੰ ਪੋਪ ਪਿਊਸ ਬਾਰ੍ਹਵੇਂ ਨੇ 1946 ਵਿਚ ਧਾਰਮਕ ਮਾਨਤਾ ਪ੍ਰਦਾਨ ਕੀਤੀ। 22 ਦਸੰਬਰ,

1917 ਨੂੰ ਇਸ ਦੀ ਮੌਤ ਹੋ ਗਈ। ਇਸ ਦਾ ਪੁਰਬ 13 ਨਵੰਬਰ ਨੂੰ ਮਨਾਇਆ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 2 : 425

**ਕਾਬਲ :** ਵਿਲਾਇਤ—ਪੂਰਬੀ ਅਫ਼ਗਾਨਿਸਤਾਨ ਦੀ ਇਕ ਵਿਲਾਇਤ (ਸੂਬਾ) ਹੈ ਜਿਸ ਨਾਲ ਉੱਤਰ ਵਲੋਂ ਪਰਵਾਨ ਅਤੇ ਕਾਪੀਸਾ, ਪੂਰਬ ਵਲੋਂ ਨੰਗਰਹਾਰ ਅਤੇ ਦੱਖਣ ਵਲੋਂ ਲੋਗਾਰ ਅਤੇ ਵਰਦਕ ਪ੍ਰਾਂਤ ਨਾਲ ਲਗਦੇ ਹਨ। ਇਹ ਅਫ਼ਗਾਨਿਸਤਾਨ ਦਾ ਸਭ ਤੋਂ ਵੱਧ ਵਸੋਂ ਵਾਲਾ (ਲਗਭਗ 1,517,909 (1982) ਅਤੇ ਸਭ ਤੋਂ ਘੱਟ ਰਕਬੇ (4,583 ਵ.ਕਿ.ਮੀ.) ਵਾਲਾ ਸੂਬਾ ਹੈ। ਸੂਬੇ ਦੀ ਆਮ ਉਚਾਣ 2135 ਮੀ. ਤੋਂ ਘੱਟ ਨਹੀਂ ਹੈ । ਸੂਬੇ ਦੇ ਪੱਛਮੀ ਹਿੱਸੇ ਵਿਚ ਉੱਚੀਆਂ ਉੱਚੀਆਂ ਪਹਾੜੀਆਂ ਹਨ। ਉੱਤਰ ਵਲੋਂ ਹਿੰਦੂਕੁਸ਼ ਇਸ ਸੂਬੇ ਨੂੰ ਪਾਰ ਕਰਦਾ ਹੈ। ਕੇਂਦਰ ਵਿਚ ਬੰਦ-ਇ-ਬਾਬਾ ਅਤੇ ਪੱਗਮਾਨ ਵੱਡਾ ਜਲ-ਨਿਖੇੜ ਬਣਾਉਂਦੇ ਹਨ ਅਤੇ ਕਾਬਲ, ਹੈਲਮੰਦ ਅਤੇ ਹੈਰੀਰੂਦ (ਰੂਦ ਤੋਂ ਭਾਵ ਦਰਿਆ) ਉਪਰਲੇ ਦਰਿਆਈ ਮਾਰਗਾਂ ਨੂੰ ਵੰਡਦੇ ਹਨ। ਹਜ਼ਾਰਜਾਤ ਦੀਆਂ ਉੱਚੀਆਂ ਉੱਚ-ਭੂਮੀਆਂ ਸੂਬੇ ਦੇ ਦੱਖਣੀ-ਪੱਛਮੀ ਜ਼ਿਲ੍ਹੇ ਬਣਾਉਂਦੀਆਂ ਹਨ ਅਤੇ ਦੱਖਣ ਅਤੇ ਦੱਖਣ-ਪੂਰਬ ਵਿਚ ਗਜ਼ਨੀ ਦੀਆਂ ਉੱਚ-ਭੂਮੀਆਂ ਹਨ।

ਕੋਹਿਸਤਾਨ, ਪੰਜਸ਼ੀਰ, ਬਾਮੀਆਂ, ਸੇਘਾਨ ਅਤੇ ਨਿਜਰਾਓ ਸੂਬੇ ਦੇ ਉੱਤਰੀ ਜ਼ਿਲ੍ਹੇ ਹਨ । ਇਹਨਾਂ ਜ਼ਿਲ੍ਹਿਆਂ ਵਿਚ ਕੋਹਿਸਤਾਨੀ ਅਤੇ ਤਾਜਿਕ ਲੋਕ ਰਹਿੰਦੇ ਹਨ ਜਦੋਂ ਕਿ ਬਾਮੀਆਂ ਵਿਚ ਹਜ਼ਾਰ ਕਬੀਲੇ ਦੇ ਵਧੇਰੇ ਲੋਕ ਰਹਿੰਦੇ ਹਨ। ਸੂਬੇ ਦੀ ਪੱਛਮੀ ਅਤੇ ਦੱਖਣੀ-ਪੱਛਮੀ ਜ਼ਿਲ੍ਹੇ ਹਜ਼ਾਰਜਾਤ ਵਾਲੇ ਹਨ ਅਤੇ ਇਸ ਵਿਚ ਬੇਸੂਦ ਦਾ ਇਲਾਕਾ, ਦੇਹ ਜ਼ੰਗੀ ਅਤੇ ਹਜ਼ਾਰ ਦੇ ਦੇਹ ਕੰਦੀ ਕਬੀਲੇ ਸ਼ਾਮਲ ਹਨ। ਸੂਬੇ ਦੇ ਦੱਖਣ-ਪੂਰਬ ਵਿਚ ਗਜ਼ਨੀ, ਗਰਦੇਸ਼, ਪੋਸਤ ਅਤੇ ਲੋਗਾਰ ਸਥਿਤ ਹਨ । ਗਿਲਜ਼ਈ ਅਤੇ ਹੋਰ ਅਫ਼ਗਾਨ ਕਬੀਲੇ ਇਨ੍ਹਾਂ ਜ਼ਿਲ੍ਹਿਆਂ ਵਿਚ ਵਧੇਰੇ ਵਸਦੇ ਹਨ ਪਰ ਹਜ਼ਾਰ ਅਤੇ ਤਾਜਿਤ ਵੀ ਇਥੇ ਰਹਿੰਦੇ ਹਨ।

ਇਥੇ ਸਰਦੀਆਂ ਵਿਚ ਸਖ਼ਤ ਠੰਢ ਪੈਂਦੀ ਹੈ ਪਰ ਬਹਾਰ, ਗਰਮੀ ਅਤੇ ਪਤਝੜ ਦੀ ਰੁੱਤ (ਜੁਲਾਈ ਤੇ ਅਗਸਤ ਨੂੰ ਛੱਡਕੇ) ਯੂਰਪ ਵਰਗੀ ਹੈ ।

ਸੂਬੇ ਵਿਚ ਈਰਾਨੀਆਂ, ਯੂਨਾਨੀਆਂ, ਹਿੰਦੂਆਂ, ਬੋਧੀਆਂ ਅਤੇ ਮੁਸਲਮਾਨਾਂ ਦੀ ਪੁਰਾਤਨ ਹੋਂਦ ਦੇ ਕਈ ਪ੍ਰਮਾਣ ਮਿਲਦੇ ਹਨ। ਕਾਬਲ ਸ਼ਹਿਰ ਦੇ ਨੇੜੇ ਸੁਰਖ ਮੀਨਾਰ, ਪਰਸੀਪਾਲਿਟਨ ਥੰਮ੍ਹਾਂ ਦੇ ਉਪਰਲੇ ਹਿੱਸਿਆਂ ਦੀ ਨਕਲ ਹੈ । ਕਾਬਲ ਵਾਦੀ ਦੇ ਨਾਲ ਨਾਲ ਮਿਲਦੇ ਬੋਧੀ ਮੱਠਾਂ ਅਤੇ ਸਤੂਪਾਂ ਵਿਚ ਯੂਨਾਨੀ ਪ੍ਰਭਾਵ ਪ੍ਰਤੱਖ ਦਿਸਦਾ ਹੈ । ਇਸ ਵਾਦੀ ਵਿਚ (ਗ੍ਰੀਕੋ-ਬਖ਼ਤਰੀਅੱਨ) ਦੇ ਸਿੱਕੇ ਬਹੁਤ ਮਿਲਦੇ ਹਨ। ਕਾਬਲ ਦੇ ਉੱਤਰ ਵਲ, ਕੋਹ-ਇ-ਦਮਨ ਵਿਚ ਕੁਝ ਪ੍ਰਾਚੀਨ ਸ਼ਹਿਰਾਂ ਦੀਆਂ ਥਾਵਾਂ ਮਿਲਦੀਆਂ ਹਨ। ਇਹਨਾਂ ਵਿਚੋਂ ਸਭ ਤੋਂ ਪ੍ਰਮੁੱਖ ਸ਼ਹਿਰ ਬੇਘਰਾਮ ਹੈ ਜਿਸ ਵਿਚੋਂ ਕਈ ਹਜ਼ਾਰ ਸਿੱਕੇ ਪ੍ਰਾਪਤ ਹੋਏ ਹਨ। ਅਨੁਮਾਨ ਲਾਇਆ ਜਾਂਦਾ ਹੈ ਕਿ ਇਹ ਸਿਕੰਦਰ ਦੇ ਨਾਈਸੀਆ ਰਾਜ ਵਿਚ ਹੁੰਦਾ ਸੀ। ਆਖ਼ਰੀ ਅਫ਼ਗਾਨ ਲੜਾਈ ਦੌਰਾਨ ਜਲਾਲਾਬਾਦ ਦੀ ਖੋਜ ਤੋਂ ਪੱਥਰ, ਸਲੇਟ ਅਤੇ ਪਲਸਤਰ ਦੇ ਕਈ ਦਿਲਖਿੱਚਵੇਂ ਬੁੱਤ ਮਿਲੇ ਹਨ। ਕੋਹਿ-ਬਾਬਾ ਦੇ ਉੱਤਰ ਵਲ ਬਾਮੀਆਂ ਦੇ ਸਥਾਨ ਤੇ ਇਕ ਢੰਦੀ ਵਿਚ ਖੁਣਿਆ ਹੋਇਆ ਸੁੰਦਰ ਬੁੱਤ ਅਤੇ ਨਾਲ ਲਗਦੀਆਂ ਗੁਫ਼ਾਵਾਂ ਵਿਚ ਸੂਬੇ ਦੀਆਂ ਪ੍ਰਸਿੱਧ ਪ੍ਰਾਚੀਨ ਯਾਦਗਾਰਾਂ ਹਨ । ਇਨ੍ਹਾਂ ਵਿਚੋਂ ਸਭ ਤੋਂ ਵੱਡਾ ਬੁੱਤ 154 ਮੀ. ਉੱਚਾ ਹੈ।

ਹ. ਪੁ.—ਐਨ. ਬ੍ਰਿ. ਮਾ. 5 : 651; ਇੰਪ. ਗ. ਇੰਡ. 14 : 241

**ਕਾਬਲ :** ਸ਼ਹਿਰ—ਅਫ਼ਗਾਨਿਸਤਾਨ ਵਿਚ ਇਸੇ ਹੀ ਨਾਂ ਦੀ ਵਿਲਾਇਤ ਦਾ ਰਾਜਧਾਨੀ ਸ਼ਹਿਰ ਹੈ ਜੋ ਕਾਬਲ ਦਰਿਆ ਦੇ ਸੱਜੇ ਕੰਢੇ ਉਤੇ ਲਗਭਗ 1800 ਮੀ. ਦੀ ਉਚਾਈ ਉਤੇ ਅਸਮਾਈ ਅਤੇ ਸ਼ੇਰ ਦਰਵਾਜ਼ਾ ਨਾਂ ਦੀਆਂ ਦੋ ਤੇਜ਼ ਢਲਾਣ ਵਾਲੀਆਂ ਪਹਾੜੀ ਲੜੀਆਂ ਵਿਚਕਾਰ, ਇਕ ਤਿਕੋਣੀ ਵਾਦੀ ਵਿਚ ਸਥਿਤ ਹੈ। ਇਹ ਸੜਕਾਂ ਦੁਆਰਾ ਅਫ਼ਗਾਨਿਸਤਾਨ ਦੇ ਸਾਰੇ ਸੂਬਿਆਂ, ਉੱਤਰ ਵਲ ਰੂਸ ਅਤੇ ਪੂਰਬ ਵਲ ਪਾਕਿਸਤਾਨ ਨਾਲ ਜੁੜਿਆ ਹੋਇਆ ਹੈ।

ਕਾਬਲ ਸ਼ਹਿਰ 3,000 ਸਾਲ ਤੋਂ ਵੀ ਪੁਰਾਣਾ ਹੈ। ਸ਼ਹਿਰ ਦਾ ਜ਼ਿਕਰ ਰਿਗਵੇਦ (ਲ. 1500 ਈ. ਪੂ.) ਵਿਚ ਵੀ ਆਇਆ ਹੈ। ਟਾਲਮੀ ਵਰਗੇ ਪ੍ਰਸਿੱਧ ਖਗੋਲ ਵਿਗਿਆਨੀ, ਭੂਗੋਲ ਵਿਗਿਆਨੀ ਅਤੇ ਗਣਿਤ ਵਿਗਿਆਨੀ ਨੂੰ ਇਸ ਸ਼ਹਿਰ ਬਾਰੇ ਦੂਜੀ ਸਦੀ ਈ. ਵਿਚ ਹੀ ਪਤਾ ਲਗ ਗਿਆ ਸੀ। ਹਿਜਰਾ ਦੇ ਪੈਂਤੀਵੇਂ ਸਾਲ ਵਿਚ ਇਸ ਉਤੇ ਅਰਬਾਂ ਨੇ ਹੱਲਾ ਕੀਤਾ । ਕਾਬਲ ਪਹਿਲੀ ਵਾਰ ਸਰਕਾਰ ਦਾ ਇਲਾਕਾਈ ਸਦਰ-ਮੁਕਾਮ 8ਵੀਂ ਸਦੀ ਵਿਚ ਬਣਿਆ ਅਤੇ ਸ਼ਹਿਰ ਦੀ ਇਹੀ ਹੈਸੀਅਤ 80 ਸਾਲ ਤੀਕ ਰਹੀ । ਤੇਰ੍ਹਵੀਂ ਸਦੀ ਵਿਚ ਮੰਗੋਲ ਹਮਲਾਵਰ ਚੰਗੇਜ਼ ਖ਼ਾਨ ਨੇ ਸ਼ਹਿਰ ਦਾ ਭਾਰੀ ਨੁਕਸਾਨ ਕੀਤਾ। ਬਾਬਰ ਅਧੀਨ, ਕਾਬਲ ਮੁਗ਼ਲ ਰਾਜ (1504—26) ਦੀ ਰਾਜਧਾਨੀ ਰਿਹਾ ਅਤੇ ਹਿੰਦੁਸਤਾਨ ਤੇ ਹਮਲਾ ਕਰਨ ਤਕ ਵੀਹ ਸਾਲ ਇਹ ਬਾਬਰ ਦੇ ਕਬਜ਼ੇ ਵਿਚ ਹੀ ਰਿਹਾ। ਬਾਬਰ ਦੀ ਮੌਤ ਤੋਂ ਬਾਅਦ, ਕਾਬਲ ਉਸ ਦੇ ਛੋਟੇ ਪੁੱਤਰ ਕਾਮਰਾਨ ਅਧੀਨ ਹੋ ਗਿਆ ਜਿਸ ਨੇ ਆਪਣੇ ਭਰਾ ਹਮਾਯੂੰ ਉਤੇ ਕਈ ਹਮਲੇ ਕੀਤੇ ਪਰ ਹਾਰਦਾ ਰਿਹਾ ਅਤੇ ਅਖੀਰ ਹਮਾਯੂੰ ਨੇ ਇਸ ਨੂੰ ਅੰਨ੍ਹਾ (1553) ਕਰ ਦਿਤਾ। ਹਮਾਯੂੰ ਨੇ ਕਾਬਲ ਆਪਣੇ ਨਾਬਾਲਗ ਪੁੱਤਰ ਮਿਰਜ਼ਾ ਹਾਕਿਮ ਨੂੰ ਦੇ ਦਿਤਾ । ਸੰਨ 1585 ਵਿਚ ਉਸ ਦੀ ਮੌਤ ਤੇ ਇਹ ਮਿਰਜ਼ਾ ਹਾਕਿਮ ਦੇ ਵੱਡੇ ਭਰਾ ਅਕਬਰ ਅਧੀਨ ਚਲਾ ਗਿਆ । ਇਸ ਸਮੇਂ ਤੋਂ ਲੈ ਕੇ ਨਾਦਰਸ਼ਾਹ ਦੇ ਕਬਜ਼ੇ ਅਧੀਨ (1738) ਜਾਣ ਤੀਕ ਇਸ ਉੱਤੇ ਭਾਰਤ ਦੇ ਮੁਗ਼ਲ ਬਾਦਸ਼ਾਹਾਂ ਦਾ ਕਬਜ਼ਾ ਰਿਹਾ। ਨਾਦਰ ਸ਼ਾਹ ਤੋਂ ਪਿਛੋਂ ਇਸ ਉਤੇ ਅਹਿਮਦ ਸ਼ਾਹ ਦੁੱਰਾਨੀ ਦਾ ਕਬਜ਼ਾ ਹੋ ਗਿਆ। ਇਸ ਤੋਂ ਪਿਛੋਂ ਇਸ ਦੇ ਪੁੱਤਰ ਤੈਮੂਰ ਨੇ ਕਾਬਲ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾ ਲਿਆ। ਸਾਦੋਜ਼ਈ ਰਾਜ ਵੰਸ਼ ਦੌਰਾਨ ਵੀ ਕਾਬਲ ਰਾਜਧਾਨੀ ਰਿਹਾ।

ਅਫ਼ਗਾਨ ਯੁੱਧ ਦੌਰਾਨ ਸ਼ਹਿਰ ਨੇ ਬੜਾ ਮਹੱਤਵ-ਪੂਰਨ ਰੋਲ ਅਦਾ ਕੀਤਾ। ਅਗਸਤ, 1839 ਨੂੰ ਸ਼ਾਹ ਸ਼ੁਜਾਅ ਅੰਗਰੇਜ਼ ਫ਼ੌਜਾਂ ਦੀ ਰੱਖਿਆ ਨਾਲ ਬਾਦਸ਼ਾਹ ਦੇ ਰੂਪ ਵਿਚ ਕਾਬਲ ਵਿਚ ਦਾਖ਼ਲ ਹੋਇਆ। ਇਸ ਸਾਲ ਅਤੇ ਅਗਲੇ ਸਾਲ ਅੰਗਰੇਜ਼ ਫ਼ੌਜਾਂ ਉਥੇ ਕਾਇਮ ਰਹੀਆਂ ਪਰ ਨਵੰਬਰ, 1841 ਨੂੰ ਸ਼ਹਿਰੀਆਂ ਅਤੇ ਅਫ਼ਗਾਨ ਫ਼ੌਜ ਨੇ ਵਿਦਰੋਹ ਕਰ ਦਿਤਾ ਅਤੇ ਸਰ ਅਲੈਗਜ਼ਾਂਦਰ ਬਰਨਜ਼ ਨੂੰ ਕਤਲ ਕਰ ਦਿਤਾ। ਦਸੰਬਰ ਵਿਚ ਰੱਖਿਆ ਸੈਨਾ ਨੂੰ ਵਾਪਸ ਕਰਨ ਦੇ ਸਬੰਧ ਵਿਚ ਹੋਈ ਮੁਲਾਕਾਤ ਸਮੇਂ, ਦੋਸਤ ਮੁਹੰਮਦ ਦੇ ਲੜਕੇ ਅਕਬਰ ਖ਼ਾਨ ਨੇ ਸਰ ਵਿਲੀਅਮ ਮੈਕਨਾਟਨ ਨਾਮੀ ਵਿਸ਼ੇਸ਼ ਦੂਤ ਉੱਤੇ ਧੋਖੇ ਨਾਲ ਗੋਲੀ ਚਲਾ ਦਿਤੀ। ਜਨਵਰੀ 6, 1842 ਨੂੰ ਅੰਗਰੇਜ਼ ਫ਼ੌਜਾਂ ਨੇ 4,500 ਯੋਧਿਆਂ ਅਤੇ 12,000 ਪੈਰੋਕਾਰਾਂ ਨਾਲ ਕੂਚ ਕੀਤਾ । ਇਨ੍ਹਾਂ ਸਾਰਿਆਂ ਵਿਚੋਂ ਕੇਵਲ ਇਕ ਆਦਮੀ ਡਾ. ਬਰਾਈਡਨ ਹੀ ਜਲਾਲਾਬਾਦ ਪਹੁੰਚਿਆ ਅਤੇ 92 ਕੈਦੀ ਵੀ ਬਾਅਦ ਵਿਚ ਆ ਮਿਲੇ। ਅੰਗਰੇਜ਼ ਫ਼ੌਜਾਂ ਦੀ ਵਾਪਸੀ ਤੋਂ ਚਾਰ ਮਹੀਨੇ ਬਾਅਦ, ਅਪਰੈਲ ਵਿਚ ਸ਼ਾਹ ਸ਼ੁਜਾਅ ਨੂੰ ਕਤਲ ਕਰ ਦਿਤਾ ਗਿਆ। ਸਤੰਬਰ 1842 ਵਿਚ ਜਨਰਲ ਪੋਲਕ ਬਦਲਾ ਲੈਣ ਲਈ ਫ਼ੌਜ ਲੈ ਕੇ ਆ ਕਾਬਲ ਪਹੁੰਚਿਆ ਅਤੇ ਬਿਨਾਂ ਕਿਸੇ ਵਿਰੋਧ ਦੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ। ਇਸ ਦੇ ਤੁਰਨ ਤੋਂ ਇਕ ਮਹੀਨਾ ਪਹਿਲਾਂ ਸਰ ਵਿਲਿਅਮ ਮੈਕਨਾਟਨ ਦੇ ਕਤਲ ਦਾ ਬਦਲਾ ਲੈਣ ਲਈ ਕਾਬਲ ਸ਼ਹਿਰ ਦੇ ਵੱਡੇ ਬਾਜ਼ਾਰ ਨੂੰ ਬਾਰੂਦ ਨਾਲ ਤਬਾਹ ਕਰ ਦਿਤਾ।

ਸੰਨ 1879 ਵਿਚ ਕਾਬਲ ਉੱਤੇ ਅੰਗਰੇਜ਼ਾਂ ਦਾ ਫਿਰ ਕਬਜ਼ਾ ਹੋ ਗਿਆ ਜਦੋਂ ਕਿ ਜਨਰਲ ਰਾਬਰਟਸ ਦੀ ਕਮਾਨ ਹੇਠ ਬਦਲਾ ਲਊ ਫ਼ੌਜ ਨੂੰ ਬਰਤਾਨਵੀ ਰੈਜ਼ੀਡੈਂਟ ਸਰ ਲੂਇਸ ਕਵਾਗਨਾਰੀ ਅਤੇ

ਉਸ ਦੀ ਪਾਰਟੀ ਦੇ ਹੋਏ ਕਤਲ ਸਬੰਧੀ ਕਰੜੀ ਸਜ਼ਾ ਦੇਣ ਲਈ ਭੇਜਿਆ ਗਿਆ ਸੀ। ਲਗਭਗ ਇਕ ਸਾਲ ਤੀਕ ਸ਼ਹਿਰ ਉਤੇ ਅੰਗਰੇਜ਼ਾਂ



ਬਾਬਰ ਦੀ ਸਮਾਧ

ਦਾ ਕਬਜ਼ਾ ਰਿਹਾ। ਸਰਦੀ ਦੀ ਰੁੱਤ ਵਿਚ ਬਹੁਤ ਸਾਰੇ ਕਬਾਇਲੀਆਂ ਨੇ ਬਗ਼ਾਵਤ ਕਰ ਦਿਤੀ ਅਤੇ ਕੁਝ ਦਿਨ ਘਮਸਾਨ ਦੀ ਲੜਾਈ ਪਿਛੋਂ ਅੰਗਰੇਜ਼ ਫੌਜਾਂ ਨੂੰ ਸ਼ੇਰਪੁਰ ਦੀ ਛਾਉਣੀ ਉਤੇ ਇਕੱਠਾ ਹੋਣਾ ਪਿਆ ਜਿਸਨੂੰ ਘੱਟ ਤੋਂ ਘੱਟ 50,000 ਆਦਮੀਆਂ ਨੇ ਘੇਰਿਆ ਹੋਇਆ ਸੀ। 23 ਦਸੰਬਰ, 1879 ਨੂੰ ਵਿਰੋਧੀਆਂ ਵਲੋਂ ਇਕ ਤਕੜੇ ਹਮਲੇ ਨੂੰ ਨਾਕਾਮ ਕਰ ਦਿਤਾ ਗਿਆ ਅਤੇ ਅਗਲੇ ਦਿਨ ਇਕ ਹੋਰ ਬ੍ਰਿਗੇਡ ਆ ਕੇ ਜਨਰਲ ਰਾਬਰਟਸ ਨਾਲ ਰਲ ਗਿਆ। ਸਿੱਟੇ ਵਜੋਂ ਇਹ ਸ਼ਹਿਰ ਫਿਰ ਉਸ ਦੇ ਹੱਥਾਂ ਵਿਚ ਚਲਾ ਗਿਆ ਅਤੇ ਕਬਾਇਲੀ ਬੜੀ ਤੇਜ਼ੀ ਨਾਲ ਇਥੋਂ ਭੱਜ ਗਏ। ਅਗਸਤ 1880 ਵਿਚ ਅਬਦੁਰ ਰਹਿਮਾਨ ਖ਼ਾਨ ਨੂੰ ਅਮੀਰ ਵਜੋਂ ਮਾਨਤਾ ਦੇਣ ਤੇ, ਅੰਗਰੇਜ਼ ਫੌਜਾਂ ਕਾਬਲ ਖਾਲੀ ਕਰਕੇ ਭਾਰਤ ਵਾਪਸ ਆ ਗਈਆਂ।

ਇਹ ਪ੍ਰਾਚੀਨ ਸ਼ਹਿਰ ਚਾਰੇ ਪਾਸਿਓਂ ਦੀਵਾਰਾਂ ਨਾਲ ਘਿਰਿਆ ਹੋਇਆ ਹੁੰਦਾ ਸੀ ਅਤੇ ਇਸ ਦੇ ਸੱਤ ਦਰਵਾਜ਼ੇ ਹੁੰਦੇ ਸਨ। ਲਾਹੌਰੀ ਦਰਵਾਜ਼ਾ ਅੱਜ ਵੀ ਨਿਸ਼ਾਨੀ ਵਜੋਂ ਮੌਜੂਦ ਹੈ। ਸ਼ਹਿਰ ਵਿਚ 45 ਮੀਟਰ ਉੱਚਾ ਢਹਿਆ ਹੋਇਆ ਇਕ ਪ੍ਰਾਚੀਨ ਕਿਲਾ ਹੈ ਜਿਸ ਨੂੰ 'ਬਾਲਾ-ਹਿਸਾਰ' ਕਹਿੰਦੇ ਹਨ। ਅਫ਼ਗਾਨਿਸਤਾਨ ਦੇ ਬਾਦਸ਼ਾਹ ਜ਼ਹੀਰ ਸ਼ਾਹ ਦਾ ਮਹੱਲ ਸ਼ਹਿਰ ਦੇ ਉੱਤਰ-ਪੱਛਮ ਵਿਚ ਲਗਭਗ ਇਕ ਕਿ. ਮੀ. ਦੀ ਦੂਰੀ ਤੇ ਹੈ। ਇਥੇ ਚਾਰ ਵੱਡੀਆਂ ਮਸਜਿੱਦਾਂ—ਮਸਜਿੱਦ-ਇ-ਸਫ਼ੈਦ ਤੈਮੂਰ ਸ਼ਾਹ ਸਦੋਜ਼ਾਈ ਨੇ ਬਣਵਾਈ, ਮਸਜਿੱਦ-ਇ-ਬਾਲਾ ਚੌਕ ਬਾਬਰ ਨੇ ਬਣਵਾਈ, ਮਸਜਿਦ-ਇ-ਪੁਲ-ਇ ਖਿਸ਼ਤੀ ਸ਼ਾਹ ਸ਼ੁਜਾਅ ਨੇ ਬਣਵਾਈ ਅਤੇ ਵੱਡੀ ਜਾਮਾ ਮਸਜਿੱਦ ਅਮੀਰ ਨੇ ਬਣਵਾਈ ਹਨ। ਸ਼ਹਿਰ ਤੋਂ ਬਾਹਰਵਾਰ ਬਾਬਰ ਅਤੇ ਤੈਮੂਰਸ਼ਾਹ ਦੇ ਮਕਬਰੇ ਹਨ। ਬਾਬਰ ਦੇ ਮਕਬਰੇ ਦੇ ਚਾਰ ਚੁਫੇਰੇ ਨੂੰ ਇਕ ਬਾਗ਼ ਦਾ ਰੂਪ ਦੇ ਦਿਤਾ ਗਿਆ ਹੈ। ਸ਼ਹਿਰ ਵਿਚ ਇਕ ਸ਼ਾਨਦਾਰ 'ਸਮਰ ਹਾਊਸ' ਬਣਿਆ ਹੋਇਆ ਹੈ। ਪੰਜ ਕਿ. ਮੀ. ਦੀ ਵਿੱਥ ਤੇ, ਇੰਦਕੀ ਦੇ ਸਥਾਨ ਉੱਤੇ ਇਕ ਹੋਰ ਦਿਲ ਖਿੱਚਵਾਂ ਗਰਮੀਆਂ ਬਿਤਾਉਣ ਵਾਲਾ ਰਿਹਾਇਸ਼ੀ ਸਥਾਨ ਅਤੇ ਬਾਗ ਹੈ। ਸ਼ਾਹ ਮਰਦਾਨ ਅਤੇ ਵਜ਼ੀਰਾਬਾਦ ਦੇ ਵਿਚਾਲੇ ਪਹਾੜੀ ਦੀਆਂ ਢਲਾਣਾਂ ਉਤੇ ਇਕ ਹੋਰ ਸੁੰਦਰ ਬਾਗ਼ 'ਬਾਗ਼-ਇ-ਬਾਲ' ਹੈ। ਦੇਸ਼ ਦੇ ਇਹ ਸਾਰੇ ਅਤੇ ਹੋਰ ਰਿਹਾਇਸ਼ੀ ਅਸਥਾਨ ਅਮੀਰ ਦੇ ਰਾਜ-ਕਾਲ ਵੇਲੇ ਦੇ ਬਣੇ ਹੋਏ ਹਨ। ਅਮੀਰਾਂ ਦੇ ਪੁਰਾਣੇ ਰਿਹਾਇਸ਼ੀ ਸਥਾਨ ਬਾਲ ਹਿਸਾਰ ਵਿਚ ਹਨ। ਅਬਦੁਰ-ਰਹਿਮਾਨ ਖ਼ਾਨ ਨੇ ਆਪਣੇ ਲਈ ਇਕ ਨਵਾਂ ਕਿਲੇਬੰਦ ਮਹੱਲ ਬਣਵਾਇਆ ਸੀ। ਸ਼ਹਿਰ ਵਿਚਲੇ ਦਾਰ-ਉਲ-ਅਮਾਨ ਮਹੱਲ ਵਿਚ ਸੰਸਦ ਅਤੇ ਸਰਕਾਰੀ ਮਹਿਕਮੇ ਹਨ।



ਅਪਰ ਬਾਲਾ ਹਿਸੈਨ ਦੀ ਗੜ੍ਹੀ

ਅੱਜਕੱਲ੍ਹ ਕਾਬਲ ਪੁਰਾਣੀਆਂ ਅਤੇ ਆਧੁਨਿਕ ਇਮਾਰਤਾਂ ਦੀ ਮਿਲੀ-ਜੁਲੀ ਜਿਹੀ ਝਲਕ ਪੇਸ਼ ਕਰਦਾ ਹੈ। ਪੁਰਾਣਾ ਸ਼ਹਿਰ ਢਹਿੰਦਾ ਜਾ ਰਿਹਾ ਹੈ ਅਤੇ ਉਸ ਦੀ ਆਧੁਨਿਕ ਕਿਸਮ ਦੀ ਉਸਾਰੀ ਕੀਤੀ ਜਾ ਰਹੀ ਹੈ। ਸਾਰਾ ਸ਼ਹਿਰ ਅਫ਼ਗਾਨਿਸਤਾਨ ਦੇ ਸਾਰੇ ਸੂਬਿਆਂ ਅਤੇ ਤੁਰਕਿਸਤਾਨ, ਬੋਖਾਰਾ ਅਤੇ ਪਾਕਿਸਤਾਨ ਆਦਿ ਨਾਲ ਸੜਕਾਂ ਦੁਆਰਾ ਜੁੜਿਆ ਹੋਇਆ ਹੈ। ਸ਼ਹਿਰ ਦੇ ਸਮੁੱਚੇ ਵਿਕਾਸ ਦਾ ਪਤਾ ਇਸ ਦੀਆਂ ਯੋਜਨਾ-ਬੱਧ ਸੜਕਾਂ, ਸੁੰਦਰ ਬਗ਼ੀਚਿਆਂ ਅਤੇ ਸ਼ਾਨਦਾਰ ਇਮਾਰਤਾਂ ਤੋਂ ਲਗਦਾ ਹੈ। ਖ਼ੁਰਾਕ ਪ੍ਰਾਸੈਸਿੰਗ ਪਲਾਂਟ, ਰੇਅਨ ਅਤੇ ਉੱਨ ਦੀਆਂ ਮਿੱਲਾਂ, ਫਰਨੀਚਰ ਫੈਕਟਰੀ, ਫਾਊਂਡਰੀ, ਮਾਚਸ, ਬਟਨ, ਚਮੜੇ ਦਾ ਸਾਮਾਨ ਅਤੇ ਸੰਗਮਰਮਰ ਦੀਆਂ ਵਸਤਾਂ ਇਥੋਂ ਦੇ ਉਦਯੋਗਾਂ ਵਿਚ ਸ਼ਾਮਲ ਹਨ। ਇਥੇ ਕਾਬਲ ਯੂਨੀਵਰਸਿਟੀ (1931), ਸੈਕੰਡਰੀ ਸੰਸਥਾਵਾਂ ਅਤੇ ਪ੍ਰੋਫੈਸਰਾਂ ਲਈ ਦੋ ਟ੍ਰੇਨਿੰਗ ਕੇਂਦਰ ਹਨ।

ਕਾਬਲ ਦੇ ਵਧੇਰੇ ਲੋਕ ਪਸ਼ਤੋ ਬੋਲੀ ਬੋਲਦੇ ਹਨ ਅਤੇ ਇਨ੍ਹਾਂ ਵਿਚ ਪਠਾਨ ਲੋਕ ਵੀ ਭਾਰੀ ਗਿਣਤੀ ਵਿਚ ਰਲੇ-ਮਿਲੇ ਹੋਏ ਹਨ।

ਆਬਾਦੀ—1,036,407 (1982)

34° 30′ ਉ. ਵਿਥ.; 69° 11′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 652; ਇੰਪ. ਗ. ਇੰਡ. 14 : 242

**ਕਾਬਲ : ਦਰਿਆ**—ਅਫ਼ਗਾਨਿਸਤਾਨ ਦਾ ਇਹ ਮੁੱਖ ਦਰਿਆ ਹੈ ਜੋ 700 ਕਿ. ਮੀ. ਲੰਬਾ ਹੈ। ਦਰਿਆ ਦਾ ਪੁਰਾਣਾ ਨਾਂ ਕੋਫੇਸਾ ਹੈ। ਇਹ ਕਾਬਲ ਤੋਂ 70 ਕਿ. ਮੀ. ਪੱਛਮ ਵਿਚ ਹਿੰਦੂਕੁਸ਼ ਪਰਬਤ ਦੀ ਸੰਗਲਾਖ ਸ਼੍ਰੇਣੀ ਦੇ ਉਨਾਈ ਦੱਰੇ ਦੇ ਕੋਲੋਂ ਦੀ ਨਿਕਲਦਾ ਹੈ ਅਤੇ ਪੂਰਬ ਵਲ ਵਹਿੰਦਾ ਹੋਇਆ ਕਾਬਲ ਅਤੇ ਜਲਾਲਾਬਾਦ ਨੂੰ ਪਾਰ ਕਰਦਾ ਹੈ ਅਤੇ ਉੱਤਰ ਵਲ ਖ਼ੈਬਰ ਦੱਰੇ ਦੇ ਕੋਲ ਦੀ ਪਾਕਿਸਤਾਨ ਜਾ ਵੜਦਾ ਹੈ ਜਿੱਥੇ ਪਿਸ਼ਾਵਰ ਨੂੰ ਪਾਰ ਕਰਕੇ ਅਟਕ ਦੇ ਨੇੜੇ ਸਿੰਧ ਵਿਚ ਜਾ ਮਿਲਦਾ ਹੈ। ਦੇਸ਼ ਦੀ ਰਾਜਧਾਨੀ-ਕਾਬਲ ਇਸ ਦਰਿਆ ਦੀ ਘਾਟੀ ਵਿਚ ਹੀ ਸਥਿਤ ਹੈ। ਸ੍ਰੋਤ ਤੋਂ ਲੈ ਕੇ ਕਾਬਲ ਤੀਕ ਇਸ ਦਰਿਆ ਦੀ ਲੰਬਾਈ 72 ਕਿ. ਮੀ. ਹੈ। ਅਫ਼ਗਾਨਿਸਤਾਨ ਦਾ ਮੁੱਖ ਸੂਬਾ ਕਾਬਲ ਇਸ ਦਰਿਆ ਦੇ ਖੇਤਰ ਤੋਂ ਹੀ ਬਣਿਆ ਹੈ ਜਿਸ ਵਿਚ ਹਿੰਦੂਕੁਸ਼ ਅਤੇ ਸਫ਼ੈਦ ਕੋਹ ਦਾ ਵਿਚਲਾ ਭਾਗ ਸ਼ਾਮਲ ਹੈ। ਕਾਬਲ ਪਹੁੰਚਣ ਤਕ ਇਹ ਵਿਸ਼ੇਸ਼ ਦਰਿਆ ਦਾ ਰੂਪ ਨਹੀਂ ਧਾਰਨ ਕਰਦਾ ਅਤੇ ਕਈ ਵੇਰ

ਤਾਂ ਗਰਮੀਆਂ ਵਿਚ ਸੁੱਕ ਵੀ ਜਾਂਦਾ ਹੈ ਪਰ ਕਾਬਲ ਪਹੁੰਚਣ ਪਿਛੋਂ ਕੋਈ ਇਕ ਮੀਲ ਪੂਰਬ ਵਿਚ ਦੱਖਣ ਵਲੋਂ ਆ ਕੇ ਲੋਗਾਰ ਦਰਿਆ ਇਸ ਵਿਚ ਮਿਲ ਜਾਂਦਾ ਹੈ ਜਿਥੋਂ ਇਹ ਪਾਣੀ ਨਾਲ ਭਰ ਜਾਂਦਾ ਹੈ ਅਤੇ ਇਕ ਵੱਡੇ ਦਰਿਆ ਦੇ ਰੂਪ ਵਿਚ ਤੇਜ਼ ਚੱਲਣਾ ਸ਼ੁਰੂ ਕਰ ਦਿੰਦਾ ਹੈ। ਇਕ ਵੱਡੇ ਦਰਿਆ ਦੇ ਰੂਪ ਵਿਚ ਕਾਬਲ ਤੋਂ 60 ਕਿ. ਮੀ. ਹੇਠਾਂ ਉੱਤਰ ਵੱਲੋਂ ਪੰਜਸ਼ੀਰ ਨਦੀ ਉਸ ਤੋਂ 26 ਕਿ. ਮੀ. ਹੇਠਾਂ ਟਾਗਾਓ ਨਦੀ ਅਤੇ ਉਸ ਤੋਂ 30 ਕਿ. ਹੇਠਾਂ ਅਲਿੰਗਾਰ ਅਤੇ ਅਲੀਸ਼ਾਂਗ ਦੀਆਂ ਰਲੀਆਂ-ਮਿਲੀਆਂ ਧਾਰਾਵਾਂ ਇਸ ਵਿਚ ਆ ਮਿਲਦੀਆਂ ਹਨ। ਜਲਾਲਾਬਾਦ ਤੋਂ ਕੁਝ ਮੀਲ ਉਪਰ ਦੱਖਣ ਵਲੋਂ ਸੁਰਖ਼ਾਬ ਅਤੇ ਜਲਾਲਾਬਾਦ ਤੋਂ ਹੇਠਾਂ ਉੱਤਰ ਵਲੋਂ ਕੁਨਾਰ ਦਰਿਆ ਇਸ ਵਿਚ ਆ ਕੇ ਮਿਲਦੇ ਹਨ।

ਕਾਬਲ ਦਰਿਆ ਦੀ ਇਹ ਵਿਸ਼ਾਲ ਧਾਰਾ ਮੋਹਮੰਦ ਪਹਾੜੀਆਂ ਦੀਆਂ ਡੂੰਘੀਆਂ ਅਤੇ ਤੰਗ ਕੰਦਰਾਂ ਵਿਚੋਂ ਦੀ ਹੁੰਦੀ ਹੋਈ ਪਿਸ਼ਾਵਰ ਦੇ ਉਪਜਾਊ ਮੈਦਾਨ ਵਿਚ ਆ ਦਾਖ਼ਲ ਹੁੰਦੀ ਹੈ । ਆਪਣੇ ਆਖ਼ਰੀ ਭਾਗ ਵਿਚ ਇਹ ਦਰਿਆ ਸਵਾਤ ਅਤੇ ਬਾਰਾਂ ਨਦੀਆਂ ਦੇ ਪਾਣੀ ਨੂੰ ਨਾਲ ਲੈ ਕੇ ਅਟਕ ਦੇ ਨੇੜੇ ਸਿੰਧ ਦਰਿਆ ਵਿਚ ਜਾ ਰਲਦਾ ਹੈ।

ਇਹ ਪਹਾੜੀ ਦਰਿਆ ਆਪਣੇ ਹੇਠਲੇ ਭਾਗ ਵਿਚ ਜਲਾਲਾਬਾਦ ਤੋਂ ਪਿੱਛੋਂ ਕਿਸ਼ਤੀਆਂ ਚਲਾਉਣ ਯੋਗ ਹੈ। ਦਰਿਆ ਦੀ ਵਾਦੀ ਬਹੁਤ ਉਪਜਾਊ ਹੈ। ਕਣਕ ਤੋਂ ਇਲਾਵਾ ਇਥੇ ਫ਼ਲ ਅਤੇ ਸਬਜ਼ੀਆਂ ਬਹੁਤ ਉਗਾਈਆਂ ਜਾਂਦੀਆਂ ਹਨ। ਕਾਬਲ ਦਰਿਆ ਉੱਤੇ ਸਰੋਬੀ ਦਾ ਬਿਜਲੀ-ਘਰ ਸਥਿਤ ਹੈ ਜਿਥੇ ਇਸ ਉੱਤੇ ਬੰਨ੍ਹ ਮਾਰ ਕੇ ਪਣ-ਬਿਜਲੀ ਪੈਦਾ ਕੀਤੀ ਜਾਂਦੀ ਹੈ। ਇਸ ਤੋਂ ਕਾਬਲ ਸ਼ਹਿਰ ਨੂੰ ਬਹੁਤ ਲਾਭ ਪਹੁੰਚਦਾ ਹੈ ।

330-325 ਈ. ਪੂ. ਵਿਚ ਸਕੰਦਰ ਮਹਾਨ ਨੇ ਭਾਰਤ ਤੇ ਹਮਲਾ ਕਰਨ ਲਈ ਕਾਬਲ ਵਾਦੀ ਦੇ ਵਿਚੋਂ ਦੀ ਰਸਤਾ ਬਣਾਇਆ ਸੀ। ਕਾਬਲ ਵਾਦੀ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚਕਾਰ ਇਕ ਕੁਦਰਤੀ ਰਾਹ ਪ੍ਰਦਾਨ ਕਰਦੀ ਹੈ। ਅੱਜਕੱਲ੍ਹ ਕਾਬਲ-ਜਲਾਲਾਬਾਦ-ਪਿਸ਼ਾਵਰ ਸ਼ਾਹ-ਰਾਹ ਇਸੇ ਵਾਦੀ ਵਿਚੋਂ ਦੀ ਗੁਜ਼ਰਦਾ ਹੈ।

34° 21′ ਉ. ਵਿਥ.; 68° 20′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 246 ; ਐਨ. ਬ੍ਰਿ. ਮਾ. 5 : 652

**ਕਾਂਬਾ** : ਕੇਂਦਰੀ ਕੀਨੀਆ ਦਾ ਬੰਟੂ ਭਾਸ਼ਾ ਬੋਲਣ ਵਾਲਾ ਇਹ ਇਕ ਕਬੀਲਾ ਹੈ। ਇਹ ਕੀਨੀਆ ਦੇ ਮਚਾਕੋਸ ਅਤੇ ਕਿਟੂਈ ਦੇ ਡਿਸਟ੍ਰਿਕਟਾਂ ਵਿਚ ਵੱਸਿਆ ਹੋਇਆ ਹੈ । 1960 ਦੇ ਦਹਾਕੇ ਦੇ ਖ਼ਤਮ ਹੋਣ ਵੇਲੇ ਇਸ ਕਬੀਲੇ ਦੀ ਆਬਾਦੀ 1,200,000 ਹੋ ਗਈ ਸੀ ।

ਕਾਂਬਾ ਲੋਕ ਕਾਸ਼ਤਕਾਰ ਹਨ ਅਤੇ ਥੋੜੇ ਬਹੁਤ ਪਸ਼ੂ ਪਾਲਦੇ ਹਨ। ਕਿਟੂਈ ਦੇ ਖ਼ੁਸ਼ਕ ਇਲਾਕੇ ਵਿਚ ਪਸ਼ੂ-ਪਾਲਣ ਦਾ ਕੰਮ ਵਧੇਰੇ ਹੁੰਦਾ ਹੈ। ਕਾਂਬਾ ਕਬੀਲੇ ਦੇ ਬਹੁਤੇ ਲੋਕ ਹੁਣ ਨੈਰੋਬੀ ਵਿਚ ਕੰਮ ਕਰ ਰਹੇ ਹਨ। ਕੁਝ ਲੋਕ ਮੋਮਬਾਸਾ ਦੇ ਨੇੜੇ ਅਤੇ ਕੁਝ ਯੂਰਪੀਨ ਫਾਰਮਾਂ ਵਿਚ ਵੀ ਕੰਮ ਕਰ ਰਹੇ ਹਨ ।

ਇਸ ਕਬੀਲੇ ਦੇ ਵੱਖ-ਵੱਖ ਥਾਵਾਂ ਤੇ ਵਸੇ ਹੋਏ ਲਗਭਗ 25 ਪੈਤਰ-ਵੰਸ਼ੀ ਫਿਰਕੇ ਹਨ। ਜਵਾਨ ਹੋਣ ਤੇ ਕਬੀਲੇ ਦੇ ਆਦਮੀ ਯੋਧੇ ਕਹਾਉਂਦੇ ਹਨ ਅਤੇ ਪਿਛੋਂ ਉਨ੍ਹਾਂ ਨੂੰ ਐਲਡਰ ਮੰਨ ਲਿਆ ਜਾਂਦਾ ਹੈ। ਸੀਨੀਅਰ ਐਲਡਰ ਡਿਸਟ੍ਰਿਕਟ ਕੌਂਸਲ ਦੇ ਮੈਂਬਰ ਬਣ ਜਾਂਦੇ ਹਨ ਅਤੇ ਇਹ ਕੌਂਸਲਾਂ ਰੋਜ਼ਾਨਾ ਰਾਜਨੀਤਿਕ ਅਤੇ ਨਿਆਂ ਸਬੰਧੀ ਮਾਮਲਿਆਂ ਨੂੰ ਨਜਿੱਠਦੇ ਹਨ। ਸਰਕਾਰ ਵਲੋਂ ਨਿਯੁਕਤ ਕੀਤੇ ਮੁਖੀਏ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਨ । ਕਾਂਬਾ ਲੋਕ ਨੇਗਾਈ ਦੇਵਤੇ ਨੂੰ ਮੰਨਦੇ ਹਨ। ਹੁਣ ਬਹੁਤੇ ਕਾਂਬਾ ਲੋਕ ਈਸਾਈ ਬਣ ਗਏ ਹਨ।

ਹ. ਪੁ. ਐਨ. ਬ੍ਰਿ. 13:198; ਐਨ. ਬ੍ਰਿ. ਮਾ. 5 : 676

**ਕਾਬਾਈਲ** : ਅਲਜੀਰੀਆ ਦੇ ਨੀਮ-ਪਹਾੜੀ ਇਲਾਕੇ ਦੇ ਵਾਸੀਆਂ ਨੂੰ 'ਕਾਬਾਈਲ' ਕਿਹਾ ਜਾਂਦਾ ਹੈ । ਇਹ ਲੋਕ ਰੂਮ-ਸਾਗਰ ਤੋਂ ਜੁਰਜੁਰਾ ਉੱਚ-ਭੂਮੀਆਂ ਦੀਆਂ ਦੱਖਣੀ ਢਲਾਣਾਂ ਅਤੇ ਡੈਲਿਸ ਤੋਂ ਕੇਪ ਆਓਕਾਸ ਤਕ ਦੇ ਇਲਾਕੇ ਵਿਚ ਰਹਿੰਦੇ ਹਨ। ਇਹ ਮੁਸਲਮਾਨ ਹਨ ਅਤੇ ਇਨ੍ਹਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ ।

ਪਿੰਡ ਦਾ ਪ੍ਰਬੰਧ ਬਾਲਗ ਆਦਮੀਆਂ ਦੀ ਪੰਚਾਇਤ ਕਰਦੀ ਹੈ ਜਿਸ ਦਾ ਹਰ ਮੈਂਬਰ ਧਰਮ ਵਿਚ ਪੱਕਾ ਹੁੰਦਾ ਹੈ ਅਤੇ ਰਮਜ਼ਾਨ ਦਾ ਰੋਜ਼ਾ ਰੱਖਣ ਦੇ ਕਾਬਲ ਹੁੰਦਾ ਹੈ । ਜ਼ਮੀਨ ਅਤੇ ਵਿਅਕਤੀਆਂ ਦੇ ਹਰ ਮਸਲੇ ਅਤੇ ਜੁਰਮਾਂ ਅਤੇ ਆਮ ਕਸੂਰਾਂ ਨਾਲ ਨਿਪਟਣ ਲਈ ਪ੍ਰਚਲਿਤ ਕਾਨੂੰਨਾਂ ਦੀ ਕੋਡ ਹੁੰਦੀ ਹੈ। ਪਿੰਡ ਨੂੰ ਵੱਖ-ਵੱਖ ਕਬੀਲਿਆਂ ਵਿਚ ਵੰਡਿਆ ਹੁੰਦਾ ਹੈ ਅਤੇ ਅੱਗੇ ਇਨ੍ਹਾਂ ਨੂੰ ਜਾਤਾਂ ਵਿਚ ਵੰਡਿਆ ਹੁੰਦਾ ਹੈ। ਕਸਾਈਆਂ ਅਤੇ ਸੁਨਿਆਰਾਂ ਨੂੰ ਭਾਈਚਾਰੇ ਤੋਂ ਦੂਰ ਗਿਣਿਆ ਜਾਂਦਾ ਹੈ।

ਆਦਮੀਆਂ ਦੀ ਰਵਾਇਤੀ ਪੁਸ਼ਾਕ ਖੁੱਲ੍ਹਾ ਚੋਲਾ ਹੁੰਦਾ ਹੈ ਅਤੇ ਇਸਤਰੀਆਂ ਗੂੜ੍ਹੇ ਪੀਲੇ ਰੰਗ ਦੇ ਸੂਤੀ ਕੱਪੜੇ ਪਾਉਂਦੀਆਂ ਹਨ। ਚਾਂਦੀ ਦੇ ਗਹਿਣੇ ਪਾਉਣ ਦਾ ਇਨ੍ਹਾਂ ਵਿਚ ਬਹੁਤ ਰਿਵਾਜ ਹੈ।

ਹ. ਪੁ.—ਐਨ. ਬ੍ਰਿ. 13:181 ; ਐਨ. ਬ੍ਰਿ. ਮਾ. 5 : 652

**ਕਾਬਾਈਲੀਆ** : ਅਲਜੀਰੀਆ (ਅਫ਼.) ਦੇ ਆਲਜ਼ੇ ਅਤੇ ਕਾਨਸਟੈਨਟਾਈਨ ਡਿਪਾਰਟਮੈਂਟਾਂ ਵਿਚ ਇਹ ਇਕ ਪਹਾੜੀ ਤੱਟਵਰਤੀ ਖੇਤਰ ਹੈ ਜੋ ਐਲਜੀਅਰਜ਼ ਦੇ ਨੇੜੇ ਨੀਵੀਂ ਧਰਤੀ ਤੋਂ ਲੈ ਕੇ ਪੂਰਬ ਵਲ ਨੂੰ ਫੀਲੀਪਵੀਲ ਦੇ ਖੇਤਰ ਤਕ ਫੈਲਿਆ ਹੋਇਆ ਹੈ। ਵੈੱਡ ਸਾਓਮਾਮ ਦਰਿਆ ਦੀ ਵਾਦੀ ਇਸ ਨੂੰ ਦੋ ਭਾਗਾਂ ਗ੍ਰੇਟ ਕਬਾਈਲੀਆ ਅਤੇ ਲਿਟਲ ਕਾਬਾਈਲੀਆ ਵਿਚ ਵੰਡਦੀ ਹੈ । ਇਨ੍ਹਾਂ ਵਿਚੋਂ ਪਹਿਲੇ ਹਿੱਸੇ ਵਿਚ ਬਾਰਬਰ ਲੋਕਾਂ ਦੀ ਬੜੀ ਘਣੀ ਆਬਾਦੀ ਹੈ। ਇਹ ਲੋਕ ਆਪਣੇ ਨਿਰਬਾਹ ਲਈ ਪਹਾੜੀ ਤਲਹੱਟੀਆਂ ਉੱਤੇ ਜ਼ੈਤੂਨ ਤੇ ਅੰਜੀਰ ਦੀ ਕਾਸ਼ਤ ਅਤੇ ਵਾਦੀਆਂ ਵਿਚ ਕਣਕ, ਤਮਾਕੂ ਅਤੇ ਅੰਗੂਰ ਆਦਿ ਬੀਜਦੇ ਹਨ । ਟੀਜ਼ੀ ਊਜ਼ੂ ਇਥੋਂ ਦਾ ਮੁੱਖ ਤਜਾਰਤੀ ਸ਼ਹਿਰ ਹੈ ਤੇ ਬੁਜ਼ੀ ਇਸ ਦੀ ਬੰਦਰਗਾਹ ਹੈ । ਦੂਸਰੇ ਹਿੱਸੇ ਲਿਟਲ ਕਾਬਾਈਲੀਆ ਵਿਚ ਬਾਬਰ ਪਹਾੜ ਸ਼ਾਮਲ ਹਨ ਤੇ ਅਲਜੀਰੀਆ ਵਿਚ ਸਭ ਤੋਂ ਵੱਧ ਕਾਰਕ ਇਥੇ ਪੈਦਾ ਹੁੰਦਾ ਹੈ। ਇਸ ਤੋਂ ਇਲਾਵਾ ਇਥੇ ਸਿੱਕਾ, ਲੋਹਾ, ਜਿਸਤ ਅਤੇ ਤਾਂਬੇ ਦੇ ਭੰਡਾਰ ਵੀ ਹਨ ਪਰ ਇਨ੍ਹਾਂ ਦੀ ਵਰਤੋਂ ਹਾਲੇ ਸ਼ੁਰੂ ਨਹੀਂ ਹੋਈ। ਇਸ ਦੀ ਮੁਖ ਬੰਦਰਗਾਹ ਜਿਜੈਲੀ ਹੈ । ਇਥੋਂ ਦੇ ਵਸਨੀਕ ਲੜਾਕੀ ਜਾਤੀ ਦੇ ਸੁੰਨੀ ਮੁਸਲਮਾਨ ਹਨ। ਇਨ੍ਹਾਂ ਦੀ ਆਪਣੀ ਹੀ ਬੋਲੀ ਹੈ ਪਰ ਇਸ ਦੀ ਕੋਈ ਲਿਪੀ ਨਹੀਂ ਹੈ । ਅਲਜੀਰੀਆ ਵਿਚ ਫਰਾਂਸ ਦੀ ਅਧੀਨਤਾ ਸਵੀਕਾਰ ਕਰਨ ਵਾਲੇ ਇਹ ਸੱਭ ਤੋਂ ਆਖ਼ਰੀ ਲੋਕ ਸਨ।

36°30′ ਉ. ਵਿਥ.; 4°30′ ਪੂ. ਲੰਬ.

ਹ.ਪੁ.—ਐਨ. ਅਮੈ. 16 : 274; ਐਨ. ਬ੍ਰਿ. ਮਾ. 5 : 652

**ਕਾਬਾਰਡੀਨੋ ਬਾਲਕਾਰ** : ਦੱਖਣ-ਪੱਛਮ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ-ਯੂ) ਵਿਚ ਇਹ ਇਕ ਖ਼ੁਦਮੁਖ਼ਤਾਰ ਗਣਰਾਜ ਹੈ ਜੋ ਗ੍ਰੇਟ ਕਾਕਾਸਸ ਰੇਂਜ ਦੇ ਉੱਤਰੀ ਸਿਰੇ ਤੇ ਸਥਿਤ ਹੈ। ਇਸ ਦਾ ਕੁਲ ਖੇਤਰਫਲ 12,500 ਵ.ਕਿ. ਮੀ. (4,825 ਵ. ਮੀਲ) ਅਤੇ ਆਬਾਦੀ 683,000(1980) ਹੈ। ਇਸ ਨੂੰ ਤਿੰਨ ਮੁੱਖ ਧਰਾਤਲੀ ਖੇਤਰਾਂ ਵਿਚ ਵੰਡਿਆ ਹੋਇਆ ਹੈ। ਇਸ ਦੇ ਦੱਖਣ ਵਿਚ ਗ੍ਰੇਟ ਕਾਕਾਸਸ ਹਨ । ਇਥੇ ਚਾਰ ਸਮਾਂਤਰ ਪਹਾੜੀ ਲੜੀਆਂ ਹਨ ਜਿਨ੍ਹਾਂ ਦੀਆਂ ਸਿਖਰਾਂ 4,800 ਮੀ, ਤੋਂ 5,550 ਮੀ. ਤਕ ਉੱਚੀਆਂ ਹਨ। 5,642 ਮੀ. (18,510 ਫੁੱਟ) ਉੱਚੀ ਐਲਬਰੂਜ਼ ਚੋਟੀ ਇਨ੍ਹਾਂ ਵਿਚੋਂ ਸਭ ਤੋਂ ਵਧੇਰੇ ਉੱਚੀ ਹੈ। ਇਥੇ ਕਈ ਵੱਡੇ ਵੱਡੇ ਗਲੇਸ਼ੀਅਰ ਹਨ ਜਿਨ੍ਹਾਂ ਵਿਚੋਂ ਤੇਜ਼ ਵਹਿੰਦੇ ਦਰਿਆ ਨਿਕਲਦੇ ਹਨ। ਦੂਸਰੇ ਖੇਤਰ ਵਿਚ ਬਰਫ਼ਾਨੀ ਖੇਤਰ ਤੋਂ ਹੇਠਾਂ ਐਲਪਾਈਨ ਚਰਾਗਾਹ ਅਤੇ ਕੋਨਧਾਰੀ ਅਤੇ ਪੱਤਝੜ

ਵਾਲੇ ਰੁੱਖਾਂ ਦੇ ਜੰਗਲ ਹਨ । ਪਰਬਤੀ ਲੜੀਆਂ ਦੇ ਉੱਤਰ ਵਿਚ 450-700 ਮੀ. ਤਕ ਉੱਚੇ ਪਹਾੜ ਹਨ ਜਿਨ੍ਹਾਂ ਤੇ ਪਤਝੜ ਵਾਲੇ ਜੰਗਲ ਤੇ ਚਰਾਗਾਹਾਂ ਹਨ । ਤੀਸਰਾ ਖੇਤਰ ਕਾਬਾਰਦਾਨ ਦਾ ਪੱਧਰਾ ਮੈਦਾਨ ਹੈ ਜਿਸ ਤੋਂ ਅਗੇ ਤੇਰੈਕ ਅਤੇ ਹੋਰ ਸਹਾਇਕ ਦਰਿਆ ਆਪਸ ਵਿਚ ਮਿਲਦੇ ਹਨ । ਇਥੇ ਦੀ ਕੁਦਰਤੀ ਬਨਸਪਤੀ ਵਿਚ ਚਰਾਗਾਹਾਂ ਤੇ ਸਟੈਪੀ ਮੈਦਾਨ (ਘਾਹ ਦੇ ਮੈਦਾਨ) ਹਨ ।

ਧਰਾਤਲ ਦੇ ਹਿਸਾਬ ਨਾਲ ਵੱਖ ਵੱਖ ਕਿਸਮ ਦਾ ਜਲਵਾਯੂ ਪਾਇਆ ਜਾਂਦਾ ਹੈ । ਕਾਬਾਰਦਾਨ ਮੈਦਾਨ ਇਕ ਖੁਸ਼ਕ ਇਲਾਕਾ ਹੈ ਅਤੇ ਇਥੇ ਵਰਖਾ ਦੀ ਸਾਲਾਨਾ ਔਸਤ 500 ਮਿ. ਮੀ. ਹੈ । ਪਹਾੜਾਂ ਤੇ ਵਰਖਾ ਦੀ ਸਾਲਾਨਾ ਔਸਤ 800 ਮਿ. ਮੀ. ਜਾਂ ਵੱਧ ਹੈ ।

ਇਥੇ ਜੁਲਾਈ ਮਹੀਨੇ ਵਿਚ ਔਸਤ ਤਾਪਮਾਨ 24 ਸੈਂ. (75° ਫਾ.) ਤੇ ਜਨਵਰੀ ਦਾ—4° ਸੈਂ. (25° ਫਾ.) ਹੁੰਦਾ ਹੈ । ਵਸੋਂ ਦਾ 48% ਹਿੱਸਾ ਸ਼ਹਿਰੀ ਹੈ । ਪੇਂਡੂ ਆਬਾਦੀ ਬਹੁਤਾ ਕਰਕੇ ਕਾਬਾਰਦਾਨ ਮੈਦਾਨ ਅਤੇ ਵਾਦੀਆਂ ਵਿਚ ਰਹਿੰਦੀ ਹੈ । ਇਥੋਂ ਦੇ ਵਸਨੀਕਾਂ ਵਿਚੋਂ ਬਹੁਤੇ ਮੁਸਲਮਾਨ ਹਨ ।

ਇਥੋਂ ਦੇ ਵਸਨੀਕਾਂ ਨੇ 1557 ਈ. ਤੋਂ ਆਪਣੇ ਆਪ ਨੂੰ ਰੂਸੀਆਂ ਦੇ ਨਾਲ ਗਿਣਨਾ ਸ਼ੁਰੂ ਕਰ ਦਿਤਾ ਸੀ । ਇਸ ਖੇਤਰ ਨੂੰ ਸੰਨ 1921 ਵਿਚ ਕਾਬਾਰਦਾਨ ਖ਼ੁਦਮੁਖ਼ਤਾਰ ਆਬਲਸਤ ਬਣਾਇਆ ਗਿਆ ਤੇ 1922 ਵਿਚ ਇਸ ਦਾ ਵਿਸਥਾਰ ਕਰਕੇ ਬਾਲਕਾਰੀਆ ਨੂੰ ਇਸ ਦੇ ਨਾਲ ਮਿਲਾ ਦਿਤਾ ਤੇ ਇਸ ਤਰ੍ਹਾਂ ਕਾਬਾਰਦੀਨੋ ਬਾਲਕਾਰ ਖ਼ੁਦਮੁਖ਼ਤਾਰ ਆਬਲਸਤ ਬਣਾ ਦਿਤਾ ਗਿਆ ਸੰਨ 1936 ਵਿਚ ਇਸ ਨੂੰ ਇਕ ਵੱਖਰਾ ਗਣਰਾਜ ਬਣਾ ਦਿਤਾ ਗਿਆ ।

ਇਸ ਖੇਤਰ ਵਿਚ ਖਣਿਜ ਭੰਡਾਰ ਬਹੁਤ ਹਨ । ਇਥੇ ਟੰਗਸਟਨ, ਸੋਨਾ, ਕਲਈ, ਐਂਡਾਲੂਸਾਈਟ ਆਰਸਨਿਕ ਅਤੇ ਐਂਟੀਮਨੀ ਮਿਲਦੇ ਹਨ । ਇਨ੍ਹਾਂ ਤੋਂ ਇਲਾਵਾ ਕੋਲਾ, ਕ੍ਰੋਮੀਅਮ, ਨਿਕਲ ਅਤੇ ਖਣਿਜੀ ਤੇਲ ਆਦਿ ਵੀ ਮਿਲਦੇ ਹਨ ।

ਇਥੋਂ ਦੇ ਉਦਯੋਗਾਂ ਵਿਚ ਤੇਲ ਕੱਢਣ ਦੀ ਮਸ਼ੀਨਰੀ, ਫਰਨੀਚਰ, ਕੱਪੜਾ, ਬੂਟ, ਸੀਮਿੰਟ, ਸ਼ੀਸ਼ੇ ਦਾ ਸਾਮਾਨ ਅਤੇ ਇੰਜੀਨੀਅਰਿੰਗ ਦਾ ਸਾਮਾਨ ਆਦਿ ਬਣਾਉਣਾ ਸ਼ਾਮਲ ਹਨ ।

ਖੇਤੀ ਬਹੁਤਾ ਕਰਕੇ ਸਿੰਜਾਈ ਨਾਲ ਕੀਤੀ ਜਾਂਦੀ ਹੈ ਤੇ ਇਥੋਂ ਦੀਆਂ ਮੁੱਖ ਫਸਲਾਂ ਕਣਕ, ਮੱਕੀ, ਸੂਰਜਮੁਖੀ, ਸਣ ਅਤੇ ਫ਼ਲ ਹਨ । ਪਹਾੜੀ ਖੇਤਰਾਂ ਤੇ ਭੇਡਾਂ ਤੇ ਗਊਆਂ ਵੀ ਪਾਲੀਆਂ ਜਾਂਦੀਆਂ ਹਨ । ਇਥੇ ਕਾਬਾਰਡੀਅਨ ਕਿਸਮ ਦੇ ਘੋੜਿਆਂ ਦੀਆਂ ਨਸਲਾਂ ਹਾਲੇ ਵੀ ਪੈਦਾ ਕੀਤੀਆਂ ਜਾਂਦੀਆਂ ਹਨ ।

ਹ. ਪੁ.—ਐਨ. ਬ੍ਰਿ. ਮਾ. 5 : 650

**ਕਾਬਾਲਯੇਰੋ, ਫਰਨਾਨ :** ਇਹ ਸਪੇਨ ਦੀ ਲੇਖਿਕਾ ਸੀ । ਇਸ ਦਾ ਜਨਮ ਸਵਿਟਜ਼ਰਲੈਂਡ ਵਿਚ 25 ਦਸੰਬਰ, 1796 ਨੂੰ ਹੋਇਆ । ਜਦੋਂ ਇਹ ਸਤ੍ਹਾਰਾਂ ਸਾਲ ਦੀ ਹੋਈ ਤਾਂ ਇਹ ਸਪੇਨ ਚਲੀ ਗਈ । ਇਹ ਸਪੇਨ ਦੀ ਮੁੱਢਲੀ ਲੋਕ ਵਾਰਤਾਕਾਰ ਸੀ । ਇਸ ਨੇ ਸੈਵਿਲਿਅਨ ਐਂਡਾਲੂਜ਼ਾ ਇਲਾਕੇ ਦੇ ਲੋਕਾਂ ਦੀਆਂ ਕਥਾਵਾਂ, ਭਾਸ਼ਾ, ਵਹਿਮ ਭਰਮ, ਆਦਿ ਕਈ ਜਿਲਦਾਂ ਵਿਚ ਇਕੱਤਰ ਕੀਤੇ । ਇਨ੍ਹਾਂ ਵਿਚੋਂ 'Cuadros de costumbres', ਅਤੇ 'La familia de Alvareda' ਵਧੇਰੇ ਪ੍ਰਸਿੱਧ ਹਨ । ਇਸ ਨੇ ਆਪਣੇ ਨਾਵਲਾਂ ਵਿਚ ਵੀ ਤੱਥਾਂ ਨੂੰ ਬਿਆਨ ਕਰਨ ਦਾ ਦਾਅਵਾ ਕੀਤਾ ਹੈ, ਪਰੰਤੂ ਇਹ ਮੰਨਿਆ ਨਹੀਂ ਜਾ ਸਕਦਾ ।



ਫਰਨਾਨ ਕਾਬਾਲਯੇਰੋ

ਇਸ ਦਾ ਮਸ਼ਹੂਰ ਨਾਵਲ 'La Gaviota' ਪਹਿਲਾਂ ਪਹਿਲ 1849 ਵਿਚ 'ਐਲ ਹੈਰਾਲਡੋ' ਅਖ਼ਬਾਰ ਵਿਚ ਕਿਸ਼ਤਾਂ ਦੇ ਰੂਪ ਵਿਚ ਛਪਿਆ । ਪਰ ਇਸ ਨਾਵਲ ਨੂੰ ਸਪੇਨ ਦੇ ਰਸਮਾਂ ਰਿਵਾਜ਼ਾਂ ਸਬੰਧੀ ਪਹਿਲਾ ਯਥਾਰਥਕ ਨਾਵਲ ਕਹਿਣਾ ਠੀਕ ਨਹੀਂ ਹੈ ।

ਇਸ ਦਾ ਦੇਹਾਂਤ 7 ਅਪ੍ਰੈਲ, 1877 ਨੂੰ ਸੈਵਿਲ ਵਿਖੇ ਹੋਇਆ ।

ਹ. ਪੁ—ਐਨ. ਬ੍ਰਿ. 4 : 539

**ਕਾਬੇਟ, ਏਟੀਐੱਨ :** ਦੁਨੀਆ ਦੇ ਇਸ ਪ੍ਰਸਿੱਧ ਫਰਾਂਸੀਸੀ ਅਮਰੀਕੀ ਸਮਾਜਵਾਦੀ ਦਾ ਜਨਮ 1 ਜਨਵਰੀ, 1788 ਵਿਚ ਫਰਾਂਸ ਦੇ ਡਿਜ਼ੋਨ ਵਿਖੇ ਹੋਇਆ । ਕਾਨੂੰਨ-ਵਿਦਿਆ ਪ੍ਰਾਪਤ ਕਰਨ ਉਪਰੰਤ ਇਸ ਨੇ ਡਿਜ਼ੋਨ ਵਿਚ ਵਕਾਲਤ ਸ਼ੁਰੂ ਕਰ ਦਿਤੀ । ਕੁਝ ਚਿਰ ਪਿਛੋਂ ਇਹ ਪੈਰਿਸ ਚਲਾ ਗਿਆ ਅਤੇ ਕ੍ਰਾਂਤੀਕਾਰੀ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਿਆ । ਜੁਲਾਈ, 1830 ਦੇ ਇਨਕਲਾਬ ਪਿਛੋਂ ਇਸ ਨੂੰ ਕਾਰਸਿਕਾ ਦਾ ਅੰਟਾਰਨੀ ਜਨਰਲ ਬਣਾ ਦਿਤਾ ਗਿਆ ਪਰੰਤੂ ਇਸ ਦੀਆਂ ਸਰਕਾਰ ਵਿਰੋਧੀ ਰੁਚੀਆਂ ਕਾਰਨ ਛੇਤੀ ਹੀ ਇਸ ਨੂੰ ਸੇਵਾ-ਮੁਕਤ ਕਰ ਦਿਤਾ ਗਿਆ । 1831 ਵਿਚ ਇਹ 'ਚੈਂਬਰ ਆਫ ਡਿਪਟੀਜ਼' ਵਿਚ ਚੁਣ ਲਿਆ ਗਿਆ । ਦੋ ਸਾਲ ਪਿਛੋਂ ਇਸ ਨੇ ਲੀ ਪਾਪੂਲੇਅਰੇ ਨਾਂ ਦਾ ਰਸਾਲਾ ਸ਼ੁਰੂ ਕੀਤਾ । ਇਸ ਵਿਚ ਦੋ ਭੜਕਾਊ ਲੇਖ ਛਾਪਣ ਕਾਰਨ ਇਸ ਉੱਤੇ ਰਾਜ ਧਰੋਹੀ ਦਾ ਦੋਸ਼ ਲਗਾ ਕੇ ਕੈਦ ਦੀ ਸਜ਼ਾ ਦੇ ਦਿਤੀ ਗਈ ਪਰੰਤੂ ਇਸਨੇ ਇੰਗਲੈਂਡ ਵਿਚ ਛੁਪਕੇ ਜਾਨ ਬਚਾਈ । 1839 ਵਿਚ ਇਹ ਫਰਾਂਸ ਵਾਪਸ ਮੁੜਿਆ । ਵਾਪਸ ਆ ਕੇ ਇਸ ਨੇ ਸਮਾਜਵਾਦੀ ਵਿਚਾਰਾਂ ਨੂੰ ਪ੍ਰਚਲਤ ਕਰਨ ਤੇ ਜ਼ੋਰ ਲਾਇਆ ।

ਸੰਨ 1854 ਵਿਚ ਇਹ ਅਮਰੀਕਾ ਦਾ ਸ਼ਹਿਰੀ ਬਣ ਗਿਆ ਅਤੇ ਇਸ ਨੂੰ ਦੋ ਸਾਲ ਲਈ ਨਾਊਵੇ ਜਾਤੀ ਦਾ ਪਰਧਾਨ ਚੁਣਿਆ ਜਾਂਦਾ ਰਿਹਾ । 1856 ਵਿਚ ਇਹ ਆਪਣੇ ਨਾਲ 180 ਸਾਥੀ ਲੈ ਕੇ ਸੇਂਟ ਲੂਈ ਚਲਾ ਗਿਆ ।

8 ਨਵੰਬਰ, 1856 ਨੂੰ ਸੇਂਟ ਲੂਈ ਵਿਖੇ ਅਚਾਨਕ ਇਸ ਦੀ ਮੌਤ ਹੋ ਗਈ ਹੈ ।

ਹ. ਪੁ.—ਐਨ. ਅਮੈ. 5 : 117 ; ਐਨ. ਬ੍ਰਿ. 4 : 541

**ਕਾਬੇਟ, ਵਿਲੀਅਮ :** ਇੰਗਲੈਂਡ ਦਾ ਇਹ ਇਕ ਉੱਘਾ ਨੀਤੀਵਾਨ ਅਤੇ ਲੇਖਕ ਸੀ । ਇਸ ਦਾ ਜਨਮ 1762 ਈ. ਵਿਚ ਫਾਰਨਹੈਮ ਦੇ ਇਕ ਕਾਸ਼ਤਕਾਰ ਪਰਿਵਾਰ ਵਿਚ ਹੋਇਆ । ਸੁਭਾਵਕ ਹੀ ਇਸ ਦਾ ਬਚਪਨ ਕਾਸ਼ਤਕਾਰੀ ਦੇ ਕੰਮ ਵਿਚ ਮਿਹਨਤ ਕਰਦਿਆਂ ਅਤੇ ਹਸਦਿਆਂ ਖੇਡਦਿਆਂ ਗੁਜ਼ਰਿਆ ।

ਇਸ ਦੇ ਜਵਾਨੀ ਵਿਚ ਕਦਮ ਧਰਨ ਤੋਂ ਪਹਿਲਾਂ ਹੀ ਇਕ ਅਜਿਹਾ ਕ੍ਰਾਂਤੀਕਾਰੀ ਕਾਲ ਸ਼ੁਰੂ ਹੋ ਗਿਆ ਸੀ ਜੋ ਕਿ ਨਾ ਕੇਵਲ ਇੰਗਲੈਂਡ ਸਗੋਂ ਲਗਭਗ ਸਾਰੇ ਸੰਸਾਰ ਦੇ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਯੁੱਗ ਮੰਨਿਆ ਜਾਂਦਾ ਹੈ । ਇਸੇ ਕਾਲ ਵਿਚ ਅਮਰੀਕਾ

ਦੀ ਸੁਤੰਤਰਤਾ ਦੀ ਜੰਗ ਸ਼ੁਰੂ ਹੋਈ ਅਤੇ ਇਸੇ ਹੀ ਸਮੇਂ ਫ਼ਰਾਂਸ ਵਿਚ ਰਾਜਨੀਤਕ ਕ੍ਰਾਂਤੀ ਆਈ। ਇਸੇ ਹੀ ਸਮੇਂ ਇੰਗਲੈਂਡ ਦੇ ਰਾਜਨੀਤਕ ਅਤੇ ਸਮਾਜਕ ਜੀਵਨ ਵਿਚ ਇਕ ਵਿਸ਼ੇਸ਼ ਪਰਿਵਰਤਨ ਹੋਇਆ ਅਤੇ ਪਾਰਲੀਮੈਂਟ ਸਬੰਧੀ ਸੁਧਾਰਾਂ ਦਾ ਕਾਰਜ ਸ਼ੁਰੂ ਹੋਇਆ।

ਬਚਪਨ ਤੋਂ ਹੀ ਇਸ ਨੂੰ ਵਿਦਿਆ ਦਾ ਬਹੁਤ ਸ਼ੌਕ ਸੀ। ਇਹ ਬਹੁਤ ਦੇਰ ਪਿੰਡ ਦੇ ਘੇਰੇ ਵਿਚ ਨਾ ਰਹਿ ਸਕਿਆ ਤੇ ਘਰੋਂ ਨੱਠ ਕੇ ਫ਼ੌਜ ਵਿਚ ਭਰਤੀ ਹੋ ਗਿਆ। ਸੱਠ ਸਾਲਾਂ ਤਕ ਕਾਬੇਟ ਨੇ ਅਮਰੀਕਾ ਵਿਚ ਉਦਾਰਚਿਤ ਅਤੇ ਪ੍ਰਗਤੀਸ਼ੀਲ ਵਿਚਾਰਾਂ ਦਾ ਪ੍ਰਚਾਰ ਕੀਤਾ। ਇਸ ਦੇ ਸਿੱਟੇ ਵਜੋਂ ਇਸ ਨੂੰ 'ਪੀਟਰ ਪਾਰਕਿਉਪਾਈਨ' ਦਾ ਉਪ ਨਾਂ ਦਿਤਾ ਗਿਆ।

ਇਸ ਦੇ ਲੇਖਾਂ ਦਾ ਸੰਗ੍ਰਹਿ ਪੰਜਾਹ ਮੋਟੀਆਂ ਜਿਲਦਾਂ ਵਿਚ ਛੱਪਿਆ ਜਿਨ੍ਹਾਂ ਵਿਚ 'ਕਾਟੇਜ ਇਕਾਨੋਮੀ', 'ਐਡਵਾਈਸ ਟੂ ਯੰਗ ਮੈਨ', 'ਰੂਰਲ ਗਾਈਡਜ਼' ਅਤੇ 'ਲਿਗੇਸੀ ਟੂ ਵਰਕਸ' ਬਹੁਤ ਪ੍ਰਸਿੱਧ ਹਨ।

ਇਹ ਮਰਦੇ ਦਮ ਤਕ ਲਿਖਣ ਦਾ ਕੰਮ ਕਰਦਾ ਰਿਹਾ। ਸੰਨ 1835 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਹਿ. ਵਿ. ਕੋ. 2 : 454.

**ਕਾਬੈਂਜ਼ਲ, ਫਿਲਿਪ :** ਆਸਟਰੀਆ ਦਾ ਇਕ ਪ੍ਰਸਿੱਧ ਰਾਜਨੀਤੀਵਾਨ ਸੀ ਜਿਸ ਦਾ ਜਨਮ 28 ਮਈ, 1741 ਨੂੰ ਲਾਈਬਾਕ (ਯੂਗੋ.) ਵਿਚ ਹੋਇਆ। ਸੰਨ 1759 ਤੋਂ ਇਸ ਨੂੰ ਆਸਟਰੀਅਨ ਨੀਦਰਲੈਂਡਜ਼ ਵਿਚ ਵਿਤ-ਪ੍ਰਬੰਧਕੀ ਅਮਲੇ ਵਿਚ ਲਾ ਦਿਤਾ ਗਿਆ। 26 ਸਾਲ ਦੀ ਉਮਰ ਵਿਚ ਹੀ ਇਹ ਵੀਆਨਾ ਵਿਚ ਰਾਜ ਦਾ ਕੌਂਸਲਰ ਬਣ ਗਿਆ। ਸੰਨ 1777 ਵਿਚ ਇਸ ਨੇ ਬਾਦਸ਼ਾਹ ਜੋਸਫ਼ ਦੂਜੇ ਦੇ ਨਿੱਜੀ ਅਮਲੇ ਵਿਚ ਸ਼ਾਮਲ ਹੋ ਕੇ ਫ਼ਰਾਂਸ ਦਾ ਚੱਕਰ ਲਾਇਆ। ਸੰਨ 1779 ਪਿਛੋਂ ਸ਼ਹਿਜ਼ਾਦੇ ਕੋਨਿਟਜ਼ ਨੇ ਇਸ ਨੂੰ ਵਾਈਸ ਚਾਂਸਲਰ ਅਤੇ 1792 ਈ. ਵਿਚ ਚਾਂਸਲਰ ਦੀ ਪਦਵੀ ਤੇ ਨਿਯੁਕਤ ਕਰ ਦਿਤਾ। ਸੰਨ 1787 ਵਿਚ ਇਸ ਨੂੰ ਬਾਦਸ਼ਾਹ ਜੋਸਫ਼ ਦੂਜੇ ਦੁਆਰਾ ਕੀਤੇ ਗਏ ਸੁਧਾਰਾਂ ਕਾਰਨ ਪੈਦਾ ਹੋਈ ਬੇਚੈਨੀ ਨੂੰ ਸ਼ਾਂਤ ਕਰਨ ਲਈ ਆਸਟਰੀਅਨ-ਨੀਦਰਲੈਂਡ ਭੇਜਿਆ ਗਿਆ।

ਮਾਰਚ, 1793 ਵਿਚ ਪ੍ਰਸ਼ਾਅ ਅਤੇ ਰੂਸ ਨੇ ਆਸਟਰੀਆ ਦੀ ਕਿਸੇ ਕਿਸਮ ਦੀ ਦਖ਼ਲ-ਅੰਦਾਜ਼ੀ ਤੋਂ ਬਿਨਾਂ ਹੀ ਪੋਲੈਂਡ ਦੀ ਦੂਜੀ ਵੰਡ ਕੀਤੀ ਤਾਂ ਨਾਲ ਹੀ ਇਹ ਨੀਤੀ ਵੀ ਖਾਰਜ ਕਰ ਦਿਤੀ ਅਤੇ ਇਸ ਨੂੰ ਅਹੁਦੇ ਤੋਂ ਵੀ ਹਟਾ ਦਿਤਾ। ਸੰਨ 1801 ਵਿਚ ਇਸ ਨੂੰ ਪੈਰਿਸ ਵਿਚ ਆਸਟਰੀਆ ਦਾ ਮਨਿਸਟਰ ਬਣਾ ਦਿਤਾ ਗਿਆ।

30 ਅਗਸਤ, 1801 ਵਿਚ ਵੀਆਨਾ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 991

**ਕਾਬੈਂਜ਼ਲ, ਲੁਟਵਿਕ :** ਆਸਟਰੀਆ ਦਾ ਇਕ ਮਸ਼ਹੂਰ ਨੀਤੀਵਾਨ ਸੀ ਜਿਸਦਾ ਜਨਮ 21 ਨਵੰਬਰ, 1753 ਨੂੰ ਬ੍ਰਸਲਜ਼ ਵਿਖੇ ਹੋਇਆ। ਸੰਨ 1774 ਵਿਚ ਇਸ ਨੂੰ ਬਰਲਿਨ ਵਿਚ ਅਤੇ 1779 ਵਿਚ ਪੀਟਰਜ਼ਬਰਗ ਵਿਚ ਆਸਟਰੀਆ ਦਾ ਮੰਤਰੀ ਬਣਾਕੇ ਭੇਜਿਆ ਗਿਆ। ਆਪਣੀ ਸਿਆਣਪ ਕਾਰਨ ਇਸ ਨੇ ਰੂਸ ਨਾਲ ਬਹੁਤ ਚੰਗੇ ਸਬੰਧ ਕਾਇਮ ਕਰ ਲਏ ਸਨ। ਮਹਾਰਾਣੀ ਕੈਥੇਰੀਨ ਦੂਜੀ ਇਸ ਨੂੰ ਬਹੁਤ ਪਸੰਦ ਕਰਦੀ ਸੀ। ਸੰਨ 1795 ਵਿਚ ਇਹ ਪੋਲੈਂਡ ਦਾ ਦੂਜੀ ਵੰਡ ਵਿਚ ਆਸਟਰੀਆ ਦੇ ਸ਼ਾਮਲ ਨਾ ਹੋਣ ਬਦਲੇ ਮੁਆਵਜ਼ਾ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ। ਇਸ ਉਪਰੰਤ ਇਸ ਨੂੰ ਫ਼ਰਾਂਸ ਨਾਲ ਗੱਲਬਾਤ ਕਰਨ ਲਈ ਆਸਟਰੀਆ ਦੇ ਪ੍ਰਤੀਨਿਧ ਵਜੋਂ ਭੇਜਿਆ ਗਿਆ। ਪਰੰਤੂ ਨੈਪੋਲੀਅਨ ਨੇ ਉਥੇ ਇਸ ਦੀ ਕੋਈ ਵਾਹ ਨਾ ਚਲਣ ਦਿੱਤੀ। ਸੰਨ 1800 ਵਿਚ ਇਸ ਨੂੰ ਬਦੇਸ਼ ਵਜ਼ੀਰ ਬਣਾ ਦਿੱਤਾ ਗਿਆ।

22 ਫ਼ਰਵਰੀ, 1809 ਵਿਚ ਵੀਆਨਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 991

**ਕਾਮ (ਕਾਮਦੇਵ) :** ਇਹ ਪ੍ਰੇਮ ਦਾ ਦੇਵਤਾ ਹੈ। ਇਸ ਦਾ ਹੋਰ ਨਾਂ ਇਰੋਸ ਜਾਂ ਕਿਊਪਿਡ ਵੀ ਹੈ। ਰਿਗ ਵੇਦ ਵਿਚ ਕਾਮਨਾ ਨੂੰ ਉਹ ਪਹਿਲੀ ਹਰਕਤ ਕਿਹਾ ਗਿਆ ਹੈ, ਜਿਹੜੀ ਇਕ ਸ਼ਕਤੀ ਵਿਚ ਉਸ ਸਮੇਂ ਪੈਦਾ ਹੋਈ ਜਦੋਂ ਉਸ ਨੇ ਸੂਖਮ ਸ਼ਕਤੀ ਦੇ ਨਾਲ ਜੀਵਨ ਗ੍ਰਹਿਣ ਕਰ ਲਿਆ। ਲਿਖਿਆ ਹੈ : "ਕਾਮਨਾ ਸਭ ਤੋਂ ਪਹਿਲਾਂ ਉਸ ਸ਼ਕਤੀ ਵਿਚ ਜਾਗ੍ਰਤ ਹੋਈ ਜਿਹੜੀ ਮਨ ਦਾ ਅਸਲੀ ਸੋਮਾ ਹੈ ਅਤੇ ਜਿਸ ਨੂੰ ਰਿਸ਼ੀਆਂ ਨੇ ਗਿਆਨ ਦੇ ਜ਼ੋਰ ਨਾਲ ਲਭਦੇ ਹੋਇਆਂ ਆਪਣੇ ਹਿਰਦੇ ਵਿਚ ਹੋਂਦ ਤੇ ਅਣਹੋਂਦ ਨੂੰ ਜੋੜਨ ਵਾਲੀ ਸ਼ਕਤੀ ਦੇ ਰੂਪ ਵਿਚ ਪਛਾਣਿਆ।" ਡਾਕਟਰ ਮੂਰ ਕਹਿੰਦਾ ਹੈ, 'ਇਹ ਪ੍ਰਸਿੱਧ ਹੈ ਕਿ ਯੂਨਾਨੀ ਮਿਥਿਹਾਸ ਵਿਚ ਪ੍ਰੇਮ ਦੇ ਦੇਵਤੇ ਇਰੋਸ ਨੂੰ ਇਸੇ ਢੰਗ ਨਾਲ ਵਿਸ਼ਵ ਦੀ ਸਿਰਜਨਾ ਨਾਲ ਸਬੰਧਤ ਕੀਤਾ ਗਿਆ।' ਇਸ ਕਾਮ ਜਾਂ ਕਾਮਨਾ ਦਾ ਜਿਸ ਤੋਂ ਲਿੰਗ ਸੁਆਦ ਦੀ ਥਾਂ ਵਧੇਰੇ ਸੱਚ ਦਾ ਭਾਵ ਲੈਣਾ ਚਾਹੀਦਾ ਹੈ, ਅਥਰਵ ਵੇਦ ਦੀ ਇਕ ਰਿਚਾ ਵਿਚ ਬੜੇ ਵਚਿੱਤਰ ਢੰਗ ਨਾਲ ਵਰਣਨ ਕੀਤਾ ਗਿਆ ਹੈ। ਇਹ ਰਿਚਾ ਕਾਮ ਨੂੰ ਪਰਮ ਆਤਮਾ ਜਾਂ ਸਿਰਜਣਹਾਰ ਦੇ ਪਦ ਉੱਤੇ ਬਿਰਾਜਮਾਨ ਕਰਦੀ ਹੈ। ਲਿਖਿਆ ਹੈ : "ਕਾਮ ਨੇ ਹੀ ਸਭ ਤੋਂ ਪਹਿਲਾਂ ਇਸ ਸੰਸਾਰ ਵਿਚ ਜਨਮ ਲਿਆ ਸੀ। ਦੇਵਤੇ, ਜਨਮ ਦੇਣ ਵਾਲੇ ਜਾਂ ਮਨੁੱਖਾਂ ਵਿਚੋਂ ਕੋਈ ਵੀ ਇਸ ਦੀ ਸਮਾਨਤਾ ਨਹੀਂ ਕਰ ਸਕਦਾ। ਹੇ ਕਾਮ! ਤੂੰ ਇਨ੍ਹਾਂ ਸਭਨਾਂ ਨਾਲੋਂ ਉੱਚਾ ਹੈ ਅਤੇ ਸਦੀਵੀ ਤੌਰ ਤੇ ਇਨ੍ਹਾਂ ਨਾਲੋਂ ਮਹਾਨ ਹੈ।' ਵੇਦ ਦੇ ਇਕ ਹੋਰ ਭਾਗ ਵਿਚ ਕਾਮ ਪ੍ਰਥਮ ਕਾਮਨਾ ਦੇ ਰੂਪ ਵਿਚ ਪ੍ਰਤੀਤ ਹੁੰਦਾ ਹੈ ਅਤੇ ਅਗੋਂ ਜਾ ਕੇ ਉਹ ਸ਼ਕਤੀ ਜਿਹੜੀ ਕਾਮਨਾ ਦੀ ਤ੍ਰਿਪਤੀ ਕਰਦੀ ਹੈ। ਇਸੇ ਵੇਦ ਵਿਚ ਕਾਮ ਦਾ ਅਕਸਰ ਅਗਨੀ ਨਾਲ ਏਕੀਕਰਨ ਕੀਤਾ ਜਾਂਦਾ ਹੈ ਅਤੇ ਜਦੋਂ ਦੋਵਾਂ ਨੂੰ ਇਕ ਦੂਜੇ ਨਾਲੋਂ ਵੱਖ ਵੱਖ ਕਰਕੇ ਵੇਖਿਆ ਜਾਵੇ ਤਾਂ ਕਾਮ ਦੇਵਤਾ ਅਗਨੀ ਦੇਵਤਾ ਨਾਲੋਂ ਉਚਿੱਤ ਲੱਗੇਗਾ। ਤੈਤਰੀਯ ਬ੍ਰਾਹਮਣ ਅਨੁਸਾਰ ਇਹ ਨਿਆਂ ਦੇ ਦੇਵਤੇ ਦਾ ਧਰਮ ਪੁੱਤਰ ਹੈ ਜਿਹੜਾ ਵਿਸ਼ਵਾਸ ਦੀ ਦੇਵੀ ਸ਼੍ਰੱਧਾ ਦੀ ਕੁੱਖੋਂ ਪੈਦਾ ਹੋਇਆ ਸੀ ਪਰ ਹਰੀਵੰਸ਼ ਅਨੁਸਾਰ ਇਹ ਲਕਸ਼ਮੀ ਦਾ ਪੁੱਤਰ ਸੀ। ਇਕ ਹੋਰ ਰਵਾਇਤ ਅਨੁਸਾਰ ਇਹ ਬ੍ਰਹਮਾ ਦੇ ਹਿਰਦੇ ਵਿਚੋਂ ਪੈਦਾ ਹੋਇਆ ਸੀ। ਚੌਥੇ ਮਤ ਅਨੁਸਾਰ ਇਹ ਪਾਣੀ ਵਿਚੋਂ ਪੈਦਾ ਹੋਇਆ ਸੀ ਇਸੇ ਕਰਕੇ ਇਸ ਨੂੰ ਇਰਾਜ (ਪਾਣੀ ਤੋਂ ਜੰਮਿਆ ਹੋਇਆ) ਕਹਿੰਦੇ ਹਨ। ਪੰਜਾਬੀ ਰਵਾਇਤ ਅਨੁਸਾਰ ਇਸ ਨੂੰ ਆਤਮਭੂ (ਸਵੈ-ਉਤਪੰਨ) ਕਹਿੰਦੇ ਹਨ ਅਤੇ ਇਸੇ ਕਰਕੇ ਇਸ ਨੂੰ ਹੋਰਨਾਂ ਦੇਵਤਿਆਂ ਵਾਂਗੂੰ ਅੱਜ (ਜੋ ਉਤਪੰਨ ਨਹੀਂ ਹੋਇਆ) ਜਾਂ ਅਨਨਇਜ (ਜੋ ਦੂਸਰੇ ਤੋਂ ਨਹੀਂ ਜੰਮਿਆ) ਕਿਹਾ ਜਾਂਦਾ ਹੈ। ਪੁਰਾਣਾਂ ਵਿਚ ਇਸ ਦੀ ਪਤਨੀ ਦਾ ਨਾਂ ਰਤੀ ਜਾਂ ਰੇਵਾ (ਕਾਮਨਾ ਦੀ ਦੇਵੀ) ਲਿਖਿਆ ਹੈ। ਇਸ ਨੇ ਭਗਤੀ ਵਿਚ ਲੀਨ ਸ਼ਿਵ ਜੀ ਦੇ ਮਨ ਵਿਚ ਪਾਰਬਤੀ ਲਈ ਕਾਮਕਰੁਚੀ ਪੈਦਾ ਕਰ ਦਿੱਤੀ ਸੀ ਜਿਸ ਤੇ ਨਰਾਜ਼ ਹੋ ਕੇ ਸ਼ਿਵ ਜੀ ਨੇ ਇਸ ਨੂੰ ਮਸਤਕ ਦੀ ਤੀਸਰੀ ਅੱਖ ਦੀ ਅੱਗ ਨਾਲ ਭਸਮ ਕਰ ਦਿੱਤਾ ਪਰੰਤੂ ਬਾਅਦ ਵਿਚ ਨਰਮ ਹੋ ਕੇ ਕ੍ਰਿਸ਼ਨ ਜੀ ਦੇ ਘਰ ਪ੍ਰਦਯੁਮਨ ਦੇ ਰੂਪ ਵਿਚ ਜਨਮ ਲੈਣ ਦੀ ਆਗਿਆ ਦਿੱਤੀ। ਕਾਮਦੇਵ ਦਾ ਇਕ ਪੁੱਤਰ ਅਨਿਰੁਧ ਅਤੇ ਇਕ ਧੀ ਤ੍ਰਿਸ਼ਾ ਵੀ ਹੈ। ਇਹ ਅਪ-ਛਰਾਵਾਂ ਜਾਂ ਸਵਰਗੀ ਪਰੀਆਂ ਦਾ ਮਾਲਕ ਹੈ। ਇਸ ਦੇ ਹੱਥ ਵਿਚ ਤੀਰ ਅਤੇ ਕਮਾਨ ਫੜਿਆ ਹੋਇਆ ਹੈ। ਇਸ ਦੀ ਕਮਾਨ ਗੰਨੇ ਦੀ ਬਣੀ ਹੁੰਦੀ ਹੈ ਅਤੇ ਚਿੱਲਾ ਮਧੂ ਮੱਖੀਆਂ ਦੀ ਤੰਦ ਦਾ ਹੁੰਦਾ ਹੈ ਅਤੇ ਹਰ ਤੀਰ ਉੱਤੇ ਵੱਖਰੇ ਵੱਖਰੇ ਰੰਗ ਦਾ ਫੁੱਲ ਟੰਗਿਆ ਹੁੰਦਾ ਹੈ। ਇਹ

ਇਕ ਬਹੁਤ ਹੀ ਸੁਹਣਾ ਜਵਾਨ ਗਭਰੂ ਹੈ ਅਤੇ ਆਮ ਤੌਰ ਤੇ ਤੋਤੇ ਦੀ ਸਵਾਰੀ ਕਰਦਾ ਹੈ। ਇਸ ਦੇ ਨਾਲ ਪਰੀਆਂ ਰਹਿੰਦੀਆਂ ਹਨ ਜਿਨ੍ਹਾਂ ਵਿਚੋਂ ਇਕ ਦੇ ਹੱਥ ਵਿਚ ਇਸ ਦਾ ਝੰਡਾ ਚੁਕਿਆ ਹੈ, ਜਿਸ ਉੱਤੇ ਮਕਰ ਜਾਂ ਲਾਲ ਕਪੜੇ ਉਤੇ ਚਿਤ੍ਰੀ ਇਕ ਮੱਛੀ ਦੀ ਤਸਵੀਰ ਹੁੰਦੀ ਹੈ।

ਕਾਮ ਦੇ ਰਹੱਸਮਈ ਮੂਲ ਅਤੇ ਵਿਸ਼ਵ ਵਿਆਪੀ ਪ੍ਰਭਾਵ ਕਾਰਨ ਇਸ ਦੇ ਬਹੁਤ ਸਾਰੇ ਨਾਂ ਤੇ ਉਪਾਧੀਆਂ ਮਿਲਦੀਆਂ ਹਨ। ਇਸ ਨੂੰ ਇਸ਼ਮ, ਕੰਜਨ ਤੇ ਕਿੰਕਰ, ਮਦ, ਰਮ ਜਾਂ ਰਮਣ ਅਤੇ ਸਮਰ, ਭਵਜ ਜਾਂ ਮਨੋਜ, ਮਾਯੀ ਜਾਂ ਮਾਯਾਸੁਤ, ਸ੍ਰੀ ਨੰਦਨ ਅਨੰਗ, ਅਭਿਰੂਪ (ਸੁੰਦਰ), ਦਰਪਕ ਜਾਂ ਦੀਪਕ (ਲਾਟ ਵਾਲਾ), ਗਦਯਿਤਨੁ (ਗ੍ਰਿਧੂ), ਗ੍ਰਿਤ੍ਰਸ (ਕਾਮੀ ਜਾਂ ਤੇਜ਼), ਕਾਮਨ ਤੇ ਖਰੂ (ਕਾਮੁਕ), ਕੰਦਰਪ, (ਬ੍ਰਹਮਾ ਦੀ ਲਾਟ), ਕੇਤੂ (ਪ੍ਰਸੰਨ), ਕਲਾਕੇਲੀ (ਖ਼ੁਸ ਜਾਂ ਚੰਚਲ), ਮਾਰ (ਨਾਸ਼ਕ), ਮਾਯੀ (ਛਲਾਵਾ), ਮਧੂਦੀਪ (ਸ਼ਹਿਦ ਜਾਂ ਬਸੰਤ ਦਾ ਦੀਵਾ), ਮੁਹਿਰ (ਮਤ ਮਾਰਨ ਵਾਲਾ), ਮੁਰਮੁਰ, (ਭੜਕਦੀ ਅੱਗ), ਰਾਗਵ੍ਰਿੰਤ (ਵਾਸਨਾ ਦਾ ਹੜ੍ਹ), ਰੂਪਾਸਤ੍ਰ (ਹੁਸਨ ਦਾ ਸ਼ਸ਼ਤਰ), ਰਤਨਾਰੀਚ (ਕਾਮ ਨੂੰ ਉਤੇਜਤ ਕਰਨ ਵਾਲਾ), ਸ਼ਮਾਤਕ (ਸ਼ਾਂਤੀ ਨੂੰ ਨਸ਼ਟ ਕਰਨ ਵਾਲਾ), ਸੰਸਾਰਗੁਰੂ (ਜਗਤ ਦਾ ਗੁਰੂ), ਸ੍ਮਰ ਸ਼ਿੰਗਾਰ ਯੋਨੀ, ਤਿਥ (ਅੱਗ), ਵਾਮ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਤੋਂ ਬਿਨਾਂ ਕੁਸਮਯੁਧ, ਪੁਸ਼ਪਧਨੁਸ, ਪੁਸ਼ਪਸਰ ਆਦਿ ਵੀ ਇਸ ਦੇ ਨਾਂ ਹਨ। ਆਪਣੇ ਝੰਡੇ ਕਰਕੇ ਇਸ ਨੂੰ 'ਮਕਰਕੇਤੂ' ਅਤੇ ਫੂਲ, ਜਿਹੜੇ ਕਿ ਇਸ ਨੇ ਆਪਣੇ ਹੱਥ ਵਿਚ ਫੜੇ ਹੁੰਦੇ ਹਨ ਪੁਸ਼ਪਕੇਤਨ ਵੀ ਕਹਿੰਦੇ ਹਨ।

ਹ.ਪ੍ਰ.—ਹਿੰ. ਮਿ. ਕੋ.

**ਕਾਮ ਸ਼ਾਸਤਰ** : ਮਨੁੱਖੀ ਜੀਵਨ ਦੇ ਟੀਚੇ ਸਬੰਧੀ ਚਹੁੰ ਪੁਰਸ਼ਾਰਥਾਂ ਵਿਚੋਂ 'ਕਾਮ' ਨੂੰ ਸਭ ਤੋਂ ਉਤਮ ਪੁਰਸ਼ਾਰਥ ਮੰਨਿਆ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਵਿਚ ਇਸ ਨਾਲ ਸਬੰਧਤ ਬਹੁਤ ਸਾਰਾ ਸਾਹਿਤ ਮਿਲਦਾ ਹੈ। ਇਸ ਸ਼ਾਸਤਰ ਦਾ ਆਧਾਰ ਹੈ ਮਹਾਂਰਿਸ਼ੀ 'ਵਾਤਸਾਇਨ' ਦੁਆਰਾ ਰਚਿਤ ਕਾਮ ਸੂਤਰ। ਸੂਤਰ ਸ਼ੈਲੀ ਵਿਚ ਰਚਿਆ 'ਵਾਤਸਾਇਨ' ਦਾ ਇਹ ਮਹਾਨ ਗ੍ਰੰਥ ਵਿਸ਼ੇ ਦੀ ਵਿਆਪਕਤਾ ਅਤੇ ਸ਼ੈਲੀ ਦੀ ਸਾਦਗੀ ਵਿਚ ਆਪਣਾ ਸਾਨੀ ਨਹੀਂ ਰਖਦਾ। ਮਹਾਰਿਸ਼ੀ 'ਵਾਤਸਾਇਨ' ਇਸ ਸ਼ਾਸਤਰ ਦਾ ਕਰਤਾ ਹੀ ਮੰਨਿਆ ਜਾ ਸਕਦਾ ਹੈ ਜਨਮਦਾਤਾ ਨਹੀਂ, ਕਿਉਂਕਿ ਉਸ ਤੋਂ ਬਹੁਤ ਪਹਿਲਾਂ ਇਸ ਸ਼ਾਸਤਰ ਦਾ ਆਰੰਭ ਹੋ ਚੁਕਿਆ ਸੀ। ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਪ੍ਰਜਾਪਤੀ ਨੇ ਇਕ ਲੱਖ ਕਾਂਡਾਂ ਵਿਚ ਇਕ ਵਿਸ਼ਾਲ ਗ੍ਰੰਥ ਲਿਖਕੇ ਕਾਮ ਸ਼ਾਸਤਰ ਦਾ ਆਰੰਭ ਕੀਤਾ। ਪ੍ਰੰਤੂ ਕੁਝ ਚਿਰ ਤੋਂ ਬਾਅਦ ਮਨੁੱਖਾਂ ਦੇ ਭਲੇ ਲਈ ਇਸ ਦੇ ਸੰਖੇਪ ਸਾਰ ਵੀ ਰਚੇ ਗਏ। ਪੁਰਾਣਾਂ ਅਨੁਸਾਰ ਮਹਾਦੇਵ ਦੀ ਇੱਛਾ ਨਾਲ 'ਨੰਦੀ' ਨੇ ਇਕ ਹਜ਼ਾਰ ਕਾਂਡਾਂ ਵਿਚ ਇਸ ਦਾ ਸੰਖੇਪ ਤਿਆਰ ਕੀਤਾ ਜਿਸ ਨੂੰ ਹੋਰ ਵੀ ਲਾਹੇਵੰਦ ਬਣਾਉਣ ਲਈ 'ਉਦਾਲਕ' ਮੁਨੀ ਦੇ ਪੁੱਤਰ 'ਸ਼ਵੇਤਕੇਤੂ' ਨੇ ਪੰਜ ਸੌ ਕਾਂਡਾਂ ਵਿਚ ਇਸ ਨੂੰ ਸੰਖੇਪ ਕੀਤਾ। ਇਸ ਤੋਂ ਪਿਛੋਂ ਪੰਚਾਰ ਦੇ ਵਸਨੀਕ 'ਬਾਭਵਯ' ਨੇ ਕੇਵਲ ਤਿਹਾਈ ਹਿੱਸੇ ਵਿਚ ਡੇਢ ਸੌ ਕਾਂਡਾਂ ਅਤੇ ਸਤ ਭਾਗਾਂ ਵਿਚ ਸਾਰਾ ਸਾਰ ਦੇ ਦਿੱਤਾ।

ਕੁਝ ਅਰਸੇ ਤੋਂ ਮਗਰੋਂ ਸਤ ਮਹਾਨ ਆਚਾਰੀਆਂ ਨੇ ਹਰ ਇਕ ਭਾਗ ਦੇ ਉਪਰ ਸਤ ਸੁਤੰਤਰ ਗ੍ਰੰਥਾਂ ਦੀ ਰਚਨਾ ਕੀਤੀ। (1) ਸਾਧਾਰਨ ਅਧਿਕਰਨ ਤੇ ਨਾਰਾਇਣ ਨੇ ਇਕ ਗ੍ਰੰਥ ਬਣਾਇਆ, (2) ਸਾਂਪਰਯੋਗਿਕ ਤੇ ਸੁਵਰਨਨਾਭ ਨੇ, (3) ਕੰਨਿਆ ਸੰਪਯੁਕਤ ਤੇ ਘੋਟਕਮੁਖ ਨੇ, (4) ਭਾਰਯਾਧਿਕਾਰ ਤੇ ਗੋਰਨੋਂਦੀਯ ਨੇ, (5) ਪਾਰ-ਦਾਰਿਕ ਤੇ ਗੋਣਿਕਾਪੁਤਰ ਨੇ, (6) ਵੈਸ਼ਿਕ ਤੇ ਦੱਤਕ, ਨੇ ਅਤੇ (7) ਔਪਨਿਸ਼ਦਿਕ ਤੇ ਕੁਚਿਆਰ ਨੇ। ਇਸ ਵਖਰੀ ਰਚਨਾ ਦਾ ਸਿੱਟਾ ਸ਼ਾਸਤਰ ਦੇ ਪ੍ਰਚਾਰ ਲਈ ਹਾਨੀਕਾਰਕ ਸਿੱਧ ਹੋਇਆ ਅਤੇ ਸਿੱਟੇ ਵਜੋਂ ਹੌਲੀ ਹੌਲੀ ਇਹ ਨਸ਼ਟ ਹੋਣ ਲੱਗਾ। 'ਵਾਤਸਾਇਨ' ਨੇ ਇਨ੍ਹਾਂ ਸੱਤਾ ਅਧਿਕਰਨ ਗ੍ਰੰਥਾਂ ਦਾ ਸੰਖੇਪ ਇਕੱਤਰ ਕਰਕੇ ਪੇਸ਼ ਕੀਤਾ ਹੈ। ਇਸ ਵਿਸ਼ੇਸ਼ ਘਾਲਣਾ ਦਾ ਸਿੱਟਾ 'ਵਾਤਸਾਇਨ' ਕਾਮਸੂਤਰ ਹੋਂਦ ਵਿਚ ਆਇਆ। ਇਸ ਪਰਕਾਰ ਮੌਜੂਦਾ ਕਾਮਸੂਤਰ ਨੂੰ ਸਦੀਆਂ ਤੋਂ ਕੀਤੇ ਜਾ ਰਹੇ ਸਾਹਿਤ ਜਤਨਾਂ ਦਾ ਅੰਤ ਸਮਝਣਾ ਚਾਹੀਦਾ ਹੈ ਹਾਲਾਂ ਕਿ ਮੁੱਢ ਤੋਂ ਰਚੇ ਗਏ ਕਾਮ ਸ਼ਾਸਤਰ ਸਬੰਧੀ ਗ੍ਰੰਥਾਂ ਦੇ ਇਸ ਅਮੁੱਕ ਭੰਡਾਰ ਦੇ ਵਿਸਥਾਰ ਨੂੰ ਸਵੀਕਾਰ ਕਰਨਾ ਕਠਿਨ ਹੈ।

ਕਾਮ ਸ਼ਾਸਤਰ ਦੇ ਇਤਿਹਾਸ ਨੂੰ ਤਿੰਨਾਂ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ। ਪੂਰਵ-ਵਾਤਸਾਇਨ-ਕਾਲ ਅਤੇ ਵਾਤਸਾਇਨ-ਕਾਲ ਤੋਂ ਮਗਰੋਂ ਦਾ ਕਾਲ। ਪੂਰਵ ਵਾਤਸਾਇਨਕਾਲ ਦੇ ਅਚਾਰੀਆਂ ਦੀਆਂ ਰਚਨਾਵਾਂ ਦਾ ਵਿਸ਼ੇਸ਼ ਪਤਾ ਨਹੀਂ ਲਗਦਾ। ਬਾਭਵਯ ਦੇ ਮਤ ਦਾ ਨਿਰਦੇਸ਼ ਬੜੇ ਆਦਰ ਨਾਲ 'ਵਾਤਸਾਇਨ' ਨੇ ਆਪਣੇ ਗ੍ਰੰਥ ਵਿਚ ਕੀਤਾ ਹੈ। 'ਘੋਟਕਮੁਖ' ਅਤੇ 'ਗੋਨਰਦੀਯ' ਦੇ ਮਤ ਕਾਮ ਸ਼ਾਸਤਰ ਅਤੇ ਅਰਥਸ਼ਾਸਤਰ ਵਿਚ ਲਿਖੇ ਮਿਲਦੇ ਹਨ। ਕੇਵਲ 'ਦਤਕ' ਅਤੇ 'ਕੁਚਿਮਾਰ' ਦੇ ਗ੍ਰੰਥਾਂ ਦੀ ਹੋਂਦ ਦੀ ਜਾਣਕਾਰੀ ਇਸ ਵਿਚ ਭਲੀ ਭਾਂਤ ਹੁੰਦੀ ਹੈ। ਅਚਾਰੀਆ 'ਦਤਕ' ਦੀ ਵਿਚਿਤਰ ਜੀਵਨ ਕਥਾ ਕਾਮਸੂਤਰ ਦੀ ਜੈ ਮੰਗਲਾ ਟੀਕਾ ਵਿਚ ਮਿਲਦੀ ਹੈ। ਇਸ ਦਾ ਗ੍ਰੰਥ ਵੈਸ਼ਿਕ ਸ਼ਾਸਤਰ ਸੀ ਜੋ ਉਂਕਾਰ ਤੋਂ ਸ਼ੁਰੂ ਹੋਣ ਵਾਲਾ ਕਿਹਾ ਜਾਂਦਾ ਹੈ। 'ਕੁਚਿਮਾਰ' ਦੁਆਰਾ ਰਚੇ ਹੋਏ ਤੰਤਰ ਦੇ ਨਾ ਮਿਲਣ ਦੇ ਬਾਵਜੂਦ ਵੀ ਇਸ ਦੇ ਵਿਸ਼ੇ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੰਤਰ ਵਿਚ ਕਾਮਵਾਸ਼ਨਾ ਲਈ ਵਰਤੀਆਂ ਜਾਂਦੀਆਂ ਦਵਾਈਆਂ ਦਾ ਵਰਣਨ ਹੈ ਜਿਸ ਦਾ ਸਬੰਧ ਬਰਹਣ, ਲੇਪਨ, ਵੱਸ਼ ਕਰਨ ਵਾਲੀਆਂ ਕਿਰਿਆਵਾਂ ਨਾਲ ਹੈ। ਕੁਚਿਮਾਰਤੰਤਰ ਦੀ ਹਥਲਿਖਤ ਮਦਰਾਸ ਵਿਚ ਮਿਲੀ ਹੈ ਜਿਸ ਨੂੰ ਗ੍ਰੰਥਕਰਤਾ 'ਉਪਨਿਸ਼ਦ' ਦਾ ਨਾਮ ਦਿੰਦਾ ਹੈ ਅਤੇ ਜਿਸ ਕਰਕੇ ਉਸ ਵਿਚ ਵਰਣਨ ਕੀਤਾ ਅਧਿਕਰਨ 'ਔਪਲਿਸ਼ਦਿਕ' ਨਾਲ ਪ੍ਰਸਿੱਧ ਹੋਇਆ।

**ਕਾਮਸੂਤਰ** : 'ਵਾਤਸਾਇਨ' ਦਾ ਇਹ ਗ੍ਰੰਥ ਸੂਤਰਾਂ ਵਿਚ ਹੈ। ਇਸ ਵਿਚ ਸਤ ਅਧਿਕਰਨ, 36 ਕਾਂਡ ਅਤੇ 64 ਪਰਕਰਣ ਹਨ। ਇਸ ਵਿਚ ਚਿਤਰਤ ਭਾਰਤੀ ਸਭਿਅਤਾ ਤੇ ਗੁਪਤ ਯੁਗ ਦੀ ਡੂੰਘੀ ਛਾਪ ਹੈ। ਉਸ ਯੁਗ ਦਾ ਸਾਊ ਅਤੇ ਸਭਯ ਵਿਅਕਤੀ 'ਨਾਗਰਕ' ਦੇ ਨਾਂ ਨਾਲ ਪ੍ਰਸਿੱਧ ਹੈ। ਉਸ ਦੀ ਰਹਿਣੀ ਬਹਿਣੀ, ਮਨ ਪ੍ਰਚਾਵੇ ਦੇ ਸਾਧਨ, ਰੋਜ਼ਾਨਾ ਜ਼ਿੰਦਗੀ, ਅਧਿਐਨ ਅਤੇ ਉਤਸ਼ਾਹ ਸਬੰਧੀ ਸਮੂਹ ਵਿਸ਼ਿਆਂ ਦਾ ਜੀਊਂਦਾ ਜਾਗਦਾ ਚਰਿੱਤਰ ਇੰਨੀ ਸੁਚੱਜਤਾ ਨਾਲ ਦੱਸਿਆ ਹੈ ਕਿ ਕਾਮਸੂਤਰ ਭਾਰਤੀ ਸਮਾਜ ਸ਼ਾਸਤਰ ਦਾ ਇਕ ਸਰਬੋਤਮ ਗ੍ਰੰਥ ਬਣ ਗਿਆ ਹੈ। ਗ੍ਰੰਥ ਦੀ ਰਚਨਾ ਦਾ ਉਦੇਸ਼ ਸੰਸਾਰ ਯਾਤਰਾ ਦਾ ਨਿਬਾਹ ਹੈ, ਰਾਗ ਦੀ ਵਧੋਤਰੀ ਨਹੀਂ। ਆਪਣੇ ਮਨੋਰਥ ਦੀ ਪੂਰਤੀ ਲਈ 'ਵਾਤਸਾਇਨ' ਨੇ ਕਠੋਰ ਸਮਾਧੀ ਅਤੇ ਬ੍ਰਹਮਚਰਜ ਦੀ ਪੂਰੀ ਪਾਲਣਾ ਕਰਦੇ ਹੋਏ ਇਸ ਗ੍ਰੰਥ ਦੀ ਰਚਨਾ ਕੀਤੀ ਹੈ ਜਿਵੇਂ ਕਿ :

**तदेतद् ब्रह्म चर्येण परेण च समाधिना ॥**
**विहित कोक यागार्थ न रा गाथेडिस्य संविधि :**

(ਕਾਮਸੂਤਰ, ਸਪਤਮ ਅਧੀਕਰਣ ਸਲੋਕ 57)

ਇਸ ਗ੍ਰੰਥ ਵਿਚ ਸੱਤ ਅਧਿਕਰਣ ਹਨ। ਪਹਿਲੇ ਅਧਿਕਰਣ (ਸਾਧਾਰਨ) ਵਿਚ ਸ਼ਾਸਤਰ ਦਾ ਮੰਤਵ ਅਤੇ ਸ਼ਹਿਰੀ ਦੀ ਜੀਵਨ ਯਾਤਰਾ ਦਾ ਰੌਚਕ ਵਰਣਨ ਹੈ। ਦੂਸਰੇ ਅਧਿਕਰਣ (ਸਾਂਪਰਯੋਗਿਕ) ਵਿਚ ਰਤੀਸ਼ਾਸਤਰ ਦਾ ਵਿਸਥਾਰ ਪੂਰਵਕ ਵਰਨਣ ਹੈ। ਪੂਰੇ ਗ੍ਰੰਥ ਵਿਚ ਸਭ ਤੋਂ ਵਧੇਰੇ ਮਹੱਤਵਸ਼ਾਲੀ ਖੰਡ ਹੈ ਜਿਸ ਦੇ ਦਸ ਕਾਂਡਾਂ

ਵਿਚ ਰਤੀ ਕ੍ਰੀੜਾ, ਆਲਿੰਗਨ, ਚੁੰਬਨ ਆਦਿ ਕਾਮ ਕਿਰਿਆਵਾਂ ਦਾ ਵਿਆਪਕ ਅਤੇ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ । ਤੀਜੇ ਅਧਿਕਰਣ (ਕੰਨਿਆ ਸੰਪ੍ਰਯੁਕਤਕ) ਵਿਚ ਕੰਨਿਆਂ ਨਾਲ ਕੁੜਮਾਈ ਕਰਨਾ ਮੁਖ ਵਿਸ਼ਾ ਹੈ, ਜਿਸ ਨਾਲ ਸਬੰਧਤ ਵਿਆਹ ਕਰਾਉਣ ਦਾ ਵੀ ਖ਼ਾਸ ਵਰਣਨ ਕੀਤਾ ਗਿਆ ਹੈ । ਚੌਥੇ ਅਧਿਕਰਣ (ਭਾਰਯਾਧਿਕਤਰਿਕ) ਵਿਚ ਘਰਵਾਲੀ ਦਾ ਕਰਤੱਵ, ਸੌਕਣ ਨਾਲ ਉਸ ਦਾ ਸਲੂਕ ਅਤੇ ਰਾਜਿਆਂ ਦੇ ਰਣਵਾਸ ਵਿਸ਼ੇਸ਼ ਵਿਵਹਾਰ ਲੜੀਵਾਰ ਵਰਣਨ ਕੀਤੇ ਗਏ ਹਨ । ਪੰਜਵੇਂ ਅਧਿਕਰਣ (ਪਾਰਦਾਰਿਕ) ਵਿਚ ਪਰਾਈ ਔਰਤ ਨੂੰ ਵੱਸ ਵਿਚ ਲਿਆਉਣ ਦਾ ਵਿਸਥਾਰ ਨਾਲ ਵਰਣਨ ਹੈ, ਜਿਸ ਵਿਚ ਮੌਜੋਠਗਣੀ ਚਰਿੱਤਰ ਹਰ ਪੱਖੋਂ ਇਥੇ ਨਜ਼ਰ ਆਉਂਦਾ ਹੈ । ਛੇਵੇਂ ਅਧਿਕਰਣ (ਵੈਸ਼ਿਕ) ਵਿਚ ਵੇਸਵਾਵਾਂ ਦੇ ਆਚਰਣ, ਕੰਮ ਕਾਰ, ਅਮੀਰ ਲੋਕਾਂ ਨੂੰ ਵਸ ਵਿਚ ਕਰਨ ਦੇ ਹਥਕੰਡੇ ਆਦਿ ਵਰਣਨ ਕੀਤੇ ਗਏ ਹਨ । ਸਤਵੇਂ ਅਧਿਕਰਣ (ਔਪਨਿਸ਼ਦਿਕ) ਦਾ ਵਿਸ਼ਾ ਆਯੁਰਵੈਦਿਕ ਨਾਲ ਸਬੰਧਤ ਹੈ । ਇਥੇ ਉਨ੍ਹਾਂ ਦਵਾਈਆਂ ਦਾ ਵਰਣਨ ਹੈ, ਜਿਨ੍ਹਾਂ ਦੀ ਵਰਤੋਂ ਜਾਂ ਸੇਵਨ ਕਰ ਕੇ ਸਰੀਰ ਵਿਚ ਦੋਹਾਂ ਵਸਤੂਆਂ, ਸ਼ੋਭਾ ਅਤੇ ਸ਼ਕਤੀ ਦਾ ਵਿਸ਼ੇਸ਼ ਵਾਧਾ ਹੁੰਦਾ ਹੈ । ਇਨ੍ਹਾਂ ਉਪਾਵਾਂ ਨੂੰ ਵੈਦਿਕ ਸ਼ਾਸਤਰ ਵਿਚ ਬ੍ਰਿਸ਼ਯਯੋਗ ਕਿਹਾ ਗਿਆ ਹੈ ।

ਰਚਨਾ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਕਾਮਸੂਤਰ ਕੌਟਿਲਿਆ ਦੇ ਅਰਥ ਸ਼ਾਸਤਰ ਦੇ ਸਮਾਨ ਹੈ । ਚੁਸਤ, ਗੰਭੀਰ, ਛੋਟੇ ਆਕਾਰ ਵਿਚ ਹੋਣ ਦੇ ਬਾਵਜੂਦ ਵਿਸ਼ਾਲ ਅਰਥਾਂ ਵਿਚ ਸੁਸ਼ੋਭਤ ਹੈ । ਦੋਹਾਂ ਦੀ ਸ਼ੈਲੀ ਸੂਤਰਾਤਮਕ ਹੋਣ ਤੇ ਸਮਾਨ ਹੀ ਹੈ । ਰਚਨਾ ਦੇ ਸਮੇਂ ਵਿਚ ਭਾਵੇਂ ਅੰਤਰ ਹੈ । ਅਰਥਸ਼ਾਸਤਰ ਮੌਰੀਆ ਕਾਲ ਦਾ ਅਤੇ ਕਾਮਸੂਤਰ ਗੁਪਤ ਕਾਲ ਦਾ ਹੈ ।

ਕਾਮਸੂਤਰ ਤੇ ਕੀਤੇ ਗਏ ਤਿੰਨ ਟੀਕੇ ਪ੍ਰਸਿੱਧ ਹਨ—

(i) ਜੈ ਮੰਗਲਾ ਟੀਕਾ ਦਾ ਕਰਤਾ ਅਸਲ ਵਿਚ ਯਸ਼ੋਧਰ ਹੈ, ਜਿਸ ਨੇ ਵੀਸਲਦੇਵ (1243-61) ਦੇ ਰਾਜਕਾਲ ਸਮੇਂ ਇਸਦਾ ਨਿਰਮਾਣ ਕੀਤਾ ।

(ii) ਕੰਦਰਪਚੂੜਾਮਣੀ ਟੀਕਾ ਬਘੇਲਵੰਸ਼ੀ 'ਰਾਜਾਰਾਮਚੰਦ' ਦੇ ਪੁੱਤਰ 'ਵੀਰ ਸਿੰਘ ਦੇਵ' ਨੇ ਤੁਕਾਂ ਵਿਚ ਰਚਿਆ ਹੈ (ਰਚਨਾ ਕਾਲ ਸੰਨ 1633-1577 ਈ.) ।

(iii) ਕਾਮ-ਸੂਤਰ ਵਿਆਖਿਆ ਨਾਮਕ ਟੀਕਾ ਕਾਸ਼ੀ ਵਿਚ ਰਹਿਣ ਵਾਲੇ ਵਿਦਵਾਨ 'ਭਾਸਕਰ ਨਰ ਸਿੰਘ' ਦੁਆਰਾ 1788 ਈ. ਵਿਚ ਰਚਿਆ । ਇਨ੍ਹਾਂ ਦੋਹਾਂ ਵਿਚੋਂ ਪਹਿਲੀਆਂ ਦੋਵੇਂ ਟੀਕਾਵਾਂ ਛਪੀਆਂ ਹੋਈਆਂ ਅਤੇ ਪ੍ਰਸਿੱਧ ਹਨ ਪਰ ਅੰਤਮ ਟੀਕਾ ਅਜੇ ਤਕ ਅਣਛਪਿਆ ਪਿਆ ਹੈ ।

ਵਾਤਸਾਇਨ ਤੋਂ ਪਿਛੋਂ ਦਾ ਸਮਾਂ :—

ਮੱਧ ਯੁਗ ਦੇ ਲੇਖਕਾਂ ਨੇ ਕਾਮ-ਸ਼ਾਸਤਰ ਦੇ ਵਿਸ਼ੇ ਤੇ ਅਨੇਕਾਂ ਹੀ ਗ੍ਰੰਥਾਂ ਦੀ ਰਚਨਾ ਕੀਤੀ ਹੈ । ਇਨ੍ਹਾਂ ਦਾ ਮੂਲ ਸਰੋਤ ਵਾਤਸਾਇਨ ਦਾ ਹੀ ਗ੍ਰੰਥ ਰਤਨ ਹੈ ਅਤੇ ਰਤੀ ਕ੍ਰੀੜਾ ਦੇ ਵਿਸ਼ੇ ਤੇ ਨਵੇਂ ਤਥ ਵਸ਼ੇਸ਼ ਰੂਪ ਵਿਚ ਸ਼ਾਮਲ ਕੀਤੇ ਗਏ ਹਨ । ਅਜਿਹੇ ਗ੍ਰੰਥ ਰਚਨ ਵਾਲਿਆਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਤਾਂ ਬਹੁਤ ਹੀ ਪ੍ਰਸਿੱਧ ਹਨ :—

(ੳ) ਪਦਸ੍ਰੀ-ਨਾਗਰਸਰਵਸ੍ਵ—ਇਸ ਗ੍ਰੰਥ ਦਾ ਕਰਤਾ ਬੋਧੀ , ਜੋ ਦਾਮੋਦਰ ਗੁਪਤ ਦੇ ਕੁੱਟਨੀ ਮਤ ਦਾ ਨਿਰਦੇਸ਼ ਕਰਦਾ ਹੈ ਅਤੇ ਸ਼ਾਰੰਗਧਰ ਪੱਧਤੀ ਸੁਤੇ ਹੀ ਵਿਖਾਈ ਦਿੰਦੀ ਹੈ । ਇਸ ਲਈ ਇਸ ਦਾ ਸਮਾਂ ਦਸਵੀਂ ਸਦੀ ਦਾ ਅਖ਼ੀਰ ਮੰਨਣਾ ਚਾਹੀਦਾ ਹੈ; (ਅ) ਕਲਯਾਣਮੱਲ-ਅਨੰਗਰੰਗ—ਅਵਧ ਦੇ ਕਿਸੇ ਮੁਸਲਮਾਨ ਨਵਾਬ ਨੂੰ ਪ੍ਰਸੰਨ ਕਰਨ ਲਈ ਲਿਖਿਆ ਗਿਆ ਹੈ; (ੲ) ਕੋਕਕੋਕ— ਰਤੀਰਹੱਸ ਪਾਰੀਭੱਦਰ ਦੇ ਪੋਤਰੇ ਅਤੇ ਤੇਜੋਕ ਦੇ ਪੁੱਤਰ ਕੋਕਕੋਕ ਦੀ ਇਸ ਰਚਨਾ ਵਿਚ ਕਾਮਸੂਤਰ ਦਾ ਸੁੰਦਰ ਸੁਬੋਧ ਸੰਖੇਪ ਮਿਲਦਾ ਹੈ । ਰਾਣਾ ਕੁੰਭਕਰਣ ਦੁਆਰਾ ਗੀਤ ਗੋਵਿੰਦ ਦੇ ਟੀਕੇ ਵਿਚ ਦਰਜ ਹੋਣ ਕਰ ਕੇ ਇਸ ਦਾ ਸਮਾਂ 13ਵੀਂ ਸਦੀ ਤੋਂ ਪਹਿਲਾਂ ਨਹੀਂ ਹੋ ਸਕਦਾ । ਇਸੇ ਵਿਦਵਾਨ ਦਾ ਨਾਂ ਆਮ ਲੋਕਾਂ ਵਿਚ ਵਿਗੜ ਕੇ 'ਕੋਕਾ ਪੰਡਤ' ਪੈ ਗਿਆ ਹੈ ਅਤੇ ਉਸ ਦੀ ਰਚਨਾ 'ਕੋਕ ਸ਼ਾਸਤਰ' ਦੇ ਨਾਂ ਤੇ ਮਸ਼ਹੂਰ ਹੋ ਗਈ ਹੈ; (ਸ) ਕਵੀਸ਼ੇਖਰ ਜਿਓਤੀਰੀਸ਼੍ਵਰ—ਪੰਚਮਾਇਕ । ਬਹੁਤ ਸਾਰੇ ਪ੍ਰਾਚੀਨ ਕਾਮ ਸ਼ਾਸਤਰ ਨਾਲ ਸਬੰਧਤ ਗ੍ਰੰਥਾਂ ਦੇ ਆਧਾਰ ਤੇ ਰਚਿਆ ਹੋਇਆ ਇਹ ਗ੍ਰੰਥ ਬਹੁਤ ਹੀ ਹਰਮਨ ਪਿਆਰਾ ਬਣ ਗਿਆ ਹੈ ।

ਇਨ੍ਹਾਂ ਬਹੁਤ ਸਾਰੇ ਪ੍ਰਕਾਸ਼ਿਤ ਗ੍ਰੰਥਾਂ ਤੋਂ ਇਲਾਵਾ ਕਾਮ-ਸ਼ਾਸਤਰ ਦੀਆਂ ਬਹੁਤ ਅਣਛਪੀਆਂ ਰਚਨਾਵਾਂ ਮਿਲਦੀਆਂ ਹਨ, ਜਿਵੇਂ ਕਿ-ਰਤਿਰਹੱਸ (ਜਾਂ ਸਿੰਗਾਰ ਦੀਪਿਕਾ) ਵਿਜੈਨਗਰ ਦੇ ਰਾਜਾ ਪ੍ਰੌੜ੍ਹ ਦੇਵਰਾਇ (1422-48 ਈ.) ਦੀ ਰਤੀਰਤਨ ਦੀਪਿਕਾ, ਤੰਜੋਰ ਦੇ ਰਾਜਾ ਸ਼ਾਹ ਜ਼ੀ ਦੀ (1684-1710) ਦੀ ਸ਼ਿੰਗਾਰ ਮੰਜਰੀ, ਅਨੰਤ ਦੀ ਕਾਮਸੁਧਾ, ਮੀਨਨਾਥ ਦੀ ਸਮਰਦੀਪਿਕਾ, ਚਿਤਰਧਰ ਦਾ ਸ਼ਿੰਗਾਰ ਸਾਰ ਆਦਿ । ਇਨ੍ਹਾਂ ਗ੍ਰੰਥਾਂ ਦੀ ਰਚਨਾ ਤੋਂ ਇਸ ਸ਼ਾਸਤਰ ਦੀ ਵਿਆਪਕਤਾ ਅਤੇ ਹਰਮਨ ਪਿਆਰੇ ਹੋਣ ਦਾ ਪਤਾ ਲਗਦਾ ਹੈ ।

ਹ. ਪੁ.—ਹਿੰ. ਵਿ. ਕੋ. 2 : 457.

**ਕਾਮਚਟਕਾ :** ਪ੍ਰਾਇਦੀਪ—ਪੂਰਬੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ.ਯੂ.) ਵਿਚ ਇਕ ਪ੍ਰਾਇਦੀਪ ਹੈ ਜੋ ਪੱਛਮ ਵਿਚ ਓਖੋਟਸਕ ਸਾਗਰ ਅਤੇ ਪੂਰਬ ਵਿਚ ਸ਼ਾਂਤ ਮਹਾਸਾਗਰ ਅਤੇ ਬੇਰਿੰਗ ਸਾਗਰ ਦੇ ਵਿਚਕਾਰ ਸਥਿਤ ਹੈ । ਇਹ ਉੱਤਰ-ਦੱਖਣ ਵਲ ਨੂੰ 1200 ਕਿ. ਮੀ. ਲੰਬਾ ਅਤੇ ਵੱਧ ਤੋਂ ਵੱਧ 500 ਕਿ. ਮੀ. ਚੌੜਾ ਹੈ । ਪ੍ਰਾਇਦੀਪ ਦਾ ਰਕਬਾ 370,000 ਵ. ਕਿ. ਮੀ. ਹੈ । ਸਰਡੀਨੀ ਕੇਂਦਰੀ ਅਤੇ ਵਾਸਟਕਨੀ ਪੂਰਬੀ ਦੋ ਪਰਬਤ ਲੜੀਆਂ ਪ੍ਰਾਇਦੀਪ ਖੰਡ ਦੇ ਨਾਲ ਨਾਲ ਫੈਲੀਆਂ ਹੋਈਆਂ ਹਨ ਅਤੇ ਕਲਾਈਉਚੈਫਸਕਾਯਾ ਸੋਪਕਾ ਜਵਾਲਾਮੁਖੀ ਤੇ ਜਿਨ੍ਹਾਂ ਦੀ ਉਚਾਈ 4,750 ਮੀ. ਪਹੁੰਚ ਜਾਂਦੀ ਹੈ । 127 ਜਵਾਲਾਮੁਖੀਆਂ ਵਿਚੋਂ 22 ਚੇਤਨ ਜਵਾਲਾਮੁਖੀ ਹਨ । ਇਸ ਦੇ ਨਾਲ ਹੀ ਇਥੇ ਕਈ ਗਰਮ ਫੁਹਾਰੇ ਅਤੇ ਗਰਮ ਚਸ਼ਮੇ ਹਨ । ਇਥੋਂ ਦਾ ਜਲਵਾਯੂ ਬਹੁਤ ਸਖਤ ਹੈ । ਸਰਦੀਆਂ ਲੰਬੇ ਸਮੇਂ ਲਈ ਬਹੁਤ ਸ਼ੀਤ ਅਤੇ ਬਰਫੀਲੀਆਂ ਹੁੰਦੀਆਂ ਹਨ । ਗਰਮੀਆਂ ਨਮੀ ਵਾਲੀਆਂ ਹਨ । ਕਾਮਚਟਕਾ ਪ੍ਰਾਇਦੀਪ ਦਾ ਵਧੇਰੇ ਹਿੱਸਾ ਕਾਹੀ ਵਾਲੇ ਟੁੰਡਰਾ ਵਿਚ ਆ ਜਾਂਦਾ ਹੈ । ਇਥੇ ਕਾਮਚਟਕਾ ਆਲਡਰ ਬਿਰਛ ਦੇ ਵੀ ਕਈ ਝੁੰਡ ਮਿਲਦੇ ਹਨ । ਸੁਰੱਖਿਅਤ ਨੀਵੀਆਂ ਭੂਮੀਆਂ ਵਿਸ਼ੇਸ਼ ਕਰਕੇ ਕਾਮਚਟਕਾ ਦਰਿਆ ਦੀ ਵਾਦੀ ਜੋ ਪਰਬਤ ਲੜੀਆਂ ਨੂੰ ਅਲੱਗ ਕਰਦੀ ਹੈ, ਭੋਜ-ਪੱਤਰ ਦੇ ਦਰਖ਼ਤਾਂ ਦੇ ਜੰਗਲਾਂ ਨਾਲ ਭਰੀਆਂ ਪਈਆਂ ਹਨ । ਤਰ ਖੇਤਰਾਂ ਵਿਚ ਪੋਪਲਰ ਅਤੇ ਬੈਂਤ ਦੇ ਦਰਖ਼ਤ ਮਿਲਦੇ ਹਨ । ਮੱਛੀਆਂ ਫੜਨਾ ਹੀ ਇਥੋਂ ਦਾ ਮਹੱਤਵਪੂਰਨ ਕਿੱਤਾ ਹੈ । ਇਥੇ ਖੇਤੀਬਾੜੀ ਬਹੁਤ ਸੀਮਤ ਹੈ । ਕੁਝ ਪਸ਼ੂ ਅਤੇ ਰੈਂਡੀਅਰ ਇਥੇ ਪਾਲੇ ਜਾਂਦੇ ਹਨ । ਪੈਟਰੋਪਾਵਲਾਫਸਕ-ਕਾਮਚਾਟਲੀ ਇਥੋਂ ਦਾ ਮੁਖ ਸ਼ਹਿਰ ਅਤੇ ਬੰਦਰਗਾਹ ਹੈ । ਇਥੋਂ ਦੀ ਵਧੇਰੇ ਅਬਾਦੀ ਰੂਸੀਆਂ ਦੀ ਹੀ ਹੈ । ਲਗਭਗ 1200 ਵਿਅਕਤੀ ਕਾਮਚਡਾਲ ਹਨ ।

ਹ. ਪੁ.—ਐਨ. ਬ੍ਰਿ. ਮਾ. 5 : 676

**ਕਾਮਚਟਕਾ :** ਆਬਲਸਤ—ਪੂਰਬੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ. ਯੂ.) ਦਾ ਪ੍ਰਬੰਧਕੀ ਖੇਤਰ (ਆਬਲਸਤ) ਹੈ ਅਤੇ ਇਸ ਖੇਤਰ ਨੇ 472,300 ਵ. ਕਿ. ਮੀ. ਰਕਬਾ ਮੱਲਿਆ ਹੋਇਆ ਹੈ । ਇਸ ਦੀ ਕੁਲ ਵਸੋਂ 415,000 (1983) ਹੈ, ਇਸ ਵਿਚ ਸਾਰਾ ਕਾਮਚਟਕਾ ਪ੍ਰਾਇਦੀਪ ਅਤੇ ਕਰਯਾਕ ਪਹਾੜੀਆਂ ਦਾ

ਦੱਖਣੀ ਹਿੱਸਾ ਸ਼ਾਮਲ ਹੈ । ਇਸ ਵਿਚ ਕਰਯਾਕ ਨੈਸ਼ਨਲ ਖੇਤਰ ਸ਼ਾਮਲ ਹੈ । ਪੈਟਰੋਪਾਵਲਾਵਸਕ-ਕਾਮਚਾਟਸਕੀ ਇਸ ਦਾ ਪ੍ਰਬੰਧਕੀ ਕੇਂਦਰ ਹੈ । ਸੰਨ 1970 ਵਿਚ ਇਥੇ ਕੇਵਲ 0.6 ਪ੍ਰਤੀ ਵਿਅਕਤੀ ਕਿ. ਮੀ. ਆਬਾਦੀ ਸੀ ਅਤੇ ਇਹ ਵਸੋਂ ਮੁੱਖ ਕਰਕੇ ਰੂਸੀ ਆਬਾਦਕਾਰਾਂ ਦੀ ਸੀ । ਉੱਤਰ ਦੇ ਕਰਯਾਕ ਦੇ ਅਤੇ ਦੱਖਣ ਦੇ ਕਾਮਚਡਾਲ ਲੋਕ ਇਥੋਂ ਦੇ ਪ੍ਰਾਚੀਨ ਵਾਸੀ ਹਨ । ਇਥੋਂ ਦੀ ਮਾਲੀ ਹਾਲਤ ਮੱਛੀਆਂ ਫੜਨ ਤੇ ਆਧਾਰਤ ਹੈ । ਕਾਮਚਟਕਾ ਵਾਦੀ ਵਿਚ ਥੋੜ੍ਹੀ ਜਿਹੀ ਜੰਗਲੀ ਲਕੜੀ ਵੀ ਕੱਟੀ ਜਾਂਦੀ ਹੈ ਅਤੇ ਵਾਦੀ ਦੇ ਥੋੜੇ ਜਿਹੇ ਟੁਕੜਿਆਂ ਵਿਚ ਖੇਤੀਬਾੜੀ ਕੀਤੀ ਜਾਂਦੀ ਹੈ ।

ਹ. ਪੁ.—ਐਨ. ਬ੍ਰਿ. ਮਾ. 5 : 676

**ਕਾਮਚਟਕਾ :** ਦਰਿਆ—ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ ਦੇ ਉੱਤਰੀ-ਪੂਰਬੀ ਹਿੱਸੇ ਵਿਚ ਵਗਣ ਵਾਲਾ ਇਕ ਦਰਿਆ ਹੈ ਜੋ ਕਾਮਚਟਕਾ ਪ੍ਰਾਇਦੀਪ ਦੀ ਸਰਡੀਨੀ ਪਰਬਤ ਲੜੀ ਵਿਚੋਂ ਨਿਕਲਕੇ 758 ਕਿ. ਮੀ. ਤੀਕ ਉੱਤਰ ਅਤੇ ਪੂਰਬ ਨੂੰ ਵਹਿੰਦਾ ਹੋਇਆ ਮਿਲਕੋਵੋਂ ਨੂੰ ਪਾਰ ਕਰਦਾ ਹੈ ਅਤੇ ਫਿਰ ਬੇਰਿੰਗ ਸਾਗਰ ਵਲ ਨੂੰ ਵਹਿਣ ਲਗ ਪੈਂਦਾ ਹੈ । ਕਈ ਗਰਮ ਪਾਣੀ ਦੇ ਚਸ਼ਮੇ ਵੀ ਇਸ ਵਿਚ ਆ ਕੇ ਮਿਲਦੇ ਹਨ ।

56° 15' ਉ. ਵਿਥ.; 162° 30' ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 676

**ਕਾਮਦ ਨਾਚ :** ਇਹ ਰਾਜਸਥਾਨ ਦਾ ਇਕ ਲੋਕ ਨਾਚ ਹੈ ਜਿਹੜਾ ਕਾਮਦ ਸੰਪਰਦਾ ਦੇ ਲੋਕਾਂ ਵਲੋਂ ਕੀਤਾ ਜਾਂਦਾ ਹੈ । ਕਾਮਦ ਟਰੁੱਪ ਵਿਚ ਦੋ ਆਦਮੀ ਅਤੇ ਦੋ ਔਰਤਾਂ ਸ਼ਾਮਲ ਹੁੰਦੀਆਂ ਹਨ ਜਿਹੜੇ ਕਿ ਆਮ ਤੌਰ ਤੇ ਇਕੋ ਹੀ ਪਰਿਵਾਰ ਦੇ ਮੈਂਬਰ ਹੁੰਦੇ ਹਨ । ਆਦਮੀ ਇਕ ਤਾਰਾ ਵਜਾਉਂਦੇ ਹੋਏ ਗਾਉਂਦੇ ਹਨ ਅਤੇ ਔਰਤਾਂ ਜਿਨ੍ਹਾਂ ਨੇ ਆਪਣੇ ਸਾਰੇ ਸਰੀਰ ਤੇ ਇਕ ਖਾਸ ਢੰਗ ਨਾਲ ਮਜੀਰਸ਼ ਬੰਨੀ ਹੁੰਦੀ ਹੈ, ਬੜੇ ਅਚੰਭਿਤ ਤੇ ਔਖੇ ਅੰਦਾਜ਼ ਵਿਚ ਨਚਦੀਆਂ ਹਨ । ਇਸ਼ਾਰਿਆਂ ਨਾਲ ਇਹ ਅਨਾਜ ਛੰਡਣ, ਕਟਣ ਤੇ ਢੋਣ ਆਦਿ, ਆਟਾ ਗੁੰਨਣ, ਰੋਟੀ ਪਕਾਉਣ, ਘੀ ਅਤੇ ਦਹੀ ਬਣਾਉਣ ਅਤੇ ਚਰਖਾ ਕੱਤਣ ਤੇ ਅਟੇਰਨ ਆਦਿ ਦੇ ਕਾਰਜ ਪੇਸ਼ ਕਰਦੀਆਂ ਹਨ ।

ਹ. ਪੁ.—ਐਨ. ਇੰ. 2 : 562

**ਕਾਮਧੇਨ :** ਮਾਲਕ ਨੂੰ ਮਨਚਾਹਿਆ ਵਰਦਾਨ ਦੇਣ ਵਾਲੀ ਇਹ ਇਕ ਦੈਵੀ ਮਾਂ ਹੈ । ਇਸ ਨੂੰ ਦਖ਼ਸ਼ ਅਤੇ ਕਸ਼ਪ ਰਿਸ਼ੀ ਦੀ ਪੁੱਤਰੀ ਵੀ ਕਿਹਾ ਜਾਂਦਾ ਹੈ । ਇਹ ਸਮੁੰਦਰ ਰਿੜਕਨ ਸਮੇਂ ਪ੍ਰਾਪਤ ਹੋਏ ਰਤਨਾਂ ਵਿਚੋਂ ਇਕ ਸੀ । ਦੇਵਤਿਆਂ ਨੇ ਇਹ ਗਾਂ ਸਪਤ-ਰਿਸ਼ੀਆਂ ਨੂੰ ਦੇ ਦਿੱਤੀ ਅਤੇ ਇਹ ਵਸ਼ਿਸ਼ਠ ਮੁਨੀ ਦੀ ਜਾਇਦਾਦ ਹੋ ਗਈ ।

ਰਾਮਾਇਣ ਵਿਚ ਅਜਿਹਾ ਪ੍ਰਸੰਗ ਆਉਂਦਾ ਹੈ ਕਿ ਇਕ ਵਾਰ ਰਿਸ਼ੀ ਵਿਸ਼ਵਾਮਿੱਤਰ ਰਿਸ਼ੀ ਵਸ਼ਿਸ਼ਠ ਕੋਲ ਗਿਆ ਜਿਥੇ ਉਸ ਦਾ ਬਹੁਤ ਆਦਰ ਮਾਨ ਕੀਤਾ ਗਿਆ । ਉਸ ਕੁਟੀਆ ਵਿਚ ਰਿਸ਼ੀ ਨੇ ਕਾਮਧੇਨ ਗਾਂ ਵੇਖੀ ਜਿਸ ਨੇ ਹਰ ਪ੍ਰਕਾਰ ਦੇ ਭੋਜਨ ਲਈ ਲੋੜੀਂਦੀਆਂ ਵਸਤਾਂ ਦਿੱਤੀਆਂ ਸਨ ਜੋ ਉਸ ਰਿਸ਼ੀ ਨੇ ਖਾਧਾ ਸੀ । ਰਿਸ਼ੀ ਨੂੰ ਇਹ ਗਾਂ ਪ੍ਰਾਪਤ ਕਰਨ ਦਾ ਲਾਲਚ ਹੋ ਗਿਆ । ਉਸ ਨੇ ਰਿਸ਼ੀ ਵਸ਼ਿਸ਼ਠ ਨੂੰ ਗਾਂ ਦੇ ਬਦਲੇ ਆਪਣਾ ਸਭ ਕੁਝ ਦੇਣ ਦੀ ਪੇਸ਼ਕਸ਼ ਕੀਤੀ ਪਰੰਤੂ ਇਨਕਾਰ ਹੋ ਜਾਣ ਤੇ ਉਸ ਨੇ ਤਾਕਤ ਨਾਲ ਇਹ ਗਾਂ ਹਥਿਆਉਣ ਦਾ ਜਤਨ ਕੀਤਾ । ਗਾਂ ਉਸ ਦੇ ਕਬਜੇ ਵਿਚੋਂ ਨਿਕਲ ਗਈ ਅਤੇ ਜਾਦੂ ਨਾਲ ਕੁਝ ਜੋਧੇ ਤਿਆਰ ਕੀਤੇ ਜੋ ਉਸ ਨੂੰ ਅਤੇ ਉਸ ਦੇ ਮਾਲਕ ਨੂੰ ਬਚਾ ਸਕਣ ।

ਵਿਸ਼ਵਾਮਿੱਤਰ ਨੇ ਫਿਰ ਆਪਣੇ ਸੈਂਕੜੇ ਪੁੱਤਰ ਉਸ ਨਾਲ ਜੰਗ ਕਰਨ ਲਈ ਸੱਦ ਲਏ ਪਰੰਤੂ ਵਸ਼ਿਸ਼ਠ ਨੇ ਸਰਾਪ ਦੇ ਕੇ ਉਨ੍ਹਾਂ ਸਾਰਿਆਂ ਨੂੰ ਖਾਕ ਵਿਚ ਮਿਲਾ ਦਿੱਤਾ । ਵਿਸ਼ਵਾਮਿੱਤਰ ਨੂੰ ਇਸ ਨਿਰਾਸਤਾ ਦਾ ਮੂੰਹ ਵੇਖਣਾ ਪਿਆ ਜਿਸ ਲਈ ਉਸ ਨੇ ਵਸ਼ਿਸ਼ਠ ਰਿਸ਼ੀ ਦਾ ਮੁਕਾਬਲਾ ਕਰਨ ਲਈ ਬ੍ਰਾਹਮਣ ਬਣਨਾ ਚਾਹਿਆ । ਇਕ ਹੋਰ ਕਹਾਣੀ ਅਨੁਸਾਰ ਬਨਬਾਸੀ ਰਾਜੇ ਤ੍ਰਿਸ਼ੰਕੂ ਨੇ ਵਿਸ਼ਵਾਮਿੱਤਰ ਦੇ ਪੁੱਤਰਾਂ ਨੂੰ ਭੋਜਨ ਦੇਣ ਲਈ ਕਾਮਧੇਨ ਗਾਂ ਦਾ ਬਧ ਕਰ ਦਿੱਤਾ ਸੀ ।

ਕਾਮਧੇਨ ਦਾ ਬਛੜਾ ਬਹੁਤ ਸਾਲਾਂ ਦੇ ਪਸਚਾਤਾਪ ਤੋਂ ਪਿਛੋਂ ਰਿਸ਼ੀ ਜਮਦਗਨੀ ਨੇ ਪ੍ਰਾਪਤ ਕਰ ਲਿਆ ਸੀ । ਇਸ ਨੂੰ ਲਾਲਚ ਵਸ ਹੈਹਯ ਵੰਸ਼ ਦੇ ਰਾਜਾ ਕਾਰਤਵੀਰਯ ਨੇ ਚੁਰਾ ਲਿਆ ਸੀ ਜਿਸ ਕਰਕੇ ਜਮਦਗਨੀ ਰਿਸ਼ੀ ਦੇ ਪੁੱਤਰ ਪਰਸਰਾਮ ਨੇ ਸਾਰੇ ਕਸ਼ਤਰੀਆਂ ਦਾ ਕਤਲੇਆਮ ਕੀਤਾ ।

ਕਾਮਧੇਨ ਨੂੰ ਸੁਰਾਭੀ, ਕਾਮਦੁਯਾ, ਕਾਮਦੂਹ, ਸ਼ਵਲਾ ਅਤੇ ਨੰਦਨੀ ਵੀ ਕਿਹਾ ਜਾਂਦਾ ਹੈ ।

ਹ. ਪੁ.—ਹਿੰ. ਵਿ. ਕੋ. 1 : 515

**ਕਾਮਨਵੈਲੱਥ :** ਇਸ ਸ਼ਬਦ ਦੀ ਆਮ ਵਰਤੋਂ ਸਤਾਰ੍ਹਵੀਂ ਸਦੀ ਵਿਚ ਥਾਮਸ ਹਾਬਜ਼ ਅਤੇ ਜਾਨ ਲਾਕ ਵਰਗੇ ਲੇਖਕਾਂ ਦੁਆਰਾ ਇਕ ਸੰਗਠਤ ਰਾਜਨੀਤਕ ਸੰਪ੍ਰਦਾਇ ਲਈ ਕੀਤੀ ਗਈ । ਇਸ ਤੋਂ ਉਨ੍ਹਾਂ ਦਾ ਮੰਤਵ ਰੋਮਨ ਦੇ ਰਿਸਪਬਲਿਕਾ (Respublica) ਵਰਗੇ ਰਾਜ ਦਾ ਸੰਕਲਪ ਦੇਣਾ ਹੀ ਸੀ । ਇਹ ਇਕ ਅਜਿਹਾ ਰਾਜ ਹੁੰਦਾ ਹੈ ਜਿਸ਼ ਵਿਚ ਰਾਜ ਦੀ ਵਾਗਡੋਰ ਲੋਕਾਂ ਦੇ ਹੱਥ ਵਿਚ ਹੁੰਦੀ ਹੈ । ਇੰਗਲੈਂਡ ਵਿਚ ਚਾਰਲਸ ਪਹਿਲੇ ਦੇ ਕਤਲ ਪਿਛੋਂ 30 ਜਨਵਰੀ, 1649 ਨੂੰ ਇਕ ਅਜਿਹਾ ਹੀ ਰਾਜ ਸਥਾਪਿਤ ਹੋ ਗਿਆ ਜਿਸ ਲਈ ਕਾਮਨਵੈਲੱਥ ਸ਼ਬਦ ਦੀ ਵਰਤੋਂ ਕੀਤੀ ਗਈ । ਕ੍ਰਾਮਵੈੱਲ ਨੂੰ ਇਸ ਦਾ ਲਾਰਡ ਪ੍ਰੋਟੈਕਟਰ ਨਿਯੁਕਤ ਕੀਤਾ ਗਿਆ । 29 ਮਈ, 1660 ਨੂੰ ਚਾਰਲਸ ਦੂਜੇ ਦੇ ਰਾਜਗੱਦੀ ਸੰਭਾਲਣ ਤੇ ਇਹ ਰਾਜ ਸਮਾਪਤ ਹੋ ਗਿਆ । ਇਸੇ ਤਰ੍ਹਾਂ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਬਰਤਾਨਵੀਂ ਡੋਮੀਨੀਅਨਾਂ ਨੂੰ ਵੀ 'ਕਾਮਨਵੈਲੱਥ' ਕਿਹਾ ਜਾਂਦਾ ਰਿਹਾ । ਸੰਯੁਕਤ ਰਾਜ ਅਮਰੀਕਾ ਅਤੇ ਬਨਾਉਣ ਵਾਲੇ ਰਾਜਾਂ ਨੂੰ ਵੀ ਭਾਵੇਂ ਕਾਮਨਵੈਲੱਥ ਦਾ ਨਾਂ ਦਿਤਾ ਜਾ ਸਕਦਾ ਹੈ ਪਰ ਸਰਕਾਰੀ ਤੌਰ ਤੇ ਕੇਵਲ ਇਸ ਦੇ ਚਾਰ ਰਾਜਾਂ, ਕੈਂਟਕੀ, ਵਰਜੀਨੀਆ, ਪੈਨਸਿਲਵੇਨੀਆ ਅਤੇ ਮੈਸਾਚੂਸੈਟੱਸ ਨੂੰ ਹੀ ਕਾਮਨਵੈਲੱਥ ਦਾ ਨਾਂ ਦਿੱਤਾ ਗਿਆ ਹੈ ।

ਪਿਛੋਂ ਬਰਤਾਨਵੀਂ ਸਲਤਨਤ ਨਾਲ ਜੁੜੇ ਹੋਏ ਸਾਰੇ ਸਵੈ-ਸ਼ਾਸਿਤ ਮੁਲਕਾਂ ਨੂੰ (1926) 'ਦੀ ਬ੍ਰਿਟਿਸ਼ ਕਾਮਨਵੈਲੱਥ ਆਫ ਨੇਸ਼ਨਜ਼' ਕਿਹਾ ਜਾਣ ਲਗ ਪਿਆ । ਭਾਰਤ ਦੇ ਗਣਤੰਤਰ ਬਣ ਜਾਣ ਤੇ ਅਤੇ ਇਸ ਦੇ 'ਕਾਮਨਵੈਲੱਥ' ਦੇ ਘੇਰੇ ਵਿਚ ਰਹਿਣਾ ਮਨਜ਼ੂਰ ਕਰਨ ਤੇ ਸ਼ਾਹੀ ਖਿਤਾਬ ਵਿਚ ਵਿਚ "ਐਂਪਰਰ ਆਫ ਇੰਡੀਆ" ਦੀ ਥਾਂ "ਹੈੱਡ ਆਫ ਦੀ ਕਾਮਨਵੈਲੱਥ" ਕਰ ਦਿਤਾ ਗਿਆ ਅਤੇ ਮਹਾਂਰਾਣੀ ਐਲਜ਼ਬਥ-ਦੂਜੀ ਨੂੰ 1953 ਵਿਚ 'ਹੈੱਡ ਆਫ ਦੀ ਕਾਮਨਵੈਲੱਥ' ਵਜੋਂ ਤਾਜਪੋਸ਼ੀ ਕੀਤੀ ਗਈ । ਪਿਛੋਂ ਇਸ ਨੂੰ "ਕਾਮਨਵੈਲੱਥ ਆਫ ਨੇਸ਼ਨਜ਼" ਦਾ ਨਾਂ ਦੇ ਦਿੱਤਾ ਗਿਆ ।

ਕਾਮਨਵੈਲੱਥ ਆਫ ਨੇਸ਼ਨਜ਼—

**ਸੰਵਿਧਾਨ**—ਕਾਮਨਵੈਲੱਥ ਆਫ ਨੇਸ਼ਨਜ਼ ਦਾ ਕੋਈ ਲਿਖਤੀ ਸੰਵਿਧਾਨ ਨਹੀਂ ਹੈ । ਇਸ ਦੇ ਮੈਂਬਰ ਸਾਂਝੇ ਅਦਰਸ਼ਾਂ ਅਤੇ ਹਿੱਤਾਂ ਕਾਰਨ ਆਪਸ ਵਿਚ ਇਕ ਦੂਜੇ ਨਾਲ ਜੁੜੇ ਹੋਏ ਹਨ । ਬਾਵਜੂਦ ਜਾਤੀ, ਪਰੰਪਰਾ ਅਤੇ ਵਿਰਸੇ ਸਬੰਧੀ ਫ਼ਰਕਾਂ ਦੇ ਇਨ੍ਹਾਂ ਮੈਂਬਰ ਦੇਸ਼ਾਂ ਨੇ ਲਗਭਗ ਇਕੋ ਜਿਹੀਆਂ ਸਰਕਾਰੀ ਸੰਸਥਾਵਾਂ (ਵਿਧਾਨਿਕ, ਕਾਰਜਕਾਰੀ ਅਤੇ ਅਦਾਲਤੀ) ਬਣਾ ਰੱਖੀਆਂ ਹਨ । ਭਾਰਤ, ਪਾਕਿਸਤਾਨ, ਮਲਾਇਆ ਅਤੇ ਘਾਨਾ ਆਦਿ ਦੇਸ਼ਾਂ ਨੂੰ ਛੱਡ ਕੇ ਬਾਕੀ ਸਾਰੇ ਸਵੈ-ਸ਼ਾਸਿਤ ਦੇਸ਼ਾਂ ਦਾ ਮੁਖੀ ਇੰਗਲੈਂਡ ਦੇ ਬਾਦਸ਼ਾਹ ਜਾਂ ਮਹਾਂਰਾਣੀ ਨੂੰ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਦੇਸ਼ਾਂ ਵਿਚ ਗਵਰਨਰ-

ਜਨਰਲ ਬਾਦਸ਼ਾਹ ਜਾਂ ਮਹਾਰਾਣੀ ਦੀ ਪ੍ਰਤੀਨਿਧਤਾ ਕਰਦਾ ਹੈ। ਗਵਰਨਰ ਜਨਰਲ ਨੂੰ ਇਨ੍ਹਾਂ ਦੇਸ਼ਾਂ ਵਿਚ ਉਹ ਸਾਰੇ ਅਧਿਕਾਰ ਅਤੇ ਅਖ਼ਤਿਆਰ ਪ੍ਰਾਪਤ ਹੁੰਦੇ ਹਨ ਜਿਹੜੇ ਕਿ ਮਹਾਰਾਣੀ ਜਾਂ ਬਾਦਸ਼ਾਹ ਨੂੰ ਇੰਗਲੈਂਡ ਵਿਚ ਪ੍ਰਾਪਤ ਹਨ। ਗਵਰਨਰ-ਜਨਰਲ ਦੀ ਨਿਯੁਕਤੀ ਬਾਦਸ਼ਾਹ ਜਾਂ ਮਹਾਰਾਣੀ ਦੁਆਰਾ ਸਬੰਧਤ ਦੇਸ਼ਾਂ ਦੀ ਸਿਫ਼ਾਰਸ਼ ਤੇ ਕੀਤੀ ਜਾਂਦੀ ਹੈ। ਅਸਲ ਵਿਚ ਉਹ ਉਥੇ ਹੀ ਸਰਕਾਰ ਦੁਆਰਾ ਹੀ ਚੁਣਿਆ ਜਾਂਦਾ ਹੈ ਅਤੇ ਉਹ ਇੰਗਲੈਂਡ ਦੀ ਸਰਕਾਰ ਦੇ ਕੰਟਰੋਲ ਤੋਂ ਪੂਰੀ ਤਰ੍ਹਾਂ ਮੁਕਤ ਹੁੰਦਾ ਹੈ। ਇਸ ਤਰ੍ਹਾਂ ਉਹ ਮਹਾਰਾਣੀ ਜਾਂ ਬਾਦਸ਼ਾਹ ਦੀ ਪ੍ਰਤੀਨਿਧਤਾ ਕਰਦਾ ਹੈ ਨਾ ਕਿ ਇੰਗਲੈਂਡ ਦੀ ਸਰਕਾਰ ਦੀ। ਕਾਮਨਵੈਲੱਥ ਇਕ ਫੈਡਰੇਸ਼ਨ ਨਹੀਂ ਹੈ ਕਿਉਂਕਿ ਇਸ ਦੀ ਕੋਈ ਕੇਂਦਰੀ ਸਰਕਾਰ ਜਾਂ ਸੰਵਿਧਾਨ, ਫ਼ੌਜ ਜਾਂ ਅਦਾਲਤ ਅਤੇ ਕੋਈ ਪੱਕੀ ਜ਼ਿੰਮੇਵਾਰੀ ਨਹੀਂ ਹੈ। ਨਾ ਹੀ ਇਸ ਦਾ ਸੰਯੁਕਤ-ਰਾਸ਼ਟਰ ਸੰਘ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ। 1953 ਵਿਚ ਪਰਮ ਮਹਾਰਾਣੀ ਐਲਿਜ਼ਬਥ ਦੂਜੀ ਨੇ ਔਕਲੈਂਡ (ਨਿਊਜ਼ੀਲੈਂਡ) ਤੋਂ ਐਲਾਨ ਕਰਦੇ ਹੋਏ ਕਿਹਾ ਸੀ 'ਕਾਮਨਵੈਲੱਥ ਇਕ ਬਿਲਕੁਲ ਨਵੀਂ ਧਾਰਨਾ ਹੈ, ਜਿਹੜੀ ਆਦਮੀ ਦੀ ਆਤਮਾ ਦੇ ਉਤਮ ਗੁਣਾਂ, ਮਿੱਤਰਤਾ, ਵਫ਼ਾਦਾਰੀ, ਸੁਤੰਤਰਤਾ ਅਤੇ ਸ਼ਾਂਤੀ ਦੀ ਇੱਛਾ ਤੇ ਉਸਾਰੀ ਗਈ ਹੈ।'

**ਕਾਮਨਵੈਲੱਥ ਦਾ ਸੰਗਠਨ**—ਦਿਨੋ ਦਿਨ ਵੱਧ ਰਹੀ ਸੁਤੰਤਰਤਾ ਦੀ ਭਾਵਨਾ ਦੇ ਦਬਾ ਕਾਰਨ ਕਾਲੋਨੀ ਅਤੇ ਕਾਮਨਵੈਲੱਥ ਸੰਘ ਦੀ ਰਸਮੀ ਬਣਤਰ ਬਦਲੀ ਜਾ ਰਹੀ ਹੈ। ਬਰਤਾਨਵੀ ਸਾਮਰਾਜ ਦਾ ਕਲੋਨੀਆਂ ਅਤੇ ਕਾਮਨਵੈਲੱਥ ਦੇ ਮਾਮਲਿਆਂ ਦਾ ਦਫ਼ਤਰ ਵੀਹਵੀਂ ਸਦੀ ਦੇ ਚੌਥੇ ਅਤੇ ਪੰਜਵੇਂ ਦਹਾਕੇ ਵਿਚ ਕਾਲੋਨੀਆਂ ਨੂੰ ਵਿਕਾਸ ਅਤੇ ਕਲਿਆਣ ਦੇ ਕਾਰਜਾਂ ਲਈ ਵਧ ਤੋਂ ਵਧ ਸਹਾਇਤਾ ਦਿੱਤੇ ਜਾਣ ਕਾਰਨ ਦਿਨੋ ਦਿਨ ਵਧ ਰਿਹਾ ਸੀ। ਛੇਵੇਂ ਦਹਾਕੇ ਵਿਚ ਬਹੁਤ ਘਟ ਗਿਆ ਅਤੇ ਕਾਮਨਵੈਲੱਥ ਸੰਪਰਕ ਦਫ਼ਤਰ ਵਿਚ ਮਿਲਾ ਦਿਤਾ ਗਿਆ ਸੀ ਅਤੇ ਇਸ ਦਾ ਨਾਂ ਬਦਲਕੇ ਕਾਮਨਵੈਲੱਥ ਦਫ਼ਤਰ ਰੱਖ ਦਿਤਾ ਗਿਆ। ਪਿਛੋਂ ਇਸ ਨੂੰ ਬਦੇਸ਼ੀ ਦਫ਼ਤਰ ਵਿਚ ਮਿਲਾ ਦਿਤਾ ਗਿਆ।

1965 ਤੋਂ ਪਹਿਲਾਂ ਕਾਮਨਵੈਲੱਥ ਦੀ ਆਪਣੀ ਕੋਈ ਕਾਰਜਕਾਰੀ ਨਹੀਂ ਸੀ। ਆਮ ਤੌਰ ਤੇ ਬਰਤਾਨੀਆ ਸਰਕਾਰ ਕਾਮਨਵੈਲੱਥ ਦੇ ਪ੍ਰਧਾਨ ਮੰਤਰੀਆਂ ਦੀਆਂ ਇਕੱਤਰਤਾਵਾਂ ਦਾ ਪ੍ਰਬੰਧ ਕਰਦੀ ਸੀ। ਵਿਗਿਆਨ ਅਤੇ ਸਿੱਖਿਆ ਦੇ ਖੇਤਰਾਂ ਵਿਚ ਤੱਦ-ਅਰਥ ਸੰਗਠਨ ਸਨ। 1965 ਈ. ਵਿਚ ਲੰਡਨ ਵਿਚ ਕਾਮਨਵੈਲੱਥ ਦਾ ਸਕੱਤ੍ਰੇਤ ਸਥਾਪਿਤ ਕਰ ਦਿਤਾ ਗਿਆ। ਕੈਨੇਡਾ ਦੇ ਅਰਨੌਲਡ ਸਮਿਥ ਨੂੰ ਇਸ ਦਾ ਸਕੱਤਰ-ਜਨਰਲ ਨਿਯੁਕਤ ਕੀਤਾ ਗਿਆ। ਮੈਂਬਰ ਰਾਜਾਂ ਵਿਚੋਂ ਅਮਲਾ ਲੈ ਕੇ ਇਸ ਵਿਚ ਲਾਇਆ ਗਿਆ। ਕਾਮਨਵੈਲੱਥ ਦੇ ਸਹਿਯੋਗ ਵਿਚ ਵਾਧਾ ਕਰਨਾ ਅਤੇ ਕਾਮਨਵੈਲੱਥ ਦੀਆਂ ਇਕੱਤਰਤਾਵਾਂ ਕਰਾਉਣਾ ਇਸ ਦੀ ਜ਼ਿੰਮੇਵਾਰੀ ਸੀ। ਕੁਝ ਹੱਦ ਤਕ ਅੰਤਰ-ਕਾਮਨਵੈਲੱਥ ਆਰਥਿਕ ਸਹਾਇਤਾ ਵੀ ਚਲਦੀ ਸੀ, ਭਾਵੇਂ ਸਹਾਇਤਾ ਦਾ ਬਹੁਤ ਕੰਮ ਸਹਾਇਤਾ ਕਰਨ ਵਾਲੇ ਦੇਸ਼ਾਂ ਅਤੇ ਸਹਾਇਤਾ ਪ੍ਰਾਪਤ ਕਰਨ ਵਾਲੇ ਦੇਸ਼ਾਂ ਦੁਆਰਾ ਆਪ ਹੀ ਨਿਬੇੜ ਲਿਆ ਜਾਂਦਾ ਸੀ।

1971 ਪਿਛੋਂ ਕਾਮਨਵੈਲੱਥ ਨੂੰ ਇਕ 'ਅੰਤਰਰਾਸ਼ਟਰੀ ਸੰਗਠਨ' ਵਜੋਂ ਜਾਣਿਆ ਜਾ ਸਕਦਾ ਹੈ। 1988 ਦੇ ਅੰਤ ਤਕ ਇਸ ਵਿਚ 48 ਮੈਂਬਰ ਦੇਸ਼ ਸਨ। ਕੁਝ ਇਲਾਕੇ ਜਿਹੜੇ ਪਹਿਲਾਂ ਬਰਤਾਨਵੀ ਰਾਜ ਅਧੀਨ ਸਨ ਉਹ ਕਾਮਨਵੈਲੱਥ ਵਿਚ ਸ਼ਾਮਲ ਨਾ ਹੋਏ। ਦੱਖਣੀ ਅਫ਼ਰੀਕਾ (1961 ਵਿਚ) ਅਤੇ ਪਾਕਿਸਤਾਨ (1972) ਵਿਚ ਕਾਮਨਵੈਲੱਥ ਛੱਡ ਗਏ ਹਨ। ਨਾਊਰੂ ਇਕ ਵਿਸ਼ੇਸ਼ ਮੈਂਬਰ ਹੈ ਜੋ ਕਾਮਨਵੈਲੱਥ ਦੀਆਂ ਸਾਰੀਆਂ ਕਾਰਜਾਤਮਕ ਮੀਟਿੰਗਾਂ ਅਤੇ ਸਰਗਰਮੀਆਂ ਵਿਚ ਸ਼ਾਮਲ ਹੁੰਦਾ ਹੈ ਪਰੰਤੂ ਸਰਕਾਰ ਦੇ ਮੁਖੀਆਂ ਦੀਆਂ ਮੀਟਿੰਗਾਂ ਵਿਚ ਸ਼ਾਮਲ ਨਹੀਂ ਹੁੰਦਾ।

**ਮੈਂਬਰ ਰਾਜ**—ਨਿਮਨ ਰਾਜ ਉਨ੍ਹਾਂ ਦੇ ਸਾਮ੍ਹਣੇ ਦਿੱਤੀਆਂ ਤਰੀਕਾਂ ਤੋਂ ਇਸ ਦੇ ਮੈਂਬਰ ਹਨ : ਬਰਤਾਨੀਆ, ਕੈਨੇਡਾ (1. 7. 1867); ਆਸਟਰੇਲੀਆ (1. 1. 1907); ਨਿਊਜ਼ੀਲੈਂਡ (26. 9. 1907); ਭਾਰਤ (15. 8. 1947 ਅਤੇ 26 ਜਨਵਰੀ, 1950 ਨੂੰ ਗਣਤੰਤਰ ਬਣਿਆ); ਸ੍ਰੀ ਲੰਕਾ (4. 2. 1948 ਅਤੇ 22. 5. 1972 ਨੂੰ ਗਣਤੰਤਰ ਬਣਿਆ); ਘਾਨਾ (6. 3. 1957 ਅਤੇ 1. 7. 1960 ਨੂੰ ਗਣਤੰਤਰ ਬਣਿਆ); ਮਲੇਸ਼ੀਆ (31. 8. 1957 ਅਤੇ 16. 9. 1963 ਨੂੰ ਫੈੱਡਰੇਸ਼ਨ ਆਫ ਮਲੇਸ਼ੀਆ ਵਜੋਂ); ਸਾਈਪ੍ਰਸ (16. 8. 1960); ਨਾਈਜੀਰੀਆ (1. 10. 1960 ਅਤੇ 1. 10. 1963 ਨੂੰ ਗਣਤੰਤਰ ਬਣਿਆ); ਸਿਐਰਾ ਲੀਓਨੀ (27. 4. 1961 ਅਤੇ 19. 4. 1971 ਨੂੰ ਗਣਤੰਤਰ ਬਣਿਆ); ਤਨਜ਼ਾਨੀਆ, ਟਾਂਗਾਨੀਕਾ (9. 12. 1961 ਅਤੇ 9. 12. 1962 ਨੂੰ ਗਣਤੰਤਰ ਬਣਿਆ); ਜ਼ੰਜੀਬਾਰ (10. 12. 1963); ਪੱਛਮੀ ਸਾਮੋਆ, ਜ਼ਮੈਕਾ (6. 8. 1962); ਤ੍ਰਿਨੀਦਾਦ ਅਤੇ ਟੋਬੈਗੋ (31. 7. 1962 ਅਤੇ 1. 8. 1976 ਨੂੰ ਗਣਤੰਤਰ ਬਣਿਆ); ਯੂਗਾਂਡਾ (9. 10. 1962 ਅਤੇ 8. 9. 1967 ਨੂੰ ਗਣਤੰਤਰ, 25. 1. 1971 ਨੂੰ ਦੂਜੀ ਗਣਤੰਤਰ); ਕੀਨੀਆ (12. 12. 1963 ਅਤੇ 12. 12. 1964 ਨੂੰ ਗਣਤੰਤਰ); ਮਲਾਵੀ (6. 7. 1964 ਅਤੇ 6. 7. 1966 ਨੂੰ ਗਣਤੰਤਰ); ਮਾਲਟਾ (21. 9. 1964 ਅਤੇ 13. 12. 1974 ਨੂੰ ਗਣਤੰਤਰ); ਜ਼ੈਂਬੀਆ 24. 10. 1964); ਗੈਂਬੀਆ (18. 2. 1965 ਅਤੇ 27. 4. 1970 ਨੂੰ ਗਣਤੰਤਰ); ਸਿੰਗਾਪੁਰ (16. 9. 1963 ਨੂੰ ਮਲੇਸ਼ੀਆ ਦੀ ਫੈੱਡਰੇਸ਼ਨ ਵਜੋਂ ਅਤੇ 9. 8. 1965 ਨੂੰ ਸੁਤੰਤਰ ਦੇਸ਼ ਵਜੋਂ); ਗਿਆਨਾ (26. 5. 1966 ਅਤੇ 23. 100. 1970 ਨੂੰ ਗਣਤੰਤਰ); ਬੋਟਸਵਾਨਾ (30. 9. 1966); ਲੀਸੋਥੋ (4. 10. 1966); ਬਾਰਬੇਡਾਸ (30. 11. 1966); ਨਾਊਰੂ (31. 1. 1966); ਮੌਰਿਸ਼ੀਅਸ (12. 3. 1968); ਸਵਾਜ਼ੀਲੈਂਡ (6. 9. 1968); ਟਾਂਗਾ (4. 6. 1970); ਫ਼ਿਜੀ (10. 10. 1970); ਬੰਗਲਾ ਦੇਸ਼ (4. 2. 1972); ਬਾਹਾਮਾਜ਼ (10. 7. 1973); ਗਰੇਨਾਡਾ (7. 2. 1974); ਪੈਪੂਆ, ਨਿਊ ਗਿਨੀਆ (16. 9. 1975); ਸੇਸ਼ਲਜ਼ (29. 6. 1976); ਸੋਲੇਮਨ ਟਾਪੂ (7.7.28); ਟੁਵਾਲੂ (1.10.78); ਡੋਮੀਨਕਾ (3.11.78); ਸੇਂਟ ਲਿਊਸ਼ੀਆ (22.7.79); ਕਿਰੀਬਾਟੀ (12.6.79); ਸੇਂਟ ਵਿਨਸੇਂਟ ਅਤੇ ਗ੍ਰੇਨਾਡੀਨਜ਼ (27.10.79) ਜ਼ਿੰਬਾਬਵੇ (13.4.80); ਵਾਨਾਵਾਟੂ (30.6.80); ਬਲੀਜ਼ (21.9.81); ਐਂਟੀਗਵਾ ਅਤੇ ਬਰਬਡਾ (1.11.81); ਸੇਂਟ ਕ੍ਰਿਸਟੋਫਰ ਅਤੇ ਨੇਵੀਸ (19.9.83); ਬਾਰੂਨਾਈ (1.1.84)।

**ਕਾਮਨਵੈਲੱਥ ਸਦਰ-ਮੁਕਾਮ**—ਮਾਲਬਰੋ ਹਾਊਸ, ਪਾਲ ਮਾਲ, ਲੰਡਨ ਸਕੱਤਰ ਜਨਰਲ ਸ੍ਰੀ ਦਥ. ਐਸ. ਰਾਮਫਲ ਗਿਆਨਾ।

ਹ. ਪੁ.—ਐਨ. ਅਮੈ. 7 : 416; ਐਨ. ਬ੍ਰਿ. 6 : 167

**ਕਾਮਨੀਨਸ :** ਪੈਫਲ ਗੋਨਾਈਆ ਦੇ ਇਕ ਬਾਜ਼ਨਤੀਨੀ ਪਰਿਵਾਰ ਦਾ ਨਾਂ ਹੈ ਜਿਸਦੇ ਮੈਂਬਰਾਂ ਨੇ ਕਾਨਸਟੈਂਟਿਨੋਪਲ ਉੱਤੇ ਇਕ ਸਦੀ ਤੋਂ ਵਧ ਸਮੇਂ (1081-1185) ਲਈ ਰਾਜ ਕੀਤਾ। ਬਾਜ਼ਨਤੀਨੀ ਇਤਿਹਾਸ ਵਿਚ ਇਸਦਾ ਪਹਿਲਾ ਮੈਂਬਰ ਮੈਨੂਅਲ ਐਰੋਟੀਕਸ ਕਾਮਨੀਨਸ ਮੰਨਿਆਂ ਜਾਂਦਾ ਹੈ ਜਿਹੜਾ ਇਕ ਯੋਗ ਜਰਨੈਲ ਸੀ ਅਤੇ ਜਿਸ ਨੇ ਪੂਰਬ ਵਿਚ ਬਾਸਿਲ ਦੂਜੇ ਦੀ ਸੇਵਾ ਕੀਤੀ। ਉਸ ਦੇ ਲੜਕੇ ਆਈਜ਼ਾਕ ਪਹਿਲੇ ਨੇ 1057-59 ਤਕ ਰਾਜ ਕੀਤਾ। ਉਸ ਦੇ ਪਿਛੋਂ ਕਾਮੀਨੀਅਨ ਖ਼ਾਨਦਾਨ ਦੇ ਬਾਨੀ ਅਲੈਗਜ਼ੀਅਸ ਪਹਿਲੇ ਨੇ 1081 ਤੋਂ 1118 ਈ. ਤਕ ਰਾਜ ਕੀਤਾ। ਫਿਰ ਜੋਹਨ ਦੂਜੇ ਨੇ 1118 ਤੋਂ 1143 ਤਕ ਰਾਜ ਗੱਦੀ ਸੰਭਾਲੀ। ਇਸ ਪਿਛੋਂ ਮੈਨੂਅਲ ਪਹਿਲਾ (1143-80) ਅਲੈਗਜ਼ੀਅਸ ਦੂਜਾ (1180-1183) ਅਤੇ

ਐਂਡਰੋਨੀਕਸ ਪਹਿਲਾ (1183-85) ਵਾਰੋ ਵਾਰੀ ਗੱਦੀ ਤੇ ਬੈਠੇ। 1185 ਪਿਛੋਂ ਵੀ ਇਸ ਖ਼ਾਨਦਾਨ ਨੇ ਰਾਜ ਦੇ ਮਾਮਲਿਆਂ ਵਿਚ ਕਾਫ਼ੀ ਮਹੱਤਵਪੂਰਨ ਹਿੱਸਾ ਪਾਇਆ।

ਹ. ਪੁ.—ਐਨ. ਬ੍ਰਿ. 6 : 216

**ਕਾਮਪਾਨੀਆ :** ਦੱਖਣੀ ਇਟਲੀ ਦਾ ਇਹ ਇਕ ਖੇਤਰ ਹੈ ਜੋ ਟਿਰੀਨੀਅਨ ਸਾਗਰ ਦੇ ਨਾਲ ਨਾਲ ਗਰੀਗਲਯਾਨੋ ਦਰਿਆ ਦੇ ਮੁਹਾਨੇ ਤੋਂ ਲੈ ਕੇ ਪਾਲੀਕਾਸਰੋ ਖਾੜੀ ਤੱਕ ਫੈਲਿਆ ਹੋਇਆ ਹੈ ਅਤੇ ਇਸ ਤੋਂ ਬਾਹਰ ਵਾਲੇ ਟਾਪੂ ਵੀ ਇਸ ਵਿਚ ਸ਼ਾਮਲ ਹਨ। ਨੇਪਲਜ਼ ਇਸ ਦੀ ਰਾਜਧਾਨੀ ਹੈ। ਇਸ ਦਾ ਖੇਤਰਫਲ 13,595 ਵ. ਕਿ. ਮੀ. ਅਤੇ ਆਬਾਦੀ 5,334,796 (1976) ਹੈ। ਇਸ ਖੇਤਰ ਵਿਚ ਪੰਜ ਪ੍ਰਾਂਤ ਹਨ ਜਿਨ੍ਹਾਂ ਦੇ ਨਾਂ ਉਨ੍ਹਾਂ ਦੇ ਪ੍ਰਮੁੱਖ ਸ਼ਹਿਰਾਂ ਦੇ ਨਾਵਾਂ ਉੱਤੇ ਆਵੇਲੀਨੋ, ਬੇਨੇਵੈਂਟੋ, ਕਾਜ਼ੇਰਟਾ, ਨੇਪਲਜ਼ ਅਤੇ ਸਾਲੇਰਨੋ ਹਨ। ਲੰਬਾਈ ਦੇ ਰੁਖ ਇਸ ਖੇਤਰ ਨੂੰ ਦੋ ਵੱਖ ਵੱਖ ਪਹਾੜੀ ਅਤੇ ਤੱਟੀ ਖੰਡਾਂ ਵਿਚ ਵੰਡਿਆ ਹੋਇਆ ਹੈ। ਉਪਜਾਊ ਹੋਣ ਕਰਕੇ ਇਹ ਇਲਾਕਾ ਰੋਮਨ ਕਾਲ ਤੋਂ ਪ੍ਰਸਿੱਧ ਹੈ। ਇਹ ਇਟਲੀ ਦਾ ਸਭ ਤੋਂ ਸੰਘਣੀ ਆਬਾਦੀ ਵਾਲਾ ਹਿੱਸਾ ਹੈ। ਇਸ ਖੇਤਰ ਵਿਚ ਵੀਸੂਵੀਅਸ ਪਹਾੜੀ, ਫਲੀਗਰੀਐਨ ਫੀਲਡਜ਼ ਅਤੇ ਝੀਲ ਆਵਰਨਸ ਵਾਕਿਆ ਹਨ। ਇਸ ਖੇਤਰ ਵਿਚ ਵਗਣ ਵਾਲੇ ਪੰਜਾਂ ਦਰਿਆਵਾਂ ਵਿਚੋਂ ਵਾਲਚੂਰਨੋ, ਸੇਲੇ ਅਤੇ ਕਾਲੋਰੇ ਪ੍ਰਸਿੱਧ ਹਨ। ਤੱਟ ਉੱਤਰ ਤੇ ਦੱਖਣ ਦੀਆਂ ਦਲਦਲਾਂ ਨੂੰ ਛਡਕੇ ਉੱਚਾ ਅਤੇ ਚਟਾਨੀ ਹੈ।

ਕਾਮਪਾਨੀਆ ਦੇ ਤੱਟ ਤੇ ਸਭ ਤੋਂ ਪਹਿਲਾਂ ਯੂਨਾਨੀਆਂ ਨੇ ਬਸਤੀਆਂ ਆਬਾਦ ਕੀਤੀਆਂ ਸਨ। ਅੰਦਰਲੇ ਭਾਗ ਵਿਚ ਸੈਮਨਾਈਟ ਰਹਿੰਦੇ ਸਨ ਜਿਨ੍ਹਾਂ ਨੇ ਓਸਕਨ ਤੇ ਇਟਰਸਕਨ ਵਾਸੀਆਂ ਨੂੰ ਇਥੋਂ ਕੱਢਿਆ ਸੀ। ਚੌਥੀ ਸਦੀ ਈ. ਪੂ. ਵਿਚ ਰੋਮਨਾਂ ਦੇ ਇਸ ਨੂੰ ਜਿੱਤਣ ਉਪਰੰਤ ਇਸ ਦਾ ਤੱਟ ਇਕ ਬੜੀ ਵਧੀਆ ਸੈਰਗਾਹ ਬਣ ਗਿਆ ਅਤੇ ਅਮੀਰ ਲੋਕਾਂ ਨੇ ਇਥੇ ਬੜੇ ਸੁੰਦਰ ਬੰਗਲੇ ਬਣਾਏ। ਸੰਨ 476 ਵਿਚ ਪੱਛਮੀ ਰੋਮਨ ਬਾਦਸ਼ਾਹੀ ਦੇ ਪਤਨ ਮਗਰੋਂ ਗਾਥਾਂ ਅਤੇ ਬਾਜ਼ਨਤੀਨੀਆਂ ਨੇ ਇਥੇ ਕਬਜ਼ਾ ਕਰ ਲਿਆ। 11ਵੀਂ ਸਦੀ ਵਿਚ ਨਾਰਮਨਾਂ ਨੇ ਇਸ ਨੂੰ ਜਿੱਤ ਲਿਆ ਅਤੇ 12ਵੀਂ ਸਦੀ ਵਿਚ ਸਿਸਲੀ ਦੇ ਰਾਜ ਵਿਚ ਮਿਲਾ ਲਿਆ। ਸੰਨ 1282 ਵਿਚ ਫ਼ਰਾਂਸ ਦੇ ਵਿਰੁਧ ਸਿਸਲੀ ਦੇ ਵੇਸਪਰਾਂ ਦੀਆਂ ਜੰਗਾਂ ਪਿਛੋਂ ਇਹ ਨੇਪਲਜ਼ ਦੇ ਰਾਜ ਦਾ ਹਿੱਸਾ ਬਣ ਗਿਆ। ਸੰਨ 1860 ਵਿਚ ਕਾਮਪਾਨੀਆ ਇਟਲੀ ਨਾਲ ਮਿਲ ਗਿਆ।

ਮੈਦਾਨਾਂ ਅਤੇ ਨੀਵੀਆਂ ਢਲਾਣਾਂ ਉਪਰ ਅੰਗੂਰ ਤੇ ਹੋਰ ਫਲਾਂ, ਅਨਾਜ, ਜ਼ੈਤੂਨ, ਸ਼ਬਜੀਆਂ, ਤੰਬਾਕੂ ਅਤੇ ਸਣ ਦੀ ਕਾਸ਼ਤ ਕੀਤੀ ਜਾਂਦੀ ਹੈ। ਦੱਖਣੀ ਇਟਲੀ ਵਿਚ ਕਾਮਪਾਨੀਆ ਹੀ ਅਜਿਹਾ ਇਲਾਕਾ ਹੈ ਜਿਥੇ ਸੱਨਅਤਾਂ ਦੀ ਭਰਮਾਰ ਹੈ। ਮੈਟਾਲਰਜੀਕਲ ਔਜ਼ਾਰਾਂ ਅਤੇ ਰਸਾਇਣਿਕ ਮਸ਼ੀਨਰੀ ਬਣਾਉਣ ਸਬੰਧੀ ਉਦਯੋਗ ਵੀ ਹਨ ਅਤੇ ਇਸ ਤੋਂ ਬਿਨਾਂ ਕਪੜੇ ਅਤੇ ਜ਼ਰਾਇਤੀ ਉਦਯੋਗ ਵੀ ਇਥੇ ਮੌਜੂਦ ਹਨ। ਸਮੁੰਦਰੀ ਜਹਾਜ਼ ਬਣਾਉਣ ਦੇ ਕਾਰਖਾਨੇ ਅਤੇ ਆਰਟੀਸਨ ਇੰਡਸਟਰੀ ਵੀ ਇਥੇ ਮੌਜੂਦ ਹੈ। ਨੇਪਲਜ਼, ਇਸ਼ੀਆ ਤੇ ਕਾਪਰੀ ਵਿਖੇ ਸੈਲਾਨੀ ਵਪਾਰ ਕਾਫ਼ੀ ਮਹੱਤਵਪੂਰਨ ਹੈ। ਨੇਪਲਜ਼ ਇਥੋਂ ਦੀ ਇਕ ਵੱਡੀ ਬੰਦਰਗਾਹ ਹੈ ਅਤੇ ਇਟਲੀ ਦਾ ਢੋਆ-ਢੁਆਈ ਦਾ ਕੇਂਦਰ ਹੈ।

ਹ. ਪੁ.—ਐਨ. ਬ੍ਰਿ. ਮਾ. 2 : 487

**ਕਾਮਪਾਨੀਆ ਦੀ ਰੋਮਾ :** ਇਟਲੀ ਦੇ ਸ਼ਹਿਰ ਰੋਮ ਦੇ ਨਾਲ ਲਗਦਾ ਇਹ ਇਕ ਨੀਵਾਂ ਖੇਤਰ ਹੈ ਜਿਸ ਦਾ ਖੇਤਰਫਲ ਲਗਭਗ 2,050 ਵ. ਕਿ. ਮੀ. (800 ਵ. ਮੀਲ) ਹੈ। ਰੋਮ ਸ਼ਹਿਰ ਇਸ ਖੇਤਰ ਦੇ ਲਗਭਗ ਮੱਧ ਵਿਚ ਸਥਿਤ ਹੈ। ਇਹ ਖੇਤਰ ਉੱਤਰ ਵਲੋਂ ਬਰਾਟਚਾਨੋ (Bracciano) ਝੀਲ ਦੇ ਦੁਆਲੇ ਦੀਆਂ ਪਹਾੜੀਆਂ ਨਾਲ, ਉੱਤਰ-ਪੂਰਬ ਵਲੋਂ ਸਾਬੀਨ ਪਹਾੜਾਂ ਨਾਲ, ਦੱਖਣ-ਪੂਰਬ ਵਲੋਂ ਐਲਬੈਨ ਪਹਾੜੀਆਂ ਨਾਲ ਅਤੇ ਦੱਖਣ-ਪੱਛਮ ਵਲੋਂ ਸਮੁੰਦਰ ਨਾਲ ਘਿਰਿਆ ਹੋਇਆ ਹੈ।

(ਵਿਸਥਾਰ ਲਈ ਵੇਖੋ, ਕਾਮਪਾਨੀਆ)

ਹ. ਪੁ.—ਐਨ. ਬ੍ਰਿ. 4 : 671

**ਕਾਮਪਾਨੈੱਲਾ, ਟਾਮਾਸੋ :** ਇਹ ਇਟਲੀ ਦਾ ਸ਼ੇਖ਼-ਚਿਲੀ ਕਿਸਮ ਦਾ ਫ਼ਿਲਾਸਫ਼ਰ ਸੀ, ਜਿਸ ਨੇ ਪੁਨਰ-ਜਾਗ੍ਰਤੀ ਦੇ ਪ੍ਰਾਕਿਰਤਿਕ ਸਿਧਾਂਤਾਂ ਦਾ ਰੀਫ਼ਰਮੇਸ਼ਨ-ਵਿਰੋਧੀ ਕਟੜਤਾ ਨਾਲ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕੀਤੀ। ਇਸ ਦਾ ਜਨਮ ਕਾਲੇਬਰੀਆ ਵਿਚ ਸਟਿਲੋ ਵਿਖੇ 5 ਸਤੰਬਰ, 1568 ਨੂੰ ਹੋਇਆ। ਅਰਸਤੂ ਦੇ ਦਰਸ਼ਨ ਵਿਗਿਆਨ ਦਾ ਅਧਿਐਨ ਕਰਦੇ ਸਮੇਂ ਇਹ ਬੈਰਨਾਰਡਿਨੋ ਟੈਲੀਸਿਉ ਦੇ ਪ੍ਰਾਕਿਰ-ਤਿਕ ਸਿਧਾਂਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਸੰਨ 1589 ਵਿਚ ਇਹ ਨੇਪਲਜ਼ ਚਲਾ ਗਿਆ ਅਤੇ ਸੰਨ 1591 ਵਿਚ ਆਪਣੀ ਪੁਸਤਕ 'ਫ਼ਿਲੋਸਾਫ਼ੀਆ ਸੈਂਸੀਬਸ ਡੀਮਾਨਸਟ੍ਰੇਟਾ' ਛਪਵਾਉਣ ਉਤੇ ਇਸ ਨੂੰ ਕੁਝ ਮਹੀਨਿਆਂ ਦੀ ਕੈਦ ਹੋ ਗਈ। ਫਿਰ ਇਹ ਪਾਡੂਆ ਅਤੇ ਮਗਰੋਂ ਰੋਮ ਚਲਾ ਗਿਆ। ਇਸ ਵਿਰੁੱਧ ਬੇਧਰਮੀ ਅਤੇ ਬਦਫ਼ੈਲੀ ਆਦਿ ਦੇ ਕਈ ਮੁਕੱਦਮੇ ਚੱਲੇ। ਆਖ਼ਰ 1597 ਵਿਚ ਇਹ ਮੁੜ ਕਾਲੇਬਰੀਆ ਪਰਤ ਆਇਆ।

'De monarchia Christianorum' (1593). 'De regimine Ecclesiae' (1593), 'Discorsi ai principi d' Italia (1595) ਅਤੇ 'Dialogo Politico contra Luterani, Calvinisti ed altri eretici' (1595) ਇਸ ਦੀਆਂ ਪ੍ਰਸਿੱਧ ਪੁਸਤਕਾਂ ਹਨ। ਇਨ੍ਹਾਂ ਕ੍ਰਿਤਾਂ ਵਿਚ ਇਸ ਨੇ ਵਿਸ਼ਵ-ਧਾਰਮਕ-ਸਾਮਰਾਜ ਉਤੇ ਆਧਾਰਤ ਧਾਰਮਕ ਰੀਫ਼ਰਮੇਸ਼ਨ ਦੁਆਰਾ ਮਨੁੱਖਤਾ ਦੇ ਪੁਨਰ-ਜਨਮ ਦਾ ਸਿਧਾਂਤ ਪੇਸ਼ ਕੀਤਾ। ਸੰਨ 1599 ਵਿਚ ਨਾਸਤਕਤਾ ਫੈਲਾਉਣ ਬਦਲੇ, ਇਸ ਨੂੰ ਮੁੜ ਕੈਦ ਕਰ ਲਿਆ ਗਿਆ। ਮੌਤ ਦੀ ਸਜ਼ਾ ਤੋਂ ਬਚਣ ਲਈ, ਇਸ ਨੇ ਪਾਗਲ ਹੋਣ ਦਾ ਬਹਾਨਾ ਕੀਤਾ ਅਤੇ 1602 ਵਿਚ ਇਸ ਨੂੰ ਉਮਰ ਕੈਦ ਕੀਤੀ ਗਈ।

ਜੇਲ੍ਹ ਵਿਚ ਇਹ ਮੁੜ ਕੈਥੋਲਿਕ ਧਰਮ ਦਾ ਅਨੁਯਾਈ ਬਣ ਗਿਆ। ਸੰਨ 1604 ਵਿਚ ਇਸ ਨੇ ਆਪਣੀ ਸਭ ਤੋਂ ਪ੍ਰਸਿੱਧ ਪੁਸਤਕ 'La Citta del Sole' ਲਿਖੀ। ਇਸ ਨੇ ਕੁਝ ਗਜ਼ਲਾਂ ਵੀ ਲਿਖੀਆਂ। 1609-10 ਵਿਚ ਲਿਖੀ ਪੁਸਤਕ 'De Gentilism non retinendo' ਵਿਚ ਇਸ ਨੇ ਫ਼ਿਲਾਸਫ਼ੀ ਅਤੇ ਧਰਮ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਪਰ ਦਰਸ਼ਨ-ਵਿਗਿਆਨ ਉਤੇ ਇਸ ਦੀ ਸਭ ਤੋਂ ਉੱਘੀ ਪੁਸਤਕ 'ਮੈਟਾਫ਼ਿਜ਼ਿਕਾ' (18 ਜਿਲਦਾਂ) ਸੀ। ਸੰਨ 1613-14 ਵਿਚ 30 ਜਿਲਦਾਂ ਵਿਚ ਛਪੀ 'ਥੀਆਲੋਜੀਆ' ਨਾਮੀ ਪੁਸਤਕ ਵਿਚ ਕਾਮਪਾਨੈੱਲ ਨੇ ਕੈਥੋਲਿਕ ਧਰਮ ਨੂੰ ਆਪਣੇ ਨਵੇਂ ਪਰਾ-ਭੌਤਿਕੀ ਵਿਚਾਰਾਂ ਦੀ ਰੌਸ਼ਨੀ ਵਿਚ ਪੇਸ਼ ਕੀਤਾ।

23 ਮਈ, 1626 ਨੂੰ ਇਸ ਨੂੰ ਰਿਹਾ ਕੀਤਾ ਗਿਆ ਅਤੇ ਇਹ ਰੋਮ ਚਲਾ ਗਿਆ। 1634 ਵਿਚ ਸਪੇਨ ਵਿਰੁੱਧ ਸਾਜ਼ਸ਼ ਦੇ ਜ਼ਾਹਰ ਹੋਣ ਤੇ ਇਹ ਫ਼ਰਾਂਸ ਭੱਜ ਗਿਆ, ਜਿਥੇ ਲੂਈ ਤੇਰ੍ਹਵਾਂ ਅਤੇ ਰੀਸ਼ਲਿਉ ਨੇ ਇਸ ਦਾ ਸੁਆਗਤ ਕੀਤਾ। 21 ਮਈ, 1639 ਨੂੰ ਇਸ ਦਾ ਪੈਰਿਸ ਵਿਚ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. 4 : 712

**ਕਾਮਪੋਬਾਸੋ :** ਦੱਖਣੀ ਕੇਂਦਰੀ ਇਟਲੀ ਵਿਚ ਨੇਪਲਜ਼ ਦੇ ਉੱਤਰ-ਪੂਰਬ ਵਲ ਇਹ ਇਸੇ ਹੀ ਨਾਂ ਦੇ ਪ੍ਰਾਂਤ ਅਤੇ ਮਾਲੀਜ਼ੇ ਖੇਤਰ ਦੀ ਰਾਜਧਾਨੀ ਹੈ। ਪੁਰਾਣਾ ਸ਼ਹਿਰ ਇਕ ਪਹਾੜੀ ਉੱਤੇ ਹੁੰਦਾ ਸੀ। ਸੰਨ 1732 ਵਿਚ ਇਥੋਂ ਦੇ ਲੋਕਾਂ ਨੇ ਇਹ ਸ਼ਹਿਰ ਛੱਡ ਦਿੱਤਾ ਅਤੇ ਇਕ ਨੀਵੇਂ ਉਪਜਾਊ ਮੈਦਾਨ ਵਿਚ ਇਕ ਨਵਾਂ ਸ਼ਹਿਰ ਬਣਾ ਲਿਆ। ਪੰਦਰ੍ਹਵੀਂ ਸਦੀ ਦਾ ਬਣਿਆ ਹੋਇਆ ਮਾਨਫੋਰਟ ਕਿਲਾ ਅਜੇ ਵੀ ਪੁਰਾਣੇ ਸ਼ਹਿਰ ਵਿਚ ਮੌਜੂਦ ਹੈ। ਇੱਥੇ ਇਕ ਮਿਉਂਸਪਲ ਮਹੱਲ, ਇਕ ਅਜਾਇਬ ਘਰ (ਜਿਸ ਵਿਚ ਇਟਲੀ ਦੇ ਪੁਰਾਤਨ ਲੋਕਾਂ

ਦੀਆਂ ਪਵਿੱਤਰ ਯਾਦਗਾਰਾਂ ਸੰਭਾਲੀਆਂ ਪਈਆਂ ਹਨ) ਅਤੇ ਇਟਲੀ ਦੇਸ਼ ਦੀ ਸਭ ਤੋਂ ਵਡੀ ਜੇਲ੍ਹ ਹੈ। ਇਥੇ ਚਾਕੂ-ਛੁਰੀਆਂ ਫਰਨੀਚਰ ਅਤੇ ਸਾਬਣ ਤਿਆਰ ਕੀਤਾ ਜਾਂਦਾ ਹੈ। ਇਹ ਸ਼ਹਿਰ ਮੇਲਿਆਂ ਅਤੇ ਧਾਰਮਿਕ ਉਤਸਵਾਂ ਕਰਕੇ ਵੀ ਪ੍ਰਸਿੱਧ ਹੈ।

ਆਬਾਦੀ—41,889 (1971)

41° 34′ ਉ. ਵਿਥ. ; 14° 39′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 494 ; ਐਨ. ਅਮ. 5 : 286.

**ਕਾਮਬਖਸ਼ :** ਭਾਰਤ ਦੇ ਮੁਸਲਮਾਨ ਬਾਦਸ਼ਾਹ ਔਰੰਗਜ਼ੇਬ ਦਾ ਇਹ ਇਕ ਪੁੱਤਰ ਸੀ। ਔਰੰਗਜ਼ੇਬ ਇਸ ਨੂੰ ਬਹੁਤ ਪਿਆਰ ਕਰਦਾ ਸੀ। ਇਸ ਨੇ ਛੋਟੀ ਉਮਰ ਵਿਚ ਹੀ ਕਈ ਮੁਹਿੰਮਾਂ ਵਿਚ ਲੈ ਕੇ ਆਪਣੀ ਬਹਾਦਰੀ ਵਿਖਾਈ ਸੀ।

ਔਰੰਗਜ਼ੇਬ ਨੇ ਆਪਣੇ ਜੀਵਨ-ਕਾਲ ਦੇ ਅੰਤਲੇ ਦਿਨਾਂ ਵਿਚ ਕਾਮਬਖਸ਼ ਦੀ ਸੁਰੱਖਿਆ ਲਈ ਆਪਣੇ ਬਹਾਦਰ ਅਤੇ ਵਫਾਦਾਰ ਜਰਨੈਲ ਸੁਲਤਾਨ ਹੁਸੈਨ (ਮੀਰ ਮਲੰਗ) ਨੂੰ ਨਿਯੁਕਤ ਕਰ ਦਿੱਤਾ ਸੀ। ਇਸ ਗੱਲ ਤੇ ਔਰੰਗਜ਼ੇਬ ਦੇ ਲੜਕੇ ਆਜ਼ਮ ਸ਼ਾਹ, ਜੋ ਪਿਤਾ ਦੀ ਮੌਤ ਪਿੱਛੋਂ ਗੱਦੀ ਪ੍ਰਾਪਤ ਕਰਨਾ ਚਾਹੁੰਦਾ ਸੀ, ਨੂੰ ਬਹੁਤ ਗੁੱਸਾ ਆਇਆ।

20 ਫਰਵਰੀ, 1707 ਨੂੰ ਔਰੰਗਜ਼ੇਬ ਨੇ ਇਸ ਨੂੰ ਬੀਜਾਪੁਰ ਦਾ ਵਾਇਸਰਾਇ ਬਣਾ ਕੇ ਕੁਝ ਫ਼ੌਜ ਦੇ ਕੇ ਭੇਜ ਦਿੱਤਾ। ਬੀਜਾਪੁਰ ਪਹੁੰਚ ਕੇ ਇਸ ਨੇ ਆਪਣੇ ਪਿਤਾ ਦੀ ਮੌਤ ਬਾਰੇ ਸੁਣਨਸਾਰ ਹੀ ਆਪਣੇ ਆਪ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਅਤੇ ਆਪਣੀ ਸਰਕਾਰ ਸਥਾਪਤ ਕਰ ਦਿੱਤੀ। ਤੁਰੰਤ ਹੀ ਇਸ ਨੇ ਆਪਣੀ ਫ਼ੌਜ ਤਿਆਰ ਕਰ ਲਈ ਅਤੇ ਗੁਲਬਰਗਾ, ਹੈਦਰਾਬਾਦ ਆਦਿ ਦੇ ਇਲਾਕੇ ਜਿੱਤ ਲਏ।

ਪਰੰਤੂ ਇਹ ਆਪਣੇ ਰਾਜ-ਪ੍ਰਬੰਧ ਨੂੰ ਬਹੁਤ ਦੇਰ ਤਕ ਠੀਕ ਨਾ ਰੱਖ ਸਕਿਆ। ਇਸ ਦੇ ਵਜ਼ੀਰਾਂ, ਅਮੀਰਾਂ ਨੇ ਇਸ ਵਿਰੁੱਧ ਸਿਰ ਚੁੱਕ ਲਿਆ। ਇਸ ਨੇ ਝੁੰਝਲਾ ਕੇ ਗੋਲਕੁੰਡਾ ਦੇ ਵਾਇਸਰਾਇ ਰੁਸਤਮ-ਦਿਲ ਖਾਨ, ਆਸ਼ਨ ਖ਼ਾਨ ਅਤੇ ਹੋਰ ਕਈ ਅਫਸਰਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ। ਇਸ ਦੇ ਜ਼ੁਲਮਾਂ ਦੀ ਖ਼ਬਰ ਸੁਣਦੇ ਹੀ ਬਹਾਦਰ ਸ਼ਾਹ ਨੇ ਜੋ ਕਿ ਹੁਣ ਔਰੰਗਜ਼ੇਬ ਦੀ ਮੌਤ ਪਿਛੋਂ ਰਾਜ-ਗੱਦੀ ਪ੍ਰਾਪਤ ਕਰ ਚੁੱਕਾ ਸੀ, ਇਸ ਨੂੰ ਸਬਕ ਸਿਖਾਉਣ ਲਈ ਇਸ ਉਤੇ ਹਮਲਾ ਕਰ ਦਿੱਤਾ।

17 ਜਨਵਰੀ ਨੂੰ ਇਸ ਦੀ ਥੋੜ੍ਹੀ ਜਿਹੀ ਫੌਜ ਨੂੰ ਸ਼ਾਹੀ ਫੌਜਾਂ ਨੇ ਘੇਰ ਲਿਆ। ਮੁਕਾਬਲਾ ਕਰਦੇ ਹੋਏ ਕਾਮਬਖ਼ਸ਼ ਬਹੁਤ ਜ਼ਖ਼ਮੀ ਹੋ ਗਿਆ ਅਤੇ ਇਸ ਦੀ ਮੌਤ ਹੋ ਗਈ।

ਹ. ਪੁ.—ਕੈਂ. ਹਿ. ਇਸ. 246

**ਕਾਮਰਾ :** ਦੱਖਣੀ ਇਟਲੀ ਦੇ ਨੇਪਲਜ਼ ਪ੍ਰਾਂਤ ਦੀ ਇਕ ਖੁਫ਼ੀਆ ਸੋਸਾਇਟੀ ਹੈ। ਇਹ ਕਦੋਂ ਸ਼ੁਰੂ ਹੋਈ, ਇਸ ਬਾਰੇ ਕੁਝ ਪਤਾ ਨਹੀਂ ਹੈ। ਸੰਨ 1830 ਵਿਚ ਇਸ ਬਾਰੇ ਲੋਕਾਂ ਨੂੰ ਪਤਾ ਲੱਗਿਆ। ਇਹ ਨੇਪਲਜ਼ ਦੀਆਂ ਜੇਲ੍ਹਾਂ ਵਿਚ ਸ਼ੁਰੂ ਹੋਈ ਅਤੇ ਇਸ ਦਾ ਮੁਖ-ਮੰਤਵ ਕੈਦੀਆਂ ਦੀ ਰੱਖਿਆ ਕਰਨਾ ਸੀ। ਜੇਲ੍ਹ ਵਿਚ ਰਿਹਾ ਹੋਏ ਕੈਦੀਆਂ ਨੇ ਫਿਰ ਇਸ ਨੂੰ ਜੇਲ੍ਹ ਤੋਂ ਬਾਹਰ ਖ਼ਾਸ ਕਰਕੇ ਨੇਪਲਜ਼ ਵਿਚ, ਸ਼ੁਰੂ ਕਰ ਦਿੱਤਾ ਅਤੇ ਇਹ ਬਹੁਤ ਛੇਤੀ ਵੱਧਦੀ ਗਈ। ਇਸ ਦੀ ਕਾਰਗੁਜ਼ਾਰੀ ਕਈ ਕਿਸਮ ਦੀਆਂ ਅਪਰਾਧਿਕ ਕਾਰਵਾਈਆਂ, ਜਿਵੇਂ ਕਿ ਗੈਰ-ਕਾਨੂੰਨੀ ਆਯਾਤ-ਨਿਰਯਾਤ, ਕਾਲਾ-ਬਾਜ਼ਾਰੀ ਅਤੇ ਸਰੇ-ਬਾਜ਼ਾਰ ਲੁੱਟ ਆਦਿ ਸ਼ਾਮਲ ਸਨ। ਉਨ੍ਹਾਂ ਦਿਨਾਂ ਵਿਚ ਨੇਪਲਜ਼ ਵਿਚ ਕਾਨੂੰਨ ਅਤੇ ਸੁਰੱਖਿਆ ਦੀ ਹਾਲਤ ਇਤਨੀ ਵਿਗੜੀ ਹੋਈ ਸੀ ਕਿ ਵਪਾਰੀ ਆਪਣੇ ਤਜ਼ਾਰਤੀ ਸਾਮਾਨ ਦੀ ਸੁਰੱਖਿਆ ਲਈ ਕਾਮਰਾ ਨੂੰ ਲਾਉਣਾ ਲਾਹੇਵੰਦ ਸਮਝਦੇ ਸਨ। ਸੋਸਾਇਟੀ ਦੇ ਗੈਰ-ਰਾਜਨੀਤਿਕ ਹੋਣ ਕਾਰਨ ਸਰਕਾਰ ਇਸ ਦੇ ਕਾਰਜ ਵਿਚ ਦਖ਼ਲ ਨਹੀਂ ਦਿੰਦੀ ਸੀ ਸਗੋਂ ਇਸ ਦੇ ਮੈਂਬਰਾਂ ਨੂੰ ਅਕਸਰ ਪੁਲਿਸ ਸੇਵਾ ਵਿਚ ਲੈ ਲਿਆ ਜਾਂਦਾ ਸੀ।

ਪਿੱਛੋਂ ਇਹ ਸੋਸਾਇਟੀ ਰਾਜਨੀਤੀ ਵਿਚ ਦਿਲਚਸਪੀ ਲੈਣ ਲਗ ਪਈ। ਸਮੇਂ ਦੀ ਸਰਕਾਰ ਨੂੰ ਇਸ ਸੋਸਾਇਟੀ ਤੇ ਕਈ ਬੰਦਸ਼ਾਂ ਲਾਉਣੀਆਂ ਪਈਆਂ। ਹੌਲੀ ਹੌਲੀ ਇਸ ਸੋਸਾਇਟੀ ਦਾ ਦਬ-ਦਬਾ ਘਟਦਾ ਗਿਆ। 1911 ਵਿਚ ਕਉਕਲੋ ਖ਼ੂਨ ਕਾਂਡਾਂ ਵਿਚ ਇਸ ਸੋਸਾਇਟੀ ਨਾਲ ਸਬੰਧਤ 20 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ। ਕੇਸ ਲਗਭਗ ਇਕ ਸਾਲ ਚਲਦਾ ਰਿਹਾ। ਇਸ ਨਾਲ ਸੋਸਾਇਟੀ ਨੂੰ ਬਹੁਤ ਧੱਕਾ ਲੱਗਾ।

ਹ. ਪੁ.—ਐਨ. ਬ੍ਰਿ. 4 : 708

**ਕਾਮਰਾਨ :** ਮੁਗ਼ਲ ਸ਼ਹਿਨਸ਼ਾਹ ਬਾਬਰ ਦਾ ਇਹ ਇਕ ਪੁੱਤਰ ਸੀ ਅਤੇ ਹੁਮਾਯੂੰ ਨਾਲੋਂ ਛੋਟਾ ਸੀ। ਹੋਣਹਾਰ ਵੇਖ ਕੇ, ਬਾਬਰ ਨੇ ਉਸ ਨੂੰ ਛੋਟੀ ਉਮਰ ਵਿਚ ਹੀ ਕੰਧਾਰ ਦਾ ਰਾਜ ਦੇ ਦਿੱਤਾ ਸੀ। ਬਾਬਰ ਨੇ ਆਪਣੇ ਜਿਉਂਦੇ ਹੀ ਹੁਮਾਯੂੰ ਅਤੇ ਕਾਮਰਾਨ ਵਿਚ ਰਾਜ ਦੀ ਵੰਡ ਇਸ ਤਰ੍ਹਾਂ ਨਿਸ਼ਚਿਤ ਕਰ ਰੱਖੀ ਸੀ ਕਿ ਜੇ ਕਾਮਰਾਨ ਨੂੰ ਪੰਜ ਹਿੱਸੇ ਮਿਲਣ ਤਾਂ ਹੁਮਾਯੂੰ ਨੂੰ ਛੇ ਹਿੱਸੇ। ਬਾਬਰ ਦੀ ਮੌਤ ਪਿਛੋਂ ਉਸ ਨੇ ਆਪਣੇ ਰਾਜ ਨੂੰ ਵਧਾਉਣ ਦੇ ਨਿਸਚੇ ਨਾਲ ਆਪਣੇ ਛੋਟੇ ਭਰਾ ਮਿਰਜ਼ਾ ਅਸਕਰੀ ਨੂੰ ਕੰਧਾਰ ਦਾ ਰਾਜ ਸੌਂਪ ਕੇ ਲਾਹੌਰ ਤੇ ਹੱਲਾ ਕਰ ਦਿੱਤਾ ਅਤੇ ਇਸ ਨੂੰ ਜਿੱਤ ਲਿਆ। ਹੁਮਾਯੂੰ ਨੇ ਲੜਾਈ ਕਰਨੀ ਉਚਿਤ ਨਾ ਸਮਝੀ ਤੇ ਉਸ ਨੂੰ ਕਾਬਲ ਕੰਧਾਰ ਅਤੇ ਪੰਜਾਬ ਦੇ ਦਿੱਤੇ। 26 ਜਨਵਰੀ, 1539 ਨੂੰ ਜਦੋਂ ਹੁਮਾਯੂੰ ਸ਼ੇਰ ਸ਼ਾਹ ਤੋਂ ਹਾਰ ਕੇ ਆਗਰੇ ਪਹੁੰਚਿਆ ਤਾਂ ਉਸਦੀ ਮੁਲਾਕਾਤ ਕਾਮਰਾਨ ਨਾਲ ਹੋਈ। ਪਹਿਲਾਂ ਤਾਂ ਕਾਮਰਾਨ ਨੇ ਹੁਮਾਯੂੰ ਦਾ ਸਾਥ ਦਿੱਤਾ ਅਤੇ ਸ਼ੇਰ ਸ਼ਾਹ ਵਿਰੁੱਧ ਲੜਾਈ ਕੀਤੀ। ਪਿੱਛੋਂ ਆਪਣੀ ਫ਼ੌਜ ਸਮੇਤ ਹੁਮਾਯੂੰ ਦਾ ਸਾਥ ਛੱਡ ਕੇ ਲਾਹੌਰ ਵਲ ਚਲ ਪਿਆ ਅਤੇ ਅਸਕਰੀ ਦੇ ਨਾਲ ਰਲ ਕੇ ਕਾਬਲ ਤੇ ਕਬਜ਼ਾ ਕਰ ਲਿਆ। ਗ਼ਜ਼ਨੀ ਆਦਿ ਦਾ ਇਲਾਕਾ ਉਸ ਨੇ ਮਿਰਜ਼ਾ ਅਸਕਰੀ ਨੂੰ ਦੇ ਦਿਤਾ। ਇਸ ਤੋਂ ਪਿਛੋਂ ਕਾਮਰਾਨ ਨੇ ਕੰਧਾਰ ਤੇ ਵੀ ਕਬਜ਼ਾ ਕਰ ਲਿਆ।

1545 ਈ. ਵਿਚ ਹੁਮਾਯੂੰ ਨੇ ਈਰਾਨ ਦੇ ਬਾਦਸ਼ਾਹ ਦੀ ਸਹਾਇਤਾ ਨਾਲ ਕੰਧਾਰ ਅਤੇ ਕਾਬਲ ਜਿੱਤ ਲਏ। ਅਗਲੇ ਸਾਲ ਫਿਰ ਕਾਮਰਾਨ ਨੇ ਮੁੜ ਗ਼ਜ਼ਨੀ ਅਤੇ ਕਾਬਲ ਉਪਰ ਅਧਿਕਾਰ ਜਮਾ ਲਿਆ। ਤੁਰੰਤ ਹੀ ਹੁਮਾਯੂੰ ਆਪਣੀਆਂ ਫੌਜਾਂ ਸਮੇਤ ਕਾਬਲ ਪਹੁੰਚ ਗਿਆ ਅਤੇ 17 ਅਗਸਤ, 1548 ਨੂੰ ਕਾਮਰਾਨ ਨੇ ਹੁਮਾਯੂੰ ਅੱਗੇ ਹੱਥ ਖੜ੍ਹੇ ਕਰ ਦਿੱਤੇ। ਹੁਮਾਯੂੰ ਨੇ ਇਸ ਨੂੰ ਮਾਫ਼ ਕਰਕੇ ਕੋਲਾਬ ਦੀ ਜਾਗੀਰ ਦੇ ਦਿੱਤੀ। ਪਰੰਤੂ ਕੁਝ ਚਿਰ ਪਿਛੋਂ ਫਿਰ ਕਾਮਰਾਨ ਨੇ ਕਾਬਲ ਤੇ ਕਬਜ਼ਾ ਕਰ ਲਿਆ। ਇਸ ਵਾਰ ਹੁਮਾਯੂੰ ਨੇ ਇਸ ਨੂੰ ਫਿਰ ਹਰਾ ਦਿੱਤਾ ਅਤੇ ਇਸ ਦੀਆਂ ਅੱਖਾਂ ਅੰਨ੍ਹੀਆਂ ਕਰ ਕੇ ਮੱਕੇ ਜਾਣ ਲਈ ਆਦੇਸ਼ ਦੇ ਦਿੱਤਾ।

5 ਅਕਤੂਬਰ, 1557 ਨੂੰ ਮੱਕੇ ਵਿਚ ਇਸਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 2 : 456

**ਕਾਮਰਾਨ : ਦੀਪ**—ਯਮਨ ਦੇ ਤੱਟ ਤੋਂ ਪਰ੍ਹਾਂ ਲਾਲ ਸਾਗਰ ਵਿਚ ਇਕ ਦੀਪ ਹੈ। ਅਰਬੀ ਵਿਚ ਇਸਦੇ ਨਾਂ ਤੋਂ ਦੋ ਚੰਨਾ ਦਾ ਭਾਵ ਹੈ ਜਿਹੜੇ ਕਿ ਇਥੇ ਚੰਨ ਦੇ ਦੋ ਅਕਸਾਂ ਦੁਆਰਾ ਦੇਖੇ ਜਾ ਸਕਦੇ ਹਨ। ਪ੍ਰਬੰਧਕੀ ਤੌਰ ਤੇ ਇਹ ਅਦਨ ਨਾਲ ਜੁੜਿਆ ਹੋਇਆ ਹੈ। ਇਹ ਯਮਨ ਦੀ ਹੋਡੇਅਡਾ ਨਾਮੀ ਬੰਦਰਗਾਹ ਤੋਂ 72 ਕਿ. ਮੀ. ਉੱਤਰ ਵਲ ਹੈ। ਦੀਪ ਦਾ ਕੁਲ ਰਕਬਾ ਲਗਭਗ 57 ਵ.ਕਿ.ਮੀ. ਹੈ। ਇਹ ਬਹੁਤ ਨੀਵਾਂ, ਪੱਧਰਾ ਅਤੇ ਰੇਤਲਾ ਹੈ। ਦੀਪ ਵਿਚ ਚਾਰ ਪਿੰਡ ਹਨ ਅਤੇ ਇਥੋਂ ਦੇ ਲੋਕ ਮੁਖ ਤੌਰ ਤੇ ਮਾਛੀ ਹਨ ਜਿਹੜੇ ਯਮਨ ਵਿਚ ਸਬਜ਼ੀਆਂ ਲਈ ਆਪਣੇ ਮਾਲ ਦਾ ਵਟਾਂਦਰਾ ਕਰ ਲੈਂਦੇ ਹਨ। ਇਥੋਂ ਥੋੜ੍ਹੀ ਜਿਹੀ ਮਾਤਰਾ ਵਿਚ

ਪਰਲ ਮੱਛੀ ਵੀ ਫੜੀ ਜਾਂਦੀ ਹੈ । ਕੁਝ ਲੋਕ ਹੋਰ ਥਾਵਾਂ ਤੇ ਕੰਮ ਕਰਦੇ ਹਨ । ਸੋਲ੍ਹਵੀਂ ਸਦੀ ਵਿਚ ਪੁਰਤਗੇਜ਼ੀਆਂ ਨੇ ਕਾਮਰਾਨ ਉੱਤੇ ਕਬਜ਼ਾ ਕਰ ਲਿਆ ਅਤੇ ਇਕ ਕਿਲਾ ਬਣਵਾਇਆ ਜੋ ਪਿਛੋਂ ਤੁਰਕਾਂ ਨੇ ਤਬਾਹ ਕਰ ਦਿੱਤਾ, ਤੁਰਕਾਂ ਦੇ ਰਾਜ-ਕਾਲ ਦੌਰਾਨ ਇਹ ਮੱਕੇ ਨੂੰ ਜਾਣ ਵਾਲੇ ਧਾਰਮਕ ਯਾਤਰੂਆਂ ਲਈ ਕੁਰਾਟੀਨ ਸਥਾਨ ਬਣ ਗਿਆ । ਸੰਨ 1915 ਵਿਚ ਅੰਗਰੇਜ਼ਾਂ ਨੇ ਇਸ ਉੱਤੇ ਕਬਜ਼ਾ ਕਰ ਲਿਆ । ਸੰਨ 1933 ਤੋਂ ਪਿਛੋਂ ਅਦਨ ਦੀ ਸਰਕਾਰ ਨੇ ਇਸ ਦਾ ਪ੍ਰਬੰਧ ਆਪਣੇ ਹੱਥ ਲੈ ਲਿਆ । ਕਾਮਰਾਨ ਅਦਨ ਦਾ ਹਿੱਸਾ ਜਾਂ ਦੱਖਣੀ ਅਰਬ ਦਾ ਪ੍ਰੋਟੈਕਟੋਰੇਟ ਨਹੀਂ ਹੈ । ਪਰ ਅਦਨ ਲਈ ਨਿਯੁਕਤ ਕੀਤੇ ਹਾਈ ਕਮਿਸ਼ਨਰ ਕੋਲ ਇਸ ਦੀਪ ਸਬੰਧੀ ਸਿੱਧੇ ਵਿਧਾਨਕਾਰੀ ਅਖ਼ਤਿਆਰ ਹਨ । ਇਸ ਦੀਪ ਉੱਤੇ ਇਕ ਹਵਾਈ ਅੱਡਾ ਵੀ ਹੈ ।

15°21′ ਉ. ਵਿਥ.; 42°34′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 198 ; ਐਨ. ਬ੍ਰਿ. ਮਾ.5 : 675

**ਕਾਮਰਾਨ ਮਿਰਜ਼ਾ ਸਦੋਜ਼ਈ** : ਅਫ਼ਗਾਨਿਸਤਾਨ ਦੇ ਬਾਦਸ਼ਾਹ ਮਹਿਮੂਦ ਸ਼ਾਹ ਦਾ ਇਹ ਇਕ ਪੁੱਤਰ ਸੀ । ਇਸ ਦੇ ਪਿਤਾ ਨੇ 1800 ਈ. ਵਿਚ ਅਫ਼ਗਾਨਿਸਤਾਨ ਦੀ ਰਾਜਗੱਦੀ ਸੰਭਾਲੀ ਸੀ। ਉਨ੍ਹਾਂ ਹੀ ਦਿਨਾਂ ਵਿਚ ਸ਼ੁਜਾ ਮਿਰਜ਼ਾ ਨੇ, ਜਿਸ ਨੂੰ ਜ਼ਾਮਨ ਸ਼ਾਹ ਨੇ ਪਿਸ਼ਾਵਰ ਦਾ ਗਵਰਨਰ ਬਣਾਇਆ ਸੀ, ਬਾਗ਼ੀ ਹੋ ਕੇ ਆਪਣੇ ਆਪ ਨੂੰ ਰਾਜਾ ਐਲਾਨ ਕਰ ਦਿੱਤਾ ਸੀ । ਉਸ ਤੇ ਕਾਬੂ ਪਾ ਕੇ ਪਿਸ਼ਾਵਰ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਮਹਿਮੂਦ ਸ਼ਾਹ ਨੇ ਕਾਮਰਾਨ ਮਿਰਜ਼ਾ ਨੂੰ ਪਿਸ਼ਾਵਰ ਉੱਤੇ ਚੜ੍ਹਾਈ ਕਰਨ ਦਾ ਆਦੇਸ਼ ਦਿਤਾ । ਆਪਣੇ ਚਾਚੇ ਫਤਹਿ ਖ਼ਾਂ ਦੀ ਸਹਾਇਤਾ ਨਾਲ ਸ਼ੁਜਾ ਮਿਰਜ਼ਾ ਨੂੰ ਹਰਾ ਕੇ, ਇਸ ਨੇ ਪਿਸ਼ਾਵਰ ਜਿੱਤ ਲਿਆ । ਇਸ ਤੇ ਇਸ ਦਾ ਪਿਤਾ ਇੰਨਾਂ ਖੁਸ਼ ਹੋਇਆ ਕਿ ਇਸ ਨੂੰ ਹਰਾਤ ਵਿਚ ਸਰਦਾਰ ਬਣਾ ਕੇ ਭੇਜ ਦਿੱਤਾ ।

ਸੰਨ 1818 ਵਿਚ ਜਦੋਂ ਫ਼ਤਹਿ ਖ਼ਾਂ ਨੇ ਹਰਾਤ ਤੇ ਕਬਜ਼ਾ ਕਰਨਾ ਚਾਹਿਆ ਤਾਂ ਇਸ ਨੇ ਆਪਣੇ ਪਿਤਾ ਦੀ ਰਜ਼ਾਮੰਦੀ ਨਾਲ ਆਪਣੇ ਚਾਚੇ ਫ਼ਤਹਿ ਖ਼ਾਂ ਨੂੰ ਫੜ ਲਿਆ ਅਤੇ ਉਸ ਨੂੰ ਅੰਨ੍ਹਾ ਕਰ ਦਿਤਾ । ਪਿਛੋਂ ਬੜੀ ਬੇਰਹਿਮੀ ਨਾਲ ਉਸ ਦੇ ਟੁਕੜੇ ਟੁਕੜੇ ਕਰ ਦਿੱਤੇ ।

ਇਹ ਅੰਤਿਮ ਸਦੋਜ਼ਈ ਸ਼ਹਿਜ਼ਾਦਾ ਸੀ ਜੋ ਕਿ ਰਾਜਗੱਦੀ ਤੇ ਬੈਠਾ । ਅੰਤਲੇ ਦਿਨਾਂ ਵਿਚ ਇਸ ਦੇ ਵਜ਼ੀਰ ਯਾਰ ਮੁਹੰਮਦ ਨੇ ਸਾਰਾ ਪ੍ਰਬੰਧ ਆਪਣੇ ਹੱਥ ਲਿਆ ਸੀ ।

ਹ. ਪੁ.—ਕੈ. ਹਿ.ਇੰ. 5 : 675

**ਕਾਮਰੂਪ** : ਭਾਰਤ ਦੇ ਆਸਾਮ ਰਾਜ ਦਾ ਇਕ ਜ਼ਿਲ੍ਹਾ ਹੈ ਜੋ ਬ੍ਰਹਮਪੁੱਤਰ ਦਰਿਆ ਦੇ ਦੋਵੇਂ ਪਾਸੀਂ ਫੈਲਿਆ ਹੋਇਆ ਹੈ। ਇਸ ਦਾ ਖੇਤਰਫਲ 9,863 ਵ. ਕਿ. ਮੀ. ਹੈ ਅਤੇ ਆਬਾਦੀ 28,54,183 (1970) ਹੈ । ਇਸ ਵਿਚ ਛੋਟੀਆਂ ਛੋਟੀਆਂ ਪਹਾੜੀਆਂ ਹਨ । ਇਹ ਭੂਟਾਨ ਦੀਆਂ ਪਹਾੜੀਆਂ ਵਲ ਉੱਚਾ ਹੁੰਦਾ ਜਾਂਦਾ ਹੈ । ਦੱਖਣ ਵਿਚ ਉਚਾਈ ਖਾਸੀ ਅਤੇ ਜੈਨਤੀਆਂ ਦੀਆਂ ਪਹਾੜੀਆਂ ਤਕ ਜਾ ਪਹੁੰਚਦੀ ਹੈ । ਜ਼ਿਲ੍ਹੇ ਦਾ ਸਾਰਾ ਇਲਾਕਾ ਹਰ ਸਾਲ ਬ੍ਰਹਮਪੁੱਤਰ ਦੇ ਹੜ੍ਹਾਂ ਨਾਲ ਭਰ ਜਾਂਦਾ ਹੈ । ਇਥੋਂ ਦੀਆਂ ਮੁੱਖ ਫਸਲਾਂ ਪਟਸਨ, ਚਾਉਲ, ਸਰ੍ਹੋਂ, ਗੰਨਾਂ ਅਤੇ ਦਾਲਾਂ ਹਨ । ਰੇਸ਼ਮ ਇਥੋਂ ਦੀ ਖਾਸ ਪੈਦਾਵਾਰ ਹੈ । ਕੱਪੜਾ ਵਧੇਰੇ ਕਰਕੇ ਹੱਥ ਖੱਡੀਆਂ ਨਾਲ ਬੁਣਿਆ ਜਾਂਦਾ ਹੈ । ਸੁਆਲਕੁਚੀ ਰੇਸ਼ਮ ਅਤੇ ਰੇਸ਼ਮੀ ਕੱਪੜੇ ਦਾ ਮੁਖ ਕੇਂਦਰ ਹੈ । ਜ਼ਿਲ੍ਹੇ ਦੇ ਦਫਤਰ ਗੋਹਾਟੀ ਵਿਖੇ ਹਨ । ਇਥੇ ਤੇਲ ਕੱਢਣ ਦੇ ਕਾਰਖਾਨੇ (ਕੋਹਲੂ) ਹਨ । ਜ਼ਿਲ੍ਹੇ ਵਿਚ ਰੇਲਾਂ ਅਤੇ ਪੱਕੀਆਂ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ ।

ਬਾਰਪੇਟਾ ਜ਼ਿਲ੍ਹੇ ਦਾ ਮਸ਼ਹੂਰ ਕਸਬਾ ਹੈ । ਇਥੇ ਪੰਦਰ੍ਹਵੀਂ ਸਦੀ ਵਿਚ ਬਣਿਆ ਹੋਇਆ ਇਕ ਵਿਸ਼ਨੂੰ ਮੰਦਰ ਹੈ । ਪਾਲਸਬਾੜੀ ਇਮਾਰਤੀ ਲੱਕੜੀ ਦੇ ਵਪਾਰ ਦਾ ਕੇਂਦਰ ਹੈ । ਸਾਰੇਥੇਬਾੜੀ ਵਿਚ ਪਿੱਤਲ ਦੇ ਬਰਤਨ ਬਣਾਏ ਜਾਂਦੇ ਹਨ ।

ਜ਼ਿਲ੍ਹੇ ਦਾ ਨਾਂ ਪ੍ਰਾਚੀਨ ਕਾਮਰੂਪ ਰਾਜ ਤੋਂ ਪਿਆ ਹੈ । ਇਹ ਰਾਜ 400 ਈ. ਦੇ ਇਰਦ-ਗਿਰਦ ਭੂਟਾਨ ਤੋਂ ਲੈ ਕੇ ਦੱਖਣ ਵਿਚ ਸਮੁੰਦਰ ਤੱਕ ਫੈਲਿਆ ਹੋਇਆ ਸੀ । ਇਸ ਵਿਚ ਸਾਰੀ ਬ੍ਰਹਮਪੁੱਤਰ ਘਾਟੀ, ਰੰਗਪੁਰ, ਕੂਚ-ਬਿਹਾਰ, ਮਨੀਪੁਰ, ਜੈਨਤੀਆ, ਕਛਾਰ, ਪੱਛਮੀ ਆਸਾਮ ਅਤੇ ਮੈਮਨਸਿੰਗ ਅਤੇ ਸਿਲਹਟ ਦੇ ਭਾਗ ਸ਼ਾਮਲ ਸਨ । ਇਸ ਦੀ ਰਾਜਧਾਨੀ ਪ੍ਰਾਗਜੋਤਸ਼ਪੁਰ (ਹੁਣ ਦੀ ਗੋਹਾਟੀ) ਸੀ । ਕਾਮਰੂਪ ਵਿਚ ਹਿੰਦੂ ਤੰਤਰਵਾਦੀ ਪੰਥ ਚਾਲੂ ਹੋਇਆ ਇਸ ਦਾ ਮੁੱਖ ਮੰਦਰ ਕਾਮਾਕਸ਼ੀ ਦੇਵੀ ਗੋਹਾਟੀ ਦੇ ਨੇੜੇ ਹੀ ਹੈ ।

ਹ. ਪੁ.—ਐਨ. ਬ੍ਰਿ. 13 : 201 ; ਇੰਪ. ਗ. ਇੰਡ. 14 : 330

**ਕਾਮਾਇਨੀ** : ਕਾਮਾਇਨੀ ਜੈ ਸ਼ੰਕਰ ਪ੍ਰਸਾਦ ਦੀ ਸਰਵ-ਸ੍ਰੇਸ਼ਟ ਕਿਰਤ ਹੈ, ਜਿਸ ਦੀ ਰਚਨਾ ਇਸ ਨੇ ਆਪਣੇ ਜੀਵਨ ਦੇ ਅੰਤਮ ਦਿਨਾਂ ਵਿਚ ਕੀਤੀ । ਇਸ ਨੂੰ ਪ੍ਰਸਾਦ ਦੇ ਸੰਪੂਰਨ ਚਿੰਤਨ ਤੇ ਮਨਨ ਦਾ ਫਲ ਕਹਿਣਾ ਵਧੇਰੇ ਉਚਿਤ ਹੋਵੇਗਾ । ਇਸ ਦਾ ਪ੍ਰਕਾਸ਼ਨ 1935 ਈ. ਵਿਚ ਹੋਇਆ । ਇਸ ਵਿਚ ਆਦਿ-ਮਾਨਵ ਦੀ ਕਥਾ ਲਈ ਗਈ ਹੈ । ਇਸ ਦੀ ਕਥਾ-ਵਸਤੂ ਵੇਦ, ਉਪਨਿਸ਼ਦ, ਪੁਰਾਣ ਆਦਿ ਤੋਂ ਪ੍ਰੇਰਿਤ ਹੈ ਪਰ ਇਸ ਦਾ ਮੁਖ ਆਧਾਰ ਸ਼ਤਪਥ ਬ੍ਰਾਹਮਣ ਨੂੰ ਸਵੀਕਾਰ ਕੀਤਾ ਗਿਆ ਹੈ । ਜ਼ਰੂਰਤ ਅਨੁਸਾਰ ਕਵੀ ਨੇ ਪੌਰਾਣਿਕ ਕਥਾ ਵਿਚ ਪਰਿਵਰਤਨ ਕੀਤਾ ਹੈ । ਕਾਮਾਇਨੀ ਦੀ ਸੰਖੇਪ ਕਥਾ ਇਉਂ ਹੈ : ਧਰਤੀ ਤੇ ਘੋਰ ਪਰਲੋ ਆਈ, ਜਿਸ ਵਿਚ ਸਿਰਫ਼ ਮਨੂ ਜੀਵਤ ਰਹਿ ਗਿਆ । ਉਹ ਦੇਵ-ਸ੍ਰਿਸ਼ਟੀ ਦਾ ਅੰਤਿਮ ਬਾਕੀ ਸੀ । ਪਰਲੋ ਖ਼ਤਮ ਹੋਣ ਤੇ ਮਨੂ ਨੇ ਯਗ ਆਦਿ ਆਰੰਭ ਕੀਤਾ । ਇਕ ਦਿਨ ਕਾਮ ਦੀ ਪੁੱਤਰੀ ਸ਼ਰਧਾ ਉਸ ਦੇ ਕੋਲ ਆਈ ਤੇ ਉਹ ਦੋਨੋਂ ਇਕੱਠੇ ਰਹਿਣ ਲੱਗ ਪਏ । ਹੋਣ ਵਾਲੇ ਬਾਲ ਦੀ ਕਲਪਨਾ ਵਿਚ ਮਗਨ ਸ਼ਰਧਾ ਨੂੰ ਇਕ ਦਿਨ ਈਰਖਾ ਵਸ ਮਨੂ ਇਕੱਲਿਆਂ ਛੱਡ ਕੇ ਚਲਾ ਗਿਆ । ਇਸ ਦੀ ਮੁਲਾਕਾਤ ਸਾਰਸਵਤ ਪ੍ਰਦੇਸ਼ ਦੀ ਰਾਣੀ ਇੜਾ ਨਾਲ ਹੋਈ, ਜਿਸ ਨੇ ਮਨੂ ਨੂੰ ਰਾਜ ਦਾ ਭਾਰ ਸੌਂਪ ਦਿਤਾ । ਪਰ ਇਕ ਦਿਨ ਇੜਾ ਉਪਰ ਮਨੂ ਦੇ ਅਤਿਆਚਾਰ ਅਤੇ ਕਬਜ਼ੇ ਦੀ ਭਾਵਨਾ ਵੇਖ ਕੇ ਉਥੋਂ ਦੀ ਪਰਜਾ ਨੇ ਵਿਦ੍ਰੋਹ ਕਰ ਦਿਤਾ । ਮਨੂ ਨੂੰ ਸੱਟਾਂ ਵੱਜੀਆਂ । ਫਿਰ ਸ਼ਰਧਾ ਆਪਣੇ ਪੁੱਤਰ ਮਾਨਵ ਸਹਿਤ ਮਨੂ ਨੂੰ ਲੱਭਦੀ ਹੋਈ ਉਥੇ ਪੁੱਜ ਗਈ । ਪਰ ਪਸ਼ਚਾਤਾਪ ਵਿਚ ਡੁਬਾ ਮਨੂ ਉਨ੍ਹਾਂ ਸਾਰਿਆਂ ਨੂੰ ਛੱਡ ਕੇ ਉਥੋਂ ਚਲਾ ਗਿਆ । ਸ਼ਰਧਾ ਨੇ ਮਾਨਵ ਨੂੰ ਇੜਾ ਪਾਸ ਛੱਡ ਦਿੱਤਾ ਤੇ ਆਪ ਮਨੂ ਨੂੰ ਲੱਭਦੀ ਹੋਈ ਨੇ ਉਸ ਨੂੰ ਪ੍ਰਾਪਤ ਕਰ ਲਿਆ । ਅੰਤ ਵਿਚ ਸਾਰਸਵਤ ਪ੍ਰਦੇਸ਼ ਦੇ ਸਾਰੇ ਪ੍ਰਾਣੀ ਕੈਲਾਸ਼ ਪਰਬਤ ਤੇ ਮਨੂ ਤੇ ਸ਼ਰਧਾ ਦੇ ਦਰਸ਼ਨ ਕਰਦੇ ਹਨ ।

ਕਾਮਾਇਨੀ ਦੀ ਕਥਾ ਪੰਦਰ੍ਹਾਂ ਸਰਗਾਂ ਵਿਚ ਵੰਡੀ ਹੋਈ ਹੈ, ਜਿਨ੍ਹਾਂ ਦੇ ਨਾਮ ਚਿੰਤਾ, ਆਸ਼ਾ, ਸ਼ਰਧਾ, ਕਾਮ, ਵਾਸ਼ਨਾ, ਲੱਜਾ ਆਦਿ ਮਨੋਵਿਕਾਰਾਂ ਤੇ ਰਖੇ ਗਏ ਹਨ । ਕਾਮਾਇਨੀ ਆਦਿ ਮਾਨਵ ਦੀ ਕਥਾ ਤਾਂ ਹੈ ਹੀ, ਪਰ ਇਸ ਦੇ ਮਾਧਿਅਮ ਨਾਲ ਕਵੀ ਨੇ ਆਪਣੇ ਯੁਗ ਦੇ ਮਹੱਤਵਪੂਰਨ ਪ੍ਰਸ਼ਨਾਂ 'ਤੇ ਵਿਚਾਰ ਵੀ ਕੀਤਾ ਹੈ । ਸਾਰਸਵਤ ਪ੍ਰਦੇਸ਼ ਦੀ ਪਰਜਾ ਜਿਸ ਬੁਧੀਵਾਦ ਤੇ ਭੌਤਿਕਵਾਦ ਤੋਂ ਤ੍ਰਾਹੀ ਹੋਈ ਹੈ, ਉਹ ਆਧੁਨਿਕ ਯੁਗ ਦੀ ਸਥਿਤੀ ਹੈ । ਕਾਮਾਇਨੀ ਆਪਣੇ ਰੂਪਕਤਵ ਵਿਚ ਇਕ ਮਨੋ-ਵਿਗਿਆਨਕ ਤੇ ਦਾਰਸ਼ਨਿਕ ਮੰਤਵ ਨੂੰ ਪ੍ਰਗਟ ਕਰਦੀ ਹੈ । ਮਨੂ ਮਨ ਦਾ ਪ੍ਰਤੀਕ ਹੈ ਤੇ ਸ਼ਰਧਾ ਤੇ ਇੜਾ ਕ੍ਰਮਵਾਰ ਉਸ ਦਾ ਹਿਰਦਾ ਤੇ ਬੁੱਧੀ ਪੱਖ ਹਨ । ਆਪਣੇ ਆਂਤ੍ਰਿਕ ਮਨੋਵਿਕਾਰਾਂ ਨਾਲ ਸੰਘਰਸ਼ ਕਰਦਾ ਹੋਇਆ ਮਨ ਸ਼ਰਧਾ ਵਿਸ਼ਵਾਸ ਦੀ ਸਹਾਇਤਾ ਨਾਲ ਅਨੰਦ-ਲੋਕ ਤੱਕ ਪਹੁੰਚਦਾ ਹੈ । ਅੰਤਿਮ ਚਾਰ ਸਰਗਾਂ ਤੇ ਸ਼ੈਵ ਧਰਮ ਦਾ ਪ੍ਰਭਾਵ ਹੈ ।

ਇਹ ਇਕ ਵਿਸ਼ੇਸ਼ ਸ਼ੈਲੀ ਦਾ ਮਹਾਂ ਕਾਵਿ ਹੈ, ਜਿਸ ਦਾ ਗੌਰਵ ਉਸ ਦੇ ਯੁਗ-ਬੋਧ, ਪਰਪੱਕ ਚਿੰਤਨ, ਮਹਾਨ ਉਦੇਸ਼ ਤੇ ਪ੍ਰੋੜ੍ਹ ਸ਼ਿਲਪ ਵਿਚ ਲੁਕਿਆ ਹੋਇਆ ਹੈ। ਮਨੋਵਿਕਾਰ ਅਤਿਅੰਤ ਸੂਖਮ ਹੁੰਦੇ ਹਨ। ਉਨ੍ਹਾਂ ਨੂੰ ਮੂਰਤ ਰੂਪ ਦੇਣ ਵਿਚ ਪ੍ਰਸਾਦ ਨੇ ਜੋ ਸਫਲਤਾ ਪ੍ਰਾਪਤ ਕੀਤੀ ਹੈ, ਉਹ ਉਸ ਦੇ ਅਭਿਵਿਅਕਤੀ-ਕੌਸ਼ਲ ਦੀ ਗਵਾਹੀ ਹੈ। ਇਸ ਦਾ ਪ੍ਰਤੀਕ-ਭੰਡਾਰ ਇੰਨਾ ਅਮੀਰ ਹੈ ਕਿ ਕਈ ਸਥਲਾਂ ਤੇ ਕਵੀ ਚਿੱਤਰ ਬਣਾ ਦਿੰਦਾ ਹੈ। ਇਸ ਦ੍ਰਿਸ਼ਟੀ ਤੋਂ ਸ਼ਰਧਾ ਦਾ ਰੂਪ ਵਰਣਨ ਸੁੰਦਰ ਹੈ। ਲੱਜਾ ਜਿਹੇ ਸੂਖਮ ਭਾਵਾਂ ਨੂੰ ਕਵੀ ਨੇ ਅਭਿਵਿਅਕਤ ਕਰਨ ਵਿਚ ਕਮਾਲ ਕੀਤੀ ਹੈ। ਕਾਮਾਇਨੀ ਵਿਚ ਪ੍ਰਸਾਦ ਦੇ ਚਿੰਤਨ ਮਨਨ ਨੂੰ ਸਹਿਜੇ ਹੀ ਵੇਖਿਆ ਜਾ ਸਕਦਾ ਹੈ । ਇਹ ਛਾਇਆਵਾਦੀ ਯੁਗ ਦੀ ਸਰਵ-ਸ੍ਰੇਸ਼ਟ ਕਿਰਤ ਮੰਨੀ ਗਈ ਹੈ।

ਹ. ਪੁ.—ਹਿੰ.ਸਾ. ਕੋ. 2 : 78

**ਕਾਮਾਕੁਰਾ** : ਜਾਪਾਨ ਵਿਚ ਹਾਂਸ਼ੂ ਟਾਪੂ ਦੇ ਕਾਨਾਗਾਵਾ ਪ੍ਰੀਫੈਕਚਰ ਵਿਚ ਇਹ ਸ਼ਹਿਰ ਹੈ ਜੋ ਸ਼ਾਂਤ ਮਹਾਂਸਾਗਰ ਉੱਤੇ, ਯੋਕੋਹਾਮਾ ਦੇ ਦੱਖਣ ਵਿਚ, ਮੀਉਰਾ ਪ੍ਰਾਇਦੀਪ ਦੇ ਪੱਛਮੀ ਤੱਟ ਉਤੇ ਸਥਿਤ ਹੈ। ਇਹ ਤਿੰਨ ਪਾਸਿਉਂ ਪਹਾੜੀਆਂ ਦੁਆਰਾ ਘਿਰਿਆ ਹੋਇਆ ਹੈ ਅਤੇ ਇਸ ਦੇ ਦੱਖਣ ਵਲ ਰੇਤਲੀਆਂ ਬੀਚਾਂ ਹਨ। ਪਹਿਲਾਂ ਇਹ ਮੱਛੀਆਂ ਫੜਨ ਵਾਲਾ ਇਕ ਪਿੰਡ ਹੁੰਦਾ ਸੀ । ਸੰਨ 1180 ਵਿਚ ਇਹ ਮੀਨਾਮੋਟੋ ਕਬੀਲਿਆਂ ਦੀ ਰਾਜਧਾਨੀ ਬਣਿਆ। ਇਸ ਤੋਂ ਪਿਛੋਂ ਇਸ ਸ਼ਹਿਰ ਨੇ ਲਗਭਗ 300 ਸਾਲਾਂ ਲਈ ਆਪਣੀ ਰਾਜਸੀ ਸਥਿਤੀ ਨੂੰ ਕਾਇਮ ਰੱਖੀ ਰੱਖਿਆ। ਯੁੱਧਾਂ, ਜਵਾਰ-ਤਰੰਗਾਂ ਅਤੇ ਅੱਗ ਨਾਲ ਇਹ ਸ਼ਹਿਰ ਕਈ ਵੇਰ ਬਰਬਾਦ ਹੋਇਆ।

ਟੋਕੂਗਾਵਾ ਕਾਲ (1603-1867) ਦੌਰਾਨ ਇਸ ਸ਼ਹਿਰ ਨੂੰ ਵਿਕਸਿਤ ਕੀਤਾ ਗਿਆ ਅਤੇ ਇਹ ਇਕ ਪ੍ਰਸਿੱਧ ਸੈਲਾਨੀ ਕੇਂਦਰ ਬਣ ਗਿਆ। ਸੰਨ 1939 ਅਤੇ 1948 ਵਿਚ ਗਵਾਂਢੀ ਪਿੰਡਾਂ ਨੂੰ ਇਸ ਵਿਚ ਸ਼ਾਮਲ ਕਰ ਲਿਆ ਗਿਆ।

ਕਾਮਾਕੁਰਾ ਇਤਿਹਾਸਕ ਸਥਾਨ, ਸੈਰਗਾਹ ਅਤੇ ਰਿਹਾਇਸ਼ੀ ਡਿਸਟ੍ਰਿਕਟ ਦੇ ਤੌਰ ਤੇ ਪ੍ਰਸਿੱਧ ਹੈ। ਬੁੱਧ ਦਾ ਕਾਂਸੀ ਦਾ ਬਣਿਆ ਹੋਇਆ ਬੁੱਤ, ਕਾਮਾਕੁਰ ਅਜਾਇਬ-ਘਰ, ਕੈਂਚੋਜੀ ਐਂਗਾਕੂ ਜੀ ਦੇ ਮੰਦਰ ਅਤੇ ਕਾਨੋਂ ਦਾ ਬੁੱਤ, ਇਥੋਂ ਦੀਆਂ ਇਤਿਹਾਸਕ ਯਾਦਗਾਰਾਂ ਹਨ। ਇਥੇ ਕਈ ਹੋਰ ਅਜਾਇਬ-ਘਰ ਵੀ ਹਨ। ਯੁਈ-ਗਾ-ਹਾਮਾ ਅਤੇ ਸਿਚਿਰੀ-ਗਾ-ਹਾਮਾ ਇਥੋਂ ਦੀਆਂ ਪ੍ਰਸਿੱਧ ਬੀਚਾਂ ਹਨ। ਤੇਰ੍ਹਵੀਂ ਸਦੀ ਵਿਚ ਜੋ ਕਲਾ ਦੀਆਂ ਵਸਤਾਂ, ਬੋਧੀ ਬੁੱਤ-ਘਾੜੇ ਬਣਾਉਂਦੇ ਹੁੰਦੇ ਸਨ, ਉਹ ਅੱਜ ਵੀ ਇਥੇ ਬਣਾਈਆਂ ਜਾਂਦੀਆਂ ਹਨ।

ਆਬਾਦੀ—173,392 (1981)

35° 19′ ਉ. ਵਿਥ., 139° 33′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 674

**ਕਾਮਾਖਸ਼ੀ** : ਇਹ ਦੇਵੀ ਅਥਵਾ ਸ਼ਕਤੀ ਦੇ ਪ੍ਰਧਾਨ ਨਾਵਾਂ ਵਿਚੋਂ ਇਕ ਹੈ। ਪੁਰਾਣਾਂ ਅਨੁਸਾਰ ਪਾਰਬਤੀ ਆਪਣੇ ਪਿਤਾ ਦਕਸ਼ ਵਲੋਂ ਸਾਰੇ ਦੇਵਤਿਆਂ ਦਾ ਮਾਨ ਅਤੇ ਸ਼ਿਵਜੀ ਦਾ ਅਪਮਾਨ ਨਾ ਸਹਿੰਦਿਆਂ ਹੋਇਆਂ ਰੋਸ ਵਿਚ ਆਪਣੇ ਪਿਤਾ ਦਾ ਯੱਗ ਭ੍ਰਸ਼ਟ ਕਰਨ ਲਈ ਹਵਨ-ਕੁੰਡ ਵਿਚ ਛਾਲ ਮਾਰ ਕੇ ਜਲ ਮਰੀ। ਸ਼ਿਵ ਜੀ ਜਲੀ ਹੋਈ ਪਾਰਬਤੀ ਦੇ ਸਰੀਰ ਨੂੰ ਮੋਢੇ ਉਪਰ ਚੁੱਕ ਕੇ ਉਥੋਂ ਚੱਲ ਪਏ। ਉਸ ਸਰੀਰ ਦਾ ਜੋ ਜੋ ਭਾਗ ਜਿਸ ਥਾਂ ਡਿਗਦਾ ਗਿਆ, ਉਥੇ-ਉਥੇ ਸ਼ਕਤੀ ਪਾਠ ਸਥਾਪਿਤ ਹੁੰਦੇ ਗਏ ਜੋ ਸ਼ਕਤੀ ਅਤੇ ਸ਼ੈਵ ਭਗਤਾਂ ਦੇ ਪ੍ਰਮੁੱਖ ਤੀਰਥ ਬਣ ਗਏ। ਇਨ੍ਹਾਂ ਵਿਚੋਂ ਹੀ ਇਕ ਮੰਦਰ ਆਸਾਮ ਦੀ ਕਾਮਾਖੀਆ ਨਾਂ ਦੀ ਪਹਾੜੀ ਉਪਰ ਗੋਹਾਟੀ ਦੇ ਸਾਹਮਣੇ ਸਥਿੱਤ ਹੈ। ਸਮੁੱਚੇ ਆਸਾਮ ਅਤੇ ਪੂਰਬ ਉੱਤਰੀ ਬੰਗਾਲ ਵਿਚ ਇਸ ਮੰਦਰ ਦੀ ਪੂਜਾ ਦਾ ਬਹੁਤ ਮਹਾਤਮ ਹੈ । ਪੱਛਮੀ ਭਾਰਤ ਵਿਚ ਕਾਮਰੂਪ ਦੀਆਂ ਨਾਰੀਆਂ ਦੀ ਸ਼ਕਤੀ ਦੀਆਂ ਜੋ ਅਲੌਕਿਕ ਤੇ ਚਮਤਕਾਰੀ ਗੱਲਾਂ ਪ੍ਰਚਲਤ ਹਨ, ਉਨ੍ਹਾਂ ਦਾ ਆਧਾਰ ਕਾਮਾਖਸ਼ੀ ਦਾ ਮਹੱਤਵ ਹੀ ਹੈ।

ਹ. ਪੁ.—ਹਿੰ. ਵਿ. ਕੋ. 2 : 458

**ਕਾਮਾਖੀਆ** : ਸਤੀ ਦਾ ਇਕ ਪਵਿੱਤਰ ਮੰਦਰ ਹੈ, ਜੋ ਬ੍ਰਹਮਪੁੱਤਰ ਦਰਿਆ ਦੀ ਉਪਰਲੀ ਇਕ ਸੁੰਦਰ ਨੀਲਾਚਲ ਪਹਾੜੀ ਉੱਤੇ ਗੋਹਾਟੀ ਦੇ 3 ਕਿ. ਮੀ. ਪੱਛਮ ਵੱਲ ਸਥਿਤ ਹੈ। ਰਵਾਇਤ ਅਨੁਸਾਰ ਇਸ ਮੰਦਰ ਨੂੰ ਨਰਕ ਨਾਂ ਦੇ ਇਕ ਸ਼ਹਿਜ਼ਾਦੇ ਨੇ ਬਣਾਇਆ ਸੀ। ਕਿਹਾ ਜਾਂਦਾ ਹੈ ਕਿ ਇਸ ਸ਼ਹਿਜ਼ਾਦੇ ਨੇ ਮਹਾਂਭਾਰਤ ਸਮੇਂ ਬੜੀ ਉੱਨਤੀ ਕੀਤੀ ਸੀ ਅਤੇ ਇਸ ਨੇ ਪਹਾੜੀ ਤਕ ਪੱਥਰਾਂ ਦਾ ਇਕ ਲਾਂਘਾ ਬਣਾਇਆ ਸੀ, ਜੋ ਅਜੇ ਤਕ ਵੀ ਮੌਜੂਦ ਹੈ। ਲਗਭਗ 1565 ਈ. ਵਿਚ ਨਰ ਨਾਰਾਇਣ ਨੇ ਇਸ ਨੂੰ ਮੁੜ ਬਣਾਇਆ ਅਤੇ ਇਸ ਦੇ ਪਵਿੱਤਰੀਕਰਨ ਸਮੇਂ 140 ਮਨੁੱਖੀ ਸਿਰ ਦੇਵੀ ਨੂੰ ਭੇਟਾ ਕੀਤੇ ਗਏ ਸਨ ਪਰ ਨਰ ਨਾਰਾਇਣ ਦੇ ਮੰਦਰ ਦਾ ਥੋੜ੍ਹਾ ਜਿਹਾ ਹਿੱਸਾ ਅਜੇ ਵੀ ਰਹਿੰਦਾ ਹੈ। ਕਿਹਾ ਜਾਂਦਾ ਹੈ ਕਿ ਸਤੀ ਦੇ ਉਤਪਤੀ ਕਰਨ ਵਾਲੇ ਅੰਗ ਉਸ ਸਥਾਨ ਤੇ ਡਿੱਗ ਪਏ, ਹਨ ਜਿਸ ਨੂੰ ਹੁਣ ਮੰਦਰ ਨੇ ਢੱਕ ਦਿੱਤਾ ਹੈ। ਇਸ ਤੱਥ ਨੇ ਇਸ ਸਥਾਨ ਨੂੰ ਭਾਰਤ ਦੇ ਸਾਰਿਆਂ ਹਿੱਸਿਆਂ ਤੋਂ ਆਉਣ ਵਾਲੇ ਸ਼ਰਧਾਲੂ ਹਿੰਦੂਆਂ ਲਈ ਇਕ ਪਵਿੱਤਰ ਸਥਾਨ ਬਣਾ ਦਿੱਤਾ ਹੈ । ਪਹਾੜੀ ਉੱਤੇ ਛੇ ਹੋਰ ਮੰਦਰ ਹਨ ਅਤੇ ਸਿਖਰ ਤੇ ਦਰਿਆ ਦੇ ਉਪਰ ਦੀ ਇਕ ਬੜਾ ਸ਼ਾਨਦਾਰ ਦ੍ਰਿਸ਼ ਪੇਸ਼ ਹੁੰਦਾ ਹੈ। ਆਸਾਮ ਦੇ ਸਥਾਨਕ ਹਾਕਮਾਂ ਨੇ ਦੇਵੀ ਦੇ ਨਾਂ 3240 ਹੈਕਟੇਅਰ ਜ਼ਮੀਨ (ਲਗਾਨ ਰਹਿਤ) ਲਗਵਾਈ ਸੀ, ਜਿਸ ਨੂੰ ਅੰਗਰੇਜ਼ਾਂ ਨੇ ਵੀ ਛੋਟ ਦੇ ਦਿੱਤੀ ਸੀ। ਪਾਉਸ ਬਿਆ (ਜਦੋਂ ਕਾਮਖੀਆ ਦੀ ਕਾਮੇਸ਼ਵਰ ਨਾਲ ਸ਼ਾਦੀ ਕੀਤੀ ਜਾਂਦੀ ਹੈ), ਬਸੰਤੀ ਅਤੇ ਦੁਰਗਾ ਪੂਜਾ ਇਥੋਂ ਦੇ ਪ੍ਰਸਿੱਧ ਤਿਉਹਾਰ ਹਨ।

ਹ. ਪੁ.—ਇੰਪ. ਗ. ਇੰਡ. 14 : 325

**ਕਾਮਾਗਵੇਈ** : ਪ੍ਰਾਂਤ—ਪੂਰਬੀ ਕੇਂਦਰੀ ਕਿਊਬਾ ਦਾ ਇਹ ਇਕ ਪ੍ਰਾਂਤ ਹੈ ਜੋ ਉੱਤਰ ਵਲੋਂ ਅੰਧ ਮਹਾਂਸਾਗਰ ਅਤੇ ਦੱਖਣ ਵਲੋਂ ਕੈਰਿਬੀਅਨ ਸਾਗਰ ਦੁਆਰਾ ਘਿਰਿਆ ਹੋਇਆ ਹੈ । ਸੰਨ 1879 ਵਿਚ ਇਸਦੀ ਪਵੇਰਟੋ ਪਰੀਨਸੀਪੇ ਵਜੋਂ ਨੀਂਹ ਰੱਖੀ ਗਈ। ਪਸ਼ੂ-ਪਾਲਣ ਦੇ ਖੇਤਰ ਵਜੋਂ ਇਸ ਦੀ ਅਜੇ ਵੀ ਪੂਰੀ ਪ੍ਰਸਿੱਧੀ ਹੈ। ਸੰਨ 1900 ਤੋਂ ਬਾਅਦ ਇਥੇ ਉੱਨਾ ਚਿਰ ਤੀਕ ਗੰਨੇ ਦੀ ਕਾਸ਼ਤ ਬਹੁਤ ਵਧਦੀ ਰਹੀ ਜਿੰਨਾ ਚਿਰ ਤੀਕ ਇਹ ਪ੍ਰਾਂਤ ਖੰਡ ਦਾ ਇਕ ਉੱਘਾ ਉਤਪਾਦਕ ਨਹੀਂ ਸੀ ਬਣ ਗਿਆ । ਇਸ ਦੇ ਉੱਤਰੀ ਤੱਟ ਨੇ ਇਕ ਵੱਡਾ ਦੀਪ-ਸਮੂਹ ਮੱਲਿਆ ਹੋਇਆ ਹੈ ਜਿਸ ਦੇ ਉੱਤਰੀ ਸਿਰੇ ਉਤੇ ਨਵੇਵੀਟਾਸ ਨਾਮੀ ਖਾੜੀ ਨੂੰ ਛੱਡਕੇ, ਹੋਰ ਕੋਈ ਵੀ ਮਹੱਤਵਪੂਰਨ ਖਾੜੀ ਨਹੀਂ ਹੈ। ਦੱਖਣੀ ਤੱਟ ਖੋਭੇ ਵਾਲਾ ਹੈ ਅਤੇ ਇਥੇ ਕੋਈ ਚੰਗੀ ਕੁਦਰਤੀ ਬੰਦਰਗਾਹ ਵੀ ਨਹੀਂ ਹੈ।

ਭਾਵੇਂ ਰਕਬੇ (26,346 ਵ. ਕਿ. ਮੀ.) ਦੇ ਪੱਖੋਂ ਇਹ ਕਿਊਬਾ ਦਾ ਦੂਜਾ ਵੱਡਾ ਪ੍ਰਾਂਤ ਹੈ ਪਰ ਆਬਾਦੀ ਦੇ ਪੱਖੋਂ ਇਹ 1925 ਤੀਕ ਦੇਸ਼ ਦਾ ਸੱਭ ਤੋਂ ਛੋਟਾ ਪ੍ਰਾਂਤ ਹੁੰਦਾ ਸੀ। ਇਸ ਤੋਂ ਮਗਰੋਂ, ਭਾਵੇਂ ਇਸ ਦੀ ਆਬਾਦੀ ਖਿੰਡੀ-ਪੁੰਡੀ ਸੀ, ਫਿਰ ਵੀ ਇਸ ਵਿਚ ਤੇਜ਼ੀ ਨਾਲ ਵਿਕਾਸ ਹੋਇਆ। ਸੰਨ 1982 ਵਿਚ ਇਥੋਂ ਦੀ ਕੁਲ ਆਬਾਦੀ 680,549 ਸੀ । ਸ਼ਾਹਰਾਹ ਅਤੇ ਦੋ ਰੇਲ ਮਾਰਗ ਪ੍ਰਾਂਤ ਨੂੰ ਪਾਰ ਕਰਦੇ ਹਨ। ਪ੍ਰਾਂਤ ਦੇ ਸਾਰੇ ਵੱਡੇ ਸ਼ਹਿਰ ਇਨ੍ਹਾਂ ਮਾਰਗਾਂ ਰਾਹੀਂ ਆਪਸ ਵਿਚ ਜੁੜੇ ਹੋਏ ਹਨ।

ਹ. ਪੁ.—ਐਨ. ਬ੍ਰਿ. ਮਾ. 2 : 470

**ਕਾਮਾਗਵੇਈ :** ਸ਼ਹਿਰ—ਪੂਰਬੀ ਕੇਂਦਰੀ ਕਿਊਬਾ ਵਿਚ ਇਸੇ ਹੀ ਨਾਂ ਦੇ ਪ੍ਰਾਂਤ ਦੀ ਇਹ ਰਾਜਧਾਨੀ ਹੈ ਜੋ ਕੇਂਦਰੀ ਸ਼ਾਹਰਾਹ ਉਤੇ ਸਥਿਤ ਹੈ । ਸੰਨ 1514 ਵਿਚ ਇਸਦੀ, ਅਜੋਕੇ ਨਵੇਵੀਟਾਸ ਵਾਲੀ ਥਾਂ ਤੇ, ਸੈਂਤਾ ਮੇਰੀਆ ਡੇ ਪਵੇਰਟੋ ਪਰੀਨਸੀਪੇ ਵਜੋਂ ਨੀਂਹ ਰੱਖੀ ਗਈ। ਇਹ ਸ਼ਹਿਰ ਸੰਨ 1528 ਵਿਚ ਕਾਮਾਗਵੇਈ ਦੇ ਇਕ ਇੰਡੀਅਨ ਪਿੰਡ ਵਲ ਨੂੰ ਵਿਕਸਤ ਹੋ ਗਿਆ । ਨਵ ਆਬਾਦੀ ਸਮੇਂ ਦੇ ਸ਼ਹਿਰ ਦੀ ਖੁਸ਼ਹਾਲੀ ਵੇਖਕੇ ਹੀ 1668 ਈ. ਵਿਚ ਸਮੁੰਦਰੀ ਡਾਕੂਆਂ ਨੇ ਇਸ ਉਤੇ ਹਮਲਾ ਕਰ ਦਿਤਾ ਸੀ ।

ਪਸ਼ੂ ਪਾਲਣ, ਗੰਨਾ, ਅਤੇ ਹੋਰ ਜ਼ਰਾਇਤੀ ਵਸਤਾਂ ਅਤੇ ਕ੍ਰੋਮਾਈਟ ਦਾ ਵਧੇਰੇ ਉਤਪਾਦਨ ਹੋਣ ਕਾਰਨ, ਇਹ ਕਿਊਬਾ ਦੇ ਅੰਦਰ ਦਾ ਸੱਭ ਤੋਂ ਵਡਾ ਸ਼ਹਿਰ ਬਣ ਗਿਆ ਹੈ । ਇਥੇ ਨਵਆਬਾਦੀ ਸਮੇਂ ਦੀ ਉਸਾਰੀ ਕਲਾ ਦੇ ਚਿੰਨ੍ਹ ਅਜੇ ਵੀ ਮੌਜੂਦ ਹਨ । ਮੁੱਢਲੇ ਵਡੇ ਗਿਰਜਾ ਘਰ (1617) ਦੇ ਕੁਝ ਹਿੱਸੇ ਅਜੇ ਵੀ ਦਿਖਾਈ ਦਿੰਦੇ ਹਨ । ਇਹ ਸੰਚਾਰ, ਵਪਾਰ ਅਤੇ ਉਦਯੋਗ ਦਾ ਇਕ ਭਾਰੀ ਕੇਂਦਰ ਹੈ ਜੋ ਰੇਲ ਦੁਆਰਾ ਹਵਾਨਾ, ਸਾਨਟਿਆਗੋ, ਕਿਊਬਾ ਅਤੇ ਨਵੇਵੀਟਾਸ ਨਾਲ ਜੁੜਿਆ ਹੋਇਆ ਹੈ । ਇਥੇ ਇਕ ਅੰਤਰ-ਰਾਸ਼ਟਰੀ ਹਵਾਈ ਅੱਡਾ ਵੀ ਬਣਿਆ ਹੋਇਆ ਹੈ ।

ਆਬਾਦੀ—261,831 (1981)

21° 73′ ਉ. ਵਿਥ.; 77° 50′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 471

**ਕਾਮਾਗਾਟਾ ਮਾਰੂ :** ਇਹ ਇਕ ਜਾਪਾਨੀ ਸਮੁੰਦਰੀ ਮੁਸਾਫ਼ਰ ਜਹਾਜ਼ ਸੀ ਜਿਸ ਨੂੰ ਇਕ ਸਿੱਖ ਨੇਤਾ ਸ੍ਰ. ਗੁਰਦਿੱਤ ਸਿੰਘ ਨੇ 6 ਮਹੀਨੇ ਲਈ ਕਿਰਾਏ ਤੇ ਲਿਆ ਹੋਇਆ ਸੀ । ਸ੍ਰ. ਗੁਰਦਿੱਤ ਸਿੰਘ, ਜਿਸ ਨੂੰ ਬਾਬਾ ਗੁਰਦਿੱਤ ਸਿੰਘ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ, ਉਨ੍ਹਾਂ ਕ੍ਰਾਂਤੀਕਾਰੀ ਗਦਰੀ ਬਾਬਿਆਂ ਵਿਚੋਂ ਸੀ ਜਿਹੜੇ ਭਾਰਤ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ ਅਤੇ ਜਿਨ੍ਹਾਂ ਨੇ ਭਾਰਤ ਦੇ ਗਲ ਵਿਚੋਂ ਇਸ ਗੁਲਾਮੀ ਦੀ ਜ਼ੰਜੀਰ ਨੂੰ ਲਾਹੁਣ ਲਈ ਆਪਣਾ ਸੱਭ ਕੁਝ ਨਿਛਾਵਰ ਕਰ ਦਿਤਾ ਸੀ ।

ਇਸ ਜਹਾਜ਼ ਨੇ ਭਾਰਤ ਤੋਂ ਕੈਨੇਡਾ ਤਕ ਸਫ਼ਰ ਕਰਨਾ ਸੀ ਅਤੇ ਅੰਗਰੇਜ਼ ਸਰਕਾਰ ਦੁਆਰਾ ਭਾਰਤੀਆਂ ਦੇ ਕੈਨੇਡਾ ਵਿਚ ਦਾਖ਼ਲ ਹੋਣ ਤੇ ਲਾਈ ਗਈ ਬੰਦਸ਼ ਦਾ ਵਿਰੋਧ ਕਰਨਾ ਸੀ । ਇਸ ਜਹਾਜ਼ ਵਿਚ ਭਾਰਤ, ਹਾਂਗਕਾਂਗ, ਸ਼ਿੰਘਾਈ, ਕੋਬੇ ਅਤੇ ਯੋਕੋਹੋਮਾ ਤੋਂ ਬੈਠੇ ਕੁਲ 376 ਮੁਸਾਫ਼ਰ ਸਨ ਜਿਨ੍ਹਾਂ ਵਿਚੋਂ 30 ਨੂੰ ਛੱਡ ਕੇ ਬਾਕੀ ਦੇ ਸਾਰੇ ਸਿੱਖ ਸਨ ।

ਜਦੋਂ ਇਹ ਜਹਾਜ਼ ਕੈਨੇਡਾ ਦੇ ਕੰਢੇ ਲੱਗਿਆ ਤਾਂ ਉਥੋਂ ਦੀ ਸਰਕਾਰ ਨੇ ਕੇਵਲ 22 ਵਿਅਕਤੀਆਂ ਨੂੰ, ਜਿਹੜੇ ਕੈਨੇਡਾ ਦੀ ਨਾਗਰਿਕਤਾ ਸਾਬਤ ਕਰ ਸਕੇ, ਉਥੇ ਉਤਰਨ ਦਿਤਾ ਅਤੇ ਬਾਕੀ ਸਾਰਿਆਂ ਨੂੰ ਵਾਪਸ ਜਾਣ ਲਈ ਕਿਹਾ । ਇਸ ਦੇ ਨਾਲ ਹੀ ਸ੍ਰ. ਗੁਰਦਿੱਤ ਸਿੰਘ ਤੇ ਜ਼ੋਰ ਪਾਇਆ ਕਿ ਉਹ ਇਕ ਦੱਮ ਪੂਰਾ ਕਿਰਾਇਆ ਭਰ ਦੇਵੇ ਨਹੀਂ ਤਾਂ ਵਾਪਸ ਹਾਂਗਕਾਂਗ ਪਰਤ ਜਾਵੇ । ਸ੍ਰ. ਗੁਰਦਿੱਤ ਸਿੰਘ ਦੀ ਇਸ ਗੱਲ ਵੱਲ ਕਿ ਉਹ ਮੁਸਾਫ਼ਰਾਂ ਨੂੰ ਕੈਨੇਡਾ ਵਿਚ ਉਤਾਰਕੇ ਅਤੇ ਮਾਲ ਵੇਚਕੇ ਹੀ ਕਿਰਾਇਆ ਭਰ ਸਕੇਗਾ, ਕੋਈ ਧਿਆਨ ਨਾ ਦਿਤਾ ਗਿਆ ।

ਇਸ ਝਗੜੇ ਦਾ ਕੋਈ ਹਲ ਨਾ ਹੁੰਦਾ ਵੇਖਕੇ ਕੈਨੇਡਾ ਦੇ ਸਿੱਖ ਮਜ਼ਦੂਰਾਂ ਨੇ 22,000 ਡਾਲਰ ਕਿਰਾਇਆ ਦੇਣ ਲਈ ਇਕੱਠੇ ਕੀਤੇ ਅਤੇ ਕੈਨੇਡਾ ਸਰਕਾਰ ਤੋਂ ਨਿਆਂ ਦੀ ਮੰਗ ਕੀਤੀ । ਉਨ੍ਹਾਂ ਨੇ ਬਾਦਸ਼ਾਹ, ਵਾਇਸਰਾਏ ਅਤੇ ਭਾਰਤ ਅਤੇ ਇੰਗਲੈਂਡ ਵਿਚ ਭਾਰਤੀ ਨੇਤਾਵਾਂ ਨੂੰ ਤਾਰਾਂ ਭੇਜੀਆਂ । ਪੰਜਾਬ ਦੇ ਕਈ ਸ਼ਹਿਰਾਂ ਵਿਚ ਆਮ ਜਲਸੇ ਕੀਤੇ ਗਏ । ਮਿਸਿਜ਼ ਐਨੀ ਬਸੰਤ ਨੇ ਅੰਗਰੇਜ਼ੀ ਪ੍ਰੈਸ ਵਿਚ ਮਾਮਲਾ ਉਠਾਇਆ । ਬਰਤਾਨਵੀ, ਭਾਰਤੀ ਅਤੇ ਕੈਨੇਡਾ ਦੀ ਸਰਕਾਰ ਨੇ ਇਸ ਮਾਮਲੇ ਵਲ ਕੋਈ ਧਿਆਨ ਨਾ ਦਿਤਾ ।

ਵੈਨਕੂਵਰ ਦੇ ਸਿੱਖਾਂ ਦੀ ਸ਼ੋਰ-ਕਮੇਟੀ ਨੇ ਇਹ ਮਾਮਲਾ ਅਦਾਲਤ ਤਕ ਪਹੁੰਚਾਇਆ । ਸੁਪਰੀਮ ਕੋਰਟ ਦੇ ਸਾਰੇ ਜੱਜਾਂ ਨੇ ਇਹ ਫ਼ੈਸਲਾ ਦਿਤਾ ਕਿ ਆਵਾਸ ਵਿਭਾਗ ਦੇ ਫ਼ੈਸਲੇ ਵਿਚ ਦਖ਼ਲ ਨਹੀਂ ਦਿਤਾ ਜਾ ਸਕਦਾ । ਜਹਾਜ਼ ਦੇ ਮੁਸਾਫਰਾਂ ਨੇ ਇਸ ਫ਼ੈਸਲੇ ਦੀ ਸੂਚਨਾ ਮਿਲਣ ਤੇ ਜਾਪਾਨੀ ਅਮਲੇ ਤੋਂ ਜਹਾਜ਼ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਇਸ ਵਿਚੋਂ ਬਾਹਰ ਆਉਣ ਤੋਂ ਇਨਕਾਰ ਕਰ ਦਿਤਾ । ਜਦੋਂ ਉਨ੍ਹਾਂ ਨੂੰ ਫ਼ੌਜੀ ਕਾਰਵਾਈ ਕੀਤੇ ਜਾਣ ਦੀ ਧਮਕੀ ਦਿਤੀ ਗਈ ਤਾਂ ਉਨ੍ਹਾਂ ਨੇ ਜਹਾਜ਼ ਤੋਂ ਬਾਹਰ ਆਉਣਾ ਮੰਨ ਲਿਆ । ਦੋ ਮਹੀਨੇ ਪਿਛੋਂ ਜ਼ਹਾਜ਼ ਸ਼ਾਂਤ ਮਹਾਂਸਾਗਰ ਰਾਹੀਂ ਵਾਪਸ ਹਾਂਗਕਾਂਗ ਨੂੰ ਚਲ ਪਿਆ ।

ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਹਾਂਗਕਾਂਗ ਅਤੇ ਸਿੰਘਾਪੁਰ ਵਿਚ ਵੀ ਨਾ ਉਤਰਨ ਦਿਤਾ ਗਿਆ ਭਾਵੇਂ ਉਨ੍ਹਾਂ ਵਿਚੋਂ ਕਈਆਂ ਦੇ ਉਥੇ ਘਰ ਵੀ ਸਨ । ਅੰਤ ਨੂੰ ਇਹ ਜਹਾਜ਼ ਹੁਗਲੀ ਦੇ ਮੁਹਾਣੇ ਤੇ ਪਹੁੰਚਿਆ ਅਤੇ ਬੱਜ-ਬੱਜ ਦੀ ਬੰਦਰਗਾਹ ਤੇ ਆ ਲੱਗਾ । ਇਥੇ ਪੁਲਿਸ ਨੇ ਇਸ ਦੀ ਪੂਰੀ ਤਲਾਸ਼ੀ ਲਈ ਪਰੰਤੂ ਇਸ ਵਿਚੋਂ ਕੋਈ ਵੀ ਇਤਰਾਜ਼ ਯੋਗ ਵਸਤੂ ਨਾ ਪ੍ਰਾਪਤ ਹੋਈ । ਮੁਸਾਫ਼ਰਾਂ ਨੂੰ ਪੰਜਾਬ ਜਾਣ ਲਈ ਰੇਲ ਗੱਡੀ ਵਿਚ ਬੈਠਣ ਲਈ ਕਿਹਾ ਗਿਆ । ਸਿੱਖ ਮੁਸਾਫ਼ਰਾਂ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿਤਾ ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਅਗਵਾਈ ਵਿਚ ਜਲੂਸ ਦੇ ਰੂਪ ਵਿਚ ਇਕੱਠੇ ਪੈਦਲ ਚਲ ਪਏ । ਪੁਲਿਸ ਅਤੇ ਮਿਲਟਰੀ ਦੀ ਇਕ ਟੁਕੜੀ ਨੇ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਤੇ ਗੋਲੀ ਚਲਾਈ । 18 ਮੁਸਾਫ਼ਰ ਮਾਰੇ ਗਏ ਅਤੇ 25 ਜ਼ਖ਼ਮੀ ਹੋ ਗਏ । ਸ੍ਰ. ਗੁਰਦਿੱਤ ਸਿੰਘ ਅਤੇ ਉਸਦੇ 28 ਸਾਥੀ ਉਥੋਂ ਬਚ ਨਿਕਲੇ । ਬਾਕੀ ਸਾਰੇ ਮੁਸਾਫ਼ਰਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ । ਬਾਬਾ ਗੁਰਦਿੱਤ ਸਿੰਘ ਲਗਭਗ ਛੇ ਸਾਲ ਰੂਹਪੋਸ਼ ਰਹੇ ਅਤੇ 1920 ਵਿਚ ਮਹਾਤਮਾ ਗਾਂਧੀ ਦੀ ਸਲਾਹ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਸਰਕਾਰ ਦੇ ਸਾਹਮਣੇ ਪੇਸ਼ ਕਰ ਦਿਤਾ । ਉਨ੍ਹਾਂ ਨੂੰ 5 ਸਾਲ ਦੀ ਸਜ਼ਾ ਦੇ ਦਿਤੀ ਗਈ । ਸੰਨ 1954 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ ।

ਹ. ਪੁ.—ਹਿ. ਸਿ.—ਖੁਸ਼ਵੰਤ ਸਿੰਘ 2 : 178;

ਡਿ. ਨੈ. ਬਾ. 2 : 123

**ਕਾਮਾ ਦਰਿਆ :** ਯੂਰਪੀ ਰੂਸ ਵਿਚ ਵੋਲਗਾ ਦਰਿਆ ਦਾ ਸੱਭ ਤੋਂ ਲੰਬਾ ਸਹਾਇਕ ਦਰਿਆ ਹੈ ਜੋ ਲਗਭਗ 3,225 ਕਿ. ਮੀ. ਲੰਬਾ ਹੈ । ਇਹ ਅਪਰ ਕਾਮਾ ਉੱਚ-ਭੂਮੀ ਵਿਚੋਂ ਨਿਕਲਕੇ ਉੱਤਰ ਵਲ ਨੂੰ ਵਹਿੰਦਾ ਹੈ । ਰੂਡਨਿਕਨੀ ਦੇ ਅਸਥਾਨ ਦੇ ਨੇੜੇ ਇਹ ਪੂਰਬ ਵੱਲ ਨੂੰ ਮੋੜ ਖਾਂਦਾ ਹੈ ਅਤੇ ਵਿਸ਼ੇਰਾ ਨਾਲ ਸੰਗਮ ਕਰਦਾ ਹੋਇਆ ਇਕ ਖੁਲ੍ਹੀ ਵਾਦੀ ਦੇ ਵਿਚੋਂ ਦੀ ਦੱਖਣ ਵਲ ਨੂੰ ਵਹਿੰਦਾ ਹੈ । ਪਰਮ ਦੇ ਅਸਥਾਨ ਤੇ ਵਾਦੀ ਤੰਗ ਹੈ ਅਤੇ ਦਰਿਆ ਦੇ ਕੰਢੇ ਕਾਫ਼ੀ ਉੱਚੇ ਹਨ । ਇਥੋਂ ਇਹ ਦਰਿਆ, ਕਾਜ਼ੈਨ ਦੇ ਹੇਠਾਂ ਵਾਲੇ ਪਾਸਿਉਂ, ਵੋਲਗਾ ਦਰਿਆ ਵਿਚ ਸ਼ਾਮਲ ਹੋਣ ਲਈ ਦੱਖਣ ਪੱਛਮ ਵਲ ਨੂੰ ਮੁੜਦਾ ਹੈ । ਵੀਆਟਕਾ, ਬੈਲਾਂਯਾ ਅਤੇ ਇਸ ਦੀ ਸਹਾਇਕ ਨਦੀ ਉੱਫਾ ਅਤੇ ਚੁਸੱਵੀਯਾ, ਇਸ ਦਰਿਆ ਦੀਆਂ ਮੁੱਖ ਸਹਾਇਕ ਨਦੀਆਂ ਹਨ । ਇਸ ਦਰਿਆ ਵਿਚ ਜਹਾਜ਼ਰਾਨੀ ਹੁੰਦੀ ਹੈ । ਇਹ ਇਮਾਰਤੀ ਸ਼ਤੀਰੀਆਂ ਦੇ ਹੇਠ-ਮੁੱਖੀ ਪ੍ਰਵਾਹ ਲਈ ਵੀ ਵਰਤਿਆ ਜਾਂਦਾ ਹੈ । ਦਰਿਆਈ ਆਵਾਜਾਈ ਦੁਆਰਾ ਅਨਾਜ, ਪੈਟਰੋਲੀਅਮ, ਫੌਲਾਦ, ਫਾਸਫੋਰਾਈਟ ਅਤੇ ਪੋਟਾਸ਼ ਦੀ ਢੋਅ-ਢੁਆਈ ਹੁੰਦੀ ਹੈ । ਕਾਮਾ ਦਰਿਆ ਵਿਚ ਜਲ-ਬਿਜਲੀ ਪੈਦਾ ਕਰਨ ਦੀ ਬਹੁਤ ਸਮਰੱਥਾ ਹੈ । ਇਸ ਉਪਰ

ਜਲ-ਬਿਜਲੀ ਦੇ ਉਤਪਾਦਨ ਲਈ ਕਈ ਬੰਨ੍ਹ ਮਾਰੇ ਜਾ ਚੁਕੇ ਹਨ ਅਤੇ ਕਈ ਸਕੀਮ ਅਧੀਨ ਹਨ ।

55° 45′ ਉ. ਵਿਥ.; 52° 00′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 198; ਐਨ. ਅਮੈ. 16 : 286 ; ਚੈਂਬ. ਐਨ. 8 : 174

**ਕਾਮਾਰਗੋ, ਮਾਰੀ (ਐਨ ਡੇ ਕਿਊਪਿਸ ਡੇ) :** ਇਹ ਬੈਲਜੀਅਮ ਦੀ ਨਾਚੀ ਸੀ, ਜਿਹੜੀ ਕਿ 1726 ਤੋਂ ਲੈ ਕੇ 1751 ਤਕ (ਨੱਚਣਾ ਬੰਦ ਕਰਨ ਤਕ) ਪੈਰਿਸ-ਓਪੇਰੇ ਦੀ ਸੱਭ ਤੋਂ ਪ੍ਰਸਿੱਧ ਨੱਚਣ ਵਾਲੀ ਸੀ । ਆਪਣੀ ਰਫ਼ਤਾਰ ਅਤੇ ਫੁਰਤੀ ਕਰ ਕੇ ਇਹ ਆਦਮੀਆਂ ਵਾਂਗ ਉਛੱਲ ਉਛੱਲ ਕੇ ਨੱਚਣ ਵਾਲੀ ਅਤੇ ਆਪਣੇ ਬੈਲੇ ਸਰਕਟਾਂ ਦੀ ਲੰਬਾਈ ਘੱਟ ਕਰ ਕੇ ਆਪਣੇ ਚਮਕੀਲੇ ਪੈਰ ਅਤੇ ਗਿੱਟੇ ਦਿਖਾਉਣ ਵਾਲੀ ਪਹਿਲੀ ਨਾਚੀ ਸੀ ।



ਮਾਰੀ ਕਾਮਾਰਗੋ

ਇਸ ਦਾ ਜਨਮ ਬ੍ਰਸਲਜ਼ ਵਿਖੇ 13 ਅਪ੍ਰੈਲ, 1710 ਨੂੰ ਹੋਇਆ । ਇਸ ਦੀ ਸਨਸਨੀਖ਼ੇਜ਼ ਸਫ਼ਲਤਾ ਕਰ ਕੇ ਇਸ ਦੇ ਬੁੱਢੇ ਉਸਤਾਦ ਫ਼ਰਾਂਸਵਾ ਪ੍ਰੇਵੋ ਨੂੰ ਵੀ ਸਾੜਾ ਹੋ ਗਿਆ । ਪਰ ਇਸ ਨੇ ਅਚੇਤੇ ਹੀ ਇਕ ਸੋਲੋ ਨਾਚ ਵਿਚ ਬਹੁਤ ਵੱਡੀ ਜਿੱਤ ਪ੍ਰਾਪਤ ਕਰ ਲਈ ਜਦੋਂ ਇਕ ਸ਼ੈਤਾਨ ਨਾਚ ਲਈ ਡੇਵਿਡ ਡੁਮਾਊਲਿਨ ਮੌਕੇ ਉੱਤੇ ਨਹੀਂ ਪਹੁੰਚ ਸਕਿਆ ਸੀ । ਇਸ ਘਟਨਾ ਤੋਂ ਮਗਰੋਂ ਕਾਮਾਰਗੋ ਦੀ ਪ੍ਰਤਿਭਾ ਵਧਦੀ ਹੀ ਗਈ । ਇਸ ਨੇ 78 ਬੈਲੇ ਅਤੇ ਓਪੇਰਿਆਂ ਵਿਚ ਨਾਚ ਦਿਖਾਇਆ । ਇਸ ਦੀ ਮੌਤ 20 ਅਪ੍ਰੈਲ, 1770 ਨੂੰ ਪੈਰਿਸ ਵਿਚ ਹੋਈ ।

ਹ. ਪੁ.—ਐਨ. ਬ੍ਰਿ. 4 : 677

**ਕਾਮਾਰਟਸ, ਏਮਾਈਲ :** ਇਹ ਬੈਲਜੀਅਮ ਦਾ ਕਵੀ ਅਤੇ ਲੇਖਕ ਸੀ । ਇਸ ਦਾ ਜਨਮ ਬ੍ਰਸਲਜ਼ ਵਿਖੇ 16 ਮਾਰਚ, 1878 ਨੂੰ ਹੋਇਆ । ਜਦੋਂ ਇਹ ਤੀਹ ਸਾਲ ਦਾ ਹੋਇਆ ਤਾਂ ਇਹ ਇੰਗਲੈਂਡ ਵਿਚ ਵਸ ਗਿਆ । ਇਸ ਦੀਆਂ ਅੰਗ੍ਰੇਜ਼ੀ ਅਤੇ ਬੈਲਜੀਅਮ ਭਾਸ਼ਾ ਵਿਚਲੀਆਂ ਰਚਨਾਵਾਂ ਤੋਂ ਇਲਾਵਾ ਜੌਨ ਰਸਕਿਨ ਅਤੇ ਜੀ.ਕੇ. ਚੈਸਟਰਟਨ ਦੀਆਂ ਪੁਸਤਕਾਂ ਦੇ ਫ਼ਰਾਂਸੀਸੀ ਭਾਸ਼ਾ ਵਿਚ ਕੀਤੇ ਅਨੁਵਾਦ ਵੀ ਸ਼ਾਮਲ ਸਨ । ਪਹਿਲੇ ਸੰਸਾਰ ਯੁੱਧ ਦੇ ਦੌਰਾਨ ਇਹ ਆਪਣੀਆਂ ਕਵਿਤਾਵਾਂ ਕਰ ਕੇ ਪ੍ਰਸਿੱਧ ਹੋਇਆ । 1947 ਵਿਚ ਇਸ ਨੂੰ ਲੰਡਨ ਯੂਨੀਵਰਸਿਟੀ ਵਿਖੇ ਬੈਲਜੀਅਮ ਭਾਸ਼ਾ ਦੇ ਅਧਿਐਨ ਅਤੇ ਸੰਸਥਾਵਾਂ ਲਈ ਪ੍ਰੋਫ਼ੈਸਰ ਈਮੈਰੀਟਸ ਬਣਾ ਦਿਤਾ ਗਿਆ ।

ਇਸ ਦੀ ਮੌਤ ਹਾਰਫਰਡਸ਼ਿਰ ਵਿਚ ਰੈਡਲੈਟ ਵਿਖੇ 2 ਨਵੰਬਰ, 1933 ਨੂੰ ਹੋਈ ।

ਹ. ਪੁ.—ਐਨ. ਬ੍ਰਿ. 4 : 706

**ਕਾਮਾਰਨਾ :** ਚੈਕੋਸਲੋਵਾਕੀਆ ਦੇ ਪੱਛਮੀ ਸਲੋਵਾਕੀਆ ਖੇਤਰ ਵਿਚ ਇਕ ਦਰਿਆਈ ਬੰਦਰਗਾਹ ਅਤੇ ਪੁਰਾਣੇ ਕਿਲੇ ਵਾਲਾ ਏਕ ਸ਼ਹਿਰ ਹੈ ਜੋ ਬੁਡਾਪੈਸਟ ਦੇ ਉੱਤਰ ਪੱਛਮ ਵਲ ਲਗਭਗ 80 ਕਿ. ਮੀ. ਦੀ ਦੂਰੀ ਤੇ ਦਰਿਆ ਵਾਕ ਅਤੇ ਦਰਿਆ ਡੈਨਿਊਬ ਦੇ ਸੰਗਮ ਵਾਲੀ ਥਾਂ ਤੇ ਸਥਿਤ ਹੈ । ਇਹ ਇਕ ਸ਼ਹਿਰੀ ਖੇਤਰ ਵਿਚ ਹੰਗਰੀ ਵਿਚਲੇ ਕੋਮਾਰੋਮ ਸ਼ਹਿਰ ਸਮੇਤ) ਚੈਕੋਸਲੋਵਾਕੀਆ ਦਾ ਇਕ ਹਿੱਸਾ ਹੈ ਜੋ ਆਸਟਰੀਆ-ਹੰਗਰੀ ਰਾਜ ਦੇ ਖ਼ਾਤਮੇ ਤੋਂ ਬਾਅਦ ਵੰਡ ਦਿਤਾ ਗਿਆ ਸੀ । ਇਹ ਦੋਵੇਂ ਸ਼ਹਿਰ ਅਜੇ ਤੀਕ ਵੀ ਪਰਸਪਰ ਪ੍ਰਭਾਵਸ਼ਾਲੀ ਹਨ । ਇਹ ਸ਼ਹਿਰ 1920 ਈ. ਵਿਚ ਟਰੀਟੀ ਆਫ਼ ਟ੍ਰੀਆਨਨ ਦੁਆਰਾ ਚੈਕੋਸਲੋਵਾਕੀਆ ਨੂੰ ਦਿਤਾ ਗਿਆ ਸੀ । ਸੰਨ 1939 ਵਿਚ ਇਹ ਸ਼ਹਿਰ ਹੰਗਰੀ ਨੂੰ ਵਾਪਸ ਦੇ ਦਿਤਾ ਗਿਆ । ਸੰਨ 1945 ਤੋਂ ਬਾਅਦ ਇਹ ਫਿਰ ਚੈਕੋਸਲੋਵਾਕੀਆ ਅਧੀਨ ਚਲਾ ਗਿਆ ।

ਦੂਜੇ ਵਿਸ਼ਵ ਯੁੱਧ ਸਮੇਂ ਦਰਿਆ ਡੈਨਿਊਬ ਦੇ ਜਹਾਜ਼ਰਾਨੀ ਵਾਲੇ ਮਾਰਗ ਨੂੰ ਨੁਕਸਾਨ ਪਹੁੰਚਣ ਕਾਰਨ ਸ਼ਹਿਰ ਦੀ ਦਰਿਆਈ ਬੰਦਰਗਾਹ ਵਜੋਂ ਸਮਰਥਾ ਸੀਮਤ ਹੋ ਗਈ ਹੈ । ਇਥੇ ਸਮੁੰਦਰੀ ਜਹਾਜ਼ ਬਣਾਉਣ ਦੇ ਯਾਰਡ ਬਣੇ ਹੋਏ ਹਨ । ਮੱਛੀਆਂ ਫੜਨਾ ਅਤੇ ਸੂਤੀ ਕਪੜਾ ਤਿਆਰ ਕਰਨਾ ਇਥੋਂ ਦੇ ਹੋਰ ਆਰਥਿਕ ਕਿੱਤੇ ਹਨ । ਇਹ ਸ਼ਹਿਰ ਫ਼ਰਾਂਟਸ ਲੇਹਾਰ ਦਾ ਜਨਮ ਅਸਥਾਨ ਹੈ ।

ਆਬਾਦੀ—32,520 (1980)

47° 46′ ਉ. ਵਿਥ.; 18° 08′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 5 : 879; ਚੈਂਬ.ਐਨ. 8 : 259

**ਕਾਮਾਰੀਨਾ :** ਸਿਸਲੀ ਦੇਸ਼ ਵਿਚ ਜੇਅਲਾ ਤੋਂ 26 ਕਿ. ਮੀ. ਦੱਖਣ ਪੂਰਬ ਵਲ ਵਾਕਿਆ ਇਹ ਇਕ ਪ੍ਰਾਚੀਨ ਸ਼ਹਿਰ ਸੀ ਜਿਸਦੀ ਨੀਂਹ 599 ਈ. ਪੂ. ਵਿਚ ਸਿਰਾਕੂਜ਼ ਨੇ ਰੱਖੀ ਸੀ । ਇਹ ਸ਼ਹਿਰ ਬਹੁਤ ਖੁੱਲ੍ਹਾ ਖੁੱਲ੍ਹਾ ਵੱਸਿਆ ਹੋਇਆ ਸੀ । ਇਹ ਸ਼ਹਿਰ 6ਵੀਂ, 5ਵੀਂ ਤੇ ਚੌਥੀ ਸਦੀ ਈ. ਪੂ. ਦੇ ਦੌਰਾਨ ਕਈ ਵਾਰ ਤਬਾਹ ਹੋਇਆ ਤੇ ਵਸਾਇਆ ਗਿਆ । ਅਖ਼ੀਰੀ ਸੰਨ 258 ਵਿਚ ਪਹਿਲੀ ਪਿਊਨਿਕ ਜੰਗ ਵਿਚ ਰੋਮਨਾਂ ਨੇ ਇਸ ਨੂੰ ਬਿਲਕੁਲ ਤਬਾਹ ਕਰ ਦਿਤਾ । ਸ਼ਹਿਰ ਦੀ ਥਾਂ ਤੇ ਐਥਨਾ ਦੇ ਮੰਦਰ ਦੇ ਖੰਡਰਾਤ ਅਤੇ ਪ੍ਰਾਚੀਨ ਘਰਾਂ ਦੀਆਂ ਨੀਂਹਾਂ ਮਿਲਦੀਆਂ ਹਨ ।

ਹ. ਪੁ.—ਐਨ. ਬ੍ਰਿ. ਮਾ. 2 : 471

**ਕਾਮਿਲ ਅਮੀਨ :** ਕਸ਼ਮੀਰੀ ਭਾਸ਼ਾ ਦੇ ਇਸ ਕਵੀ ਦਾ ਜਨਮ ਸੰਨ 1924 ਵਿਚ ਸ੍ਰੀਨਗਰ ਤੋਂ 50 ਮੀਲ ਦੂਰ ਪਿੰਡ ਕਪਰੈਨ (Kapren) ਵਿਖੇ ਹੋਇਆ । ਇਸ ਨੇ ਕਵਿਤਾ ਅਤੇ ਵਾਰਤਕ ਦੋਹਾਂ ਵਿਚ ਕਈ ਪੁਸਤਕਾਂ ਲਿਖੀਆਂ । ਇਸ ਨੇ ਨਿਕੀ ਕਹਾਣੀ ਵਿਚ ਨਵੀਆਂ ਲੀਹਾਂ ਪਾਈਆਂ ਅਤੇ ਅੱਜ ਦੀ ਕਸ਼ਮਕਸ਼ ਨੂੰ ਆਪਣੀਆਂ ਲਿਖਤਾਂ ਵਿਚ ਪੇਸ਼ ਕੀਤਾ ।

ਇਸ ਦੀਆਂ ਕਈ ਪੁਸਤਕਾਂ ਬਹੁਤ ਪ੍ਰਸਿਧ ਹੋਈਆਂ ਹਨ । ਇਸ ਨੇ ਕਸ਼ਮੀਰੀ ਭਾਸ਼ਾ ਵਿਚ ਸੂਫ਼ੀ ਕਵਿਤਾ ਦੀਆਂ ਤਿੰਨ ਜਿਲਦਾਂ ਦਾ ਸੰਪਾਦਨ ਕੀਤਾ । ਸੰਨ 1967 ਵਿਚ ਇਸ ਨੂੰ ਇਸ ਦੇ ਕਾਵਿ-ਸੰਗ੍ਰਹਿ 'ਨਵਾਹ ਤੇ ਪ੍ਰਵਾਹ' ਲਈ ਸਾਹਿਤ ਅਕੈਡਮੀ ਦਾ ਇਨਾਮ ਦੇ ਕੇ ਸਨਮਾਨਿਆ ਗਿਆ ।

ਹ. ਪੁ.—ਐਨ. ਇੰ.

**ਕਾਮੀਲਸ, ਮਾਰਕਸ ਫਰੀਅਸ :** ਰੋਮ ਦਾ ਇਹ ਇਕ ਪ੍ਰਸਿੱਧ ਕਮਾਂਡਰ ਅਤੇ ਰਾਜਨੀਤੀਵਾਨ ਸੀ ਜਿਹੜਾ ਪੰਜ ਵਾਰੀ ਡਿਕਟੇਟਰ ਬਣਿਆ । ਇਸ ਨੂੰ ਰੋਮ ਦਾ ਦੂਜਾ ਬਾਨੀ ਵੀ ਕਿਹਾ ਜਾਂਦਾ ਹੈ । ਡੈਲਫ਼ੀ ਵਿਖੇ ਇਸ ਨੇ ਅਪੋਲੋ ਨੂੰ ਇਕ ਸੁਨਹਿਰੀ ਕਟੋਰਾ ਭੇਟ ਕੀਤਾ ਸੀ ਜੋ ਕਾਫ਼ੀ ਦੇਰ ਖ਼ਜ਼ਾਨੇ ਵਿਚ ਰਿਹਾ । ਕੁਝ ਰਕਮ ਦੀ ਹੇਰਾ ਫੇਰੀ ਕਰਨ ਕਾਰਨ ਇਸ ਨੂੰ ਦੇਸ਼ ਨਿਕਾਲਾ ਦੇ ਦਿਤਾ ਗਿਆ ਸੀ ਅਤੇ ਕਿਹਾ ਜਾਂਦਾ ਹੈ ਕਿ ਇਹ ਆਰਡੀਆ ਵਲ ਚਲਾ ਗਿਆ ਸੀ । 390 ਈ. ਪੂ. ਵਿਚ ਗਾਲਾਂ ਦੁਆਰਾ ਰੋਮ ਤੇ ਕਬਜ਼ਾ ਕਰ ਲੈਣ ਤੇ ਇਸ ਨੂੰ ਵਾਪਸ ਬੁਲਾ ਕੇ ਡਿਕਟੇਟਰ ਨਿਯੁਕਤ ਕਰ ਦਿਤਾ ਗਿਆ । ਕਿਹਾ ਜਾਂਦਾ ਹੈ ਕਿ ਇਸ ਨੇ ਇਕ ਫ਼ੌਜ ਤਿਆਰ ਕੀਤੀ ਅਤੇ ਗਾਲਾਂ ਨੂੰ ਹਰਾ ਦਿਤਾ । ਇਸ ਤਰ੍ਹਾਂ

ਇਸ ਨੇ ਗਾਲਾਂ ਤੋਂ ਰੋਮ ਵਾਪਸ ਲੈਣ ਵਿਚ ਇਕ ਮਹੱਤਵਪੂਰਨ ਹਿੱਸਾ ਪਾਇਆ ।

365 ਈ. ਪੂ. ਵਿਚ ਇਸ ਦੀ ਮੌਤ ਹੋ ਗਈ ।

ਹ. ਪੂ.—ਐਨ. ਬ੍ਰਿ. 4 : 705

**ਕਾਮੂ, ਆਲਬੇਅਰ** : ਇਸ ਫ਼ਰਾਂਸੀਸੀ ਲੇਖਕ ਦਾ ਜਨਮ ਐਲਜੇਰੀਆ ਵਿਚ ਮਾਨਡੌਵੀ ਵਿਖੇ 7 ਨਵੰਬਰ, 1913 ਨੂੰ ਹੋਇਆ । ਇਸ ਦਾ ਪਿਤਾ ਪਹਿਲੇ ਵਿਸ਼ਵ ਯੁੱਧ ਵਿਚ ਮਾਰਿਆ ਗਿਆ ਸੀ । ਇਹ ਗ਼ਰੀਬੀ ਅਤੇ ਸੰਕਟ ਵਿਚ ਪਲਿਆ । ਇਸ ਨੇ ਐਲਜੀਅਰਜ਼ ਯੂਨੀਵਰਸਿਟੀ ਤੋਂ ਫ਼ਿਲਾਸਫ਼ੀ ਪੜ੍ਹੀ ਪਰ ਬਿਮਾਰੀ ਨੇ ਇਸ ਨੂੰ ਉਦੋਂ ਅਤੇ ਪਿੱਛੋਂ ਪੜ੍ਹਨ ਤੋਂ ਅਸਮਰਥ ਬਣਾ ਦਿੱਤਾ । ਸੰਨ 1939 ਤਕ ਇਹ ਵਧੇਰੇ ਕਰ ਕੇ ਉੱਤਰੀ ਅਫ਼ਰੀਕਾ ਵਿਚ ਰਿਹਾ । ਇਸ ਨੇ ਪੱਤਰਕਾਰ ਅਤੇ ਅਭਿਨੇਤਾ ਵਜੋਂ ਕੰਮ ਕੀਤਾ ਅਤੇ ਖੇਡਾਂ ਤੇ ਥੀਏਟਰ ਵਿਚ ਵੀ ਇਸ ਸਮੇਂ ਤੋਂ ਹੀ ਰੁਚੀ ਪੈਦਾ ਹੋ ਗਈ ।



ਆਲਬੇਅਰ ਕਾਮੂ

ਇਸ ਦੀਆਂ ਪਹਿਲੀਆਂ ਪ੍ਰਕਾਸ਼ਨਾਵਾਂ 'L, Envers et 1 endroit' (1937) 'Noces' (1938) ਲੇਖਾਂ ਦੀਆਂ ਦੋ ਛੋਟੀਆਂ ਪੁਸਤਕਾਂ ਸਨ । ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਸ ਨੂੰ ਉੱਤਰੀ ਅਫ਼ਰੀਕਾ ਨਾਲ ਕਿੰਨਾ ਡੂੰਘਾ ਪਿਆਰ ਸੀ ।

1942 ਵਿਚ ਇਹ ਕਾਮੂ ਫ਼ਰਾਂਸੀਸੀ ਵਿਰੋਧੀ ਧੜੇ ਵਿਚ ਰਲ ਗਿਆ ਅਤੇ ਗੁਪਤ ਅਖ਼ਬਾਰ ਕੰਬੈਟ ਲਈ ਲੇਖ ਲਿਖਦਾ ਰਿਹਾ । 1945 ਵਿਚ ਇਸ ਨੇ ਇਸ ਪੱਤਰ ਦੇ ਸੰਪਾਦਕ ਦੇ ਪਦ ਤੋਂ ਅਸਤੀਫ਼ਾ ਦੇ ਦਿੱਤਾ ।

ਕਾਮੂ ਦੀ ਪਹਿਲੀ ਮਹਾਨ ਕ੍ਰਿਤ ਅੰਗ੍ਰੇਜ਼ੀ ਵਿਚ 'ਦੀ ਆਊਟਸਾਈਡਰ' ਨਾਂ ਅਧੀਨ ਛਪੀ । ਇਸ ਪੁਸਤਕ ਨਾਲ ਇਹ 20ਵੀਂ ਸਦੀ ਦੀਆਂ ਔਕੜਾਂ ਦੇ ਮੋਢੀ ਵਿਆਖਿਆਕਾਰ ਵਜੋਂ ਪ੍ਰਸਿੱਧ ਹੋਇਆ । ਇਸ ਨੇ ਕਈ ਨਾਟਕ ਵੀ ਲਿਖੇ, ਜਿਨ੍ਹਾਂ ਵਿਚੋਂ ਕਈ 400 ਤੋਂ ਵੱਧ ਵਾਰੀ ਸਟੇਜ ਹੋਏ ।

ਸੰਨ 1948 ਵਿਚ ਇਸ ਦਾ ਸ਼ਾਹਕਾਰ ਗਲਪ 'ਦੀ ਪਲੇਗ' ਨਾਂ ਹੇਠ ਅੰਗਰੇਜ਼ੀ ਵਿਚ ਛਪਿਆ । ਇਸ ਵਿੱਚ ਉੱਤਰੀ ਅਫ਼ਰੀਕਾ ਵਿਚ ਫੈਲੀ ਮਾਰੂ ਪਲੇਗ ਦਾ ਲੋਕਾਂ ਤੇ ਹੋਏ ਪ੍ਰਤਿਕ੍ਰਮ ਦਾ ਵਰਣਨ ਹੈ । ਪਰ ਇਸ ਵਿਚ ਹੋਰ ਡੂੰਘੀਆਂ ਗੱਲਾਂ ਵੀ ਕੀਤੀਆਂ ਗਈਆਂ ਹਨ । ਇਸ ਦੀਆਂ ਅਗਲੀਆਂ ਦੋ ਕ੍ਰਿਤਾਂ ਦੇ ਅੰਗ੍ਰੇਜ਼ੀ ਅਨੁਵਾਦ ਕ੍ਰਮਵਾਰ 'ਦੀ ਰੈਬਲ' (1953) ਅਤੇ 'ਦੀ ਫਾਲ' (1957) ਸਨ । ਇਸ ਦੀਆਂ ਕਹਾਣੀਆਂ ਦੀ ਪੁਸਤਕ ਤੋਂ ਇਸ ਦੀ ਲੇਖਣੀ ਦੀ ਤਕਨੀਕ ਵਿਚ ਉੱਘਾ ਵਿਕਾਸ ਹੋਇਆ ਨਜ਼ਰ ਆਉਂਦਾ ਹੈ ।

ਸਾਹਿਤ ਪ੍ਰਤੀ ਇਸ ਦੀਆਂ ਸੇਵਾਵਾਂ ਨੂੰ ਮੁੱਖ ਰਖਦੇ ਹੋਏ 1957 ਵਿਚ ਇਸ ਨੂੰ ਨੋਬਲ ਪ੍ਰਾਈਜ਼ ਦਿੱਤਾ ਗਿਆ । ਇਸ ਦੀ ਮੌਤ 4 ਜਨਵਰੀ, 1960 ਨੂੰ ਹੋਈ ।

ਹ. ਪੂ.—ਐਨ. ਬ੍ਰਿ. 4 : 685–86

**ਕਾਮੇਡੀਆ ਡੇਲਾਰਤੀ** : ਇਹ ਇਟਲੀ ਵਿਚ ਸੋਲ੍ਹਵੀਂ ਸਦੀ ਵਿਚ ਆਰੰਭ ਹੋਣ ਵਾਲਾ ਸਾਧਾਰਨ ਰੰਗਮੰਚ ਸੀ, ਜੋ ਅਠਾਰ੍ਹਵੀਂ ਸਦੀ ਦੇ ਮੁੱਢ ਤੱਕ ਵਿਗਸਿਆ ਤੇ ਜਿਸ ਨੇ ਆਧੁਨਿਕ ਥੀਏਟਰ ਤੇ ਕਈ ਤਰ੍ਹਾਂ ਨਾਲ ਪ੍ਰਭਾਵ ਪਾਇਆ । ਕਲਾਕਾਰਾਂ ਦੇ ਥਾਂ ਪਰ ਥਾਂ ਘੁੰਮਣ ਵਾਲੇ ਟੋਲਿਆਂ ਨੇ ਇਸ ਨੂੰ ਵੱਖ ਵੱਖ ਥਾਵਾਂ ਤੇ ਪਹੁੰਚਾਇਆ । ਪੇਸ਼ ਕੀਤੇ ਜਾਣ ਵਾਲੇ ਨਾਟਕ ਆਮ ਕਰ ਕੇ ਹਲਕੇ ਸੁਖਾਂਤ ਹੁੰਦੇ ਸਨ, ਜੋ ਕਲਾਸਕੀ ਜਾਂ ਨਵਕਲਾਸਕੀ ਨਾਟਕ ਤੋਂ ਲਏ ਗਏ ਹੁੰਦੇ ਸਨ । ਪਾਤਰ ਸਾਂਗ ਬਣ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਸਨ । ਨਾਟਕ ਦੇ ਇਸ ਰੂਪ ਦੇ ਆਰੰਭ ਬਾਰੇ ਅਜੇ ਤੱਥ ਅਗਿਆਤ ਹਨ । ਇਨ੍ਹਾਂ ਨਾਟਕਾਂ ਵਿਚ ਮਨ-ਬਚਨੀਆਂ ਤੇ ਵਿਅੰਗ ਪ੍ਰਧਾਨ ਹੁੰਦਾ ਹੈ । ਨਾਟਕ ਵਿਚ ਆਮ ਤੌਰ ਤੇ ਅਜਿਹੇ ਪਾਤਰ ਹੁੰਦੇ ਹਨ ਜਿਵੇਂ ।

(1) ਇਕ ਵਿਭਚਾਰੀ ਕੰਜੂਸ ਵਿਅਕਤੀ ਹੁੰਦਾ ਹੈ, ਜਿਹੜਾ ਜਵਾਨ ਪ੍ਰੇਮੀਆਂ ਦਾ ਪਿਤਾ ਜਾਂ ਸਰਪ੍ਰਸਤ ਬਣਦਾ ਹੈ ਅਤੇ ਜਿਸ ਦੀ ਖਿੱਲੀ-ਉਡਾਈ ਜਾਂਦੀ ਹੈ ;

(2) ਇਕ ਅਜਿਹਾ ਪਾਤਰ ਹੁੰਦਾ ਹੈ, ਜਿਸ ਦੁਆਰਾ ਕਾਨੂੰਨ ਜਾਂ ਡਾਕਟਰੀ ਵਰਗੇ ਕਿੱਤੇ ਦਾ ਮਖ਼ੌਲ ਉਡਾਇਆ ਜਾਂਦਾ ਹੈ ;

(3) ਇਕ ਗਪੌੜ-ਸੰਖ ਸਿਪਾਹੀ ਹੁੰਦਾ ਹੈ, ਜੋ ਆਪਣੀ ਬਹਾਦਰੀ ਦੀਆਂ ਡੀਂਗਾਂ ਮਾਰਦਾ ਹੈ ਪਰ ਉਂਜ ਬੜਾ ਕਾਇਰ ਹੁੰਦਾ ਹੈ ;

(4) ਕੁਝ ਨੌਕਰ ਜਾਂ ਨਿਮਨ ਸ਼੍ਰੇਣੀ ਦੇ ਮੈਂਬਰ ਹੁੰਦੇ ਹਨ, ਜੋ ਚਲਾਕ, ਚੁਸਤ ਵਿਅੰਗਕਾਰ ਹੁੰਦੇ ਹਨ ਅਤੇ ਆਪਣੇ ਕਾਰਜਾਂ ਦੁਆਰਾ ਹਸਾਉਂਦੇ ਹਨ, ਅਤੇ

(5) ਕੁਝ ਪ੍ਰੇਮੀ ਹੁੰਦੇ ਹਨ, ਜੋ ਨਾਟਕ ਵਿਚ ਆਪਣਾ ਹਾਸਰਸੀ ਰੋਲ ਅਦਾ ਕਰਦੇ ਹਨ ।

18ਵੀਂ ਸਦੀ ਤਕ ਕਾਮੇਡੀਆ ਇਟਲੀ ਵਿਚ ਆਪਣਾ ਬਲ ਖੋ ਚੁਕਾ ਸੀ ਪਰ ਇਸ ਦੇ ਕੁਝ ਤੱਤ ਹੋਰ ਦੇਸ਼ਾਂ ਦੇ ਜੀਵਨ ਵਿਚ ਉਪਲਬਧ ਹਨ । ਕਈ ਯੂਰਪੀ ਦੇਸ਼ਾਂ ਵਿਚ ਇਸ ਦੇ ਪ੍ਰਭਾਵ ਵਾਲੇ ਨਾਟਕ ਅੱਜ ਵੀ ਮਿਲਦੇ ਹਨ ।

ਹ. ਪੂ.—ਐਨ. ਬ੍ਰਿ. 6 : 138

**ਕਾਮੇਰਾਰਿਉਸ, ਯੋਆਕਿਮ** : ਇਹ ਜਰਮਨ ਕਲਾਸੀਕਲ ਵਿਦਵਾਨ ਅਤੇ ਲੂਥਰ ਦੀ ਵਿਚਾਰਧਾਰਾ ਦਾ ਧਰਮ-ਸ਼ਾਸਤਰੀ ਸੀ, ਜਿਸ ਨੇ ਰੈਫਰਮੇਸ਼ਨ ਸਮੇਂ ਪ੍ਰੋਟੈਸਟੈਂਟਾਂ ਤੇ ਕੈਥੋਲਿਕਾਂ ਵਿਚ ਵਿਚੋਲਗਿਰੀ ਦਾ ਕੰਮ ਕੀਤਾ ਸੀ । ਇਸ ਦਾ ਜਨਮ 12 ਅਪ੍ਰੈਲ, 1500 ਨੂੰ ਬੈਮਬਰਗ ਵਿਖੇ ਹੋਇਆ । ਇਸ ਨੂੰ 1535 ਵਿਚ ਟੂਬਿੰਗਐਨ ਵਿਖੇ ਕਲਾਸਿਕਸ ਦਾ ਪ੍ਰੋਫ਼ੈਸਰ ਲਗਾ ਦਿਤਾ ਗਿਆ । ਸੰਨ 1541 ਵਿਚ ਇਸ ਨੂੰ ਲਾਈਪਸਿਕ ਯੂਨੀਵਰਸਿਟੀ ਦੇ ਪੁਨਰਗਠਨ ਲਈ ਬੁਲਾਇਆ ਗਿਆ । ਇਸ ਨੇ ਸੱਫ਼ੋਕਲੀਜ਼, ਹਿਰੋਡੋਟਸ, ਹੋਮਰ, ਪਲੋਟੱਸ ਤੇ ਜ਼ੈਨੋਫੋਨ ਦੀਆਂ ਰਚਨਾਵਾਂ ਨੂੰ ਟੀਕਾ-ਟਿਪਣੀਆਂ ਸਾਹਿਤ ਪ੍ਰਕਾਸ਼ਿਤ ਕੀਤਾ ਅਤੇ ਯੂਨਾਨੀ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਲਾਤੀਨੀ ਵਿਚ ਅਨੁਵਾਦ ਵੀ ਕੀਤਾ । ਇਸ ਦੀ ਮੌਤ ਲਾਈਪਸਿਕ ਵਿਖੇ 7 ਅਪ੍ਰੈਲ, 1574 ਨੂੰ ਹੋਈ ।

ਹ. ਪੂ.—ਐਨ. ਬ੍ਰਿ. 4 : 700

**ਕਾਮੇਰਾਰਿਅੱਸ, ਰੁਡਾਲਫ ਜੈਕਬ** : ਪੌਦਿਆਂ ਵਿਚ ਲਿੰਗ ਦੀ ਹੋਂਦ ਦੀ ਵਿਆਖਿਆ ਕਰਨ ਵਾਲੇ ਇਸ ਬਨਸਪਤੀ-ਵਿਗਿਆਨੀ ਦਾ ਜਨਮ 17 ਫ਼ਰਵਰੀ, 1665 ਨੂੰ ਟੂਬਿੰਗੈੱਨ (ਪੱਛਮੀ ਜਰਮਨੀ) ਵਿਖੇ ਹੋਇਆ । ਇਹ ਵੰਸ਼ ਪਰੰਪਰਾ ਸਬੰਧੀ ਪ੍ਰਯੋਗ ਕਰਨ ਵਾਲੇ ਪਹਿਲੇ ਵਿਅਕਤੀਆਂ ਵਿਚੋਂ ਇਕ ਸੀ । ਇਹ ਟੂਬਿੰਗੈੱਨ ਯੂਨੀਵਰਸਿਟੀ ਵਿਚ ਦਰਸ਼ਨ-ਸ਼ਾਸਤਰ ਦਾ ਪ੍ਰੋਫ਼ੈਸਰ ਸੀ । ਇਸ ਨੇ ਮੁੱਖ ਤੌਰ ਤੇ ਪੌਦਿਆਂ ਦੇ ਨਰ ਅਤੇ ਮਾਦਾ ਭਾਗਾਂ ਦੀ ਵੱਖ ਵੱਖ ਪਛਾਣ ਕਰਕੇ ਵਿਆਖਿਆ ਕੀਤੀ ਅਤੇ ਲਿੰਗੀ ਸਿਧਾਂਤ ਸਥਾਪਤ ਕੀਤਾ ਅਤੇ ਉਤਪਤੀ ਲਈ ਇਨ੍ਹਾਂ ਦੇ ਯੋਗਦਾਨ ਦੀ ਵਿਆਖਿਆ ਵੀ ਕੀਤੀ । ਇਸ ਨੇ ਇਹ ਵੀ ਸਿੱਧ ਕੀਤਾ ਕਿ ਉਤਪਤੀ ਲਈ ਪਰਾਗ ਜ਼ਰੂਰੀ ਹੈ । ਇਸ ਨੇ ਆਪਣੀਆਂ ਇਨ੍ਹਾਂ ਖੋਜਾਂ ਬਾਰੇ ਆਪਣੇ ਇਕ ਸਹਿ-ਕਰਮਚਾਰੀ ਨੂੰ ਲਿਖੇ

ਪੱਤਰਾਂ 'ਔਨ ਦੀ ਸੈਕਸ ਆਫ਼ ਪਲਾਂਟਸ—1694' ਅਤੇ 'ਬੋਟੈਨੀਕਲ ਵਰਕਸ—1697', ਵਿਚ ਵਰਣਨ ਕੀਤਾ ਹੈ।

11 ਸਤੰਬਰ, 1721 ਨੂੰ ਟੂਬਿਗੇੱਨ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੂ.—ਐਨ. ਬ੍ਰਿ. ਮਾ. 2 : 482

**ਕਾਮੇਲੀਆ :** ਫੁੱਲਾਂ ਦੀ ਇਸ ਪ੍ਰਜਾਤੀ ਵਿਚ 10 ਤੋਂ 80 ਜਾਤੀਆਂ ਮਿਲਦੀਆਂ ਹਨ। ਇਹ ਪੌਦੇ ਪੂਰਬੀ ਏਸ਼ੀਆ ਵਿਚ ਸਦਾ ਬਹਾਰ ਝਾੜੀਆਂ ਜਾਂ ਰੁੱਖਾਂ ਦੀ ਸ਼ਕਲ ਦੇ ਥੀਏਸ਼ੀ ਕੁਲ ਦੇ ਮੈਂਬਰ ਹਨ। ਇਨ੍ਹਾਂ ਵਿਚ ਸਜਾਵਟੀ ਤੌਰ ਤੇ ਉਗਾਈਆਂ ਜਾਂਦੀਆਂ ਤਿੰਨ ਪ੍ਰਸਿੱਧ ਜਾਤੀਆਂ ਅਤੇ ਕਾਮੇਲੀਆ ਸਾਈਨੈਂਸਿਸ (ਚਾਹ ਦਾ ਸੋਮਾ) ਵੀ ਸ਼ਾਮਲ ਹਨ। ਆਮ ਕਾਮੇਲੀਆ (*C. japonica*) ਸਭ ਤੋਂ ਵੱਧ ਪ੍ਰਚਲਿਤ ਕਿਸਮ ਹੈ। ਇਸ ਕਿਸਮ ਦੀਆਂ ਫੁੱਲ-ਪੰਖੜੀਆਂ ਕਾਫ਼ੀ ਮਾਤਰਾ ਵਿਚ ਇਕ ਦੂਜੀ ਉੱਪਰ ਚੜ੍ਹੀਆਂ ਹੋਈਆਂ ਹੁੰਦੀਆਂ ਹਨ। ਇਨ੍ਹਾਂ ਪੰਖੜੀਆਂ ਦਾ ਰੰਗ ਚਿੱਟੇ-ਗੁਲਾਬੀ ਤੋਂ ਲਾਲ ਤਕ ਜਾਂ ਰੰਗ-ਬਰੰਗਾ ਵੀ ਹੋ ਸਕਦਾ ਹੈ। ਜੰਗਲੀ ਕਿਸਮਾਂ ਵਿਚ ਪੀਲੇ ਪੁੰਕੇਸਰਾਂ ਦੁਆਲੇ 7 ਜਾਂ 8 ਪੰਖੜੀਆਂ ਖਿਲਰੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਵਿਚ ਫੁੱਲ ਦੇ ਖਿੜਣ ਵੇਲੇ ਸੈਪਲ ਡਿਗ ਜਾਂਦੇ ਹਨ। ਇਸ ਰੁੱਖ ਦੇ ਚਮਕੀਲੇ ਹਰੇ, ਅੰਡਾਕਾਰ ਪੱਤੇ ਤਕਰੀਬਨ 10 ਸੈਂ. ਮੀ. ਲੰਮੇ ਹੁੰਦੇ ਹਨ। ਰੁੱਖ ਦੀ ਉਚਾਈ 9 ਮੀ. ਤਕ ਹੁੰਦੀ ਹੈ। ਇਸ ਦੀ ਇਕ ਮਿਲਦੀ ਜੁਲਦੀ ਪਰ



ਕਾਮੇਲੀਆ

ਛੋਟੀ ਜਾਤੀ ਕਾਮੇਲੀਆ ਰੈਟੀਕੁਲੇਟਾ (*C. reticulata*) ਹੈ ਜਿਸ ਦੇ ਫੁੱਲ 15 ਸੈਂ. ਮੀ. ਚੌੜੇ ਅਤੇ ਪੱਤੇ ਭੱਦੇ ਹਰੇ ਰੰਗ ਦੇ ਹੁੰਦੇ ਹਨ। ਇਸ ਦੀ ਇਕ ਹੋਰ ਜਾਤੀ ਕਾਮੇਲੀਆ ਸਾਸੈਂਕੁਆ (*C. sasanqua*) ਇਕ ਝਾੜੀ-ਨੁਮਾ ਪੌਦਾ ਹੈ। ਇਸ ਦੀ ਮਿੰਨ੍ਹੀ ਮਿੰਨ੍ਹੀ ਖ਼ੁਸ਼ਬੂ ਹੁੰਦੀ ਹੈ। ਇਹ ਜਾਤੀ ਖ਼ੁਸ਼ਕ ਅਤੇ ਖਾਰੀ ਜ਼ਮੀਨ ਵਿਚ ਵੀ ਉਗ ਸਕਦੀ ਹੈ। ਇਹ ਪਤਝੜ ਰੁੱਤ ਵਿਚ ਖਿੜਦੀ ਹੈ ਅਤੇ ਅਕਸਰ ਕੰਧਾਂ ਤੇ ਵਾੜਾਂ ਵਿਚ ਲਗਾਈ ਜਾਂਦੀ ਹੈ।

ਚਾਹ ਦੇ ਪੌਦੇ (*C. sinensis*) ਦੀ ਉਚਾਈ 9 ਮੀ. ਤਕ ਹੋ ਸਕਦੀ ਹੈ ਪਰੰਤੂ ਆਮ ਤੌਰ ਤੇ ਕਾਟਛਾਂਗ ਕਰਕੇ ਇਸ ਨੂੰ ਇਕ ਨੀਵੀਂ ਝਾੜੀ ਦੀ ਸ਼ਕਲ ਦਿੱਤੀ ਜਾਂਦੀ ਹੈ। ਇਸ ਨਾਲ ਨਵੇਂ ਪੱਤੇ ਨਿਕਲਨ ਵਿਚ ਵੀ ਸਹਾਇਤਾ ਮਿਲਦੀ ਹੈ। ਇਸ ਦੇ ਖ਼ੁਸ਼ਬੂਦਾਰ ਫੁੱਲ ਵਿਚਕਾਰੋਂ ਪੀਲੇ, ਚਿੱਟੇ ਅਤੇ 4 ਸੈਂ. ਮੀ. ਚੌੜੇ ਹੁੰਦੇ ਹਨ।

ਜਾਪਾਨ ਅਤੇ ਚੀਨ ਵਿਚ ਵਰਤੀਂਦਾ ਘਰੇਲੂ ਤੇਲ ਕਾਮੇਲੀਆ ਓਲੀਫੇਰਾ ਅਤੇ ਕਈ ਹੋਰ ਜਾਤੀਆਂ ਦੇ ਬੀਜਾਂ ਨੂੰ ਨਪੀੜ ਕੇ ਪ੍ਰਾਪਤ ਕੀਤਾ ਜਾਂਦਾ ਹੈ।

ਹ. ਪੂ.—ਐਨ. ਬ੍ਰਿ. ਮਾ. 2 : 481

**ਕਾਮੈਲਡੋਲੀਜ਼ :** ਇਹ ਇਕ ਆਜ਼ਾਦ ਬੈਨਿਡਿਕਟਿਨੀ ਖ਼ਾਨਕਾਹੀ ਧਰਮ-ਸੰਘ ਹੈ, ਜਿਸ ਦੀ ਨੀਂਹ 1012 ਈ: ਦੇ ਲਾਗੇ ਚਾਗੇ ਰਾਵੈੱਨਾ ਦੇ ਸੇਂਟ ਰੋਮੂ ਨੇ ਰੱਖੀ ਸੀ। ਰੋਮੂ ਨੇ ਆਬਰੂਟਸੀ ਵਿਚ ਇਕ ਉੱਚ-ਸਥਾਨੀ ਵਾਦੀ ਕੈਂਪੋ ਮਾਲਡੋਲੀ ਵਿਖੇ ਸੰਨਿਆਸੀਆਂ ਦੀ ਇਕ ਬਸਤੀ ਕਾਇਮ ਕੀਤੀ। ਸਾਧੂ ਝੁਗੀਆਂ ਵਿਚ ਰਹਿੰਦੇ ਸਨ ਅਤੇ ਵਲਗਣ ਦੇ ਅੰਦਰ ਇਕ ਸਾਂਝਾ ਉਪਾਸਨਾ-ਗ੍ਰਹਿ ਹੁੰਦਾ ਸੀ। ਇਨ੍ਹਾਂ ਦਾ ਪ੍ਰਸ਼ਾਸਨ ਮਗਰਲੇ ਕਾਰਥੂਸੀਅਨਾਂ ਨਾਲ ਮਿਲਦਾ ਜੁਲਦਾ ਸੀ। ਚੌਥੇ ਮਹੰਤ ਰੂਡਾਲਫ਼ (ਜੋ 1074 ਤੋਂ 1087 ਈ. ਤਕ ਮਹੰਤ ਰਿਹਾ) ਨੇ ਇਕੱਠ ਵਿਚ ਰਹਿੰਦੇ ਸਾਧੂਆਂ ਦੀ ਇਕ ਬ੍ਰਾਂਚ ਲਾਗੇ ਹੀ ਪਹਾੜ ਦੇ ਹੇਠਾਂ ਕਰ ਕੇ ਇਕ ਵਾਦੀ ਵਿਚ ਖੋਲ੍ਹ ਦਿੱਤੀ। ਇਸ ਵਿਚ ਬਿਮਾਰ ਤੇ ਬੁੱਢੇ ਸਾਧੂ ਅਤੇ ਪ੍ਰਸ਼ਾਸਨ ਵਿਚ ਰੁੱਝੇ ਸਾਧੂ ਰਹਿੰਦੇ ਸਨ। ਸੰਨ 1935 ਵਿਚ ਦੋਵੇਂ ਬ੍ਰਾਂਚਾਂ ਮੁੜ ਇਕੱਠੀਆਂ ਹੋ ਗਈਆਂ। 1860 ਦੇ ਦਹਾਕੇ ਵਿਚ 25 ਘਰਾਂ ਵਿਚ ਲਗਭਗ 300 ਸਾਧੂ ਰਹਿੰਦੇ ਸਨ। 17ਵੀਂ ਅਤੇ 18ਵੀਂ ਸਦੀ ਵਿਚ ਇਹ ਧਰਮ-ਸੰਘ ਇਟਲੀ ਅਤੇ ਫ਼ਰਾਂਸ ਵਿਚ ਬਹੁਤ ਤੇਜ਼ੀ ਨਾਲ ਫੈਲਿਆ। ਧਰਮ-ਸ਼ਾਸਤਰੀ ਗ੍ਰੇਸ਼ਿਐਨ, ਮਾਨਵਵਾਦੀ ਐਮਬ੍ਰੋਜ਼ੋ ਟ੍ਰੈਵਰਸਾਰੀ, ਚਿੱਤਰਕਾਰ ਲੋਰੈਂਜ਼ੋ ਮੋਨਾਕੋ ਅਤੇ ਪੋਪ ਗ੍ਰੈਗਰੀ XVI ਇਸ ਧਰਮ-ਸੰਘ ਦੇ ਉੱਘੇ ਮੈਂਬਰ ਹੋਏ ਹਨ।

ਹ. ਪੂ.—ਐਨ. ਬ੍ਰਿ. 4 : 676

**ਕਾਮੋਈਸ, ਲੂਈ ਵਾਜ਼ ਦੇ :** ਇਸ ਮਸ਼ਹੂਰ ਪੁਰਤਗਾਲੀ ਕਵੀ ਦਾ ਜਨਮ 1524 ਜਾਂ 1525 ਈ. ਵਿਚ ਲਿਜ਼ਬਨ ਵਿਚ ਹੋਇਆ। ਇਸ ਨੇ ਕਵੀਂਮਬਰਾ ਦੇ 'ਆਲ ਸੇਂਟਸ' ਕਾਲਜ ਵਿਚ ਵਿਦਿਆ ਪ੍ਰਾਪਤ ਕੀਤੀ ਅਤੇ ਪ੍ਰਾਚੀਨ ਸਾਹਿਤ ਅਤੇ ਮਿਥਿਹਾਸ ਦੀ ਪੂਰੀ ਡੂੰਘਾਈ ਤਕ ਗਿਆ। ਇਸ ਲਈ ਕੋਈ ਵੀ ਅਜਿਹਾ ਵਿਸ਼ਾ ਨਹੀਂ ਸੀ, ਜਿਸ ਉਤੇ ਇਹ ਪੂਰੀ ਪ੍ਰਮਾਣਿਕਤਾ ਨਾਲ ਨਾ ਬੋਲ ਸਕਿਆ ਹੋਵੇ। ਇਹ ਸਪੇਨ ਅਤੇ ਇਟਲੀ ਦੇ ਸਮਕਾਲੀ ਸਾਹਿਤ ਤੋਂ ਚੰਗੀ ਤਰ੍ਹਾਂ ਜਾਣੂ ਸੀ। ਇਸ ਦੀ ਮਹਾਨ ਕਵਿਤਾ ਤੋਂ ਇਸ ਦੇ ਸੰਪੂਰਨ ਗਿਆਨਵਾਨ ਹੋਣ ਦਾ ਪਤਾ ਲਗਦਾ ਹੈ। ਇਸੇ ਕਵਿਤਾ ਨੇ ਇਸ ਨੂੰ ਅਮਰ ਬਣਾ ਦਿਤਾ।



ਲੂਈ ਵਾਜ਼ ਦੇ ਕਾਮੋਈਸ

ਲਿਜ਼ਬਨ ਵਿਖੇ ਸ਼ਾਹੀ ਦਰਬਾਰ ਵਿਚ ਇਸ ਦੀ ਪਹੁੰਚ ਸੀ ਪਰ ਆਪਣੇ ਇਸ਼ਕ ਦੇ ਕਾਰਨਾਮਿਆਂ ਕਰ ਕੇ ਇਹ ਬਦਨਾਮ ਹੋ ਗਿਆ ਅਤੇ ਦੇਸੋਂ ਕੱਢਿਆ ਗਿਆ। ਆਪਣੇ ਦੇਸ-ਨਿਕਾਲੇ ਸਮੇਂ ਇਸ ਨੇ ਬਹੁਤ ਸਾਰੇ ਚੰਗੇ ਗੀਤ ਲਿਖੇ। ਸੰਨ 1547 ਵਿਚ ਇਹ ਮੂਰਜ਼ ਵਿਰੁਧ ਸੈਨਿਕ ਵਜੋਂ ਲੜਿਆ ਅਤੇ ਸੇਊਟਾ ਉੱਤੇ ਹਮਲੇ ਸਮੇਂ ਇਸ ਦੀ ਸੱਜੀ ਅੱਖ ਜਾਂਦੀ ਰਹੀ। ਅਗਲੇ ਦੋ ਸਾਲ ਇਥੇ ਰਹਿ ਕੇ ਇਸ ਨੇ ਨਿਰਾਸ਼ਵਾਦੀ, ਉਦਾਸੀ ਭਰੀਆਂ ਅਤੇ ਦਾਰਸ਼ਨਿਕ ਕਵਿਤਾਵਾਂ ਲਿਖੀਆਂ। ਸੰਨ 1549 ਵਿਚ ਇਹ ਭਾਰਤ ਜਾਣ ਲਈ ਤਿਆਰ ਹੋਇਆ ਪਰ ਕੈਦ ਹੋ ਜਾਣ ਕਰ ਕੇ ਜਾ ਨਾ ਸਕਿਆ। ਆਖਰ 1553 ਵਿਚ ਇਸ ਨੇ ਸਮੁੰਦਰੀ ਜਹਾਜ਼

ਰਾਹੀਂ ਭਾਰਤ ਨੂੰ ਚਾਲੇ ਪਾਏ । ਕੁਝ ਕਵਿਤਾਵਾਂ ਵਿਚ ਇਸ ਨੇ ਆਪਣੇ ਸਮੁੰਦਰੀ ਸਫ਼ਰ ਦਾ ਜ਼ਿਕਰ ਕੀਤਾ ਹੈ । ਫ਼ੌਜੀ ਡਿਊਟੀ ਦੇ ਸਬੰਧ ਵਿਚ ਇਹ ਗੋਆ ਅਤੇ ਹੋਰ ਥਾਵਾਂ ਤੇ ਰਿਹਾ । ਪੂਰਬ ਵਿਚ ਰਹਿੰਦਿਆਂ ਹੋਇਆਂ ਇਸ ਨੇ ਕੁਝ ਪੁਸਤਕਾਂ ਲਿਖੀਆਂ । ਇਥੇ ਇਸ ਨੇ ਚੰਗਾ ਧਨ ਕਮਾਇਆ ਪਰ ਕਿਸਮਤ ਨੇ ਇਸ ਦਾ ਸਾਥ ਨਾ ਦਿਤਾ । ਮਾਕਾਊ ਵਿਖੇ ਇਸ ਨੂੰ ਇਕ ਸਾਜ਼ਿਸ਼ ਦੇ ਕੇਸ ਵਿਚ ਕੈਦ ਕਰ ਦਿਤਾ ਗਿਆ । ਜਦੋਂ ਇਸ ਨੂੰ ਕੈਦੀ ਦੇ ਤੌਰ ਤੇ ਭਾਰਤ ਲਿਜਾਇਆ ਜਾ ਰਿਹਾ ਸੀ ਤਾਂ ਇਸ ਦਾ ਜਹਾਜ਼ ਤਬਾਹ ਹੋ ਗਿਆ ਪਰ ਇਹ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ । ਕੈਦੀ ਦੇ ਤੌਰ ਤੇ ਹੀ ਇਹ ਕੰਬੋਡੀਆ ਵਿਚ ਰਿਹਾ, ਜਿਥੇ ਇਸ ਨੇ ਆਪਣੀ ਪੁਸਤਕ 'ਬਾਈ ਦੀ ਵਾਟਰਜ਼ ਆਫ਼ ਬੈਬੀਲੋਨ' ਲਿਖੀ ।

ਸੰਨ 1569 ਵਿਚ ਇਹ ਰਿਹਾ ਹੋ ਕੇ ਪੁਰਤਗਾਲ ਪਹੁੰਚਿਆ । ਆਗਿਆ ਮਿਲਣ ਉਪਰੰਤ 1572 ਵਿਚ ਇਸ ਨੇ ਆਪਣੀ ਪੁਸਤਕ ਛਪਵਾਈ, ਜਿਸ ਦਾ ਸਭ ਪਾਸੇ ਅੰਤਾਂ ਦਾ ਸਵਾਗਤ ਹੋਇਆ । ਇਸ ਨੂੰ ਤਿੰਨ ਸਾਲ ਲਈ ਚੰਗੀ ਪੈਨਸ਼ਨ ਦਿਤੀ ਗਈ, ਜਿਸ ਦੀ ਮਿਆਦ ਬਾਅਦ ਵਿਚ ਵਧਾ ਦਿਤੀ ਗਈ । ਸੰਨ 1580 ਦੇ ਮੁੱਢ ਵਿਚ ਬਾਦਸ਼ਾਹ ਕਾਰਡੀਨਲ਼ ਦੀ ਮੌਤ ਅਤੇ ਪੁਰਤਗਾਲ ਦੀ ਖੁਸਦੀ ਆਜ਼ਾਦੀ ਕਾਰਨ ਇਸ ਨੂੰ ਬੜੀ ਨਿਰਾਸਤਾ ਹੋਈ । ਜੂਨ, 1580 ਵਿਚ ਇਹ ਪਲੇਗ ਨਾਲ ਮਰ ਗਿਆ । ਸੰਨ 1918 ਵਿਚ ਲੰਡਨ ਦੇ ਕਿੰਗਜ਼ ਕਾਲਜ ਵਿਚ ਕਾਮੋਈਸ਼ ਚੇਅਰ ਕਾਇਮ ਕੀਤੀ ਗਈ ।

ਹ. ਪੂ.—ਐਵ. ਐਨ. 2 : 782

**ਕਾਮੋਡਸ :** ਰੋਮ ਦੇ ਇਸ ਬਾਦਸ਼ਾਹ ਦਾ ਜਨਮ 31 ਅਗਸਤ, 161 ਨੂੰ ਬਾਦਸ਼ਾਹ ਮਾਰਕਸ ਓਰੇਲੀਅਸ ਦੇ ਘਰ ਲਾਨੂਵੀਅਮ ਦੇ ਸਥਾਨ ਤੇ ਹੋਇਆ । ਇਸਨੇ 180 ਤੋਂ 192 ਈ. ਤਕ ਰਾਜ ਕੀਤਾ । ਇਕ ਲੰਬੀ ਜੰਗ ਅਤੇ ਇਕ ਵੱਡੀ ਪਲੇਗ ਦੀ ਤਬਾਹੀ ਇਸਨੂੰ ਵਿਰਸੇ ਵਿਚ ਮਿਲੀ । ਪਰੰਤੂ ਇਹ ਸੱਚ ਹੈ ਕਿ ਇਸਦੇ ਰਾਜਗੱਦੀ ਤੇ ਬੈਠਣ ਨਾਲ ਸਲਤਨਤ ਵਿਚਲੀ 80 ਸਾਲ ਪੁਰਾਣੀ ਅੰਦਰੂਨੀ ਕਸ਼ਮਕਸ਼ ਸਮਾਪਤ ਹੋ ਗਈ । ਮਾਰਕਸ ਓਰੇਲੀਅਸ ਦੇ ਮਰਨ ਦੀ ਅਫ਼ਵਾਹ ਸੁਣਕੇ, ਪੂਰਬੀ ਰੂਮ-ਸਾਗਰੀ ਪ੍ਰਾਂਤਾਂ ਦੇ ਸਰਦਾਰ ਅਤੇ ਫੌਜਾਂ ਦੇ ਕਮਾਂਡਰ-ਇਨ-ਚੀਫ਼ ਆਵਿਡਸ ਕੈਸ਼ੀਅਸ ਨੇ ਨੌਜਵਾਨ ਕਾਮੋਡਸ ਨੂੰ ਜਿੱਤਣ ਲਈ ਇਟਲੀ ਤੇ ਹੱਲਾ ਕਰ ਦਿਤਾ । ਪਰੰਤੂ ਗੱਲ ਝੂਠ ਨਿਕਲੀ ਅਤੇ ਆਵਿਡਸ ਕੈਸ਼ੀਅਸ ਮਾਰਿਆ ਗਿਆ । 176 ਈ. ਵਿਚ ਮਾਰਕਸ ਨੇ ਕਾਮੋਡਸ ਨੂੰ ਆਪਣੇ ਨਾਲ ਸਾਂਝਾ ਬਾਦਸ਼ਾਹ ਬਣਾ ਲੈਣ ਦਾ ਐਲਾਨ ਕਰ ਦਿਤਾ । ਫ਼ੌਜ ਅਤੇ ਹੋਰ ਲੋਕਾਂ ਨੇ ਇਸ ਗੱਲ ਦਾ ਬਹੁਤ ਸਵਾਗਤ ਕੀਤਾ । ਕਾਮੋਡਸ ਨੇ ਰਾਜ ਗੱਦੀ ਤੇ ਬੈਠਣ ਵੇਲੇ ਆਪਣੇ ਬਿਆਨ ਵਿਚ ਰੋਮ ਦੀ ਸਲਤਨਤ ਨੂੰ ਸਮੁੰਦਰ (ਬਾਲਟਿਕ) ਤਕ ਫੈਲਾਉਣ ਦੇ ਇਰਾਦੇ ਦਾ ਐਲਾਨ ਕੀਤਾ ।

ਆਪਣੇ ਰਾਜ ਦੇ ਅੰਤਿਮ ਦਿਨਾਂ ਵਿਚ ਇਹ ਕੁਝ ਪਾਗਲ ਜਿਹਾ ਹੋ ਗਿਆ ਅਤੇ ਇਸ ਨੇ ਹਰਕੂਲੀਸ ਦੀ ਪੁਸ਼ਾਕ ਪਾਉਣੀ ਸ਼ੁਰੂ ਕਰ ਦਿਤੀ । ਇਸ ਦੇ ਨਾਲ ਹੀ ਇਸਨੇ ਰੋਮ ਨੂੰ ਨਵਾਂ ਨਾਂ 'ਕਾਮੋਡਸ ਦੀ ਕਲੋਨੀ' ਦੇ ਦਿਤਾ । ਇਸਦੀ ਰਖੇਲ ਮਾਰਸੀਆ ਨੇ ਰਾਜ ਦੀ ਸਾਰੀ ਵਾਗਡੋਰ ਆਪਣੇ ਹੱਥ ਲੈ ਲਈ ਅਤੇ 31 ਦਸੰਬਰ, 192 ਦੀ ਰਾਤ ਨੂੰ ਕਾਮੋਡਸ ਨੂੰ ਗਲ ਘੁੱਟ ਕੇ ਮਾਰ ਦਿਤਾ ।

ਹ. ਪੂ.—ਐਨ. ਬ੍ਰਿ. 6 : 160

**ਕਾਮੋਰੋ ਦੀਪ ਸਮੂਹ :** ਮੈਲਾਗਾਸੀ ਗਣਰਾਜ (ਮੈਡਗਾਸਕਰ) ਅਤੇ ਦੱਖਣ-ਪੂਰਬੀ ਅਫ਼ਰੀਕਾ ਦੀ ਮੁੱਖ-ਭੂਮੀ ਦੇ ਲਗਭਗ ਵਿਚਾਲੇ ਮੌਜ਼ੰਮਬੀਕ ਚੈਨਲ ਦੇ ਉੱਤਰੀ ਸਿਰੇ ਤੇ ਸਥਿੱਤ ਇਹ ਇਕ ਜਵਾਲਾ ਮੁਖੀ ਦੀਪ ਸਮੂਹ ਹੈ । ਦੀਪ ਸਮੂਹ ਦਾ ਕੁੱਲ ਰਕਬਾ 2,236 ਵ. ਕਿ. ਮੀ. ਹੈ ਅਤੇ ਸੰਨ 1987 ਵਿਚ ਇਥੋਂ ਦੀ ਵਸੋਂ ਲਗਭਗ 422,500 ਸੀ । ਦੱਖਣ-ਪੂਰਬ ਤੋਂ ਉੱਤਰ-ਪੱਛਮ ਵਲ ਨੂੰ ਮਾਯਾਟ, ਆਨਜ਼ਵਾਨ, ਮਾਏਲੀ ਅਤੇ ਗ੍ਰੈਨਡ ਕਾਮੋਰ ਚਾਰ ਦੀਪ ਹਨ ।

ਮਾਯਾਟ ਦੀਪ ਨੇ ਇਕ ਪਠਾਰ (ਜਿਸ ਦੀ ਉੱਚਾਈ 660 ਮੀ. ਤੀਕ ਪਹੁੰਚ ਜਾਂਦੀ ਹੈ) ਅਤੇ ਤੱਟੀ ਮੈਦਾਨ ਮੱਲਿਆ ਹੋਇਆ ਹੈ । ਅੰਸ਼ਿਕ ਤੌਰ ਤੇ ਇਸ ਦੀਪ ਨੂੰ ਮੂੰਗਾ ਚਟਾਨ ਭਿੱਤੀ ਨੇ ਘੇਰਿਆ ਹੋਇਆ ਹੈ ਜਿਸ ਦੇ ਅੰਦਰ ਹੀ ਸੰਕੀਰਨ ਖਾੜੀਆਂ ਹਨ । ਇਸ ਦੀਪ ਦੇ ਸਾਹਮਣੇ ਵਾਲੇ ਪਾਸੇ, ਮੁੱਖ ਦੀਪ ਉਤੇ ਐਮਸੈਪਰੇ ਬੰਦਰਗਾਹ ਹੈ ।

ਆਨਜ਼ਵਾਨ ਇਕ ਤਿਕੋਨਾ ਦੀਪ ਹੈ ਜੋ ਇਕ ਜਵਾਲਾਮੁਖੀ ਮਾਦੇ ਤੋਂ ਬਣਿਆ ਹੋਇਆ ਹੈ ਅਤੇ ਇਸ ਦੀ ਉੱਚਾਈ 1,578 ਮੀ. ਤੀਕ ਪਹੁੰਚ ਜਾਂਦੀ ਹੈ । ਉੱਤਰ-ਪੱਛਮੀ ਤੱਟ ਉਤੇ ਮੌਸਮਾਂਡ ਨਾਂ ਦਾ ਸ਼ਹਿਰ ਇਸ ਦੀਪ ਦਾ ਵੱਡਾ ਸ਼ਹਿਰ ਹੈ ।

ਮਾਏਲੀ ਇਸ ਸਮੂਹ ਦਾ ਸਭ ਤੋਂ ਛੋਟਾ ਦੀਪ ਹੈ ਅਤੇ ਇਸ ਨੇ 308 ਮੀ. ਉੱਚੀ ਇਕ ਪਠਾਰ ਮੱਲੀ ਹੋਈ ਹੈ । ਉੱਤਰੀ ਤੱਟ ਉਤੇ ਫਾਂਬਨੀ ਅਤੇ ਦੱਖਣ-ਪੱਛਮ ਵਿਚ ਨੁਮਾਚੋਆ ਦੀਪ ਦੇ ਵੱਡੇ ਸ਼ਹਿਰ ਹਨ ।

ਗ੍ਰੈਨਡ ਕਾਮੋਰ ਦੀਪ ਸਭ ਤੋਂ ਵੱਡਾ ਅਤੇ ਉੱਚਾ ਦੀਪ ਹੈ । ਇਸ ਦਾ ਕੁੱਲ ਰਕਬਾ 1125 ਵ. ਕਿ. ਮੀ. ਹੈ । ਇਸ ਦੇ ਦੱਖਣੀ ਸਿਰੇ ਤੇ ਕਰਤਾਲਾ (2,361 ਮੀ.) ਨਾਮੀ ਕ੍ਰਿਆਸ਼ੀਲ ਜਵਾਲਾਮੁਖੀ ਪਹਾੜ ਹੈ । ਪਠਾਰ ਦੀ ਲਗਭਗ 610 ਮੀ: ਦੀ ਉੱਚਾਈ ਤੋਂ ਉੱਤਰ ਵਲ ਨੂੰ ਕਈ ਜਵਾਲਾਮੁਖੀ ਚੋਟੀਆਂ ਉਠਦੀਆਂ ਹਨ । ਦੱਖਣ-ਪੱਛਮ ਵਿਚ ਮੋਰੋਨੀ ਸ਼ਹਿਰ ਹੈ ਜੋ ਇਸ ਗਰੁੱਪ ਦੀ ਰਾਜਧਾਨੀ ਹੈ । ਇਸ ਦੇ ਉੱਤਰੀ ਤੱਟ ਉਤੇ ਮਿਟ ਸੈਮੀਆਉਂਲੀ ਨਾਂ ਦਾ ਸ਼ਹਿਰ ਹੈ ।

ਇਸ ਦੀਪ-ਸਮੂਹ ਦਾ ਜਲਵਾਯੂ ਊਸ਼ਨ-ਖੰਡੀ ਹੈ । ਇਥੇ ਮਈ ਤੇ ਅਕਤੂਬਰ ਵਿਚਕਾਰ ਸਿਹਤਮੰਦ ਖ਼ੁਸ਼ਕ ਮੌਸਮ ਹੁੰਦਾ ਹੈ । ਨਵੰਬਰ ਅਤੇ ਅਪ੍ਰੈਲ ਮਹੀਨਿਆਂ ਵਿਚਕਾਰ ਗਰਮ, ਸਿੱਲ੍ਹਾ ਮੌਸਮ ਹੁੰਦਾ ਹੈ । ਨਵੰਬਰ ਮਹੀਨੇ ਵਿਚ ਮੌਨਸੂਨ ਪੌਣਾਂ ਤਾਪਮਾਨ ਉੱਚਾ (28° ਸੈ ) ਕਰ ਦਿੰਦੀਆਂ ਹਨ । ਜਨਵਰੀ ਮਹੀਨੇ ਵਿਚ ਵੱਧ ਤੋਂ ਵੱਧ ਵਰਖਾ (27.5—37.5 ਸੈ. ਮੀਂ.) ਹੁੰਦੀ ਹੈ । ਗਰਮੀਆਂ ਵਿਚ ਇਥੇ ਚੱਕਰਵਾਤ, ਸਮੁੰਦਰੀ ਜਲ-ਸਥੰਭ ਅਤੇ ਜਵਾਲ-ਤਰੰਗਾਂ ਆਉਂਦੀਆਂ ਹਨ । ਸਰਦੀਆਂ ਦਾ ਤਾਪਮਾਨ ਜੁਲਾਈ ਮਹੀਨੇ ਦੇ ਘੱਟ ਤੋਂ ਘੱਟ ਤਾਪਮਾਨ (20° ਸੈ.) ਤੀਕ ਡਿਗ ਜਾਂਦਾ ਹੈ । ਸਾਲਾਨਾ ਵਰਖਾ ਲਗਭਗ 108 ਸੈ. ਮੀ. ਅਤੇ 285 ਸੈ. ਮੀ. ਵਿਚਕਾਰ ਹੁੰਦੀ ਹੈ ।

ਗ੍ਰੈਨਡ ਕਾਮੋਰ ਦੇ ਲਾਵਿਆਂ ਅਤੇ ਮੁਸਾਮਦਾਰ ਚਟਾਨਾਂ ਵਿਚ ਵਰਖਾ ਇੰਨੀ ਡੂੰਘੀ ਚਲੀ ਜਾਂਦੀ ਹੈ ਕਿ ਉਹ ਖੂਹ ਕੇਵਲ ਤੱਟੀ ਨੀਵੀਆਂ ਭੂਮੀਆਂ ਵਿਚ ਪੁੱਟੇ ਜਾ ਸਕਦੇ ਹਨ ਪਰ ਪਾਣੀ ਖਾਰਾ ਹੁੰਦਾ ਹੈ । ਗ੍ਰੈਨਡ ਕਾਮੋਰ ਅਤੇ ਡਜ਼ਾਉਡਜ਼ਿ ਨੂੰ ਪਾਣੀ, ਬਰਸਾਤੀ ਤਲਾਵਾਂ ਦੁਆਰਾ ਦਿਤਾ ਜਾਂਦਾ ਹੈ । ਦੂਜੇ ਦੀਪਾਂ ਵਿਚ ਲਾਵਾ ਚਟਾਨਾਂ ਉਤੇ ਨਦੀਆਂ ਵੀ ਹੋਂਦ ਵਿਚ ਆਉਂਦੀਆਂ ਹਨ ਅਤੇ ਉਥੇ ਖੂਹ ਵੀ ਪੁੱਟੇ ਜਾ ਸਕਦੇ ਹਨ ।

ਇਥੋਂ ਦੀ ਲਗਭਗ 16% ਭੂਮੀ ਵਿਚ ਪੁਰਾਣੇ ਜੰਗਲ ਹਨ । ਮੈਂਗ੍ਰੋਵ ਜੰਗਲ ਦੇ ਇਕ ਤੱਟੀ ਖੇਤਰ ਤੋਂ ਬਾਅਦ ਲਗਭਗ 396 ਮੀ. ਦੀ ਉੱਚਾਈ ਤੇ ਨਾਰੀਅਲ, ਅੰਬ ਅਤੇ ਕੇਲਿਆਂ ਦੇ ਦਰਖ਼ਤ ਮਿਲਦੇ ਹਨ । ਦੀਪ ਸਮੂਹ ਦਾ ਵਿਸ਼ੇਸ਼ ਜਾਨਵਰ ਲੰਗੂਰ ਹੈ । ਤੱਟਾਂ ਦੇ ਨਾਲ ਨਾਲ ਕੱਛੂ-ਕੁੰਮੇ ਬਹੁਤ ਮਿਲਦੇ ਹਨ ਜੋ ਬਾਹਰਲੇ ਮੁਲਕਾਂ ਨੂੰ ਭੇਜੇ ਜਾਂਦੇ ਹਨ ।

ਪਹਿਲਾਂ ਇਸ ਦੀਪ ਸਮੂਹ ਨੂੰ ਡਿਆਗੋ ਰਿਬਰਟੋ ਪੁਰਤਗੇਜ਼ੀ ਨਕਸ਼ਾ

ਨਵੀਸ ਦੁਆਰਾ ਤਿਆਰ ਕੀਤੇ ਦੁਨੀਆ ਦੇ ਨਕਸ਼ੇ (1527) ਉਤੇ ਵਿਖਾਇਆ ਗਿਆ ਸੀ। ਪਰਪਹਿਲਾ ਯੂਰਪੀ ਵਿਅਕਤੀ ਜੇਮਜ਼ ਲੈਂਗਕੈਸਟਰ ਨਾਮੀ ਇਕ ਅੰਗਰੇਜ਼ ਮਲਾਹ ਹੀ ਸੀ ਜੋ ਇਸ ਦੀਪ ਸਮੂਹ ਵਿਚ ਲਗਭਗ 1591 ਈ. ਵਿਚ ਪਹੁੰਚਿਆ ਸੀ। ਇਸ ਸਮੇਂ ਅਤੇ ਬਾਅਦ ਵਿਚ ਕਾਫ਼ੀ ਲੰਬੇ ਚਿਰ ਤੀਕ ਇਸ ਦੀਪ ਸਮੂਹ ਉਤੇ ਅਰਬਾਂ ਦਾ ਪ੍ਰਭਾਵ ਹਾਵੀ ਰਿਹਾ। ਸੰਨ 1843 ਵਿਚ ਫ਼ਰਾਂਸ ਨੇ ਮਾਯਾਟ ਦੀਪ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਸੰਨ 1886 ਵਿਚ ਬਾਕੀ ਦੇ ਤਿੰਨ ਦੀਪਾਂ ਨੂੰ ਸੁਰੱਖਿਆ ਅਧੀਨ ਕਰ ਲਿਆ । ਸੰਨ 1914 ਵਿਚ ਇਹ ਮੈਡਗਾਸਕਰ ਦੇ ਗਵਰਨਰ-ਜਨਰਲ ਦੇ ਪ੍ਰਬੰਧ ਅਧੀਨ ਹੁੰਦਾ ਸੀ। ਸੰਨ 1947 ਵਿਚ ਇਹ ਫ਼ਰਾਂਸ ਦਾ ਸਮੁੰਦਰੋਂ ਪਾਰ ਦਾ ਇਲਾਕਾ ਬਣ ਗਿਆ। ਇਸ ਦੀਪ ਸਮੂਹ ਨੂੰ ਇਹ ਪੁਜ਼ੀਸ਼ਨ ਸੰਨ 1958 ਦੇ ਲੋਕ-ਮਤ ਵਿਚ ਪ੍ਰਦਾਨ ਕੀਤੀ ਗਈ । ਸੰਨ 1960 ਵਿਚ ਇਸ ਦੀਪ ਸਮੂਹ ਨੂੰ ਅੰਦਰੂਨੀ ਸਵਾਧੀਨਤਾ ਦਿਤੀ ਗਈ।

ਲੋਕ ਰਲੀ-ਮਿਲੀ ਨਸਲ ਦੇ ਹਨ ਜਿਨ੍ਹਾਂ ਵਿਚ ਵਧੇਰੇ ਲੋਕ ਮੁਸਲਮਾਨ ਹਨ ਜੋ ਅਰਬੀ ਬੋਲਦੇ ਹਨ। ਪਰ ਤਜਾਰਤ ਲਈ ਸਵਾਹੀਲੀ ਭਾਸ਼ਾ ਵਰਤੀ ਜਾਂਦੀ ਹੈ। ਇਥੋਂ ਦੀ ਵਸੋਂ ਦਾ ਲਗਭਗ ਅੱਧਾ ਹਿੱਸਾ ਗ੍ਰੈਨਡ ਕਾਮੋ ਵਿਚ ਅਤੇ ਲਗਭਗ 1/3 ਹਿੱਸਾ ਆਨਜ਼ਵਾਨ ਵਿਚ ਵਸਦਾ ਹੈ। ਇਥੋਂ ਦੇ ਲੋਕ ਵਧੇਰੇ ਕਰਕੇ ਮੈਡਗਾਸਕਰ ਨੂੰ ਹੀ ਜਾਂਦੇ ਹਨ।

ਭਾਵੇਂ-ਕਸਾਵਾ, ਸ਼ਕਰਗੰਦੀ ਅਤੇ ਪਹਾੜੀ ਚੌਲ ਵਰਗੀਆਂ ਫ਼ਸਲਾਂ ਇਥੇ ਗੁਜ਼ਾਰੇ ਯੋਗ ਪੈਦਾ ਹੁੰਦੀਆਂ ਹਨ ਪਰ ਬਾਹਰਲੇ ਮੁਲਕਾਂ ਤੋਂ ਖੁਰਾਕ ਦੀਆਂ ਕਾਫ਼ੀ ਵਸਤਾਂ ਮੰਗਵਾਈਆਂ ਜਾਂਦੀਆਂ ਹਨ। ਇਥੇ ਭੇਡਾਂ ਤੇ ਬਕਰੀਆਂ ਪਾਲੀਆਂ ਜਾਂਦੀਆਂ ਹਨ। ਵਨੀਲਾ ਖੁਸ਼ਬੋ ਵਾਲੇ ਪੌਦੇ, ਨਾਰੀਅਲ, ਕਾਫ਼ੀ, ਸੀਸਲ ਅਤੇ ਕੋਕੋ ਦੇ ਬਗੀਚਿਆਂ ਨੇ ਦੀਪ ਸਮੂਹ ਦੇ ਕੁਲ ਰਕਬੇ ਦਾ 35% ਹਿੱਸਾ ਮੱਲਿਆ ਹੋਇਆ ਹੈ। ਇਥੇ ਆਰਾ ਮਿੱਲਾਂ, ਤੇਲ ਅਤੇ ਸਾਬਣ ਦੀਆਂ ਫੈਕਟਰੀਆਂ ਅਤੇ ਤਿੰਨ ਜਲ-ਬਿਜਲੀ ਪਲਾਂਟ ਹਨ। ਇਹ ਚਾਰੇ ਦੀਪ ਮੈਡਗਾਸਕਰ ਨਾਲ ਸਮੁੰਦਰੀ ਜਹਾਜ਼ਾਂ ਅਤੇ ਏਅਰ ਫੈਰੀਜ਼ ਦੁਆਰਾ ਜੁੜੇ ਹੋਏ ਹਨ।

ਹ. ਪੁ.—ਐਨ. ਬ੍ਰਿ. ਮਾ. 3: 49

**ਕਾਯ ਰੇਨ ਆਗਸਟ :** ਫ਼ਰਾਂਸ ਦੇ ਇਸ ਖੋਜੀ ਦਾ ਜਨਮ 19 ਨਵੰਬਰ, 1799 ਨੂੰ ਲਾ-ਰੋਸ਼ੈੱਲ ਦੇ ਨੇੜੇ ਮੇਊਜ਼ੇ ਵਿਖੇ ਹੋਇਆ। ਇਹ ਟਿਮਬੁਕਟੂ (ਪੱਛਮੀ ਅਫ਼ਰੀਕਾ) ਦੀ ਯਾਤਰਾ ਕਰਕੇ ਜਿਉਂਦਾ ਵਾਪਸ ਪਰਤਣ ਵਾਲਾ ਪਹਿਲਾ ਯੂਰਪੀਨ ਵਿਅਕਤੀ ਸੀ। 20 ਸਾਲ ਦੀ ਛੋਟੀ ਜਿਹੀ ਉਮਰ ਤਕ ਹੀ ਇਹ ਦੋ ਵਾਰੀ ਸੈਨੇਗਾਲ ਦੀ ਯਾਤਰਾ ਕਰ ਚੁੱਕਾ ਸੀ। 1824 ਵਿਚ ਇਸ ਨੇ ਅਰਬੀ ਸਿਖ ਕੇ ਅਤੇ ਇਸਲਾਮ ਗ੍ਰਹਿਣ ਕਰਕੇ ਟਿਮਬੁਕਟੂ ਪਹੁੰਚਣ ਦੀ ਤਿਆਰੀ ਕੀਤੀ । ਅਪ੍ਰੈਲ 1827 ਵਿਚ ਇਹ ਸਫ਼ਰ ਤੇ ਚਲ ਪਿਆ ਅਤੇ ਇਸ ਨੇ ਕਾਰਾਊਸਾ ਦੇ ਸਥਾਨ ਤੇ ਉਪਰਲੇ ਨਾਈਜਰ ਨੂੰ ਪਾਰ ਕੀਤਾ ਅਤੇ 20 ਅਪ੍ਰੈਲ, 1828 ਨੂੰ ਟਿਮਬੁਕਟੂ ਪਹੁੰਚਿਆ। ਪੰਦਰਾਂ ਦਿਨ ਉਥੇ ਰਹਿਣ ਪਿੱਛੋਂ ਇਹ ਸਹਾਰਾ ਨੂੰ ਪਾਰ ਕਰਕੇ ਅਗਸਤ ਵਿਚ ਫੈਸ ਪਹੁੰਚ ਗਿਆ। ਇਸ ਸਫ਼ਲਤਾ ਤੇ ਇਸ ਨੂੰ ਪੈਰਿਸ ਦੀ ਭੂਗੋਲਿਕ ਸੋਸਾਇਟੀ ਨੇ 10,000 ਫ਼ਰੈਂਕ ਇਨਾਮ ਵਜੋਂ ਦਿਤੇ।

ਸ਼ਾਇਦ 17 ਅਪ੍ਰੈਲ, 1838 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 582.

**ਕਾਯਾਹ ਸਟੇਟ :** ਬਰਮਾ ਦਾ ਇਹ ਇਕ ਰਾਜ ਹੈ ਜਿਸ ਦਾ ਪਹਿਲਾ ਨਾਂ ਕਾਰੈਨੀ ਹੁੰਦਾ ਸੀ। ਇਸ ਦਾ ਰਕਬਾ 11,670 ਵ.ਕਿ.ਮੀ. ਅਤੇ ਆਬਾਦੀ 168,355 (1983) ਹੈ । ਇਸ ਦੇ ਉੱਤਰ ਵਲ ਸ਼ਾਨ ਰਾਜ, ਦੱਖਣ ਪੂਰਬ ਵਲ ਥਾਈਲੈਂਡ ਅਤੇ ਦੱਖਣ ਪੱਛਮ ਵਲ ਕਾਵਥੁਲੇ ਰਾਜ ਵਾਕਿਆ ਹੈ। ਇਹ ਚਾਰ ਉਪ-ਰਾਜਾਂ ਕਾਨਤਾਰਾਵਾਦੀ, ਬਾਲੇਕ, ਕਾਈਬੋਗਾਈ ਅਤੇ ਮੌਂਗ ਪਾਈ ਨੂੰ ਮਿਲਾ ਕੇ ਬਣਿਆ ਹੈ। ਇਸ ਰਾਜ ਵਿਚ ਛੋਟੇ ਛੋਟੇ ਕਬੀਲੇ, ਜਿਨ੍ਹਾਂ ਨੂੰ ਬਰਮੀ ਲੋਕ ਰੈੱਡ ਕਾਰੈਨ ਆਖਦੇ ਹਨ, ਰਹਿੰਦੇ ਹਨ । ਸੰਨ 1889 ਵਿਚ ਅੰਗਰੇਜ਼ਾਂ ਨੇ ਇਥੋਂ ਦੇ ਬਾਦਸ਼ਾਹ ਨੂੰ ਬੇਦਖ਼ਲ ਕਰ ਦਿਤਾ ਸੀ। ਅਕਤੂਬਰ 1, 1922 ਤੋਂ ਬਾਅਦ ਕਾਨਤਾਰਾਵਾਦੀ, ਬਾਲੇਕ ਅਤੇ ਕਾਈਬੋਗਾਈ ਰਾਜਾਂ ਦਾ ਰਾਜ ਪ੍ਰਬੰਧ ਸੰਘੀ ਸ਼ਾਨ ਰਾਜਾਂ ਦੇ ਕਮਿਸ਼ਨਰ ਅਧੀਨ ਸੀ । ਸੰਨ 1947 ਵਿਚ ਬਰਮਾ ਸੰਵਿਧਾਨ ਅਧੀਨ ਇਨ੍ਹਾਂ ਤਿੰਨਾਂ ਨੂੰ ਮਿਲਾ ਕੇ 'ਕਾਰੈਨੀ ਸਟੇਟ' ਨਾਂ ਦੇ ਦਿਤਾ ਗਿਆ ਅਤੇ 14 ਜਨਵਰੀ, 1952 ਨੂੰ ਇਹ ਨਾਂ ਬਦਲ ਕੇ ਮੌਜੂਦਾ ਨਾਂ ਰੱਖਿਆ ਗਿਆ।

ਇਸ ਰਾਜ ਵਿਚ ਜੰਗਲਾਂ ਨਾਲ ਭਰੀਆਂ ਪਹਾੜੀਆਂ ਅਤੇ ਵਾਦੀਆਂ ਹਨ । ਦੋ ਮੁੱਖ ਦਰਿਆ ਸਾਲਵੀਨ ਤੇ ਪਾਨ ਉੱਤਰ ਤੋਂ ਦੱਖਣ ਨੂੰ ਇਸ ਵਿਚੋਂ ਦੀ ਵਗਦੇ ਹਨ। ਸਾਲਵੀਨ ਵਿਚ ਜਹਾਜ਼ਰਾਨੀ ਹੋ ਸਕਦੀ ਹੈ । ਲੋਈ ਕਾ ਇਸ ਰਾਜ ਦੀ ਰਾਜਧਾਨੀ ਹੈ। ਆਵਾਜਾਈ ਲਈ ਭਾਰ ਢੋਣ ਵਾਲੇ ਜਾਨਵਰ ਵਰਤੇ ਜਾਂਦੇ ਹਨ। ਦੱਖਣ ਵਿਚ ਮਾਚੀ ਵਿਖੇ ਟੰਗਸਟਨ ਦੀਆਂ ਖਾਣਾਂ ਹਨ ਅਤੇ ਰਾਜ ਦੇ ਮੱਧ ਵਿਚ ਇਕ ਪਣ-ਬਿਜਲੀ ਪਲਾਂਟ ਹੈ।

ਹ. ਪੁ.—ਐਨ. ਬ੍ਰਿ. ਮਾ. 5 : 737

**ਕਾਯਾਪਾ ਜਾਂ ਕਯਾਪ :** ਦੱਖਣੀ ਅਮਰੀਕੀ ਇੰਡੀਅਨਾਂ ਦਾ ਇਕ ਕਬੀਲਾ ਹੈ ਜਿਹੜਾ ਲੋਅਰ-ਕਯਾਪਾਸ ਦਰਿਆ ਅਤੇ ਉੱਤਰੀ ਇਕਵੇਡਾਰ ਵਿਚ ਨਾਲ ਲਗਦੇ ਕੰਢਿਆਂ ਉਤੇ ਵੱਸਿਆ ਹੋਇਆ ਹੈ। ਇਹ ਪਹਿਲਾਂ ਕੀਟੋ ਦੇ ਆਸ-ਪਾਸ ਉੱਚ-ਭੂਮੀ ਖੇਤਰ ਵਿਚ ਰਹਿੰਦੇ ਸਨ ਅਤੇ ਯੂਰਪੀਆਂ ਦੇ ਪਹਿਲੀ ਵਾਰ ਆਉਣ ਤੋਂ ਥੋੜ੍ਹਾ ਚਿਰ ਪਹਿਲਾਂ ਹੀ ਕੰਢਿਆਂ ਵਲ ਆਏ ਸਨ।

ਇਹ ਹਬਸ਼ੀਆਂ ਵਿਚ ਬਹੁਤ ਰਚ-ਮਿਚ ਗਏ ਅਤੇ ਇਨ੍ਹਾਂ ਦਾ ਮੂਲ ਸਭਿਆਚਾਰ ਲਗਭਗ ਲੋਪ ਹੋ ਗਿਆ । ਇਨ੍ਹਾਂ ਦਾ ਮੂਲ ਸਮਾਜਿਕ ਅਤੇ ਆਰਥਿਕ ਇਕਾਈ ਇਕ ਪਰਿਵਾਰ ਦਾ ਘਰ ਹੈ। ਇਨ੍ਹਾਂ ਦਾ ਮੁੱਖ ਕਿੱਤਾ ਚਾਹੇ ਖੇਤੀਬਾੜੀ ਹੈ ਪਰੰਤੂ ਕਯਾਪਾ ਲੋਕ ਚੰਗੇ ਸ਼ਿਕਾਰੀ ਅਤੇ ਮਛੇਰੇ ਵੀ ਹਨ।

ਹ. ਪੁ.—ਐਨ. ਬ੍ਰਿ. 5 : 123

**ਕਾਯੇਸ, ਪਲੂਟਾਰਕੋ ਈਲਾਈਐਸ :** ਮੈਕਸੀਕੋ ਦੇ ਇਸ ਵਿਸ਼ਵ ਪ੍ਰਸਿੱਧ ਪ੍ਰੈਜ਼ੀਡੈਂਟ ਦਾ ਜਨਮ 25 ਸਤੰਬਰ, 1877 ਨੂੰ ਹੋਇਆ। ਕ੍ਰਾਂਤੀਕਾਰੀ ਲਹਿਰ ਦੇ ਮੈਂਬਰ ਵਜੋਂ ਰਾਜਨੀਤੀ ਵਿਚ ਕਦਮ ਰਖਣ ਤੋਂ ਪਹਿਲਾਂ ਇਹ ਇਕ ਅਧਿਆਪਕ ਸੀ । ਸੰਨ 1917 ਵਿਚ ਇਹ ਸੋਨੋਰਾ ਦਾ ਗਵਰਨਰ ਬਣ ਗਿਆ ਅਤੇ ਇਸ ਨੇ ਮਜ਼ਦੂਰਾਂ ਅਤੇ ਖੇਤੀਬਾੜੀ ਸਬੰਧੀ ਵਿਸ਼ੇਸ਼ ਵਿਧਾਨ ਪੇਸ਼ ਕੀਤੇ।

ਇਹ ਸੋਨੋਰਾ ਦੀ ਤਿੰਨ-ਮੈਂਬਰੀ ਕਮੇਟੀ, ਜਿਸ ਨੇ 1920 ਈ. ਵਿਚ ਕਰਾਨਜ਼ਾ ਨੂੰ ਗੱਦੀ ਤੋਂ ਉਤਾਰਿਆ ਸੀ, ਦਾ ਮੈਂਬਰ ਸੀ। ਇਸ ਨੇ ਡੇ. ਲਾ ਹਿਊਰਟਾ ਦੀ ਸਰਕਾਰ ਵਿਚ ਸੇਵਾ ਕੀਤੀ। ਇਹ 1924 ਤੋਂ 1928 ਤਕ ਮੈਕਸੀਕੋ ਦਾ ਪ੍ਰੈਜ਼ੀਡੈਂਟ ਰਿਹਾ । ਇਸ ਦੇ ਰਾਜ ਕਾਲ ਦੌਰਾਨ ਸਿੰਜਾਈ, ਜ਼ਰਾਇਤੀ ਕਰਜ਼ੇ ਅਤੇ ਸੜਕਾਂ ਦੀ ਉਸਾਰੀ ਸਬੰਧੀ ਕਈ ਪ੍ਰੋਗਰਾਮ ਸ਼ੁਰੂ ਕੀਤੇ ਗਏ। ਵਿਦੇਸ਼ੀ ਭੌਂ ਅਤੇ ਪੈਟਰੋਲ ਨਿਯਮਾਂ ਕਰਕੇ ਸੰਯੁਕਤ ਰਾਜ ਅਮਰੀਕਾ ਨਾਲ ਵਾਦ-ਵਿਵਾਦ ਹੋ ਜਾਣ ਕਾਰਨ ਰਾਜ ਦੀ ਸਥਿਰਤਾ ਭੰਗ ਹੋ ਗਈ।

ਸੰਨ 1928 ਵਿਚ ਪ੍ਰੈਜ਼ੀਡੈਂਟ ਚੁਣੇ ਗਏ ਉਮੀਦਵਾਰ ਓਬਰੇਗੋਨ ਦੀ ਮੌਤ ਕਾਰਨ ਇਕ ਰਾਜਨੀਤਕ ਖ਼ਲਾਅ ਪੈਦਾ ਹੋ ਗਿਆ ਸੀ ਜਿਸ ਨੂੰ ਕੇਵਲ ਕਾਯੇਸ ਹੀ ਭਰ ਸਕਦਾ ਸੀ। ਅੱਗਲੇ ਛੇ ਸਾਲ ਇਹ ਪ੍ਰੈਜ਼ੀਡੈਂਟ ਦਾ ਸੱਜਾ ਹੱਥ ਰਿਹਾ।

ਦੇਸ਼ ਨਿਕਾਲਾ ਦੇ ਦਿਤੇ ਜਾਣ ਕਾਰਨ ਕਾਯੇਸ 1941 ਤਕ ਕੈਲਿਫੋਰਨੀਆ ਵਿਚ ਰਿਹਾ। ਸੰਨ 1941 ਵਿਚ ਇਹ ਮੈਕਸੀਕੋ ਵਾਪਸ ਆ

ਗਿਆ ਅਤੇ ਉਥੇ ਹੀ 19 ਅਕਤੂਬਰ, 1945 ਨੂੰ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 4 : 655

**ਕਾਯੋਂ, ਜੋਜ਼ੈਫ :** ਫ਼ਰਾਂਸ ਦੇ ਇਸ ਰਾਜਨੀਤਕ ਨੇਤਾ ਦਾ ਜਨਮ 30 ਮਾਰਚ, 1863 ਨੂੰ ਲੀ ਮਾਨਜ਼ ਵਿਖੇ ਹੋਇਆ । ਸੰਨ 1898 ਵਿਚ ਇਹ ਫ਼ਰਾਂਸ ਦੀ ਵਿਧਾਨ ਸਭਾ ਲਈ ਚੁਣਿਆ ਗਿਆ । ਵੱਖ-ਵੱਖ ਸਮਿਆਂ ਤੇ (1899-1902, 1906-1909, 1911) ਇਹ ਫ਼ਰਾਂਸ ਦਾ ਵਿੱਤ ਮੰਤਰੀ ਰਿਹਾ । ਕੈਨੇਡਾ ਵਿਚ ਆਮਦਨ-ਕਰ ਲਗਾਉਣ ਦਾ ਸਮਰਥਨ ਕਰਨ ਵਾਲੇ ਮੁੱਢਲੇ ਵਿਅਕਤੀਆਂ ਵਿਚੋਂ ਸੀ । ਸੰਨ 1911-12 ਵਿਚ ਇਹ ਪ੍ਰਧਾਨ ਮੰਤਰੀ ਬਣਿਆ । ਇਸ ਸਮੇਂ ਇਸ ਨੇ ਜਰਮਨੀ ਨਾਲ ਇਕ ਸਮਝੌਤਾ ਕੀਤਾ ਜਿਸ ਰਾਹੀਂ ਫ਼ਰਾਂਸੀਸੀ ਕਾਂਗੋ ਦਾ ਕੁਝ ਹਿੱਸਾ ਜਰਮਨੀ ਨੂੰ ਦੇ ਦਿਤਾ ਤੇ ਉਸ ਬਦਲੇ ਮਰਾਕੋ ਵਿਚ ਦਖ਼ਲ-ਅੰਦਾਜ਼ੀ ਕਰਨ ਦੀ ਖੁੱਲ੍ਹ ਲੈ ਲਈ ਪਰ ਇਸ ਸਮਝੌਤੇ ਨਾਲ ਇਸ ਦੇ ਮੰਤਰੀ ਮੰਡਲ ਦਾ ਅੰਤ ਹੋ ਗਿਆ ਤੇ 1913-14 ਤਕ ਇਹ ਫਿਰ ਤੋਂ ਵਿੱਤ ਮੰਤਰੀ ਰਿਹਾ । ਸੰਨ 1917 ਵਿਚ ਜਰਮਨੀ ਨਾਲ ਸ਼ਾਂਤੀ ਸੰਧੀ ਕਰਨ ਦੀ ਸਿਫਾਰਸ਼ ਕਰਨ ਕਰਕੇ ਕਾਯੋਂ ਨੂੰ ਕੈਦ ਕਰ ਲਿਆ ਗਿਆ । ਸੰਨ 1920 ਵਿਚ ਇਸ ਉੱਤੇ ਕੇਸ ਚਲਾਇਆ ਗਿਆ ਤੇ ਦੁਸ਼ਮਣ ਨਾਲ ਮਿਲਣ ਦੇ ਦੋਸ਼ ਵਜੋਂ ਇਸ ਨੂੰ (1917-1920) ਤਿੰਨ ਸਾਲ ਦੀ ਕੈਦ ਦੀ ਸਜ਼ਾ ਅਤੇ ਸਾਰੇ ਨਾਗਰਿਕ ਹੱਕਾਂ ਤੋਂ ਵਰਜਿਤ ਕਰ ਦਿਤਾ ਗਿਆ । ਸੰਨ 1924 ਵਿਚ ਇਸ ਨੂੰ ਫਿਰ ਤੋਂ ਨਾਗਰਿਕ ਹੱਕ ਦੇ ਦਿਤੇ ਗਏ । 1926 ਵਿਚ ਇਹ ਫਿਰ ਤੋਂ ਵਿੱਤ ਮੰਤਰੀ ਬਣ ਗਿਆ ਪਰ ਇਹ ਫ਼ਰਾਂਸ ਦੇ ਪਤਨ ਨੂੰ ਨਾ ਰੋਕ ਸਕਿਆ । ਸੰਨ 1925 ਵਿਚ ਇਹ ਸੈਨੇਟ ਲਈ ਚੁਣਿਆ ਗਿਆ । 1932 ਤੋਂ 40 ਤਕ ਵਿੱਤ ਕਮੇਟੀ ਦਾ ਚੇਅਰਮੈਨ ਰਿਹਾ । ਇਸ ਦੀਆਂ ਲਿਖਤਾਂ ਵਿਚੋਂ ou va la France ? ou va l Europe 1922 ; ਅੰਗਰੇਜ਼ੀ ਅਨੁਵਾਦ ਵਿਦਰ ਫ਼ਰਾਂਸ ? ਵਿਦਰ ਯੂਰਪ ਅਤੇ ਮੈੱਸ ਮੇਮਾਇਰਜ਼ 1942-47 (ਤਿੰਨ ਜਿਲਦਾਂ ਵਿਚ) ਹਨ ।

21 ਨਵੰਬਰ 1944 ਨੂੰ ਮਾਮੀਅਰਜ਼ ਵਿਖੇ, ਇਸ ਦੀ ਮੌਤ ਹੋ ਗਈ ।

ਹ. ਪੁ —ਐਨ. ਅਮੈ. 5 : 146

**ਕਾਰਏਅਰਾ, ਰੋਸਾਲਬਾ :** ਇਹ ਇਟਲੀ ਦੀ ਚਿੱਤਰਕਾਰ ਸੀ, ਜਿਹੜੀ ਪੇਸਟਲਾਂ ਤੋਂ ਰੰਗਦਾਰ ਚਿੱਤਰ ਬਣਾਉਣ ਦੀ ਕਲਾ ਵਿਚ ਮਾਹਰ ਹੋਣ ਕਰ ਕੇ ਪ੍ਰਸਿੱਧ ਹੋਈ । ਇਸ ਦਾ ਜਨਮ ਵੈਨਿਸ ਵਿਚ 7 ਅਕਤੂਬਰ, 1675 ਨੂੰ ਹੋਇਆ । ਪਹਿਲਾਂ ਇਹ ਨਸਵਾਰ ਦੀਆਂ ਡੱਬੀਆਂ ਉਤੇ ਨਿੱਕੀਆਂ ਨਿੱਕੀਆਂ ਤਸਵੀਰਾਂ ਬਣਾਉਣ ਕਰ ਕੇ ਜਾਣੀ ਜਾਣ ਲੱਗੀ । ਬਾਦਸ਼ਾਹ ਲੋਕ ਅਤੇ ਹੋਰ ਉੱਘੇ ਬੰਦੇ ਜਿਹੜੇ ਵੈਨਿਸ ਵਿਚ ਅਕਸਰ ਆਉਂਦੇ ਰਹਿੰਦੇ ਸਨ, ਇਸ ਕੋਲੋਂ ਆਪਣੀਆਂ ਤਸਵੀਰਾਂ ਬਣਵਾਉਂਦੇ ਸਨ । ਪੋਲੈਂਡ ਦੇ ਬਾਦਸ਼ਾਹ ਔਗਸਟਸ ਦੂਜੇ 'ਬਲਵਾਨ' ਨੇ ਇਸ ਪਾਸੋਂ ਘੱਟੋ ਘੱਟ 40 ਰੰਗਦਾਰ ਚਿੱਤਰ ਖ਼ਰੀਦੇ । ਚੰਗੀਆਂ ਚੀਜ਼ਾਂ ਇਕੱਠੀਆਂ ਕਰਨ ਦੇ ਸ਼ੌਕੀਨ ਅਤੇ ਸਰਮਾਏਦਾਰ ਪਾਈਏਅਰੇ ਕ੍ਰੋਜ਼ੈਟ ਦੇ ਸੱਦੇ ਉਤੇ ਇਹ ਆਪਣੇ ਪਰਿਵਾਰ ਸਹਿਤ ਮਾਰਚ 1720 ਵਿਚ ਪੈਰਿਸ ਗਈ । ਇਹ ਫ਼ਰਾਂਸ ਦੀ ਰਾਜਧਾਨੀ ਦੀ ਸਨਮਾਨਿਤ ਵਿਅਕਤੀ ਸੀ ਅਤੇ ਇਸ ਨੇ ਲੂਈ XV ਦੀ ਬੱਚੇ ਵਜੋਂ ਬਣਾਈ ਤਸਵੀਰ ਸਮੇਤ 36 ਤਸਵੀਰਾਂ ਬਣਾਈਆਂ । ਸੰਨ 1720 ਵਿਚ ਇਹ ਰੌਇਲ ਅਕੈਡਮੀ ਦੀ ਮੈਂਬਰ ਬਣ ਗਈ ਅਤੇ ਅਗਲੇ ਸਾਲ ਵੈਨਿਸ ਪਰਤ ਗਈ । ਸੰਨ 1730 ਵਿਚ ਜਦੋਂ ਇਹ ਵੀਆਨਾ ਗਈ ਤਾਂ ਮਹਾਰਾਣੀ ਇਸ ਦੀ ਰੱਖਿਅਕਾ ਅਤੇ ਸ਼ਾਗਿਰਦ ਬਣੀ । ਸੰਨ 1750 ਤੋਂ ਮਗਰੋਂ ਇਸ ਦੀ ਨਜ਼ਰ ਜਾਂਦੀ ਰਹੀ । ਇਸ ਦੀ ਕਲਾ ਨੇ ਇਸ ਦੇ ਸਮੇਂ ਵਿਚ ਕਲਾ ਦੇ ਪਾਰਖੂਆਂ ਉੱਤੇ ਬਹੁਤ ਪ੍ਰਭਾਵ ਪਾਇਆ ਸੀ ।



ਰੋਸਾਲਬਾ ਕਾਰਏਅਰਾ

15 ਅਪ੍ਰੈਲ, 1757 ਨੂੰ ਵੈਨਿਸ ਵਿਖੇ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 4 : 966

**ਕਾਰਸ :** ਈਲ—ਤੁਰਕੀ ਦੀ ਇਹ ਇਕ ਉੱਤਰ-ਪੂਰਬੀ ਈਲ (ਪ੍ਰਾਂਤ) ਹੈ ਜਿਸਦਾ ਕੁਲ ਰਕਬਾ 18,557 ਵ. ਕਿ. ਮੀ. ਹੈ ਅਤੇ ਵਸੋਂ 700,238 (1980) ਹੈ । ਇਸਨੇ ਇਕ ਉੱਚੀ ਪਠਾਰ ਮੱਲੀ ਹੋਈ ਹੈ ਜਿਸ ਨੂੰ ਕਈ ਪਰਬਤ ਲੜੀਆਂ ਪਾਰ ਕਰਦੀਆਂ ਹਨ । ਇਥੇ ਵਰਖਾ ਸਾਧਾਰਨ ਹੀ ਹੁੰਦੀ ਹੈ । ਸਰਦੀਆਂ ਵਿਚ ਬਰਫ਼ ਪੈਂਦੀ ਹੈ । ਐਲਪਾਈਨ ਚਰਾਗਾਹਾਂ 2,750 ਮੀ. ਦੀ ਉੱਚਾਈ ਤੀਕ ਚਲੀਆਂ ਜਾਂਦੀਆਂ ਹਨ ਅਤੇ ਬਹਾਰ ਅਤੇ ਗਰਮੀ ਦੀ ਰੁੱਤ ਵਿਚ ਬਹੁਤ ਘਾਹ ਹੁੰਦੀ ਹੈ । ਪ੍ਰਾਂਤ ਵਿਚ ਸੰਘਣੇ ਜੰਗਲ ਹਨ । ਲਗਭਗ 2134 ਮੀ. ਦੀ ਉੱਚਾਈ ਤੇ ਚੀਲ੍ਹ ਅਤੇ ਭੋਜਬ੍ਰਿਛ ਅਤੇ ਲਗਭਗ 915 ਮੀ. ਦੀ ਉੱਚਾਈ ਤੇ ਅੰਗੂਰਾਂ ਦੀਆਂ ਵੇਲਾਂ ਮਿਲਦੀਆਂ ਹਨ । ਕਾਫ਼ੀ ਉੱਚਾਈ ਤੀਕ ਇਥੇ ਅਨਾਜ, ਜੌਂ ਅਤੇ ਮਕੱਈ ਬੀਜੀ ਜਾਂਦੀ ਹੈ । ਪਸ਼ੂ ਪਾਲਣਾ ਇਥੋਂ ਦੀ ਮੁੱਖ ਆਰਥਿਕ ਸਰਗਰਮੀ ਹੈ । ਕਾਗਿਜ਼ਮਾਨ ਦੇ ਸਥਾਨ ਤੇ ਲੂਣ ਦੇ ਭੰਡਾਰ ਹਨ । ਕਿਸੇ ਸਮੇਂ ਇਹ ਪ੍ਰਾਚੀਨ ਆਰਮੀਨੀਆ ਰਾਜ ਦਾ ਹਿੱਸਾ ਹੁੰਦਾ ਸੀ । ਇਥੇ ਅੱਜ ਵੀ ਉਸ ਸਮੇਂ ਦੀਆਂ ਕਈ ਇਤਿਹਾਸਕ ਥਾਵਾਂ ਮੌਜੂਦ ਹਨ । ਕਾਰਸ ਸ਼ਹਿਰ ਦੇ ਪੱਛਮ ਵਿਚ ਅਤੇ ਸੋਵੀਅਤ ਸਰਹੱਦ ਦੇ ਕੋਲ ਅਨੀ ਨਾਂ ਦਾ ਸ਼ਹਿਰ ਦਸਵੀਂ ਸਦੀ ਵਿਚ ਬੈਂਗਰੇਟਿਡ ਦੀ ਰਾਜਧਾਨੀ ਹੁੰਦਾ ਸੀ ।

ਹ. ਪੁ.—ਐਨ. ਬ੍ਰਿ. ਮਾ. 5 : 716

**ਕਾਰਸ :** ਸ਼ਹਿਰ—ਤੁਰਕੀ ਦੀ ਇਸੇ ਹੀ ਨਾਂ ਦੀ ਉੱਤਰੀ-ਪੂਰਬੀ ਈਲ ਦੀ ਰਾਜਧਾਨੀ ਹੈ ਜੋ ਆਰਾਸ ਦਰਿਆ ਦੇ ਕਾਰਸ ਕੋਈ ਨਾਮੀ ਸਹਾਇਕ ਦਰਿਆ ਉਤੇ ਅਤੇ ਸੋਵੀਅਤ ਯੂਨੀਅਨ ਦੀ ਸਰਹੱਦ ਦੇ ਨੇੜੇ ਸਥਿਤ ਹੈ । ਇਹ ਸ਼ਹਿਰ ਪੁਰਾਣੇ ਉਪਰਲੇ ਹਿੱਸੇ ਅਤੇ ਦੱਖਣ ਵਲ ਨੂੰ ਇਕ ਨਵੇਂ ਹਿੱਸੇ ਵਿਚ ਵੰਡਿਆ ਹੋਇਆ ਹੈ । ਇਹ ਸ਼ਹਿਰ ਕਾਰਸ ਕੋਈ ਦਰਿਆ ਦੇ ਦੋਵੇਂ ਪਾਸਿਆਂ ਤੇ ਫੈਲਿਆ ਹੋਇਆ ਹੈ । ਸ਼ਹਿਰ ਦੇ ਦੋਵੇਂ ਹਿੱਸੇ ਸੈਲਜੂਕ-ਤੁਰਕਾਂ ਦੁਆਰਾ ਬਣਾਏ ਇਕ ਪੁਰਾਣੇ ਪੁਲ ਨਾਲ ਜੁੜੇ ਹੋਏ ਹਨ । ਨੌਵੀਂ ਅਤੇ ਦਸਵੀਂ ਸਦੀ ਵਿਚ ਇਹ ਸ਼ਹਿਰ ਆਰਮੀਨੀਆ ਦੀਆਂ ਸੁਤੰਤਰ ਰਿਆਸਤਾਂ ਦਾ ਸਦਰ-ਮੁਕਾਮ ਹੁੰਦਾ ਸੀ । ਯਾਰ੍ਹਵੀਂ ਸਦੀ ਵਿਚ ਸੈਲਜ਼ੂਕਾਂ ਨੇ, ਤੇਰ੍ਹਵੀਂ ਸਦੀ ਵਿਚ ਮੁਗ਼ਲਾਂ ਨੇ, ਅਤੇ ਫਿਰ ਸੰਨ 1387 ਵਿਚ ਤੈਮੂਰ ਨੇ ਇਸ ਉਤੇ ਕਬਜ਼ਾ ਕੀਤਾ । ਸੰਨ 1514 ਵਿਚ ਇਸ ਨੂੰ ਉਸਮਾਨ ਸਾਮਰਾਜ ਵਿਚ ਸ਼ਾਮਲ ਕਰ ਲਿਆ ਗਿਆ । ਸੰਨ 1828 ਵਿਚ ਇਹ ਰੂਸ ਦੇ ਹੱਥਾਂ ਵਿਚ ਚਲਾ ਗਿਆ ਅਤੇ ਸੰਨ 1877-78 ਵਿਚ ਰਸਮੀ ਤੌਰ ਤੇ ਰੂਸ ਵਿਚ ਸ਼ਾਮਲ ਕਰ ਲਿਆ ਗਿਆ । ਸੰਨ 1921 ਨੂੰ ਇਹ ਸ਼ਹਿਰ ਤੁਰਕੀ ਨੂੰ ਵਾਪਸ ਕਰ ਦਿਤਾ ਗਿਆ । ਕੰਬਾਤ ਕਾਮੀ ਜੋ ਆਰੰਭ ਵਿਚ ਆਰਮੀਨੀਆ ਦਾ ਇਕ ਗਿਰਜਾ ਘਰ ਹੁੰਦਾ ਸੀ ਅਤੇ ਮਗਰੋਂ ਜਿਸਨੂੰ ਮਸਜਿਦ ਬਣਾ ਦਿਤਾ ਗਿਆ ਸੀ, ਵਿਚ ਇਕ ਛੋਟੀ ਜਿਹੀ ਮਸਜਿਦ, ਆਟੋਮਾਨ ਕਾਲ ਦਾ ਇਕ ਇਸ਼ਨਾਨ-ਘਰ ਅਤੇ ਇਕ ਪੁਰਾਣਾ ਕਿਲਾ (ਜੋ ਸ਼ਾਇਦ ਸੋਲ੍ਹਵੀਂ ਸਦੀ ਵਿਚ ਇਕ ਜ਼ਬਰਦਸਤ ਫ਼ੌਜੀ ਅੱਡਾ ਹੁੰਦਾ ਸੀ) ਇਥੋਂ ਦੀਆਂ ਪ੍ਰਸਿੱਧ ਇਤਿਹਾਸਕ ਇਮਾਰਤਾਂ ਹਨ ।

ਇਹ ਪਸ਼ੂ-ਧਨ ਦੇ ਵਪਾਰ ਅਤੇ ਪਨੀਰ ਦਾ ਉੱਘਾ ਕੇਂਦਰ ਹੈ। ਇਥੇ ਕੰਬਲ, ਗ਼ਲੀਚੇ ਅਤੇ ਨਮਦੇ ਤਿਆਰ ਕੀਤੇ ਜਾਂਦੇ ਹਨ। ਇਹ ਇਕ ਪ੍ਰਸਿੱਧ ਮਿਲਟਰੀ ਸਟੇਸ਼ਨ ਹੈ ਅਤੇ ਇਹ ਤੁਰਕੀ ਦੇ ਮੁੱਖ ਸ਼ਹਿਰਾਂ ਨਾਲ ਸੜਕ ਅਤੇ ਰੇਲ ਦੁਆਰਾ ਜੁੜਿਆ ਹੋਇਆ ਹੈ।

ਆਬਾਦੀ—54,892 (1975)

40° 36′ ਉ. ਵਿਥ.; 43° 05′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 716

**ਕਾਰਸਨ ਸਿਟੀ :** ਸੰਯੁਕਤ ਰਾਜ ਅਮਰੀਕਾ ਵਿਚ ਇਹ ਨੈਵੇਦਾ ਪ੍ਰਾਂਤ ਦੀ ਰਾਜਧਾਨੀ ਹੈ ਜੋ ਰੀਨੋ ਤੋਂ 48 ਕਿ. ਮੀ. ਦੱਖਣ ਅਤੇ ਝੀਲ ਟਾਹੋ ਤੋਂ 23 ਕਿ. ਮੀ. ਪੂਰਬ ਵਲ ਸਿਐਰਾ ਨੈਵੇਦਾ ਦੀਆਂ ਪੂਰਬੀ ਪੱਬੀਆਂ ਨੇੜੇ ਈਗਲ ਵਾਦੀ ਵਿਚ ਵਾਕਿਆ ਹੈ। ਸੰਨ 1858 ਵਿਚ ਈਗਲ ਸਟੇਸ਼ਨ ਦੇ ਮੁਕਾਮ ਤੇ ਇਸ ਦੀ ਨੀਂਹ ਰੱਖੀ ਗਈ ਅਤੇ ਬਾਅਦ ਵਿਚ ਇਸ ਦਾ ਨਾਂ ਕਰਿਸਟੋਫਰ ਕਾਰਸਨ ਦੇ ਨਾਂ ਉਤੇ ਰੱਖਿਆ ਗਿਆ। 1861 ਵਿਚ ਕਾਊਂਟੀ ਅਤੇ ਟੈਰੀਟੋਰੀਅਲ ਸਰਕਾਰ ਦਾ ਸਦਰ ਮੁਕਾਮ ਬਣ ਗਿਆ। ਸੰਨ 1875 ਵਿਚ ਇਸ ਨੂੰ ਸ਼ਹਿਰ ਦਾ ਦਰਜਾ ਦਿਤਾ ਗਿਆ। ਇਹ ਸ਼ਹਿਰ ਗਰਮੀਆਂ ਲਈ ਇਕ ਸੁੰਦਰ ਸੈਰਗਾਹ ਹੈ। ਇਥੇ ਆਲੇ ਦੁਆਲੇ ਦੀਆਂ ਜ਼ਰਾਇਤੀ ਵਸਤਾਂ ਅਤੇ ਖਣਿਜਾਂ ਦਾ ਵਪਾਰ ਹੁੰਦਾ ਹੈ। ਇਥੇ ਇਕ ਫ਼ੈਡਰਲ ਇਮਾਰਤ, ਸਟੇਟ ਕੈਪੀਟਲ, ਸਟੇਟ ਜੇਲ੍ਹ, ਸਟੇਟ ਯਤੀਮਖਾਨਾ, ਇਕ ਫ਼ੈਡਰਲ ਇੰਡੀਅਨ ਸਕੂਲ ਅਤੇ ਇਕ ਸਟੇਟ ਅਜਾਇਬ ਘਰ ਹੈ। ਅਜਾਇਬ ਘਰ ਦੀ ਇਮਾਰਤ ਪਹਿਲਾਂ ਸੰਯੁਕਤ ਰਾਜ ਦੇ ਟਕਸਾਲ ਦੀ ਇਕ ਬਰਾਂਚ ਹੁੰਦੀ ਸੀ।

ਆਬਾਦੀ—30,807 (1980)

39° 10′ ਉ. ਵਿਥ.; 119° 46′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 594; ਐਨ. ਅਮੈ. 5 : 676

**ਕਾਰਸਾਵੀਨਾ, ਟਮਾਰਾ :** ਇਹ ਰੂਸ ਦੀ ਜੰਮੀ ਪਲੀ ਸੰਗੀਤਕ ਨਾਟ ਦੀ ਨਾਚੀ ਹੈ। ਵਾਸਲਾਫ਼ ਨਿਜਿੰਸਕੀ ਨਾਲ ਮਿਲ ਕੇ ਇਸ ਨੇ ਪੱਛਮੀ ਯੂਰਪ ਵਿਚ ਸੰਗੀਤਕ ਨਾਟ ਵਿਚ ਲੋਕਾਂ ਦੀ ਦਿਲਚਸਪੀ ਨੂੰ ਮੁੜ ਸੁਰਜੀਤ ਕਰਨ ਵਿਚ ਮਦਦ ਦਿੱਤੀ। ਇਸ ਦਾ ਜਨਮ ਪੀਟਰਜ਼ਬਰਗ (ਲੈਨਿਨਗ੍ਰਾਦ) ਵਿਖੇ 10 ਮਾਰਚ, 1885 ਨੂੰ ਹੋਇਆ। ਇਸ ਦਾ ਪਿਤਾ ਪਲੈਟਨ ਕਾਰਸਾਵਿਨ ਦਾ ਇਕ ਉੱਘਾ ਨ੍ਰਿਤਕਾਰ ਸੀ। ਇਸ ਨੇ ਸੇਂਟ ਪੀਟਰਜ਼ਬਰਗ ਦੇ ਇੰਪੀਰੀਅਲ ਥੀਏਟਰ ਸਕੂਲ ਵਿਚ ਪੜ੍ਹਾਈ ਕੀਤੀ। ਮੈਰਿੰਸਕੀ ਥੀਏਟਰ ਵਿਖੇ ਇਹ ਕਈ ਸਾਲ ਮੁੱਖ ਨਰਤਕੀ ਰਹੀ ਅਤੇ ਇਸ ਨੇ ਬਹੁਤ ਪ੍ਰਸਿੱਧ ਰੋਲ ਅਦਾ ਕੀਤੇ।



ਟਮਾਰਾ ਕਾਰਸਾਵੀਨਾ

ਆਪਣੀ ਰੀਟਾਇਰਮੈਂਟ ਮਗਰੋਂ ਕਾਰਸਾਵੀਨਾ ਕੁਝ ਸਮੇਂ ਲਈ ਲੰਡਨ ਵਿਚ ਸਿਖਿਆ ਦਿੰਦੀ ਰਹੀ ਅਤੇ ਲਿਖਣ ਵਿਚ ਰੁਝੀ ਰਹੀ। ਸੰਨ 1929 ਵਿਚ ਇਸ ਦੀ ਸਵੈ-ਜੀਵਨੀ 'ਥੀਏਟਰ ਸਟਰੀਟ' ਛਪੀ ਸੀ।

ਹ. ਪੁ.—ਐਨ. ਬ੍ਰਿ. 13 : 241

**ਕਾਰਸਿਕਾ :** ਭੂਮੱਧ-ਸਾਗਰ ਵਿਚ ਇਹ ਇਕ ਟਾਪੂ ਹੈ ਜੋ ਅੱਜਕਲ੍ਹ ਫਰਾਂਸ ਦਾ ਇਕ ਡਿਪਾਰਟਮੈਂਟ ਹੈ। ਇਹ ਟਾਪੂ ਸਾਰਡੀਨੀਆ ਟਾਪੂ ਤੋਂ 16 ਕਿ. ਮੀ. ਉੱਤਰ ਵਲ, ਇਟਲੀ ਤੋਂ 80 ਕਿ. ਮੀ. ਪੱਛਮ ਵਲ ਅਤੇ ਫ਼ਰਾਂਸ ਤੋਂ 169 ਕਿ. ਮੀ. ਦੱਖਣ-ਪੂਰਬ ਵਲ ਵਾਕਿਆ ਹੈ। ਉੱਤਰ-ਦੱਖਣ ਦੀ ਦਿਸ਼ਾ ਵਿਚ ਇਸ ਦੀ ਵੱਧ ਤੋਂ ਵੱਧ ਲੰਬਾਈ 182 ਕਿ. ਮੀ., ਵਿਚਕਾਰੋਂ ਵੱਧ ਤੋਂ ਵੱਧ ਚੌੜਾਈ 85 ਕਿ. ਮੀ. ਅਤੇ ਕੁਲ ਰਕਬਾ 8,681 ਵ. ਕਿ. ਮੀ. ਹੈ। ਇਹ ਟਾਪੂ 62 ਕੈਂਟਨਾਂ ਅਤੇ 366 ਕਮਿਊਨਾਂ ਵਿਚ ਵੰਡਿਆ ਹੋਇਆ ਹੈ। ਆਯਾਤਚੋ ਇਸ ਦੀ ਰਾਜਧਾਨੀ ਹੈ ਅਤੇ ਇਸ ਦੀ ਕੁਲ ਆਬਾਦੀ 240,178 (1982) ਹੈ। ਇਸ ਦੇ ਦੂਜੇ ਸ਼ਹਿਰ ਬਾਸਤੀਆ, ਕਾਲਵੀ, ਕੋਰਟੇ ਅਤੇ ਸਾਰਟੈਨ ਹਨ।

ਇਹ ਲਗਭਗ ਚੌਕੋਰ ਸ਼ਕਲ ਦਾ ਹੈ ਜਿਸ ਦੇ ਉੱਤਰੀ ਸਿਰੇ ਤੇ ਕੇਪ ਕੋਰਸ ਦਾ ਲੰਬੂਤਰਾ ਜਿਹਾ ਪ੍ਰਾਇਦੀਪ ਹੈ। ਟਾਪੂ ਦਾ ਦੋ ਤਿਹਾਈ ਹਿੱਸਾ ਪ੍ਰਾਚੀਨ ਰਵੇਦਾਰ ਪਹਾੜਾਂ ਵਾਲਾ ਹੈ। ਇਕ ਪਰਬਤ ਲੜੀ ਟਾਪੂ ਨੂੰ ਉੱਤਰ-ਪੱਛਮ ਤੋਂ ਦੱਖਣ-ਪੂਰਬ ਦੀ ਦਿਸ਼ਾ ਵਿਚ ਵੰਡਦੀ ਹੈ। ਇਨ੍ਹਾਂ ਵਿਚ ਸਭ ਤੋਂ ਉੱਚੀ ਚੋਟੀ ਮਾਂਟ ਚੀਂਟੋ ਹੈ ਜਿਸ ਦੀ ਉਚਾਈ 2,710 ਮੀ. ਹੈ। ਇਥੇ ਕਈ ਵੱਡੇ ਦਰਿਆ ਵਗਦੇ ਹਨ।

ਭੂਮੀ ਤਾਂ ਇਥੋਂ ਦੀ ਬਹੁਤ ਉਪਜਾਊ ਹੈ ਪਰ ਖੇਤੀਬਾੜੀ ਦੀ ਉੱਨਤੀ ਘੱਟ ਹੈ। ਇਥੋਂ ਦੀਆਂ ਮੁੱਖ ਫਸਲਾਂ ਅੰਗੂਰ, ਨਿੰਬੂ ਜਾਤੀ ਦੇ ਫ਼ਲ, ਜੈਤੂਨ, ਸਬਜ਼ੀਆਂ ਅਤੇ ਤੰਬਾਕੂ ਹਨ। ਭੇਡਾਂ, ਬੱਕਰੀਆਂ ਪਾਲੀਆਂ ਜਾਂਦੀਆਂ ਹਨ ਅਤੇ ਗੈਰਕਾਸ਼ਤ ਇਲਾਕੇ ਸੰਘਣੀਆਂ ਝਾੜੀਆਂ ਨਾਲ ਭਰੇ ਹੋਏ ਹਨ ਅਤੇ ਇਨ੍ਹਾਂ ਨੂੰ ਮਾਰਕੁਇਸ ਕਹਿੰਦੇ ਹਨ। ਕੋਲਾ, ਐਂਟੀਮਨੀ, ਕਾਪਰ, ਸੰਗਮਰਮਰ ਅਤੇ ਗ੍ਰੇਨਾਈਟ ਇਥੋਂ ਦੇ ਮੁੱਖ ਖਣਿਜ ਹਨ। ਵਧੀਆ ਇਮਾਰਤੀ ਪੱਥਰ ਵੀ ਸਾਰੇ ਟਾਪੂ ਵਿਚ ਉਪਲਬੱਧ ਹੈ। ਇਸ ਦੀ ਰਾਜਧਾਨੀ ਆਯਾਤਚੋ ਦੱਖਣੀ ਪੱਛਮੀ ਤੱਟ ਤੇ ਵਾਕਿਆ ਹੈ ਜੋ ਇਕ ਵਧੀਆ ਬੰਦਰਗਾਹ ਹੈ ਅਤੇ ਇਸ ਦੇ ਨੇੜੇ ਮੁੱਖ ਹਵਾਈ ਅੱਡਾ ਹੈ। ਇਕ ਤੰਗ ਪਟੜੀ ਵਾਲੀ ਰੇਲਵੇ ਲਾਈਨ ਇਸ ਸ਼ਹਿਰ ਨੂੰ ਟਾਪੂ ਦੇ ਉੱਤਰੀ ਤੇ ਪੂਰਬੀ ਹਿੱਸਿਆਂ ਨਾਲ ਮਿਲਾਉਂਦੀ ਹੈ।

ਇਤਰੂਸਕਨਾਂ ਅਤੇ ਕਾਰਥੇਜੀਆਂ ਦੋਨਾਂ ਨੇ ਇਸ ਟਾਪੂ ਨੂੰ ਆਬਾਦ ਕੀਤਾ ਪਰੰਤੂ ਇਸ ਦੇ ਸਭ ਤੋਂ ਮਹੱਤਵਪੂਰਨ ਸਬੰਧ ਰੋਮ ਨਾਲ ਰਹੇ। ਪਹਿਲੀ ਪਿਊਨਿਕ ਜੰਗ ਤੋਂ ਬਾਅਦ ਇਹ ਇਕ ਰੋਮਨ ਪ੍ਰਾਂਤ ਦਾ ਹਿੱਸਾ ਬਣ ਗਿਆ ਅਤੇ ਇਹ ਥਾਂ ਜਲਾਵਤਨੀ ਲਈ ਵਰਤੀ ਜਾਂਦੀ ਰਹੀ। 469 ਤਕ ਇਹ ਰੋਮ ਅਧੀਨ ਰਿਹਾ, ਬਾਅਦ ਵਿਚ ਦੱਖਣੀ ਅਫ਼ਰੀਕਾ ਦੇ ਵੰਡਾਲਾਂ ਨੇ ਇਸ ਨੂੰ ਜਿੱਤ ਲਿਆ। 6ਵੀਂ ਸਦੀ ਵਿਚ ਵੰਡਾਲਾਂ ਤੋਂ ਬਾਅਦ ਇਹ ਕ੍ਰਮਵਾਰ ਬਾਜ਼ਨਤੀਨੀਆਂ, ਗਾਥਾਂ, ਲੰਬਾਰਡਾਂ ਅਤੇ ਆਖ਼ੀਰ ਵਿਚ ਫਰੈਂਕੀਆਂ ਦੇ ਅਧੀਨ ਰਿਹਾ। 828 ਵਿਚ ਪੋਪ ਬੋਨੀਫੇਸ ਦੂਜੇ ਨੇ ਇਸ ਦੀ ਰੱਖਿਆ ਕੀਤੀ ਸੀ ਅਤੇ ਬੋਨੀਫੇਸੀਓ ਗੜ੍ਹੀ ਬਣਾ ਲਈ।

ਜਗੀਰਦਾਰੀ ਅਰਾਜਕਤਾ ਦੇ ਕਾਲ ਮਗਰੋਂ ਇਸ ਤੇ ਪੋਪ-ਪ੍ਰਣਾਲੀ ਨੇ ਹੱਕ ਜਮਾ ਲਿਆ ਅਤੇ 1077 ਈ. ਵਿਚ ਇਸ ਨੂੰ ਪੀਸਾ ਦੇ ਬਿਸ਼ਪ ਨੂੰ ਜਾਗੀਰ ਵਜੋਂ ਸੰਭਾਲ ਦਿਤਾ। ਇਸ ਨਾਲ ਪੀਸਾ ਤੇ ਜੀਨੋਆ ਵਿਚਕਾਰ ਇਸ ਟਾਪੂ ਤੇ ਰਾਜ ਕਰਨ ਲਈ ਜਦੋਜਹਿਦ ਹੁੰਦੀ ਰਹੀ। ਅਠਾਰ੍ਹਵੀਂ ਸਦੀ ਦੇ ਅੱਧ ਤਕ ਇਸ ਉੱਤੇ ਕਬਜ਼ਾ ਕਰਨ ਲਈ ਕਈ ਪਾਸਿਓਂ ਕੋਸ਼ਿਸ਼ਾਂ ਜਾਰੀ ਰਹੀਆਂ। 1755 ਵਿਚ ਨੈਸ਼ਨਲ ਹੀਰੋ ਪਾਸਕੁਏਲ ਡੀ ਪੇਓਲੀ ਦੀ ਅਗਵਾਈ ਹੇਠ ਹੋਏ ਇਕ ਵਿਦਰੋਹ ਨਾਲ ਟਾਪੂ ਵਾਸੀਆਂ ਦਾ ਕਬਜ਼ਾ ਤੱਟ ਨਾਲ ਦੇ ਸ਼ਹਿਰਾਂ ਨੂੰ ਛੱਡਕੇ ਬਾਕੀ ਸਾਰੇ ਟਾਪੂ ਉਪਰ ਹੋ ਗਿਆ। ਪੇਓਲੀ ਨੇ ਟਾਪੂ ਦੇ ਅੰਦਰਲੇ ਹਿੱਸੇ ਤੇ 1768 ਤਕ ਰਾਜ ਕੀਤਾ ਜਦੋਂ ਕਿ ਡੀਊਸ ਦੀ ਚੁਆਇਸੂਐਲ ਦੀ ਨੀਤੀ ਨੇ ਜੈਨੋਆ ਨੂੰ ਟਾਪੂ ਫ਼ਰਾਂਸ ਪਾਸ ਵੇਚਣ ਲਈ ਮਨਾ ਲਿਆ। ਅਗਲੇ ਸਾਲ ਤਕ ਫ਼ਰਾਂਸੀਸੀਆਂ ਨੇ ਕਾਰਸਿਕਾ ਵਾਲਿਆਂ ਦੀਆਂ ਸਾਰੀਆਂ ਰੁਕਾਵਟਾਂ ਕੁਚਲ ਦਿਤੀਆਂ ਅਤੇ ਪੇਓਲੀ ਇੰਗਲੈਂਡ

ਦੌੜ ਗਿਆ । ਫਰਾਂਸੀਸੀ ਕ੍ਰਾਂਤੀ ਦੌਰਾਨ ਥੋੜ੍ਹੇ ਚਿਰ ਲਈ (1794-1796) ਟਾਪੂ ਤੇ ਬਰਤਾਨੀਆ ਦਾ ਕਬਜ਼ਾ ਰਿਹਾ ਅਤੇ 1814 ਵਿਚ ਵੀਆਨਾ ਦੀ ਕਾਂਗਰਸ ਦੁਆਰਾ ਇਹ ਫਰਾਂਸ ਨੂੰ ਵਾਪਸ ਦੇ ਦਿਤਾ ਗਿਆ । ਦੂਜੇ ਵਿਸ਼ਵ-ਯੁੱਧ ਦੌਰਾਨ ਇਹ ਟਾਪੂ ਵਿਚੀ ਰਾਜ ਦੇ ਅਧਿਕਾਰ ਖੇਤਰ ਅਧੀਨ ਆ ਗਿਆ ਅਤੇ ਉਦੋਂ ਤਕ ਰਿਹਾ ਜਦੋਂ ਕਿ ਆਜ਼ਾਦ ਫ਼ਰਾਂਸੀਸੀ ਫੌਜਾਂ ਦੀ ਮਦਦ ਦੁਆਰਾ ਇਕ ਸਥਾਨਕ ਵਿਦਰੋਹ ਨੇ ਟਾਪੂ ਉਪਰ ਇਤਹਾਦੀਆਂ ਦਾ ਕਬਜ਼ਾ ਸਥਾਪਤ ਕਰ ਦਿਤਾ । ਯੁੱਧ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਪੂਰਨ ਫ਼ਰਾਂਸੀਸੀ ਕਬਜ਼ਾ ਮੁੜ ਸਥਾਪਤ ਹੋ ਗਿਆ ।

ਹ. ਪੁ.—ਐਨ. ਅਮੈ. 8 : 23; ਕੋਲ. ਐਨ. 5 : 567;
ਐਨ. ਬ੍ਰਿ. ਮੈ. 5 : 191

**ਕਾਰਕ** : ਕਾਰਕ ਕੁਚੱਬੇ, ਪਤਲੇ ਅਤੇ ਮੋਮ-ਵਰਗੇ ਪਦਾਰਥ ਦੀ ਤਹਿ ਚੜ੍ਹੇ ਅਜਿਹੇ ਸੈੱਲਾਂ ਦਾ ਬਣਿਆ ਹੁੰਦਾ ਹੈ ਜਿੰਨ੍ਹਾਂ ਦੀਆਂ ਕਈ ਪਰਕਾਰ ਦੇ ਰੁੱਖਾਂ ਦੀਆਂ ਛਿੱਲੜਾਂ ਬਣੀਆਂ ਹੁੰਦੀਆਂ ਹਨ। ਭਾਵੇਂ ਹੈਕਬਰੀ ਦੇ ਤਣੇ ਉਤਲੇ ਬਾਹਰ ਨੂੰ ਵਧੇ ਅਤੇ ਉੱਭਰੇ ਹੋਏ ਹਿੱਸੇ ਜਾਂ ਭੋਜ ਪੱਤਰਾਂ ਦੇ ਛਿੱਲੜਾਂ ਨੂੰ ਵੀ ਇਸ ਪਰਿਭਾਸ਼ਾ ਅਨੁਸਾਰ ਕਾਰਕ ਕਿਹਾ ਜਾ ਸਕਦਾ ਹੈ। ਓਕ ਦੀ ਛਿੱਲ ਹੀ ਵਪਾਰਕ ਤੌਰ ਤੇ ਕਾਰਕ ਅਖਵਾਉਂਦੀ ਹੈ । ਥੋੜ੍ਹਾ ਜਿਹਾ ਵਪਾਰਕ ਕਾਰਕ ਬਰਾਜ਼ੀਲ ਵਿਚ "ਪਾਅ ਸਾਂਟੋ" ਕਿਲਮਿਏਰਾ ਕੋਰੀਏਸੀਆ (*Keilmeyera Coriacea*) ਅਤੇ ਜਾਪਾਨ ਵਿਚ ਉੱਥੋਂ ਦੇ ਓਕ "ਕਵੇਰਕੱਸ ਵੇਰੀਏਬਲੀਜ਼" (*Quercus variabilis*) ਤੋਂ ਪੈਦਾ ਕੀਤਾ ਜਾਂਦਾ ਹੈ । ਕਾਰਕ ਓਕ ਪੁਰਤਗਾਲ, ਸਪੇਨ, ਦੱਖਣੀ ਫ਼ਰਾਂਸ ਦੇ ਕੁਝ ਹਿੱਸੇ, ਇਟਲੀ ਅਤੇ ਉੱਤਰੀ ਅਫ਼ਰੀਕਾ ਵਿਚ ਬਹੁਤ ਵੱਡੀ ਮਾਤਰਾ ਵਿਚ ਕੁਦਰਤੀ ਤੌਰ ਤੇ ਮਿਲਦਾ ਹੈ। ਇਹ ਸੰਯੁਕਤ ਰਾਜ ਅਮਰੀਕਾ ਵਿਚ ਕੈਲਿਫੋਰਨੀਆ ਦੀ ਇਕ ਮਹੱਤਵਪੂਰਨ ਫ਼ਸਲ ਹੈ। ਸੰਸਾਰ ਦੀ ਕਾਰਕ ਦੀ ਕੁਝ ਸਾਲਾਨਾ ਪੈਦਾਵਾਰ ਦਾ 50 ਪ੍ਰਤਿਸ਼ਤ ਤੋਂ 60 ਪ੍ਰਤਿਸ਼ਤ ਤਕ ਸੰਯੁਕਤ ਰਾਜ ਵਿਚ ਭੇਜਿਆ ਜਾਂਦਾ ਹੈ।

ਕਾਰਕ ਓਕ ਦੇ ਛਿੱਲੜ ਦੇ ਅੰਦਰਵਾਰ ਇਕਸਾਰ ਅਤੇ ਲਗਾਤਾਰ ਤੰਤੂ ਪੁਨਰ-ਉਤਪਤੀ ਹੁੰਦੀ ਰਹਿੰਦੀ ਹੈ। ਜਦੋਂ ਉਪਰਲਾ ਛਿੱਲੜ ਉਤਾਰ ਲਿਆ ਜਾਂਦਾ ਹੈ ਤਾਂ ਇਹ ਤੰਤੂ ਆਪਣੇ ਆਪ ਕਾਰਕ ਦੇ ਸੈੱਲਾਂ ਦੇ ਰੂਪ ਵਿਚ ਵਿਕਸਿਤ ਹੋ ਜਾਂਦੇ ਹਨ। ਇਕ ਪੂਰੇ ਵਧੇ-ਫੁੱਲੇ ਰੁੱਖ ਵਿਚ ਤਿੰਨ ਤੋਂ ਦਸ ਸਾਲ ਦੇ ਅੰਦਰ ਅੰਦਰ ਲਗਭਗ 2 ਤੋਂ 7 ਸੈਂ. ਮੀ. ਮੋਟਾ ਛਿੱਲੜ ਤਿਆਰ ਹੋ ਜਾਂਦਾ ਹੈ । ਇਸ ਤਰ੍ਹਾਂ ਉਤਾਰੇ ਹੋਏ ਇਨ੍ਹਾਂ ਛਿੱਲੜਾਂ ਨੂੰ ਵਪਾਰਕ ਕਾਰਕ-ਸਲੈਬਾਂ ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ ਉਤਾਰੀ ਹੋਈ ਛਿੱਲੜ ਸਲੈਬ ਖ਼ੁਰਦਰੀ ਅਤੇ ਬੇਕਾਇਦਾ ਹੁੰਦੀ ਹੈ, ਜਿਸ ਨੂੰ ਕੇਵਲ ਪੀਸਿਆ ਹੀ ਜਾਂਦਾ ਹੈ। ਇਥੋਂ ਤੱਕ ਕਿ ਦੂਜੀ ਛਿੱਲੜ ਸਲੈਬ ਬੋਤਲਾਂ ਦੇ ਢੱਕਣ ਆਦਿ ਬਣਾਉਣ ਲਈ ਪੂਰੀ ਤਰ੍ਹਾਂ ਠੀਕ ਨਹੀਂ ਹੁੰਦੀ, ਜਦੋਂ ਕਿ ਤੀਜੀ ਅਤੇ ਮਗਰਲੀਆਂ ਸਾਰੀਆਂ ਛਿੱਲੜ-ਸਲੈਬਾਂ ਇਸ ਕੰਮ ਲਈ ਬਿਲਕੁਲ ਠੀਕ ਹੁੰਦੀਆਂ ਹਨ।

ਕਾਰਕ ਦੇ ਤਣੇ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਸ ਦੇ ਸੈੱਲ ਜਿਨ੍ਹਾਂ ਵਿਚ 35 ਪ੍ਰਤਿਸ਼ਤ ਫ਼ੈਟੀ ਐਸਿਡ ਹੁੰਦੇ ਹਨ, ਇਨ੍ਹਾਂ ਵਿਚੋਂ ਪਾਣੀ ਨਹੀਂ ਲੰਘ ਸਕਦਾ ਅਤੇ ਇਹ ਲਿਫ਼ਵੇਂ ਹੁੰਦੇ ਹਨ। ਇਸੇ ਕਰਕੇ ਇਹ ਸੈੱਲ ਤਰਲ ਪਦਾਰਥਾਂ ਨੂੰ ਵਗਣ ਤੋਂ ਰੋਕਣ ਦੀ ਸਮਰੱਥਾ ਰਖਦੇ ਹਨ । ਅਣਅਨੁਕੂਲ ਜਲਵਾਯੂ ਦਾ ਇਸ ਉਤੇ ਬਹੁਤ ਪ੍ਰਭਾਵ ਪੈਂਦਾ ਹੈ। ਇਸੇ ਕਰਕੇ ਓਕ ਦੇ ਤਣੇ ਨੂੰ ਗਰਮੀਆਂ ਵਿਚ ਗਰਮੀ ਅਤੇ ਖ਼ੁਸ਼ਕ ਹਵਾਵਾਂ ਤੋਂ ਬਚਾਉਣ ਦੀ ਲੋੜ ਹੁੰਦੀ ਹੈ।

ਜਦੋਂ ਕਾਰਕ ਨੂੰ ਕੱਟਿਆ ਜਾਂਦਾ ਹੈ ਤਾਂ ਕੱਟ ਵਾਲੀ ਥਾਂ ਹਜ਼ਾਰਾਂ ਛੋਟੇ ਛੋਟੇ ਅਰਧ-ਗੋਲਿਆਂ ਨਾਲ ਭਰੀ ਦਿਖਾਈ ਦਿੰਦੀ ਹੈ, ਜਿਵੇਂ ਕਿ ਇਕ ਰਬੜ ਦੀ ਡਿਸਕ ਦੇ ਸ਼ੀਸ਼ੇ ਜਾਂ ਕਿਸੇ ਹੋਰ ਨਰਮ ਸਤ੍ਹਾ ਨੂੰ ਜਕੜਿਆ ਹੁੰਦਾ ਹੈ । ਸਿੱਲ੍ਹੇ ਜਾਂ ਖ਼ੁਸ਼ਕ, ਸਾਫ਼ ਜਾਂ ਚਿਕਨੇ ਇਹ ਛੋਟੇ ਛੋਟੇ ਚੂਸਣ (ਸਕਸ਼ਨ) ਕੱਪ ਥੋੜ੍ਹੇ ਜਿਹੇ ਦਬਾਉ ਹੇਠ ਆਸਾਨੀ ਨਾਲ ਵੱਖਰੇ ਕੀਤੇ ਜਾ ਸਕਦੇ ਹਨ । ਵਧੇਰੇ ਰਗੜ ਸਹਿਣ-ਸ਼ਕਤੀ ਅਤੇ ਪੂਰਨ ਪ੍ਰਤਿਰੋਧਤਾ ਕਾਰਨ ਇਸ ਦੀ ਵਰਤੋਂ ਮੁੱਖ ਤੌਰ ਤੇ ਮੁੱਠਿਆਂ, ਆਵਾਜ਼-ਰਹਿਤ ਫ਼ਰਸ਼, ਬਾਬਿਨ ਅਤੇ ਰੋਲਰਾਂ ਲਈ ਕੀਤੀ ਜਾਂਦੀ ਹੈ । ਇਸ ਦੇ ਸੈੱਲਾਂ ਵਿਚ ਹਵਾ ਹੋਣ ਕਰਕੇ ਇਹ ਇਕ ਹਲਕਾ ਪਦਾਰਥ ਹੈ ।

ਪਹਿਲੀ ਸਦੀ ਦੇ ਨੇੜੇ ਤੇੜੇ ਰੋਮ ਵਾਸੀ ਆਮ ਤੌਰ ਤੇ ਕਾਰਕ ਦੀ ਵਰਤੋਂ ਵਸਤਾਂ ਨੂੰ ਤਰਦਿਆਂ ਰਖਣ ਵਾਸਤੇ (ਫਲੋਟ) ਕਰਦੇ ਸਨ । ਕਾਰਕ ਨੂੰ ਸੰਭਾਲ ਕੇ ਰਖਣ ਦੀ ਮਹੱਤਤਾ ਦਾ ਕਾਫ਼ੀ ਦੇਰ ਮਗਰੋਂ ਅਹਿਸਾਸ ਹੋਇਆ, ਕਿਉਂਕਿ ਕਾਰਕ ਦੇ ਸੈੱਲ ਗ਼ੁਬਾਰੇ ਵਾਂਗ ਹੁੰਦੇ ਹਨ, ਜਿਹੜੇ ਦਬਾਏ ਜਾ ਸਕਦੇ ਹਨ ਅਤੇ ਦਬਾਉ ਹਟਾਉਣ ਉਪਰੰਤ ਪਹਿਲੀ ਅਵਸਥਾ ਵਿਚ ਵਾਪਸ ਆ ਜਾਂਦੇ ਹਨ । ਇਸ ਦੀ ਵਧੇਰੇ ਵਰਤੋਂ ਭਾਰੀਆਂ ਮਸ਼ੀਨਾਂ ਨੂੰ ਕਿਸੇ ਕਿਸਮ ਦੇ ਨੁਕਸਾਨ ਤੋਂ ਬਚਾਉਣ ਲਈ ਗੱਦੇਦਾਰ, ਪੈਕਿੰਗ ਆਦਿ ਵਿਚ ਕੀਤੀ ਜਾਂਦੀ ਹੈ ।

ਕਾਰਕ ਰਸਾਇਣਿਕ ਤੌਰ ਤੇ ਉਦਾਸੀਨ ਹੈ । ਹਲਕੇ ਤੇਜ਼ਾਬਾਂ, ਖਾਰਾਂ ਅਤੇ ਹੋਰ ਕਾਰਬਨੀ ਘੋਲਕਾਂ ਦਾ ਇਸ ਉੱਪਰ ਕੋਈ ਅਸਰ ਨਹੀਂ ਹੁੰਦਾ । ਇਸੇ ਕਰਕੇ ਇਸ ਦੀ ਵਰਤੋਂ ਡਾਟਾਂ, ਸਟਾਪਰਾਂ ਆਦਿ ਲਈ ਕੀਤੀ ਜਾਂਦੀ ਹੈ । ਇਹ ਨਾ ਤਾਂ ਅੱਗ ਬਲਨ ਵਿਚ ਸਹਾਇਤਾ ਕਰਦਾ ਹੈ ਅਤੇ ਨਾ ਹੀ ਬਹੁਤਾ ਚਿਰ ਰਖਣ ਨਾਲ ਇਸ ਤੇ ਕੋਈ ਅਸਰ ਪੈਂਦਾ ਹੈ । ਇਹ ਸੁਆਦ-ਰਹਿਤ, ਗੰਧ-ਰਹਿਤ, ਸੁਆਦਲੀ ਛੋਹ ਵਾਲਾ ਤੇ ਰੰਗਦਾਰ ਹੁੰਦਾ ਹੈ ।

ਕਾਰਕ ਵਿਚ ਹਵਾ ਦੇ ਬੁਲਬਲੇ ਹੋਣ ਕਰ ਕੇ ਇਸ ਦਾ ਸਭ ਤੋਂ ਮਹੱਤਵਪੂਰਨ ਉਪਯੋਗ ਇਕ ਰੋਧਕ ਅਤੇ ਧੁਨੀ-ਰੋਧੀ ਪਦਾਰਥ ਵਜੋਂ ਵਰਤੋਂ ਕਰਨਾ ਹੈ, ਜਿਵੇਂ ਕਿ ਰੈਫ਼ਰੀਜਰੇਟਰਾਂ ਦੇ ਚੈਂਬਰਾਂ ਆਦਿ ਵਿਚ । ਰੰਗ ਅਤੇ ਬਣਤਰ ਕਰਕੇ, ਇਸ ਦਾ ਉਪਯੋਗ ਸਜਾਵਟੀ ਸਾਧਨਾਂ ਲਈ ਵੀ ਕੀਤਾ ਜਾਂਦਾ ਹੈ । ਇਸ ਤੋਂ ਬਿਨਾਂ ਗੈਸਕਟਾਂ, ਫਲੋਟ, ਹੱਥੇ, ਢੱਕਣ ਦੀ ਪੈਕਿੰਗ, ਬਫ਼ਰਜ਼ ਅਤੇ ਪੈਡ ਆਦਿ ਤਿਆਰ ਕਰਨ ਲਈ ਕਾਰਕ ਦਾ ਉਪਯੋਗ ਆਮ ਕੀਤਾ ਜਾਂਦਾ ਹੈ ।

ਹ. ਪੁ.—ਐਨ. ਬ੍ਰਿ. 6 : 501

**ਕੌਰਕ** : ਕਾਊਂਟੀ—ਆਇਰਲੈਂਡ ਦੀ ਇਹ ਸੱਭ ਤੋਂ ਵਡੀ ਕਾਊਂਟੀ ਹੈ ਜੋ ਮੰਨਸਟਰ ਪ੍ਰਾਂਤ ਵਿਚ ਵਾਕਿਆ ਹੈ । ਇਸ ਦਾ ਕੁਲ ਰਕਬਾ 7,460 ਵ. ਕਿ.ਮੀ. ਹੈ ਅਤੇ ਆਬਾਦੀ 266,1216 (1981) ਹੈ । ਵਰਤਮਾਨ ਕਾਊਂਟੀ ਦੇਸਮੰਡ ਦਾ ਪ੍ਰਾਚੀਨ ਉਪ ਰਾਜ ਸੀ । ਕੌਰਕ ਜ਼ਿਆਦਾ ਕਰਕੇ ਪਹਾੜੀ ਇਲਾਕਾ ਹੈ ਜਿਸ ਵਿਚ ਖੁੱਲ੍ਹੀਆਂ-ਖੁੱਲ੍ਹੀਆਂ ਵਾਦੀਆਂ ਹਨ ਜਿਨ੍ਹਾਂ ਵਿਚ ਅਨਾਜ, ਆਲੂ, ਚਕੰਦਰ ਅਤੇ ਫਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ । ਇਸ ਕਾਊਂਟੀ ਵਿਚ ਵਗਣ ਵਾਲੇ ਮੁੱਖ ਦਰਿਆ ਬਲੈਕਵਾਟਰ, ਬੈਨਡਨ ਅਤੇ ਲੀ ਹਨ । ਇਸ ਦਾ ਸਾਹਿਲ ਖਾੜੀ-ਨੁਮਾ ਹੈ ਅਤੇ ਸਾਹਿਲ ਨਾਲ ਪ੍ਰਸਿੱਧ ਬੰਦਰਗਾਹਾਂ ਬੈਨਟਰੀ, ਕਲੋਨਾਕਿਲਟੀ, ਡਨਮੈਨਨੇਸ, ਕੌਰਕ ਅਤੇ ਕਿਨਸੇਲ ਹਨ । ਇਸ ਕਾਊਂਟੀ ਦੇ ਪ੍ਰਸਿੱਧ ਸ਼ਹਿਰ ਕੌਰਕ, ਬੈਨਡਨ, ਫਰਮੋਇ, ਕਿਨਸੇਲ, ਮੈਕਰੂਮ, ਮੈਲੋ, ਸਕਿਬਰੀਅਨ ਅਤੇ ਯੁਗਾਲ ਹਨ ।

ਹ. ਪੁ.—ਐਨ. ਅਮੈ. 7 : 695 ; ਐਨ. ਬ੍ਰਿ. ਮਾ. 3 : 152

**ਕੌਰਕ** : ਸ਼ਹਿਰ—ਆਇਰਲੈਂਡ ਦਾ ਇਹ ਇਕ ਸ਼ਹਿਰ, ਕਾਊਂਟੀ ਬਰੋ, ਬੰਦਰਗਾਹ ਅਤੇ ਇਸੇ ਹੀ ਨਾਂ ਦੀ ਕਾਊਂਟੀ ਦਾ ਸਦਰ ਮੁਕਾਮ ਹੈ ਜੋ ਡਬਲਿਨ ਤੋਂ 210 ਕਿ. ਮੀ. ਦੱਖਣ-ਪੱਛਮ ਵਲ ਦਰਿਆ ਲੀ ਉਪਰ ਵਾਕਿਆ ਹੈ । ਇਹ ਸ਼ਹਿਰ ਦਲਦਲ ਦੇ ਕੰਢੇ 6ਵੀਂ ਸਦੀ ਵਿਚ ਸੇਂਟ ਫਿਨਬਰ ਦੁਆਰਾ ਸਥਾਪਤ ਕੀਤੇ ਇਕ ਮੱਠ ਦੁਆਲੇ ਆਬਾਦ ਹੋਇਆ ਸੀ । ਦਲਦਲ ਨੂੰ ਗਾਲੀ ਭਾਸ਼ਾ ਵਿਚ ਕੌਰਕਾਗ ਕਿਹਾ ਜਾਂਦਾ ਹੈ ਜਿਸ ਤੋਂ ਇਸ ਦਾ ਨਾਂ ਪਿਆ ਹੈ

ਅਤੇ ਸ਼ਹਿਰ ਦੇ ਇਕ ਹਿੱਸੇ ਨੂੰ ਅਜੇ ਵੀ ਮਾਰਸ਼ ਕਿਹਾ ਜਾਂਦਾ ਹੈ। 12ਵੀਂ ਸਦੀ ਵਿਚ ਐਂਗਲੋ-ਨਾਰਮਨਾਂ ਦੇ ਹਮਲੇ ਤੋਂ ਥੋੜ੍ਹਾ ਚਿਰ ਬਾਅਦ ਕੌਰਕ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ ਜੋ ਬਹੁਤ ਲੰਬੇ ਅਰਸੇ ਲਈ ਰਿਹਾ। ਕੌਰਕ ਪ੍ਰਾਚੀਨ ਸਮੇਂ ਤੋਂ ਕਾਰਪੋਰੇਟ ਟਾਊਨ ਹੈ ਅਤੇ ਸੱਭ ਤੋਂ ਪਹਿਲਾ ਚਾਰਟਰ ਇਸ ਨੂੰ ਹੈਨਰੀ ਦੂਜੇ ਦੇ ਰਾਜ ਵਿਚ ਪ੍ਰਾਪਤ ਹੋਇਆ। ਇਥੋਂ ਦੀਆਂ ਪ੍ਰਮੁੱਖ ਸੱਨਅਤਾਂ ਵਿਚ ਹੌਜ਼ਰੀ, ਪੇਂਟ, ਰਸਾਇਣਿਕ ਖਾਦਾਂ, ਜ਼ਰਾਇਤੀ ਸੰਦ ਤੇ ਮੋਟਰ ਗੱਡੀਆਂ ਦਾ ਨਿਰਮਾਣ ਅਤੇ ਕਪੜਾ ਤੇ ਸ਼ਰਾਬ ਤਿਆਰ ਕਰਨਾ ਆਦਿ ਸ਼ਾਮਲ ਹਨ। ਅਨਾਜ, ਮੱਖਣ, ਆਂਡੇ ਅਤੇ ਦੂਜੀਆਂ ਖਾਣ ਵਾਲੀਆਂ ਵਸਤਾਂ ਲਈ ਇਹ ਇਕ ਵਪਾਰਕ ਕੇਂਦਰ ਹੈ। ਇਥੋਂ ਦੀਆਂ ਮਹੱਤਵਪੂਰਨ ਇਮਾਰਤਾਂ ਵਿਚ ਰੋਮਨ ਕੈਥੋਲਿਕ ਤੇ ਪਰੋਟੈਸਟੈਂਟ ਕੈਥਡਰਲ, ਸੇਂਟ ਐਨ ਦਾ ਸਾਨਡਨ ਜੋ ਆਪਣੀਆਂ ਘੰਟੀਆਂ ਵਾਸਤੇ ਪ੍ਰਸਿੱਧ ਹੈ, ਕਸਟਮ ਹਾਊਸ ਅਤੇ ਯੂਨੀਵਰਸਿਟੀ ਕਾਲਜ ਸ਼ਾਮਲ ਹਨ।

ਆਬਾਦੀ—136,344 (1981)

51° 54′ ਉ. ਵਿਥ.; 8° 28′ ਪੱ. ਲੰਬ.

ਹ. ਪੁ.—ਐਨ. ਅਮੈ. 7 : 696; ਐਨ. ਬ੍ਰਿ. ਮਾ. 3 : 152

**ਕਾਰਕਾਸਾਨ :** ਪੁਰਾਣੇ ਛੋਟੇ ਕਿਲੇ ਵਾਲਾ ਇਹ ਇਕ ਸ਼ਹਿਰ ਹੈ ਜੋ ਦੱਖਣ-ਪੱਛਮੀ ਫਰਾਂਸ ਦੇ ਓਡ ਡਿਪਾਰਟਮੈਂਟ ਦਾ ਸਦਰ ਮੁਕਾਮ ਹੈ ਅਤੇ ਟੂਲੂਜ਼ ਦੇ ਦੱਖਣ ਪੂਰਬ ਵੱਲ ਲਗਭਗ 93 ਕਿ. ਮੀ. ਦੀ ਦੂਰੀ ਤੇ ਓਡ ਦਰਿਆ ਦੇ ਸੱਜੇ ਕੰਢੇ ਤੇ ਸਥਿੱਤ ਹੈ। ਓਡ ਦਰਿਆ ਸ਼ਹਿਰ ਨੂੰ ਦੋ ਵੱਖ ਵੱਖ ਹਿੱਸਿਆਂ ਲੋਅਰ ਅਤੇ ਸਾਈਟ ਵਿਚ ਵੰਡਦਾ ਹੈ।

ਸਾਈਟ ਵਿਚ ਯੂਰਪ ਦੇ ਮੱਧਕਾਲ ਦੇ ਕਿਲਿਆਂ ਦੇ ਖੰਡਰਾਤ ਦੇ ਬਹੁਤ ਸੁਹਣੇ ਨਮੂਨੇ ਮਿਲਦੇ ਹਨ। ਸ਼ਹਿਰ ਦਾ ਇਹ ਹਿੱਸਾ **ਪੰਜਵੀਂ** ਈ. ਪੂ. ਵਿਚ ਪਹਿਲਾਂ ਆਈਬੇਰੀਆਈਆਂ ਦੁਆਰਾ ਤੇ ਫਿਰ ਗਾਲੋ-ਰੋਮਨਾਂ ਦੁਆਰਾ ਵਸਾਇਆ ਗਿਆ ਸੀ। ਸ਼ਹਿਰ ਦੀ ਅੰਦਰਲੀ ਦੀਵਾਰ 485 ਈ. ਵਿਚ ਬਣਾਈ ਗਈ ਸੀ। 728 ਈ. ਵਿਚ ਮੁਸਲਮਾਨ ਹਮਲਾਵਰਾਂ ਨੇ ਤੇ 752 ਈ. ਵਿਚ ਪੈਪਿਨ ਦੀ ਸ਼ਾਰਟ ਨੇ ਇਸ ਉਤੇ ਹਮਲਾ ਕੀਤਾ। ਫਿਰ ਵੱਖ ਵੱਖ ਅਧਿਕਾਰਾਂ ਅਧੀਨ ਰਹਿਣ ਉਪਰੰਤ 1247 ਵਿਚ ਐਲਬੀਜੈਨਸ਼ੀਅਨ ਯੁੱਧ ਦੇ ਨਤੀਜੇ ਵਜੋਂ ਇਹ ਫਰਾਂਸ ਦਾ ਹਿੱਸਾ ਬਣ ਗਿਆ। ਇਸ ਤੋਂ ਬਾਅਦ ਕਲਾ ਦੇ ਪੱਖ ਤੋਂ ਇਥੇ ਕਈ ਮਹੱਤਵਪੂਰਨ ਚੀਜ਼ਾਂ ਬਣਾਈਆਂ ਗਈਆਂ, ਜਿਸ ਦੇ ਕਈ ਨਮੂਨੇ ਅੱਜ ਵੀ ਵੇਖਣ ਨੂੰ ਮਿਲਦੇ ਹਨ।

ਸ਼ਹਿਰ ਦਾ ਦੂਜਾ ਹਿੱਸਾ ਵਿਲ ਬੇਸ 1240 ਵਿਚ ਆਬਾਦ ਹੋਇਆ। ਇਥੇ 13ਵੀਂ ਸਦੀ ਦੇ ਦੋ ਗਿਰਜੇ ਅੱਜ ਵੀ ਮੌਜੂਦ ਹਨ। ਇਹ ਆਧੁਨਿਕ ਕਾਰਕਾਸਾਨ ਦਾ ਮਹੱਤਵਪੂਰਨ ਵਪਾਰਕ ਕੇਂਦਰ ਹੈ ਤੇ ਸ਼ਰਾਬ ਦੀ ਮਸ਼ਹੂਰ ਮੰਡੀ ਹੈ। ਇਥੇ ਕੁਝ ਹਲਕੇ ਉਦਯੋਗ ਵੀ ਹਨ।

ਆਬਾਦੀ—38,382 (1982)

43° 13′ ਉ. ਵਿਥ.; 2° 21′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 556

**ਕਾਰਕੈਮਿਸ਼ :** ਸੀਰੀਆ ਦੇ ਹਲਬ ਮੁਹਾਫ਼ਜ਼ੇ ਵਿਚ ਆਧੁਨਿਕ ਜਰੇਬਲਸ ਦੇ ਨੇੜੇ ਇਹ ਇਕ ਪ੍ਰਾਚੀਨ ਸਿਟੀ ਸਟੇਟ ਹੁੰਦੀ ਸੀ। ਇਹ ਸ਼ਹਿਰ ਫ਼ਰਾਤ ਦਰਿਆ ਤੇ ਇਕ ਫੌਜੀ ਮਹੱਤਤਾ ਵਾਲੇ ਪੁਲ ਦੀ ਕਮਾਨ ਕਰਦਾ ਸੀ। 1920-21 ਅਤੇ ਇਸ ਤੋਂ ਬਾਅਦ ਦੀਆਂ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਇਹ ਸ਼ਹਿਰ ਸਭ ਤੋਂ ਪਹਿਲਾਂ ਨੀਓਲਿਥਿਕ ਯੁਗ ਵਿਚ ਆਬਾਦ ਹੋਇਆ ਸੀ। ਇਸ ਤੋਂ ਬਾਅਦ ਦੀਆਂ ਖੋਜਾਂ ਵਿਚ ਅਜਿਹੇ ਮਿੱਟੀ ਦੇ ਬਰਤਨ ਮਿਲੇ ਹਨ ਜੋ 3000 ਈ. ਪੂ. ਤੇ ਸੁਮੇਰੀਅਨ ਸ਼ਹਿਰਾਂ ਦੇ ਬਰਤਨਾਂ ਵਰਗੇ ਹਨ। ਮਕਬਰਿਆਂ ਦੇ ਨਮੂਨੇ ਕਾਂਸੀ ਯੁਗ ਦੀ ਯਾਦ ਦਿਵਾਉਂਦੇ ਹਨ। ਕਾਰਕੈਮਿਸ਼ ਸਬੰਧੀ ਲਿਖਤੀ ਰੀਕਾਰਡ ਸਭ ਤੋਂ ਪਹਿਲਾਂ ਮਾਰੀ ਖ਼ੱਤਾਂ ਵਿਚ ਮਿਲਦਾ ਹੈ, ਜੋ ਲਗ ਭਗ 18ਵੀਂ ਸਦੀ ਈ. ਪੂ. ਦੇ ਹਨ ਜਿਨ੍ਹਾਂ ਵਿਚ ਅਪਲਾਹਾਂਡਾ ਰਾਜੇ ਦਾ ਜ਼ਿਕਰ ਆਉਂਦਾ ਹੈ। ਉਸ ਸਮੇਂ ਇਹ ਲਕੜੀ ਲਈ ਬਹੁਤ ਪ੍ਰਸਿੱਧ ਵਪਾਰਕ ਕੇਂਦਰ ਸੀ।

ਬਾਅਦ ਵਿਚ ਲਗਭਗ 1375—35 ਦੌਰਾਨ ਸੁਪੀਲੁਲੀਅਸਮਾਸ ਨਾਂ ਦੇ ਹਿੱਤੀ ਨੇ ਇਸ ਨੂੰ ਜਿੱਤ ਕੇ ਆਪਣੇ ਪੁੱਤਰ ਨੂੰ ਇਥੋਂ ਦਾ ਬਾਦਸ਼ਾਹ ਬਣਾ ਦਿਤਾ। ਹਿੱਤੀ ਬਾਦਸ਼ਾਹੀ ਦੇ ਪਤਨ ਉਪਰੰਤ ਸ਼ਾਇਦ ਇਥੇ ਸਮੁੰਦਰੀ ਲੋਕ ਰਾਜ ਕਰਦੇ ਰਹੇ। ਆਖ਼ਰ ਵਿਚ 717 ਵਿਚ ਇਸ ਡ੍ਰਿਸਟ੍ਰਿਕਟ ਤੇ ਅਸੀਰੀਆ ਦੇ ਸਾਰਗੋਂ ਦੂਜੇ ਦਾ ਕਬਜ਼ਾ ਹੋ ਗਿਆ। ਇਸ ਨਾਲ ਸਬੰਧਤ ਆਖ਼ਰੀ ਮਹੱਤਵਪੂਰਨ ਘਟਨਾ 605 ਵਿਚ ਲੜੀ ਗਈ ਲੜਾਈ ਸੀ ਜਿਸ ਵਿਚ ਬਾਬਲ ਦੇ ਬਾਦਸ਼ਾਹ ਨੈਬੂਚਾਡਰੇਜ਼ਾਰ ਦੂਜੇ ਨੇ ਸੀਰੀਆ ਵਿਚੋਂ ਮਿਸਰ ਦੇ ਲੋਕਾਂ ਨੂੰ ਕਢਿਆ ਜਾ ਰਿਹਾ ਸੀ।

ਖੁਦਾਈਆਂ ਤੋਂ ਪਤਾ ਲੱਗਦਾ ਹੈ ਕਿ ਬਚਾਓ ਲਈ ਇਸ ਸ਼ਹਿਰ ਦੁਆਲੇ ਦੂਹਰੀਆਂ ਕੰਧਾਂ ਸਨ ਜਿਨ੍ਹਾਂ ਵਿਚ ਉੱਚੇ-ਉੱਚੇ ਮੀਨਾਰਾਂ ਵਾਲੇ ਦਰਵਾਜ਼ੇ ਸਨ। ਕਿਲੇ ਦੀ ਥਾਂ ਤੋਂ ਖੁਦਾਈਆਂ ਕਰਨ ਨਾਲ ਪਤਾ ਲੱਗਦਾ ਹੈ ਕਿ ਗਾਰੇ ਦੀਆਂ ਇੱਟਾਂ ਵਾਲੀਆਂ ਕੰਧਾਂ ਉਪਰ ਪੱਥਰ ਦੀਆਂ ਸਿਲਾਂ ਚਿਪਕਾਈਆਂ ਹੋਈਆਂ ਹਨ ਜੋ ਉੱਤਰੀ ਸੀਰੀਆ ਦੇ ਨਮੂਨੇ ਦੀਆਂ ਉਕਰੀਆਂ ਹੋਈਆਂ ਹਨ। ਅਸੀਰੀਅਨ ਕਲਾ ਦੇ ਕਈ ਨਮੂਨੇ ਸ਼ਾਇਦ ਹੂਰੀਅਨਾਂ ਨੇ ਉੱਤਰੀ ਸੀਰੀਆ ਤੋਂ ਲਿਆਂਦੇ ਹੋਣ।

ਹ. ਪੁ.—ਐਨ. ਬ੍ਰਿ. ਮਾ. 2 : 556.

**ਕਾਰਚੀ :** ਐਕਵਾਡੋਰ ਦੇ ਉੱਚ ਭੂਮੀ ਵਾਲੇ ਪ੍ਰਾਂਤਾਂ ਦੇ ਧੁਰ ਉਤਰ ਵਲ ਦਾ ਇਹ ਇਕ ਪ੍ਰਾਂਤ ਹੈ। ਇਸ ਦਾ ਖੇਤਰਫਲ 4,094 ਵ. ਕਿ. ਮੀ. ਅਤੇ ਆਬਾਦੀ 128,113 (1982) ਹੈ। ਪ੍ਰਾਂਤ ਦੀ ਰਾਜਧਾਨੀ ਟੂਲਕਾਨ ਦੇ ਆਲੇ-ਦੁਆਲੇ ਆਬਾਦੀ ਸੰਘਣੀ ਹੈ। ਇਸ ਪ੍ਰਾਂਤ ਵਿੱਚ ਮੁੱਖ ਤੌਰ ਤੇ ਖੇਤੀਬਾੜੀ ਹੁੰਦੀ ਹੈ। ਟੂਲਕਾਨ ਬੇਸਿਨ ਵਿਚ ਕਣਕ, ਜੌਂ ਤੇ ਫ਼ਲ ਉਗਾਏ ਜਾਂਦੇ ਹਨ ਅਤੇ ਨੀਵੇਂ ਥਾਈਂ ਦਰਮਿਆਨੀਆਂ ਉੱਚਾਈਆਂ ਤੇ ਮੱਕੀ, ਗੰਨਾ ਅਤੇ ਕਾਫ਼ੀ ਦੀ ਪੈਦਾਵਾਰ ਹੁੰਦੀ ਹੈ ਅਤੇ ਦੁੱਧ ਦੇਣ ਵਾਲੇ ਪਸ਼ੂ ਪਾਲੇ ਜਾਂਦੇ ਹਨ। ਉੱਚੀਆਂ ਢਲਾਣਾਂ ਉੱਤੇ ਭੇਡਾਂ ਪਾਲੀਆਂ ਜਾਂਦੀਆਂ ਹਨ। ਇਥੋਂ ਗੰਧਕ ਮਿਲਦੀ ਹੈ ਜੋ ਕਿਰਮਨਾਸ਼ਕ ਦਵਾਈਆਂ ਲਈ ਬਹੁਤ ਮਹੱਤਵਪੂਰਨ ਹੈ।

ਹ. ਪੁ.—ਐਨ. ਬ੍ਰਿ. ਮਾ. 2 : 556

**ਕਾਰਟਯੇ, ਸਰ ਜਾਰਜ ਏਟੀਐੱਨ :** ਕੈਨੇਡਾ ਦੇ ਇਸ ਸਿਆਸਤਦਾਨ ਦਾ ਜਨਮ ਕੈਨੇਡਾ ਦੇ ਕਿਊਬੈੱਕ ਰਾਜ ਦੀ ਇਕ ਕਾਊਂਟੀ ਵਿਚ 6 ਸਤੰਬਰ, 1814 ਨੂੰ ਹੋਇਆ। ਸੰਨ 1837 ਦੀ ਬਗ਼ਾਵਤ ਸਮੇਂ ਇਹ ਲੂਈਸ ਜੋਜ਼ਫ ਪੈਪਿਨੋ ਦੇ ਸਾਥੀਆਂ ਵਿਚੋਂ ਸੀ। ਇਸ ਸਮੇਂ ਇਸ ਨੇ ਬਹੁਤ ਦਲੇਰੀ ਅਤੇ ਸਾਹਸ ਦਾ ਪਰਗਟਾਵਾ ਕੀਤਾ ਪਰ ਅੰਤ ਨੂੰ ਪਨਾਹ ਲੈ ਲਈ। ਅਮਨ-ਅਮਾਨ ਹੋ ਜਾਣ ਤੇ ਕੈਨੇਡਾ ਵਾਪਸ ਆ ਕੇ ਇਸ ਨੇ ਵਕਾਲਤ ਕਰਨੀ ਸ਼ੁਰੂ ਕਰ ਦਿਤੀ ਤੇ ਕਾਫ਼ੀ ਸ਼ੁਹਰਤ ਹਾਸਲ ਕੀਤੀ। ਸੰਨ 1848 ਵਿਚ ਕੰਜ਼ਰਵੇਟਿਵ ਪਾਰਟੀ ਵਲੋਂ ਕੈਨੇਡੀਅਨ ਸੰਸਦ ਵਿਚ ਆਇਆ ਤੇ 1855 ਵਿਚ ਕੈਬਨਿਟ-ਮੰਤਰੀ ਬਣਿਆ ਤੇ ਇਸ ਸਮੇਂ ਤੋਂ ਅੰਤ ਤਕ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਸਰ ਜਾਨ ਏ.



ਕਾਰਟਯੇ, ਸਰ ਜਾਰਜ ਏਟੀਐੱਨ

ਮੈਕਡਨਾਲਡ ਨਾਲ ਇਸ ਦੇ ਬਹੁਤ ਨਿੱਘੇ ਸਬੰਧ ਰਹੇ। ਸੰਨ 1858-1862 ਤਕ ਇਹ ਕੈਨੇਡਾ ਦਾ ਪ੍ਰਧਾਨ ਮੰਤਰੀ ਰਿਹਾ। ਇਸੇ ਸਮੇਂ ਕੈਨੇਡਾ ਦੀ ਫੈਡਰੇਸ਼ਨ ਆਪਣੇ ਪੈਰਾਂ ਤੇ ਖੜੀ ਹੋਈ ਤੇ ਸੁਲਾਹ-ਸਫ਼ਾਈ ਕਰਾਉਣ ਵਿਚ ਇਸ ਨੇ ਖ਼ੁਦ ਵੀ ਮਹੱਤਵਪੂਰਨ ਰੋਲ ਅਦਾ ਕੀਤਾ। ਇਸ ਸਮੇਂ ਦੌਰਾਨ ਗਿਰਜੇ ਦੀ ਸਹਾਇਤਾ ਨਾਲ ਇਹ ਫਰਾਂਸੀਸੀ ਬੋਲਣ ਵਾਲੇ ਕੈਨੇਡਾ ਨੂੰ ਫ਼ੈਡਰਲ ਪ੍ਰਣਾਲੀ ਵਿਚ ਲਿਆਉਣ ਵਿਚ ਸਫ਼ਲ ਹੋਇਆ। ਇਸ ਸਮੇਂ ਹਡਸਨਜ਼ ਬੇ ਕੰਪਨੀ ਨੇ ਉੱਤਰ-ਪੱਛਮ ਵਿਚ ਆਪਣੇ ਅਧਿਕਾਰ ਕੈਨੇਡਾ ਨੂੰ ਦਿਤੇ ਅਤੇ ਇਸ ਨੇ ਹੀ ਕੈਨੇਡੀਅਨ ਸੰਸਦ ਵਿਚ ਬਿਲ ਪਾਸ ਕਰਵਾਇਆ ਜਿਸ ਨਾਲ ਮੈਨੀਟੋਬਾ ਰਾਜ ਹੋਂਦ ਵਿਚ ਆਇਆ। ਸੰਨ 1864 ਵਿਚ ਇਸ ਨੇ ਅਜੋਕੇ ਕਿਊਬੈਕ ਰਾਜ ਲਈ ਸਿਵਲ ਕੋਡ ਕਾਨੂੰਨ ਦਾ ਰੂਪ ਦਿੱਤਾ। ਸੰਨ 1872 ਵਿਚ ਹਾਊਸ ਆਫ ਕਾਮਨਜ਼ ਵਿਚ ਕੈਨੇਡੀਅਨ ਪੈਸੇਫਿਕ ਰੇਲਵੇ ਦਾ ਪਹਿਲਾ ਪਰਵਾਨਾ ਦਿਤਾ।

21 ਮਈ, 1873 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 5 : 684

**ਕਾਰਟਯੇ, ਜਾਕ :** ਫ਼ਰਾਂਸ ਦੇ ਇਸ ਪ੍ਰਸਿੱਧ ਖੋਜੀ ਦਾ ਜਨਮ 31 ਦਸੰਬਰ, 1494 ਨੂੰ ਸੇਂਟ ਮਾਲੋ ਵਿਖੇ ਹੋਇਆ। ਸੰਨ 1534 ਵਿਚ ਇਸ ਨੇ ਇਕ ਮੁਹਿੰਮ, ਜਿਸ ਨੇ ਪੂਰਬ ਵਲ ਦਾ ਰਸਤਾ ਲੱਭਣ ਲਈ ਅੰਧ ਮਹਾਂਸਾਗਰ ਨੂੰ ਪਾਰ ਕੀਤਾ ਸੀ, ਦੀ ਅਗਵਾਈ ਕੀਤੀ ਸੀ। ਨਿਊਫਾਊਂਡਲੈਂਡ ਤੇ ਪਹੁੰਚ ਕੇ ਇਸ ਨੇ ਕੈਨੇਡਾ ਦੇ ਪੂਰਬੀ ਤੱਟ ਦੀ ਖੋਜ ਕੀਤੀ ਪਰ ਇਹ ਗੈਸੱਪੇ ਪ੍ਰਾਇਦੀਪ ਤੇ ਉਤਰ ਗਿਆ ਅਤੇ ਆਪਣੇ ਬਾਦਸ਼ਾਹ ਦੇ ਨਾਂ ਤੇ ਇਥੇ ਕਬਜ਼ਾ ਕਰ ਲਿਆ। ਸੰਨ 1536 ਵਿਚ ਇਸ ਨੇ ਸਮੁੰਦਰ ਨੂੰ ਫਿਰ ਪਾਰ ਕੀਤਾ ਅਤੇ ਇਸ ਵਾਰ ਸੇਂਟ ਲਾਰੰਸ ਦਾ ਰਸਤਾ ਲਭਿਆ। ਪਹੁੰਚਕੇ ਇਸ ਨੇ ਆਰਲੀਨਜ਼ ਦੀਪ ਦਾ ਨਾਂ ਰੱਖਿਆ ਜਿਥੋਂ ਇਹ ਹਾਸ਼ੈਲੈਗਾ (ਮਾਂਟਰੀਅਲ ਦੀ ਥਾਂ) ਨਾਮੀ ਪਿੰਡ ਵਲ ਨੂੰ ਤੁਰਿਆ ਸੀ।

ਇਸ ਦੀ ਮੌਤ 1 ਸਤੰਬਰ, 1557 ਨੂੰ ਸੇਂਟ ਮਾਲੋ ਵਿਖੇ ਹੋਈ।

ਹ. ਪੁ.—ਨਿ. ਕਿ. ਯੂ. ਬਾ. 1 : 360

**ਕਾਰਟਰ, ਐਲਜ਼ਬੈਥ :** ਅੰਗ੍ਰੇਜ਼ੀ ਦੀ ਇਸ ਲੇਖਿਕਾ ਦਾ ਜਨਮ 6 ਦਸੰਬਰ, 1717 ਨੂੰ ਕੈਂਟ ਵਿਚ ਡੀਲ ਵਿਖੇ ਹੋਇਆ। ਇਸ ਦਾ ਪਿਤਾ ਇਕ ਵਿਦਵਾਨ ਪਾਦਰੀ ਸੀ, ਜਿਸ ਨੇ ਇਸ ਨੂੰ ਲਾਤੀਨੀ, ਯੂਨਾਨੀ ਤੇ ਇਬਰਾਨੀ ਭਾਸ਼ਾਵਾਂ ਸਿਖਾਈਆਂ। ਇਸ ਨੇ ਫ਼ਰਾਂਸੀਸੀ, ਇਤਾਲਵੀ, ਪੁਰਤਗਾਲੀ, ਅਰਬੀ, ਤਾਰਾ-ਵਿਗਿਆਨ, ਪ੍ਰਾਚੀਨ ਭੂਗੋਲ, ਪ੍ਰਾਚੀਨ ਤੇ ਆਧੁਨਿਕ ਇਤਿਹਾਸ ਅਤੇ ਸੰਗੀਤ ਦਾ ਵੀ ਅਧਿਐਨ ਕੀਤਾ। ਇਸ ਨੇ ਕਵਿਤਾਵਾਂ ਵੀ ਲਿਖੀਆਂ ਜੋ 'ਪੋਇਮਜ਼ ਅਪਾਨ ਪਰਟਿਕਿਊਲਰ ਆਕੇਅਨਜ਼', (1738) ਅਤੇ 'ਪੋਇਮਜ਼ ਆਨ ਸੈਵਰਲ ਆਕੇਅਨਜ਼' (1762) ਦੇ ਸੰਗ੍ਰਿਹਾਂ ਵਿਚ ਪ੍ਰਕਾਸ਼ਤ ਹੋਈਆਂ ਪਰ ਪ੍ਰਸਿੱਧਤਾ ਇਸ ਨੂੰ 'ਐਪਿਕਟੀਟਸ' ਦੀਆਂ ਰਚਨਾਵਾਂ ਦੀ ਅਨੁਵਾਦਕ ਵਜੋਂ ਹੀ ਪ੍ਰਾਪਤ ਕੀਤੀ।

ਇਸ ਦੀ ਮੌਤ ਲੰਡਨ ਵਿਖੇ 19 ਫ਼ਰਵਰੀ, 1806 ਨੂੰ ਹੋਈ।

ਹ. ਪੁ.—ਐਨ. ਬ੍ਰਿ. 4 : 974

**ਕਾਰਟਰ ਜਿੰਮੀ :** ਸੰਯੁਕਤ ਰਾਜ ਅਮਰੀਕਾ ਦੇ ਇਸ 39ਵੇਂ ਰਾਸ਼ਟਰਪਤੀ ਦਾ ਜਨਮ 1 ਅਕਤੂਬਰ, 1924 ਨੂੰ ਜਾਰਜੀਆ ਰਾਜ ਵਿਚ ਹੋਇਆ। ਇਸ ਦੀ ਮਾਂ ਸ੍ਰੀਮਤੀ ਲਿਲੀਅਨ ਕਾਰਟਰ ਇਕ ਨਰਸ ਸੀ ਅਤੇ ਸ਼ੁਰੂ ਤੋਂ ਹੀ ਆਪਣੇ ਪੁੱਤਰ ਨੂੰ ਇਕ ਮਹਾਨ ਵਿਅਕਤੀ ਦੇ ਪਦ ਤੇ ਵੇਖਣਾ ਚਾਹੁੰਦੀ ਸੀ। ਇਸੇ ਕਰਕੇ ਉਸ ਨੇ ਸ਼ੁਰੂ ਤੋਂ ਹੀ ਇਸ ਨੂੰ ਚੰਗੀ ਤੋਂ ਚੰਗੀ ਵਿਦਿਆ ਦੇਣ ਦੀ ਕੋਸ਼ਿਸ਼ ਕੀਤੀ।

ਸੰਨ 1946 ਵਿਚ 20 ਸਾਲ ਦੀ ਉਮਰ ਵਿਚ ਇਸ ਨੇ ਸੰਯੁਕਤ ਰਾਜ ਜਲਸੈਨਾ ਅਕੈਡਮੀ ਤੋਂ ਮਿਡਸ਼ਿਪਮੈਨ ਦਾ ਕੋਰਸ ਪਾਸ ਕੀਤਾ। ਇਹ ਬਹੁਤ ਦੇਰ ਤਕ ਜਲ ਸੈਨਾ ਵਿਚ ਸੇਵਾ ਨਾ ਕਰ ਸਕਿਆ ਅਤੇ 1953 ਵਿਚ ਆਪਣੇ ਪਿਤਾ ਦੀ ਮੌਤ ਤੇ ਇਸ ਨੇ ਅਸਤੀਫ਼ਾ ਦੇ ਦਿਤਾ। ਨੌਕਰੀ ਮੁਕਤ ਹੁੰਦੇ ਹੀ ਇਸ ਨੇ ਆਪਣੇ ਘਰ ਜਾ ਕੇ ਆਪਣੇ ਖ਼ਾਨਦਾਨੀ ਕਿੱਤੇ ਨੂੰ ਸੰਭਾਲ ਲਿਆ।

ਸੰਨ 1962 ਵਿਚ ਇਹ ਰਾਜ ਦਾ ਸੈਨੇਟਰ ਬਣ ਗਿਆ। ਸੰਨ 1971 ਵਿਚ ਇਸ ਨੂੰ 4 ਸਾਲਾਂ ਲਈ ਜਾਰਜੀਆ ਰਾਜ ਦਾ ਗਵਰਨਰ ਨਿਯੁਕਤ ਕਰ ਦਿਤਾ ਗਿਆ। ਸੰਨ 1972 ਵਿਚ ਇਸ ਨੇ ਮੈਕਸੀਕੋ, ਕੋਲੰਬੀਆ, ਬ੍ਰਾਜ਼ੀਲ ਅਤੇ ਕਾਸਟਾ ਰੀਕਾ ਵਿਚ ਅਮਰੀਕਾ ਦੇ ਵਪਾਰ ਕਮਿਸ਼ਨ ਦੀ ਅਗਵਾਈ ਕੀਤੀ। ਸੰਨ 1973 ਵਿਚ ਇਸੇ ਸਬੰਧ ਵਿਚ ਇਹ ਯੂਰਪ ਅਤੇ ਇਜ਼ਰਾਈਲ ਗਿਆ।

ਸੰਨ 1976 ਵਿਚ ਰਾਸ਼ਟਰਪਤੀ ਲਈ ਹੋਈਆਂ ਚੋਣਾਂ ਵਿਚ ਇਸ ਨੇ ਜੇਰਾਲਡ ਫੋਰਡ ਨੂੰ ਹਰਾ ਦਿਤਾ ਅਤੇ 20 ਜਨਵਰੀ, 1977 ਨੂੰ ਇਸ ਨੇ ਰਾਸ਼ਟਰਪਤੀ ਵਜੋਂ ਸੌਂਹ ਚੁੱਕ ਲਈ। ਇਹ ਪਦ ਇਸ ਨੇ 19 ਜਨਵਰੀ, 1981 ਤਕ ਸੰਭਾਲਿਆ।

ਆਪਣੀ ਸੇਵਾ ਦੌਰਾਨ ਇਸ ਨੇ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮਾਮਲਿਆਂ ਨੂੰ ਬਹੁਤ ਚੰਗੇ ਤਰੀਕੇ ਨਾਲ ਸੁਲਝਾਇਆ। ਇਹ ਹਮੇਸ਼ਾਂ ਹੀ ਲੋਕਤੰਤਰ ਦਾ ਹਾਮੀ ਰਿਹਾ ਹੈ। ਰਾਸ਼ਟਰਪਤੀ ਬਣਨ ਤੋਂ ਕੁਝ ਦੇਰ ਉਪਰੰਤ ਹੀ ਇਸ ਦੀ ਲੋਕਪ੍ਰਿਯਤਾ ਦਿਨੋ-ਦਿਨ ਵਧਣ ਲਗ ਪਈ। ਇਸ ਨੇ ਰਾਜ ਦੀ ਵਾਗਡੋਰ ਸੰਭਾਲਦੇ ਹੀ 10,000 ਕੈਦੀਆਂ ਨੂੰ ਇਕ ਆਮ-ਮੁਆਫ਼ੀ ਦੁਆਰਾ ਰਿਹਾ ਕਰ ਦਿਤਾ। ਸੰਯੁਕਤ ਰਾਜ ਦੀ ਆਰਥਿਕਤਾ ਵਿਚ ਤੇਜ਼ੀ ਲਿਆਉਣ ਲਈ ਇਸ ਨੇ ਇਕ ਯੋਜਨਾ ਬਣਾਈ।

ਇਸ ਨੇ ਯੁਗਾਂਡਾ ਦੇ ਰਾਸ਼ਟਰਪਤੀ ਇਦੀ ਅਮੀਨ ਨੂੰ ਚਿਤਾਵਨੀ ਦੇ ਕੇ ਲਗਭਗ 200 ਅਮਰੀਕਨਾਂ ਦੀ ਦੇਸ਼ ਪਰਤਣ ਵਿਚ ਸਹਾਇਤਾ ਕੀਤੀ। ਇਸ ਨੇ ਵਾਟਰਗੇਟ ਮਾਮਲੇ ਵਿਚ ਕੈਦ ਕੀਤੇ ਸ੍ਰੀ ਲਿਡੀ ਦੀ ਸਜ਼ਾ ਨੂੰ 20 ਸਾਲਾਂ ਤੋਂ ਘਟਾ ਕੇ 8 ਸਾਲ ਕਰ ਦਿਤਾ।

ਨਵੰਬਰ, 1980 ਵਿਚ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਇਹ ਸ੍ਰੀ ਰੋਨਾਲਡ ਰੇਗਨ ਤੋਂ ਹਾਰ ਗਿਆ।

ਹ.ਪੁ.—ਸਪੋਕ—ਮਈ, 1978 ; ਬ੍ਰਿ. ਈਅਰ ਬੁੱਕ—1978

**ਕਾਰਟਰਾਈਟ, ਐਡਮੰਡ :** ਪਹਿਲੀ ਰੂੰ-ਪਿੰਜਣੀ ਮਸ਼ੀਨ ਬਣਾਉਣ ਵਾਲੇ ਅਤੇ ਮਾਡਰਨ ਪਾਵਰ-ਲੂਮ ਦੇ ਇਸ ਨਿਰਮਾਤਾ ਦਾ ਜਨਮ 24 ਅਪਰੈਲ, 1743 ਨੂੰ ਮਾਰਨ੍ਹਮ, ਨੱਟਿੰਗੈਮਸ਼ਿਰ ਵਿਖੇ ਹੋਇਆ। ਇਸ ਨੇ ਆਪਣੀ ਜੀਵਨ ਯਾਤਰਾ ਇਕ ਪਾਦਰੀ ਦੇ ਤੌਰ ਤੇ ਸ਼ੁਰੂ ਕੀਤੀ ਅਤੇ 1779 ਵਿਚ ਗੋਡਬਾਈ ਮਾਰਵੁਡ ਲੈਸਟਰਸ਼ਿਰ ਦਾ ਪ੍ਰਬੰਧਕ ਬਣ ਗਿਆ। ਸੰਨ 1786 ਵਿਚ ਲਿੰਕਨ (ਲਿੰਕਨਸ਼ਿਰ) ਵਿਖੇ ਗਿਰਜੇ ਦੇ ਪਾਦਰੀ ਦੇ ਤੌਰ ਤੇ ਤਨਖ਼ਾਹ ਲੈਣ ਲਗ ਗਿਆ। ਜੇਕਰ 1784 ਵਿਚ ਕਰੱਮਫੋਰਡ, ਡਰਬੀਸ਼ਿਰ ਵਿਖੇ ਇਕ ਦੌਰੇ ਸਮੇਂ ਇਸ ਦਾ ਧਿਆਨ ਸਰ ਰਿਚਰਡ ਆਰਕਰਾਈਟ ਦੀ ਸੂਤ ਕੱਤਣ ਵਾਲੀ ਮਸ਼ੀਨ ਵਲ ਨਾ ਜਾਂਦਾ ਤਾਂ ਸ਼ਾਇਦ ਇਹ ਦੇਸ਼ ਦਾ ਸਭ ਤੋਂ ਵੱਡਾ ਪਾਦਰੀ ਹੁੰਦਾ। ਇਸ ਮਸ਼ੀਨ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਅਜਿਹੀ ਸੂਤ ਕੱਤਣ ਵਾਲੀ ਇਕ ਹੋਰ ਮਸ਼ੀਨ ਦੀ ਕਾਢ ਕੱਢੀ, ਜਿਹੜੀ ਇਸ ਨੇ 1785 ਵਿਚ ਪੇਟੈਂਟ ਕਰਵਾਈ। ਇਸੇ ਸਾਲ ਇਸ ਨੇ ਡਾਨਕੈਸਟਰ, ਯਾਰਕਸ਼ਿਰ ਵਿਖੇ ਸੂਤ ਕੱਤਣ ਅਤੇ ਕਪੜਾ ਬਣਾਉਣ ਦੀ ਫ਼ੈਕਟਰੀ ਸਥਾਪਤ ਕੀਤੀ। ਪਰ ਅੱਠ ਸਾਲ ਬਾਅਦ ਇਸ ਦਾ ਦਿਵਾਲਾ ਨਿਕਲ ਜਾਣ ਨਾਲ ਇਸ ਤੋਂ ਹੱਥ ਧੋਣੇ ਪਏ। ਸੰਨ 1789 ਦੇ ਸ਼ੁਰੂ ਵਿਚ ਇਸ ਨੇ ਰੂੰ-ਪਿੰਜਣ ਦੀ ਮਸ਼ੀਨ ਪੇਟੈਂਟ ਕਰਵਾਈ। ਉਤਪਾਦਨ ਮੁੱਲ ਘਟ ਜਾਣ ਨਾਲ ਵੀ ਇਸ ਨੂੰ ਮਾਲੀ ਲਾਭ ਨਾ ਪਹੁੰਚਿਆ। ਸੰਨ 1809 ਵਿਚ ਇਸ ਦੀ ਪਾਵਰ-ਲੂਮ ਕਾਰਨ ਹਾਊਸ ਆਫ਼ ਕਾਮਨਜ਼ ਨੇ ਇਸ ਨੂੰ

10,000 ਪੌਂਡ ਦਾ ਇਨਾਮ ਦਿਤਾ । ਇਸ ਦੀਆਂ ਹੋਰ ਮਹੱਤਵਪੂਰਨ ਕਾਢਾਂ ਰੱਸੇ ਬਣਾਉਣ ਦੀ ਮਸ਼ੀਨ 1792 ਅਤੇ ਇਕ ਭਾਫ਼ ਇੰਜਨ ਜਿਸ ਵਿਚ ਪਾਣੀ ਦੀ ਥਾਂ ਅਲਕੋਹਲ ਵਰਤਿਆ ਜਾਂਦਾ ਸੀ, ਆਦਿ ਹਨ ।

ਹੇਸਟਿੰਗਜ਼, ਸਸੈਕਸ ਵਿਖੇ 30 ਅਕਤੂਬਰ, 1823 ਨੂੰ ਇਸ ਦੀ ਮੌਤ ਹੋ ਗਈ ।

ਹ. ਪੂ.—ਐਨ. ਬ੍ਰਿ. ਮਾ. 2 : 601.

**ਕਾਰਟਰਾਈਟ, ਸਰ ਰਿਚਰਡ ਜਾਨ :** ਕੈਨੇਡਾ ਦੇ ਇਸ ਵਿਸ਼ਵ ਪ੍ਰਸਿੱਧ ਰਾਜਨੀਤਕ ਨੇਤਾ ਦਾ ਜਨਮ 4 ਦਸੰਬਰ, 1835 ਨੂੰ ਕਿੰਗਸਟਨ (ਆਂਟੇਰੀਓ) ਵਿਖੇ ਹੋਇਆ । ਟ੍ਰਿਨਿਟੀ ਕਾਲਜ ਤੋਂ ਵਿਦਿਆ ਪ੍ਰਾਪਤ ਕੀਤੀ । ਸੰਨ 1863 ਵਿਚ ਇਹ ਕੰਜ਼ਰਵੇਟਿਵ ਪਾਰਟੀ ਵਲੋਂ ਕੈਨੇਡੀਅਨ ਸੰਸਦ ਵਿਚ ਆਇਆ ਪਰ ਬਾਅਦ ਵਿਚ ਇਹ ਲਿਬਰਲ ਪਾਰਟੀ ਵਿਚ ਸ਼ਾਮਲ ਹੋ ਗਿਆ । ਸੰਨ 1873 ਤੋਂ 1878 ਤਕ ਇਹ ਵਿੱਤ-ਮੰਤਰੀ ਦੇ ਪਦ ਤੇ ਅਤੇ 1896 ਤੋਂ 1911 ਤਕ ਵਪਾਰ-ਮੰਤਰੀ ਦੇ ਪਦ ਤੇ ਰਿਹਾ । ਸੰਨ 1897 ਵਿਚ ਜਾਇੰਟ ਹਾਈ ਕਮਿਸ਼ਨ ਦੇ ਮੈਂਬਰ ਵਜੋਂ ਇਸ ਨੇ ਅਮਰੀਕਾ ਨਾਲ ਕਈ ਮਹੱਤਵਪੂਰਨ ਮਸਲਿਆਂ ਨੂੰ ਸੁਲਝਾਉਣ ਵਿਚ ਮਦਦ ਕੀਤੀ । ਲੋਰੀਏ ਦੀ ਗੈਰ ਹਾਜ਼ਰੀ ਵਿਚ, ਚਾਰ ਵਾਰੀ (1897, 1902, 1907, 1911) ਇਹ ਪਰਧਾਨ ਮੰਤਰੀ ਦੇ ਤੌਰ ਤੇ ਵੀ ਕੰਮ ਕਰਦਾ ਰਿਹਾ । ਕਾਰਟਰਾਈਟ ਨੇ ਕੁਝ ਪੁਸਤਕਾਂ ਵੀ ਲਿਖੀਆਂ । 24 ਸਤੰਬਰ, 1912 ਨੂੰ ਆਂਟੇਰੀਓ ਵਿਖੇ ਇਸ ਦੀ ਮੌਤ ਹੋ ਗਈ ।

ਹ. ਪੂ.—ਐਨ. ਅਮੈ. 5 : 687

**ਕਾਰਟਾਗੋ :** ਕੋਸਟਾ ਰੀਕਾ ਦਾ ਇਹ ਇਕ ਰਾਜ ਹੈ ਜਿਸ ਦੇ 2600 ਵ. ਕਿ. ਮੀ. ਰਕਬੇ ਦਾ ਬਹੁਤਾ ਹਿੱਸਾ ਉੱਚੇ ਨੀਵੇਂ ਸੈਂਟਰਲ ਤੇ ਟਾਲਾਮਾਂਕਾ ਕਾਰਦੀਯੇਰਾ ਵਿਚ ਵਾਕਿਆ ਹੈ । ਇਸਦੀ ਕੁਲ ਆਬਾਦੀ 269,860(1984) ਹੈ। ਇਸ ਪ੍ਰਾਂਤ ਵਿਚ ਟੂਰਰਿਆਲਵਾ ਇਕ ਸ਼ਹਿਰ ਹੈ ਜੋ ਇੰਟਰ-ਅਮੈਰੀਕਨ ਇੰਸਟੀਚੀਊਟ ਆਫ਼ ਐਗਰੀਕਲਚਰਲ ਸਾਇੰਸਜ਼ ਦਾ ਕੇਂਦਰ ਹੈ । ਇਸ ਪ੍ਰਾਂਤ ਦੀ ਮੁੱਖ ਉਪਜ ਕਾਫ਼ੀ ਹੈ । ਕਾਰਟਾਗੋ ਇਸ ਪ੍ਰਾਂਤ ਦੀ ਰਾਜਧਾਨੀ ਅਤੇ ਇਕ ਮਹੱਤਵਪੂਰਨ ਵਪਾਰਕ ਕੇਂਦਰ ਹੈ ।

ਹ. ਪੂ.—ਐਨ. ਬ੍ਰਿ. ਮਾ. 2 : 595

**ਕਾਰਟਾਜੀਨਾ :** ਦੱਖਣ-ਪੂਰਬੀ ਸਪੇਨ ਦੇ ਮਰਸ਼ੀਆ ਪ੍ਰਾਂਤ ਦਾ ਇਹ ਇਕ ਸ਼ਹਿਰ ਅਤੇ ਰੂਮ ਸਾਗਰ ਵਿਚ ਸਪੇਨ ਦਾ ਸੱਭ ਤੋਂ ਵੱਡਾ ਸਮੁੰਦਰੀ ਫ਼ੌਜੀ ਅੱਡਾ ਹੈ । ਇਸ ਦੀ ਨੀਂਹ ਤੀਜੀ ਸਦੀ ਈ. ਪੂ. ਵਿਚ ਇਕ ਪ੍ਰਾਚੀਨ ਆਈਬੀਰੀਅਨ ਬਸਤੀ ਦੀ ਜਗ੍ਹਾ ਤੇ ਰੱਖੀ ਗਈ ਸੀ । ਸੰਨ 1936-39 ਦੀ ਸਪੇਨੀ ਖ਼ਾਨਾਜੰਗੀ ਸਮੇਂ ਇਹ ਬੰਦਰਗਾਹ ਬੜੀ ਵਫ਼ਾਦਾਰ ਸਿੱਧ ਹੋਈ ।

ਇਹ ਇਕ ਵੱਡੀ ਵਪਾਰਕ ਬੰਦਰਗਾਹ ਸੀ ਜਿਸ ਦੀ ਮਹੱਤਤਾ 20ਵੀਂ ਸਦੀ ਵਿਚ ਹੋਰ ਬੰਦਰਗਾਹਾਂ ਦੇ ਬਣਨ ਨਾਲ ਘੱਟ ਗਈ । ਇਸ ਬੰਦਰਗਾਹ ਤੋਂ ਜ਼ੈਤੂਨ ਦਾ ਤੇਲ, ਸੁੱਕੇ ਫ਼ਲ, ਖਣਿਜ (ਸਿੱਕਾ, ਜਿਸਤ, ਚਾਂਦੀ, ਲੋਹਾ ਅਤੇ ਗੰਧਕ) ਬਾਹਰ ਭੇਜੇ ਜਾਂਦੇ ਹਨ । ਇਥੋਂ ਦੀਆਂ ਸਨਅਤੀ ਉਪਜਾਂ ਵਿਚ ਸ਼ੀਸ਼ਾ, ਗੱਤਾ ਤੇ ਜੁੱਤੀਆਂ ਆਦਿ ਸ਼ਾਮਲ ਹਨ । ਸਮੁੰਦਰੀ ਫ਼ੌਜੀ ਅੱਡਾ ਹੋਣ ਕਰਕੇ ਇਥੇ ਇਕ ਅਸਲਾਖ਼ਾਨਾ ਅਤੇ ਬੜੇ ਖੁਲ੍ਹੇ-ਖੁਲ੍ਹੇ ਗੋਦੀਵਾੜੇ ਹਨ ।

ਆਬਾਦੀ—172,751 (1981)

37° 36′ ਉ. ਵਿਥ.; 00° 59′ ਪੱ. ਲੰਬ.

ਹ. ਪੂ.—ਐਨ. ਬ੍ਰਿ. ਮਾ. 2 : 595

**ਕਾਰਟਾਜੀਨਾ :** ਉੱਤਰੀ ਕੋਲੰਬੀਆ ਦੇ ਬੋਲੀਵਾਰ ਡਿਪਾਰਟਮੈਂਟ ਦੀ ਰਾਜਧਾਨੀ ਹੈ ਜੋ ਕਾਰਟਾਜੀਨਾ ਖਾੜੀ ਦੇ ਉੱਤਰੀ ਸਿਰੇ ਉੱਤੇ ਸਥਿੱਤ ਹੈ। ਸੰਨ 1533 ਵਿਚ ਕਾਰਟਾਜੀਨਾ ਦਾ ਇੰਡੀਆਸ ਦੀ ਨੀਂਹ ਰੱਖੀ ਗਈ ਜਿਸ ਦੀ ਮਸ਼ਹੂਰੀ 16ਵੀਂ ਸਦੀ ਦੇ ਮੱਧ ਪਿਛੋਂ ਹੋਈ ਜਦੋਂ ਵੱਡੇ ਵੱਡੇ ਬੇੜੇ ਇਥੇ ਠਹਿਰਦੇ ਸਨ ਅਤੇ ਦੱਖਣੀ ਅਮਰੀਕਾ ਤੋਂ ਸੋਨਾ ਤੇ ਦੂਜੀਆਂ ਉਪਜਾਂ ਲੈ ਕੇ ਸੁਰੱਖਿਅਤਾ ਨਾਲ ਸਪੇਨ ਪਹੁੰਚਾਉਂਦੇ ਸਨ । ਇਹ ਸ਼ਹਿਰ ਧਾਰਮਕ ਅਦਾਲਤ ਦਾ ਕੇਂਦਰ ਅਤੇ ਗੁਲਾਮਾਂ ਦੀ ਇਕ ਪ੍ਰਮੁੱਖ ਮੰਡੀ ਸੀ ।

ਸੰਨ 1811 ਵਿਚ ਕਾਰਟਾਜੀਨਾ ਪ੍ਰਾਂਤ ਨੇ ਸਪੇਨੀਆਂ ਤੋਂ ਆਜ਼ਾਦੀ ਦਾ ਐਲਾਨ ਕਰ ਦਿਤਾ ਅਤੇ ਸਾਲਾਂ ਬੱਧੀ ਲੜਾਈ ਚਲਦੀ ਰਹੀ । 1815 ਤੋਂ 1821 ਤਕ ਸਪੇਨੀਆਂ ਦੇ ਹੱਥਾਂ ਵਿਚ ਆਉਣ ਉਪਰੰਤ ਇਸ ਸ਼ਹਿਰ ਉਤੇ ਪੈਟਰੀਆਟ ਤਾਕਤਾਂ ਨੇ ਕਬਜ਼ਾ ਕਰ ਲਿਆ । ਨੈਸ਼ਨਲ ਕਾਲ ਦੇ ਸ਼ੁਰੂ ਵਿਚ ਕਾਰਟਾਜੀਨਾ ਕੋਲੰਬੀਆ ਦੀ ਮਹੱਤਵਪੂਰਨ ਬੰਦਰਗਾਹ ਰਿਹਾ । 1840 ਦੇ ਦਹਾਕੇ ਤੋਂ ਇਸ ਦੀ ਆਬਾਦੀ ਤੇ ਵਪਾਰ ਵਿਚ ਪਤਨ ਆਇਆ । 20ਵੀਂ ਸਦੀ ਵਿਚ ਇਸ ਦਾ ਮੁੜ ਵਿਕਾਸ ਹੋਇਆ ਅਤੇ ਅੱਜਕੱਲ੍ਹ ਇਹ ਕੋਲੰਬੀਆ ਦਾ ਪੰਜਵੇਂ ਦਰਜੇ ਦਾ ਵੱਡਾ ਸ਼ਹਿਰ ਹੈ । ਇਹ ਦੇਸ਼ ਦੀ ਤੇਲ ਦੀ ਮੁੱਖ ਬੰਦਰਗਾਹ ਬਣ ਗਈ ਹੈ । ਇਸ ਸ਼ਹਿਰ ਦੇ ਉਤਪਾਦਨ ਵਿਚ ਸਿਗਰਟ, ਤੰਬਾਕੂ ਦੀਆਂ ਵਸਤਾਂ, ਸ਼ਿੰਗਾਰ-ਸਾਮੱਗਰੀ ਅਤੇ ਚਮੜੇ ਦਾ ਸਾਮਾਨ ਸ਼ਾਮਲ ਹੈ । ਸ਼ਹਿਰ ਦੇ ਪੁਰਾਣੇ ਹਿੱਸੇ ਵਿਚ ਕਾਰਟਾਜੀਨਾ ਯੂਨੀਵਰਸਿਟੀ ਹੈ ।

ਆਬਾਦੀ—368, 000 (1980)

10° 25′ ਉ. ਵਿਥ.; 75° 32′ ਪੱ. ਲੰਬ.

ਹ. ਪੂ.—ਐਨ. ਬ੍ਰਿ. ਮਾਂ. 2 : 595

**ਕਾਰਟੀਲੇਜ :** ਇਹ ਇਕ ਵਿਸ਼ਿਸ਼ਟ, ਸੰਘਣਾ ਜੋੜਕ ਟਿਸ਼ੂ ਹੈ, ਜਿਹੜਾ ਥਣਧਾਰੀ ਪ੍ਰਾਣੀਆਂ ਵਿਚ ਭਰੂਣਾਂ ਦਾ ਹੱਡੀ-ਬਣਨ ਤੋਂ ਪਹਿਲਾਂ ਦਾ ਪਿੰਜਰ ਬਣਾਉਂਦਾ ਹੈ । ਮਨੁੱਖਾਂ ਦੀ ਬਾਲਗ ਅਵਸਥਾ ਵਿਚ ਵੀ ਇਹ ਜੋੜਾਂ ਉਤੇ, ਕੰਨਾਂ ਵਿਚ, ਸਾਹ-ਨਾਲੀਆਂ ਵਿਚ ਅਤੇ ਪਸਲੀਆਂ ਦੇ ਸਿਰਿਆਂ ਉਤੇ ਰਹਿੰਦਾ ਹੈ ।



ਇਕ ਬੱਚੇ ਦੇ ਕੰਠ ਦੇ ਹਾਇਲਾਈਨ ਕਾਰਟੀਲੇਜ ਦੀ ਕਾਟ ਜਿਸ ਵਿਚ ਸੈੱਲ ਇਕੱਲੇ ਇਕੱਲੇ ਤੇ ਗਰੁੱਪਾਂ ਵਿਚ ਵੀ ਹਨ ।

ਕਾਰਟੀਲੇਜ ਕਾਲਜਿਨ ਰੇਸ਼ਿਆਂ ਦੇ ਸੰਘਣੇ ਜਾਲ ਦਾ ਬਣਿਆ ਹੁੰਦਾ ਹੈ। ਇਹ ਕਾਲਜਿਨ ਰੇਸ਼ੇ ਇਕ ਸਖ਼ਤ ਅਧਾਰ ਪਦਾਰਥ ਵਿਚ ਜੁੜੇ ਹੁੰਦੇ ਹਨ, ਜਿਸਨੂੰ ਜੈੱਲ ਕਹਿੰਦੇ ਹਨ। ਜੈੱਲ ਦਾ ਬਹੁਤਾ ਹਿੱਸਾ ਪਾਣੀ ਦਾ ਬਣਿਆ ਹੁੰਦਾ ਹੈ। ਕਾਲਜਿਨ ਰੇਸ਼ੇ ਅਤੇ ਜੈੱਲ ਦੇ ਬਣੇ ਮੈਟ੍ਰਿਕਸ ਦੇ ਵਿਚਕਾਰ ਕਾਰਟੀਲੇਜ ਸੈੱਲ, ਕੌਂਡ੍ਰੋਸਾਈਟ ਹੁੰਦੇ ਹਨ। ਇਹ ਸੈੱਲ ਇਕੱਲੇ-ਇਕੱਲੇ ਜਾਂ ਗਰੁੱਪਾਂ ਵਿਚ ਹੁੰਦੇ ਹਨ। ਇਸ ਤਰ੍ਹਾਂ ਦੀ ਬਣਤਰ ਕਾਰਟੀਲੇਜ ਨੂੰ ਖਿੱਚੇ ਜਾ ਸਕਣ ਦੀ ਤਾਕਤ ਅਤੇ ਪਲਾਸਟਿਕ ਵਰਗੇ ਗੁਣ ਦਿੰਦੀ ਹੈ, ਜਿਸ ਨਾਲ ਇਹ ਕਾਫ਼ੀ ਭਾਰ ਸਹਾਰ ਸਕਦਾ ਹੈ ਅਤੇ ਇਸ ਵਿਚ ਲਚਕੀਲਾਪਨ ਵੀ ਹੁੰਦਾ ਹੈ। ਕਾਰਟੀਲੇਜ ਵਿਚੋਂ ਲਹੂ ਨਹੀਂ ਲੰਘਦਾ ਅਤੇ ਪੋਸ਼ਣ ਜੈੱਲ ਮੈਟ੍ਰਿਕਸ ਵਿਚੋਂ ਲੰਘਕੇ ਕਾਰਟੀਲੇਜ ਸੈੱਲਾਂ ਨੂੰ ਖ਼ੁਰਾਕ ਪਹੁੰਚਾਉਂਦੇ ਹਨ।

ਕਾਰਟੀਲੇਜ ਦਾ ਸਭ ਤੋਂ ਜ਼ਰੂਰੀ ਕੰਮ ਇਹ ਹੈ ਕਿ ਇਹ ਮਨੁੱਖ ਵਿਚ ਹੱਡੀ ਲਈ ਢਾਂਚਾ ਬਣਦਾ ਹੈ। ਭਰੂਣ ਵਿਚ ਕਾਰਟੀਲੇਜ ਦਾ ਉਹ ਢਾਂਚਾ ਬਣਦਾ ਹੈ ਜਿਹੜਾ ਫਿਰ ਪਿੰਜਰ ਹੁੰਦਾ ਹੈ। ਕਾਰਟੀਲੇਜ ਦੇ ਰੇਸ਼ੇਦਾਰ ਹਿੱਸੇ ਦਾ ਹੌਲੀ-ਹੌਲੀ ਕੈਲਸੀਕਰਨ ਹੋ ਜਾਂਦਾ ਹੈ ਅਤੇ ਕਾਰਟੀਲੇਜ ਦੀ ਥਾਂ ਹੱਡਲ ਸੈੱਲ ਲੈ ਲੈਂਦੇ ਹਨ। ਜਨਮ ਤੋਂ ਬਾਅਦ ਅਤੇ ਜਦੋਂ ਤਕ ਸਰੀਰ ਦਾ ਵਾਧਾ ਪੂਰਾ ਨਹੀਂ ਹੋ ਜਾਂਦਾ, ਹੱਡੀ ਦੇ ਵਧ ਰਹੇ ਸਿਰੇ ਉਤੇ ਕਾਰਟੀਲੇਜ ਦੀ ਇਕ ਪਤਲੀ ਜਿਹੀ ਪਲੇਟ ਰਹਿੰਦੀ ਹੈ। ਇਸ ਪਲੇਟ ਦੇ ਇਕ ਪਾਸੇ ਕਾਰਟੀਲੇਜ ਸੈੱਲ ਵਧਦੇ ਜਾਂਦੇ ਹਨ ਤੇ ਉਨ੍ਹਾਂ ਦੀ ਵਾਰ ਵਾਰ ਵੰਡ ਹੁੰਦੀ ਰਹਿੰਦੀ ਹੈ ਅਤੇ ਦੂਜੇ ਪਾਸੇ ਕਾਰਟੀਲੇਜ ਦੀ ਥਾਂ ਹੱਡਲ ਟਿਸ਼ੂ ਬਣਦਾ ਰਹਿੰਦਾ ਹੈ। ਇਸ ਲਈ ਕਾਰਟੀਲੇਜ ਪਲੇਟ ਦੀ ਮੋਟਾਈ ਹਮੇਸ਼ਾ ਇਕੋ ਜਿਹੀ ਰਹਿੰਦੀ ਹੈ, ਜਦੋਂ ਕਿ ਇਸ ਦੇ ਪਿੱਛੇ ਹੱਡੀ ਵਧਦੀ ਰਹਿੰਦੀ ਹੈ। ਜਦੋਂ ਵਾਧਾ ਪੂਰਾ ਹੋ ਜਾਵੇ ਤਾਂ ਕਾਰਟੀਲੇਜ ਪਲੇਟ ਅਲੋਪ ਹੋ ਜਾਂਦੀ ਹੈ ਅਤੇ ਇਸ ਤੋਂ ਬਾਅਦ ਹੱਡੀ ਵਧਣ ਦੇ ਅਸਮਰੱਥ ਹੋ ਜਾਂਦੀ ਹੈ।

ਕਾਰਟੀਲੇਜ ਮੁੱਖ ਤਿੰਨ ਤਰ੍ਹਾਂ ਦਾ ਹੁੰਦਾ ਹੈ :—

ਹਾਇਲਾਈਨ ਕਾਰਟੀਲੇਜ, ਇਲਾਸਟਿਕ ਕਾਰਟੀਲੇਜ, ਅਤੇ ਫ਼ਾਈਬ੍ਰੋ ਕਾਰਟੀਲੇਜ।

ਹਾਇਲਾਈਨ ਕਾਰਟੀਲੇਜ ਪੱਸਲੀਆਂ ਦੇ ਹੇਠਲੇ ਸਿਰਿਆਂ ਤੇ, ਜੋੜਾਂ ਤੇ ਅਤੇ ਵੱਡੀਆਂ ਸਾਹ ਨਾਲੀਆਂ ਵਿਚ ਹੁੰਦਾ ਹੈ। ਇਸ ਵਿਚ ਕਾਰਟੀਲੇਜ ਸੈੱਲ ਵਖ-ਵਖ ਹੁੰਦੇ ਹਨ। ਇਹ ਸਿਰਿਆਂ ਤੇ ਛੋਟੇ ਹੁੰਦੇ ਹਨ ਅਤੇ ਫਾਈਬ੍ਰੋਬਲਾਸਟਾਂ ਨਾਲ ਮਿਲਦੇ ਜੁਲਦੇ ਹਨ ਜਦੋਂ ਕਿ ਹੇਠਲੇ ਹਿੱਸਿਆਂ ਵਿਚ ਇਹ ਵੱਡੇ ਅਕਾਰ ਦੇ ਹੁੰਦੇ ਹਨ। ਇਨ੍ਹਾਂ ਵਿਚ ਨਿਊਕਲੀਅਸ ਵੱਡਾ ਹੁੰਦਾ ਹੈ ਅਤੇ ਸਾਈਟੋਪਲਾਜ਼ਮ ਸੈੱਲ ਦੀ ਬਾਕੀ ਸਾਰੀ ਵਿਰਲ ਨੂੰ ਪੂਰੀ ਤਰ੍ਹਾਂ ਭਰਦਾ ਹੈ। ਇਹ ਸੈੱਲ ਕਾਰਟੀਲੇਜ ਦਾ ਲਗਭਗ ਤੀਜਾ ਹਿੱਸਾ ਬਣਾਉਂਦੇ ਹਨ। ਬਾਕੀ ਦੇ ਹਿੱਸੇ ਵਿਚ ਸੈੱਲਾਂ ਨੂੰ ਵਖ-ਵਖ ਕਰਨ ਵਾਲਾ ਮੈਟ੍ਰਿਕਸ ਹੁੰਦਾ ਹੈ।

ਇਲਾਸਟਿਕ ਕਾਰਟੀਲੇਜ ਥਣਧਾਰੀਆਂ ਦਾ ਬਾਹਰਲਾ ਕੰਨ, ਬਾਹਰਲੀਆਂ ਕੰਨ-ਨਾਲੀਆਂ, ਕੰਨ-ਸੰਘ ਨਾਲੀਆਂ ਅਤੇ ਘੰਡੀ ਢੱਕਣ ਬਣਾਉਂਦਾ ਹੈ। ਇਹ ਹਾਇਲਾਈਨ ਕਾਰਟੀਲੇਜ ਨਾਲੋਂ ਜ਼ਿਆਦਾ ਪੀਲਾ, ਜ਼ਿਆਦਾ ਅਪਾਰਦਰਸ਼ੀ ਅਤੇ ਜ਼ਿਆਦਾ ਲਚਕਦਾਰ ਹੁੰਦਾ ਹੈ। ਇਸ ਵਿਚ ਇਲਾਸਟਿਕ ਧਾਗੇ ਜ਼ਿਆਦਾ ਹੁੰਦੇ ਹਨ, ਜਿਹੜੇ ਮੈਟ੍ਰਿਕਸ ਵਿਚ ਸਾਰੇ ਪਾਸੇ ਜਾਂਦੇ ਹਨ।

ਫਾਈਬ੍ਰੋ ਕਾਰਟੀਲੇਜ ਅੰਤਰ ਮੁਹਰਾ ਡਿਸਕਾਂ, ਪਿਊਬਿਸ ਦੇ ਹੱਡੀ-ਜੋੜਾਂ ਅਤੇ ਕਈ ਟੈਂਡਨਾਂ ਵਿਚ ਉਨ੍ਹਾਂ ਦੇ ਹੱਡੀ ਨਾਲ ਜੋੜ ਦੀ ਥਾਂ ਦੇ ਨੇੜੇ ਜਿਹੇ ਹੁੰਦਾ ਹੈ। ਇਸ ਵਿਚ ਕਾਲਜਿਨ ਰੇਸ਼ਿਆਂ ਦੇ ਸੰਘਣੇ ਬੰਡਲ ਹੁੰਦੇ ਹਨ ਅਤੇ ਸੈੱਲ ਰੇਸ਼ਿਆਂ ਦੇ ਵਿਚਕਾਰ ਕਾਲਮਾਂ ਵਿਚ ਲਗੇ ਹੁੰਦੇ ਹਨ।

ਹ. ਪੁ.—ਐਨ. ਬ੍ਰਿ. ਮਾ. 2 : 599; ਮੈਕ. ਐਨ. ਸ. ਟ. 2 : 533

**ਕਾਰਟੈਸ ਸੰਪਰਦਾ :** ਇਹ ਰਨੇ ਦੇਕਾਰਤ ਦੀ ਫ਼ਿਲਾਸਫ਼ੀ ਨੂੰ ਫੈਲਾਉਣ ਅਤੇ ਅੱਗੇ ਜਾਰੀ ਰੱਖਣ ਵਾਲੇ ਵਿਅਕਤੀਆਂ ਦੀ ਇਕ ਸੰਪਰਦਾ ਹੈ। 1670 ਤੋਂ 1679 ਦੇ ਵਿਚਕਾਰ ਫ਼ਰਾਂਸ ਵਿਚ ਇਹਦੇ ਲਈ 'Cartistes' ਅਤੇ 'Descartistes' ਨਾਂ ਵੀ ਪ੍ਰਚਲਿਤ ਸਨ।

ਇਨ੍ਹਾਂ ਵਿਚੋਂ ਕੁਝ ਕੁ ਵਿਚਾਰਵਾਨਾਂ ਨੇ ਕੇਵਲ ਦੇਕਾਰਤ ਦੇ ਲਿਖੇ ਨੂੰ ਹੀ ਦੁਹਰਾਇਆ ਸੀ, ਇਸ ਲਈ ਉਹ ਖ਼ੂਬ ਤ੍ਰਿਸਕਾਰੇ ਗਏ।

ਆਨਰੀਕਸ ਰੈਨੇਰੀ (1593-1639) ਆਪਣੀ ਮੌਤ ਤਕ ਹਾਲੈਂਡ ਵਿਚ ਯੂਟ੍ਰੈਕਟ ਵਿਖੇ ਕਾਰਟੈਸ ਸੰਪਰਦਾ ਬਾਰੇ ਲੈਕਚਰ ਦਿੰਦਾ ਰਿਹਾ ਹਾਲੈਂਡ ਵਿਚ ਹੋਰ ਮੁਢਲੇ ਵਿਆਖਿਆਤਾ ਅਤੇ ਉਨ੍ਹਾਂ ਦੀਆਂ ਕ੍ਰਿਤਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

ਜੋਐਨੀਜ਼ ਡ ਰੇਈ (1622-1707)—'Clavis philosophiae naturalis' (1654), ਏਡ੍ਰੀਐਨ ਹੇਅਰਬੋਰਡ (1614-61)—'Meletemata philosophica' (1659)।

ਇਸੇ ਤਰ੍ਹਾਂ ਹੀ ਫ਼ਰਾਂਸ, ਜਰਮਨੀ ਅਤੇ ਸਵਿਟਜ਼ਰਲੈਂਡ ਆਦਿ ਵਿਚ ਵੀ ਇਸ ਸੰਪਰਦਾ ਦੇ ਕਿੰਨੇ ਹੀ ਉੱਘੇ ਟਿੱਪਣੀਕਾਰ ਹੋਏ ਹਨ।

ਹ. ਪੁ.—ਐਨ. ਬ੍ਰਿ. 4 : 974

**ਕਾਰਡਾਨੋ, ਜੀਰੋਨਿਮੋ :** ਇਟਲੀ ਦਾ ਇਹ ਇਕ ਮਸ਼ਹੂਰ ਡਾਕਟਰ, ਹਿਸਾਬਦਾਨ ਅਤੇ ਫ਼ਿਲਾਸਫ਼ਰ ਸੀ। ਇਸ ਦਾ ਜਨਮ ਪਾਵੀਆ ਵਿਚ 24 ਸਤੰਬਰ, 1501 ਨੂੰ ਹੋਇਆ। ਇਸ ਦਾ ਪਿਤਾ ਫ਼ਾਜ਼ੀਓ ਕਾਰਡਾਨੋ ਇਕ ਕਾਨੂੰਨਦਾਨ ਅਤੇ ਮਾਈਲੈਨ ਵਿਚ ਜੁਮੈਟਰੀ ਦਾ ਲੈਕਚਰਾਰ ਸੀ। ਜੀਰੋਨਿਮੋ 1526 ਵਿਚ ਡਾਕਟਰੀ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਮਾਈਲੈਨ ਚਲਾ ਗਿਆ, ਜਿਥੇ ਕਾਫ਼ੀ ਮੁਸ਼ਕਲਾਂ ਬਾਅਦ ਇਸ ਨੂੰ ਹਿਸਾਬ ਦੇ ਲੈਕਚਰਾਰ ਦੀ ਨੌਕਰੀ ਮਿਲੀ। ਸੰਨ 1536 ਵਿਚ ਇਸ ਦੀ ਇਕ ਕਿਤਾਬ '*De malo recentiorum medicorum medendi usis libellus*' ਛਪੀ ਜਿਸ ਵਿਚ ਇਸ ਨੇ ਡਾਕਟਰੀ ਪੇਸ਼ੇ ਦੀਆਂ ਰਵਾਇਤਾਂ ਦੀ ਬਹੁਤ ਨਿਖੇਧੀ ਕੀਤੀ। ਤਿੰਨ ਸਾਲਾਂ ਬਾਅਦ ਇਸ ਨੂੰ ਡਾਕਟਰਾਂ ਦੀ ਸੰਸਥਾ ਵਿਚ ਰਲਾ ਲਿਆ ਗਿਆ ਅਤੇ ਜਲਦੀ ਹੀ ਕਾਰਡਾਨੋ ਨੂੰ ਇਸ ਦਾ ਪ੍ਰਬੰਧ-ਕਰਤਾ ਬਣਾ ਦਿਤਾ ਗਿਆ। ਥੋੜ੍ਹੇ ਸਮੇਂ ਵਿਚ ਯੂਰਪ ਭਰ ਵਿਚ ਇਸ ਦੀ ਡਾਕਟਰੀ ਦੀਆਂ ਧੁੰਮਾਂ ਪੈ ਗਈਆਂ। ਇਸ ਦੀ ਲਿਆਕਤ ਤੋਂ ਪ੍ਰਭਾਵਤ ਹੋ ਕੇ ਕਈ ਰਾਜਿਆਂ ਨੇ ਇਸ ਨੂੰ ਆਪਣੇ ਅਧੀਨ ਰਾਜ-ਹਕੀਮ ਬਨਾਉਣਾ ਚਾਹਿਆ ਪਰ ਇਕ ਆਜ਼ਾਦ ਤਬੀਅਤ ਇਨਸਾਨ ਹੋਣ ਦੇ ਨਾਤੇ ਇਸ ਨੇ ਕਿਸੇ ਰਾਜੇ ਦੀ ਅਧੀਨਗੀ ਪ੍ਰਵਾਨ ਨਾ ਕੀਤੀ।

ਕਾਰਡਾਨੋ ਪਹਿਲਾ ਬੰਦਾ ਸੀ ਜਿਸ ਨੇ ਟਾਈਫਸ ਬੁਖ਼ਾਰ ਦੀ ਡਾਕਟਰੀ ਦੀ ਵਿਆਖਿਆ ਕੀਤੀ। ਇਸ ਨੇ ਹੀ ਸਭ ਤੋਂ ਪਹਿਲਾਂ ਆਤਸ਼ਕ ਦਾ ਇਲਾਜ ਲੱਭਿਆ ਅਤੇ ਗੂੰਗੇ, ਬੋਲੇ, ਅੰਨ੍ਹੇ ਬੰਦਿਆਂ ਦੀ ਸਿਖਲਾਈ ਵਾਸਤੇ ਲਾਭਦਾਇਕ ਢੰਗ ਦੱਸੇ।

ਹਿਸਾਬਦਾਨ ਦੇ ਤੌਰ ਤੇ ਇਹ ਆਪਣੇ ਸਮੇਂ ਦੀ ਸਭ ਤੋਂ ਮਸ਼ਹੂਰ ਹਸਤੀ ਸੀ। ਸੰਨ 1539 ਵਿਚ ਇਸ ਨੇ ਦੋ ਕਿਤਾਬਾਂ ਹਿਸਾਬ ਦੇ ਵਿਸ਼ੇ ਤੇ ਛਪਵਾਈਆਂ। ਇਨ੍ਹਾਂ ਹੀ ਦਿਨਾਂ ਵਿਚ ਇਕ ਹੋਰ ਹਿਸਾਬਦਾਨ ਟਾਰਟਾਲਿਆ ਨੇ ਤ੍ਰੈ-ਘਾਤੀ ਸਮੀਕਰਨ ਹੱਲ ਕਰਨ ਦਾ ਢੰਗ ਲੱਭਿਆ। ਉਸਨੇ ਇਹ ਹੱਲ ਕਾਰਡਾਨੋ ਨੂੰ ਇਸ ਸ਼ਰਤ ਤੇ ਦਸਿਆ ਕਿ ਕਾਰਡਾਨੋ ਇਸ ਨੂੰ ਗੁਪਤ ਹੀ ਰਖੇਗਾ। ਪਰ 1545 ਵਿਚ ਜਦੋਂ ਕਾਰਡਾਨੋ ਨੇ ਹਿਸਾਬ ਦੀ ਕਿਤਾਬ '*Artis magnae sive de regulis algebraicis*' ਛਪਵਾਈ ਤਾਂ ਉਸ ਵਿਚ ਹਿਸਾਬ ਦੀਆਂ ਕਈ ਨਵੀਆਂ ਖੋਜਾਂ ਦੇ ਨਾਲ ਹੀ ਤ੍ਰੈ-ਘਾਤੀ ਸਮੀਕਰਨ ਹੱਲ ਕਰਨ ਦਾ ਢੰਗ ਵੀ ਦਿਤਾ ਹੋਇਆ ਸੀ। ਇਸ ਦੇ ਛਪਣ ਉਤੇ ਟਾਰਟਾਲਿਆ ਨੇ ਬਹੁਤ ਲੜਾਈ-ਝਗੜਾ ਕੀਤਾ ਪਰ ਇਹ ਢੰਗ ਅਜੇ ਵੀ ਕਾਰਡਾਨੋ ਦੇ

ਅੰਗਰੇਜ਼ੀ ਨਾਮ ਕਾਰਡਨ ਦੇ ਅਧਾਰ ਤੇ ਕਾਰਡਨ ਫ਼ਾਰਮੂਲਾ ਕਰਕੇ ਜਾਣਿਆ ਜਾਂਦਾ ਹੈ। ਕਾਰਡਾਨੋ ਦੀਆਂ ਹਿਸਾਬ ਸਬੰਧੀ ਹੋਰ ਵੀ ਕਈ ਲਿਖਤਾਂ ਹਨ। ਇਸ ਦੀ ਸੰਭਾਵਨਾ ਉਪਰ ਅਧਾਰਤ ਖੇਡਾਂ ਦੀ ਕਿਤਾਬ '*Lber de ludo aleae*' ਵਿਚ ਪਾਸਕਲ ਅਤੇ ਫੈਰੱਮੇ ਤੋਂ ਸੌ ਸਾਲ ਪਹਿਲਾਂ ਹੀ ਪ੍ਰਾਬੇਬਿਲਿਟੀਆਂ ਦਾ ਹਿਸਾਬ ਲਗਾਇਆ ਗਿਆ ਹੈ।

ਕਾਰਡਾਨੋ ਦੀ ਮਸ਼ਹੂਰੀ ਅਤੇ ਹਰਮਨ ਪਿਆਰਾ ਹੋਣ ਦਾ ਇਕ ਕਾਰਨ ਇਹ ਵੀ ਸੀ ਕਿ ਇਸ ਨੇ ਤਕਨੀਕੀ ਅਤੇ ਦਾਰਸ਼ਨਿਕ ਮਸਲਿਆਂ ਉਪਰ ਵੀ ਕਿਤਾਬਾਂ ਲਿਖੀਆਂ। ਦਰਸ਼ਨ ਵਿਚ ਇਹ ਨਵ-ਅਫ਼ਲਾਤੂਨਵਾਦ ਤੋਂ ਬਹੁਤ ਪ੍ਰਭਾਵਤ ਸੀ।

ਪਾਵੀਆ ਅਤੇ ਬੱਲੋਨੀਆ ਵਿਚ ਡਾਕਟਰੀ ਦਾ ਪ੍ਰੋਫ਼ੈਸਰ ਰਹਿਣ ਤੋਂ ਬਾਅਦ ਕਾਰਡਾਨੋ 1570 ਵਿਚ ਬੱਲੋਨੀਆ ਛੱਡ ਕੇ ਰੋਮ ਚਲਾ ਗਿਆ, ਜਿਥੇ 21 ਸਤੰਬਰ, 1576 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 557

**ਕਾਰਡਾਮਮ ਪਹਾੜੀਆਂ :** ਦੱਖਣੀ ਭਾਰਤ ਦੇ ਕੇਰਲ ਅਤੇ ਤਾਮਿਲਨਾਡੂ ਰਾਜਾਂ ਵਿਚਕਾਰ ਇਹ ਪਹਾੜੀਆਂ ਦੀ ਇਕ ਲੜੀ ਹੈ। ਇਨ੍ਹਾਂ ਨੂੰ ਐਲਾਮਲਾਈ ਪਹਾੜੀਆਂ ਵੀ ਕਹਿੰਦੇ ਹਨ। ਇਹ ਦੱਖਣੀ ਸਹਿਯਾਦਰੀ ਪਹਾੜਾਂ ਦਾ ਮੱਧ-ਵਰਤੀ ਭਾਗ ਹਨ। ਇਨ੍ਹਾਂ ਦੇ ਉੱਤਰ ਵਿਚ ਅਨਾਮਲਾਈ ਪਹਾੜੀਆਂ ਹਨ। ਧਰਾਤਲ ਉੱਚੀ ਨੀਵੀਂ ਹੈ। ਇਨ੍ਹਾਂ ਦੀ ਉੱਚਾਈ 1500 ਮੀ. ਤਕ ਹੈ। ਪੈਰੀਯਾਰ ਦਰਿਆ ਇਸ ਨੂੰ ਦੋ ਭਾਗਾਂ ਵਿਚ ਵੰਡਦਾ ਹੈ। ਉੱਤਰੀ ਭਾਗ ਨੂੰ ਪੈਰੀਯਾਰ ਖੇਤਰ ਅਤੇ ਦੱਖਣੀ ਭਾਗ ਨੂੰ ਵਰਸ਼ਨਾਡ ਕਹਿੰਦੇ ਹਨ। ਟੈਕਾਡੀ ਦੀ ਜੰਗਲੀ ਜਾਨਵਰਾਂ ਲਈ ਪਨਾਹਗਾਹ ਪੈਰੀਯਾਰ ਖੇਤਰ ਵਿਚ ਸਥਿਤ ਹੈ। ਵਾਇਗਾਇ ਦਰਿਆ ਇਸ ਖੇਤਰ ਵਿਚੋਂ ਹੀ ਨਿਕਲਦਾ ਹੈ।

ਇਹ ਪਹਾੜ ਸੰਘਣੇ ਮੌਨਸੂਨੀ ਜੰਗਲਾਂ ਨਾਲ ਢਕੇ ਹੋਏ ਹਨ। ਵਸੋਂ ਵਿਰਲੀ ਹੈ ਅਤੇ ਬਹੁਤ ਵੱਡੇ ਇਲਾਕੇ ਵਿਚ ਵਸੋਂ ਉੱਕਾ ਹੀ ਨਹੀਂ ਹੈ। ਇਨ੍ਹਾਂ ਪਹਾੜਾਂ ਤੇ ਵਧੇਰੇ ਕਰਕੇ ਚਾਹ, ਕਾਫ਼ੀ, ਕੋਕੋ, ਇਲਾਇਚੀ, ਕਾਲੀ ਮਿਰਚ, ਕਾਜੂ ਅਤੇ ਰਬੜ ਦੇ ਬਗੀਚੇ ਹਨ। ਸ਼ਾਇਦ ਇਹਨਾਂ ਪਹਾੜਾਂ ਦਾ ਇਹ ਨਾਂ ਇਲਾਇਚੀ ਦੀ ਕਾਸ਼ਤ ਹੋਣ ਕਰਕੇ ਹੀ ਪਿਆ ਹੈ।

09° 26′ ਤੋਂ 10° 08′ ਉ. ਵਿਥ.; 76° 40′ ਤੋਂ 77° 07′ ਪੂ. ਲੰਬ.

ਹ. ਪੁ.—ਇੰਡ. ਰਿ. ਜਗ.; ਇੰਪ. ਗ. ਇੰਡ. 9 : 300; ਐਨ. ਬ੍ਰਿ. ਮਾ. 2 : 557

**ਕਾਰਡਿਫ :** ਵੇਲਜ਼ ਵਿਚ ਦਰਿਆ ਟੈਫ ਉਪਰ ਬਰਿਸਟਲ ਚੈਨਲ ਤੇ ਵਾਕਿਆ ਦੱਖਣੀ ਗਾਲਮਾਰੋਗੈੱਨ ਦਾ ਇਹ ਰਾਜਧਾਨੀ ਸ਼ਹਿਰ ਹੈ। ਲਗਭਗ 75 ਈ. ਵਿਚ ਰੋਮਨਾਂ ਨੇ ਇਥੇ ਇਕ ਛੋਟਾ ਜਿਹਾ ਕਿਲਾ ਬਣਾਇਆ ਸੀ ਅਤੇ ਤੀਜੀ ਚੌਥੀ ਸਦੀ ਦੌਰਾਨ ਆਇਰਲੈਂਡ ਵਲੋਂ ਸਮੁੰਦਰੀ ਹਮਲਿਆਂ ਨੂੰ ਰੋਕਣ ਲਈ ਇਸਨੂੰ ਹੋਰ ਪੱਕਾ ਕਰ ਦਿਤਾ। ਇਸ ਦੀਆਂ ਗੁਆਂਢੀ ਸਿਵਲ ਬਸਤੀਆਂ ਨੇ ਚੌਥੀ ਸਦੀ ਵਿਚ ਰੋਮਨਾਂ ਨੂੰ ਕੱਢਣ ਦੇ ਯਤਨ ਕੀਤੇ ਪਰ ਇਹ ਗੱਲ 700 ਸਾਲ ਬਾਅਦ ਨਾਰਮਨਾਂ ਦੇ ਆਉਣ ਨਾਲ ਹੋਈ। ਨਾਰਮਨਾਂ ਤੇ ਰੋਮਨਾਂ ਦੇ ਕਿਲੇ ਦੀ ਥਾਂ ਤੇ ਟਿੱਬਿਆਂ, ਖਾਈਆਂ ਤੇ ਮੋਰਚਿਆਂ ਵਾਲਾ ਇਕ ਕਿਲਾ ਤਾਮੀਰ ਕੀਤਾ। ਇਸ ਕਿਲੇ ਦੇ ਬਾਹਰ ਇਕ ਵਪਾਰਕ ਸ਼ਹਿਰ ਵਸਾਇਆ ਗਿਆ।

ਸੱਨਅਤੀ ਇਲਾਕੇ ਅਤੇ ਖਣਿਜੀ ਖੇਤਰਾਂ ਵਿਚਕਾਰ ਆਵਾਜਾਈ ਦੇ ਵਿਕਾਸ ਨਾਲ 1800 ਤੋਂ 1900 ਵਿਚਕਾਰ ਇਥੇ ਆਬਾਦੀ ਵੀ ਬੜੀ ਤੇਜ਼ੀ ਨਾਲ ਵਧੀ। ਸੰਨ 1913 ਤੋਂ ਬਾਅਦ ਕਾਰਡਿਫ ਦੁਨੀਆ ਦੀ ਸੱਭ ਤੋਂ ਵਧ ਕੋਲਾ ਬਰਾਮਦ ਕਰਨ ਵਾਲੀ ਬੰਦਰਗਾਹ ਬਣ ਗਈ। ਸੰਨ 1963 ਵਿਚ ਵਪਾਰ ਬੰਦ ਹੋ ਗਿਆ ਪਰ ਸ਼ਹਿਰ ਪਹਿਲਾਂ ਹੀ ਬਣ ਚੁੱਕਾ ਸੀ ਅਤੇ ਦੇਸ਼ ਵਿਚ ਖ਼ਰੀਦੋ-ਫ਼ਰੋਖ਼ਤ ਅਤੇ ਹੋਰਾਂ ਕੰਮਾਂ ਵਾਸਤੇ ਵੀ ਮਹੱਤਵਪੂਰਨ ਕੇਂਦਰ ਬਣ ਚੁੱਕਾ ਸੀ। ਸੰਨ 1955 ਵਿਚ ਇਹ ਸ਼ਹਿਰ ਦੇਸ਼ ਦੀ ਰਾਜਧਾਨੀ ਲਈ ਚੁਣਿਆ ਗਿਆ।

ਇਹ ਇਕ ਸੱਨਅਤੀ ਕੇਂਦਰ ਹੈ। ਸਟੀਲ ਬਣਾਉਣ ਅਤੇ ਇੰਜਨੀਅਰਿੰਗ ਦੇ ਉਦਯੋਗ ਪ੍ਰਮੁੱਖ ਹਨ। ਇਸ ਤੋਂ ਇਲਾਵਾ ਆਟੇ ਦੀਆਂ ਮਿਲਾਂ, ਖਾਣ ਵਾਲੀਆਂ ਵਸਤਾਂ ਤਿਆਰ ਕਰਨ, ਸ਼ਰਾਬ ਕੱਢਣ, ਸਿਗਾਰ ਬਣਾਉਣ, ਬਣਾਵਟੀ ਰੇਸ਼ੇ ਤਿਆਰ ਕਰਨ, ਸੂਤੀ ਕਪੜਾ ਬਣਾਉਣ, ਫੋਟੋਗ੍ਰਾਫ਼ੀ ਦਾ ਸਾਮਾਨ ਅਤੇ ਕਾਰਾਂ ਦੇ ਪੁਰਜ਼ੇ ਤਿਆਰ ਕਰਨ ਦੇ ਉਦਯੋਗ ਵੀ ਇਥੇ ਹਨ।

ਕਾਰਡਿਫ ਵਿਚ ਕਈ ਵਰਣਨ ਯੋਗ ਇਮਾਰਤਾਂ ਹਨ ਜਿਨ੍ਹਾਂ ਵਿਚੋਂ ਕੁਝ ਕੁ ਇਤਿਹਾਸਕ ਹਨ। ਕਿਲਾ, ਲਾਨਡਫ ਅਤੇ 15ਵੀਂ ਸਦੀ ਦਾ ਬਣਿਆ ਸੇਂਟ ਜਾਨ ਦਾ ਪੈਰਿਸ਼ ਗਿਰਜਾ ਘਰ ਪੁਰਾਣੀਆਂ ਇਮਾਰਤਾਂ ਵਿਚੋਂ ਹਨ। ਕਾਊਂਟੀ ਹਾਲ, ਵੇਲਜ਼ ਨੈਸ਼ਨਲ ਅਜਾਇਬ ਘਰ, ਦੱਖਣੀ ਵੇਲਜ਼ ਦਾ ਯੂਨੀਵਰਸਿਟੀ ਕਾਲਜ, ਮਾਨਮਾਊਥਸ਼ਿਰ, ਵੈਲਸ਼ ਨੈਸ਼ਨਲ ਸ਼ਾਂਤੀ ਦਾ ਮੰਦਰ ਅਤੇ ਵੈਲਸ਼ ਨੈਸ਼ਨਲ ਜੰਗ ਦੀ ਯਾਦਗਾਰ ਆਦਿ ਸਾਰੀਆਂ ਇਮਾਰਤਾਂ 1904 ਤੋਂ ਬਾਅਦ ਵੱਖ-ਵੱਖ ਸਮਿਆਂ ਤੇ ਬਣੀਆਂ ਸਨ। ਸ਼ਹਿਰ ਦੇ ਆਲੇ ਦੁਆਲੇ ਕਈ ਪਾਰਕਾਂ ਮਿਲਦੀਆਂ ਹਨ। ਇਥੇ ਇਕ ਕਾਮਨਵੈਲਥ ਪੂਲ ਹੈ ਜੋ ਉਦੋਂ ਬਣਾਇਆ ਗਿਆ ਸੀ ਜਦੋਂ ਵੇਲਜ਼ ਵਿਚ ਕਾਮਨਵੈਲਥ ਖੇਡਾਂ ਸਨ। ਇਹ ਸ਼ਹਿਰ ਲੰਡਨ ਤੋਂ ਫਿਸ਼ਗਾਰਡ ਮੇਨ ਰੇਲਵੇ ਲਾਈਨ ਤੇ ਵਾਕਿਆ ਹੈ ਅਤੇ ਇੰਗਲਿਸ਼ ਮਿਡਲੈਂਡਜ਼ ਨਾਲ ਮੇਨ ਲਾਈਨ ਨਾਲ ਮਿਲਿਆ ਹੋਇਆ ਹੈ। ਸ਼ਹਿਰ ਦਾ ਹਵਾਈ ਅੱਡਾ ਸ਼ਹਿਰ ਦੇ 19 ਕਿ. ਮੀ. ਪੱਛਮ ਵਲ ਵਾਕਿਆ ਹੈ।

ਆਬਾਦੀ—279,800 (1983)

51° 29′ ਉ. ਵਿਥ.; 3° 13′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 558

**ਕਾਰਡੀਗੇਨ :** ਵੇਲਜ਼ ਵਿਚ ਡਿਫੇਡ ਕਾਊਂਟੀ ਦੀ ਇਕ ਬਰੋ ਹੈ। ਇਹ ਸ਼ਹਿਰ ਦਰਿਆ ਤਾਈਵੀ ਦੇ ਉਤੋਂ ਦੀ ਦਿਸ ਰਹੇ ਪਰਬਤੀ ਵਧਾਉ ਉਤੇ, ਬਾਰ੍ਹਵੀਂ ਸਦੀ ਦੇ ਬਣੇ ਨਾਰਮਨ ਕਿਲੇ ਦੇ ਨੇੜੇ ਹੀ ਵਿਕਸਿਤ ਹੋਇਆ ਸੀ। ਦਰਿਆ ਤੋਂ ਪਾਰ ਬਣਿਆ ਮਹਿਰਾਬਦਾਰ ਪੁਲ, ਸੰਨ 1136 ਵਿਚ ਬਣਿਆ ਦਸਿਆ ਜਾਂਦਾ ਹੈ। ਸੰਨ 1176 ਵਿਚ ਵੇਲਜ਼ ਦੇ ਸ਼ਹਿਜ਼ਾਦੇ ਅਤੇ ਪ੍ਰਧਾਨ ਨਿਆਂਕਾਰ ਜਾਂ ਬੁਰਜੂਆ ਹਾਕਮ, ਲਾਰਡ ਰੀਸ ਨੇ ਕਿਲੇ ਦੇ ਨੇੜੇ ਕਵਿਤਾ ਅਤੇ ਸੰਗੀਤ ਦੇ ਪਹਿਲੇ ਰਾਸ਼ਟਰੀ ਸੰਮੇਲਨ ਦੀ ਸਰਪਰਸਤੀ ਕੀਤੀ ਸੀ ਅਤੇ ਕੋਈ 30,000 ਲੋਕ ਇਸ ਵਿਚ ਸ਼ਾਮਲ ਹੋਏ ਸਨ। ਇਥੇ ਇਕ ਬੈਨਡਿਕਟਿਨੀ ਮੱਠ ਦੀ ਨੀਂਹ ਰੱਖੀ ਗਈ ਅਤੇ ਸੰਨ 1653 ਦਾ ਬਣਿਆ ਇਕ ਗ੍ਰਾਮਰ ਸਕੂਲ ਅਜੇ ਵੀ ਇਥੇ ਮੌਜੂਦ ਹੈ। ਸੰਨ 1284 ਵਿਚ ਇਸ ਸ਼ਹਿਰ ਨੂੰ ਪਹਿਲਾ ਚਾਰਟਰ ਦਿਤਾ ਗਿਆ ਅਤੇ ਇਹ ਆਲੇ ਦੁਆਲੇ ਦੇ ਡਿਸਟ੍ਰਿਕਟਾਂ ਲਈ ਹਮੇਸ਼ਾਂ ਹੀ ਇਕ ਪ੍ਰਸਿੱਧ ਮੰਡੀ ਰਿਹਾ ਹੈ। ਕਾਰਡੀਗੇਨ ਆਇਰਲੈਂਡ ਦੀ ਇਕ ਛੋਟੀ ਜਿਹੀ ਸਮੁੰਦਰੀ ਬੰਦਰਗਾਹ ਵੀ ਹੁੰਦੀ ਸੀ ਅਤੇ ਇਸਦੀ ਮਹੱਤਤਾ ਕੇਵਲ ਉਨ੍ਹੀਵੀਂ ਸਦੀ ਦੇ ਦੌਰਾਨ ਹੀ ਘਟੀ। ਐਬਰਇਸਟਵਿਥ ਦੇ ਵਿਕਾਸ ਹੋਣ ਨਾਲ ਵੀ ਇਸ ਦੀ ਕਾਰਡੀਗੇਨਸ਼ਿਰ ਦੇ ਕਾਊਂਟੀ ਟਾਊਨ (ਸੀਟ) ਵਜੋਂ ਮਹੱਤਤਾ ਘਟੀ। ਅਜੋਕਾ ਸ਼ਹਿਰ ਇਕ ਪ੍ਰਸਿੱਧ ਸੈਲਾਨੀ ਕੇਂਦਰ ਹੈ। ਕਰੀਮੀਆ ਯੁੱਧ ਦੌਰਾਨ ਬੈਲਾਕਲਾਵਾ ਦੇ ਸਥਾਨ ਤੇ ਕਬਜ਼ੇ ਵਿਚ ਲਈ ਇਕ ਤੋਪ, ਟਾਊਨਹਾਲ ਦੇ ਬਾਹਰਵਾਰ ਖੜੀ ਕੀਤੀ ਹੋਈ ਹੈ।

ਆਬਾਦੀ—4,184 (1981)

52° 06′ ਉ. ਵਿਥ; 4° 40′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 559

**ਕਾਰਡੀਨਲ :** ਇਹ ਰੋਮਨ ਕੈਥੋਲਿਕ ਗਿਰਜੇ ਦੇ ਪੋਪ ਨੂੰ ਸਲਾਹ ਦੇਣ ਵਾਲਾ ਪ੍ਰਮੁੱਖ ਅਹੁਦੇਦਾਰ ਹੁੰਦਾ ਹੈ। ਅੱਜਕਲ੍ਹ ਵਧੇਰੇ

ਕਾਰਡੀਨਲ ਇਟਲੀ ਤੋਂ ਬਾਹਰ ਰਹਿ ਕੇ ਸਿਰਫ਼ ਸਲਾਹ ਦੇ ਸਕਦੇ ਹਨ। ਦੂਜੇ ਕਾਰਡੀਨਲ ਸਥਾਈ ਰੂਪ ਵਿਚ ਰੋਮ ਵਿਚ ਰਹਿੰਦੇ ਹਨ ਅਤੇ ਗਿਰਜੇ ਦੇ ਪ੍ਰਬੰਧ ਵਿਚ ਭਾਗ ਲੈਂਦੇ ਹਨ। ਪੋਪ ਦੇ ਮਰਨ ਤੇ ਸਾਰੇ ਕਾਰਡੀਨਲ ਮਿਲ ਕੇ ਉਸ ਦਾ ਵਾਰਸ ਚੁਣਦੇ ਹਨ। ਕੈਥੋਲਿਕ ਧਰਮ ਦੇ ਪੋਪ ਹੀ ਸੰਸਾਰ ਭਰ ਦੇ ਪਾਦਰੀਆਂ ਵਿਚੋਂ ਨਵੇਂ ਕਾਰਡੀਨਲਾਂ ਦੀ ਨਿਯੁਕਤੀ ਕਰਦੇ ਹਨ। ਨਿਯੁਕਤੀਆਂ ਕਰਨ ਸਮੇਂ ਹਰ ਦੇਸ਼ ਦੇ ਕੈਥੋਲਿਕ ਲੋਕਾਂ ਦੀ ਗਿਣਤੀ ਧਿਆਨ ਵਿਚ ਰੱਖੀ ਜਾਂਦੀ ਹੈ। ਜਨਵਰੀ, 1953 ਵਿਚ ਬੰਬਈ ਦੇ ਵਰਤਮਾਨ ਆਰਕਬਿਸ਼ਪ ਨੂੰ ਕਾਰਡੀਨਲ ਨਿਯੁਕਤ ਕੀਤਾ ਗਿਆ, ਜੋ ਪਹਿਲਾ ਭਾਰਤੀ ਕਾਰਡੀਨਲ ਹੈ। ਪੰਦਰ੍ਹਵੀਂ ਸਦੀ ਵਿਚ ਇਨ੍ਹਾਂ ਦੀ ਗਿਣਤੀ 24 ਸੀ। ਜਨਵਰੀ, 1961 ਵਿਚ ਇਹ 89 ਸੀ। ਨਿਯੁਕਤੀ ਪਿੱਛੋਂ ਹਰ ਕਾਰਡੀਨਲ ਰੋਮ ਜਾ ਕੇ ਪੋਪ ਤੋਂ ਲਾਲ ਟੋਪੀ ਗ੍ਰਹਿਣ ਕਰਦਾ ਹੈ। ਦੂਜੀ ਸਦੀ ਤੋਂ ਰੋਮ ਦੇ ਆਸ ਪਾਸ ਦੇ ਬਿਸ਼ਪਾਂ ਨੂੰ ਰੋਮ ਸ਼ਹਿਰ ਦੇ ਵੱਡੇ ਗਿਰਜਾਘਰ ਦੇ ਪਾਦਰੀਆਂ ਅਤੇ ਸਮਾਜ ਸੇਵਕਾਂ ਨੂੰ ਕੈਥੋਲਿਕ ਧਰਮ ਦੇ ਪੋਪ ਦੀ ਸਹਾਇਤਾ ਕਰਨ ਸਦਕਾ ਇਹ ਉਪਾਧੀ ਦਿੱਤੀ ਗਈ। ਯਾਰ੍ਹਵੀਂ ਸਦੀ ਪਿਛੋਂ ਇਟਲੀ ਦੇ ਬਾਹਰੋਂ ਵੀ ਕਾਰਡੀਨਲ ਸੱਦੇ ਜਾਣ ਲਗੇ ਪਰ ਉਨ੍ਹਾਂ ਦਾ ਰੋਮ ਵਿਚ ਰਹਿਣਾ ਜ਼ਰੂਰੀ ਸੀ। ਚੌਦਵੀਂ ਸਦੀ ਤੋਂ ਇਨ੍ਹਾਂ ਨੂੰ ਆਪਣੇ ਦੇਸ਼ ਵਿਚ ਰਹਿਣ ਦੀ ਆਗਿਆ ਮਿਲ ਗਈ ਹੈ। ਹੁਣ ਤੱਕ ਇਨ੍ਹਾਂ ਦੇ ਤਿੰਨ ਵਰਗ ਹਨ: (1) ਕਾਰਡੀਨਲ ਬਿਸ਼ਪ—ਇਨ੍ਹਾਂ ਦੀ ਗਿਣਤੀ 6 ਤੱਕ ਸੀਮਤ ਹੈ; (2) ਕਾਰਡੀਨਲ ਪਾਦਰੀ—ਇਸ ਵਰਗ ਵਿਚ ਇਟਲੀ ਤੋਂ ਬਾਹਰ ਰਹਿੰਦੇ ਸਾਰੇ ਕਾਰਡੀਨਲ ਸ਼ਾਮਲ ਹਨ; ਅਤੇ (3) ਕਾਰਡੀਨਲ ਡੀਕਨ—ਇਨ੍ਹਾਂ ਦੀ ਗਿਣਤੀ 14 ਤਕ ਸੀਮਤ ਹੈ।

ਹ. ਪੁ.—ਹਿੰ. ਵਿ. ਕੋ. 2 : 468.

**ਕਾਰਡੀਨਲ (ਪੰਛੀ) :** ਇਸ ਨੂੰ ਰੈੱਡ ਬਰਡ ਜਾਂ ਗਰਾਸਬੀਕ ਵੀ ਕਿਹਾ ਜਾਂਦਾ ਹੈ। ਉੱਤਰੀ ਅਮਰੀਕਾ ਦਾ ਗਾਉਣ ਵਾਲਾ ਇਹ ਪੰਛੀ ਫ੍ਰਿੰਜੀਲਿੱਡੀ ਕੁਲ ਨਾਲ ਸਬੰਧਤ ਹੈ। ਇਹ 20 ਸੈਂ. ਮੀ. ਲੰਮਾ ਹੁੰਦਾ ਹੈ ਅਤੇ ਇਸ ਦੀ ਤਿੱਖੀ ਕਲਗੀ ਹੁੰਦੀ ਹੈ। ਨਰ ਪੰਛੀ ਚਮਕੀਲੇ ਲਾਲ ਰੰਗ ਦਾ ਅਤੇ ਮਾਦਾ ਆਮ ਤੌਰ ਤੇ ਭੂਰੇ ਰੰਗ ਦੀ ਹੁੰਦੀ ਹੈ। ਇਨ੍ਹਾਂ ਪੰਛੀਆਂ ਦੇ ਜੋੜੇ ਸਾਰਾ ਸਾਲ ਬਾਗ਼ਾਂ ਅਤੇ ਖੁੱਲ੍ਹੇ ਜੰਗਲਾਂ ਵਿਚ ਬੜੀਆਂ ਸਾਫ਼ ਤੇ ਉੱਚੀਆਂ ਅਵਾਜ਼ਾਂ ਕਢਦੇ ਰਹਿੰਦੇ ਹਨ। ਇਹ ਪੰਛੀ ਹੁਣ ਹਵਾਈ ਦੀਪ-ਸਮੂਹ ਅਤੇ ਬਰਮੂਦਾ ਵਿਚ ਵੀ ਦਾਖ਼ਲ ਕੀਤਾ ਗਿਆ ਹੈ।

ਇਸ ਨਾਲ ਸਬੰਧਤ ਇਕ ਪੰਛੀ ਪਾਇਰ੍ਹੁਲਾਕਸੀਆ (*Pyrrhuloxia sinuata*) ਹੈ ਜੋ ਸਲੇਟੀ—ਲਾਲ ਰੰਗਾ ਹੁੰਦਾ ਹੈ ਅਤੇ ਇਹ ਮੈਕਸੀਕੋ ਅਤੇ ਟੈਕਸਾਸ ਵਿਚ ਮਿਲਦਾ ਹੈ। ਪੀਲਾ ਕਾਰਡੀਨਲ (*Gubernatrix cristata*) ਅਤੇ ਲਾਲ ਕਲਗੀ ਵਾਲੇ ਕਾਰਡੀਨਲ (*Paroaria coronata*) ਉਸ਼ਣ ਖੰਡੀ ਅਮਰੀਕਨ ਪੰਛੀ ਹਨ। ਲਾਲ ਕਲਗੀ ਵਾਲਾ ਕਾਰਡੀਨਲ ਪੰਛੀ ਪਾਲਿਆ ਵੀ ਜਾਂਦਾ ਹੈ। ਇਹ ਹਵਾਈ ਟਾਪੂ ਵਿਚ ਚੰਗੀ ਤਰ੍ਹਾਂ ਸਥਾਪਤ ਹੋ ਚੁਕਿਆ ਹੈ।

ਹ. ਪ.—ਐਨ. ਬ੍ਰਿ. ਮਾ. 2 : 560

**ਕੌਰਡੇਟਾ :** ਫਾਈਲਮ ਕੌਰਡੇਟਾ ਵਿਚ ਰੀੜ੍ਹਧਾਰੀ ਅਤੇ ਛੋਟੇ ਰੀੜ੍ਹਰਹਿਤ ਪ੍ਰਾਣੀਆਂ ਦੇ ਕਈ ਗਰੁੱਪ ਸ਼ਾਮਲ ਕੀਤੇ ਗਏ ਹਨ। ਕੌਰਡੇਟ ਪ੍ਰਾਣੀਆਂ ਦੇ ਤਿੰਨ ਮੁੱਖ ਲੱਛਣ, ਸਰੀਰ ਨੂੰ ਸਹਾਰਾ ਦੇਣ ਲਈ ਇਕ ਡੰਡੇ ਵਰਗੀ ਨੋਟੋਕਾੱਰਡ; ਫ਼ੈਰਿੰਕਸ ਦੀ ਛੇਕਾਂ ਵਾਲੀ ਦੀਵਾਰ (ਜਾਂ ਭਿੱਤੀ) ਅਤੇ ਪਿਠ ਵਾਲੇ ਪਾਸੇ ਇਕ ਖੋਖਲੀ ਨਾੜੀ ਕੌਰਡ ਹਨ, ਜਿਹੜੇ ਇਨ੍ਹਾਂ ਨੂੰ ਬਾਕੀ ਸਾਰੇ ਪ੍ਰਾਣੀਆਂ ਤੋਂ ਵਖਰਾ ਕਰਦੇ ਹਨ। ਇਸ ਤੋਂ ਇਲਾਵਾ ਕੌਰਡੇਟ ਪ੍ਰਾਣੀ ਦਾ ਸਰੀਰ ਖੰਡਾਂ ਵਿਚ ਵੰਡਿਆ ਹੁੰਦਾ ਹੈ ਅਤੇ ਹਰ ਖੰਡ ਵਿਚ ਪੱਠੇ ਅਤੇ ਨਾੜੀ ਤੰਤੂ ਦੁਹਰਾਏ ਹੁੰਦੇ ਹਨ। ਇਹ ਲੱਛਣ ਹਰ ਕੌਰਡੇਟ ਦੇ ਵਿਕਾਸ ਦੀਆਂ ਮੁੱਢਲੀਆਂ ਅਵਸਥਾਵਾਂ ਵਿਚ ਜ਼ਰੂਰ ਮਿਲਦੇ ਹਨ ਪਰ ਬਾਲਗ਼ ਅਵਸਥਾ ਵਿਚ ਇਹ ਕਾਫ਼ੀ ਸੰਸ਼ੋਧਿਤ ਹਾਲਤ ਵਿਚ ਹੁੰਦੇ ਹਨ ਜਾਂ ਬਿਲਕੁਲ ਹੀ ਖ਼ਤਮ ਹੋ ਜਾਂਦੇ ਹਨ।

ਇਹ ਫਾਈਲਮ ਤਿੰਨ ਉਪ-ਫਾਈਲਮਾਂ ਵਿਚ ਵੰਡਿਆ ਹੈ—ਯੂਰੋਕੌਰਡੇਟਾ, ਜਿਹੜੇ ਸਿਰਫ਼ ਲਾਰਵਾ ਅਵਸਥਾ ਵਿਚ ਹੀ ਕੌਰਡੇਟਾਂ ਵਰਗੇ ਹੁੰਦੇ ਹਨ; ਸੈਫ਼ੈਲੋਕੌਰਡੇਟਾ, ਜਿਸ ਵਿਚ ਕੌਰਡੇਟਾਂ ਦੇ ਲੱਛਣ ਸਾਰੀ ਉਮਰ ਤਕ ਰਹਿੰਦੇ ਹਨ ਅਤੇ ਵਰਟਿਬਰੇਟਾ ਜਿਨ੍ਹਾਂ ਵਿਚ ਕਈ ਗੁੰਝਲਦਾਰ ਕਿਸਮਾਂ ਵਿਕਸਤ ਹੋ ਚੁੱਕੀਆਂ ਹਨ। ਇਕ ਚੌਥਾ ਗਰੁੱਪ ਹੈਮੀਕੌਰਡੇਟਾ ਹੈ, ਜਿਹੜਾ ਇਨ੍ਹਾਂ ਨਾਲ ਕਾਫ਼ੀ ਸਬੰਧਤ ਹੈ ਪਰ ਇਕ ਵਖਰੇ ਫਾਈਲਮ ਵਿਚ ਰਖਿਆ ਗਿਆ ਹੈ।

**ਬਣਤਰ ਅਤੇ ਪਰਿਵਰਧਨ**—ਕੌਰਡੇਟ ਪ੍ਰਾਣੀ ਦੇ ਸਰੀਰ ਵਿਚ ਇਕ ਨਲੀ (ਆਹਾਰ ਨਲੀ), ਦੂਜੀ ਨਲੀ (ਦੇਹ-ਭਿੱਤੀ) ਦੇ ਅੰਦਰ ਫਿਟ ਹੋਈ ਹੁੰਦੀ ਹੈ। ਦੋਹਾਂ ਦੀ ਵਿਚਕਾਰਲੀ ਖੋੜ ਨੂੰ ਦੇਹ-ਖੋੜ ਜਾਂ ਸੀਲੋਮ ਕਹਿੰਦੇ ਹਨ, ਜਿਹੜੀ ਮੀਜ਼ੋਡਰਮ ਨਾਲ ਢਕੀ ਹੁੰਦੀ ਹੈ। ਮੀਜ਼ੋਡਰਮ, ਭਰੂਣ ਵਿਚ ਵਖਰੇ ਹੋਣ ਵਾਲੇ ਤਿੰਨ ਅਧਾਰ ਟਿਸ਼ੂਆਂ ਵਿਚੋਂ ਇਕ ਹੈ। ਗੁਦਾ ਬਲਾਸਟੋਪੋਰ ਦੀ ਥਾਂ ਤੇ ਬਣਦਾ ਹੈ। ਬਲਾਸਟੋਪੋਰ, ਗੈਸਟਰੂਲਾ (ਮੁੱਢਲੀ ਦੋ ਸਤੱਰਾਂ ਵਾਲੀ ਭਰੂਣ ਅਵਸਥਾ) ਦਾ ਛੇਕ ਹੁੰਦਾ ਹੈ। ਇਹ ਉਸ ਜਗ੍ਹਾ ਤੇ ਹੁੰਦਾ ਹੈ ਜਿਥੋਂ ਭਰੂਣ ਦੀ ਐਂਡੋਡਰਮ ਅੰਦਰ ਵਲ ਜਾਂਦੀ ਹੈ। ਐਂਡੋਡਰਮ ਭਰੂਣ ਦਾ ਦੂਜਾ ਅਧਾਰ ਟਿਸ਼ੂ ਹੈ ਜਿਹੜਾ ਅਗੇ ਜਾ ਕੇ ਆਹਾਰ ਨਲੀ ਦੀ ਭਿੱਤੀ ਬਣਦਾ ਹੈ। ਮੂੰਹ ਬਾਅਦ ਵਿਚ ਇਕ ਵਖਰੀ ਥਾਂ ਤੇ ਬਣਦਾ ਹੈ। ਇਸ ਲੱਛਣ ਦੇ ਅਧਾਰ ਤੇ ਕੌਰਡੇਟਾਂ ਨੂੰ ਇਕ ਵੱਡੇ ਗਰੁੱਪ ਡਿਊਟੈਰੋਸਟੋਮ ਵਿਚ ਸ਼ਾਮਲ ਕੀਤਾ ਜਾਂਦਾ ਹੈ ਜਿਸ ਵਿਚ ਇਕਾਈਨੋਡਰਮੇਟਾ, ਹੈਮੀਕੌਰਡੇਟਾ ਅਤੇ ਪੋਗੋਨੋਫੋਰਾ ਵੀ ਆਉਂਦੇ ਹਨ। ਕੌਰਡੇਟ ਪ੍ਰਾਣੀ ਦਾ ਸਰੀਰ ਦੋਪਾਸੀ-ਸਮਮਿਤ ਹੁੰਦਾ ਹੈ; ਅਰਥਾਤ ਇਸ ਦਾ ਸੱਜਾ ਅਤੇ ਖੱਬਾ ਪਾਸਾ ਇਕੋ ਜਿਹਾ ਹੁੰਦਾ ਹੈ। ਸਰੀਰ ਲੰਬਾ ਹੁੰਦਾ ਹੈ, ਅਗਲੇ ਤੋਂ ਪਿਛਲੇ (ਸਿਰ ਤੋਂ ਪੂਛ) ਸਿਰੇ ਤਕ ਨੋਟੋਕੌਰਡ ਹੁੰਦੀ ਹੈ। ਅਗਲੇ ਹਿੱਸੇ ਵਿਚ ਗਿਆਨ ਇੰਦਰੀਆਂ ਹੁੰਦੀਆਂ ਹਨ ਅਤੇ ਪੂਛ ਗੁਦਾ ਤੋਂ ਪਿੱਛੇ ਤਕ ਜਾਂਦੀ ਹੈ। ਪੇਸ਼ੀ-ਟਿਸ਼ੂਆਂ (ਮਾਇਓਟੋਮ) ਦੀਆਂ ਏਕਾਂਤਰ ਸੁੰਗੜਨ ਹਰਕਤਾਂ ਰਾਹੀਂ ਇਹ ਤੈਰਦੇ ਹਨ। ਇਹ ਪੇਸ਼ੀ-ਟਿਸ਼ੂ ਨੋਟੋਕੌਰਡ ਦੇ ਦੋਵੇਂ ਪਾਸੇ ਲਗੇ ਹੁੰਦੇ ਹਨ।

**ਨਿਮਨ ਪੱਧਰੀ ਕੌਰਡੇਟ**—ਕੌਰਡੇਟ ਫਾਈਲਮ ਦੇ ਲੱਛਣ ਇਕ ਸੈਫ਼ੈਲੋਕੌਰਡੇਟ, ਐਂਫ਼ਿਔਕਸਸ ਵਿਚ ਮਿਲਦੇ ਹਨ। ਇਹ ਤਕਰੀਬਨ 5-6 ਸੈਂ. ਮੀ. ਲੰਮਾ ਮੱਛੀ ਵਰਗਾ ਪ੍ਰਾਣੀ ਹੈ। ਇਸ ਦੀ ਨੋਟੋਕੌਰਡ ਰੇਸ਼ੇਦਾਰ ਹੁੰਦੀ ਹੈ ਜਿਸ ਦੇ ਅੰਦਰ ਮਿਊਕਸ ਵਰਗਾ ਪਦਾਰਥ ਭਰਿਆ ਹੁੰਦਾ ਹੈ। ਇਹ ਪ੍ਰਾਣੀ ਨੂੰ ਸਮੁੰਦਰੀ ਤਲ ਤੇ ਰਹਿਣ ਲਈ ਲਚਕ ਅਤੇ ਸਥਿਰਤਾ ਪ੍ਰਦਾਨ ਕਰਦੀ ਹੈ। ਭਾਵੇਂ ਲਾਰਵਾ ਅਵਸਥਾ ਵਿਚ ਇਹ ਪ੍ਰਾਣੀ ਇਕ ਚੰਗਾ ਤੈਰਾਕ ਹੁੰਦਾ ਹੈ ਪਰ ਬਾਲਗ ਅਵਸਥਾ ਇਹ ਸਮੁੰਦਰ ਦੀ ਸਤ੍ਹਾ ਦੇ ਹੇਠਾਂ ਬਿਤਾਉਂਦਾ ਹੈ, ਸਿਰਫ਼ ਉਪਰਲਾ ਹਿੱਸਾ ਬਾਹਰ ਹੁੰਦਾ ਹੈ। ਮੂੰਹ ਦੇ ਦੁਆਲੇ ਟੈਂਟੇਕਲਾਂ ਦਾ ਇਕ ਚੱਕਰ ਹੁੰਦਾ ਹੈ, ਜਿਹੜੇ ਪਾਣੀ ਨੂੰ ਫ਼ੈਰਿੰਕਸ ਵਲ ਧੱਕਦੇ ਹਨ। ਜਦੋਂ ਪਾਣੀ



ਐਂਫ਼ਿਔਕਸਸ (ਸੈਫ਼ੈਲੋਕੌਰਡੇਟ)

ਗਿੱਲ-ਚੀਰਾਂ ਰਾਹੀਂ ਬਾਹਰ ਨਿਕਲਦਾ ਹੈ ਤਾਂ ਇਸ ਵਿਚਲੀ ਆਕਸੀਜਨ ਲਹੂ ਵਿਚ ਜਜ਼ਬ ਹੋ ਜਾਂਦੀ ਹੈ। ਪਾਣੀ ਵਿਚੋਂ ਜੀਵ ਮਾਦਾ ਛਣ ਕੇ ਆਹਾਰ ਨਲੀ ਵਿਚ ਚਲਾ ਜਾਂਦਾ ਹੈ ਜਿਥੇ ਹਜ਼ਮ ਅਤੇ ਜਜ਼ਬ ਹੋਣ ਦੀਆਂ ਕਿਰਿਆਵਾਂ ਹੁੰਦੀਆਂ ਹਨ।

ਭਾਵੇਂ ਉੱਪਰੋਂ ਦੇਖਣ ਵਿਚ ਇਹ ਪ੍ਰਾਣੀ ਮੱਛੀ ਵਰਗੇ ਲਗਦੇ ਹਨ ਪਰ ਕਿਸੇ ਨਿਸ਼ਚਿਤ ਸਿਰ ਦੀ ਅਣਹੋਂਦ ਕਾਰਨ ਇਹ ਰੀੜ੍ਹਧਾਰੀ ਪ੍ਰਾਣੀਆਂ ਤੋਂ ਵੱਖਰੇ ਹੁੰਦੇ ਹਨ। ਇਸ ਵਿਚ ਦਿਮਾਗ਼ ਅਤੇ ਸਿਰ ਦੀਆਂ ਚੰਗੀਆਂ ਵਿਕਸਤ ਗਿਆਨ ਇੰਦਰੀਆਂ ਨਹੀਂ ਹੁੰਦੀਆਂ। ਇਸ ਪ੍ਰਾਣੀ ਦਾ ਇਕ ਹੋਰ ਖ਼ਾਸ ਲੱਛਣ ਹੈ ਕਿ ਇਸ ਵਿਚ ਨਿਮਨ ਪੱਧਰੀ ਰੀੜ੍ਹਰਹਿਤ ਪ੍ਰਾਣੀਆਂ ਵਰਗਾ ਮਲ-ਤਿਆਗ ਸੈੱਲਾਂ ਦਾ ਇਕ ਗਰੁੱਪ (ਪ੍ਰੋਟੋਨੈਫ਼ਿਡੀਆ) ਹੁੰਦਾ ਹੈ ਜਿਹੜਾ ਇਕਾਈਨੋਡਰਮੇਟਾ ਰੀੜ੍ਹਧਾਰੀਆਂ ਵਿਚ ਨਹੀਂ ਮਿਲਦਾ।

ਬਾਲਗ ਯੂਰੋਕੌਰਡੇਟ ਪ੍ਰਾਣੀ ਸਥਾਨਬੱਧ ਜਾਂ ਤੈਰਦੇ ਸਮੁੰਦਰੀ ਪ੍ਰਾਣੀ ਹਨ। ਇਨ੍ਹਾਂ ਵਿਚ ਕੌਰਡੇਟਾਂ ਦਾ ਲੱਛਣ ਸਿਰਫ਼ ਫ਼ੈਰਿੰਕਸ ਵਿਚ ਗਿੱਲ-ਚੀਰਾਂ ਦੀ ਹੋਂਦ ਹੀ ਹੈ। ਨਵਾਂ ਨਿਕਲਿਆ ਲਾਰਵਾ ਲੰਮਾ, ਦੋਪਾਸੀ-ਸਮਮਿਤ ਤੇ ਚੰਗੀ ਵਿਕਸਤ ਪੂਛ ਵਾਲਾ ਹੁੰਦਾ ਹੈ। ਇਸ ਵਿਚ ਨੋਟੋਕੌਰਡ, ਨਾੜੀ ਕੌਰਡ ਅਤੇ ਮਾਇਓਟੋਮ ਦੀ ਲੜੀ ਹੁੰਦੀ ਹੈ। ਟਰੰਕ ਛੋਟੀ ਅਤੇ ਉਸ ਵਿਚ ਇਕ ਸੰਵੇਦੀ ਵੈਸੀਕਲ ਪੋਟਲੀ ਅਤੇ ਛੋਟੀ ਜਿਹੀ ਆਹਾਰ ਨਲੀ ਹੁੰਦੀ ਹੈ ਜਿਸ ਵਿਚ ਗਿੱਲ-ਚੀਰ ਅਤੇ ਮੂੰਹ ਹੁੰਦਾ ਹੈ ਪਰ ਗੁਦਾ ਨਹੀਂ ਹੁੰਦਾ। ਲਾਰਵਾ ਕੁਝ ਖਾਂਦਾ ਨਹੀਂ ਪਰ ਤਕਰੀਬਨ ਇਕ ਦਿਨ ਦੇ ਅੰਦਰ ਹੀ ਇਹ ਸਰੀਰ ਦੇ ਅਗਲੇ ਸਿਰੇ ਉੱਪਰ ਲਗੇ ਚੂਸਕਾਂ ਰਾਹੀਂ ਆਪਣੇ ਆਪ ਨੂੰ ਸਥਿਰ ਕਰ ਲੈਂਦਾ ਹੈ। ਇਸ ਦੀ ਪੂਛ ਲੁਪਤ ਹੋ ਜਾਂਦੀ ਹੈ ਅਤੇ ਆਪਣੇ ਆਪ ਨੂੰ ਇਕ ਖਲੜੀ




ਹਰਡਮਾਨੀਆ (ਟਿਊਨਿਕੇਟ)

(ਟਿਊਨਿਕ) ਰਾਹੀਂ ਢਕ ਲੈਂਦਾ ਹੈ। ਇਸ ਖਲੜੀ ਵਿਚੋਂ ਸਾਈਫ਼ਨਾਂ ਦਾ ਇਕ ਜੋੜਾ ਨਿਕਲਦਾ ਹੈ ਜਿਨ੍ਹਾਂ ਰਾਹੀਂ ਪਾਣੀ ਸਰੀਰ ਦੇ ਅੰਦਰ ਤੇ ਬਾਹਰ ਜਾਂਦਾ ਹੈ।

**ਉੱਚ ਪੱਧਰੀ ਕੌਰਡੇਟ**—ਰੀੜ੍ਹਧਾਰੀ ਪ੍ਰਾਣੀ ਨਿਮਨ ਪੱਧਰ ਦੇ ਕੌਰਡੇਟਾਂ ਦੇ ਮੁਕਾਬਲੇ, ਮੂਲ ਕੌਰਡੇਟ ਸਿਸਟਮ ਤੋਂ ਵੱਖਰੀਆਂ ਗੁੰਝਲਦਾਰ ਕਿਸਮਾਂ ਦਰਸਾਉਂਦੇ ਹਨ। ਇਕ ਨਵਾਂ ਸਹਾਰਾ ਦੇਣ ਵਾਲਾ ਪਦਾਰਥ, (ਹੱਡੀ ਜਾਂ ਕਾਰਟੀਲੇਜ ਜਾਂ ਦੋਵੇਂ) ਸਾਰੇ ਰੀੜ੍ਹਧਾਰੀ ਪ੍ਰਾਣੀਆਂ ਵਿਚ ਬਣਦਾ ਹੈ ਜਿਸ ਨਾਲ ਸਰੀਰ ਦਾ ਅਕਾਰ ਕਾਫ਼ੀ ਵਧ ਸਕਦਾ ਹੈ। ਸਿਰਫ਼ ਏਗਨੇਥਾ ਨੂੰ ਛੱਡ ਕੇ ਬਾਕੀ ਸਾਰੇ ਰੀੜ੍ਹਧਾਰੀਆਂ ਵਿਚ ਇਕ ਹਿਲਣਸ਼ੀਲ ਜਬਾੜ੍ਹਾ ਬਣਦਾ ਹੈ ਜਿਸ ਉਤੇ ਦੰਦ ਹੁੰਦੇ ਹਨ। ਫ਼ੈਰਿੰਕਸ ਦੇ ਗਿੱਲ-ਚੀਰ ਉਨ੍ਹਾਂ ਰੀੜ੍ਹਧਾਰੀ ਪ੍ਰਾਣੀਆਂ ਦੀ ਸੁਆਸ ਕਿਰਿਆ ਦਾ ਇਕ ਹਿੱਸਾ ਹੁੰਦਾ ਹੈ ਜਿਨ੍ਹਾਂ ਦੀ ਬਾਲਗ ਜਾਂ ਲਾਰਵਾ ਅਵਸਥਾ ਪਾਣੀ ਵਿਚ ਬੀਤਦੀ ਹੈ। ਸਥੱਲੀ ਪ੍ਰਾਣੀਆਂ ਵਿਚ ਇਹ ਚੀਰ ਭਰੂਣ ਅਵਸਥਾ ਵਿਚ ਲੁਪਤ ਹੋ ਜਾਂਦੇ ਹਨ ਪਰ ਫ਼ੈਰਿੰਕਸ ਤੋਂ ਇਕ ਵੈਂਟਰਲ ਡਾਈਵਰਟੀਕੁਲਮ ਜਾਂ ਥੈਲੀ ਬਣਦੀ ਹੈ, ਜਿਸ ਤੋਂ ਫਿਰ ਫ਼ੇਫੜੇ ਬਣਦੇ ਹਨ।

ਫ਼ੇਫੜਿਆਂ ਰਾਹੀਂ ਸੁਆਸ ਕਿਰਿਆ ਲਈ ਦਿਲ ਵਿਚ ਵੀ ਕਈ ਤਬਦੀਲੀਆਂ ਆਈਆਂ ਹਨ। ਜਲੀ ਕੌਰਡੇਟਾਂ ਵਿਚ ਦਿਲ ਫ਼ੈਰਿੰਕਸ ਦੇ ਹੇਠਾਂ ਪਈ ਇਕ ਪੇਸ਼ੀਦਾਰ ਨਾਲੀ ਹੁੰਦੀ ਹੈ ਜਿਸ ਵਿਚ ਟਿਸ਼ੂਆਂ ਤੋਂ ਲਹੂ ਆਉਂਦਾ ਹੈ। ਇਹ ਫਿਰ ਲਹੂ ਨੂੰ ਮੁੜ ਕੇ ਟਿਸ਼ੂਆਂ ਤਕ ਭੇਜਣ ਤੋਂ ਪਹਿਲਾਂ ਗਿੱਲ-ਚੀਰਾਂ ਵਿਚ ਧੱਕਦੀ ਹੈ ਜਿੱਥੇ ਇਸ ਵਿਚ ਆਕਸੀਜਨ ਮਿਲ ਜਾਂਦੀ ਹੈ। ਹਵਾ ਵਿਚ ਸਾਹ ਲੈਣ ਵਾਲੇ ਰੀੜ੍ਹਧਾਰੀਆਂ ਵਿਚ ਦਿਲ ਅੱਗੋਂ ਵੰਡਿਆ ਗਿਆ ਹੈ। ਟਿਸ਼ੂਆਂ ਤੋਂ ਲਹੂ ਦਿਲ ਦੇ ਸੱਜੇ ਪਾਸੇ ਆ ਕੇ ਫ਼ੇਫੜਿਆਂ ਵਿਚ ਜਾਂਦਾ ਹੈ। ਫ਼ੇਫੜਿਆਂ ਤੋਂ ਲਹੂ ਦਿਲ ਦੇ ਖੱਬੇ ਪਾਸੇ ਆਉਂਦਾ ਹੈ ਤੇ ਇਹ ਫਿਰ ਉਸ ਨੂੰ ਟਿਸ਼ੂਆਂ ਵਿਚ ਵਾਪਸ ਭੇਜ ਦਿੰਦਾ ਹੈ। ਇਸ ਤਰ੍ਹਾਂ ਦਾ ਦਿਲ ਅਜੋਕੀਆਂ ਲੰਗ ਫ਼ਿਸ਼ਾਂ ਅਤੇ ਰੀਂਗਣ ਵਾਲੇ ਪ੍ਰਾਣੀਆਂ ਵਿਚ ਮਿਲਦਾ ਹੈ। ਪੰਛੀਆਂ ਅਤੇ ਥਣਧਾਰੀ ਪ੍ਰਾਣੀਆਂ ਵਿਚ ਇਹ ਖ਼ਾਨੇ ਪੂਰੀ ਤਰ੍ਹਾਂ ਵੰਡੇ ਹੁੰਦੇ ਹਨ ਅਤੇ ਫ਼ੇਫੜਿਆਂ ਤੋਂ ਸਾਫ਼ ਹੋ ਕੇ ਆਇਆ ਲਹੂ ਕਿਧਰੇ ਵੀ ਗੰਦੇ ਲਹੂ ਨਾਲ ਮਿਲਣ ਤੋਂ ਬਿਨਾਂ ਸਰੀਰ ਦੇ ਸਾਰੇ ਅੰਗਾਂ ਤਕ ਪਹੁੰਚਦਾ ਹੈ। ਰੀੜ੍ਹਧਾਰੀ ਭਰੂਣ ਜਿਹੜੇ ਪਾਣੀ ਵਿਚ ਰਹਿੰਦੇ ਹਨ ਆਪਣਾ ਮਲ-ਤਿਆਗ ਸਧਾਰਨ ਪ੍ਰੋਟੋਨੈਫ਼੍ਰਿਕ ਨਿੱਕੀਆਂ ਨਾਲੀਆਂ (ਟਿਊਬਿਊਲਜ਼) ਰਾਹੀਂ ਕਰਦੇ ਹਨ। ਬਾਲਗ ਮੱਛੀਆਂ ਅਤੇ ਜਲ-ਥਲੀ ਜੀਵਾਂ ਵਿਚ ਮੀਜ਼ੋਨੈਫ਼੍ਰਿਕ ਨਿੱਕੀਆਂ ਨਾਲੀਆਂ ਦਾ ਵਿਕਾਸ ਹੋ ਗਿਆ ਹੈ, ਜਿਹੜੀਆਂ ਮਲ-ਮੂਤਰ ਨੂੰ ਸਿੱਧਾ ਲਹੂ-ਧਾਰਾ ਵਿਚੋਂ ਵੱਖਰਾ ਕਰਦੀਆਂ ਹਨ। ਪੂਰੀ ਤਰ੍ਹਾਂ ਸਥੱਲੀ ਜੀਵਨ ਜੀਉਣ ਵਾਲੇ ਰੀੜ੍ਹਧਾਰੀਆਂ ਵਿਚ ਮੈਟਾਨੈਫ਼੍ਰਿਕ ਗੁਰਦੇ ਦਾ ਵਿਕਾਸ ਹੋਇਆ ਹੈ ਜਿਸ ਵਿਚ ਅਣਗਿਣਤ ਬਰੀਕ ਨਿੱਕੀਆਂ ਨਾਲੀਆਂ ਲਹੂ ਵਿਚੋਂ ਨਾਈਟ੍ਰੋਜਨੀ ਮਲ-ਤਿਆਗ ਨੂੰ ਵੱਖਰਾ ਕਰਦੀਆਂ ਹਨ।

**ਸ਼੍ਰੇਣੀ ਵੰਡ**—ਅਮਰੀਕਾ ਦੇ ਇਕ ਪ੍ਰਾਣੀ-ਵਿਗਿਆਨੀ ਐਲਫਰੈੱਡ ਰੋਮਰ (1970) ਨੇ ਇਸ ਫ਼ਾਈਲਮ ਨੂੰ ਤਿੰਨ ਉਪ-ਫ਼ਾਈਲਮਾਂ ਅਰਥਾਤ ਯੂਰੋਕੌਰਡੇਟਾ, ਸੈਫ਼ੈਲੋਕੌਰਡੇਟਾ ਅਤੇ ਵਰਟਿਬਰੇਟਾ ਵਿਚ ਵੰਡਿਆ ਹੈ।

**ਉਪ-ਫ਼ਾਈਲਮ ਯੂਰੋਕੌਰਡੇਟਾ ਜਾਂ ਟਿਊਨਿਕੇਟਾ**—ਇਸ ਵਿਚ ਟਿਊਨਿਕੇਟ ਅਤੇ ਸਮੁੰਦਰੀ ਸਕੁਵਰਟਸ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਦਾ ਬਾਲਗ ਸਥਾਨਬੱਧ, ਵਿਕਸਤ ਗਿੱਲ ਅਪਰੇਟਸ ਤੇ ਨਾੜੀ ਕੌਰਡ ਵਾਲਾ ਹੁੰਦਾ ਹੈ ਤੇ ਇਸ ਵਿਚ ਨੋਟੋਕੌਰਡ ਨਹੀਂ ਹੁੰਦੀ। ਲਾਰਵਾ ਗਤੀਸ਼ੀਲ ਅਤੇ ਵਿਕਸਤ ਨੋਟੋਕੌਰਡ ਤੇ ਨਿਊਰਲ ਟਿਊਬ ਵਾਲਾ ਹੁੰਦਾ ਹੈ। ਇਸ ਦੀਆਂ ਦੋ ਸ਼੍ਰੇਣੀਆਂ ਹਨ—

ਐਸਿਡੀਏਸੀਆ—ਬਾਲਗ ਸਥਾਨਬੱਧ; ਇਕਾਂਤਵਾਸੀ, ਜਾਂ ਇਕ ਸਾਂਝੀ ਟਿਊਨਿਕ ਵਿਚ ਕਾਲੋਨੀਆਂ ਵਿਚ ਰਹਿੰਦੇ ਹਨ।

ਥੈਲੀਏਸ਼ੀਆ—ਬਾਲਗ ਖੁੱਲ੍ਹੇ ਸਮੁੰਦਰਾਂ ਵਿਚ ਰਹਿਣ ਲਈ ਸੰਸ਼ੋਧਿਤ ਹੋਏ ਹੁੰਦੇ ਹਨ। ਇਨ੍ਹਾਂ ਦੀ ਟਿਊਨਿਕ ਪਾਰਦਰਸ਼ੀ ਹੁੰਦੀ ਹੈ।

**ਉਪ-ਫ਼ਾਈਲਮ ਸੈਫ਼ੈਲੋਕੌਰਡੇਟਾ**—ਇਸ ਵਿਚ ਐਂਫ਼ਿਔਕਸਸ ਤੇ ਲੈਂਸਿਟ ਸ਼ਾਮਲ ਕੀਤੇ ਗਏ ਹਨ। ਬਾਲਗ ਅਵਸਥਾ ਵਿਚ ਇਹ ਅਰਧ-ਸਥਾਨਬੱਧ ਹੁੰਦੇ ਹਨ।

**ਉਪ-ਫ਼ਾਈਲਮ ਵਰਟਿਬਰੇਟਾ**—ਇਨ੍ਹਾਂ ਵਿਚ ਨੋਟੋਕੌਰਡ ਦੀ ਥਾਂ ਹੱਡਲ ਜਾਂ ਕਾਰਟੀਲੇਜ ਦੇ ਮੁਹਰੇ ਹੁੰਦੇ ਹਨ। ਦਿਮਾਗ਼ ਤੇ ਉਸ ਨਾਲ ਸਬੰਧਿਤ ਗਿਆਨ-ਇੰਦਰੀਆਂ ਵੱਡੀਆਂ ਹੋਈਆਂ ਹੁੰਦੀਆਂ ਹਨ। ਇਸ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ—

ਏਗਨੇਥਾ—ਬਿਨਾਂ ਜਬਾੜ੍ਹਿਆਂ ਜਾਂ ਖੰਭੜਿਆਂ ਤੋਂ ਮੱਛੀ ਵਰਗੇ ਪ੍ਰਾਣੀ ਹਨ; ਨੋਟੋਕੌਰਡ ਦੇ ਪਾਸਿਆਂ ਤੇ ਕਾਰਟੀਲੇਜ ਦੀਆਂ ਪਲੇਟਾਂ ਦੀ ਕੰਗਰੋੜ ਹੁੰਦੀ ਹੈ। ਲੈਂਪਰੀ ਤੇ ਹੈਗਫ਼ਿਸ਼ ਦੀ ਚਮੜੀ ਲੇਸਲੀ ਤੇ

ਚਾਣਿਆਂ ਤੋਂ ਬਿਨਾਂ ਹੁੰਦੀ ਹੈ। ਇਹ ਲਾਰਵਾ ਅਵਸਥਾ ਵਿਚ ਮੁਕਤ ਜੀਵੀ ਪਰ ਬਾਲਗ ਅਵਸਥਾ ਵਿਚ ਵੱਡੀਆਂ ਮੱਛੀਆਂ ਉਤੇ ਪਰਜੀਵੀ ਹੁੰਦੇ ਹਨ।

ਪਲੈਕਾਡਰਮਾਈ—ਇਹ ਪਥਰਾਟ ਮੱਛੀਆਂ ਪੇਲੀਓਜ਼ੋਇਕ ਕਲਪ ਵਿਚ ਮਿਲਦੀਆਂ ਸਨ। ਸਰੀਰ ਹੱਡਲ ਪਲੇਟਾਂ ਨਾਲ ਢਕਿਆ ਹੁੰਦਾ ਸੀ ਤੇ ਇਨ੍ਹਾਂ ਦੇ ਜਬਾੜ੍ਹੇ ਅਤੇ ਖੰਭੜੇ ਹੁੰਦੇ ਸਨ।

ਕੌਂਡ੍ਰਿਕਥੀਜ਼ ਜਾਂ ਸਿਲੈਕਿਆਈ—ਇਸ ਵਿਚ ਸ਼ਾਰਕ ਸਕੇਟ, ਰੇ, ਕਾਈਮੀਰਾ ਆਦਿ ਮੱਛੀਆਂ ਆਉਂਦੀਆਂ ਹਨ (ਵੇਖੋ ਕੌਂਡ੍ਰਿਕਥੀਜ਼)।

ਔਸਟੀਇਕਥੀਜ਼—ਇਸ ਵਿਚ ਹੱਡਲ ਪਿੰਜਰ ਵਾਲੀਆਂ ਮੱਛੀਆਂ ਆਉਂਦੀਆਂ ਹਨ।

ਐਂਫ਼ਿਬੀਆ—ਇਸ ਵਿਚ ਜਲ-ਥਲੀ ਜੀਵ ਆਉਂਦੇ ਹਨ (ਵੇਖੋ ਐਂਫ਼ਿਬੀਆ)।

ਰੈਪਟਿਲੀਆ—ਇਸ ਵਿਚ ਰੀਂਗਣ ਵਾਲੇ ਪ੍ਰਾਣੀ ਸ਼ਾਮਲ ਕੀਤੇ ਗਏ ਹਨ (ਵੇਖੋ ਰੈਪਟਿਲੀਆ)।

ਏਵੀਜ਼—ਇਸ ਸ਼੍ਰੇਣੀ ਵਿਚ ਪੰਛੀ ਆਉਂਦੇ ਹਨ (ਵੇਖੋ ਪੰਛੀ)।

ਮੈਮੇਲੀਆ—ਇਸ ਸ਼੍ਰੇਣੀ ਵਿਚ ਥਣਧਾਰੀ ਪ੍ਰਾਣੀ ਸ਼ਾਮਲ ਕੀਤੇ ਗਏ ਹਨ (ਵੇਖੋ ਥਣਧਾਰੀ ਪ੍ਰਾਣੀ)।

ਹ. ਪੁ.—ਐਨ. ਬ੍ਰਿ. ਮੈ. 4 : 450

**ਕਾਰਡੋਫਾਨ :** ਸੂਡਾਨ ਦਾ ਇਹ ਇਕ ਪੱਛਮੀ ਕੇਂਦਰੀ ਪ੍ਰਾਂਤ ਹੈ। ਇਸਦਾ ਕੁਲ ਰਕਬਾ 381,000 ਵ. ਕਿ. ਮੀ. ਅਤੇ ਆਬਾਦੀ 3,093,299 (1983) ਹੈ। ਇਸਨੇ ਇਕ ਉਗੜ-ਦੁੱਘੜੀ ਪਠਾਰ ਮੱਲੀ ਹੋਈ ਹੈ ਜਿਸ ਦੀ ਔਸਤ ਉੱਚਾਈ 460 ਮੀ. ਤੀਕ ਪਹੁੰਚ ਜਾਂਦੀ ਹੈ ਅਤੇ ਇਹ ਉੱਚਾਈ ਦੱਖਣ ਵਿਚ ਨੂਬਾ ਪਹਾੜੀਆਂ ਵਿਚ ਲਗਭਗ 1,460 ਮੀ. ਤੀਕ ਅਤੇ ਉੱਤਰ ਵਿਚ ਛੋਟੀਆਂ ਉੱਚ-ਭੂਮੀਆਂ ਵਿਚ ਲਗਭਗ 1,130 ਮੀ. ਤੀਕ ਪਹੁੰਚ ਜਾਂਦੀ ਹੈ। ਪ੍ਰਾਂਤ ਦੇ ਕੇਂਦਰ ਅਤੇ ਦੱਖਣ-ਪੱਛਮ ਵਿਚ ਟਿੱਬੇ ਹਨ ਅਤੇ ਦੱਖਣੀ ਪਰਬਤੀ ਖੇਤਰ ਦੇ ਅੰਦਰਵਾਰ ਜਲੋਢ ਚੀਕਨੀ ਮਿੱਟੀ ਅਤੇ ਗਾਦ ਮਿਲਦੀ ਹੈ। ਇਥੋਂ ਦੀ ਜਲਵਾਯੂ ਵਧੇਰੇ ਕਰਕੇ ਊਸ਼ਨ-ਖੰਡੀ ਹੈ। ਕਿਉਂਕਿ ਸਾਲਾਨਾ ਵਰਖਾ ਦੱਖਣ ਵਿਚ 75 ਸੈਂ. ਮੀ. ਤੋਂ 87.5 ਸੈਂ. ਮੀ. ਤੀਕ ਹੁੰਦੀ ਹੈ ਅਤੇ ਉੱਤਰ ਵਿਚ ਇਹ ਬਿਲਕੁਲ ਹੀ ਨਾਂ ਮਾਤਰ ਹੋ ਜਾਂਦੀ ਹੈ। ਇਸੇ ਕਰਕੇ ਇਥੇ ਬਾਰ੍ਹਾਂਮਾਸੀ ਨਦੀਆਂ ਨਹੀਂ ਹਨ। ਪ੍ਰਾਂਤ ਦੇ ਉੱਤਰ ਵਲ ਮੀਂਹ-ਝੱਖੜ ਤੋਂ ਬਾਅਦ ਕਦੇ ਕਦੇ ਨਾਲੇ ਨਾਲੀਆਂ ਵਹਿੰਦੀਆਂ ਹਨ। ਕਿੱਕਰ ਦੇ ਦਰੱਖਤ ਅਤੇ ਘਾਹ ਇਥੋਂ ਦੀ ਮੁੱਖ ਬਨਸਪਤੀ ਹੈ।

ਮੂਲ ਰੂਪ ਵਿਚ ਇਸ ਪ੍ਰਾਂਤ ਨੂੰ ਨਿਊਬੀਐਨ ਭਾਸ਼ਾ ਬੋਲਣ ਵਾਲੇ ਲੋਕਾਂ ਨੇ ਵਸਾਇਆ ਸੀ। ਇਸ ਪ੍ਰਾਂਤ ਵਿਚ ਨਿਊਬੀਆ ਅਤੇ ਕਛ ਰਾਜਾਂ ਦੇ ਪ੍ਰਾਚੀਨ ਖੰਡਰ ਅਜੇ ਵੀ ਮੌਜੂਦ ਹਨ।

ਅਰਬੀ ਗੂੰਦ ਕਾਰਡੋਫਾਨ ਦੀ ਮੁੱਖ ਫ਼ਸਲ ਹੈ ਅਤੇ ਸੂਡਾਨ ਦੀ ਇਹੀ ਮੁੱਖ ਫ਼ਸਲ ਬਾਹਰਲੇ ਦੇਸ਼ਾਂ ਨੂੰ ਭੇਜੀ ਜਾਂਦੀ ਹੈ। ਲਗਾਤਾਰ ਪਾਣੀ ਦੀ ਥੁੜ ਕਾਰਨ ਇਥੇ ਖੇਤੀ ਬਾੜੀ ਬਹੁਤ ਘੱਟ ਹੁੰਦੀ ਹੈ। ਇਥੇ ਊਠ, ਭੇਡਾਂ ਅਤੇ ਬੱਕਰੀਆਂ ਪਾਲੀਆਂ ਜਾਂਦੀਆਂ ਹਨ। ਇਥੇ ਬਾਜਰਾ, ਫਲੀਦਾਰ ਫ਼ਸਲ ਅਤੇ ਕਪਾਹ ਬੀਜੀ ਜਾਂਦੀ ਹੈ। ਇਥੇ ਦੀ ਵਧੇਰੇ ਆਬਾਦੀ ਅਰਬ ਕਬੀਲਿਆਂ ਦੀ ਹੈ ਜੋ ਅਰਬੀ ਭਾਸ਼ਾ ਬੋਲਦੇ ਹਨ।

ਹ. ਪੁ.—ਐਨ. ਬ੍ਰਿ. 5 : 890.

**ਕਾਰਤਵੀਰਯ :** ਹੈਹਯ ਵੰਸ਼ ਦੇ ਰਾਜਾ ਕ੍ਰਿਤਵੀਰਯ ਦਾ ਇਹ ਪੁੱਤਰ ਅਤੇ ਮਾਹਿਸ਼ਮਤੀ ਨਗਰੀ ਦਾ ਰਾਜਾ ਸਹਸਰਬਾਹੂ ਅਰਜਨ ਸੀ। ਇਹ ਭ੍ਰਿਗੂਵੰਸ਼ੀਆਂ ਦਾ ਜਜਮਾਨ ਸੀ। ਇਹ ਪ੍ਰਸਿੱਧ ਹੈ ਕਿ ਮਟਖੀ ਤੇ ਪੁੱਤਰ ਬ੍ਰਹਮਰਿਸ਼ੀ ਜਮਦਗਨੀ ਨੂੰ ਕਾਰਤਵੀਰਯ ਦੇ ਪੁੱਤਰਾਂ ਨੇ ਵੱਢ ਦਿੱਤਾ ਸੀ। ਜਮਦਗਨੀ ਦੇ ਪੁੱਤਰ ਪਰਸਰਾਮ ਨੇ ਗੁੱਸੇ ਵਿਚ ਇਸ ਦੀਆਂ ਸਾਰੀਆਂ ਬਾਹਾਂ ਕੱਟ ਦਿਤੀਆਂ ਸਨ। ਇਹ ਅਤਿਅੰਤ ਅਤਿਆਚਾਰੀ ਰਾਜਾ ਸੀ। ਦੱਤਾਤ੍ਰੇਯ ਤੋਂ ਵਰ ਪ੍ਰਾਪਤ ਕਰਨ ਪਿੱਛੋਂ ਇਸ ਨੇ ਬ੍ਰਾਹਮਣ ਦੇ ਮੁਕਾਬਲੇ ਤੇ ਕਸ਼ਤਰੀ ਦੀ ਸ੍ਰੇਸ਼ਠਤਾ ਦਰਸਾਈ। ਪਰ ਵਾਯੂਦੇਵ ਦੇ ਸਮਝਾਉਣ ਤੇ ਇਸ ਨੇ ਬ੍ਰਾਹਮਣਾਂ ਦੀ ਮਹੱਤਤਾ ਪ੍ਰਵਾਨ ਕੀਤੀ। ਇਕ ਵਾਰ ਇਸ ਨੇ ਹੰਕਾਰ ਵਿਚ ਆ ਕੇ ਸਮੁੰਦਰ ਨੂੰ ਬਾਣਾਂ ਨਾਲ ਛਾਣਨੀ-ਛਾਣਨੀ ਕਰ ਦਿਤਾ ਸੀ।

ਹ. ਪੁ.—ਹਿੰ. ਵਿ. ਕੋ. 2 : 469

**ਕਾਰਤਿਕੇ :** ਇਹ ਸ਼ਿਵ ਜੀ ਦੇ ਪੁੱਤਰ ਸਨ। ਭਾਰਤੀ ਸਾਹਿਤ ਅਤੇ ਪੁਰਾਤਤਵ ਵਿਚ ਇਨ੍ਹਾਂ ਦੇ ਹੋਰ ਨਾਂ ਕੁਮਾਰ, ਸ਼ਣਮੁਖ, ਸਕੰਦ, ਸ਼ਕਤੀਧਰ, ਮਹਾਸੇਨ, ਗੁਹ ਅਤੇ ਸੁਬ੍ਰਾਹਮਣ ਆਦਿ ਹਨ। ਇਨ੍ਹਾਂ ਦੀ ਸਵਾਰੀ ਮੋਰ ਅਤੇ ਕੁੱਕੜ ਹਨ। ਪੁਰਾਣਾਂ ਅਨੁਸਾਰ ਆਪਣੇ ਤੇਜ ਪ੍ਰਭਾਵ ਕਾਰਨ ਇਨ੍ਹਾਂ ਨੂੰ ਦੇਵਤਿਆਂ ਦਾ ਸੈਨਾਪਤੀ ਬਣਾਇਆ ਗਿਆ। ਦੇਵਤਿਆਂ ਦੇ ਵੈਰੀ ਤਾਰਕ ਦੈਂਤ ਨੂੰ ਇਨ੍ਹਾਂ ਨੇ ਮਾਰਿਆ ਸੀ।

ਪ੍ਰਾਚੀਨ ਸਿੱਕਿਆਂ ਤੇ ਇਨ੍ਹਾਂ ਦੀ ਤਸਵੀਰ ਮਿਲਦੀ ਹੈ। ਕੁਸ਼ਾਣ ਹੁਕਮਰਾਨ ਹੁਵਿਸ਼ਕ ਦੇ ਇਕ ਪ੍ਰਕਾਰ ਦੇ ਸੋਨੇ ਦੇ ਸਿੱਕੇ ਤੇ ਇਨ੍ਹਾਂ ਦੇ ਦੋ ਰੂਪ ਮਹਾਸੇਨ ਅਤੇ ਸਕੰਦ ਮਿਲਦੇ ਹਨ। ਯੌਧੇਯਗਣ ਦੇ ਕੁਝ ਸਿੱਕਿਆਂ ਉਪਰ ਹੱਥ ਵਿਚ ਭਾਲਾ ਲਈ ਛੇ ਮੂੰਹਾਂ ਵਾਲੇ ਕਾਰਤਿਕੇ ਦਾ ਚਿੱਤਰ ਹੈ। ਮਹਾਂਭਾਰਤ ਵਿਚ ਯੌਧਿਆਂ ਦੇ ਰੋਹਿਤਕ ਜਨਪਦ ਨੂੰ ਕਾਰਤਿਕੇ ਦਾ ਪਿਆਰਾ ਪ੍ਰਦੇਸ਼ ਕਿਹਾ ਗਿਆ ਹੈ। ਉਜੈਨੀ ਦੇ ਕੁਝ ਤਾਂਬੇ ਦੇ ਸਿੱਕਿਆਂ ਤੇ ਵੀ ਅਨੇਕਾਂ ਸਿਰਾਂ ਵਾਲੇ ਕਾਰਤਿਕੇ ਦੀ ਤਸਵੀਰ ਹੈ। ਗੁਪਤ ਸਮਰਾਟ ਕੁਮਾਰ ਗੁਪਤ ਪਹਿਲੇ ਦੇ ਇਕ ਪ੍ਰਕਾਰ ਦੇ ਸੋਨੇ ਦੇ ਸਿੱਕੇ ਤੇ ਇਨ੍ਹਾਂ ਦੀ ਮੋਰ ਤੇ ਬੈਠੇ ਹੋਏ ਦੀ ਤਸਵੀਰ ਹੈ।



ਕਾਰਤਿਕੇ

ਭਾਰਤੀ ਕਲਾ ਵਿਚ ਕੁਸ਼ਾਣ ਕਾਲ ਵਿਚ ਕਾਰਤਿਕੇ ਦੀਆਂ ਮੂਰਤੀਆਂ ਮਿਲਦੀਆਂ ਹਨ। ਗੁਪਤ ਕਾਲ ਵਿਚ ਮੋਰ ਸਵਾਰ ਯੋਧੇ ਦੇ ਰੂਪ ਵਿਚ ਇਨ੍ਹਾਂ ਦੀਆਂ ਉੱਤਮ ਮੂਰਤੀਆਂ ਮਿਲਦੀਆਂ ਹਨ। ਕੁਝ

ਤਸਵੀਰਾਂ ਵਿਚ ਮੋਰ ਦੀ ਥਾਂ ਕੁੱਕੜ ਵਿਖਾਇਆ ਗਿਆ ਹੈ। ਮਹਾਂਭਾਰਤ ਵਿਚ ਵੀ ਇਸ ਰੂਪ ਦੀ ਚਰਚਾ ਮਿਲਦੀ ਹੈ।

ਉੱਤਰ ਗੁਪਤ ਕਾਲ ਵਿਚ ਕਾਰਤਿਕੇ ਦੀਆਂ ਸੁਤੰਤਰ ਤਸਵੀਰਾਂ ਤੋਂ ਬਿਨਾਂ ਸ਼ਿਵ ਦੇ ਪਾਰਸ਼ਵ-ਦੇਵਤਾ ਦੇ ਰੂਪ ਵਿਚ ਮੂਰਤੀਮਾਨ ਕੀਤਾ ਗਿਆ ਹੈ। ਦੱਖਣੀ ਭਾਰਤੀ ਕਲਾ ਵਿਚ ਇਨ੍ਹਾਂ ਦੀਆਂ ਮੂਰਤਾਂ ਨੂੰ 'ਸੁਬ੍ਰਾਹਮਣ' ਦਾ ਨਾਂ ਦਿਤਾ ਗਿਆ ਮਿਲਦਾ ਹੈ। ਕੁਝ ਗ੍ਰੰਥਾਂ ਵਿਚ ਇਨ੍ਹਾਂ ਦੀ ਪਤਨੀ ਦਾ ਨਾਂ ਦੇਵਸੈਨਾ ਮਿਲਦਾ ਹੈ, ਜਿਸ ਦੇ ਨਾਲ ਸੁਬ੍ਰਾਹਮਣ ਦੇ ਵਿਆਹ ਵਾਲੀਆਂ ਤਸਵੀਰਾਂ ਦਾ ਨਾਂ ਦਿਤਾ ਮਿਲਦਾ ਹੈ। ਦੱਖਣੀ ਭਾਰਤ ਵਿਚ ਇਨ੍ਹਾਂ ਦੀਆਂ ਕੁਝ ਵਿਸ਼ਾਲ ਕਾਂਸੀ ਦੀਆਂ ਮਰਤੀਆਂ ਵੀ ਮਿਲਦੀਆਂ ਹਨ।

ਹ. ਪੁ.—ਹਿੰ. ਵਿ. ਕੋ. 2 : 469

**ਕਾਰਥਿਜ :** ਪ੍ਰਾਚੀਨ ਦੁਨੀਆ ਦੇ ਸੱਭ ਤੋਂ ਅਮੀਰ ਅਤੇ ਸ਼ਕਤੀਸ਼ਾਲੀ ਸ਼ਹਿਰਾਂ ਵਿਚੋਂ ਇਕ ਹੈ ਜਿਹੜਾ ਅਜੋਕੇ ਟਿਊਨਿਸ ਦੀ ਥਾਂ ਦੇ ਨੇੜੇ, ਉੱਤਰੀ ਅਫ਼ਰੀਕਾ ਦੇ ਤੱਟ ਉਤੇ, ਇਕ ਸੁੰਦਰ ਖਾੜੀ ਉਤੇ ਸਥਿੱਤ ਹੈ। ਇਸ ਸ਼ਹਿਰ ਦੀ ਨੀਂਹ ਸ਼ਾਇਦ ਨੌਵੀਂ ਸਦੀ ਈ. ਪ. ਵਿਚ ਟਾਈਰ ਤੋਂ ਆਏ ਫਿਨੀਸ਼ੀਆਈ ਆਬਾਦਕਾਰਾਂ ਨੇ ਰੱਖੀ ਸੀ ਜਾਂ ਟਾਈਰ ਅਤੇ ਯਿਊਟਿਕਾ ਦੀ ਸਾਂਝੀ ਬਸਤੀ ਵਜੋਂ ਰੱਖੀ ਗਈ। ਇਸ ਬਸਤੀ ਦਾ ਨਾਂ ਕਾਰਟ ਹਾਦਾਸ਼ ਰੱਖਿਆ ਗਿਆ ਜਿਸ ਤੋਂ ਭਾਵ ਹੈ ਨਵਾਂ ਸ਼ਹਿਰ। ਮਿਥਿਹਾਸ ਅਨੁਸਾਰ ਇਸ ਸ਼ਹਿਰ ਦੀ ਨੀਂਹ ਐਲੀਸਾ ਜਾਂ ਦੀਦੋ ਨਾਮੀ ਇਸਤਰੀ ਨੇ ਰੱਖੀ ਸੀ ਜਿਸਦੇ ਪਤੀ ਸਾਈਕੀਅਨਜ਼ ਨੂੰ ਟਾਈਰ ਦੇ ਬਾਦਸ਼ਾਹ ਪਿਗਮੇਲੀਅਨ ਐਲੀਸਾ ਦੇ ਭਰਾ ਨੇ ਕਤਲ ਕਰ ਦਿਤਾ ਸੀ ਅਤੇ ਇਸ ਕਤਲ ਤੋਂ ਬਾਅਦ ਐਲੀਸਾ ਇਥੋਂ ਦੌੜ ਗਈ ਸੀ। ਕਾਰਥਿਜ ਦੇ ਲੋਕ ਆਪਣੇ ਸਾਰੇ ਇਤਿਹਾਸ ਵਿਚ ਹੀ ਆਪਣੀ ਵਪਾਰਕ ਕੁਟਿਲਤਾ ਕਾਰਨ ਮੰਨੇ ਹੋਏ ਹਨ। ਇਨ੍ਹਾਂ ਲੋਕਾਂ ਦੀ ਚਲਾਕੀ ਨੇ ਵੀ ਸ਼ਹਿਰ ਦੀ ਰਵਾਇਤੀ ਬੁਨਿਆਦ ਵਿਚ ਆਪਣਾ ਰੋਲ ਅਦਾ ਕੀਤਾ ਹੈ। ਦੀਦੋ ਨੂੰ ਕੇਵਲ ਉਨੀ ਹੀ ਜ਼ਮੀਨ ਲੈਣ ਦੀ ਇਜਾਜ਼ਤ ਦਿਤੀ ਗਈ ਜਿੰਨੀ ਕਿ ਇਕ ਗਊ ਦੀ ਖੱਲ ਮੱਲ ਸਕਦੀ ਸੀ। ਦੀਦੋ ਨੇ ਇਸ ਖੱਲ ਨੂੰ ਬਹੁਤ ਬਾਰੀਕ ਕਾਤਰਾਂ ਵਿਚ ਕੱਟ ਲਿਆ ਅਤੇ ਇਨ੍ਹਾਂ ਬਾਰੀਕ ਕਾਤਰਾਂ ਨੂੰ ਇਕ ਦੂਜੇ ਨਾਲ ਗੋਲ ਚੱਕਰ ਵਿਚ ਜੋੜ ਲਿਆ ਅਤੇ ਇਸ ਤਰ੍ਹਾਂ ਉਸਨੇ ਬਹੁਤ ਸਾਰੀ ਜ਼ਮੀਨ ਮੱਲ ਲਈ ਅਤੇ ਉਹ ਕਿਲਾ, ਜਿਸ ਨੂੰ ਗੋਲ ਚੱਕਰ ਵਿਚ ਲਿਆਂਦੀਆਂ ਕਾਤਰਾਂ ਨੇ ਘੇਰਿਆ ਹੋਇਆ ਸੀ, ਮਗਰੋਂ ਬਰਸਾ ਨਾਂ ਨਾਲ ਜਾਣਿਆ ਜਾਣ ਲੱਗਾ। ਰੋਮਨ ਕਵੀ ਵਰਜਿਲ ਕਰਕੇ ਵੀ ਦੀਦੋ ਬਹੁਤ ਮਸ਼ਹੂਰ ਹੋਈ ਹੈ। ਇਸ ਨੇ ਆਪਣੇ ਮਹਾਂ ਕਾਵਿ 'ਅਨੀਦ' ਵਿਚ ਦੀਦੋ ਦੇ ਟ੍ਰੋਜਨ ਏਨੀਸ ਪ੍ਰਤਿ ਦੁਖਾਂਤਕ ਪ੍ਰੇਮ ਨੂੰ ਪ੍ਰਗਟਾਇਆ। ਇਹ ਕਾਵਿ-ਰਚਨਾ ਦੁਨੀਆ ਦੀਆਂ ਮਹਾਨ ਪ੍ਰੀਤ ਕਹਾਣੀਆਂ ਵਿਚ ਗਿਣੀ ਜਾਣ ਲਗ ਪਈ।

ਕਾਰਥਿਜ ਟਿਊਨਿਸ ਖਾੜੀ ਉਤੇ ਪ੍ਰਾਇਦੀਪ ਦੀ ਬੀਚ ਦੇ ਨੇੜੇ ਇਕ ਸੁਰੱਖਿਅਤ ਥਾਂ ਵਿਚ ਵਸਾਇਆ ਗਿਆ ਸੀ। ਪ੍ਰਾਇਦੀਪ ਮੁੱਖ-ਭੂਮੀ ਨਾਲ ਇਕ ਤੰਗ ਥਲ-ਡਮਰੂ ਦੁਆਰਾ ਜੁੜਿਆ ਹੋਇਆ ਸੀ ਜਿਸ ਨਾਲ ਇਥੋਂ ਦੇ ਲੋਕਾਂ ਨੂੰ ਆਪਣੀ ਰੱਖਿਆ ਕਰਨੀ ਸੌਖੀ ਸੀ। ਪ੍ਰਾਇਦੀਪ ਦੇ ਥਲ-ਡਮਰੂ ਵਾਲੇ ਪਾਸੇ ਤਿੰਨ ਕੰਧਾਂ ਖੜ੍ਹੀਆਂ ਕੀਤੀਆਂ ਗਈਆਂ। ਪ੍ਰਾਚੀਨ ਕਾਲ ਵਿਚ ਵੱਡੀ ਕੰਧ ਦਾ ਜ਼ਿਕਰ ਆਉਂਦਾ ਹੈ ਜਿਸ ਅਨੁਸਾਰ ਇਹ 33 ਕਿ. ਮੀ. ਲੰਬੀ ਸੀ ਅਤੇ ਕੰਧਾਂ ਦੇ ਅੰਦਰਵਾਰ 400 ਜੰਗੀ ਹਾਥੀਆਂ ਅਤੇ 4000 ਘੋੜਿਆਂ ਲਈ ਅਸਤਬਲ ਸਨ। ਪੁਰਾਣਾ ਸ਼ਹਿਰ ਬਰਸਾ ਜਿਸ ਨੂੰ ਹੁਣ ਸੇਂਟ ਲੂਈਸ ਦੀ ਪਹਾੜੀ ਕਿਹਾ ਜਾਂਦਾ ਹੈ, ਦੇ ਆਲੇ ਦੁਆਲੇ ਵਿਕਸਿਤ ਹੋਇਆ। ਇਸ ਸ਼ਹਿਰ ਦੀਆਂ ਗਲੀਆਂ ਭੀੜੀਆਂ ਅਤੇ ਮਕਾਨ ਉੱਚੇ ਅਤੇ ਪੱਧਰੀ ਛੱਤ ਵਾਲੇ ਸਨ। ਨਾਲ ਲਗਦੀਆਂ ਪਹਾੜੀਆਂ ਤੇ ਰਿਹਾਇਸ਼ੀ ਮਕਾਨ ਬਣੇ ਹੋਏ ਸਨ ਅਤੇ ਸਮੁੰਦਰ ਦੇ ਨੇੜੇ ਵਧੇਰੇ ਕਰਕੇ ਆਧੁਨਿਕ ਸਰਕਾਰੀ ਇਮਾਰਤਾਂ (ਜਿਨ੍ਹਾਂ ਵਿਚ ਅਦਾਲਤਾਂ ਅਤੇ ਗਿਰਜਾਘਰ ਸ਼ਾਮਲ ਹਨ) ਬਣੀਆਂ ਹੋਈਆਂ ਸਨ। ਕਿਸੇ ਸਮੇਂ ਕਾਰਥਿਜ ਦੀਆਂ ਦੋ ਬੰਦਰਗਾਹਾਂ ਹੁੰਦੀਆਂ ਸਨ। ਹੁਣ ਇਨ੍ਹਾਂ ਦੀ ਪ੍ਰਤਿਨਿਧਤਾ ਸਾਲੰਬੋ ਦੇ ਅਸਥਾਨ ਵਾਲੀਆਂ ਝੀਲਾਂ ਕਰਦੀਆਂ ਹਨ। ਕਾਰਥਿਜ ਦੀ ਸਥਿਤੀ ਨੇ ਇਥੋਂ ਦੇ ਲੋਕਾਂ ਨੂੰ ਅਫ਼ਰੀਕਾ ਦੇ ਤੱਟ ਦੇ ਨਾਲ ਨਾਲ ਪੂਰਬ ਅਤੇ ਪੱਛਮ ਵਲ ਨੂੰ ਜਹਾਜ਼ਰਾਨੀ ਉਤੇ ਕੰਟਰੋਲ ਕਰਨ ਯੋਗ ਬਣਾ ਦਿਤਾ। ਪੱਛਮੀ ਸਿਸਲੀ ਉਤੇ ਕਬਜ਼ਾ ਜਮਾਉਣ ਉਪਰੰਤ ਕਾਰਥਿਜ ਦੇ ਲੋਕਾਂ ਦਾ ਪੱਛਮੀ ਰੂਮ-ਸਾਗਰ ਦੇ ਸਾਰੇ ਰਕਬੇ ਉਤੇ ਹੀ ਬੋਲ ਬਾਲਾ ਹੋ ਗਿਆ।

ਪੁਰਾਤਤਵੀ ਗਵਾਹੀ ਇਹ ਦੱਸਦੀ ਹੈ ਕਿ ਕਾਰਥਿਜ ਦੇ ਲੋਕਾਂ ਨੇ ਕਦੇ ਵੀ ਅਸਲ ਵਿਚ ਆਪਣੇ ਦੇਸ ਦੀ ਕਲਾ ਨੂੰ ਪੈਦਾ ਨਹੀਂ ਕੀਤਾ ਸਗੋਂ ਇਹਨਾਂ ਨੇ ਮਿਸਰ ਤੇ ਯੂਨਾਨ ਦੀ ਕਲਾ ਦੀ ਨਕਲ ਕੀਤੀ ਸੀ।

ਕਾਰਥਿਜ ਦੇ ਲੋਕਾਂ ਦਾ ਧਰਮ ਆਪਣੇ ਫਿਨੀਸ਼ੀਆਈ ਵੱਡੇ ਵਡੇਰਿਆਂ ਵਾਲਾ ਹੀ ਸੀ। ਇਹ ਸਟਾਰਡੀ, ਬੇਲ, ਮੈਲਕਾਰਟ, ਮੌਲਕ, ਟੇਨਿਥ ਅਤੇ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਨ ਅਤੇ ਉਨ੍ਹਾਂ ਦੀ ਮਾਨਤਾ ਕਾਮ-ਵਰਧਕ ਰੀਤਾਂ ਨਾਲ ਅਤੇ ਕੁਝ ਹਾਲਤਾਂ ਵਿਚ ਮਨੁੱਖੀ ਕੁਰਬਾਨੀਆਂ ਨਾਲ ਕੀਤੀ ਜਾਂਦੀ ਸੀ।

ਕਾਰਥਿਜ ਦਾ ਵਪਾਰ ਹੀ ਪਿਊਨਿਕ ਖੁਸ਼ਹਾਲੀ ਦਾ ਆਧਾਰ ਸੀ। 300 ਈ. ਪੂ. ਦੇ ਅੰਤ ਤੀਕ ਇਥੋਂ ਦਾ ਵਪਾਰ ਇੰਨਾ ਵੱਧ ਗਿਆ ਸੀ ਕਿ ਕਾਰਥਿਜ ਅਫ਼ਰੀਕਾ ਦਾ ਸੱਭ ਤੋਂ ਅਮੀਰ ਸ਼ਹਿਰ ਬਣ ਗਿਆ। ਇਥੋਂ ਵਪਾਰ ਉਤੇ ਪੂਰਨ ਕੰਟ੍ਰੋਲ ਹੁੰਦਾ ਸੀ। ਬਾਹਰਲੇ ਵਪਾਰੀ ਸ਼ਹਿਰ ਦੀਆਂ ਬਸਤੀਆਂ ਅਤੇ ਹੋਰ ਮਾਲਕੀ ਵਾਲੀਆਂ ਥਾਵਾਂ ਵਿਚ ਦਾਖ਼ਲ ਨਹੀਂ ਹੋ ਸਕਦੇ ਸਨ ਪਰ ਉਹ ਕਾਰਥਿਜ ਦੀ ਬੰਦਰਗਾਹ ਵਿਚ ਦਾਖਲ ਹੋ ਸਕਦੇ ਸਨ। ਇਥੋਂ ਕਪੜੇ, ਗ਼ਲੀਚੇ, ਨਮਦੇ, ਪਰਦੇ, ਰੰਗ, ਖੱਲਾਂ, ਮਿੱਟੀ ਦੇ ਭਾਂਡੇ, ਇਮਾਰਤੀ ਲੱਕੜੀ, ਅਨਾਜ, ਫ਼ਲ, ਤੇਲ, ਸ਼ਰਾਬ, ਗਹਿਣੇ, ਸੰਗਮਰਮਰ, ਕੀਮਤੀ ਖਣਿਜ ਪਦਾਰਥ ਅਤੇ ਗ਼ੁਲਾਮ ਬਾਹਰਲੇ ਦੇਸ਼ਾਂ ਨੂੰ ਭੇਜੇ ਜਾਂਦੇ ਸਨ। ਜੰਤਾ ਅਤੇ ਇਤਿਹਾਦੀ ਤਾਕਤਾਂ ਤੋਂ ਉਗਰਾਹਿਆ ਟੈਕਸ ਅਤੇ ਕੰਟਰੋਲ ਅਧੀਨ ਬੰਦਰਗਾਹਾਂ ਉਤੇ ਲਾਈ ਕਸਟੱਮਜ਼ ਡਿਊਟੀ ਸਰਕਾਰ ਦੇ ਮਾਲੀਏ ਦਾ ਮੁੱਖ ਸਾਧਨ ਹੁੰਦਾ ਸੀ।

ਕਾਰਥਿਜ ਇਕ ਸ਼ਕਤੀਸ਼ਾਲੀ ਨਗਰ-ਰਾਜ ਦੀ ਉੱਤਮ ਮਿਸਾਲ ਹੈ। ਆਰੰਭ ਵਿਚ ਇਸ ਸ਼ਹਿਰ ਨੇ ਹੋਰਨਾਂ ਫਿਨਿਸ਼ੀਆਈ ਬਸਤੀਆਂ ਅਤੇ ਆਪਣੇ ਦੇਸ਼ ਦੀ ਹੀ ਜਨਤਾ ਨੂੰ ਆਪਣੇ ਕੰਟਰੋਲ ਅਧੀਨ ਲਿਆਂਦਾ। ਛੇਵੀਂ ਸਦੀ ਈ. ਪੂ. ਵਿਚ ਕਾਰਥਿਜ ਦੇ ਲੋਕਾਂ ਨੇ ਸਾਰਡੀਨੀਆ ਨੂੰ ਫ਼ਤਹਿ ਕੀਤਾ ਅਤੇ ਸਿਸਲੀ ਨੂੰ ਆਪਣੇ ਕਬਜ਼ੇ ਅਧੀਨ ਲਿਆਉਣ ਲਈ ਯੁੱਧ ਆਰੰਭ ਦਿਤਾ। ਇਨ੍ਹਾਂ ਨੇ ਅਫ਼ਰੀਕਾ ਦੇ ਪੱਛਮੀ ਤੱਟ ਉਤੇ ਬਸਤੀਆਂ ਵੀ ਸਥਾਪਤ ਕੀਤੀਆਂ ਅਤੇ ਜਿਬਰਾਲਟਰ ਦੇ ਜਲਡਮਰੂ ਨੂੰ ਆਪਣੇ ਕਬਜ਼ੇ ਵਿਚ ਲਿਆਉਣ ਲਈ ਸੰਘਰਸ਼ ਕੀਤਾ ਅਤੇ ਇਨ੍ਹਾਂ ਨੇ ਸਪੇਨ ਅਤੇ ਗਾਲ ਉਤੇ ਹਮਲਾ ਕੀਤਾ। ਸੌਖ ਲਈ ਇਸ ਰਾਸ਼ਟਰ ਦਾ ਇਤਿਹਾਸ ਤਿੰਨ ਕਾਲਾਂ ਵਿਚ ਵੰਡਿਆ ਗਿਆ ਹੈ। ਪਹਿਲਾ ਕਾਲ ਇਸਦੀ ਸਥਾਪਨਾ ਤੋਂ ਲੈ ਕੇ 410 ਈ. ਪੂ. ਤੀਕ ਚਲਦਾ ਹੈ ਅਤੇ ਇਸ ਵਿਚ ਰਾਸ਼ਟਰੀ ਸ਼ਕਤੀ ਦੀ ਚੜ੍ਹਾਈ ਅਤੇ ਵਿਕਾਸ ਵੀ ਸ਼ਾਮਲ ਹਨ। ਦੂਜਾ ਕਾਲ 410 ਈ. ਪੂ. ਤੋਂ 265 ਈ. ਪੂ. ਤੀਕ ਚਲਦਾ ਹੈ ਅਤੇ ਇਸ ਕਾਲ ਵਿਚ ਹੀ ਯੂਨਾਨ ਅਤੇ ਸਿਸਲੀ ਨਾਲ ਹੋਏ ਯੁੱਧਾਂ ਦਾ ਸਮਾਂ ਆਉਂਦਾ ਹੈ। ਤੀਜਾ ਕਾਲ 265 ਈ. ਪੂ. ਤੋਂ 146 ਈ. ਪੂ. ਤੀਕ ਚਲਦਾ ਹੈ ਅਤੇ ਇਸ ਵਿਚ ਰੋਮ ਨਾਲ ਹੋਏ ਯੁੱਧ ਦਾ ਜ਼ਿਕਰ ਹੈ ਜਿਸ ਵਿਚ ਇਹ ਢਹਿੰਦੀ ਕਲਾ ਵਿਚ ਆ ਜਾਂਦਾ ਹੈ ਅਤੇ ਇਸਦੀ ਤਬਾਹੀ ਹੋ ਜਾਂਦੀ ਹੈ। ਇਥੋਂ ਦੇ ਲੋਕ ਵਪਾਰਕ ਅਦਾਰਿਆਂ ਵਿਚ ਦਿਲਚਸਪੀ ਲੈਣ ਕਾਰਨ ਪ੍ਰਸਿੱਧ ਹਨ ਅਤੇ ਪਹਿਲੇ ਯੁੱਧ ਕੇਵਲ ਵਪਾਰ ਅਤੇ ਬਸਤੀਆਂ ਦੇ ਵਿਸਥਾਰ ਕਰਕੇ ਹੀ

ਹੋਏ ਸਨ। ਪਹਿਲਾ ਪਿਊਨਿਕ ਯੁੱਧ (264 ਤੋਂ 241 ਈ. ਪੂ.) ਕੋਈ 23 ਸਾਲ ਤੋਂ ਵੀ ਵਧੇਰੇ ਸਮੇਂ ਤੀਕ ਚਲਦਾ ਰਿਹਾ। ਇਹ ਸਮਾਂ ਲੜਾਈ ਦੁਆਰਾ ਸਿਸਲੀ ਨੂੰ ਆਪਣੇ ਕਬਜ਼ੇ ਵਿਚ ਲਿਆਉਣ ਦਾ ਸੀ। ਇਸ ਸਮੇਂ ਦਾ ਨਤੀਜਾ ਇਹ ਨਿਕਲਿਆ ਕਿ ਕਾਰਥਿਜ ਦੇ ਲੋਕ ਦੀਪ ਵਿਚੋਂ ਕੱਢ ਦਿਤੇ ਗਏ। ਕਾਰਥਿਜ ਦੇ ਲੋਕਾਂ ਨੇ ਜਿੰਨਾ ਨੁਕਸਾਨ ਸਿਸਲੀ ਵਿਚ ਉਠਾਇਆ ਸੀ ਉਹ ਸਪੇਨ ਦੀ ਜਿੱਤ ਤੋਂ ਪ੍ਰਾਪਤ ਹੋਏ ਲਾਭ ਨਾਲੋਂ ਕਈ ਗੁਣਾਂ ਵੱਧ ਸੀ।

ਇਸ ਤੋਂ ਬਾਅਦ ਹੈਨੀਬਾਲ (ਜਰਨੈਲ ਹਾਮਿਲਕਾਰ ਦਾ ਪੁੱਤਰ) ਨੇ ਫ਼ੌਜਾਂ ਦੀ ਕਮਾਨ ਸੰਭਾਲੀ ਅਤੇ ਕਾਰਥਿਜ ਦੀਆਂ ਫ਼ੌਜਾਂ ਨੂੰ ਸਪੇਨ ਵਿਚ ਫਿਰ ਜਥੇਬੰਦ ਕੀਤਾ ਅਤੇ 218 ਈ. ਪੂ. ਵਿਚ ਦੂਜਾ ਪਿਊਨਿਕ ਯੁੱਧ ਲੜਿਆ ਅਤੇ ਭਾਰੀ ਫ਼ੌਜ ਨਾਲ ਐਲਪਸ ਨੂੰ ਪਾਰ ਕਰਦਾ ਹੋਇਆ ਇਟਲੀ ਵੱਲ ਨੂੰ ਅੱਗੇ ਵਧਿਆ। ਇਸ ਦੀਆਂ ਜਿੱਤਾਂ ਨੇ ਦੁਨੀਆ ਨੂੰ ਹੈਰਾਨ ਕਰ ਦਿਤਾ। ਰੋਮ ਦੇ ਵਧੀਆ ਫ਼ੌਜੀ ਸਿਪਾਹੀਆਂ ਨੂੰ ਭਾਜੜਾਂ ਪੈ ਗਈਆਂ ਅਤੇ ਟਰਾਜ਼ੀਮੇਨੋ ਝੀਲ, ਟਰੇਬਾਇਆ ਅਤੇ ਕੈਨੀ ਉਤੇ ਜਿੱਤ ਪ੍ਰਾਪਤ ਕਰ ਲਈ। ਇਸਨੇ ਸਤਾਰ੍ਹਾਂ ਸਾਲ ਰੋਮ ਦਾ ਨੱਕ ਵਿਚ ਦਮ ਕਰ ਛੱਡਿਆ ਅਤੇ ਇਸ ਨੂੰ ਤਬਾਹੀ ਦੇ ਪੜਾਅ ਤੇ ਲੈ ਆਂਦਾ। ਕੈਨੀ ਦੀ ਲੜਾਈ ਤੋਂ ਬਾਅਦ ਇਸਨੇ ਕਾਰਥਿਜ ਨੂੰ ਸੋਨੇ ਦੇ ਛੱਲਿਆਂ ਦਾ ਇਕ ਬੁਸ਼ੱਲ (ਰੋਮਨ ਨਾਈਟਾਂ ਦੇ ਗਹਿਣੇ) ਭੇਜਿਆ। ਰੋਮ ਦੇ 1/5 ਹਿੱਸਾ ਲੋਕਾਂ, ਜੋ ਅਜੇ ਤੀਕ ਵੀ ਲੜ ਸਕਦੇ ਸਨ, ਨੇ 18 ਮਹੀਨਿਆਂ ਦੇ ਅੰਦਰ ਅੰਦਰ ਹੀ ਹਥਿਆਰ ਸੁੱਟ ਦਿਤੇ ਜਦੋਂ ਕਿ ਕੈਪੂਆ (ਦੂਜਾ ਮਹੱਤਵਪੂਰਨ ਸ਼ਹਿਰ) ਸ਼ਹਿਰ ਹੈਨੀਬਾਲ ਨਾਲ ਰਲ ਗਿਆ। ਖਤਰੇ ਸਮੇਂ ਰੋਮ ਦੇ ਲੋਕਾਂ ਵਿਚ ਫਿਰ ਜੋਸ਼ ਆ ਗਿਆ ਅਤੇ ਹੈਨੀਬਾਲ ਦੀਆਂ ਜਿੱਤਾਂ ਢਹਿੰਦੀਆਂ ਕਲਾਂ ਵਿਚ ਜਾਣ ਲਗੀਆਂ। ਇਸਨੂੰ ਆਪਣੇ ਸ਼ਹਿਰ ਦੀ ਰਾਖੀ ਕਰਨ ਲਈ ਵਾਪਸ ਬੁਲਾ ਲਿਆ ਗਿਆ, ਜਿਥੇ ਕਿ 202 ਈ. ਪੂ. ਵਿਚ ਜ਼ੇਮਾ ਦੀ ਲੜਾਈ ਵਿਚ ਇਸਨੂੰ ਸਿਪੀਓ ਨਾਮੀ ਰੋਮਨ ਜਰਨੈਲ ਨੇ ਹਰਾ ਦਿਤਾ।

ਦੋਹਾਂ ਕੌਮਾਂ ਵਿਚ ਸੰਧੀ ਹੋ ਗਈ ਪਰ ਕਾਰਥਿਜ ਦੀ ਤਾਕਤ ਖੇਰੂੰ ਖੇਰੂੰ ਹੋ ਗਈ ਅਤੇ ਇਹ ਪਹਿਲਾਂ ਵਾਲੇ ਸਿਖਰ ਤੇ ਕਦੇ ਵੀ ਨਾ ਪਹੁੰਚ ਸਕਿਆ। ਭਾਵੇਂ ਵਣਜ ਦੇ ਖੇਤਰ ਵਿਚ ਇਥੋਂ ਦੀ ਕੌਮ ਫਿਰ ਆਪਣੀ ਮਹੱਤਤਾ ਬਣਾਉਣ ਲਗ ਪਈ ਪਰ ਰੋਮ ਵਿਖੇ ਇਕ ਪਾਰਟੀ ਇਸਦਾ ਖੁਰਾ ਖੋਜ ਮਿਟਾਉਣ ਤੇ ਤੁਲੀ ਹੋਈ ਸੀ। ਤੀਜਾ ਪਿਊਨਿਕ ਯੁੱਧ 150 ਈ. ਪੂ. ਵਿਚ ਛਿੜ ਪਿਆ ਅਤੇ 146 ਈ. ਪੂ. ਵਿਚ ਮੁਕਿਆ। ਇਸ ਯੁੱਧ ਵਿਚ ਰੋਮ ਹੀ ਹਮਲਾਵਰ ਸੀ। ਕਾਰਥਿਜ ਦੇ ਲੋਕਾਂ ਨੇ ਹਥਿਆਰ ਸੁੱਟ ਦਿਤੇ ਪਰ ਜਦੋਂ ਉਨ੍ਹਾਂ ਨੂੰ ਇਨ੍ਹਾਂ ਦੇ ਮਲੀਆਮੇਟ ਕੀਤੇ ਜਾਣ ਵਾਲੇ ਸ਼ਹਿਰ ਨੂੰ ਛੱਡਣ ਦਾ ਹੁਕਮ ਦਿਤਾ ਗਿਆ ਤਾਂ ਉਹ ਨਿਰਾਸਤਾ ਵਿਚ ਡੁੱਬ ਗਏ। ਪਰ ਝਟ ਹੀ ਕੁਰਬਾਨੀ ਦਾ ਜਜ਼ਬਾ ਜਾਗ ਪਿਆ ਤੇ ਇਨ੍ਹਾਂ ਨੇ ਆਪਣੇ ਸੋਨੇ ਅਤੇ ਚਾਂਦੀ ਦੇ ਫੂਲਦਾਨਾਂ ਅਤੇ ਧਾਤਾਂ ਦੇ ਬਣੇ ਹੋਏ ਬੁੱਤਾਂ ਨੂੰ ਪਿੰਘਲਾਕੇ ਨਵੇਂ ਹਥਿਆਰਾਂ ਦਾ ਰੂਪ ਦਿਤਾ। ਇਸਤਰੀਆਂ ਦੇ ਸਭ ਤੋਂ ਲੰਬੇ ਵਾਲਾਂ ਨੂੰ ਕਮਾਨ ਦੀ ਡੋਰੀ ਬਣਾ ਲਿਆ ਗਿਆ ਅਤੇ ਹਰ ਸੰਭਵ ਸਾਮੱਗਰੀ ਨੂੰ ਰੋਮਨਾਂ ਵਿਰੁੱਧ ਸ਼ਹਿਰ ਦੀ ਰੱਖਿਆ ਲਈ ਵਰਤਿਆ ਗਿਆ। ਛੋਟੇ ਸਿਪੀਓ ਨੇ ਘੇਰੇ ਦੀ ਅਗਵਾਈ ਕੀਤੀ ਅਤੇ ਕਾਫ਼ੀ ਜਦੋ ਜਹਿਦ ਤੋਂ ਬਾਅਦ ਹੀ ਕਾਰਥਿਜ ਉਤੇ ਕਬਜ਼ਾ ਕਰ ਸਕਿਆ। ਭਾਵੇਂ ਇਹ ਸ਼ਹਿਰ ਕੋਈ 700 ਸਾਲ ਤੋਂ ਪਹਿਲਾਂ ਉੱਨਤੀ ਦੀਆਂ ਸਿਖਰਾਂ ਤੇ ਸੀ ਪਰ ਇਸ ਨੂੰ ਮੁਕੰਮਲ ਰੂਪ ਵਿਚ ਹੀ ਤਬਾਹ ਕਰ ਦਿਤਾ ਗਿਆ ਸੀ। ਇਹ ਇਲਾਕਾ ਰੋਮਨ ਪ੍ਰਾਂਤ ਵਿਚ ਰਲਾ ਲਿਆ ਗਿਆ ਅਤੇ ਰੋਮਨ ਸਾਮਰਾਜ ਅਧੀਨ ਲਿਆਂਦੀਆਂ ਮੁੱਖ ਮਾਲਕੀਆਂ ਵਿਚੋਂ ਇਕ ਬਣ ਗਿਆ। ਪੰਜਵੀਂ ਸਦੀ ਵਿਚ ਅਫ਼ਰੀਕਾ ਦੇ ਵੈਂਡਾਲ ਬਾਦਸ਼ਾਹਾਂ ਨੇ ਇਸਨੂੰ ਆਪਣੀ ਰਾਜਧਾਨੀ ਬਣਾ ਲਿਆ ਅਤੇ ਸੱਤਵੀਂ ਸਦੀ ਦੇ ਅੰਤ ਵਿਚ ਅਰਬਾਂ ਨੇ ਇਸਨੂੰ ਮਿੱਟੀ ਨਾਲ ਮਿਲਾ ਦਿਤਾ।

ਹ. ਪੂ.—ਵ. ਯੂ. ਐਨ. 3 : 992; ਐਨ. ਅਮੇ. 5 : 681; ਕੋਲ. ਐਨ. 4 : 431

**ਕਾਰਥੂਸੀ ਸੰਪਰਦਾ :** ਇਹ ਭਿਖਸ਼ੂਆਂ ਦੀ ਇਕ ਸੰਪਰਦਾ ਸੀ, ਜਿਸ ਦਾ ਬਾਨੀ ਸੰਤ ਬਰੂਨੋ ਅਤੇ ਇਸ ਦੇ ਛੇ ਹੋਰ ਸਾਥੀ ਸਨ। ਸੰਨ 1130 ਵਿਚ ਇਸ ਸੰਪਰਦਾ ਦਾ ਸੰਵਿਧਾਨ ਤਿਆਰ ਕੀਤਾ ਗਿਆ ਅਤੇ 1176 ਵਿਚ ਇਸ ਨੂੰ ਪੋਪ ਦੀ ਪ੍ਰਵਾਨਗੀ ਮਿਲੀ। ਇਹ ਸੰਪਰਦਾ ਇੰਗਲੈਂਡ ਵਿਚ 1180 ਵਿਚ ਸਥਾਪਤ ਹੋਈ ਅਤੇ ਲੰਡਨ ਵਿਚ 1371 ਵਿਚ ਚਾਰਟਰ ਹਾਊਸ ਦੀ ਨੀਂਹ ਰੱਖੀ ਗਈ। ਅੱਜਕਲ੍ਹ ਪਾਰਕਮਿਨਸਟਰ, ਸੁਸੈਕਸ ਵਿਚ ਹੀ ਇਸ ਸੰਪਰਦਾ ਦਾ ਕੇਂਦਰ ਹੈ। ਇਸ ਸੰਪਰਦਾ ਵਿਚ ਸੰਗੀਤ ਮੰਡਲੀ ਦੇ ਸਾਧਾਰਨ ਭਿਖਸ਼ੂ ਇਸ ਦੇ ਮੈਂਬਰ ਹਨ। ਇਨ੍ਹਾਂ ਵਿਚੋਂ ਹਰ ਇਕ ਕੋਲ ਵਰਕਸ਼ਾਪ ਸਮੇਤ ਤਿੰਨ ਕਮਰਿਆਂ ਦਾ ਵਖਰਾ ਸੈਟ ਹੈ। ਇਨ੍ਹਾਂ ਦੇ ਸਾਰੇ ਕੰਮਾਂ, ਪ੍ਰਾਰਥਨਾ, ਸੈਰ ਆਦਿ ਲਈ ਸਮੇਂ ਨਿਸ਼ਚਿਤ ਹਨ ਅਤੇ ਐਤਵਾਰ ਸ਼ਾਮ ਨੂੰ ਸੰਗੀਤ ਲਈ ਕੁਝ ਸਮਾਂ ਰਾਖਵਾਂ ਹੈ। ਇਸ ਸੰਪਰਦਾ ਦੀ ਇਸਤਰੀ ਸ਼ਾਖਾ 1229 ਵਿਚ ਹੋਂਦ ਵਿਚ ਆਈ ਸੀ।

ਹ. ਪੂ.—ਐਵ. ਐਨ. 3 : 132

**ਕਾਰਦੂਟਚੀ, ਜੋਸੂਏ :** ਨੋਬਲ ਪੁਰਸਕਾਰ ਜਿੱਤਣ ਵਾਲਾ ਇਹ ਇਟਲੀ ਦਾ ਕਵੀ ਸੀ। ਇਸ ਦਾ ਜਨਮ ਸੰਨ 1836 ਵਿਚ ਵਾਲ ਡੀ ਕਾਸਟੈਲੋ ਵਿਖੇ ਇਕ ਡਾਕਟਰ ਦੇ ਘਰ ਹੋਇਆ। ਇਸ ਨੇ ਅਧਿਆਪਨ ਦੇ ਰੂਪ ਵਿਚ ਆਪਣਾ ਜੀਵਨ ਆਰੰਭ ਕੀਤਾ। ਇਸ ਨੇ ਆਪਣੀ ਜਵਾਨੀ ਵਿਚ ਸਖ਼ਤ ਮਿਹਨਤ ਨਾਲ ਅਧਿਐਨ ਕੀਤਾ ਤੇ 1860 ਵਿਚ ਇਸ ਨੂੰ ਬੋਲੋਨਯਾ ਯੂਨੀਵਰਸਿਟੀ ਵਿਚ ਇਤਾਲਵੀ ਸਾਹਿਤ ਦਾ ਪ੍ਰੋਫ਼ੈਸਰ ਲਗਾਇਆ ਗਿਆ। ਥੋੜ੍ਹੇ ਜਿਹੇ ਸਮੇਂ ਨੂੰ ਛੱਡ ਕੇ, ਜਦੋਂ ਇਸ ਨੂੰ ਰਾਜਨੀਤਕ ਅੰਦੋਲਨ ਵਿਚ ਹਿੱਸਾ ਲੈਣ ਕਾਰਨ ਮੁਅੱਤਲ ਕੀਤਾ ਗਿਆ ਸੀ, ਇਹ ਆਪਣੀ ਮੌਤ ਤੱਕ ਇਥੇ ਹੀ ਪ੍ਰੋਫ਼ੈਸਰ ਰਿਹਾ। 1876 ਵਿਚ ਇਹ ਪਾਰਲੀਮੈਂਟ ਦਾ ਮੈਂਬਰ ਬਣਿਆ। ਇਸ ਦੀ ਮੁੱਢਲੀ ਕਵਿਤਾ ਐਲਫਾਈਏਅਰੀ ਤੇ ਮਾਨਡਜ਼ੋਨੀ ਦੀਆਂ ਰਚਨਾਵਾਂ ਦੇ ਨਮੂਨੇ ਤੇ ਲਿਖੀ ਗਈ ਹੈ, ਜੋ ਬਾਅਦ ਵਿਚ ਜੁਵੇਨੀਲੀਆਂ ਦੇ ਨਾਂ ਹੇਠ ਪ੍ਰਕਾਸ਼ਿਤ ਹੋਈ। ਇਸ ਦੀਆਂ ਉੱਤਮ ਕਵਿਤਾਵਾਂ 1860-70 ਦੇ ਦੌਰਾਨ ਲਿਖੀਆਂ ਗਈਆਂ, ਜੋ ਡੀਸੈਨੇਲੀਆ ਸਿਰਲੇਖ ਅਧੀਨ ਪ੍ਰਕਾਸ਼ਿਤ ਹੋਈਆਂ। ਇਹ ਉਸ ਵੇਲੇ ਦੀਆਂ ਰਾਜਨੀਤਕ ਘਟਨਾਵਾਂ ਨਾਲ ਸਬੰਧਿਤ ਹਨ। ਆਪਣੀਆਂ ਤੁਕਾਂਤ ਰਹਿਤ ਕਵਿਤਾਵਾਂ, ਜੋ ਹੋਰਿਸ ਦੁਆਰਾ ਅਪਣਾਏ ਛੰਦਾਂ ਵਿਚ ਲਿਖੀਆਂ ਗਈਆਂ ਹਨ, ਕਾਰਨ ਇਹ ਕਲਾਸੀਕਲ ਸਾਹਿਤਕਾਰਾਂ ਦੀ ਪੰਗਤੀ ਵਿਚ ਆ ਖੜੋਤਾ। ਸੰਨ 1906 ਵਿਚ ਇਸ ਨੂੰ ਸਾਹਿਤ ਦਾ ਨੋਬਲ ਪੁਰਸਕਾਰ ਮਿਲਿਆ। ਇਸ ਦੀਆਂ ਸਾਰੀਆਂ ਰਚਨਾਵਾਂ 21 ਜਿਲਦਾਂ ਵਿਚ ਪ੍ਰਕਾਸ਼ਤ ਹੋਈਆਂ। ਸੰਨ 1907 ਵਿਚ ਇਸ ਦੀ ਮੌਤ ਹੋ ਗਈ।



ਜੋਸੂਏ ਕਾਰਦੂਟਚੀ

ਹ. ਪੂ.—ਐਵ. ਐਨ. 3 : 95

**ਕਾਰਦੂਟਚੀ, ਬਾਰਤਾਲੋਮੇਓ :** ਇਹ ਇਟਲੀ ਦਾ ਚਿੱਤਰਕਾਰ ਸੀ, ਜਿਹੜਾ 1560 ਦੇ ਲਗਭਗ ਫਲੋਰੈਂਸ ਵਿਚ ਪੈਦਾ

ਹੋਇਆ ਅਤੇ ਉਥੋਂ ਹੀ ਇਸ ਨੇ ਕਲਾ ਦੀ ਸਿਖਿਆ ਪ੍ਰਾਪਤ ਕੀਤੀ । ਇਸ ਨੇ ਅਮਾਨਤੀ ਪਾਸੋਂ ਸ਼ਿਲਪਕਾਰੀ ਅਤੇ ਪ੍ਰਸਿੱਧ ਚਿੱਤਰਕਾਰ ਤਸੂਸਕਾਰੋ ਪਾਸੋਂ ਚਿੱਤਰਕਲਾ ਸਿਖੀ ਸੀ। ਤਸੂਸਕਾਰੋ ਨੂੰ ਚਿੱਤਰ ਬਣਾਉਣ ਲਈ ਦੂਰੋਂ ਦੂਰੋਂ ਬੁਲਾਵੇ ਆਉਂਦੇ ਸਨ ਅਤੇ ਉਹ ਕਾਰਦੂਟਚੀ ਨੂੰ ਵੀ ਆਪਣੇ ਸਹਾਇਕ ਵਜੋਂ ਨਾਲ ਲੈ ਜਾਂਦਾ ਹੁੰਦਾ ਸੀ। ਤਸੂਸਕਾਰੋ ਨਾਲ ਇਹ ਮੈਡ੍ਰਿਡ ਗਿਆ ਸੀ, ਜਿਥੇ ਇਸ ਨੇ ਐਸਕੋਰੀਅਲ ਲਾਇਬਰੇਰੀ ਲਈ ਚਿੱਤਰ ਬਣਾਏ ਅਤੇ ਉਥੇ ਪ੍ਰਸਿੱਧ ਰਾਜ ਮਹਿਲ ਦੀਆਂ ਦੀਵਾਰਾਂ ਉਤੇ ਕੰਧ-ਚਿੱਤਰ ਵੀ ਬਣਾਏ। ਹੌਲੀ ਹੌਲੀ ਇਸ ਦੀ ਪਹੁੰਚ ਰਾਜ ਦਰਬਾਰ ਤਕ ਹੋ ਗਈ ਅਤੇ ਸਪੇਨ ਦੇ ਰਾਜੇ ਫ਼ਿਲਿਪ ਦੂਜੇ ਦੀ ਇਸ ਉੱਤੇ ਮਿਹਰ ਹੋਣ ਲੱਗੀ। ਵਧੇਰੇ ਕਰ ਕੇ ਇਹ ਸਪੇਨ ਵਿਚ ਹੀ ਰਿਹਾ । ਇਸ ਦੇ ਬਣਾਏ ਹੋਏ ਵਧੇਰੇ ਚਿੱਤਰ ਸਪੇਨ ਵਿਚ ਹੀ ਹਨ। ਇਸ ਦਾ ਸਭ ਤੋਂ ਪ੍ਰਸਿੱਧ ਚਿੱਤਰ 'ਈਸਾ ਦਾ ਕ੍ਰਾੱਸ ਤੋਂ ਉਤਾਰਿਆ ਜਾਣਾ' ਹੈ । ਇਹ ਚਿੱਤਰ ਮੈਡਿਰਡ ਵਿਚ ਸਾਂਫੇਲਿਪ ਅਲ ਰੀਲ ਨਾਂ ਦੇ ਗਿਰਜਾ ਘਰ ਵਿਚ ਰਖਿਆ ਹੋਇਆ ਹੈ।

ਸੰਨ 1610 ਨੂੰ ਮੈਡ੍ਰਿਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 2 : 446; ਐਨ. ਬ੍ਰਿ. 4 : 899

**ਕੋਰਦੋਵਾ :** ਪ੍ਰਾਂਤ—ਅਰਜਨਟੀਨਾ ਦੇਸ਼ ਦਾ ਇਹ ਇਕ ਰਾਜ ਹੈ। ਇਸ ਦਾ ਕੁਲ ਖੇਤਰਫਲ 156,400 ਵ. ਕਿ. ਮੀ. (65,000 ਵ. ਮੀਲ) ਅਤੇ ਆਬਾਦੀ 2,407,754 (1980) ਹੈ। ਇਹ ਤਿੰਨ ਮੁੱਖ ਧਰਾਤਲੀ ਖੇਤਰਾਂ ਦਾ ਬਣਿਆ ਹੋਇਆ ਹੈ। ਦੱਖਣ ਪੂਰਬ ਵਿਚ ਪੈਂਪਾ ਦਾ ਕੁਝ ਹਿੱਸਾ ਹੈ, ਉੱਤਰ ਪੂਰਬ ਵਿਚ ਚਾਕੋ ਦਾ ਕੁਝ ਹਿੱਸਾ ਹੈ, ਉੱਤਰ-ਪੱਛਮ ਵਿਚ ਸਾਈਐਰਾ ਦੇ ਕੋਰਦੋਵਾ, ਸਾਈਐਰਾ ਚਿਕਾ ਅਤੇ ਸਾਲਿਨਾਸ ਗ੍ਰੈਂਡੀਜ਼ ਦਾ ਕੁਝ ਹਿੱਸਾ ਹੈ।

ਇਥੋਂ ਦਾ ਔਸਤ ਤਾਪਮਾਨ ਜਨਵਰੀ ਵਿਚ 24.6° ਸੈ: ਅਤੇ ਜੁਲਾਈ ਵਿਚ 11.6° ਸੈ: ਹੈ। ਇਸ ਦੇ ਪੱਛਮ ਵਿਚ ਮੌਸਮ ਖੁਸ਼ਕ ਰਹਿੰਦਾ ਹੈ। ਕਣਕ ਇਥੇ ਚੋਖੀ ਮਾਤਰਾ ਵਿਚ ਉਗਾਈ ਜਾਂਦੀ ਹੈ । ਖੁਲ੍ਹੇ ਮੈਦਾਨੀ ਭਾਗਾਂ ਤੇ ਗਊਆਂ, ਮੱਝਾਂ ਅਤੇ ਭੇਡਾਂ ਪਾਲੀਆਂ ਜਾਂਦੀਆਂ ਹਨ। ਇਸ ਦੀ ਰਾਜਧਾਨੀ ਕੋਰਡੋਵਾ ਤੋਂ ਇਲਾਵਾ ਬਿਯਾ ਮਾਰੀਆ ਅਤੇ ਰੀਓ ਕਵਾਰਟੋ ਇਸ ਦੇ ਹੋਰ ਮੁੱਖ ਸ਼ਹਿਰ ਹਨ ਜੋ ਇਸ ਦੇ ਮੁੱਖ ਵਪਾਰਕ ਕੇਂਦਰ ਹੋਣ ਦੇ ਨਾਲ ਨਾਲ ਮੁੱਖ ਰੇਲਵੇ ਜੰਕਸ਼ਨ ਵੀ ਹਨ।

ਹ. ਪੁ.—ਚੈਂਬ. ਐਨ. 4 : 123

**ਕੋਰਦੋਵਾ :** ਸ਼ਹਿਰ—ਅਰਜਨਟੀਨਾ ਵਿਚ ਇਸੇ ਨਾਂ ਦੇ ਰਾਜ ਦਾ ਸਦਰ ਮੁਕਾਮ ਅਤੇ ਤੀਜਾ ਵੱਡਾ ਸ਼ਹਿਰ ਹੈ ਜੋ ਸਾਈਐਰਾ ਦੇ ਕੋਰਦੋਵਾ ਦੇ ਪੂਰਬੀ ਸਿਰੇ ਦੀ ਦਰਿਆ ਪ੍ਰਾਈਮੀਰੋ ਘਾਟੀ ਵਿਚ ਲਗਭਗ 420 ਮੀ. (1400 ਫੁੱਟ) ਦੀ ਉੱਚਾਈ ਤੇ ਸਥਿੱਤ ਹੈ । ਸੰਨ 1573 ਦਾ ਵਸਿਆ ਇਹ ਸ਼ਹਿਰ ਮੁੱਢ ਤੋਂ ਹੀ ਇਕ ਮਹੱਤਵਪੂਰਨ ਧਾਰਮਿਕ ਖੇਤਰ ਬਣ ਗਿਆ ਸੀ। ਇਸ ਸ਼ਹਿਰ ਵਿਚ ਸੰਨ 1622 ਵਿਚ ਬਣੀ ਯੂਨੀਵਰਸਿਟੀ ਦੇਸ਼ ਵਿਚ ਸਭ ਤੋਂ ਪੁਰਾਣੀ ਹੈ । ਇਹ ਸ਼ਹਿਰ ਇਕ ਸੇਂਜੂ, ਜ਼ਰਖ਼ੇਜ਼ ਜ਼ਮੀਨ ਵਾਲੇ ਖੇਤਰ ਦਾ ਕੇਂਦਰ ਹੈ । ਉਦਯੋਗਿਕ ਵਸਤਾਂ ਵਿਚ ਇਥੇ ਹਵਾਈ ਜਹਾਜ਼ ਅਤੇ ਮੋਟਰ ਕਾਰਾਂ ਬਣਾਈਆਂ ਜਾਂਦੀਆਂ ਹਨ। ਸ਼ਹਿਰ ਨੂੰ ਸਾਨ ਰੋਕ ਡੈਮ ਤੋਂ ਚੰਗੀ ਮਾਤਰਾ ਵਿਚ ਬਿਜਲੀ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਸ਼ਹਿਰ ਦੇ ਨਜ਼ਦੀਕ ਦੇ ਪਹਾੜਾਂ ਤੇ ਸੈਲਾਨੀਆਂ ਲਈ ਕਈ ਦਿਲਚਸਪ ਥਾਵਾਂ ਹਨ।

ਆਬਾਦੀ—969,000 (1980)

31° 25′ ਦੱ. ਵਿਥ.; 64° 10′ ਪੱ.

ਹ. ਪੁ.—ਚੈਂਬ. ਐਨ. 4 : 123

**ਕਾਰਨ :** ਕਿਸੇ ਕਾਰਜ ਦੇ ਮੁੱਢ ਵਿਚ ਜੋ ਨਿਯਤ ਰੂਪ ਵਿਚ ਹੁੰਦਾ ਹੈ ਅਤੇ ਜੋ ਬਿਨਾਂ ਤੱਥ ਦੇ ਨਹੀਂ ਹੁੰਦਾ, ਉਸ ਨੂੰ ਕਾਰਨ ਕਹਿੰਦੇ ਹਨ। ਕਵਲ ਕਾਰਜ ਦੇ ਮੁੱਢ ਵਿਚ ਹੋਣ ਨਾਲ ਹੀ ਕਾਰਨਤਵ ਨਹੀਂ ਹੁੰਦਾ, ਸਗੋਂ ਉਸ ਨੂੰ ਕਾਰਜ ਦੇ ਨੇਪਰੇ ਚੜ੍ਹਨ ਵਿਚ ਵੀ ਸਹਿਯੋਗੀ ਹੋਣਾ ਚਾਹੀਦਾ ਹੈ । ਬਿਨਾਂ ਤੱਥਾਂ ਦੇ ਕਿਸੇ ਗੱਲ ਨੂੰ ਸਿੱਧ ਕਰਨ ਵਿਚ ਅਜਿਹੇ ਝੂਠੇ ਕਾਰਨ ਵੀ ਸ਼ਾਮਲ ਹੁੰਦੇ ਹਨ, ਜਿਹੜੇ ਕਾਰਜ ਦੀ ਉਤਪਤੀ ਦੇ ਪਹਿਲਾਂ ਤਾਂ ਮੌਜੂਦ ਹੁੰਦੇ ਹਨ ਪਰ ਕਾਰਜ ਦੇ ਨੇਪਰ ਚੜ੍ਹਨ ਵਿਚ ਸਹੀ ਰੂਪ ਵਿਚ ਉਪਯੋਗੀ ਨਹੀਂ ਹੁੰਦੇ, ਜਿਵੇਂ ਕਿ ਘੁਮਿਆਰ ਦਾ ਪਿਤਾ ਅਤੇ ਮਿੱਟੀ ਢੋਣ ਵਾਲਾ ਗਧਾ ਅਸਲੀ-ਕਾਰਜ ਸਿੱਧੀ ਵਿਚ ਇਕ ਦੂਜੇ ਨਾਲ ਕੋਈ ਸਬੰਧ ਨਹੀਂ ਰਖਦੇ।

ਕਾਰਜ-ਕਾਰਨ-ਸਬੰਧ ਇਕ ਦੂਜੇ ਉੱਤੇ ਆਧਾਰਤ ਹਨ । ਕਿਸੇ ਕਾਰਨ ਦੇ ਹੋਣ ਨਾਲ ਹੀ ਕਾਰਜ ਹੁੰਦਾ ਹੈ, ਕਾਰਨ ਨਾ ਹੋਣ ਨਾਲ ਕੋਈ ਕਾਰਜ ਨਹੀਂ ਹੁੰਦਾ। ਆਮ ਕਰ ਕੇ ਪ੍ਰਕਿਰਤੀ ਵਿਚ ਕਾਰਜ-ਕਾਰਨ-ਸਬੰਧ ਸਪੱਸ਼ਟ ਨਹੀਂ ਹੁੰਦਾ। ਇਸ ਕਾਰਜ ਦੇ ਅਨੇਕਾਂ ਕਾਰਨ ਵਿਖਾਈ ਦਿੰਦੇ ਹਨ । ਸਾਨੂੰ ਉਨ੍ਹਾਂ ਅਨੇਕਾਂ ਵਿਖਾਈ ਦੇਣ ਵਾਲੇ ਕਾਰਨਾਂ ਵਿਚੋਂ ਅਸਲੀ ਕਾਰਨ ਲੱਭਣਾ ਪੈਂਦਾ ਹੈ। ਇਸ ਮੰਤਵ ਲਈ ਵਿਖਾਈ ਦੇਣ ਵਾਲੇ ਇਕ ਕਾਰਨ ਨੂੰ ਪੂਰੀ ਸਾਵਧਾਨੀ ਨਾਲ ਦੂਰ ਕਰਕੇ ਇਹ ਵੇਖਣਾ ਹੁੰਦਾ ਹੈ ਕਿ ਕਾਰਜ ਉਤਪੰਨ ਹੁੰਦਾ ਹੈ ਜਾਂ ਨਹੀਂ । ਜੇਕਰ ਕਾਰਜ ਉਤਪੰਨ ਹੁੰਦਾ ਹੈ ਤਾਂ ਜਿਸ ਕਾਰਨ ਨੂੰ ਹਟਾਇਆ ਗਿਆ ਹੁੰਦਾ ਹੈ ਉਹ ਕਾਰਨ ਨਹੀਂ ਹੁੰਦਾ। ਜਿਹੜਾ ਅੰਤ ਵਿਚ ਬਾਕੀ ਬਚ ਰਹਿੰਦਾ ਹੈ ਉਹੀ ਅਸਲ ਕਾਰਨ ਮੰਨਿਆ ਜਾਂਦਾ ਹੈ। ਇਹ ਮੰਨਿਆ ਗਿਆ ਹੈ ਕਿ ਇਕ ਕਾਰਜ ਦਾ ਇਕ ਹੀ ਕਾਰਨ ਹੁੰਦਾ ਹੈ, ਨਹੀਂ ਤਾਂ ਅਨੁਮਾਨ ਦੀ ਪ੍ਰਮਾਣਿਕਤਾ ਨਸ਼ਟ ਹੋ ਜਾਵੇਗੀ । ਜੇਕਰ ਧੂੰਏਂ ਦੇ ਅਨੇਕ ਕਾਰਨ ਹੋਣ ਤਾਂ ਧੂੰਏਂ ਦੁਆਰਾ ਅੱਜ ਦਾ ਅਨੁਮਾਨ ਲਗਾਉਣਾ ਗਲਤ ਹੋਵੇਗਾ । ਜਿਥੇ ਅਨੇਕ ਕਾਰਨ ਵਿਖਾਈ ਦਿੰਦੇ ਹੋਣ, ਉੱਥੇ ਕਾਰਜ ਦਾ ਵਿਸ਼ਲੇਸ਼ਣ ਕਰਨ ਉਤੇ ਪਤਾ ਲਗੇਗਾ ਕਿ ਕਾਰਜ ਦੇ ਅਨੇਕ ਅੰਸ਼ ਜਾਂ ਭੇਦ ਕਾਰਨ ਦੇ ਅਨੇਕ ਅੰਸ਼ਾਂ ਤੋਂ ਉਤਪੰਨ ਹੁੰਦੇ ਹਨ। ਇਸ ਤਰ੍ਹਾਂ ਉੱਥੇ ਵੀ ਕਾਰਜ-ਵਿਸ਼ੇਸ਼ ਦਾ ਸਬੰਧ ਕਾਰਨ-ਵਿਸ਼ੇਸ਼ ਨਾਲ ਸਥਾਪਿਤ ਕੀਤਾ ਜਾ ਸਕਦਾ ਹੈ। ਕਾਰਨ ਵਿਸ਼ੇਸ਼ ਦੇ ਸਮੂਹ ਤੋਂ ਕਾਰਜ-ਵਿਸ਼ੇਸ਼ ਦੇ ਸਮੂਹ ਨੂੰ ਉਤਪੰਨ ਹੋਇਆ ਮੰਨਣਾ ਇਕ ਭੁੱਲ ਹੈ । ਵਾਸਤਵ ਵਿਚ ਸਮੂਹ ਰੂਪ ਵਿਚ ਅਨੇਕ ਕਾਰਨ-ਵਿਸ਼ੇਸ਼ ਸਮੂਹ ਰੂਪ ਵਿਚ ਕਾਰਜ ਉਤਪੰਨ ਨਹੀਂ ਕਰਦੇ । ਉਹ ਅਲੱਗ ਅਲੱਗ ਹੀ ਕਾਰਜ-ਵਿਸ਼ੇਸ਼ ਦੇ ਕਾਰਨ ਹਨ।

ਕਾਰਨ ਦਾ ਕਾਰਜ ਤੋਂ ਪਹਿਲਾਂ ਨਿਯਤ ਰੂਪ ਵਿਚ ਮੌਜੂਦ ਹੋਣਾ ਦੋ ਪ੍ਰਕਾਰ ਦਾ ਹੋ ਸਕਦਾ ਹੈ। ਕਾਰਨ ਕਾਰਜ ਦੇ ਉਤਪਾਦਨ ਦੇ ਪਹਿਲਾਂ ਤਾਂ ਹੁੰਦਾ ਹੈ, ਪ੍ਰੰਤੂ ਕਾਰਜ ਉਸ ਕਾਰਨ ਤੋਂ ਵਖਰਿਆਂ ਉਤਪੰਨ ਹੁੰਦਾ ਹੈ । ਕਾਰਨ ਕੇਵਲ ਨਵੀਨ ਕਾਰਜ ਦੇ ਉਤਪਾਦਨ ਵਿਚ ਸਹਿਯੋਗੀ ਹੁੰਦਾ ਹੈ । ਮਿੱਟੀ ਤੋਂ ਘੜਾ ਬਣਦਾ ਹੈ, ਇਸ ਤਰ੍ਹਾਂ ਮਿੱਟੀ ਘੜੇ ਦਾ ਕਾਰਨ ਹੈ ਅਤੇ ਉਹ ਘੁਮਿਆਰ ਵੀ ਜਿਹੜਾ ਮਿੱਟੀ ਨੂੰ ਘੜੇ ਦਾ ਰੂਪ ਦਿੰਦਾ ਹੈ। ਘੁਮਿਆਰ ਦੇ ਵਪਾਰ ਤੋਂ ਪਹਿਲਾਂ ਮਿੱਟੀ ਮਿੱਟੀ ਹੈ ਅਤੇ ਘੜੇ ਦਾ ਕੋਈ ਵਜੂਦ ਨਹੀਂ ਹੁੰਦਾ। ਘੁਮਿਆਰ ਦੇ ਸਹਿਯੋਗ ਨਾਲ ਘੜੇ ਦੀ ਉਤਪਤੀ ਹੁੰਦੀ ਹੈ, ਇਸ ਤਰ੍ਹਾਂ ਘੜਾ ਨਵੀਨ ਕਾਰਜ ਹੈ, ਜਿਹੜਾ ਪਹਿਲਾਂ ਕਦੇ ਨਹੀਂ ਸੀ । ਇਸ ਸਿਧਾਂ ਨੂੰ ਆਰੰਭਵਾਦ ਕਹਿੰਦੇ ਹਨ । ਕਾਰਨ ਨਵੀਨ ਕਾਰਜ ਦਾ ਆਂ ਹੁੰਦਾ ਹੈ। ਕਾਰਨ ਆਪਣੇ ਆਪ ਕਾਰਜ ਰੂਪ ਵਿਚ ਰੂਪਾਂਕ੍ਰਿਤ ਕ ਹੁੰਦਾ। ਭਾਵੇਂ ਕਾਰਜ ਦੇ ਉਤਪਾਦਨ ਵਿਚ ਮਿੱਟੀ, ਘੁਮਿਅੱਗ ਆਦਿ ਵਸਤਾਂ ਸਹਾਇਕ ਹੁੰਦੀਆਂ ਹਨ ਪ੍ਰੰਤੂ ਉਹ ਸਾਮਿਲਿਤ ਅਲੱਗ ਕਾਰਜ (ਘੜਾ) ਨਹੀਂ ਹਨ ਅਤੇ ਨਾ ਹੀ ਇਕੱਗ ਨਾਲ ਰੂਪ ਵਿਚ ਘੜਾ ਹਨ । ਘੜਾ ਇਨ੍ਹਾਂ ਸਾਰਿਆਂ ਅਤੇ ਨਵੀਂ ਉਤਪੰਨ ਹੁੰਦਾ ਹੈ, ਪ੍ਰੰਤੂ ਇਨ੍ਹਾਂ ਸਾਰਿਆਂ ਤੋਂ

ਉਪਲੱਬਧ ਹੈ। ਅੰਸ਼ਾਂ ਤੋਂ ਅੰਸ਼ਕ ਇਕ ਵੱਖਰੀ ਤਾਕਤ ਹੈ, ਇਸੇ ਸਿਧਾਂਤ ਦੇ ਆਧਾਰ ਉੱਤੇ ਆਰੰਭਵਾਦ ਦਾ ਪਰਿਵਰਤਨ ਹੁੰਦਾ ਹੈ।

ਕਾਰਜ ਦਾ ਕਾਰਨ ਨਾਲ ਸਬੰਧ ਇਕ ਹੋਰ ਦ੍ਰਿਸ਼ਟੀ ਤੋਂ ਵੀ ਵੇਖਿਆ ਜਾ ਸਕਦਾ ਹੈ । ਮਿੱਟੀ ਤੋਂ ਘੜਾ ਬਣਦਾ ਹੈ, ਇਸ ਤਰ੍ਹਾਂ ਘੜਾ ਅਦਿੱਖ ਰੂਪ ਵਿਚ (ਮਿੱਟੀ ਦੇ ਰੂਪ ਵਿਚ) ਮੌਜੂਦ ਹੁੰਦਾ ਹੈ । ਜੇਕਰ ਮਿੱਟੀ ਨਾ ਹੋਵੇ ਤਾਂ ਘੜੇ ਦੀ ਅਦਿੱਖ ਸਥਿਤੀ ਨਹੀਂ ਹੈ, ਇਸ ਲਈ ਘੜਾ ਉਤਪੰਨ ਨਹੀਂ ਹੁੰਦਾ । ਵਸਤੂ-ਵਿਸ਼ੇਸ਼ ਹੀ ਕਾਰਜ-ਵਿਸ਼ੇਸ਼ ਦੇ ਕਾਰਨ ਹੋ ਸਕਦੇ ਹਨ। ਜੇਕਰ ਕਾਰਜ ਕਰਨ ਤੋਂ ਭਿੰਨ ਨਵੀਨ ਸੱਤਾ ਹੋਵੇ ਤਾਂ ਕੋਈ ਵਸਤੂ ਕਿਸੇ ਕਾਰਨ ਤੋਂ ਉਤਪੰਨ ਹੋ ਸਕਦੀ ਹੈ। ਤਿਲ ਦੀ ਥਾਂ ਤੇ ਰੇਤ ਵਿਚੋਂ ਤੇਲ ਨਹੀਂ ਨਿਕਲਦਾ ਕਿਉਂਕਿ ਪ੍ਰਕਿਰਤੀ ਵਿਚ ਇਕ ਸੱਤਾ ਦਾ ਨਿਯਤ ਕੰਮ ਕਰ ਰਿਹਾ ਹੈ । ਸੱਤਾ ਤੋਂ ਸੱਤਾ ਦੀ ਉਤਪਤੀ ਹੁੰਦੀ ਹੈ । ਅਸੱਤ ਤੋਂ ਸੱਤ ਦੀ ਉਤਪਤੀ ਨਹੀਂ ਹੋ ਸਕਦੀ, ਕਿਉਂਕਿ ਇਹ ਪ੍ਰਕਿਰਤੀ ਦੇ ਨਿਯਮ ਦੇ ਉਲਟ ਹੋਵੇਗਾ। ਸਾਂਖ ਯੋਗ ਦਾ ਇਹ ਸਿਧਾਂਤ ਪਰਿਣਾਮਵਾਦ ਕਹਾਉਂਦਾ ਹੈ । ਇਸ ਅਨੁਸਾਰ ਕਾਰਨ ਦਾ ਸਿੱਟਾ ਕਾਰਜ ਦੇ ਰੂਪ ਵਿਚ ਨਿਕਲਦਾ ਹੈ। ਇਸ ਲਈ ਮੂਲ ਰੂਪ ਵਿਚ ਕਾਰਨ ਕਾਰਜ ਤੋਂ ਅਲੱਗ ਨਹੀਂ ਹੈ।

ਇਨ੍ਹਾਂ ਦੋਹਾਂ ਮੱਤਾਂ ਤੋਂ ਇਲਾਵਾ ਇਕ ਮੱਤ ਹੋਰ ਹੈ, ਜਿਹੜਾ ਨਾ ਤਾਂ ਕਾਰਨ ਨੂੰ ਆਰੰਭਕ ਮੰਨਦਾ ਹੈ ਅਤੇ ਨਾ ਹੀ ਸਿੱਟੇਵਾਚਕ । ਕਾਰਨ ਵਪਾਰ-ਰਹਿਤ ਸੱਤਾ ਹੈ । ਉਸ ਵਿਚ ਕਾਰਜ ਦੀ ਉਤਪਤੀ ਲਈ ਵਪਾਰ ਨਹੀਂ ਹੁੰਦਾ । ਕਾਰਨ ਗੁਪਤ ਤੱਤ ਹੈ ਪ੍ਰੰਤੂ ਗੁਪਤਤਾ ਦੇ ਹੁੰਦੇ ਹੋਏ ਵੀ ਕਾਰਜ ਉਤਪੰਨ ਹੁੰਦਾ ਹੈ। ਜਿਸ ਤਰ੍ਹਾਂ ਭਰਮ ਦੀ ਹਾਲਤ ਵਿਚ ਰੱਸੀ ਦੀ ਥਾਂ ਸੱਪ ਵਿਖਾਈ ਦਿੰਦਾ ਹੈ, ਉਸੇ ਤਰ੍ਹਾਂ ਕਾਰਨ ਦੀ ਥਾਂ ਤੇ ਕਾਰਜ ਵਿਖਾਈ ਦਿੰਦਾ ਹੈ। ਇਸ ਲਈ ਕਾਰਨ-ਕਾਰਜ ਦਾ ਭੇਦ ਤਾਤਵਿਕ ਭੇਦ ਨਹੀਂ ਹੈ। ਇਹ ਭੇਦ ਕੇਵਲ ਵੇਖਣ ਵਿਚ ਹੀ ਆਉਂਦਾ ਹੈ । ਇਸ ਮੱਤ ਨੂੰ, ਜਿਹੜਾ ਕਿ ਅਦਵੈਤ ਵੇਦਾਂਤ ਵਿਚ ਸਵੀਕਾਰ ਕੀਤਾ ਜਾਂਦਾ ਹੈ, ਵਿਵਰਤਵਾਦ ਕਹਿੰਦੇ ਹਨ । ਆਰੰਭਵਾਦ ਵਿਚ ਕਾਰਜ ਕਾਰਨ ਅਲੱਗ ਅਲੱਗ ਹਨ, ਪਰਿਮਾਣਵਾਦ ਵਿਚ ਉਨ੍ਹਾਂ ਵਿਚ ਤਾਤਵਿਕ ਭੇਦ ਨਾ ਹੁੰਦੇ ਹੋਏ ਵੀ ਅਵਿਅਕਤ-ਵਿਅਕਤ ਅਵਸਥਾ ਦਾ ਭੇਦ ਮੰਨਿਆ ਜਾਂਦਾ ਹੈ, ਪ੍ਰੰਤੂ ਵਿਵਰਤਵਾਦ ਵਿਚ ਨਾ ਤਾਂ ਤਾਤਵਿਕ ਭੇਦ ਹੈ ਅਤੇ ਨਾ ਹੀ ਅਵਸਥਾ ਦਾ । ਕਾਰਜ ਕਾਰਨ ਦਾ ਭੇਦ ਧੋਖੇ ਵਾਲਾ ਭੇਦ ਹੈ ਅਤੇ ਭਰਮ ਕਰ ਕੇ ਸਹੀ ਕਾਰਜ ਵੀ ਅਸਲ ਵਿਚ ਅਸੱਤ ਹੀ ਜਾਪਦਾ ਹੈ । ਜਦੋਂ ਤੱਕ ਦ੍ਰਿਸ਼ਟੀ ਦੋਸ਼ ਵਾਲੀ ਹੈ, ਉਦੋਂ ਤੱਕ ਵਿਹਾਰਕ ਦਸ਼ਾ ਵਿਚ ਉਹ ਦੋਵੇਂ ਵੱਖਰੇ ਵੱਖਰੇ ਵਿਖਾਈ ਦਿੰਦੇ ਹਨ । ਦ੍ਰਿਸ਼ਟੀ ਦੋਸ਼ ਦੇ ਇਕਮਿਕ ਹੁੰਦੇ ਹੀ ਕਾਰਜ ਇਕਮਿਕ ਹੁੰਦਾ ਹੈ ਅਤੇ ਕਾਰਨ ਦੇ ਸ਼ੁੱਧ ਰੂਪ ਦੇ ਗਿਆਨ ਦਾ ਪਤਾ ਲਗਦਾ ਹੈ।

ਕਾਰਨ ਦੀਆਂ ਤਿੰਨ ਕਿਸਮਾਂ ਮੰਨੀਆਂ ਗਈਆਂ ਹਨ :

(1) ਉਤਪਾਦਨ ਕਾਰਨ : ਇਹ ਉਹ ਕਾਰਨ ਹੈ, ਜਿਸ ਵਿਚ ਲਗਾਤਾਰ ਸਬੰਧ ਕਰ ਕੇ ਕਾਰਜ ਉਤਪੰਨ ਹੁੰਦਾ ਹੈ, ਅਰਥਾਤ ਉਹ ਵਸਤੂ ਜਿਹੜੀ ਕਾਰਜ ਦੇ ਪਿੰਡ ਦਾ ਨਿਰਮਾਣ ਕਰਦੀ ਹੈ, ਉਤਪਾਦਨ ਕਹਾਉਂਦੀ ਹੈ। ਮਿੱਟੀ ਘੜੇ ਦਾ ਜਾਂ ਧਾਗਾ ਕਪੜੇ ਦਾ ਉਤਪਾਦਨ ਕਾਰਨ ਹੈ। ਇਸ ਨੂੰ ਸਮਵਾਇ ਕਾਰਨ ਵੀ ਕਹਿੰਦੇ ਹਨ।

(2) ਅਸਮਵਾਇ ਕਾਰਨ : ਸਮਵਾਇ ਕਾਰਨ ਨਾਲ ਲਗਾਤਾਰ ਰੱਖ ਕੇ ਕਾਰਜ ਦੀ ਉਤਪਤੀ ਵਿਚ ਸਹਾਇਕ ਹੁੰਦਾ ਹੈ। ਧਾਗੇ ਰੰਗਾਂ ਵਿਚ, ਜਿਹੜਾ ਕਪੜੇ ਦਾ ਸਮਵਾਇ ਕਾਰਨ ਹੈ, ਹਮੇਸ਼ਾ ਹੈ। ਸੰਬੰਧ ਕਰ ਕੇ ਹੈ ਅਤੇ ਇਹੋ ਰੰਗ ਕਪੜੇ ਦੇ ਰੰਗ ਕਾਰਨ ਧਾਗੇ ਦੇ ਰੰਗ ਨੂੰ ਕਪੜੇ ਦਾ ਅਸਮਵਾਇ ਕਾਰਨ ਕਿਹਾ ਜਾਂਦਾ ਹੈ। ਸਮਵਾਇ ਕਾਰਨ ਪਦਾਰਥ ਰੂਪ ਹੁੰਦਾ ਹੈ, ਪ੍ਰੰਤੂ ਅਸਮਵਾਇ ਕਾਰਨ ਗੁਣ ਜਾਂ ਕਿਰਿਆ ਰੂਪ ਵਿਚ ਹੁੰਦਾ ਹੈ।

(3) ਨਿਮਿਤ ਕਾਰਨ : ਸਮਵਾਇ ਕਾਰਨ ਵਿਚ ਗਤੀ ਪੈਦਾ ਕਰਦਾ ਹੈ, ਜਿਸ ਨਾਲ ਕਾਰਜ ਦੀ ਉਤਪਤੀ ਹੁੰਦੀ ਹੈ। ਘੁਮਿਆਰ ਘੜੇ ਦਾ ਨਿਮਿਤ ਹੈ ਕਿਉਂਕਿ ਉਹੀ ਉਪਾਦਾਨ ਨਾਲ ਘੜੇ ਦਾ ਨਿਰਮਾਣ ਕਰਦਾ ਹੈ। ਸਮਵਾਇ ਅਤੇ ਅਸਮਵਾਇ ਤੋਂ ਭਿੰਨ ਹੋਰ ਸਾਰੇ ਕਾਰਨ ਜਿਹੜੇ ਬਿਨਾਂ ਤੱਥ ਦੇ ਨਹੀਂ ਹੁੰਦੇ ਨਿਮਿਤ ਕਾਰਨ ਕਹਾਉਂਦੇ ਹਨ। ਅਰਸਤੂ ਅਨੁਸਾਰ ਕਾਰਨ ਦੀ ਇਕ ਚੌਥੀ ਕਿਸਮ ਹੁੰਦੀ ਹੈ, ਜਿਸ ਨੂੰ ਉਹ ਪ੍ਰਯੋਕਤ (ਫ਼ਾਈਨਲ) ਕਾਰਨ ਕਹਿੰਦਾ ਹੈ। ਜਿਸ ਉਦੇਸ਼ ਨਾਲ ਕਾਰਜ ਦਾ ਨਿਰਮਾਣ ਹੁੰਦਾ ਹੈ, ਉਹ ਉਦੇਸ਼ ਵੀ ਕਾਰਜ ਦਾ ਕਾਰਨ ਹੁੰਦਾ ਹੈ। ਪਾਣੀ ਰੱਖਣ ਲਈ ਘੜੇ ਦਾ ਨਿਰਮਾਣ ਹੁੰਦਾ ਹੈ, ਇਸ ਲਈ ਉਹ ਉਦੇਸ਼ ਘੜੇ ਦਾ ਪ੍ਰਯੋਜਕ ਕਾਰਨ ਹੈ। ਇਸ ਚੌਥੀ ਪ੍ਰਕਾਰ ਦੇ ਕਾਰਨ ਨੂੰ ਨਿਮਿਤ ਵਿਚ ਹੀ ਸ਼ਾਮਲ ਕੀਤਾ ਜਾ ਸਕਦਾ ਹੈ।

ਕਾਰਨ ਦੇ ਬਾਰੇ ਵਿਚ ਆਰੰਭਵਾਦ ਦਾ ਸਿਧਾਂਤ ਨਿਮਿਤ ਕਾਰਨ ਨੂੰ ਮਹੱਤਵ ਦਿੰਦਾ ਹੈ। ਕਿਸੇ ਉਦੇਸ਼ ਦੀ ਪੂਰਤੀ ਲਈ ਕਾਰਜ ਦਾ ਨਿਰਮਾਣ ਹੁੰਦਾ ਹੈ, ਜੇ ਕਰ ਉਹ ਉਦੇਸ਼ ਸਥਿਤ ਵਸਤੂਆਂ ਨਾਲ ਮੁਕੰਮਲ ਹੋ ਜਾਵੇ ਤਾਂ ਕਾਰਜ ਦੀ ਲੋੜ ਹੀ ਨਹੀਂ ਰਹੇਗੀ। ਇਸ ਲਈ ਕਾਰਜ ਦੀ ਸਥਿਤੀ ਨਿਮਿਤ ਤੋਂ ਵੱਖਰੀ ਹੈ ਅਤੇ ਉਸ ਦੀ ਪੂਰਤੀ ਲਈ ਨਿਮਿਤ ਉਪਾਦਾਨ ਵਿਚ ਹਰਕਤ ਪੈਦਾ ਕਰਦਾ ਹੈ। ਜੀਵਾਂ ਨੂੰ ਉਨ੍ਹਾਂ ਦੇ ਕਰਮਾਂ ਦੇ ਫਲ ਭੁਗਤਣ ਦੇ ਉਦੇਸ਼ ਨਾਲ ਰੱਬ ਸੰਸਾਰ ਦਾ ਨਿਰਮਾਣ ਕਰਦਾ ਹੈ। ਪਰਿਣਾਮਵਾਦ ਦਾ ਜ਼ੋਰ ਉਪਾਦਾਨ ਕਾਰਨ ਉੱਤੇ ਹੈ। ਵਸਤੂ ਨੂੰ ਗਤੀ ਦਿਤੀ ਨਹੀਂ ਜਾਂਦੀ, ਸਗੋਂ ਗਤੀ ਤਾਂ ਵਸਤੂ ਦੇ ਸੁਭਾਉ ਦਾ ਅੰਗ ਹੈ। ਇਸ ਲਈ ਮੁੱਖ ਕਾਰਨ ਗਤੀ (ਨਿਮਿਤ) ਨਹੀਂ, ਸਗੋਂ ਗਤੀ ਦਾ ਆਧਾਰ (ਉਪਾਦਾਨ ਪ੍ਰਕਿਰਤੀ) ਹੈ। ਆਪਣੇ ਆਪ ਉਪਾਦਾਨ ਦਾ ਸਿੱਟਾ ਕਾਰਜ ਦੇ ਰੂਪ ਵਿਚ ਨਿਕਲਦਾ ਹੈ, ਕੇਵਲ ਅਸਪਸ਼ਟਤਾ ਦੇ ਪਰਦੇ ਨੂੰ ਦੂਰ ਕਰਨ ਲਈ ਅਤੇ ਸੁੱਤੀ ਗਤੀ ਨੂੰ ਜਗਾਉਣ ਲਈ ਕਿਸੇ ਨਿਮਿਤ ਦੀ ਲੋੜ ਹੁੰਦੀ ਹੈ।

ਕਾਰਨ ਦੇ ਸਬੰਧ ਵਿਚ ਜੇਕਰ ਛਿੰਨਵਾਦ ਦਾ ਉਲੇਖ ਨਾ ਕੀਤਾ ਜਾਵੇ ਤਾਂ ਇਹ ਵਿਸ਼ਾ ਅਧੂਰਾ ਹੀ ਰਹਿ ਜਾਵੇਗਾ। ਉਪਾਦਾਨ ਅਤੇ ਨਿਮਿਤ ਭਾਵ ਰੂਪ ਹੋਣ ਦੇ ਕਾਰਨ ਬੁੱਧ ਮੱਤ ਦੇ ਅਨੁਸਾਰ ਛਿੰਨ-ਮਾਤਰ ਹਨ। ਉਨ੍ਹਾਂ ਦੀ ਸਥਿਤੀ ਇਕ ਛਿੰਨ ਤੋਂ ਵੱਧ ਨਹੀਂ ਰਹਿ ਸਕਦੀ। ਅਜਿਹੀ ਸਥਿਤੀ ਵਿਚ ਜਦੋਂ ਉਤਪਾਦਨ ਹਰ ਛਿੰਨ ਬਦਲਦਾ ਰਹਿੰਦਾ ਹੈ ਤਾਂ ਉਹ ਕਾਰਜ ਨੂੰ ਕਿਵੇਂ ਉਤਪੰਨ ਕਰ ਸਕੇਗਾ ? ਆਪਣੇ ਇਕ ਛਿੰਨ ਦੇ ਜੀਵਨ ਵਿਚ ਉਹ ਦੂਜੀ ਵਸਤੂ ਉਤਪੰਨ ਨਹੀਂ ਕਰ ਸਕਦਾ । ਉਤਪਾਦਨ ਲਈ ਘੱਟ ਤੋਂ ਘੱਟ ਚਾਰ ਛਿੰਨਾਂ ਤੱਕ ਕਾਰਨ ਦੀ ਸਥਿਤੀ ਦੀ ਲੋੜ ਹੁੰਦੀ ਹੈ। ਪਹਿਲੇ ਛਿੰਨ ਵਿਚ ਉਤਪਤੀ, ਦੂਜੇ ਛਿੰਨ ਵਿਚ ਸਥਿਤੀ, ਤੀਜੇ ਛਿੰਨ ਵਿਚ ਦੂਜੀ ਵਸਤੂ ਦਾ ਉਤਪਾਦਨ ਅਤੇ ਚੌਥੇ ਛਿੰਨ ਵਿਚ ਨਾਸ਼। ਪ੍ਰੰਤੂ ਜਦੋਂ ਕਾਰਨ ਚਾਰ ਛਿੰਨਾਂ ਤਕ ਰਹਿ ਗਿਆ ਤਾਂ ਫਿਰ ਉਸ ਦਾ ਨਾਸ਼ ਕੌਣ ਕਰ ਸਕਦਾ ਹੈ। ਪਰ ਇਸ ਗੱਲ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਕਾਰਨ ਸਦਾ ਜਿਉਂ ਦਾ ਤਿਉਂ ਬਣਿਆ ਰਹਿੰਦਾ ਹੈ। ਜੇਕਰ ਕਾਰਨ ਅਵਿਨਾਸ਼ੀ ਹੈ ਤਾਂ ਉਹ ਤਿੰਨਾਂ ਕਾਲਾਂ ਵਿਚ ਅਵਿਨਾਸ਼ੀ ਹੋਵੇਗਾ, ਫਿਰ ਕਾਰਨ ਤੋਂ ਕਾਰਜ ਦੀ ਉਤਪਤੀ ਕਿਵੇਂ ਹੋ ਸਕਦੀ ਹੈ ? ਜੇਕਰ ਵਸਤੂ ਅਵਿਨਾਸ਼ੀ ਹੈ ਤਾਂ ਇਸ ਦਾ ਆਰੰਭ ਕਿਵੇਂ ਹੋਵੇਗਾ। ਨਾ ਪਰਿਣਾਮਵਾਦ ਅਤੇ ਨਾ ਹੀ ਆਰੰਭਵਾਦ ਇਸ ਗੱਲ ਦਾ ਉੱਤਰ ਦੇ ਸਕਦਾ ਹੈ। ਭਰਮਵਾਦ ਤਿਆਗਣਯੋਗ ਹੈ ਕਿਉਂਕਿ ਇਹ ਸਾਰੇ ਸੰਸਾਰ ਨੂੰ ਹੀ ਮਿਥਿਆ ਮੰਨਦਾ ਹੈ। ਬਲਕਿ ਛਿੰਨਵਾਦ ਛਿੰਨਸੰਤਾਨ ਨੂੰ ਹੀ ਸਤਿ ਮੰਨਦੇ ਹੋਏ ਕਹਿੰਦਾ ਹੈ ਕਿ ਕਾਰਨ-ਕਾਰਜ ਦਾ ਸਬੰਧ ਕੇਵਲ ਕ੍ਰਮ ਦਾ ਸਬੰਧ (Relation of Sequence) ਹੈ। ਛਿੰਨ ਸੰਤਾਨ ਵਿਚ ਜੋ ਪਹਿਲਾ ਛਿੰਨ ਹੈ ਉਹ ਕਾਰਨ ਅਤੇ ਮਗਰੋਂ ਵਾਲਾ ਛਿੰਨ ਕਾਰਜ ਕਿਹਾ

ਜਾ ਸਕਦਾ ਹੈ। ਇਸ ਕ੍ਰਮ ਤੋਂ ਸਿਵਾ ਉਨ੍ਹਾਂ ਵਿਚ ਤਾਤਵਿਕ ਕੋਈ ਸਬੰਧ ਨਹੀਂ ਹੈ।

ਹ. ਪੁ.—ਹਿੰ. ਵਿ. ਕੋ. 2 : 463

**ਕਾਰਨਸ :** ਭਵਨ ਉਸਾਰੀ ਵਿਚ ਪਹਿਲੋਂ ਪਹਿਲ ਕਮਰੇ ਵਿਚ ਬਣੀ ਅੰਗੀਠੀ ਦੇ ਉਪਰਲੇ ਪਾਸੇ ਬਾਹਰਵਾਰ ਵਧੇ ਹੋਏ ਕੰਧ ਦੇ ਭਾਗ ਨੂੰ ਕਾਰਨਸ ਕਿਹਾ ਜਾਂਦਾ ਸੀ, ਜਿਹੜਾ ਕਿ ਧੂੰਏ ਨੂੰ ਨਿਯੰਤਰਿਤ ਕਰਕੇ ਚਿਮਨੀ ਤਕ ਪਹੁੰਚਾਉਂਦਾ ਸੀ। ਧੂੰਏ ਨੂੰ ਇਕੱਠਾ ਕਰਨ ਦੇ ਕੰਮ ਲਈ ਬਣਾਉਣ ਕਰਕੇ ਇਸ ਨੂੰ ਅੰਗੀਠੀ ਕਹਿ ਦਿਤਾ ਜਾਂਦਾ ਸੀ। ਮਗਰੋਂ ਇਸ ਸ਼ਬਦ ਦਾ ਇਸਤੇਮਾਲ ਸਜਾਵਟ ਲਈ ਬਣਾਏ ਕੰਧ ਵਿਚ ਕਿਸੇ ਵਾਧਰੇ ਲਈ ਹੋਣ ਲਗ ਗਿਆ। ਚਿਮਨੀ ਦੀ ਤਰ੍ਹਾਂ ਇਹ ਵੀ ਉੱਤਰੀ ਪ੍ਰਾਚੀਨ ਵਿਕਾਸ ਦੀ ਹੀ ਦੇਣ ਹੈ। ਮੁੱਢਲੀਆਂ ਕਾਰਨਸਾਂ ਵਿਚ ਕਈ ਵਾਰੀ ਹੇਠਲੇ ਪਾਸੇ ਬਾਲੇ ਪਾਏ ਹੁੰਦੇ ਸਨ ਜਿਹੜੇ ਕਿ ਸਾਊਥੈਂਪਨ ਦੇ ਰਾਜੇ ਦੇ ਮਹੱਲ ਅਤੇ ਰੋਚੈਸਟਰ ਕਾਸਲ ਇੰਗਲੈਂਡ ਵਿਖੇ ਵੇਖੇ ਜਾ ਸਕਦੇ ਹਨ। ਬਾਅਦ ਵਿਚ ਕਾਰਨਸ ਦੇ ਹੇਠਲੇ ਭਾਗ ਨੂੰ ਠੋਸ ਬਣਾਉਣਾ ਸ਼ੁਰੂ ਕਰ ਦਿਤਾ ਤਾਂ ਜੋ ਅੰਗੀਠੀ ਚੌਰਸ ਬਣ ਜਾਵੇ ਅਤੇ ਕਈ ਵਾਰੀ ਅਜਿਹੀ ਅੰਗੀਠੀ ਕੰਧ ਦੇ ਅੰਦਰਵਾਰ ਹੀ ਬਣਾਈ ਜਾਂਦੀ ਸੀ।

ਮਗਰੋਂ ਪ੍ਰਾਚੀਨ ਕਾਲ ਵਿਚ ਅੰਗੀਠੀਆਂ ਨੂੰ ਵੱਡੇ ਆਕਾਰ ਦਾ ਅਤੇ ਇਕ ਤੋਂ ਵੱਧ ਥਾਵਾਂ ਉਤੇ ਬਣਾਉਣਾ ਆਰੰਭ ਹੋ ਗਿਆ ਸੀ (ਇਕ ਹਾਲ ਵਿਚ ਦੋ ਜਾਂ ਤਿੰਨ ਸਥਾਨਾਂ ਉਤੇ)।

ਪੁਨਰ ਜਾਗ੍ਰਤੀ ਕਾਲ ਸਮੇਂ ਅੰਗੀਠੀਆਂ ਨੂੰ ਕੱਲਮਾਂ ਜਾਂ ਥੰਮ੍ਹਣੀਆਂ ਅਤੇ ਡਾਟਾਂ ਨਾਲ ਸਜਾਇਆ ਜਾਂਦਾ ਸੀ ਅਤੇ ਕਈ ਵਾਰੀ ਤਾਂ ਉਪਰਲੇ ਹਿੱਸੇ ਉਤੇ ਕਾਫ਼ੀ ਸਜਾਵਟੀ ਕੰਮ ਕੀਤਾ ਜਾਂਦਾ ਸੀ। ਉੱਤਰੀ ਇਤਾਲਵੀ ਮਹੱਲਾਂ ਵਿਚ ਅਜਿਹੀ ਬਾਰੀਕੀ ਵਾਲੀ ਸਜਾਵਟ ਦੀਆਂ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਫ਼ਰਾਂਸ ਦੇ ਬਲੌਟਿਸ ਅਤੇ ਕੈਂਬਰਡ ਦੀਆਂ ਅੰਗੀਠੀਆਂ ਬਹੁਤ ਪ੍ਰਸਿੱਧ ਹਨ। ਇੰਗਲੈਂਡ ਵਿਚ ਵੀ ਅਜਿਹੀਆਂ ਅੰਗੀਠੀਆਂ ਵੇਖੀਆਂ ਜਾ ਸਕਦੀਆਂ ਹਨ। ਫ਼ਰਾਂਸ ਵਿਚ ਸ਼ਾਸਤਰਵਾਦ ਤੋਂ ਬਾਅਦ ਹੈਨਰੀ ਦੂਜੇ ਅਤੇ ਹੈਨਰੀ ਚੌਥੇ ਦੇ ਸਮੇਂ ਦੀਆਂ ਚਿਮਨੀਆਂ ਤੋਂ ਬੇਰੋਕ ਸ਼ੈਲੀ ਅਤੇ ਅਲੰਕ੍ਰਿਤ ਸਾਹਿਤ ਸ਼ੈਲੀ ਦੇ ਡਿਜ਼ਾਈਨ ਦੀ ਝਲਕ ਪੈਂਦੀ ਹੈ।

ਜਰਮਨ ਡਿਜ਼ਾਈਨ ਨੇ ਜ਼ਿਆਦਾਤਰ ਫ਼ਰਾਂਸ ਦੀ ਨਕਲ ਕੀਤੀ ਹੈ, ਇੱਥੇ ਕਾਰਨਸਾਂ ਦੀ ਗਿਣਤੀ ਬਹੁਤ ਘੱਟ ਸੀ, ਕਿਉਂਕਿ ਇੱਥੇ ਆਮ ਕਰਕੇ ਚੀਨੀ ਮਿੱਟੀ ਦੇ ਚੁੱਲ੍ਹਿਆਂ ਦਾ ਇਸਤੇਮਾਲ ਕੀਤਾ ਜਾਂਦਾ ਸੀ।

ਇੰਗਲੈਂਡ ਵਿਚ ਪਹਿਲੋਂ ਪਹਿਲ ਪੁਨਰ ਜਾਗ੍ਰਤੀ ਕਾਲ ਦੀਆਂ ਅੰਗੀਠੀਆਂ ਉਤੇ ਸਧਾਰਨ ਡਾਟਾਂ ਦੀ ਨੱਕਾਸ਼ੀ, ਕਿੰਗਰੇ ਅਤੇ ਕਾਰਨਸਾਂ ਇਸ ਢੰਗ ਨਾਲ ਬਣਾਈਆਂ ਜਾਂਦੀਆਂ ਸਨ ਕਿ ਇਹ ਇਕ ਅਲਮਾਰੀ ਦਾ ਕੰਮ ਦੇ ਸਕਣ। ਮਗਰੋਂ ਦੀਵਾਰਗੀਰ ਜਾਂ ਚੌਖਟੇ, ਸੁੰਦਰ ਥੰਮ ਅਤੇ ਕੱਲਮ ਵਰਤੇ ਜਾਂਦੇ ਸਨ, ਬੇਸ਼ਕ ਉਭਰਵੀਂ ਸਜਾਵਟ ਨੇ ਡਾਟਾਂ ਦੀ ਨੱਕਾਸ਼ੀ ਵਾਲੀ ਥਾਂ ਲੈ ਲਈ ਸੀ ਅਤੇ ਕਾਰਨਸਾਂ ਖ਼ਤਮ ਹੋ ਗਈਆਂ ਸਨ। ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਬਣੀ ਅੰਗਰੇਜ਼ੀ ਕਾਰਨਸ, ਜਿਹੜੀ ਕਿ ਰਾਬਰਟ ਐਡਮ ਸਟਾਈਲ ਵਾਲੀ ਸੀ, ਉਤੇ ਲੂਈਸ ਸੋਲ੍ਹਵੇਂ ਦਾ ਜ਼ਿਆਦਾ ਪ੍ਰਭਾਵ ਪਿਆ ਜਾਪਦਾ ਹੈ।

ਅਮਰੀਕਨ ਸ਼ਹਿਰੀ ਆਬਾਦੀ ਵਿਚ ਵੀ ਆਮ ਕਰਕੇ ਅੰਗਰੇਜ਼ਾਂ ਦੀ ਨਕਲ ਕੀਤੀ ਗਈ, ਜਿਸ ਦਾ ਪ੍ਰਮਾਣ ਅੰਗਰੇਜ਼ੀ ਭਵਨ ਉਸਾਰੀ ਦੀਆਂ ਵਿਸ਼ੇਸ਼ ਪਲੇਟਾਂ ਤੋਂ ਲਗਾਇਆ ਜਾ ਸਕਦਾ ਹੈ।

ਹ. ਪੁ.—ਐਨ. ਬ੍ਰਿ. 5 : 507



ਮੈਨਰ ਹਾਊਸ ਦੀ ਕਾਰਨਸ (ਸਾਊਥ ਰੇਕਸਾਲ ਇੰਗਲੈਂਡ)



ਰਣਾਈ ਵਾਲੀ ਇਕ ਆਧੁਨਿਕ ਕਾਰਨਸ

**ਕਾਰਨਵਾਲਿਸ :** ਇੰਗਲੈਂਡ ਦ ਇਸ ਬਹਾਦਰ ਕਮਾਂਡਰ ਸਿਆਸਤਦਾਨ ਦਾ ਜਨਮ 31 ਦਸੰਬਰ, 1738 ਨੂੰ ਲੰਡਨ ਵਿਖੇ ਹੋਇਆ । ਇਸ ਦਾ ਪੂਰਾ ਨਾਂ ਚਾਰਲਸ ਕਾਰਨਵਾਲਿਸ ਸੀ। ਸੰਯੁਕਤ ਰਾਜ ਅਮਰੀਕਾ ਦੀ ਸੁਤੰਤਰਤਾ-ਜੰਗ ਵਿਚ ਯਾਰਕ ਟਾਊਨ ਵਿਖੇ ਆਪਣੀ ਹਾਰ ਦੇ ਬਾਵਜੂਦ ਇਸ ਜੰਗ ਵਿਚ ਬਰਤਾਨੀਆ ਦਾ ਸ਼ਾਇਦ ਸਭ ਤੋਂ ਬਹਾਦਰ ਜਰਨੈਲ ਸਾਬਤ ਹੋਇਆ । ਐਪਰ ਇਸ ਨੂੰ ਭਾਰਤ ਦੇ ਬਰਤਾਨਵੀ ਗਵਰਨਰ ਜਨਰਲ (1786-93, 1805) ਅਤੇ ਆਇਰਲੈਂਡ ਦੇ ਵਾਇਸਰਾਏ (1798-1801) ਵਜੋਂ ਵਧੇਰੇ ਜਾਣਿਆ ਜਾਂਦਾ ਹੈ।



ਕਾਰਨਵਾਲਿਸ

ਸੱਤ ਸਾਲਾ ਜੰਗ (1756-63) ਦੇ ਇਸ ਬਹਾਦਰ ਜਰਨੈਲ ਨੇ, ਜਿਸ ਨੇ ਉੱਤਰੀ ਅਮਰੀਕੀ ਨਵ-ਅਬਾਦੀਆਂ ਪ੍ਰਤੀ ਬਰਤਾਨੀਆ ਦੀਆਂ ਨੀਤੀਆਂ ਦੀ ਅਕਸਰ ਵਿਰੋਧਤਾ ਕੀਤੀ ਸੀ, ਇਸ ਵਿਦਰੋਹ ਨੂੰ ਦਬਾਉਣ ਲਈ ਜੰਗ ਕੀਤੀ । 1776 ਵਿਚ ਜਨਰਲ ਜਾਰਜ ਵਾਸ਼ਿੰਗਟਨ ਦੀਆਂ ਫੌਜਾਂ ਨੂੰ ਨਿਊ ਜਰਸੀ ਵਿਚੋਂ ਬਾਹਰ ਕੱਢ ਦਿੱਤਾ ਪਰੰਤੂ 1777 ਦੇ ਸ਼ੁਰੂ ਵਿਚ ਵਾਸ਼ਿੰਗਟਨ ਨੇ ਮੁੜ ਇਸ ਇਲਾਕੇ ਨੂੰ ਕਾਬੂ ਕਰ ਲਿਆ ।

ਜੂਨ, 1780 ਵਿਚ ਕਾਰਨਵਾਲਿਸ ਨੂੰ ਬਰਤਾਨੀਆ ਦੀਆਂ ਫੌਜਾਂ ਦਾ ਕਮਾਂਡਰ ਬਣਾਕੇ ਦੱਖਣ ਵਿਚ ਭੇਜ ਦਿਤਾ ਗਿਆ ਜਿਥੇ ਇਸ ਨੇ ਕਈ ਮੁੱਖ ਜਿੱਤਾਂ ਪ੍ਰਾਪਤ ਕੀਤੀਆਂ । ਪਿਛੋਂ 1781 ਈ. ਵਿਚ ਯਾਰਕ ਟਾਊਨ ਵਿਖੇ ਇਸ ਨੂੰ ਬੜੀ ਜ਼ਬਰਦਸਤ ਹਾਰ ਹੋਈ ਅਤੇ ਸਾਰੇ ਪਾਸਿਆਂ ਤੋਂ ਘਿਰ ਜਾਣ ਕਾਰਨ ਇਸ ਨੂੰ ਹਥਿਆਰ ਸੁਟਣੇ ਪਏ ।

23 ਫਰਵਰੀ, 1786 ਨੂੰ ਇਸ ਨੂੰ ਭਾਰਤ ਵਿਖੇ ਬਰਤਾਨੀਆ ਦਾ ਗਵਰਨਰ ਜਨਰਲ ਬਣਾਕੇ ਭਾਰਤ ਭੇਜ ਦਿਤਾ ਗਿਆ । ਭਾਰਤ ਵਿਖੇ ਸੇਵਾ ਦੌਰਾਨ ਇਸ ਨੇ ਕਈ ਕਾਨੂੰਨੀ ਅਤੇ ਪ੍ਰਬੰਧਕੀ ਸੁਧਾਰ ਕੀਤੇ । ਇਨ੍ਹਾਂ ਸੁਧਾਰਾਂ ਨੂੰ ਕਾਰਨਵਾਲਿਸ ਕੋਡ (1793) ਦਾ ਨਾਂ ਦਿਤਾ ਗਿਆ । ਇਸ ਨੇ ਸਿਵਲ ਕਰਮਚਾਰੀਆਂ ਨੂੰ ਨਿੱਜੀ ਵਪਾਰ ਕਰਨ ਦੀ ਮਨਾਹੀ ਕਰਦੇ ਹੋਏ ਉਨ੍ਹਾਂ ਨੂੰ ਵਧੇਰੇ ਤਨਖਾਹ ਦੇਣ ਦਾ ਉਪਬੰਧ ਕੀਤਾ । ਇਸ ਤਰ੍ਹਾਂ ਇਸ ਨੇ ਭਾਰਤ ਵਿਖੇ ਇਕ ਸਦਾਚਾਰਕ ਰਾਜ ਕਾਇਮ ਕਰ ਦਿਤਾ । ਐਪਰ ਇਸ ਨੂੰ ਭਾਰਤੀਆਂ ਦੀ ਸ੍ਵੈ-ਸਰਕਾਰ ਚਲਾਉਣ ਦੀ ਸਮਰੱਥਾ ਉਤੇ ਵਿਸ਼ਵਾਸ ਨਹੀਂ ਸੀ । ਇਸ ਕਾਰਨ ਇਸ ਦੇ ਕਈ ਸੁਧਾਰ ਜਿਵੇਂ ਕਿ ਦੇਸ਼ ਦੇ ਕਈ ਹਿੱਸਿਆਂ ਵਿਚ ਸਿਵਲ ਅਤੇ ਫ਼ੌਜਦਾਰੀ ਅਦਾਲਤਾਂ ਦਾ ਮੁੜ ਸੰਗਠਨ ਅਤੇ ਬੰਗਾਲ ਵਿਚਲੀ ਆਬਕਾਰੀ ਪ੍ਰਨਾਲੀ ਆਦਿ ਠੀਕ ਸਾਬਤ ਨਾ ਹੋਏ। 1792 ਵਿਚ ਇਸ ਨੇ ਭਾਰਤ ਵਿਖੇ ਬਰਤਾਨਵੀ ਰਾਜ ਦੇ ਵਿਰੋਧੀ, ਰਿਆਸਤ ਮੈਸੂਰ ਦੇ ਬਾਦਸ਼ਾਹ ਟੀਪੂ ਸੁਲਤਾਨ ਨੂੰ ਹਾਰ ਦਿਤੀ ।

ਸੰਨ 1798 ਵਿਚ ਇਸ ਨੂੰ ਵਾਇਸਰਾਇ ਬਣਾਕੇ ਆਇਰਲੈਂਡ ਭੇਜ ਦਿਤਾ ਗਿਆ । ਉਥੇ ਇਸ ਨੇ ਪ੍ਰੋਟੈਸਟੈਂਟ ਅਤੇ ਰੋਮਨ-ਕੈਥੋਲਿਕ ਦੋਹਾਂ ਧਿਰਾਂ ਦਾ ਮਨ ਜਿਤ ਲਿਆ । ਸੰਨ 1798 ਵਿਚ ਆਇਰਲੈਂਡ ਦੇ ਖਤਰਨਾਕ ਵਿਦਰੋਹ ਤੇ ਕਾਬੂ ਪਾਉਣ ਅਤੇ 9 ਸਤੰਬਰ ਨੂੰ ਫਰਾਂਸੀਸੀ ਫੌਜਾਂ ਨੂੰ ਹਰਾਉਣ ਉਪਰੰਤ ਇਸ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਕੇਵਲ ਵਿਦਰੋਹੀ ਨੇਤਾਵਾਂ ਨੂੰ ਸਜ਼ਾ ਦਿਤੀ ਜਾਵੇ । ਇਸ ਨੇ ਆਇਰਲੈਂਡ ਵਿਚ ਵੀ ਬਰਤਾਨਵੀ ਕਰਮਚਾਰੀਆਂ ਵਿਚ ਭ੍ਰਿਸ਼ਟਾਚਾਰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ । ਇਸ ਨੇ ਬਰਤਾਨੀਆ ਅਤੇ ਆਇਰਲੈਂਡ ਦੀ ਪਾਰਲੀਮੈਂਟ ਇਕ ਕਰਨ ਦੀ ਹਮਾਇਤ ਕੀਤੀ। 1801 ਵਿਚ ਇਸ ਨੇ ਅਸਤੀਫਾ ਦੇ ਦਿਤਾ ।

ਭਾਰਤ ਵਿਚ ਸੇਵਾ ਦੇ ਦੌਰਾਨ ਪ੍ਰਬੰਧਕੀ-ਖੇਤਰ ਵਿਚ ਕਾਰਨਵਾਲਿਸ ਨੇ ਬਹੁਤ ਸੁਧਾਰ ਕੀਤਾ । ਇਸ ਨੇ ਚੁੰਗੀ ਵਿਭਾਗ ਵਿਚ ਅਨੇਕਾਂ ਸੁਧਾਰ ਕੀਤੇ । ਪੁਲਿਸ ਅਤੇ ਜੇਲ੍ਹ ਵਿਭਾਗਾਂ ਨੂੰ ਸੰਗਠਿਤ ਕਰਨ ਦਾ ਯਤਨ ਕੀਤਾ ਅਤੇ ਈਸਟ ਇੰਡੀਆ ਕੰਪਨੀ ਦੀ ਆਰਥਿਕ ਸਥਿਤੀ ਮਜ਼ਬੂਤ ਕੀਤੀ । ਖੇਤੀਬਾੜੀ ਦੇ ਖੇਤਰ ਵਿਚ ਵੀ ਇਸ ਨੇ ਕਈ ਮਹੱਤਵਪੂਰਨ ਸੁਧਾਰ ਕੀਤੇ । ਇਸ ਖੇਤਰ ਵਿਚ ਇਸ ਦਾ ਸਭ ਤੋਂ ਪ੍ਰਸਿੱਧ ਕੰਮ ਬੰਗਾਲ ਵਿਚ ਜਗੀਰਦਾਰੀ ਪ੍ਰਣਾਲੀ ਨੂੰ ਸਮਾਪਤ ਕਰਨਾ ਸੀ । ਨਿਆਂ ਦੇ ਖੇਤਰ ਵਿਚ ਵੀ ਇਸ ਨੇ ਕਈ ਸੁਧਾਰ ਕੀਤੇ ।

ਇਨ੍ਹਾਂ ਸਭ ਸੁਧਾਰਾਂ ਦੇ ਬਾਵਜੂਦ ਕਾਰਨਵਾਲਿਸ ਦੀ ਪ੍ਰਸ਼ਾਸਨੀ-ਨੀਤੀ ਵਿਚ ਦੋ ਮੂਲ ਦੋਸ਼ ਸਨ । ਇਕ ਤਾਂ ਇਸ ਨੇ ਭਾਰਤੀਆਂ ਨੂੰ ਉੱਚੇ ਅਹੁਦਿਆਂ ਤੋਂ ਦੂਰ ਰਖਿਆ । ਦੂਜਾ ਇਸ ਨੇ ਕਾਨੂੰਨ ਵਿਧਾਨ ਵਿਚ ਲੋੜ ਤੋਂ ਵਧ ਤਬਦੀਲੀਆਂ ਕੀਤੀਆਂ ਜਿਨ੍ਹਾਂ ਕਾਰਨ ਇਹ ਭਾਰਤੀਆਂ ਵਿਚ ਹਰਮਨ ਪਿਆਰਾ ਨਾ ਹੋ ਸਕਿਆ । 1793 ਵਿਚ ਕਾਰਨਵਾਲਿਸ ਨੂੰ ਵਾਪਸ ਇੰਗਲੈਂਡ ਬੁਲਾ ਲਿਆ ਗਿਆ ।

ਦੂਜੀ ਵਾਰ ਇਸ ਨੂੰ 1805 ਈ. ਵਿਚ ਮੁੜ ਗਵਰਨਰ ਜਨਰਲ ਬਣਾ ਕੇ ਭਾਰਤ ਭੇਜ ਦਿਤਾ ਗਿਆ । ਭਾਰਤ ਵਿਚ ਪਹੁੰਚਣ ਤੋਂ ਦੋ ਮਹੀਨੇ ਉਪਰੰਤ ਹੀ 5 ਅਕਤੂਬਰ, 1805 ਨੂੰ ਗਾਜ਼ੀਪੁਰ ਦੇ ਸਥਾਨ ਤੇ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. ਮਾ. 3 : 159; ਹਿੰ. ਵਿ. ਕੋ. 2 : 471.

**ਕਾਰਨਾਕ :** ਪੱਛਮੀ ਫਰਾਂਸ ਦਾ ਇਹ ਇਕ ਪੁਰਾਣਾ ਪਿੰਡ ਹੈ ਜੋ ਅੰਧ ਮਹਾਂ ਸਾਗਰ ਦੇ ਤੱਟ ਦੇ ਨਜ਼ਦੀਕ ਸਥਿਤ ਹੈ। ਇਹ ਪਿੰਡ ਇਸ ਦੇ ਪੂਰਵ ਇਤਿਹਾਸਕ ਪੱਥਰਾਂ ਕਰਕੇ ਮਸ਼ਹੂਰ ਹੈ ਜੋ 3,000 ਤੋਂ ਵੀ ਵੱਧ ਹਨ । ਇਹ ਪੱਥਰ ਇਥੋਂ ਦੇ ਸਥਾਨਕ ਗ੍ਰੇਨਾਈਟ ਵਿਚੋਂ ਤਰਾਸ਼ੇ ਗਏ ਹਨ ਪਰ ਸਮੇਂ ਨਾਲ ਹੁਣ ਇਹ ਖ਼ਰਾਬ ਹੋ ਚੁੱਕੇ ਹਨ । ਵਖ ਵਖ ਸਮਿਆਂ ਤੇ ਰੋਮਨ ਅਤੇ ਈਸਾਈ ਲੋਕ ਇਨ੍ਹਾਂ ਪੱਥਰਾਂ ਨੂੰ ਆਪਣੇ ਆਪਣੇ ਧਾਰਮਕ ਉਦੇਸ਼ਾਂ ਲਈ ਵਰਤਦੇ ਰਹੇ ਹਨ । ਇਹ ਪੱਥਰ ਵਖ ਵਖ ਸਮਿਆਂ ਤੇ ਬਣਾਏ ਗਏ ਹਨ । ਇਨ੍ਹਾਂ ਦਾ ਕਾਲ ਨਿਸ਼ਚਿਤ ਕਰਨਾ ਮੁਸ਼ਕਿਲ ਹੈ । ਪੱਥਰ ਵਖ ਵਖ ਢੰਗਾਂ ਨਾਲ ਲਾਈਨਾਂ ਵਿਚ ਰਖੇ ਹੋਏ ਹਨ ।

ਆਬਾਦੀ—2559 (1982)

47° 35′ ਉ. ਵਿਥ.; 3° 05′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 574

**ਕਾਰਨਾਪ, ਰੁਡਾਲਫ਼ :** ਇਹ ਜਰਮਨੀ ਦਾ ਫ਼ਿਲਾਸਫ਼ਰ ਅਤੇ ਤਰਕਾਤਮਕ ਪ੍ਰਤੱਖਵਾਦ ਦਾ ਮੋਢੀ ਸੀ । ਇਸ ਦਾ ਜਨਮ ਰੋਨਜ਼ਡੋਰਫ ਵਿਖੇ 18 ਮਈ, 1891 ਨੂੰ ਹੋਇਆ । ਯੇਨਾ ਯੂਨੀਵਰਸਿਟੀ ਵਿਚ ਵਿਦਿਆ ਪ੍ਰਾਪਤ ਕਰਨ ਸਮੇਂ ਇਸ ਉਤੇ 19ਵੀਂ ਸਦੀ ਦੇ ਸਭ ਤੋਂ ਉੱਘੇ ਤਰਕਵਾਦੀ ਗਾਟੱਲਾਬ ਫਰੀਜ ਦੇ ਲੈਕਚਰਾਂ ਦਾ ਬੜਾ ਪ੍ਰਭਾਵ ਪਿਆ ।

ਪਹਿਲੇ ਸੰਸਾਰ ਯੁੱਧ ਵਿਚ ਨੌਕਰੀ ਕਰਨ ਮਗਰੋਂ 1921 ਵਿਚ ਇਸ ਨੇ ਯੇਨਾ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। ਅਗਲੇ ਕਈ ਸਾਲਾਂ ਤਕ ਇਹ ਤਰਕ ਉੱਤੇ ਖੋਜ ਕਰਦਾ ਰਿਹਾ ਅਤੇ ਇਸ ਨੇ ਪੁਲਾੜ, ਸਮੇਂ ਤੇ ਕਾਰਨਵਾਦ ਉੱਤੇ ਲੇਖ ਲਿਖੇ। ਇਸ ਤੋਂ ਇਲਾਵਾ 1929 ਵਿਚ ਇਸ ਨੇ ਗਣਿਤੀ ਤਰਕ ਉੱਤੇ 'ਇੰਨਟਰੋਡਕਸ਼ਨ ਟੂ ਸਿੰਬੋਲਿਕ ਲੌਜਿਕ ਐਂਡ ਇਟਸ ਐਪਲੀਕੇਸ਼ਨ' ਨਾਂ ਦੀ ਪੁਸਤਕ ਲਿਖੀ।


ਰੂਡਾਲਫ਼ ਕਾਰਨਾਪ

ਸੰਨ 1926 ਵਿਚ ਫ਼ਿਲਾਸਫ਼ਰਾਂ, ਗਣਿਤ-ਵਿਗਿਆਨੀਆਂ ਅਤੇ ਹੋਰ ਵਿਦਵਾਨਾਂ ਦੇ ਸੱਦੇ ਉੱਤੇ ਇਹ ਵਿਐਨਾ ਗਿਆ ਅਤੇ 'ਵਿਐਨਾ ਸਰਕਲ' ਦਾ ਉੱਘਾ ਮੈਂਬਰ ਬਣ ਗਿਆ। ਇਸ ਸਰਕਲ ਦੇ ਵਿਚਾਰ-ਵਟਾਂਦਰੇ ਮਗਰੋਂ ਤਰਕਾਤਮਕ ਪ੍ਰਤੱਖਵਾਦ ਜਾਂ ਤਰਕਾਤਮਕ ਅਨੁਭਵਵਾਦ ਵਿਕਸਿਤ ਹੋਇਆ। 1928 ਵਿਚ ਕਾਰਨਾਪ ਦੀ ਪਹਿਲੀ ਉੱਘੀ ਕ੍ਰਿਤ 'ਦੀ ਲੌਜੀਕਲ ਸਟ੍ਰੱਕਚਰਰ ਆਫ਼ ਦੀ ਵਰਲਡ' ਪ੍ਰਕਾਸ਼ਿਤ ਹੋਈ। ਸੰਨ 1931 ਤੋਂ 1935 ਤੱਕ ਇਹ ਜਰਮਨ ਯੂਨੀਵਰਸਿਟੀ ਪ੍ਰਾਗ ਵਿਚ ਪ੍ਰਕਿਰਤਕ ਫ਼ਿਲਾਸਫ਼ੀ ਦਾ ਪ੍ਰੋਫ਼ੈਸਰ ਰਿਹਾ ਅਤੇ ਅਨੁਭਵਵਾਦ ਉੱਤੇ ਕੰਮ ਕਰਦਾ ਰਿਹਾ। 1936 ਵਿਚ ਛਪੀ ਇਸ ਦੀ ਪੁਸਤਕ ਫ਼ਿਲਾਸਫ਼ੀ ਆਫ਼ ਸਾਇੰਸ (ਤਿੰਨ ਜਿਲਦਾਂ) ਵਿਚਲਾ ਲੇਖ 'ਟੈਸਟੇਬਿਲਟੀ ਐਂਡ ਮੀਨਿੰਗ' ਬਹੁਤ ਪ੍ਰਸਿੱਧ ਹੈ।

ਸੰਨ 1936 ਤੋਂ 1952 ਤੱਕ ਕਾਰਨਾਪ ਸੰਯੁਕਤ ਰਾਜ ਅਮਰੀਕਾ ਵਿਚ ਸ਼ਿਕਾਗੋ ਯੂਨੀਵਰਸਿਟੀ ਵਿਖੇ ਪੜ੍ਹਾਉਂਦਾ ਰਿਹਾ। ਸੰਨ 1940-41 ਵਿਚ ਇਹ ਹਾਰਵਰਡ ਯੂਨੀਵਰਸਿਟੀ ਦਾ ਵਿਜ਼ਿਟਿੰਗ ਪ੍ਰੋਫ਼ੈਸਰ ਵੀ ਸੀ ਅਤੇ ਰਸਲ, ਟਾਰਸਕੀ ਤੇ ਕਵਿਨ ਵਰਗੇ ਵਿਦਵਾਨਾਂ ਨਾਲ ਵਿਚਾਰ-ਵਟਾਂਦਰੇ ਕਰਦਾ ਰਿਹਾ। ਸੰਨ 1934 ਵਿਚ ਇਸ ਦੀ ਪੁਸਤਕ 'ਦੀ ਲੌਜਿਕਲ ਸਿਨਟੈਕਸ ਆਫ਼ ਲੈਂਗਵੇਜਿਜ਼' ਅਤੇ 1947 ਵਿਚ 'ਮੀਨਿੰਗ ਐਂਡ ਨਸੈੱਸਟੀ' ਛਪੀ। ਲਗਭਗ 1945 ਤੋਂ ਮਗਰੋ ਕਾਰਨਾਪ ਨੇ ਆਪਣਾ ਸਾਰਾ ਧਿਆਨ ਆਗਮਨਾਤਮਕ ਦਲੀਲਬਾਜ਼ੀ ਦੀਆਂ ਸਮਸਿਆਵਾਂ, ਵਿਵੇਕਸ਼ੀਲ ਵਿਸ਼ਵਾਸ ਅਤੇ ਨਿਸਚੇ ਵੱਲ ਮੋੜਿਆ। ਇਸ ਸਬੰਧ ਵਿਚ ਇਸ ਨੇ 1950 ਵਿਚ 'ਲੌਜਿਕਲ ਫਾਊਂਡੇਸ਼ਨ ਆਫ਼ ਪ੍ਰੋਬੇਬਿਲਿਟੀ' ਲਿਖ ਕੇ ਆਪਣਾ ਇਹ ਕਰੜਾ ਸਿਧਾਂਤ ਪੇਸ਼ ਕੀਤਾ। 14 ਸਤੰਬਰ, 1970 ਨੂੰ ਇਸ ਦਾ ਦੇਹਾਂਤ ਕੈਲਿਫ਼ੋਰਨੀਆ ਵਿਚ ਸਾਂਤਾ ਮੋਨਿਕਾ ਵਿਖੇ ਹੋਇਆ।

ਹ. ਪੁ.—ਐਨ. ਬ੍ਰਿ. ਮੈ. 3 : 925

**ਕਾਰਨਿਊਟੀਜ਼ :** ਸੰਨ ਅਤੇ ਲਵਾਰ ਦਰਿਆਵਾਂ ਵਿਚਕਾਰ ਕੇਂਦਰੀ ਗਾਲ ਦਾ ਇਹ ਇਕ ਪ੍ਰਾਚੀਨ ਕਬੀਲਾ ਹੁੰਦਾ ਸੀ ਅਤੇ ਕੈਨਬਮ (ਅਜੋਕਾ ਆਰਲੀਐਂਜ਼) ਅਤੇ ਆਟਰੀਕਮ (ਅਜੋਕਾ ਸ਼ਾਰਟਰ) ਇਨ੍ਹਾਂ ਦੇ ਦੋ ਵੱਡੇ ਸ਼ਹਿਰ ਹੁੰਦੇ ਸਨ। ਪਹਿਲੀ ਸਦੀ ਪੂ. ਈ. ਵਿਚ ਇਸ ਕਬੀਲੇ ਦੇ ਲੋਕ ਰੀਮਾਈ (ਜਿਨ੍ਹਾਂ ਦੇ ਰੋਮ ਨਾਲ ਮਿੱਤਰਤਾ ਭਰੇ ਸਬੰਧ ਸਨ) ਲੋਕਾਂ ਤੇ ਆਸ਼ਰਿਤ ਹੁੰਦੇ ਸਨ। 53 ਪੂ.ਈ. ਵਿਚ ਇਨ੍ਹਾਂ ਦੇ ਰੋਮ ਨਾਲੋਂ ਸਬੰਧ ਟੁੱਟ ਗਏ। ਅਗਲੇ ਸਾਲ ਇਹ ਪਹਿਲਾ ਰਾਜ ਸੀ ਜਿਸਨੇ ਮਹਾਨ ਵਿਦਰੋਹ ਖੜ੍ਹਾ ਕਰ ਦਿਤਾ ਸੀ ਅਤੇ ਕੈਨਬਮ ਦੇ ਅਸਥਾਨ ਤੇ ਰੋਮ ਦੇ ਕਈ ਵਪਾਰੀਆਂ ਨੂੰ ਕਤਲ ਕਰ ਦਿਤਾ। ਸੀਜ਼ਰ ਨੇ ਬਦਲੇ ਦੀ ਭਾਵਨਾ ਨਾਲ ਸ਼ਹਿਰ ਨੂੰ ਅੱਗ ਲਾ ਦਿਤੀ ਅਤੇ ਇਥੋਂ ਦੇ ਬਹੁਤ ਸਾਰੇ ਵਾਸੀਆਂ ਨੂੰ ਖ਼ਤਮ ਕਰ ਦਿਤਾ। 52 ਪੂ. ਈ. ਦੀ ਲੜਾਈ ਵਿਚ ਇਸੇ ਕਬੀਲੇ ਕੋਲ 12000 ਹਥਿਆਰਬੰਦ ਵਿਅਕਤੀ ਸਨ। 51 ਪੂ. ਈ. ਵਿਚ ਇਨ੍ਹਾਂ ਨੇ ਆਪਣੇ ਗਵਾਂਢੀ ਬਿਟੂਰਿਜੀਆਂ ਤੇ ਹਮਲਾ ਕਰਕੇ ਸੀਜ਼ਰ ਨੂੰ ਵਖ਼ਤ ਪਾ ਦਿਤਾ। ਆਗਸਟਸ ਨੇ ਕਾਰਨਿਊਟੀਜ਼ ਨੂੰ ਇਤਹਾਦੀ ਰਾਜ ਬਣਾ ਦਿਤਾ ਅਤੇ ਉਨ੍ਹਾਂ ਨੂੰ ਆਪਣੀਆਂ ਸੰਸਥਾਵਾਂ ਨੂੰ ਆਪਣੇ ਅਧਿਕਾਰ ਵਿਚ ਰੱਖਣ ਦੀ ਇਜਾਜ਼ਤ ਦੇ ਦਿਤੀ। 275 ਈ. ਵਿਚ ਰੋਮ ਦੇ ਬਾਦਸ਼ਾਹ ਆਰਲੀਐਨ ਨੇ ਕੈਨਬਮ ਸ਼ਹਿਰ ਨੂੰ ਨਗਰ-ਰਾਜ ਬਣਾ ਦਿਤਾ ਅਤੇ ਇਸ ਦਾ ਨਾਂ ਅਰਬਸ ਆਰਲੀਐਨਨੈਸਿਸ ਰੱਖ ਦਿਤਾ।

ਹ. ਪੁ.—ਐਨ. ਬ੍ਰਿ. 4 : 941; ਐਨ. ਅਮੈ. 5 : 644

**ਕਾਰਨਿਕੋਬਾਰ :** ਭਾਰਤ ਦੇ ਨਿਕੋਬਾਰ ਦੀਪ-ਸਮੂਹ ਵਿਚ ਇਹ ਇਕ ਟਾਪੂ ਹੈ। ਇਥੋਂ ਦਾ ਰਕਬਾ ਲਗਭਗ 120 ਵ. ਕਿ. ਮੀ. ਹੈ। ਦੀਪ ਦੀ ਧਰਾਤਲ ਮੂੰਗਿਆਂ ਨਾਲ ਢੱਕੀ ਪਈ ਹੈ। ਇਸ ਦੇ ਤੱਟ ਉਤੇ ਨਾਰੀਅਲ ਦੇ ਦਰੱਖਤਾਂ ਦੀਆਂ ਕਤਾਰਾਂ ਹੀ ਕਤਾਰਾਂ ਹਨ। ਇਥੇ ਸਾਰਾ ਸਾਲ ਬਹੁਤ ਵਰਖਾ ਹੁੰਦੀ ਹੈ। ਸੋਕੇ ਸਮੇਂ ਇਥੇ ਗਰਮੀ ਬਹੁਤ ਪੈਂਦੀ ਹੈ। ਇਥੇ ਮਲੇਰੀਆ ਬਹੁਤ ਹੁੰਦਾ ਹੈ। ਇਥੋਂ ਦੇ ਲੋਕ ਵਧੇਰੇ ਕਰਕੇ ਵਪਾਰਕ ਰੁਚੀ ਵਾਲੇ ਹਨ। ਕੁਲ ਨਿਕੋਬਾਰ ਦੀਪ ਦੇ ਅੱਧੇ ਨਾਰੀਅਲ ਇਥੇ ਹੀ ਪੈਦਾ ਹੁੰਦੇ ਹਨ। ਇਸ ਕਰਕੇ ਵਪਾਰਕ ਪੱਖੋਂ ਇਹ ਦੀਪ ਬਹੁਤ ਮਹੱਤਵਪੂਰਨ ਹੈ। ਇਥੋਂ ਦੇ ਲੋਕ ਬਾਂਸਾਂ ਦੀਆਂ ਬਹੁਤ ਵਧੀਆ ਚੀਜ਼ਾਂ ਬਣਾਉਂਦੇ ਹਨ। ਹਰੇਕ ਪਿੰਡ ਵਿਚ ਅਲਦਨਮ ਨਾਂ ਦਾ ਇਕ ਖੇਤਰ ਹੁੰਦਾ ਹੈ ਜਿਸ ਵਿਚ ਸਭਾ ਭਵਨ, ਬਦੇਸ਼ੀਆਂ ਦੀ ਬਸਤੀ, ਨਾਰੀਅਲ ਸਬੰਧੀ ਕਾਰਖਾਨੇ ਅਤੇ ਸ਼ਮਸ਼ਾਨ-ਭੂਮੀ ਹੁੰਦੀ ਹੈ। ਜਨਾਜ਼ੇ ਵੇਲੇ ਦੋ ਪਾਰਟੀਆਂ, ਇਹ ਫ਼ੈਸਲਾ ਕਰਨ ਲਈ ਕਿ ਲਾਸ਼ ਨੂੰ ਧਰਤੀ ਵਿਚ ਗੱਡਿਆ ਜਾਵੇ ਜਾਂ ਨਾ, ਆਪਸ ਵਿਚ ਕੁਸ਼ਤੀਆਂ ਕਰਦੀਆਂ ਹਨ।

ਹ. ਪੁ.—ਹਿੰ. ਵਿ. ਕੋ. 2 : 464

**ਕਾਰਨੀਓਲਾ :** ਸਲੋਵੀਨੀਆਂ ਗਣਰਾਜ ਯੂਗੋਸਲਾਵੀਆ ਦਾ ਇਹ ਪੱਛਮੀ ਖੇਤਰ ਹੈ ਜੋ 19ਵੀਂ ਸਦੀ ਵਿਚ ਆਸਟਰੀਅਨ ਰਾਜ ਵਿਚ ਸਲੋਵੀਨੀਅਨ 'ਨੈਸ਼ਨਲਿਸਟ' ਅਤੇ 'ਇੰਡੀਪੈਂਡੈਂਟ' ਸਰਗਰਮੀਆਂ ਦਾ ਕੇਂਦਰ ਸੀ। 16ਵੀਂ ਸਦੀ ਵਿਚ ਇਸ ਖੇਤਰ ਤੇ ਸਲੋਵੀਨੀਆ ਦੇ ਲੋਕਾਂ ਦਾ ਅਧਿਕਾਰ ਹੋਇਆ। 6ਵੀਂ ਤੋਂ 10ਵੀਂ ਸਦੀ ਵਿਚ ਇਹ ਇਕ ਅਲੱਗ ਡਿਸਟ੍ਰਿਕਟ ਬਣ ਗਿਆ ਤੇ ਇਸ ਉਤੇ ਪਾਦਰੀਆਂ ਦਾ ਅਧਿਕਾਰ ਰਿਹਾ। ਸੰਨ 1335 ਵਿਚ ਇਸ ਉਤੇ ਆਸਟ੍ਰੀਆ ਦੇ ਹਾਬਸਬੁਰੱਕਾ ਦਾ ਅਧਿਕਾਰ ਹੋ ਗਿਆ ਜੋ 1918 ਤਕ ਰਿਹਾ। 15ਵੀਂ ਤੋਂ 17ਵੀਂ ਸਦੀ ਤਕ ਇਥੇ ਤੁਰਕੀ ਹਮਲੇ ਹੋਏ, ਕਿਸਾਨਾਂ ਦੀ ਬਗ਼ਾਵਤ ਹੋਈ ਅਤੇ ਧਾਰਮਕ ਗਿਰਾਵਟ ਆਈ। 18-19ਵੀਂ ਸਦੀ ਵਿਚ ਖ਼ਾਸ ਕਰਕੇ ਜਦੋਂ ਇਸ ਉਤੇ ਫ਼ਰਾਂਸ ਦਾ ਕਬਜ਼ਾ ਹੁੰਦਾ ਸੀ ਇਸ ਦੀ ਮਹੱਤਵਪੂਰਨ ਆਰਥਕ ਉੱਨਤੀ ਹੋਈ। 19ਵੀਂ ਸਦੀ ਵਿਚ ਰਾਸ਼ਟਰਵਾਦ ਵੀ ਕਾਰਨੀਓਲਾ ਵਿਚ ਹੀ ਸ਼ੁਰੂ ਹੋਇਆ। ਸੰਨ 1948 ਦੀ ਹਾਬਸਬੁਰੱਕਾਂ ਵਿਰੁਧ ਹੋਈ ਕ੍ਰਾਂਤੀ ਵਿਚ, ਇਥੋਂ ਦੇ ਵਸਨੀਕਾਂ ਨੇ ਇਸ ਨੂੰ ਖ਼ੁਦਮੁਖ਼ਤਾਰ ਸਲੋਵੀਨੀ ਰਾਜ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ ਰਹੇ। ਸੰਨ 1849 ਵਿਚ ਇਸ ਨੂੰ ਔਸਟ੍ਰੀਅਨ ਰਾਜ ਦਾ ਹਿੱਸਾ ਬਣਾਇਆ ਗਿਆ ਤੇ ਇਸ ਅਧੀਨ ਸਲੋਵੀਨੀ ਰਾਸ਼ਟਰਵਾਦੀ ਅੰਦੋਲਨ ਹੋਰ ਤੇਜ਼ ਹੋ ਗਿਆ ਜਿਸ ਕਾਰਨ 1918 ਈ. ਵਿਚ ਕਾਰਨੀਓਲਾ ਨੂੰ ਸਰਬੀਆਂ, ਕ੍ਰੋਟੀਆਂ ਅਤੇ ਸੋਲੋਵੀਨੀਆ ਵਿਚਕਾਰ ਵੰਡ ਦਿਤਾ ਗਿਆ ਤੇ ਇਹ ਤਿੰਨੇ ਰਾਜਾਂ ਨੂੰ ਮਿਲਾਕੇ ਬਾਅਦ ਵਿਚ ਯੂਗੋਸਲਾਵੀਆ ਕਿਹਾ ਜਾਣ ਲੱਗਾ। ਸੰਨ 1947 ਤੋਂ ਬਾਅਦ ਕਾਰਨੀਓਲਾ ਨੂੰ ਪੂਰੀ ਤਰ੍ਹਾਂ ਸਲੋਵੀਨੀਆ ਵਿਚ ਮਿਲਾ ਦਿਤਾ ਗਿਆ।

ਹ. ਪੁ.—ਐਨ. ਬ੍ਰਿ. ਮਾ. 2 : 576

**ਕਾਰਨੀਆਡੀਜ਼ :** ਇਸ ਸਾਈਰੀਨੀ ਵਾਸੀ ਯੂਨਾਨੀ ਫ਼ਿਲਾਸਫ਼ਰ ਦਾ ਜਨਮ 214/3 ਈ. ਪੂ. ਵਿਚ ਹੋਇਆ। ਇਹ

ਰੂੜ੍ਹੀਬੱਧ-ਵਿਰੋਧੀ ਕਾਲ ਸਮੇਂ ਪਲਾਟੋਨਿਕ ਅਕੈਡਮੀ ਦੇ ਮੁੱਖੀਆਂ ਵਿਚੋਂ ਇਕ ਸੀ। 156-55 ਈ. ਪੂ. ਵਿਚ ਰੋਮ ਵਿਚ ਇਕ ਰਾਜਨੀਤਿਕ ਮਿਸ਼ਨ ਸਮੇਂ ਇਸ ਨੇ ਇਕ ਦਿਨ ਕਾਨੂੰਨ ਜਾਂ ਇਨਸਾਫ਼ ਦੇ ਹੱਕ ਵਿਚ ਜ਼ਬਰਦਸਤ ਲੈਕਚਰ ਦਿਤਾ ਅਤੇ ਦੂਜੇ ਦਿਨ ਬੇਇਨਸਾਫ਼ੀ ਦੇ ਵਿਸ਼ੇ ਉਤੇ ਵੀ ਉਸੇ ਜ਼ੋਰ ਨਾਲ ਬੋਲਿਆ, ਜਿਸ ਵਿਚ ਇਸ ਨੇ ਸਿੱਧ ਕੀਤਾ ਕਿ ਪ੍ਰਾਈਵੇਟ ਤੇ ਪਬਲਿਕ ਅਤੇ ਵਿਸ਼ੇਸ਼ ਕਰ ਕੇ ਅੰਤਰਰਾਸ਼ਟਰੀ ਮਾਮਲਿਆਂ ਨੂੰ ਨਿਪਟਾਉਣ ਲਈ ਇਨਸਾਫ਼ ਦੀ ਗੱਲ ਕਰਨਾ ਬਿਲਕੁਲ ਨਿਰਮੂਲ ਹੈ। ਇਸੇ ਰੌਂ ਵਿਚ ਇਸ ਨੇ ਐਪੀਕਿਊਰੀਅਨ ਧਰਮ-ਵਿਗਿਆਨ ਨੂੰ ਖ਼ੂਬ ਭੰਡਿਆ। ਇਸ ਦੀਆਂ ਬਹੁਤ ਸਾਰੀਆਂ ਦਲੀਲਾਂ ਪ੍ਰਮਾਣੀਕ ਬਣ ਗਈਆਂ। ਇਸ ਦੇ ਇਸ ਵਿਰੱਕਤ ਰਵੱਈਏ ਦਾ ਮੂਲ ਆਧਾਰ ਇਸ ਗੱਲ ਤੇ ਸੀ ਕਿ ਇਹ ਨਹੀਂ ਮੰਨਦਾ ਕਿ ਇੰਦਰੀਆਂ ਜਾਂ ਦਿਮਾਗ਼ ਕਰ ਕੇ ਕਿਸੇ ਕਿਸਮ ਦਾ ਕੋਈ ਪਰਪੱਕ ਗਿਆਨ ਹੁੰਦਾ ਹੈ।

ਆਰਸੈਸਿਲਾਸ ਦੇ ਸਮੇਂ ਤੋਂ ਹੀ ਅਕੈਡਮੀ ਵਿਚ ਇਸ ਗੱਲ ਸਬੰਧੀ ਇਤਰਾਜ਼ ਉਠਦੇ ਰਹੇ ਕਿ ਅਜਿਹੇ ਰਵੱਈਏ ਦੇ ਹੁੰਦੇ ਹੋਏ ਜੀਵਨ ਜਿਊਣਾ ਅਸੰਭਵ ਹੋ ਜਾਵੇਗਾ । ਇਸ ਇਤਰਾਜ਼ ਨੂੰ ਕਾਰਨੀਆਡੀਜ਼ ਨੇ ਬਾਹਰਮੁਖੀ ਸਤਿ ਅਤੇ ਅੰਤਰੀਵ ਨਿਸ਼ਚਾ ਦੇ ਅੰਤਰ ਦੁਆਰਾ ਸਮਝਾਇਆ। ਇਸ ਦੀ ਲਿਖਤ ਕੋਈ ਨਹੀਂ ਮਿਲਦੀ । ਇਸ ਦੇ ਜਾਂਨਸ਼ੀਨ ਕਲਾਈਟੋਮਾਕਸ ਨੇ ਇਸ ਦੇ ਵਿਚਾਰਾਂ ਦੀ ਵਿਆਖਿਆ ਕੀਤੀ ਸੀ।

129/8 ਈ. ਪੂ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 930

**ਕਾਰਨੀਵੱਲ :** ਅੰਗਰੇਜ਼ਾਂ ਦਾ ਇਹ ਇਕ ਤਿਉਹਾਰ ਹੈ ਜਿਸ ਦਾ ਆਰੰਭ ਪਹਿਲਾਂ 6 ਜਨਵਰੀ ਨੂੰ ਮਨਾਏ ਜਾਂਦੇ ਐਪੀਫੈਨੀ ਦੇ ਪੁਰਬ ਤੋਂ ਜਾਂ 'ਬਾਰ੍ਹਵੇਂ ਦਿਨ' ਤੋਂ ਕਰ ਕੇ ਸਮਾਪਤੀ ਸ੍ਰੋਵ ਮੰਗਲਵਾਰ ਤੇ ਕੀਤੀ ਜਾਂਦੀ ਸੀ; ਪਰੰਤੂ ਬਾਅਦ ਵਿਚ ਇਹ ਐਸ਼ ਬੁੱਧਵਾਰ ਦੀ ਫ਼ੀਸਟ ਤੋਂ ਪਹਿਲਾਂ ਕੇਵਲ ਅੱਠ ਦਿਨਾਂ ਲਈ ਨਿਸ਼ਚਿਤ ਕਰ ਦਿਤਾ ਗਿਆ, ਜਿਸ ਫੀਸਟ ਮਗਰੋਂ ਕਿ ਲੰਬੇ ਵਰਤਾਂ ਦਾ ਪੁਰਬ ਮਨਾਇਆ ਜਾਂਦਾ ਸੀ। ਇਸ ਦਾ ਮੁੱਢ ਮੂਰਤੀ ਪੂਜਕ ਰੋਮਨ ਲੋਕਾਂ ਦੇ ਸਟੇਰਨੇਲੀਆ ਤਿਉਹਾਰ ਤੋਂ ਬੱਝਾ, ਜਿਨ੍ਹਾਂ ਨੇ ਕਿ ਈਸਾਈ ਬਣਨ ਸਮੇਂ ਆਪਣੇ ਬੇਸ਼ੁਮਾਰ ਰੀਤੀ-ਰਿਵਾਜ ਆਪਣੇ ਨਵੇਂ ਧਰਮ ਵਿਚ ਲੈ ਆਂਦੇ । ਰੋਮਨ ਕੈਥੋਲਿਕ ਜਰਮਨੀ ਵਿਚ ਇਸ ਨੂੰ ਨਾਟਕ ਦਾ ਪੂਰਵਗਾਮੀ ਮੰਨਦੇ ਹਨ ਅਤੇ ਨਿਊਰੈਮਬਰਗ ਵਿਖੇ ਪਹਿਲੇ ਵਰਤ ਦੀ ਰਾਤ ਨੂੰ ਨਾਟਕ ਪੇਸ਼ ਕੀਤਾ ਗਿਆ ਸੀ। ਬਾਅਦ ਵਿਚ ਇਹ ਸਾਂਗਾਂ ਅਤੇ ਰਹੱਸਾਂ ਦੇ ਰੂਪ ਵਿਚ ਵਿਕਸਿਤ ਹੋ ਗਿਆ। ਜਰਮਨੀ ਵਿਚ ਪਹਿਲਾਂ ਕੇਵਲ ਕੈਥੋਲਿਕ ਲੋਕ ਹੀ ਇਹ ਤਿਉਹਾਰ ਮਨਾਉਂਦੇ ਸਨ ਪਰ ਬਾਅਦ ਵਿਚ ਇਹ ਹੈਮਬਰਗ, ਲਾਈਪਸਿਕ ਅਤੇ ਬਰਲਿਨ ਵਿਚ ਵੀ ਚਾਲੂ ਹੋ ਗਿਆ । ਸਿਧਾਂਤਿਕ ਤੌਰ ਤੇ ਪ੍ਰੋਟੈਸਟੈਂਟ ਦੇਸ਼ ਇਹ ਤਿਉਹਾਰ ਨਹੀਂ ਮਨਾਉਂਦੇ । ਇਟਲੀ ਅਜਿਹਾ ਦੇਸ਼ ਹੈ ਜਿਥੇ ਇਹ ਤਿਉਹਾਰ ਵਧੇਰੇ ਮਨਾਇਆ ਜਾਂਦਾ ਹੈ। ਸ੍ਰੋਵ ਮੰਗਲਵਾਰ ਵਾਲੇ ਦਿਨ ਸੂਰਜ ਛਿਪਣ ਪਿਛੋਂ ਹਰ ਵਿਅਕਤੀ ਹੱਥ ਵਿਚ ਮਿਸ਼ਾਲ ਲੈ ਕੇ ਨਿਕਲਦਾ ਹੈ। ਹਰ ਇਕ ਨੇ ਆਪਣੀ ਮਿਸ਼ਾਲ ਬਚਾ ਕੇ ਰੱਖਣੀ ਹੁੰਦੀ ਹੈ ਅਤੇ ਦੂਜਿਆਂ ਦੀਆਂ ਵੱਧ ਤੋਂ ਵੱਧ ਬੁਝਾਉਣੀਆਂ ਹੁੰਦੀਆਂ ਹਨ। ਮੁੱਖ ਦਿਨਾਂ ਨੂੰ ਵਿਸ਼ੇਸ਼ ਨਾਂ ਦਿਤੇ ਜਾਂਦੇ ਸਨ, ਜਿਵੇਂ ਗ੍ਰੀਜ਼ੀ ਸੰਡੇ ਅਤੇ ਬਲੂ ਸੰਡੇ। ਲੈਂਟ ਤੋਂ ਪਹਿਲੇ ਐਤਵਾਰ ਨੂੰ ਸ਼ਹਿਰਾਂ ਵਿਚ ਜਲੂਸ ਕੱਢੇ ਜਾਂਦੇ ਹਨ, ਬੁੱਚੜ ਜਾਨਵਰਾਂ ਨੂੰ ਸਜਾ ਕੇ ਗਲੀਆਂ ਵਿਚੋਂ ਦੀ ਲੈ ਜਾਂਦੇ ਹਨ । ਨੀਸ ਦੇ ਕਾਰਨਿਵੱਲ ਵਿਚ ਮਹਾਰਾਜਾ ਕਾਰਨੀਵੱਲ ਦਾ ਪੁਤਲਾ ਬਣਾ ਕੇ ਗਲੀਆਂ ਵਿਚ ਜਲੂਸ ਕੱਢਿਆ ਜਾਂਦਾ ਹੈ।

ਹ. ਪੁ.—ਐਵ. ਐਨ. 3 : 111

**ਕਾਰਨੇਈ, ਪੀਅਰ :** ਇਹ ਫ਼ਰਾਂਸ ਦਾ ਨਾਟਕਕਾਰ ਸੀ, ਜਿਸ ਦਾ ਜਨਮ 6 ਜੂਨ, 1906 ਨੂੰ ਰੂਆਂ ਵਿਖੇ ਹੋਇਆ । 1624 ਤੋਂ ਇਸ ਨੇ ਵਕਾਲਤ ਸ਼ੁਰੂ ਕੀਤੀ, ਪਰ 1629 ਵਿਚ ਇਸ ਨੇ ਪਹਿਲੇ ਸੁਖਾਂਤ ਨਾਟਕ 'Melite' ਨੂੰ ਸਫ਼ਲਤਾ ਮਿਲਣ ਤੇ ਇਸ ਨੇ ਵਕਾਲਤ ਛੱਡ ਕੇ ਨਾਟਕ ਹੀ ਲਿਖਣੇ ਸ਼ੁਰੂ ਕਰ ਦਿਤੇ । ਕੁਝ ਸਮੇਂ ਲਈ ਰੇਸਲਿਊ ਨੇ ਇਸ ਨੂੰ ਆਪਣੇ ਨਾਟਕੀ ਵਿਚਾਰਾਂ ਨੂੰ ਪੇਸ਼ ਕਰਨ ਲਈ ਨੌਕਰ ਰੱਖ ਲਿਆ ਪਰ ਇਹ ਆਜ਼ਾਦ ਖ਼ਿਆਲਾਂ ਦਾ ਸੀ, ਜਿਸ ਕਾਰਨ ਇਸ ਨੂੰ 1634 ਵਿਚ ਬਰਖ਼ਾਸਤ ਕਰ ਦਿੱਤਾ ਗਿਆ । ਦੋ ਸਾਲ ਮਗਰੋਂ ਇਸ ਨੇ ਆਪਣਾ ਪਹਿਲਾ ਸ਼ਾਹਕਾਰ 'Le cid' ਪੈਰਿਸ ਵਿਚ ਪੇਸ਼ ਕੀਤਾ । ਫਿਰ ਇਸ ਨੇ ਆਪਣੇ ਤਿੰਨ ਮਹਾਨ ਦੁਖਾਂਤ-ਨਾਟਕ 'Horace' (1640), 'Cinna' (1641), 'Polyeucte' (1642) ਤੇ ਇਕ ਸੁਖਾਂਤ Le Menteurc (1642) ਲਿਖੇ। ਸੰਨ 1653 ਵਿਚ 'Pertharite' ਦੇ ਅਸਫ਼ਲ ਰਹਿਣ ਤੇ ਇਹ ਬੜਾ ਨਿਰਾਸ਼ ਹੋ ਗਿਆ ਤੇ ਰੂਆਂ ਪਰਤ ਗਿਆ । ਸੰਨ 1658 ਵਿਚ ਇਸ ਨੇ ਫਿਰ ਥੀਏਟਰ ਵਲ ਰੁੱਖ ਕੀਤਾ ਪਰ ਪਹਿਲਾਂ ਵਰਗੀ ਕਾਮਯਾਬੀ ਪ੍ਰਾਪਤ ਨਾ ਕਰ ਸਕਿਆ । ਸੰਨ 1647 ਵਿਚ ਇਸ ਨੂੰ ਅਕੈਡਮੀ ਦਾ ਮੈਂਬਰ ਬਣਾਇਆ ਗਿਆ। ਇਸ ਦੀ ਮੌਤ 1 ਅਕਤੂਬਰ, 1684 ਨੂੰ ਪੈਰਿਸ ਵਿਖੇ ਹੋਈ ।

ਹ. ਪੁ.—ਨਿ. ਯੂ. ਐਨ. 5 : 2376

**ਕਾਰਨੇਸ਼ਨ :** ਇਹ ਕੈਰਿਓਫ਼ਾਇਲੇਸੀ ਕੁਲ ਦੇ ਫੁੱਲਦਾਰ ਪੌਦੇ ਹਨ, ਜਿਨ੍ਹਾਂ ਦਾ ਮੂਲ-ਸਥਾਨ ਦੱਖਣੀ ਯੂਰਪ ਮੰਨਿਆ ਜਾਂਦਾ ਹੈ। ਇਨ੍ਹਾਂ ਦਾ ਬਨਸਪਤੀ ਵਿਗਿਆਨਕ ਨਾਂ ਡਾਇਐਂਥਸ ਕੇਰੀਓਫ਼ਾਈਲਸ (*Dicanthus caryophyllus*) ਹੈ । ਇਨ੍ਹਾਂ ਦੇ ਫੁੱਲਾਂ 'ਚੋਂ ਬਹੁਤ ਤੇਜ਼ ਖ਼ੁਸ਼ਬੂ ਪੈਦਾ ਹੁੰਦੀ ਹੈ । ਇਕ ਕਿਸਮ ਜਿਸ ਦਾ ਰੰਗ ਲੌਂਗ ਵਰਗਾ ਗੁਲਾਬੀ ਹੁੰਦਾ ਹੈ, ਬਹੁਤ ਤੇਜ਼ ਰੰਗ ਵਾਲੀ ਹੁੰਦੀ ਹੈ, ਜਦੋਂ ਕਿ ਆਮ ਤੌਰ ਤੇ ਪੌਦਾ-ਘਰਾਂ (ਗ੍ਰੀਨ ਹਾਊਸਾਂ) ਵਿਚ ਕਾਸ਼ਤ ਕੀਤੀਆਂ ਜਾਣ ਵਾਲੀਆਂ ਕਿਸਮਾਂ ਗੰਧ ਗੁਆ ਚੁੱਕੀਆਂ ਹਨ ।



ਕਾਰਨੇਸ਼ਨ

ਇਸ ਦੀ ਸਭ ਤੋਂ ਪਹਿਲੀ ਕਿਸਮ ਚਿੱਟੀ ਹੁੰਦੀ ਸੀ ਪਰੰਤੂ ਹੁਣ ਇਸ ਦੀਆਂ ਕਈ ਕਿਸਮਾਂ ਕਾਸ਼ਤ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਰੰਗਾਂ ਦੇ ਪੈਟਰਨ ਅਨੁਸਾਰ ਇਸ ਤਰ੍ਹਾਂ ਕ੍ਰਮ-ਬੱਧ ਕੀਤਾ ਜਾ ਸਕਦਾ ਹੈ : (1) ਬਿਜ਼ੇਅਰ ਵਿਚ ਸਤ੍ਹਾ ਬਿਲਕੁਲ ਸਾਫ਼ ਹੁੰਦੀ ਹੈ ਅਤੇ ਪੱਤੀਆਂ ਉੱਪਰ ਦੋ ਤਿੰਨ ਰੰਗਾਂ ਦੀਆਂ ਧਾਰੀਆਂ ਹੁੰਦੀਆਂ ਹਨ; (2) ਫਲੇਕ ਵਿਚ ਸਤ੍ਹਾ ਸਾਫ਼ ਅਤੇ ਇਕ ਰੰਗੀਆਂ ਧਾਰੀਆਂ ਹੁੰਦੀਆਂ ਹਨ; (3) ਇਕਹਿਰੇ ਰੰਗ ਵਾਲੇ; (4) ਪਿਕੋਟੀ ਵਿਚ ਪੰਖੜੀ ਦੇ ਸਿਰੇ ਤੇ ਹੀ ਮੂਲ ਰੰਗ ਤੋਂ ਵਖਰਾ ਰੰਗ ਹੁੰਦਾ ਹੈ; (5) ਫੈਂਸੀਜ਼,

ਦੂਜੀਆਂ ਕਿਸਮਾਂ ਨਾਲ ਨਹੀਂ ਮਿਲਦੇ ਅਤੇ ਅਕਸਰ ਇਕ ਰੰਗ-ਬਰੰਗੇ, ਧਾਰੀਦਾਰ ਅਤੇ ਡੱਬਾਂ ਵਾਲੇ ਹੁੰਦੇ ਹਨ।

ਇਨ੍ਹਾਂ ਰੰਗ-ਰੂਪਾਂ ਤੋਂ ਇਲਾਵਾ ਕਾਰਨੇਨ ਫੁੱਲ ਕਈ ਹੋਰ ਗਰੁੱਪਾਂ ਵਿਚ ਵੀ ਵੰਡੇ ਗਏ ਹਨ। ਬਗ਼ੀਚਿਆਂ ਵਿਚ ਲਾਉਣ ਲਈ ਸਭ ਤੋਂ ਮਹੱਤਵਪੂਰਨ ਅਤੇ ਸਭ ਤੋਂ ਵੱਧ ਖ਼ੁਸ਼ਬੂ ਵਾਲੇ ਬਾਰਡਵੋ ਕਾਰਨੇਸ਼ਨ ਹੁੰਦੇ ਹਨ। ਅਮਰੀਕਾ ਦਾ ਜਲਵਾਯੂ ਇਨ੍ਹਾਂ ਫੁੱਲਾਂ ਦੇ ਅਨੁਕੂਲ ਨਹੀਂ ਹੈ, ਪਰੰਤੂ ਇਹ ਫੁੱਲ ਦੱਖਣੀ ਫ਼ਰਾਂਸ, ਉੱਤਰੀ ਇਟਲੀ, ਜਾਪਾਨ ਅਤੇ ਕਈ ਹੋਰ ਥਾਵਾਂ ਤੇ ਵੀ ਉਗਾਏ ਜਾਂਦੇ ਹਨ। ਇਹ ਮਲੜ੍ਹ ਭੋਂ ਵਿਚ ਪੂਰੀ ਰੌਸ਼ਨੀ ਅਤੇ ਧੁੱਪ ਵਿਚ ਸਫ਼ਲਤਾਪੂਰਵਕ ਉਗਾਏ ਜਾਂਦੇ ਹਨ। ਇਹ ਕੁਝ ਸਮੇਂ ਬਾਅਦ ਮਰਨ ਲਗ ਜਾਂਦੇ ਹਨ। ਤਾਜ਼ੀਆਂ ਕਲਮਾਂ ਰਾਹੀਂ ਹੋਰ ਨਵੇਂ ਬੂਟੇ ਲਗਾਏ ਜਾਣੇ ਚਾਹੀਦੇ ਹਨ। ਇਨ੍ਹਾਂ ਦਾ ਤਣਾ ਕਮਜ਼ੋਰ ਹੁੰਦਾ ਹੈ ਇਸ ਲਈ ਤੇਜ਼ ਹਵਾਵਾਂ ਵਾਲੀ ਥਾਂ ਤੇ ਇਨ੍ਹਾਂ ਨੂੰ ਤਾਰਾਂ ਦਾ ਸਹਾਰਾ ਦੇਣ ਦੀ ਲੋੜ ਪੈਂਦੀ ਹੈ। ਜੜ੍ਹਾਂ ਨਿਕਲੀਆਂ ਹੋਈਆਂ ਕਲਮਾਂ ਨੂੰ ਗਰਮ-ਰੁੱਤੇ ਬਗ਼ੀਚਿਆਂ ਵਿਚ ਲਗਾਇਆ ਜਾਂਦਾ ਹੈ। ਇਨ੍ਹਾਂ ਨੂੰ ਸਰਦੀ ਵਿਚ ਪੌਦਾ-ਘਰਾਂ ਵਿਚ ਲਿਜਾਇਆ ਜਾਂਦਾ ਹੈ। ਕਿਸਮ, ਪ੍ਰਕਾਸ਼, ਤਾਪਮਾਨ, ਖਾਦ ਅਤੇ ਸੰਭਾਲ ਤੇ ਨਿਰਭਰ ਕਰਦੇ ਹੋਏ ਇਨ੍ਹਾਂ ਨੂੰ ਅਕਤੂਬਰ ਤੋਂ ਅਪ੍ਰੈਲ ਤਕ ਫੁੱਲ ਪੈਂਦੇ ਹਨ।

ਹ. ਪੁ.—ਐਨ. ਬ੍ਰਿ. 4 : 929

**ਕਾਰਨੋਟਾਈਟ** : ਇਹ ਰੇਡੀਓ-ਐਕਟਿਵ ਖਣਿਜ ਯੂਰੇਨੀਅਮ ਦਾ ਬਹੁਤ ਪ੍ਰਸਿੱਧ ਸੋਮਾ ਹੈ। ਇਸ ਬਾਰੇ ਫ਼ਰਾਂਸ ਦੇ ਮਾਈਨਿੰਗ ਇੰਜਨੀਅਰ ਅਤੇ ਰਸਾਇਣ-ਵਿਗਿਆਨੀ ਮੇਰੀ-ਐਡੋਲਫ਼ ਕਾਰਨੋ (1839-1920) ਨੇ ਦੱਸਿਆ ਅਤੇ ਕਾਰਨੋਟਾਈਟ ਨਾਂ ਵੀ ਇਸੇ ਕਰਕੇ ਪਿਆ। ਇਹ ਯੂਰੇਨੀਅਮ ਅਤੇ ਪੋਟਾਸ਼ੀਅਮ ਦਾ ਜਲਯੋਜਿਤ ਵੈਨੇਡੀਅਮ ਲੂਣ ਹੈ। ਸ਼ੁੱਧ ਕਾਰਨੋਟਾਈਟ ਵਿਚ ਲਗਭਗ 53% ਯੂਰੇਨੀਅਮ, 12% ਵੈਨੇਡੀਅਮ ਅਤੇ ਕੁਝ-ਕੁ ਮਾਤਰਾ ਰੇਡੀਅਮ ਦੀ ਹੁੰਦੀ ਹੈ। ਇਸ ਦਾ ਰੰਗ ਗੂੜ੍ਹਾ ਪੀਲਾ ਜਾਂ ਹਲਕਾ ਪੀਲਾ ਹੁੰਦਾ ਹੈ ਅਤੇ ਇਹ ਅਸਥਾਈ ਤੌਰ ਤੇ ਜੁੜੇ ਸੂਖਮ ਰਵਿਆਂ ਦੇ ਗਰੁੱਪਾਂ ਦੇ ਪਾਊਡਰ ਦੇ ਰੂਪ ਵਿਚ ਮਿਲਦਾ ਹੈ। ਕਾਰਨੋਟਾਈਟ ਸੈਕੰਡਰੀ ਮੂਲ ਨਾਲ ਸਬੰਧ ਰਖਦਾ ਹੈ ਅਤੇ ਇਹ ਮੁਢਲੇ ਯੂਰੇਨੀਅਮ-ਵੈਨੇਡੀਅਮ ਖਣਿਜਾਂ ਦੇ ਪਰਿਵਰਤਨ ਦੁਆਰਾ ਬਣਦਾ ਹੈ। ਆਮ ਕਰਕੇ ਕਾਰਨੋਟਾਈਟ ਨਾਲ ਕੈਲਸੀਅਮ ਦਾ ਸਮਰੂਪ, ਟਿਯੁਆਮੁਨਾਈਟ ਮਿਲਿਆ ਹੁੰਦਾ ਹੈ ਜਿਸ ਨੂੰ ਕੈਲਸੀਓਕਾਰਨੋਟਾਈਟ ਵੀ ਕਿਹਾ ਜਾਂਦਾ ਹੈ।

ਕਾਰਨੋਟਾਈਟ, ਸੈਕੰਡਰੀ ਯੂਰੇਨੀਅਮ ਦੀਆਂ ਕੱਚੀਆਂ-ਧਾਤਾਂ ਦੇ ਖਣਿਜਾਂ ਵਿਚੋਂ ਸਭ ਤੋਂ ਪ੍ਰਸਿੱਧ ਹੈ ਅਤੇ ਇਸ ਦੀਆਂ ਸੈਕੰਡਰੀ ਡਿਪਾਜ਼ਿਟਾਂ ਵਿਚੋਂ ਕਾਫ਼ੀ ਯੂਰੇਨੀਅਮ ਮਿਲਦਾ ਹੈ। ਇਸ ਨੂੰ ਵੈਨੇਡੀਅਮ ਅਤੇ ਰੇਡੀਅਮ ਲਈ ਵੀ ਖਾਣਾਂ ਵਿਚੋਂ ਕੱਢਿਆ ਜਾਂਦਾ ਹੈ। ਸੰਨ 1911 ਤੋਂ 1923 ਤਕ ਰੇਡੀਅਮ ਲਈ ਕਾਰਨੋਟਾਈਟ ਵਾਲੀਆਂ ਕੱਚੀਆਂ ਧਾਤਾਂ ਦੀ ਜ਼ਿਆਦਾਤਰ ਖਾਣ-ਖੁਦਾਈ ਕਾਲੋਰਾਡੋ ਵਿਚ ਕੀਤੀ ਗਈ ਸੀ। ਸੰਨ 1937 ਤੋਂ 1943 ਤਕ ਕਾਰਨੋਟਾਈਟ ਦੀ ਖਾਣ-ਖੁਦਾਈ ਕੇਵਲ ਵੈਨੇਡੀਅਮ ਲਈ ਕੀਤੀ ਗਈ।

ਕਾਰਨੋਟਾਈਟ ਦੇ ਰਵੇ ਇਕਨਤਧੁਰੱਈ ਸਿਸਟਮ ਵਿਚ ਪਲੇਟਾਂ ਵਰਗੇ ਜਾਂ ਬਹੁਤ ਬਾਰੀਕ ਅਤੇ ਆਮ ਕਰਕੇ ਅਕਾਰ ਵਿਚ ਬਹੁਤ ਸੂਖਮ ਹੁੰਦੇ ਹਨ। ਇਹ ਖਣਿਜ ਬਹੁਤ ਨਰਮ ਹੁੰਦਾ ਹੈ ਅਤੇ ਇਸ ਦੀ ਚਮਕ ਬਹੁਤ ਮੰਦ ਜਾਂ ਮਿਟੈਲੀ ਹੁੰਦੀ ਹੈ। ਇਸ ਦੀ ਵਿਸ਼ਿਸ਼ਟ ਘਣਤਾ 4 ਤੋਂ 5 ਦੇ ਵਿਚਕਾਰ ਹੁੰਦੀ ਹੈ।

ਹ. ਪੁ.—ਐਨ. ਬ੍ਰਿ. 4 : 941

**ਕਾਰਨੋ, ਮਾਰੀ ਫਰਾਂਸਿਸ ਸਾਦੀ** : ਫਰਾਂਸ ਦੇ ਇਸ ਉੱਘੇ ਨੀਤੀਵਾਨ ਦਾ ਜਨਮ, 1837 ਵਿਚ ਲੀਮੋਜ਼ ਵਿਖੇ ਹੋਇਆ। ਲੀਸੇ ਬੋਨਾਪਾਰਟ (ਸਰਕਾਰੀ ਸਕੈਂਡਰੀ ਸਕੂਲ) ਤੋਂ ਸਿੱਖਿਆ ਪ੍ਰਾਪਤ ਕਰਕੇ ਇਹ ਆਨਸੀ ਵਿਖੇ ਇਕ ਇੰਜੀਨੀਅਰ ਦੇ ਤੌਰ ਤੇ ਕੰਮ ਕਰ ਰਿਹਾ ਸੀ ਜਦੋਂ ਗੈਂਬੈਟਾ ਨੇ 1871 ਵਿਚ ਇਸ ਨੂੰ ਸੈਨਐਨਫੇਰਯੂਰ ਦਾ ਪ੍ਰਸ਼ਾਸਨਾਧਿਕਾਰੀ ਲਗਾ ਦਿਤਾ। ਸੰਨ 1878 ਵਿਚ ਇਸ ਨੂੰ ਚੈਂਬਰ ਲਈ ਚੁਣ ਲਿਆ ਗਿਆ, ਜਿਥੇ ਇਹ ਪਹਿਲਾਂ ਸਕੱਤਰ, ਫਿਰ ਸੰਨ 1879, 1880, 1895 ਵਿਚ ਲੋਕ ਨਿਰਮਾਣ ਕਾਰਜ ਮੰਤਰੀ ਦੇ ਅਤੇ ਸੰਨ 1885-86 ਵਿਚ ਵਿੱਤ-ਮੰਤਰੀ ਦੇ ਅਹੁਦਿਆਂ ਤੇ ਰਿਹਾ। 3 ਦਸੰਬਰ, 1887 ਵਿਚ ਇਸ ਨੂੰ ਬਹੁਮੱਤ ਨਾਲ ਗਣਤੰਤਰ ਦਾ ਪ੍ਰਧਾਨ ਚੁਣਿਆ ਗਿਆ। ਇਸ ਦੀ ਪ੍ਰਧਾਨਗੀ ਦੇ ਦੌਰਾਨ ਇਸ ਦੇ ਠੀਕ ਅਤੇ ਗੌਰਵਮਈ ਰਵੱਈਏ ਨੇ ਬੂਲਾਂਜਿਸਟ ਅੰਦੋਲਨ ਨੂੰ ਕਾਫ਼ੀ ਸ਼ਾਂਤ ਕੀਤਾ। 24 ਜੂਨ, 1894 ਨੂੰ ਜਦੋਂ ਇਹ ਲਾਈਅਨਜ਼ ਵਿਖੇ ਇਕ ਨੁਮਾਇਸ਼ ਵੇਖ ਰਿਹਾ ਸੀ ਤਾਂ ਸਾਸੇਰੀਓ ਨਾਮੀ ਇਕ ਫਰਾਂਸੀਸੀ ਵਿਦਰੋਹੀ ਨੇ ਇਸ ਦੀ ਹੱਤਿਆ ਕਰ ਦਿਤੀ।

ਹ. ਪੁ.—ਚੈਂਬ. ਐਨ. 3 : 119

**ਕਾਰਪ** : ਇਹ ਸਿਪਰਿਨੱਡੀ ਕੁਲ ਦੀ ਇਕ ਹਰੇ-ਭੂਰੇ ਰੰਗ ਦੀ ਮੱਛੀ ਹੈ। ਇਸ ਦਾ ਪ੍ਰਾਣੀ-ਵਿਗਿਆਨਕ ਨਾਂ ਸਿਪਰਾਈਨਸ ਕਾਰਪੀਆ (*Cyprinus carpio*) ਹੈ। ਇਹ ਮੱਛੀ ਏਸ਼ੀਆ ਦੀ ਜੰਮਪਲ ਹੈ ਪਰ ਯੂਰਪ, ਉੱਤਰੀ ਅਮਰੀਕਾ ਅਤੇ ਕਈ ਹੋਰ ਥਾਵਾਂ ਤੇ ਵੀ ਦਾਖ਼ਲ ਹੋ ਚੁੱਕੀ ਹੈ।

ਇਸ ਮੱਛੀ ਦੀ ਔਸਤਨ ਲੰਬਾਈ ਤਕਰੀਬਨ 35 ਸੈਂ. ਮੀ. ਹੁੰਦੀ ਹੈ ਪਰ ਇਸ ਦੀ ਲੰਬਾਈ 100 ਸੈਂ. ਮੀ. ਅਤੇ ਭਾਰ 20 ਕਿ. ਗ੍ਰਾ. ਤੋਂ ਵੀ ਜ਼ਿਆਦਾ ਹੋ ਸਕਦਾ ਹੈ। ਇਸ ਮੱਛੀ ਦਾ ਸਰੀਰ ਵੱਡੇ-ਵੱਡੇ ਚਾਨਿਆਂ ਨਾਲ ਢਕਿਆ ਹੁੰਦਾ ਹੈ ਅਤੇ ਉਪਰਲੇ ਜਬਾੜ੍ਹੇ ਦੇ ਦੋਵੇਂ ਪਾਸੇ ਦੋ ਦੋ ਬਾਰਬੈੱਲ ਹੁੰਦੇ ਹਨ। ਘਾਹ-ਪੱਤਿਆਂ ਵਾਲੇ ਅਤੇ ਸ਼ਾਂਤ ਛੱਪੜਾਂ, ਦਰਿਆਵਾਂ ਅਤੇ ਝੀਲਾਂ ਜਿਨ੍ਹਾਂ ਦੇ ਤਲ ਤੇ ਚਿੱਕੜ ਹੁੰਦਾ ਹੈ, ਵਿਚ ਇਹ ਮੱਛੀਆਂ ਇਕੱਲੀਆਂ ਇਕੱਲੀਆਂ ਜਾਂ ਛੋਟੇ ਛੋਟੇ ਝੁੰਡਾਂ ਵਿਚ



ਕਾਰਪ (ਸਿਪਰਾਈਨਸ ਕਾਰਪੀਆ)

ਰਹਿੰਦੀਆਂ ਹਨ। ਇਹ ਸਰਬ ਆਹਾਰੀ ਮੱਛੀ ਹੈ ਅਤੇ ਖ਼ੁਰਾਕ ਪ੍ਰਾਪਤ ਕਰਨ ਲਈ ਇਹ ਸਾਰੇ ਪਾਣੀ ਨੂੰ ਗੰਦਾ ਕਰ ਦਿੰਦੀ ਹੈ, ਜਿਸ ਨਾਲ ਦੂਜੇ ਪੌਦਿਆਂ ਅਤੇ ਜਾਨਵਰਾਂ ਨੂੰ ਨੁਕਸਾਨ ਪਹੁੰਚਦਾ ਹੈ। ਇਸੇ ਕਰਕੇ ਇਸ ਮੱਛੀ ਦੀ ਕੋਈ ਲੋੜ ਨਹੀਂ ਸਮਝੀ ਜਾਂਦੀ ਅਤੇ ਇਸ ਨੂੰ ਖ਼ਤਮ ਕਰਨ ਲਈ ਕਾਫ਼ੀ ਯਤਨ ਦੀ ਲੋੜ ਹੈ।

ਸਰਦੀ ਦੀ ਰੁੱਤ ਵਿਚ ਇਹ ਮੱਛੀ ਨਿਸ਼ਕ੍ਰਿਆ ਹੋ ਕੇ ਅਤੇ ਖਾਣਾ-ਪੀਣਾ ਬੰਦ ਕਰਕੇ, ਤਲ ਤੇ ਚਲੀ ਜਾਂਦੀ ਹੈ। ਬਸੰਤ ਦੀ ਰੁੱਤ ਵਿਚ ਮਾਦਾ ਘੱਟ ਡੂੰਘੇ ਪਾਣੀ ਵਿਚ ਪੱਤਿਆਂ ਜਾਂ ਕੂੜੇ ਕਰਕਟ ਉਤੇ ਅਣਗਿਣਤ ਅੰਡੇ ਦਿੰਦੀ ਹੈ। ਚਾਰ ਤੋਂ ਅੱਠ ਦਿਨਾਂ ਦੇ ਅੰਦਰ ਅੰਡਿਆਂ ਵਿਚੋਂ ਬੱਚੇ ਨਿਕਲ ਆਉਂਦੇ ਹਨ। ਬੱਚੇ ਬੜੀ ਜਲਦੀ ਨਾਲ ਵਧਦੇ ਹਨ ਅਤੇ ਤਕਰੀਬਨ ਤੀਜੇ ਸਾਲ ਉਨ੍ਹਾਂ ਵਿਚ ਲਿੰਗੀ ਪ੍ਰੌੜ੍ਹਤਾ ਆ ਜਾਂਦੀ ਹੈ। ਬੰਦੀ ਹਾਲਤ ਵਿਚ ਰਖੀਆਂ ਮੱਛੀਆਂ 40 ਸਾਲ ਤੋਂ ਵੱਧ ਤਕ ਜਿਉਂਦੀਆਂ ਰਹਿ ਸਕਦੀਆਂ ਹਨ।

ਕਾਰਪ ਮੱਛੀਆਂ ਨੂੰ ਖਾਣ ਲਈ ਪਾਲਿਆ ਜਾਂਦਾ ਹੈ; ਵਿਸ਼ੇਸ਼ ਕਰਕੇ ਯੂਰਪ ਅਤੇ ਏਸ਼ੀਆ ਵਿਚ ਜਿੱਥੇ ਇਨ੍ਹਾਂ ਦੀ ਪ੍ਰਤੀ ਏਕੜ ਉਪਜ

ਕਾਫ਼ੀ ਜ਼ਿਆਦਾ ਹੁੰਦੀ ਹੈ। ਇਸ ਜਾਤੀ ਦੀਆਂ ਦੋ ਪਾਲਤੂ ਕਿਸਮਾਂ ਮਿਰਰ ਕਾਰਪ (ਜਿਸ ਉਤੇ ਥੋੜ੍ਹੇ ਜਿਹੇ ਚਾਣੇ ਹੁੰਦੇ ਹਨ) ਅਤੇ ਲੈਦਰ ਕਾਰਪ (ਤਕਰੀਬਨ ਬਿਨਾਂ ਚਾਣਿਆਂ ਦੇ) ਹਨ । ਕਰੂਸ਼ਨ ਕਾਰਪ (*Carassius carassius*) ਦੇ ਬਾਰਬੈੱਲ ਨਹੀਂ ਹੁੰਦੇ ।

ਹ. ਪੁ.—ਐਨ. ਬ੍ਰਿ. ਮਾ. 2 : 584

**ਕਾਰਪਾਥਾਸ :** ਏਜੀਅਨ ਸਾਗਰ (ਯੂਨਾਨ) ਦਾ ਇਹ ਇਕ ਦੀਪ ਹੈ। ਇਸ ਦਾ ਕੁਲ ਰਕਬਾ 301.7 ਵ. ਕਿ. ਮੀ. ਅਤੇ ਵਸੋਂ 5420 (1971) ਹੈ। ਆਰਮਾਸ ਪਿਗਾਧੀਆ ਦੇ ਪਿਛਲੇ ਪਾਸੇ ਦੱਖਣ ਵਿਚ, ਪਿਗਾਧੀਆ ਨਾਮੀ ਸ਼ਹਿਰ, ਦੀਪ ਦਾ ਮੁੱਖ ਸ਼ਹਿਰ ਹੈ । ਪ੍ਰਾਚੀਨ ਕਾਲ ਅਤੇ ਮੱਧ ਕਾਲ ਵੇਲੇ ਇਸ ਦੀਪ ਦਾ ਰੋਡਜ਼ ਆਈਲੈਂਡ ਨਾਲ ਬੜਾ ਨਜ਼ਦੀਕੀ ਸਬੰਧ ਰਿਹਾ ਹੈ। ਇਹ 1306 ਈ. ਤੋਂ ਲਗਭਗ 1540 ਤੀਕ ਵੀਨੀਸ਼ੀਅਨ ਹਕੂਮਤ ਅਧੀਨ ਰਿਹਾ । ਸੰਨ 1540 ਤੋਂ ਬਾਅਦ ਇਹ ਤੁਰਕਾਂ ਅਧੀਨ ਚਲਾ ਗਿਆ । ਸੰਨ 1912 ਵਿਚ ਇਹ ਇਟਲੀ ਅਧੀਨ ਅਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਨਾਨ ਨੂੰ ਦੇ ਦਿਤਾ ਗਿਆ।

ਇਸ ਦੀਪ ਦੇ ਲੋਕ ਵਧੇਰੇ ਕਰਕੇ ਕਿਰਸਾਨੀ ਜਾਂ ਬਾਗ਼ਬਾਨੀ ਕਰਦੇ ਹਨ ਅਤੇ ਚਰਾਂਦਾਂ ਵਿਚ ਪਸ਼ੂ ਚਰਾਉਣ ਦਾ ਕੰਮ ਕਰਦੇ ਹਨ। ਥੋੜ੍ਹੀ ਜਿਹੀ ਮਾਤਰਾ ਵਿਚ ਇਹ ਲੋਕ ਮੱਛੀ ਵੀ ਫੜਦੇ ਹਨ। ਇਥੋਂ ਦੀ ਉਪ-ਭਾਸ਼ਾ ਵਿਚ ਡੋਰਿਕ ਭਾਸ਼ਾ ਅਤੇ ਅਜੋਕੀ ਇਤਾਲਵੀ ਭਾਸ਼ਾ ਦੇ ਸ਼ਬਦ ਆਮ ਮਿਲਦੇ ਹਨ ਅਤੇ ਇਹ ਉਪ-ਭਾਸ਼ਾ ਰੋਡਜ਼ ਅਤੇ ਸਾਈਪਰਸ ਦੀਆਂ ਭਾਸ਼ਾਵਾਂ ਨਾਲ ਵੀ ਮਿਲਦੀ ਜੁਲਦੀ ਹੈ। ਦੀਪ ਦੇ ਦੱਖਣੀ ਇਲਾਕਿਆਂ ਵਿਚ ਕੰਮ ਕਰਨ ਵਾਲੇ ਆਦਮੀ ਅਜੇ ਵੀ ਰਵਾਇਤੀ ਪੁਸ਼ਾਕ ਪਹਿਨਦੇ ਹਨ।

ਹ. ਪੁ.—ਐਨ. ਬ੍ਰਿ. ਮਾ. 5 : 715

**ਕਾਰਪੇਥੀਅਨ ਪਹਾੜ :** ਦੱਖਣੀ-ਕੇਂਦਰੀ ਯੂਰਪ ਦੀ ਇਹ ਇਕ ਪਰਬਤੀ ਲੜੀ ਹੈ ਜਿਹੜੀ ਚੈਕੋਸਲੋਵਾਕੀਆ ਵਿਚ ਡੈਨਿਊਬ ਉਪਰ ਸਥਿਤ ਬਰਾਟਿਸਲਾਵਾ ਨਾਮੀ ਸਥਾਨ ਤੋਂ ਲਗਭਗ 1290 ਕਿ. ਮੀ. ਦੀ ਚਾਪ ਦੀ ਸ਼ਕਲ ਬਣਾਉਂਦੀ ਹੈ। ਦੱਖਣੀ ਪੋਲੈਂਡ ਅਤੇ ਰੂਸ ਦੇ ਕਾਰਪੈਥੋਯੂਕਰੇਨ ਪ੍ਰਾਂਤ ਦੇ ਇਲਾਕੇ ਸਮੇਤ ਇਸ ਦਾ ਕੁਲ ਰਕਬਾ 56,320 ਵ. ਕਿ. ਮੀ. (22,000 ਵ. ਮੀ.) ਤੋਂ ਵੀ ਵਧ ਜਾਂਦਾ ਹੈ । ਇਨ੍ਹਾਂ ਪਹਾੜਾਂ ਨੇ ਅੰਸ਼ਿਕ ਰੂਪ ਵਿਚ, ਲਿਟਲ ਹੰਗਰੀਅਨ ਪਲੇਨ ਜਿਹੜਾ ਇਨ੍ਹਾਂ ਦੇ ਦੱਖਣ ਅਤੇ ਪੱਛਮ ਵਲ ਸਥਿਤ ਹੈ, ਨੂੰ ਘੇਰਿਆ ਹੋਇਆ ਹੈ। ਪੂਰਬ ਤੋਂ ਪੱਛਮ ਵਲ ਨੂੰ ਤਰਤੀਬਵਾਰ ਬਲੈਕ ਕਾਰਪੈਥੀਅਨ ਪਹਾੜ ਅਤੇ ਵਾਈਟ ਕਾਰਪੈਥੀਅਨ ਪਹਾੜ, ਵੈਸਟ ਬੈੱਸਕੀਡਜ਼ ਅਰਾਵਸਕਾ ਜਾਂ ਆਰਵਾ ਮਾਗੂਰਾ ਹਾਈ ਤਾਤਰਾ ਅਤੇ ਲੋ ਤਾਤਰਾ ਅਤੇ ਈਸਟ ਬੈੱਸਕੀਡਜ਼ ਦੀਆਂ ਪਰਬਤ ਲੜੀਆਂ ਹਨ। ਇਥੇ ਕਾਰਪੇਥੀਅਨ ਪਹਾੜ ਰੱਡਨੈਈ ਅਤੇ ਕਾਲ-ਮੈਨੂਲੁਈ ਪਹਾੜੀਆਂ ਦੀਆਂ ਸ਼ਕਲਾਂ ਵਿਚ ਨਿਰੰਤਰ ਰੂਪ ਵਿਚ ਦਿਸਦੇ ਹਨ ਜੋ ਇਕ ਦਮ ਦੱਖਣ ਵਲ ਨੂੰ ਵਲ ਖਾਂਦੇ ਹਨ । ਡੈਨਿਊਬ ਦਰਿਆ ਅਤੇ ਇਸ ਦੇ ਸਹਾਇਕ ਦਰਿਆ ਸੀਰੈੱਤ ਉਪਰਲੇ ਆਇਰਨ ਗੇਟ ਵਿਚਕਾਰ ਟਰਾਂਸਿਲਵੇਨੀਅਨ ਐਲਪਸ ਪੱਛਮ ਅਤੇ ਪੂਰਬ ਵਲ ਨੂੰ ਫੈਲੇ ਹੋਏ ਹਨ। ਕਾਰਪੇਥੀਅਨ ਪਹਾੜਾਂ ਦੇ ਪੂਰਬ ਵਲ ਬੂਕੋਵੀਨਾ ਅਤੇ ਮੌਲਡੇਵੀਆ ਅਤੇ ਦੱਖਣ ਵਲ ਵਾਲੇਕੀਆ ਪਹਾੜ ਹਨ ਜਦੋਂ ਕਿ ਇਨ੍ਹਾਂ ਪਹਾੜਾਂ ਨੇ ਟਰਾਂਸਿਲਵੇਨੀਆ ਨੂੰ ਪੂਰਬ ਅਤੇ ਦੱਖਣ ਵਲੋਂ ਘੇਰਿਆ ਹੋਇਆ ਹੈ । ਹਾਈ ਤਾਤਰਾ ਵਿਚ 2663 ਮੀ. (8,737 ਫੁੱਟ) ਉੱਚੀ ਜੈਰਲਸਡਾਰਫਰਸ਼ਪਿਟਸੈ (49° ਉ. ਵਿਥ. ਅਤੇ 20° ਪੂ. ਲੰਬ.) ਦੀ ਚੋਟੀ ਸਭ ਤੋਂ ਉੱਚੀ ਹੈ । ਟਰਾਂਸਿਲਵੇਨੀਅਨ ਐਲਪਸ ਵਿਚ ਨੈਗੁਆਇ (2436 ਮੀ.) ਲੋ ਤਾਤਰਾ ਵਿਚ ਜੰਬੀਰ (2042 ਮੀ.) ਅਤੇ ਈਸਟ ਬੈੱਸ ਕੀਡਜ਼ ਵਿਚ ਹਾਊਐਰਲਾ ਲਗਭਗ (2100 ਮੀ.) ਹੋਰ ਪ੍ਰਸਿੱਧ ਚੋਟੀਆਂ ਹਨ। ਬਹੁਤ ਸਾਰੀਆਂ ਚੋਟੀਆਂ 1524 ਮੀ. ਦੀ ਉੱਚਾਈ ਤੋਂ ਵੀ ਘੱਟ ਹਨ ਅਤੇ ਇਨ੍ਹਾਂ ਚੋਟੀਆਂ ਦੇ ਵਿਸ਼ੇਸ਼ ਕਰਕੇ ਉੱਤਰੀ ਹਿੱਸਿਆਂ ਵਿਚ ਬਹੁਤ ਵੱਡੇ-ਵੱਡੇ ਜੰਗਲ ਹਨ । ਥੋੜ੍ਹੇ ਜਿਹੇ ਖੇਤਰਾਂ ਵਿਚ ਪਹਾੜੀ ਬਨਸਪਤੀ ਮਿਲਦੀ ਹੈ । ਕਾਰਪੈਥੀਅਨ ਪਹਾੜਾਂ ਵਿਚ ਕੇਂਦਰੀ ਯੂਰਪ ਦੇ ਕੁਝ ਮੁੱਖ ਦਰਿਆਵਾਂ ਜਿਵੇਂ ਵਿਸਤੂਲਾ, ਓਡਰ ਸਾਨ, ਤੀਸਾ, ਨੀਸਤਰ ਅਤੇ ਪਰੂਤ ਆਦਿ ਦੇ ਸੋਮੇ ਹਨ। ਇਸ ਤੋਂ ਇਲਾਵਾ ਇਥੇ ਕਈ ਝੀਲਾਂ ਅਤੇ ਤਲਾਬ ਹਨ । ਡੁਕਲਾ ਲੂਪਕੂਫ ਅਤੇ ਵਿਸ਼ਾਰੋ ਸਭ ਤੋਂ ਵੱਧ ਮਹੱਤਵਪੂਰਨ ਦੱਰੇ ਹਨ । ਡੁਕਲਾ, ਦੱਰਾ ਪੋਲਿਸ਼-ਕਾਰਪੈਥੋ-ਯੂਕਰੇਨੀਅਨ ਸਰਹੱਦ ਉੱਤੇ ਹੈ ਅਤੇ ਬਾਕੀ ਦੱਰੇ ਦੂਰ ਪੂਰਬ ਵਲ ਹਨ । ਪ੍ਰਿਸਲੋਪੁਲ ਅਤੇ ਬੋਰਗੋ ਦੱਰੇ ਰੋਮਾਨੀਆ ਵਿਚ ਹਨ। ਐਲਪਸ ਦੇ ਨਾਲ ਲਗਦਾ ਹਿੱਸਾ ਸਖ਼ਤ ਚਟਾਨਾਂ ਦਾ ਬਣਿਆ ਹੋਇਆ ਹੈ ਪਰ ਆਮ ਕਰਕੇ ਇਹ ਲੜੀ ਤਲਛਟ ਮਾਦੇ ਦੀ ਬਣੀ ਹੋਈ ਹੈ।

ਜਵਾਲਾਮੁਖੀ ਕਿਰਿਆ ਅਤੇ ਪੇਚੀਦਾ ਵਲਨ ਅਤੇ ਦਰਾੜਾਂ ਕਾਰਨ ਇਨ੍ਹਾਂ ਪਰਬਤਾਂ ਦੀ ਬਣਤਰ ਕਾਫੀ ਗੁੰਝਲਦਾਰ ਬਣ ਗਈ ਹੈ। ਉੱਤਰੀ ਪਹਾੜੀਆਂ ਉੱਘੜ-ਦੁੱਗੜੀਆਂ ਹਨ । ਕਾਰਪੈਥੀਅਨ ਪਹਾੜਾਂ ਦੀਆਂ ਚਟਾਨਾਂ ਮੁੱਖ ਕਰਕੇ ਟਰਸ਼ਰੀ ਅਤੇ ਕ੍ਰਿਟੇਸ਼ਸ ਹਨ ਅਤੇ ਦੱਖਣੀ ਤੇ ਪੱਛਮੀ ਢਲਾਣਾਂ ਉਤੇ ਅਤੇ ਟਰਾਂਸਿਲਵੇਨੀਆ ਵਿਚ ਇਹ ਚਟਾਨਾਂ ਆਰਕੀਅਨ ਹਨ। ਥੋੜ੍ਹੇ ਜਿਹੇ ਇਲਾਕਿਆਂ ਵਿਚ ਕੁਆਟਰਨਰੀ ਅਤੇ ਪੇਲੀਓਜ਼ੋਇਕ ਚਟਾਨਾਂ ਮਿਲਦੀਆਂ ਹਨ।

ਜਨਵਰੀ ਮਹੀਨੇ ਵਿਚ ਤਾਪਮਾਨ −6° ਤੋਂ −12° ਸੈਂ. ਵਿਚਕਾਰ ਅਤੇ ਚੋਟੀਆਂ ਉੱਤੇ −6° ਸੈਂ. ਤੋਂ ਵੀ ਕਾਫੀ ਨੀਵਾਂ ਰਹਿੰਦਾ ਹੈ। ਜੁਲਾਈ ਮਹੀਨੇ ਵਿਚ ਚੋਟੀਆਂ ਤੇ ਤਾਪਮਾਨ 10° ਸੈਂ. ਜਾਂ ਇਸ ਤੋਂ ਵੀ ਨੀਵਾਂ ਅਤੇ ਹੋਰਨਾਂ ਥਾਵਾਂ ਤੇ 10° ਤੋਂ 15.5° ਸੈਂ. ਹੁੰਦਾ ਹੈ। ਜਨਵਰੀ ਮਹੀਨੇ ਵਿਚ ਵਰਖਾ 5 ਤੋਂ 10 ਸੈਂ. ਮੀ. ਹੁੰਦੀ ਹੈ ਤੇ ਪਹਾੜਾਂ ਦੇ ਦੱਖਣ-ਪੱਛਮ ਵਲ 2.5 ਤੋਂ 5 ਸੈਂ. ਮੀ. ਤੀਕ ਹੁੰਦੀ ਹੈ। ਜੁਲਾਈ ਮਹੀਨੇ ਵਿਚ ਭਾਰੀ ਵਰਖਾ ਹੁੰਦੀ ਹੈ ਜਿਹੜੀ 10 ਸੈਂ. ਮੀ. ਤੋਂ ਵੀ ਵਧ ਜਾਂਦੀ ਹੈ ।

ਪਹੁੰਚ ਤੋਂ ਦੂਰ ਵਾਲੇ ਕਾਰਪੈਥੀਅਨ ਪਹਾੜਾਂ ਦੇ ਇਲਾਕੇ ਵਿਚ 10 ਵਿਅਕਤੀਆਂ ਤੋਂ ਵੀ ਘੱਟ ਵਿਅਕਤੀ ਪ੍ਰਤਿ ਵ. ਕਿ. ਮੀ. ਵਿਚ ਰਹਿੰਦੇ ਹਨ। ਰੇਂਜ ਦੇ ਪੱਛਮੀ ਸਿਰੇ ਵਲ ਨੂੰ ਆਬਾਦੀ ਬਹੁਤ ਸੰਘਣੀ ਹੈ । ਉੱਤਰੀ ਕਾਰਪੈਥੀਅਨ ਪਹਾੜਾਂ ਵਿਚ ਪਸ਼ੂ ਚਾਰਨਾ ਲੋਕਾਂ ਦਾ ਮੁੱਖ ਕਿੱਤਾ ਹੈ। ਪੱਕੀ ਲਕੜ ਅਤੇ ਕੋਨਧਾਰੀ ਦਰੱਖ਼ਤਾਂ ਦੇ ਜੰਗਲ ਕਈ ਸਦੀਆਂ ਤੋਂ ਵਰਤੋਂ ਵਿਚ ਲਿਆਂਦੇ ਗਏ ਹਨ। ਰੋਮਾਨੀਆ ਵਿਚ ਜਿਥੇ ਕਿਤੇ ਜਲਵਾਯੂ ਸੁਖਾਵਾਂ ਹੈ ਅਤੇ ਭੂ-ਭਾਗ ਘੱਟ ਉੱਘੜ-ਦੁਗੜਾ ਹੈ, ਚੁਕੰਦਰ, ਜੌਂ ਅਤੇ ਜਵੀਂ ਦੀ ਖੇਤੀ ਕੀਤੀ ਜਾਂਦੀ ਹੈ । ਰੇਂਜ ਦੇ ਪੂਰਬੀ ਸਿਰੇ ਵਲ ਕਣਕ ਅਤੇ ਮੱਕੀ ਦੀ ਫਸਲ ਬੀਜੀ ਜਾਂਦੀ ਹੈ। ਕੰਢੀ ਦੇ ਇਲਾਕੇ ਵਿਚ ਸੋਨਾ, ਚਾਂਦੀ, ਤਾਂਬਾ, ਸਿੱਕਾ ਅਤੇ ਕੋਲਾ ਮਿਲਦਾ ਹੈ। ਖਾਣਾਂ ਵਿਚੋਂ ਲੂਣ ਕੱਢਿਆ ਜਾਂਦਾ ਹੈ । ਕੇਂਦਰੀ ਰੋਮਾਨੀਆ ਦੇ ਟਰਾਂਸਿਲਵੇਨੀਅਨ ਐਲਪਸ ਪੈਟਰੋਲੀਅਮ ਦਾ ਮਹੱਤਵਪੂਰਨ ਸ੍ਰੋਤ ਹਨ ਅਤੇ ਪੋਲੈਂਡ ਦੇ ਉੱਤਰੀ ਕਾਰਪੈਥੀਅਨ ਢਲਾਣਾਂ ਉਪਰ ਤੇਲ ਦਾ ਖੇਤਰ ਹੈ। ਇਨ੍ਹਾਂ ਪਰਬਤਾਂ ਅਤੇ ਵਾਦੀਆਂ ਨੂੰ ਕਈ ਰੇਲ ਮਾਰਗ ਆਰ ਪਾਰ ਕਰਦੇ ਹਨ ਅਤੇ ਮੁੱਖ ਕੇਂਦਰਾਂ ਨੂੰ ਆਪਸ ਵਿਚ ਮਿਲਾਉਂਦੇ ਹਨ।

ਇਨ੍ਹਾਂ ਪਰਬਤਾਂ ਵਿਚ ਅਜੇ ਵੀ ਕਈ ਥਾਵਾਂ ਤੇ ਨਸਲੀ ਗਰੁੱਪਾਂ ਦੇ ਲੋਕ ਵਸਦੇ ਹਨ । ਤਾਰਨੂਫ ਅਤੇ ਮਾਡੋਵਾ ਵਿਚਕਾਰਲੇ ਕਾਰਪੈਥੀਅਨ ਪਹਾੜਾਂ ਉਤੇ, ਜਨਵਰੀ-ਅਪ੍ਰੈਲ 1915 ਵਿਚ ਆਸਟਰੀਆ ਅਤੇ ਰੂਸ ਦੀਆਂ ਫ਼ੌਜਾਂ ਵਿਚਕਾਰ ਪੂਰਬੀ ਸਰਹੱਦ ਉਤੇ ਇਕ ਬੜੀ ਮਹਿੰਗੀ ਅਤੇ ਗ਼ੈਰ-ਫ਼ੈਸਲਾਕੁਨ ਲੜਾਈ ਹੋਈ ਸੀ । ਇਸ ਲੜਾਈ

ਵਿਚ ਰੂਸ ਦੀਆਂ ਫ਼ੌਜਾਂ ਦੁਆਰਾ ਪਸ਼ੈਮਿਸ਼ ਨਾਮੀ ਕਿਲੇਬੰਦ ਸ਼ਹਿਰ ਦਾ ਘੇਰਾ ਇਕ ਨਾਟਕੀ ਘਟਨਾ ਸੀ।

ਹ. ਪੁ.—ਕੋਲ. ਐਨ. 4 : 418

**ਕਾਰਪੈਨਟਰ, ਮੇਰੀ :** ਇਸ ਮਾਨਵ-ਸੇਵਿਕਾ ਦਾ ਜਨਮ 1807 ਵਿਚ ਐਕਸੀਟਰ ਵਿਖੇ ਇਕ ਪਾਦਰੀ ਡਾ. ਲਾਂਟ ਕਾਰਪੈਨਟਰ ਦੇ ਘਰ ਹੋਇਆ। ਇਹ ਡਾ. ਵਿਲੀਅਮ ਬੈਂਜਾਮਿਨ ਕਾਰਪੈਨਟਰ ਦੀ ਭੈਣ ਸੀ। ਆਪਣੇ ਪਿਤਾ ਦੇ ਮੁੰਡਿਆਂ ਵਾਲੇ ਸਕੂਲ ਵਿਚ ਹੀ ਬ੍ਰਿਸਟਲ ਵਿਖੇ ਇਹ ਪੜ੍ਹੀ। ਬੋਸਟਨ ਦੇ ਡਾ. ਜੇ. ਟੱਕਰਮੈਨ ਨੇ ਇਸ ਦੇ ਮਨ ਵਿਚ ਗ਼ਰੀਬ ਬੱਚਿਆਂ ਲਈ ਪਿਆਰ ਪੈਦਾ ਕੀਤਾ। ਇਸ ਨੇ 1835 ਵਿਚ ਬ੍ਰਿਸਟਲ ਦੇ ਸਭ ਤੋਂ ਗਰੀਬ ਇਲਾਕੇ ਵਿਚ ਅਜਿਹੀ ਸੰਸਥਾ ਕਾਇਮ ਕਰ ਦਿੱਤੀ, ਜੋ ਗਰੀਬ ਬੱਚਿਆਂ ਦੀ ਦੇਖ-ਰੇਖ ਕਰਦੀ ਸੀ, ਅਤੇ ਇਕ ਰਾਤਰੀ ਸਕੂਲ ਚਾਲੂ ਕਰ ਦਿਤਾ। ਭਾਰਤੀ ਮਾਨਵ-ਸੇਵਕ ਰਾਮ ਮੋਹਨ ਰਾਏ ਦੀ 1833 ਵਿਚ ਉਥੋਂ ਦੀ ਯਾਤਰਾ ਨੇ ਇਸ ਦੇ ਮਨ ਵਿਚ ਭਾਰਤ ਲਈ ਹਮਦਰਦੀ ਪੈਦਾ ਕਰ ਦਿੱਤੀ। ਇਸ ਨੇ ਆਪਣੀ ਪਹਿਲੀ ਪੂਰਬੀ ਯਾਤਰਾ 1866 ਵਿਚ ਆਰੰਭ ਕੀਤੀ। ਇਥੇ ਆ ਕੇ ਇਸ ਨੇ ਔਰਤਾਂ ਅਤੇ ਬੱਚਿਆਂ ਲਈ ਬਹੁਤ ਸਾਰੇ ਸੁਧਾਰ ਸੇਵਾ ਸੰਸਥਾਨ ਸਥਾਪਤ ਕੀਤੇ।


ਮੇਰੀ ਕਾਰਪੈਨਟਰ

ਗਰੀਬ ਬੱਚਿਆਂ ਦੀ ਪੜ੍ਹਾਈ ਲਈ ਅਤੇ ਅਪਰਾਧਸ਼ੀਲ ਅਤੇ ਅਵਾਰਾ ਜੀਵਨ ਦੇ ਦਿਸਹੱਦੇ ਤੇ ਖਲੋਤੇ ਬੱਚਿਆਂ ਦੇ ਸੁਧਾਰ ਲਈ ਇਸ ਨੇ ਕਿੰਨੀਆਂ ਹੀ ਸਕੀਮਾਂ ਆਪਣੀਆਂ ਪੁਸਤਕਾਂ ਵਿਚ ਲਿਖੀਆਂ। ਇਸ ਦੀ ਬਾਲ-ਅਪਰਾਧਾਂ ਬਾਰੇ ਲਿਖੀ ਪੁਸਤਕ 1854 ਦੇ ਯੂਥਫੁਲ ਓਫੈਂਡਰਜ਼ ਐਕਟ ਬਣਾਉਣ ਲਈ ਸਹਾਈ ਹੋਈ।

ਇਸ ਦੀ ਮੌਤ 1877 ਵਿਚ ਬ੍ਰਿਸਟਲ ਵਿਖੇ ਹੋਈ।

ਹ. ਪੁ.—ਐਵ. ਐਨ. 3 : 117

**ਕਾਰਪੈਨਟੇਰੀਆ ਦੀ ਖਾੜੀ :** ਆਰਾਫੂਰਾ ਸਾਗਰ ਦੀ ਇਹ ਇਕ ਘੱਟ ਡੂੰਘੀ ਅਤੇ ਆਇਤਾਕਾਰ ਸੰਕੀਰਣ ਖਾੜੀ ਹੈ ਜਿਹੜੀ ਆਸਟ੍ਰੇਲੀਆਈ ਮਹਾਂਦੀਪ ਦੇ ਉੱਤਰ-ਪੂਰਬ ਵਿਚ ਲਗਭਗ 3,10,000 ਵ. ਕਿ. ਮੀ. ਦੀ ਇਕ ਡੂੰਘੀ ਕਾਟ ਬਣਾਉਂਦੀ ਹੈ। 140° ਪੂਰਬੀ ਮਧਿਆਨ੍ਹ-ਰੇਖਾ ਦੇ ਨਾਲ ਨਾਲ ਇਹ ਖਾੜੀ ਲਗਭਗ 775 ਕਿ. ਮੀ. ਲੰਬੀ ਅਤੇ 15° ਦੱਖਣੀ ਸਮਾਂਤਰ ਦੇ ਨਾਲ ਨਾਲ ਵੱਧ ਤੋਂ ਵੱਧ 660 ਕਿ. ਮੀ. ਚੌੜੀ ਹੈ। ਖਾੜੀ ਦੇ ਪੂਰਬ ਵਲ ਨੂੰ ਕੁਈਨਜ਼ਲੈਂਡ ਦੇ ਕੇਪ ਯਾਰਕ ਪ੍ਰਾਇਦੀਪ ਦੀ ਸਰਹੱਦ ਅਤੇ ਪੱਛਮੀ ਪਾਸੇ ਵਲ ਉੱਤਰੀ ਆਸਟ੍ਰੇਲੀਆ ਦੀ ਐਰਨਹੈਮ ਲੈਂਡ ਹੈ। ਕੇਪ ਯਾਰਕ ਖਾੜੀ ਦਾ ਧੁਰ ਉੱਤਰੀ ਪੂਰਬੀ ਸਿਰਾ ਹੈ ਅਤੇ ਕੇਪ ਐਰਨਹੈਮ ਖਾੜੀ ਦਾ ਉੱਤਰੀ ਪੱਛਮੀ ਸਿਰਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਖਾੜੀ ਉਸ ਵੱਡੇ ਸਾਗਰ ਦਾ ਇਕ ਟੁਕੜਾ ਹੈ ਜਿਸ ਨੇ ਉੱਤਰੀ ਕੇਂਦਰੀ ਆਸਟ੍ਰੇਲੀਆ ਦਾ ਇਕ ਵਿਸ਼ਾਲ ਇਲਾਕਾ ਮੱਲਿਆ ਹੁੰਦਾ ਸੀ। ਖਾੜੀ ਦੇ ਪਾਣੀ ਨੇ ਇਕ ਵੱਡੇ ਅਤੇ ਘੱਟ ਡੂੰਘੇ ਬੇਸਿਨ ਦਾ ਨੀਵਾਂ ਹਿੱਸਾ ਮੱਲਿਆ ਹੋਇਆ ਹੈ ਅਤੇ ਇਸ ਦੀ ਡੂੰਘਾਈ ਲਗਭਗ 75 ਮੀ. ਹੈ। ਖਾੜੀ ਦੇ ਪੱਛਮੀ ਅਤੇ ਦੱਖਣੀ ਤੱਟ ਦੇ ਨਾਲ ਨਾਲ ਕਈ ਦੀਪ ਹਨ।

ਉੱਤਰੀ ਪੱਛਮੀ ਹਿੱਸੇ ਨੂੰ ਛੱਡ ਕੇ ਕਾਰਪੈਨਟੇਰੀਆ ਦੀ ਖਾੜੀ ਦੀ ਤੱਟ-ਰੇਖਾ ਪੱਧਰੀ ਅਤੇ ਨੀਵੀਂ ਹੈ। ਖਾੜੀ ਦਾ ਤੱਟੀ ਖੇਤਰ ਤਲਛੱਟ ਦਾ ਇਕ ਪੱਧਰਾ ਜਿਹਾ ਮੈਦਾਨ ਹੈ ਜਿਹੜਾ ਦੇਸ਼ ਦੇ ਅੰਦਰ ਵਲ ਨੂੰ 95 ਤੋਂ 320 ਕਿ. ਮੀ. ਤਕ ਫੈਲਿਆ ਹੋਇਆ ਹੈ ਪਰ ਉੱਤਰ-ਪੱਛਮ ਵਿਚ ਇਹ ਮੈਦਾਨ ਲਗਭਗ 50 ਕਿ. ਮੀ. ਤੋਂ 80 ਕਿ. ਮੀ. ਚੌੜਾ ਹੈ।

ਖਾੜੀ ਦੇ ਮੈਦਾਨ ਵਿਚ ਸਾਰਾ ਸਾਲ ਹੀ ਗਰਮ ਜਲਵਾਯੂ ਰਹਿੰਦਾ ਹੈ। ਜੁਲਾਈ ਮਹੀਨਾ ਸਭ ਤੋਂ ਠੰਢਾ ਹੁੰਦਾ ਹੈ ਅਤੇ ਔਸਤਨ ਤਾਪਮਾਨ 18.3° ਸੈਂ. ਤੋਂ 21.1° ਸੈਂ. ਰਹਿੰਦਾ ਹੈ। ਸਰਦੀਆਂ ਖੁਸ਼ਕ ਹੁੰਦੀਆਂ ਹਨ ਅਤੇ ਆਸਟ੍ਰੇਲੀਆਈ ਗਰਮੀ ਦੌਰਾਨ ਭਾਰੀ ਵਰਖਾ ਹੁੰਦੀ ਹੈ। ਤੱਟ ਦੇ ਨਾਲ ਨਾਲ ਔਸਤਨ ਸਾਲਾਨਾ ਵਰਖਾ ਲਗਭਗ 50 ਤੋਂ 100 ਸੈਂ. ਮੀ. ਤੀਕ ਹੁੰਦੀ ਹੈ ਐਪਰ ਕੇਪ ਯਾਰਕ ਅਤੇ ਕੇਪ ਐਰਨਹੈਮ ਦੇ ਦੁਆਲੇ ਵਰਖਾ ਇਸ ਤੋਂ ਵੀ ਬਹੁਤ ਜ਼ਿਆਦਾ ਹੁੰਦੀ ਹੈ। ਤਰ ਤੇ ਖੁਸ਼ਕ ਬਦਲਵੇਂ ਮੌਸਮਾਂ ਕਾਰਨ ਵੱਡਾ ਵੱਡਾ ਘਾਹ ਹੀ ਇਥੋਂ ਦੀ ਮੁੱਖ ਬਨਸਪਤੀ ਹੈ ਪਰ ਕਿਤੇ ਕਿਤੇ ਉੱਚੀਆਂ-ਉੱਚੀਆਂ ਝਾੜੀਆਂ ਅਤੇ ਛੋਟੇ ਛੋਟੇ ਕੰਡੇਦਾਰ ਦਰੱਖਤ ਵੀ ਮਿਲਦੇ ਹਨ।

ਇਸ ਜਲਵਾਯੂ-ਇਕਸਾਰਤਾ ਕਾਰਨ ਖਾੜੀ ਦੇ ਧੁਰ ਅੰਦਰ ਵਲ ਨੂੰ ਵਗਣ ਵਾਲੇ ਦਰਿਆ ਅਤੇ ਤੰਗ ਖਾੜੀਆਂ ਸਰਦੀ ਦੌਰਾਨ ਲਗਭਗ ਸੁਕ ਹੀ ਜਾਂਦੀਆਂ ਹਨ। ਇਨ੍ਹਾਂ ਦਰਿਆਵਾਂ ਦੀ ਕੋਈ ਬਹੁਤੀ ਮਹੱਤਤਾ ਨਹੀਂ ਹੈ ਕਿਉਂਕਿ ਇਹ ਦਰਿਆ ਸਿੰਜਾਈ, ਬਿਜਲੀ ਜਾਂ ਜਹਾਜ਼ਰਾਨੀ ਲਈ ਨਹੀਂ ਵਰਤੇ ਜਾ ਸਕਦੇ। ਐਪਰ ਇਨ੍ਹਾਂ ਦਰਿਆਵਾਂ ਵਿਚੋਂ ਕੁਝ ਦਰਿਆਵਾਂ ਦੇ ਮੁਹਾਣਿਆਂ ਉਤੇ ਛੋਟੇ ਛੋਟੇ ਕਸਬੇ ਸਥਿਤ ਹਨ। ਕਾਰਪੈਨਟੇਰੀਆ ਦੀ ਖਾੜੀ ਦੇ ਨਾਲ ਨਾਲ ਆਬਾਦੀ ਬਹੁਤ ਵਿਰਲੀ ਹੈ ਅਤੇ ਆਬਾਦੀ ਦੀ ਘਣਤਾ ਲਗਭਗ ਇਕ ਵਿਅਕਤੀ ਪ੍ਰਤੀ ਵ. ਕਿ. ਮੀ. ਹੈ। ਤੱਟ ਰੇਖਾ ਦੇ ਨੇੜੇ ਨੇੜੇ ਤੰਗ ਖਾੜੀਆਂ ਦੇ ਤਲਾਂ ਵਿਚਲੀ ਜਲੌਢੀ ਮਿੱਟੀ ਵਿਚੋਂ ਸੋਨਾ ਕੱਢਿਆ ਜਾਂਦਾ ਹੈ। ਇਥੇ ਇਕ ਰੇਲ-ਰੋਡ ਲਾਈਨ ਹੈ ਜਿਹੜੀ ਕਰਾਇਡਨ ਦੀਆਂ ਸੋਨੇ ਅਤੇ ਚਾਂਦੀ ਦੀਆਂ ਖਾਣਾਂ ਨੂੰ ਗਲੈਨੋਰ ਅਤੇ ਨਾਰਮੈਨਟਨ ਨਾਂ ਦੇ ਸ਼ਹਿਰਾਂ ਨਾਲ ਜਾ ਜੋੜਦੀ ਹੈ। ਕਦੇ ਕਦਾਈਂ ਕਿੰਬਰਲੇ ਵਲ ਨੂੰ ਛੋਟੀਆਂ-ਛੋਟੀਆਂ ਕਿਸ਼ਤੀਆਂ ਰਾਹੀਂ ਅਤੇ ਕਲੈਨਕਰੀ ਵਲ ਨੂੰ ਹਵਾਈ ਸੇਵਾ ਰਾਹੀਂ ਵੀ ਆਵਾਜਾਈ ਹੁੰਦੀ ਹੈ। ਮਗਰਮੱਛਾਂ ਦੀ ਭਰਮਾਰ ਲਈ ਇਹ ਖਾੜੀ ਬਹੁਤ ਪ੍ਰਸਿੱਧ ਹੈ।

ਕਈ ਸਦੀਆਂ ਤੀਕ ਇਸ ਖਾੜੀ ਵਲ ਕੋਈ ਧਿਆਨ ਨਹੀਂ ਸੀ ਦਿਤਾ ਗਿਆ ਪਰ ਅੰਤਰ-ਰਾਸ਼ਟਰੀ ਪੱਖ ਤੋਂ ਇਹ ਖਾੜੀ ਵੀਹਵੀਂ ਸਦੀ ਦੇ ਸੱਤਵੇਂ ਅਤੇ ਅੱਠਵੇਂ ਦਹਾਕੇ ਵਿਚ ਹੀ ਪ੍ਰਸਿੱਧ ਹੋਈ ਜਦੋਂ ਕਿ ਇਥੋਂ ਬੱਕਸਾਈਟ ਅਤੇ ਮੈਂਗਨੀਜ਼ ਦੇ ਵੱਡੇ ਵੱਡੇ ਭੰਡਾਰਾਂ ਅਤੇ ਪ੍ਰਾਨ ਮੱਛੀ ਬਾਰੇ ਪਤਾ ਲੱਗਾ। ਵਿਗਿਆਨਕ ਖੋਜਾਂ ਨੇ ਇਸ ਖੇਤਰ ਦੀ ਭੂਗੋਲਿਕ ਬਣਤਰ ਸਬੰਧੀ ਕਾਫ਼ੀ ਵੱਡਮੁੱਲੀ ਸੂਚਨਾ ਦੁਨੀਆ ਸਾਹਮਣੇ ਲਿਆਂਦੀ ਹੈ।

ਹ. ਪੁ.—ਕੋਲ. ਐਨ. 4 : 419; ਐਨ. ਬ੍ਰਿ. ਮਾ. 2 : 585

**ਕਾਰਫਿਲੀ :** ਵੇਲਜ਼ ਦਾ ਇਹ ਇਕ ਕਿਲੇ ਵਾਲਾ ਕਸਬਾ ਅਤੇ ਮਿਡ ਗਲਾਮੌਰਗੈਨ ਦੀ ਕਾਊਂਟੀ ਹੈ। ਸੰਨ 1974 ਤੋਂ ਪਹਿਲਾਂ ਇਹ ਸਾਬਕਾ ਗਲਾਮੌਰਗੈਨਸ਼ਿਰ ਵਿਚ ਹੁੰਦਾ ਸੀ। ਇਹ ਕਸਬਾ ਤੇਰ੍ਹਵੀਂ ਸਦੀ ਦੇ ਬਣੇ ਇਕ ਕਿਲੇ ਦੇ ਆਲੇ-ਦੁਆਲੇ ਵਿਕਸਤ ਹੋਇਆ ਹੈ। ਇਹ ਅਜੇ ਮੁਕੰਮਲ ਵੀ ਨਹੀਂ ਸੀ ਹੋਇਆ ਜਦੋਂ ਵੇਲਜ਼ ਦੇ ਇਕ ਸ਼ਹਿਜ਼ਾਦੇ ਨੇ ਇਸ ਨੂੰ 1270 ਵਿਚ ਢਹਿ-ਢੇਰੀ ਕਰ ਦਿਤਾ ਸੀ। ਸੰਨ 1271 ਤੋਂ ਇਸ ਕਸਬੇ ਨੂੰ ਮੁੜ ਉਸਾਰਿਆ ਗਿਆ। ਇਥੋਂ ਦਾ ਕਿਲਾ 12 ਹੈਕਟੇਅਰ ਵਿਚ ਬਣਿਆ ਹੋਇਆ ਹੈ ਅਤੇ ਇਹ ਕਿਲਾ ਵਿੰਜ਼ਰ ਤੋਂ ਪਿਛੋਂ ਇੰਗਲੈਂਡ ਅਤੇ ਵੇਲਜ਼ ਦਾ ਸਭ ਤੋਂ ਵੱਡਾ ਕਿਲਾ ਹੈ। ਸੰਨ 1536 ਤੀਕ ਇਸ ਕਿਲੇ ਦੇ ਥੋੜ੍ਹੇ ਜਿਹੇ ਹਿੱਸੇ ਨੂੰ ਜੇਲ੍ਹ ਵਜੋਂ

ਵਰਤਿਆ ਜਾਂਦਾ ਰਿਹਾ ਅਤੇ ਬਾਕੀ ਹਿੱਸਾ ਲਾਵਾਰਸ ਹੀ ਪਿਆ ਰਿਹਾ। ਸਤਾਰ੍ਹਵੀਂ ਸਦੀ ਦੇ ਲਗਭਗ ਚੌਥੇ ਦਹਾਕੇ ਵਿਚ ਅੰਗਰੇਜ਼ੀ ਖ਼ਾਨਾਜੰਗੀ ਵਿਚ ਸੰਸਦੀ ਫ਼ੌਜਾਂ ਨੇ ਇਸ ਕਿਲੇ ਨੂੰ ਹੋਰ ਤਬਾਹ ਕਰ ਦਿਤਾ ਸੀ। ਸੰਨ 1949 ਵਿਚ ਬਿਊਟ ਦੇ ਮਾਰਕੋਇਸ ਨੇ ਇਹ ਕਿਲਾ ਬਾਦਸ਼ਾਹ ਨੂੰ ਦਾਨ ਕਰ ਦਿਤਾ।

ਸੰਨ 1945 ਤੋਂ ਇਥੇ ਕਈ ਛੋਟੇ ਛੋਟੇ ਉਦਯੋਗ ਸਥਾਪਤ ਹੋ ਗਏ ਹਨ। ਇਹ ਖਰੀਦਾਰੀ ਦਾ ਇਕ ਸਰਗਰਮ ਕੇਂਦਰ ਅਤੇ ਕਾਰਡਿਫ ਕਸਬੇ ਲਈ ਇਕ ਉਪਨਗਰ ਬਣਿਆ ਹੋਇਆ ਹੈ।

ਆਬਾਦੀ—42736 (1981)

51° 35′ ਉ. ਵਿਥ.; 31° 4′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 433

**ਕਾਰਫੂ :** ਆਧੁਨਿਕ ਯੂਨਾਨ ਅੰਦਰ ਇਸ ਨੂੰ ਕਰਕੀਰਾ ਆਖਦੇ ਹਨ। ਇਹ ਆਇਓਨੀਅਨ ਸਾਗਰ ਵਿਚ ਇਕ ਦੀਪ ਹੈ ਜੋ ਆਲੇ-ਦੁਆਲੇ ਦੇ ਛੋਟੇ ਦੀਪਾਂ ਨੂੰ ਮਿਲਾ ਕੇ ਯੂਨਾਨ ਦਾ ਇਕ ਡਿਪਾਰਟਮੈਂਟ ਹੀ ਬਣਾਉਂਦਾ ਹੈ। ਇਸ ਦੀਪ ਦੀ ਲੰਬਾਈ 58 ਕਿ. ਮੀ. ਅਤੇ ਵੱਧ ਤੋਂ ਵੱਧ ਚੌੜਾਈ ਲਗਭਗ 27 ਕਿ. ਮੀ. ਹੈ। ਦੀਪ ਦਾ ਕੁਲ ਰਕਬਾ 593 ਵ. ਕਿ. ਮੀ. ਅਤੇ ਆਬਾਦੀ 97,102 (1981) ਹੈ। ਦੀਪ ਦੀ ਬਣਤਰ ਚੂਨੇ ਦੇ ਪੱਥਰ ਦੀ ਹੈ। ਉੱਤਰ ਵਲੋਂ ਇਹ ਦੀਪ ਪਹਾੜੀ ਅਤੇ ਦੱਖਣ ਵਲ ਨੂੰ ਨੀਵਾਂ ਹੈ।

ਇਹ ਦੀਪ ਬਹੁਤ ਉਪਜਾਊ ਅਤੇ ਯੂਨਾਨੀ ਦੀਪ ਸਮੂਹਾਂ ਦਾ ਸਭ ਤੋਂ ਵਧੀਆ ਪੇਂਡੂ ਇਲਾਕਾ ਹੈ। ਇਥੇ ਪਾਣੀ ਦੀਆਂ ਸਹੂਲਤਾਂ ਆਮ ਹਨ। ਜ਼ੈਤੂਨ ਦੇ ਦਰੱਖਤ ਬਹੁਤ ਹਨ। ਅੰਜੀਰ, ਸੰਤਰੇ, ਨਿੰਬੂ, ਅੰਗੂਰ ਅਤੇ ਮੱਕੀ ਦੀ ਵੀ ਇਥੇ ਕਾਸ਼ਤ ਕੀਤੀ ਜਾਂਦੀ ਹੈ। ਇਥੋਂ ਜ਼ੈਤੂਨ ਦਾ ਤੇਲ, ਫ਼ਲ, ਅਨਾਜ ਅਤੇ ਸ਼ਰਾਬ ਬਾਹਰ ਭੇਜੀ ਜਾਂਦੀ ਹੈ। ਇਥੇ ਸਾਬਨ ਅਤੇ ਸੂਤੀ ਕਪੜੇ ਤਿਆਰ ਕਰਨ ਦੇ ਕਾਰਖ਼ਾਨੇ ਹਨ।

ਆਧੁਨਿਕ ਕਰਕੀਰਾ ਜੋ ਪ੍ਰਾਇਦੀਪ ਦੇ ਪੂਰਬੀ ਤੱਟ ਤੇ ਵਸਿਆ ਹੋਇਆ ਹੈ, ਮੁੱਖ ਸ਼ਹਿਰ, ਬੰਦਰਗਾਹ ਅਤੇ ਡਿਪਾਰਟਮੈਂਟ ਦੀ ਰਾਜਧਾਨੀ ਹੈ। ਪੁਰਾਣੇ ਕਾਰਫੂ ਵਿਚ ਯੂਨਾਨੀ ਮੈਟਰੋਪਾਲਿਟਨ ਅਤੇ ਰੋਮਨ ਕੈਥੋਲਿਕ ਬਿਸ਼ਪ ਦੀ ਸੀਟ ਹੈ।

ਕਾਰਫੂ ਯੂਨਾਨੀ ਸ਼ਬਦ 'Coryphai' ਦਾ ਵਿਗੜਿਆ ਹੋਇਆ ਇਤਾਲਵੀ ਨਾਂ ਹੈ ਜਿਸ ਦਾ ਮਤਲਬ ਹੈ 'ਚੋਟੀਆਂ'। ਲੋਕ ਕਥਾ ਅਨੁਸਾਰ ਇਸ ਦੀਪ ਦਾ ਨਾਂ ਸ਼ੀਰੀਆ ਹੁੰਦਾ ਸੀ ਜਿਸ ਦਾ ਹੋਮਰ ਦੇ ਮਹਾਂਕਾਵਿ ਵਿਚ ਫਾਈਏਸ਼ੀਅਨਜ਼ ਲੋਕਾਂ ਦੀ ਜਨਮ-ਭੂਮੀ ਵਜੋਂ ਜ਼ਿਕਰ ਕੀਤਾ ਗਿਆ। 734 ਈ. ਪੂ. ਦੇ ਨੇੜੇ ਤੇੜੇ ਇਥੇ ਕੋਰਿੰਥੀ ਬਸਤੀ ਸਥਾਪਤ ਹੋਈ, ਜਿਸ ਦਾ ਵਤੀਰਾ ਆਪਣੇ ਜਮਾਂਦਰੂ ਸ਼ਹਿਰ ਕੋਰਿੰਥ ਨਾਲ ਬੜਾ ਵੈਰ-ਭਰਿਆ ਸੀ। ਲਗਭਗ 600 ਈ. ਪੂ. ਵਿਚ ਕੋਰਿੰਥੀਆ ਦੇ ਆਪਣੇ ਹੀ ਜ਼ਾਲਮ ਹਾਕਮ ਪੈਰਿਐਂਡਰ ਨੇ ਨਵੀਂ ਬਸਤੀ ਨੂੰ ਤਬਾਹ ਕਰ ਦਿਤਾ। ਪਰ ਬਾਅਦ ਵਿਚ ਇਹ ਮੁੜ ਆਜ਼ਾਦ ਹੋ ਗਈ ਅਤੇ ਫਿਰ ਇਸ ਨੇ ਆਪਣਾ ਵਪਾਰ ਦਾ ਕੰਮ ਚਾਲੂ ਕੀਤਾ। ਯੂਨਾਨ ਦੇ ਈਰਾਨੀ ਹਮਲੇ (480 ਈ. ਪੂ.) ਵਿਚ ਵੀ ਕਾਰਫੂ ਨੇ ਕੋਈ ਸਰਗਰਮ ਹਿੱਸਾ ਨਹੀਂ ਸੀ ਲਿਆ ਪਰ 435 ਪੂ. ਈ. ਵਿਚ ਇਸ ਨੇ ਕੋਰਿੰਥ ਵਿਰੁੱਧ ਕੀਤੀ ਲੜਾਈ ਸਮੇਂ ਏਥਨਜ਼ ਤੋਂ ਸਹਾਇਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦੇ ਸਿੱਟੇ ਵਜੋਂ ਪੈਲਾਪਨੀਜ਼ ਯੁੱਧ ਸ਼ੁਰੂ ਹੋ ਗਿਆ। 410 ਈ. ਪੂ. ਵਿਚ ਕਾਰਫੂ ਨੇ ਯੁੱਧ ਬੰਦ ਕਰ ਦਿਤਾ ਪਰ ਏਥਨਜ਼ ਨਾਲ ਕੀਤੇ ਇਕ ਨਵੇਂ ਗਠ-ਜੋੜ (375) ਕਾਰਨ ਸਪਾਰਟਾ ਨਾਲ ਲੜਾਈ-ਝਗੜੇ ਸ਼ੁਰੂ ਹੋ ਗਏ।

303 ਈ. ਪੂ. ਤੋਂ ਬਾਅਦ 25-30 ਸਾਲ ਇਹ ਦੀਪ ਕਈਆਂ ਦੇ ਹੱਥਾਂ ਵਿਚ ਰਿਹਾ। 229 ਈ. ਪੂ. ਵਿਚ ਇਲਿਰੀਆ ਦੇ ਲੋਕਾਂ ਨੇ ਇਸ ਉਤੇ ਕਬਜ਼ਾ ਕਰ ਲਿਆ। ਰੋਮਨਾਂ ਨੇ ਇਸ ਨੂੰ ਆਜ਼ਾਦ ਕਰਵਾ ਦਿਤਾ ਅਤੇ ਇਸ ਦੀਪ ਨੂੰ ਇਕ ਸਮੁੰਦਰੀ ਅੱਡੇ ਵਜੋਂ ਆਪਣੇ ਕੋਲ ਰਖਿਆ ਅਤੇ ਇਸ ਨੂੰ ਇਕ ਆਜ਼ਾਦ ਰਾਜ ਬਣਾ ਦਿਤਾ। 31 ਈ. ਪੂ. ਵਿਚ ਆਕਟਾਵੀਅਨ, ਜੋ ਅੱਗੇ ਜਾ ਕੇ ਸ਼ਹਿਨਸ਼ਾਹ ਅਗਸਟਸ ਬਣਿਆ, ਨੇ ਇਸ ਦੀਪ ਨੂੰ ਮਾਰਕ ਐਨਟਨੀ ਵਿਰੁੱਧ ਆਪਣੇ ਅੱਡੇ ਵਜੋਂ ਵਰਤਿਆ ਸੀ ਪਰ ਆਪਣੀ ਫ਼ਤਹਿ ਵਾਲੀ ਥਾਂ ਉਤੇ ਨਿਕਾਪੋਲਿਸ ਐਕਟੀਆ ਨਾਮੀ ਸ਼ਹਿਰ ਦੀ ਸਥਾਪਨਾ ਨੇ ਕਾਰਫੂ ਦੀ ਠਾਠ-ਬਾਠ ਨੂੰ ਕਾਫ਼ੀ ਧੱਕਾ ਲਾਇਆ।

ਯੂਨਾਨ ਅਤੇ ਇਟਲੀ ਵਿਚਕਾਰ ਸਥਿਤ ਹੋਣ ਕਾਰਨ ਪੂਰਬ ਅਤੇ ਪੱਛਮ ਦੀਆਂ ਤਾਕਤਾਂ ਇਸ ਦੀਪ ਵਲ ਨੂੰ ਖਿਚੀਆਂ ਜਾਂਦੀਆਂ ਰਹੀਆਂ। ਵਾਰੋ ਵਾਰੀ ਇਹ ਦੀਪ ਗਾਥਾਂ, ਲੰਬਾਰਡਾਂ, ਸਾਰਸਨਾਂ ਅਤੇ ਨਾਰਮਨਾਂ ਅਧੀਨ ਰਿਹਾ। ਇਸ ਦੀਪ ਉਤੇ ਸਿਸਲੀ ਦੇ ਬਾਦਸ਼ਾਹਾਂ ਅਤੇ ਇਟਲੀ ਦੇ ਜੈਨੋਆ ਅਤੇ ਵੀਨਿਸ ਨਾਮੀ ਨਗਰ-ਰਾਜਾਂ ਦੀਆਂ ਵੀ ਲੜਾਈਆਂ ਹੁੰਦੀਆਂ ਰਹੀਆਂ ਹਨ। ਸੰਨ 1204 ਵਿਚ ਇਸ ਨੂੰ ਈਪਾਈਰਸ ਦੇਸ਼ ਦੇ ਯੂਨਾਨੀ ਤਾਨਾਸ਼ਾਹੀ ਰਾਜ ਵਿਚ ਸ਼ਾਮਲ ਕਰ ਦਿਤਾ ਗਿਆ ਅਤੇ ਸੰਨ 1259 ਵਿਚ ਸਿਸਲੀ ਦੇ ਬਾਦਸ਼ਾਹ ਮੈਨਫਰੈੱਡ ਅਤੇ ਫਿਰ ਸੰਨ 1267 ਵਿਚ ਨੇਪਲਜ਼ ਦੇ ਐਂਜਵਿਨਾਂ ਅਧੀਨ ਚਲਾ ਗਿਆ। ਸੰਨ 1401 ਵਿਚ ਇਸ ਉਤੇ ਵੀਨਸੀ ਪ੍ਰਭੂਤਾ ਫਿਰ ਸਥਾਪਤ ਕਰ ਦਿਤੀ ਗਈ। ਸੰਨ 1797 ਵਿਚ ਵੀਨਿਸੀ ਗਣਰਾਜ ਦੀ ਵੰਡ ਸਮੇਂ ਕਾਰਫੂ ਫਰਾਂਸ ਦੇ ਹਵਾਲੇ ਕਰ ਦਿਤਾ ਗਿਆ। ਪਰ ਫਰਾਂਸੀਸੀ ਫ਼ੌਜ ਨੂੰ ਛੇਤੀ ਹੀ ਰੂਸੀ-ਤੁਰਕੀ ਬੇੜੇ ਨੇ ਇਥੋਂ ਕੱਢ ਦਿਤਾ। ਸੰਨ 1807 ਵਿਚ ਇਸ ਦੀਪ ਨੂੰ ਨੈਪੋਲੀਅਨ ਤੇ ਸਾਮਰਾਜ ਵਿਚ ਸ਼ਾਮਲ ਕਰ ਦਿਤਾ ਗਿਆ। ਸੰਨ 1815 ਵਿਚ ਸ਼ਹਿਨਸ਼ਾਹ ਦੀ ਅੰਤਿਮ ਹਾਰ ਪਿਛੋਂ ਇਹ ਦੀਪ ਇਕ ਬਰਤਾਨਵੀ ਪ੍ਰੋਟੈਕਟੋਰੇਟ ਬਣ ਗਿਆ। ਅੰਗਰੇਜ਼ ਹਕੂਮਤ ਇਥੋਂ ਦੇ ਵਾਸੀਆਂ ਨੂੰ ਖ਼ੁਸ਼ ਨਾ ਰੱਖ ਸਕੀ ਅਤੇ ਸੰਨ 1864 ਦੂਸਰੇ ਆਇਓਨੀਅਨ ਦੀਪ ਸਮੂਹ ਦੇ ਨਾਲ ਹੀ ਕਾਰਫੂ ਯੂਨਾਨ ਵਿਚ ਸ਼ਾਮਲ ਕਰ ਦਿਤਾ ਗਿਆ।

ਸੰਨ 1923 ਵਿਚ ਇਟਲੀ ਦੀਆਂ ਫ਼ੌਜਾਂ ਨੇ ਇਸ ਉਤੇ ਭਾਰੀ ਬੰਬਾਰੀ ਕੀਤੀ ਅਤੇ ਥੋੜੇ ਸਮੇਂ ਲਈ ਕਾਰਫੂ ਉਨ੍ਹਾਂ ਦੇ ਕਬਜ਼ੇ ਅਧੀਨ ਰਿਹਾ। ਦੂਜੇ ਵਿਸ਼ਵ ਯੁੱਧ ਵਿਚ ਇਟਲੀ ਦੀਆਂ ਫ਼ੌਜਾਂ ਨੇ ਸ਼ਹਿਰ ਉਤੇ ਫਿਰ ਬੰਬਾਰੀ ਕੀਤੀ ਅਤੇ ਸੰਨ 1941-44 ਵਿਚ ਇਸ ਉਤੇ ਵਾਰੋ ਵਾਰੀ ਇਤਾਲਵੀਆਂ ਅਤੇ ਜਰਮਨਾਂ ਦਾ ਕਬਜ਼ਾ ਰਿਹਾ। ਸੰਨ 1943 ਦੀ ਲੜਾਈ ਵਿਚ ਸ਼ਹਿਰ ਦੀਆਂ ਬਹੁਤ ਸਾਰੀਆਂ ਇਮਾਰਤਾਂ ਅਤੇ ਹੋਰ ਮਹੱਤਵਪੂਰਨ ਥਾਵਾਂ ਤਬਾਹ ਕਰ ਦਿਤੀਆਂ ਗਈਆਂ ਪਰ ਇਕ ਰਾਇਲ ਪੈਲੇਸ (1816) ਜਿਹੜਾ ਕਿ ਪਹਿਲਾਂ ਅੰਗਰੇਜ਼ ਗਵਰਨਰਾਂ ਦਾ ਰਿਹਾਇਸ਼ੀ ਅਸਥਾਨ ਹੁੰਦਾ ਸੀ ਅਤੇ ਜਿਸ ਨੂੰ ਹੁਣ ਅਜਾਇਬ-ਘਰ ਬਣਾਇਆ ਹੋਇਆ ਹੈ, ਬਚ ਗਿਆ। ਸੰਨ 1944 ਵਿਚ ਇਹ ਦੀਪ ਮੁੜ ਯੂਨਾਨ ਦੇ ਹਵਾਲੇ ਕਰ ਦਿਤਾ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 149

**ਕਾਰਬਨ :** ਇਹ ਇਕ ਅਧਾਤਵੀ ਤੱਤ ਹੈ, ਜਿਸ ਦਾ ਸਬੰਧ ਠੋਸ ਪਦਾਰਥਾਂ ਨਾਲ ਹੈ। ਇਹ ਦੋਹਾਂ, ਮੁਕਤ ਅਤੇ ਸੰਯੋਜਿਤ ਹਾਲਤਾਂ ਵਿਚ ਮਿਲਦੀ ਹੈ। ਰਸਾਇਣ-ਵਿਗਿਆਨ ਦੇ ਖੇਤਰ ਵਿਚ ਲਗਭਗ 80,000 ਕਾਰਬਨ ਯੋਗਿਕਾਂ ਦਾ ਜ਼ਿਕਰ ਹੈ ਅਤੇ ਰਸਾਇਣ-ਵਿਗਿਆਨੀ ਹਰ ਸਾਲ ਕਈ ਨਵੇਂ ਯੋਗਿਕਾਂ ਦਾ ਸੰਸ਼ਲੇਸ਼ਣ ਕਰਦੇ ਹਨ।

ਸਾਡੇ ਸਰੀਰ ਵਿਚਲੀ ਬਹੁਤੀ ਊਰਜਾ ਅਤੇ ਨਾਲ ਹੀ ਸਾਡੀਆਂ ਸਰੀਰਕ ਮਸ਼ੀਨਾਂ ਨੂੰ ਚਲਾਉਣ ਵਾਲੀ ਊਰਜਾ ਕਾਰਬਨ ਅਤੇ ਇਸ ਦੇ ਯੋਗਿਕਾਂ ਦੇ ਆਕਸੀਕਰਨ ਦੁਆਰਾ ਮਿਲਦੀ ਹੈ ਅਤੇ ਪਸ਼ੂਆਂ ਤੇ ਪੌਦਿਆਂ ਦੇ ਜੀਵਨ ਲਈ ਕਾਰਬਨ ਅਤਿ ਜ਼ਰੂਰੀ ਹੈ। ਪੌਦਿਆਂ ਨੂੰ

ਇਹ ਹਵਾ ਵਿਚਲੀ ਕਾਰਬਨ ਡਾਈਆਕਸਾਈਡ ਤੋਂ ਮਿਲਦੀ ਹੈ । ਪੌਦੇ ਪ੍ਰਕਾਸ਼-ਸੰਸ਼ਲੇਸ਼ਣ ਦੌਰਾਨ ਕਾਰਬਨ ਡਾਈਆਕਸਾਈਡ ਅਤੇ ਪਾਣੀ ਨੂੰ ਕਾਰਬੋਹਾਈਡ੍ਰੇਟਾਂ ਵਿਚ ਬਦਲ ਦਿੰਦੇ ਹਨ । ਪਸ਼ੂ ਕਾਰਬੋਹਾਈਡ੍ਰੇਟਾਂ ਨੂੰ ਖਪਾ ਲੈਂਦੇ ਹਨ ਅਤੇ ਕਾਰਬਨ ਡਾਈਆਕਸਾਈਡ ਨੂੰ ਵਾਯੂ-ਮੰਡਲ ਵਿਚ ਪਰਤਾ ਦਿੰਦੇ ਹਨ। ਪਸ਼ੂਆਂ ਅਤੇ ਪੌਦਿਆਂ ਦੇ ਜੀਵਨ ਨੂੰ ਜੋੜਨ ਲਈ ਨਿਰੰਤਰ ਲੜੀ ਨੂੰ ਕਾਰਬਨ ਚੱਕਰ ਕਿਹਾ ਜਾਂਦਾ ਹੈ।

ਕਾਰਬਨ ਕਾਫ਼ੀ ਮਾਤਰਾ ਵਿਚ ਧਰਤੀ ਦੀ ਪੇਪੜੀ ਵਿਚੋਂ ਮਿਲਦੀ ਹੈ। ਕਾਰਬਨ ਡਾਈਆਕਸਾਈਡ, ਜਿਹੜੀ ਕਿ ਵਾਯੂਮੰਡਲ ਵਿਚ ਲਗਭਗ 0.03% (ਆਇਤਨ ਅਨੁਸਾਰ) ਹੁੰਦੀ ਹੈ, ਕੁਦਰਤੀ ਪਾਣੀਆਂ ਵਿਚੋਂ ਵੀ ਮਿਲਦੀ ਹੈ । ਕਾਰਬਨ-ਕੋਲਾ, ਪੈਟਰੋਲੀਅਮ, ਕੁਦਰਤੀ ਗੈਸ ਅਤੇ ਕਈ ਖਣਿਜਾਂ ਦਾ ਇਕ ਅੰਸ਼ ਹੈ।

ਆਮ ਕਰਕੇ ਕਾਰਬਨ ਦੇ ਤਿੰਨ ਰੂਪ, ਅਰਥਾਤ ਹੀਰਾ, ਗ੍ਰੈਫ਼ਾਈਟ ਅਤੇ ਕਾਲੀ ਕਾਰਬਨ ਹਨ। ਇਹ ਸਾਧਾਰਨ ਤਾਪਮਾਨ ਉਤੇ ਸਥਿਰ ਰਹਿੰਦੇ ਹਨ ਅਤੇ ਆਮ ਘੋਲਕਾਂ ਵਿਚ ਅਘੁਲਨਸ਼ੀਲ ਹਨ। ਹੀਰਾ ਅਤੇ ਗ੍ਰੈਫ਼ਾਈਟ ਰਵੇਦਾਰ ਹੁੰਦੇ ਹਨ ਅਤੇ ਕਾਲੀ ਕਾਰਬਨ ਦੇ ਆਮ ਕਰਕੇ ਰਵੇ ਨਹੀਂ ਹੁੰਦੇ ਅਤੇ ਇਸ ਦੀਆਂ ਕਈ ਕਿਸਮਾਂ ਹੁੰਦੀਆਂ ਹਨ।

ਤੱਤਾਂ ਦੇ ਆਵਰਤੀ ਵਰਗੀਕਰਨ ਵਿਚ ਕਾਰਬਨ ਚੌਥੇ ਗਰੁੱਪ ਨਾਲ ਸਬੰਧਤ ਹੈ। ਇਸ ਦੀ ਮੁੱਖ ਸੰਯੋਜਕਤਾ 4 ਹੈ ਪ੍ਰੰਤੂ ਕਾਰਬਨ ਦੇ ਕਈ ਮੋਨੋ-ਡਾਈ ਅਤੇ ਤ੍ਰੈ-ਸੰਯੋਜਕ ਯੋਗਿਕ ਵੀ ਤਿਆਰ ਕੀਤੇ ਗਏ ਹਨ।

ਕਾਰਬਨ ਦਾ ਰਸਾਇਣਿਕ ਚਿੰਨ੍ਹ 'C', ਪਰਮਾਣਵੀ-ਕ੍ਰਮ-ਅੰਕ 6, ਪਰਮਾਣਵੀ-ਭਾਰ 12.011 ਅਤੇ ਪਰਮਾਣਵੀ ਅਰਧ-ਵਿਆਸ 0.77 Å ਹੈ। ਇਸ ਦੀ ਇਲੈੱਕਟ੍ਰਾਨੀ ਤਰਤੀਬ $1S^2\ 2S^2\ 2p^2$ ਹੈ। ਕਾਰਬਨ ਦੇ ਜੌਹਰ 3500° ਸੈਂ. ਤੋਂ ਉੱਪਰ ਬਣਦੇ ਹਨ ਅਤੇ ਇਸ ਦਾ ਉਬਾਲ-ਦਰਜਾ ਲਗਭਗ 4200° ਸੈਂ. ਹੈ । ਕਾਰਬਨ ਦੇ ਛੇ ਸਮਸਥਾਨਕ $C^{10}$, $C^{11}$, $C^{12}$, $C^{13}$, $C^{14}$ ਅਤੇ $C^{15}$ ਹਨ। ਸਮਸਥਾਨਕ 12 ਅਤੇ 13 ਸਥਿਰ ਹਨ ਅਤੇ ਬਾਕੀ ਦੇ ਰੇਡੀਉਐੱਕਟਿਵ ਹਨ, ਜਿਨ੍ਹਾਂ ਦੀ ਅਰਧ-ਆਯੂ $C^{10}$ (20 ਸੈਂ.), $C^{11}$ (20.5 ਮਿੰਟ), $C^{14}$ (ਲਗਭਗ 5,700 ਸਾਲ) ਅਤੇ $C^{15}$ (2.4 ਸੈਕੰਡ) ਹਨ। ਕਾਰਬਨ ਦੇ ਦੋ ਮੁੱਖ ਆਕਸਾਈਡ ਕਾਰਬਨ ਮੋਨੋਆਕਸਾਈਡ ਅਤੇ ਕਾਰਬਨ ਡਾਈਆਕਸਾਈਡ ਹਨ । ਸਾਧਾਰਨ ਤਾਪਮਾਨ ਉਤੇ ਗੰਧਕ ਦੇ ਵਾਸ਼ਪਾਂ ਨਾਲ ਮਿਲ ਕੇ ਇਹ ਕਾਰਬਨ ਡਾਈਸਲਫ਼ਾਈਡ ਬਣਾਉਂਦੀ ਹੈ ਅਤੇ ਸਿਲਿਕਾਨ ਅਤੇ ਕਈ ਹੋਰ ਧਾਤਾਂ ਨਾਲ ਮਿਲ ਕੇ ਇਹ ਕਾਰਬਾਈਡ ਬਣਾਉਂਦੀ ਹੈ । ਜਦੋਂ ਕਾਰਬਨ ਨੂੰ ਨਾਈਟ੍ਰੋਜਨ ਵਾਲੇ ਪਦਾਰਥਾਂ ਜਾਂ ਖਾਰੇ ਕਾਰਬੋਨੇਟਾਂ ਨਾਲ ਗਰਮ ਕੀਤਾ ਜਾਂਦਾ ਹੈ ਤਾਂ ਸਾਇਆਨਾਈਡ ਬਣਦੇ ਹਨ। ਇਹ ਹਾਈਡ੍ਰੋਜਨ ਨਾਲ ਸਿੱਧੀ ਹੀ ਮਿਲ ਕੇ ਐਸਿਟਿਲੀਨ ਬਣਾਉਂਦੀ ਹੈ ਅਤੇ ਜਦੋਂ ਹਾਈਡ੍ਰੋਜਨ ਦੁਆਰਾ ਘਿਰੇ ਕਾਰਬਨ ਦੇ ਧਰੁਵਾਂ ਵਿਚਕਾਰ ਬਿਜਲਈ ਆਰਕ ਲੰਘਾਈ ਜਾਂਦੀ ਹੈ ਤਾਂ ਕੁਝ-ਕੁ ਮਾਤਰਾ ਵਿਚ ਮੀਥੇਨ ਅਤੇ ਈਥੇਨ ਵੀ ਬਣਦੀਆਂ ਹਨ। ਕਮਰੇ ਦੇ ਤਾਪਮਾਨ ਉਤੇ ਕਾਰਬਨ, ਫ਼ਲੋਰੀਨ ਨਾਲ ਮਿਲ ਕੇ ਕਾਰਬਨ ਟੈੱਟ੍ਰਾਫ਼ਲੋਰਾਈਡ ਬਣਾਉਂਦੀ ਹੈ।

**ਹੀਰਾ**–ਕੁਦਰਤ ਵਿਚ ਮਿਲਦੇ ਸਭ ਪਦਾਰਥਾਂ ਨਾਲੋਂ ਕਠੋਰ ਹੀਰਾ ਹੈ ਅਤੇ ਇਸ ਦੀ ਕਠੋਰਤਾ 10 (ਮਾਹ ਪੈਮਾਨੇ ਉਤੇ) ਹੈ। ਇਹ ਬਿਜਲੀ ਅਤੇ ਤਾਪ ਦਾ ਬਹੁਤ ਘੱਟ ਚਾਲਕ ਹੈ। ਆਮ ਤਾਪਮਾਨ ਉਤੇ ਇਸ ਦਾ ਪਰਮਾਣਵੀ ਤਾਪ 1.25,985° ਸੈਂ. ਉਤੇ 5.5, –186° ਸੈਂ. ਉਤੇ 0.03 ਅਤੇ –227° ਸੈਂ. ਉਤੇ ਲਗਭਗ ਜ਼ੀਰੋ ਹੁੰਦਾ ਹੈ । ਹੀਰੇ ਦੀ ਵਿਸ਼ਿਸ਼ਟ ਘਣਤਾ 3.51 ਅਤੇ ਅਪਵਰਤਨ-ਅੰਕ 2.4173 (ਸੋਡੀਅਮ ਪ੍ਰਕਾਸ਼ ਲਈ) ਹੁੰਦਾ ਹੈ।

ਸ਼ੁੱਧ ਹੀਰੇ ਰੰਗਹੀਨ ਅਤੇ ਪਾਰਦਰਸ਼ੀ ਹੁੰਦੇ ਹਨ ਪ੍ਰੰਤੂ ਕਈ ਵਾਰੀ ਅਸ਼ੁੱਧੀਆਂ ਕਾਰਨ ਇਨ੍ਹਾਂ ਦਾ ਰੰਗ ਲਾਲ, ਨੀਲਾ, ਹਰਾ ਜਾਂ ਪੀਲਾ ਵੀ ਹੁੰਦਾ ਹੈ। ਪੀਲੇ ਪੱਥਰਾਂ ਤੋਂ ਬਿਨਾਂ ਸਾਰੇ ਪੱਥਰ ਮਣੀਆਂ ਵਾਂਗ ਬਹੁਤ ਕੀਮਤੀ ਹਨ । ਕਾਰਬੋਨਾਡੋ ਅਤੇ ਬੋਰਟ ਕਾਲੇ ਹੀਰੇ ਹਨ ਮਣੀਆਂ ਦੇ ਮੁਕਾਬਲੇ ਇਨ੍ਹਾਂ ਦੀ ਕੋਈ ਕੀਮਤ ਨਹੀਂ ਹੈ । ਇਨ੍ਹਾਂ ਦੀ ਕਠੋਰਤਾ ਬਹੁਤ ਹੀ ਜ਼ਿਆਦਾ ਹੁੰਦੀ ਹੈ, ਇਸ ਲਈ ਇਨ੍ਹਾਂ ਦੀ ਵਰਤੋਂ ਖੁਦਾਈ ਵਾਲੇ, ਕੱਟਣ ਅਤੇ ਘਸਾਈ ਵਾਲੇ ਔਜ਼ਾਰ ਬਣਾਉਣ ਲਈ ਕੀਤੀ ਜਾਂਦੀ ਹੈ । ਬਣਾਵਟੀ ਹੀਰੇ 1955 ਵਿਚ ਜਨਰਲ ਇਲੈੱਕਟ੍ਰਿਕ ਰਿਸਰਚ ਪ੍ਰਯੋਗਸ਼ਾਲਾਵਾਂ ਵਿਚ ਤਿਆਰ ਕੀਤੇ ਗਏ ਸਨ।

**ਗ੍ਰੈਫ਼ਾਈਟ**—ਗ੍ਰੈਫ਼ਾਈਟ, ਕੁਦਰਤ ਵਿਚ ਆਮ ਕਰਕੇ ਨਰਮ, ਭੂਰੇ-ਕਾਲੇ ਅਤੇ ਛੋਟੀਆਂ-ਛੋਟੀਆਂ ਚਮਕਦਾਰ ਪੱਤੀਆਂ ਦੀ ਸ਼ਕਲ ਵਿਚ ਮਿਲਦਾ ਹੈ । ਵੱਡੇ ਪੈਮਾਨੇ ਉਤੇ ਐਕਸ਼ਨ ਵਿਧੀ ਦੁਆਰਾ ਬਣਾਇਆ ਗ੍ਰੈਫ਼ਾਈਟ ਬਹੁਤ ਸ਼ੁੱਧ ਹੁੰਦਾ ਹੈ ਅਤੇ ਇਸ ਵਿਚ ਸੁਆਹ ਦੀ ਮਾਤਰਾ ਕੇਵਲ 0.5% ਹੁੰਦੀ ਹੈ । ਛੂਹਣ ਤੇ ਗ੍ਰੈਫ਼ਾਈਟ ਠੰਢਾ ਅਤੇ ਚਿਕਨਾ ਮਹਿਸੂਸ ਹੁੰਦਾ ਹੈ । ਇਸ ਦੀ ਵਿਸ਼ਿਸ਼ਟ ਘਣਤਾ ਲਗਭਗ 2.25 ਹੈ ਅਤੇ ਇਹ ਬਿਜਲੀ ਤੇ ਤਾਪ ਦਾ ਸੁਚਾਲਕ ਹੈ। ਇਹ ਕਾਰਬਨ ਦੇ ਸਾਰੇ ਰੂਪਾਂ ਵਿਚੋਂ ਸਥਿਰ ਹੈ । ਇਸ ਦੀ ਕਠੋਰਤਾ 0.5 ਅਤੇ 2.0 ਦੇ ਵਿਚਕਾਰ ਹੁੰਦੀ ਹੈ। ਗ੍ਰੈਫ਼ਾਈਟ ਦੀਆਂ ਜ਼ਿਆਦਾਤਰ ਕਿਸਮਾਂ ਨਾਲ ਤੇਜ਼ ਆਕਸੀਕਾਰਕ ਕਿਰਿਆ ਕਰਦੇ ਹਨ, ਜਿਵੇਂ ਕਿ ਨਾਈਟ੍ਰਿਕ ਐਸਿਡ ਅਤੇ ਸਲਫ਼ਿਊਰਿਕ ਐਸਿਡ, ਕ੍ਰੋਮਿਕ ਐਸਿਡ ਜਾਂ ਕਲੋਰੇਟ ਕਿਰਿਆ ਕਰਕੇ ਗ੍ਰੈਫ਼ਿਟਿਕ ਐਸਿਡ ਅਤੇ ਅਖ਼ੀਰ ਵਿਚ ਮੈਲਿਟਿਕ ਐਸਿਡ $[C_6(COOH)_6]$ ਬਣਾਉਂਦੇ ਹਨ। ਹੀਰਾ ਅਜਿਹੀ ਕੋਈ ਕਿਰਿਆ ਨਹੀਂ ਕਰਦਾ। ਸੰਨ 1942-45 ਤਕ ਗ੍ਰੈਫ਼ਾਈਟ ਨੂੰ ਪਹਿਲੀ ਵਾਰੀ ਪਰਮਾਣੂ ਬੰਬ ਦੇ ਵਿਕਾਸ ਦੇ ਸਬੰਧ ਵਿਚ ਯੂਰੇਨੀਅਮ ਤੋਂ ਨੈੱਪਟਿਊਨੀਅਮ ਅਤੇ ਪਲੂਟੋਨੀਅਮ ਪਰਾਪਤ ਕਰਨ ਲਈ ਵਰਤਿਆ ਗਿਆ ਸੀ। ਕੱਚ ਵਰਗੀ ਕਾਰਬਨ ਅਜਿਹਾ ਗ੍ਰੈਫ਼ਾਈਟ ਹੈ ਜਿਸ ਵਿਚ ਹੀਰੇ ਨਾਲ ਮਿਲਦੇ ਜੁਲਦੇ ਗੁਣ ਹਨ । ਇਸ ਨੂੰ ਹਮਵਾਰ ਸਤ੍ਹਾ ਉਤੇ 650° ਸੈਂ. ਤੋਂ ਉੱਪਰ ਹਾਈਡ੍ਰੋਕਾਰਬਨ ਗੈਸਾਂ ਦੇ ਅਪਘਟਨ ਦੁਆਰਾ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਦੀ ਵਿਧੀ ਨੂੰ ਟੋਪੋ-ਕੈਮੀਕਲ ਵਿਧੀ ਕਿਹਾ ਜਾਂਦਾ ਹੈ।

**ਕਾਲੀ ਕਾਰਬਨ ਜਾਂ ਰਵਾਹੀਨ ਕਾਰਬਨ**—ਇਸ ਵਿਚ ਕੋਕ, ਕੱਜਲ, ਕਾਰਬਨ ਬਲੈਕ ਜਾਂ ਗੈਸ ਬਲੈਕ, ਗੈਸ ਕਾਰਬਨ ਜਾਂ ਰਿਟੋਰਟ ਕਾਰਬਨ, ਕਾਲਖ ਅਤੇ ਲੱਕੜੀ ਦਾ ਕੋਲਾ ਸ਼ਾਮਲ ਹਨ । ਭਿੰਨ-ਭਿੰਨ ਰਵਾਹੀਨ ਕਾਰਬਨਾਂ ਦੇ ਐੱਕਸ-ਕਿਰਨ ਪ੍ਰੇਖਣ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਕੁਝ-ਕੁ ਰਵੇਦਾਰ ਹਨ ਅਤੇ ਬਣਤਰ ਵਿਚ ਗ੍ਰੈਫ਼ਾਈਟ ਨਾਲ ਮਿਲਦੇ-ਜੁਲਦੇ ਹਨ। ਸਾਰੀਆਂ ਕਿਸਮਾਂ ਉਤੇ ਤੇਜ਼ ਆਕਸੀਕਾਰਕਾਂ ਦੀ ਕਿਰਿਆ ਹੁੰਦੀ ਹੈ। ਕਾਰਬਨ ਬਲੈਕ ਦੀ ਜ਼ਿਆਦਾ ਵਰਤੋਂ ਆੱਟੋਮੋਬੀਲਾਂ ਦੇ ਟਾਇਰ ਅਤੇ ਛਪਾਈ ਵਾਲੀ ਸਿਆਹੀ ਬਣਾਉਣ ਲਈ ਕੀਤੀ ਜਾਂਦੀ ਹੈ। ਚਾਰਕੋਲ ਜਾਂ ਕੱਚੇ ਕੋਲੇ (ਖੰਡ ਦਾ ਕੋਲਾ, ਲੱਕੜੀ ਦਾ ਕੋਲਾ, ਹੱਡੀਆਂ ਦਾ ਕੋਲਾ ਆਦਿ) ਵਿਚ ਬਹੁਤ ਮੁਸਾਮ ਹੁੰਦੇ ਹਨ ਅਤੇ ਇਸ ਦੀ ਵਿਸ਼ਿਸ਼ਟ ਘਣਤਾ ਲਗਭਗ 0.25 ਹੈ। ਜਦੋਂ ਮੁਸਾਮਾਂ ਵਿਚੋਂ ਹਵਾ ਬਾਹਰ ਕੱਢ ਦਿਤੀ ਜਾਂਦੀ ਹੈ ਤਾਂ ਵਿਸ਼ਿਸ਼ਟ ਘਣਤਾ 1.4 ਤੋਂ 1.9 ਹੋ ਜਾਂਦੀ ਹੈ।

ਕਾਲੀ ਕਾਰਬਨ ਦੀ ਇਕ ਪ੍ਰਸਿੱਧ ਕਿਸਮ ਕਿਰਿਆਸ਼ੀਲਿਤ ਕਾਰਬਨ ਹੈ ਜਿਹੜੀ ਕਿ ਅਕਿਰਿਆਸ਼ੀਲ ਕਾਰਬਨ ਨੂੰ ਭਾਫ਼ ਜਾਂ ਦੂਸਰੀਆਂ ਗੈਸਾਂ ਵਿਚ ਗਰਮ ਕਰਨ ਨਾਲ ਬਣਾਈ ਜਾਂਦੀ ਹੈ। ਘੁਲੇ ਹੋਏ ਪਦਾਰਥਾਂ ਜਾਂ ਗੈਸਾਂ ਨੂੰ ਸੋਖਣ ਲਈ ਇਸ ਦੀ ਸਮਰੱਥਾ ਕਾਫ਼ੀ ਹੁੰਦੀ ਹੈ। ਖੰਡ ਦੀ ਸਫ਼ਾਈ ਲਈ ਰੰਗ-ਕਾਟ ਦੇ ਤੌਰ ਤੇ ਅਤੇ ਦੂਸ਼ਿਤ ਹਵਾ ਵਿਚੋਂ ਗੈਸਾਂ ਨੂੰ ਦੂਰ ਕਰਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ ।

ਕਾਰਬਨ ਦੇ ਲਗਭਗ 1,000,000 ਯੋਗਿਕਾਂ ਦਾ ਪਤਾ ਲਗ ਚੁੱਕਾ ਹੈ। ਇਹ ਗੱਲ ਸਪੱਸ਼ਟ ਹੈ ਕਿ ਬਾਕੀ ਸਾਰੇ ਤੱਤਾਂ ਦੇ ਯੋਗਿਕਾਂ ਨੂੰ ਮਿਲਾ ਕੇ ਕਾਰਬਨ ਦੇ ਯੋਗਿਕ ਜ਼ਿਆਦਾ ਹਨ। ਕਾਰਬਨ ਅਤੇ ਇਸ ਦੇ ਯੋਗਿਕਾਂ ਦਾ ਰਸਾਇਣ-ਵਿਗਿਆਨ ਵਿਚ ਇਕ ਵੱਖਰਾ ਹੀ ਭਾਗ ਹੈ, ਜਿਸ ਨੂੰ ਆਰਗੈਨਿਕ ਰਸਾਇਣ-ਵਿਗਿਆਨ ਕਿਹਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. 4 : 868

**ਕਾਰਬਨ ਟੈੱਟ੍ਰਾਕਲੋਰਾਈਡ** : ਇਸ ਨੂੰ ਟੈੱਟ੍ਰਾਕਲੋਰੋਮੀਥੇਨ ਵੀ ਕਿਹਾ ਜਾਂਦਾ ਹੈ ਅਤੇ ਇਹ ਇਕ ਬਹੁਤ ਪ੍ਰਸਿੱਧ ਘੋਲਕ, ਰਸਾਇਣਿਕ ਇੰਟਰਮਿਡੀਏਟ (ਮੱਧਵਰਤੀ) ਅਤੇ ਅੱਗ ਬੁਝਾਉਣ ਵਾਲਾ ਏਜੰਟ ਹੈ। ਇਹ ਰੰਗਹੀਨ, ਗਤੀਸ਼ੀਲ ਅਤੇ ਅੱਗ ਨਾ ਲਗਣ ਵਾਲਾ ਤਰਲ ਹੈ ਜਿਸ ਦਾ ਰਸਾਇਣਿਕ ਫ਼ਾਰਮੂਲਾ $CCl_4$ ਹੈ। ਇਸ ਦਾ ਅਣਵੀ-ਭਾਰ 153.84, ਉਬਾਲ-ਦਰਜਾ 76.7° ਸੈਂ. ਅਤੇ ਵਿਸ਼ਿਸ਼ਟ ਘਣਤਾ 1.595 (20° ਸੈਂ. ਉਤੇ) ਹੈ। ਪਾਣੀ ਦੇ 2000 ਹਿੱਸਿਆਂ ਵਿਚ ਕਾਰਬਨ ਟੈੱਟ੍ਰਾਕਲੋਰਾਈਡ ਦਾ ਇਕ ਹਿੱਸਾ ਘੁਲਦਾ ਹੈ ਪ੍ਰੰਤੂ ਅਲਕੋਹਲ, ਈਥਰ, ਬੈਂਨਜ਼ੀਨ ਅਤੇ ਦੂਸਰੇ ਕਾਰਬਨੀ ਘੋਲਕਾਂ ਵਿਚ ਇਹ ਹਰ ਅਨੁਪਾਤ ਵਿਚ ਘੁਲਨਸ਼ੀਲ ਹੈ। ਇਸ ਵਿਚ ਕਈ ਤੇਲ, ਮੋਮ, ਗਰੀਸਾਂ ਅਤੇ ਲੁੱਕ ਆਦਿ ਘੁਲ ਜਾਂਦੇ ਹਨ। ਜ਼ਹਿਰੀਲਾ ਹੋਣ ਕਾਰਨ ਇਹ ਜਿਗਰ ਅਤੇ ਗੁਰਦੇ ਖ਼ਰਾਬ ਕਰ ਦਿੰਦਾ ਹੈ।

ਸਭ ਤੋਂ ਪਹਿਲਾਂ ਕਾਰਬਨ ਟੈੱਟ੍ਰਾਕਲੋਰਾਈਡ 1840 ਦੇ ਸ਼ੁਰੂ ਵਿਚ ਕਲੋਰੀਨ ਦੀ ਕਿਰਿਆ ਕਲੋਰੋਫਾਰਮ ਜਾਂ ਮੀਥੇਨ ਨਾਲ ਕਰਵਾ ਕੇ ਤਿਆਰ ਕੀਤਾ ਗਿਆ ਸੀ। ਅੱਜਕੱਲ੍ਹ ਉਦਯੋਗਿਕ ਤੌਰ ਤੇ ਇਸ ਨੂੰ ਕਲੋਰੀਨ ਜਾਂ ਸਲਫ਼ਰ ਡਾਈਕਲੋਰਾਈਡ ਦੀ ਕਿਰਿਆ ਕਾਰਬਨ ਡਾਈਸਲਫ਼ਾਈਡ ਨਾਲ ਕਰਵਾ ਕੇ ਤਿਆਰ ਕੀਤਾ ਜਾਂਦਾ ਹੈ।

$$\text{(i)}\quad CH_4+Cl_2+(N_2)\rightarrow CH_3Cl+HCl+(N_2)+CH_2Cl_2+CHCl_3+CCl_4)$$

$$\text{(ii)}\quad CS_2+3Cl_2\xrightarrow{AlCl_3}CCl_4+S_2Cl_2$$

ਇਸ ਦੀ ਵਧੇਰੇ ਕਰਕੇ ਵਰਤੋਂ ਕਪੜਿਆਂ ਨੂੰ ਡ੍ਰਾਈ-ਕਲੀਨ ਕਰਨ ਲਈ ਅਤੇ ਧਾਤਾਂ ਦੀਆਂ ਸਤ੍ਹਾਵਾਂ ਉਪਰੋਂ ਗ੍ਰੀਸ ਹਟਾਉਣ ਲਈ ਕੀਤੀ ਜਾਂਦੀ ਹੈ। ਇਸ ਦੇ ਬਹੁਤ ਜਲਦੀ ਵਾਸ਼ਪ ਬਣ ਜਾਂਦੇ ਹਨ ਅਤੇ ਵਾਸ਼ਪਾਂ ਦਾ ਇਕ ਅੱਗ ਨਾ ਲਗਣ ਵਾਲਾ ਝੁੰਡ ਜਿਹਾ ਬਣ ਜਾਂਦਾ ਹੈ, ਇਸੇ ਕਰਕੇ ਇਹ ਅੱਗ ਬੁਝਾਉਣ ਵਾਲੇ ਯੰਤਰਾਂ ਵਿਚ ਕਾਫ਼ੀ ਲਾਹੇਵੰਦ ਹੈ, ਖ਼ਾਸ ਕਰਕੇ ਬਿਜਲੀ ਦੀ ਛੋਟੀ ਮੋਟੀ ਅੱਗ ਲਈ। ਕੁਝ-ਕੁ ਹਾਲਤਾਂ ਵਿਚ ਇਸ ਦੀ ਵਰਤੋਂ ਖ਼ਤਰਨਾਕ ਵੀ ਸਾਬਤ ਹੋ ਸਕਦੀ ਹੈ, ਕਿਉਂਕਿ ਫ਼ਾੱਸਜੀਨ (ਕਾਰਬੋਨਿਲ ਕਲੋਰਾਈਡ—ਇਕ ਜ਼ਹਿਰੀਲੀ ਗੈਸ) ਬਣਨ ਦੀ ਸੰਭਾਵਨਾ ਵੀ ਹੁੰਦੀ ਹੈ।

ਹ. ਪੁ.—ਐਨ. ਬ੍ਰਿ. 4 : 851 ; ਆ. ਕੈ.—ਵਿਨਾਰ 1. 114, 118

**ਕਾਰਬਨ ਡਾਈਆਕਸਾਈਡ** : ਕਾਰਬਨ ਡਾਈਆਕਸਾਈਡ ਦੀ ਖੋਜ ਸਭ ਤੋਂ ਪਹਿਲਾਂ ਜੇ. ਬੀ. ਵਾਨ ਹੈੱਲਮਾਂਟ (1577-1644) ਨੇ ਖ਼ਮੀਰਨ ਅਤੇ ਜਲਨ ਕਿਰਿਆ ਦੌਰਾਨ ਕੀਤੀ। ਇਸ ਤੋਂ ਮਗਰੋਂ ਜੇ. ਬਲੈਕ ਨੇ ਇਸ ਦਾ ਨਾਂ ਯੋਗਿਕੀਕ੍ਰਿਤ ਹਵਾ ਰਖਿਆ, ਕਿਉਂਕਿ ਇਹ ਕਾਰਬੋਨੇਟੀਕ੍ਰਿਤ ਖਾਰਾਂ ਦਾ ਇਕ ਅੰਸ਼ ਸੀ। ਲਾਵਾਜ਼ੀਏ (1743-1794) ਨੇ ਇਸ ਦਾ ਸਰੂਪ ਆਕਸੀਜਨ ਵਿਚ ਕਾਰਬਨ ਨੂੰ ਜਲਾ ਕੇ ਵਿਖਾਇਆ। ਇਹ ਗੈਸ ਵਾਯੂਮੰਡਲ ਦਾ ਇਕ ਨਿਸ਼ਚਿਤ ਅੰਸ਼ ਹੈ ਅਤੇ ਖਣਿਜੀ ਪਾਣੀਆਂ, ਜਵਾਲਾਮੁਖੀ ਗੈਸਾਂ ਅਤੇ ਕੁਝ ਗੈਸੀ ਖੂਹਾਂ ਵਿਚੋਂ ਨਿਕਲ ਰਹੀਆਂ ਗੈਸਾਂ ਵਿਚ ਆਮ ਮਿਲਦੀ ਹੈ। ਸੂਰਜ ਦੇ ਪ੍ਰਕਾਸ਼ ਦੀ ਹੋਂਦ ਵਿਚ ਪੌਦਿਆਂ ਦਾ ਹਰਾ ਕਲੋਰੋਫਿਲ ਕਾਰਬਨ ਡਾਈਆਕਸਾਈਡ ਅਤੇ ਪਾਣੀ ਨੂੰ ਕਾਰਬੋਹਾਈਡ੍ਰੇਟ ਅਤੇ ਆਕਸੀਜਨ ਵਿਚ ਬਦਲ ਦਿੰਦਾ ਹੈ :—

$$6CO_2+6H_2O\rightarrow C_6H_{12}O_6+6O_2$$

ਵਪਾਰਕ ਤੌਰ ਤੇ ਕਾਰਬਨ ਡਾਈਆਕਸਾਈਡ ਦੀ ਵਰਤੋਂ ਸਾਲਵੇ ਜਾਂ ਅਮੋਨੀਆ ਸੋਡਾ ਵਿਧੀ ਵਿਚ ਸੋਡਾ ਬਣਾਉਣ ਲਈ, ਖੰਡ ਉਦਯੋਗ ਵਿਚ, ਖਣਿਜੀ ਪਾਣੀ ਤੇ ਪੀਣ ਵਾਲੇ ਸੋਡੇ ਤਿਆਰ ਕਰਨ ਲਈ, ਠੋਸ ਕਾਰਬਨ ਡਾਈਆਕਸਾਈਡ ਅਤੇ ਅੱਗ ਬੁਝਾਉਣ ਲਈ ਕੀਤੀ ਜਾਂਦੀ ਹੈ। ਰੋਧੀ ਦਬਾਉ ਟੈਂਕਾਂ ਵਿਚ ਸਵੈ-ਸੀਤਨ ਨਾਲ ਇਸ ਗੈਸ ਨੂੰ ਇਕ ਥਾਂ ਤੋਂ ਦੂਸਰੀ ਥਾਂ ਲਿਜਾਣਾ ਅਤੇ ਤਰਲ ਕਾਰਬਨ ਡਾਈਆਕਸੀਡ ਦੀ ਵਧੇਰੀ ਵਰਤੋਂ ਸੰਭਵ ਹੋ ਗਈ ਹੈ।

ਕਾਰਬਨ ਡਾਈਆਕਸਾਈਡ ਰੰਗਹੀਨ ਗੈਸ ਹੈ ; ਇਸ ਦੀ ਗੰਧ ਘੱਟ ਤੇਜ਼ ਅਤੇ ਸੁਆਦ ਹਲਕੇ ਤੇਜ਼ਾਬ ਵਰਗਾ ਹੁੰਦਾ ਹੈ। ਇਸ ਨੂੰ ਹਵਾ ਜਾਂ ਆਕਸੀਜਨ ਦੀ ਚੋਖੀ ਮਾਤਰਾ ਵਿਚ ਕਾਰਬਨ ਨੂੰ ਜਲਾ ਕੇ ਤਿਆਰ ਕੀਤਾ ਜਾ ਸਕਦਾ ਹੈ। ਕਈ ਕਾਰਬੋਨੇਟਾਂ ਅਤੇ ਬਾਈਕਾਰਬੋਨੇਟਾਂ ਦੀ ਕਿਰਿਆ ਹਲਕੇ ਤੇਜ਼ਾਬਾਂ ਨਾਲ ਕਰਵਾ ਕੇ ਵੀ ਇਹ ਗੈਸ ਬਣਦੀ ਹੈ :—

$$M_2CO_3+2HCl\rightarrow 2MCl+H_2O+CO_2$$

ਇਹ ਬਲਦੀ ਨਹੀਂ ਅਤੇ ਨਾ ਹੀ ਬਲਣ ਵਿਚ ਸਹਾਇਤਾ ਕਰਦੀ ਹੈ, ਪ੍ਰੰਤੂ ਮੈਗਨੀਸ਼ੀਅਮ ਵਰਗੀਆਂ ਧਾਤਾਂ ਜੇ ਕਰ ਜਲਾ ਕੇ ਇਸ ਗੈਸ ਵਿਚ ਪਾਈਆਂ ਜਾਣ ਤਾਂ ਉਹ ਇਸ ਵਿਚ ਬਦਲੀਆਂ ਰਹਿੰਦੀਆਂ ਹਨ ਅਤੇ ਆਕਸਾਈਡ ਅਤੇ ਕਾਰਬਨ ਬਣਦੇ ਹਨ।

ਕਾਰਬਨ ਡਾਈਆਕਸਾਈਡ ਹਵਾ ਨਾਲੋਂ 1.53 ਗੁਣਾ ਭਾਰੀ ਹੁੰਦੀ ਹੈ ਅਤੇ ਇਸ ਨੂੰ 0° ਸੈਂ. ਉਤੇ ਤਰਲ ਬਣਾਉਣ ਲਈ ਕੇਵਲ 35 ਵਾਯੂਮੰਡਲ ਦਬਾਉ ਦੀ ਜ਼ਰੂਰਤ ਹੈ। ਇਸ ਦਾ ਕ੍ਰਾਂਤਿਕ ਤਾਪਮਾਨ ਅਤੇ ਦਬਾਉ ਕ੍ਰਮਵਾਰ 31.1° ਸੈਂ. ਤੇ 73 ਵਾਯੂਮੰਡਲ ਹੈ। ਤਰਲ ਕਾਰਬਨ ਡਾਈਆਕਸਾਈਡ, 5 ਵਾਯੂਮੰਡਲ ਦਬਾਉ ਤੋਂ ਥੱਲੇ ਜੰਮ ਜਾਂਦੀ ਹੈ ਅਤੇ ਠੋਸ ਦੇ ਇਕ ਵਾਯੂਮੰਡਲ ਦਬਾਉ ਥਲੇ -78.5° ਸੈਂ. ਉਤੇ ਇਸ ਦੇ ਜੌਹਰ ਉਡਦੇ ਹਨ। ਠੋਸ ਕਾਰਬਨ ਡਾਈਆਕਸਾਈਡ ਜਿਸ ਨੂੰ ਅਕਸਰ 'ਖ਼ੁਸ਼ਕ ਬਰਫ਼ ਅਰਥਾਤ ਡ੍ਰਾਈ ਆਈਸ' ਕਿਹਾ ਜਾਂਦਾ ਹੈ, ਬਹੁਤ ਹੀ ਘੱਟ ਤਾਪਮਾਨ ਉਤਪੰਨ ਕਰਨ ਲਈ ਵਰਤੀ ਜਾਂਦੀ ਹੈ, ਜਿਵੇਂ ਕਿ ਜੰਮੀਆਂ ਹੋਈਆਂ ਖਾਣ ਵਾਲੀਆਂ ਚੀਜ਼ਾਂ ਦੀ ਸੰਭਾਲ ਲਈ। ਕਾਰਬਨ ਡਾਈਆਕਸਾਈਡ ਦੀ ਪਾਣੀ ਵਿਚ ਘੁਲਨਸ਼ੀਲਤਾ ਦਬਾਉ ਨਾਲ ਕਾਫ਼ੀ ਵੱਧ ਜਾਂਦੀ ਹੈ। ਇਸ ਦਾ ਪਾਣੀ ਵਿਚ ਘੋਲ ਹਲਕਾ ਜਿਹਾ ਤੇਜ਼ਾਬੀ ਹੁੰਦਾ ਹੈ ਕਿਉਂਕਿ ਕੁਝ-ਕੁ ਮਾਤਰਾ ਕਾਰਬਾਨਿਕ ($H_2CH_3$) ਬਣਦਾ ਹੈ।

ਕਾਰਬਨ ਡਾਈਆਕਸਾਈਡ ਦੇ ਭੌਤਿਕ ਗੁਣ ਨਾਈਟ੍ਰਸ ਆਕਸਾਈਡ ਨਾਲ ਕਾਫ਼ੀ ਮਿਲਦੇ ਜੁਲਦੇ ਹਨ। ਚੂਨੇ ਦੇ ਪਾਣੀ ਜਾਂ ਬੈਰਾਇਟਾ ਦੇ ਪਾਣੀ ਨਾਲ ਕਿਰਿਆ ਕਰਕੇ ਅਨੁਸਾਰੀ ਚਿੱਟਾ ਤਲਛੱਟ ਬਣਾਉਂਦੀ ਹੈ ਜਿਸ ਨਾਲ ਇਸ ਦੀ ਪਛਾਣ ਅਤੇ ਅਨੁਮਾਨ ਲਾਇਆ ਜਾ ਸਕਦਾ ਹੈ। ਇਹ ਅਮੋਨੀਆ ਗੈਸ ਨਾਲ ਮਿਲਕੇ ਅਮੋਨੀਅਮ ਕਾਰਬਾਮੇਟ ($NH_2COONH_4$) ਬਣਾਉਂਦੀ ਹੈ। ਪਿਘਲੇ ਹੋਏ ਸੋਡੀਅਮ ਵਿਚੋਂ ਲੰਘਾਉਣ ਨਾਲ ਸੋਡੀਅਮ ਆਕਸੈਲੇਟ ($Na_2C_2C_4$) ਬਣਦਾ ਹੈ। ਉੱਚ ਤਾਪਮਾਨ ਉਤੇ ਗੈਸ ਦਾ ਥੋੜ੍ਹਾ ਜਿਹਾ ਵਿਯੋਜਨ ਹੋ ਜਾਂਦਾ ਹੈ :—

$$2CO_2=2CO+C_2$$

ਵਾਯੂਮੰਡਲ ਦੇ ਦਬਾਉ ਹੇਠ ਅਤੇ 1300° ਸੈਂ. ਉਤੇ ਵਿਯੋਜਨ ਕੇਵਲ 0.1% ਹੁੰਦਾ ਹੈ ਅਤੇ 3,000 ਸੈਂ. ਉਤੇ ਇਹ ਵਧਕੇ 40% ਹੋ ਜਾਂਦਾ ਹੈ।

ਹ. ਪੁ.—ਐਨ. ਬ੍ਰਿ. 4 : 870

**ਕਾਰਬਨ ਡਾਈਸਲਫ਼ਾਈਡ** : ਇਸ ਨੂੰ ਕਾਰਬਨ ਬਾਈਸਲਫ਼ਾਈਡ ਵੀ ਕਿਹਾ ਜਾਂਦਾ ਹੈ ਅਤੇ ਇਸ ਦਾ ਰਸਾਇਣਿਕ

ਫ਼ਾਰਮੂਲਾ $CS_2$ ਹੈ। ਇਹ ਰੰਗਹੀਨ ਅਤੇ ਬਹੁਤ ਹੀ ਵਾਸ਼ਪਸ਼ੀਲ ਯੌਗਿਕ ਹੈ। ਇਸ ਦੀ ਗੰਧ ਈਥਰ ਵਰਗੀ ਮਿੱਠੀ ਮਿੱਠੀ ਅਤੇ ਸੁਆਦ ਤੇਜ਼ ਹੁੰਦਾ ਹੈ। ਇਹ ਜ਼ਹਿਰੀਲਾ ਅਤੇ ਜਲਣਸ਼ੀਲ ਹੈ। ਇਸਦੀ ਖੋਜ 1796 ਵਿਚ ਡਬਲਯੂ. ਏ. ਲੈਂਪੇਡੀਅਸ ਨੇ ਕੀਤੀ ਅਤੇ ਚਾਰਕੋਲ ਤੇ ਪਾਇਆਰਾਈਟਾਂ ਨੂੰ ਗਰਮ ਕਰਕੇ ਤਿਆਰ ਕੀਤਾ। ਸੰਨ 1802 ਵਿਚ ਐਫ਼. ਕਲੇਮੈਂਟ ਅਤੇ ਜੇ. ਬੀ. ਡੈਸਾਰਮਸ ਨੇ ਚਾਰਕੋਲ ਨੂੰ ਗੰਧਕ ਨਾਲ ਗਰਮ ਕਰਕੇ ਇਹ ਯੋਗਿਕ ਪ੍ਰਾਪਤ ਕੀਤਾ।

ਮੀਥੇਨ ਦੀ ਗੰਧਕ ਨਾਲ ਕਿਰਿਆ ਹੋਣ ਤੇ ਵੀ ਕਾਰਬਨ ਡਾਈਸਲਫ਼ਾਈਡ ਤਿਆਰ ਕੀਤਾ ਜਾਂਦਾ ਹੈ :—

$$CH_4 + 2S_2 \rightarrow CS_2 + 2H_2S$$

ਕਾਰਬਨ ਡਾਈਸਲਫ਼ਾਈਡ ਦੀ ਜ਼ਿਆਦਾਤਰ ਖ਼ਪਤ ਵਿਸਕੋਸ ਰੇਔਨ ਅਤੇ ਸੈਲੋਫ਼ੇਨ ਤਿਆਰ ਕਰਨ ਵਿਚ ਹੁੰਦੀ ਹੈ। ਦੋਹਾਂ ਦੀ ਤਿਆਰੀ ਲਈ ਸੈਲੂਲੋਸ ਦੀ ਕਿਰਿਆ ਕਾਸਟਿਕ ਸੋਡੇ ਨਾਲ ਕਰਵਾ ਕੇ ਖਾਰਾ ਸੈਲੂਲੋਸ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਤੋਂ ਮਗਰੋਂ ਕਾਰਬਨ ਡਾਈਸਲਫ਼ਾਈਡ ਨਾਲ ਕਿਰਿਆ ਕਰਵਾ ਕੇ ਸੈਲੂਲੋਸ ਜ਼ੈਨੇਥਟ ਬਣਾਇਆ ਜਾਂਦਾ ਹੈ :-

ਸੈਲੂਲੋਸ—ONa + $CS_2$ → ਸੈਲੂਲੋਸ-OCSSOa ਸੈਲੂਲੋਸ ਜ਼ੈਨਥੇਟ ਵਿਸਕੋਸ ਘੋਲ ਦੇ ਰੂਪ ਵਿਚ ਤਿਆਰ ਹੋ ਜਾਂਦਾ ਹੈ ਅਤੇ ਫਿਰ ਇਸ ਨੂੰ ਰੇਸ਼ਿਆਂ ਵਿਚ ਬੁਣਿਆ ਜਾਂ ਇਸ ਦੀਆਂ ਪਤਲੀਆਂ ਤਹਿਆਂ ਬਣਾਈਆਂ ਜਾਂਦੀਆਂ ਹਨ। ਇਸ ਤੋਂ ਮਗਰੋਂ ਇਨ੍ਹਾਂ ਨੂੰ ਸਲਫ਼ਿਊਰਿਕ ਐਸਿਡ ਵਿਚੋਂ ਲੰਘਾ ਕੇ ਫਿਕਸ ਕੀਤਾ ਜਾਂਦਾ ਹੈ ਜਿਸ ਨਾਲ ਸੈਲੂਲੋਸ ਪੁਨਰ ਉਤਪੰਨ ਹੋ ਜਾਂਦਾ ਹੈ ਅਤੇ ਕਾਰਬਨ ਡਾਈਸਲਫ਼ਾਈਡ ਬਾਹਰ ਨਿਕਲ ਜਾਂਦਾ ਹੈ। ਕਾਰਬਨ ਟੈੱਟ੍ਰਾਕਲੋਰਾਈਡ ਬਣਾਉਣ ਵਿਚ ਵੀ ਕਾਰਬਨ ਡਾਈਸਲਫ਼ਾਈਡ ਉਪਯੋਗੀ ਹੈ :—

$$CS_2 + 3Cl_2 \rightarrow CCl_4 + S_2Cl_2$$

ਇਸ ਤਰ੍ਹਾਂ ਬਣੀ ਸਲਫ਼ਰ ਮੋਨੋਕਲੋਰਾਈਡ ਦੀ ਕਿਰਿਆ ਫਿਰ ਕਾਰਬਨ ਡਾਈਸਲਫ਼ਾਈਡ ਨਾਲ ਕਰਵਾ ਕੇ ਹੋਰ ਕਾਰਬਨ ਟੈੱਟ੍ਰਾਕਲੋਰਾਈਡ ਬਣਾਇਆ ਜਾਂਦਾ ਹੈ :—

$$CS_2 + 2S_2Cl_2 \rightarrow CCl_4 + 6S$$

ਕਾਰਬਨ ਡਾਈਸਲਫ਼ਾਈਡ ਦੀ ਹੋਰ ਵਰਤੋਂ ਡਾਈਥਾਇਓ-ਕਾਰਬਾਮੇਟ, ਅਮੋਨੀਅਮਥਾਈਓਸਾਇਆਨੇਟ ਅਤੇ ਥਾਇਓਯੂਰੀਆ ਆਦਿ ਰਸਾਇਣਿਕ ਪਦਾਰਥਾਂ ਨੂੰ ਤਿਆਰ ਕਰਨ ਲਈ ਵੀ ਕੀਤੀ ਜਾਂਦੀ ਹੈ।

ਭਾਰ ਅਨੁਸਾਰ ਕਾਰਬਨ ਡਾਈਸਲਫ਼ਾਈਡ ਵਿਚ 12 ਹਿੱਸੇ ਕਾਰਬਨ ਅਤੇ 64.1 ਹਿੱਸੇ ਗੰਧਕ ਹੁੰਦਾ ਹੈ। ਕੁਝ ਚਿਰ ਬਾਅਦ ਇਸ ਵਚ ਬਹੁਤ ਹੀ ਬੇਸੁਆਦੀ ਗੰਧ ਪੈਦਾ ਹੋ ਜਾਂਦੀ ਹੈ ਅਤੇ ਇਸ ਦਾ ਰੰਗ ਪੀਲਾ ਪੈ ਜਾਂਦਾ ਹੈ। ਇਸ ਦਾ ਉਬਾਲ-ਦਰਜਾ 46.3° ਸੈਂ., ਜਮਾਉ-ਦਰਜਾ—112° ਸੈਂ., ਕ੍ਰਾਂਤਿਕ ਤਾਪਮਾਨ 273° ਸੈਂ., ਕ੍ਰਾਂਤਿਕ ਦਬਾਉ 75 ਵਾਯੂਮੰਡਲ, ਵਿਸ਼ਿਸ਼ਟ ਘਣਤਾ 1.2559 25°/4° ਸੈਂ. ਉਤੇ) ਅਤੇ ਅਪਵਰਤਨ-ਅੰਕ 1.628 (25° ਸੈਂ.) ਉਤੇ ਹੁੰਦਾ ਹੈ।

ਇਹ ਪਾਣੀ ਵਿਚ ਬਹੁਤ ਹੀ ਘੱਟ ਘੁਲਦਾ ਹੈ ਪ੍ਰੰਤੂ ਜਲਹੀਨ ਅਲਕੋਹਲ, ਈਥਰ, ਬੈਂਜ਼ੀਨ ਅਤੇ ਹੋਰ ਕਈ ਹਲਕੇ ਤੇਲਾਂ ਵਿਚ ਹਰ ਅਨੁਪਾਤ ਵਿਚ ਘੁਲਣਸ਼ੀਲ ਹੈ। ਇਹ ਗੰਧਕ, ਫ਼ਾਸਫ਼ੋਰਸ, ਆਇਓਡੀਨ, ਬੜ, ਬਰੋਜ਼ੇ, ਮੋਮ, ਬਨਸਪਤੀ ਅਤੇ ਪਸ਼ੂ ਚਰਬੀਆਂ ਅਤੇ ਤੇਲਾਂ ਲਈ ਬਹੁਤ ਵਧੀਆ ਘੋਲਕ ਹੈ।

ਇਹ ਜ਼ਹਿਰੀਲਾ ਅਤੇ ਜਲਣਸ਼ੀਲ ਹੋਣ ਕਰਕੇ ਬੜੇ ਧਿਆਨ ਨਾਲ ਵਰਤਣਾ ਚਾਹੀਦਾ ਹੈ। ਹਵਾ ਵਿਚ ਆਇਤਨ ਅਨੁਸਾਰ ਇਸ ਦੀ 1% ਤੋਂ 50% ਤਕ ਮਾਤਰਾ ਵਿਸਫ਼ੋਟ ਹੈ। ਹਵਾ ਵਿਚ ਇਸ ਨੂੰ 100° ਸੈਂ. ਉਤੇ ਅੱਗ ਲਗ ਜਾਂਦੀ ਹੈ। ਦੱਸੀ ਗਈ ਜ਼ਹਿਰੀਲੀ ਮਾਤਰਾ ਵਿਚ ਲਗਾਤਾਰ ਰਹਿਣ ਨਾਲ ਬੇਚੈਨੀ, ਉਨੀਂਦਰਾਪਨ, ਬਹੁਤ ਥਕਾਵਟ, ਭੁੱਖ ਵਿਚ ਕਮੀ ਅਤੇ ਚਿੜਚਿੜਾਪਨ ਸ਼ੁਰੂ ਹੋ ਜਾਂਦਾ ਹੈ। ਬਹੁਤੀ ਜ਼ਹਿਰ ਚੜ੍ਹਨ ਨਾਲ ਬਣਾਵਟੀ ਸਾਹ ਦੀ ਲੋੜ ਪੈਂਦੀ ਹੈ। ਕਾਰਬਨ ਡਾਈਸਲਫ਼ਾਈਡ ਦੀ 0.4% ਸੰਘਣਤਾ ਇਕ ਤੋਂ ਦੋ ਘੰਟੇ ਵਿਚ ਘਾਤਕ ਸਿੱਧ ਹੋ ਸਕਦੀ ਹੈ।

ਹ. ਪੁ.—ਐਨ. ਬ੍ਰਿ. 4 : 873

**ਕਾਰਬਨ ਪੇਪਰ :** ਕੱਜਲ ਰੰਗੇ ਮੋਮੀ ਮਾਧਿਅਮ ਦੀ ਬਾਰੀਕ ਤਹਿ ਚੜ੍ਹੇ ਹੋਏ ਕਾਗਜ਼ ਜਿਹੜਾ ਕਿ ਟਾਈਪ ਕਰਦੇ ਸਮੇਂ ਨਕਲਾਂ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ, ਨੂੰ ਕਾਰਬਨ ਪੇਪਰ ਕਿਹਾ ਜਾਂਦਾ ਹੈ। ਇਹ ਤਹਿ ਕਾਗਜ਼ ਦੇ ਇਕ ਪਾਸੇ ਚੜ੍ਹੀ ਹੁੰਦੀ ਹੈ ਪਰ ਕੁਝ-ਕੁ ਖ਼ਾਸ ਮੰਤਵਾਂ ਲਈ ਵਰਤੇ ਜਾਣ ਵਾਲੇ ਕਾਰਬਨ ਪੇਪਰਾਂ ਦੇ ਦੋਵੇਂ ਪਾਸੇ ਵੀ ਤਹਿ ਚੜ੍ਹਾਈ ਜਾਂਦੀ ਹੈ। ਕਾਰਬਨ ਪੇਪਰ ਕਈ ਕਿਸਮ ਦੇ ਅਕਾਰਾਂ ਅਤੇ ਭਾਰਾਂ ਵਿਚ ਮਿਲਦਾ ਹੈ। ਇਹ ਕਾਗਜ਼ ਪੁਰਾਣੇ ਕਪੜਿਆਂ, ਰਸਾਇਣਿਕ ਲੱਕੜੀ, ਸਣ, ਪਟਸਨ ਆਦਿ ਦੇ ਰੇਸ਼ਿਆਂ ਤੋਂ ਤਿਆਰ ਕੀਤਾ ਜਾਂਦਾ ਹੈ। ਵਧੇਰੇ ਸਮਰੱਥਾ ਵਾਲਾ ਅਤੇ ਟਿਕਾਊ ਬਣਾਉਣ ਲਈ ਇਸ ਵਿਚ ਲੱਕੜੀ ਦਾ ਬੁਰਾਦਾ ਨਹੀਂ ਪਾਉਣਾ ਚਾਹੀਦਾ। ਲੇਪ ਕੀਤੇ ਜਾਣ ਵਾਲਾ ਪਦਾਰਥ ਨਰਮ ਹੋਣਾ ਚਾਹੀਦਾ ਹੈ ਤਾਂ ਜੋ ਇਸ ਤੋਂ ਤਿਆਰ ਕਾਰਬਨ ਪੇਪਰ ਤੋਂ ਆਸਾਨੀ ਨਾਲ ਪੜ੍ਹਨਯੋਗ ਪੰਜ ਕਾਪੀਆਂ ਪ੍ਰਾਪਤ ਕੀਤੀਆਂ ਜਾ ਸਕਣ ਅਤੇ ਇਕ ਕਾਰਬਨ ਪੇਪਰ ਘੱਟੋ ਘੱਟ ਬਾਰਾਂ ਵਾਰੀ ਵਰਤਿਆ ਜਾ ਸਕੇ। ਇਸ ਤਹਿ ਨੂੰ ਤਿਆਰ ਕਰਨ ਲਈ ਪੈਰਾਫ਼ਿਨ ਅਤੇ ਕਨਾਉਬਾ ਆਦਿ ਵਰਗੀ ਮੋਮ ਅਤੇ ਓਲਿਇਨ ਤੇ ਰੇਜ਼ਿਨ ਵਰਗੇ ਤੇਲਾਂ ਵਿਚ ਰੰਗ ਮਿਲਾ ਕੇ ਲੇਟੀ ਜਿਹੀ ਤਿਆਰ ਕੀਤੀ ਜਾਂਦੀ ਹੈ। ਕਾਲੇ ਰੰਗ ਦੀ ਤਹਿ ਜਮਾਉਣ ਲਈ ਕਾਰਬਨ ਜਾਂ ਗੈਸ ਬਲੈਕ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਰੰਗਦਾਰ ਕਾਰਬਨ ਪੇਪਰ ਬਣਾਉਣ ਲਈ ਐਨਿਲੀਨ ਰੰਗਾਂ ਨੂੰ ਸਟੀਐਰਿਕ ਜਾਂ ਓਲੀਇਕ ਐਸਿਡ ਵਰਗੇ ਫੈਟੀ ਐਸਿਡਾਂ ਵਿਚ ਘੋਲਿਆ ਜਾਂਦਾ ਹੈ। ਕਾਪੀ ਪੇਪਰਾਂ ਦੀ ਵਰਤੋਂ ਫ਼ੋਟੋਕਾਪੀ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਇਨ੍ਹਾਂ ਪੇਪਰਾਂ ਦੇ ਰੰਗ ਪੱਕੇ ਹੋਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਉੱਪਰ ਤੇਜ਼ ਰੌਸ਼ਨੀ ਦਾ ਕੋਈ ਪ੍ਰਭਾਵ ਨਾ ਹੋਵੇ। ਇਹ ਅਨੇਕਾਂ ਰੰਗਾਂ ਵਿਚ ਬਣਾਏ ਜਾਂਦੇ ਹਨ। ਇਨ੍ਹਾਂ ਨੂੰ ਰੰਗਦਾਰ ਬਣਾਉਣ ਲਈ ਕ੍ਰੋਮ-ਯੈਲੋ, ਆਇਰਨ ਬਲੂ, ਪੱਕੇ ਲਾਲ ਰੰਗ ਦੀ ਲੂੱਕ ਦੇ ਪਿਗਮੈਂਟ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਦੋਂ ਕਿ ਸਫ਼ੈਦ ਪੇਪਰ ਬਣਾਉਣ ਲਈ ਟਾਇਟੇਨੀਅਮ ਡਾਈਆਕਸਾਈਡ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਕਾਰਬਨ ਪੇਪਰ ਨੂੰ ਦੋ ਹਿੱਸਿਆਂ ਵਿਚ ਤਿਆਰ ਕੀਤਾ ਜਾਂਦਾ ਹੈ। (1) ਲੇਪ ਤਿਆਰ ਕਰਨਾ ਅਤੇ (2) ਪੇਪਰ ਉੱਪਰ ਲੇਪ ਚੜ੍ਹਾਉਣਾ। ਮੋਮ ਅਤੇ ਤੇਲ ਨੂੰ ਮਿਲਾ ਕੇ 150° ਸੈਂ. ਤਕ ਗਰਮ ਕਰਨ ਅਤੇ ਰੰਗ ਰਲਾਉਣ ਉਪਰੰਤ ਕੋਟਿੰਗ ਮਸ਼ੀਨ ਵਿਚ ਭਰ ਦਿਤਾ ਜਾਂਦਾ ਹੈ। ਇਸ ਮਸ਼ੀਨ ਵਿਚ ਕਾਗਜ਼ ਨੂੰ ਇਕ ਰੋਲ ਦੇ ਰੂਪ ਵਿਚ ਪਾ ਦਿਤਾ ਜਾਂਦਾ ਹੈ ਜਿਸ ਉਤੇ ਉਪਰੋਕਤ ਕੋਟਿੰਗ ਮੈਟੀਰੀਅਲ ਦੀ ਤਹਿ ਚੜ੍ਹ ਜਾਂਦੀ ਹੈ। ਕੋਟਿੰਗ ਦੀ ਤਹਿ ਦੀ ਮੋਟਾਈ ਉਤੇ ਵਿਸ਼ੇਸ਼ ਉਪਕਰਨ ਰਾਹੀਂ ਨਿਯੰਤਰਣ ਰਖਿਆ ਜਾਂਦਾ ਹੈ। ਬਾਅਦ ਵਿਚ ਠੰਢਾ ਹੋਣ ਉਪਰੰਤ ਕਾਗਜ਼ ਵਰਤੋਂ ਯੋਗ ਹੋ ਜਾਂਦਾ ਹੈ। ਇਸ ਕਾਗਜ਼ ਦੇ ਰੋਲ ਵਿਚੋਂ ਲੋੜੀਂਦੇ ਆਕਾਰ ਦਾ ਕਾਰਬਨ ਪੇਪਰ ਕੱਟ ਲਿਆ ਜਾਂਦਾ ਹੈ।

ਹ. ਪੁ.—ਐਨ. ਬ੍ਰਿ. 4 : 881

**ਕਾਰਬਨੀ ਯੁਗ :** ਕਾਰਬਨਮਈ ਪੀਰੀਅਡ ਜਾਂ ਕਾਰਬਨੀ ਯੁਗ ਜਾਂ ਕਾਰਬਨੀ ਕਲਪ ਪਿਛਲੇ ਪੇਲੀਓਜ਼ੋਇਕ (ਪੁਰਾਜੀਵੀ)

ਮਹਾਂ-ਕਲਪ ਦਾ ਮੁੱਖ ਖੰਡ ਹੈ। ਲਗਭਗ 65,000,000 ਸਾਲ ਦਾ ਇਹ ਯੁਗ ਤਕਰੀਬਨ 345,000,000 ਸਾਲ ਪਹਿਲਾਂ ਸ਼ੁਰੂ ਹੋਇਆ ਅਤੇ ਭੂ-ਵਿਗਿਆਨਕ ਸਮਾਂ ਸਾਰਨੀ ਵਿਚ ਡਿਵੋਨੀਅਨ ਕਲਪ ਤੋਂ ਉਪਰ ਅਤੇ ਪਰਮੀਅਨ ਕਲਪ ਤੋਂ ਹੇਠਾਂ ਆਉਂਦਾ ਹੈ । ਇਸ ਕਲਪ ਦਾ 'ਕਾਰਬਨੀਫਰਸ' ਜਾਂ 'ਕਾਰਬਨੀ ਕਲਪ' ਨਾਂ ਇਸ ਸਮੇਂ ਦੇ ਤਲਛੱਟੀ ਡਿਪਾਜ਼ਿਟਾਂ ਵਿਚ ਕਾਰਬਨ (ਜਾਂ ਕੋਲੇ) ਦੀ ਭਰਮਾਰ ਨੂੰ ਦਰਸਾਉਂਦਾ ਹੈ। ਇਹ ਕਲਪ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ ਉਪਰਲਾ ਕਾਰਬਨੀ ਕਲਪ ਅਤੇ ਹੇਠਲਾ ਕਾਰਬਨੀ ਕਲਪ । ਹੇਠਲੇ ਕਾਰਬਨੀ ਕਲਪ ਨੂੰ ਉੱਤਰੀ ਅਮਰੀਕਾ ਵਿਚ ਮਿਸੀਸਿਪੀਅਨ, ਯੂਰਪ ਵਿਚ ਡਿਨੈਂਚਨ ਅਤੇ ਰੂਸ ਵਿਚ ਇਸ ਨੂੰ 'ਲੋਅਰ ਕਾਰਬਨੀਫਰਸ' ਕਿਹਾ ਜਾਂਦਾ ਹੈ। ਇਨ੍ਹਾਂ ਤਿੰਨਾਂ ਦੀਆਂ ਹੇਠਲੀਆਂ ਸੀਮਾਵਾਂ ਤਾਂ ਤਕਰੀਬਨ ਇਕੋ ਜਿਹੀਆਂ ਹਨ ਪਰੰਤੂ ਉਪਰਲੀਆਂ ਸੀਮਾਵਾਂ ਵੱਖਰੀਆਂ ਹਨ।

**ਭੂ-ਵਿਗਿਆਨਕ ਸਮਾਂ-ਸਾਰਣੀ**

| ਸਮਾਂ - ਵੰਡ | | | ਸਾਲ ਪਹਿਲਾਂ |
|---|---|---|---|
| ਸੀਨੋਜ਼ੋਇਕ ਜੁੱਗ | [illegible] | ਅਜੋਕਾ ਜਾਂ ਨਵੀਨ | 10,000 |
| | | ਪਲਾਈਸਟੋਸੀਨ | 1-2 ਮਿਲੀਅਨ |
| | [illegible] | ਪਲਾਇਓਸੀਨ | 11 ,, |
| | | ਮਾਇਓਸੀਨ | 25 ,, |
| | | ਆੱਲੀਗੋਸੀਨ | 40 ,, |
| | | ਈਓਸੀਨ | 60 ,, |
| | | ਪੇਲੀਓਸੀਨ | 70 ,, |
| ਮੀਸੋਜ਼ੋਇਕ ਜੁੱਗ | | ਕ੍ਰੀਟੇਸ਼ਸ | 135 ,, |
| | | ਜੁਰੈਸਿਕ | 180 ,, |
| | | ਟ੍ਰਾਈਐਸਿਕ | 225 ,, |
| ਪੈਲੀਓਜ਼ੋਇਕ ਜੁੱਗ | | ਪਰਮੀਅਨ | 270 ,, |
| | [illegible] | ਪੈਨਸਿਲਵਾਨੀਅਨ | 300 ,, |
| | | ਮਿਸੀਸਿਪੀਅਨ | 350 ,, |
| | | ਡਿਵੋਨੀਅਨ | 400 ,, |
| | | ਸਿਲੂਰੀਅਨ | 440 ,, |
| | | ਆੱਰਡੋਵੀਸੀਅਨ | 500 ,, |
| | | ਕੈਂਬ੍ਰੀਅਨ | 600 ,, |
| | | ਪ੍ਰੀਕੈਂਬੀਅਨ | |

ਕਾਰਬਨੀਫਰਸ ਪੀਰੀਅਡ

ਉਪਰਲਾ ਕਾਰਬਨੀ ਕਲਪ ਭੂ-ਵਿਗਿਆਨਕ ਸਮੇਂ ਦਾ ਉਹ ਵਕਫ਼ਾ ਹੈ ਜਿਹੜਾ ਤਕਰੀਬਨ 315,000,000 ਸਾਲ ਪਹਿਲਾਂ ਸ਼ੁਰੂ ਹੋਇਆ ਅਤੇ 35,000,000 ਸਾਲ ਤਕ ਰਿਹਾ । ਇਸ ਸਮੇਂ ਦੌਰਾਨ ਪ੍ਰਿਥਵੀ ਦੇ ਇਤਿਹਾਸ ਵਿਚ ਸਭ ਤੋਂ ਵੱਧ ਕੋਲਾ ਜਮ੍ਹਾਂ ਹੋਇਆ। ਇਹ ਪੀਰੀਅਡ ਉੱਤਰੀ ਅਮਰੀਕਾ ਦੇ ਪੈੱਨਸਿਲਵੇਨੀਅਨ ਪੀਰੀਅਡ ਦੇ ਬਰਾਬਰ ਹੈ ।

**ਕਾਰਬਨੀ ਯੁਗ ਦੇ ਡਿਪਾਜ਼ਿਟਾਂ ਦੀ ਕਿਸਮ ਅਤੇ ਵੰਡ**—ਹਰ ਮਹਾਂਦੀਪ ਵਿਚ ਕਾਰਬਨੀ ਕਲਪ ਦੇ ਕੁਝ ਪ੍ਰਸਿੱਧ ਡਿਪਾਜ਼ਿਟ ਮਿਲਦੇ ਹਨ ਅਤੇ ਮੋਟੇ ਤੌਰ ਤੇ ਇਨ੍ਹਾਂ ਸਾਰਿਆਂ ਦੇ ਕੁਝ ਗੁਣ ਸਾਂਝੇ ਹਨ।

ਹੇਠਲੇ ਕਾਰਬਨੀ ਕਲਪ ਦੀਆਂ ਚਟਾਨਾਂ ਮੁੱਖ ਤੌਰ ਤੇ ਸਮੁੰਦਰੀ ਚੂਨੇ ਦੇ ਪੱਥਰ ਦੀਆਂ ਹਨ। ਇਨ੍ਹਾਂ ਵਿਚ ਜੀਵ-ਪਦਾਰਥਾਂ ਦੇ ਅਵਸ਼ੇਸ਼ ਬਹੁਤ ਜ਼ਿਆਦਾ ਮਿਲਦੇ ਹਨ। ਇਨ੍ਹਾਂ ਹੇਠਲੇ ਕਾਰਬਨੀ ਕਲਪ ਦੀਆਂ ਚਟਾਨਾਂ ਨੂੰ ਯੂਰਪ ਵਿਚ ਡਿਨੈਂਚਨ ਤੇ ਬਰਤਾਨਵੀ ਉਪਦੀਪਾਂ ਵਿਚ ਐਵੋਨੀਅਨ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ ਹੇਠਲੀਆਂ ਟੂਰਨੈਸ਼ੀਅਨ ਅਤੇ ਉਪਰਲੀਆਂ ਵੀਸੀਅਨ । ਇਹ ਦੋਵੇਂ ਪੂਰੀ ਤਰ੍ਹਾਂ ਵੱਖ ਨਹੀਂ ਕੀਤੀਆਂ ਜਾ ਸਕਦੀਆਂ । ਇਨ੍ਹਾਂ ਦੀ ਕੁੱਲ ਮੋਟਾਈ ਬਰਤਾਨੀਆ ਵਿਚ ਤਕਰੀਬਨ 600-1100 ਮੀ. ਅਤੇ ਪੂਰਬੀ ਰੂਸ ਵਿਚ 1400 ਮੀ. ਦੇ ਲਗਭਗ ਹੈ । ਮੱਧ ਯੂਰਪ ਵਿਚ ਹਲਕੇ ਰੰਗ ਦੀਆਂ ਚੂਨੇ ਦੇ ਪੱਥਰ ਦੀਆਂ ਚਟਾਨਾਂ ਦੀ ਥਾਂ ਗੂੜ੍ਹੀਆਂ ਸਿਲਿਕਾਮਈ ਚਟਾਨਾਂ ਨੇ ਲੈ ਲਈ ਹੈ । ਇਨ੍ਹਾਂ ਨੂੰ ਕਲਮ ਕਿਹਾ ਜਾਂਦਾ ਹੈ। ਇਹ ਕਲਮ ਕਿਸਮ ਦੀਆਂ ਚਟਾਨਾਂ ਚੈਕੋਸਲੋਵਾਕੀਆ ਵਿਚ ਲਗਭਗ 12000 ਮੀ. ਦੇ ਲਗਭਗ ਮੋਟੀਆਂ ਹਨ।

ਉਪਰਲੇ ਕਾਰਬਨੀ ਯੁਗ ਦੀਆਂ ਚਟਾਨਾਂ ਦੇ ਗੁਣ ਹੇਠਲੇ ਕਾਰਬਨੀ ਕਲਪ ਦੀਆਂ ਚਟਾਨਾਂ ਨਾਲੋਂ ਬਹੁਤ ਵੱਖਰੇ ਹੁੰਦੇ ਹਨ ਅਤੇ ਤਕਰੀਬਨ ਸਾਰੇ ਭਾਗਾਂ ਵਿਚ ਅਸਮੁੰਦਰੀ ਚਟਾਨਾਂ ਮਿਲਦੀਆਂ ਹਨ।

ਯੂਰਪ ਵਿਚ ਉਪਰਲੇ ਕਾਰਬਨੀ ਕਲਪ ਦੀਆਂ ਚਟਾਨਾਂ ਨੂੰ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਹੈ : ਹੇਠਾਂ ਨਮੂਰੀਅਨ, ਵਿਚਕਾਰ ਵੈੱਸਫ਼ੇਲੀਅਨ ਅਤੇ ਉਪਰ ਸਟਿਫ਼ੇਨੀਅਨ । ਇਹ ਵੰਡ ਦੇ ਲਿਹਾਜ਼ ਨਾਲ ਜਾਂ ਔਸਤਨ ਮੋਟਾਈ ਤੇ ਆਰਥਿਕ ਮਹੱਤਤਾ ਆਦਿ ਕਿਸੇ ਪੱਖੋਂ ਵੀ ਬਰਾਬਰ ਨਹੀਂ ਹਨ। ਨਮੂਰੀਅਨ ਚਟਾਨਾਂ ਲਗਭਗ 300 ਤੋਂ 1500 ਮੀ. ਮੋਟੀਆਂ ਹੁੰਦੀਆਂ ਹਨ, ਇਹ ਸ਼ੇਲ ਅਤੇ ਰੇਤ-ਪੱਥਰਾਂ ਦੀਆਂ ਬਣੀਆਂ ਹੁੰਦੀਆਂ ਹਨ। ਮੁੱਖ ਤੌਰ ਤੇ ਇਹ ਸਮੁੰਦਰ ਵਿਚ ਹੁੰਦੀਆਂ ਹਨ ਜਿਨ੍ਹਾਂ ਉਤੇ ਕਿਧਰੇ ਕਿਧਰੇ ਕੋਲੇ ਦੇ ਬੈੱਡ ਹਨ । ਇਹ ਚਟਾਨਾਂ ਜ਼ਿਆਦਾ ਉੱਤਰ-ਪੱਛਮੀ ਯੂਰਪ ਵਿਚ ਹਨ । ਵੈੱਸਫ਼ੇਲੀਅਨ ਕਈ ਸੌ ਮੀ. ਮੋਟੀਆਂ ਹਨ। ਰੂਰ ਵਿਚ ਇਨ੍ਹਾਂ ਦੀ ਮੋਟਾਈ ਲਗਭਗ 4000 ਮੀ. ਅਤੇ ਉੱਤਰੀ ਇੰਗਲੈਂਡ ਵਿਚ ਲਗਭਗ 2500 ਮੀ. ਦੇ ਕਰੀਬ ਹੈ। ਇਹ ਅਸਮੁੰਦਰੀ ਸ਼ੇਲ, ਰੇਤ-ਪੱਥਰ ਤੇ ਕੋਲੇ ਦੀਆਂ ਬਣੀਆਂ ਹਨ। ਇਹ ਕੋਲੇ ਵਾਲਾ ਸਭ ਤੋਂ ਮਹੱਤਵਪੂਰਨ ਭਾਗ ਹੈ । ਸਟਿਫ਼ੇਨੀਅਨ ਕਿਧਰੇ ਕਿਧਰੇ ਮਿਲਦੀਆਂ ਹਨ ਅਤੇ ਆਮ ਤੌਰ ਤੇ 1200 ਮੀ. ਤੋਂ ਘੱਟ ਮੋਟੀਆਂ ਹੁੰਦੀਆਂ ਹਨ । ਇਨ੍ਹਾਂ ਵਿਚ ਕੋਲੇ ਦੀ ਮਾਤਰਾ ਵੀ ਘੱਟ ਹੁੰਦੀ ਹੈ । ਫ਼ਰਾਂਸ ਦੇ ਮਾਸੀਫ਼ ਸੈਂਟਰਲ ਦੇ ਪੂਰਬੀ ਹਿੱਸੇ ਵਿਚ ਕਾਫ਼ੀ ਕੋਲਾ ਮਿਲਦਾ ਹੈ । ਸੰਯੁਕਤ ਰਾਜ ਵਿਚ ਨਮੂਰੀਅਨ ਸਮੇਂ ਦੀਆਂ ਕੁਝ ਚਟਾਨਾਂ ਨੂੰ ਸਮੁੰਦਰੀ ਪਥਰਾਟਾਂ ਦੇ ਅਧਾਰ ਤੇ ਸਪੱਸ਼ਟ ਤੌਰ ਤੇ ਉਪਰਲੀਆਂ ਮਿਸੀਸਿਪੀਅਨ ਮੰਨਿਆ ਜਾ ਸਕਦਾ ਹੈ, ਪਰ ਪੈੱਨਸਿਲਵਾਨੀਆ ਯੂਰਪ ਦੇ ਉਪਰਲੇ ਕਾਰਬਨੀ ਕਲਪ ਦੇ ਬਰਾਬਰ ਨਹੀਂ ਗਿਣਿਆ ਜਾ ਸਕਦਾ । ਪੈੱਨਸਿਲਵੇਨੀਆ ਵਿਚ ਕੋਲਾ ਜ਼ਿਆਦਾ ਹੈ ਅਤੇ ਇਨ੍ਹਾਂ ਨੂੰ ਮੁੱਖ ਤਿੰਨ ਭਾਗਾਂ—ਹੇਠਲੀ, ਵਿਚਕਾਰਲੀ ਅਤੇ ਉਪਰਲੀ ਪੈੱਨਸਿਲਵੇਨੀਆ ਵਿਚ ਵੰਡਿਆ ਗਿਆ ਹੈ।

**ਤਲਛੱਟ ਦੀਆਂ ਹਾਲਤਾਂ**—ਕਾਰਬਨੀ ਕਲਪ ਦੀਆਂ ਤਹਿਦਾਰ ਜਾਂ ਤਲਛੱਟੀ ਚਟਾਨਾਂ ਬਣਨ ਲਈ ਲਗਭਗ ਸਾਰੀ ਪ੍ਰਿਥਵੀ ਉਤੇ ਕੁਝ-ਕੁ ਆਮ ਹਾਲਤਾਂ ਇਸ ਤਰ੍ਹਾਂ ਸਨ : (1) ਇਸ ਯੁਗ ਦੇ ਪਹਿਲੇ ਅੱਧ ਦੌਰਾਨ ਘੱਟ ਡੂੰਘੇ ਸਮੁੰਦਰਾਂ ਦਾ ਮਹਾਂਦੀਪਾਂ ਉਤੇ ਲਗਾਤਾਰ ਅਤੇ ਬਹੁਤ ਜ਼ਿਆਦਾ ਫੈਲਣਾ; (2) ਕਾਰਬਨੀ ਕਲਪ ਦੇ ਪਿਛਲੇਰੇ ਸਮੇਂ ਵਿਚ ਸਮੁੰਦਰੀ ਪਾਣੀ ਦੀਆਂ ਉਲਟੀਆਂ-ਸਿੱਧੀਆਂ ਗਤੀਆਂ ਦਾ ਬਹੁਤ ਜ਼ਿਆਦਾ ਹੋਣਾ ਅਤੇ ਇਸ ਦੇ ਨਾਲ ਹੀ ਧਰਤੀ ਦੇ ਕਾਫ਼ੀ ਹਿੱਸੇ ਦਾ ਪਾਣੀ ਵਿਚ ਬਹੁਤ ਹੀ ਥੋੜ੍ਹੇ ਸਮੇਂ ਲਈ ਡੁੱਬਣਾ; (3) ਕੋਲੇ ਦੇ ਭੰਡਾਰਾਂ ਦਾ ਵਿਆਪਕ ਪਸਾਰ।

**ਕੋਲਾ ਬਣਨਾ**—ਕਾਰਬਨੀ ਕਲਪ ਵਿਚ ਕੋਲੇ ਦੇ ਬੈੱਡ ਆਮ ਤੌਰ ਤੇ ਚੀਕਣੀ ਮਿੱਟੀ, ਰੇਤਲੀ ਸ਼ੇਲ ਜਾਂ ਸ਼ੇਲ-ਸੈਂਡਸਟੋਨ ਉਪਰ ਬਣੇ

ਹੋਏ ਹਨ । ਇਹ ਸਮੁੰਦਰੀ ਜਾਂ ਅਸਮੁੰਦਰੀ ਡਿਪਾਜ਼ਿਟ ਹੇਠ ਹੋ ਸਕਦੇ ਹਨ । ਕੋਲਾ ਕਾਲੇ ਰੰਗ ਦੀ ਸਖ਼ਤ ਚਟਾਨ ਹੈ ਜਿਸ ਨੂੰ ਜਲਾਉਣ ਤੋਂ ਬਾਅਦ ਰਾਖ ਬਚਦੀ ਹੈ । ਕੋਲੇ ਦੀਆਂ ਕੁਝ ਕਿਸਮਾਂ ਬੜੀ ਆਸਾਨੀ ਨਾਲ ਜਲਦੀਆਂ ਹਨ ਅਤੇ ਉਨ੍ਹਾਂ ਵਿਚੋਂ ਪੀਲੀ ਲਾਟ ਨਿਕਲਦੀ ਹੈ, ਜਦੋਂ ਕਿ ਕੁਝ ਕਿਸਮਾਂ ਜਿਹੜੀਆਂ ਕੁਝ ਔਖਿਆਈ ਨਾਲ ਜਲਦੀਆਂ ਹਨ ਉਨ੍ਹਾਂ ਵਿਚੋਂ ਨੀਲੀ ਲਾਟ ਨਿਕਲਦੀ ਹੈ । ਉਨ੍ਹਾਂ ਦੀ ਤਾਪ-ਧਾਰਨ ਸਮਰੱਥਾ ਵੀ ਵੱਖ ਵੱਖ ਹੁੰਦੀ ਹੈ । ਇਸੇ ਦੇ ਅਧਾਰ ਤੇ ਕੋਲਿਆਂ ਦੇ ਕਈ ਦਰਜੇ ਬਣਾਏ ਗਏ ਹਨ । ਹਰ ਕਿਸਮ ਵਿਚ ਕਾਰਬਨ ਹੁੰਦਾ ਹੈ, ਪਰ ਹੇਠਲੇ ਦਰਜੇ ਵਾਲੀਆਂ ਕਿਸਮਾਂ ਵਿਚ ਵਾਸ਼ਪਸ਼ੀਲ ਮਾਦਾ (ਖ਼ਾਸ ਤੌਰ ਤੇ ਹਾਈਡ੍ਰੋਜਨ ਅਤੇ ਆਕਸੀਜਨ) ਜ਼ਿਆਦਾ ਹੁੰਦਾ ਹੈ । ਇਨ੍ਹਾਂ ਦੇ ਖ਼ੁਰਦਬੀਨੀ ਅਧਿਐਨ ਤੋਂ ਪਤਾ ਲਗਦਾ ਹੈ ਕਿ ਕੋਲਾ ਜ਼ਿਆਦਾਤਰ ਪੌਦਿਆਂ ਦੇ ਅਵਸ਼ੇਸ਼ਾਂ ਦਾ ਬਣਿਆ ਹੋਇਆ ਹੈ, ਜਿਨ੍ਹਾਂ ਵਿਚੋਂ ਪੱਤੇ, ਟਹਿਣੀਆਂ ਤੇ ਸੈੱਲ ਪਛਾਣੇ ਜਾ ਸਕਦੇ ਹਨ ।

ਇਸ ਯੁਗ ਵਿੱਚ ਜਿਹੜੇ ਪੌਦੇ ਚਿੱਕੜ, ਦਲਦਲ ਆਦਿ ਵਿਚ ਉਗਦੇ ਸਨ, ਉਨ੍ਹਾਂ ਉਪਰ ਪਾਣੀ ਦੀ ਤਹਿ ਹੋਣ ਕਾਰਨ ਉਹ ਪੂਰੀ ਤਰ੍ਹਾਂ ਗਲ-ਸੜ ਨਹੀਂ ਸਕੇ । ਫਿਰ ਵੀ ਪਾਣੀ ਦੇ ਅੰਦਰ ਬੈਕਟੀਰੀਆ ਰਾਹੀਂ ਉਨ੍ਹਾਂ ਦਾ ਅੰਸ਼ਿਕ ਅਪਘਟਨ ਹੋ ਗਿਆ । ਜਦੋਂ ਥੋੜ੍ਹੋ ਜਿਹਾ ਕੋਈ ਮਾਦਾ ਆਪਸ ਵਿਚ ਜੰਮ ਜਾਵੇ ਤਾਂ ਉਸ ਤੋਂ ਪੀਟ (ਦਲਦਲ ਦਾ ਕੋਲਾ) ਬਣਦਾ ਹੈ । ਪੀਟ ਤੋਂ ਕੋਲੇ ਵਿਚ ਬਦਲਨ ਦੀ ਕਿਰਿਆ ਲੰਬੇ ਭੂ-ਵਿਗਿਆਨਕ ਸਮੇਂ ਦੌਰਾਨ ਦਬਾਉ ਅਤੇ ਗਰਮੀ ਰਾਹੀਂ ਪੈਦਾ ਹੋਈਆਂ ਮੰਦ ਰਸਾਇਣਿਕ ਅਤੇ ਭੌਤਿਕ ਤਬਦੀਲੀਆਂ ਦਾ ਨਤੀਜਾ ਹੈ । ਕਾਰਬਨੀ ਕਲਪ ਦੇ ਬਹੁਤੇ ਕੋਲੇ ਜ਼ਿਆਦਾ ਦਬਾਉ ਹੇਠ ਆਉਣ ਕਰਕੇ ਅਤੇ ਭੂ-ਵਿਗਿਆਨਕ ਉਮਰ ਦੇ ਲਿਹਾਜ਼ ਨਾਲ ਉੱਚ ਦਰਜੇ ਦੇ ਹਨ । ਐਂਥ੍ਰਾਸਾਈਟ ਕੋਲਾ ਉਥੇ ਬਣਿਆ ਹੈ ਜਿੱਥੇ ਤਹਿਆਂ ਜ਼ਿਆਦਾ ਵਲਦਾਰ ਅਤੇ ਦਬੀਆਂ ਹੋਈਆਂ ਸਨ ।

65,000,000 ਸਾਲ ਦੇ ਇਸ ਕਾਰਬਨੀ ਯੁਗ ਦੌਰਾਨ ਚਟਾਨਾਂ ਦੀਆਂ ਤਹਿਆਂ ਇਕ ਦੂਜੇ ਉਪਰ ਬਣਨ ਅਤੇ ਉਨ੍ਹਾਂ ਵਿਚ ਕਈਆਂ ਕੁਝ ਤਬਦੀਲੀਆਂ ਕਾਰਨ ਕਈ ਪਰਬਤ ਲੜੀਆਂ ਨੇ ਜਨਮ ਲਿਆ । ਯੂਰਪ ਵਿਚ ਇਨ੍ਹਾਂ ਪਰਬਤਾਂ ਨੂੰ ਹਰਸਿਨੀਅਨ ਸਿਸਟਮ ਦਾ ਨਾਂ ਦਿੱਤਾ ਜਾਂਦਾ ਹੈ ।

**ਕਾਰਬਨੀ ਕਲਪ ਦੌਰਾਨ ਜੀਵਨ**—ਕਾਰਬਨੀ ਕਲਪ ਸਮੇਂ ਧਰਤੀ ਉੱਤੇ ਸੰਘਣੀ ਬਨਸਪਤੀ ਅਤੇ ਮੱਕੜੀਆਂ ਦੀਆਂ ਕਈ ਕਿਸਮਾਂ ਤੇ ਪੁਰਾਤਨ ਕੀੜਿਆਂ, ਕਈ ਜਲ-ਥਲੀ ਜੀਵਾਂ, ਰੀਂਗਣ ਵਾਲੇ ਸਭ ਤੋਂ ਪੁਰਾਣੇ ਪ੍ਰਾਣੀਆਂ ਅਤੇ ਅਲੂਣੇ ਪਾਣੀ ਦੀਆਂ ਮੱਛੀਆਂ ਦੀ ਭਰਮਾਰ ਸੀ । ਫ਼ਰਨ ਉਸ ਸਮੇਂ ਦੀ ਬਨਸਪਤੀ ਦਾ ਮਹੱਤਵਪੂਰਨ ਅੰਗ ਸਨ । ਇਨ੍ਹਾਂ ਦੀਆਂ ਕਿਸਮਾਂ ਕਈ ਛੋਟੇ ਛੋਟੇ ਪੌਦਿਆਂ ਤੋਂ ਲੈ ਕੇ 15 ਮੀ ਉੱਚੇ ਤ੍ਰਿਸ਼ਣ ਖੰਡੀ ਦਰਖ਼ਤਾਂ ਵਰਗੀਆਂ ਹੁੰਦੀਆਂ ਸਨ । ਇਨ੍ਹਾਂ ਦੀਆਂ ਤਕਰੀਬਨ 6,000 ਜਾਤੀਆਂ ਮਿਲੀਆਂ ਹਨ । ਬੀਜ ਵਾਲੇ ਫ਼ਰਨ ਇਨ੍ਹਾਂ ਦੀ ਵਿਸ਼ੇਸ਼ ਕਿਸਮ ਹਨ । ਵੱਡੇ ਵੱਡੇ ਲਾਈਕੋਪੋਡ ਜਾਂ ਸਕੇਲ ਦਰਖ਼ਤ, ਜਿਹੜੇ ਅਜੋਕੇ ਕਲੱਬ ਮੌਸ ਦੇ ਨਜ਼ਦੀਕੀ ਸਬੰਧੀ ਹਨ, ਉਨ੍ਹਾਂ ਵਿਚੋਂ ਕਈ 30 ਮੀ. ਤੋਂ ਵੱਧ ਉੱਚੇ ਹੁੰਦੇ ਸਨ ਅਤੇ ਇਹ ਇਸ ਕਲਪ ਦੇ ਕੋਲੇ ਦੇ ਭੰਡਾਰਾਂ ਵਾਲੇ ਜੰਗਲਾਂ ਵਿਚ ਬਹੁਤ ਜ਼ਿਆਦਾ ਮਿਲਦੇ ਸਨ । ਇਨ੍ਹਾਂ ਦੇ ਨਾਲ ਤਕਰੀਬਨ ਇੰਨੇ ਹੀ ਵੱਡੇ ਬਾਂਸ ਵਰਗੇ ਹੌਰਸ-ਟੇਲ (ਰਸ਼ ਜਾਤੀ ਦੇ ਪੌਦੇ) ਮਿਲਦੇ ਹਨ । ਇਸ ਕਲਪ ਦੇ ਪਥਰਾਟਾਂ ਵਿਚ ਡ੍ਰੈਗਨ ਫਲਾਈ ਅਤੇ ਵੱਡੇ ਵੱਡੇ ਕੌਕਰੋਚਾਂ ਦੇ ਪਥਰਾਟ ਮਿਲਦੇ ਹਨ । ਇਸ ਸਮੇਂ ਦੇ ਜਲ-ਥਲੀ ਪ੍ਰਾਣੀ ਬਹੁਤੇ ਛੋਟੇ ਛੋਟੇ ਸਨ ਪਰ ਕਈ ਕਿਸਮਾਂ ਮਗਰਮੱਛਾਂ ਜਿੰਨੀਆਂ ਵੱਡੀਆਂ ਵੀ ਮਿਲੀਆਂ ਹਨ । ਰੀੜ੍ਹਧਾਰੀ ਪ੍ਰਾਣੀਆਂ ਵਿਚੋਂ ਧਰਤੀ ਉੱਤੇ ਉਸ ਸਮੇਂ ਰੀਂਗਣ ਵਾਲੇ ਪ੍ਰਾਣੀਆਂ ਦਾ ਰਾਜ ਸੀ ।

ਸਮੁੰਦਰ ਵਿਚ ਵੀ ਉਸ ਸਮੇਂ ਬਹੁਤ ਜ਼ਿਆਦਾ ਮਾਤਰਾ ਵਿਚ ਤਕਰੀਬਨ ਸਭ ਕਿਸਮਾਂ ਦੇ ਰੀੜ੍ਹਰਹਿਤ ਪ੍ਰਾਣੀ, ਅਣਗਿਣਤ ਕਿਸਮਾਂ ਦੀਆਂ ਸ਼ਾਰਕ ਅਤੇ ਹੋਰ ਮੱਛੀਆਂ ਮਿਲਦੀਆਂ ਸਨ । ਕਈ ਹੇਠਲੀਆਂ ਕਾਰਬਨੀ ਕਲਪ ਚਟਾਨਾਂ ਵਿਚ ਕ੍ਰਾਈਨਾਇਡ ਇਕਾਈਨੋਡਰਮੇਟ ਇੰਨੇ ਜ਼ਿਆਦਾ ਮਿਲਦੇ ਹਨ ਕਿ ਇਸੇ ਸਮੇਂ ਦੌਰਾਨ ਇਨ੍ਹਾਂ ਦੇ ਵਿਕਾਸ ਦਾ ਸਿਖਰ ਆ ਗਿਆ ਸੀ । ਖ਼ੋਲ ਵਾਲੇ ਰੀੜ੍ਹਰਹਿਤ ਪ੍ਰਾਣੀਆਂ ਵਿਚ ਬ੍ਰੈਕੀਓਪੋਡ ਬਹੁਤ ਜ਼ਿਆਦਾ ਸਨ । ਆਮ ਮਿਲਣ ਵਾਲੇ ਅਵਤਲੀ-ਉੱਤਲ ਖੋਲ ਵਾਲੇ ਸੈੱਲ (ਕਾਣੀ) ਸਨ । ਵੱਡੇ ਵੱਡੇ ਅਕਾਰ ਵਾਲੇ ਸਪਿੰਡਲਰੂਪੀ ਪ੍ਰੋਟੋਜ਼ੋਨ ਉਪਰਲੇ ਕਾਰਬਨੀ ਕਲਪ ਦੀਆਂ ਸਮੁੰਦਰੀ ਚਟਾਨਾਂ ਦੇ ਪ੍ਰਸਿੱਧ ਪਥਰਾਟ ਹਨ ।

**ਜਲਵਾਯੂ**—ਕਾਰਬਨੀ ਕਲਪ ਦੌਰਾਨ ਦੁਨੀਆਂ ਦੇ ਬਹੁਤ ਹਿੱਸਿਆਂ ਦਾ ਜਲਵਾਯੂ ਗਰਮ ਅਤੇ ਸਿੱਲ੍ਹਾ ਸੀ, ਜਿਹਾ ਕਿ ਉਸ ਸਮੇਂ ਦੀ ਥਲੀ ਬਨਸਪਤੀ ਅਤੇ ਘੱਟ ਡੂੰਘੇ ਸਮੁੰਦਰਾਂ ਦੇ ਪਥਰਾਟਾਂ ਤੋਂ ਪਤਾ ਲਗਦਾ ਹੈ । ਦੱਖਣੀ ਅਰਧ ਗੋਲੇ ਦੇ ਕੁਝ ਹਿੱਸਿਆਂ ਵਿਚ ਬਰਫ਼ਾਨੀ ਮਾਹੌਲ ਦੇ ਪਰਮਾਣ ਵੀ ਮਿਲਦੇ ਹਨ । ਕਾਰਬਾਨੀ ਕਲਪ ਦੀਆਂ ਵਾਸ਼ਪਸ਼ੀਲ ਡਿਪਾਜ਼ਿਟਾਂ ਵਾਲੀਆਂ ਲਾਲ ਚਟਾਨਾਂ ਤੋਂ ਰੇਗਿਸਤਾਨੀ ਜਲਵਾਯੂ ਦਾ ਪਤਾ ਲਗਦਾ ਹੈ ।

**ਆਰਥਿਕ ਸੋਮੇ**—ਕਾਰਬਨੀ ਕਲਪ ਦੌਰਾਨ ਸਭ ਤੋਂ ਵੱਧ ਆਰਥਿਕ ਮਹੱਤਤਾ ਵਾਲੀ ਚੀਜ਼ ਬਾਲਣ ਸੀ । ਇਹ ਠੋਸ (ਕਈ ਕਿਸਮਾਂ ਦਾ ਕੋਲਾ), ਤਰਲ (ਪੈਟਰੋਲੀਅਮ) ਅਤੇ ਗੈਸ (ਕੁਦਰਤੀ ਗੈਸ) ਦੀ ਸ਼ਕਲ ਵਿਚ ਮਿਲਦਾ ਸੀ । ਇਸ ਤੋਂ ਇਲਾਵਾ ਦੂਜੇ ਮਹੱਤਵਪੂਰਨ ਪਦਾਰਥ ਚੀਕਣੀ ਮਿੱਟੀ, ਪੱਥਰ, ਸਿੱਕਾ, ਜਿਸਤ, ਲੂਣ ਅਤੇ ਜਿਪਸਮ ਪ੍ਰਾਪਤ ਹੋਏ ਹਨ ।

ਹ. ਪੁ.—ਐਨ. ਬ੍ਰਿ. ਮਾ. 2 : 554; ਮੈਕ. ਐਨ. ਸ. ਟ. 2 : 468

**ਕਾਰਬਾਈਡ**—ਇਹ ਉਨ੍ਹਾਂ ਰਸਾਇਣਿਕ ਪਦਾਰਥਾਂ ਦੀ ਇਕ ਸ੍ਰੇਣੀ ਹੈ ਜਿਨ੍ਹਾਂ ਵਿਚ ਕਾਰਬਨ ਇਕ ਧਾਤਵੀ ਜਾਂ ਅਰਧ-ਧਾਤਵੀ ਤੱਤ ਨਾਲ ਜੁੜੀ ਹੁੰਦੀ ਹੈ । ਵਧੇਰੇ ਪ੍ਰਸਿੱਧ ਕਾਰਬਾਈਡ ਕੈਲਸੀਅਮ ਕਾਰਬਾਈਡ, ਆਇਰਨ ਕਾਰਬਾਈਡ, ਸਿਲਿਕਾਨ ਕਾਰਬਾਈਡ ਅਤੇ ਟੰਗਸਟਨ ਕਾਰਬਾਈਡ ਹਨ । ਕਾਰਬਾਈਡ ਆਮ ਕਰਕੇ ਬਹੁਤ ਸਖ਼ਤ, ਭੁਰਭੁਰੇ ਅਤੇ ਰਵੇਦਾਰ ਪਦਾਰਥ ਹੁੰਦੇ ਹਨ ਅਤੇ ਇਨ੍ਹਾਂ ਨੂੰ ਸੌਖਿਆਂ ਹੀ ਪਾਊਡਰ ਦਾ ਰੂਪ ਦਿਤਾ ਜਾ ਸਕਦਾ ਹੈ । ਕ੍ਰੋਮੀਅਮ ਕਾਰਬਾਈਡ ਪੁਖਰਾਜ ਉੱਤੇ ਰਗੜ ਲਾ ਦਿੰਦਾ ਹੈ ਅਤੇ ਸਿਲਿਕਾਨ ਤੋਂ ਬੋਰਾਨ ਕਾਰਬਾਈਡਾਂ ਦੀ ਕਠੋਰਤਾ ਲਗਭਗ ਹੀਰੇ ਜਿੰਨੀ ਹੁੰਦੀ ਹੈ । ਕਾਰਬਾਈਡਾਂ ਦੇ ਪਿਘਲਾਉ ਦਰਜੇ ਬਹੁਤ ਉੱਚੇ ਹੁੰਦੇ ਹਨ । ਟੈਨਟੇਲਮ ਕਾਰਬਾਈਡ ਦਾ ਪਿਘਲਾਉ ਦਰਜਾ 4150° ਸੈਂ. ਹੈ ਜਿਹੜਾ ਕਿ ਸਭ ਨਾਲੋਂ ਵੱਧ ਹੈ ।

ਕੈਲਸੀਅਮ ਕਾਰਬਾਈਡ ਦੇ ਸ਼ੁੱਧ ਰੂਪ ਵਿਚ ਸਾਫ਼ ਅਤੇ ਰੰਗ ਹੀਨ ਰਵੇ ਹੁੰਦੇ ਹਨ ਅਤੇ ਵਪਾਰਕ ਤੌਰ ਤੇ ਵਰਤੇ ਜਾਂਦੇ ਕਾਰਬਾਈਡ ਦਾ ਰੰਗ ਗੂੜ੍ਹਾ ਭੂਰਾ ਹੁੰਦਾ ਹੈ । ਐਲੂਮਿਨੀਅਮ ਕਾਰਬਾਈਡ ਦਾ ਰੰਗ ਗੂੜ੍ਹਾ ਪੀਲਾ, ਟੈਨਟੇਲਮ ਕਾਰਬਾਈਡ ਦਾ ਰੰਗ ਭੂਰਾ ਅਤੇ ਕੋਲੰਬੀਅਮ ਕਾਰਬਾਈਡ ਲੈਵਿੰਡਰ ਰੰਗ ਦਾ ਹੁੰਦਾ ਹੈ । ਨਿਕਲ ਜਾਂ ਐਲੂਮਿਨੀਅਮ ਵਰਗੀਆਂ ਪਿਘਲੀਆਂ ਹੋਈਆਂ ਘੋਲਕ ਧਾਤਾਂ ਤੋਂ ਰਵੇ ਬਣਾਏ ਜਾਂਦੇ ਹਨ ਤਾਂ ਉੱਚ ਤਾਪਸਹਿ ਧਾਤਾਂ ਦੇ ਕਾਰਬਾਈਡਾਂ ਦੇ ਰਵੇ ਵੱਡੇ ਬਣ ਜਾਂਦੇ ਹਨ ਜੋ ਬਹੁਤ ਹੀ ਸ਼ੁੱਧ ਹੁੰਦੇ ਹਨ ਅਤੇ ਮਣੀ ਵਾਂਗ ਚਮਕਦੇ ਹਨ । ਕੈਲਸੀਅਮ ਕਾਰਬਾਈਡ ਜਾਂ ਥੋਰੀਅਮ ਕਾਰਬਾਈਡ ਜਿਹੜੇ ਕਿ ਸਿੱਲ੍ਹ ਨਾਲ ਕਿਰਿਆ ਕਰਕੇ ਐਸਟਿਲੀਨ ਅਤੇ ਹੋਰ ਹਾਈਡ੍ਰੋਕਾਰਬਨ ਬਣਾਉਂਦੇ ਹਨ, ਨੂੰ ਛੱਡ ਕੇ ਬਾਕੀ ਸਭ ਕਾਰਬਾਈਡ ਗੰਧਹੀਨ ਹੁੰਦੇ ਹਨ । ਸਿਲਵਰ ਕਾਰਬਾਈਡ ਦਾ ਅਪਘਟਨ ਵਿਸਫ਼ੋਟਕ ਦੇ ਤੌਰ ਤੇ ਬਹੁਤ ਹੀ ਤੇਜ਼ ਹੁੰਦਾ ਹੈ । ਆਇਰਨ ਕਾਰਬਾਈਡ ਹਲਕੇ ਤੇਜ਼ਾਬਾਂ ਨਾਲ ਕਿਰਿਆ ਕਰਕੇ ਹਾਈਡ੍ਰੋਕਾਰਬਨ ਗੈਸਾਂ ਦਾ ਮਿਸ਼ਰਨ ਬਣਾਉਂਦਾ ਹੈ । ਹਾਈਡ੍ਰੋਫ਼ਲੋਰਿਕ

ਅਤੇ ਨਾਈਟ੍ਰਿਕ ਐਸਿਡ ਦੇ ਮਿਸ਼ਰਨ ਤੋਂ ਬਿਨਾਂ ਟੈਨਟੇਲਮ ਕਾਰਬਾਈਡ ਕਿਸੇ ਤੇਜ਼ਾਬ ਨਾਲ ਕਿਰਿਆ ਨਹੀਂ ਕਰਦਾ ਅਤੇ ਇਸ ਦਾ ਆਕਸੀਕਰਨ ਹੋਣ ਤੋਂ ਪਹਿਲਾਂ ਇਸ ਨੂੰ ਕੁਝ ਕੁ ਗਰਮ ਕਰਨਾ ਵੀ ਜ਼ਰੂਰੀ ਹੈ। ਸਿਲਿਕਾਨ ਕਾਰਬਾਈਡ ਬਿਲਕੁਲ ਹੀ ਅਕਿਰਿਆਸ਼ੀਲ ਹੈ।

ਕਾਰਬਾਈਡ ਦੋ ਢੰਗਾਂ ਨਾਲ ਬਣਾਏ ਜਾਂਦੇ ਹਨ ਅਰਥਾਤ ਪਹਿਲਾ ਤਾਂ ਕਾਰਬਨ ਨੂੰ ਧਾਤ ਨਾਲ ਸਿੱਧਾ ਹੀ ਮਿਲਾਉਣ ਨਾਲ ਅਤੇ ਦੂਸਰਾ ਧਾਤ ਦੇ ਆਕਸਾਈਡ ਦੀ ਕਾਰਬਨ ਨਾਲ ਕਿਰਿਆ ਦੁਆਰਾ। ਕਿਰਿਆਵਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਤਾਪ ਪੈਦਾ ਕਰਨ ਲਈ ਬਿਜਲਈ ਭੱਠੀ ਦੀ ਜ਼ਰੂਰਤ ਪੈਂਦੀ ਹੈ। ਪਹਿਲਾ ਢੰਗ ਟੰਗਸਟਨ ਕਾਰਬਾਈਡ ਲਈ ਵਰਤਿਆ ਜਾਂਦਾ ਹੈ। ਟੰਗਸਟਨ ਦੇ ਪਾਊਡਰ ਨੂੰ ਕੱਜਲ ਨਾਲ ਚੰਗੀ ਤਰ੍ਹਾਂ ਮਿਲਾ ਕੇ ਗ੍ਰੈਫਾਈਟ ਦੀ ਕੁਠਾਲੀ ਵਿਚ ਪਾ ਲਿਆ ਜਾਂਦਾ ਹੈ ਅਤੇ ਮਫਲ ਕਿਸਮ ਦੀ ਬਿਜਲਈ ਭੱਠੀ ਵਿਚ 1400° ਸੈਂ. ਤਕ ਗਰਮ ਕੀਤਾ ਜਾਂਦਾ ਹੈ।

$$W+C=WC$$

ਦੂਸਰਾ ਢੰਗ ਬਹੁਤ ਹੀ ਸਧਾਰਨ ਹੈ ਅਤੇ ਟੈਨਟੇਲਮ ਕਾਰਬਾਈਡ ਲਈ ਵਰਤਿਆ ਜਾਂਦਾ ਹੈ। ਇਸ ਵਿਚ ਟੈਨਟੇਲਮ ਆਕਸਾਈਡ ਅਤੇ ਕਾਰਬਨ ਨੂੰ ਉਪਰ ਦੱਸੀ ਭੱਠੀ ਵਿਚ ਹੀ ਪਾਇਆ ਜਾਂਦਾ ਹੈ ਅਤੇ 2000° ਸੈਂ. ਤਕ ਗਰਮ ਕੀਤਾ ਜਾਂਦਾ ਹੈ।

$$Ta_2 0_5+7C=2TaC+5CO$$

ਐਡਵਰਡ ਗੁੱਡਰਿਚ ਐਚਸਨ ਨੇ ਪਹਿਲੀ ਵਾਰ 1891 ਵਿਚ ਸਿਲੀਕਾ, ਕੋਕ, ਲੂਣ ਅਤੇ ਲੱਕੜ ਦਾ ਬੂਰਾ ਮਿਲਾ ਕੇ ਸਿਲਿਕਾਨ ਕਾਰਬਾਈਡ ਤਿਆਰ ਕੀਤਾ। ਇਸ ਮਿਸ਼ਰਨ ਨੂੰ ਇਕ ਹੋਰ ਕਿਸਮ ਦੀ ਬਿਜਲਈ ਭੱਠੀ ਵਿਚ ਪਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਬਣੇ ਰਵੇ ਪੀਲੇ-ਹਰੇ ਤੇ ਨੀਲਮ ਵਰਗੇ ਨੀਲੇ ਰੰਗ ਦੇ ਹੁੰਦੇ ਹਨ। ਸਾਰੇ ਕਾਰਬਾਈਡਾਂ ਵਿਚੋਂ ਸਿਲਿਕਾ ਕਾਰਬਾਈਡ ਦੀ ਵਰਤੋਂ ਵਧੇਰੀ ਕੀਤੀ ਜਾਂਦੀ ਹੈ। ਅਜਿਹਾ ਹੀ ਢੰਗ ਕੈਲਸੀਅਮ ਕਾਰਬਾਈਡ ਬਣਾਉਣ ਲਈ ਵਰਤਿਆ ਜਾਂਦਾ ਹੈ। ਕੈਲਸੀਅਮ ਦਾ ਕਾਰਬੋਨੇਟ ਜਾਂ ਆਕਸਾਈਡ ਕ੍ਰਮਵਾਰ ਚੂਨੇ ਦੇ ਪੱਥਰ ਜਾਂ ਚੂਨੇ ਦੇ ਰੂਪ ਵਿਚ ਕੋਕ ਜਾਂ ਪਾਊਡਰ ਕੀਤੇ ਕੋਲੇ ਦੀ ਸ਼ਕਲ ਵਿਚ ਕਾਰਬਨ ਨਾਲ ਮਿਲਾ ਕੇ ਇਕ ਬਿਜਲਈ ਭੱਠੀ ਵਿਚ ਗਰਮ ਕੀਤਾ ਜਾਂਦਾ ਹੈ। ਇਥੋਂ 2000° ਸੈਂ. ਉਤੇ ਪਿਘਲਿਆ ਹੋਇਆ ਕਾਰਬਾਈਡ ਬਾਹਰ ਕੱਢ ਲਿਆ ਜਾਂਦਾ ਹੈ। ਕੈਲਸੀਅਮ ਕਾਰਬਾਈਡ ਤੋਂ ਬਿਨਾਂ ਲਗਭਗ ਸਾਰੇ ਕਾਰਬਾਈਡ ਆਪਣੇ ਪਿਘਲਾਉ ਦਰਜੇ ਤੋਂ ਥੱਲੇ ਬਣਦੇ ਹਨ।

ਹ. ਪੁ.—ਐਨ. ਬ੍ਰਿ. 4 : 862

**ਕਾਰਬਾਈਨ** : ਇਹ ਹਲਕੀ ਛੋਟੀ ਨਾਲੀ ਵਾਲੀ ਮਸਕੀਟ ਜਾਂ ਰਾਈਫ਼ਲ ਹੁੰਦੀ ਹੈ। ਇਸ ਸ਼ਬਦ ਦਾ ਮੂਲ ਅਗਿਆਤ ਹੈ, ਪਰ 16ਵੀਂ ਸਦੀ ਵਿਚ ਇਹ ਛੋਟੇ ਪੱਧਰੇ ਬੋਰ ਵਾਲੇ ਹਥਿਆਰ ਲਈ ਵਰਤਿਆ ਜਾਂਦਾ ਰਿਹਾ ਹੈ ਜੋ ਸਟੈਂਡਰਡ ਮਸਕੀਟ ਤੋਂ ਛੋਟਾ ਹੁੰਦਾ ਸੀ ਅਤੇ ਇਸ ਨੂੰ ਆਮ ਤੌਰ ਤੇ ਘੋੜ-ਸਵਾਰ ਹੀ ਵਰਤਦੇ ਸਨ।

ਵੀਹਵੀਂ ਸਦੀ ਦੇ ਪਹਿਲੇ ਸਾਲਾਂ ਵਿਚ ਸੰਯੁਕਤ ਰਾਜ ਅਮਰੀਕਾ ਦੀਆਂ ਫ਼ੌਜਾਂ ਨੇ ਕਾਰਬਾਈਨ ਦੀ ਥਾਂ ਰਾਈਫ਼ਲ ਦੀ ਵਰਤੋਂ ਸ਼ੁਰੂ ਕੀਤੀ, ਕਿਉਂਕਿ ਰਾਈਫ਼ਲਾਂ ਛੋਟੀਆਂ ਅਤੇ ਹਲਕੀਆਂ ਹੁੰਦੀਆਂ ਸਨ। ਪਰੰਤੂ ਦੂਜੇ ਸੰਸਾਰ ਯੁੱਧ ਵਿਚ ਕਾਰਬਾਈਨ ਮੁੜ ਇਕ ਚੰਗੇ ਰੋਲ ਵਿਚ ਉੱਘੜ ਕੇ ਸਾਹਮਣੇ ਆਈ। ਅਮਰੀਕਨ ਫ਼ੌਜਾਂ ਦੇ ਪਿਛਲੇਰੇ ਖੇਤਰਾਂ ਵਿਚ ਇਸ ਨੇ ਪਿਸਤੌਲ ਦੀ ਥਾਂ ਲਈ, ਜੋ ਘੱਟ ਦਰੁਸਤੀ ਅਤੇ ਥੋੜ੍ਹੀ ਦੂਰ ਮਾਰ ਕਰਨ ਵਾਲਾ ਹਥਿਆਰ ਸੀ। ਕੇਵਲ 0.9 ਮੀ. (ਤਿੰਨ ਫੁੱਟ) ਲੰਬੀ ਅਤੇ ਲਗਭਗ ਪੌਣੇ ਤਿੰਨ ਕਿ. ਗ੍ਰਾ. (ਛੇ ਪੌਂਡ) ਵਜ਼ਨ ਤੋਂ ਘੱਟ ਨਵੇਂ 30 ਕੈਲੀਬਰ ਵਾਲੀ ਕਾਰਬਾਈਨ ਸਟੈਂਡਰਡ ਰਾਈਫ਼ਲ ਤੋਂ ਹਲਕੀ ਅਤੇ ਚੁੱਕਣ ਵਿਚ ਆਸਾਨ ਸੀ। ਇਸ ਦੀ ਅਸਰਦਾਇਕ ਰੇਂਜ ਲਗਭਗ 100 ਮੀ. ਅਤੇ ਇਹ ਨਜ਼ਦੀਕੀ ਸੁਰੱਖਿਆ ਲਈ ਕਾਫ਼ੀ ਹੱਦ ਤਕ ਠੀਕ ਸੀ। ਇਹ ਗੈਸ ਨਾਲ ਚਲਣ ਵਾਲੀ ਅਰਧ-ਸ੍ਵੈ-ਚਾਲਿਤ ਸੀ ਜਿਸ ਦਾ ਸ੍ਵੈ-ਚਾਲਿਤ ਮਾਡਲ ਵੀ ਛੇਤੀ ਹੀ ਤਿਆਰ ਕੀਤਾ ਗਿਆ। ਇਸ ਵਿਚ ਹਲਕਾ ਕਾਰਤੂਸ ਚਲਦਾ ਸੀ ਜੋ ਸਟੈਂਡਰਡ ਰਾਈਫ਼ਲ ਦੇ ਕਾਰਤੂਸ ਨਾਲੋਂ ਕਈ ਤਰ੍ਹਾਂ ਵੱਖਰਾ ਹੁੰਦਾ ਸੀ। ਵੀਹਵੀਂ ਸਦੀ ਦੇ ਪਹਿਲੇ ਹਿੱਸੇ ਵਿਚ ਬਰਤਾਨਵੀ ਫ਼ੌਜ ਦੁਆਰਾ ਅਮਰੀਕਨ ਸਬ-ਮਸ਼ੀਨ ਗੰਨ ਵਰਗੇ ਹਥਿਆਰ ਲਈ ਮਸ਼ੀਨ ਕਾਰਬਾਈਨ ਦਾ ਨਾਂ ਵਰਤਿਆ ਜਾਂਦਾ ਰਿਹਾ ਹੈ, ਪਰ ਦੂਜੇ ਸੰਸਾਰ ਯੁੱਧ ਸਮੇਂ ਮਸ਼ੀਨ ਕਾਰਬਾਈਨ ਸ਼ਬਦ ਵਰਤਣਾ ਬੰਦ ਕਰ ਦਿਤਾ ਗਿਆ ਕਿਉਂਕਿ ਇਸ ਨਾਲ ਕਈ ਤਰ੍ਹਾਂ ਦੀਆਂ ਉਲਝਣਾਂ ਪੈਦਾ ਹੁੰਦੀਆਂ ਸਨ। ਸੋਵੀਅਤ ਫ਼ੌਜੀ 7.62 mm. ਹਥਿਆਰਾਂ ਨੂੰ ਕਾਰਬਾਈਨ ਕਹਿੰਦੇ ਸਨ ਜਿਸ ਨੂੰ ਅਮਰੀਕਨ ਫ਼ੌਜੀ ਸਟੈਂਡਰਡ ਰਾਈਫ਼ਲ ਦਾ ਨਾਂ ਦਿੰਦੇ ਹਨ। ਸੰਨ 1957 ਵਿਚ ਅਮਰੀਕਾ ਦੁਆਰਾ ਇਕ ਨਵੀਂ ਹਲਕੀ ਰਾਈਫ਼ਲ, ਉਦਾਹਰਨ ਵਜੋਂ US.M16 (ਜਿਸ ਵਿਚ ਰਾਈਫ਼ਲ ਅਤੇ ਕਾਰਬਾਈਨ ਦੇ ਚੰਗੇ ਗੁਣ ਸ਼ਾਮਲ ਸਨ) ਅਪਨਾਉਣ ਨਾਲ ਦੂਜੇ ਸੰਸਾਰ ਯੁੱਧ ਦੀ ਕਾਰਬਾਈਨ ਅਪ੍ਰਚਲਿਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 828; ਐਨ. ਬ੍ਰਿ. ਮਾ. 2 : 548

**ਕਾਰਬੱਕਸੀਲਿਕ ਐਸਿਡ** : ਇਹ ਕਾਰਬਨੀ ਰਸਾਇਣਿਕ ਯੋਗਿਕਾਂ ਦਾ ਇਕ ਮਹੱਤਵਪੂਰਨ ਪਰਿਵਾਰ ਹੈ, ਜਿਨ੍ਹਾਂ ਵਿਚ ਤੇਜ਼ਾਬੀ ਕਾਰਬੱਕਸਿਲ ਗਰੁੱਪ ਹੁੰਦਾ ਹੈ। ਇਹ ਐਸਿਡ ਕੁਦਰਤ ਵਿਚ ਕਾਫ਼ੀ

$$\overset{\displaystyle O}{\underset{}{\overset{\|}{—C—OH}}}$$

ਮਿਕਦਾਰ ਵਿਚ ਮਿਲਦੇ ਹਨ, ਜਿਵੇਂ ਸਿਰਕਾ, ਜੋ ਐਸੀਟਿਕ ਐਸਿਡ ($CH_3COOH$) ਨੂੰ ਪਾਣੀ ਵਿਚ ਘੋਲਣ ਤੋਂ ਬਣਦਾ ਹੈ, ਕੇਪਰੋਟਿਕ ਐਸਿਡ ($C_5H_{11}COOH$), ਜੋ ਬੱਕਰੀਆਂ ਦੀ ਵਿਸ਼ੇਸ਼ ਗੰਧ ਦਾ ਸ੍ਰੋਤ ਹੈ ਅਤੇ ਸਿਟ੍ਰਿਕ ਐਸਿਡ [$HOOC.CH_2.COH(COOH)CH_2COOH$], ਜੋ ਸਿਟ੍ਰਸ ਪਰਿਵਾਰ ਦੇ ਫ਼ਲਾਂ ਦਾ ਮੁੱਖ ਤੇਜ਼ਾਬੀ ਅੰਸ਼ ਹੈ।

ਸ਼ੁਰੂ ਵਿਚ ਸਿੱਧੀਆਂ ਕਾਰਬਨ ਚੇਨਾਂ ਵਾਲੇ ਕਾਰਬੱਕਸੀਲਿਕ ਐਸਿਡਾਂ ਨੂੰ ਕੁਦਰਤੀ ਸੋਮਿਆਂ, ਵਿਸ਼ੇਸ਼ ਕਰਕੇ ਥਿੰਧਿਆਈ ਤੋਂ ਪ੍ਰਾਪਤ ਕੀਤਾ ਜਾਂਦਾ ਸੀ, ਇਸ ਲਈ ਇਨ੍ਹਾਂ ਨੂੰ ਫ਼ੈਟੀ ਐਸਿਡ ਵੀ ਆਖਦੇ ਹਨ। ਕੁਝ ਨਾਰਮਲ ਕਾਰਬੱਕਸੀਲਿਕ ਐਸਿਡਾਂ ਦੇ ਅੰਤਰ ਰਾਸ਼ਟਰੀ ਨਾਂ ਅਤੇ ਪ੍ਰਚਲਿਤ ਨਾਂ ਸਾਰਨੀ ਵਿਚ ਦਿੱਤੇ ਗਏ ਹਨ। ਇਨ੍ਹਾਂ ਦੇ ਪ੍ਰਚਲਿਤ ਨਾਂ ਵੀ ਇਨ੍ਹਾਂ ਦੇ ਸ੍ਰੋਤਾਂ ਨਾਲ ਹੀ ਸਬੰਧਤ ਹੁੰਦੇ ਹਨ।

| ਕਾਰਬਨ ਪ੍ਰਮਾਣੂਆਂ ਦੀ ਸੰਖਿਆ | ਪ੍ਰਚਲਿਤ ਨਾਂ | ਅੰਤਰਰਾਸ਼ਟਰੀ ਨਾਂ |
|---|---|---|
| 1 | ਫ਼ਾਰਮਿਕ ਐਸਿਡ | ਮੀਥੇਨੋਇਕ ਐਸਿਡ |
| 2 | ਐਸੀਟਿਕ ਐਸਿਡ | ਈਥੇਨੋਇਕ ਐਸਿਡ |
| 3 | ਪ੍ਰੋਪਿਆਨਿਕ ਐਸਿਡ | ਪ੍ਰੋਪੇਨੋਇਕ ਐਸਿਡ |
| 4 | ਬਿਊਟਿਰਿਕ ਐਸਿਡ | ਬਿਊਟੇਨੋਇਕ ਐਸਿਡ |
| 5 | ਵੇਲੈਰਿਕ ਐਸਿਡ | ਪੈਂਨਟਾਨੋਇਕ ਐਸਿਡ |
| 6 | ਕੇਪਰੋਇਕ ਐਸਿਡ | ਹੈੱਕਸਾਨੋਇਕ ਐਸਿਡ |
| 7 | ਲੌਰਿਕ ਐਸਿਡ | ਡੋਡੇਕਾਨੋਇਕ ਐਸਿਡ |
| 8 | ਪਾਮਿਟਿਕ ਐਸਿਡ | ਹੈੱਕਸਾਡੇਕਾਨੋਇਕ ਐਸਿਡ |
| 9 | ਸਟੀਐਰਿਕ ਐਸਿਡ | ਔੱਕਟਾਡੇਕਾਨੋਇਕ ਐਸਿਡ |

ਐਸੀਟਿਕ ਐਸਿਡ ਸਭ ਤੋਂ ਮਹੱਤਵਪੂਰਨ ਵਪਾਰਕ ਕਾਰਬੱਕਸੀਲਿਕ ਐਸਿਡ ਹੈ। ਇਸ ਨੂੰ ਆਮ ਕਰਕੇ ਗਲੇਸ਼ਲ ਐਸੀਟਿਕ ਐਸਿਡ ਦੇ ਨਾਂ ਨਾਲ ਵੇਚਿਆ ਜਾਂਦਾ ਹੈ। ਇਹ ਸਿਰਕੇ ਦਾ ਮੁੱਖ ਅੰਸ਼

ਹੈ, ਜੋ ਫ਼ਲਾਂ ਦੇ ਖ਼ਮੀਰੇ ਰਸ ਜਾਂ ਮਾਲਟ ਵਿਚ ਐਸਿਟੋਬੈਕਟਰ ਜਾਤੀ ਦੇ ਬੈਕਟੀਰੀਆ ਦੀ ਹੋਂਦ ਵਿਚ ਈਥਾਈਲ ਅਲਕੋਹਲ ਦੇ ਹਵਾ ਨਾਲ ਆਕਸੀਕਰਨ ਨਾਲ ਬਣਦਾ ਹੈ :—

$$CH_3CH_2OH + O_2 \rightarrow CH_3COOH + H_2O$$

ਲੱਕੜੀ ਦੇ ਵਿਨਾਸ਼ਕਾਰੀ ਕਸ਼ੀਦਣ ਤੋਂ ਪ੍ਰਾਪਤ ਪਾਇਰੋਲਿਗਨੀਅਸ ਲਿਕਰ ਵਿਚ ਵੀ 4% ਤੋਂ 10% ਐਸੀਟਿਕ ਐਸਿਡ ਹੁੰਦਾ ਹੈ। ਸੰਨ 1952 ਤੋਂ ਪਿੱਛੋਂ ਇਸ ਦੀ ਵਧੇਰੇ ਮਾਤਰਾ ਮੈਂਗਨੀਜ਼ ਅਤੇ ਕੋਬਾਲਟ ਐਸੀਟੇਟ ਉਤਪ੍ਰੇਰਕਾਂ ਦੀ ਹੋਂਦ ਵਿਚ, ਤਰਲ ਬਿਊਟੇਨ ਦੇ ਹਵਾ ਨਾਲ ਆਕਸੀਕਰਨ ਨਾਲ ਤਿਆਰ ਕੀਤੀ ਜਾਂਦੀ ਹੈ। ਵਪਾਰਕ ਪੱਧਰ ਉਤੇ ਇਸ ਨੂੰ ਕੈਲਸੀਅਮ ਕਾਰਬਾਈਡ ਤੋਂ ਪ੍ਰਾਪਤ ਐਸਿਟ-ਐਲਡਿਹਾਈਡ ਦੇ ਆਕਸੀਕਰਨ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ।

ਬੈਂਨਜ਼ੋਇਕ ਐਸਿਡ ($C_6H_5COOH$), ਟੱਲੂਈਨ ($C_6H_5CH_3$) ਦੇ ਪੋਟਾਸ਼ੀਅਮ ਪਰਮੈਂਗਨੇਟ ਜਾਂ ਕ੍ਰੋਮਿਕ ਐਸਿਡ ਨਾਲ ਆਕਸੀਕਰਨ ਦੁਆਰਾ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਐਸਿਡਾਂ ਦੀ ਤਿਆਰੀ ਦਾ ਇਕ ਹੋਰ ਵਿਆਪਕ ਢੰਗ ਕਾਰਬਨੀ ਸਾਇਆਨਾਈਡਾਂ ਦਾ ਜਲ-ਅਪਘਟਨ ਹੈ :—

$$RBr \xrightarrow{\bar{C}N} RCN \xrightarrow{H_3\overset{+}{O}} RCOOH + \overset{+}{N}H_4$$

ਪ੍ਰਯੋਗਸ਼ਾਲਾ ਦੀ ਪੱਧਰ ਤੇ ਇਨ੍ਹਾਂ ਐਸਿਡਾਂ ਨੂੰ ਗਰੀਨਯਾਰ ਰੀਏਜੰਟ ਦੁਆਰਾ ਤਿਆਰ ਕੀਤਾ ਜਾਂਦਾ ਹੈ :—

$$RBr \xrightarrow{Mg} RMgBr \xrightarrow{1CO_2} RCO_2H$$

ਇਸ ਪਰਿਵਾਰ ਦੇ ਮੁਢਲੇ ਮੈਂਬਰਾਂ ਦੀ ਤਿੱਖੀ ਗੰਧ ਹੁੰਦੀ ਹੈ ਅਤੇ $C_4$ ਤੋਂ $C_8$ ਤਕ ਦੇ ਯੋਗਿਕਾਂ ਦੀ ਗੰਧ ਵਧੇਰੇ ਨਾਪਸੰਦ ਹੁੰਦੀ ਹੈ। ਬਦਬੂਦਾਰ ਮੱਖਣ ਅਤੇ ਤੇਜ਼ ਪਨੀਰ ਦੀ ਗੰਧ ਵੀ ਵਾਸ਼ਪਸ਼ੀਲ ਕਾਰਬੋਕਸੀਲਿਕ ਐਸਿਡਾਂ ਕਾਰਨ ਹੁੰਦੀ ਹੈ, ਪਰ ਉਚੇਰੇ ਮੈਂਬਰ ਲਗਭਗ ਗੰਧ-ਹੀਨ ਹੁੰਦੇ ਹਨ ਕਿਉਂਕਿ ਇਨ੍ਹਾਂ ਦੀ ਵਾਸ਼ਪਸ਼ੀਲਤਾ ਘੱਟ ਹੁੰਦੀ ਹੈ। ਇਨ੍ਹਾਂ ਯੋਗਿਕਾਂ ਵਿਚ ਹਾਈਡ੍ਰੋਜਨ ਬੰਧਨਾਂ ਵਾਲੇ ਦੋ-ਅਣਵੀ ਕੰਪਲੈਕਸਾਂ ਦੇ ਬਣਨ ਕਾਰਨ ਇਨ੍ਹਾਂ ਦੇ ਉਬਾਲ ਦਰਜੇ ਬਹੁਤ ਉਤੇ ਹੁੰਦੇ ਹਨ।



ਕਾਰਬੋਕਸੀਲਿਕ ਐਸਿਡਾਂ ਦਾ ਪ੍ਰਮੁੱਖ ਰਸਾਇਣਿਕ ਗੁਣ ਉਨ੍ਹਾਂ ਦਾ ਆਇਨੀਕਰਨ ਹੈ, ਜਿਸ ਦੇ ਫਲਸਰੂਪ ਪ੍ਰੋਟਾਨ ਬਣਦੇ ਹਨ ਅਤੇ ਘੋਲ ਤੇਜ਼ਾਬੀ ਹੁੰਦਾ ਹੈ :—

$$RCOOH \rightleftharpoons RCOO^{\ominus} + H^{\oplus}$$

ਕਾਰਬੋਕਸੀਲਿਕ ਐਸਿਡਾਂ ਦੇ ਲੂਣਾਂ ਦੀ ਬਣਤਰ 'ੳ' ਅਤੇ 'ਅ' ਵਿਚ ਭਾਵੇਂ ਦੋ ਕਿਸਮਾਂ ਦੇ ਆਕਸੀਜਨ ਐਟਮ ਜਾਪਦੇ ਹਨ, ਪਰੰਤੂ ਵਾਸਤਵ ਵਿਚ ਉਹ ਇਕੋ ਜਿਹੇ ਹੀ ਹਨ :—



(ੳ) (ਅ)

ਸਪੱਸ਼ਟ ਹੈ ਕਿ ਬਣਤਰ 'ੳ' ਵਿਚ ਕਾਰਬਨ-ਆਕਸੀਜਨ ਬੰਧਨ ਇਕਹਿਰੇ ਅਤੇ ਦੂਹਰੇ ਹਨ ਅਤੇ ਬਣਤਰ 'ਅ' ਵਿਚ ਇਹ ਬੰਧਨ ਇਕ ਅਤੇ ਡੇਢ ਹਨ। ਇਨ੍ਹਾਂ ਤੇਜ਼ਾਬਾਂ ਤੋਂ ਉਦਾਸੀਨੀਕਰਨ ਉਤਪੰਨ $C_{10}$ ਤਕ ਦੇ ਲੂਣ ਪਾਣੀ ਵਿਚ ਘੁਲਣਸ਼ੀਲ ਹੁੰਦੇ ਹਨ । ਪਰ $C_{10}$ ਤੋਂ $C_{18}$ ਵਾਲੇ ਐਸਿਡਾਂ ਦੇ ਲੂਣ ਸਾਬਣ ਹੁੰਦੇ ਹਨ ਅਤੇ ਪਾਣੀ ਵਿਚ ਕੋਲੌਇਡੀ ਘੋਲ ਬਣਾਉਂਦੇ ਹਨ ।

ਕਾਰਬੋਕਸੀਲਿਕ ਐਸਿਡਾਂ ਦੇ ਹਾਈਡ੍ਰੋਕਸਿਲ (—OH) ਗਰੁੱਪ ਨੂੰ ਹੈਲੋਜੈਨ ਪਰਮਾਣੂਆਂ ਨਾਲ ਪ੍ਰਤਿਸਥਾਪਤ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਪ੍ਰਾਪਤ ਐਸਾਈਲ ਹੈਲਾਈਡਾਂ ਤੋਂ ਕਾਰਬੋਕਸੀਲਿਕ ਐਸਿਡਾਂ ਦੇ ਐੱਸਟਰ, ਐਮਾਈਡ ਅਤੇ ਐੱਨਹਾਈਡ੍ਰਾਈਡ ਵਰਗੇ ਵਿਉਤਪਤ ਤਿਆਰ ਕੀਤੇ ਜਾ ਸਕਦੇ ਹਨ।

$$RCOCl \xrightarrow{R'OH} RCOOR' + HCl \quad \text{(ਐੱਸਟਰ)}$$
$$RCOCl \xrightarrow{2NH_3} RCONH_2 + NH_4Cl \quad \text{(ਐਮਾਈਡ)}$$
$$RCOCl \xrightarrow{R'CO\bar{O}\overset{+}{N}a} RCOOOCR' + NaCl \quad \text{(ਐੱਨਹਾਈਡ੍ਰਾਈਡ)}$$

ਇਨ੍ਹਾਂ ਐਸਿਡਾਂ ਦੀ ਅਲਕੋਹਲਾਂ ਨਾਲ ਸਿੱਧੀ ਕਿਰਿਆ ਦੁਆਰਾ ਵੀ ਐੱਸਟਰ ਤਿਆਰ ਕੀਤੇ ਜਾ ਸਕਦੇ ਹਨ। ਇਸ ਕਿਰਿਆ ਵਿਚ ਸਲਫ਼ਿਉਰਿਕ ਐਸਿਡ ਜਾਂ ਹਾਈਡ੍ਰੋਕਲੋਰਿਕ ਐਸਿਡ ਉਤਪ੍ਰੇਰਕ ਦਾ ਕੰਮ ਕਰਦਾ ਹੈ :—

$$RCOOH + R'OH \overset{H^+}{\rightleftharpoons} RCOOR' + H_2O$$

ਕਿਉਂਕਿ ਇਹ ਕਿਰਿਆ ਪਰਤਵੀਂ ਹੈ, ਇਸ ਲਈ ਜਲ-ਅਪਘਟਨੀ ਕਿਰਿਆ ਲਈ ਤੇਜ਼ ਤੇਜ਼ਾਬ ਜਾਂ ਖਾਰ ਉਤਪ੍ਰੇਰਕ ਵਜੋਂ ਵਰਤਣੇ ਪੈਂਦੇ ਹਨ। ਖਾਰ ਦੁਆਰਾ ਜਲ-ਅਪਘਟਨ ਦੀ ਕਿਰਿਆ ਨੂੰ ਸਾਬਣੀਕਰਨ ਵੀ ਆਖਦੇ ਹਨ :—

$$RCOOR' + NaOH \rightarrow RCO\bar{O}\overset{+}{N}a + R'OH$$

ਕਾਰਬੋਕਸੀਲਿਕ ਐਸਿਡਾਂ ਦੇ ਉੱਚੇ ਤਾਪਮਾਨ ਉਤੇ ਡੀ-ਕਾਰਬੋਕਸੀਕਰਨ ਨਾਲ ਐਲਕੇਨ (ਇਕ ਹਾਈਡ੍ਰੋਕਾਰਬਨ) ਉਤਪੰਨ ਹੁੰਦੇ ਹਨ। ਇਸ ਕਿਰਿਆ ਲਈ ਤੇਜ਼ ਖਾਰ ਵਾਲੀਆਂ ਸ਼ਰਤਾਂ ਜ਼ਰੂਰੀ ਹਨ ਕਿਉਂਕਿ ਇਸ ਵਿਚ ਕਾਰਬਨ-ਕਾਰਬਨ ਬੰਧਨ ਨੂੰ ਤੋੜਨਾ ਹੁੰਦਾ ਹੈ :—

$$RCOOH \rightarrow RH + CO_2$$

ਉਚਿਤ ਲਘੂਕਾਰਕਾਂ, ਜਿਵੇਂ ਕਿ ਲਿਥੀਅਮ ਐਲੂਮਿਨੀਅਮ ਹਾਈਡ੍ਰਾਈਡ, ਦੀ ਵਰਤੋਂ ਨਾਲ ਇਨ੍ਹਾਂ ਨਾਲ ਇਨ੍ਹਾਂ ਐਸਿਡਾਂ ਨੂੰ ਸਬੰਧਤ ਅਲਕੋਹਲਾਂ ਵਿਚ ਵੀ ਬਦਲਿਆ ਜਾ ਸਕਦਾ ਹੈ :—

$$RCOOH \xrightarrow{LiAlH_4} RCH_2OH$$

**ਵਿਸ਼ੇਸ਼ ਕਾਰਬੋਕਸੀਲਿਕ ਐਸਿਡ**—ਜਿਥੇ ਕਿਧਰੇ ਸਸਤੇ ਕਾਰਬਨੀ ਤੇਜ਼ਾਬ ਦੀ ਲੋੜ ਹੁੰਦੀ ਹੈ ਤਾਂ ਐਸੀਟਿਕ ਐਸਿਡ ਵਰਤਿਆ

ਜਾਂਦਾ ਹੈ ਜਿਵੇਂ ਕਿ ਐਸੀਟਿਕ ਐਨੱਹਾਈਡ੍ਰਾਈਡਾਂ ਅਤੇ ਐਸਟਰਾਂ ਦੇ ਧਾਤਵੀ ਲੂਣ ਬਣਾਉਣ ਲਈ। ਇਸ ਦੀ ਵਰਤੋਂ ਸੈਲੂਲੋਸ ਐਸੀਟੇਟ, ਰੇਔਨ ਅਤੇ ਚਿੱਟਾ ਸਿੱਕਾ ਬਣਾਉਣ ਲਈ ਵੀ ਕੀਤੀ ਜਾਂਦੀ ਹੈ। ਪ੍ਰੋਪਿਆਨਿਕ ਐਸਿਡ ਅਤੇ ਬਿਊਟਿਰਿਕ ਐਸਿਡਾਂ ਦੀ ਵਰਤੋਂ ਸੈਲੂਲੋਸ ਐਸੀਟੇਟ ਪ੍ਰੋਪਿਆਨੇਟ ਅਤੇ ਐਸੀਟੇਟ-ਬਿਊਟਿਰੇਟ ਬਣਾਉਣ ਲਈ ਕੀਤੀ ਜਾਂਦੀ ਹੈ। ਚਰਬੀਆਂ ਅਤੇ ਤੇਲ ਉੱਚ ਕਾਰਬੋਕਸੀਲਿਕ ਐਸਿਡਾਂ ਅਤੇ ਇਕ ਟ੍ਰਾਈਹਾਈਡ੍ਰਿਕ ਅਲਕੋਹਲ, ਗਲਿਸਰਾਲ ਦੇ ਐਸਟਰ ਹੁੰਦੇ ਹਨ। ਗਲਿਸਰਾਲ ਦੀਆਂ ਐਸਟਰਾਂ ਨੂੰ ਗਲਿਸਰਾਈਡ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦਾ ਸਾਧਾਰਨ ਫ਼ਾਰਮੂਲਾ $RCOOHCH_2CH(COOR')CH_2COOR''$ ਹੁੰਦਾ ਹੈ । ਚਰਬੀਆਂ ਵਿਚ ਕਾਰਬੋਕਸੀਲਿਕ ਐਸਿਡ ਅੰਸ਼ ਜ਼ਿਆਦਾਤਰ ਸੰਤ੍ਰਿਪਤ ਹੁੰਦੇ ਹਨ ਪ੍ਰੰਤੂ ਤੇਲਾਂ ਵਿਚ ਕਾਰਬੋਕਸੀਲਿਕ ਐਸਿਡ ਅੰਸ਼ ਵਧੇਰੇ ਕਰਕੇ ਅਸੰਤ੍ਰਿਪਤ ਹੁੰਦੇ ਹਨ । ਤੇਲਾਂ ਦੇ ਘੱਟ ਪਿਘਲਾਉ ਦਰਜਿਆਂ ਦਾ ਕਾਰਨ ਕਾਰਬੋਕਸੀਲਿਕ ਐਸਿਡ ਅੰਸ਼ਾਂ ਦੇ ਅਣਵੀ ਭਾਰ ਦਾ ਘੱਟ ਹੋਣਾ ਹੈ।

ਜਦੋਂ ਗਲਿਸਰਾਈਡਾਂ ਦਾ ਸਾਬਣੀਕਰਨ ਕੀਤਾ ਜਾਂਦਾ ਹੈ ਤਾਂ ਕਾਰਬੋਕਸੀਲਿਕ ਐਸਿਡਾਂ ਦੇ ਲੂਣ ਬਣਦੇ ਹਨ । ਕਾਰਬੋਕਸੀਲਿਕ ਐਸਿਡਾਂ ਦੇ ਖਾਰੇ ਧਾਤਵੀ ਲੂਣ ਜਿਨ੍ਹਾਂ ਵਿਚ 10 ਤੋਂ 18 ਕਾਰਬਨ ਪਰਮਾਣੂ ਹੁੰਦੇ ਹਨ, ਸਾਬਣ ਅਖਵਾਉਂਦੇ ਹਨ । ਸਧਾਰਨ ਸਾਬਣ ਸੋਡੀਅਮ ਦੇ ਲੂਣ ਹੁੰਦੇ ਹਨ। ਸੰਤ੍ਰਿਪਤ ਕਾਰਬੋਕਸੀਲਿਕ ਐਸਿਡਾਂ ਤੋਂ ਬਣੇ ਸਾਬਣ ਸਖ਼ਤ ਹੁੰਦੇ ਹਨ ਅਤੇ ਅਸੰਤ੍ਰਿਪਤ ਕਾਰਬੋਕਸੀਲਿਕ ਐਸਿਡਾਂ ਤੋਂ ਬਣੇ ਸਾਬਣ ਨਰਮ ਹੁੰਦੇ ਹਨ।

ਕਈ ਪ੍ਰਤਿਸਥਾਪਤ ਕਾਰਬੋਕਸੀਲਿਕ ਐਸਿਡਾਂ ਦਾ ਵੀ ਪਤਾ ਲੱਗਾ ਹੈ, ਜਿਨ੍ਹਾਂ ਵਿਚ ਹੈਲੋਜੈਨੀਕ੍ਰਿਤ, ਹਾਈਡ੍ਰੋਕਸੀ ਅਤੇ ਐਮੀਨੋ ਐਸਿਡ ਵੀ ਸ਼ਾਮਲ ਹਨ। ਐਲਫਾ-ਹੈਲੋ ਤੇਜ਼ਾਬ ਆਮ ਕਰਕੇ ਫ਼ਾਸਫ਼ੋਰਸ ਟ੍ਰਾਈਕਲੋਰਾਈਡ ਦੀ ਥੋੜ੍ਹੀ ਜਿਹੀ ਮਾਤਰਾ ਦੀ ਹੋਂਦ ਵਿਚ ਸਿੱਧੇ ਹੈਲੋਜੈਨੀਕਰਨ ਦੁਆਰਾ ਤਿਆਰ ਕੀਤੇ ਜਾਂਦੇ ਹਨ :—

$$RCH_2COOH \xrightarrow[PX_3]{X_2} RCH\times COOH + H\times$$

ਅਣਪ੍ਰਤਿਸਥਾਪਤ ਐਸਿਡਾਂ ਨਾਲੋਂ ਹੈਲੋ ਐਸਿਡ ਵਧੇਰੇ ਤੇਜ਼ਾਬੀ ਹੁੰਦੇ ਹਨ । ਫ਼ਲੋਰੋਐਸੀਟਿਕ ਐਸਿਡ ਥਣ ਧਾਰੀਆਂ ਲਈ ਜ਼ਹਿਰੀਲੇ ਹੁੰਦੇ ਹਨ ਅਤੇ ਇਸ ਦਾ ਸੋਡੀਅਮ ਲੂਣ ਜਿਸ ਨੂੰ 1080 ਕਿਹਾ ਜਾਂਦਾ ਹੈ, ਕੁਤਰਨ ਵਾਲੇ ਜਾਨਵਰਾਂ (ਚੂਹੇ ਆਦਿ) ਨੂੰ ਮਾਰਨ ਲਈ ਵਰਤਿਆ ਜਾਂਦਾ ਹੈ । $\alpha$—ਹਾਈਡ੍ਰੋਕਸੀਕਾਰਬੋਕਸੀਲਿਕ ਐਸਿਡ $\alpha$—ਹੈਲੋ ਤੇਜ਼ਾਬਾਂ ਦੇ ਜਲ-ਅਪਘਟਨ ਦੁਆਰਾ ਵੀ ਤਿਆਰ ਕੀਤੇ ਜਾ ਸਕਦੇ ਹਨ । ਗੈਮਾ- ਅਤੇ ਡੈਲਟਾ-ਹਾਈਡ੍ਰੋਕਸੀ ਐਸਿਡ ਚਕਰੀ ਐਸਟਰ ਬਣਾਉਂਦੇ ਹਨ ਜੋਨ੍ਹਾਂ ਨੂੰ ਲੈਕਟੋ ਕਿਹਾ ਜਾਂਦਾ ਹੈ । ਜਦੋਂ ਲੈਕਟੋਸ ਉਤੇ ਲੈਕਟੋਬੈਸੀਲਸ (ਬੈਕਟੀਰੀਆ) ਦੀ ਕਿਰਿਆ ਦੁਆਰਾ ਦੁੱਧ ਖੱਟਾ ਹੋ ਜਾਂਦਾ ਹੈ ਤਾਂ ਲੈਕਟਿਕ ਐਸਿਡ ($CH_3.CHOHCOOH$) ਬਣਦਾ ਹੈ।

ਪ੍ਰਤਿਸਥਾਪਤ ਕਾਰਬੋਕਸੀਲਿਕ ਐਸਿਡ ਦੀ ਸਭ ਤੋਂ ਪ੍ਰਸਿੱਧ ਸ਼੍ਰੇਣੀ $\alpha$—ਐਮੀਨੋਕਾਰਬੋਕਸੀਲਿਕ ਐਸਿਡਾਂ ਦੀ ਹੈ ਜਿਨ੍ਹਾਂ ਨੂੰ ਆਮ ਕਰਕੇ $\alpha$—ਐਮੀਨੋ ਐਸਿਡ ਕਿਹਾ ਜਾਂਦਾ ਹੈ। ਕਈ ਦਰਜਨ $\alpha$—ਐਮੀਨੋ ਐਸਿਡ ਪ੍ਰੋਟੀਨਾਂ ਵਿਚ ਮਿਲਦੇ ਹਨ। ਇਨ੍ਹਾਂ ਵਿਚੋਂ ਵੈਲੀਨ ਲਿਊਸੀਨ, ਆਈਸੋਲਿਊਸੀਨ, ਫ਼ੀਨਾਈਲਐਲਾਨੀਨ, ਥਰੀਓਨੀਨ, ਟ੍ਰਾਪਟੋਫ਼ੇਨ, ਮੀਥੀਓਨੀਨ, ਲਾਈਸੀਨ, ਆਰਜਿਨਿਨ ਅਤੇ ਹਿਸਟਿਡੀਨ ਪ੍ਰਾਣੀਆਂ ਦੇ ਵਿਕਾਸ ਲਈ ਜ਼ਰੂਰੀ ਐਮੀਨੋ ਐਸਿਡ ਮੰਨੇ ਗਏ ਹਨ। ਡਾਈਕਾਰਬੋਕਸੀਲਿਕ ਐਸਿਡਾਂ ਵਿਚ ਸਭ ਤੋਂ ਪ੍ਰਸਿੱਧ ਤੇਜ਼ਾਬ ਐਡਿਪਿਕ ਐਸਿਡ [$HOOC(CH_2)_4COOH$] ਹੈ । ਨਾਈਲੋਨ 66 ਦੇ ਸੰਸ਼ਲੇਸ਼ਣ ਵਿਚ ਐਡਿਪਿਕ ਐਸਿਡ ਇਕ ਮੱਧਵਰਤੀ ਦੇ ਤੌਰ ਤੇ ਵਰਤਿਆ ਜਾਂਦਾ ਹੈ। ਅੰਕ 66 ਦਾ ਭਾਵ ਹੈ ਕਿ ਇਕ ਖ਼ਾਸ ਨਾਈਲੋਨ ਜਿਸ ਵਿਚ ਛੇ-ਕਾਰਬਨਾਂ ਵਾਲੇ ਦੋ ਪ੍ਰਤਿਸਥਾਪੀ ਹੁੰਦੇ ਹਨ। ਐਡਿਪਿਕ ਐਸਿਡ ਦੀ ਵਰਤੋਂ ਯੂਰੇਥੇਨ ਰਬੜਾਂ ਬਣਾਉਣ ਲਈ ਵੀ ਕੀਤੀ ਜਾਂਦੀ ਹੈ।

ਮਲੇਇਕ ਐਸਿਡ, ਸਿਸ-ਐਥੀਲੀਨ–ਡਾਈਕਾਰਬੋਕਸੀਲਿਕ ਐਸਿਡ ਅਤੇ ਫ਼ਿਊਮੈਰਿਕ ਐਸਿਡ, ਅਨੁਸਾਰੀ ਟ੍ਰਾਂਸ–ਸਮਅੰਗਕ ਜੁਮੈਟਰੀ ਸਮ-ਅੰਗਤਾਂ ਦੀਆਂ ਖ਼ਾਸ ਉਦਾਹਰਨਾਂ ਹਨ। ਮਲੇਇਕ ਐਸਿਡ ਐਨੱਹਾਈਡ੍ਰਾਈਡ ਦੇ ਰੂਪ ਵਿਚ ਬੈਂਨਜ਼ੀਨ ਦੇ ਹਵਾ ਵਿਚ ਉਤ–ਪ੍ਰੇਰਕੀ ਆਕਸੀਕਰਨ ਦੁਆਰਾ ਤਿਆਰ ਕੀਤਾ ਜਾਂਦਾ ਹੈ।




ਹਾਈਡ੍ਰੋਕਸੀ-ਪੌਲੀਕਾਰਬੋਕਸੀਲਿਕ ਐਸਿਡ ਆਮ ਕਰਕੇ ਕੁਦਰਤੀ ਤੌਰ ਤੇ ਮਿਲਦੇ ਹਨ। ਟਾਰਟਰਿਕ ਤੇਜ਼ਾਬ ($HOOCCHOHCHOH COOH$) ਪੌਦਿਆਂ ਦੇ ਤੇਜ਼ਾਬਾਂ ਵਿਚੋਂ ਮਿਲਣ ਵਾਲਾ ਸਭ ਤੋਂ ਵੱਧ ਪ੍ਰਸਿੱਧ ਤੇਜ਼ਾਬ ਹੈ। ਇਸ ਦਾ ਪੋਟਾਸ਼ੀਅਮ ਲੂਣ ਅੰਗੂਰਾਂ ਦੇ ਰਸ ਵਿਚ ਮਿਲਦਾ ਹੈ ਅਤੇ ਇਸ ਦੀ ਵਰਤੋਂ ਕਈ ਬੇਕਿੰਗ ਪਾਊਡਰਾਂ ਵਿਚ ਕੀਤੀ ਜਾਂਦੀ ਹੈ। ਸੋਡੀਅਮ ਪੋਟਾਸ਼ੀਅਮ ਨਾਈਟ੍ਰੇਟ ਲੂਣ ਨੂੰ ਰੋਸ਼ੈੱਲ ਲੂਣ ਵੀ ਕਿਹਾ ਜਾਂਦਾ ਹੈ ਅਤੇ ਇਸ ਦੀ ਵਰਤੋਂ ਜੁਲਾਬ ਦੇ ਤੌਰ ਤੇ ਕੀਤੀ ਜਾਂਦੀ ਹੈ। ਸਿਟ੍ਰਿਕ ਐਸਿਡ, ਸਿਟ੍ਰਸ ਫ਼ੈਮਿਲੀ ਦਾ ਮੁੱਖ ਅੰਸ਼ ਹੈ।

ਉਹ ਕਾਰਬੋਕਸੀਲਿਕ ਐਸਿਡ ਜਿਨ੍ਹਾਂ ਵਿਚ ਕਾਰਬੋਨਿਲ ਫ਼ੰਕਸ਼ਨ (C=O) ਕਾਰਬੋਕਸਿਲ ਗਰੁੱਪ ਦੀ ਬੀਟਾ ਸਥਿਤੀ ਵਿਚ ਹੁੰਦਾ ਹੈ, ਬਹੁਤ ਥੋੜ੍ਹਾ ਗਰਮ ਕਰਨ ਨਾਲ ਡੀਕਾਰਬੋਕਸੀਲੇਟ ਹੋ ਜਾਂਦੇ ਹਨ। ਇਹ ਕਿਰਿਆ ਮੈਲਾਨਿਕ ਐਸਿਡ ਅਤੇ ਐਸੀਟੋਐਸੀਟਿਕ ਐਸਿਡ ਵਿਚ ਬੜੀ ਜਲਦੀ ਹੁੰਦੀ ਹੈ :—

$$CH_3COCH_2COOH \xrightarrow{\text{ਤਾਪ}} CH_3CHCOCH_3 + CO_2\uparrow$$

ਇਹ ਕਾਰਬੋਕਸੀਲਿਕ ਐਸਿਡ ਅਸਥਿਰ ਹੋਣ ਕਰਕੇ ਆਮ ਕਰਕੇ ਐਸਟਰਾਂ ਦੇ ਰੂਪ ਵਿਚ ਤਿਆਰ ਕੀਤੇ ਜਾਂਦੇ ਹਨ।

ਇਹ ਵਿਖਾਇਆ ਗਿਆ ਹੈ ਕਿ ਕਈ ਹਾਈਡ੍ਰੋਕਸੀ ਕਾਰਬੋਕਸੀਲਿਕ ਐਸਿਡ, $\alpha$-ਕੀਟੋ ਐਸਿਡ ਅਤੇ $\alpha$-ਐਮੀਨੋ ਐਸਿਡ ਪਸ਼ੂਆਂ ਵਿਚ ਕਾਰਬੋਹਾਈਡ੍ਰੇਟਾਂ, ਪ੍ਰੋਟੀਨਾਂ ਅਤੇ ਚਰਬੀਆਂ ਦੇ ਮੈਟਾਬੋਲਿਜ਼ਮ ਵਿਚ ਭਾਗ ਲੈਂਦੇ ਹਨ। ਬੈਨਜ਼ੋਇਕ ਐਸਿਡ, ਐਰੋਮੈਟਿਕ ਮੋਨੋ ਕਾਰਬੋਕਸੀਲਿਕ ਐਸਿਡਾਂ ਵਿਚੋਂ ਮੁੱਖ ਹੈ ਅਤੇ ਇਸ ਨੂੰ ਟੋਲੂਈਨ ਦੇ ਆਕਸੀਕਰਨ, ਬੈਨੱਜ਼ੋਟ੍ਰਾਈਕਲੋਰਾਈਡ ਦੇ ਜਲ–ਅਪਘਟਨ ਜਾਂ ਥੈਲਿਕ ਐਸਿਡ ਦੇ ਡੀਕਾਰਬੋਕਸਲੀਕਰਨ ਦੁਆਰਾ ਤਿਆਰ ਕੀਤਾ ਜਾਂਦਾ ਹੈ। ਔਰਥੋ, ਮੈਟਾ ਅਤੇ ਪੈਰਾ-ਬੈਂਨਜ਼ੀਨ-ਡਾਈਕਾਰਬੋਕਸੀਲਿਕ ਐਸਿਡ ਜਿਨ੍ਹਾਂ ਨੂੰ ਕ੍ਰਮਵਾਰ ਥੈਲਿਕ ਐਸਿਡ, ਆਈਸੋਥੈਲਿਕ ਐਸਿਡ ਅਤੇ ਟੈਰੀਥੈਲਿਕ ਐਸਿਡ ਕਿਹਾ ਜਾਂਦਾ ਹੈ, ਪ੍ਰਸਿੱਧ ਬਾਈਫ਼ੰਕਸ਼ਨਲ ਕਾਰਬਨੀ ਯੌਗਿਕ ਹਨ ਅਤੇ ਇਨ੍ਹਾਂ ਦੀ ਵਰਤੋਂ ਬਹੁਲਕ ਪਦਾਰਥਾਂ ਦੇ ਸੰਸ਼ਲੇਸ਼ਣ ਲਈ ਕੀਤੀ ਜਾਂਦੀ ਹੈ। ਇਨ੍ਹਾਂ ਬਾਈਫ਼ੰਕਸ਼ਨਲ ਕਾਰਬੋਕਸੀਲਿਕ ਐਸਿਡਾਂ ਦੀ ਵਰਤੋਂ ਬਹੁਲਕ ਐਸਟਰਾਂ ਨੂੰ ਬਣਾਉਣ ਲਈ ਵੀ ਕੀਤੀ ਜਾਂਦੀ ਹੈ।

ਬੈਂਨਜ਼ੋਇਕ ਐਸਿਡ ਦੇ ਕਈ ਵਿਉਤਪੰਨ ਕਾਫ਼ੀ ਮਹੱਤਵਪੂਰਨ ਹਨ । ਸੈਕੈਰੀਨ, ਔਰਥੋਕਾਰਬੋਕਸੀਬੈਨੱਜ਼ੀਨਸਲਫ਼ਾਨਿਕ ਐਸਿਡ ਦੇ

ਮਿਸ਼ਰਿਤ ਐੱਨਹਾਈਡ੍ਰਾਈਡ ਦਾ ਐਮਾਈਡ ਹੈ । ਮੈਥਾਈਲ ਔੱਰਥੋ-ਐਮੀਨੋਬੈੱਨਜ਼ੋਏਟ (ਮੀਥਾਈਲ ਐਂਥ੍ਰਾਨੀਲੇਟ) ਦੀ ਵਰਤੋਂ ਸੰਸ਼ਲਿਸ਼ਟ ਅੰਗੂਰੀ ਸੁਗੰਧ ਦੇ ਤੌਰ ਤੇ ਕੀਤੀ ਜਾਂਦੀ ਹੈ ; ਪੈਰਾ ਐਮੀਨੋਬੈੱਨਜ਼ੋਇਕ ਐਸਿਡ ਵਿਟਾਮਿਨ ਬੀ ਕੰਪਲੈਕਸ ਵਿਚ ਮੌਜੂਦ ਹੁੰਦਾ ਹੈ ਅਤੇ ਫ਼ੋਲਿਕ ਐਸਿਡ ਦਾ ਇਕ ਹਿੱਸਾ ਹੈ । ਮਨੁੱਖੀ ਭੋਜਨ ਵਿਚ ਇਸ ਦੀ ਜ਼ਰੂਰਤ ਨਿਸ਼ਚਿਤ ਨਹੀਂ ਹੈ ਪ੍ਰੰਤੂ ਕੁਝ ਵਿਸ਼ੇਸ਼ ਬੈਕਟੀਰੀਆ ਦੇ ਵਿਕਾਸ ਲਈ ਇਹ ਜ਼ਰੂਰੀ ਹੈ । ਅਜਿਹੇ ਜੀਵਾਣੂਆਂ ਦੇ ਭੈੜੇ ਅਸਰਾਂ ਨੂੰ ਖ਼ਤਮ ਕਰਨ ਲਈ ਸਲਫ਼ਾ ਦਵਾਈਆਂ ਵਰਤੀਆਂ ਜਾਂਦੀਆਂ ਹਨ, ਕਿਉਂਕਿ ਇਨ੍ਹਾਂ ਦਵਾਈਆਂ ਦੀ ਬਣਤਰ ਪੈਰਾ-ਐਮੀਨੋਬੈੱਨਜ਼ੋਇਕ ਐਸਿਡ ਵਰਗੀ ਹੁੰਦੀ ਹੈ ।

ਕੁਝ ਵਿਸ਼ੇਸ਼ ਪੈਰਾ-ਐਮੀਨੋਬੈੱਨਜ਼ੋਇਕ ਐਸਿਡ ਐੱਸਟਰ ਸਥਾਨਕ ਐਨੈੱਸਥੀਜੀਆ ਲਈ ਵਰਤੇ ਜਾਂਦੇ ਹਨ, ਜਿਵੇਂ ਕਿ ਬੈੱਨਜ਼ੋਕੇਨ (ਈਥਾਈਲ ਐੱਸਟਰ), ਬਿਊਟਸਿਨ (ਬਿਊਟਾਈਲ ਐੱਸਟਰ) ਅਤੇ ਨੋਵੋਕੇਨ (β—ਡਾਈਈਥਾਈਲਐਮੀਨੋਈਥਾਈਲ ਐੱਸਟਰ) । ਐਸਪਰੀਨ ਜਿਹੜੀ ਬੁਖ਼ਾਰ ਅਤੇ ਦਰਦ ਦੂਰ ਕਰਨ ਵਾਲੀ ਇਕ ਪ੍ਰਸਿੱਧ ਦਵਾਈ ਹੈ, ਐਸੀਟਾਈਲਸੈਲਿਸੀਲਿਕ ਐਸਿਡ (ਔੱਰਥੋ-ਐਸੀਟੌੱਕਸੀਮੈਨੱਜ਼ੋਇਕ ਐਸਿਡ ਹੁੰਦੀ ਹੈ ।

ਹ. ਪੁ.—ਐਨ. ਬ੍ਰਿ. 4 : 883 ; ਆ. ਕੈ.—ਫਿਨਾਰ

**ਕਾਰਬਾਰ** : ਤਅੱਲੁਕਾ—ਭਾਰਤ ਦੇ ਕਰਨਾਟਕ ਰਾਜ ਵਿਚ ਉੱਤਰੀ ਕਨਾਰਾ ਜ਼ਿਲ੍ਹੇ ਦਾ ਇਹ ਇਕ ਤਅੱਲੁਕਾ ਹੈ । ਇਸ ਤਅੱਲੁਕੇ ਦਾ ਰਕਬਾ ਲਗਭਗ 770 ਵ. ਕਿ. ਮੀ. ਹੈ । ਇਸ ਵਿਚ 54 ਪਿੰਡ ਅਤੇ ਇਕ ਸ਼ਹਿਰ ਕਾਰਬਾਰ ਹੈ ਜੋ ਇਸ ਤਅੱਲੁਕੇ ਅਤੇ ਉੱਤਰੀ ਕਨਾਰਾ ਜ਼ਿਲ੍ਹੇ ਦਾ ਸਦਰਮੁਕਾਮ ਹੈ । ਕਾਲੀ ਨਦੀ ਇਸ ਤਅੱਲੁਕੇ ਵਿਚੋਂ ਦੀ ਲੰਘਦੀ ਹੈ ਜਿਸਦੇ ਦੋਵੇਂ ਕੰਢਿਆਂ ਤੇ ਧਾਨ ਦੇ ਵੱਡੇ ਵੱਡੇ ਖੇਤ, ਪਾਮ ਦੇ ਝੁੰਡ ਅਤੇ ਦੂਜੇ ਫਲਾਂ ਦੇ ਦਰਖ਼ਤ ਮਿਲਦੇ ਹਨ । ਮੈਦਾਨੀ ਇਲਾਕਾ ਰੇਤਲਾ ਹੈ ਅਤੇ ਪਹਾੜੀਆਂ ਦੇ ਨਾਲ ਲਗਦੇ ਇਲਾਕੇ ਦੀ ਮਿੱਟੀ ਵਿਚ ਗ੍ਰੇਨਾਈਟ ਦਾ ਰਲਾ ਹੈ । ਸਮੁੰਦਰ ਦੇ ਕੰਢੇ ਨਾਲ ਨਾਲ ਮਿੱਟੀ ਕਾਲੀ ਅਤੇ ਉਪਜਾਊ ਹੈ ਅਤੇ ਇਸ ਵਿਚ ਲੂਣ ਦੀ ਮਾਤਰਾ ਹੈ । ਆਮ ਕਰਕੇ ਜਵਾਰਭਾਟੇ ਨਾਲ ਹੜ੍ਹ ਆਉਂਦੇ ਰਹਿੰਦੇ ਹਨ ।

ਹ. ਪੁ.—ਇੰਪ. ਗ. ਇੰਡ. 15 : 65; ਹਿੰ. ਵਿ. ਕੋ. 2 : 466

**ਕਾਰਬਾਰ** : ਸ਼ਹਿਰ—ਭਾਰਤ ਦੇ ਕਰਨਾਟਕ ਰਾਜ ਵਿਚ ਉੱਤਰੀ ਕਨਾਰਾ ਜ਼ਿਲ੍ਹੇ ਦਾ ਸਦਰਮੁਕਾਮ ਹੈ ਜੋ ਗੋਭਾ ਤੋਂ 80 ਕਿ. ਮੀ. ਦੱਖਣ ਪੱਛਮ ਅਤੇ ਬੰਬਈ ਤੋਂ 630 ਕਿ. ਮੀ. ਦੱਖਣ ਵਲ ਵਾਕਿਆ ਹੈ । ਪ੍ਰਾਚੀਨ ਨਗਰ ਅਜੋਕੇ ਨਗਰ ਤੋਂ 5 ਕਿ. ਮੀ. ਪੂਰਬ ਵਲ ਕਾਲੀ ਨਦੀ ਤੇ ਸਥਿਤ ਹੈ । ਵਪਾਰਕ ਪੱਖੋਂ ਇਹ ਬਹੁਤ ਮਹੱਤਵਪੂਰਨ ਸੀ ।

17ਵੀਂ ਸਦੀ ਵਿਚ ਮੱਧ ਬੀਜਾਪੁਰ ਰਾਜ ਦੇ ਪ੍ਰਮੁੱਖ ਅਧਿਕਾਰੀ ਕਾਰਬਾਰ ਦਾ ਪ੍ਰਬੰਧ ਚਲਾਉਂਦੇ ਸਨ । ਸੰਨ 1660 ਤੋਂ ਇਥੇ ਵਧੀਆ ਮਲਮਲ ਦਾ ਉਤਪਾਦਨ ਸ਼ੁਰੂ ਹੋ ਗਿਆ ਸੀ ।

17ਵੀਂ ਸਦੀ ਦੇ ਅਖੀਰਲੇ 10 ਸਾਲਾਂ ਵਿਚ ਡੱਚ ਲੋਕਾਂ ਨੇ ਕਾਰਬਾਰ ਨੂੰ ਆਪਣੇ ਅਧੀਨ ਕਰ ਲਿਆ ਅਤੇ ਪ੍ਰਚੀਨ ਵਪਾਰ ਨੂੰ ਨਸ਼ਟ ਕਰ ਦਿਤਾ । ਇਸੇ ਕਾਲ ਵਿਚ ਮਰਹੱਟਿਆਂ ਦੁਆਰਾ ਇਥੇ ਸਦਾਸ਼ਿਵਗੜ ਦੀ ਸਥਾਪਨਾ ਹੋ ਗਈ ਸੀ ਪਰ ਇਹ ਵੀ ਜ਼ਿਆਦਾ ਸਮੇਂ ਤਕ ਰਾਜ ਨਾ ਕਰ ਸਕੇ ਅਤੇ ਕਾਰਬਾਰ ਪੁਰਤਗਾਲੀਆਂ ਦੇ ਅਧੀਨ ਹੋ ਗਿਆ ।

ਨਵੇਂ ਨਗਰ ਦਾ ਆਰੰਭ ਬੰਬਈ ਰਾਜ ਦੇ ਰਾਜ ਪਲਟੇ ਉਪਰੰਤ ਹੋਇਆ । ਇਸ ਤੋਂ ਪਹਿਲਾਂ ਇਹ ਮਛੀਆਂ ਫੜਨ ਦਾ ਸਾਧਾਰਨ ਪਿੰਡ ਸੀ । ਵਰਤਮਾਨ ਨਗਰ ਛੇ ਪਿੰਡਾਂ ਨੂੰ ਮਿਲਾ ਕੇ ਬਣਾਇਆ ਗਿਆ ਹੈ । ਇਥੇ ਨਗਰਪਾਲਕਾ ਵੀ ਹੈ । ਹੁਣ ਇਸਦਾ ਸਬੰਧ ਬੰਬਈ ਨਾਲ ਰੇਲਾਂ ਅਤੇ ਸਟੀਮਰਾਂ ਰਾਹੀਂ ਹੋ ਗਿਆ ਹੈ ।

ਆਬਾਦੀ – 27, 777 (1971)

14° 49′ ਉ. ਵਿਥ. ; 74° 8′ ਪੂ. ਲੰਬ

ਹ. ਪੁ.—ਇੰਪ. ਗ. ਇੰਡ. 15 : 65; ਹਿੰ. ਵਿ. ਕੋ. 2 : 466

**ਕਾਰਬੇਜ਼ੋਲ** : ਕਾਰਬੇਜ਼ੋਲ ਜਾਂ ਡਾਈਬੈੱਨਜ਼ੋਪਾਇਰੋਲ, ਤਾਰਕੋਲ ਦਾ ਇਕ ਅੰਸ਼ ਹੈ । ਸ਼ੁੱਧ ਰੂਪ ਵਿਚ ਇਸ ਦੇ ਰਵੇ ਚਿੱਟੇ ਤੇ ਠੋਸ ਹੁੰਦੇ ਹਨ । ਵਪਾਰਕ ਤੌਰ ਤੇ ਇਹ ਕੀਮਤੀ ਰੰਗਕ ਪਦਾਰਥ ਹਾਈਡ੍ਰਾੱਨ ਨੀਲੇ **R** ਲਈ ਕੱਚੇ-ਮਾਲ ਦੇ ਤੌਰ ਤੇ ਵਰਤਿਆ ਜਾਂਦਾ ਹੈ । ਯੂਰਪ ਵਿਚ ਕਾਰਬੇਜ਼ੋਲ ਕੋਲੇ ਤੋਂ ਤਿਆਰ ਕੀਤਾ ਜਾਂਦਾ ਹੈ, ਜਦੋਂ ਕਿ ਅਮਰੀਕਾ ਵਿਚ ਇਹ ਸੰਸ਼ਲਿਸ਼ਟ ਤੌਰ ਤੇ ਬਣਾਇਆ ਜਾਂਦਾ ਹੈ । ਸੰਸ਼ਲਿਸ਼ਟ ਤੌਰ ਤੇ ਇਸ ਨੂੰ ਤਿਆਰ ਕਰਨ ਦੇ ਕਈ ਢੰਗ ਹਨ, ਜਿਨ੍ਹਾਂ ਵਿਚ ਨਾਈਟ੍ਰੋ ਅਤੇ ਐਮੀਨੋ ਪ੍ਰਤਿਸਥਾਪਕ ਡਾਈਫ਼ੀਨਾਈਲ ਵਧੇਰੇ ਵਰਤਿਆ ਜਾਂਦਾ ਹੈ । ਰੰਗਕ ਪਦਾਰਥ ਵਿਚ ਬਦਲਣ ਲਈ ਇਸ ਨੂੰ ਗੰਧਕ ਦੇ ਤੇਜ਼ਾਬ ਵਿਚ ਪਹਿਲਾਂ —40° ਸੈਂ. ਤੋਂ —50° ਸੈਂ. ਤੇ ਨਾਈਟ੍ਰੋਸੋਫ਼ੀਨੋਲ ਨਾਲ ਸੰਘਣਾ ਕੀਤਾ ਜਾਂਦਾ ਹੈ । ਇਸ ਤਰ੍ਹਾਂ ਤਿਆਰ ਹੋਈ ਇੰਡੋਫ਼ੀਨੋਲ ਨੂੰ ਇਸ ਦੇ ਲਿਊਕੋ ਯੋਗਿਕ ਵਿਚ ਲਘੂਕ੍ਰਿਤ ਕੀਤਾ ਜਾਂਦਾ ਹੈ ਅਤੇ ਮਗਰੋਂ ਇਸ ਨੂੰ ਅਲਕੋਹਲੀ ਸੋਡੀਅਮ ਪੌਲੀ-ਸਲਫ਼ਾਈਡ ਘੋਲਾਂ ਵਿਚ ਇਥੋਂ ਤਕ ਗਰਮ ਕੀਤਾ ਜਾਂਦਾ ਹੈ ਜਦੋਂ ਤਕ ਰੰਗ ਪੂਰੀ ਤਰ੍ਹਾਂ ਨਹੀਂ ਬਣ ਜਾਂਦਾ । ਕਾਰਬੇਜ਼ੋਲ ਬੜੀ ਆਸਾਨੀ ਨਾਲ N—ਈਥਾਈਲ ਕਾਰਬੇਜ਼ੋਲ ਵਿਚ ਬਦਲ ਜਾਂਦਾ ਹੈ, ਇਸ ਲਈ ਇਸ ਨੂੰ ਰੰਗਕ ਪਦਾਰਥ ਹਾਈਡ੍ਰਾਨ ਨੀਲਾ G ਬਣਾਉਣ ਲਈ ਵਰਤਿਆ ਜਾਂਦਾ ਹੈ, ਜੋ ਕਿ ਕਪੜੇ ਦੇ ਧਾਗਿਆਂ ਨੂੰ ਹਾਈਡ੍ਰੌਨ ਨੀਲੇ R ਰੰਗ ਨਾਲੋਂ ਜ਼ਿਆਦਾ ਨੀਲੀ ਹਰੀ ਭਾਹ ਮਾਰਦਾ ਹੈ ।

ਕਾਰਬੇਜ਼ੋਲ, ਤਾਰਕੋਲ ਦੇ ਉੱਚ ਉਬਾਲ ਅੰਸ਼ਕਾਂ ਵਿਚ ਐਂਥ੍ਰਾਸੀਨ ਅਤੇ ਫੀਨੈਂਥ੍ਰਾਸੀਨ ਦੇ ਨਾਲ ਹੀ ਪ੍ਰਾਪਤ ਹੁੰਦਾ ਹੈ । ਇਨ੍ਹਾਂ ਪਦਾਰਥਾਂ ਨਾਲੋਂ ਇਸ ਨੂੰ ਵੱਖਰਾ ਕਰਨ ਲਈ ਇਸ ਦਾ ਕਾਸਟਿਕ ਪੌਟਾਸ਼ ਨਾਲ ਸੰਗਲਨ ਕੀਤਾ ਜਾਂਦਾ ਹੈ ਜਿਸ ਨਾਲ ਕਾਰਬੇਜ਼ੋਲ, ਪੌਟਾਸ਼ੀਅਮ ਕਾਰਬੇਜ਼ੋਲੇਟ ਲੂਣ ਵਿਚ ਬਦਲ ਜਾਂਦਾ ਹੈ । ਐਂਥ੍ਰਾਸੀਨ ਅਤੇ ਫੀਨੈਂਥ੍ਰਾਸੀਨ ਫਿਰ ਕਸ਼ੀਦ ਕੀਤੇ ਜਾ ਸਕਦੇ ਹਨ ਜਾਂ ਘੋਲਕਾਂ ਦੁਆਰਾ ਵੱਖਰੇ ਕੀਤੇ ਜਾ ਸਕਦੇ ਹਨ । ਅਣਸੋਧਿਆ ਕਾਰਬੇਜ਼ੋਲ ਪਾਣੀ ਦੁਆਰਾ ਜਲ–ਅਪਘਟਨ ਕਰਕੇ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਫਿਰ ਇਸ ਨੂੰ ਸ਼ੁੱਧ ਕਰਨ ਲਈ ਯੋਗ ਘੋਲਕਾਂ ਦੁਆਰਾ ਰਵਿਆਂ ਵਿਚ ਬਦਲਿਆ ਜਾ ਸਕਦਾ ਹੈ ਜਾਂ ਫਿਰ ਜੌਹਰ ਉਡਾਉਣ ਕਿਰਿਆ ਵਰਤੀ ਜਾ ਸਕਦੀ ਹੈ । ਸ਼ੁੱਧ ਕਾਰਬੇਜ਼ੋਲ 238° ਸੈਂ. ਉਤੇ ਪਿਘਲਦਾ ਹੈ ਅਤੇ ਇਸ ਦਾ ਰਸਾਇਣਿਕ ਫ਼ਾਰਮੂਲਾ $C_{12}H_9N$ ਹੈ । ਗੰਧਕ ਦੇ ਗਾੜ੍ਹੇ ਤੇਜ਼ਾਬ ਵਿਚ ਖੁਰਨ ਉਪਰੰਤ ਇਸ ਦਾ ਰੰਗ ਪੀਲਾ ਅਤੇ ਔੱਕਸੀਕਾਰਕਾਂ ਦੇ ਪਾਉਣ ਨਾਲ ਹਰੇ ਰੰਗ ਵਿਚ ਬਦਲ ਜਾਂਦਾ ਹੈ । ਇਹ ਲਾਲ ਪਿਕਰੇਟ ਬਣਾਉਂਦਾ ਹੈ, ਜਿਸ ਦਾ ਫ਼ਾਰਮੂਲਾ $C_{12}H_9N.C_6H_3O_7N_3$ ਹੁੰਦਾ ਹੈ ਅਤੇ ਇਹ 182°-186° ਸੈਂ. ਤੇ ਪਿਘਲਦਾ ਹੈ । ਕਾਰਬੇਜ਼ੋਲ ਦਾ ਰਚਨਾਤਮਕ ਫ਼ਾਰਮੂਲਾ ਹੇਠ ਦਰਸਾਇਆ ਗਿਆ ਹੈ ।



ਹ. ਪੁ.—ਐਨ. ਬ੍ਰਿ. 4 : 862

**ਕਾਰਬੋ** : ਇਹ ਰੋਮ ਪੈਪਿਰੀਆ ਵੰਸ਼ ਦੀ ਇਕ ਬਰਾਦਰੀ ਹੈ । ਇਸ ਨਾਲ ਸਬੰਧਤ ਪ੍ਰਸਿੱਧ ਵਿਅਕਤੀ ਅੱਗੇ ਦਿਤੇ ਅਨੁਸਾਰ ਹਨ :

**ਗੇਯੱਸ ਪੈਪਿਰੀਅਸ ਕਾਰਬੋ**—ਇਹ ਲੋਕਾਂ ਦੇ ਹਿਤਾਂ ਦਾ ਰਾਖਾ ਸੀ। ਇਸ ਨੇ ਵੋਟਾਂ ਦੁਆਰਾ ਕਾਨੂੰਨ ਬਣਾਉਣ ਅਤੇ ਰੱਦ ਕਰਨ ਦੀ ਪ੍ਰਥਾ ਚਲਵਾਈ ਸੀ। 130 ਈ. ਪੂ. ਵਿਚ ਇਹ ਗਰੈਕਨ ਲੈਂਡ ਕਮਿਸ਼ਨ ਦਾ ਮੈਂਬਰ ਬਣ ਗਿਆ। ਇਸ ਨੂੰ ਲਿਸੀਨੀਅਸ ਕਰੈਸੱਸ ਨੇ, ਸ਼ਹਿਰੀਆਂ ਨੂੰ ਬਿਨਾਂ ਮੁਕੱਦਮਾ ਚਲਾਏ ਮਾਰਨ ਦੇ ਦੋਸ਼ ਵਿਚ ਦੋਸ਼ੀ ਠਹਿਰਾਇਆ। ਇਸ ਕਾਰਨ ਇਸ ਨੇ ਆਤਮਘਾਤ ਕਰ ਲਿਆ।

**ਗੇਯੱਸ ਪੈਪਿਰੀਅਸ ਕਾਰਬੋ ਅਰਵੀਨਾ**—ਇਹ ਗੇਯੱਸ ਪੈਪਿਰੀਅਸ ਕਾਰਬੋ ਦਾ ਪੁੱਤਰ ਸੀ। ਇਹ ਕੁਲੀਨਤੰਤਰ ਦਾ ਹਾਮੀ ਸੀ। 82 ਈ. ਪੂ. ਵਿਚ ਇਸ ਨੂੰ ਮੇਰੀਅਨ ਪਾਰਟੀ ਨੇ ਮੌਤ ਦੇ ਘਾਟ ਉਤਾਰ ਦਿਤਾ। ਇਹ "ਪਲਾਸ਼ੀਆ ਪੈਪਿਰੀਆ" ਕਾਨੂੰਨ ਕਾਰਨ ਪ੍ਰਸਿੱਧ ਸੀ ਜੋ ਕਿ ਇਸਨੇ ਅਤੇ ਇਸਦੇ ਸਾਥੀ ਐਮ. ਪਲਾਸ਼ੀਅਸ਼ ਸਿਲਵੈਨਸ ਨੇ ਲੋਕ-ਹਿੱਤਾਂ ਦੇ ਰਾਖੇ ਵਜੋਂ (90 ਈ. ਪੂ.) ਪਾਸ ਕਰਵਾਇਆ ਸੀ।

**ਰਾਨੇਈਅਸ ਪੈਪਿਰੀਅਸ ਕਾਰਬੋ** : ਇਹ ਗੇਯੱਸ ਪੈਪਿਰੀਅਸ ਕਾਰਬੋ ਦਾ ਭਤੀਜਾ ਸੀ ਅਤੇ ਮੇਰੀਅਨ ਪਾਰਟੀ ਦਾ ਕੱਟੜ ਹਾਮੀ ਸੀ। ਇਸ ਨੇ ਰੋਮ ਦੀ ਨਾਕਾਬੰਦੀ (87 ਈ. ਪੂ.) ਵਿਚ ਹਿੱਸਾ ਲਿਆ। 85 ਈ. ਪੂ. ਵਿਚ ਇਸ ਨੂੰ ਗੇਯੱਸ ਚਿਨਾ ਨੇ ਕਾਉਂਸਲਸ਼ਿਪ ਵਿਚ ਆਪਣਾ ਸਾਥੀ ਚੁਣ ਲਿਆ ਅਤੇ ਦੋਹਾਂ ਨੇ ਲੁਸ਼ੀਅਸ ਸਲਾ-ਵਿਰੁੱਧ ਜੰਗ ਸ਼ੁਰੂ ਕਰਨ ਦੀ ਤਿਆਰੀ ਕਰ ਦਿਤੀ। ਚਿਨਾ ਅਤੇ ਕਾਰਬੋ ਦੋਹਾਂ ਨੇ ਆਪਣੇ ਆਪ ਨੂੰ ਕਾਉਂਸਲ ਬਣਨ ਦਾ ਐਲਾਨ ਕਰ ਦਿਤਾ। ਪਰੰਤੂ ਚਿਨਾ ਨੂੰ ਉਸਦੇ ਸਿਪਾਹੀਆਂ ਨੇ ਮਾਰ ਦਿਤਾ। ਕਾਰਬੋ ਨੂੰ ਸਲਾ ਦੇ ਜਰਨੈਲ ਮੈਟੇਲਸ ਪੀਅਸ ਨੇ ਹਰਾ ਕੇ ਕੈਦ ਕਰ ਲਿਆ ਅਤੇ ਪਾਂਪੇ ਨੇ ਇਸ ਨੂੰ ਮੌਤ ਦੇ ਘਾਟ ਉਤਾਰ ਦਿਤਾ।

ਹ. ਪੁ.—ਐਨ. ਬ੍ਰਿ. 4 : 863

**ਕਾਰਬੋਹਾਈਡ੍ਰੇਟ** : ਕਾਰਬਨ, ਹਾਈਡ੍ਰੋਜਨ ਅਤੇ ਆਕਸੀਜਨ ਤੋਂ ਬਣੇ ਹੋਏ ਮਿਲਦੇ ਜੁਲਦੇ ਕਾਰਬਨੀ ਯੋਗਿਕਾਂ ਦਾ ਵੱਡਾ ਗਰੁੱਪ ਕਾਰਬੋਹਾਈਡ੍ਰੇਟ ਅਖਵਾਉਂਦਾ ਹੈ। ਇਹ ਪਦਾਰਥ ਪ੍ਰੋਟੀਨਾਂ ਅਤੇ ਚਰਬੀਆਂ ਨਾਲ ਜੀਵ ਪਦਾਰਥ ਦੇ ਮੁੱਖ ਅੰਸ਼ ਹੁੰਦੇ ਹਨ। ਸ਼ਹਿਦ, ਗੰਨਾ, ਚੁਕੰਦਰ, ਸਟਾਰਚ ਅਤੇ ਬਨਸਪਤ ਗੂੰਦ ਨੂੰ ਵੀ ਅਸੀਂ ਕੁਦਰਤ ਵਿਚ ਮਿਲਦੇ ਵਿਸ਼ੇਸ਼ ਕਾਰਬੋਹਾਈਡ੍ਰੇਟ ਪਦਾਰਥਾਂ ਵਿਚ ਗਿਣ ਸਕਦੇ ਹਾਂ। ਕਾਰਬੋਹਾਈਡ੍ਰੇਟ ਰਸਾਇਣ-ਵਿਗਿਆਨ ਦੀ ਉਦਯੋਗਿਕ ਵਰਤੋਂ ਕਾਗ਼ਜ਼, ਕਪੜਾ, ਸੰਸ਼ਲੇਸ਼ਣ ਪਦਾਰਥ ਅਤੇ ਖ਼ੁਰਾਕ ਪਦਾਰਥ ਬਣਾਉਣ ਲਈ ਕੀਤੀ ਜਾਂਦੀ ਹੈ। ਕਾਰਬੋਹਾਈਡ੍ਰੇਟਾਂ ਦੀ ਰਸਾਇਣ-ਵਿਗਿਆਨ ਦਾ ਵਿਕਾਸ ਐਮਿਲ ਫ਼ਿਸ਼ਰ ਅਤੇ ਸਾਥੀਆਂ ਦੀਆਂ ਖੋਜਾਂ ਤੋਂ ਸ਼ੁਰੂ ਹੋਇਆ, ਜਿਨ੍ਹਾਂ ਨੇ ਇਸ ਦੇ ਅੰਗਾਂ ਦੀ ਮੂਲ ਰਚਨਾ ਅਤੇ ਇਲੈਕਟ੍ਰਾਨੀ ਤਰਤੀਬ ਦੱਸੀ।

ਸਧਾਰਨ ਕਾਰਬੋਹਾਈਡ੍ਰੇਟ, ਜੋ ਖੰਡ ਅਖਵਾਉਂਦੇ ਹਨ, ਆਮ ਕਰਕੇ ਮਿੱਠੇ, ਰਵੇਦਾਰ ਅਤੇ ਪਾਣੀ ਵਿਚ ਘੁਲਣਸ਼ੀਲ ਠੋਸ ਹੁੰਦੇ ਹਨ। ਜ਼ਿਆਦਾ ਮਿਸ਼ਰਿਤ ਕਾਰਬੋਹਾਈਡ੍ਰੇਟ, ਸਧਾਰਨ ਖੰਡਾਂ ਨਾਲ ਮੂਲ ਯੂਨਿਟਾਂ ਦੇ ਅਜਿਹੇ ਢੰਗ ਨਾਲ ਮਿਲ ਕੇ ਬਣਦੇ ਹਨ, ਜਿਸ ਵਿਚ ਤਬਦੀਲੀ ਦੀ ਬੇਹਦ ਸੰਭਾਵਨਾ ਹੁੰਦੀ ਹੈ। ਮੂਲ ਯੂਨਿਟ, ਜੋ ਮੋਨੋਸੈਕੇਰਾਈਡ ਹੁੰਦੇ ਹਨ, ਵਿਚ ਕਾਰਬਨ ਪਰਮਾਣੂ ਇਕੱਠੇ ਇਕ ਲੜੀ ਵਿਚ ਜੁੜੇ ਹੁੰਦੇ ਹਨ ਅਤੇ ਅਗੇ ਫਿਰ ਪਾਣੀ ਦੇ ਤੱਤਾਂ ਨਾਲ ਜੁੜੇ ਹੁੰਦੇ ਹਨ। ਇਸ ਤੋਂ ਆਮ ਫ਼ਾਰਮੂਲਾ $Cn\ (H_2O)n$ ਪ੍ਰਾਪਤ ਹੁੰਦਾ ਹੈ ਅਤੇ ਇਸੇ ਤੋਂ ਹੀ ਇਨ੍ਹਾਂ ਦਾ ਨਾਂ ਕਾਰਬੋਹਾਈਡ੍ਰੇਟ ਪਿਆ।

ਸੈਕੇਰਾਈਡ ਮੁੱਖ ਤੌਰ ਤੇ ਤਿੰਨ ਤਰ੍ਹਾਂ ਦੇ ਹੁੰਦੇ ਹਨ :—

1. ਮੋਨੋਸੈਕੇਰਾਈਡ 2. ਓਲੀਗੋਸੈਕੇਰਾਈਡ 3. ਪੋਲੀ-ਸੈਕੇਰਾਈਡ।

ਮੋਨੋਸੈਕੇਰਾਈਡਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ—ਐਲਡੋਸ, ਜੋ ਐਲਡਿਹਾਈਡਾਂ ਨਾਲ ਸਬੰਧਤ ਹਨ ਇਨ੍ਹਾਂ ਦਾ ਫ਼ਾਰਮੂਲਾ $CH_2OH—(CHOH)n—CHO$ ਹੈ ਅਤੇ ਕੀਟੋਸ, ਜੋ ਕੀਟੋਨਾਂ ਨਾਲ ਸਬੰਧਤ ਹਨ, ਦਾ ਫ਼ਾਰਮੂਲਾ $CH_2OH—(CHOH)n—CO—CH_2OH$ ਹੈ। ਇਨ੍ਹਾਂ ਦਾ ਵਰਗੀਕਰਨ ਅਗੇ ਫਿਰ ਕਾਰਬਨ ਲੜੀ ਦੀ ਲੰਬਾਈ ਅਨੁਸਾਰ ਕੀਤਾ ਜਾਂਦਾ ਹੈ। ਭਿੰਨ ਭਿੰਨ ਕਿਸਮਾਂ ਦੇ ਮੋਨੋਸੈਕੇਰਾਈਡ ਕੁਦਰਤ ਵਿਚ ਮਿਲਦੀਆਂ ਮੁਕਤ ਖੜਾਂ ਜਾਂ ਜ਼ਿਆਦਾ ਮਿਸ਼ਰਿਤ ਪਦਾਰਥਾਂ ਦੇ ਅੰਸ਼ਾਂ ਵਿਚ ਮਿਲਦੇ ਹਨ। ਡੀ-ਗਲੂਕੋਸ ਖੰਡ, ਬਹੁ-ਮਾਤਰਾ ਵਿਚ ਮਿਲਦੀ ਹੈ। ਮੁਕਤ ਹਾਲਤ ਵਿਚ ਇਹ ਫਲਾਂ, ਸ਼ਹਿਦ, ਪੌਦਿਆਂ ਦੇ ਰਸ, ਖ਼ੂਨ ਅਤੇ ਜ਼ਿਆਬਤੀਸ ਵਾਲੇ ਮਰੀਜ਼ ਦੇ ਪਿਸ਼ਾਬ ਵਿਚ ਹੁੰਦੀ ਹੈ। ਸੈਲੂਲੋਸ, ਸਟਾਰਚ, ਗਲਾਈਕੋਜੈਨ ਅਤੇ ਡੈੱਕਸਟ੍ਰੀਨ ; ਡੀ-ਗਲੂਕੋਸ ਯੂਨਿਟਾਂ ਦੇ ਮਿਲਣ ਤੋਂ ਬਣਦੇ ਹਨ। ਕੁਦਰਤ ਵਿਚ ਮਿਲਦੇ ਦੂਸਰੇ ਐਲਡੋ-ਹੈੱਕਸੋਸ, ਡੀ-ਗੈਲੈਕਟੋਸ, ਐੱਲ-ਗੈਲੈਕਟੋਸ ਅਤੇ ਡੀ-ਮੈਨੋਸ ਹੁੰਦੇ ਹਨ। ਕੀਟੋਸ ਲੜੀ ਵਿਚ ਡੀ-ਫ੍ਰਕਟੋਸ ਸਭ ਤੋਂ ਜ਼ਿਆਦਾ ਕੁਦਰਤ ਵਿਚ ਮਿਲਦਾ ਹੈ। ਇਹ ਖੰਡ ਆਮ ਕਰਕੇ ਡੀ-ਗਲੂਕੋਸ ਨਾਲ ਮੁਕਤ ਜਾਂ ਰਲਵੀਂ ਹਾਲਤ ਵਿਚ ਮਿਲਦੀ ਹੈ।



(ਡੀ-ਗਲੂਕੋਸ) (ਡੀ-ਗੈਲੈਕਟੋਸ) (ਐਲ-ਗੈਲੈਕਟੋਸ)



(ਡੀ-ਮੈਨੋਸ) (ਡੀ-ਫ੍ਰਕਟੋਸ)

ਘਾਹ ਤੋਂ ਪ੍ਰਾਪਤ ਇਨਊਲਿਨ ਅਤੇ ਫ੍ਰਕਟੋਨ ਪੋਲੀਸੈਕੇਰਾਈਡ ਹੁੰਦੇ ਹਨ ਜੋ ਡੀ-ਫ੍ਰਕਟੋਸ ਯੂਨਿਟਾਂ ਦੇ ਬਣੇ ਹੁੰਦੇ ਹਨ। ਆਮ ਐਲਡੋਸ ਅਤੇ ਕੀਟੋਸ ਵਿਚ ਅੰਤਰ ਕਾਰਬੋਨਿਲ ਗਰੁੱਪ ਦੀ ਸਥਿਤੀ ਤੋਂ ਪਤਾ ਲਗਦਾ ਹੈ। ਡੀ-ਗਲੂਕੋਸ ਦਾ ਪਾਣੀ ਵਿਚ ਘੋਲ ਰਵੇ ਬਣਨਯੋਗ ਤੇ ਇਕ ਦੂਸਰੇ ਵਿਚ ਬਦਲਨਯੋਗ ਦੋ ਹਾਲਤਾਂ ਦਾ ਮਿਸ਼ਰਨ ਹੁੰਦਾ ਹੈ, ਜਿਨ੍ਹਾਂ ਨੂੰ ਐਲਫ਼ਾ-ਡੀ-ਗਲੂਕੋਪਾਇਰੇਨੋਜ਼ ਅਤੇ ਬੀਟਾ-ਡੀ-ਗਲੂਕੋਪਾਇਰੇਨੋਜ਼ ਕਿਹਾ ਜਾਂਦਾ ਹੈ :—



(ਐਲਫ਼ਾ-ਡੀ-ਗਲੂਕੋਪਾਇਰੇਨੋਜ਼) (ਬੀਟਾ-ਡੀ-ਗਲੂਕੋਪਾਇਰੇਨੋਜ਼)

ਐੱਲਫ਼ਾ-ਡੀ-ਗਲੂਕੋਪਾਇਰੇਨੋਜ਼ ਯੌਗਿਕ 146° ਸੈਂ. ਉਤੇ ਘਲਦਾ ਹੈ ਤੇ ਇਸ ਦਾ ਵਿਸ਼ਿਸ਼ਟ ਧਰੁਵਣ-ਘੁੰਮਣ + 112° ਹੁੰਦਾ ਜਦੋਂ ਕਿ ਬੀਟਾ-ਡੀ-ਗਲੂਕੋਪਾਇਰੇਨੋਜ਼ 148°-150° ਸੈਂ. ਤੇ ਘਲਦਾ ਹੈ ਅਤੇ ਇਸ ਦਾ ਹੇਠਲਾ ਡੈੱਕਸਟ੍ਰੋਧਰੁਵਣ-ਘੁੰਮਣ + 19° ਹੈ।

ਡੀ-ਗਲੂਕੋਸ, ਯੀਸਟ ਦੁਆਰਾ ਖ਼ਮੀਰਨਯੋਗ ਹੁੰਦਾ ਹੈ। ਈਡ੍ਰੋਕਲੋਰਿਕ ਐਸਿਡ ਦੀ, ਡੀ-ਗਲੂਕੋਸ ਦੇ ਮੈਥੇਨੋਲ ਵਿਚ ਘੋਲ ਲ 100° ਸੈਂ. ਤੇ ਕਿਰਿਆ ਦੁਆਰਾ ਦੋ ਰਵੇਦਾਰ ਪਦਾਰਥਾਂ ਦਾ ੜਰਨ ਬਣਦਾ ਹੈ ਜੋ ਤੇਜ਼ਾਬ ਮਿਲੀ ਗਰਮ ਮੈਥੇਨੌਲ ਵਿਚ ਘੋਲਣ ਤੇ ਕ ਦੂਸਰੇ ਵਿਚ ਬਦਲ ਸਕਦੇ ਹਨ। ਡੀ-ਫ੍ਰਕਟੋਸ ਅਤੇ ਦੂਸਰੇ ਕੀਟੋਸ ਗੁਣ ਡੀ-ਗਲੂਕੋਸ ਅਤੇ ਐੱਲਡੋਸ ਵਰਗੇ ਹੀ ਹੁੰਦੇ ਹਨ। ਦੋਹਾਂ ਰੂਪਾਂ ਵਿਚ ਮੁੱਖ ਅੰਤਰ ਇਹ ਹੈ ਕਿ ਕੀਟੋਸ ਹਾਈਪੋਹੈਲਾਈਟ ਨਾਲ ਕਸੀਕਰਨ ਦਾ ਪ੍ਰਤਿਰੋਧ ਕਰਦੇ ਹਨ ਅਤੇ ਬਿਨਾਂ ਕਾਰਬਨ ਦੀ ਹਾਨੀ ਐੱਲਡੋਨਿਕ ਐਸਿਡ ਵਿਚ ਨਹੀਂ ਬਦਲੇ ਜਾ ਸਕਦੇ। ਡੀ-ਫ੍ਰਕਟੋਸ ਤੇ ਡੀ-ਗਲੂਕੋਸ ਦੀ ਬਣਤਰ ਬਹੁਤ ਮਿਲਦੀ ਜੁਲਦੀ ਹੈ ਅਤੇ ਇਹ ਾਇਣਿਕ ਅਤੇ ਜੀਵ-ਕਿਰਿਆਵਾਂ ਦੁਆਰਾ ਇਕ ਦੂਸਰੇ ਵਿਚ ਬਦਲੇ ਸਕਦੇ ਹਨ।

ਓਲੀਗੋਸੈਕੈਰਾਈਡਾਂ ਵਿਚ ਮੌਨੋਸੈਕੈਰਾਈਡ ਯੂਨਿਟਾਂ ਦੀ ਣਤੀ 10 ਤੋਂ ਘੱਟ ਨਿਸ਼ਚਿਤ ਹੁੰਦੀ ਹੈ। ਲੈਕਟੋਸ ਤੋਂ ਬਿਨਾਂ ਘੁਕਾਰਕੀ ਓਲੀਗੋਸੈਕੈਰਾਈਡ ਆਮ ਕਰਕੇ ਪੌਲੀਸੈਕੈਰਾਈਡ ਅਤੇ ਤੇਰੇ ਓਲੀਗੋਸੈਕੈਰਾਈਡਾਂ ਦੇ ਅੰਸ਼ਕ ਜਲ-ਅਪਘਟਨ ਦੁਆਰਾ ਪੈਦਾ ਤੇ ਹਨ। ਮਾਲਟੋਸ, ਐਮਾਈਲੇਸ ਐੱਨਜ਼ਾਈਮ ਦੀ ਸਟਾਰਚ ਤੇ ਰਿਆ ਦੁਆਰਾ ਬਣਦਾ ਹੈ। ਸੈਲੋਬਾਇਓਸ, ਐਸੀਟੇਟ ਵਿਉਤਪੰਨ ਤੌਰ ਤੇ ਕੌਟਨ ਸੈਲੂਲੋਸ ਤੇ ਗੰਧਕ ਦੇ ਤੇਜ਼ਾਬ ਅਤੇ ਐਸੀਟਿਕ ਨਹਾਈਡ੍ਰਾਈਡ ਮਿਸ਼ਰਨ ਨਾਲ ਅੰਸ਼ਕ ਹਿੱਸੇ ਕਰਨ ਨਾਲ ਬਣਾਇਆ ਦਾ ਹੈ। ਇਸ ਦਾ ਜਲ-ਅਪਘਟਨ ਇਮਲਸਿਨ ਐੱਨਜ਼ਾਈਮ ਮਾਰਾ ਕੀਤਾ ਜਾਂਦਾ ਹੈ। ਜੈੱਨਸ਼ੀਓਬਾਇਓਸ; ਟ੍ਰਾਈਸੈਕੈਰਾਈਡ ਨਸ਼ੀਓਨੋਸ ਅਤੇ ਕਈ ਪੌਦਿਆਂ ਦੇ ਗਲਾਈਕੋਸਾਈਡਾਂ ਦਾ ਅੰਸ਼ ਹੈ। ਕਟੋਸ ਥਣਧਾਰੀਆਂ ਦੇ ਦੁੱਧ ਦਾ ਇਕ ਅੰਸ਼ ਹੈ। ਮੈਲਿਬਾਇਓਸ; ਈਸੈਕੈਰਾਈਡ ਰੈਫ਼ਿਨੋਸ ਦਾ ਇਕ ਅੰਸ਼ ਹੈ। ਸੁਕਰੋਸ ਵਪਾਰਕ ਤੇ ਸਭ ਤੋਂ ਪ੍ਰਸਿੱਧ ਖੰਡ ਹੈ। ਇਹ ਪ੍ਰਕਾਸ਼-ਸੰਸ਼ਲੇਸ਼ਣ ਦੀ ਉਪਜ ਅਤੇ ਪੌਦਿਆਂ ਦੇ ਰਸ ਵਿਚ ਮੁੱਖ ਖੰਡ ਬਣਾਉਂਦਾ ਹੈ। ਟ੍ਰੇਹਾਲੋਸ ਲੀ ਅਤੇ ਖੁੰਭਾਂ ਵਿਚ ਮਿਲਦਾ ਹੈ ਅਤੇ ਦੋ ਐੱਲਫ਼ਾ-ਡੀ-ਗਲੂਕੋਪਾਇਰੇਨੋਜ਼ ਇਕਾਈਆਂ ਦੇ ਮਿਲਾਉਣ ਨਾਲ ਬਣਾਇਆ ਜਾਂਦਾ ਹੈ।

ਪੌਲੀਸੈਕੈਰਾਈਡ, ਉਨ੍ਹਾਂ ਕੁਦਰਤੀ ਉਪਜਾਂ ਦਾ ਵੱਡਾ ਗਰੁੱਪ ਣਾਉਂਦੇ ਹਨ ਜੋ ਜ਼ਿਆਦਾਤਰ ਜੀਵ ਪਦਾਰਥਾਂ ਵਿਚੋਂ ਮਿਲਦੀਆਂ ਹ। ਪੌਲੀਸੈਕੈਰਾਈਡ ਤਕਰੀਬਨ ਸੌ ਜਾਂ ਜ਼ਿਆਦਾ ਮੌਨੋਸੈਕੈਰਾਈਡ ਯੂਨਿਟਾਂ ਤੋਂ ਬਣੇ ਹੁੰਦੇ ਹਨ। ਇਨ੍ਹਾਂ ਦੀਆਂ ਪਹਿਲੀਆਂ ਕਿਸਮਾਂ ਵਿਚ ਸਿਰਫ ਸੈਲੂਲੋਸ ਅਤੇ ਸਟਾਰਚ ਜ਼ਿਆਦਾ ਮਿਲਦੇ ਹਨ ਜਦੋਂ ਕਿ ਮਗਰਲੇ ਪਦਾਰਥ ਵੱਡੀ ਗਿਣਤੀ ਵਿਚ ਮਿਲਦੇ ਹਨ। ਸੈਲੂਲੋਸ ਦਾ ਸ਼ੁਧ ਰੂਪ ਕੌਟਨ ਦੇ ਤੰਤੂ ਹੁੰਦੇ ਹਨ ਜੋ ਇਕਹਿਰੀ ਸੈੱਲ ਦੇ ਹੁੰਦੇ ਹਨ ਅਤੇ ਜਿਨ੍ਹਾਂ ਦੀ ਲੰਬਾਈ 10 ਤੋਂ 50 ਮਿ. ਮੀ. ਹੁੰਦੀ ਹੈ। ਦੂਸਰੇ ਵਪਾਰਕ ਸੋਮੇ ਲੱਕੜ, ਸਣ ਅਤੇ ਤੂੜੀ ਹਨ। ਇਹ ਜ਼ਿਆਦਾ ਮਾਤਰਾ ਵਿਚ ਬੀਜ, ਟਿਊਬਰ, ਜੜ੍ਹਾਂ ਅਤੇ ਤਣੇ ਦੇ ਗੁੱਦੇ ਵਿਚੋਂ ਮਿਲਦਾ ਹੈ। ਇਸ ਦੇ ਮੁੱਖ ਵਪਾਰਕ ਸੋਮੇ ਮੱਕੀ, ਆਲੂ ਅਤੇ ਕਸਾਵਾ ਦੀ ਸੂਜੀ ਹੁੰਦੇ ਹਨ। ਗਲਾਈਕੋਜੈੱਨ ਬਿਲਕੁਲ ਐਮਿਲੋਪੈੱਕਟਿਨਾਂ ਵਰਗੇ ਹੁੰਦੇ ਹਨ ਅਤੇ ਪਸ਼ੂਆਂ ਵਿਚ ਸੁਰੱਖਿਅਤ ਕਾਰਬੋਹਾਈਡ੍ਰੇਟਾਂ ਦਾ ਕੰਮ ਦਿੰਦੇ ਹਨ। ਇਹ ਪਦਾਰਥ ਯੀਸਟ, ਉੱਲੀ ਅਤੇ ਕਾਈ ਦੁਆਰਾ ਵੀ ਪੈਦਾ ਹੁੰਦੇ ਹਨ। ਡੈੱਕਸਟ੍ਰਾੱਨ ਉਹ ਪੌਲੀਸੈਕੈਰਾਈਡ ਹੁੰਦੇ ਹਨ ਜੋ ਸੁਕਰੋਸ ਦੇ ਘੋਲ ਉਤੇ ਪੈਦਾ ਹੋਏ ਖ਼ਾਸ ਕਿਸਮ ਦੇ ਜੀਵਾਣੂਆਂ ਦੁਆਰਾ ਬਣਾਈ ਚਿਪਕਵੀਂ ਵਸਤੂ ਵਿਚ ਮਿਲਦੇ ਹਨ। ਇਨ੍ਹਾਂ ਦਾ ਅਣਵੀ ਭਾਰ ਕਾਫ਼ੀ ਜ਼ਿਆਦਾ ਹੁੰਦਾ ਹੈ। ਡੀ-ਫ੍ਰਕਟੋਸ ਬਹੁਲਕ, ਕਈ ਪੌਦਿਆਂ ਵਿਚ ਸੁਰੱਖਿਅਤ ਕਾਰਬੋਹਾਈਡ੍ਰੇਟ ਸਟਾਰਚ ਦੀ ਜਗ੍ਹਾ ਹੁੰਦੇ ਹਨ। ਇਨਊਲਿਨ ਜੋ ਜ਼ਿਆਦਾਤਰ ਕਈ ਜੜ੍ਹਾਂ ਅਤੇ ਕੰਦ ਮੂਲਾਂ ਵਿਚ ਹੁੰਦੀ ਹੈ, ਇਸੇ ਸ਼੍ਰੇਣੀ ਨਾਲ ਸਬੰਧਤ ਹੈ। ਇਹ 30 ਤੋਂ 40 ਡੀ-ਫ੍ਰਕਟੋ-ਫਿਊਰੇਨੋਸ ਅਤੇ 1 ਜਾਂ 2 ਡੀ-ਗਲੂਕੋਪਾਇਰੇਨੋਸ ਯੂਨਿਟਾਂ ਦੁਆਰਾ ਬਣੀ ਹੁੰਦੀ ਹੈ।

**ਹੇਮੀਸੈਲੂਲੋਸ**—ਪੌਦਿਆਂ ਦੇ ਸੈੱਲਾਂ ਦੀਆਂ ਕੰਧਾਂ ਵਿਚ ਪਾਣੀ ਵਿਚ ਨਾ ਘੁਲਣ ਵਾਲੇ ਕਾਫ਼ੀ ਪੌਲੀਸੈਕੈਰਾਈਡ ਸੈਲੂਲੋਸ ਨਾਲ ਰਲੇ ਹੋਏ ਮਿਲਦੇ ਹਨ। ਇਨ੍ਹਾਂ ਪਦਾਰਥਾਂ ਦੀ ਰਚਨਾ ਅਤੇ ਗੁਣਾਂ ਬਾਰੇ ਹਾਲੇ ਤਕ ਪਤਾ ਨਹੀਂ ਲਗ ਸਕਿਆ। ਪੈੱਕਟਿਕ ਪਦਾਰਥ ਸੈੱਲਾਂ ਦੀਆਂ ਕੰਧਾਂ ਅਤੇ ਪੌਦਿਆਂ ਦੇ ਤੰਤੂਆਂ ਦੀਆਂ ਅੰਤਰ-ਸੈੱਲੀ ਤਹਿਆਂ ਵਿਚ ਮਿਲਦੇ ਹਨ। ਇਨ੍ਹਾਂ ਵਿਚ ਲੇਸਵੀਂ ਸ਼ਕਤੀ ਕਾਫ਼ੀ ਜ਼ਿਆਦਾ ਹੁੰਦੀ ਹੈ ਅਤੇ ਵਪਾਰਕ ਤੌਰ ਤੇ ਇਹ ਸਿਟ੍ਰਸ ਦੇ ਛਿਲੜ, ਛਿੱਲੇ ਹੋਏ ਸੇਬ ਅਤੇ ਚੁਕੰਦਰ ਦੇ ਗੁੱਦੇ ਵਿਚੋਂ ਪ੍ਰਾਪਤ ਕੀਤੇ ਜਾਂਦੇ ਹਨ। ਪੌਦਿਆਂ ਦੇ ਕਾਰਬੋਹਾਈਡ੍ਰੇਟ ਦੀਆਂ ਗੂੰਦਾਂ ਬਹੁਤ ਮਿਸ਼ਰਿਤ ਰਚਨਾਵਾਂ ਵਾਲੇ ਪੌਲੀਸੈਕੈਰਾਈਡਾਂ ਦਾ ਗਰੁੱਪ ਬਣਾਉਂਦੀਆਂ ਹਨ। ਇਨ੍ਹਾਂ ਦੇ ਘੋਲ ਬਹੁਤ ਗਾੜ੍ਹੇ ਹੁੰਦੇ ਹਨ। ਕਾਇਟਿਨ ਇਕ ਪੌਲੀਸੈਕੈਰਾਈਡ ਹੁੰਦਾ ਹੈ ਜੋ ਕ੍ਰਾਸਟੇਸ਼ੀਅਨ ਅਤੇ ਕੀੜਿਆਂ ਦੇ ਬਾਹਰਲੇ ਪਿੰਜਰਾਂ ਵਿਚ ਮਿਲਦਾ ਹੈ। ਮਿਊਕੋਪੌਲੀਸੈਕੈਰਾਈਡਾਂ ਵਿਚ ਸਰੀਰ-ਕਿਰਿਆ ਵਿਗਿਆਨ ਦੇ ਤੌਰ ਤੇ ਮਹੱਤਤਾ ਰਖਣ ਵਾਲੇ ਪਦਾਰਥਾਂ ਦਾ ਗਰੁੱਪ ਸ਼ਾਮਲ ਹੈ।

ਹ. ਪੁ.—ਐਨ. ਬ੍ਰਿ. 4 : 863

**ਕਾਰਬੋਨਾਰੀ** : ਇਹ ਵਿਸ਼ੇਸ਼ ਖ਼ੁਫ਼ੀਆ ਕ੍ਰਾਂਤੀਕਾਰੀ ਸੰਸਥਾਵਾਂ ਦੇ ਮੈਂਬਰ ਸਨ ਜਿਨ੍ਹਾਂ ਨੇ 19ਵੀਂ ਸਦੀ ਦੇ ਮੁੱਢ ਵਿਚ ਇਟਲੀ ਅਤੇ ਫਰਾਂਸ ਦੇ ਇਤਿਹਾਸ ਵਿਚ ਇਕ ਸਰਗਰਮ ਹਿੱਸਾ ਲਿਆ। ਉਸ ਸਮੇਂ ਇਸ ਸ਼ਬਦ ਦੀ ਵਰਤੋਂ ਕਿਸੇ ਸਾਜ਼ਸ਼ੀ ਲਈ ਕੀਤੀ ਜਾਂਦੀ ਸੀ ਜਿਸਦਾ ਕੰਮ ਆਮ ਕਰਕੇ ਖਿਲਾਫ਼ ਵਰਜ਼ੀ ਕਰਨਾ ਹੁੰਦਾ ਸੀ। ਇਟਲੀ ਦੀ ਭਾਸ਼ਾ ਵਿਚ ਕਾਰਬੋਨਾਰੀ ਦਾ ਅਰਥ ਕੋਲਾ ਜਲਾਉਣ ਵਾਲੇ ਤੋਂ ਹੁੰਦਾ ਹੈ। ਇਨ੍ਹਾਂ ਨੇ ਦੱਖਣੀ ਇਟਲੀ ਵਿਚ ਯੋਆਕਿਮ ਮੂਰਤ (1808-15) ਦੇ ਰਾਜ ਵਿਚ ਬਹੁਤ ਮਹੱਤਤਾ ਪ੍ਰਾਪਤ ਕੀਤੀ। ਇਹ ਦੇਸ਼ ਨੂੰ ਬਦੇਸ਼ੀ ਰਾਜ ਤੋਂ ਸੁਤੰਤਰ ਕਰਾਉਣਾ ਅਤੇ ਸੰਵਿਧਾਨਕ ਸੁਤੰਤਰਤਾ ਪ੍ਰਾਪਤ ਕਰਨਾ ਚਾਹੁੰਦੇ ਸਨ। ਇਸ ਮੰਤਵ ਦੀ ਪੂਰਤੀ ਲਈ ਇਹ ਬਰਬਨਾਂ ਜਾਂ ਮੂਰਤ ਕਿਸੇ ਦੀ, ਜਿਹੜਾ ਇਨ੍ਹਾਂ ਦੀ ਮੰਗ ਪੂਰੀ ਕਰੇ, ਸਹਾਇਤਾ ਕਰਨ ਨੂੰ ਤਿਆਰ ਸਨ। ਨੈਪੋਲੀਅਨ ਨਾਲ ਝਗੜੇ ਵੇਲੇ ਮੂਰਤ ਇਨ੍ਹਾਂ ਦੀ ਰੱਖਿਆ ਕਰਦਾ ਸੀ ਪਰੰਤੂ ਪਿਛੋਂ ਅਣਬਣ ਹੋਣ ਤੇ ਉਸਨੇ ਇਨ੍ਹਾਂ ਨੂੰ ਦਬਾਉਣ ਵਾਸਤੇ ਜਨਰਲ ਮਾਨਹੇਸ ਭੇਜਿਆ। ਪਰੰਤੂ ਮੂਰਤ ਦੇ ਪੁਲਸ-ਮੰਤਰੀ ਨੇ ਖ਼ੁਫ਼ੀਆ ਤੌਰ ਤੇ ਇਨ੍ਹਾਂ ਦੀ ਰੱਖਿਆ ਕੀਤੀ। ਇਨ੍ਹਾਂ ਦਾ ਸੰਗਠਨ ਬੜਾ ਅਜੀਬ ਸੀ। ਇਸ ਵਿਚ ਨੋਬਲ ਫ਼ੌਜ ਦੇ ਅਫ਼ਸਰ,

ਛੋਟੇ ਜ਼ਮੀਂਦਾਰ, ਸਰਕਾਰੀ ਕਰਮਚਾਰੀ, ਕਿਸਾਨ ਅਤੇ ਇਥੋਂ ਤਕ ਕਿ ਪਾਦਰੀ ਵੀ ਸ਼ਾਮਲ ਸਨ। ਇਨ੍ਹਾਂ ਦੇ ਰਸਮ ਰਿਵਾਜ ਬਹੁਤ ਨਿਰਾਲੇ ਸਨ। ਇਸ ਦੇ ਮੈਂਬਰ ਇਕ ਦੂਜੇ ਦੀ ਚਚੇਰੇ ਭਰਾਵਾਂ ਵਾਂਗ ਇੱਜ਼ਤ ਕਰਦੇ ਸਨ। ਇਨ੍ਹਾਂ ਦਾ ਵਿਚਾਰ ਸੀ ਕਿ ਰੱਬ ਇਸ ਦੁਨੀਆ ਦਾ ਅਜ਼ੀਮ-ਮਾਲਕ ਹੈ ਅਤੇ ਈਸਾ ਆਨਰੇਰੀ ਅਜ਼ੀਮ-ਮਾਲਕ ਹੈ। ਸੰਨ 1831 ਵਿਚ ਲਾਲ, ਚਿੱਟੇ ਅਤੇ ਹਰੇ ਝੰਡੇ ਤੋਂ ਪਹਿਲਾਂ ਇਨ੍ਹਾਂ ਦਾ ਲਾਲ, ਨੀਲਾ ਅਤੇ ਕਾਲਾ ਝੰਡਾ ਇਟਲੀ ਵਿਚ ਕ੍ਰਾਂਤੀ ਦਾ ਸੂਚਕ ਰਿਹਾ ਹੈ।'

ਸ਼ਹਿਨਸ਼ਾਹ ਫਰਡੀਨੰਡ ਦੇ ਰਾਜ ਕਾਲ ਵਿਚ ਇਸ ਸੋਸਾਇਟੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਇਹ ਸਗੋਂ ਇਟਲੀ ਦੇ ਦੂਜੇ ਹਿੱਸਿਆਂ ਵਿਚ ਵੀ ਫੈਲਦੀ ਗਈ। ਲਾਰਡ ਬਾਇਰਨ ਇਟਲੀ ਦੇ ਪਿਆਰ ਕਾਰਨ ਇਸ ਸੋਸਾਇਟੀ ਵਿਚ ਸ਼ਾਮਲ ਹੋ ਗਿਆ। 1830 ਵਿਚ ਇਕ ਫੌਜੀ ਕ੍ਰਾਂਤੀ ਹੋਈ ਜਿਸਦਾ ਮੂਲ ਕਾਰਬੋਨਾਰੀ ਹੀ ਸਨ। ਇਨ੍ਹਾਂ ਦਾ ਨਾਹਰਾ ਖ਼ੁਦਾ, ਰਾਜਾ ਅਤੇ ਸੰਵਿਧਾਨ ਸੀ। ਇਨ੍ਹਾਂ ਨੂੰ ਦਬਾਉਣ ਲਈ ਭੇਜੀਆਂ ਗਈਆਂ ਫੌਜਾਂ ਵੀ ਇਨ੍ਹਾਂ ਨਾਲ ਮਿਲ ਗਈਆਂ ਅਤੇ ਰਾਜਾ ਇਨ੍ਹਾਂ ਨੂੰ ਰੋਕਣ ਤੋਂ ਅਸਮਰੱਥ ਹੋ ਗਿਆ। ਉਹ ਦੇਸ਼ ਨੂੰ ਸੰਵਿਧਾਨ ਦੇਣ ਤੇ ਮਜਬੂਰ ਹੋ ਗਿਆ। ਪਰੰਤੂ ਕਾਰਬੋਨਾਰੀ ਬਹੁਤੀ ਦੇਰ ਸਰਕਾਰ ਨਾ ਚਲਾ ਸਕੇ। ਪਿਛੋਂ ਰਾਜੇ ਨੇ ਆਸਟਰੀਆ ਤੋਂ ਫੌਜਾਂ ਲੈ ਕੇ ਇਨ੍ਹਾਂ ਨੂੰ ਹਰਾਇਆ ਅਤੇ ਕਾਰਬੋਨਾਰੀਆਂ ਦੀ ਪਾਰਲੀਮੈਂਟ ਨੂੰ ਭੰਗ ਕਰ ਦਿਤਾ।

ਫਰਾਂਸ ਵਿਚ ਕਾਰਬੋਨਾਰੀਵਾਦ 1820 ਵਿਚ ਸ਼ੁਰੂ ਹੋਇਆ। ਇਨ੍ਹਾਂ ਕ੍ਰਾਂਤੀਕਾਰੀਆਂ ਨੇ ਜੁਲਾਈ ਦੀ ਕ੍ਰਾਂਤੀ ਵਿਚ ਬਹੁਤ ਹਿੱਸਾ ਪਾਇਆ। ਪਿਛੋਂ ਬਹੁਤ ਸਾਰੇ ਕ੍ਰਾਂਤੀਕਾਰੀ ਲੂਈ ਫ਼ਿਲਿਪ ਦੀ ਸਰਕਾਰ ਨਾਲ ਸਹਿਮਤ ਹੋ ਗਏ।

ਇਸ ਤਰ੍ਹਾਂ ਇਸ ਸੋਸਾਇਟੀ ਨੇ ਇਟਲੀ, ਸਪੇਨ ਅਤੇ ਫਰਾਂਸ ਵਿਚ ਬਹੁਤ ਮਹੱਤਵਪੂਰਨ ਰੋਲ ਅਦਾ ਕੀਤਾ।

ਹ. ਪੁ.—ਐਨ. ਬ੍ਰਿ. 4 : 871

**ਕਾਰਬੋਨਿਲ, ਧਾਤਵੀ** : ਭਾਰੀਆਂ ਧਾਤਾਂ ਦੇ ਕਾਰਬਨ ਮੱਨੋਆਕਸਾਈਡ ਨਾਲ ਕਿਰਿਆ ਦੁਆਰਾ ਬਣੇ ਯੋਗਿਕਾਂ ਨੂੰ ਧਾਤਵੀ ਕਾਰਬੋਨਿਲ ਆਖਦੇ ਹਨ। ਆਮ ਕਰਕੇ ਇਹ ਕਾਰਬਨ ਮੱਨੋਆਕਸਾਈਡ ਦੀ ਬਹੁਤ ਬਾਰੀਕ ਪੀਸੀ ਹੋਈ ਧਾਤ ਨਾਲ ਸਿੱਧੀ ਕਿਰਿਆ ਦੁਆਰਾ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਅਨੋਖੇ ਧਾਤ ਯੋਗਿਕਾਂ ਵਿਚੋਂ ਕਈ ਬਹੁਤ ਵਾਸ਼ਪਸ਼ੀਲ ਹੁੰਦੇ ਹਨ ਅਤੇ ਇਨ੍ਹਾਂ ਦਾ ਕਾਰਬਨ ਮੱਨੋਆਕਸਾਈਡ ਧਾਤ ਵਿਚ ਅਪਘਟਨ ਹੋ ਜਾਂਦਾ ਹੈ। ਬਹੁਤ ਹੀ ਜ਼ਿਆਦਾ ਸ਼ੁੱਧ ਧਾਤਾਂ ਬਣਾਉਣ ਲਈ ਕਾਰਬਨੀ ਸੰਸ਼ਲੇਸ਼ਣਾਂ ਵਿਚ ਇਨ੍ਹਾਂ ਨੂੰ ਉਤਪ੍ਰੇਰਕ ਦੇ ਤੌਰ ਤੇ ਵਰਤਿਆ ਜਾਂਦਾ ਹੈ।

ਆਵਰਤੀ ਸਾਰਨੀ ਦੇ VI, VII ਅਤੇ VIII ਗਰੁੱਪਾਂ ਦੇ ਕੇਵਲ ਅੰਤਰਕਾਲੀ ਤੱਤ ਹੀ ਅਜਿਹੇ ਕਾਰਬੋਨਿਲ ਬਣਾਉਂਦੇ ਹਨ। ਸਭ ਤੋਂ ਪਹਿਲਾ ਗਿਆਤ ਧਾਤਵੀ ਕਾਰਬੋਨਿਲ $Ni(CO)_4$ ਸੀ।

ਕਾਰਬੋਨਿਲ ਦੋ ਤਰ੍ਹਾਂ ਦੇ ਹਨ—ਮੱਨੋਨਿਊਕਲੀ ਕਾਰਬੋਨਿਲ, ਜਿਨ੍ਹਾਂ ਦੇ ਹਰ ਇਕ ਅਣੂ ਵਿਚ ਧਾਤ ਦਾ ਕੇਵਲ ਇਕ ਪਰਮਾਣੂ ਹੁੰਦਾ ਹੈ ਅਤੇ ਬਹੁ-ਨਿਊਕਲੀ ਕਾਰਬੋਨਿਲ, ਜਿਨ੍ਹਾਂ ਦੇ ਹਰ ਇਕ ਅਣੂ ਵਿਚ ਧਾਤ ਦੇ ਦੋ ਜਾਂ ਵੱਧ ਪਰਮਾਣੂ ਹੁੰਦੇ ਹਨ। ਮੱਨੋ-ਨਿਊਕਲੀ ਕਾਰਬੋਨਿਲਾਂ ਦੀ ਬਣਤਰ ਇਕ ਸਧਾਰਨ ਨਿਯਮ ਅਨੁਸਾਰ ਹੁੰਦੀ ਹੈ; ਇਸ ਨਿਯਮ ਅਨੁਸਾਰ ਉਸ ਅਣੂ ਵਿਚ ਧਾਤ ਦਾ ਪ੍ਰਭਾਵਸ਼ਾਲੀ ਪਰਮਾਣਵੀ ਕ੍ਰਮ-ਅੰਕ ਉਸ ਪੀਰੀਅਡ ਵਿਚਲੀ ਉੱਤਮ ਗੈਸ ਵਾਲਾ ਹੁੰਦਾ ਹੈ। ਧਾਤ ਦੇ ਪਰਮਾਣੂ ਨਾਲ ਹਰ ਇਕ ਕਾਰਬੋਨਿਲ ਗਰੁੱਪ ਦੋ ਇਲੈੱਕਟ੍ਰਾਨ ਸਾਂਝੇ ਕਰਦਾ ਹੈ ਜਿਵੇਂ $Ni(CO)_4$ ਵਿਚ ਨਿਕਲ ਦਾ ਪ੍ਰਭਾਵਸ਼ਾਲੀ ਪਰਮਾਣਵੀ ਕ੍ਰਮ-ਅੰਕ 36 ਹੈ, ਭਾਵ ਨਿਕਲ ਦਾ ਪਰਮਾਣਵੀ ਕ੍ਰਮ-ਅੰਕ 28 ਅਤੇ ਚਾਰ ਕਾਰਬੋਨਿਲ ਗਰੁੱਪਾਂ ਦੁਆਰਾ ਸਾਂਝੇ ਕੀਤੇ $4 \times 2 = 8$ ਇਲੈੱਕਟ੍ਰਾਨ। ਨਿਕਲ ਵਾਲੇ ਪੀਰੀਅਡ ਵਿਚ ਉੱਤਮ ਗੈਸ ਕ੍ਰਿਪਟਾਨ ਦਾ ਪਰਮਾਣਵੀ ਕ੍ਰਮ-ਅੰਕ ਵੀ 36 ਹੈ।

ਸਾਰੇ ਮੱਨੋਨਿਊਕਲੀ ਕਾਰਬੋਨਿਲਾਂ ਵਿਚਲੇ ਧਾਤ-ਕਾਰਬਨ-ਆਕਸੀਜਨ ਬੰਧਨ ਸਰਲ ਰੇਖੀ ਹੁੰਦੇ ਹਨ। ਕ੍ਰੋਮੀਅਮ, ਮੱਲਿਬਡਿਨਮ ਅਤੇ ਟੰਗਸਟਨ ਦੇ ਹੈੱਕਸਾਕਾਰਬੋਨਿਲ ਦਾ ਰੂਪ ਬਾਕਾਇਦਾ ਅੱਠਫਲਕੀ ਹੁੰਦਾ ਹੈ। ਆਇਰਨ ਪੈਂਟਾ ਕਾਰਬੋਨਿਲ ਦਾ ਰੂਪ ਤ੍ਰੈਭੁਜੀ ਦੁਪਿਰੈਮਿਡੀ ਹੈ ਅਤੇ $Ni(CO)_4$ ਦਾ ਬਾਕਾਇਦਾ ਚੌਫ਼ਲਕੀ ਹੈ। Fe ਅਤੇ Co ਦੇ ਡਾਈਮਰੀ ਕਾਰਬੋਨਿਲਾਂ ਵਿਚ ਕ੍ਰਮਵਾਰ ਤਿੰਨ ਅਤੇ ਦੋ ਕਾਰਬੋਨਿਲ ਗਰੁੱਪ ਪੁਲ ਦਾ ਕੰਮ ਕਰਦੇ ਹਨ।



1

ਧਾਤ-ਕਾਰਬਨ-ਆਕਸੀਜਨ ਬੰਧਨਾਂ ਨੂੰ ਦੋ ਬਣਤਰਾਂ ਦਾ ਹਾਈਬ੍ਰਿਡ ਮੰਨਿਆ ਜਾਂਦਾ ਹੈ।

$$\bar{M}—C\equiv\overset{+}{O}: \leftrightarrow M=C=\ddot{O}:$$

ਇਸ ਤਰ੍ਹਾਂ ਇਨ੍ਹਾਂ ਵਿਚ ਕਾਰਬਨ-ਆਕਸੀਜਨ ਬੰਧਨ ਕਾਰਬਨ ਮੱਨੋਆਕਸਾਈਡ ਵਿਚਲੇ ਤੀਹਰੇ ਬੰਧਨ ਅਤੇ ਕੀਟੀਨ ਜਾਂ ਕਾਰਬਨ ਡਾਈਆਕਸਾਈਡ ਵਿਚਲੇ ਦੂਹਰੇ ਬੰਧਨ ਦੇ ਮੱਧਵਰਤੀ ਹੁੰਦਾ ਹੈ।

ਇਨ੍ਹਾਂ ਯੋਗਿਕਾਂ ਦੇ ਗੁਣਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਧਾਤਵੀ ਪਰਮਾਣੂ ਉੱਤਮ ਗੈਸ ਦੀ ਇਲੈੱਕਟ੍ਰਾਨੀ ਤਰਤੀਬ ਨੂੰ ਨਹੀਂ ਛੱਡਦਾ। ਇਨ੍ਹਾਂ ਯੋਗਿਕਾਂ ਵਿਚੋਂ ਕਾਰਬੋਨਿਲ ਗਰੁੱਪਾਂ ਦਾ ਕਿਸੇ ਵੀ ਅਜਿਹੇ ਪਰਮਾਣੂ ਜਾਂ ਅਣੂਆਂ ਨਾਲ ਵਿਸਥਾਪਨ ਕੀਤਾ ਜਾ ਸਕਦਾ ਹੈ ਜਿਹੜੇ ਕਿ ਵਿਸਥਾਪਤ ਕੀਤੇ ਗਰੁੱਪ ਜਿੰਨੇ ਇਲੈੱਕਟ੍ਰਾਨ ਦੇ ਸਕਣ। ਇਸ ਤਰ੍ਹਾਂ ਆਇਓਡੀਨ ਦੇ ਦੋ ਪਰਮਾਣੂ ਦੋ ਇਲੈੱਕਟ੍ਰਾਨ ਦੇ ਸਕਦੇ ਹਨ ਅਤੇ ਇਸ ਲਈ $Fe(CO)_4I_2$ ਬਣਾਉਣ ਲਈ ਇਕ ਕਾਰਬੋਨਿਲ ਗਰੁੱਪ ਦਾ ਵਿਸਥਾਪਨ ਹੋ ਸਕਦਾ ਹੈ। ਇਕ ਦਿਲਚਸਪ ਕਿਰਿਆ $Co_2(CO)_8$ ਵਿਚ ਪੁਲਾਂ ਵਾਲੇ ਦੋ ਕਾਰਬੋਨਿਲਾਂ ਦਾ ਐਸਿਟਿਲੀਨ ਦੁਆਰਾ ਵਿਸਥਾਪਨ ਕਰਨ ਵਾਲੀ ਹੈ, ਜਿਸ ਤੋਂ ਡਾਈਕੋਬਾਲਟ ਹੈੱਕਸਾਕਾਰਬੋਨਿਲ ਐਸਿਟਿਲੀਨ ਕੰਪਲੈਕਸ ਬਣਦਾ ਹੈ :—

$$Co_2(CO)_8 + C_2H_2 \rightarrow Co_2(CO)_6C_2H_2 + 2CO$$

ਜਦੋਂ ਆਇਰਨ ਪੈਂਟਾਕਲੋਰਾਈਡ ਦੀ ਕਿਰਿਆ ਤਰਲ ਅਮੋਨੀਆ ਵਿਚ ਸੋਡੀਅਮ ਦੇ ਘੋਲ ਨਾਲ ਕਰਵਾਈ ਜਾਂਦੀ ਹੈ, ਤਾਂ ਕਾਰਬਨ ਮੱਨੋਆਕਸਾਈਡ ਨਿਕਲਦੀ ਹੈ ਅਤੇ $Na_2\,Fe(CO)_4$ ਲੂਣ ਬਣਦਾ ਹੈ :—

$$Fe(CO)_5 + 2Na \rightarrow Na_2Fe(CO)_4 + CO$$

ਇਸ ਕਿਰਿਆ ਵਿਚ ਸੋਡੀਅਮ ਤੋਂ ਦੋ ਇਲੈੱਕਟ੍ਰਾਨ ਆਇਰਨ ਪੈਂਟਾਕਾਰਬੋਨਿਲ ਵਲ ਚਲੇ ਜਾਂਦੇ ਹਨ।

ਨਿਕਲ, ਲੋਹੇ, ਕੋਬਾਲਟ ਅਤੇ ਮੱਲਿਬਡਿਨਮ ਦੇ ਕਾਰਬੋਨਿਲ ਸਿੱਧੇ ਹੀ ਸੰਸ਼ਲੇਸ਼ਣ ਦੁਆਰਾ ਬਣਾਏ ਜਾ ਸਕਦੇ ਹਨ। ਦੂਸਰੇ

ਤਰਕਾਲੀ ਤੱਤਾਂ ਦੇ ਕਾਰਬੋਨਿਲ, ਉੱਚੇ ਤਾਪਮਾਨ ਤੇ ਹੈਲਾਈਡਾਂ ਤੇ ਚਾਂਦੀ ਜਾਂ ਤਾਂਬੇ ਵਰਗੇ ਹੈਲੋਜੈੱਨ ਗ੍ਰਹਿਣ ਕਰਨ ਵਾਲੀਆਂ ਧਾਤਾਂ ਾ ਹੋਂਦ ਵਿਚ ਕਾਰਬਨ ਮੱਨੋਆਕਸਾਈਡ ਦੇ ਦਬਾਉ ਦੁਆਰਾ ਤਿਆਰ ਤੇ ਜਾਂਦੇ ਹਨ :—

$$WCl_6+12CO+6Cu \rightarrow W(CO)_6+6CuClCO$$

ਲੋਹੇ ਦਾ ਪੈਂਟਾਕਾਰਬੋਨਿਲ 1 ਵਾਯੂਮੰਡਲ ਤੋਂ 1200 ਾਯੂਮੰਡਲ ਹੇਠ ਕਾਰਬਨ ਮੱਨੋਆਕਸਾਈਡ ਨੂੰ 15° ਸੈਂ. ਤੋਂ 00° ਸੈਂ. ਤਕ ਗਰਮ ਕਰਨ ਨਾਲ ਤਿਆਰ ਕੀਤਾ ਜਾ ਸਕਦਾ ਹੈ। ਸ ਦਾ ਪ੍ਰਯੋਗ ਉਦਯੋਗਾਂ ਵਿਚ ਆਇਰਨ ਪਾਊਡਰ (ਕਾਰਬੋਨਿਲ ਾਇਰਨ) ਤਿਆਰ ਕਰਨ ਲਈ ਕੀਤਾ ਜਾਂਦਾ ਹੈ, ਜਿਹੜਾ ਕਿ ਲੈਕਟ੍ਰਾਨੀ ਉਦਯੋਗਾਂ ਵਿਚ ਚੁੰਬਕੀ ਯੰਤਰ ਬਣਾਉਣ ਲਈ ਵਰਤਿਆ ਾਂਦਾ ਹੈ।

ਧਾਤਵੀ ਕਾਰਬੋਨਿਲਾਂ ਅਤੇ ਇਨ੍ਹਾਂ ਦੇ ਵਿਉਤਪੰਨਾਂ ਦਾ ਹਿਰੀਲਾਪਨ ਸਿੱਧਾ ਹੀ ਇਨ੍ਹਾਂ ਦੀ ਵਾਸ਼ਪਸ਼ੀਲਤਾ ਉਤੇ ਨਿਰਭਰ । ਲੋਹੇ ਤੇ ਨਿਕਲ ਦੇ ਕਾਰਬੋਨਿਲਾਂ ਅਤੇ ਲੋਹੇ ਤੇ ਕੋਬਾਲਟ ਦੇ ਾਈਡ੍ਰਾਈਡਾਂ ਦੀ ਵਰਤੋਂ ਸਮੇਂ ਬਹੁਤ ਹੀ ਧਿਆਨ ਰਖਣਾ ਪੈਂਦਾ ਹੈ। ਸਰੇ ਅੰਤਰ-ਕਾਲੀ ਤੱਤਾਂ ਦੇ ਕਾਰਬੋਨਿਲਾਂ ਦਾ ਘੱਟ ਵਾਸ਼ਪ ਦਬਾਉ ਣ ਕਰਕੇ ਸਿਹਤ ਉਤੇ ਕੋਈ ਬੁਰਾ ਅਸਰ ਨਹੀਂ ਪੈਂਦਾ । ਨਿਕਲ ਅਤੇ ਹੇ ਦੇ ਕਾਰਬੋਨਿਲਾਂ ਦੀ ਥੋੜ੍ਹੀ ਜਿਹੀ ਮਾਤਰਾ ਵੀ ਨੁਕਸਾਨਦੇਹ ਹੈ ਤੇ ਇਹ ਤਰਲ ਚਮੜੀ ਦੁਆਰਾ ਸੋਖ ਲਿਆ ਜਾਂਦਾ ਹੈ।

ਕ੍ਰੋਮੀਅਮ, ਮੱਲਿਬਡਿਨਮ ਅਤੇ ਟੰਗਸਟਨ ਦੇ ਕਾਰਬੋਨਿਲਾਂ ਨੂੰ ਡ ਕੇ ਬਾਕੀ ਸਾਰੇ ਧਾਤਵੀ ਕਾਰਬੋਨਿਲ ਆਕਸੀਜਨ ਨਾਲ ਕਿਰਿਆ ਰਦੇ ਹਨ, ਇਸ ਲਈ ਇਨ੍ਹਾਂ ਨੂੰ ਅੱਗ ਲਗਣ ਦਾ ਖ਼ਤਰਾ ਹਮੇਸ਼ਾ ਣਿਆ ਰਹਿੰਦਾ ਹੈ। ਨਿਕਲ ਅਤੇ ਲੋਹੇ ਦੇ ਕਾਰਬੋਨਿਲ ਬਹੁਤ ਹੀ ਲਣਸ਼ੀਲ ਹਨ ਅਤੇ ਹਵਾ ਦੀ ਹੋਂਦ ਵਿਚ ਕਮਰੇ ਦੇ ਤਾਪਮਾਨ ਉਤੇ ੀ ਇਨ੍ਹਾਂ ਨੂੰ ਤੁਰੰਤ ਅੱਗ ਲਗ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 4 : 881

**ਕਾਰਬੋਨੇਟ :** ਧਾਤਵੀ ਕਰਬੋਨੇਟ ਕਾਰਬਾਨਿਕ ਐਸਿਡਾਂ ਦੇ ਣ ਹੁੰਦੇ ਹਨ । ਸੋਡੀਅਮ, ਕੈਲਸੀਅਮ ਅਤੇ ਮੈਗਨੀਸ਼ੀਅਮ ਦੇ ਾਰਬੋਨੇਟ ਖ਼ਾਸ ਕਰਕੇ ਉਦਯੋਗਿਕ ਰਸਾਇਣਿਕ ਪਦਾਰਥਾਂ ਦੇ ਤੌਰ ੇ ਪ੍ਰਸਿੱਧ ਹਨ। ਕਾਰਬੋਨੇਟ, ਕਾਰਬਾਨਿਕ ਅਤੇ ਅੱਰਥੋਕਾਰਬਾਨਿਕ ੇਸਿਡਾਂ ਦੇ ਐੱਸਟਰ ਹੁੰਦੇ ਹਨ । ਜਦੋਂ ਕਾਰਬਨ ਡਾਈਆਕਸਾਈਡ ਾ ਪਾਣੀ ਵਿਚ ਘੋਲਿਆ ਜਾਂਦਾ ਹੈ ਤਾਂ ਕਾਰਬਾਨਿਕ ਐਸਿਡ ਬਣਦਾ ੈ :—

$$CO_2+H_2O \rightarrow H_2CO_3$$

ਦੋ-ਖਾਰੀ ਤੇਜ਼ਾਬ ਹੋਣ ਕਾਰਨ ਇਹ ਲੂਣਾਂ ਦੀਆਂ ਦੋ ਲੜੀਆਂ ਰਥਾਤ ਨਾਰਮਲ ਕਾਰਬੋਨੇਟ ਅਤੇ ਐਸਿਡ ਕਾਰਬੋਨੇਟ ਜਾਂ ਾਈਕਾਰਬੋਨੇਟ ਬਣਾਉਂਦੇ ਹਨ । ਕਾਰਬਾਨਿਕ ਐਸਿਡ ਸਭ ਤੋਂ ਹਲਕੇ ਜ਼ਾਬਾਂ ਵਿਚੋਂ ਇਕ ਹੈ ਅਤੇ ਬਹੁਤ ਹੀ ਅਸਥਿਰ ਹੈ। ਇਸ ਦੇ ਵਯੋਜਨ ਸਥਿਰ ਅੰਕ ਪ੍ਰਾਇਮਰੀ $4.3 \times 10^{-7}$ (25° ਸੈਂ. ਤੇ) ਤੇ ਸੈਕੰਡਰੀ $4.7 \times 10^{-11}$ (25° ਸੈਂ. ਤੇ) ਹੁੰਦੇ ਹਨ । ਤੇਜ਼ਾਬ ੂ ਮੁਕਤ ਹਾਲਤ ਵਿਚ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਨ।

ਕਈ ਧਾਤਵੀ ਕਾਰਬੋਨੇਟ ਚਿੱਟੇ ਠੋਸ ਹੁੰਦੇ ਹਨ ਪਰੰਤੂ ਕੁਝ-ਕੁ ਾ (ਜਿਵੇਂ ਤਾਂਬੇ ਅਤੇ ਨਿਕਲ ਦੇ ਕਾਰਬੋਨੇਟਾਂ ਦਾ) ਰੰਗ ਸਬੰਧਤ ਧਾਤ ਾਲਾ ਹੁੰਦਾ ਹੈ। ਖਣਿਜਾਂ ਦੇ ਰੂਪ ਵਿਚ ਮਿਲਣ ਵਾਲੇ ਕਾਰਬੋਨੇਟ ਸਰੂਸਾਈਟ ($PbCO_3$), ਮੈਲੇਕਾਈਟ ਤੇ ਐਜ਼ੂਰਾਈਟ (ਦੋਵੇਂ ਕਾਪਰ ਦੇ ਕਾਰਬੋਨੇਟ), ਸਮਿਥਸੋਨਾਈਟ ($ZnCO_3$), ਵਿਦੇਰਾਈਟ ($BaCO_3$), ਸਟ੍ਰਾਂਸ਼ੀਏਨਾਈਟ ($SrCO_3$), ਕੈਲਸਾਈਟ ਤੇ ਅਰੈਗੋਨਾਈਟ ($CaCO_3$) ਅਤੇ ਡੋਲਾਮਾਈਟ ($CaCO_3.MgCO_3$) ਹਨ । ਸੋਡੀਅਮ "ਸੈੱਸਕੁਈਕਾਰਬੋਨੇਟ" ($Na_2CO_3.NaHCO_3.\ 2H_2O$) ਅਫ਼ਰੀਕਾ ਦੀਆਂ ਝੀਲਾਂ ਵਿਚ ਇਕ ਡਿਪਾਜ਼ਿਟ ਦੇ ਰੂਪ ਵਿਚ ਮਿਲਦਾ ਹੈ ਅਤੇ ਇਸ ਨੂੰ ਟ੍ਰੋਨਾ ਕਿਹਾ ਜਾਂਦਾ ਹੈ । ਬਹੁਤੀਆਂ ਧਾਤਾਂ ਕਾਰਬੋਨੇਟ ਬਣਾਉਂਦੀਆਂ ਹਨ । ਖਾਰੀਆਂ ਧਾਤਾਂ ਦੋਵੇਂ ਤੇਜ਼ਾਬੀ ਅਤੇ ਨਾਰਮਲ ਕਾਰਬੋਨੇਟ ਬਣਾਉਂਦੀਆਂ ਹਨ ਜਦੋਂ ਕਿ ਬਿਸਮਥ, ਤਾਂਬਾ ਅਤੇ ਮੈਗਨੀਸ਼ੀਅਮ ਕੇਵਲ ਖਾਰੇ ਕਾਰਬੋਨੇਟ ਬਣਾਉਂਦੀਆਂ ਹਨ । ਖਾਰੀਆਂ ਧਾਤਾਂ ਦੇ ਤੇਜ਼ਾਬੀ ਕਾਰਬੋਨੇਟ (ਬਾਈਕਾਰਬੋਨੇਟ) ਖਾਰੇ ਹਾਈਡ੍ਰਾਕਸਾਈਡ ਦੇ ਪਾਣੀ ਵਿਚ ਘੋਲ ਨੂੰ ਕਾਰਬਨ ਡਾਈਆਕਸਾਈਡ ਨਾਲ ਸੰਤ੍ਰਿਪਤ ਕਰਕੇ ਤਿਆਰ ਕੀਤੇ ਜਾ ਸਕਦੇ ਹਨ :—

$$M.OH+CO_2=MHCO_3$$

ਕਾਰਬਾਨਿਕ ਐਸਿਡ ਦੇ ਥੋੜ੍ਹੇ ਜਿਹੇ ਆਇਨਨ ਕਾਰਨ ਘੁਲਣਸ਼ੀਲ ਕਾਰਬੋਨੇਟਾਂ ਦਾ ਪਾਣੀ ਦੇ ਘੋਲ ਵਿਚ ਕਾਫ਼ੀ ਜਲ-ਅਪਘਟਨ ਹੋ ਜਾਂਦਾ ਹੈ ਅਤੇ ਇਹ ਖਾਰੇ ਹੁੰਦੇ ਹਨ :—

$$CO_3^{--}+H_2O=HCO_3^{-}+OH^{-}$$

ਬਾਈਕਾਰਬੋਨੇਟਾਂ ਦਾ ਬਹੁਤ ਘੱਟ ਜਲ-ਅਪਘਟਨ ਹੁੰਦਾ ਹੈ ਅਤੇ ਇਹ ਬਹੁਤ ਹੀ ਘੱਟ ਖਾਰੇ ਹੁੰਦੇ ਹਨ । ਖਾਰੀਆਂ ਧਾਤਾਂ ਅਤੇ ਥੈਲੀਅਮ ਦੇ ਕਾਰਬੋਨੇਟਾਂ ਤੋਂ ਬਿਨਾਂ ਸਾਰੇ ਕਾਰਬੋਨੇਟਾਂ ਦੀ ਪਾਣੀ ਵਿਚ ਘੁਲਣਸ਼ੀਲਤਾ ਬਹੁਤ ਥੋੜ੍ਹੀ ਹੁੰਦੀ ਹੈ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਕਾਫ਼ੀ ਗਰਮ ਕਰਨ ਨਾਲ ਅਪਘਟਿਤ ਹੋ ਜਾਂਦੇ ਹਨ ਅਤੇ ਸਿੱਟੇ ਵਜੋਂ ਕਾਰਬਨ ਡਾਈਆਕਸਾਈਡ ਨਿਕਲਦੀ ਹੈ ਅਤੇ ਧਾਤ ਦਾ ਆਕਸਾਈਡ ਬਚ ਜਾਂਦਾ ਹੈ। ਕਈ ਕਾਰਬੋਨੇਟ ਜਿਹੜੇ ਪਾਣੀ ਵਿਚ ਨਹੀਂ ਘੁਲਦੇ, ਉਹ ਕਾਰਬਨ ਡਾਈਆਕਸਾਈਡ ਨਾਲ ਮਿਲੇ ਪਾਣੀ ਵਿਚ ਘੁਲ ਜਾਂਦੇ ਹਨ ਅਤੇ ਬਾਈਕਾਰਬੋਨੇਟ ਬਣ ਜਾਂਦਾ ਹੈ ਜੋ ਪਾਣੀ ਦੀ ਕਠੋਰਤਾ ਦਾ ਕਾਰਨ ਬਣਦਾ ਹੈ।

**ਕਾਰਬਨੀ ਕਾਰਬੋਨੇਟ**—ਇਹ ਕਾਰਬਾਨਿਕ ਐਸਿਡ ਅਤੇ ਅਣਪਛਾਤੇ ਅੱਰਥੋਕਾਰਬਾਨਿਕ ਐਸਿਡ $C(OH)_4$ ਦੇ ਐੱਸਟਰ ਹੁੰਦੇ ਹਨ। ਕਾਰਬਾਨਿਕ ਐਸਿਡ ਦੇ HO.CO.OR ਕਿਸਮ ਦੇ ਤੇਜ਼ਾਬੀ ਐੱਸਟਰ ਮੁਕਤ ਹਾਲਤ ਵਿਚ ਨਹੀਂ ਮਿਲਦੇ । ਜਦੋਂ ਪੋਟਾਸ਼ੀਅਮ ਈਥੌਕਸਾਈਡ ਦੇ ਅਲਕੋਹਲੀ ਘੋਲ ਵਿਚੋਂ ਕਾਰਬਨ ਡਾਈਆਕਸਾਈਡ ਲੰਘਾਈ ਜਾਂਦੀ ਹੈ ਤਾਂ ਪੋਟਾਸ਼ੀਅਮ ਈਥਾਈਲ ਕਾਰਬੋਨੇਟ ਬਣਦਾ ਹੈ :—

$$CO_2+KOC_2H_5=KO.CO.OC_2H_5$$

ਇਹ ਬਹੁਤਾ ਸਥਾਈ ਨਹੀਂ ਹੈ ਅਤੇ ਪਾਣੀ ਨਾਲ ਇਸ ਦਾ ਅਪਘਟਨ ਅਲਕੋਹਲ ਅਤੇ ਖਾਰੇ ਕਾਰਬੋਨੇਟ ਵਿਚ ਹੋ ਜਾਂਦਾ ਹੈ। ਸਧਾਰਨ ਐੱਸਟਰ ਸਿਲਵਰ ਕਾਰਬੋਨੇਟ ਦੀ ਕਿਰਿਆ ਐਲਕਾਈਲ ਆਇਓਡਾਈਡਾਂ ਉਤੇ ਕਰਵਾਉਣ ਨਾਲ ਜਾਂ ਕਲੋਰੋਕਾਰਬਾਨਿਕ ਐੱਸਟਰਾਂ ਉਤੇ ਅਲਕੋਹਲਾਂ ਦੀ ਕਿਰਿਆ ਨਾਲ ਤਿਆਰ ਕੀਤੇ ਜਾ ਸਕਦੇ ਹਨ। ਇਹ ਸਧਾਰਨ ਐੱਸਟਰ ਰੰਗਹੀਨ ਤੇ ਸੁਹਾਵਣੀ-ਗੰਧ ਵਾਲੇ ਤਰਲ ਹੁੰਦੇ ਹਨ ਅਤੇ ਪਾਣੀ ਵਿਚ ਝੱਟ ਘੁਲ ਜਾਂਦੇ ਹਨ। ਇਨ੍ਹਾਂ ਵਿਚ ਐੱਸਟਰਾਂ ਵਾਲੇ ਸਾਰੇ ਗੁਣ ਹੁੰਦੇ ਹਨ। ਡਾਈਮੀਥਾਈਲ ਕਾਰਬੋਨੇਟ ਇਕ ਰੰਗਹੀਨ ਤਰਲ ਹੈ ਜਿਹੜਾ ਕਿ 90.6° ਸੈਂ. ਉਤੇ ਉਬਲਦਾ ਹੈ। ਇਸ ਨੂੰ ਬਣਾਉਣ ਲਈ ਕਲੋਰੋਕਾਰਬਾਨਿਕ ਐਸਿਡ ਦੇ ਮੀਥਾਈਲ ਐੱਸਟਰ ਨੂੰ ਲੈੱਡ-ਆਕਸਾਈਡ ਨਾਲ ਗਰਮ ਕੀਤਾ ਜਾਂਦਾ ਹੈ । ਡਾਈਈਥਾਈਲ ਕਾਰਬੋਨੇਟ ਵੀ ਰੰਗਹੀਨ ਤਰਲ ਹੈ ਜਿਸ ਦਾ ਉਬਾਲ ਦਰਜਾ 125.8° ਸੈਂ. ਅਤੇ ਵਿਸ਼ਿਸ਼ਟ ਘਣਤਾ 0.975 ਹੈ । ਜਦੋਂ ਇਸ ਨੂੰ 120° ਸੈਂ. ਉਤੇ ਸੋਡੀਅਮ ਈਥੌਕਸਾਈਡ ਨਾਲ ਗਰਮ ਕੀਤਾ ਜਾਂਦਾ ਹੈ ਤਾਂ ਇਹ ਈਥਾਈਲ ਈਥਰ ਅਤੇ ਸੋਡੀਅਮ ਈਥਾਈਲ ਕਾਰਬੋਨੇਟ ਵਿਚ ਅਪਘਟਿਤ ਹੋ ਜਾਂਦਾ ਹੈ।

ਆਰਥੋਕਾਰਬਾਨਿਕ ਐਸਟਰ ਬਣਾਉਣ ਲਈ ਸੋਡੀਅਮ ਈਥਾੱਕਸਾਈਡ ਦੀ ਕਲੋਰੋਪਿਕਰਿਨ ਨਾਲ ਕਿਰਿਆ ਕੀਤੀ ਜਾਂਦੀ ਹੈ। ਇਹ ਇਕ ਈਥਰ ਵਰਗੀ ਗੰਧ ਵਾਲਾ ਤਰਲ ਹੈ ਜਿਸ ਦਾ ਉਬਾਲ ਦਰਜਾ 159° ਸੈਂ. ਅਤੇ ਵਿਸ਼ਿਸ਼ਟ ਘਣਤਾ 0.919 ਹੈ। ਜਦੋਂ ਇਸ ਨੂੰ ਅਮੋਨੀਆ ਨਾਲ ਗਰਮ ਕੀਤਾ ਜਾਂਦਾ ਹੈ ਤਾਂ ਗੁਆਨਿਡੀਨ ਬਣਦੀ ਹੈ ਅਤੇ ਜਦੋਂ ਅਲਕੋਹਲੀ ਪੋਟਾਸ਼ ਨਾਲ ਉਬਾਲਿਆ ਜਾਂਦਾ ਹੈ ਤਾਂ ਪੋਟਾਸ਼ੀਅਮ ਕਾਰਬੋਨੇਟ ਬਣਦਾ ਹੈ।

ਕਲੋਰੋਕਾਰਬਾਨਿਕ ਐਸਟਰ ਬਣਾਉਣ ਲਈ ਫਾਸਜੀਨ ਵਿਚ ਪੂਰੀ ਤਰ੍ਹਾਂ ਠੰਢੀ ਕੀਤੀ ਪੂਰਨ ਅਲਕੋਹਲ ਮਿਲਾਈ ਜਾਂਦੀ ਹੈ। ਇਹ ਤੇਜ਼ ਗੰਧ ਵਾਲਾ ਤਰਲ ਹੈ ਜਿਸ ਦਾ ਉਬਾਲ ਦਰਜਾ 90° ਸੈਂ. ਅਤੇ ਵਿਸ਼ਿਸ਼ਟ ਘਣਤਾ 1.138 ਹੁੰਦੀ ਹੈ। ਅਮੋਨੀਆ ਨਾਲ ਗਰਮ ਕਰਨ ਤੇ ਯੂਰੇਥੇਨ ਬਣਦੀ ਹੈ। ਸੋਡੀਅਮ ਅਮੈਲਗਮ ਇਸ ਨੂੰ ਫਾਰਮਿਕ ਐਸਿਡ ਵਿਚ ਬਦਲ ਦਿੰਦਾ ਹੈ।

**ਪਰਕਾਰਬੋਨੇਟ**—ਬੇਰੀਅਮ ਪਰਕਾਰਬੋਨੇਟ ਇਕ ਚਿੱਟਾ ਠੋਸ ਪਦਾਰਥ ਹੈ ਜਿਸ ਨੂੰ ਬੇਰੀਅਮ ਪਰਆਕਸਾਈਡ ਦੀ ਸਸਪੈਂਨਸ਼ਨ ਵਾਲੇ ਪਾਣੀ ਵਿਚੋਂ ਕਾਰਬਨ ਡਾਈਆਕਸਾਈਡ ਦੀ ਕਾਫ਼ੀ ਮਾਤਰਾ ਲੰਘਾਉਣ ਨਾਲ ਤਿਆਰ ਕੀਤਾ ਜਾਂਦਾ ਹੈ। ਇਹ ਕਾਫ਼ੀ ਸਥਾਈ ਹੈ ਅਤੇ ਤੇਜ਼ਾਬਾਂ ਨਾਲ ਕਿਰਿਆ ਕਰਕੇ ਹਾਈਡ੍ਰੋਜਨ ਪਰਆਕਸਾਈਡ ਬਣਾਉਂਦਾ ਹੈ। ਦੋ ਪੋਟਾਸ਼ੀਅਮ ਪਰਕਾਰਬੋਨੇਟਾਂ ਦਾ ਵੀ ਪਤਾ ਲਗਾ ਹੈ ਜਿਨ੍ਹਾਂ ਦਾ ਫ਼ਾਰਮੂਲਾ $K_2C_2O_6$ ਹੈ। ਇਕ ਤਾਂ ਕਾਰਬੋਨੇਟ ਦੇ ਗਾੜ੍ਹੇ ਘੋਲ ਦਾ −20° ਸੈਂ. ਉਤੇ ਬਿਜਲਈ-ਅਪਘਟਨ ਕਰਕੇ ਬਣਾਇਆ ਜਾਂਦਾ ਹੈ ਅਤੇ ਦੂਸਰਾ ਪੋਟਾਸ਼ੀਅਮ ਪਰਆਕਸਾਈਡ ਉਤੇ ਕਾਰਬਨ ਡਾਈਆਕਸਾਈਡ ਦੀ ਕਿਰਿਆ ਨਾਲ। ਸੋਡੀਅਮ ਕਾਰਬੋਨੇਟ ਇੰਨਾਂ ਘੁਲਣਸ਼ੀਲ ਨਹੀਂ ਹੈ ਕਿ ਇਲੈਕਟ੍ਰੋਲਿਟੀ ਢੰਗ ਨਾਲ ਪਰਕਾਰਬੋਨੇਟ ਬਣਾਏ ਜਾਣ ਪ੍ਰੰਤੂ ਦੂਸਰੇ ਢੰਗ ਨਾਲ ਕਈ ਪਰਕਾਰਬੋਨੇਟ ਅਰਥਾਤ $Na_2C_2O_6$, $Na_2CO_4$, $Na_2CO_5$ ਅਤੇ $NaHCO_4$ ਆਦਿ ਬਣਾਏ ਜਾ ਸਕਦੇ ਹਨ।

ਪਰਕਾਰਬੋਨੇਟਾਂ ਦੀ ਮੁੱਖ ਵਰਤੋਂ ਰੰਗ ਕੱਟਣ ਲਈ ਅਤੇ ਪੋਟਾਸ਼ੀਅਮ ਲੂਣ ਦੀ ਵਰਤੋਂ ਫ਼ੋਟੋਗ੍ਰਾਫ਼ੀ ਵਿਚ ਹਾਈਪੋ ਦੀ ਬਹੁਲਤਾ ਨੂੰ ਦੂਰ ਕਰਨ ਲਈ ਐਂਟੀਹਾਈਪੋ ਦੇ ਤੌਰ ਤੇ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 4 : 872

**ਕਾਰਮੇਲ ਪਰਬਤ** : ਇਜ਼ਰਾਈਲ ਦੇਸ਼ ਦੇ ਉੱਤਰ-ਪੱਛਮ ਵਿਚ ਇਹ ਇਕ ਪਰਬਤ ਹੈ। ਇਸ ਨੂੰ ਹੀਬ੍ਰਿਊ ਹਰ ਕਾਰਮੇਲ ਜਾਂ ਹਾ-ਕਾਰਮੈਲ ਵੀ ਆਖਦੇ ਹਨ। ਹਾਇਫ਼ਾ ਦਾ ਸ਼ਹਿਰ ਇਸ ਦੀ ਉੱਤਰ-ਪੂਰਬੀ ਢਲਾਣ ਤੇ ਸਥਿਤ ਹੈ। ਇਹ ਐਜ਼ਡਰੇਈਲੋਨ ਅਤੇ ਗੈਲੀਲੀ ਦੇ ਮੈਦਾਨਾਂ ਨੂੰ ਸ਼ੇਅਰਅਨ ਦੇ ਮੈਦਾਨਾਂ ਤੋਂ ਵੱਖ ਕਰਦਾ ਹੈ। ਇਸ ਵਿਚ 26 ਕਿ. ਮੀ. ਲੰਬੀ ਇਕ ਚੂਨਾ ਪੱਥਰ ਦੀ ਲੰਮੀ ਪਹਾੜੀ ਹੈ। ਇਸ ਦੀ ਕੁਲ ਲੰਬਾਈ 245 ਕਿ. ਮੀ. ਹੈ। ਇਸ ਦੀ ਸਮੁੰਦਰ ਵਲ ਦੀ ਨੁਕਰ ਕਾਰਮੇਲ ਅੰਤਰੀਪ ਲਗਭਗ ਭੂ-ਮੱਧ ਸਾਗਰ ਨੂੰ ਜਾ ਮਿਲਦੀ ਹੈ। ਉਥੇ ਤੱਟ-ਵਰਤੀ ਮੈਦਾਨ ਕੇਵਲ 180 ਮੀ. ਚੌੜਾ ਰਹਿ ਜਾਂਦਾ ਹੈ। ਪਹਾੜ ਦੀ ਸੱਭ ਤੋਂ ਉੱਚੀ ਚੋਟੀ ਸਮੁੰਦਰ ਤੱਟ ਤੋਂ ਲਗਭਗ 537 ਮੀ. ਹੈ ਅਤੇ ਇਹ ਇਸਫੀਆ ਪਿੰਡ ਦੇ ਉੱਤਰ-ਪੱਛਮ ਵਿਚ ਸਥਿਤ ਹੈ।

ਕਾਰਮੇਲ ਪਰਬਤ ਨੂੰ ਪੁਰਾਤਨ ਕਾਲ ਤੋਂ 'ਪਵਿਤਰ ਪਰਬਤ' ਕਿਹਾ ਜਾਂਦਾ ਹੈ। ਉੱਚ-ਸਥਾਨ ਵਜੋਂ ਇਹ ਬਹੁਤ ਚਿਰ ਤੋਂ ਮੂਰਤੀ-ਪੂਜਾ ਦਾ ਕੇਂਦਰ ਰਿਹਾ ਸੀ। ਪੁਰਾਤਨ ਈਸਾਈਆਂ ਲਈ ਵੀ ਕਾਰਮੇਲ ਪਰਬਤ ਇਕ ਪਵਿਤਰ ਸਥਾਨ ਰਿਹਾ ਹੈ। ਇਥੋਂ ਦੇ ਨਿਵਾਸੀ ਬਹੁਤੇ ਰੋਮਨ ਕੈਥੋਲਿਕ ਸਨ ਜਿਹੜੇ ਮੱਧ-ਵਰਤੀ ਸਮੇਂ ਵਿਚ 'ਕਾਰਮੇਲਾਈਟ' ਬਣੇ ਸਨ। ਇਨ੍ਹਾਂ ਦਾ ਮੱਠ ਈਲੀ-ਜਾਹ ਦੇ ਕ੍ਰਿਸ਼ਮੇ ਵਾਲੀ ਥਾਂ ਦੇ ਨੇੜੇ ਹੈ।

ਹਾਇਫ਼ਾ ਦੇ ਸ਼ਹਿਰ ਦੇ ਅੰਦਰ ਅਤੇ ਬਾਹਰ, ਇਸ ਪਰਬਤ ਦੀਆਂ ਢਲਾਣਾਂ ਤੇ ਬਹੁਤ ਸੁੰਦਰ ਪਾਰਕ ਅਤੇ ਜੰਗਲ ਹਨ। ਦੱਖਣੀ-ਪੱਛਮੀ ਢਲਾਣਾਂ ਵਿਚ ਗੁਫ਼ਾਵਾਂ ਹਨ। ਇਥੇ 1931-32 ਵਿਚ ਪੱਥਰ ਯੁੱਗ ਦੇ ਮਨੁੱਖੀ-ਪਿੰਜਰ ਮਿਲੇ ਹਨ ਜਿਨ੍ਹਾਂ ਬਾਰੇ ਪਹਿਲਾਂ ਕਦੇ ਪਤਾ ਨਹੀਂ ਸੀ।

32° 43′ ਉ. ਵਿਥ.; 35°03′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 572

**ਕਾਰਮੇਲੀ (ਕਾਰਮੇਲਾਈਟ) ਧਰਮ ਸੰਘ** : ਇਹ ਰੋਮਨ ਕੈਥੋਲਿਕ ਗਿਰਜੇ ਦੇ ਮਹਾਨ ਧਰਮ ਸੰਘਾਂ ਵਿਚੋਂ ਇਕ ਹੈ। ਇਸ ਦੇ ਬਾਨੀ ਬੇਰਥੋਲਦ ਕ੍ਰੂਸ਼ ਯੁੱਧ ਵਿਚ ਭਾਗ ਲੈਣ ਪਿੱਛੋਂ ਬਾਰ੍ਹਵੀਂ ਸਦੀ ਵਿਚ ਦਸ ਸਾਥੀਆਂ ਨਾਲ ਕਾਰਮੇਲ ਨਾਂ ਦੇ ਪਹਾੜ ਉਤੇ ਸਾਧਨਾ ਕਰਨ ਲੱਗੇ ਸਨ। ਯੋਰੋਸ਼ਲਮ ਦੇ ਬਿਸ਼ਪ ਨੇ ਸੰਨ 1210 ਵਿਚ ਇਸ ਸੰਘ ਦੀ ਨਿਯਮਾਵਲੀ ਨੂੰ ਮਾਨਤਾ ਦੇ ਦਿੱਤੀ ਸੀ। ਮੁਸਲਮਾਨੀ ਜਿੱਤਾਂ ਕਾਰਨ ਇਹ ਧਰਮ-ਸੰਘੀ ਯੂਰਪ ਵਿਚ ਆ ਕੇ ਰਹਿਣ ਲੱਗੇ। ਉੱਥੇ ਇਹ ਫ਼ਰਾਂਸਿਸਕੀ, ਦੋਮਿਨਿਕੀ ਆਦਿ ਭਿਖਸ਼ੂ ਸੰਘੀਆਂ ਵਾਂਗ ਨਿੱਜੀ ਸਾਧਨਾ ਕਰਨ ਤੋਂ ਬਿਨਾਂ ਉਪਦੇਸ਼ ਅਤੇ ਧਰਮ-ਸਿਖਿਆ ਦੇਣ ਦਾ ਕਾਰਜ ਵੀ ਕਰਨ ਲੱਗੇ। ਇਹ ਧਰਮ ਸੰਘ ਅਤਿਅੰਤ ਲੋਕ-ਪ੍ਰਿਯ ਬਣ ਕੇ ਸਾਰੇ ਯੂਰਪ ਵਿਚ ਫੈਲ ਗਿਆ। ਪੰਦਰ੍ਹਵੀਂ ਸਦੀ ਵਿਚ ਔਰਤਾਂ ਲਈ ਇਸ ਧਰਮ ਸੰਘ ਦੀ ਇਕ ਸ਼ਾਖਾ ਦੀ ਸਥਾਪਨਾ ਹੋਈ ਸੀ। ਦੋ ਮਹਾਨ ਰਹੱਸਵਾਦੀਆਂ ਅਰਥਾਤ ਅਵਿਲਾ ਦੀ ਸੰਤ ਤਰੇਸਾ ਅਤੇ ਜੌਨ ਔਫ਼ ਦੀ ਕਰਾਸ ਦੀ ਪ੍ਰੇਰਨਾ ਨਾਲ ਇਸ ਸੰਘ ਦਾ 16ਵੀਂ ਸਦੀ ਵਿਚ ਸੁਧਾਰ ਹੋਇਆ ਸੀ, ਜਿਸ ਦੇ ਫਲਸਰੂਪ ਅੱਜਕਲ੍ਹ ਇਸਤਰੀਆਂ ਅਤੇ ਪੁਰਸ਼ਾਂ ਦੋਵਾਂ ਦੇ ਸੰਘਾਂ ਦੀਆਂ ਦੋ-ਦੋ ਸ਼ਾਖਾਵਾਂ ਮਿਲਦੀਆਂ ਹਨ। ਪ੍ਰਾਚੀਨ ਕਾਰਮੇਲੀਆ ਸੰਘ ਪੁਰਾਣੇ ਦੇ ਮੁਕਾਬਲੇ ਤੇ ਘੱਟ ਲੋਕ-ਪ੍ਰਿਅ ਹੈ। ਇਸਤਰੀਆਂ ਦੇ ਮਠਾਂ ਵਿਚ 1,000 ਤੋਂ ਘੱਟ ਅਤੇ ਪੁਰਸ਼ਾਂ ਦੇ ਮਠਾਂ ਵਿਚ 2,000 ਤੋਂ ਕੁਝ ਵਧ ਮੈਂਬਰ ਹਨ। ਨਵੀਨ ਕਾਰਮੇਲੀਆ ਸੰਘ ਵਿਚ 10,000 ਤੋਂ ਵਧ ਇਸਤਰੀਆਂ ਅਤੇ ਲਗਭਗ 3500 ਪੁਰਸ਼ ਰਹਿੰਦੇ ਹਨ। ਇਸ ਸੰਘ ਦੀਆਂ ਇਸਤਰੀਆਂ ਆਪਣੇ ਮਠ ਤੋਂ ਬਾਹਰ ਨਹੀਂ ਜਾ ਸਕਦੀਆਂ। ਭਾਰਤ ਵਿਚ ਬੰਗਲੌਰ, ਕਲਕੱਤਾ, ਮੰਗਲੂਰ ਆਦਿ 10 ਸਥਾਨਾਂ ਵਿਚ ਇਸ ਸੰਘ ਦੀਆਂ ਸੰਨਿਆਸਣਾਂ ਲਈ ਮਠ ਸਥਾਪਤ ਹੋ ਚੁੱਕੇ ਹਨ, ਜਿਥੇ ਅਵਿਲਾ ਦੀ ਸੰਤ ਤਰੇਸਾ ਦਾ ਨਿਯਮ ਲਾਗੂ ਹੈ।

ਹ. ਪੁ.—ਹਿੰ. ਵਿ. ਕੋ. 2 : 483

**ਕਾਰਰ, ਪਾਲ**—ਕੈਰੋਟਿਨਾਇਡ ਫਲੇਵਿਨ ਅਤੇ ਵਿਟਾਮਿਨ 'ਏ' ਅਤੇ 'ਬੀ'$_2$ ਦੀ ਰਚਨਾ ਸਬੰਧੀ ਖੋਜਾਂ ਲਈ ਕਾਰਰ ਪਾਲ ਨੂੰ 1937 ਵਿਚ ਬ੍ਰਿਟੇਨ ਦੇ ਵਾਲਟਰ ਨਾਰਮੈਨ ਹਾਵਾਰਥ ਨਾਲ ਮਿਲ ਕੇ ਰਸਾਇਣ-ਵਿਗਿਆਨ ਦਾ ਨੋਬਲ ਪੁਰਸਕਾਰ ਦਿਤਾ ਗਿਆ। ਇਸ ਰਸਾਇਣ-ਵਿਗਿਆਨੀ ਦਾ ਜਨਮ 21 ਅਪਰੈਲ, 1889 ਨੂੰ ਮਾਸਕੋ ਵਿਖੇ ਹੋਇਆ। ਸੰਨ 1911 ਵਿਚ ਜ਼ੂਰਿਕ ਤੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਕੁਝ ਚਿਰ ਮਗਰੋਂ ਇਹ ਜ਼ੂਰਿਕ ਵਿਖੇ ਹੀ ਰਸਾਇਣ-ਵਿਗਿਆਨ ਦਾ ਪ੍ਰੋਫ਼ੈਸਰ ਲਗ ਗਿਆ।

ਸੰਨ 1926 ਵਿਚ ਇਸ ਨੇ ਪੌਦਿਆਂ ਦੇ ਰੰਗਾਂ, ਖ਼ਾਸ ਕਰਕੇ ਗਾਜਰ ਜਾਤੀ ਦੇ ਰੰਗਕ ਮਾਦੇ, ਪੀਲੇ ਕੈਰੋਟਿਨਾਇਡ ਦੀ ਰਸਾਇਣਿਕ ਬਣਤਰ ਦੀ ਵਿਆਖਿਆ ਕੀਤੀ ਅਤੇ ਸਿੱਧ ਕੀਤਾ ਕਿ ਇਨ੍ਹਾਂ ਵਿਚੋਂ ਕੁਝ ਕੁ ਪ੍ਰਾਣੀਆਂ ਦੇ ਸਰੀਰ ਵਿਚ ਵਿਟਾਮਿਨ 'ਏ' ਵਿਚ ਬਦਲ ਜਾਂਦੇ ਹਨ। ਇਸ ਨੇ 1930 ਵਿਚ ਵਿਟਾਮਿਨ 'ਏ' ਦੇ ਮੁੱਖ ਸੋਮੇ ਦੇ ਫ਼ਾਰਮੂਲੇ ਦਾ ਪਤਾ ਲਗਾਇਆ ਅਤੇ ਥੋੜ੍ਹੇ, ਅਰਸੇ ਮਗਰੋਂ ਹੀ ਵਿਟਾਮਿਨ 'ਏ' ਦੀ ਰਚਨਾ ਦਾ ਵੀ ਪਤਾ ਲਗਾ ਲਿਆ। ਇਸ ਨੇ ਅਲਬਰਟ ਸੈਂਟ-ਡਾਇਰਗ੍ਹਾਈ

ਦੁਆਰਾ ਦਿਤੇ ਗਏ ਵਿਟਾਮਿਨ 'ਸੀ' ਦੇ ਫ਼ਾਰਮੂਲੇ ਦੀ ਵੀ ਪੁਸ਼ਟੀ ਕੀਤੀ ਅਤੇ ਦਸਿਆ ਕਿ ਲੈਕਟੋ-ਫਲੇਵਿਨ ਜਿਹੜਾ ਕਿ ਪਹਿਲਾਂ ਇਕ ਗੁੰਝਲ ਬਣੀ ਹੋਈ ਸੀ, ਵਿਟਾਮਿਨ 'ਬੀ$_2$' ਹੈ। ਇਸ ਨੇ ਵਿਟਾਮਿਨ 'ਈ' ਦਾ ਵੀ ਅਧਿਐਨ ਕੀਤਾ।

18 ਜੂਨ, 1971 ਈ. ਨੂੰ ਜ਼ੂਰਿਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 716

**ਕਾਰਲਸਬਾਦ** : ਨਿਊ ਮੈਕਸੀਕੋ ਰਾਜ (ਸ. ਰ. ਅ.) ਦੀ ਐੱਡੀ ਕਾਉਂਟੀ ਦਾ ਸਦਰਮੁਕਾਮ (1889 ਤੋਂ) ਹੈ, ਜੋ ਪੇਕੋਸ ਦਰਿਆ ਦੇ ਨਜ਼ਦੀਕ ਵਸਿਆ ਹੋਇਆ ਹੈ। ਇਸ ਸ਼ਹਿਰ ਦੀ ਸਥਾਪਨਾ 1887 ਈ. ਵਿਚ ਚਾਰਲਜ਼ ਬੀ ਐਡੀ ਨੇ ਕੀਤੀ ਸੀ ਤੇ ਇਸੇ ਦੇ ਨਾਂ ਤੇ ਹੀ ਸ਼ਹਿਰ ਦਾ ਪਹਿਲਾ ਨਾਂ ਐੱਡੀ ਰੱਖਿਆ ਗਿਆ ਸੀ। ਸੰਨ 1899 ਵਿਚ ਇਸ ਦੇ ਨਜ਼ਦੀਕ ਖਣਿਜੀ ਪਾਣੀ ਦੇ ਚਸ਼ਮੇ ਮਿਲਣ ਕਰਕੇ ਇਸ ਦਾ ਨਾਂ ਬਦਲਕੇ ਕਾਰਲਸਬਾਦ ਰੱਖਿਆ ਗਿਆ। ਇਕ ਵੱਡੇ ਸਿੰਜਾਈ ਵਾਲੇ ਡਿਸਟ੍ਰਿਕਟ ਦਾ ਕੇਂਦਰ (1888) ਹੋਣ ਕਰਕੇ ਇਥੋਂ ਕਪਾਹ, ਐਲਫ਼ਾਲਫ਼ਾ, ਉੱਨ, ਤੇਲ ਅਤੇ ਪਸ਼ੂ—ਧਨ ਜਲ ਰਾਹੀਂ ਬਾਹਰ ਭੇਜੇ ਜਾਂਦੇ ਹਨ। ਸੰਨ 1925 ਵਿਚ ਇਥੇ ਪੁਟਾਸ਼ ਦਾ ਪਤਾ ਲੱਗਾ ਤੇ ਉਦੋਂ ਤੋਂ ਇਹ ਖਣਿਜ ਕਾਫ਼ੀ ਮਾਤਰਾ ਵਿਚ ਕੱਢਿਆ ਜਾਂਦਾ ਹੈ। ਸ਼ਹਿਰ ਤੋਂ 31 ਕਿ. ਮੀ. ਦੱਖਣ ਵੱਲ ਕਾਰਲਸਬਾਦ ਕੇਵਜ਼ ਰਾਸ਼ਟਰੀ ਪਾਰਕ ਹੈ ਤੇ ਇਸ ਵਿਚ ਜਾਣ ਦਾ ਮੁੱਖ ਰਸਤਾ ਕਾਰਲਸਬਾਦ ਵਿਚੋਂ ਹੈ।

ਆਬਾਦੀ—25,496 (1980)

32° 25′ ਉ. ਵਿਥ.; 104°14′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 571

**ਕਾਰਲਸਬਾਦ** : ਦੱਖਣ-ਪੂਰਬੀ ਕੈਲਿਫ਼ੋਰਨੀਆ ਰਾਜ (ਸ. ਰ. ਅ.) ਦੀ ਸੈਨਡੀਆਗੋ ਕਾਉਂਟੀ ਦਾ ਇਕ ਸ਼ਹਿਰ ਹੈ ਜੋ ਸ਼ਾਂਤ ਮਹਾਂਸਾਗਰ ਦੇ ਨਜ਼ਦੀਕ ਓਸ਼ਨਸਾਈਡ ਸ਼ਹਿਰ ਦੇ ਇਕਦਮ ਦੱਖਣ ਵਿਚ, ਸਰਦੀਆਂ ਦੀਆਂ ਸਬਜ਼ੀਆਂ ਅਤੇ ਫੁੱਲ ਉਗਾਉਣ ਵਾਲੇ ਇਕ ਡਿਸਟ੍ਰਿਕਟ ਵਿਚ ਸਥਿਤ ਹੈ। ਇਹ ਸ਼ਹਿਰ 1870 ਦੇ ਲਗਭਗ ਆਬਾਦ ਹੋਇਆ ਤੇ ਇਸ ਦਾ ਪਹਿਲਾ ਨਾਂ ਫਰਜ਼ੀਹਰਜ਼ ਸਟੇਸ਼ਨ ਸੀ ਪਰ 1883 ਵਿਚ ਇਥੇ ਖਣਿਜੀ ਪਾਣੀ ਮਿਲਿਆ ਜੋ ਕਾਰਲਸਬਾਦ (ਬੋਹੀਮੀਆ) ਵਿਚ ਮਿਲਦੇ ਖਣਿਜੀ ਪਾਣੀ ਜਿਹਾ ਹੀ ਸੀ। ਇਸੇ ਕਰਕੇ ਸ਼ਹਿਰ ਦਾ ਨਾਂ ਵੀ ਬਦਲਕੇ ਕਾਰਲਸ਼ਬਾਦ ਰੱਖ ਦਿਤਾ ਗਿਆ। ਸੰਨ 1885 ਵਿਚ ਸੈਂਟਾਂ ਫੇ ਰੇਲ-ਰਾਹ ਦੇ ਇਥੇ ਪਹੁੰਚਣ ਨਾਲ ਸ਼ਹਿਰ ਇਕ ਮਸ਼ਹੂਰ ਸਿਹਤ ਅਫ਼ਜ਼ਾ ਸਥਾਨ ਬਣ ਗਿਆ। ਇਥੋਂ ਦੇ ਹਲਕੇ ਉਦਯੋਗਾਂ ਵਿਚ ਪੁਰਜ਼ਿਆਂ ਤੋਂ ਹੈਲੀਕੌਪਟਰ ਤਿਆਰ ਕੀਤੇ ਜਾਂਦੇ ਹਨ।

ਆਬਾਦੀ—35,490 (1978)

33°10′ ਉ. ਵਿਥ.; 117°21′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 571

**ਕਾਰਲਸਰੂਐ** : ਪੱਛਮੀ ਜਰਮਨੀ ਦੀ ਬਾਡੈੱਨ-ਵੁਰਟੈਮਬਰਕ ਰਾਜ ਦਾ ਇਹ ਇਕ ਸ਼ਹਿਰ ਹੈ ਜੋ ਰਾਈਨ ਤੋਂ ਕੁਝ ਕੁ ਕਿ. ਮੀ. ਤੇ ਬਲੈਕ ਹਾਰਟ ਜੰਗਲਾਂ ਦੇ ਪਾਸੇ ਸਥਿਤ ਹੈ। ਇਹ ਕਿਸੇ ਸਮੇਂ ਬਾਡੈੱਨ ਰਾਜ ਦੀ ਰਾਜਧਾਨੀ ਸੀ ਅਤੇ ਅੱਜਕੱਲ੍ਹ ਫੈਡਰਲ ਰੀਪਬਲਿਕ ਦੀ ਨਿਆਂਪਾਲਕਾ ਇਥੇ ਹੈ। ਇਸ ਦੀ ਨੀਂਹ 1715 ਵਿਚ ਰੱਖੀ ਗਈ ਜਦੋਂ ਕਿ ਬਾਡੈੱਨ-ਡੁਰਲੱਕ ਦੇ ਮਾਰਗਰੇਵ ਕਾਰਲ ਵਿਲਹੈਲਮ ਨੇ ਆਪਣੇ ਸ਼ਿਕਾਰ ਕਰਨ ਵਾਲੀ ਥਾਂ ਤੇ ਇਕ ਆਰਾਮ-ਗਾਹ ਦੇ ਨੇੜੇ ਇਕ ਕਿਲਾ ਬਣਾਇਆ ਸੀ ਅਤੇ ਉਸ ਕਿਲੇ ਦੇ ਆਲੇ ਦੁਆਲੇ ਇਹ ਸ਼ਹਿਰ ਵਸ ਗਿਆ। ਫਰੈਡ੍ਰਿਕ ਵੀਨਬਰੈਨਰ ਨੇ ਇਸਨੂੰ ਚਾਰਟਰ ਦਿਤਾ ਅਤੇ ਨਿਊ ਕਲਾਸੀਕਲ ਨਮੂਨੇ ਦੀਆਂ ਇਮਾਰਤਾਂ ਬਣਾਈਆਂ। ਦੂਜੇ ਵਿਸ਼ਵ ਯੁੱਧ ਦੌਰਾਨ ਇਸ ਸ਼ਹਿਰ ਦਾ ਬੜਾ ਨੁਕਸਾਨ ਹੋਇਆ ਪਰ ਬਹੁਤ ਸਾਰੀਆਂ ਇਮਾਰਤਾਂ ਨੂੰ ਮੁੜ ਮੁਰੰਮਤ ਕਰ ਦਿਤਾ ਗਿਆ। ਗਰੈਂਡ ਡੂਕਲ ਅਤੇ ਪ੍ਰਿੰਸ ਮੈਕਸ ਦੇ ਮਹੱਲਾਂ ਵਿਚ ਸੁਪਰੀਮ ਕੋਰਟ ਅਤੇ ਕੰਸਟੀਚਿਊਸ਼ਨਲ ਕੋਰਟ ਲਗੀ ਸੀ। ਇਥੋਂ ਦੀਆਂ ਵਿਦਿਅਕ ਸੰਸਥਾਵਾਂ ਵਿਚ ਸੰਗੀਤ ਕਾਲਜ, ਲਲਿਤ ਕਲਾ ਅਕਦਮੀ ਅਤੇ ਫਰਿਡਰੀਸ਼ਿਅਨ ਤਕਨੀਕੀ ਕਾਲਜ ਸ਼ਾਮਲ ਹਨ। ਇਥੋਂ ਦੀਆਂ ਪ੍ਰਸਿੱਧ ਅਤੇ ਦਿਲਚਸਪ ਥਾਵਾਂ ਵਿਚ ਆਰਟ ਗੈਲਰੀ, ਆਰਟ ਐਸੋਸੀਏਸ਼ਨ, ਵਿਲਡ ਪਾਰਕ ਸਟੇਡੀਅਮ, ਸ਼ਨੈਕ ਸਪੋਰਟਸ ਸਕੂਲ, ਟਕਸਾਲ ਅਤੇ ਪਿਰਾਮਿਡ ਸ਼ਾਮਲ ਹਨ।

ਕਾਰਲਸਰੂਐ ਵਿਖੇ ਇਕ ਸਨੱਅਤੀ ਬੰਦਰਗਾਹ ਹੈ। ਰਾਈਨ ਦਰਿਆ ਦੇ ਆਸ ਪਾਸ ਪੈਟਰੋਲ ਸਾਫ਼ ਕਰਨ ਦੇ ਕਾਰਖ਼ਾਨੇ ਸਥਾਪਤ ਕੀਤੇ ਗਏ ਹਨ। ਇਲੈਕਟਰੀਕਲ ਚੀਜ਼ਾਂ ਅਤੇ ਰੇਡੀਓ ਦਾ ਸਾਮਾਨ, ਮਸ਼ੀਨਰੀ ਅਤੇ ਅਸਪਾਤ ਦੀਆਂ ਵਸਤਾਂ, ਇਮਾਰਤੀ ਸਾਜ਼ੋ ਸਾਮਾਨ, ਸਾਈਕਲ ਤੇ ਮੋਟਰ ਸਾਈਕਲ, ਅਤਰ, ਦਵਾਈਆਂ, ਜੁਰਾਬਾਂ ਅਤੇ ਗਹਿਣਿਆਂ ਆਦਿ ਦਾ ਇਥੇ ਨਿਰਮਾਣ ਹੁੰਦਾ ਹੈ ਅਤੇ ਬਾਹਰ ਭੇਜੇ ਜਾਂਦੇ ਹਨ।

ਆਬਾਦੀ–270,000 (1983)

49°03′ ਉ. ਵਿਥ.; 8°24′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 712

**ਕਾਰਲਟਨ, ਵਿਲੀਅਮ** : ਇਹ ਆਇਰਲੈਂਡ ਦਾ ਨਾਵਲਕਾਰ ਸੀ, ਜੋ ਕਿਰਸਾਨੀ ਜੀਵਨ ਨੂੰ ਨੇੜਿਉਂ ਹੋ ਕੇ ਘੋਖਣ ਵਜੋਂ ਪ੍ਰਸਿੱਧ ਸੀ। ਇਸ ਦਾ ਜਨਮ ਪ੍ਰਾਲਿਸਕ ਵਿਖੇ 20 ਫ਼ਰਵਰੀ, 1794 ਨੂੰ ਹੋਇਆ। ਪੜ੍ਹਾਈ ਕਰ ਕੇ ਇਹ ਪਾਦਰੀ ਬਣਨਾ ਚਾਹੁੰਦਾ ਸੀ ਪਰ 1818 ਵਿਚ ਇਹ ਡਬਲਿਨ ਚਲਾ ਗਿਆ, ਜਿੱਥੇ ਕਾਫ਼ੀ ਗ਼ਰੀਬੀ ਮਗਰੋਂ ਇਸ ਨੂੰ ਰੋਮਨ ਕੈਥੋਲਿਕ ਚਰਚ ਦੁਆਰਾ ਲੋਕਾਂ ਵਿਚ ਪ੍ਰਚਲਿਤ ਕੀਤੇ ਜਾਂਦੇ ਵਹਿਮਾਂ ਭਰਮਾਂ ਬਾਰੇ ਕਹਾਣੀਆਂ ਲਿਖਣ ਦਾ ਕੰਮ ਮਿਲਿਆ। 'ਟ੍ਰੇਟਸ ਐਂਡ ਸਟੋਰੀਜ਼ ਆਫ਼ ਦੀ ਆਇਰਿਸ਼ ਪੈਜ਼ੰਟ੍ਰੀ' (1830) ਇਸ ਦੀ ਉੱਤਮ ਕਿਰਤ ਮੰਨੀ ਜਾਂਦੀ ਹੈ। ਇਸ ਮਗਰੋਂ ਡਬਲਿਨ ਵਿਚ 30 ਜਨਵਰੀ, 1869 ਨੂੰ ਆਪਣੀ ਮੌਤ ਤੱਕ ਇਸ ਨੇ ਬਹੁਤ ਲਿਖਿਆ। 'ਦੀ ਆਇਰਿਸ਼ ਏਜੰਟ' (1845) ਅਤੇ 'ਦੀ ਬਲੈਕ ਪ੍ਰਾਫ਼ਿਟ, (1847) ਇਸ ਦੇ ਵਧੀਆ ਨਾਵਲ ਹਨ ਅਤੇ ਅੰਤਲਾ ਨਾਵਲ ਮਹਾਂ ਕਾਲ ਨਾਲ ਸਬੰਧਤ ਹੈ।



ਵਿਲੀਅਮ ਕਾਰਲਟਨ

ਹ. ਪੁ.—ਐਨ. ਬ੍ਰਿ. 4 : 917.

**ਕਾਰਲ-ਮਾਰਕਸ-ਸ਼ਟਾਟ** : ਇਹ ਪੂਰਬੀ ਜਰਮਨੀ ਦੇ ਜ਼ੌਕਸੈਨ ਪ੍ਰਾਂਤ ਦਾ ਇਕ ਸ਼ਹਿਰ ਹੈ ਜੋ ਡ੍ਰੇਜ਼ਡੈੱਨ ਤੋਂ 80 ਕਿ. ਮੀ. ਪੱਛਮ-ਦੱਖਣ-ਪੱਛਮ ਏਰਟਸਗੇਬਿਰਗੇ ਪਠਾਰ ਦੀ ਤਲਹੱਟੀ ਵਿਚ ਕੇਮਨਿਟਸ ਦਰਿਆ ਦੇ ਤੱਟ ਉਪਰ ਸਮੁੰਦਰੀ ਸਤ੍ਹਾ ਤੋਂ 290 ਮੀ. ਦੀ ਉਚਾਈ ਉਤੇ ਵਾਕਿਆ ਹੈ।

ਇਸ ਦਾ ਪਹਿਲਾ ਨਾਂ ਕੇਮਨਿਟਸ ਹੁੰਦਾ ਸੀ ਪਰ ਪੂਰਬੀ ਜ਼ਰਮਨੀ ਵਿਚ ਸਾਮਵਾਦੀ ਸੱਤ੍ਹਾ ਸਥਾਪਤ ਹੋਣ ਤੋਂ ਬਾਅਦ ਇਸ ਦਾ ਨਾਂ ਬਦਲਕੇ ਕਾਰਲ-ਮਾਰਕ-ਸ਼ਟਾਟ ਰੱਖ ਦਿਤਾ ਗਿਆ।

ਪ੍ਰਾਚੀਨ ਕੇਮਨਿਟਸ ਗੋਲਾਕਾਰ ਵੱਸਿਆ ਸੀ ਜਿਸ ਦੇ ਚਾਰੇ ਪਾਸੇ ਨਵੀਨ ਅਤੇ ਉਦਯੋਗਿਕ ਕੇਮਨਿਟਸ ਦਾ ਵਿਕਾਸ ਹੋਇਆ ਹੈ। ਇਹ

ਸ਼ਹਿਰ ਰੇਲਾਂ ਦਾ ਬਹੁਤ ਵੱਡਾ ਜੰਕਸ਼ਨ ਹੈ । ਇਥੋਂ ਪੰਜ ਵੱਖ ਵੱਖ ਦਿਸ਼ਾਵਾਂ ਵਿਚ ਰੇਲਾਂ ਜਾਂਦੀਆਂ ਹਨ । ਇਸ ਦੇ ਨਜ਼ਦੀਕ ਹੀ ਤਸਵਿਕਾਊ ਕੋਲਾ ਖੇਤਰ ਹੈ । ਮੱਧ ਯੁਗ ਤੋਂ ਇਹ ਕਪੜੇ ਦਾ ਕੇਂਦਰ ਚਲਿਆ ਆ ਰਿਹਾ ਹੈ । ਇਸ ਨੂੰ ਸੈਕਸਨੀ ਦਾ ਮਾਨਚੈਸਟਰ ਕਿਹਾ ਜਾਂਦਾ ਹੈ । ਕਪੜੇ ਤੋਂ ਬਿਨਾਂ ਇਥੇ ਰੇਲਵੇ ਇੰਜਣਾਂ, ਮਸ਼ੀਨਾਂ, ਰਸਾਇਣਾਂ, ਸਾਈਕਲਾਂ, ਮੋਟਰ ਗੱਡੀਆਂ, ਬਿਜਲੀ ਦੇ ਸਮਾਨ, ਰੰਗਾਂ ਅਤੇ ਦਰੀਆਂ ਆਦਿ ਦਾ ਨਿਰਮਾਣ ਕੀਤਾ ਜਾਂਦਾ ਹੈ । ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਇਸ ਸ਼ਹਿਰ ਦਾ ਵਿਕਾਸ ਬੜੀ ਤੇਜ਼ੀ ਨਾਲ ਹੋਇਆ । ਦੂਜੇ ਵਿਸ਼ਵ ਯੁੱਧ ਵਿਚ ਇਸ ਦਾ ਬਹੁਤ ਨੁਕਸਾਨ ਹੋਇਆ ਸੀ ਜਿਸ ਨਾਲ ਇਸ ਦੀ ਜਨ-ਸੰਖਿਆ ਵੀ ਘੱਟ ਗਈ ਸੀ ।

ਆਬਾਦੀ—316,937 (1980)
50°48′ ਉ. ਵਿਥ.; 12°57′ ਪੂ. ਲੰਬ.
ਹ. ਪੁ.—ਹਿੰ. ਵਿ. ਕੋ. 3 : 153; ਐਨ. ਬ੍ਰਿ. ਮਾ. 5 : 711

**ਕਾਰਲਾਈਲ, ਟੌਮਸ :** ਇਹ ਸਕਾਟਲੈਂਡ ਦਾ ਨਿਬੰਧਕਾਰ ਅਤੇ ਇਤਿਹਾਸਕਾਰ ਸੀ, ਜਿਸ ਨੂੰ ਗੰਭੀਰ ਪ੍ਰਕਿਰਤੀ ਵਾਲੀ ਵਿਕਟੋਰੀਅਨ ਜਨਤਾ ਨੇ ਬੜੇ ਧਿਆਨ ਨਾਲ ਪੜ੍ਹਿਆ ਅਤੇ ਬਹੁਤ ਸਤਿਕਾਰ ਦਿਤਾ । ਲਿਖਤ ਅਧੀਨ ਵਿਸ਼ਾ ਭਾਵੇਂ ਇਤਿਹਾਸਕ, ਰਾਜਨੀਤਕ ਜਾਂ ਆਰਥਕ, ਧਾਰਮਕ ਜਾਂ ਜੀਵਨੀ ਨਾਲ ਸਬੰਧਤ ਹੁੰਦਾ, ਇਸ ਦਾ ਮੰਤਵ ਹਮੇਸ਼ਾ ਉਸ ਪੱਖ ਦਾ ਸਮਰਥਕ ਬਣਨਾ ਸੀ । ਇਸ ਦਾ ਜਨਮ 4 ਦਸੰਬਰ, 1795 ਨੂੰ ਐਨਐਂਡਲ ਵਿਚ ਐਕਫੈਕੇਨ ਵਿਖੇ ਜੇਮਜ਼ ਕਾਰਲਾਈਲ ਦੇ ਘਰ ਹੋਇਆ । ਕਾਰਲਾਈਲ ਉੱਤੇ ਆਪਣੇ ਪਿਤਾ ਦਾ ਬਹੁਤ ਪ੍ਰਭਾਵ ਸੀ ।


ਟੌਮਸ ਕਾਰਲਾਈਲ

ਮੁਢਲੀ ਵਿਦਿਆ ਐਕਫੈਕੇਨ ਤੋਂ ਪ੍ਰਾਪਤ ਕਰ ਕੇ ਬਾਅਦ ਵਿਚ ਐਡਿਨਬਰ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਇਸ ਨੇ ਡੂੰਘਾ ਅਧਿਐਨ ਕੀਤਾ । ਪੜ੍ਹਾਈ ਮਗਰੋਂ ਇਹ ਹਿਸਾਬ ਦਾ ਅਧਿਆਪਕ ਲਗ ਗਿਆ ਪਰ ਇਹ ਕਾਮਯਾਬ ਨਾ ਹੋਇਆ । ਦਸੰਬਰ 1819 ਵਿਚ ਇਹ ਕਾਨੂੰਨ ਪੜ੍ਹਨ ਲਈ ਵਾਪਸ ਐਡਿਨਬਰ ਯੂਨੀਵਰਸਿਟੀ ਵਿਚ ਚਲਾ ਗਿਆ, ਜਿਥੋਂ ਇਸ ਨੇ ਤਿੰਨ ਸਾਲ ਬੜੀ ਤਰਸਯੋਗ ਹਾਲਤ ਤੇ ਇਕੱਲਪੁਣੇ ਵਿਚ ਬਿਤਾਏ । ਇਸ ਦੌਰਾਨ ਇਹ ਬੜੇ ਆਤਮਕ ਸੰਘਰਸ਼ ਵਿਚੋਂ ਦੀ ਲੰਘਿਆ । ਆਪਣੇ ਇਸ ਨਾਕਾਰਾਤਮਕ ਅਨੁਭਵ ਨੂੰ ਇਸ ਨੇ ਆਪਣੀ ਪੁਸਤਕ 'Sarto Resartus' ਵਿਚ ਪੇਸ਼ ਕੀਤਾ । ਪਰ ਇਸ ਬਾਰੇ ਸ਼ੱਕ ਹੈ ਕਿ ਜੋ ਕੁਝ ਇਸ ਨੇ ਬਿਆਨਿਆ ਹੈ, ਉਹ ਸਾਰਾ ਕੁਝ ਇਸ ਨੂੰ ਅਨੁਭਵ ਹੋਇਆ ਸੀ । ਹਿੰਸਾ ਕਾਰਲਾਈਲ ਦੀ ਦੁਖੀ ਤੇ ਬਾਗੀ ਆਤਮਾ ਦਾ ਗੁਣ ਹੈ । ਇਨ੍ਹਾਂ ਦਿਨਾਂ ਵਿਚ ਇਸ ਨੇ ਜਰਮਨ ਸਾਹਿਤ ਦਾ ਬੜਾ ਗੰਭੀਰ ਅਧਿਐਨ ਕੀਤਾ । ਇਸ ਦੇ ਮਨ ਵਿਚ ਗੇਟੇ (Goethe) ਲਈ ਅਥਾਹ ਸ਼ਰਧਾ ਸੀ ।

17 ਅਕਤੂਬਰ, 1826 ਨੂੰ ਇਸ ਨੇ 'ਜੈਨ ਵੈਲਸ' ਨਾਲ ਵਿਆਹ ਕਰ ਲਿਆ । ਭਾਵੇਂ ਇਨ੍ਹਾਂ ਦਾ ਆਪਸੀ ਪਿਆਰ ਬਹੁਤ ਜ਼ਿਆਦਾ ਰਿਹਾ ਪਰ ਕਾਰਲਾਈਲ ਦੇ ਚਿੜਚੜੇ ਸੁਭਾ ਕਾਰਨ ਇਨ੍ਹਾਂ ਦਾ ਵਿਵਾਹਿਤ ਜੀਵਨ ਗ਼ਲਤ-ਫ਼ਹਿਮੀਆਂ ਤੇ ਝਗੜਿਆਂ ਨਾਲ ਭਰਪੂਰ ਸੀ । 1834 ਵਿਚ ਇਹ ਆਪਣੀ ਪਤਨੀ ਸਹਿਤ ਲੰਡਨ ਵਿਚ ਰਹਿਣ ਲਗ ਪਿਆ । ਸਾਲ ਭਰ ਇਸ ਨੂੰ ਆਪਣੀ ਸਾਹਿਤ ਰਚਨਾ ਤੋਂ ਕੋਈ ਆਮਦਨ ਨਾ ਹੋਈ ਤੇ ਇਸ ਨੂੰ ਡਰ ਸੀ ਕਿ ਬਚਾਈ ਗਈ ਪੂੰਜੀ ਵੀ ਖਤਮ ਹੋ ਜਾਵੇਗੀ । ਪਰ ਇਸ ਨੇ ਹਾਲਾਤ ਨਾਲ ਸੁਲਾਹ ਨਾ ਕੀਤੀ ਤੇ ਮਹਾਨ ਇਤਿਹਾਸਕ ਕਿਰਤ French Revolution ਲਿਖੀ । ਇਹ ਸੜ ਗਈ ਸੀ ਪਰ ਇਸ ਨੇ ਦੁਬਾਰਾ ਉਸੇ ਮਿਹਨਤ ਨਾਲ 1837 ਵਿਚ ਫਿਰ ਲਿਖੀ । ਇਹ ਕਿਤਾਬ ਸ਼ਾਇਦ ਇਸ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ ।

'ਚਾਰਟਿਜ਼ਮ' ਵਿਚ ਇਸ ਨੇ ਫ਼ਰਾਂਸ ਦੇ ਅਰਥ-ਸ਼ਾਸਤਰੀਆਂ ਦੇ ਇਸ ਸਿਧਾਂਤ ਕਿ ਜਿਵੇਂ ਲੋਕ ਚਾਹੁਣ ਉਨ੍ਹਾਂ ਨੂੰ ਉਵੇਂ ਕਰਨ ਦਿਓ (Laissez faire) ਦਾ ਜ਼ਬਰਦਸਤ ਵਿਰੋਧ ਕੀਤਾ । 'On Heroes', 'Hero-Worship' and the Heroic in History' (1841) ਵਿਚ ਇਸ ਦੀ ਸ਼ਕਤੀ ਲਈ ਸਤਿਕਾਰ ਦੀ ਭਾਵਨਾ ਜਨਮੀ ਦ੍ਰਿਸ਼ਟੀਗੋਚਰ ਹੁੰਦੀ ਹੈ । ਇਹ ਹੀਰੋ ਨੂੰ ਦੇਵਤਵ, ਪੈਗੰਬਰ, ਕਵੀ, ਪਾਦਰੀ, ਵਿਦਵਾਨ ਅਤੇ ਬਾਦਸ਼ਾਹ ਦੇ ਰੂਪ ਵਿਚ ਵਿਚਾਰਦਾ ਹੈ ।

ਕਰਾਮਵੈਲ ਇਸ ਲਈ ਆਦਰਸ਼ਕ ਮਨੁੱਖ ਸੀ । ਇਸ ਕਰ ਕੇ 1845 ਵਿਚ ਇਸ ਨੇ ਆਪਣੀ ਬਹੁਤ ਵੱਡੀ ਕਿਰਤ 'Oliver Cromwell's Letters And Speeches : With Elucidations । ਪ੍ਰਕਾਸ਼ਿਤ ਕੀਤੀ । ਇਵੇਂ ਹੀ ਇਸ ਨੇ ਆਪਣੇ ਇਕ ਹੋਰ ਹੀਰੋ ਫ੍ਰੈਡਰਿਕ ਮਹਾਨ ਸਬੰਧੀ ਪੁਸਤਕ 'The History of Friedrich-II of Prussia, Called Frederick the Great' ਛਾਪੀ । 'The Early Kings of Norway: Also an Essay on the portrait of John Knox' (1875) ਅਤੇ 'Reminiscences' (1881) ਵਿਚ ਪ੍ਰਕਾਸ਼ਤ ਕੀਤੀਆਂ ।

1866 ਵਿਚ ਹੋਈ ਇਸ ਦੀ ਪਤਨੀ ਦੀ ਮੌਤ ਨੇ ਇਸ ਨੂੰ ਝੰਜੋੜ ਸੁਟਿਆ । 1883 ਵਿਚ ਇਸ ਨੇ ਆਪਣੀ ਪਤਨੀ ਦੇ ਪੱਤਰ Letters and Memorials of Jane Welsh Carlyle 'Prepared by Thomas Carlyle' ਨਾਂ ਹੇਠ ਪ੍ਰਕਾਸ਼ਿਤ ਕੀਤੇ । ਇਸ ਵਿਦਵਾਨ ਦੀਆਂ ਰਚਨਾਵਾਂ ਦਾ ਕੇਂਦਰੀ ਧੁਰਾ ਧਰਮ ਹੈ । ਇਸ ਨੇ ਆਪਣੀ ਸਦੀ ਦੀ ਚੇਤਨਾ ਨੂੰ ਚੰਗਾ ਹਲੂਣਾ ਦਿੱਤਾ । ਇਸ ਨੇ ਹਜ਼ਾਰਾਂ ਲੋਕਾਂ ਨੂੰ ਇਤਿਹਾਸਕ ਤੇ ਆਤਮਕ ਸੰਦਰਭ ਵਿਚ ਆਪਣੇ ਅਨੁਭਵ ਜਾਂਚਣ ਅਤੇ ਇਕ ਤਰ੍ਹਾਂ ਦੀ ਨੀਰਸ ਹੋਂਦ ਵਿਚੋਂ ਨਵੇਂ ਅਰਥ ਲੱਭਣ ਲਈ ਸਹਾਇਤਾ ਕੀਤੀ । ਅਕਾਊ ਸਰੀਰਕ ਮਿਹਨਤ ਦੇ ਯੁਗ ਵਿਚ ਇਸ ਨੇ ਹਜ਼ਾਰਾਂ ਲੋਕਾਂ ਨੂੰ ਕੰਮ ਦੀ ਵਡਿਆਈ ਲਈ ਉਤਸ਼ਾਹਤ ਕੀਤਾ । ਇਸ ਦੀ ਮੌਤ ਲੰਡਨ ਵਿਖੇ 5 ਫ਼ਰਵਰੀ, 1881 ਨੂੰ ਹੋਈ ।

ਹ. ਪੁ.—ਐਨ. ਬ੍ਰਿ. 4 : 923

**ਕਾਰਲਾਈਲ, ਵਿਲਸਨ :** ਇਹ 'ਚਰਚ ਸੈਨਾ' ਦਾ ਬਾਨੀ ਸੀ । ਇਸ ਦਾ ਜਨਮ 1847 ਵਿਚ ਬ੍ਰਿਕਸਟਨ ਵਿਖੇ ਹੋਇਆ । ਇਸ ਨੇ ਲੰਡਨ ਕਾਲਜ ਔਫ਼ ਡਿਵਿਨਿਟੀ ਤੋਂ ਵਿਦਿਆ ਪ੍ਰਾਪਤ ਕੀਤੀ । ਆਰੰਭਕ ਜੀਵਨ ਵਿਚ ਇਹ ਵਪਾਰ ਵਿਚ ਪੈ ਗਿਆ, ਇਸ ਨੇ ਯੂਰਪ ਦਾ ਖੂਬ ਦੌਰਾ ਕੀਤਾ ਅਤੇ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ । ਇਸ ਉਪਰ 1875 ਦੇ 'ਮੂਡੀ ਐਂਡ ਸੈਂਕੀ' ਮਿਸ਼ਨ ਦਾ ਬੜਾ ਪ੍ਰਭਾਵ ਪਿਆ ਅਤੇ 1880 ਵਿਚ ਇਸ ਨੂੰ ਇੰਗਲੈਂਡ ਦੇ ਚਰਚ ਵਿਚ ਪਾਦਰੀ ਬਣਾਇਆ ਗਿਆ । ਦੋ ਵਰ੍ਹੇ ਪਿਛੋਂ ਵੈਸਟਮਿਨਸਟਰ ਦੀਆਂ ਗੰਦੀਆਂ ਬਸਤੀਆਂ ਵਿਚ ਕੰਮ ਕਰਦਿਆਂ, ਇਸ ਨੇ ਵੈਸਟਮਿਨਸਟਰ ਮਿਸ਼ਨ ਦੀ ਨੀਂਹ ਰੱਖੀ, ਅਤੇ ਇਸ ਤੋਂ 'ਚਰਚ ਸੈਨਾ' ਦਾ ਵਿਕਾਸ ਹੋਇਆ । ਸਿਹਤ ਖ਼ਰਾਬ ਹੋ ਜਾਣ ਕਰ ਕੇ ਇਸ ਨੂੰ 1891 ਵਿਚ ਐਸੈਕਸ ਵਿਚ ਨੈਟਸਵੈੱਲ ਵਿਖੇ ਰਹਿਣਾ ਪਰਵਾਨ ਕਰਨਾ ਪਿਆ ਪਰੰਤੂ ਇਕ ਵਰ੍ਹੇ ਪਿੱਛੋਂ ਇਹ ਲੰਡਨ ਦੇ ਸੇਂਟ ਮੈਰੀ-ਐਟ-ਹਿਲ ਵਿਚ ਰੈਕਟਰ ਬਣ ਗਿਆ, ਜਿਥੇ ਇਹ 1926 ਵਿਚ ਆਪਣੀ ਸੇਵਾ ਮੁਕਤੀ ਤੱਕ ਕੰਮ ਕਰਦਾ ਰਿਹਾ ।

ਇਸ ਦੀ ਚਰਚ ਸਬੰਧੀ ਅਤੇ ਸਮਾਜ ਸਬੰਧੀ ਸੇਵਾ ਦੀ ਬੜੀ ਕਦਰ ਪਈ ਅਤੇ 1896 ਵਿਚ 'ਚਰਚ ਆਰਮੀ' ਜੇਲ੍ਹ-ਖ਼ਾਨਿਆਂ ਅਤੇ ਸੁਧਾਰ ਘਰਾਂ ਵਿਚ ਵੀ ਚਲੀ ਗਈ । ਸੰਨ 1906 ਵਿਚ ਕਾਰਲਾਈਲ ਸੇਂਟ ਪਾਲ ਦੇ ਵੱਡੇ ਗਿਰਜੇ ਦਾ ਵਜ਼ੀਫ਼ਾ ਪਾਉਣ ਵਾਲਾ ਪਾਦਰੀ ਬਣ ਗਿਆ। ਥੋੜੇ ਸਮੇਂ ਪਿੱਛੋਂ ਇਥੋਂ ਇਸ ਨੇ ਯੂਰਪ ਵਿਚ ਲੇਬਰ ਸਮੱਸਿਆਵਾਂ ਦਾ ਅਧਿਐਨ ਕਰਨ ਲਈ ਦੌਰਾ ਕੀਤਾ। ਉਥੋਂ ਪਰਤ ਕੇ ਇਸ ਨੇ ਇਕ ਪੁਸਤਕ 'ਦੀ ਕਨਟੀਨੈਂਟਲ ਆਊਟਕਾਸਟ' ਪ੍ਰਕਾਸ਼ਿਤ ਕੀਤੀ। ਪਹਿਲੀ ਵੱਡੀ ਜੰਗ ਜਿਸ ਵਿਚ ਚਰਚ ਆਰਮੀ ਨੇ ਸ਼ਲਾਘਾਯੋਗ ਕਾਰਜ ਕੀਤਾ ਸੀ, ਤੋਂ ਪਿੱਛੋਂ ਇਹ ਲਹਿਰ ਹੋਰ ਦੇਸ਼ਾਂ ਵਿਚ ਫੈਲ ਗਈ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਇਸ ਨੇ ਖ਼ਾਸ ਥਾਂ ਬਣਾਈ ਜਿੱਥੇ ਕਿ ਇਹ 1926 ਵਿਚ ਆਪ ਗਿਆ ਸੀ। ਕਿੰਨੀਆਂ ਹੀ ਸੰਸਥਾਵਾਂ ਵਲੋਂ ਇਸ ਨੂੰ ਡਿਗਰੀਆਂ ਪ੍ਰਦਾਨ ਕਰ ਕੇ ਇਸ ਦਾ ਮਾਣ ਕੀਤਾ ਗਿਆ । ਇਸ ਦੀਆਂ ਪ੍ਰਸਿੱਧ ਕਿਰਤਾਂ 'ਦੀ ਚਰਚ ਐਂਡ ਕਨਵਰਸ਼ਨ' (1882), 'ਸਪਿਰਿਚੂਅਲ ਡਿਫੀਕਲਟੀਜ਼' (1885) ਅਤੇ 'ਬੈਪਟਿਜ਼ਮ ਆਫ਼ ਫਾਇਰ' (1907) ਹਨ।

ਇਸ ਦੀ ਮੌਤ 1942 ਵਿਚ ਹੋਈ।

ਹ. ਪੁ.—ਐਵ. ਐਨ. 3 : 102

**ਕਾਰਲੌਸ, ਡਾਨ :** ਸਪੇਨ ਦੀ ਰਾਜਗੱਦੀ ਹਥਿਆਉਣ ਵਾਲਾ ਇਹ ਚੌਥਾ ਕਾਰਲਿਸਟ ਸੀ। ਇਸ ਦਾ ਜਨਮ 30 ਮਾਰਚ, 1848 ਨੂੰ ਲਯੁਬਲਾਸਾਨਾ (ਹੁਣ ਯੂਗੋਸਲਾਵੀਆ ਵਿਚ) ਵਿਖੇ ਹੋਇਆ । ਇਸ ਦੀ ਮਿਲਟਰੀ ਪੱਖੋਂ ਅਸਮੱਰਥਾ ਕਾਰਨ ਕਾਰਲਿਸਟਾਂ ਦਾ ਹੱਕ ਰਾਜਗੱਦੀ ਵਲੋਂ ਜਾਂਦਾ ਰਿਹਾ । ਸੰਨ 1868 ਦੀ ਕ੍ਰਾਂਤੀ ਪਿੱਛੋਂ ਰਾਜਨੀਤਿਕ ਅਸੰਤੁਲਤਾ ਤੋਂ ਲਾਭ ਉਠਾਉਂਦੇ ਹੋਏ ਇਸ ਨੇ ਆਪਣੀਆਂ ਫ਼ੌਜਾਂ ਇਕੱਠੀਆਂ ਕਰਕੇ ਇਕ ਖੂੰਖਾਰ ਸਿਵਲ ਜੰਗ ਸ਼ੁਰੂ ਕਰ ਦਿਤੀ ਜਿਸ ਨੂੰ ਦੂਜੀ ਕਾਰਲਿਸਟ ਜੰਗ (1872-76) ਕਿਹਾ ਜਾਂਦਾ ਹੈ। ਭਾਵੇਂ ਕਾਰਲਿਸਟਾਂ ਨੂੰ ਕੁਝ ਮਹੱਤਵਪੂਰਨ ਸਫਲਤਾਵਾਂ ਪ੍ਰਾਪਤ ਹੋਈਆਂ, ਪਰੰਤੂ ਈਜ਼ਾਬੈਲਾ ਦੇ ਪੁੱਤਰ ਐਲਫਾਂਸੋ ਸੱਤਵੇਂ ਨੂੰ ਰਾਜਗੱਦੀ ਦਿਤੇ ਜਾਣ ਤੇ ਕਾਰਲਿਸਟ ਰਾਜਗੱਦੀ ਪ੍ਰਾਪਤ ਕਰਨ ਦਾ ਹੱਕ ਖੋ ਬੈਠੇ।

ਡਾਨ ਕਾਰਲਾਸ ਦੇਸ਼ ਤੋਂ ਬਾਹਰ ਨੱਠ ਗਿਆ। ਸੰਨ 1885 ਵਿਚ ਐਲਫਾਂਸੋ ਦੀ ਮੌਤ ਹੋਣ ਤੇ ਵੀ ਡਾਨ ਕਾਰਲਾਸ ਆਪਣੀ ਗੱਦੀ ਪ੍ਰਾਪਤ ਕਰਨ ਦਾ ਹੱਕ ਸਾਬਤ ਨਾ ਕਰ ਸਕਿਆ ।

18 ਜੁਲਾਈ, 1909 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 570

**ਕਾਰਲਾਵੀ ਵਾਰੀ :** ਜਰਮਨ ਵਿਚ ਇਸ ਨੂੰ ਕਾਰਲਸਬਾਦ ਵੀ ਕਿਹਾ ਜਾਂਦਾ ਹੈ । ਚੈਕੋਸਲੋਵਾਕੀਆ ਦੇ ਜ਼ਾਪਾਡੋਸੈਸਕੀ ਕਰਾਜ ਵਿਚ ਟੈਪਲਾ ਦਰਿਆ ਉਪਰ ਵਾਕਿਆ ਚਸ਼ਮਿਆਂ ਵਾਲਾ ਇਕ ਸ਼ਹਿਰ ਹੈ। ਕਿਸੇ ਸਮੇਂ ਇਸ ਦੇ ਆਲੇ ਦੁਆਲੇ ਦੀ ਉੱਚ-ਭੂਮੀ ਜਵਾਲਾ ਮੁੱਖੀ ਕ੍ਰਿਆ ਦੇ ਅਧੀਨ ਰਹੀ ਹੈ ਜੋ ਆਪਣੇ ਗਰਮ ਪਾਣੀ ਦੇ ਚਸ਼ਮਿਆਂ ਅਤੇ ਖਣਿਜ ਪਦਾਰਥਾਂ ਕਾਰਨ ਪ੍ਰਸਿੱਧ ਸੀ। ਇਥੋਂ ਦੇ 17 ਗਰਮ ਪਾਣੀ ਦੇ ਪ੍ਰਸਿੱਧ ਚਸ਼ਮਿਆਂ ਵਿਚੋਂ ਵਰਾਈਡਲੋ ਚਸ਼ਮਾ ਸੱਭ ਤੋਂ ਮਸ਼ਹੂਰ ਹੈ ਅਤੇ ਕ੍ਰਿਆਸ਼ੀਲ ਹੈ ਜਿਸ ਵਿਚੋਂ ਤੇਜ਼ ਗਰਮ ਪਾਣੀ (72° ਸੈ.) ਦਾ 11 ਮੀ. ਉੱਚਾ ਫੁਹਾਰਾ ਨਿਕਲਦਾ ਹੈ।

ਇਥੋਂ ਦੇ ਅਲਕਲਾਈਨ ਸਲਫਰ ਦੇ ਚਸ਼ਮੇ ਜਿਨ੍ਹਾਂ ਦਾ ਹਾਜ਼ਮੇ ਦੀਆਂ ਖਰਾਬੀਆਂ ਦੇ ਇਲਾਜ ਲਈ ਕਾਫੀ ਮਹੱਤਵ ਸੀ, ਕਈ ਮੱਧ ਯੁਗ ਦੇ ਹਾਕਮਾਂ, ਸ਼ਹਿਜ਼ਾਦਿਆਂ ਅਤੇ ਪਾਦਰੀਆਂ ਦੀ ਸਰਪ੍ਰਸਤੀ ਹੇਠਾਂ ਰਹੇ ਹਨ।

ਲੁਦਵਿਕ ਫਾਨ ਬੀਥੋਵਿਨ, ਫ੍ਰੈਡ੍ਰਿਕ ਸ਼ਾਪੈਨ ਅਤੇ ਜੋਹੈਨੈਸ ਬ੍ਰਾਹਮਜ਼ ਵਰਗੇ ਸੰਗੀਤਕਾਰ; ਜੋਹੱਨ ਵੂਲਫਗੈਂਗ ਫਾਨ ਗੋਇਟੇ, ਫ੍ਰੈਡਿਕ ਸ਼ਿਲਰ ਅਤੇ ਅਲੈਗਜ਼ਾਂਦਰ ਪੁਸ਼ਕਿਨ ਵਰਗੇ ਮਹਾਨ ਕਵੀ ਅਤੇ ਜ਼ਾਰ ਪੀਟਰ ਫਸਟ ਦੀ ਗ੍ਰੇਟ ਵਰਗੇ ਮਹਾਨ ਵਿਅਕਤੀ ਇਸ ਸ਼ਹਿਰ ਨੂੰ ਅਕਸਰ ਨਿਵਾਜਦੇ ਸਨ। ਇਸ ਦੀ ਬਹੁਤੀ ਮਸ਼ਹੂਰੀ ਉੱਨੀਵੀਂ ਸਦੀ ਵਿਚ ਬਣਨ ਵਾਲੇ ਇਸ਼ਨਾਨ ਘਰਾਂ, ਹੋਟਲਾਂ ਅਤੇ ਅਰਾਮ ਘਰਾਂ ਕਰਕੇ ਹੋਈ।

ਇਥੋਂ ਦੀ ਸਨਅੱਤ ਵਿਚ ਚੀਨੀ ਦੇ ਭਾਂਡੇ, ਸ਼ੀਸ਼ੇ ਦਾ ਸਮਾਨ, ਕਪੜੇ, ਦਸਤਾਨੇ ਅਤੇ ਖਣਿਜੀ ਲੂਣ ਆਦਿ ਤਿਆਰ ਕੀਤੇ ਜਾਂਦੇ ਹਨ।

ਆਬਾਦੀ— 60,877 (1981)

50° 11′ ਉ. ਵਿਥ.; 12° 52′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 712.

**ਕਾਰਲਿਲ :** ਇੰਗਲੈਂਡ ਵਿਚ ਇਹ ਇਕ ਸ਼ਹਿਰ, ਬਰੋ ਅਤੇ ਕੰਬਰੀਆ ਦਾ ਕਾਊਂਟੀ ਟਾਊਨ (1914 ਤੋਂ 1974 ਤਕ) ਹੈ ਜਿਹੜਾ ਲੰਡਨ ਦੇ ਉੱਤਰ-ਪੱਛਮ ਵਿਚ ਲਗਭਗ 480 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਹ ਦਰਿਆ ਐਡਨ ਦੇ ਮੁਹਾਣੇ ਤੋਂ 13 ਕਿ. ਮੀ. ਦੂਰ ਹੈ। ਇਹ ਬਰਤਾਨੀਆ ਦਾ ਇਕ ਮੁੱਖ ਰੇਲਵੇ ਕੇਂਦਰ ਹੈ।

ਮੈਗਨਸ ਮੈਕਸੀਮਸ (383-388) ਦੇ ਰਾਜ ਤਕ ਇਹ ਸ਼ਹਿਰ ਰੋਮ ਦੇ ਕਬਜ਼ੇ ਵਿਚ ਰਿਹਾ। ਕਾਰਲਿਲ ਦਾ ਕਿਲਾ ਮੁੱਖ ਤੌਰ ਤੇ ਪੈਟਰੀਆਨਾ ਤੋਂ ਲਿਆਂਦੇ ਗਏ ਪੱਥਰਾਂ ਨਾਲ ਉਸਾਰਿਆ ਗਿਆ ਸੀ। ਸੰਨ 1092 ਵਿਚ ਇਸ ਸ਼ਹਿਰ ਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ। ਸੰਨ 1135 ਵਿਚ ਇਹ ਮੁੜ ਸਕਾਟਲੈਂਡ ਦੇ ਕਬਜ਼ੇ ਵਿਚ ਚਲਾ ਗਿਆ। ਸੰਨ 1158 ਵਿਚ ਇਹ ਸ਼ਹਿਰ ਮੁੜ ਪੱਕੇ ਤੌਰ ਤੇ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਸੰਨ 1541 ਵਿਚ ਹੈਨਰੀ 8ਵੇਂ ਨੇ ਕਿਲੇ ਨੂੰ ਹੋਰ ਮਜ਼ਬੂਤ ਬਣਾਇਆ ਤੇ ਇਸ ਵਿਚ ਕੁਝ ਤਰਮੀਮ ਵੀ ਕੀਤੀ। ਸੰਨ 1568 ਵਿਚ ਸਕਾਟਲੈਂਡ ਦੀ ਰਾਣੀ ਮੇਰੀ ਸਕਾਟਲੈਂਡ ਤੋਂ ਨੱਠਕੇ ਇਸ ਕਿਲੇ ਵਿਚ ਮਹਿਮਾਨ ਵਜੋਂ ਠਹਿਰੀ।

ਇਹ ਸ਼ਹਿਰ 18ਵੀਂ ਸਦੀ ਦੇ ਅੱਧ ਤਕ ਜੰਗ ਦਾ ਮੈਦਾਨ ਹੀ ਬਣਿਆ ਰਿਹਾ । ਇਸ ਪਿਛੋਂ ਇਥੇ ਕੁਝ ਵਿਕਾਸ ਹੋਣਾ ਸ਼ੁਰੂ ਹੋਇਆ। ਨਿਊਕੈਸਲ ਕਾਰਲਿਲ ਰੇਲ ਲਾਈਨ ਇੰਗਲੈਂਡ ਵਿਚ ਪਹਿਲੀ ਪੂਰਬ ਤੋਂ ਪੱਛਮ ਵਲ ਦੀ ਲਾਈਨ ਸੀ । 1914 ਵਿਚ ਕਾਰਲਿਲ ਪਹਿਲੀ ਵਾਰ ਮੰਡੀ ਦੇ ਤੌਰ ਤੇ ਸਾਹਮਣੇ ਆਇਆ । ਕਈ ਪਾਰਕ ਤੇ ਕਾਲਜ ਬਣ ਗਏ। ਇਸ ਤੋਂ ਪਿਛੋਂ ਇਸ ਸ਼ਹਿਰ ਦਾ ਪੂਰੀ ਤੌਰ ਤੇ ਵਿਕਾਸ ਹੋਣਾ ਸ਼ੁਰੂ ਹੋਇਆ।

ਆਬਾਦੀ—101,200 (1983)

54° 54′ ਉ. ਵਿਥ.; 20° 55′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 568; ਐਨ. ਬ੍ਰਿ. 4 : 876

**ਕਾਰਲੀ :** ਭਾਰਤ ਦੇ ਮਹਾਰਾਸ਼ਟਰ ਰਾਜ ਵਿਚ ਪੂਨਾ ਜ਼ਿਲ੍ਹੇ ਦਾ ਇਹ ਇਕ ਪਿੰਡ ਹੈ, ਜਿਹੜਾ ਪੂਨੇ ਤੋਂ ਕੋਈ 52 ਕਿ. ਮੀ. ਉੱਤਰ ਪੱਛਮ ਵਿਚ ਸਥਿੱਤ ਹੈ। ਇਥੇ ਪਹਾੜ ਕੱਟ ਕੇ ਬਣਾਈ ਹੋਈ ਇਕ ਚੈਤਿਆ (ਬੋਧੀ ਆਸ਼ਰਮ) ਹੈ, ਜਿਹੜੀ ਇਕ ਸਾਧਾਰਨ ਜਿਹੇ ਨਮੂਨੇ ਦੀ ਹੈ। ਇਹ 38 ਮੀ. ਲੰਬੀ, 14 ਮੀ. ਚੌੜੀ ਅਤੇ ਸਾਗਵਾਨ ਦੀ ਬਣੀ ਹੋਈ ਛੱਤ ਤਕ 13.5 ਮੀ. ਉੱਚੀ ਹੈ। ਇਹ ਦੂਜੀ ਸਦੀ ਦੀ ਬਣੀ ਹੋਈ ਹੈ। ਹੀਨਯਾਨ ਗੁਫ਼ਾ ਮੰਦਰਾਂ ਵਿਚੋਂ ਇਹ ਚੈਤਿਆ ਸੱਭ ਤੋਂ ਵੱਡੀ ਅਤੇ ਸੱਭ ਤੋਂ ਜ਼ਿਆਦਾ ਧਿਆਨ ਨਾਲ ਬਣਾਈ ਹੋਈ ਹੈ । ਪੁਰਾਣੀਆਂ ਚੈਤਿਆਵਾਂ ਨਾਲੋਂ ਕਾਰਲੀ ਦਾ ਫ਼ਰਕ ਇਹ ਹੈ ਕਿ ਇਸ ਦੇ ਦਾਖ਼ਲੇ ਦਾ ਪਰਦਾ ਪੱਥਰ ਦਾ ਬਣਿਆ ਹੋਇਆ ਹੈ। ਸਿਰਫ ਕੰਵਲ ਦੀ ਸ਼ਕਲ ਦੀ ਖਿੜਕੀ ਸਾਗਵਾਨ ਦੀ ਲੱਕੜੀ ਦੀ ਬਣੀ ਹੋਈ ਹੈ। ਵਿਚਕਾਰਲੇ ਸਤੂਨਾਂ ਦੇ ਹੇਠਲੇ ਭਾਗ ਗਮਲੇ ਸਮਾਨ ਹਨ ਅਤੇ ਉਪਰਲੇ ਭਾਗਾਂ ਵਿਚ ਹਾਥੀ ਸਵਾਰਾਂ ਦੀਆਂ ਸ਼ਕਲਾਂ ਬਣੀਆਂ ਹੋਈਆਂ ਹਨ। ਇਹਨਾਂ ਦਾ ਪ੍ਰਭਾਵ ਇਕ ਦਮ ਸਾਦਾ ਅਤੇ ਡੂੰਘਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਸ

ਸਮੇਂ ਪੱਛਮੀ ਭਾਰਤ ਦੇ ਪਹਿਲੇ ਕਾਲ ਦੀ ਪੱਥਰ ਕਲਾ ਆਪਣੇ ਸਿੱਖਰਾਂ ਤੇ ਸੀ। ਦਾਖ਼ਲੇ ਵਾਲੇ ਪਰਦੇ ਤੇ ਚਿੱਤਰਕਾਰੀ ਉਸ ਸਮੇਂ ਦੀ ਹੈ ਜਦੋਂ ਇਸ ਆਸ਼ਰਮ ਨੂੰ ਮਹਾਂਯਾਨਾ ਪੂਜਾ ਲਈ, ਸ਼ਾਇਦ ਛੇਵੀਂ ਸਦੀ ਵਿਚ ਬਦਲ ਲਿਆ ਗਿਆ ਸੀ।

ਹ. ਪੁ.—ਐਨ. ਬ੍ਰਿ. 13 : 237.

**ਕਾਰਲੀਔਨ :** ਇਹ ਇੰਗਲੈਂਡ ਦਾ ਸ਼ਹਿਰੀ ਡਿਸਟ੍ਰਿਕਟ ਅਤੇ ਪ੍ਰਾਚੀਨ ਸ਼ਹਿਰ ਹੈ ਅਤੇ ਅਸਕ ਦਰਿਆ ਦੇ ਕੰਢੇ ਤੇ ਮਾਨ ਮੱਥਸ਼ਿਰ ਵਿਚ ਨਿਊਪੋਰਟ ਦੇ ਉੱਤਰ-ਪੂਰਬ ਵਿਚ ਲ. 3 ਕਿ. ਮੀ. ਦੀ ਦੂਰੀ ਤੇ ਸਥਿੱਤ ਹੈ। ਇਸ ਸ਼ਹਿਰ ਦੀ ਮਹੱਤਤਾ ਰੋਮ ਦੀ ਸੈਨਿਕ ਗੜ੍ਹੀ ਦੇ ਖੰਡਰਾਤਾਂ ਕਾਰਨ ਹੈ ਜਿਸ ਕਾਰਨ ਇਸ ਦਾ ਨਾਂ 'ਕੈਂਪ ਆਫ ਲੀਜ਼ਨਜ਼' ਪੈ ਗਿਆ। ਇਸ ਗੜ੍ਹੀ ਦੀ ਖੁਦਾਈ ਕੀਤੀ ਗਈ ਹੈ। ਇਸ ਖੁਦਾਈ ਦੀ ਅੱਜ ਵਿਸ਼ੇਸ਼ ਗੱਲ ਇਹ ਹੈ ਕਿ ਇਥੇ ਇਕ ਰੰਗ-ਸ਼ਾਲਾ ਮਿਲੀ ਹੈ ਜਿਹੜੀ ਲ. 55 ਮੀ. ਲੰਬੀ ਅਤੇ 41 ਮੀ. ਚੌੜੀ ਹੈ। ਇਹ ਇਮਾਰਤ ਰੋਮ ਦੇ ਸ਼ਹਿਰ ਦਾ ਇਕ ਹਿੱਸਾ ਸੀ ਜਿਸ ਵਿਚ ਲਗਭਗ 5000 ਵਿਅਕਤੀ ਆ ਸਕਦੇ ਸਨ। ਮਾਨ ਮੱਥ ਦੇ ਇਤਿਹਾਸਕਾਰ ਜੈਫਰੀ ਨੇ ਇਸ ਖੰਡਰਾਤ ਵਿਚੋਂ ਕੁਝ ਲੋਕ-ਕਥਾਵਾਂ ਦੀ ਸਹੀ ਤਸਵੀਰ ਦਾ ਪਤਾ ਲਗਾਉਣ ਦਾ ਦਾਅਵਾ ਕੀਤਾ ਹੈ।

ਹ. ਪੁ.—ਐਨ. ਅਮੈ. 5 : 138

**ਕਾਰਲੋ : ਕਾਊਂਟੀ**—ਆਇਰਲੈਂਡ ਦੇ ਲੈਂਸਟਰ ਪ੍ਰਾਂਤ ਦੀ ਇਹ ਇਕ ਕਾਊਂਟੀ ਹੈ। ਇਸ ਦਾ ਖੇਤਰਫਲ ਲਗਭਗ 896 ਵ. ਕਿ. ਮੀ. ਅਤੇ ਵਸੋਂ 39,820 (1981) ਹੈ। ਇਸ ਦੇ ਦੱਖਣ-ਪੂਰਬ ਵਿਚ ਬੰਜਰ ਪਹਾੜਾਂ ਦੀ ਇਕ ਲੜੀ ਹੈ ਜਿਸਦੇ ਪੱਛਮੀ ਪਾਸੇ ਵਲ ਕਾਰਬੋਨੀਫੈਰਸ ਚੂਨੇ ਦੇ ਪੱਥਰਾਂ ਵਾਲੇ ਪੱਧਰੇ ਮੈਦਾਨ ਹਨ। ਇਨ੍ਹਾਂ ਮੈਦਾਨਾਂ ਨੇ ਕਾਊਂਟੀ ਦਾ ਬਹੁਤ ਸਾਰਾ ਇਲਾਕਾ ਮੱਲਿਆ ਹੋਇਆ ਹੈ। ਕਾਊਂਟੀ ਦੇ ਪੱਛਮੀ ਪਹਾੜਾਂ ਵਿਚ ਕੋਲੇ ਦੇ ਭੰਡਾਰ ਹਨ। ਨੀਵੇਂ ਮੈਦਾਨਾਂ ਦਾ ਬਹੁਤਾ ਭਾਗ ਗਲੇਸ਼ੀਅਲ ਭੰਡਾਰਾਂ ਨੇ ਮੱਲਿਆ ਹੋਇਆ ਹੈ। ਦਰਿਆ ਬਾਰੋ ਇਸ ਕਾਊਂਟੀ ਵਿਚ ਦੀ ਉੱਤਰ ਤੋਂ ਦੱਖਣ ਵਲ ਨੂੰ ਵਗਦਾ ਹੈ। ਇਸ ਦਰਿਆ ਤੇ ਡਬਲਿਨ-ਪਾਟਰਫੋਰਡ ਕੈਨਾਲ ਸਿਸਟਮ ਸਥਾਪਤ ਕੀਤਾ ਗਿਆ ਹੈ।

ਆਬੋਹਵਾ ਦਰਮਿਆਨੀ ਕਿਸਮ ਦੀ ਹੈ। ਔਸਤਨ ਸਾਲਾਨਾ ਵਰਖਾ ਲਗਭਗ 90 ਸੈ. ਮੀ. ਹੁੰਦੀ ਹੈ। ਤਿੱਤਰ, ਬਟੇਰੇ, ਚੱਕੀਰਾਹਾ ਅਤੇ ਲੰਬੀ ਚੁੰਝ ਵਾਲੇ ਪੰਛੀਆਂ ਦੀ ਭਰਮਾਰ ਹੈ। ਬਾਰੋ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਵਿਚ ਮੱਛੀ ਹੁੰਦੀ ਹੈ। ਪੁਰਾਣੀਆਂ ਨਿਸ਼ਾਨੀਆਂ ਵਿਚ ਕਾਰਲੋ ਤੇ ਲੈਘਲਿਨਬਰਿਜ ਵਿਚ ਮਕਬਰਿਆਂ ਅਤੇ ਨਾਰਮਨ ਕਿਲਿਆਂ ਦੇ ਖੰਡਰਾਤ ਹਨ। ਮੱਠਾਂ ਵਾਲੀਆਂ ਬਸਤੀਆਂ ਦੇ ਚੈਂਨ੍ਹ ਅਜੇ ਵੀ ਇਥੇ ਮਿਲਦੇ ਹਨ ਅਤੇ 12ਵੀਂ ਸਦੀ ਦਾ ਸੇਂਟ ਲੇਜ਼ੇਰੀਅਨ ਦਾ ਗਿਰਜਾਘਰ ਅਜੇ ਵੀ ਵਰਤਿਆ ਜਾਂਦਾ ਹੈ। ਦੱਖਣ ਵੱਚ ਸੇਂਟ ਮੂਲਿਨਜ਼ ਦੀ ਪ੍ਰਾਚੀਨ ਬਸਤੀ, ਜਿਸ ਵਿਚ ਚਰਚ ਅਤੇ ਗੋਲ ਮਿਨਾਰ ਹਨ, 7ਵੀਂ ਸਦੀ ਤੋਂ ਵਸੀ ਹੋਈ ਹੈ।

ਖੇਤੀਬਾੜੀ ਪੱਖੋਂ ਇਹ ਮੁੱਖ ਕਾਊਂਟੀ ਹੈ। ਕਣਕ, ਜੌਂ ਅਤੇ ਚਕੰਦਰ ਦੀ ਕਾਸ਼ਤ ਕੀਤੀ ਜਾਂਦੀ ਹੈ। ਜ਼ਰਾਇਤ ਲਈ ਲੋੜੀਂਦਾ ਚੂਨੇ ਦਾ ਪੱਥਰ ਇਥੇ ਸੋਧਿਆ ਜਾਂਦਾ ਹੈ ਅਤੇ ਬਾਹਰ ਭੇਜਿਆ ਜਾਂਦਾ ਹੈ। ਆਟੇ ਦੀਆਂ ਮਿੱਲਾਂ ਅਤੇ ਸ਼ਰਾਬ ਦੇ ਕਾਰਖਾਨਿਆਂ ਦੀ ਇਥੇ ਬਹੁਤਾਤ ਹੈ। ਖੇਤੀ ਬਾੜੀ ਦੇ ਸੰਦ ਇਥੇ ਬਣਦੇ ਹਨ। ਖੇਤੀ ਬਾੜੀ ਤੋਂ ਦੂਜੇ ਨੰਬਰ ਤੇ ਪਸ਼ੂ ਪਾਲਣ ਦਾ ਕੰਮ ਹੈ।

ਆਵਾਜਾਈ ਦੀਆਂ ਕਾਫ਼ੀ ਸਹੂਲਤਾਂ ਹਨ। ਬਾਰੋ ਵਿਚ ਜਹਾਜ਼ਰਾਨੀ ਵੀ ਹੁੰਦੀ ਹੈ।

ਹ. ਪੁ.—ਐਨ. ਬ੍ਰਿ. 4 : 921

**ਕਾਰਲੋ :** ਸ਼ਹਿਰ—ਆਇਰਲੈਂਡ ਵਿਚ ਇਸੇ ਹੀ ਨਾਂ ਦੀ ਕਾਊਂਟੀ ਦਾ ਸਦਰਮੁਕਾਮ ਹੈ ਜੋ ਡਬਲਿਨ ਤੋਂ 83 ਕਿ. ਮੀ. ਦੱਖਣ-ਪੱਛਮ ਵਲ ਦਰਿਆ ਬਾਰੋ ਤੇ ਸਥਿਤ ਹੈ। ਇਹ ਸ਼ਹਿਰ ਮੁੱਢ ਵਿਚ ਇਕ ਐਂਗਲੋ-ਨਾਰਮਨ ਕਿਲਾ ਸੀ ਅਤੇ 13ਵੀਂ ਸਦੀ ਵਿਚ ਇਸਨੂੰ ਬਣਾਉਣ ਲਈ ਚਾਰਟਰ ਪ੍ਰਾਪਤ ਹੋਇਆ। ਕਿਆਸ ਕੀਤਾ ਜਾਂਦਾ ਹੈ ਕਿ ਇਹ ਕਿਲਾ 1207 ਤੇ 1213 ਵਿਚਕਾਰ ਪੈਮਬਰੋਕ ਦੇ ਪਹਿਲੇ ਅਰਲ ਵਿਲੀਅਮ ਮਾਰਸ਼ਲ ਨੇ ਤਾਮੀਰ ਕਰਵਾਇਆ ਸੀ ਅਤੇ ਆਇਰਲੈਂਡ ਵਿਚ ਇਹ ਆਪਣੀ ਕਿਸਮ ਦਾ ਪਹਿਲਾ ਕਿਲਾ ਸੀ। ਇਥੇ ਨਾਰਮਨ ਤੇ ਨਾਰਮਨਾਂ ਤੋਂ ਪਹਿਲੇ ਸਮਿਆਂ ਦੇ ਗਿਰਜਾਘਰ ਤੇ ਮਕਬਰੇ ਹਨ। ਇਹ ਸ਼ਹਿਰ ਕਿਲਡੇਅਰ ਤੇ ਲੈਘਲਿਨ ਦੇ ਰੋਮਨ ਕੈਥੋਲਿਕ ਬਿਸ਼ਪ ਦੀ ਸੀਟ ਸੀ। ਸੰਨ 1793 ਦਾ ਬਣਿਆ ਸੇਂਟ ਪੈਟਰਿਕ ਦਾ ਕਾਲਜ ਰੋਮਨ ਕੈਥੋਲਿਕ ਪਾਦਰੀਆਂ ਦੀ ਟਰੇਨਿੰਗ ਵਾਸਤੇ ਸੱਭ ਤੋਂ ਪੁਰਾਣਾ ਹੈ।

ਇਥੇ ਚਕੰਦਰ ਤੋਂ ਖੰਡ ਬਣਾਉਣ ਅਤੇ ਸਾਫ਼ ਕਰਨ ਦੇ ਕਾਰਖਾਨੇ ਹਨ। ਆਟੇ ਦੀਆਂ ਮਿੱਲਾਂ, ਚਮੜੇ ਦੀਆਂ ਜੁੱਤੀਆਂ ਅਤੇ ਮਸ਼ੀਨਰੀ ਤਿਆਰ ਕਰਨ ਦੇ ਕਾਰਖਾਨੇ ਵੀ ਇਥੇ ਮੌਜੂਦ ਹਨ।

ਆਬਾਦੀ— 11,722 (1981)

52° 50′ ਉ. ਵਿਥ.; 6° 55′ ਪੱ. ਲੰਬ.

ਹ. ਪੁ.—ਐਨ. ਬ੍ਰਿ. 4 : 921

**ਕਾਰਲੋਟਾ :** ਮੈਕਸੀਕੋ ਦੀ ਇਸ ਮਹਾਰਾਣੀ ਦਾ ਜਨਮ ਬ੍ਰੱਸਲਜ਼ ਦੇ ਨੇੜੇ ਲਾਕੈਂਨ ਦੇ ਸਥਾਨ ਤੇ 7 ਜੂਨ, 1840 ਨੂੰ ਹੋਇਆ। 17 ਸਾਲਾਂ ਦੀ ਉਮਰ ਵਿਚ ਇਸਦਾ ਵਿਆਹ ਆਸਟਰੀਆ ਦੇ ਬਾਦਸ਼ਾਹ ਫ਼ਰਾਂਸਿਸ ਜੋਸਫ਼ ਪਹਿਲੇ ਦੇ ਭਰਾ ਆਰਚਡਿਊਕ ਮੈਕਸੀਮਿਲੀਐਨ ਨਾਲ ਹੋਇਆ। 1864 ਵਿਚ ਇਹ ਮੈਕਸੀਕੋ ਦਾ ਤਾਜ ਪ੍ਰਵਾਨ ਕਰਨ ਲਈ ਆਪਣੇ ਪਤੀ ਨਾਲ ਮੈਕਸੀਕੋ ਚਲੀ ਗਈ। ਜਦੋਂ ਫਰਾਂਸ ਦੇ ਰਾਜੇ ਨੇ ਆਪਣੀਆਂ ਫੌਜਾਂ ਵਾਪਸ ਲੈਣ ਦਾ ਇਰਾਦਾ ਬਣਾ ਲਿਆ ਤਾਂ ਮੈਕਸੀਮਿਲੀਅਨ ਦੀ ਸਥਿਤੀ ਬਹੁਤ ਕਮਜ਼ੋਰ ਹੋ ਗਈ। ਕਾਰਲੋਟਾ ਵਾਪਸ ਯੂਰਪ ਆ ਗਈ ਅਤੇ ਇਸ ਨੇ ਪੈਰਿਸ, ਵੀਆਨਾ ਅਤੇ ਰੋਮ ਦੇ ਪੋਪ ਤੋਂ ਸਹਾਇਤਾ ਦੀ ਮੰਗ ਕੀਤੀ। ਬਾਵਜੂਦ ਪੂਰੀ ਕੋਸ਼ਿਸ਼ ਦੇ ਇਹ ਆਪਣੇ ਪਤੀ ਦੀ ਕੋਈ ਸਹਾਇਤਾ ਨਾ ਕਰ ਸਕੀ। ਇਸ ਦੇ ਪਤੀ ਨੂੰ 1867 ਵਿਚ ਕਤਲ ਕਰ ਦਿਤਾ ਗਿਆ। ਇਹ ਇਸ ਸਦਮੇ ਨੂੰ ਸਹਾਰ ਨਾ ਸਕੀ ਅਤੇ ਪਾਗਲ ਹੋ ਗਈ। ਅੰਤ 19 ਜਨਵਰੀ, 1927 ਨੂੰ ਬੈਲਜੀਅਨ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 921; ਐਨ. ਬ੍ਰਿ. ਮਾ. 2 : 570

**ਕਾਰਵਾਂ ਸਰਾਏ :** ਮੱਧ ਪੂਰਬ ਵਿਚ ਊਠਾਂ ਦੇ ਕਾਫ਼ਲਿਆਂ ਦੀ ਸ਼ਰਨ ਲਈ ਬਣੇ ਮਕਾਨ ਨੂੰ ਕਾਰਵਾਂ ਸਰਾਏ ਕਹਿੰਦੇ ਹਨ। ਇਹ ਆਮ ਕਰਕੇ ਸ਼ਹਿਰ ਜਾਂ ਪਿੰਡ ਦੀਆਂ ਕੰਧਾਂ ਤੋਂ ਬਾਹਰ ਬਣਿਆ ਹੋਇਆ ਹੁੰਦਾ ਹੈ। ਇਹ ਚਾਰ ਖੂੰਜਾ ਆਇਤਾਕਾਰ ਮਕਾਨ ਹੁੰਦਾ ਹੈ ਜਿਸ ਦੀਆਂ ਵੱਡੀਆਂ ਵੱਡੀਆਂ ਕੰਧਾਂ ਹੁੰਦੀਆਂ ਹਨ। ਇਨ੍ਹਾਂ ਕੰਧਾਂ ਦੇ ਸਿਖ਼ਰ ਤੇ ਛੋਟੀਆਂ ਛੋਟੀਆਂ ਤਾਕੀਆਂ ਅਤੇ ਜ਼ਮੀਨ ਦੇ ਕੋਲ ਹਵਾ ਵਾਸਤੇ ਕੁਝ ਕੁ ਤੰਗ ਮੋਰੀਆਂ ਹੁੰਦੀਆਂ ਹਨ। ਬੜੇ ਭਾਰੇ ਤਖ਼ਤਿਆਂ ਵਾਲਾ ਚੌੜਾ ਦਰਵਾਜ਼ਾ ਹੁੰਦਾ ਹੈ ਜਿਸ ਵਿਚੋਂ ਦੀ ਲੱਦੇ ਲਦਾਏ ਊਠ ਲੰਘ ਸਕਦੇ ਹਨ। ਇਸ ਤੋਂ ਬਿਨਾਂ ਕੋਈ ਹੋਰ ਦਰਵਾਜ਼ਾ ਨਹੀਂ ਹੁੰਦਾ। ਇਸ ਦੇ ਅੰਦਰ ਮੱਠ ਦੀ ਸ਼ਕਲ ਦਾ ਡਾਟਦਾਰ ਰਸਤਾ ਹੁੰਦਾ ਹੈ ਜੋ ਜਾਲੀਦਾਰ ਸਟੋਰਾਂ ਨਾਲ ਘਿਰਿਆ ਹੋਇਆ ਹੁੰਦਾ ਹੈ। ਇਹ ਪਹਿਲੀ ਮੰਜ਼ਲ ਹੁੰਦੀ ਹੈ। ਪੱਥਰ ਦੀਆਂ ਚੌੜੀਆਂ ਪੌੜੀਆਂ ਇਸ ਤੋਂ ਉਪਰ ਦੀ ਮੰਜ਼ਲ ਨੂੰ ਜਾਂਦੀਆਂ ਹਨ। ਹੇਠਾਂ ਸਾਮਾਨ ਰੱਖਿਆ ਜਾਂਦਾ ਹੈ ਅਤੇ ਇਕ ਖੂੰਜੇ ਤੇ ਖਾਣਾ ਤਿਆਰ ਕੀਤਾ ਜਾਂਦਾ ਹੈ। ਉਪਰਲੀ ਮੰਜ਼ਲ ਵਿਚ ਰਿਹਾਇਸ਼ ਦਾ ਪ੍ਰਬੰਧ ਹੁੰਦਾ ਹੈ। ਵਿਚਕਾਰ ਖੁਲ੍ਹਾ ਅਤੇ ਪੱਕਾ ਵਿਹੜਾ ਹੁੰਦਾ ਹੈ ਜਿਸ ਵਿਚ ਤਿੰਨ ਚਾਰ ਸੌ ਊਠ ਰਹਿ ਸਕਦੇ ਹਨ ਅਤੇ ਇਸ ਵਿਹੜੇ ਦੀ

ਡੱਤ ਨਹੀਂ ਹੁੰਦੀ । ਇਸ ਵਿਹੜੇ ਵਿਚਕਾਰ ਪੀਣ ਵਾਲੇ ਪਾਣੀ ਦਾ ਖੂਹ ਹੁੰਦਾ ਹੈ। ਸ਼ਹਿਰ ਦੀ ਮਿਉਂਸਪਲਟੀ ਖਾਣਾ ਤੇ ਚਾਰਾ ਨਹੀਂ ਦਿੰਦੀ ਪਰ ਕਾਫ਼ਲਿਆਂ ਦੀ ਸੁਰੱਖਿਆ ਦਾ ਪ੍ਰਬੰਧ ਜ਼ਰੂਰ ਕਰਦੀ ਹੈ। ਖਾਨ ਸੇਰਾਵਾਂ ਅਤੇ ਹੋਟਲਾਂ ਵਰਗੇ ਅਤੇ ਕਾਰਵਾਂ ਸਰਾਏ ਵਿਚ ਆਮ ਕਰਕੇ ਬਹੁਤ ਭੁਲੇਖਾ ਪੈਂਦਾ ਸੀ।

ਹ. ਪੁ.—ਐਨ. ਬ੍ਰਿ. ਮਾ. 2 : 547

**ਕਰਾਈਨਸ** : ਰੋਮ ਦੇ ਬਾਦਸ਼ਾਹ ਕਾਰੁੱਸ ਦਾ ਇਹ ਪੁੱਤਰ ਸੀ । **282** ਈ. ਵਿਚ ਇਸ ਦੇ ਪਿਤਾ ਨੇ ਇਸ ਨੂੰ ਸੀਜ਼ਰ ਦਾ ਖਿਤਾਬ ਦੇ ਕੇ ਰਾਈਨ ਦੀ ਫ਼ੌਜ ਵਿਚ ਭੇਜ ਦਿਤਾ। ਪਿਤਾ ਦੀ ਮੌਤ ਉਪਰੰਤ **283 ਈ.** ਵਿਚ ਇਹ ਪੱਛਮੀ ਰੋਮ ਦਾ ਬਾਦਸ਼ਾਹ ਬਣ ਗਿਆ। ਰਾਈਨ ਦੀ ਜੰਗ ਪਿਛੋਂ ਇਹ ਰੋਮ ਵਾਪਸ ਆਇਆ ਜਿਥੇ ਇਸਨੇ ਸਤੰਬਰ, **284** ਵਿਚ ਕਾਰੁੱਸ ਦੀਆਂ ਜਿੱਤਾਂ ਦਾ ਜਸ਼ਨ ਮਨਾਇਆ।

285 ਈ. ਵਿਚ ਇਸਨੇ ਵੀਨੇਸ਼ੀਆ ਦੇ ਗਵਰਨਰ ਔਰੇਲੀਅਸ ਨੂੰ, ਜਿਸ ਨੇ ਆਪਣੇ ਆਪ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ ਸੀ, ਹਰਾਇਆ। ਇਸ ਦੇ ਤੁਰੰਤ ਪਿਛੋਂ ਕਾਰਾਨਾਈਸ ਨੂੰ ਇਸਦੇ ਆਪਣੇ ਹੀ ਫ਼ੌਜੀਆਂ ਨੇ ਮਾਰਗਸ ਦਰਿਆ ਦੇ ਕੰਢੇ ਉਤੇ ਮਾਰ ਦਿਤਾ।

ਹ. ਪੁ.—ਐਨ. ਬ੍ਰਿ. ਮਾ. 2 : 567

**ਕਾਰਾ ਸਾਗਰ** : ਆਰਕਟਿਕ ਮਹਾਂਸਾਗਰ ਦਾ ਇਹ ਇਕ ਸੀਮਾਂਤ ਸਾਗਰ ਹੈ ਜਿਸ ਨੂੰ ਰੂਸੀ ਵਿਚ 'ਕਾਰਸਕੋਏ ਮੋਰ' ਆਖਦੇ ਹਨ। ਇਸਦੇ ਪੱਛਮ ਵਲੋਂ ਪੱਛਮੀ ਸਾਇਬੇਰੀਅਨ ਮੈਦਾਨ ਅਤੇ ਨੋਵਾਇਆ ਜ਼ੇਮਲੀਆ ਦੀਪਾਂ ਤੇ ਤੱਟ ਹਨ। ਉੱਤਰ-ਪੱਛਮ ਵਲ ਫਰੈਂਡਸ ਜੋਜ਼ੈੱਫ-ਲੈਂਡ ਅਤੇ ਪੂਰਬ ਵਿਚ ਸੇਵਰਨਾਇਆ ਜ਼ਿਮਲੀਆ ਦੀਪ ਹਨ। ਉੱਤਰ ਵਿਚ ਇਹ ਆਰਕਟਿਕ ਬੇਸਿਨ ਅਤੇ ਪੱਛਮ ਵਿਚ ਬੇਰੇਂਟਸ ਸਾਗਰ ਨਾਲ ਅਤੇ ਪੂਰਬ ਵਿਚ ਲਾਪਤੀਫ ਸਾਗਰ ਨਾਲ ਜੁੜਿਆ ਹੋਇਆ ਹੈ। ਇਸ ਸਾਗਰ ਦਾ ਕੁਲ ਰਕਬਾ 8,80,000 ਵ. ਕਿ. ਮੀ., ਔਸਤ ਡੂੰਘਾਈ 127 ਮੀ., ਵੱਧ ਤੋਂ ਵਧ ਡੂੰਘਾਈ 620 ਮੀ. ਅਤੇ ਪਾਣੀ ਦੀ ਹਜ਼ਮ 1,13,000 ਕਿਊਬਿਕ ਕਿ. ਮੀ. ਹੈ। ਸਾਗਰ ਦਾ ਸਭ ਤੋਂ ਵਧ ਵਿਸਥਾਰ ਦੱਖਣ-ਪੱਛਮ ਤੋਂ ਉੱਤਰ-ਪੂਰਬ ਵਲ ਨੂੰ ਲਗਭਗ 1450 ਕਿ. ਮੀ. ਹੈ ਅਤੇ ਉੱਤਰੀ ਭਾਗ ਵਿਚ ਸਭ ਤੋਂ ਵੱਧ ਚੌੜਾਈ ਲਗਭਗ 805 ਕਿ. ਮੀ. ਹੈ। ਯੈਨੀਸੀ, ਓਬ, ਪੈਆਸਿਨਾ ਅਤੇ ਕਾਰਾ, ਜਿਸਦੇ ਪਿਛੋਂ ਇਸਦਾ ਨਾਂ ਪਿਆ ਹੈ, ਇਸ ਸਾਗਰ ਵਿਚ ਡਿੱਗਣ ਵਾਲੇ ਵੱਡੇ ਦਰਿਆ ਹਨ।

ਇਸ ਸਮੁੰਦਰ ਵਿਚ ਕਈ ਜਜ਼ੀਰੇ ਹਨ ਜਿਨ੍ਹਾਂ ਦਾ ਰਕਬਾ ਲਗਭਗ 10,240 ਵ. ਕਿ. ਮੀ. ਹੈ। ਇਹ ਜਜ਼ੀਰੇ ਮੁੱਖ ਤੌਰ ਤੇ ਉੱਤਰੀ ਹਿੱਸੇ ਵਿਚ ਹਨ ਅਤੇ ਇਨ੍ਹਾਂ ਵਿਚ ਮੁਖ ਮੀਨੀਨਾ ਦੀਪ-ਸਮੂਹ ਅਤੇ ਨਾਰਡਨ ਸ਼ੈਲਡਾ ਦੀਪ ਸਮੂਹ ਹਨ ਅਤੇ ਹੋਰ ਕਈ ਦੀਪ ਵੀ ਸ਼ਾਮਲ ਹਨ। ਇਹ ਕਾਰਾ ਸਾਗਰ ਸਾਇਬੇਰੀਅਨ ਸ਼ੈਲਫ਼ ਉਤੇ ਹੀ ਹੈ ਇਸੇ ਕਰਕੇ ਇਸ ਦਾ ਕੋਈ 40% ਭਾਗ 55 ਮੀ. ਹੀ ਡੂੰਘਾ ਹੈ।

ਭੂ-ਵਿਗਿਆਨ ਪੱਖੋਂ ਕਾਰਾ ਸਾਗਰ ਸਭ ਤੋਂ ਨਵੇਂ ਸਾਗਰਾਂ ਵਿਚੋਂ ਇਕ ਹੈ। ਇਹ ਅਖੀਰਲੇ ਹਿਮ-ਯੁੱਗ ਗਲੇਸ਼ੀਅਰਾਂ ਦੇ ਪੰਘਰਨ ਕਾਰਨ ਹੋਂਦ ਵਿਚ ਆਇਆ। ਸਾਗਰ ਦੇ ਉੱਤਰੀ-ਪੂਰਬੀ ਹਿੱਸੇ ਵਿਚ ਚਟਾਨੀ ਮਿੱਟੀ ਮਿਲਦੀ ਹੈ।

ਸਾਗਰ ਦੇ ਦੱਖਣੀ-ਪੱਛਮੀ ਅਤੇ ਉੱਤਰੀ-ਪੂਰਬੀ ਹਿੱਸਿਆਂ ਵਿਚ ਦੋ ਹੌਲੇ ਹੌਲੇ ਖੱਬੇ ਗੇੜ ਦੇ ਚੱਕਰਾਂ ਵਿਚ ਰੌਆਂ ਚਲਦੀਆਂ ਹਨ। ਇਸ ਸਾਗਰ ਵਿਚ ਦਿਨ ਵਿਚ ਦੋ ਵਾਰ ਜਵਾਰ-ਭਾਟਾ ਆਉਂਦਾ ਹੈ।

ਇਥੋਂ ਦਾ ਜਲਵਾਯੂ ਆਰਕਟਿਕ ਮਹਾਂਸਾਗਰ ਵਾਲਾ ਹੈ। ਇਸਦਾ ਪਾਣੀ ਬਹੁਤ ਹੀ ਠੰਡਾ ਹੈ ਅਤੇ ਇਸ ਵਿਚ ਵਖ ਵਖ ਤਾਪਮਾਨਾਂ ਵਾਲੀਆਂ ਕਈ ਤਹਿਆਂ ਪਾਈਆਂ ਜਾਂਦੀਆਂ ਹਨ। ਬਹੁਤਾ ਪਾਣੀ –1.5 ਸੈਂ. (29.3° ਫ਼ਾ.) ਵਾਲਾ ਹੈ। ਕੇਵਲ 150—200 ਮੀ. ਦੀਆਂ ਕੇਵਲ ਡੂੰਘਾਣਾਂ ਤੇ ਜਾਕੇ ਜਿਥੇ ਅੰਧ ਮਹਾਂਸਾਗਰ ਦਾ ਪਾਣੀ ਆ ਰਲਦਾ ਹੈ, ਪਾਣੀ ਕੁਝ ਨਿੱਘਾ (2.5° ਸੈਂ.) ਮਿਲਦਾ ਹੈ। ਉੱਤਰੀ ਧਰੁ ਦੇ ਰਾਤ ਵਾਲੇ ਸਮੇਂ ਵਿਚ ਇਥੇ ਵੀ ਤਿੰਨ ਚਾਰ ਮਹੀਨੇ ਰਾਤ ਰਹਿੰਦੀ ਹੈ ਜਦੋਂ ਕਿ ਹਵਾ ਦਾ ਤਾਪਮਾਨ 0° ਸੈਂ. ਹੁੰਦਾ ਹੈ। ਉਦੋਂ ਇਸਦਾ ਤਾਪਮਾਨ–28° ਤੋਂ–20° ਸੈਂ. (—18° ਤੋਂ – 4° ਫਾ) ਤਕ ਰਹਿੰਦਾ ਹੈ। ਜੁਲਾਈ ਵਿਚ ਇਸਦਾ ਔਸਤਨ ਤਾਪਮਾਨ—1° ਤੋਂ 6° ਸੈਂ. ਰਹਿੰਦਾ ਹੈ ਅਤੇ ਵੱਧ ਤੋਂ ਵੱਧ 16° ਸੈਂ. ਤੀਕ ਪਹੁੰਚਦਾ ਹੈ। ਸਾਲ ਦੇ ਬਹੁਤੇ ਹਿੱਸੇ ਵਿਚ ਇਥੇ ਬਰਫ਼ ਜੰਮੀ ਰਹਿੰਦੀ ਹੈ।

ਆਰਥਕ ਤੌਰ ਤੇ ਇਸ ਦੀ ਮੱਛੀਆਂ ਫੜਨ ਦੇ ਪਖੋਂ ਕਾਫ਼ੀ ਮਹੱਤਤਾ ਹੈ। ਡਿਕਸਨ ਇਥੋਂ ਦੀ ਮੁਖ ਬੰਦਰਗਾਹ ਹੈ।

ਹ. ਪੁ.—ਐਨ. ਬ੍ਰਿ. ਮਾ. 10 : 404

**ਕਾਰਾਕਾਲਪਾਕ** : ਉਜ਼ਬੇਕ ਸੋਵੀਅਤ ਸਮਾਜਵਾਦ ਗਣਰਾਜ ਵਿਚ ਅਰਲ ਮਾਰਗ ਦੇ ਦੱਖਣ-ਪੂਰਬ ਵਲ ਇਹ ਇਕ ਪ੍ਰਬੰਧਕੀ ਮੰਡਲ ਹੈ ਜਿਸਦਾ ਖੇਤਰਫਲ 165,600 ਵ. ਕਿ. ਮੀ. ਹੈ ਅਤੇ ਆਬਾਦੀ 1,044,000 (1984) ਹੈ।

ਇਸ ਦਾ ਪੂਰਬੀ ਭਾਗ ਕਿਜ਼ਿਲਕਮ ਮਾਰੂਥਲ ਦੇ ਪੱਛਮੀ ਹਿੱਸੇ ਨੇ ਮੱਲਿਆ ਹੋਇਆ ਹੈ। ਇਸਦਾ ਵਿਚਕਾਰਲਾ ਇਲਾਕਾ ਆਮੂ ਦਰਿਆ ਦੀ ਘਾਟੀ ਅਤੇ ਡੈਲਟਾ ਨੇ ਮਲਿਆ ਹੋਇਆ ਹੈ। ਇਸ ਨੀਵੇਂ ਮੈਦਾਨ ਦੀ ਭੂਰੀ ਮਿੱਟੀ ਵਿਚ ਕਈ ਨਦੀਆਂ, ਨਹਿਰਾਂ ਅਤੇ ਝੀਲਾਂ ਹਨ। ਗਣਰਾਜ ਦੇ ਪੱਛਮ ਵਿਚ ਉਸਤਉਰਤ ਪਠਾਰ ਦਾ ਦੱਖਣੀ ਪੂਰਬੀ ਹਿੱਸ਼ਾ ਸ਼ਾਮਲ ਹੈ, ਜਿਸ ਦੀਆਂ ਪੱਧਰੀਆਂ ਪਹਾੜੀਆਂ ਸਮੁੰਦਰੀ ਸਤ੍ਹਾ ਤੋਂ 275 ਮੀ. ਉਚੀਆਂ ਹਨ। ਜਲਵਾਯੂ ਮਹਾਂਦੀਪੀ ਹੈ। ਔਸਤਨ ਸਾਲਾਨਾ ਤਾਪਮਾਨ 10° ਤੋਂ 13° ਸੈਂ. ਤਕ ਰਹਿੰਦਾ ਹੈ ਅਤੇ 75 ਤੋਂ 100 ਮਿ. ਮੀ. ਔਸਤਨ ਸਾਲਾਨਾ ਵਰਖਾ ਹੁੰਦੀ ਹੈ।

ਕਾਰਾਕਾਲਪਾਕ ਲੋਕ ਕਜ਼ਾਖਾਂ ਨਾਲ ਮਿਲਦੇ ਜੁਲਦੇ ਹਨ। ਪਰ ਇਨ੍ਹਾਂ ਦੇ ਮੁੱਢ ਦਾ ਕੋਈ ਪਤਾ ਨਹੀਂ। ਇਨ੍ਹਾਂ ਬਾਰੇ ਸਭ ਤੋਂ ਪਹਿਲਾਂ ਇਤਿਹਾਸਕ ਹਵਾਲਾ 16 ਵੀਂ ਸਦੀ ਦੇ ਅਖੀਰ 'ਚ ਮਿਲਦਾ ਹੈ। 18ਵੀਂ ਸਦੀ ਦੌਰਾਨ ਇਹ ਆਮੂ ਦਰਿਆ ਖੇਤਰ ਵਿਚ ਆਬਾਦ ਹੋਏ ਸਨ। ਸੰਨ 1920 ਵਿਚ ਇਹ ਇਲਾਕਾ ਰੂਸ ਵਿਚ ਸ਼ਾਮਲ ਕਰ ਲਿਆ ਗਿਆ ਸੰਨ 1925 ਵਿਚ ਇਹ ਕਜ਼ਾਕਿਸਤਾਨ ਦੀ ਖ਼ੁਦਮੁਖਤਾਰ ਆਬਲਸਤ ਬਣ ਗਈ। ਸੰਨ 1930 ਵਿਚ ਫਿਰ ਰੂਸ ਦੇ ਪ੍ਰਬੰਧ ਥੱਲੇ ਆ ਗਿਆ, ਪਰ ਦੋ ਸਾਲ ਬਾਅਦ ਇਕ ਖ਼ੁਦਮੁਖਤਾਰ ਗਣਰਾਜ ਬਣ ਗਿਆ। ਸੰਨ 1936 ਵਿਚ ਇਹ ਉਜ਼ਬੇਕ ਦਾ ਇਕ ਹਿੱਸਾ ਬਣ ਗਿਆ।

ਇਹ ਖੇਤੀਬਾੜੀ ਨਿਰਭਰ ਗਣਰਾਜ ਹੈ। ਇਥੋਂ ਦੀ ਸੱਨਅਤ ਸੀਮਤ ਹੈ ਜਿਸ ਵਿਚ ਹਲਕਾ ਉਤਪਾਦਨ, ਤੇਲ ਸਾਫ ਕਰਨ ਦੇ ਕਾਰਖਾਨੇ, ਜਹਾਜ਼ ਬਣਾਉਣ, ਇਮਾਰਤੀ ਸਾਮਾਨ ਤਿਆਰ ਕਰਨ ਦੇ ਪਲਾਂਟ ਅਤੇ ਇਕ ਪਾਵਰ ਸਟੇਸ਼ਨ ਸ਼ਾਮਲ ਹੈ। ਆਮੂ ਦਰਿਆ ਦੀ ਵਾਦੀ ਵਿਚ ਕਪਾਹ ਦੀ ਫਸਲ ਬਹੁਤ ਜ਼ਿਆਦਾ ਹੁੰਦੀ ਹੈ। ਨਹਿਰਾਂ ਦੁਆਰਾ ਸਿੰਚਾਈ ਦਾ ਵਧੀਆ ਸਿਸਟਮ ਹੈ। ਕਪਾਹ ਤੋਂ ਬਿਨਾਂ ਇਥੇ ਅਲਫਾਲਫਾ, ਚਾਉਲ ਅਤੇ ਮੱਕੀ ਦੀ ਕਾਸ਼ਤ ਹੁੰਦੀ ਹੈ। ਇਸ ਗਣਰਾਜ ਵਿਚ ਭੇਡਾਂ ਤੇ ਹੋਰ ਪਸ਼ੂ ਪਾਲੇ ਜਾਂਦੇ ਹਨ। ਰੇਸ਼ਮ ਦੇ ਕੀੜੇ ਪਾਲਣ ਵਿਚ ਵੀ ਕਈ ਜ਼ਿਮੀਦਾਰ ਜੁਟੇ ਹੋਏ ਹਨ। ਇਥੇ ਘੋੜਿਆਂ ਅਤੇ ਊਠਾਂ ਦੇ ਸਪੈਸ਼ਲ ਫਾਰਮ ਵੀ ਹਨ। ਅਰਾਲ ਸਾਗਰ ਦੇ ਘਾਟਾਂ ਤੇ ਮੱਛੀ ਫੜਨ ਦਾ ਕੰਮ ਵੀ ਕੀਤਾ ਜਾਂਦਾ ਹੈ।

ਆਵਾਜਾਈ ਦੀ ਸਹੂਲਤ ਬਹੁਤ ਹੈ। ਇਸ ਵਿਚ ਰੇਲਾਂ, ਸੜਕਾਂ ਅਤੇ ਹਵਾਈ ਜਹਾਜ਼ਾਂ ਰਾਹੀਂ ਇਹ ਸਾਰਾ ਰੂਸ ਨਾਲ ਜੁੜਿਆ ਹੋਇਆ

ਹੈ। ਇਸ ਗਣਰਾਜ ਦੇ ਮੁਖ ਸ਼ਹਿਰ ਨੁਕੁਸ (ਰਾਜਧਾਨੀ), ਕੁਨਗਰਾਦ ਮੂਯਨੈਕ, ਤੁਰਤਕੂਲ ਅਤੇ ਤਾਖੀਆਤਸ ਹਨ।

ਹ. ਪੁ.—ਐਨ. ਬ੍ਰਿ. ਮਾ. 5 : 705

**ਕਾਰਾਕੁਮ :** ਇਹ ਨਾਂ ਵਿਸ਼ਾਲ ਰੇਤਲੇ ਮਾਰੂਥਲ ਨੂੰ ਦਿਤਾ ਗਿਆ ਹੈ ਜਿਸ ਨੇ ਤੁਰਕਮਾਨ ਸੋਵੀਅਤ ਸਮਾਜਵਾਦੀ ਗਣਰਾਜ ਦਾ ਲਗਭਗ 60% ਹਿੱਸਾ ਮੱਲਿਆ ਹੋਇਆ ਹੈ। ਕਾਰਾਕੁਮ ਸ਼ਬਦ ਆਮ ਕਰਕੇ ਮਾਰੂਥਲ ਲਈ ਵਰਤਿਆ ਜਾਂਦਾ ਹੈ। ਤੁਰਕਮਾਨ ਕਾਰਾਕੁਮ ਦਾ ਕੁਲ ਰਕਬਾ 30,000 ਵ. ਕਿ. ਮੀ. ਹੈ। ਇਸ ਦੇ ਉੱਤਰ ਵਲ ਸਾਰਿ ਕਾਮੀਸ਼ ਨਿਵਾਣ, ਉੱਤਰ-ਪੂਰਬ ਅਤੇ ਪੂਰਬ ਵਿਚ ਆਮੂ ਦਰਿਆ ਦੀ ਵਾਦੀ ਅਤੇ ਦੱਖਣ-ਪੂਰਬ ਵਿਚ ਕਾਰਾਬਿਲ ਉੱਚ ਭੂਮੀਆਂ ਅਤੇ ਬਾਦਖੀਜ਼ ਅਰਧ-ਮਾਰੂਥਲ ਹੈ। ਦੱਖਣ ਅਤੇ ਦੱਖਣ-ਪੱਛਮ ਵਿਚ ਇਹ ਮਾਰੂਥਲ ਕਾਪੈਟੋ ਦਾ ਪਹਾੜੀਆਂ ਦੇ ਪੈਰਾਂ ਦੇ ਨਾਲ ਨਾਲ ਫੈਲਿਆ ਹੋਇਆ ਹੈ ਅਤੇ ਪੱਛਮ ਅਤੇ ਉੱਤਰ-ਪੱਛਮ ਵਿਚ ਇਹ ਉਜ਼ਬੋਈ ਦਰਿਆ ਦੀ ਪ੍ਰਾਚੀਨ ਵਾਦੀ ਦੇ ਮਾਰਗ ਨਾਲ ਜਾ ਸਰਹੱਦ ਬਣਾਉਂਦਾ ਹੈ।

ਤੁਰਕਮਾਨ ਕਾਰਾਕੁਮ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਅੰਗੁਜ਼ ਕਰਾਕਮ ਉੱਤਰ ਵਿਚ, ਕੇਂਦਰੀ ਲੋਇਰ ਕਰਾਕੁਮ ਅਤੇ ਦੱਖਣੀ-ਪੂਰਬੀ ਕਾਰਾਕੁਮ। ਇਹ ਉਗੜ-ਦੁੱਗੜ ਰੇਤਲਾ ਇਲਾਕਾ ਹੈ। ਇਸ ਦੀ ਆਮ ਢਲਾਣ ਪੂਰਬ ਤੋਂ ਪੱਛਮ ਵਲ ਨੂੰ ਜਾਂਦੀ ਹੈ। ਉੱਤਰ ਵਿਚ ਰੇਤ ਪੇਤਲੀਆਂ ਲਹਿਰਾਂ ਦੀ ਸ਼ਕਲ ਵਿਚ ਵਿਛੀ ਹੋਈ ਹੈ ਅਤੇ ਦੱਖਣ ਵਿਚ ਰੇਤ ਟਿੱਬੇ ਹਨ। ਬਹਾਰ ਦੇ ਮੌਸਮ ਵਿਚ ਰੇਤ ਦੇ ਇਨ੍ਹਾਂ ਟਿੱਬਿਆਂ ਨੂੰ ਛੱਡ ਕੇ, ਸਾਰੇ ਪਾਸੇ ਹਰਿਆਵਲ ਰਹਿੰਦੀ ਹੈ। ਇਥੇ ਭੇਡਾਂ, ਬੱਕਰੀਆਂ ਤੇ ਊਠਾਂ ਦੇ ਸਾਰਾ ਸਾਲ ਕੰਮ ਆਉਣ ਵਾਲੀਆਂ ਚਰਾਗਾਹਾਂ ਹਨ।

ਸਿੰਜਾਈ ਦੀਆਂ ਸਹੂਲਤਾਂ ਦੇ ਵਿਕਸਿਤ ਹੋ ਜਾਣ ਨਾਲ ਇਥੋਂ ਦੇ ਪਸ਼ੂਧਨ ਵਿਚ ਵੱਡੇ ਪੈਮਾਨੇ ਤੇ ਵਾਧਾ ਹੋਇਆ ਹੈ। ਕਾਰਾਕੁਮ ਨਹਿਰ ਨੇ ਪਾਣੀ ਦੀਆਂ ਸਹੂਲਤਾਂ ਪ੍ਰਦਾਨ ਕਰ ਦਿੱਤੀਆਂ ਹਨ ਅਤੇ ਨਖ਼ਲਿਸਤਾਨ ਦੇ ਇਲਾਕਿਆਂ ਵਿਚ ਵਧੀਆ ਰੇਸ਼ੇ ਵਾਲੀ ਕਪਾਹ ਬੀਜੀ ਜਾਣ ਲੱਗ ਪਈ ਹੈ।

ਦੂਜੇ ਵਿਸ਼ਵ ਯੁਧ ਤੋਂ ਬਾਅਦ ਆਰਥਿਕ ਵਿਕਾਸ ਨੇ ਕਾਰਾਕੁਮ ਵਿਚ ਉਦਯੋਗਿਕ ਇਨਕਲਾਬ ਲੈ ਆਂਦਾ ਹੈ। ਫੈਕਟਰੀਆਂ, ਗੈਸ-ਲਾਈਨਾਂ ਰੇਲ-ਰੋਡਜ਼ ਅਤੇ ਸ਼ਾਹਰਾਹਾਂ ਨੇ ਇਲਾਕੇ ਦੀ ਨੁਹਾਰ ਹੀ ਬਦਲ ਦਿੱਤੀ ਹੈ। ਕਈ ਹਾਈਡ੍ਰੋਇਲੈਕਟ੍ਰਿਕ ਸਟੇਸ਼ਨ ਉਸਾਰੇ ਜਾ ਰਹੇ ਹਨ।

ਆਬਾਦੀ ਇਥੇ ਤੁਰਕਮਾਨ ਲੋਕਾਂ ਦੀ ਹੈ।

ਹ. ਪੁ.—ਐਨ. ਬ੍ਰਿ.—13 : 233 ; ਐਨ. ਬ੍ਰਿ. ਮੈ. 10 : 403

**ਕਾਰਾ ਕੁਲ :** ਸੋਵੀਅਤ ਸੰਘ ਦੇ ਤਾਜ਼ਿਕ ਸੋਵੀਅਤ ਸਮਾਜਵਾਦੀ ਗਣਰਾਜ ਵਿਚ ਸਥਿਤ ਦੋ ਝੀਲਾਂ-ਬੜੀ ਕਾਰਾ ਕੁਲ ਅਤੇ ਛੋਟੀ ਕਾਰਾ ਕੁਲ ਹਨ। ਦੋਨੋਂ ਝੀਲਾਂ ਸਮੁੰਦਰ ਸੱਤ੍ਹਾ ਤੋਂ 3800 ਮੀ. ਅਤੇ 3960 ਮੀ. ਦੇ ਵਿਚਕਾਰਲੀ ਉੱਚਾਈ ਤੇ ਪਾਮੀਰ ਪਰਬਤ ਤੇ ਸਥਿਤ ਹਨ।

ਬੜੀ ਕਾਰਾ ਕੁਲ ਝੀਲ ਲਗਭਗ 20 ਕਿ. ਮੀ. ਲੰਬੀ ਅਤੇ 16 ਕਿ. ਮੀ. ਚੌੜੀ ਹੈ। ਇਸ ਦੇ ਚੁਫੇਰੇ ਉੱਚੇ ਪਰਬਤ ਹਨ, ਉੱਤਰ ਵਲੋਂ 4200 ਮੀ. ਉੱਚੇ ਕਿਜ਼ਿਲਆਰਡਾ ਨਾਮੀ ਦੱਰੇ ਰਾਹੀਂ ਇਥੇ ਪਹੁੰਚਿਆ ਜਾਂਦਾ ਹੈ। ਇਸ ਝੀਲ ਦਾ ਪੂਰਬੀ ਹਿੱਸਾ ਘੱਟ ਡੂੰਘਾ ਹੈ ਪਰ ਪੱਛਮੀ ਹਿੱਸਾ ਲਗਭਗ 225 ਮੀ. ਡੂੰਘਾ ਹੈ।

ਛੋਟੀ ਕਾਰਾ ਕੁਲ ਝੀਲ ਵੱਡੀ ਕਾਰਾ ਕੁਲ ਝੀਲ ਤੋਂ ਕੁਝ ਕਿਲੋਮੀਟਰ ਦੱਖਣ-ਪੂਰਬ ਵਲ, ਪਾਮੀਰ ਪਰਬਤ ਤੋਂ ਉੱਤਰ-ਪੂਰਬ ਵਲ, ਮੁਸ਼ਤਾਕ ਦੱਰੇ ਦੇ ਪੱਛਮ ਵਿਚ ਹੈ। ਇਹ ਝੀਲ ਆਕਾਰ ਵਿਚ ਛੋਟੀ ਅਤੇ ਵੱਡੀ ਝੀਲ ਤੋਂ ਘੱਟ ਉਚਾਈ ਤੇ ਸਥਿਤ ਹੈ। ਪਰ ਇਹ ਡੂੰਘੀ ਬਹੁਤ ਹੈ। ਉੱਤਰ ਵੱਲੋਂ ਇਸ ਦੀ ਡੂੰਘਾਈ ਲਗਭਗ 300 ਮੀ. ਹੈ।

39°05′ ਉ. ਵਿਥ.; 73°25′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 2 : 467; ਕੋਲ. ਐਨ. 11 : 139

**ਕਾਰਾਗਾਸ :** ਇਹ ਦੱਖਣੀ ਸਾਈਬੇਰੀਆ ਤੇ ਤੁਰਕੀ ਬੋਲਣ ਵਾਲੇ ਇਹ ਲੋਕ ਹਨ ਅਤੇ ਸਾਯਾਨ ਪਹਾੜੀਆਂ ਵਿਚ ਰਹਿੰਦੇ ਹਨ। ਇਨ੍ਹਾਂ ਦੀ ਆਰਥਿਕਤਾ ਖਾਨਾਬਦੋਸ਼ਾਂ ਵਾਂਗ ਸ਼ਿਕਾਰ ਕਰਨ ਅਤੇ ਰੇਂਡੀਅਰ ਪਾਲਣ ਤੇ ਨਿਰਭਰ ਸੀ। ਇਨ੍ਹਾਂ ਤੇ ਰੂਸ ਦੀ ਸਭਿਅਤਾ ਦਾ ਬਹੁਤ ਵਧੇਰੇ ਅਸਰ ਸੀ।

ਮੂਲ ਤੌਰ ਤੇ ਕਾਰਾਗਾਸ ਰਲੇ ਮਿਲੇ ਲੋਕ ਸਨ। ਇਨ੍ਹਾਂ ਨੂੰ ਟਿਊਬਾਲਰ ਜਾਂ ਟੋਫਾਲਰ ਵੀ ਕਹਿੰਦੇ ਹਨ। ਉਹ ਕਈ ਸਦੀਆਂ ਤੋਂ ਤੁਰਕੀ ਬੋਲਦੇ ਆ ਰਹੇ ਹਨ।

ਕਾਰਾਗਾਸ ਲੋਕ ਪਿਤਰ-ਵੰਸ਼ੀ ਕਬੀਲਿਆਂ ਵਿਚ ਵੰਡੇ ਹੋਏ ਹਨ। ਉਨ੍ਹੀਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਸੋਵੀਅਤ ਪ੍ਰਭਾਵ ਕਾਰਨ ਉਹ ਇਕੱਠੇ ਹੋ ਗਏ ਸਨ ਅਤੇ ਪੱਕੇ ਪਿੰਡਾਂ ਵਿਚ ਵਸ ਗਏ ਸਨ। ਉਨ੍ਹਾਂ ਦੀ ਆਰਥਿਕਤਾ ਅਜੇ ਵੀ ਸ਼ਿਕਾਰ ਕਰਨ ਅਤੇ ਰੇਂਡੀਅਰ ਪਾਲਣ ਤੇ ਨਿਰਭਰ ਸੀ। ਉਨ੍ਹਾਂ ਨੇ ਰਵਾਇਤੀ ਟੈਂਟਾਂ ਦੀ ਥਾਂ ਰੂਸ ਵਰਗੇ ਲੱਕੜੀ ਦੇ ਮਕਾਨ ਬਣਾ ਲਏ ਸਨ।

ਹ. ਪੁ.—ਐਨ. ਬ੍ਰਿ. 13 : 230.

**ਕਾਰਾਗਾਂਡਾ :** ਰੂਸ ਦੇ ਕਜ਼ਾਕਿਸਤਾਨ ਗਣਰਾਜ ਦਾ ਇਹ ਸਭ ਤੋਂ ਵੱਡਾ ਸ਼ਹਿਰ ਹੈ ਜੋ ਸਟੇਪੀ ਦੇ ਅਰਧ ਮਾਰੂਥਲ ਇਲਾਕੇ ਵਿਚ ਵਾਕਿਆ ਹੈ। ਸੰਨ 1930 ਵਿਚ ਇਸ ਸ਼ਹਿਰ ਦੀ ਨੀਂਹ ਰੱਖੀ ਗਈ ਸੀ। ਇਹ ਸੋਵੀਅਤ ਸੰਘ ਦੇ ਉੱਘੇ ਕੋਲੇ ਦੀਆਂ ਖਾਣਾਂ ਦੇ ਕੇਂਦਰਾਂ ਵਿਚੋਂ ਇਕ ਹੈ। ਦੇਸ਼ ਦੀ 6-7 ਪ੍ਰਤੀਸ਼ਤ ਕੋਲੇ ਦੀ ਲੋੜ ਇਥੋਂ ਪੂਰੀ ਹੁੰਦੀ ਹੈ। ਇਥੇ ਖਾਣਾਂ ਦੀ ਮਸ਼ੀਨਰੀ ਤਿਆਰ ਕਰਨ ਦਾ ਪਲਾਂਟ ਹੈ ਅਤੇ ਇਕ ਸੀਮਿੰਟ ਦੀ ਫੈਕਟਰੀ ਹੈ। ਕਾਰਾਗਾਂਡਾ ਦੇ ਸ਼ਹਿਰੀ ਇਲਾਕੇ ਵਿਚ ਖਾਣਾਂ ਦੀਆਂ ਬਸਤੀਆਂ ਹਨ ਜੋ 1930 ਤੋਂ ਚਲੇ ਆ ਰਹੇ ਪੁਰਾਣੇ ਸ਼ਹਿਰ ਦੇ ਆਲੇ-ਦੁਆਲੇ ਖਿਲਰੀਆਂ ਹੋਈਆਂ ਹਨ। ਨਵਾਂ ਸ਼ਹਿਰ ਪੁਰਾਣੇ ਸ਼ਹਿਰ ਦੇ ਦੱਖਣ ਵਿਚ ਦੂਜੇ ਵਿਸ਼ਵਯੁਧ ਤੋਂ ਬਾਅਦ ਵਿਕਸਤ ਹੋਇਆ ਹੈ। ਆਲੇ-ਦੁਆਲੇ ਦੇ ਵੱਡੇ ਸ਼ਹਿਰਾਂ ਵਿਚੋਂ ਸਾਰਨ ਤੇ ਤੈਮੀਰ ਤਾਊ ਹਨ। ਸਾਰਨ, ਕਾਰਾਗਾਂਡਾ ਦੇ ਦੱਖਣ-ਪੱਛਮ ਵਲ ਇਕ ਖਾਣ ਕੇਂਦਰ ਹੈ ਜੋ 1954 ਵਿਚ ਇਕ ਵੱਖਰਾ ਸ਼ਹਿਰ ਬਣ ਗਿਆ। ਤੈਮੀਰ ਤਾਊ ਉੱਤਰ-ਪੱਛਮ ਵਲ ਇਕ ਸਨਅਤੀ ਕੇਂਦਰ ਹੈ ਅਤੇ 1945 ਤੋਂ ਇਕ ਆਜ਼ਾਦ ਸ਼ਹਿਰ ਬਣਿਆ ਹੋਇਆ ਹੈ।

ਆਬਾਦੀ—608,000 (1984)

49° 50′ ਉ. ਵਿਥ.; 73° 10′ ਪੂ. ਲੰਬ.

ਹ. ਪੁ.—ਐਨ. ਅਮੈ. 16:308

**ਕਾਰਾਜਾਰਜ :** ਸੁਤੰਤਰ ਸਰਬੀਆ ਦਾ ਇਹ ਇਕ ਬਾਨੀ ਅਤੇ ਕ੍ਰਾਂਤੀਕਾਰੀ ਨੇਤਾ ਸੀ। ਇਸ ਦਾ ਜਨਮ ਪੇਟਰਿਨੀ ਨਾਂ ਦੇ ਕਿਸਾਨ ਦੇ ਘਰ ਹੋਇਆ। ਇਹ ਸਾਧਾਰਨ ਤੋਂ ਸਾਧਾਰਨ ਕਸੂਰ ਲਈ ਵੀ ਕਿਸੇ ਨੂੰ ਮਾਫ਼ ਨਹੀਂ ਕਰਦਾ ਸੀ। ਕਹਿੰਦੇ ਹਨ ਇਸ ਨੇ ਆਪਣੇ ਪਿਤਾ ਨੂੰ, ਆਪਣੇ ਨਾਲ ਹੰਗਰੀ ਨੱਠ ਜਾਣ ਲਈ ਸਹਿਮਤ ਨਾ ਹੋਣ ਤੇ ਕਤਲ ਕਰ ਦਿਤਾ ਸੀ।

ਤੁਰਕੀ ਬ੍ਰਿਗੇਡ ਵਿਚ ਕੰਮ ਸਿਖਣ ਪਿਛੋਂ ਇਸ ਨੇ ਕਿਸਾਨ ਦੇ ਰੂਪ ਵਿਚ ਆਪਣਾ ਜੀਵਨ ਸ਼ੁਰੂ ਕੀਤਾ। ਪਿਛੋਂ ਇਕ ਤੁਰਕ ਦੇ ਕਤਲ ਕਾਰਨ ਇਸ ਨੂੰ ਆਸਟਰੀਆ ਦੇ ਸੈਨਿਕ ਸਰਹੱਦੀ ਰਾਜ ਵਿਚ ਜਾ ਕੇ ਰਹਿਣਾ ਪਿਆ। ਸੰਨ 1788-91 ਵਿਚ ਸਰਹੱਦੀ ਫ਼ੌਜ ਵਿਚ ਭਰਤੀ ਹੋ ਕੇ ਇਹ ਤੁਰਕੀ ਵਿਰੁੱਧ ਆਸਟ੍ਰੀਆ ਵਲੋਂ ਲੜਿਆ। ਪਿਛੋਂ ਫ਼ੌਜ ਵਿਚੋਂ ਨੱਠ ਕੇ ਇਹ ਸਰਬੀਆ ਵਿਚ ਤੋਪੋਲਾ ਚਲਾ ਗਿਆ

ਅਤੇ ਉਥੇ ਇਸ ਨੂੰ ਵਿਦਰੋਹੀ ਨੇਤਾਵਾਂ ਦੁਆਰਾ ਆਪਣਾ ਮੁਖੀਆ ਚੁਣ ਲਿਆ ਗਿਆ। ਸਰਬੀਆ ਦੀਆਂ ਲੜਾਈਆਂ ਵਿਚ ਇਹ ਸੈਨਿਕ ਨੇਤਾ ਦੇ ਰੂਪ ਵਿਚ ਪ੍ਰਸਿੱਧ ਹੋਇਆ। ਰੂਸ ਦੀ ਸਹਾਇਤਾ ਨਾਲ ਇਸ ਨੇ ਸਰਬੀਆ ਦੇ ਸੁਤੰਤਰ ਰਾਜ ਦਾ ਐਲਾਨ ਕਰ ਦਿੱਤਾ।

ਸੰਨ 1812 ਵਿਚ ਬੁਖ਼ਾਰੈਸਟ ਦੀ ਸੰਧੀ ਉਪਰੰਤ ਤੁਰਕੀ ਨੇ ਸਰਬੀਆ ਤੇ ਹਮਲਾ ਕਰ ਦਿਤਾ। ਉਸ ਵੇਲੇ ਇਹ ਬਿਮਾਰ ਪਿਆ ਸੀ। ਸਰਬੀਆ ਦੀਆਂ ਫ਼ੌਜਾਂ ਦੇ ਹਾਰ ਜਾਣ ਤੇ ਇਸ ਨੂੰ ਹੰਗਰੀ ਵਿਚ ਸ਼ਰਨ ਲੈਣੀ ਪਈ। ਪਿਛੋਂ ਇਹ 'ਹੋਤਿਨ' ਵਿਚ ਇਕਾਂਤ ਵਿਚ ਰਹਿਣ ਲੱਗਾ ਅਤੇ ਇਸ ਨੂੰ ਰੂਸ ਤੋਂ ਪੈਨਸ਼ਨ ਮਿਲਣ ਲਗ ਪਈ। ਸੰਨ 1817 ਵਿਚ ਇਸ ਨੇ ਯੂਨਾਨੀਆਂ ਅਤੇ ਬਲਕਾਨਾਂ ਨੂੰ ਮਿਲਾ ਕੇ ਇਕ ਵਿਦਰੋਹ ਕਰਨਾ ਚਾਹਿਆ। ਪਰੰਤੂ ਪਾਸ਼ਾ ਨੇ ਇਸ ਨੂੰ ਜਿਉਂਦੇ ਜਾਂ ਮਰੇ ਹੋਏ ਫੜਨ ਦਾ ਐਲਾਨ ਕਰ ਦਿਤਾ। ਇਕ ਰਾਤ ਇਸ ਨੂੰ ਸੁੱਤੇ ਹੋਏ ਨੂੰ ਕਤਲ ਕਰ ਦਿਤਾ ਗਿਆ ਅਤੇ ਇਸ ਦਾ ਸਿਰ ਕੁਸਤੁਨਤੁਨੀਆ ਭੇਜ ਦਿਤਾ ਗਿਆ। ਇਸ ਉਪਰ ਸਰਬੀਆ ਵਿਚ ਦੋ ਖ਼ਾਨਦਾਨਾਂ ਵਿਚ ਘਰੋਗੀ ਯੁੱਧ ਛਿੜ ਪਿਆ ਜਿਹੜਾ ਲਗਭਗ ਇਕ ਸਦੀ ਚਲਦਾ ਰਿਹਾ।

ਹ. ਪੁ.—ਹਿੰ. ਵਿ. ਕੋ. 2 : 467; ਐਨ. ਬ੍ਰਿ. 13 : 230

**ਕਾਰਾਜ਼ਿਚ, ਵਕ ਸਟੈਫਾਨੋਵਿਕ** : ਆਧੁਨਿਕ ਸਰਬੀਅਨ ਸਾਹਿਤ ਦੇ ਪਿਤਾਮਾ ਕਾਰਾਜ਼ਿਚ ਦਾ ਜਨਮ ਬਾਜ਼ਨੀਆ ਸੀਮਾ ਦੇ ਨੇੜਲੇ ਪਿੰਡ ਵਿਖੇ 6 ਨਵੰਬਰ, 1787 ਨੂੰ ਹੋਇਆ। ਇਸ ਨੇ ਪੁਰਾਣੇ ਮੱਠ ਟ੍ਰੋਨੋਸ਼ਾ ਵਿਖੇ ਪੜ੍ਹਨਾ ਲਿਖਣਾ ਸਿਖਿਆ ਤੇ 1804 ਵਿਚ ਤੁਰਕਾਂ ਵਿਰੁੱਧ ਬਗ਼ਾਵਤ ਦੇ ਦੌਰਾਨ ਇਹ ਆਪਣੇ ਜ਼ਿਲ੍ਹੇ ਦੇ ਕਮਾਂਡਰ ਦੇ ਪੱਤਰ ਲਿਖਣ ਪੜ੍ਹਨ ਲਈ ਨਿਯੁਕਤ ਹੋਇਆ। ਇਹ ਸਕੂਲ ਅਧਿਆਪਕ ਵੀ ਰਿਹਾ ਅਤੇ ਇਸ ਤਰ੍ਹਾਂ 1804–13 ਦੀ ਕ੍ਰਾਂਤੀ ਦੇ ਦੌਰਾਨ ਇਸ ਨੇ ਕਈ ਤਰ੍ਹਾਂ ਨਾਲ ਦੇਸ਼-ਸੇਵਾ ਕੀਤੀ। ਜਦੋਂ ਕ੍ਰਾਂਤੀ ਨਾਕਾਮਯਾਬ ਹੋ ਗਈ ਤਾਂ ਸਰਬੀਆ ਛੱਡ ਕੇ ਇਹ ਵੀਆਨਾ ਚਲਾ ਗਿਆ। ਇਥੇ ਇਸ ਦੀ ਮੁਲਾਕਾਤ ਉੱਘੇ ਸਲਾਵਾਨਿਕ ਵਿਦਵਾਨ ਯੈਰਨੇ ਕੋਪੀਟਾਰ ਨਾਲ ਹੋਈ, ਜਿਸ ਨੇ ਇਸ ਨੂੰ ਕਵਿਤਾਵਾਂ ਅਤੇ ਹਰਮਨ ਪਿਆਰੇ ਗੀਤ ਇਕੱਠੇ ਕਰਨ, ਸਰਬੀਆ ਦੀ ਭਾਸ਼ਾ ਦੇ ਵਿਆਕਰਨ ਤੇ ਜੇਕਰ ਹੋ ਸਕੇ ਤਾਂ ਕੋਸ਼ ਵੀ ਲਿਖਣ ਲਈ ਉਤਸ਼ਾਹਿਤ ਕੀਤਾ।

ਇਸ ਦੀ ਪਹਿਲੀ ਪੁਸਤਕ 1814 ਵਿਚ ਛਪੀ, ਜਿਸ ਵਿਚ ਸਰਬੀਆ ਦੀਆਂ ਪੇਂਡੂ ਇਸਤਰੀਆਂ ਦੇ 100 ਗੀਤ ਅਤੇ 6 ਕਵਿਤਾਵਾਂ ਪ੍ਰਸਿਧ ਨਾਇਕਾਂ ਬਾਰੇ ਸ਼ਾਮਲ ਹਨ, ਜਿਨ੍ਹਾਂ ਨੂੰ ਆਮ ਕਰ ਕੇ ਨੇਤ੍ਰਹੀਣ ਲੋਕ-ਕਵੀ ਜਾਂ ਕਿਸਾਨ ਗਾਉਂਦੇ ਸਨ। ਇਸ ਮਗਰੋਂ ਕਾਰਾਜ਼ਿਚ ਦੀਆਂ ਸਾਹਿਤਕ ਸਰਗਰਮੀਆਂ ਦੀਆਂ ਦੋ ਸਮਾਨਾਂਤਰ ਧਾਰਾਵਾਂ ਚੱਲੀਆਂ। ਪਹਿਲੀ ਵਿਗਿਆਨਕ ਆਧਾਰ ਤੇ ਸਰਬੀਅਨ ਭਾਸ਼ਾ ਨੂੰ ਸਾਹਿਤਕ ਭਾਸ਼ਾ ਦੇ ਰੂਪ ਵਿਚ ਅਪਣਾਉਣਾ ਤੇ ਦੂਜੀ ਸਰਬੀਆ ਦੀ ਭਾਸ਼ਾ ਦੀ ਸੁੰਦਰਤਾ, ਅਮੀਰੀ ਤੇ ਲੋਕਾਂ ਦੀ ਕਾਵਿਕ ਤੇ ਬੌਧਿਕ ਅਮੀਰੀ ਨੂੰ ਦਰਸਾਉਣ ਲਈ ਲੋਕ ਕਾਵਿ, ਲੋਕ ਗੀਤਾਂ, ਮੁਹਾਵਰਿਆਂ ਆਦਿ ਨੂੰ ਇਕੱਠੇ ਕਰ ਕੇ ਪ੍ਰਕਾਸ਼ਿਤ ਕਰਨਾ। ਇਸ ਨੇ ਇਸ ਪੱਖ ਬਾਰੇ ਵਿਗਿਆਨਕ ਢੰਗ ਨਾਲ ਖੋਜ ਕੀਤੀ ਤੇ ਇਸ ਨੇ ਲਿਪੀ ਵਿਚ ਕੁਝ ਨਵੇਂ ਅੱਖਰ ਪੇਸ਼ ਕੀਤੇ ਤਾਂ ਕਿ ਲਿਪੀ ਵਿਚ ਸੁਧਾਰ ਹੋ ਜਾਵੇ। ਪਰ ਧਰਮ ਵਲੋਂ ਤੇ ਕੁਝ ਪਿਛਾਂਹ-ਖਿਚੂ ਵਿਦਵਾਨਾਂ ਵਲੋਂ ਇਸ ਦੀ ਵਿਰੋਧਤਾ ਕੀਤੀ ਗਈ ਤੇ ਸਰਕਾਰ ਨੂੰ ਇਸ ਨਵੀਂ ਲਿਪੀ ਵਿਚ ਕਿਤਾਬਾਂ ਛਾਪਣ ਤੇ ਰੋਕ ਲਾਉਣ ਲਈ ਪ੍ਰੇਰਿਤ ਕੀਤਾ, ਜਿਹੜੀ ਮਗਰੋਂ ਜਾ ਕੇ 1859 ਵਿਚ ਹਟਾਈ ਗਈ। ਕਾਰਜਿਕ ਦਾ ਸਿਧਾਂਤ ਸੀ, 'ਜਿਸ ਤਰ੍ਹਾਂ ਬੋਲਦੇ ਹੋ, ਉਸੇ ਤਰ੍ਹਾਂ ਲਿਖੋ। ਜਿਵੇਂ ਲਿਖਿਆ ਹੈ। ਓਵੇਂ ਪੜ੍ਹੋ।' ਵਿਆਕਰਣ ਸਬੰਧੀ ਇਸ ਦੀ ਮਹਾਨ ਕਿਰਤ 'Srpski Ryechnik' 1818 ਵਿਚ ਛਪੀ। ਇਸ ਕੋਸ਼ ਵਿਚ 26,270 ਸ਼ਬਦ ਸਨ। 1852 ਵਿਚ ਇਸ ਦੀ ਵੀਆਨਾ ਵਿਖੇ ਪ੍ਰਕਾਸ਼ਿਤ ਹੋਈ ਐਡੀਸ਼ਨ ਵਿਚ 46,270 ਸ਼ਬਦ ਹਨ।

ਇਸ ਨੇ ਸਰਬੀਆ, ਬੋਂਜ਼ਨੀਆ, ਮੋਨਟੀਨੀਗਰੋ, ਡੈਲਗੇਸ਼ੀਆ ਆਦਿ ਥਾਵਾਂ ਦੀ ਯਾਤਰਾ ਕਰ ਕੇ ਕਾਫ਼ੀ ਮਾਤਰਾ ਵਿਚ ਲੋਕ-ਸਾਹਿਤ ਇਕੱਠਾ ਕੀਤਾ, ਜੋ ਕਈ ਪੁਸਤਕਾਂ ਵਿਚ ਪ੍ਰਕਾਸ਼ਿਤ ਹੋਇਆ ਜਿਵੇਂ, 'ਪਾਪੂਲਰ ਸਟੋਰੀਜ਼ ਐਂਡ ਐਨਿਗਮਾ' (1821) ਅਤੇ 'ਸਰਬੀਅਨ ਨੈਸ਼ਨਲ ਪ੍ਰੋਵਰਬਜ਼' (1836)। ਹੋਰ ਬਹੁਤ ਸਾਰੀਆਂ ਪੁਸਤਕਾਂ ਤੋਂ ਇਲਾਵਾ ਇਸ ਨੇ ਨਿਊ ਟੈਸਟਾਮੈਂਟ ਦਾ ਸਰਬੀਆ ਦੀ ਭਾਸ਼ਾ ਵਿਚ ਅਨੁਵਾਦ ਕੀਤਾ। ਇਸ ਦੀ ਮੌਤ 6 ਫ਼ਰਵਰੀ, 1864 ਨੂੰ ਵੀਆਨਾ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 13 : 229.

**ਕਾਰਾਨਾਥ, ਕੋਟਾ ਸ਼ਿਵਰਾਮ** : ਦੱਖਣੀ ਭਾਰਤ ਦੇ ਇਸ ਸਾਹਿਤਕਾਰ ਦਾ ਜਨਮ 10 ਅਕਤੂਬਰ, 1882 ਨੂੰ ਕਰਨਾਟਕ ਰਾਜ ਦੇ ਕੇਨਰਾ ਜ਼ਿਲ੍ਹੇ ਵਿਚ ਸ੍ਰੀ ਸੇਸ਼ਾ ਦੇ ਘਰ ਹੋਇਆ। ਸੰਨ 1922 ਤੋਂ 1925 ਤੱਕ ਇਸ ਨੇ ਨਾ-ਮਿਲਵਰਤਨ ਲਹਿਰ ਵਿਚ ਹਿੱਸਾ ਲਿਆ। ਕਨੜ ਭਾਸ਼ਾ ਦੇ ਇਸ ਲੇਖਕ ਨੇ 25 ਤੋਂ ਵੱਧ ਪੁਸਤਕਾਂ ਲਿਖੀਆਂ। ਇਹ ਸਾਹਿਤ ਅਕੈਡਮੀ ਦਾ ਮੈਂਬਰ ਵੀ ਰਿਹਾ। ਸੰਨ 1959 ਵਿਚ ਇਸ ਨੂੰ ਇਸ ਦੀ ਪੁਸਤਕ 'ਯਕ ਸ਼ਾਗਾਨਾ ਬਾਇਆਲਤਾ' ਕਾਰਨ ਸਾਹਿਤ ਅਕੈਡਮੀ ਦਾ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ।

ਸੰਨ 1925 ਤੋਂ 28 ਤੱਕ ਇਸ ਨੇ 'ਵਸੰਥਾ' ਮਾਸਕ ਪੱਤਰ ਦਾ ਸੰਪਾਦਨ ਵੀ ਕੀਤਾ ਅਤੇ ਬੱਚਿਆਂ ਲਈ ਇਕ ਪੁਸਤਕ 'ਐਨ-ਸਾਈਕਲੋਪੀਡੀਆ ਫਾਰ ਚਿਲਡਰਨ' ਵੀ ਪ੍ਰਕਾਸ਼ਿਤ ਕੀਤੀ। ਇਸ ਦੀ ਸਾਹਿਤ ਸੇਵਾ ਬਦਲੇ ਮੈਸੂਰ ਅਤੇ ਕਰਨਾਟਕ ਯੂਨੀਵਰਸਿਟੀਆਂ ਨੇ ਇਸ ਨੂੰ ਡਾਕਟਰੇਟ ਦੀ ਆਨਰੇਰੀ ਡਿਗਰੀ ਦਿਤੀ। ਇਸ ਨੂੰ ਸੰਗੀਤ ਨਾਟਕ ਅਕੈਡਮੀ ਦੀ ਫੈਲੋਸ਼ਿਪ ਵੀ ਪ੍ਰਾਪਤ ਹੋਣ ਦਾ ਮਾਣ ਮਿਲਿਆ ਹੈ। ਇਸ ਨੂੰ ਭਾਰਤੀ ਗਿਆਨਪੀਠ ਇਨਾਮ ਵੀ ਮਿਲਿਆ ਹੈ।

ਹ. ਪੁ.—ਇੰਡ.ਹੂਜ਼. ਹੂ. 1982 ; ਐਨ. ਇੰਡ.

**ਕਾਰਾਬੋਬੋ** : ਉੱਤਰੀ ਮੱਧ ਵੈਨਜ਼ੁਏਲਾ ਦਾ ਇਹ ਇਕ ਰਾਜ ਹੈ, ਜਿਸ ਨਾਲ 73 ਕਿ. ਮੀ. ਕੈਰਿਬੀਅਨ ਤਟ ਲਗਦਾ ਹੈ। ਇਸ ਦਾ ਰਕਬਾ 4,650 ਵ. ਕਿ. ਮੀ. ਅਤੇ ਆਬਾਦੀ 659,339 (1984) ਹੈ। ਵਾਲੈਂਸ਼ੀਆ ਇਸ ਦੀ ਰਾਜਧਾਨੀ ਹੈ ਅਤੇ ਪਵੇਰਟੋ ਕਾਬੈਲੀਓ ਇਥੋਂ ਦੀ ਪ੍ਰਸਿਧ ਬੰਦਰਗਾਹ ਹੈ। ਝੀਲ ਵਾਲੈਂਸ਼ੀਆ, ਜਿਸਦਾ ਖੇਤਰਫਲ 235 ਵ. ਕਿ. ਮੀ. ਹੈ, ਸਾਰੀ ਦੀ ਸਾਰੀ ਇਸ ਰਾਜ ਵਿਚ ਵਾਕਿਆ ਹੈ। ਆਵਾਜਾਈ ਦੇ ਸਾਧਨ ਬਾਕੀ ਰਾਜਾਂ ਦੇ ਮੁਕਾਬਲੇ ਇਥੇ ਜ਼ਿਆਦਾ ਹਨ।

ਇਸ ਰਾਜ ਦਾ ਨਾਂ ਉਸ ਲੜਾਈ ਦੀ ਯਾਦ ਵਿਚ ਰਖਿਆ ਗਿਆ ਸੀ ਜੋ ਵੈਨਜ਼ੁਏਲਾ ਦੀ ਆਜ਼ਾਦੀ ਦੀ ਲਹਿਰ ਵਿਚ ਇਕ ਫੈਸਲਾਕੁੰਨ ਲੜਾਈ ਸੀ। ਉਸ ਸਮੇਂ ਵੈਨਜ਼ੁਏਲਾ ਉਤੇ ਸਪੇਨੀਆਂ ਨੇ ਜਿੱਤ ਪ੍ਰਾਪਤ ਕੀਤੀ ਸੀ ਅਤੇ ਇਥੇ ਇੰਡੀਅਨ ਰਹਿੰਦੇ ਸਨ ਜਿੰਨ੍ਹਾਂ ਨੂੰ ਕਾਰਾਬੋਬੋ ਕਿਹਾ ਜਾਂਦਾ ਸੀ।

ਕਾਰਾਬੋਬੋ ਖੇਤੀਬਾੜੀ ਅਤੇ ਸੱਨਅਤਾਂ ਕਰਕੇ ਪ੍ਰਸਿਧ ਹੈ। ਇਥੇ ਚਾਵਲ, ਕਪਾਹ, ਮੱਕੀ, ਤੰਬਾਕੂ ਕਾਫ਼ੀ, ਕੋਕਾ ਅਤੇ ਗੰਨੇ ਦੀ ਕਾਸ਼ਤ ਹੁੰਦੀ ਹੈ। ਇਸ ਤੋਂ ਬਿਨਾਂ ਡੇਅਰੀ ਵੀ ਉੱਨਤੀ ਤੇ ਹੈ। ਵਾਲੈਂਸ਼ੀਆ ਝੀਲ ਦੇ ਆਲੇ-ਦੁਆਲੇ ਚਰਾਹਾਂ ਵਿਚ ਪਸ਼ੂ ਪਾਲੇ ਜਾਂਦੇ ਹਨ। ਰਾਜ ਵਿਚ ਸੀਮਿੰਟ, ਸੁੱਕਾ ਦੁੱਧ, ਕੱਪੜੇ ਅਤੇ ਜੁੱਤੀਆਂ ਆਦਿ ਦਾ ਉਤਪਾਦਨ ਹੁੰਦਾ ਹੈ।

ਹ. ਪੁ.—ਐਨ. ਬ੍ਰਿ. 4 : 858

**ਕਾਰਾਮਜ਼ੀਨ, ਨਿਕੋਲਾਈ ਮਿਖਾਇਲੋਵਿਚ** : ਇਸ ਰੂਸੀ ਪੱਤਰਕਾਰ, ਨਿਬੰਧਕਾਰ, ਕਵੀ ਅਤੇ ਇਤਿਹਾਸਕਾਰ ਦਾ ਜਨਮ ਇਕ ਜ਼ਿਮੀਂਦਾਰ ਦੇ ਘਰ 12 ਦਸੰਬਰ, 1766 ਨੂੰ ਮਿਖਾਇਲੋਵਾਕਾ ਸ਼ਹਿਰ ਵਿਖੇ ਹੋਇਆ। ਇਸ ਨੇ ਮਾਸਕੋ ਵਿਖੇ ਵਿਦਿਆ ਪ੍ਰਾਪਤ ਕੀਤੀ। ਸਕੂਲ ਛਡਣ ਉਪਰੰਤ ਤੁਰੰਤ ਹੀ ਇਸ ਨੇ ਲੇਖ ਛਾਪਣੇ ਅਤੇ ਅਨੁਵਾਦ ਕਰਨੇ

ਸ਼ੁਰੂ ਕਰ ਦਿਤੇ। 1789-90 ਵਿਚ ਇਸ ਨੇ ਲਗਭਗ 18 ਮਹੀਨੇ ਪੱਛਮੀ ਯੂਰਪ, ਜਰਮਨੀ, ਫ਼ਰਾਂਸ, ਸਵਿਟਜ਼ਰਲੈਂਡ ਅਤੇ ਇੰਗਲੈਂਡ ਵਿਚ ਬਿਤਾਏ। ਇਨ੍ਹਾਂ ਦਿਨਾਂ ਦੇ ਅਨੁਭਵਾਂ ਨੂੰ ਇਸ ਨੇ ਵਾਪਿਸ ਆ ਕੇ ਲਿਖਤੀ ਰੂਪ ਦਿੱਤਾ। ਇਸ ਦੀ ਸਭ ਤੋਂ ਵੱਡੀ ਦੇਣ ਆਪ ਚਾਲੂ ਕੀਤੇ ਮਾਸਕੋ ਰਸਾਲੇ ਵਿਚ ਆਪਣੇ ਅਨੁਭਵਾਂ ਨੂੰ ਲਿਖਤੀ ਰੂਪ ਵਿਚ ਪ੍ਰਗਟਾਉਣਾ ਸੀ। ਰੂਸੋ ਅਤੇ ਹੋਰ ਪੱਛਮੀ ਲੇਖਕਾਂ ਦੇ ਪ੍ਰਭਾਵ ਹੇਠ ਇਸ ਦੀ ਸਾਹਿਤਕ ਪ੍ਰਤਿਭਾ ਨਿਖਰੀ। ਇਕ ਕਹਾਣੀ 'ਪੂਅਰ ਲਿਜ਼ਾ' (1792) ਭਾਵੁਕਤਾ ਦੀ ਵਧੀਆ ਮਿਸਾਲ ਹੈ। 1802 ਵਿਚ ਇਸ ਨੇ ਰਾਜਸੀ ਰਸਾਲਾ 'ਦਾ ਮੈਸੇਂਜਰ ਆਫ਼ ਯੂਰਪ' ਚਾਲੂ ਕੀਤਾ ਪਰ ਇਤਿਹਾਸਕ ਖੋਜ ਵਲ ਲਗ ਜਾਣ ਕਾਰਨ ਇਸ ਨੂੰ ਬੰਦ ਕਰ ਦਿੱਤਾ। ਉਦੋਂ ਤੋਂ ਹੀ ਇਹ ਜ਼ਾਰ ਅਲੈਗਜ਼ੈਂਡਰ ਪਹਿਲੇ ਦਾ ਮਿੱਤਰ ਬਣ ਗਿਆ।

ਹੁਣ ਤਕ ਕਾਰਾਮਜ਼ੀਨ ਕਾਫ਼ੀ ਹੱਦ ਤਕ ਰਾਜਨੀਤੀ ਵਿਚ ਹਿੱਸਾ ਲੈਣ ਲਗ ਪਿਆ ਸੀ ਅਤੇ ਤਾਨਾਸ਼ਾਹੀ ਦੇ ਇਕ ਸਤੰਭ ਵਜੋਂ ਸਾਹਮਣੇ ਆਇਆ। ਤਾਨਾਸ਼ਾਹੀ ਦੀ ਮਹਾਨਤਾ ਨੂੰ ਇਸ ਨੇ 'ਹਿਸਟਰੀ ਆਫ਼ ਦਾ ਰਸ਼ੀਅਨ ਸਟੇਟ' ਪੁਸਤਕ ਦੀਆਂ 12 ਜਿਲਦਾਂ ਵਿਚ ਪੇਸ਼ ਕੀਤਾ ਹੈ। ਇਹ ਰੂਸੀ ਇਤਿਹਾਸ ਦਾ ਪੂਰਨ ਤੇ ਸਮੁੱਚਾ ਅਧਿਐਨ ਹੈ। ਬਿਰਤਾਂਤਕ ਢੰਗ ਅਤੇ ਪ੍ਰਭਾਵਸ਼ਾਲੀ ਸ਼ੈਲੀ ਕਾਰਨ ਇਹ ਰਚਨਾ ਸਾਹਿਤ ਵਿਚ ਮਹਾਨ ਸਥਾਨ ਰਖਦੀ ਹੈ। ਕਾਰਾਮਜ਼ੀਨ ਦੇ ਸਹਿਯੋਗੀਆਂ ਨੇ ਇਕ ਸੋਸਾਇਟੀ ਬਣਾਈ ਅਤੇ ਉਸ ਰਾਹੀਂ ਇਸ ਵਲੋਂ ਦਸੇ ਸੁਧਾਰਾਂ ਨੂੰ ਲਾਗੂ ਕਰਨ ਦਾ ਯਤਨ ਕੀਤਾ, ਜੋ ਸਾਹਿਤਕ ਰੂਸੀ ਭਾਸ਼ਾ ਦਾ ਆਧਾਰ ਬਣਿਆ। ਇਸ ਦੀ ਮੌਤ 3 ਜੂਨ, 1826 ਨੂੰ ਸੇਂਟ ਪੀਟਰਜ਼ਬਰਗ ਵਿਖੇ ਹੋਈ।

ਹ. ਪੂ.—ਐਨ. ਬ੍ਰਿ. 14 : 233

**ਕਾਰਾਰਾ :** ਖ਼ਾਨਦਾਨ—ਇਟਲੀ ਦਾ ਇਹ ਇਕ ਮੱਧਕਾਲੀ ਖ਼ਾਨਦਾਨ ਸੀ ਜੋ ਪਹਿਲਾਂ ਪੈਡੂਆ ਦੇ ਦੇਹਾਤ ਵਿਚ ਜਾਗੀਰਦਾਰੀ ਅਤੇ ਫਿਰ ਸ਼ਹਿਰ ਵਿਚ ਤਾਨਾਸ਼ਾਹੀ ਸ਼ਾਸਕਾਂ ਦੇ ਤੌਰ ਤੇ ਰਾਜ ਕਰਦਾ ਰਿਹਾ। ਇਨ੍ਹਾਂ ਦੀ ਸ਼ਕਤੀ ਦਾ ਆਧਾਰ ਜ਼ਮੀਨ ਸੀ। 12ਵੀਂ ਸਦੀ ਤਕ ਇਨ੍ਹਾਂ ਇਕ ਕਾਫ਼ੀ ਵੱਡਾ ਰਾਜ ਕਾਇਮ ਕਰ ਲਿਆ ਜਿਸਦਾ ਸਦਰ-ਮੁਕਾਮ ਪੈਡੂਆ ਦੇ ਨਜ਼ਦੀਕ ਇਕ ਪਿੰਡ ਅਤੇ ਕਿਲਾ ਕਾਰਾਰਾ ਵਿਖੇ ਸੀ ਜਿਸਦੇ ਨਾਂ ਪਿੱਛੇ ਇਸ ਪਰਿਵਾਰ ਨੇ ਆਪਣਾ ਨਾਂ ਰੱਖ ਲਿਆ। ਜਲਦੀ ਹੀ ਪਰਿਵਾਰਕ ਫੁੱਟ ਅਤੇ ਕਾਰਾਰਾ ਦੇ ਲੋਕਾਂ ਵਿਚਕਾਰ ਲੜਾਈ ਝਗੜਿਆਂ ਕਾਰਨ ਲਾਰਡ ਦੀ ਪਦਵੀ ਖ਼ਤਮ ਕਰ ਦਿੱਤੀ ਗਈ। 13ਵੀਂ ਸਦੀ ਵਿਚ ਕਾਰਾਰਾ ਦਾ ਕਿਲਾ ਅਤੇ ਅਧਿਕਾਰ ਖੇਤਰ ਪੈਡੂਆ ਵਿਚ ਤਬਦੀਲ ਕਰ ਦਿਤੇ ਗਏ ਜਿਥੇ ਪਰਿਵਾਰ ਦੀ ਰਿਹਾਇਸ਼ ਸੀ।

ਸੰਨ 1337 ਵਿਚ ਮਾਰਸਿਗਲੀਓ ਦੇ ਪੈਡੂਆ ਦਾ ਕੈਪਟਨ ਜਨਰਲ ਚੁਣੇ ਜਾਣ ਉਪਰੰਤ ਇਹ ਇਕ ਨਵਾਂ ਅਤੇ ਵਿਸ਼ਾਲ ਰਾਜ ਕਾਇਮ ਕਰਨ ਦੇ ਯੋਗ ਬਣ ਗਏ। ਲਗਭਗ 50 ਸਾਲ ਤਕ ਇਨ੍ਹਾਂ ਦਾ ਰਾਜ ਬਿਨਾਂ ਕਿਸੇ ਵਿਰੋਧਤਾ ਤੋਂ ਚਲਦਾ ਰਿਹਾ ਸਿਰਫ ਪਰਿਵਾਰਕ ਖਿਚੋਤਾਣ ਹੀ ਰਹੀ। ਮਰਸਿਗਲੀਓ ਤੋਂ ਬਾਅਦ ਯੂਬਰਟੀਨੋ (1338-45) ਗੱਦੀ ਤੇ ਬੈਠਾ ਜਿਸ ਤੋਂ ਬਾਅਦ ਮਰਸਿਗਲੀਲੋ ਉੱਤਰਾਧਿਕਾਰੀ ਬਣਿਆ। ਮਰਸਿਗਲੀਲੋ ਨੂੰ ਜਾਕੋਪੋ ਡੀ ਨਿਕੋਲੋ (1345-50) ਨੇ ਕਤਲ ਕਰ ਦਿਤਾ ਪਰ ਜਾਕੋਪੋ ਨੂੰ ਇਸ ਦੇ ਭਰਾ ਜਾਕੋਪੀਨੋ ਡੀ ਨਿਕੋਲੋ (1350-55) ਨੇ ਕਤਲ ਕਰ ਦਿਤਾ। ਜਾਕੋਪੀਨੋ ਨੂੰ ਇਸ ਦੇ ਭਤੀਜੇ ਫਰਾਂਸਿਸਕੋ ਇਲ ਵੀਸ਼ੀਓ (1355-81) ਨੇ ਕੈਦ ਕਰ ਲਿਆ। ਕਾਰਾਰਾ ਦਰਬਾਰ ਉਸ ਸਮੇਂ ਦੇ ਸਭ ਤੋਂ ਸ਼ਾਨਦਾਰ ਦਰਬਾਰਾਂ ਵਿਚੋਂ ਇਕ ਸੀ। ਯੂਬਰਟੀਨੋ ਖ਼ਾਸ ਕਰਕੇ ਇਮਾਰਤਾਂ ਅਤੇ ਕਲਾ ਦਾ ਸਰਪ੍ਰਸਤ ਸੀ ਅਤੇ ਜਾਕੋਪੋ ਡੀਨਿਕੋਲੋ ਪੀਟਰਾਰਕ ਦਾ ਇਕ ਗੂੜ੍ਹਾ ਦੋਸਤ ਸੀ। ਬਾਅਦ ਵਿਚ ਇਹ ਢਹਿੰਦੀਆਂ ਕਲਾਂ ਵਲ ਚਲ ਪਿਆ ਅਤੇ ਲੋਕ ਅਪ੍ਰਿਯ ਬਣ ਗਿਆ।

ਹ. ਪੂ.—ਐਨ. ਬ੍ਰਿ. 4 : 959

**ਕਾਰਾਰਾ :** ਸ਼ਹਿਰ—ਉੱਤਰੀ ਮੱਧ ਇਟਲੀ ਦੇ ਟਸਕਾਨੀ ਖੇਤਰ ਵਿਚ ਮਾਸਾ-ਕਾਰਾਰਾ ਪ੍ਰਾਂਤ ਦਾ ਇਕ ਸ਼ਹਿਰ ਹੈ ਜੋ ਪਹਾੜੀ ਪੱਬੀਆਂ ਵਿਚ ਵਾਕਿਆ ਹੈ। ਸੰਨ 1568 ਵਿਚ ਇਹ ਮਾਸਾ ਨਾਲ ਮਿਲਕੇ ਪ੍ਰਿੰਸੀਪੈਲਿਟੀ ਅਤੇ 1633 ਵਿਚ ਮਾਸਾ-ਕਾਰਾਰਾ ਦੀ ਡੱਚੀ ਬਣ ਗਿਆ। ਇਥੋਂ ਦੀਆਂ ਪ੍ਰਸਿੱਧ ਥਾਵਾਂ ਵਿਚੋਂ 12ਵੀਂ ਤੋਂ 14ਵੀਂ ਸਦੀ ਤਕ ਦੇ ਗਿਰਜਾਘਰ ਅਤੇ ਅਕਾਦਮੀ ਔਫ਼ ਫ਼ਾਈਨ ਆਰਟ ਸ਼ਾਮਲ ਹਨ। ਇਹ ਸ਼ਹਿਰ ਸਭ ਤੋਂ ਵਧੀਆ ਸੰਗਮਰਮਰ (ਕਾਰਾਰਾ) ਲਈ ਦੁਨੀਆ ਭਰ ਵਿਚ ਪ੍ਰਸਿੱਧ ਹੈ। ਸ਼ਹਿਰ ਦੇ ਨਜ਼ਦੀਕ ਹੀ ਦੱਖਣ-ਪੱਛਮ ਵਲ ਲਿਗੁਰੀਅਨ ਸਾਗਰ ਉਪਰ ਮਾਰੀਨਾ-ਡੀ-ਕਾਰਾਰਾ ਇਕ ਬੀਚ ਅਤੇ ਠਾਹਰ ਹੈ ਜਿਥੇ ਬੰਦਰਗਾਹੀ ਸਹੂਲਤਾਂ ਵੀ ਹਨ ਅਤੇ ਇਥੋਂ ਸੰਗਮਰਮਰ ਬਾਹਰ ਭੇਜਿਆ ਜਾਂਦਾ ਹੈ।

ਆਬਾਦੀ—67,460 (1981)

44° 05′ ਉ. ਵਿਥ.; 10° 06′ ਪੂ. ਲੰਬ.

ਹ. ਪੂ.—ਐਨ. ਬ੍ਰਿ. ਮਾ. 2 : 588

**ਕਾਰਾਵਾਡਜੋ, ਪੋਲੀਡਾਰੋ ਡਾ :** ਇਹ ਇਟਲੀ ਦਾ ਚਿੱਤਰਕਾਰ ਸੀ, ਜਿਸ ਉਤੇ ਰੈਫੇਐਲ ਅਤੇ ਪ੍ਰਾਚੀਨ ਚਿੱਤਰਕਲਾ ਦਾ ਬੜਾ ਪ੍ਰਭਾਵ ਸੀ। ਇਸ ਦਾ ਜਨਮ 1500 ਦੇ ਲਗਭਗ ਲੋਂਮਬਰਡੀ ਵਿਚ ਕਾਰਾਵਾਡਜੋ ਵਿਖੇ ਹੋਇਆ। ਵੈਟੀਕਨ ਨੂੰ ਸਜਾਉਣ ਸਮੇਂ ਇਸ ਨੇ ਤਸਲੇ ਚੁੱਕਣ ਵਾਲੇ ਮਜ਼ਦੂਰ ਵਜੋਂ ਅਤੇ ਮਗਰੋਂ ਇਕ ਹੋਰ ਨੌਜਵਾਨ ਕਲਾਕਾਰ ਦੇ ਨਾਲ ਕੰਧ-ਚਿੱਤਰਕਾਰ ਵਜੋਂ ਕੰਮ ਕੀਤਾ। ਇਹ ਇਕੱਠੇ ਮਿਲ ਕੇ ਘਰਾਂ ਦੇ ਮੱਥੇ ਸਜਾਉਂਦੇ ਹੁੰਦੇ ਸਨ। ਇਨ੍ਹਾਂ ਦੇ ਰੇਖਾ-ਚਿੱਤਰਾਂ ਅਤੇ ਖੁਣਨਕਾਰੀ ਦੇ ਕੰਮਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਯੂਨਾਨੀ ਸੰਸਕ੍ਰਿਤਿਕ ਕਲਾ ਅਤੇ ਰੈਫੇਐਲ ਬਾਰੇ ਬੜਾ ਅਧਿਐਨ ਕੀਤਾ ਹੋਇਆ ਸੀ। ਇਨ੍ਹਾਂ ਦੇ ਸਟਾਈਲ ਉਤੇ ਬਾਲਡਾਸੇਅਰ ਪੈਰੂਜ਼ੀ ਦਾ ਵੀ ਪ੍ਰਭਾਵ ਹੈ। ਰੁਬੈਨੱਜ਼, ਪਾਈਐਟਰੋ ਡਾ ਕੌਰਟੋਨਾ ਅਤੇ ਹੋਰ ਕਲਾਕਾਰ ਪੋਲੀਡਾਰੋ ਨੂੰ ਪ੍ਰਾਚੀਨ ਕਲਾ ਦਾ ਪ੍ਰਮਾਣ ਪੁਰਸ਼ ਮੰਨਦੇ ਹਨ।

ਰੋਮ ਤੋਂ ਬਰਖ਼ਾਸਤ ਕੀਤੇ ਜਾਣ ਮਗਰੋਂ ਇਹ ਨੇਪਲਜ਼ ਭੱਜ ਗਿਆ ਅਤੇ ਫਿਰ ਮੈਸਿਨਾ ਚਲਾ ਗਿਆ, ਜਿਥੇ ਇਸ ਨੂੰ 1543 ਵਿਚ ਕਤਲ ਕਰ ਦਿਤਾ ਗਿਆ।

ਹ. ਪੂ.—ਐਨ. ਬ੍ਰਿ. 4 : 861

**ਕਾਰਾਵਾਡਜੋ, ਮਾਈਕਲਐਂਜਲੋ ਡਾ :** ਇਹ ਇਟਲੀ ਦਾ ਬਹੁਤ ਹੀ ਉੱਘਾ ਚਿੱਤਰਕਾਰ ਹੋਇਆ ਹੈ, ਜਿਸ ਨੇ ਰੋਸ਼ਨੀ, ਰੰਗ ਅਤੇ ਮੂਰਤੀ ਕਲਾ ਬਾਰੇ ਆਪਣੀ ਧਾਰਨਾ ਰਾਹੀਂ ਇਟਲੀ ਦੀ ਚਿੱਤਰਕਾਰੀ ਵਿਚ ਮੂਲੋਂ ਹੀ ਇਕ ਕ੍ਰਾਂਤੀ ਲੈ ਆਂਦੀ ਸੀ। ਇਸ ਦੇ ਬਣਾਏ ਹੋਏ ਚਿੱਤਰ ਜਿਊਂਦੀਆਂ ਜਾਗਦੀਆਂ ਅਤੇ ਵਾਸਤਵਿਕ ਵਸਤਾਂ ਜਾਪਦੀਆਂ ਸਨ। ਇਸ ਦਾ ਜਨਮ ਲੋਂਮਬਰਡੀ ਵਿਚ ਬ੍ਰੇਸ਼ਾ ਦੇ ਨੇੜੇ ਕਾਰਾਵਾਡਜੋ ਵਿਖੇ ਇਕ ਮਿਸਤਰੀ ਅਤੇ ਉਸਤਾਦ ਉਸੱਰਈਏ, ਫਰਮੋ ਮਿਰਿਸੀ ਦੇ ਘਰ 28 ਸਤੰਬਰ, 1573 ਨੂੰ ਹੋਇਆ। ਇਹ ਯੂਰਪੀ ਕਲਾ ਦੀ ਬੈਰੋਕ ਸ਼ੈਲੀ ਦਾ ਮੋਢੀ ਸੀ।

ਕਾਰਾਵਾਡਜੋ ਨੇ 1588 ਤਕ ਸਿਮੋਨ ਪੀਟਰਜ਼ੈਨੋ ਤੋਂ ਮੁੱਢਲੀ ਸਿਖਲਾਈ ਮਾਈਲੈਨ ਵਿਚ ਪ੍ਰਾਪਤ ਕੀਤੀ। 1588 ਤੋਂ 1591 ਦੇ ਵਿਚਕਾਰ ਇਹ ਰੋਮ ਚਲਾ ਗਿਆ। ਇਸ ਦੀਆਂ ਮੁੱਢਲੀਆਂ ਕ੍ਰਿਤਾਂ ਉਤੇ ਐਨਟੋਨੀਓ ਕਾਂਪੀ, ਜਿਰੋਲਾਮੋ ਸਾਵੋਲਡੋ, ਜਿਰੋਲਾਮੋ ਰੋਮਾਨਿਨੋ, ਮੋਰੇਟ ਅਤੇ ਲੋਰੈਂਜ਼ੋ ਲੋਟੋ ਦਾ ਪ੍ਰਭਾਵ ਪਿਆ। ਇਸ ਕਾਲ ਵਿਚ ਇਸ ਨੇ ਵਧੇਰੇ ਕਰ ਕੇ ਅੱਲ੍ਹੜ ਮੁੰਡਿਆਂ ਨੂੰ ਆਪਣੀ ਚਿੱਤਰਕਾਰੀ ਦਾ ਵਿਸ਼ਾ ਬਣਾਇਆ। ਇਨ੍ਹਾਂ ਤਸਵੀਰਾਂ ਵਿਚ ਨਵਾਂਪਨ ਅਤੇ ਅਨੁਭਾਵਿਕਤਾ ਪ੍ਰਤੱਖ ਵਿਖਾਈ ਦਿੰਦੀ ਹੈ। ਇਹ ਅਸਲ ਜੀਵਨ ਨੂੰ ਦਰਸਾਉਂਦੀਆਂ ਹਨ ਅਤੇ ਇਨ੍ਹਾਂ ਵਿਚ ਰੋਮ ਵਿਚ ਪ੍ਰਚਲਿਤ ਕਲਾ ਦੀ ਸ਼ਿਸ਼ਟ-ਸ਼ੈਲੀ ਨਹੀਂ ਭਰੀ ਗਈ। ਇਹ ਤਸਵੀਰਾਂ ਉੱਘੇ ਕਲਾ ਦੇ ਪਾਰਖੂਆਂ ਵਲੋਂ ਖ਼ਰੀਦੀਆਂ ਗਈਆਂ ਸਨ। ਮਗਰੋਂ ਦੇ ਚਿੱਤਰ, ਜਿਹੜੇ ਕਿ ਨਿਰਸੰਦੇਹ

ਇਸ ਦੇ ਪਹਿਲੇ ਸ਼ਾਹਕਾਰ ਹਨ, 1598 ਤੋਂ 1600 ਦੇ ਵਿਚਕਾਰ ਬਣਾਏ ਗਏ। ਇਨ੍ਹਾਂ ਤਸਵੀਰਾਂ ਨੇ ਨਾ ਕੇਵਲ ਰੋਮ ਵਿਚ ਤਰਥੱਲੀ ਹੀ ਮਚਾ ਦਿੱਤੀ, ਸਗੋਂ ਕਾਰਾਵਾਡਜੋ ਦੀ ਕਲਾਤਮਿਕ ਧਾਰਨਾ ਵਿਚ ਸਮੁੱਚੀ ਤਬਦੀਲੀ ਲੈ ਆਂਦੀ। ਇਸ ਤੋਂ ਮਗਰੋਂ ਇਹ ਪੂਰਨ ਤੌਰ ਤੇ ਰਵਾਇਤੀ ਧਾਰਮਕ ਵਿਸ਼ਿਆਂ ਸਬੰਧੀ ਚਿੱਤਰਕਾਰੀ ਕਰਨ ਲਗ ਪਿਆ, ਜਿਸ ਵਿਚ ਇਸ ਨੇ ਮੂਲੋਂ ਹੀ ਨਵੀਂ ਪੇਸ਼ਕਾਰੀ ਅਤੇ ਨਵੇਂ ਭਾਵ-ਅਰਥ ਦਿੱਤੇ। ਇਹ ਸਪਸ਼ਟਤਾ ਅਤੇ ਇਕਾਗਰਤਾ ਉਤੇ ਬੜੇ ਜ਼ੋਰ ਦਿੰਦਾ ਸੀ। ਇਸ ਦੀਆਂ ਕ੍ਰਿਤਾਂ ਵਿਚਲੇ ਕਲਾਸਕੀ ਗੁਣ ਨੈਸ਼ਨਲ ਗੈਲਰੀ, ਲੰਡਨ ਵਿਚ ਪਏ ਚਿੱਤਰ 'ਸਪਰ ਐਟ ਈਮੌਸ' ਤੋਂ ਸਪਸ਼ਟ ਹੁੰਦੇ ਹਨ।

ਜਦੋਂ ਕਾਰਾਵਾਡਜੋ ਕਲਾਤਮਕ ਪ੍ਰਪੱਕਤਾ ਅਤੇ ਪ੍ਰਸਿੱਧੀ ਦੀ ਸਿਖਰ ਤੇ ਪਹੁੰਚਿਆ ਹੋਇਆ ਸੀ, ਉਦੋਂ ਇਸ ਦਾ ਨਿੱਜੀ ਜੀਵਨ ਅਸ਼ਾਂਤੀ ਵਾਲਾ ਅਤੇ ਹਿੰਸਾ ਭਰਿਆ ਸੀ ਅਤੇ 1600 ਤੋਂ ਲੈ ਕੇ 1610 ਤਕ ਪੁਲਿਸ ਦੇ ਰਿਕਾਰਡ ਵਿਚ ਇਸ ਨੂੰ ਅਕਸਰ ਅਪਰਾਧੀ ਵਜੋਂ ਵਰਣਨ ਕੀਤਾ ਗਿਆ ਹੈ। ਮਈ, 1606 ਵਿਚ ਇਕ ਖੇਡ ਵਿਚ ਸ਼ਰਤ ਨਾ ਦੇਣ ਦੇ ਬਦਲੇ, ਇਸ ਨੇ ਆਪਣੇ ਵਿਰੋਧੀ ਨੂੰ ਮਾਰ ਦਿਤਾ ਅਤੇ ਆਪ ਸਾਬੀਨ ਪਹਾੜਾਂ ਵਿਚ ਜਾ ਛੁਪਿਆ। ਫਿਰ ਨੇਪਲਜ਼ ਚਲਾ ਗਿਆ, ਜਿਥੇ ਇਸ ਨੇ ਕਮਾਲ ਦੀਆਂ ਤਸਵੀਰਾਂ ਬਣਾਈਆਂ। ਇਸ ਉਪਰੰਤ ਮਾਲਟਾ ਚਲਾ ਗਿਆ ਅਤੇ ਉਥੋਂ ਲੜ ਕੇ ਫਿਰ ਸਿਸਲੀ ਭੱਜ ਗਿਆ ਅਤੇ ਸ਼ਹਿਰ ਸ਼ਹਿਰ ਘੁੰਮਦਾ ਰਿਹਾ। ਆਖਿਰ ਇਹ ਨੇਪਲਜ਼ ਚਲਾ ਗਿਆ ਜਿਥੇ ਆਪਣੇ ਦੁਸ਼ਮਣਾਂ ਦੇ ਹੱਥੋਂ ਸਖਤ ਜ਼ਖਮੀ ਹੋ ਗਿਆ। ਜੁਲਾਈ, 1610 ਵਿਚ ਇਸ ਦਾ ਦੇਹਾਂਤ ਹੋ ਗਿਆ।

ਹ. ਪੁ—ਐਨ. ਬ੍ਰਿ. 4 : 825

**ਕਾਰਿੰਥੀਆ** : ਆਸਟ੍ਰੀਆ ਸੰਘੀ ਗਣਰਾਜ ਦਾ ਇਹ ਇਕ ਰਾਜ ਹੈ ਜਿਸ ਦਾ ਰਕਬਾ 9,534 ਵ. ਕਿ. ਮੀ. ਅਤੇ ਆਬਾਦੀ 536,179 (1981) ਹੈ। ਕਲਾਗੇਨੱਫਰਟ ਇਸ ਦੀ ਰਾਜਧਾਨੀ ਹੈ। ਇਹ ਸੈਂਟਰਲ ਐਲਪਸ ਦੀ ਟੀਸੀ ਤੋਂ ਲੈ ਕੇ ਦੱਖਣ ਵਲ ਕਾਰਨਿਕ ਐਲਪਸ ਅਤੇ ਕਾਰਾਵਨਕੈਨ ਦੀਆਂ ਟੀਸੀਆਂ, ਜੋ ਇਟਲੀ ਤੇ ਯੂਗੋਸਲਾਵੀਆ ਨਾਲ ਸਰਹੱਦ ਬਣਾਉਂਦੀਆਂ ਹਨ, ਤਕ ਫੈਲਿਆ ਹੋਇਆ ਹੈ।

ਕਾਰਿੰਥੀਆ ਸਾਰੇ ਦਾ ਸਾਰਾ ਐਲਪਾਈਨੀ ਹੈ ਅਤੇ ਕੁਝ ਇਲਾਕਾ ਨੀਵਾਂ ਅਤੇ ਕਲਾਗੇਨੱਫਰਟ ਦੇ ਬੇਸਿਨ ਦਾ ਹੈ। ਸੈਂਟਰਲ-ਐਲਪਸ ਦੀਆਂ ਪੂਰਬੀ ਲੜੀਆਂ ਵਾਲਾ ਇਲਾਕਾ ਲੋਅਰ ਕਾਰਿੰਥੀਆ ਅਤੇ ਪੱਛਮੀ ਹਿੱਸਾ, ਜਿਸ ਵਿਚ ਜ਼ਿਆਦਾ ਕਰਕੇ ਪਹਾੜ ਹਨ, ਅੱਪਰ ਕਾਰਿੰਥੀਆ ਅਖਵਾਉਂਦਾ ਹੈ। ਦਰਿਆ ਡ੍ਰਾਵਾ ਅੱਪਰ ਕਾਰਿੰਥੀਆ ਨੂੰ ਉੱਤਰੀ ਤੇ ਦੱਖਣੀ ਦੋ ਭਾਗਾਂ ਵਿਚ ਵੰਡਦਾ ਹੈ। ਆਸਟ੍ਰੀਆ ਦੀ ਸਭ ਤੋਂ ਉੱਚੀ ਥਾਂ ਕਾਰਿੰਥੀਆ ਗਰੋਸ-ਗਲੋਕਨਰ ਗਰੁੱਪ ਵਿਚ ਵਾਕਿਆ ਹੈ ਜਿਸ ਦੀ ਉਚਾਈ 3797 ਮੀ. ਹੈ ਅਤੇ ਸਭ ਤੋਂ ਵੱਡਾ ਗਲੇਸ਼ੀਅਰ ਪਾਸਟਰਜ਼ ਜੋ 9 ਕਿ. ਮੀ. ਲੰਬਾ ਹੈ ਇਥੇ ਦੋ ਵੱਡੀਆਂ ਝੀਲਾਂ ਵਾਈਸੈਨਸੀ ਅਤੇ ਮਿਲਸਟਾਟਰਸੀ ਹਨ। ਕਲਾਗੇਨਫਰਟ ਬੇਸਿਨ ਵਿਚ ਕਈ ਛੋਟੀਆਂ ਛੋਟੀਆਂ ਝੀਲਾਂ ਹਨ ਜਿਨ੍ਹਾਂ ਦਾ ਸੋਮਾ ਗਲੇਸ਼ੀਅਰ ਹਨ।

ਕਾਰਿੰਥੀਆ ਵਿਚ ਰੂਮ ਸਾਗਰੀ ਹਵਾਵਾਂ ਮੀਂਹ ਪਾਉਂਦੀਆਂ ਹਨ ਅਤੇ ਅਕਤੂਬਰ ਵਿਚ ਸਭ ਤੋਂ ਵੱਧ ਵਰਖਾ ਹੁੰਦੀ ਹੈ। ਸਾਰਿਆਂ ਪਾਸਿਆਂ ਤੋਂ ਪਹਾੜਾਂ ਨਾਲ ਘਿਰਿਆ ਹੋਣ ਕਰਕੇ ਇਥੇ ਤੇਜ਼ ਹਵਾਵਾਂ ਨਹੀਂ ਵਗਦੀਆਂ, ਨਿੱਘ ਰਹਿੰਦਾ ਹੈ, ਗਰਮੀਆਂ ਨੂੰ ਧੁੱਪ ਬਹੁਤ ਹੁੰਦੀ ਹੈ ਅਤੇ ਸਰਦੀਆਂ ਵਿਚ ਠੰਡ ਜ਼ਿਆਦਾ ਹੁੰਦੀ ਹੈ। ਜਨਵਰੀ ਵਿਚ ਤਾਪਮਾਨ $-4°$ ਸੈਂ. ਤੋਂ $-7°$ ਸੈਂ. ਵਿਚਕਾਰ ਰਹਿੰਦਾ ਹੈ ਅਤੇ ਕਈ ਵਾਰ $-20°$ ਸੈਂ. ਤਕ ਪਹੁੰਚ ਜਾਂਦਾ ਹੈ। ਵਰਖਾ 80 ਤੋਂ 100 ਸੈ. ਮੀ. ਬੇਸਿਨ ਵਿਚ ਅਤੇ 245 ਸੈਂ. ਮੀ. ਪਹਾੜਾਂ ਦੇ ਆਲੇ-ਦੁਆਲੇ ਹੁੰਦੀ ਹੈ।

ਕਾਰਿੰਥੀਆ ਵਿਚ ਬਹੁਤ ਕਿਸਮ ਦੀ ਬਨਸਪਤੀ ਪਾਈ ਜਾਂਦੀ ਹੈ। ਪਹਾੜਾਂ ਉਪਰ ਸਦਾਬਹਾਰ ਦਰੱਖਤ ਅਤੇ ਨੀਵੇਂ ਮੈਦਾਨਾਂ ਉਪਰ ਪਤਝੜ ਵਾਲੇ ਦਰੱਖਤ ਪਾਏ ਜਾਂਦੇ ਹਨ।

ਇਹ ਇਲਾਕਾ ਨੌਰੀਕਮ ਦੀ ਕੇਲਟਕ ਬਾਦਸ਼ਾਹਤ ਦਾ ਕੇਂਦਰ ਸੀ ਜੋ 16ਵੀਂ ਈ. ਪੂ. ਵਿਚ ਰੋਮਨ ਪ੍ਰਾਂਤ ਬਣ ਗਿਆ ਸੀ। ਰੋਮਨ ਰਾਜ ਦੇ ਪਤਨ ਤੋਂ ਬਾਅਦ ਕਾਰਿੰਥੀਆ ਟਿਊਟਨੀ ਕਬੀਲਿਆਂ ਦਾ ਸ਼ਿਕਾਰ ਬਣ ਗਿਆ। ਸੰਨ 1976 ਵਿਚ ਕਾਰਿੰਥੀਆ ਡੱਚੀ ਬਣ ਗਿਆ ਅਤੇ ਸਟੀਰੀਆ ਤੇ ਅਜੋਕਾ ਈਸਟ ਟਾਈਰੋਲ ਇਸ ਵਿਚ ਸ਼ਾਮਲ ਹੋ ਗਏ। 1276 ਵਿਚ ਇਹ ਹੈਬਸਬਰਗ ਦੇ ਰੁਡੌਲਫ ਪਹਿਲੇ ਦੇ ਹੱਥਾਂ ਵਿਚ ਆ ਗਿਆ ਜਿਸਨੇ 1286 ਈ. ਵਿਚ ਇਸਨੂੰ ਟਾਈਰੋਲ ਦੇ ਕਾਊਂਟ ਨੂੰ ਦੇ ਦਿਤਾ। ਸੰਨ 1335 ਵਿਚ ਇਹ ਹੈਬਸਬਰਗਾਂ ਨੂੰ ਵਾਪਸ ਕਰ ਦਿਤਾ ਗਿਆ ਜਿਨ੍ਹਾਂ ਪਾਸ ਇਹ 1918 ਈ. ਤਕ ਰਿਹਾ।

ਪਹਿਲੇ ਵਿਸ਼ਵ ਯੁੱਧ ਉਪਰੰਤ ਯੂਗੋਸਲਾਵੀਆ ਨੇ ਦੱਖਣੀ ਕਾਰਿੰਥੀਆ ਤੇ ਆਪਣਾ ਅਧਿਕਾਰ ਜਮਾ ਲਿਆ ਅਤੇ 1919 ਈ. ਵਿਚ ਕੁਝ ਇਲਾਕਾ ਯੂਗੋਸਲਾਵੀਆ ਅਤੇ ਕੁਝ ਇਟਲੀ ਨੇ ਸਾਂਭ ਲਿਆ। ਸੰਨ 1945 ਵਿਚ ਇਹ ਮੁੜ ਸੰਘੀ ਰਾਜ ਬਣ ਗਿਆ।

ਲੋਹੇ ਦੀ ਕੱਚੀ ਧਾਤ ਲਗਭਗ 2,00,000 ਮੀਟ੍ਰਿਕ ਟਨ ਹਟਨਬਰਗ ਦੇ ਸਥਾਨ ਤੋਂ ਕੱਢੀ ਜਾਂਦੀ ਹੈ। ਇਸ ਤੋਂ ਬਿਨਾਂ ਜਸਤਾ, ਸਿੱਕਾ, ਮੈਗਨੇਸਾਈਟ ਅਤੇ ਬਰਾਊਨ ਕੋਲੇ ਦੇ ਭੰਡਾਰ ਇਸ ਰਾਜ ਵਿਚ ਮੌਜੂਦ ਹਨ। ਸੇਂਟ ਐਂਡਰਾ ਵਿਖੇ ਥਰਮੋਇਲੈਕਟ੍ਰਿਕ ਪਾਵਰ ਸਟੇਸ਼ਨ ਹੈ। ਉਦਯੋਗ ਇਥੇ ਇੰਨਾ ਵਿਕਸਤ ਨਹੀਂ ਹੈ। ਜੰਗਲੀ ਲੱਕੜ ਬੜੀ ਲਾਹੇਵੰਦ ਹੈ।

ਕੁਲ ਰਕਬੇ ਦਾ 46% ਖੇਤੀਬਾੜੀ ਲਈ ਵਰਤਿਆ ਜਾਂਦਾ ਹੈ ਅਤੇ 44% ਵਿਚ ਜੰਗਲ ਹਨ। ਕਲਾਗੇਨੱਫਰਟ ਬੇਸਿਨ ਵਿਚ ਕਣਕ, ਰਾਈ ਤੇ ਜਵੀ, ਗੇਲ ਵਾਦੀ ਵਿਚ ਮੱਕੀ ਅਤੇ ਝੀਲਾਂ ਦੇ ਕੰਢਿਆਂ ਤੇ ਫਲਾਂ ਦੀ ਕਾਸ਼ਤ ਹੁੰਦੀ ਹੈ। ਪਸ਼ੂ ਬਹੁਤ ਗਿਣਤੀ ਵਿਚ ਪਾਲੇ ਜਾਂਦੇ ਹਨ।

ਕਾਰਿੰਥੀਆ ਵਿਚ ਆਵਾਜਾਈ ਦੀਆਂ ਕਾਫ਼ੀ ਸਹੂਲਤਾਂ ਹਨ। ਰੇਲਵੇ ਲਾਈਨਾਂ ਦਾ ਅਤੇ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਕਲਾਗੇਨੱਫਰਟ ਵਿਖੇ ਇਕ ਹਵਾਈ ਅੱਡਾ ਹੈ ਪਰ ਹਵਾਈ ਸੇਵਾਵਾਂ ਇਥੇ ਇੰਨੀਆਂ ਮਹੱਤਤਾ ਨਹੀਂ ਰਖਦੀਆਂ।

ਇਥੇ ਦੀ ਕੁਲ ਆਬਾਦੀ ਵਿਚੋਂ 90% ਜਰਮਨ ਲੋਕ ਹਨ, ਜਿਹੜੀ ਭਾਸ਼ਾ ਉਹ ਬੋਲਦੇ ਹਨ ਉਹ ਬਾਵੇਰੀਅਨ ਗਰੁੱਪ ਨਾਲ ਮਿਲਦੀ ਜੁਲਦੀ ਹੈ। 86% ਲੋਕ ਰੋਮਨ—ਕੈਥੋਲਿਕ ਅਤੇ 10 ਪ੍ਰਤੀਸ਼ਤ ਪ੍ਰੋਟੈਸਟੈਂਟ ਹਨ।

ਇਥੋਂ ਦੇ ਮੁੱਖ ਸ਼ਹਿਰ ਕਲਾਗੇਨੱਫਰਟ, ਵਿਲਾਚ ਅਤੇ ਸੇਂਟ ਵੀਟ ਐਨ ਡਰ ਗਲੈਨ ਹਨ।

ਹ. ਪੁ.—ਐਨ. ਬ੍ਰਿ. 4 : 915

**ਕਾਰੀਕਾਲ** : ਭਾਰਤ ਦੇ ਪਾਂਡੀਚਰੀ ਸੰਘੀ ਖੇਤਰ ਦਾ ਕਾਰੋਮੰਡਲ ਤੱਟ ਤੇ ਵਸਿਆ ਹੋਇਆ ਇਕ ਕਸਬਾ ਹੈ ਜੋ ਪਾਂਡੀਚਰੀ ਤੋਂ ਕੋਈ 150 ਕਿ. ਮੀ. ਦੱਖਣ ਵਿਚ ਹੈ। ਇਹ ਤਾਮਿਲਨਾਡੂ ਦੇ ਤੰਜੌਰ ਜ਼ਿਲ੍ਹੇ ਵਿਚ ਘਿਰਿਆ ਹੋਇਆ ਹੈ। ਪਹਿਲਾਂ ਇਹ ਫਰਾਂਸੀਸੀ ਬਸਤੀ ਦਾ ਮੁੱਖ ਸ਼ਹਿਰ ਸੀ। ਇਸ ਨੂੰ 1954 ਵਿਚ ਭਾਰਤ ਵਿਚ ਰਲਾ ਦਿਤਾ ਗਿਆ। ਉਸ ਸਮੇਂ ਬਸਤੀ ਵਿਚ 110 ਪਿੰਡ ਹੁੰਦੇ ਸਨ ਅਤੇ ਕੁਲ ਰਕਬਾ 200 ਵ. ਕਿ. ਮੀ. (52 ਵ. ਮੀਲ) ਸੀ। ਇਲਾਕਾ ਖੁੱਜ ਕੇ ਉਪਜਾਊ ਹੋਣ ਕਰਕੇ, ਪੇਂਡੂ ਵਸੋਂ ਦੀ ਘਣਤਾ ਬਹੁਤ ਜ਼ਿਆਦਾ ਹੈ।

ਇਹ ਕਸਬਾ ਦੱਖਣੀ ਰੇਲਵੇ ਦੇ ਇਕ ਵਪਾਰਕ ਰਸਤੇ (ਮਾਇਆਵਰਮ-ਪੈਰਾਲਮ) ਤੇ ਸਥਿਤ ਹੈ। ਇਹ ਖੁਲ੍ਹੇ ਸਮੁੰਦਰ ਦੀ ਬੰਦਰਗਾਹ ਹੈ। ਇਥੋਂ ਦਾ ਲਾਈਟ ਹਾਊਸ 43 ਮੀ. (142 ਫੁੱਟ) ਉੱਚਾ ਹੈ। ਜਿਹੜਾ ਦਸ-ਪੰਦਰਾਂ ਕਿ. ਮੀ. ਤੋਂ ਵਿਖਾਈ ਦਿੰਦਾ ਹੈ।

ਤੰਜੌਰ ਦੇ ਜਲਾਵਤਨ ਰਾਜਾ, ਸਾਇਆ ਜੀ ਨੇ 1738 ਈ. ਵਿਚ ਫਰਾਂਸੀਸੀਆਂ ਨਾਲ ਇਕਰਾਰ ਕੀਤਾ ਕਿ ਜੇ ਉਹ ਗੱਦੀ ਵਾਪਸ ਲੈਣ ਵਿਚ ਉਸ ਦੀ ਸਹਾਇਤਾ ਕਰਨ, ਤਾਂ ਕਾਰੀਕਲ ਉਨ੍ਹਾਂ ਨੂੰ ਦੇ ਦਿਤਾ ਜਾਵੇਗਾ। ਪਰ ਕੰਮ ਬਣ ਜਾਣ ਪਿੱਛੋਂ ਉਹ ਇਕਰਾਰ ਤੋਂ ਫਿਰ ਗਿਆ ਤਾਂ ਫਰਾਂਸੀਸੀਆਂ ਨੇ ਉਸ ਦੇ ਵਿਰੋਧੀ ਚੰਦਾ ਸਾਹਿਬ ਦੀ ਸਹਾਇਤਾ ਨਾਲ 1739 ਈ. ਵਿਚ ਕਾਰੀਕਲ ਤੇ ਜ਼ਬਰਦਸਤੀ ਕਬਜ਼ਾ ਕਰ ਲਿਆ। ਇਸੇ ਤਰ੍ਹਾਂ ਹੀ 1739 ਈ. ਵਿਚ 89 ਪਿੰਡ ਆਪਣੇ ਕਬਜ਼ੇ ਵਿਚ ਕਰ ਲਏ। 1760 ਈ. ਵਿਚ ਅੰਗਰੇਜ਼ਾਂ ਨੇ ਕਾਰੀਕਲ ਤੇ ਕਬਜ਼ਾ ਕਰ ਲਿਆ, ਪਰ 1765 ਈ. ਵਿਚ ਮੋੜ ਦਿਤਾ। ਇਸ ਤੋਂ ਤਿੰਨ ਵਾਰ ਫੇਰ ਇਸੇ ਤਰ੍ਹਾਂ ਹੀ ਹੋਇਆ। ਅਖੀਰ ਵਿਚ 1817 ਈ. ਵਿਚ ਫਰਾਂਸੀਸੀਆਂ ਨੂੰ ਇਸ ਸ਼ਰਤ ਤੇ ਮੋੜ ਦਿਤਾ ਗਿਆ ਕਿ ਉਹ ਨਾ ਤਾਂ ਇਸ ਦੀ ਕਿਲੇਬੰਦੀ ਕਰਨਗੇ ਅਤੇ ਨਾ ਹੀ ਇਥੇ ਫ਼ੌਜ ਰੱਖਣਗੇ। ਨਵੰਬਰ,1954 ਈ. ਵਿਚ ਇਸ ਨੂੰ ਭਾਰਤ ਵਿਚ ਰਲਾ ਦਿਤਾ ਗਿਆ। ਹੁਣ ਇਹ ਭਾਰਤ ਸਰਕਾਰ ਦੇ ਸਿੱਧੇ ਪ੍ਰਬੰਧ ਹੇਠ ਹੈ।

ਆਬਾਦੀ—26,082 (1971)

10°55′ ਉ. ਵਿਥ.; 79°50′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 13 : 237; ਐਨ. ਬ੍ਰਿ. ਮਾ. 5 : 710

**ਕਾਰੂੰ** : ਇਸਰਾਈਲ ਵੰਸ਼ੀ ਯੱਸ਼ਰ ਦਾ ਇਹ ਪੁੱਤਰ ਸੀ, ਜੋ ਮਿਸਰ ਵਿਚ ਵੱਡਾ ਧਨੀ ਅਤੇ ਕੰਜੂਸਾਂ ਦਾ ਸਰਤਾਜ ਸੀ। ਇਸ ਦਾ ਜ਼ਿਕਰ ਕੁਰਾਨ ਵਿਚ ਵੀ ਆਇਆ ਹੈ। ਇਹ ਮੂਸਾ ਦੇ ਚਾਚੇ ਦਾ ਪੁੱਤਰ ਸੀ।

ਯਹੂਦੀਆਂ ਦੇ ਗ੍ਰੰਥ 'ਤਾਲਮੂਦ' ਵਿਚ ਲਿਖਿਆ ਹੈ ਕਿ ਕਾਰੂੰ ਦੇ ਖਜ਼ਾਨਿਆਂ ਦੀਆਂ ਚਾਬੀਆਂ 300 ਖੱਚਰਾਂ ਦਾ ਬੋਝ ਸੀ। ਇਹ ਧਨ ਦੇ ਨਸ਼ੇ ਵਿਚ ਆ ਕੇ ਹਜ਼ਰਤ ਮੂਸਾ ਦੇ ਹੁਕਮਾਂ ਦੀ ਤਾਮੀਲ ਨਹੀਂ ਕਰਦਾ ਸੀ ਅਤੇ ਜ਼ਕਾਤ ਨਹੀਂ ਦਿੰਦਾ ਸੀ। ਮੂਸਾ ਦੇ ਸਰਾਪ ਨਾਲ ਕਾਰੂੰ ਖਜ਼ਾਨਿਆਂ ਸਮੇਤ ਜ਼ਮੀਨ ਵਿਚ ਗ਼ਰਕ ਹੋ ਗਿਆ।

ਲੀਡੀਆ ਦੇ ਬਾਦਸ਼ਾਹ ਕਰੂਸਸ ਨੂੰ ਵੀ ਕਾਰੂੰ ਕਿਹਾ ਜਾਂਦਾ ਹੈ। ਇਹ ਵੱਡਾ ਧਨੀ ਸੀ। ਇਸ ਦੀ ਪ੍ਰਭੁਤਾ ਵੇਖ ਕੇ ਵੱਡੇ ਵੱਡੇ ਸਿਆਣੇ ਇਸ ਪਾਸ ਆ ਰਹੇ, ਜਿਨ੍ਹਾਂ ਵਿਚੋਂ ਸੋਲਨ ਇਕ ਵੱਡਾ ਰਿਖੀ ਸੀ। ਉਸ ਤੋਂ ਕਰੂਸਸ ਨੇ ਪੁੱਛਿਆ ਕਿ ਸੰਸਾਰ ਵਿਚ ਸੁਖੀ ਕੌਣ ਹੈ? ਸੋਲਨ ਨੇ ਜਵਾਬ ਦਿੱਤਾ ਕਿ ਜਿਸ ਦਾ ਅੰਤ ਸੁਖ ਨਾਲ ਨਿਭੇ। ਜਦ ਫਾਰਸ ਦੇ ਬਾਦਸ਼ਾਹ ਨੇ ਕਰੂਸਸ ਨੂੰ ਜਿੱਤ ਕੇ ਫੜ ਲਿਆ ਤੇ ਕਤਲ ਕਰਨ ਲੱਗਾ ਤਾਂ ਇਸ ਨੂੰ ਸੋਲਨ ਦੀ ਸਿਖਿਆ ਯਾਦ ਆਈ ਅਤੇ ਇਸ ਨੇ ਤਿੰਨ ਵਾਰ ਸੋਲਨ ਦਾ ਨਾਂ ਲਿਆ। ਜਦ ਪੁੱਛਣ ਤੇ ਉਸ ਨੇ ਸਾਰਾ ਹਾਲ ਦਸਿਆ ਤਾਂ ਫਾਰਸ ਦੇ ਬਾਦਸ਼ਾਹ ਨੇ ਉਸ ਨੂੰ ਛੱਡ ਦਿੱਤਾ।

ਹ. ਪੁ.—ਮ. ਕੋ.

**ਕਾਰੂਜ਼ੋ, ਐਨਰੀਕੋ**—ਇਹ 20 ਵੀਂ ਸਦੀ ਦਾ ਇਟਲੀ ਦਾ ਗੀਤ—ਨਾਟਕਾਂ ਦਾ ਸੱਭ ਤੋਂ ਵੱਧ ਪ੍ਰਸਿੱਧ ਮਨੁੱਖੀ-ਸੁਰ-ਗਾਇਕ ਸੀ। ਇਸ ਦਾ ਜਨਮ ਨੇਪਲਜ਼ ਵਿਚ 25 ਫ਼ਰਵਰੀ, 1873 ਨੂੰ ਹੋਇਆ। ਸੰਨ 1894 ਤੱਕ ਇਹ ਸਾਧਾਰਨ ਗਾਇਕ ਸੀ ਪਰ 4 ਸਾਲ ਮਗਰੋਂ ਇਸ ਨੇ ਮਾਈਲੈਨ ਵਿਚ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਲਈ। ਇਸ ਦੀ ਆਵਾਜ਼ ਬਹੁਤ ਉੱਚੀ, ਸਪੱਸ਼ਟ ਅਤੇ ਬਹੁਤ ਹੀ ਸੁਰੀਲੀ ਸੀ। ਸੰਨ 1902 ਵਿਚ ਇਹ ਲੰਡਨ ਵਿਚ ਪਹਿਲੀ ਵਾਰ ਕੋਵੈਂਟ ਗਾਰਡਨ ਦੇ ਰੰਗ-ਮੰਚ ਉੱਤੇ ਆਇਆ ਅਤੇ ਅਗਲੇ ਸਾਲ ਨਿਊਯਾਰਕ ਦੇ ਮੈਟ੍ਰੋਪੌਲਿਟਨ ਓਪੇਰਾ ਹਾਊਸ ਵਿਚ ਆਇਆ, ਜਿੱਥੇ ਇਸ ਦੀਆਂ ਸਰਗਰਮੀਆਂ ਬਹੁਤ ਤੇਜ਼ ਸਨ। ਉਮਰ ਦੇ ਮਗਰਲੇ ਸਾਲਾਂ ਵਿਚ ਇਸ ਦੀ ਆਵਾਜ਼ ਭਾਰੀ ਤੇ ਖਰ੍ਹਵੀਂ ਹੋ ਗਈ। ਵਿਅੰਗ ਚਿਤਰਕਾਰ ਵਜੋਂ ਵੀ ਇਸ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਪਲੂਰਸੀ ਦੇ ਰੋਗ ਕਰ ਕੇ 2 ਅਗਸਤ, 1921 ਨੂੰ ਨੇਪਲਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 5

**ਕਾਰੂਨ ਦਰਿਆ** : ਈਰਾਨ ਦਾ ਸਿਰਫ਼ ਇਹ ਇਕੋ ਇਕ ਦਰਿਆ ਹੈ ਜੋ ਜਹਾਜ਼ਰਾਨੀ ਦੇ ਯੋਗ ਹੈ ਅਤੇ ਅੰਦਰੂਨੀ ਆਵਾਜਾਈ ਲਈ ਮਹੱਤਵਪੂਰਨ ਹੈ। ਮੁਹਾਣੇ ਤੋਂ ਲਗਭਗ 190 ਕਿ. ਮੀ. ਦੀ ਦੂਰੀ ਤੇ ਅਹਵਾਜ਼ ਝਰਨੇ ਆਉਂਦੇ ਹਨ ਜੋ ਜਹਾਜ਼ਰਾਨੀ ਵਿਚ ਰੁਕਾਵਟ ਪਾਉਂਦੇ ਹਨ। ਪਹਿਲਾਂ ਪਹਿਲ ਇਹ ਦਰਿਆ ਸਮੁੰਦਰ ਵਲ ਨੂੰ ਸਿੱਧਾ ਵਗਦਾ ਸੀ ਪਰ ਅੱਜਕਲ੍ਹ ਇਸ ਨੂੰ ਇਕ ਨਹਿਰ ਦੁਆਰਾ ਸ਼ੱਤ-ਅਲ-ਅਰਬ ਵਿਚ ਸੁਟਿਆਂ ਗਿਆ ਹੈ ਜਿਸ ਨੂੰ ਇਹ ਖੁਰੱਮਸ਼ਹਿਰ ਵਿਖੇ ਮਿਲਦਾ ਹੈ। ਝਰਨਿਆਂ ਤੋਂ ਐਂਗਲੋ-ਈਰਾਨੀ ਆਇਲ ਕੰਪਨੀ ਦੇ ਤੇਲ ਖੇਤਰਾਂ ਨੂੰ ਇਕ ਸ਼ਾਹ-ਰਾਹ ਕਢਿਆ ਗਿਆ ਹੈ।

ਹ. ਪੁ.—ਐਨ. ਅਮੈ. 16 : 312

**ਕਾਰੂਪਾਨੋ** : ਵੈਨਜ਼ੁਏਲਾ ਦੇ ਸੂਕਰੇ ਰਾਜ ਵਿਚ ਇਹ ਇਕ ਕੈਰਿਬੀਅਨ ਬੰਦਰਗਾਹ ਹੈ ਜੋ ਬਾਰਸੈਲੋਨਾ ਤੋਂ 165 ਕਿ. ਮੀ. ਉੱਤਰ-ਪੂਰਬ ਵਲ ਪਾਰੀਆ ਪ੍ਰਾਇਦੀਪ ਉਤੇ ਵਾਕਿਆ ਹੈ। ਇਸ ਬੰਦਰਗਾਹ ਦੇ ਆਲੇ-ਦੁਆਲੇ ਦਾ ਡਿਸਟ੍ਰਿਕਟ ਬੜਾ ਉਪਜਾਊ ਹੈ ਅਤੇ ਤਾਂਬੇ, ਗੰਧਕ, ਚਾਂਦੀ, ਸਿੱਕੇ ਅਤੇ ਲਿਗਨਾਈਟ ਦੀਆਂ ਖਾਣਾਂ ਨਾਲ ਭਰਪੂਰ ਹੈ। ਜਹਾਜ਼ਰਾਨੀ, ਵਪਾਰ ਅਤੇ ਮੱਛੀਆਂ ਫੜਨ ਤੋਂ ਇਲਾਵਾ ਇਸ ਸ਼ਹਿਰ ਵਿਚ ਟੋਪ, ਰੱਸੇ, ਸਾਬਣ, ਬਰਾਂਡੀ, ਰਮ, ਖੰਡ ਅਤੇ ਮਿੱਟੀ ਦੇ ਬਰਤਣ ਆਦਿ ਵੀ ਬਣਦੇ ਹਨ। ਇਥੋਂ ਕੋਕੋ, ਕਾਫ਼ੀ, ਖੰਡ, ਤੰਬਾਕੂ ਅਤੇ ਲੱਕੜੀ ਦਾ ਸਾਮਾਨ ਬਾਹਰ ਭੇਜਿਆ ਜਾਂਦਾ ਹੈ। ਇਹ ਆਪਣੇ ਆਲੇ-ਦੁਆਲੇ ਨਾਲ ਸ਼ਾਹਰਾਹਾਂ ਰਾਹੀਂ ਜੁੜਿਆ ਹੋਇਆ ਹੈ। ਇਥੇ ਇਕ ਹਵਾਈ ਅੱਡਾ ਵੀ ਹੈ।

ਆਬਾਦੀ—82,000 (1981)

10° 40′ ਉ. ਵਿਥ.; 63° 14′ ਪੱ. ਲੰਬ.

ਹ. ਪੁ.—ਐਨ. ਬ੍ਰਿ. 5 : 4; ਐਨ. ਅਮੈ 5 : 688

**ਕਾਰੇਨ** : ਦੱਖਣੀ ਬਰਮਾ ਦੇ ਕਬਾਇਲੀ ਲੋਕਾਂ ਦੀ ਇਹ ਇਕ ਜਾਤੀ ਹੈ ਜੋ ਚੀਨੀ-ਤਿੱਬਤੀ ਪਰਿਵਾਰ ਦੀ ਬੋਲੀ ਬੋਲਦੇ ਹਨ। ਕਿਸੇ ਨਸਲੀ ਨਜ਼ਰੀਏ ਨਾਲ ਇਹ ਲੋਕ ਇਕ ਗੁੱਟ ਵਿਚ ਨਹੀਂ ਬਝੇ ਹੋਏ ਸਗੋਂ ਭਾਸ਼ਾ, ਧਰਮ ਅਤੇ ਆਰਥਿਕ ਪਖੋਂ ਇਕ ਦੂਜੇ ਤੋਂ ਭਿੰਨ ਭਿੰਨ ਹਨ। ਇਕ ਲੱਛਣ ਇਨ੍ਹਾਂ ਨੂੰ ਦੋ ਗੁੱਟਾਂ ਵ੍ਹਾਈਟ ਕਾਰੇਨ-ਅਤੇ ਰੈੱਡ ਕਾਰੇਨ ਵਿਚ ਵੰਡਦਾ ਹੈ। ਅਗੋਂ ਇਹ ਫਿਰ ਉਹ ਗੁੱਟਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਨੇ ਸ਼ਾਨ ਸਟੇਟ ਦਾ ਦੱਖਣ ਦਾ, ਥਾਈਲੈਂਡ ਦੇ ਨਾਲ ਲਗਵੇਂ ਕਾਰੇਨ ਰਾਜਾਂ; ਹੇਠਲੇ ਬਰਮਾ ਵਿਚ ਪੀਗੂ ਯੋਮਾ ਦਾ ਪਹਾੜੀ ਖੇਤਰ ਅਤੇ ਇਰਾਵਦੀ ਡੈਲਟਾ ਮੱਲਿਆ ਹੋਇਆ ਹੈ।

ਸੰਨ 1948 ਵਿਚ ਬਰਮਾ ਦੀ ਆਜ਼ਦੀ ਤੋਂ ਬਾਅਦ ਸਰਕਾਰ ਅਤੇ ਬਹੁਤ ਸਾਰੇ ਵਿਰੋਧੀ ਗਰੁੱਪਾਂ ਵਿਚ ਕਦੇ ਕਦੇ ਖਾਨਾਜੰਗੀ ਚਲਦੀ ਰਹੀ। ਇਹ ਵਿਰੋਧੀ ਗਰੁੱਪ ਆਪਣੇ ਆਪ ਨੂੰ 'ਕਾਰੇਨ' ਅਖਵਾਉਂਦੇ ਹਨ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਅੰਤ ਇਹ ਇਸ ਗੱਲ ਕਰਕੇ ਹੀ ਇਕਠੇ ਰਹੇ ਕਿ ਬਰਮੀ ਇਨ੍ਹਾਂ ਉੱਪਰ ਰਾਜਸੀ ਤੌਰ ਤੇ ਭਾਰੂ ਹਨ। ਘਟ ਗਿਣਤੀ ਵਾਲੇ ਇਨ੍ਹਾਂ ਲੋਕਾਂ ਨੂੰ ਬਰਮੀ ਸਟੇਟ ਵਿਚ ਮਿਲਾਉਣ ਦੀ ਇਕ ਵਡੀ ਭਾਰੀ ਰਾਜਸੀ ਸਮੱਸਿਆ ਬਣੀ ਰਹੀ।

ਹ. ਪੁ.—ਐਨ. ਬ੍ਰਿ. ਮਾ. 5 : 709

**ਕਾਰੇਨ ਭਾਸ਼ਾਵਾਂ** : ਕਾਰੇਨ ਭਾਸ਼ਾਵਾਂ ਲੋਅਰ ਬਰ੍ਹਮਾ ਤੇ ਥਾਈਲੈਂਡ ਦੀਆਂ ਸਰਹੱਦਾਂ ਤੇ ਲਗਭਗ 12,50,000 ਲੋਕਾਂ ਦੁਆਰਾ ਬੋਲੀਆਂ ਜਾਂਦੀਆਂ ਹਨ। ਨਵੀਂ ਖੋਜ ਅਨੁਸਾਰ ਇਨ੍ਹਾਂ ਦਾ ਆਧਾਰ ਤਿੱਬਤੀ-ਬਰ੍ਹਮੀ ਭਾਸ਼ਾਵਾਂ ਹਨ, ਜਿਨ੍ਹਾਂ ਤੇ ਥਾਈ ਤੇ ਆਸਟ੍ਰੋਏਸ਼ੀਆਈ ਪ੍ਰਭਾਵ ਬਹੁਤ ਪ੍ਰਾਚੀਨ ਹੈ। ਬਰ੍ਹਮੀ ਭਾਸ਼ਾ ਨਾਲ ਇਨ੍ਹਾਂ ਦਾ ਬਹੁਤਾ ਨੇੜੇ ਦਾ ਸਬੰਧ ਨਹੀਂ ਹੈ। ਇਨ੍ਹਾਂ ਭਾਸ਼ਾਵਾਂ ਦੀ ਵਾਕ ਰਚਨਾ ਆਸਟ੍ਰੋਏਸ਼ੀਆਈ ਤੇ ਥਾਈ ਦੇ ਪੈਟਰਨ ਅਨੁਸਾਰ ਹੈ, ਜਿਸ ਵਿਚ ਕਰਤਾ ਤੇ ਕਰਮ ਦੇ ਵਿਚਕਾਰ ਕਿਰਿਆ ਲਗਦੀ ਹੈ। ਇਸ ਦੀਆਂ ਬਹੁਤ ਸਾਰੀਆਂ ਉਪ-

ਭਸ਼ਾਵਾਂ ਹਨ । ਇਨ੍ਹਾਂ ਵਿਚ ਮੌਖਿਕ ਤੇ ਨਾਸਕੀ ਬਹੁਤ ਕਿਸਮ ਦੇ ਸੁਰ ਹਨ । ਬਹੁਤ ਸਾਰੀਆਂ ਬੋਲੀਆਂ ਜਾਂਦੀਆਂ ਉਪਭਾਸ਼ਾਵਾਂ ਵਿਚੋਂ ਸਿਰਫ਼ ਦੱਖਣੀ ਉਪਭਾਸ਼ਾਵਾਂ ਸਕੌ ਤੇ ਪਵੋ ਨੂੰ ਲਿਖਤ ਰੂਪ ਵਿਚ ਪਰਵਾਨ ਕੀਤਾ ਗਿਆ ਹੈ । ਇਨ੍ਹਾਂ ਦੋਹਾਂ ਦੀ ਲਿਖਣ ਵਿਧੀ 18ਵੀਂ ਸਦੀ ਵਿਚ ਈਸਾਈ ਮਿਸ਼ਨਰੀਆਂ ਨੇ ਈਜਾਦ ਕੀਤੀ ਸੀ । ਇਨ੍ਹਾਂ ਦੋਹਾਂ ਦੇ ਲਿਖਣ ਢੰਗ ਵਿਚ ਥੋੜ੍ਹਾ ਜਿਹਾ ਅੰਤਰ ਹੈ । ਇਹ ਬਰਮੀ ਲਿਪੀ ਤੇ ਆਧਾਰਤ ਹਨ, ਜਿਸ ਵਿਚ ਵੱਖ-ਵੱਖ ਆਵਾਜ਼ਾਂ ਨੂੰ ਲਿਖਣ ਲਈ ਵਿਸ਼ੇਸ਼ ਚਿੰਨ੍ਹ ਜੋੜੇ ਗਏ ਹਨ ।

ਹ. ਪੁ.—ਐਨ. ਬ੍ਰਿ. 13 : 236

**ਕਾਰੇਨ ਰਾਜ :** ਬਰਮਾ ਦੇ ਰਾਜਾਂ ਵਿਚੋਂ ਦੂਜੇ ਨੰਬਰ ਤੇ ਇਹ ਇਕ ਪ੍ਰਸਿਧ ਰਾਜ ਹੈ, ਜੋ 1947 ਈ. ਵਿਚ ਕਾਰੇਨੀ ਰਾਜਾਂ ਵਿਚੋਂ ਕਢਕੇ ਬਣਾਇਆ ਗਿਆ ਸੀ । ਇਹ ਰਾਜ ਬਰਮਾ ਦੇ ਧੁਰ ਦੱਖਣ ਪੂਰਬ ਵਿਚ ਵਾਕਿਆ ਹੈ ਤੇ ਪੂਰਬੀ ਸਰਹੱਦ ਥਾਈਲੈਂਡ ਨਾਲ ਲਗਦੀ-ਹੈ ਜਿਸ ਨੂੰ ਸਾਲਵੀਨ ਦਰਿਆ ਤੇ ਇਸ ਦੀਆਂ ਸਹਾਇਕ ਨਦੀਆਂ ਬਣਾਉਂਦੀ ਹੈ । ਇਸ ਰਾਜ ਦਾ ਰਕਬਾ ਲਗਭਗ 28,726 ਵ. ਕਿ. ਮੀ. ਹੈ ਅਤੇ ਆਬਾਦੀ 1,057,505 (1983) ਹੈ । ਇਸ ਦੀ ਰਾਜਧਾਨੀ ਪਾਨ ਹੈ ।

ਕਾਰੇਨ ਰਾਜ ਨੂੰ ਸਾਲਵੀਨ ਦਰਿਆ ਦੋ ਭਾਗਾਂ ਵਿਚ ਵੰਡ ਦਿੰਦਾ ਹੈ । ਉੱਤਰੀ ਭਾਗ ਪਹਾੜੀ ਹੈ ਜੋ ਜੰਗਲਾਂ ਨਾਲ ਢਕਿਆ ਹੋਇਆ ਹੈ ਅਤੇ ਇਨ੍ਹਾਂ ਪਹਾੜੀਆਂ ਦੀ ਉਚਾਈ 1200 ਤੋਂ 1800 ਮੀਟਰ ਤਕ ਚਲੀ ਜਾਂਦੀ ਹੈ । ਦੱਖਣੀ ਹਿੱਸਾ ਜ਼ਿਆਦਾ ਕਰਕੇ ਨੀਵਾਂ ਹੈ । ਇਸ ਦੀ ਜਲਵਾਯੂ ਊਸ਼ਣ ਖੰਡੀ ਹੈ ਅਤੇ ਸਾਲਾਨਾ ਔਸਤ ਵਰਖਾ 380 ਸੈਂ. ਮੀ. ਦੇ ਲਗਭਗ ਹੁੰਦੀ ਹੈ ।

ਇਸ ਦੀ ਆਰਥਿਕਤਾ ਖੇਤੀਬਾੜੀ ਤੇ ਨਿਰਭਰ ਹੈ । ਚਾਉਲ ਇਥੋਂ ਦੀ ਮੁੱਖ ਫਸਲ ਹੈ । ਇਸ ਤੋਂ ਬਿਨਾਂ ਜਵਾਰ, ਬਾਜਰਾ ਵੀ ਬੀਜਿਆ ਜਾਂਦਾ ਹੈ । ਇਥੇ ਟੀਕ ਵਰਗੀ ਕੀਮਤੀ ਲਕੜ ਦੇ ਜੰਗਲ ਹਨ । ਟੰਗਸਟਨ ਤੇ ਕਲੀ ਆਦਿ ਦੇ ਖਣਿਜ ਵੀ ਪਾਏ ਜਾਂਦੇ ਹਨ ।

ਇਥੇ ਬਹੁ-ਗਿਣਤੀ ਥਾਈ-ਚੀਨੀ ਨਸਲ ਦੇ ਕਾਰੇਨਾਂ ਦੀ ਹੈ । ਸੰਨ 1813 ਵਿਚ ਇਥੇ ਈਸਾਈ ਉਪਦੇਸ਼ਕਾਂ ਦੇ ਆਉਣ ਨਾਲ ਬਹੁਤ ਸਾਰੇ ਲੋਕ ਇਸਾਈ ਬਣ ਗਏ ਅਤੇ ਬਾਕੀ ਜਿਹੜੇ ਰਹਿ ਗਏ ਉਹ ਬੋਧੀ ਅਤੇ ਜੀਵਾਤਮਾਦੀ ਰਹਿ ਗਏ । ਦੂਜੇ ਵਿਸ਼ਵ-ਯੁੱਧ ਵਿਚ ਇਨ੍ਹਾਂ ਲੋਕਾਂ ਨੇ ਜਾਪਾਨੀ ਹਮਲਾਵਰਾਂ ਵਿਰੁੱਧ ਬਰਤਾਨੀਆ ਅਤੇ ਅਮਰੀਕਨ ਲੋਕਾਂ ਦੀ ਮਦਦ ਕੀਤੀ । ਜਦੋਂ ਬਰਮਾ 1948 ਵਿਚ ਆਜ਼ਾਦ ਹੋ ਗਿਆ ਤਾਂ ਕਾਰੇਨੀ ਲੋਕ ਅਸੰਤੁਸ਼ਟ ਰਹੇ ਕਿਉਂਕਿ ਤਨਾਸਰਿਮ ਤੇ ਇਰਾਵਦੀ ਡੈਲਟੇ ਕਾਰੇਨ ਰਾਜ ਵਿਚ ਸ਼ਾਮਲ ਨਹੀਂ ਕੀਤੇ ਗਏ । ਇਸ ਤਰ੍ਹਾਂ ਇਨ੍ਹਾਂ ਨੇ ਸਰਕਾਰ ਵਿਰੁੱਧ ਬਗ਼ਾਵਤ ਕਰ ਦਿਤੀ । 1949 ਵਿਚ ਇਨ੍ਹਾਂ ਨੇ ਮਾਂਡਲੇ ਤੇ ਕਬਜ਼ਾ ਕਰ ਲਿਆ ਅਤੇ ਬਸੀਨ ਅਤੇ ਰੰਗੂਨ ਤੇ ਹਮਲਾ ਕਰ ਦਿਤਾ । ਇਸ ਬਗਾਵਤ ਨੂੰ ਦਬਾਉਣ ਖਾਤਰ ਸਰਕਾਰ ਨੂੰ ਝੁਕਣਾ ਪਿਆ ਅਤੇ ਸਿੱਟੇ ਵਜੋਂ ਜੂਨ, 1954 ਵਿਚ ਕਾਰੇਨ ਸਟੇਟ ਹੋਂਦ ਵਿਚ ਆ ਗਈ ।

ਹ. ਪੁ.—ਕੋਲ.ਐਨ. 11 : 141

**ਕਾਰੇਲੀਅਨ ਖੁਦਮੁਖਤਾਰ ਰੂਸੀ ਸਮਾਜਵਾਦੀ ਗਣਤੰਤਰ:** ਉੱਤਰੀ ਪੱਛਮੀ ਯੂਰਪੀ ਰੂਸ ਵਿਚ ਇਹ ਇਕ ਪ੍ਰਬੰਧਕੀ ਮੰਡਲ ਹੈ ਜਿਸ ਦੇ ਪੱਛਮ ਵਿਚ ਫਿਨਲੈਂਡ ਦੀ ਸਰਹੱਦ, ਪੂਰਬ ਵਿਚ ਵ੍ਹਾਈਟ ਸਾਗਰ, ਦੱਖਣ ਵਿਚ ਲਡੋਗਾ ਝੀਲ ਅਤੇ ਉੱਤਰ ਵਿਚ ਕਾਂਡਾਲਾਕਸ਼ਾ ਦੀ ਖਾੜੀ ਹੈ । ਇਸ ਦਾ ਖੇਤਰਫਲ 172,400 ਵ. ਕਿ. ਮੀ. ਹੈ ਅਤੇ ਆਬਾਦੀ 769,000 (1984) ਹੈ ।

ਇਸ ਗਣਰਾਜ ਦੀ ਧਰਾਤਲ ਪੱਧਰੀ ਤੇ ਦਲਦਲੀ ਮੈਦਾਨ ਵਾਲੀ ਹੈ ਜਿਸ ਤੇ ਬਰਫਾਨੀ ਯੁਗ ਦਾ ਬਹੁਤ ਅਸਰ ਹੋਇਆ ਹੈ । ਦੱਖਣ ਵਿਚ ਉਂਗਲੀ ਦੀ ਸ਼ਕਲ ਦੀਆਂ ਝੀਲਾਂ ਅਤੇ ਦਲਦਲੀ ਆਬਦਾਬਾਂ ਹਨ ਜੋ ਗਲੇਸ਼ੀਅਰਾਂ ਦੁਆਰਾ ਬਣੀਆਂ ਹੋਈਆਂ ਹਨ । ਉੱਤਰ ਵਿਚ ਗਲੇਸ਼ੀਅਰ ਪੰਘਰਕੇ ਝਰਨਿਆਂ, ਦਰਿਆਵਾਂ ਆਦਿ ਦੀ ਸ਼ਕਲ ਧਾਰਨ ਕਰ ਲੈਂਦੇ ਹਨ ਹਜ਼ਾਰਾਂ ਝੀਲਾਂ ਹੋਂਦ ਵਿਚ ਲਿਆਉਂਦੇ ਹਨ ।

ਕਾਰੇਲੀਆ ਦੇ 85 ਪ੍ਰਤੀਸ਼ਤ ਤੋਂ ਵਧ ਵਿਚ ਟਾਈਗਾ ਜੰਗਲ ਹਨ । ਸਰਦੀਆਂ ਵਿਚ ਬਹੁਤ ਸਰਦੀ ਪੈਂਦੀ ਹੈ । ਸਰਦੀਆਂ ਵਿਚ ਫਰਵਰੀ ਦੇ ਮਹੀਨੇ ਦੱਖਣ ਵਿਚ ਔਸਤ ਤਾਪਮਾਨ—10° ਸੈਂ. ਅਤੇ ਉੱਤਰ ਵਿਚ —14° ਸੈਂ. ਹੁੰਦਾ ਹੈ । ਗਰਮੀਆਂ ਥੋੜ੍ਹਾ ਚਿਰ ਰਹਿੰਦੀਆਂ ਹਨ ਅਤੇ ਔਸਤਨ ਤਾਪ੍ਰਮਾਨ ਦੱਖਣ ਵਿਚ 16° ਸੈਂ. ਅਤੇ ਉੱਤਰ ਵਿਚ 14° ਸੈਂ. ਹੁੰਦਾ ਹੈ । ਵਰਖਾ ਬਰਫ਼ ਦੀ ਸ਼ਕਲ ਵਿਚ ਪੈਂਦੀ ਹੈ ਜੋ ਉੱਤਰ ਵਿਚ ਸਾਲਾਨਾ 40 ਸੈਂ. ਮੀ. ਅਤੇ ਦੱਖਣ ਵਿਚ 60 ਸੈਂ. ਮੀ. ਹੁੰਦੀ ਹੈ ।

ਖਾਣਾ ਪੁਟਣਾ, ਮੈਟਾਲਰਜੀ ਅਤੇ ਲਕੜੀ ਦਾ ਕੰਮ ਇਥੋਂ ਦੇ ਮੁੱਖ ਉਦਯੋਗ ਹਨ । ਇਸ ਤੋਂ ਬਿਨਾਂ ਹੋਰ ਉਦਯੋਗਾਂ ਵਿਚ ਪਾਵਰ ਇੰਜਨੀਅਰਿੰਗ, ਮਸ਼ੀਨਾਂ ਬਣਾਉਣਾ, ਲਾਈਟ ਅਤੇ ਖਾਣ ਪੀਣ ਦੀਆਂ ਵਸਤਾਂ ਤਿਆਰ ਕਰਨਾ, ਮੱਛੀ ਨੂੰ ਡੱਬਿਆਂ ਵਿਚ ਬੰਦ ਕਰਨਾ, ਮੀਟ ਪੈਕ ਕਰਨਾ ਅਤੇ ਡੇਅਰੀ ਦਾ ਕੰਮ ਸ਼ਾਮਲ ਹੈ । ਤਾਂਬਾ, ਅਬਰਕ, ਟਟੇਨੀਅਮ ਪੈਗਮੇਟਾਈਟ ਇਥੋਂ ਦੇ ਮੁੱਖ ਖਣਿਜ ਹਨ । ਕੁਲ ਖੇਤਰਫਲ ਦੇ ਤਿੰਨ ਪ੍ਰਤੀਸ਼ਤ ਹਿੱਸੇ ਵਿਚ ਖੇਤੀਬਾੜੀ ਹੁੰਦੀ ਹੈ । ਰਾਈ, ਜਵੀ ਤੇ ਸਬਜ਼ੀਆਂ ਦੀ ਕਾਸ਼ਤ ਹੁੰਦੀ ਹੈ ਅਤੇ ਇਨ੍ਹਾਂ ਤੋਂ ਬਚੀ ਭੂਮੀ ਵਿਚ ਚਰਾਗਾਹਾਂ ਛੱਡੀਆਂ ਹੋਈਆਂ ਹਨ । ਇਨ੍ਹਾਂ ਚਰਗਾਹਾਂ ਵਿਚ ਪਸ਼ੂ ਪਾਲੇ ਜਾਂਦੇ ਹਨ । ਝੀਲਾਂ, ਦਰਿਆਵਾਂ ਅਤੇ ਵ੍ਹਾਈਟ ਸਾਗਰ ਦੇ ਤੱਟਾਂ ਤੇ ਮੱਛੀ ਫੜਨ ਦਾ ਕੰਮ ਵੀ ਹੁੰਦਾ ਹੈ ।

ਹ. ਪੁ.—ਐਨ.ਬ੍ਰਿ. ਮਾ. 5 : 709

**ਕਾਰੇਰਾ, ਜੋਜ਼ ਮੀਗੈਲ :** ਚਿੱਲੀ ਦਾ ਇਹ ਪ੍ਰਸਿੱਧ ਆਜ਼ਾਦੀ ਸੰਗਰਾਮੀਆ ਅਤੇ ਦੇਸ਼ ਦਾ ਪਹਿਲਾ ਪ੍ਰੈਜ਼ੀਡੈਂਟ ਸੀ ਜਿਸ ਦਾ ਜਨਮ ਸਾਨਤਿਆਗੋ ਵਿਚ 15 ਅਕਤੂਬਰ, 1785 ਨੂੰ ਹੋਇਆ । ਆਪਣੇ ਭਰਾਵਾਂ ਦੀ ਮਦਦ ਨਾਲ ਇਸ ਨੇ ਸਪੇਨ ਵਿਰੁੱਧ ਵਿਦ੍ਰੋਹ ਦੀ ਅਗਵਾਈ ਕੀਤੀ, 1811 ਵਿਚ ਰਾਜ ਪਲਟੇ ਦੁਆਰਾ ਇਹ ਨੈਸ਼ਨਲ ਸਰਕਾਰ ਦਾ ਮੁਖੀਆ ਬਣ ਗਿਆ ਅਤੇ ਬਾਅਦ ਵਿਚ ਉਸੇ ਸਾਲ ਡਿਕਟੇਟਰ ਬਣ ਗਿਆ । ਸੰਨ 1813 ਵਿਚ ਰਾਜ ਸਭਾ ਦੁਆਰਾ ਓਹਗਨਜ਼ ਦੇ ਹਕ ਵਿਚ ਇਸ ਨੂੰ ਗੱਦੀਉਂ ਲਾਹ ਦਿਤਾ ਪਰ 1814 ਵਿਚ ਇਸ ਨੇ ਫਿਰ ਕਾਬੂ ਪਾ ਲਿਆ । ਪੀਰੂ ਵਲੋਂ ਸਪੇਨੀ ਫੌਜਾਂ ਦੇ ਹਮਲੇ ਸਮੇਂ ਕਾਰੈਰਾ ਅਤੇ ਓ ਹਿਗਨਜ਼ ਨੂੰ ਰਾਂਗਕਾਵਾ ਵਿਖੇ ਹਾਰ ਹੋਈ । ਕਾਰੈਰਾ ਅਰਜਨਟੀਨਾ ਵਿਚ ਮੈਨਡੋਜ਼ਾ ਦੇ ਪ੍ਰਾਂਤ ਵਿਚ ਜੋਜ਼ ਸਾਨ ਮਾਰਟਿਨ ਦੀ ਮਦਦ ਲਈ ਦੌੜ ਗਿਆ । ਸਾਨ ਮਾਰਟਿਨ ਓ ਹਿਗਨਜ਼ ਨਾਲ ਮਿਲ ਗਿਆ ਅਤੇ ਕਾਰੈਰਾ ਨੇ ਆਪਣੇ ਵਿਰੋਧੀਆਂ ਵਿਰੁੱਧ ਅਤੇ ਪਹਿਲਾਂ ਬਵੇਨਸ ਏਰੀਜ਼ ਤੋਂ ਅਤੇ ਫਿਰ 1815 ਵਿਚ ਸੰਯੁਕਤ ਰਾਜ ਅਮਰੀਕਾ ਤੋਂ ਮਦਦ ਮੰਗੀ । ਸੰਨ 1816 ਵਿਚ ਅਰਜਨਟੀਨਾ ਨੂੰ ਵਾਪਸੀ ਤੇ ਇਸ ਨੂੰ ਦਿੱਲੀ ਪਹੁੰਚਣ ਦੀ ਇਜ਼ਾਜਤ ਨਾ ਮਿਲੀ । ਇਸ ਹਾਲਤ ਅਤੇ ਇਸ ਦੇ ਭਰਾਵਾਂ ਦੀ ਮੌਤ ਨੇ ਇਸ ਨੂੰ ਹਿਲਾ ਦਿਤਾ ਅਤੇ ਬਵੇਨਸ ਏਰੀਜ਼ ਵਿਰੁੱਧ ਇੱਕਾ-ਦੁੱਕਾ ਬਗ਼ਾਵਤਾਂ ਵਿਚ ਇਸ ਨੇ ਪ੍ਰਾਂਤਿਕ ਸਰਦਾਰਾਂ ਦੀ ਆਪਣੇ ਫ਼ੌਜੀ ਤਜ਼ਰਬੇ ਨਾਲ ਸਹਾਇਤਾ ਕੀਤੀ ਪਰ ਬਾਅਦ ਵਿਚ ਇਸ ਨੂੰ ਇਸਦੇ ਆਪਣੇ ਬੰਦਿਆਂ ਨੇ ਹੀ ਧੋਖਾ ਦਿਤਾ ਅਤੇ ਇਸ ਨੂੰ ਫੜ ਲਿਆ ਅਤੇ 4 ਸਤੰਬਰ, 1821 ਨੂੰ ਮੈਨਡੋਜ਼ਾ ਵਿਖੇ ਗੋਲੀ ਦਾ ਨਿਸ਼ਾਨਾ ਬਣ ਦਿਤਾ ਗਿਆ ।

ਹ. ਪੁ.—ਐਨ. ਬ੍ਰਿ. 4 : 960

**ਕਾਰੈਰਾ ਰਾਫੇਲ :** ਗਵਾਤੇਮਾਲਾ ਦੇ ਇਸ ਡਿਕਟੇਟਰ ਦਾ ਜਨਮ 24 ਅਕਤੂਬਰ, 1814 ਨੂੰ ਗਵਾਤੇਮਾਲਾ ਸ਼ਹਿਰ ਵਿਚ ਹੋਇਆ

ਸੀ। ਇਹ ਬਿਲਕੁਲ ਅਨਪੜ੍ਹ ਸੀ ਪ੍ਰੰਤੂ ਇਨਕਲਾਬ ਸਦਕਾ ਇਹ ਫ਼ੌਜ ਦਾ ਜਰਨੈਲ, ਚਰਚ ਦਾ ਪ੍ਰੋਟੈਕਟੋਰੇਟ ਅਤੇ ਗਣਰਾਜ ਦਾ ਪ੍ਰੈਜ਼ੀਡੈਂਟ ਬਣਿਆ। ਇੰਡੀਅਨ ਕਿਸਾਨਾਂ ਅਤੇ ਛੋਟੇ ਪਾਦਰੀਆਂ ਦੇ ਫਿਰਕੇ ਦੀ ਮਦਦ ਨਾਲ ਇਸ ਨੇ 1837 ਵਿਚ ਅਤੇ ਫਿਰ 1839 ਵਿਚ ਗਵਾਤੇਮਾਲਾ ਦੀ ਰਾਜ ਸਰਕਾਰ ਨੂੰ ਲਾਹਿਆ ਸੀ। ਸੰਨ 1839 ਵਿਚ ਇਸ ਨੇ ਗਵਾਤੇਮਾਲਾ ਨੂੰ ਮੱਧ ਅਮਰੀਕਾ ਦੇ ਸੰਘੀ ਰਾਜਾਂ ਵਿਚੋਂ ਵਖ ਕਰ ਲਿਆ ਅਤੇ ਇਸ ਨੂੰ ਇਕ ਆਜ਼ਾਦ ਗਣਰਾਜ ਹੋਣ ਦਾ ਐਲਾਨ ਕਰ ਦਿਤਾ ਅਤੇ ਇਕ ਤਾਨਾਸ਼ਾਹੀ ਕਾਇਮ ਕਰ ਦਿਤੀ ਜੋ ਇਕ ਚੌਥਾਈ ਸਦੀ ਲਈ ਰਹੀ। ਸੰਨ 1854 ਵਿਚ ਚੋਣਾਂ ਖਤਮ ਕਰ ਦਿਤੀਆਂ ਗਈਆਂ ਅਤੇ ਕਾਰੇਰਾ ਨੂੰ ਸਾਰੀ ਉਮਰ ਵਾਸਤੇ ਪ੍ਰੈਜ਼ੀਡੈਂਟ ਬਣਾ ਦਿਤਾ ਗਿਆ।

ਇਸ ਦੇ ਰਾਜ, ਜੋ ਇਕ ਦਮ ਫ਼ੌਜੀ, ਧਾਰਮਿਕ ਅਤੇ ਵਿਅਕਤੀਗਤ ਸੀ, ਨੇ ਗੁਵਾਤੇਮਾਲਾ ਅਤੇ ਕੇਂਦਰੀ ਅਮਰੀਕਾ ਦੇ ਸੰਘ ਵਿਚ ਉਦਾਰਤਾਵਾਦ ਦਾ ਖਾਤਮਾ ਕਰ ਦਿੱਤਾ। ਇਸ ਦੇ ਰਾਜ ਦੀ ਸਖਤੀ ਤੇ ਜ਼ੁਲਮ ਦੇਸ਼ ਵਿਚ ਸਥਾਪਤ ਸ਼ਾਂਤੀ, ਆਰਥਿਕ ਉੱਨਤੀ ਅਤੇ ਨਸਲੀ ਬਰਾਬਰੀ ਕਰਕੇ ਮਹਿਸੂਸ ਨਹੀਂ ਸਨ ਹੁੰਦੇ।

ਇਸ ਦੀ ਮੌਤ 4 ਅਪ੍ਰੈਲ, 1865 ਨੂੰ ਹੋਈ।

ਹ. ਪੁ.—ਐਨ. ਬ੍ਰਿ. 4 : 960

**ਕਾਰੋ, ਜੋਜ਼ੇਫ਼ ਬੈੱਨ ਐਫ੍ਰੇਮ :** ਇਹ ਯਹੂਦੀ ਕਾਨੂੰਨਦਾਨ ਸੀ। ਇਸ ਦਾ ਜਨਮ 1488 ਵਿਚ ਸਪੇਨ ਵਿਚ ਹੋਇਆ, ਜਿਥੋਂ ਇਸ ਨੂੰ ਸਪੇਨੀ ਯਹੂਦੀਆਂ ਸਮੇਤ 1492 ਵਿਚ ਕੱਢ ਦਿਤਾ ਗਿਆ ਸੀ। ਇਹ ਥਾਂ ਪਰ ਥਾਂ ਘੁੰਮਦਾ ਰਿਹਾ ਅਤੇ ਅੰਤ 1536 ਤੋਂ ਫ਼ਿਲਿਸਤੀਨ ਵਿਚ ਸਾਫੈਦ ਵਿਖੇ ਰਿਹਾ। ਇਹ ਯਹੂਦੀ ਕਾਨੂੰਨਾਂ ਨੂੰ ਕੋਡ ਰੂਪ ਦੇਣ ਵਾਲਾ ਮਹਾਨ ਵਿਅਕਤੀ ਸੀ। ਇਸ ਦੀਆਂ ਦੋ ਪ੍ਰਸਿੱਧ ਕ੍ਰਿਤਾਂ ਹਨ : 'ਹਾਊਸ ਆਫ਼ ਜੋਜ਼ਫ਼' ਅਤੇ 'ਦੀ ਵੈੱਲ ਲੇਡ ਟੇਬਲ'। ਮਗਰਲੀ ਪੁਸਤਕ ਪੂਰੀ ਕ੍ਰਮਬੱਧ ਸੀ, ਜਿਹੜੀ 1555 ਵਿਚ ਮੁਕੰਮਲ ਹੋਈ ਅਤੇ 1565 ਵਿਚ ਚਾਰ ਭਾਗਾਂ ਵਿਚ ਵੈਨਿਸ ਵਿਖੇ ਪ੍ਰਕਾਸ਼ਿਤ ਕੀਤੀ ਗਈ। 19ਵੀਂ ਸਦੀ ਦੀ ਸੁਧਾਰਵਾਦੀ ਲਹਿਰ ਤਕ 'ਕਾਰੋ' ਦੇ ਬਣਾਏ ਨਿਯਮ ਹੀ ਯਹੂਦੀ ਜਗਤ ਵਿਚ ਪਰਪੱਕ ਮੰਨੇ ਜਾਂਦੇ ਸਨ।

ਸੰਨ 1575 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਕਨ. ਯੂ. ਬਾ. 1121; ਐਨ. ਬ੍ਰਿ. 18 : 910

**ਕਾਰੋਦਰਜ਼, ਵਾਲਿਸ ਹਿਊਮ :** ਨਾਈਲੋਨ ਬਨਾਉਣ ਵਾਲੇ ਸੰਯੁਕਤ ਰਾਜ ਤੇ ਇਸ ਰਸਾਇਣ-ਵਿਗਿਆਨੀ ਦਾ ਜਨਮ 27 ਅਪਰੈਲ, 1896 ਨੂੰ ਬਰਲਿੰਗਟਨ, ਲਾ ਵਿਖੇ ਹੋਇਆ। ਇਸ ਨੇ ਟਾਰਕੀਓ ਕਾਲਜ, ਮਾ ਅਤੇ ਇਲਿਨਾਇਜ਼ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੀ। ਸੰਨ 1928 ਵਿਚ ਇਸ ਨੂੰ 'ਦੀ ਦੂ ਪੌਂਟ ਕੰਪਨੀ' ਨੇ ਵਿਲਮਿੰਗਟਨ, ਡੈੱਲ ਵਿਖੇ ਪ੍ਰਯੋਗਸ਼ਾਲਾਂ ਵਿਚ ਆਰਗੈਨਿਕ ਕੈਮਿਸਟਰੀ ਦਾ ਡਾਇਰੈਕਟਰ ਨਿਯੁਕਤ ਕੀਤਾ। ਇਥੇ ਇਸ ਨੇ ਉੱਚ-ਅਣਵੀ ਭਾਰ ਵਾਲੇ ਅਨੇਕਾਂ ਪਦਾਰਥਾਂ ਦੀ ਮਕੈਨਿਜ਼ਮ ਬਾਰੇ ਬਹੁਲਕੀਕਰਨ ਦੁਆਰਾ ਬਣਨ ਦੀ ਮਕੈਨਿਜ਼ਮ ਬਾਰੇ ਮੁੱਢਲੀਆਂ ਖੋਜਾਂ ਕੀਤੀਆਂ। ਇਨ੍ਹਾਂ ਖੋਜਾਂ ਸਦਕਾ ਹੀ ਕਈ ਨਵੇਂ ਵਪਾਰਕ ਮਹੱਤਤਾ ਵਾਲੇ ਪਦਾਰਥ ਬਣੇ ਜਿਵੇਂ ਕਿ ਬਹੁਲਕ, ਜਿਸ ਨੂੰ ਅਸਾਨੀ ਨਾਲ ਬਣਾਉਟੀ ਕਪੜੇ ਵਿਚ ਬਦਲਿਆ ਜਾ ਸਕਦਾ ਹੈ। ਇਹ ਕੁਦਰਤੀ ਕਪੜੇ ਨਾਲੋਂ ਵਧੇਰੇ ਗੁਣਾਂ ਵਾਲਾ ਹੁੰਦਾ ਹੈ ਅਤੇ ਇਸ ਨੂੰ ਨਾਈਲੋਨ ਕਿਹਾ ਜਾਂਦਾ ਹੈ। ਦੂਜਾ ਸਿੰਥੈਟਿਕ ਰਬੜ ਹੈ ਜਿਸ ਨੂੰ ਨਿਊਪਰੀਨ ਕਿਹਾ ਜਾਂਦਾ ਹੈ।

29 ਅਪਰੈਲ, 1937 ਨੂੰ ਫਿਲਾਡੈਲਫੀਆ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 945

**ਕਾਰੋਮੰਡਲ :** ਭਾਰਤ ਦਾ ਇਹ ਦੱਖਣ-ਪੂਰਬੀ ਤੱਟ ਹੈ। ਪਹਿਲਾਂ ਇਹ ਨਾਂ ਇਕ ਰਾਜਨੀਤਕ ਭਾਗ ਦਾ ਸੀ ਜਿਸ ਦਾ ਵਿਸਥਾਰ ਕ੍ਰਿਸ਼ਨਾ ਨਦੀ ਦੇ ਮੁਹਾਣੇ ਤੋਂ ਦੱਖਣ ਵਿਚ ਕੈਲਮੀਅਰ ਅੰਤਰੀਪ ਤਕ ਤੱਟੀ ਮੈਦਾਨਾਂ ਵਿਚ ਸੀ। ਇਹ ਤੱਟੀ ਮੈਦਾਨ ਉੱਤਰ ਤੋਂ ਦੱਖਣ ਵਲ ਨੂੰ ਚੌੜਾ ਹੁੰਦਾ ਜਾਂਦਾ ਹੈ। ਅੱਜਕਲ੍ਹ ਇਸ ਨੂੰ ਕਰਨਾਟਕ ਰਾਜ ਕਿਹਾ ਜਾਂਦਾ। ਇਥੋਂ ਦੀ ਮਿੱਟੀ ਉਪਜਾਊ ਹੈ। ਇਸ ਵਿਚ ਕ੍ਰਿਸ਼ਨਾ ਅਤੇ ਕਾਵੇਰੀ ਨਦੀਆਂ ਦੇ ਡੈਲਟੇ ਸ਼ਾਮਲ ਹਨ। ਇਥੇ ਸਾਲਾਨਾ ਔਸਤ ਵਰਖਾ ਲਗਭਗ 100 ਸੈ. ਮੀ. ਤਕ ਹੁੰਦੀ ਹੈ ਅਤੇ ਵੱਧ ਤੋਂ ਵੱਧ ਵਰਖਾ ਅਕਤੂਬਰ ਤੋਂ ਦਸੰਬਰ ਤਕ ਉੱਤਰ-ਪੂਰਬੀ ਮਾਨਸੂਨ ਪੌਣਾਂ ਨਾਲ ਹੁੰਦੀ ਹੈ। ਇਥੋਂ ਦੀ ਮੁਖ ਉਪਜ ਚਾਉਲ ਹੈ। ਇਸ ਤੱਟ ਦੇ ਨਾਲ ਨਾਲ ਸਮੁੰਦਰੀ ਮੱਛੀ ਬਹੁਤ ਮਾਤਰਾ ਵਿਚ ਫੜੀ ਜਾਂਦੀ ਹੈ। ਪੁਲੀਕਟ, ਮਦਰਾਸ, ਪਾਂਡੀਚਰੀ, ਕੁਡਾਲੋਰ, ਨੈਲੋਰ ਅਤੇ ਨੇਗਾਪੱਟਮ ਇਸ ਤੱਟ ਦੀਆਂ ਮੁੱਖ ਬੰਦਰਗਾਹਾਂ ਹਨ।

ਹ. ਪੁ.—ਹਿੰ. ਵਿ. ਕੋ 2 : 468

**ਕਾਰੋਲੀਈ, ਮੀਹਾਲੀ, ਕਾਉਂਟ, :** ਹੰਗਰੀ ਦਾ ਇਹ ਇਕ ਪ੍ਰਸਿੱਧ ਸਿਆਸਤਦਾਨ ਸੀ ਇਸ ਦਾ ਜਨਮ 4 ਮਾਰਚ, 1875 ਨੂੰ ਫੋਟ ਵਿਖੇ ਹੋਇਆ। ਇਹ ਉਸ ਪ੍ਰਾਚੀਨ ਖ਼ਾਨਦਾਰ ਨਾਲ ਸਬੰਧ ਰਖਦਾ ਸੀ ਜਿਸ ਨੇ ਹੰਗਰੀ ਨੂੰ ਬਹੁਤ ਸਾਰੇ ਨਾਮਵਰ ਵਿਅਕਤੀ ਦਿੱਤੇ ਹਨ। ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਇਹ ਆਸਟਰੋ-ਹੰਗਰੀ ਰਾਜ ਵਿਚ ਹੰਗਰੀ ਦੀ ਖ਼ੁਦਮੁਖ਼ਤਾਰੀ, ਦੇਸ਼ ਦੀਆਂ ਸਾਰੀਆਂ ਜਾਤਾਂ ਲਈ ਸਮਾਨਤਾ ਅਤੇ ਹੰਗਰੀ ਦੇ ਗ਼ੁਲਾਮ ਗੁਆਂਢੀ ਦੇਸ਼ ਨਾਲ ਚੰਗੇ ਵਤੀਰੇ ਦਾ ਹਾਮੀ ਸੀ। ਜਦੋਂ 1919 ਵਿਚ ਇਹ ਹੰਗਰੀਅਨ ਡੈਮੋਕਰੈਟਿਕ ਦਾ ਪ੍ਰਧਾਨ ਬਣਿਆ ਤਾਂ ਇਹ ਹੰਗਰੀਅਨ ਸਟੇਟ ਨੂੰ ਇਕੱਠਿਆਂ ਰੱਖਣ ਵਿਚ ਅਸਫਲ ਰਿਹਾ ਅਤੇ ਜਲਦੀ ਹੀ ਬਾਅਦ ਜਲਾਵਤਨੀ ਲਈ ਮਜ਼ਬੂਰ ਹੋਣਾ ਪਿਆ।

ਸੰਨ 1910 ਵਿਚ ਹੰਗਰੀ ਦੀ ਪਾਰਲੀਮੈਂਟ ਵਿਚ ਬਤੌਰ ਕੰਜ਼ਰਵੇਟਿਵ ਦਾਖਲ ਹੋ ਕੇ ਕਾਰੋਲੀਈ ਜਲਦੀ ਹੀ ਖੱਬਾ ਪੱਖੀ ਬਣ ਗਿਆ। ਇਸ ਦੀ ਬਹੁਤ ਥੋੜ੍ਹੀ ਜਿਹੀ ਸ਼ਕਤੀ ਸੀ ਅਤੇ ਸਮਰਥਕ ਨਾਂਮਾਤਰ ਹੀ ਸਨ। ਪਹਿਲੇ ਯੁੱਧ ਦੇ ਅੰਤ ਤੇ ਜਦੋਂ ਫ਼ੌਜੀ ਹਾਲਾਤ ਕੇਂਦਰੀ ਸ਼ਕਤੀਆਂ ਦੇ ਵਿਰੁੱਧ ਹੋ ਗਏ ਤਦ ਕਾਰੋਲੀਈ ਇਕ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਤੌਰ ਤੇ ਉੱਪਰ ਉਠਿਆ ਅਤੇ 25 ਅਕਤੂਬਰ, 1918 ਨੂੰ ਉਸਨੇ ਇਕ ਨੈਸ਼ਨਲ ਕੌਂਸਲ ਬਣਾਈ। 31 ਅਕਤੂਬਰ ਨੂੰ ਬਾਦਸ਼ਾਹ ਚਾਰਲਸ ਚੌਥੇ ਨੇ ਇਸ ਨੂੰ ਹੰਗਰੀ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਅਤੇ ਹੰਗਰੀ ਨੇ ਇਕ ਵੱਖਰੇ ਰਾਜ ਦੇ ਤੌਰ ਤੇ ਮਾਨਤਾ ਦੇ ਦਿੱਤੀ ਜਿਸ ਦੀ ਆਪਣੀ ਵੱਖਰੀ ਫ਼ੌਜ ਸੀ। ਇਹ ਇਤਹਾਦੀਆਂ ਪਾਸੋਂ ਆਪਣੇ ਹੱਕ ਵਿਚ ਸ਼ਾਂਤੀ ਨਿਪਟਾਰੇ ਦੀ ਆਸ ਕਰਦਾ ਸੀ ਪਰ ਉਨ੍ਹਾਂ ਤੋਂ ਤੰਗ ਆ ਕੇ 20 ਮਾਰਚ, 1919 ਨੂੰ ਇਸ ਨੇ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿਤਾ। ਇਸ ਦੀ ਜਗ੍ਹਾ ਬੇਲਾ ਕੂਨ ਨੇ ਮੱਲ ਲਈ ਅਤੇ ਹੰਗਰੀ ਸੋਵੀਅਤ ਰੀਪਬਲਿਕ ਵਿਚ ਸ਼ਾਮਲ ਹੋ ਗਿਆ। ਜੁਲਾਈ, 1919 ਵਿਚ ਬਦੇਸ਼ ਦੌੜਨ ਉਪਰੰਤ ਖੱਬਾ ਪੱਖੀ ਸੋਸ਼ਲਿਸਟ ਬਣ ਗਿਆ ਅਤੇ 1946 ਵਿਚ ਹੰਗਰੀ ਪਰਤ ਆਇਆ। ਸੰਨ 1947-49 ਦੌਰਾਨ ਇਹ ਪੈਰਿਸ ਦਾ ਰਾਜਦੂਤ ਰਿਹਾ ਅਤੇ ਬਾਅਦ ਵਿਚ ਅਸਤੀਫਾ ਦੇ ਦਿਤਾ ਅਤੇ ਇਕ ਵਾਰ ਮੁੜ ਜਲਾਵਤਨੀ ਦਾ ਮੂੰਹ ਵੇਖਣਾ ਪਿਆ।

20 ਮਾਰਚ, 1955 ਨੂੰ ਫਰਾਂਸ ਵਿਚ ਵੀਨਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5 : 715

**ਕਾਲ :** ਕਾਲ ਦਾ ਅਰਥ ਸਮਾਂ ਹੈ। ਯਮ ਰਾਜ ਦਾ ਇਕ ਨਾਂ ਜੋ ਮਿਰਤਕ ਪ੍ਰਾਣੀਆਂ ਨਾਲ ਨਿਆਂ ਕਰਦਾ ਹੈ। ਅਥਰਵੇਦ ਵਿਚ 'ਕਾਲ' ਨੂੰ ਸਾਰੀਆਂ ਹੀ ਵਸਤਾਂ ਦਾ ਸ੍ਰੋਤ ਤੇ ਸ਼ਾਸਕ ਮੰਨ ਕੇ ਸੰਬੋਧਨ ਕੀਤਾ ਗਿਆ ਹੈ। ਉਸ ਵਿਚ ਲਿਖਿਆ ਹੈ, 'ਇਹ ਉਹ ਹੈ ਜਿਸ ਨੇ ਸਾਰੇ ਸੰਸਾਰਾਂ ਨੂੰ ਸਾਜਿਆ ਅਤੇ ਉਨ੍ਹਾਂ ਉਤੇ ਛਾ ਗਿਆ। ਉਨ੍ਹਾਂ ਦਾ ਪਿਤਾ

ਹੁੰਦਾ ਹੋਇਆ ਵੀ ਇਹ ਉਨ੍ਹਾਂ ਦਾ ਪੁੱਤਰ ਬਣ ਗਿਆਂ । ਇਸ ਨਾਲੋਂ ਵੱਧਕੇ ਸੰਸਾਰ ਵਿਚ ਕੋਈ ਵੀ ਸ਼ਕਤੀ ਨਹੀਂ ।' ਵਿਸ਼ਣੂ, ਭਾਗਵਤ ਤੇ ਪਦਮ ਪੁਰਾਣ ਵਿਚ ਬ੍ਰਹਮਾ ਹੀ ਕਾਲ ਦੇ ਰੂਪ ਵਿਚ ਰਹਿੰਦਾ ਹੈ, ਪਰ 'ਆਮ ਤੌਰ ਤੇ ਪੁਰਾਣ 'ਕਾਲ' ਨੂੰ ਸ੍ਰਿਸ਼ਟੀ ਦਾ ਮੂਲ ਕਾਰਨ ਨਹੀਂ ਮੰਨਦੇ ।'

ਹ. ਪੁ.—ਹਿੰ. ਮਿ. ਕੋ. 184.

**ਕਾਲਸੀ :** ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਦੇ ਡੇਹਰਾਦੂਨ ਜ਼ਿਲ੍ਹੇ ਦਾ ਇਹ ਇਕ ਸ਼ਹਿਰ ਹੈ ਜੋ ਸਹਾਰਨਪੁਰ ਤੋਂ ਚਕਰਾਤਾ ਤਕ ਫ਼ੌਜੀ ਸੜਕ ਤੇ ਯਮਨਾ ਅਤੇ ਟੌਨਜ਼ ਦਰਿਆਵਾਂ ਦੇ ਸੰਗਮ ਦੇ ਨੇੜੇ ਵਾਕਿਆ ਹੈ । ਇਹ ਸਹਾਰਨਪੁਰ ਤੋਂ 83 ਕਿ. ਮੀ. ਅਤੇ ਚਕਰਾਤਾ ਤੋਂ 40 ਕਿ. ਮੀ. ਦੇ ਫਾਸਲੇ ਤੇ ਹੈ । ਇਸ ਥਾਂ ਦੀ ਮਹੱਤਤਾ ਬਿਲਕੁਲ ਖਤਮ ਹੋ ਗਈ ਹੈ ਕਿਉਂਕਿ ਤਹਿਸੀਲ ਹੈਡਕੁਆਟਰ ਇਸ ਥਾਂ ਤੋਂ ਤਬਦੀਲ ਕਰਕੇ ਚਕਰਾਤਾ ਕਰ ਦਿਤਾ ਗਿਆ ਹੈ । ਇਸ ਦੀ ਮਹੱਤਤਾ ਇਸ ਗੱਲ ਨਾਲ ਹੈ ਕਿ ਇਸ ਥਾਂ ਦੇ ਨੇੜੇ ਕੁਆਰਟਸ ਬੋਲਡਰ ਹਨ ਜਿਨ੍ਹਾਂ ਤੇ ਅਸ਼ੋਕ ਦੇ ਸ਼ਾਹੀ ਹੁਕਮ ਲਿਖੇ ਹੋਏ ਹਨ। ਇਨ੍ਹਾਂ ਵਿਚੋਂ ਇਕ ਤੇ ਪੱਛਮੀ ਏਸ਼ੀਆ, ਯੂਨਾਨ ਅਤੇ ਮਿਸਰ ਦੇ ਸਮਕਾਲੀ ਬਾਦਸ਼ਾਹਾਂ ਦੇ ਨਾਂ ਹਨ।

30° 32′ ਉ. ਵਿਥ.; 77° 51′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 320

**ਕਾਲਕਟ, ਓਂਕਾਰ ਸਿੰਘ :** ਪੰਜਾਬ (ਭਾਰਤ) ਦੇ ਇਸ ਮਹਾਨ ਜਰਨੈਲ ਦਾ ਜਨਮ 1 ਫ਼ਰਵਰੀ, 1918 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸ਼ਾਮ ਚੌਰਾਸੀ ਵਿਖੇ ਹੋਇਆ । ਦੂਜੀ ਵਿਸ਼ਵ-ਜੰਗ ਦੌਰਾਨ 9 ਅਗਸਤ, 1942 ਨੂੰ ਇਹ ਭਾਰਤੀ ਸੈਨਾ ਵਿਚ ਭਰਤੀ ਹੋ ਗਿਆ।

ਭਾਰਤੀ ਸੈਨਾ ਵਿਚ 30 ਸਾਲਾਂ ਦੀ ਸੇਵਾ ਦੌਰਾਨ ਇਸ ਨੇ ਵਖ-ਵਖ ਅਹੁਦਿਆਂ ਤੇ ਇਕ ਨਿਪੁੰਨ ਕਮਾਂਡਰ, ਸਟਾਫ਼-ਅਫ਼ਸਰ ਅਤੇ ਇਨਸਟ੍ਰੱਕਟਰ ਵਜੋਂ ਕੰਮ ਕੀਤਾ ਅਤੇ ਆਪਰੇਸ਼ਨ ਤੇ ਪ੍ਰਬੰਧਕੀ ਯੋਜਨਾ-ਬੰਦੀ ਵਿਚ ਬੇ-ਮਿਸਾਲ ਨਿਪੁੰਨਤਾ ਵਿਖਾਈ । ਇਹ ਨਾਗਾ ਪਹਾੜੀਆਂ ਵਿਚ ਬਟਾਲੀਅਨ ਕਮਾਂਡਰ, ਜੰਮੂ ਅਤੇ ਕਸ਼ਮੀਰ ਦੇ ਟਿਥਵਾਲ ਸੈਕਟਰ ਵਿਚ ਬ੍ਰਿਗੇਡ ਕਮਾਂਡਰ ਅਤੇ ਉੱਤਰ-ਪੂਰਬੀ ਸਰਹੱਦੀ ਇਲਾਕੇ ਵਿਚ ਮੇਲਾ ਖੇਤਰ ਵਿਖੇ ਡਵੀਜ਼ਨ ਕਮਾਂਡਰ ਰਿਹਾ ।



ਜਰਨੈਲ ਓਂਕਾਰ ਸਿੰਘ ਕਾਲਕਟ

ਬੰਗਲਾ ਦੇਸ਼ ਨੂੰ ਸੁਤੰਤਰਤਾ ਦੀ ਮੰਜ਼ਿਲ ਤਕ ਪਹੁੰਚਾਣ ਵਾਲੀ ਮੁਕਤੀ ਬਹਿਨੀ' ਨੂੰ ਸਿਖਲਾਈ ਦੇਣ ਅਤੇ ਹਥਿਆਰ-ਬੰਦ ਕਰਨ ਲਈ ਇਸੇ ਹੀ ਮਹਾਨ ਜਰਨੈਲ ਨੂੰ ਚੁਣਿਆ ਗਿਆ ਸੀ । ਬੰਗਲਾ ਦੇਸ਼ ਦੇ ਆਪਰੇਸ਼ਨ ਦੌਰਾਨ 8 ਤੋਂ 17 ਦਸੰਬਰ, 1971 ਤਕ ਇਹ ਆਪਣੀ ਡਵੀਜ਼ਨ ਨਾਲ ਪੱਛਮੀ ਸੈਕਟਰ ਵਿਚ ਤੈਨਾਤ ਰਿਹਾ ਅਤੇ ਇਸ ਬਹਾਦਰ ਜਰਨੈਲ ਨੇ ਮਮਦੋਟ ਅਤੇ ਜਲਾਲਾਬਾਦ ਸੈਕਟਰਾਂ ਵਿਚ ਪਾਕਿਸਤਾਨੀਆਂ ਦੀਆਂ 32 ਚੌਕੀਆਂ ਮੁੜ ਜਿੱਤ ਕੇ ਫਿਰੋਜ਼ਪੁਰ ਸੈਕਟਰ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ । ਮਾਰਚ 1972 ਤੋਂ ਅਪ੍ਰੈਲ 1974 ਤਕ ਇਹ ਕੈਬਿਨਿਟ ਸਕੱਤ੍ਰੇਤ ਵਿਚ ਭਾਰਤ ਸਰਕਾਰ ਦਾ ਮੁੱਖ ਫ਼ੌਜੀ ਖੁਫ਼ੀਆ ਸਲਾਹਕਾਰ ਰਿਹਾ । ਇਹ 1 ਮਾਰਚ, 1972 ਨੂੰ ਮੇਜਰ-ਜਨਰਲ ਦੇ ਅਹੁਦੇ ਤੋਂ ਰਿਟਾਇਰ ਹੋਇਆ ।

ਇਸ ਦੀ ਸ਼ਾਨਦਾਰ ਮਿਲਟਰੀ ਸੇਵਾ ਨੂੰ ਮੁੱਖ ਰਖਦੇ ਹੋਏ ਇਸ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ ਦਾ ਮੈਂਬਰ ਨਿਯੁਕਤ ਕਰ ਦਿਤਾ ਗਿਆ ਜਿਥੋਂ ਇਹ ਮੈਂਬਰ ਵਜੋਂ ਛੇ ਸਾਲ ਸੇਵਾ ਕਰਨ ਉਪਰੰਤ 1 ਮਾਰਚ, 1979 ਨੂੰ ਮੁੜ ਰਿਟਾਇਰ ਹੋ ਗਿਆ ।

ਅੱਜਕਲ੍ਹ ਇਹ ਮਹਾਨ ਜਰਨੈਲ ਸਮਾਜ-ਸੁਧਾਰ ਕਾਰਜਾਂ ਵਿਚ ਰੁੱਝਿਆ ਹੋਇਆ ਹੈ ਅਤੇ ਚੰਡੀਗੜ੍ਹ ਵਿਖੇ ਰਹਿ ਰਿਹਾ ਹੈ ।

**ਕਾਲਕਾ :** ਹਰਿਆਣਾ ਰਾਜ ਦੇ ਜ਼ਿਲ੍ਹਾ ਅੰਬਾਲਾ ਦਾ ਇਕ ਕਸਬਾ ਹੈ ਜੋ ਪੰਜਾਬ ਦੇ ਪੁਨਰ ਗਠਨ ਸਮੇਂ ਹਰਿਆਣਾ ਰਾਜ ਵਿਚ ਸ਼ਾਮਲ ਕਰ ਦਿਤਾ ਗਿਆ ਸੀ । ਇਹ ਅੰਬਾਲਾ-ਸ਼ਿਮਲਾ ਸ਼ਾਹ-ਰਾਹ ਉਤੇ ਲਗਭਗ 692 ਮੀ. ਦੀ ਉਚਾਈ ਤੇ ਸਥਿਤ ਹੈ। ਇਹ ਸੰਨ 1843 ਵਿਚ ਪਟਿਆਲੇ ਤੋਂ ਡੀਪੂ ਵਜੋਂ ਲਿਆ ਗਿਆ ਸੀ । ਇਹ ਦਿੱਲੀ-ਅੰਬਾਲਾ-ਕਾਲਕਾ ਅਤੇ ਕਾਲਕਾ-ਸ਼ਿਮਲਾ ਰੇਲਵੇ ਦਾ ਜੰਕਸ਼ਨ ਵੀ ਹੈ। ਇਹ ਸ਼ਿਮਲਾ ਪਹਾੜੀਆਂ ਅਤੇ ਹਿਮਾਚਲ ਪ੍ਰਦੇਸ਼ ਦੇ ਇਲਾਕੇ ਲਈ ਇਕ ਦਰਵਾਜ਼ੇ ਦਾ ਕੰਮ ਦਿੰਦਾ ਹੈ । ਪਹਾੜੀਆਂ ਤੇ ਮੈਦਾਨਾਂ ਵਿਚਕਾਰਲੀ ਵਧੇਰੇ ਆਵਾਜਾਈ ਅਤੇ ਵਪਾਰ ਇਸੇ ਰਸਤਿਉਂ ਹੁੰਦਾ ਹੈ । ਪਹਾੜੀ ਵਸਤਾਂ ਨੂੰ ਬਾਹਰ ਭੇਜਣ ਲਈ ਇਹ ਇਕ ਭਾਰੀ ਮੰਡੀ ਹੈ । ਇਹ ਬਾਂਸ ਅਤੇ ਬਾਂਸ ਤੋਂ ਤਿਆਰ ਕੀਤੀਆਂ ਜਾਣ ਵਾਲੀਆਂ ਵਸਤਾਂ, ਪੱਥਰ ਦੀਆਂ ਵਸਤਾਂ ਜਿਵੇਂ ਪੁੜ, ਕੂੰਡੇ, ਚਕਲੇ ਵੇਲਣੇ ਅਤੇ ਅਦਰਕ ਤੇ ਹਲਦੀ ਦੀ ਵੀ ਇਕ ਚੰਗੀ ਮੰਡੀ ਹੈ । ਇਸੇ ਹੀ ਨਾਂ ਦੀ ਉਪ-ਤਹਿਸੀਲ ਦਾ ਸਦਰਮੁਕਾਮ ਵੀ ਹੈ। ਕਸਬੇ ਦਾ ਪ੍ਰਬੰਧ ਇਕ ਮਿਉਂਸਪਲ ਕਮੇਟੀ ਚਲਾਉਂਦੀ ਹੈ । ਪੰਜਾਬੀਆਂ ਦੀ ਇਥੇ ਕਾਫੀ ਵਸੋਂ ਹੋਣ ਕਰਕੇ ਪੰਜਾਬ ਅਜੇ ਵੀ ਇਸ ਉਤੇ ਆਪਣਾ ਹੀ ਅਧਿਕਾਰ ਸਮਝਦਾ ਹੈ ਅਤੇ ਕੇਂਦਰ ਪਾਸੋਂ ਆਪਣੇ ਵਿਚ ਸ਼ਾਮਲ ਕਰਨ ਦੀ ਮੰਗ ਕਰ ਰਿਹਾ ਹੈ ।

ਆਬਾਦੀ—21,360 (1981)

30°50′ ਉ. ਵਿਥ ; 76°57′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 313; ਡਿਸਟ੍ਰਿਕਟ ਸੈਂਸਸ ਹੈਂਡ ਬੁੱਕ—ਅੰਬਾਲਾ ਡਿਸਟ੍ਰਿਕਟ

**ਕੱਲਕਿਸ :** ਇਹ ਏਸ਼ੀਆ ਕੋਚਕ ਵਿਚ ਦਰਿਆ ਫੇਸਿਸ ਦੀ ਘਾਟੀ ਨੂੰ ਲਿਖਾਰੀਆਂ ਦੁਆਰਾ ਦਿਤਾ ਹੋਇਆ ਇਕ ਪ੍ਰਾਚੀਨ ਨਾਂ ਹੈ ਜੋ ਅੱਜਕਲ੍ਹ ਜਾਰਜੀਅਨਾ ਸੋਵੀਅਤ ਸਮਾਜਵਾਦੀ ਗਣਤੰਤਰ ਦੇ ਪੱਛਮ ਵਿਚ ਮਿੰਗਰੀਲੀਆ ਦੇ ਨਾਂ ਨਾਲ ਪ੍ਰਸਿੱਧ ਹੈ । ਕੱਲਕਿਸ ਕਾਲੇ ਸਾਗਰ ਦੇ ਪੂਰਬੀ ਸਿਰੇ ਉਤੇ ਤਿਕੋਨੀ ਸ਼ਕਲ ਦਾ ਇਕ ਡਿਸਟ੍ਰਿਕਟ ਹੈ ਜਿਸ ਦੇ ਉੱਤਰ ਵਿਚ ਕੋਹਕਾਫ ਪਹਾੜ, ਪੂਰਬ ਵਲ ਆਈਬਰੀਆ ਅਤੇ ਦੱਖਣ ਵਲ ਆਰਮੀਨੀਆ ਅਤੇ ਪੌਂਟਸ ਪਹਾੜੀ ਲੜੀਆਂ ਹਨ । ਯੂਨਾਨੀ ਮਿਥਿਹਾਸ ਵਿਚ ਇਹ ਆਰਗਨੌਟਾਂ ਦੇ ਇਲਾਕੇ ਅਤੇ ਮੀਡੀਆ ਦੇ ਜਨਮ-ਸਥਾਨ ਦੇ ਤੌਰ ਤੇ ਪ੍ਰਸਿੱਧ ਹੈ । ਲੋਕ ਬੜੇ ਸੰਜਮੀ ਹਨ ਅਤੇ ਕਾਲੇ ਰੰਗ, ਘੁੰਗਰਾਲੇ ਵਾਲਾਂ, ਭਾਸ਼ਾ ਤੇ ਰਸਮਾਂ ਪੱਖੋਂ ਇਹ ਬਾਕੀਆਂ ਨਾਲੋਂ ਵੱਖਰੇ ਹੀ ਹਨ । ਹੈਰੋਡੋਟਸ ਦਾ ਵਿਚਾਰ ਹੈ ਕਿ ਇਹ ਲੋਕ ਮਿਸਰ ਦੇ ਇਲਾਕੇ ਦੇ ਹਨ । ਸਟਰੈਬੋ ਅਨੁਸਾਰ ਇਹ ਇਲਾਕਾ ਤਰ੍ਹਾਂ ਤਰ੍ਹਾਂ ਦੇ ਫਲਾਂ ਨਾਲ ਭਰਪੂਰ ਹੈ । ਸਮੁੰਦਰੀ ਜਹਾਜ਼ਾਂ ਦਾ ਸਾਮਾਨ ਵੀ ਇਥੇ ਤਿਆਰ ਹੁੰਦਾ ਹੈ । ਇਥੇ ਲਿਨਨ ਦਾ ਉਤਪਾਦਨ ਹੁੰਦਾ ਹੈ ਅਤੇ ਵੱਡੀ ਮਾਤਰਾ ਵਿਚ ਵਧੀਆ ਕਿਸਮ ਦੀ ਉੱਨ ਤਿਆਰ ਹੁੰਦੀ ਹੈ । ਇਸ ਇਲਾਕੇ ਵਿਚ ਜ਼ਹਿਰੀਲੀਆਂ ਜੜੀਆਂ ਬੂਟੀਆਂ ਬਹੁਤ ਹੁੰਦੀਆਂ ਸਨ । 15ਵੀਂ ਸਦੀ ਵਿਚ ਇਹ ਕਈ ਰਿਆਸਤਾਂ ਵਿਚ ਵੰਡਿਆ ਹੋਇਆ

ਸੀ ਅਤੇ ਅੱਜਕਲ੍ਹ ਟ੍ਰਾਂਸ-ਕਾਕੇਸ਼ਸ ਦੀਆਂ ਸੋਵੀਅਤ ਸਰਕਾਰਾਂ ਵਿਚ ਸ਼ਾਮਲ ਹੋ ਗਿਆ ਹੈ।

ਹ. ਪੁ.—ਐਨ. ਬ੍ਰਿ. 6 : 41 ; ਐਨ. ਅਮੈ. 7 : 235

**ਕਾਲਗਾਨ :** ਇਹ ਇਕ ਪ੍ਰਸਿੱਧ ਚੀਨੀ ਸ਼ਹਿਰ ਹੈ ਜੋ ਮੰਗੋਲੀਆ ਲਈ ਮੁੱਖ ਦੁਆਰ ਹੈ। ਇਹ ਸ਼ਹਿਰ ਉਪਜਾਊ ਮੈਦਾਨ 850 ਮੀ. ਦੀ ਉਚਾਈ ਤੇ ਵਾਕਿਆ ਹੈ ਅਤੇ ਇਸ ਵਿਚ ਮੰਗੋਲ ਤੇ ਚੀਨੀ ਲੋਕ ਰਹਿੰਦੇ ਹਨ। ਮਿੰਗ ਤੇ ਮੰਚੂ ਖ਼ਾਨਦਾਨਾਂ ਹੇਠਾਂ ਕਾਲਗਾਨ ਵਪਾਰ ਅਤੇ ਫ਼ੌਜੀ ਮਹੱਤਤਾ ਦਾ ਕੇਂਦਰ ਸੀ। ਸੰਨ 1914 ਵਿਚ ਇਹ ਚਾਹਾਰ ਦੇ ਪ੍ਰਬੰਧਕੀ ਡਿਸਟ੍ਰਿਕਟ ਦੀ ਰਾਜਧਾਨੀ ਬਣ ਗਿਆ ਅਤੇ 1928 ਈ. ਵਿਚ ਇਸ ਨੂੰ ਪ੍ਰਾਂਤਕ ਦਰਜਾ ਹਾਸਲ ਹੋ ਗਿਆ। ਸੰਨ 1909 ਵਿਚ ਸੜਕ ਦੁਆਰਾ ਇਸ ਨੂੰ ਪੀਕਿੰਗ ਨਾਲ ਜੋੜਿਆ ਗਿਆ। ਕਾਲਗਾਨ ਤੋਂ ਲਗਭਗ 100,000 ਊਠ ਸਾਇਬੇਰੀਆ ਨੂੰ ਚਾਹ ਲੈ ਕੇ ਜਾਇਆ ਕਰਦੇ ਸਨ। ਕਾਲਗਾਨ ਕਾਫ਼ੀ ਚਿਰ ਲਈ ਮੰਗੋਲੀਅਨ ਉੱਨ ਅਤੇ ਫਰ ਦੀ ਇਕ ਵੱਡੀ ਮੰਡੀ ਰਿਹਾ। ਇਥੇ ਫਰ ਦੇ ਕਈ ਪਲਾਂਟ ਸਥਾਪਤ ਕੀਤੇ ਗਏ। ਮੰਗੋਲੀਆ ਤੋਂ ਖੱਲਾਂ ਤੇ ਹੱਡ ਵੀ ਇਥੇ ਇਕੱਠੇ ਕੀਤੇ ਜਾਂਦੇ ਹਨ ਅਤੇ ਗੱਡੀਆਂ ਰਾਹੀਂ ਦੱਖਣ-ਪੂਰਬ ਨੂੰ ਬਰਾਮਦ ਕੀਤੇ ਜਾਂਦੇ ਹਨ।

ਸੰਨ 1937 ਵਿਚ ਜਾਪਾਨੀਆਂ ਨੇ ਕਾਲਗਾਨ ਤੇ ਕਬਜ਼ਾ ਕਰ ਲਿਆ। ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਥੋੜ੍ਹੇ ਸਮੇਂ ਲਈ ਇਹ ਚੀਨੀ ਨੈਸ਼ਲਿਸਟਾਂ ਦੇ ਹੱਥ ਆਇਆ ਅਤੇ 1948 ਵਿਚ ਚੀਨੀ ਕਮਿਊਨਿਸਟਾਂ ਨੇ ਇਸ ਉੱਪਰ ਕਬਜ਼ਾ ਕਰ ਲਿਆ। ਸੰਨ 1950 ਵਿਚ ਇਹ ਖ਼ੁਦਮੁਖ਼ਤਾਰ ਅੰਦਰੂਨੀ ਮੰਗੋਲੀਆ ਦੀ ਰਾਜਧਾਨੀ ਬਣਾ ਲਿਆ ਗਿਆ। ਨਵੰਬਰ, 1952 ਵਿਚ ਚਾਹਾਰ ਦਾ ਸਾਰਾ ਇਲਾਕਾ ਹੋਪੇ ਪ੍ਰਾਂਤ ਵਿਚ ਸ਼ਾਮਲ ਕਰ ਲਿਆ ਗਿਆ।

ਕਾਲਗਾਨ ਆਪਣੇ ਆਲੇ-ਦੁਆਲੇ ਨਾਲ ਰੇਲਾਂ ਅਤੇ ਸੜਕਾਂ ਦੁਆਰਾ ਜੁੜਿਆ ਹੋਇਆ ਹੈ। ਸ਼ਹਿਰ ਕਪਾਹ ਵਾਲੇ ਇਲਾਕੇ ਵਿਚ ਹੋਣ ਕਰਕੇ ਟੈਕਸਟਾਈਲ ਦਾ ਕੇਂਦਰ ਬਣ ਗਿਆ ਹੈ।

ਆਬਾਦੀ—1,094,000 (1980)

40° 50′ ਉ. ਵਿਥ.; 114° 53′ ਪੂ. ਲੰਬ.

ਹ. ਪੁ.—ਐਨ.ਬ੍ਰਿ. 13 : 192

**ਕਾਲਗੁਰਲੀ :** ਪੱਛਮੀ ਆਸਟ੍ਰੇਲੀਆ ਦੇ ਦੱਖਣ-ਪੱਛਮੀ ਹਿੱਸੇ ਵਿਚ ਇਹ ਤਾਂਬੇ, ਸੋਨੇ, ਲਿਸਨਾਈਟ ਦੀਆਂ ਖਾਣਾਂ ਦਾ ਇਕ ਕੇਂਦਰ ਹੈ ਜੋ ਪਰਥ ਤੋਂ 600 ਕਿ. ਮੀ. ਪੂਰਬ-ਉੱਤਰ ਅਤੇ ਕੁਲਗਾਰਡੀ ਤੋਂ 40 ਕਿ. ਮੀ. ਉੱਤਰ-ਪੂਰਬ-ਉੱਤਰ ਵਲ ਵਾਕਿਆ ਹੈ। ਇਹ ਆਪਣੇ ਚੌਗਿਰਦੇ ਨਾਲ ਰੇਲਾਂ ਦੁਆਰਾ ਜੁੜਿਆ ਹੋਇਆ ਹੈ। ਇਸ ਦਾ ਨਾਂ ਪੁਰਾਣੀ ਝਾੜੀ ਕਾਲਗੁਰਲੀ ਦੇ ਨਾਂ ਪਿੱਛੇ ਪਿਆ। ਕਾਲਗੁਰਲੀ ਅਰਧ-ਮਾਰੂਥਲੀ ਖੰਡ ਵਿਚ ਇਕ ਨੀਵੀਂ ਪਠਾਰ 'ਤੇ ਵਾਕਿਆ ਹੈ। ਇਥੇ ਸਾਲਾਨਾ ਵਰਖਾ 25 ਸੈਂ. ਮੀ. ਤੋਂ ਵੀ ਘੱਟ ਹੁੰਦੀ ਹੈ ਅਤੇ ਪੀਣ ਵਾਸਤੇ ਪਾਣੀ ਪਰਥ ਤੋਂ ਪਾਈਪਾਂ ਰਾਹੀਂ ਪਹੁੰਚਾਇਆ ਜਾਂਦਾ ਹੈ। ਸੰਨ 1887 ਵਿਚ ਇਥੋਂ ਸੋਨੇ ਦੇ ਭੰਡਾਰ ਮਿਲੇ ਸਨ ਅਤੇ 1892-94 ਦੌਰਾਨ ਇਹ ਸ਼ਹਿਰ ਸੋਨੇ ਦੀਆਂ ਖਾਣਾਂ ਦਾ ਕੇਂਦਰ ਬਣ ਗਿਆ।

ਇਥੇ ਇਕ ਡਿਸਟ੍ਰਿਕਟ ਹਸਪਤਾਲ ਹੈ। ਵੈਸਟਰਨ ਆਸਟ੍ਰੇਲੀਆ ਸਕੂਲ ਔਫ ਮਾਈਨਜ਼ ਵੀ ਇਥੇ ਹੈ।

ਆਬਾਦੀ—19,848 (1981)

30° 45′ ਉ. ਵਿਥ.; 121° 28′ ਪੂ. ਲੰਬ.

ਹ. ਪੁ.—ਐਮ. ਬ੍ਰਿ. ਮਾ. 13 : 192; ਕੋਲ. ਐਨ.11 : 110

**ਕਾਲਚਾਕੀ :** ਇਹ ਦੱਖਣੀ ਅਮਰੀਕਾ ਦਾ ਇਕ ਕਬੀਲਾ ਹੈ ਜੋ ਪਹਿਲਾਂ ਅਰਜਨਟੀਨਾ ਦੇ ਉੱਤਰੀ ਪੱਛਮੀ ਹਿੱਸੇ ਵਿਚ ਰਹਿੰਦਾ ਸੀ। ਇਹ ਡਾਇਕ੍ਵਿਟਾ ਕਬੀਲਿਆਂ ਦਾ ਉਪ-ਗਰੁੱਪ ਹੈ। ਇਨ੍ਹਾਂ ਤੇ 15ਵੀਂ ਸਦੀ ਵਿਚ ਇਨਕਸ ਨੇ ਜਿੱਤ ਪ੍ਰਾਪਤ ਕੀਤੀ ਸੀ। ਪ੍ਰਾਚੀਨ ਨਿਸ਼ਾਨੀਆਂ ਤੋਂ ਪਤਾ ਲਗਦਾ ਹੈ ਕਿ ਇਹ ਸੱਭਿਅਤਾ ਦੀ ਉੱਨਤ ਅਵਸਥਾ ਤੇ ਅਪੜੇ ਹੋਏ ਸਨ। ਇਹ ਲੋਕ ਫ਼ੌਜੀ ਇੰਜੀਨੀਅਰਿੰਗ, ਕਿਲੇ ਤੇ ਕਿਲੇ-ਬੰਦ ਸ਼ਹਿਰ ਤਾਮੀਰ ਕਰਨ ਅਤੇ ਪੱਥਰਾਂ ਦੇ ਮਕਾਨ ਬਣਾਉਣ ਵਿਚ ਬਹੁਤ ਅੱਗੇ ਸਨ। ਇਸ ਤੋਂ ਬਿਨਾਂ ਇਹ ਲੋਕ ਵਧੀਆ ਲੜਾਕੇ ਵੀ ਸਨ। ਸੋਨੇ, ਤਾਂਬੇ ਤੇ ਚਾਂਦੀ ਦੀ ਵਰਤੋਂ ਕਰਨ ਵਿਚ ਅਤੇ ਚੀਨੀ ਦੇ ਵਧੀਆ ਕਿਸਮ ਦੇ ਬਰਤਨ ਬਣਾਉਣ ਤੇ ਉਨ੍ਹਾਂ ਤੇ ਵਧੀਆ ਕਿਸਮ ਦੀ ਚਿਤਰਕਾਰੀ ਕਰਨ ਵਿਚ ਵੀ ਬਹੁਤ ਮਾਹਿਰ ਸਨ। ਅੱਜਕਲ੍ਹ ਇਹ ਕਬੀਲਾ ਨਾਂਮਾਤਰ ਹੀ ਰਹਿ ਗਿਆ ਹੈ ਅਤੇ ਇਨ੍ਹਾਂ ਦੀ ਭਾਸ਼ਾ ਦਾ ਸਾਰਾ ਰੀਕਾਰਡ ਲਗਭਗ ਨਸ਼ਟ ਹੋ ਚੁੱਕਾ ਹੈ।

ਹ. ਪੁ.—ਐਨ. ਅਮੈ. 5 : 158

**ਕਾਲਚਾਗਵਾ :** ਮੱਧ-ਚਿੱਲੀ ਦਾ ਇਹ ਇਕ ਪ੍ਰਾਂਤ ਹੈ ਜਿਸ ਦੇ ਪੂਰਬ ਵਲ ਅਰਜਨਟੀਨਾ ਅਤੇ ਪੱਛਮ ਵਲ ਸ਼ਾਂਤ ਮਹਾਂਸਾਗਰ ਹੈ। ਸੰਨ 1826 ਵਿਚ ਇਹ ਪ੍ਰਾਂਤ ਬਣਿਆ ਸੀ ਅਤੇ ਬਾਅਦ ਵਿਚ ਇਸ ਦੀਆਂ ਸਰਹੱਦਾਂ ਅਤੇ ਪ੍ਰਬੰਧਕੀ ਢਾਂਚੇ ਵਿਚ ਬਹੁਤ ਤਬਦੀਲੀਆਂ ਆਈਆਂ। ਇਸ ਦਾ ਮੌਜੂਦਾ ਰਕਬਾ 8,327 ਵ. ਕਿ. ਮੀ. ਅਤੇ ਵਸੋਂ 167,899 (1970) ਹੈ। ਸੰਘਣੀ ਵਸੋਂ ਇਸ ਦੇ ਮੱਧ ਵਿਚ ਲੰਬੇਦਾਅ ਵਾਦੀ ਵਿਚ ਹੈ ਜਿਥੇ ਕਣਕ, ਚਾਵਲ, ਫਲੀਦਾਰ ਫਸਲ, ਚਾਰਾ ਅਤੇ ਅੰਗੂਰ ਦੀ ਕਾਸ਼ਤ ਹੁੰਦੀ ਹੈ। ਪਸ਼ੂ ਤੇ ਭੇਡਾਂ ਆਦਿ ਵੀ ਪਾਲੀਆਂ ਜਾਂਦੀਆਂ ਹਨ। ਇਸ ਪ੍ਰਾਂਤ ਵਿਚ ਕਣਕ ਪੀਸਣ ਦੀਆਂ ਮਿੱਲਾਂ, ਝੋਨਾਂ ਛੜਨ ਦੇ ਸ਼ੈਲਰ, ਚਮੜਾ ਕਮਾਉਣ, ਜੁੱਤੀਆਂ ਤੇ ਸਿਗਰਟਾਂ ਬਣਾਉਣ ਦੇ ਕਾਰਖਾਨੇ ਮੌਜੂਦ ਹਨ। ਇਥੇ ਕਿਤੇ ਕਿਤੇ ਗੰਧਕ ਤੇ ਤਾਂਬੇ ਦੇ ਭੰਡਾਰ ਵੀ ਮਿਲਦੇ ਹਨ ਅਤੇ ਤੱਟ ਦੇ ਨਾਲ ਨਾਲ ਨਮਕ ਤਿਆਰ ਕੀਤਾ ਜਾਂਦਾ ਹੈ। ਪੈਨ ਅਮੈਰਿਕਨ ਸ਼ਾਹ-ਰਾਹ ਅਤੇ ਉੱਤਰੀ-ਦੱਖਣੀ ਰੇਲਵੇ ਲਾਈਨ ਕਾਲਚਾਗਵਾ ਦੇ ਰਾਹੀਂ ਲੰਘਦੀ ਹੈ। ਸਾਨਫਰਨੈਂਡੋ ਇਸ ਦੀ ਰਾਜਧਾਨੀ ਹੈ ਅਤੇ ਇਸ ਦੇ 100 ਕਿ. ਮੀ. ਪੱਛਮ ਵਲ ਪੀਚੀਲੀਮੂ ਦੀ ਬੀਚ ਹੈ।

ਹ. ਪੁ.—ਐਨ. ਬ੍ਰਿ. ਮਾ. 2 : 1048

**ਕਾਲਚੀਸੀਨ :** ਇਹ ਦਰਦ-ਨਾਸ਼ਕ ਦਵਾ ਕਾਲਚੀਕਮ ਆਟਮਨੇਲ (*Colchicum autumnale*) ਪੌਦੇ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਇਹ ਗਠੀਏ ਦੇ ਇਲਾਜ ਲਈ ਲਾਹੇਵੰਦ ਹੈ। ਗਠੀਏ ਦੀ ਬਿਮਾਰੀ ਵਿਰਸੇ ਵਿਚ ਮਿਲਦੀ ਹੈ। ਇਸ ਦਵਾਈ ਦਾ ਗਠੀਏ ਦੀਆਂ ਤੇਜ਼ ਪੀੜਾਂ ਵਿਚ ਆਰਾਮ ਦੇਣ ਤੋਂ ਇਲਾਵਾ ਹੋਰ ਕਿਸੇ ਪੀੜ ਲਈ ਕੋਈ ਲਾਹੇਵੰਦ ਅਸਰ ਨਹੀਂ ਹੁੰਦਾ। ਇਸ ਦੀ ਵਰਤੋਂ ਨਾਲ ਕਈ ਵਾਰੀ ਸਖ਼ਤ ਮਰੋੜ ਲਗ ਜਾਂਦੇ ਹਨ ਅਤੇ ਮਿਹਦਾ-ਆਂਦਰ ਵਿਚ ਵਿਗਾੜ ਪੈਦਾ ਹੋ ਜਾਂਦੇ ਹਨ।

ਕਾਲਚੀਸੀਨ ਦੀ ਵਰਤੋਂ ਖੇਤੀਬਾੜੀ ਦੇ ਕੰਮਾਂ ਵਿਚ ਬਹੁਤ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਪੌਦੇ ਵਿਚ ਪਾਲੀਪਲੱਾਇਡੀ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਪਾਲੀਪਲੱਾਇਡੀ ਇਕ ਅਜਿਹੀ ਹਾਲਤ ਹੁੰਦੀ ਹੈ ਜਿਥੇ ਇਕ ਪੌਦੇ ਜਾਂ ਇਕ ਪ੍ਰਾਣੀ ਦੇ ਸੈੱਲਾਂ ਵਿਚ ਕ੍ਰੋਮੋਸੋਮ ਡਿਪਲੱਾਇਡ ਨੰਬਰ ਤੋਂ ਵੱਧ ਹੁੰਦੇ ਹਨ। ਇਸ ਨਾਲ ਸਪਿੰਡਲ ਰੇਸ਼ਿਆਂ ਅਤੇ ਸੈੱਲ ਕੰਧਾਂ ਦਾ ਵਿਕਾਸ ਰੁੱਕ ਜਾਂਦਾ ਹੈ ਪਰ ਇਸ ਨਾਲ ਕ੍ਰੋਮੋਸੋਮ ਦੀ ਵੰਡ ਨਹੀਂ ਰੁਕਦੀ। ਸਿੱਟੇ ਵਜੋਂ ਕ੍ਰੋਮੋਸੋਮ ਡਿਪਲੱਾਇਡ ਤੋਂ ਟੈਟ੍ਰਾਪਲੱਾਇਡ ਹੋ ਜਾਂਦੇ ਹਨ ਜਦ ਕਿ ਸਾਰੇ ਕ੍ਰੋਮੋਸੋਮ

ਇਕ ਸੈੱਲ ਵਿਚ ਹੀ ਹੁੰਦੇ ਹਨ । ਮੂਲ ਰੂਪ ਵਿਚ ਕਾਲਚੀਸੀਨ ਦੀ ਵਰਤੋਂ ਔਟੋਪਾਲੀਪਲੌਇਡ ਅਤੇ ਐਂਫੀਪਾਲੀਪਲੌਇਡ ਪੈਦਾ ਕਰਨ ਲਈ ਕੀਤੀ ਜਾਂਦੀ ਹੈ । ਕਾਲਚੀਸੀਨ ਦੀ ਵਰਤੋਂ ਨਾਲ ਬਹੁਤ ਸਾਰੀਆਂ ਨਵੀਆਂ ਜਾਤੀਆਂ ਪੈਦਾ ਕੀਤੀਆਂ ਗਈਆਂ ਹਨ, ਉਦਾਹਰਨ ਵਜੋਂ ਰੈਫੈਨੋ ਬਰੈਸਿਕਾ (*Raphano brassica*) ਇਹ ਦੋਗਲੀ ਕਿਸਮ ਹੈ ਜੋ ਰੈਫੈਨਸ ਅਤੇ ਬਰੈਸਿਕਾ ਤੋਂ ਤਿਆਰ ਕੀਤੀ ਗਈ ਹੈ । ਐਨਿਊਪਲੌਇਡੀ ਹਾਲਤ ਵੀ ਕਾਲੀਚੀਸੀਨ ਨਾਲ ਹੀ ਪੈਦਾ ਕੀਤੀ ਜਾਂਦੀ ਹੈ ਜਿਸ ਵਿਚ ਕ੍ਰੋਮੋਸੋਮਾਂ ਦੇ ਡਿਪਾਲੌਇਡ ਸੈੱਟ ਵਿਚ ਜਾਂ ਤਾਂ ਕ੍ਰੋਮੋਸੋਮ ਜੋੜੇ ਜਾਂਦੇ ਹਨ ਜਾਂ ਕੱਢ ਲਏ ਜਾਂਦੇ ਹਨ । ਇਹ ਸਭ ਕੁਝ ਪਾਲੀਪਲੌਇਡ ਲੈਵਲ ਤੇ ਕੀਤਾ ਜਾਂਦਾ ਹੈ । ਕ੍ਰੋਮੋਸੋਮਾਂ ਦੀ ਗਿਣਤੀ ਦੁਗਣੀ ਹੋ ਜਾਣ ਨਾਲ ਟੈਟ੍ਰਾਪਲੌਇਡਾਂ ਵਿਚ ਬਹੁਤ ਤੇਜ਼ ਵਾਧਾ ਹੁੰਦਾ ਹੈ । ਇਸ ਦਾ ਅੰਦਾਜ਼ਾ ਪੱਤੇ, ਸਟੋਮੇਟਾ, ਫੁੱਲਾਂ ਅਤੇ ਪਰਾਗ ਕਣਾਂ ਦੇ ਅਕਾਰ ਤੋਂ ਆਸਾਨੀ ਨਾਲ ਲਾਇਆ ਜਾ ਸਕਦਾ ਹੈ । ਬੀਜ-ਰਹਿਤ ਫਲਾਂ ਵਾਲੇ ਟ੍ਰਾਈਪਲੌਇਡ ਪੌਦੇ ਟੈਟ੍ਰਾਪਲੌਇਡਾਂ ਦੇ ਨਸਲੀ ਮੇਲ ਤੋਂ ਪ੍ਰਾਪਤ ਕੀਤੇ ਗਏ ਹਨ ।

ਦੂਜੀ ਸਦੀ ਤੋਂ 7ਵੀਂ ਸਦੀ ਤਕ ਬਹੁਤ ਸਾਰੇ ਵੈਦ ਗਠੀਏ ਦੇ ਇਲਾਜ ਵਿਚ ਇਸਦੀ ਸਿਫ਼ਾਰਸ਼ ਕਰਦੇ ਰਹੇ ਸਨ । ਅਠ੍ਹਾਰਵੀਂ ਸਦੀ ਦੇ ਪਿਛਲੇਰੇ ਸਮੇਂ ਅਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਤਕ ਬਹੁਤ ਸਾਰੇ ਫ਼ਰਾਂਸੀਸੀ ਅਤੇ ਅੰਗਰੇਜ਼ ਚਿਕਿਤਸਕਾਂ ਨੇ ਵੀ ਕਾਲਚੀਕਮ ਬਾਰੇ ਬਹੁਤ ਕੁਝ ਲਿਖਿਆ ਹੈ । ਇਸ ਦੀ ਵਰਤੋਂ ਹਾਜਕਿਨ ਬਿਮਾਰੀ ਵਿਚ ਵੀ ਵਰਤੀ ਗਈ ਪਰ ਕੋਈ ਠੋਸ ਸਿੱਟੇ ਪ੍ਰਾਪਤ ਨਹੀਂ ਹੋ ਸਕੇ ।

ਇਸ ਦੀ ਵਰਤੋਂ ਵੱਡੇ ਅਤੇ ਛੋਟੇ ਪੌਦਿਆਂ ਅਤੇ ਪ੍ਰਾਣੀਆਂ ਆਦਿ ਦੇ ਸੈਲੂਲਰ ਵਾਧੇ, ਮਾਰਫ਼ੌਲੌਜੀਕਲ ਤਬਦੀਲੀਆਂ, ਵਾਧਾ ਰੋਕਣ, ਵਾਧਾ ਤੇਜ਼ ਕਰਨ ਆਦਿ ਦੇ ਅਧਿਐਨ ਵਿਚ ਕੀਤੀ ਗਈ ਹੈ । ਕਾਲਚੀਜੀਨ ਅੱਜ ਕਲ੍ਹ ਪ੍ਰਮੁੱਖ ਤੌਰ ਤੇ ਪ੍ਰਾਣੀਆਂ ਅਤੇ ਪੌਦਿਆਂ ਵਿਚ ਮੈਟਾਫ਼ੇਜ਼ ਕ੍ਰੋਮੋਸੋਮਾਂ ਦੇ ਅਧਿਐਨ ਵਿਚ ਵਰਤੀ ਜਾ ਰਹੀ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 1048; ਸਾ. ਰਿ. (1978):683; ਸਾ.ਰਿ. (1979) : 224.

**ਕਾਲਚੀਕਮ :** ਇਹ ਲਿਲੀਏਸੀ ਕੁਲ ਦੇ ਫੁੱਲਦਾਰ ਪੌਦਿਆਂ ਦੀ ਇਕ ਪ੍ਰਜਾਤੀ ਹੈ । ਇਸ ਵਿਚ ਪੌਦਿਆਂ ਦੀਆਂ 30 ਜਾਤੀਆਂ ਸ਼ਾਮਲ ਹਨ ਜੋ ਯੂਰੇਸ਼ੀਆ ਵਿਚ ਮਿਲਦੀਆਂ ਹਨ । ਤਣੇ-ਰਹਿਤ ਇਸ ਪੌਦੇ ਤੇ ਕੇਸਰ ਵਰਗੇ ਫੁੱਲ ਪਤਝੜ ਰੁੱਤੇ ਖਿੜਦੇ ਹਨ ਅਤੇ ਆਮ ਤੌਰ ਤੇ ਇਨ੍ਹਾਂ ਨੂੰ ਪਤਝੜ-ਕਰਾਕਸ ਜਾਂ ਮੀਡੋ-ਸੈਫ਼ਰਨ ਕਿਹਾ ਜਾਂਦਾ ਹੈ । ਇਸ ਦਾ ਫਲ ਤਿੰਨ ਵਾਲਵਾਂ ਵਾਲਾ ਕੈਪਸਿਊਲ ਹੁੰਦਾ ਹੈ, ਜੋ ਬਸੰਤ ਰੁੱਤ ਵਿਚ ਪੱਕਦਾ ਹੈ । ਉਸ ਸਮੇਂ ਪੌਦੇ ਦੇ ਪੱਤੇ ਨਿਕਲ ਆਉਂਦੇ ਹਨ । ਕਈ ਜਾਤੀਆਂ ਵਿਚ ਪੱਤੇ ਪਤਝੜ ਰੁੱਤ ਵਿਚ ਜ਼ਮੀਨੀ ਸਤ੍ਹਾ ਤੋਂ ਪੈਦਾ ਹੁੰਦੇ ਹਨ ।

ਬਹੁਤ ਸਾਰੀਆਂ ਜਾਤੀਆਂ ਸਜਾਵਟੀ ਫੁੱਲਾਂ ਲਈ ਕਾਸ਼ਤ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਫੁੱਲਾਂ ਦਾ ਰੰਗ ਚਿੱਟਾ, ਗੁਲਾਬੀ ਜਾਂ ਨੀਲਾ-ਜਾਮਨੀ ਹੁੰਦਾ ਹੈ । ਕਾਲਚੀਕਮ ਆਟਮਨੇਲ, ਬਾਰਨਮਿਊਰੇਲੀ ਅਤੇ ਸਪੀਸੀਉਸਮ ਦੇ ਫੁੱਲ ਖ਼ਾਸ ਕਰਕੇ ਇਕ ਨਲੀ ਵਾਂਗ ਹੁੰਦੇ ਹਨ । ਇਸ ਦੇ ਜ਼ਮੀਨੀ ਸਤ੍ਹਾ ਹੇਠਲੇ ਫੁੱਲੇ ਹੋਏ ਤਣੇ ਵਿਚ ਇਕ ਪਦਾਰਥ ਕਾਲਚੀਸੀਨ ਹੁੰਦਾ ਹੈ ਜੋ ਜੋੜਾਂ ਦੇ ਦਰਦ ਅਤੇ ਗਿਲੜ੍ਹ ਦੇ ਇਲਾਜ ਲਈ ਵਰਤਿਆ ਜਾਂਦਾ ਹੈ । ਕਿਉਂਕਿ ਇਹ ਸਧਾਰਨ ਸੈੱਲ ਵੰਡ ਤੇ ਅਸਰ ਪਾਉਂਦਾ ਹੈ, ਇਸ ਲਈ ਇਸ ਦੀ ਵਰਤੋਂ ਸੈਲੂਲਰ ਅਤੇ ਉਤਪਤੀ ਬਾਰੇ ਵਿਗਿਆਨਕ ਖੋਜ ਵਿਚ ਵੀ ਕੀਤੀ ਜਾਂਦੀ ਹੈ ।

ਹ. ਪੁ.—ਐਨ. ਬ੍ਰਿ. ਮਾ. 2:1048

**ਕਾਲਡਰ, ਅਲੈੱਗਜ਼ੈਂਡਰ :** ਇਸ ਅਮਰੀਕੀ ਬੁੱਤਘਾੜੇ ਦਾ ਜਨਮ ਕਲਾਕਾਰਾਂ ਦੇ ਪਰਵਾਰ ਵਿਚ ਫ਼ਿਲਾਡੈਲਫ਼ੀਆ ਵਿਖੇ 22 ਜੁਲਾਈ, 1898 ਨੂੰ ਹੋਇਆ । ਪਹਿਲਾਂ ਪਹਿਲ ਇਸ ਨੇ ਇਕ ਇੰਜਨੀਅਰ ਵਜੋਂ ਸਿਖਲਾਈ ਪ੍ਰਾਪਤ ਕੀਤੀ । ਮੁੱਢ ਵਿਚ ਇਸ ਨੇ ਹਾਸੇ-ਮਖ਼ੌਲ ਭਰੀਆਂ ਅਤੇ ਚੰਚਲ ਮੂਰਤੀਆਂ ਬਣਾਈਆਂ, ਜਿਵੇਂ ਕਿ 1926 ਵਿਚ ਬਣਾਈ ਗਈ 'ਦੀ ਹੋਸਟੈੱਸ' । ਪੈਰਿਸ ਵਿਚ ਕਾਫ਼ੀ ਸਮਿਆਂ ਲਈ ਠਹਿਰਾਉ ਦੇ ਮੌਕੇ ਮਿਲਣ ਕਰ ਕੇ ਕਾਲਡਰ ਨੂੰ ਹਾਂਸ ਆਰਪ, ਪਿਕਾਸੋ ਅਤੇ ਪਾਈਟ ਮਾਂਡ੍ਰੀਅਨ ਤੋਂ ਬੜਾ ਉਤਸ਼ਾਹ ਮਿਲਿਆ ਅਤੇ 1930 ਤਕ ਇਹ ਹੋਰ ਵੀ ਭਾਵਮਈ ਮੂਰਤੀਆਂ ਬਣਾਉਣ ਲਗ ਪਿਆ । ਕਾਲਡਰ ਦੀ ਬੁੱਤਕਾਰੀ ਦੇ ਖੇਤਰ ਵਿਚ ਸਭ ਤੋਂ ਵੱਡੀ ਦੇਣ ਗਤੀਸ਼ੀਲ ਮੂਰਤੀਆਂ ਦਾ ਆਰੰਭ ਕਰਨਾ ਹੈ । ਅਜਿਹੀ ਮੂਰਤੀ ਹਵਾ ਦੀਆਂ ਲਹਿਰਾਂ ਅਤੇ ਆਪਣੇ ਨਾਜ਼ਕ ਸੰਤੁਲਨ ਦੀ ਮਦਦ ਨਾਲ ਹਰਕਤ ਕਰਦੀ ਹੈ । ਆਪਣੀ ਕਾਰਕੁਸ਼ਲਤਾ ਸਦਕਾ ਕਾਲਡਰ ਨੇ ਇਕ ਪਾਰੇ ਦਾ ਫੁਹਾਰਾ, ਕਈ ਸਟੇਜ-ਸੈੱਟ, ਇਕ ਪਾਣੀ ਦਾ ਸੰਗੀਤਕ-ਨਾਚ ਅਤੇ ਸ਼ਿਲਪਕਲਾ ਦੇ ਹੋਰ ਬਹੁਤ ਸਾਰੇ ਨਮੂਨੇ ਪੇਸ਼ ਕੀਤੇ ਹਨ ।



ਅਲੈੱਗਜ਼ੈਂਡਰ ਕਾਲਡਰ

11 ਨਵੰਬਰ, 1976 ਨੂੰ ਨਿਊਯਾਰਕ ਸਿਟੀ ਵਿਚ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 4 : 608.

**ਕਾਲਡਵੈੱਲ, ਅਰਸਕਿਨ :** ਅਮਰੀਕਾ ਦੇ ਇਸ ਨਾਵਲਕਾਰ ਦਾ ਜਨਮ 17 ਦਸੰਬਰ, 1903 ਨੂੰ ਕਾਊਟੀਟਾ ਕਾਉਂਟੀ ਵਿਖੇ ਹੋਇਆ । ਇਸ ਦਾ ਪਿਤਾ ਮਿਸ਼ਨਰੀ ਹੋਣ ਕਰ ਕੇ ਥਾਉਂ ਥਾਈਂ ਜਾਂਦਾ ਰਹਿੰਦਾ ਸੀ । ਇਸ ਲਈ ਕਾਲਡਵੈੱਲ ਨਿਯਮਿਤ ਰੂਪ ਵਿਚ ਵਿਦਿਆ ਪ੍ਰਾਪਤ ਨਾ ਕਰ ਸਕਿਆ । ਇਹ ਵਰਜੀਨੀਆ ਯੂਨੀਵਰਸਿਟੀ ਵਿਚ ਦਾਖ਼ਲ ਹੋਇਆ ਪਰ ਗ੍ਰੈਜੂਏਸ਼ਨ ਨਾ ਕਰ ਸਕਿਆ । ਇਸ ਨੇ ਬਹੁਤ ਸਾਰੇ ਕੰਮ ਕੀਤੇ ਅਤੇ ਕਈ ਕਿਸਮ ਦੇ ਤਜਰਬੇ ਹਾਸਲ ਕੀਤੇ, ਜਿਨ੍ਹਾਂ ਦਾ ਜ਼ਿਕਰ ਇਸ ਦੀ ਪੁਸਤਕ 'ਕਾਲ ਇਟ ਐਕਸਪੀਰੀਐਂਸ' (1951) ਵਿਚ ਕੀਤਾ ਗਿਆ ਹੈ ।



ਅਰਸਕਿਨ ਕਾਲਡਵੈੱਲ

ਇਸ ਦੀ ਪ੍ਰਸਿੱਧੀ ਮੁੱਖ ਰੂਪ ਵਿਚ 'ਟੋਬੈਕੋ ਰੋਡ' (1932), 'ਗਾਡਜ਼ ਲਿਟਲ ਏਕੜ' (1933) ਅਤੇ 'ਟਰੱਬਲ ਇਨ ਜੁਲਾਈ' (1940) ਨਾਵਲਾਂ ਕਰ ਕੇ ਹੈ । ਸੰਨ 1940 ਮਗਰੋਂ ਕਾਲਡਵੈੱਲ ਨੇ ਇਨ੍ਹਾਂ ਨਾਵਲਾਂ ਜਿਹੀ ਹੋਰ ਕੋਈ ਉੱਤਮ ਕਿਰਤ ਪੇਸ਼ ਨਹੀਂ ਕੀਤੀ । ਬਿਆਨ ਦੇ ਕਮਾਲ ਦਾ ਗੁਣ ਤੇ ਦੱਖਣ ਦੀ ਪੇਂਡੂ ਬੋਲੀ ਦੀ ਸੂਝ ਇਸ

ਦੇ ਕਹਾਣੀ ਸੰਗ੍ਰਹਿ 'ਜੈਕਪਾਟ' (1940) ਵਿਚ ਵੇਖੀ ਜਾ ਸਕਦੀ ਹੈ ।

ਹ. ਪੁ.—ਐਨ. ਬ੍ਰਿ. 4 : 610

**ਕਾਲਡਾਸ** : ਕੇਂਦਰੀ ਐਂਡੀਅਨ ਕਾਡੀਲੇਰਾ ਪਹਾੜਾਂ ਵਿਚ ਪੱਛਮੀ-ਕੇਂਦਰੀ ਕੋਲੰਬੀਆ ਦਾ ਇਕ ਡਿਪਾਰਟਮੈਂਟ ਹੈ ਜੋ ਪੂਰਬ ਵੱਲੋਂ ਰੀਓ ਮੈਗਡਾਲੈਨਾ ਅਤੇ ਪੱਛਮ ਵੱਲੋਂ ਰੀਓ ਕਾਨਸਾ ਦੁਆਰਾ ਘਿਰਿਆ ਹੋਇਆ ਹੈ । ਸੋਲ੍ਹਵੀਂ ਸਦੀ ਦੇ ਆਰੰਭ ਵਿਚ ਇਥੇ ਸਪੇਨੀ ਆ ਘੁਸੇ ਸਨ । ਸੋਨੇ ਦੀਆਂ ਖਾਣਾਂ ਕਰਕੇ ਇਹ ਇਲਾਕਾ ਬਹੁਤ ਪ੍ਰਸਿੱਧ ਹੋ ਗਿਆ । ਸੰਨ 1905 ਵਿਚ ਇਹ ਇਲਾਕਾ ਇਕ ਡਿਪਾਰਟਮੈਂਟ ਵਜੋਂ ਹੋਂਦ ਵਿਚ ਆਇਆ ਅਤੇ ਇਸ ਦਾ ਨਾਂ ਸੁਤੰਤਰਤਾ-ਕਾਲ ਦੇ ਇਕ ਸਾਇੰਸਦਾਨ-ਸ਼ਹੀਦ-ਫ੍ਰਾਂਸਿਸਕੋ ਜੋਸ ਡੀ ਕਾਲਡਾਸ ਦੇ ਨਾਂ ਪਿੱਛੇ ਰੱਖਿਆ ਗਿਆ । ਇਸ ਡਿਪਾਰਟਮੈਂਟ ਨੇ 7,888 ਵ. ਕਿ. ਮੀ. ਰਕਬਾ ਮੱਲਿਆ ਹੋਇਆ ਹੈ । ਸੰਨ 1981 ਵਿਚ ਇਥੋਂ ਦੀ ਕੁੱਲ ਆਬਾਦੀ ਲਗਭਗ 772,319 ਸੀ । ਕਾਫ਼ੀ ਇਥੋਂ ਦੀ ਮੁੱਖ ਜ਼ਰਾਇਤੀ ਫ਼ਸਲ ਹੈ । ਹੋਰ ਜ਼ਰਾਇਤੀ ਫ਼ਸਲਾਂ ਅਤੇ ਉਦਯੋਗ ਦਿਨ-ਬ-ਦਿਨ ਵਿਕਸਿਤ ਹੋ ਰਹੇ ਹਨ । ਇਥੇ ਪਾਰਾ, ਸੋਨਾ, ਚਾਂਦੀ, ਕੋਲਾ, ਗੰਧਕ ਜਿਸਤ ਅਤੇ ਹੋਰ ਖਣਿਜ ਪਦਾਰਥ ਕੱਢੇ ਜਾਂਦੇ ਹਨ । ਇਥੇ ਸੜਕਾਂ, ਸ਼ਾਹਰਾਹਾਂ ਅਤੇ ਹਵਾਈ ਮਾਰਗਾਂ ਦੀਆਂ ਬਹੁਤ ਸਹੂਲਤਾਂ ਹਨ । ਮੈਨਜ਼ਾਲੇਸ ਇਥੋਂ ਦੀ ਰਾਜਧਾਨੀ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 453

**ਕਾਲਡੀ** : ਵੇਲਜ਼ ਦੀ ਡਿਵੈੱਡ ਨਾਮੀ ਕਾਊਂਟੀ ਵਿਚ ਟੈਨਬੀ ਬੰਦਰਗਾਹ ਦੇ ਦੱਖਣ ਵਲ, 3.6 ਕਿ. ਮੀ. ਦੂਰੀ ਤੇ ਇਹ ਇਕ ਦੀਪ ਹੈ । ਇਹ ਦੀਪ 2.5 ਕਿ. ਮੀ. ਲੰਬਾ ਹੈ ਅਤੇ ਇਸ ਦੀ ਵਧ ਤੋਂ ਵਧ ਚੌੜਾਈ 1-1/2 ਕਿ. ਮੀ. ਦੇ ਲਗਭਗ ਹੈ । ਘੱਟੋ ਘੱਟ ਛੇਵੀਂ ਸਦੀ ਤੋਂ ਜਦੋਂ ਇਥੇ ਕੈਲਟਿਕ ਪਾਦਰੀ ਰਹਿੰਦੇ ਹੁੰਦੇ ਸਨ, ਇਸ ਦੀਪ ਦਾ ਧਾਰਮਿਕ ਸੰਪ੍ਰਦਾਵਾਂ ਨਾਲ ਸਬੰਧ ਰਿਹਾ, ਅਤੇ ਉਨ੍ਹਾਂ ਇਮਾਰਤਾਂ ਜਿਨ੍ਹਾਂ ਵਿਚ ਇਹ ਪਾਦਰੀ ਰਿਹਾ ਕਰਦੇ ਸਨ, ਦੇ ਖੰਡਰਾਤ ਅੱਜ ਵੀ ਮੌਜੂਦ ਹਨ । ਸੰਨ 1960 ਵਿਚ ਇਸ ਦੀਪ ਨੂੰ ਐਂਗਲੀਕਨ ਬੈਨਡਿਕਟਿਨੀਆ ਨੇ ਖਰੀਦ ਲਿਆ ਸੀ ਅਤੇ ਇਥੇ ਅਜੋਕਾ ਮੱਠ ਬਣਾ ਦਿਤਾ ਸੀ ਪਰ ਸੰਨ 1928 ਵਿਚ ਐਂਗਲੀਕਨ ਬੈਨਡਿਕਟਿਨੀਆਂ ਦੀ ਥਾਂ ਬੈਲਜੀਅਮ ਦੇ ਟਰੈਪਸਟਾਂ ਨੇ ਲੈ ਲਈ ਜੋ ਇਥੇ ਖੇਤੀਬਾੜੀ ਕਰਦੇ ਹਨ ਅਤੇ ਆਪਣੀਆਂ ਉਗਾਈਆਂ ਹੋਈਆਂ ਜੜ੍ਹੀਆਂ-ਬੂਟੀਆਂ ਤੋਂ ਅਤਰ ਤਿਆਰ ਕਰਦੇ ਹਨ । ਇਸ ਦੀਪ ਵਿਚ ਇਕ ਛੋਟਾ ਜਿਹਾ ਪਿੰਡ ਅਤੇ ਇਕ ਚਾਨਣ-ਮੁਨਾਰਾ ਹੈ ।

ਆਬਾਦੀ – 70 (1971)

51° 38′ ਉ. ਵਿਥ.; 4° 41′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 454

**ਕਾਲਡੀਕੱਟ, ਰੈਨਡੱਲਫ** : ਇਹ ਅੰਗ੍ਰੇਜ਼ ਚਿੱਤਰਕਾਰ ਅਤੇ ਸ਼ਿਲਪਕਾਰ ਸੀ, ਜਿਸ ਨੂੰ ਆਪਣੇ ਵਿਅੰਗ-ਰੇਖਾ-ਚਿੱਤਰਾਂ ਅਤੇ ਪੁਸਤਕਾਂ ਵਿਚ ਬਣਾਈਆਂ ਗਈਆਂ ਤਸਵੀਰਾਂ ਕਰ ਕੇ ਬਹੁਤ ਪ੍ਰਸਿੱਧੀ ਮਿਲੀ । ਇਸ ਦਾ ਜਨਮ ਚੈਸਟਰ ਵਿਖੇ 22 ਮਾਰਚ, 1846 ਨੂੰ ਹੋਇਆ । ਇਹ ਵੱਖ ਵੱਖ ਸ਼ਹਿਰਾਂ ਵਿਚ ਬੈਂਕ ਕਲਰਕ ਰਿਹਾ ਅਤੇ ਮੈਗਜ਼ੀਨਾਂ ਲਈ ਰੇਖਾ-ਚਿੱਤਰ ਬਣਾ ਕੇ ਦਿੰਦਾ ਹੁੰਦਾ ਸੀ । ਸੰਨ 1872 ਵਿਚ ਇਹ ਲੰਡਨ ਰਹਿਣ ਲੱਗ ਪਿਆ ਅਤੇ ਚਿੱਤਰਕਾਰੀ ਨੂੰ ਆਪਣਾ ਕਿੱਤਾ ਅਪਣਾ ਲਿਆ । ਹੋਰਾਂ ਰਸਾਲਿਆਂ ਤੋਂ ਇਲਾਵਾ ਇਹ ਉਸ ਸਮੇਂ ਦੇ ਪ੍ਰਸਿੱਧ 'ਪੰਚ' ਅਤੇ 'ਗ੍ਰਾਫਿਕ' ਰਸਾਲਿਆਂ ਲਈ ਵੀ ਰੇਖਾ-ਚਿਤਰ ਬਣਾਉਣ ਲੱਗ ਪਿਆ । ਸਰ ਈ. ਪੋਇੰਟਰ ਦੇ ਅਧੀਨ ਚਿੱਤਰਕਾਰੀ ਕਰ ਕੇ ਇਸ ਨੇ ਵਧੇਰੇ ਮੁਹਾਰਤ ਹਾਸਲ ਕੀਤੀ । ਇਸ ਨੇ ਕਈ ਪ੍ਰਸਿੱਧ ਪੁਸਤਕਾਂ ਲਈ ਰੇਖਾ-ਚਿੱਤਰ ਬਣਾਏ । ਬੱਚਿਆਂ ਲਈ ਇਸ ਦੀਆਂ ਰੰਗੀਨ ਤਸਵੀਰਾਂ ਵਾਲੀਆਂ ਪੁਸਤਕਾਂ ਵਿਚ ਵਿਲੀਅਮ ਕੂਪਰ ਦੀ 'ਜਾਨ ਗਿਲਪਿਨ', ਔਲੀਵਰ ਗੋਲਡਸਮਿਥ ਦੀ 'ਐਲੇਜੀ ਔਨ ਏ ਮੈਡ ਡਾਗ' ਅਤੇ 'ਦੀ ਗ੍ਰੇਟ ਪਾਂਜਨਡ੍ਰਮ ਹਿਮਸੈਲਫ' ਸ਼ਾਮਲ ਹਨ । ਇਸ ਨੇ ਆਪਣੇ ਚਿੱਤਰਾਂ ਦੀ ਰਾਇਲ ਅਕੈਡਮੀ ਵਿਖੇ ਪ੍ਰਦਰਸ਼ਨੀ ਵੀ ਲਗਾਈ ਸੀ । 12 ਫ਼ਰਵਰੀ, 1886 ਨੂੰ ਇਸ ਦਾ ਦੇਹਾਂਤ ਹੋ ਗਿਆ ।

ਹ. ਪੁ.—ਐਨ. ਬ੍ਰਿ. 4 : 607

**ਕਾਰਡੇਰਾਨ ਡੇ ਲਾਬਰਕਾ, ਪਦਰੂ** : ਸਪੇਨ ਦੇ ਇਸ ਪ੍ਰਸਿੱਧ ਕਵੀ ਤੇ ਨਾਟਕਕਾਰ ਦਾ ਜਨਮ 17 ਫ਼ਰਵਰੀ, 1600 ਨੂੰ ਮੈਡਰਿਡ ਵਿਖੇ ਹੋਇਆ ਸੀ । ਇਸ ਦਾ ਪਿਤਾ ਚੰਗਾ ਸਰਕਾਰੀ ਕਰਮਚਾਰੀ ਸੀ । ਉਸ ਦੇ ਰੁੱਖੇ ਤੇ ਹੁਕਮਰਾਨਾ ਸੁਭਾਅ ਕਾਰਨ ਘਰੋਗੀ ਜ਼ਿੰਦਗੀ ਬੜੀ ਖ਼ਰਾਬ ਜਿਹੀ ਸੀ, ਜਿਸ ਦੇ ਸੰਕੇਤ ਪੇਦਰੂ ਦੇ ਨਾਟਕਾਂ ਵਿਚ ਮਿਲਦੇ ਹਨ । ਇਸ ਨੇ ਸੈਲਾਮੈਂਕਾ ਯੂਨੀਵਰਸਿਟੀ ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ 13 ਸਾਲਾਂ ਦੀ ਉਮਰ ਵਿਚ ਇਕ ਵਧੀਆ ਨਾਟਕ ਲਿਖਿਆ । ਇਹ ਪ੍ਰਾਈਵੇਟ ਸਿਪਾਹੀ ਦੇ ਤੌਰ ਤੇ ਇਟਲੀ ਦੇ ਹਮਲਿਆਂ ਵਿਚ ਅਤੇ ਹੋਰ ਲੜਾਈਆਂ ਵਿਚ ਸ਼ਾਮਲ ਹੋਇਆ । ਨਾਟਕਕਾਰ ਦੇ ਰੂਪ ਵਿਚ ਇਹ ਕਾਫ਼ੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਸੀ । ਇਸ ਲਈ ਫ਼ਿਲਿਪਸ ਚੌਥੇ ਨੇ ਇਸ ਨੂੰ ਆਪਣੇ ਦਰਬਾਰ ਵਿਚ ਸੱਦਾ ਦਿੱਤਾ ਤੇ 1636 ਵਿਚ ਇਸ ਨੂੰ ਨਾਈਟ ਦੀ ਪਦਵੀ ਪ੍ਰਦਾਨ ਕੀਤੀ । ਇਸ ਨੇ ਹਰ ਪ੍ਰਕਾਰ ਦੇ ਬਹੁਤ ਸਾਰੇ ਨਾਟਕ ਲਿਖੇ ਤੇ ਪੇਸ਼ ਕੀਤੇ । ਵਧੇਰੇ ਕਰ ਕੇ ਇਸ ਦੇ ਨਾਟਕ ਯਥਾਰਥਵਾਦੀ ਹਨ, ਜਿਨ੍ਹਾਂ ਵਿਚ ਦੋ ਪ੍ਰੇਮੀਆਂ ਦੀਆਂ ਲੁਕਵੀਆਂ ਅਸ਼ਨਾਈਆਂ ਜਾਂ ਈਰਖਾ ਤੇ ਸਨਮਾਨ ਨਾਲ ਸੰਬੰਧਿਤ ਦੁਖਾਂਤਾਂ ਨੂੰ ਪੇਸ਼ ਕੀਤਾ ਗਿਆ ਹੈ । ਸੰਨ 1653 ਮਗਰੋਂ ਇਹ ਪਾਦਰੀ ਬਣ ਗਿਆ ਤੇ ਇਸ ਨੇ ਜਨ-ਸਾਧਾਰਨ ਲਈ ਨਾਟਕ ਲਿਖਣੇ ਬੰਦ ਕਰ ਦਿੱਤੇ ਤੇ ਸ਼ਾਹੀ ਪਰਿਵਾਰ ਲਈ ਧਾਰਮਕ, ਮਿਥਿਹਾਸਕ ਜਾਂ ਈਸਾਈ ਸ਼ਹੀਦਾਂ ਨਾਲ ਸਬੰਧਤ ਵਿਸ਼ਿਆਂ ਉੱਤੇ ਨਾਟਕ ਲਿਖੇ । ਇਸ ਨੇ ਰੂੜ੍ਹੀਵਾਦੀ ਨਾਟਕ ਸਿਧਾਂਤਾਂ ਨੂੰ ਨਹੀਂ ਅਪਣਾਇਆ ਤੇ ਆਪਣੀ ਕਲਪਨਾ ਸ਼ਕਤੀ ਨਾਲ ਨਵਾਂ ਸੰਸਾਰ ਸਿਰਜਿਆ । ਉਸ ਨੇ ਆਪਣੇ ਨਾਟਕਾਂ ਵਿਚ ਨੈਤਿਕ ਮਿਆਰ ਸਥਾਪਿਤ ਕੀਤੇ ਤੇ ਬੜੀ ਸ਼ੁੱਧ, ਸਪੱਸ਼ਟ ਤੇ ਸ਼ੀਲ ਭਾਸ਼ਾ ਦਾ ਪ੍ਰਯੋਗ ਕੀਤਾ । ਇਸ ਦਾ ਸ੍ਰੇਸ਼ਟ ਧਾਰਮਿਕ ਨਾਟਕ 'ਐਲ ਮੈਜਿਕੋ ਪਰੌਡੀਗੀਓਸੋ' ਸਾਰੇ ਦੇਸ਼ ਵਿਚ ਪ੍ਰਸਿੱਧ ਹੈ, ਜਿਸ ਦੇ ਕੁਝ ਹਿੱਸੇ ਦਾ ਅਨੁਵਾਦ ਸ਼ੈਲੀ ਨੇ ਅੰਗ੍ਰੇਜ਼ੀ ਵਿਚ ਕੀਤਾ । 'Principe Constante' ਇਸ ਦਾ ਇਤਿਹਾਸਕ ਨਾਟਕ ਹੈ, ਜਿਸ ਵਿਚ ਪੁਰਤਗਾਲ ਦੇ ਪ੍ਰਿੰਸ ਫ਼ਰਡੀਨੈਂਸ ਦੀ ਸ਼ਹਾਦਤ ਦਾ ਵਰਣਨ ਹੈ । ਇਸ ਨੇ ਹੋਰ ਧਾਰਮਕ ਨਾਟਕ ਵੀ ਲਿਖੇ; 'El medico de su Houra ਅਤੇ 'El Mayor Monstruo Los Lelos' ਮਨੋਵੇਗ ਦੁਖਾਂਤ ਹਨ । ਪਰ ਬਹੁਤੇ ਆਲੋਚਕਾਂ ਦਾ ਮੱਤ ਹੈ ਕਿ ਇਸ ਦਾ ਪਵਿੱਤਰ ਨਾਟਕ 'Autos Sacramentales' (6 ਜਿਲਦਾਂ) ਸਰਵ-ਸ੍ਰੇਸ਼ਟ ਹੈ ।

ਇਸ ਦੀ ਮੌਤ 25 ਮਈ, 1681 ਨੂੰ ਹੋਈ ।

ਹ. ਪੁ. ਐਨ. ਬ੍ਰਿ. 4.608 : ਐਵ. ਐਨ. 2.753

**ਕਾਲ-ਨੇਮੀ** : ਇਹ ਇਕ ਰਾਖਸ਼ ਸੀ, ਜੋ ਰਾਵਣ ਦਾ ਚਾਚਾ ਸੀ । ਰਾਵਣ ਦੇ ਬੇਨਤੀ ਕਰਨ ਤੇ ਅਤੇ ਉਸ ਕੋਲੋਂ ਅੱਧੇ ਰਾਜ ਦਾ ਇਕਰਾਰ ਲੈ ਕੇ ਇਹ ਹਨੂਮਾਨ ਨੂੰ ਮਾਰਨ ਦਾ ਯਤਨ ਕਰਨ ਲੱਗਾ । ਇਸ ਤਰ੍ਹਾਂ ਇਹ ਇਕ ਸਾਧੂ ਦਾ ਭੇਸ ਧਾਰ ਕੇ ਗੰਧ-ਮਾਦਨ ਪਰਬਤ ਉੱਤੇ ਜਾ ਪਹੁੰਚਿਆ । ਜਦੋਂ ਹਨੂਮਾਨ ਸੰਜੀਵਨੀ ਬੂਟੀ ਦੀ ਭਾਲ ਵਿਚ ਉਸ ਪਰਬਤ ਤੇ ਗਿਆ ਤਾਂ ਇਸ ਨੇ ਹਨੂਮਾਨ ਨੂੰ ਆਪਣੀ ਕੁਟੀਆ ਵਿਚ ਭੋਜਨ ਛਕਣ ਲਈ ਸੱਦਿਆ ਪਰ ਹਨੂਮਾਨ ਨੇ ਇਨਕਾਰ ਕਰ ਦਿੱਤਾ ਅਤੇ ਨਾਲ ਦੇ ਸਰੋਵਰ ਵਿਚ ਇਸ਼ਨਾਨ ਕਰਨ ਚਲਾ ਗਿਆ । ਸਰੋਵਰ ਵਿਚ ਇਕ ਮਗਰਮੱਛ ਨੇ ਹਨੂਮਾਨ ਦਾ ਪੈਰ ਫੜ ਲਿਆ, ਪਰ ਹਨੂਮਾਨ ਨੇ ਉਸ ਨੂੰ ਬਾਹਰ ਖਿੱਚ ਕੇ ਮਾਰ ਦਿੱਤਾ । ਉਸ ਲਾਸ਼ ਵਿਚੋਂ

ਇਕ ਸੁੰਦਰ ਅਪੱਛਰਾ ਨਿਕਲੀ, ਜਿਸ ਨੇ ਦੱਸਿਆ ਕਿ ਮੇਰੀ ਇਹ ਹਾਲਤ ਦਕਸ਼ ਦੇ ਸਰਾਪ ਕਾਰਨ ਹੋਈ ਸੀ ਅਤੇ ਮੇਰੀ ਮੁਕਤੀ ਹਨੂਮਾਨ ਦੇ ਹੱਥੋਂ ਹੀ ਹੋਣੀ ਸੀ । ਉਸ ਨੇ ਹਨੂਮਾਨ ਨੂੰ ਕਾਲ-ਨੇਮੀ ਕੋਲੋਂ ਚੌਕਸ ਰਹਿਣ ਲਈ ਆਖਿਆ । ਇਸ ਗੱਲ ਤੋਂ ਜਾਣੂ ਹੋ ਕੇ ਹਨੂਮਾਨ ਕਾਲ-ਨੇਮੀ ਕੋਲ ਗਿਆ ਅਤੇ ਇਸ ਦਾ ਅਸਲੀ ਰੂਪ ਦੱਸ ਕੇ ਇਸ ਨੂੰ ਪੈਰ ਤੋਂ ਫੜ ਕੇ ਇਸ ਤਰ੍ਹਾਂ ਘੁਮਾਇਆ ਤੇ ਜ਼ੋਰ ਨਾਲ ਸੁੱਟਿਆ ਕਿ ਇਹ ਰਾਵਣ ਦੇ ਦਰਬਾਰ ਵਿਚ ਉਸ ਦੇ ਤਖ਼ਤ ਕੋਲ ਜਾ ਡਿੱਗਿਆ ।

ਕਾਲ-ਨੇਮੀ ਨਾਂ ਦਾ ਇਕ ਹੋਰ ਵੱਡਾ ਰਾਖਸ਼ ਵੀ ਹੋਇਆ ਹੈ ਜੋ ਵਿਰੋਚਨ ਦਾ ਪੁੱਤਰ ਅਤੇ ਹਿਰਣਯ-ਕਸ਼ਿਪ ਦਾ ਪੋਤਰਾ ਸੀ । ਇਸ ਦੇ ਸੌ ਹੱਥ ਅਤੇ ਸੌ ਮੁੱਖ ਸਨ । ਇਸ ਨੂੰ ਵਿਸ਼ਨੂੰ ਜੀ ਨੇ ਮਾਰਿਆ ਸੀ । ਫਿਰ ਇਸੇ ਨੇ ਹੀ ਕੰਸ ਦੇ ਰੂਪ ਵਿਚ ਜਨਮ ਲਿਆ ਸੀ ।

ਹ. ਪ.—ਹਿੰ. ਮਿ. ਕੋ.

**ਕਾਲਪੀ :** ਸ਼ਹਿਰ—ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਜਲੌਨ ਜ਼ਿਲ੍ਹੇ ਵਿਚ ਇਹ ਇਸੇ ਹੀ ਨਾਂ ਦੀ ਤਹਿਸੀਲ ਦਾ ਸਦਰ-ਮੁਕਾਮ ਹੈ ਜੋ ਜਮਨਾ ਦਰਿਆ ਉੱਤੇ, ਕਾਨਪੁਰ ਤੋਂ ਸਾਗਰ ਵੱਲ ਨੂੰ ਜਾਣ ਵਾਲੀ ਸੜਕ ਅਤੇ ਗ੍ਰੇਟ ਇੰਡੀਅਨ ਪੈਨਿਨਸੂਲੀ ਰੇਲਵੇ ਉੱਤੇ ਸਥਿਤ ਹੈ। ਰਵਾਇਤ ਅਨੁਸਾਰ ਇਸ ਸ਼ਹਿਰ ਦੀ ਨੀਂਹ ਬਾਸਦੇਉ ਨੇ ਚੌਥੀ ਸਦੀ ਵਿਚ ਰੱਖੀ ਸੀ । ਸੰਨ 1196 ਵਿਚ ਇਹ ਸ਼ਹਿਰ ਕੁਤਬ-ਉਦ-ਦੀਨ ਦੇ ਹੱਥਾਂ ਵਿਚ ਚਲਾ ਗਿਆ ਅਤੇ ਇਕ ਸਮੇਂ ਇਹ ਮੁਸਲਮਾਨਾਂ ਦਾ ਇਕ ਮਹੱਤਵਪੂਰਨ ਗੜ੍ਹ ਬਣ ਗਿਆ ਸੀ । ਪੰਦਰਵੀਂ ਸਦੀ ਵਿਚ ਜੌਨਪੁਰ ਦੇ ਇਬਰਾਹੀਮ ਸ਼ਾਹ ਨੇ ਕਾਲਪੀ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਦੋ ਅਸਫਲ ਜਤਨ ਕੀਤੇ ਅਤੇ ਸੰਨ 1435 ਵਿਚ ਮਾਲਵਾ ਦੇ ਹੋਸ਼ੰਗ ਸ਼ਾਹ ਨੇ ਇਸ ਅਸਥਾਨ ਤੇ ਕਬਜ਼ਾ ਕਰ ਲਿਆ । ਕੁਝ ਸਾਲਾਂ ਤੋਂ ਬਾਅਦ ਇਬਰਾਹੀਮ ਦੇ ਉਤਰਾਧਿਕਾਰੀ ਮਹਿਮੂਦ ਨੂੰ, ਗਵਰਨਰ ਨੂੰ ਸਜ਼ਾ ਦੇਣ ਦੀ ਦਲੀਲ ਤੇ, ਸ਼ਹਿਰ ਤੇ ਕਬਜ਼ਾ ਕਰਨ ਦੀ ਇਜਾਜ਼ਤ ਦੇ ਦਿਤੀ ਗਈ । ਉਸ ਨੇ ਇਸ ਨੂੰ ਖੂਬ ਲੁੱਟਿਆ ਅਤੇ ਮਗਰੋਂ ਮਾਲਵਾ ਦੇ ਬਾਦਸ਼ਾਹ ਨੂੰ ਵਾਪਸ ਦੇਣ ਤੋਂ ਮੁੱਕਰ ਗਿਆ, ਪਰ ਕੁਝ ਚਿਰ ਪਿਛੋਂ ਮੰਨ ਗਿਆ । ਜੌਨਪੁਰ ਰਾਜ ਅਤੇ ਦਿੱਲੀ ਦੇ ਹਾਕਮਾਂ ਵਿਚਕਾਰਲੀ ਜਦੋ-ਜਹਿਦ ਪਹਿਲੇ ਰਾਜ ਦੇ ਖਾਤਮੇ ਤੇ ਹੀ ਮੁੱਕੀ । ਸੰਨ 1477 ਵਿਚ ਕਾਲਪੀ ਦੇ ਨੇੜੇ ਘਮਸਾਨ ਦੀ ਲੜਾਈ ਹੋਈ । ਜੌਨਪੁਰ ਦਾ ਹੁਸੈਨਸ਼ਾਹ ਕਨੌਜ ਵਲ ਨੂੰ ਦੌੜ ਗਿਆ ਜਿਥੋਂ ਉਸ ਨੂੰ ਫਿਰ ਹਾਰ ਖਾਣੀ ਪਈ। ਜਦੋਂ ਸੰਨ 1526 ਵਿਚ ਪਾਣੀਪਤ ਦੀ ਫ਼ਤਹਿ ਨੇ ਬਾਬਰ ਲਈ ਹਿੰਦੁਸਤਾਨ ਦੇ ਸਾਰੇ ਮੈਦਾਨ ਖੁੱਲ੍ਹੇ ਛੱਡ ਦਿੱਤੇ ਤਾਂ ਚਿਤੌੜ ਦੇ ਰਾਣੇ ਅਤੇ ਅਫ਼ਗਾਨ ਬਾਬਰ ਨੂੰ ਅਗਾਂਹ ਵਧਣ ਤੋਂ ਰੋਕਣ ਲਈ ਇਕ ਮੁੱਠ ਹੋ ਗਏ ਅਤੇ ਕਾਲਪੀ ਉੱਤੇ ਉਨ੍ਹਾਂ ਆਪਣਾ ਕਬਜ਼ਾ ਜਮਾ ਲਿਆ । ਪਰ ਜਿਉਂ ਹੀ ਉਨ੍ਹਾਂ ਨੇ ਆਗਰੇ ਵਲ ਨੂੰ ਕੂਚ ਕੀਤਾ ਤਾਂ ਉਨ੍ਹਾਂ ਦੀ ਫ਼ਤਹਿਪੁਰ ਸੀਕਰੀ ਦੇ ਨੇੜੇ ਲੜਾਈ ਹੋਈ ਜਿਸ ਵਿਚ ਉਨ੍ਹਾਂ ਨੂੰ ਹਾਰ ਹੋਈ । ਸੰਨ 1527 ਵਿਚ ਹੁਮਾਯੂੰ ਨੇ ਜੌਨਪੁਰ ਅਤੇ ਬਿਹਾਰ ਨੂੰ ਫ਼ਤਹਿ ਕਰਨ ਉਪਰੰਤ ਕਾਲਪੀ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਸੰਨ 1540 ਤੀਕ ਇਸ ਉੱਤੇ ਆਪਣਾ ਕਬਜ਼ਾ ਜਮਾਈ ਰੱਖਿਆ, ਇਧਰ ਉਸੇ ਸਮੇਂ ਸ਼ੇਰ ਸ਼ਾਹ ਨੇ ਕਨੌਜ ਦੇ ਅਸਥਾਨ ਤੇ ਮੁਗ਼ਲਾਂ ਨੂੰ ਕਰਾਰੀ ਹਾਰ ਦਿੱਤੀ ਸੀ । ਇਥੇ ਫਿਰ ਕਈ ਭਿਆਨਕ ਲੜਾਈਆਂ ਹੁੰਦੀਆਂ ਰਹੀਆਂ । ਅਕਬਰ ਦੇ ਰਾਜ-ਕਾਲ ਅਧੀਨ ਕਾਲਪੀ ਸਰਕਾਰ ਦਾ ਸਦਰ-ਮੁਕਾਮ ਬਣ ਗਿਆ ਅਤੇ ਇਸ ਵਿਚ ਜਲੌਨ ਅਤੇ ਗਵਾਲੀਅਰ ਦੇ ਹਿੱਸਿਆਂ ਤੋਂ ਇਲਾਵਾ ਇਟਾਵਾ, ਕਾਨਪੁਰ, ਹਮੀਰਪੁਰ ਜ਼ਿਲ੍ਹਿਆਂ ਦੇ ਕੁਝ ਹਿੱਸੇ ਸ਼ਾਮਲ ਸਨ । ਜਦੋਂ ਅਠ੍ਹਾਰਵੀ ਸਦੀ ਦੇ ਆਰੰਭ ਵਿਚ ਮਰਹੱਟਿਆਂ ਨੇ ਬੁੰਦੇਲ ਖੰਡ ਦਾ ਹਿੱਸਾ ਪ੍ਰਾਪਤ ਕਰ ਲਿਆ ਸੀ ਤਾਂ ਕਾਲਪੀ ਉਨ੍ਹਾਂ ਦੇ ਗਵਰਨਰ ਦਾ ਸਦਰ-ਮੁਕਾਮ ਬਣ ਗਿਆ । ਸੰਨ 1798 ਵਿਚ ਇਸ ਸ਼ਹਿਰ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ ਪਰ ਬਾਅਦ ਵਿਚ ਛੱਡ ਦਿੱਤਾ ਗਿਆ । ਸੰਨ 1803 ਵਿਚ ਕੁਝ ਘੰਟਿਆਂ ਦੀ ਟੱਕਰ ਤੋਂ ਬਾਅਦ ਇਹ ਸ਼ਹਿਰ ਫਿਰ ਅੰਗ੍ਰੇਜ਼ਾਂ ਅਧੀਨ ਹੋ ਗਿਆ ਅਤੇ ਹਿੰਮਤ ਬਹਾਦੁਰ ਨੂੰ ਮੁਆਫ਼ੀ ਵਜੋਂ ਦੇ ਦਿੱਤਾ ਗਿਆ । ਅਗਲੇ ਸਾਲ ਉਸਦੀ ਮੌਤ ਹੋ ਗਈ ਅਤੇ ਨਾਲ ਹੀ ਮੁਆਫ਼ੀ ਵੀ ਖਤਮ ਹੋ ਗਈ । ਇਸ ਉਪਰੰਤ ਇਹ ਸ਼ਹਿਰ ਜਲੌਨ ਦੇ ਗੋਬਿੰਦ ਰਾਓ ਨੂੰ ਦੇ ਦਿਤਾ ਗਿਆ ਅਤੇ ਉਸ ਨੇ 1806 ਵਿਚ ਇਸ ਦਾ ਤਬਾਦਲਾ ਕਰ ਲਿਆ । ਬੁੰਧੇਲਖੰਡ ਦੇ ਵੱਡੇ ਜ਼ਿਲ੍ਹੇ ਨੂੰ ਦੋ ਹਿੱਸਿਆਂ ਵਿਚ ਵੰਡਣ ਉਪਰੰਤ, ਕਾਲਪੀ ਕੁਝ ਸਮੇਂ ਲਈ ਉੱਤਰੀ ਮੰਡਲ ਦਾ ਸਦਰ-ਮੁਕਾਮ ਰਿਹਾ ਅਤੇ ਪਿੱਛੋਂ ਇਸ ਨੂੰ ਹਮੀਰਪੁਰ ਜ਼ਿਲ੍ਹਾ ਕਿਹਾ ਜਾਣ ਲੱਗਾ । ਗਦਰ ਦੌਰਾਨ, ਮਈ 1858 ਵਿਚ ਸਰ ਹੱਫ ਰੋਜ਼ ਨੇ ਝਾਂਸੀ ਦੀ ਰਾਣੀ, ਰਾਓ ਸਾਹਿਬ ਅਤੇ ਬਾਂਦਾ ਦੇ ਨਵਾਬ ਅਧੀਨ ਲੜ ਰਹੇ 12000 ਵਿਦਰੋਹੀਆਂ ਨੂੰ ਇਸੇ ਸ਼ਹਿਰ ਦੇ ਨੇੜੇ ਹੀ ਹਰਾਇਆ ਸੀ । ਇਸ ਤਰ੍ਹਾਂ ਬੁੰਧੇਲਖੰਡ ਵਿਚ ਵਿਦਰੋਹ ਨੂੰ ਕੁਚਲ ਦਿਤਾ ਗਿਆ ।

ਸ਼ਹਿਰ ਦਾ ਪ੍ਰਬੰਧ ਮਿਊਂਸਪਲਕਮੇਟੀ ਚਲਾਉਂਦੀ ਹੈ । ਇਹ ਕਈ ਸਾਲਾਂ ਤੀਕ ਇਕ ਵੱਡਾ ਵਪਾਰਕ ਕੇਂਦਰ ਸੀ । ਈਸਟ ਇੰਡੀਆ ਕੰਪਨੀ ਦੀ ਕਪਾਹ ਦੀ ਫੈਕਟਰੀ ਦੀਆਂ ਇਮਾਰਤਾਂ ਅਜੇ ਵੀ ਇਥੇ ਮੌਜੂਦ ਹਨ । ਰੇਲਵੇ ਦੇ ਉੱਨਤ ਹੋਣ ਅਤੇ ਵਪਾਰਕ ਰਸਤਿਆਂ ਦੇ ਬਦਲ ਜਾਣ ਨਾਲ, ਕਾਲਪੀ ਢਹਿੰਦੀਆਂ ਕਲਾਂ ਵਿਚ ਚਲਾ ਗਿਆ । ਪਰ ਇਸ ਦਾ ਵਣਜ ਹੁਣ ਫਿਰ ਵਿਕਸਿਤ ਹੋ ਗਿਆ ਹੈ । ਇਥੋਂ ਦੱਖਣੀ ਅਤੇ ਪੱਛਮੀ ਭਾਰਤ ਨੂੰ ਅਨਾਜ, ਬੰਗਾਲ ਨੂੰ ਘਿਉ ਅਤੇ ਕਾਨਪੁਰ ਜਾਂ ਬੰਬਈ ਨੂੰ ਕਪਾਹ ਭੇਜੀ ਜਾਂਦੀ ਹੈ । ਇਥੇ ਕਪਾਹ ਵੇਲਣ ਦੀਆਂ ਦੋ ਮਿੱਲਾਂ ਹਨ ।

ਸ਼ਹਿਰਾਂ ਦੇ ਪੱਛਮ ਵੱਲ ਦੇ ਬਾਹਰੀ ਭਾਗ ਵਿਚ ਕਈ ਪੁਰਾਣੇ ਮਕਬਰੇ ਹਨ ਵਿਸ਼ੇਸ਼ ਕਰਕੇ ਜਿਨ੍ਹਾਂ ਨੂੰ ਚੌਰਾਸੀ ਗੁੰਬਜ਼ (ਜਾਂ 84 ਗੁੰਬਦ) ਕਿਹਾ ਜਾਂਦਾ ਹੈ । ਹੁਣ ਖਾਈਆਂ ਇਨ੍ਹਾਂ ਪਿਛਲੀਆਂ ਯਾਦਗਾਰਾਂ ਨੂੰ ਰਿਹਾਇਸ਼ੀ ਅਸਥਾਨਾਂ ਨਾਲੋਂ ਵੱਖ ਕਰਦੀਆਂ ਹਨ । ਪੁਰਾਣਾ ਕਾਲਪੀ ਸ਼ਹਿਰ ਦਰਿਆ ਜਮਨਾ ਦੇ ਨੇੜੇ ਇਕ ਉੱਚੀ ਥਾਂ ਤੇ ਸਥਿਤ ਹੈ ਅਤੇ ਉੱਤਰੀ ਭਾਰਤ ਦੇ ਸ਼ਹਿਰ ਦਾ ਇਕ ਬਹੁਤ ਚੰਗਾ ਨਮੂਨਾ ਹੈ । ਸ਼ਹਿਰ ਦੇ ਨਵੇਂ ਹਿੱਸੇ ਦੱਖਣ-ਪੂਰਬ ਨੂੰ ਫੈਲੇ ਹੋਏ ਹਨ ਅਤੇ ਦਰਿਆ ਤੋਂ ਨੀਵੇਂ ਅਤੇ ਦੂਰ ਹਨ । ਦਰਿਆ ਦੇ ਤੇਜ਼ ਢਲਾਣ ਵਾਲੇ ਕੰਢੇ ਦੇ ਸਿਰੇ ਉੱਤੇ ਇਕ ਕਿਲੇ ਦੇ ਖੰਡਰਾਤ ਹਨ ਪਰ ਇਥੇ ਕੇਵਲ ਇਕੋ ਇਮਾਰਤ ਹੀ ਹਾਲਾਂ ਮੌਜੂਦ ਹੈ ।

ਆਬਾਦੀ—21,339 (1971)

26° 8′ ਉ. ਵਿਥ. ; 79° 45′ ਪੂ. ਲੰਬ.

ਹ. ਪ੍ਰ ਇਪ. ਗ. ਇੰਡ. 14 : 318

**ਕਾਲਮਾਰ :** ਇਹ ਸ਼ਹਿਰ ਦੱਖਣ-ਪੂਰਬੀ ਸਵੀਡਨ ਦੀ ਇਸੇ ਨਾਂ ਦੀ ਕਾਊਂਟੀ ਦਾ ਸਦਰ-ਮੁਕਾਮ ਅਤੇ ਸਮੁੰਦਰੀ ਬੰਦਰਗਾਹ ਹੈ ਜੋ ਅਲਾਂਡ ਦੀਪ ਦੇ ਸਾਹਮਣੇ ਕਾਲਮਾਰ ਸਾਊਂਡ ਤੇ ਸਥਿਤ ਹੈ । ਇਸ ਸ਼ਹਿਰ ਦੀ ਨੀਂਹ 12ਵੀਂ ਸਦੀ ਵਿਚ ਰੱਖੀ ਗਈ ਸੀ । ਇਸ ਦੀ ਮਹੱਤਵ ਪੂਰਨ ਸਥਿਤੀ ਕਰਕੇ ਇਸ ਸ਼ਹਿਰ ਪਿੱਛੇ ਕਈ ਲੜਾਈਆਂ ਹੋਈਆਂ । ਸੰਨ 1397 ਵਿਚ ਕਾਲਮਾਰ ਯੂਨੀਅਨ ਬਣਾਈ ਗਈ ਜਿਸ ਅਨੁਸਾਰ ਸਕੰਡੇਨੇਵੀਆ ਨੂੰ ਇਕੋ ਰਾਜ ਅਧੀਨ ਕੀਤਾ ਗਿਆ । 15ਵੀਂ ਸਦੀ ਵਿਚ ਇਹ ਸ਼ਹਿਰ ਯੂਨੀਅਨ ਦਾ ਰਾਜਨੀਤਕ ਕੇਂਦਰ ਸੀ । ਬੇਸ਼ਕ 17ਵੀਂ ਸਦੀ ਵਿਚ ਸ਼ਹਿਰ ਦੀ ਫ਼ੌਜੀ ਮਹੱਤਤਾ ਖਤਮ ਹੋ ਗਈ ਸੀ ਫਿਰ ਵੀ ਇਹ ਸ਼ਹਿਰ ਵਧਦਾ ਫੁਲਦਾ ਰਿਹਾ । ਸੰਨ 1647 ਵਿਚ ਪੁਰਾਣਾ ਸ਼ਹਿਰ ਜਲ ਕੇ ਸੁਆਹ ਹੋ ਗਿਆ ਤੇ ਨਵਾਂ ਸ਼ਹਿਰ ਕਵਾਰਹਾਮੈਨ ਦੀਪ ਤੇ ਮੁੜ ਵਸਾਇਆ ਗਿਆ । 17ਵੀਂ ਸਦੀ ਦੇ ਕਿਲ੍ਹੇ-ਬੰਦੀ ਦੇ ਨਿਸ਼ਾਨ ਹਾਲੇ ਵੀ ਬਾਕੀ ਹਨ । ਸ਼ਹਿਰ ਵਿਚ ਮੱਧ ਕਾਲ ਤੋਂ ਹੀ ਸਮੁੰਦਰੀ ਜਹਾਜ਼ ਬਣਾਏ ਜਾਂਦੇ ਹਨ । ਕਾਲਮਾਰ ਮੁੱਖ ਤੌਰ ਤੇ ਉਦਯੋਗਿਕ ਸ਼ਹਿਰ ਹੈ ਜਿਸ ਵਿਚ ਮਸ਼ੀਨਰੀ ਤੋਂ ਲੈ ਕੇ ਮਠਿਆਈਆਂ ਤਕ ਦੀਆਂ ਚੀਜ਼ਾਂ

ਬਣਾਈਆਂ ਜਾਂਦੀਆਂ ਹਨ। ਸ਼ਹਿਰ ਰੇਲ ਅਤੇ ਹਵਾਈ ਰਸਤਿਆਂ ਰਾਹੀਂ ਅਲਾਂਡ ਨਾਲ ਮਿਲਿਆ ਹੋਇਆ ਹੈ।

ਆਬਾਦੀ—53,101 (1981)

56° 40′ ਉ. ਵਿਥ. ; 16° 19′ ਪੂ. ਲੰਬ.

ਹ. ਪੁ. ਐਨ. ਬ੍ਰਿ. ਮਾ. 5 : 672

**ਕਾਲਮੈਟੇ, ਅਲਬਰਟ (ਲੀਓਨ ਚਾਰਲਸ)** : ਲੂਈ ਪਾਸਚਰ ਦੇ ਇਸ ਸ਼ਾਗਿਰਦ ਦਾ ਜਨਮ 12 ਜੁਲਾਈ, 1863 ਨੂੰ ਨਾਈਸ ਵਿਖੇ ਹੋਇਆ। ਇਸ ਨੇ ਕਮੀਲੇ ਗਿਊਰਿਨ ਨਾਲ ਮਿਲ ਕੇ ਤਪਦਿਕ ਦਾ ਟੀਕਾ, ਬੈਸੀਲਸ ਕਾਲਮੈਟੇ-ਗਿਊਰਿਨ (ਬੀ. ਸੀ. ਜੀ.) ਤੋਂ ਤਿਆਰ ਕੀਤਾ। ਇਸ ਨੇ ਤਪਦਿਕ ਦੀਆਂ ਅਲਾਮਤਾਂ ਦਾ ਵਿਉਂਤਪੂਰਵਕ ਅਧਿਐਨ ਕੀਤਾ, ਇਸ ਵਿਉਂਤ ਨੂੰ ਕਾਲਮੈਟੇ ਕਿਰਿਆ ਕਿਹਾ ਜਾਂਦਾ ਹੈ। ਇਸ ਨੇ 1886 ਵਿਚ ਪੈਰਿਸ ਤੋਂ ਮੈਡੀਸਨ ਵਿਚ ਗਰੈਜੂਏਸ਼ਨ ਕੀਤੀ। ਸੰਨ 1891 ਵਿਚ ਇਸ ਨੇ ਸੈਗਾਨ (ਵੀਤਨਾਮ) ਵਿਖੇ ਪਾਸਚਰ ਇੰਸਟੀਚਿਊਟ ਦੀ ਸਥਾਪਨਾ ਕੀਤੀ, ਇਥੇ ਹੀ ਇਸ ਨੇ ਸੱਪ ਦੀ ਜ਼ਹਿਰ ਦੇ ਇਲਾਜ ਲਈ ਸੀਰਮ ਦੀ ਖੋਜ ਕੀਤੀ। ਫ਼ਰਾਂਸ ਵਿਚ ਵਾਪਸ ਆ ਕੇ, ਲਿਲੇ ਵਿਖੇ, ਪਾਸਚਰ ਇੰਸਟੀਚਿਊਟ ਦੀ ਸਥਾਪਨਾ ਕੀਤੀ ਅਤੇ 1896 ਤੋਂ 1919 ਤਕ ਇਸ ਦਾ ਡਾਇਰੈਕਟਰ ਰਿਹਾ। ਸੰਨ 1908 ਵਿਚ ਇਸ ਨੇ ਇਹ ਖੋਜ ਕੀਤੀ ਕਿ ਜਦੋਂ ਤਪਦਿਕ ਦੇ ਜ਼ਹਿਰੀਲੇ ਕੀਟਾਣੂਆਂ ਨੂੰ ਇਕ ਪਿੱਤਾ ਵਾਲੇ ਮਾਧਿਅਮ ਉਪਰ ਕਲਚਰ ਕੀਤਾ ਜਾਂਦਾ ਹੈ ਤਾਂ ਇਨ੍ਹਾਂ ਦੀ ਜ਼ਹਿਰ ਦਾ ਅਸਰ ਘਟ ਜਾਂਦਾ ਹੈ। ਇਸ ਘੱਟ ਜ਼ਹਿਰ ਵਾਲੀ ਸਟਰੇਨ ਨੂੰ ਬੀ. ਸੀ. ਜੀ. ਤਿਆਰ ਕਰਨ ਲਈ ਵਰਤਿਆ ਜਾਣ ਲਗ ਪਿਆ। ਇਸ ਤੋਂ 15 ਸਾਲ ਬਾਅਦ ਇਸ ਦੇ ਟੀਕੇ ਬੱਚਿਆਂ ਵਿਚ ਤਪਦਿਕ ਰੋਕਣ ਲਈ ਲਗਾਏ ਜਾਣ ਲੱਗੇ। ਯੂਰਪ ਮਹਾਂਦੀਪ ਵਿਚ ਭਾਵੇਂ ਇਸ ਦੀ ਵਰਤੋਂ ਆਮ ਕੀਤੀ ਜਾਂਦੀ ਸੀ, ਪਰੰਤੂ ਅਮਰੀਕਾ ਅਤੇ ਬਰਤਾਨੀਆ ਵਿਚ, 1940 ਤਕ ਇਹ ਪ੍ਰਚਲਿਤ ਨਾ ਹੋਈ। ਬ੍ਰਿਟਿਸ਼ ਮੈਡੀਕਲ ਰੀਸਰਚ ਕੌਂਸਲ ਦੀ ਰਿਪੋਰਟ (1956) ਜਿਸ ਵਿਚ ਬੀ. ਸੀ. ਜੀ. ਨੂੰ ਤਪਦਿਕ ਦਾ ਇਕ ਚੰਗਾ ਇਲਾਜ ਦੱਸਿਆ ਗਿਆ, ਤੋਂ ਬਾਅਦ ਇਸ ਦੀ ਵਰਤੋਂ ਕਾਫ਼ੀ ਜ਼ਿਆਦਾ ਹੋਣ ਲਗੀ।

29 ਅਕਤੂਬਰ, 1933 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 465

**ਕਾਲਯਵਨ** : ਇਹ ਕਾਲੇ ਰੰਗ ਦਾ ਯੂਨਾਨੀ ਰਾਜਾ, ਜੋ ਗੋਪਾਲੀ ਅਪੱਛਰਾਂ ਦੇ ਪੇਟ ਤੋਂ ਸਾਰਗ ਮੁਨੀ ਦਾ ਪੁੱਤਰ ਸੀ। ਇਹ ਜਰਾਸੰਧ ਦਾ ਪੱਕਾ ਦੋਸਤ ਸੀ। ਜਦ ਜਰਾਸੰਧ ਦੀ ਸਹਾਇਤਾ ਲਈ ਇਸ ਨੇ ਕ੍ਰਿਸ਼ਨ ਜੀ ਵਿਰੁੱਧ ਮਥਰਾ ਉੱਤੇ ਹਮਲਾ ਕੀਤਾ ਤਾਂ ਕ੍ਰਿਸ਼ਨ ਜੀ ਨੇ ਰਾਜੇ ਨੂੰ ਸ਼ਕਤੀਸ਼ਾਲੀ 'ਮੁਚਕੰਦ' ਦੀ ਗੁਫ਼ਾ ਵਿਚ ਵਰਗਲਾ ਲਿਆਂਦਾ। ਰਾਜੇ ਨੇ ਜੋਸ਼ ਵਿਚ ਮੁਚਕੰਦ ਨੂੰ ਠੁੱਡਾ ਮਾਰ ਕੇ ਜਗਾ ਦਿੱਤਾ, ਪਰ ਉਸ ਨੇ ਜਾਗਦਿਆਂ ਹੀ ਜਿਉਂ ਹੀ ਕਹਿਰ ਭਰੀ ਅੱਖ ਨਾਲ ਉਸ ਵੱਲ ਤੱਕਿਆ ਤਾਂ ਉਹ ਉਥੇ ਹੀ ਭਸਮ ਹੋ ਗਿਆ।

ਹ. ਪੁ.—ਹਿੰ. ਕਿ. ਕੋ. ; ਮ. ਕੋ.

**ਕਾਲਯਾਓ** : ਪੀਰੂ ਦਾ ਸੰਵਿਧਾਨਕ ਪ੍ਰਾਂਤ ਅਤੇ ਲੀਮਾ-ਕਾਲਯਾਓ ਮੈਟਰੋਪਾਲਿਟਨ ਖੇਤਰ ਦਾ ਇਹ ਇਕ ਹਿੱਸਾ ਅਤੇ ਮੁੱਖ ਬੰਦਰਗਾਹ ਹੈ ਜੋ ਦਰਿਆ ਰੀਮਾਕ ਦੇ ਦੱਖਣ ਵੱਲ ਸਥਿੱਤ ਹੈ। ਇਹ ਇਕ ਚੰਗੀ ਸੁਰੱਖਿਅਤ ਬੰਦਰਗਾਹ ਹੈ। ਸੰਨ 1935 ਵਿਚ ਅਜੋਕਾ ਅਖੀਰਲਾ ਸਮੁੰਦਰੀ ਰੇਲਵੇ ਸਟੇਸ਼ਨ ਖੋਲ੍ਹਿਆ ਗਿਆ। ਸੰਨ 1938 ਵਿਚ 174 ਮੀ. ਲੰਬਾ ਜਹਾਜ਼ਾਂ ਲਈ ਇਕ ਖੁਸ਼ਕ ਘਾਟ ਬਣਾਇਆ ਗਿਆ। ਸੰਨ 1970 ਦੇ ਆਰੰਭ ਤੋਂ ਇਸ ਬੰਦਰਗਾਹ ਨੂੰ ਹੋਰ ਵੱਡਾ ਅਤੇ ਆਧੁਨਿਕ ਬਣਾਇਆ ਜਾ ਰਿਹਾ ਹੈ।

ਸੰਨ 1537 ਵਿਚ ਫ੍ਰਾਂਸਿਸਕੋ ਪਿਜ਼ਾਰੋ ਨੇ ਇਸ ਦੀ ਨੀਂਹ ਰੱਖੀ ਸੀ। ਸੋਨੇ ਅਤੇ ਚਾਂਦੀ ਦੀ ਢੋਆ-ਢੁਆਈ ਦਾ ਮੁੱਖ ਕੇਂਦਰ ਹੋਣ ਕਰਕੇ, ਸਪੇਨੀ ਜੇਤੂਆਂ ਨੇ ਇਸ ਨੂੰ ਇੰਗਕਾ ਰਾਜ ਤੋਂ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਬੰਦਰਗਾਹ ਉਤੇ ਸਮੁੰਦਰੀ ਡਾਕੂ ਅਤੇ ਸਪੇਨ ਦੇ ਯੂਰਪੀਅਨ ਵਿਰੋਧੀ ਕਈ ਵਾਰ ਹੱਲੇ ਕਰਦੇ ਰਹੇ। ਸੰਨ 1578 ਵਿਚ ਸਰ ਫ੍ਰਾਂਸਿਸ ਡਰੇਕ ਨੇ ਇਸ ਬੰਦਰਗਾਹ ਦੀ ਲੁੱਟ-ਮਾਰ ਕੀਤੀ। ਸੰਨ 1746 ਦੇ ਭੂਚਾਲ ਤੋਂ ਬਾਅਦ ਇਥੇ ਇਕ ਜਵਾਰ-ਤਰੰਗ ਆਈ ਜਿਸ ਦੇ ਨਤੀਜੇ ਵਜੋਂ ਸਾਰਾ ਸ਼ਹਿਰ ਤਬਾਹ ਹੋ ਗਿਆ ਪਰ ਅਸਲ ਥਾਂ ਤੋਂ ਲਗਭਗ ਇਕ ਕਿ. ਮੀ. ਦੀ ਦੂਰੀ ਤੇ ਇਹ ਸ਼ਹਿਰ ਮੁੜ ਉਸਾਰਿਆ ਗਿਆ। ਇਸ ਤੋਂ ਥੋੜ੍ਹਾ ਚਿਰ ਮਗਰੋਂ ਇਥੇ ਕਿਲਾ ਬੰਦੀ ਕੀਤੀ ਗਈ। ਸੁਤੰਤਰਤਾ ਯੁੱਧਾਂ ਦੌਰਾਨ ਇਸ ਨੇ ਸਪੇਨੀ ਫ਼ੌਜਾਂ ਦੇ ਘੇਰੇ ਦਾ ਕਈ ਵਾਰ ਡਟ ਕੇ ਟਾਕਰਾ ਕੀਤਾ। ਸੰਨ 1823 ਵਿਚ ਸਾਈਮਨ ਬਾਲੀਵਰ ਉਥੇ ਪਹੁੰਚਿਆ ਅਤੇ ਇਸ ਤੋਂ ਤਿੰਨ ਸਾਲ ਪਿੱਛੋਂ ਸਪੇਨੀਆਂ ਨੇ ਇਥੇ ਹੀ ਹਥਿਆਰ ਸੁੱਟ ਦਿਤੇ।

ਦੱਖਣੀ ਅਮਰੀਕਾ ਵਿਚ ਪਹਿਲੀ ਰੇਲ-ਰੋਡ ਸੰਨ 1851 ਵਿਚ ਕਾਲਯਾਓ ਅਤੇ ਲੀਮਾ ਵਿਚਕਾਰ ਚਾਲੂ ਕੀਤੀ ਗਈ। ਸੰਨ 1866 ਵਿਚ ਸਪੇਨੀ ਬੇੜੇ ਨੇ ਇਸ ਉਤੇ ਬਹੁਤ ਬੰਬਾਰੀ ਕੀਤੀ। ਸੰਨ 1881 ਵਿਚ, ਸ਼ਾਂਤ ਮਹਾਂਸਾਗਰ ਦੇ ਯੁੱਧ ਦੌਰਾਨ ਚਿੱਲੀ ਦੀਆਂ ਫ਼ੌਜਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਪਰ ਸੰਨ 1883 ਵਿਚ ਆਂਗਕਾਨ ਦੀ ਸੰਧੀ ਅਧੀਨ ਇਹ ਸ਼ਹਿਰ ਪੀਰੂ ਨੂੰ ਵਾਪਸ ਕਰ ਦਿਤਾ ਗਿਆ। ਸੰਨ 1940 ਵਿਚ ਭਾਰੀ ਭੂਚਾਲ ਆਉਣ ਕਾਰਨ ਸ਼ਹਿਰ ਅਤੇ ਬੰਦਰਗਾਹ ਨੂੰ ਮੁੜ ਉਸਾਰਨਾ ਜ਼ਰੂਰੀ ਹੋ ਗਿਆ।

ਇਥੋਂ ਖਣਿਜ ਪਦਾਰਥ, ਵਧੀਆ ਧਾਤਾਂ, ਮੱਛੀਆਂ, ਮੱਛੀ ਦਾ ਤੇਲ ਬਾਹਰ ਭੇਜਿਆ ਜਾਂਦਾ ਹੈ ਅਤੇ ਕਣਕ ਮਸ਼ੀਨਰੀ, ਇਮਾਰਤੀ ਲੱਕੜੀ ਬਾਹਰੋਂ ਮੰਗਵਾਈ ਜਾਂਦੀ ਹੈ। ਇਥੇ ਸ਼ਰਾਬ ਤਿਆਰ ਕਰਨ, ਸਮੁੰਦਰੀ ਜਹਾਜ਼ ਤਿਆਰ ਕਰਨ ਅਤੇ ਮੱਛੀ ਤੋਂ ਤਿਆਰ ਕੀਤੀ ਖ਼ੁਰਾਕ ਦੇ ਕਾਰਖ਼ਾਨੇ ਹਨ। ਇਥੇ ਸਬਜ਼ੀਆਂ, ਫਲਾਂ ਅਤੇ ਮੱਕੀ ਦੀ ਫ਼ਸਲ ਬੀਜੀ ਜਾਂਦੀ ਹੈ।

ਭਾਵੇਂ ਇਥੇ ਸਭਿਆਚਾਰਕ ਜਾਂ ਸ਼ਿਲਪ ਕਲਾ ਵਾਲੀਆਂ ਕਈ ਦਿਲਖਿਚਵੀਆਂ ਥਾਵਾਂ ਹਨ ਪਰ ਰੀਅਲ ਫੈਲਿਪ ਦੀ ਗੜ੍ਹੀ ਅਤੇ ਜਾਰਜ ਚਾਵੇਂਗ ਦਾ ਅੰਤਰ-ਰਾਸ਼ਟਰੀ ਹਵਾਈ ਅੱਡਾ ਮਹੱਤਵਪੂਰਨ ਥਾਵਾਂ ਹਨ। ਲਾ ਪੁੰਟਾ ਦਾ ਆਲਾ-ਦੁਆਲਾ ਇਕ ਹਰਮਨ ਪਿਆਰੀ ਆਰਾਮਗਾਹ ਹੈ। ਇਥੇ ਨੈਸ਼ਨਲ ਮਿਲਟਰੀ ਅਤੇ ਸਮੁੰਦਰੀ ਫ਼ੌਜ ਦੇ ਸਕੂਲ ਅਤੇ ਇਕ ਤਕਨੀਕੀ ਯੂਨੀਵਰਸਿਟੀ ਹੈ।

ਹ. ਪੁ.—ਐਨ. ਬ੍ਰਿ. ਮਾ. 2 : 461

**ਕਾਲਯਾਰੀ : ਪ੍ਰਾਂਤ**—ਇਟਲੀ ਦਾ ਇਹ ਇਕ ਪ੍ਰਾਂਤ ਹੈ ਜਿਸ ਵਿਚ 160 ਕਮਿਊਨਾਂ ਹਨ। ਇਥੋਂ ਦਾ ਕੁੱਲ ਰਕਬਾ ਲਗਭਗ 9,190 ਵ. ਕਿ. ਮੀ. ਅਤੇ ਆਬਾਦੀ 804,715 (1968) ਹੈ। ਪ੍ਰਾਂਤ ਦਾ ਕੁਝ ਕੁ-ਭਾਗ ਪਹਾੜੀ ਹੈ ਅਤੇ ਕੁਝ ਭਾਗ ਮੈਦਾਨਾਂ ਨੇ ਮੱਲਿਆ ਹੋਇਆ ਹੈ। ਤੀਰਸੋ, ਫਲੂਮੇਨਡੋਸਾ ਅਤੇ ਫਲੂਮੀਨੀ ਮਾਨੂ ਦਰਿਆ ਪ੍ਰਾਂਤ ਦੇ ਮੈਦਾਨੀ ਭਾਗ ਵਿਚੋਂ ਦੀ ਵਹਿੰਦੇ ਹਨ। ਆਮ ਕਰਕੇ ਇਥੋਂ ਦੀ ਜ਼ਮੀਨ ਵਧੀਆ ਹੈ। ਇਥੋਂ ਦੇ ਰਹਿਣ-ਸਹਿਣ ਵਿਚ ਬਹੁਤ ਸੁਧਾਰ ਹੋਇਆ ਹੈ। ਜਲ-ਬਿਜਲੀ ਵਿਕਸਿਤ ਕੀਤੀ ਜਾ ਰਹੀ ਹੈ ਅਤੇ ਫਾਸਿਸਟਾਂ ਅਧੀਨ ਆਰੰਭ ਕੀਤੇ ਜਲ-ਨਿਕਾਸ ਦੇ ਪ੍ਰਾਜੈਕਟਾਂ ਅਤੇ ਭੂਮੀ-ਸੁਧਾਰ ਵਰਕਸ ਦੁਆਰਾ ਹੋਰ ਰਕਬੇ ਨੂੰ ਵਾਹੀ ਯੋਗ ਬਣਾਇਆ ਜਾ ਰਿਹਾ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਸ ਖੇਤਰ ਵਿਚ ਹੋਰ ਸਰਗਰਮੀ ਨਾਲ ਕੰਮ ਕੀਤਾ ਜਾ ਰਿਹਾ ਹੈ। ਇਥੇ ਗ੍ਰੇਨਾਈਟ ਅਤੇ ਚੂਨਾ ਖਾਣਾਂ ਵਿਚੋਂ ਕੱਢਿਆ ਜਾਂਦਾ ਹੈ। ਇਹ ਸਾਰੇ ਇਟਲੀ ਵਿਚ ਵਿਸ਼ੇਸ਼ ਕਰਕੇ ਲੋਹੇ, ਕੋਲੇ, ਸਿੱਕਾ, ਚਾਂਦੀ, ਜਿਸਤ ਅਤੇ ਲੋਹੇ ਦੇ ਰਸਾਇਣਕ ਪਦਾਰਥਾਂ ਲਈ ਸਭ ਤੋਂ ਅਮੀਰ ਹੈ।

ਈਗਲੇਜ਼ਯਾਸ, ਕਾਰਬਾਨੀਆ ਅਤੇ ਆਰੀਸਟਾਨੋ ਇਥੋਂ ਦੇ ਮੁੱਖ ਸ਼ਹਿਰ ਹਨ । ਈਗਲੇਜ਼ਯਾਸ ਇਕ ਉਦਯੋਗਕ ਅਤੇ ਖਾਣਾਂ ਵਾਲਾ ਕੇਂਦਰ ਹੈ । ਕਾਰਬਾਨੀਆਂ ਕੋਲੇ ਦੀਆਂ ਖਾਣਾਂ ਦੇ ਉਦਯੋਗਿਕ ਕੇਂਦਰ ਵਜੋਂ ਸੰਨ 1938 ਵਿਚ ਸਥਾਪਤ ਕੀਤਾ ਗਿਆ । ਆਰੀਸਟਾਨੋ ਖ਼ੁਰਾਕ ਦੀਆਂ ਵਸਤਾਂ ਨੂੰ ਪ੍ਰਾਸੈਸ ਕਰਨ ਦਾ ਕੇਂਦਰ ਹੈ ।

ਹ. ਪੁ —ਕੋਲ. ਐਨ. 4 : 170. ਵੈ. ਜਗ. ਡਿ.

**ਕਾਲਯਾਰੀ** : ਸ਼ਹਿਰ—ਕਾਲਯਾਰੀ ਪ੍ਰਾਂਤ (ਇਟਲੀ) ਅਤੇ ਸਾਰਡੀਨੀਆ ਦੀਪ ਦੀ ਇਹ ਰਾਜਧਾਨੀ ਹੈ ਜੋ ਖਾੜੀ ਕਾਲਯਾਰੀ ਦੇ ਉੱਤਰ ਵੱਲ ਦੇ ਅੰਤਲੇ ਸਿਰੇ ਤੇ, ਦੀਪ ਦੇ ਦੱਖਣੀ ਤੱਟ ਦੇ ਕੇਂਦਰ ਵਿਚਲੀਆਂ ਦੋ ਖਾਰੀਆਂ ਲਗੂਨਾਂ ਵਿਚਕਾਰ ਸਥਿੱਤ ਹੈ । ਇਹ ਸ਼ਹਿਰ ਨਵ-ਪੱਥਰ ਯੁਗ ਤੋਂ ਵਸਿਆ ਹੋਇਆ ਹੈ ਅਤੇ ਇਸਦੇ ਨੇੜੇ ਹੀ ਕੁਝ ਪੂਰਵ-ਇਤਿਹਾਸਕ ਬੁਰਜ ਹਨ । ਕੁਝ ਚਿਰ ਫਿਨੀਸ਼ੀਆਈ ਬਸਤੀ ਰਹਿਣ ਤੋਂ ਬਾਅਦ ਕਾਲਯਾਰੀ ਨੇ ਕਾਰਥਿਜ ਰਾਜ ਅਧੀਨ ਬਹੁਤ ਉੱਨਤੀ ਕੀਤੀ । 238 ਈ. ਪੂ. ਵਿਚ ਇਸ ਸ਼ਹਿਰ ਉਤੇ ਰੋਮਨਾਂ ਦਾ ਕਬਜ਼ਾ ਹੋ ਗਿਆ ਅਤੇ ਉਨ੍ਹਾਂ ਨੇ ਇਥੇ ਰੋਮਨ ਆਬਾਦਕਾਰਾਂ ਨੂੰ ਵਸਾ ਦਿਤਾ । ਵੈਂਡਲ ਅਤੇ ਬਾਜ਼ਨਤੀਨੀ ਰਾਜ ਦੇ ਵਕਫ਼ੇ ਤੋਂ ਬਾਅਦ ਜਦੋਂ ਇਥੇ ਅਰਬ ਆਏ ਸਨ ਤਾਂ ਕਾਲਯਾਰੀ ਕੇਵਲ ਇਕ ਪਿੰਡ ਬਣ ਗਿਆ ਸੀ । ਉਨ੍ਹਾਂ ਵਾਸੀਆਂ, ਜਿਨ੍ਹਾਂ ਨੂੰ ਅਜੇ ਗੁਲਾਮ ਨਹੀਂ ਬਣਾਇਆ ਗਿਆ ਸੀ, ਨੇ ਦੀਪ ਦੇ ਅੰਦਰਲੇ ਭਾਗ ਵਿਚ ਪਨਾਹ ਲੈਣੀ ਚਾਹੀ । ਤੇਰ੍ਹਵੀਂ ਸਦੀ ਵਿਚ ਪੀਸਾ ਦੇ ਲੋਕਾਂ ਨੇ ਇਕ ਕਿਲਾ ਬਣਾਇਆ ਅਤੇ ਕਾਲਾਯਾਰੀ ਨੂੰ ਪੱਛਮੀ ਰੂਮ-ਸਾਗਰ ਵਿਚ ਇਕ ਮਜ਼ਬੂਤ ਸਥਾਨ ਬਣਾ ਦਿਤਾ । ਚੌਦ੍ਹਵੀਂ ਸਦੀ ਦੇ ਆਰੰਭ ਵਿਚ ਕਟਲਾਨਾਂ ਨੇ ਪੀਸਾ ਦੇ ਲੋਕਾਂ ਨੂੰ ਇਥੋਂ ਕੱਢ ਦਿਤਾ ਅਤੇ ਆਪ ਦੀਆਂ ਬਸਤੀਆਂ ਸਥਾਪਤ ਕਰ ਲਈਆਂ । ਚਾਰਲਸ ਪੰਜਵੇਂ ਨੇ ਕਾਲਯਾਰੀ ਨੂੰ ਤੁਰਕਾਂ ਦੇ ਹਮਲਿਆਂ ਵਿਰੁਧ ਇਕ ਸੁਰੱਖਿਅਤ ਅੱਡਾ ਬਣਾਉਣ ਦੀ ਕੋਸ਼ਿਸ਼ ਕੀਤੀ । ਸੰਨ 1708 ਵਿਚ ਬਰਤਾਨਵੀ ਬੇੜੇ ਨੇ ਇਸ ਉਤੇ ਬੰਬਾਰੀ ਕੀਤੀ । ਸੰਨ 1718 ਦੀ ਲੰਡਨ-ਸੰਧੀ ਅਧੀਨ ਇਹ ਸ਼ਹਿਰ ਸਾਵਾਏ ਦੇ ਖ਼ਾਨਦਾਨ ਨੂੰ ਦਿਤਾ ਗਿਆ । ਦੂਜੇ ਵਿਸ਼ਵ-ਯੁੱਧ ਦੌਰਾਨ, ਸਾਰਡੀਨੀਆਂ ਦੇ ਫ਼ੌਜੀ ਹੈਡਕੁਆਟਰਜ਼ ਵਜੋਂ ਇਸ ਉਤੇ ਉਨਾ ਚਿਰ ਬੰਬਾਰੀ ਹੁੰਦੀ ਰਹੀ ਜਿੰਨਾ ਚਿਰ ਤੀਕ ਇਤਿਹਾਦੀ ਤਾਕਤਾਂ ਨੇ 1943 ਦੀ ਬਹਾਰ-ਰੁੱਤ ਵਿਚ ਦੀਪ ਉਤੇ ਕਬਜ਼ਾ ਨਹੀਂ ਕਰ ਲਿਆ ।

ਮੱਧ-ਕਾਲੀ ਕਸਬਾ ਉੱਤਰ ਅਤੇ ਦੱਖਣ ਵੱਲ ਨੂੰ ਜਾਂਦੀ ਲੰਬੀ ਅਤੇ ਤੰਗ ਪਹਾੜੀ ਉਤੇ ਸਥਿੱਤ ਹੈ ਅਤੇ ਸ਼ਾਇਦ ਇਸਨੇ ਕਾਰਥਿਜ ਦੀ ਗੜ੍ਹੀ ਵਾਲੀ ਥਾਂ ਮੱਲ ਲਈ ਹੈ ਜਦੋਂ ਕਿ ਨੀਵੇਂ ਕਸਬੇ ਦਾ ਪੱਛਮੀ ਹਿੱਸਾ ਅਤੇ ਮਰੀਨਾ ਹਿੱਸਾ ਰੋਮਨ ਕਾਲ ਅਧੀਨ ਬਹੁਤ ਪ੍ਰਸਿੱਧ ਹੁੰਦਾ ਸੀ ।

ਸਟਾ ਸੀਸੀਲੀਆ ਦਾ ਵੱਡਾ ਗਿਰਜਾ-ਘਰ, ਪੀਸਾ ਦੇ ਲੋਕਾਂ ਦੁਆਰਾ ਕੀਤੀਆਂ ਕਿਲਾ-ਬੰਦੀਆਂ ਦੇ ਕੁਝ ਹਿੱਸੇ ਪੁਰਾਤਤਵੀ ਅਜਾਇਬ-ਘਰ ਅਤੇ ਕਾਲਯਾਰੀ ਯੂਨੀਵਰਸਿਟੀ (ਜਿਸ ਦੀ 1606 ਵਿਚ ਨੀਂਹ ਰੱਖੀ ਗਈ) ਮੱਧ-ਕਾਲੀ ਉਪਰਲੇ ਕਸਬੇ ਦੀਆਂ ਯਾਦਗਾਰਾਂ ਹਨ ।

ਇਹ ਸਾਰਡੀਨੀਆ ਦੀ ਮੁੱਖ ਬੰਦਰਗਾਹ ਹੈ ਅਤੇ ਇਥੋਂ ਸਿੱਕਾ, ਜਿਸਤ ਅਤੇ ਹੋਰ ਖਣਿਜ ਪਦਾਰਥ ਅਤੇ ਲੂਣ ਬਾਹਰਲੇ ਮੁਲਕਾਂ ਨੂੰ ਭੇਜੇ ਜਾਂਦੇ ਹਨ । ਇਥੇ ਕਈ ਸ਼ਿਪਯਾਰਡ ਅਤੇ ਕਈ ਉਦਯੋਗ ਹਨ ਜਿਨ੍ਹਾਂ ਵਿਚ ਚੀਨੀ-ਮਿੱਟੀ, ਰਸਾਇਣਕ ਪਦਾਰਥ, ਸੀਮਿੰਟ, ਖਾਣ ਦੀਆਂ ਵਸਤਾਂ, ਸ਼ਰਾਬ ਅਤੇ ਮਸ਼ੀਨਰੀ ਤਿਆਰ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ ਇਥੇ ਆਟੇ ਦੀਆਂ ਕਈ ਮਿੱਲਾਂ ਅਤੇ ਖੰਡ ਸਾਫ਼ ਕਰਨ ਦੇ ਕਾਰਖ਼ਾਨੇ ਹਨ । ਮੱਛੀਆਂ ਫੜਨਾ ਵੀ ਇਥੋਂ ਦੀ ਆਮਦਨ ਦਾ ਸਾਧਨ ਹੈ ।

ਆਬਾਦੀ—232,785 (1981)
39° 13′ ਉ. ਵਿਥ.; 09° 06′ ਪ. ਲੰਬ.
ਹ. ਪੁ.—ਐਨ. ਬ੍ਰਿ. ਮਾ. 2 : 437

**ਕੌਲਰਿਜ, ਸੈਮੂਅਲ ਟੇਲਰ** : ਇਸ ਪ੍ਰਸਿੱਧ ਅੰਗਰੇਜ਼ ਕਵੀ, ਆਲੋਚਕ ਤੇ ਫ਼ਿਲਾਸਫ਼ਰ ਦਾ ਜਨਮ 21 ਅਕਤੂਬਰ, 1772 ਨੂੰ ਡੇਵਨਸ਼ਿਰ ਵਿਚ ਔਟਰਿ ਸੇਂਟ ਮੈਰੀ ਵਿਖੇ ਹੋਇਆ । ਇਸ ਦਾ ਪਿਤਾ ਜਾਨ ਕਾਲਰਿਜ ਇਕ ਪਾਦਰੀ ਤੇ ਹੈਡਮਾਸਟਰ ਸੀ । ਪਿਤਾ ਦੀ ਮੌਤ ਮਗਰੋਂ 1781 ਵਿਚ ਇਸ ਨੂੰ ਕਰਾਈਸਟਸ ਹਸਪਤਾਲ ਵਿਖੇ ਭੇਜ ਦਿਤਾ, ਜਿਥੋਂ ਇਸ ਨੇ ਹੋਮਰ, ਵਰਜਿਲ, ਸ਼ੈਕਸਪੀਅਰ ਆਦਿ ਦਾ ਅਧਿਐਨ ਕੀਤਾ । ਇਸ ਨੂੰ ਡਾਕਟਰੀ ਅਤੇ ਪਰਾਭੌਤਿਕ ਵਿਗਿਆਨ ਵਿਚ ਵੀ ਦਿਲਚਸਪੀ ਸੀ । ਇਥੋਂ ਇਸ ਦੀ ਚਾਰਲਸ ਲੈਂਬ ਨਾਲ ਗੂੜ੍ਹੀ ਮਿੱਤਰਤਾ ਹੋ ਗਈ । ਆਪਣੇ ਇਕ ਜਮਾਤੀ ਦੀ ਭੈਣ, ਮੈਰੀ ਐਵੈਨਜ਼ ਨਾਲ ਇਸ ਦਾ ਪਿਆਰ ਹੋ ਗਿਆ । ਇਸ ਦੀਆਂ ਪਹਿਲੀਆਂ ਕਵਿਤਾਵਾਂ 1793 ਵਿਚ 'ਵੀਕਲੀ ਐਂਟਰਟੇਨਰ' ਵਿਚ ਪ੍ਰਕਾਸ਼ਿਤ ਹੋਈਆਂ ।



ਸੈਮੂਅਲ ਟੇਲਰ ਕੌਲਰਿਜ

ਸੰਨ 1794 ਦੇ ਦੌਰਾਨ ਔਕਸਫੋਰਡ ਵਿਖੇ ਇਸ ਦਾ ਮੇਲ 'ਸਦੇ' ਨਾਲ ਹੋਇਆ । ਬਿਨਾਂ ਕੋਈ ਡਿਗਰੀ ਪ੍ਰਾਪਤ ਕੀਤਿਆਂ, ਇਹ ਕੈਂਬਰਿਜ ਛੱਡ ਕੇ ਕੁਝ ਚਿਰ ਲੰਡਨ ਵਿਖੇ ਚਾਰਲਸ ਲੈਂਬ ਪਾਸ ਰਿਹਾ । 'ਸਦੇ' ਦੇ ਸੱਦਣ ਤੇ ਇਹ ਬ੍ਰਿਸਟਲ ਚਲਾ ਗਿਆ, ਜਿਥੇ ਇਸ ਨੇ ਭਾਸ਼ਨ ਸ਼ੁਰੂ ਕੀਤੇ । 1795 ਵਿਚ ਸੇਂਟ ਮੈਰੀ ਰੈਡਕਲਿਫ ਵਿਖੇ ਇਸ ਨੇ 'ਸਾਰਾ' ਨਾਲ ਵਿਆਹ ਕਰਵਾ ਲਿਆ ।

ਇਸ ਨੇ 'ਦੀ ਵਾਚਮੈਨ' ਮੈਗਜ਼ੀਨ ਕੱਢਿਆ, ਜੋ ਦਸਵੇਂ ਇਸ਼ੂ ਮਗਰੋਂ ਬੰਦ ਹੋ ਗਿਆ । ਸੰਨ 1796 ਵਿਚ ਇਹ ਸਮਰਸੈਟ ਵਿਚ ਨੈਦਰ ਸਟੋਵੇ ਰਹਿਣ ਲਗ ਪਿਆ । ਸੰਨ 1797 ਵਿਚ ਇਸ ਦੀ ਸਾਂਝ ਵਿਲੀਅਮ ਵਰਡਜ਼ਵਰਥ ਤੇ ਡੋਰਥੀ ਵਰਡਜ਼ਵਰਥ ਨਾਲ ਹੋ ਗਈ । ਵਰਡਜ਼ਵਰਥ ਨਾਲ ਰਲ ਕੇ ਇਸ ਨੇ ਇਕ ਨਵੇਂ ਰੂਪ ਵਾਲੀ ਕਵਿਤਾ ਲਿਖਣ ਦੀ ਯੋਜਨਾ ਬਣਾਈ, ਜਿਸ ਵਿਚ ਸਾਧਾਰਨ ਵਸਤਾਂ ਨੂੰ ਕਲਪਨਾ ਦੀ ਪਾਹ ਦੇਣੀ ਸੀ । ਇਸ ਵਿਚਾਰ-ਵਟਾਂਦਰੇ ਦੇ ਸਿੱਟੇ ਵਜੋਂ 1898 ਵਿਚ ਲਿਰੀਕਲ ਬੈਲਡਜ਼ ਪ੍ਰਕਾਸ਼ਿਤ ਹੋਈ ਜਿਸ ਵਿਚ ਕੌਲਰਿਜ ਦੀਆਂ ਦੋ ਕਵਿਤਾਵਾਂ 'ਦੀ ਰਾਈਮ ਆਫ਼ 'ਏਨਸ਼ੈਂਟ ਮਰੀਨਰ' ਤੇ 'ਦੀ ਨਾਈਟਿੰਗੇਲ' ਵੀ ਸ਼ਾਮਲ ਸਨ । ਇਸੇ ਸਮੇਂ ਇਸ ਨੇ 'ਕ੍ਰਿਸਟਾਬੈੱਲ' ਤੇ 'ਕੁਬਲਾ ਖ਼ਾਨ' ਨਜ਼ਮਾਂ ਲਿਖੀਆਂ ।

ਸੰਨ 1797 ਤੋਂ 1814 ਦੇ ਦੌਰਾਨ ਇਹ 'ਦੀ ਮਾਰਨਿੰਗ ਪੋਸਟ 'ਤੇ 'ਦੀ ਕਰੀਅਰ, ਲਈ ਕਦੇ ਕਦਾਈਂ ਲਿਖਦਾ ਰਿਹਾ । 1798 ਵਿਚ 'ਜੋਸੀਅਰ' ਤੇ 'ਟਾਮਸ ਵੇਜਵੁੱਡ' ਨੇ ਰਲ ਕੇ ਇਸ ਨੂੰ 150 ਪਾਊਂਡ ਸਲਾਨਾ ਦੇਣੇ ਸ਼ੁਰੂ ਕੀਤੇ ਤਾਂ ਕਿ ਇਹ ਕਵਿਤਾ ਤੇ ਦਰਸ਼ਨ ਲਈ ਆਪਣੇ ਆਪ ਨੂੰ ਸਮਰਪਿਤ ਕਰ ਸਕੇ । ਸੰਨ 1798-99 ਵਿਚ ਕੌਲਰਿਜ ਜਰਮਨੀ ਵਿਚ ਸੀ, ਜਿਥੇ ਇਸ ਨੇ ਖ਼ੂਬ ਅਧਿਐਨ ਕੀਤਾ ਤੇ ਇੰਗਲੈਂਡ ਵਾਪਸ ਪਰਤ ਕੇ ਸ਼ਿਲਰ ਦੇ 'ਵੈਲਨਸਟੀਨ' ਦਾ ਵਧੀਆ ਅਨੁਵਾਦ ਪ੍ਰਕਾਸ਼ਿਤ ਕੀਤਾ । ਸੰਨ 1800-10 ਦੇ ਦੌਰਾਨ ਕੌਲਰਿਜ ਨੇ ਕ੍ਰਿਸਟਾਬੀਲ ਦਾ ਦੂਜਾ ਭਾਗ ਲਿਖਿਆ, ਜੋ ਫਿਰ ਵੀ ਅਧੂਰਾ ਰਿਹਾ । ਫਿਰ ਇਹ ਮਾਲਟਾ ਚਲਾ ਗਿਆ, ਜਿਥੇ ਇਹ ਸਿਸਿਲੀ ਤੇ ਰੋਮ ਦੇ ਗਵਰਨਰ ਦਾ ਸਕੱਤਰ ਰਿਹਾ । ਸੰਨ 1808 ਵਿਚ ਇਸ ਨੇ ਰਾਇਲ ਇੰਸਟੀਚਿਊਸ਼ਨ ਵਿਚ ਭਾਸ਼ਣ ਦਿੱਤੇ ਤੇ 1811-12 ਵਿਚ ਮਿਲਟਨ ਤੇ ਸ਼ੈਕਸਪੀਅਰ ਬਾਰੇ ਯਾਦਗਾਰੀ ਭਾਸ਼ਣ ਦਿੱਤੇ ।

ਸੰਨ 1817 ਵਿਚ ਇਸ ਨੇ 'Biographia Literaria' ਅਤੇ 'Sibylline Leaves' ਪ੍ਰਕਾਸ਼ਤ ਕੀਤੇ, ਜਿਸ ਨਾਲ ਇਸ ਦੀ ਬਹੁਤ ਪ੍ਰਸਿੱਧੀ ਹੋਈ। 25 ਜੁਲਾਈ, 1834 ਨੂੰ ਹਾਈਗੇਟ ਵਿਖੇ ਇਸ ਦੀ ਮੌਤ ਹੋ ਗਈ। ਇਸ ਦੇ ਦੋ ਲੜਕੇ 'ਹਾਰਟਲੇ' ਤੇ 'ਡਰਵੈਂਟ' ਅਤੇ ਇਕ ਲੜਕੀ 'ਸਾਰਾ' ਸੀ।

ਇਹ ਸ਼ਬਦ-ਚੋਣ ਤੇ ਛੰਦ ਦਾ ਉਸਤਾਦ ਸੀ। ਇਸ ਦੀਆਂ ਕਿਰਤਾਂ 18ਵੀਂ ਤੇ 19ਵੀਂ ਸਦੀ ਦੀ ਕਵਿਤਾ ਵਿਚ ਵੰਡ ਰੇਖਾ ਦਾ ਕੰਮ ਕਰਦੀਆਂ ਹਨ। ਬਲੇਕ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਸਦੇ, ਵਰਡਜ਼ ਵਰਥ, ਬਾਇਰਨ ਤੇ ਸਕਾਟ ਨੂੰ ਬੜਾ ਪ੍ਰਭਾਵਿਤ ਕੀਤਾ। ਇਸ ਨੇ ਥੋੜਾ ਲਿਖਿਆ ਪਰ ਲਿਖਿਆ ਅਤਿਅੰਤ ਕੀਮਤੀ। ਇਸ ਨੇ ਅੰਗਰੇਜ਼ੀ ਆਲੋਚਨਾ ਨੂੰ ਵੀ ਨਵਾਂ ਮੋੜ ਦਿੱਤਾ।

ਹ. ਪੁ.—ਨਿ. ਯੂ. ਐਨ. 2 : 222.

**ਕਾਲਵਾਡੋਸ** : ਨਾਰਮੰਡੀ ਵਿਚ, ਉੱਤਰੀ ਫ਼ਰਾਂਸ ਦਾ ਇਹ ਇਕ ਡਿਪਾਰਟਮੈਂਟ ਹੈ ਜੋ ਬੇ ਡੇ ਸੇਨ ਵਿਚ ਕਾਟਾਨਟੈਨ ਪ੍ਰਾਇਦੀਪ ਅਤੇ ਸੇਨ ਐਸਚੁਅਰੀ ਵਿਚਕਾਰ, ਇੰਗਲਿਸ਼ ਚੈਨਲ ਦੇ ਸਾਹਮਣੇ ਵਾਕਿਆ ਹੈ। ਇਸ ਦਾ ਕੁੱਲ ਰਕਬਾ 5536 ਵ. ਕਿ. ਮੀ. ਹੈ ਅਤੇ ਕੁਲ ਵਸੋਂ 560,967 (1975) ਹੈ। ਇਹ ਸੰਨ 1790 ਵਿਚ ਕਈ ਡਿਸਟ੍ਰਿਕਟਾਂ ਨੂੰ ਇਕੱਠੇ ਕਰਕੇ ਬਣਾਇਆ ਗਿਆ ਸੀ। ਇਸ ਦਾ ਨਾਂ ਚਟਾਨਾਂ ਦੀ ਇਕ ਭਿੱਤੀ ਜੋ ਤੱਟ ਦੇ ਨਾਲ ਆਰਨ ਅਤੇ ਵੀਰ ਦਰਿਆਵਾਂ ਵਿਚਕਾਰ ਫੈਲੀ ਹੋਈ ਹੈ, ਤੋਂ ਪਿਆ ਹੈ। ਡਿਪਾਰਟਮੈਂਟ ਦੇ ਦੱਖਣ ਅਤੇ ਪੱਛਮ ਵਿਚ ਨੀਵੀਆਂ ਨਾਰਮੰਡੀ ਪਹਾੜੀਆਂ ਲਗਦੀਆਂ ਹਨ।

ਮੁੱਖ ਤੌਰ ਤੇ ਇਸ ਖੇਤਰ ਵਿਚ ਪਸ਼ੂ ਹੀ ਪਾਲੇ ਜਾਂਦੇ ਹਨ। ਇਥੋਂ ਦਾ ਸਿੱਲ੍ਹਾ, ਸੁਖਾਵਾਂ ਜਲਵਾਯੂ, ਚਰਾਗਾਹਾਂ ਲਈ ਬਹੁਤ ਵਧੀਆ ਹੈ। ਬੀਸਿਨ ਅਤੇ ਔਗ ਡਿਸਟ੍ਰਿਕਟ ਡੇਅਰੀ ਉਤਪਾਦਨ ਲਈ ਬਹੁਤ ਪ੍ਰਸਿੱਧ ਹਨ। ਕੈਂਪੇਨ ਡੇ ਕਾਨ ਅਤੇ ਲੀਉਵਿਨ ਡਿਸਟ੍ਰਿਕਟਾਂ ਵਿਚ ਮੱਕੀ ਚੁਕੰਦਰ ਅਤੇ ਚਾਰੇ ਵਾਲੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਸਥਾਨਕ ਤੌਰ ਤੇ ਪੈਦਾ ਕੀਤੇ ਜਾਣ ਵਾਲੇ ਸੇਬਾਂ ਤੋਂ ਸਾਈਡਰ ਬ੍ਰਾਂਡੀ (ਜਿਸ ਨੂੰ ਕਾਵਾਵਾਡੋਸ ਵੀ ਕਿਹਾ ਜਾਂਦਾ ਹੈ) ਤਿਆਰ ਕੀਤੀ ਜਾਂਦੀ ਹੈ। ਇੰਗਲੈਂਡ ਅਤੇ ਉੱਤਰੀ ਫਰਾਂਸ ਦੀਆਂ ਇਤਿਹਾਸਕ ਇਮਾਰਤਾਂ ਵਿਚ ਵਰਤਿਆ ਗਿਆ ਇਮਾਰਤੀ ਪੱਥਰ ਕਾਨ ਡਿਸਟ੍ਰਿਕਟ ਦੀਆਂ ਖਾਣਾਂ ਵਿਚੋਂ ਕਢਿਆ ਗਿਆ ਸੀ। ਟੂਰਿਜ਼ਮ ਇਥੋਂ ਦੀ ਆਮਦਨ ਦਾ ਮੁੱਖ ਸਾਧਨ ਹੈ ਅਤੇ ਟਰੂਵੀਲ ਨਾਂ ਦੀ ਬੰਦਰਗਾਹ ਤੱਟ ਦੀਆਂ ਕੁਝ ਅਰਾਮਗਾਹਾਂ ਵਿਚੋਂ ਇਕ ਹੈ।

ਕਾਲਵਾਡੋਸ ਚਾਰ ਅਰਾਨਡਿਸਮੰਟਾਂ (ਫ਼ਰਾਂਸ ਦੇ ਡਿਪਾਰਟਮੈਂਟ ਦੀ ਸਭ ਤੋਂ ਵੱਡੀ ਪ੍ਰਬੰਧਕੀ ਸਬ-ਡਵੀਜ਼ਨ) ਵਿਚ ਵੰਡਿਆ ਹੋਇਆ ਹੈ। ਕਾਨ ਇਥੋਂ ਦੀ ਰਾਜਧਾਨੀ ਹੈ। ਅਪੀਲੀ ਅਦਾਲਤ ਇਥੇ ਹੀ ਲਗਦੀ ਹੈ। ਇਸ ਤੋਂ ਇਲਾਵਾ ਇਹ ਅਕਾਦਮਿਕ ਡਿਸਟ੍ਰਿਕਟ ਦਾ ਕੇਂਦਰ ਹੈ। ਦੱਖਣ ਵਿਚ ਫਾਲੇਜ਼ ਦੇ ਅਸਮਾਨ ਤੇ ਨਾਰਮੰਡੀ ਦੇ ਪਹਿਲੇ ਡਿਊਕਾਂ ਦਾ ਕਿਲਾ ਬਣਿਆ ਹੋਇਆ ਹੈ ਅਤੇ ਇੰਗਲੈਂਡ ਦੇ ਜੇਤੂ ਵਿਲੀਅਮ ਪਹਿਲੇ ਦਾ ਇਹ ਜਨਮ-ਅਸਥਾਨ ਸੀ।

ਓਮਾਹਾ ਬੀਚ-ਨਾਰਮੰਡੀ ਤੱਟ ਦਾ ਉਹ ਹਿੱਸਾ ਜਿਥੇ ਯੂ. ਐਸ. ਫਸਟ ਆਰਮੀ ਦੇ ਯੂਨਿਟ 6 ਜੂਨ 1944 ਨੂੰ ਆ ਕੇ ਠਹਿਰੇ ਸਨ ਅਤੇ ਜਿਥੋਂ ਉਹ ਦੂਜੇ ਵਿਸ਼ਵ-ਯੁੱਧ ਦੌਰਾਨ ਫਰਾਂਸ ਵਿਚ ਘੁਸ ਗਏ ਸਨ ਕਾਲਵਾਡੋਸ ਦੇ ਕਿਨਾਰਿਆਂ ਉੱਤੇ ਹੈ।

ਹ. ਪੁ.—ਐਨ. ਬ੍ਰਿ. ਮਾ. 2 : 468

**ਕਾਲਵਿਨ, ਜਾਨ** : ਇਸ ਫ਼ਰਾਂਸ ਦਾ ਇਕ ਧਰਮ-ਸ਼ਾਸਤਰੀ, ਪਾਦਰੀ ਅਤੇ ਨੀਤੀਵਾਨ ਸੀ। ਇਹ ਸੋਲ੍ਹਵੀਂ ਸਦੀ ਦਾ ਬਹੁਤ ਪ੍ਰਸਿੱਧ ਪ੍ਰੋਟੈਸਟੈਂਟ ਸੁਧਾਰਕ ਸੀ। ਇਸ ਨੇ ਮੁੱਢਲੀ ਵਿਦਿਆ ਨੋਯੋਂ ਸ਼ਹਿਰ ਦੇ ਸਕੂਲ ਵਿਚ ਪ੍ਰਾਪਤ ਕੀਤੀ। ਆਰਲੇਅਨ ਵਿਸ਼ਵ ਵਿਦਿਆਲੇ ਤੋਂ ਉਚੇਰੀ ਵਿਦਿਆ ਮੁਕੰਮਲ ਕਰ ਕੇ ਇਹ ਪੈਰਿਸ ਮੁੜ ਆਇਆ। ਸੈਨਿਕਾ ਦੀ ਡਾ. ਕਲੇਮੈਨਟੀਆਂ ਦੇ ਵਿਦਵਤਾ ਭਰਭੂਰ ਅਧਿਐਨ ਪਿੱਛੋਂ ਇਸ ਨੇ ਪ੍ਰੋਟੈਸਟੈਂਟ ਮਤ ਗ੍ਰਹਿਣ ਕਰ ਲਿਆ। ਇਸ ਨੇ 1534 ਵਿਚ ਪੈਰਿਸ ਛੱਡ ਦਿੱਤਾ ਅਤੇ ਸਵਿਟਜ਼ਰਲੈਂਡ ਵਿਚ ਰਹਿਣ ਲਗ ਗਿਆ, ਜਿਥੇ ਇਸ ਨੇ ਇੰਸਟੀਚਿਊਟ ਆਫ਼ ਕ੍ਰਿਸਚੀਅਨ ਰੀਲੀਜਨ (1536) ਲਿਖੀ ਅਤੇ ਪ੍ਰੋਟੈਸਟੈਂਟ ਮੈਨੂਅਲ ਦੀ ਸਿਧਾਂਤਕੀ ਧਰਮ-ਸ਼ਾਸਤਰ ਪੱਖੋਂ ਵਿਸਤਰਿਤ ਅਤੇ ਨਿਯਮਬੱਧ ਪ੍ਰਕਾਸ਼ਨਾ ਕੀਤੀ। ਸੰਨ 1536 ਵਿਚ ਇਹ ਜਨੇਵਾ ਗਿਆ ਅਤੇ ਪ੍ਰੋਟੈਸਟੈਂਟ ਮਤ ਦੇ ਸੁਧਾਰ ਕੇਂਦਰ ਦਾ ਪ੍ਰਸਿੱਧ ਵਿਅਕਤੀ ਬਣ ਗਿਆ।



ਜਾਨ ਕਾਲਵਿਨ

27 ਮਈ, 1564 ਨੂੰ ਜਨੇਵਾ ਵਿਚ ਇਸ ਦੀ ਮੌਤ ਹੋਈ।

ਹ. ਪੁ.—ਐਨ. ਬ੍ਰਿ. ਮਾ. 2 : 468.

**ਕਾਲਵੋ, ਕਾਰਲੋਸ** : ਅਰਜਨਟੀਨੀ ਅੰਤਰਰਾਸ਼ਟਰੀ ਰਾਜਨੀਤੀਵੇਤਾ ਅਤੇ ਇਤਿਹਾਸਕਾਰ ਦਾ ਜਨਮ 26 ਫਰਵਰੀ, 1824 ਨੂੰ ਬਵੇਨੌਸ ਏਰੀਜ਼ ਵਿਖੇ ਹੋਇਆ। ਵਧੇਰੇ ਕਰਕੇ ਇਹ ਕਾਨੂੰਨ ਦੇ ਅਧਿਐਨ ਵਿਚ ਹੀ ਨਾ ਰਿਹਾ ਅਤੇ ਸੰਨ 1860 ਵਿਚ ਪੈਰਾਗੋਏ ਸਰਕਾਰ ਇਸ ਨੂੰ ਇਕ ਵਿਸ਼ੇਸ਼ ਮਿਸ਼ਨ ਤੇ ਲੰਡਨ ਅਤੇ ਪੈਰਿਸ ਭੇਜ ਦਿੱਤਾ।

ਫਰਾਂਸ ਵਿਚ ਰਹਿੰਦਿਆਂ ਇਸ ਨੇ ਆਪਣੀ ਸਭ ਤੋਂ ਵੱਡੀ ਪੁਸਤਕ "Derech international teorico γ practico de Europa γ America" ਦੋ ਜਿਲਦਾਂ ਵਿਚ ਪ੍ਰਕਾਸ਼ਤ ਕੀਤੀ ਅਤੇ ਉਸੇ ਸਮੇਂ ਹੀ ਇਸ ਪੁਸਤਕ ਦਾ ਫ੍ਰਾਂਸੀਸੀ ਅਨੁਵਾਦ ਵੀ ਪ੍ਰਕਾਸ਼ਤ ਕਰਵਾ ਦਿਤਾ। ਉਸੇ ਵਕਤ ਹੀ ਇਹ ਪੁਸਤਕ ਅੰਤਰਰਾਸ਼ਟਰੀ ਕਾਨੂੰਨ ਦੇ ਵਿਸ਼ੇ ਉਤੇ ਪ੍ਰਕਾਸ਼ਤ ਹੋਈਆਂ ਉਚੇ ਪੱਧਰ ਵਾਲੀਆਂ ਆਧੁਨਿਕ ਪ੍ਰਮਾਣੀਕ ਪੁਸਤਕਾਂ ਵਿਚੋਂ ਇਕ ਗਿਣੀ ਜਾਣ ਲੱਗ ਪਈ। ਸੰਨ 1862 ਅਤੇ 1869 ਵਿਚਕਾਰ ਇਸ ਨੇ ਦੱਖਣੀ ਅਮਰੀਕਨ ਗਣਰਾਜਾਂ ਦੀਆਂ ਸੰਧੀਆਂ ਅਤੇ ਸਫ਼ਾਰਤੀ ਕਾਰਵਾਈਆਂ ਸਬੰਧੀ ਆਪਣੇ ਮਹਾਨ ਸੰਗ੍ਰਹਿ ਨੂੰ ਸਪੇਨੀ ਅਤੇ ਫ਼੍ਰਾਂਸੀਸੀ ਭਾਸ਼ਾਵਾਂ ਵਿਚ 15 ਜਿਲਦਾਂ ਵਿਚ ਪ੍ਰਕਾਸ਼ਤ ਕੀਤਾ ਅਤੇ ਸੰਨ 1864 ਅਤੇ 1875 ਵਿਚਕਾਰ ਇਸ ਨੇ ਪੰਜ ਜਿਲਦਾਂ ਵਿਚ Annales historiques de la revolution de l' Ameriquelatine ਨਾਮੀ ਪੁਸਤਕ ਪ੍ਰਕਾਸ਼ਤ ਕੀਤੀ।

ਇਹ ਜਰਮਨੀ, ਬਰਤਾਨੀਆ ਅਤੇ ਫਰਾਂਸ ਵਿਚ ਬਤੌਰ ਰਾਜਦੂਤ ਸੇਵਾ ਕਰਦਾ ਰਿਹਾ। ਸੰਨ 1884 ਵਿਚ ਇਹ Institut de Droit International" ਦੇ ਬਾਨੀਆਂ ਵਿਚੋਂ ਇਕ ਸੀ। ਅਗਲੇ ਸਾਲ ਹੀ ਇਹ ਬਰਲਿਨ ਵਿਖੇ ਅਰਜਨਟੀਨਾ ਦਾ ਮਨਿਸਟਰ ਰਿਹਾ ਅਤੇ ਇਸੇ ਸ਼ਹਿਰ ਵਿਚ ਹੀ ਇਸ ਨੇ "Dictionnaire due droit international public et prive" ਨਾਮੀ ਪੁਸਤਕ ਪ੍ਰਕਾਸ਼ਤ ਕਰਵਾਈ। 4 ਮਈ, 1906 ਨੂੰ ਇਸ ਦੀ ਪੈਰਿਸ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 4 : 675; ਕੋਲ. ਐਨ. 4 : 217

**ਕਾਲੜਾ** : ਪੱਛਮੀ ਪੰਜਾਬ (ਪਾਕਿ.) ਦੇ ਸ਼ਾਹਪੁਰ ਨਾਮੀ ਸਾਬਕਾ ਜ਼ਿਲ੍ਹੇ ਅਤੇ ਤਹਿਸੀਲ ਦੀ ਇਹ ਇਕ ਸਾਬਕਾ ਜਾਗੀਰ ਸੀ

ਜਿਸਦਾ ਰਕਬਾ 33 ਵ. ਕਿ. ਮੀ. (13 ਵ. ਮੀਲ) ਸੀ। ਇਹ ਫ਼ੌਜੀ ਬਗਾਵਤ ਸਮੇਂ ਸਹਾਇਤਾ ਕਰਨ ਬਦਲੇ ਮਿੱਠਾ ਟਿਵਾਣਾ ਦੇ ਟਿਵਾਣਾ ਪਰਿਵਾਰ ਦੇ ਇਕ ਮੈਂਬਰ, ਮਲਿਕ ਸਾਹਿਬ ਖ਼ਾਨ, ਖ਼ਾਨ ਬਹਾਦਰ ਸੀ. ਐਸ. ਆਈ. ਨੂੰ ਸ਼ਾਹਪੁਰ ਤਹਿਸੀਲ ਦੀ ਬੰਜਰ ਜ਼ਮੀਨ ਵਿਚੋਂ 8,700 ਏਕੜ ਜ਼ਮੀਨ ਮਿਲਣ ਨਾਲ ਹੋਂਦ ਵਿਚ ਆਈ। ਜ਼ਮੀਨ ਦੀ ਸਿੰਜਾਈ ਕਰਨ ਲਈ ਇਸ ਨੇ ਇਥੇ ਇਕ ਨਹਿਰ ਬਣਵਾਈ, ਜਿਸ ਕਾਰਨ ਇਹ ਇਕ ਵੱਡਮੁੱਲੀ ਰਿਆਸਤ ਬਣ ਗਈ। ਖ਼ਾਨ ਸਾਹਿਬ ਤੋਂ ਬਾਅਦ ਸੰਨ 1897 ਵਿਚ ਉਸ ਦਾ ਲੜਕਾ ਮਲਿਕ ਉਮਰ ਹਯਾਤ ਇਸ ਦਾ ਮਾਲਕ ਬਣਿਆ। ਇਸ ਦੀਆਂ ਸ਼ਾਹਪੁਰ, ਜਿਹਲਮ ਅਤੇ ਲਾਇਲਪੁਰ ਜ਼ਿਲ੍ਹਿਆਂ ਵਿਚ 13000 ਏਕੜ ਦੀਆਂ ਹੋਰ ਜਾਗੀਰਾਂ ਵੀ ਸਨ ਜਿਨ੍ਹਾਂ ਤੋਂ ਇਸ ਨੂੰ 2 ਲੱਖ ਰੁਪਏ ਦੀ ਸਾਲਾਨਾ ਆਮਦਨ ਸੀ ਅਤੇ ਬਾਅਦ ਵਿਚ ਜਿਹਲਮ ਬਸਤੀ ਵਿਚ ਘੋੜਿਆਂ ਦੀ ਨਸਲ ਪੈਦਾ ਕਰਨ ਲਈ ਇਸ ਨੂੰ 2,270 ਏਕੜ ਦੀ ਇਕ ਹੋਰ ਗਰਾਂਟ ਵੀ ਦਿਤੀ ਗਈ ਸੀ।

ਹ. ਪੁ.—ਇੰਪ. ਗ. ਇੰਡ. 14:319

**ਕਾਲਾ ਆਜ਼ਾਰ :** ਇਹ ਰੋਗ ਕਾਲਾ ਬੁਖ਼ਾਰ, ਕਾਲਾ ਰੋਗ, ਸਰਕਾਰੀ ਬਿਮਾਰੀ, ਸਾਹਬ ਰੋਗ, ਬਰਦਵਾਨ ਰੋਗ, ਡਮਡਮ ਬੁਖ਼ਾਰ, ਟ੍ਰਾਪਿਕਲ ਸਪਲੀਨੋ ਮੇਗੈਲੀ ਜਾਂ ਪੋਨਸ (ਯੂਨਾਨ ਵਿਚ) ਦੇ ਨਾਂ ਨਾਲ ਵੀ ਪ੍ਰਸਿੱਧ ਹੈ।

ਇਹ ਇਕ ਪ੍ਰਕਾਰ ਦਾ ਛੂਤ ਰੋਗ ਹੈ ਜੋ ਇਕ ਕੀੜੇ, ਸੈਂਡ ਫਲਾਈ, ਦੇ ਕੱਟਣ ਨਾਲ ਫੈਲਦਾ ਹੈ। ਇਸ ਬੁਖ਼ਾਰ ਦਾ ਕਾਰਨ ਲੀਸਮੇਨਿਆ ਡਾਨੋਵਲਾਈ ਨਾਂ ਦੇ ਜੀਵਾਣੂ ਹੁੰਦੇ ਹਨ। ਲੀਸਮੈਨ ਅਤੇ ਡਾਨੋਵਨ, ਦੋ ਵਿਗਿਆਨੀਆਂ ਨੇ ਕਾਲਾ ਅਜ਼ਾਰ ਦੇ ਜੀਵਾਣੂ ਦੀ ਖੋਜ ਕੀਤੀ। ਇਸੇ ਕਰਕੇ ਇਸ ਜੀਵਾਣੂ ਦਾ ਨਾਂ ਇਨ੍ਹਾਂ ਵਿਗਿਆਨੀਆਂ ਦੇ ਨਾਂ ਤੇ ਹੀ ਰਖਿਆ ਗਿਆ ਹੈ।

ਕਾਲਾ ਬੁਖ਼ਾਰ ਲਗਭਗ ਸਾਰੇ ਦੇਸ਼ਾਂ ਵਿਚ ਫੈਲਿਆ ਹੋਇਆ ਹੈ। ਭਾਰਤ ਵਿਚ ਇਹ ਵਿਸ਼ੇਸ਼ ਰੂਪ ਵਿਚ ਹਿਮਾਲੀਆ ਦੀ ਤਰਾਈ, ਅਸਾਮ, ਉੜੀਸਾ ਅਤੇ ਬਿਹਾਰ ਵਿਚ ਹੁੰਦਾ ਹੈ। ਉੱਤਰ ਪ੍ਰਦੇਸ਼ ਦੇ ਪੂਰਬੀ ਹਿੱਸੇ, ਅਲਾਹਾਬਾਦ, ਲਖਨਊ ਅਤੇ ਮਦਰਾਸ ਵਿਚ ਵੀ ਇਸ ਦੇ ਰੋਗੀ ਵੇਖੇ ਗਏ ਹਨ। ਬਰਮਾ, ਚੀਨ, ਅਫ਼ਰੀਕਾ, ਸੂਡਾਨ, ਮਿਸਰ, ਸਿਸਲੀ, ਤੁਰਕਿਸਤਾਨ, ਬਲਗਾਰੀਆ, ਹੰਗਰੀ, ਫਲਸਤੀਨ, ਚੈਕੋਸਲੋਵਾਕੀਆ, ਦੱਖਣੀ ਫ਼ਰਾਂਸ, ਪੁਰਤਗਾਲ, ਯੂਨਾਨ, ਰੂਸ ਅਤੇ ਦੱਖਣੀ ਅਮਰੀਕਾ ਵਿਚ ਵੀ ਕਾਲਾ ਆਜ਼ਾਰ ਪਾਇਆ ਜਾਂਦਾ ਹੈ।

ਇਸ ਰੋਗ ਦੀ ਕੋਈ ਮਿਆਦ ਨਿਸ਼ਚਿਤ ਨਹੀਂ ਹੈ। ਇਹ ਇਕ ਮਹੀਨੇ ਤੋਂ ਲੈ ਕੇ ਛੇ ਮਹੀਨੇ ਤਕ ਰਹਿ ਸਕਦਾ ਹੈ। ਕਦੀ ਕਦੀ ਇਕ ਜਾਂ ਦੋ ਸਾਲ ਤਕ ਵੀ ਵਧ ਜਾਂਦਾ ਹੈ।

**ਲੱਛਣ**—ਰੋਗ ਦਾ ਆਰੰਭ ਹਲਕੇ ਹਲਕੇ ਬੁਖ਼ਾਰ ਜਾਂ ਬੁਖ਼ਾਰ ਦੇ ਤੇਜ਼ ਹਮਲੇ ਨਾਲ ਹੁੰਦਾ ਹੈ। ਜਦ ਇਕ ਦਮ ਤੇਜ਼ ਬੁਖ਼ਾਰ ਆਉਂਦਾ ਹੈ ਤਾਂ ਉਸ ਤੋਂ ਪਹਿਲਾਂ ਸਰਦੀ ਮਹਿਸੂਸ ਹੁੰਦੀ ਹੈ ਅਤੇ ਕਦੀ ਕਦੀ ਉਲਟੀ ਵੀ ਆਉਂਦੀ ਹੈ। ਇਸ ਬੁਖ਼ਾਰ ਦੀ ਮੁਖ ਪਛਾਣ ਇਹ ਹੈ ਕਿ ਚੌਵੀ ਘੰਟਿਆਂ ਵਿਚ ਦੋ ਵਾਰ ਬੁਖ਼ਾਰ ਚੜ੍ਹਦਾ ਉਤਰਦਾ ਹੈ। ਇਹ ਬੁਖ਼ਾਰ ਦੋ ਹਫ਼ਤਿਆਂ ਤੋਂ ਡੇਢ ਮਹੀਨੇ ਤਕ ਨਿਤ ਰਹਿੰਦਾ ਹੈ। ਇਸ ਪਿਛੋਂ ਕੁਝ ਸਮੇਂ ਲਈ ਬੁਖ਼ਾਰ ਬਿਲਕੁਲ ਨਹੀਂ ਹੁੰਦਾ ਪਰ ਤਿੱਲੀ ਅਤੇ ਜਿਗਰ ਬਹੁਤ ਵਧ ਜਾਂਦੇ ਹਨ। ਪਹਿਲਾਂ ਇਹ ਨਰਮ ਹੁੰਦੇ ਹਨ ਪਰ ਬਾਅਦ ਵਿਚ ਸਖ਼ਤ ਹੋ ਜਾਂਦੇ ਹਨ। ਭੁੱਖ ਠੀਕ ਲਗਦੀ ਹੈ, ਜੀਭ ਸਾਫ਼ ਰਹਿੰਦੀ ਹੈ ਪਰ ਪਾਚਨ ਸ਼ਕਤੀ ਨਿਰਬਲ ਹੋ ਜਾਂਦੀ ਹੈ। ਸਰੀਰ ਦੀਆਂ ਗਰੰਥੀਆਂ ਵਧ ਜਾਂਦੀਆਂ ਹਨ ਅਤੇ ਸਰੀਰ ਦਾ ਰੰਗ ਵੀ ਕਾਲਾ ਪੈਣ ਲਗ ਜਾਂਦਾ ਹੈ। ਜਦੋਂ ਬੁਖ਼ਾਰ ਨਹੀਂ ਹੁੰਦਾ ਉਸ ਸਮੇਂ ਪਸੀਨਾ ਬਹੁਤ ਆਉਂਦਾ ਹੈ। ਫਿਰ ਬੁਖ਼ਾਰ ਸਰਦੀ ਸਮੇਤ ਬਹੁਤ ਤੇਜ਼ੀ ਨਾਲ ਆਉਂਦਾ ਹੈ। ਇਸ ਤਰ੍ਹਾਂ ਨਾਲ ਵਾਰ-ਵਾਰ ਮਹੀਨਿਆਂ ਬੱਧੀ ਬੁਖ਼ਾਰ ਚੜ੍ਹਨ ਤੇ ਉਤਰਨ ਨਾਲ ਰੋਗੀ ਬਹੁਤ ਕਮਜ਼ੋਰ ਹੋ ਜਾਂਦਾ ਹੈ ਅਤੇ ਇਕ ਮਾਤਰ ਹੱਡੀਆਂ ਦਾ ਪਿੰਜਰ ਬਣ ਕੇ ਰਹਿ ਜਾਂਦਾ ਹੈ। ਇਸ ਨੂੰ ਲੋਕ ਮਲੇਰੀਆ ਬੁਖ਼ਾਰ ਸਮਝ ਕੇ ਕੁਨੀਨ ਦਾ ਉਪਯੋਗ ਕਰਦੇ ਹਨ ਪਰੰਤੂ ਉਸ ਨਾਲ ਕੋਈ ਲਾਭ ਨਹੀਂ ਹੁੰਦਾ। ਹੱਥਾਂ ਪੈਰਾਂ ਵਿਚ ਦਰਦ ਰਹਿਣ ਨਾਲ ਗਠੀਏ ਦੀ ਸੰਭਾਵਨਾ ਹੁੰਦੀ ਹੈ। ਹੋਰਨਾਂ ਲੱਛਣਾਂ ਵਿਚ ਲਹੂ ਵਿਚ ਚਿੱਟੇ ਸੈੱਲ ਘਟ ਜਾਂਦੇ ਹਨ, ਤਿੱਲੀ ਵਧ ਜਾਂਦੀ ਹੈ ਅਤੇ ਸੀਰਮ ਪ੍ਰੋਟੀਨਾਂ ਦੀ ਮਾਤਰਾ ਵਿਚ ਅਤੇ ਸਰੀਰ ਵਿਚ ਵੀ ਵਿਗਾੜ ਪੈ ਜਾਂਦਾ ਹੈ। ਖ਼ੂਨ ਘਟ ਜਾਂਦਾ ਹੈ, ਦਿਲ ਫੇਲ ਜਾਂਦਾ ਹੈ ਅਤੇ ਬੁਖ਼ਾਰ ਨਿੱਤ 102° ਫ਼ਾ. ਦੇ ਲਗਭਗ ਰਹਿੰਦਾ ਹੈ। ਸਿਰ ਦੇ ਵਾਲ ਰੁੱਖੇ ਹੋ ਜਾਂਦੇ ਹਨ ਅਤੇ ਖਿਲਰੇ ਰਹਿਣ ਉਪਰੰਤ ਝੜਨ ਲਗ ਜਾਂਦੇ ਹਨ। ਚਿਹਰੇ ਅਤੇ ਚਮੜੀ ਦਾ ਰੰਗ ਬਹੁਤ ਕਾਲਾ ਹੋ ਜਾਂਦਾ ਹੈ। ਅੰਤ ਵਿਚ ਮਰੋੜ, ਫੋੜੇ-ਫਿੰਸੀ, ਜਲੋਦਰ ਆਦਿ ਰੋਗ ਲਗ ਕੇ ਮੌਤ ਹੋ ਜਾਂਦੀ ਹੈ।

ਕਾਲਾ ਆਜ਼ਾਰ ਦੀ ਸ਼ਨਾਖ਼ਤ ਕਰਨ ਲਗਿਆਂ ਇਸ ਰੋਗ ਦਾ ਮਲੇਰੀਆ, ਲੂਕੀਮੀਆ, ਮਿਆਦੀ ਬੁਖ਼ਾਰ (ਟਾਈਫਾਈਡ) ਮੁੜ ਮੁੜ ਕੇ ਆਉਣ ਵਾਲਾ ਬੁਖ਼ਾਰ, ਐਂਡੂਲੈਂਟ ਬੁਖ਼ਾਰ ਅਤੇ ਬੈਂਟੀਜ਼ ਰੋਗ ਤੋਂ ਅੰਤਰ ਨਾਲ ਜਾਣੂ ਹੋਣਾ ਜ਼ਰੂਰੀ ਹੈ। ਤਿੱਲੀ, ਲਸੀਕਾ ਗਲੈਂਡ ਜਾਂ ਜਿਗਰ ਦੇ ਰਸ ਨੂੰ ਖ਼ੁਰਦਬੀਨ ਰਾਹੀਂ ਵੇਖਿਆਂ ਇਸ ਰੋਗ ਦੇ ਜੀਵਾਣੂ ਦਿਖਾਈ ਦਿੰਦੇ ਹਨ। ਫਿਰ ਫਾਰਮੇਲੀਨ ਜੈੱਲ ਟੈਸਟ ਅਤੇ ਯੂਰੀਆ ਸਟਿਬਮੀਨ ਟੈਸਟ ਦਾ ਉਪਯੋਗ ਕੀਤਾ ਜਾ ਸਕਦਾ ਹੈ। ਜਦ ਸ਼ੁਰੂ ਵਿਚ ਹੀ ਠੀਕ ਜਾਂਚ ਕਰਕੇ ਦਵਾਈ ਕੀਤੀ ਜਾਏ ਤਾਂ 85% ਰੋਗੀ ਚੰਗੇ ਹੋ ਸਕਦੇ ਹਨ।

**ਇਲਾਜ**—ਕੰਧਾਂ ਅਤੇ ਫ਼ਰਸ਼ ਦੇ ਟੋਏ ਭਰਵਾਏ ਜਾਣੇ ਅਤੇ ਮਕਾਨ ਵਿਚ ਡੀ. ਡੀ. ਟੀ. ਛਿੜਕਾਈ ਜਾਣੀ ਚਾਹੀਦੀ ਹੈ। ਰੋਗੀ ਜੇਕਰ ਝੌਂਪੜੀ ਵਿਚ ਹੋਏ ਤਾਂ ਰੋਗੀ ਨੂੰ ਹਟਾ ਕੇ ਝੌਂਪੜੀ ਨੂੰ ਸਾੜ ਦੇਣਾ ਚਾਹੀਦਾ ਹੈ। ਯੂਰੀਆ ਸਟਿਬਮੀਨ ਉਪਚਾਰ ਸਭ ਤੋਂ ਉਪਯੋਗੀ ਸਿੱਧ ਹੋਇਆ ਹੈ। ਆਯੁਰਵੇਦ ਵਿਚ ਕਾਲਾ ਆਜ਼ਾਰ (ਕਾਲਾ ਬੁਖ਼ਾਰ) ਦੀ ਕੋਈ ਨਿਸ਼ਚਿਤ ਦਵਾਈ ਨਹੀਂ ਹੈ। ਇਸ ਦੇ ਇਲਾਜ ਲਈ ਐਂਟੀਮਨੀ ਅਤੇ ਐਰੋਮੈਟਿਕ ਡਾਇਆਮਿਡੀਨਜ਼ ਵੀ ਆਮ ਤੌਰ ਤੇ ਲਾਭਵੰਦ ਹੁੰਦੇ ਹਨ। ਰੋਗ ਫੈਲਾਉਣ ਵਾਲੇ ਕੀੜੇ ਮਕੌੜਿਆਂ ਦੀ ਰੋਕ ਥਾਮ ਵੀ ਬਹੁਤ ਜ਼ਰੂਰੀ ਹੈ।

ਹ. ਪੁ.—ਹਿੰ. ਵਿ. ਕੋ. 2:491; ਐਨ. ਬ੍ਰਿ. ਮਾ. 5:665

**ਕਾਲਾਈ ਮਿਕਨਾਸ :** ਹੰਗਰੀ ਦੇ ਇਸ ਰਾਜਨੀਤੀਵਾਨ ਦਾ ਜਨਮ 23 ਜਨਵਰੀ, 1887 ਨੂੰ ਨਯੀਰੇਡੀਹਾਜ਼ੋ ਵਿਖੇ ਹੋਇਆ। ਇਹ ਸਮੇਂ ਸਮੇਂ ਤੇ ਉੱਚੇ ਅਹੁਦਿਆਂ ਤੇ ਰਿਹਾ।

ਮਾਰਚ, 1942 ਤਕ ਇਹ ਰਾਜਨੀਤੀ ਤੋਂ ਦੂਰ ਰਿਹਾ। ਪਿਛੋਂ ਇਹ ਸ਼ਾਸਨ-ਪਾਲ ਦੇ ਬੇਨਤੀ ਕਰਨ ਤੇ 9 ਮਾਰਚ, 1942 ਤੋਂ 19 ਮਾਰਚ, 1944 ਤਕ ਪ੍ਰਧਾਨ ਮੰਤਰੀ ਦੇ ਪਦ ਤੇ ਰਿਹਾ। ਇਸ ਪਦ ਦੇ ਸਮੇਂ ਦੌਰਾਨ ਇਸ ਨੇ ਹੰਗਰੀ ਵਿਚ ਲੋਕਤੰਤਰਵਾਦੀ ਅਤੇ ਮਨੁੱਖੀ ਸੁਤੰਤਰਤਾ ਨੂੰ ਕਾਇਮ ਰੱਖਿਆ। ਦੂਜੀ ਵਿਸ਼ਵ-ਜੰਗ ਦੌਰਾਨ ਇਹ ਵਿਸ਼ਵਾਸ ਹੋਣ ਤੇ ਕਿ ਗੱਠ-ਜੋੜ-ਦੇਸ਼ਾਂ ਦੀ ਜਿੱਤ ਹੋਵੇਗੀ, ਇਸ ਨੇ ਹੰਗਰੀ ਨੂੰ ਜਰਮਨੀ ਦੇ ਗਠ-ਜੋੜ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ।

ਅਕਤੂਬਰ, 1943 ਵਿਚ ਜਦੋਂ ਪੱਛਮੀ ਤਾਕਤਾਂ ਹੰਗਰੀ ਦੀ ਸਰਹੱਦ ਤਕ ਪਹੁੰਚ ਗਈਆਂ, ਇਸ ਨੇ ਬਿਨਾਂ ਸ਼ਰਤ ਉਨ੍ਹਾਂ ਅਗੇ ਹਾਰ ਮੰਨਣ ਦੇ ਦਸਤਾਵੇਜ਼ਾਂ ਤੇ ਹਸਤਾਖਰ ਕਰ ਦਿਤੇ। ਜਦੋਂ ਜਰਮਨੀ ਨੇ ਮਾਰਚ, 1944 ਵਿਚ ਹੰਗਰੀ ਨੂੰ ਕਬਜ਼ੇ ਵਿਚ ਲੈ ਲਿਆ ਤਾਂ ਇਸ ਨੂੰ

ਰੂਪੋਸ਼ ਹੋਣ ਤੇ ਮਜਬੂਰ ਹੋਣਾ ਪਿਆ। ਪਿਛੋਂ ਇਸ ਨੂੰ ਹਿਰਾਸਤ ਵਿਚ ਲੈ ਕੇ ਜਰਮਨੀ ਵਿਚ ਰੱਖਿਆ ਗਿਆ। ਜਰਮਨੀ ਦੇ ਹਾਰ ਜਾਣ ਤੇ ਇਸ ਨੂੰ ਛੱਡ ਦਿਤਾ ਗਿਆ। ਪਿਛੋਂ ਇਹ ਇਟਲੀ ਅਤੇ ਅਮਰੀਕਾ ਵਿਚ ਰਿਹਾ।

14 ਜਨਵਰੀ, 1967 ਨੂੰ ਨਿਊਯਾਰਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 195

**ਕਾਲਾ ਸਾਗਰ :** ਦੱਖਣੀ-ਪੂਰਬੀ ਯੂਰਪ ਅਤੇ ਏਸ਼ੀਆ ਕੋਚਿਕ ਵਿਚਕਾਰ ਇਕ ਅੰਤਰਦੇਸ਼ੀ ਸਾਗਰ ਹੈ। ਦੁਨੀਆ ਦੇ ਕੇਵਲ ਚਾਰ ਦੇਸ਼ਾਂ ਨੇ ਹੀ ਇਸ ਸਾਗਰ ਦੇ ਤੱਟਾਂ ਨੂੰ ਮੱਲਿਆ ਹੋਇਆ ਹੈ। ਇਸ ਦੇ ਉੱਤਰੀ ਅਤੇ ਉੱਤਰ-ਪੂਰਬੀ ਤੱਟ ਉੱਤੇ ਰੂਸ, ਦੱਖਣੀ ਤੱਟ ਉਤੇ ਤੁਰਕੀ ਅਤੇ ਪੱਛਮੀ ਤੱਟ ਉੱਤੇ ਬਲਗਾਰੀਆ ਅਤੇ ਰੋਮਾਨੀਆ ਦੇ ਦੇਸ਼ ਹਨ। ਇਸ ਦੀ ਪੂਰਬ ਤੋਂ ਪੱਛਮ ਵੱਲ ਨੂੰ ਵੱਧ ਤੋਂ ਵੱਧ ਲੰਬਾਈ 1204 ਕਿ. ਮੀ. ਅਤੇ ਉੱਤਰ ਅਤੇ ਦੱਖਣ ਵਲ ਨੂੰ ਵੱਧ ਤੋਂ ਵੱਧ ਚੌੜਾਈ 602 ਕਿ. ਮੀ. ਹੈ। ਅਜ਼ੋਵ ਸਾਗਰ ਤੋਂ ਬਿਨਾਂ ਸਾਗਰ ਦਾ ਕੁੱਲ ਰਕਬਾ 419,046 ਵ. ਕਿ. ਮੀ. ਅਤੇ ਇਸ ਸਾਗਰ ਸਮੇਤ ਇਸ ਇਸ ਦਾ ਕੁੱਲ ਰਕਬਾ ਲਗਭਗ 455,700 ਵ. ਕਿ. ਮੀ. ਹੈ। ਸਾਗਰ ਦੇ ਪਾਣੀ ਦੀ ਸਤ੍ਹਾ ਦਾ ਰਕਬਾ 420,300 ਵ. ਕਿ. ਮੀ. ਹੈ ਜੋ ਲਗਭਗ ਸਵੀਡਨ ਅਤੇ ਮਰਾਕੋ ਦੇ ਆਕਾਰ ਬਰਾਬਰ ਹੈ। ਪਾਣੀ ਦਾ ਕੁੱਲ ਆਇਤਨ 547,000 ਕਿਊਬਿਕ ਕਿ. ਮੀ. ਹੈ ਅਤੇ ਦੱਖਣੀ ਕੇਂਦਰੀ ਭਾਗ ਵਿਚ ਇਸ ਦੀ ਡੂੰਘਾਈ 2210 ਮੀ. ਤੋਂ ਵੀ ਵੱਧ ਹੈ।

ਧਰਾਤਲ

**ਤੱਟ ਰੇਖਾ**—ਪੂਰਬ ਅਤੇ ਦੱਖਣ ਵਿਚ ਕਾਕਾਸੱਸ ਅਤੇ ਪਾਂਟਿਕ ਪਰਬਤਾਂ ਦੀਆਂ ਵੱਡੀਆਂ ਲੜੀਆਂ ਕਾਲੇ ਸਾਗਰ ਨੂੰ ਵਲਦੀਆਂ ਹਨ। ਸਾਰੇ ਖੇਤਰ ਵਿਚ ਸਾਹਿਲੀ ਨੀਵੀਆਂ ਭੂਮੀਆਂ ਬਹੁਤ ਘੱਟ ਹਨ। ਇਸ ਤੋਂ ਇਲਾਵਾ ਇਥੇ ਕੁਝ ਦਰਿਆਵਾਂ ਦੇ ਡੈਲਟੇ ਹਨ ਜੋ ਹੌਲੀ-ਹੌਲੀ ਸਾਗਰ ਵੱਲ ਨੂੰ ਵਧਦੇ ਜਾ ਰਹੇ ਹਨ। ਦੱਖਣ-ਪੱਛਮ ਵਿਚ ਇਕ ਸਾਰ ਸਮ-ਉੱਚ ਰੇਖਾਵਾਂ ਇਸਤਰਾਨਜਾ ਪਰਬਤ ਲੜੀ ਦੇ ਵਧਾਉ ਬਣਾਉਂਦੀਆਂ ਹਨ। ਦੂਰ ਉੱਤਰ ਵੱਲ ਨੂੰ ਬੁਰਗਾਜ਼ ਖਾੜੀ ਦੇ ਖੇਤਰ ਵਿਚ, ਨੀਵੀਆਂ ਪਹਾੜੀਆਂ ਉਪਰ ਉਠਦੀਆਂ ਹਨ ਜਿਥੇ ਬਲਗਾਰੀਆ ਦੀਆਂ ਬਲਕਾਨ ਪਹਾੜੀਆਂ ਪੂਰਬ ਵੱਲ ਨੂੰ ਫੈਲਦੀਆਂ ਹਨ। ਉੱਤਰ ਵੱਲ ਨੂੰ ਪੱਧਰੇ ਪਠਾਰੀ ਇਲਾਕੇ ਤੇ ਡੈਨਿਊਬ ਦਾ ਵੱਡਾ ਡੈਲਟਾ ਬਣਦਾ ਹੈ ਜਿਥੇ ਇਹ ਆਪਣਾ ਸਾਰਾ ਮਾਲ ਅਗਾਂਹ ਸਮੁੰਦਰ ਵਿਚ ਸੁੱਟਦਾ ਹੈ। ਸਾਗਰ ਦੇ ਉੱਤਰ-ਪੱਛਮੀ ਅਤੇ ਉੱਤਰੀ ਕਿਨਾਰੇ ਨੀਵੇਂ ਹਨ ਅਤੇ ਇਨ੍ਹਾਂ ਨੂੰ ਕਈਆਂ ਖੱਡਾਂ ਅਤੇ ਦਰਿਆਈ ਵਾਦੀਆਂ ਨੇ ਡੂੰਘਾ ਕਰ ਦਿਤਾ ਹੋਇਆ ਹੈ। ਇਨ੍ਹਾਂ ਦੇ ਮੁਹਾਣਿਆਂ ਵਿਚ ਕਈ ਵਾਰ ਬਰੇਤੀਆਂ ਰੁਕਾਵਟ ਪਾ ਦਿੰਦੀਆਂ ਹਨ।

**ਸਮੁੰਦਰ ਹੇਠਲੀ ਧਰਾਤਲ**—ਕਾਲੇ ਸਾਗਰ ਵਿਚ ਤਿੰਨ ਛੋਟੇ ਦੀਪ ਜ਼ਮੇਨਾਈ ਬੇਰੈਜ਼ਾਨ ਅਤੇ ਕੇਫਕਨ ਅਡਾਸੀ ਹਨ। ਸਮੁੰਦਰ ਦੀ ਹੇਠਲੀ ਧਰਾਤਲ ਨੂੰ ਸਮਕੇਂਦਰਿਤ ਅਤੇ ਕਦੇ-ਕਦਾਈਂ ਅਸਮਮਿੱਤੀ ਗੋਲਾਕਾਰ ਚਕੱਠੀਆਂ ਲੜੀਆਂ ਦੇ ਰੂਪ ਵਿਚ ਵਿਖਾਈ ਦਿੰਦੀ ਹੈ। ਤੱਟ ਰੇਖਾ ਤੋਂ ਪਰ੍ਹਾਂ ਇਕ ਘੱਟ ਡੂੰਘੀ ਸ਼ੈਲਫ ਦਾ ਖੰਡ ਹੈ ਜਿਸ ਨੇ ਸਾਰੇ ਰਕਬੇ ਦਾ ਲਗਭਗ ਚੌਥਾ ਹਿੱਸਾ ਮੱਲਿਆ ਹੋਇਆ ਹੈ। ਪੱਛਮ ਅਤੇ ਕਰਚ ਜਲਡਮਰੂ ਦੇ ਮੁਹਾਣੇ ਤੇ ਇਹ ਸਭ ਤੋਂ ਚੌੜਾ ਹੈ, ਪਰ ਹੋਰਨਾਂ ਥਾਵਾਂ ਤੇ ਇਹ 9-10 ਕਿ. ਮੀ. ਚੌੜਾ ਸਰਕਲ ਜਿਹਾ ਹੈ। ਸਿਰੇ ਦੀ ਡੂੰਘਾਈ ਆਮ ਕਰਕੇ 100-110 ਮੀ. ਤੱਕ ਹੈ। ਸੀਨਾਪ ਅਤੇ ਸੈਮਸਨ ਦੀਆਂ ਬੰਦਰਗਾਹਾਂ ਵਿਚਕਾਰ ਤੱਟ ਰੇਖਾ ਦੇ ਸਮਾਂਤਰ ਕੋਈ ਸੌ ਮੀਲ ਵਿਚ ਡੁੱਬੀਆਂ ਹੋਈਆਂ ਪਹਾੜੀਆਂ ਦੀ ਇਕ ਲੜੀ ਚਲਦੀ ਹੈ। ਇਕ ਘਾਟੀ ਜੋ ਵਿਚਕਾਰਲੇ ਬੇਸਿਨ ਦਾ ਕੇਂਦਰ ਬਣਾਉਂਦੀ ਹੈ, ਨੇ ਕੁਲ ਰਕਬੇ ਦਾ ਲਗਭਗ ਤੀਜਾ ਹਿੱਸਾ ਰੋਕਿਆ ਹੋਇਆ ਹੈ ਅਤੇ ਪੂਰਨ ਰੂਪ ਵਿਚ ਇਕ ਪੱਧਰਾ ਮੈਦਾਨ ਹੈ।

**ਭੂ-ਵਿਗਿਆਨਕ ਇਤਿਹਾਸ**—ਕਾਲੇ ਸਾਗਰ ਦੇ ਬਹੁਤ ਸਾਰੇ ਭੂ-ਵਿਗਿਆਨਕ ਇਤਿਹਾਸ ਦਾ ਅਜੇ ਪਤਾ ਨਹੀਂ ਲਗ ਸਕਿਆ। ਪਰ ਇਹ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਇਹ ਪ੍ਰਾਚੀਨ ਟੈਥੀ ਸਾਗਰ (ਜੋ ਲਗਭਗ 250,000,000 ਤੋਂ 60-40,000,000 ਵਰ੍ਹੇ ਪਹਿਲਾਂ ਦਾ ਹੈ) ਦਾ ਬਚਿਆ ਹੋਇਆ ਬੇਸਿਨ ਹੈ। ਕਾਲੇ ਸਾਗਰ ਦਾ ਅਜੋਕਾ ਰੂਪ ਸ਼ਾਇਦ ਪੇਲੀਓਸੀਨ ਕਾਲ ਦੇ ਅਖ਼ੀਰ ਵਿਚ ਲਗਭਗ 40,000,000 ਵਰ੍ਹੇ ਪਹਿਲਾਂ ਬਣਿਆ ਸੀ ਜਦੋਂ ਰਚਨਾਤਮਕ ਉਥਲ-ਪੁਥਲ ਨੇ ਏਸ਼ੀਆ ਕੋਚਿਕ ਵਿਚ ਕੈਸਪੀਅਨ ਬੇਸਿਨ ਨੂੰ ਰੂਮ ਸਾਗਰ ਨਾਲੋਂ ਵੱਖ ਕਰ ਦਿਤਾ ਸੀ। ਕਾਲੇ ਸਾਗਰ ਦਾ ਨਵਾਂ ਹੋਂਦ ਵਿਚ ਆਇਆ ਬੇਸਿਨ ਹੌਲੀ ਹੌਲੀ ਸਮੁੰਦਰ ਤੋਂ ਵੱਖ ਹੋ ਗਿਆ ਅਤੇ ਇਸ ਦਾ ਖਾਰਾਪਨ ਘਟ ਗਿਆ ਅਤੇ ਉਸ ਸਮੇਂ ਕਰੀਮੀਆ ਅਤੇ ਕਾਕਾਸੱਸ ਸ਼ਾਇਦ ਇਸ ਦੇ ਦੀਪ ਹੁੰਦੇ ਸਨ।




ਕਾਲਾ ਸਾਗਰ

ਲਗਭਗ 25,000,000 ਵਰ੍ਹੇ ਪਹਿਲਾਂ ਦੇ ਨੇੜੇ ਤੇੜੇ ਕਾਲਾ ਸਾਗਰ ਕਈ ਸਮੁੰਦਰੀ ਝੀਲਾਂ ਵਿਚੋਂ ਦੀ ਵਗਿਆ ਪਰ ਹੌਲੀ ਹੌਲੀ ਕੈਸਪੀਅਨ ਖੇਤਰ ਨਾਲੋਂ ਵੱਖ ਹੋ ਗਿਆ। ਜਿਉਂ ਜਿਉਂ ਚਾਰ ਚੁਫੇਰੇ ਪਾਂਟਿਕ, ਕਾਕੇਸ਼ੀਅਨ ਕਰੀਮੀਅਨ ਅਤੇ ਕਾਰਪੇਥੀਐਨ ਪਹਾੜ ਉਪਰ ਉਠਦੇ ਗਏ ਅਤੇ ਖੁਰ ਖੁਰ ਕੇ ਆਉਂਦੇ ਰਹੇ ਦਰਦਰੇ ਮਾਦਿਆਂ ਨੇ ਇਸ ਦੇ ਬੇਸਿਨ ਨੂੰ ਭਰ ਦਿਤਾ। ਇਸ ਤੋਂ ਅੱਗੇ ਹਿਮਯੁੱਗ ਵਿਚ ਗਲੇਸ਼ੀਅਰਾਂ ਦੇ ਨਾਲ ਹੀ ਧਰਤੀ ਵਿਚ ਗਤੀਆਂ ਅਤੇ ਸਮੁੰਦਰੀ ਸਤ੍ਹਾ ਵਿਚ ਤਬਦੀਲੀਆਂ ਆਉਂਦੀਆਂ ਰਹੀਆਂ ਜਿਨ੍ਹਾਂ ਨਾਲ ਇਸ ਦਾ ਟੁੱਟਵਾਂ ਭੱਜਵਾਂ ਜਿਹਾ ਸੰਪਰਕ ਰੂਮ ਸਾਗਰ ਨਾਲ ਬਣਿਆ ਰਿਹਾ। ਅਖ਼ੀਰਲੇ ਵੱਡੇ ਗਲੇਸ਼ੀਅਰਾਂ ਦੇ ਦੌਰਾਨ ਨਵੇਂਵਕਸਿੱਕਸੀ ਝੀਲ ਹੋਂਦ ਵਿਚ ਆਈ ਅਤੇ 6000 ਤੋਂ 8000 ਵਰ੍ਹੇ ਪਹਿਲਾਂ ਰੂਮ ਸਾਗਰ ਨਾਲ ਅਜੋਕਾ ਸੰਪਰਕ ਪੈਦਾ ਹੋਇਆ। ਵੱਡੇ ਵੱਡੇ ਭੂਚਾਲ (ਉਦਾਹਰਣ ਦੇ ਤੌਰ ਤੇ 1927 ਦਾ ਕ੍ਰੀਮੀਆ ਭੂਚਾਲ) ਵੀ ਇਸੇ ਖੇਤਰ ਵਿਚ ਆਉਂਦੇ ਰਹੇ ਹਨ।

**ਜਲਵਾਯੂ**—ਕਾਲੇ ਸਾਗਰ ਦਾ ਜਲਵਾਯੂ ਲਗਭਗ ਸਾਰਾ ਹੀ ਸੁਖਾਵਾਂ ਹੈ। ਇਥੇ ਘੱਟ ਗਰਮੀਆਂ, ਨਿੱਘੀਆਂ ਪੱਤਝੜਾਂ, ਥੋੜ੍ਹਾ ਚਿਰ ਲਈ ਸਰਦੀਆਂ ਅਤੇ ਲੰਬੀਆਂ ਬਹਾਰਾਂ ਰਹਿੰਦੀਆਂ ਹਨ। ਦੱਖਣੀ ਕਰੀਮੀਆ ਦੱਖਣੀ-ਪੂਰਬੀ ਤੱਟਾਂ ਤੇ ਵੀ ਵਧੀਆ ਜਲਵਾਯੂ ਮਿਲਦੀ ਹੈ। ਸਰਦੀਆਂ ਵਿਚ ਸਾਈਬੇਰੀਅਨ ਪ੍ਰਤਿਚੱਕਰਵਾਤ ਦੇ ਵਧਾਉ ਠੰਢੀ ਹਵਾ ਦੀ ਪ੍ਰਬਲ ਰੌਂ ਪੈਦਾ ਕਰਦੇ ਹਨ ਅਤੇ ਉੱਤਰੀ-ਪੱਛਮੀ ਕਾਲਾ ਸਾਗਰ ਕਾਫ਼ੀ ਠੰਡਾ ਹੋ ਜਾਂਦਾ ਹੈ ਅਤੇ ਨਿਯਮਿਕ ਤੌਰ'ਤੇ ਬਰਫ ਪੈਣ ਲਗ ਪੈਂਦੀ ਹੈ। ਪੂਰਬੀ ਹਿੱਸਾ ਜਿਸ ਨੂੰ ਕਾਕਾਸੱਸ ਠੰਢੀ ਹਵਾ ਤੋਂ ਬਚਾਉਂਦਾ ਹੈ, ਕਾਫ਼ੀ ਸੁਖਾਵਾਂ ਹੈ। ਸਰਦੀਆਂ ਵਿਚ ਧਰੁਵੀ ਮਹਾਂਦੀਪੀ ਹਵਾ (ਜੋ ਸਾਲਾਨਾ ਔਸਤਨ 185 ਦਿਨ ਵਗਦੀ ਹੈ) ਦੇ ਨਾਲ ਪ੍ਰਬਲ ਉੱਤਰ-ਪੂਰਬੀ ਪੌਣ ਚਲਦੀ ਹੈ। ਤੇਜ਼ ਤਾਪਮਾਨ ਡਿਗ ਜਾਂਦਾ ਹੈ ਅਤੇ ਵਰਖਾ ਆਮ ਹੋਣ ਲਗ ਪੈਂਦੀ ਹੈ ਅਤੇ ਹਵਾ ਸਾਗਰ ਦੇ ਸੁਖਾਵੇਂ ਪੂਰਬੀ ਹਿੱਸਿਆਂ ਦੇ ਉਤੋਂ ਦੀ ਗੁਜ਼ਰਨ ਉਪਰੰਤ ਗਰਮ ਅਤੇ ਸਿੱਲ੍ਹੀ ਹੋ ਜਾਂਦੀ ਹੈ। ਰੂਮ ਸਾਗਰੀ ਖੇਤਰਾਂ ਤੋਂ ਆਉਣ ਵਾਲੀ ਊਸ਼ਣ-ਖੰਡੀ ਹਵਾ (ਜੋ ਔਸਤਨ 87 ਦਿਨ ਅਸਰ ਪਾਉਂਦੀ ਹੈ) ਹਮੇਸ਼ਾ ਗਰਮ ਅਤੇ ਸਿੱਲ੍ਹੀ ਹੁੰਦੀ ਹੈ। ਕਦੇ-ਕਦਾਈਂ ਪੂਰਬੀ ਯੂਰਪ ਤੋਂ ਪਾਰ ਅੰਧ ਮਹਾਂਸਾਗਰ ਤੋਂ ਆਉਣ ਵਾਲੀਆਂ ਪੌਣਾਂ ਵਰਖਾ ਅਤੇ ਤੇਜ਼ ਝੱਖੜ-ਝਾਂਜੇ ਲਿਆਉਂਦੀਆਂ ਹਨ।

ਸਾਗਰ ਦੇ ਕੇਂਦਰੀ ਹਿੱਸੇ ਵਿਚ ਜਨਵਰੀ ਮਹੀਨੇ ਵਿਚ ਹਵਾ ਦਾ ਔਸਤਨ ਤਾਪਮਾਨ ਲਗਭਗ 8° ਸੈਂ. ਹੈ ਜੋ ਪੱਛਮ ਵੱਲ ਨੂੰ ਘੱਟ ਕੇ 2-3° ਸੈ. ਹੋ ਜਾਂਦਾ ਹੈ। ਬਹਾਰ ਦੀ ਰੁੱਤ ਵਿਚ ਹਵਾ ਦਾ ਤਾਪਮਾਨ ਹਰ ਸਥਾਨ ਤੇ 16° ਸੈਂ. ਦੇ ਨੇੜੇ ਪਹੁੰਚ ਜਾਂਦਾ ਹੈ ਅਤੇ ਗਰਮੀਆਂ ਦੀ ਰੁੱਤ ਵਿਚ 24° ਸੈਂ. ਤੀਕ ਉੱਚਾ ਹੋ ਜਾਂਦਾ ਹੈ। ਉੱਤਰ-ਪੱਛਮ ਵਿਚ ਸਰਦੀਆਂ ਦੇ ਤੁਸਾਰਾਂ ਦੌਰਾਨ ਨਿਰਪੇਖ ਘੱਟ ਤੋਂ ਘੱਟ ਤਾਪਮਾਨ 30° ਸੈਂ. ਪਹੁੰਚ ਜਾਂਦਾ ਹੈ ਜਦੋਂ ਕਿ ਗਰਮੀਆਂ ਵਿਚ ਕਰੀਮੀਆ ਵਿਚ 37° ਸੈਂ. ਹੁੰਦਾ ਹੈ। ਸਰਦੀਆਂ ਵਿਚ ਹਰ ਥਾਂ ਉਤੇ ਪੌਣਾਂ ਬਹੁਤ ਪ੍ਰਬਲ ਹੁੰਦੀਆਂ ਹਨ।

**ਖਾਰਾਪਣ**—ਕਾਲੇ ਸਾਗਰ ਦਾ ਔਸਤ ਖਾਰਾਪਣ 22% ਹੈ ਪਰ ਬਾਸਪੋਰਸ ਦੇ ਸਥਾਨ ਤੇ ਜਿਥੇ ਇਸ ਵਿਚ ਮਾਰਮਾਰਾ ਸਾਗਰ ਦਾ ਪਾਣੀ ਮਿਲਦਾ ਹੈ, ਖਾਰਾਪਣ ਵਧਕੇ 38% ਹੋ ਜਾਂਦਾ ਹੈ।

ਕਾਲੇ ਸਾਗਰ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਆਕਸੀਜਨ ਕੇਵਲ ਇਸ ਦੇ ਉਪਰਲੇ ਹਿੱਸੇ ਵਿਚ ਹੀ ਮਿਲਦੀ ਹੈ। ਕੇਂਦਰ ਵਿਚ ਪੰਜ ਸੌ ਫੁੱਟ ਅਤੇ ਆਲੇ ਦੁਆਲੇ ਹਜ਼ਾਰ ਫੁੱਟ ਤੋਂ ਹੇਠਾਂ ਹਾਈਡਰੋਜਨ ਸਲਫ਼ਾਈਡ ਨੇ ਸਮੁੰਦਰ ਦਾ ਸਾਰਾ ਵਾਤਾਵਰਨ ਖਰਾਬ ਕਰ ਰੱਖਿਆ ਹੈ ਜਿਥੇ ਜਾਨਵਰਾਂ ਦਾ ਜੀਣਾ ਮੁਸ਼ਕਲ ਹੈ ਅਤੇ ਇਸ ਨੂੰ 'ਮ੍ਰਿਤੂ ਖੰਡ' ਆਖਦੇ ਹਨ।

ਰੌਂਆਂ ਇਸ ਵਿਚ ਪੌਣਾਂ ਨਾਲ ਚਲਦੀਆਂ ਹਨ ਅਤੇ ਇਥੇ ਦੀ ਮੁੱਖ ਰੌਂ ਖੱਬੇ ਗੇੜ ਚਲਦੀ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਕਾਲੇ ਸਾਗਰ ਦਾ ਜਣਨਕ ਵਿਰਸਾ ਰੂਮ ਸਾਗਰੀ ਹੈ। ਸਾਗਰ ਦੇ ਕੁਝ ਹਿੱਸੇ ਜੀਵਾਂ ਦੀ ਉਤਪਤੀ ਨਾਲ ਭਰੇ ਪਏ ਹਨ। ਇਸ ਪਹਿਲੂ ਤੋਂ ਇਸ ਦੀ ਸ਼ਾਖਾ-ਅਜ਼ੋਵ ਸਾਗਰ ਦੁਨੀਆ ਵਿਚ ਸਭ ਤੋਂ ਭਰਪੂਰ ਹੈ। ਸੂਖਮ ਜੀਵਾਣੂਆਂ ਦੇ ਸਾਰੇ ਵੱਡੇ ਗਰੁੱਪ ਸਾਗਰ ਵਿਚ ਮਿਲਦੇ ਹਨ। ਇਨ੍ਹਾਂ ਵਿਚੋਂ ਵਧੇਰੇ ਸਤ੍ਹਾ ਦੀ ਉਪਰਲੀ ਪਤਲੀ ਤਹਿ ਵਿਚ ਉਤਪੰਨ ਹੁੰਦੇ ਹਨ। ਹਾਈਡਰੋਜਨ ਸਲਫ਼ਾਈਡ ਜ਼ੋਨ ਵਿਚ ਥੋੜ੍ਹੇ ਜਿਹੇ ਅਨਐਕਸੀ ਬੈਕਟੀਰੀਆ ਮਿਲਦੇ ਹਨ। ਸਾਹਿਲੀ ਖੇਤਰਾਂ ਵਿਚ ਰੀੜ੍ਹ-ਰਹਿਤ ਪ੍ਰਾਣੀਆਂ ਦੇ ਆਂਡੇ ਅਤੇ ਲਾਰਵੇ ਅਤੇ ਮੱਛੀਆਂ ਮਿਲਦੀਆਂ ਹਨ। ਸਮੁੰਦਰ ਦੇ ਤਲ ਹੇਠਲੀ ਬਨਸਪਤੀ ਅਤੇ ਜੀਵ-ਜੰਤੂ ਦਾ ਖਿਲਾਰ ਰੂਮ-ਸਾਗਰ ਨਾਲੋਂ ਚਾਰ ਜਾਂ ਪੰਜ ਗੁਣਾਂ ਘੱਟ ਹੈ। ਉੱਤਰ-ਪੱਛਮ ਵੱਲ ਦੇ ਘੱਟ ਡੂੰਘੇ ਹਿੱਸੇ ਵਿਚ ਫਿਲੋਫੋਰਾ ਕਿਸਮ ਦੀ ਬਨਸਪਤੀ ਨੇ ਵਿਸਤ੍ਰਿਤ ਖੇਤਰ ਮੱਲਿਆ ਹੋਇਆ ਹੈ। ਸਿੱਪਾਂ ਅਤੇ ਮੋਲਸਕਾਂ ਦੀ ਤਾਂ ਇਸ ਖੇਤਰ ਵਿਚ ਬਹੁਤ ਹੀ ਵਪਾਰਕ ਮਹੱਤਤਾ ਹੈ।

ਇਥੇ ਮੱਛੀਆਂ ਦੀਆਂ ਲਗਭਗ 180 ਜਾਤੀਆਂ ਹਨ। ਸਟਰਜਨ ਸਭ ਤੋਂ ਪ੍ਰਸਿੱਧ ਹਨ। ਇਸ ਤੋਂ ਪਿਛੋਂ ਹੈਰਿੰਗ, ਖਮਸਾ, ਸਪਰੈਟ, ਗਰੇ ਮਲਿੱਟ ਅਤੇ ਸ਼ਾਰਕ ਮੱਛੀਆਂ ਦਾ ਨੰਬਰ ਆਉਂਦਾ ਹੈ।

**ਮਨੁੱਖੀ ਵਰਤੋਂ**—ਕਾਲੇ ਸਾਗਰ ਵਿਚ ਸਾਰਾ ਸਾਲ ਹੀ ਢੋਆ-ਢੁਆਈ ਹੁੰਦੀ ਰਹਿੰਦੀ ਹੈ। ਇਹ ਪੂਰਬੀ ਯੂਰਪੀਅਨ ਦੇਸ਼ਾਂ ਨੂੰ ਦੁਨੀਆ ਦੀਆਂ ਮੰਡੀਆਂ ਨਾਲ ਜਾ ਜੋੜਦੀ ਹੈ। ਓਡੀਸਾ (ਇਕ ਇਤਿਹਾਸਕ ਯੂਕਰੇਨੀਅਨ ਸ਼ਹਿਰ) ਅਤੇ ਰੂਸ ਦੇ ਨਾਲ ਲਗਦੀ ਇਲੀਚਾਈਆਸਕ ਨਵੀਂ ਬੰਦਰਗਾਹ ਦਾ ਸਮੁੰਦਰ ਦੇ ਭਾੜੇ ਵਿਚ ਅੱਧਾ ਹਿੱਸਾ ਹੈ। ਸੋਵੀਅਤ ਕਾਲੇ ਸਾਗਰ ਦੇ ਸਮੁੰਦਰੀ ਬੇੜੇ ਦਾ, ਸਮੁੰਦਰ ਰਾਹੀਂ ਢੋਆ-ਢੁਆਈ ਵਿਚ ਅੱਧਾ ਹਿੱਸਾ ਹੈ।

ਨੋਂਵਰਸਯੀਸਕ ਅਤੇ ਕੁਛ ਹੱਦ ਤੀਕ ਤੁਅੱਪਸਾਈਐ ਅਤੇ ਬਾਤੁੱਮੀ ਦੀਆਂ ਬੰਦਰਗਾਹਾਂ ਤੋਂ ਪੈਟਰੋਲੀਅਮ ਦੀ ਢੋਆ-ਢੁਆਈ ਕੀਤੀ ਜਾਂਦੀ ਹੈ। ਬਲਗਾਰੀਆ ਵਿਚ ਬਰਗਾਸ ਨਿਰਯਾਤ ਦਾ ਵੱਡਾ ਕੇਂਦਰ ਅਤੇ ਵਾਰਨਾ ਆਯਾਤ ਦਾ ਕੇਂਦਰ ਹੈ। ਰੂਮਾਨੀਆ ਵਿਚ ਕਾਨਸਟਾਨਟਸਾ ਤੇਲ ਪੈਦਾ ਕਰਨ ਵਾਲੇ ਖੇਤਰਾਂ ਨੂੰ ਬਦੇਸ਼ੀ ਮੰਡੀਆਂ ਨਾਲ ਜਾ ਜੋੜਦਾ ਹੈ। ਤੁਰਕੀ ਵਿਚ ਇਸਤੰਬੋਲ ਵੱਡੀ ਬੰਦਰਗਾਹ ਹੈ। ਡੈਨਿਊਬ ਬਲਕਾਨ ਦੇਸ਼ਾਂ ਲਈ ਇਕ ਵੱਡੀ ਵਪਾਰਕ ਕੜੀ ਦਾ ਕੰਮ ਦਿੰਦੀ ਹੈ।

ਕਾਲੇ ਸਾਗਰ ਵਿਚੋਂ ਮੱਛੀ ਸਭ ਤੋਂ ਵੱਧ ਮਿਲਦੀ ਹੈ ਅਤੇ ਸੋਵੀਅਤ ਯੂਨੀਅਨ ਕੁੱਲ ਝੋਲ ਦਾ 2/3 ਹਿੱਸਾ ਢੱਕ ਲੈਂਦਾ ਹੈ।

ਕਾਲੇ ਸਾਗਰ ਦੇ ਆਲੇ-ਦੁਆਲੇ ਦੀ ਸੁਹਾਵਣੀ ਜਲਵਾਯੂ ਅਤੇ ਖਣਿਜੀ ਚਸ਼ਮਿਆਂ ਨੇ ਇਸ ਸਾਗਰ ਨੂੰ ਸੋਵੀਅਤ ਯੂਨੀਅਨ ਦਾ ਵੱਡਾ ਮਨੋਰੰਜਕ ਅਤੇ ਰੋਕ-ਮੁਕਤ ਕੇਂਦਰ ਬਣਾ ਦਿਤਾ ਹੈ ਅਤੇ ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਕੇਂਦਰ ਕਰੀਮੀਆ ਹੈ। ਬਲਗਾਰੀਆ ਦੇ ਗੋਲਡਨ ਸੈਂਡਜ਼ ਖੇਤਰ ਅਤੇ ਰੋਮਾਨੀਆ ਦੇ ਮੱਮਆਈਆ ਖੇਤਰ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੇ ਹੋਏ ਹਨ।

ਹ. ਪੁ.—ਐਨ. ਬ੍ਰਿ. ਮੈ. 2 : 1096

**ਕਾਲਾ ਹਾਂਡੀ** : ਦੱਖਣ-ਪੱਛਮੀ ਉੜੀਸਾ ਰਾਜ (ਭਾਰਤ) ਦਾ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵੱਲ ਬੋਲਨਗੀਰ, ਉੱਤਰ-ਪੂਰਬ ਵੱਲ

ਬੌਧ-ਖੋਂਡਮਾਲ, ਦੱਖਣ ਵੱਲ ਕੋਰਾਪੁੱਟ ਅਤੇ ਪੱਛਮ ਵੱਲ ਬਸਤਰ (ਮੱਧ ਪ੍ਰਦੇਸ਼) ਦੇ ਜ਼ਿਲ੍ਹੇ ਲਗਦੇ ਹਨ। ਜ਼ਿਲ੍ਹੇ ਦਾ ਕੁਲ ਰਕਬਾ 11,835 ਵ. ਕਿ. ਮੀ. ਤੇ ਆਬਾਦੀ 1,329,780 (1981) ਹੈ । ਭਵਾਨੀ ਪਟਨਾ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਜ਼ਿਲ੍ਹੇ ਦਾ ਕੁਝ ਹਿੱਸਾ ਉਪਜਾਊ ਮੈਦਾਨ ਅਤੇ ਬਾਕੀ ਹਿੱਸਾ ਆਮ ਕਰਕੇ ਪਹਾੜੀ ਹੈ ਜਿਸ ਨੂੰ ਪੂਰਬੀ ਘਾਟ ਲੜੀਆਂ ਪਾਰ ਕਰਦੀਆਂ ਹਨ । ਇੰਦਰਾਵਤੀ ਅਤੇ ਤੇਲ ਦਰਿਆ ਇਸ ਜ਼ਿਲ੍ਹੇ ਨੂੰ ਸਿੰਜਦੇ ਹਨ। ਕਣਕ ਤੇ ਚੌਲ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਜੰਗਲਾਂ ਤੋਂ ਇਮਾਰਤੀ ਲੱਕੜੀ, ਬਾਂਸ ਅਤੇ ਸਾਲ ਦੇ ਦਰੱਖਤ ਆਮ ਮਿਲਦੇ ਹਨ। ਇਥੇ ਬਹੁਤ ਸਾਰੇ ਖਣਿਜੀ ਸਾਧਨ ਅਜੇ ਵੀ ਵਰਤੋਂ ਵਿਚ ਨਹੀਂ ਲਿਆਂਦੇ ਜਾ ਸਕੇ। ਬੇਲਖੰਡੀ ਅਤੇ ਗੁਡਾਹਾਂਡੀ ਪੁਰਾਤਤਵੀ ਸਥਾਨ ਹਨ। ਭਵਾਨੀ ਪਟਨਾ ਵਿਖੇ ਇਕ ਪੁਰਾਣਾ ਮਹਿਲ ਅਤੇ ਇਕ ਸਾਇੰਸ ਕਾਲਜ ਹੈ ।

ਹ. ਪੁ.—ਐਨ. ਬ੍ਰਿ. ਮਾ. 5 : 666

**ਕਾਲਾਹਾਰੀ ਮਾਰੂਥਲ :** ਦੱਖਣੀ ਅਫਰੀਕਾ ਵਿਚ ਚਿਲਮਚੀ ਦੀ ਸ਼ਕਲ ਵਰਗਾ ਇਹ ਰੇਤ-ਭਰਿਆ ਇਕ ਖੇਤਰ ਹੈ ਜੋ 20° ਤੋਂ 28° ਦੱ. ਵਿਥ. ਅਤੇ 19° ਤੋਂ 24° ਪੂ. ਲੰਬ. ਵਿਚਕਾਰ ਸਥਿਤ ਹੈ। ਇਸ ਦੇ ਦੱਖਣ ਵੱਲ ਆਰਿੰਜ ਦਰਿਆ ਉੱਤਰ ਵੱਲ ਜ਼ੈਂਮਬੀਜ਼ੀ ਦਰਿਆ ਦਾ ਮੁਹਾਣਾ, ਪੂਰਬ ਵੱਲ ਟ੍ਰਾਂਸਵਾਲ ਅਤੇ ਰੋਡੇਸ਼ੀਆ (ਜ਼ਿਮਬਾਵਵੇ) ਦੇ ਪਠਾਰ ਅਤੇ ਪੱਛਮ ਵੱਲ ਉੱਤਰੀ-ਪੱਛਮੀ ਅਫਰੀਕਾ ਦੀਆਂ ਉੱਚ-ਭੂਮੀਆਂ ਹਨ। ਇਸ ਦਾ ਕੁਲ ਖੇਤਰਫਲ 260,000 ਵ. ਕਿ. ਮੀ. ਹੈ। ਇਹ ਉਹ ਹਿੱਸਾ ਹੈ ਜਿਸ ਨੂੰ ਆਮ ਬੋਲ ਚਾਲ ਵਿਚ ਮਾਰੂਥਲ ਕਿਹਾ ਜਾਂਦਾ ਹੈ। ਇਹ ਮਾਲੋਪੋ ਦਰਿਆ ਦੇ ਉੱਤਰ ਅਤੇ ਚੋਬੀ ਅਤੇ ਓਕੋਵੈਂਗੋ ਦਲਦਲਾਂ ਦੇ ਦੱਖਣ ਵੱਲ ਕੇਂਦਰੀ ਅਤੇ ਪੱਛਮੀ ਬਾਤਸਵਾਨਾ ਵਿਚ ਸਥਿਤ ਹੈ।

ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਮਾਰੂਥਲ ਦਾ ਵਧੇਰੇ ਹਿੱਸਾ ਇਕ ਪਠਾਰ ਨੇ ਮੱਲਿਆ ਹੋਇਆ ਹੈ ਜੋ ਸਮੁੰਦਰੀ ਤਲ ਤੋਂ ਲਗਭਗ 600 ਮੀ. ਤੋਂ ਲੈ ਕੇ 1500 ਮੀ. ਵਿਚਕਾਰ ਉੱਚੀ ਚਲੀ ਜਾਂਦੀ ਹੈ। ਇਸ ਦੀ ਵਧੇਰੇ ਧਰਾਤਲ ਚਟਾਨੀ ਹੈ ਜਾਂ ਰੇਤ ਦੇ ਟਿੱਬਿਆਂ ਨਾਲ ਭਰੀ ਪਈ ਹੈ। ਇਥੋਂ ਦੀ ਮਿੱਟੀ ਲਾਲ ਰੰਗ ਦੇ ਬਾਰੀਕ ਰੇਤੇ ਵਾਲੀ ਹੈ ਪਰ ਪੁਰਾਣੇ ਦਰਿਆਈ ਵਹਿਣਾਂ ਵਿਚ ਚੀਕਣੀ ਮਿੱਟੀ ਕਾਫ਼ੀ ਮਿਲਦੀ ਹੈ ।

ਪੁਰਾਣੇ ਦਰਿਆਵਾਂ ਦੇ ਕਈ ਵਹਿਣ ਇਸ ਖੇਤਰ ਦੇ ਵਿਚੋਂ ਦੀ ਲੰਘਦੇ ਹਨ। ਕੇਵਲ ਬੋਂਟੇਟੀ ਦਰਿਆ ਹੀ ਇਥੋਂ ਦਾ ਸਥਾਈ ਜਲ-ਨਿਕਾਸ-ਸਿਸਟਮ ਹੈ ਜਿਸ ਨੂੰ ਦਲਦਲਾਂ ਵਿਚ ਆਏ ਮੌਸਮੀ ਹੜ੍ਹ ਪਾਣੀ ਪ੍ਰਦਾਨ ਕਰਦੇ ਹਨ। ਮਾਰੂਥਲ ਦੇ ਉੱਤਰੀ ਸਿਰੇ ਉਤੇ ਨਗਾਮੀ ਝੀਲ ਹੈ ਜੋ ਸਮੁੰਦਰੀ ਤਲ ਤੋਂ ਲਗਭਗ 895 ਮੀ. ਦੀ ਉਚਾਈ ਤੇ ਹੈ।

**ਜਲਵਾਯੂ**—ਇਥੋਂ ਦੀ ਜਲਵਾਯੂ ਗਰਮ ਸਟੈਪੀ ਕਿਸਮ ਵਾਲੀ ਹੈ। ਵਰਖਾ ਸਥਾਨਕ ਅਤੇ ਨਿਯਮਕ ਹੈ । ਇਥੇ ਔਸਤਨ ਸਾਲਾਨਾ ਵਰਖਾ ਪੂਰਬ ਤੋਂ ਪੱਛਮ ਵੱਲ ਨੂੰ 45 ਤੋਂ 20 ਸੈਂ. ਮੀ. ਹੁੰਦੀ ਹੈ। ਧੁਰ ਦੱਖਣ ਵਿਚ ਵਰਖਾ ਦੀ ਮਾਤਰਾ 65 ਸੈਂ. ਮੀ. ਤਕ ਵੀ ਪਹੁੰਚ ਜਾਂਦੀ ਹੈ।

**ਬਨਸਪਤੀ**—ਮਾਰੂਥਲ ਦਾ ਵਧੇਰੇ ਰਕਬਾ ਦਰੱਖਤਾਂ, ਨੀਵੀਆਂ ਝਾੜੀਆਂ ਅਤੇ ਟਾਸਿਕ ਘਾਹਾਂ ਨਾਲ ਢਕਿਆ ਪਿਆ ਹੈ । ਇਥੋਂ ਦੀ ਬਨਸਪਤੀ ਖੁਸ਼ਕ ਜਲਵਾਯੂ ਵਾਲੀ ਹੈ। ਮਾਰੂਥਲ ਦੇ ਉੱਤਰੀ ਹਿੱਸੇ ਵਿਚ ਸਵਾਨਾ ਜੰਗਲ ਹਨ, ਜਿਨ੍ਹਾਂ ਵਿਚ ਇਮਾਰਤੀ ਲਕੜੀ ਵਾਲੇ ਕਈ ਦਰੱਖਤ ਮਿਲਦੇ ਹਨ। ਇਥੋਂ ਦੀ ਝਾੜੀਦਾਰ ਬਨਸਪਤੀ ਵਿਚ ਕਿਤੇ ਕਿਤੇ ਤਾੜ ਦੇ ਦਰੱਖਤ ਅਤੇ ਬੇਓਬੈਂਬ ਦਰੱਖਤ ਅਤੇ ਨਾਲ ਹੀ ਘਾਹ ਦੇ ਪੱਧਰੇ ਮੈਦਾਨ ਹਨ।

ਬੋਂਟੇਟੀ ਦਰਿਆ ਦੇ ਦੱਖਣ ਵੱਲ ਦੀ ਬਨਸਪਤੀ ਵਿਚ ਕੰਡੇਦਾਰ ਜੰਗਲ ਹਨ ਅਤੇ ਅਜਿਹੇ ਜੰਗਲਾਂ ਵਿਚਲੇ ਦਰੱਖਤਾਂ ਦੀ ਉਚਾਈ ਕਦੇ-ਕਦੇ ਲਗਭਗ 8 ਮੀ. ਤੋਂ ਵੀ ਉੱਚੀ ਚਲੀ ਜਾਂਦੀ ਹੈ। ਜਿਉਂ-ਜਿਉਂ ਕਾਲਾਹਾਰੀ ਦੇ ਦੱਖਣ ਵੱਲ ਨੂੰ ਤੁਰੇ ਜਾਈਏ ਦਰੱਖਤਾਂ ਦੀਆਂ ਜਾਤੀਆਂ ਘਟਦੀਆਂ ਜਾਂਦੀਆਂ ਹਨ ਅਤੇ ਅਖ਼ੀਰ ਵਿਚ ਕੇਵਲ ਚਾਰ ਕਿਸਮ ਦੇ ਹੀ ਦਰੱਖਤ ਰਹਿ ਜਾਂਦੇ ਹਨ। ਪਾਨਜ਼ (ਬੰਜਰ ਖੇਤਰ) ਦੇ ਆਲੇ-ਦੁਆਲੇ ਪ੍ਰਾਚੀਨ ਪਥਰੀਲੀ ਵਾਦੀ ਅਤੇ ਰੇਤ ਦੇ ਮੈਦਾਨ ਵਿਚ ਕੰਡਿਆਲੀਆਂ ਝਾੜੀਆਂ ਦੇ ਝੁੰਡ ਹਨ। ਇਨ੍ਹਾਂ ਤੋਂ ਇਲਾਵਾ ਇਥੇ ਮੌਸਮੀ ਪੌਦੇ, ਅੰਗੂਰਾਂ ਜੇਹੀਆਂ ਅਤੇ ਹੋਰ ਵੇਲਾਂ ਹੁੰਦੀਆਂ ਹਨ।

**ਜੀਵ-ਜੰਤੂ**—ਮਾਰੂਥਲ ਵਿਚ ਵੱਖ ਵੱਖ ਕਿਸਮ ਦੇ ਜੀਵ-ਜੰਤੂ ਮਿਲਦੇ ਹਨ। ਦੱਖਣੀ ਭਾਗ ਨਾਲੋਂ ਉੱਤਰੀ ਭਾਗ ਵਿਚ ਜੀਵ-ਜੰਤੂ ਵਧੇਰੇ ਹਨ। ਇਥੋਂ ਤੀਕ ਕਿ ਦੱਖਣ ਵਲ ਦੇ ਵਧੇਰੇ ਖੁਸ਼ਕ ਖੇਤਰਾਂ ਵਿਚ ਜੀਵ-ਜੰਤੂਆਂ ਦੀ ਕਿਸਮ ਹੋਰ ਵੀ ਜ਼ਿਆਦਾ ਹੈ । ਸਤ੍ਹਈ ਜਲ ਨਾ ਹੁੰਦੇ ਹੋਏ ਵੀ, ਸਾਲ ਦੇ ਲੰਬੇ ਸਮੇਂ ਤੀਕ ਕਈ ਜਾਤੀਆਂ ਜਿਉਂਦੀਆਂ ਰਹਿੰਦੀਆਂ ਹਨ । ਬੋਂਟੇਟੀ ਦਰਿਆ ਦੇ ਦੱਖਣ ਵੱਲ ਸਪਰਿੰਗਬਾਕ ਜੰਗਲੀ ਜਾਨਵਰ ਹਾਟਬੀਸਟ (ਇਹ ਸਾਰੇ ਕਦੇ ਕਦੇ ਵੱਡੇ ਦਲਾਂ ਵਿਚ), ਗੈਮਜ਼ਬਾਕ ਇਲੈਂਡ ਆਦਿ ਇਥੋਂ ਦੇ ਮੁੱਖ ਜਾਨਵਰ ਹਨ। ਇਨ੍ਹਾਂ ਤੋਂ ਇਲਾਵਾ ਇਥੇ ਕਈ ਛੋਟੀਆਂ ਛੋਟੀਆਂ ਅਸਮੂਹਿਕ ਜਾਤੀਆਂ ਵਿਚ ਡਿਊਕਰ ਅਤੇ ਸਟੀਨਬਾਕ ਜਿਹੇ ਜਾਨਵਰ ਵੀ ਮਿਲਦੇ ਹਨ । ਸੰਘਣੇ ਝਾੜੀਦਾਰ ਖੇਤਰਾਂ ਵਿਚ ਕੂਡੂ ਜਾਨਵਰ ਮਿਲਦਾ ਹੈ।

ਬੋਂਟੇਟੀ ਦਰਿਆ ਅਤੇ ਮਾਕਗਾਡੀਕਗਾਡੀ ਖੇਤਰ ਵਿਚ ਜ਼ਿਰਾਫ਼, ਜ਼ੈਬਰਾ ਅਤੇ ਹਾਥੀ ਵੀ ਮਿਲਦੇ ਹਨ। ਵਧੇਰੇ ਤਰ ਖੇਤਰਾਂ ਵਿਚ ਜੀਵ-ਜੰਤੂਆਂ ਦੀ ਗਿਣਤੀ ਅਤੇ ਕਿਸਮਾਂ ਵਧਦੀਆਂ ਜਾਂਦੀਆਂ ਹਨ। ਮੱਝਾਂ, ਰੋਨ, ਸੇਬਲ, ਬਾਰਾਸਿੰਗਾ, ਦੱਖਣੀ ਅਫਰੀਕਨ ਬਾਰਾਸਿੰਗੇ, ਇੰਪਾਲਾ ਅਤੇ ਹੋਰ ਕਈ ਜਾਤੀਆਂ ਵੇਖੀਆਂ ਜਾਂਦੀਆਂ ਹਨ। ਸ਼ਿਕਾਰਖੋਰ ਜਾਨਵਰ ਜਿਵੇਂ ਬੱਬਰ ਸ਼ੇਰ, ਸਾਰੇ ਥਾਂ ਹੀ ਹਨ। ਇਥੇ ਥੋੜ੍ਹੇ ਜਿਹੇ ਚੀਤੇ ਅਤੇ ਲਿੰਕਸ ਵੀ ਮਿਲਦੇ ਹਨ। ਲਕੜ-ਬੱਗਾ, ਕੇਪ, ਸ਼ਿਕਾਰੀ ਕੁੱਤਾ, ਲੂੰਬੜ, ਗਿੱਦੜ, ਕਈ ਕਿਸਮ ਦੀਆਂ ਜੰਗਲੀ ਬਿੱਲੀਆਂ, ਵੱਾਰਟ ਹੱਗ ਅਤੇ ਬੁਸ਼ਪਿੱਗ, ਬੈਬੂਨ, ਬਿੱਜੂ, ਕੀੜੀ-ਖੋਰ, ਵੱਡੇ ਕੀੜੀ-ਖੋਰ, ਖਰਗੋਸ਼ ਅਤੇ ਨਾਲ ਹੀ ਕਈ ਕੁਤਰਨ ਪ੍ਰਾਣੀ ਜਿਵੇਂ ਸੇਹ, ਗਾਲ੍ਹੜ, ਟਪੂਸੀਆਂ ਮਾਰਨ ਵਾਲੇ ਖਰਗੋਸ਼, ਜਰਬਿਲ ਚੂਹੇ ਅਤੇ ਡੋਰਮਾਈਸ ਆਦਿ ਵਰਗੇ ਕਈ ਹੋਰ ਜੀਵ-ਜੰਤੂ ਵੀ ਇਥੇ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਇਥੇ ਕਈ ਕਿਸਮ ਦੇ ਸੱਪ ਆਦਿ ਰੀਂਗਣ ਵਾਲੇ ਪ੍ਰਾਣੀ ਵੀ ਮਿਲਦੇ ਹਨ। ਪੰਛੀ ਵੀ ਕਾਫ਼ੀ ਮਿਲਦੇ ਹਨ।

**ਲੋਕ**—ਇਥੇ ਲਗਭਗ 79,000 ਬੰਟੂ ਭਾਸ਼ਾ ਬੋਲਣ ਵਾਲੇ ਅਫ਼ਰੀਕੀ, 500 ਯੂਰਪੀ ਅਤੇ 17,000 ਜਾਂਗਲੀ ਰਹਿੰਦੇ ਹਨ। ਇਥੋਂ ਦੇ ਵਧੇਰੇ ਲੋਕ ਭੇਡਾਂ ਪਾਲਦੇ ਹਨ ਅਤੇ ਚਾਰੇ ਦੀ ਭਾਲ ਵਿਚ ਫਿਰਤੂ ਜੀਵਨ ਬਤੀਤ ਕਰਦੇ ਹਨ। ਤਰ ਖੇਤਰਾਂ ਵਿਚ ਸ਼ਿਕਾਰ ਖੇਡਣਾ ਅਤੇ ਪਸ਼ੂ ਚਰਾਉਣੇ ਹੀ ਇਥੋਂ ਦੇ ਲੋਕਾਂ ਦੇ ਨਿਰਬਾਹ ਦਾ ਵਸੀਲਾ ਹਨ। ਇਥੇ ਤਰਬੂਜ਼, ਖੀਰੇ, ਕੱਦੂ, ਬੀਨ ਅਤੇ ਅਨਾਜੀ ਫਸਲਾਂ ਵੀ ਬੀਜੀਆਂ ਜਾ ਸਕਦੀਆਂ ਹਨ।

ਸ਼ੁਰੂ ਦੇ ਯਾਤਰੀਆਂ ਲਈ ਕਾਲਾਹਾਰੀ ਮਾਰੂਥਲ ਇਕ ਵੱਡੀ ਰੋਕ ਹੁੰਦੀ ਸੀ ਕਿਉਂਕਿ ਇਥੇ ਕਈ ਪਹਿਲੀਆਂ ਕੋਸ਼ਿਸ਼ਾਂ ਅਸਫਲ ਹੋ ਚੁੱਕੀਆਂ ਸਨ। ਇਸ ਲਈ ਬਹੁਤ ਸਾਰੇ ਯਾਤਰੀ ਕੇਂਦਰੀ ਕਾਲਾਹਾਰੀ ਦੇ ਵਿਚੋਂ ਦੀ ਲੰਘਣ ਤੋਂ ਕੰਨੀ ਕਤਰਾਉਂਦੇ ਸਨ । ਸੰਨ 1849 ਵਿਚ ਡੇਵਿਡ ਲਿਵਿੰਗਸਟੋਨ ਅਤੇ 'ਵਿਲੀਅਮ ਸੀ, ਆਜਵੈੱਲ' ਨੇ ਇਸ ਨੂੰ ਪਹਿਲੀ ਵਾਰ ਪਾਰ ਕੀਤਾ ਸੀ।

ਅੰਤਰ-ਦਹਿਨ ਇੰਜਣ ਦੇ ਹੋਂਦ ਵਿਚ ਆਉਣ ਨਾਲ ਦੂਰ-ਦੁਰੇਡੀਆਂ ਥਾਵਾਂ ਤੇ ਵੀ ਪਹੁੰਚਣਾ ਆਸਾਨ ਹੋ ਗਿਆ ਹੈ। ਇਸ ਤਰੀਕੇ

ਨਾਲ ਕਾਲਾਹਾਰੀ ਮਾਰੂਥਲ ਨੂੰ ਪਾਰ ਕਰਨ ਦੀ ਪਹਿਲੀ ਕੋਸ਼ਿਸ਼ ਸੰਨ 1925 ਵਿਚ ਕੀਤੀ ਗਈ ਜਦੋਂ ਕਿ ਕੇਂਦਰੀ ਕਾਲਾਹਾਰੀ ਨੂੰ ਪੂਰਬ ਤੋਂ ਪੱਛਮ ਨੂੰ ਇਕ ਟੱਕਰ ਦੁਆਰਾ ਪਾਰ ਕੀਤਾ ਗਿਆ ਸੀ । ਖਿੰਡੀ-ਪੁੰਡੀ ਵਸੋਂ ਹੋਣ ਕਾਰਨ ਇਥੇ ਸੜਕਾਂ ਅਤੇ ਰਸਤੇ ਆਮ ਨਹੀਂ ਹਨ ।

ਸੁਰੱਖਿਅਤ ਸੜਕਾਂ ਪ੍ਰਬੰਧਕੀ ਕੇਂਦਰਾਂ, ਵੱਡੇ ਰਿਹਾਇਸ਼ੀ ਸਥਾਨਾਂ ਅਤੇ ਦੱਖਣ-ਪੱਛਮ ਅਤੇ ਉੱਤਰ-ਪੱਛਮ ਵੱਲ ਦੇ ਸੀਮਾਂਤਕ ਖੇਤੀ ਵਾਲੇ ਖੇਤਰਾਂ ਨੂੰ ਆਪਸ ਵਿਚ ਜੋੜਦੀਆਂ ਹਨ । ਹੁਣ ਬਣਾਈਆਂ ਗਈਆਂ ਸੜਕਾਂ ਪੂਰਬੀ ਬਾਤਸਵਾਨਾ ਨੂੰ ਓਕੋਵੈਂਗੋ ਦਲਦਲਾਂ ਅਤੇ ਮਾਕਗਾਡੀ-ਕਗਾਡੀ ਦੇ ਦੱਖਣ ਵੱਲ ਦੀਆਂ ਖਾਣਾਂ ਦੇ ਵਿਕਾਸ ਵਾਲੀਆਂ ਥਾਵਾਂ ਨਾਲ ਜੋੜਦੀਆਂ ਹਨ ।

ਮਾਰੂਥਲ ਦੇ ਦੱਖਣ-ਪੱਛਮੀ ਹਿੱਸੇ ਵਿਚ ਕਾਲਾਹਾਰੀ ਨੈਸ਼ਨਲ ਪਾਰਕ (8545 ਵ. ਕਿ. ਮੀ.) ਹੈ ।

ਹ. ਪੁ.—ਐਨ. ਬ੍ਰਿ. ਮੈ.; 10:373; ਕੋਲ. ਐਨ. 11:109; ਐਨ. ਅਮੈ. 16 : 280

**ਕਾਲਾਨ, ਚਾਰਲਸ ਅਲੈੱਗਜ਼ਾਂਦਰ ਡੇ :** ਫ਼ਰਾਂਸ ਦੇ ਇਸ ਰਾਜਨੀਤੀਵਾਨ ਦਾ ਜਨਮ 20 ਜਨਵਰੀ, 1734 ਨੂੰ ਦੂਏ ਵਿਖੇ ਹੋਇਆ । ਫਰਾਂਸੀਸੀ ਆਰਥਿਕਤਾ ਦੇ ਢਾਂਚੇ ਨੂੰ ਸੁਧਾਰਨ ਦੀਆਂ ਇਸ ਦੀਆਂ ਕੋਸ਼ਿਸ਼ਾਂ ਕਾਰਨ 'ਰਿਵੋਲਟ ਆਫ ਦੀ ਨੋਬਲਜ਼' ਸ਼ੁਰੂ ਹੋ ਗਿਆ । ਫਰਾਂਸ ਦੀ ਕ੍ਰਾਂਤੀ ਦਾ ਕਾਰਨ ਵੀ ਇਸਦੀਆਂ ਇਹੋ ਕੋਸ਼ਿਸ਼ਾਂ ਹੀ ਸਨ । ਸੰਨ 1757 ਤੋਂ 1766 ਤਕ ਇਸਨੇ ਕਈ ਕਾਨੂੰਨੀ ਅਤੇ ਪ੍ਰਬੰਧਕੀ ਆਸਾਮੀਆਂ ਤੇ ਕੰਮ ਕੀਤਾ ।

3 ਨਵੰਬਰ, 1783 ਨੂੰ ਵਿਤ ਕੰਟਰੋਲਰ-ਜਨਰਲ ਨਿਯੁਕਤ ਕਰ ਦਿਤਾ ਗਿਆ । ਇਸਦਾ ਮੁੱਖ ਕਾਰਜ ਅਮਰੀਕੀ ਕ੍ਰਾਂਤੀ ਪਿਛੋਂ ਵਿੱਤ ਵਿਚ ਕਟੌਤੀ ਤੇ ਸੁਧਾਰ ਕਰਨਾ ਸੀ । ਇਸਨੇ 1785 ਈ. ਵਿਚ ਸੋਨੇ ਦੇ ਸਿੱਕਿਆਂ ਵਿਚ ਸੁਧਾਰ ਕੀਤਾ । ਸੰਨ 1786 ਵਿਚ ਇਸ ਨੇ ਰਾਸ਼ਟਰੀ ਦਿਵਾਲਾਪਣ ਨੂੰ ਰੋਕਣ ਦੀ ਕੋਸ਼ਿਸ਼ ਕੀਤੀ । ਇਸ ਮੰਤਵ ਲਈ ਇਸ ਨੇ ਕਈ ਕਿਸਮ ਦੇ ਸੁਝਾਅ ਪੇਸ਼ ਕੀਤੇ । ਅਪ੍ਰੈਲ, 1787 ਨੂੰ ਇਸ ਨੂੰ ਨੌਕਰੀ ਤੋਂ ਹਟਾ ਦਿਤਾ ਗਿਆ ।

ਸੰਨ 1787 ਵਿਚ ਹੀ ਇਹ ਫਰਾਂਸ ਛੱਡ ਗਿਆ । ਪਿਛੋਂ ਇਹ ਸੰਵਿਧਾਨਕ ਅਸੈਂਬਲੀ ਦੀ ਵਿਤੀ ਅਤੇ ਧਾਰਮਿਕ ਨੀਤੀ ਦਾ ਕਰੜਾ ਆਲੋਚਕ ਬਣ ਗਿਆ । ਸੰਨ 1802 ਵਿਚ ਇਹ ਫਰਾਂਸ ਵਾਪਸ ਆ ਗਿਆ । ਇਸੇ ਹੀ ਸਾਲ 29 ਅਕਤੂਬਰ ਨੂੰ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 4. 661

**ਕਾਲਾ ਪਹਾੜ :** ਕਾਲਾ ਪਹਾੜ ਦੇ ਵੰਸ਼, ਕਾਰਨਾਮਿਆਂ ਅਤੇ ਜੀਵਨ-ਕਾਲ ਦੇ ਸਬੰਧ ਵਿਚ ਵਿਦਵਾਨ ਇਕ ਮੱਤ ਨਹੀਂ ਹਨ, ਐਪਰ ਭਾਸਦਾ ਇਹ ਹੈ ਕਿ ਅਸਲ ਵਿਚ ਇਤਿਹਾਸ-ਪ੍ਰਸਿੱਧ ਕਾਲਾ ਪਹਾੜ ਨਾਂ ਦੇ ਦੋ ਵਿਅਕਤੀ ਸਨ ਜਿਨ੍ਹਾਂ ਦੇ ਕਾਰਜ-ਖੇਤਰ ਦੇ ਸਮੇਂ ਭਿੰਨ ਹਨ । ਕਾਲਾ ਪਹਾੜ ਪਹਿਲਾ (ਅਸਲੀ ਨਾਂ ਮੁਹੰਮਦ ਖ਼ਾਂ ਫ਼ਾਰਮੂਲੀ) ਸੁਲਤਾਨ ਬਹਿਲੋਲ ਲੋਧੀ ਦਾ ਭਣੇਵਾਂ ਸੀ । ਅਜਿਹਾ ਸੰਭਵ ਹੈ ਕਿ ਹੁਸੈਨ ਸ਼ਾਹ ਸ਼ਰਕੀ ਵਿਰੁੱਧ ਯੁੱਧ ਵਿਚ ਸਹਾਇਤਾ ਦੇਣ ਦੇ ਇਨਾਮ ਵਜੋਂ ਸੁਲਤਾਨ ਨੇ ਇਸ ਨੂੰ ਅਵਧ ਦਾ ਇਲਾਕਾ ਅਤੇ ਕੁਝ ਪਰਗਨੇ ਦਿਤੇ ਹੋਣ । ਪਹਿਲਾਂ ਇਹ ਬਾਰਬਕਸ਼ਾਹ ਦਾ ਸੈਨਾਪਤੀ ਸੀ ਐਪਰ ਜਾਂਨਸ਼ੀਨੀ ਯੁੱਧ ਵਿਚ ਉਸਦੀ ਹਾਰ ਹੋਣ ਤੇ ਕਾਲਾ ਪਹਾੜ ਉਸਦੇ ਜੇਤੂ ਭਾਈ ਸਕੰਦਰ ਲੋਧੀ ਅਧੀਨ ਇਕ ਸਰਦਾਰ ਬਣ ਗਿਆ । ਇਬਰਾਹੀਮ ਲੋਧੀ ਦੇ ਰਾਜ ਕਾਲ ਦੇ ਅੰਤਲੇ ਦਿਨਾਂ ਵਿਚ ਇਸਦੀ ਮੌਤ ਹੋਈ । ਪ੍ਰਸਿੱਧ ਜੰਗਜੂ ਹੁੰਦੇ ਹੋਏ ਵੀ ਇਸਨੇ ਆਪਣੇ ਕੰਜੂਸ ਸੁਭਾਅ ਕਾਰਨ ਬੇ-ਸ਼ੁਮਾਰ ਦੌਲਤ ਇਕੱਠੀ ਕੀਤੀ ਸੀ ।

ਕਾਲਾ ਪਹਾੜ ਦੂਜਾ (ਉਪਨਾਮ ਰਾਜੂ) ਭਾਵੇਂ ਅਫ਼ਗਾਨ ਇਤਿਹਾਸਕਾਰਾਂ ਦੁਆਰਾ ਅਫ਼ਗਾਨ ਜਾਤੀ ਦਾ ਦਸਿਆ ਜਾਂਦਾ ਹੈ ਐਪਰ ਸੰਭਵ ਹੈ ਕਿ ਇਹ ਜਾਤ ਦਾ ਬ੍ਰਾਹਮਣ ਸੀ । ਇਸਨੇ ਪਿਆਰ ਹਿਤ ਆਪਣਾ ਧਰਮ ਬਦਲ ਲਿਆ ਅਤੇ ਬਾਅਦ ਵਿਚ ਇਕ ਕੱਟੜ ਬੁਤਸ਼ਿਕਨ ਵਜੋਂ ਪ੍ਰਸਿੱਧ ਹੋਇਆ । ਉਸ ਵੇਲੇ ਦੇ ਲੋਕਾਂ ਅਨੁਸਾਰ ਉਹ ਇਕ ਬਹੁਤ ਡਰਾਉਣਾ ਅਤੇ ਬੇਰਹਿਮ ਵਿਅਕਤੀ ਸੀ ਅਤੇ ਉਸ ਦੇ ਆਉਣ ਤੇ ਦੇਵਤਿਆਂ ਦੀਆਂ ਮੂਰਤੀਆਂ ਆਪਣੇ ਆਪ ਹੀ ਕੰਬ ਉਠਦੀਆਂ ਸਨ । ਇਹ ਬੰਗਾਲ ਦੇ ਰਾਜਾ ਸੁਲੇਮਾਨ ਕਰੌਨੀ ਦਾ ਸੈਨਾਪਤੀ ਸੀ । ਲੁੱਟਮਾਰ ਅਤੇ ਜਹਾਦ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਹੀ ਇਸ ਨੇ ਸਭ ਤੋਂ ਪਹਿਲਾਂ ਬਿਹਾਰ ਉਤੇ ਹਮਲਾ ਕੀਤਾ । ਜਦੋਂ ਜਾਜਪੁਰ ਤੋਂ ਅਫ਼ਗਾਨ ਫ਼ੌਜ ਜਗਨ ਨਾਥ ਦੇ ਪ੍ਰਸਿੱਧ ਮੰਦਰ ਤੇ ਪੁੱਜੀ ਤਾਂ ਆਮ ਲੋਕਾਂ ਨੂੰ ਇਸ ਦੇ ਆ ਜਾਣ ਦਾ ਵਿਸ਼ਵਾਸ ਹੀ ਨਾ ਹੋਇਆ ਅਤੇ ਅੰਧ-ਵਿਸ਼ਵਾਸ ਕਾਰਨ ਦੇਵਤੇ ਦੀ ਕ੍ਰਿਪਾ ਨਾਲ ਸੁਰੱਖਿਅਤ ਸਮਝੇ ਜਾਣ ਕਾਰਨ ਕੋਈ ਖ਼ਾਸ ਫ਼ੌਜੀ ਤਿਆਰੀ ਵੀ ਨਹੀਂ ਸੀ ਕੀਤੀ ਗਈ । ਮੰਦਰ ਨੂੰ ਤਬਾਹ ਕਰਕੇ ਹਮਲਾਵਰਾਂ ਨੇ ਇੰਨੀ ਦੌਲਤ ਲੁੱਟੀ ਕਿ ਹਰ ਇਕ ਸਿਪਾਹੀ ਦੇ ਹਿੱਸੇ ਇਕ ਜਾਂ ਦੋ ਸੋਨੇ ਦੀਆਂ ਮੂਰਤੀਆਂ ਆਈਆਂ । ਉਸ ਤੋਂ ਬਾਅਦ ਇਸ ਦੀ ਫ਼ੌਜ ਨੇ ਆਸਾਮ ਵਲ ਰੁਖ ਕੀਤਾ । ਕੂਚ ਬਿਹਾਰ ਦੇ ਰਾਜਾ ਨਰਨਰਾਇਣ ਦੇ ਸੈਨਾਪਤੀ ਸ਼ੁਕਲਧਵਜ (ਚੀਲਾ ਰਾਇ) ਨੂੰ ਹਰਾ ਕੇ ਕਾਮਾਖਿਆ ਅਤੇ ਹਾਜੋ ਦੇ ਪ੍ਰਸਿੱਧ ਮੰਦਰਾਂ ਤੋਂ ਇਲਾਵਾ ਹੋਰਨਾਂ ਅਨੇਕ ਮੰਦਰਾਂ ਨੂੰ ਢਹਿ ਢੇਰੀ ਕਰਦਾ ਹੋਇਆ ਇਹ ਬੰਗਾਲ ਪਰਤਿਆ । ਮੁਗ਼ਲ ਸਮਰਾਟ ਅਕਬਰ ਦੇ ਬੰਗਾਲ ਦੇ ਹਮਲੇ ਸਮੇਂ ਕਾਲਾ ਪਹਾੜ ਨੇ ਹੋਰਨਾਂ ਸਰਦਾਰਾਂ ਨਾਲ ਘੋੜਾ ਘਾਟ ਨਾਮੀ ਅਸਥਾਨ ਤੇ ਮੁਗ਼ਲ ਫ਼ੌਜ ਨੂੰ ਭਾਂਜ ਦਿਤੀ । ਐਪਰ ਤੀਜੇ ਹਮਲੇ ਸਮੇਂ ਰਾਜ-ਮਹੱਲ ਵਿਖੇ ਖ਼ਾਨਾ-ਇ-ਆਜ਼ਿਮ ਅਜੀਜਕੋਕਾ ਵਿਰੁੱਧ ਲੜਦੇ ਹੋਏ ਇਹ ਮਾਰਿਆ ਗਿਆ ।

ਹ. ਪੁ.—ਹਿੰ. ਵਿ. ਕੋ. 2 : 491

**ਕਾਲਾ ਪਹਿਲਵਾਨ (ਸਿਤਾਰਾ-ਇ-ਹਿੰਦ) :** ਭਾਰਤ ਦੇ ਇਸ ਪਹਿਲਵਾਨ ਦਾ ਜਨਮ 2 ਅਕਤੂਬਰ, 1875 ਨੂੰ ਜਲਾਲਪੁਰ ਜੱਟਾਂ (ਪਾਕਿਸਤਾਨ) ਵਿਚ ਹੋਇਆ । ਇਸ ਦਾ ਅਸਲੀ ਨਾਂ ਗ਼ੁਲਾਮ ਕਾਦਰ ਸੀ । ਇਸ ਦਾ ਰੰਗ ਕੁਝ ਵਧੇਰੇ ਕਾਲਾ ਹੋਣ ਕਰਕੇ ਇਹ ਕਾਲਾ ਪਹਿਲਵਾਨ ਕਰਕੇ ਪ੍ਰਸਿੱਧ ਹੋਇਆ । ਇਸ ਦਾ ਪਿਉ, ਪੀਰਾਂ ਦਿਤਾ ਵੀ ਆਪਣੇ ਵੇਲੇ ਦਾ ਇਕ ਉੱਘਾ ਪਹਿਲਵਾਨ ਸੀ । ਇਸ ਦੇ ਉਸਤਾਦ ਦਾ ਨਾਂ ਪੰਡਤ ਕੁਸ਼ਲਿਆ ਨੰਦ ਸੀ ।

ਇਸ ਨੇ ਆਪਣੇ ਜੀਵਨ ਦੇ ਕੁਝ ਕੁ ਮੁੱਢਲੇ ਸਾਲ ਰਿਆਸਤ ਕਰੰਡੋਲ (ਕੋਹਲਾ ਪੁਰ ਦੇ ਨੇੜੇ) ਦੇ ਉਸਤਾਦ ਕਾਦਰ ਬਖ਼ਸ਼ ਪਹਿਲਵਾਨ ਕੋਲ ਗੁਜ਼ਾਰੇ । ਕੁਝ ਸਮੇਂ ਪਿਛੋਂ ਜਦੋਂ ਇਹ ਆਪਣੇ ਪਿੰਡ 'ਜਲਾਲਪੁਰ ਜੱਟਾਂ' ਆਇਆ ਤਾਂ ਇਸ ਦੀ ਕੁਸ਼ਤੀ ਉਥੇ ਦੇ ਇਕ ਪ੍ਰਸਿੱਧ ਪਹਿਲਵਾਨ ਕਰਮਦਾਦ ਨਾਲ ਰੱਖੀ ਗਈ । ਕਾਲੇ ਪਹਿਲਵਾਨ ਨੇ ਕਰਮਦਾਦ ਨੂੰ ਕੇਵਲ 7 ਮਿੰਟਾਂ ਵਿਚ ਢਾਹ ਲਿਆ ।

ਇਸ ਦੀ ਦੂਜੀ ਕੁਸ਼ਤੀ ਉਸ ਵੇਲੇ ਦੇ ਪ੍ਰਸਿੱਧ ਪਹਿਲਵਾਨ ਕਰੀਮ ਬਖ਼ਸ਼ ਸਿਆਲਕੋਟੀ ਨਾਲ ਹੋਈ । ਇਸ ਕੁਸ਼ਤੀ ਵਿਚ ਵੀ ਕਾਲੇ ਨੇ ਜਿੱਤ ਪ੍ਰਾਪਤ ਕੀਤੀ । ਇਸ ਪਿੱਛੋਂ ਇਸ ਦੀ ਗਿਣਤੀ ਉਸ ਵੇਲੇ ਦੇ ਸਿਰਕੱਢ ਪਹਿਲਵਾਨਾਂ ਵਿਚ ਹੋਣ ਲੱਗ ਪਈ ।

ਇਸ ਪਿੱਛੋਂ ਇਸ ਦੀ ਕੁਸ਼ਤੀ ਰਹੀਮ ਸੁਲਤਾਨੀ ਵਾਲੇ ਨਾਲ ਲਾਹੌਰ ਵਿਚ ਹੋਈ ਜਿਸ ਵਿਚ ਜਿੱਤ ਹਾਰ ਦਾ ਨਿਰਣਾ ਨਾ ਹੋ ਸਕਿਆ । ਕਾਲੇ ਦੀ ਰਹੀਮ ਨਾਲ ਦੂਜੀ ਕੁਸ਼ਤੀ ਵੀ ਲਾਹੌਰ ਵਿਚ ਹੀ ਹੋਈ । ਇਸ ਕੁਸ਼ਤੀ ਵਿਚ ਇਸ ਨੇ ਰਹੀਮ ਨੂੰ ਬੁਰੀ ਤਰ੍ਹਾਂ ਹਰਾਇਆ । ਰਹੀਮ ਨੇ ਸਾਰੀ ਉਮਰ ਵਿਚ ਕਿਸੇ ਕੋਲੋਂ ਹਾਰ ਨਹੀਂ ਖਾਧੀ ਸੀ । ਇਸ ਜਿੱਤ ਨੇ ਕਾਲੇ ਦੇ ਨਾਂ ਨੂੰ ਹੋਰ ਚਾਰ ਚੰਨ ਲਾ ਦਿਤੇ ।

ਕਾਲਾ ਪਹਿਲਵਾਨ ਗੁੰਗੇ ਪਹਿਲਵਾਨ ਦੇ ਪਿਉ ਦਾ ਹਾਣੀ ਸੀ ਅਤੇ ਉਸ ਨਾਲ ਦੋ ਕੁਸ਼ਤੀਆਂ ਵਿਚ ਲੜ ਚੁਕਿਆ ਸੀ । ਗੁੰਗੇ ਦੇ ਜ਼ਿੱਦ ਕਰਨ ਤੇ ਇਸ ਦੀ ਇਕ ਕੁਸ਼ਤੀ ਗੁੰਗੇ ਪਹਿਲਵਾਨ ਨਾਲ ਵੀ ਹੋਈ ।

ਇਸ ਕੁਸ਼ਤੀ ਵਿਚ ਗੁੰਗੇ ਨੇ ਪਹਿਲਾਂ ਤਾਂ ਕਾਲੇ ਨੂੰ ਹੇਠਾਂ ਸੁੱਟ ਦਿਤਾ ਪਰੰਤੂ ਪਿੱਛੋਂ ਕਾਲੇ ਦੇ 'ਕੜੰਗੇ' ਦਾਅ ਤੋਂ ਡਰਦਾ ਮਾਰਿਆ ਕੁਸ਼ਤੀ ਛੱਡ ਕੇ ਨੱਠ ਤੁਰਿਆ। ਇਸ ਤਰ੍ਹਾਂ ਇਹ ਕੁਸ਼ਤੀ ਪੂਰੀ ਨਾ ਹੋ ਸਕੀ।'

ਇਸ ਨੇ ਹਸਨ ਬਖਸ਼ ਮੁਲਤਾਨੀ ਨੂੰ ਜੂਨਾਗੜ੍ਹ ਵਿਚ 45 ਮਿੰਟਾਂ ਵਿਚ ਢਾਹਿਆ। ਇਸ ਨੇ ਖਲੀਫਾ ਘੋੜਾ, ਰਜਬ ਪਹਿਲਵਾਨ, ਨੌਰੰਗ ਸਿੰਘ, ਧੱਕੜ ਸਿੰਘ, ਮਹੰਦਾ ਬੋਲਾ ਗੁਜਰਾਤੀ, ਆਗ਼ਾ ਦਿੱਲੀ ਵਾਲੇ ਅਤੇ ਪਰਤਾਪ ਸਿੰਘ ਨੂੰ ਵੀ ਢਾਹਿਆ। ਯੱਕਾ ਪਹਿਲਵਾਨ ਜਿਹੜਾ 'ਪੁਠੀ ਦਾਅ' ਬਾਰੇ ਪ੍ਰਸਿੱਧ ਹੈ ਕਿ ਉਹ ਉਸ ਦਾਅ ਨਾਲ ਹਾਥੀ ਨੂੰ ਵੀ ਉਲਟਾ ਸਕਦਾ ਸੀ, ਨਾਲ ਵੀ ਇਸ ਨੇ ਦੋ ਕੁਸ਼ਤੀਆਂ ਲੜੀਆਂ, ਜਿਹੜੀਆਂ ਬਰਾਬਰ ਰਹੀਆਂ।

ਕਾਲੇ ਨੇ ਆਪਣੇ ਜੀਵਨ ਦਾ ਵਧੇਰੇ ਹਿੱਸਾ ਮਹਾਰਾਜਾ ਇੰਦੌਰ ਕੋਲ ਗੁਜ਼ਾਰਿਆ। ਮਹਾਰਾਜੇ ਦੀ ਮੌਤ ਪਿੱਛੋਂ, ਇਹ ਉਥੋਂ ਆ ਗਿਆ ਅਤੇ ਰਾਮ ਮੂਰਤੀ ਕੋਲ ਰਹਿਣ ਲੱਗ ਪਿਆ। ਸੰਨ 1911 ਵਿਚ ਰਾਮ ਮੂਰਤੀ ਇਸ ਨੂੰ ਕੁਝ ਹੋਰ ਪਹਿਲਵਾਨਾਂ ਨਾਲ ਯੂਰਪ ਦੇ ਦੌਰੇ ਤੇ ਲੈ ਗਿਆ। ਉਥੇ ਇਸ ਨੇ ਕਈ ਪਹਿਲਵਾਨਾਂ ਨੂੰ ਢਾਹਿਆ।

ਇਸ ਦੇ ਸਵੇਰ ਦੇ ਭੋਜਨ ਵਿਚ ਦੋ ਕਿਲੋ ਦੁੱਧ, ਢਾਈ ਸੌ ਗ੍ਰਾਮ ਮੱਖਣ ਅਤੇ ਅੱਧਾ ਕਿਲੋ ਬਦਾਮਾਂ ਦੀ ਸ਼ਰਦਾਈ ਹੁੰਦੀ ਸੀ। ਦੁਪਹਿਰ ਨੂੰ ਪਹਿਲਵਾਨ ਇਕ ਕਿਲੋ ਬੱਕਰੇ ਦਾ ਮਾਂਸ ਖਾਂਦਾ ਸੀ। ਸ਼ਾਮ ਨੂੰ ਦੋ ਕਿਲੋ ਮਾਸ ਦੀ ਯੱਖਣੀ ਪੀਂਦਾ ਸੀ। ਸੌਣ ਲੱਗਿਆਂ ਇਹ ਦੋ ਕਿਲੋ ਦੁੱਧ ਪੀਂਦਾ ਸੀ। ਇਹ ਹਰ ਰੋਜ਼ ਦੋ ਹਜ਼ਾਰ ਬੈਠਕ ਅਤੇ ਡੇਢ ਹਜ਼ਾਰ ਡੰਡ ਕੱਢਦਾ ਸੀ। 5 ਕਿ.ਮੀ. ਦੌੜ ਦੌੜਦਾ ਸੀ। ਖੂਹ ਦਾ ਪੂਰਾ ਸੌ ਗੇੜਾ ਦਿੰਦਾ ਸੀ ਅਤੇ ਇਸ ਪਿੱਛੋਂ ਆਪਣੀ ਧੌਣ ਨਾਲ ਪੜ ਚੁੱਕਦਾ ਸੀ।

ਇਸ ਦਾ ਅਖਾੜਾ ਜਲਾਲਪੁਰ ਜੱਟਾਂ ਵਿਚ ਮਿਰਜ਼ਾ ਜੰਗ ਸ਼ਾਹਵਲੀ ਦੇ ਲਾਗੇ ਸੀ। ਉਥੇ ਇਹ ਦਸ ਬਾਰਾਂ ਪੱਠਿਆਂ ਨਾਲ ਜ਼ੋਰ ਕਰਦਾ ਸੀ। ਅਹਿਮਦ ਬਖਸ਼ ਪਹਿਲਵਾਨ ਅੰਮ੍ਰਿਤਸਰੀ ਅਤੇ ਠੇਲ੍ਹਾ ਪਹਿਲਵਾਨ ਲਾਹੌਰ ਵਾਲਾ ਵੀ ਇਸ ਦੇ ਪੱਠਿਆਂ ਵਿਚੋਂ ਸਨ।

ਅੰਤ 1940 ਈ. ਵਿਚ ਹੈਦਰਾਬਾਦ ਦੱਖਣ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਭਾ. ਪਹਿ. : 85

**ਕਾਲਾ ਪਾਣੀ** : ਇਸ ਤੋਂ ਭਾਵ ਉਹ ਸਮੁੰਦਰ ਹੈ ਜਿਸ ਦਾ ਪਾਣੀ ਕਾਲਾ ਨਜ਼ਰ ਆਉਂਦਾ ਹੈ। ਭਾਰਤ ਦੇ ਸੰਘੀ-ਖੇਤਰ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਦੇ ਨੇੜੇ ਸਮੁੰਦਰ ਬਹੁਤ ਕਾਲਾ ਦਿਖਾਈ ਦਿੰਦਾ ਹੈ। ਇਸੇ ਲਈ ਇਸਦਾ ਇਹ ਨਾਉਂ ਪੈ ਗਿਆ। ਪਹਿਲਾਂ ਜਦੋਂ ਭਾਰਤ ਦੇ ਅਪਰਾਧੀਆਂ ਨੂੰ ਦੇਸ਼-ਨਿਕਾਲੇ ਦੀ ਸਜ਼ਾ ਮਿਲਦੀ ਸੀ ਤਾਂ ਇਸੇ ਦੀਪ-ਸਮੂਹ ਵਿਚ ਭੇਜਿਆ ਜਾਂਦਾ ਸੀ। ਇਸੇ ਕਰਕੇ ਜਲਾਵਤਨੀ ਦਾ ਨਾਉਂ ਭੀ 'ਕਾਲਾਪਾਣੀ' ਹੋ ਗਿਆ ਸੀ।

ਹ. ਪੁ.— ਮ. ਕੋ. : 324

**ਕੱਲਾਂਬ, ਮੀਸ਼ੇਲ** : ਇਹ ਫ਼ਰਾਂਸ ਵਿਚ ਗੱਥ ਸ਼ੈਲੀ ਦਾ ਇਕ ਉੱਘਾ (ਅਤੇ ਆਖਰੀ ਵੀ) ਸ਼ਿਲਪਕਾਰ ਹੋਇਆ ਹੈ, ਜਿਸ ਦਾ ਜਨਮ ਬ੍ਰਿਟੈਨੀ ਵਿਖੇ ਹੋਇਆ ਸੀ। ਇਸ ਦੇ ਮੁੱਢਲੇ ਜੀਵਨ ਅਤੇ ਕ੍ਰਿਤਾਂ ਬਾਰੇ ਕੁੱਝ ਪਤਾ ਨਹੀਂ ਚਲਦਾ। ਸੰਨ 1473 ਤਕ ਇਸ ਨੇ ਤੂਰ ਵਿਖੇ ਆਪਣੀ ਦੁਕਾਨ ਸਥਾਪਿਤ ਕਰ ਲਈ ਸੀ। ਨਾਂਤ (Nantes) ਦੇ ਗਿਰਜੇ ਵਿਚ ਬਣਾਏ ਗਏ ਬ੍ਰਿਟੈਨੀ ਦੇ ਫਰਾਂਸਿਸ ਦੂਜੇ ਅਤੇ ਉਸ ਦੀ ਪ੍ਰੇਮਿਕਾ ਮਾਰਗੈਰੀਟ ਡੀ ਫਾਇਕਸ ਦੇ ਸਫ਼ੈਦ ਮਕਬਰੇ ਨੂੰ ਇਸ ਦਾ ਸ਼ਾਹਕਾਰ ਮੰਨਿਆ ਜਾਂਦਾ ਹੈ। ਨੇਕੀ ਦੀਆਂ ਚਾਰ ਕੋਣੀ ਮੂਰਤੀਆਂ ਵਿਸ਼ੇਸ਼ ਧਿਆਨ ਯੋਗ ਹਨ। ਕੱਲਾਂਬ ਦੀ ਹੋਰ ਯਕੀਨੀ ਕ੍ਰਿਤ 'ਸੇਂਟ ਜਾਰਜ ਅਤੇ ਅਜਗਰ' ਦੀ ਬਣੀ ਸੰਗਮਰਮਰ ਦੀ ਤਸਵੀਰ ਹੈ, ਜਿਹੜੀ ਕਿ ਲੂਵਰ ਵਿਚ ਪਈ ਹੈ। ਕੱਲਾਂਬ ਉਤੇ ਇਟਲੀ ਦਾ ਬਹੁਤ ਘੱਟ ਅਸਰ ਹੈ। ਇਸ ਦਾ ਦੇਹਾਂਤ ਤੂਰ ਵਿਖੇ ਲਗਭਗ 1512 ਵਿਚ ਹੋਇਆ।

ਹ. ਪੁ.—ਐਨ. ਬ੍ਰਿ. 6 : 72

**ਕਾਲਿਕਾ ਪੁਰਾਣ** : ਇਹ ਅਠਾਰ੍ਹਾਂ ਉਪ-ਪੁਰਾਣਾਂ ਵਿਚੋਂ ਇਕ ਹੈ। ਇਸ ਦੇ ਅਠਾਨਵੇਂ ਅਧਿਆਏ ਅਤੇ 9,000 ਸ਼ਲੋਕ ਹਨ। ਪੁਰਾਣਾਂ ਦੀ ਲੜੀ ਵਿਚ ਇਹ ਕੇਵਲ ਇਕੋ ਇਕ ਰਚਨਾ ਹੈ, ਜਿਸ ਵਿਚ ਸ਼ਿਵ ਜੀ ਦੀ ਜੀਵਨ ਸੰਗਣੀ ਦੇ ਕਿਸੇ ਇਕ ਜਾਂ ਦੂਜੇ ਰੂਪ, ਜਿਵੇਂ ਗਿਰਿਜਾ, ਦੇਵੀ, ਭਦ੍ਰ-ਕਾਲੀ, ਕਾਲੀ, ਮਹਾ-ਮਾਯਾ ਆਦਿ ਦੀ ਪੂਜਾ ਉੱਤੇ ਜ਼ੋਰ ਦਿੱਤਾ ਗਿਆ ਹੈ। ਇਹ ਗ੍ਰੰਥ ਹਿੰਦੂਆਂ ਦੇ ਸ਼ਾਕਤ ਰੂਪ ਦੇ ਉਪਾਸਕਾਂ ਨਾਲ ਸਬੰਧ ਰੱਖਦਾ ਹੈ। ਇਸ ਪੂਜਾ ਦਾ ਪ੍ਰਭਾਵ ਗ੍ਰੰਥ ਦੇ ਮੁਢਲੇ ਹਰ ਪੰਨੇ ਵਿਚ ਵੇਖਿਆ ਜਾ ਸਕਦਾ ਹੈ, ਜਿਨ੍ਹਾਂ ਵਿਚ ਬ੍ਰਹਮਾ ਦਾ ਆਪਣੀ ਪੁਤਰੀ ਸੰਧਿਆ ਪ੍ਰਤੀ ਅਜਿਹੀ ਵਿਵਰਜਤ ਕਾਮੁਕਤਾ ਦਾ ਪ੍ਰਗਟਾਵਾ ਕੀਤਾ ਹੈ, ਜਿਸ ਦੀ ਸਦ੍ਰਿਸ਼ਤਾ ਵਾਯੂ, ਲਿੰਗ ਜਾਂ ਸ਼ਿਵ ਪੁਰਾਣਾਂ ਵਿਚ ਕਿਤੇ ਵੀ ਨਹੀਂ ਮਿਲਦੀ। ਅਰੰਭ ਵਿਚ ਸ਼ਿਵ ਅਤੇ ਪਾਰਬਤੀ ਦਕਸ਼ ਦੇ ਯੱਗ ਅਤੇ ਸਤੀ ਦੀ ਮੌਤ ਦੀ ਘਟਨਾ ਦਾ ਵਰਣਨ ਕੀਤਾ ਗਿਆ ਹੈ। ਇਹ ਰਚਨਾ ਸ਼ਿਵ ਜੀ ਦੇ ਸੰਸਾਰ ਵਿਚ ਸਤੀ ਦੀ ਲਾਸ਼ ਚੁੱਕ ਕੇ ਲਿਆਉਣ ਵਾਲੀ ਘਟਨਾ ਅਤੇ ਪੀਠ ਅਸਥਾਨਾਂ ਜਾਂ ਉਹ ਥਾਵਾਂ ਜਿਥੇ ਇਸ ਦੇ ਵੱਖ-ਵੱਖ ਜੀਅ ਖਿੰਡੇ ਅਤੇ ਜਿਥੇ ਅੰਤ ਵਿਚ ਲਿੰਗਾਂ ਨੂੰ ਖੜੇ ਕੀਤਾਂ ਗਿਆ, ਦੀਆਂ ਘਟਨਾਵਾਂ ਨੂੰ ਵੀ ਪ੍ਰਮਾਣਤ ਕਰਦੀ ਹੈ। ਇਹ ਕਥਾ ਜਿਸ ਵਿਚ ਭੈਰਵ ਅਤੇ ਬੈਤਾਲ ਦੇ ਜਨਮਾਂ ਦਾ ਵਰਣਨ ਅਤੇ ਉਨ੍ਹਾਂ ਦੁਆਰਾ ਦੇਵੀ ਦੇ ਭਿੰਨ-ਭਿੰਨ ਰੂਪਾਂ ਦੀ ਪੂਜਾ ਕਰਨ ਦੀਆਂ ਰਸਮਾਂ ਤੇ ਢੰਗਾਂ ਅਤੇ ਨਾਲ ਹੀ ਏਸ਼ੀਆਟਿਕ ਰੀਸਰਚ ਦੀ ਪੰਜਵੀਂ ਜਿਲਦ ਵਿਚ ਅਨੁਵਾਦਤ ਬਲੀਆਂ ਨਾਲ ਸਬੰਧਤ ਕੁਝ ਕਾਂਡਾਂ ਦਾ ਵਰਣਨ ਕੀਤਾ ਗਿਆ ਹੈ। ਇਸ ਰਚਨਾ ਦੀ ਇਕ ਹੋਰ ਵਿਸ਼ੇਸ਼ਤਾ ਆਸਾਮ ਦੇ ਕਾਮਰੂਪ ਤੀਰਥ ਦੇ ਪਰਬਤਾਂ ਅਤੇ ਨਦੀਆਂ ਦੀ ਭਰਪੂਰ ਜਾਣਕਾਰੀ ਅਤੇ ਕਾਮਾਕਸੀ ਜਾਂ ਕਾਮਾਕਸ਼ਯਾ ਦੇ ਰੂਪ ਵਿਚ ਦੁਰਗਾ ਦੇ ਪ੍ਰਸਿੱਧ ਮੰਦਰ ਦੀ ਉਸ ਦੇਸ਼ ਨੂੰ ਪਵਿੱਤਰ ਕਰਨ ਦੀ ਘਟਨਾ ਦਾ ਵਰਣਨ ਹੈ। ਇਹ ਇਕੋ ਇਕ ਪਰ ਨਾਲ ਹੀ ਇਸ ਤੱਥ ਦੀ ਪੁਸ਼ਟੀ ਕਰਨ ਵਾਲੀ ਘਟਨਾ ਹੈ ਕਿ ਆਸਾਮ ਜਾਂ ਘੱਟੋ ਘੱਟ ਉੱਤਰ-ਪੂਰਬੀ ਬੰਗਾਲ ਬਹੁ-ਮਾਤਰਾ ਵਿਚ ਇਕ ਅਜਿਹਾ ਸੋਮਾ ਰਹੇ ਹਨ, ਜਿਥੋਂ ਵੇਦਾਂ ਅਤੇ ਪੁਰਾਣਾਂ ਦੇ ਧਰਮ ਦਾ ਤਾਂਤ੍ਰਿਕਾ ਤੇ ਸ਼ਾਕਤਾ ਦੇ ਰੂਪ ਵਿਚ ਮਿਲਦਾ ਭ੍ਰਿਸ਼ਟਾਚਾਰ ਫੈਲਦਾ ਰਿਹਾ ਹੈ।

ਹ. ਪੁ.—ਹਿੰ. ਮਿ. ਕੋ. 186

**ਕਾਲਿੰਗਵੁੱਡ, ਰਾਬਿਨ ਜਾਰਜ** : ਇੰਗਲੈਂਡ ਦੇ ਇਸ ਪ੍ਰਸਿੱਧ ਪੁਰਾਤਤਵ-ਮਾਹਰ, ਇਤਿਹਾਸਕਾਰ ਅਤੇ ਫ਼ਿਲਾਸਫ਼ਰ ਦਾ ਜਨਮ **22 ਫਰਵਰੀ, 1889** ਨੂੰ ਲੰਕਾਸ਼ਿਰ ਵਿਚ ਕਾਰਟਮੇਲ ਫੈਲ ਦੇ ਅਸਥਾਨ ਤੇ ਹੋਇਆ। ਇਸ ਦਾ ਮੁੱਖ ਯੋਗਦਾਨ ਫਿਲਾਸਫ਼ੀ ਅਤੇ ਇਤਿਹਾਸ ਦਾ ਪੁਨਰ-ਮੇਲ ਕਰਵਾਉਣ ਲਈ ਵੀਹਵੀਂ ਸਦੀ ਦੀ ਸਭ ਤੋਂ ਵੱਡੀ ਕੋਸ਼ਿਸ਼ ਸੀ।

ਇਹ ਆਪਣੇ ਪਿਤਾ ਜੋ ਉੱਚੇ-ਪੱਧਰ ਦੇ ਚਿੱਤਰਕਾਰ, ਪੁਰਾਤੱਤਵ ਮਾਹਿਰ, ਜਾਹਨ ਰਸਕਿਨ ਦੇ ਦੋਸਤ ਅਤੇ ਜੀਵਨੀ-ਲੇਖਕ ਸਨ, ਤੋਂ ਬਹੁਤ ਪ੍ਰਭਾਵਤ ਹੋਇਆ। ਤੇਰ੍ਹਾਂ ਸਾਲ ਦੀ ਉਮਰ ਤੀਕ ਇਸ ਨੇ ਘਰ ਵਿਚ ਸਿੱਖਿਆ ਪ੍ਰਾਪਤ ਕੀਤੀ। ਜੀਵਨ-ਭਰ ਇਹ ਚਿੱਤਰ ਬਣਾਉਂਦਾ ਰਿਹਾ ਅਤੇ ਸੰਗੀਤ-ਸੰਰਚਨਾ ਕਰਦਾ ਰਿਹਾ। ਰਗਬੀ ਵਿਖੇ ਪੰਜ ਸਾਲ ਗੁਜ਼ਾਰਨ ਉਪਰੰਤ, ਇਹ 1908 ਈ. ਵਿਚ ਔਕਸਫੋਰਡ ਵਿਚ ਦਾਖ਼ਲ ਹੋਇਆ ਅਤੇ 1912 ਈ. ਵਿਚ ਫ਼ਿਲਾਸਫ਼ੀ ਦਾ ਟਿਊਟਰ ਚੁਣ ਲਿਆ ਗਿਆ। ਸੰਨ 1941 ਵਿਚ ਆਪਣੀ ਰੀਟਾਇਰਮੈਂਟ ਦੇ ਸਮੇਂ ਤੱਕ ਉਥੇ ਹੀ ਰਿਹਾ। ਸੰਨ 1911 ਅਤੇ ਲਗਭਗ 1934 ਦੇ ਵਿਚਕਾਰ ਕਾਲਿੰਗਵੁੱਡ ਨੇ ਪੁਰਾਤਤਵੀ ਅਧਿਐਨ ਵੱਲ ਲਗਨ ਲਾ ਲਈ ਅਤੇ

ਦਸੇ ਅਧਿਐਨ ਕਰਕੇ ਹੀ ਇਹ ਉਸ ਸਮੇਂ ਦੇ ਰੋਮਨ ਬਰਤਾਨੀਆ ਦਾ ਸਰਕੱਢ ਵਿਦਵਾਨ ਬਣ ਗਿਆ । 'ਐਸੇ ਆਨ ਦੀ ਫ਼ਿਲਾਸਫ਼ੀਕਲ ਮੈਥਡ'; 'ਦੀ ਆਈਡੀਆ ਆਫ ਨੇਚਰ'; 'ਦੀ ਆਈਡੀਆ ਆਫ ਹਿਸਟਰੀ'; ਇਸ ਦੀਆਂ ਦਰਸ਼ਨ ਸਬੰਧੀ ਅਤੇ 'ਆਰਕਿਆਲੋਜੀ ਆਫ ਰੋਮਨ ਬ੍ਰਿਟੇਨ' ਅਤੇ 'ਆਕਸਫੋਰਡ ਹਿਸਟਰੀ ਆਫ਼ ਇੰਗਲੈਂਡ' ਇਸ ਦੀਆਂ ਪੁਰਾਤੱਤਵ ਅਤੇ ਇਤਿਹਾਸ ਸਬੰਧੀ ਪ੍ਰਸਿੱਧ ਪੁਸਤਕਾਂ ਹਨ ।

ਇਸ ਦੀ ਮੌਤ 2 ਜਨਵਰੀ, 1943 ਨੂੰ ਕਾਨਿਸਟਨ ਵਿਖੇ ਹੋਈ ।

ਹ. ਪੁ.—ਐਨ. ਬ੍ਰਿ. 3 : 9; ਐਨ. ਅਮੇ. 7 : 267

**ਕਾਲਿੰਗਾਪਟਮ** : ਉੜੀਸਾ ਰਾਜ (ਭਾਰਤ) ਦੇ ਗੰਜਮ ਜ਼ਿਲ੍ਹੇ ਤੇ ਚਿੱਕਾਕੋਲ ਨਾਮੀ ਤਅੱਲੁਕੇ ਵਿਚ, ਇਕ ਬੰਦਰਗਾਹ ਹੈ, ਜੋ ਵਮਸਧਾਰਾ ਦੇ ਮੁਹਾਣੇ ਅੱਗੇ, ਚਿੱਕਾਕੋਲ ਤੋਂ 27 ਕਿ. ਮੀ. ਦੀ ਦੂਰੀ ਤੇ ਸਥਿੱਤ ਹੈ । ਇਹ ਤੇਲਗੂ ਦੇਸ਼ ਵਿਚ ਮੁਸਲਮਾਨਾਂ ਦੀ ਸਰਕਾਰ ਦੇ ਪੁਰਾਣੇ ਸਦਰ ਮੁਕਾਮਾਂ ਵਿਚੋਂ ਇਕ ਹੁੰਦੀ ਸੀ । ਮਸਜਿਦਾਂ ਅਤੇ ਹੋਰਨਾਂ ਇਮਾਰਤਾਂ ਦੇ ਖੰਡਰਾਂ ਵਿਚੋਂ ਪ੍ਰਾਚੀਨ ਮਹੱਤਤਾ ਦੀਆਂ ਨਿਸ਼ਾਨੀਆਂ ਅਜੇ ਵੀ ਦਿਸਦੀਆਂ ਹਨ । ਵਰਖਾ ਤੋਂ ਪਿਛੋਂ ਪੁਰਾਣੇ ਸ਼ਹਿਰ ਵਾਲੀ ਥਾਂ ਤੋਂ ਮਹਾਨ ਯੁੱਗ ਦੇ ਸੋਨੇ ਦੇ ਛੋਟੇ ਛੋਟੇ ਸਿੱਕੇ ਮਿਲਦੇ ਹਨ । ਸੁਰੱਖਿਅਤ ਬੰਦਰਗਾਹ ਹੋਣ ਕਾਰਨ, ਇਥੇ ਸਟੀਮਰ ਆਸਾਨੀ ਨਾਲ ਚਲ ਸਕਦੇ ਹਨ । ਇਸ ਦੇ ਦੱਖਣ ਵਿਚ ਇਕ ਰੇਤਲੇ ਪੁਆਇੰਟ ਉਤੇ, ਬੰਦਰਗਾਹ ਦੇ ਲਗਭਗ ਦੋ ਕਿ. ਮੀ. ਦੱਖਣ ਵੱਲ, ਇਕ ਚਾਨਣ ਮੁਨਾਰਾ (22 ਮੀ. ਉੱਚਾ) ਹੈ ਜੋ ਜਾਦੂਮਈ ਚਿੱਟੀ ਰੌਸ਼ਨੀ ਪ੍ਰਦਰਸ਼ਤ ਕਰਦਾ ਹੈ ਅਤੇ ਇਹ ਸਾਫ਼ ਮੌਸਮ ਵਿਚ ਸਮੁੰਦਰ ਤੋਂ ਲਗਭਗ 22 ਕਿ. ਮੀ. ਦੀ ਦੂਰੀ ਤੋ ਦਿਸ ਪੈਂਦਾ ਹੈ । ਇਹ ਬੰਦਰਗਾਹ ਰੇਤ ਦੇ ਟਿੱਬਿਆਂ ਦੀ ਮਾਰ ਤੋਂ ਬਚੀ ਹੋਈ ਹੈ । ਇਥੋਂ ਅਨਾਜ, ਦਾਲਾਂ ਅਤੇ ਹਲਦੀ ਬਾਹਰ ਭੇਜੀ ਜਾਂਦੀ ਹੈ । ਇਥੋਂ ਸ਼ੀਸ਼ੇ ਦਾ ਸਾਮਾਨ ਅਤੇ ਬੋਰੀਆਂ ਬਾਹਰ ਭੇਜੀਆਂ ਜਾਂਦੀਆਂ ਹਨ । ਇਥੇ ਇਕ ਲੂਣ ਤਿਆਰ ਕਰਨ ਵਾਲਾ ਕਾਰਖ਼ਾਨਾ ਹੈ ।

ਆਬਾਦੀ—18° 20′ ਉ. ਵਿਥ.; 64° 8′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 9 : 291

**ਕਾਲਿਗੁਲਾ** : ਰੋਮ ਦੇ ਇਸ ਬਾਦਸ਼ਾਹ ਦਾ ਅਸਲ ਨਾਂ ਗੇਯਸ ਸੀਜ਼ਰ ਸੀ । ਇਸ ਦਾ ਜਨਮ 31 ਅਗਸਤ, 12 ਈ. ਨੂੰ ਐਨਜ਼ੀਓ ਵਿਖੇ ਇਟਲੀ ਵਿਚ ਹੋਇਆ । ਇਹ ਟਾਈਬੀਰੀਅਸ ਦਾ ਗੋਦ ਲਿਆ ਪੁੱਤਰ ਸੀ ਅਤੇ ਉਸਦੇ ਪਿਛੋਂ ਰਾਜ-ਗੱਦੀ ਤੇ ਬੈਠਾ । ਇਸ ਨੇ ਰਾਜ-ਗੱਦੀ ਤੇ ਬੈਠਣ ਦੇ ਕੁਝ ਸਾਲਾਂ ਵਿਚ ਹੀ ਟਾਈਬੀਰੀਅਸ ਦੀ ਸਾਰੀ ਜਮ੍ਹਾਂ ਕੀਤੀ ਪੂੰਜੀ ਉਜਾੜ ਦਿਤੀ ਅਤੇ ਆਪਣੀ ਪਰਜਾ ਤੋਂ ਆਪਣੀ ਲੋਕਪ੍ਰਿਯਤਾ ਗੁਆ ਲਈ ਸੀ ।

ਇਸ ਦੇ ਪਿਤਾ ਦੇ ਸਿਪਾਹੀਆਂ ਨੇ ਇਸ ਦਾ ਨਾਂ ਬਚਪਨ ਵਿਚ 'ਕਾਲਿਗੁਲਾ' (ਛੋਟੇ ਬੂਟ) ਰੱਖ ਦਿਤਾ ਸੀ । ਕਿਹਾ ਜਾਂਦਾ ਹੈ ਕਿ ਟਾਈਬੀਰੀਅਸ ਨੇ ਇਸ ਦੇ ਪਿਤਾ ਨੂੰ (19 ਈ.), ਮਾਤਾ ਨੂੰ (33 ਈ.) ਵੱਡੇ ਭਰਾਵਾਂ ਜੂਲੀਅਸ ਸੀਜ਼ਰ ਨੇਰੋ ਨੂੰ (31 ਈ.) ਅਤੇ ਡਰੂਸਸ ਸੀਜ਼ਰ ਨੂੰ (23 ਈ.) ਵਿਚ ਮਰਵਾ ਦਿਤਾ ਸੀ ।

ਰਾਜ ਗੱਦੀ ਤੇ ਬੈਠਨ ਤੋਂ ਤੁਰੰਤ ਪਿਛੋਂ ਇਸ ਨੇ ਮੁਕੱਦਮੇ ਸ਼ੁਰੂ ਕਰਕੇ ਬਹੁਤ ਜ਼ੁਲਮ ਕੀਤਾ । ਇਸ ਨੇ ਆਪਣੀਆਂ ਤਿੰਨ ਭੈਣਾਂ ਪ੍ਰਤੀ ਬਹੁਤ ਪਿਆਰ ਵਿਖਾਇਆ । ਕਿਹਾ ਜਾਂਦਾ ਹੈ ਕਿ ਇਹ ਕਿਸੇ ਮਾਨਸਿਕ ਕਮਜ਼ੋਰੀ ਦਾ ਸ਼ਿਕਾਰ ਸੀ ਪਰੰਤੂ ਇਸ ਦਾ ਕੋਈ ਪੱਕਾ ਸਬੂਤ ਨਹੀਂ ਮਿਲਦਾ ।

ਅਕਤੂਬਰ, 39 ਈ. ਵਿਚ ਇਸ ਨੇ ਅਪਰ ਰਾਈਨ ਤੇ ਹੋਈ ਬਗ਼ਾਵਤ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ । 40 ਈ. ਵਿਚ ਇਸ ਨੇ ਬਰਤਾਨੀਆ ਤੇ ਹਮਲਾ ਕਰਨ ਲਈ ਦੋ ਨਵੇਂ ਲਸ਼ਕਰ ਤਿਆਰ ਕੀਤੇ । 40-41 ਈ. ਵਿਚ ਇਸ ਦੇ ਇਕ ਸਿਪਾਹੀ ਨੇ ਇਸਨੂੰ ਕਤਲ ਕਰ ਦਿਤਾ ।

ਹ. ਪੁ.—ਐਨ. ਬ੍ਰਿ. ਮਾ. 2 : 459

**ਕਾਲਿੰਜਰ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਬਾਂਦਾ ਜ਼ਿਲ੍ਹੇ ਦਾ ਕਸਬਾ ਹੈ ਜਿਹੜਾ ਅਲਾਹਾਬਾਦ ਤੋਂ ਦੱਖਣ-ਪੱਛਮ ਵਿਚ ਕੋਈ 135 ਕਿ. ਮੀ. ਦੂਰ ਸਥਿਤ ਹੈ ।

ਕਾਲਿੰਜਰ ਬੁੰਦੇਲਖੰਡ ਦੇ ਬਹੁਤ ਪੁਰਾਣੇ ਕਸਬਿਆਂ ਵਿਚੋਂ ਇਕ ਹੈ ਜਿਸ ਦਾ ਹਿੰਦੂ ਕਾਲ ਦੇ ਤਿੰਨਾਂ ਯੁੱਗਾਂ ਵਿਚ ਵੱਖਰਾ ਨਾਂ ਰਿਹਾ ਹੈ । ਇਸ ਨੂੰ ਸਤਯੁਗ ਵਿਚ ਰਤਨਕੂਟ, ਤ੍ਰੇਤੇ ਵਿਚ ਮਹਾਗਿਰੀ (ਮਹਾਨ ਪਹਾੜੀ) ਅਤੇ ਦੁਆਪਰ ਵਿਚ ਪਿੰਗਾਲੂ (ਪੀਲੀ-ਭੂਰੀ ਪਹਾੜੀ) ਕਿਹਾ ਜਾਂਦਾ ਸੀ । ਇਸ ਦਾ ਜ਼ਿਕਰ ਮਹਾਂਭਾਰਤ ਵਿਚ ਵੀ ਆਉਂਦਾ ਹੈ । ਕਾਲਿੰਜਰ ਦੀ ਟੀਸੀ ਮੰਦਰਾਂ ਨੇ ਰੋਕੀ ਹੋਈ ਹੈ । ਕਾਲਿੰਜਰ ਦਾ ਕਿਲਾ (ਉੱਚਾਈ 400 ਮੀ.) ਇਤਿਹਾਸਕ ਪੱਖ ਤੋਂ ਬਹੁਤ ਮਹੱਤਵਪੂਰਨ ਹੈ । ਇਸ ਸ਼ਹਿਰ ਨੂੰ ਬਹੁਤ ਸਾਰੀਆਂ ਹਿੰਦੂ ਕਥਾਵਾਂ ਨਾਲ ਜੋੜਿਆ ਹੋਇਆ ਹੈ । ਇਸ ਦਾ ਇੰਨਾ ਹੀ ਸਬੰਧ ਮੁਸਲਮਾਨ ਬਾਦਸ਼ਾਹਾਂ ਨਾਲ ਰਿਹਾ ਹੈ । ਇਹ ਸਮੇਂ ਸਮੇਂ ਉਤੇ ਕੇਦਾਰ ਨਾਥ, ਲਾਹੌਰ ਦੇ ਰਾਜਾ ਜੈਪਾਲ, ਗਜ਼ਨਵੀ ਰਾਜਾ ਚੰਦੇਲ, ਪ੍ਰਿਥਵੀ ਰਾਜ ਚੌਹਾਨ, ਮੁਹੰਮਦ ਗੌਰੀ, ਸ਼ਹਿਜ਼ਾਦਾ ਹਮਾਯੂੰ ਅਤੇ ਸ਼ੇਰ ਸ਼ਾਹ ਸੂਰੀ ਆਦਿ ਦੇ ਅਧੀਨ ਰਿਹਾ ਹੈ । ਸ਼ੇਰ ਸ਼ਾਹ ਦੀ ਮੌਤ ਵੀ ਇਥੇ ਹੀ ਹੋਈ । ਇਥੇ ਮੰਦਰਾਂ, ਉਕਰੇ ਹੋਏ ਚਿੱਤਰਾਂ, ਗੁਫਾਵਾਂ ਅਤੇ ਸ਼ਿਲਾ-ਲੇਖਾਂ ਦੇ ਖੰਡਰ ਅਜੇ ਵੀ ਮਿਲਦੇ ਹਨ ।

25° 01′ ਉ. ਵਿਥ.; 80° 29′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 310

**ਕੋਲਿਨ, ਹਾਈਨਰਿਕ ਜੋਜ਼ੈਫ ਫੌਨ** : ਆਸਟਰੀਆ ਦੇ ਇਸ ਨਾਟਕਕਾਰ ਤੇ ਕਵੀ ਦਾ ਜਨਮ 26 ਦਸੰਬਰ, 1771 ਨੂੰ ਵਿਐਨਾ ਵਿਖੇ ਹੋਇਆ । ਇਸ ਦੇ ਨਾਟਕਾਂ ਵਿਚ ਸਨਾਤਨਵਾਦ ਤੋਂ ਰੋਮਾਂਸਵਾਦ ਵੱਲ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦਾ ਹੈ । 'Wehrmannslierder' (1809) ਨਾਂ ਦੀ ਪੁਸਤਕ ਵਿਚ ਇਸ ਨੇ ਨੈਪੋਲੀਅਨ ਦੇ ਖਿਲਾਫ਼ ਦੇਸ਼ ਭਗਤੀ ਭਰਪੂਰ ਗੀਤ ਲਿਖੇ ਅਤੇ 'Gedichte' (1812) ਨਾਮੀ ਪੁਸਤਕ ਵਿਚ ਮੱਧਕਾਲੀਨ ਵਿਸ਼ਿਆਂ ਤੇ ਕਥਾ ਕਾਵਿ ਦੀ ਸਿਰਜਨਾ ਕੀਤੀ । ਇਸ ਦੇ ਮੁੱਢਲੇ ਨਾਟਕ ਫ਼ਰਾਂਸੀਸੀ ਸਨਾਤਨਵਾਦ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ ਪਰ ਬਾਅਦ ਦੀਆਂ ਰਚਨਾਵਾਂ ਵਿਚ ਜਰਮਨ ਦੇ ਰੋਮਾਂਸਵਾਦ ਦਾ ਪ੍ਰਭਾਵ ਪ੍ਰਤੱਖ ਦਿਖਾਈ ਦਿੰਦਾ ਹੈ । 'Regulus' (1802), 'Polyxena' (1803) ਅਤੇ 'Coriolan' (1804) ਇਸ ਦੇ ਪ੍ਰਸਿੱਧ ਨਾਟਕ ਹਨ ।

28 ਜੁਲਾਈ, 1811 ਨੂੰ ਵਿਐਨਾ ਵਿਖੇ, ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 6 : 58

**ਕਾਲਿਮਪੌਂਗ** : ਖੇਤਰ—ਪੱਛਮੀ ਬੰਗਾਲ ਰਾਜ (ਭਾਰਤ) ਦੇ ਦਾਰਜੀਲਿੰਗ ਜ਼ਿਲ੍ਹੇ ਵਿਚ ਇਕ ਪਹਾੜੀ ਖੇਤਰ ਹੈ ਜਿਸ ਦੇ ਪੂਰਬ ਵਿਚ ਨੀ-ਚੂ ਅਤੇ ਦੀ-ਚੂ, ਪੱਛਮ ਵਿਚ ਤੀਸਤਾ ਅਤੇ ਉੱਤਰ ਵਿਚ ਸਿੱਕਮ ਰਾਜ ਹੈ । ਇਸਦਾ ਕੁੱਲ ਖੇਤਰਫਲ ਲਗਭਗ 1,055 ਵ. ਕਿ. ਮੀ. ਹੈ । ਸੰਨ 1865 ਵਿਚ ਭਾਰਤ ਨੇ ਇਹ ਭਾਗ ਭੂਟਾਨ ਤੋਂ ਜਿੱਤ ਲਿਆ ਸੀ । ਇਥੋਂ ਦੀ ਧਰਾਤਲ ਪਰਬਤ ਲੜੀਆਂ ਨਾਲ ਕੱਟੀ ਵੱਢੀ ਹੋਈ ਹੈ । ਇਹ ਲੜੀਆਂ ਉੱਤਰ ਵਿਚ ਰਿਸ਼ੀ-ਲਾ ਦੇ ਨੇੜੇ ਲਗਭਗ 3050 ਮੀ. ਦੀ ਉੱਚਾਈ ਤੋਂ ਘੱਟਕੇ ਦੱਖਣੀ ਮੈਦਾਨ ਵੱਲ ਲਗਭਗ 100 ਮੀ. ਉੱਚੀਆਂ ਰਹਿ ਜਾਂਦੀਆਂ ਹਨ । ਇਸ ਦੀਆਂ ਚੋਟੀਆਂ ਅਤੇ ਘਾਟੀਆਂ ਦੀਆਂ ਤਲਹਟੀਆਂ ਸੁਰੱਖਿਅਤ ਜੰਗਲਾਂ ਨਾਲ ਢੱਕੀਆਂ ਪਈਆਂ ਹਨ । ਪਹਾੜੀ ਢਲਾਣਾਂ ਦਾ ਵਿਚਕਾਰਲਾ ਭਾਗ (ਲਗਭਗ 610 ਮੀ. ਤੋਂ

830 ਮੀ.) ਆਮ ਖੇਤੀ ਲਈ ਸੁਰੱਖਿਅਤ ਹੈ। ਇਥੋਂ ਦੀ ਮੁੱਖ ਉਪਜ ਮੱਕੀ ਹੈ ਜਿਹੜੀ ਲਗਭਗ 3/4 ਜ਼ਰਾਇਤੀ ਖੇਤਰ ਵਿਚ ਬੀਜੀ ਜਾਂਦੀ ਹੈ। ਖੇਤੀ ਬਾੜੀ ਲਈ ਪੇਹਾੜੀ ਢਲਾਣਾਂ ਉਤੇ ਬਹੁਤ ਸਾਰੇ ਖੇਤ ਪੌੜੀ-ਨੁਮਾ ਬਣਾਏ ਜਾਂਦੇ ਹਨ। ਕਿਸਾਨਾਂ ਤੋਂ ਮਾਮਲਾ ਇਕੱਠਾ ਕਰਨ ਦਾ ਕੰਮ ਮੁੱਖੀਆ (ਮੰਡਾਲ) ਕਰਦਾ ਹੈ। ਮੁੱਖੀਆ ਸੜਕਾਂ ਬਣਵਾਉਣ ਦਾ ਕੰਮ ਭੀ ਕਰਦਾ ਹੈ। ਤਰਾਈ ਦੇ ਕਿਸਾਨ ਆਪਣੀ ਉਪਜ ਤਿੱਬਤ ਦੇ ਰਸਤਿਉਂ ਪੇਡਾਂਗ ਅਤੇ ਚੇਲ ਘਾਟੀ ਦੇ ਸਿਰੇ ਉੱਤੇ ਸੌਂਬਾਰੀ ਨਾਂ ਦੀਆਂ ਮੰਡੀਆਂ ਵਿਚ ਲੈ ਜਾਂਦੇ ਹਨ। ਤਿੱਬਤ ਦੇ ਨਾਲ ਵਪਾਰ ਦੀ ਮੁੱਖ ਮੰਡੀ ਕਾਲਿਮਪੌਂਗ ਹੈ ਜੋ ਇਸ ਖੇਤਰ ਦਾ ਮੁੱਖ ਸ਼ਹਿਰ ਹੈ।

ਕਾਲਿਮਪੌਂਗ ਤਿੱਬਤ ਤੋਂ ਆਯਾਤ ਹੋਣ ਵਾਲੀਆਂ ਚੀਜ਼ਾਂ ਤੇ ਵਿਸ਼ੇਸ਼ ਕਰਕੇ ਉੱਨ ਦਾ ਪ੍ਰਸਿੱਧ ਵਪਾਰਕ ਕੇਂਦਰ ਹੈ। ਇਥੇ ਯੂਰਪੀਨਾਂ ਅਤੇ ਯੂਰੇਸ਼ੀਅਨ ਗਰੀਬ ਬੱਚਿਆਂ ਦੀ ਸਿੱਖਿਆ ਲਈ 'ਸੇਂਟ ਐਂਡਰੀਊਜ਼ ਕਾਲੋਨੀਅਲ ਹੋਮ' 1900 ਈ. ਵਿਚ ਸਥਾਪਤ ਹੋਇਆ ਸੀ। ਇਥੋਂ ਦੀ 'ਚਰਚ ਆਫ਼ ਸਕਾਟਲੈਂਡ' ਦਾ ਗਿਰਜਾ ਘਰ ਅਤੇ ਸਕੂਲ ਵੇਖਣ ਯੋਗ ਹਨ।

ਹ. ਪੁ.—ਹਿੰ. ਵਿ. ਕੋ. 2 : 412

**ਕਾਲਿਮਪੌਂਗ** : ਸ਼ਹਿਰ—ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਦਾਰਜੀਲਿੰਗ ਜ਼ਿਲ੍ਹੇ ਵਿਚ ਇਹ ਇਸੇ ਨਾਂ ਦੇ ਪਹਾੜੀ ਖੇਤਰ ਦਾ ਇਕ ਮਹੱਤਵਪੂਰਨ ਸ਼ਹਿਰ ਹੈ ਜੋ ਸਮੁੰਦਰੀ ਸਤ੍ਹਾ ਤੋਂ ਲਗਭਗ 1200 ਮੀ. ਉੱਚਾ ਹੈ। ਇਹ ਦਾਰਜੀਲਿੰਗ ਸ਼ਹਿਰ ਤੋਂ ਲਗਭਗ 50 ਕਿ. ਮੀ. ਦੀ ਦੂਰੀ ਤੇ ਹੈ। ਕਾਲਿਮਪੌਂਗ ਦਾ ਪੁਰਾਣਾ ਨਾਂ ਡਾਲਿੰਗਕੋਟ ਸੀ। ਇਹ ਰਾਜ ਦਾ ਮੁੱਖ ਸ਼ਹਿਰ ਅਤੇ ਤਿੱਬਤ ਨਾਲ ਵਪਾਰ ਦਾ ਮੁੱਖ ਕੇਂਦਰ ਹੈ। ਇਥੋਂ ਖਾਸ ਤੌਰ ਤੇ ਤਿੱਬਤੀ ਉੱਨ ਬਾਹਰ ਭੇਜੀ ਜਾਂਦੀ ਹੈ। ਸੈਲਾਨੀਆਂ ਦੀ ਦਿਲਚਸਪੀ ਦੇ ਕਈ ਸਥਾਨ ਹਨ ਜਿਵੇਂ ਕਿ ਸੇਂਟ ਐਂਡਰਿਊਜ਼ ਦੇ ਕਲੋਨੀਅਲ ਹੋਮਜ਼, ਕਾਲਿਮਪੌਂਗ ਹੋਮਜ਼, ਕਾਲਿਮਪੌਂਗ ਆਰਟ ਅਤੇ ਕਰਾਫ਼ਟਜ਼ ਅਤੇ ਤਿੱਬਤੀ ਮੱਠ ਆਦਿ। ਇਸ ਤੋਂ ਇਲਾਵਾ ਇਥੇ ਕਈ ਅਕਾਦਮੀਆਂ ਅਤੇ ਸੰਸਕ੍ਰਿਤਕ ਸੰਸਥਾਵਾਂ ਵੀ ਹਨ।

27°4′ ਉ. ਵਿਥ.; 88° 28′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 14 : 307; ਹਿੰ. ਵਿ. ਕੋ. 2 : 412

**ਕਾਲੀ (ਦੇਵੀ)** : ਇਹ ਹਿੰਦੂਆਂ ਦੀ ਇਕ ਦੇਵੀ ਹਨ। ਇਨ੍ਹਾਂ ਦੀ ਉਤਪਤੀ ਸਬੰਧੀ ਬਹੁਤ ਸਾਰੀਆਂ ਕਥਾਵਾਂ ਪ੍ਰਾਪਤ ਹਨ। ਮਾਰਕੰਡੇ ਪੁਰਾਣ ਅਨੁਸਾਰ ਭਗਵਤੀ ਚੰਡਿਕਾ ਦੇ ਲਲਾਟ ਤੋਂ ਇਨ੍ਹਾਂ ਦੀ ਉਤਪਤੀ ਹੋਈ ਸੀ। ਚੰਡ-ਵਧ ਸਮੇਂ ਰਾਕਸ਼ਾਂ ਨਾਲ ਯੁੱਧ ਕਰਦੇ ਹੋਏ ਭਗਵਤੀ ਦਾ ਰੰਗ ਕਾਲਾ ਹੋ ਗਿਆ ਸੀ। ਉਸੇ ਸਮੇਂ ਉਨ੍ਹਾਂ ਦੇ ਮਸਤਕ ਵਿਚੋਂ ਕਰਾਲਬਦਨ ਵਾਲੀ ਕਾਲੀ ਦੇਵੀ ਦੀ ਉਤਪਤੀ ਤਲਵਾਰ ਅਤੇ ਫੰਧੇ ਆਦਿ ਸ਼ਸਤਰਾਂ ਸਹਿਤ ਹੋਈ। ਅਸਤਰਾਂ ਸ਼ਸਤਰਾਂ ਨਾਲ ਸਜੀ ਹੋਈ ਦੇਵੀ ਦੇ ਜਨਮ ਦੀ ਕਲਪਨਾ ਯੂਰਪ ਵਿਚ ਵੀ ਮਿਲ ਜਾਂਦੀ ਹੈ। ਯੂਨਾਨੀ ਦੇਵੀ ਮਿਨਰਵਾ ਦਾ ਜਨਮ ਵੀ ਇਸੇ ਪ੍ਰਕਾਰ ਹੋਇਆ ਸੀ। ਬ੍ਰੀਹੱਨੀਲਤੰਤਰ ਵਿਚ ਕਾਲੀ ਦੀ ਉਤਪਤੀ ਦੀ ਹੋਰ ਕਥਾ ਦਿੱਤੀ ਗਈ ਹੈ। ਰਾਕਸ਼ਾਂ ਕੋਲੋਂ ਹਾਰਨ ਪਿਛੋਂ ਦੇਵਤਿਆਂ ਨੇ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਦੀ ਸ਼ਰਨ ਲਈ ਪਰੰਤੂ ਉਨ੍ਹਾਂ ਤਿੰਨਾਂ ਨੇ ਆਪਣੇ ਆਪ ਨੂੰ ਅਸਮਰਥ ਸਮਝ ਕੇ ਮਹਾਂਕਾਲੀ ਨੂੰ ਬੇਨਤੀ ਕੀਤੀ। ਮਹਾਂਕਾਲੀ ਨੇ ਤਾਰਾ ਦੇਵੀ ਦੀ ਸਹਾਇਤਾ ਨਾਲ ਬਾਰਾਂ ਦੇਵੀਆਂ ਦੀ ਉਤਪਤੀ ਕੀਤੀ ਜਿਨ੍ਹਾਂ ਵਿਚ ਕਾਲੀ ਦੇਵੀ ਦਾ ਨਾਂ ਸਭ ਤੋਂ ਪਹਿਲਾਂ ਆਇਆ ਹੈ। ਸਪੱਸ਼ਟ ਹੈ ਕਿ ਇਥੇ ਕਾਲੀ ਦੇਵੀ ਨੂੰ ਮਹਾਂਕਾਲੀ ਦਾ ਹੀ ਇਕ ਰੂਪ ਮੰਨਿਆ ਗਿਆ ਹੈ। ਮਾਰਕੰਡੇ ਪੁਰਾਣ ਵਿਚ ਕਾਲੀ ਦੇਵੀ ਨੂੰ ਲਕਸ਼ਮੀ ਦੇ ਤਿੰਨਾਂ ਰੂਪਾਂ ਵਿਚੋਂ ਇਕ ਮੰਨਿਆ ਗਿਆ ਹੈ। ਕਾਲੀ ਦੇਵੀ ਦਾ ਪੂਜਾ ਦਾ ਇਤਿਹਾਸ ਸ਼ਕਤੀ ਪੂਜਾ ਦੇ ਇਤਿਹਾਸ ਵਿਚ ਬਹੁਤ ਪੁਰਾਣਾ ਨਹੀਂ ਹੈ। ਦੂਜੀ ਈ. ਪੂ. ਤੋਂ ਪਹਿਲਾਂ ਕਾਲੀ ਦੇਵੀ ਦੀ ਪੂਜਾ ਦੀ ਹੋਂਦ ਦਾ ਪ੍ਰਮਾਣ ਨਹੀਂ ਮਿਲਦਾ। ਪਹਿਲਾਂ ਤਾਂ ਸ਼ਾਇਦ ਸ਼ਕਤੀ ਪੂਜਾ ਦੀ ਪ੍ਰਵਿਰਤੀ ਵਿਚ ਹੀ ਕਾਲੀ ਪੂਜਾ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੋਵੇਗਾ, ਬਾਅਦ ਵਿਚ ਇਨ੍ਹਾਂ ਦੀ ਤਾਂਤਰਿਕ ਪੂਜਾ ਅਤੇ ਇਨ੍ਹਾਂ ਦੇ ਦਰਸ਼ਨ ਦਾ ਵਿਕਾਸ ਹੋਇਆ ਹੋਵੇਗਾ।

ਪੁਰਾਣਾਂ ਅਤੇ ਮੁੱਖ ਧਾਰਮਕ ਗ੍ਰੰਥਾਂ ਵਿਚ ਕਾਲੀ ਦੇ ਵੱਖ ਵੱਖ ਰੂਪ ਪ੍ਰਾਪਤ ਹੁੰਦੇ ਹਨ। ਮਹਾਂਕਾਲੀ, ਦਖਸ਼ਿਣਾਕਾਲੀ, ਭਦ੍ਰ-ਕਾਲੀ, ਸ਼ਮਸ਼ਾਨਕਾਲੀ, ਗੁਹਯਕਾਲੀ, ਰਕਸ਼ਾ-ਕਾਲੀ ਆਦਿ। ਇਹ ਸਭ ਰੂਪ ਕਾਲੀ ਦੇ ਹੀ ਹਨ। ਪਰੰਤੂ ਉਪਾਸਨਾ ਭਾਵ ਅਨੁਸਾਰ ਇਨ੍ਹਾਂ ਦੇ ਨਾਵਾਂ ਅਤੇ ਸਰੂਪਾਂ ਵਿਚ ਭਿੰਨਤਾ ਕਰ ਲਈ ਗਈ ਹੈ। ਕਾਲੀ ਪੂਜਾ ਦਾ ਵਰਣਨ ਅਨੇਕ ਤੰਤਰ-ਪੁਰਾਣਾ ਵਿਚ ਪ੍ਰਾਪਤ ਹੁੰਦਾ ਹੈ। ਕਾਲੀਤੰਤਰਮ, ਸ਼ਿਆਮਾਰਹੱਸ, ਬ੍ਰਹੀਨੀਲਤੰਤਰ, ਦੇਵੀ ਭਾਗਵਤਮ, ਕਾਲੀਕਾਪੁਰਾਣ, ਮਾਰਕੰਡੇਪੁਰਾਣ ਆਦਿ ਇਨ੍ਹਾਂ ਵਿਚੋਂ ਪ੍ਰਮੁੱਖ ਹਨ। ਇਸ ਵਿਚ ਤੰਤ੍ਰਿਕ ਖੱਟ ਕਰਮ ਕਰਨ ਦਾ ਹੁਕਮ ਹੈ। ਸ਼ਰਾਬ ਨੂੰ ਮੰਤਰ ਨਾਲ ਸ਼ੁੱਧ ਕਰਨ ਤੇ ਪੀਣ ਦਾ ਵਿਧਾਨ ਵੀ ਹੈ। ਕਾਲੀ ਪੂਜਾ ਲਈ ਸ਼ਰਾਬ ਪੀਣ ਨੂੰ ਅਤਿਅੰਤ ਮਹੱਤਵਪੂਰਨ ਦੱਸਿਆ ਗਿਆ ਹੈ। ਕਾਲੀ ਨੂੰ ਚਾਰ ਬਾਹਵਾਂ ਵਾਲੀ ਕਿਹਾ ਗਿਆ ਹੈ। ਇਨ੍ਹਾਂ ਚਾਰਾਂ ਹੱਥਾਂ ਵਿਚੋਂ ਦੋ ਹੱਥਾਂ ਵਿਚ ਵਰ ਅਤੇ ਨਿਡਰ ਮੁਦਰਾ ਦੇ ਦਰਸ਼ਨ ਹੁੰਦੇ ਹਨ ਦੂਜੇ ਦੋਹਾਂ ਵਿਚ ਖੜਗ ਅਤੇ ਮੁੰਡਮਾਲਾ ਹੁੰਦੀ ਹੈ, ਗਲੇ ਵਿਚ ਵੀ ਮੁੰਡ ਮਾਲਾ ਹੁੰਦੀ ਹੈ। ਕਾਲੀ ਦੀ ਪੂਜਾ ਕੱਤਕ ਦੇ ਹਨੇਰੇ ਪੱਖ ਵਿਚ, ਵਿਸ਼ੇਸ਼ ਕਰਕੇ ਰਾਤ ਨੂੰ, ਵਧੇਰੇ ਫਲ ਦੇਣ ਵਾਲੀ ਦੱਸੀ ਗਈ ਹੈ। ਪੂਜਾ ਵਿਚ ਕਾਲੀਸਤੋਤਰ, ਕਵਚ, ਸ਼ਤਨਾਮ, ਸਹਸਰਨਾਮ ਦਾ ਵੀ ਵਿਧਾਨ ਹੈ।

ਕਾਲੀਤਵ ਦਾ ਤਰਕ ਸਹਿਤ ਨਿਰਨਾ ਕਰਨ ਨਾਲ ਪੂਜਾ ਢੰਗ ਦਾ ਇਕ ਦਰਸ਼ਨ ਵੀ ਵਖਰੇ ਰੂਪ ਵਿਚ ਸਾਹਮਣੇ ਆਉਂਦਾ ਹੈ ਜਿਸ ਦਾ ਵਿਕਾਸ ਪੁਰਾਣਾਂ ਅਤੇ ਉਸ ਤੋਂ ਪਿਛੋਂ ਦੇ ਸਾਹਿਤ ਵਿਚ ਕੀਤਾ ਗਿਆ ਹੈ। ਇਸ ਅਨੁਸਾਰ ਸਾਰੇ ਬ੍ਰਹਮੰਡ ਦਾ ਹਰ ਕਣ ਸ਼ਕਤੀ ਤੋਂ ਬਿਨਾਂ ਲਾਸ਼ ਜਿਹਾ ਹੈ। ਉਸ ਦਾ ਬਿੰਬ ਹੀ ਮਾਇਆ ਹੈ ਅਤੇ ਸ਼ਿਵ ਉਸ ਦਾ ਮਨ ਹੈ। ਸ੍ਰਿਸ਼ਟੀ ਦੀ ਉਤਪਤੀ ਲਈ ਇਸ ਪਰਮ ਸ਼ਕਤੀ ਨੇ ਸ਼ਿਵ ਦੀ ਪਤੀ ਰੂਪ ਵਿਚ ਕਲਪਨਾ ਕਰ ਲਈ। ਕਈ ਯੁਗਾਂ ਤਕ ਵਿਪਰੀਤ ਰਤੀ ਕਰਨ ਪਿਛੋਂ ਇਕ ਬਿੰਦੂ ਦੀ ਸ੍ਰਿਸ਼ਟੀ ਹੋਈ, ਜਿਸ ਵਿਚੋਂ ਅਤਿ ਖ਼ੂਬਸੂਰਤ ਇਕ ਸੁੰਦਰੀ ਪੈਦਾ ਹੋਈ। ਇਸੇ ਦਾ ਨਾਂ ਮਹਾਕਾਲੀ ਹੋਇਆ। ਮਹਾਕਾਲ ਜਿਸ ਦੁਆਰਾ ਮੋਹਿਤ ਕੀਤਾ ਗਿਆ ਹੈ, ਉਹ ਹੀ ਕਾਲੀ ਹੈ। ਇਹ ਅਨਾਦਿ ਰੂਪੀ ਹੈ। ਬ੍ਰਹਮਾ, ਵਿਸ਼ਨੂੰ ਆਦਿ ਦੇਵਤੇ ਇਸੇ ਤੋਂ ਉਤਪੰਨ ਹੋਏ ਹਨ।

ਹ. ਪੁ.—ਹਿੰ. ਵਿ. ਕੋ. 2 : 494

**ਕਾਲੀ** : ਪੱਛਮੀ ਕੋਲੰਬੀਆ ਵਿਚ ਬਾਯੇ ਥੈੱਲ ਕੂਕਾ ਨਾਮੀ ਡਿਪਾਰਟਮੈਂਟ ਦੀ ਰਾਜਧਾਨੀ ਹੈ ਜੋ ਦਰਿਆ ਕਾਲੀ ਉਤੇ 1014 ਮੀ. ਦੀ ਉੱਚਾਈ ਉਤੇ ਸਥਿੱਤ ਹੈ। ਸੰਨ 1536 ਵਿਚ ਕੋਲੰਬੀਆ ਦੇ ਸਭ ਤੋਂ ਉਪਜਾਊ ਇਲਾਕੇ ਵਿਚ ਇਸ ਸ਼ਹਿਰ ਦੀ ਨੀਂਹ ਰੱਖੀ ਗਈ। ਸੰਨ 1950 ਤੋਂ ਇਹ ਸ਼ਹਿਰ ਬਹੁਤ ਫੈਲ ਗਿਆ ਅਤੇ ਨਤੀਜੇ ਵਜੋਂ ਇਹ ਕੋਲੰਬੀਆ ਦਾ ਤੀਜਾ ਵੱਡਾ ਸ਼ਹਿਰ ਬਣ ਗਿਆ। ਇਹ ਉਦਯੋਗਿਕ ਕੇਂਦਰ ਵਜੋਂ ਬੋਗੋਟਾ, ਬਾਰਾਂਕੀ ਯਾ ਅਤੇ ਮੇਥੇਯੀਨ ਸ਼ਹਿਰਾਂ ਦੇ ਬਰਾਬਰ ਦਾ ਸ਼ਹਿਰ ਹੈ। ਇਹ ਇਕ ਵੱਡੇ ਜ਼ਰਾਇਤੀ ਖੇਤਰ (ਜਿਥੇ ਤੰਬਾਕੂ, ਕਾਫ਼ੀ, ਖੰਡ ਅਤੇ ਪਸ਼ੂ-ਧਨ ਵਿਸ਼ੇਸ਼ ਤੌਰ ਤੇ ਪੈਦਾ ਕੀਤੇ ਜਾਂਦੇ ਹਨ) ਦਾ ਵੰਡ-ਕੇਂਦਰ ਹੈ। ਇਥੇ ਬਾਯੇ ਯੂਨੀਵਰਸਿਟੀ (1945), ਸਾਨਟਿਆਗੋ ਯੂਨੀਵਰਸਿਟੀ-ਕਾਲੀ (1958) ਅਤੇ ਕਈ ਹੋਰ ਛੋਟੀਆਂ ਛੋਟੀਆਂ ਯੂਨੀਵਰਸਿਟੀਆਂ ਹਨ। ਇਹ ਸੜਕਾਂ ਅਤੇ ਸ਼ਾਹਰਾਹਾਂ ਦੁਆਰਾ ਉੱਤਰ-ਪੂਰਬ ਵੱਲ ਦੇ ਵੱਡੇ-ਵੱਡੇ ਸ਼ਹਿਰਾਂ ਅਤੇ ਬਵੇਨਾਵੇਨਟੂਰਾ ਨਾਮੀ ਸ਼ਾਂਤ

ਹਾਂ-ਸਾਗਰੀ ਬੰਦਰਗਾਹ ਨਾਲ ਜੁੜਿਆ ਹੋਇਆ ਹੈ। ਇਥੇ ਅੰਤਰ-ਸ਼ਟਰੀ ਜੈੱਟ ਹਵਾਈ ਅੱਡਾ ਹੈ। ਸੰਨ 1971 ਵਿਚ ਪੱਛਮੀ ਅਰਧ ਲ਼ੇ ਦੀਆਂ ਚਾਰ ਸਾਲਾਂ ਬਾਅਦ ਹੋਣ ਵਾਲੀਆਂ ਪੈਨਅਮੈਰੀਕਨ ਗੇਮਜ਼ ਥੇ ਹੀ ਹੋਈਆਂ ਸਨ।

ਆਬਾਦੀ—1,255,198 (1978)

3° 27′ ਉ. ਵਿਥ.; 76° 31′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2:457; ਐਨ. ਅਮੈ. 5:194

**ਕਾਲੀ (ਨਾਗ)** : ਭਾਗਵਤ ਪੁਰਾਣ ਅਨੁਸਾਰ ਗਰੜ-ਭਗਵਾਨ ਡਰਦਾ ਹੋਇਆ ਕਾਲੀ ਨਾਗ ਬ੍ਰਿੰਦਾਬਨ ਦੇ ਲਾਗੇ ਜਮਨਾ ਦਰਿਆ ਚ ਆ ਗਿਆ, ਕਿਉਂਕਿ ਇਥੇ ਉਹ ਸੁਰੱਖਿਅਤ ਸੀ। ਕਿਸੇ ਸਮੇਂ ਗਰੜ ਥੇ ਆਪਣੇ ਸ਼ਿਕਾਰ ਨੂੰ ਲਿਆ ਕੇ ਖਾਣ ਵਾਸਤੇ ਬੈਠਾ ਸੀ। ਦਰਖਤ ਥੱਲੇ ਇਕ ਰਿਸ਼ੀ ਤਪੱਸਿਆ ਕਰ ਰਿਹਾ ਸੀ। ਗਰੜ ਦੀ ਇਸ ਰਤੂਤ ਨੂੰ ਵੇਖ ਕੇ ਰਿਸ਼ੀ ਨੇ ਸਰਾਪ ਦੇ ਦਿਤਾ ਕਿ ਜੇ ਉਹ ਗਰੜ ੜ ਇਸ ਥਾਂ ਉਪਰ ਆਵੇਗਾ ਤਾਂ ਭਸਮ ਹੋ ਜਾਵੇਗਾ। ਇਸ ਲਈ ਰੜ ਕਾਲੀ ਨਾਗ ਨੂੰ ਇਥੋਂ ਆ ਕੇ ਨਹੀਂ ਫੜ ਸਕਦਾ ਸੀ। ਕਾਲੀ ਗ ਦੇ ਵਿਸ਼ ਕਾਰਨ ਇਥੋਂ ਦੇ ਜੀਵ ਜੰਤੂ ਬਹੁਤ ਦੁਖੀ ਸਨ। ਸ੍ਰੀ ਸ਼ਨ ਜੀ ਇਸ ਰਹੱਸ ਨੂੰ ਜਾਣਦੇ ਸਨ। ਇਕ ਦਿਨ ਸ੍ਰੀ ਕ੍ਰਿਸ਼ਨ ਇਸ (ਜ਼ਹਿਰੀਲੇ) ਵਿਸ਼ੈਲੇ ਸੱਪ ਤੋਂ ਛੁਟਕਾਰਾ ਦਿਵਾਉਣ ਈ, ਗੇਂਦ ਖੇਡਦਿਆਂ ਜਮਨਾ ਵਿਚ ਸੁਟ ਦਿਤੀ ਅਤੇ ਇਸ ਨੂੰ ਫੜਨ ਈ ਮਗਰੇ ਛਾਲ ਮਾਰ ਦਿਤੀ। ਗਵਾਲ ਬਾਲਾਂ ਵਿਚ ਹਾਹਾਕਾਰ ਮਚ ਆ। ਜਸ਼ੋਧਾ ਮਈਆ ਆਪਣੇ ਸਾਂਵਲੇ ਕ੍ਰਿਸ਼ਨ ਦੇ ਬਿਰਹਾ ਵਿਚ ਤੜਪ ਠੀ। ਗੱਲ ਕੀ ਸਾਰੇ ਬਿੰਦਰਾਬਨ ਵਾਸੀ ਕਾਲੀ ਨਾਗ ਦੇ ਸਥਾਨ ਵੱਲ ਉੱਠੇ। ਜਦ ਕਾਲੀ ਨਾਗ ਨੇ ਸ੍ਰੀ ਕ੍ਰਿਸ਼ਨ ਨੂੰ ਵੇਖਿਆ, ਤਦ ਆਪਣਾ ਣ ਫੈਲਾ ਕੇ ਡੰਗ ਮਾਰਨਾ ਚਾਹਿਆ। ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਪ ਨੂੰ ਬਚਾ ਕੇ ਉਸ ਦੇ ਫਣ ਉਪਰ ਨਾਚ ਕਰਨਾ ਸ਼ੁਰੂ ਕਰ ਦਿਤਾ। ਸ ਨਾਗ ਦੇ ਫਣ ਵੀ ਲਗਭਗ 100 ਦੇ ਕਰੀਬ ਸਨ। ਕ੍ਰਿਸ਼ਨ ਜੀ ਸਾਰੇ ਫਣਾਂ ਉਪਰ ਨਾਚ ਕਰ ਕੇ ਅੰਤ ਇਸ ਨੂੰ ਨੱਥ ਲਿਆ ਤੇ ਉਸ ਨੂੰ ਸ ਜਗ੍ਹਾ ਨੂੰ ਛੱਡਣ ਲਈ ਮਜਬੂਰ ਕਰ ਦਿਤਾ। ਸ੍ਰੀ ਕ੍ਰਿਸ਼ਨ ਜੀ ਚਰਚਾ ਸਾਰੇ ਸੰਸਾਰ ਅੰਦਰ ਹੋਈ ਤੇ ਆਪ ਜੀ ਨੂੰ ਵਿਸ਼ਨੂੰ ਦਾ ਵਤਾਰ ਮੰਨਿਆ ਗਿਆ।

ਹ. ਪੁ—ਗ. ਨਾ. ਸ਼. ਰ. 133

**ਕਾਲੀਸ਼** : ਪੱਛਮੀ ਕੇਂਦਰੀ ਪੋਲੈਂਡ ਦੇ ਪਾਜ਼ਨਾਨੀ ਪ੍ਰਾਂਤ ਅਤੇ ਉਂਗੀ ਦੀ ਰਾਜਧਾਨੀ ਹੈ ਜੋ ਪ੍ਰਾਸਨਾ ਦਰਿਆ ਉਤੇ ਸਥਿੱਤ ਹੈ। ਇਕ ਵ-ਇਤਿਹਾਸਕ ਪਿੰਡ ਦੀਆਂ ਖੁਦਾਈਆਂ ਅਤੇ ਦੂਜੀ ਸਦੀ ਚ ਖਗੋਲ ਭੂਗੋਲ ਵਿਗਿਆਨੀ ਟਾਲਮੀ ਦੁਆਰਾ ਬਸਤੀ ਦਾ ਸੀਸ਼ੀਆ ਵਜੋਂ ਕੀਤਾ ਗਿਆ ਵਰਣਨ, ਇਸ ਸ਼ਹਿਰ ਦੀ ਪ੍ਰਾਚੀਨਤਾ ਸਾਖੀ ਭਰਦੇ ਹਨ। ਇਥੇ ਬਾਰ੍ਹਵੀਂ ਸਦੀ ਤੋਂ ਲੈ ਕੇ ਚੌਦ੍ਹਵੀਂ ਸਦੀ ਕ ਦਾ ਇਕ ਬਹੁਤ ਮਜ਼ਬੂਤ ਕਿਲਾ ਹੁੰਦਾ ਸੀ। ਸੰਨ 1282 ਵਿਚ ਲੀਸ਼ ਨੂੰ ਸ਼ਹਿਰੀ ਅਧਿਕਾਰ ਪ੍ਰਾਪਤ ਹੋਏ ਅਤੇ ਸੰਨ 1793 ਵਿਚ ਇਹ ਸ਼ੀਆ ਨੂੰ ਦੇ ਦਿਤਾ ਗਿਆ। 28 ਫਰਵਰੀ, 1813 ਨੂੰ ਨੈਪੋਲੀਅਨ ਹਲੇ ਵਿਰੁੱਧ ਪਰੂਸ਼ੀਆ ਅਤੇ ਰੂਸ ਵਿਚਕਾਰ ਇਥੇ ਹੀ ਗੱਠਜੋੜ ਟਆ ਸੀ। ਸੰਨ 1815 ਵਿਚ ਇਹ ਰੂਸੀ ਪੋਲੈਂਡ ਵਿਚ ਸ਼ਾਮਲ ਕਰ ਆ ਗਿਆ। ਅੱਜ ਕਲ੍ਹ ਇਹ ਇਕ ਉਦਯੋਗਕ ਸ਼ਹਿਰ ਬਣ ਗਿਆ ਹੈ। ਸ਼ੇਸ਼ ਕਰਕੇ ਇਥੇ ਸੂਤੀ ਕੱਪੜੇ ਦਾ ਉਤਪਾਦਨ ਕੀਤਾ ਜਾਂਦਾ ਹੈ। ਤ ਤੋਂ ਇਲਾਵਾ ਇਥੇ ਲੇਸ ਅਤੇ ਕਢਾਈ ਸਬੰਧੀ ਉਦਯੋਗ, ਚਮੜਾ ਾਉਣ, ਆਟਾ ਅਤੇ ਲਕੜੀ ਚੀਰਨ ਦੀਆਂ ਮਿੱਲਾਂ ਅਤੇ ਖੁਰਾਕ ਪ੍ਰਾਸੈੱਸਿੰਗ ਪਲਾਂਟ ਸਥਾਪਤ ਹਨ। ਇਸ ਦੇ ਨਾਲ ਹੀ ਇਥੇ ਧਾਤ ਦੀਆਂ ਵਸਤਾਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ।

ਆਬਾਦੀ—100,340 (1981)

51°46′ ਉ. ਵਿਥ.; 18° ਪੂ. ਲੰਬ.

ਹ.ਪੁ.—ਐਨ.ਬ੍ਰਿ.ਮਾ. 5:671; ਐਨ. ਅਮੈ. 16:285; ਐਵ. ਐਨ. 7:278

**ਕਾਲੀ ਸਿੰਧ** : ਕਾਲੀ ਸਿੰਧ ਚੰਬਲ ਦਾ ਸਹਾਇਕ ਦਰਿਆ ਹੈ। ਇਸ ਰਾਹੀਂ ਮੱਧ-ਪ੍ਰਦੇਸ਼ ਅਤੇ ਰਾਜਸਥਾਨ ਦੇ ਵੱਡੇ ਭਾਗਾਂ ਦਾ ਜਲ-ਨਿਕਾਸ ਹੁੰਦਾ ਹੈ। ਇਹ ਦਰਿਆ ਵਿੰਧਿਆਚਲ ਪਰਬਤ ਤੇ ਬਰਝਿਰੀ ਦੇ ਸਥਾਨ ਤੋਂ ਨਿਕਲਦਾ ਹੈ ਅਤੇ ਗਵਾਲੀਅਰ, ਦੇਵਾਸ, ਨਰਸਿੰਘਗੜ੍ਹ, ਇੰਦੌਰ, ਕੋਟਾ ਅਤੇ ਝਾਲਾਵਾੜ ਦੇ ਜ਼ਿਲ੍ਹਿਆਂ ਵਿਚੋਂ ਦੀ—290 ਕਿ. ਮੀ. (180 ਮੀਲ) ਵਹਿੰਦਾ ਹੋਇਆ, ਮੁਕੰਦਵਾੜਾ ਦੀਆਂ ਪਹਾੜੀਆਂ ਨੂੰ ਗਾਗਰੌਨ ਦੇ ਨੇੜੇ ਕੱਟ ਕੇ ਰਾਹ ਬਣਾਉਂਦਾ ਹੋਇਆ, ਚੰਬਲ ਦਰਿਆ ਵਿਚ ਜਾ ਡਿੱਗਦਾ ਹੈ। ਚੰਬਲ ਆਪਣੇ ਸ੍ਰੋਤ ਤੋਂ ਲੈ ਕੇ ਸੰਗਮ ਤੱਕ 360 ਕਿ. ਮੀ. (225 ਮੀਲ) ਲੰਬਾ ਹੈ। ਕਾਲੀ ਸਿੰਧ ਦੇ ਮੁੱਖ ਸਹਾਇਕ ਦਰਿਆ, ਮੱਧ ਪ੍ਰਦੇਸ਼ ਵਿਚ ਲਕੁੰਦਰ ਤੇ ਪਾਰਵਾਨ ਹਨ ਅਤੇ ਰਾਜਸਥਾਨ ਵਿਚ ਉਜਰ ਤੇ ਅਹੂ ਹਨ। ਕਾਲੀ ਸਿੰਧ ਸਾਰਾ ਸਾਲ ਚਲਦਾ ਹੈ। ਪਰ ਵਰਖਾ ਰੁੱਤ ਨੂੰ ਛੱਡ ਕੇ ਬਾਕੀ ਦੇ ਦਿਨਾਂ ਵਿਚ ਪਾਣੀ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਕਈ ਸੜਕਾਂ ਇਸ ਦੇ ਤਲ ਤੇ ਪੱਥਰ ਚਿਣ ਕੇ ਲੰਘਾਈਆਂ ਗਈਆਂ ਹਨ। ਇਸ ਦੇ ਉਪਰਲੇ ਭਾਗ ਵਿਚ ਇਸ ਦਾ ਪਾਣੀ ਸਿੰਜਾਈ ਲਈ ਵਰਤਿਆ ਜਾਂਦਾ ਹੈ। ਹੇਠਲੇ ਭਾਗਾਂ ਵਿਚ ਇਸ ਦੇ ਕੰਢਿਆਂ ਦੀਆਂ ਢਲਾਣਾਂ ਬਹੁਤ ਤਿੱਖੀਆਂ ਹੋਣ ਕਰਕੇ ਸਿੰਜਾਈ ਲਈ ਪਾਣੀ ਦੀ ਵਰਤੋਂ ਅਸੰਭਵ ਹੈ। ਇਸ ਦਰਿਆ ਦਾ ਹਵਾਲਾ ਸੰਸਕ੍ਰਿਤ ਸਾਹਿਤ ਵਿਚ ਵਾਰ ਵਾਰ ਆਉਂਦਾ ਹੈ। ਅਬੁਲ ਫਜ਼ਲ ਦੀਆਂ ਲਿਖਤਾਂ ਵਿਚ ਵੀ ਇਸ ਨੂੰ ਮਾਲਵੇ ਦਾ ਇਕ ਮੁੱਖ ਦਰਿਆ ਦੱਸਿਆ ਗਿਆ ਹੈ। ਸਾਰੰਗਪੁਰ ਅਤੇ ਗਾਗਰੌਨ ਇਸ ਦੇ ਕੰਢਿਆਂ ਤੇ ਵੱਸੇ ਹੋਏ ਮਸ਼ਹੂਰ ਅਸਥਾਨ ਹਨ। ਦਰਿਆ ਦਾ ਤਲਾ ਕਾਲੇ ਬਸਾਲਟ ਦਾ ਬਣਿਆ ਹੋਇਆ ਹੈ। ਸ਼ਾਇਦ ਇਸੇ ਕਰਕੇ ਹੀ ਇਸ ਦਾ ਨਾਂ ਕਾਲੀ ਸਿੰਧ ਪੈ ਗਿਆ ਹੈ।

ਹ. ਪੁ.—ਇੰਪ. ਗ. ਇੰਡ. 14:313

**ਕਾਲੀਕਟ (ਕੋਜ਼ੀਕੋਡੇ)** : ਭਾਰਤ ਦੇ ਕੇਰਲਾ ਰਾਜ ਵਿਚ ਮਾਲਾਬਾਰ ਤੱਟ ਤੇ ਵਸਿਆ ਹੋਇਆ ਇਹ ਇਕ ਸ਼ਹਿਰ ਹੈ। ਇਹ ਮਦਰਾਸ ਤੋਂ ਕੋਈ 665 ਕਿ. ਮੀ. ਹੈ। ਇਹ ਕੋਜ਼ੀਕੋਡੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਸੱਤਵੀਂ ਸਦੀ ਵਿਚ ਅਰਬੀ ਵਪਾਰੀ ਇਥੇ ਆ ਵਸੇ। ਉਨ੍ਹਾਂ ਦੀ ਸੰਤਾਨ ਮੋਪਲਾ ਕਹਾਉਂਦੀ ਹੈ। ਵਾਸਕੋਡੀਗਾਮਾ ਇਥੇ 1498 ਈ. ਵਿਚ ਪਹੁੰਚਿਆ। ਪਰ ਪੁਰਤਗੇਜ਼ੀ ਇਥੇ ਵਪਾਰਕ ਅੱਡਾ ਕਾਇਮ ਨਾ ਕਰ ਸਕੇ। ਸੰਨ 1511 ਵਿਚ ਹੋਈ ਇਕ ਅਮਨ ਸੰਧੀ ਪਿੱਛੋਂ ਉਨ੍ਹਾਂ ਨੇ ਇਥੇ ਇਕ ਕਿਲੇਬੰਦ ਅੱਡਾ ਬਣਾ ਲਿਆ। ਸੰਨ 1664 ਵਿਚ ਅੰਗਰੇਜ਼ਾਂ ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦਾ ਇਕ ਵਪਾਰਕ ਅੱਡਾ ਇਥੇ ਕਾਇਮ ਕੀਤਾ। ਫਰਾਂਸੀਸੀਆਂ ਨੇ 1698 ਈ. ਵਿਚ ਅਤੇ ਡੇਨਾਂ ਨੇ 1752 ਈ. ਵਿਚ ਆਪਣੇ-ਆਪਣੇ ਅੱਡੇ ਇਥੇ ਬਣਾ ਲਏ। 1765 ਈ. ਵਿਚ ਹੈਦਰ ਅਲੀ ਨੇ ਇਸ ਸ਼ਹਿਰ ਤੇ ਕਬਜ਼ਾ ਕਰ ਲਿਆ। ਸੰਨ 1782 ਵਿਚ ਉਸ ਦੀਆਂ ਫੌਜਾਂ ਨੂੰ ਇਥੋਂ ਕੱਢ ਦਿਤਾ ਗਿਆ। ਉਸ ਦੇ ਪੁੱਤਰ ਟੀਪੂ ਸੁਲਤਾਨ ਨੇ 1788 ਈ. ਵਿਚ ਇਸ ਉਤੇ ਫੇਰ ਕਬਜ਼ਾ ਕਰ ਲਿਆ। ਪਰ 1792 ਈ. ਵਿਚ ਇਸ ਨੂੰ ਅੰਗਰੇਜ਼ਾਂ ਨੇ ਮੁੜ ਜਿੱਤ ਲਿਆ।

ਕਾਲੀਕਟ ਦੀ ਬੰਦਰਗਾਹ ਮੌਨਸੂਨ ਦੀ ਰੁੱਤ ਵਿਚ ਬਿਲਕੁਲ ਬੰਦ ਰਹਿੰਦੀ ਹੈ। ਦੂਜੀਆਂ ਰੁੱਤਾਂ ਵਿਚ ਵੀ ਜਹਾਜ਼ ਬੰਦਰਗਾਹ ਤੋਂ

ਪੰਜ ਕਿ· ਮੀ· ਦੂਰ ਖੜ੍ਹੇ ਰਹਿੰਦੇ ਹਨ। ਸ਼ਹਿਰ ਦ ਦਖਣ ਵਿਚ ਕੱਲਾਈ ਦਰਿਆ ਦੇ ਮੁਹਾਣੇ ਤੇ ਇਮਾਰਤੀ ਲੱਕੜੀ ਦਾ ਇਕ ਬਹੁਤ ਵੱਡਾ ਡੀਪੂ ਹੈ। ਨਾਰੀਅਲ, ਕਾਲੀ ਮਿਰਚ, ਅਧਰਕ, ਕਾਫ਼ੀ, ਚਾਹ ਅਤੇ ਹੋਰ ਕਈ ਵਸਤਾਂ ਇਥੋਂ ਬਰਾਮਦ ਕੀਤੀ ਜਾਂਦੀਆਂ ਹਨ। ਲੱਕੜ ਚੀਰਨ ਦੇ ਆਰੇ, ਟਾਈਲਾਂ ਬਣਾਉਣ, ਕਾਫ਼ੀ ਸੋਧਣ ਅਤੇ ਹੌਜ਼ਰੀ ਦੇ ਕਾਰਖਾਨੇ ਹਨ।

ਇਥੇ ਇਕ ਯੂਨੀਵਰਸਿਟੀ, ਤਿੰਨ ਕਾਲਜ, ਇਕ ਮੈਡੀਕਲ ਕਾਲਜ, ਇਕ ਅਧਿਆਪਕ ਸਿਖਲਾਈ ਕਾਲਜ ਅਤੇ ਇਕ ਸਮੁੰਦਰੀ ਜੀਵ-ਜੰਤੂ ਖੋਜ ਸੰਸਥਾ ਹੈ।

ਆਬਾਦੀ—394,440 (1981)

11° 10′ ਉ. ਵਿਥ.; 75° 30′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 484

**ਕਾਲੀ ਖੰਘ** : ਕਾਲੀ ਖੰਘ ਇਕ ਤਿੱਖੀ ਛੂਤ ਵਾਲੀ ਬਿਮਾਰੀ ਹੈ, ਜਿਹੜੀ ਬੋਰਡੇਟੈਲਾ ਪਰਟਿਉਸਿਸ (*Bordetella pertusis*) ਰੋਗਾਣੂ ਰਾਹੀਂ ਫੈਲਦੀ ਹੈ। ਇਹ ਬੱਚਿਆਂ ਵਿਚ ਜ਼ਿਆਦਾ ਹੁੰਦੀ ਹੈ। ਰੋਗੀ ਦੇ ਥੁੱਕ ਅਤੇ ਨੱਕ ਦੇ ਰੇਸ਼ੇ ਵਿਚ ਬੇਸ਼ੁਮਾਰ ਰੋਗਾਣੂ ਹੁੰਦੇ ਹਨ। ਖੰਘਣ ਤੇ ਨਿੱਛਣ ਵੇਲੇ ਇਹ ਥੁੱਕ ਦੀ ਫ਼ੁਹਾਰ ਰਾਹੀਂ ਆਲੇ ਦੁਆਲੇ ਹਵਾ ਵਿਚ ਖਿੰਡ ਜਾਂਦੇ ਹਨ। ਜਦੋਂ ਕੋਈ ਵੀ ਇਸ ਹਵਾ ਵਿਚ ਸਾਹ ਲੈਂਦਾ ਹੈ ਤਾਂ ਉਸ ਦੇ ਅੰਦਰ ਇਹ ਰੋਗਾਣੂ ਦਾਖ਼ਲ ਹੋ ਜਾਂਦੇ ਹਨ ਅਤੇ ਉਥੇ ਖ਼ੂਬ ਪਲਰਦੇ ਹਨ। ਇਸ ਲਾਗ ਤੋਂ 7—14 ਦਿਨਾਂ ਪਿੱਛੋਂ ਕਾਲੀ ਖੰਘ ਦੇ ਲੱਛਣ ਸਪੱਸ਼ਟ ਵਿਖਾਈ ਦੇਣ ਲਗ ਪੈਂਦੇ ਹਨ। ਲਾਗ ਤੇ ਲੱਛਣ ਉਘੜਨ ਦੇ ਵਿਚਲੇ ਸਮੇਂ ਨੂੰ ਰੋਗ ਦਾ ਪੱਕਣ ਸਮਾਂ ਆਖਦੇ ਹਨ।

ਪਹਿਲੇ ਹਫ਼ਤੇ ਕਾਲੀ ਖੰਘ ਦੀ ਪਛਾਣ ਕਰਨੀ ਔਖੀ ਹੈ। ਇਸ ਵੇਲੇ ਇਸ ਰੋਗ ਦੀ ਲਾਗ ਸਭ ਤੋਂ ਵੱਧ ਤਿੱਖੀ ਹੁੰਦੀ ਹੈ ਤੇ ਇਹ ਆਲੇ ਦੁਆਲੇ ਵਿਚ ਤੇਜ਼ੀ ਨਾਲ ਫੈਲਦੀ ਹੈ। ਇਸ ਦੇ ਲੱਛਣ ਖੰਘ, ਬੁਖ਼ਾਰ ਦੇ ਲੱਛਣਾਂ ਨਾਲ ਮੇਲ ਖਾਂਦੇ ਹਨ। ਰੋਗੀ ਨੂੰ ਬੁਖ਼ਾਰ ਚੜ੍ਹਦਾ ਹੈ। ਉਸ ਦੀਆਂ ਅੱਖਾਂ ਲਾਲ ਹੁੰਦੀਆਂ ਹਨ ਅਤੇ ਨੱਕ ਵਗਦਾ ਹੈ। ਉਸ ਨੂੰ ਨਿੱਛਾਂ ਆਉਂਦੀਆਂ ਹਨ, ਗਲਾ ਪਕਦਾ ਤੇ ਖੰਘ ਹੁੰਦੀ ਹੈ। ਇਸ ਰੋਗਾਣੂ ਦੀ ਲਾਗ ਦਾ ਪਤਾ ਲਾਉਣ ਲਈ ਰੋਗੀ ਬੱਚੇ ਦੇ ਖੰਘਣ ਵੇਲੇ ਇਸ ਦੇ ਮੂੰਹ ਅੱਗੇ ਇਕ ਖ਼ਾਸ ਕਿਸਮ ਦੀ ਕਲਚਰ ਪਲੇਟ ਰੱਖੀ ਜਾਂਦੀ ਹੈ ਤੇ ਫਿਰ ਇਸ ਤੋਂ ਰੋਗਾਣੂਆਂ ਦੀ ਹੋਂਦ ਦਾ ਪਤਾ ਲਾਇਆ ਜਾਂਦਾ ਹੈ। ਇਸੇ ਟੈਸਟ ਰਾਹੀਂ ਇਹ ਵੀ ਸਿੱਧ ਕੀਤਾ ਜਾ ਸਕਦਾ ਹੈ ਕਿ ਬੱਚਾ ਇਸ ਰੋਗਾਣੂ ਦੀ ਲਾਗ ਤੋਂ ਮੁਕਤ ਹੋ ਗਿਆ ਹੈ ਜਾਂ ਨਹੀਂ। ਇਸ ਤੋਂ ਇਲਾਵਾ ਖ਼ੂਨ ਟੈਸਟ ਕਰਕੇ ਵੀ ਇਸ ਬਿਮਾਰੀ ਦੀ ਹੋਂਦ ਦਾ ਪਤਾ ਲਾਇਆ ਜਾ ਸਕਦਾ ਹੈ ਕਿਉਂਕਿ ਕਾਲੀ ਖੰਘ ਦਾ ਖ਼ਾਸ ਲੱਛਣ ਇਹ ਹੈ ਕਿ ਇਸ ਵਿਚ ਇਕ ਨਿਊਕਲੀਅਸ ਵਾਲੇ ਚਿੱਟੇ ਰਕਤਾਣੂਆਂ ਦੀ ਗਿਣਤੀ ਵਧ ਜਾਂਦੀ ਹੈ।

ਹਫ਼ਤੇ ਪਿਛੋਂ ਬੁਖ਼ਾਰ, ਅੱਖਾਂ ਦੀ ਲਾਲੀ ਤੇ ਜ਼ੁਕਾਮ ਘਟਦੇ ਹਨ। ਪਰ ਖੰਘ ਦੇ ਦੌਰੇ ਜਿਹੇ ਪੈਂਦੇ ਹਨ। ਕਈ ਵਾਰ 24 ਘੰਟਿਆਂ ਵਿਚ ਲਗਭਗ ਚਾਲੀ ਪੰਜਾਹ ਦੌਰੇ ਪੈ ਜਾਂਦੇ ਹਨ। ਰਾਤ ਵੇਲੇ ਖੰਘ ਦੇ ਦੌਰੇ ਹੋਰ ਵੀ ਵੱਧ ਤੰਗ ਕਰਦੇ ਹਨ। ਖੰਘ ਖੰਘ ਕੇ ਰੋਗੀ ਬੱਚੇ ਦਾ ਮੂੰਹ ਲਾਲ ਤੇ ਅੰਤ ਨੀਲਾ ਹੋ ਜਾਂਦਾ ਹੈ। ਲਾਗ ਸਾਹ ਨਾਲੀਆਂ ਤੀਕ ਪਹੁੰਚ ਜਾਣ ਨਾਲ ਉਸ ਦਾ ਸਾਹ ਰੁਕਦਾ ਹੈ। ਪੂਰਾ ਜ਼ੋਰ ਲਾ ਕੇ ਜਦ ਉਹ ਲੰਮਾ ਸਾਹ ਖਿੱਚਦਾ ਹੈ, ਤਾਂ ਭੀੜੀਆਂ ਨਾਲੀਆਂ ਵਿਚੋਂ ਦੀ ਲੰਘਦੀ ਹਵਾ ਇਕ ਹੂਕ ਪੈਦਾ ਕਰਦੀ ਹੈ। ਇਸੇ ਲਈ ਇਸ ਖੰਘ ਨੂੰ ਹੂਕ ਵਾਲੀ ਖੰਘ ਵੀ ਆਖਦੇ ਹਨ।

ਖੰਘ ਦੇ ਤਿੱਖੇ ਦੌਰੇ ਵੇਲੇ ਰੋਗੀ ਦੀਆਂ ਅੱਖਾਂ ਬਾਹਰ ਨੂੰ ਆਉਂਦੀਆਂ ਹਨ। ਉਸ ਦੀ ਜੀਭ ਬਾਹਰ ਨਿਕਲਦੀ ਹੈ। ਖੰਘਣ ਦੇ ਜ਼ੋਰ ਨਾਲ ਜੀਭ ਦੰਦਾਂ ਵਿਚਾਲੇ ਘਿਸਰਦੀ ਜ਼ਖ਼ਮੀ ਹੋ ਜਾਂਦੀ ਹੈ। ਦੌਰੇ ਦੇ ਅੰਤ ਉਤੇ ਮੂੰਹ ਰਾਹੀਂ ਗਾੜ੍ਹਾ ਚਿੱਟਾ ਜਿਹਾ ਰੇਸ਼ਾ ਨਿਕਲਦਾ ਹੈ। ਇਸ ਨੂੰ ਕੱਢਣ ਵੇਲੇ ਬੱਚੇ ਨੂੰ ਅਕਸਰ ਉਲਟੀ ਆਉਂਦੀ ਹੈ। ਖਾਧਾ ਪੀਤਾ ਪੂਰਾ ਹਜ਼ਮ ਨਾ ਹੋਣ ਕਾਰਨ ਰੋਗੀ ਹੋਰ ਵੀ ਕਮਜ਼ੋਰ ਹੋ ਜਾਂਦਾ ਹੈ। ਕਈ ਵਾਰ ਖੰਘਦਿਆਂ ਉਸਦੀਆਂ ਅੱਖਾਂ ਵਿਚ ਖ਼ੂਨ ਉਤਰ ਆਉਂਦਾ ਹੈ। ਇਹ ਕਈ ਦਿਨ ਰਾਜ਼ੀ ਨਹੀਂ ਹੁੰਦਾ, ਕਈ ਵੇਰ ਅੱਖਾਂ ਦੁਆਲੇ ਨੀਲ ਪੈ ਜਾਂਦੇ ਹਨ। ਇਨ੍ਹਾਂ ਨੂੰ ਰਾਜ਼ੀ ਹੁੰਦਿਆਂ ਵੀ ਬੜੀ ਦੇਰ ਲਗਦੀ ਹੈ। ਕਦੇ ਨਮੋਨੀਆ ਹੋ ਜਾਂਦਾ ਹੈ। ਲੰਮੀ ਖੰਘ ਨਾਲ ਫ਼ੇਫੜਿਆਂ ਦੇ ਕਮਜ਼ੋਰ ਹੋਣ ਦਾ ਖ਼ਤਰਾ ਵਧਦਾ ਹੈ। ਸਾਹ ਪ੍ਰਣਾਲੀ ਦੀ ਕਮਜ਼ੋਰ ਝਿੱਲੀ ਵਿਚ ਕਦੇ ਤਪਦਿਕ ਦਾ ਰੋਗ ਆਣ ਵੜਦਾ ਹੈ।

4-6 ਹਫ਼ਤੇ ਤਕ ਆਪਣਾ ਪੂਰਾ ਜ਼ੋਰ ਲਾ ਕੇ ਇਹ ਬਿਮਾਰੀ ਹਟਦੀ ਹੈ। ਕਮਜ਼ੋਰ ਸਰੀਰ ਲਈ ਇਸ ਤੋਂ ਵੱਧ ਸਮਾਂ ਵੀ ਲੱਗ ਜਾਂਦਾ ਹੈ। ਕਾਲੀ ਖੰਘ ਤੋਂ ਛੁਟਕਾਰਾ ਪਾਉਣ ਲਈ ਸਰੀਰ ਅੰਦਰ ਐਂਟੀਬਾਡੀ (ਪ੍ਰਤਿ ਜੀਵਾਣੂ) ਬਣਦੀਆਂ ਹਨ ਇਨ੍ਹਾਂ ਦੀ ਹੋਂਦ ਸਦਕਾ ਹੀ ਕਾਲੀ ਖੰਘ ਦਾ ਰੋਗ ਦੂਜੀ ਵਾਰ ਨਹੀਂ ਹੁੰਦਾ। ਜੇ ਕਦੇ ਹੋ ਵੀ ਜਾਏ ਤਾਂ ਵੀ ਇਸ ਦਾ ਅਸਰ ਘੱਟ ਹੀ ਰਹਿੰਦਾ ਹੈ। ਰੋਗੀ ਇਸ ਦੇ ਜ਼ੋਰ ਹੇਠ ਦਬਦਾ ਨਹੀਂ। ਕਾਲੀ ਖੰਘ ਦੀਆਂ ਥੋੜ੍ਹੀਆਂ ਜਿਹੀਆਂ ਐਂਟੀਬਾਡੀ ਨਵ ਜੰਮੇ ਬੱਚੇ ਨੂੰ ਆਪਣੀ ਮਾਂ ਦੇ ਲਹੂ ਵਿਚੋਂ ਮਿਲਦੀਆਂ ਹਨ। ਫਿਰ ਵੀ ਬੱਚੇ ਦਾ ਰੱਖਿਆ-ਸਾਧਨ ਇਸ ਰੋਗ ਦਾ ਪੂਰਾ ਮੁਕਾਬਲਾ ਨਹੀਂ ਕਰ ਸਕਦਾ ਤੇ ਪੰਜ ਸਾਲ ਦੀ ਉਮਰ ਤਕ ਇਹ ਬਿਮਾਰੀ ਉਸ ਨੂੰ ਅਕਸਰ ਪਕੜ ਹੀ ਲੈਂਦੀ ਹੈ। ਕਾਲੀ ਖ਼ਾਂਸੀ ਦੇ 90% ਰੋਗੀ ਪੰਜਾਂ ਸਾਲਾਂ ਤੋਂ ਘੱਟ ਉਮਰ ਦੇ ਹੁੰਦੇ ਹਨ। ਉਮਰ ਦੇ ਪਹਿਲੇ ਸਾਲ ਇਸ ਰੋਗ ਦੇ ਖ਼ਤਰੇ ਤੋਂ ਖ਼ਾਲੀ ਨਹੀਂ। ਸਾਹ-ਪ੍ਰਣਾਲੀ ਦੀਆਂ ਬਰੀਕ ਸਾਹ ਨਲੀਆਂ ਸੁੱਜ ਕੇ ਘੁੱਟੀਆਂ ਜਾਂਦੀਆਂ ਹਨ। ਇਸ ਨਾਲ ਸਾਹ ਰੁਕਣਾ ਜਾਂ ਕੋਈ ਹੋਰ ਉਲਝਣ ਪੈ ਜਾਣੀ ਸੰਭਵ ਹੈ।

ਸ਼ੁਰੂ ਦਿਨਾਂ ਵਿਚ ਨੱਕ ਤੇ ਗਲੇ ਦੀ ਸੋਜ ਲਈ ਜੇ ਐਂਪੀਸਲੀਨ ਵਰਤੀ ਜਾਵੇ, ਤਾਂ ਇਹ ਕਾਲੀ ਖੰਘ ਦੀ ਤੇਜ਼ੀ ਨੂੰ ਘਟਾਉਂਦੀ ਹੈ। ਦੂਜੇ ਹਫ਼ਤੇ ਹੂਕ ਵਾਲੀ ਖੰਘ ਜਦੋਂ ਸਥਾਪਤ ਹੋ ਜਾਏ ਫੇਰ ਕੋਈ ਜੀਵਾਣੂ ਨਾਸ਼ਕ ਦਵਾਈ ਲਾਭ ਨਹੀਂ ਪਹੁੰਚਾਉਂਦੀ। ਖੰਘ ਘਟਾਉਣ ਤੇ ਰੋਗੀ ਦੀ ਸਰੀਰਕ ਸਤਿਆ ਕਾਇਮ ਰਖਣ ਲਈ ਦਵਾਈ ਜ਼ਰੂਰ ਦਿਤੀ ਜਾਂਦੀ ਹੈ। ਰੋਗ ਉਤੇ ਕਾਬੂ ਪਾਉਣ ਲਈ ਬਿਮਾਰ ਨੂੰ ਖੁੱਲ੍ਹੀ ਹਵਾ ਤੇ ਸਾਫ਼ ਸੰਤੁਲਿਤ ਭੋਜਨ ਦੀ ਲੋੜ ਹੈ।

ਕਾਲੀ ਖੰਘ ਦੀ ਲਾਗ ਬਹੁਤ ਤੇਜ਼ੀ ਨਾਲ ਫੈਲਦੀ ਹੈ, ਇਸ ਲਈ ਦੂਜੇ ਬੱਚਿਆਂ ਦੀ ਸੁਰੱਖਿਆ ਲਈ ਤੇ ਛੂਤ ਘਟਾਉਣ ਲਈ ਰੋਗੀ ਬੱਚੇ ਨੂੰ ਬਿਲਕੁਲ ਵਖਰਾ ਰੱਖਣਾ ਚਾਹੀਦਾ ਹੈ। ਬਿਮਾਰੀ ਦੇ ਦੌਰਾਨ ਬੱਚੇ ਨੂੰ ਪੂਰਨ ਆਰਾਮ ਮਿਲਣਾ ਚਾਹੀਦਾ ਹੈ ਤੇ ਉਸ ਦੇ ਫ਼ੇਫੜਿਆਂ ਨੂੰ ਠੰਢੀ ਹਵਾ ਦੇ ਝੌਂਕਿਆਂ ਅਤੇ ਤਮਾਕੂ ਜਾਂ ਧੂੰਏਂ ਆਦਿ ਤੋਂ ਬਚਾਉਣਾ ਚਾਹੀਦਾ ਹੈ। ਕਈ ਵਾਰੀ ਭਾਫ਼ ਅੰਦਰ ਲਿਜਾਣ ਨਾਲ ਜਾਂ ਕੁਝ ਹੋਰ ਦਵਾਈਆਂ ਖਾਣ ਨਾਲ ਖੰਘ ਦੇ ਦੌਰੇ ਦੀ ਤੇਜ਼ੀ ਨੂੰ ਘਟਾਇਆ ਜਾ ਸਕਦਾ ਹੈ। ਜੇ ਖੰਘ ਦੇ ਦੌਰੇ ਨਾਲ ਮਿਹਦੇ ਦੀਆਂ ਮਾਸ ਪੇਸ਼ੀਆਂ ਤੇ ਬਹੁਤਾ ਜ਼ੋਰ ਪਵੇ ਤਾਂ ਪੇਟ ਦੁਆਲੇ ਰਬੜ ਦਾ ਬੈਂਡ ਲਪੇਟਿਆ ਜਾ ਸਕਦਾ ਹੈ। ਬੱਚੇ ਦਾ ਮਾਨਸਿਕ ਸੰਤੁਲਨ ਕਾਇਮ ਰਖਣ ਲਈ ਉਸ ਨੂੰ ਦਿਲਾਸੇ ਦਿੰਦੇ ਰਹਿਣ ਦੀ ਬਹੁਤ ਲੋੜ ਹੈ। ਬਿਮਾਰ ਬੱਚੇ ਦੀ ਭੁੱਖ ਅਕਸਰ ਬਹੁਤੀ ਨਹੀਂ, ਵਿਗੜਦੀ। ਜਦੋਂ ਕਦੇ ਉਸ ਨੂੰ ਉਲਟੀ ਆਏ, ਉਸ ਦੇ ਪਿਛੋਂ ਉਸ ਨੂੰ ਕੁਝ ਖਾਣ ਲਈ ਮਿਲਣਾ ਚਾਹੀਦਾ ਹੈ, ਤਾਂ ਜੋ ਖੰਘ ਦਾ ਦੂਜਾ ਦੌਰਾ ਪੈਣ ਤੋਂ ਪਹਿਲਾਂ ਖ਼ੁਰਾਕ ਦਾ ਬਹੁਤਾ ਹਿੱਸਾ ਹਜ਼ਮ ਹੋ ਜਾਏ। ਦੁੱਧ, ਦਹੀਂ, ਅੰਡੇ, ਫ਼ਲ ਸਬਜ਼ੀਆਂ, ਦਾਲ, ਰੋਟੀ ਆਦਿ ਉਹ ਸਭ ਕੁਝ ਖਾ ਸਕਦਾ ਹੈ ਸਿਰਫ਼ ਤੇਜ਼ ਮਿਰਚ ਮਸਾਲੇ ਅਤੇ ਆਈਸ ਕਰੀਮ ਆਦਿ ਤੋਂ ਪਰਹੇਜ਼ ਕਰਨਾ ਜ਼ਰੂਰੀ ਹੈ।

ਛੂਤ ਦੀਆਂ ਹੋਰ ਬਿਮਾਰੀਆਂ ਵਾਂਗ, ਕਾਲੀ ਖੰਘ ਤੋਂ ਬਚਣ ਜ਼ਦੀ ਵੀ ਟੀਕਾ ਲਗ ਸਕਦਾ ਹੈ। ਇਸ ਦਾ ਨਾਂ ਡੀ. ਪੀ. ਟੀ. ਜਾਂ ਰਿਪਲ ਐਂਟੀਜਨ ਹੈ। ਇਸ ਟੀਕੇ ਨਾਲ ਡਿਪਥੀਰੀਆ ਤੇ ਟੈਟਨਸ ! ਰੋਗਾਂ ਤੋਂ ਵੀ ਬਚਾਉ ਹੁੰਦਾ ਹੈ। ਉਮਰ ਦੇ ਪਹਿਲੇ ਸਾਲ ਇਸ ਦੇ ਤੰਨ ਟੀਕੇ ਲਗਣੇ ਚਾਹੀਦੇ ਹਨ । ਪਹਿਲਾ ਟੀਕਾ ਤਿੰਨ ਮਹੀਨੇ ਦੀ ਮਰ ਵਿਚ ਦੂਜਾ ਤੇ ਫਿਰ ਤੀਜਾ ਟੀਕਾ 4 ਤੋਂ 6 ਹਫ਼ਤੇ ਦੀ ਵਿਥ ਾਲ ਲਗਾਏ ਜਾਂਦੇ ਹਨ । ਪੰਜ ਸਾਲ ਦੀ ਉਮਰ ਵਿਚ ਡੀ. ਪੀ. ਟੀ. ੀ ਬੂਸਟਰ ਖ਼ੁਰਾਕ ਦੇਣੀ ਚਾਹੀਦੀ ਹੈ। ਇਸ ਖ਼ੁਰਾਕ ਤੋਂ ਬਾਅਦ ਨੁੱਖ ਸਾਰੀ ਉਮਰ ਕਾਲੀ ਖਾਂਸੀ ਤੋਂ ਬਚਿਆ ਰਹਿੰਦਾ ਹੈ।

ਡਾ. ਜਸਵੰਤ ਕੌਰ ਗਿੱਲ

**ਕਾਲੀਦਾਸ** : ਇਹ ਸੰਸਕ੍ਰਿਤ ਦਾ ਮਹਾਂਕਵੀ ਤੇ ਨਾਟਕਕਾਰ , ਜਿਸ ਨੂੰ ਦੁਨੀਆ ਦੇ ਮਹਾਨ ਕਵੀਆਂ ਵਿਚ ਗਿਣਿਆ ਜਾਂਦਾ ਹੈ। ਦਸ ਦੇ ਸਮੇਂ ਬਾਰੇ ਨਿਸਚੇ ਨਾਲ ਕੁਝ ਨਹੀਂ ਆਖਿਆ ਜਾ ਸਕਦਾ ਕਉਂਕਿ ਨਾ ਤਾਂ ਇਸ ਨੇ ਅਤੇ ਨਾ ਹੀ ਇਸ ਦੇ ਕਿਸੇ ਸਮਕਾਲੀ ਜਾਂ ਰਵਰਤੀ ਸਾਹਿਤਕਾਰ ਨੇ ਇਸ ਦੇ ਸਮੇਂ ਬਾਰੇ ਕੁਝ ਆਖਿਆ ਹੈ । ੀਥ ਨੇ ਇਸ ਨੂੰ ਗੁਪਤਾ-ਯੁਗ ਵਿਚ ਰੱਖਿਆ ਹੈ । ਰਾਮ ਕ੍ਰਿਸ਼ਨ ਡਾਰਕਰ ਤੇ ਰਾਮਾ ਅਵਤਾਰ ਕਾਲੀਦਾਸ ਨੂੰ ਚੰਦਰਗੁਪਤ ਵਿਕਰਮਾਦਿਤ ਾ ਸਮਕਾਲੀ ਮੰਨਦੇ ਹਨ । ਪਰ ਪਹਿਲੀ ਸਦੀ ਵਿਚ ਰੱਖਣ ਵਾਲੇ ਵਦਵਾਨ ਇਕ ਪ੍ਰਾਚੀਨ ਵਿਕਰਮਾਦਿਤ ਨਾਲ ਇਸ ਨੂੰ ਸਬੰਧਿਤ ਕਰਦੇ ਨ, ਜੋ ਪਹਿਲੀ ਸਦੀ ਤੋਂ ਪਹਿਲਾਂ ਹੋਇਆ ਅਤੇ ਜਿਸ ਨੇ ਉਜੈਨੀ 'ਚੋਂ ਕਾਂ ਨੂੰ ਭਜਾਇਆ ਸੀ।

ਕਾਲੀਦਾਸ ਦੇ ਤਿੰਨ ਨਾਟਕ ਉਪਲਬਧ ਹਨ—ਅਭਿਗਿਆਨ ਕੁੰਤਲਾ, ਵਿਕ੍ਰਮੋਰਵਸ਼ੀ ਤੇ ਮਾਲਵਿਕਾਗਨੀਮਿਤ੍ਰ । ਅਭਿਗਿਆਨ ਕੁੰਤਲਾ ਨੂੰ ਸਰਬ ਸ੍ਰੇਸ਼ਟ ਮੰਨਿਆ ਗਿਆ ਹੈ । ਇਸ ਜਾਣੀ ਪਛਾਣੀ ਥਾ ਦਾ ਨਾਇਕ ਰਾਜਾ ਦੁਸ਼ਯੰਤ ਹੈ, ਜੋ ਕੱਣਵ ਦੇ ਆਸ਼ਰਮ ਵਿਚ ਾ ਕੇ ਉਸ ਨਾਲ ਗੰਧਰਵ ਵਿਆਹ ਕਰ ਕੇ ਰਾਜਧਾਨੀ ਨੂੰ ਪਰਤ ਆਉਂਦਾ , ਪਰ ਦੁਰਬਾਸ਼ਾ ਰਿਸ਼ੀ ਦੇ ਸਰਾਪ ਕਾਰਨ ਉਸ ਨੂੰ ਵਿਆਹ ਦੀ ਯਾਦ ਹੀਂ ਰਹਿੰਦੀ। ਦੁਸ਼ਯੰਤ ਨੇ ਸ਼ਕੁੰਤਲਾ ਨੂੰ ਵਿਆਹ ਦੀ ਨਿਸ਼ਾਨੀ ਵਜੋਂ ਕ ਮੁੰਦਰੀ ਦਿਤੀ ਸੀ, ਜੋ ਸ਼ਚੀ ਤੀਰਥ ਵਿਚ ਡਿਗ ਪੈਂਦੀ ਹੈ। ਕੁਝ ਦਨਾਂ ਮਗਰੋਂ ਸ਼ਕੁੰਤਲਾ ਕੱਣਵ ਦੇ ਹੁਕਮ ਅਨੁਸਾਰ ਦੁਸ਼ਯੰਤ ਪਾਸ ਜੀ ਜਾਂਦੀ ਹੈ, ਜੋ ਪਛਾਣਨੋ ਅਸਮਰਥ ਹੈ ਤੇ ਉਹ ਵਾਪਸ ਆ ਕੇ ਇਕ ੁੱਤਰ ਨੂੰ ਜਨਮ ਦਿੰਦੀ ਹੈ। ਇਸ ਸਮੇਂ ਦੇ ਦੌਰਾਨ ਸ਼ਚੀ ਤੀਰਥ ਵਿਚ ਡੱਗੀ ਮੁੰਦਰੀ, ਜੋ ਮੱਛੀ ਦੇ ਪੇਟ ਵਿਚ ਚਲੀ ਗਈ ਸੀ, ਰਾਜੇ ਸਾਹਮਣੇ ੇਸ਼ ਕੀਤੀ ਜਾਂਦੀ ਹੈ। ਇਸ ਨੂੰ ਵੇਖ ਕੇ ਰਾਜੇ ਨੂੰ ਸ਼ਕੁੰਤਲਾ ਦੀ ਯਾਦ ਾ ਜਾਂਦੀ ਹੈ ਤੇ ਉਹ ਇਸ ਵਿਯੋਗ ਦਸ਼ਾ ਵਿਚ ਇੰਦਰ ਦੀ ਸਹਾਇਤਾ ਰਨ ਲਈ ਸਵਰਗ ਲੋਕ ਜਾਂਦਾ ਹੈ । ਉਥੋਂ ਵਾਪਸ ਆਉਂਦਿਆਂ ਨੂੰ ਕੁੰਤਲਾ ਨਾਲ ਦੁਬਾਰਾ ਮਿਲਾਪ ਹੁੰਦਾ ਹੈ।

ਵਿਕ੍ਰਮੋਰਵਰਸ਼ੀ ਦੀ ਕਹਾਣੀ ਵਿਚ ਪੁਰੂਰਵਾ ਰਾਜਾ ਤੇ ਅਪਸਰਾ ੁਰਵਸ਼ੀ ਦੇ ਵਿਆਹ ਦੀ ਕਥਾ ਦਾ ਵਰਣਨ ਹੈ। ਕੈਲਾਸ਼ ਪਰਬਤ ਤੋਂ ਾਪਸ ਆਉਂਦੀ ਹੋਈ ਉਰਵਸ਼ੀ ਆਪਣੀਆਂ ਸਹੇਲੀਆਂ ਤੋਂ ਨਿਖੜ ਾਂਦੀ ਹੈ। ਉਸ ਨੂੰ ਕੇਸ਼ੀ ਦੈਂਤ ਆਪਣੇ ਕਬਜ਼ੇ ਵਿਚ ਕਰ ਲੈਂਦਾ ਹੈ। ਰ ਪੁਰੂਰਵ ਦੈਂਤ ਪਾਸੋਂ ਛੁਡਵਾ ਕੇ ਉਸ ਨੂੰ ਗੰਧਰਵ ਰਾਜ ਪਾਸ ਹੁੰਚਾ ਦਿੰਦਾ ਹੈ। ਇਸ ਸਮੇਂ ਦੇ ਦੌਰਾਨ ਉਨ੍ਹਾਂ ਦਾ ਆਪਸੀ ਪ੍ਰੇਮ ਵੱਧ ਾਂਦਾ ਹੈ । ਕੁਝ ਸਮੇਂ ਮਗਰੋਂ ਉਰਵਸ਼ੀ ਦਾ ਪ੍ਰੇਮ-ਪੱਤਰ ਆਕਾਸ਼ ਾਰਗ ਰਾਹੀਂ ਰਾਜੇ ਪਾਸ ਪੁੱਜਦਾ ਹੈ ਤੇ ਮਗਰੋਂ ਉਸ ਦੀਆਂ ਸਹੇਲੀਆਂ ਾਜੇ ਨੂੰ ਮਿਲਦੀਆਂ ਹਨ । ਉਰਵਸ਼ੀ ਭਰਤ ਦੇ ਇਕ ਨਾਟਕ ਵਿਚ ਭਿਨੈ ਕਰ ਕੇ ਵਾਪਸ ਆਉਂਦੀ ਹੈ। ਪ੍ਰੇਮ ਵਿਚ ਮੁਗਧ ਉਰਵਸ਼ੀ ਤੋਂ ਦੋਂ ਪੁੱਛਿਆ ਕਿ ਤੂੰ ਕਿਸ ਨੂੰ ਪਿਆਰ ਕਰਦੀ ਹੈਂ ਤਾਂ ਉਹ ਪੁਰਸ਼ੋਤਮ ਦੀ ਾਂ ਪੁਰੂਰਵਾ ਦਾ ਨਾਮ ਲੈਂਦੀ ਹੈ । ਭਰਤਮੁਨੀ ਨੇ ਸਰਾਪ ਦਿਤਾ ਕਿ ਹੁਣ ਤੇਰਾ ਨਿਵਾਸ ਦੇਵ ਲੋਕ ਨਹੀਂ ਰਹੇਗਾ। ਇੰਦਰ ਨੇ ਆਪਣੇ ਸਹਾਇਕ ਰਾਜਰਿਸ਼ੀ ਦੁਆਰਾ ਸਰਾਪ ਦਾ ਸੰਸਕਾਰ ਕਰ ਦਿਤਾ ਕਿ ਉਰਵਸ਼ੀ ਸੰਤਾਨ ਦਰਸ਼ਨ ਸਮੇਂ ਤੱਕ ਉਥੇ ਰਹੇਗੀ । ਉਰਵਸ਼ੀ ਤੇ ਪੁਰੂਰਵਾਂ ਇਕੱਠੇ ਰਹਿਣ ਲੱਗੇ ਪਰ ਕਿਸੇ ਸਾਧਾਰਨ ਗੱਲ ਤੋਂ ਰੁਸ ਕੇ ਉਰਵਸ਼ੀ ਕਮਾਰਵਨ ਵਿਚ ਚਲੀ ਗਈ ਜਿਥੇ ਪ੍ਰਦੇਸ਼ ਦੇ ਵਿਧਾਨ ਅਨੁਸਾਰ ਉਹ ਵੇਲ ਬਣ ਜਾਂਦੀ ਹੈ। ਰਾਜਾ ਵਿਯੋਗੀ ਹੋਇਆ ਉਸ ਦੀ ਭਾਲ ਕਰਨ ਲੱਗ ਪੈਂਦਾ ਹੈ ਤੇ ਸਾਧਨ ਮਣੀ ਹਾਸਲ ਕਰ ਕੇ ਇਕ ਵੇਲ ਨੂੰ ਗਲਵਕੜੀ ਪਾਉਂਦਾ ਹੈ ਜੋ ਮਣੀ ਦੇ ਪ੍ਰਭਾਵ ਕਾਰਨ ਉਰਵਸ਼ੀ ਬਣ ਜਾਂਦੀ ਹੈ। ਇਸ ਮਗਰੋਂ ਉਹ ਦੋਨੋਂ ਰਾਜਧਾਨੀ ਵਿਚ ਰਹਿਣ ਲੱਗ ਜਾਂਦੇ ਹਨ। ਇਕ ਦਿਨ ਇਕ ਗਿੱਧ ਉਰਵਸ਼ੀ ਨੂੰ ਲੈ ਕੇ ਉੱਡ ਪਈ ਜਿਸ ਨੂੰ ਆਯੂਸ਼ਕੁਮਾਰ ਨੇ ਮਾਰ ਦਿੱਤਾ। ਇਸ ਬਾਣ ਤੇ ਪੁਰੂਰਵਾ ਤੇ ਉਰਵਸ਼ੀ ਦੇ ਪੁੱਤਰ ਹੋਣ ਦਾ ਉਲੇਖ ਸੀ । ਉਸ ਵੇਲੇ ਚਇਵਨ ਦੇ ਆਸ਼ਰਮ ਤੋਂ ਆਯੂਸ਼ਕੁਮਾਰ ਇਕ ਤਪਸਵਨੀ ਨਾਲ ਆਉਂਦਾ ਹੈ । ਉਹ ਰਾਜਾ ਦਾ ਪੁੱਤਰ ਹੈ। ਰਾਜਾ ਉਸ ਨੂੰ ਰਾਜ ਤਿਲਕ ਦੇ ਕੇ ਤਪੋਵਨ ਜਾਣਾ ਚਾਹੁੰਦਾ ਹੈ ਕਿ ਉਸ ਵੇਲੇ ਨਾਰਦ ਇੰਦਰ ਦਾ ਸੁਨੇਹਾ ਦਿੰਦਾ ਹੈ ਕਿ ਉਰਵਸ਼ੀ ਆਪ ਦੀ ਜੀਵਨ-ਸਾਥਣ ਰਹੇਗੀ।

ਮਾਲਵਿਕਾਗਨੀਮਿਤ੍ਰ ਵਿਦਰਭ ਦੇ ਰਾਜ ਕੁਮਾਰੀ ਵਿਦਿਸ਼ਾ ਦੇ ਰਾਜਾ ਅਗਨੀਮ੍ਰਿਤ ਦੀ ਬਣਨ ਵਾਲੀ ਪਤਨੀ ਸੀ ਪਰ ਵਿਆਹ ਤੋਂ ਪਹਿਲਾਂ ਹੀ ਵਿਦਰਭ ਵਿਚ ਵਿਦਰੋਹ ਹੋਣ ਤੇ ਕਿਸੇ ਤਰ੍ਹਾਂ ਬਚ ਜਾਂਦੀ ਹੈ ਤੇ ਅਗਨੀਮਿਤ੍ਰ ਦੀ ਸ਼ਰਨ ਵਿਚ ਆ ਜਾਂਦੀ ਹੈ। ਮਾਲਵਿਕਾ ਵਿਦਿਸ਼ਾ ਦੇ ਹਰਮ ਵਿਚ ਧਾਰਿਣੀ ਦੀ ਦਾਸੀ ਬਣਦੀ ਹੈ ਤੇ ਉਥੇ ਨਿਰਤ-ਕਲਾ ਦੀ ਸਿਖਿਆ ਲੈਂਦੀ ਹੈ । ਇਕ ਦਿਨ ਰਾਜਾ ਉਸ ਦੇ ਚਿੱਤਰ ਦੇ ਦਰਸ਼ਨ ਕਰ ਕੇ ਪਿਆਰ ਜਾਲ ਵਿਚ ਫਸ ਜਾਂਦਾ ਹੈ। ਨਿਰਤ-ਪ੍ਰਤੀਯੋਗਤਾ ਦਾ ਪ੍ਰਬੰਧ ਵਿਦੂਸ਼ਕ ਕਰਦਾ ਹੈ, ਜਿਸ ਵਿਚ ਮਾਲਵਿਕਾ ਨਰਤਕੀ ਬਣ ਕੇ ਆਪਣੀ ਸੁੰਦਰਤਾ ਤੇ ਕਲਾ ਨਾਲ ਰਾਜੇ ਨੂੰ ਮੋਹ ਲੈਂਦੀ ਹੈ। ਪਰ ਇਹ ਗੱਲ ਰਾਜੇ ਦੀਆਂ ਪਹਿਲੀਆਂ ਦੋ ਪਤਨੀਆਂ ਇਰਾਵਤੀ ਤੇ ਧਾਰਿਣੀ ਨੂੰ ਪਸੰਦ ਨਹੀਂ ਹੈ, ਜਿਸ ਕਾਰਨ ਇਰਾਵਤੀ ਮਾਲਵਿਕਾ ਨੂੰ ਰਾਜਾ ਦੇ ਪ੍ਰਣਯ-ਸੂਤਰ ਵਿਚ ਬੱਝਦੀ ਵੇਖ ਕੇ ਰਾਜੇ ਦਾ ਅਪਮਾਨ ਕਰਦੀ ਹੈ ਤੇ ਧਾਰਿਣੀ ਉਸ ਨੂੰ ਕੈਦਣ ਬਣਾ ਲੈਂਦੀ ਹੈ। ਵਿਦੂਸ਼ਕ ਆਪਣੀ ਚਲਾਕੀ ਨਾਲ ਉਸ ਨੂੰ ਮੁਕਤ ਕਰਵਾਉਂਦਾ ਹੈ ਅਤੇ ਰਾਜੇ ਨਾਲ ਪੁਨਰ-ਮਿਲਣ ਹੁੰਦਾ ਹੈ । ਪਰ ਬਾਅਦ ਵਿਚ ਪਤਾ ਲਗਦਾ ਹੈ ਕਿ ਮਾਲਵਿਕਾ ਅਸਲ ਵਿਚ ਰਾਜਕੁਮਾਰੀ ਹੈ ਤਾਂ ਉਸ ਦੇ ਰਾਜੇ ਨਾਲ ਵਿਆਹ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ।

ਕਾਲੀਦਾਸ ਨੇ ਦੋ ਮਹਾਂਕਾਵਿ 'ਰਘੂਵੰਸ਼' ਤੇ 'ਕੁਮਾਰ ਸੰਭਵ' ਲਿਖੇ। 'ਰਘੂਵੰਸ਼' ਵਿਚ ਕਵੀ ਨੇ ਰਘੂਵੰਸ਼ ਦੇ ਰਾਜਿਆਂ ਦਾ ਵਰਣਨ ਕੀਤਾ ਹੈ। ਸ਼ੁਰੂ ਵਿਚ ਮਹਾਰਾਜਾ ਦਲੀਪ ਦੀ ਕਥਾ ਹੈ, ਜਿਸ ਨੇ ਕਾਮਧੇਨੂ ਦੀ ਪੁੱਤਰੀ ਨਾਲਿੰਦੀ ਗਾਂ ਦੀ ਸੇਵਾ ਕਰਕੇ ਉਸ ਪਾਸੋਂ ਪੁੱਤਰ ਦਾ ਵਰ ਪਾਇਆ, ਇਸ ਦਾ ਨਾਮ ਰਘੂ ਰਖਿਆ । ਰਘੂ ਨੇ ਦਿਗ ਵਿਜੈ ਮਗਰੋਂ ਵਿਸ਼ਵ-ਜਿਤ ਯੱਗ ਕੀਤਾ। ਇਸ ਵਿਚ ਰਘੂ ਦੇ ਪੁੱਤਰ ਅਜੂ ਦੇ ਵਿਆਹ ਦੇ ਮੌਕੇ ਤੇ ਸੁਅੰਬਰ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਅਜੂ ਦੇ ਪੁੱਤਰ ਮਹਾਰਾਜਾ ਦਸ਼ਰਥ ਹੋਏ, ਜਿਨ੍ਹਾਂ ਨੇ ਰਾਤ ਨੂੰ ਘੜਾ ਭਰਦਿਆਂ ਹੋਇਆਂ ਮਿਰਗ ਦੇ ਭੁਲੇਖੇ ਵਿਚ ਸਰਵਣ ਨੂੰ ਮਾਰ ਦਿਤਾ ਸੀ। ਇਸ ਮਗਰੋਂ ਰਾਮ ਕਥਾ ਸ਼ੁਰੂ ਹੁੰਦੀ ਹੈ, ਜੋ ਆਦਿ ਤੋਂ ਅੰਤ ਤੱਕ ਸੰਖੇਪ ਰੂਪ ਵਿਚ ਲਿਖੀ ਗਈ ਹੈ । ਇਸ ਦਾ ਆਧਾਰ ਬਾਲਮੀਕ ਦੀ ਰਾਮਾਇਣ ਹੈ।

ਕੁਮਾਰ ਸੰਭਵ ਵਿਚ ਕਵੀ ਨੇ ਸ਼ਿਵ ਤੇ ਪਾਰਬਤੀ ਦੇ ਵਿਆਹ ਤੇ ਉਨ੍ਹਾਂ ਦੇ ਪੁੱਤਰ ਕਾਰਤਿਕੇ ਦੁਆਰਾ ਤਾਰਿਕਾ-ਵੱਧ ਦੀ ਕਥਾ ਲਿਖੀ ਹੈ। ਪਾਰਬਤੀ ਹਿਮਾਲਾ ਪਰਬਤ ਦੀ ਕੰਨਿਆ ਸੀ, ਜਿਸ ਬਾਰੇ ਨਾਰਦ ਨੇ ਆਖਿਆ ਸੀ ਕਿ ਉਸ ਦਾ ਵਿਆਹ ਸ਼ਿਵ ਜੀ ਨਾਲ ਹੋਵੇਗਾ। ਦੇਵਤਿਆਂ

ਨੂੰ ਬ੍ਰਹਮਾ ਨੇ ਦੱਸਿਆ ਕਿ ਉਨ੍ਹਾਂ ਦੇ ਦੁਸ਼ਮਣ ਤਾਰਕ ਨੂੰ ਸ਼ਿਵ ਤੇ ਪਾਰਬਤੀ ਦਾ ਪੁੱਤਰ ਹੀ ਯੁਧ ਵਿਚ ਮਾਰ ਸਕਦਾ ਹੈ। ਦੇਵਤਿਆਂ ਦੇ ਰਾਜਾ ਇੰਦਰ ਨੇ ਕਾਮ ਨੂੰ ਸ਼ਿਵ ਜੀ ਤਪੱਸਿਆ ਭੰਗ ਕਰ ਕੇ ਪਾਰਬਤੀ ਪ੍ਰਤੀ ਪਿਆਰ ਪੈਦਾ ਕਰਨ ਲਈ ਭੇਜਿਆ। ਪਰ ਸ਼ਿਵ ਜੀ ਨੇ ਕਾਮ ਨੂੰ ਭਸਮ ਕਰ ਦਿਤਾ। ਪਾਰਬਤੀ ਨੂੰ ਛੱਡ ਕੇ ਸ਼ਿਵ ਜੀ ਹੋਰ ਕਿਧਰੇ ਚਲੇ ਗਏ। ਪਾਰਬਤੀ ਨੇ ਘੋਰ ਤਪੱਸਿਆ ਕੀਤੀ, ਜਿਸ ਤੋਂ ਪ੍ਰਸੰਨ ਹੋ ਕੇ ਸ਼ਿਵ ਜੀ ਨੇ ਉਸ ਨੂੰ ਆਪਣੀ ਪਤਨੀ ਬਣਾ ਲਿਆ। ਕੁਝ ਸਮੇਂ ਮਗਰੋਂ ਕਾਰਤਿਕੇ ਦਾ ਜਨਮ ਹੋਇਆ, ਜਿਸ ਨੇ ਘੋਰ ਸੰਗ੍ਰਾਮ ਮਗਰੋਂ ਤਾਰਕ ਦਾ ਵੱਧ ਕਰ ਦਿਤਾ।

ਇਉਂ ਕਾਲੀਦਾਸ ਨੇ ਮਹਾਂਕਾਵਿ ਤੇ ਨਾਟਕ ਸਾਹਿਤ ਨੂੰ ਅਮੀਰ ਬਣਾਉਣ ਦਾ ਸ਼ਲਾਘਾਯੋਗ ਕਾਰਜ ਕੀਤਾ।

ਹ. ਪੁ.—ਸੰਸਕ੍ਰਿਤ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ—ਡਾ. ਰਾਮਜੀ ਉਪਾਧਿਆਇ।

**ਕਾਲੀਦਾਸ ਗੁਜਰਾਂਵਾਲੀਆ (ਪੰਡਤ ਮਾਨ ਸਿੰਘ ਕਾਲੀਦਾਸ)** : ਇਸ ਕਵੀ ਦਾ ਜਨਮ ਗੁਜਰਾਂਵਾਲਾ (ਪਾਕਿਸਤਾਨ) ਵਿਚ ਪੰਡਤ ਜੈ ਦਿਆਲ ਦੇ ਘਰ ਅਕਤੂਬਰ, 1865 ਵਿਚ ਹੋਇਆ। ਇਸਦਾ ਪਿਤਾ ਮਹਾਰਾਜਾ ਸ਼ੇਰ ਸਿੰਘ ਦਾ ਦਰਬਾਰੀ ਸੀ ਅਤੇ ਅਜੁੱਧਿਆ ਦੇ ਇਕ ਉੱਘੇ ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰੱਖਦਾ ਸੀ। ਇਸਨੇ ਆਪਣੀ ਮੁੱਢਲੀ ਵਿਦਿਆ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ। ਫੇਰ ਮਸੀਤ ਦੇ ਮੌਲਵੀ ਪਾਸੋਂ ਉਰਦੂ ਅਤੇ ਫ਼ਾਰਸੀ ਪੜ੍ਹੀ। ਇਸਨੂੰ ਛੋਟੀ ਉਮਰ ਤੋਂ ਹੀ ਦਰਵੇਸ਼ੀ ਜ਼ਿੰਦਗੀ ਨਾਲ ਪਿਆਰ ਸੀ ਅਤੇ ਭਜਨ ਗਾਉਣ ਦਾ ਸ਼ੌਕ ਸੀ। ਇਹ ਆਪਣੀ ਸੁਰੀਲੀ ਉੱਚੀ ਆਵਾਜ਼ ਕਰਕੇ ਬਹੁਤ ਹੀ ਮਸ਼ਹੂਰ ਹੋਇਆ। ਬਾਵਾ ਹਰੀ ਸਿੰਘ ਨੇ ਇਸਨੂੰ ਪ੍ਰੇਰਨਾ ਦੇ ਕੇ ਤੇ ਅੰਮ੍ਰਿਤ ਛਕਾਕੇ ਸਿੰਘ ਸਜਾ ਲਿਆ ਅਤੇ ਇਸਦਾ ਨਾਂ ਮਾਨ ਸਿੰਘ ਰੱਖਿਆ। ਇਸੇ ਲਈ ਇਹ ਆਪਣੇ ਆਪ ਨੂੰ ਪੰਡਤ ਮਾਨ ਸਿੰਘ ਉਰਫ਼ ਕਾਲੀਦਾਸ ਲਿਖਦਾ ਰਿਹਾ।

ਇਸਦੀ ਸ਼ਾਇਰੀ ਧਾਰਮਕ, ਸਮਾਜਕ, ਗਿਆਨ ਧਿਆਨ ਅਤੇ ਇਖ਼ਲਾਕ ਦੇ ਫ਼ਲਸਫ਼ੇ ਦਾ ਸੁਹਣਾ ਨਮੂਨਾ ਹੈ। ਸ਼ਿਅਰਾਂ ਵਿਚ ਰਵਾਨੀ, ਜ਼ੋਰ ਤੇ ਰਸ ਚੋਖਾ ਹੈ। ਹਿੰਦੀ ਦੇ ਸ਼ਬਦ ਜ਼ਿਆਦਾ ਵਰਤੇ ਗਏ ਹਨ। ਇਸਦੇ ਬਹੁਤ ਸਾਰੇ ਕਿੱਸੇ ਉਰਦੂ ਤੇ ਹਿੰਦੀ ਵਿਚ ਛਪੇ ਹਨ ਜਿਨ੍ਹਾਂ ਵਿਚੋਂ 'ਚਰਖਾ ਨਾਮਾ' ਬਹੁਤ ਪ੍ਰਸਿੱਧ ਹੈ। ਹੋਰ ਕਿੱਸੇ 'ਹਕੀਕਤ ਰਾਏ', ਪੂਰਨ ਭਗਤ', 'ਗੋਪੀ ਚੰਦ', 'ਰੂਪ ਬਸੰਤ', 'ਰਾਜਾ ਭਰਥਰੀ', 'ਰਾਜਾ ਹਰੀਸ਼ ਚੰਦਰ', 'ਸਤ ਸਾਖੀਆਂ', 'ਰਾਜਾ ਸਰਿਆਲ' ਆਦਿਕ ਹਿੰਦੂ ਪਰੰਪਰਾ ਦੀਆਂ ਰਚਨਾਵਾਂ ਇਸਨੇ ਕਬਿੱਤਾਂ, ਦੋਹੜਿਆਂ, ਡਿਉਢਾਂ, ਸਵੱਈਆਂ, ਚੌਪਈਆਂ ਅਤੇ ਬੈਂਤਾਂ ਵਿਚ ਲਿਖੀਆਂ। ਇਹ ਵਧੇਰੇ ਕਰਕੇ ਰਵਾਇਤੀ ਰੂਪਵਾਦੀ ਸੀ ਪਰ ਕਿਤੇ ਕਿਤੇ ਬਿੰਬਾਂ ਦੀ ਨਵੀਨਤਾ ਇਸ ਨੂੰ ਵਖਰਿਆਉਣ ਵਿਚ ਸਫਲ ਹੋਈ ਹੈ।

ਇਸ ਦੀ ਮੌਤ 1944 ਵਿਚ ਹੋਈ।

ਹ. ਪੁ.—ਪੰ. ਸ਼ਾ. ਤਜ਼.

**ਕਾਲੀ ਨਦੀ** : ਉੱਤਰ ਪ੍ਰਦੇਸ਼ (ਭਾਰਤ) ਵਿਚ ਇਸ ਨਾਂ ਦੀਆਂ ਦੋ ਨਦੀਆਂ ਹਨ।

ਪੂਰਬੀ—ਪੂਰਬੀ ਕਾਲੀ ਨਦੀ ਮੁਜ਼ੱਫ਼ਰਨਗਰ, ਮੇਰਠ, ਬੁਲੰਦ ਨਗਰ, ਅਲੀਗੜ੍ਹ, ਏਟਾ ਅਤੇ ਫਰੁੱਖਾਬਾਦ ਦੇ ਜ਼ਿਲ੍ਹਿਆਂ ਵਿਚੋਂ ਦੀ ਵਹਿੰਦੀ ਹੈ। ਇਹ ਮੁਜ਼ਫਰਨਗਰ ਜ਼ਿਲ੍ਹੇ ਵਿਚੋਂ ਨਿਕਲਦੀ ਹੈ ਜਿਥੇ ਇਸ ਦਾ ਨਾਂ ਨਾਗਨ ਹੈ। ਐਪਰ ਮੁਜ਼ਫਰਨਗਰ ਅਤੇ ਮੇਰਠ ਜ਼ਿਲ੍ਹਿਆਂ ਵਿਚ ਇਸ ਦਾ ਵਹਿਣ ਅਨਿਸ਼ਚਿਤ ਜਿਹਾ ਰਹਿੰਦਾ ਹੈ। ਐਪਰ ਬੁਲੰਦ ਸ਼ਹਿਰ ਪਹੁੰਚ ਕੇ ਇਹ ਇਕ ਨਿਸ਼ਚਿਤ ਵਾਦੀ ਵਿਚੋਂ ਦੀ ਵਗਦੀ ਹੈ ਅਤੇ ਸਾਰਾ ਸਾਲ ਇਸ ਵਿਚ ਪਾਣੀ ਵਹਿੰਦਾ ਰਹਿੰਦਾ ਹੈ। ਇਥੇ ਇਸ ਨੂੰ ਕਾਲੀ ਨਦੀ ਕਹਿੰਦੇ ਹਨ ਜੋ 'ਕਾਲਿੰਦੀ' ਦਾ ਫ਼ਾਰਸੀ ਲੇਖਕਾਂ ਦੁਆਰਾ ਵਰਤਿਆ ਗਿਆ ਵਿਗੜਿਆ ਰੂਪ ਹੈ। ਇਥੇ ਇਸ ਦਾ ਰੁਖ ਦੱਖਣ ਦੀ ਬਜਾਇ ਦੱਖਣ-ਪੂਰਬ ਵੱਲ ਨੂੰ ਹੋ ਜਾਂਦਾ ਹੈ। ਇਸੇ ਪਾਸੇ ਨੂੰ ਵਗਦੀ ਹੋਈ ਇਹ ਨਦੀ ਕਨੌਜ ਤੋਂ ਕੁਝ ਉਰ੍ਹਾਂ ਨੂੰ ਗੰਗਾ ਨਦੀ ਵਿਚ ਜਾ ਮਿਲਦੀ ਹੈ। ਬੁਲੰਦ ਸ਼ਹਿਰ ਤੋਂ ਏਟਾ ਤੀਕ ਕਾਲੀ ਨਦੀ ਵਿਚ ਮੀਂਹ ਅਤੇ ਨਹਿਰ ਦੁਆਰਾ ਇੰਨਾ ਜ਼ਿਆਦਾ ਪਾਣੀ ਭਰ ਜਾਂਦਾ ਹੈ ਕਿ ਪਹਿਲਾਂ ਇਹ ਹਿੱਸਾ ਹੜ੍ਹ ਦੀ ਮਾਰ ਹੇਠ ਆ ਜਾਂਦਾ ਸੀ। ਹੁਣ ਸਿੰਜਾਈ ਵਿਭਾਗ ਨੇ ਇਸ ਸਮੱਸਿਆ ਦਾ ਯੋਗ ਹਲ ਲੱਭ ਲਿਆ ਹੈ। ਕਾਲੀ ਨਦੀ ਦੀ ਕੁੱਲ ਲੰਬਾਈ ਲਗਭਗ 500 ਕਿ. ਮੀ. ਹੈ।

ਪੱਛਮੀ—ਪੱਛਮੀ ਕਾਲੀ ਨਦੀ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਵਿਚ ਸ਼ਿਵਾਲਿਕ 'ਚੋਂ 26 ਕਿ. ਮੀ. ਦੱਖਣ ਵਿਚ ਨਿਕਲ ਕੇ ਦੱਖਣ-ਪੱਛਮ ਅਤੇ ਦੱਖਣ ਦੀਆਂ ਦਿਸ਼ਾਵਾਂ ਵਿਚ ਸਹਾਰਨਪੁਰ ਅਤੇ ਮੁਜ਼ਫਰਨਗਰ ਜ਼ਿਲ੍ਹਿਆਂ ਵਿਚ ਵਹਿੰਦੀ ਹੈ। ਮੇਰਠ ਜ਼ਿਲ੍ਹੇ ਦੀ ਉੱਤਰੀ ਸੀਮਾ ਤੇ ਇਹ ਨਦੀ ਹਿੰਡਨ ਨਦੀ ਵਿਚ ਜਾ ਰਲਦੀ ਹੈ।

ਹ. ਪੁ.—ਹਿੰ. ਵਿ. ਕੋ. 2 : 498

**ਕਾਲੀਨਿਨ** : ਆਬਲਸਤ—ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ ਦੀ ਇਹ ਇਕ ਆਬਲਸਤ (ਇਕ ਖੇਤਰ) ਹੈ ਜੋ ਉੱਤਰ ਵੱਲੋਂ ਨਾਵਗੋਰਾਡ ਅਤੇ ਵੋਲਗਡਾ ਆਬਲਸਤ, ਪੂਰਬ ਵੱਲੋਂ ਯਾਰੋਸਲੈਵਲ ਆਬਲਸਤ, ਦੱਖਣ ਵੱਲੋਂ ਮਾਸਕੋ ਅਤੇ ਸਮੋਲੈਂਸਕ ਆਬਲਸਤ ਅਤੇ ਪੱਛਮ ਵੱਲੋਂ ਵੈਲੀਕੀ ਲੂਕੀ ਆਬਲਸਤ ਦੁਆਰਾ ਘਿਰਿਆ ਹੋਇਆ ਹੈ। ਇਸ ਦਾ ਕੁੱਲ ਰਕਬਾ 84,100 ਵ. ਕਿ. ਮੀ. ਅਤੇ ਆਬਾਦੀ 412,000 (1979) ਹੈ। ਇਥੇ ਸਪਰੂਸ, ਚੀਲ ਅਤੇ ਬਰਚ ਦੇ ਸੰਘਣੇ ਜੰਗਲ ਹਨ। ਇਥੋਂ ਦੀ ਵਧੇਰੇ ਮਿੱਟੀ ਅਣ-ਉਪਜਾਊ ਹੈ। ਦੱਖਣ ਵਿਚ ਓਕ ਅਤੇ ਪਤਝੜ ਵਾਲੇ ਦਰੱਖਤ ਮਿਲਦੇ ਹਨ। ਕੋਈ 600 ਤੋਂ ਵੱਧ ਦਰਿਆ ਇਸ ਖੇਤਰ ਨੂੰ ਪਾਰ ਕਰਦੇ ਹਨ। ਇਥੋਂ ਦਾ ਜਲਵਾਯੂ ਮਹਾਂਦੀਪੀ ਹੈ ਅਤੇ ਇਥੇ ਸਾਲਾਨਾ ਵਰਖਾ 60 ਸੈਂ. ਮੀ. ਹੁੰਦੀ ਹੈ। ਇਥੋਂ ਦਾ 1/4 ਹਿੱਸਾ ਕਾਸ਼ਤ-ਅਧੀਨ ਹੈ। ਖੇਤੀ ਬਾੜੀ ਇਥੋਂ ਦਾ ਮੁੱਖ ਕਿੱਤਾ ਹੈ। ਇਥੇ ਡੇਅਰੀ-ਉਦਯੋਗ ਅਤੇ ਪਸ਼ੂ-ਪਾਲਣ ਨੇ ਵੀ ਬਹੁਤ ਉੱਨਤੀ ਕੀਤੀ ਹੈ। ਇਥੇ ਫਲੈਕਸ ਦੀ ਫ਼ਸਲ ਬਹੁਤ ਉਗਾਈ ਜਾਂਦੀ ਹੈ। ਇਥੇ ਜ਼ਰਾਇਤੀ ਅਤੇ ਜੰਗਲੀ ਫ਼ਸਲਾਂ ਨੂੰ ਪ੍ਰਾਸੈੱਸ ਕਰਨ, ਲਿਨਨ-ਤਿਆਰ ਕਰਨ ਅਤੇ ਇਮਾਰਤੀ ਸਾਮਾਨ ਤਿਆਰ ਕਰਨ ਦੇ ਉਦਯੋਗ ਹਨ। ਇਸ ਤੋਂ ਇਲਾਵਾ ਇਥੇ ਥੋੜ੍ਹਾ ਜਿਹਾ ਇੰਜਨੀਅਰਿੰਗ ਦਾ ਸਾਮਾਨ ਵੀ ਤਿਆਰ ਹੁੰਦਾ ਹੈ। ਇਥੇ ਪੀਟ ਅਤੇ ਲਿਗਨਾਈਟ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ ਹੈ। ਕਾਲੀਨਿਨ, ਵਿਸ਼ਨੀ ਵਲਾਚੈੱਕ ਅਤੇ ਰਜ਼ੈੱਫ਼ ਇਸ ਖੇਤਰ ਦੇ ਵੱਡੇ ਸ਼ਹਿਰ ਹਨ।

ਹ. ਪੁ.—ਐਨ. ਬ੍ਰਿ. ਮਾ. 5 : 670

**ਕਾਲੀਨਿਨ** : ਸ਼ਹਿਰ—ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ ਵਿਚ ਇਸੇ ਹੀ ਨਾਂ ਦੀ ਆਬਲਸਤ ਦਾ ਇਕ ਸ਼ਹਿਰ ਅਤੇ ਪ੍ਰਬੰਧਕੀ ਕੇਂਦਰ ਹੈ ਜੋ ਅਪਰ ਵੋਲਗਾ ਅਤੇ ਟਵੈਰੱਟਸਾ ਦਰਿਆਵਾਂ ਦੇ ਸੰਗਮ ਉਤੇ ਸਥਿਤ ਹੈ। ਸੰਨ 1932 ਤੋਂ ਪਹਿਲਾਂ ਇਸ ਦਾ ਨਾਂ ਤਾਵੈੱਰ ਹੁੰਦਾ ਸੀ। ਇਸਦਾ ਪਹਿਲੀ ਵਾਰ ਜ਼ਿਕਰ ਸੰਨ 1209 ਵਿਚ ਆਇਆ ਸੀ ਜਦੋਂ ਇਹ ਇਕ ਸ਼ਹਿਜ਼ਾਦੇ ਦੇ ਅਧਿਕਾਰ ਖੇਤਰ ਅਧੀਨ ਹੁੰਦਾ ਸੀ, ਜਿਥੇ ਕਿ ਵਲਡਾਈ ਹਿਲਜ਼ ਤੋਂ ਪਾਰ ਦੇ ਵਪਾਰਕ ਰਸਤਿਆਂ ਨੂੰ ਕੰਟਰੋਲ ਕੀਤਾ ਜਾਂਦਾ ਸੀ। ਸੰਨ 1238 ਵਿਚ ਤਾਤਾਰਾਂ ਨੇ ਇਸ ਸ਼ਹਿਰ ਨੂੰ ਤਬਾਹ ਕੀਤਾ। ਸੰਨ 1485 ਵਿਚ ਮਾਸਕੋ ਨੇ ਤਾਵੈੱਰ ਨੂੰ ਆਪਣੇ ਵਿਚ ਮਿਲਾ ਲਿਆ। ਸੰਨ 1703 ਵਿਚ ਟਵੈਰੱਟਸਾ ਅਤੇ ਮਸਟਾ ਵਿਚਕਾਰ ਵਿਸ਼ਨੀ ਵਲਾਚਕ ਨਹਿਰ ਸਿਸਟਮ ਬਣਨ ਨਾਲ, ਤਾਵੈੱਰ ਵਿਚੋਂ ਦੀ ਦਰਿਆਈ ਵਪਾਰ ਹੋਰ ਮਹੱਤਵਪੂਰਨ ਹੋ ਗਿਆ। ਭਾਵੇਂ ਇਸ ਰਸਤੇ ਨੂੰ ਬਿਲਕੁਲ ਨਹੀਂ ਵਰਤਿਆ ਜਾਂਦਾ, ਫਿਰ ਵੀ ਕਾਲੀਨਿਨ ਅਪਰ ਵੋਲਗਾ ਦੀ ਵੱਡੀ ਦਰਿਆਈ ਬੰਦਰਗਾਹ ਹੈ ਜੋ

ਮਾਸਕਵਾ-ਵੋਲਗਾ ਕੈਨਾਲ ਦੁਆਰਾ ਰਾਸ਼ਟਰੀ ਰਾਜਧਾਨੀ ਨਾਲ ਜੁੜੀ ਹੋਈ ਹੈ। ਇਥੋਂ ਕਈ ਇਤਿਹਾਸਕ ਇਮਾਰਤਾਂ ਅਜੇ ਵੀ ਮੌਜੂਦ ਹਨ। ਇੰਜਨੀਅਰਿੰਗ, ਸੂਤੀ ਕੱਪੜਾ ਅਤੇ ਜੁੱਤੀਆਂ ਤਿਆਰ ਕਰਨਾ ਇਥੋਂ ਦੇ ਮੁੱਖ ਉਦਯੋਗ ਹਨ।

ਆਬਾਦੀ—422,000 (1981)

56° 52′ ਉ. ਵਿਥ.; 35° 55′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 670; ਕੋਲ. ਐਨ. 11 : 111

**ਕਾਲੀਨਿਨਗ੍ਰਾਦ** : ਆਬਲਸਤ—ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ ਵਿਚ ਇਹ ਇਕ ਆਬਲਸਤ (ਪ੍ਰਬੰਧਕੀ ਖੇਤਰ) ਹੈ, ਜਿਸਦਾ ਕੁੱਲ ਰਕਬਾ 15,100 ਵ. ਕਿ. ਮੀ. ਹੈ। ਇਸ ਵਿਚੋਂ ਵਧੇਰੇ ਰਕਬਾ ਪਰੇਗੋਲੀਆ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਬੇਸਿਨ ਵਿਚ ਆ ਜਾਂਦਾ ਹੈ। ਸੰਨ 1979 ਵਿਚ ਇਥੋਂ ਦੀ ਕੁੱਲ ਆਬਾਦੀ 355,000 ਸੀ। ਸਾਰਾ ਖੇਤਰ ਕਾਲੀਨਿਨਗ੍ਰਾਡ ਸ਼ਹਿਰ ਦੇ ਦੁਆਲੇ ਕੇਂਦਰਿਤ ਹੈ। ਸੰਨ 1945 ਵਿਚ ਜਰਮਨ ਪੂਰਬੀ ਪਰੂਸ਼ੀਆ ਦੇ ਉੱਤਰੀ ਅੱਧ, ਜੋ ਉਸੇ ਸਾਲ ਵਿਚ ਹੋਏ ਪਾਟਸਡੈਮ ਸਮਝੌਤੇ ਦੁਆਰਾ ਯੂ. ਐਸ. ਐਸ. ਆਰ. ਵਿਚ ਸ਼ਾਮਲ ਕਰ ਲਿਆ ਗਿਆ ਸੀ, ਤੋਂ ਇਹ ਖੇਤਰ ਬਣਾਇਆ ਗਿਆ ਸੀ। ਤੱਟ ਦੇ ਨਾਲ ਨਾਲ ਫਰਿਸ਼ਿਸ ਅਤੇ ਕੂਰਕਸਕਾਯਾ ਦੇ ਤਾਜ਼ੇ ਪਾਣੀ ਦੀਆਂ ਵੱਡੀਆਂ-ਵੱਡੀਆਂ ਝੀਲਾਂ ਹਨ ਜਿਨ੍ਹਾਂ ਨੂੰ ਰੇਤ ਦੇ ਲੰਬੇ ਮੈਦਾਨ ਬਾਲਟਿਕ ਤੋਂ ਵੱਖ ਕਰਦੇ ਹਨ। ਇਸਦਾ ਵਧੇਰੇ ਰਕਬਾ ਨੀਵੀਆਂ, ਢਲਾਣੂ ਪਹਾੜੀਆਂ ਅਤੇ ਖੋਭੇ ਵਾਲੀਆਂ ਨੀਵੀਆਂ ਦਲਦਲਾਂ ਨੇ ਮੱਲਿਆ ਹੋਇਆ ਹੈ ਅਤੇ 20% ਰਕਬੇ ਵਿਚ ਓਕ, ਚੀਲ, ਸਪਰੂਸ, ਬੀਚ ਅਤੇ ਹਾਰਨਬੀਮ ਦੇ ਜੰਗਲ ਹਨ। ਰੂਸੀ ਆਬਾਦਕਾਰਾਂ ਨੂੰ ਵਸਾਉਣ ਲਈ ਇਥੋਂ ਦੇ ਸਾਬਕਾ ਜਰਮਨ ਵਾਸੀਆਂ ਨੂੰ ਦੇਸ਼ ਨਿਕਾਲਾ ਦੇ ਦਿਤਾ ਗਿਆ। ਇਥੇ ਇੰਜਨੀਅਰੀ, ਧਾਤ ਦਾ ਕੰਮ ਅਤੇ ਕਾਗਜ਼ ਤਿਆਰ ਕਰਨ ਦੇ ਮੁੱਖ ਉਦਯੋਗ ਸਥਾਪਤ ਹਨ। ਤੱਟ ਦੇ ਨਾਲ ਨਾਲ ਮੱਛੀਆਂ ਫੜੀਆਂ ਜਾਂਦੀਆਂ ਹਨ। ਅਨਾਜ, ਆਲੂ, ਸਬਜ਼ੀਆਂ ਅਤੇ ਦੁੱਧ ਦੇਣ ਵਾਲੇ ਪਸ਼ੂ ਇਥੋਂ ਦਾ ਮੁੱਖ ਜ਼ਰਾਇਤੀ ਉਤਪਾਦਨ ਹੈ। ਇਥੋਂ ਦੀ ਕੁੱਲ ਵਸੋਂ ਦਾ 70% ਲੋਕ ਸ਼ਹਿਰਾਂ ਵਿਚ ਰਹਿੰਦੇ ਹਨ।

ਹ. ਪੁ.—ਐਨ. ਬ੍ਰਿ. ਮਾ. 5 : 670

**ਕਾਲੀਨਿਨਗ੍ਰਾਦ** : ਸ਼ਹਿਰ—ਕਾਲੀਨਿਨਗ੍ਰਾਦ ਆਬਲਸਤ (ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ) ਦਾ ਇਹ ਇਕ ਸ਼ਹਿਰ, ਬੰਦਰਗਾਹ ਅਤੇ ਪ੍ਰਬੰਧਕੀ ਕੇਂਦਰ ਹੈ ਜੋ ਪਰੇਗੋਲੀਆ ਦਰਿਆ ਦੇ ਦੋਹਾਂ ਪਾਸਿਆਂ ਵੱਲ ਇਕ ਪਹਾੜੀ ਤੇ ਸਥਿੱਤ ਹੈ। ਪਹਿਲਾਂ ਇਸਦਾ ਨਾਂ ਕਨਿਸਕਬਰਕ ਹੁੰਦਾ ਸੀ ਅਤੇ ਇਹ ਪੂਰਬੀ ਪਰੂਸ਼ੀਆ ਵਿਚ ਜਰਮਨੀ ਦਾ ਇਕ ਵੱਡਾ ਸਮੁੰਦਰੀ ਅੱਡਾ ਹੁੰਦਾ ਸੀ। ਸੰਨ 1945 ਵਿਚ ਪਾਟਸਡੈਮ ਸਮਝੌਤੇ ਅਧੀਨ ਇਹ ਯੂ. ਐਸ. ਐਸ. ਆਰ. ਵਿਚ ਸ਼ਾਮਲ ਕਰ ਲਿਆ ਗਿਆ। ਹੁਣ ਇਹ ਬਾਲਟਿਕ ਸਾਗਰ ਉਤੇ ਸੋਵੀਅਤ ਯੂਨੀਅਨ ਦਾ ਵੱਡਾ ਸਮੁੰਦਰੀ ਅੱਡਾ ਹੈ। ਸ਼ੁਰੂ ਵਿਚ ਇਹ ਇਕ ਛੋਟੀ ਜਿਹੀ ਗੜ੍ਹੀ ਹੁੰਦਾ ਸੀ ਅਤੇ ਇਸ ਦੀ ਨੀਂਹ ਟਯੂਟਾਨੀ ਨਾਈਟਾਂ ਨੇ ਸੰਨ 1255 ਵਿਚ ਰੱਖੀ ਸੀ। ਸੰਨ 1544 ਵਿਚ ਇਥੇ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਸੀ ਅਤੇ ਜਰਮਨੀ ਦਾ ਪ੍ਰਸਿੱਧ ਫਿਲਾਸਫ਼ਰ ਅਮੈਨੂਅਲ ਕਾਂਟ ਇਸੇ ਯੂਨੀਵਰਸਿਟੀ ਵਿਚ ਹੀ ਪ੍ਰੋਫ਼ੈਸਰ ਵਜੋਂ ਰਿਹਾ ਸੀ। ਫ੍ਰੈਡਰਿਕ (1701) ਅਤੇ ਵਿਲੀਅਮ ਪਹਿਲੇ (1801) ਦੀ ਪਰੂਸ਼ੀਆ ਦੇ ਬਾਦਸ਼ਾਹ ਵਜੋਂ ਇਥੇ ਤਾਜਪੋਸ਼ੀ ਹੋਈ ਸੀ। ਦੁਨੀਆ ਦੇ ਦੋਹਾਂ ਵੱਡੇ ਯੁੱਧਾਂ ਵਿਚ ਰੂਸ ਨੇ ਕਨਿਸਕਬਰਕ ਤੇ ਬਹੁਤ ਬੰਬਾਰੀ ਕੀਤੀ। ਅਪਰੈਲ, 1945 ਨੂੰ ਰੂਸ ਦਾ ਇਸ ਉਤੇ ਸਦਾ ਲਈ ਕਬਜ਼ਾ ਹੋ ਗਿਆ ਅਤੇ ਬਾਅਦ ਵਿਚ ਪੁਰਾਣੇ ਸ਼ਹਿਰ ਦੇ ਉੱਤਰ-ਪੱਛਮੀ ਹਿੱਸੇ ਵਾਲੀ ਥਾਂ ਤੇ ਅਜੋਕਾ ਕਾਲੀਨਿਨਗ੍ਰਾਦ ਸ਼ਹਿਰ ਉਸਾਰ ਦਿਤਾ ਗਿਆ। ਇਹ ਵਣਜ ਅਤੇ ਮੱਛੀਆਂ ਫੜਣ ਦੀ ਇਕ ਪ੍ਰਸਿੱਧ ਬੰਦਰਗਾਹ ਹੈ। ਇੰਜਨੀਅਰਿੰਗ ਇਮਾਰਤੀ ਸਾਮਾਨ ਅਤੇ ਕਾਗਜ਼ ਤਿਆਰ ਕਰਨਾ ਇਥੋਂ ਦੇ ਮੁੱਖ ਉਦਯੋਗ ਹਨ।

ਆਬਾਦੀ—366,000 (1981)

54° 43′ ਉ. ਵਿਥ.; 20° 30′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 670

**ਕਾਲੀਨਿਨਗ੍ਰਾਦ** : ਸ਼ਹਿਰ—ਮਾਸਕੋ ਆਬਲਸਤ (ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ) ਦਾ ਇਕ ਸ਼ਹਿਰ ਹੈ ਜੋ ਮਾਸਕੋ ਉੱਤਰੀ-ਪੂਰਬੀ ਬਾਹਰੀ ਭਾਗ ਉਤੇ ਸਥਿੱਤ ਹੈ। ਸੰਨ 1928 ਤੋਂ ਬਾਅਦ ਇਹ ਉਦਯੋਗਕ ਕੇਂਦਰ ਅਤੇ ਰਾਜਧਾਨੀ ਦੇ ਵੱਡੇ ਸ਼ਹਿਰ ਵਜੋਂ ਉੱਨਤ ਹੋਣਾ ਸ਼ੁਰੂ ਹੋਇਆ। ਸੰਨ 1938 ਵਿਚ ਇਸ ਨੂੰ ਸ਼ਹਿਰ ਦਾ ਦਰਜਾ ਦਿਤਾ ਗਿਆ। ਸੂਤੀ ਕੱਪੜਾ, ਰੇਸ਼ਮ ਤਿਆਰ ਕਰਨਾ ਅਤੇ ਖ਼ੁਰਾਕ ਪ੍ਰਾਸੈੱਸ ਕਰਨਾ ਇਥੋਂ ਦੇ ਮੁੱਖ ਉਦਯੋਗ ਹਨ।

ਆਬਾਦੀ—106,000 (1970)

55° 55′ ਉ. ਵਿਥ.; 37° 49′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 670

**ਕਾਲੀਨਿਨ, ਮੀਖਾਈਲ ਇਵੈਨੋਵਿਚ** : ਰੂਸ ਦੇ ਇਸ ਕਮਿਊਨਿਸਟ ਨੇਤਾ ਦਾ ਜਨਮ 2 ਦਸੰਬਰ, 1875 ਨੂੰ ਵਰਕਨਯਾਯਾ ਵਿਖੇ ਹੋਇਆ। ਇਹ 1898 ਤੋਂ ਰਸ਼ੀਅਨ ਸੋਸ਼ਲ ਡੈਮੋਕ੍ਰੇਟਿਕ ਵਰਕਰਜ਼ ਪਾਰਟੀ ਦਾ ਮੈਂਬਰ ਰਿਹਾ ਅਤੇ 1902 ਵਿਚ ਲੈਨਿਨ ਦੀ ਇਸਕਰਾ ਪਾਰਟੀ ਦਾ ਮੈਂਬਰ ਬਣ ਗਿਆ। ਇਹ 1899 ਅਤੇ 1903 ਦਰਮਿਆਨ ਹਿਰਾਸਤ ਵਿਚ ਰਿਹਾ।

ਸੇਂਟ ਪੀਟਰਸਬਰਗ ਵਿਖੇ 1905 ਦੀ ਕ੍ਰਾਂਤੀ ਵਿਚ ਇਸ ਨੇ ਸਰਗਰਮ ਹਿੱਸਾ ਲਿਆ। ਇਹ 'ਪਰਾਵਦਾ' ਦੇ ਮੋਢੀ ਮੈਂਬਰਾਂ ਵਿਚੋਂ ਸੀ। ਪਹਿਲੀ ਵਿਸ਼ਵ-ਜੰਗ ਸਬੰਧੀ ਇਸ ਦੇ ਵਿਚਾਰ ਲੈਨਿਨ ਤੋਂ ਅਲੱਗ ਸਨ। ਬਾਲਸ਼ਵਿਕ ਜਿੱਤ ਪਿਛੋਂ ਇਸ ਨੂੰ ਪੀਟਰੋਗਰਾਦ ਦਾ ਮੇਯਰ ਨਿਯੁਕਤ ਕਰ ਦਿਤਾ ਗਿਆ ਅਤੇ 1919 ਵਿਚ ਇਹ ਸਰਬ ਰੂਸੀ ਕੇਂਦਰੀ ਕਾਰਜਕਾਰੀ ਕਮੇਟੀ ਦਾ ਪ੍ਰਧਾਨ ਬਣ ਗਿਆ। ਪਿਛੋਂ ਇਹ ਰੂਸ ਦੀ ਕੇਂਦਰੀ ਕਾਰਜਕਾਰੀ ਕਮੇਟੀ ਦਾ ਚੇਅਰਮੈਨ ਰਿਹਾ। ਫਿਰ ਇਸ ਨੂੰ ਸੁਪਰੀਮ ਸੋਵੀਅਤ ਦੇ ਸਭਾਪਤੀ-ਮੰਡਲ ਦਾ ਚੇਅਰਮੈਨ ਲੈ ਲਿਆ ਗਿਆ। ਇਸ ਤਰ੍ਹਾਂ ਇਹ 1919 ਤੋਂ 1946 ਤਕ ਰੂਸ ਦਾ ਪ੍ਰੈਜ਼ੀਡੈਂਟ ਰਿਹਾ।

3 ਜੂਨ, 1946 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 193

**ਕਾਲੀ ਮਿਰਚ** : ਵਿਸ਼ਵ ਪ੍ਰਸਿੱਧ ਭਾਰਤੀ ਗਰਮ ਮਸਾਲਿਆਂ ਵਿਚ ਕਾਲੀ ਮਿਰਚ ਦਾ ਇਕ ਮਹੱਤਵਪੂਰਨ ਸਥਾਨ ਹੈ। ਇਹ ਪਾਈਪਰੇਸੀ ਕੁਲ ਦੇ ਪੌਦੇ ਪਾਈਪਰ ਨਾਈਗਰਮ (*Piper nigrum*) ਦੇ ਸੁਕਾਏ ਹੋਏ ਅੱਧ-ਪੱਕੇ ਫਲ ਹਨ। ਇਸ ਦਾ ਮੂਲ-ਸਥਾਨ ਦੱਖਣੀ ਭਾਰਤ ਹੀ ਮੰਨਿਆ ਜਾਂਦਾ ਹੈ। ਅੱਜ ਕਲ੍ਹ ਇਹ ਭਾਰਤ, ਅਫ਼ਰੀਕਾ, ਸਿਆਮ, ਫਿਲਾਪੀਨ ਦੀਪ-ਸਮੂਹ, ਈਸਟ ਇੰਡੀਜ਼ ਅਤੇ ਦੱਖਣੀ ਸਮੁੰਦਰੀ ਦੀਪ-ਸਮੂਹਾਂ ਵਿਚ ਹਰ ਥਾਂ ਤੇ ਕਾਸ਼ਤ ਕੀਤੀ ਜਾਂਦੀ ਹੈ। ਕਾਲੀ ਮਿਰਚ ਦੇ ਪੌਦੇ ਦਾ ਤਣਾ ਕਮਜ਼ੋਰ ਹੁੰਦਾ ਹੈ ਜਿਸ ਲਈ ਕੁਝ ਵਿਗਿਆਨੀ ਇਸ ਨੂੰ ਵੇਲ ਵੀ ਕਹਿੰਦੇ ਹਨ। ਜੜ੍ਹਾਂ ਅਪਸਥਾਨੀ (ਐਡਵੈਂਟਿਸ਼ਸ) ਹੁੰਦੀਆਂ ਹਨ। ਇਸ ਪੌਦੇ ਦੀ ਉਚਾਈ 10 ਮੀ. (ਜੰਗਲੀ ਹਾਲਤ) ਤਕ ਹੋ ਜਾਂਦੀ ਹੈ। ਇਸ ਨੂੰ ਸਦਾ ਬਹਾਰ ਚਮ ਵੱਤ ਪੱਤੇ ਅਤੇ ਛੋਟੇ ਫੁੱਲ ਕੈਟਕਿਨਾਂ ਵਿਚ ਲਗਦੇ ਹਨ। ਇਸਦੇ ਫ਼ਲ ਛੋਟੇ ਜਿਹੇ ਇਕ-ਬੀਜ ਵਾਲੇ ਬੇਰੀ ਵਰਗੇ ਤੇ ਗੁਠਲੀਦਾਰ (ਡਰੂਪ) ਹੁੰਦੇ ਹਨ। ਫ਼ਲਾਂ ਦੀ ਗਿਣਤੀ ਇਕ ਡਰੂਪ ਵਿਚ 50 ਤਕ ਹੋ ਸਕਦੀ ਹੈ।

ਪੱਕਣ ਸਮੇਂ ਇਹ ਆਪਣਾ ਰੰਗ ਬਦਲ ਲੈਂਦੇ ਹਨ ਅਤੇ ਹਰੇ ਚਮਕੀਲੇ ਲਾਲ ਅਤੇ ਫਿਰ ਪੀਲੇ ਰੰਗ ਦੇ ਹੋ ਜਾਂਦੇ ਹਨ। ਕਾਲੀ ਮਿਰਚ ਲਈ ਗਰਮ ਤਰ ਜਲਵਾਯੂ ਅਤੇ ਥੋੜ੍ਹੀ ਬਹੁਤ ਛਾਂ ਦੀ ਵੀ ਲੋੜ ਪੈਂਦੀ ਹੈ। ਇਸ ਦੀ ਕਾਸ਼ਤ ਕਈ ਕਿਸਮਾਂ ਦੀ ਭੋਂ ਤੇ ਕੀਤੀ ਜਾ ਸਕਦੀ ਹੈ।



ਸਿੰਘਾਪੁਰ ਵਿਚ ਕਾਲੀ ਮਿਰਚ ਦੀ ਛੜਾਈ

ਇਨ੍ਹਾਂ ਪੌਦਿਆਂ ਨੂੰ ਖੰਭੇ ਜਾਂ ਦਰਖ਼ਤਾਂ ਦੁਆਰਾ ਸਹਾਰਾ ਦੇਣ ਦੀ ਲੋੜ ਪੈਂਦੀ ਹੈ। ਜਦ ਪੌਦਾ ਲਗ ਭਗ 0.6 ਮੀ. ਉੱਚਾ ਹੁੰਦਾ ਹੈ ਤਾਂ ਇਸ ਦਾ ਸਿਰਾ ਕੱਟ ਦਿਤਾ ਜਾਂਦਾ ਹੈ ਤਾਂ ਜੋ ਥੱਲੇ ਵਾਲੀਆਂ ਅੱਖਾਂ ਦਾ ਵਿਕਾਸ ਹੋ ਸਕੇ। ਦੋ ਜਾਂ ਤਿੰਨ ਸਾਲ ਮਗਰੋਂ ਫ਼ਸਲ ਆਉਣੀ ਸ਼ੁਰੂ ਹੋ ਜਾਂਦੀ ਹੈ ਪਰ ਭਰਵੀਂ ਫ਼ਸਲ ਸਤ ਸਾਲਾਂ ਪਿਛੋਂ ਹੀ ਪ੍ਰਾਪਤ ਹੁੰਦੀ ਹੈ। ਪੌਦਿਆਂ ਦੀ ਉਤਪਤੀ ਬੀਜਾਂ ਜਾਂ ਕਲਮਾਂ ਦੁਆਰਾ ਹੁੰਦੀ ਹੈ।

ਵਪਾਰਕ ਤੌਰ ਤੇ ਕਾਲੀ ਮਿਰਚ ਤਿਆਰ ਕਰਨ ਲਈ ਜਦ ਇਕ ਸਪਾਈਕ ਵਿਚ ਇਕ ਅੱਧੀ ਬੇਰੀ ਲਾਲ ਰੰਗ ਦੀ ਹੋ ਜਾਵੇ ਤਾਂ ਸਾਰੇ ਫ਼ਲ ਇਕੱਠੇ ਕਰ ਲਏ ਜਾਂਦੇ ਹਨ। ਫ਼ਲਾਂ ਦੀ ਤੁੜਾਈ ਹੱਥਾਂ ਨਾਲ ਕੀਤੀ ਜਾਂਦੀ ਹੈ। ਸਪਾਈਕਾਂ ਨੂੰ ਧੁੱਪ ਜਾਂ ਧੂਣੀ ਵਿਚ ਸੁਕਾਇਆ ਜਾਂਦਾ ਹੈ ਜਾਂ ਕਦੀ ਕਦੀ ਸੁਕਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਉਬਲਦੇ ਪਾਣੀ ਵਿਚੋਂ ਕੱਢ ਲਿਆ ਜਾਂਦਾ ਹੈ। ਸੁੱਕਣ ਉਪਰੰਤ, ਬੈਰੀਆਂ ਜਾਂ ਪੈਪਰਕਾਰਨ ਨੂੰ ਮਸਲ ਕੇ, ਛਟ ਲਿਆ ਜਾਂਦਾ ਹੈ ਅਤੇ ਇਹ ਵੇਚਣ ਲਈ ਤਿਆਰ ਹੋ ਜਾਂਦੀਆਂ ਹਨ। ਇਸ ਵਕਤ ਇਨ੍ਹਾਂ ਦਾ ਰੰਗ ਲਾਲ ਭੂਰਾ ਜਾਂ ਕਾਲਾ ਹੁੰਦਾ ਹੈ। ਇਨ੍ਹਾਂ ਦੀ ਸਤ੍ਹਾ ਝੁਰੜੀਆਂ ਵਾਲੀ ਹੁੰਦੀ ਹੈ ਅਤੇ ਇਨ੍ਹਾਂ ਦਾ ਵਿਆਸ 3 ਤੋਂ 5 ਮਿ. ਮੀ. ਤਕ ਹੁੰਦਾ ਹੈ।

ਕਾਲੀ ਮਿਰਚ ਦੇ ਦਾਣਿਆਂ ਵਿਚ 5-7% ਪਿਪਰੀਨ ਪਿਪਰਿਡੀਨ ਅਤੇ ਚੈਵਿਸੀਨ ਨਾਮੀ ਐੱਲਕੇਲੌਇਡ, 30% ਨਸ਼ਾਸਤਾ ਅਤੇ ਕੁਝ ਮਾਤਰਾ ਸੁਗੰਧਤ ਤੇਲਾਂ ਦੀ ਹੁੰਦੀ ਹੈ। ਕਾਲੀ ਮਿਰਚ ਸੁਗੰਧਤ, ਉਤੇਜਕ ਅਤੇ ਫੁਰਤੀ ਦੇਣ ਵਾਲੀ ਵਸਤੂ ਹੈ। ਆਯੁਰਵੇਦ ਅਤੇ ਯੂਨਾਨੀ ਚਿਕਿਤਸਾ ਸ਼ਾਸਤਰਾਂ ਵਿਚ ਇਸਦਾ ਉਪਯੋਗ ਬਲਗਮ, ਉਨੀਂਦਰਾ ਸਾਹ ਦੀਆਂ ਬਿਮਾਰੀਆਂ ਆਦਿ ਵਿਚ ਦਸਿਆ ਗਿਆ ਹੈ। ਦੱਖਣ ਵਿਚ ਇਸਦੀ ਵਿਸ਼ੇਸ਼ ਵਰਤੋਂ ਭੁੱਖ ਵਧਾਉਣ ਅਤੇ ਬੁਖ਼ਾਰ ਤੋਂ ਆਰਾਮ ਲਈ ਭੋਜਨ ਨਾਲ ਕੀਤੀ ਜਾਂਦੀ ਹੈ।

ਹ. ਪੁ.—ਇ. ਬਾ. : 451 ; ਹਿੰ. ਵਿ. 2 : 499 ; ਮੈਕ. ਐਨ. ਸ. ਟ. 9 : 627

**ਕਾਲੂ, ਬਾਬਾ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਦਾ ਜਨਮ ਤਲਵੰਡੀ (ਹੁਣ ਪਾਕਿਸਤਾਨ) ਵਿਚ ਸ਼ਿਵਰਾਮ ਬੇਦੀ ਦੇ ਘਰ ਮਾਤਾ ਬਨਾਰਸੀ ਦੀ ਕੁੱਖੋਂ ਸੰਮਤ 1497 ਬਿਕ੍ਰਮੀ (1440 ਈ.) ਵਿਚ ਹੋਇਆ। ਇਨ੍ਹਾਂ ਦਾ ਬਚਪਨ ਦਾ ਨਾਂ ਕਲਯਾਨ ਚੰਦ ਸੀ। ਆਪ ਦੇ ਛੋਟੇ ਭਰਾ ਦਾ ਨਾਂ ਲਾਲ ਚੰਦ ਸੀ। ਦੋਵੇਂ ਭਰਾ ਕਾਲੂ ਤੇ ਲਾਲੂ ਕਰ ਕੇ ਮਸ਼ਹੂਰ ਹੋਏ। ਆਪ ਦਾ ਨਾਂ ਕਾਲੂ ਚੰਦ ਮਹਿਤਾ ਜਾਂ ਮਹਿਤਾ ਕਾਲੂ ਰਾਏ ਕਰ ਕੇ ਵੀ ਆਉਂਦਾ ਹੈ।

ਮਹਿਤਾ ਕਾਲੂ ਚੰਦ ਜੀ ਦੇ ਪਿਤਾ ਸ਼ਿਵਰਾਮ ਬੇਦੀ ਤਲਵੰਡੀ ਦੇ ਮੁਸਲਮਾਨ ਭੱਟੀ ਰਾਜਪੂਤ ਰਾਏ ਭੋਏ ਦੀ ਜਾਗੀਰ ਦੇ ਕਾਰਦਾਰ ਸਨ। ਸੰਮਤ 1518 ਨੂੰ ਰਾਇ ਭੋਏ ਦੀ ਮੌਤ ਮਗਰੋਂ ਉਸ ਦੇ ਪੁੱਤਰ ਰਾਇਬੁਲਾਰ ਨੇ ਕਾਲੂ ਚੰਦ ਜੀ ਨੂੰ ਆਪਣੇ ਇਲਾਕੇ ਦੀ ਜਾਗੀਰ ਦਾ ਪਟਵਾਰੀ ਬਣਾ ਲਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 'ਬਚਿੱਤ੍ਰ ਨਾਟਕ' ਅਨੁਸਾਰ ਮਹਿਤਾ ਕਾਲੂ ਚੰਦ ਜੀ ਦੀ ਬੇਦੀ ਕੁਲ ਸ੍ਰੀ ਰਾਮ ਚੰਦਰ ਜੀ ਨਾਲ ਜਾ ਜੁੜਦੀ ਹੈ। ਮਹਿਤਾ ਕਾਲੂ ਚੰਦ ਜੀ ਦੀ ਸੁਪਤਨੀ ਦਾ ਨਾਂ 'ਤ੍ਰਿਪਤਾ' ਜੀ ਸੀ। ਸੰਮਤ 1526 ਬਿਕ੍ਰਮੀ (1469 ਈ.) ਕੱਤਕ ਸੁਦੀ 15 ਨੂੰ ਇਨ੍ਹਾਂ ਦੇ ਘਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ। ਮਹਿਤਾ ਕਾਲੂ ਚੰਦ ਜੀ ਦੀ ਧੀ ਬੇਬੇ ਨਾਨਕੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕਈ ਵਰ੍ਹੇ ਵੱਡੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੇ ਤਲਵੰਡੀ ਵਿਚ ਘਰ ਘਰ ਖ਼ੁਸ਼ੀ ਹੋਈ ਅਤੇ ਔਰਤਾਂ ਮਾਤਾ ਤ੍ਰਿਪਤਾ ਅਤੇ ਕਾਲੂ ਚੰਦ ਜੀ ਨੂੰ ਵਧਾਈ ਦੇਣ ਆਈਆਂ। ਮਹਿਤਾ ਕਾਲੂ ਚੰਦ ਜੀ ਨੇ ਵੀ ਆਪਣੀ ਸੱਮਰਥਾ ਅਨੁਸਾਰ ਮਠਿਆਈ, ਅੰਨ, ਬਸਤਰ ਅਤੇ ਨਕਦੀ ਵੰਡੀ। ਉਨ੍ਹਾਂ ਨੇ ਆਪਣੇ ਪ੍ਰੋਹਤ ਹਰਿਦਿਆਲ ਨੂੰ ਬੁਲਾ ਕੇ ਬਾਲਕ ਨਾਨਕ ਦਾ ਟੇਵਾ ਬਣਵਾਇਆ।

ਮਹਿਤਾ ਕਾਲੂ ਚੰਦ ਜੀ ਆਪਣੇ ਪੁੱਤਰ ਨਾਨਕ ਨਾਲ ਆਮ ਕਰਕੇ ਗੁੱਸੇ ਹੋ ਜਾਂਦੇ ਕਿਉਂਕਿ ਉਹ ਬਾਲਕ ਅਵਸਥਾ ਵਿਚ ਹੀ ਆਪਣੇ ਘਰ ਦੇ ਬਸਤਰ, ਜ਼ੇਵਰ, ਬਰਤਨ ਅਤੇ ਅਨਾਜ ਗਰੀਬਾਂ ਵਿਚ ਵੰਡਦੇ ਰਹਿੰਦੇ ਸਨ। ਮਾਤਾ 'ਤ੍ਰਿਪਤਾ' ਤਾਂ ਆਪਣੇ ਪੁੱਤਰ ਨੂੰ ਅਵਤਾਰੀ ਪੁਰਖ ਕਰ ਕੇ ਜਾਣਦੇ ਸਨ ਪਰ 'ਮਹਿਤਾ ਕਾਲੂ ਚੰਦ' ਬਾਬੇ ਨਾਨਕ ਦੀ ਸ਼ਕਤੀ ਨੂੰ ਨਹੀਂ ਸਮਝਦੇ ਸਨ। ਉਹ ਨਾਨਕ ਨੂੰ ਥੋੜਾ ਜਿਹਾ ਲਿਖਾ ਪੜ੍ਹਾ ਕੇ ਵਪਾਰ ਵਿਚ ਲਗਾਉਣਾ ਚਾਹੁੰਦੇ ਸਨ। 'ਸੱਚੇ-ਸੌਦੇ' ਵਾਲੀ ਘਟਨਾ ਜਦੋਂ ਰਾਇ ਬੁਲਾਰ ਨੇ ਸੁਣੀ ਤਾਂ ਉਸ ਨੇ ਬਾਬਾ ਕਾਲੂ ਜੀ ਨੂੰ ਬੁਲਾ ਕੇ ਆਖਿਆ, "ਜਦ ਮੈਂ ਤੈਨੂੰ ਹੁਕਮ ਦੇ ਰਖਿਆ ਹੈ ਕਿ ਜੋ ਕੁਝ ਨਾਨਕ ਜੀ ਖਰਚੇ ਤੂੰ ਮੇਰੇ ਖ਼ਜ਼ਾਨੇ ਵਿਚੋਂ ਲੈ ਜਾਇਆ ਕਰ, ਪਰ ਇਸ ਨੂੰ ਕੁੱਝ ਨਾ ਆਖੀਂ, ਫੇਰ ਤੂੰ ਨਾਨਕ ਨੂੰ ਕਿਉਂ ਗੁੱਸੇ ਹੁੰਦਾ ਹੈਂ। ਕੀ ਕਰਾਂ ਤੂੰ (ਸ੍ਰੀ ਗੁਰੂ) ਨਾਨਕ ਦਾ ਬਾਪ ਹੈਂ ਨਹੀਂ ਤਾਂ ਤੈਨੂੰ ਹੁਣੇ ਸਜ਼ਾ ਦਿੰਦਾ।"

ਰਾਇ ਬੁਲਾਰ ਦੇ ਕਹਿਣ ਤੇ ਇਨ੍ਹਾਂ ਨੇ ਬਾਬੇ ਨਾਨਕ ਨੂੰ ਇਸ ਦੇ ਭਣਵੱਈਏ ਸ੍ਰੀ ਜੈ ਰਾਮ ਦੇ ਨਾਲ ਸੁਲਤਾਨਪੁਰ ਲੋਧੀ ਭੇਜ ਦਿੱਤਾ।

ਆਪਣੀ ਚੌਥੀ ਉਦਾਸੀ ਲਈ ਜਦੋਂ ਬਾਬਾ ਨਾਨਕ ਜੀ ਕਰਤਾਰਪੁਰੋਂ ਚੱਲਣ ਵਾਲੇ ਸੀ ਤਾਂ ਮਾਤਾ ਤ੍ਰਿਪਤਾ ਦਾ ਸੁਨੇਹਾ ਮਿਲਦੇ ਹੀ ਤਲਵੰਡੀ ਲਈ ਚੱਲ ਪਏ। ਮਾਤਾ ਤ੍ਰਿਪਤਾ ਜੀ, ਮਹਿਤਾ ਕਾਲੂ ਜੀ, ਚਾਚਾ ਲਾਲੂ ਜੀ ਅਤੇ ਹੋਰ ਸਾਰੇ ਲੋਕ ਬਾਬੇ ਦੇ ਦਰਸ਼ਨ ਕਰ ਕੇ ਨਿਹਾਲ ਹੋ ਗਏ। ਇਹ ਸਮਾਂ ਸੀ ਜਦੋਂ ਪਿਤਾ ਕਾਲੂ ਚੰਦ ਨੇ ਆਖਿਆ, "ਮੈਂ ਪ੍ਰੋਹਤ ਹਰਿਦਿਆਲ ਦੇ ਲਿਖੇ ਨੂੰ ਹਮੇਸ਼ਾ ਹਸਦਾ ਅਤੇ ਝੂਠ ਜਾਣਦਾ ਸੀ, ਹੁਣ ਸੱਚ ਮੰਨਿਆ ਹੈ ਜੋ ਕੁੱਝ ਉਸ ਨੇ ਲਿਖਿਆ ਸੋ ਦੇਖ ਲਿਆ, ਜਿਸ ਕਰ ਕੇ ਹੁਣ ਮੇਰੀ ਆਤਮਾ ਨਾਨਕ ਚੰਦ ਉੱਤੇ ਬਹੁਤ ਰਾਜ਼ੀ ਹੈ।" 13 ਚੇਤਰ ਸੰਮਤ 1576 ਬਿਕ੍ਰਮੀ (1519 ਈ.) ਨੂੰ ਮਾਤਾ ਤ੍ਰਿਪਤਾ ਜੀ ਨੇ ਦੇਹ ਤਿਆਗੀ ਅਤੇ ਉਸ ਤੋਂ ਤੀਜੇ ਦਿਨ ਮਹਿਤਾ ਕਾਲੂ ਜੀ ਨੇ ਚੋਲਾ ਛੱਡ ਦਿੱਤਾ।

'ਮਹਾਨ ਕੋਸ਼' ਅਨੁਸਾਰ ਬਾਬਾ ਕਾਲੂ ਜੀ ਸੰਮਤ 1579 ਬਿਕ੍ਰਮੀ ਵਿਚ ਕਰਤਾਰਪੁਰ ਵਿਖੇ ਸਵਰਗ ਸਿਧਾਰੇ।

ਹ. ਪੁ.—ਤਵਾ. ਗੁ. ਖ਼ਾ.; ਮ. ਕੋ. 325

**ਕਾਲੂਗਾ :** **ਆਬਲਸਤ**—ਰੂਸ ਦੇ ਪੱਛਮੀ ਰੂਸੀ ਸਮਾਜਵਾਦ ਗਣਤੰਤਰ ਦਾ ਇਹ ਇਕ ਆਬਲਸਤ ਹੈ ਜੋ ਮਾਸਕੋ ਆਬਲਸਤ ਦੇ ਦੱਖਣ ਪੱਛਮ ਵਲ ਓਕਾ ਦਰਿਆ ਦੇ ਉਪਰਲੇ ਬੇਸਿਨ ਵਿਚ 29,900 ਵ. ਕਿ. ਮੀ. ਵਿਚ ਫੈਲਿਆ ਹੋਇਆ ਹੈ। ਸੰਨ 1970 ਵਿਚ ਇਥੋਂ

ਦੀ ਕੁਲ ਆਬਾਦੀ 995,000 ਸੀ । ਇਥੇ ਕ੍ਰਮਵਾਰ ਚੌੜੀਆਂ ਦਲਦਲੀ ਵਾਦੀਆਂ ਅਤੇ ਰੋੜ੍ਹ ਪਹਾੜੀਆਂ ਹਨ । ਇਥੋਂ ਦੀ ਕੁਦਰਤੀ ਬਨਸਪਤੀ ਵਿਚ ਅੱਕ, ਚੀੜ, ਬਿਆਰ, ਕੇਲ ਅਤੇ ਬੈਂਤ ਦੇ ਰੁੱਖਾਂ ਦੇ ਰਲਵੇਂ ਮਿਲਵੇਂ ਜੰਗਲ ਹਨ । ਇਹ ਜੰਗਲ ਕੇਵਲ ਭੂਮੀ ਦੇ ਤੀਸਰੇ ਹਿੱਸੇ ਤੇ ਹੀ ਰਹਿ ਗਏ ਹਨ। ਬਾਕੀ ਜਗ੍ਹਾ ਖੇਤੀਬਾੜੀ ਲਈ ਸਾਫ਼ ਕਰ ਲਈ ਗਈ ਹੈ । ਇਥੇ ਮਹਾਂਦੀਪੀ ਜਲਵਾਯੂ ਹੈ ਅਨਾਜ, ਸਣ, ਭੰਗ ਅਤੇ ਚਾਰੇ ਦੀਆਂ ਫਸਲਾਂ ਉਗਾਈਆਂ ਜਾਂਦੀਆਂ ਹਨ । ਇਸ ਦੇ ਨਾਲ ਹੀ ਪਸ਼ੂ ਪਾਲਨ ਦਾ ਕਿੱਤਾ ਵੀ ਕਾਫ਼ੀ ਵਿਸਤ੍ਰਿਤ ਹੈ । ਆਬਲਸਤ ਦੇ ਛੋਟੇ ਸ਼ਹਿਰਾਂ ਵਿਚ ਜ਼ਰਾਇਤੀ ਉਪਜਾਂ ਦੀ ਪਰੋਸੈਸਿੰਗ, ਇੰਜਨੀਅਰਿੰਗ ਦੇ ਛੋਟੇ ਛੋਟੇ ਕੰਮ ਅਤੇ ਲਕੜੀ ਦਾ ਕੰਮ ਕੀਤਾ ਜਾਂਦਾ ਹੈ। ਇਸ ਦੇ ਉੱਤਰ-ਪੂਰਬੀ ਭਾਗ ਵਿਚ ਭੂਰੇ ਰੰਗ ਦਾ ਕੋਲਾ ਕੱਢਿਆ ਜਾਂਦਾ ਹੈ। ਰੂਸ ਦਾ ਪਹਿਲਾ ਅਟਾਮਿਕ ਪਾਵਰ ਪਲਾਂਟ ਇਸੇ ਆਬਲਸਤ ਵਿਚ 1957 ਵਿਚ ਬਣਿਆ । ਕਾਲੂਗਾ ਆਬਲਸਤ ਦਾ ਪ੍ਰਬੰਧਕੀ ਸ਼ਹਿਰ ਹੈ ।

ਹ. ਪੁ.—ਐਨ. ਬ੍ਰਿ. ਮਾ. 5 : 673

**ਕਾਲੂਗਾ** : ਸ਼ਹਿਰ—ਰੂਸ ਦੇ ਪੱਛਮੀ ਰੂਸੀ ਸਮਾਜਵਾਦ ਗਣਤੰਤਰ ਵਿਚ ਇਸੇ ਹੀ ਨਾਂ ਦੀ ਆਬਲਸਤ ਦਾ ਸਦਰ ਮੁਕਾਮ ਹੈ ਜੋ ਓਕਾ ਦਰਿਆ ਦੇ ਕੰਢੇ ਤੇ ਵਸਿਆ ਹੋਇਆ ਹੈ । ਇਹ ਸ਼ਹਿਰ ਮਸਕੋਵੀ ਦੀ ਦੱਖਣੀ ਸਰਹੱਦ ਤੇ ਤਾਤਾਰਾਂ ਵਿਰੁੱਧ ਇਕ ਕਿਲੇ ਦੇ ਤੌਰ ਤੇ 14ਵੀਂ ਸਦੀ ਵਿਚ ਵਸਾਇਆ ਗਿਆ ਸੀ । ਬਾਅਦ ਵਿਚ ਇਹ ਰਾਜ ਦਾ ਪ੍ਰਬੰਧਕੀ ਸ਼ਹਿਰ ਬਣ ਗਿਆ । 17ਵੀਂ ਸਦੀ ਦੇ ਮੁੱਢ ਵਿਚ ਇਹ ਪਲੇਗ, ਅੱਗ ਅਤੇ ਕਜ਼ਾਕ ਜਾਤੀ ਦੇ ਲੋਕਾਂ ਦੁਆਰਾ ਉਜਾੜ ਦਿਤਾ ਗਿਆ। ਸੰਨ 1941 ਵਿਚ ਇਹ ਥੋੜ੍ਹੀ ਦੇਰ ਲਈ ਜਰਮਨੀ ਦੇ ਅਧਿਕਾਰ ਹੇਠ ਵੀ ਰਿਹਾ । ਇਥੇ ਕਈ ਕਿਸਮ ਦੇ ਉਦਯੋਗ ਹਨ ਜਿਨ੍ਹਾਂ ਵਿਚ ਟਰਬਾਈਨਜ਼, ਰੇਲਾਂ ਦਾ ਸਾਜ਼ੋ-ਸਾਮਾਨ ਅਤੇ ਆਮ ਵਰਤੋਂ ਦੀਆਂ ਹੋਰ ਚੀਜ਼ਾਂ ਬਣਾਈਆਂ ਜਾਂਦੀਆਂ ਹਨ ।

ਆਬਾਦੀ—276,000 (1981)

54°31′ ਉ. ਵਿਥ.; 36°16′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 673

**ਕਾਲੇ** : ਉੱਤਰੀ ਫ਼ਰਾਂਸ ਵਿਚ ਡੋਵਰ ਸ਼ਹਿਰ ਤੋਂ 35 ਕਿ. ਮੀ. ਦੂਰ ਡੋਵਰ ਜਲ-ਡਮਰੂ ਵਿਚ ਇਹ ਇਕ ਉਦਯੋਗਕ ਸਮੁੰਦਰੀ ਬੰਦਰਗਾਹ ਹੈ । ਇਕ ਟਾਪੂ ਉਪਰ ਹੋਣ ਕਰਕੇ ਮੁੱਢ ਵਿਚ ਇਹ ਮੱਛੀਆਂ ਫੜਨ ਵਾਲੇ ਇਕ ਪਿੰਡ ਵਜੋਂ ਆਬਾਦ ਹੋਇਆ ਸੀ। ਫਲੈਂਡਰਜ਼ ਦੇ ਕਾਊਂਟ ਚੌਥੇ ਨੇ 997 ਵਿਚ, ਇਸ ਨੂੰ ਕਾਫ਼ੀ ਉੱਨਤ ਕੀਤਾ ਅਤੇ ਫਿਰ ਬਾਊਲੋਨ ਦੇ ਕਾਊਂਟ ਨੇ 1224 ਵਿਚ ਇਸ ਨੂੰ ਕਿਲਾ-ਬੰਦ ਕੀਤਾ । 1805 ਵਿਚ ਇੰਗਲੈਂਡ ਤੇ ਹਮਲਾ ਕਰਨ ਸਮੇਂ ਨੈਪੋਲੀਅਨ ਦੀਆਂ ਫ਼ੌਜਾਂ ਦਾ ਕੁਝ ਹਿੱਸਾ ਇਥੇ ਠਹਿਰਿਆ ਸੀ । ਸਤੰਬਰ, 1944 ਵਿਚ ਅਜ਼ਾਦੀ ਤੋਂ ਤਿੰਨ ਮਹੀਨੇ ਪਹਿਲਾਂ ਇਹ ਬਰਤਾਨੀਆ ਤੇ ਬੰਬ ਸੁੱਟਣ ਲਈ ਜਰਮਨੀ ਦਾ ਮੁੱਖ ਹਵਾਈ ਅੱਡਾ ਸੀ । ਪੁਰਾਣਾ ਸ਼ਹਿਰ ਜੋ ਗਿਰਜੇ ਦੁਆਲੇ ਬਣਿਆ ਸੀ ਬੁਰੀ ਤਰ੍ਹਾਂ ਤਬਾਹ ਹੋ ਗਿਆ । ਦੁਬਾਰਾ ਬਣੇ ਸ਼ਹਿਰ ਵਿਚ 13ਵੀਂ ਸਦੀ ਦਾ ਬਣਿਆ ਇਕ ਘੰਟਾ-ਘਰ ਹਾਲੇ ਵੀ ਹੈ ।

ਫ਼ਰਾਂਸ ਵਿਚ ਡਾਕ ਤੇ ਮੁਸਾਫ਼ਰਾਂ ਦੀ ਆਵਾਜਾਈ ਲਈ ਕਾਲੇ ਇਕ ਮੁੱਖ ਬੰਦਰਗਾਹ ਹੈ । ਇਥੋਂ ਦੀਆਂ ਬਾਰੀਕ ਰੇਸ਼ਮੀ ਜਾਲੀ ਦੀਆਂ ਅਤੇ ਕਸ਼ੀਦਾਕਾਰੀ ਦੀਆਂ ਬਣੀਆਂ ਚੀਜ਼ਾਂ ਦੁਨੀਆ ਭਰ ਵਿਚ ਮਸ਼ਹੂਰ ਹਨ ।

ਆਬਾਦੀ—73,009 (1975)

50°57′ ਉ. ਵਿਥ.; 1°50′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 447

**ਕਾਲੇਵਾਲਾ** : ਇਹ ਫ਼ਿਨਲੈਂਡ ਦਾ ਰਾਸ਼ਟਰੀ ਮਹਾ ਕਾਵਿ ਹੈ, ਜਿਸ ਨੂੰ ਉਘੇ ਵਿਦਵਾਨ ਐਲਆਸ ਲੁਨਰੋਟ ਨੇ ਸਾਧਾਰਨ ਲੋਕਾਂ ਅਤੇ ਲੋਕ-ਕਵੀਆਂ ਵਿਚ ਪੁਸ਼ਤਾਂ ਤੋਂ ਸੀਨਾ-ਬ-ਸੀਨਾ ਪ੍ਰਚਲਿਤ ਕਥਾ-ਕਾਵਿ, ਗੀਤਾਂ ਅਤੇ ਜਾਦੂ-ਟੂਣਿਆਂ ਤੋਂ ਸੰਕਲਿਤ ਕੀਤਾ । ਮਹਾ ਕਾਵਿ ਵਿਚ 'ਕਾਲੇਵਾਲਾ' ਫ਼ਿਨਲੈਂਡ ਦਾ ਕਾਵਿ-ਨਾਂ ਹੈ, ਜਿਸ ਦਾ ਅਰਥ ਹੈ 'ਵੀਰਾਂ ਦੀ ਧਰਤੀ ।' ਇਸ ਦੇ ਪਾਤਰਾਂ ਵਿਚੋਂ ਇਕ ਬਜ਼ੁਰਗ ਤੇ ਸਿਆਣਾ ਪਾਤਰ ਵਾਇਨਾਮੋਇਨਿਨ ਹੈ ਸੋ ਜਿਸ ਦਾ ਮੂਲ ਪਰਾਲੌਕਿਕ ਹੈ ਅਤੇ ਜੋ ਹੋਰ ਸਾਧੂਆਂ ਨਾਲੋਂ ਸ਼ਕਤੀਸ਼ਾਲੀ ਹੈ, ਕਾਲੇਵਾਲਾ ਦੇ ਲੋਕਾਂ ਦਾ ਆਗੂ ਅਤੇ ਬੇਮਿਸਾਲ ਗਵਈਆ ਤੇ ਵਾਦਕ ਹੈ । ਹੋਰ ਪਾਤਰਾਂ ਵਿਚੋਂ ਇਲਮੈਰੀਨਿਨ, ਜਿਸ ਨੇ ਸਵਰਗ ਦੇ ਢੱਕਣ ਬਣਾਏ ਸਨ; ਲੈਮਿਨਕਾਇਨਨ, ਜੋ ਬੇਪ੍ਰਵਾਹ ਸਾਹਸੀ ਯੋਧਾ ਤੇ ਇਸਤਰੀਆਂ ਨੂੰ ਮੋਹਣ ਵਾਲਾ ਹੈ ਅਤੇ ਕਾਲੇਵਾਲਾ ਦੀ ਵਿਰੋਧੀ ਸ਼ਕਤੀ ਪੋਹਜੋਲਾ ਦੀ ਹੁਕਮਰਾਨ ਇਸਤਰੀ ਲੂਹੀ ਹਨ ।

ਇਸ ਕਵਿਤਾ ਦੇ ਮੁੱਖ ਵਿਸ਼ਿਆਂ ਵਿਚੋਂ ਉਪਰੋਕਤ ਪਾਤਰਾਂ ਵਲੋਂ ਲੂਹੀ ਦੀ ਸੁੰਦਰ ਧੀ ਪੋਹਜੋਲਾ ਨੂੰ ਮੋਹਣ ਲਈ ਕੀਤੀਆਂ ਸਾਹਸ-ਪੂਰਨ ਯਾਤਰਾਵਾਂ ਦਾ ਜ਼ਿਕਰ ਹੈ । ਕਾਲੇਵਾਲਾ ਵਿਚ ਪੂਰਵ-ਈਸਾਈ ਕਾਲੀਨ ਹਾਲਾਤ ਤੇ ਵਿਚਾਰਧਾਰਾ ਨੂੰ ਪੇਸ਼ ਕੀਤਾ ਗਿਆ ਹੈ ਭਾਵੇਂ ਕਿ ਅੰਤਲੇ ਕੈਂਟੋ ਵਿਚ ਮੂਰਤੀ ਪੂਜਾ ਦੇ ਖ਼ਾਤਮੇ ਅਤੇ ਈਸਾਈ ਮਤ ਦੇ ਆਉਣ ਵਲ ਸੰਕੇਤ ਕੀਤਾ ਗਿਆ ਹੈ । ਵਾਇਨਾਮੋਇਨਿਨ ਵੀ ਆਪਣਾ ਸਾਜ਼ ਤੇ ਗੀਤ ਪਿੱਛੇ ਛੱਡ ਕੇ ਹਮੇਸ਼ਾ ਲਈ ਫਿਨਲੈਂਡ ਤੋਂ ਚਲਾ ਜਾਂਦਾ ਹੈ । ਇਸ ਮਹਾ-ਕਾਵਿ ਦੇ ਛੰਦ ਨੂੰ ਕਾਲੇਵਾਲਾ ਛੰਦ ਆਖਿਆ ਜਾਂਦਾ ਹੈ । ਇਹ ਕਵਿਤਾ 20 ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ ।

ਕਾਲੇਵਾਲਾ ਦੀ ਪਹਿਲੀ ਐਡੀਸ਼ਨ, ਜੋ ਲੁਨਰੋਟ ਨੇ1835 ਵਿਚ ਛਪਵਾਈ ਸੀ, ਵਿਚ 32 ਕੈਂਟੋ ਸਨ । ਸੰਨ 1849 ਵਿਚ ਵਧਾ ਕੇ ਇਸ ਨੂੰ 50 ਕੈਂਟੋ ਵਿਚ ਛਾਪਿਆ ਗਿਆ ।

ਹ. ਪੁ.—ਐਨ. ਬ੍ਰਿ. 13 : 191

**ਕਾਲੇਬ੍ਰਿਆ** : ਇਟਲੀ ਦੇ ਪ੍ਰਾਇਦੀਪ ਦੇ ਧੁਰ ਦੱਖਣ ਵਿਚ ਐਡਰੀਆਟਿਕ ਅਤੇ ਟਾਰੈਂਟਮ ਦਾ ਖਾੜੀ ਵਿਚਕਾਰ ਵਸਿਆ ਇਹ ਇਕ ਪੁਰਾਣਾ ਸ਼ਹਿਰ ਹੁੰਦਾ ਸੀ । ਅਸਲ ਵਿਚ ਇਸ ਨਾਂ ਨਾਲ ਇਥੋਂ ਦਾ ਇਕ ਡਿਸਟ੍ਰਿਕਟ ਦੂਜੀ ਸਦੀ ਈ. ਪੂ. ਤੋਂ 7ਵੀਂ ਸਦੀ ਤਕ ਜਾਣਿਆ ਜਾਂਦਾ ਸੀ । ਪਹਿਲੀ ਸਦੀ ਦੇ ਇਕ ਭੂਗੋਲ ਵਿਗਿਆਨੀ ਸਟਰੈਬੋ ਅਨੁਸਾਰ ਇਹ ਖੇਤਰ ਕਿਸੇ ਸਮੇਂ 13 ਬੜੇ ਖ਼ੁਸ਼ਹਾਲ ਸ਼ਹਿਰਾਂ ਦੀ ਥਾਂ ਸੀ । ਪਰ ਤੀਸਰੀ ਸਦੀ ਈ. ਪੂ. ਤਕ ਕੇਵਲ ਟਾਰੈਂਟਮ ਅਤੇ ਬਰੀਨਡੀਜ਼ੀ ਦੀਆਂ ਬੰਦਰਗਾਹਾਂ, ਜੋ ਉੱਨ ਦੇ ਵਪਾਰ ਕਰਕੇ ਮਸ਼ਹੂਰ ਸਨ, ਹੀ ਪ੍ਰਫੁਲਤ ਰਹੀਆਂ । ਰੋਮ ਦਾ ਇਸ ਖੇਤਰ ਤੇ ਕਬਜ਼ਾ ਹੋਣ ਉਪਰੰਤ 246 ਈ. ਪੂ. ਵਿਚ ਉਨ੍ਹਾਂ ਨੇ ਬਰੀਨਡੀਜ਼ੀ ਦੀ ਇਕ ਬਸਤੀ ਸਥਾਪਤ ਕੀਤੀ ਅਤੇ 209 ਈ. ਪੂ. ਵਿਚ ਉਨ੍ਹਾਂ ਦੇ ਟਾਰੈਂਟਮ ਜਿੱਤਣ ਤੋਂ ਬਾਅਦ ਇਸ ਦਾ ਨਾਂ ਕਾਲੇਬ੍ਰਿਆ ਪ੍ਰਚਲਤ ਕਰ ਦਿਤਾ । ਜਦੋਂ 668 ਈ. ਵਿਚ ਲੰਬਾਰਡਾਂ ਨੇ ਇਸ ਨੂੰ ਜਿੱਤ ਲਿਆ ਸੀ ਤਾਂ ਇਸ ਨੂੰ ਇਟਲੀ ਦੇ ਦੱਖਣ ਪੱਛਮੀ ਪ੍ਰਾਇਦੀਪ ਵਿਚ ਬਦਲ ਦਿਤਾ ।

ਹ. ਪੁ.—ਐਨ. ਬ੍ਰਿ. ਮਾ. 2 : 447

**ਕਾਲੇਟ, (ਜਾਕੋਬਾਈਨ) ਕੈਮੀਲਾ** : ਨਾਰਵੇ ਦੀ ਇਸ ਲੇਖਿਕਾ ਦਾ ਜਨਮ 23 ਜਨਵਰੀ, 1813 ਨੂੰ ਓਸਲੋ ਵਿਚ ਕ੍ਰਿਸਟੀਐਨੀਆ ਵਿਖੇ ਹੋਇਆ । ਇਸ ਨੇ ਸਭ ਤੋਂ ਪਹਿਲਾਂ ਨਾਰਵੇ ਵਿਚ ਇਸਤਰੀਆਂ ਦੇ ਅਧਿਕਾਰਾਂ ਬਾਰੇ ਲਿਖਿਆ । ਇਹ ਆਪਣੇ ਭਰਾ ਹੈਨਰਿਕ ਦੇ ਵਿਰੋਧੀ ਲੇਖਕ ਜੇ. ਐਸ. ਵੈਲਹਾਵੈਨ ਦੇ ਪਿਆਰ ਤੋਂ ਪ੍ਰਭਾਵਿਤ ਹੋਈ ਪਰ ਵੈਲਹਾਵੈਨ ਨਾਲੋਂ ਸਬੰਧ ਟੁੱਟਣ ਮਗਰੋਂ, 1841 ਵਿਚ ਇਸ ਨੇ ਪੀ. ਜੇ. ਕਾਲੈਟ ਨਾਲ ਵਿਆਹ ਕਰਵਾਇਆ ਤੇ ਉਸ ਦੀ ਨਿਗਰਾਨੀ ਹੇਠ ਆਪਣਾ ਸਾਹਿਤਕ ਜੀਵਨ ਆਰੰਭ ਕੀਤਾ । ਪਰ ਛੇ ਸਾਲਾਂ ਚੋ ਵਿਚ

ਵਿਚ ਮਾਪਿਆਂ, ਭਰਾ ਤੇ ਪਤੀ ਦੀ ਮੌਤ ਨੇ ਇਸ ਦੇ ਜੀਵਨ ਨੂੰ ਅੰਧਕਾਰ ਭਰਿਆ ਬਣਾ ਦਿਤਾ। ਇਸ ਨੇ ਇਸਤਰੀਆਂ ਦੇ ਅਧਿਕਾਰਾਂ ਲਈ ਨਾਵਲ ਲਿਖੇ। 'I de Iauge Naethar' (1863)' ਇਸ ਦੀ ਸਵੈ-ਜੀਵਨੀ ਹੈ।

6 ਮਾਰਚ, 1895 ਨੂੰ ਓਸਲੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 6 : 56

**ਕੱਾਲੈਟ, ਜਾਨ** : ਇਸ ਅੰਗਰੇਜ਼ ਪਾਦਰੀ ਅਤੇ ਵਿਦਵਾਨ ਦਾ ਜਨਮ ਸਰ ਹੈਨਰੀ ਕੱਾਲੈਟ ਦੇ ਘਰ ਲੰਡਨ ਵਿਖੇ ਹੋਇਆ। ਸੰਨ 1493 ਦੇ ਲਾਗੇ ਚਾਗੇ ਇਸ ਨੇ ਯੂਰਪ ਦਾ ਦੌਰਾ ਕੀਤਾ ਅਤੇ ਕਾਨੂੰਨ ਤੇ ਮਾਨਵ-ਵਿਗਿਆਨ ਦਾ ਅਧਿਐਨ ਕੀਤਾ। ਸੰਨ 1496 ਤੋਂ ਇਹ ਆਕਸਫੋਰਡ ਵਿਚ ਸੇਂਟ ਪਾਲ ਦੇ ਧਾਰਮਿਕ-ਪੱਤਰਾਂ ਉਤੇ ਭਾਸ਼ਣ ਦਿੰਦਾ ਰਿਹਾ। ਸੰਨ 1505 ਵਿਚ ਇਸ ਨੂੰ ਸੇਂਟ ਪਾਲ ਗਿਰਜੇ ਦਾ ਡੀਨ ਬਣਾ ਦਿਤਾ ਗਿਆ। ਇਸੇ ਸਾਲ ਇਸ ਨੂੰ ਆਪਣੇ ਬਾਪ ਤੋਂ ਵਿਰਾਸਤ ਵਿਚ ਚੰਗੀ ਜਾਇਦਾਦ ਮਿਲੀ, ਜਿਸ ਨਾਲ ਇਸ ਨੇ 1509 ਵਿਚ ਸੇਂਟ ਪਾਲ ਸਕੂਲ ਕਾਇਮ ਕੀਤਾ। ਸੰਨ 1515 ਵਿਚ ਇਸ ਨੇ ਵੈਸਟਮਿਨਿਸਟਰ ਐਬੀ ਵਿਚ ਪ੍ਰਚਾਰ ਕੀਤਾ। ਜਦੋਂ ਵੂਲਜ਼ੇ ਨੂੰ ਕਾਰਡੀਨਲ ਸਥਾਪਤ ਕੀਤਾ ਗਿਆ ਤਾਂ ਇਸ ਦੇ ਚਾਰ ਸਾਲ ਮਗਰੋਂ ਇਸ ਦੀ ਮੌਤ ਹੋ ਗਈ ਅਤੇ ਇਸ ਨੂੰ ਸੇਂਟ ਪਾਲ ਵਿਖੇ ਦਫ਼ਨਾਇਆ ਗਿਆ। ਆਪਣੀਆਂ ਲਿਖਤਾਂ ਨਾਲੋਂ ਇਹ ਆਪਣੀ ਵਿਦਿਆ ਅਤੇ ਲੋਕਾਂ ਵਿਚ ਕੀਤੇ ਗਏ ਗਿਆਨ ਪਸਾਰੇ ਕਰ ਕੇ ਵਧੇਰੇ ਪ੍ਰਸਿੱਧ ਹੈ।

ਹ.ਪੁ.—ਐਵ.ਐਨ. 3 : 609

**ਕਾਲੋਸਿੰਥ (ਕੌੜ-ਤੁੰਮਾ)** : ਇਹ ਕੁਕਰਬਿਟੇਸੀ ਕੁਲ ਦੇ ਮੈਂਬਰ ਪੌਦੇ ਹਨ। ਇਸ ਨੂੰ ਕੌੜਾ ਸੇਬ, ਕੌੜਾ ਕੁਕੰਬਰ ਜਾਂ ਕੌੜ-ਤੁੰਮਾ ਵੀ ਕਿਹਾ ਜਾਂਦਾ ਹੈ। ਇਨ੍ਹਾਂ ਪੌਦਿਆਂ ਦੇ ਫ਼ਲ ਵਿਚ ਬਹੁਤ ਤੇਜ਼ ਦਸਤਾਵਰ ਦਵਾਈ ਦੇ ਗੁਣ ਹੁੰਦੇ ਹਨ। ਇਹ ਪੌਦੇ ਭਾਰਤ, ਲੰਕਾ, ਈਰਾਨ, ਅਰਬ, ਸੀਰੀਆ, ਉੱਤਰੀ ਅਫ਼ਰੀਕਾ, ਯੂਨਾਨੀ ਮਹਾਦੀਪ ਅਤੇ ਸਪੇਨ ਦੇ ਦੱਖਣ-ਪੂਰਬੀ ਹਿੱਸਿਆਂ ਵਿਚ ਆਮ ਮਿਲਦੇ ਹਨ। ਇਸ ਦੇ ਫ਼ਲ ਨੂੰ ਉਰਦੂ ਤੇ ਹਿੰਦੀ ਵਿਚ ਇੰਦਰਾਇਨ ਅਤੇ ਬੰਗਾਲੀ ਵਿਚ ਮਾਕਲ ਕਿਹਾ ਜਾਂਦਾ ਹੈ।

ਭਾਰਤ ਵਿਚ ਇਹ ਪੌਦੇ ਤਕਰੀਬਨ ਸਾਰੇ ਇਲਾਕਿਆਂ ਵਿਚ ਹੀ ਮਿਲਦੇ ਹਨ। ਇਸ ਦਾ ਫ਼ਲ ਸਰਦੀ ਦੀ ਰੁੱਤ ਵਿਚ ਪੱਕਦਾ ਹੈ ਅਤੇ ਉੱਤਰੀ ਭਾਰਤ ਵਿਚ ਦਸੰਬਰ ਅਤੇ ਜਨਵਰੀ ਦੇ ਮਹੀਨਿਆਂ ਵਿਚ ਬਾਜ਼ਾਰ ਵਿਚ ਆਉਂਦਾ ਹੈ। ਇਸ ਦਾ ਫ਼ਲ ਗੋਲ ਅਤੇ ਅਕਾਰ ਵਿਚ ਸੰਤਰੇ ਜਿੰਨਾ ਹੁੰਦਾ ਹੈ। ਇਸ ਦੀ ਛਿੱਲ ਮੋਟੀ, ਪੀਲੇ ਰੰਗ ਦੀ ਅਤੇ ਗੁੱਦਾ ਹਲਕੇ ਰੰਗ ਦਾ ਅਤੇ ਕੌੜਾ ਹੁੰਦਾ ਹੈ। ਇਸ ਗੁੱਦੇ ਵਿਚ ਮੁੱਖ ਅੰਸ਼ ਕਾਲੋਸਿੰਥਿਨ ਹੁੰਦਾ ਹੈ। ਬੀਜਾਂ ਦੀ ਗਿਣਤੀ 200 ਤੋਂ 300 ਤਕ ਹੁੰਦੀ ਹੈ ਅਤੇ ਸਹਾਰਾ ਦੇ ਕੁਝ ਲੋਕ ਇਸ ਨੂੰ ਭੋਜਨ ਦੇ ਤੌਰ ਤੇ ਵੀ ਖਾਂਦੇ ਹਨ। ਇਸ ਦੇ ਪੱਤੇ ਖੀਰੇ ਦੇ ਪੱਤਿਆਂ ਨਾਲ ਮਿਲਦੇ ਜੁਲਦੇ ਹਨ। ਭਾਰਤ ਵਿਚ ਇਸ ਦੀਆਂ ਜੜ੍ਹਾਂ ਅਤੇ ਬੀਜਾਂ ਤੋਂ ਬਿਨਾਂ ਸਾਰਾ ਫ਼ਲ ਵਰਤਿਆ ਜਾਂਦਾ ਹੈ ਜਦ ਕਿ ਬ੍ਰਿਟਿਸ਼ ਔਸ਼ਧੀ-ਗ੍ਰੰਥਾਂ ਵਿਚ ਇਸ ਦੇ ਗੁੱਦੇ ਦੀ ਵਰਤੋਂ ਹੀ ਦਸੀ ਗਈ ਹੈ।

ਜਦੋਂ ਇਹ ਫ਼ਲ ਤਾਜ਼ਾ ਹੁੰਦਾ ਹੈ ਤਾਂ ਇਸ ਦਾ ਗੁੱਦਾ ਸਪੰਜ ਵਰਗਾ ਅਤੇ ਰਸ ਦਾ ਭਰਿਆ ਹੁੰਦਾ ਹੈ ਪਰ ਜਦ ਇਹ ਖ਼ੁਸ਼ਕ ਹੋ ਜਾਂਦਾ ਹੈ ਤਾਂ ਇਸ ਦਾ ਫ਼ਲ ਪੀਲੇ ਚਿੱਟੇ ਰੰਗ ਦਾ ਹੋ ਜਾਂਦਾ ਹੈ ਅਤੇ ਇਸ ਵਿਚ ਬਹੁਤ ਥੋੜ੍ਹੀ ਮਾਤਰਾ ਵਿਚ ਪੀਲੇ ਰੰਗ ਦਾ ਸਿਰਫ਼ ਗੁੱਦਾ ਹੀ ਰਹਿ ਜਾਂਦਾ ਹੈ। ਗੁੱਦਾ ਛਿੱਲ ਤੋਂ ਬਹੁਤ ਮੁਸ਼ਕਲ ਨਾਲ ਵੱਖ ਹੁੰਦਾ ਹੈ ਅਤੇ ਇਹੀ ਕਾਰਨ ਹੈ ਕਿ ਭਾਰਤੀ ਕੌੜ-ਤੁੰਮਾ ਮੰਡੀਆਂ ਵਿਚ ਬਹੁਤ ਘੱਟ ਨਜ਼ਰ ਆਉਂਦਾ ਹੈ। ਬਜ਼ਾਰ ਵਿਚ ਜ਼ਿਆਦਾ ਮਾਤਰਾ ਵਿਚ ਮਿਲਣ ਵਾਲਾ ਕਾਲੋਸਿੰਥ ਰੂਮ ਸਾਗਰੀ ਤੱਟ ਵਾਲੇ ਇਲਾਕੇ ਤੋਂ ਆਉਂਦਾ ਹੈ। ਸੌ ਗ੍ਰਾਮ ਫ਼ਲ ਵਿਚ ਗੁੱਦਾ, ਬੀਜ ਅਤੇ ਛਿੱਲ ਕ੍ਰਮਵਾਰ 15:62:23 ਦੀ ਅਨੁਪਾਤ ਨਾਲ ਹੁੰਦੇ ਹਨ। ਪੌਦੇ ਦੇ ਸਾਰੇ ਭਾਗ ਹੀ ਕੌੜੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਇਕ ਐਲਕੇਲੱਾਇਡ ਅਤੇ ਕੌੜਾ ਅੰਸ਼ ਕਾਲੋਸਿੰਥ ਹੁੰਦਾ ਹੈ।

ਕੌੜ-ਤੁੰਮਾ ਭਾਰਤੀ ਚਿਕਿਤਸਾ ਵਿਚ ਬਹੁਤ ਪੁਰਾਣੇ ਸਮੇਂ ਤੋਂ ਵਰਤਿਆ ਜਾ ਰਿਹਾ ਹੈ। ਇਸ ਦਾ ਫ਼ਲ ਦਸਤਾਵਰ ਹੈ ਅਤੇ ਇਹ ਪਿੱਤੇ ਦੇ ਵਿਗਾੜਾਂ, ਕਬਜ਼, ਬੁਖ਼ਾਰ ਅਤੇ ਅੰਤੜੀਆਂ ਦੇ ਪਰਜੀਵਾਂ ਨੂੰ ਦਰੁਸਤ ਕਰਨ ਲਈ ਬਹੁਤ ਲਾਹੇਵੰਦ ਸਿੱਧ ਹੁੰਦਾ ਹੈ। ਜੇਕਰ ਜ਼ਿਆਦਾ ਮਾਤਰਾ ਵਿਚ ਲੈ ਲਿਆ ਜਾਏ ਤਾਂ ਇਸ ਨਾਲ ਬਹੁਤ ਸਖ਼ਤ ਮਰੋੜ ਲਗਦੇ ਤੇ ਵੱਟ ਪੈਂਦੇ ਹਨ ਅਤੇ ਕਦੀ ਕਦਾਈਂ ਖ਼ੂਨ ਵੀ ਨਿਕਲਣ ਲਗ ਜਾਂਦਾ ਹੈ। ਜੜ੍ਹ ਦੀ ਵਰਤੋਂ ਯਰਕਾਨ, ਪੇਸ਼ਾਬ ਦੀਆਂ ਬਿਮਾਰੀਆਂ ਅਤੇ ਜੋੜਾਂ ਦੇ ਦਰਦਾਂ ਤੋਂ ਅਰਾਮ ਲਿਆਉਣ ਲਈ ਕੀਤੀ ਜਾਂਦੀ ਹੈ। ਇਸ ਦਵਾਈ ਦਾ ਇਸਤੇਮਾਲ ਯੂਨਾਨੀ, ਰੋਮਨ ਅਤੇ ਮੁਸਲਮਾਨੀ ਚਿਕਿਤਸਾ ਵਿਚ ਵੀ ਮਿਲਦਾ ਹੈ।

ਹ. ਪੁ.—ਚੌ. ਇ. ਡ. ਇੰ: 128; ਐਨ. ਬ੍ਰਿ. 6:70; ਐਨ. ਬ੍ਰਿ. ਮਾ. 3 : 13

**ਕਾਲੋ, ਜਾਕਸ** : ਇਸ ਫ਼ਰਾਂਸੀਸੀ ਕਲਾਕਾਰ ਦਾ ਜਨਮ ਸੰਨ 1592 ਨੂੰ ਨੈਨਸੀ ਵਿਖੇ ਹੋਇਆ, ਜਿਥੇ ਇਸ ਦਾ ਪਿਤਾ ਇਕ ਮਾਮੂਲੀ ਕਰਮਚਾਰੀ ਸੀ। ਕਾਲੋ ਨੇ ਖੁਣਨਕਾਰੀ ਦੀ ਤਕਨੀਕ ਰੋਮ ਵਿਚ ਫਿਲਿਪ ਥਾਮਸਿਨ ਦੇ ਅਧੀਨ ਸਿਖੀ। ਸੰਨ 1612 ਦੇ ਲਾਗੇ ਚਾਗੇ ਇਹ ਫ਼ਲੋਰੈਂਸ ਵਿਚ ਜੂਲੀਓ ਪਾਰੀਜੀ ਨਾਲ ਕੰਮ ਕਰਨ ਲੱਗ ਪਿਆ। ਕਾਲੋ ਦੀ ਕਲਾ-ਕ੍ਰਿਤ ਵਿਚ ਇਕ ਨਿਵੇਕਲਾ ਕੁਦਰਤੀਪਨ ਸੀ।

ਵਿਅੰਗ-ਚਿੱਤਰ ਬਣਾਉਣ ਵਿਚ ਇਸ ਨੂੰ ਵਿਸ਼ੇਸ਼ ਮਹਾਰਤ ਹਾਸਲ ਸੀ। ਇਸ ਨੇ ਪਵਿੱਤਰ ਗ੍ਰੰਥਾਂ ਲਈ ਤਸਵੀਰਾਂ ਬਣਾਈਆਂ, ਸੰਤਾਂ ਸਬੰਧੀ ਕਿੰਨੀਆਂ ਹੀ ਪਲੇਟਾਂ ਖੁਣੀਆਂ ਅਤੇ ਪੈਰਿਸ ਜਾ ਕੇ ਲਾ ਰੋਸ਼ੈੱਲ ਅਤੇ ਇਲੇ ਡੀ ਰੇ ਦੇ ਘੇਰਿਆਂ ਸਬੰਧੀ ਨਕਸ਼ੇ ਖੁਣੇ। ਕਾਲੋ ਕੁਦਰਤੀ ਨਜ਼ਾਰਿਆਂ ਦੇ ਰੇਖਾ-ਚਿੱਤਰ ਬਣਾਉਣ ਅਤੇ ਚਾਕ ਨਾਲ ਝਟਾਪਟ ਚਿੱਤਰ ਬਣਾਉਣ ਲਈ ਵੀ ਪ੍ਰਸਿੱਧ ਸੀ। ਇਸ ਦੀ ਮੌਤ ਨੈਨਸੀ ਵਿਖੇ 24 ਮਾਰਚ, 1635 ਨੂੰ ਹੋਈ।

ਹ. ਪੁ.—ਐਨ. ਬ੍ਰਿ. 4:660

**ਕਾਲੋਨੀਮਾਸ** : ਇਹ ਇਕ ਯਾਹੂਦੀ ਪਰਿਵਾਰ ਹੈ। ਇਹ ਪਰਿਵਾਰ ਲੂਕਾ ਅਤੇ ਇਟਲੀ ਵਿਚ ਸ਼ੁਰੂ ਹੋ ਕੇ ਜਰਮਨੀ, ਲੱਾਰੇਨ ਅਤੇ ਫ਼ਰਾਂਸ ਵਿਚ ਫੈਲ ਗਿਆ। ਇਸ ਪਰਿਵਾਰ ਵਿਚ ਕਈ ਪ੍ਰਸਿੱਧ ਕਵੀ ਅਤੇ ਵਿਦਵਾਨ ਪੈਦਾ ਹੋਏ ਹਨ।

ਮੋਸਸ ਬੈੱਨ ਮੈਸ਼ੂਲਮ (1850 ਈ.), ਕਾਲੋਨੀਮਾਸ ਦੂਜੇ (950 ਈ.) ਅਤੇ ਮਹਾਨ ਮੈਸ਼ੂਲਮ ਨੇ ਕਈ ਪਸ਼ਚਾਤਾਪ ਸੂਚਕ ਅਰਦਾਸਾਂ ਅਤੇ ਕਵਿਤਾਵਾਂ ਲਿਖੀਆਂ।

ਕਾਲੋਨੀਮਾਸ ਤੀਜੇ (1000 ਈ.) ਨੈੱਟ ਅਸ ਤੈਕਲੇਅਰ ਦੀ ਮਾਈਟੀ ਹੋਲੀਨੈੱਸ ਆਫ ਦਿਸ ਡੇ' ਨਾਂ ਦੀ ਇਕ ਕਵਿਤਾ ਲਿਖੀ।

ਕਾਲੋਨੀ ਬੈੱਨ ਮੇਅਰ (14ਵੀਂ ਸਦੀ) ਇਕ ਅਨੁਵਾਦਕ ਸੀ, ਜਿਸ ਨੇ ਅਰਬੀ ਤੋਂ ਅਨੁਵਾਦ ਕੀਤਾ ਸੀ। ਇਸ ਨੇ ਲਗਭਗ 30 ਪੁਸਤਕਾਂ ਦਾ ਅਨੁਵਾਦ ਕੀਤਾ। ਇਸ ਨੇ ਇਕ ਪ੍ਰਸਿੱਧ ਪੁਸਤਕ 'ਟੱਚ ਸਟੋਨ' ਲਿਖੀ।

ਕਾਲੋਨੀਮਾਸ ਬੈੱਨ ਡੇਵਿਡ (15-16ਵੀਂ ਸਦੀ) ਨੇ ਅਰਸਤ ਅਤੇ ਆਵਰਓਈਜ਼ ਦੀਆਂ ਕ੍ਰਿਤਾਂ ਦਾ ਅਨੁਵਾਦ ਕੀਤਾ।

ਹ. ਪੁ.—ਐਨ. ਬ੍ਰਿ. 13 : 197

**ਕਾਲੋਰਾਡੋ** : ਸੰਯੁਕਤ ਰਾਜ ਅਮਰੀਕਾ ਦਾ ਇਹ ਇਕ ਪਹਾੜੀ ਰਾਜ ਗਿਣਿਆ ਜਾਂਦਾ ਹੈ। ਇਸ ਦਾ ਕੁੱਲ ਖੇਤਰਫਲ

69,997 ਵ. ਕਿ. ਮੀ. ਹੈ ਅਤੇ ਆਬਾਦੀ 2,889,964 (1980) । ਰਾਜ 63 ਕਾਊਂਟੀਆਂ ਵਿਚ ਵੰਡਿਆ ਹੋਇਆ ਹੈ। ਕਾਲੋਰਾਡੋ ਾਜ ਦੀ ਸਰਹੱਦ ਉੱਤਰ ਵੱਲੋਂ ਵਾਈਓਮਿੰਗ ਤੇ ਨੈੱਬਰੈੱਸਕਾ ਨਾਲ, ਰਬ ਵੱਲੋਂ ਨੈੱਬਰੈੱਸਕਾ ਅਤੇ ਕੈਨਜ਼ਾਸ ਨਾਲ, ਦੱਖਣ ਵੱਲੋਂ ਓਕਲਾਹੋਮਾ ਤੇ ਨਿਊ ਮੈਕਸੀਕੋ ਨਾਲ ਅਤੇ ਪੱਛਮ ਵੱਲੋਂ ਇਹ ਊਟਾ ਨਾਲ ਲਗਦੀ । ਉੱਤਰ ਅਤੇ ਦੱਖਣ ਵਿਚ 41° ਅਤੇ 37° ਉੱਤਰੀ ਅਕਸ਼ਾਂਸ਼ ਤੇ ਪੂਰਬ ਤੇ ਪੱਛਮ ਵਿਚ 102° ਅਤੇ 109° ਪੱਛਮੀ ਰੇਖਾਂਸ਼ ਇਸ ੀ ਹੱਦ ਬਣਾਉਂਦੇ ਹਨ।

ਭੂਗੋਲਕ ਪੱਖ ਤੋਂ ਕਾਲੋਰਾਡੋ ਤਿੰਨ ਮੁੱਖ ਖੇਤਰਾਂ ਵਿਚ ਵੰਡਿਆ ਇਆ ਹੈ—ਮੈਦਾਨੀ, ਪਹਾੜੀ ਅਤੇ ਪਠਾਰੀ। ਰਾਜ ਦਾ 2/5 ਪੂਰਬੀ ਸਾ ਮੈਦਾਨੀ ਹੈ ਜੋ ਪਹਾੜਾਂ ਦੀ ਪੱਬੀ ਵਲੋਂ 1800 ਮੀ. ਦੀ ਉਚਾਈ ਂ ਸ਼ੁਰੂ ਹੋ ਕੇ ਪੂਰਬੀ ਸਰਹੱਦ ਵਲ ਦਰਿਆਈ ਵਾਦੀਆਂ ਵਲ 990 ੀ. ਤਕ ਨੀਵਾਂ ਹੋ ਜਾਂਦਾ ਹੈ। ਮੈਦਾਨਾਂ ਤੋਂ ਅੱਗੇ ਉੱਤਰ ਤੋਂ ਦੱਖਣ ਲ ਨੂੰ ਇਕ ਦਮ 1500 ਮੀ. ਤੋਂ 2000 ਮੀ. ਉਪਰ ਉੱਠੇ ਰਾਕੀ ਰਬਤ ਆਉਂਦੇ ਹਨ, ਜਿਨ੍ਹਾਂ ਵਿਚ 4200 ਮੀ. ਦੀ ਉੱਚਾਈ ਦੀਆਂ 4 ਚੋਟੀਆਂ ਹਨ। ਇਹ ਪਰਬਤ ਰਾਜ ਦੇ ਕੇਂਦਰੀ ਹਿੱਸੇ ਵਿਚ ਪੂਰਬ ਂ ਪੱਛਮ ਨੂੰ ਇਕ ਮੁੱਖ ਰੁਕਾਵਟ ਪੈਦਾ ਕਰਦੇ ਹਨ। ਪੱਛਮੀ ਪਠਾਰੀ ਾਗ ਵਿਚ, ਜਿਹੜਾ ਕਿ ਕਾਲੋਰਾਡੋ ਪਠਾਰ ਦਾ ਹਿੱਸਾ ਹੈ, ਦਰਿਆਈ ਾਦੀਆਂ ਹਨ ਜਿਨ੍ਹਾਂ ਦੀ ਉੱਚਾਈ 1350 ਮੀ. ਹੈ।

ਰਾਜ ਵਿਚ ਵੱਖ ਵੱਖ ਥਾਵਾਂ ਤੇ ਵੱਖ ਵੱਖ ਕਿਸਮ ਦਾ ਜਲਵਾਯੂ ਲਦਾ ਹੈ। ਵਰਖਾ ਵਧੇਰੇ ਪਹਾੜਾਂ ਤੇ ਹੁੰਦੀ ਹੈ ਅਤੇ ਗਰਮੀ ਬਹੁਤੀ ਦਾਨਾਂ ਵਿਚ ਪੈਂਦੀ ਹੈ। ਪਰਬਤੀ ਖੇਤਰ ਵਿਚ ਸਾਲ ਦੇ ਬਹੁਤੇ ਹਿੱਸੇ ੁਚ ਬਰਫ ਪੈਂਦੀ ਹੈ।

ਜਲਵਾਯੂ ਦੀ ਸਥਿੱਤੀ ਅਨੁਸਾਰ ਇਥੇ ਤਿੰਨ ਕਿਸਮ ਦੀ ਖੇਤੀ ਤੀ ਜਾਂਦੀ ਹੈ—ਸੇਂਜੂ, ਮਾਰੂ ਅਤੇ ਚਰਾਈ। ਵੱਖ-ਵੱਖ ਖੇਤਰਾਂ ਵਿਚ ਜਾਈ ਨਾਲ ਚਾਰਾ, ਲੂਸਣ, ਸ਼ਕਰਕੰਦੀ, ਮੱਕੀ, ਫਲੀਆਂ ਅਤੇ ਬਜ਼ੀਆਂ ਦੀ ਪੈਦਾਵਾਰ ਹੁੰਦੀ ਹੈ। ਮਾਰੂ ਖੇਤੀ ਵਿਚ ਕਣਕ, ਜੌਂ, ਚਰ੍ਹੀ ਤੇ ਦੋਗਲੀ ਮੱਕੀ ਆਦਿ ਤੋਂ ਇਲਾਵਾ ਆਲੂ, ਤੇਲਾਂ ਦੇ ਬੀਜ, ਗੰਢੇ, ਾਸ਼ਪਾਤੀ, ਆੜੂ ਅਤੇ ਸੇਬ ਆਦਿ ਦੀ ਪੈਦਾਵਾਰ ਸ਼ਾਮਲ ਹੈ। ਕਈ ਠਾਰਾਂ ਅਤੇ ਮੈਦਾਨਾਂ ਦੇ ਖ਼ੁਸ਼ਕ ਹਿੱਸਿਆਂ ਵਿਚ ਭੇਡਾਂ ਤੇ ਗਊਆਂ ਾਦਿ ਪਾਲਣ ਲਈ ਚਰਾਗਾਹਾਂ ਵੀ ਹਨ।

ਕਾਲੋਰਾਡੋ ਖਣਿਜ ਅਤੇ ਕੱਚਾ ਤੇਲ ਪੈਦਾ ਕਰਨ ਕਰਕੇ ਵੀ ਹੱਤਵਪੂਰਨ ਹੈ। ਇਥੇ ਪੈਟ੍ਰੋਲ, ਕੋਲਾ ਆਦਿ ਤੋਂ ਇਲਾਵਾ ਯੂਰੇਨੀਅਮ-ਨੇਡੀਅਮ ਅਤੇ ਮਾਲਿਬਡਿਨਮ ਅਤੇ ਸਿੱਕਾ, ਜ਼ਿੰਕ, ਤਾਂਬਾ, ਸੋਨਾ ਅਤੇ ਂਦੀ ਵਰਗੀਆਂ ਹੋਰ ਧਾਤਾਂ ਵੀ ਕੱਢੀਆਂ ਜਾਂਦੀਆਂ ਹਨ।

ਹ. ਪੁ.—ਐਨ ਚੈਂਬ. 3:748; ਐਨ. ਬ੍ਰਿ. ਮੈ. 4:906

**ਕਾਲੋਰਾਡੋ : ਦਰਿਆ**—ਉੱਤਰੀ ਅਮਰੀਕਾ ਦਾ ਇਕ ਖ ਦਰਿਆ ਹੈ ਜਿਹੜਾ ਲਗਭਗ 2230 ਕਿ. ਮੀ. (1450 ੀਲ) ਲੰਬਾ ਹੈ ਅਤੇ ਇਹ ਸੰਯੁਕਤ ਰਾਜ ਵਿਚ ਉੱਤਰੀ ਕੇਂਦਰੀ ਾਲੋਰਾਡੋ ਵਿਚ ਰਾਕੀ ਮਾਊਨਟੇਨ ਨੈਸ਼ਨਲ ਪਾਰਕ ਵਿਚੋਂ ਨਿਕਲ ਕੇ, ਾਲੋਰਾਡੋ, ਦੱਖਣੀ-ਪੂਰਬੀ ਊਟਾ ਅਤੇ ਉੱਤਰ-ਪੱਛਮੀ ਐਰੀਜ਼ੋਨਾ ਦੀਆਂ ੱਚੀਆਂ ਪਠਾਰਾਂ ਵਿਚ ਕਈ ਵੱਡੇ-ਵੱਡੇ ਵਿੰਗ ਵਲਾਵੇਂ ਖਾਂਦਾ ਹੋਇਆ ਖਣ-ਪੱਛਮ ਦੀ ਦਿਸ਼ਾ ਨੂੰ ਵਹਿੰਦਾ ਹੈ। ਫਿਰ ਇਹ ਦਰਿਆ ਦੱਖਣ ਲ ਮੁੜ ਜਾਂਦਾ ਹੈ ਅਤੇ ਨੇਵਾਦਾ ਐਰੀਜ਼ੋਨਾ ਵਿਚਕਾਰ ਅਤੇ ਐਰੀਜ਼ੋਨਾ ਤੇ ਕੈਲਿਫੋਰਨੀਆ ਵਿਚਕਾਰ ਹੱਦ ਬਣਾਉਂਦਾ ਹੋਇਆ ਅਤੇ ਫਿਰ ੱਤਰ ਪੱਛਮੀ ਮੈਕਸੀਕੋ ਵਿਚ ਦਾਖ਼ਲ ਹੁੰਦਾ ਹੈ ਅਤੇ ਬਾਜਾ (ਲੋਇਰ) ਲਿਫੋਰਨੀਆ ਅਤੇ ਸੋਨੋਰਾ ਵਿਚਕਾਰਲੀ ਹੱਦ ਬਣਾਉਂਦਾ ਹੋਇਆ ਂਇਰ ਕੈਲਿਫੋਰਨੀਆ ਦੀ ਖਾੜੀ ਵਿਚ ਜਾ ਡਿੱਗਦਾ ਹੈ।

ਯੂਨਿਟਾ ਅਤੇ ਹੋਰ ਦੱਖਣੀ ਰਾਕੀ ਪਹਾੜੀਆਂ ਉਪਰਲੀ ਪਿਘਲਦੀ ਹੋਈ ਬਰਫ ਅਤੇ ਰੁੜ੍ਹਦਾ ਪਾਣੀ ਇਸ ਦਰਿਆ ਦੇ ਪਾਣੀ ਦਾ ਸੋਮਾ ਹੈ। ਗਨੀਸਨ, ਡੋਲੋਰੈਸ, ਗਰੀਨ, ਸਾਨਵਾਨ, ਲਿਟਲ ਕਾਲੋਰਾਡੋ, ਵਰਜਿਨ ਅਤੇ ਹੀਲਾ ਇਸ ਦਰਿਆ ਦੇ ਮੁੱਖ ਸਹਾਇਕ ਦਰਿਆ ਹਨ। ਇਨ੍ਹਾਂ ਸਾਰਿਆਂ ਦਰਿਆਵਾਂ ਨਾਲ ਰਲ ਕੇ ਇਹ ਦਰਿਆ ਲਗਭਗ 534,400 ਵ. ਕਿ. ਮੀ. ਰਕਬੇ ਦਾ ਜਲ ਨਿਕਾਸ ਕਰਦਾ ਹੈ। ਆਪਣੇ ਵਿਚਲੇ ਦਰਿਆਈ ਮਾਰਗ ਵਿਚ ਇਹ ਦਰਿਆ ਕਈ ਸੌ ਮੀਲਾਂ ਤੀਕ ਕਈ ਸੁੰਦਰ ਡੂੰਘੀਆਂ-ਖੱਡਾਂ ਜਿਹੜੀਆਂ ਦੁਨੀਆ ਭਰ ਵਿਚ ਰਮਣੀਕ ਅਤੇ ਭੂ-ਵਿਗਿਆਨਕ ਪੱਖੋਂ ਪ੍ਰਸਿੱਧ ਹਨ, ਦੇ ਵਿਚੋਂ ਦੀ ਗੁਜ਼ਰਦਾ ਹੈ। ਉੱਤਰ-ਪੱਛਮੀ ਐਰੀਜ਼ੋਨਾ ਵਿਚਲਾ ਗਰੈਂਡ ਕੈਨੀਅਨ ਵਾਲਾ ਖੇਤਰ, ਜਿਹੜਾ ਮਾਰਬਲ ਕੈਨੀਅਨ ਤੋਂ ਗਰੈਂਡ ਵਾਸ਼ ਤੀਕ ਫੈਲਿਆ ਹੋਇਆ ਹੈ—ਸਭ ਤੋਂ ਵੱਧ ਪ੍ਰਭਾਵਸ਼ਾਲੀ ਹਿੱਸਾ ਹੈ। ਗਰੈਂਡ ਕੈਨੀਅਨ ਸਭ ਤੋਂ ਡੂੰਘੀ ਖੱਡ ਹੈ। ਇਹ ਦਰਿਆ ਕਈ ਖ਼ੂਬਸੂਰਤ



ਕਾਲੋਰਾਡੋ ਦਰਿਆ

ਪਹਾੜਾਂ, ਪਠਾਰਾਂ ਅਤੇ ਮਾਰੂਥਲਾਂ ਵਿਚੋਂ ਗੁਜ਼ਰਦਾ ਹੈ ਜਿਥੇ ਇਹ ਖ਼ੂਬਸੂਰਤ ਕੁਦਰਤੀ ਦ੍ਰਿਸ਼ ਪੇਸ਼ ਕਰਦਾ ਹੈ। ਇਥੇ ਇਹ ਦਰਿਆ ਬਹੁ-ਪਰਤੀ ਤਹਿਦਾਰ ਚੱਟਾਨਾਂ ਵਿਚੋਂ ਗੁਜ਼ਰਦਾ ਹੈ ਜਿਨ੍ਹਾਂ ਨੂੰ ਹੌਲੀ-ਹੌਲੀ ਖੋਰ ਕੇ ਇਹ ਕੋਈ 1700 ਮੀ. (6000 ਫੁਟ) ਦੀ ਡੂੰਘਾਈ ਤਕ ਹੇਠਾਂ ਚਲਾ ਗਿਆ ਹੈ। ਦਰਿਆ ਦਾ ਇਹ ਹਿੱਸਾ ਸੈਲਾਨੀਆਂ ਅਤੇ ਭੂ-ਵਿਗਿਆਨੀਆਂ ਦੋਵਾਂ ਲਈ ਇਕ ਖਿਚ ਦਾ ਕੇਂਦਰ ਹੈ। ਭੂ-ਵਿਗਿਆਨੀਆਂ ਦਾ ਇਹ ਬਹੁਤ ਹੀ ਪੁਰਾਣਾ ਰਿਕਾਰਡ ਪੇਸ਼ ਕਰਦਾ ਹੈ। ਇਸ ਦਰਿਆ ਦਾ ਹੇਠਲਾ ਦਰਿਆਈ ਮਾਰਗ ਬਿਲਕੁਲ ਹੀ ਵੱਖਰਾ ਹੈ ਅਤੇ ਇਹ ਦਰਿਆ ਇਕ ਵਿਸ਼ਾਲ ਡੈਲਟਾ ਬਣਾਉਂਦਾ ਹੈ। ਪਿਛਲੇ ਭੂ-ਵਿਗਿਆਨਕ ਸਮੇਂ ਵਿਚ ਕਾਲੋਰਾਡੋ ਦਰਿਆ ਆਪਣੇ ਵਰਤਮਾਨ ਮੁਹਾਣੇ ਤੋਂ ਕੋਈ 100 ਕਿ. ਮੀ. ਉੱਤਰ ਵੱਲ ਯੂਮਾ ਦੇ ਸਥਾਨ ਤੇ ਕੈਲਿਫੋਰਨੀਆ ਖਾੜੀ ਵਿਚ ਦਾਖ਼ਲ ਹੁੰਦਾ ਸੀ। ਇਨ੍ਹਾਂ ਦੇ ਵਿਚਕਾਰ ਇਕ ਡੈਲਟਾ ਬਣਿਆ ਹੋਇਆ ਹੈ ਜਿਸ ਨੇ ਲੋਇਰ ਕੈਲਿਫੋਰਨੀਆ ਦੀ

ਖਾੜੀ ਦੇ ਮੁਹਾਣੇ ਨੂੰ ਕੱਟ-ਵੱਢ ਕੇ ਭਰਿਆ ਹੋਇਆ ਹੈ ਜਿਸ ਨੂੰ ਅੱਜਕੱਲ੍ਹ ਸਾਲਟਨ ਸਿੰਕ ਆਖਦੇ ਹਨ।

ਅੰਦਾਜ਼ੇ ਅਨੁਸਾਰ ਹੜ੍ਹਾਂ ਦੇ ਮੌਸਮ (ਅਪ੍ਰੈਲ ਅਤੇ ਮਈ) ਦੌਰਾਨ ਦਰਿਆ ਦੇ ਮੁਹਾਣੇ ਤੇ ਪਾਣੀ ਦਾ ਵੱਧ ਤੋਂ ਵੱਧ ਆਇਤਨ 1980 ਤੋਂ 3,110 ਘਣ ਮੀਟਰ (70,000 ਤੋਂ 110,000 ਘਣ ਫੁੱਟ) ਤੀਕ ਹੁੰਦਾ ਹੈ। ਪਾਣੀ ਦੀ ਔਸਤਨ ਮਾਤਰਾ 311 ਘਣ ਮੀਟਰ (11,000 ਘਣ ਫੁੱਟ) ਪ੍ਰਤਿ ਸੈਕਿੰਡ ਹੈ । 3 ਅਤੇ 6 ਪ੍ਰਤਿਸ਼ਤ ਤਕ ਆਇਤਨ ਦਾ ਹਿੱਸਾ ਗਾਦ ਤੇ ਮਿੱਟੀ ਵਗੈਰਾ ਦਾ ਹੁੰਦਾ ਹੈ।

ਲਗਭਗ 420 ਵ. ਕਿ. ਮੀ. ਦੇ ਰਕਬੇ ਵਿਚ ਹਰ ਸਾਲ ਇਹ 1/3 ਮੀਟਰ (1 ਫੁਟ) ਗਾਰਾ ਅਤੇ ਬਜਰੀ ਦੀ ਭਲ ਪਾ ਸਕਦਾ ਹੈ। ਇੰਨੀ ਜ਼ਿਆਦਾ ਭਲ ਨੇ ਦਰਿਆ ਦਾ ਦੱਖਣੀ ਦਰਿਆਈ ਮਾਰਗ ਬਦਲ ਦਿਤਾ ਹੈ ਅਤੇ ਦਰਿਆ ਵਲਾਵਿਆਂ ਵਿਚ ਵਗਣ ਲਗ ਪਿਆ ਹੈ। ਇਸ ਦਰਿਆ ਨੇ ਕਈ ਧਨੁੱਖ-ਆਕਾਰੀ ਝੀਲਾਂ ਅਤੇ ਦਲਦਲਾਂ ਬਣਾਈਆਂ ਹਨ। ਕਾਲੋਰਾਡੋ ਦਰਿਆ ਆਪਣੇ ਹੇਠਲੇ ਹਿੱਸੇ ਵਿਚ ਵਧੇਰੇ ਕਰਕੇ ਖਾਈਆਂ ਦੇ ਰੂਪ ਵਿਚ ਵਹਿੰਦਾ ਹੈ।

ਕਾਲੋਰਾਡੋ ਇਕ ਬਹੁਤ ਮਹੱਤਵਪੂਰਨ ਦਰਿਆ ਹੈ ਕਿਉਂਕਿ ਇਹ ਇਕ ਅਰਧ-ਖੁਸ਼ਕ ਇਲਾਕੇ ਵਿਚੋਂ ਦੀ ਖੁਸ਼ਕ ਇਲਾਕੇ ਵਲ ਨੂੰ ਵਹਿੰਦਾ ਹੈ ਅਤੇ ਇਸ ਦਾ ਪਾਣੀ ਸਿੰਜਾਈ ਅਤੇ ਬਿਜਲੀ ਲਈ ਵਰਤਿਆ ਜਾ ਸਕਦਾ ਹੈ। ਇਸ ਦਰਿਆ ਉਤੇ ਕਈ ਬਿਜਲੀ ਅਤੇ ਸਿੰਜਾਈ ਪ੍ਰਾਜੈਕਟ ਬਣਾਏ ਗਏ ਹਨ । ਇਨ੍ਹਾਂ ਵਿਚੋਂ ਨੈਵੇਦਾ ਅਤੇ ਐਰੀਜ਼ੋਨਾ ਵਿਚਕਾਰ ਬਲੈਕ ਕੈਨੀਅਨ ਵਿਚ ਬਣਾਇਆ ਹੂਵਰ ਬੰਨ੍ਹ ਸੱਭ ਤੋਂ ਪ੍ਰਸਿੱਧ ਹੈ। ਇਹ ਬੰਨ੍ਹ ਕਾਲੋਰਾਡੋ ਦਰਿਆ ਦੇ ਪਾਣੀ ਨੂੰ ਰੋਕ ਕੇ ਦੁਨੀਆ ਦੀ ਸੱਭ ਤੋਂ ਵੱਡੀ ਬਣਾਵਟੀ ਝੀਲ, ਮੀਡ ਝੀਲ, ਜਿਸ ਦੀ ਡੂੰਘਾਈ ਲਗਭਗ 180 ਮੀ. (589 ਫੁੱਟ ਅਤੇ ਤੱਟ ਰੇਖਾ 885 ਕਿ. ਮੀ. ਹੈ), ਨੂੰ ਹੋਂਦ ਵਿਚ ਲਿਆਉਂਦਾ ਹੈ। ਯੂਮਾ ਦੇ ਦੱਖਣ ਵੱਲ ਨੂੰ, ਲਾਗੂਨਾ ਬੰਨ੍ਹ ਇਕ ਹੋਰ ਵੱਡਾ ਪ੍ਰਾਜੈਕਟ ਹੈ। ਇਹ ਬੰਨ੍ਹ ਅਤੇ ਸਿੰਜਾਈ ਵਾਲੀਆਂ ਨਹਿਰਾਂ ਮਈ ਦੇ ਮਹੀਨੇ ਵਿਚ ਆਉਣ ਵਾਲੇ ਹੜ੍ਹਾਂ ਨੂੰ ਰੋਕਦੀਆਂ ਹਨ। ਹੜ੍ਹ ਸਮੇਂ ਇਸ ਦਰਿਆ ਦਾ ਪਾਣੀ 12 ਮੀ. (40 ਫੁੱਟ) ਤੀਕ ਚੜ੍ਹ ਜਾਂਦਾ ਹੈ।

ਹੇਠਲੇ ਦਰਿਆਈ ਮਾਰਗ ਵਿਚ ਕਈ ਸੌ ਮੀਲਾਂ ਤੀਕ ਪੱਧਰੇ ਥੱਲੇ ਵਾਲੀਆਂ ਦਰਿਆਈ ਕਿਸ਼ਤੀਆਂ ਚਲ ਸਕਦੀਆਂ ਹਨ ਪਰ ਜਲ-ਮਾਰਗ ਦੇ ਬਦਲਣ ਅਤੇ ਸੰਚਾਰ ਦੇ ਹੋਰਨਾਂ ਸਾਧਨਾਂ ਦੇ ਵਿਕਾਸ ਕਾਰਨ ਇਹ ਦਰਿਆ ਆਵਾਜਾਈ ਲਈ ਮਹੱਤਵਪੂਰਨ ਨਹੀਂ ਹੈ।

ਕਾਲੋਰਾਡੋ ਦਰਿਆ ਦੀ ਵਾਦੀ ਨੂੰ ਅਮਰੀਕਨ ਮਹਾਂਦੀਪ ਦੇ ਕੁਝ ਆਦਿ ਵਾਸੀਆਂ ਨੇ ਆਬਾਦ ਕੀਤਾ ਸੀ ਅਤੇ ਇਥੋਂ ਦੇ ਖੰਡਰਾਤ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਕਾਲੋਰਾਡੋ ਦਰਿਆ ਦੇ ਨਾਲ ਨਾਲ ਕੋਈ ਦੋ ਹਜ਼ਾਰ ਵਰ੍ਹੇ ਪਹਿਲਾਂ ਮਨੁੱਖ ਰਿਹਾ ਕਰਦਾ ਸੀ। ਫ੍ਰਾਂਸਿਸਕੋ ਡੀ ਉਲੋਆ ਉਹ ਪਹਿਲਾ ਅੰਗਰੇਜ਼ ਸਪੇਨੀ ਸਿਪਾਹੀ ਅਤੇ ਖੋਜੀ ਸੀ, ਜਿਸ ਨੇ ਸੰਨ 1539 ਵਿਚ ਇਸ ਦਰਿਆ ਦੇ ਮੁਹਾਣੇ ਦਾ ਪਤਾ ਲਾਇਆ ਸੀ । ਸੰਨ 1540-41 ਵਿਚ ਫ੍ਰਾਂਸਿਸਕੋ ਵਾਜ਼ਕੁਵੇਜ਼ ਕਾਰੋਨਾਡੋ ਨਾਮੀ ਇਕ ਹੋਰ ਸਪੇਨੀ ਨੇ ਕਾਲੋਰਾਡੋ ਦਰਿਆ ਦੇ ਦੁਆਲੇ ਦੇ ਕੁਝ ਇਲਾਕੇ ਦੀ ਖੋਜ ਕੀਤੀ। ਹਰਨਨਦੋ ਡੀ ਅਲੈਰਕਨ ਨੇ ਦਰਿਆ ਦੇ ਮੁਹਾਣੇ ਤੋਂ ਹੀਲਾ ਦੇ ਨੇੜੇ ਵੱਲ ਨੂੰ ਯਾਤਰਾ ਕੀਤੀ ਸੀ ਅਤੇ ਗਾਰਸੀਆ ਲੋਪੇਸ ਡੀ ਕਾਰਡੀਨਾਸ ਨੇ ਗਰੈਂਡ ਕੈਨੀਅਨ ਨੂੰ ਲਭਿਆ ਸੀ । ਸੰਨ 1857 ਤੋਂ ਬਾਅਦ ਹੀ ਹੇਠਲੇ ਕਾਲੋਰਾਡੋ ਵਿਚ ਸਟੀਮ ਕਿਸ਼ਤੀ ਦੁਆਰਾ ਖੋਜ ਸ਼ੁਰੂ ਕੀਤੀ ਗਈ। ਕੈਪਟਨ ਜ਼ਾਰਜ ਏ. ਜਾਹਨਸਨ ਅਤੇ ਲੈਫਟੀਨੈਂਟ ਜੇ. ਈ. ਆਈਵਜ਼ ਹੇਠਲੇ ਕਾਲੋਰਾਡੋ ਦੇ ਖੋਜੀ ਸਨ।

ਸੰਨ 1868-69 ਅਤੇ 1870-71 ਵਿਚ ਮੇਜਰ ਜੇ. ਡਬਲਯੂ. ਪਾਵੇਲ ਨੇ ਇਕ ਛੋਟੀ ਜਿਹੀ ਕਿਸ਼ਤੀ ਵਿਚ ਦਰਿਆ ਦੇ ਹੇਠਲੇ ਪਾਸੇ ਵੱਲ ਇਕਾ-ਦੁੱਕਾ ਦੋ ਚੱਕਰ ਮਾਰੇ ਅਤੇ ਕਈ ਤੇਜ਼ ਰੌਆਂ ਅਤੇ ਗਰੈਂਡ ਕੈਨੀਅਨ ਨੂੰ ਪਾਰ ਕੀਤਾ। ਸੰਨ 1922 ਵਿਚ ਇਸ ਦੇ ਪਾਣੀ ਦੀ ਵਰਤੋਂ ਸਬੰਧੀ ਸੱਤ-ਰਾਜਾਂ ਦਾ ਸਮਝੌਤਾ ਹੋਇਆ।

ਹ. ਪੁ.—ਕੋਲ. ਐਨ. 5:337

**ਕਾਲੋਰਾਡੋ** : ਦਰਿਆ—ਟੈਕਸਾਸ ਰਾਜ (ਸ.ਰ.ਅ) ਦਾ ਇਕ ਦਰਿਆ ਹੈ ਜੋ ਰਾਜ ਦੀ ਪੱਛਮੀ ਸਰਹੱਦ ਦੇ ਨੇੜੇ ਪਲੇਨੋ ਐਸਟਾਕਾਡੋ ਦੀ ਪਠਾਰ ਵਿਚੋਂ ਨਿਕਲਦਾ ਹੈ ਅਤੇ ਮੈਕਸੀਕੋ ਖਾੜੀ ਦੀ ਦੱਖਣ-ਪੂਰਬ ਵੱਲ ਦੀ ਦਿਸ਼ਾ ਵੱਲ ਨੂੰ ਵਹਿੰਦਾ ਹੈ। ਸਿੱਧਾ ਫ਼ਾਸਲਾ ਕੋਈ 805 ਕਿ. ਮੀ. ਤੋਂ ਵੀ ਘੱਟ ਹੈ। ਪਰ ਦਰਿਆ ਦਾ ਮਾਰਗ ਲਗਭਗ 1355 ਕਿ. ਮੀ. (840 ਮੀਲ) ਦਸਿਆ ਜਾਂਦਾ ਹੈ ਅਤੇ ਇਹ ਦਰਿਆ 63,232 ਵ. ਕਿ. ਮੀ. (24,700 ਵ. ਮੀ.) ਦਾ ਜਲ-ਨਿਕਾਸ ਕਰਦਾ ਹੈ। ਸਿੰਜਾਈ ਲਈ ਵਰਤੇ ਜਾਣ ਵਾਲੇ ਪਾਣੀ ਨੂੰ ਬਿਊਕੈਨੇਨ ਜਲ-ਭੰਡਾਰ ਅਤੇ ਆਸਟਿਨ ਉਪਰਲੀ ਟਰੈਵਿਸ ਝੀਲ ਵਿਚ ਰੋਕ ਕੇ ਰੱਖਿਆ ਹੋਇਆ ਹੈ । ਆਸਟਿਨ ਦੇ ਸਥਾਨ ਤੇ ਇਹ ਦਰਿਆ ਪ੍ਰਸਿੱਧ ਬਲੈਕ ਵੈਕਸੀ ਪ੍ਰੇਅਰੀ ਨੂੰ ਪਾਰ ਕਰਦਾ ਹੈ ਅਤੇ ਇਸ ਤੋਂ ਪਰ੍ਹਾਂ ਇਹ ਦਰਿਆ ਸਾਹਿਲੀ ਮੈਦਾਨ ਨੂੰ ਪਾਰ ਕਰਦਾ ਹੋਇਆ ਆਪਣੇ ਹੜ੍ਹ ਵਾਲੇ ਮੈਦਾਨ ਵਿਚੋਂ ਦੀ ਵੰਗ ਵਲਾਵਿਆਂ ਵਿਚੋਂ ਦੀ ਬੇਰੋਕ ਵਹਿੰਦਾ ਹੈ ਅਤੇ ਮੈਟਾਗਾਰਡਾ ਖਾੜੀ ਦੀ ਸਾਹਿਲੀ ਲਾਗੂਨ ਵਿਚ ਜਾ ਡਿਗਦਾ ਹੈ।

ਹ. ਪੁ.—ਚੈਂਬ. ਐਨ. 3 : 750

**ਕਾਲੋਰਾਡੋ** : ਮਾਰੂਥਲ—ਇਹ ਸਨੋਰਨ ਮਾਰੂਥਲ ਦਾ ਇਕ ਹਿੱਸਾ ਹੈ ਜੋ ਅਮਰੀਕਾ ਵਿਚ ਦੱਖਣੀ ਪੂਰਬੀ ਕੈਲਿਫੋਰਨੀਆ ਦੇ ਸੈਨ ਗਾਰਗੋਨੀਓ ਦੱਰੇ ਤੋਂ ਉੱਤਰੀ ਮੈਕਸੀਕੋ ਵਿਚ ਕਾਲੋਰਾਡੋ ਦਰਿਆ ਦੇ ਡੈਲਟੇ ਤੱਕ 264 ਕਿ. ਮੀ. ਵਿਚ ਫੈਲਿਆ ਹੋਇਆ ਹੈ। ਇਹ ਇਕ ਖੁਸ਼ਕ ਤੇ ਨੀਵਾਂ ਇਲਾਕਾ ਹੈ ਜੋ ਪੱਛਮ ਵੱਲੋਂ ਸ਼ਾਂਤ ਮਹਾਸਾਗਰ ਦੀਆਂ ਤੱਟੀ ਲੜੀਆਂ ਨਾਲ, ਉੱਤਰ ਤੇ ਪੂਰਬ ਵੱਲੋਂ ਸੈਨ ਬਰਨਾਰਡੀਨੋ, ਕਾਟਨਵੁੱਡ, ਚਕਵਾਲਾ, ਚਾਕਲੇਟ ਪਹਾੜਾਂ ਅਤੇ ਕਾਲੋਰਾਡੋ ਦਰਿਆ ਨਾਲ ਅਤੇ ਦੱਖਣ ਵੱਲੋਂ ਕੈਲਿਫੋਰਨੀਆ ਖਾੜੀ ਦੇ ਮੁਹਾਣੇ ਨਾਲ ਘਿਰਿਆ ਹੋਇਆ ਹੈ। ਇਸ ਦੇ ਉੱਤਰ-ਪੱਛਮ ਵਿਚ ਰੇਤ ਦੇ ਅਸਥਾਈ ਟਿੱਬੇ ਹਨ ਅਤੇ ਪੂਰਬ ਵਿਚ ਰੇਤਲੇ ਪਹਾੜ ਹਨ। ਮਾਰੂਥਲ ਦੇ ਵਿਚਕਾਰ ਕਰਕੇ ਖਾਰੇ ਪਾਣੀ ਦੀ ਇਕ ਝੀਲ ਹੈ ਜਿਸ ਨੂੰ 'ਸਾਲਟਨ ਸੀ' ਕਹਿੰਦੇ ਹਨ। ਇਸ ਝੀਲ ਦੇ ਉੱਤਰ-ਪੱਛਮ ਅਤੇ ਦੱਖਣ-ਪੂਰਬ ਵੱਲ ਫੈਲੀਆਂ ਕੋਆਚੈਲਾ ਅਤੇ ਇੰਪੀਰੀਅਲ ਇਥੋਂ ਦੀਆਂ ਉਪਜਾਊ ਸੇਂਜੂ ਵਾਦੀਆਂ ਹਨ। ਕਾਲੋਰਾਡੋ ਦਰਿਆ ਤੋਂ ਨਹਿਰਾਂ ਦੁਆਰਾ ਇਨ੍ਹਾਂ ਵਾਦੀਆਂ ਦੀ ਸਿੰਜਾਈ ਕੀਤੀ ਜਾਂਦੀ ਹੈ । ਇਸ ਮਾਰੂਥਲ ਦਾ ਨਾਂ ਵੀ ਕਾਲੋਰਾਡੋ ਦਰਿਆ ਤੇ ਹੀ ਹੈ। ਇਸ ਮਾਰੂਥਲ ਵਿਚ ਕਈ ਇੰਡੀਅਨ ਰੱਖਾਂ ਹਨ ਜਿਵੇਂ 'ਸਾਲਟਨ ਸੀ', 'ਵਾਈਲਡ ਲਾਈਫ ਰੇੱਫਯੂਜ' ਅਤੇ 'ਪਾਮ' ਸਪਰਿੰਗਜ਼।

33° 15′ ਉ. ਵਿਥ.; 115° 15′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 19

**ਕਾਵ** : ਇਹ ਬਰਮਾ ਦੇ ਸ਼ਾਨ ਰਾਜ ਦੇ ਧੁਰ ਪੂਰਬ ਵਿਚ ਕੈਂਗ ਤੁੰਗ ਦੇ ਪਹਾੜੀ ਲੋਕ ਹਨ । ਇਹ ਲਾਹੂ ਅਤੇ ਕਵਾਈ ਨਸਲਾਂ ਦੇ ਲੋਕਾਂ ਨਾਲ ਜਿਨ੍ਹਾਂ ਨੂੰ ਚੀਨੀ ਲੋਕ ਯਾਈ ਕਹਿੰਦੇ ਹਨ ਅਤੇ ਲੀਸੂ ਨਸਲਾਂ ਜਿਨ੍ਹਾਂ ਨੂੰ ਕਾਚਿਨ ਕਹਿੰਦੇ ਹਨ, ਨਾਲ ਬਹੁਤ ਜ਼ਿਆਦਾ ਮਿਲਦੇ ਹਨ। ਇਨ੍ਹਾਂ ਦੀ ਬੋਲੀ ਤਿੱਬਤ ਬਰਮੀ ਘਰਾਣਿਆਂ ਨਾਲ ਮਿਲਦੀ ਹੈ। ਇਸੇ ਕਿਸਮ ਦੇ ਲੋਕ ਲਾਓਸ ਵਿਚ ਮੀਕਾਂਗ ਦਰਿਆ ਦੇ ਪੂਰਬੀ ਕੰਢੇ ਤੇ ਵੀ ਮਿਲਦੇ ਹਨ ਜਿਨ੍ਹਾਂ ਨੂੰ ਕਾ ਸ਼੍ਰੇਣੀ ਵਿਚ ਗਿਣਿਆ ਜਾਂਦਾ ਹੈ। ਕਾ ਸ਼ਬਦ ਇਸ ਖੇਤਰ ਦੇ ਥਾਈ ਬੋਲੀ ਵਾਲੇ ਲੋਕ ਗ਼ੈਰ-ਥਾਈ ਲੋਕਾਂ ਲਈ ਵਰਤਦੇ ਹਨ ਅਤੇ ਖ਼ਾਸ ਕਰਕੇ ਪਹਾੜੀ ਅਸਭਿਅ ਲੋਕਾਂ

ਤਈ ਵਰਤਿਆ ਜਾਂਦਾ ਹੈ। ਫ਼ਰਾਂਸੀਸੀ ਵਸੀਲਿਆਂ ਤੋਂ ਲਗਭਗ 80 ਕਸਮਾਂ ਦੇ ਕਾ ਲੋਕਾਂ ਬਾਰੇ ਪਤਾ ਲੱਗਾ ਹੈ।

ਆਪਣੇ ਬਹੁਤ ਸਾਰੇ ਗਵਾਂਢੀਆਂ ਵਾਂਗ ਕਾਵ ਲੋਕ ਵੀ ਮਸਥਾਈ ਤੌਰ ਤੇ ਸਾਫ਼ ਕੀਤੀਆਂ ਪਹਾੜੀਆਂ ਤੇ ਚੌਲਾਂ ਦੀ ਮਾਰੂ ਖੇਤੀ ਕਰਦੇ ਹਨ ਤੇ ਸ਼ਿਕਾਰ ਲਈ ਬਹੁਤਾ ਕਰਕੇ ਤੀਰ ਕਮਾਨ ਦੀ ਵਰਤੋਂ ਕਰਦੇ ਹਨ। ਇਨ੍ਹਾਂ ਦੇ ਸਮਾਜਕ ਸੰਗਠਨ ਬਾਰੇ ਵਿਸਥਾਰ ਵਿਚ ਕੋਈ ਖ਼ਾਸ ਪਤਾ ਨਹੀਂ ਹੈ।

ਹ. ਪੁ.—ਐਨ. ਬ੍ਰਿ. 13 : 257

**ਕਾਵਾ** : ਇਹ ਇਕ ਅਣ-ਅਲਕੋਹਲੀ ਸ਼ਰਬਤ ਜਾਂ ਸ਼ਰਾਬ ਹੈ ਜੋਹੜੀ ਕਿ ਬਹੁਤ ਸਾਰੇ ਦੱਖਣੀ ਸ਼ਾਂਤ ਮਹਾਸਾਗਰੀ ਟਾਪੂਆਂ ਵਿਚ ਕਾਲੀ ਮਿਰਚ ਦੇ ਪੌਦੇ, ਖ਼ਾਸ ਕਰਕੇ ਪਾਈਪਰ ਮੈਥਿਸਟੀਕਮ ਦੀਆਂ ਜੜ੍ਹਾਂ ਤੋਂ ਤਿਆਰ ਕੀਤੀ ਜਾਂਦੀ ਹੈ। ਇਸ ਦਾ ਰੰਗ ਪੀਲਾ-ਹਰਾ ਹੁੰਦਾ ਹੈ ਅਤੇ ਇਸ ਵਿਚ ਕੁੜੱਤਣ ਹੁੰਦੀ ਹੈ। ਇਸ ਦੇ ਅੰਸ਼ ਵੇਖਣ ਵਿਚ ਮੈੱਲਕੋਲੌਇਡੀ ਜਾਪਦੇ ਹਨ।

ਇਸ ਬੀਵਰੇਜ ਦੀ ਵਰਤੋਂ ਜ਼ਿਆਦਾ 'ਕਾਵਾ' ਰਸਮ ਵੇਲੇ ਹੀ ਹੁੰਦੀ ਹੈ। ਇਹ ਵਿਸ਼ੇਸ਼ ਸਮਾਜਿਕ ਰਸਮ, ਮੁਖੀਆਂ ਦੇ ਇਕੱਠ ਵੇਲੇ, ਗੁਆਂਢੀ ਟਾਪੂ ਵਿਚੋਂ ਕਿਸੇ ਮੁਖੀ ਦੇ ਆਉਣ ਵੇਲੇ, ਜੰਗ ਤੋਂ ਪਹਿਲਾਂ ਹੋਏ ਇਕੱਠ ਵੇਲੇ, ਕਿਸੇ ਨਵੇਂ ਮੁਖੀ ਦੇ ਚੁਣੇ ਜਾਣ ਉੱਤੇ ਜਾਂ ਕਿਸੇ ਹੋਰ ਖ਼ਾਸ ਮੌਕੇ ਉੱਤੇ ਕੀਤੀ ਜਾਂਦੀ ਹੈ। ਅਜਿਹੇ ਮੌਕੇ ਤੇ ਗਾਉਣ-ਵਜਾਉਣ ਤੋਂ ਇਲਾਵਾ ਕਾਵਾ ਅਤੇ ਵਿਸ਼ੇਸ਼ ਭੋਜਨ ਤਿਆਰ ਕੀਤਾ ਜਾਂਦਾ ਹੈ। ਕਾਵਾ ਪਾਲੀਨੇਸ਼ੀਆਂ ਦੀ ਕੌਮੀ ਬੀਵਰੇਜ ਹੈ।

ਕਾਵਾ ਬਣਾਉਣ ਲਗਿਆਂ ਜੜ੍ਹਾਂ ਨੂੰ ਪਹਿਲਾਂ ਚੰਗੀ ਤਰ੍ਹਾਂ ਚੋਂਥਿਆ ਜਾਂਦਾ ਹੈ। ਫਿਰ ਕਿਸੇ ਬਰਤਨ ਵਿਚ ਇਸ ਉੱਤੇ ਪਾਣੀ ਜਾਂ ਨਾਰੀਅਲ ਦਾ ਦੁੱਧ ਪਾ ਕੇ ਮਿਸ਼ਰਨ ਨੂੰ ਚੰਗੀ ਤਰ੍ਹਾਂ ਹਿਲਾਇਆ ਜਾਂਦਾ ਹੈ। ਲੱਕੜੀ ਵਾਲਾ ਪਦਾਰਥ ਵੱਖ ਕਰਕੇ ਬਾਕੀ ਤਰਲ ਨੂੰ ਵਰਤਿਆ ਜਾਂਦਾ ਹੈ। ਇਸ ਨੂੰ ਬਣਾਉਣ ਲਈ ਇਕ ਹੋਰ ਤਰੀਕਾ ਵੀ ਅਪਣਾਇਆ ਜਾਂਦਾ ਹੈ, ਜਿਸ ਵਿਚ ਜੜ੍ਹ ਦੇ ਸੱਕਾਂ ਨੂੰ ਪਾਣੀ ਵਿਚ ਖ਼ਮੀਰਿਆ ਜਾਂਦਾ ਹੈ। ਕਿਉਂਕਿ ਇਹ ਇਕ ਨਸ਼ੀਲਾ ਪਦਾਰਥ ਹੈ ਇਸ ਲਈ ਇਸ ਦੀ ਵਰਤੋਂ ਆਰਾਮਦਾਇਕ ਪਦਾਰਥ ਦੇ ਤੌਰ ਤੇ ਹੀ ਕੀਤੀ ਜਾਂਦੀ ਹੈ। ਜ਼ਿਆਦਾ ਮਾਤਰਾ ਵਿਚ ਵਰਤਣ ਨਾਲ ਮਦਹੋਸ਼ੀ ਦੀ ਹਾਲਤ ਵੀ ਆ ਸਕਦੀ ਹੈ।

ਹ. ਪੁ.—ਐਨ. ਬ੍ਰਿ. 13 : 255; ਐਨ. ਬ੍ਰਿ. ਮਾ. 5 : 734;
ਐਨ. ਬ੍ਰਿ. ਮੈ. 14 : 468.

**ਕਾਵਾਂ ਘੋੜੀ** : ਇਹ ਪੰਜਾਬ ਵਿਚ ਛੋਟੇ ਬੱਚਿਆਂ ਦੁਆਰਾ ਖੇਡੀਆਂ ਜਾਣ ਵਾਲੀਆਂ ਖੇਡਾਂ ਵਿਚੋਂ ਇਕ ਖੇਡ ਹੈ। ਇਹ ਖੇਡ 10 ਤੋਂ



ਕਾਵਾਂ ਘੋੜੀ

14 ਸਾਲ ਦੀ ਉਮਰ ਦੇ 8-10 ਮੁੰਡੇ ਇਕੱਠੇ ਖੇਡਦੇ ਹਨ। ਖੇਡ ਸ਼ੁਰੂ ਕਰਨ ਲਈ ਪਹਿਲਾਂ ਤਿੰਨ ਤਿੰਨ ਬੱਚੇ ਪੁੱਗਦੇ ਹਨ। ਜਿਹੜੇ ਬੱਚੇ ਪੁੱਗ ਜਾਂਦੇ ਹਨ ਉਹ ਇਕ ਪਾਸੇ ਖੜੇ ਹੋ ਜਾਂਦੇ ਹਨ। ਜਿਹੜਾ ਬੱਚਾ ਆਖ਼ਰੀ ਰਹਿ ਜਾਂਦਾ ਹੈ ਉਹ ਘੋੜੀ ਬਣਦਾ ਹੈ ਤੇ ਆਖ਼ਰੀ ਪੁੱਗਿਆ ਬੱਚਾ ਕਾਂ (ਘੋੜੀ ਦਾ ਅਸਵਾਰ) ਬਣਦਾ ਹੈ। ਘੋੜੀ ਬਣਨ ਵਾਲਾ ਬੱਚਾ ਕੰਧ ਨਾਲ ਢੋ ਲਾ ਕੇ ਘੋੜੀ ਬਣ ਕੇ ਖੜ੍ਹ ਜਾਂਦਾ ਹੈ ਤੇ ਕਾਂ ਉਸ ਦੇ ਉੱਤੇ ਬੈਠ ਜਾਂਦਾ ਹੈ। ਦੂਸਰੇ ਬੱਚੇ ਕਾਂ ਦੇ ਮੁੱਕੇ ਮਾਰ ਮਾਰ ਕੇ ਭੱਜਦੇ ਹਨ। ਕਾਂ ਉਨ੍ਹਾਂ ਨੂੰ ਫੜਨ ਲਈ ਭੱਜਦਾ ਹੈ। ਦੌੜਦੇ ਸਮੇਂ ਸਾਰੇ ਬੱਚੇ ਆਖਦੇ ਹਨ ਘੋੜੀ ਲੁੱਟੀ ਗਈ। ਇਸ ਦੌਰਾਨ ਜਿਸ ਦਾ ਵੀ ਦਾਅ ਲਗਦਾ ਹੈ ਉਹ ਘੋੜੀ ਤੇ ਅਸਵਾਰ ਹੁੰਦਾ ਹੈ। ਇਸ ਤਰ੍ਹਾਂ ਜਦੋਂ (ਫੜਨ ਵਾਲਾ) ਕਾਂ ਘੋੜੀ ਤੇ ਬੈਠੇ ਬੱਚੇ ਨੂੰ ਫੜਨ ਆਉਂਦਾ ਹੈ ਤਾਂ ਉਹ ਫਿਰ ਭੱਜ ਜਾਂਦਾ ਹੈ ਦੂਜਾ ਬੱਚਾ ਆ ਅਸਵਾਰੀ ਕਰਦਾ ਹੈ। ਜਦੋਂ ਕਾਂ ਕਿਸੇ ਇਕੱਲੇ ਬੱਚੇ ਦੇ ਪਿੱਛੇ ਉਸਨੂੰ ਫੜਨ ਭੱਜਦਾ ਹੈ ਤਾਂ ਕਦੀ ਚਾਰ ਚਾਰ ਜਾਂ ਪੰਜ ਪੰਜ ਬੱਚੇ ਇਕੱਠੇ ਹੀ ਘੋੜੀ ਬਣੇ ਬੱਚੇ ਤੇ ਬੈਠ ਕੇ ਉਸਦਾ ਕਚੂੰਮਰ ਕੱਢਦੇ ਹਨ। ਘੋੜੀ ਦੀ ਜਾਨ ਉਦੋਂ ਸੁਖਾਲੀ ਹੁੰਦੀ ਹੈ ਜਦੋਂ ਮਾਰ ਕੇ ਦੌੜਨ ਵਾਲੇ ਬੱਚਿਆਂ ਵਿਚੋਂ ਕੋਈ-ਫੜਿਆ ਜਾਂਦਾ ਹੈ। ਫਿਰ ਫੜਿਆ ਜਾਣ ਵਾਲਾ ਬੱਚਾ ਘੋੜੀ ਬਣਦਾ ਹੈ ਤੇ ਪਹਿਲਾ ਘੋੜੀ ਬਣਿਆ ਬੱਚਾ ਉਸਦਾ ਅਸਵਾਰ ਕਾਂ। ਇਸ ਤਰ੍ਹਾਂ ਇਸ ਖੇਡ ਦੇ ਕਈ ਚੱਕਰ ਚਲਦੇ ਹਨ।

ਹ. ਪੁ.—ਸਰਵੇ ਪੁਸਤਕ 'ਬੜਰੁੱਖਾਂ' ਅਤੇ 'ਦੀਨਾ ਕਾਂਗੜ',

**ਕਾਵਾਲਕਾਸੇਲਾ** : ਇਸ ਇਤਾਲਵੀ ਲੇਖਕ ਅਤੇ ਜੀ. ਮੌਰੇਲੀ ਨਾਲ ਮਿਲ ਕੇ ਆਧੁਨਿਕ ਇਤਾਲਵੀ ਕਲਾ ਦੇ ਇਤਿਹਾਸਕ ਅਧਿਐਨ ਦੇ ਸੰਸਥਾਪਕ ਦਾ ਜਨਮ 22 ਜਨਵਰੀ, 1820 ਵਿਚ ਹੋਇਆ ਸੀ। ਇਸ ਨੇ ਮੁੱਢ ਤੋਂ ਹੀ ਇਟਲੀ ਦੀ ਕਲਾ ਦਾ ਅਧਿਐਨ ਕੀਤਾ। ਇਸ ਨੇ ਹੋਰ ਦੇਸ਼ਾਂ ਵਿਚ ਇਟਲੀ ਦੀ ਪ੍ਰਸਿੱਧ ਕਲਾ ਨੂੰ ਵੇਖਣ ਲਈ ਚੱਕਰ ਲਾਇਆ। ਜਰਮਨੀ ਵਿਖੇ ਇਸ ਦਾ ਮੇਲ ਜੋਜ਼ਫ ਆਰਚਰ ਕੀਵੇ ਨਾਲ ਹੋਇਆ ਅਤੇ ਪਿਛੋਂ ਦੋਹਾਂ ਨੇ ਇਕੱਠਿਆਂ ਹੀ ਬਰਲਿਨ ਦੇ ਅਜਾਇਬ ਘਰ ਵਿਚ ਅਧਿਐਨ ਕੀਤਾ। ਵਾਪਸ ਪਰਤਣ ਤੇ ਇਸ ਨੇ 1948 ਦੇ ਗਦਰ ਵਿਚ ਹਿੱਸਾ ਲਿਆ ਅਤੇ ਕੈਦ ਕਰ ਲਿਆ ਗਿਆ। ਸੰਨ 1849 ਵਿਚ ਇਹ ਫਿਰ ਫ਼ਰਾਂਸ ਰਾਹੀਂ ਕੈਦੀ ਬਣਾ ਲਿਆ ਗਿਆ। ਪੈਰਿਸ ਵਿਚ ਇਹ ਫਿਰ ਕੀਵੇ ਨੂੰ ਮਿਲਿਆ ਅਤੇ ਲੰਡਨ ਆ ਗਿਆ। ਦੋਹਾਂ ਨੇ ਮਿਲ ਕੇ ਕਲਾ ਬਾਰੇ 'ਏ ਨਿਊ ਹਿਸਟਰੀ ਆਫ਼ ਇਟਾਲੀਅਨ ਪੇਂਟਿੰਗ', 'ਹਿਸਟਰੀ ਆਫ਼ ਪੇਂਟਿੰਗ ਇਨ ਨਾਰਥ ਇਟਲੀ', 'ਟਾਇਟਨ' ਅਤੇ 'ਰੈਫੇੱਲ' ਪੁਸਤਕਾਂ ਪ੍ਰਕਾਸ਼ਤ ਕੀਤੀਆਂ। ਇਸ ਦੀਆਂ ਸਕੈਚ ਪੁਸਤਕਾਂ ਅਤੇ ਨੋਟਸ ਤੋਂ ਇਸ ਦੇ ਗਿਆਨ ਦੀ ਜਾਣਕਾਰੀ ਹੁੰਦੀ ਹੈ। ਜੀਵਨ ਦੇ ਅੰਤਲੇ ਸਾਲਾਂ ਵਿਚ ਇਹ ਰੋਮ ਵਿਚ ਸਿਖਿਆ ਮੰਤਰਾਲੇ ਵਿਚ ਕੋਮਲ ਕਲਾਵਾਂ ਦਾ ਇਨਸਪੈਕਟਰ ਰਿਹਾ। ਇਸ ਦੀ ਮ੍ਰਿਤੂ 1897 ਵਿਚ ਹੋਈ।

ਹ. ਪੁ.—ਐਨ. ਬ੍ਰਿ. 5 ; 109.

**ਕਾਵਾਲਕਾਂਟੀ, ਗਵੀਡੋ** : ਇਹ ਇਟਲੀ ਦੇ ਕਵੀਆਂ ਦੇ ਉਸ ਗਰੁੱਪ ਜਿਸ ਨੂੰ 'ਡੋਲਸੇ ਸਟਿਲ ਨੋਵੋ' ਦੇ ਕਵੀ ਕਰ ਕੇ ਜਾਣਿਆ ਜਾਂਦਾ ਹੈ, ਦਾ ਉੱਘਾ ਮੈਂਬਰ ਸੀ। ਇਸ ਦਾ ਜਨਮ ਸੰਨ 1255 ਨੂੰ ਹੋਇਆ। ਇਹ ਫਲੋਰੈਂਸ ਦੇ ਪ੍ਰਸਿੱਧ ਪਰਿਵਾਰ ਗਵੈਲਫ ਵਿਚੋਂ ਸੀ ਤੇ ਗਿਬੈਲੀਨ ਨੇਤਾ ਫਾਰੀਨਾਟਾ ਡੇਗਲੀ ਉਬਰਟੀ ਦੀ ਲੜਕੀ ਨਾਲ ਵਿਆਹਿਆ ਹੋਇਆ ਸੀ। ਸੰਨ 1300 ਵਿਚ ਕਾਲੇ ਤੇ ਗੋਰੇ ਗਵੈਲਫਾਂ ਦੇ ਸੰਘਰਸ਼ ਦੇ ਦੌਰਾਨ ਇਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਬਿਮਾਰ ਹੋਣ ਤੇ ਇਸ ਨੂੰ ਵਾਪਸ ਬੁਲਾ ਲਿਆ ਗਿਆ ਤੇ ਸੰਨ 1300 ਵਿਚ ਫਲੋਰੈਂਸ ਵਿਖੇ ਹੀ ਇਸ ਦੀ ਮਲੇਰੀਏ ਨਾਲ ਮੌਤ ਹੋ ਗਈ। ਇਹ ਦਾਂਤੇ ਦਾ ਗੂੜ੍ਹਾ ਮਿੱਤਰ ਸੀ ਪਰ ਮਗਰੋਂ ਇਹ ਆਪਸ ਵਿਚ ਨਰਾਜ਼ ਹੋ ਗਏ।

ਇਹ ਬਹੁਤ ਸਿਆਣਾ, ਭਾਵੁਕ ਤੇ ਦਰਸ਼ਨ ਵਿਚ ਦਿਲਚਸਪੀ ਲੈਣ ਵਾਲਾ ਇਟਲੀ ਦਾ ਉੱਤਮ ਗੀਤਕਾਰ ਸੀ। ਇਸ ਦੇ ਗੀਤਾਂ ਦਾ ਵਿਸ਼ਾ ਪਿਆਰ ਹੈ। ਕਦੇ ਕਦੇ ਖ਼ੁਸ਼ੀ ਦੇ ਗੀਤ ਵੀ ਲਿਖਦਾ ਸੀ ਪਰ ਵਧੇਰੇ ਕਰਕੇ ਇਸ ਨੇ ਦੁਖਾਂਤਕ ਤੇ ਉਦਾਸ ਗੀਤ ਹੀ ਲਿਖੇ ਹਨ।

ਹ. ਪੁ.—ਐਨ. ਬ੍ਰਿ. 5. 108

**ਕਾਵਾਲਾ** : ਨੀਐਪੋਲਿਸ ਦਾ ਇਹ ਇਕ ਪੁਰਾਣਾ ਵਪਾਰਕ ਸ਼ਹਿਰ ਹੈ ਜੋ ਯੂਨਾਨੀ ਮਕਦੂਨੀਆ ਦੀ ਆਧੁਨਿਕ ਸਮੁੰਦਰੀ ਬੰਦਰਗਾਹ ਅਤੇ ਏਜੀਅਨ ਸਾਗਰ ਦੇ ਉੱਤਰੀ ਕੰਢੇ ਤੇ ਵਾਕਿਆ ਇਸੇ ਨਾਂ ਦੇ ਡਿਪਾਰਟਮੈਂਟ ਦੀ ਰਾਜਧਾਨੀ ਹੈ। ਇਹ ਸੋਲੋਨੀਕਾ ਤੋਂ 121 ਕਿ. ਮੀ. ਪੂਰਬ ਵੱਲ ਹੈ।

ਨਵਾਂ ਸ਼ਹਿਰ 'ਫਾਓਸ ਸੁਕੇਅਰ' ਦੇ ਪੱਛਮ ਵੱਲ ਹੈ ਅਤੇ ਮੁਸਲਮਾਨੀ ਸ਼ਹਿਰ ਇਕ ਛੋਟੀ ਪਠਾਰ ਤੇ ਵੱਸਿਆ ਹੋਇਆ ਹੈ। ਇਸ ਸ਼ਹਿਰ ਦੁਆਲੇ ਪੱਥਰ ਦੀ ਇਕ ਚੌੜੀ ਦੀਵਾਰ ਬਣੀ ਹੋਈ ਹੈ ਜੋ ਦੂਸਰੇ ਸੰਸਾਰ ਯੁੱਧ ਤੋਂ ਬਾਅਦ ਸ਼ਹਿਰ ਦੇ ਪੱਛਮੀ ਭਾਗ ਵਿਚਲੀ ਵਪਾਰਕ ਬੰਦਰਗਾਹ ਨੂੰ ਬਚਾਉਣ ਲਈ ਬਣਾਈ ਗਈ ਸੀ। ਇਤਿਹਾਸਕ ਪੱਖ ਤੋਂ ਇਹ ਸ਼ਹਿਰ ਪੰਜਵੀਂ ਈ. ਪੂ. ਤੋਂ ਲੈ ਕੇ ਵੀਹਵੀਂ ਸਦੀ ਵਿਚ ਯੂਨਾਨ ਵਿਚ ਸ਼ਾਮਲ ਹੋਣ ਤੱਕ ਕਈ ਵੱਖ ਵੱਖ ਤਾਕਤਾਂ ਦੇ ਕਬਜ਼ੇ ਹੇਠ ਰਿਹਾ ਹੈ। ਸੰਨ 1924 ਤੋਂ ਇਹ 'ਫ਼ਿਲਿਪਾਈ' ਦੇ ਪਾਦਰੀ ਦਾ ਕੇਂਦਰੀ ਸਥਾਨ ਅਤੇ ਯੂਨਾਨੀ ਫ਼ੌਜਾਂ ਦਾ ਹੈੱਡ ਕੁਆਟਰ ਰਿਹਾ ਹੈ।

ਪੁਰਾਣੇ ਸ਼ਹਿਰ ਵਿਚ ਇਕ ਰੋਮਨ ਜਲ-ਪ੍ਰਣਾਲੀ ਤੋਂ ਇਲਾਵਾ ਕਈ ਹੋਰ ਇਤਿਹਾਸਿਕ ਵਸਤੂਆਂ ਵੀ ਹਨ ਜਿਨ੍ਹਾਂ ਨੂੰ ਸੰਨ 1965 ਵਿਚ ਬਣਾਏ ਇਕ ਪੁਰਾਤੱਤਵ ਅਜਾਇਬ ਘਰ ਵਿਚ ਰੱਖਿਆ ਗਿਆ ਹੈ।

ਆਬਾਦੀ.—52,260 (1981)

40° 56′ ਉ. ਵਿਥ.; 24° 25′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 734

**ਕਵਾਲੀਏਅਰੀ, ਏਮੀਲੀਓ ਡੀ** : ਇਹ ਨਾਟਕੀ ਸੰਗੀਤ ਦੇ ਇਟਲੀ ਦੇ ਪਹਿਲੇ ਸੰਗੀਤਕਾਰਾਂ ਵਿਚੋਂ ਇਕ ਸੀ, ਜਿਸ ਦਾ ਜਨਮ ਰੋਮ ਵਿਚ 1550 ਦੇ ਲਾਗੇ ਚਾਗੇ ਹੋਇਆ। ਸੰਨ 1589 ਵਿਚ ਟਸਕਾਨੀ ਦੇ ਮਹਾਨ ਡਿਊਕ ਫਰਡੀਨੈਂਡ I ਦੀ ਤਾਜਪੋਸ਼ੀ ਸਮੇਂ ਕਵਾਲੀਏਅਰੀ ਉਸ ਨਾਲ ਫਲੋਰੈਂਸ ਚਲਾ ਗਿਆ। ਉਥੇ ਇਹ ਮੈਡਿਸੀ ਕੋਰਟ ਵਿਚ ਕਲਾਮਈ ਜੀਵਨ ਜਿਉਣ ਵਾਲਿਆਂ ਦਾ ਲੀਡਰ ਬਣ ਗਿਆ ਅਤੇ ਹੋਰ ਨਾਟਕੀ ਸੰਗੀਤਕਾਰ, ਜਿਵੇਂ ਕਿ ਜੂਲੀਓ ਕਾਟਚੀਨੀ ਅਤੇ ਜੈਕੋਪੋ ਪੇਰੀ ਇਸ ਨਾਲ ਲਾਗ ਡਾਟ ਕਰਨ ਲੱਗ ਪਏ। ਇਸ ਨੇ ਪੇਂਡੂ ਗੀਤਾਂ ਅਤੇ ਰਾਸ-ਨਾਟਾਂ ਲਈ ਸੰਗੀਤ ਰਚਨਾ ਕੀਤੀ ਪਰ ਇਸ ਦੀ ਵਧੇਰੇ ਪ੍ਰਸਿੱਧੀ 'ਲਾ ਰੈਪਰੀਜ਼ੈਂਟੇਜ਼ਿਓਨੇ ਡੀ ਐਮੀਨਾ ਏ ਡੀ ਕੋਰਪੋ' ਕਾਰਨ ਹੈ, ਜਿਹੜਾ ਕਿ 1600 ਈ. ਵਿਚ ਇਸ ਦੇ ਰੋਮ ਵਾਪਸ ਆਉਣ ਤੇ ਪੇਸ਼ ਕੀਤਾ ਗਿਆ ਸੀ। 11 ਮਾਰਚ, 1602 ਨੂੰ ਇਸ ਦਾ ਰੋਮ ਵਿਖੇ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ 5 : 109

**ਕਾਵਾਲੀ, (ਪੀਐਟਰੋ) ਫ਼ਰਾਂਸਿਸਕੋ** : ਇਹ ਮੱਧ ਸਤ੍ਹਾਰਵੀਂ ਸਦੀ ਦਾ ਇਟਲੀ ਦਾ ਬਹੁਤ ਹੀ ਉੱਘਾ ਓਪੇਰਾ ਸੰਗੀਤਕਾਰ ਹੋਇਆ ਹੈ, ਜਿਸ ਦਾ ਜਨਮ ਕ੍ਰੀਮਾ ਵਿਖੇ 14 ਫਰਵਰੀ, 1602 ਨੂੰ ਹੋਇਆ। ਇਸ ਨੇ ਆਪਣੇ ਵੈਨਿਸ ਦੇ ਪੈਟਰਨ ਫ਼ੈਡਰਿਜੋ ਕਾਵਾਲੀ ਦਾ ਨਾਂ ਅਪਣਾ ਲਿਆ। ਸੰਨ 1617 ਵਿਚ ਇਹ ਵੈਨਿਸ ਵਿਖੇ ਸੇਂਟ ਮਾਰਕ ਦੀ ਸੰਗੀਤ-ਮੰਡਲੀ ਵਿਚ ਇਕ ਗਾਇਕ ਵਜੋਂ ਸ਼ਾਮਲ ਹੋ ਗਿਆ, ਜਿੱਥੇ ਬਾਅਦ ਵਿਚ ਇਹ ਕਈ ਵੱਖ ਵੱਖ ਪਦਵੀਆਂ ਤੇ ਲੱਗਾ ਰਿਹਾ ਅਤੇ 1668 ਵਿਚ ਮਾਸਤਰੋ ਡੀ ਕੈਪੇਲਾ ਬਣ ਗਿਆ। 14 ਜਨਵਰੀ, 1676 ਨੂੰ ਇਸ ਦਾ ਵੈਨਿਸ ਵਿਚ ਦੇਹਾਂਤ ਹੋ ਗਿਆ। ਆਪਣੇ ਜੀਵਨ ਕਾਲ ਵਿਚ ਕਾਵਾਲੀ ਦਾ ਯੂਰਪ ਦੇ ਸੁਹਜ-ਸੁਆਦ ਉੱਤੇ ਬਹੁਤ ਪ੍ਰਭਾਵ ਸੀ। ਲਾ ਡਾਈਡੋਨ ਸ਼ਾਇਦ ਇਸ ਦੀ ਸਭ ਤੋਂ ਵੱਧ ਦਿਲਚਸਪ ਕ੍ਰਿਤ ਹੈ ਪਰ ਇਸ ਦੀ ਕ੍ਰਿਤ ਐਜਿਸਟੋ ਜਿਹੜੀ ਕਿ 1646 ਵਿਚ ਪੈਰਿਸ ਵਿਚ ਪੇਸ਼ ਕੀਤੀ ਗਈ ਸੀ, ਕਰਕੇ ਫ਼ਰਾਂਸੀਸੀ ਅਤੇ ਇਟਲੀ ਦੀਆਂ ਸੰਗੀਤ ਸ਼ੈਲੀਆਂ ਵਿਚ ਟਾਕਰਾ ਸ਼ੁਰੂ ਹੋ ਗਿਆ। ਨਾਟਕੀ ਸੰਗੀਤਕਾਰ ਵਜੋਂ ਕਾਵਾਲੀ ਦਾ ਦਰਜਾ ਜੇ. ਬੀ. ਲੂਲੀ ਦੇ ਬਰਾਬਰ ਆਉਂਦਾ ਹੈ। ਇਸ ਦਾ ਸੰਗੀਤ ਨਿੱਕੇ ਤਾਰ ਵਾਲੇ ਆਰਕੈਸਟਰਾ ਲਈ ਬਣਾਇਆ ਗਿਆ ਹੈ ਅਤੇ ਇਸ ਦੇ ਓਪੇਰਿਆਂ ਲਈ ਕੋਈ ਬਹੁਤੀ ਟ੍ਰੇਂਡ ਗੀਤ-ਮੰਡਲੀ ਦੀ ਲੋੜ ਨਹੀਂ ਹੁੰਦੀ।

ਹ. ਪੁ.—ਐਨ. ਬ੍ਰਿ. 5 : 110

**ਕਾਵਾਲੀਨੀ, ਪੀਐਟਰੋ** : ਰੋਮਨ ਇਸ ਦੇ ਚਿੱਤਰਕਾਰ ਦਾ ਜਨਮ 1250 ਦੇ ਲਗਭਗ ਹੋਇਆ। ਇਹ ਚੀਮਾਬੂਏ ਅਤੇ ਜੋਟੋ ਸਮੇਤ ਇਟਲੀ ਦੀ ਚਿੱਤਰਕਾਰੀ ਦੇ ਮੋਢੀਆਂ ਵਿਚੋਂ ਇਕ ਸੀ। ਇਸ ਦੀਆਂ ਬਹੁਤ ਸਾਰੀਆਂ ਕਲਾ-ਕ੍ਰਿਤਾਂ ਤਬਾਹ ਹੋ ਚੁੱਕੀਆਂ ਹਨ ਪਰ ਲੋਰੈਂਜ਼ੋ ਗੀਬੈਟਰੀ ਦੀ ਪੁਸਤਕ 'ਕੋਮੈਂਟਰੀਜ਼' ਵਿਚ ਦਿੱਤੇ ਵਿਸਥਾਰਾਂ ਤੋਂ ਇਸ ਦੀਆਂ ਸਰਗਰਮੀਆਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਨੇ ਰੋਮ ਅਤੇ ਨੇਪਲਜ਼ ਵਿਚ ਬਹੁਤ ਕੰਮ ਕੀਤਾ ਸੀ। ਕਵਾਲੀਨੀ ਦੀ ਮਗਰਲੀ ਸ਼ੈਲੀ ਇਸ ਦੇ ਨੇਪਲਜ਼ ਵਿਖੇ 'ਸਟੇ ਮਾਰੀਆ ਡੋਨਾ ਰੈਗੀਨਾ' ਵਿਚ ਬਣੇ ਕੰਧ-ਚਿੱਤਰਾਂ ਤੋਂ ਵੇਖੀ ਜਾ ਸਕਦੀ ਹੈ। ਆਸਸੀਜ਼ੀ ਵਿਖੇ ਸੇਂਟ ਫਰਾਂਸੈਸਕੋ ਦੇ ਗਿਰਜੇ ਦੇ ਵਿਚਕਾਰਲੇ ਭਾਗ ਦੀਆਂ ਦੀਵਾਰਾਂ ਉੱਤੇ ਕੀਤੀ ਸਜਾਵਟ ਤੋਂ ਕਾਵਾਲੀਨੀ ਦੇ ਪ੍ਰਭਾਵ ਸਪੱਸ਼ਟ ਵਿਖਾਈ ਦਿੰਦੇ ਹਨ।

ਸੰਨ 1330 ਦੇ ਲਗਭਗ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 110

**ਕਾਵੀਟੇ** : ਪ੍ਰਾਂਤ—ਫ਼ਿਲਪੀਨ ਦੇ ਦੱਖਣੀ ਲੂਜ਼ੋਨ ਨਾਮੀ ਦੀਪ ਦਾ ਇਕ ਪ੍ਰਾਂਤ ਹੈ। ਇਸ ਦਾ ਕੁੱਲ ਖੇਤਰਫਲ 1,288 ਵ. ਕਿ. ਮੀ. ਅਤੇ ਆਬਾਦੀ 520,000 (1970) ਹੈ। ਇਹ ਪ੍ਰਾਂਤ ਖਾੜੀ ਮਨੀਲਾ ਦੇ ਨਾਲ ਨਾਲ ਉੱਤਰੀ-ਪੱਛਮੀ ਦਿਸ਼ਾ ਵਿਚ ਮਨੀਲਾ ਦੇ ਦੱਖਣ ਵਿਚ ਫੈਲਿਆ ਹੋਇਆ ਹੈ। ਇਸ ਵਿਚ ਕੋਰੇਗੀਡੋਰ ਦੀਪ ਵੀ ਸ਼ਾਮਲ ਹੈ। ਇਸ ਦੇ ਉੱਤਰ ਪੂਰਬ ਵੱਲ ਰਿਜ਼ਾਲ, ਪੂਰਬ ਵਿਚ ਲਾਗੂਨਾ ਤੇ ਦੱਖਣ ਵਿਚ ਬਾਲਾਨਗਾ ਪ੍ਰਾਂਤ ਸ਼ਾਮਲ ਹਨ। ਮਨੀਲਾ ਦੇ ਨੇੜੇ ਹੋਣ ਕਰਕੇ ਇਹ ਤੱਟੀ ਨਿਵਾਸੀਆਂ ਲਈ ਜ਼ਰਾਇਤੀ ਮੰਡੀ (ਚੌਲ, ਮੱਛੀ, ਫ਼ਲ, ਸਬਜ਼ੀਆਂ ਤੇ ਫੁੱਲ ਆਦਿ) ਨਾਲ ਸਬੰਧਤ ਕੰਮ ਪ੍ਰਦਾਨ ਕਰਦਾ ਹੈ। ਕਾਫ਼ੀ ਸਮੇਂ ਤਕ ਇਹ ਸ਼ਹਿਰ ਸਪੇਨੀਆਂ ਵਿਰੁੱਧ ਕ੍ਰਾਂਤੀਕਾਰੀ ਕੇਂਦਰ ਰਿਹਾ। ਕਾਵੀਟੇ ਸ਼ਹਿਰ ਤੋਂ ਇਲਾਵਾ ਟਰੀਸ ਮਾਰਟਾਇਰਜ਼ ਅਤੇ ਟਾਗੀਟੀ ਇਸ ਦੇ ਹੋਰ ਮੁੱਖ ਸ਼ਹਿਰ ਹਨ।

ਹ. ਪੁ.—ਐਨ. ਬ੍ਰਿ. ਮਾ. 2 : 659

**ਕਾਵੀਏ** : ਸ਼ਹਿਰ—ਫ਼ਿਲਪੀਨ ਦੇ ਦੱਖਣੀ ਲੂਜ਼ਾਨ ਨਾਮੀ ਦੀਪ ਦੇ ਇਸੇ ਹੀ ਨਾਂ ਦੇ ਪ੍ਰਾਂਤ ਦਾ ਇਕ ਸ਼ਹਿਰ ਹੈ ਜੋ ਖਾੜੀ ਮਨੀਲਾ ਵਿਚ ਇਕ ਪਠਾਰ ਤੇ ਵਸਿਆ ਹੋਇਆ ਹੈ। ਸੰਨ 1940 ਵਿਚ ਇਸ ਨੂੰ ਚਾਰਟਰ ਮਿਲਿਆ ਅਤੇ ਕਾਫ਼ੀ ਚਿਰ ਤੀਕ ਇਹ ਸ਼ਹਿਰ ਪ੍ਰਾਂਤਿਕ ਰਾਜਧਾਨੀ ਰਿਹਾ। ਹੁਣ ਇਸ ਸ਼ਹਿਰ ਵਿਚ ਆਵਾਜਾਈ ਦੇ ਸਾਧਨਾਂ ਦਾ ਸਾਜ਼ੋ-ਸਾਮਾਨ ਬਣਾਇਆ ਜਾਂਦਾ ਹੈ। ਇਹ ਫ਼ਿਲਪੀਨ ਅਤੇ ਅਮਰੀਕਾ ਦਾ ਸਮੁੰਦਰੀ ਅਤੇ ਹਵਾਈ ਅੱਡਾ ਹੈ।

ਆਬਾਦੀ—75,739 (1970)

14° 15′ ਉ. ਵਿਥ.; 120° 50′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 659

**ਕਾਵੂਰ, ਕੈਮੀਲੋ ਬੈਨਸੋ** : ਸਾਵਾਏ ਖ਼ਾਨਦਾਨ ਅਧੀਨ ਇਟਲੀ ਨੂੰ ਇਕ ਮੁੱਠ ਕਰਨ ਵਾਲੇ ਇਸ ਨਾਮਵਰ ਨੀਤੀਵਾਨ ਅਤੇ ਰਾਜ ਦੇ ਪਹਿਲੇ ਪ੍ਰਧਾਨ-ਮੰਤਰੀ ਦਾ ਜਨਮ 10 ਅਗਸਤ, 1810 ਨੂੰ ਟਿਊਰਿਨ

ਵਿਖੇ ਹੋਇਆ । ਸੰਨ 1824 ਵਿਚ ਇਹ ਪੀਡਮਾਂਟ-ਸਾਰਡੀਨੀਆ ਦੇ ਹੋਣ ਵਾਲੇ ਬਾਦਸ਼ਾਹ ਚਾਰਲਸ ਅਲਬਰਟ ਦਾ ਟਹਿਲਕਾਰ ਬਣ ਗਿਆ ਪਰ ਪਿਛੋਂ ਇਸ ਨੂੰ ਨੌਕਰੀ ਤੋਂ ਬਰਖਾਸਤ ਕਰ ਦਿਤਾ ਗਿਆ। ਸੰਨ 1830 ਵਿਚ ਇਸ ਨੂੰ ਫ਼ੌਜੀ ਇੰਜੀਨੀਅਰ ਵਜੋਂ ਜੇਨੋਆ ਭੇਜਿਆ ਗਿਆ ਅਤੇ ਇਥੇ ਇਸ ਦਾ ਸੰਪਰਕ ਸੁਧਾਰਵਾਦੀਆਂ ਨਾਲ ਹੋ ਗਿਆ। ਇੰਗਲੈਂਡ ਅਤੇ ਫਰਾਂਸ ਦੇ ਦੌਰੇ ਤੋਂ ਬਾਅਦ ਇਹ ਸੰਨ 1835 ਵਿਚ ਆਪਣੇ ਦੇਸ਼ ਪਰਤਿਆ ਅਤੇ ਇਥੇ ਇਸ ਨੇ ਕਈ ਕਾਰੋਬਾਰ ਸ਼ੁਰੂ ਕੀਤੇ ਜਿਸ ਦੇ ਨਤੀਜੇ ਵਜੋਂ ਇਹ ਇਕ ਸਿਰਕੱਢ ਕਿਸਾਨ, ਪ੍ਰਬੀਨ ਸ਼ਾਹੂਕਾਰ ਅਤੇ ਗਤੀਸ਼ੀਲ ਉਦਯੋਗਪਤੀ ਬਣ ਗਿਆ। ਸੰਨ 1848 ਵਿਚ ਇਹ ਤੀਜੇ ਵਿਧਾਨ ਮੰਡਲ ਦਾ ਡਿਪਟੀ ਚੁਣ ਲਿਆ ਗਿਆ ਅਤੇ ਫੌਜੀ ਅਤੇ ਵਿੱਤੀ ਮਹੱਤਤਾ ਵਾਲੇ ਪ੍ਰਸ਼ਨਾਂ ਸਬੰਧੀ ਹੋਏ ਵਾਦ-ਵਿਵਾਦਾਂ ਵਿਚ ਆਪਣਾ ਨਾਂ ਪੈਦਾ ਕੀਤਾ। ਦੋ ਸਾਲ ਪਿਛੋਂ ਇਸ ਨੂੰ ਖੇਤੀਬਾੜੀ ਦੇ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ। ਛੇਤੀ ਹੀ ਇਹ ਮੰਤਰੀ-ਮੰਡਲ ਦਾ ਇਕ ਦਬਦਬੇ ਵਾਲਾ ਮੈਂਬਰ ਬਣ ਗਿਆ। ਅਖੀਰ ਸੰਨ 1852 ਵਿਚ ਇਟਲੀ ਦੇ ਨਵੇਂ ਬਾਦਸ਼ਾਹ ਵਿਕਟਰ ਈਮੈਨੂਅਲ ਦੂਜੇ ਨੇ ਸਰਕਾਰ ਦੀ ਵਾਗ ਡੋਰ ਕਾਵੂਰ ਦੇ ਹੱਥ ਫੜਾ ਦਿਤੀ। ਕਾਵੂਰ ਨੇ ਪੀਡਮਾਂਟ ਵਿਚ ਆਧੁਨਿਕੀਕਰਨ ਅਤੇ ਉਦਯੋਗੀਕਰਨ ਲਿਆ ਕੇ ਇਸ ਨੂੰ ਬਾਕੀ ਦੇ ਇਟਲੀ ਲਈ ਇਕ ਨਮੂਨਾ ਬਣਾ ਦਿਤਾ। ਕਾਂਗਰਸ ਆਫ਼ ਪੈਰਿਸ (1856) ਦੀਆਂ ਸ਼ਾਂਤੀ ਸਬੰਧੀ ਹੋਈਆਂ ਵਾਰਤਾਵਾਂ ਵਿਚ ਇਸ ਨੇ ਅੰਤਰ-ਰਾਸ਼ਟਰੀ ਨਾਮਣਾ ਖਟਿਆ ਅਤੇ ਇਟਲੀ ਨੂੰ ਆਸਟ੍ਰੀਆ ਦੇ ਹੱਥਾਂ ਵਿਚੋਂ ਆਜ਼ਾਦ ਕਰਵਾਉਣ ਲਈ ਫਰਾਂਸੀਸੀ ਸਹਾਇਤਾ ਪ੍ਰਾਪਤ ਕੀਤੀ। ਕਾਵੂਰ ਨੇ ਕੇਂਦਰੀ ਇਤਾਲਵੀ ਡੱਚੀਆਂ ਨੂੰ ਪੀਡਮਾਂਟ ਵਿਚ ਸ਼ਾਮਲ ਕਰਨ ਲਈ ਪੂਰੀ ਲਗਨ ਨਾਲ ਕੰਮ ਕੀਤਾ ਅਤੇ ਸੰਨ 1860 ਵਿਚ ਸਾਵਾਏ ਅਤੇ ਨੀਸ ਨੂੰ ਫਰਾਂਸ ਵਿਚ ਸ਼ਾਮਲ ਕਰਕੇ ਇਹ ਆਪਣੇ ਨਿਸ਼ਾਨੇ ਤੇ ਪਹੁੰਚ ਗਿਆ। ਗੈਰਿਬਾਲਡੀ ਨੂੰ, ਸਿਸਲੀ ਤੇ ਹਮਲਾ ਕਰਨ ਅਤੇ ਉਥੋਂ ਅਤੇ ਦੱਖਣ ਵਿਚੋਂ ਬਾਰਬਨ ਰਾਜ ਵੰਸ਼ ਦੀ ਹਕੂਮਤ ਖਤਮ ਕਰਨ ਲਈ ਭੜਕਾਇਆ ਗਿਆ। ਕਾਵੂਰ ਨੇ ਇਟਲੀ ਨੂੰ ਇਕ ਸੰਗਠਤ ਰਾਜ ਦਾ ਰੂਪ ਦੇਣ ਲਈ ਇਸ ਮੌਕੇ ਤੋਂ ਫਾਇਦਾ ਲਿਆ। ਸੰਨ 1861 ਵਿਚ ਇਸ ਨੇ ਇਕ ਆਜ਼ਾਦ ਰਾਜ ਵਿਚ ਇਕ ਆਜ਼ਾਦ ਗਿਰਜਾ ਨੀਤੀ ਨੂੰ ਵਿਕਸਤ ਕਰਨ ਦਾ ਉਪਰਾਲਾ ਕੀਤਾ।

ਇਸ ਦੀ ਮੌਤ 6 ਜੂਨ, 1861 ਨੂੰ ਇਟਲੀ ਵਿਚ ਹੀ ਹੋਈ।

ਹ. ਪੁ.—ਐਨ. ਬ੍ਰਿ. ਮਾ. 2 : 659

**ਕਾਵੇਰੀ** : ਦੱਖਣੀ ਭਾਰਤ ਦਾ ਇਹ ਦਰਿਆ ਪੱਛਮੀ ਘਾਟ ਦੇ ਕੁਰੁਗ ਖੇਤਰ ਦੀ ਬ੍ਰਹਮਗਿਰੀ ਨਾਂ ਦੀ ਇਕ ਸੁੰਦਰ ਪਹਾੜੀ ਤੇ ਸਥਿਤ ਤਲਾਅ-ਕਾਵੇਰੀ ਵਿਚੋਂ ਨਿਕਲਦਾ ਹੈ। ਇਸ ਦੀ ਕੁੱਲ ਲੰਬਾਈ 840 ਕਿ. ਮੀ. ਦੇ ਲਗਭਗ ਅਤੇ ਨਿਕਾਸ ਖੇਤਰ 70,000 ਵ. ਕਿ. ਮੀ. ਦੇ ਲਗਭਗ ਹੈ। ਇਹ ਕੁਰੁਗ, ਕੋਇੰਬੋਟੂਰ ਅਤੇ ਤ੍ਰਿਚਨਾਪਲੀ ਵਿਚ ਵਹਿੰਦਾ ਹੋਇਆ ਅਖੀਰ ਵਿਚ ਡੈਲਟਾ ਬਣਾ ਕੇ ਖਾੜੀ ਬੰਗਾਲ ਵਿਚ ਜਾ ਡਿਗਦਾ ਹੈ। ਇਹ ਇਲਾਕੇ ਲਈ ਕ੍ਰਿਸ਼ਨ ਰਾਜਾ ਸਾਗਰ ਝੀਲ ਰਾਹੀਂ ਸਿੰਜਾਈ ਦੀਆਂ ਅਤੇ ਸ਼ਿਵਸਮੁੰਦਰਮ ਬਿਜਲੀ-ਘਰ ਰਾਹੀਂ ਬਿਜਲੀ ਦੀਆਂ ਸਹੂਲਤਾਂ ਦਿੰਦਾ ਹੈ। ਇਸ ਦਰਿਆ ਨੂੰ ਪੂਜਣ ਵਾਲੇ ਇਸ ਨੂੰ 'ਦੱਖਣੀ ਗੰਗਾ' ਆਖਦੇ ਹਨ ਅਤੇ ਇਹ ਵੀ ਮੰਨਦੇ ਹਨ ਕਿ ਇਸ ਦਾ ਸਾਰਾ ਰਾਹ ਪਵਿੱਤਰ ਧਰਤੀ ਹੈ। ਇਸ ਦਰਿਆ ਦੇ ਆਰੰਭ ਬਾਰੇ ਅਗਨਾਮਾਂ ਅਤੇ ਸਕੰਦ ਪੁਰਾਣਾਂ ਵਿਚ ਇਕ ਮਿਥਿਹਾਸ ਹੈ ਜਿਸ ਅਨੁਸਾਰ ਪ੍ਰਿਥਵੀ ਉਤੇ ਬ੍ਰਹਮਾ ਦੀ ਇਕ ਪੁੱਤਰੀ ਆਈ ਜਿਸ ਦਾ ਨਾਂ ਬਿਸ਼ਨੂੰ ਮਾਇਆ ਸੀ। ਉਸ ਦੇ ਪਿਤਾ ਨੇ ਆਪਣੀ ਪੁੱਤਰੀ ਇਕ ਨਾਸ਼ਵਾਨ ਵਿਅਕਤੀ ਕਾਵੇਰ ਮੁਨੀ ਦੇ ਨਾਂ ਲਾ ਦਿੱਤੀ। ਇਸ ਨੂੰ ਮਾਇਆ ਨੇ ਆਪਣੇ ਗੋਦ ਲੇਵਾ ਪਿਤਾ ਦੇ ਸਬੰਧ ਨੂੰ ਪਾਕ ਬਣਾਉਣ ਲਈ ਆਪਣੇ ਆਪ ਨੂੰ ਇਕ ਦਰਿਆ ਵਿਚ ਬਦਲ ਜਾਣ ਦਾ ਇਰਾਦਾ ਕਰ ਲਿਆ ਜਿਸ ਦੇ ਪਾਣੀ ਨਾਲ ਹਰ ਇਕ ਅਪਵਿੱਤਰ ਚੀਜ਼ ਪਵਿੱਤਰ ਬਣ ਸਕਦੀ ਸੀ। ਇਸ ਖਿਆਲ ਨਾਲ ਉਹ ਇਕ ਦਰਿਆ ਬਣ ਗਈ ਜਿਸ ਦਾ ਨਾਂ ਉਸਦੇ ਪਿਤਾ ਦੇ ਨਾਂ ਤੇ ਹੀ ਰੱਖਿਆ ਗਿਆ। ਹੁਣ ਵੀ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੰਗਾ ਸਾਲ ਵਿਚ ਇਕ ਵੇਰ ਆਪਣੇ ਪਾਣੀ ਨੂੰ, ਜਿਸ ਨੂੰ ਪਾਪੀ ਅਤੇ ਗੁਨਾਹਗਾਰ ਲੋਕਾਂ ਨੇ ਨਹਾ ਕੇ ਪਲੀਤ ਕੀਤਾ ਹੁੰਦਾ ਹੈ, ਮੁੜ ਪਵਿੱਤਰ ਕਰਨ ਲਈ ਧਰਤੀ ਦੇ ਹੇਠਾਂ ਦੀ ਕਾਵੇਰੀ ਸੋਮੇ ਤੇ ਆਉਂਦੀ ਹੈ।

ਇਸ ਦਰਿਆ ਦਾ ਜ਼ਿਕਰ ਰਾਮਾਇਣ, ਮਹਾਂਭਾਰਤ, ਕਾਲਿਕਾ ਪੁਰਾਣ, ਕਵੀਦਰਸ, ਕਾਲੀਦਾਸ ਦੇ ਰਘੂਵੰਸ਼, ਪਦਮਪੁਰਾਣ ਅਤੇ ਬ੍ਰਹਤ ਸਾਹਿਤ ਵਿਚ ਕੀਤਾ ਗਿਆ ਹੈ। ਮੈਸੂਰ (ਕਰਨਾਟਕ) ਵਿਚ ਇਸ ਦੀਆਂ ਉੱਤਰੀ ਸਹਾਇਕ ਨਦੀਆਂ ਹੇਮਾਵਤੀ, ਲੋਕਪਵਨ ਸ਼ਿਮੁਸ਼ਾ ਅਤੇ ਅਰਕਵਤੀ ਦੱਖਣੀ ਲਕਸ਼ਮਣ-ਤੀਰਥਾ, ਕੱਬਾਨੀ ਅਤੇ ਸਵਰਨਵਤੀ ਹਨ। ਤਾਮਿਲਨਾਡੂ ਵਿਚ ਭਵਾਨੀ ਨੌਬੀਲ ਅਤੇ ਅਮਰਾਵਤੀ ਇਸ ਦੀਆਂ ਸਹਾਇਕ ਨਦੀਆਂ ਹਨ।

ਇਸ ਦਰਿਆ ਨੂੰ ਰਸਤੇ ਵਿਚ ਬਹੁਤ ਸਾਰੇ ਬੰਨ੍ਹ ਰੁਕਾਵਟ ਪਾਉਂਦੇ ਹਨ। ਇਸ ਨੂੰ ਪਣ-ਬਿਜਲੀ ਅਤੇ ਸਿੰਜਾਈ ਲਈ ਕਾਫ਼ੀ ਵਰਤਿਆ ਜਾਂਦਾ ਹੈ।

**12° 25′ ਉ. ਵਿਥ.; 75° 34′ ਪੂ. ਲੰਬ.**

ਹ. ਪੁ.—ਇੰਪ. ਗ. ਇੰਡ. 9 : 303

**ਕੱਵੈਂਟਰੀ** : ਇੰਗਲੈਂਡ ਵਿਚ ਇਹ ਵੈਸਟ ਮਿਡੱਲੈਂਡਜ਼ ਮੈਟਰੋਪਾਲਿਟਨ ਕਾਊਂਟੀ ਦਾ ਇਕ ਸ਼ਹਿਰ ਅਤੇ ਬਰੋ ਹੈ ਜੋ 1974 ਤੋਂ ਪਹਿਲਾਂ ਵਾਰਵਿਕਸ਼ਿਰ ਦਾ ਸ਼ਹਿਰ ਹੁੰਦਾ ਸੀ। ਸੰਨ 1043 ਵਿਚ ਮਰਸ਼ੀਆ ਦੇ ਅਰਲ ਲੀਓਫ੍ਰਿਕ ਅਤੇ ਉਸਦੀ ਪਤਨੀ ਗੋਡਾਈਵਾ ਨੇ ਇਥੇ ਇਕ ਬੈਨਡਿਕਟਾਈ ਆਸ਼ਰਮ ਖੋਲ੍ਹਿਆ ਸੀ। ਲੇਡੀ ਗੋਡਾਈਵਾ ਇਸ ਲਈ ਪ੍ਰਸਿੱਧ ਹੈ ਕਿ ਉਹ ਇਸ ਸ਼ਹਿਰ ਵਿਚੋਂ ਚਿੱਟੇ ਘੋੜੇ ਉਤੇ ਨੰਗੀ ਹੋ ਕੇ ਲੰਘੀ ਸੀ। ਪਹਿਲੇ ਚਾਰਟਰ ਨੇ ਸਭ ਤੋਂ ਪਹਿਲਾਂ 1182 ਵਿਚ ਸ਼ਾਹੀ ਪੁਸ਼ਟੀ ਪ੍ਰਾਪਤ ਕੀਤੀ ਸੀ। ਸਭ ਤੋਂ ਪਹਿਲਾਂ ਇਥੇ ਕੱਚੀ ਉੱਨ ਦਾ ਵਪਾਰ ਹੁੰਦਾ ਸੀ। 13ਵੀਂ ਸਦੀ ਦੇ ਅੰਤ ਵਿਚ ਇਥੇ ਕੱਪੜਾ ਬੁਣਨਾ ਸ਼ੁਰੂ ਹੋ ਗਿਆ ਅਤੇ 1400 ਤੋਂ ਪਹਿਲਾਂ ਹੀ ਇਹ ਮਿੱਡਲੈਂਡ ਦੀ ਕੱਪੜਾ ਸੱਨਅਤ ਦਾ ਕੇਂਦਰ ਬਣ ਗਿਆ। 17ਵੀਂ ਸਦੀ ਦੇ ਅੰਤ ਤਕ ਕੱਪੜੇ ਦਾ ਵਪਾਰ ਖਤਮ ਹੋਣ ਲੱਗ ਪਿਆ ਅਤੇ ਇਸ ਦੀ ਜਗ੍ਹਾ ਰਿਬਨ, ਘੜੀਆਂ ਅਤੇ ਕਲਾਕ ਬਣਨੇ ਸ਼ੁਰੂ ਹੋਏ। 19ਵੀਂ ਸਦੀ ਤਕ ਇਹ ਆਰਥਿਕ ਸਹਾਰਾ ਬਣਿਆ ਰਿਹਾ। ਸੰਨ 1868 ਵਿਚ ਸਾਈਕਲਾਂ ਦੇ ਨਿਰਮਾਣ ਨਾਲ ਸੱਨਅਤੀ ਯੁਗ ਸ਼ੁਰੂ ਹੋ ਗਿਆ ਅਤੇ 1896 ਵਿਚ ਇਥੇ ਕਾਰਾਂ ਬਣਨੀਆਂ ਸ਼ੁਰੂ ਹੋ ਗਈਆਂ। 1940 ਵਿਚ ਰੇਔਨ ਕਤਣਾ ਅਤੇ ਬਾਅਦ ਵਿਚ ਟੈਲੀਫੂਨ ਅਤੇ ਹੋਰ ਬਿਜਲੀ ਦਾ ਸਾਮਾਨ ਤਿਆਰ ਹੋਣਾ ਸ਼ੁਰੂ ਹੋ ਗਿਆ। ਅੱਜਕਲ੍ਹ ਕੱਵੈਂਟਰੀ ਦੀਆਂ ਮੁੱਖ ਸੱਨਅਤਾਂ ਵਿਚ ਮੋਟਰ ਗੱਡੀਆਂ, ਜ਼ਰਾਇਤੀ ਤੇ ਹੋਰ ਮਸ਼ੀਨਰੀ, ਮਿਜ਼ਾਈਲਾਂ, ਏਅਰਕਰਾਫਟ ਅਤੇ ਸੰਚਾਰ ਸਬੰਧੀ ਸਾਜ਼ੋ-ਸਾਮਾਨ ਆਦਿ ਦਾ ਨਿਰਮਾਣ ਸ਼ਾਮਲ ਹੈ। ਨਵੰਬਰ, 1940 ਤੋਂ ਅਪਰੈਲ, 1941 ਤਕ ਦੇ ਜਰਮਨੀ ਹਵਾਈ ਹਮਲਿਆਂ ਨੇ ਸ਼ਹਿਰ ਦੀ ਬੜੀ ਤਬਾਹੀ ਕੀਤੀ। ਇਸ ਬੰਬਾਰੀ ਵਿਚ ਤਬਾਹ ਹੋਣ ਵਾਲੇ ਪ੍ਰਸਿੱਧ ਤੇ ਵਧੀਆ ਚਰਚਾਂ ਵਿਚ 14ਵੀਂ ਸਦੀ ਦਾ ਬਣਿਆ ਸੇਂਟ ਮਾਈਕਲ ਦਾ ਕੈਥਡਰਲ, ਸਲੀਬਨੁਮਾ ਹੋਲੀ ਟ੍ਰਿਨਟੀ ਚਰਚ ਅਤੇ ਕ੍ਰਾਈਸਟ ਚਰਚ ਸ਼ਾਮਲ ਹਨ। 16ਵੀਂ ਸਦੀ ਦਾ ਅੱਧਾ ਲੱਕੜ ਦਾ ਬਣਿਆ ਬੋਰਡ ਹਸਪਤਾਲ ਦਾ ਵੀ ਨੁਕਸਾਨ ਹੋਇਆ ਸੀ ਪਰ ਬਾਅਦ ਵਿਚ ਇਸ ਦੀ ਮੁਰੰਮਤ ਕਰ ਦਿਤੀ ਗਈ। ਹੋਰ ਬਚੀਆਂ ਇਮਾਰਤਾਂ ਵਿਚ ਸੇਂਟ ਜਾਨ ਦਾ ਚਰਚ ਅਤੇ ਸੇਂਟ ਮੈਰੀ ਦਾ ਹਾਲ

ਸ਼ਾਮਲ ਹਨ । ਇਹ ਸ਼ਹਿਰ ਆਪਣੇ ਪਾਰਕਾਂ, ਖੁੱਲ੍ਹੀਆਂ ਥਾਵਾਂ ਅਤੇ ਕਾਰਖਾਨਿਆਂ ਕਾਰਨ ਬਹੁਤ ਪ੍ਰਸਿੱਧ ਹੈ ।

ਆਬਾਦੀ—314,124 (1981)

52° 25′ ਉ. ਵਿਥ.; 1° 30′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 204; ਐਨ. ਅਮੈ. 8 : 131

**ਕਾਵੈਨਯਾਕ :** ਇਹ ਇਕ ਫਰਾਂਸੀਸੀ ਖ਼ਾਨਦਾਨ ਸੀ ਜਿਹੜਾ ਇਨਕਲਾਬ ਤੋਂ ਮਗਰਲੀ ਸਦੀ ਵਿਚ ਬਹੁਤ ਪ੍ਰਸਿੱਧ ਰਿਹਾ । ਸੰਨ 1789 ਤੋਂ ਪਹਿਲਾਂ ਬਪਿਤਸੇ ਕਾਵੈਨਯਾਕ (ਸੰਨ 1762-1829) ਟੂਲੂਜ਼ ਵਿਚ ਇਕ ਵਕੀਲ ਹੁੰਦਾ ਸੀ ਪਰ ਪਿੱਛੋਂ ਇਹ ਆਪਣੇ ਲਾਟ ਨਾਮੀ ਡਿਪਾਰਟਮੈਂਟ ਦੀ ਕਨਵੈਨਸ਼ਨ ਦਾ ਮੈਂਬਰ ਬਣ ਗਿਆ ਸੀ । ਆਮ ਸੁਰੱਖਿਆ ਕਮੇਟੀ ਦੇ ਮੈਂਬਰ ਦੀ ਹੈਸੀਅਤ ਵਿਚ ਕਨਵੈਨਸ਼ਨ ਨੇ ਇਸ ਨੂੰ ਵੈਂਡੀਅਨ ਵਿਦਰੋਹ ਵਿਰੁੱਧ ਲੜ ਰਹੀ ਪੱਛਮੀ ਫ਼ੌਜ ਵਲ ਭੇਜ ਦਿਤਾ ਸੀ । ਲੂਈ ਸੋਲ੍ਹਵੇਂ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਦਾ ਸਮਰਥਨ ਕਰਨ ਕਾਰਨ ਰੈਸਟੋਰੇਸ਼ਨ ਵੇਲੇ ਇਸ ਨੂੰ ਜਲਾਵਤਨ ਕਰ ਦਿਤਾ ਗਿਆ ਅਤੇ ਇਸੇ ਸਮੇਂ ਦੌਰਾਨ ਹੀ ਇਸ ਦੀ ਬ੍ਰੱਸਲਜ਼ ਵਿਚ ਮੌਤ ਹੋ ਗਈ । ਜਹਾਕ ਮੇਰੀ ਕਾਵੈਨਯਾਕ (1733-1855) ਇਸ ਦਾ ਛੋਟਾ ਭਰਾ ਸੀ ਜਿਸ ਨੇ ਨੈਪੋਲੀਅਨ ਦੇ ਰੂਸ ਉਪਰਲੇ ਹਮਲੇ (1812) ਸਮੇਂ ਯਾਰਵੀਂ ਕੋਰ ਦੇ ਰਸਾਲੇ ਦੇ ਕਮਾਂਡਰ ਵਜੋਂ, ਰੈਸਟੋਰੇਸ਼ਨ ਅਤੇ ਜੁਲਾਈ ਰਾਜਤੰਤਰ ਅਧੀਨ ਰਸਾਲੇ ਦੇ ਜਨਰਲ ਇਨਸਪੈਕਟਰ ਵਜੋਂ ਅਤੇ ਸੰਨ 1839 ਵਿਚ ਪੀਅਰ ਵਜੋਂ ਸੇਵਾ ਕੀਤੀ । ਜੀਨ ਬਪਿਤਸੇ ਦਾ ਵੱਡਾ ਪੁੱਤਰ ਗਾਡਫਰਵਾ ਕਾਵੈਨਯਾਕ (1801-1845) ਰੈਸਟੋਰੇਸ਼ਨ ਅਧੀਨ ਗਣਰਾਜੀ ਖੁਫ਼ੀਆ ਸੋਸਾਇਟੀਆਂ ਦੇ ਸਿਰ ਕੱਢਵੇਂ ਨੇਤਾਵਾਂ ਵਿਚੋਂ ਇਕ ਸੀ ।

ਲੂਈ ਯੂਜੀਨ ਕਾਵੈਨਯਾਕ (1802-1857) ਜੀਨ ਬਪਿਤਸੇ ਦਾ ਸਭ ਤੋਂ ਛੋਟਾ ਪੁੱਤਰ ਅਤੇ ਇਸ ਖ਼ਾਨਦਾਨ ਦਾ ਸਭ ਤੋਂ ਪ੍ਰਸਿੱਧ ਵਿਅਕਤੀ ਸੀ । ਫਰਵਰੀ, 1848 ਦੇ ਇਨਕਲਾਬ ਤੋਂ ਬਾਅਦ ਅਸਥਾਈ ਸਰਕਾਰ ਨੇ ਇਸ ਨੂੰ ਅਲਜੀਰੀਆ ਦਾ ਗਵਰਨਰ-ਜਨਰਲ ਨਿਯੁਕਤ ਕਰ ਦਿਤਾ ਸੀ ਅਤੇ ਇਸ ਦੇ ਨਾਲ ਹੀ ਇਸ ਨੂੰ ਯੁੱਧ ਮੰਤਰੀ ਦੇ ਅਹੁਦੇ ਦੀ ਵੀ ਪੇਸ਼ਕਸ਼ ਕੀਤੀ ਸੀ । ਪਹਿਲਾਂ ਇਸ ਨੇ ਇਹ ਅਹੁਦਾ ਠੁਕਰਾ ਦਿਤਾ ਕਿਉਂਕਿ ਸਰਕਾਰ ਨੇ ਇਸ ਨੂੰ ਪੈਰਿਸ ਵਲ ਫ਼ੌਜਾਂ ਨੂੰ ਲੈ ਜਾਣ ਦੀ ਆਗਿਆ ਨਹੀਂ ਦਿਤੀ ਸੀ । ਪਿਛੋਂ ਇਸਨੇ ਇਹ ਅਹੁਦਾ ਪ੍ਰਵਾਨ ਕਰ ਲਿਆ । ਸਰਕਾਰੀ ਦਾਅਵਤਾਂ ਅਤੇ ਹੋਰਨਾਂ ਮੁਜ਼ਾਹਰਿਆਂ ਕਾਰਨ ਫੌਜਾਂ ਨੂੰ ਪੈਰਿਸ ਵਿਚ ਵੜਨ ਦਾ ਬਹਾਨਾ ਮਿਲ ਗਿਆ । ਰਾਸ਼ਟਰੀ ਸਭਾ ਦੁਆਰਾ ਲੂਈ ਬਲਾਨ ਅਤੇ ਅਲਬਰਟ ਨੂੰ ਅਸਥਾਈ ਸਰਕਾਰ ਵਿਚੋਂ ਕੱਢ ਦੇਣ ਉਪਰੰਤ ਕਾਵੈਨਯਾਕ 'ਰੈੱਡਜ਼' ਨੂੰ ਮਲੀਆਮੇਟ ਕਰਨ ਵਿਚ ਕਾਮਯਾਬ ਹੋ ਗਿਆ । 22 ਜੁਲਾਈ, 1848 ਨੂੰ ਰਾਸ਼ਟਰੀ ਵਰਕਸ਼ਾਪਾਂ ਹੋ ਜਾਣ ਕਾਰਨ ਇਥੇ ਵਿਦਰੋਹ ਹੋਇਆ । ਕਾਵੈਨਯਾਕ ਨੇ ਅਸਥਾਈ ਸਰਕਾਰ ਤੋਂ ਅਸਤੀਫ਼ਾ ਲੈ ਲਿਆ ਅਤੇ ਤਾਨਾਸ਼ਾਹੀ ਅਖਤਿਆਰ ਪ੍ਰਾਪਤ ਕਰ ਲਏ । ਫਿਰ ਇਸ ਨੇ ਵਿਦਰੋਹੀਆਂ ਉਤੇ ਜਾ ਹੱਲਾ ਬੋਲਿਆ । ਚਾਰ ਦਿਨ ਦੀ ਲੜਾਈ ਤੋਂ ਬਾਅਦ ਸਾਰੀਆਂ ਸਮਾਜਵਾਦੀ ਲਹਿਰਾਂ ਵਿਰੁੱਧ ਜਵਾਬੀ ਹੱਲੇ ਹੋਣ ਲੱਗ ਪਏ । ਪਰਜਾਤੰਤ੍ਰਿਕ ਅਤੇ ਸਮਾਜਕ ਗਣਰਾਜਾਂ ਸਬੰਧੀ ਬਣੀਆਂ ਆਸਾਂ ਦੀ ਇਹ ਅਖੀਰ ਸੀ । ਸੰਨ 1848 ਵਿਚ ਇਹ ਪ੍ਰੈਜ਼ੀਡੈਂਟ ਦੀ ਚੋਣ ਲੜਿਆ ਪਰ ਹਾਰ ਗਿਆ । ਜਦੋਂ ਲੂਈ ਨੈਪੋਲੀਅਨ ਸ਼ਹਿਨਸ਼ਾਹ ਬਣਿਆ ਤਾਂ ਇਹ ਆਪਣੀ ਪ੍ਰਾਈਵੇਟ ਜ਼ਿੰਦਗੀ ਗੁਜ਼ਾਰਨ ਲੱਗ ਪਿਆ ।

ਹ. ਪੁ.—ਐਨ. ਬ੍ਰਿ. 5 : 108

**ਕਿਉਂਝਰ ਰਿਆਸਤ :** ਇਹ ਉੜੀਸਾ ਦੀਆਂ ਬਾਜ਼ ਗੁਜ਼ਾਰ ਰਿਆਸਤਾਂ ਵਿਚੋਂ ਦੂਜੇ ਨੰਬਰ ਤੇ ਵੱਡੀ ਰਿਆਸਤ ਸੀ ਜਿਸ ਦਾ ਰਕਬਾ 7925 ਵ. ਕਿ. ਮੀ. ਸੀ । ਇਸ ਦੇ ਉੱਤਰ ਵਲ ਸਿੰਘਭੂਮ ਜ਼ਿਲ੍ਹਾ, ਪੂਰਬ ਵਲ ਮਯੂਰਭੰਜ ਰਿਆਸਤ ਦੇ ਬਲਾਸੋਰ ਜ਼ਿਲ੍ਹਾ, ਦੱਖਣ ਵਲ ਜ਼ਿਲ੍ਹਾ ਕਟਕ ਤੇ ਢੇਂਕੇਨਾਲ ਰਿਆਸਤ ਅਤੇ ਪੱਛਮ ਵਲ ਪਾਲ ਲਹਰਾ ਤੇ ਬੋਨਾਈ ਰਿਆਸਤਾਂ ਵਾਕਿਆ ਸਨ । ਕਿਉਂਝਰ ਰਿਆਸਤ ਦੇ ਦੋ ਖੰਡ-ਲੋਅਰ ਕਿਉਂਝਰ ਤੇ ਅੱਪਰ ਕਿਉਂਝਰ ਸਨ । ਲੋਅਰ ਕਿਉਂਝਰ ਵਿਚ ਵਾਦੀਆਂ ਅਤੇ ਨੀਵੇਂ ਮੈਦਾਨ ਸਨ ਜਦੋਂ ਕਿ ਅੱਪਰ ਕਿਉਂਝਰ ਵਿਚ ਪਹਾੜੀ ਇਲਾਕਾ ਸ਼ਾਮਲ ਸੀ ।

ਕਿਉਂਝਰ ਸ਼ੁਰੂ ਵਿਚ ਮਯੂਰਭੰਜ ਰਿਆਸਤ ਦਾ ਇਕ ਹਿੱਸਾ ਸੀ, ਬਾਅਦ ਵਿਚ ਉਥੋਂ ਦੇ ਸਥਾਨਕ ਕਬੀਲਿਆਂ ਨੇ ਇਸ ਰਿਆਸਤ ਨਾਲ ਆਪਣੀ ਵਫ਼ਾਦਾਰੀ ਛੱਡ ਦਿੱਤੀ ਅਤੇ ਰਿਆਸਤ ਦੇ ਰਾਜੇ ਦੇ ਇਕ ਭਰਾ ਨੂੰ ਆਪਣਾ ਰਾਜਾ ਚੁਣ ਲਿਆ । ਇਸ ਸਮੇਂ ਤੋਂ ਲੈ ਕੇ ਅਖੀਰ ਤਕ ਇਸ ਰਿਆਸਤ ਤੇ 36 ਸਰਦਾਰਾਂ ਨੇ ਰਾਜ ਕੀਤਾ । ਸੰਨ 1857 ਵਿਚ ਆਜ਼ਾਦੀ ਦੀ ਪਹਿਲੀ ਲੜਾਈ ਸਮੇਂ ਇਥੋਂ ਦੇ ਰਾਜੇ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਜਿਸ ਕਰਕੇ ਇਸ ਨੂੰ ਮਹਾਰਾਜੇ ਦਾ ਖਿਤਾਬ ਦਿਤਾ ਗਿਆ ਅਤੇ ਖਰਾਜ ਘਟਾ ਦਿਤਾ । ਸੰਨ 1861 ਵਿਚ ਮਹਾਰਾਜੇ ਦੀ ਮੌਤ ਹੋ ਗਈ ਜਿਸ ਉਪਰੰਤ ਸਰਕਾਰ ਨੇ ਇਸਦੇ ਪੁੱਤਰ ਨੂੰ ਗੱਦੀ ਤੇ ਬਿਠਾ ਦਿਤਾ ਪਰ ਗੱਦੀ ਲਈ ਝਗੜਾ ਛਿੜ ਪਿਆ ਜੋ ਅੰਗਰੇਜ਼ੀ ਫ਼ੌਜਾਂ ਦੀ ਮਦਦ ਨਾਲ ਦਬਾਇਆ ਗਿਆ । ਸੰਨ 1891 ਵਿਚ ਪਹਾੜੀ ਕਬੀਲਿਆਂ ਨੇ ਫਿਰ ਬਗ਼ਾਵਤ ਕਰ ਦਿੱਤੀ ਪਰ ਬਾਅਦ ਵਿਚ ਅੰਗਰੇਜ਼ੀ ਫ਼ੌਜਾਂ ਨੇ ਦਬਾਅ ਦਿੱਤੀ । ਇਸ ਰਿਆਸਤ ਵਿਚ ਇਕ ਸ਼ਹਿਰ ਕਿਉਂਝਰ ਅਤੇ 1,937 ਪਿੰਡ ਸਨ ਜਿਨ੍ਹਾਂ ਵਿਚੋਂ ਮੁੱਖ ਪਿੰਡ ਅਨੰਦਪੁਰ ਸੀ ਜੋ ਬੈਟਾਰਨੀ ਦਰਿਆ ਤੇ ਵਾਕਿਆ ਹੈ । ਰਿਆਸਤ ਵਿਚ ਆਵਾਜਾਈ ਲਈ ਪੱਕੀਆਂ ਸੜਕਾਂ ਸਨ । ਰਿਆਸਤ ਵਿਚ ਤਿੰਨ ਡਿਸਪੈਂਸਰੀਆਂ, ਦੋ ਮਿਡਲ, 7 ਪ੍ਰਾਇਮਰੀ ਅਤੇ 84 ਲੋਅਰ ਪ੍ਰਾਇਮਰੀ ਸਕੂਲ ਵਾਕਿਆ ਸਨ ।

ਹ. ਪੁ.—ਇੰਪ. ਗ. ਇੰਡ. 15 : 202

**ਕਿਉਂਝਰ** : ਜ਼ਿਲ੍ਹਾ—ਉੜੀਸਾ ਰਾਜ (ਭਾਰਤ) ਦਾ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵਿਚ ਸਿੰਘਭੂਮ ਜ਼ਿਲ੍ਹਾ (ਬਿਹਾਰ ਰਾਜ) ਦੱਖਣ ਵਿਚ ਕਟਕ ਅਤੇ ਢੇਂਕਨਾਲ ਜ਼ਿਲ੍ਹੇ, ਪੱਛਮ ਵਿਚ ਸੰਭਲਪੁਰ ਜ਼ਿਲ੍ਹਾ ਅਤੇ ਉੱਤਰ-ਪੂਰਬ ਵਿਚ ਮਯੂਰਭੰਜ ਜ਼ਿਲ੍ਹਾ ਹੈ । ਜ਼ਿਲ੍ਹੇ ਦਾ ਕੁੱਲ ਰਕਬਾ 8303 ਵ. ਕਿ. ਮੀ. ਅਤੇ ਆਬਾਦੀ 1,109,746 (1981) ਹੈ । ਇਹ ਜ਼ਿਲ੍ਹਾ ਦੋ ਕੁਦਰਤੀ ਖੰਡਾਂ ਦੱਖਣੀ ਉਪਜਾਊ ਮੈਦਾਨ ਅਤੇ ਉੱਤਰੀ ਪਰਬਤੀ ਖੇਤਰ ਵਿਚਕਾਰ ਵੰਡਿਆ ਹੋਇਆ ਹੈ । ਬੈਤਰਨੀ ਦਰਿਆ ਇਸ ਜ਼ਿਲ੍ਹੇ ਨੂੰ ਸਿੰਜਦਾ ਹੈ । ਜ਼ਿਲ੍ਹੇ ਦਾ ਕਾਫ਼ੀ ਸਾਰਾ ਰਕਬਾ ਵਾਹੀ ਅਧੀਨ ਹੈ । ਚਾਉਲ ਜ਼ਿਲ੍ਹੇ ਦੀ ਮੁੱਖ ਫਸਲ ਹੈ । ਜੰਗਲਾਂ ਤੋਂ ਇਮਾਰਤੀ ਲੱਕੜੀ, ਬਾਂਸ ਅਤੇ ਲਾਖ ਮਿਲਦੀ ਹੈ । ਜ਼ਿਲ੍ਹੇ ਦੀਆਂ ਉੱਤਰੀ ਪਹਾੜੀਆਂ ਵਿਚ ਲੋਹੇ ਦੀ ਕੱਚੀ ਧਾਤ ਅਤੇ ਹੋਰ ਖਣਿਜੀ ਪਦਾਰਥਾਂ ਦੇ ਵੱਡੇ ਵੱਡੇ ਨਿਖੇਪ ਮਿਲਦੇ ਹਨ । ਆਜ਼ਾਦੀ ਤੋਂ ਪਹਿਲਾਂ ਕਿਉਂਝਰ ਇਕ ਰਿਆਸਤ ਹੁੰਦਾ ਸੀ । ਸੰਨ 1948 ਵਿਚ ਇਸ ਨੂੰ ਆਧੁਨਿਕ ਰਾਜ ਵਿਚ ਸ਼ਾਮਲ ਕਰ ਲਿਆ ਗਿਆ ।

ਹ. ਪੁ.—ਇੰਪ. ਗ. ਇੰਡ. 15 : 203

**ਕਿਉਂਝਰ** : ਸ਼ਹਿਰ—ਇਹ ਉੜੀਸਾ ਰਾਜ (ਭਾਰਤ) ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰਮੁਕਾਮ ਹੈ । ਜ਼ਰਾਇਤੀ ਅਤੇ ਜੰਗਲੀ ਉਪਜ ਦਾ ਇਕ ਵਪਾਰਕ ਕੇਂਦਰ ਹੈ । ਹੱਥ-ਖੱਡੀ ਨਾਲ ਬੁਣਨਾ ਇਥੋਂ ਦਾ ਮਹੱਤਵਪੂਰਨ ਘਰੇਲੂ ਉਦਯੋਗ ਹੈ । ਇਥੇ ਰਾਜੇ ਦਾ ਇਕ ਪੁਰਾਣਾ ਮਹੱਲ ਅਤੇ ਕਿਉਂਝਰ ਨਾਂ ਦਾ ਇਕ ਕਾਲਜ ਹੈ ।

ਆਬਾਦੀ—955,274 (1971)

21° 38′ ਉ. ਵਿਥ.; 85° 36′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 764; ਇੰਪ. ਗ. ਇੰਡ. 15 : 203

**ਕਿਉਂਥਲ :** ਇਹ ਸ਼ਿਮਲੇ ਦੀਆਂ ਸਾਬਕਾ ਪਹਾੜੀ ਰਿਆਸਤਾਂ ਵਿਚੋਂ ਇਕ ਰਿਆਸਤ ਸੀ ਜਿਸਦਾ ਰਕਬਾ ਲਗਭਗ 300 ਵ. ਕਿ. ਮੀ. ਸੀ। ਇਸ ਵਿਚ 22 ਪਿੰਡ ਸਨ। ਇਸ ਰਿਆਸਤ ਦੀਆਂ ਮੁੱਖ ਉਪਜਾਂ ਅਨਾਜ ਤੇ ਅਫੀਮ ਸਨ। ਗੋਰਖਾ ਲੜਾਈ ਵਿਚ ਇਸ ਦੇ ਇਕ ਹਿੱਸੇ ਤੇ ਗੋਰਖਿਆਂ ਦਾ ਕਬਜ਼ਾ ਹੋ ਗਿਆ ਸੀ ਜਿਸ ਨੂੰ ਉਨ੍ਹਾਂ ਨੇ ਮਹਾਰਾਜਾ ਪਟਿਆਲਾ ਪਾਸ ਵੇਚ ਦਿਤਾ। ਇਸੇ ਕਰਕੇ ਕਿਉਂਥਲ ਦੇ ਰਾਜਾ ਨੇ ਬਾਕੀ ਰਿਆਸਤ ਦਾ ਕਰ ਵੀ ਨਹੀਂ ਭਰਿਆ ਸੀ। ਰਾਤੇਸ਼ ਵੀ ਕਿਉਂਥਲ ਦੀ ਇਕ ਜਾਗੀਰ ਸੀ।

ਹ. ਪੁ.—ਇੰਪ. ਗ. ਇੰਡ. 15 : 203

**ਕਿਉੜਾ :** ਇਹ ਪੈਂਡੇਨੇਸੀ ਕੁਲ ਦਾ ਇਕਦਲੀ ਵਰਗ ਦਾ ਪੌਦਾ ਹੈ। ਭਾਰਤ ਵਿਚ ਪੈਂਡੇਨਸ ਪ੍ਰਜਾਤੀ ਦੀਆਂ ਸੱਤ ਜਾਤੀਆਂ ਮਿਲਦੀਆਂ ਹਨ। ਇਹ ਹਿੰਦ ਮਹਾ ਸਾਗਰ ਦੇ ਤੱਟ ਵਰਤੀ ਦੇਸ਼ਾਂ ਅਤੇ ਸ਼ਾਂਤ ਮਹਾਸਾਗਰ ਦੇ ਟਾਪੂਆਂ ਵਿਚ ਮਿਲਦਾ ਹੈ। ਸੰਨ 1605 ਵਿਚ ਕ੍ਰਿਸਟੋਫਰ ਆਕੋਸਟਾ ਨੇ ਲਿਖਿਆ ਹੈ ਕਿ ਪੈਂਡੇਨਸ ਔਡੋਰੇਟਿਸਮਸ ਦੱਖਣੀ ਭਾਰਤ ਵਿਚ ਕਾਫ਼ੀ ਮਾਤਰਾ ਵਿਚ ਮਿਲਦਾ ਹੈ। ਦੱਖਣੀ ਭਾਰਤ ਦੇ ਤੱਟ ਵਰਤੀ ਹਿੱਸਿਆਂ ਵਿਚ ਕਿਉੜਾ ਪ੍ਰਾਕਿਰਤਕ ਰੂਪ ਵਿਚ ਉਗਦਾ ਹੈ। ਫੁੱਲਾਂ ਦੀ ਤੇਜ਼ ਗੰਧ ਦੇ ਕਾਰਨ ਇਹ ਬਾਗ਼ਾਂ ਵਿਚ ਵੀ ਲਗਾਇਆ ਜਾਂਦਾ ਹੈ।

ਕਿਉੜੇ ਦਾ ਰੁੱਖ 5-7 ਮੀ. ਉੱਚਾ ਹੁੰਦਾ ਹੈ ਅਤੇ ਰੇਤਲੀ ਮਿੱਟੀ ਅਤੇ ਨਮੀ ਵਾਲੀਆਂ ਥਾਵਾਂ ਤੇ ਕਾਫ਼ੀ ਫੈਲਦਾ ਹੈ। ਇਸ ਦਾ ਮੁੱਖ ਤਣਾ ਜਲਦੀ ਹੀ ਸ਼ਾਖਾਵਾਂ ਵਿਚ ਵੰਡਿਆ ਜਾਂਦਾ ਹੈ ਅਤੇ ਹਰ ਸ਼ਾਖ਼ਾ ਦੇ ਉਪਰਲੇ ਭਾਗ ਤੋਂ ਪੱਤੀਆਂ ਦਾ ਗੁੱਛਾ ਨਿਕਲਦਾ ਹੈ। ਇਸ ਦੀਆਂ ਪੱਤੀਆਂ ਲੰਬੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਸਿਰੇ ਕੰਡੇ ਵਾਲੇ ਹੁੰਦੇ ਹਨ। ਇਹ ਪੱਤੀਆਂ ਤਣੇ ਉਪਰ ਤਿੰਨ ਕਤਾਰਾਂ ਵਿਚ ਲਗੀਆਂ ਹੁੰਦੀਆਂ ਹਨ। ਜ਼ਮੀਨ ਤੋਂ ਕੁਝ ਉਪਰ ਵਾਲੇ ਤਣੇ ਤੋਂ ਬਹੁਤ ਸਾਰੀਆਂ ਹਵਾਈ ਜੜ੍ਹਾਂ ਨਿਕਲਦੀਆਂ ਹਨ ਅਤੇ ਕਦੀ-ਕਦੀ ਜਦ ਤਣੇ ਦਾ ਨੀਵਾਂ ਹਿੱਸਾ ਮਰ ਜਾਂਦਾ ਹੈ ਤਾਂ ਪੌਦੇ ਕੇਵਲ ਇਨ੍ਹਾਂ ਹਵਾਈ ਜੜ੍ਹਾਂ ਦੇ ਸਹਾਰੇ ਜ਼ਮੀਨ ਤੇ ਜੰਮੇ ਰਹਿੰਦੇ ਹਨ। ਇਨ੍ਹਾਂ ਦੇ ਪੁਸ਼ਪ-ਗੁੱਛਿਆਂ ਵਿਚਲੇ ਨਰ ਜਾਂ ਮਾਦਾ ਫੁੱਲ ਮੋਟੀ ਗੁੱਦੇਦਾਰ ਧੁਰੀ ਤੇ ਲਗੇ ਹੁੰਦੇ ਹਨ। ਨਰ ਪੁਸ਼ਪ ਗੁੱਛਿਆਂ ਵਿਚ ਤੇਜ਼ ਮਹਿਕ ਹੁੰਦੀ ਹੈ। ਮਾਦਾ ਪੁਸ਼ਪ ਗੁੱਛਿਆਂ ਵਿਚ ਜਦ ਫ਼ਲ ਲਗਦੇ ਹਨ ਅਤੇ ਪੱਕ ਜਾਂਦੇ ਹਨ ਤਾਂ ਉਹ ਗੋਲਾਕਾਰ ਨਾਰੰਗੀ ਰੰਗ ਦੇ ਅਨਾਨਾਸ ਦੇ ਫ਼ਲ ਵਾਂਗ ਦਿਖਾਈ ਦਿੰਦੇ ਹਨ। ਕਿਉੜੇ ਦੇ ਇਹ ਫ਼ਲ ਸਮੁੰਦਰ ਦੀਆਂ ਲਹਿਰਾਂ ਦੁਆਰਾ ਦੂਰ ਦੇਸ਼ਾਂ ਤਕ ਪਹੁੰਚ ਜਾਂਦੇ ਹਨ ਅਤੇ ਇਹੀ ਕਾਰਨ ਹੈ ਕਿ ਕਿਉੜਾ ਸਮੁੰਦਰ ਦੇ ਤੱਟ ਵਰਤੀ ਸਥਾਨਾਂ ਵਿਚ ਜ਼ਿਆਦਾ ਉਪਲੱਬਧ ਹੁੰਦਾ ਹੈ।

ਨਰ ਪੁਸ਼ਪ ਗੁੱਛਿਆਂ ਤੋਂ ਕਿਉੜਾ-ਜਲ ਅਤੇ ਅਤਰ ਬਣਾਏ ਜਾਂਦੇ ਹਨ। ਪੱਤਿਆਂ ਦੇ ਰੇਸ਼ੇ ਰੱਸੀਆਂ ਆਦਿ ਬਣਾਉਣ ਦੇ ਕੰਮ ਆਉਂਦੇ ਹਨ। ਜੜ੍ਹਾਂ ਤੋਂ ਟੋਕਰੀਆਂ ਅਤੇ ਬੁਰਸ਼ ਬਣਾਏ ਜਾਂਦੇ ਹਨ।

ਹ. ਪੁ.—ਹਿੰ. ਵਿ. ਕੋ. 3 : 159

**ਕਿਊ ਕਲੱਕਸ ਕਲੈਨ :** ਸਿਵਿਲ ਜੰਗ ਤੋਂ ਮਗਰੋਂ ਪੁਨਰ ਨਿਰਮਾਣ ਦੌਰਾਨ, ਉਸ ਸਮੇਂ ਫੈਲੇ ਭ੍ਰਿਸ਼ਟਾਚਾਰ ਅਤੇ ਹੋਰ ਤਿਰਸਕਾਰਾਂ ਨੂੰ ਰੋਕਣ ਲਈ ਇਹ ਇਕ ਬਹੁਤ ਪ੍ਰਸਿੱਧ ਅਮਰੀਕਨ ਗੁਪਤ ਸੰਸਥਾ ਸੀ, ਜਿਹੜੀ ਕਿ ਦੱਖਣ ਵਿਚ ਫੈਲੀ ਹੋਈ ਸੀ। ਸੰਨ 1865 ਅਤੇ 1866 ਵਿਚ ਮਿਲਣ ਵਾਲੇ ਛੋਟੇ ਗਰੁੱਪਾਂ ਵਿਚੋਂ ਇਕ ਸ਼ਰੋਮਣੀ ਸੰਸਥਾ ਬਣਾਈ ਗਈ ਜਿਸ ਦਾ ਨਾਂ ਕਿਊ ਕਲੱਕਸ ਕਲੈਨ ਰਖਿਆ ਗਿਆ। ਇਹ ਨਾਂ ਯੂਨਾਨੀ ਸ਼ਬਦ 'kuklos' (ਜਿਸ ਦਾ ਮਤਲਬ ਚੱਕਰ ਜਾਂ ਸਰਕਲ ਹੈ) ਤੋਂ ਲਿਆ ਗਿਆ ਅਤੇ ਇਸ ਨਾਲ 'Klan' ਸ਼ਬਦ ਅਨੁਪ੍ਰਾਸੀ ਪ੍ਰਭਾਵ ਕਾਰਨ ਜੋੜਿਆ ਗਿਆ। ਹਬਸ਼ੀਆਂ ਨੂੰ ਅਨੋਖੇ ਰੀਤੀ ਰਿਵਾਜਾਂ ਨਾਲ ਡਰਾਉਣ ਵਾਲੇ ਅਤੇ ਇਸ ਦੇ ਉਲਟ ਬਣੇ ਭਿੰਨ-ਭਿੰਨ ਨਿਯਮਾਂ ਦੀ ਉਲੰਘਣਾ ਕਰਨ ਵਾਲੇ 'ਕਾਰਪਟ ਬੈਗ ਨਿਯਮ' ਨੂੰ ਖ਼ਤਮ ਕਰਨ ਲਈ ਇਸ ਕਲੈਨ ਨੇ ਅਹਿਮ ਰੋਲ ਅਦਾ ਕੀਤਾ। ਕਲੈਨ ਨੇ ਕੁਝ ਸਾਲ ਖ਼ਾਸ ਕਰਕੇ ਟੈਨੇੱਸੀ ਵਿਚ ਕਾਫ਼ੀ ਜ਼ੋਰਦਾਰ ਹਕੂਮਤ ਕੀਤੀ। ਇਸ ਦੇ ਅਹੁਦੇਦਾਰਾਂ ਦੁਆਰਾ ਕੀਤੇ ਅਤਿਆਚਾਰਾਂ ਅਤੇ ਧਮਕੀਆਂ ਨੂੰ ਸਾਬਤ ਕਰਨਾ ਮੁਸ਼ਕਲ ਸੀ। ਹੌਲੀ ਹੌਲੀ ਕਲੈਨ ਖ਼ਤਮ ਹੋਣਾ ਸ਼ੁਰੂ ਹੋ ਗਿਆ ਅਤੇ 1870 ਤਕ ਇਸ ਦੀ ਹੋਂਦ ਮਿਟ ਗਈ।

ਅਕਤੂਬਰ, 1916 ਵਿਚ ਵਿਲੀਅਮ ਜੇ. ਸਾਈਮਨਜ਼ ਨੇ ਇਕ ਨਵੀਂ ਸ਼੍ਰੇਣੀ 'ਦੀ ਨਾਈਟਸ ਆਫ਼ ਦੀ ਕਿਊ ਕਲੱਕਸ ਕਲੈਨ' ਚਲਾਈ। ਇਸ ਨੇ ਆਪਣੇ ਨਾਲੋਂ ਚੰਗਾ ਰਾਜ-ਪ੍ਰਬੰਧ ਚਲਾਉਣ ਵਾਲੇ ਸਾਥੀਆਂ ਦੀ ਯੋਗਤਾ ਨਾਲ ਕਲੈਨ ਦੇ ਕਈ ਹਜ਼ਾਰ ਮੈਂਬਰ ਬਣਾ ਲਏ, ਪ੍ਰੰਤੂ ਸਾਰੀ ਅਮਰੀਕਾ ਵਿਚ ਇਸ ਦੇ ਢੰਗਾਂ ਦੀ ਬਹੁਤ ਜ਼ਿਆਦਾ ਆਲੋਚਨਾ ਕੀਤੀ ਗਈ। ਕੇਵਲ ਅਮਰੀਕਨ ਵਾਸੀਆਂ ਦੇ ਅਧਿਕਾਰਾਂ ਦੀ ਅਗਵਾਈ ਕਰਨ ਵਾਲਾ ਇਹ ਨਵਾਂ ਕਲੈਨ ਰੋਮਨ ਕੈਥੋਲਿਕ ਮਤ ਅਤੇ ਯਹੂਦੀਆਂ ਦੇ ਬਹੁਤ ਉਲਟ ਸੀ। ਸੰਨ 1924 ਦੇ ਨੇੜੇ ਤੇੜੇ ਸਾਈਮਨਜ਼ ਦਾ ਪ੍ਰਭਾਵ ਬਹੁਤ ਘਟ ਗਿਆ ਅਤੇ ਅੰਤ ਵਿਚ ਬੇਦਖ਼ਲ ਕਰ ਦਿਤਾ ਗਿਆ।

ਸੰਨ 1945 ਵਿਚ ਜਾਰਜੀਆ ਵਿਚ ਇਕ ਨਵੇਂ 'ਗਰੈਂਡ ਡਰੈਗਨ' ਡਾਕਟਰ ਸੈਮੂਅੱਲ ਦੀ ਅਗਵਾਈ ਹੇਠ ਕਲੈਨ ਫਿਰ ਸ਼ੁਰੂ ਹੋ ਗਿਆ, ਪ੍ਰੰਤੂ ਜੂਨ, 1946 ਵਿਚ ਜਾਰਜੀਆ ਦੇ ਗਵਰਨਰ ਨੇ ਆਪਣੇ ਮਹਾਂ-ਨਿਆਂ ਅਧਿਕਾਰੀ ਨੂੰ ਹੁਕਮ ਕੀਤਾ ਕਿ ਕਲੈਨ ਨੂੰ ਰੋਕਿਆ ਜਾਵੇ। ਸੰਨ 1950 ਦੇ ਦਹਾਕੇ ਵਿਚ ਇਸ ਨੂੰ ਉਦੋਂ ਮੁੜ ਚਾਲੂ ਕੀਤਾ ਗਿਆ ਜਦੋਂ ਅਮਰੀਕਾ ਵਿਚ ਵਿੱਦਿਆ ਸਬੰਧੀ ਅੱਡਰਾਪਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਕਈ ਰਾਜਾਂ ਵਿਚ ਇਹ ਮੁਹਿੰਮ ਬਹੁਤ ਤੇਜ਼ ਸੀ ਅਤੇ ਕਈ ਜਗ੍ਹਾ ਅਤਿਆਚਾਰ ਦੀਆਂ ਖ਼ਬਰਾਂ ਵੀ ਮਿਲੀਆਂ ਸਨ। ਕੁਝ ਸਮੇਂ ਬਾਅਦ ਇਸ ਦਾ ਪ੍ਰਭਾਵ ਘਟ ਗਿਆ ਅਤੇ ਉੱਤਰੀ ਕੈਲਿਫੋਰਨੀਆ ਵਿਖੇ ਮਾਕਸਟਨ ਵਿਚ 1958 ਵਿਚ ਇੰਡੀਅਨਾਂ ਦੁਆਰਾ ਇਸ ਦੀ ਇਕ ਮੀਟਿੰਗ ਮਗਰੋਂ ਗਰੈਂਡ ਵਿਜ਼ਾਰਡਾ, ਜੇ. ਡਬਲਯੂ. ਕੋਲ ਦੀ ਵਿਘਨ ਪਾਉਣ ਕਾਰਨ ਕੀਤੀ ਗਰਿਫ਼ਤਾਰੀ ਨੇ ਇਸ ਨੂੰ ਇਕ ਮਜ਼ਾਕ ਵਿਚ ਬਦਲ ਦਿਤਾ। ਸੰਨ 1959 ਵਿਚ ਛੋਟੇ ਛੋਟੇ ਗਰੁੱਪ ਬਣਨੇ ਸ਼ੁਰੂ ਹੋ ਗਏ।

ਹ. ਪੁ.—ਚੈਂਬ. ਐਨ. 8 : 278

**ਕਿਊ-ਕਿਆਂਗ** (Chiu-Chiang) : ਇਹ ਚੀਨ ਵਿਚ ਕਿਆਂਗਸੀ ਪ੍ਰਾਂਤ ਦੀ ਇਕ ਸੰਧੀ ਬੰਦਰਗਾਹ ਹੈ ਜੋ ਯੰਗਸੀ ਦਰਿਆ ਉਤੇ ਵਿਚਕਾਰ ਜਿਹੇ ਵਾਕਿਆ ਹੈ। ਸੰਨ 1956 ਤਕ ਇਹ ਇਕ ਮਿਊਂਸਪਲਟੀ ਸੀ। ਕਿਆਂਗਸੀ ਪ੍ਰਾਂਤ ਦੀਆਂ ਉਪਜਾਂ ਇਸ ਬੰਦਰਗਾਹ ਤੋਂ ਬਾਹਰ ਭੇਜੀਆਂ ਜਾਂਦੀਆਂ ਹਨ। ਇਥੋਂ ਕਿਆਂਗਸੀ ਚਾਵਲ, ਤੰਬਾਕੂ, ਰੂੰ ਤੇ ਟਾਟ ਆਦਿ ਬਾਹਰ ਭੇਜੇ ਜਾਂਦੇ ਹਨ ਅਤੇ ਰਵਾਇਤੀ ਤੌਰ ਤੇ ਇਥੇ ਚੀਨੀ ਦੇ ਬਰਤਨ ਆਦਿ ਜਹਾਜ਼ਾਂ ਵਿਚ ਲੱਦੇ ਜਾਂਦੇ ਹਨ। ਸੰਨ 1952 ਤੋਂ ਬਾਅਦ ਚੀਨੀ ਕਮਿਊਨਿਸਟਾਂ ਨੇ ਇਸ ਬੰਦਰਗਾਹ ਨੂੰ ਕੱਚਾ ਲੋਹਾ ਇਕੱਠਾ ਕਰਨ ਅਤੇ ਜਹਾਜ਼ਰਾਨੀ ਲਈ ਵਰਤਿਆ।

ਇਸ ਬੰਦਰਗਾਹ ਦੇ ਪਿਛਲੇ ਪਾਸੇ ਕਿਊਂ-ਕੰਗ ਸ਼ਾਨ ਲੜੀ ਹੈ ਜਿਸ ਵਿਚ ਚਾਹ ਬਹੁਤ ਉਗਾਈ ਜਾਂਦੀ ਹੈ। ਇਸ ਤਰ੍ਹਾਂ ਕਿਊ-ਕਿਆਂਗ ਰਵਾਇਤੀ ਤੌਰ ਤੇ ਚਾਹ ਇਕੱਠੀ ਕਰਨ ਦਾ ਕੇਂਦਰ ਹੈ।

ਆਬਾਦੀ—1,20,000 (1970)

29° 44′ ਉ. ਵਿਥ.; 115° 59′ ਪੂ. ਲੰਬ.

ਹ. ਪੁ.—ਐਨ. ਬ੍ਰਿ. 5 : 662

**ਕਿਊਗਾ :** ਇਹ ਉੱਤਰੀ ਅਮਰੀਕੀ ਭਾਰਤੀਆਂ ਦਾ ਇਕ ਕਬੀਲਾ ਹੈ ਜਿਹੜਾ 'ਇਰੋਕਵਾਇਨ' ਬੋਲੀ ਬੋਲਦਾ ਹੈ। ਇਹ

ਇਰੋਕਵਾਏ ਸੰਘ ਦੇ ਪੰਜ ਰਾਸ਼ਟਰਾਂ ਵਿਚੋਂ ਇਕ ਹੈ ਜਿਹੜੇ ਮੂਲ ਰੂਪ ਵਿਚ ਕੇਂਦਰੀ ਨਿਊਯਾਰਕ ਰਾਜ ਵਿਚ ਕਿਊਗਾ ਝੀਲ ਦੇ ਨਾਲ ਲਗਦੇ ਇਲਾਕੇ ਵਿਚ ਰਹਿੰਦੇ ਸਨ । ਸੰਨ 1656 ਵਿਚ ਜਦੋਂ ਫਰਾਂਸ ਦਾ ਜੀਸਸੀ ਫਾਦਰ ਰੇਨੇ ਮੇਨਾਰਡ ਇਥੇ ਆਇਆ ਤਾਂ ਇਹ ਝੀਲ ਦੇ ਪੂਰਬ ਵਲ ਅਤੇ ਸੇਨੇਕਾ ਨਦੀ ਦੇ ਦੱਖਣ ਵਲ ਦਲਦਲ ਤੋਂ ਉਪਰ ਵਾਲੀ ਥਾਂ ਤੇ ਤਿੰਨ ... ਬਿਆਂ ਵਿਚ ਵਸ ਗਏ । ਇਨ੍ਹਾਂ ਦੀ ਗਿਣਤੀ ਲਗਭਗ 1500 ਸੀ ਜਿ... ਵਿਚ 300 ਯੋਧੇ ਅਤੇ ਇਨ੍ਹਾਂ ਦੇ ਲਗਭਗ 100 ਘਰ ਸਨ । ਦ... ਮੁੱਖੀਆਂ ਨੂੰ ਜਿਹੜੇ ਇਨ੍ਹਾਂ ਦੀ ਕੌਂਸਲ ਵਿਚ ਪ੍ਰਤਿ-ਨਿਧਤਾ ਕਰਦੇ ਸਨ, "ਦੀ ਪੀਪਲ ਆਫ ਦੀ ਗ੍ਰੇਟ ਪਾਈਪ" ਦਾ ਨਾਂ ਦਿਤਾ ਗਿਆ ਸੀ ।

ਪ੍ਰਾਚੀਨ ਕਿਊਗਾ ਆਪਣਾ ਗੁਜ਼ਾਰਾ ਮੱਛੀ ਅਤੇ ਸ਼ਿਕਾਰ ਤੇ ਕਰਦੇ ਸਨ । ਸੰਨ 1750 ਵਿਚ ਜਦੋਂ ਇਨ੍ਹਾਂ ਦੇ ਅੰਨ ਦੇ ਭੰਡਾਰ ਖਾਲੀ ਹੋ ਗਏ ਤਾਂ ਇਨ੍ਹਾਂ ਨੇ ਔਨਅਨਡੋਂਗਾ ਤੋਂ ਅੰਨ ਉਧਾਰ ਲੈ ਲਿਆਂ । ਜਦੋਂ ਇਨ੍ਹਾਂ ਦਾ ਔਨਅਨਡੋਂਗਾ ਝੀਲ ਦੇ ਉੱਤਰ ਵਿਚ ਸ਼ਰਨ ਲੈਣ ਦਾ ਇਰਾਦਾ ਹੋਇਆ ਤਾਂ ਇਨ੍ਹਾਂ ਨੇ ਹਿਊਰਨ ਅਤੇ ਇਰੀ ਕੈਦੀਆਂ ਨੂੰ ਯੁੱਧ ਦੇ ਨੁਕਸਾਨ ਬਦਲੇ ਆਪਣੇ ਕਬਜ਼ੇ ਵਿਚ ਲੈ ਲਿਆ ।

ਸੰਨ 1675 ਵਿਚ ਐਨਡਾਸਟੇ ਦੀ ਹਾਰ ਤੋਂ ਪਿਛੋਂ ਇਹ ਜਵਾਰਭਾਟਾ ਵਾਲੇ ਦੇਸ਼ਾਂ ਵਿਚ ਚਲੇ ਗਏ । ਅਮਰੀਕਾ ਦੀ ਕ੍ਰਾਂਤੀ ਸਮੇਂ ਇਨ੍ਹਾਂ ਨੇ ਆਪਣੀਆਂ ਜੰਗੀ ਟੁਕੜੀਆਂ ਨੂੰ ਮੱਛੀ ਢੋਣ ਵਾਲੇ ਜਹਾਜ਼ਾਂ ਦੁਆਰਾ ਨਿਆਗਰਾ ਵਿਚੋਂ ਬਾਹਰ ਕੱਢਿਆ ਸੀ । ਪਿਛੋਂ ਇਨ੍ਹਾਂ ਨੇ ਆਪਣੀ ਨਿਊਯਾਰਕ ਵਾਲੀ ਜ਼ਮੀਨ ਵੇਚ ਦਿਤੀ ਅਤੇ ਕੈਨੇਡਾ ਵਿਚ ਗ੍ਰੈਂਡਰਿਵਰ ਦੇ ਇਲਾਕੇ ਵਿਚ ਚਲੇ ਗਏ । ਇਨ੍ਹਾਂ ਵਿਚ ਲਗਭਗ 200 ਪੱਛਮੀ ਨਿਊਯਾਰਕ ਅਤੇ ਲਗਭਗ 100 ਓਕਲਾਹਾਮਾ ਵਿਚ ਰਹਿੰਦੇ ਹਨ ।

ਹ. ਪ੍ਰ.—ਐਨ. ਬ੍ਰਿ. 5 : 125

**ਕਿਊਬਾ :** ਇਹ ਗ੍ਰੇਟਰ ਐਂਟਿਲੀਜ਼ ਦਾ ਸਭ ਤੋਂ ਵੱਡਾ ਤੇ ਸੰਘਣੀ ਆਬਾਦੀ ਵਾਲਾ ਟਾਪੂ ਅਤੇ ਗਣਰਾਜ ਹੈ । ਇਸ ਦਾ ਖੇਤਰਫਲ ਲਗਭਗ 105,007 ਵ. ਕਿ. ਮੀ. ਹੈ ਅਤੇ ਆਬਾਦੀ 9,710,000 (1981) ਹੈ । ਇਹ ਕਰਕ ਰੇਖਾ ਤੋਂ ਥੋੜ੍ਹਾ ਜਿਹਾ ਦੱਖਣ ਵੱਲ ਵਾਕਿਆ ਹੈ । ਉੱਤਰ ਵੱਲੋਂ ਫਲੋਰਿਡਾ ਸਟ੍ਰੇਟ ਇਸ ਨੂੰ ਫਲੋਰਿਡਾ ਨਾਲੋਂ ਅਤੇ ਪੱਛਮ ਵੱਲੋਂ ਯੁਕਾਟਾਨ ਚੈਨਲ ਇਸ ਨੂੰ ਯੁਕਾਟਾਨ ਨਾਲੋਂ ਵੱਖ ਕਰਦੀ ਹੈ । ਇਸ ਦੇ ਪੂਰਬੀ ਸਿਰੇ ਦੇ ਉੱਤਰ ਵੱਲ ਬਹਾਮਾ ਟਾਪੂ, ਦੱਖਣ ਵੱਲ ਜਮੈਕਾ ਟਾਪੂ ਅਤੇ ਦੱਖਣ ਪੂਰਬ ਵੱਲ ਹੇਤੀ ਟਾਪੂ ਵਾਕਿਆ ਹੈ । ਇਹ ਉੱਤਰ-ਪੱਛਮ ਤੋਂ ਦੱਖਣ-ਪੂਰਬ ਦੀ ਦਿਸ਼ਾ ਵਿਚ ਫੈਲਿਆ ਹੋਇਆ ਹੈ । ਇਸ ਦੀ ਲੰਬਾਈ 1,192 ਕਿ. ਮੀ. ਪਰ ਵੱਧ ਤੋਂ ਵੱਧ ਚੌੜਾਈ 180 ਕਿ. ਮੀ. ਅਤੇ ਤੰਗ ਥਾਵਾਂ ਤੇ ਇਸ ਦੀ ਚੌੜਾਈ ਸਿਰਫ 35 ਕਿ. ਮੀ. ਹੀ ਰਹਿ ਜਾਂਦੀ ਹੈ ।

## ਭੂ-ਆਕ੍ਰਿਤੀ-ਵਿਗਿਆਨ

**ਧਰਾਤਲ**—ਕਿਊਬਾ ਦਾ ਅੱਧ ਨਾਲੋਂ ਜ਼ਿਆਦਾ ਇਲਾਕਾ ਪੱਧਰਾ ਤੇ ਬਾਕੀ ਪਹਾੜੀ ਹੈ । ਕਈ ਦਰਿਆਈ ਘਾਟੀਆਂ ਵੀ ਹਨ । ਸਾਨਤਿਆਗੋ ਦੇ ਕਿਊਬਾ ਗਵਾਨਤਾਨਾਮੋ ਦੇ ਬੇਸਿਨ ਟਾਪੂ ਦੇ ਪੂਰਬੀ ਹਿੱਸੇ ਵਿਚ ਵਾਕਿਆ ਹਨ । ਮੱਧ ਵਿਚਕਾਰ ਇਕ ਵੱਡੀ ਵਾਦੀ ਹੈ ਜੋ ਪੂਰਬ ਤੋਂ ਸ਼ੁਰੂ ਹੋ ਕੇ ਸਮ-ਪ੍ਰਾਇ ਭੂਮੀ ਵਿਚ ਮਿਲ ਜਾਂਦੀ ਹੈ ਅਤੇ ਸਾਰੇ ਟਾਪੂ ਨੂੰ ਪਾਰ ਕਰਦੀ ਹੋਈ ਪੱਛਮ ਤੱਕ ਚਲੀ ਜਾਂਦੀ ਹੈ । ਇਸ ਟਾਪੂ ਦੇ ਪਹਾੜ ਵੱਖ ਵੱਖ ਤਿੰਨ ਗਰੁੱਪਾਂ ਵਿਚ ਵੰਡੇ ਹੋਏ ਹਨ । ਪੱਛਮ ਵਿਚ ਸ਼ਿਐਰਾ ਦੇ ਲਾਸ ਆਰਗਨੌਸ ਹੈ ਜਿਸ ਦੀ ਉੱਚਾਈ 692 ਮੀਟਰ ਤਕ ਹੈ । ਟਾਪੂ ਦੇ ਮੱਧ ਵਿਚ ਟ੍ਰਿਨੀਦਾਦ ਪਹਾੜ ਹਨ ਜੋ ਲਗਭਗ 1,070 ਮੀਟਰ ਤਕ ਉੱਚੇ ਹਨ । ਟਾਪੂ ਦਾ ਪੂਰਬੀ ਹਿੱਸਾ ਸਭ ਨਾਲੋਂ ਜ਼ਿਆਦਾ ਪਹਾੜੀ ਇਲਾਕਾ ਹੈ । ਸਿਐਰਾ ਮਾਏਸਟਰਾ ਇਕ ਸ਼ਾਨਦਾਰ ਪਰਬਤ-ਲੜੀ ਹੈ ਜੋ ਕੈਰਿਬੀਅਨ ਤਟ ਤੋਂ ਇਕ ਦਮ ਉਪਰ ਉਠ ਕੇ ਕੇਪ ਕਰੂਜ਼ ਤੋਂ ਪੂਰਬ ਵੱਲ ਗਵਾਨਟਾਨਾਮੋ ਖਾੜੀ ਤਕ ਫੈਲੀ ਹੋਈ ਹੈ । ਇਸ ਲੜੀ ਵਿਚ ਪੀਕੋ ਟੁਰਕੀਨੋ (1,974 ਮੀਟਰ) ਕਿਊਬਾ ਦੀ ਸਭ ਤੋਂ ਉੱਚੀ ਚੋਟੀ ਹੈ । ਗਵਾਨਟਾਨਾਮੋ ਖਾੜੀ ਦੇ ਪੂਰਬ ਤੇ ਉੱਤਰ ਵੱਲ ਖੁਰਦਰੀਆਂ ਉੱਚ ਭੂਮੀਆਂ ਹਨ ਜੋ 1,220 ਮੀਟਰ ਤਕ ਉੱਚੀਆਂ ਹਨ ਅਤੇ ਕੁਦਰਤੀ ਦ੍ਰਿਸ਼ਾਂ ਲਈ ਮਸ਼ਹੂਰ ਹਨ । ਕੈਰਿਬੀਅਨ ਦੇ ਨਾਲ-ਨਾਲ ਤੱਟ ਮੁਕਾਬਲਨ ਨੀਵਾਂ ਅਤੇ ਦਲਦਲੀ ਹੈ ।



ਕਿਊਬਾ

**ਜਲ-ਪ੍ਰਵਾਹ**—ਕਿਊਬਾ ਵਿਚ 563 ਦਰਿਆ ਹਨ ਜਿਨ੍ਹਾਂ ਵਿਚੋਂ 236 ਉੱਤਰ ਵੱਲ ਨੂੰ ਅਤੇ ਬਾਕੀ ਦੱਖਣ ਵੱਲ ਨੂੰ ਵਗਦੇ ਹਨ । ਇਹ ਆਮ ਕਰਕੇ ਛੋਟੇ ਹਨ ਅਤੇ ਇਨ੍ਹਾਂ ਵਿਚ ਪਾਣੀ ਦੀ ਮਾਤਰਾ ਵੀ ਥੋੜ੍ਹੀ ਹੁੰਦੀ ਹੈ । ਇਨ੍ਹਾਂ ਵਿਚੋਂ 40 ਪ੍ਰਤੀਸ਼ਤ ਇਕੱਲੇ ਓਰੀਐਂਟ ਪ੍ਰਾਂਤ ਵਿਚ ਹੀ ਹਨ ਜਿਨ੍ਹਾਂ ਵਿਚੋਂ ਮੁਖ ਕਾਊਟੋ 368 ਕਿ. ਮੀ. ਲੰਬਾ, ਟਾਪੂ ਦਾ ਸਭ ਤੋਂ ਲੰਬਾ ਦਰਿਆ, ਟੋਆ, ਮਾਯਾਰੀ ਅਤੇ ਗਵਾਨਾਟਾਨਾਮੋ ਹਨ । ਹੋਰ ਮੁੱਖ ਦਰਿਆਵਾਂ ਵਿਚ ਕਾਓਨਾਓ ਸੈਨ ਪੀਡਰੋ ਹਾਈਬਾਨੀਕੋ, ਸਾਗਵਾ, ਲਾ ਗਰਾਂਡ, ਜ਼ਾਜ਼ਾ ਹੋਡੋ ਅਤੇ ਕੂਯਾਗਵਾਟੀਜ਼ੀ ਸ਼ਾਮਲ ਹਨ । ਕਿਊਬਾ ਦੀਆਂ ਝੀਲਾਂ ਛੋਟੀਆਂ ਅਤੇ ਤਾਜ਼ੇ ਪਾਣੀ ਵਾਲੀਆਂ ਹਨ । ਇਨ੍ਹਾਂ ਵਿਚੋਂ ਮੁੱਖ ਮਿਲਕੀ ਲਾਗੂਨ ਜੋ ਤਿੰਨ ਕੁਦਰਤੀ ਚੈਨਲਾਂ ਦੁਆਰਾ ਸਮੁੰਦਰ ਨਾਲ ਜੁੜੀ ਹੋਈ ਹੈ ।

**ਜਲਵਾਯੂ**—ਜਲਵਾਯੂ ਉਪ-ਊਸ਼ਣਖੰਡੀ ਹੈ । ਪੱਛਮ ਨਾਲੋਂ ਪੂਰਬੀ ਹਿੱਸੇ ਵਿਚ ਤਾਪਮਾਨ ਕੁਝ ਜ਼ਿਆਦਾ ਹੁੰਦਾ ਹੈ । ਸਾਲਾਨਾ ਔਸਤਨ ਤਾਪਮਾਨ 25.5° ਸੈਂ. ਹੈ ਜਿਸ ਵਿਚੋਂ ਜਨਵਰੀ ਦਾ ਮਹੀਨਾ

ਸਭ ਤੋਂ ਠੰਢਾ (22.5° ਸੈਂ.) ਅਤੇ ਅਗਸਤ ਸਭ ਤੋਂ ਗਰਮ ਮਹੀਨਾ (27.8° ਸੈ.) ਹੁੰਦਾ ਹੈ। ਕਿਊਬਾ ਵਿਚ ਸਾਲ ਵਿਚ ਦੋ ਮੌਸਮ ਹੁੰਦੇ ਹਨ, ਇਕ ਗਰਮ ਤੇ ਬਰਸਾਤੀ ਜੋ ਮਈ ਤੋਂ ਅਕਤੂਬਰ ਤਕ ਅਤੇ ਦੂਜਾ ਸਰਦ ਤੇ ਖ਼ੁਸ਼ਕ ਜੋ ਨਵੰਬਰ ਤੋਂ ਅਪਰੈਲ ਤਕ ਰਹਿੰਦਾ ਹੈ । ਔਸਤਨ ਸਾਲਾਨਾ ਵਰਖਾ 138 ਸੈਂ. ਮੀ. ਹੁੰਦੀ ਹੈ।

**ਬਨਸਪਤੀ**—ਕਿਊਬਾ ਵਿਚ ਊਸ਼ਣ-ਖੰਡੀ ਬਨਸਪਤੀ ਦੀ ਭਰਮਾਰ ਹੈ ਜਿਸ ਵਿਚ 8,000 ਜਾਤੀਆਂ ਦੇ ਪੌਦੇ ਮਿਲਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਜੰਗਲ ਸਾਫ਼ ਕਰ ਦਿਤੇ ਗਏ ਹਨ ਅਤੇ ਇਨ੍ਹਾਂ ਦੀ ਜਗ੍ਹਾ ਕਮਾਦ, ਕਾਫ਼ੀ ਤੇ ਚਾਵਲਾਂ ਨੇ ਲੈ ਲਈ ਹੈ। ਪਰ ਸਰਕਾਰ ਨੇ ਕੁੱਲ ਖੇਤਰਫਲ ਦੇ 20 ਪ੍ਰਤੀਸ਼ਤ ਵਿਚ ਮੁੜ ਜੰਗਲ ਲਗਾਉਣ ਦੀ ਸਕੀਮ ਬਣਾਈ ਹੈ। ਕਿਊਬਾ ਦੀ ਲੱਕੜ ਬੜੀ ਵਧੀਆ ਕਿਸਮ ਦੀ ਹੁੰਦੀ ਹੈ। ਇਸ ਵਿਚ ਸਭ ਤੋਂ ਜ਼ਿਆਦਾ ਚੀਲ੍ਹ ਹੈ ਜਿਸ ਪਿਛੇ ਕਈ ਇਲਾਕਿਆਂ ਦਾ ਨਾਂ ਵੀ ਰੱਖਿਆ ਗਿਆ ਹੈ । ਮਹਾਗਨੀ ਤੇ ਆਬਨੂਸ ਵੀ ਇਥੋਂ ਦੀ ਬੜੀ ਕੀਮਤੀ ਲੱਕੜ ਹੈ। ਰਾਇਲ ਪਾਮ ਦੀਆਂ 20,000,000 ਉਪ-ਜਾਤੀਆਂ ਹਨ ਅਤੇ ਇਹ 15 ਤੋਂ 23 ਮੀਟਰ ਤਕ ਉੱਚਾ ਚਲਿਆ ਜਾਂਦਾ ਹੈ । ਸਿੰਬਲ ਰੁੱਖ ਵੀ ਇਥੋਂ ਦਾ ਮਹੱਤਵਪੂਰਨ ਦਰੱਖ਼ਤ ਹੈ ਜਿਸ ਪਿਛੇ ਕਈ ਮਿਥਾਂ ਵੀ ਹਨ। ਫਲਦਾਰ ਬਨਸਪਤੀ ਵਿਚ ਨਿੰਬੂ ਜਾਤੀ ਦੇ ਬੂਟੇ, ਅੰਗੂਰ ਤੇ ਕੇਲਾ ਆਦਿ ਵੀ ਪਾਏ ਜਾਂਦੇ ਹਨ । ਤੰਬਾਕੂ ਦਾ ਪੌਦਾ ਇਥੋਂ ਦੀ ਦੇਸੀ ਬਨਸਪਤੀ ਵਿਚੋਂ ਹੈ।

**ਜੀਵ-ਜੰਤੂ**—ਕਿਊਬਾ ਵਿਚ ਭਾਂਤ-ਭਾਂਤ ਦੇ ਜੀਵ-ਜੰਤੂਆਂ ਦੀ ਭਰਮਾਰ ਕਾਰਨ ਇਸ ਨੂੰ 'ਨੈਚਰਾਲਿਸਟਜ਼ ਪੈਰਾਡਾਈਜ਼' ਕਿਹਾ ਜਾਂਦਾ ਹੈ। ਇਥੋਂ 7,000 ਨਾਲੋਂ ਜ਼ਿਆਦਾ ਕੀੜਿਆਂ ਮਕੌੜਿਆਂ ਦੀਆਂ ਜਾਤੀਆਂ ਹਨ ਅਤੇ 4,000 ਭੂਮੀ ਤੇ ਵਿਚਰਣ ਵਾਲੇ ਜਾਨਵਰਾਂ ਦੀਆਂ, ਦਰਿਆਈ ਅਤੇ ਸਮੁੰਦਰੀ ਘੋਗੇ ਸਿੱਪੀਆਂ ਆਦਿ ਦੀਆਂ ਬਹੁਤ ਜਾਤੀਆਂ ਹਨ । ਕਿਊਬਾ ਦੇ ਦੱਖਣੀ ਪੱਛਮੀ ਤੱਟਾਂ ਤੇ ਸਪੰਜ ਬਹੁਤ ਹੁੰਦੀ ਹੈ ਜੋ ਉਦਯੋਗਕ ਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਹੈ। ਮੱਕੜ ਤੇ ਠੂੰਹਾਂ ਆਦਿ ਖ਼ਤਰਨਾਕ ਜੰਤੂ ਵੀ ਇਥੇ ਪਾਏ ਜਾਂਦੇ ਹਨ। 500 ਤੋਂ ਵੱਧ ਜਾਤੀਆਂ ਦੀਆਂ ਮੱਛੀਆਂ ਪਾਈਆਂ ਜਾਂਦੀਆਂ ਹਨ । ਕਿਊਬਾ ਵਿਚ ਸੱਪ ਤਿੰਨੋਂ ਕਿਸਮ ਦਾ ਹੈ ਸਮੁੰਦਰੀ, ਦਰਿਆਈ ਤੇ ਧਰਤੀ ਉਪਰ ਰੀਂਗਣ ਵਾਲਾ। ਇਸ ਤੋਂ ਬਿਨਾਂ ਕਛੂ, ਕੱਛੂ ਕੁੰਮਾ, ਮਗਰ-ਮੱਛ, ਡੱਡੂ ਅਤੇ ਦਰਿਆਈ ਗਾਂ ਆਦਿ ਵੀ ਪਾਏ ਜਾਂਦੇ ਹਨ। ਪ੍ਰਵਾਸੀ ਤੇ ਆਦਿਵਾਸੀ ਪੰਛੀ ਵੀ ਪਾਏ ਜਾਂਦੇ ਹਨ। ਇਨ੍ਹਾਂ ਵਿਚੋਂ ਬੁਲਬੁਲ ਸੱਭ ਤੋਂ ਪ੍ਰਸਿੱਧ ਹੈ।

**ਇਤਿਹਾਸ**—ਕਿਊਬਾ ਸਭ ਤੋਂ ਪਹਿਲਾਂ 28 ਅਕਤੂਬਰ, 1492 ਨੂੰ ਕੋਲੰਬਸ ਨੇ ਲਭਿਆ ਸੀ ਅਤੇ ਉਸ ਨੇ ਇਸ ਨੂੰ ਏਸ਼ੀਆ ਮਹਾਂਦੀਪ ਸਮਝਿਆ ਸੀ। ਸੰਨ 1511 ਵਿਚ ਇਥੇ ਡੀਗੋਵੈਲਸਕੂਈਜ਼ ਆਇਆ ਅਤੇ ਟਾਪੂ ਦੇ ਪੂਰਬੀ ਹਿੱਸੇ ਵਿਚ ਠਹਿਰਿਆ । ਉਸ ਨੇ ਕਿਊਬਾ ਨੂੰ ਸਪੇਨੀ ਰਾਜ ਅਧੀਨ ਲੈ ਆਂਦਾ। ਸੰਨ 1515 ਤੀਕ ਉਸਨੇ ਹਵਾਨਾ ਸਮੇਤ ਸੱਤ ਸ਼ਹਿਰ ਆਬਾਦ ਕੀਤੇ। ਸੰਨ 1762 ਵਿਚ ਹਵਾਨਾ ਉਪਰ ਬਰਤਾਨੀਆ ਦਾ ਕਬਜ਼ਾ ਹੋ ਗਿਆ ਪਰ 1763 ਵਿਚ ਪੈਰਿਸ ਸੰਧੀ ਦੁਆਰਾ ਸਪੇਨ ਨੂੰ ਵਾਪਸ ਕਰ ਦਿਤਾ ਗਿਆ। ਕਿਊਬਾ ਵਿਚ ਗੋਰਿਆਂ ਦੀ ਆਬਾਦੀ 1670 ਤੋਂ ਬਾਅਦ ਵਧੀ। 19ਵੀਂ ਸਦੀ ਦੇ ਪਹਿਲੇ ਅੱਧ ਵਿਚ ਜਦੋਂ ਸਾਂਟੋ ਡੋਮਿੰਗੋ ਦੇ ਸਪੇਨੀ ਹਿੱਸੇ ਤੇ ਫ਼ਰਾਂਸੀਸੀਆਂ ਦਾ ਕਬਜ਼ਾ ਹੋ ਗਿਆ ਤਾਂ ਉਥੋਂ ਲੋਕ ਕਿਊਬਾ ਨੂੰ ਕੂਚ ਕਰ ਗਏ। ਸੰਨ 1812 ਤੋਂ 1814 ਫਿਰ 1820 ਤੋਂ 1823 ਤੱਕ ਜਦੋਂ ਸਪੇਨ ਵਿਚ ਲਿਬਰਲ ਸੰਵਿਧਾਨ ਸੀ ਤਦ ਮੈਡਰਿਡ ਵਿਖੇ ਸਪੇਨੀ ਕਾਰਟੀਜ਼ ਵਿਚ ਕਿਊਬਾ ਨੁਮਾਇੰਦਗੀ ਕਰਦਾ ਸੀ।

ਅਮਰੀਕਨ ਸਿਵਲ ਵਾਰ ਵਿਚ ਨਾਰਦਰਨ ਜਿੱਤ ਅਤੇ ਸੰਯੁਕਤ ਰਾਜ ਵਿਚੋਂ ਗ਼ੁਲਾਮੀ ਦਾ ਸਫਾਇਆ ਕਰਨ ਤੇ ਕਿਊਬਾ ਦੇ ਲੋਕਾਂ ਵਿਚ ਵੀ ਆਜ਼ਾਦੀ ਦਾ ਬੀ ਬੀਜ ਦਿਤਾ। 1868 ਵਿਚ ਇਸ ਬਗ਼ਾਵਤ ਨੇ ਦਸ ਸਾਲਾ ਖ਼ੂਨੀ ਜੰਗ ਆਰੰਭ ਕਰ ਦਿਤੀ ਜਿਹੜੀ ਜ਼ਿਆਦਾ ਕਰਕੇ ਕਿਊਬਾ ਦੇ ਪੂਰਬੀ ਪ੍ਰਾਂਤਾਂ ਵਿਚ ਲੜੀ ਗਈ। ਸੰਯੁਕਤ ਰਾਜ ਅਮਰੀਕਾ ਨੇ ਵੀ ਜਿੰਨੀ ਹੋ ਸਕੀ ਕਿਊਬਾ ਦੀ ਸਹਾਇਤਾ ਕੀਤੀ । ਸੰਨ 1878 ਵਿਚ ਥੋੜ੍ਹਾ ਜਿਹਾ ਅਮਨ ਚੈਨ ਹੋਇਆ ਅਤੇ ਸਪੇਨੀ ਸਰਕਾਰ ਨੇ ਗ਼ੁਲਾਮੀ ਬੰਦ ਕਰਨ ਅਤੇ ਸਿਆਸੀ ਸੁਧਾਰ ਕਰਨ ਦਾ ਵਾਅਦਾ ਕੀਤਾ। ਇਸ ਬਾਅਦ 20 ਸਾਲਾਂ ਲਈ ਸ਼ਾਂਤੀ ਰਹੀ । ਸੰਨ 1886 ਵਿਚ ਸਾਰੇ ਗ਼ੁਲਾਮ ਆਜ਼ਾਦ ਕਰ ਦਿਤੇ ਗਏ ਅਤੇ 1893 ਵਿਚ ਹਬਸ਼ੀਆਂ ਨੂੰ ਗੋਰਿਆਂ ਵਾਲੇ ਹੀ ਸ਼ਹਿਰੀ ਅਧਿਕਾਰ ਦਿਤੇ ਗਏ । ਪਰ ਇਹ ਸਾਰਾ ਕੁਝ ਦੇਸ਼ ਵਾਸੀਆਂ ਅੰਦਰ ਧੁਖ ਰਹੀ ਆਜ਼ਾਦੀ ਦੀ ਅੱਗ ਨੂੰ ਖਤਮ ਨਾ ਕਰ ਸਕਿਆ । ਅਖੀਰ 15 ਜੁਲਾਈ, 1895 ਨੂੰ ਇਹ ਅੱਗ ਭੜਕ ਗਈ ਅਤੇ ਕਿਊਬਾ ਦੇ ਬਾਗ਼ੀ ਟੋਲੇ ਨੇ ਆਜ਼ਾਦ ਗਣਰਾਜ ਦਾ ਐਲਾਨ ਕਰ ਦਿਤਾ। 1896 ਵਿਚ ਗਵਰਨਰ-ਜਨਰਲ ਬਦਲ ਕੇ ਨਵਾਂ ਗਵਰਨਰ-ਜਨਰਲ ਵੇਲਰ ਭੇਜਿਆ ਗਿਆ ਜਿਸ ਨੇ ਉਥੋਂ ਦੇ ਦਿਹਾਤੀ ਲੋਕਾਂ ਨੂੰ ਇੱਜੜਾਂ ਵਾਂਗ ਕੈਂਪਾਂ ਵਿਚ ਇੱਕਠਾ ਕਰ ਦਿਤਾ। ਬਹੁਤ ਸਾਰੇ ਲੋਕ ਭੁੱਖ ਤੇ ਥਕਾਵਟ ਨਾਲ ਹੀ ਮਰ ਗਏ। ਇਸ ਗਵਰਨਰ ਜਨਰਲ ਨੂੰ ਲੋਕ 'ਬੁੱਚੜ ਵੇਲਰ' ਕਹਿੰਦੇ ਸਨ। ਸੰਯੁਕਤ ਰਾਜ ਸਰਕਾਰ ਨੇ ਇਸ ਜਬਰ ਦੀ ਨਿਖੇਧੀ ਕੀਤੀ ਪਰ ਇਸ ਦਾ ਕੋਈ ਅਸਰ ਨਾ ਹੋਇਆ। ਅਖੀਰ ਵੇਲਰ ਨੂੰ ਬਦਲ ਦਿਤਾ ਗਿਆ । ਇਕ ਜਨਵਰੀ 1898 ਵਿਚ ਸਪੇਨੀ ਸਰਕਾਰ ਨੇ ਕਿਊਬਾ ਨੂੰ ਲੈਜਿਸਲੇਚਰ ਸਥਾਪਤ ਕਰਨ ਅਤੇ ਆਪਣਾ ਗਵਰਨਰ-ਜਨਰਲ ਨਿਯੁਕਤ ਕਰਨ ਦੀ ਆਗਿਆ ਦੇ ਦਿਤੀ ਪਰ ਹੋਮ ਰੂਲ ਨਾਮਨਜ਼ੂਰ ਕਰ ਦਿਤਾ ਜਿਸ ਕਾਰਨ ਬਗ਼ਾਵਤ ਸ਼ੁਰੂ ਰਹੀ।

**ਸਪੇਨੀ-ਅਮਰੀਕਨ ਜੰਗ**—15 ਫਰਵਰੀ, 1898 ਨੂੰ ਸੰਯੁਕਤ ਰਾਜ ਅਮਰੀਕਾ ਦਾ ਇਕ ਜੰਗੀ ਸਮੁੰਦਰੀ ਜਹਾਜ਼, ਜੋ ਦੋਸਤਾਨਾ ਤੌਰ ਤੇ ਹਵਾਨਾ ਬੰਦਰਗਾਹ ਵਿਚ ਆਇਆ ਹੋਇਆ ਸੀ, ਸਪੇਨੀਆਂ ਨੇ ਉਡਾ ਦਿਤਾ। ਇਸ ਤੋਂ ਦੋ ਮਹੀਨੇ ਉਪਰੰਤ ਸੰਯੁਕਤ ਰਾਜ ਅਮਰੀਕਾ ਨੇ ਕਿਊਬਾ ਵਿਚ ਫ਼ੌਜ ਭੇਜਣ ਦਾ ਇਕ ਮਤਾ ਪਾਸ ਕਰ ਦਿਤਾ। ਇਸ ਤਰ੍ਹਾਂ ਸਪੇਨੀ-ਅਮਰੀਕਨ ਜੰਗ ਰਿਹਾ ਤਾਂ ਥੋੜ੍ਹਾ ਚਿਰ ਪਰ ਫ਼ੈਸਲਾ-ਕੁਨ ਸੀ। 12 ਅਗਸਤ ਨੂੰ ਸੰਧੀ-ਪੱਧਰ ਤੇ ਦਸਤਖ਼ਤ ਹੋਏ ਜਿਸ ਵਿਚ ਇਹ ਫੈਸਲਾ ਹੋਇਆ ਕਿ ਸਪੇਨੀ ਕਿਊਬਾ ਟਾਪੂ ਖਾਲੀ ਕਰ ਦੇਣ। ਅਮਰੀਕੀ ਫ਼ੌਜਾਂ ਟਾਪੂ ਤੇ ਰਹੀਆਂ ਅਤੇ ਫ਼ੌਜੀ ਸਰਕਾਰ ਕਾਇਮ ਕੀਤੀ ਗਈ। 10 ਦਸੰਬਰ 1898 ਨੂੰ ਪੈਰਿਸ ਸੰਧੀ ਅਨੁਸਾਰ ਸੰਯੁਕਤ ਰਾਜ ਅਮਰੀਕਾ ਨੇ ਇਕ ਟਰੱਸਟੀਸ਼ਿਪ ਕਾਇਮ ਕੀਤਾ ਜੋ ਲਗਭਗ 20 ਸਾਲ ਰਿਹਾ।

**ਅਮਰੀਕੀ ਕਬਜ਼ਾ**—ਅਮਰੀਕਾ ਦੇ ਇਸ ਫ਼ੌਜੀ ਕਬਜ਼ੇ ਦੌਰਾਨ ਇਥੋਂ ਦੇ ਲੋਕਾਂ ਨੂੰ ਖਾਣਾ ਮੁਹਈਆ ਕੀਤਾ ਗਿਆ, ਸੜਕਾਂ ਤੇ ਤਬਾਹ ਹੋਈਆਂ ਪਬਲਿਕ ਇਮਾਰਤਾਂ ਦੀ ਮੁਰੰਮਤ ਕੀਤੀ ਗਈ, ਬਿਮਾਰੀਆਂ ਤੇ ਕਾਬੂ ਪਾਉਣ ਲਈ ਜਲ-ਨਿਕਾਸੀ ਦੀਆਂ ਸਹੂਲਤਾਂ ਦਾ ਇੰਤਜ਼ਾਮ ਕੀਤਾ ਗਿਆ ਅਤੇ ਲੋਕਾਂ ਨੂੰ ਸਵੈ-ਸਰਕਾਰ ਬਣਾਉਣ ਵਿਚ ਮਦਦ ਦਿਤੀ। ਸਭ ਤੋਂ ਵੱਧੀਆ ਕੰਮ ਇਹ ਸੀ ਕਿ ਖ਼ਤਰਨਾਕ ਪੀਲੇ ਬੁਖ਼ਾਰ ਤੇ ਕਾਬੂ ਪਾਇਆ ਗਿਆ ਜਿਸ ਨਾਲ ਆਏ ਸਾਲ ਬਹੁਤ ਸਾਰੀਆਂ ਜਾਨਾਂ ਖਤਮ ਹੋ ਜਾਂਦੀਆਂ ਸਨ।



1. ਹਵਾਨਾ ਦਾ ਸਸੇਰ ਭਵਨ



2. ਹਵਾਨਾ ਬੰਦਰਗਾਹ ਦੇ ਦਾਖ਼ਲ ਦਰਵਾਜ਼ੇ ਬਣਿਆ ਮੋਰੋ ਕਿਲ੍ਹਾ।



3. ਮੋਰੋ ਕਿਲ੍ਹੇ ਦੇ ਪੱਤਣ ਤੋਂ ਨਜ਼ਰ ਆਉਂਦਾ ਹਵਾਨਾ ਦਾ ਸਮੁੰਦਰ ਵਾਲਾ ਪਾਸਾ।

**ਕਿਊਬਾ-ਗਣਰਾਜ**—20 ਮਈ 1902 ਨੂੰ ਫ਼ੌਜੀ ਸਰਕਾਰ ਦੀ ਥਾਂ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਨੇ ਲੈ ਲਈ ਅਤੇ ਕਿਊਬਾ ਗਣਰਾਜ ਹੋਂਦ ਵਿਚ ਆਇਆ। ਚਾਰ ਸਦੀਆਂ ਤੋਂ ਸਪੇਨੀਆ ਦੁਆਰਾ ਲਤਾੜੇ ਕਿਊਬਾ ਦੇ ਲੋਕ ਸਰਕਾਰ ਨੂੰ ਚਲਾਉਣ ਵਿਚ ਕਿਸੇ ਹੱਦ ਤਕ ਅਸਫ਼ਲ ਰਹੇ ਅਤੇ ਸਰਕਾਰ ਜਲਦੀ ਹੀ ਆਪਸੀ ਝਗੜਿਆਂ, ਭ੍ਰਿਸ਼ਟਾਚਾਰ ਅਤੇ ਅਤਿਆਚਾਰਾਂ ਦੀ ਲਪੇਟ ਵਿਚ ਆ ਗਈ। ਫ਼ੌਜ ਵਿਚ ਬਗ਼ਾਵਤ ਛਿੜ ਪਈ ਜਿਸ ਦਾ ਫਾਇਦਾ ਸੰਯੁਕਤ ਰਾਜ ਅਮਰੀਕਾ ਨੇ ਉਠਾਇਆ। ਸਥਾਨਕ ਸਰਕਾਰ ਦੀ ਮਿੰਨਤ ਤੇ ਸੰਯੁਕਤ ਰਾਜ ਨੇ ਜੰਗ-ਸਕੱਤਰ ਵਿਲੀਅਮ ਐਚ. ਟਾਫਟ ਨੂੰ ਫ਼ੌਜ ਦੇ ਕੇ ਕਿਊਬਾ ਵਿਚ ਅਮਨ-ਚੈਨ ਕਾਇਮ ਕਰਨ ਲਈ ਹਵਾਨਾ ਭੇਜ ਦਿਤਾ। 9 ਸਤੰਬਰ, 1906 ਨੂੰ ਇਕ ਆਰਜ਼ੀ ਸਰਕਾਰ ਕਾਇਮ ਕੀਤੀ ਗਈ। ਪਰ ਇਨ੍ਹਾਂ ਦੀ ਆਪਣੀ ਸਰਕਾਰ ਬਣੀ ਤਾਂ ਰਹੀ ਪਰ ਵਾਦ-ਵਿਵਾਦ ਦੇ ਚੱਕਰ ਵਿਚੋਂ ਨਾ ਨਿਕਲ ਸਕੀ ਜਿਸ ਕਰਕੇ ਦੇਸ਼ ਦੀ ਉੱਨਤੀ ਨਾ ਹੋ ਸਕੀ।

ਸੰਨ 1925 ਵਿਚ 'ਜਨਰਲ ਗਿਰਾਰਡੋ ਮਕਾਡੋ ਵਾਈ ਮੋਰੇਲਜ਼' ਦੇ ਦਫ਼ਤਰ ਸੰਭਾਲਣ ਉਪਰੰਤ ਉਦਯੋਗਕ, ਖਾਸ ਕਰਕੇ ਗੰਨਾ ਮਿੱਲਾਂ ਦਾ, ਵਿਕਾਸ ਕਾਫ਼ੀ ਹੋਇਆ। ਕਈ ਸ਼ਾਹ ਰਾਹ ਬਣਾਏ ਗਏ। ਮਕਾਡੋ ਦਾ ਰਾਜ ਕਿਊਬਾ ਵਿਚ ਸਭ ਤੋਂ ਦਰਦਨਾਕ, ਖ਼ੂਨੀ ਅਤੇ ਅਤਿਆਚਾਰੀ ਰਾਜ ਸੀ। ਅਗਸਤ, 1933 ਵਿਚ ਇਕ ਜ਼ਬਰਦਸਤ ਹੜਤਾਲ ਹੋਈ ਅਤੇ ਅਖੀਰ ਮਕਾਡੋ ਨੂੰ ਦੇਸ਼ ਛੱਡਣਾ ਪਿਆ। ਇਸ ਤੋਂ ਬਾਅਦ ਡਾ. ਕਾਰਲੋਸ ਮੈਨੂਅਲ ਡੀ ਕੈਸਪੀਡੀਜ਼ ਤਾਕਤ ਵਿਚ ਆਇਆ ਜਿਸ ਦਾ ਤਖ਼ਤਾ ਨਾਨ-ਕਮਿਸ਼ਨਡ ਅਤੇ ਵਿਦਿਆਰਥੀਆਂ ਨੇ ਰਲਕੇ ਉਲਟਾ ਦਿਤਾ ਅਤੇ ਡਾ. ਰਾਮਨ ਗਰਾਊ ਸਾਲ ਮਾਰਟਿਨ ਨੂੰ ਪ੍ਰਧਾਨ ਬਣਾਇਆ। ਪਰ ਸੰਯੁਕਤ ਰਾਜ ਨੇ ਡਾ. ਗਰਾਊ ਦੀ ਸਰਕਾਰ ਨੂੰ ਮਾਨਤਾ ਦਿੱਤੀ। ਜਨਵਰੀ 1934 ਵਿਚ ਬਤਿਸਤਾ ਨੇ ਉਸ ਪਾਸੋਂ ਜ਼ਬਰੀ ਅਸਤੀਫ਼ਾ ਲੈ ਲਿਆ। ਇਕ ਨਵੇਂ ਆਰਜ਼ੀ ਪ੍ਰਧਾਨ ਕਰਨਲ 'ਕਾਰਲੋਸ ਮੈਂਡੀਟਾ' ਨੂੰ ਜਲਦੀ ਹੀ ਵਾਸ਼ਿੰਗਟਨ ਨੇ ਮਾਨਤਾ ਦੇ ਦਿੱਤੀ ਅਤੇ ਮਈ 1934 ਵਿਚ ਸੰਯੁਕਤ ਰਾਜ ਅਮਰੀਕਾ ਨੇ ਪਲਾਟ ਅਮੈਂਡਮੈਂਟ ਖ਼ਤਮ ਕਰ ਦਿੱਤੀ। ਇਸ ਤਰ੍ਹਾਂ ਕਿਊਬਾ ਪੂਰੀ ਤਰ੍ਹਾਂ ਸਿਆਸੀ ਤੌਰ ਤੇ ਆਜ਼ਾਦ ਹੋ ਗਿਆ। ਇਸ ਪਿਛੋਂ ਇਥੇ ਦੇ ਕਈ ਪ੍ਰਧਾਨ ਬਣੇ ਅਤੇ ਕਈ ਲਹੇ। ਸੰਨ 1940 ਦੀਆਂ ਚੋਣਾਂ ਵਿਚ ਬਤਿਸਤਾ ਸੱਤ੍ਹਾ ਵਿਚ ਆ ਗਿਆ। ਉਸ ਦੀ ਸਰਕਾਰ ਨੇ ਪਰਲ ਹਾਰਬਰ ਤੋਂ ਜਲਦੀ ਹੀ ਪਿਛੋਂ ਐਕਸਸ ਤੇ ਜੰਗ ਦਾ ਐਲਾਨ ਕਰ ਦਿਤਾ ਅਤੇ ਕਿਊਬਾ ਨੇ ਅਮਰੀਕਾ ਨੂੰ ਫ਼ੌਜੀ ਅੱਡੇ ਕਾਇਮ ਕਰਨ ਲਈ ਆਗਿਆ ਦੇ ਦਿੱਤੀ। ਸੰਨ 1944 ਦੀਆਂ ਚੋਣਾਂ ਵਿਚ ਡਾ. ਗਰਾਊ ਮੁੜ ਪ੍ਰਧਾਨ ਚੁਣਿਆ ਗਿਆ ਅਤੇ ਬਤਿਸਤਾ ਦੇਸ਼ ਛਡ ਕੇ ਚਲਾ ਗਿਆ। ਨਵੀਂ ਸਰਕਾਰ ਨੂੰ ਅੰਨ ਦੀ ਘਾਟ, ਕੀਮਤਾਂ ਵਿਚ ਵਾਧਾ ਅਤੇ ਮਜ਼ਦੂਰਾਂ ਵਿਚ ਬੇਚੈਨੀ ਆਦਿ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪਿਆ। ਸਿਆਸੀ ਜੁਰਮ ਅਤੇ ਭ੍ਰਿਸ਼ਟਾਚਾਰ ਦੇਸ਼ ਵਿਚ ਫੈਲ ਗਿਆ। 10 ਮਾਰਚ 1952 ਨੂੰ ਬਤਿਸਤਾ ਨੇ ਫ਼ੌਜ ਦੀ ਮਦਦ ਨਾਲ ਸਰਕਾਰ ਦਾ ਕੰਟਰੋਲ ਫਿਰ ਆਪਣੇ ਹੱਥ ਲੈ ਲਿਆ। ਸੰਨ 1954 ਵਿਚ ਉਸਦੇ ਬਿਨਾਂ ਚੋਣ ਲੜੇ ਚੁਣੇ ਜਾਣ ਨਾਲ ਲੋਕਾਂ ਦੇ ਦਿਲਾਂ ਵਿਚ ਬਤਿਸਤਾ ਪ੍ਰਤੀ ਨਫ਼ਰਤ ਫੈਲ ਗਈ।

ਨਵੰਬਰ, 1956 ਵਿਚ ਫਿਦਲ ਕਾਸਤਰੋ ਦੀ ਅਗਵਾਈ ਹੇਠ ਸਿਐਰਾ ਮਾਇਏਸਟਰਾ ਵਿਚ ਬਗ਼ਾਵਤ ਫੈਲ ਗਈ। ਦੋ-ਸਾਲਾ ਗੁਰੀਲਾ ਜੰਗ ਉਪਰੰਤ ਕਾਸਤਰੋ ਦੀਆਂ ਫੌਜਾਂ ਨੇ ਪੂਰਬੀ ਤੇ ਮੱਧ ਪ੍ਰਾਂਤਾਂ ਤੇ ਕੰਟਰੋਲ ਕਰ ਲਿਆ ਅਤੇ 31 ਦਸੰਬਰ, 1958 ਨੂੰ ਫੌਜੀ ਮਹੱਤਤਾ ਵਾਲੇ ਸ਼ਹਿਰ ਸਾਂਤਾ ਕਲੇਰਾ ਤੇ ਕਬਜ਼ਾ ਕਰ ਲਿਆ। ਜਨਵਰੀ, 1959 ਵਿਚ ਇਕ ਆਰਜ਼ੀ ਸਰਕਾਰ ਬਣਾਈ ਗਈ ਜਿਸ ਦਾ ਪ੍ਰਧਾਨ ਮੰਤਰੀ ਕਾਸਤਰੋ ਅਤੇ ਪ੍ਰਧਾਨ ਡਾ. ਮੈਨੂਅਲ ਊਰੁਸ਼ੀਆ ਲੀਓ ਬਣਿਆ। ਸੰਨ 1960 ਵਿਚ ਕਾਸਤਰੋ ਨੇ ਆਪਣੇ ਸਬੰਧ ਸੋਵੀਅਤ ਯੂਨੀਅਨ ਨਾਲ ਜੋੜ ਲਏ। ਸੰਨ 1962 ਵਿਚ ਸੋਵੀਅਤ ਯੂਨੀਅਨ ਨੇ ਕਿਊਬਾ ਵਿਚ ਮੀਜ਼ਾਈਲਾਂ ਫਿਟ ਕਰ ਦਿੱਤੀਆਂ ਜਿਸ ਨਾਲ ਵਿਸ਼ਵ ਯੁੱਧ ਦਾ ਖ਼ਤਰਾ ਪੈਦਾ ਹੋ ਗਿਆ। ਸੰਯੁਕਤ ਰਾਜ ਨੇ ਸੋਵੀਅਤ ਯੂਨੀਅਨ ਨੂੰ ਮੀਜ਼ਾਈਲਾਂ ਉਠਾਉਣ ਲਈ ਕਿਹਾ ਅਤੇ ਧਮਕੀ ਦਿੱਤੀ ਕਿ ਜੇ ਨਹੀਂ ਹਟਾਉਣਗੇ ਤਾਂ ਇਹ ਨਿਊਕਲੀਅਰ ਹਮਲਾ ਕਰ ਦੇਣਗੇ। ਸੋਵੀਅਤ ਨੇ ਕਿਊਬਾ ਨੂੰ

ਮੁੜ ਚੀਨ ਵਿਰੁੱਧ ਲੜਨ ਲਈ ਵੀ ਮਜਬੂਰ ਕੀਤਾ ਭਾਵੇਂ ਕਿਊਬਾ ਦੇ ਚੀਨ ਨਾਲ ਚੰਗੇ ਸਬੰਧ ਸਨ। ਸੋਵੀਅਤ ਨੇ ਕਿਊਬਾ ਨੂੰ ਫ਼ੌਜੀ ਸਹਾਇਤਾ ਤਾਂ ਕਾਫ਼ੀ ਦਿਤੀ ਪਰ ਮੁਕਾਬਲੇ ਵਿਚ ਗ਼ੈਰ-ਫ਼ੌਜੀ ਸਹਾਇਤਾ ਬਹੁਤ ਘੱਟ ਦਿਤੀ ਜਿਸ ਨਾਲ ਕਿਊਬਾ ਦੀ ਆਰਥਿਕਤਾ ਨੂੰ ਕਾਫ਼ੀ ਧੱਕਾ ਲੱਗਾ। ਸੰਨ 1969 ਵਿਚ ਤਾਂ ਸੀਗਾਰ ਅਤੇ ਖੰਡ ਵਰਗੀਆਂ ਵਸਤਾਂ, ਜਿਹੜੀਆਂ ਕਿ ਦੇਸ਼ ਦੀ ਲੋੜ ਤੋਂ ਕਿਤੇ ਵੱਧ ਪੈਦਾ ਹੁੰਦੀਆਂ ਸਨ, ਨੂੰ ਵੀ ਰਾਸ਼ਨ ਕਾਰਡਾਂ ਉਪਰ ਵੰਡਣਾ ਪਿਆ।

ਕ੍ਰਾਂਤੀ ਪਿਛੋਂ ਸਾਰੀਆਂ ਸਿਆਸੀ ਪਾਰਟੀਆਂ ਇਕੱਠੀਆਂ ਹੋ ਕੇ ਇਕ ਪਾਰਟੀ ਦਾ ਰੂਪ ਧਾਰਨ ਕਰ ਗਈਆਂ। ਸੰਨ 1962 ਵਿਚ ਇਸ ਇਕ ਪਾਰਟੀ ਦਾ ਨਾਂ 'ਕਿਊਬੀ ਸਮਾਜਵਾਦ ਕ੍ਰਾਂਤੀ ਦੀ ਸੰਘੀ ਪਾਰਟੀ' ਰੱਖਿਆ ਗਿਆ ਪਰ 1965 ਵਿਚ ਬਦਲ ਕੇ 'ਕਿਊਬਾ ਦੀ ਕਮਿਊਨਿਸਟ ਪਾਰਟੀ' ਰੱਖਿਆ ਗਿਆ। ਸਰਕਾਰੀ ਤੌਰ ਤੇ ਇਹ ਇਕੱਲੀ ਹੀ ਦੇਸ਼ ਦਾ ਰਾਜ ਪ੍ਰਬੰਧ ਚਲਾਉਂਦੀ ਹੈ।

ਆਰਥਿਕਤਾ

**ਖਣਿਜ**—ਕਿਊਬਾ ਵੈਸਟ ਇੰਡੀਜ਼ ਦੇ ਕੁਝ ਕੁ ਉਨ੍ਹਾਂ ਟਾਪੂਆਂ ਵਿਚੋਂ ਇਕ ਹੈ ਜਿਥੇ ਕੀਮਤੀ ਖਣਿਜੀ ਭੰਡਾਰ ਮਿਲਦੇ ਹਨ। ਪੂਰਬ ਵਿਚ ਨਿਕਲ ਤੇ ਲੋਹੇ ਦੇ ਭੰਡਾਰ ਮੌਜੂਦ ਹਨ। ਮਾਟਾਹੈਂਬਰ ਵਿਖੇ ਥੋੜ੍ਹੇ ਜਿਹੇ ਤਾਂਬੇ ਦੇ ਭੰਡਾਰ ਪਾਏ ਜਾਂਦੇ ਹਨ ਅਤੇ ਮਾਰਯੈੱਲ ਨਜ਼ਦੀਕ ਐਸਫਾਲਟ ਦੀਆਂ ਛੋਟੀਆਂ ਛੋਟੀਆਂ ਝੀਲਾਂ ਹਨ। ਸਾਨਤਿਆਗੋ ਦੇ ਨੇੜੇ ਮੈਂਗਨੀਜ਼ ਮਿਲਦਾ ਹੈ ਜੋ ਕਿਊਬਾ ਦਾ ਸਭ ਤੋਂ ਵੱਧ ਬਾਹਰ ਭੇਜਿਆ ਜਾਣ ਵਾਲਾ ਖਣਿਜ ਪਦਾਰਥ ਹੈ।

**ਖੇਤੀਬਾੜੀ**—ਕਿਊਬਾ ਸਭ ਤੋਂ ਜ਼ਿਆਦਾ ਆਮਦਨੀ ਖੇਤੀਬਾੜੀ ਤੋਂ ਪ੍ਰਾਪਤ ਕਰਦਾ ਹੈ। ਖੰਡ ਇਥੋਂ ਦੇ ਅਰਥਚਾਰੇ ਦਾ ਆਧਾਰ ਹੈ। ਵਾਹੀਯੋਗ ਭੂਮੀ ਦੇ ਦੋ ਤਿਹਾਈ ਹਿੱਸੇ ਵਿਚ ਸਿਰਫ਼ ਕਮਾਦ ਦੀ ਕਾਸ਼ਤ ਕੀਤੀ ਜਾਂਦੀ ਹੈ। ਕਾਮਿਆਂ ਦਾ ਇਕ ਤਿਹਾਈ ਹਿੱਸਾ ਖੰਡ ਦੀਆਂ ਮਿੱਲਾਂ ਵਿਚ ਹੈ। ਦੂਜੇ ਨੰਬਰ ਤੇ ਮਹੱਤਤਾ ਵਾਲੀ ਫਸਲ ਤੰਬਾਕੂ ਹੈ ਜਿਸ ਤੋਂ ਸੀਗਾਰ ਬਣਦਾ ਹੈ। ਅਨਾਨਾਸ, ਨਿੰਬੂ ਜਾਤੀ ਦੇ ਫ਼ਲ, ਟਮਾਟਰ ਅਤੇ ਕਾਲੀ ਮਿਰਚ ਆਦਿ ਬਹੁਤ ਮਿਕਦਾਰ ਵਿਚ ਉਗਾਏ ਜਾਂਦੇ ਹਨ ਅਤੇ ਬਾਹਰ ਭੇਜੇ ਜਾਂਦੇ ਹਨ।

**ਉਦਯੋਗ**—ਕਿਊਬਾ ਦਾ ਸਭ ਤੋਂ ਵੱਡਾ ਉਦਯੋਗ ਖੰਡ ਦਾ ਹੈ। 1970 ਵਿਚ ਇਥੇ 8,500,000 ਮੀ. ਟਨ ਖੰਡ ਤਿਆਰ ਕੀਤੀ ਗਈ ਸੀ। ਇਸ ਤੋਂ ਇਲਾਵਾ ਦੂਜੀਆਂ ਮਹੱਤਵਪੂਰਨ ਉਪਜਾਂ ਵਿਚ ਸੀਮਿੰਟ, ਇਲੈਕਟ੍ਰਿਕ ਤੇ ਪਾਵਰ, ਜ਼ਰਾਇਤੀ ਮਸ਼ੀਨਰੀ, ਖਾਣ ਪੀਣ ਵਾਲੀਆਂ ਵਸਤਾਂ ਤੇ ਸ਼ਰਾਬ, ਤੰਬਾਕੂ ਤੇ ਸਿਗਰਟ, ਕਾਗਜ਼, ਖਾਦ, ਕੱਪੜਾ ਅਤੇ ਖੱਲਾਂ ਆਦਿ ਸ਼ਾਮਲ ਹਨ।

**ਆਵਾਜਾਈ**—ਆਰਥਕ ਵਿਕਾਸ ਲਈ ਥਲੀ ਤੇ ਹਵਾਈ ਢੋਅ-ਢੁਆਈ ਸਹੂਲਤਾਂ ਵਿਚ ਲਗਾਤਾਰ ਵਾਧਾ ਕਰਨਾ ਲਾਜ਼ਮੀ ਹੋ ਗਿਆ ਹੈ। 1970 ਦੇ ਅੰਕੜਿਆਂ ਅਨੁਸਾਰ ਕਿਊਬਾ ਵਿਚ 380 ਰੇਲਵੇ ਸਟੇਸ਼ਨ ਅਤੇ 14,710 ਕਿ. ਮੀ. ਰੇਲਵੇ ਲਾਈਨਾਂ ਹਨ। ਇਥੇ 7,392 ਕਿ. ਮੀ. ਸ਼ਾਹ-ਰਾਹ ਅਤੇ 8,096 ਕਿ. ਮੀ. ਸੜਕਾਂ ਹਨ। ਹਵਾਈ ਸੇਵਾਵਾਂ ਦੀਆਂ ਵੀ ਕਾਫੀ ਸਹੂਲਤਾਂ ਹਨ। ਸਮੁੰਦਰੀ ਜਹਾਜ਼ਾਂ ਦੀ ਵੀ ਕਾਫੀ ਭਰਮਾਰ ਹੈ।

**ਵਪਾਰ**—ਸੰਨ 1958 ਵਿਚ ਦਰਾਮਦ ਦਾ 70 ਪ੍ਰਤੀਸ਼ਤ ਸੰਯੁਕਤ ਰਾਜ ਅਮਰੀਕਾ ਤੋਂ ਆਉਂਦਾ ਸੀ। ਸੰਨ 1961 ਵਿਚ ਅਮਰੀਕਾ ਨਾਲ ਇਹ ਵਪਾਰ ਬਿਲਕੁਲ ਖ਼ਤਮ ਹੋ ਗਿਆ ਅਤੇ ਕਿਊਬਾ ਦਾ ਵਪਾਰ ਸੋਵੀਅਤ ਦੇਸ਼ਾਂ ਨਾਲ ਸ਼ੁਰੂ ਹੋ ਗਿਆ। ਬਰਾਮਦ ਦੀਆਂ ਮੁੱਖ-ਵਸਤਾਂ ਵਿਚ ਖੰਡ, ਨਿਕਲ, ਤੰਬਾਕੂ, ਮੱਛੀ ਅਤੇ ਕਾਫ਼ੀ ਸ਼ਾਮਲ ਹਨ।

**ਲੋਕ**—ਕਿਊਬਾ ਦੇ ਆਦਿਵਾਸੀ ਸਿਬੋਨੀਜ਼ ਸਨ ਜੋ ਅਰਾਵਾਕਨ ਕਬੀਲਿਆਂ ਦੀ ਇਕ ਬ੍ਰਾਂਚ ਸੀ। ਸੰਨ 1600 ਤੋਂ ਪਿਛੋਂ ਪੱਕੀਆਂ ਬਸਤੀਆਂ ਆਬਾਦ ਕੀਤੀਆਂ ਗਈਆਂ ਅਤੇ ਸਿਬੋਨੀਜ਼ ਬਦਸਲੂਕੀ, ਬਿਮਾਰੀ ਅਤੇ ਜੰਗ ਨਾਲ ਖ਼ਤਮ ਕਰ ਦਿਤੇ ਗਏ। ਇਨ੍ਹਾਂ ਦੀ ਥਾਂ ਸਪੇਨੀ ਆਬਾਦਕਾਰਾਂ ਨੇ ਦੂਜੇ ਇੰਡੀਅਨ ਗ਼ੁਲਾਮ ਲੈ ਆਂਦੇ। ਉਹ ਵੀ ਇਥੋਂ ਦੌੜ ਗਏ। ਫਿਰ ਅਫ਼ਰੀਕੀ ਹਬਸ਼ੀਆਂ ਨੂੰ ਗ਼ੁਲਾਮ ਬਣਾਕੇ ਲਿਆਂਦਾ ਗਿਆ। ਅੱਜਕੱਲ੍ਹ ਇਨ੍ਹਾਂ ਦੀ ਮਿਲੀ ਜੁਲੀ ਆਬਾਦੀ ਹੈ।

**ਬੋਲੀ ਤੇ ਧਰਮ**—ਕਿਊਬਾ ਦੀ ਦਫ਼ਤਰੀ ਭਾਸ਼ਾ ਸਪੇਨੀ ਹੈ ਪ੍ਰੰਤੂ ਆਮ ਕਰਕੇ ਅੰਗਰੇਜ਼ੀ ਬੋਲੀ ਜਾਂਦੀ ਹੈ। ਰੋਮਨ ਕੈਥੋਲਿਕ ਇਨ੍ਹਾਂ ਦਾ ਧਰਮ ਹੈ।

**ਸਿੱਖਿਆ**—ਸੰਨ 1961 ਵਿਚ 'ਸਿੱਖਿਆ ਦਾ ਸਾਲ' ਮਨਾਇਆ ਗਿਆ। ਅਨਪੜ੍ਹਤਾ ਵਿਰੁੱਧ ਇਸ ਮੁਹਿੰਮ ਨਾਲ ਲਗਭਗ 707,212 ਆਦਮੀ, ਤੀਵੀਆਂ ਨੂੰ ਸਿੱਖਿਆ ਦਿਤੀ ਗਈ। ਸਭ ਸ਼ਹਿਰੀਆਂ ਨੂੰ ਵਿੱਦਿਆ ਮੁਫ਼ਤ ਦਿਤੀ ਜਾਂਦੀ ਹੈ। ਸਗੋਂ ਖ਼ਰਚ ਵਾਸਤੇ ਵਜ਼ੀਫ਼ੇ ਆਦਿ ਵੀ ਦਿਤੇ ਜਾਂਦੇ ਹਨ। ਸੰਨ 1969-70 ਦੌਰਾਨ 7,362 ਨਵੀਆਂ ਸਕੂਲ ਇਮਾਰਤਾਂ ਤਮੀਰ ਕੀਤੀਆਂ ਗਈਆਂ ਅਤੇ 2,302 ਇਮਾਰਤਾਂ ਨੂੰ ਸਕੂਲਾਂ ਵਿਚ ਬਦਲਿਆ ਗਿਆ। ਸੰਨ 1970 ਦੇ ਸ਼ੁਰੂ ਤਕ ਸਾਰੀਆਂ ਇਮਾਰਤਾਂ ਦਾ ਦੋ ਤਿਹਾਈ ਹਿੱਸਾ ਵਿਦਿਅਕ ਕੰਮਾਂ ਵਿਚ ਵਰਤਿਆ ਜਾ ਚੁੱਕਾ ਹੈ।

ਰਾਜ-ਪ੍ਰਬੰਧ

ਦੇਸ਼ ਦੀ ਵਾਗਡੋਰ ਇਕ ਪਾਰਟੀ 'ਕਿਊਬਾ ਦੀ ਕਮਿਊਨਿਸਟ ਪਾਰਟੀ' ਦੇ ਹੱਥ ਹੈ। ਜਨਵਰੀ, 1959 ਤੋਂ ਸੰਵਿਧਾਨ ਮੁਅੱਤਲ ਕੀਤਾ ਹੋਇਆ ਸੀ। ਪਹਿਲਾ ਸਮਾਜਵਾਦੀ ਸੰਵਿਧਾਨ 24 ਫ਼ਰਵਰੀ 1976 ਨੂੰ ਲਾਗੂ ਕੀਤਾ ਸੀ। ਤਿੰਨ ਦਸੰਬਰ 1976 ਨੂੰ ਡਾ. ਫੀਦਲ ਕਾਸਤਰੋ ਸਟੇਟ ਦੀ ਕੌਂਸਲ ਦਾ ਪ੍ਰੈਜ਼ੀਡੈਂਟ ਬਣਿਆ ਅਤੇ ਮੰਤਰੀਆਂ ਦੀ ਕੌਂਸਲ ਦਾ ਪ੍ਰੈਜ਼ੀਡੈਂਟ ਅਤੇ ਕਿਊਬਾ ਦੀ ਕਮਿਊਨਿਸਟ ਪਾਰਟੀ ਦਾ ਪਹਿਲਾ ਸਕੱਤਰ ਵੀ ਇਹੋ ਹੀ ਹੈ।

ਦੇਸ਼ ਨੂੰ 14 ਪ੍ਰਾਂਤਾਂ ਅਤੇ 169 ਮਿਊਂਸਪਲਟੀਆਂ ਵਿਚ ਵੰਡਿਆ ਹੋਇਆ ਹੈ। ਸਥਾਨਕ ਸਰਕਾਰ ਲੋਕ ਸ਼ਕਤੀ ਦੀਆਂ ਜਥੇਬੰਦੀਆਂ ਦੀ ਜ਼ਿੰਮੇਵਾਰ ਹੈ। ਪ੍ਰਾਂਤਕ ਮਿਊਂਸਪਲ ਅਸੈਂਬਲੀਆਂ ਅਤੇ ਨੈਸ਼ਨਲ ਅਸੈਂਬਲੀ ਦੀਆਂ ਚੋਣਾਂ 1976 ਵਿਚ ਹੋਈਆਂ ਸਨ।

ਰਾਸ਼ਟਰੀ ਝੰਡੇ ਵਿਚ ਤਿੰਨ ਨੀਲੀਆਂ ਅਤੇ ਦੋ ਚਿੱਟੀਆਂ ਸਮਾਂਤਰ ਧਾਰੀਆਂ ਹਨ ਅਤੇ ਪੋਲ ਵਾਲੇ ਪਾਸੇ ਲਾਲ ਤਿਕੋਨ ਵਿਚ ਚਿੱਟੇ ਰੰਗ ਦਾ ਪੰਜ ਨੁਕਰਾ ਤਾਰਾ ਹੈ। ਪੀਸੋ (1 ਪੌਂਡ=1.38 ਪੈਸੋ) ਇਥੋਂ ਦਾ ਸਿੱਕਾ ਹੈ। ਨਾਪ ਤੋਲ ਲਈ ਮੀਟ੍ਰਿਕ ਪ੍ਰਣਾਲੀ ਹੈ ਪਰ ਅਮਰੀਕੀ ਤੇ ਪੁਰਾਣਾ ਸਪੇਨੀ ਸਿਸਟਮ ਬਹੁਤ ਵਰਤਿਆ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮੈ. 5 : 349; ਕੋਲ. ਐਨ. 5 : 684

**ਕਿਊ ਬਾਗ਼** : ਇਹ ਇੰਗਲੈਂਡ ਵਿਚ ਥੇਮਜ਼ ਦਰਿਆ ਦੇ ਦੱਖਣੀ ਕੰਢੇ ਉਤੇ ਲੰਦਨ ਦੀ ਬਸਤੀ ਰਿਚਮਾਂਡ ਵਿਚ ਕਿਊ ਵਿਖੇ ਸ਼ਾਹੀ ਬਨਸਪਤਿਕ ਬਾਗ ਹਨ। ਇਨ੍ਹਾਂ ਦਾ ਇਹ ਨਾਂ ਇਕ ਸ਼ਾਹੀ ਜਗੀਰ ਕਿਊ ਹਾਊਸ ਤੋਂ ਪਿਆ ਹੈ। ਇਹ ਬਾਗ ਲਾਰਡ ਕੈਪਨ ਦੁਆਰਾ ਸੋਲ੍ਹਵੀਂ ਸਦੀ ਦੇ ਅੰਤ ਵਿਚ ਕੀਤੇ ਬਨਸਪਤਿਕ ਇਕੱਤਰੀਕਰਨ ਤੋਂ ਸ਼ੁਰੂ ਹੋਏ ਜੋ ਉਸਨੇ 1600 ਵਿਚ ਸ਼ੁਰੂ ਕੀਤਾ। ਬਾਅਦ ਵਿਚ ਸੰਨ 1759 ਵਿਚ ਸ਼ਹਿਜ਼ਾਦੀ ਆਗਸਟ ਨੇ ਇਹ ਬਾਗ਼ 9 ਏਕੜ ਵਿਚ ਸਥਾਪਤ ਕੀਤੇ, ਜਿਸ ਲਈ ਬਿਊਟ ਦੇ ਅਰਲ ਦੀ ਵਿਗਿਆਨਕ ਮਦਦ ਲਈ ਗਈ। ਉਸ ਸਮੇਂ ਤੋਂ ਇਨ੍ਹਾਂ ਬਾਗਾਂ ਦਾ ਖੇਤਰਫਲ ਲਗਾਤਾਰ ਵਧਦਾ ਰਿਹਾ ਅਤੇ 19ਵੀਂ ਸਦੀ ਤਕ ਇਹ ਬਾਗ਼ 288 ਏਕੜ ਤਕ ਫੈਲ ਗਏ। ਸਰ ਵਿਲੀਅਮ ਚੈਂਬਰਜ਼ ਨੇ ਇਕ ਆਰੇਂਜਰੀ ਡੀਜ਼ਾਈਨ ਕੀਤੀ ਜੋ

ਜਾਰਜੀਅਨ ਆਰਕੀਟੈਕਚਰ ਦੀ ਇਕ ਸ਼ਾਹਾਨਾ ਉਦਾਹਰਨ ਸੀ ਅਤੇ ਨਾਲ ਹੀ ਲਗਭਗ 50 ਮੀ. ਇਕ ਪੈਗੋਡਾ ਵੀ ਬਣਾਇਆ ਗਿਆ ਜੋ ਇਕ ਰਿਕਾਰਡ ਸੀ। ਜਾਰਜ ਤੀਜੇ ਨੇ ਇਨ੍ਹਾਂ ਬਾਗਾਂ ਨੂੰ ਸਰ ਜੋਸਫ ਬੈਂਕਸ ਦੀ ਮਦਦ ਨਾਲ ਵਿਕਸਿਤ ਕੀਤਾ। ਜਾਰਜ ਤੀਜਾ ਲਗਭਗ 49 ਸਾਲ ਤਕ ਇਸ ਦਾ ਡਾਇਰੈਕਟਰ ਰਿਹਾ। ਜਦੋਂ 1841 ਵਿਚ ਸਰ ਵਿਲੀਅਮ ਹੁਕਰ ਇਨ੍ਹਾਂ ਦਾ ਪਹਿਲਾ ਸਰਕਾਰੀ ਡਾਇਰੈਕਟਰ ਬਣਿਆ ਤਾਂ ਇਹ ਬਾਗ ਜਨਤਾ ਨੂੰ ਸਮਰਪਤ ਕਰ ਦਿਤੇ ਗਏ। ਸੰਨ 1960 ਤਕ ਇਨ੍ਹਾਂ ਦਾ ਇੰਨਾ ਵਿਸਤਾਰ ਹੋ ਚੁੱਕਿਆ ਸੀ ਕਿ ਇਨ੍ਹਾਂ ਵਿਚ 6000,000 ਕਿਆਰੀਆਂ ਸਨ ਜੋ ਕਈ ਤਰ੍ਹਾਂ ਦੇ ਪੌਦਿਆਂ ਦੀ ਵੰਨਗੀਆਂ ਨਾਲ ਭਰਪੂਰ ਸਨ ਅਤੇ ਇਸ ਦੇ ਨਾਲ ਹੀ 55,000 ਜਿਲਦਾਂ ਦੀ ਇਕ ਲਾਇਬ੍ਰੇਰੀ ਵੀ ਸਥਾਪਤ ਹੋ ਚੁੱਕੀ ਸੀ। ਇਥੇ ਤਿੰਨ ਅਜਾਇਬ ਘਰ ਹਨ ਜੋ ਜ਼ਿਆਦਾਤਰ ਪੌਦਿਆਂ ਦੀਆਂ ਉਪਜਾਂ ਨੂੰ ਹੀ ਸਮਰਪਿਤ ਹਨ। ਇਸ ਤੋਂ ਇਲਾਵਾ ਇਥੇ ਇਕ ਪ੍ਰਯੋਗਸ਼ਾਲਾ ਵੀ ਹੈ ਜਿਥੇ ਸਾਈਟੋਜੈਨੇਟਿਕ ਖੋਜਾਂ ਤੋਂ ਇਲਾਵਾ ਪੌਦਿਆਂ ਦੀ ਰਚਨਾ ਅਤੇ ਵਿਸ਼ੇਸ਼ ਕਰਕੇ ਵਰਗੀਕਰਨ ਸੰਬੰਧੀ ਵੀ ਕੰਮ ਕੀਤਾ ਜਾ ਰਿਹਾ ਹੈ।

ਜੀਉਂਦੇ ਪੌਦਿਆਂ ਦੀਆਂ ਇਥੇ 40,000 ਵੱਖ ਵੱਖ ਕਿਸਮਾਂ ਹਨ। ਗਰੀਨ ਹਾਊਸ ਅਤੇ ਟੈਂਪਰੇਟ ਹਾਊਸ ਕਈ ਸੌ ਮੀਟਰ ਦੀ ਲੰਬਾਈ ਤਕ ਫੈਲੇ ਹੋਏ ਹਨ। ਇਕ ਪਾਮ ਹਾਊਸ ਜੋ 1841 ਵਿਚ ਬਣਾਇਆ ਗਿਆ ਸੀ ਉਸ ਵਿਚ ਫਰਨ ਰੁੱਖ ਅਤੇ ਸਾਈਕੈਡ ਰਖੇ ਹੋਏ ਹਨ। ਟ੍ਰਾਪੀਕਲ ਆਰਕਿਡ, ਸਕੂਲੈਂਟ ਅਤੇ ਟ੍ਰਾਪੀਕਲ ਫਰਨ ਬਹੁਤ ਹੀ ਸੁੰਦਰ ਹਨ। ਇਕ ਆਸਟ੍ਰੇਲੀਅਨ ਹਾਊਸ ਹੈ ਜੋ 1952 ਵਿਚ ਅਲੂਮੀਨੀਅਮ ਦਾ ਬਣਾਇਆ ਗਿਆ ਸੀ, ਉਸ ਵਿਚ ਆਸਟ੍ਰੇਲੀਆਈ ਮੂਲ ਦੇ ਪੌਦੇ ਸ਼ਾਮਲ ਹਨ।

ਕਿਊ ਬਾਗਾਂ ਨੇ ਰਬੜ ਉਦਯੋਗ ਦਾ ਮੁੱਢ ਬੰਨ੍ਹਿਆ ਅਤੇ ਹੁਣ ਤਕ ਵੀ ਇਥੇ ਪੌਦੇ ਸ਼ਾਮਲ ਕਰਨ ਅਤੇ ਕਿਰਮ ਰਹਿਤ ਕਰਨ ਦਾ ਕੇਂਦਰ ਹੈ। ਕਈ ਤਰ੍ਹਾਂ ਦੀਆਂ ਪ੍ਰਕਾਸ਼ਨਾਵਾਂ ਜਿਵੇਂ 'Kew Bulletin' ਅਤੇ 'Index Kewensis' ਇਥੇ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ।

ਹ. ਪੁ.—ਐਨ. ਬ੍ਰਿ. 13 : 320

**ਕਿਊਬੈੱਕ :** ਰਾਜ—ਕੈਨੇਡਾ ਦਾ ਸਭ ਤੋਂ ਪੁਰਾਣਾ ਅਤੇ ਸਭ ਤੋਂ ਵੱਡਾ ਰਾਜ ਹੈ। ਇਸ ਦੇ ਉੱਤਰ ਵਿਚ ਹੱਡਸਨ ਸਟ੍ਰੇਟ ਅਤੇ ਅੰਗਾਵਾ ਬੇ ਹਨ ਅਤੇ ਪੂਰਬ ਵਿਚ ਲੈਬਰਾਡੋਰ ਅਤੇ ਖਾੜੀ ਸੇਂਟ ਲਾਰੰਸ ਹਨ। ਇਸ ਦੀ ਕੁੱਲ ਆਬਾਦੀ 6,438,403 (1981) ਹੈ ਅਤੇ ਕੁੱਲ ਖੇਤਰਫਲ 1,540,668 ਵ. ਕਿ. ਮੀ. (594,860 ਵ. ਮੀਲ) ਹੈ ਜੋ ਕੈਨੇਡਾ ਦੇ ਕੁੱਲ ਖੇਤਰਫਲ ਦਾ 15.5 ਪ੍ਰਤੀਸ਼ਤ ਹੈ। ਇਸ ਦੀ ਰਾਜਧਾਨੀ ਕਿਊਬੈੱਕ ਸ਼ਹਿਰ ਹੈ। ਹੋਰ ਮੁੱਖ ਸ਼ਹਿਰ ਮਾਂਟਰੀਆਲ, ਵਰਡੂੰਨ ਸ਼ਰਬਰੁੱਕ, ਹੱਲ, ਸੇਂਟ ਮੀਸ਼ੈੱਲ ਸਨ। ਫ਼ਰਾਂਸੀਸੀ ਭਾਸ਼ਾ ਬੋਲਣ ਵਾਲਿਆਂ ਵਿਚ ਮਾਂਟਰੀਆਲ ਪੈਰਿਸ ਤੋਂ ਦੂਜੇ ਨੰਬਰ ਤੇ ਆਉਂਦਾ ਹੈ। ਇਸ ਤਰ੍ਹਾਂ ਕਿਊਬੈੱਕ ਦੀ ਵਧੇਰੇ ਵਸੋਂ ਫ਼ਰਾਂਸੀਸੀ ਭਾਸ਼ਾ ਬੋਲਦੀ ਹੈ ਅਤੇ ਫ਼ਰਾਂਸੀਸੀ ਮੂਲ ਨਾਲ ਸਬੰਧ ਰੱਖਦੀ ਹੈ। ਇਸ ਰਾਜ ਨੂੰ ਕਿਊਬੈੱਕ ਦਾ ਨਾਂ 1867 ਵਿਚ ਦਿਤਾ ਗਿਆ। ਇਥੋਂ ਦੇ ਬਹੁਤੇ ਲੋਕ ਰੋਮਨ ਕੈਥੋਲਿਕ ਹਨ।

### ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਕਿਊਬੈੱਕ ਦੀ ਧਰਾਤਲ ਨੂੰ ਤਿੰਨ ਮੁੱਖ ਖੰਡਾਂ ਵਿਚ ਵੰਡਿਆ ਜਾ ਸਕਦਾ ਹੈ। ਇਸ ਦੇ ਉੱਤਰ ਵਿਚ ਲੋਰੈਂਨਸ਼ੀਅਨ ਪਠਾਰ, ਦੱਖਣ-ਪੂਰਬ ਵਿਚ ਐਪਲੇਸ਼ੀਅਨ ਉੱਚ-ਭੂਮੀਆਂ ਅਤੇ ਇਨ੍ਹਾਂ ਦੋਹਾਂ ਵਿਚਕਾਰ ਸੇਂਟ ਲਾਰੰਸ ਦੀਆਂ ਨੀਵੀਆਂ ਭੂਮੀਆਂ ਹਨ।

ਲੋਰੈਂਨਸ਼ਨ ਪਠਾਰ ਜੋ ਕੈਨੇਡੀਅਨ ਸ਼ੀਲਡ ਦਾ ਪੂਰਬੀ ਹਿੱਸਾ ਹੈ, ਰਾਜ ਦੇ 9/10 ਹਿੱਸੇ ਵਿਚ ਫੈਲੀ ਹੋਈ ਹੈ। ਇਹ ਪ੍ਰੀਕੈਂਬਰੀਅਨ ਕਾਲ ਦੀਆਂ ਅਗਨੀ, ਗ੍ਰੇਨਾਈਟ ਅਤੇ ਨੀਸ ਚਟਾਨਾਂ ਨਾਲ ਦੱਬੀ ਹੋਈ ਹੈ। ਹੁਣ ਇਹ ਇਕ ਉੱਘੜ-ਦੁੱਗੜੀ ਪਠਾਰ ਹੈ। ਇਸ ਦੀ ਔਸਤ ਉੱਚਾਈ ਦੱਖਣ-ਪੱਛਮ ਖੰਡ ਵਿਚ 305 ਮੀ. (1000 ਫੁੱਟ), ਦੱਖਣ ਵਿਚ 460 ਮੀ. (1500 ਫੁੱਟ) ਅਤੇ ਲੈਬਰਾਡੋਰ ਭਾਗ ਵਿਚ 610 ਮੀ. (2000 ਫੁੱਟ) ਤੋਂ ਵੱਧ ਹੈ। ਭਾਵੇਂ ਕਈ ਚੋਟੀਆਂ ਇਸ ਤੋਂ ਬਹੁਤ ਵਧੇਰੇ ਉੱਚੀਆਂ ਵੀ ਹਨ। ਲੋਹਾ, ਸੋਨਾ, ਤਾਂਬਾ, ਟਿਟੇਨੀਅਮ ਅਤੇ ਸਿੱਕਾ ਆਦਿ ਖਣਿਜ ਪਦਾਰਥ ਇਥੇ ਬਹੁਤ ਮਿਲਦੇ ਹਨ।

ਐਪਲੇਸ਼ੀਅਨ ਉੱਚ ਭੂਮੀਆਂ, ਅਲਬਾਮਾ ਤੋਂ ਨਿਊਫਾਉਂਡ ਲੈਂਡ ਤਕ ਫੈਲੇ ਹੋਏ ਐਪਲੇਸ਼ੀਅਨ ਪਹਾੜੀ ਸਿਲਸਿਲੇ ਦਾ ਹੀ ਹਿੱਸਾ ਹਨ। ਰਾਜ ਦੀ ਸੱਭ ਤੋਂ ਉੱਚੀ ਚੋਟੀ ਮਾਊਂਟ ਜ਼ਾਕ ਕਾਰਟਯੇ ਇਥੋਂ ਦੇ ਸ਼ਿਕਸ਼ਕ ਪਹਾੜਾਂ ਵਿਚ ਹੀ ਹੈ। ਐਪਲੇਸ਼ੀਅਨ ਦੀ ਬਣਤਰ ਪੈਲੀਓਜ਼ੋਇਕ ਕਾਲ ਦੀਆਂ ਤਹਿਦਾਰ ਚਟਾਨਾਂ ਦੀ ਹੈ। ਐਸਬੈਸਟੋਸ ਦੇ ਖਣਿਜ-ਭੰਡਾਰ ਸੰਸਾਰ ਵਿਚ ਸਭ ਤੋਂ ਵੱਧ ਇਥੇ ਮਿਲਦੇ ਹਨ। ਤਾਂਬਾ ਵੀ ਇਥੇ ਬਹੁਤ ਮਿਲਦਾ ਹੈ। ਐਪਲੇਸ਼ੀਅਨ ਖੰਡ ਖੇਤੀਬਾੜੀ ਦਾ ਇਕ ਚੰਗਾ ਖੇਤਰ ਹੈ।

ਸੇਂਟ ਲਾਰੰਸ ਦੀਆਂ ਨੀਵੀਆਂ ਭੂਮੀਆਂ ਵਾਲਾ ਹਿੱਸਾ ਭਾਵੇਂ ਰਾਜ ਦਾ ਸਭ ਤੋਂ ਛੋਟਾ ਹਿੱਸਾ ਹੈ ਪਰ ਧਰਾਤਲ ਪੱਖੋਂ ਇਹ ਸਭ ਤੋਂ ਵੱਧ ਮਹੱਤਵਪੂਰਨ ਖੰਡ ਹੈ। ਇਹ ਖੰਡ ਵੀ ਪੈਲੀਓਜ਼ੋਇਕ ਕਾਲ ਦੀਆਂ ਸੈਂਡਸਟੋਨ, ਸ਼ੇਲ ਅਤੇ ਚੂਨੇ ਪੱਥਰ ਦੀਆਂ ਚਟਾਨਾਂ ਦਾ ਬਣਿਆ ਹੋਇਆ ਹੈ। ਮੌਜੂਦਾ ਧਰਤੀ ਪੱਧਰ ਅਤੇ ਨੀਵੀਂ ਹੈ, ਪਰੰਤੂ ਕਿਧਰੇ ਕਿਧਰੇ ਉੱਚੀਆਂ ਅਗਨੀ ਚੱਟਾਨਾਂ ਵੀ ਹਨ। ਲਗਭਗ 210 ਮੀਟਰ ਦੀ ਉੱਚਾਈ ਤਕ ਸਾਰਾ ਖੰਡ ਇਕ ਬਹੁਤ ਉਪਜਾਊ ਇਲਾਕਾ ਹੈ।



ਮਾਂਟਮੋਰੈਨਸੀ ਦੀਆਂ ਆਬਸ਼ਾਰਾਂ—ਕਿਊਬੈੱਕ ਰਾਜ

**ਦਰਿਆ**—ਸੇਂਟ ਲਾਰੰਸ ਦਰਿਆ ਇਸ ਰਾਜ ਦਾ ਸਭ ਤੋਂ ਵੱਡਾ ਅਤੇ ਮਹੱਤਵਪੂਰਨ ਦਰਿਆ ਹੈ ਜਿਹੜਾ ਮਿਨੇ ਸੋਟਾ ਰਾਜ ਤੋਂ ਨਿਕਲ ਕੇ ਕੇਪ ਗੈਸਪੇ ਤਕ ਜਾਂਦਾ ਹੈ, ਇਸ ਦਰਿਆ ਦੇ ਟਾਪੂ ਬਹੁਤ ਪ੍ਰਸਿੱਧ ਹਨ। ਮਾਂਟਰੀਆਲ ਸ਼ਹਿਰ ਵੀ ਮਾਂਟਰੀਆਲ ਟਾਪੂ ਤੇ ਹੀ ਵਸਿਆ ਹੋਇਆ ਹੈ। ਓਟਾਵਾ, ਸੇਂਟ ਮੋਰਿਸ ਅਤੇ ਬਰਸਿਮੀਜ਼ ਉੱਤਰ ਵੱਲ ਦੇ ਅਤੇ ਰਿਸ਼ੀਲੂ ਸੇਂਟ ਫਰੈਂਕਾਇਸ, ਸ਼ੋਡਯੇਅਰ ਦੱਖਣ ਵੱਲ ਦੇ ਸੇਂਟ ਲਾਰੰਸ ਦੇ ਸਹਾਇਕ ਦਰਿਆ ਹਨ। ਇਨ੍ਹਾਂ ਤੋਂ ਇਲਾਵਾ ਫੋਰਟ ਜਾਰਜ, ਕਾਕਸੈਕ ਅਤੇ ਨਾਟਾਵੇ ਹੋਰ ਪ੍ਰਸਿੱਧ ਦਰਿਆ ਹਨ।

**ਜਲਵਾਯੂ**—ਸਾਰੇ ਰਾਜ ਵਿਚ ਸਰਦੀਆਂ ਵਿਚ ਬਹੁਤ ਸਰਦੀ ਅਤੇ ਗਰਮੀਆਂ ਵਿਚ ਬਹੁਤ ਗਰਮੀ ਹੁੰਦੀ ਹੈ। ਮਾਂਟਰੀਆਲ ਦੇ ਨੇੜੇ ਸੇਂਟ ਲਾਰੈਂਸ ਨੀਵੀਆਂ ਭੂਮੀਆਂ ਸੱਭ ਤੋਂ ਵੱਧ ਗਰਮ ਹਨ । ਸੇਂਟ ਲਾਰੈਂਸ ਘਾਟੀ ਵਿਚ ਲਗਭਗ 100 ਸੈਂ. ਮੀ. ਬਾਰਸ਼ ਹੁੰਦੀ ਹੈ ਜਦੋਂ ਕਿ ਉੱਤਰੀ ਕਿਊਬੈੱਕ ਵਿਚ 50 ਸੈਂ. ਮੀ. ਤੋਂ ਵੱਧ ਨਹੀਂ ਹੁੰਦੀ।

ਇਤਿਹਾਸ

ਇਸ ਰਾਜ ਦਾ ਇਤਿਹਾਸ 1534 ਤੋਂ ਸ਼ੁਰੂ ਹੁੰਦਾ ਹੈ ਜਦੋਂ ਕਿ ਜਾਕਾ ਕਾਰਟਯੇ ਨੇ ਕਿਊਬੈੱਕ ਦੇ ਪੂਰਬੀ ਕੰਢੇ ਨੂੰ ਲੱਭਿਆ ਸੀ। 1608 ਵਿਚ ਸੈਮੂਐਲ ਡੀ ਸ਼ੈਂਪਲੇਨ ਨੇ ਕਿਊਬੈੱਕ ਸ਼ਹਿਰ ਦੀ ਨੀਂਹ ਰੱਖੀ। ਇਹ ਸੇਂਟ ਲਾਰੈਂਸ ਦੀ ਘਾਟੀ ਦੀ ਸੱਭ ਤੋਂ ਪਹਿਲੀ ਸਥਾਈ ਬਸਤੀ ਸੀ। ਸੰਨ 1759 ਤਕ ਇਹ ਕਾਲੋਨੀ ਫ਼ਰਾਂਸੀਸੀਆਂ ਅਧੀਨ ਰਹੀ। ਸੰਨ 1760 ਵਿਚ ਅੰਗਰੇਜ਼ਾਂ ਨੇ ਕਿਊਬੈੱਕ ਸ਼ਹਿਰ ਤੇ ਆਪਣਾ ਕਬਜ਼ਾ ਕਰ ਲਿਆ । ਅੰਤ ਵਿਚ 1867 ਵਿਚ, ਕਿਊਬੈੱਕ ਕੈਨੇਡਾ ਰਾਜ-ਮੰਡਲ ਵਿਚ ਸ਼ਾਮਲ ਹੋ ਗਿਆ ਅਤੇ ਇਸ ਨੂੰ ਇਕ ਪੂਰੇ ਰਾਜ ਦਾ ਦਰਜਾ ਦੇ ਦਿਤਾ ਗਿਆ । ਕਿਊਬੈੱਕ ਸ਼ਹਿਰ ਨੂੰ ਕਿਊਬੈੱਕ ਰਾਜ ਦੀ ਰਾਜਧਾਨੀ ਬਣਾ ਦਿਤਾ ਗਿਆ। ਇਸ ਰਾਜ ਨੇ ਕੈਨੇਡਾ ਰਾਜ-ਮੰਡਲ ਵਿਚ ਦੋ ਸੰਸਾਰ ਪ੍ਰਸਿੱਧ ਪ੍ਰਧਾਨ ਮੰਤਰੀ ਭੇਜ ਕੇ ਆਪਣੀ ਨਵੇਕਲੀ ਥਾਂ ਬਣਾ ਲਈ ਹੈ ਤੇ ਅੱਜ ਵੀ ਇਹ ਰਾਜ ਹਰ ਖੇਤਰ ਵਿਚ ਮਹੱਤਵਪੂਰਨ ਹਿੱਸਾ ਪਾ ਰਿਹਾ ਹੈ।

ਆਰਥਿਕਤਾ

**ਆਰਥਿਕ ਵਿਕਾਸ**—ਕੈਨੇਡਾ ਵਿਚ ਆਏ ਮੁਢਲੇ ਖੋਜੀ, ਸੇਂਟ ਲਾਰੈਂਸ ਖੰਡ ਦੀ ਬਨਸਪਤੀ ਅਤੇ ਸ਼ਿਕਾਰ ਤੋਂ ਬਹੁਤ ਪ੍ਰਭਾਵਿਤ ਹੋਏ। ਇਥੋਂ ਦੀ ਜ਼ਮੀਨ ਉਪਜਾਊ ਸੀ। ਇਸ ਰਾਜ ਦੀ ਆਰਥਿਕਤਾ ਪਹਿਲਾਂ ਪਹਿਲ ਖੇਤੀਬਾੜੀ ਦੇ ਤੌਰ ਤੇ ਆਰੰਭ ਹੋਈ ਅਤੇ ਪੂਰੇ ਫ਼ਰਾਂਸੀਸੀ ਰਾਜ-ਕਾਲ ਅਤੇ ਉਸ ਤੋਂ ਲਗਭਗ ਡੇਢ ਸੌ ਸਾਲ ਤਕ ਖੇਤੀਬਾੜੀ ਬਹੁਤ ਮਹੱਤਵਪੂਰਨ ਰਹੀ ਹੈ । ਸੰਨ 1839 ਵਿਚ 600,000 ਦੀ ਆਬਾਦੀ ਵਿਚੋਂ ਕੇਵਲ 30,000 ਲੋਕ ਉਦਯੋਗਕ ਅਦਾਰਿਆਂ ਵਿਚ ਕੰਮ ਕਰਦੇ ਸਨ। ਐਪਰ ਵੀਹਵੀਂ ਸਦੀ ਦੇ ਸ਼ੁਰੂ ਤੋਂ, ਖਾਸ ਕਰਕੇ ਪਹਿਲੇ ਸੰਸਾਰ ਯੁੱਧ ਤੋਂ ਕੁਦਰਤੀ ਸਾਧਨਾਂ, ਵਿਸ਼ੇਸ਼ ਕਰਕੇ ਪਣ-ਬਿਜਲੀ ਅਤੇ ਖਣਿਜਾਂ ਦੀ ਵੱਧ ਵਰਤੋਂ ਅਤੇ ਉਤਪਾਦਨ ਵਿਚ ਬਹੁਤ ਵਾਧੇ ਕਾਰਨ, ਕਿਊਬੈੱਕ ਦੀ ਆਰਥਿਕਤਾ ਬਦਲ ਕੇ ਉਦਯੋਗ-ਪ੍ਰਧਾਨ ਹੋ ਗਈ।

**ਖੇਤੀਬਾੜੀ**—ਉਦਯੋਗੀਕਰਨ ਦੇ ਬਾਵਜੂਦ ਵੀ ਖੇਤੀਬਾੜੀ ਕਿਊਬੈੱਕ ਦੀ ਆਰਥਿਕਤਾ ਦਾ ਮੁੱਖ ਆਧਾਰ ਹੈ। ਸੰਨ 1867 ਤੋਂ 1956 ਵਿਚਕਾਰ ਖੇਤੀ ਅਧੀਨ ਇਲਾਕਾ ਵਧ ਕੇ ਲਗਭਗ ਡੇਢ ਗੁਣਾ ਹੋ ਗਿਆ। ਸਾਰੇ ਫਾਰਮਾਂ ਵਿਚ ਮਾਲਕਾਂ ਦੁਆਰਾ ਹੀ ਕਾਸ਼ਤ ਕੀਤੀ ਜਾਂਦੀ ਹੈ। ਇਥੇ ਕਈ ਸਹਿਕਾਰੀ ਜ਼ਰਾਇਤੀ ਸੰਸਥਾਵਾਂ ਅਤੇ ਕਿਸਾਨ ਕਲੱਬ ਹਨ। ਕਿਊਬੈੱਕ ਰਾਜ ਸਾਰੇ ਰਾਜਾਂ ਵਿਚ ਮੱਖਣ ਦੇ ਉਤਪਾਦਨ ਵਿਚ ਪਹਿਲੇ ਨੰਬਰ ਤੇ ਅਤੇ ਪਨੀਰ ਦੇ ਉਤਪਾਦਨ ਵਿਚ ਦੂਜੇ ਨੰਬਰ ਤੇ ਆਉਂਦਾ ਹੈ।

**ਆਵਾਜਾਈ ਅਤੇ ਸੰਚਾਰ**—ਕਿਊਬੈੱਕ ਦੀ ਪਹਿਲੀ ਰੇਲਵੇ 1836-37 ਵਿਚ ਮਾਂਟਰੀਆਲ ਖੰਡ ਵਿਚ ਸ਼ੁਰੂ ਹੋਈ। ਹੁਣ ਇਸ ਰਾਜ ਵਿਚ ਲਗਭਗ 8600 ਕਿ. ਮੀ. ਲੰਬੀ ਰੇਲਵੇ ਹੈ ਜਿਸ ਨੂੰ ਦੋ ਵੱਡੀਆਂ ਕੰਪਨੀਆਂ—ਕੈਨੇਡੀਅਨ ਪੈਸੇਫ਼ਿਕ ਰੇਲਵੇ ਅਤੇ ਕੈਨੇਡੀਅਨ ਨੈਸ਼ਨਲ ਰੇਲਵੇ ਚਲਾਉਂਦੀਆਂ ਹਨ । ਰੇਲਾਂ ਦੀ ਆਵਾਜਾਈ ਵਧੇਰੇ ਕਰਕੇ ਤਿੰਨ ਥਾਵਾਂ, ਮਾਂਟਰੀਆਲ, ਕਿਊਬੈੱਕ ਅਤੇ ਸ਼ਰਬਰੁੱਕ ਤਕ ਸੀਮਤ ਹੈ।

ਕਿਊਬੈੱਕ ਰਾਜ ਦੀ ਪਹਿਲੀ ਸੜਕ 1730-35 ਵਿਚ ਕਿਊਬੈੱਕ ਦੇ ਸ਼ਹਿਰ ਅਤੇ ਮਾਂਟਰੀਆਲ ਵਿਚਕਾਰ ਬਣਾਈ ਗਈ। ਅੱਜ ਇਸ ਰਾਜ ਵਿਚ ਸੜਕਾਂ ਦੀ ਕੁੱਲ ਲੰਬਾਈ 78500 ਕਿ.ਮੀ. ਹੈ।

ਕਿਊਬੈੱਕ ਰਾਜ ਵਿਚ ਪੰਜ ਬੰਦਰਗਾਹਾਂ ਹਨ ਜਿਨ੍ਹਾਂ ਵਿਚੋਂ ਮਾਂਟਰੀਆਲ ਅਤੇ ਕਿਊਬੈੱਕ ਦੀਆਂ ਬੰਦਰਗਾਹਾਂ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਬੰਦਰਗਾਹਾਂ ਵਿਚ ਅਪ੍ਰੈਲ ਤੋਂ ਦਸੰਬਰ ਤਕ ਬਹੁਤ ਆਵਾਜਾਈ ਹੁੰਦੀ ਹੈ ਅਤੇ ਸਰਦੀਆਂ ਵਿਚ ਲਗਭਗ ਬੰਦ ਹੀ ਹੋ ਜਾਂਦੀ ਹੈ।

ਮਾਂਟਰੀਆਲ ਉੱਤਰੀ ਅਮਰੀਕਾ ਵਿਚ ਹਵਾਬਾਜ਼ੀ ਦਾ ਕੇਂਦਰ ਹੈ ਜਿਥੋਂ ਕੈਨੇਡਾ, ਸੰਯੁਕਤ ਰਾਜ ਅਮਰੀਕਾ, ਲੈਟਿਨ ਅਮਰੀਕਾ ਅਤੇ ਯੂਰਪ ਦੇ ਸਾਰੇ ਭਾਗਾਂ ਨਾਲ ਹਵਾਈ-ਸਬੰਧ ਹਨ । ਸੰਨ 1949 ਤੋਂ ਮਾਂਟਰੀਆਲ ਅੰਤਰ-ਰਾਸ਼ਟਰੀ ਸਿਵਲ ਹਵਾਬਾਜ਼ੀ ਸੰਸਥਾ ਦੀ ਸੀਟ ਚਲਿਆ ਆ ਰਿਹਾ ਹੈ ਤੇ ਇਥੇ ਦੋ ਅੰਤਰ-ਰਾਸ਼ਟਰੀ ਹਵਾਈ ਅੱਡੇ ਹਨ।

ਲੋਕ

ਇਥੋਂ ਦੀ ਮੌਜੂਦਾ ਆਬਾਦੀ ਵਿਚੋਂ ਲਗਭਗ 80% ਲੋਕ ਫ਼ਰਾਂਸੀਸੀ ਮੂਲ ਦੇ ਅਤੇ ਲਗਭਗ 10% ਲੋਕ ਬਰਤਾਨਵੀ ਮੂਲ ਦੇ ਹਨ। ਬਾਕੀ ਦੇ 10% ਲੋਕਾਂ ਵਿਚ ਯਹੂਦੀ, ਪੋਲੈਂਡ ਦੇ ਵਾਸੀ, ਜਰਮਨ, ਯੂਕਰੇਨੀ, ਐਸਕੀਮੋ ਅਤੇ ਭਾਰਤੀ ਆਦਿ ਸ਼ਾਮਲ ਹਨ। ਇਨ੍ਹਾਂ ਵਿਚ ਲਗਭਗ 90 ਪ੍ਰਤੀਸ਼ਤ ਰੋਮਨ ਕੈਥੋਲਿਕ ਹਨ।

ਹ. ਪੁ.—ਐਨ. ਅਮੈ. 23 : 71; ਐਨ. ਬ੍ਰਿ. ਮਾ. 8 : 343

**ਕਿਊਬੈੱਕ** : ਸ਼ਹਿਰ—ਇਹ ਕੈਨੇਡਾ ਦਾ ਸਭ ਤੋਂ ਪੁਰਾਣਾ ਸ਼ਹਿਰ ਹੈ ਜੋ ਕਿਊਬੈੱਕ ਪ੍ਰਾਂਤ ਦੀ ਰਾਜਧਾਨੀ ਹੈ । ਇਹ ਮਾਂਟਰੀਆਲ ਤੋਂ 264 ਕਿ. ਮੀ. ਉੱਤਰ-ਪੂਰਬ ਵੱਲ ਸੇਂਟ ਲਾਰੈਂਸ ਦਰਿਆ ਦੇ ਉੱਤਰੀ ਕੰਢੇ ਤੇ ਸੇਂਟ ਚਾਰਲਸ ਤੇ ਸੇਂਟ ਲਾਰੈਂਸ ਦਰਿਆਵਾਂ ਦੇ ਸੰਗਮ ਤੇ ਸਥਿਤ ਹੈ। ਇਹ ਸ਼ਹਿਰ ਕੇਪ ਡਾਇਮੰਡ ਦੀਆਂ ਪਥਰਲੀਆਂ ਚੱਟਾਨਾਂ ਤੇ ਵਸਿਆ ਹੈ ਅਤੇ ਫ਼ੌਜੀ ਮਹੱਤਤਾ ਵਾਲਾ ਹੈ। ਇਹ ਜਿਬਰਾਲਟ ਔਫ਼ ਅਮਰੀਕਾ ਸੇਂਟ ਲਾਰੈਂਸ ਦਰਿਆ ਦੁਆਰਾ ਆਉਣ ਵਾਲੇ ਹਮਲਾਵਰਾਂ ਤੋਂ ਬਚਣ ਲਈ ਉਸਾਰਿਆ ਗਿਆ ਸੀ । ਇਸ ਜਗ੍ਹਾ ਤੇ ਦਰਿਆ ਤੰਗ ਹੋ ਜਾਂਦਾ ਹੈ ਅਤੇ ਇਸ ਦੀ ਚੌੜਾਈ ਸਿਰਫ਼ ਡੇਢ ਕੁ ਕਿ. ਮੀ. ਰਹਿ ਜਾਂਦੀ ਹੈ। ਇਸ ਦਾ ਨਾਂ ਕਿਊਬੈੱਕ ਇਕ ਐਲਗੌਂਕਿਨ ਇੰਡੀਅਨ ਸ਼ਬਦ ਹੈ ਜਿਸ ਦਾ ਅਰਥ ਹੈ 'ਦਰਿਆ ਦਾ ਤੰਗ ਹੋਣਾ'। ਇਸ ਨੂੰ ਆਮ ਕਰਕੇ "ਕਰੈਡਲ ਔਫ਼ ਨਿਊ ਫ਼ਰਾਂਸ" ਕਹਿੰਦੇ ਹਨ ।

ਇਤਿਹਾਸਕ ਤੌਰ ਤੇ ਇਹ ਉੱਤਰੀ ਅਮਰੀਕਾ ਦੇ ਮਹੱਤਵਪੂਰਨ ਸ਼ਹਿਰਾਂ ਵਿਚੋਂ ਇਕ ਹੈ। ਸੰਨ 1608 ਵਿਚ ਸੈਮੂਅਲ ਡੀ ਚੈਂਪਲਿਨ ਨੇ ਇਸ ਦੀ ਨੀਂਹ ਰੱਖੀ ਸੀ। ਇਹ ਜਗ੍ਹਾ ਜ਼ਾਕ ਕਾਰਟਯੇ ਨੇ ਪਹਿਲਾਂ 1535 ਵਿਚ ਵੇਖੀ ਸੀ। ਸੰਨ 1629 ਵਿਚ ਇਸ ਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ ਪਰ 1632 ਵਿਚ ਇਹ ਮੁੜ ਫ਼ਰਾਂਸੀਸੀਆਂ ਨੂੰ ਦੇ ਦਿਤਾ। ਸੰਨ 1663 ਵਿਚ ਜਦੋਂ ਨਿਊ ਫ਼ਰਾਂਸ ਦੀ ਬਸਤੀ ਇਕ ਪ੍ਰਾਂਤ ਵਜੋਂ ਸਥਾਪਤ ਹੋਈ ਤਾਂ ਇਹ ਸ਼ਹਿਰ ਇਸ ਦੀ ਰਾਜਧਾਨੀ ਬਣਿਆ। ਇਸ ਸ਼ਹਿਰ ਨੂੰ ਮੁੜ ਜਿੱਤਣ ਲਈ ਬਰਤਾਨੀਆ ਨੇ 1690 ਅਤੇ 1711 ਵਿਚ ਦੋ ਵਾਰ ਅਸਫਲ ਕੋਸ਼ਿਸ਼ਾਂ ਕੀਤੀਆਂ । ਸੰਨ 1759 ਵਿਚ ਅਬਰਾਹੇਮ ਦੇ ਮੈਦਾਨਾਂ ਉਪਰ ਹੋਈ ਇਕ ਪ੍ਰਸਿੱਧ ਲੜਾਈ ਵਿਚ ਬਰਤਾਨਵੀ ਇਸ ਸ਼ਹਿਰ ਤੇ ਕਬਜ਼ਾ ਕਰਨ ਵਿਚ ਸਫ਼ਲ ਹੋ ਗਏ। ਸੰਨ 1763 ਵਿਚ ਪੈਰਿਸ ਸੰਧੀ ਦੁਆਰਾ ਇਹ ਪੱਕੇ ਤੌਰ ਤੇ ਇੰਗਲੈਂਡ ਦੇ ਸਪੁਰਦ ਕਰ ਦਿਤਾ ਗਿਆ । ਸੰਨ 1791 ਤਕ ਇਹ ਪੱਕੇ ਤੌਰ ਤੇ ਇੰਗਲੈਂਡ ਨੂੰ ਸਪੁਰਦ ਕਰ ਦਿਤਾ ਗਿਆ । ਸੰਨ 1791 ਤਕ ਇਹ ਸ਼ਹਿਰ ਕਿਊਬੈੱਕ ਪ੍ਰਾਂਤ ਦੀ ਰਾਜਧਾਨੀ ਰਿਹਾ। ਸੰਨ 1791 ਤੋਂ 1841 ਤਕ ਇਹ ਲੋਅਰ ਕੈਨੇਡਾ ਦੀ ਰਾਜਧਾਨੀ ਅਤੇ 1851 ਤੋਂ 1855 ਤਕ ਅਤੇ ਫਿਰ 1869 ਤੋਂ 1865 ਤਕ ਇਹ ਕੈਨੇਡਾ ਦੇ ਯੂਨਾਈਟਿਡ ਪ੍ਰਾਂਤ ਦੀ

ਰਾਜਧਾਨੀ ਰਿਹਾ। ਸੰਨ 1867 ਤੋਂ ਇਹ ਕਿਊਬੈੱਕ ਪ੍ਰਾਂਤ ਦੀ ਰਾਜਧਾਨੀ ਚਲਿਆ ਆ ਰਿਹਾ ਹੈ।

ਅਪਰ ਸ਼ਹਿਰ ਕੇਪ ਡਾਇਮੰਡ ਦੇ ਸਿਖਰ ਤੇ ਹੈ ਜਦੋਂ ਕਿ ਲੋਅਰ ਸ਼ਹਿਰ ਇਸ ਦੇ ਹੇਠਾਂ। ਜ਼ਿਆਦਾ ਹਿੱਸਾ ਸੇਂਟ ਚਾਰਲਸ ਦੀ ਵਾਦੀ ਵਿਚ ਲੌਰੈਂਟਾਈਡਜ਼ ਦੀਆਂ ਪੱਬੀਆਂ ਉਪਰ ਵਸਿਆ ਹੋਇਆ ਹੈ। ਲੋਅਰ ਸ਼ਹਿਰ ਦੂਰ ਦੂਰ ਤਕ ਫੈਲਿਆ ਹੋਇਆ ਹੈ ਅਤੇ ਸੰਘਣੀ ਆਬਾਦੀ ਵਾਲਾ ਹੈ। ਇਸ ਹਿੱਸੇ ਵਿਚ ਉਦਯੋਗਕ ਖੇਤਰ ਤੇ ਵਪਾਰਕ ਕੇਂਦਰ ਹੈ ਅਤੇ ਗਰੀਬ ਲੋਕ ਵੀ ਇਸ ਹਿੱਸੇ ਵਿਚ ਰਹਿੰਦੇ ਹਨ। ਅਪਰ ਸ਼ਹਿਰ ਕਲਾ ਤੇ ਸਭਿਅਤਾ ਦਾ ਕੇਂਦਰ ਹੈ। ਪ੍ਰਬੰਧਕੀ ਦਫ਼ਤਰ ਆਦਿ ਵੀ ਅਪਰ ਸ਼ਹਿਰ ਵਿਚ ਵਾਕਿਆ ਹਨ। ਨਾਮਵਰ ਵਿਅਕਤੀਆਂ ਦੇ ਰਿਹਾਇਸ਼ੀ ਕੁਆਰਟਰ ਵੀ ਇਥੇ ਵਾਕਿਆ ਹਨ। ਅਪਰ ਸ਼ਹਿਰ ਵਿਚ ਕਿਲਾ, ਗਿਰਜਾਘਰ, ਟਾਊਨ ਹਾਲ, ਵਿਸ਼ਵ ਪ੍ਰਸਿੱਧ ਚੇਤੀਓ ਫਰਾਂਟੈਨਕ ਹੋਟਲ ਅਤੇ ਸੈਲਾਨੀਆਂ ਲਈ ਕਈ ਹੋਰ ਆਕਰਸ਼ਕ ਸਥਾਨ ਇਥੇ ਹਨ।

ਇਥੇ ਇਕ ਵਧੀਆ ਬੰਦਰਗਾਹ ਹੈ ਜਿਸ ਰਾਹੀਂ ਹਰ ਸਾਲ 7,000,000 ਮੀ. ਟਨ ਮਾਲ ਦੀ ਢੋਆ-ਢੁਆਈ ਹੁੰਦੀ ਹੈ। ਇਥੋਂ ਦੇ ਮਹੱਤਵਪੂਰਨ ਉਦਯੋਗ ਨਿਊਜ਼ ਪ੍ਰਿੰਟ, ਅਨਾਜ ਦੀਆਂ ਮਿੱਲਾਂ, ਸਿਗਰਟ ਬਣਾਉਣ ਦੇ ਕਾਰਖਾਨੇ, ਬਸਤਰ ਤਿਆਰ ਕਰਨ ਅਤੇ ਜਹਾਜ਼ ਬਣਾਉਣ ਦੇ ਉਦਯੋਗ ਆਦਿ ਹਨ। ਫੈਕਟਰੀਆਂ ਜ਼ਿਆਦਾ ਕਰਕੇ ਬੰਦਰਗਾਹ ਦੇ ਆਲੇ ਦੁਆਲੇ ਅਤੇ ਸੇਂਟ ਚਾਰਲਸ ਦਰਿਆ ਦੇ ਨਾਲ ਨਾਲ ਹਨ। ਬੰਦਰਗਾਹ ਲਗਭਗ 16,600 ਮੀ. ਲੰਬੀ ਹੈ ਜਿਸ ਵਿਚ 50,000 ਮੀ. ਟਨ ਤਕ ਦੇ ਸਮੁੰਦਰੀ ਜਹਾਜ਼ ਆ ਸਕਦੇ ਹਨ। ਇਥੇ ਲਗਭਗ 1,000,000 ਸੈਲਾਨੀ ਹਰ ਸਾਲ ਆਉਂਦੇ ਹਨ ਜਿਨ੍ਹਾਂ ਤੋਂ ਲਗਭਗ 45,000,000 ਡਾਲਰ ਆਮਦਨ ਹੁੰਦੀ ਹੈ।

ਇਥੇ 68 ਕੈਥੋਲਿਕ ਅਤੇ 3 ਪ੍ਰੋਟੈਸਟੈਂਟ ਸਕੂਲ ਹਨ। ਸੰਨ 1852 ਵਿਚ ਇੱਥੇ ਲਾਵਲ ਯੂਨੀਵਰਸਿਟੀ ਸਥਾਪਤ ਕੀਤੀ ਗਈ। ਇਥੇ ਕਈ ਲਾਇਬ੍ਰੇਰੀਆਂ ਅਤੇ ਅਜਾਇਬ ਘਰ ਵੀ ਹਨ। ਇਥੇ ਰੋਮਨ ਕੈਥੋਲਿਕ ਧਰਮ ਦੇ ਲੋਕਾਂ ਦੀ ਭਰਮਾਰ ਹੈ।

ਆਬਾਦੀ—166,479 (1981)

46° 49′ ਉ. ਵਿਥ.; 71° 13′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮੈ. 15 : 330; ਐਨ. ਅਮੈ. 23 : 71 : ਕੋਲ. ਐਨ. 16 : 177

**ਕਿਊਰੱਸੋ** : ਗੈਲੀਫ਼ੌਰਮੀਜ਼ ਵਰਗ ਦੀ ਕਰੈਸਡੀ ਕੁਲ ਦੇ ਊਸ਼ਣ-ਖੰਡੀ ਅਮਰੀਕੀ ਪੰਛੀਆਂ ਲਈ ਇਹ ਇਕ ਸਾਂਝਾ ਨਾਂ ਹੈ। ਸਹੀ ਅਰਥਾਂ ਵਿਚ ਇਹ ਉਨ੍ਹਾਂ 7-12 ਜਾਤੀਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦੇ ਨਰ ਚਮਕੀਲੇ ਕਾਲੇ ਰੰਗ ਦੇ ਹੁੰਦੇ ਹਨ (ਪੇਟ ਦਾ ਰੰਗ ਆਮ ਤੌਰ ਤੇ ਚਿੱਟਾ ਹੁੰਦਾ ਹੈ), ਖੰਭਾਂ ਦੀ ਮੁੜਵੀਂ ਜਿਹੀ ਕਲਗੀ ਹੁੰਦੀ ਹੈ ਅਤੇ ਪੀਲੇ ਜਾਂ ਸੰਤਰੀ ਰੰਗ ਦੀ ਚੁੰਝ ਬੜੀ ਸੁਹਣੀ ਲਗਦੀ ਹੈ। ਮਾਦਾ ਛੋਟੀ ਅਤੇ ਭੂਰੇ ਰੰਗ ਦੀ ਹੁੰਦੀ ਹੈ, ਉਸ ਵਿਚ ਇਹ ਸੁਹੱਪਣ ਨਹੀਂ ਹੁੰਦਾ।

ਕਿਊਰੱਸੋ ਸ਼ਿਕਾਰ ਕੀਤੇ ਜਾਣ ਵਾਲੇ ਪੰਛੀ ਹਨ ਅਤੇ ਇਨ੍ਹਾਂ ਦਾ ਮਾਸ ਬਹੁਤ ਸੁਆਦੀ ਹੁੰਦਾ ਹੈ। ਵੱਡੀਆਂ ਕਿਸਮਾਂ ਤਕਰੀਬਨ 100 ਸੈਂ. ਮੀ. ਤਕ ਲੰਮੀਆਂ ਹੁੰਦੀਆਂ ਹਨ। ਗ੍ਰੇਟ ਕਿਊਰੱਸੋ (*Crax rubra*) ਮੈਕਸੀਕੋ ਤੋਂ ਇਕਵਾਡਾਰ; ਕਲਗੀ ਵਾਲਾ ਕਿਊਰੱਸੋ (*Pauxi pauxi*) ਵੈੱਨਜ਼ੁਏਲਾ ਅਤੇ ਕੋਲੰਬੀਆ ਦੇ ਪਹਾੜਾਂ ਵਿਚ ਅਤੇ ਉਸਤਰੇ ਵਰਗੀ ਚੁੰਝ ਵਾਲਾ ਕਿਊਰੱਸੋ (*Mitu mitu*) ਐਮਾਜ਼ਾਨ ਵਿਚ ਮਿਲਦਾ ਹੈ।

ਚਾਚਲਾਕਾ ਦੀਆਂ 11 ਜਾਤੀਆਂ ਹਨ। ਇਹ ਆਪਣੀ ਕੁਲ ਦੇ ਸਭ ਤੋਂ ਛੋਟੇ ਅਤੇ ਸਭ ਤੋਂ ਘੱਟ ਸਮਾਂ ਬਿਰਛਾਂ ਤੇ ਬਿਤਾਉਣ ਵਾਲੇ ਪ੍ਰਾਣੀ ਹਨ। ਇਨ੍ਹਾਂ ਦੀ ਇਕ ਵਿਸ਼ੇਸ਼ ਕਿਸਮ (ਬਿਨਾਂ ਸਜਾਵਟ ਵਾਲਾ ਚਾਚਲਾਕਾ) ਔਰਟੇਲਿਸ ਵੇਟੁਲਾ (*Ortalis vetula*) ਹੈ। ਟੈਕਸਾਸ ਸਰਹੱਦ ਤੋਂ ਨਿਕਾਰਾਗੁਆ ਤਕ ਮਿਲਣ ਵਾਲੀ ਇਹ ਜਾਤੀ ਤਕਰੀਬਨ 50 ਸੈਂ. ਮੀ. ਲੰਮੀ ਤੇ 0·5 ਕਿ ਗ੍ਰਾ. ਭਾਰੀ ਹੁੰਦੀ ਹੈ। ਇਸ ਦਾ ਰੰਗ ਭੂਰਾ ਜਿਹਾ ਹੁੰਦਾ ਹੈ ਪਰ ਪੂਛ ਲੰਮੀ, ਚਮਕੀਲੀ ਹਰੀ ਅਤੇ ਚਿੱਟੇ ਸਿਰੇ ਵਾਲੀ ਹੁੰਦੀ ਹੈ। ਸਵੇਰੇ ਅਤੇ ਸ਼ਾਮ ਨੂੰ ਦਰਖ਼ਤਾਂ ਉਤੇ ਬੈਠੇ ਇਨ੍ਹਾਂ ਪੰਛੀਆਂ ਦੇ ਝੁੰਡ ਇਕੱਠਾ ਗਾਣਾ ਗਾਉਂਦੇ ਹਨ, ਇਨ੍ਹਾਂ ਦਾ ਗਾਣਾ ਨਿਯਮਿਤ ਅਤੇ ਲਗਭਗ ਨਾਪੇ ਤੋਲੇ ਤਾਲ ਵਾਲਾ ਹੁੰਦਾ ਹੈ।

ਗਵਾਨ ਦੀਆਂ 12 ਜਾਤੀਆਂ ਹਨ ਜਿਹੜੀਆਂ ਕਿ ਆਪਣੇ ਨਜ਼ਦੀਕੀ ਕਿਊਰੱਸੋ ਪੰਛੀਆਂ ਨਾਲੋਂ ਹਲਕੀਆਂ ਅਤੇ ਕੁਝ ਛੋਟੀਆਂ ਹੁੰਦੀਆਂ ਹਨ। ਇਹ ਝੁੰਡਾਂ ਵਿਚ ਰਹਿਣ ਵਾਲੇ ਪ੍ਰਾਣੀ ਹਨ ਅਤੇ ਰਾਤ ਨੂੰ ਰੌਲਾ ਪਾਉਣ ਵਰਗੀਆਂ ਆਵਾਜ਼ਾਂ ਕੱਢਦੇ ਹਨ। ਦੋਨੋਂ ਲਿੰਗ ਦੇਖਣ ਵਿਚ ਇਕੋ ਜਿਹੇ ਲਗਦੇ ਹਨ। ਕਲਗੀ ਵਾਲਾ ਗਵਾਨ (*Penelope purpurascens*—ਜਿਸਨੂੰ ਗ਼ਲਤੀ ਨਾਲ ਵੈਂਗਣੀ ਗਵਾਨ ਵੀ ਕਹਿ ਦਿੰਦੇ ਹਨ) ਮੈਕਸੀਕੋ ਤੋਂ ਇਕਵਾਡਾਰ ਅਤੇ ਵੈੱਨਜ਼ੁਏਲਾ ਤਕ ਮਿਲਦਾ ਹੈ। ਇਸ ਪੰਛੀ ਦਾ ਸ਼ਿਕਾਰ ਕੀਤਾ ਜਾਂਦਾ ਹੈ। ਇਸ ਦੀ ਲੰਬਾਈ ਲਗ-ਭਗ 65 ਸੈਂ. ਮੀ. ਅਤੇ ਭਾਰ ਤਕਰੀਬਨ 2 ਕਿ. ਗ੍ਰਾ. ਹੁੰਦਾ ਹੈ। ਇਹ ਹਰੇ ਜਿਹੇ ਭੂਰੇ ਰੰਗ ਦਾ ਹੁੰਦਾ ਹੈ, ਜਿਸਦੇ ਹੇਠਲੇ ਪਾਸੇ ਚਿੱਟੇ ਨਿਸ਼ਾਨ ਹੁੰਦੇ ਹਨ।

ਹ. ਪੁ.—ਐਨ. ਬ੍ਰਿ. ਮਾ. 3 : 301

**ਕਿਊਰੀ** : ਇਹ ਭੌਤਿਕ-ਵਿਗਿਆਨ ਵਿਚ ਵਰਤੀ ਜਾਂਦੀ ਰੇਡੀਓਐਕਟਿਵਤਾ ਦੀ ਇਕ ਇਕਾਈ ਹੈ। ਇਕ ਕਿਊਰੀ ਕਿਸੇ ਪਦਾਰਥ ਦੀ ਉਹ ਮਾਤਰਾ ਹੁੰਦੀ ਹੈ, ਜਿਸ ਵਿਚ ਵਿਘਟਨ-ਦਰ $3.7 \times 10^{10}$ ਰੇਡੀਓਐਕਟਿਵ ਵਿਘਟਨ ਪ੍ਰਤਿ ਸੈਕੰਡ ਹੋਵੇ। ਇਹੀ ਸ਼ਬਦ ਵਿਘਟਨਾਂ ਦੀ ਦਰ ਦਰਸਾਉਣ ਲਈ ਵੀ ਵਰਤਿਆ ਜਾਂਦਾ ਹੈ। ਇਸ ਇਕਾਈ ਦਾ ਨਾਂ ਨੋਬਲ ਪੁਰਸਕਾਰ ਜੇਤੂ, ਪੋਲੈਂਡ ਦੀ ਜੰਮਪਲ, ਫ਼ਰਾਂਸੀਸੀ ਭੌਤਿਕ-ਵਿਗਿਆਨੀ ਮੇਰੀਕਿਊਰੀ ਦੇ ਸਨਮਾਨ ਵਿਚ ਰਖਿਆ ਗਿਆ ਹੈ।

ਹ. ਪੁ.—ਐਨ. ਬ੍ਰਿ. ਮਾ. 3 : 302

**ਕਿਊਰੀ, ਆਇਰੀਨ ਅਤੇ ਫਰੈਡਰਿਕ ਜੋਲੀਐਟ** : ਇਹ ਪ੍ਰਸਿੱਧ ਭੌਤਿਕ-ਵਿਗਿਆਨੀ ਮੇਰੀ ਕਿਊਰੀ ਦੀ ਲੜਕੀ ਅਤੇ ਜਵਾਈ ਸਨ।

**ਆਇਰੀਨ ਕਿਊਰੀ**—ਸੰਸਾਰ ਪ੍ਰਸਿੱਧ ਭੌਤਿਕ-ਵਿਗਿਆਨੀ ਕਿਊਰੀ ਪਰਿਵਾਰ ਵਿਚ ਜਨਮੀ ਆਇਰੀਨ ਕਿਊਰੀ ਮੇਰੀ ਅਤੇ ਪੈਰੀ ਕਿਊਰੀ ਦੀ ਲੜਕੀ ਸੀ। ਇਸ ਦਾ ਜਨਮ 12 ਸਤੰਬਰ, 1897 ਨੂੰ ਹੋਇਆ। ਇਸ ਨੇ ਸੈਵਿਜਨ ਕਾਲਜ ਵਿਚ 1912 ਤੋਂ 1914 ਤਕ *baccalaureat* ਦੀ ਤਿਆਰੀ ਕੀਤੀ। ਪਹਿਲੀ ਸੰਸਾਰ ਜੰਗ ਦੌਰਾਨ ਫ਼ੌਜ ਵਿਚ ਐੱਕਸ-ਰੇ ਟੈਕਨੀਸ਼ੀਅਨ ਦੇ ਤੌਰ ਤੇ ਕੰਮ ਕਰਦੇ ਹੋਏ, ਇਸ ਨੇ ਭੌਤਿਕ-ਵਿਗਿਆਨ ਵਿਚ ਡਿਗਰੀ ਹਾਸਲ ਕਰਨ ਲਈ ਕੰਮ ਅਰੰਭਿਆ। ਸੰਨ 1918 ਵਿਚ ਜਦ ਇਹ ਮੇਰੀ ਕਿਊਰੀ ਦੀ ਸਹਾਇਕ ਸੀ, ਤਾਂ ਰੇਡੀਓਐਕਟਿਵਤਾ ਸਬੰਧੀ ਪ੍ਰਯੋਗ ਕਰਨ ਵਿਚ ਕਾਫ਼ੀ ਮੁਹਾਰਤ ਹਾਸਲ ਕਰ ਲਈ। ਪ੍ਰਬੀਣ ਵਿਉਂਤਾਂ ਦੀ ਵਰਤੋਂ ਲਈ ਇਸ ਵਿਚ ਆਪਣੇ ਪਿਤਾ ਵਰਗਾ ਝੁਕਾਉ ਸੀ। ਸੰਨ 1925 ਵਿਚ ਇਸ ਨੇ ਪੋਲੋਨੀਅਮ ਦੀਆਂ ਐਲਫ਼ਾ ਕਿਰਨਾਂ ਬਾਰੇ ਪੀ ਐਚ. ਡੀ. ਦੀ ਡਿਗਰੀ ਲਈ ਆਪਣਾ ਥੀਸਿਸ ਪੇਸ਼ ਕੀਤਾ। ਇਸੇ ਹੀ ਸਾਲ ਇਸ ਦੀ ਮੁਲਾਕਾਤ ਇਸ ਦੀ ਮਾਂ ਦੀ ਪ੍ਰਯੋਗਸ਼ਾਲਾ ਵਿਚ ਕੰਮ ਕਰ ਰਹੇ ਇਕ ਵਿਗਿਆਨੀ ਫਰੈਡਰਿਕ ਜੋਲੀਐਟ ਨਾਲ ਹੋਈ, ਜਿਸ ਵਿਚ ਇਸ ਨੂੰ ਇਕ ਅਜਿਹੇ ਸਾਥੀ ਦੀ ਝਲਕ ਪਈ, ਜਿਸਨੇ ਇਸ ਨਾਲ ਵਿਗਿਆਨ, ਖੇਡਾਂ, ਮਾਨਵਵਾਦ ਅਤੇ ਕਲਾ ਬਾਰੇ ਮੋਹ ਵੰਡਾਇਆ।

**ਫਰੈਡਰਿਕ ਜੋਲੀਐਟ**—ਮੇਰੀ ਅਤੇ ਪੈਰੀ ਕਿਊਰੀ ਦੇ ਜਵਾਈ, ਆਇਰੀਨ ਕਿਊਰੀ ਦੇ ਪਤੀ ਫਰੈਡਰਿਕ ਜੋਲੀਐਟ ਦਾ ਜਨਮ 19 ਮਾਰਚ, 1900 ਨੂੰ ਹੋਇਆ । ਫਰੈਡਰਿਕ ਨੇ ਫ਼ੌਜੀ ਸੇਵਾ ਖ਼ਤਮ ਕਰਨ ਤੋਂ ਬਾਅਦ ਲੈਂਜੇਵਿਨ ਦੀ ਸਿਫ਼ਾਰਸ਼ ਤੇ ਮੇਰੀ ਕਿਊਰੀ ਪਾਸ ਇਕ ਰਿਸਰਚ-ਸਕਾਲਰ ਦੇ ਤੌਰ ਤੇ ਕੰਮ ਕਰਨ ਲਗਾ । ਜੋਲੀਐਟ ਨਾਲ ਨਾਲ ਆਪਣੀ ਪੜ੍ਹਾਈ ਵੀ ਕਰਦਾ ਰਿਹਾ ਅਤੇ 1927 ਵਿਚ ਇਸਨੇ *'Licence es Sciences'* ਵੀ ਹਾਸਲ ਕਰ ਲਿਆ । ਆਪਣੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਨ ਲਈ ਇਸ ਨੇ *'Ecole d' Electricite Industrielle Charliat'* ਵਿਚ ਕੰਮ ਜਾਰੀ ਰਖਿਆ ਅਤੇ ਇਸ ਨੇ ਆਇਰੀਨ ਕਿਊਰੀ ਤੋਂ ਪ੍ਰਯੋਗਸ਼ਾਲਾ ਦੀਆਂ ਤਕਨੀਕਾਂ ਸਿਖ ਲਈਆਂ । ਇਸ ਦਾ ਪਹਿਲਾ ਖੋਜ ਕੰਮ ਰੇਡੀਓਐਕਟਿਵ ਲੂਣਾਂ ਦੇ ਬਿਜਲ-ਰਸਾਇਣਿਕ ਗੁਣਾਂ ਨਾਲ ਸਬੰਧਤ ਸੀ ; ਇਹ ਕੰਮ ਉਸ ਨੇ ਪੀ ਐਚ. ਡੀ. ਦੇ ਥੀਸਿਸ ਲਈ ਪੇਸ਼ ਕੀਤਾ । ਫਰੈਡਰਿਕ ਅਤੇ ਆਇਰੀਨ ਦਾ ਵਿਆਹ 9 ਅਕਤੂਬਰ, 1926 ਨੂੰ ਹੋਇਆ । ਸੰਨ 1928 ਵਿਚ ਇਨ੍ਹਾਂ ਨੇ ਇਕੱਠੇ ਮਿਲ ਕੇ ਵਿਗਿਆਨਕ ਕੰਮ ਸ਼ੁਰੂ ਕੀਤਾ ।

ਆਇਰੀਨ ਅਤੇ ਫ਼ਰੈਡਰਿਕ ਜੋਲੀਐਟ-ਕਿਊਰੀ ਦਾ ਮੁਖ ਕੰਮ ਰਦਰਫੋਰਡ ਦੇ ਐਟਾਮਿਕ ਨਿਊਕਲੀਅਸ ਤੇ ਅਧਾਰਤ ਸੀ । ਨਿਊਟ੍ਰਾਨ ਦੀ ਖੋਜ ਵਿਚ ਇਸ ਜੋੜੇ ਦਾ ਮਹੱਤਵਪੂਰਨ ਯੋਗਦਾਨ ਹੈ।

**ਬਣਾਉਟੀ ਰੇਡੀਓਐਕਟਿਵਤਾ**—ਇਸ ਜੋੜੇ ਨੇ ਇਹ ਸਿੱਧ ਕੀਤਾ ਕਿ ਜੇਕਰ ਐਲੂਮਿਨੀਅਮ ਦੀ ਇਕ ਪਤਲੀ ਸ਼ੀਟ ਉੱਪਰ ਪੋਲੋਨੀਅਮ ਦੇ ਸੋਮੇ ਤੋਂ ਉਤਪੰਨ ਐੱਲਫ਼ਾ ਕਣਾਂ ਨਾਲ ਬੰਬਾਰੀ ਕੀਤੀ ਜਾਵੇ ਤਾਂ ਨਿਊਟ੍ਰਾਨ ਅਤੇ ਪਾਜ਼ਿਟ੍ਰਾਨ ਉਤਸਰਜਿਤ ਹੁੰਦੇ ਹਨ ; ਸੋਮੇ ਦੇ ਹਟਾ ਦਿਤੇ ਜਾਣ ਨਾਲ ਹੀ ਪਾਜ਼ਿਟ੍ਰਾਨ ਪੈਦਾ ਹੁੰਦੇ ਰਹਿੰਦੇ ਹਨ ਭਾਵੇਂ ਇਨ੍ਹਾਂ ਦੀ ਦਰ ਸਮੇਂ ਨਾਲ ਘਟਦੀ ਜਾਂਦੀ ਹੈ । ਇਸੇ ਹੀ ਤਰੀਕੇ ਨਾਲ ਰੇਡੀਓਐਕਟਿਵ ਨਾਈਟ੍ਰੋਜਨ, ਬੋਰੋਨ ਤੇ ਐੱਲਫ਼ਾ ਕਣਾਂ ਦੀ ਬੰਬਾਰੀ ਕਰਨ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਮੈਗਨੀਸ਼ੀਅਮ ਉਪਰ ਬੰਬਾਰੀ ਕਰਨ ਨਾਲ ਰੇਡੀਓਐਕਟਿਵ ਸਿਲੀਕੋਨ ਪ੍ਰਾਪਤ ਹੁੰਦਾ ਹੈ । ਰੇਡੀਓਐਕਟਿਵ ਫ਼ਾਸਫੋਰਸ ਵੀ ਇਸੇ ਹੀ ਵਿਧੀ ਨਾਲ ਬਣਾਈ ਜਾ ਸਕਦੀ ਹੈ । ਇਨ੍ਹਾਂ ਰੇਡੀਓਐਕਟਿਵ-ਸਮਸਥਾਨਕਾਂ ਦੀ ਮੈਡੀਸਨ ਅਤੇ ਜੀਵ-ਵਿਗਿਆਨ ਵਿਚ ਵੀ ਵਰਤੋਂ ਹੋਣ ਲਗ ਗਈ । ਸੰਨ 1935 ਵਿਚ ਇਨ੍ਹਾਂ ਪਤੀ-ਪਤਨੀ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ।

ਫ਼ਰੈਡਰਿਕ ਨੂੰ *College de France* ਵਿਚ 1937 ਵਿਚ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ । ਇਸ ਨੇ ਸਥਿਰ-ਬਿਜਲਈ ਪ੍ਰਵੇਗਕ ਅਤੇ ਸਾਈਕਲੋਟ੍ਰਾਨ ਬਣਾਉਣ ਵਿਚ ਸਹਾਇਤਾ ਕੀਤੀ।

**ਨਿਊਕਲੀ ਵਿਖੰਡਨ**—1937 ਵਿਚ ਸਾਰਬੋਰਨ ਵਿਖੇ ਆਇਰੀਨ ਨੂੰ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ ਅਤੇ ਇਸ ਨੇ ਨਿਊਟ੍ਰਾਨਾਂ ਰਾਹੀਂ ਉਤਪੰਨ ਰੇਡੀਓਐਕਟਿਵ-ਪਦਾਰਥਾਂ ਉਤੇ ਕੰਮ ਜਾਰੀ ਰਖਿਆ । ਸੰਨ 1938 ਵਿਚ ਪਾਵਲ ਸੈਵਿਕ ਨਾਲ ਇਸ ਨੇ ਯੂਰੇਨੀਅਮ ਦੇ ਟਾਰਗੈੱਟ ਤੇ ਲੈਂਥੇਲਮ ਨਾਲ ਮਿਲਦੇ ਜੁਲਦੇ ਇਕ ਤੱਤ ਦੀ ਅਲਪਕਾਲੀ ਹੋਂਦ ਨੂੰ ਦਰਸਾਇਆ । ਇਨ੍ਹਾਂ ਨਿਊਕਲੀ ਵਿਖੰਡਨਾਂ ਦੀ ਵਿਆਖਿਆ ਆਟੋ ਹੱਨ ਅਤੇ ਫਰਿਟਜ਼ ਸਟਰਾਸਮੈਨ ਦੁਆਰਾ ਦਿਤੀ ਗਈ ।

**ਯੂਰੇਨੀਅਮ ਅਤੇ ਭਾਰਾ ਪਾਣੀ**—ਪੈਰੀ ਅਤੇ ਮੇਰੀ ਕਿਊਰੀ ਨੇ ਇਹ ਫ਼ੈਸਲਾ ਕੀਤਾ ਹੋਇਆ ਸੀ ਕਿ ਉਹ ਆਪਣੀ ਖੋਜ ਨਾਲ ਸਬੰਧਤ ਹਰ ਚੀਜ਼ ਪ੍ਰਕਾਸ਼ਿਤ ਕਰਵਾ ਦੇਣਗੇ । ਇਹੀ ਰਵੱਈਆ ਜੋਲੀਐਟ ਤੇ ਆਇਰੀਨ ਕਿਊਰੀ ਵਲੋਂ ਵੀ ਅਪਣਾਇਆ ਗਿਆ । ਪਰ ਨਾਜ਼ੀਵਾਦ ਦੇ ਸਿਰ ਚੁੱਕਣ ਕਾਰਨ ਖ਼ਤਰਿਆਂ ਤੋਂ ਡਰਦੇ ਹੋਏ ਇਨ੍ਹਾਂ ਨੇ ਆਪਣੀ ਬਣਾਉਟੀ ਰੇਡੀਓਐਕਟਿਵ ਤੱਤਾਂ ਬਾਰੇ ਖੋਜ ਪ੍ਰਕਾਸ਼ਿਤ ਕਰਵਾਉਣੀ ਬੰਦ ਕਰ ਦਿਤੀ । ਦੂਜੀ ਸੰਸਾਰ ਲੜਾਈ ਦੇ ਸ਼ੁਰੂ ਵਿਚ ਹੀ ਜੋਲੀਐਟ ਸਾਇੰਸ ਸਬੰਧੀ ਖੋਜ ਕਰਨ ਵਾਲੇ ਗਰੁੱਪ ਦਾ ਡਾਇਰੈਕਟਰ ਬਣ ਗਿਆ ਅਤੇ ਇਸ ਨੇ ਅਸਲੇ ਦੇ ਮਹਿਕਮੇ ਦੇ ਮੰਤਰੀ ਨੂੰ ਇਸ ਗੱਲ ਲਈ ਸਹਿਮਤ ਕਰ ਲਿਆ ਕਿ ਉਹ ਨਾਰਵੇ ਵਿਚ ਪਿਆ 130 ਲਿਟਰ ਭਾਰਾ ਪਾਣੀ ਖ਼ਰੀਦ ਲਵੇ । ਫਿਰ ਜੂਨ, 1940 ਵਿਚ ਜੋਲੀਐਟ ਕਿਊਰੀ ਨੇ ਭਾਰੇ ਪਾਣੀ ਦਾ ਸਟਾਕ ਇੰਗਲੈਂਡ ਭੇਜ ਦਿਤਾ ਅਤੇ ਯੂਰੇਨੀਅਮ ਦਾ ਸਟਾਕ, ਜੋ ਇਸ ਨੂੰ ਸਪੁਰਦ ਕੀਤਾ ਗਿਆ ਸੀ 'ਟੋਲੂਸੇ' ਕੋਲ ਪਿਆ ਰਿਹਾ । ਲੜਾਈ ਦੇ ਦੌਰਾਨ ਜੋਲੀਐਟ ਕਿਊਰੀ ਨੇ ਫ਼ਰਾਂਸ ਵਿਚ ਹੀ ਰਹਿਣਾ ਪਸੰਦ ਕੀਤਾ ਤਾਂ ਜੋ ਉਸ ਦੀ ਪ੍ਰਯੋਗਸ਼ਾਲਾ ਦਾ ਸਮਾਨ ਜਰਮਨ ਜਾਣ ਤੋਂ ਰੋਕਿਆ ਜਾ ਸਕੇ । ਜੋਲੀਐਟ ਕਿਊਰੀ ਨੇ ਆਪਣੀ ਖੋਜ, ਖ਼ਾਸ ਕਰਕੇ ਜੀਵ-ਵਿਗਿਆਨ ਤੇ, ਜਾਰੀ ਰਖੀ ਅਤੇ 1939 ਤੋਂ ਪਿੱਛੋਂ ਫ਼ਰੈਡਰਿਕ ਨੇ ਇਕ ਹੋਰ ਵਿਗਿਆਨੀ ਐਨਟੋਨੀ ਲੈਸੈਸੈਨ ਨਾਲ ਮਿਲ ਕੇ ਥੱਇਆਰੌਇਡ ਨਾੜੀਆਂ ਵਿਚ ਰੇਡੀਓਐਕਟਿਵ ਆਇਓਡੀਨ ਨੂੰ ਇਕ ਟ੍ਰੇਸਰ ਵਜੋਂ ਵਰਤਿਆ । ਜੋਲੀਐਟ 1943 ਵਿਚ *Academie de Medicine* ਦਾ ਮੈਂਬਰ ਬਣਿਆ । ਜਰਮਨ ਲੜਾਈ ਵੇਲੇ ਇਸ ਦੀ ਮਿਹਨਤ ਨੂੰ ਅਤੇ ਕੌਮ ਪ੍ਰਤਿ ਹਮਦਰਦੀ ਕਾਰਨ ਜੋਲੀਐਟ ਨੂੰ ਇਕ ਫ਼ੌਜੀ ਸਨਮਾਨ *Legion of Honour* ਅਤੇ ਇਕ ਹੋਰ ਸਨਮਾਨ *Croin de querre* ਨਾਲ ਸਨਮਾਨਿਆ ਗਿਆ ।

**ਪ੍ਰਮਾਣੂ-ਸ਼ਕਤੀ ਦੀ ਵਰਤੋਂ**—ਫ਼ਰਾਂਸ ਦੀ ਮੁਕਤੀ ਤੋਂ ਬਾਅਦ ਜੋਲੀਐਟ ਨੂੰ 1944 ਵਿਚ *Academie des Sciences* ਲਈ ਚੁਣਿਆ ਗਿਆ ਅਤੇ ਇਸ ਨੂੰ *Centre National de la Recherele Scientifique* ਤੇ ਡਾਇਰੈਕਟਰ ਦੀ ਪਦਵੀ ਤੇ ਲਾਇਆ ਗਿਆ । ਜਨਰਲ ਡੀ ਗਾਲ ਦੁਆਰਾ 1945 ਵਿਚ ਜੋਲੀਐਟ ਅਤੇ ਦਾਤਰੀ ਨੂੰ *Commissariat a l' Energie Atomique* ਦੀ ਸਥਾਪਨਾ ਦਾ ਮੁਖ਼ਤਾਰ ਬਣਾਇਆ ਗਿਆ ਤਾਂ ਕਿ 1939 ਵਿਚ ਕੀਤੀਆਂ ਗਈਆਂ ਖੋਜਾਂ ਦਾ ਫ਼ਾਇਦਾ ਫਰਾਂਸ ਨੂੰ ਪਹੁੰਚ ਸਕੇ। ਆਇਰੀਨ ਕਿਊਰੀ ਨੇ ਕੱਚੇ ਪਦਾਰਥਾਂ ਦੀ ਉਪਲੱਬਧੀ ; ਯੂਰੇਨੀਅਮ ਅਤੇ ਡੀਟੈਕਟਰ ਸੰਥਾਪਨਾ ਲਈ ਬਣਾਵਟ ਆਦਿ ਲਈ ਆਪਣਾ ਵਿਗਿਆਨਕ ਤਜਰਬਾ ਅਤੇ ਪ੍ਰਬੰਧਕੀ ਯੋਗਤਾ ਅਰਪਣ ਕੀਤੀ । ਸੰਨ 1946 ਵਿਚ ਇਸ ਨੂੰ ਵੀ ਰੇਡੀਅਮ ਸੰਸਥਾ ਦਾ ਡਾਇਰੈਕਟਰ ਬਣਾਇਆ ਗਿਆ । ਭਾਵੇਂ ਫ਼ਰਾਂਸ ਦਾ ਉਦਯੋਗ ਅਜੇ ਉਠ ਹੀ ਰਿਹਾ ਸੀ ਪਰ ਫਿਰ ਵੀ ਜੋਲੀਐਟ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ 1948 ਵਿਚ ਫ਼ਰਾਂਸ ਦਾ ਪਹਿਲਾ ਨਿਊਕਲੀ ਰੀਐਕਟਰ ਚਾਲੂ ਹੋਇਆ । ਸੰਨ 1949 ਵਿਚ ਫ਼ਰਾਂਸ ਵਿਚ ਪੈਦਾ ਕੀਤਾ ਹੋਇਆ ਪਲੂਟੋਨੀਅਮ ਦਾ ਮਾਪਣ ਯੋਗ ਨਮੂਨਾ ਜੋਲੀਐਟ ਨੂੰ ਭੇਂਟ ਕੀਤਾ ਗਿਆ । ਸੰਨ 1950 ਵਿਚ ਪ੍ਰਧਾਨ ਮੰਤਰੀ ਨੇ ਇਨ੍ਹਾਂ ਦੋਹਾਂ ਪਤੀ-ਪਤਨੀ ਨੂੰ ਉਨ੍ਹਾਂ ਦੀਆਂ ਮਹੱਤਵਪੂਰਨ ਪਦਵੀਆਂ ਤੋਂ ਹਟਾ ਦਿਤਾ ।

"ਜ਼ਾਲਮ ਹੱਥਾਂ ਵਿਚ" ਰੇਡੀਓ-ਐਕਟਿਵਤਾ ਦਾ ਖ਼ਤਰਾ, ਜੋ 1903 ਵਿਚ ਪੈਰੀ ਕਿਊਰੀ ਨੇ ਆਪਣੇ ਨੋਬਲ ਭਾਸ਼ਣ ਵਿਚ ਮਹਿਸੂਸ ਕੀਤਾ ਸੀ, ਕਿ ਇਹ ਮਨੁੱਖੀ ਨਸਲ ਲਈ ਤਬਾਹੀ ਦਾ ਕਾਰਨ ਬਣ ਸਕਦੀ ਹੈ ਉਹੀ ਇਨ੍ਹਾਂ ਦੁਆਰਾ ਵੀ ਥੋੜ੍ਹਾ ਬਹੁਤ ਮਹਿਸੂਸ ਕੀਤਾ ਗਿਆ। ਪਰ ਇਹ ਇਸ ਦੀ ਵਰਤੋਂ ਸ਼ਾਂਤੀ ਪੂਰਵਕ ਕੰਮਾਂ ਵਿਚ ਕਰਨ ਲਈ ਸੰਸਾਰ ਵਿਚ ਇਕ ਆਮ ਰਾਇ ਬਣਾਉਣਾ ਚਾਹੁੰਦੇ ਸਨ, ਇਸ ਲਈ ਜੋਲੀਐਟ ਨੇ ਨਿਊਕਲੀ ਹਥਿਆਰਾਂ ਦੇ ਵਿਰੁੱਧ ਕਈ ਤਰ੍ਹਾਂ ਦੀਆਂ ਪ੍ਰਚਾਰ ਮੁਹਿੰਮਾਂ ਚਲਾਈਆਂ ।

ਸੰਨ 1956 ਵਿਚ ਆਇਰੀਨ ਦੀ ਸਿਹਤ ਕਾਫ਼ੀ ਵਿਗੜ ਚੁੱਕੀ ਸੀ ਅਤੇ ਅੰਤ ਉਹ 19 ਮਾਰਚ ਨੂੰ ਸਵਰਗਵਾਸ ਹੋ ਗਈ । ਫ਼ਰੈਡਰਿਕ ਨੇ ਬਿਮਾਰ ਹੁੰਦਿਆਂ ਅਤੇ ਇਹ ਜਾਣਦਿਆਂ ਹੋਇਆਂ ਕਿ ਉਸਦੇ ਦਿਨ ਕੇਵਲ

ਗਿਣਤੀ ਦੇ ਹੀ ਹਨ, ਆਇਰੀਨ ਦੇ ਅਧੂਰਨ ਕੰਮ ਨੂੰ ਪੂਰਾ ਕਰਨ ਦਾ ਨਿਸ਼ਚਾ ਕੀਤਾ। ਸਤੰਬਰ, 1956 ਵਿਚ ਇਸ ਨੇ ਪੈਰਿਸ ਯੂਨੀਵਰਸਿਟੀ ਵਿਚ ਆਇਰੀਨ ਦੁਆਰਾ ਖਾਲੀ ਕੀਤੀ ਪ੍ਰੋਫ਼ੈਸਰ ਦੀ ਪਦਵੀ ਸੰਭਾਲ ਲਈ। ਇਸ ਨੇ ਆਰਸੇ ਪ੍ਰਯੋਗਸ਼ਾਲਾ ਵੀ ਪੂਰੀ ਸਫਲਤਾ ਨਾਲ ਤਿਆਰ ਕਰਵਾਈ ਅਤੇ ਇਸ ਵਿਚ ਕੰਮ ਹੁੰਦਾ ਵੀ ਦੇਖ ਸਕਿਆ। ਸੰਸਾਰ ਵਿਚ ਸ਼ਾਂਤੀ ਰਖਣ ਲਈ ਅਖ਼ੀਰਲਾ ਕਦਮ ਇਸ ਨੇ ਉਦੋਂ ਚੁੱਕਿਆ ਜਦ ਦੂਜੇ ਸੰਸਾਰ ਯੁੱਧ ਤੋਂ ਪਿਛੋਂ ਫ਼ਰਾਂਸ ਵਿਚ ਪਹਿਲੀ ਵਾਰ ਆਯੋਜਿਤ ਇੰਟਰਨੈਸ਼ਨਲ ਕਾਂਗਰਸ ਆਫ਼ ਨਿਊਕਲੀਅਰ ਫ਼ਿਜ਼ਿਕਸ ਦੀ ਪ੍ਰਧਾਨਗੀ ਕੀਤੀ। ਇਹ 14 ਅਗਸਤ, 1958 ਵਿਚ ਪੈਰਿਸ ਵਿਖੇ ਸਵਰਗਵਾਸ ਹੋ ਗਿਆ।

ਹ. ਪੁ.—ਐਨ. ਬ੍ਰਿ. ਮੈ. 5 : 371

**ਕਿਊਰੀ, ਪੈਰੀ** : ਸੰਸਾਰ ਪ੍ਰਸਿੱਧ ਇਸ ਭੌਤਿਕ-ਵਿਗਿਆਨੀ ਦਾ ਜਨਮ 15 ਮਈ, 1859 ਨੂੰ ਪੈਰਿਸ ਵਿਖੇ ਹੋਇਆ। ਇਸ ਨੇ ਆਪਣੀ ਮੁਢਲੀ ਵਿੱਦਿਆ ਆਪਣੇ ਪਿਤਾ ਤੋਂ ਹੀ ਪ੍ਰਾਪਤ ਕੀਤੀ ਜੋ ਖ਼ੁਦ ਇਕ ਫ਼ਿਜ਼ੀਸ਼ੀਅਨ ਸੀ। ਚੌਦਾਂ ਸਾਲ ਦੀ ਉਮਰ ਵਿਚ ਹੀ ਇਸ ਦੀ ਰੁਚੀ ਗਣਿਤ ਤੇ ਜਿਊਮੈਟਰੀ ਵਲ ਹੋ ਗਈ। ਸੰਨ 1898 ਵਿਚ ਪੈਰੀ ਨੇ ਤਾਪ ਤਰੰਗਾਂ ਦੀ ਤਰੰਗ ਲੰਬਾਈ ਮਿਣਨ ਦਾ ਕੰਮ ਕੀਤਾ। ਇਸ ਤੋਂ ਬਾਅਦ ਇਸ ਨੇ ਆਪਣੇ ਵੱਡੇ ਭਰਾ ਜੈਕੁਅਸ ਨਾਲ ਮਿਲ ਕੇ ਰਵਿਆਂ (ਕ੍ਰਿਸਟਲਾਂ) ਦਾ ਅਧਿਐਨ ਕੀਤਾ। ਕਿਊਰੀ ਭਰਾਵਾਂ ਨੇ ਸਿੱਧ ਕੀਤਾ ਕਿ ਤਾਪ-ਬਿਜਲੱਈ ਪ੍ਰਭਾਵ (ਤਾਪ ਨਾਲ ਬਿਜਲੱਈ ਚਾਰਜ ਦਾ ਉਤਪੰਨ ਹੋਣਾ, ਜਿਸ ਦੀ ਲਾਰਡ ਕੈਲਵਿਨ ਨੇ ਵਿਆਖਿਆ ਕੀਤੀ) ਅਧੀਨ, ਕ੍ਰਿਸਟਲ ਦੇ ਆਇਤਨ ਵਿਚ ਤਬਦੀਲੀ ਆ ਜਾਂਦੀ ਹੈ। ਇਸ ਤੋਂ ਪਿਛੋਂ ਇਨ੍ਹਾਂ ਨੇ ਦਾਬ-ਬਿਜਲੀ (ਅਰਥਾਤ ਕੁਚਾਲਕ ਕ੍ਰਿਸਟਲ ਉਪਰ ਦਬਾਉ ਪਾਉਣ ਨਾਲ ਬਿਜਲੱਈ ਚਾਰਜ ਦਾ ਉਤਪੰਨ ਹੋਣਾ) ਦੀ ਖੋਜ ਕੀਤੀ। ਇਸ ਤੋਂ ਵਿਪਰੀਤ ਜਦੋਂ ਅਜਿਹੇ ਕ੍ਰਿਸਟਲਾਂ ਨੂੰ ਬਿਜਲੱਈ ਖੇਤਰ ਵਿਚੋਂ ਲੰਘਾਇਆ ਜਾਂਦਾ ਹੈ ਤਾਂ ਇਨ੍ਹਾਂ ਦੇ ਆਇਤਨ ਵਿਚ ਪਰਿਵਰਤਨ ਆ ਜਾਂਦਾ ਹੈ। ਇਸ ਤੋਂ ਬਾਅਦ ਪੈਰੀ ਨੇ ਸਮਮਿਤੀ ਨਿਯਮ ਬਾਰੇ ਦਸਿਆ ਅਤੇ ਇਸ ਸਿੱਧਾਂਤ ਦੇ ਅਧਾਰ ਤੇ ਹੀ ਭੌਤਿਕ-ਵਿਗਿਆਨ ਦੇ ਕਈ ਸਿੱਧਾਂਤਾਂ ਦੀ ਵਿਆਖਿਆ ਕੀਤੀ ਜਿਵੇਂ ਕਿ ਚਾਲਕ ਕ੍ਰਿਸਟਲਾਂ ਵਿਚ ਬਿਜਲੱਈ ਕਰੰਟ ਅਤੇ ਖੇਤਰ ਵਿਚਕਾਰ ਸਬੰਧ ਆਦਿ।



ਕਿਊਰੀ, ਪੈਰੀ

ਸੰਨ 1882 ਦੇ ਨੇੜੇ ਤੇੜੇ ਇਸ ਨੇ ਇਕ ਅਣ-ਆਵਰਤੀ ਭੌਤਿਕੀ ਤਰਾਜ਼ੂ ਤਿਆਰ ਕੀਤਾ ਜਿਸ ਵਿਚ ਭਾਰ ਦਾ ਅਖੀਰਲਾ ਦਸ਼ਮਲਵ ਬਹੁਤ ਜਲਦੀ ਅਤੇ ਸਿੱਧੇ ਤੌਰ ਤੇ ਪੜ੍ਹਿਆ ਜਾ ਸਕਦਾ ਸੀ ਅਤੇ ਇਸ ਦੀ ਡੰਡੀ ਛੇਤੀ ਹੀ ਰੁੱਕ ਜਾਂਦੀ ਸੀ। ਫਿਰ ਇਸਨੇ ਡਾਕਟ੍ਰੇਟ ਦੇ ਥੀਸਿਸ ਵਾਸਤੇ ਚੁੰਬਕਤਾ ਦੀ ਇਸ ਥਿਊਰੀ ਤੇ ਕੰਮ ਕਰਨਾ ਸ਼ੁਰੂ ਕੀਤਾ ਕਿ ਲੋਹ-ਚੁੰਬਕਤਾ, ਅਨੁ-ਚੁੰਬਕਤਾ ਅਤੇ ਅਪ-ਚੁੰਬਕਤਾ ਵਿਚਕਾਰ ਕੋਈ ਅਵਸਥਾ ਪਰਿਵਰਤਨ ਹੁੰਦਾ ਹੈ। ਚੁੰਬਕੀ ਖੇਤਰ ਦੁਆਰਾ ਕਿਸੇ ਚਾਲਕ ਉਤੇ ਉਤਪੰਨ ਬਲ ਨੂੰ ਮਾਪਣ ਲਈ ਇਸਨੇ ਬਹੁਤ ਸੂਖਮ ਐਂਠਣ-ਤਰਾਜ਼ੂ ਬਣਾਈ, ਜਿਸ ਨੂੰ ਅੱਜ ਕਲ੍ਹ ਕਿਊਰੀ ਅਤੇ ਚੈਨੇਵਿਯੂ ਦੀ ਚੁੰਬਕੀ ਤਰਾਜ਼ੂ ਕਿਹਾ ਜਾਂਦਾ ਹੈ। ਇਸ ਨੇ ਕਿਊਰੀ ਸਿੱਧਾਂਤ ਦੀ ਖੋਜ ਵੀ ਕੀਤੀ, ਜਿਸ ਅਨੁਸਾਰ ਅਨੁ-ਚੁੰਬਕਾਂ ਵਿਚ ਚੁੰਬਕੀ ਗ੍ਰਹਿਣ-ਸਮਰੱਥਾ ਪਰਮ ਤਾਪਮਾਨ ਦੇ ਉਲਟ ਅਨੁਪਾਤੀ ਹੁੰਦੀ ਹੈ। ਇਸ ਨੇ ਸਿੱਧ ਕੀਤਾ ਕਿ ਅਨੁ-ਚੁੰਬਕ ਪੂਰਨ ਗੈਸਾਂ ਵਾਂਗ ਹਨ ; ਜਦੋਂ ਕਿ ਲੋਹ-ਚੁੰਬਕਤਾ ਦੇ ਗੁਣ ਸੰਘਣੇ ਤਰਲਾਂ ਵਰਗੇ ਹਨ ਇਸੇ ਤੱਥ ਨੂੰ ਬਾਅਦ ਵਿਚ ਪਾਇਰੀ-ਆਰਨੈਸਟ ਵੀਸ ਨੇ ਵੀ ਸਿੱਧ ਕੀਤਾ। ਸੰਨ 1895 ਵਿਚ ਪੈਰੀ ਕਿਊਰੀ ਨੇ ਵਖ ਵਖ ਤਾਪਮਾਨਾਂ ਤੇ ਚੁੰਬਕੀ ਗੁਣਾਂ ਦੇ ਅਧਿਐਨ ਸਬੰਧੀ ਡੀ ਐਸ ਸੀ ਦੀ ਡਿਗਰੀ ਹਾਸਲ ਕੀਤੀ।

1895 ਵਿਚ ਪੈਰੀ ਦਾ ਵਿਆਹ ਸੰਸਾਰ ਪ੍ਰਸਿੱਧ ਇਸਤਰੀ ਭੌਤਿਕ-ਵਿਗਿਆਨੀ, ਮੇਰੀ ਨਾਲ ਹੋਇਆ ਅਤੇ ਇਨ੍ਹਾਂ ਦੋਹਾਂ ਨੇ ਰਲ ਕੇ ਖੋਜ ਕਰਨੀ ਸ਼ੁਰੂ ਕਰ ਦਿਤੀ ਕਿਉਂਕਿ ਮੇਰੀ ਖਾਣਾਂ ਤੇ ਕੰਮ ਕਰ ਰਹੀ ਸੀ ਤਾਂ ਉਸ ਦਾ ਧਿਆਨ ਇਕ ਖਾਣ ਪਿਚਬਲੈਂਡ ਵਲ ਖਿੱਚਿਆ ਗਿਆ ਜੋ ਸ਼ੁੱਧ ਯੂਰੇਨੀਅਮ ਨਾਲੋਂ ਵੀ ਚੰਗੀਆਂ ਕਿਰਨਾਂ ਪੈਦਾ ਕਰਦੀ ਸੀ। ਇਸ ਦਾ ਕਾਰਨ ਇਸ ਵਿਚਲੀ ਕਿਸੇ ਅਗਿਆਤ ਕੱਚੀ-ਧਾਤ ਕਰਕੇ ਸੀ। ਪੈਰੀ ਕਿਊਰੀ ਨੇ ਮੇਰੀ ਨਾਲ ਮਿਲ ਕੇ ਇਸ ਦੀ ਖੋਜ ਬਾਰੇ ਕੰਮ ਕਰਨਾ ਸ਼ੁਰੂ ਕਰ ਦਿਤਾ। ਮੇਰੀ ਅਤੇ ਪੈਰੀ ਦੇ ਇਸ ਸਾਂਝੇ ਕੰਮ ਨਾਲ ਦੋ ਨਵੀਆਂ ਧਾਤਾਂ ਪੋਲੋਨੀਅਮ ਅਤੇ ਰੇਡੀਅਮ ਦੀ ਖੋਜ ਹੋਈ।

ਜੈਨੇਵਾ ਯੂਨੀਵਰਸਿਟੀ ਵਿਚ ਇਕ ਪਦਵੀ ਤੇ ਨਿਯੁਕਤੀ ਤੋਂ ਨਾਂਹ ਕਰਕੇ ਪੈਰੀ ਨੇ ਮੇਰੀ ਨਾਲ ਹੀ ਕੰਮ ਜਾਰੀ ਰਖਿਆ ਅਤੇ ਇਸ ਨੂੰ ਸਾਰਬਾਨ ਵਿਖੇ 1900 ਵਿਚ ਲੈਕਚਰਾਰ ਅਤੇ 1904 ਵਿਚ ਪ੍ਰੋਫ਼ੈਸਰ ਬਣਾ ਦਿਤਾ ਗਿਆ। ਸੰਨ 1903 ਵਿਚ ਕਿਊਰੀ ਜੋੜੇ ਨੇ ਬੈਕੁਅਰਲ ਨਾਲ ਨੋਬਲ ਪੁਰਸਕਾਰ ਸਾਂਝਾ ਕੀਤਾ ਅਤੇ ਲੰਡਨ ਦੀ ਰੱਾਇਲ ਸੋਸਾਇਟੀ ਵਲੋਂ ਇਨ੍ਹਾਂ ਨੂੰ ਡੇਵੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸੰਨ 1906 ਵਿਚ ਪੈਰਿਸ ਵਿਖੇ ਇਸ ਮਹਾਨ ਵਿਅਕਤੀ ਦੀ ਠੇਲ੍ਹੇ ਹੇਠ ਆ ਕੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮੈ. 5 : 371

**ਕਿਊਰੀ, ਮੇਰੀ** : ਰੇਡੀਅਮ ਵਰਗੀ ਵਡਮੁੱਲੀ ਧਾਤ ਦੀ ਖੋਜ ਕਰਨ ਅਤੇ ਦੂਹਰਾ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੀ ਇਸ ਸੰਸਾਰ ਪ੍ਰਸਿੱਧ ਇਸਤਰੀ ਵਿਗਿਆਨੀ ਦਾ ਜਨਮ 7 ਨਵੰਬਰ, 1867 ਨੂੰ ਵਾਰਸਾ ਵਿਖੇ ਹੋਇਆ। ਇਸ ਨੂੰ ਪਹਿਲਾਂ ਮਾਨੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਬਾਅਦ ਵਿਚ ਫ਼ਰਾਂਸੀਸੀ ਨਾਂ ਮੇਰੀ ਨਾਲ ਜਾਣਿਆ ਜਾਣ ਲਗ ਪਿਆ। ਬਚਪਨ ਤੋਂ ਹੀ ਇਸ ਦੀ ਯਾਦ-ਸ਼ਕਤੀ ਕਾਫ਼ੀ ਤੇਜ਼ ਸੀ ਅਤੇ 16 ਸਾਲ ਦੀ ਉਮਰ ਵਿਚ ਹੀ ਇਸ ਨੇ ਸੈਕੰਡਰੀ ਵਿੱਦਿਆ ਪੂਰੀ ਕਰਨ ਤੇ ਸੋਨੇ ਦਾ ਤਮਗਾ ਹਾਸਲ ਕਰ ਲਿਆ। ਇਸ ਦਾ ਪਿਤਾ ਸਕੂਲ ਵਿਚ ਗਣਿਤ ਅਤੇ ਭੌਤਿਕ ਵਿਗਿਆਨ ਦਾ ਅਧਿਆਪਕ ਸੀ। ਉਹ ਆਪਣੀ ਸਾਰੀ ਬੱਚਤ ਕਿਸੇ ਮਾੜੇ ਕੰਮਾਂ ਵਿਚ ਲਾ ਕੇ ਗੁਆ ਚੁੱਕਾ ਸੀ, ਇਸ ਲਈ ਪਰਿਵਾਰ ਦੀ ਮਦਦ ਕਰਨੀ ਮੇਰੀ ਲਈ ਜ਼ਰੂਰੀ ਬਣ ਗਈ ਸੀ। ਜਦ ਇਹ ਸਕੂਲ ਵਿਚ ਕੰਮ ਕਰਦੀ ਸੀ ਤਾਂ ਇਹ ਇਕ ਕੌਮੀ 'ਫ੍ਰੀ ਯੂਨੀਵਰਸਿਟੀ' ਵਿਚ ਗੁਪਤ ਤੌਰ ਤੇ ਪੋਲੈਂਡ ਭਾਸ਼ਾ ਵਿਚ ਇਸਤਰੀ ਮਜ਼ਦੂਰਾਂ ਨੂੰ ਪੜ੍ਹਾਉਣ ਦਾ ਕੰਮ ਕਰਦੀ ਸੀ। ਅਠ੍ਹਾਰਾਂ ਸਾਲ ਦੀ ਉਮਰ ਵਿਚ ਹੀ ਇਹ ਗਵਰਨੈੱਸ ਬਣ ਗਈ ਅਤੇ ਆਪਣੀ ਕਮਾਈ ਵਿਚੋਂ ਕੁਝ ਹਿੱਸਾ ਪੈਰਿਸ ਵਿਚ ਮੈਡੀਕਲ ਦੀ ਪੜ੍ਹਾਈ ਕਰ ਰਹੀ ਆਪਣੀ ਭੈਣ ਬੋਰੂਨੀਆਂ ਨੂੰ ਇਸ ਇਰਾਦੇ ਨਾਲ ਦਿੰਦੀ ਰਹੀ ਕਿ ਬੋਰਨੀਆਂ ਬਾਅਦ ਵਿਚ ਇਸ ਦੀ ਮਦਦ ਕਰੇਗੀ।



ਕਿਊਰੀ ਮੇਰੀ

ਇਸ ਨੇ 1893 ਵਿਚ *Licence es Sciences Physiques* ਅਵਲ ਦਰਜੇ ਵਿਚ ਹਾਸਲ ਕੀਤਾ ਅਤੇ ਲਿਪਮੈਨ ਦੀ ਪ੍ਰਯੋਗਸ਼ਾਲਾ ਵਿਚ

। ਕਰਨਾ ਸ਼ੁਰੂ ਕਰ ਦਿੱਤਾ। ਸੰਨ 1894 ਵਿਚ ਜਦੋਂ ਇਹ ਪੈਰੀ ਕਿਊਰੀ ਮਿਲੀ ਤਾਂ ਇਹ *Licence es Sciences Mathematiques* ਚੋਂ ਦੂਜਾ ਦਰਜਾ ਪ੍ਰਾਪਤ ਕਰ ਚੁੱਕੀ ਸੀ। 25 ਜੁਲਾਈ, 1895 ਨੂੰ ਜ ਦਾ ਵਿਆਹ ਪੈਰੀ ਕਿਊਰੀ ਨਾਲ ਹੋ ਗਿਆ। ਸੰਨ 1897 ਵਿਚ ਨ੍ਹਾਂ ਦੇ ਇਕ ਲੜਕੀ 'ਆਇਰਨ' ਪੈਦਾ ਹੋਈ।

ਸੰਨ 1896 ਵਿਚ ਹੈਨਰੀ ਬੈਕੁਅਰਲ ਦੇ ਨਵੇਂ ਸਿੱਧਾਂਤ ਰੇਨੀਅਮ ਦੇ ਲੂਣਾਂ ਵਿਚੋਂ ਐਕਸ-ਕਿਰਨਾਂ ਵਾਂਗ ਆਪਣੇ ਆਪ ਾ ਕਿਰਨਾਂ ਨਿਕਲਦੀਆਂ ਹਨ ਅਤੇ ਜੇਕਰ ਗੈਸਾਂ ਨੂੰ ਇਨ੍ਹਾਂ ਕਿਰਨਾਂ ਚੋਂ ਦੀ ਲੰਘਾਇਆ ਜਾਵੇ ਤਾਂ ਬਿਜਲਈ ਚਾਰਜਿਤ ਕਣ ਉਤਪੰਨ ੇ ਹਨ) ਤੋਂ ਮੇਰੀ ਨੇ ਦੂਜੇ ਤੱਤਾਂ ਵਿਚ ਵੀ ਇਹ ਗੁਣ ਲੱਭਣ ਲਈ ਾ ਸ਼ੁਰੂ ਕੀਤੀ। ਉਹ ਇਸ ਗੱਲ ਵਿਚ ਸਫਲ ਹੋ ਗਈ ਕਿ ਥੋਰੀਅਮ ਰ ਵੀ ਯੂਰੇਨੀਅਮ ਵਾਲੇ ਗੁਣ ਹੁੰਦੇ ਹਨ। ਜਦ ਇਹ ਖਣਿਜਾਂ ਬਾਰੇ ਧਐਨ ਕਰ ਰਹੀ ਸੀ ਤਾਂ ਇਸ ਦਾ ਧਿਆਨ ਪਿਚਬਲੈਂਡ ਖਣਿਜ ਾ ਖਿਚਿਆ ਗਿਆ, ਇਸ ਖਣਿਜ ਵਿਚੋਂ ਸ਼ੁੱਧ ਯੂਰੇਨੀਅਮ ਨਾਲੋਂ ਵੀ ਮਾਦਾ ਰੇਡੀਓਐਕਟਿਵ ਕਿਰਨਾਂ ਨਿਕਲਦੀਆਂ ਹਨ, ਪਿਚਬਲੈਂਡ ਦੀ ਾ ਕਿਰਿਆਸ਼ੀਲਤਾ ਇਸ ਵਿਚ ਕਿਸੇ ਅਗਿਆਤ ਪਦਾਰਥ ਦੀ ਹੋਂਦ ਜਨ ਹੁੰਦੀ ਹੈ। ਸੰਨ 1903 ਵਿਚ ਰੇਡੀਓ-ਐਕਟਿਵਤਾ ਦੀ ਖੋਜ਼ ੀ ਕਿਊਰੀ ਅਤੇ ਬੈਕੁਅਰਲ ਨੇ ਨੋਬਲ ਪੁਰਸਕਾਰ ਸਾਂਝਾ ਕੀਤਾ। ੇ ਹੀ ਸਾਲ ਮੇਰੀ ਨੂੰ ਡਾਕਟਰੇਟ ਆਫ਼ ਸਾਇੰਸ ਦੀ ਡਿਗਰੀ ਪ੍ਰਾਪਤ ਗਈ ਅਤੇ ਮੇਰੀ ਅਤੇ ਪੈਰੀ ਨੂੰ ਲੰਡਨ ਦੀ ਰੌਇਲ ਸੋਸਾਇਟੀ ਵਲੋਂ ੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਅਪ੍ਰੈਲ 14, 1901 ਪੈਰੀ ਦੀ ਅਚਾਨਕ ਮੌਤ ਨਾਲ ਮੇਰੀ ਨੂੰ ਬਹੁਤ ਧੱਕਾ ਲਗਾ। ਪਰ ੀ ਦੀ ਮੌਤ ਨੇ ਮੇਰੀ ਦੀ ਜ਼ਿੰਦਗੀ ਵਿਚ ਇਕ ਨਵਾਂ ਮੋੜ ਲਿਆਂਦਾ। ਨੇ ਆਪਣੇ ਅਤੇ ਆਪਣੇ ਪਤੀ ਦੁਆਰਾ ਸ਼ੁਰੂ ਕੀਤੇ ਕੰਮ ਨੂੰ ਟਾਉਣ ਲਈ ਆਪਣੀ ਸਾਰੀ ਸ਼ਕਤੀ ਲਗਾਉਣ ਦਾ ਦ੍ਰਿੜ ਨਿਸ਼ਚਾ ਲਿਆ। ਮਈ 13, 1906 ਵਿਚ ਇਹ ਆਪਣੇ ਪਤੀ ਦੀ ਮੌਤ ਨ ਖ਼ਾਲੀ ਹੋਈ ਆਸਾਮੀ ਤੇ ਪ੍ਰੋਫ਼ੈਸਰ ਨਿਯੁਕਤ ਹੋਈ ਅਤੇ ਸਾਰਬਾਨ ਾ ਪੜ੍ਹਾਉਣ ਵਾਲੀ ਇਹ ਪਹਿਲੀ ਇਸਤਰੀ ਸੀ। ਸੰਨ 1910 ਵਿਚ ਦੀ ਰੇਡੀਓ-ਐਕਟਿਵਤਾ ਤੇ ਮੁਢਲੀ ਪੁਸਤਕ ਪ੍ਰਕਾਸ਼ਿਤ ਹੋਈ ਅਤੇ ਹੀ ਸਾਲ ਇਹ ਧਾਤਵੀ ਹਾਲਤ ਵਿਚ ਸ਼ੁੱਧ ਰੇਡੀਅਮ ਤਿਆਰ ਨ ਵਿਚ ਸਫ਼ਲ ਹੋਈ। ਸੰਨ 1911 ਵਿਚ ਇਸ ਨੂੰ ਰਸਾਇਣ-ਗਿਆਨ ਵਿਚ ਰੇਡੀਅਮ ਅਤੇ ਪੋਲੋਨੀਅਮ ਦੀ ਖੋਜ ਕਰਨ ਅਤੇ ਰੇਡੀਅਮ ਦੇ ਨਿਖੇੜਨ ਲਈ ਨੋਬਲ ਪੁਰਸਕਾਰ ਪ੍ਰਦਾਨ ਕੀਤਾ ਾ।

ਪਹਿਲੇ ਸੰਸਾਰ ਯੁੱਧ ਦੌਰਾਨ ਮੇਰੀ ਕਿਊਰੀ ਨੇ ਆਪਣੀ ਧੀ ਰੀਨ ਦੀ ਮਦਦ ਨਾਲ ਐਕਸ-ਕਿਰਨਾਂ ਦਾ ਮੈਡੀਕਲ ਨਿਰੀਖਣਾਂ ੀ ਸਿਪਾਹੀਆਂ ਵਾਸਤੇ ਉਪਯੋਗ ਕੀਤਾ।

ਸੰਨ 1921 ਵਿਚ ਮੇਰੀ ਆਪਣੀਆਂ ਦੋਹਾਂ ਕੁੜੀਆਂ ਨਾਲ ਕਤ ਰਾਜ ਅਮਰੀਕਾ ਦਾ ਦੌਰਾ ਕਰਨ ਗਈ ਜਿੱਥੇ ਇਸ ਨੂੰ ਟਰਪਤੀ ਹਾਰਡਿੰਗ ਨੇ ਇਕ ਗ੍ਰਾ. ਰੇਡੀਅਮ ਭੇਂਟ ਕੀਤਾ, ਜਿਹੜਾ ੀਕਨ ਇਸਤਰੀਆਂ ਨੇ ਫੰਡ ਇਕੱਠਾ ਕਰਕੇ ਖਰੀਦਿਆ ਸੀ। ਇਸ ਮੁੰਦਰ ਪਾਰ ਦੇਸ਼ਾਂ ਵਿਚ ਯਾਤਰਾ ਜਾਰੀ ਰਖੀ ਅਤੇ ਕਈ ਲੈਕਚਰ ਦੱਤੇ ਅਤੇ ਇਹ 'ਕੌਂਸਲ ਆਫ਼ ਦੀ ਲੀਗ ਆਫ਼ ਨੇਸ਼ਨਜ਼' ਦੁਆਰਾ ਈ 'ਇੰਟਰਨੈਸ਼ਨਲ ਕਮਿਸ਼ਨ ਆਨ ਇੰਟਲੈਕਚੂਅਲ ਕੋਆਪਰੇਸ਼ਨ' ੈਂਬਰ ਬਣਾਈ ਗਈ। ਪਰ ਇਸ ਦੀ ਲੜਕੀ ਆਇਰੀਨ ਅਤੇ ਕ ਫਰੈਡਰਿਕ ਜੋਲੀਐਟ ਦੀ ਨਵੀਂ ਟੀਮ ਦਾ ਬਣਨਾ, ਇਸ ਦੀ ਤੋਂ ਵੱਡੀ ਖੁਸ਼ੀ ਸੀ। ਇਸ ਦੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਹੀ ਉਟੀ ਰੇਡੀਓ-ਐਕਟਿਵ ਪਦਾਰਥ ਬਣਾਏ ਜਾਣ ਲਗ ਪਏ। ਇਹ ਪਦਾਰਥ ਮੇਰੀ ਕਿਊਰੀ ਦੀ ਪ੍ਰਯੋਗਸ਼ਾਲਾ ਵਿਚ ਹੀ ਤਿਆਰ ਕੀਤੇ ਗਏ ਸਨ। ਜੁਲਾਈ 4, 1934 ਨੂੰ ਸੈਲੈਂਚਜ਼ ਵਿਖੇ ਵਿਕੀਰਨ ਨਾਲ ਪੈਦਾ ਹੋਈ ਲੂਕੀਮੀਆ ਬਿਮਾਰੀ ਨਾਲ ਇਸ ਸੰਸਾਰ ਪ੍ਰਸਿੱਧ ਇਸਤਰੀ-ਵਿਗਿਆਨੀ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮੈ. 5 : 371

**ਕਿਊਰੋਗਾ, ਹੋਰੇਸ਼ੀਓ :** ਨਿਕੀ ਕਹਾਣੀ ਦੇ ਇਸ ਲੇਖਕ ਦਾ ਜਨਮ 31 ਦਸੰਬਰ, 1878 ਨੂੰ ਸੈਲਟੋ ਵਿਖੇ ਹੋਇਆ। ਇਸ ਨੇ ਤਪਤ ਜੰਗਲ ਵਿਚ ਮਨੁੱਖ ਅਤੇ ਪਸ਼ੂਆਂ ਦੇ ਜੀਉਂਦੇ ਰਹਿਣ ਲਈ ਕੀਤੇ ਜਾਂਦੇ ਸੰਘਰਸ਼ ਦਾ ਕਲਪਨਾਮਈ ਢੰਗ ਨਾਲ ਚਿੱਤਰਣ ਕੀਤਾ ਅਤੇ ਸਿੱਟੇ ਵਜੋਂ ਇਸ ਨੂੰ ਸਪੇਨ ਦੀ ਬੋਲੀ ਵਿਚ 'Cuento' (tale) ਦੇ ਮਾਸਟਰ ਦੇ ਤੌਰ ਤੇ ਮਾਨਤਾ ਪ੍ਰਾਪਤ ਹੋਈ।

ਆਪਣੀ ਜਵਾਨੀ ਦੌਰਾਨ ਇਸ ਨੇ ਯੂਰਪ ਦੀ ਯਾਤਰਾ ਮਗਰੋਂ ਆਪਣੇ ਜੀਵਨ ਦਾ ਬਹੁਤਾ ਹਿੱਸਾ ਅਰਜਨਟਾਈਨਾ ਵਿਚ ਬਵੇਨਸ ਏਰੀਜ਼ ਵਿਖੇ ਬਿਤਾਇਆ। ਇਥੋਂ ਇਹ ਅਕਸਰ ਜੰਗਲੀ ਸੂਬੇ ਮੀਸਯੋਨੇਸ ਵਿਚ ਸਾਨ ਈਗਨਾਸਿਓ ਵਿਖੇ ਜਾਇਆ ਕਰਦਾ ਸੀ। ਜੰਗਲੀ ਵਾਤਾਵਰਨ ਅਤੇ ਉਥੇ ਰਹਿਣ ਦੇ ਇਸ ਦੇ ਆਪਣੇ ਤਜਰਬੇ ਕਾਰਨ ਇਸ ਨੂੰ ਕਹਾਣੀਆਂ ਲਿਖਣ ਲਈ ਚੋਖੀ ਸਾਮੱਗਰੀ ਮਿਲ ਜਾਂਦੀ ਸੀ। ਇਸ ਦੇ ਵਾਰਤਕ ਅਤੇ ਕਾਵਿ-ਸੰਗ੍ਰਹਿਾਂ, ਜਿਵੇਂ ਕਿ Los arrecifes de coral (1901; 'ਦੀ ਕੋਰਲ ਰੀਫ਼ਸ') ਤੋਂ ਕਿਊਰੋਗਾ ਦੁਆਰਾ ਉਸ ਸਮੇਂ ਦੀਆਂ ਸਾਹਿਤਕ ਤਦਬੀਰਾਂ ਦੀ ਨਕਲ ਕੀਤੀ ਲਗਦੀ ਹੈ। ਇਸ ਤੋਂ ਥੋੜ੍ਹੇ ਸਮੇਂ ਬਾਅਦ ਪਹਿਲਾਂ 19ਵੀਂ ਸਦੀ ਦੇ ਨਿੱਕੀ ਕਹਾਣੀ ਦੇ ਲੇਖਕ ਈ. ਏ. ਪੋ ਦੇ ਪ੍ਰਭਾਵ ਹੇਠ ਅਤੇ ਮਗਰੋਂ ਆਰ. ਕਿੱਪਲਿੰਗ ਦੀਆਂ 19ਵੀਂ ਸਦੀ ਦੀਆਂ ਅੰਗਰੇਜ਼ੀ ਨਿੱਕੀਆਂ ਕਹਾਣੀਆਂ ਦੇ ਪ੍ਰਭਾਵ ਹੇਠ ਇਸ ਨੇ ਲਿਖਣ ਦਾ ਆਪਣਾ ਢੰਗ ਅਪਣਾਇਆ।

ਇਸ ਨੇ ਆਪਣੇ ਵਿਚਾਰਾਂ ਵਿਚ ਜੀਵਨ ਨੂੰ ਇਕ ਨਿਰੰਤਰ ਸੰਘਰਸ਼ ਦੱਸਿਆ। ਇਸ ਦੁਆਰਾ ਲਿਖਿਤ Anaconda (1921) ਨੂੰ ਇਕ ਸ਼ਾਹਕਾਰ ਮੰਨਿਆ ਗਿਆ ਹੈ, ਇਸ ਵਿਚ ਇਸ ਨੇ ਵਾਸਤਵਿਕ, ਦਾਰਸ਼ਨਿਕ ਅਤੇ ਸੰਕੇਤਕ ਕਈ ਸਤੱਰਾਂ ਦਾ ਚਿੱਤਰਣ ਕੀਤਾ ਹੈ।

ਕਿਊਰੋਗਾ ਨੂੰ ਮਗਰਲੇ ਸਾਲਾਂ ਵਿਚ ਬਿਮਾਰੀ ਅਤੇ ਸਖ਼ਤ ਉਦਾਰਤਾ ਦਾ ਸਾਹਮਣਾ ਕਰਨਾ ਪਿਆ। ਇਸ ਦੀਆਂ ਮਗਰਲੀਆਂ ਲਿਖਤਾਂ ਇਸ ਦੀ ਬੇਹਦ ਨਿਰਾਰਥਕਤਾ ਦੀ ਮਨੋਸਥਿਤੀ ਨੂੰ ਜ਼ਾਹਰ ਕਰਦੀਆਂ ਹਨ ਜਿਸ ਕਾਰਨ ਇਸ ਨੇ ਸੰਨ 1937 ਵਿਚ ਇਕ ਹਸਪਤਾਲ ਵਿਚ ਆਤਮ ਹੱਤਿਆ ਕੀਤੀ। ਹਾਲੇ ਵੀ ਇਸ ਦੀਆਂ ਨਿੱਕੀਆਂ ਕਹਾਣੀਆਂ ਸਪੇਨੀ ਬੋਲੀ ਵਿਚ ਵਧੀਆ ਕਹਾਣੀਆਂ ਵਿਚੋਂ ਗਿਣੀਆਂ ਜਾਂਦੀਆਂ ਹਨ।

ਹ. ਪੁ.—ਐਨ. ਬ੍ਰਿ. ਮਾ. 8 : 360

**ਕਿਓਗਾ ਝੀਲ :** ਇਹ ਝੀਲ ਅਫ਼ਰੀਕਾ ਦੇ ਦੱਖਣੀ ਯੁਗਾਂਡਾ ਪ੍ਰਾਂਤ ਵਿਚ ਵਾਕਿਆ ਹੈ ਜਿਸਦਾ ਰਕਬਾ ਲਗਭਗ 2560 ਵ. ਕਿ. ਮੀ. ਹੈ। ਇਸ ਦੇ ਚਾਰੇ ਪਾਸੇ ਹੋਰ ਝੀਲਾਂ ਦੇ ਸਮੂਹ ਹਨ ਜਿਵੇਂ ਦੱਖਣ ਵਿਚ 160 ਕਿ. ਮੀ. ਦੀ ਦੂਰੀ ਤੇ ਵਿਕਟੋਰੀਆ ਝੀਲ, ਪੂਰਬ ਵਿਚ 108 ਕਿ. ਮੀ. ਦੀ ਦੂਰੀ ਤੇ ਅਲਬਰਟਾ ਝੀਲ ਅਤੇ ਦੱਖਣ-ਪੱਛਮ ਵਿਚ 440 ਕਿ. ਮੀ. ਦੀ ਦੂਰੀ ਤੇ ਐਡਵਰਡ ਝੀਲ। ਕਿਓਗਾ ਝੀਲ ਭਜਣ-ਕਿਰਿਆ ਦੁਆਰਾ ਹੋਂਦ ਵਿਚ ਆਈ ਹੈ। ਅਫ਼ਰੀਕਾ ਦੀ ਪ੍ਰਸਿੱਧ ਨਦੀ ਝੀਲ ਟਾਂਗਾਨੀਕਾ ਝੀਲ ਤੋਂ ਨਿਕਲ ਕੇ ਅਵੇਨ ਤੇ ਰਿਪਨ ਆਬਸ਼ਾਰਾਂ ਤੋਂ ਹੁੰਦੀ ਹੋਈ ਕਿਓਗਾ ਝੀਲ ਦੇ ਵਿਚੋਂ ਦੀ ਗੁਜ਼ਰਦੀ ਹੈ। ਇਹ ਝੀਲ ਮਿੱਠੇ ਪਾਣੀ ਦੀ ਹੈ।

ਹ. ਪੁ.—ਹਿੰ. ਵਿ. ਕੋ. 3 : 237

**ਕਿਓਨਾਗਾ :** ਜਾਪਾਨੀ ਰੰਗਮੰਚ ਦੇ ਇਸ ਚਿੱਤਰਕਾਰ ਦਾ ਜਨਮ 1752 ਵਿਚ ਓਰਾਗਾ ਵਿਖੇ ਹੋਇਆ ਅਤੇ ਇਸ ਨੇ ਟੋਕੀਓ

ਵਿਚ ਕਿਓਮਿਤਸੁ ਕੋਲੋਂ ਚਿੱਤਰਕਾਰੀ ਸਿਖੀ । ਆਪਣੇ ਉਸਤਾਦ ਦੇ ਮਰਨ ਮਗਰੋਂ ਇਹ ਉਸ ਦੀ ਜਾਇਦਾਦ ਦਾ ਮਾਲਕ ਬਣ ਗਿਆ ਅਤੇ ਇਸ ਨੇ ਰੰਗਮੰਚ ਚਿਤਰਨ ਦੀ ਮਹਾਨ ਪਰੰਪਰਾ ਨੂੰ ਕਾਇਮ ਰਖਿਆ । ਰੰਗਮੰਚ ਦੇ ਚਿਤਰਣਾਂ ਵਿਚ ਇਸ ਦਾ ਕੋਈ ਸਾਨੀ ਨਹੀਂ ਹੋਇਆ । ਇਸ ਦੇ ਚਿੱਤਰਾਂ ਵਿਚ ਰੰਗਾਂ ਦੀ ਅਨੰਤਤਾ ਹੈ ਪਰ ਵਧੇਰੇ ਕਰਕੇ ਇਸ ਨੂੰ ਗੁਲਾਬੀ, ਹਰੇ, ਪੀਲੇ, ਭੂਰੇ ਅਤੇ ਨੀਲੇ ਰੰਗ ਪਸੰਦ ਸਨ । ਇਸ ਦੇ ਚਿੱਤਰਾਂ ਵਿਚ ਮਨੁੱਖਾਂ ਤੋਂ ਇਲਾਵਾ ਪੰਛੀਆਂ, ਫੁੱਲਾਂ ਅਤੇ ਹੋਰ ਕੁਦਰਤੀ ਪ੍ਰਸੰਗਾਂ ਦਾ ਨਿਰੂਪਣ ਹੋਇਆ ਹੈ । ਇਸ ਦੇ ਨਾਲ ਹੀ ਭਾਂਡੇ, ਸਮੇਟੇ ਹੋਏ ਪਰਦੇ ਆਦਿ ਘਰੇਲੂ ਚੀਜ਼ਾਂ ਵੀ ਉਨ੍ਹਾਂ ਵਿਚ ਦਿਖਾਏ ਗਏ ਹਨ । ਇਸ ਦੇ ਚਿੱਤਰਾਂ ਵਿਚੋਂ, 'ਪਰਿਮਿਤ ਆਵਾਸਾਂ ਦੀਆਂ ਸੁੰਦਰੀਆਂ ਦਾ ਚਿੱਤਰ ਘਰ' ਅਤੇ 'ਸਾਇਉਨਾਰਾ' (ਵਿਦਾ) ਬਹੁਤ ਪ੍ਰਸਿੱਧ ਹਨ । ਇਸ ਨੇ ਕੁਝ ਚਿੱਤਰ 'ਰਾਜਕੁਮਾਰੀਆਂ' ਅਤੇ ਦਰਬਾਰ ਦੀਆਂ ਇਸਤਰੀਆਂ ਬਾਰੇ ਵੀ ਬਣਾਏ ਸਨ, ਜੋ ਕਾਫ਼ੀ ਪ੍ਰਸਿੱਧ ਹੋਏ ।

ਸੰਨ 1815 ਨੂੰ ਇਸ ਦੀ ਮੌਤ ਹੋ ਗਈ ।

ਹ. ਪੁ.—ਹਿੰ. ਵਿ. 3 : 238

**ਕਿਓਨੋਬੂ ਪਹਿਲਾ** : ਇਸ ਚਿੱਤਰਕਾਰ ਦਾ ਜਨਮ ਸੰਨ 1664 ਵਿਚ ਟੋਕੀਓ ਵਿਖੇ ਹੋਇਆ ਅਤੇ ਇਹ ਇਥੇ ਹੀ ਰਿਹਾ । ਇਸ ਨੇ ਰੰਗਮੰਚ ਨਾਲ ਸਬੰਧਤ ਚਿੱਤਰਕਾਰਾਂ ਦੀ ਇਕ ਵਧੀਆ ਪਰੰਪਰਾ ਦਾ ਆਰੰਭ ਕੀਤਾ । ਇਸ ਦਾ ਗੁਰੂ ਵੀ ਰੰਗਮੰਚ ਦੇ ਸਾਈਨ ਬੋਰਡਾਂ ਦਾ ਚਿੱਤਰਕਾਰ ਸੀ । ਇਸ ਨੇ ਪਹਿਲਾਂ ਗ੍ਰੰਥ ਚਿਤਰਣ ਦਾ ਕੰਮ ਸ਼ੁਰੂ ਕੀਤਾ ਅਤੇ ਜਲਦੀ ਹੀ (1695 ਤਕ) ਐਕਟਰਾਂ ਦੇ ਚਿੱਤਰ ਬਣਾਉਣ ਵਿਚ ਨਿਪੁੰਨ ਮੰਨਿਆ ਜਾਣ ਲੱਗਾ । ਉਸ ਸਮੇਂ ਐਕਟਰਾਂ ਦੇ ਚਿੱਤਰ ਬਣਾਉਣ ਦੀ ਰੀਤ ਚਲ ਪਈ ਸੀ ਜਿਸ ਨੂੰ ਇਸ ਨੇ ਆਪਣੀ ਨਿਪੁੰਨਤਾ ਨਾਲ ਸੰਪੂਰਨ ਕੀਤਾ । ਪੁਰਸ਼ ਐਕਟਰ ਹੀ ਇਸਤਰੀਆਂ ਦਾ ਰੋਲ ਕਰਦੇ ਸਨ । ਇਹ ਵੱਖ ਵੱਖ ਦੋਵੇਂ ਰੋਲਾਂ ਨੂੰ ਹੈਰਾਨੀ ਜਨਕ ਸਫਲਤਾ ਨਾਲ ਸੂਚਿਤ ਕਰਦਾ ਸੀ । ਇਸ ਨੇ ਉਨ੍ਹਾਂ ਦੇ ਬਸਤਰਾਂ ਤੇ ਚੈਰੀ ਦੀਆਂ ਕਲੀਆਂ, ਵੱਖ ਵੱਖ ਫੁੱਲ, ਪੰਛੀਆਂ ਆਦਿ ਨੂੰ ਅਦਭੁੱਤ ਢੰਗ ਨਾਲ ਚਿਤਰਿਆ । ਇਸ ਦੇ ਚਿੱਤਰ ਦਾ ਬਹੁਤਾ ਹਿੱਸਾ ਮੁਖ ਉਲੇਖ ਯੋਗ ਐਕਟਰ, ਐਕਟਰੈੱਸ ਦੀ ਸ਼ਕਲ ਨਾਲ ਹੀ ਭਰਿਆ ਹੁੰਦਾ । ਜਾਪਾਨੀ ਸ਼ੈਲੀ ਦੀਆਂ ਪ੍ਰਬਲ ਲਹਿਰੀਆ ਰੇਖਾਵਾਂ ਸੂਖ਼ਮਤਾ ਲਈ ਮੂਰਤ ਨੂੰ ਸੁੰਦਰਤਾ ਪ੍ਰਦਾਨ ਕਰ ਜਾਂਦੀਆਂ । ਰੰਗਮੰਚ ਦੇ ਚਿੱਤਰਾਂ ਤੋਂ ਇਲਾਵਾ ਇਸ ਚਿੱਤਰਕਾਰ ਨੇ ਸ੍ਰਿੰਗਪ੍ਰਧਾਨ ਚਿੱਤਰਾਂ ਦੇ ਐਲਬਮ ਵੀ ਤਤਕਾਲੀਨ ਪਰੰਪਰਾ ਵਿਚ ਬਣਾਏ ।

ਸੰਨ 1729 ਨੂੰ ਟੋਕੀਓ ਵਿਖੇ ਹੀ ਇਸ ਦੀ ਮੌਤ ਹੋ ਗਈ ।

ਹ. ਪੁ:—ਹਿੰ. ਵਿ. 3 : 238

**ਕਿਆਮਤ** : ਇਸਾਈਆਂ ਦਾ ਵਿਸਵਾਸ਼ ਹੈ ਕਿ ਕਿਆਮਤ ਦੇ ਦਿਨ ਈਸ਼ਵਰ ਸਭ ਮਨੁੱਖਾਂ ਦਾ ਲੇਖਾ ਜੋਖਾ ਕਰੇਗਾ । ਅਰਬੀ ਸ਼ਬਦ 'ਕਿਆਮਤ' ਇਬ੍ਰਾਨੀ ਧਾਤੂ 'ਕੂਮ' ਨਾਲ ਸਬੰਧ ਰਖਦਾ ਹੈ ਜਿਸ ਦਾ ਅਰਥ ਹੈ ਖੜੇ ਹੋਣਾ, ਕਾਇਮ ਹੋਣਾ ।

ਬਾਈਬਲ ਦੇ ਆਰੰਭ ਵਿਚ ਹੀ ਇਸ ਦਾ ਬਾਰ ਬਾਰ ਉਲੇਖ ਮਿਲਦਾ ਹੈ ਕਿ ਈਸ਼ਵਰ ਮਨੁਖਾਂ ਨੂੰ ਪਾਪ ਕਾਰਨ ਦੰਡ ਦਿੰਦਾ ਹੈ । ਯਹੂਦੀ ਜਾਤੀ ਪਰਮਾਤਮਾ ਦੇ ਦਿਨ ਦਾ ਇੰਤਜ਼ਾਰ ਕਰਦੀ ਸੀ । ਉਸ ਦਿਨ ਪਰਮਾਤਮਾ ਭਲਿਆਂ ਨੂੰ ਇਨਾਮ ਅਤੇ ਬੁਰਿਆਂ ਨੂੰ ਦੰਡ ਦੇ ਕੇ ਪ੍ਰਿਥਵੀ ਤੇ ਆਪਣਾ ਰਾਜ ਸਥਾਪਿਤ ਕਰਨ ਵਾਲਾ ਸੀ । ਇਸ ਤੋਂ ਇਲਾਵਾ ਅਰਵਾਚੀਨ ਕਾਲ ਵਿਚ ਈਸ਼ਵਰ ਦੇ ਦਿਨ ਦੇ ਅਵਸਰ ਤੇ ਮ੍ਰਿਤਕਾਂ ਦੇ ਮੁੜ ਉਠਾਉਣ ਦਾ ਉਲੇਖ ਮਿਲਦਾ ਹੈ । ਦਾਨਿਆਲ ਨਬੀ ਦੇ ਗ੍ਰੰਥ ਦੇ ਮੁੱਢ ਵਿਚ ਕਿਹਾ ਗਿਆ ਹੈ ਕਿ ਕਾਲ ਦੇ ਅੰਤ ਵਿਚ ਕੁਝ ਲੋਕ ਅਨੰਤ ਜੀਵਨ ਲਈ ਅਤੇ ਕੁਝ ਲੋਕ ਅਨੰਤ ਦੰਡ ਪਾਉਣ ਲਈ ਜੀ ਉਠਣਗੇ ਪਰੰਤੂ ਕਾਲ ਦੇ ਅੰਤ ਵਿਚ ਸਾਰੇ ਮਨੁੱਖਾਂ ਦਾ ਮੁੜ ਉਠਣਾ ਸਪਸ਼ਟ ਰੂਪ ਵਿਚ ਬਾਈਬਲ ਦੇ ਪਹਿਲੇ ਅੱਧ ਵਿਚ ਸ਼ਾਮਲ ਨਹੀਂ ਕੀਤਾ ਗਿਆ । ਫਿਰ ਵੀ ਈਸਾ ਦੇ ਜੀਵਨ ਕਾਲ ਵਿਚ ਮੁਰਦਿਆਂ ਦੇ ਮੁੜ ਉੱਠਣ ਤੇ ਵਿਸ਼ਵਾਸ ਵਿਆਪਕ ਰੂਪ ਵਿਚ ਯਹੂਦੀਆਂ ਵਿਚ ਪ੍ਰਚਲਿਤ ਸੀ ।

ਬਾਈਬਲ ਦੇ ਪਿਛਲੇ ਅੱਧ ਵਿਚ ਈਸ਼ਵਰ ਦੇ ਦਿਨ ਦੇ ਵਿਸ਼ੇ ਵਿਚ ਮੰਨਿਆ ਗਿਆ ਹੈ ਕਿ ਕਾਲ ਦੇ ਅੰਤ ਵਿਚ (ਕਿਆਮਤ ਦੇ ਦਿਨ) ਸਾਰੇ ਮਨੁੱਖ ਮੁੜ ਜਿਉਂਦੇ ਹੋ ਜਾਣਗੇ ਅਤੇ ਈਸਾ ਇਨਸਾਫ ਕਰਤਾ ਦੇ ਰੂਪ ਵਿਚ ਪ੍ਰਗਟ ਹੋ ਕੇ ਭਲਿਆਂ ਨੂੰ ਸਵਰਗ ਦਾ ਇਨਾਮ ਤੇ ਬੁਰਿਆਂ ਨੂੰ ਨਰਕ ਦਾ ਦੰਡ ਪ੍ਰਦਾਨ ਕਰਨਗੇ ।

ਮੁਸਲਮਾਨਾਂ ਦੇ ਮੱਤ ਅਨੁਸਾਰ ਪਰਲੋ ਹੋਣ ਪਿੱਛੋਂ ਮੁਰਦੇ ਉਠ ਖੜ੍ਹੇ (ਕਾਇਮ) ਹੋਣਗੇ । ਇਸ ਲਈ ਅੰਤਲੇ ਦਿਨ ਸਰੀਰ ਵਿਚ ਰੂਹਾਂ ਦੀ ਕਾਇਮੀ ਦਾ ਨਾਂ ਕਿਆਮਤ ਹੋ ਗਿਆ । ਕੁਰਾਨ ਸ਼ਰੀਫ ਦੀ ਸੂਰਤ 32 ਆਇਤ 5 ਵਿਚ ਲਿਖਿਆ ਹੈ ਕਿ ਪਰਲੋ ਦਾ ਦਿਨ ਮਨੁੱਖ ਦੇ ਹਜ਼ਾਰ ਵਰ੍ਹੇ ਦੇ ਬਰਾਬਰ ਹੋਵੇਗਾ, ਜਿਸ ਵਿਚ ਜੀਵਾਂ ਦੇ ਸ਼ੁਭ ਅਸ਼ੁਭ ਕਰਮਾਂ ਦਾ ਫੈਸਲਾ ਖ਼ੁਦਾ ਕਰੇਗਾ ।

ਹ. ਪੁ.—ਹਿੰ. ਵਿ. ਕੋ. 2 : 354; ਮ. ਕੋ. 300

**ਕਿਆਰਾ ਸਾਹਿਬ** : ਕਿਆਰਾ ਸਾਹਿਬ ਨਨਕਾਣਾ ਸਾਹਿਬ (ਪਾਕਿਸਤਾਨ) ਵਿਚ ਉਹ ਗੁਰਅਸਥਾਨ ਹੈ, ਜਿਸ ਥਾਂ ਬਾਬਾ ਨਾਨਕ ਨੇ ਪਸ਼ੂਆਂ ਦਾ ਖਾਧਾ ਖੇਤ ਜਿਉਂ ਦਾ ਤਿਉਂ ਹਰਾ ਭਰਾ ਕਰ ਦਿੱਤਾ ਸੀ । ਇਹ ਸਥਾਨ ਨਗਰ ਤੋਂ ਪੂਰਬ ਵੱਲ ਲਾਗੇ ਹੀ ਹੈ । ਇਥੇ ਬਾਲ-ਨਾਨਕ ਮੱਝੀਆਂ ਚਰਾਉਣ ਲਈ ਗਏ । ਆਪ ਮੱਝੀਆਂ ਵਲੋਂ ਬੇਪ੍ਰਵਾਹ ਹੋ ਕੇ ਪ੍ਰਮਾਤਮਾ ਦੀ ਭਗਤੀ ਵਿਚ ਅਜਿਹੇ ਲੀਨ ਹੋਏ ਕਿ ਖੇਤ ਦੇ ਮਾਲਕ ਨੇ ਜਦੋਂ ਆਪਣਾ ਖੇਤ ਉਜੜਿਆ ਦੇਖਿਆ ਤਾਂ ਉਸ ਨੇ ਇਸ ਦੀ ਸ਼ਿਕਾਇਤ ਰਾਇ ਬੁਲਾਰ ਕੋਲ ਕੀਤੀ । ਪਰੰਤੂ ਜਦੋਂ ਜੱਟ ਅਤੇ ਰਾਇ ਬੁਲਾਰ ਆਪਣੇ ਨੌਕਰਾਂ ਨਾਲ ਉਥੇ ਪਹੁੰਚਿਆ ਤਾਂ ਉਹਨਾਂ ਦੇਖਿਆ ਕਿ ਸਤਿਗੁਰੂ ਆਪਣੀ ਲਿਵ ਵਿਚ ਜੁੜੇ ਹੋਏ ਸਨ ਪਰੰਤੂ ਖੇਤ ਉਵੇਂ ਦਾ ਉਵੇਂ ਹਰਾ ਭਰਾ ਖੜ੍ਹਾ ਸੀ । ਉਸ ਥਾਂ ਹੁਣ ਗੁਰਦੁਆਰਾ ਬਣਿਆ ਹੋਇਆ ਹੈ ਜੋ 'ਕਿਆਰਾ ਸਾਹਿਬ' ਨਾਉਂ ਨਾਲ ਪ੍ਰਸਿੱਧ ਹੈ । ਇਸ ਗੁਰਦੁਆਰੇ ਨਾਲ 45 ਮੁਰੱਬੇ ਜ਼ਮੀਨ ਹੈ ।

ਹ. ਪੁ.—ਮ. ਕੋ. : 327

**ਕਿਆਰਾਮੌਂਟੀ, ਸ਼ਿਪੀਅਨ** : ਇਹ ਇਟਲੀ ਦਾ ਖਗੋਲਵੇਤਾ ਅਤੇ ਦਰਸ਼ਨ-ਸ਼ਾਸਤ੍ਰੀ ਸੀ, ਜਿਸ ਦਾ ਜਨਮ ਇਟਲੀ ਵਿਚ ਚੈਸੇਨਾ ਵਿਖੇ 1565 ਵਿਚ ਹੋਇਆ । ਪੀਸਾ ਵਿਖੇ ਦਰਸ਼ਨ-ਸ਼ਾਸਤ੍ਰ ਦਾ ਇਹ ਇੰਸਟਰਕਟਰ ਰਿਹਾ । *'Anti-Tycho'*, *1621*, *'Caesenoe historia'*, *'Works on astronony, math, history'* ਇਸ ਦੀਆਂ ਮੁੱਖ ਰਚਨਾਵਾਂ ਹਨ । ਧੂਮਕੇਤੂ ਬਾਰੇ ਇਸ ਨੇ ਟਾਈਕੋ ਦਾ ਵਿਰੋਧ ਕੀਤਾ ਪਰ ਕੈਪਲਰ ਅਤੇ ਗੈਲਿਲੀਓ ਨੇ ਇਸ ਨੂੰ ਗ਼ਲਤ ਸਿੱਧ ਕੀਤਾ । ਸੰਨ 1652 ਵਿਚ ਇਸ ਦੀ ਮੌਤ ਹੋ ਗਈ ।

ਹ. ਪੁ.—ਵ. ਹੂ. ਇ. ਸ. : 329

**ਕਿਸ਼ਕਿੰਧਾ** : ਇਹ ਕਿਸ਼ਕਿੰਧ ਦੇਸ਼ ਦੀ ਪੁਰਾਣੀ ਰਾਜਧਾਨੀ ਦਾ ਨਾਂ ਹੈ, ਜਿਸ ਵਿਚ ਬਨਚਰਾਂ ਦੇ ਰਾਜੇ ਬਾਲੀ ਅਤੇ ਸੁਗ੍ਰੀਵ ਰਾਜ ਕਰਦੇ ਸਨ । ਇਹ ਤੁੰਗਭਦ੍ਰਾ ਨਦੀ ਦੇ ਕੰਢੇ ਤੇ ਬਲਾਰੀ ਤੋਂ 60 ਮੀਲ ਉੱਤਰ ਵਲ ਇਕ ਨਿੱਕਾ ਜਿਹਾ ਨਗਰ ਹੈ । ਇਸ ਤੋਂ ਦੋ ਕੁ ਮੀਲ ਦੱਖਣ ਪੱਛਮ ਦੀ ਕੋਣ ਵਲ ਪੰਪਾ ਸਰੋਵਰ ਹੈ ਅਤੇ ਪੰਪਾਸਰ ਤੋਂ ਦੱਖਣ ਪੱਛਮ ਵਲ ਅੰਜਨਾ ਪਰਬਤ ਹੈ, ਜਿਥੇ ਹਨੂਮਾਨ ਜੀ ਦਾ ਜਨਮ ਹੋਣਾ ਦੱਸਿਆ ਜਾਂਦਾ ਹੈ । ਇਥੇ ਹੀ ਰਾਮ ਚੰਦਰ ਜੀ ਨੇ ਬਾਲੀ ਨੂੰ ਮਾਰਿਆ ਸੀ, ਜਿਹੜਾ ਆਪ ਵੀ ਇਕ ਅਤਿਅੰਤ ਬਲਵਾਨ ਬਾਨਰ ਰਾਜਾ ਸੀ

ਅਤੇ ਰਾਮ ਜੀ ਦੁਆਰਾ ਮਾਰੇ ਜਾਣ ਕਰਕੇ ਰਾਮ ਕਥਾ ਵਿਚ ਅਮਰ ਹੋਇਆ ।

ਹ. ਪੁ.—ਮ. ਕੋ. : 327; ਪ੍ਰਾਚੀਨ ਚਰਿਤ੍ਰ ਕੋਸ਼ : 829

**ਕਿਸ਼ਤੀ :** ਇਸ ਨੂੰ ਬੇੜੀ ਵੀ ਕਿਹਾ ਜਾਂਦਾ ਹੈ। ਇਹ ਪਾਣੀ ਉੱਤੇ ਚੱਪੂ ਦੀ ਸਹਾਇਤਾ ਨਾਲ ਚਲਣ ਵਾਲਾ ਇਕ ਯੰਤਰ ਹੈ। ਅੱਜ ਕਲ੍ਹ ਕਿਸ਼ਤੀਆਂ ਇੰਜਣ ਨਾਲ ਵੀ ਚਲਣ ਲਗ ਪਈਆਂ ਹਨ, ਇਨ੍ਹਾਂ ਨੂੰ ਮਗਨ-ਬੋਟ ਵੀ ਕਿਹਾ ਜਾਂਦਾ ਹੈ। ਕਈ ਕਿਸ਼ਤੀਆਂ ਇੰਨੀਆਂ ਵੱਡੀਆਂ ਬਣਨ ਲਗ ਪਈਆਂ ਹਨ ਕਿ ਛੋਟੇ ਸਮੁੰਦਰੀ ਜਹਾਜ਼ ਅਤੇ ਵੱਡੀ ਕਿਸ਼ਤੀ ਵਿਚ ਕੋਈ ਫ਼ਰਕ ਵਿਖਾਈ ਨਹੀਂ ਦਿੰਦਾ।

ਕਿਸ਼ਤੀਆਂ ਦੋ ਢੰਗਾਂ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ। ਪਹਿਲੇ ਢੰਗ ਅਨੁਸਾਰ ਕਿਸ਼ਤੀ ਦਾ ਮਜ਼ਬੂਤ ਢਾਂਚਾ ਤਿਆਰ ਕਰਕੇ ਮਗਰੋਂ ਇਸ ਦੇ ਚਾਰੇ ਪਾਸੇ ਇਕ ਦੂਜੇ ਨਾਲ ਧਾਰੀ ਮੇਲ ਕੇ ਫੱਟੇ ਜੜ੍ਹ ਦਿਤੇ ਜਾਂਦੇ ਹਨ। ਦੂਜੇ ਢੰਗ ਵਿਚ ਫੱਟੇ ਇਕ ਦੂਜੇ ਨਾਲ ਜੋੜ ਕੇ ਕਿਸੇ ਮਜ਼ਬੂਤ ਢਾਂਚੇ ਨਾਲ ਜੜ੍ਹ ਦਿਤੇ ਜਾਂਦੇ ਹਨ। ਫੱਟਿਆਂ ਨੂੰ ਇਕ ਦੂਜੇ ਨਾਲ ਇਸ ਤਰ੍ਹਾਂ ਜੜ੍ਹਿਆ ਜਾਂਦਾ ਹੈ ਕਿ ਪਾਣੀ ਇਨ੍ਹਾਂ ਦੇ ਜੋੜਾਂ ਵਿਚੋਂ ਦੀ ਲੰਘ ਕੇ ਕਿਸ਼ਤੀ ਦੇ ਖ਼ੋਲ ਅੰਦਰ ਨਾ ਜਾ ਸਕੇ। ਕਿਸ਼ਤੀ ਵਿਚ ਇੰਨਾ ਭਾਰ ਲੱਦਿਆ ਜਾ ਸਕਦਾ ਹੈ ਜਿੰਨਾ ਕਿ ਉਸ ਦੁਆਰਾ ਹਟਾਏ ਗਏ ਪਾਣੀ ਦਾ ਭਾਰ ਬਣਦਾ ਹੋਵੇ ਜਾਂ ਦੂਜੇ ਅਰਥਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਸ ਉੱਤੇ ਇੰਨਾ ਭਾਰ ਲੱਦਿਆ ਜਾਂਦਾ ਹੈ ਜਿੰਨਾ ਇਹ ਆਰਕਿਮੀਡੀਜ਼ ਨਿਯਮ ਅਨੁਸਾਰ ਭਾਰ ਚੁੱਕ ਸਕਣ ਦੀ ਸਮਰੱਥਾ ਰਖਦੀ ਹੈ।

ਕਿਸ਼ਤੀ ਨੂੰ ਚਲਾਉਣ ਦਾ ਸਿੱਧਾਂਤ ਨਿਊਟਨ ਦਾ (ਗਤੀ ਦਾ) ਤੀਜਾ ਨਿਯਮ ਹੈ, ਭਾਵ ਚੱਪੂਆਂ ਦੀ ਸਹਾਇਤਾ ਨਾਲ ਜਦੋਂ ਪਾਣੀ ਪਿੱਛੇ ਧੱਕਿਆ ਜਾਂਦਾ ਹੈ ਤਾਂ ਓਨੇ ਹੀ ਬਲ ਨਾਲ ਕਿਸ਼ਤੀ ਅੱਗੇ ਵਲ ਸਰਕ ਜਾਂਦੀ ਹੈ।

ਪੌਣ ਪਾਣੀ ਦੇ ਲਿਹਾਜ਼ ਨਾਲ ਕਿਸ਼ਤੀਆਂ ਦੀ ਬਣਤਰ ਵੀ ਹਰ ਥਾਂ ਵਖੋ ਵਖਰੀ ਹੁੰਦੀ ਹੈ ਜਿਵੇਂ ਕਿ ਭਾਰਤੀ ਮਹਾਸਾਗਰ ਅਤੇ ਦੱਖਣੀ ਪ੍ਰਸ਼ਾਂਤ ਮਹਾਸਾਗਰ ਵਿਚ 'ਡਰੈਗਨ ਕਿਸ਼ਤੀ', ਜਿਸ ਦੀ ਲੰਬਾਈ ਤਕਰੀਬਨ 22 ਮੀ., ਚੌੜਾਈ 1.2 ਮੀ. ਅਤੇ ਡੂੰਘਾਈ 53 ਸੈਂ. ਮੀ. ਦੇ ਕਰੀਬ ਹੁੰਦੀ ਹੈ, ਵਰਤੀ ਜਾਂਦੀ ਹੈ। ਇਸ ਦੇ ਚੱਪੂ ਫੌੜ੍ਹੇ ਦੀ ਸ਼ਕਲ ਦੇ ਹੁੰਦੇ ਹਨ, ਜਿਨ੍ਹਾਂ ਦੀ ਚੌੜਾਈ ਲਗਭਗ 17 ਸੈਂ. ਮੀ. ਰਖੀ ਜਾਂਦੀ ਹੈ। ਸਿਆਮ ਅਤੇ ਬਰਮਾ ਦੇ ਤੱਟਾਂ ਉਤੇ ਵਸੋਂ ਵੱਧ ਹੋਣ ਕਰਕੇ 'ਹੰਸਕ ਕਿਸ਼ਤੀ' ਵਰਤੀ ਜਾਂਦੀ ਹੈ। ਮਲਾਇਆ ਵਾਲੇ ਕਿਸ਼ਤੀ-ਨਿਰਮਾਣ ਕਲਾ ਵਿਚ ਕਾਫ਼ੀ ਮਾਹਰ ਹਨ, ਭਾਵੇਂ ਉਥੋਂ ਦਾ ਸਥਾਨਕ ਜਲਵਾਯੂ ਅਨੁਕੂਲ ਨਹੀਂ ਹੈ। ਉਨ੍ਹਾਂ ਦੀ ਕਿਸ਼ਤੀ ਦਾ ਫੈਲਾਓ ਕਾਫ਼ੀ ਘੱਟ ਹੁੰਦਾ ਹੈ ਅਤੇ ਮੱਥਾ ਅੰਗ੍ਰੇਜ਼ੀ ਦੇ ਅੱਖਰ 'V' ਦੀ ਸ਼ਕਲ ਦਾ ਬਣਾਇਆ ਜਾਂਦਾ ਹੈ।

ਭਾਰਤੀ ਕਿਸ਼ਤੀਆਂ ਵਿਚੋਂ ਮਦਰਾਸ ਦੀ ਤਰੰਗ ਨੌਕਾ' ਦੀ ਬਣਾਵਟ ਸਭ ਤੋਂ ਉੱਤਮ ਮੰਨੀ ਗਈ ਹੈ। ਹੁਗਲੀ ਨਦੀ ਵਿਚ ਚਲਣ ਵਾਲੀਆਂ ਕਿਸ਼ਤੀਆਂ ਦੀ ਬਣਤਰ ਮਿਸਰ ਦੇ ਪ੍ਰਾਚੀਨ ਨਮੂਨਿਆਂ ਨਾਲ ਮਿਲਦੀ-ਜੁਲਦੀ ਹੈ।

ਭੂ-ਮੱਧ-ਸਾਗਰ ਦੀਆਂ ਕਿਸ਼ਤੀਆਂ ਦੀ ਵਿਸ਼ੇਸ਼ਤਾ ਉਨ੍ਹਾਂ ਦਾ ਗੋਲ ਮੱਥਾ ਅਤੇ ਪਿਛਲੇ ਪਾਸੇ ਲਟਕੀ ਹੋਈ ਕਾਫ਼ੀ ਡੂੰਘਾਈ ਤਕ ਉਤਵਾਰੀ ਹੁੰਦੀ ਹੈ। ਯੂਨਾਨ ਅਤੇ ਇਟਲੀ ਦੇ ਸਮੁੰਦਰਾਂ ਵਿਚ ਬਹੁਤ ਸੁੰਦਰ ਸਜਾਵਟ ਵਾਲੀਆਂ ਤੇ ਵਧੇਰੇ ਤੈਰਨ ਸ਼ਕਤੀ ਵਾਲੀਆਂ ਅਨੇਕਾਂ ਪ੍ਰਕਾਰ ਦੀਆਂ ਕਿਸ਼ਤੀਆਂ ਹਨ। ਨੀਲ ਨਦੀ ਵਿਚ ਚਮਚੇ ਵਰਗੀਆਂ ਚੌੜੀ ਥੜ ਵਾਲੀਆਂ ਅਨਘੜ੍ਹ ਕਿਸ਼ਤੀਆਂ ਵਰਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਲੰਬਾਈ ਲਗਭਗ 18.3 ਮੀ. ਤਕ ਹੁੰਦੀ ਹੈ ਅਤੇ 45 ਟਨ ਭਾਰ ਚੁੱਕ ਸਕਣ ਦੀ ਸਮਰੱਥਾ ਰਖਦੀਆਂ ਹਨ।

ਭਾਵੇਂ 1855 ਵਿਚ ਲੈਂਬੋਟ ਨਾਂ ਦੇ ਇਕ ਫ਼ਰਾਂਸੀਸੀ ਨੇ ਕੰਕਰੀਟ ਦੀ ਕਿਸ਼ਤੀ ਪੇਟੈਂਟ ਕਰਵਾਈ ਸੀ ਪਰੰਤੂ ਆਦਿ ਕਾਲ ਤੋਂ ਹੀ ਕਿਸ਼ਤੀਆਂ ਤਿਆਰ ਕਰਨ ਵਿਚ ਲੱਕੜ ਦਾ ਇਸਤੇਮਾਲ ਹੁੰਦਾ ਰਿਹਾ ਹੈ। ਅੱਜ ਕਲ੍ਹ ਕਿਸ਼ਤੀਆਂ ਅਤੇ ਜਹਾਜ਼ਾਂ ਵਿਚ ਐਲੂਮਿਨੀਅਮ ਦੀ ਮਿਸ਼ਰਿਤ-ਧਾਤ, ਬਿਰਮਾ-ਬਰਾਈਟ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਹੜੀ ਕਿ ਬਹੁਤ ਹਲਕੀ ਤੇ ਮਜ਼ਬੂਤ ਹੁੰਦੀ ਹੈ ਅਤੇ ਇਸ ਉਤੇ ਖਾਰੇ ਪਾਣੀ ਦਾ ਕੋਈ ਅਸਰ ਨਹੀਂ ਹੁੰਦਾ।

**ਇੰਜਨ ਵਾਲੀ ਕਿਸ਼ਤੀ**—19ਵੀਂ ਸਦੀ ਦੇ ਮੱਧ ਵਿਚ ਕਿਸ਼ਤੀਆਂ ਵਿਚ ਇੰਜਨਾਂ ਦਾ ਪ੍ਰਯੋਗ ਹੋਣਾ ਸ਼ੁਰੂ ਹੋ ਗਿਆ ਸੀ ਅਤੇ 20ਵੀਂ ਸਦੀ ਵਿਚ ਪਹਿਲੇ ਸੰਸਾਰ ਯੁੱਧ ਤੋਂ ਬਾਅਦ ਬਹੁਤ ਤੇਜ਼ੀ ਨਾਲ ਇਸ ਦੇ ਪ੍ਰਯੋਗ ਵਿਚ ਵਾਧਾ ਹੋਇਆ। ਭਾਫ਼ ਨਾਲ ਚਲਣ ਵਾਲੀ ਕਿਸ਼ਤੀ ਵਪਾਰਕ ਤੌਰ ਤੇ ਬਹੁਤ ਲਾਭਦਾਇਕ ਸਿੱਧ ਹੋਈ। ਇਹ 1 ਮੀ. ਜਾਂ ਇਸ ਤੋਂ ਵੀ ਘੱਟ ਡੂੰਘੇ ਪਾਣੀ ਵਿਚ ਅਸਾਨੀ ਨਾਲ ਚਲ ਸਕਦੀਆਂ ਹਨ।

ਸੜਕਾਂ ਅਤੇ ਰੇਲਾਂ ਉੱਪਰ ਆਵਾਜਾਈ ਦਾ ਭਾਰ ਘਟਾਉਣ ਲਈ ਕਿਸ਼ਤੀਆਂ ਦਾ ਇਸਤੇਮਾਲ ਬਹੁਤ ਜ਼ਰੂਰੀ ਹੈ। ਗੰਗਾ, ਜਮਨਾ, ਸਿੰਧ, ਨਰਮਦਾ, ਗੋਦਾਵਰੀ ਆਦਿ ਨਦੀਆਂ ਵਿਚ ਕਿਸ਼ਤੀਆਂ ਦੀ ਆਵਾਜਾਈ ਨੇ ਕਾਫ਼ੀ ਦੂਰੀ ਘਟਾ ਦਿਤੀ ਹੈ।

**ਸੁਰੱਖਿਆ ਕਿਸ਼ਤੀਆਂ**—ਪ੍ਰਾਚੀਨ ਕਾਲ ਤੋਂ ਹੀ ਜਹਾਜ਼ਾਂ ਦੇ ਨਾਲ ਕਿਸ਼ਤੀਆਂ ਰੱਖੀਆਂ ਜਾਂਦੀਆਂ ਸਨ। ਇਹ ਜਾਂ ਤਾਂ ਉਨ੍ਹਾਂ ਉਤੇ ਲੱਦੀਆਂ ਹੁੰਦੀਆਂ ਸਨ ਜਾਂ ਫਿਰ ਨਾਲ ਹੀ ਬੰਨ੍ਹੀਆਂ ਹੁੰਦੀਆਂ ਸਨ। ਇੰਗਲੈਂਡ ਵਿਚ 19ਵੀਂ ਸਦੀ ਵਿਚ ਇਕ ਕਾਨੂੰਨ ਬਣਾ ਕੇ ਕਿਸ਼ਤੀਆਂ ਦੀ ਗਿਣਤੀ ਨਿਰਧਾਰਤ ਕਰ ਦਿਤੀ ਗਈ, ਇਹ ਗਿਣਤੀ ਜਹਾਜ਼ ਦੇ ਭਾਰ ਅਨੁਸਾਰ ਹੁੰਦੀ ਸੀ, ਯਾਤਰੂਆਂ ਦੀ ਗਿਣਤੀ ਦੇ ਅਨੁਸਾਰ ਨਹੀਂ। ਸੰਨ 1912 ਵਿਚ ਭਿਆਨਕ ਸਮੁੰਦਰੀ ਜਹਾਜ਼ ਦੁਰਘਟਨਾ ਤੋਂ ਬਾਅਦ ਇਹ ਗਿਣਤੀ ਯਾਤਰੂਆਂ ਦੀ ਗਿਣਤੀ ਦੇ ਆਧਾਰ ਤੇ ਨਿਰਧਾਰਤ ਕਰ ਦਿਤੀ ਗਈ।

**ਕਿਸ਼ਤੀ ਦੇ ਪੁਲ**—ਵੱਡੇ-ਵੱਡੇ ਨਦੀਆਂ ਨਾਲਿਆਂ ਨੂੰ ਪਾਰ ਕਰਨ ਲਈ ਕਿਸ਼ਤੀਆਂ ਦੇ ਪੁਲ ਵਰਤੇ ਜਾਂਦੇ ਹਨ ਕਿਉਂਕਿ ਪੱਕੇ ਪੁਲ ਬਣਾਉਣ ਲਈ ਵਧੇਰੇ ਸਮੇਂ ਅਤੇ ਧਨ ਦੀ ਲੋੜ ਹੁੰਦੀ ਹੈ ਪਰ ਤਤਕਾਲੀਨ ਪ੍ਰਬੰਧ ਲਈ ਕਿਸ਼ਤੀ-ਪੁਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸੰਨ 1857 ਦੇ ਸੁਤੰਤਰਤਾ ਸੰਗਰਾਮ ਤੋਂ ਬਾਅਦ ਪ੍ਰਭਾਵਸ਼ਾਲੀ ਪ੍ਰਸ਼ਾਸਨ ਲਈ ਅੰਗਰੇਜ਼ੀ ਸੈਨਾ ਨੇ 1860 ਵਿਚ ਪੰਜਾਬ ਵਿਚ ਵਿਸ਼ੇਸ਼ ਤੌਰ ਤੇ ਕਈ ਆਰਜ਼ੀ ਪੁਲ ਬਣਾਏ।

ਜਦੋਂ ਪਾਣੀ ਦੀ ਰਫ਼ਤਾਰ ਬਹੁਤ ਤੇਜ਼ ਹੋਵੇ ਤਾਂ ਨਦੀਆਂ ਉੱਪਰ ਤੈਰਦਾ ਹੋਇਆ ਜਾਂ ਆਰਜ਼ੀ ਪੁਲ ਬਣਾਉਣ ਲਈ ਕਿਸ਼ਤੀਆਂ ਦੇ ਪਾਏ ਹੀ ਠੀਕ ਰਹਿੰਦੇ ਹਨ, ਬਸ਼ਰਤੇ ਇਹ ਪਾਏ ਜ਼ਮੀਨ ਉਤੇ ਨਾ ਟਿਕੇ ਹੋਣ। ਹਰ ਇਕ ਕਿਸ਼ਤੀ ਦੀ ਲੰਬਾਈ ਵਾਲੀ ਦਿਸ਼ਾ ਵਿਚ ਸ਼ਤੀਰੀਆਂ ਰਖੀਆਂ ਜਾਂਦੀਆਂ ਹਨ, ਜਿਨ੍ਹਾਂ ਉਤੇ ਸੜਕ ਬਣਾਉਣ ਲਈ ਬਾਲੇ ਅਤੇ ਫੱਟੇ ਕੱਸੇ ਜਾਂਦੇ ਹਨ।

ਕਈ ਵਾਰੀ ਇਨ੍ਹਾਂ ਕਿਸ਼ਤੀਆਂ ਦੀ ਥਾਂ ਸਿਲੰਡਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਰ ਇਹ ਮਹਿੰਗੇ ਪੈਂਦੇ ਹਨ, ਭਾਵੇਂ ਦੋਹਾਂ ਦਾ ਕਾਰਜ-ਸਿੱਧਾਂਤ ਇਕੋ ਹੀ ਹੈ। ਤੈਰਨ ਵਾਲੇ ਪੁਲ ਨੂੰ ਭਾਵੇਂ ਕਿਸ਼ਤੀਆਂ ਦਾ ਹੋਵੇ ਜਾਂ ਪੀਪਿਆਂ ਦਾ, ਜ਼ੰਜੀਰਾਂ ਜਾਂ ਤਾਰਾਂ ਨਾਲ ਕਿਨਾਰਿਆਂ ਉਤੇ ਕਿੱਲੇ ਗੱਡ ਕੇ ਬੰਨ੍ਹ ਦਿਤਾ ਜਾਂਦਾ ਹੈ। ਜੇਕਰ ਪਾਣੀ ਦੀ ਰਫ਼ਤਾਰ ਘੱਟ ਹੋਵੇ ਤਾਂ ਹਰ ਦੋ ਪਾਇਆਂ ਤੋਂ ਬਾਅਦ ਲੰਗਰ ਲਗਾਇਆ ਜਾਂਦਾ ਹੈ ਪਰ ਜੇਕਰ ਪਾਣੀ ਦੀ ਰਫ਼ਤਾਰ ਬਹੁਤ ਤੇਜ਼ ਹੋਵੇ ਤਾਂ ਹਰ ਇਕ ਪਾਏ ਵਿਚ ਇਕ ਲੰਗਰ ਕਸਿਆ ਜਾਂਦਾ ਹੈ। ਠੀਕ ਪਕੜ ਲਈ ਲੰਗਰ ਦੀ

ਝੋਰੀ ਦੀ ਲੰਬਾਈ ਪਾਣੀ ਦੇ ਵਹਾਉ ਦੀ ਡੂੰਘਾਈ ਨਾਲੋਂ ਦਸ ਗੁਣੀ ਹੋਣੀ ਚਾਹੀਦੀ ਹੈ, ਪਰ ਘੱਟ ਤੋਂ ਘੱਟ 27.5 ਮੀ. ਜ਼ਰੂਰ ਹੀ ਹੋਣੀ ਚਾਹੀਦੀ ਹੈ। ਲੰਗਰ ਦਾ ਭਾਰ ਪੁਲ ਦੀ ਪ੍ਰਤਿ ਮੀ. ਲੰਬਾਈ ਪਿੱਛੇ 10 ਤੋਂ 20 ਕਿ. ਗ੍ਰਾ. ਤਕ ਹੋਣਾ ਚਾਹੀਦਾ ਹੈ। ਜਿਥੇ ਲੰਗਰਾਂ ਦਾ ਪ੍ਰਬੰਧ ਨਾ ਹੋ ਸਕੇ ਉਥੇ ਲੱਕੜ ਦੇ ਬਕਸੇ ਬਣਾ ਕੇ ਉਨ੍ਹਾਂ ਨੂੰ ਇੱਟਾਂ, ਪੱਥਰਾਂ ਜਾਂ ਬੱਜਰੀ ਨਾਲ ਭਰ ਦੇਣਾ ਚਾਹੀਦਾ ਹੈ।

ਸੰਸਾਰ ਵਿਚ ਸਭ ਤੋਂ ਵੱਡਾ ਕਿਸ਼ਤੀ ਪੁਲ ਸੀਏਟਲ ਵਿਖੇ ਵਾਸ਼ਿੰਗਟਨ ਝੀਲ ਉਤੇ ਸੰਨ 1939 ਵਿਚ ਬਣਾਇਆ ਗਿਆ ਸੀ। ਇਸ ਦੇ 106 ਮੀ. ਲੰਬੇ, 18 ਮੀ. ਚੌੜੇ ਅਤੇ 4.72 ਮੀ. ਡੂੰਘੇ ਪੀਪੇ ਪ੍ਰਚਲਿਤ ਕੰਕਰੀਟ ਦੇ ਬਣੇ ਹੋਏ ਹਨ, ਜਿਨ੍ਹਾਂ ਦੇ ਪਰਦੇ ਅਤੇ ਕੰਧਾਂ ਸਾਰੀਆਂ ਹੀ ਲਗਭਗ 20 ਸੈਂ. ਮੀ. ਮੋਟੀਆਂ ਹਨ।

ਹ. ਪੁ.—ਹਿੰ. ਵਿ. 6 : 334

**ਕਿਸ਼ਨ ਸਿੰਘ ਆਰਿਫ** : ਵੇਖੋ ਆਰਿਫ, ਕਿਸ਼ਨ ਸਿੰਘ

**ਕਿਸ਼ਨ ਸਿੰਘ, ਸਰਦਾਰ** : ਪੰਜਾਬ ਦੇ ਇਸ ਸੁਤੰਤਰਤਾ ਸੰਗਰਾਮੀ ਅਤੇ ਸ਼ਹੀਦ ਭਗਤ ਸਿੰਘ ਦੇ ਪਿਤਾ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਇਕ ਪਿੰਡ ਖਟਕੜ ਕਲਾਂ ਵਿਖੇ ਇਕ ਕ੍ਰਾਂਤੀਕਾਰੀ ਪਰਿਵਾਰ ਵਿਚ ਹੋਇਆ। ਇਸ ਦੇ ਦੂਜੇ ਦੋ ਭਰਾ ਅਜੀਤ ਸਿੰਘ ਅਤੇ ਸਵਰਨ ਸਿੰਘ ਵੀ ਉੱਘੇ ਕ੍ਰਾਂਤੀਕਾਰੀ ਸਨ। ਇਹ ਜੱਟ-ਸਿੱਖ ਪਰਿਵਾਰ ਨਾਲ ਸਬੰਧ ਰਖਦਾ ਸੀ। ਇਸ ਦੇ ਪਿਤਾ ਅਰਜਨ ਸਿੰਘ ਨੂੰ ਇਕ ਉੱਚਾ ਸਮਾਜਕ ਰੁਤਬਾ ਪ੍ਰਾਪਤ ਸੀ ਅਤੇ ਉਹ ਇਕ ਕੱਟੜ ਰਾਸ਼ਟਰਵਾਦੀ ਸੀ ਅਤੇ ਭਾਰਤੀ ਰਾਸ਼ਟਰੀ ਕਾਂਗਰਸ ਦਾ ਮੈਂਬਰ ਸੀ।

ਇਸ ਨੇ ਸਮਾਜ ਸੇਵਾ ਦੇ ਕੰਮ ਨੂੰ ਆਪਣਾ ਮੁੱਖ ਧਰਮ ਮੰਨ ਲਿਆ ਅਤੇ ਆਰੀਆ ਸਮਾਜ ਦਾ ਮੈਂਬਰ ਬਣ ਗਿਆ। ਸੰਨ 1898 ਦੇ ਕਾਲ ਦੌਰਾਨ ਇਸ ਨੇ ਦੁੱਖੀ ਲੋਕਾਂ ਦੀ ਰੱਜ ਕੇ ਸੇਵਾ ਕੀਤੀ ਅਤੇ ਲਗਭਗ ਦੋ ਸੌ ਯਤੀਮ ਬੱਚਿਆਂ ਨੂੰ ਲਿਆ ਕੇ ਆਰੀਆ ਸਮਾਜ ਦੇ ਯਤੀਮ ਖਾਨੇ ਵਿਚ ਭਰਤੀ ਕਰਵਾਇਆ। ਸੰਨ 1904 ਵਿਚ ਕਾਂਗੜਾ ਦੇ ਭੁਚਾਲ ਸਮੇਂ ਇਸ ਨੇ ਪੀੜਤ ਲੋਕਾਂ ਦੀ ਹਰ ਸੰਭਵ ਸਹਾਇਤਾ ਕੀਤੀ।

ਸੰਨ 1906 ਤੋਂ ਕਿਸ਼ਨ ਸਿੰਘ ਨੇ ਰਾਜਨੀਤੀ ਵਿਚ ਸਰਗਰਮ ਹਿੱਸਾ ਲੈਣਾ ਸ਼ੁਰੂ ਕੀਤਾ। ਇਸ ਨੇ ਆਪਣੇ ਭਰਾ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨਾਲ ਹਰ ਮੈਦਾਨ ਵਿਚ ਮੋਢਾ ਡਾਹ ਕੇ ਕੰਮ ਕੀਤਾ। ਇਹ 'ਭਾਰਤ ਮਾਤਾ' ਸੋਸਾਇਟੀ ਦੇ ਮੋਢੀਆਂ ਵਿਚੋਂ ਸੀ। ਸੰਨ 1907 ਵਿਚ 'ਕੈਨਾਲ ਐਕਟ' ਦੇ ਸਬੰਧ ਵਿਚ ਸਰਕਾਰ ਦੀ ਵਿਰੋਧਤਾ ਕਰਨ ਬਦਲੇ ਇਸ ਨੂੰ ਬਰਤਾਨਵੀ ਸਰਕਾਰ ਨੇ ਦੋ ਸਾਲ ਦੀ ਕਰੜੀ ਸਜ਼ਾ ਦੇ ਦਿਤੀ। ਇਸਨੂੰ 1909 ਵਿਚ ਰਿਹਾ ਕੀਤਾ ਗਿਆ।

ਉਸੇ ਸਾਲ ਹੀ ਕ੍ਰਾਂਤੀਕਾਰੀ ਸਾਹਿਤ ਛਾਪਣ ਅਤੇ ਵੰਡਣ ਦੇ ਦੋਸ਼ ਵਿਚ ਇਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਜੇਲ੍ਹ ਵਿਚ ਰਹਿਣ ਦੇ ਦੌਰਾਨ ਇਸ ਨੇ 'ਜੇਲ੍ਹ-ਸੁਧਾਰਾਂ' ਅਤੇ ਰਾਜਨੀਤਕ ਕੈਦੀਆਂ ਨਾਲ ਚੰਗਾ ਵਰਤਾਉ ਕਰਨ ਲਈ ਇਕ ਅੰਦੋਲਨ ਕੀਤਾ। ਇਸ ਦੀਆਂ ਹੀ ਕੋਸ਼ਿਸ਼ਾਂ ਕਾਰਨ ਸਿੱਖ ਕੈਦੀਆਂ ਨੂੰ ਜੇਲ੍ਹ ਵਿਚ ਟੋਪੀ ਦੀ ਥਾਂ ਪਗੜੀ ਬੰਨ੍ਹਣ ਦੀ ਆਗਿਆ ਮਿਲੀ। 22 ਅਪ੍ਰੈਲ, 1930 ਨੂੰ ਸਿਵਲ ਨਾ-ਫੁਰਮਾਨੀ ਲਹਿਰ ਦੇ ਦੌਰਾਨ ਲੁਧਿਆਣੇ ਵਿਖੇ ਇਕ ਆਮ ਸਭਾ ਨੂੰ ਸੰਬੋਧਨ ਕਰਨ ਬਦਲੇ ਇਸ ਨੂੰ ਪੁਲਸ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ। ਸੰਨ 1938 ਵਿਚ ਇਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਚੁਣਿਆ ਗਿਆ।

ਕਿਸ਼ਨ ਸਿੰਘ ਇਕ ਜ਼ਬਰਦਸਤ ਬੁਲਾਰਾ ਸੀ। ਇਸ ਨੇ ਆਪਣਾ ਪੂਰਾ ਜੀਵਨ ਰਾਸ਼ਟਰ ਦੀ ਸੇਵਾ ਵਿਚ ਅਰਪਨ ਕਰ ਦਿਤਾ ਅਤੇ ਸੁਤੰਤਰਤਾ ਦੇ ਸੰਘਰਸ਼ ਵਿਚ ਵਿਸ਼ੇਸ਼ ਹਿੱਸਾ ਪਾਇਆ। ਸੰਨ 1951 ਵਿਚ ਇਹ ਅਕਾਲ ਚਲਾਣਾ ਕਰ ਗਿਆ।

ਹ. ਪੁ.—ਡਿ. ਨੈ. ਬਾ. 2 : 360

**ਕਿਸ਼ਨ ਸਿੰਘ ਗੜਗੱਜ** : ਵੇਖੋ ਗੜਗਜ, ਕਿਸ਼ਨ ਸਿੰਘ

**ਕਿਸ਼ਨ ਗੰਜ** : ਬਿਹਾਰ ਰਾਜ (ਭਾਰਤ) ਦੇ ਪੂਰਨੀਆ ਜ਼ਿਲ੍ਹੇ ਵਿਚ ਇਹ ਇਸੇ ਹੀ ਨਾਂ ਦੇ ਉਪ-ਮੰਡਲ ਦਾ ਸਦਰ-ਮੁਕਾਮ ਹੈ ਜੋ ਗੰਗਾ-ਦਾਰਜੀਲਿੰਗ ਸੜਕ ਉਤੇ, ਮਹਾਂਨਦੀ ਦਰਿਆ ਦੇ ਪੂਰਬ ਵੱਲ ਸਥਿੱਤ ਹੈ। ਇਹ ਚੌਲ ਅਤੇ ਪਟਸਨ ਦਾ ਵੱਡਾ ਨਿਰਯਾਤ ਕੇਂਦਰ ਹੈ। ਸੰਨ 1887 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਤ ਕੀਤੀ ਗਈ। ਇਥੇ ਇਕ ਭਾਰੀ ਮੇਲਾ ਲਗਦਾ ਹੈ ਜਿਸ ਵਿਚ ਲੱਖ ਦੇ ਨੇੜੇ ਤੇੜੇ ਲੋਕ ਆਉਂਦੇ ਹਨ। ਇਹ ਹਾਥੀਆਂ, ਊਠਾਂ, ਖੱਚਰਾਂ, ਭੇਡਾਂ ਅਤੇ ਹੋਰਨਾਂ ਪਸ਼ੂਆਂ ਦੇ ਵੇਚਣ ਦੀ ਪ੍ਰਸਿੱਧ ਮੰਡੀ ਹੈ। ਇਥੇ ਬਕਰੀਦ ਦੇ ਤਿਉਹਾਰ ਸਮੇਂ ਊਠਾਂ ਦੀ ਬਲੀ ਦੀ ਬੜੀ ਮੰਗ ਹੁੰਦੀ ਹੈ। ਨੇੜੇ ਦੇ ਪਿੰਡ ਚਕਲਾ ਵਿਚ ਗੱਡਿਆਂ ਦੇ ਪਹੀਏ ਤਿਆਰ ਕੀਤੇ ਜਾਂਦੇ ਹਨ।

ਆਬਾਦੀ—34,916 (1971)

26° 07′ ਉ. ਵਿਥ; 87° 56′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 309

**ਕਿਸ਼ਨਗੜ੍ਹ** : ਰਿਆਸਤ—ਰਾਜਪੂਤਾਨਾ ਏਜੰਸੀ ਦੀ ਇਹ ਇਕ ਸਾਬਕਾ ਰਿਆਸਤ ਹੁੰਦੀ ਸੀ ਜਿਸ ਦੇ ਉੱਤਰ ਅਤੇ ਉੱਤਰ-ਪੱਛਮ ਵੱਲ ਨੂੰ ਜੋਧਪੁਰ, ਪੂਰਬ ਵੱਲ ਨੂੰ ਜੈਪੁਰ, ਪੱਛਮ ਅਤੇ ਦੱਖਣ-ਪੂਰਬ ਵੱਲ ਅੰਗਰੇਜ਼ੀ ਸਰਕਾਰ ਦਾ ਅਜਮੇਰ ਜ਼ਿਲ੍ਹਾ ਅਤੇ ਧੁਰ ਦੱਖਣ ਵੱਲ ਨੂੰ ਸ਼ਾਹਪੁਰ ਦੀ ਸਰਦਾਰੀ ਲਗਦੀ ਹੁੰਦੀ ਸੀ। ਇਸ ਰਿਆਸਤ ਦੀ ਸਥਾਪਨਾ ਜੋਧਪੁਰ ਦੇ ਰਾਜੇ ਦੇ ਸਭ ਤੋਂ ਛੋਟੇ ਪੁੱਤਰ ਨੇ ਅਕਬਰ ਦੇ ਰਾਜ ਕਾਲ ਵਿਚ ਕੀਤੀ ਸੀ। ਰਿਆਸਤ ਦਾ ਕੁੱਲ ਰਕਬਾ 2240 ਵ. ਕਿ. ਮੀ. ਆਬਾਦੀ 1,04,127 ਹੁੰਦੀ ਸੀ। ਸੰਨ 1948 ਵਿਚ ਇਹ ਰਿਆਸਤ ਰਾਜਸਥਾਨ ਰਾਜ ਵਿਚ ਸ਼ਾਮਲ ਕਰ ਲਈ ਗਈ।

ਹ.ਪੁ.—ਇੰਪ. ਗ. ਇੰਡ. 15 : 310; ਹਿੰ. ਵਿ. ਕੋ. 3 : 18

**ਕਿਸ਼ਨਗੜ੍ਹ** : ਸ਼ਹਿਰ—ਰਾਜਸਥਾਨ (ਭਾਰਤ) ਵਿਚ ਅਜਮੇਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਅਜਮੇਰ ਸ਼ਹਿਰ ਤੋਂ 30 ਕਿ. ਮੀ. ਉੱਤਰ-ਪੂਰਬ ਵਲ ਨੂੰ ਸਥਿਤ ਹੈ। ਪਹਿਲਾਂ ਇਹ ਸ਼ਹਿਰ ਇਸੇ ਹੀ ਨਾਂ ਦੀ ਰਿਆਸਤ ਦੀ ਰਾਜਧਾਨੀ ਹੁੰਦੀ ਸੀ। ਇਸ ਸ਼ਹਿਰ ਦੀ ਨੀਂਹ ਕਿਸ਼ਨ ਸਿੰਘ ਨਾਂ ਦੇ ਪਹਿਲੇ ਸਰਦਾਰ ਨੇ ਸੰਨ 1611 ਵਿਚ ਰੱਖੀ ਸੀ ਅਤੇ ਉਸੇ ਦੇ ਨਾਂ ਪਿੱਛੇ ਹੀ ਇਸ ਸ਼ਹਿਰ ਦਾ ਨਾਂ ਰੱਖਿਆ ਗਿਆ। ਕਸਬਾ ਅਤੇ ਕਿਲਾ ਗੁੰਦੋਲਾਓ ਨਾਂ ਦੀ ਇਕ ਝੀਲ ਦੇ ਕੰਢਿਆਂ ਉੱਪਰ ਇਕ ਦਿਲ ਖਿੱਚਵਾਂ ਦ੍ਰਿਸ਼ ਪੇਸ਼ ਕਰਦੇ ਹਨ। ਇਸੇ ਝੀਲ ਦੇ ਵਿਚਕਾਰ ਹੀ ਮੋਹਕਮ ਬਿਲਾਸ ਨਾਂ ਦਾ ਇਕ ਛੋਟਾ ਜਿਹਾ ਬਾਗ ਹੈ। ਮਹਾਰਾਜੇ ਦਾ ਮਹਿਲ ਕਿਲੇ ਦੇ ਅੰਦਰ ਹੈ।

ਅਠਾਰ੍ਹਵੀਂ ਸਦੀ ਵਿਚ ਕਿਸ਼ਨਗੜ੍ਹ ਚਿੱਤਰਕਾਰੀ ਸਕੂਲ ਵੀ ਇਥੇ ਵਿਕਸਿਤ ਹੋਇਆ ਜਿਸ ਨੇ ਭਾਰਤੀ ਚਿੱਤਰਕਾਰੀ ਵਿਚ ਰਾਜਸਥਾਨੀ ਸ਼ੈਲੀ ਦੀ ਨੁਮਾਇੰਦਗੀ ਕੀਤੀ। ਵਿਅਕਤੀਗਤ ਮੁਹਾਂਦਰਾ ਤੇ ਧਾਰਮਕ ਭਾਵੁਕਤਾ ਇਸ ਸ਼ੈਲੀ ਦੀ ਖ਼ਾਸ ਵਿਸ਼ੇਸ਼ਤਾ ਹੈ। ਔਰਤਾਂ ਤੇ ਮਰਦਾਂ ਦੇ ਸੁਹਜਮਈ ਤੇ ਸੂਖਮ ਨੈਣ-ਨਕਸ਼ਾਂ ਨੂੰ ਤਿੱਖੇ ਨੱਕ ਅਤੇ ਠੋਡੀਆਂ, ਕਮਾਨ-ਨੁਮਾ ਅੱਖਾਂ ਅਤੇ ਨਾਗਨੀਆਂ ਜ਼ੁਲਫਾਂ ਰਾਹੀਂ ਪ੍ਰਗਟਾਇਆ ਗਿਆ ਹੈ। ਸ਼ਹਿਰ ਦੇ ਨੇੜੇ ਮਦਨ ਗੰਜ ਨਾਂ ਦਾ ਇਕ ਉਪਨਗਰ ਵਿਕਸਿਤ ਹੋ ਗਿਆ ਹੈ। ਕੱਪੜੇ ਬੁਣਨਾ, ਰੰਗਾਈ ਕਰਨਾ ਅਤੇ ਕੀਮਤੀ ਪੱਥਰ ਕੱਟਣਾ, ਬਰਤਨ ਤਿਆਰ ਕਰਨ ਅਤੇ ਖਸ ਨਾਂ ਦੇ ਘਾਹ ਤੋਂ ਸੁਪਾਰੀ ਦੇ ਡੱਬੇ ਤਿਆਰ ਕਰਨਾ ਇਥੇ ਦੇ ਲੋਕਾਂ ਦੇ ਮੁੱਖ ਉਦਯੋਗਿਕ ਕਿੱਤੇ ਹਨ। ਇਥੇ ਕਈ ਸਕੂਲ, ਇਕ ਹਸਪਤਾਲ, ਕੁਝ ਜੇਲ੍ਹਾਂ ਅਤੇ ਡਾਕ ਤੇ ਤਾਰ ਘਰ ਹਨ। ਸ਼ਹਿਰ ਦੇ ਨੇੜੇ ਹੀ ਆਬਲੂ ਪੱਥਰ ਤੇ ਅਬਰਕ ਦੀਆਂ ਖਾਣਾਂ ਹਨ।

ਆਬਾਦੀ—37,329 (1971)

26° 34′ ਉ. ਵਿਥ.; 74° 53′ ਪੂ. ਲੰ.

ਹ. ਪੁ.—ਇੰਪ. ਗ. ਇੰਡ. 15 : 317; ਐਨ. ਬ੍ਰਿ. ਮਾ.5 : 837

**ਕਿਸ਼ਨ ਚੰਦ :** ਅਠਾਰ੍ਹਵੀਂ ਸਦੀ ਦੇ ਇਸ ਕਵੀ ਦਾ ਜਨਮ ਦਿੱਲੀ ਦੇ ਅਚਲ ਦਾਸ ਖੱਤਰੀ ਦੇ ਘਰ ਹੋਇਆ। ਆਪਣੇ ਪਿਤਾ ਦੀ ਮੌਤ ਪਿਛੋਂ ਕਿਸ਼ਨ ਚੰਦ ਨੇ ਕਵਿਤਾ ਦੇ ਖੇਤਰ ਵਿਚ ਹੱਥ ਅਜ਼ਮਾਇਆ। ਇਸਦੀ ਪੁਸਤਕ 'ਤਜ਼ਕਿਆ' ਜਾਂ 'ਹਮੇਸ਼ਾ ਬਹਾਰ' ਬਹੁਤ ਪ੍ਰਸਿੱਧ ਹੋਈ। ਇਹ ਪੁਸਤਕ ਇਸ ਨੇ ਸੰਨ 1723 ਵਿਚ ਮੁਕੰਮਲ ਕੀਤੀ। ਇਸ ਵਿਚ ਇਸ ਨੇ ਜਹਾਂਗੀਰ ਤੋਂ ਲੈ ਕੇ ਮੁਹੰਮਦ ਸ਼ਾਹ ਦੇ ਰਾਜ ਗੱਦੀ ਤੇ ਬੈਠਣ ਤਕ ਦੇ ਸਮੇਂ ਦੌਰਾਨ ਹੋਏ ਪ੍ਰਸਿੱਧ ਕਵੀਆਂ ਦਾ ਜ਼ਿਕਰ ਕੀਤਾ ਹੈ।

ਇਸ ਦਾ ਘਰ ਵਿਦਵਾਨਾਂ ਦਾ ਮੱਕਾ ਬਣਿਆ ਰਹਿੰਦਾ ਸੀ।

ਹ. ਪੁ.—ਐਨ. ਇੰਡ. 11

**ਕਿਸ਼ਫਾਲੁਡੀ :** ਇਹ ਮੁੱਢਲੀ 19ਵੀਂ ਸਦੀ ਵਿਚ ਹੋਏ ਦੋ ਸਾਹਿਤਕਾਰ ਭਰਾਵਾਂ ਦਾ ਪਰਿਵਾਰਕ ਨਾਂ ਸੀ। ਕਾਰੋਲੀ ਕਿਸ਼ਫਾਲੁਡੀ ਦਾ ਜਨਮ 6 ਫਰਵਰੀ, 1788 ਨੂੰ ਹੋਇਆ। ਸੰਨ 1804 ਵਿਚ ਸਕੂਲ ਦੀ ਪੜ੍ਹਾਈ ਛੱਡ ਕੇ ਇਹ ਫ਼ੌਜ ਵਿਚ ਭਰਤੀ ਹੋ ਗਿਆ ਅਤੇ ਨਪੋਲੀਅਨੀ ਯੁੱਧਾਂ ਵਿਚ ਬੜੀ ਬਹਾਦਰੀ ਨਾਲ ਲੜਿਆ। ਸੰਨ 1811 ਵਿਚ ਫ਼ੌਜ ਛੱਡ ਕੇ ਇਸ ਨੇ ਵਿਐਨਾ ਅਤੇ ਹੋਰ ਕਈ ਥਾਂਵਾਂ ਤੇ ਹੱਥ ਅਜ਼ਮਾਈ ਕੀਤੀ ਪਰ ਅਸਫਲ ਰਿਹਾ। 1811 ਵਿਚ ਇਸ ਨੇ ਇਕ ਇਤਿਹਾਸਕ ਨਾਟਕ Atatarok Magyarorszagon ਲਿਖਿਆ ਜਿਸ ਨੂੰ 8 ਸਾਲ ਮਗਰੋਂ ਖੇਡੇ ਜਾਣ ਤੇ ਇਹ ਪ੍ਰਸਿੱਧ ਹੋ ਗਿਆ। ਕਿਸ਼ਫਾਲੁਡੀ ਨੂੰ ਹੰਗਰੀ ਵਿਚ ਨਾਟਕ ਦਾ ਅਸਲ ਮੋਢੀ ਕਿਹਾ ਗਿਆ। ਇਸ ਨੇ 'A Kerok 1817' ਅਤੇ 'Irene 1820' ਨਾਟਕ ਵੀ ਲਿਖੇ ਜੋ ਬਹੁਤ ਹੀ ਉੱਤਮ ਹਨ। ਇਸ ਦੀ ਮੌਤ ਪੈਸਟ ਵਿਖੇ 21 ਨਵੰਬਰ, 1830 ਨੂੰ ਹੋਈ।



ਕਿਸ਼ਫਲੁਡੀ ਕਾਰੋਲੀ

ਸੈਨਡੋਰ ਕਿਸ਼ਫਾਲੁਡੀ ਪਰਿਵਾਰ ਵਿਚ ਸਭ ਤੋਂ ਵੱਡਾ ਸੀ। ਇਹ ਪ੍ਰਸਿੱਧ ਕਵੀ ਸੀ। ਇਸ ਦਾ ਜਨਮ 22 ਸਤੰਬਰ, 1772 ਨੂੰ ਹੋਇਆ। ਇਹ ਫਰਾਂਸ ਵਿਰੁੱਧ ਲੜਿਆ ਤੇ ਕੈਦੀ ਬਣਾ ਲਿਆ ਗਿਆ ਜਿਥੇ ਪ੍ਰੌਵਾਂਸ ਵਿਚ ਪੀਟਰਾਰਕ ਤੋਂ ਪ੍ਰੇਰਤ ਹੋ ਕੇ ਇਸ ਨੇ ਆਪਣੀਆਂ ਪਹਿਲੀਆਂ ਪ੍ਰੇਮ-ਕਵਿਤਾਵਾਂ ਲਿਖੀਆਂ। 1801 ਵਿਚ ਇਸ ਦਾ ਲਿਖਿਆ 'Kesergo Szerelam' ਗੀਤ-ਸੰਗ੍ਰਹਿ ਬਹੁਤ ਹੀ ਸਫ਼ਲ ਹੋਇਆ। ਇਸ ਦੀ ਮੌਤ 28 ਅਕਤੂਬਰ, 1844 ਨੂੰ ਹੋਈ।

ਹ. ਪੁ.—ਐਨ. ਬ੍ਰਿ. 13 : 390

**ਕਿੱਸਾ :** ਕਿੱਸਾ ਅਰਬੀ ਜਬਾਨ ਦਾ ਸ਼ਬਦ ਹੈ ਪਰ ਪੰਜਾਬੀ ਕਿੱਸਾ ਫ਼ਾਰਸੀ ਦੇ ਪ੍ਰਸਿਧ ਕਾਵਿ ਰੂਪ ਮਸਨਵੀ ਤੇ ਆਧਾਰਿਤ ਹੈ। ਮਾਲਵੇ ਵਿਚ ਇਸ ਨੂੰ ਚਿੱਠਾ ਵੀ ਆਖਿਆ ਜਾਂਦਾ ਹੈ। ਇਸ ਵਿਚ ਮੁੱਖ ਰੂਪ ਵਿਚ ਕੋਈ ਕਥਾ ਕਹਾਣੀ ਹੁੰਦੀ ਹੈ। ਪੰਜਾਬੀ ਵਿਚ ਕਾਵਿ ਬੱਧ ਪ੍ਰੇਮ ਕਹਾਣੀ ਨੂੰ ਕਿੱਸਾ ਆਖਣ ਦਾ ਰਿਵਾਜ ਹੈ ਪਰ ਕਿੱਸੇ ਵਿਚ ਪ੍ਰੇਮ ਤੋਂ ਬਿਨਾਂ ਹੋਰ ਵਿਸ਼ੇ ਵੀ ਆ ਗਏ ਹਨ। ਇਹ ਇਕ ਬਿਰਤਾਂਤਿਕ ਤੇ ਬਾਹਰਮੁਖੀ ਕਾਵਿ ਰਚਨਾ ਹੈ ਜਿਸ ਵਿਚ ਇਕ ਲੰਮੀ ਕਹਾਣੀ ਨੂੰ ਬੜੇ ਨਾਟਕੀ ਢੰਗ ਨਾਲ ਸ਼ਬਦ ਚਿਤਰਾਂ ਅਤੇ ਅਲੰਕਾਰਾਂ ਆਦਿ ਦੀ ਸਹਾਇਤਾ ਨਾਲ ਆਖੀਰ ਤਕ ਨਿਭਾਇਆ ਗਿਆ ਹੁੰਦਾ ਹੈ। ਕਵੀ ਆਸ਼ਕਾਂ ਦੇ ਕਿੱਸੇ ਲਿਖਦਿਆਂ ਆਪਣੀ ਨਿਜੀ ਪ੍ਰੇਮ-ਪੀੜਾ ਨੂੰ ਪੇਸ਼ ਕਰਨ ਦਾ ਯਤਨ ਵੀ ਕਰਦਾ ਹੈ। ਕਿੱਸਿਆਂ ਵਿਚ ਨਾਟਕੀ ਅੰਸ਼ ਭਰਨ ਲਈ ਕਵੀ ਪਾਤਰਾਂ ਦੀ ਵਾਰਤਾਲਾਪ ਨੂੰ ਸਜਿੰਦ ਤੇ ਸੁਭਾਵਿਕ ਬਣਾਉਂਦਾ ਹੈ ਤੇ ਕਾਰਜ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। 'ਕਵਿਓਵਾਰ' ਵਿਧੀ ਦੁਆਰਾ ਉਹ ਆਪਣੇ ਨਿਜੀ ਵਿਚਾਰ ਪ੍ਰਗਟ ਕਰਦਿਆਂ ਕਈ ਵਾਰੀ ਦਾਰਸ਼ਨਿਕ ਤੇ ਹੋਰ ਵਿਚਾਰਾਂ ਨੂੰ ਲੋਕਾਂ ਸਾਹਮਣੇ ਰਖਦਾ ਹੈ। ਪ੍ਰਭਾਵ ਨੂੰ ਵਧਾਉਣ ਤੇ ਸਥਾਨਿਕ ਰੰਗਣ ਨੂੰ ਉਘਾੜਨ ਲਈ ਪ੍ਰਕਿਰਤੀ ਚਿਤਰਨ ਕਰਦਿਆਂ ਉਹ ਕਈ ਵਾਰੀ ਪ੍ਰਕਿਰਤੀ ਰਾਹੀਂ ਪਾਤਰਾਂ ਦੇ ਹਾਵ-ਭਾਵ ਤੇ ਦੁੱਖ-ਸੁੱਖ ਆਦਿ ਅਭਿਵਿਅਕਤ ਕਰ ਜਾਂਦਾ ਹੈ।

ਪੰਜਾਬੀ ਦਾ ਇਹ ਵਿਸ਼ੇਸ਼ ਕਾਵਿ ਰੂਪ ਹੈ ਜੋ ਇਕ ਪਾਸੇ ਤਾਂ ਮਹਾਂਕਾਵਿ ਨਾਲ ਮਿਲਦਾ ਹੈ ਅਤੇ ਦੂਜੇ ਪਾਸੇ ਅੰਗ੍ਰੇਜ਼ੀ ਦੇ ਰੋਮਾਂਸ ਜਾਂ ਬੈਲਡ ਨਾਲ, ਹਿੰਦੀ ਵਿਚ ਅਜਿਹੀ ਰਚਨਾ ਨੂੰ ਆਖਿਆਨ ਆਖਦੇ ਹਨ। ਪ੍ਰੇਮਾਖਿਆਨ ਪੰਜਾਬੀ ਕਿੱਸੇ ਦਾ ਸਮਾਨਾਰਥਕ ਹੈ ਪਰ ਪੰਜਾਬੀ ਕਿੱਸਾ ਫਾਰਸੀ ਦੇ ਮਸਨਵੀ ਕਾਵਿ ਦੀ ਦੇਣ ਜਾਪਦੀ ਹੈ, ਕਿਉਂਕਿ ਕਿਸਿਆਂ ਦੇ ਪਾਤਰ ਤੇ ਲੇਖਕ ਮੁਸਲਮਾਨ ਹਨ ਤੇ ਨਾਲ ਹੀ ਇਹ ਕਥਾਵਾਂ ਫਾਰਸੀ ਵਿਚ ਵੀ ਉਪਲਬਧ ਹਨ ਜਿਨ੍ਹਾਂ ਨੂੰ ਪੰਜਾਬੀ ਵਿਚ ਪੇਸ਼ ਕਰਨ ਦਾ ਸਿਹਰਾ ਮੁਸਲਮਾਨ ਕਵੀਆਂ ਦੇ ਸਿਰ ਹੈ। ਯੂਸਫ ਜ਼ੁਲੈਖਾਂ ਸ਼ੀਰੀਂ ਫਰਹਾਦ, ਲੈਲਾ ਮਜਨੂੰ ਆਦਿ ਪ੍ਰੇਮ ਕਥਾਵਾਂ ਸਿੱਧੀਆਂ ਫਾਰਸੀ ਵਿਚੋਂ ਆਈਆਂ ਹਨ।

ਕਈ ਵਿਦਵਾਨਾਂ ਨੇ ਹੀਰ ਰਾਂਝੇ ਦੀ ਕਹਾਣੀ ਨੂੰ 'Hero and Leander' ਨਾਲ ਜੋੜਿਆ ਹੈ।

ਆਦਰਸ਼ਕ ਪ੍ਰੀਤ, ਰੁਮਾਂਸ, ਬਹਾਦਰੀ, ਤਿਆਗ, ਕੁਰਬਾਨੀ, ਆਚਰਨ ਦੀ ਦ੍ਰਿੜ੍ਹਤਾ ਅਸਲੀ ਫਕੀਰੀ ਆਦਿ ਸੈਂਕੜੇ ਵਿਸ਼ਿਆਂ ਬਾਰੇ ਪੰਜਾਬੀ ਕਿੱਸੇ ਮਿਲਦੇ ਹਨ।

ਪੰਜਾਬੀ ਕਿੱਸੇ ਦਵਈਏ, ਸਵਈਏ, ਕੁੰਡਲੀਏ ਆਦਿ ਛੰਦਾਂ ਵਿਚ ਲਿਖੇ ਗਏ ਪਰ ਬੈਂਤ ਨੂੰ ਪ੍ਰਧਾਨਤਾ ਮਿਲੀ ਹੈ। ਸਾਰੇ ਕਿੱਸਿਆਂ ਵਿਚ ਬੀਰ ਤੇ ਸ਼ਿੰਗਾਰ ਰਸ ਨੂੰ ਪ੍ਰਧਾਨਤਾ ਮਿਲੀ ਹੈ ਭਾਵੇਂ ਨਾਲ ਬਾਕੀ ਰਸ ਵੀ ਆਏ ਹਨ।

ਪੰਜਾਬੀ ਕਿੱਸੇ ਦਾ ਆਰੰਭ ਦਮੋਦਰ ਦੀ ਰਚਨਾ 'ਹੀਰ' ਤੋਂ ਮੰਨਿਆ ਜਾਂਦਾ ਹੈ ਪਰ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਤੋਂ ਪਹਿਲਾਂ ਵੀ ਕਿੱਸੇ ਲਿਖੇ ਗਏ ਜੋ ਹੁਣ ਪ੍ਰਾਪਤ ਨਹੀਂ ਹਨ। ਇਸ ਤੋਂ ਮਗਰੋਂ ਪੀਲੂ, ਹਾਫਜ਼ ਬਰਖੁਰਦਾਰ, ਮੁਕਬਲ, ਗੁਰਦਾਸ ਖਤਰੀ, ਅਹਿਮਦ, ਮੀਆਂ ਚਰਾਗ਼ ਐਵਾਣ, ਸਦੀਕ ਅੱਲੀ, ਨਿਆਮਤ ਖ਼ਾਨ ਜਾਨ, ਸੱਯਦ, ਹਾਮਦ ਸ਼ਾਹ ਅਬਾਸੀ, ਮੌਲਵੀ ਨੂਰ ਮੁਹੰਮਦ, ਮੌਲਵੀ ਅਬਦੁਲ ਹਕੀਮ ਬਹਾਵਲਪੁਰੀ, ਸੱਯਦ ਵਾਰਸ ਸ਼ਾਹ, ਮੁਨਸ਼ੀ ਸੁੰਦਰ ਦਾਸ ਅਰਾਮ, ਬਹਿਬਲ, ਆਡਤ, ਫਜ਼ਲ ਸ਼ਾਹ, ਹਾਸ਼ਮ ਸ਼ਾਹ, ਕਿਸ਼ਨ ਸਿੰਘ ਆਰਿਫ਼, ਦਇਆ ਸਿੰਘ, ਭਗਵਾਨ ਸਿੰਘ, ਪਾਲ ਸਿੰਘ, ਪੰਡਤ ਕਿਸ਼ੋਰ ਚੰਦ, ਸੂਬਾ ਸਿੰਘ ਆਦਿ ਪ੍ਰਸਿਧ ਕਿੱਸਾਕਾਰਾਂ ਨੇ ਕਿੱਸੇ ਲਿਖੇ।

ਹੀਰ ਰਾਂਝਾ, ਯੂਸਫ ਜ਼ੁਲੈਖਾਂ, ਲੈਲਾ ਮਜਨੂੰ, ਸ਼ੀਰੀਂ ਫਰਹਾਦ, ਚੰਦਨ ਬਦਨ, ਮਿਰਜ਼ਾ ਸਾਹਿਬਾਂ, ਕੀਮਾ ਮਲਕੀ, ਰੋਡਾ ਜਲਾਲੀ, ਦੁਲਾਭੱਟੀ, ਰੂਪ ਬਸੰਤ, ਗੋਪੀਚੰਦ, ਰਾਜ ਬੀਬੀ, ਸ਼ਾਹ ਬਹਿਰਾਮ, ਸੈਫੁਲ ਮਲੂਕ, ਹਕੀਕਤ ਰਾਏ, ਹਾਤਮਤਾਈ, ਪੂਰਨ ਭਗਤ, ਨਲ ਦਮਿਯੰਤੀ, ਰਾਜਾ ਰਸਾਲੂ ਤੇ ਕੋਕਲਾਂ, ਰਾਜਾ ਰੂਪ ਚੰਦ ਤੇ ਇੰਦੂਮਤੀ, ਜੈਮਲ ਫੱਤਾ, ਸੁਚਾ ਸਿੰਘ ਸੂਰਮਾ, ਭਾਈ ਬਿਧੀ ਚੰਦ, ਸ਼ਮੋ ਨਾਰ, ਬੇਗੋਨਾਰ, ਰਤਨੀ ਸੁਨਿਆਰੀ, ਕਿੱਸਾ ਘੁੱਗੀ ਕਾਂ, ਰੂਪ ਰਾਣੀ ਸ਼ਕੁੰਤਲਾ, ਚੰਨਣ ਸ਼ਰਾਬੀ, ਭਾਈ ਬੋਤਾ ਸਿੰਘ, ਬਾਬਾ ਦੀਪ ਸਿੰਘ, ਛੋਟਾ ਘੱਲੂਕਾਰਾ ਜ਼ਿੰਦਗੀ ਬਿਲਾਸ, ਸਪੁੱਤਰ ਬਿਲਾਸ, ਸ਼ਮਸ਼ੇਰ ਖਾਲਸਾ, ਬੰਦਾ ਬਹਾਦਰ ਆਦਿ ਪ੍ਰਸਿਧ ਪੰਜਾਬੀ ਕਿੱਸੇ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਛਪੇ ਅਤੇ ਅਣਛਪੇ ਕਿੱਸੇ ਅਧਿਐਨ ਦੇ ਮੁਹਤਾਜ ਹਨ ਜਿੰਨ੍ਹਾ ਨਾਲ ਕਿ ਕਿੱਸਾ ਸਾਹਿਤ ਵਿਚ ਭਰਪੂਰ ਵਾਧਾ ਹੋਵੇਗਾ।

ਪੰਜਾਬੀ ਕਿੱਸਾ ਕਾਵਿ ਪਰੰਪਰਾ ਦਾ ਅਨੁਸਾਰੀ ਹੋਣ ਕਾਰਨ ਕੋਈ ਨਵੀਂ ਚੀਜ਼ ਪੇਸ਼ ਕਰਨੋ ਅਸਮਰਥ ਰਿਹਾ ਹੈ। ਸਾਰੇ ਕਿੱਸਿਆਂ

ਵਿਚ ਦੁਹਰਾ ਹੈ ਕਿਉਂਕਿ ਕਹਾਣੀ ਪਰੰਪਰਾ ਤੋਂ ਲਈ ਜਾਂਦੀ ਹੈ। ਕਿੱਸਾਕਾਰ ਆਪਣੇ ਇਲਾਕੇ ਦੀ ਭਾਸ਼ਾ ਵਰਤਦੇ ਹਨ ਜਿਸ ਕਾਰਨ ਥੋੜ੍ਹੀ ਬਹੁਤ ਵਖਰਤਾ ਦ੍ਰਿਸ਼ਟੀਗੋਚਰ ਹੁੰਦੀ ਹੈ । ਪਰ ਕਿੱਸਾਕਾਰਾਂ ਵਿਚ ਮੌਲਿਕਤਾ ਤੇ ਵਿਕਾਸ ਦੀ ਘਾਟ ਹੈ। ਆਧੁਨਿਕ ਯੁੱਗ ਵਿਚ ਲਗ ਭਗ ਇਸ ਕਾਵਿ ਰੂਪ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਸਾਹਿਤ ਰੂਪ ਤੇ ਰਸ ਦੋਨਾਂ ਪੱਖਾਂ ਤੋਂ ਅਗਾਂਹ ਨਿਕਲ ਚੁੱਕਾ ਹੈ।

ਹ. ਪੁ.—ਪੰ.ਸਾ.ਕੋ. 241.ਪੰ.ਸਾ.ਇ.1ਪੰ.ਸਾ.ਇ. (ਪੰਜਾਬ)

**ਕਿੱਸੀ** : ਇਹ ਹਬਸ਼ੀ ਲੋਕ ਹਨ ਅਤੇ ਪਹਾੜਾਂ ਦੀ ਉਸ ਪੇਟੀ ਵਿਚ ਵਸੇ ਹੋਏ ਹਨ ਜਿੱਥੇ ਗਿਨੀ, ਸਿਐਰਾ ਲੀਓਨ ਅਤੇ ਲਾਈਬੇਰੀਆ ਦੀਆਂ ਸਰਹੱਦਾਂ ਇਕ ਦੂਜੇ ਨਾਲ ਜੁੜਦੀਆਂ ਹਨ। ਇਹ ਲੋਕ ਨਾਈਜਰ-ਕਾਂਗੋ ਪਰਿਵਾਰ ਦੀ ਇਕ ਪੱਛਮੀ ਅੰਧ-ਮਹਾਸਾਗਰੀ ਭਾਸ਼ਾ ਬੋਲਦੇ ਹਨ। ਇਸ ਖੰਡ ਵਿਚ ਕਈ ਇਲਾਕਿਆਂ ਤੋਂ ਆ ਕੇ ਲੋਕ ਵਸੇ ਵਿਖਾਈ ਦਿੰਦੇ ਹਨ। ਕਿੱਸੀ ਲੋਕਾਂ ਦਾ ਮੂਲ ਸੂਡਾਨੀ ਅਤੇ ਗਿੱਨੀ ਇਲਾਕੇ ਦਾ ਪ੍ਰਤੀਤ ਹੁੰਦਾ ਹੈ। ਉਨ੍ਹੀਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਇਨ੍ਹਾਂ ਦੀ ਗਿਣਤੀ 20,000 ਤੋਂ ਵੱਧ ਸੀ।

ਦਲਦਲੀ ਜ਼ਮੀਨ ਵਿਚ ਪੈਦਾ ਕੀਤੇ ਚੌਲ ਕਿੱਸੀ ਲੋਕਾਂ ਦੀ ਖ਼ੁਰਾਕ ਦਾ ਇਕ ਮਹੱਤਵਪੂਰਨ ਹਿੱਸਾ ਹਨ। ਇਹ ਲੋਕ ਆਯਾਤ ਲਈ ਕਾਫ਼ੀ ਅਤੇ ਕੋਲਾ ਵੀ ਪੈਦਾ ਕਰਦੇ ਹਨ। ਖੇਤੀਬਾੜੀ ਇਨ੍ਹਾਂ ਦਾ ਮੁੱਖ ਕਿੱਤਾ ਹੈ।

ਕਿੱਸੀ ਲੋਕ ਕੋਨਦਾਰ ਛੱਤਾਂ ਵਾਲੀਆਂ ਝੌਂਪੜੀਆਂ ਵਿਚ ਰਹਿੰਦੇ ਹਨ ਜਿਹੜੀਆਂ ਕਿ ਜੰਗਲ ਨੂੰ ਸਾਫ ਕਰਕੇ ਬਣਾਈ ਗਈ ਥਾਂ ਤੇ ਬਣੀਆਂ ਹੁੰਦੀਆਂ ਹਨ। ਇਹ ਪਿੱਤਰ ਵੰਸ਼ੀ ਘਰਾਣਿਆਂ ਦੇ ਰੂਪ ਵਿਚ ਰਹਿੰਦੇ ਹਨ। ਜਿਨ੍ਹਾਂ ਘਰਾਣਿਆਂ ਵਿਚ ਕਦੇ ਹੀ 150 ਤੋਂ ਵੱਧ ਵਿਅਕਤੀ ਹੁੰਦੇ ਹਨ। ਹਰ ਇਕ ਘਰਾਣੇ ਦਾ ਆਪਣਾ ਆਪਣਾ ਅਲੱਗ ਮੁਕਾਮ ਹੁੰਦਾ ਹੈ। ਹਰ ਘਰਾਣੇ ਦੀ ਅਗਵਾਈ ਇਸ ਦਾ ਸੀਨੀਅਰ ਮੈਂਬਰ ਕਰਦਾ ਹੈ। ਉਹੋ ਹੀ ਇਸਦਾ ਪੁਜਾਰੀ ਅਤੇ ਪ੍ਰਤਿਨਿਧ ਹੁੰਦਾ ਹੈ। ਇਕੋ ਘਰਾਣੇ ਦੇ ਮੈਂਬਰ ਆਪੋ ਵਿਚ ਵਿਆਹ ਨਹੀਂ ਕਰਦੇ।

ਕਿੱਸੀ ਧਰਮ ਵਿਚ ਜ਼ਰਾਇਤੀ, ਖ਼ਾਨਦਾਨੀ ਅਤੇ ਹੋਰ ਦੂਜੀਆਂ ਰੀਤਾਂ ਸ਼ਾਮਲ ਹਨ। ਮਰ ਚੁੱਕੇ ਵਾਸੀਆਂ ਦੁਆਰਾ ਤਿਆਰ ਕੀਤੀਆਂ ਪੱਥਰ ਦੀਆਂ ਛੋਟੀਆਂ ਛੋਟੀਆਂ ਮੂਰਤੀਆਂ ਪਿੱਤਰਾਂ ਦੀ ਪ੍ਰਤਿਨਿਧਤਾ ਕਰਦੀਆਂ ਹਨ।

ਹ. ਪੁ.—ਐਨ. ਬ੍ਰਿ. ਮਾ. 5 : 838

**ਕਿਸ਼ੋਰ ਅਪਰਾਧ** : ਅਪਰਾਧਾਂ ਸਬੰਧੀ ਸਾਲਾਨਾ ਰਪੋਟਾਂ ਵੇਖਣ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਸੰਖਿਆ ਹਰੇਕ ਸਾਲ ਵਧਦੀ ਹੀ ਜਾਂਦੀ ਹੈ। ਆਪਣੇ ਦੇਸ਼ ਜਾਂ ਵਿਦੇਸ਼ਾਂ ਵਿਚ ਕੀਤੇ ਗਏ ਅਪਰਾਧਾਂ ਦੇ ਮਨੋ-ਵਿਗਿਆਨਕ ਅਤੇ ਸਮਾਜ-ਵਿਗਿਆਨਕ ਅਧਿਐਨ ਤੋਂ ਪਤਾ ਚਲਦਾ ਹੈ ਕਿ ਅਪਰਾਧ ਬ੍ਰਿਤੀਆਂ ਦਾ ਜਨਮ ਬਚਪਨ ਦੀ ਅਵਸਥਾ ਵਿਚ ਹੀ ਹੋ ਜਾਂਦਾ ਹੈ। ਅਪਰਾਧਾਂ ਦੀ ਸੰਖਿਆ ਅਤੇ ਉਨ੍ਹਾਂ ਦੀ ਗੰਭੀਰਤਾ ਦੀ ਦ੍ਰਿਸ਼ਟੀ ਤੋਂ ਕਿਸ਼ੋਰ ਅਵਸਥਾ ਸਭ ਤੋਂ ਮਹੱਤਵਪੂਰਨ ਹੈ। ਅਪਰਾਧਾਂ ਸਬੰਧੀ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਸੱਭ ਤੋਂ ਵਧੇਰੇ ਅਤੇ ਸੱਭ ਤੋਂ ਗੰਭੀਰ ਅਪਰਾਧ ਕਰਨ ਵਾਲੇ ਕਿਸ਼ੋਰ ਉਮਰ ਦੇ ਹੀ ਬਾਲਕ ਹੁੰਦੇ ਹਨ। ਇਸ ਲਈ ਕਿਸ਼ੋਰ ਅਪਰਾਧ ਦੀ ਸਮੱਸਿਆ ਮਹੱਤਵਪੂਰਨ ਕਾਨੂੰਨੀ, ਸਮਾਜਿਕ, ਨੈਤਿਕ ਅਤੇ ਮਨੋਵਿਗਿਆਨਕ ਸਮੱਸਿਆ ਹੈ।

ਕਿਸ਼ੋਰ ਅਪਰਾਧ ਦਾ ਸਰੂਪ ਇਹੋ ਜਿਹੇ ਦੂਜੇ ਅਪਰਾਧਾਂ ਨਾਲੋਂ ਵੱਖਰਾ ਹੁੰਦਾ ਹੈ। ਅਪਰਾਧ ਕਾਨੂੰਨੀ ਸ਼ਬਦ ਹੈ ਅਰਥਾਤ ਦੇਸ਼ ਦੇ ਬਣਾਏ ਕਾਨੂੰਨਾਂ ਦੇ ਵਿਰੁੱਧ ਕੰਮ ਕਰਨਾ ਅਪਰਾਧ ਹੈ ਪਰੰਤੂ 'ਕਿਸ਼ੋਰ ਅਪਰਾਧ' ਸਮਾਜ-ਵਿਗਿਆਨਕ ਅਤੇ ਮਨੋ-ਵਿਗਿਆਨਕ ਵਤੀਰਾ ਹੈ। ਇਸ ਅਨੁਸਾਰ ਕਿਸ਼ੋਰ ਉਮਰ ਵਿਚ ਬਾਲਕਾਂ ਦੁਆਰਾ ਕੀਤੇ ਗਏ ਅਜਿਹੇ ਕੰਮ ਜੋ ਕੇਵਲ ਕਾਨੂੰਨ ਦੀ ਦ੍ਰਿਸ਼ਟੀ ਵਿਚ ਹੀ ਨਹੀਂ ਸਗੋਂ ਸਮਾਜ ਅਤੇ ਵਿਅਕਤੀ ਲਈ ਵੀ ਹਾਨੀਕਾਰਕ ਹੋਣ 'ਕਿਸ਼ੋਰ ਅਪਰਾਧ' ਦੀ ਸੀਮਾਂ ਵਿਚ ਆ ਜਾਂਦੇ ਹਨ। ਉਦਾਹਰਣ ਵਜੋਂ ਸਕੂਲ ਵਿਚੋਂ ਭੱਜ ਜਾਣਾ ਕਾਨੂੰਨ ਅਨੁਸਾਰ ਕੋਈ ਅਪਰਾਧ ਨਹੀਂ ਹੈ ਪਰੰਤੂ ਸਮਾਜਕ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਹਾਨੀਕਾਰਕ ਹੈ ਕਿਉਂਕਿ ਸਕੂਲ ਵਿਚੋਂ ਭੱਜਣਾ ਬੱਚੇ ਨੂੰ ਹਰ ਇਕ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਭੱਜਣਾ ਸਿਖਾਉਂਦਾ ਹੈ ਅਤੇ ਦੂਜੇ ਪਾਸੇ ਬਾਲਕ ਨੂੰ ਠੀਕ ਕਾਰਜਾਂ ਤੋਂ ਹਟਾ ਕੇ ਗਲਤ ਕਾਰਜ ਲਈ ਪ੍ਰੇਰਦਾ ਹੈ। ਇਸ ਲਈ ਕਿਸ਼ੋਰ ਅਪਰਾਧਾਂ ਦਾ ਖੇਤਰ ਹੋਰ ਅਪਰਾਧਾਂ ਦੇ ਖੇਤਰ ਤੋਂ ਅਧਿਕ ਵਿਆਪਕ ਹੈ।

ਇਹ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਕਿਸ਼ੋਰ ਅਵਸਥਾ ਵਿਚ ਵਿਅਕਤਿਤਵ ਦੇ ਨਿਰਮਾਣ ਅਤੇ ਵਿਵਹਾਰ ਦੇ ਨਿਰਧਾਰਨ ਵਿਚ ਵਾਤਾਵਰਣ ਦਾ ਬਹੁਤ ਹੱਥ ਹੁੰਦਾ ਹੈ। ਆਪਣੇ ਉਚਿਤ ਜਾਂ ਅਨਉਚਿਤ ਵਰਤਾਉ ਦੇ ਲਈ ਕਿਸ਼ੋਰ ਅਵਸਥਾ ਦਾ ਬਾਲਕ ਆਪ ਨਹੀਂ ਸਗੋਂ ਉਸਦਾ ਵਾਤਾਵਰਣ ਜ਼ਿੰਮੇਵਾਰ ਹੁੰਦਾ ਹੈ। ਪ੍ਰੰਤੂ ਪਰਪੱਕ ਉਮਰ ਦਾ ਅਪਰਾਧੀ ਆਪਣੇ ਅਪਰਾਧ ਲਈ ਆਪ ਜ਼ਿੰਮੇਵਾਰ ਹੁੰਦਾ ਹੈ। ਇਸੇ ਕਰਕੇ ਆਧੁਨਿਕ ਦੇਸ਼ਾਂ ਵਿਚ 'ਕਿਸ਼ੋਰ ਅਪਰਾਧਾਂ' ਲਈ ਵਖਰੀਆਂ ਅਦਾਲਤਾਂ ਹੁੰਦੀਆਂ ਹਨ। ਇਨ੍ਹਾਂ ਅਦਾਲਤਾਂ ਦੇ ਜੱਜ ਬਾਲ ਮਨੋ-ਵਿਗਿਆਨ ਤੋਂ ਜਾਣੂ ਹੁੰਦੇ ਹਨ। ਅਜਿਹੀਆਂ ਅਦਾਲਤਾਂ ਬਾਲ ਅਪਰਾਧੀਆਂ ਨੂੰ ਦੰਡ ਨਹੀਂ ਦਿੰਦੀਆਂ ਸਗੋਂ ਉਨ੍ਹਾਂ ਦੀ ਕੇਸ ਹਿਸਟਰੀ ਦੇ ਆਧਾਰ ਤੇ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਵਾਤਾਵਰਣ ਦਾ ਅਧਿਐਨ ਕਰਕੇ, ਅਪਰਾਧਾਂ ਨੂੰ ਜਨਮ ਦੇਣ ਵਾਲੇ ਤੱਤਾਂ ਵਿਚ ਸੁਧਾਰ ਕਰਕੇ ਬੱਚੇ ਦੇ ਸੁਧਾਰ ਦਾ ਯਤਨ ਕੀਤਾ ਜਾਂਦਾ ਹੈ। ਅਪਰਾਧੀ ਬੱਚੇ ਨਾਲ ਹਮਦਰਦੀ, ਪ੍ਰੇਮ, ਦਯਾ ਆਦਿ ਦਾ ਵਰਤਾਉ ਕੀਤਾ ਜਾਂਦਾ ਹੈ। ਸਾਡੇ ਦੇਸ਼ ਵਿਚ ਵੀ ਕੁਝ ਰਾਜਾਂ ਨੇ ਬਾਲ ਅਦਾਲਤਾਂ ਅਤੇ ਬਾਲ ਸੁਧਾਰ ਘਰਾਂ ਦੀ ਸਥਾਪਨਾ ਕੀਤੀ ਹੈ। ਬਰੇਲੀ ਵਿਚ ਸਥਿੱਤ 'ਕਿਸ਼ੋਰ ਸਦਨ' ਅਜਿਹੇ ਯਤਨ ਦੀ ਵਧੀਆ ਉਦਾਹਰਣ ਹੈ।

ਕਿਸ਼ੋਰ ਬਾਲਕ ਅਪਰਾਧ ਕਰਦੇ ਹੀ ਕਿਉਂ ਹਨ ? ਇਸ ਬਾਰੇ ਵੱਖ ਵੱਖ ਮੱਤ ਹਨ। ਮਾਨਵ ਸ਼ਾਸਤਰੀਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਅਪਰਾਧ ਦਾ ਸਬੰਧ ਵੰਸ਼, ਸਰੀਰਕ ਬਨਾਵਟ ਅਤੇ ਜਾਤੀ ਨਾਲ ਹੈ। ਇਸੇ ਕਰਕੇ ਕਿਸੇ ਅਪਰਾਧੀ ਜਾਤੀ ਨੂੰ ਲੈ ਲਵੋ ਉਸ ਦੇ ਸਾਰੇ ਮੈਂਬਰ ਇਕੋ ਜਿਹਾ ਅਪਰਾਧ ਕਰਦੇ ਹਨ। ਸਰੀਰ ਵਿਗਿਆਨਕ ਮੱਤ ਵੀ ਇਸੇ ਨਾਲ ਮਿਲਦਾ ਜੁਲਦਾ ਹੈ ਕਿ ਇਕ ਖ਼ਾਸ ਕਿਸਮ ਦੀ ਸਰੀਰਕ ਬਣਾਵਟ ਅਤੇ ਪ੍ਰਕ੍ਰਿਆ ਵਾਲਾ ਮਨੁੱਖ ਇਕ ਖਾਸ ਕਿਸਮ ਦਾ ਅਪਰਾਧ ਹੀ ਕਰੇਗਾ। ਪਰ ਮਨੋ-ਵਿਗਿਆਨ ਨੇ ਇਹ ਸਿੱਧ ਕਰ ਦਿਤਾ ਹੈ ਕਿ ਅਪਰਾਧ ਦਾ ਸਬੰਧ ਨਾ ਤਾਂ ਉਤਰਾਧਿਕਾਰ ਨਾਲ ਹੈ ਅਤੇ ਨਾਂ ਹੀ ਸਰੀਰਕ ਬਨਾਵਟ ਨਾਲ ਕਿਉਂਕਿ ਉਤਰਾਧਿਕਾਰ ਨਾਲ ਕੇਵਲ ਸਰੀਰਕ ਵਿਸ਼ੇਸ਼ਤਾਵਾਂ ਹੀ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਦਾ ਵਿਅਕਤੀ ਦੀਆਂ ਭਾਵਨਾਵਾਂ, ਪ੍ਰਵਿਰਤੀਆਂ ਅਤੇ ਬੁੱਧੀ ਨਾਲ ਸਿੱਧਾ ਸਬੰਧ ਨਹੀਂ ਹੁੰਦਾ। ਸਮਾਜ ਸ਼ਾਸਤਰੀਆਂ ਦਾ ਮੱਤ ਹੈ ਕਿ ਅਪਰਾਧ ਦਾ ਜਨਮਦਾਤਾ ਖਰਾਬ ਵਾਤਾਵਰਨ ਹੈ, ਜਿਵੇਂ ਗਰੀਬੀ, ਉੱਜੜੇ ਪਰਿਵਾਰ, ਅਪਰਾਧੀ ਸਾਥੀ ਆਦਿ। ਪਰੰਤੂ ਅਨੇਕ ਮਨੋਵਿਗਿਆਨਕ ਖੋਜਾਂ ਦੁਆਰਾ ਇਹ ਪਤਾ ਲੱਗਿਆ ਹੈ ਕਿ ਇਕ ਹੀ ਵਾਤਾਵਰਣ ਵਿਚ ਪਲੇ, ਇਸ ਤੋਂ ਇਲਾਵਾ ਇਕੋ ਪਰਵਾਰ ਵਿਚ ਇਕੋ ਮਾਤਾ ਪਿਤਾ ਦੇ ਬੱਚਿਆਂ ਵਿਚੋਂ ਇਕ ਅਪਰਾਧੀ ਹੋ ਜਾਂਦਾ ਹੈ ਅਤੇ ਦੂਸਰਾ ਨਹੀਂ। ਜੇ ਅਪਰਾਧ ਦਾ ਜਨਮ ਦਾਤਾ ਵਾਤਾਵਰਣ ਹੁੰਦਾ ਤਾਂ ਦੂਸਰੇ ਭਾਈ ਭੈਣਾਂ ਨੂੰ ਵੀ ਅਪਰਾਧੀ ਬਨਣਾ ਚਾਹੀਦਾ ਸੀ।

ਆਧੁਨਿਕ ਮਨੋ-ਵਿਗਿਆਨ ਕਿਸ਼ੋਰ ਅਪਰਾਧਾਂ ਦਾ ਮੂਲ ਮਨੋ-ਵਿਗਿਆਨਕ ਸਥਿਤੀਆਂ ਵਿਚੋਂ ਲੱਭਦਾ ਹੈ। ਇਸ ਅਨੁਸਾਰ ਹਰੇਕ

ਬੱਚੇ ਦੀਆਂ ਕੁਝ ਇੱਛਾਵਾਂ ਅਤੇ ਜ਼ਰੂਰਤਾਂ ਹੁੰਦੀਆਂ ਹਨ । ਇਨ੍ਹਾਂ ਨੂੰ ਪੂਰਾ ਕਰਨ ਦਾ ਉਹ ਯਤਨ ਕਰਦਾ ਹੈ। ਹਰੇਕ ਯਤਨ ਵਿਚ ਅਨੇਕ ਔਕੜਾਂ ਆਉਂਦੀਆਂ ਹਨ ਜਿਨ੍ਹਾਂ ਤੇ ਕਾਬੂ ਪਾਉਣ ਦਾ ਉਹ ਯਤਨ ਕਰਦਾ ਹੈ। ਆਪਣੇ ਯਤਨਾਂ ਨਾਲ ਜਾਂ ਤਾਂ ਉਹ ਸੰਤੁਸ਼ਟ ਹੋ ਜਾਵੇਗਾ ਜਾਂ ਫਿਰ ਅਸੰਤੁਸ਼ਟ। ਅਸੰਤੁਸ਼ਟ ਵਿਅਕਤੀ ਆਪਣੀ ਅਸੰਤੁਸ਼ਟਤਾ ਨੂੰ ਦੂਰ ਕਰਨਾ ਚਾਹੇਗਾ। ਇਸ ਨੂੰ ਦੂਰ ਕਰਨ ਲਈ ਸਮਾਜ ਦੁਆਰਾ ਪ੍ਰਵਾਨਿਤ ਢੰਗ ਜਦੋਂ ਅਸਫਲ ਹੋ ਜਾਣ ਤਾਂ ਵਿਅਕਤੀ ਅਜਿਹਾ ਢੰਗ ਅਪਣਾਉਂਦਾ ਹੈ ਜੋ ਸਫਲ ਹੋਵੇ, ਭਾਵੇਂ ਉਹ ਸਮਾਜ ਲਈ ਹਾਨੀਕਾਰਕ ਅਤੇ ਇਸ ਦੁਆਰਾ ਅਪ੍ਰਵਾਨਤ ਵੀ ਕਿਉਂ ਨਾ ਹੋਵੇ। ਇਸੇ ਲਈ ਉਸਨੂੰ ਅਪਰਾਧੀ ਕਿਹਾ ਜਾਂਦਾ ਹੈ । ਉਦਾਹਰਨ ਵਜੋਂ ਕੋਈ ਕਮਜ਼ੋਰ ਵਿਦਿਆਰਥੀ ਜੇਕਰ ਫੇਲ੍ਹ ਹੋ ਜਾਵੇ ਤਾਂ ਉਹ ਆਪਣੀ ਕਮਜ਼ੋਰੀ ਦਾ ਧਿਆਨ ਕਰਕੇ ਸੰਤੁਸ਼ਟ ਰਹਿ ਸਕਦਾ ਹੈ ਪਰੰਤੂ ਸ਼੍ਰੇਣੀ ਦਾ ਸਭ ਤੋਂ ਤੇਜ਼ ਵਿਦਿਆਰਥੀ ਜੇਕਰ ਤੀਸਰੇ ਦਰਜੇ ਵਿਚ ਪਾਸ ਹੋ ਜਾਵੇ ਤਾਂ ਉਹ ਆਤਮ ਹੱਤਿਆ ਵੀ ਕਰ ਸਕਦਾ ਹੈ। ਉਪਰੋਕਤ ਵਿਚਾਰ ਤੋਂ ਪਤਾ ਲਗਦਾ ਹੈ ਕਿ ਬੱਚਾ ਚਾਹੇ ਸਰੀਰਕ ਕਮਜ਼ੋਰੀ ਨਾਲ ਦੁਖੀ ਹੋਵੇ, ਉਸਦੀ ਬੁੱਧੀ ਘੱਟ ਹੋਵੇ, ਉਸਦੇ ਮਾਤਾ ਪਿਤਾ ਅਪਰਾਧੀ ਹੋਣ, ਉਸਦਾ ਵਾਤਾਵਰਣ ਖਰਾਬ ਹੋਵੇ ਉਸ ਦੀਆਂ ਪ੍ਰਾਪਤੀਆਂ ਨੀਵੀਂ ਪੱਧਰ ਦੀਆਂ ਹੋਣ, ਫਿਰ ਵੀ ਉਹ ਉਦੋਂ ਤਕ ਅਪਰਾਧੀ ਨਹੀਂ ਬਣ ਸਕਦਾ ਜਦੋਂ ਤਕ ਉਹ ਆਪਣੀ ਸਥਿਤੀ ਵਿਚ ਅਸੰਤੁਸ਼ਟ ਨਾ ਹੋਵੇ ਅਤੇ ਉਸਦੀ ਇਸ ਅਸੰਤੁਸ਼ਟਤਾ ਨੂੰ ਦੂਰ ਕਰਨ ਦੇ ਸਾਧਨ ਵੀ ਅਸਫਲ ਨਾ ਹੋ ਚੁਕੇ ਹੋਣ।

ਰੋਗ ਦੇ ਕਾਰਨ ਨੂੰ ਦੂਰ ਕਰਨ ਨਾਲ ਰੋਗ ਦੂਰ ਹੋ ਸਕਦਾ ਹੈ। ਅਪਰਾਧ ਕਰਨਾ ਵੀ ਸਮਾਜਿਕ ਰੋਗ ਹੈ। ਇਸਦੇ ਕਾਰਨ 'ਅਸੰਤੋਖ ਜਨਕ ਸਥਿਤੀ' ਨੂੰ ਦੂਰ ਕਰਨ ਨਾਲ ਅਪਰਾਧੀ ਅਪਰਾਧ ਕਰਨ ਤੋਂ ਹਟ ਸਕਦਾ ਹੈ ਅਤੇ ਚੰਗਾ ਨਾਗਰਿਕ ਬਣ ਸਕਦਾ ਹੈ।

ਹ. ਪੁ.—ਹਿੰ. ਵਿ. ਕੋ. 3 : 184

**ਕਿਸ਼ੋਰ ਅਵਸਥਾ**—ਕਿਸ਼ੋਰ ਅਵਸਥਾ ਦਾ ਸਮਾਨਾਰਥਕ ਅੰਗਰੇਜ਼ੀ ਸ਼ਬਦ 'Adolescence' ਹੈ ਜੋ ਇਕ ਲਾਤੀਨੀ ਸ਼ਬਦ ਐਡੋਲੇਸੀ ਤੋਂ ਬਣਿਆ ਹੈ। ਇਸ ਦਾ ਅਰਥ ਵਿਕਾਸ ਤੋਂ ਹੈ । ਜਿਸ ਦਾ ਭਾਵ ਚੜ੍ਹਦੀ ਜਵਾਨੀ ਤੋਂ ਲਿਆ ਜਾਂਦਾ ਹੈ । ਕਿਸ਼ੋਰ ਅਵਸਥਾ ਜੀਵਨ ਦੇ ਹਰ ਪੱਖ-ਸਰੀਰਕ, ਮਾਨਸਕ, ਭਾਵੁਕ ਅਤੇ ਸਮਾਜਕ ਵਿਚ ਤੇਜ਼ੀ ਨਾਲ ਵੱਧਣ-ਫੁੱਲਣ ਦਾ ਸਮਾਂ ਹੈ। ਵਿਅਕਤੀ ਦੀ ਇਸ ਅਵਸਥਾ ਦਾ ਸ਼ੁਰੂ ਬਚਪਨ ਦੀ ਆਖਰੀ ਸਟੇਜ ਤੋਂ ਹੁੰਦਾ ਹੈ ਅਤੇ ਅੰਤ ਭਰੂਣ ਅਵਸਥਾ ਤੇ ਜਾਂ ਬਾਲਗਪਣ ਦੇ ਸ਼ੁਰੂ ਤੇ ਹੁੰਦਾ ਹੈ। ਕਾਲ-ਕ੍ਰਮ ਅਨੁਸਾਰ ਇਹ ਲਗਭਗ 12 ਤੋਂ 20 ਸਾਲ ਦੀ ਉਮਰ ਦੇ ਵਿਚਕਾਰਲਾ ਸਮਾਂ ਹੁੰਦਾ ਹੈ। ਹਰ ਵਿਅਕਤੀ ਦੇ ਜੀਵਨ ਦਾ ਇਹ ਸਭ ਤੋਂ ਵੱਧ ਮਹੱਤਵਪੂਰਨ ਸਮਾਂ ਹੁੰਦਾ ਹੈ। ਇਸ ਅਵਸਥਾ ਵਿਚ ਬੱਚਾ ਜੋ ਕੁਝ ਵੀ ਅਨੁਭਵ ਕਰਦਾ ਹੈ ਉਸ ਦਾ ਅਸਰ ਸਾਰੀ ਉਮਰ ਰਹਿੰਦਾ ਹੈ । ਇਹ ਸਮਾਂ ਬੱਚੇ ਦੇ ਜੀਵਨ ਦਾ ਬਸੰਤ ਕਾਲ, ਭਵਿੱਖ ਦੇ ਸੁਪਨਿਆਂ ਦਾ ਸਮਾਂ, ਬਹੁਤ ਖ਼ਤਰਨਾਕ ਜਾਂ ਪੜਚੋਲ ਦਾ ਸਮਾਂ ਹੁੰਦਾ ਹੈ । ਅਰਥਾਤ ਇਹ ਬੱਚੇ ਦੇ ਵਿਕਾਸ ਦਾ ਉਹ ਸਮਾਂ ਹੁੰਦਾ ਹੈ ਜਿਸ ਵਿਚ ਉਹ ਬਚਪਨ ਤੋਂ ਆਦਮੀ ਜਾਂ ਇਸਤਰੀ ਦੀ ਅਵਸਥਾ ਵਿਚ ਬਦਲਦਾ ਹੈ।

ਕਿਸ਼ੋਰ ਅਵਸਥਾ ਦੇ ਕੁਝ ਮੁੱਖ ਲੱਛਣ ਇਹ ਹਨ :—ਇਸ ਅਵਸਥਾ ਵਿਚ ਕੱਦ, ਭਾਰ, ਹੱਡੀਆਂ ਤੇ ਪੱਠਿਆਂ ਦਾ ਬਹੁਤ ਤੇਜ਼ ਰਫਤਾਰ ਨਾਲ ਵਿਕਾਸ ਹੁੰਦਾ ਹੈ। ਗਿਆਨ-ਇੰਦਰੀਆਂ ਤੇ ਪ੍ਰੇਰਕ ਅੰਗਾਂ ਦਾ ਤੀਬਰ ਵਿਕਾਸ ਹੁੰਦਾ ਹੈ। ਮੁੰਡਿਆਂ ਦੀ ਆਵਾਜ਼ ਭਾਰੀ ਹੋ ਜਾਂਦੀ ਹੈ ਤੇ ਦਾੜ੍ਹੀ ਮੁੱਛਾਂ ਆਦਿ ਆਉਣ ਲਗ ਪੈਂਦੀਆਂ ਹਨ । ਇਸੇ ਤਰ੍ਹਾਂ ਲੜਕੀਆਂ ਦੀ ਸਰੀਰਕ ਬਣਾਵਟ ਵਿਚ ਵੀ ਤਬਦੀਲੀਆਂ ਆ ਜਾਂਦੀਆਂ ਹਨ।

ਬੱਚੇ ਦੀ ਬੁੱਧੀ ਅਤੇ ਹੋਰ ਮਾਨਸਕ ਸ਼ਕਤੀਆਂ ਪੂਰੀ ਤਰ੍ਹਾਂ ਵਿਕਾਸ ਕਰਦੀਆਂ ਹਨ। ਬੱਚੇ ਦੀ ਬੁੱਧੀ ਦਾ ਵਿਕਾਸ 16 ਤੋਂ 18 ਸਾਲ ਦੀ ਉਮਰ ਤਕ ਹੁੰਦਾ ਰਹਿੰਦਾ ਹੈ ਪਰ ਉਸ ਦੀਆਂ ਰੁਚੀਆਂ ਦਾ ਵਿਕਾਸ ਬਾਅਦ ਵਿਚ ਵੀ ਚਲਦਾ ਰਹਿੰਦਾ ਹੈ । ਇਸ ਅਵਸਥਾ ਵਿਚ ਬੱਚੇ ਦੀ ਰੱਟੇ ਦੀ ਸ਼ਕਤੀ ਘਟ ਕੇ ਸਮਝ ਅਤੇ ਯਾਦ ਸ਼ਕਤੀ ਵਧਦੀ ਹੈ। ਇਨ੍ਹਾਂ ਵਿਚ ਨੈਤਿਕਤਾ, ਸਮਾਜ ਦੇ ਨਿਯਮਾਂ ਅਤੇ ਘਟਨਾਵਾਂ ਤੋਂ ਜਾਣੂ ਹੋਣਾ ਤੇ ਆਪਣੇ ਵਿਚਾਰ ਪ੍ਰਗਟਾਉਣ ਦੀ ਇੱਛਾ ਹੁੰਦੀ ਹੈ। ਪਰ ਇਹ ਲੋਕ ਬਚਪਨ ਤੇ ਬਾਲਗ ਹਾਲਤਾਂ ਦੇ ਵਿਚਕਾਰਲੀ ਹਾਲਤ ਵਿਚ ਹੋਣ ਕਰਕੇ ਅਸੰਤੁਸ਼ਟ ਰਹਿੰਦੇ ਹਨ। ਸਟੈਨਲੇ ਹਾਲ ਅਨੁਸਾਰ ਇਸ ਅਵਸਥਾ ਵਿਚ ਕਲਪਨਾ ਸ਼ਕਤੀ ਆਪਣੀ ਸਿਖਰ ਤੇ ਹੁੰਦੀ ਹੈ ਤੇ ਇਹ ਲੋਕ ਜ਼ਿਆਦਾ ਕਰਕੇ ਰੋਮਾਂਚਿਕ ਕਵਿਤਾਵਾਂ ਤੇ ਯੋਧਿਆਂ ਦੀਆਂ ਜੀਵਨੀਆਂ ਪੜ੍ਹਨ ਦੇ ਸ਼ੌਕੀਨ ਹੁੰਦੇ ਹਨ। ਇਸ ਦੇ ਨਾਲ ਹੀ ਇਹ ਲੋਕ ਸਵੈ-ਸੁਚੇਤ ਅਤੇ ਸ਼ੱਕੀ ਵੀ ਹੁੰਦੇ ਹਨ ਪਰ ਨਾਲ ਹੀ ਸੁਝਾਊ ਵੀ ਹੁੰਦੇ ਹਨ।

ਭਾਵਕ ਪੱਖ ਤੋਂ ਵਿਕਾਸ ਦਾ ਇਹ ਸਮਾਂ ਮਾਨਸਕ ਹਲਚਲਾਂ ਤੇ ਦਬਾਵਾਂ ਨਾਲ ਭਰਿਆ ਹੁੰਦਾ ਹੈ । ਇਸੇ ਕਰਕੇ ਇਸ ਉਮਰ ਦੇ ਵਿਅਕਤੀਆਂ ਵਿਚ ਭਾਵਾਤਮਕ ਅਸੰਤੁਲਨ ਆ ਜਾਂਦਾ ਹੈ । ਇਸ ਅਵਸਥਾ ਵਿਚ ਵਿਅਕਤੀ ਬਹੁਤ ਜ਼ਿਆਦਾ ਜਜ਼ਬਾਤੀ ਹੁੰਦਾ ਹੈ ਅਤੇ ਜਜ਼ਬੇ ਬਹੁਤ ਤੀਬਰ ਤੇ ਤੇਜ਼ੀ ਨਾਲ ਪਰੀਵਰਤਨ ਵਾਲੇ ਹੁੰਦੇ ਹਨ । ਇਸ ਅਵਸਥਾ ਦੀ ਬੇਚੈਨੀ ਦਾ ਬਹੁਤਾ ਕਾਰਨ ਸਰੀਰਕ ਪਰੀਵਰਤਨ ਅਤੇ ਕਾਮ-ਭਾਵਨਾਵਾਂ ਦਾ ਉਜਾਗਰ ਹੋਣਾ ਹੁੰਦਾ ਹੈ । ਡਾ. ਫਰਾਇਡ ਅਨੁਸਾਰ ਵੀ ਇਸ ਅਵਸਥਾ ਵਿਚ ਉਜਾਗਰ ਹੋਈ ਕਾਮ ਬਿਰਤੀ ਨੂੰ ਕਿਸੇ ਉਸਾਰੂ ਪਾਸੇ ਨਾ ਮੋੜਿਆ ਜਾਵੇ ਤਾਂ ਨਤੀਜੇ ਬੜੇ ਖ਼ਤਰਨਾਕ ਹੋ ਸਕਦੇ ਹਨ ਅਤੇ ਸਿਹਤ ਲਈ ਵੀ ਹਾਨੀਕਾਰਕ ਸਾਬਤ ਹੋ ਸਕਦੇ ਹਨ। ਇਸ ਲਈ ਇਸ ਉਮਰ ਵਿਚ ਬੱਚਿਆਂ ਨੂੰ ਕਾਮ-ਸਬੰਧੀ ਗਿਆਨ ਦੇਣਾ ਚਾਹੀਦਾ ਹੈ।

ਕਿਸ਼ੋਰ ਅਵਸਥਾ ਵਿਚ ਇਕ ਹੋਰ ਪਰੀਵਰਤਨ ਸਮਾਜਕ ਰਿਸ਼ਤਿਆਂ ਸਬੰਧੀ ਆਉਂਦਾ ਹੈ। ਇਨ੍ਹਾਂ ਲੋਕਾਂ ਦੀ ਦਿਲਚਸਪੀ ਘਰ ਵੱਲੋਂ ਸਮਾਜ ਵੱਲ ਜਿਆਦਾ ਹੋ ਜਾਂਦੀ ਹੈ। ਇਹ ਆਪਣੇ ਵੱਖਰੇ ਗਰੁੱਪਾਂ ਵਿਚ ਰਹਿਣਾ ਅਤੇ ਆਪਣੇ ਦਲ ਦੇ ਨਿਯਮਾਂ ਦਾ ਪਾਲਣ ਕਰਨਾ ਚੰਗਾ ਸਮਝਦੇ ਹਨ । ਇਸ ਤੋਂ ਇਲਾਵਾ ਨੇਤਾ-ਪ੍ਰਸਤੀ, ਦੇਸ਼-ਭਗਤੀ ਜਾਂ ਧਾਰਮਕ ਕੰਮਾਂ ਵੱਲ ਵੀ ਪਰੇਰੇ ਜਾਂਦੇ ਹਨ । ਇਸ ਉਮਰ ਵਿਚ ਬੱਚੇ ਆਪਣੀ ਹੋਂਦ ਅਤੇ ਮਹੱਤਵ ਦਰਸਾਉਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਦੇ ਹਨ ਅਤੇ ਕਈ ਵਾਰ ਮੁੰਡੇ-ਕੁੜੀਆਂ ਇਕ ਦੂਜੇ ਦੇ ਧਿਆਨ ਖਿੱਚਣ ਲਈ ਵੱਧ ਤੋਂ ਵੱਧ ਸੋਹਣਾ ਬਣਨ ਅਤੇ ਫੈਸ਼ਨ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇਸ ਅਵਸਥਾ ਵਿਚ ਬੱਚੇ ਨੂੰ ਘਰ ਅਤੇ ਸਮਾਜ ਦੇ ਹੋਰ ਵਿਅਕਤੀ ਅਤੇ ਬੱਚਾ ਖੁਦ ਵੀ ਆਪਣੇ ਆਪ ਨੂੰ ਕਦੇ ਵੱਡਾ (ਬਾਲਗ) ਅਤੇ ਕਦੇ ਛੋਟਾ (ਬੱਚਾ) ਸਮਝਦਾ ਹੈ ਤੇ ਉਹ ਇਹ ਮਹਿਸੂਸ ਕਰਦਾ ਹੈ ਕਿ ਉਸ ਨੂੰ ਕੋਈ ਵੀ ਸਮਝਦਾ ਨਹੀਂ ਹੈ । ਇਸੇ ਲਈ ਇਹ ਸਮਾਂ ਬਹੁਤ ਬੇਚੈਨੀ ਦਾ ਸਮਾਂ ਹੁੰਦਾ ਹੈ। ਪਰ ਸਭਿਆਚਾਰਕ ਤੌਰ ਤੇ ਇਹ ਅਵਸਥਾ ਜਾਤੀ ਤੋਂ ਜਾਤੀ ਜਾਂ ਸੰਸਕ੍ਰਿਤੀ ਤੋਂ ਸੰਸਕ੍ਰਿਤੀ ਦਾ ਫਰਕ ਹੋਣ ਕਰਕੇ ਸਭ ਕਿਸਮ ਦੇ ਸਮਾਜਾਂ ਵਿਚ ਇਕੋ ਜਿਹੀ ਨਹੀਂ ਹੁੰਦੀ।

ਹ. ਪੁ.—ਐਨ. ਬ੍ਰਿ. ਮਾ. 1 : 96

**ਕਿੱਕਰ** : ਇਹ ਰੁੱਖ ਪੰਜਾਬ, ਬਿਹਾਰ ਅਤੇ ਪੱਛਮੀ ਭਾਰਤ, ਪਾਕਿਸਤਾਨ, ਲੰਕਾ ਅਤੇ ਬਰਮਾ ਦੇ ਜੰਗਲਾਂ ਵਿਚ ਮਿਲਦਾ ਹੈ । ਇਸ ਨੂੰ ਹਿੰਦੀ ਵਿਚ ਬਬੂਲ ਵੀ ਕਿਹਾ ਜਾਂਦਾ ਹੈ। ਇਸ ਰੁੱਖ ਦਾ ਬਨਸਪਤੀ ਵਿਗਿਆਨਕ ਨਾ ਅਕੇਸ਼ੀਆ ਅਰੇਬੀਕਾ (*Acacia arabica*) ਹੈ। ਖ਼ੁਸ਼ਕ ਖੇਤਰਾਂ ਵਿਚ ਇਹ ਉਨ੍ਹਾਂ ਰੁੱਖਾਂ ਵਿਚੋਂ ਹੈ ਜਿਨ੍ਹਾਂ ਨੂੰ ਦਰਮਿਆਨੀ ਉਚਾਈ ਪ੍ਰਾਪਤ ਕਰਨ ਲਈ ਆਪਣੀ ਖ਼ੁਰਾਕ ਲੱਭਣੀ ਪੈਂਦੀ ਹੈ। ਜਦੋਂ

ਇਹ ਆਪਣੀਆਂ ਮਜ਼ਬੂਤ ਜੜ੍ਹਾਂ ਨਾਲ ਆਪਣੇ ਆਪ ਨੂੰ ਸਥਿਰ ਕਰ ਲੈਂਦਾ ਹੈ ਤਾਂ ਇਹ ਚਰਨ ਵਾਲੇ ਪਸ਼ੂਆਂ ਤੋਂ ਕੰਡਿਆਂ ਨਾਲ ਆਪਣੀ ਸੁਰੱਖਿਆ ਕਰਦਾ ਹੈ। ਇਹ ਰੁੱਖ ਬਹੁਤ ਸੰਘਣੀ ਛਾਂ ਪੈਦਾ ਕਰਦਾ ਹੈ।

ਇਸ ਰੁੱਖ ਦਾ ਅਕਾਰ ਛੋਟਾ ਜਾਂ ਦਰਮਿਆਨਾ ਹੁੰਦਾ ਹੈ, ਇਹ ਬਹੁਤ ਘੱਟ ਹਾਲਤਾਂ ਵਿਚ ਹੀ 13 ਮੀ. ਦੀ ਉਚਾਈ ਤਕ ਪਹੁੰਚਦਾ ਹੈ। ਇਸ ਦੀਆਂ ਛੋਟੀਆਂ ਸ਼ਾਖਾਵਾਂ ਪੱਧਰੀਆਂ ਅਤੇ ਸਲੇਟੀ ਰੰਗ ਦੀਆਂ ਹੁੰਦੀਆਂ ਹਨ। ਜੁਲਾਈ ਤੋਂ ਨਵੰਬਰ ਤਕ ਅਤੇ ਕਈ ਹਿੱਸਿਆਂ ਵਿਚ ਸਾਰਾ ਸਾਲ ਹੀ ਛੋਟੇ ਸੁਨਹਿਰੀ ਪੀਲੇ ਜਿਹੇ ਅਤੇ ਸੁਗੰਧੀ ਭਰੇ ਗੋਲ ਫੁੱਲ ਲਗਦੇ ਹਨ। ਸਖ਼ਤ ਅਤੇ ਚਮੜੇ ਵਰਗੀਆਂ ਫ਼ਲੀਆਂ 7.5 ਤੋਂ 15 ਸੈਂ. ਮੀ. ਲੰਮੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਵਿਚ ਕਰੀਬ 12 ਕੁ ਬੀਜ ਹੁੰਦੇ ਹਨ। ਬੀਜਾਂ ਦੇ ਵਿਚਕਾਰੋਂ ਫ਼ਲੀ ਥੋੜ੍ਹੀ ਜਿਹੀ ਚਿਪਕੀ ਹੁੰਦੀ ਹੈ।



ਕਿੱਕਰ ਦੇ ਫੁੱਲ, ਫ਼ਲ ਅਤੇ ਪੱਤੀਆਂ

ਇਸ ਦੀਆਂ ਫ਼ਲੀਆਂ, ਬੀਜ ਅਤੇ ਛੋਟੀਆਂ ਟਹਿਣੀਆਂ, ਊਠਾਂ ਅਤੇ ਬੱਕਰੀਆਂ ਆਦਿ ਨੂੰ ਚਾਰੀਆਂ ਜਾਂਦੀਆਂ ਹਨ। ਰੁੱਖ ਦੇ ਬਹੁਤ ਸਾਰੇ ਹਿੱਸਿਆਂ ਵਿਚ ਔਸ਼ਧੀਜਨਕ ਗੁਣ ਹਨ ਅਤੇ ਇਨ੍ਹਾਂ ਦੀ ਵਰਤੋਂ ਕਾਫ਼ੀ ਕੀਤੀ ਜਾਂਦੀ ਹੈ। ਇਸ ਦੀ ਛਿੱਲ ਵਿਚ ਇਕ ਤੇਜ਼ ਬਾਧਕ ਪਦਾਰਥ ਤੇਜ਼ਾਬ ਹੁੰਦਾ ਹੈ ਅਤੇ ਇਹ ਚਮੜਾ ਰੰਗਣ ਜਾਂ ਰੰਗਾਈ ਦੇ ਹੋਰ ਕੰਮਾਂ ਲਈ ਵਰਤੀ ਜਾਂਦੀ ਹੈ। ਇਸ ਦੇ ਫ਼ਲਾਂ ਅਤੇ ਪੱਤਿਆਂ ਵਿਚ 32% ਟੈਨਿਨ (ਇਕ ਰੰਗਕ ਪਦਾਰਥ) ਹੁੰਦਾ ਹੈ। ਇਹ ਗੂੰਦ ਅਰੇਬਿਕ ਗੂੰਦ ਦੀ ਥਾਂ ਵਰਤੀ ਜਾਂਦੀ ਹੈ ਅਤੇ ਪਿੰਡ ਦੇ ਲੋਕ ਇਸ ਗੂੰਦ ਵਿਚ ਤਿਲਾਂ ਦੇ ਬੀਜ ਰਲਾ ਕੇ ਇਸ ਨੂੰ ਖਾਂਦੇ ਹਨ। ਇਸ ਦੀ ਛਿੱਲ ਦਾ ਕਾੜ੍ਹਾ, ਸਾਬਣ ਦੀ ਥਾਂ ਵਰਤਿਆ ਜਾਂਦਾ ਹੈ, ਜਦੋਂ ਕਿ ਇਸ ਵਿਚ ਜ਼ਖ਼ਮ ਠੀਕ ਕਰਨ ਦੇ ਵੀ ਗੁਣ ਹੁੰਦੇ ਹਨ। ਇਸ ਦੀ ਲੱਕੜੀ ਸਖ਼ਤ, ਭਾਰੀ ਅਤੇ ਹੰਢਣਸਾਰ ਹੁੰਦੀ ਹੈ ਜਿਸ ਦੀ ਵਰਤੋਂ ਪਹੀਏ, ਤੇਲ ਜਾਂ ਕਮਾਦ ਪੀੜਣ ਵਾਲੇ ਵੇਲਣੇ ਅਤੇ ਖੇਤੀਬਾੜੀ ਦੇ ਹੋਰ ਸੰਦਾਂ ਵਿਚ ਕੀਤੀ ਜਾਂਦੀ ਹੈ। ਗੂੰਦ ਦੀ ਵਰਤੋਂ ਮਰੋੜ, ਉਲਟੀ ਅਤੇ ਸ਼ੱਕਰ ਆਦਿ ਰੋਗਾਂ ਵਿਚ ਵੀ ਲਾਹੇਵੰਦ ਰਹਿੰਦੀ ਹੈ। ਇਸ ਦੀ ਗੂੰਦ ਖ਼ੁਰਕ ਹਟਾਉਣ ਲਈ ਵੀ ਵਰਤੀ ਜਾਂਦੀ ਹੈ।

ਹ. ਪੁ.—ਫ. ਟ੍ਰੀ. ਸ਼. ਇੰ : 66; ਗ. ਇੰ. ਮੈ. ਪ : 2

**ਕਿੱਕਰ ਸਿੰਘ (ਦੇਵ-ਏ-ਹਿੰਦ)** : ਭਾਰਤ ਦੇ ਇਸ ਪਹਿਲਵਾਨ ਦਾ ਜਨਮ 13 ਅਕਤੂਬਰ, 1857 ਨੂੰ ਪਿੰਡ ਘਣੀਏਕੇ (ਜ਼ਿਲ੍ਹਾ ਲਾਹੌਰ ਹੁਣ ਪਾਕਿਸਤਾਨ) ਵਿਚ ਸ. ਜਵਾਲਾ ਸਿੰਘ ਪਹਿਲਵਾਨ ਦੇ ਘਰ ਹੋਇਆ। ਮਾਤਾ ਪਿਤਾ ਦਾ ਇਕੱਲਾ ਪੁੱਤਰ ਹੋਣ ਕਾਰਨ, ਇਸ ਦਾ ਪਾਲਣ-ਪੋਸ਼ਣ ਬਹੁਤ ਲਾਡ ਪਿਆਰ ਵਿਚ ਹੋਇਆ। ਘਰ ਦਾ ਛੋਟਾ ਵੱਡਾ ਇਸ ਦੀ ਇਕ ਇਕ ਗਲ ਦਾ ਖਿਆਲ ਰੱਖਦਾ ਸੀ। ਇਸ ਦੀ ਦਾਦੀ ਇਸ ਦੇ ਸਾਰੇ ਸ਼ੌਕ ਪੂਰੇ ਕਰਦੀ ਸੀ ਅਤੇ ਇੱਛਾ ਰੱਖਦੀ ਸੀ ਕਿ ਉਸ ਦਾ ਪੋਤਾ ਇਕ ਵੱਡਾ ਪਹਿਲਵਾਨ ਬਣੇ।



ਕਿੱਕਰ ਸਿੰਘ (ਦੇਵ-ਏ-ਹਿੰਦ)

ਆਪਣੇ ਬਚਪਨ ਦਾ ਮੁਢਲਾ ਹਿੱਸਾ ਕਿੱਕਰ ਸਿੰਘ ਨੇ ਆਪਣੇ ਨਾਨਕੇ ਪਿੰਡ ਨੂਰ ਪੁਰ ਵਿਚ ਬਿਤਾਇਆ। ਜਦੋਂ ਕੁਝ ਤਕੜਾ ਹੋਇਆ ਤਾਂ ਇਸ ਦੇ ਪਿਤਾ ਨੇ ਇਸ ਨੂੰ ਉਥੋਂ ਦੇ ਇਕ ਪਹਿਲਵਾਨ, ਗੁਲਾਮੀ ਘੁਮਾਰ ਦੇ ਹਵਾਲੇ ਕਰ ਦਿਤਾ। ਉਸ ਨੇ ਕਿੱਕਰ ਸਿੰਘ ਨੂੰ ਕੁਸ਼ਤੀ ਦਾ ਦਾਅ-ਪੇਚ ਸਿਖਾਉਣ ਵਿਚ ਕੋਈ ਕਸਰ ਨਾ ਛੱਡੀ। ਵੱਡਾ ਹੋ ਕੇ ਇਹ ਆਪਣੇ ਪਿੰਡ ਘਣੀਏਕੇ ਆ ਗਿਆ ਅਤੇ ਉਥੋਂ ਦੇ ਇਕ ਪਹਿਲਵਾਨ ਵਸਾਵਾ ਸਿੰਘ ਨਾਲ ਜ਼ੋਰ ਕਰਨ ਲੱਗ ਪਿਆ। ਪਿਛੋਂ ਇਸ ਨੇ ਇਕ ਪ੍ਰਸਿੱਧ ਹਸਤੀ ਬੂਟਾ ਪਹਿਲਵਾਨ ਨੂੰ ਆਪਣਾ ਗੁਰੂ ਧਾਰਨ ਕੀਤਾ।

**ਮਸ਼ਹੂਰ ਕੁਸ਼ਤੀਆਂ**—ਕਿੱਕਰ ਸਿੰਘ ਆਪਣੇ ਜੀਵਨ ਵਿਚ ਬਹੁਤ ਕੁਸ਼ਤੀਆਂ ਨਹੀਂ ਲੜ ਸਕਿਆ ਕਿਉਂਕਿ ਭਾਰਤ ਵਿਚ ਇਸ ਦਾ ਕੋਈ ਜੋੜ ਹੀ ਨਹੀਂ ਸੀ। ਇਸ ਦੇ ਨਾਲ ਟੱਕਰ ਲੈਣ ਵਾਲੇ ਅੰਮ੍ਰਿਤਸਰ ਦੇ ਕਸ਼ਮੀਰੀ ਪਹਿਲਵਾਨ ਕੇਵਲ ਗ਼ੁਲਾਮ ਅਤੇ ਕੱਲੂ ਹੀ ਸਨ।

ਗ਼ੁਲਾਮ ਨਾਲ ਇਸ ਦੀ ਪਹਿਲੀ ਕੁਸ਼ਤੀ ਲਾਹੌਰ, ਸ਼ਾਹਦਰੇ ਦੀ ਸਰਾਂ, ਵਿਚ ਹੋਈ। ਇਸ ਕੁਸ਼ਤੀ ਵਿਚ ਗੁਲਾਮ ਛੱਬੀ ਮਿੰਟ ਹੇਠਾਂ ਪਿਆ ਚਾਂਗਰਾਂ ਮਾਰਦਾ ਰਿਹਾ ਪਰ ਹਾਰ-ਜਿੱਤ ਦਾ ਫੈਸਲਾ ਨਾ ਹੋਇਆ। ਗੁਲਾਮ ਨਾਲ ਇਸ ਦੀ ਦੂਜੀ ਕੁਸ਼ਤੀ ਜੰਮੂ ਰਾਜ ਵਿਚ ਹੋਈ। ਉਸ ਕੁਸ਼ਤੀ ਵਿਚ ਗੁਲਾਮ ਦਾ ਹੱਥ ਉੱਚਾ ਰਿਹਾ। ਇਨ੍ਹਾਂ ਦੀ ਤੀਜੀ ਕੁਸ਼ਤੀ ਫ਼ਿਰ ਲਾਹੌਰ ਵਿਚ ਹੋਈ। ਉਹ ਕੁਸ਼ਤੀ ਬਹੁਤ ਜ਼ਬਰਦਸਤ ਸੀ ਅਤੇ ਸਾਢੇ ਤਿੰਨ ਘੰਟੇ ਸਾਂਨ੍ਹਾਂ ਵਾਲਾ ਭੇੜ ਹੁੰਦਾ ਰਿਹਾ। ਗਰਮੀਆਂ ਦੇ ਦਿਨ ਹੋਣ ਦੇ ਕਾਰਨ ਲੋਕੀ ਗਰਮੀ ਨਾਲ ਬਹੁਤ ਬੇਹਾਲ ਹੋ ਗਏ ਸਨ। ਇਹ ਕੁਸ਼ਤੀ ਵੀ ਬਰਾਬਰ ਰਹੀ। ਲਾਹੌਰ ਵਾਲੀ ਕੁਸ਼ਤੀ ਪਿਛੋਂ ਇਸ ਨੇ ਗੁਲਾਮ ਪਹਿਲਵਾਨ ਦਾ ਪਿੱਛਾ ਜੋਧਪੁਰ ਤਕ

ਕੀਤਾ। ਜਦੋਂ ਗੁਲਾਮ ਨੇ ਕਿੱਕਰ ਸਿੰਘ ਨੂੰ ਵੇਖਿਆ ਤਾਂ ਉਹ ਸ਼ਹਿਰ ਛੱਡ ਕੇ ਰਾਤੋ ਰਾਤ ਕਿਧਰੇ ਖਿਸਕ ਗਿਆ। ਕਿੱਕਰ ਸਿੰਘ ਦੀ ਗੁਲਾਮ ਨਾਲ ਚੌਥੀ ਕੁਸ਼ਤੀ ਇੰਦੌਰ ਵਿਚ ਹੋਈ। ਇਹ ਕੁਸ਼ਤੀ ਵੀ ਬਰਾਬਰ ਹੀ ਰਹੀ। ਇਨ੍ਹਾਂ ਕੁਸ਼ਤੀਆਂ ਵਿਚ ਇਸ ਨੇ ਗੁਲਾਮ ਦਾ ਬੁਰਾ ਹਾਲ ਕਰ ਦਿਤਾ।

ਕੱਲੂ ਪਹਿਲਵਾਨ ਨਾਲ ਕਿੱਕਰ ਸਿੰਘ ਦੀਆਂ ਪੂਰੀਆਂ ਸੱਤ ਕੁਸ਼ਤੀਆਂ ਹੋਈਆਂ। ਇਸ ਦੀ ਪਹਿਲੀ ਕੁਸ਼ਤੀ ਕਲਕੱਤੇ, ਦੂਜੀ ਅੰਮ੍ਰਿਤਸਰ, ਤੀਜੀ ਬਨਾਰਸ, ਚੌਥੀ ਬੰਬਈ, ਪੰਜਵੀਂ ਮਦਰਾਸ, ਛੇਵੀਂ ਲਾਹੌਰ ਅਤੇ ਸੱਤਵੀਂ ਦਿੱਲੀ ਵਿਚ ਹੋਈ। ਚਾਰ ਕੁਸ਼ਤੀਆਂ ਵਿਚ ਤਾਂ ਕਿੱਕਰ ਸਿੰਘ ਨੇ ਕੱਲੂ ਦੀ ਬੁਰੀ ਹਾਲਤ ਕੀਤੀ। ਇਨ੍ਹਾਂ ਦੀ ਅੰਮ੍ਰਿਤਸਰ ਵਾਲੀ ਕੁਸ਼ਤੀ ਤਾਂ ਨਿਰਾ ਸਾਨ੍ਹਾਂ ਦਾ ਭੇੜ ਸੀ। ਕੱਲੂ ਨਾਲ ਇਸ ਦੀ ਆਖਰੀ ਕੁਸ਼ਤੀ ਦਿੱਲੀ ਵਿਚ 13 ਸਤੰਬਰ, 1911 ਨੂੰ ਹੋਈ ਪਰ ਕਿੱਕਰ ਸਿੰਘ ਉਦੋਂ ਬੁਢਾਪੇ ਦਾ ਸ਼ਿਕਾਰ ਹੋ ਚੁੱਕਿਆ ਸੀ ਅਤੇ ਕੱਲੂ ਆਪਣੀ ਭਰ ਜਵਾਨੀ ਵਿਚ ਸੀ ਤੇ ਉਸ ਨੇ ਫਿਰ ਵੀ ਕੱਲੂ ਦੀ ਵੰਗਾਰ ਨੂੰ ਕਬੂਲ ਕੀਤਾ ਪਰ ਬਦਕਿਸਮਤੀ ਨਾਲ ਹਾਰ ਗਿਆ।

ਭਾਵੇਂ ਇਹ ਕੱਲੂ ਪਹਿਲਵਾਨ ਤੋਂ ਧੋਖੇ ਨਾਲ ਇਕ ਵਾਰੀ ਹਾਰ ਗਿਆ ਸੀ ਪਰ ਇਸ ਦੀ ਬਹਾਦਰੀ ਦਾ ਸਿੱਕਾ ਦੂਰ-ਦੂਰ ਤਕ ਜੰਮਿਆ ਹੋਇਆ ਸੀ। ਇਸ ਨੂੰ ਦੇਵ-ਇ-ਹਿੰਦ ਦਾ ਖਿਤਾਬ ਪ੍ਰਾਪਤ ਸੀ। ਨਿਮਨ ਲੋਕ ਗੀਤ ਕਿੱਕਰ ਸਿੰਘ ਦੀ ਬਹਾਦਰੀ ਦਾ ਸਬੂਤ ਹਨ।

ਕੱਲੂ ਨੂੰ ਗੁਲਾਮ ਕਹਿ ਗਿਆ, ਬੀਬਾ ਜੱਟ ਨੂੰ ਹੱਥ ਨਾ ਪਾਵੀਂ
ਕੱਲੂ ਨੂੰ ਗੁਲਾਮ ਕਹਿ ਗਿਆ—
ਕੱਲੂ ਨੂੰ ਗੁਲਾਮ ਆਖਿਆ, ਮੈਂ ਰਲ ਕੇ ਵਕਤ ਲੰਘਾਇਆ ਹੋ . . . . . .
ਪੰਛੀ ਦੇਖਣੇ ਦੀ ਜੇਕਰ ਲੋੜ ਹੋਵੇ,
ਪੈਲਾਂ ਪਾਉਂਦਾ ਬਾਗਾਂ ਵਿਚ ਮੋਰ ਵੇਖੋ,
ਕੁਸ਼ਤੀ ਵੇਖਣ ਦੀ ਜੇਕਰ ਲੋੜ ਹੋਵੇ
ਕਿੱਕਰ ਸਿੰਘ ਗੁਲਾਮ ਦਾ ਜੋੜ ਵੇਖੋ।
. . . . . .
ਐਸਾ ਕਿਹੜਾ ਜਹਾਨ ਤੇ ਜੰਮਿਆ ਹੈ,
ਕਿੱਕਰ ਸਿੰਘ ਜਿਹਾ ਮੱਲ ਹੋਰ ਵੇਖੋ।
ਧੌਲ ਮਾਰ ਕੇ ਕੱਲੂ ਨੂੰ ਸਿਖ ਨੇ ਜੀ,
ਅਗੇ ਰਖਿਆ ਨਾਲ ਬਲਕਾਰ ਵਾਹਵਾ।
ਅੱਛੀ ਤਰ੍ਹਾਂ ਅਖਾੜੇ ਵਿਚ ਨਿਸਲ ਕਰਕੇ,
ਉਤੇ ਆ ਹੋ ਗਿਆ ਅਸਵਾਰ ਵਾਹਵਾ।
ਹੇਠੋਂ ਜ਼ਰਾ ਵੀ ਕੱਲੂ ਨਾ ਨਜ਼ਰ ਆਵੇ,
ਹੈ ਸੀ ਸਿੱਖ ਦਾ ਬੜਾ ਆਕਾਰ ਵਾਹਵਾ।
ਕੱਲੂ ਦਿਲ ਦੇ ਵਿਚ ਇਹ ਆਖਦਾ ਸੀ,
ਇੱਜ਼ਤ ਰੱਖੀਂ ਤੂੰ ਪਰਵਰ-ਦਗਾਰ ਵਾਹਵਾ।

ਕਿੱਕਰ ਸਿੰਘ ਦਾ ਅਸਲੀ ਨਾਂ ਪ੍ਰੇਮ ਸਿੰਘ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰ ਇਹ ਜੰਮੂ ਤੋਂ ਕੁਸ਼ਤੀ ਜਿੱਤ ਕੇ ਵਾਪਸ ਮੁੜਿਆ ਤਾਂ ਇਸ ਨੇ ਆਪਣੀ ਮਾਂ ਨੂੰ ਆ ਕੇ ਦਸਿਆ ਕਿ ਉਹ ਕੁਸ਼ਤੀ ਜਿੱਤ ਕੇ ਆਇਆ ਹੈ। ਇਸ ਦੀ ਮਾਂ ਨੇ ਕਿਹਾ ਕਿ ਤੇਰੀ ਕੁਸ਼ਤੀ ਦਾ ਮੈਨੂੰ ਕੀ ਲਾਹਾ ਹੈ, ਮੇਰੇ ਕੋਲ ਤਾਂ ਜਲਾਉਣ ਲਈ ਘਰ ਬਾਲਣ ਵੀ ਨਹੀਂ ਹੈ। ਬੱਸ ਕੀ ਸੀ ਕਿੱਕਰ ਸਿੰਘ ਝੱਟ ਹੀ ਬਾਹਰ ਖੇਤ ਵੱਲ ਗਿਆ ਅਤੇ ਇਕ ਕਿੱਕਰ ਨੂੰ ਜੜੋਂ ਪੁੱਟ ਕੇ ਘਸੀਟ ਲਿਆਇਆ। ਪੁੱਤਰ ਦੀ ਇਹ ਬਹਾਦਰੀ ਵੇਖ ਕੇ ਇਸ ਦੀ ਮਾਂ ਨੇ ਕਿਹਾ ਕਿ ਬੱਸ ਅਜ ਉਸ ਦਾ ਪੁੱਤਰ ਕਿੱਕਰ ਸਿੰਘ ਬਣ ਗਿਆ ਹੈ। ਪਾਕਿਸਤਾਨ ਦਾ ਲੇਖਾਰੀ ਸ੍ਰੀ ਏ. ਬੀ. ਰਾਜਪੂਤ ਲਿਖਦਾ ਹੈ ਕਿ ਕਿੱਕਰ ਸਿੰਘ ਨੂੰ ਉਸ ਦੇ ਉਸਤਾਦ ਬੂਟੇ ਨੇ ਇਹ ਨਾਂ ਦਿਤਾ।

ਕਿੱਕਰ ਸਿੰਘ ਦਾ ਕੱਦ 2.13 ਮੀ. ਅਤੇ ਵਜ਼ਨ 2.8 ਕਵਿੰਟਲ ਸੀ। ਇਸ ਦੀ ਛਾਤੀ 1.97 ਮੀ. ਸੀ। ਕਹਿੰਦੇ ਹਨ ਕਿ ਅਲਾਹਾਬਾਦ ਵਾਲੀ ਨੁਮਾਇਸ਼ (1910) ਵਿਚ ਉਥੋਂ ਦੇ ਇਕ ਪ੍ਰਸਿੱਧ ਲਿਖਾਰੀ ਐਸ. ਮਜੂਮਦਾਰ ਨੇ ਇਸ ਦੀ ਛਾਤੀ ਮਿਣੀ ਸੀ। ਭਾਵੇਂ ਸਿਆਲ (ਦਸੰਬਰ) ਦੇ ਦਿਨ ਸਨ, ਕਿੱਕਰ ਸਿੰਘ ਖਜੂਰ ਦੇ ਪੱਤਿਆਂ ਦੀ ਪੱਖੀ ਝਲ ਰਿਹਾ ਸੀ। ਐਨੀ ਵੱਡੀ ਛਾਤੀ ਵੇਖ ਕੇ ਮਜੂਮਦਾਰ ਹੈਰਾਨ ਰਹਿ ਗਿਆ ਅਤੇ ਉਸ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ।

ਜਿਥੋਂ ਤਕ ਇਸ ਦੀ ਤਾਕਤ ਦਾ ਸਬੰਧ ਹੈ ਇਸ ਬਾਰੇ ਕੋਈ ਪੱਕਾ ਪਤਾ ਨਹੀਂ ਲੱਗ ਸਕਿਆ। ਉਸ ਵੇਲੇ ਦੀ ਬੋਲੀ ਵੀ ਇਉਂ ਹੈ—

ਕੱਲੂ ਨੂੰ ਗੁਲਾਮ ਕਹਿ ਗਿਆ ਜੱਟ ਦੇ ਜ਼ੋਰ ਦਾ ਪਤਾ ਨਾ ਹਥ ਆਇਆ . . .

ਹਿੰਦੀ ਦਾ ਪ੍ਰਸਿੱਧ ਲਿਖਾਰੀ ਸ੍ਰੀ ਗਾਨਿੰਦੂ ਲਿਖਦਾ ਹੈ ਕਿ ਕਿੱਕਰ ਸਿੰਘ ਵਿਚ ਦਸ ਵੱਡੇ ਪਹਿਲਵਾਨਾਂ ਜਿੰਨੀ ਤਾਕਤ ਸੀ। ਇਸ ਦੀ ਅਥਾਹ ਤਾਕਤ ਦੇ ਹੋਰ ਵੀ ਅਨੇਕਾਂ ਸਬੂਤ ਮਿਲਦੇ ਹਨ। ਆਪਣੇ ਜੀਵਨ ਦਾ ਕਾਫ਼ੀ ਸਮਾਂ ਇਹ ਜੰਮੂ, ਜੋਧਪੁਰ, ਇੰਦੌਰ, ਦੱਤੀਆ ਅਤੇ ਟੌਂਕ ਵਿਚ ਰਿਹਾ। ਜਿਸ ਥਾਂ ਵੀ ਇਹ ਗਿਆ ਉਥੇ ਹੀ ਇਸ ਨੇ ਆਪਣੀ ਤਾਕਤ ਦਾ ਸਿੱਕਾ ਜਮਾ ਲਿਆ। ਕਹਿੰਦੇ ਹਨ ਕਿ ਇਕ ਦਿਨ ਇੰਦੌਰ ਵਿਚ ਇਸ ਨੇ ਇਕ ਸ਼ੇਰ ਦਾ ਮੁਕਾਬਲਾ ਕਰਦੇ ਹੋਏ ਸ਼ੇਰ ਨੂੰ ਜਾਨੋਂ ਮਾਰ ਦਿੱਤਾ ਸੀ। ਜੰਮੂ ਵਿਚ ਇਸ ਨੇ ਬਿਜਲੀ ਦੇ ਕਰੰਟ ਦਾ ਮੁਕਾਬਲਾ ਕੀਤਾ ਸੀ। ਇੰਦੌਰ ਦਾ ਮਹਾਰਾਜਾ ਇਸ ਦੀ ਬਹਾਦਰੀ ਤੇ ਇਤਨਾ ਖੁਸ਼ ਸੀ ਕਿ ਉਸ ਨੇ ਇਸ ਨੂੰ ਇਨਾਮ ਨਾਲ ਮਾਲੋ ਮਾਲ ਕਰ ਦਿਤਾ ਸੀ। ਆਪਣੇ ਪਿੰਡ ਵਿਚ ਇਸ ਨੇ ਇਕ ਸਾਨ੍ਹ ਨਾਲ ਸਿੱਧੀ ਟੱਕਰ ਲਈ ਸੀ। ਇਸ ਦੇ ਪਿੰਡ ਇਕ ਮਾਰੂਖੰਡਾ ਸਾਨ੍ਹ ਰਹਿੰਦਾ ਸੀ ਜਿਹੜਾ ਆਉਂਦੇ ਜਾਂਦੇ ਰਾਹੀਆਂ ਨੂੰ ਤੰਗ ਕਰਦਾ ਰਹਿੰਦਾ ਸੀ। ਇਕ ਦਿਨ ਇਸ ਨੇ ਉਸ ਦੇ ਸਿੰਗ ਫੜ ਲਏ ਅਤੇ ਉਸ ਨੂੰ ਪਿੱਛੇ ਧੱਕਣ ਲੱਗ ਪਿਆ। ਸਾਨ੍ਹ ਨੇ ਵੀ ਫੂਕਰਾਂ ਮਾਰੀਆਂ ਅਤੇ ਪਹਿਲਵਾਨ ਨੂੰ ਅੱਗੇ ਧੱਕ ਕੇ ਲੈ ਗਿਆ। ਇਸ ਤਰ੍ਹਾਂ ਇਹ ਦੋਵੇਂ ਪੂਰੇ ਦੋ ਘੰਟੇ ਇਕ ਦੂਜੇ ਨੂੰ ਧੱਕਦੇ ਰਹੇ। ਅੰਤ ਵਿਚ ਸਾਨ੍ਹ ਆਪਣੇ ਆਪ ਨੂੰ ਛੁੜਾਉਣ ਦੀ ਕੋਸ਼ਿਸ਼ ਨਾਲ ਪਿੱਛੇ ਨੱਠਣ ਲੱਗਾ ਪਰੰਤੂ ਕਿੱਕਰ ਸਿੰਘ ਨੇ ਇਸ ਦੀ ਕੋਈ ਵਾਹ ਨਾ ਚੱਲਣ ਦਿਤੀ। ਅੰਤ ਜਦੋਂ ਕਿੱਕਰ ਸਿੰਘ ਨੇ ਉਸ ਨੂੰ ਛਡਿਆ ਤਾਂ ਉਹ ਗੋਲੀ ਦੀ ਤਰ੍ਹਾਂ ਨੱਠ ਗਿਆ ਅਤੇ ਮੁੜ ਉਸ ਪਿੰਡ ਕਦੇ ਨਾ ਵੜਿਆ।

ਇਕ ਵਾਰੀ ਇਕ ਬੁੱਢੇ ਦੀ ਕਹਾਣੀ ਸੁਣ ਕੇ ਇਸ ਨੂੰ ਬਹੁਤ ਦੁੱਖ ਹੋਇਆ। ਇਸ ਨੇ ਉਸ ਦੀ ਚਾਰ ਪੰਜ ਘੁਮਾਂ ਜ਼ਮੀਨ ਇਕ ਦਿਨ ਵਿਚ ਹੀ ਕਹੀ ਨਾਲ ਪੁਟ ਕੇ ਬੀਜਣ ਯੋਗ ਕਰ ਦਿਤੀ ਸੀ।

ਇਕ ਵੇਰ ਇਹ ਕਿਸੇ ਪਿੰਡੋਂ ਆ ਰਿਹਾ ਸੀ। ਰਾਹ ਵਿਚ ਹਨੇਰਾ ਹੋ ਗਿਆ। ਨਜਾਮ ਡਾਕੂ ਭੇਸ ਬਦਲ ਕੇ ਆਪਣੇ ਕੁਝ ਸਾਥੀਆਂ ਸਮੇਤ ਪਹਿਲਵਾਨ ਨੂੰ ਘੇਰਨ ਲਈ ਦੌੜਿਆ। ਨਜਾਮ ਕਹਿਣ ਲੱਗਾ "ਚੌਧਰੀ ਜੀ, ਪਹਿਲਾਂ ਸਾਡਾ ਖਰਚ ਪੱਠਾ ਇਥੇ ਰੱਖੋ, ਫਿਰ ਅਗਾਂਹ ਜਾਇਓ।" ਇਹ ਸੁਣ ਕੇ ਪਹਿਲਵਾਨ ਲਾਲ ਪੀਲਾ ਹੋ ਇਆ ਅਤੇ ਦੋਹਾਂ ਡਾਕੂਆਂ ਦੀਆਂ ਧੌਣਾਂ ਫੜ ਕੇ ਉਨ੍ਹਾਂ ਦੇ ਸਿਰ ਭਿੜਾਉਣ ਲੱਗਾ। ਨਜਾਮ ਡਾਕੂ ਚਾਂਗਰਾਂ ਮਾਰਨ ਲਗ ਪਿਆ ਅਤੇ ਉਸ ਨੇ ਪੈਰੀਂ ਪੈ ਕੇ ਜਾਨ ਛੁੜਾਈ। ਕਿੱਕਰ ਸਿੰਘ ਸੁਭਾਅ ਦਾ ਕੁਝ ਅੜਬ ਸੀ। ਜੇਕਰ ਰੌਂ ਹੁੰਦਾ ਤਾਂ ਕਿਸੇ ਦੀ ਮੰਨ ਲੈਂਦਾ ਨਹੀਂ ਤਾਂ ਨਹੀਂ। ਅੜਬਪੁਣੇ ਦੇ ਨਾਲ ਮਖੌਲੀ ਵੀ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰੀ ਉਨ੍ਹਾਂ ਦੇ ਪਿੰਡ ਵਿਚੋਂ ਇਕ ਅਧਖੜ ਤੀਵੀਂ ਲੰਘ ਰਹੀ ਸੀ। ਨਾਲ ਹੀ ਉਸ ਦਾ ਪਤੀ ਵੀ ਸੀ ਅਤੇ ਉਹ ਦੋਵੇਂ ਆਪਣੀ ਜ਼ਮੀਨ ਦੇ ਕਿਸੇ ਕੇਸ ਲਈ

ਵਕੀਲ ਕਰਨ ਜਾ ਰਹੇ ਸਨ । ਪਹਿਲਵਾਨ ਨੇ ਤੀਵੀਂ ਨੂੰ ਪੁਛਿਆ, "ਬੇਗਮੇ ਕਿਧਰ ਜਾ ਰਹੀਂ ਏਂ ?" ਉਸ ਤੀਵੀਂ ਨੇ ਉੱਤਰ ਦਿਤਾ "ਵਕੀਲ ਕਰਨਾ" ਪਹਿਲਵਾਨ ਨੇ ਝੱਟ ਹੀ ਉਸ ਨੂੰ ਮਖੌਲ ਵਜੋਂ ਕਿਹਾ, "ਤੂੰ ਹੁਣ ਇਸ ਉਮਰੇ, ਧੌਲੇ ਝਾਟੇ ਵਕੀਲ ਕਰੇਂਗੀ ?"

ਕਦੇ-ਕਦੇ ਆਲੇ-ਦੁਆਲੇ ਦੀਆਂ ਇਸਤ੍ਰੀਆਂ ਜਦੋਂ ਇਸ ਦੇ ਦਰਸ਼ਨ ਕਰਨ ਆਉਂਦੀਆਂ ਤਾਂ ਇਹ ਉਨ੍ਹਾਂ ਨਾਲ ਹਾਸਾ ਮਖੌਲ ਕਰ ਲੈਂਦਾ । ਉਹ ਆ ਕੇ ਕਹਿੰਦੀਆਂ, "ਪਹਿਲਵਾਨ ਜੀ, ਅਸੀਂ ਤੁਹਾਨੂੰ ਵੇਖਣ ਆਈਆਂ ਹਾਂ ।" ਉੱਤਰ ਵਜੋਂ ਇਹ ਝੱਟ ਹੀ ਕਹਿ ਦਿੰਦਾ, "ਸੁਣਾਓ ਉਂਝ ਹੀ ਮਿਲਣ ਆਈਆਂ ਹੋ, ਕਿ ਸ਼ਗਨ ਪਾਉਣ ਲਈ" ਇਹ ਸੁਣ ਕੇ ਉਹ ਵਿਚਾਰੀਆਂ ਮੂੰਹ ਵਿਚ ਪੱਲੇ ਲੈ ਲੈ ਮੁਸਕਰਾ ਉਠਦੀਆਂ ।

ਇਕ ਵਾਰੀ ਕੁਝ ਨਿਹੰਗ ਇਸ ਨੂੰ ਮਿਲਣ ਆਏ ਤਾਂ ਕਹਿਣ ਲੱਗੇ "ਪਹਿਲਵਾਨ ਜੀ ਤੁਸੀਂ ਕੇਸ ਰੱਖ ਲਓ। ਇਸ ਨੇ ਉੱਤਰ ਦਿਤਾ ਕਿ ਭਾਈ ਸਿੱਖੀ ਵਿਚ ਮੇਰਾ ਪੂਰਨ ਵਿਸਵਾਸ਼ ਹੈ, ਪਰ ਕਿਉਂਕਿ ਘੁਲਣ ਲਗਿਆਂ ਕੇਸ ਤੰਗ ਕਰਦੇ ਹਨ, ਇਸ ਲਈ ਮੈਂ ਬੇਵਸ ਹਾਂ । ਘੁਲਣ ਲਈ ਇਹ ਸੌਦਾ ਪੁਗਦਾ ਨਹੀਂ । ਬੁਢਾਪੇ ਦੀ ਉਮਰ ਵਿਚ ਮੈਂ ਕਹਿਣ ਤੋਂ ਬਿਨਾਂ ਹੀ ਕੇਸ ਰਖ ਲਵਾਂਗਾ । ਇਹ ਸਭ ਕੁਝ ਕਹਿਕੇ, ਕਿੱਕਰ ਸਿੰਘ ਨੇ ਕਿਹਾ ਕਿ ਭਈ ਮੈਂ ਤਾਂ ਕੱਟੜ ਸਿੱਖ ਹਾਂ, ਨਿਤ ਨੇਮੀਂ ਹਾਂ ਹੋਰ ਤੁਸੀਂ ਮੈਥੋਂ ਕੀ ਚਾਹੁੰਦੇ ਹੋ ?" ਇਸ ਤੇ ਵੀ ਨਿਹੰਗ ਸਿੰਘ ਨੇ ਕਿਹਾ, " ਪਹਿਲਵਾਨ ਜੀ ਤੁਸੀਂ ਕੇਸ ਜ਼ਰੂਰ ਰੱਖੋ ।"

ਉਨ੍ਹਾਂ ਦੀ ਜ਼ਿੱਦ ਵੇਖ ਕੇ ਇਹ ਕਾਹਲਾ ਪੈ ਗਿਆ ਅਤੇ ਕਹਿਣ ਲੱਗਾ, "ਤੁਹਾਡਾ ਕੀ ਖਿਆਲ ਹੈ ਕਿ ਜਿਹੜੇ ਮੈਂ ਤਿੰਨ ਪਾਓ ਬਦਾਮ ਪੀਂਦਾ, ਹਾਂ, ਉਨ੍ਹਾਂ ਦਾ ਅਸਰ ਮੇਰੇ ਵਾਲਾਂ ਨੂੰ ਚੜ੍ਹ ਜਾਵੇ ਅਤੇ ਮੈਂ ਕਾਨੇ ਵਾਂਗ ਸੁਕ ਜਾਵਾਂ ?" ਇਹ ਗੱਲ ਸੁਣ ਕੇ ਸਾਰੇ ਖਿੜ ਖਿੜਾ ਕੇ ਹੱਸ ਪਏ ।

ਪਹਿਲਵਾਨ ਦੀ ਉਦਾਰਤਾ—ਕਿੱਕਰ ਸਿੰਘ ਪਹਿਲਵਾਨ ਦਿਲ ਦਾ ਬਹੁਤ ਸਖੀ ਸੀ। ਉਹ ਪਿੰਡ ਵਿਚ ਜੱਗ ਕਰਵਾਉਂਦਾ ਅਤੇ ਪੰਜ ਛੇ ਮਹੀਨਿਆਂ ਪਿੱਛੋਂ ਗਊਆਂ ਦਾਨ ਕਰਦਾ ਸੀ। ਇਸ ਦੇ ਘਰ ਸਾਰਾ ਦਿਨ ਲੰਗਰ ਚਲਦਾ ਰਹਿੰਦਾ ਸੀ ਅਤੇ ਜਿਹੜਾ ਵੀ ਉਥੋਂ ਲੰਘਦਾ, ਅੰਨ ਪਾਣੀ ਛੱਕ ਕੇ ਜਾਂਦਾ । ਜਦੋਂ ਇਸ ਦੇ ਉਸਤਾਦ ਗੁਲਾਮੀ ਘੁਮਾਰ ਦੀ ਧੀ ਦਾ ਵਿਆਹ ਸੀ ਤਾਂ ਇਸ ਨੇ 300 ਰੁਪਏ ਕੰਨਿਆਂ-ਦਾਨ ਵਜੋਂ ਦਿਤੇ ਸਨ ।

ਪਹਿਲਵਾਨ ਦੇ ਮਸ਼ਹੂਰ ਸ਼ਗਿਰਦ—ਕਿੱਕਰ ਸਿੰਘ ਦੇ ਪ੍ਰਸਿੱਧ ਸ਼ਗਿਰਦ ਜਿਹੜੇ ਇਸਦੇ ਘਰ ਹੀ ਰਹਿੰਦੇ ਸਨ ਅਤੇ ਇਸ ਨੂੰ ਜ਼ੋਰ ਕਰਵਾਉਂਦੇ ਸਨ, ਇਹ ਸਨ—

(1) ਗਾਲੋ ਪਹਿਲਵਾਨ, (2) ਜਾਲੋ ਪਹਿਲਵਾਨ, (3) ਤਾਲੋ ਪਹਿਲਵਾਨ, (4) ਮੀਰਾਂ ਬਖਸ਼ ਭਡਾਣੀਆਂ ਚੌਧਰੀ, (5) ਧੰਨਾ ਸਿੰਘ ਹੁਡਿਆਰਾ ਵਾਲਾ (6) ਕਿਹਰ ਸਿੰਘ ਪਠਾਣਕੇ ਵਾਲਾ, (7) ਨਰਾਇਣ ਸਿੰਘ ਘਵਿੰਡੀ ਵਾਲਾ, (8) ਅਮਾਮਦੀਨ ਪਹਿਲਵਾਨ ਸਲਾਰੀਆ, (9) ਰਹੀਮ ਬਖਸ਼ ਦਾਤੇ ਵਾਲੀਆ, (10) ਬੁੱਢਾ ਸਿੰਘ ਪਹਿਲਵਾਨ, (11) ਅਬਦੁੱਲ ਅਜ਼ੀਜ ਪਠਾਨ, (12) ਸੰਮੂ ਪਹਿਲਵਾਨ ਜੁਲਾਹਾ ਰਣੀਏਕੇ ਵਾਲਾ, (13) ਵਧਾਵਾ ਸਿੰਘ, (14) ਮੰਨਾ ਸਿੰਘ ਪਹਿਲਵਾਨ ਗੁਰੂ ਮਗਾਂਟ ਵਾਲਾ ਅਤੇ (15) ਗੰਗਾ ਸਿੰਘ ਪਹਿਲਵਾਨ ਖ਼ਜਾਨੇ ਕੋਟ ਵਾਲਾ ।

ਇਨ੍ਹਾਂ ਤੋਂ ਇਲਾਵਾ ਕਿੱਕਰ ਸਿੰਘ ਦੇ ਤਿੰਨ ਮਾਲਸ਼ੀ ਭਗਤੂ ਮਹਿਰਾ, ਕਮਾਲੀ ਅਤੇ ਮੌਲਾ ਬਖਸ਼ ਸਨ ।

ਆਮ ਪਹਿਲਵਾਨ ਦੇ ਮੁਕਾਬਲੇ ਕਿੱਕਰ ਸਿੰਘ ਦੀ ਖ਼ੁਰਾਕ ਵੀ ਕਾਫ਼ੀ ਸੀ। ਖਾਣ ਨੂੰ ਤਾਂ ਕਿੱਕਰ ਸਿੰਘ ਪੂਰੇ ਦੋ ਬਕਰੇ ਖਾ ਜਾਂਦਾ ਸੀ। ਇਸ ਦੀ ਰੋਜ਼ਾਨਾ ਖ਼ੁਰਾਕ ਵਿਚ ਇਕ ਕਿਲੋ ਬਦਾਮਾਂ ਦੀ ਸ਼ਰਦਾਈ ਸਵੇਰੇ, ਸਾਢੇ ਚਾਰ ਕਿਲੋ ਮਾਸ ਦੀ ਯਖਣੀ ਦੁਪਹਿਰ ਨੂੰ ਅਤੇ ਇਕ ਕਿਲੋ ਬਦਾਮਾਂ ਦੀ ਸ਼ਰਦਾਈ, ਇਕ ਕਿਲੋ ਭੁਨਿਆ ਹੋਇਆ ਮਾਸ, ਕੁਝ ਮੁਰੱਬੇ ਤੇ ਕੁਸ਼ਤੇ ਆਦਿ। ਸ਼ਾਮ ਨੂੰ ਘਿਉ ਦੁੱਧ ਦੀ ਵੀ ਇਹ ਕਾਫ਼ੀ ਵਰਤੋਂ ਕਰਦਾ ਸੀ।

ਕਸਰਤ ਵੀ ਕਿੱਕਰ ਸਿੰਘ ਬਾਕੀ ਪਹਿਲਵਾਨਾਂ ਤੋਂ ਕਿਤੇ ਜ਼ਿਆਦਾ ਕਰਦਾ ਸੀ। ਅੱਧੀ ਰਾਤ ਤੋਂ ਲੈ ਕੇ ਦਿਨ ਚੜ੍ਹਦੇ ਤੱਕ ਡੰਡ ਬੈਠਕਾਂ ਕੱਢਦਾ ਰਹਿੰਦਾ ਸੀ । ਫਿਰ ਖਰਾਸ ਦਾ ਪੁੜ ਗਲ ਵਿਚ ਪਾ ਕੇ ਲਗਭਗ 9 ਕਿ. ਮੀ. ਤਕ ਦੌੜਦਾ ਸੀ । ਇਸ ਦੀ ਕਹੀ ਦਾ ਭਾਰ ਲਗਭਗ 9 ਕਿਲੋ ਸੀ । ਇਸ ਦੇ ਸੰਤੋਲੇ ਦਾ ਭਾਰ 40 ਕਿਲੋ ਸੀ ਤੇ ਇਹ ਇਸ ਦੇ ਕਈ ਕਈ ਬਾਲੇ ਕਢਦਾ ਸੀ । ਇਸ ਦੀਆਂ ਮੁੰਗਲੀਆਂ ਆਮ ਪਹਿਲਵਾਨਾਂ ਕੋਲੋਂ ਫਿਰਦੀਆਂ ਨਹੀਂ ਸਨ ।

ਕਹਿੰਦੇ ਹਨ ਕਿ ਕਿੱਕਰ ਸਿੰਘ ਨੇ ਆਪਣੀ ਮੌਤ ਬਾਰੇ ਲੋਕਾਂ ਨੂੰ ਡੇਢ ਸਾਲ ਪਹਿਲਾਂ ਦਸ ਦਿਤਾ ਸੀ । 18 ਫ਼ਰਵਰੀ, 1914 ਨੂੰ ਇਸ ਦੀ ਮੌਤ ਹੋ ਗਈ ।

ਇਸ ਦਾ ਪਰਿਵਾਰ ਜ਼ਿਲ੍ਹਾ ਫ਼ਰੀਦਕੋਟ (ਪੰਜਾਬ, ਭਾਰਤ) ਵਿਚ ਗਿੱਦੜ ਬਾਹੇ ਦੇ ਨੇੜੇ ਘੱਘਾ ਪਿੰਡ ਵਿਚ ਰਹਿ ਰਿਹਾ ਹੈ ।

ਹ. ਪੁ.—ਭਾ. ਪਹਿ : 36

**ਕਿੱਕਲੀ** : ਕਿੱਕਲੀ ਪੰਜਾਬ ਦੀਆਂ ਨਿੱਕੀਆਂ ਬੱਚੀਆਂ ਦੀ ਖੇਡ ਹੈ। ਅਸਲ ਵਿਚ ਇਸ ਨੂੰ ਨਿੱਕੀਆਂ ਕੁੜੀਆਂ ਦਾ ਨਾਚ ਹੀ ਕਹਿਣਾ ਚਾਹੀਦਾ ਹੈ। ਖ਼ੁਸ਼ੀ ਦੀ ਮੌਜ ਵਿਚ ਆ ਕੇ ਕੁੜੀਆਂ ਖੇਡਦੀਆਂ-ਖੇਡਦੀਆਂ ਇਕ ਦੂਜੇ ਦੇ ਹੱਥ ਫੜ ਕੇ ਕਿੱਕਲੀ ਪਾਉਣ ਲੱਗ ਜਾਂਦੀਆਂ ਹਨ। ਕਦੇ-ਕਦੇ ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਵੀ ਕਿੱਕਲੀ ਪਾਉਂਦੀਆਂ ਹਨ। ਇਸ ਵਿਚ ਦੋ ਕੁੜੀਆਂ ਇਕ ਦੂਜੀ ਦੇ ਆਹਮਣੇ-ਸਾਹਮਣੇ ਖੜ੍ਹ ਕੇ ਇਕ ਦੂਜੀ ਦੇ ਹੱਥ (ਸੱਜੇ ਨਾਲ ਸੱਜਾ ਤੇ ਖੱਬੇ ਨਾਲ ਖੱਬਾ) ਘੁੱਟ ਕੇ ਫੜ ਲੈਂਦੀਆਂ ਹਨ ਤੇ ਕਈ ਵਾਰੀ ਹੱਥਾਂ ਦੀ ਕੰਘੀ ਵੀ ਪਾ ਲੈਂਦੀਆਂ ਹਨ ਤੇ ਫਿਰ ਆਪਣੇ ਦੋਹਾਂ ਪੈਰਾਂ ਨੂੰ ਜੋੜ ਕੇ ਪੈਰ ਇਕ ਦੂਜੀ ਦੇ ਪੈਰਾਂ ਕੋਲ ਕਰਕੇ ਆਪਣਾ ਸਾਰਾ ਭਾਰ ਪਿੱਛੇ ਨੂੰ ਸੁੱਟ ਲੈਂਦੀਆਂ ਹਨ। ਇਸ ਤਰ੍ਹਾਂ ਬਾਹਾਂ ਪੂਰੀ ਤਰ੍ਹਾਂ ਖਿੱਚੀਆਂ ਜਾਂਦੀਆਂ ਹਨ। ਫਿਰ ਬਾਹਾਂ ਦਾ ਸਹਾਰਾ ਲੈ ਕੇ ਦੋਵੇਂ ਕੁੜੀਆਂ ਇਕੱਠੀਆਂ ਹੀ ਸਰੀਰ ਨੂੰ ਇਕ ਤਾਲ ਉਤੇ ਸੱਜੇ ਪਾਸੇ ਵੱਲ ਘੁੰਮਾਦੀਆਂ ਹੋਈਆਂ ਐਸਾ ਹੁਲਾਰਾ ਲੈਂਦੀਆਂ ਹਨ ਕਿ ਵੇਖਣ ਵਾਲੇ ਨੂੰ ਉਨ੍ਹਾਂ ਦੇ ਸਰੀਰ ਇਕ ਘੁੰਮਦੇ ਲਾਟੂ ਵਾਂਗ ਨਜ਼ਰ ਆਉਂਦੇ ਹਨ । ਇਸ ਤਰ੍ਹਾਂ ਤੇਜ਼ ਰਫ਼ਤਾਰ ਵਿਚ ਭੰਬੀਰੀ ਵਾਂਗ ਘੁੰਮਦੀਆਂ ਹੋਈਆਂ ਨਾਲ-ਨਾਲ ਗੀਤ ਗਾਉਂਦੀਆਂ ਹਨ ਪਰ ਕਿੱਕਲੀ ਦੀ ਰਫ਼ਤਾਰ ਤੇਜ਼ ਹੋਣ ਨਾਲ ਗੀਤ ਦੀ ਰਫ਼ਤਾਰ ਵੀ ਤੇਜ਼ ਹੁੰਦੀ ਜਾਂਦੀ ਹੈ। ਗੀਤ ਦੇ ਨਾਲ-ਨਾਲ ਕਈ ਕੁੜੀਆਂ ਵਾਰੀ-ਵਾਰੀ ਆਪਣੇ ਹੱਥ ਨੂੰ ਕਦੇ ਸੱਜੇ ਤੇ ਕਦੇ ਖੱਬੇ ਹੱਥ ਨੂੰ ਛੱਡ ਕੇ ਰਿਦਮ ਨਾਲ ਉਤੇ ਵੱਲ ਵੀ ਉਲਰਦੀਆਂ ਹਨ । ਕਿੱਕਲੀ ਦੇ ਗੀਤਾਂ ਵਿਚ ਮੁਖ ਪਾਤਰ ਭਰਾ ਹੀ ਹੁੰਦਾ ਹੈ। ਕੁੜੀਆਂ ਦੇ ਗੀਤਾਂ ਵਿਚੋਂ ਵੀਰ ਦੀ ਖੁਸ਼ਹਾਲੀ ਤਰੱਕੀ ਅਤੇ ਵੀਰ ਦਾ ਵਿਆਹ ਆਦਿ ਦੋ ਵਿਸ਼ਿਆਂ ਵਿਚੋਂ ਭੈਣ ਦਾ ਵੀਰ ਨਾਲ ਅਟੁੱਟ ਪਿਆਰ ਪਰਗਟ ਹੁੰਦਾ ਹੈ ਜਿਵੇਂ :—

ਕਿਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ, ਫਿੱਟੇ ਮੂੰਹ ਜਵਾਈ ਦਾ ।

.........

ਇਸੇ ਤਰ੍ਹਾਂ :—

ਹੇਠ ਵਗੇ ਦਰਿਆ ਉਪਰ ਮੈਂ ਖਲੀ
ਵੀਰ ਲਵਾਇਆ ਬਾਗ ਖਿੜ ਪਈ ਚੰਬੇ ਕਲੀ
ਚੰਬਾ ਨਾ ਤੋੜ ਵੀਰਾ ਮਾਰੂਗਾ,

ਵੀਰ ਮੇਰਾ ਸਰਦਾਰ ਬਹਿੰਦਾ ਕੁਰਸੀ ਤੇ
ਭਾਬੋ ਮੇਰੀ ਪਰਧਾਨ ਬਹਿੰਦੀ ਪੀੜ੍ਹੇ ਤੇ

.........

ਦਿੱਲੀ ਪਿਸ਼ੌਰ ਦਾ।
ਉਖਲੀ 'ਚ ਡੇਲੇ ਵੀਰ ਮੇਰਾ ਖੇਲ੍ਹੇ।
ਉਖਲੀ 'ਚ ਦੋਣਾ ਵੀਰ ਮੇਰਾ ਸੋਹਣਾ।

ਕਿੱਕਲੀ ਦਾ ਇਕ ਹੋਰ ਮਸ਼ਹੂਰ ਗੀਤ, ਜੋ ਪੰਜਾਬ ਦੇ ਹਰ ਹਿੱਸੇ ਵਿਚ ਹਰ ਬਾਲੜੀ ਦੇ ਮੂੰਹ ਤੋਂ ਸੁਣਿਆ ਜਾ ਸਕਦਾ ਹੈ—

ਅੰਬੋ ਨੀ ਅੰਬੋ ਮੇਰੇ ਸੱਤ ਭਰਾ ਮੰਗੇ, ਇਕ ਭਰਾ ਕੁਆਰਾ
ਉਹ ਡੈਮਸ ਖੇਡਣ ਵਾਲਾ ਉਹ ਡੈਮਸ ਕਿਥੇ ਖੇਲੇ
ਉਹ ਲਾਹੌਰ ਸ਼ਹਿਰ ਖੇਡੇ।
ਲਾਹੌਰ ਸ਼ਹਿਰ ਉੱਚਾ ਮੈ ਮੰਨ ਪਕਾਵਾਂ ਸੁੱਚਾ
ਮੇਰੇ ਮੰਨ ਨੂੰ ਲਗੇ ਮੋਤੀ, ਮੈਂ ਬਾਗਾਂ ਵਿਚ ਖਲੋਤੀ
ਗਈ ਸਾਂ ਮੈ ਰੰਗਾ, ਚੜ੍ਹਾ ਲਿਆਈ ਵੰਗਾਂ
ਸੱਸ ਨੂੰ ਦਿਖਾਉਣ ਲੱਗੀ ਸਹੁਰੇ ਕੋਲੋਂ ਸੰਗਾਂ
ਅਸਮਾਨੀ ਮੇਰਾ ਘੱਗਰਾ ਮੈਂ ਕਿਹੜੀ ਕਿੱਲੀ ਟੰਗਾਂ,
ਨੀ ਮੈਂ ਓਸ ਕਿੱਲੀ ਟੰਗਾਂ ਨੀ ਮੈਂ ਏਸ ਕਿੱਲੀ ਟੰਗਾਂ।

ਇਸੇ ਤਰ੍ਹਾਂ ਹੋਰ ਵੀ ਕਈ ਗੀਤ ਕਿੱਕਲੀ ਵਿਚ ਨਿੱਕੀਆਂ ਕੁੜੀਆਂ ਗਾਉਂਦੀਆਂ ਹਨ ਪਰ ਕਈ ਗੀਤ ਕਿਸੇ ਖਾਸ ਖੇਤਰ ਵਿਚ ਹੀ ਬਹੁਤ ਪਰਸਿੱਧ ਹੁੰਦੇ ਹਨ ਜਿਵੇਂ :—

ਪਿੱਤਲ ਦੀ ਪਰਾਤ ਪਾਣੀ ਗੰਗਦਾ,
ਮੈਂ ਬਗਾਨੀ ਧੀ ਮੁੰਡਾ ਸੰਗਦਾ।
ਸੋਨੇ ਦਾ ਤਵੀਤ ਕੁੰਡਾ ਵੱਲ ਕਰ,
ਮੈਂ ਬਗਾਨੀ ਧੀ ਵੇ ਤੂੰ ਗੱਲ ਕਰ।
ਗਾਗਰ ਭਰੀ ਅਨਾਰਾਂ ਦੀ
ਵੀਰ ਮੇਰਾ ਵਿਆਹੁਣ ਚਲਿਆ,
ਜੰਞ ਗਈ ਸਰਦਾਰਾਂ ਦੀ——ਆਦਿ।

ਚੱਕਰ ਵਿਚ ਘੁੰਮਣਾ, ਛੋਟੀ ਉਮਰ ਦੇ ਬੱਚਿਆਂ ਲਈ ਇਕ ਖ਼ਾਸ ਮਹੱਤਵ ਰਖਦਾ ਹੈ। ਛੋਟੇ ਬੱਚੇ ਲਾਟੂ ਨੂੰ ਘੁੰਮਦਾ ਦੇਖ ਕੇ ਜਾਂ ਭੰਬੀਰੀ ਨੂੰ ਹੱਥਾਂ ਨਾਲ ਘੁੰਮਾ ਕੇ ਇਕ ਖਾਸ ਆਨੰਦ ਮਾਣਦੇ ਹਨ।

ਇਸ ਤਰ੍ਹਾਂ ਜਦੋਂ ਕਿਤੇ ਖੇਡਦੀਆਂ ਬਚੀਆਂ ਵਿਚੋਂ ਇਕ ਜੋਟੀ ਕਿੱਕਲੀ ਪਾਉਣ ਲੱਗ ਜਾਂਦੀ ਹੈ ਤਾਂ ਥੋੜ੍ਹੇ ਚਿਰ ਵਿਚ ਹੀ ਉਹ ਥਾਂ ਕਈ ਜੋਟੀਆਂ ਦੀ ਕਿੱਕਲੀ ਦਾ ਅਖਾੜਾ ਬਣ ਜਾਂਦਾ ਹੈ। ਕਈ ਵਾਰੀ ਛੋਟੇ ਛੋਟੇ ਮੁੰਡੇ ਤੇ ਕੁੜੀਆਂ ਮਿਲ ਕੇ ਵੀ ਕਿੱਕਲੀ ਪਾਉਂਦੇ ਹਨ। ਤੀਆਂ ਦੇ ਤਿਉਹਾਰ ਸਮੇਂ ਸੱਜ ਵਿਆਹੀਆਂ ਮੁਟਿਆਰਾਂ ਵੀ ਪੀਘਾਂ ਛੱਡ ਕੇ ਮਸਤੀ ਵਿਚ ਝੂਮਦੀਆਂ ਕਿੱਕਲੀ ਪਾਉਣ ਲਗ ਜਾਂਦੀਆਂ ਹਨ।

ਹ. ਪੁ.—ਪੰਜਾਬ ਐਮ. ਐਸ. ਰੰਧਾਵਾ; ਦੀਨਾ ਕਾਂਗੜ (ਸਰਵੇ ਪੁਸਤਕ)-ਭਾਸ਼ਾ ਵਿਭਾਗ; ਡੇਹਰਾ ਬਾਬਾ ਨਾਨਕ (ਸਰਵੇ ਪੁਸਤਕ)—ਭਾਸ਼ਾ ਵਿਭਾਗ

**ਕਿਕੂਯੂ :** ਕੀਨੀਆ ਪਹਾੜੀ ਦੇ ਨੇੜੇ. ਦੱਖਣੀ-ਕੇਂਦਰੀ ਕੀਨੀਆ ਦੇ ਉੱਚ-ਭੂਮੀ ਵਾਲੇ ਖੇਤਰ ਵਿਚ ਬੰਟੂ ਭਾਸ਼ਾ ਬੋਲਣ ਵਾਲੇ ਲੋਕਾਂ ਦਾ ਇਹ ਇਕ ਕਬੀਲਾ ਹੈ। ਸੰਨ 1962 ਵਿਚ ਇਸ ਕਬੀਲੇ ਦੇ ਲੋਕਾਂ ਦੀ ਕੁੱਲ ਗਿਣਤੀ 1,600,000 ਸੀ ਅਤੇ ਕੀਨੀਆ ਵਿਚ ਸਭ ਤੋਂ ਵੱਡਾ ਕਬਾਇਲੀ ਗਰੁੱਪ ਇਨ੍ਹਾਂ ਹੀ ਲੋਕਾਂ ਦਾ ਸੀ। ਇਨ੍ਹਾਂ ਦੇ ਸਭ ਤੋਂ ਨਿਕਟਵਰਤੀ-ਕਾਂਬ ਲੋਕ ਹਨ ਜਿਨ੍ਹਾਂ ਨੇ ਦੱਖਣ-ਪੂਰਬ ਵੱਲ ਨੂੰ ਨੀਵੀਂ ਭੂਮੀ ਦਾ ਇਲਾਕਾ ਮੱਲਿਆ ਹੋਇਆ ਹੈ।

ਪਹਿਲਾਂ ਇਥੋਂ ਦੀ ਆਰਥਿਕਤਾ ਬਾਜਰਾ, ਮਟਰ, ਬੀਨ, ਚਰ੍ਹੀ ਅਤੇ ਸ਼ਕਰਕੰਦੀ ਦੀ ਫਸਲ ਤੇ ਆਧਾਰਤ ਸੀ। ਕਾਫ਼ੀ, ਮੱਕੀ, ਵੈਟਲ ਫ਼ਲ ਅਤੇ ਸਬਜ਼ੀਆਂ ਇਥੋਂ ਦੀਆਂ ਅਜੋਕੀਆਂ ਵਪਾਰਕ ਫ਼ਸਲਾਂ ਹਨ। ਇਹ ਲੋਕ ਪਸ਼ੂ ਵੀ ਪਾਲਦੇ ਹਨ। ਸ਼ਿਕਾਰ ਬਹੁਤ ਘੱਟ ਖੇਡਦੇ ਹਨ ਅਤੇ ਮੱਛੀਆਂ ਵੀ ਘੱਟ ਹੀ ਫੜ੍ਹਦੇ ਹਨ।

ਰਵਾਇਤੀ ਤੌਰ ਤੇ ਇਸ ਕਬੀਲੇ ਦੇ ਲੋਕ ਵੱਖਰੇ ਵੱਖਰੇ ਪਰਿਵਾਰਿਕ ਘਰਾਂ ਵਿਚ ਰਹਿੰਦੇ ਸਨ। ਹਰੇਕ ਘਰ ਇਕ ਵਾੜ ਜਾਂ ਫੱਟਿਆਂ ਦੀ ਵਲਗਣ ਦੁਆਰਾ ਘਿਰਿਆ ਹੁੰਦਾ ਸੀ। ਪਤਨੀ ਲਈ ਹਰੇਕ ਘਰ ਵਿਚ ਇਕ ਝੌਂਪੜੀ ਬਣੀ ਹੁੰਦੀ ਸੀ। 'ਮਬਾਰੀ' ਇਥੋਂ ਦੀ ਸਥਾਨਕ ਬਰਾਦਰੀ ਦੀ ਇਕਾਈ ਹੈ। ਇਸ ਵਿਚ ਪਿਤਰ-ਪ੍ਰਧਾਨ ਗਰੁੱਪ ਦੇ ਪੁਰਸ਼, ਉਨ੍ਹਾਂ ਦੀਆਂ ਪਤਨੀਆਂ ਅਤੇ ਉਨ੍ਹਾਂ ਦੇ ਬੱਚੇ ਜੋ ਕੁਝ ਦਰਜਨਾਂ ਤੋਂ ਲੈ ਕੇ ਕਈ ਸੌਆਂ ਤੀਕ ਹੁੰਦੇ ਹਨ, ਸ਼ਾਮਲ ਹੁੰਦੇ ਹਨ ਮਬਾਰੀ ਪਿਛੋਂ ਇਹ ਲੋਕ ਨੌਂ ਕੁਲਾਂ ਅਤੇ ਕਈ ਉਪ-ਕੁਲਾਂ ਵਿਚ ਵੰਡੇ ਹੋਏ ਹਨ।

ਕਿਕੂਯੂ ਲੋਕ ਉਮਰ ਅਨੁਸਾਰ ਵੱਖ-ਵੱਖ ਸ਼੍ਰੇਣੀਆਂ ਵਿਚ ਸੰਗਠਤ ਕੀਤੇ ਹੋਏ ਸਨ ਅਤੇ ਇਸ ਵੰਡ ਨੇ ਮੁਖ ਰਾਜਸੀ ਸੰਸਥਾਵਾਂ ਵਜੋਂ ਮਹਾਨ ਰੋਲ ਅਦਾ ਕੀਤਾ ਹੈ। ਰਵਾਇਤੀ ਤੌਰ ਤੇ ਰਾਜਸੀ ਸੱਤਾ ਵਡੇਰੀ ਉਮਰ ਦੇ ਵਿਅਕਤੀਆਂ ਦੀ ਇਕ ਕੌਂਸਲ ਕੋਲ ਹੁੰਦੀ ਹੈ। ਇਹ ਲੋਕ ਬਰਾਬਰਤਾ ਤੇ ਆਧਾਰਤ ਸਮਾਜਕ ਪ੍ਰਣਾਲੀ ਸੰਭਾਲੀ ਬੈਠੇ ਹਨ। ਇਹ ਸਰਬ-ਵਿਆਪਕ ਸ੍ਰਿਸ਼ਟੀ ਦੇ ਰਚਨਹਾਰ ਰੱਬ-'ਨਗਾਈ' ਅਤੇ ਵਡੇਰਿਆਂ ਦੀ ਨਿਰੰਤਰ ਆਤਮਿਕ ਹਾਜ਼ਰੀ ਵਿਚ ਵਿਸ਼ਵਾਸ ਰਖਦੇ ਹਨ ਅਤੇ ਦੋਵੇਂ ਹੀ ਇਨ੍ਹਾਂ ਲੋਕਾਂ ਦੀਆਂ ਪ੍ਰਾਰਥਨਾਵਾਂ ਅਤੇ ਬਲੀਆਂ ਦੇ ਇਸ਼ਟ ਹਨ।

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੌਰਾਨ ਕਿਕੂਯੂ ਲੋਕ ਮਾਓ ਮਾਓ ਵਿਦਰੋਹ ਸਮੇਂ ਯੂਰਪੀਅਨ ਬਸਤੀਵਾਦੀਆਂ ਵਿਰੁੱਧ ਉੱਠ ਖੜ੍ਹੇ ਹੋਏ ਸਨ।

ਹ. ਪੁ.—ਐਨ. ਬ੍ਰਿ. ਮਾ. 5 : 804

**ਕਿੰਗ :** ਇਹ ਕਿੰਗਰੀ ਦਾ ਸੰਖੇਪ ਹੈ, ਜਿਹੜਾ ਕਿ ਵਜਾਉਣ ਵਾਲਾ ਇਕ ਸਾਜ਼ ਹੈ। ਇਸ ਵਿਚ ਇਕ ਸਿੱਧੇ ਡੰਡੇ ਦੇ ਇਕ ਸਿਰੇ ਤੇ ਕੱਦੂ ਲਾ ਕੇ ਉਸ ਦੇ ਉਤੋਂ ਦੀ ਇਕ ਤਾਰ ਲੰਘਾਈ ਹੁੰਦੀ ਹੈ। ਇਹ ਤਾਰ ਡੰਡੇ ਦੇ ਦੋਹਾਂ ਸਿਰਿਆਂ ਨਾਲ ਕਸੀ ਹੁੰਦੀ ਹੈ। ਜੋਗੀਆਂ, ਨਾਥਾਂ ਆਦਿ ਦਾ ਇਹ ਮਨ-ਪਸੰਦ ਅਤੇ ਪ੍ਰਸਿੱਧ ਸਾਜ਼ ਹੈ।



ਕਿੰਗ

ਫ਼ਾਰਸੀ ਵਿਚ ਇਸ ਨੂੰ 'ਕਿੰਗਰਾ' ਅਤੇ ਸੰਸਕ੍ਰਿਤ ਵਿਚ 'ਕਿੰਨਰੀ' ਕਿਹਾ ਜਾਂਦਾ ਹੈ। ਇਹ ਜੋਗੀਆਂ ਦੀ ਇੱਕਤਾਰੀ ਵੀਣਾ ਹੈ। ਬਾਣੀ ਵਿਚ ਇਹ ਸ਼ਬਦ ਕਿੰਗੁਰੀ ਕਰਕੇ ਵੀ ਆਇਆ ਹੈ : "ਘਟਿ ਘਟਿ ਵਾਜੈ ਕਿੰਗੁਰੀ" (ਸ੍ਰੀ ਅ:, ਮ: ੧)

ਹ. ਪੁ.—ਪੰ. ਪੰ. ਕੋ. 1 : 607; ਮ. ਕੋ. 328

**ਕਿੰਗਸਟਨ :** ਦੱਖਣੀ ਆਸਟਰੇਲੀਆ ਦਾ ਇਹ ਇਕ ਸ਼ਹਿਰ ਹੈ ਜੋ ਐਡਲੇਡ ਦੇ ਦੱਖਣ-ਪੂਰਬ ਵੱਲ, ਲੈਸਪੇਡ ਖਾੜੀ ਦੇ ਪੂਰਬੀ ਕੰਢੇ ਉਤੇ ਸਥਿਤ ਹੈ। ਇਸ ਸ਼ਹਿਰ ਦੀ ਨੀਂਹ ਸੰਨ 1858 ਵਿਚ ਰੱਖੀ ਗਈ ਅਤੇ ਇਸ ਦਾ ਨਾਂ ਸਰ ਜਾਰਜ ਸਟਰਿਕਲੈਂਡ ਕਿੰਗਸਟਨ ਨਾਮੀ ਇਕ ਮੁੱਢਲੇ ਆਬਾਦਕਾਰ ਦੇ ਨਾਂ ਪਿੱਛੇ ਰੱਖਿਆ ਗਿਆ ਸੀ। ਇਸ ਸਮੇਂ ਇਹ ਡੇਅਰੀ-ਉਤਪਾਦਨ ਅਤੇ ਪਸ਼ੂਆਂ ਦੀ ਇਕ ਭਾਰੀ ਮੰਡੀ ਅਤੇ ਕਰੇਅ ਮੱਛੀ ਲਈ ਇਕ ਵੱਡੀ ਬੰਦਰਗਾਹ ਹੈ।

ਆਬਾਦੀ—1173 (1971)

36° 50′ ਦੱ. ਵਿਥ.; 139° 51′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 823

**ਕਿੰਗਸਟਨ :** ਦੱਖਣੀ ਪੱਛਮੀ ਆਂਟੇਰੀਓ ਰਾਜ (ਕੈਨੇਡਾ) ਵਿਚ ਫਰੋਂਟੀਨੈਕ ਕਾਉਂਟੀ ਦਾ ਸਦਰ-ਮੁਕਾਮ ਹੈ ਜੋ ਆਂਟੇਰੀਓ ਝੀਲ ਦੇ ਉੱਤਰੀ ਕੰਢੇ, ਜਿਥੇ ਇਹ ਝੀਲ ਸੇਂਟ ਲਾਰੰਸ ਦਰਿਆ ਵਿਚ ਜਾ ਡਿਗਦੀ ਹੈ, ਉਤੇ ਸਥਿਤ ਹੈ। ਇਹ ਕਈ ਸਾਲਾਂ ਤੀਕ ਉੱਤਰੀ ਖੇਤਰ ਦਾ ਇਕ ਪ੍ਰਸਿੱਧ ਵਪਾਰਕ ਕੇਂਦਰ ਰਿਹਾ ਹੈ। ਇਸ ਸ਼ਹਿਰ ਦਾ ਨਾਂ ਜਾਰਜ ਤੀਜੇ ਦੇ ਨਾਂ ਪਿੱਛੋਂ ਰੱਖਿਆ ਗਿਆ। ਸੰਨ 1841 ਤੋਂ 1844 ਤੀਕ ਇਹ ਕੈਨੇਡਾ ਦੀ ਰਾਜਧਾਨੀ ਵੀ ਰਿਹਾ । ਇਹ ਕੈਨੇਡੀਅਨ ਨੈਸ਼ਨਲ ਰੇਲਵੇ ਦੀ ਪ੍ਰਮੁੱਖ ਲਾਈਨ ਜਿਹੜੀ ਮਾਂਟ੍ਰੀਆਲ ਅਤੇ ਟੋਰਾਂਟੋ ਨੂੰ ਮਿਲਾਉਂਦੀ ਹੈ ਉਤੇ ਠੀਕ ਅਧ-ਵਿਚਕਾਰ ਬਹੁਤ ਵੱਡਾ ਸਟੇਸ਼ਨ ਹੈ ਅਤੇ ਇਹ ਇਥੋਂ ਕੈਨੇਡੀਅਨ ਪੈਸੇਫ਼ਿਕ ਰੇਲਵੇ ਨਾਲ ਵੀ ਜੁੜਿਆ ਹੋਇਆ ਹੈ। ਇਹ ਆਵਾਜਾਈ ਦਾ ਇਕ ਉੱਘਾ ਕੇਂਦਰ ਹੈ। ਵੱਡੀਆਂ ਝੀਲਾਂ ਅਤੇ ਸੇਂਟ ਲਾਰੰਸ ਨਦੀ ਦੇ ਕੰਢੇ ਉਤੇ ਵਸੇ ਸ਼ਹਿਰਾਂ ਵੱਲ ਨੂੰ ਇਥੋਂ ਆਸਾਨੀ ਨਾਲ ਆਇਆ ਜਾਇਆ ਜਾ ਸਕਦਾ ਹੈ। ਇਥੇ ਇੰਜਣ ਅਤੇ ਜਹਾਜ਼ ਬਣਾਉਣ, ਐਲੂਮਿਨੀਅਮ ਰਸਾਇਣਕ ਪਦਾਰਥ, ਕੱਪੜੇ, ਚਮੜੇ ਅਤੇ ਲੱਕੜੀ ਦਾ ਸਾਮਾਨ ਤਿਆਰ ਕਰਨ ਅਤੇ ਆਟਾ ਪੀਹਣ ਦੇ ਵੱਡੇ ਵੱਡੇ ਉਦਯੋਗ ਸਥਾਪਤ ਹਨ। ਇਥੇ ਕੁਵੀਨਜ਼ ਯੂਨੀਵਰਸਿਟੀ ਸੇਂਟ ਜਾਰਜ ਅਤੇ ਸੇਂਟ ਮੇਰੀ ਤੇ ਵੱਡੇ ਗਿਰਜਾ ਘਰ, ਰਾਇਲ ਮਿਲਟਰੀ ਕਾਲਜ, ਨੈਸ਼ਨਲ ਡੀਫੈਂਸ ਕਾਲਜ ਅਤੇ ਕੈਨੇਡੀਅਨ ਆਰਮੀ ਸਟਾਫ ਕਾਲਜ ਹਨ। ਫੋਰਟਹੈਨਰੀ (1812) ਵਿਚ ਮਿਲਟਰੀ ਦਾ ਅਜਾਇਬ ਘਰ ਹੈ।

ਆਬਾਦੀ—59,047 (1971)

44° 14′ ਉ. ਵਿਥ.; 76° 30′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 823

**ਕਿੰਗਸਟਨ :** ਪੂਰਬੀ ਪੈਨਸਿਲਵੇਨੀਆ ਰਾਜ (ਸ. ਰ. ਅ.) ਦੀ ਲੂਜ਼ਰਨ ਕਾਊਂਟੀ ਦੀ ਇਹ ਇਕ ਬਰੋ ਹੈ ਜੋ ਵਿਲਕਸ-ਬੈਰੇ ਦੇ ਸਾਹਮਣੇ ਸੱਸਕਵੀਹੈਨਾ ਦਰਿਆ ਦੇ ਉਤੇ ਸਥਿੱਤ ਹੈ । ਸੰਨ 1769 ਵਿਚ ਇਸ ਨੂੰ ਨਿਊ ਇੰਗਲੈਂਡ ਦੇ ਸੰਸਥਾਪਕਾਂ ਨੇ ਸਥਾਪਤ ਕੀਤਾ ਸੀ। ਅਮਰੀਕੀ ਇਨਕਲਾਬ ਤੋਂ ਪਹਿਲਾਂ ਅਤੇ ਬਾਅਦ ਵਿਚ ਕਿੰਗਸਟਨ ਦੇ ਲੋਕ ਇਸ ਇਲਾਕੇ ਲਈ ਦਾਅਵਾ ਕਰਨ ਵਾਲੇ ਪੈਨਸਿਲਵੇਨੀਆ ਦੇ ਦਾਅਵੇਦਾਰਾਂ ਵਿਰੁੱਧ ਲੜੇ । ਯੁੱਧ ਦੌਰਾਨ ਇਹ ਸੰਨ 1778 ਦੀ ਵਾਈਓਮਿੰਗ ਵਾਦੀ ਦੀ ਲੜਾਈ ਵਿਚ ਅੰਗਰੇਜ਼ਾਂ ਅਤੇ ਇੰਡੀਅਨਾਂ ਵਿਰੁਧ ਲੜੇ ਸਨ।

ਸੰਨ 1950 ਵਿਚ ਕੋਲਾ ਉਦਯੋਗ ਦੀ ਗਿਰਾਵਟ ਤੋਂ ਬਾਅਦ ਕਿੰਗਸਟਨ ਦਾ ਇਕ ਰਿਹਾਇਸ਼ੀ ਕਮਿਊਨਿਟੀ ਵਜੋਂ ਵਿਕਾਸ ਹੋਇਆ। ਇਸ ਦੇ ਨਾਲ ਹੀ ਸੂਤੀ ਕੱਪੜੇ, ਏਅਰਕਰਾਫਟ ਦੇ ਪੁਰਜ਼ੇ, ਢਲਾਈ ਦੀਆਂ ਮਸ਼ੀਨਾਂ ਅਤੇ ਤੰਬਾਕੂ ਦੀਆਂ ਵਸਤਾਂ ਤਿਆਰ ਕਰਨ ਦੇ ਛੋਟੇ-ਛੋਟੇ ਉਦਯੋਗ ਵਿਕਸਿਤ ਹੋਏ। ਇਹ ਵਾਈਓਮਿੰਗ ਸੈਮੀਨਰੀ (1844) ਦੀ ਸੀਟ ਹੈ।

ਆਬਾਦੀ—18,325 (1970)

41° 16′. ਉ. ਵਿਥ.; 75° 54′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 823

**ਕਿੰਗਸਟਨ :** ਨਿਊਯਾਰਕ ਰਾਜ (ਸ.ਰ.ਅ.) ਦੀ ਅਲਸਟਰ ਕਾਊਂਟੀ ਦਾ ਇਹ ਸਦਰ-ਮੁਕਾਮ (1683) ਹੈ ਜੋ ਹਡਸਨ ਦਰਿਆ ਦੇ ਪੱਛਮੀ ਕੰਢੇ ਉਤੇ, ਰੌਨਡਾਊਟ ਕ੍ਰੀਕ ਦੇ ਮੁਹਾਣੇ ਉਤੇ ਸਥਿੱਤ ਹੈ । ਇਸ ਥਾਂ ਉਤੇ ਲਗਭਗ 1610 ਵਿਚ ਫਰ ਦਾ ਵਪਾਰ ਕਰਨ ਵਾਲੀ ਇਕ ਚੌਕੀ ਸਥਾਪਤ ਕੀਤੀ ਗਈ। ਸੰਨ 1652 ਵਿਚ ਡੱਚਾਂ ਨੇ ਇਥੇ ਪਹਿਲੀ ਬਸਤੀ ਕਾਇਮ ਕੀਤੀ। ਸੰਨ 1777 ਵਿਚ ਇਸ ਸ਼ਹਿਰ ਨੂੰ ਰਾਜ ਦੀ ਪਹਿਲੀ ਰਾਜਧਾਨੀ ਵਜੋਂ ਚੁਣਿਆ ਗਿਆ। ਰਾਜ ਦਾ ਪਹਿਲਾ ਵਿਧਾਨ ਮੰਡਲ, ਸੈਨੇਟ ਅਤੇ ਸੁਪਰੀਮ ਕੋਰਟ (ਜਾਹਨ ਜੇ ਅਧੀਨ) ਵੀ ਇਥੇ ਬੁਲਾਈ ਗਈ ਸੀ । ਰਾਜ ਦਾ ਪਹਿਲਾ ਸੰਵਿਧਾਨ ਇਥੇ ਹੀ ਅਪਣਾਇਆ ਗਿਆ। 16 ਅਕਤੂਬਰ, 1777 ਨੂੰ ਅੰਗਰੇਜ਼ਾਂ ਨੇ ਇਸ ਕਸਬੇ ਨੂੰ ਅੱਗ ਲਗਾ ਦਿੱਤੀ । ਕਮਿਊਨਿਟੀ ਬਚ ਗਈ ਅਤੇ ਸੰਨ 1805 ਵਿਚ ਇਸ ਨੂੰ ਪਿੰਡ ਦਾ ਦਰਜਾ ਦਿਤਾ ਗਿਆ । ਉਨ੍ਹੀਵੀਂ ਸਦੀ ਦੌਰਾਨ ਆਵਾਜਾਈ ਦੇ ਸਾਧਨ ਵਧਣ ਨਾਲ ਇਥੇ ਬਹੁਤ ਵਿਕਾਸ ਹੋਇਆ। ਇਥੋਂ ਦੀਆਂ ਫੈਕਟਰੀਆਂ ਵਿਚ ਕਮੀਜ਼ਾਂ, ਪੁਸ਼ਾਕਾਂ, ਸਿਗਾਰ, ਮਾਸ, ਲੱਕੜ ਅਤੇ ਧਾਤ ਦੀਆਂ ਵਸਤਾਂ ਅਤੇ ਰੋਡ ਮਸ਼ੀਨਰੀ ਦਾ ਉਤਪਾਦਨ ਹੁੰਦਾ ਹੈ। ਇਥੇ ਵੱਖ ਵੱਖ ਕਿਸਮ ਦੇ ਉਦਯੋਗ ਸਥਾਪਤ ਹਨ ਤੇ ਕੰਪਿਊਟਰ ਤਿਆਰ ਕਰਨਾ ਅਤੇ ਡੈਟਾ ਪ੍ਰਾਸੈਸਿੰਗ ਮਸ਼ੀਨਰੀ ਇਥੋਂ ਦੇ ਪ੍ਰਸਿੱਧ ਉਦਯੋਗ ਹਨ। ਸੈਲਾਨੀਆਂ ਦਾ ਇਕ ਅੱਡਾ ਹੈ । ਪੁਰਾਣਾ ਸੈਨੇਟ ਹਾਊਸ (1676) ਅਜੇ ਵੀ ਅਜਾਇਬ-ਘਰ ਵਜੋਂ ਸੰਭਾਲਿਆ ਹੋਇਆ ਹੈ। ਪੁਰਾਣਾ ਡੱਚ ਗਿਰਜਾ ਘਰ (1659) ਅਜੇ ਵੀ ਇਥੇ ਮੌਜੂਦ ਹੈ। ਇਥੇ ਅਲਸਟਰ ਕਾਊਂਟੀ ਕਮਿਊਨਿਟੀ ਕਾਲਜ (1963) ਹੈ।

ਆਬਾਦੀ—25,544 (1970)

41° 56′ ਉ. ਵਿਥ.; 74°. 00′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 823

**ਕਿੰਗਸਟਨ :** ਜਮੈਕਾ ਦਾ ਇਹ ਰਾਜਧਾਨੀ-ਸ਼ਹਿਰ ਅਤੇ ਮੁੱਖ ਬੰਦਰਗਾਹ ਹੈ ਜੋ ਦੀਪ ਦੇ ਨਾਲ ਨਾਲ ਫੈਲੀ ਹੋਈ ਹੈ ਅਤੇ ਇਸ ਦੇ ਪਿਛਲੇ ਪਾਸੇ ਪਹਾੜੀਆਂ ਲੱਗਦੀਆਂ ਹਨ। ਇਸ ਸ਼ਹਿਰ ਦੀ ਸੁੰਦਰ ਬੰਦਰਗਾਹ ਇਕ ਲੰਬੇ ਅਤੇ ਤੰਗ ਪ੍ਰਾਇਦੀਪ ਦੁਆਰਾ ਸੁਰੱਖਿਅਤ ਹੈ।

ਇਸ ਸ਼ਹਿਰ ਦੀ ਨੀਂਹ, ਬੰਦਰਗਾਹ ਦੇ ਮੁਹਾਣੇ ਤੇ ਸਥਿੱਤ ਪੋਰਟ ਰਾਇਲ ਦੇ ਭੂਚਾਲ ਨਾਲ ਤਬਾਹ ਹੋ ਜਾਣ ਕਾਰਨ ਸੰਨ 1692 ਵਿਚ ਰੱਖੀ ਗਈ। ਸੰਨ 1703 ਵਿਚ ਇਹ ਵਪਾਰਕ ਅਤੇ ਸੰਨ 1872 ਵਿਚ ਜਮੈਕਾ ਦੀ ਰਾਜਸੀ ਰਾਜਧਾਨੀ ਬਣ ਗਿਆ। ਅੱਗ ਲੱਗ ਜਾਣ ਕਾਰਨ ਇਹ ਸ਼ਹਿਰ ਕਈ ਵਾਰ ਤਬਾਹ ਹੋਇਆ ਅਤੇ ਜਨਵਰੀ, 1907 ਵਿਚ ਇਥੇ ਇਕ ਜ਼ਬਰਦਸਤ ਭੂਚਾਲ ਆਇਆ ।

ਇਕ ਸਰਕਾਰੀ ਰੇਲ ਕਿੰਗਸਟਨ ਤੋਂ ਲੈ ਕੇ ਜਮੈਕਾ ਦੇ 14 ਪੈਰਿਸ਼ਾਂ ਵਲ ਨੂੰ ਜਾਂਦੀ ਹੈ। ਕਿੰਗਸਟਨ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਪਾਲਿਸਾਡਾਸ ਸ਼ਹਿਰ ਤੋਂ ਲਗਭਗ 5 ਕਿ. ਮੀ. ਦੂਰ ਹੈ । ਦੁਨੀਆਂ ਦੇ ਸਾਰਿਆਂ ਪਾਸਿਆਂ ਤੋਂ ਆਉਣ ਵਾਲੇ ਸਮੁੰਦਰੀ ਜਹਾਜ਼ ਕਿੰਗਸਟਨ ਦੀ ਬੰਦਰਗਾਹ ਵਿਚ ਖਲੋਂਦੇ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਗੁਟਣ ਖੇਤਰ ਵਿਚ ਖੁਰਾਕ-ਪ੍ਰਾਸੈਸਿੰਗ, ਕੱਪੜਾ ਅਤੇ ਜੁੱਤੀਆਂ ਤਿਆਰ ਕਰਨ, ਤੇਲ ਸਾਫ਼ ਕਰਨ ਅਤੇ ਕਈ ਹੋਰ ਉਦਯੋਗ ਵਿਕਸਿਤ ਕਰ ਲਏ ਗਏ ਹਨ। ਕਿੰਗਸਟਨ ਦੇ ਉੱਤਰ ਵਲ ਕਨਟਸਫੋਰਡ ਨਾਂ ਦੇ ਸ਼ਹਿਰ (ਪਹਿਲਾਂ ਘੁੜ-ਦੌੜ ਹੈਡ ਕੁਆਟਰ ਹੁੰਦਾ ਸੀ) ਦਾ ਨਾਂ ਮੁੜ ਨਿਊ ਕਿੰਗਸਟਨ ਰੱਖ ਦਿਤਾ ਗਿਆ ਅਤੇ ਇਸ ਨੂੰ ਵਪਾਰਕ ਅਤੇ ਸ਼ਾਪਿੰਗ ਕੇਂਦਰ ਵਜੋਂ ਬਹੁਤ ਵਿਕਸਿਤ ਕਰ ਲਿਆ ਗਿਆ ਹੈ । ਕਿੰਗਸਟਨ ਤੋਂ 8 ਕਿ. ਮੀ. ਦੀ ਦੂਰੀ ਤੇ ਮੋਨਾ ਵਿਖੇ ਯੂਨੀਵਰਸਿਟੀ ਆਫ ਵੈਸਟ ਇੰਡੀਜ਼ ਹੈ।

ਆਬਾਦੀ—117,400 (1970)

18° 00′ ਉ. ਵਿਥ.; 76° 50′ ਪ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 823; ਕੋਲੀ. ਐਨ. 11 : 380 ਹਿੰ. ਵਿ. ਕੋ. 3 : 1

**ਕਿੰਗ, ਹੈਨਰੀ :** ਲੰਡਨ ਦੇ ਪਾਦਰੀ ਜਾਨ ਕਿੰਗ ਦੇ ਪੁੱਤਰ ਇਸ ਅੰਗਰੇਜ਼ ਧਰਮ ਉਪਦੇਸ਼ਕ ਅਤੇ ਕਵੀ ਦਾ ਜਨਮ ਸੰਨ 1592 ਵਿਚ ਬਕਿੰਗੈ-ਮਸ਼ਿਰ ਵਿਖੇ ਹੋਇਆ। ਇਸ ਨੇ ਵੈਸਟਮਿਨਸਟਰ ਸਕੂਲ ਅਤੇ ਆਕਸਫੋਰਡ ਵਿਖੇ ਈਸਾਈ ਗਿਰਜਾ ਘਰ ਵਿਚ ਵਿੱਦਿਆ ਪ੍ਰਾਪਤ ਕੀਤੀ ਅਤੇ 1642 ਵਿਚ ਚਿਚਿੱਸਟਰ ਦਾ ਵੱਡਾ ਪਾਦਰੀ ਬਣ ਗਿਆ।

ਇਸ ਨੇ ਚਾਰਲਸ ਪਹਿਲੇ ਦੀ ਮੌਤ ਉਤੇ ਕਵਿਤਾਵਾਂ ਲਿਖੀਆਂ । ਇਹ ਅੰਗਰੇਜ਼ੀ ਦੇ ਇਕ ਮਹਾਨ ਮਰਸੀਏ 'ਐਕਸੀਕਵੀ ਟੂ ਹਿਜ਼ ਮੈਚਲੈੱਸ ਨੇਵਰ ਟੂ ਬੀ ਫਾਰਗੋਟਨ ਫ੍ਰੈਂਡ' (ਇਨ ਹਿਜ਼ ਪੋਇਮਜ਼ ਐਲਿਜੀਸ, ਪੈਰਾਡਾਕਸਿਜ਼ ਐਂਡ ਸਾਲਿਟਜ਼, 1657) ਦਾ ਲੇਖਕ ਸੀ; ਜਿਹੜਾ ਇਸ ਨੇ ਆਪਣੀ ਨੌਜਵਾਨ ਪਤਨੀ ਐਨ ਦੀ 1624 ਵਿਚ ਮੌਤ ਹੋਣ ਤੇ ਲਿਖਿਆ। ਅੰਤ ਵਿਚ 30 ਸਤੰਬਰ, 1669 ਨੂੰ ਚਿਚਿੱਸਟਰ (ਸਸੈੱਕਸ) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਚੈਂਬ. ਐਨ. 8 : 229

**ਕਿੰਗ ਕਲੇਰੈਂਸ :** ਸੰਯੁਕਤ ਰਾਜ ਅਮਰੀਕਾ ਦੇ ਇਸ ਭੂ-ਵਿਗਿਆਨੀ ਅਤੇ ਖਾਣ-ਇੰਜਨੀਅਰ ਦਾ ਜਨਮ 6 ਜਨਵਰੀ, 1842 ਨੂੰ ਨਿਊਪੋਰਟ ਵਿਖੇ ਹੋਇਆ। ਇਸ ਨੇ ਸੰਯੁਕਤ ਰਾਜ ਦੇ 40ਵੀਂ ਦੇ ਭੂ-ਵਿਗਿਆਨਕ ਸਰਵੇ ਦਾ ਪ੍ਰਬੰਧ ਕੀਤਾ ਅਤੇ ਸੇਧ ਦਿੱਤੀ ਅਤੇ ਯੂਨੀਅਨ ਪੈਸਿਫਿਕ ਰੇਲਰੋਡਾਂ ਲਈ ਤਜਵੀਜ਼ ਕੀਤੀ। ਥਾਂ ਦੇ ਨਾਲ ਲਗਦੇ ਖਣਿਜੀ-ਸਾਧਨਾਂ ਦਾ ਪੂਰੀ ਤਰ੍ਹਾਂ ਅਧਿਐਨ ਕੀਤਾ। ਸੰਨ 1863 ਵਿਚ ਇਹ ਪੂਰਬੀ ਤੱਟ ਤੋਂ ਪੈਦਲ ਚੱਲਕੇ ਅਤੇ ਘੋੜ-ਸਵਾਰੀ ਕਰਕੇ ਸਾਨ ਫਰਾਂਸਿਸਕੋ ਪਹੁੰਚਿਆ । ਉਥੇ ਇਹ ਕੈਲਿਫੋਰਨੀਆ ਦੇ ਭੂ-ਵਿਗਿਆਨ ਸਰਵੇ ਵਿਚ ਸ਼ਾਮਲ ਹੋ ਗਿਆ ਅਤੇ ਅਗਲੇ ਤਿੰਨਾਂ ਸਾਲਾਂ ਵਿਚ ਇਸ ਨੇ ਦੱਖਣੀ ਸਿਐਰਾ ਵਿਚ ਮਾਊਂਟ ਵਿਟਨੇ ਦੀ ਥਾਂ ਲੱਭੀ ਅਤੇ ਕੈਲਿਫੋਰਨੀਆ ਅਤੇ ਐਰੀਜ਼ੋਨਾ ਦੇ ਰੇਗਿਸਤਾਨੀ ਇਲਾਕਿਆਂ ਦੀ ਖੋਜ ਕੀਤੀ।

ਇਸ ਦੀ ਰਪੋਟ ਸਿਸਟੇਮੈਟਿਕ ਜੀਆਲੋਜੀ-1878 ਨੂੰ ਇਕ ਉੱਤਮ ਕੰਮ ਮੰਨਿਆ ਜਾਂਦਾ ਹੈ। ਬੁਝੇ ਹੋਏ ਜਵਾਲਾ ਮੁਖੀਆਂ ਮਾਊਂਟ ਸ਼ੇਸਤਾ, ਮਾਊਂਟ ਰੇਨੀਅਰ ਅਤੇ ਮਾਊਂਟ ਹੈੱਡ ਦਾ ਅਧਿਐਨ ਕਰਨ ਵੇਲੇ ਸੰਯੁਕਤ ਰਾਜ ਅਮਰੀਕਾ ਦੇ ਪਹਿਲੇ ਗਲੇਸ਼ੀਅਰਜ਼ ਲੱਭੇ।

ਕਾਲੋਰਾਡੋ ਵਿਚ ਹੀਰੇ ਦੀ ਖਾਣ ਬਾਰੇ ਸੁਣਕੇ ਇਸ ਨੂੰ ਬਹੁਤ ਹੈਰਾਨੀ ਹੋਈ। ਇਹ ਉਸ ਥਾਂ ਤੇ ਗਿਆ ਅਤੇ ਉਸਨੂੰ ਪਤਾ ਲੱਗਾ ਕਿ ਉਥੇ ਇਕ ਘਟੀਆ ਕਿਸਮ ਦਾ ਅਣ-ਕਟਿਆ ਪੱਥਰ ਹੈ ਅਤੇ ਹੀਰਿਆਂ ਦੀ ਗੱਲ ਬਿਲਕੁਲ ਝੂਠੀ ਹੈ। ਇਸ ਤਰ੍ਹਾਂ ਇਸ ਨੇ ਦੇਸ਼ ਦਾ ਲੱਖਾਂ ਰੁਪਿਆ ਬਰਬਾਦ ਹੋਣ ਤੋਂ ਬਚਾ ਦਿੱਤਾ । 1878 ਵਿਚ ਇਸ ਨੇ 'ਯੂ. ਐਸ. ਜੀਆਲੋਜੀਕਲ ਸਰਵੇ' ਦਾ ਪਹਿਲਾ ਡਾਇਰੈਕਟਰ ਬਣਨਾ ਸਵੀਕਾਰ ਕਰ ਲਿਆ। ਸੰਨ 1881 ਵਿਚ ਇਹ ਡਾਇਰੈਕਟਰ ਵਜੋਂ ਰੀਟਾਇਰ ਹੋ ਗਿਆ । ਇਸਨੇ ਰਸਾਲਿਆਂ ਵਿਚ ਵੀ ਕਈ ਲੇਖ ਛਪਵਾਏ। 24 ਦਸੰਬਰ, 1901 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5 : 816

**ਕਿੰਗਕੈੱਲ, ਯੋਹਾਨ ਗਾਟਫਰੀਟ :** ਜਰਮਨ ਦੇ ਇਸ ਕਵੀ ਅਤੇ ਲਿਖਾਰੀ ਦਾ ਜਨਮ 11 ਅਗਸਤ, 1815 ਨੂੰ ਓਬਰਕਾਸੈੱਲ (ਹੁਣ ਜਰਮਨ ਵਿਚ) ਵਿਖੇ ਹੋਇਆ। ਇਸ ਨੇ ਬੌਨ ਵਿਖੇ ਧਰਮ-ਸ਼ਾਸਤਰ ਦਾ ਅਧਿਐਨ ਕੀਤਾ ਅਤੇ ਉੱਥੇ ਗਿਰਜਾਘਰ ਦੇ ਇਤਿਹਾਸ, ਕਾਵਿ-ਰਚਨਾ ਅਤੇ ਕਲਾ ਦੇ ਇਤਿਹਾਸ ਬਾਰੇ ਵਿਖਿਆਨ ਕੀਤੇ । ਇਸ ਦੀ ਪ੍ਰਸਿੱਧਤਾ ਮੁੱਖ ਤੌਰ ਤੇ 1848 ਦੀ ਜਰਮਨ ਕ੍ਰਾਂਤੀ ਪ੍ਰਤਿ ਇਸ ਦੁਆਰਾ ਵਿਖਾਈ ਹਮਦਰਦੀ ਕਾਰਨ ਸੀ । 1843 ਵਿਚ ਇਸ ਨੇ ਜਰਮਨ ਦੀ ਆਜ਼ਾਦ ਖ਼ਿਆਲਾਂ ਵਾਲੀ ਲਿਖਾਰਨ ਯੋਹਾਨਾ ਮਾਟੀਐੱਕਸ ਨਾਲ ਸ਼ਾਦੀ ਕਰ ਲਈ। ਇਸੇ ਸਾਲ ਇਸ ਦੀ ਪੁਸਤਕ (ਕਵਿਤਾਵਾਂ) ਛਪੀ ਅਤੇ ਕਾਫ਼ੀ ਲੋਕ-ਪ੍ਰਿਯ ਮੰਨੀ ਗਈ । ਇਸ ਨੇ ਇਕ ਨਾਟਕ '*Nirmod* (1857)' ਅਤੇ ਕਈ ਮਹਾਂ-ਕਾਵਿ ਛਾਪੇ। ਇਸ ਦਾ "*Otto der Schiitz* (1846)" ਮਹਾਂ-ਕਾਵਿ ਅਤੇ ਛੋਟੀਆਂ ਕਹਾਣੀਆਂ ਬਹੁਤ ਚੰਗੀਆਂ ਮੰਨੀਆਂ ਗਈਆਂ ਹਨ । ਇਸ ਦੀਆਂ ਹੋਰ ਲਿਖਤਾਂ ਵਿਚ ਚਿੱਤਰਕਾਰਾਂ ਅਤੇ ਕਵੀਆਂ ਉੱਤੇ ਲਿਖੇ ਲੇਖ ਅਤੇ ਆਰ. ਸਾਂਡਰ ਦੁਆਰਾ 1931 ਵਿਚ ਸੰਪਾਦਿਤ ਇਕ ਸਵੈ-ਜੀਵਨੀ ਹੈ । ਇਸ ਦੀ ਕਾਵਿ-ਰਚਨਾ ਵਿਚ ਸੰਨ 1848 ਤੋਂ ਮਗਰੋਂ ਜਰਮਨ ਦੇ ਸਾਹਿਤ ਵਿਚ ਅਕਸਰ ਪਾਈ ਜਾਂਦੀ ਭਾਵੁਕਤਾ ਮਿਲਦੀ ਹੈ।

ਸੰਨ 1845 ਵਿਚ ਇਹ ਬੌਨ ਵਿਖੇ ਕਲਾ ਅਤੇ ਸਭਿਆਚਾਰਕ ਇਤਿਹਾਸ ਦਾ ਪ੍ਰੋਫ਼ੈਸਰ ਬਣਿਆ ਅਤੇ 1848 ਵਿਚ ਇਸ ਦਾ ਝੁਕਾਅ ਪੱਤਰਕਾਰੀ ਵਲ ਹੋ ਗਿਆ ਅਤੇ ਇਸ ਨੇ (*Demokratischeverein*) (ਡੈਮੋਕ੍ਰੇਟਿਕ ਯੂਨੀਅਨ) ਅਖ਼ਬਾਰ ਸ਼ੁਰੂ ਕੀਤਾ । ਸੰਨ 1849 ਵਿਚ ਇਸ ਨੇ ਬੇਡਨ ਵਿਖੇ ਹੋਏ ਵਿਦ੍ਰੋਹ ਵਿਚ ਕਾਫੀ ਵਧ ਚੜ੍ਹ ਕੇ ਭਾਗ ਲਿਆ ਅਤੇ ਇਸ ਨੂੰ ਉਮਰ-ਕੈਦ ਹੋ ਗਈ । ਕਾਰਲ ਸ਼ੁਰਸ ਦੀ ਸਹਾਇਤਾ ਨਾਲ ਬਚ ਕੇ ਇਹ ਲੰਡਨ ਚਲਾ ਗਿਆ, ਜਿੱਥੇ ਇਹ ਪ੍ਰੋਫ਼ੈਸਰ ਲਗ ਗਿਆ।

ਲੰਡਨ ਵਿਚ ਇਸ ਦੀ ਪੱਤਰਕਾਰੀ ਦਾ ਝੁਕਾਅ ਸਮਝੌਤਿਆਂ ਵਲ ਸੀ, ਜਿਸ ਨੂੰ ਕ੍ਰਾਂਤੀਕਾਰੀ ਦਾਰਸ਼ਨਿਕ ਫ੍ਰੀਡਰਿਕ ਐਨੱਜੈਲੱਸ ਨੇ ਤਿਰਸਕਾਰਿਆ । ਸੰਨ 1866 ਵਿਚ ਕਿੰਗਕੈਲੱ, ਟਸੂਰਿਕ ਵਿਚ ਪੁਰਾਵਸ਼ੇਸ਼ ਵਿਦਿਆ ਅਤੇ ਚਿੱਤਰ-ਕਲਾ ਇਤਿਹਾਸ ਦਾ ਪ੍ਰੋਫ਼ੈਸਰ ਬਣ ਗਿਆ ।

ਅੰਤ ਵਿਚ 13 ਨਵੰਬਰ, 1882 ਨੂੰ ਟਸੂਰਿਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਚੈਂਬ. ਐਨ. 8 : 234; ਐਨ. ਬ੍ਰਿ. ਮਾ. 5 : 824

**ਕਿੰਗਜ਼ਪੋਰਟ :** ਸੰਯੁਕਤ ਰਾਜ ਅਮਰੀਕਾ ਦੇ ਟੈਨਿਸੀ ਰਾਜ ਵਿਚ ਸਲਿਵੈਨ ਕਾਊਂਟੀ ਦਾ ਇਹ ਇਕ ਸ਼ਹਿਰ ਹੈ ਜੋ ਹੋਲਸਟਾਲ ਦਰਿਆ ਉਤੇ, ਜਾਨਸਨ ਸਿਟੀ ਦੇ ਲਗਭਗ 30 ਕਿ. ਮੀ. ਉੱਤਰ-ਪੱਛਮ ਵਿਚ ਸਥਿੱਤ ਹੈ। ਇਹ ਸ਼ਹਿਰ ਪਹਾੜੀਆਂ ਨਾਲ ਘਿਰਿਆ ਹੈ। ਇਸ ਦੇ ਪੂਰਬ ਵਲ ਬਲਿਯੂ ਰਿੱਜ ਅਤੇ ਪੱਛਮ ਵਲ ਕੰਬਰਲੈਂਡਜ਼ ਹਨ। ਅਜੋਕੇ ਉਦਯੋਗਿਕ ਸ਼ਹਿਰ ਦੀ ਸਕੀਮ ਡਾਕਟਰ ਜਾਹਨ ਨਾਲਨ ਨਾਮੀ ਇਕ ਇੰਜਨੀਅਰ ਨੇ ਤਿਆਰ ਕੀਤੀ । ਸੰਨ 1917 ਵਿਚ ਇਸ ਨੂੰ ਸ਼ਹਿਰ ਦਾ ਦਰਜਾ ਦਿਤਾ ਗਿਆ । ਇਥੇ ਗੁੱਦਾ, ਕਾਗਜ਼, ਪੁਸਤਕਾਂ ਲਈ ਕੱਪੜਾ, ਸੂਤੀ ਕੱਪੜਾ, ਇੱਟਾਂ, ਸੀਮਿੰਟ, ਸ਼ੀਸ਼ਾ, ਹੌਜ਼ਰੀ, ਰਸਾਇਣਿਕ ਪਦਾਰਥ, ਪਲਾਸਟਿਕ, ਸੰਥੈਟਿਕ ਧਾਗਾ, ਧਾਤਾਂ ਦੀ ਢਲਾਈ, ਚਮੜੇ ਦਾ ਸਾਮਾਨ, ਖਾਦ ਅਤੇ ਉਦਯੋਗਿਕ ਮਸ਼ੀਨਰੀ ਤਿਆਰ ਕੀਤੀ ਜਾਂਦੀ ਹੈ। ਕਲਿੰਚਫੀਲਡ ਅਤੇ ਹੋਲਸਟਨ ਸੜਕ ਇਥੋਂ ਦੀਆਂ ਆਵਾਜਾਈ ਦੀਆਂ ਸਹੂਲਤਾਂ ਪ੍ਰਦਾਨ ਕਰਦੀਆਂ ਹਨ।

ਆਬਾਦੀ—31,938 (1970)

36° 32′ ਉ. ਵਿਥ; 82° 33′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 823; ਵ. ਯੂਨੀ. ਐਨ 8 : 2766; ਐਨ. ਅਮੈ. 16 : 447 ; ਕੋਲ. ਐਨ. 11 : 230.

**ਕਿੰਗਜ਼ਲੀ, ਹੈਨਰੀ :** ਇਸ ਨਾਵਲਕਾਰ ਦਾ ਜਨਮ 2 ਜਨਮ, 1830 ਨੂੰ ਨਾਰਥੈਮਪਟਨਸ਼ਿਰ ਵਿਖੇ ਬਾਰਨਾਕ ਵਿਚ ਹੋਇਆ। ਇਸ ਦੀਆਂ ਕਿਤਾਬਾਂ ਲਗਭਗ ਅੱਧੀ ਸਦੀ ਤਕ ਬਹੁਤ ਲੋਕਪ੍ਰਿਯ ਰਹੀਆਂ। ਇਨ੍ਹਾਂ ਵਿਚੋਂ ਵਿਸ਼ੇਸ਼ ਪੁਸਤਕਾਂ 'ਰੈਵਨਸ਼ੂ' (1861) ਅਤੇ 'ਦੀ ਹਿਲਯਾਰਸ ਐਂਡ ਦੀ ਬਰਟਨਜ਼' (1865) ਹਨ। ਆਕਸਫੋਰਡ ਯੂਨੀਵਰਸਿਟੀ ਛੱਡਣ ਤੋਂ ਮਗਰੋਂ ਇਹ ਸੋਨੇ ਦੀਆ ਖਾਣਾਂ ਵਾਲੇ ਇਲਾਕੇ ਵਲ ਚਲਾ ਗਿਆ, ਪ੍ਰੰਤੂ ਨਾਕਾਮਯਾਬ ਰਿਹਾ ਅਤੇ ਪੰਜ ਸਾਲ ਮਗਰੋਂ ਆਸਟ੍ਰੇਲੀਆ ਵਿਚ ਜੀਵਨ ਬਾਰੇ ਇਕ ਨਾਵਲ 'ਦੀ ਰੀਕੁਲੈਕਸ਼ਨਜ਼ ਆਫ਼ ਜੈਫ਼ਰੀ ਹੈਮਲੀਨ' (1859) ਲਿਖਣ ਲਈ ਇੰਗਲੈਂਡ ਵਾਪਸ ਆ ਗਿਆ। ਇਸ ਦੇ ਹੋਰ ਨਾਵਲ 'ਆਸਟੀਨ ਈਲੀਅਟ' (1863), ਫਰਾਂਸ ਦੀ ਕ੍ਰਾਂਤੀ ਬਾਰੇ 'mademoiselle Mathilde' (1868) ਅਤੇ 'ਦੀ ਬਾਏ ਇਨ ਗ੍ਰੇ' (1871) ਹਨ।

ਕੁਝ ਸਮਾਂ (1869-1871) ਇਸ ਨੇ 'ਐਡਨਬਰਗ ਰੀਵੀਊ ਦਾ ਸੰਪਾਦਨ ਕੀਤਾ ਅਤੇ 1870-71 ਦੀ ਫ਼ਰਾਂਸ-ਜਰਮਨ ਲੜਾਈ ਦੌਰਾਨ ਇਸ ਦਾ ਲੜਾਈ ਸਬੰਧੀ ਪ੍ਰਤਿਨਿਧੀ ਵੀ ਰਿਹਾ।

ਇਸ ਦੇ ਚੰਗੇ ਨਾਵਲ ਸੰਜੀਦਗੀ ਅਤੇ ਪਾਤਰ-ਪ੍ਰਦਾਨ ਹਨ, ਪੰਤੂ ਪਲਾਟ ਚੰਗੀ ਤਰ੍ਹਾਂ ਨਹੀਂ ਬਣਾਏ ਗਏ। ਅੰਤ ਵਿਚ 24 ਮਈ, 1876 ਨੂੰ ਸੱਸੈੱਕਸ ਵਿਖੇ ਕੱਕਫੀਲਡ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5 : 822; ਚੈਂਬ. ਐਨ. 5 : 232.

**ਕਿੰਗਜ਼ਲੀ, ਚਾਰਲਸ :** ਇਸ ਅੰਗ੍ਰੇਜ਼ੀ ਦੇ ਨਾਵਲਕਾਰ ਦਾ ਜਨਮ 12 ਜੂਨ, 1819 ਨੂੰ ਡੈੱਵਨਸ਼ਿਰ ਵਿਚ ਹੋਇਆ। ਸੰਨ 1844 ਵਿਚ ਐਵਰਸ਼ਲੇ, ਹੈਂਪਸ਼ਿਰ ਦਾ ਰੈਕਟਰ ਬਣ ਗਿਆ ਤੇ ਇਸ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਇਥੇ ਹੀ ਬਿਤਾਇਆ। ਇਹ ਬੜੇ ਚੰਗੇ ਆਚਰਨ ਵਾਲਾ ਭਾਵਿਕ ਵਿਅਕਤੀ ਸੀ। ਇਸ ਨੇ 'ਯੀਸਟ' (1848) ਅਤੇ 'ਆਲਟਨ ਲੋਕ' (1849) ਦੋ ਨਾਵਲ ਲਿਖੇ ਜਿਨ੍ਹਾਂ ਵਿਚ ਲੰਡਨ ਦੇ ਗਰੀਬਾਂ ਦੀ ਬੜੀ ਵਧੀਆ ਤਸਵੀਰ ਪੇਸ਼ ਕੀਤੀ ਗਈ ਹੈ। ਇਸ ਨੇ ਇਕ ਨਾਟਕ 'ਸੇਂਟਸ ਟ੍ਰੈਜਡੀ' (1848), ਵੀ ਲਿਖਿਆ। ਇਸ ਦੇ ਅਗਾਂਹ-ਵਧੂ ਧਾਰਮਕ ਅਤੇ ਸਮਾਜਕ ਵਿਚਾਰਾਂ ਕਾਰਨ ਅਖਬਾਰਾਂ ਵਿਚ ਇਸ ਵਿਰੁਧ ਪ੍ਰਚਾਰ ਕੀਤਾ ਗਿਆ ਜਿਸ ਕਾਰਨ 1851 ਵਿਚ ਲੰਡਨ ਦੇ ਬਿਸ਼ਪ ਨੇ ਇਸ ਨੂੰ ਪ੍ਰਚਾਰ ਕਰਨ ਤੇ ਰੋਕ ਲਗਾ ਦਿਤੀ ਜੋ ਬਾਦ ਵਿਚ ਹਟਾ ਦਿਤੀ ਗਈ। ਇਸ ਦੀ 'ਹਾਈਪੇਸ਼ੀਆ' (1853) ਨਾਂ ਦੀ ਰਚਨਾ ਮੁਢਲੇ ਈਸਾਈ ਧਰਮ ਨਾਲ ਸਬੰਧਿਤ ਹੈ। 1860 ਵਿਚ ਇਸ ਨੂੰ ਕੈਂਬ੍ਰਿਜ ਵਿਖੇ ਆਧੁਨਿਕ ਇਤਿਹਾਸ ਦਾ ਪ੍ਰੋਫ਼ੈਸਰ ਲਗਾਇਆ ਗਿਆ ਪਰ ਇਹ ਬਹੁਤਾ ਕਾਮਯਾਬ ਨਾ ਹੋ ਸਕਿਆ ਤੇ 1869 ਵਿਚ ਖ਼ੁਸ਼ੀ ਨਾਲ ਰਿਟਾਇਰ ਹੋ ਗਿਆ। ਇਸ ਸਮੇਂ ਦੌਰਾਨ ਇਸ ਨੇ 'ਹੀਅਰ ਵਾਰਡ ਦੀ ਵੇਕ' (1866) ਇਤਹਾਸਿਕ ਰੁਮਾਂਸ ਲਿਖਿਆ। ਇਸ ਤੋਂ ਇਲਾਵਾ ਇਸ ਨੇ 'ਦੀ ਹੀਰੋ' (1856), 'ਦੀ ਵਾਟਰ ਬੇਬੀਜ਼' (1863), 'ਮੈਡਮ ਹਉ ਐਂਡ ਮੈਡਮ ਵਾਈ' ਆਦਿ ਹੋਰ ਪੁਸਤਕਾਂ ਪੇਸ਼ ਕੀਤੀਆਂ। ਇਸ ਦੀ ਮੌਤ ਐਵਰਸਲੇ ਵਿਖੇ 25 ਜਨਵਰੀ, 1875 ਨੂੰ ਹੋਈ।



ਕਿੰਗਜ਼ਲੀ, ਚਾਰਲਸ

ਹ. ਪ.—ਕ. ਮੂ. ਬਾ. 851

**ਕਿੰਗਜ਼ਲੀ, ਮਾਰੀਆ ਹੈਨੱਰੀਐੱਟਾ :** ਇਕ ਔਰਤ ਯਾਤਰੀ, ਜਿਸ ਨੇ ਆਪਣੇ ਸਮੇਂ ਦੀਆਂ ਰਵਾਇਤਾਂ ਦੇ ਉਲਟ ਪੱਛਮੀ ਅਤੇ ਭੂ-ਮੱਧ ਰੇਖੀ ਅਫ਼ਰੀਕਾ ਦੀ ਯਾਤਰਾ ਕੀਤੀ ਅਤੇ ਗਾਬੋਨ ਦੇ ਖੇਤਰ ਵਿਚ ਦਾਖ਼ਲ ਹੋਣ ਵਾਲੇ ਪਹਿਲੇ ਯੂਰਪੀਅਨ ਵਜੋਂ ਸਨਮਾਨ ਪ੍ਰਾਪਤ ਕੀਤਾ। ਇਸ ਦਾ ਜਨਮ 13 ਨਵੰਬਰ, 1862 ਨੂੰ ਲੰਡਨ ਵਿਖੇ ਹੋਇਆ। ਇਹ ਆਪਣੇ ਸਵਰਗਵਾਸੀ ਪਿਤਾ ਦੀ ਅਧੂਰੀ ਪੁਸਤਕ ਨੂੰ ਪੂਰਾ ਕਰਨ ਦੇ ਮਨੋਰਥ ਨੂੰ ਲੈ ਕੇ ਅਫ਼ਰੀਕਾ ਗਈ। ਸੰਨ 1893 ਤੇ 1894 ਵਿਚ ਇਸ ਨੇ ਜ਼ਾਈਰੇ ਅਤੇ ਕਾਂਗੋ ਗਣਤੰਤਰ ਵਿਚਕਾਰਲੀ ਅੰਗੋਲਾ ਦੇ ਕਾਬੀਨਡਾ ਤੱਟੀ ਘੇਰੇ; ਦੂਰ ਦੱਖਣੀ ਨਾਈਜੀਰੀਆ ਵਿਚ ਪੁਰਾਣੇ ਕੈਲਾਬਰ, ਕੈਮਰੂ ਤੱਟ ਦੇ ਨੇੜੇ ਭੂ-ਮੱਧ ਰੇਖੀ ਗੀਨੀ ਦੇ ਇਕ ਹਿੱਸੇ ਫਰਨੈਂਡੋ ਪਾ ਜ਼ਖ਼ੀਰੇ ਆਦਿ ਵਰਗੇ ਅਨੇਕਾਂ ਹੋਰ ਖ਼ਤਰਨਾਕ ਇਲਾਕਿਆਂ ਦੇ ਸਾਹਸਪੂਰਨ ਦੌਰੇ ਕੀਤੇ ਅਤੇ ਬੇਸ਼ੁਮਾਰ ਕੁਲੈਕਸ਼ਨਾਂ ਕੀਤੀਆਂ ਜਿਹੜੀਆਂ ਵਾਪਸ ਆ ਕੇ ਇੰਗਲੈਂਡ ਵਿਚ ਮਿਊਜ਼ੀਅਮ ਨੂੰ ਭੇਂਟ ਕਰ ਦਿਤੀਆਂ, ਜਿਨ੍ਹਾਂ ਵਿਚ ਕਈ ਭੂੰਡ ਅਤੇ ਤਾਜ਼ੇ-ਪਾਣੀ ਦੀਆਂ ਮੱਛੀਆਂ ਵੀ ਸਨ। ਇਸ ਦੀਆਂ ਪੁਸਤਕਾਂ 'Travels in West Africa' (1897) ਅਤੇ 'West African studies' (1899) ਵਿਚ ਇਸ ਦੀ ਕਾਲੇ ਅਫਰੀਕਨਾਂ ਲਈ ਹਮਦਰਦੀ ਦਾ ਪਤਾ ਲਗਦਾ ਹੈ। ਜਦੋਂ ਇਹ ਬੋਇਰ ਲੜਾਈ ਵਿਚ ਕੈਦੀਆਂ ਦੀ ਸੇਵਾ ਕਰ ਰਹੀ ਸੀ ਤਾਂ 3 ਜੂਨ, 1900 ਈ. ਨੂੰ ਕੇਪ ਟਾਊਨ ਦੇ ਨੇੜੇ ਸਾਈਮਨਜ਼ ਟਾਊਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5 : 822

**ਕਿੰਗਜ਼ਵਿਲ :** ਦੱਖਣੀ ਟੈਕਸਾਸ ਰਾਜ (ਸ. ਰ. ਅ.) ਦੀ ਕਲੀਬਰਗ ਕਾਊਂਟੀ ਦਾ ਸਦਰ-ਮੁਕਾਮ ਹੈ ਜੋ ਤੱਟੀ ਮੈਦਾਨ ਉਤੇ ਸਥਿਤ ਹੈ। ਸੇਂਟ ਲੂਇਸ ਬਰਾਊਜ਼ਵਿਲ ਅਤੇ ਮੈਕਸੀਕੋ ਰੇਲਰੋਡ ਦਾ ਹੈਡਕੁਆਟਰ ਬਣਾਉਣ ਲਈ, ਸੰਨ 1903 ਵਿਚ ਇਹ ਸ਼ਹਿਰ 'ਕਿੰਗ ਰੈਂਚ' ਵਾਲੇ ਸਥਾਨ ਤੇ ਉੱਨਤ ਕੀਤਾ ਗਿਆ। ਕਿੰਗ ਰੈਂਚ ਦੇ ਹੈਡਕੁਆਟਰਜ਼ ਹੋਣ ਕਾਰਨ ਇਹ ਸ਼ਹਿਰ ਪਸ਼ੂ ਪਾਲਣ ਦਾ ਮੁਖ ਸਥਾਨ ਬਣ ਗਿਆ। ਪਹਿਲਾਂ ਸੰਨ 1853 ਵਿਚ 15,500 ਏਕੜ (6273 ਹੈਕਟੇਅਰ) ਦਾ ਰਕਬਾ ਦੋ ਸੈਂਟ ਪ੍ਰਤਿ ਏਕੜ ਤੋਂ ਵੀ ਘਟ ਕੀਮਤ ਤੇ ਖਰੀਦਿਆ ਗਿਆ ਸੀ। ਰਿਚਰਡ ਕਿੰਗ (ਆਰੰਭ ਵਿਕ ਭਾਫ ਨਾਲ ਚਲਣ ਵਾਲੀ ਕਿਸ਼ਤੀ ਦਾ ਕਪਤਾਨ) ਅਤੇ ਉਸ ਦੇ ਵਾਰਸਾਂ ਨੇ ਲਗਭਗ 1,000,000 ਏਕੜ ਦੇ ਰਕਬੇ ਵਿਚ ਪਸ਼ੂਆਂ ਦੀ ਜਾਗੀਰ ਬਣਾ ਲਈ। ਕੋਈ 50,000 ਤੋਂ ਵਧ ਪਸ਼ੂ ਇਸ ਦੀਆਂ ਰੇਂਜਾਂ ਵਿਚ ਚਰਦੇ ਹਨ। ਇਥੇ ਜ਼ਰਾਇਤੀ ਖੋਜ, ਪਸ਼ੂਆਂ ਖਾਸ ਕਰਕੇ ਗਾਵਾਂ ਅਤੇ ਘੋੜਿਆਂ ਦੀਆਂ ਚੰਗੀਆਂ ਨਸਲਾਂ ਤਿਆਰ ਕੀਤੀਆਂ ਜਾਂਦੀਆਂ ਹਨ। ਘੋੜਿਆਂ ਦੀ ਸਿਖਲਾਈ ਵੀ ਇਥੇ ਹੁੰਦੀ ਹੈ।

ਕਿੰਗਜ਼ਵਿਲ ਪੈਟਰੋਲੀਅਮ ਦਾ ਵੀ ਕੇਂਦਰ ਹੈ। ਕਿੰਗ ਰੇਂਜ ਵਿਚ ਇਕ ਗੈਸ ਪਲਾਂਟ ਹੈ ਜਿਸ ਦੀ ਪ੍ਰਤਿ ਦਿਨ 800,000,000 ਕਿ. ਫੁ. ਕੁਦਰਤੀ ਗੈਸ ਪੈਦਾ ਕਰਨ ਦੀ ਸਮਰਥਾ ਹੈ। ਇਸ ਤੋਂ ਇਲਾਵਾ ਇਥੇ ਪੈਟਰੋ-ਕੈਮੀਕਲ ਪਲਾਂਟ ਵੀ ਹੈ।

ਸ਼ਹਿਰ ਦੇ ਪੂਰਬ ਵੱਲ ਜੈੱਟ ਦੀ ਸਿਖਲਾਈ ਲਈ ਸੰਯੁਕਤ ਰਾਜ ਦੀ ਸਮੁੰਦਰੀ ਫੌਜ ਦਾ ਸਹਾਇਕ ਹਵਾਈ ਅੱਡਾ ਹੈ। ਸ਼ਹਿਰ ਦੇ ਪਛਮ ਵੱਲ 'ਟੈਕਸਾਸ ਕਾਲਜ ਆਫ ਆਰਟਸ ਐਂਡ ਇੰਡਸਟਰੀਜ਼ ਹੈ।

ਆਬਾਦੀ—28,711 (1970)

27° 31′ ਉ. ਵਿਥ; 97° 52′ ਪੱ. ਲੰਬ.

ਹ. ਪੁ.—ਐਨ. ਬ੍ਰਿ. 13 : 369; ਐਨ. ਬ੍ਰਿ. ਮਾ. 5 : 824

**ਕਿੰਗ-ਫ਼ਿਸ਼ਰ (ਪੰਛੀ ਜਾਂ ਮੱਛੀਆਂ) :** ਇਹ ਕੋਰਾਸਾਈ ਫਾਰਮੀਜ਼ ਵਰਗ ਦੀ ਐਲਸਿਡੀਨਿਡੀ ਕੁਲ ਦਾ ਪੰਛੀ ਹੈ। ਇਨ੍ਹਾਂ ਵੱਡੀਆਂ



ਕਿੰਗ ਫ਼ਿਸ਼ਰ

ਚੁੰਜਾਂ ਵਾਲੇ ਪੰਛੀਆਂ ਦੀਆਂ ਤਕਰੀਬਨ 85 ਜਾਤੀਆਂ ਲਗਭਗ ਸਾਰੀ ਦੁਨੀਆਂ ਵਿਚ ਹੀ ਮਿਲਦੀਆਂ ਹਨ ਪਰ ਮੁੱਖ ਤੌਰ ਤੇ ਇਹ ਊਸ਼ਣ ਖੰਡਾਂ ਵਿਚ ਹੀ ਹੁੰਦੇ ਹਨ । ਇਸ ਦੀ ਬਹੁਤੀ ਪ੍ਰਸਿੱਧ ਉੱਤਰੀ ਅਮਰੀਕਾ ਦੀ ਇਕੋ ਇਕ ਜਾਤੀ ਮੈਗਾਸੀਰਾਈਲ ਐਲਸੀਓਨ (*Megaceryle alcyon*) ਹੈ।

ਕਿੰਗ-ਫ਼ਿਸ਼ਰ ਤਕਰੀਬਨ 12-45 ਸੈਂ. ਮੀ. ਲੰਬਾ ਹੁੰਦਾ ਹੈ । ਬਹੁਤੇ ਪੰਛੀ ਗਠੀਲੇ ਸਰੀਰ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਦੇ ਸ਼ੋਖ ਖੰਭਾਂ ਉਤੇ ਬੜੇ ਉਘੜਵੇਂ ਡਿਜ਼ਾਈਨ ਹੁੰਦੇ ਹਨ । ਕਈ ਪੰਛੀਆਂ ਦੀ ਕਲਗੀ ਹੁੰਦੀ ਹੈ । ਪੈਰ ਛੋਟੇ ਹੁੰਦੇ ਹਨ ਅਤੇ ਕੁਝ ਕੁ ਨੂੰ ਛੱਡ ਕੇ ਬਾਕੀਆਂ ਦੀ ਪੂਛ ਛੋਟੀ ਜਾਂ ਦਰਮਿਆਨੀ ਲੰਬਾਈ ਵਾਲੀ ਹੁੰਦੀ ਹੈ । ਇਹ ਇਕਾਂਤਵਾਸੀ ਪੰਛੀ ਹਨ, ਜਿਹੜੇ ਛਣਕਵੀਂ ਜਾਂ ਘੰਟੀ ਵਾਂਗੂ ਆਵਾਜ਼ ਕੱਢਦੇ ਹਨ । ਇਹ ਆਪਣੇ ਆਲ੍ਹਣੇ ਪਾਣੀ ਦੇ ਰੇਤਲੇ ਕਿਨਾਰਿਆਂ ਵਿਚ ਜਾਂ ਦਰਖ਼ਤਾਂ ਦੀਆਂ ਖੋਲ੍ਹਾਂ ਵਿਚ ਬਣਾਉਂਦੇ ਹਨ । ਕੁਝ ਊਸ਼ਣ ਖੰਡੀ ਕਿਸਮਾਂ ਸਿਉਂਕਾਂ ਦੇ ਭੌਣਾਂ ਵਿਚ ਘਰ ਬਣਾਉਂਦੀਆਂ ਹਨ, ਜਿਸ ਵਿਚ ਇਹ 6-8, ਚਿੱਟੇ ਅੰਡੇ ਦਿੰਦੇ ਹਨ ।

ਐਲਸਿਡੀਨਿਨੀ ਉਪ-ਕੁਲ ਦੇ ਕਿੰਗ-ਫ਼ਿਸ਼ਰਾਂ ਦੀਆਂ ਚੁੰਝਾਂ ਪਤਲੀਆਂ ਹੁੰਦੀਆਂ ਹਨ ਅਤੇ ਇਹ ਛੋਟੀਆਂ-ਛੋਟੀਆਂ ਮੱਛੀਆਂ ਫੜਨ ਲਈ ਪਾਣੀ ਵਿਚ ਚੁੱਭੀ ਮਾਰਦੇ ਹਨ । ਕਈ ਛੋਟੇ-ਛੋਟੇ ਜਲੀ ਪ੍ਰਾਣੀਆਂ ਦੇ ਵੀ ਆਹਾਰ ਕਰਦੇ ਹਨ । ਡਸੀਲੋਨਿਨੀ ਉਪ-ਕੁਲ ਦੇ ਪੰਛੀਆਂ ਦੀਆਂ ਚੁੰਝਾਂ ਚੌੜੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਪਾਣੀ ਨਾਲ ਸਾਂਝ ਵੀ ਘੱਟ ਹੁੰਦੀ ਹੈ ।

ਹ. ਪ.—ਐਨ. ਬ੍ਰਿ. 13 : 363; ਐਨ. ਬ੍ਰਿ. ਮਾ. 5 : 818

**ਕਿੰਗ ਬਰਡ :** ਇਹ ਪੈਸੈਰੀਫ਼ੌਰਮੀਜ਼ ਵਰਗ ਦੀ ਟਿਰੈਨਿਡੀ ਕੁਲ ਅਤੇ ਟਿਰੈਨਸ ਪ੍ਰਜਾਤੀ ਦੇ ਪੰਛੀ ਹਨ । ਇਨ੍ਹਾਂ ਦੀਆਂ ਨੌਂ ਜਾਤੀਆਂ ਹਨ ਜਿਹੜੀਆਂ ਕੈਨੇਡਾ ਤੋਂ ਅਰਜਨਟਾਈਨਾ ਤਕ ਮਿਲਦੀਆਂ ਹਨ । ਇਹ ਪੰਛੀ ਆਪਣੇ ਲੜਾਕੇਪਨ ਲਈ ਮਸ਼ਹੂਰ ਹਨ ।



ਭਾਵੇਂ ਇਹ ਪੰਛੀ ਸਿਰਫ 20 ਕੁ ਸੈਂ. ਮੀ. ਹੀ ਲੰਮਾ ਹੁੰਦਾ ਹੈ, ਪਰ ਕਾਵਾਂ ਤੇ ਬਾਜ਼ਾਂ ਦੀ ਤਰ੍ਹਾਂ ਆਪਣੇ ਸ਼ਿਕਾਰ ਦਾ ਬਹੁਤ ਦੂਰ ਤੱਕ ਪਿੱਛਾ ਕਰਦਾ ਹੈ ਅਤੇ ਉਨ੍ਹਾਂ ਦੀ ਪਿੱਠ ਉਪਰ ਚੜ੍ਹਕੇ ਸਿਰ ਵਿਚ ਠੂੰਗੇ ਵੀ ਮਾਰਦਾ ਹੈ । ਇਸ ਦਾ ਰੰਗ ਉਪਰੋਂ ਸਲੇਟੀ ਅਤੇ ਹੇਠਲੇ ਪਾਸੇ ਤੋਂ ਚਿੱਟਾ, ਸਲੇਟੀ ਜਾਂ ਪੀਲਾ ਹੁੰਦਾ ਹੈ । ਸਿਰ ਉਤੇ (ਛੁਪੀ ਹੋਈ) ਲਾਲ ਸੰਤਰੀ ਜਾਂ ਪੀਲੇ ਰੰਗ ਦੀ ਕਲਗੀ ਹੁੰਦੀ ਹੈ । ਇਨ੍ਹਾਂ ਦਾ ਆਹਾਰ ਕੀੜੇ ਮਕੌੜੇ ਹਨ ।

ਹ. ਪ.—ਐਨ. ਬ੍ਰਿ. ਮਾ. 5 : 818; ਐਨ. ਬ੍ਰਿ. 13 : 362

**ਕਿੰਗ, ਮਾਰਟਿਨ ਲੂਥਰ :** ਇਹ ਅਮਰੀਕਨ ਪਾਦਰੀ ਅਤੇ ਨੀਗਰੋ ਲੀਡਰ ਸੀ । ਇਹ ਬਪਤਿਸਮਾ ਪਾਦਰੀ, ਏਕਤਾਵਾਦੀ ਅਤੇ ਸ਼ਹਿਰੀ ਹੱਕਾਂ ਦੀ ਮੁਹਿੰਮ ਦਾ ਨੇਤਾ ਸੀ । ਇਹ ਸਦਾ ਅਮਨ ਦਾ ਹਾਮੀ ਰਿਹਾ ਅਤੇ ਆਪਣੇ ਮੱਤ ਦੇ ਪ੍ਰਚਾਰ ਲਈ ਇਸ ਨੇ ਸਾਰੀ ਦੁਨੀਆਂ ਦਾ ਦੌਰਾ ਕੀਤਾ । ਇਸ ਨੂੰ 1964 ਵਿਚ ਅਮਨ ਲਈ ਨੋਬਲ ਪੁਰਸਕਾਰ ਮਿਲਿਆ ।



ਮਾਰਟਿਨ ਲੂਥਰ ਕਿੰਗ

ਇਸ ਦਾ ਜਨਮ 15 ਜਨਵਰੀ, 1929 ਨੂੰ ਜਾਰਜੀਆ ਵਿਚ ਐਟਲੈਂਟਾ ਵਿਖੇ ਹੋਇਆ । ਇਸ ਨੇ ਮੋਰਹਾਊਸ ਕਾਲਜ ਅਤੇ ਬੋਸਟਨ ਯੂਨੀਵਰਸਿਟੀ ਤੋਂ ਸਿਖਿਆ ਪ੍ਰਾਪਤ ਕੀਤੀ । 17 ਜੂਨ, 1953 ਨੂੰ ਇਸ ਨੇ ਬੋਸਟਨ ਯੂਨੀਵਰਸਿਟੀ ਵਿਚ ਸੰਗੀਤ ਦੀ ਵਿਦਿਆਰਥਣ ਕੋਰੇਟਾ ਸਕੌਟ ਨਾਲ ਵਿਆਹ ਕੀਤਾ । ਜਦੋਂ ਇਸ ਨੇ 1956 ਵਿਚ ਨਸਲੀ ਪੱਖਪਾਤ ਦੇ ਵਿਰੁੱਧ ਮੌਂਟਗੁਮਰੀ ਵਿਚ ਜਨਤਕ-ਬੱਸਾਂ ਦੇ ਵਿਰੁੱਧ ਬਾਈਕਾਟ ਦੀ ਮੁਹਿੰਮ ਚਲਾਈ ਤਾਂ ਇਸ ਗੱਲ ਨੇ ਸਾਰੀ ਕੌਮ ਦਾ ਧਿਆਨ ਖਿੱਚ ਲਿਆ । ਇਸ ਜਿੱਤ ਤੋਂ ਪਿਛੋਂ ਇਸ ਨੇ ਦੱਖਣੀ ਕ੍ਰਿਸਚਨ ਲੀਡਰਸ਼ਿਪ ਕਾਨਫਰੰਸ ਦਾ ਸੰਗਠਨ ਕੀਤਾ, ਜਿਸ ਨਾਲ ਇਹ ਕੌਮੀ ਪੱਧਰ ਤੇ ਪ੍ਰਸਿੱਧੀ ਪ੍ਰਾਪਤ ਕਰ ਗਿਆ । ਮਾਰਟਿਨ ਲੂਥਰ ਕਿੰਗ ਮਹਾਤਮਾ ਗਾਂਧੀ ਦੀ ਅਹਿੰਸਾ ਫ਼ਿਲਾਸਫ਼ੀ ਦਾ ਪੂਰਾ ਸਮਰਥਕ ਸੀ । ਇਸ ਦੀਆਂ ਪ੍ਰਸਿੱਧ ਰਚਨਾਵਾਂ ਸਟਰਾਈਡ ਟੂਵਾਰਡਜ਼ ਫ੍ਰੀਡਮ (1958), ਸਟਰੈਂਥ, ਟੂ ਲਵ (1963) ਅਤੇ ਵਾਇ ਵੀ ਕਾਂਟ ਵੇਟ 1964 ਹਨ ।

4 ਅਪ੍ਰੈਲ, 1968 ਨੂੰ ਇਸ ਦੀ ਮੌਤ ਇਕ ਦੱਖਣੀ ਚਿੱਟ ਚਮੜੀਏ ਜੇਮਜ਼ ਅਰਲ ਰੇ ਵੱਲੋਂ ਲੁਕ ਕੇ ਗੋਲੀ ਮਾਰਨ ਨਾਲ ਹੋਈ । ਦੋਸ਼ੀ ਨੇ 10 ਮਾਰਚ, 1969 ਨੂੰ ਆਪਣੇ ਜੁਰਮ ਦਾ ਇਕਬਾਲ ਕੀਤਾ ਅਤੇ ਉਸ ਨੂੰ 99 ਸਾਲ ਦੀ ਕੈਦ ਦੀ ਸਜ਼ਾ ਹੋਈ ।

ਹ. ਪ.—ਐਵ. ਐਨ. 7 : 338 ; ਐਨ. ਬ੍ਰਿ. 13 : 359 ;
ਐਨ. ਬ੍ਰਿ. ਮੈ.; 10

**ਕਿੰਗ ਵਿਲੀਅਮਜ਼ ਟਾਊਨ :** ਇਹ ਸ਼ਹਿਰ ਦੱਖਣੀ ਅਫ਼ਰੀਕਾ ਗਣਰਾਜ ਦੇ ਕੇਪ ਆੱਫ਼ ਗੁਡ ਹੋਪ ਪ੍ਰਾਂਤ ਵਿਚ ਬਫ਼ਾਲੋ ਦਰਿਆ ਦੇ ਖੱਬੇ ਕੰਢੇ ਪੂਰਬੀ ਲੰਡਨ ਤੋਂ 65 ਕਿ. ਮੀ. ਦੂਰ ਵੱਸਿਆ ਹੋਇਆ ਹੈ । ਇਹ ਅਮਾਤੁਲਾ ਪਰਬਤਾਂ ਤੋਂ 27 ਕਿ. ਮੀ. ਦੂਰ ਸਾਗਰੀ ਤਲ ਤੋਂ 366 ਮੀ. ਦੀ ਉਚਾਈ ਤੇ ਸਥਿਤ ਹੈ ਜਿਸ ਨੂੰ ਸਥਾਨਕ ਤੌਰ ਤੇ ਕਿੰਗ ਕਿਹਾ ਜਾਂਦਾ ਹੈ । ਆਲੇ ਦੁਆਲੇ ਦੇ ਇਲਾਕਿਆਂ ਲਈ ਇਹ ਇਕ ਵਪਾਰਕ ਅਤੇ ਸ਼ਾਸਕੀ ਕੇਂਦਰ ਹੈ । ਇਥੇ ਸਾਬਣ ਤੇ ਮੋਮਬੱਤੀਆਂ ਬਣਾਉਣ, ਕਪਾਹ ਵੇਲਣ ਅਤੇ ਕੱਤਣ, ਕੱਪੜੇ ਬੁਣਨ, ਖਾਦ ਅਤੇ ਤਕਨੀਕੀ ਵਸਤਾਂ ਤੇ ਬੱਸਾਂ ਆਦਿ ਬਣਾਉਣ ਦਾ ਕੰਮ ਹੁੰਦਾ ਹੈ । ਸ਼ਹਿਰ ਵਿਚ ਕਾਫਰੇਰੀਆਨ ਅਜਾਇਬ ਘਰ, ਹਸਪਤਾਲ, ਸਕੂਲ, ਖੇਡ ਸੁਵਿਧਾਵਾਂ ਅਤੇ ਬੁਟੈਨੀਕਲ ਬਾਗ਼ ਵੇਖਣ ਯੋਗ ਥਾਵਾਂ ਹਨ । ਇਥੋਂ ਦੀ ਸਥਾਪਨਾ ਜੌਨ ਬਰਾਊਨ ਲੀ ਨੇ ਸੰਨ 1825 ਵਿਚ ਧਰਮ-ਪ੍ਰਚਾਰ ਦੇ ਮੰਤਵ ਲਈ ਕੀਤੀ ਸੀ ਅਤੇ ਬਾਅਦ ਵਿਚ ਇਸ ਦਾ ਨਾਂ ਇੰਗਲੈਂਡ ਦੇ ਕਿੰਗ ਵਿਲੀਅਮ ਪੰਜਵੇਂ ਦੇ ਨਾਂ ਤੇ ਰੱਖ ਦਿੱਤਾ ਗਿਆ । ਸੰਨ 1861 ਵਿਚ ਇਸ ਨੂੰ ਬਰੋ ਬਣਾ ਦਿੱਤਾ ਗਿਆ ।

**ਆਬਾਦੀ—16,600 (1970)**
**32° 51′ ਦੱ. ਵਿਥ.; 27° 22′ ਪੂ. ਲੰਬ.**
ਹ. ਪ.—ਐਨ. ਬ੍ਰਿ. 13 : 369

**ਕਿੰਗ, ਵਿਲੀਅਮ ਲਾਈਅਨ ਮਾਕੈਂਜ਼ੀ :** ਲਗਾਤਾਰ 21 ਸਾਲਾਂ ਲਈ ਕੈਨੇਡਾ ਦਾ ਪ੍ਰਧਾਨ ਮੰਤਰੀ ਬਣਨ ਵਾਲੇ ਇਸ ਵਿਅਕਤੀ ਦਾ ਜਨਮ 17 ਦਸੰਬਰ, 1874 ਨੂੰ ਬਰਲਿਨ (ਹੁਣ ਕਿਚਨਰ) ਵਿਖੇ ਹੋਇਆ। ਟੋਰਾਂਟੋ, ਸ਼ਿਕਾਗੋ, ਲੰਡਨ ਯੂਨੀਵਰਸਿਟੀਆਂ ਤੋਂ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਸਮਾਜਕ ਕੰਮ ਅਤੇ ਅੰਗਰੇਜ਼ਾਂ ਤੇ ਫਰਾਂਸੀਸੀਆਂ ਵਿਚਕਾਰ ਮੇਲ-ਜੋਲ ਬਣਾਈ ਰੱਖਣ ਦੇ ਕੰਮ ਵਿੱਚ ਜੁੱਟ ਗਿਆ। ਸੰਯੁਕਤ ਰਾਜ ਵਿਚ ਉਦਯੋਗਿਕ ਸਬੰਧਾਂ ਬਾਰੇ ਇਸ ਨੇ 1918 ਈ. ਵਿਚ *Industry and Humanity*. ਸਿਰਲੇਖ ਹੇਠਾਂ ਇਕ ਪੁਸਤਕ ਛਪਵਾਈ। ਇਹ 1919 ਈ. ਵਿਚ ਲਿਬਰਲ ਪਾਰਟੀ ਦਾ ਨੇਤਾ ਬਣਿਆ ਅਤੇ 1921 ਈ. ਵਿਚ ਪ੍ਰਧਾਨ ਮੰਤਰੀ ਬਣ ਗਿਆ। ਸੰਨ 1926 ਵਿਚ ਅਸਤੀਫ਼ਾ ਦੇ ਦਿਤਾ ਪਰ ਫਿਰ ਮੁੜਕੇ ਇਸੇ ਸਾਲ ਪ੍ਰਧਾਨ ਮੰਤਰੀ ਬਣ ਗਿਆ। ਇਸ ਦੀ ਸਰਕਾਰ 1930 ਈ. ਵਿਚ ਚੋਣਾਂ ਹਾਰ ਗਈ ਪਰ 1935 ਈ. ਵਿਚ ਫਿਰ ਜਿੱਤ ਗਈ ਅਤੇ ਇਹ ਲਗਾਤਾਰ 1948 ਈ. ਤੱਕ ਰੀਟਾਇਰ ਹੋਣ ਤਕ ਪ੍ਰਧਾਨ ਮੰਤਰੀ ਰਿਹਾ।

22 ਜੁਲਾਈ, 1950 ਈ. ਨੂੰ ਕਿੰਗਜ਼ਮੀਅਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪ੍ਰ.—ਐਨ. ਬ੍ਰਿ. ਮਾ. 5 : 817

**ਕਿੰਗੋਮਾ ਖੇਤਰ :** ਪੱਛਮੀ ਤਨਜ਼ਾਨੀਆ ਦੀ ਇਹ ਇਕ ਪ੍ਰਬੰਧਕੀ ਇਕਾਈ (1963 ਵਿਚ ਹੋਂਦ ਵਿਚ ਆਈ) ਹੈ। ਉੱਤਰ-ਪੱਛਮ ਵੱਲ ਬਰੁੰਡੀ ਅਤੇ ਪੱਛਮ ਵੱਲ ਟਾਂਗਾਨੀਕਾ ਝੀਲ ਇਸ ਦੀ ਸਰਹੱਦ ਬਣਾਉਂਦੀਆਂ ਹਨ। ਇਸ ਦਾ ਕੁੱਲ ਰਕਬਾ 45,070 ਵ. ਕਿ. ਮੀ. ਹੈ। ਸੰਨ 1978 ਵਿਚ ਇਥੋਂ ਦੀ ਕੁੱਲ ਆਬਾਦੀ 648,250 ਸੀ। ਇਸ ਦੀ ਕੇਂਦਰੀ ਪਠਾਰ ਦੇ ਆਲੇ ਦੁਆਲੇ ਉੱਚ-ਭੂਮੀਆਂ ਹਨ ਅਤੇ ਦੱਖਣ-ਪੱਛਮ ਵੱਲ ਪੱਛਮੀ ਦਰਾੜ ਘਾਟੀ ਹੈ।

ਇਥੋਂ ਦੀ ਸਾਲਾਨਾ ਵਰਖਾ 76.2 ਸੈਂ. ਮੀ. ਤੋਂ ਵੀ ਵਧ ਜਾਂਦੀ ਹੈ। ਉੱਚ-ਭੂਮੀਆਂ ਵਿਚ ਸਾਲਾਨਾ ਵਰਖਾ 100 ਤੋਂ 125 ਸੈ. ਮੀ. ਤੀਕ ਹੋ ਜਾਂਦੀ ਹੈ। 'ਮਾਈਆਮਬੋ ਜੰਗਲ' ਇਸ ਇਲਾਕੇ ਦੀ ਬਨਸਪਤੀ ਦਾ ਕੇਂਦਰ ਹੈ। ਇਸ ਤੋਂ ਬਿਨਾਂ ਦਲਦਲਾਂ ਦੇ ਆਲੇ ਦੁਆਲੇ ਅਕੇਸ਼ੀਆ ਸਵਾਨਾ ਅਤੇ ਉੱਚ-ਭੂਮੀਆਂ ਵਿਚ ਵੀ ਬਰਸਾਤੀ ਜੰਗਲ ਮਿਲਦੇ ਹਨ।

ਤੰਬਾਕੂ, ਮੂੰਗਫਲੀ, ਕਪਾਹ, ਨਾਰੀਅਲ ਦੇ ਤੇਲ ਦੀਆਂ ਚੀਜ਼ਾਂ, ਚਰ੍ਹੀ, ਕਸਾਵਾ, ਸ਼ਕਰਕੰਦੀ, ਬੀਨ, ਦਾਲਾਂ, ਕੇਲੇ ਅਤੇ ਕਾਫ਼ੀ ਇਥੋਂ ਦੀਆਂ ਫ਼ਸਲਾਂ ਹਨ। ਮੱਛੀਆਂ ਫੜਨਾ, ਮੋਮ ਤਿਆਰ ਕਰਨਾ, ਹੱਡੀਆਂ, ਖੱਲਾਂ ਅਤੇ ਮੱਖਣ ਵੀ ਇਥੋਂ ਦੀਆਂ ਪ੍ਰਸਿੱਧ ਆਰਥਿਕ ਸਰਗਰਮੀਆਂ ਹਨ। ਇਥੇ ਬਹੁਤ ਕੀਮਤੀ ਇਮਾਰਤੀ ਲਕੜੀ ਮਿਲਦੀ ਹੈ। ਉਵਿ ਜਾਂ ਲੂਣ ਦੀਆਂ ਖਾਣਾਂ ਬਹੁਤ ਉਪਜਾਊ ਹਨ। ਇਥੇ 'ਹਾ', 'ਵਿੰਜ਼ਾ', 'ਜੀਜੀ', 'ਟਾਂਗਵੇ', 'ਹੋਲੋਹੋਲੋ', ਅਤੇ ਤੁੰਡੀ ਕਬੀਲਿਆਂ ਦੇ ਲੋਕ ਵਸਦੇ ਹਨ। ਕਿੰਗੋਮਾ ਇਸ ਖੇਤਰ ਦੀ ਰਾਜਧਾਨੀ ਹੈ।

ਹ. ਪ੍ਰ.—ਐਨ. ਬ੍ਰਿ. ਮਾ. 5 : 804

**ਕਿਚਨਰ :** ਕੈਨੇਡਾ ਦੇ ਆਂਟੇਰੀਓ ਰਾਜ ਵਿਚ ਵਾਟਰਲੂ ਕਾਊਂਟੀ ਦਾ ਇਹ ਸਦਰ-ਮੁਕਾਮ ਹੈ ਜੋ ਟੋਰਾਂਟੋ ਤੋਂ 120 ਕਿ. ਮੀ. ਪੱਛਮ ਵੱਲ ਹੈ ਅਤੇ ਮਿਲਟਨ ਤੋਂ 56 ਕਿ. ਮੀ. ਉੱਤਰ-ਪੱਛਮ ਵੱਲ ਸਥਿਤ ਹੈ। ਇਹ 'ਗਰੇਂਡ' ਦਰਿਆ ਦੀ ਵਾਦੀ ਵਿਚਲੀਆਂ ਸਾਮਾਨ ਤਿਆਰ ਕਰਨ ਵਾਲੀਆਂ ਕਮਿਊਨਿਟੀਆਂ ਵਿਚੋਂ ਸਭ ਤੋਂ ਵੱਡਾ ਸ਼ਹਿਰ ਹੈ। ਇਸ ਥਾਂ ਨੂੰ ਸਭ ਤੋਂ ਪਹਿਲਾਂ ਪੈਨਸਿਲਵੇਨੀਆਂ ਤੋਂ ਆਏ ਜਰਮਨੀ ਖ਼ਾਨਦਾਨ ਨੇ ਸੰਨ 1805 ਵਿਚ ਆਬਾਦ ਕੀਤਾ। ਸੰਨ 1830 ਵਿਚ ਹੋਰ ਆਬਾਦਕਾਰ ਸਿੱਧੇ ਹੀ ਜਰਮਨੀ ਤੋਂ ਇਥੇ ਆ ਪਹੁੰਚੇ ਅਤੇ ਸੰਨ 1834 ਵਿਚ ਇਸ ਨੂੰ ਬਰਲਿਨ ਦੇ ਪਿੰਡ ਵਜੋਂ ਮਾਨਤਾ ਦਿਤੀ ਗਈ। ਸੰਨ 1912 ਵਿਚ ਇਸਨੇ ਸ਼ਹਿਰ ਦਾ ਰੂਪ ਧਾਰਨ ਕੀਤਾ। ਸੰਨ 1916 ਵਿਚ ਇਸ ਦਾ ਨਾਂ ਬਦਲ ਕੇ ਫੀਲਡ ਮਾਰਸ਼ਲ ਲਾਰਡ ਕਿਚਨਰ ਦੇ ਸਨਮਾਨ ਵਿਚ, ਕਿਚਨਰ ਰੱਖ ਦਿਤਾ ਗਿਆ। ਵਿਲੀਅਮ ਲੀਓਨ ਮਕੈਂਜ਼ੀ ਕਿੰਗ-ਕੈਨੇਡਾ ਦਾ ਸੁਰਗਵਾਸੀ ਪ੍ਰਧਾਨ-ਮੰਤਰੀ ਕਿਚਨਰ ਦਾ ਰਹਿਣ ਵਾਲਾ ਸੀ। ਨਿਆਗਰਾ ਆਬਸ਼ਾਰਾਂ ਇਥੋਂ ਲਗਭਗ 138 ਕਿ. ਮੀ. ਦੀ ਦੂਰੀ ਤੇ ਹਨ ਅਤੇ ਇਸ ਸ਼ਹਿਰ ਦੇ ਉਦਯੋਗ ਨੂੰ ਬਿਜਲੀ ਉਥੋਂ ਸਪਲਾਈ ਹੁੰਦੀ ਹੈ। ਆਟੋਮੋਬਾਈਲ, ਟਾਇਰ, ਤੇ ਰਬੜ ਦੀਆਂ ਹੋਰ ਵਸਤਾਂ, ਸੂਤੀ ਕੱਪੜਾ, ਚਮੜੇ ਦਾ ਸਮਾਨ, ਫਰਨੀਚਰ, ਸ਼ਰਾਬ, ਮਸ਼ੀਨਰੀ, ਰੇਡੀਓ ਅਤੇ ਬਿਜਲੀ ਦਾ ਸਮਾਨ ਇਥੋਂ ਦੀਆਂ ਸਥਾਨਕ ਉਤਪਾਦਨ ਵਸਤਾਂ ਹਨ। ਡੱਬਿਆਂ ਵਿਚ ਮਾਸ ਬੰਦ ਕਰਨਾ ਇਥੋਂ ਦਾ ਇਕ ਮਹੱਤਵ ਪੂਰਨ ਉਦਯੋਗ ਹੈ।

ਆਬਾਦੀ—ਸ਼ਹਿਰ – 139,734 ; ਮੈ. ਖੇ. 287,801 (1981)

43° 27′ ਉ. ਵਿਥ.; 80° 28″ ਪੱ. ਲੰਬ.

ਹ. ਪ੍ਰ.—ਕੋਲ. ਐਨ. 11 : 240 ; ਐਨ. ਬ੍ਰਿ. ਮਾ. 5 : 891.

**ਕਿਚਨਰ, ਅਰਲ :** ਇਸ ਦਾ ਪੂਰਾ ਨਾਂ ਕਿਚਨਰ, (ਹੋਰੇਸ਼ੀਓ) ਹਰਬਰਟ ਕਿਚਨਰ, ਅਰਲ ਸੀ।

ਇਸ ਅੰਗਰੇਜ਼ ਫੀਲਡ ਮਾਰਸ਼ਲ ਅਤੇ ਸ਼ਾਹੀ ਪ੍ਰਬੰਧਕ ਦਾ ਜਨਮ 24 ਜੂਨ, 1850 ਈ. ਨੂੰ ਲਿਸਟੋਐੱਲ ਦੇ ਨੇੜੇ ਕਾਊਂਟੀ ਕੈਰੀ ਵਿਖੇ ਹੋਇਆ। ਕਿਚਨਰ ਸੂਡਾਨ ਦਾ ਜੇਤੂ, ਦੱਖਣੀ ਅਫ਼ਰੀਕਨ ਲੜਾਈ ਸਮੇਂ ਕਮਾਂਡਰ-ਇਨ-ਚੀਫ ਅਤੇ ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਵੇਲੇ ਰਾਜ ਦਾ ਸਕੱਤਰ ਸੀ। ਇਸ ਨੇ ਰਾਇਲ ਇੰਜੀਨੀਅਰਜ਼ ਵਿਚ ਭਰਤੀ ਹੋ ਕੇ ਮਿਡਲ ਈਸਟ ਵਿਚ ਸੇਵਾ ਕੀਤੀ ਅਤੇ 1886 ਵਿਚ ਇਸ ਨੂੰ ਸਵਾਕਿਨ ਸੂਡਾਨ ਵਿਖੇ 'ਬ੍ਰਿਟਿਸ਼ ਰੈੱਡ-ਸੀ' ਇਲਾਕਿਆਂ ਦਾ ਗਵਰਨਰ ਨਿਯੁਕਤ ਕੀਤਾ ਗਿਆ। ਇਹ ਆਪਣੀ ਯੋਗਤਾ ਅਤੇ ਸੂਝ-ਬੂਝ ਸਦਕਾ 1892 ਵਿਚ ਮਿਸਰ ਦੀਆਂ ਫ਼ੌਜਾਂ ਦਾ ਸਰਦਾਰ (ਕਮਾਂਡਰ-ਇਨ ਚੀਫ) ਬਣ ਗਿਆ। ਦੋ ਸਤੰਬਰ, ਸੰਨ 1898 ਈ. ਨੂੰ ਆਮਡਰਮੈਨ ਦੀ ਖ਼ੂੰਖਾਰ ਲੜਾਈ ਵਿਚ ਧਾਰਮਿਕ ਅਤੇ ਰਾਜਨੀਤਕ ਤੌਰ ਤੇ ਵੱਖ ਹੋਈਆਂ ਮਹਿਦੀ ਦੀਆਂ ਸੂਡਾਨੀ ਤਾਕਤਾਂ ਨੂੰ ਦਬਾਇਆ ਅਤੇ ਲਾਗਲੇ ਸ਼ਹਿਰ ਖ਼ਰਤੂਮ ਉਤੇ ਕਬਜ਼ਾ ਕੀਤਾ ਅਤੇ ਇਸ ਨੂੰ ਸੂਡਾਨ ਵਿਚ ਐਂਗਲੋ ਇਜਿਪਸ਼ੀਅਨ ਸਰਕਾਰ ਦਾ ਕੇਂਦਰ ਬਣਾਇਆ। ਸੰਨ 1898 ਵਿਚ ਫਾਸ਼ੋਡਾ (ਹੁਣ ਕੋਡਾਕ) ਦੀ ਸਥਿਤੀ ਨੂੰ ਸਫ਼ਲਤਾ ਪੂਰਵਕ ਨਜਿੱਠਣ ਕਰਕੇ ਗ੍ਰੇਟ ਬ੍ਰਿਟੇਨ ਵਿਚ ਇਹ ਹੋਰ ਵੀ ਹਰਮਨ ਪਿਆਰਾ ਬਣ ਗਿਆ। ਇਕ ਸਾਲ ਬਾਅਦ ਦਸੰਬਰ, 1899 ਵਿਚ ਦੱਖਣੀ-ਅਫਰੀਕਾ ਦੀਆਂ ਲੜਾਈ ਸਮੇਂ ਫੌਜਾਂ ਦਾ ਗਵਰਨਰ-ਜਨਰਲ ਅਤੇ ਸੰਨ 1900 ਵਿਚ ਕਮਾਂਡਰ-ਇਨ-ਚੀਫ਼ ਬਣ ਗਿਆ। ਇੰਗਲੈਂਡ ਵਾਪਸ ਆਉਣ ਤੇ ਜੁਲਾਈ, 1902 ਵਿਚ ਇਸ ਨੂੰ ਵਾਈਕਾਊਂਟ ਦਾ ਖ਼ਿਤਾਬ ਦੇ ਦਿਤਾ ਅਤੇ ਕਮਾਂਡਰ-ਇਨ-ਚੀਫ਼ ਬਣਾ ਕੇ ਭਾਰਤ ਭੇਜ ਦਿਤਾ ਗਿਆ ਜਿਥੇ ਇਸ ਨੇ ਫ਼ੌਜ ਦਾ ਨਵੇਂ ਸਿਰਿਓਂ ਸੰਗਠਨ ਕੀਤਾ। ਭਾਰਤ ਦਾ ਵਾਇਸਰਾਇ ਨਾ ਬਣਾਏ ਜਾਣ ਕਾਰਨ ਇਹ ਕਾਫ਼ੀ ਮਾਯੂਸ ਰਿਹਾ। ਇਸੇ ਕਰਕੇ ਇਸ ਨੇ ਸਤੰਬਰ, 1911 ਵਿਚ ਮਿਸਰ ਦੀ ਪ੍ਰੋ-ਕਾਂਸਲਸ਼ਿਪ ਸਵੀਕਾਰ ਕਰ ਲਈ ਅਤੇ ਅਗਸਤ 1914 ਤੱਕ ਇਹ ਮਿਸਰ ਅਤੇ ਸੂਡਾਨ ਉਤੇ ਰਾਜ ਕਰਦਾ ਰਿਹਾ। ਕਰਜ਼ਿਆਂ ਆਦਿ ਦੇ ਬਦਲੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਗਿਰਵੀ ਰੱਖਣ ਤੋਂ ਰੋਕਣਾ ਇਸ ਦਾ ਅਹਿਮ ਕੰਮ ਸੀ।

ਇਸ ਨੇ ਅਰਲ ਦਾ ਖ਼ਤਾਬ ਪ੍ਰਾਪਤ ਕਰਨ ਤੋਂ ਬਾਅਦ ਲੜਾਈ ਵਿਭਾਗ ਦੇ ਸੈਕਟਰੀ ਵਜੋਂ ਮੰਤਰਾਲੇ ਵਿਚ ਕੰਮ ਕਰਨਾ ਸਵੀਕਾਰ ਕਰ ਲਿਆ, ਜਿਥੇ ਮਗਰੋਂ ਇਸ ਦੀ ਫੀਲਡ-ਮਾਰਸ਼ਲ ਦੇ ਤੌਰ ਤੇ ਤਰੱਕੀ ਹੋ ਗਈ। ਸੰਨ 1915 ਦੇ ਅੰਤ ਤਕ ਇਹ ਮਿਲਟਰੀ ਵਿਚ ਜਬਰੀ ਭਰਤੀ ਦਾ ਪੂਰਨ ਤੌਰ ਤੇ ਸਮਰੱਥਕ ਬਣ ਗਿਆ ਪਰੰਤੂ ਇਸ ਨੇ ਇਸ ਗੱਲ ਦੀ ਕਦੇ ਵੀ ਖੁੱਲ੍ਹੇ ਆਮ ਵਕਾਲਤ ਨਾ ਕੀਤੀ ਕਿਉਂ ਜੋ

ਪ੍ਰਧਾਨ-ਮੰਤਰੀ ਹਰਬਰਟ ਐੱਚ. ਐੱਸ. ਕਿਊਥ ਦਾ ਇਹ ਵਿਚਾਰ ਸੀ ਕਿ ਜ਼ਬਰੀ ਭਰਤੀ ਰਾਜਨੀਤਕ ਤੌਰ ਤੇ ਅਮਲਯੋਗ ਨਹੀਂ ਸੀ। ਜਦੋਂ ਇਹ ਜੰਗੀ ਜਹਾਜ਼ 'ਹੈਂਪਸ਼ਿਰ' ਵਿਚ ਰੂਸ ਦੀ ਯਾਤਰਾ ਉੱਤੇ ਜਾ ਰਿਹਾ ਸੀ, ਤਾਂ ਜਰਮਨ ਸੁਰੰਗ ਵਿਚ ਡੁੱਬ ਜਾਣ ਨਾਲ 5 ਜੂਨ, 1916 ਨੂੰ ਜਹਾਜ਼ ਵਿਚ ਹੀ ਮਰ ਗਿਆ।

ਹ. ਪੁ.—ਐਨ. ਬ੍ਰਿ. ਮਾ. 5 : 842

**ਕਿਚਲੂ, ਡਾ. ਸੈਫਉਦੀਨ :** ਭਾਰਤ ਦੇ ਇਸ ਰਾਸ਼ਟਰਵਾਦੀ ਨੇਤਾ ਦਾ ਜਨਮ 1888 ਵਿਚ ਅੰਮ੍ਰਿਤਸਰ ਵਿਖੇ ਹੋਇਆ। ਇਸ ਨੇ ਅੰਮ੍ਰਿਤਸਰ, ਆਗਰਾ ਅਤੇ ਅਲੀਗੜ੍ਹ ਵਿਖੇ ਮੁੱਢਲੀ ਵਿਦਿਆ ਪ੍ਰਾਪਤ ਕੀਤੀ ਅਤੇ ਉੱਚ-ਵਿਦਿਆ ਕੈਂਬਰਿਜ, ਲੰਡਨ ਅਤੇ ਜਰਮਨੀ ਵਿਚ ਪ੍ਰਾਪਤ ਕੀਤੀ।

ਸੰਨ 1915 ਵਿਚ ਇਹ ਯੂਰਪ ਤੋਂ ਵਾਪਸ ਪਰਤਿਆ ਅਤੇ ਅੰਮ੍ਰਿਤਸਰ ਵਿਚ ਵਕਾਲਤ ਦੇ ਕੰਮ ਵਿਚ ਲੱਗ ਗਿਆ। ਕੁਝ ਚਿਰ ਉਪਰੰਤ ਇਹ ਆਪਣੇ ਹੀ ਸ਼ਹਿਰ ਵਿਚ ਮਿਉਂਸਪਲ ਕਮਿਸ਼ਨਰ ਬਣ ਗਿਆ। ਸੰਨ 1919 ਵਿਚ ਇਸ ਨੇ ਰੌਲਟ ਐਕਟ ਦੇ ਵਿਰੁੱਧ ਅੰਦੋਲਨ ਦੀ ਅਗਵਾਈ ਕੀਤੀ ਅਤੇ 1921 ਵਿਚ ਖਿਲਾਫ਼ਤ ਅੰਦੋਲਨ ਵਿਚ ਸਰਗਰਮ ਹਿੱਸਾ ਪਾਇਆ। ਸੰਨ 1924 ਵਿਚ ਇਸ ਨੂੰ ਭਾਰਤੀ ਰਾਸ਼ਟਰ ਕਾਂਗਰਸ ਦਾ ਜਨਰਲ ਸਕੱਤਰ ਨਿਯੁਕਤ ਕਰ ਦਿਤਾ ਗਿਆ।

ਇਹ ਇਕ ਪ੍ਰਭਾਵਸ਼ਾਲੀ ਵਕਤਾ ਸੀ ਅਤੇ ਆਪਣੇ ਜੋਸ਼ੀਲੇ ਭਾਸ਼ਣਾਂ ਲਈ ਪ੍ਰਸਿੱਧ ਸੀ। ਇਸੇ ਕਾਰਨ 1915 ਈ: ਵਿਚ ਇਸ ਦੇ ਬੰਗਾਲ ਵਿਚ ਦਾਖ਼ਲ ਹੋਣ ਦੀ ਮਨਾਹੀ ਕਰ ਦਿਤੀ ਗਈ ਸੀ। ਆਪਣੇ ਰਾਜਨੀਤਕ ਜੀਵਨ ਦੌਰਾਨ ਇਹ ਕਈ ਵਾਰੀ ਹਿਰਾਸਤ ਵਿਚ ਆ ਗਿਆ। ਇਹ ਅਨੁਮਾਨ ਲਗਾਇਆ ਗਿਆ ਹੈ ਇਸ ਨੇ ਲਗਭਗ 14 ਸਾਲ ਜੇਲ੍ਹ ਵਿਚ ਬਿਤਾਏ ਸਨ। ਸੰਨ 1925 ਵਿਚ ਇਸ ਨੇ ਮੁਸਲਮਾਨਾਂ ਦੇ ਜ਼ਾਤੀ ਹਿੱਤਾਂ ਲਈ ਇਕ ਲਹਿਰ 'ਤਹਿਰੀਕ-ਏ-ਤੰਜ਼ੀਮ' ਚਲਾਈ ਅਤੇ ਇਕ ਉਰਦੂ ਰੋਜ਼ਾਨਾ 'ਅਖ਼ਬਾਰ 'ਤੰਜ਼ੀਮ' ਸ਼ੁਰੂ ਕੀਤਾ। ਇਸ ਅਖ਼ਬਾਰ ਦਾ ਸੰਪਾਦਕ ਅਬਦੁੱਲ ਮਜੀਦ ਕਾਰਸ਼ੀ ਸੀ।

ਕੁਝ ਚਿਰ ਉਪਰੰਤ ਸਵਾਮੀ ਸ਼ਰਧਾਨੰਦ ਦੁਆਰਾ ਸ਼ੁਰੂ ਕੀਤੇ 'ਸ਼ੁੱਧੀ ਅੰਦੋਲਨ' ਦੇ ਮੁਕਾਬਲੇ ਵਿਚ ਇਸ ਨੇ ਇਕ ਅੰਦੋਲਨ 'ਤਬਲੀਗ' ਸ਼ੁਰੂ ਕੀਤਾ। ਇਨ੍ਹਾਂ ਸਰਗਰਮੀਆਂ ਦੇ ਬਾਵਜੂਦ ਇਸ ਨੂੰ ਨਿਰ-ਵਿਵਾਦ ਹਿੰਦੂ-ਮੁਸਲਮਾਨ ਏਕਤਾ ਦਾ ਹਾਮੀ ਮੰਨਿਆ ਜਾਂਦਾ ਹੈ। ਸੰਨ 1929 ਵਿਚ ਇਸ ਨੂੰ ਭਾਰਤੀ ਰਾਸ਼ਟਰ ਕਾਂਗਰਸ ਦੇ ਲਾਹੌਰ ਵਿਖੇ 44ਵੇਂ ਸੈਸ਼ਨ ਦੀ 'ਸਵਾਗਤ-ਕਮੇਟੀ' ਦਾ ਚੇਅਰਮੈਨ ਚੁਣਿਆ ਗਿਆ।

ਹੋਰ ਭਾਰਤੀ ਰਾਸ਼ਟਰਵਾਦੀ ਨੇਤਾਵਾਂ ਵਾਂਗ 'ਬਦੇਸ਼ੀ ਸਹਾਇਤਾ' ਵਿਚ ਵਿਸ਼ਵਾਸ ਨਹੀਂ ਸੀ ਕਰਦਾ। ਇਸ ਦਾ ਵਿਸ਼ਵਾਸ ਸੀ ਕਿ ਭਾਰਤ ਆਪਣੀਆਂ ਕੋਸ਼ਿਸ਼ਾਂ ਨਾਲ ਹੀ ਸੁਤੰਤਰਤਾ ਪ੍ਰਾਪਤ ਕਰ ਸਕਦਾ ਹੈ। ਇਸ ਅਨੁਸਾਰ ਉਨ੍ਹਾਂ ਰਾਸ਼ਟਰਾਂ ਦੇ ਇਤਿਹਾਸ (ਜਿਨ੍ਹਾਂ ਨੇ ਸੁਤੰਤਰਤਾ ਪ੍ਰਾਪਤ ਕੀਤੀ ਹੈ) ਅਤੇ ਸਾਡੇ ਰਾਜਨੀਤਕ ਸੰਘਰਸ਼ ਤੋਂ ਪਤਾ ਲਗਦਾ ਹੈ ਕਿ "ਨਿਰਭਰਤਾ, ਸਵੈ-ਕੁਰਬਾਨੀ, ਅਤੇ ਦੁੱਖ-ਸਹਿਣ ਹੀ ਸਵਰਾਜ ਦਾ ਰਾਹ ਹੈ," ਗਾਂਧੀ ਜੀ ਦਾ 'ਸਿਵਲ ਨਾ-ਫ਼ੁਰਮਾਨੀ ਅੰਦੋਲਨ' ਬੰਦ ਕਰ ਦੇਣਾ ਇਸ ਨੂੰ ਪਸੰਦ ਨਹੀਂ ਸੀ। ਇਹ ਅਕਸਰ ਕਹਿੰਦਾ ਸੀ ਕਿ ਇਕ ਵਾਰੀ ਅੱਗੇ ਚੁੱਕਿਆ ਕਦਮ ਵਾਪਸ ਨਹੀਂ ਆਉਣਾ ਚਾਹੀਦਾ। ਅਗੇ ਵਧੋ, ਅਗੇ ਵਧੋ, ਜਦੋਂ ਤਕ ਮੰਜ਼ਲ ਪ੍ਰਾਪਤ ਨਹੀਂ ਹੁੰਦੀ। ਸੰਨ 1929 ਵਿਚ ਭਾਰਤੀ ਰਾਸ਼ਟਰ ਕਾਂਗਰਸ ਦੇ ਲਾਹੌਰ ਸੈਸ਼ਨ ਵਿਖੇ ਇਸ ਨੇ ਹੀ ਜਵਾਹਰ ਲਾਲ ਨਹਿਰੂ ਦੇ 'ਪੂਰਨ ਸੁਤੰਤਰਤਾ' ਦੇ ਇਤਿਹਾਸਕ ਮਤੇ ਦੀ ਪੁਸ਼ਟੀ ਕੀਤੀ ਸੀ।

'ਪਾਕਿਸਤਾਨ ਲਾਹੌਰ' ਦੌਰਾਨ ਇਸ ਨੇ ਮੁਸਲਮਾਨਾਂ ਦੀ ਲੋਕ ਰਾਇ ਨੂੰ ਵੰਡ ਦੇ ਖ਼ਿਲਾਫ਼ ਕਰਨ ਦੀ ਪਰੀ ਕੋਸ਼ਿਸ਼ ਕੀਤੀ। ਭਾਵੇਂ ਇਹ ਇਸ ਮੰਤਵ ਵਿਚ ਸਫ਼ਲ ਨਾ ਹੋਇਆ, ਵੰਡ ਉਪਰੰਤ ਇਸ ਨੇ ਭਾਰਤ ਵਿਚ ਰਹਿਣਾ ਪਸੰਦ ਕੀਤਾ। ਆਪਣੇ ਜੀਵਨ ਦੇ ਪਿਛਲੇ ਦੋ ਦਹਾਕਿਆਂ ਵਿਚ ਇਸ ਨੇ ਸਾਮਵਾਦ ਦੀ ਪਨਾਹ ਲਈ ਅਤੇ ਭਾਰਤੀ ਰਾਸ਼ਟਰ ਕਾਂਗਰਸ ਨਾਲੋਂ ਆਪਣੇ ਸਬੰਧ ਤੋੜ ਲਏ।

ਅਕਤੂਬਰ, 1963 ਵਿਚ ਇਸ ਦਾ ਦਿਹਾਂਤ ਹੋ ਗਿਆ।

ਹ. ਪੁ.—ਡਿ. ਨੈ. ਬਾ. 4 : 21

**ਕਿਜ਼ਿਲ ਇਰਮਾਕ :** ਇਹ ਏਸ਼ੀਆ ਕੋਚਕ ਦਾ ਸਭ ਤੋਂ ਲੰਬਾ ਦਰਿਆ ਹੈ। ਇਸ ਨੂੰ 'ਲਾਲ ਦਰਿਆ' ਵੀ ਕਿਹਾ ਜਾਂਦਾ ਹੈ। ਦਰਿਆ ਦੀ ਕੁੱਲ ਲੰਬਾਈ ਲਗਭਗ 1150 ਕਿ. ਮੀ. ਹੈ ਅਤੇ ਇਹ ਉੱਤਰੀ ਕੇਂਦਰੀ ਤੁਰਕੀ ਦੇ ਕਿਜ਼ਿਲ ਦਾਗ਼ ਵਿਚ ਲਗਭਗ 1981 ਮੀ. ਦੀ ਉਚਾਈ ਤੋਂ ਨਿਕਲਦਾ ਹੈ। ਇਹ ਦੱਖਣ-ਪੱਛਮ ਵੱਲ ਜ਼ਾਰਾ ਵਿਚੋਂ ਦੀ ਵਹਿੰਦਾ ਹੋਇਆ ਸਿਵਾਸ ਵੱਲ ਨੂੰ ਜਾਂਦਾ ਹੈ। ਫਿਰ ਇਹ ਦਰਿਆ ਉੱਤਰੀ ਦਿਸ਼ਾ ਵਿਚ ਵਿਸਰਪੀ ਵਹਿਣ ਵਿਚ ਵਹਿੰਦਾ ਹੋਇਆ ਸਨੋਪ ਅਤੇ ਸਾਮਸੂਨ ਪ੍ਰਾਵਿੰਸਾਂ ਦੇ ਵਿਚਕਾਰ ਕਾਲੇ ਸਾਗਰ ਵਿਚ ਜਾ ਡਿਗਦਾ ਹੈ ਜਿਥੇ ਇਹ ਇਕ ਵਿਸ਼ਾਲ ਉਪਜਾਊ ਡੈਲਟੇ ਨੂੰ ਹੋਂਦ ਵਿਚ ਲਿਆਉਂਦਾ ਹੈ। ਡੈਲੀਜੇ, ਡੇਵਰੇਕ ਅਤੇ ਗਕਸੂ ਇਸ ਦਰਿਆ ਦੀਆਂ ਸਹਾਇਕ ਨਦੀਆਂ ਹਨ। ਦਰਿਆ ਦਾ ਤਲਾ ਉੱਘੜ-ਦੁੱਘੜਾ ਹੈ। ਦਰਿਆ ਵਿਚ ਬਹੁਤਾ ਪਾਣੀ ਬਹਾਰ ਰੁੱਤ ਵਿਚ ਬਰਫ ਪਿਘਲਣ ਵੇਲੇ ਜਦੋਂ ਵਰਖਾ ਦਾ ਪਾਣੀ ਵੀ ਇਸ ਵਿਚ ਆ ਰਲਦਾ ਹੈ, ਹੁੰਦਾ ਹੈ। ਗਰਮੀਆਂ ਵਿਚ ਇਸ ਦਾ ਵਹਾਉ ਬਹੁਤ ਘਟ ਜਾਂਦਾ ਹੈ। ਦਰਿਆ ਜਹਾਜ਼ਰਾਨੀ ਦੇ ਯੋਗ ਨਹੀਂ ਹੈ। ਜਲ-ਬਿਜਲੀ ਦੇ ਉਤਪਾਦਨ ਲਈ ਬਹੁਤ ਮਹੱਤਵਪੂਰਨ ਹੈ। ਬਿਜਲੀ ਅਤੇ ਸਿੰਜਾਈ ਦੇ ਕਈ ਪ੍ਰਾਜੈਕਟ ਇਸ ਉਪਰ ਚਲ ਰਹੇ ਹਨ।

41° 44′ ਉ. ਵਿਥ ; 35° 58′ ਪੂ. ਲੰਬ.

ਹ. ਪੁ—ਐਨ. ਬ੍ਰਿ. ਮਾ. 13 : 423

**ਕਿਜ਼ਿਲ ਕੁਮ :** ਪੱਛਮੀ ਏਸ਼ੀਆ ਦਾ ਇਹ ਇਕ ਰੇਗਿਸਤਾਨ ਹੈ ਜੋ ਕਜ਼ਾਕਿਸਤਾਨ ਅਤੇ ਉਜ਼ਬੇਕਿਸਤਾਨ ਵਿਚ, ਅਰਲ ਸਾਗਰ ਦੇ ਪੂਰਬ ਅਤੇ ਦੱਖਣ-ਪੂਰਬ ਵੱਲ ਸਥਿਤ ਹੈ। ਇਸ ਨੇ ਦੱਖਣ-ਪੱਛਮ ਵਲ ਆਮੂ ਦਰਿਆ ਅਤੇ ਉੱਤਰ-ਪੂਰਬ ਵੱਲ 'ਸਿਰ ਦਰਿਆ' ਵਿਚਕਾਰਲਾ ਖੇਤਰ ਮੱਲਿਆ ਹੋਇਆ ਹੈ। ਇਸ ਦੀ ਦੱਖਣ ਪੂਰਬੀ ਸਰਹੱਦ ਪਾਮੀਰ ਦੀਆਂ ਉੱਚੀਆਂ ਲੜੀਆਂ ਹਨ। ਉੱਤਰ-ਦੱਖਣ ਦਿਸ਼ਾ ਵੱਲ ਇਹ ਰੇਗਿਸਤਾਨ ਲਗਭਗ 800 ਕਿ. ਮੀ. ਲੰਬਾ ਅਤੇ ਪੂਰਬ-ਪੱਛਮ ਵੱਲ 700 ਕਿ. ਮੀ. ਚੌੜਾ ਹੈ। ਇਥੇ ਬਹੁਤ ਸਾਰੇ ਟਿੱਬੇ ਹਨ। ਸਾਲਾਨਾ ਵਰਖਾ 12.5 ਸੈਂ. ਮੀ. ਤੋਂ ਵੀ ਘੱਟ ਹੁੰਦੀ ਹੈ। ਇਸ ਖੇਤਰ ਵਿਚ ਕੁਝ ਘਾਹ ਅਤੇ ਨੀਵੇਂ ਰੇਗਿਸਤਾਨੀ ਇਲਾਕੇ ਵਾਲੀਆਂ ਝਾੜੀਆਂ ਉੱਗਦੀਆਂ ਹਨ। ਆਮੂ ਅਤੇ ਸਿਰ ਦਰਿਆ ਦੇ ਕੰਢਿਆਂ ਦੇ ਨਾਲ ਲਗਦੇ ਰੇਗਿਸਤਾਨ ਦੇ ਉਤੇ ਕੁਝ ਖੇਤਰਾਂ ਵਿਚ ਖੇਤੀ-ਬਾੜੀ ਕੀਤੀ ਜਾਂਦੀ ਹੈ ਅਤੇ ਕਾਰਕਲ ਭੇਡਾਂ ਅਤੇ ਊਠ ਪਾਲੇ ਜਾਂਦੇ ਹਨ।

ਹ. ਪੁ.—ਕੋਲ ਐਨ. 11 : 328

**ਕਿਜ਼ਿਲਬਾਸ਼ :** ਇਹ ਤੁਰਕੀ ਦੇ ਉਨ੍ਹਾਂ ਸੱਤ ਕਬੀਲਿਆਂ ਲਈ ਵਰਤਿਆ ਜਾਂਦਾ ਇਕ ਨਾਮ ਹੈ ਜਿਨ੍ਹਾਂ ਨੇ ਈਰਾਨ ਵਿਚ 'ਸਫ਼ਾਵੀਡ' ਰਾਜ ਘਰਾਣੇ ਦੇ ਮੋਢੀਆਂ ਦਾ ਪੱਖ ਪੂਰਿਆ ਸੀ। ਇਸ ਕਬੀਲੇ ਦੇ ਲੋਕ ਲਾਲ ਰੰਗ ਦੀਆਂ ਟੋਪੀਆਂ ਪਹਿਨਦੇ ਸਨ ਜਿਸ ਕਰਕੇ ਇਨ੍ਹਾਂ ਦੀ ਅੱਲ ਕਿਜ਼ਿਲਬਾਸ਼ ਅਰਥਾਤ ਲਾਲ ਸਿਰਾਂ ਵਾਲੇ ਪੈ ਗਈ। ਬਾਅਦ ਵਿਚ ਇਹ ਨਾਂ ਪੂਰਬੀ ਏਸ਼ੀਆ ਮਾਈਨਰ ਵਿਚ 'ਸ਼ੀਆ' ਧਰਮ ਦੇ ਅਨੁਯਾਈਆਂ ਲਈ ਵਰਤਿਆ ਜਾਣ ਲੱਗਾ। ਅਫ਼ਗਾਨਿਸਤਾਨ ਵਿਚ ਇਹ ਸ਼ਬਦ (1737) ਦੇ ਨੇੜੇ ਤੇੜੇ ਕਾਬਲ ਅਤੇ ਹੋਰ ਸ਼ਹਿਰਾਂ ਵਿਚ ਆਕੇ ਵਸੇ ਉਨ੍ਹਾਂ ਤੁਰਕੀ ਲੋਕਾਂ ਲਈ ਵਰਤਿਆ ਜਾਂਦਾ ਹੈ ਜੋ ਫ਼ਾਰਸੀ ਬੋਲੀ ਬੋਲਦੇ ਹਨ ਤੇ ਸਰਕਾਰੀ ਕਰਮਚਾਰੀ ਜਾਂ ਵਪਾਰੀ ਹਨ।

ਹ. ਪੁ.—ਐਨ. ਬ੍ਰਿ. ਮਾ. 5 : 846

**ਕਿਟਐੱਲ ਰੁਡਾਲਫ** : ਇਹ ਜਰਮਨੀ ਦਾ ਓਲਡ ਟੈਸਟਾਮੈਂਟ ਦਾ ਵਿਦਵਾਨ ਸੀ, ਜਿਸ ਦਾ ਇਬਰਾਨੀ ਬਾਈਬਲ ਦਾ ਸੰਪਾਦਨ ਇਸ ਤੋਂ ਪੁਰਾਣੇ ਸਾਰੇ ਸੰਪਾਦਨਾਂ ਨਾਲੋਂ ਵਧੀਆ ਸੀ । ਇਸ ਦਾ ਜਨਮ 28 ਮਾਰਚ, 1853 ਨੂੰ ਹੋਇਆ । ਸੰਨ 1888 ਤੋਂ 1898 ਤੱਕ ਇਹ ਬ੍ਰੈਸਲਾਊ ਵਿਖੇ ਅਤੇ 1898 ਤੋਂ 1924 ਤਕ ਲਾਈਪਜ਼ਿਕ ਵਿਖੇ ਪ੍ਰੋਫ਼ੈਸਰ ਰਿਹਾ । 20 ਅਕਤੂਬਰ, 1929 ਨੂੰ ਲਾਈਪਜ਼ਿਕ ਵਿਚ ਹੀ ਇਸ ਦੀ ਮੌਤ ਹੋ ਗਈ ।

ਕਿਟਐੱਲ ਉਨ੍ਹਾਂ ਮੁਢਲੇ ਵਿਦਵਾਨਾਂ ਵਿਚੋਂ ਇਕ ਸੀ ਜਿਨ੍ਹਾਂ ਨੇ ਪੱਥਰ ਯੁੱਗ ਤੋਂ ਲੈ ਕੇ ਪਰਸ਼ੀਅਨ ਕਾਲ ਤਕ ਫਿਲਸਤੀਨ ਅਤੇ ਇਜ਼ਰਾਈਲ ਦੇ ਰਾਜਨੀਤਿਕ, ਸਭਿਆਚਾਰ ਅਤੇ ਧਾਰਮਕ ਇਤਿਹਾਸ ਦਾ ਅਧਿਐਨ ਪੁਰਾਤੱਤਵ ਸਬੂਤਾਂ ਅਤੇ ਲੇਖਾਂ ਦੇ ਆਧਾਰ ਤੇ ਕੀਤਾ । ਇਸ ਵਿਦਵਾਨ ਨੇ ਆਪਣੇ ਮੱਤ ਦੀ ਪੁਸ਼ਟੀ ਲਈ ਬਹੁਤ ਸਾਰੀਆਂ ਪੁਸਤਕਾਂ ਵੀ ਲਿਖੀਆਂ । ਆਪਣੀ ਪੁਸਤਕ 'ਡੀ ਰਿਲਿਜੱਨ ਡੀਜ਼ ਵੌਕਸ ਇਜ਼ਰਾਈਲ' ਵਿਚ ਇਸ ਨੇ ਸਿੱਧ ਕੀਤਾ ਕਿ ਇਕ ਈਸ਼ਵਰਵਾਦ ਦਾ ਮੁੱਢ, ਅੱਠਵੀਂ ਸਦੀ ਦੇ ਅਵਤਾਰਾਂ ਤੋਂ ਬਹੁਤ ਸਮਾਂ ਪਹਿਲਾਂ, ਮੂਸਾ ਦੇ ਕਾਲ ਵਿਚ ਬੱਝਾ ਸੀ ।

ਹ. ਪੁ.—ਐਨ. ਬ੍ਰਿ. 13 : 394]

**ਕਿੰਟਾ ਵਾਦੀ** : ਮਲੇਸ਼ੀਆ (ਮਲਾਇਆ) ਦੇ ਦੱਖਣ-ਪੂਰਬੀ ਪੇਰਾਕ ਰਾਜ ਵਿਚ ਪੇਰਾਕ ਦਰਿਆ ਦੇ ਸਹਾਇਕ ਦਰਿਆ ਕਿੰਟਾ ਦੀ ਇਹ ਇਕ ਵਾਦੀ ਹੈ, ਜੋ ਦੁਨੀਆ ਭਰ ਦੇ ਸਭ ਤੋਂ ਵਧੇਰੇ ਆਸਾਨੀ ਨਾਲ ਕਲੱਈ ਪੈਦਾ ਕਰਨ ਵਾਲੇ ਖੇਤਰਾਂ ਵਿਚੋਂ ਇਕ ਹੈ । ਇਹ ਵਾਦੀ ਪੱਛਮ ਵੱਲੋਂ ਕੈਲੇਡਾਂਗ ਅਤੇ ਪੂਰਬ ਵੱਲੋਂ ਮੇਨ ਲੜੀਆਂ ਵਿਚਕਾਰ ਸਥਿੱਤ ਹੈ । ਵਾਦੀ ਨੇ ਪੱਛਮੀ ਮਲਾਇਆ ਦੀ ਕਲੱਈ ਵਾਲੀ ਪੇਟੀ ਦਾ ਸਭ ਤੋਂ ਵੱਡਾ ਖੇਤਰ ਮੱਲਿਆ ਹੋਇਆ ਹੈ । ਸੰਨ 1880 ਤੋਂ ਇਸ ਖੇਤਰ ਵਿਚ ਖਾਣ-ਪੁਟਾਈ ਦਾ ਕੰਮ ਸ਼ੁਰੂ ਹੋਇਆ । ਦਰਿਆ ਕਿੰਟੀ ਅਤੇ ਇਸ ਦੀ ਸਹਾਇਕ ਨਦੀਆਂ ਦੀ ਚੀਕਣੀ ਮਿੱਟੀ ਵਿਚ ਕਲੀ ਦੀ ਕੱਚੀ ਧਾਤ ਰਲੀ ਹੋਈ ਹੈ । ਵਾਦੀ ਦੀ ਇਕ ਸਤ੍ਹਾ ਵਿਚ ਕੱਚੀ ਧਾਤ ਕਾਲੇ ਅਤੇ ਰੇਤਲੇ ਕਣਾਂ ਦੇ ਰੂਪ ਵਿਚ ਖਿਲਰੀ ਹੋਈ ਮਿਲਦੀ ਹੈ । ਇਸ ਸਤ੍ਹਾ ਦੀ ਹੁਣ ਵੱਡੇ ਪੈਮਾਨੇ ਤੇ ਖਾਣ-ਪੁਟਾਈ ਕੀਤੀ ਜਾ ਰਹੀ ਹੈ । ਘੱਟ ਡੂੰਘੀਆਂ ਤੇ ਪੁਰਾਣੀਆਂ ਖਾਣਾਂ ਨੇ ਗੋਪੈਂਗ, ਬਾਟੂ ਗਾਜਾ, ਕਾਮਪਾਰ ਅਤੇ ਈਪੋ (ਪੇਰਾਕ ਰਾਜ ਦੀ ਰਾਜਧਾਨੀ) ਨਾਮੀ ਸ਼ਹਿਰਾਂ ਨੂੰ ਉੱਨਤ ਕੀਤਾ ਹੈ । ਈਪੋ ਦੇ ਦੱਖਣ ਵੱਲ 616 ਮੀ. ਦੀ ਡੂੰਘਾਈ ਵਾਲੀ ਗਿੱਲੀ ਧਰਤੀ ਵਿਚ ਕਲੱਈ ਦੀ ਕੱਚੀ ਧਾਤ ਮੌਜੂਦ ਹੈ ਜਿਥੇ ਡਰੇਜਾਂ ਨੂੰ ਵਰਤੋਂ ਵਿਚ ਲਿਆਂਦਾ ਗਿਆ ਹੈ । ਬਜਰੀ ਦੇ ਥੱਲੇ ਅਤੇ ਪੂਰਬ ਪਾਸੇ ਦੀਆਂ ਲਗਭਗ 610 ਮੀ. ਦੀ ਉਚਾਈ ਵਾਲੀਆਂ ਪਹਾੜੀਆਂ ਵਿਚ ਚੂਨਾ-ਪੱਥਰ ਦਾ ਭੰਡਾਰ ਹੈ । ਖਾਣਾਂ ਦੀ ਪੁਟਾਈ ਕਾਰਨ ਦਰਿਆ ਦਾ ਜਲ-ਮਾਰਗ ਬਦਲ ਗਿਆ ਹੈ ਅਤੇ ਦੱਖਣ ਵੱਲ ਕਿੰਟਾ ਅਤੇ ਪੇਰਾਕ ਦਰਿਆਂ ਦੇ ਸੰਗਮ ਵਾਲੇ ਅਸਥਾਨ ਤੇ ਵੱਡੀਆਂ-ਵੱਡੀਆਂ ਦਲਦਲਾਂ ਬਣ ਗਈਆਂ ਹਨ ।

ਹ. ਪੁ.—ਐਨ. ਬ੍ਰਿ. ਮੈ. 5 : 827

**ਕਿਡਸਟਨ, ਰਾਬਰਟ** : ਇਸ ਅੰਗਰੇਜ਼ ਪੁਰਾ-ਬਨਸਪਤ-ਵਿਗਿਆਨੀ ਦਾ ਜਨਮ ਬਿਸ਼ਪਸਟਨ, ਰੈਨਫਰੂਸ਼ਿਰ ਵਿਖੇ ਜੂਨ 29, 1852 ਨੂੰ ਹੋਇਆ । ਇਹ ਆਪਣੀਆਂ ਖੋਜਾਂ ਅਤੇ ਡੈਵੋਨੀਅਨ ਕਾਲ (390,000,000 ਸਾਲ ਪਹਿਲਾਂ) ਵਾਲੇ ਪੌਦਿਆਂ ਦੇ ਪਥਰਾਟਾਂ ਦੇ ਵਰਨਣ ਬਾਰੇ ਬਹੁਤ ਪ੍ਰਸਿੱਧ ਸੀ ।

ਇਸ ਨੇ ਬਨਸਪਤੀ-ਵਿਗਿਆਨ ਦੀ ਆਪਣੀ ਬਹੁਤ ਸਾਰੀ ਪੜ੍ਹਾਈ ਐਡਿਨਬਰਗ ਯੂਨੀਵਰਸਿਟੀ ਵਿਚ ਕੀਤੀ । ਸੰਨ 1880 ਵਿਚ ਇਹ ਬਰਤਾਨਵੀ ਭੂ-ਗਰਭੀ ਸਰਵੇਖਣ ਵਿਚ ਆਨਰੇਰੀ ਪੁਰਾ-ਬਨਸਪਤ-ਵਿਗਿਆਨੀ ਬਣਿਆ । ਆਪਣੇ ਕੰਮ ਦੇ ਇਸ ਪਹਿਲੇ ਸਮੇਂ ਦੇ ਦੌਰਾਨ ਇਸ ਨੇ ਪੇਲਿਓਜ਼ੋਇਕ (ਆਦਿ ਜੀਵ-ਕਲਪ ਦੇ) ਪੌਦਿਆਂ ਦੇ ਪਥਰਾਟਾਂ ਦਾ ਵਿਉਂਤਪੂਰਵਕ, ਪਰਤ-ਤਰਤੀਬੀ ਅਤੇ ਫੁੱਲਾਂ ਸਬੰਧੀ ਅਧਿਐਨ ਕੀਤਾ । ਉੱਚ ਪੱਧਰ ਦੀ ਖੋਜ ਨੇ ਇਸ ਨੂੰ ਬਹੁਤ ਪ੍ਰਸਿੱਧੀ ਦਿੱਤੀ । ਬਹੁਤ ਸਾਰੀਆਂ ਸੰਸਥਾਵਾਂ (ਜਿਨ੍ਹਾਂ ਵਿਚ ਬਰਤਾਨਵੀ ਮਿਊਜ਼ੀਅਮ ਵੀ ਸ਼ਾਮਲ ਹੈ) ਨੇ ਇਸ ਨੂੰ ਪੇਲਿਓਜ਼ੋਇਕ ਪੌਦਿਆਂ ਦੇ ਕੈਟਾਲਾਗ ਤਿਆਰ ਕਰਨ ਲਈ ਨਿਯੁਕਤ ਕਰ ਰੱਖਿਆ ਸੀ ।

ਆਪਣੀ ਖੋਜ ਦੇ ਦਜੇ ਪੜਾਅ (1904-22) ਤਕ ਕਿਡਸਟਨ ਮੁਖ ਤੌਰ ਤੇ ਪੌਦਿਆਂ ਦੀ ਰਚਨਾ ਬਾਰੇ ਖੋਜ ਹੀ ਕਰਦਾ ਰਿਹਾ । ਇਸ ਨੇ ਮਾਨਚੈਸਟਰ ਵਿਚ ਵਿਕਟੋਰੀਆ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਵਿਲੀਅਮ ਹੈਨਰੀ ਲੈਂਗ ਨਾਲ ਮਿਲ ਕੇ ਡੈਵੋਨੀਅਨ ਕਾਲ ਦੇ ਰਾਈਨੀ ਚੈਰਟ ਬੈਂਡ ਦੇ ਸਿਲੀਕਾਮਈ ਪੌਦਿਆਂ ਦਾ ਅਧਿਐਨ ਕੀਤਾ । ਕਿਡਸਟਨ ਅਤੇ ਲੈਂਗ ਨੇ ਮਿਲ ਕੇ ਵਾਸਕੁਲਰ ਕ੍ਰਿਪਟੋਗੈਮ (ਫ਼ਰਨ ਜਾਂ ਸਾਵਲ ਵਰਗੇ ਪੌਦੇ ਜਿਨ੍ਹਾਂ ਨੂੰ ਫੁਲ ਜਾਂ ਬੀਜ ਨਹੀਂ ਲਗਦੇ) ਦੀ ਨਵੀਂ ਸ਼੍ਰੇਣੀ ਅਤੇ ਤਿੰਨ ਨਵੀਆਂ ਪ੍ਰਜਾਤੀਆਂ 'ਦਾ ਪਤਾ ਲਗਾਇਆ । ਇਸ ਖੋਜ ਨੇ ਡੈਵੋਨੀਅਨ ਕਾਲ ਦੇ ਪੌਦਿਆਂ ਬਾਰੇ ਜਾਣਕਾਰੀ ਵਿਚ ਬਹੁਤ ਅਹਿਮ ਹਿੱਸਾ ਪਾਇਆ ਹੈ । ਕਿਡਸਟਨ ਦੀ ਫਾਸਿਲ ਪਲਾਂਟਸ ਆਫ ਦੀ ਕਾਰਬਨੀਫ਼ਰਸ ਰੌਕਸ ਆਫ ਗ੍ਰੇਟ ਬ੍ਰਿਟੇਨ 6 ਜਿਲਦਾਂ (1933-25) ਲਿਖ ਹੀ ਰਿਹਾ ਸੀ ਜਦੋਂ 13 ਜੁਲਾਈ, 1924 ਨੂੰ ਗਲੈਮਾਰਗੈਨਸ਼ਿਰ ਵਿਖੇ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. ਮਾ. 5 : 802

**ਕਿੱਡ, ਟਾਮਸ** : ਇਸ ਅੰਗ੍ਰੇਜ਼ੀ ਸਾਹਿਤਕਾਰ ਦਾ ਜਨਮ 6 ਨਵੰਬਰ, 1558 ਨੂੰ ਲੰਡਨ ਵਿਖੇ ਹੋਇਆ । ਇਸ ਨੇ ਮਰਚੈਂਟ ਟੇਲਰਜ਼ ਸਕੂਲ ਤੋਂ ਵਿੱਦਿਆ ਪ੍ਰਾਪਤ ਕੀਤੀ । ਇਸ ਦੇ ਜੀਵਨ ਅਤੇ ਯੂਨੀਵਰਸਿਟੀ ਵਿਦਿਆ ਬਾਰੇ ਬਹੁਤ ਕੁਝ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ।

ਇਹ 'ਦਾ ਸਪੈਨਿਸ਼ ਟਰੈਜੱਡੀ' ਦਾ ਕਰਤਾ ਹੈ । ਇਸ ਨੇ ਇਕ ਨਾਟਕ 'ਕਾਰਨੀਲੀਆ' ਵੀ ਲਿਖਿਆ । ਅਜਿਹੇ ਹਵਾਲੇ ਵੀ ਮਿਲਦੇ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਇਸ ਨੇ 'ਹੈਮਲੈੱਟ' ਲਿਖਿਆ ਸੀ । ਇਹ ਦੁਖਾਂਤਿਕ ਕਵਿਤਾ ਲਿਖਣ ਵਿਚ ਮਾਹਰ ਸੀ । ਇਸ ਦੇ ਨਾਟਕਾਂ ਵਿਚ ਭਿਆਨਕਤਾ ਦੇ ਅੰਸ਼ ਹਨ ।

ਸੰਨ 1594 ਵਿਚ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ.ਬ੍ਰਿ. ਮਾ. 13 : 525

**ਕਿੰਡਰਗਾਰਟਨ** : ਵਿਉਂਤਪਤੀ ਦੀ ਦ੍ਰਿਸ਼ਟੀ ਤੋਂ ਕਿੰਡਰਗਾਰਟਨ ਜਰਮਨ ਸ਼ਬਦਾਂ 'ਕਿੰਡਰ' (Kinder) ਅਤੇ 'ਗਾਰਟਨ' (Garten) ਦਾ ਅੰਗਰੇਜ਼ੀ ਰੂਪ ਹੈ । ਮੂਲ ਭਾਸ਼ਾ ਵਿਚ ਇਸਦੇ ਅਰਥ 'ਬੱਚਿਆਂ ਦਾ ਬਾਗ਼' (ਕਿੰਡਰ=ਬੱਚੇ+ਗਾਰਟਨ=ਬਾਗ਼) ਹਨ । ਅੱਜ ਕਲ੍ਹ ਕਿੰਡਰਗਾਰਟਨ ਮੁੱਖ ਤੌਰ ਤੇ ਇਕ ਅਜਿਹੀ ਆਧੁਨਿਕ ਸੰਸਥਾ ਨੂੰ ਕਹਿੰਦੇ ਹਾਂ ਜਿਹੜੀ ਚਾਰ ਤੋਂ ਛੇ ਵਰ੍ਹਿਆਂ ਦੇ ਬੱਚਿਆਂ ਲਈ ਸਿੱਖਿਆ ਦਾ ਪ੍ਰਬੰਧ ਕਰਦੀ ਹੈ । ਇਸ ਸਿੱਖਿਆ-ਪ੍ਰਣਾਲੀ ਦੀ ਨੀਂਹ ਫ੍ਰੈਡਰਿਕ ਫਰੋਬੈੱਲ ਨੇ (1782-1852 ਈ.) ਰੱਖੀ । ਉਸ ਦੀ ਇਹ ਧਾਰਨਾ ਸੀ ਕਿ ਸਕੂਲ ਇਕ ਬਾਗ਼ ਹੈ ਜਿਸ ਵਿਚ ਬੱਚੇ ਪੁੰਗਰਦੇ ਪੌਦਿਆਂ ਵਾਂਗ ਹਨ । ਇਸੇ ਭਾਵਨਾ ਨੂੰ ਹੀ ਪ੍ਰਗਟਾਉਣ ਲਈ ਉਸ ਨੇ ਕਿੰਡਰਗਾਰਟਨ ਸ਼ਬਦ ਦੀ ਵਰਤੋਂ ਕੀਤੀ । ਇਸ ਨੇ ਨਾਟਕਾਂ, ਖੇਡਾਂ ਗੀਤਾਂ ਨੂੰ ਵਰਤੋਂ ਵਿਚ ਲਿਆ ਕੇ 1837 ਈ. ਵਿਚ ਤਿੰਨ ਅਤੇ ਸੱਤ ਸਾਲ ਦੀ ਉਮਰ ਦੇ ਵਿਚਕਾਰਲੇ ਬੱਚਿਆਂ ਲਈ ਜਰਮਨੀ ਵਿਚ ਬਲਾਂਗਕਨਬਰਗ ਵਿਖੇ ਇਕ ਸਕੂਲ ਖੋਲ੍ਹਿਆ । ਇਸ ਸਕੂਲ ਨੂੰ 'ਜੇ. ਏ. ਕਮੇਨੀਅਸ (1592-1670) ਦੁਆਰਾ ਸਵਿਟਜ਼ਰਲੈਂਡ ਵਿਚ ਸਥਾਪਤ ਕੀਤੇ 'ਸਕੂਲ ਆਫ ਇਨਫੈਂਸੀ' ਦੇ ਨਮੂਨੇ ਦਾ ਰੂਪ ਦਿਤਾ ਗਿਆ ।

**ਪ੍ਰਚਾਰ ਦੇ ਸਾਧਨ**—ਸੰਨ 1837 ਅਤੇ 1848 ਵਿਚਕਾਰ ੍ਰੋਬੈੱਲ ਨੇ ਅਜਿਹੇ ਸੋਲ੍ਹਾਂ ਹੋਰ ਕਿੰਡਰਗਾਰਟਨ ਸਥਾਪਤ ਕੀਤੇ। ਇਸ ਇਲਾਵਾ ਇਸ ਨੇ ਨੌਜਵਾਨ ਔਰਤਾਂ ਨੂੰ ਕਿੰਡਰਗਾਰਟਨ ਟੀਚਰਾਂ ੋਂ ਸਿਖਲਾਈ ਦੇਣ ਲਈ ਇਕ ਸਕੂਲ ਖੋਲ੍ਹਿਆ। ਅਧਿਆਪਨ-ਰਜ ਅਤੇ ਪੁਸਤਕਾਂ ਦੇ ਪ੍ਰਕਾਸ਼ਨ ਦੁਆਰਾ ਵੀ ਕਿੰਡਰਗਾਰਟਨ ਸਿੱਖਿਆ ਵਿਕਾਸ ਅਤੇ ਪ੍ਰਸਾਰ ਲਈ ਇਸ ਨੇ ਬਹੁਤ ਕੰਮ ਕੀਤਾ। ਪ੍ਰਸ਼ਾਅ ਰਕਾਰ ਨੂੰ ਇਹ ਡਰ ਪੈ ਗਿਆ ਕਿ ਕਿੰਡਰਗਾਰਟਨ ਸਵੈ-ਸਰਗਰਮੀ ਤੇ ਪਹਿਲ 'ਤੇ ਬਲ ਦੇ ਕੇ ਇਨਕਲਾਬੀ ਵਿਚਾਰਾਂ ਨੂੰ ਪਾਲ ਰਿਹਾ ਹੈ। 1851 ਈ. ਵਿਚ ਸਰਕਾਰ ਨੇ ਇਸ ਸਕੂਲ ਉਤੇ ਬੰਦਸ਼ ਲਾ ਤੀ। ਫਰੋਬੈੱਲ ਦੀ ਮੌਤ ਤੋਂ ਬਾਅਦ ਇਸ ਦਾ ਚੇਲਾ Baroness ertha Von Marenholtz-Bulow-Wendhansen ਡਰਗਾਰਟਨ ਸਿੱਖਿਆ ਦੇ ਪ੍ਰਚਾਰ ਲਈ ਲੰਡਨ, ਪੈਰਿਸ, ਇਤਾਲਵੀ ਹਿਰਾਂ, ਸਵਿਟਜ਼ਰਲੈਂਡ, ਹਾਲੈਂਡ ਅਤੇ ਬੈਲਜੀਅਮ ਵਿਚ ਗਿਆ ਅਤੇ ਰਮਨੀ ਤੋਂ ਬਾਹਰ ਰਹਿ ਕੇ ਉਸ ਨੇ ਇਸ ਮੁਹਿੰਮ ਨੂੰ ਵੱਡੇ ਪੈਮਾਨੇ ਤੇ ਰੂ ਕੀਤਾ। ਸੰਨ 1860 ਵਿਚ ਪ੍ਰਸ਼ਾਅ ਸਰਕਾਰ ਨੇ ਇਹ ਬੰਦਸ਼ ਹਟਾ ਤੀ। ਵੈਡਹਾਸਨ ਨੇ ਕਿੰਡਰਗਾਰਟਨ ਦੇ ਪ੍ਰਸਾਰ-ਕਾਰਜ ਨੂੰ ਵਿਸ਼ੇਸ਼ ਪ ਵਿਚ ਅੱਗੇ ਲਿਆਂਦਾ ਜਿਸ ਤੋਂ ਯੂਰਪ ਦੇ ਕਈ ਦੇਸ਼ਾਂ ਵਿਚ ਇਸ ਦਾ ਚਾਰ ਹੋਇਆ।

ਸੰਨ 1855 ਵਿਚ ਮਿਸਿਜ਼ ਕਾਰਲ ਸ਼ੁਰਜ਼ ਨੇ ਸੰਯੁਕਤ ਰਾਜ ਮਰੀਕਾ ਦੇ ਵਿਸਕਾਨਸਿਲ ਰਾਜ ਵਿਚ ਵਾਟਰ ਟਾਊਨ ਵਿਖੇ ਜਰਮਨੀ ਸ਼ਾ ਵਿਚ ਸਿੱਖਿਆ ਦੇਣ ਵਾਲਾ ਪਹਿਲਾ ਕਿੰਡਰਗਾਰਟਨ ਖੋਲ੍ਹਿਆ। ਸ਼ ਵਿਚ ਅੰਗਰੇਜ਼ੀ ਭਾਸ਼ਾ ਵਿਚ ਸਿਖਿਆ ਦੇਣ ਵਾਲਾ ਪਹਿਲਾ ਡਰਗਾਰਟਨ ਬਾਸਟਨ ਵਿਚ ਪ੍ਰਾਈਵੇਟ ਤੌਰ ਤੇ ਖੋਲ੍ਹਿਆ ਗਿਆ ਅਤੇ ਸ ਐਲਜ਼ਬੈੱਥ ਪੀਬਾਡੀ ਇਸ ਦੀ ਸਰਪ੍ਰਸਤ ਬਣੀ। ਸੰਨ 1946 ਚ ਸੰਯੁਕਤ ਰਾਜ ਅਮਰੀਕਾ ਵਿਚ 10,000 ਤੋਂ ਵੱਧ ਪਬਲਿਕ ਤੇ 2000 'ਪਬਲਿਕ ਕਿੰਡਰਗਾਰਟਨ' ਸਨ ਅਤੇ ਬਹੁਤ ਸਾਰੇ ਲਜਾਂ ਅਤੇ ਯੂਨੀਵਰਸਿਟੀਆਂ ਵਿਚ ਸਿਖਲਾਈ-ਕੋਰਸ ਚਾਲੂ ਕੀਤੇ ਏ।

**ਉਦੇਸ਼ ਅਤੇ ਸਿਧਾਂਤ**—ਫਰੋਬੈੱਲ ਦੀ ਕਿੰਡਰਗਾਰਟਨ ਦੀ ਫ਼ਲਾਸਫ਼ੀ ਦਾ ਆਧਾਰ ਸਮਝਣ ਲਈ ਉਸ ਦੀ ਪੁਸਤਕ 'ਮਨੁੱਖ ਦੀ ਸਿੱਖਿਆ' ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਕਿੰਡਰਗਾਰਟਨ ਾ ਪ੍ਰਮੁੱਖ ਸਿਧਾਂਤ ਇਹ ਸੀ ਕਿ ਵਿੱਦਿਅਕ, ਸਮਾਜਕ ਅਤੇ ਸਦਾਚਾਰਕ ਖੋਂ ਪਦਾਰਥ-ਸਿੱਖਿਆ ਅਤੇ ਆਤਮ-ਕਿਰਿਆ ਤੇ ਜ਼ੋਰ ਦਿਤਾ ਜਾਣਾ ਾਹੀਦਾ ਹੈ। ਫਰੋਬੈੱਲ ਦਾ ਯਕੀਨ ਸੀ ਕਿ ਬੱਚੇ ਦਾ ਵਿਕਾਸ ਨਿਰੰਤਰ ਣਾ ਚਾਹੀਦਾ ਹੈ ਅਤੇ ਉਸਦੀਆਂ ਪਰਵਿਰਤੀਆਂ ਅਤੇ ਰੁਚੀਆਂ ਦਾ ਯੋਗ ਵੀ ਪੂਰੀ ਸਿਆਣਪ ਨਾਲ ਹੋਣਾ ਚਾਹੀਦਾ ਹੈ ਤਾਂ ਕਿ ਉਸ ਦੀ ਗਤਾ ਦਾ ਪੂਰਾ-ਪੂਰਾ ਵਿਕਾਸ ਹੋ ਸਕੇ। ਉਸ ਅਨੁਸਾਰ 'ਸਕੂਲ' ਰ ਦਾ ਹੀ ਇਕ ਬਦਲ ਹੋਣਾ ਚਾਹੀਦਾ ਹੈ ਜਿਸ ਦਾ ਮਾਹੌਲ ਅਜਿਹਾ ਵੇ ਕਿ ਬੱਚਾ ਕਿਸੇ ਵੀ ਕਿਸਮ ਦਾ ਬੋਝ ਮਹਿਸੂਸ ਨਾ ਕਰਦਾ ਹੋਇਆ ਜੇ ਬੱਚਿਆਂ ਦੀ ਸੰਗਤ ਵਿਚ ਸਮਾਜਕ ਅਤੇ ਸਦਾਚਾਰਕ ਕਦਰਾਂ-ੀਮਤਾਂ ਦੀ ਸਿਖਲਾਈ ਪ੍ਰਾਪਤ ਕਰੇ। ਕਿੰਡਰਗਾਰਟਨ ਅਜਿਹੇ ਮੌਕੇ ਦਾ ਕਰੇ ਕਿ ਬੱਚਾ ਗਾਉਣ, ਕਹਾਣੀ ਸੁਣਾਉਣ, ਰੰਗ ਕਰਨ, ਖੇਡਣ, ਲ ਲਾਉਣ ਜਾਂ ਹੋਰ ਹਰਕਤਾਂ ਰਾਹੀਂ ਆਪਣੇ ਆਪ ਦਾ ਪ੍ਰਗਟਾਵਾ ਰਨ ਦੇ ਯੋਗ ਹੋਵੇ। ਕਿੰਡਰਗਾਰਟਨ ਦਾ ਮੁੱਢਲਾ ਸਿਧਾਂਤ ਬਸ ਇਹੀ ਕਿ ਬੱਚਾ ਕੇਵਲ ਪੜ੍ਹਨ ਦੀ ਥਾਂ ਕੁਝ ਕਰਨ ਰਾਹੀਂ ਸਿੱਖਿਆ ਪ੍ਰਾਪਤ ਰੇ।

ਇਸ ਤਰ੍ਹਾਂ ਆਤਮ-ਕਿਰਿਆ, ਆਤਮ-ਪ੍ਰਗਟਾਉ ਅਤੇ ਸੁਤੰਤਰ ਡ ਕਿੰਡਰਗਾਰਟਨ ਸਿੱਖਿਆ ਦੇ ਮੂਲ ਸਿਧਾਂਤ ਬਣੇ। ਜਿਨ੍ਹਾਂ ਨੇ ਬੱਚਿਆਂ ਰੂੜ੍ਹੀਵਾਦੀ ਅਤੇ ਇਕਹਿਰੀ ਜਿਹੀ ਸਿਖਿਆ ਦੇਣ ਵਾਲੇ ਸਕੂਲਾਂ ਨੂੰ ਕਿਰਿਆਸ਼ੀਲ ਅਤੇ ਮਨੋਰੰਜਕ ਸੰਸਥਾਵਾਂ ਵਿਚ ਬਦਲਣ ਵਿਚ ਬੜੀ ਭਾਰੀ ਮੱਦਦ ਕੀਤੀ।

**ਸਾਧਨ ਅਤੇ ਪਾਠ-ਕ੍ਰਮ**—ਬੱਚਿਆਂ ਦੀ ਕਿਰਿਆਸ਼ੀਲਤਾ ਲਈ ਉੱਚਿਤ ਸਾਧਨ ਜੁਟਾਉਣ ਦੇ ਵਿਚਾਰ ਨਾਲ ਫਰੋਬੈੱਲ ਨੇ ਖਿਡਾਉਣੇ ਤਿਆਰ ਕੀਤੇ ਜਿਨ੍ਹਾਂ ਨੂੰ 'ਫਰੋਬੈੱਲ ਗਿਫਟਜ਼' ਕਿਹਾ ਜਾਂਦਾ ਹੈ। ਫਰੋਬੈੱਲ, ਜਿਹੜੇ ਸਮਕਾਲੀ ਆਦਰਸ਼ਵਾਦੀ ਅਤੇ ਸੁਤੰਤਰਤਾਵਾਦੀ ਦਰਸ਼ਨ ਤੋਂ ਪ੍ਰਭਾਵਿਤ ਹੋਇਆ ਉਸ ਦਾ ਪ੍ਰਭਾਵ ਉਸ ਦੀ ਵਿਚਾਰਧਾਰਾ ਤੇ ਪੈਣ ਦੇ ਨਾਲ ਨਾਲ ਇਨ੍ਹਾਂ ਸਾਧਨਾਂ ਦੇ ਨਿਰਮਾਣ ਤੇ ਵੀ ਪਿਆ, ਜਿਹੜੇ ਉਸ ਅਨੁਸਾਰ ਜੀਵਨ ਦੇ ਨਿਯਮਾਂ ਅਤੇ ਰਹੱਸਾਂ ਦੇ ਪ੍ਰਤੀਕ ਅਤੇ ਲਖਾਇਕ ਹਨ। ਉਦਾਹਰਣ ਵਜੋਂ ਗੋਲੇ ਵਿਸ਼ਵ-ਏਕਤਾ ਦੇ ਪ੍ਰਤੀਕ ਹਨ। 'ਗੋਲਾ', 'ਬੇਲਨਾ' ਤੇ ਘਣ ਇਸ ਦੀਆਂ ਤਿੰਨ ਮੁੱਖ ਖੇਡਾਂ ਹਨ ਜਿਨ੍ਹਾਂ ਰਾਹੀਂ ਫਰੋਬੈੱਲ ਦੇ 'ਵਿਪਰੀਤਤਾ' ਅਤੇ 'ਸਬੰਧ' ਦੇ ਦੋ ਮੁੱਖ ਨਿਯਮ ਪ੍ਰਗਟਾਏ ਗਏ ਹਨ ਕਿਉਂਕਿ ਹਰੇਕ ਵਸਤੂ ਦਾ ਗਿਆਨ ਉਸ ਦੀ ਵਿਪਰੀਤ ਵਸਤੂ ਦੇ ਨਾਲ ਸਹੀ ਰੂਪ ਵਿਚ ਪ੍ਰਾਪਤ ਹੁੰਦਾ ਹੈ। ਇਸ ਲਈ ਗੋਲੇ ਨਾਲ ਘਣ ਬਣਾਇਆ ਗਿਆ ਅਤੇ ਸਬੰਧਾਂ ਦੇ ਨਿਯਮਾਂ ਅਨੁਸਾਰ ਇਨ੍ਹਾਂ ਦੋਹਾਂ ਨੂੰ ਸਬੰਧਤ ਕਰਨ ਲਈ ਬੇਲਨਾਕਾਰ ਦੀ ਰਚਨਾ ਕੀਤੀ ਗਈ। ਬਾਕੀ ਸਾਰੇ ਖਿਡਾਉਣੇ ਇਨ੍ਹਾਂ ਤਿੰਨਾਂ ਦੇ ਹੀ ਵੱਖ-ਵੱਖ ਰੂਪ ਹਨ, ਜਿਨ੍ਹਾਂ ਦਾ ਕ੍ਰਮ ਬੱਚੇ ਦੇ ਵਿਕਾਸ ਦੀ ਦ੍ਰਿਸ਼ਟੀ ਦੇ ਪੱਖੋਂ ਨਿਸ਼ਚਿਤ ਕੀਤਾ ਗਿਆ ਹੈ। ਤੋਹਫਿਆਂ ਦੁਆਰਾ ਬੱਚਾ ਵੱਖ-ਵੱਖ ਤਰ੍ਹਾਂ ਦੀਆਂ ਰਚਨਾਵਾਂ ਅਤੇ ਉਸ ਤੋਂ ਬਾਅਦ ਕੁਝ ਗਣਿਤ ਅਤੇ ਰੇਖਾ-ਗਣਿਤ ਸਿੱਖਦਾ ਹੈ। ਉਹ ਅਪ੍ਰਤੱਖ ਰੂਪ ਤੋਂ ਹੋਰ ਤਰ੍ਹਾਂ ਦਾ ਗਿਆਨ ਵੀ ਪ੍ਰਾਪਤ ਕਰਦਾ ਹੈ। ਇਨ੍ਹਾਂ ਤੋਂ ਇਲਾਵਾ ਕਈ ਹੋਰ ਪ੍ਰਕਾਰ ਦੇ ਕਾਰਜਾਂ ਦਾ ਪ੍ਰਬੰਧ ਵੀ ਕੀਤਾ ਜਿਵੇਂ ਕਿ ਮਿੱਟੀ ਅਤੇ ਲੱਕੜੀ ਦਾ ਕੰਮ ਕਰਨਾ, ਕਾਗਜ਼ ਦੀਆਂ ਚੀਜ਼ਾਂ ਬਣਾਉਣਾ, ਰੇਖਾਵਾਂ ਮਿਲਾਉਣਾ, ਬੁਨਣਾ, ਸਿਲਾਈ-ਕਢਾਈ ਕਰਨਾ, ਮੋਤੀ ਪਰੋਣ ਵਰਗੀਆਂ ਕ੍ਰਿਆਵਾਂ ਆਉਂਦੀਆਂ ਹਨ।

ਤੋਹਫ਼ਿਆਂ ਅਤੇ ਕਾਰਜਾਂ ਤੋਂ ਇਲਾਵਾ ਕਿੰਡਰਗਾਰਟਨ ਦੇ ਪਾਠਕ੍ਰਮ ਵਿਚ ਡ੍ਰਾਇੰਗ, ਚਿੱਤਰਕਾਰੀ, ਬਾਗ਼ਬਾਨੀ, ਪਾਲਤੂ ਜਾਨਵਰਾਂ ਦੀ ਦੇਖ-ਭਾਲ ਆਦਿ ਵੀ ਸ਼ਾਮਲ ਹਨ। ਐਪਰ, ਇਨ੍ਹਾਂ ਨਾਲੋਂ ਵਧੇਰੇ ਮਹੱਤਵ ਸੰਗੀਤ ਦਾ ਸੀ ਜੋ ਫਰੋਬੈੱਲ ਦੀ ਸਿੱਖਿਆ-ਪ੍ਰਣਾਲੀ ਦਾ ਇਕ ਮੁੱਖ ਅੰਗ ਹੈ। ਉਹ ਸੰਗੀਤ ਨੂੰ ਸਵੈ-ਪ੍ਰਗਟਾਵੇ ਦਾ ਸਾਧਨ ਮੰਨਦਾ ਸੀ ਅਤੇ ਉਸ ਦੇ ਵਿਚਾਰ ਅਨੁਸਾਰ ਬੱਚੇ ਦੀ ਸਿੱਖਿਆ ਦਾ ਆਰੰਭ ਮਾਂ ਦੇ ਗੀਤਾਂ ਰਾਹੀਂ ਹੋਣਾ ਚਾਹੀਦਾ ਹੈ। 'ਮਾਂ ਦੀਆਂ ਖੇਡਾਂ ਅਤੇ ਬੱਚਿਆਂ ਦੇ ਗੀਤ' ਨਾਮੀ ਪੁਸਤਕ ਵਿਚ ਇਸੇ ਮੰਤਵ ਨਾਲ ਖੇਡ-ਗੀਤਾਂ ਅਤੇ ਤਸਵੀਰਾਂ ਦਾ ਸੰਗ੍ਰਹਿ ਤਿਆਰ ਕੀਤਾ ਗਿਆ ਸੀ।

**ਪ੍ਰਗਤੀਸ਼ੀਲ ਵਿਚਾਰ ਜਾਂ ਪ੍ਰਭਾਵ ਅਤੇ ਆਧੁਨਿਕ ਕਿੰਡਰਗਾਰਟਨ**—ਆਲੋਚਨਾ ਦੇ ਫਲ-ਸਰੂਪ ਫਰੋਬੈੱਲ ਕਿੰਡਰਗਾਰਟਨ ਸਿੱਖਿਆ-ਪ੍ਰਣਾਲੀ ਵਿਚ ਕਈ ਪਰਿਵਰਤਨ ਤੇ ਸੁਧਾਰ ਹੋਏ। ਜਿਹਾ ਕਿ ਉਪਰ ਸੰਕੇਤ ਕੀਤਾ ਜਾ ਚੁੱਕਾ ਹੈ। ਇਹ ਕੰਮ ਵਿਸ਼ੇਸ਼ ਕਰਕੇ ਸੰਯੁਕਤ ਰਾਜ ਅਮਰੀਕਾ ਵਿਚ ਹੋਇਆ। ਇਸ ਸੋਧ ਦੇ ਮੂਲ ਵਿਚ ਮਨੋਵਿਗਿਆਨਕ ਖੋਜ ਅਤੇ ਬਾਲ-ਅਧਿਐਨ ਤੋਂ ਇਲਾਵਾ ਉਹ ਪ੍ਰਗਤੀਵਾਦੀ ਵਿਚਾਰਧਾਰਾ ਵੀ ਸੀ ਜਿਸ ਦੇ ਮੋਢੀ ਜੀ. ਸਟੈਨਿਲੇ ਹੱਲ ਅਤੇ ਜੌਨ ਡਯੂਈ ਸਨ। ਇਨ੍ਹਾਂ ਤੋਂ ਇਲਾਵਾ ਕਿਲਪੈਟ੍ਰਿਕ, ਮੈਂਕਵੈਨੇਲ, ਫਾਰੇਸਟ, ਥਾਰਨਡਾਇਕ ਅਤੇ ਐਨਾ ਬ੍ਰਿਯਾ, ਹਿੱਲ ਆਦਿ ਸਿਖਿਆ-ਸ਼ਾਸਤਰੀਆਂ ਅਤੇ ਮਨੋਵਿਗਿਆਨੀਆਂ ਦੀ ਆਲੋਚਨਾ ਅਤੇ ਖੋਜ ਦਾ ਪ੍ਰਭਾਵ ਵੀ ਪਿਆ। ਵੀਹਵੀਂ ਸਦੀ ਦੇ ਸ਼ੁਰੂ ਵਿਚ ਵਿਕਸਿਤ ਹੋਣ ਵਾਲੀ ਬਾਲ-ਸਿੱਖਿਆ ਦੀ ਦੂਜੀ 'ਮਾਂਟਸਰੀ ਪ੍ਰਣਾਲੀ' ਨੇ ਵੀ ਫਰੋਬੈੱਲ ਦੇ ਕਿੰਡਰਗਾਰਟਨ ਨੂੰ ਸੋਧਣ ਵਿਚ ਕੁਝ ਸਹਾਇਤਾ ਕੀਤੀ। ਇਨ੍ਹਾਂ ਸਾਰਿਆਂ ਪ੍ਰਭਾਵਾਂ ਦੇ ਫਲ-ਸਰੂਪ ਕਿੰਡਰਗਾਰਟਨ ਦੇ ਮੂਲ ਸਿੱਖਿਆ ਸਿਧਾਂਤਾਂ ਵਿਚ ਹੇਰ-ਫੇਰ ਹੋਇਆ ਅਤੇ ਇਸ ਦੇ ਨਾਲ ਹੀ ਇਸ ਦੇ ਸਾਧਨ ਅਤੇ ਪਾਠ-ਕ੍ਰਮ ਵੀ

ਬਦਲੇ । ਸੂਖ਼ਮ ਕਿਰਿਆਵਾਂ ਦੀ ਥਾਂ ਤੇ ਹੱਥਾਂ ਨਾਲ ਕੀਤੇ ਜਾਣ ਵਾਲੇ ਮੋਟੇ ਅਤੇ ਸਰਲ ਕੰਮ ਰੱਖੇ ਗਏ । ਬੱਚਿਆਂ ਦੇ ਸਰੀਰਕ ਵਿਕਾਸ ਲਈ ਉਚਿੱਤ ਕਿਰਿਆਵਾਂ-ਖੇਡ ਕੁੱਦ ਅਤੇ ਪ੍ਰਤੱਖ-ਅਨੁਭਵ ਨੂੰ ਵਧੇਰੇ ਮਹੱਤਵ ਦਿਤਾ ਗਿਆ । ਇਸ ਦੇ ਨਾਲ-ਨਾਲ ਉਨ੍ਹਾਂ ਦੇ ਭਾਵਨਾਤਮਕ ਤੇ ਸਮਾਜਕ ਵਿਕਾਸ ਲਈ ਵੀ ਉਪਯੋਗੀ ਕਿਰਿਆਵਾਂ ਦਾ ਪ੍ਰਬੰਧ ਕੀਤਾ ਗਿਆ । ਇਸ ਤਰ੍ਹਾਂ ਆਧੁਨਿਕ ਪ੍ਰਗਤੀਸ਼ੀਲ ਕਿੰਡਰਗਾਰਟਨ ਦਾ ਰੂਪ ਕਾਫ਼ੀ ਬਦਲ ਗਿਆ ।

**ਭਾਰਤ ਵਿਚ ਕਿੰਡਰਗਾਰਟਨ**—ਸਾਡੇ ਦੇਸ਼ ਦੇ ਵਰਤਮਾਨ ਕਿੰਡਰਗਾਰਟਨਾਂ ਉਤੇ ਵੀ ਇਸ ਪ੍ਰਗਤੀਵਾਦੀ ਵਿਚਾਰਧਾਰਾ ਦਾ ਕੁਝ ਪ੍ਰਭਾਵ ਪਿਆ ਹੈ ਭਾਵੇਂ ਉਹ ਅਮਰੀਕਾ ਦੇ ਕਿੰਡਰਗਾਰਟਨਾਂ ਵਾਂਗ ਪ੍ਰਗਤੀਸ਼ੀਲ ਨਹੀਂ ਹੈ ਅਤੇ ਕਈ ਵਾਰ ਉਨ੍ਹਾਂ ਵਿਚ ਮੁੱਖ ਥਾਂ ਕਿਤਾਬੀ-ਪੜ੍ਹਾਈ ਨੂੰ ਹੀ ਪ੍ਰਾਪਤ ਹੈ । ਇਸ ਦਾ ਮੁੱਖ ਕਾਰਨ ਹੈ ਕਿ ਭਾਰਤ ਸਿੱਖਿਆ ਦੇ ਖੇਤਰ ਵਿਚ ਕਾਫ਼ੀ ਪਛੜਿਆ ਹੋਇਆ ਹੈ ਅਤੇ ਬਾਲ-ਸਿੱਖਿਆ ਵੱਲ ਸਰਕਾਰ, ਜਨਤਾ ਅਤੇ ਸਿੱਖਿਆ-ਸ਼ਾਸਤਰੀਆਂ ਦੁਆਰਾ ਉਚਿੱਤ ਧਿਆਨ ਨਹੀਂ ਦਿਤਾ ਜਾਂਦਾ ਜਿਸ ਦੇ ਫਲਸਰੂਪ ਦੇਸ਼-ਵਿਚਲੀਆਂ ਬਾਲ-ਸਿੱਖਿਆ ਦੀਆਂ ਸਾਰੀਆਂ ਪ੍ਰਣਾਲੀਆਂ ਨਰਸਰੀ, ਕਿੰਡਰਗਾਰਟਨ, ਮਾਂਟਸਰੀ ਅਤੇ ਪੂਰਵ-ਬੇਸਿਕ ਵਿਚ ਸੁਧਾਰ ਦੀ ਲੋੜ ਹੈ । ਦੂਜਾ ਕਾਰਨ ਹੈ ਕਿ ਜਿੰਨਾ ਪ੍ਰਚਾਰ ਮਾਂਟਸਰੀ ਪ੍ਰਣਾਲੀ ਦਾ ਹੋਇਆ ਹੈ ਉਨ੍ਹਾਂ ਕਿੰਡਰਗਾਰਟਨ ਪ੍ਰਣਾਲੀ ਦਾ ਨਹੀਂ । ਸਾਡੇ ਪੂਰਵ-ਪ੍ਰਾਇਮਰੀ ਸਕੂਲਾਂ ਵਿਚੋਂ ਲਗਭਗ 44 ਪ੍ਰਤੀਸ਼ਤ ਮਾਂਟਸਰੀ ਪ੍ਰਣਾਲੀ ਤੇ ਚੱਲ ਰਹੇ ਹਨ ਜਦੋਂ ਕਿ ਕਿੰਡਰਗਾਰਟਨ ਦੀ ਗਿਣਤੀ ਕੇਵਲ 11 ਪ੍ਰਤੀਸ਼ਤ ਹੈ ।

ਇਨ੍ਹਾਂ ਕਿੰਡਰਗਾਰਟਨਾਂ ਵਿਚੋਂ ਵਧੇਰੇ ਈਸਾਈ ਧਰਮ-ਪ੍ਰਚਾਰਕਾਂ ਦੇ ਚਲਾਏ ਹੋਏ ਹਨ ਜਿਨ੍ਹਾਂ ਵਿਚ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਹੈ ਅਤੇ ਸਿੱਖਿਆ ਦੀ ਪੱਧਰ ਤੇ ਅਨੁਸ਼ਾਸਨ ਅਕਸਰ ਚੰਗਾ ਹੈ । ਐਪਰ ਇਹ ਬਹੁਤ ਮਹਿੰਗੇ ਹਨ ਅਤੇ ਇਨ੍ਹਾਂ ਵਿਚ ਭਾਰਤੀ ਸੰਸਕ੍ਰਿਤੀ ਤੇ ਧਰਮ ਨੂੰ ਬਹੁਤ ਘੱਟ ਸਥਾਨ ਦਿਤਾ ਜਾਂਦਾ ਹੈ ਜੋ ਕਿ ਸਾਡੇ ਭਾਰਤੀਆਂ ਲਈ ਉਚਿਤ ਨਹੀਂ ਹੈ ।

ਹ. ਪੁ.—ਹਿੰ. ਵਿ. ਕੋ. 3 : 2; ਕੋਲ. ਐਨ. 11 : 215

**ਕਿਡੂਸ਼ ਅਤੇ ਹਾਬਦਾਲਾਹ** : ਇਹ ਯਹੂਦੀ ਮੱਤ ਵਿਚ ਕ੍ਰਮਵਾਰ ਸਾਬਾਥ ਅਤੇ ਮੇਲਿਆਂ ਦੀ ਸ਼ੁਰੂਆਤ ਅਤੇ ਬੰਦ ਹੋਣ ਵਾਲੀਆਂ ਰਸਮਾਂ ਦਾ ਨਾਂ ਹੈ । ਕਿਡੂਸ਼ ਵਿਚ ਦਿਨ ਦੀਆਂ ਅਸ਼ੀਰਵਾਦਾਂ ਜਾਂ ਸ਼ਰਾਬ ਅਤੇ ਰੋਟੀ ਦੀਆਂ ਪਵਿਤਰੀਕਰਨ ਰਸਮਾਂ ਸ਼ਾਮਲ ਹਨ ਅਤੇ ਇਹ ਅਰਦਾਸ ਤਿੰਨ ਰਸਮੀ ਭੋਜਨਾਂ ਦੇ ਪਹਿਲੇ ਭੋਜਨ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ । ਉਹ ਵਿਦਵਾਨ, ਜੋ ਇਹ ਮੰਨਦੇ ਹਨ ਕਿ ਲਾਸਟ ਸਪਰ ਪੈਸੋਵਰ ਵਿਖੇ ਹੋਇਆ ਸੀ ਉਹ ਇਹ ਵੀ ਖਿਆਲ ਕਰਦੇ ਹਨ ਕਿ ਪੈਸੋਵਰ ਕਿਡੂਸ਼ ਨੂੰ ਜੈਸੁਸ ਦੁਆਰਾ ਪਿਆਲੇ ਦੀ ਅਸ਼ੀਰਵਾਦ ਦਿੱਤੀ ਗਈ । ਹਾਬਦਾਲਾਹ ਸ਼ਬਦ (1) ਪਵਿਤਰ ਅਤੇ ਵਿਵਹਾਰਕ ਦਿਨਾਂ ਦੀ ਸੀਮਾ ਅਤੇ ਪ੍ਰਕਾਸ਼ ਅਤੇ ਹਨੇਰੇ ਨੂੰ ਵੱਖ ਕਰਦੀ ਹੋਈ ਸ਼ਾਮ ਦੀ ਸਰਵਿਸ ਲਈ ਅਤੇ (2) ਹਾਬਦਾਲਾਹ, ਪ੍ਰਕਾਸ਼, ਸ਼ਰਾਬ ਅਤੇ ਮਸਾਲਿਆਂ ਦੀ ਘਰੇਲੂ ਅਤੇ ਯਹੂਦੀ ਪ੍ਰਾਰਥਨਾ ਲਈ ਵੀ ਵਰਤਿਆ ਜਾਂਦਾ ਹੈ । ਮੇਲਿਆਂ ਅਤੇ ਵਰਤਾਂ ਤੋਂ ਬਾਦ ਤਬਦੀਲੀਆਂ ਤੇ ਭੁਲਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ । ਮੇਲਿਆਂ ਤੇ ਸਾਬਾਥ ਉਪਰ ਅੱਗ ਮਚਾਉਣ ਤੇ ਲੱਗੀ ਪਾਬੰਦੀ ਬਦਲ ਦਿੱਤੀ ਜਾਂਦੀ ਹੈ ਅਤੇ ਇਸ ਤਰ੍ਹਾਂ ਹਾਬਦਾਲਾਹ ਰਸਮ ਵਿਚ ਪ੍ਰਕਾਸ਼ ਉਪਰ ਵੀ ਅਸ਼ੀਰਵਾਦ ਨਹੀਂ ਹੁੰਦੀ ।

ਹ. ਪੁ.—ਐਨ. ਬ੍ਰਿ. 13 : 340

**ਕਿਤਾਅ** : ਇਸ ਦਾ ਅਰਥ ਹੈ 'ਟੁਕੜਾ' ਜਾਂ 'ਅਲੱਗ ਕੀਤਾ ਹੋਇਆ' । ਇਹ ਇਕ ਕਾਵਿ ਰੂਪ ਹੈ ਜਿਸ ਦੇ ਪਹਿਲੇ ਸ਼ੇਅਰ ਦੀਆਂ ਤੁਕਾਂ ਦਾ ਤੁਕਾਂਤ ਨਹੀਂ ਰਲਦਾ । ਇਸੇ ਤਰ੍ਹਾਂ ਅਗਰ ਕਸੀਦੇ ਜਾਂ ਗ਼ਜ਼ਲ ਦਾ ਮਤਲਾ ਹਟਾ ਦਿਤਾ ਜਾਵੇ ਤਾਂ ਬਾਕੀ ਹਿੱਸਾ ਕਿਤਾਅ ਬਣ ਜਾਏਗਾ । ਇਹ ਕਾਵਿ ਰੂਪ ਫ਼ਾਰਸੀ ਤੇ ਉਰਦੂ ਵਿਚ ਪ੍ਰਚੱਲਤ ਹੈ । ਇਸ ਦੇ ਵਿਸ਼ੇਸ਼ ਗੁਣ ਇਹ ਹਨ ਕਿ ਇਸ ਦੇ ਹਰ ਸ਼ੇਅਰ ਦਾ ਦੂਜਾ ਮਿਸਰਾ ਹਮਕਾਫ਼ੀਆ ਹੁੰਦਾ ਹੈ । ਇਸ ਵਿਚ ਕੋਈ ਵੀ ਵਿਸ਼ਾ ਜਾਂ ਵਿਚਾਰ ਸੰਪੂਰਨ ਰੂਪ ਵਿਚ ਪੇਸ਼ ਕੀਤਾ ਹੁੰਦਾ ਹੈ । ਵਿਚਾਰਾਂ ਦੀ ਲੜੀ ਕਿਧਰੇ ਵੀ ਨਹੀਂ ਟੁਟਦੀ । ਖ਼ਿਆਲ ਅੱਗੇ-ਅੱਗੇ ਤੁਰੇ ਜਾਂਦੇ ਹਨ । ਕਿਤਾਅ ਵਿਚ ਘੱਟ ਤੋਂ ਘੱਟ ਦੋ ਸ਼ੇਅਰ ਹੋਣੇ ਜ਼ਰੂਰੀ ਹਨ । ਵੱਧ ਸ਼ੇਅਰਾਂ ਤੇ ਕੋਈ ਰੋਕ ਨਹੀਂ ਹੈ । ਇਸ ਲਈ ਨਾ ਕੋਈ ਵਿਸ਼ੇਸ਼ ਵਿਸ਼ਾ ਨਾ ਵਿਸ਼ੇਸ਼ ਛੰਦ ਨਿਸਚਿਤ ਹੈ । ਫੁਟਕਲ ਵਿਚਾਰਾਂ ਨੂੰ ਪੇਸ਼ ਕਰਨ ਲਈ ਕਿਤਾਅ ਬਹੁਤ ਢੁੱਕਵਾਂ ਰੂਪ ਹੈ । ਇਸ ਵਿਚ ਕਵੀ ਆਪਣਾ ਨਾਮ ਦੇਵੇ ਜਾਂ ਨਾ, ਉਸ ਨੂੰ ਖੁਲ੍ਹ ਹੈ ।

ਹ. ਪੁ.—ਪੰ. ਸਾ. ਕੋ. 212

**ਕਿਦਾਰਾ** : ਭਾਈ ਸੰਤੋਖ ਸਿੰਘ ਜੀ ਦੇ ਲੇਖ ਅਨੁਸਾਰ ਇਹ ਪਿੰਡ ਮਦ੍ਰ ਦਾ ਵਸਨੀਕ ਇਕ ਸਿੱਖ ਸੀ । ਇਸ ਨੂੰ ਹਜ਼ੀਰਾਂ ਸਨ । ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੋੜਾ ਛੁਹਣ ਨਾਲ ਇਸ ਦਾ ਇਹ ਰੋਗ ਠੀਕ ਹੋਇਆ ਸੀ ।

ਮਦ੍ਰੀਂ ਉਤਰੇ ਗੁਰੂ ਪ੍ਰਭੂ ਦਾਸਨ ਲਾਇ ਤੁਰੰਗ
ਸ੍ਰੀ ਅਰਜਨ ਜੀ ਇਸ ਥਲ ਆਏ,
ਸਿੱਖ ਕਿਦਾਰਾ ਮਿਲਯੋ ਸੁਭਾਏ,
ਹੁਤੀ ਹਜ਼ੀਰਾਂ ਗੁਰ ਮਹਿ ਤਾਹੀ,
ਦੇਤ ਵਿਖਾਦ ਮਿਟਤ ਸੋ ਨਾਹੀ ।

ਇਸੇ ਨਾਂ ਦਾ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦਾ ਇਕ ਰਾਗੀ ਸਿੱਖ ਵੀ ਸੀ ।

ਹ. ਪੁ.—ਮ. ਕੋ. 328

**ਕਿੰਦੀ, ਅਲ** : ਨੌਵੀਂ ਸਦੀ ਵਿਚ ਹੋਇਆ ਇਹ ਪਹਿਲਾ ਉੱਘਾ ਇਸਲਾਮੀ ਫ਼ਿਲਾਸਫ਼ਰ ਸੀ, ਜਿਹੜਾ ਅਰਬਾਂ ਦਾ ਫ਼ਿਲਾਸਫ਼ਰ ਕਰਕੇ ਜਾਣਿਆ ਜਾਂਦਾ ਸੀ । ਇਸ ਦਾ ਪੂਰਾ ਨਾਂ ਯਾਕੂਬ ਇਬਨ ਇਸ਼ਕ ਅਲ-ਕਿੰਦੀ ਸੀ । ਇਹ ਇਕ ਕੁਲੀਨ ਅਰਬ ਪਰਿਵਾਰ ਵਿਚੋਂ ਸੀ ਅਤੇ ਇਰਾਕ ਵਿਚ ਖ਼ਲੀਫ਼ਾ ਅਲ-ਮਾਮੂੰ (813-833) ਅਤੇ ਅਲ-ਮੁਤਾਸਿਮ (833-842) ਦੇ ਸਮੇਂ ਵਿਚ ਹੋਇਆ । ਫ਼ਿਲਾਸਫ਼ਰ ਹੋਣ ਦੇ ਨਾਤੇ ਇਸ ਨੂੰ ਦਰਬਾਰ ਵਲੋਂ ਬਹੁਤ ਪ੍ਰਸ਼ੰਸਾ ਮਿਲੀ । ਇਸ ਦੀ ਮੌਤ 870 ਤੋਂ ਕੁਝ ਸਮਾਂ ਪਿਛੋਂ ਹੋਈ ਜਾਪਦੀ ਹੈ । ਇਸ ਦਾ ਪ੍ਰਭਾਵ ਇਸ ਦੀ ਮੌਤ ਤੋਂ ਲਗਭਗ ਇਕ ਸਦੀ ਪਿਛੋਂ ਤੱਕ ਬਣਿਆ ਰਿਹਾ, ਪਰ ਉਸ ਤੋਂ ਪਿਛੋਂ ਮਗਰੋਂ ਦੇ ਦਾਰਸ਼ਨਿਕ ਹਾਵੀ ਹੋ ਗਏ । ਲਾਤੀਨੀ ਵਿਦਵਾਨ ਦਾਰਸ਼ਨਿਕਾਂ ਨੂੰ ਇਸ ਦੇ ਕੁਝ ਅਨੁਵਾਦਿਤ ਗ੍ਰੰਥਾਂ ਬਾਰੇ ਜਾਣਕਾਰੀ ਸੀ ।

ਇਹ 270 ਤੋਂ ਵੱਧ ਪੁਸਤਕਾਂ ਦਾ ਕਰਤਾ ਮੰਨਿਆ ਜਾਂਦਾ ਹੈ । ਇਸ ਨੇ ਆਪਣੇ ਆਪ ਨੂੰ ਕੇਵਲ ਦਾਰਸ਼ਨਿਕ ਪ੍ਰਸ਼ਨਾਂ ਵਿਚ ਹੀ ਨਹੀਂ ਲਾਈ ਰਖਿਆ ਸਗੋਂ ਕੁਝ ਹੋਰ ਵਿਸ਼ਿਆਂ, ਜਿਵੇਂ ਕਿ ਕੋਸ਼ਿਸ਼, ਦਵਾ-ਦਾਰੂ, ਭਾਰਤੀ ਗਣਿਤ, ਸ਼ਬਦ ਤੱਤ ਗਿਆਨ, ਤਲਵਾਰਾਂ ਦੀ ਤਿਆਰੀ ਅਤੇ ਰਸੋਈ ਗਿਆਨ ਬਾਰੇ ਵੀ ਬਹੁਤ ਕੁਝ ਲਿਖਿਆ । ਇਸ ਨੇ ਵਿਸ਼ੇਸ਼ ਇਸਲਾਮੀ ਮਾਮਲਿਆਂ ਤੇ ਵੀ ਵਿਚਾਰ ਪ੍ਰਗਟ ਕੀਤੇ ।

ਹ. ਪੁ.—ਐਨ. ਬ੍ਰਿ. 13 : 352

**ਕਿਨਕਰ, ਰਾਮ** : 20ਵੀਂ ਸਦੀ ਦੇ ਇਸ ਪਹਿਲੇ ਆਧੁਨਿਕ ਬੁੱਤਕਾਰ ਅਤੇ ਚਿੱਤਰਕਾਰ ਦਾ ਜਨਮ ਸੰਨ 1910 ਵਿਚ ਬੰਕੂਰਾ ਵਿਖੇ ਹੋਇਆ । ਉਥੇ ਸਿੱਖਿਆ ਪ੍ਰਾਪਤ ਕਰਨ ਉਪਰੰਤ ਸੰਨ 1925 ਵਿਚ ਇਹ ਸ਼ਾਂਤੀ ਨਿਕੇਤਨ ਚਲਾ ਗਿਆ । ਇਸ ਦੀਆਂ ਕ੍ਰਿਤਾਂ ਰੇਖਿਤ ਡ੍ਰਾਇੰਗ ਦੀ ਬਜਾਏ ਰੰਗਦਾਰ ਅਤੇ ਢਾਲਵੇਂ ਹੁਨਰ ਵਾਲੀਆਂ ਹਨ । ਸਮੁੱਚੇ ਤੌਰ ਤੇ ਇਸ ਦਾ ਸਾਰਾ ਕੰਮ ਸ਼ਾਂਤੀ ਨਿਕੇਤਨ ਸਕੂਲ ਆਫ਼ ਪੇਂਟਿੰਗ ਨਾਲ ਸਬੰਧਿਤ ਹੈ ।

ਹ. ਪੁ.—ਐਨ. ਇੰ. 2 : 614

**ਕਿਨਜ਼ੇ, ਐਲਫਰੈੱਡ ਚਾਰਲਸ :** ਮਨੁੱਖੀ ਲਿੰਗੀ ਵਿਵਹਾਰ ਦਾ ਅਧਿਐਨ ਕਰਨ ਵਾਲੇ ਇਸ ਪ੍ਰਾਣੀ-ਵਿਗਿਆਨੀ ਦਾ ਜਨਮ 23 ਜੂਨ, 1894 ਨੂੰ ਹੋਬੋਕੈੱਨ ਵਿਖੇ ਹੋਇਆ । ਬੋਡੂਆਇਨ ਕਾਲਜ ਅਤੇ ਹਾਰਵਰਡ ਤੋਂ ਵਿੱਦਿਆ ਪ੍ਰਾਪਤ ਕਰਕੇ ਇਹ ਸੰਨ 1920 ਤੋਂ 1942 ਤੱਕ ਪ੍ਰਾਣੀ-ਵਿਗਿਆਨ ਦਾ ਪ੍ਰੋਫ਼ੈਸਰ ਲੱਗਾ ਰਿਹਾ । ਸੰਨ 1942 ਤੋਂ ਬਾਦ ਬਾਕੀ ਦਾ ਜੀਵਨ ਇਹ ਇੰਡੀਆਨਾ ਯੂਨੀਵਰਸਿਟੀ ਦੀ 'ਇੰਸਟੀਚਿਊਟ ਫਾਰ ਸੈਕਸ ਰਿਸਰਚ' ਦਾ ਡਾਇਰੈਕਟਰ ਲੱਗਾ ਰਿਹਾ । ਇਸ ਦੀਆਂ ਮਨੁੱਖੀ ਲਿੰਗੀ ਜੀਵਨ ਸਬੰਧੀ ਖੋਜਾਂ ਕਾਰਨ ਹੀ ਇਹ ਇਕ ਇੰਸਟੀਚਿਊਟ ਦੀ ਸਥਾਪਨਾ ਅਤੇ ਸੈਕਸੁਅਲ ਬੀਹੇਵੀਅਰ ਇਨ ਦਾ ਹਿਯੂਮਨ ਮੇਲ (1948) ਅਤੇ ਸੈਕਸੁਅਲ ਬੀਹੇਵੀਅਰ ਇਨ ਦਾ ਹਿਯੂਮਨ ਫੀਮੇਲ (1953) ਪ੍ਰਕਾਸ਼ਿਤ ਕਰ ਸਕਿਆ । ਇਹ ਰਚਨਾਵਾਂ 18,500 ਮਨੁੱਖਾਂ ਨਾਲ ਨਿੱਜੀ ਮੁਲਾਕਾਤਾਂ ਉਤੇ ਆਧਾਰਿਤ ਸਨ, ਜਿਨ੍ਹਾਂ ਤੋਂ ਮਨੁੱਖੀ ਵਿਵਹਾਰ ਵਿਚ ਭਿੰਨਤਾ ਦਾ ਪਤਾ ਲੱਗਦਾ ਹੈ । ਬੇਸ਼ਕ ਨਿੱਜੀ ਮੁਲਾਕਾਤਾਂ ਕਰਦੇ ਸਮੇਂ ਪੂਰਾ ਪੂਰਾ ਧਿਆਨ ਰੱਖਿਆ ਗਿਆ, ਪਰ ਫਿਰ ਵੀ ਅੰਕੜਿਆਂ ਸਬੰਧੀ ਕਾਫੀ ਔਕੜਾਂ ਪੇਸ਼ ਆਈਆਂ । ਅੰਕੜੇ ਇਕੱਠੇ ਕਰਨ ਦੇ ਬੇਤਰਤੀਬੇ ਢੰਗਾਂ ਅਤੇ ਨਿੱਜੀ ਜਾਣਕਾਰੀ ਭਰੋਸੇਯੋਗ ਨਾ ਹੋਣ ਕਰਕੇ ਇਸ ਦੁਆਰਾ ਕੀਤੇ ਗਏ ਕੰਮ ਦੀ ਬਹੁਤੀ ਸਰਾਹਨਾ ਨਹੀਂ ਕੀਤੀ ਗਈ ।

25 ਅਗਸਤ, 1956 ਨੂੰ ਬਲੂਮਿੰਗਟਨ ਵਿਖੇ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. ਮਾ. 5 : 826

**ਕਿੰਨਰ :** ਕਿੰਨਰ ਹਿਮਾਲਾ ਦੇ ਆਧੁਨਿਕ ਕਿਨੌਰ ਪ੍ਰਦੇਸ਼ ਦੇ ਪਹਾੜੀ ਖੇਤਰਾਂ ਵਿਚ ਵਸਣ ਵਾਲੀ ਇਕ ਮਨੁੱਖ ਜਾਤੀ ਦਾ ਨਾਮ ਹੈ ਜਿਨ੍ਹਾਂ ਦੀ ਭਾਸ਼ਾ ਕਨੌਰੀ, ਗਲਚਾ, ਲਾਹੌਲੀ ਆਦਿ ਬੋਲੀਆਂ ਦੇ ਪਰਿਵਾਰ ਦੀ ਹੈ । ਜਿਸ ਦੇ ਮੁੱਖ ਕੇਂਦਰ ਹਿਮਵਤ ਤੇ ਹੇਮ ਕੂਟ ਸਨ । ਲੋਕ-ਵਿਸ਼ਵਾਸ ਤੇ ਸਾਹਿਤ ਵਿਚ ਕਿੰਨਰਾਂ ਦੀ ਜਾਤੀ ਦੀ ਵੱਖਰੀ ਸਥਿਤੀ ਹੈ । ਮਨੁੱਖਾਂ ਤੇ ਦੇਵਤਿਆਂ ਦੇ ਵਿਚ ਵੀ ਗੰਧਰਵਾਂ, ਵਿਦਿਆਧਰਾਂ, ਸਿਧਾਂ ਆਦਿ ਵਰਗੀ ਹੈ । ਪੁਰਾਣਾਂ ਅਤੇ ਮਹਾਭਾਰਤ ਦੀਆਂ ਕਥਾ ਕਹਾਣੀਆਂ ਵਿਚ ਇਨ੍ਹਾਂ ਦੀ ਚਰਚਾ ਉਪਲਬਧ ਹੈ । ਕਾਦੰਬਰੀ ਜਿਹੇ ਕੁਝ ਸਾਹਿਤਕ ਗ੍ਰੰਥਾਂ ਵਿਚ ਵੀ ਇਨ੍ਹਾਂ ਦੇ ਸਰੂਪ, ਨਿਵਾਸ-ਖੇਤਰ ਤੇ ਕੰਮਾਂ-ਕਾਰਾਂ ਦਾ ਵਰਣਨ ਮਿਲਦਾ ਹੈ । ਜਿਵੇਂ ਕਿ ਇਨ੍ਹਾਂ ਦੇ ਨਾਮ ਕਿ+ਨਰ ਤੋਂ ਸਪਸ਼ਟ ਹੈ ਕਿ ਇਨ੍ਹਾਂ ਦੀ ਜੂਨ ਤੇ ਸ਼ਕਲ-ਸੂਰਤ ਪੂਰਨ ਰੂਪ ਵਿਚ ਮਨੁੱਖ ਵਰਗੀ ਨਹੀਂ ਮੰਨੀ ਜਾਂਦੀ । ਕਿੰਨਰ ਪ੍ਰਾਚੀਨ ਭਾਰਤੀ ਧਾਰਮਕ ਕਥਾਵਾਂ ਦੇ ਅਜਿਹੇ ਪਾਤਰ ਸਨ ਜਿਨ੍ਹਾਂ ਦੇ ਮੂੰਹ ਤਾਂ ਘੋੜਿਆਂ ਦੇ ਹੁੰਦੇ ਸਨ ਤੇ ਬਾਕੀ ਸਰੀਰ ਮਨੁੱਖ ਦੇ ਸਰੀਰ ਵਰਗਾ । ਇਸੇ ਕਾਰਨ ਇਨ੍ਹਾਂ ਨੂੰ ਅਸ਼ਵਮੁਖ ਤੇ ਤੁਰੰਗਵਕਤ੍ਰ ਵੀ ਆਖਿਆ ਗਿਆ ਹੈ । ਸੰਭਵ ਹੈ ਕਿ ਕਿੰਨਰ ਤੋਂ ਤਾਤਪਰਜ ਹਿਮਾਲਾ ਵਿਚ ਵਸਣ ਵਾਲੇ ਮੰਗੋਲ ਰਕਤ ਪ੍ਰਧਾਨ ਉਨ੍ਹਾਂ ਪੀਲੇ ਰੰਗ ਲੋਕਾਂ ਤੋਂ ਹੋਵੇ ਜਿਨ੍ਹਾਂ ਦੇ ਇਸਤਰੀ ਪੁਰਖ ਭੇਦ ਭੂਗੋਲਿਕ ਤੇ ਰਕਤ ਗਤ ਵਿਸ਼ੇਸ਼ਤਾਵਾਂ ਦੇ ਕਾਰਨ ਆਸਾਨੀ ਨਾਲ ਨਾ ਕੀਤੇ ਜਾ ਸਕਦੇ ਹੋਣ । ਜੰਬੂਦੀਪ ਦੇ ਸੱਤ ਦੀਪਾਂ ਵਿਚ ਭਾਰਤ ਵਾਂਗ ਕਿੰਪੁਰਸ਼ ਵਰਸ਼ ਦੀ ਵੀ ਪੁਰਾਣਾਂ ਵਿਚ ਚਰਚਾ ਹੈ । ਉਨ੍ਹਾਂ ਵਿਚ ਇਸਤਰੀ ਪੁਰਸ਼ ਦੇ ਭੇਦ ਦੀ ਜਾਣਕਾਰੀ ਮੈਦਾਨੀ ਵਿਅਕਤੀ ਆਸਾਨੀ ਨਾਲ ਨਹੀਂ ਕਰ ਸਕਦੇ ਸਨ । ਇਸ ਤੱਥ ਦੇ ਪ੍ਰਮਾਣ ਪੁਰਾਣਾਂ ਵਿਚ ਮਿਲਦੇ ਹਨ, ਜਿਥੇ ਮੰਨੂ ਦੀ ਪੁੱਤਰੀ ਇਲਾ ਕਿੰਪੁਰਸ਼ ਕਿੰਨਰ ਦੇ ਰੂਪ ਵਿਚ ਬਦਲ ਜਾਂਦੀ ਹੈ ।

ਇਨ੍ਹਾਂ ਦੀ ਉਤਪਤੀ ਬਾਰੇ ਦੋ ਵਿਚਾਰ ਹਨ—ਪਹਿਲਾ ਇਹ ਕਿ ਇਹ ਬ੍ਰਹਮਾ ਦੀ ਛਾਂ ਅਥਵਾ ਉਸ ਦੇ ਪੈਰ ਦੇ ਅੰਗੂਠੇ 'ਚੋਂ ਪੈਦਾ ਹੋਏ ਅਤੇ ਦੂਸਰਾ ਇਹ ਕਿ ਅਰਿਸ਼ਟਾਂ ਤੇ ਕਸ਼ਪ ਇਨ੍ਹਾਂ ਦੇ ਆਦਿ ਜਨਮ-ਦਾਤੇ ਸਨ । ਹਿਮਾਲਾ ਦਾ ਪਵਿਤਰ ਸਿਖਰ ਕੈਲਾਸ਼ ਕਿੰਨਰਾਂ ਦਾ ਮੁੱਖ ਨਿਵਾਸ-ਸਥਾਨ ਸੀ ਜਿਥੇ ਇਹ ਸ਼ੰਕਰ ਦੀ ਸੇਵਾ ਕਰਿਆ ਕਰਦੇ ਸਨ । ਇਨ੍ਹਾਂ ਨੂੰ ਦੇਵਤਿਆਂ ਦਾ ਗਾਇਕ ਤੇ ਭਗਤ ਸਮਝਿਆ ਜਾਂਦਾ ਸੀ । ਇਹ ਵੀ ਵਿਸ਼ਵਾਸ ਹੈ ਕਿ ਇਹ ਯਕਸ਼ਾਂ ਤੇ ਗੰਧਰਵਾਂ ਵਾਂਗ ਨਾਚ ਗਾਣੇ ਵਿਚ ਪ੍ਰਬੀਨ ਹੁੰਦੇ ਸਨ । ਵਿਰਾਟ ਪੁਰਸ਼ ਇੰਦਰ ਤੇ ਹਰੀ ਇਸ ਦੇ ਪੂਜਣ ਯੋਗ ਸਨ ਤੇ ਪੁਰਾਣਾਂ ਵਿਚ ਆਉਂਦਾ ਹੈ ਕਿ ਉਹ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਕਰਨ ਲਈ ਦਵਾਰਕਾ ਵੀ ਗਏ । ਸਪਤ ਰਿਸ਼ੀਆਂ ਤੋਂ ਇਨ੍ਹਾਂ ਦੇ ਧਰਮ ਜਾਣਨ ਦੀਆਂ ਕਥਾਵਾਂ ਵੀ ਮਿਲਦੀਆਂ ਹਨ । ਇਨ੍ਹਾਂ ਦੇ ਸੈਂਕੜੇ ਗੁਣ ਸਨ ਅਤੇ ਚਿਤਰਥ ਇਨ੍ਹਾਂ ਦਾ ਮੁੱਖ ਸਵਾਮੀ ਸੀ ।

ਹ. ਪੁ.—ਹਿੰ. ਵਿ. ਕੋ. 3 : 7

**ਕਿਪਚਾਕ :** ਇਹ ਇਕ ਕਬੀਲੇ ਦਾ ਤੁਰਕੀ ਨਾਂ ਹੈ । ਇਸ ਦਾ ਹਵਾਲਾ ਬਾਜ਼ਨਤੀਨੀ ਅਤੇ ਲਾਤੀਨੀ ਸੂਤਰਾਂ ਵਿਚ 'ਕੋਮਾਨੀ' ਅਤੇ ਯੂਰਪੀ ਸੂਤਰਾਂ ਵਿਚ 'ਫੈਲੋਨਜ਼, ਪਾਲਿਡੀ ਜਾਂ ਵਲਾਨੀ' ਨਾਵਾਂ ਹੇਠ ਮਿਲਦਾ ਹੈ । 11ਵੀਂ ਸਦੀ ਦੇ ਮੱਧ ਵਿਚ ਕਿਪਚਾਕ ਕਾਲੇ ਸਾਗਰ ਦੇ ਉੱਤਰ ਵਿਚ ਸਥਿੱਤ ਸਟੈਪੀ ਮੈਦਾਨਾਂ ਵਿਚ ਰਹਿੰਦੇ ਸਨ ਅਤੇ ਮੰਗੋਲਾਂ ਦੇ ਹਮਲੇ ਤਕ ਇਸ ਇਲਾਕੇ ਤੇ ਕਾਬਜ਼ ਰਹੇ ।

ਕਿਪਚਾਕਾਂ ਦੇ ਮੂਲ ਬਾਰੇ ਕੋਈ ਸਪੱਸ਼ਟ ਸਿੱਟਾ ਨਹੀਂ ਕਢਿਆ ਜਾ ਸਕਦਾ । ਖੋਜ ਤੋਂ ਪਤਾ ਲਗਦਾ ਹੈ ਕਿ ਕਿਪਚਾਕ ਜਾਂ ਉਨ੍ਹਾਂ ਦੀ ਕਨਫੈੱਡਰੇਸ਼ਨ ਦਾ ਕੁਝ ਹਿੱਸਾ 'ਸਾਰੀ' ਕਬੀਲੇ ਨਾਲ ਜੋੜਿਆ ਜਾ ਸਕਦਾ ਹੈ । ਇਸ ਕਬੀਲੇ ਦੇ ਨਾਲ ਸਬੰਧ ਰੱਖਣ ਵਾਲੇ ਕੁਝ ਆਦਮੀ ਚੀਨੀ ਤੁਰਕਿਸਤਾਨ ਵਿਚ ਮਿਲਦੇ ਹਨ । ਇਹ ਵੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਕਨਫੈੱਡਰੇਸ਼ਨ ਦੇ ਕੁਝ ਅੰਸ਼ ਚੀਨੀ ਸਰਹੱਦੀ ਇਲਾਕੇ ਤੋਂ ਆਏ ਹੋਣ ।

ਸੰਨ 1094 ਅਤੇ 1114 ਵਿਚ ਬਾਦਸ਼ਾਹ ਅਲੈਗਜ਼ੀਅਸ ਪਹਿਲੇ ਨੇ ਕਿਪਚਾਕਾਂ ਵਿਰੁਧ ਜੰਗ ਛੇੜ ਦਿੱਤੀ । ਸੰਨ 1241-42 ਵਿਚ ਮੰਗੋਲ ਫ਼ੌਜਾਂ ਨੇ ਕਿਪਚਾਕਾਂ ਤੇ ਹਮਲਾ ਕਰ ਦਿਤਾ ਜਿਸ ਨਾਲ ਕਿਪਚਾਕਾਂ ਦਾ ਕਾਫ਼ੀ ਨੁਕਸਾਨ ਹੋਇਆ । ਕੁਝ ਚਿਰ ਪਿਛੋਂ ਇਹ ਕਬੀਲਾ ਲਗਭਗ ਖਤਮ ਹੀ ਹੋ ਗਿਆ ।

ਕਿਪਚਾਕ ਲੋਕ ਤੁਰਕੀ ਬੋਲਦੇ ਅਤੇ ਟੱਪਰੀਵਾਸ ਸਨ । ਨਾ ਤਾਂ ਇਹ ਲੋਕ ਕਦੇ ਖੇਤੀ ਕਰਦੇ ਸਨ ਅਤੇ ਨਾ ਹੀ ਘਰ ਬਣਾਉਂਦੇ ਸਨ । ਇਨ੍ਹਾਂ ਦੀ ਮੁੱਖ ਖੁਰਾਕ ਦੁੱਧ, ਪਨੀਰ ਅਤੇ ਮਾਸ ਸੀ । ਸਰਦੀਆਂ ਵਿਚ ਇਹ ਆਪਣੇ ਟੈਂਟਾਂ 'ਚੋਂ ਨਿਕਲ ਕੇ ਦੂਜੇ ਲੋਕਾਂ ਤੇ ਹਮਲੇ ਕਰਕੇ ਲੁੱਟਮਾਰ ਕਰਦੇ ਰਹਿੰਦੇ । ਇਨ੍ਹਾਂ ਕੋਲ ਘੋੜੇ ਹੁੰਦੇ ਸਨ ।

ਹ. ਪੁ.—ਐਨ. ਬ੍ਰਿ. 3 : 381

**ਕਿਪਲਿੰਗ, ਰੂਡਯਾਰਡ :** ਇਸ ਨੋਬਲ ਇਨਾਮ ਜੇਤੂ ਦਾ ਜਨਮ 30 ਦਸੰਬਰ, 1865 ਨੂੰ ਬੰਬਈ ਵਿਖੇ ਜਾਨ ਲਾਕਵੁਡ ਕਿਪਲਿੰਗ ਦੇ ਘਰ ਹੋਇਆ । ਇਸ ਉਪਰ ਆਪਣੇ ਪਿਤਾ ਦਾ ਬਹੁਤ ਪ੍ਰਭਾਵ ਸੀ । ਇਸ ਦੇ ਮਾਪਿਆਂ ਨੇ ਇਸ ਨੂੰ ਛੇ ਸਾਲ ਦੀ ਉਮਰ ਵਿਚ ਇੰਗਲੈਂਡ ਵਿਚ ਇਕਲਿਆਂ ਹੋਸਟਲ ਵਿਚ ਛੱਡ ਦਿਤਾ ਜਿਸ ਦੇ ਭਿਆਨਕ ਅਨੁਭਵ ਇਸ ਨੇ 'ਬਾ ਬਾ ਬਲੈਕ ਸ਼ੀਪ—1888' ਵਿਚ ਵਿਅਕਤ ਕੀਤੇ । ਫਿਰ ਇਹ ਯੂਨਾਈਟਿਡ ਸਰਵਿਸਿਜ਼ ਕਾਲਜ ਵੈਸਟਵਰਡ ਚਲਾ ਗਿਆ । ਸੰਨ 1882 ਵਿਚ ਇਹ ਭਾਰਤ ਆ ਗਿਆ ਤੇ ਪੱਤਰਕਾਰ ਦੇ ਰੂਪ ਵਿਚ ਸੱਤ ਸਾਲ ਕੰਮ ਕਰਦਾ ਰਿਹਾ । ਇਸ ਨੇ ਭਾਰਤ ਵਾਸੀਆਂ ਬਾਰੇ ਕਵਿਤਾ ਤੇ ਵਾਰਤਕ ਵਿਚ ਰੇਖਾ-ਚਿਤਰ ਲਿਖ ਕੇ ਪਤਰਾਂ ਵਿਚ ਛਪਵਾਏ । ਇਸ ਨੇ



ਰੂਡਯਾਰਡ ਕਿਪਲਿੰਗ

'ਡੀਪਾਰਟਮੈਂਟ ਡਿਟੀਜ਼–1886' ਅਤੇ 'ਪਲੇਨ ਟੇਲਜ਼ ਫ਼੍ਰਾਮ ਦਾ ਹਿਲਜ਼–1887' ਦੋ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ । ਇਸ ਦੀ ਮੌਤ ਲੰਡਨ ਵਿਖੇ 18 ਜਨਵਰੀ, 1836 ਨੂੰ ਹੋਈ । ਇਸ ਦੀਆਂ ਪ੍ਰਸਿੱਧ ਰਚਨਾਵਾਂ ਹਨ : 'ਰੀਸੈਸ਼ਨਲ–1897', 'ਦਾ ਲਾਈਟ ਦੈਟ ਫੇਲਡ–1891', 'ਕੈਪਟਨਜ਼ ਕਰੇਜ਼ੀਅਸ–1897', 'ਕਿਮ–1901', 'ਰੀਵਾਰਡ ਐਂਡ ਫ਼ੇਅਰੀਜ਼–1910', 'ਐਕਸ਼ਨਜ਼ ਐਂਡ ਰੀਐਕਸ਼ਨਜ਼–1909', 'ਡੈਬਟਸ ਐਂਡ ਕ੍ਰੈਡਿਟਸ–1926', 'ਲਿਮਿਟਸ ਐਂਡ ਰੀਨੀਊਲਜ਼–1932' ਅਤੇ 'ਦਾ ਆਇਰਸ਼ ਗਾਰਡਜ਼ ਲ਼ ਗ੍ਰੇਟ ਵਾਰ–1923' ਆਦਿ ਇਸ ਦੀਆਂ ਪ੍ਰਸਿੱਧ ਰਚਨਾਵਾਂ ਹਨ ।

ਹ. ਪੁ.—ਐਨ. ਬ੍ਰਿ. 13 : 382

**ਕਿੰਬਰਲੀ :** ਖੇਤਰ—ਇਹ ਉੱਤਰ-ਪੱਛਮੀ ਆਸਟ੍ਰੇਲੀਆ ਦਾ ਇਕ ਪਠਾਰੀ ਖੇਤਰ ਹੈ । ਇਸ ਨੂੰ ਆਮ ਤੌਰ ਤੇ ਇਸ ਦੀਆਂ ਪੱਛਮੀ, ਪੂਰਬੀ ਅਤੇ ਉੱਤਰੀ ਪਠਾਰਾਂ ਦੇ ਵੱਖ-ਵੱਖ ਹੋਣ ਕਰਕੇ ਕਿੰਬਰਲੀਜ਼ ਕਿਹਾ ਜਾਂਦਾ ਹੈ । ਇਸ ਖੇਤਰ ਦਾ ਕੁੱਲ ਰਕਬਾ 360,000 ਵ. ਕਿ. ਮੀ. ਹੈ । ਇਸ ਦੀਆਂ ਪਠਾਰਾਂ ਰੇਤਲੇ ਪੱਥਰਾਂ ਦੀਆਂ ਬਣੀਆਂ ਹੋਈਆਂ ਹਨ ਜਿਨ੍ਹਾਂ ਵਿਚ ਡੂੰਘੀਆਂ ਵਾਦੀਆਂ ਪੈਂਦੀਆਂ ਹਨ । ਇਸ ਦੇ ਕੁਝ ਖੇਤਰ ਵਿਚ ਚੌਲ, ਗੰਨਾ ਅਤੇ ਕਪਾਹ ਦੀ ਖੇਤੀ ਹੁੰਦੀ ਹੈ ਤੇ ਕੁਝ ਵਿਚ ਮਾਸ ਵਾਸਤੇ ਪਸ਼ੂ ਪਾਲੇ ਜਾਂਦੇ ਹਨ ।

ਹ. ਪੁ.—ਐਨ. ਬ੍ਰਿ. ਮਾ. 5 : 811

**ਕਿੰਬਰਲੀ** : ਸ਼ਹਿਰ—ਦੱਖਣੀ ਅਫ਼ਰੀਕਾ ਗਣਰਾਜ ਦੇ ਉੱਤਰੀ ਕੇਪ ਰਾਜ ਦਾ ਮੁੱਖ ਸ਼ਹਿਰ ਹੈ ਜੋ ਔਰੇਂਜ਼ ਫ੍ਰੀ ਸਟੇਟ ਦੀ ਸਰਹਦ ਦੇ ਨਜ਼ਦੀਕ ਸਥਿਤ ਹੈ । ਸੰਨ 1871 ਵਿਚ ਇਸ ਖੇਤਰ ਵਿਚ ਹੀਰਿਆਂ ਦੀਆਂ ਖਾਣਾਂ ਦਾ ਪਤਾ ਲੱਗਣ ਉਪਰੰਤ ਹੀ ਇਹ ਸ਼ਹਿਰ ਹੋਂਦ ਵਿਚ ਆਇਆ ਤੇ 1912 ਵਿਚ ਇਸ ਨੂੰ ਸ਼ਹਿਰ ਦਾ ਦਰਜਾ ਪ੍ਰਾਪਤ ਹੋਇਆ । ਇਥੋਂ ਦੀ ਮਸ਼ਹੂਰ ਕਿੰਬਰਲੀ ਓਪਨ ਮਾਈਨ (ਖੁੱਲ੍ਹੀ ਖਾਣ), ਜੋ 2 ਕਿ. ਮੀ. ਦੇ ਦਾਇਰੇ ਵਿਚ ਸੀ, ਸੰਨ 1915 ਵਿਚ ਬੰਦ ਕਰ ਦਿਤੀ ਗਈ ਪਰ ਚਾਰ ਹੋਰ ਖਾਣਾਂ ਤੇ ਹਾਲੇ ਵੀ ਕੰਮ ਚਾਲੂ ਹੈ ।

ਦੱਖਣੀ ਅਫ਼ਰੀਕਾ ਦੇ ਹੀਰੇ ਕੱਢਣ ਵਾਲੇ ਸਾਰੇ ਵਿਅਕਤੀਆਂ ਦੇ ਹੀਰਿਆਂ ਨੂੰ ਸਾਂਝੀ ਥਾਂ ਤੇ ਇਕੱਠਾ ਕਰਕੇ ਕਿੰਬਰਲੀ ਹਾਊਸ ਦੁਆਰਾ ਹੀ ਵੇਚਿਆ ਜਾਂਦਾ ਹੈ । ਹੀਰਿਆਂ ਦੇ ਉਦਯੋਗ ਦਾ ਭਾਵੇਂ ਹਾਲੇ ਵੀ ਬਹੁਤ ਮਹੱਤਵ ਹੈ ਫਿਰ ਵੀ ਕਿੰਬਰਲੀ ਦਾ ਮਹੱਤਵ ਇਸ ਦੇ ਮੁੱਖ ਵਪਾਰਕ ਅਤੇ ਉਤਪਾਦਕ ਸ਼ਹਿਰ ਹੋਣ ਕਰਕੇ ਹੈ । ਇਥੇ ਕਈ ਸਿੰਜਾਈ-ਸਕੀਮਾਂ ਅਤੇ ਪਸ਼ੂ-ਪਾਲਣ ਖੇਤਰ, ਲੋਹਾ, ਲੂਣ ਅਤੇ ਜਿਪਸਮ ਤਿਆਰ ਕਰਨ ਦੇ ਵੀ ਸਥਾਨਕ ਕਾਰਖ਼ਾਨੇ ਹਨ । ਇਸ ਤੋਂ ਇਲਾਵਾ ਸ਼ਹਿਰ ਵਿਚ ਕਈ ਯਾਦਗੀਰੀ ਇਮਾਰਤਾਂ, ਤਕਨੀਕੀ ਕਾਲਜ, ਗਿਰਜੇ ਤੇ ਅਜਾਇਬ-ਘਰ ਵੀ ਹਨ ।

ਆਬਾਦੀ—144,923 (1980)

28°43′ ਦੱ. ਵਿਥ.; 24°46′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 811

**ਕਿਬੁਤ** : ਇਜ਼ਰਾਈਲ ਵਿਚ ਇਕ ਪ੍ਰਕਾਰ ਦਾ ਸੰਗਠਿਤ ਪੇਂਡੂ ਜੀਵਨ ਹੈ ਜਿਸ ਵਿਚ ਬਹੁਤ ਸਾਰੇ ਲੋਕ ਇਕੱਠੇ ਰਹਿੰਦੇ ਹਨ ਅਤੇ ਅੰਨ ਆਦਿ ਉਗਾਉਂਦੇ ਹਨ । ਇਨ੍ਹਾਂ ਦੇ ਆਹਾਰ, ਵਿਹਾਰ, ਸਾਮਾਨ ਅਤੇ ਲੈਣ-ਦੇਣ ਇਕਸਾਰ ਹਨ । ਇਹ ਲੋਕ ਸੰਕੜਿਆਂ ਦੀ ਗਿਣਤੀ ਵਿਚ ਇਕੱਠੇ ਹੀ ਖੇਤੀ ਦਾ ਕੰਮ ਕਰਦੇ ਹਨ ਤੇ ਲੋੜ ਅਨੁਸਾਰ ਉਪਜ ਵੰਡ ਲੈਂਦੇ ਹਨ । ਇਹ ਲੋਕ ਲੋੜ ਤੋਂ ਵੱਧ ਚੀਜ਼ਾਂ ਜਿਵੇਂ ਅਨਾਜ, ਧਨ ਜਾਂ ਕੱਪੜਾ ਆਦਿ ਕੋਲ ਨਹੀਂ ਰਖਦੇ । ਸਗੋਂ ਜੇਕਰ ਕੋਈ ਨਵਾਂ ਵਿਅਕਤੀ ਕਿਬੁਤ ਵਿਚ ਆਉਂਦਾ ਹੈ ਤਾਂ ਉਹ ਆਪਣੀਆਂ ਸਾਰੀਆਂ ਨਿੱਜੀ ਚੀਜ਼ਾਂ ਸਾਂਝੀ ਵਰਤੋਂ ਲਈ ਕਿਬੁਤ ਦੇ ਹਵਾਲੇ ਕਰ ਦਿੰਦਾ ਹੈ ਤੇ ਫਿਰ ਉਨ੍ਹਾਂ ਚੀਜ਼ਾਂ ਤੇ ਉਸਦਾ ਕੋਈ ਅਧਿਕਾਰ ਨਹੀਂ ਰਹਿੰਦਾ ।

ਕਿਬੁਤ ਇਕ ਕਿਸਮ ਨਾਲ ਪੁਰਾਤਨ ਸਾਮਵਾਦ ਵਲ ਸੰਕੇਤ ਕਰਦੇ ਹਨ ਤੇ ਆਧੁਨਿਕ ਸੋਵੀਅਤ ਸਮਾਜਵਾਦ ਨਾਲ ਕਾਫ਼ੀ ਮਿਲਦੇ-ਜੁਲਦੇ ਹਨ । ਕਿਬੁਤਾਂ ਵਿਚ ਪਤੀ-ਪਤਨੀ ਤਾਂ ਇਕੱਠੇ ਰਹਿੰਦੇ ਅਤੇ ਕੰਮ ਕਰਦੇ ਹਨ ਪਰ ਬੱਚੇ ਨਰਸਰੀਆਂ ਵਿਚ ਰੱਖੇ ਜਾਂਦੇ ਹਨ, ਜਿਥੇ ਇਨ੍ਹਾਂ ਦੀ ਭਲੀ-ਭਾਂਤ ਦੇਖ ਭਾਲ ਹੁੰਦੀ ਹੈ । ਜਦੋਂ 8-9 ਸਾਲ ਦੀ ਉਮਰ ਦੇ ਹੋ ਜਾਂਦੇ ਹਨ ਤਾਂ ਇਹ ਬੱਚੇ ਜਾਂ ਤਾਂ ਆਪਣੇ ਮਾਤਾ-ਪਿਤਾ ਨਾਲ ਰਹਿਣ ਲੱਗ ਪੈਂਦੇ ਹਨ ਅਤੇ ਉਨ੍ਹਾਂ ਨਾਲ ਕੰਮ ਵਿਚ ਹੱਥ ਵਟਾਉਂਦੇ ਹਨ ਤੇ ਜਾਂ ਫਿਰ ਆਪਣੇ ਆਪ ਮਿਹਨਤ ਕਰਕੇ ਆਪਣੀ ਮਨ-ਪਸੰਦ ਕਿਬੁਤ ਵਿਚ ਰਲ ਸਕਦੇ ਹਨ ।

ਇਸੇ ਪਰੰਪਰਾ ਦੇ ਆਧਾਰ ਤੇ ਇਜ਼ਰਾਈਲ ਵਿਚ ਇਕ ਹੋਰ ਸੰਸਥਾ ਹੈ ਜਿਸ ਨੂੰ 'ਮੋਸ਼ਾਬ' ਕਹਿੰਦੇ ਹਨ । ਮੋਸ਼ਾਬ ਵਿਚ ਲੋਕ ਖੇਤੀਬਾੜੀ ਤਾਂ ਇਕੱਠੇ ਕਰਦੇ ਹਨ ਪਰ ਪੈਦਾਵਾਰ ਨੂੰ ਜਾਂ ਲਾਭ ਨੂੰ ਆਪਣੇ-ਆਪਣੇ ਹਿੱਸੇ ਦੇ ਅਨੁਸਾਰ ਵੰਡ ਲੈਂਦੇ ਹਨ । ਇਨ੍ਹਾਂ ਨੂੰ ਆਪਣਾ ਧਨ ਵਿਅਕਤੀਗਤ ਰੂਪ ਵਿਚ ਵਧਾਉਣ ਦਾ ਅਧਿਕਾਰ ਹੈ । ਇਥੇ ਹੀ ਇਕ ਤੀਸਰੀ ਕਿਸਮ ਦਾ ਸੰਗਠਨ ਵੀ ਹੈ ਜਿਸ ਨੂੰ 'ਕੁਸਾ' ਕਹਿੰਦੇ ਹਨ । ਕੁਸਾ ਕਿਬੁਤ ਅਤੇ ਮੋਸ਼ਾਬ ਦੇ ਵਿਚਲਾ ਸੰਗਠਨ ਹੈ ।

ਹ. ਪੁ.—ਹਿੰ. ਵਿ. ਕੋ. 2 : 8

**ਕਿਮਚੀ :** ਇਹ ਤਿੰਨ ਯਹੂਦੀ ਵਿਆਕਰਣ ਸ਼ਾਸਤਰੀਆਂ ਅਤੇ ਪੁਰਾਤਨ ਵਿਦਵਾਨਾਂ ਦਾ ਖ਼ਾਨਦਾਨੀ ਨਾਂ ਸੀ । ਇਨ੍ਹਾਂ ਨੇ 12ਵੀਂ ਅਤੇ 13ਵੀਂ ਸਦੀ ਵਿਚ ਨਾਰਬੋਂਨ ਅਤੇ ਫਰਾਂਸ ਵਿਚ ਕੰਮ ਕੀਤਾ ।

**ਜੋਜ਼ੈਫ਼ ਕਿਮਚੀ (1105-1170)**—ਇਹ ਦੱਖਣੀ ਸਪੇਨ ਦਾ ਨਿਵਾਸੀ ਸੀ । ਲਾਤੀਨੀ ਭਾਸ਼ਾ ਵਿਆਕਰਣ ਦਾ ਗਿਆਨ ਹੋਣ ਕਰਕੇ ਇਸ ਨੇ ਹੀਬ੍ਰਿਊ ਸੁਰ ਅੱਖਰਾਂ ਨੂੰ ਪੰਜ ਲੰਬੇ ਅਤੇ ਪੰਜ ਛੋਟੇ ਸੁਰ ਅੱਖਰਾਂ ਵੰਡਿਆ ।

**ਮੋਸਸ ਕਿਮਚੀ (1190)**—ਇਹ ਜੋਜ਼ੈਫ਼ ਕਿਮਚੀ ਦਾ ਪੁੱਤਰ ਸੀ । ਇਸ ਨੇ ਹੀਬ੍ਰਿਊ ਭਾਸ਼ਾ ਦੀ ਵਿਆਕਰਣ ਲਿਖੀ । ਇਹ ਪੁਸਤਕ ਹੀਬ੍ਰਿਊ ਭਾਸ਼ਾ ਦੇ ਅਧਿਐਨ ਲਈ ਇਕ ਮਹੱਤਵਪੂਰਨ ਪੁਸਤਕ ਬਣ ਗਈ ।

**ਡੇਵਿਡ ਕਿਮਚੀ (1160—1235)**—ਇਸ ਨੂੰ ਰੇਡਕ ਵੀ ਕਿਹਾ ਜਾਂਦਾ ਸੀ । ਇਹ ਜੋਜ਼ੈਫ਼ ਕਿਮਚੀ ਦਾ ਪੁੱਤਰ ਅਤੇ ਮੋਸਸ ਕਿਮਚੀ ਦਾ ਭਰਾ ਸੀ । ਇਸ ਦੀ ਪੁਸਤਕ 'ਸੈਫ਼ਰ ਮੈਕਲੋਲ' ਵਿਆਕਰਣ ਦੀ ਇਕ ਸੰਪੂਰਨ ਪੁਸਤਕ ਮੰਨੀ ਜਾਂਦੀ ਹੈ । ਇਹ ਪੁਸਤਕ 1532-34 ਵਿਚ ਪ੍ਰਕਾਸ਼ਿਤ ਹੋਈ ।

ਹ. ਪੁ.—ਐਨ. ਬ੍ਰਿ. 13 : 350

**ਕਿਯੂਸ਼ੂ ਦੀਪ :** ਜਾਪਾਨ ਦਾ ਇਹ ਟਾਪੂ ਪੂਰਬੀ ਚੀਨ ਸਾਗਰ ਅਤੇ ਫਿਲਪੀਨ ਸਾਗਰ ਵਿਚਕਾਰ ਸਥਿਤ ਚਾਰ ਮੁੱਖ ਜਾਪਾਨੀ ਟਾਪੂਆਂ ਦੇ ਦੱਖਣ-ਪੂਰਬੀ ਸਿਰੇ ਤੇ ਵਾਕਿਆ ਹੈ । ਇਹ ਹਾਂਸੂ ਟਾਪੂ ਦੇ ਥੋੜ੍ਹਾ ਜਿਹਾ ਦੱਖਣ ਵੱਲ ਹੈ ਅਤੇ ਇਸ ਨਾਲ 1942 ਵਿਚ ਬਣੀ ਇਕ ਰੇਲਵੇ ਸੁਰੰਗ ਦੁਆਰਾ ਜੁੜਿਆ ਹੋਇਆ ਹੈ । ਇਹ ਟਾਪੂ ਲਗਭਗ 335 ਕਿ. ਮੀ. ਲੰਬਾ ਅਤੇ 192 ਕਿ. ਮੀ. ਚੌੜਾ ਹੈ । ਇਸ ਦਾ ਰਕਬਾ 42,024 ਵ. ਕਿ. ਮੀ. ਹੈ । ਇਹ ਜਾਪਾਨ ਦੇ ਮੁੱਖ ਟਾਪੂਆਂ ਵਿਚੋਂ ਰਕਬੇ ਦੇ ਲਿਹਾਜ਼ ਨਾਲ ਤੀਜੇ ਅਤੇ ਆਬਾਦੀ ਦੇ ਲਿਹਾਜ਼ ਨਾਲ ਦੂਜੇ ਨੰਬਰ ਤੇ ਹੈ । ਇਸ ਦਾ ਪਰਬਤੀ ਭਾਗ ਰਿਊਕਿਊ ਪਰਬਤ-ਮਾਲਾ ਦਾ ਇਕ ਹਿੱਸਾ ਹੈ । ਆਸੋ ਲੜੀ ਦੇ ਕਿਰਿਆਸ਼ੀਲ ਜਵਾਲਾਮੁਖੀਆਂ ਵਿਚ ਉਨਜ਼ੈੱਨ ਅਤੇ ਆਸੋ ਸ਼ਾਮਲ ਹਨ, ਜੋ ਇਕ ਸ਼ਾਨਦਾਰ ਪਰਬਤ ਹੈ । ਇਥੇ ਬਹੁਤ ਸਾਰੇ ਗਰਮ ਪਾਣੀ ਦੇ ਚਸ਼ਮੇ ਹਨ ਜਿਨ੍ਹਾਂ ਵਿਚ ਮਹੱਤਵਪੂਰਨ ਚਸ਼ਮੇ ਬੈਂਪੂ ਵਿਖੇ ਹਨ । ਪਹਾੜਾਂ ਵਿਚੋਂ ਦਰਿਆ ਨਿਕਲਦੇ ਹਨ ਅਤੇ ਪਣ-ਬਿਜਲੀ ਤਿਆਰ ਕਰਨ ਉਪਰੰਤ ਝੋਨੇ ਦੇ ਖੇਤਾਂ ਦੀ ਸਿੰਜਾਈ ਕਰਦੇ ਹਨ । ਇਨ੍ਹਾਂ ਵਿਚੋਂ ਮੁੱਖ ਚਿਕੂਗੋ ਹੈ ।

ਇਥੋਂ ਦਾ ਔਸਤਨ ਸਾਲਾਨਾ ਤਾਪਮਾਨ 15.5° ਸੈਂ. ਹੈ। ਇਸ ਦੇ ਦੱਖਣੀ ਹਿੱਸੇ ਵਿਚ ਉਪ-ਉਸ਼ਣ ਖੰਡੀ ਦਰੱਖਤਾਂ ਵਿਚੋਂ– ਕਾਫੂਰ, ਕੇਲਾ, ਚੀੜ੍ਹ, ਲੀਚੀ ਅਤੇ ਪਾਮ ਦੀਆਂ ਬਗੀਚੀਆਂ ਹਨ। ਉੱਤਰ ਵਿਚ ਝੋਨੇ ਦੀ ਬਹੁਤ ਜ਼ਿਆਦਾ ਕਾਸ਼ਤ ਹੁੰਦੀ ਹੈ; ਦੱਖਣ ਵਿਚ ਅਨਾਜ ਤੇ ਸ਼ਕਰਕੰਦੀ, ਪੂਰਬ ਵਿਚ ਸੰਤਰਾ, ਨਾਸ਼ਪਾਤੀ ਤੇ ਆਲੂ-ਬੁਖਾਰਾ ਉਗਾਏ ਜਾਂਦੇ ਹਨ । ਸੋਇਆਬੀਨ, ਚਾਹ ਅਤੇ ਤੰਬਾਕੂ ਦੀ ਪੈਦਾਵਾਰ ਲਗਭਗ ਸਾਰੇ ਖੇਤਰ ਵਿਚ ਕੀਤੀ ਜਾਂਦੀ ਹੈ। ਇਥੇ ਮੱਛੀਆਂ ਵੀ ਬਹੁਤ ਥਾਵਾਂ ਤੇ ਫੜੀਆਂ ਜਾਂਦੀਆਂ ਹਨ ਅਤੇ ਰੇਸ਼ਮ ਵੀ ਕਾਫੀ ਤਿਆਰ ਕੀਤਾ ਜਾਂਦਾ ਹੈ। ਕਿਟਾਕਿਊਸ਼ੂ ਇਕ ਮੁੱਖ ਸੱਨਅਤੀ ਕੇਂਦਰ ਹੈ। ਦੱਖਣ ਵਿਚ ਸੋਨਾ, ਚਾਂਦੀ ਅਤੇ ਲੋਹਾ ਅਤੇ ਉੱਤਰ-ਪੂਰਬ ਵਿਚ ਕਲੀ ਮਿਲਦੀ ਹੈ। ਪੱਛਮੀ ਮੱਧ-ਖੇਤਰ ਵਿਚ ਨਾਗਾਸਾਕੀ ਸ਼ਹਿਰ ਹੈ ਜਿਹੜਾ ਦੂਜੇ ਵਿਸ਼ਵ ਯੁੱਧ ਦੌਰਾਨ ਐਟਮ ਬੰਬਾਂ ਦਾ ਸ਼ਿਕਾਰ ਹੋਇਆ ਸੀ ਤੇ ਹੁਣ ਦੁਬਾਰਾ ਉਸਾਰਿਆ ਗਿਆ ਹੈ। ਅਜ ਕਲ੍ਹ ਇਹ ਟਾਪੂ ਦੀ ਮੁੱਖ ਬੰਦਰਗਾਹ ਹੈ। ਮੁੱਖ ਬਰਾਮਦੀ ਵਸਤਾਂ ਜ਼ਰਾਇਤੀ ਉਤਪਾਦਨ, ਇਮਾਰਤੀ ਲੱਕੜ, ਤੰਬਾਕੂ ਅਤੇ ਚੀਨੀ ਦੇ ਬਰਤਨ ਹਨ। ਕਿਯੂਸ਼ੂ ਵਿਚ ਪੱਥਰਕਾਲ ਦੇ ਚਿੰਨ੍ਹ ਮਿਲਦੇ ਹਨ । ਸੰਭਵ ਹੈ ਕਿ ਪਹਿਲੀ ਸਦੀ ਈ. ਪੂ. ਵਿਚ ਜਾਪਾਨ ਦੀ ਨਵੀਂ ਸਭਿਅਤਾ ਇਥੇ ਹੀ ਹੋਂਦ ਵਿਚ ਆਈ ਹੋਵੇ ।

ਕਿਯੂਸ਼ੂ ਨੂੰ ਸੱਤ ਪ੍ਰੀਫੈਕਚਰਾਂ ਵਿਚ ਵੰਡਿਆ ਹੋਇਆ ਹੈ। ਫੂਕੂਓਕਾ ਨਗਰ ਵਿਚ ਯੂਨੀਵਰਸਿਟੀ ਹੈ ਜੋ 1910 ਈ. ਵਿਚ ਸਥਾਪਤ ਕੀਤੀ ਗਈ ਸੀ।

ਹ. ਪੁ.—ਐਨ. ਅਮੈ. 16 : 567; ਐਨ. ਬ੍ਰਿ. ਮਾ. 5 : 964

**ਕਿਰਸ਼** : ਇਹ ਇਕ ਕਿਸਮ ਦੀ ਪੀਣ ਯੋਗ ਸ਼ਰਾਬ ਹੈ ਜਿਹੜੀ ਕਿ ਪੱਕੀਆਂ ਹੋਈਆਂ, ਛੋਟੀਆਂ ਅਤੇ ਆਪਣੇ ਆਪ ਉੱਗੀਆਂ ਹੋਈਆਂ ਬਲੈਕ ਚੈਰੀ ਫਲਾਂ ਦੇ ਖ਼ਮੀਰਿਤ ਘੋਲ ਨੂੰ ਕਸ਼ੀਦ ਕਰਕੇ ਬਣਾਈ ਜਾਂਦੀ ਹੈ। ਇਹ ਬਲੈਕ ਚੈਰੀ ਫਲ ਜਰਮਨੀ ਦੇ ਬਲੈਕ ਜੰਗਲ, ਐਲਸੈਸ ਤੇ ਫਰਾਂਸ ਵਿਚ ਰਾਈਨ ਦਰਿਆ ਦੇ ਆਲੇ-ਦੁਆਲੇ ਅਤੇ ਸਵਿਟਜ਼ਰਲੈਂਡ ਦੇ ਜਰਮਨ-ਬੋਲਣ ਵਾਲੇ ਪਰਗਣਿਆਂ ਵਿਚ ਮਿਲਦੀਆਂ ਹਨ (ਵਿਸਥਾਰ ਲਈ ਵੇਖੋ ਸ਼ਰਾਬ)।

ਹ. ਪੁ.—ਐਨ. ਬ੍ਰਿ. 13 : 309

**ਕਿਰਕਨਰ, ਅਰਨੈਸਟ ਲੁਟਵਿਕ** : ਇਹ ਜਰਮਨ ਦਾ ਇਕ ਪੇਂਟਰ ਪਰਿੰਟ ਬਣਾਉਣ ਵਾਲਾ ਅਤੇ ਐਕਸਪਰੈਸ਼ਨਿਸਟ ਆਰਟਿਸਟਾਂ ਗਰੁਪ ਦੇ ਲੀਡਰਾਂ ਵਿਚੋਂ ਇਕ ਸੀ, ਜਿਨ੍ਹਾਂ ਨੂੰ ਡਾਈ ਬਰੁਕ ਕਿਹਾ ਜਾਂਦਾ ਹੈ। ਇਸ ਦਾ ਜਨਮ ਅਸ਼ਾਫੈਂਨਬਰਗ ਜਰਮਨੀ ਵਿਖੇ 6 ਮਈ, 1880 ਨੂੰ ਹੋਇਆ । ਕਿਰਕਨਰ ਬਹੁਤ ਸਾਰੇ ਆਰਟਿਸਟਾਂ ਅਤੇ ਅੰਦਾਜ਼ਾਂ ਤੋਂ ਪ੍ਰਭਾਵਿਤ ਹੋਇਆ। ਪ੍ਰੰਤੂ ਇਸ ਦਾ ਸੁਲਝਿਆ ਹੋਇਆ ਅੰਦਾਜ਼ ਮਨੋਵਿਗਿਆਨਕ ਤਣਾਅ ਅਤੇ ਕਾਮੁਕਤਾ ਲਈ ਪ੍ਰਸਿੱਧ ਹੈ। ਕਿਰਕਨਰ ਦੇ ਪ੍ਰਗਟਾਅ ਦਾ ਮੁਖ ਏਜੰਟ ਰੰਗ ਹੈ; ਜਿਸ ਦਾ ਪ੍ਰਮਾਣ "ਗਰਲ ਅੰਡਰ ਜਾਪਾਨੀਜ਼ ਅੰਬਰੈਲਾ" ਤੋਂ ਮਿਲਦਾ ਹੈ । ਇਸ ਦਾ ਬਹੁਤ ਸਾਰਾ ਕੰਮ ਵੈਰ ਅਤੇ ਕਾਮੁਕਤਾ ਵਿਚ ਰੁਝਾਨ ਨੂੰ ਹੀ ਦਰਸਾਉਂਦਾ ਹੈ। ਦਿਮਾਗੀ ਅਤੇ ਸਰੀਰਕ ਬਿਮਾਰੀ ਤੋਂ ਬਾਅਦ ਇਹ ਸਵਿਟਜ਼ਰਲੈਂਡ ਚਲਾ ਗਿਆ ਜਿਥੇ ਇਸ ਦੇ ਕੰਮ ਵਿਚ ਕਾਫੀ ਤਬਦੀਲੀ ਆਈ। ਨਾਜ਼ੀਆਂ ਦੁਆਰਾ ਇਸ ਦੇ ਕੰਮ ਨੂੰ ਪਤਨਸ਼ੀਲ ਕਰਾਰ ਦੇ ਦਿਤੇ ਜਾਣ ਤੇ ਇਸ ਨੇ 15 ਜੂਨ, 1938 ਨੂੰ ਡਾਵੋਸ, ਸਵਿਟਜ਼ਰਲੈਂਡ ਵਿਖੇ ਖੁਦਕਸ਼ੀ ਕਰ ਲਈ।

ਹ. ਪੁ.—ਐਨ. ਬ੍ਰਿ. ਮਾ. 5 : 829

**ਕਿਰਕੱਫ, ਗੁਸਤਾਵ ਰਾਬਰਟ** : ਜਰਮਨ ਰਸਾਇਣ-ਵਿਗਿਆਨੀ ਰਾਬਰਟ ਬੁਨਸਨ ਨਾਲ ਮਿਲ ਕੇ ਸਪੈਕਟ੍ਰਮ ਵਿਸ਼ਲੇਸ਼ਣ ਦੇ ਸਿੱਧਾਂਤ ਦੀ ਵਿਆਖਿਆ ਕਰਨ ਵਾਲੇ ਇਸ ਭੌਤਿਕ-ਵਿਗਿਆਨੀ ਦਾ ਜਨਮ 12 ਮਾਰਚ, 1824 ਨੂੰ ਕਨਿਕਸਬਰਕ ਪਰੱਸ਼ੀਆ, ਹੁਣ ਕਾਲੀਨਿਨਗਰਾਡ (ਰੂਸ) ਵਿਖੇ ਹੋਇਆ । ਰਸਾਇਣਿਕ ਵਿਸ਼ਲੇਸ਼ਣ



ਗੁਸਤਾਵ ਰਾਬਰਟ ਕਿਰਕੱਫ

ਦੁਆਰਾ, ਗਰਮ ਪਦਾਰਥ ਤੋਂ ਉਤਸਰਜਿਤ ਹੋਏ ਪ੍ਰਕਾਸ਼ ਦਾ ਵਿਸ਼ਲੇਸ਼ਣ ਕਰ ਕੇ ਇਸ ਨੇ ਸੂਰਜ ਦੀ ਰਚਨਾ ਦਾ ਪਤਾ ਲਗਾਇਆ ।

ਸੰਨ 1845 ਵਿਚ ਇਸ ਨੇ ਬਿਜਲਈ ਸਰਕਟਾਂ ਵਿਚ ਕਰੰਟ, ਵੋਲਟੇਜ ਅਤੇ ਪ੍ਰਤਿਰੋਧ ਦੀ ਮਿਲਣੀ ਕਰਨ ਲਈ, ਕਿਰਕੱਫ ਨਿਯਮ ਸਥਾਪਤ ਕੀਤੇ। ਜਰਮਨ ਭੌਤਿਕ-ਵਿਗਿਆਨੀ ਜਾਰਜ ਸਾਇਮਨ ਓਹਮ ਦੇ ਨਿਯਮਾਂ ਦਾ ਵਿਸਥਾਰ ਕਰਕੇ ਬਿਜਲਈ ਚਾਲਕ ਵਿਚੋਂ ਦੀ ਤਿੰਨਾਂ ਦਿਸ਼ਾਵਾਂ ਵਿਚ ਕਰੰਟ ਦੇ ਵਹਾਉ ਸਬੰਧੀ ਸਮੀਕਰਨਾਂ ਨਿਰਧਾਰਤ ਕੀਤੀਆਂ। ਆਪਣੀਆਂ ਖੋਜਾਂ ਦੌਰਾਨ ਇਸ ਨੇ ਇਹ ਸਿੱਧ ਕੀਤਾ ਕਿ ਚਾਲਕ ਵਿਚੋਂ ਕਰੰਟ ਦੀ ਗਤੀ, ਪ੍ਰਕਾਸ਼ ਦੀ ਗਤੀ ਦੇ ਸਾਮਾਨ ਹੈ। ਸੰਨ 1847 ਵਿਚ ਬਰਲਿਨ ਯੂਨੀਵਰਸਿਟੀ ਵਿਖੇ ਆਨਰੇਰੀ ਪ੍ਰੋਫ਼ੈਸਰ ਬਣ ਗਿਆ ਅਤੇ ਤਿਨ ਸਾਲ ਬਾਅਦ ਬਰੈਸਲਿਓ ਪਰੱਸ਼ੀਆ ਯੂਨੀਵਰਸਿਟੀ ਹੁਣ ਵਰਾਟਸਲਾਫ (ਪੋਲੈਂਡ) ਵਿਖੇ ਭੌਤਿਕ-ਵਿਗਿਆਨ ਦੇ ਸਨਮਾਨ ਪ੍ਰਾਪਤ ਪ੍ਰੋਫ਼ੈਸਰ ਦਾ ਅਹੁਦਾ ਸੰਭਾਲ ਲਿਆ । ਸੰਨ 1854 ਵਿਚ ਇਸ ਨੂੰ ਹਾਈਡਲਬਰਗ ਯੂਨੀਵਰਸਿਟੀ ਵਿਖੇ ਭੌਤਿਕ-ਵਿਗਿਆਨ ਦਾ ਪ੍ਰੋਫ਼ੈਸਰ ਬਣਾ ਦਿਤਾ ਗਿਆ, ਜਿਥੇ ਬੁਨਸਨ ਨਾਲ ਮਿਲ ਕੇ ਇਸ ਨੇ ਇਹ ਸਿੱਧ ਕੀਤਾ ਕਿ ਜਦੋਂ ਕਿਸੇ ਤੱਤ ਨੂੰ ਉਸ ਦੇ ਚਮਕਣ ਤਕ ਗਰਮ ਕੀਤਾ ਜਾਵੇ ਤਾਂ ਉਸ ਵਿਚੋਂ ਇਕ ਵਿਸ਼ੇਸ਼ ਰੰਗ ਦਾ ਰੰਗਦਾਰ ਪ੍ਰਕਾਸ਼ ਉਤਸਰਜਿਤ ਹੁੰਦਾ ਹੈ। ਜਦੋਂ ਇਸ ਪ੍ਰਕਾਸ਼ ਦੀਆਂ ਕਿਰਨਾਂ ਨੂੰ ਪ੍ਰਿਜ਼ਮ ਨਾਲ ਨਿਖੇੜਿਆ ਜਾਂਦਾ ਹੈ ਤਾਂ ਹਰ ਤੱਤ ਲਈ ਵੱਖ-ਵੱਖ ਤਰੰਗ ਲੰਬਾਈਆਂ ਵਾਲੀਆਂ ਚਮਕਦਾਰ ਧਾਰੀਆਂ ਸਪੱਸ਼ਟ ਦਿਖਾਈ ਦਿੰਦੀਆਂ ਹਨ। ਇਸ ਦਾ ਪ੍ਰਯੋਗ ਕਰਕੇ ਇਨ੍ਹਾਂ ਨੇ ਦੋ ਨਵੇਂ ਤੱਤ ਸੀਜ਼ੀਅਮ (1860) ਅਤੇ ਰੂਬਿਡੀਅਮ (1861) ਲੱਭੇ।

ਸੰਨ 1875 ਵਿਚ ਬਰਲਿਨ ਯੂਨੀਵਰਸਿਟੀ ਵਿਖੇ ਗਣਿਤਕੀ-ਭੌਤਿਕ-ਵਿਗਿਆਨ ਦੀ ਚੇਅਰ ਲਈ ਨਿਯੁਕਤ ਕੀਤਾ ਗਿਆ । *Vorlesungen iiber mathematische Physik—4 Vol. (1876-94)* ; *Lectures on Mathematical Physics* ਸੰਗ੍ਰਹਿਤ ਕਿਰਤ (*Gesamelte Abhandlungen*-1882) ਇਸ ਦੀਆਂ ਪ੍ਰਮੁੱਖ ਪ੍ਰਕਾਸ਼ਨਾਂ ਵਿਚੋਂ ਹਨ।

**ਕਿਰਕੱਫ ਸਰਕਟ ਨਿਯਮ**—ਬਿਜਲਈ ਚਾਰਜ ਅਤੇ ਊਰਜਾ ਸੁਰੱਖਿਅਣ ਨਿਯਮਾਂ ਨੂੰ ਵਰਤੋਂ ਵਿਚ ਲਿਆਉਣ ਵਾਲੇ ਬਹੁ-ਲੂਪ ਬਿਜਲਈ ਸਰਕਟਾਂ ਦੇ ਦੋ ਨਿਯਮ ਹਨ।

ਪਹਿਲੇ ਨਿਯਮ ਨੂੰ ਜੰਕਸ਼ਨ ਥਿਊਰਮ ਵੀ ਕਿਹਾ ਜਾਂਦਾ ਹੈ । ਇਸ ਅਨੁਸਾਰ ਕਿਸੇ ਵਿਸ਼ੇਸ਼ ਜੰਕਸ਼ਨ ਵਿਚ ਦਾਖ਼ਲ ਹੋ ਰਹੇ ਕਰੰਟ ਉਸ ਵਿਚੋਂ ਬਾਹਰ ਨਿਕਲ ਰਹੇ ਕਰੰਟਾਂ ਦੇ ਬਰਾਬਰ ਹੁੰਦੇ ਹਨ, ਇਸ ਦਾ ਅਰਥ ਹੈ ਕਿ ਕਿਸੇ ਜੰਕਸ਼ਨ ਤੇ ਕਰੰਟਾਂ ਦਾ ਅਲਜਬਰੱਈ ਜੋੜ ਜ਼ੀਰੋ ਹੁੰਦਾ ਹੈ ।

ਦੂਸਰੇ ਨਿਯਮ ਨੂੰ ਲੂਪ ਸਮੀਕਰਨ ਕਿਹਾ ਜਾਂਦਾ ਹੈ । ਇਸ ਅਨੁਸਾਰ ਬਿਜਲਈ ਸਰਕਟ ਦੇ ਹਰ ਬੰਦ ਲੂਪ ਵਿਚਲਾ ਕੁਲ ਬਿਜਲ-ਵਾਹਕ ਬਲ (e. m. f.) ਉਸੇ ਲੂਪ ਵਿਚਲੇ ਸਾਰੇ ਪ੍ਰਤਿਰੋਧਾਂ ਦੁਆਲੇ ਪੁਟੈਂਸ਼ਲ ਅੰਤਰਾਂ ਦੇ ਬਰਾਬਰ ਹੁੰਦਾ ਹੈ ।

ਕਿਰਕੱਫ ਦੇ ਇਨ੍ਹਾਂ ਦੋਹਾਂ ਨਿਯਮਾਂ ਉਤੇ ਆਧਾਰਿਤ ਕਈ ਅਜਿਹੀਆਂ ਸਮੀਕਰਨਾਂ ਲਿਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਸਾਰੇ ਕਰੰਟ ਇਸ ਤਰ੍ਹਾਂ ਸੰਮਿਲਤ ਹੁੰਦੇ ਹਨ ਕਿ ਉਨ੍ਹਾਂ ਦਾ ਮੁੱਲਾਂਕਣ ਅਲਜਬਰੱਈ ਹੱਲ ਦੁਆਰਾ ਕੀਤਾ ਜਾ ਸਕਦਾ ਹੈ । ਇਸ ਦੇ ਇਹ ਨਿਯਮ ਕੰਪਲੈਕਸ ਪਰਤਵੇਂ ਕਰੰਟਾਂ ਅਤੇ ਸਰਕਟਾਂ ਲਈ ਲਾਗੂ ਹੁੰਦੇ ਹਨ । ਥੋੜ੍ਹਾ ਜਿਹਾ ਸੁਧਾਰ ਕਰਕੇ ਇਨ੍ਹਾਂ ਨੂੰ ਕੰਪਲੈਕਸ ਚੁੰਬਕੀ ਸਰਕਟਾਂ ਲਈ ਵੀ ਵਰਤਿਆ ਜਾ ਸਕਦਾ ਹੈ ।

**ਕਿਰਕੱਫ ਵਿਕੀਰਨ ਨਿਯਮ**—ਇਸ ਨਿਯਮ ਅਨੁਸਾਰ ਸਭ ਸਤ੍ਹਾਵਾਂ ਅਤੇ ਉਸੇ ਤਾਪਮਾਨ ਉਤੇ ਕਿਸੇ ਪਿੰਡ ਦੁਆਰਾ ਵਿਕੀਰਨ ਦੇ ਉਤਸਰਜਨ ਅਤੇ ਸਤ੍ਹਾ ਸੋਖਣ ਦਾ ਅਨੁਪਾਤ ਇਕੋ ਜਿਹਾ ਹੁੰਦਾ ਹੈ । ਕਿਰਕੱਫ ਨੇ ਇਸ ਨਿਯਮ ਦੀ ਤਜ਼ਵੀਜ਼ 1858 ਵਿਚ ਕੀਤੀ ।

ਹ. ਪੁ.—ਐਨ. ਬ੍ਰਿ. ਮਾ. 5 : 829

**ਕਿਰਕੀ** : ਇਹ ਭਾਰਤ ਦੇ ਮਹਾਂਰਾਸ਼ਟਰ ਰਾਜ ਦੇ 'ਹਵੇਲੀ' ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਬੰਬਈ ਤੋਂ 186 ਕਿ. ਮੀ. ਦੱਖਣ-ਪੂਰਬ ਵਲ ਅਤੇ ਪੂਨਾ ਸ਼ਹਿਰ ਤੋਂ 7 ਕਿ. ਮੀ. ਉੱਤਰ-ਪੱਛਮ ਵਲ ਸਥਿਤ ਹੈ । ਸੰਨ 1817 ਵਿਚ ਅੰਗਰੇਜ਼ਾਂ ਅਤੇ ਮਰਹੱਟਿਆਂ ਵਿਚਕਾਰ ਲੜੀਆਂ ਗਈਆਂ ਪਹਿਲੀਆਂ ਤਿੰਨ ਲੜਾਈਆਂ, ਜਿਨ੍ਹਾਂ ਨਾਲ ਮਰਾਠਾ ਰਾਜ ਦਾ ਪਤਨ ਹੋਇਆ ਸੀ, ਕਿਰਕੀ ਦੇ ਨਜ਼ਦੀਕ ਹੀ ਲੜੀਆਂ ਗਈਆਂ ਸਨ । ਉਸ ਵਕਤ ਇਹ ਇਕ ਛੋਟਾ ਜਿਹਾ ਪਿੰਡ ਸੀ ਇਸ ਤੋਂ ਲਗਭਗ 2 ਕਿ. ਮੀ. ਦੀ ਦੂਰੀ ਤੇ ਪੇਸ਼ਵਾ ਬਾਜੀ ਰਾਓ ਪਾਰਬਤੀ ਪਹਾੜੀ ਤੋਂ ਆਪਣੀ ਹਾਰ ਵੇਖ ਰਿਹਾ ਸੀ । ਕਿਰਕੀ ਤੋਪਖਾਨੇ ਦਾ ਇਕ ਮੁੱਖ ਸਟੇਸ਼ਨ ਹੈ। ਇਥੇ ਇਕ ਗੋਲਾ-ਬਾਰੂਦ ਅਤੇ ਫ਼ੌਜੀ ਹਥਿਆਰ ਤਿਆਰ ਕਰਨ ਦਾ ਕਾਰਖਾਨਾ ਹੈ ।

ਆਬਾਦੀ—65,551 (1971)

18° 30′ ਉ. ਵਿਥ.; 73° 54′ ਪੂ. ਲੰਬ.

ਹ. ਪੁ—ਇੰਪ. ਗ. ਇੰਡ. 15 : 308; ਹਿੰ. ਵि. ਕੋ. 3 : 8

**ਕਿਰਕੂਕ** : ਮੁਹਾਫਜ਼ਾ—ਇਹ ਉੱਤਰ-ਪੂਰਬੀ ਇਰਾਕ ਦਾ ਇਕ ਮੁਹਾਫਜ਼ਾ ਹੈ, ਜੋ 19,543 ਵ. ਕਿ. ਮੀ. ਦੇ ਖੇਤਰ ਵਿਚ ਫੈਲਿਆ ਹੋਇਆ ਹੈ । ਇਥੋਂ ਦੀ ਆਬਾਦੀ 535,700 (1970) ਹੈ । ਇਸ ਨੇ ਦਜਲਾ ਦੇ ਹੜ੍ਹ ਦੇ ਮੈਦਾਨ ਦੇ ਕੁਝ ਹਿੱਸੇ ਅਤੇ ਜਾਗਰੋਸ ਪਹਾੜਾਂ ਦਾ ਹੇਠਲਾ ਹਿੱਸਾ ਰੋਕਿਆ ਹੋਇਆ ਹੈ । ਇਸ ਦੀ ਆਰਥਿਕਤਾ ਪੈਟਰੋਲੀਅਮ ਦੇ ਨਾਲ-ਨਾਲ ਖੇਤੀਬਾੜੀ ਦੀਆਂ ਉਪਜਾਂ ਕਣਕ, ਜੌਂ, ਫਲਾਂ ਅਤੇ ਭੇਡਾਂ ਪਾਲਣ ਤੇ ਆਧਾਰਤ ਹੈ ।

ਹ. ਪੁ.—ਐਨ. ਬ੍ਰਿ. ਮਾ. 5 : 834

**ਕਿਰਕੂਕ** : ਸ਼ਹਿਰ—ਇਹ ਉੱਤਰ-ਪੂਰਬੀ ਇਰਾਕ ਦਾ ਇਕ ਸ਼ਹਿਰ ਹੈ ਜੋ ਇਸੇ ਹੀ ਨਾਂ ਦੇ ਮੁਹਾਫਜ਼ੇ ਦਾ ਸਦਰ ਮੁਕਾਮ ਹੈ । ਇਹ ਇਰਾਕ ਦੀ ਰਾਜਧਾਨੀ ਬਗ਼ਦਾਦ ਤੋਂ 233 ਕਿ. ਮੀ. ਦੂਰ ਉੱਤਰ ਵਲ ਸਥਿਤ ਹੈ ਅਤੇ ਇਸ ਨਾਲ ਇਹ ਸੜਕ ਅਤੇ ਰੇਲ ਦੁਆਰਾ ਜੁੜਿਆ ਹੋਇਆ ਹੈ । ਇਹ ਕੁਰਦਿਸਤਾਨ ਖੇਤਰ ਵਿਚ ਈਰਾਨੀ ਜ਼ਾਗਰੋਸ ਪਹਾੜਾਂ ਦੀ ਪੱਬੀ ਕੋਲ ਹੀ ਵੱਸਿਆ ਹੋਇਆ ਹੈ । ਇਹ ਸ਼ਹਿਰ ਇਸ ਦੇ ਆਲੇ-ਦੁਆਲੇ ਦੇ ਖੇਤਰ ਦੀ ਜ਼ਰਾਇਤੀ ਉਪਜਾਂ ਦੀ ਮੰਡੀ, ਪਸ਼ੂਆਂ ਦੇ ਵਪਾਰ ਅਤੇ ਬਰਾਮਦ ਦਾ ਕੇਂਦਰ ਹੈ । ਇਥੇ ਕੱਪੜਾ ਬਣਾਇਆ ਜਾਂਦਾ ਹੈ । ਇਹ ਇਰਾਕ ਦੇ ਪੈਟਰੋਲ ਉਦਯੋਗ ਦਾ ਇਕ ਮੁੱਖ ਕੇਂਦਰ ਹੈ ਤੇ ਇਸੇ ਕਰਕੇ ਪਹਿਲੇ ਸੰਸਾਰ ਯੁੱਧ ਤੋਂ ਸ਼ਹਿਰ ਦੀ ਕਾਫ਼ੀ ਉੱਨਤੀ ਹੋਈ ਹੈ । ਇਸ ਦੇ ਬਹੁਤੇ ਲੋਕ ਤੁਰਕ ਹਨ ਪਰ ਕਾਫ਼ੀ ਗਿਣਤੀ ਈਸਾਈਆਂ ਦੀ ਵੀ ਹੈ ।

ਆਬਾਦੀ—207,852 (1970)

35° 28′ ਉ. ਵਿਥ.; 44° 22′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 834

**ਕਿਰਗੀਜ਼ ਜਾਂ ਕਿਰਗੀਜ਼ਸਤਾਨ** : ਸੋਵੀਅਤ ਯੂਨੀਅਨ ਦਾ ਇਕ ਸਮਾਜਵਾਦ ਗਣਤੰਤਰ ਹੈ । ਇਸ ਦੇ ਉੱਤਰ ਅਤੇ ਉੱਤਰ-ਪੱਛਮ ਵਲ ਕਜ਼ਾਕ, ਦੱਖਣ-ਪੱਛਮ ਵੱਲ ਉਜ਼ਬੇਕ ਅਤੇ ਪੂਰਬ ਵੱਲ ਚੀਨ ਦੀ ਸਰਹੱਦ ਲੱਗਦੀ ਹੈ । ਕਿਰਗੀਜ਼ ਦਾ ਕੁੱਲ ਖੇਤਰਫਲ 198,500 ਵ. ਕਿ. ਮੀ. ਅਤੇ ਆਬਾਦੀ 3,700,000 (1982) ਹੈ । ਖੇਤਰਫਲ ਦੇ ਹਿਸਾਬ ਨਾਲ ਇਹ ਰੂਸ ਵਿਚ ਦੂਜੇ ਨੰਬਰ ਤੇ ਆਉਂਦਾ ਹੈ ਅਤੇ ਆਬਾਦੀ ਦੇ ਪੱਖ ਤੋਂ ਇਹ ਤੀਜਾ ਵੱਡਾ ਰਾਜ ਹੈ । ਫਰੁਨਜ਼ੇ ਇਸ ਦੀ ਰਾਜਧਾਨੀ ਹੈ । ਪਹਿਲਾਂ ਪਹਿਲ ਇਹ ਰੂਸ ਦਾ ਇਕ ਖ਼ੁਦਮੁਖ਼ਤਾਰ ਆਬਲਾਸਤ 3 ਸੀ ਪਰ 1936 ਤੋਂ ਇਹ ਰੂਸ ਦੇ ਸੰਘੀ ਗਣਤੰਤਰ ਦਾ ਇਕ ਰਾਜ ਹੈ ।

ਧਰਾਤਲ ਪੱਖੋਂ ਇਹ ਇਕ ਪਹਾੜੀ ਰਾਜ ਹੈ । ਇਸ ਦੀ ਪੂਰਬੀ ਸਰਹੱਦ ਤੇ ਚੀਨ ਦੀ ਸੀਮਾ ਦੇ ਨਾਲ 7,439 ਮੀ. ਉੱਚੀ 'ਵਿਕਟਰੀ ਪੀਕ' (ਜੋ ਉਚਾਈ ਵਿਚ ਰੂਸ ਵਿਚ ਦੂਜੇ ਨੰਬਰ ਤੇ ਹੈ) । ਇਸੇ ਖੇਤਰ ਦੇ ਦੱਖਣ ਵਿਚ ਤਿਆਨ ਸ਼ਾਨ ਪਰਬਤ-ਲੜੀ ਹੈ । ਇਸ ਤੋਂ ਪਰੇ ਰਾਜ ਦੇ ਦੱਖਣ-ਪੱਛਮ ਵਿਚ ਫ਼ਰਗਾਨਾ ਦੀ ਡੂੰਘਾਣ ਹੈ ।

ਰਾਜ ਵਿਚਲੀਆਂ ਬਹੁਤੀਆਂ ਪਹਾੜੀ ਚੋਟੀਆਂ ਹਮੇਸ਼ਾਂ ਬਰਫ਼ ਨਾਲ ਢੱਕੀਆਂ ਰਹਿੰਦੀਆਂ ਹਨ ਜਿਨ੍ਹਾਂ ਵਿਚੋਂ ਕਈ ਬਹੁਤ ਤੇਜ਼ ਵਹਿੰਦੀਆਂ ਨਦੀਆਂ ਨਿਕਲਦੀਆਂ ਹਨ । ਖੇਤਰ ਦੇ ਉੱਤਰੀ ਅਤੇ ਪੱਛਮੀ ਹਿੱਸਿਆਂ ਵਿਚ ਵਰਖਾ ਬਹੁਤ ਹੁੰਦੀ ਹੈ । ਬਾਕੀ ਭਾਗ ਮੁਕਾਬਲਤਨ ਖੁਸ਼ਕ ਹੈ । ਉਚੇ ਪਰਬਤ, ਐਲਪਾਈਨ ਅਤੇ ਉਪ-ਐਲਪਾਈਨ ਖੇਤਰਾਂ ਵਿਚ ਘਾਹ ਦੀਆਂ ਚਰਾਗਾਹਾਂ ਹਨ । ਜਲਵਾਯੂ ਦੇ ਪੱਖ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਸੋਵੀਅਤ ਸੰਘ ਦਾ ਹਰ ਕਿਸਮ ਦਾ ਜਲਵਾਯੂ ਇਥੇ ਪਾਇਆ ਜਾਂਦਾ ਹੈ । ਇਹੀ ਕਾਰਨ ਹੈ ਕਿ ਮਿਸਰੀ ਕਪਾਹ ਦੇ ਬੂਟਿਆਂ ਤੋਂ ਲੈ ਕੇ ਟੁੰਡਰਾ-ਖੇਤਰ ਤੱਕ ਦੀ ਅਨੇਕ ਪ੍ਰਕਾਰ ਦੀ ਬਨਸਪਤੀ ਇਥੇ ਪਾਈ ਜਾਂਦੀ ਹੈ । ਜੰਗਲੀ ਸੇਬ, ਅਲੂਚਾ ਅਤੇ ਖੁਰਮਾਨੀ ਇਥੋਂ ਦੇ ਮੁੱਖ ਫਲ ਹਨ । ਕਈ ਕਿਸਮ ਦੇ ਜੰਗਲੀ ਫੁੱਲਾਂ ਦੀ ਬਹੁਤਾਤ ਕਰਕੇ ਮਧੂ-ਮੱਖੀ ਪਾਲਣ ਦਾ ਕੰਮ ਇਥੇ ਆਮ ਹੈ । ਜਾਨਵਰਾਂ ਵਿਚ ਵੀ ਮਾਰੂਥਲੀ ਜਾਨਵਰ ਊਠ ਤੋਂ ਲੈ ਕੇ ਟੈਂਗਾ ਖੇਤਰ ਦੇ 'ਏਰਮੀਨ' ਤੱਕ ਇਥੇ ਮਿਲਦੇ ਹਨ ।

ਇਸ ਖੇਤਰ ਦੀ ਕੁੱਲ ਉਪਯੋਗੀ ਭੂਮੀ ਦੇ ਲਗਭਗ 60% ਹਿੱਸੇ ਵਿਚ ਚਰਾਗਾਹਾਂ ਹਨ ਤੇ ਹੋਰ ਘਾਹ ਉਗਾਏ ਜਾਂਦੇ ਹਨ । ਪਾਲਤੂ ਪਸ਼ੂਆਂ ਵਿਚ ਬਹੁਤਾ ਕਰਕੇ ਭੇਡਾਂ ਪਾਲੀਆਂ ਜਾਂਦੀਆਂ ਹਨ ਤੇ ਇਨ੍ਹਾਂ ਤੋਂ ਮਾਸ, ਦੁੱਧ, ਉੱਨ ਅਤੇ ਚਮੜਾ ਪ੍ਰਾਪਤ ਕੀਤਾ ਜਾਂਦਾ ਹੈ । ਇਸ ਤੋਂ ਇਲਾਵਾ ਦੁੱਧ ਲਈ ਗਾਂ ਅਤੇ ਖੇਤੀ ਕਰਨ ਲਈ ਯਾਕ ਪਾਲੇ ਜਾਂਦੇ ਹਨ । ਊਠ ਅਤੇ ਘੋੜਾ ਵੀ ਇਥੋਂ ਦੇ ਪਾਲਤੂ ਪਸ਼ੂਆਂ ਵਿਚੋਂ ਹਨ ।



ਕਿਰਗੀਜ਼ ਪਰਿਵਾਰ

ਰਹਿਣ ਲਈ ਜ਼ਿਆਦਾਤਰ ਤੰਬੂਆਂ ਜਾਂ ਹਲਕੇ ਸਾਮਾਨ ਦੀ ਵਰਤੋਂ ਕੀਤੀ ਜਾਂਦੀ ਹੈ । ਉੱਤਰ ਵਿਚ 'ਚੁ-ਘਾਟੀ' ਅਤੇ ਪੱਛਮ ਵਿਚ ਫ਼ਰਗ਼ਾਨਾ ਘਾਟੀ, ਖੇਤੀਬਾੜੀ ਦੇ ਮੁੱਖ ਖੇਤਰ ਹਨ । ਇਨ੍ਹਾਂ ਵਿਚ ਕਪਾਹ, ਅੰਨ, ਅੰਗੂਰ ਅਤੇ ਹੋਰ ਫਲਾਂ ਦੀ ਖੇਤੀ ਹੁੰਦੀ ਹੈ । 'ਜਲਾਲ-ਆਬਾਦ' ਵਿਚ ਚਾਵਲ ਤੇ ਅਫ਼ੀਮ ਦੀ ਖੇਤੀ ਦੇ ਨਾਲ ਨਾਲ ਰੇਸ਼ਮ ਦੇ ਕੀੜੇ ਪਾਲੇ ਜਾਂਦੇ ਹਨ ।

ਖਣਿਜ ਪਦਾਰਥਾਂ ਵਿਚੋਂ ਪਾਰਾ ਅਤੇ ਐਂਟੀਮਨੀ ਦੇ ਉਤਪਾਦਨ ਲਈ ਕਿਰਗੀਜ਼ ਦਾ ਸੰਸਾਰ ਵਿਚ ਵਿਸ਼ੇਸ਼ ਸਥਾਨ ਹੈ । ਇਸ ਦੇ ਕੁਝ ਖੇਤਰਾਂ ਵਿਚ ਖਣਿਜੀ ਤੇਲ ਅਤੇ ਕੋਲੇ ਦਾ ਵੀ ਉਤਪਾਦਨ ਹੁੰਦਾ ਹੈ।

ਘਰੇਲੂ ਦਸਤਕਾਰੀ ਵਿਚ ਸੂਤੀ, ਊਨੀ ਅਤੇ ਰੇਸ਼ਮੀ ਕੱਪੜੇ ਤਿਆਰ ਕੀਤੇ ਜਾਂਦੇ ਹਨ । ਇਥੇ ਕਈ ਥਾਵਾਂ ਤੇ ਰੇਲ ਗੱਡੀਆਂ ਹਨ । ਕਕੂਲ ਨਦੀ ਵਿਚ ਸਟੀਮਰ ਚਲਦੇ ਹਨ।

ਇਸ ਖੇਤਰ ਵਿਚ ਕਿਰਗੀਜ਼ ਜਾਤੀ ਦੇ ਲੋਕ ਵਸਦੇ ਹਨ ਜੋ ਤੁਰਕੀ ਤੇ ਮੰਗੋਲ ਜਾਤੀਆਂ ਦੇ ਸੁਮੇਲ ਤੋਂ ਬਣੀ ਹੈ ।

ਹ. ਪੁ.—ਹਿੰ. ਵਿ. ਕੋ. 3 : 8; ਐਨ. ਬ੍ਰਿ. 13 : 384

**ਕਿਰਥਾਰ ਪਰਬਤ-ਲੜੀ :** ਇਹ ਬਲੋਚਿਸਤਾਨ ਵਿਚ ਸਿੰਧ ਅਤੇ ਝਲਵਾਨ ਖੇਤਰਾਂ ਦੇ ਵਿਚਕਾਰਲੀ ਸੀਮਾ ਬਣਾਉਂਦੀ ਹੋਈ ਇਕ ਪਰਬਤ-ਲੜੀ ਹੈ ਜੋ ਮੁਲਾ ਨਦੀ ਦੇ ਮੈਦਾਨੀ ਖੇਤਰ ਹੋਣ ਦੇ ਸਥਾਨ ਤੋਂ ਲੈ ਕੇ ਦੱਖਣ ਵੱਲ 256 ਕਿ. ਮੀ. ਤਕ ਪਥਰੀਲੀਆਂ ਪਹਾੜੀਆਂ ਦੇ ਰੂਪ ਵਿਚ ਫੈਲੀ ਹੋਈ ਹੈ । ਇਸ ਦੀ ਇਕ ਸ਼ਾਖ ਦੱਖਣ-ਪੂਰਬ ਵੱਲ ਕਰਾਚੀ ਜ਼ਿਲ੍ਹੇ ਤੀਕ ਜਾਂਦੀ ਹੈ ਪਰ ਨੀਵੀਆਂ ਪਹਾੜੀਆਂ ਦੀ ਇਕ ਇਕਹਿਰੀ ਲੜੀ ਕੇਪ ਮਾਊਜ਼ ਤਕ ਫੈਲੀ ਹੋਈ ਹੈ । ਇਸ ਪਰਬਤ-ਲੜੀ ਦੀ ਵੱਧ ਤੋਂ ਵੱਧ ਚੌੜਾਈ ਲਗਭਗ 96 ਕਿ. ਮੀ. ਹੈ । ਇਸ ਦੀ ਸਭ ਤੋਂ ਉੱਚੀ ਚੋਟੀ ਜ਼ਰਦਾਕ (2230 ਮੀ.) ਹੈ । 'ਕੁੱਤੇ ਦੀ ਕਬਰ' ਨਾਮੀ ਇਸ ਦੀ ਇਕ ਹੋਰ ਚੋਟੀ ਹੈ । ਇਸ ਦੀ ਮੁੱਖ ਸ਼ਾਖ਼ਾ ਨੂੰ ਲਖੀ ਸ਼ਾਖ਼ਾ ਕਹਿੰਦੇ ਹਨ । ਕੋਲਾਚੀ ਜਾਂ ਗਾਜ ਨਦੀ ਕਿਰਥਾਰ ਪਰਬਤ ਵਿਚੋਂ ਦੀ ਵਹਿੰਦੀ ਹੈ । ਕਿਰਥਾਰ ਪਰਬਤ-ਲੜੀ ਵਿਚ ਹਰਬਾਬ, ਫੁਸੀ, ਰੋਹੇਲ ਅਤੇ ਗਰੇਰ ਆਦਿ ਮੁੱਖ ਦੱਰੇ ਹਨ । ਇਥੋਂ ਪ੍ਰਾਪਤ ਹੋਣ ਵਾਲੇ ਚੂਨੇ ਪੱਥਰ ਨੂੰ ਕਿਰਥਾਰ ਚੂਨਾ ਪੱਥਰ ਕਹਿੰਦੇ ਹਨ । ਇਥੇ ਮੁੱਖ ਤੌਰ ਤੇ ਮੇਰੀ ਜਾਂ ਜਮਾਲੀ ਬਲੋਚ, ਜੱਟ, ਬ੍ਰਾਹੂਈ ਜਾਤੀਆਂ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਦਾ ਮੁੱਖ ਕਿੱਤਾ ਭੇਡਾਂ ਪਾਲਣਾ ਹੈ । ਜੰਗਲੀ ਜਾਨਵਰਾਂ ਵਿਚੋਂ ਇਥੇ ਪਹਾੜੀ ਭੇਡ, ਕਾਲਾ ਰਿੱਛ ਅਤੇ ਚੀਤਾ ਮੁੱਖ ਤੌਰ ਤੇ ਪਾਏ ਜਾਂਦੇ ਹਨ ।

26° 13′ ਤੋਂ 28° 36′ ਉ. ਵਿਥ.; ਅਤੇ 67° 11′ ਤੋਂ 67° 41′ ਪੂ ਲੰਬ.

ਹ. ਪੁ.—ਇੰਪ. ਗ. ਇੰਡ. 15 : 308

**ਕਿਰਪਾ ਸਾਗਰ, ਲਾਲਾ :** ਪੰਜਾਬੀ ਦੇ ਪ੍ਰਸਿੱਧ ਕਵੀ ਤੇ ਨਾਟਕਕਾਰ ਦਾ ਜਨਮ 4 ਮਈ, 1875 ਨੂੰ ਲਾਲਾ ਮਈਆ ਦਾਸ ਦੇ ਘਰ ਪਿੰਡ ਪਿਪਖਾਨਾ, ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਹੋਇਆ । ਇਸ ਨੇ ਐਫ਼. ਏ. ਕਰ ਕੇ ਪੜ੍ਹਾਈ ਛੱਡ ਦਿੱਤੀ । ਸਕੂਲ ਮਾਸਟਰੀ ਤੇ ਪੱਤਰਕਾਰੀ ਕਰਨ ਉਪਰੰਤ ਅਖੀਰ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਕਲਰਕ ਲੱਗਾ ਜਿਥੇ ਲੇਖਾਕਾਰ ਦੇ ਪੱਦ ਤੋਂ 1934



ਲਾਲਾ ਕਿਰਪਾ ਸਾਗਰ

ਵਿਚ ਰਿਟਾਇਰ ਹੋਇਆ । ਕੁਝ ਚਿਰ ਬਿਮਾਰ ਰਹਿਣ ਮਗਰੋਂ 16 ਮਈ, 1939 ਨੂੰ ਲਾਹੌਰ ਵਿਖੇ ਇਸ ਦਾ ਦਿਹਾਂਤ ਹੋ ਗਿਆ ।

ਲਾਲਾ ਕਿਰਪਾ ਸਾਗਰ ਨੇ ਪੰਜਾਬੀ ਸਾਹਿਤ ਨੂੰ ਕਈ ਅਨੂਪਮ ਰਚਨਾਵਾਂ ਨਾਲ ਅਮੀਰ ਬਣਾਇਆ ਪਰ ਇਸ ਦੀ ਪ੍ਰਸਿੱਧੀ ਮੁੱਖ ਰੂਪ ਵਿਚ 'ਲਕਸ਼ਮੀ ਦੇਵੀ' ਮਹਾਂਕਾਵਿ ਕਾਰਨ ਹੈ ਜੋ ਸਰ ਵਾਲਟਰ ਸਕਾਟ ਦੀ ਪ੍ਰਸਿੱਧ ਰਚਨਾ 'ਲੇਡੀ ਆਫ ਦੀ ਲੇਕ' ਤੇ ਆਧਾਰਤ ਹੈ ਪਰ ਆਪਣੀ ਕਲਪਨਾ ਤੇ ਕਲਾ ਕੌਸ਼ਲਤਾ ਨਾਲ ਇਸ ਨੇ ਇਤਨੀ ਸੋਹਣੀ ਤਰ੍ਹਾਂ ਨਾਲ ਪੇਸ਼ ਕੀਤਾ ਹੈ ਕਿ ਮੌਲਿਕ ਰਚਨਾ ਭਾਸਣ ਲਗ ਪਈ ਹੈ । ਇਸ ਰਚਨਾ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੰਦਰਾਲ ਪ੍ਰਾਂਤ ਨੂੰ ਜਿੱਤਣ ਦੀ ਘਟਨਾ ਨੂੰ ਮਿੱਥ ਕੇ ਕਲਪਨਾ ਤੇ ਇਤਿਹਾਸ ਦੇ ਵਚਿੱਤਰ ਮਿਸ਼ਰਣ ਦੁਆਰਾ ਬੜਾ ਪ੍ਰਭਾਵਸ਼ਾਲੀ ਤੇ ਰੁਮਾਂਟਿਕ ਮਾਹੌਲ ਪੈਦਾ ਕੀਤਾ ਗਿਆ ਹੈ । ਇਸ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਸਾਧਾਰਨ ਮਨੁੱਖ ਦਾ ਰੋਗਾਂ, ਸੋਗਾਂ, ਸੁਪਨਿਆ, ਸੰਮਿਆਂ ਦਾ ਭਰਪੂਰ ਜੀਵਨ ਜਿਉਂਦਾ ਹੋਇਆ ਵੀ ਇਕ ਮਧਕਾਲੀ ਯੁਵਕ ਵਾਂਗ ਪਹਾੜ ਗਾਹੁੰਦਾ, ਲੜਦਾ ਤੇ ਜੂਝਦਾ ਦਿਖਾਇਆ ਗਿਆ ਹੈ । ਇਸ ਵਿਚ ਕੁਦਰਤ ਦੇ ਨਜ਼ਾਰੇ ਹੂ-ਬ-ਹੂ ਚਿਤਰੇ ਗਏ ਹਨ । ਅਸੁਭਾਵਿਕ ਵਾਤਾਵਰਣ ਚਿਤਰਿਆ ਗਿਆ ਹੈ । ਉਚੇ ਪਹਾੜ, ਡੂੰਘੀਆਂ ਖੱਡਾਂ, ਸੰਘਣੇ ਜੰਗਲ, ਭਿਆਨਕ ਗੁਫਾਵਾਂ, ਸੱਪਾਂ, ਵਲ ਵਲੇਵੇਂ ਖਾਂਦੀਆਂ ਖੱਡਾਂ, ਰਾਜ ਦਰਬਾਰਾਂ, ਦੰਗਲਾਂ ਦੀਆਂ ਝਾਕੀਆਂ ਤੇਜ਼ੀ ਨਾਲ ਬਦਲਦੀਆਂ ਹਨ । ਇਸ ਵਿਚ ਮਾਨਸਿਕ ਜਜ਼ਬਿਆਂ, ਖੁਸ਼ੀਆਂ, ਅੰਦੇਸ਼ਿਆਂ, ਫਿਕਰਾਂ, ਕਰੋਧ ਤੇ ਬੀਰਤਾ ਆਦਿ ਨੂੰ ਬੜੀ ਸਫਲਤਾ ਨਾਲ ਚਿਤਰਿਆ ਗਿਆ ਹੈ । ਪਾਤਰ ਉਸਾਰੀ ਪੱਖੋਂ ਇਹ ਰਚਨਾ ਬੜੀ ਮਹੱਤਵਪੂਰਨ ਹੈ ਕਿਉਂਕਿ ਇਸ ਦਾ ਆਧਾਰ ਯਥਾਰਥਵਾਦੀ ਪ੍ਰਵਿਰਤੀ ਹੈ । ਇਸ ਦਾ ਪ੍ਰਧਾਨ ਛੰਦ ਦੋਹਰਾ ਹੈ ਪਰ ਵਿਚ ਵਿਚ ਬੈਂਤ ਵੀ ਵਰਤਿਆ ਗਿਆ ਹੈ । ਕਹਾਣੀ ਵਿਚ ਹਲਕੇ ਫੁਲਕੇ ਗੀਤਾਂ ਦੇ ਦਰਸ਼ਨ ਵੀ ਹੁੰਦੇ ਹਨ, ਜੋ ਰਚਨਾ ਨੂੰ ਰਸਹੀਣ ਹੋਣੋਂ ਬਚਾਉਂਦੇ ਹਨ । ਬੀਰ, ਕਰੁਣਾ, ਭਿਆਨਕ, ਰੌਦਰ, ਬੀਭਤਸ ਰਸ ਦੇ ਨਾਲ ਕਿਤੇ ਕਿਤੇ ਸ਼ਿੰਗਾਰ ਰਸ ਦੇ ਛਿੱਟੇ ਵੀ ਮਾਰੇ ਗਏ ਹਨ । ਇਸ ਰਚਨਾ ਦੀ ਬੋਲੀ ਠੇਠ ਪੰਜਾਬੀ ਹੈ ।

ਇਸ ਤੋਂ ਇਲਾਵਾ ਲੇਖਕ ਦਾ 'ਮਨ ਤਰੰਗ' ਕਾਵਿ-ਸੰਗ੍ਰਹਿ ਵੀ ਪ੍ਰਕਾਸ਼ਿਤ ਹੋਇਆ ਮਿਲਦਾ ਹੈ ਜਿਸ ਵਿਚ ਹਲਕੇ-ਫੁਲਕੇ ਗੀਤਾਂ ਤੋਂ

ਇਲਾਵਾ ਹੋਰ ਕਈ ਵਿਸ਼ਿਆਂ ਬਾਰੇ ਸੁਹਣੀਆਂ ਕਵਿਤਾਵਾਂ ਵੀ ਸ਼ਾਮਲ ਹਨ ।

ਇਸ ਨੇ ਰਣਜੀਤ ਸਿੰਘ (ਦੋ ਭਾਗ) ਤੇ ਡੀਡੋ ਜੰਮਵਾਲ ਨਾਟਕ ਲਿਖੇ ਹਨ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਕੌਮੀ ਨਾਇਕ ਦੇ ਰੂਪ ਵਿਚ ਉਘਾੜਨ ਦਾ ਸਫ਼ਲ ਯਤਨ ਕੀਤਾ ਹੈ। ਡੀਡੋ ਜੰਮਵਾਲ ਵਿਚ ਜੰਮੂ ਦਾ ਇਕ ਨਾਇਕ ਰਣਜੀਤ ਸਿੰਘ ਦੀ ਵਧਦੀ ਤਾਕਤ ਨੂੰ ਵੰਗਾਰਨ ਦਾ ਅਸਫ਼ਲ ਯਤਨ ਕਰਦਾ ਹੈ। ਇਹਨਾਂ ਨਾਟਕਾਂ ਉਪਰ ਦੋਸ਼ ਲਗਾਇਆ ਜਾਂਦਾ ਹੈ ਕਿ ਇਹ ਰੰਗ ਮੰਚ ਤੇ ਪੇਸ਼ ਨਹੀਂ ਕੀਤੇ ਜਾ ਸਕਦੇ ਪਰ ਇਨ੍ਹਾਂ ਨੂੰ ਵਿਕਸਿਤ ਰੰਗ ਮੰਚ ਤੇ ਥੋੜ੍ਹੇ ਜਿਹੇ ਪਰਿਵਰਤਨ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਇਸ ਨਾਟਕ ਨੂੰ ਸੁਆਦਲਾ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ ਗਈ। ਪਿੰਡ ਦੇ ਵਿਹੜੇ, ਪੇਂਡੂ ਘਰ ਦੀਆਂ ਝਾਕੀਆਂ, ਨਕਲਾਂ, ਠੱਠੇ ਮਖ਼ੌਲ, ਚੜੇਲਾਂ ਦਾ ਵਿਆਹ, ਨਿਹੰਗਾਂ ਦੀ ਛਾਉਣੀ ਆਦਿ ਦੇ ਨਜ਼ਾਰੇ ਪੇਸ਼ ਕਰਕੇ ਨਾਟਕ ਨੂੰ ਸਰਲ ਬਣਾਇਆ ਗਿਆ ਹੈ। ਇਹ ਨਾਟਕ ਇਤਿਹਾਸਕ ਹਨ ਭਾਵੇਂ ਇਤਿਹਾਸਕ ਸੱਚ ਪੱਖੋਂ ਇਸ ਵਿਚ ਕੋਈ ਦੋਸ਼ ਨਹੀਂ ਹੈ ਪਰ ਗੋਂਦ ਪੱਖੋਂ ਇਹ ਕਮਜ਼ੋਰ ਹਨ ਕਿਉਂਕਿ ਇਹਨਾਂ ਵਿਚ ਪੇਸ਼ ਨਾਟਕ ਘਟਨਾਵਾਂ ਨੂੰ ਗੋਲਾਈ ਦੇਣ ਦਾ ਯਤਨ ਨਹੀਂ ਕੀਤਾ ਗਿਆ ਜਿਸ ਕਾਰਨ ਪ੍ਰਭਾਵ ਦੀ ਏਕਤਾ ਕਾਇਮ ਨਹੀਂ ਰਹਿ ਸਕੀ।

ਵਾਰਤਾਲਾਪ ਪੱਖੋਂ ਇਹ ਨਾਟਕ ਯਥਾਰਥਕ ਹਨ। ਇਨ੍ਹਾਂ ਦੀ ਬੋਲੀ ਬੜੀ ਠੇਠ ਪੰਜਾਬੀ ਹੈ ਪਰ ਇਸ ਦੀ ਸਹਾਇਤਾ ਨਾਲ ਪਾਤਰ ਨਿਖੇੜਨ ਦਾ ਯਤਨ ਨਹੀਂ ਕੀਤਾ ਗਿਆ। ਸਾਰੇ ਵਰਗਾਂ ਦੇ ਪਾਤਰ ਲਗਪਗ ਇਕੋ ਜਿਹੀ ਭਾਸ਼ਾ ਵਰਤਦੇ ਹਨ। ਮੁਹਾਵਰਿਆਂ ਦੀ ਲੋੜ ਤੋਂ ਵਧ ਵਰਤੋਂ ਕਿੱਤੇ ਕਿੱਤੇ ਬਣਾਵਟ ਦਾ ਪ੍ਰਭਾਵ ਪਾਉਂਦੀ ਹੈ। ਨਾਟਕ ਵਿਚ ਥਾਂ-ਥਾਂ ਤੇ ਹਲਕੇ ਫੁਲਕੇ ਗੀਤ ਮਿਲਦੇ ਹਨ ਜਿਨ੍ਹਾਂ ਨਾਲ ਰੌਚਕਤਾ ਵਿਚ ਵਾਧਾ ਹੁੰਦਾ ਹੈ। ਇਨ੍ਹਾਂ ਨਾਟਕਾਂ ਵਿਚ ਪਾਤਰ ਬਹੁਤ ਜ਼ਿਆਦਾ ਹਨ। ਨਾਟਕ ਦੀ ਬਣਤਰ ਪੱਖੋਂ ਭਾਵੇਂ ਇਸ ਵਿਚ ਕੁਝ ਕਮਜ਼ੋਰੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਪਰ ਇਸ ਵਿਚ ਰਣਜੀਤ ਸਿੰਘ ਦਾ ਬੜਾ ਸੁੰਦਰ ਰੂਪ ਪੇਸ਼ ਕੀਤਾ ਗਿਆ ਹੈ।

ਹ. ਪ.—ਪੰ.ਸਾ. ਇ. : 2

**ਕ੍ਰਿਪਾਚਾਰੀਆ** : ਇਹ ਮਹਾਂਰਿਸ਼ੀ ਗੌਤਮ ਸ਼ਰਧਵਾਨ੍ ਦਾ ਪੁੱਤਰ ਸੀ। ਇਸ ਨਾਲ ਜੋੜੀ ਜਨਮੀ ਇਸ ਦੀ ਭੈਣ ਦਾ ਨਾਂ ਕ੍ਰਿਪੀ ਸੀ। ਕ੍ਰਿਪੀ ਦਾ ਵਿਆਹ ਦਰੋਣਾਚਾਰੀਆ ਨਾਲ ਹੋਇਆ ਅਤੇ ਉਨ੍ਹਾਂ ਦਾ ਪੁੱਤਰ ਅਸ਼ਵਥਾਮਾ ਹੋਇਆ। ਇਸ ਦੇ ਪਿਤਾ ਦੀ ਤਪੱਸਿਆ ਭੰਗ ਕਰਨ ਲਈ ਇੰਦਰ ਨੇ ਜਾਨਪਦ ਨਾਂ ਦੀ ਇਕ ਦੇਵ ਕੰਨਿਆ ਭੇਜੀ ਸੀ, ਜਿਸ ਦੇ ਗਰਭ ਤੋਂ ਇਹ ਦੋਵੇਂ ਜੋੜੇ ਬੱਚੇ ਜਨਮੇ ਸਨ। ਮਾਂ ਬਾਪ ਦੋਵਾਂ ਨੇ ਇਨ੍ਹਾਂ ਬੱਚਿਆਂ ਨੂੰ ਜੰਗਲ ਵਿਚ ਛੱਡ ਦਿੱਤਾ ਜਿਥੇ ਮਹਾਰਾਜਾ ਸ਼ਾਂਤਨੂੰ ਨੇ ਇਨ੍ਹਾਂ ਨੂੰ ਦੇਖਿਆ। ਉਸ ਨੇ ਇਨ੍ਹਾਂ ਤੇ ਕਿਰਪਾ ਕਰਕੇ ਇਨ੍ਹਾ ਦਾ ਪਾਲਣ ਪੋਸ਼ਣ ਕੀਤਾ ਜਿਸ ਕਰਕੇ ਇਨ੍ਹਾਂ ਦੇ ਨਾਂ ਕ੍ਰਿਪਾ ਅਤੇ ਕ੍ਰਿਪੀ ਪੈ ਗਏ। ਇਹ ਆਪਣੇ ਪਿਤਾ ਦੇ ਸਾਹਮਣੇ ਹੀ ਧਨੁਖ ਧਾਰੀ ਹੋਇਆ। ਕੁਰੂਕਸ਼ੇਤਰ ਦੇ ਯੁੱਧ ਵਿਚ ਇਹ ਕੌਰਵਾਂ ਨਾਲ ਸੀ ਅਤੇ ਉਨ੍ਹਾਂ ਦੇ ਨਸ਼ਟ ਹੋ ਜਾਣ ਤੇ ਪਾਂਡਵਾਂ ਕੋਲ ਆ ਗਿਆ। ਬਾਅਦ ਵਿਚ ਇਸ ਨੇ ਰਾਜਾ ਪ੍ਰੀਖਸ਼ਿਤ ਨੂੰ ਅਸਤਰ ਵਿਦਿਆ ਸਿਖਾਈ। ਭਗਵਤ ਅਨੁਸਾਰ ਸਾਵਰਿਣ ਮਨੂ ਦੇ ਸਮੇਂ ਇਸ ਦੀ ਗਿਣਤੀ ਸਤਾਂ ਰਿਸ਼ੀਆਂ ਵਿਚ ਹੁੰਦੀ ਸੀ।

ਹ. ਪ੍ਰ.—ਹਿੰ. ਵਿ. ਕੋ. 3 : 110

**ਕ੍ਰਿਪਾਨ** : ਇਹ ਹੱਥ ਨਾਲ ਚਲਾਉਣ ਵਾਲਾ ਧਾਤ ਦੀ ਪੱਤੀ ਤੋਂ ਬਣਿਆ ਇਕ ਪ੍ਰਸਿਧ ਪੁਰਾਤਨ ਹਥਿਆਰ ਹੈ ਜੋ ਇਤਿਹਾਸਕ ਤੌਰ ਤੇ ਸਦੀਆਂ ਤੀਕ ਵਰਤਿਆ ਜਾਂਦਾ ਰਿਹਾ ਹੈ। ਇਸ ਦੇ ਫਲ ਦੀ ਲੰਬਾਈ, ਚੌੜਾਈ ਅਤੇ ਸ਼ਕਲ ਸੂਰਤ ਵੱਖ-ਵੱਖ ਸਮਿਆਂ ਵਿਚ ਅਕਸਰ ਬਦਲਦੀ ਰਹੀ ਹੈ। ਇਹ ਛੁਰੇ ਨਾਲੋਂ ਵੱਡੀ ਹੁੰਦੀ ਹੈ ਅਤੇ ਸਿਰੇ ਉਤੇ ਇਕ ਮੁੱਠਾ ਹੁੰਦਾ ਹੈ ਜਿਸ ਨਾਲ ਹੱਥ ਦੀ ਸੁਰੱਖਿਆ ਲਈ ਪੱਖਾ ਲੱਗਿਆ ਹੁੰਦਾ ਹੈ।

ਇਸ ਸ਼ਬਦ ਦੀ ਵਿਉਤਪਤੀ ਅਨੁਸਾਰ 'ਕ੍ਰਿਪਾਨ' ਦਾ ਅਰਥ 'ਜੋ ਕ੍ਰਿਪਾ ਨੂੰ ਫੈਂਕ ਦੇਵੇ' ਜਾਂ 'ਜਿਸ ਦੇ ਚਲਾਉਣ ਵੇਲੇ ਰਹਿਮ ਨਾ ਆਵੇ' ਹੈ। ਇਸ ਨੂੰ ਤਲਵਾਰ ਅਤੇ ਸ੍ਰੀ ਸਾਹਿਬ ਵੀ ਅਖਿਆ ਜਾਂਦਾ ਹੈ। ਇਹ ਸਿੰਘਾਂ ਦਾ ਦੂਜਾ ਕਕਾਰ ਹੈ ਅਤੇ ਅੰਮ੍ਰਿਤਧਾਰੀਆਂ ਲਈ ਇਸ ਦਾ ਪਹਿਨਣਾ ਜ਼ਰੂਰੀ ਹੈ।

ਕ੍ਰਿਪਾਨ ਅਤੇ ਛੁਰੇ ਵਿਚਕਾਰ ਨਖੇੜ ਕਾਂਸੀ-ਯੁੱਗ (3000 ਈ. ਪੂ.) ਵਿਚ ਹੋਇਆ ਜਦੋਂ ਕਿ ਲੰਬੇ ਪੱਤਿਆਂ ਦੀ ਸ਼ਕਲ ਦੇ ਤਾਂਬੇ ਅਤੇ ਕਾਂਸੀ ਦੇ ਫਲ ਵਾਲੇ ਹਥਿਆਰ ਤਿਆਰ ਹੋਣ ਲੱਗੇ। ਇਹਨਾਂ ਦੇ ਮੁੱਠੇ ਵਧਵੇਂ ਫਲ ਦੇ ਹੀ ਹੁੰਦੇ ਸਨ। ਰੋਮਨਾਂ ਦੇ ਸਮੇਂ ਤੀਕ ਮੁੱਠਾ ਛੋਟੇ ਅਤੇ ਚਪਟੇ ਫਲ ਨਾਲੋਂ ਵੱਖਰਾ ਹੀ ਹੁੰਦਾ ਸੀ। ਮੱਧਕਾਲ ਤੀਕ ਇਸ ਹਥਿਆਰ ਨੇ ਆਪਣੀ ਮੁੱਖ ਬੁਨਿਆਦੀ ਸੂਰਤ ਅਖਤਿਆਰ ਕਰ ਲਈ ਸੀ। ਮੱਧ-ਕਾਲੀਨੀ ਸੂਰਮਗਤੀ ਦੇ ਸਮੇਂ ਦੀ ਭਾਰੀ ਕ੍ਰਿਪਾਨ ਦਾ ਮੁੱਠਾ ਕਾਫ਼ੀ ਵੱਡਾ ਹੁੰਦਾ ਸੀ ਅਤੇ ਹੱਥਾਂ ਨਾਲ ਫੜਿਆ ਜਾ ਸਕਣ ਵਾਲਾ ਬਣਾਇਆ ਜਾਂਦਾ ਸੀ। ਹੱਥਾਂ ਦੀ ਸੁਰੱਖਿਆ ਲਈ ਦਸਤੇ ਉਤੇ ਪੱਖਾ ਲਗਿਆ ਹੁੰਦਾ ਸੀ। ਕ੍ਰਿਪਾਨ ਦਾ ਫਲ ਦੋਹਾਂ ਪਾਸਿਆਂ ਤੋਂ ਧਾਰਦਾਰ ਅਤੇ ਅਗੋਂ ਨੁਕੀਲਾ ਹੁੰਦਾ ਸੀ। ਇਹ ਬਾਰ-ਬਾਰ ਗਰਮ ਕਰਕੇ ਕੁੱਟਣ ਵਾਲੀ ਵਿਧੀ ਨਾਲ ਬਣਾਈ ਜਾਂਦੀ ਸੀ। ਇਸ ਵਿਧੀ ਅਨੁਸਾਰ ਲੋਹੇ ਨਾਲ ਥੋੜ੍ਹੀ ਕਾਰਬਨ ਮਿਲਾ ਕੇ ਇਸ ਨੂੰ ਨਰਮ ਸਟੀਲ ਵਿਚ ਬਦਲ ਲਿਆ ਜਾਂਦਾ ਹੈ। ਲੋਹੇ ਦੀਆਂ ਪਤਲੀਆਂ ਧੱਜੀਆਂ (ਪੱਤੀਆਂ) ਨੂੰ ਇਕੱਠਾ ਕਰਕੇ ਕੁੱਟਣ ਨਾਲ ਵੀ ਕ੍ਰਿਪਾਨ ਦੀਆਂ ਪੱਤਰੀਆਂ ਬਣਾਈਆਂ ਜਾਂਦੀਆਂ ਹਨ। ਸ਼ਾਮ ਵਿਚ ਦਮਿਸ਼ਕ ਇਸ ਹੁਨਰ ਦਾ ਪ੍ਰਸਿੱਧ ਕੇਂਦਰ ਸੀ।



ਚਿਤਰ. ਖੱਬਾ—ਕਾਂਸੀ ਕਾਲ ਦੀ ਕ੍ਰਿਪਾਨ ;
ਸੱਜਾ—ਬ੍ਰਿਟਿਸ਼ ਅਜਾਇਬ ਘਰ ਵਿਚ ਮੱਧ-ਕਾਲ ਦੀ ਕ੍ਰਿਪਾਨ

ਜੰਗ ਵਿਚ ਬਾਰੂਦੀ ਹਥਿਆਰਾਂ ਦੇ ਪ੍ਰਚੱਲਤ ਹੋਣ ਨਾਲ ਕ੍ਰਿਪਾਨ ਦੀ ਵਰਤੋਂ ਖਤਮ ਨਹੀਂ ਹੋਈ ਸਗੋਂ ਇਸ ਦੀ ਕਿਸਮ ਨੂੰ ਹੋਰ ਸੁਧਾਰਿਆ ਗਿਆ ਹੈ। ਸੰਜੋਆਂ ਨਾ ਪਹਿਨਣ ਦੇ ਰਿਵਾਜ ਨੇ ਇਹ ਜ਼ਰੂਰੀ ਬਣਾ ਦਿਤਾ ਕਿ ਕ੍ਰਿਪਾਨਧਾਰੀ ਆਪਣੇ ਹਥਿਆਰ ਨਾਲ ਵਾਰ ਰੋਕੇ। ਇਸ ਮੰਤਵ ਲਈ ਕਟਾਰਾਂ ਹੋਂਦ ਵਿਚ ਆਈਆਂ। ਕੱਟਣ ਲਈ ਕੁੱਬੀ ਜਾਂ

ਖ਼ਮਦਾਰ ਕ੍ਰਿਪਾਨ ਦਾ ਰਿਵਾਜ ਪਹਿਲੋਂ ਪਹਿਲ ਏਸ਼ੀਆ ਵਿਚ ਹੀ ਸੀ। ਹਿੰਦੁਸਤਾਨ ਅਤੇ ਫਾਰਸ ਵਿਚ ਇਸ ਦੀ ਵਰਤੋਂ ਲੰਮੇ ਸਮੇਂ ਤੀਕ ਹੁੰਦੀ ਰਹੀ। ਤੁਰਕਾਂ ਦੁਆਰਾ ਇਹ ਇੰਗਲਸਤਾਨ ਵਿਚ ਪਹੁੰਚੀ। ਪੱਛਮ ਵਾਲਿਆਂ ਨੇ ਤੁਰਕੀ-ਸਰੋਹੀ ਦੇ ਰੂਪ ਵਿਚ ਤਬਦੀਲੀ ਲਿਆ ਕੇ ਘੋੜ-ਸਵਾਰਾਂ ਦੀ ਸ਼ੈਫ਼ (ਤੱਗਾ) ਬਣਾ ਲਿਆ। ਏਸ਼ੀਆ ਦੇ ਧੁਰ ਦੂਜੇ ਬੰਨੇ ਜਾਪਾਨੀਆਂ ਨੇ ਥੋੜ੍ਹੇ ਜਿਹੇ ਵਿੰਗ ਵਾਲੀ ਲੰਬੀ ਕ੍ਰਿਪਾਨ ਤਿਆਰ ਕੀਤੀ ਜਿਸ ਦਾ ਮੁੱਠਾ ਦੋਹਾਂ ਹੱਥਾਂ ਨਾਲ ਫੜਿਆ ਜਾਂਦਾ ਸੀ। ਇਹ ਆਪਸੀ ਹੱਥੋ-ਪਾਈ ਲਈ ਵਰਤੀ ਜਾਂਦੀ ਸੀ ਅਤੇ ਬਾਅਦ ਵਿਚ ਇਸ ਦੀ ਪੂਜਾ ਵੀ ਹੋਣ ਲੱਗ ਪਈ ਸੀ।

ਅਪਰਾਧੀਆਂ ਦਾ ਕ੍ਰਿਪਾਨ ਨਾਲ ਸਿਰ ਵੱਢਣ ਦਾ ਰਿਵਾਜ ਯੂਰਪ ਅਤੇ ਏਸ਼ੀਆ ਵਿਚ ਬਹੁਤ ਪ੍ਰਚੱਲਤ ਸੀ। ਏਸ਼ੀਆ ਵਿਚ ਇਹ ਰਿਵਾਜ ਦੂਜੇ ਸੰਸਾਰ-ਯੁੱਧ ਦੇ ਅੰਤ ਤੱਕ ਜਾਰੀ ਰਿਹਾ।

ਅਜੋਕੇ ਜੰਗੀ ਬਾਰੂਦੀ ਹਥਿਆਰਾਂ ਦੇ ਵਿਕਾਸ ਨੇ ਫੌਜੀ ਮੰਤਵਾਂ ਲਈ ਕ੍ਰਿਪਾਨ ਦੀ ਵਰਤੋਂ ਲਗਭਗ ਖ਼ਤਮ ਹੀ ਕਰ ਦਿਤੀ ਹੈ। ਫ਼ੌਜ ਵਿਚ ਇਸ ਦੀ ਵਰਤੋਂ ਨਾ ਹੋਣ ਕਾਰਨ ਇਸ ਦਾ ਰੋਲ ਦੋ ਧਿਰਾਂ ਵਿਚਕਾਰ ਆਪਸੀ ਲੜਾਈ ਵਿਚ ਵਧ ਗਿਆ ਹੈ ਜਿਸ ਤੋਂ ਅਜੋਕੀ 'ਤੇਗ-ਬਾਜ਼ੀ' (ਗੱਤਕਾ) ਦੀ ਖੇਡ ਸ਼ੁਰੂ ਹੋ ਗਈ।

ਹ. ਪੁ.—ਐਨ. ਬ੍ਰਿ. 21 : 695; ਐਨ. ਬ੍ਰਿ. ਮਾ. 9 : 726; ਮ. ਕੋ. 359

**ਕਿਰਪਾਲ ਸਿੰਘ :** ਇਹ ਪੰਜਾਬ ਦਾ ਪ੍ਰਸਿੱਧ ਚਿੱਤਰਕਾਰ ਹੈ। ਇਸ ਦਾ ਜਨਮ 10 ਦਸੰਬਰ, 1923 ਨੂੰ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਦੀ ਤਹਿਸੀਲ ਜ਼ੀਰਾ ਵਿਚ ਪਿੰਡ ਵਾੜਾ ਚੈਨ ਸਿੰਘ ਵਾਲਾ ਵਿਖੇ ਸ. ਭਗਤ ਸਿੰਘ ਦੇ ਘਰ ਹੋਇਆ। ਜ਼ੀਰੇ ਤੋਂ ਮੈਟ੍ਰਿਕ ਕਰਨ ਮਗਰੋਂ ਇਸ ਨੇ ਲਾਹੌਰ ਦੇ ਐਸ. ਡੀ. ਕਾਲਜ ਤੋਂ ਨਾਨ-ਮੈਡੀਕਲ ਦੀ ਐਫ਼.



ਕਿਰਪਾਲ ਸਿੰਘ 'ਆਰਟਿਸਟ'



ਸ. ਕਿਰਪਾਲ ਸਿੰਘ ਦੀ ਕਲਾਕਾਰੀ ਦਾ ਇਕ ਨਮੂਨਾ :
ਚਮਕੌਰ ਸਾਹਿਬ ਦੀ ਲੜਾਈ ਸਮੇਂ ਕੱਚੀ ਗੜ੍ਹੀ ਤੋਂ ਗੁਰੂ ਗੋਬਿੰਦ ਸਿੰਘ ਜੀ ਕਮਾਂਡ ਕਰਦੇ ਹੋਏ।



ਸ. ਕਿਰਪਾਲ ਸਿੰਘ ਦੀ ਕਲਾਕਾਰੀ ਦਾ ਇਕ ਹੋਰ ਨਮੂਨਾ :
ਮਹਾਰਾਜਾ ਰਣਜੀਤ ਸਿੰਘ ਦਾ ਜਰਨੈਲ ਸ. ਹਰੀ ਸਿੰਘ ਨਲੂਆ ਦੱਰਾ ਖ਼ੈਬਰ ਨੂੰ ਪਾਰ ਕਰਦਿਆਂ ਹੋਇਆਂ

ਐੱਸ. ਸੀ. ਪਾਸ ਕੀਤੀ । ਆਪਣੀ ਸਾਰੀ ਪੜ੍ਹਾਈ ਦੇ ਦੌਰਾਨ ਇਹ ਵਜ਼ੀਫ਼ਾ ਪ੍ਰਾਪਤ ਕਰਦਾ ਰਿਹਾ ।

ਸੰਨ 1939 ਤੋਂ ਲੈ ਕੇ 1947 ਦੇ ਬਟਵਾਰੇ ਤੱਕ ਕਿਰਪਾਲ ਸਿੰਘ ਲਾਹੌਰ ਵਿਖੇ ਮਿਲਿਟਰੀ ਅਕਾਊਂਟਸ ਡਿਪਾਰਟਮੈਂਟ ਵਿਚ ਨੌਕਰੀ ਕਰਦਾ ਰਿਹਾ । ਆਪਣੇ ਵਿਹਲੇ ਸਮੇਂ ਵਿਚ ਇਹ ਚਿੱਤਰਕਾਰੀ ਕਰਦਾ ਰਹਿੰਦਾ, ਜਿਸ ਦਾ ਸ਼ੌਕ ਇਸ ਨੂੰ ਪੰਜਵੀਂ ਜਮਾਤ ਵਿਚ ਡ੍ਰਾਇੰਗ ਪੜ੍ਹਨ ਨਾਲ ਸ਼ੁਰੂ ਹੋਇਆ ਸੀ । ਬਟਵਾਰੇ ਮਗਰੋਂ ਇਸ ਦੀ ਬਦਲੀ ਜਲੰਧਰ ਹੋ ਗਈ ਪਰ ਇਸ ਨੇ ਸਰਕਾਰੀ ਨੌਕਰੀ ਨੂੰ ਤਿਲਾਂਜਲੀ ਦੇ ਦਿਤੀ ਅਤੇ ਸਾਰਾ ਸਮਾਂ ਚਿੱਤਰਕਾਰੀ ਵਿਚ ਬਿਤਾਉਣ ਲੱਗਾ । ਸੰਨ 1952 ਵਿਚ ਕਿਸਮਤ-ਅਜ਼ਮਾਈ ਲਈ ਇਹ ਦਿੱਲੀ ਚਲਾ ਗਿਆ । ਇਸ ਦਾ ਨਿੱਜੀ ਝੁਕਾਅ ਸਿੱਖ ਇਤਿਹਾਸ ਨੂੰ ਚਿਤਰਨ ਵਿਚ ਸੀ ਪਰ ਦਿੱਲੀ ਦੀ ਮਾਰਕਿਟ ਵਿਚ ਇਸ ਗੱਲ ਦੀ ਕੋਈ ਕਦਰ ਨਹੀਂ ਸੀ ।

ਫਿਰ ਲਗਾਤਾਰ ਤਿੰਨ ਸਾਲਾਂ ਲਈ ਇਹ ਕਰਨਾਲ ਜ਼ਿਲ੍ਹੇ ਵਿਚ ਇਕ ਖੇਤੀਬਾੜੀ ਫ਼ਾਰਮ ਵਿਚ ਟਿਕ ਕੇ ਚਿਤਰਕਾਰੀ ਕਰਦਾ ਰਿਹਾ । ਇਸ ਨੇ ਇਤਿਹਾਸਕ, ਦਿਹਾਤੀ, ਲੋਕ-ਜੀਵਨ, ਝੋਨਾ ਲਗਾਈ, ਟੱਪਰੀਵਾਸਾਂ ਦੇ ਕਾਫ਼ਲੇ ਆਦਿ ਫੁਟਕਲ ਵਿਸ਼ਿਆਂ ਤੇ ਬੇਸ਼ੁਮਾਰ ਚਿੱਤਰ ਬਣਾਏ । ਵੱਖ-ਵੱਖ ਪ੍ਰਿੰਸੀਪਲਾਂ ਦੀ ਸਰਪ੍ਰਸਤੀ ਹੇਠ ਕਰਨਾਲ ਅਤੇ ਜਲੰਧਰ ਵਿਖੇ ਇਨ੍ਹਾਂ ਚਿੱਤਰਾਂ ਦੀਆਂ ਪ੍ਰਦਰਸ਼ਨੀਆਂ ਲਗਾਈਆਂ ।

ਇਸੇ ਸਮੇਂ ਦੌਰਾਨ ਪ੍ਰੋ: ਸਤਬੀਰ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਕਿਰਪਾਲ ਸਿੰਘ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ 'ਸੈਂਟਰਲ ਸਿੱਖ ਮਿਊਜ਼ੀਅਮ' ਸਥਾਪਿਤ ਕਰਨ ਦਾ ਕੰਮ ਸੌਂਪਿਆ ਗਿਆ । ਸੰਨ 1956 ਤੋਂ 1962 ਤੱਕ ਇਸ ਮਿਊਜ਼ੀਅਮ ਲਈ ਇਸ ਨੇ ਸਿੱਖ ਇਤਿਹਾਸ ਵਿਚੋਂ ਤਿੰਨ ਦਰਜਨ ਬਿਹਤਰੀਨ ਚਿੱਤਰ ਬਣਾਏ । ਸੰਨ 1963 ਤੋਂ 67 ਤੱਕ ਇਸ ਨੇ ਦਿੱਲੀ ਵਿਚ ਗੁਰਦਵਾਰਾ ਬੰਗਲਾ ਸਾਹਿਬ ਦੇ 'ਸ. ਬਘੇਲ ਸਿੰਘ ਮਿਊਜ਼ੀਅਮ' ਲਈ ਕੋਈ ਦੋ ਦਰਜਨ ਚਿਤਰ ਬਣਾਏ । ਦਿੱਲੀ ਵਿਚ ਰਹਿੰਦਿਆਂ ਹੋਇਆਂ ਇਸ ਨੇ ਸਿੱਖ ਰੈਜਮੈਂਟਲ ਸੈਂਟਰ, ਮੇਰਠ ਲਈ ਵੀ ਕਈ ਚਿਤਰ ਬਣਾਏ ।

ਸੰਨ 1967 ਤੋਂ ਕਿਰਪਾਲ ਸਿੰਘ ਚੰਡੀਗੜ੍ਹ ਵਿਖੇ ਰਹਿਣ ਲਗ ਪਿਆ । ਇਸ ਨੇ ਮਿਊਜ਼ੀਅਮ ਆਫ਼ ਸਾਇੰਸ ਲਈ ਬੜਾ ਕੰਮ ਕੀਤਾ ਅਤੇ ਵੱਖ-ਵੱਖ ਆਰਮੀ ਹੈੱਡ-ਕੁਆਰਟਰਾਂ ਲਈ ਲੜਾਈਆਂ ਦੀਆਂ ਤਸਵੀਰਾਂ ਬਣਾ ਕੇ ਦਿਤੀਆਂ ਹਨ । ਸੰਨ 1976 ਵਿਚ ਕਾਇਮ ਹੋਈ ਐਂਗਲੋ-ਸਿੱਖ-ਵਾਰਜ਼ ਮੈਮੋਰੀਅਲ ਲਈ ਕਿਰਪਾਲ ਸਿੰਘ ਨੇ ਆਪਣੇ ਹੁਨਰ ਦਾ ਕਮਾਲ ਦਿਖਾਇਆ ਅਤੇ 10′×20′ ਆਕਾਰ ਦੇ ਲੜਾਈਆਂ ਦੇ ਚਿੱਤਰ ਬਣਾਏ । ਏਡੇ ਵੱਡੇ ਆਕਾਰ ਦੇ ਚਿੱਤਰ ਭਾਰਤ ਵਿਚ ਪਹਿਲਾਂ ਕਦੇ ਨਹੀਂ ਬਣੇ ।

ਨਵੇਂ ਬਣੇ ਗੁਰੂ ਤੇਗ਼ ਬਹਾਦਰ ਮਿਊਜ਼ੀਅਮ, ਸ੍ਰੀ ਆਨੰਦਪੁਰ ਸਾਹਿਬ ਲਈ ਕਿਰਪਾਲ ਸਿੰਘ ਨੇ ਕਮਾਲ ਦੇ ਚਿੱਤਰ ਬਣਾਏ ਹਨ । ਅੱਜ ਕੱਲ੍ਹ ਇਹ ਸਾਹਿਬਜ਼ਾਦਾ ਅਜੀਤ ਸਿੰਘ ਮੈਮੋਰੀਅਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਲਈ ਚਿੱਤਰ ਤਿਆਰ ਕਰ ਰਿਹਾ ਹੈ । ਇਵੇਂ ਹੀ ਗ਼ਦਰ ਪਾਰਟੀ ਮੈਮੋਰੀਅਲ ਮਿਊਜ਼ੀਅਮ, ਸਾਨ-ਫ਼੍ਰਾਂਸਿਸਕੋ (ਕੈਲਿਫ਼ੋਰਨੀਆ) ਦਾ ਕੰਮ ਵੀ ਹੱਥ ਵਿਚ ਲਿਆ ਹੋਇਆ ਹੈ ।

ਕਿਰਪਾਲ ਸਿੰਘ ਦੀਆਂ ਬੇਸ਼ੁਮਾਰ ਤਸਵੀਰਾਂ ਪ੍ਰਾਈਵੇਟ ਅਤੇ ਸਰਕਾਰੀ ਸੰਗ੍ਰਹਿ-ਘਰਾਂ ਅਤੇ ਵੱਖ-ਵੱਖ ਗੁਰਦਵਾਰਿਆਂ ਵਿਚ ਲੱਗੀਆਂ ਹੋਣ ਤੋਂ ਇਲਾਵਾ ਯੂ. ਕੇ., ਯੂ. ਐਸ. ਏ., ਜਰਮਨੀ ਅਤੇ ਕੈਨੇਡਾ ਆਦਿ ਦੇਸ਼ਾਂ ਨੂੰ ਵੀ ਭੇਜੀਆਂ ਜਾ ਚੁਕੀਆਂ ਹਨ।

ਸਾਲ 1981 ਵਿਚ ਪੰਜਾਬ ਅਰਟਸ ਕੌਂਸਲ ਵਲੋਂ ਇਸ ਨੂੰ ਇਕ ਉੱਚ ਕੋਟੀ ਦੇ ਚਿੱਤਰਕਾਰ ਵਜੋਂ ਸਨਮਾਨਿਆ ਗਿਆ।

ਹ. ਪੁ.—ਨਿੱਜੀ ਬਾਇਉਡੇਟਾ—ਸ. ਕਿਰਪਾਲ ਸਿੰਘ 'ਆਰਟਿਸਟ'

**ਕਿਰਪਾਲ ਚੰਦ :** ਇਹ ਮਾਤਾ ਗੁਜਰੀ ਜੀ ਦੇ ਭਰਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਸਨ। ਇਹ ਪਰਮ ਗੁਰੂ ਭਗਤ ਅਤੇ ਮਹਾਨ ਯੋਧੇ ਸਨ। ਇਨ੍ਹਾਂ ਨੇ ਭੰਗਾਣੀ ਦੇ ਯੁੱਧ ਵਿਚ ਵੱਡੀ ਬਹਾਦਰੀ ਵਿਖਾਈ, ਜਿਸ ਦਾ ਜ਼ਿਕਰ ਕਲਗੀਧਰ ਨੇ 'ਬਿਚਿਤ੍ਰ ਨਾਟਕ' ਦੇ ਅੱਠਵੇਂ ਅਧਿਆਏ ਵਿਚ ਕੀਤਾ ਹੈ—

'ਤਹਾਂ ਮਾਤੁਲੇਯੰ ਕ੍ਰਿਪਾਲੰ ਕਰੁੱਧੰ'

ਹ. ਪੁ.—ਮ. ਕੋ. 359

**ਕਿਰਪੀ :** ਇਹ ਦਾਰੋਣਾਚਾਰੀਆ ਦੀ ਪਤਨੀ ਅਤੇ ਅਸ਼ਵਥਾਮਾਂ ਦੀ ਮਾਂ ਸੀ। ਗੌਤਮ ਰਿਸ਼ੀ ਨੇ ਆਪਣੇ ਤਪ ਨਾਲ ਇੰਦਰ ਨੂੰ ਏਨਾ ਭੈਅਭੀਤ ਕਰ ਦਿਤਾ ਕਿ ਉਸ ਨੇ ਰਿਸ਼ੀ ਦੀ ਤਪੱਸਿਆ ਭੰਗ ਕਰਨ ਲਈ ਇਕ ਅਪੱਛਰਾਂ ਘੱਲੀ। ਭਾਵੇਂ ਅਪੱਛਰਾਂ ਨੂੰ ਆਪਣੇ ਮਨੋਰਥ ਵਿਚ ਸਫਲਤਾ ਪ੍ਰਾਪਤ ਨਾ ਹੋਈ, ਪਰ ਘਾਹ ਦੇ ਇਕ ਗੁੱਛੇ ਵਿਚ ਉਸ ਨੂੰ ਰਿਸ਼ੀ ਤੋਂ ਜਨਮੇ ਦੋ ਬੱਚੇ ਮਿਲ ਗਏ। ਰਾਜਾ ਸ਼ਾਂਤਨੂੰ ਨੇ ਉਨ੍ਹਾਂ ਨੂੰ ਵੇਖਿਆ ਅਤੇ ਰਹਿਮ ਵਜੋਂ ਉਨ੍ਹਾਂ ਨੂੰ ਘਰ ਲੈ ਆਇਆ। ਇਸੇ ਲਈ ਉਨ੍ਹਾਂ ਬੱਚਿਆਂ ਦੇ ਨਾਂ ਕਿਰਪਾ ਅਤੇ ਕਿਰਪੀ ਰਖੇ ਗਏ। ਦੋਹਾਂ ਬੱਚਿਆਂ ਨੂੰ ਸ਼ਾਂਤਨੂੰ ਨੇ ਆਪਣੇ ਬੱਚਿਆਂ ਵਾਂਗ ਹੀ ਪਾਲਿਆ। ਦਰੋਣ ਇਕ ਬ੍ਰਾਹਮਣ ਸੀ ਅਤੇ ਸ਼ਾਂਤਨੂੰ ਖ਼ੱਤਰੀ ਸੀ। ਮਿਥਿਹਾਸ ਅਨੁਸਾਰ ਕਿਰਪੀ ਬ੍ਰਾਹਮਣੀ ਹੈ ਅਤੇ ਇਹ ਦਰੋਣ ਦੀ ਪਤਨੀ ਬਣੀ। ਵਿਸ਼ਨੂੰ ਪੁਰਾਣ ਅਨੁਸਾਰ ਇਹ ਸਤਯ-ਧ੍ਰਿਤੀ ਦੇ ਬੱਚੇ ਅਤੇ ਸ਼ਰਦਵਤ (ਗੌਤਮ) ਦੇ ਪੋਤਰੇ ਸਨ, ਜਿਹੜੇ ਉਰਵਸ਼ੀ ਨਾਂ ਦੀ ਅਪੱਛਰਾਂ ਤੋਂ ਪੈਦਾ ਹੋਏ ਸਨ ਅਤੇ ਲੰਮੇ ਘਾਹ ਦੀ ਇਕ ਝਾੜੀ ਵਿਚੋਂ ਸੁੱਟੇ ਹੋਏ ਮਿਲੇ ਸਨ।

ਹ. ਪੁ.—ਹਿੰ. ਮਿ. ਕੋ. 203

**ਕਿਰਲੀਆਂ :** ਇਹ ਰੈਪਟਿਲੀਆ ਸ਼੍ਰੇਣੀ, ਸਕੁਐਮੇਟਾ ਵਰਗ ਅਤੇ ਸੌਰੀਆਂ ਉਪ-ਵਰਗ ਦੇ ਰੀੜ੍ਹਧਾਰੀ ਪ੍ਰਾਣੀ ਹਨ। ਇਨ੍ਹਾਂ ਦੀ ਚਮੜੀ ਸੱਪਾਂ ਵਾਂਗ ਸਕੇਲਾਂ ਵਾਲੀ ਹੁੰਦੀ ਹੈ। ਇਹ ਆਪਣੀਆਂ ਹਿਲਣ-ਯੋਗ ਅੱਖ-ਛਪਰਾਂ, ਬਾਹਰੀ ਕੰਨ-ਛੇਕਾਂ ਅਤੇ ਲੱਤਾਂ ਕਾਰਨ ਸੱਪਾਂ ਨਾਲੋਂ ਵਖਰੀਆਂ ਹਨ। ਕਿਰਲੀਆਂ ਦੀਆਂ ਲਗਭਗ 3,000 ਜਾਤੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਬਹੁਤੀਆਂ ਗਰਮ ਇਲਾਕਿਆਂ ਵਿਚ ਹੁੰਦੀਆਂ ਹਨ। ਪਰ ਕੁਝ ਕਿਰਲੀਆਂ ਯੂਰੇਸ਼ੀਆ ਦੇ ਆਰਕਟਿਕ ਸਰਕਲ ਅਤੇ ਕਈ ਦੱਖਣੀ ਅਮਰੀਕਾ ਦੇ ਧੁਰ ਦੱਖਣ ਵਿਚ ਵੀ ਮਿਲਦੀਆਂ ਹਨ।

**ਆਮ ਲੱਛਣ**—ਕਿਰਲੀਆਂ ਦੀ ਸਰੀਰਕ ਬਣਤਰ ਅਤੇ ਆਕਾਰ ਵਿਚ ਬਹੁਤ ਵਖਰੇਵੇਂ ਹਨ। ਇਨ੍ਹਾਂ ਦੀ ਪੂਰੀ ਲੰਬਾਈ 3 ਸੈਂ. ਮੀ. (ਗੈੱਕੋ) ਤੋਂ 3 ਮੀ. (ਮੌਨੀਟਰ ਕਿਰਲੀ) ਤਕ ਅਤੇ ਬਾਲਗ਼ ਕਿਰਲੀ ਦਾ ਭਾਰ ਇਕ ਗ੍ਰਾ. ਤੋਂ ਵੀ ਘੱਟ ਤੋਂ ਲੈ ਕੇ 150 ਕਿ. ਗ੍ਰਾ. ਤੋਂ ਵਧ ਤਕ ਹੁੰਦਾ ਹੈ। ਕਈ ਕੁਲਾਂ ਦੀਆਂ ਕਿਰਲੀਆਂ ਸੱਪਾਂ ਵਾਂਗ ਬਿਨਾਂ ਲੱਤਾਂ ਤੋਂ ਹੁੰਦੀਆਂ ਹਨ। ਇਹ ਇਨ੍ਹਾਂ ਨਾਲ ਹੀ ਦੌੜ ਸਕਦੀਆਂ ਹਨ। ਕਿਰਲੀਆਂ ਵਿਚ ਕਈ ਕਿਸਮ ਦੀਆਂ ਸਜਾਵਟਾਂ ਮਿਲਦੀਆਂ ਹਨ, ਜਿਹਾ ਕਿ ਗਲੇ ਦੁਆਲੇ ਵਧਾਅ, ਪੂਛ-ਕਲਗੀ, ਸਿਰ ਉਤੇ ਸਿੰਗਾਂ ਜਾਂ ਟੋਪੀ ਦਾ ਹੋਣਾ ਅਤੇ ਗਲੇ ਦੇ ਦੁਆਲੇ ਕੰਡਿਆਂ ਅਤੇ ਝਾਲਰਾਂ ਦੀ ਮੌਜੂਦਗੀ ਆਦਿ।

ਇਨ੍ਹਾਂ ਦੇ ਨਿਵਾਸ-ਸਥਾਨਾਂ ਵਿਚ ਵੀ ਕਈ ਵਖਰੇਵੇਂ ਹਨ। ਇਹ ਜ਼ਮੀਨ ਦੇ ਅੰਦਰ, ਜ਼ਮੀਨ ਉਤੇ ਅਤੇ ਫਸਲਾਂ ਵਿਚ ਮਿਲ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕਈ ਬਹੁਤ ਹੌਲੀ ਤੁਰਦੀਆਂ ਹਨ ਪਰ ਕਈ ਬਹੁਤ ਤੇਜ਼ ਦੌੜ ਸਕਦੀਆਂ ਹਨ। ਇਕ ਲੁਪਤ ਹੋ ਚੁੱਕੀ ਕੁੱਲ ਮੌਸਾਸੌਰਸ ਦੀਆਂ ਕਿਰਲੀਆਂ ਸਮੁੰਦਰੀ ਸਨ। ਗਾਲਾਪੈਗੋਸ ਟਾਪੂਆਂ ਦੀ ਇਕ ਕਿਰਲੀ, ਸਮੁੰਦਰੀ ਇਗਵਾਨਾ ਸਮੁੰਦਰ ਵਿਚਲੀ ਐਲਗੀ (ਸਾਵਲ) ਉਤੇ ਆਹਾਰ ਕਰਦੀ ਹੈ। ਕੁਝ ਕਿਰਲੀਆਂ ਅਪੂਰਨ ਤੌਰ ਤੇ ਕਾਲੀਆਂ ਹੁੰਦੀਆਂ ਹਨ ਅਤੇ ਅਲੂਣੇ ਪਾਣੀ ਦੇ ਸੂਖਮ ਜੀਵਾਂ ਤੇ ਨਿਰਵਾਹ ਕਰਦੀਆਂ ਹਨ।

**ਵਰਤਾਉ ਜਾਂ ਵਤੀਰਾ**—ਬਹੁਤੀਆਂ ਕਿਰਲੀਆਂ ਦਿਨ ਦੇ ਸਮੇਂ ਚੁਸਤ ਹੁੰਦੀਆਂ ਹਨ। ਗੈਕੋਨਡੀ ਕੁਲ ਦੀਆਂ ਕਿਰਲੀਆਂ ਤ੍ਰਕਾਲਾਂ ਤੋਂ ਪ੍ਰਭਾਤ ਤਕ ਕਾਫ਼ੀ ਚੁਸਤ ਰਹਿੰਦੀਆਂ ਹਨ। ਇਸ ਕਰਕੇ ਇਸ ਕੁਲ ਦੀਆਂ ਕਿਰਲੀਆਂ ਜ਼ਿਆਦਾ ਆਵਾਜ਼ ਕੱਢਦੀਆਂ ਹਨ ਅਤੇ ਆਪਣੇ ਸੁਨੇਹੇ ਆਵਾਜ਼ ਰਾਹੀਂ ਪਹੁੰਚਾਂਦੀਆਂ ਹਨ। ਬਾਕੀ ਦੀਆਂ ਬਹੁਤੀਆਂ ਕਿਰਲੀਆਂ ਚੁੱਪ ਰਹਿੰਦੀਆਂ ਹਨ।

ਕਿਰਲੀਆਂ ਆਪਣਾ ਬਹੁਤਾ ਸਮਾਂ ਭੋਜਨ ਦੀ ਭਾਲ ਵਿਚ ਬਿਤਾਉਂਦੀਆਂ ਹਨ। ਇਨ੍ਹਾਂ ਦਾ ਭੋਜਨ ਆਮ ਤੌਰ ਤੇ ਕੀੜੇ-ਮਕੌੜੇ ਹੁੰਦੇ ਹਨ। ਗਿਰਗਿਟਾਂ ਬੜੀ ਹੌਲੀ-ਹੌਲੀ ਤੁਰਦੀਆਂ ਅਤੇ ਸ਼ਿਕਾਰ ਤੇ ਪੂਰੀ ਨਜ਼ਰ ਰਖਦੀਆਂ ਹਨ। ਇਨ੍ਹਾਂ ਦੀਆਂ ਦੋਵੇਂ ਅੱਖਾਂ ਵੱਖ-ਵੱਖ ਐਂਗਲ ਤੋਂ ਵੇਖ ਸਕਦੀਆਂ ਹਨ। ਇਹ ਸ਼ਿਕਾਰ ਨੂੰ ਆਪਣੀ ਲੇਸਲੀ



ਚਿਤਰ. ਵਖ ਵਖ ਕਿਸਮਾਂ ਦੀਆਂ ਕਿਰਲੀਆਂ :—

(ੳ) ਪੁਰਾਣੇ ਸੰਸਾਰ ਦੀ ਗਿਰਗਿਟ (ਕਾਮੀਲੀਓ), (ਅ) ਉੱਡਣੀ-ਕਿਰਲੀ (ਡਰੇਕੋ), (ੲ) ਛਿਪਕਲੀ (ਲੈਸਰਟਾ), (ਸ) ਬੈਸਲਿਸਕ (ਬੈਸਲਿਸਕਸ), (ਹ) ਕੰਡੇਦਾਰ-ਕਿਰਲੀ (ਫ੍ਰਾਈਨੋਸੋਮਾ), (ਕ) ਗੈੱਕੋ, (ਖ) ਸ਼ੀਸ਼ਾ-ਸੱਪ ਕਿਰਲੀ (ਆਫਸੌਰਸ), (ਗ) ਵਰਮ ਕਿਰਲੀ (ਐਂਫਸਬੀਨਾ), (ਘ) ਹੀਲੋਡਰਮਾ ਕਿਰਲੀ, (ਙ) ਵੇਲਨਾਕਾਰ ਸਕਿੰਕ (ਕੈਲਸਿਡਜ਼)।

ਜੀਭ ਨਾਲ ਪਕੜਦੀਆਂ ਹਨ। ਕਈ ਗਰੁੱਪਾਂ ਦੀਆਂ ਕਿਰਲੀਆਂ ਜ਼ਮੀਨ ਪੁੱਟ ਕੇ ਵਿਚੋਂ ਸ਼ਿਕਾਰ ਲਭਦੀਆਂ ਹਨ। ਕਈ ਬਹੁਤ ਵੱਡੀਆਂ ਕਿਰਲੀਆਂ, ਜਿਵੇਂ ਕਿ ਇਗਵਾਨਾ ਅਤੇ ਯੂਰੋਮੈਸਟਿੱਕਸ ਪੌਦਿਆਂ ਉਪਰ ਵੀ ਆਹਾਰ ਕਰਦੀਆਂ ਹਨ।

ਕਿਰਲੀਆਂ ਕਈ ਪੰਛੀਆਂ, ਥਣਧਾਰੀਆਂ ਅਤੇ ਰੈਪਟਾਈਲਾਂ ਦਾ ਭੋਜਨ ਵੀ ਬਣਦੀਆਂ ਹਨ, ਇਸ ਲਈ ਆਪਣੀ ਰਖਿਆ ਲਈ ਇਨ੍ਹਾਂ ਵਿਚ ਕਈ ਤਰ੍ਹਾਂ ਦੇ ਸੁਰੱਖਿਆ-ਮਕੈਨਿਜ਼ਮ ਮਿਲਦੇ ਹਨ। ਚੱਕਵਾਲਾਜ਼ ਕਿਰਲੀਆਂ ਪੱਥਰਾਂ ਦੇ ਢੇਰਾਂ ਕੋਲ ਰਹਿੰਦੀਆਂ ਹਨ। ਖਤਰਾ

ਨਜ਼ਰ ਆਉਣ ਤੇ ਇਹ ਦਰਾੜਾਂ ਵਿਚ ਵੜ ਜਾਂਦੀਆਂ ਹਨ ਅਤੇ ਆਪਣੇ ਆਪ ਨੂੰ ਫੁਲਾ ਲੈਂਦੀਆਂ ਹਨ, ਜਿਸ ਕਰਕੇ ਬਾਹਰ ਖਿੱਚਣੀਆਂ ਔਖੀਆਂ ਹੋ ਜਾਂਦੀਆਂ ਹਨ । ਕਈ ਕੰਡੇਦਾਰ-ਪੂਛ ਵਾਲੀਆਂ ਕਿਰਲੀਆਂ ਇਸੇ ਤਰ੍ਹਾਂ ਦਰਾੜਾਂ ਵਿਚ ਲੁਕ ਜਾਂਦੀਆਂ ਹਨ ਅਤੇ ਬਾਹਰ ਉਨ੍ਹਾਂ ਦੀ ਸਿਰਫ ਖ਼ਤਰਨਾਕ ਪੂਛ ਹੀ ਰਹਿੰਦੀ ਹੈ। ਆਪਣੀ ਸੁਰੱਖਿਆ ਕਰਨ ਦਾ ਅਜਿਹਾ ਸੁਭਾਅ ਸਭ ਤੋਂ ਜ਼ਿਆਦਾ ਅਫਰੀਕਾ ਦੀ ਕੌਰਡਾਈਲਸ ਕਿਰਲੀ ਦਾ ਹੁੰਦਾ ਹੈ, ਜਿਹੜੀ ਆਪਣੀ ਪੂਛ ਨੂੰ ਅਗਲੇ ਪੈਰਾਂ ਦੀ ਸਹਾਇਤਾ ਨਾਲ ਮੂੰਹ ਵਿਚ ਪਕੜ ਲੈਂਦੀ ਹੈ ਅਤੇ ਦੇਖਣ ਵਾਲੇ ਨੂੰ ਸਾਰੀ ਹੀ ਕੰਡਿਆਂ ਵਾਲੀ ਜਾਪਦੀ ਹੈ। ਆਸਟ੍ਰੇਲੀਆ ਦੀ ਝਾਲਰ ਵਾਲੀ ਕਿਰਲੀ ਆਪਣੇ ਗਲੇ ਦੀ ਝਾਲਰ ਨੂੰ ਆਪਣੇ ਸਰੀਰ ਦੀ ਪਰੀ ਲੰਬਾਈ ਦੇ ਬਰਾਬਰ ਫੈਲਾ ਲੈਂਦੀ ਹੈ। ਕਈ ਕਿਰਲੀਆਂ ਆਪਣੀ ਪੂਛ ਬੜੀ ਆਸਾਨੀ ਨਾਲ ਤੋੜ ਦਿੰਦੀਆਂ ਹਨ।



ਚਿਤਰ 2. ਕੁਝ ਕਿਰਲੀਆਂ ਦੀਆਂ ਵਿਸ਼ਿਸ਼ਟ ਬਣਤਰਾਂ (ੳ) ਕਲੈਮਿਡੋਸੌਰਸ ਕਿਰਲੀ ਦੀ ਝਾਲਰ; (ਅ) ਅਨੌਲਿਸ ਕਿਰਲੀ ਦੇ ਗਲੇ ਦੇ ਥਲੇ ਲਟਕਣ ਵਾਲਾ ਮਾਸ, (ੲ) ਹਾਈਡ੍ਰੋਸੌਰਸ ਕਿਰਲੀ ਦਾ ਖੰਭੜਾ, (ਸ) ਇਕ ਗੈਕੋ ਕਿਰਲੀ ਦੇ ਉਂਗਲ-ਪੱਖੇ, (ਹ) ਉਮਾ ਕਿਰਲੀ ਦੀਆਂ ਉਂਗਲਾਂ।

ਕਈ ਕਿਰਲੀਆਂ ਕੁਝ ਕੁ ਖੇਤਰ ਨੂੰ ਆਪਣੀ ਹੀ ਜਾਤੀ ਦੇ ਜਾਂ ਦੂਜੀਆਂ ਜਾਤੀਆਂ ਦੇ ਮੈਂਬਰਾਂ ਤੋਂ ਸੁਰੱਖਿਅਤ ਰਖਦੀਆਂ ਹਨ। ਇਸ ਲਈ ਇਨ੍ਹਾਂ ਵਿਚ ਕਈ ਤਰ੍ਹਾਂ ਦੇ ਸੁਰੱਖਿਆ ਸਾਧਨ ਵਿਕਸਤ ਹੋਏ ਹੁੰਦੇ ਹਨ। ਕਿਸੇ ਖੇਤਰ ਨੂੰ ਪੂਰੀ ਤਰ੍ਹਾ ਸੁਰੱਖਿਅਤ ਰਖਣ ਨਾਲ ਇਕ ਤਾਂ ਭੋਜਨ ਦੀ ਲੋੜੀਂਦੀ ਮਾਤਰਾ ਪ੍ਰਾਪਤ ਕਰਨ ਦੀ ਖੁੱਲ੍ਹ ਹੁੰਦੀ ਹੈ ਅਤੇ ਦੂਜਾ ਨਰ ਕਿਰਲੀ ਉਸ ਖੇਤਰ ਵਿਚ ਰਹਿਣ ਵਾਲੀ ਕਿਸੇ ਵੀ ਮਾਦਾ ਕਿਰਲੀ ਨਾਲ ਮੈਥੁਨ ਕਰਨ ਲਈ ਸੁਤੰਤਰ ਹੁੰਦੀ ਹੈ। ਖ਼ਾਸ ਰੁੱਤਾਂ ਵਿਚ ਜਣਨ-ਕਿਰਿਆ ਕਰਨ ਵਾਲੀਆਂ ਜਾਤੀਆਂ ਵਿਚ ਅਜਣਨ ਕਾਲ ਦੇ ਦੌਰਾਨ ਖੇਤਰ ਦੀ ਸੁਰੱਖਿਆ ਦਾ ਕੰਮ ਘਟ ਜਾਂਦਾ ਹੈ। ਕਈ ਜਾਤੀਆਂ ਵਿਚ ਪੱਟ ਦੇ ਹੇਠਲੇ ਪਾਸੇ ਪੱਟ-ਮੁਸਾਮ ਹੁੰਦੇ ਹਨ ਜਿਨ੍ਹਾਂ ਦਾ ਕੰਮ ਸ਼ਾਇਦ ਲਿੰਗੀ-ਖਿੱਚ ਪੈਦਾ ਕਰਨ ਲਈ ਅਤੇ ਖੇਤਰ ਦੀ ਹੱਦ-ਬੰਦੀ ਕਰਨ ਲਈ ਰਸਾਇਣਿਕ ਪਦਾਰਥ ਰਿਸਾਉਣਾ ਹੈ।

ਮੈਥੁਨ ਕਿਰਿਆ ਸੱਭ ਕਿਰਲੀਆਂ ਵਿਚ ਇਕੋ ਤਰੀਕੇ ਨਾਲ ਹੁੰਦੀ ਹੈ। ਨਰ, ਮਾਦਾ ਕਿਰਲੀ ਦੀ ਗਰਦਨ ਜਾਂ ਸਿਰ ਦੇ ਪਾਸਿਆਂ ਦੀ ਚਮੜੀ ਨੂੰ ਪਕੜ ਕੇ, ਅਗਲੀਆਂ ਅਤੇ ਪਿਛਲੀਆਂ ਲੱਤਾਂ ਮਾਦਾ ਉਤੇ ਇਨ੍ਹਾਂ ਦੇ ਨੇੜੇ ਦੀ ਥਾਂ ਤੇ ਰਖ ਕੇ, ਪੂਛ ਨੂੰ ਮਾਦਾ ਦੀ ਪੂਛ ਦੇ ਹੇਠਾਂ ਧੱਕ ਕੇ, ਸਰੀਰ ਨੂੰ ਇਸ ਤਰ੍ਹਾਂ ਘੁੰਮਾਂਦਾ ਹੈ ਕਿ ਦੋਵਾਂ ਦੇ ਮਲ-ਚੈਂਬਰ ਬਰਾਬਰ ਹੋ ਜਾਂਦੇ ਹਨ। ਫਿਰ ਉਹ ਇਕ ਹੈਮੀਪੀਨਿਸ ਨੂੰ ਸਿੱਧਾ ਕਰਕੇ ਮਾਦਾ ਦੇ ਮਲ-ਚੈਂਬਰ ਵਿਚ ਫਸਾ ਦਿੰਦਾ ਹੈ । ਮੈਥੁਨ ਕਿਰਿਆ ਵਖ-ਵਖ ਜਾਤੀਆਂ ਵਿਚ ਕੁਝ ਸੈਕੰਡਾਂ ਤੋਂ ਲੈ ਕੇ 15 ਮਿੰਟ ਜਾਂ ਇਸ ਤੋਂ ਵੱਧ ਤਕ ਦੀ ਹੁੰਦੀ ਹੈ।

**ਜੀਵਨ-ਚੱਕਰ**—ਬਹੁਤੀਆਂ ਕਿਰਲੀਆਂ ਅੰਡੇ ਦਿੰਦੀਆਂ ਹਨ। ਕਈ ਛੋਟੀਆਂ ਜਾਤੀਆਂ ਵਿਚ ਅੰਡਿਆਂ ਦੀ ਗਿਣਤੀ ਹਰ ਵਾਰ ਅੰਡੇ ਦੇਣ ਸਮੇਂ ਤਕਰੀਬਨ ਬਰਾਬਰ ਰਹਿੰਦੀ ਹੈ। ਅੰਡ-ਸਮੂਹ ਵਿਚ ਅੰਡਿਆਂ ਦੀ ਗਿਣਤੀ ਮਾਦਾ ਦੇ ਆਕਾਰ, ਉਮਰ ਅਤੇ ਹਾਲਤ ਉਤੇ ਨਿਰਭਰ ਕਰਦੀ ਹੈ। ਆਮ ਤੌਰ ਤੇ ਇਕ ਅੰਡ-ਸਮੂਹ ਵਿਚ 4-8 ਅੰਡੇ ਹੁੰਦੇ ਹਨ, ਪਰ ਕਈ ਵੱਡੀਆਂ ਜਾਤੀਆਂ, ਜਿਵੇਂ ਕਿ ਇਗਵਾਨਾ, ਇਕ ਵਾਰ ਵਿਚ 50 ਜਾਂ ਇਸ ਤੋਂ ਵੀ ਵੱਧ ਅੰਡੇ ਦਿੰਦੀ ਹੈ। ਅੰਡਿਆਂ ਉਤੇ ਮੁਸਾਮਦਾਰ ਖੋਲ ਹੁੰਦਾ ਹੈ ਜਿਹੜਾ ਕਿ ਭਰੂਣ ਦੇ ਵਿਕਾਸ ਦੇ ਸਮੇਂ ਨਮੀ ਸੋਖ ਕੇ ਫੁਲ ਸਕਦਾ ਹੈ। ਸਿਰਫ਼ ਅੰਡੇ ਦੇਣ ਵਾਲੀਆਂ ਗੈਕੋ ਕਿਰਲੀਆਂ ਦੇ ਅੰਡਿਆਂ ਦਾ ਖੋਲ ਸਖ਼ਤ ਹੁੰਦਾ ਹੈ ਅਤੇ ਉਸ ਦੀ ਬਣਤਰ ਅਤੇ ਆਕਾਰ ਵਿਚ ਕੋਈ ਤਬਦੀਲੀ ਨਹੀਂ ਹੁੰਦੀ।

ਕਈ ਕਿਰਲੀਆਂ ਬੱਚੇ ਦਿੰਦੀਆਂ ਹਨ। ਸਕਿੰਕਡੀ ਕੁਲ ਦੀਆਂ ਇਕ ਤਿਹਾਈ ਜਾਤੀਆਂ ਅਤੇ ਕਈ ਹੋਰ ਕੁਲਾਂ ਦੀਆਂ ਉਹ ਜਾਤੀਆਂ ਜਿਹੜੀਆਂ ਸਰਦ ਇਲਾਕਿਆਂ ਵਿਚ ਰਹਿੰਦੀਆਂ ਹਨ, ਬੱਚੇ ਦਿੰਦੀਆਂ ਹਨ । ਨਿਊਜ਼ੀਲੈਂਡ ਵਿਚ ਮਿਲਣ ਵਾਲੀਆਂ ਗੈੱਕੋ ਕਿਰਲੀਆਂ ਬੱਚੇ ਦਿੰਦੀਆਂ ਹਨ, ਜਦੋਂ ਕਿ ਬਾਕੀ ਦੀਆਂ ਸਾਰੀਆਂ ਗੈੱਕੋ ਅੰਡੇ ਦੇਣ ਵਾਲੀਆਂ ਹਨ। ਬੱਚੇ ਦੇਣ ਵਾਲੀਆਂ ਕਿਸਮਾਂ ਵੀ ਦੋ ਤਰ੍ਹਾਂ ਦੀਆਂ ਹਨ—ਇਕ ਅੰਡ-ਬੱਚ ਉਤਪਾਦਕ, ਜਿਹੜੀਆਂ ਅੰਡੇ ਨੂੰ ਅੰਡ-ਨਿਕਾਸ ਵਹਿਣੀ ਵਿਚ ਰਖਦੀਆਂ ਹਨ ਪਰ ਉਸ ਉਤੇ ਕੋਈ ਨਿਸ਼ਚਿਤ ਖੋਲ ਨਹੀਂ ਹੁੰਦਾ। ਦੂਜੀਆਂ ਜੇਰਜ ਕਿਸਮਾਂ ਵਿਚ ਇਕ ਕੋਰੀਓ-ਐਲੈਨਟਾੱਇਕ ਔਲ ਹੁੰਦੀ ਹੈ।

ਬਹੁਤੀਆਂ ਕਿਰਲੀਆਂ ਵਿਚ ਨਰ ਅਤੇ ਮਾਦਾ ਦੀ ਸੰਖਿਆ ਤਕਰੀਬਨ ਬਰਾਬਰ ਹੁੰਦੀ ਹੈ। ਪਰ ਪਾਰਥੀਨੋਜੈਨਿਟਿਕ ਜਾਤੀਆਂ ਵਿਚ ਇਸ ਤੋਂ ਫ਼ਰਕ ਹੁੰਦੇ ਹਨ ਜਿਥੇ ਅਣਨਿਸ਼ੇਚਿਤ ਅੰਡਿਆਂ ਤੋਂ ਮਾਦਾ ਬੱਚੇ ਪੈਦਾ ਹੁੰਦੇ ਹਨ।

ਕਿਰਲੀਆਂ ਅੰਡੇ ਦੇਣ ਤੋਂ ਬਾਅਦ ਉਨ੍ਹਾਂ ਵੱਲ ਬਹੁਤ ਘੱਟ ਧਿਆਨ ਦਿੰਦੀਆਂ ਹਨ। ਕਈ ਜਾਤੀਆਂ ਜ਼ਮੀਨ ਵਿਚ ਟੋਆ ਪੁੱਟ ਕੇ ਅੰਡੇ ਰਖਦੀਆਂ ਹਨ, ਕਈ ਉਨ੍ਹਾਂ ਨੂੰ ਪੱਤਿਆਂ ਵਗੈਰਾ ਨਾਲ ਢੱਕ ਦਿੰਦੀਆਂ ਹਨ, ਕੁਝ ਕਿਸਮਾਂ ਦਰਖ਼ਤਾਂ ਦੇ ਵਿਚ ਬਣੀਆਂ ਤ੍ਰੇੜਾਂ ਵਿਚ ਅੰਡੇ ਰਖਦੀਆਂ ਹਨ। ਸੰਯੁਕਤ ਰਾਜ ਦੀ ਇਕ ਕਿਸਮ ਯੂਮੈਸੀਜ਼ ਫੇਸ਼ੀਏਟਸ ਸਾਰੇ ਅੰਡੇ—ਸੇਣ ਸਮੇਂ (ਤਕਰੀਬਨ ਛੇ ਹਫਤੇ) ਤਕ

ਅੰਡਿਆਂ ਦੇ ਕੋਲ ਰਹਿੰਦੀ ਹੈ, ਸਿਰਫ ਕਦੀ ਕਦਾਈਂ ਭੋਜਨ ਦੀ ਭਾਲ ਲਈ ਹੀ ਜਾਂਦੀ ਹੈ। ਇਹ ਬਾਕਾਇਦਾ ਅੰਡਿਆਂ ਨੂੰ ਉਲਟਾਂਦੀ ਰਹਿੰਦੀ ਹੈ। ਕਈ ਕਿਰਲੀਆਂ, ਖਾਸ ਤੌਰ ਤੇ ਕਈ ਗੈੱਕੋ ਕਿਸਮਾਂ ਵਿਚ ਬਹੁਤ ਸਾਰੀਆਂ ਮਾਦਾ ਇਕੱਠੀਆਂ ਇਕੋ ਥਾਂ ਤੇ ਅੰਡੇ ਰਖ ਦਿੰਦੀਆਂ ਹਨ। ਅੰਡੇ ਵਿਚੋਂ ਨਿਕਲੇ ਬੱਚੇ ਬਾਲਗ ਵਰਗੇ ਹੁੰਦੇ ਹਨ। ਇਹ ਕਿਸੇ ਲਾਰਵਾ ਅਵਸਥਾ ਜਾਂ ਬਾਲਗ਼ ਉੱਤੇ ਨਿਰਭਰਤਾ ਦੀ ਹਾਲਤ ਵਿਚੋਂ ਨਹੀਂ ਲੰਘਦੇ।

ਕਈ ਛੋਟੀਆਂ ਕਿਰਲੀਆਂ ਬਹੁਤ ਜਲਦੀ ਪ੍ਰੌੜ੍ਹ ਹੋ ਜਾਂਦੀਆਂ ਹਨ। ਪੱਛਮੀ ਉੱਤਰੀ-ਅਮਰੀਕਾ ਦੀ ਯੂਟਾ ਪ੍ਰਜਾਤੀ ਦੀ ਇਗਵਾਨਿਡ ਕਿਰਲੀ ਵਿਚ ਜੁਲਾਈ ਦੇ ਮਹੀਨੇ ਅੰਡਿਆਂ ਵਿਚੋਂ ਬੱਚੇ ਨਿਕਲ ਕੇ, ਪਤਝੜ ਵਿਚ ਪ੍ਰੌੜ੍ਹ ਹੋ ਜਾਂਦੇ ਹਨ। ਇਸ ਸਮੇਂ ਨਰ ਪ੍ਰਾਣੀਆਂ ਵਿਚ ਸ਼ੁਕ੍ਰਾਣੂ-ਉਤਪਤੀ ਹੁੰਦੀ ਹੈ ਤੇ ਉਹ ਮੈਥੁਨ ਕਿਰਿਆ ਕਰਦੇ ਹਨ। ਮਾਦਾ ਬਹੁਤ ਸਾਰੀ ਮਾਤਰਾ ਵਿਚ ਚਰਬੀ ਇਕੱਠੀ ਕਰਦੀਆਂ ਹਨ ਅਤੇ ਉਸਨੂੰ ਉਹ ਆਉਂਦੀ ਬਸੰਤ ਰੁੱਤ ਵਿਚ ਅੰਡੇ ਦੇਣ ਲਈ ਵਰਤਦੀਆਂ ਹਨ। ਇਹ ਕਿਰਲੀਆਂ ਹਰ ਸਾਲ 90% ਸ਼ਿਕਾਰਖੋਰਾਂ ਜਾਂ ਵਾਤਾਵਰਨ ਦੀਆਂ ਤਬਦੀਲੀਆਂ ਕਰਕੇ ਖ਼ਤਮ ਹੋ ਜਾਂਦੀਆਂ ਹਨ। ਵੱਡੀਆਂ ਕਿਰਲੀਆਂ ਵਿਚ ਲਿੰਗੀ ਪ੍ਰੌੜ੍ਹਤਾ ਕਈ ਸਾਲਾਂ ਵਿਚ ਆਉਂਦੀ ਹੈ ਅਤੇ ਇਹ ਕਈ ਸਾਲ ਜਿਉਂਦੀਆਂ ਰਹਿੰਦੀਆਂ ਹਨ।

**ਈਕੋਲੋਜੀ (ਪਰਿਸਥਿਤੀ-ਵਿਗਿਆਨ)**—ਕਿਰਲੀਆਂ ਅਸਮਤਾਪੀ ਪ੍ਰਾਣੀ ਹਨ ਅਤੇ ਵਾਤਾਵਰਨ ਦੇ ਸਾਰੇ ਤਾਪਮਾਨਾਂ ਦੇ ਇਹ ਕੰਮ ਨਹੀਂ ਕਰ ਸਕਦੀਆਂ। ਬਹੁਤੀਆਂ ਜਾਤੀਆਂ ਇਕ ਖ਼ਾਸ ਸਰੀਰਕ ਤਾਪਮਾਨ ਭਾਲਦੀਆਂ ਹਨ, ਜਿਸ ਨੂੰ 'ਤਰਜੀਹੀ ਤਾਪਮਾਨ' ਕਿਹਾ ਜਾਂਦਾ ਹੈ। ਇਹ ਤਾਪਮਾਨ ਤਕਰੀਬਨ 28° ਤੋਂ 38° ਸੈਂ ਦੇ ਵਿਚਕਾਰ ਹੁੰਦਾ ਹੈ। ਇਸ ਲਈ ਬਹੁਤੀਆਂ ਦਿਨਚਰ ਕਿਰਲੀਆਂ ਧੁੱਪ ਵਿਚ ਬੈਠ ਕੇ ਆਪਣੇ ਸਰੀਰ ਨੂੰ ਗਰਮ ਕਰਕੇ ਇਹ ਤਾਪਮਾਨ ਹਾਸਲ ਕਰਦੀਆਂ ਹਨ।

ਸਾਰੀਆਂ ਕਿਰਲੀਆਂ ਯੂਰਿਕ ਐਸਿਡ ਬਾਹਰ ਕਢਦੀਆਂ ਹਨ। ਇਸ ਲਈ ਨਾਈਟ੍ਰੋਜੀਨਸ ਮਲ-ਮੂਤਰ ਨੂੰ ਕਢਣ ਵਾਸਤੇ ਇਨ੍ਹਾਂ ਨੂੰ ਬਹੁਤੇ ਪਾਣੀ ਦੀ ਜ਼ਰੂਰਤ ਨਹੀਂ ਪੈਂਦੀ। ਕਈਆਂ ਕਿਰਲੀਆਂ ਵਿਚ ਖਣਿਜਾਂ ਤਿਆਰ ਕਰਨ ਲਈ ਨਮਕ ਵਾਲੀਆਂ ਗਲੈਂਡਾਂ ਹੁੰਦੀਆਂ ਹਨ। ਇਸ ਤੋਂ ਇਲਾਵਾ ਦਿਨ ਦੀ ਲੰਬਾਈ ਅਤੇ ਵਰਖਾ ਦਾ ਵੀ ਕਿਰਲੀਆਂ ਦੀ ਜ਼ਿੰਦਗੀ ਉੱਪਰ ਪ੍ਰਭਾਵ ਪੈਂਦਾ ਹੈ।

ਜਾਤੀਆਂ ਦਾ ਤੁਲਨਾਤਮਕ ਅਧਿਐਨ ਕਰਨ ਲਈ ਕਿਰਲੀਆਂ ਮਹੱਤਵਪੂਰਨ ਪ੍ਰਾਣੀ ਹਨ। ਕੁਝ ਕੈਰਿਬੀਐਨ ਟਾਪੂਆਂ ਉਤੇ ਅਨੋਲਿਸ ਦੀਆਂ ਲਗਭਗ 10 ਜਾਤੀਆਂ, ਇਕ ਖਾਸ ਨਿਸ਼ਚਿਤ ਥਾਂ ਉਤੇ ਰਹਿ ਸਕਦੀਆਂ ਹਨ। ਇਹ ਜਾਤੀਆਂ ਵਖ ਵਖ ਆਕਾਰਾਂ ਦੀਆਂ ਅਤੇ ਵੱਖ ਵੱਖ ਤਰ੍ਹਾਂ ਦੇ ਸ਼ਿਕਾਰ ਤੇ ਰਹਿੰਦੀਆਂ ਹਨ। ਇਨ੍ਹਾਂ ਵਿਚੋਂ ਕੋਈ ਦਰਖ਼ਤਾਂ ਦੇ ਪੱਤਿਆਂ ਤੇ ਕੁਝ ਤਣਿਆਂ ਤੇ, ਕੁਝ ਘਾਹ ਵਿਚ, ਕੁਝ ਤੇਜ਼ ਤੇ ਕੁਝ ਮੱਧਮ ਧੁੱਪ ਵਿਚ ਤੇ ਕਈ ਛਾਂ ਵਿਚ ਰਹਿਣਾ ਪਸੰਦ ਕਰਦੀਆਂ ਹਨ। ਇਸ ਲਈ ਹਰ ਇਕ ਦਾ ਆਪਣਾ ਵਖਰਾ ਉਪ-ਨਿਵਾਸ-ਸਥਾਨ ਹੁੰਦਾ ਹੈ।

## ਸਰੀਰਕ ਬਣਤਰ ਅਤੇ ਕੰਮ

**ਖੋਪਰੀ ਅਤੇ ਜਬਾੜ੍ਹੇ**—ਖੋਪਰੀ ਪੁਰਾਤਨ ਡਾਈਐਪਸਿਡ ਕਿਸਮ ਤੋਂ ਵਿਕਸਿਤ ਹੋਈ ਹੈ, ਪਰ ਇਸ ਵਿਚ ਇਕ ਕੁਆਡ੍ਰੇਟ ਹੱਡੀ ਤਕ ਪਹੁੰਚਦੀ ਹੇਠਲੀ ਬਾਰ ਨਹੀਂ ਹੁੰਦੀ, ਜਿਸ ਕਰਕੇ ਜਬਾੜ੍ਹੇ ਜ਼ਿਆਦਾ ਲਚਕਦਾਰ ਹੁੰਦੇ ਹਨ। ਕਈ ਕਿਸਮਾਂ ਵਿਚ ਉਪਰਲੀ ਅਤੇ ਹੇਠਲੀ ਟੈਂਪੋਰਲ ਬਾਰ ਨਹੀਂ ਹੁੰਦੀ। ਕਈ ਕਿਰਲੀਆਂ ਵਿਚ ਬ੍ਰੇਨਕੇਸ ਦਾ ਅਗਲਾ ਹਿੱਸਾ ਪਤਲੀ ਕਾਰਟੀਲੇਜ ਅਤੇ ਝਿੱਲੀ ਦਾ ਬਣਿਆ ਹੁੰਦਾ ਹੈ। ਅੱਖਾਂ ਇਕ ਪਤਲੀ ਖੜ੍ਹਵੀਂ ਇੰਟਰਔਰਬਿਟਲ ਸੈਪਟਮ ਰਾਹੀਂ ਵਖ ਹੋਈਆਂ ਹੁੰਦੀਆਂ ਹਨ। ਖੁੱਡਾਂ ਵਿਚ ਰਹਿਣ ਵਾਲੀਆਂ ਕਿਸਮਾਂ ਵਿਚ ਅੱਖਾਂ ਅਵਿਕਸਿਤ ਹੋਣ ਕਰਕੇ, ਇਹ ਸੈਪਟਮ ਵੀ ਖਤਮ ਹੋ ਜਾਂਦੀ ਹੈ ਜਿਸ ਕਰਕੇ ਖੋਪਰੀ ਪੁਖ਼ਤਾ ਬਣੀ ਹੁੰਦੀ ਹੈ। ਬਹੁਤੀਆਂ ਕਿਸਮਾਂ ਵਿਚ ਉਪਰਲਾ ਜਬਾੜ੍ਹਾ ਬਾਕੀ ਕ੍ਰੇਨੀਅਮ ਦੀ ਨਿਸਬਤ ਹਿੱਲ ਸਕਦਾ ਹੈ। ਖੋਪਰੀ ਦਾ ਅਗਲਾ ਹਿੱਸਾ ਕਾਰਟੀਲੇਜ ਦਾ ਹੋਣ ਕਰਕੇ ਇਹ ਪਿਛਲੇ ਹਿੱਸੇ ਦੇ ਉੱਤੇ ਇਕ ਉਪ-ਅੰਗ ਦੀ ਤਰ੍ਹਾਂ ਹਿਲ-ਜੁਲ ਸਕਦਾ ਹੈ। ਇਸ ਨਾਲ ਜਬਾੜ੍ਹਿਆਂ ਦਾ ਪਾੜ ਵਧ ਜਾਂਦਾ ਹੈ।

**ਦੰਦ**—ਬਹੁਤੀਆਂ ਕਿਰਲੀਆਂ ਕੀੜੇ-ਮਕੌੜੇ ਖਾਂਦੀਆਂ ਹਨ ਅਤੇ ਉਨ੍ਹਾਂ ਦੇ ਦੰਦ ਤਿੱਖੇ, ਤਿੰਨ ਨੋਕੇ ਕਿਸਮ ਦੇ ਹੁੰਦੇ ਹਨ। ਬਨਸਪਤੀ-ਆਹਾਰੀ ਕਿਸਮਾਂ ਦੇ ਦੰਦ ਚੌੜੇ ਹੋ ਕੇ ਪੱਤੇ ਵਰਗੇ ਬਣੇ ਹੁੰਦੇ ਹਨ, ਜਿਨ੍ਹਾਂ ਦੇ ਕਿਨਾਰੇ ਦੰਦੇਦਾਰ ਹੁੰਦੇ ਹਨ। ਕਈ ਸ਼ਿਕਾਰ ਖੋਰ ਕਿਸਮਾਂ ਦੇ ਦੰਦ ਨੋਕੀਲੇ ਅਤੇ ਥੋੜ੍ਹੇ ਜਿਹੇ ਮੁੜੇ ਹੋਏ ਹੁੰਦੇ ਹਨ। ਮੌਲਸਕ ਅਤੇ ਕ੍ਰਸਟੇਸ਼ੀਅਨ ਖਾਣ ਵਾਲੀਆਂ ਕਿਸਮਾਂ ਦੇ ਜਬਾੜ੍ਹਿਆਂ ਦੇ ਪਿਛਲੇ ਹਿੱਸਿਆਂ ਦੇ ਦੰਦ ਗੋਲ ਹੁੰਦੇ ਹਨ ਜਿਹੜੇ ਚਿੱਥਣ ਵਿਚ ਸਹਾਇਤਾ ਕਰਦੇ ਹਨ। ਜ਼ਹਿਰੀਲੀ ਕਿਰਲੀ ਦੇ ਹਰ ਮੈਂਡੀਬੁਲਰ ਦੰਦ ਦੇ ਅੰਦਰਲੇ ਪਾਸੇ ਇਕ ਲੰਮੀ ਝਰੀ ਜਾਂ ਵਲੇਟ ਹੁੰਦੀ ਹੈ, ਜਿਸ ਰਾਹੀਂ ਜ਼ਹਿਰ ਪਹੁੰਚਦੀ ਹੈ। ਭਰੂਣ ਵਿਚ ਪ੍ਰੀਮੈਕਸਿਲਾ ਉੱਤੇ ਇਕ ਅੰਡਾ-ਦੰਦ ਵਿਕਸਿਤ ਹੋ ਕੇ ਥੂਥਨੀ ਤੋਂ ਬਾਹਰ ਤਕ ਨਿਕਲ ਆਉਂਦਾ ਹੈ। ਇਹ ਖੋਲ ਨੂੰ ਤੋੜਨ ਵਿਚ ਸਹਾਇਤਾ ਕਰਦਾ ਹੈ ਅਤੇ ਅੰਡੇ ਵਿਚੋਂ ਬੱਚਾ ਨਿਕਲਣ ਤੋਂ ਬਾਅਦ ਲੁਪਤ ਹੋ ਜਾਂਦਾ ਹੈ।

**ਚਾਲ ਅਤੇ ਅੰਗ ਅਨੁਕੂਲਨ**—ਬਹੁਤੀਆਂ ਕਿਰਲੀਆਂ ਦੀਆਂ ਚਾਰ ਲੱਤਾਂ ਹੁੰਦੀਆਂ ਹਨ ਅਤੇ ਉਹ ਬੜੀ ਤੇਜ਼ ਦੌੜ ਸਕਦੀਆਂ ਹਨ। ਜਿਨ੍ਹਾਂ ਕਿਰਲੀਆਂ ਦੀਆਂ ਲੱਤਾਂ ਨਹੀਂ ਹੁੰਦੀਆਂ ਉਹ ਸਰੀਰ ਦੇ ਹੇਠਲੇ ਹਿੱਸਿਆਂ ਦੀਆਂ ਲਹਿਰਦਾਰ ਹਰਕਤਾਂ ਰਾਹੀਂ ਤੁਰਦੀਆਂ ਹਨ। ਇਨ੍ਹਾਂ ਦੀ ਪੂਛ ਬਹੁਤ ਲੰਮੀ ਹੁੰਦੀ ਹੈ। ਖੁੱਡ ਵਾਸੀ ਕਿਸਮਾਂ ਦੀ ਪੂਛ ਬਹੁਤ ਹੀ ਛੋਟੀ ਹੁੰਦੀ ਹੈ ਅਤੇ ਉਹ ਸਿਰ ਦੀ ਸਹਾਇਤਾ ਨਾਲ ਖੁੱਡ ਪੁਟਦੀਆਂ ਹਨ।

ਕਿਰਲੀਆਂ ਦੀਆਂ ਉਂਗਲਾਂ ਵਿਚ ਵੀ ਕਈ ਫ਼ਰਕ ਮਿਲਦੇ ਹਨ। ਕਈ ਗੈੱਕੋ ਇਗਵਾਨਿਡ ਅਤੇ ਲੈਸਰਟਿਡ ਕਿਰਲੀਆਂ ਦੀਆਂ ਮਾਰੂਥਲੀ ਕਿਸਮਾਂ ਦੀਆਂ ਉਂਗਲਾਂ ਉੱਤੇ ਝਾਲਰ ਹੁੰਦੀ ਹੈ, ਇਸ ਕਰਕੇ ਉਨ੍ਹਾਂ ਦਾ ਸਤ੍ਹਈ ਖੇਤਰਫਲ ਵਧ ਜਾਂਦਾ ਹੈ ਅਤੇ ਪੈਰ ਰੇਤ ਵਿਚ ਜ਼ਿਆਦਾ ਨਹੀਂ ਧੱਸਦੇ। ਦਰਖ਼ਤਾਂ ਤੇ ਰਹਿਣ ਵਾਲੀਆਂ ਗੈੱਕੋ ਅਤੇ ਅਨੋਲਿਸ ਕਿਰਲੀਆਂ ਦੀਆਂ ਉਂਗਲਾਂ ਦੇ ਹੇਠਲੇ ਪਾਸੇ ਲਮੈਲੀ (ਸੂਖਮ ਪਲੇਟਾਂ) ਹੁੰਦੀਆਂ ਹਨ। ਇਹ ਉਨ੍ਹਾਂ ਦੀ ਚਿਪਕਣ ਦੀ ਯੋਗਤਾ ਨੂੰ ਵਧਾਉਂਦੀਆਂ ਹਨ।

ਗਿਰਗਿਟਾਂ ਦੇ ਹਰ ਪੈਰ ਦੀਆਂ ਉਂਗਲਾਂ ਚੰਮ-ਝਿਲੀ ਰਾਹੀਂ ਦੋ ਗਰੁੱਪਾਂ ਵਿਚ ਵੰਡੀਆਂ ਹੁੰਦੀਆਂ ਹਨ। ਪਿਛਲੇ ਪੈਰ ਦੀਆਂ ਤਿੰਨ ਉਂਗਲਾਂ ਬਾਹਰਲੇ ਪਾਸੇ ਅਤੇ ਦੋ ਅੰਦਰਲੇ ਪਾਸੇ ਹੁੰਦੀਆਂ ਹਨ। ਅਗਲੇ ਪੈਰ ਵਿਚ ਇਸ ਤੋਂ ਉਲਟ ਹੁੰਦਾ ਹੈ। ਇਸ ਤੋਂ ਇਲਾਵਾ ਕਈ ਕਿਰਲੀਆਂ ਦੀ ਪੂਛ ਵੀ ਟਹਿਣੀਆਂ ਨੂੰ ਪਕੜਨ ਵਿਚ ਮਦਦ ਕਰਦੀ ਹੈ।

ਕਈ ਸਥੱਲੀ ਇਗਵਾਨਿਡ ਅਤੇ ਅਗੈਮਿਡ ਕਿਰਲੀਆਂ ਦੋ ਲੱਤਾਂ ਰਾਹੀਂ ਦੌੜ ਸਕਦੀਆਂ ਹਨ। ਇਸ ਸਮੇਂ ਉਨ੍ਹਾਂ ਦੀ ਪੂਛ ਪਿਛੇ ਅਤੇ ਉਪਰ ਵਲ ਹੋਈ ਹੁੰਦੀ ਹੈ ਅਤੇ ਸੰਤੁਲਨ ਰਖਦੀ ਹੈ।

ਕਈ ਕਿਰਲੀਆਂ ਹਵਾ ਵਿਚ ਛੋਟੀਆਂ ਉਡਾਰੀਆਂ ਲਾ ਸਕਦੀਆਂ ਹਨ। ਡਰੇਕੋ ਕਿਰਲੀਆਂ ਵਿਚ ਇਸ ਮੰਤਵ ਲਈ ਪਾਸਿਆਂ ਵੱਲ ਚਮੜੀ ਦੇ ਫੈਲਾਅ ਹੁੰਦੇ ਹਨ ਜਿਸਨੂੰ ਲੰਮੀਆਂ ਪਸਲੀਆਂ ਸਹਾਰਾ ਦਿੰਦੀਆਂ ਹਨ।

**ਚਮੜੀ ਅਤੇ ਰੰਗ ਬਦਲੀ**—ਨਾਸਾਂ, ਮੂੰਹ, ਅੱਖਾਂ ਅਤੇ ਮਲ-ਚੈਂਬਰ ਦੇ ਛੇਕਾਂ ਨੂੰ ਛਡ ਕੇ ਬਾਕੀ ਸਾਰਾ ਸਰੀਰ ਸਕੇਲਾਂ ਰਾਹੀਂ ਢੱਕਿਆ ਹੁੰਦਾ ਹੈ, ਜਿਹੜੇ ਕਿ ਵਖ ਵਖ ਜਾਤੀਆਂ ਅਤੇ ਸਰੀਰ ਦੇ

ਵਖ ਵਖ ਹਿੱਸਿਆਂ ਉਤੇ ਵਖ ਵਖ ਕਿਸਮਾਂ ਦੇ ਹੁੰਦੇ ਹਨ। ਕਈ ਕਿਰਲੀਆਂ ਵਿਚ ਇਨ੍ਹਾਂ ਸਕੇਲਾਂ ਦੇ ਹੇਠਾਂ ਅਤੇ ਸਿਰ ਦੇ ਹੇਠਾਂ ਹੱਡਲ ਪਲੇਟਾਂ ਹੁੰਦੀਆਂ ਹਨ। ਸਕੇਲਾਂ ਦੇ ਬਾਹਰਲੇ ਹਿੱਸੇ ਮਰੇ ਹੋਏ ਹੱਰਨੀ ਟਿਸ਼ੂ ਦੇ ਬਣੇ ਹੁੰਦੇ ਹਨ। ਇਹ ਤਹਿ ਸਮੇਂ ਸਮੇਂ ਤੇ ਝੜਦੀ ਰਹਿੰਦੀ ਹੈ। ਕਈ ਕਿਰਲੀਆਂ ਵਿਚ ਸਕੇਲ, ਅੰਗ ਹੁੰਦੇ ਹਨ, ਜਿਨ੍ਹਾਂ ਵਿਚੋਂ ਕਰੜਾ-ਵਾਲ ਨਿਕਲਦਾ ਹੈ, ਜਿਹੜਾ ਕਿ ਸ਼ਾਇਦ ਛੋਹ ਨੂੰ ਮਹਿਸੂਸ ਕਰਦਾ ਹੈ।

ਕਈ ਕਿਰਲੀਆਂ ਆਪਣਾ ਰੰਗ ਵੀ ਬਦਲ ਸਕਦੀਆਂ ਹਨ। ਗਿਰਗਿਟ ਅਤੇ ਅਨੋਲਿਸ ਇਸ ਦੀਆਂ ਉਦਾਹਰਨਾਂ ਹਨ। ਇਹ ਗੂੜ੍ਹੇ ਹਰੇ ਤੋਂ ਗਹਿਰਾ, ਚਾਕਲੇਟ-ਭੂਰਾ ਆਦਿ ਰੰਗ ਬਦਲ ਸਕਦੀਆਂ ਹਨ ਅਤੇ ਇਨ੍ਹਾਂ ਉੱਤੇ ਕਈ ਲਾਈਨਾਂ ਵਾਲੇ ਡਿਜ਼ਾਈਨ ਬਣ ਕੇ ਲੁਪਤ ਹੋ ਸਕਦੇ ਹਨ। ਇਨ੍ਹਾਂ ਵਿਚਲੇ ਰੰਗਤ ਬਦਲਣ ਵਾਲੇ ਸੈੱਲਾਂ ਨੂੰ ਮੈਲਾਨਾਫੋਰ ਕਹਿੰਦੇ ਹਨ। ਇਨ੍ਹਾਂ ਸੈੱਲਾਂ ਵਿਚ ਪਿਗਮੈਂਟ ਕਣ ਇਕ ਥਾਂ ਤੋਂ ਦੂਜੀ ਥਾਂ ਜਾ ਸਕਦੇ ਹਨ। ਜਦੋਂ ਇਹ ਕਣ ਇਕੱਠੇ ਹੋਏ ਹੋਣ ਤਾਂ ਹਲਕਾ ਰੰਗ ਅਤੇ ਜਦੋਂ ਖਿੰਡੇ ਹੋਏ ਹੋਣ ਤਾਂ ਗੂੜ੍ਹਾ ਰੰਗ ਦਿਸਦਾ ਹੈ। ਰੰਗ ਬਦਲਣ ਦਾ ਮਕੈਨਿਜ਼ਮ ਹੱਰਮੋਨਾਂ, ਤਾਪਮਾਨ ਅਤੇ ਨਾੜੀ ਸਿਸਟਮ ਰਾਹੀਂ ਕੰਟਰੋਲ ਹੁੰਦਾ ਹੈ।

**ਪਥਰਾਟ ਰਿਕਾਰਡ**—ਸਭ ਤੋਂ ਪਹਿਲੇ ਲੈਪਿਡੋਸੱਰਿਅਨ ਪਰਮੀਅਨ (ਤਕਰੀਬਨ 230,000,000 ਸਾਲ ਪਹਿਲਾਂ) ਯੁਗ ਦੇ ਮਿਲਦੇ ਹਨ। ਇਹ ਕਿਰਲੀਆਂ ਦੇ ਪੂਰਵਜ ਮੰਨੇ ਜਾਂਦੇ ਹਨ। ਅਜ ਕੱਲ੍ਹ ਦੀਆਂ ਕਿਰਲੀਆਂ ਪੂਰਵਜ ਕਿਸਮਾਂ ਨਾਲੋਂ ਪਿੰਜਰ ਦੇ ਕਈ ਲੱਛਣਾਂ ਕਾਰਨ ਵਖਰੀਆਂ ਹਨ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਫ਼ਰਕ ਖੋਪਰੀ ਦੇ ਉਪਰਲੇ ਟੈਂਪੋਰਲ ਅਤੇ ਕੁਆਡ੍ਰੇਟ ਹਿੱਸਿਆਂ ਦੀ ਬਣਤਰ ਵਿਚ ਹੈ। ਅਸਲੀ ਕਿਰਲੀਆਂ ਦੇ ਸਭ ਤੋਂ ਪੁਰਾਣੇ ਪਥਰਾਟ ਟ੍ਰਾਈਐਸਿਕ (200,000,000 ਸਾਲ ਪਹਿਲਾਂ) ਦੇ ਮਿਲਦੇ ਹਨ। ਇਹ ਕਿਸਮਾਂ ਪੁਰਾਤਨ ਨਹੀਂ ਸਗੋਂ ਜ਼ਿਆਦਾ ਵਿਸ਼ਿਸ਼ਟ ਸਨ। ਇਨ੍ਹਾਂ ਦੀਆਂ ਪਸਲੀਆਂ ਬਾਹਰ ਵਲ ਫੈਲ ਕੇ ਉਡਣ ਵਿਚ ਸਹਾਇਤਾ ਕਰਦੀਆਂ ਹਨ। ਬਹੁਤੀਆਂ ਅਜੋਕੀਆਂ ਕਿਰਲੀਆਂ ਦੀਆਂ ਕੁਲਾਂ ਦੇ ਨੁਮਾਇੰਦੇ ਕ੍ਰਿਟੇਸ਼ਸ਼ ਜਮਾਉਂਆਂ (136,000,000 ਤੋਂ 65,000,000 ਸਾਲ ਪਹਿਲਾਂ) ਵਿਚੋਂ ਮਿਲੇ ਹਨ ਅਤੇ ਅਜੋਕੀਆਂ ਪ੍ਰਜਾਤੀਆਂ ਦੇ ਨੁਮਾਇੰਦੇ, ਜਿਨ੍ਹਾਂ ਨੂੰ ਕਿ ਜਿਉਂਦੀਆਂ ਕਿਸਮਾਂ ਤੋਂ ਵੱਖ ਕਰਨਾ ਮੁਸ਼ਕਿਲ ਹੈ, ਔਲੀਗੋਸੀਨ (38,000,000 ਤੋਂ 26,000,000 ਸਾਲ ਪਹਿਲਾਂ) ਤੋਂ ਮਿਲਦੀਆਂ ਹਨ।

**ਆਰਥਿਕ ਮਹੱਤਤਾ**—ਕਈ ਵੱਡੀਆਂ ਜਾਤੀਆਂ ਦੀਆਂ ਕਿਰਲੀਆਂ (ਇਗਵਾਨਾ) ਖਾਧੀਆਂ ਜਾਂਦੀਆਂ ਹਨ। ਕਈਆਂ ਤੋਂ ਚਮੜਾ ਪ੍ਰਾਪਤ ਹੁੰਦਾ ਹੈ। ਕਈ ਸ਼ਿਕਾਰੀ ਕਿਸਮਾਂ ਨੂੰ ਮੁਰਗੀ ਖਾਨਿਆਂ ਤੇ ਪਾਲਿਆ ਜਾਂਦਾ ਹੈ, ਕਿਉਂਕਿ ਇਹ ਕੀੜੇ-ਮਕੌੜੇ ਆਦਿ ਖਾਂਦੀਆਂ ਹਨ। ਗੈੱਕੋ ਵਰਗੀਆਂ ਛੋਟੀਆਂ ਕਿਸਮਾਂ ਘਰਾਂ ਦੇ ਨੇੜੇ ਤੇੜੇ ਰਹਿੰਦੀਆਂ ਹਨ ਤੇ ਕੀੜੇ-ਮਕੌੜਿਆਂ ਨੂੰ ਖ਼ਤਮ ਕਰਦੀਆਂ ਹਨ। ਸੰਯੁਕਤ ਰਾਜ ਅਤੇ ਮੈਕਸੀਕੋ ਵਿਚ ਇਕ ਜ਼ਹਿਰੀਲੀ ਜਾਤੀ ਮਿਲਦੀ ਹੈ, ਜਿਹੜੀ ਕਿ ਮਨੁੱਖ ਨੂੰ ਡੰਗ ਮਾਰਦੀ ਹੈ, ਪਰ ਇਸ ਨਾਲ ਬਹੁਤ ਹੀ ਘੱਟ ਘਾਤਕ ਸਿੱਟੇ ਨਿਕਲਦੇ ਹਨ। ਜੀਵ-ਵਿਗਿਆਨਕ ਖੋਜਾਂ ਕਰਨ ਲਈ ਕਿਰਲੀਆਂ ਦੀ ਬਹੁਤ ਮਹੱਤਤਾ ਹੈ। ਕਈ ਤਰ੍ਹਾਂ ਨਾਲ ਜਣਨ ਕਿਰਿਆ ਕਰਨ ਅਤੇ ਸਰੀਰ ਦੇ ਤਾਪਮਾਨ ਨੂੰ ਨਿਯਮਿਤ ਕਰ ਸਕਣ ਦੀ ਸਮਰੱਥਾ ਰੱਖਣ ਕਰਕੇ ਇਨ੍ਹਾਂ ਨੂੰ ਤੁਲਨਾਤਮਕ ਫ਼ਿਜ਼ਿਆਲੋਜੀ ਦੇ ਅਧਿਐਨ ਲਈ ਵਰਤਿਆ ਜਾਂਦਾ ਹੈ। ਆਸਾਨੀ ਨਾਲ ਵੱਡੀ ਮਾਤਰਾ ਵਿਚ ਉਪਲੱਬਧ ਹੋਣ ਕਰਕੇ ਇਕਾਲੋਜਿਸਟ ਅਤੇ ਇਥਾਲੋਜਿਸਟ (ਪ੍ਰਾਣੀਆਂ ਦੇ ਵਿਹਾਰ ਦਾ ਵਿਗਿਆਨਕ ਅਧਿਐਨ ਕਰਨ ਵਾਲੇ ਵਿਗਿਆਨੀ) ਇਨ੍ਹਾਂ ਦਾ ਬਹੁਤ ਅਧਿਐਨ ਕਰਦੇ ਹਨ। ਕਈ ਜਾਤੀਆਂ ਵਿਚ ਟੁੱਟੀ ਹੋਈ ਪੂਛ ਨੂੰ ਪੁਨਰ-ਉਤਪੰਨ ਕਰ ਸਕਣ ਦੀ ਸਮਰੱਥਾ ਕਾਰਨ ਜੀਵ-ਵਿਗਿਆਨੀਆਂ ਲਈ ਇਹ ਦਿਲਚਸਪ ਅਧਿਐਨ ਪ੍ਰਦਾਨ ਕਰਦੀਆਂ ਹਨ।

ਹ. ਪੁ.—ਐਨ. ਬ੍ਰਿ. ਮੈ. 16 : 282

**ਕਿਰਾਤ :** ਇਹ ਇਕ ਬਹੁਤ ਪ੍ਰਾਚੀਨ ਗੈਰ-ਆਰੀਆਈ ਜਾਤੀ (ਸ਼ਾਇਦ ਮੰਗੋਲ) ਸੀ ਜੋ ਪੂਰਬੀ ਹਿਮਾਲਾ ਦੇ ਪਰਬਤੀ ਪ੍ਰਦੇਸ਼ ਵਿਚ ਰਹਿੰਦੀ ਸੀ। ਪ੍ਰਾਚੀਨ ਸੰਸਕ੍ਰਿਤ ਸਾਹਿਤ ਵਿਚ ਕਿਰਾਤਾਂ ਬਾਰੇ ਬਹੁਤ ਉਲੇਖ ਮਿਲਦੇ ਹਨ। ਇਨ੍ਹਾਂ ਦਾ ਸਬੰਧ ਪਹਾੜਾਂ ਅਤੇ ਗੁਫਾਵਾਂ ਨਾਲ

ਉਪ-ਵਰਗ ਸੌਰੀਆ
| ਇਨਫਰਾ ਵਰਗ

**ਐਸਕੈੱਲਥੋਡਾ**
| ਸੁਪਰ-ਕੁਲ

ਗੈਕਨੱਇਡੀਆ | ਇਗਵਾਨਾਇਡੀਆ | ਰਿਪਟੋਗਲਾਸਾਇਡੀਆ

| ਕੁਲ

1. ਗੈੱਕਾਨਡੀ
2. ਪਾਈਗਾਪਡਿਡੀ
3. ਡਿਬਾਮਿਡੀ
4. ਅਨਿਲੀਟ੍ਰੌਪਸਿਡੀ
5. ਇਗਵਾਨਡੀ
6. ਅਗੈਮਡੀ
7. ਕਾਮੀਲੀਆਨਟਡੀ

**ਓਟਾਰਕੋਗਲਾਸਾ**
| ਸੁਪਰ-ਕੁਲ

ਸਿੰਕਮੌਰਫਾਇਡੀਆ
| ਕੁਲ

1. ਸਕਿੰਕਡੀ
2. ਕੌਡਿਲਡੀ
3. ਲੈਸਰਟਿਡੀ
4. ਟੀਅਡੀ

ਐਮੁਨੋਮੌਰਫਾਇਡੀਆ
| ਕੁਲ

1. ਐਂਗਵਡੀ
2. ਐਨੀਐੱਲਡੀ
3. ਜ਼ੈਂਨਸੌਰਡੀ
4. ਹੀਲੋਡਰਮੈਡਡੀ
5. ਵਰੈਨਡੀ
6. ਲੈੱਨਥੈਨੋਡਡੀ
7. ਜ਼ੈਂਟਸਾਈਅਡੀ

ਜੋੜਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਰੋਜ਼ੀ ਦਾ ਸਾਧਨ ਸ਼ਿਕਾਰ ਸੀ। 'ਅਥਰਵ' ਵੇਦ ਵਿਚ ਇਨ੍ਹਾਂ ਦਾ ਸਬੰਧ ਸੱਪ ਦੀ ਜ਼ਹਿਰ ਉਤਾਰਨ ਵਾਲੀਆਂ ਦਵਾਈਆਂ ਨਾਲ ਅਤੇ 'ਵਾਜਸਨੇਈ ਸੰਹਿਤਾ' ਤੇ 'ਤੈਤਿਰੀਯ ਬ੍ਰਾਹਮਣ' ਵਿਚ ਇਨ੍ਹਾਂ ਦਾ ਸਬੰਧ ਗੁਫਾਵਾਂ ਨਾਲ ਦਰਸਾਇਆ ਗਿਆ ਹੈ। ਬਾਲਮੀਕ ਦੀ ਰਮਾਇਣ ਵਿਚ ਕਿਰਾਤ ਨਾਰੀਆਂ ਦੇ ਤਿੱਖੇ ਜੂੜਿਆਂ ਅਤੇ ਸੋਨੇ ਵਰਗੇ ਬਦਨ ਬਾਰੇ ਵਰਣਨ ਹੈ।

ਮਹਾਭਾਰਤ ਵਿਚ ਵੀ ਇਨ੍ਹਾਂ ਬਾਰੇ ਬਹੁਤ ਕੁਝ ਮਿਲਦਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਬਰਬਰ ਜਾਂ ਗੈਰ-ਆਰੀਆਈ ਜਾਤੀਆਂ ਵਿਚੋਂ ਸਨ। ਪ੍ਰਾਗਜੋਤਿਸ਼ਪੁਰ (ਆਸਾਮ) ਦੇ ਨੇੜੇ ਅਰਜੁਨ ਦੀ ਕਿਰਾਤਾਂ ਨਾਲ ਹੋਈ ਲੜਾਈ ਦਾ ਵੀ ਵਰਣਨ ਹੈ। ਕਿਰਾਤਾਂ ਦੀ ਯੁਧਿਸ਼ਟਰ ਨਾਲ ਹੋਈ ਭੇਂਟ ਸਮੇਂ ਇਨ੍ਹਾਂ ਦੁਆਰਾ ਲਿਆਂਦੇ ਗਏ ਤੋਹਫਿਆਂ ਬਾਰੇ ਵੀ ਜ਼ਿਕਰ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਕਿਰਾਤ ਫਲ-ਮੂਲ ਖਾਂਦੇ, ਚਮੜੇ ਦੇ ਬਸਤਰ ਪਹਿਨਦੇ ਅਤੇ ਭਿਆਨਕ ਸ਼ਸਤਰ ਚਲਾਉਂਦੇ ਸਨ ਅਤੇ ਬੜੇ ਨਿਰਦਈ ਸਨ।

ਪਿਲਨੀ, ਤੋਲੇਮੀ ਅਤੇ ਮੈਗਸਥਨੀਜ਼ ਦੇ ਲੇਖਾਂ ਵਿਚ ਵੀ ਕਿਰਾਤਾਂ ਬਾਰੇ ਕਾਫੀ ਵਰਣਨ ਹੈ। ਤੋਲੇਮੀ ਨੇ ਇਨ੍ਹਾਂ ਨੂੰ ਕਿਰਾਦੀਆ (Kirvhdia) ਲਿਖਿਆ ਹੈ ਅਤੇ ਭਾਰਤ ਵਿਚ ਇਨ੍ਹਾਂ ਦੀਆਂ ਵੱਡੀਆਂ-ਵੱਡੀਆਂ ਬਸਤੀਆਂ ਬਾਰੇ ਜ਼ਿਕਰ ਕੀਤਾ ਹੈ। ਕਾਲੀਦਾਸ ਨੇ ਸੰਸਕ੍ਰਿਤ ਕਵਿਤਾ ਵਿਚ ਕਿਰਾਤਾਂ ਦਾ ਸਭ ਤੋਂ ਸੁੰਦਰ ਵਰਣਨ ਕੀਤਾ ਹੈ।

ਕੁਝ ਸਮੇਂ ਬਾਅਦ ਕਿਰਾਤ ਲੋਕ ਆਪਣੇ ਮੂਲ ਸਥਾਨ ਹਿਮਾਲਾ ਤੋਂ ਇਲਾਵਾ ਭਾਰਤ ਦੇ ਹੋਰ ਭਾਗਾਂ ਵਿਚ ਵੀ ਫੈਲ ਗਏ ਸਨ। ਸਾਂਚੀ (ਮੱਧ ਪ੍ਰਦੇਸ਼) ਦੇ ਸਤੂਪ ਉਪਰ ਕਿਸੇ ਕਿਰਾਤ ਭਿਕਸ਼ੂ ਦੇ ਦਾਨ ਦਾ ਉਲੇਖ ਹੈ ਅਤੇ ਦੱਖਣੀ ਭਾਰਤ ਵਿਚ ਨਾਗਾਰਜੁਨੀ ਕੋਂਡ ਦੇ ਇਕ ਅਭਿਲੇਖ ਵਿਚ ਵੀ ਕਿਰਾਤਾਂ ਦਾ ਵਰਣਨ ਹੈ। ਮਹਾਭਾਰਤ ਵਿਚ ਕਿਰਾਤਾਂ ਦੇ ਵਰਣਨ ਤੋਂ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਕਿਰਾਤਾਂ ਦੀਆਂ ਬਸਤੀਆਂ ਉਸ ਸਮੇਂ ਮੈਸੂਰ ਦੇ ਨਾਲ ਦੇ ਪ੍ਰਦੇਸ਼ ਵਿਚ ਵੀ ਰਹੀਆਂ ਹੋਣਗੀਆਂ। ਮੰਨੂ ਸਿਮਰਤੀ ਵਿਚ ਕਈ ਦੂਜੀਆਂ ਗੈਰ-ਆਰੀਆਈ ਜਾਤੀਆਂ ਦੀ ਤਰ੍ਹਾਂ ਕਿਰਾਤਾਂ ਨੂੰ ਵੀ ਕਸ਼ਤਰੀਆਂ ਵਿਚ ਰਖਿਆ ਗਿਆ ਹੈ।

ਵਰਤਮਾਨ ਕਾਲ ਵਿਚ ਸਿਕਮ ਦੇ ਪੱਛਮ ਵੱਲ ਸਥਿੱਤ ਦੇਸ਼ ਮੋਰੰਗ ਵਿਚ ਅੱਜ ਵੀ ਕਿਰਾਤ ਨਾਂ ਦੀ ਇਕ ਜਾਤੀ ਵਸਦੀ ਹੈ। ਅਸਲ ਵਿਚ ਕਿਰਾਤਾਂ ਦਾ ਮੂਲ ਨਿਵਾਸ ਅਸਥਾਨ ਇਸ ਨੂੰ ਹੀ ਮੰਨਿਆ ਜਾ ਸਕਦਾ ਹੈ।

ਹ. ਪੁ.—ਹਿੰ. ਵਿ. ਕੋ. 3 : 9

**ਕਿਰਾਫ : ਆਬਲਸਤ**—ਇਹ ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਤੰਤਰ ਦਾ ਇਕ ਆਬਲਸਤ ਹੈ ਜਿਸ ਨੇ ਵਾਈਆਤਕਾ ਦਾ ਲਗਭਗ ਸਾਰਾ ਬੇਸਿਨ ਮੱਲਿਆ ਹੋਇਆ ਹੈ। ਇਸ ਦਾ ਖੇਤਰਫਲ 120,800 ਵ. ਕਿ. ਮੀ. ਹੈ ਅਤੇ ਆਬਾਦੀ, 1,726,000 (1970) ਹੈ। ਸੰਨ 1936 ਵਿਚ ਇਸ ਨੂੰ ਆਬਲਸਤ ਬਣਾਇਆ ਗਿਆ। ਇਹ ਕੇਂਦਰੀ ਵਾਈਆਤਕਾ ਤੋਂ ਰੁੜ੍ਹਕੇ ਆਏ ਪੱਥਰਾਂ ਅਤੇ ਮਿੱਟੀ ਤੋਂ ਬਣਿਆ ਮੈਦਾਨ ਹੈ। ਇਸ ਦੇ ਉੱਚੇ ਖੇਤਰ ਚੂਨੇ ਦੇ ਪੱਥਰ ਦੇ ਹਨ ਜੋ ਦਰਿਆਵਾਂ ਨਾਲ ਬੁਰੀ ਤਰ੍ਹਾਂ ਕੱਟੇ-ਵੱਢੇ ਹੋਏ ਹਨ। ਲਗਭਗ ਸਾਰਾ ਆਬਲਸਤ, ਚੀੜ੍ਹ, ਫਰ, ਸਪਰੂਸ ਅਤੇ ਬੈਂਤ ਦੇ ਦਰੱਖਤਾਂ ਵਾਲੇ ਜੰਗਲਾਂ ਨਾਲ ਭਰਿਆ ਹੋਇਆ ਹੈ। ਕੇਵਲ ਧੁਰ ਦੱਖਣੀ ਹਿੱਸੇ ਵਿਚ ਵੀ ਆਕ ਵਗੈਰਾ ਦੇ ਪੱਤਝੜ ਵਾਲੇ ਦਰੱਖਤ ਦਿਸਣੇ ਸ਼ੁਰੂ ਹੁੰਦੇ ਹਨ। ਇਥੇ ਕਈ ਪੀਟ ਬਾਗ ਅਤੇ ਦਲਦਲੀ ਖੇਤਰ ਹਨ। ਇਥੋਂ ਦਾ ਪੌਣ-ਪਾਣੀ ਮਹਾਂਦੀਪੀ ਹੈ। ਆਬਲਸਤ ਵਿਚ ਕੁੱਲ 16 ਸ਼ਹਿਰ ਹਨ। ਜ਼ਿਆਦਾਤਰ ਵਸੋਂ ਵਾਈਆਤਕਾ ਘਾਟੀ ਵਿਚ ਹੀ ਹੈ। ਆਰਥਿਕਤਾ ਲੱਕੜੀ ਦੇ ਕੰਮ ਅਤੇ ਕੱਚੇ ਲੋਹੇ ਦੇ ਭੰਡਾਰਾਂ ਉਪਰ ਨਿਰਭਰ ਕਰਦੀ ਹੈ। ਖੇਤੀਬਾੜੀ ਅਤੇ ਪਸ਼ੂ ਪਾਲਣ ਦਾ ਕੰਮ ਬਹੁਤ ਘੱਟ ਹੈ।

ਹ. ਪੁ.—ਐਨ. ਬ੍ਰਿ. 13 : 389

**ਕਿਰਾਫ : ਸ਼ਹਿਰ**—ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਤੰਤਰ ਦੇ ਇਸੇ ਹੀ ਨਾਂ ਦੇ ਆਬਲਸਤ ਦਾ ਇਕ ਪ੍ਰਬੰਧਕੀ ਅਤੇ ਮੁੱਖ ਸ਼ਹਿਰ ਹੈ ਜੋ ਵਾਈਆਤਕਾ ਦਰਿਆ ਦੇ ਸੱਜੇ ਕੰਢੇ ਤੇ ਮਾਸਕੋ ਸ਼ਹਿਰ ਤੋਂ 768 ਕਿ. ਮੀ. ਪੂਰਬ ਉੱਤਰ-ਪੂਰਬ ਵੱਲ ਸਥਿੱਤ ਹੈ। ਨੋਂਵਗੋਰਾਤ ਦੇ ਵਪਾਰੀਆਂ ਨੇ ਸੰਨ 1181 ਵਿਚ ਇਸ ਦੀ ਨੀਂਹ ਰੱਖੀ। 14ਵੀਂ ਤੇ 15ਵੀਂ ਸਦੀਆਂ ਵਿਚ ਇਥੇ ਰੂਸੀ ਲੋਕ ਰਹਿਣ ਲੱਗੇ। ਸੰਨ 1489 ਵਿਚ ਇਸ ਉਤੇ ਮਾਸਕੋ ਦਾ ਕਬਜ਼ਾ ਹੋ ਗਿਆ। ਸੰਨ 1780 ਵਿਚ ਇਸ ਦਾ ਨਾਂ ਵਾਈਆਤਕਾ ਰੱਖਿਆ ਗਿਆ ਤੇ ਇਹ ਪ੍ਰਾਂਤਕ ਸਦਰ ਮੁਕਾਮ ਬਣ ਗਿਆ ਪਰ ਇਸ ਸਮੇਂ ਇਹ ਬਹੁਤ ਘੱਟ ਵਿਕਸਤ ਸੀ ਤੇ ਇਸ ਨੂੰ ਦੇਸ਼-ਨਿਕਾਲੇ ਲਈ ਵਰਤਿਆ ਜਾਂਦਾ ਸੀ। ਹੁਣ ਇਥੇ ਰੇਲ ਦੀ ਸਹੂਲਤ ਹੈ ਤੇ ਲੋਹਾ, ਇੰਜਨੀਅਰਿੰਗ, ਟਾਇਰ ਬਣਾਉਣ ਅਤੇ ਲੱਕੜੀ ਦੇ ਕੰਮ ਦੇ ਕਈ ਕਿਸਮਾਂ ਦੇ ਆਧੁਨਿਕ ਉਦਯੋਗ ਸਥਾਪਤ ਹੋ ਗਏ ਹਨ। ਸੰਨ 1934 ਵਿਚ ਸ਼ਹਿਰ ਦਾ ਨਾਂ ਕਿਰਾਫ ਰੱਖ ਦਿਤਾ ਗਿਆ।

ਆਬਾਦੀ—396,000 (1981)

58° 38′ ਉ. ਵਿਥ.; 49° 42′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 389; ਐਨ. ਬ੍ਰਿ. ਮਾ. 5 : 834

**ਕਿਰੀਨਸ** : ਇਹ ਰੋਮਨਾਂ ਦਾ ਇਕ ਮੁੱਖ ਦੇਵਤਾ ਹੈ ਜੋ ਬ੍ਰਹਸਪਤੀ (ਜੂਪੀਟਰ) ਅਤੇ ਮੰਗਲ (ਮਾਰਸ) ਦੇ ਤਕਰੀਬਨ ਬਰਾਬਰ ਦਾ ਜਾਣਿਆ ਜਾਂਦਾ ਹੈ। ਕਿਰੀਨਸ ਦੀ ਪ੍ਰਸਿੱਧੀ ਦੇ ਬਾਵਜੂਦ ਇਸ ਸਬੰਧੀ ਬਹੁਤ ਘੱਟ ਜਾਣਿਆ ਜਾਂਦਾ ਹੈ। ਇਹ ਮੰਗਲ ਨਾਲ ਮਿਲਦਾ-ਜੁਲਦਾ ਜਾਣਿਆ ਜਾਂਦਾ ਹੈ ਅਤੇ ਕੁਝ ਲੋਕਾਂ ਦਾ ਵਿਚਾਰ ਹੈ ਕਿ ਇਹ ਇਸ ਦੇਵਤੇ ਦਾ ਹੀ ਦੂਜਾ ਰੂਪ ਹੈ। ਇਸ ਦਾ ਮੇਲਾ, ਜਿਸ ਨੂੰ ਕਿਰੀਨੇਲੀਆ ਕਹਿੰਦੇ ਹਨ, 17 ਫਰਵਰੀ ਨੂੰ ਹੁੰਦਾ ਸੀ। ਕਿਰੀਨਲ ਤੇ ਬਣਿਆ ਇਸ ਦਾ ਮੰਦਰ ਰੋਮ ਦੇ ਸਭ ਤੋਂ ਪੁਰਾਣੇ ਮੰਦਰਾਂ ਵਿਚੋਂ ਇਕ ਹੈ।

ਹ. ਪੁ.—ਐਨ. ਬ੍ਰਿ. 18 : 971

**ਕਿਰੋਵਗ੍ਰੈਦ** : ਇਹ ਸੋਵੀਅਤ ਸਮਾਜਵਾਦੀ ਗਣਤੰਤਰ ਦੇ ਇਸੇ ਹੀ ਨਾਂ ਦੇ ਆਬਲਸਤ ਦਾ ਸਦਰ-ਮੁਕਾਮ ਹੈ ਜੋ ਅਪਰ ਇੰਗੁਲ ਦਰਿਆ ਦੇ ਉਪਰ ਇਕ ਰੇਲਵੇ-ਪੁਲ ਦੇ ਨੇੜੇ ਸਥਿੱਤ ਹੈ। ਸੰਨ 1754 ਵਿਚ ਇਹ ਸ਼ਹਿਰ ਇਕ ਗੜ੍ਹੀ ਦੇ ਤੌਰ ਤੇ ਵਸਾਇਆ ਗਿਆ ਸੀ। ਸਮੇਂ ਸਮੇਂ ਤੇ ਇਸ ਦੇ ਕਈ ਨਾਂ ਬਦਲੇ ਹਨ। ਮੌਜੂਦਾ ਨਾਂ 1939 ਵਿਚ ਰੱਖਿਆ ਗਿਆ। ਇਹ ਖੇਤੀਬਾੜੀ ਦਾ ਕੇਂਦਰ ਹੈ। ਖ਼ੁਰਾਕ ਤਿਆਰ ਕਰਨ ਦੇ ਉਦਯੋਗ ਇਥੇ ਹਨ। ਇਸ ਤੋਂ ਇਲਾਵਾ ਇਹ ਜ਼ਰਾਇਤੀ ਮਸ਼ੀਨਰੀ ਤਿਆਰ ਕਰਨ ਦਾ ਇਕ ਮਹੱਤਵਪੂਰਨ ਕੇਂਦਰ ਹੈ। ਇਥੇ ਇਕ ਅਧਿਆਪਕ ਸਿਖਲਾਈ ਸੰਸਥਾ ਵੀ ਹੈ।

ਆਬਾਦੀ—246,000 (1981)

48° 30′ ਉ. ਵਿਥ.; 32° 18′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 835

**ਕਿਰੋਵਾਬਾਦ** : ਇਹ ਅਜ਼ਰਬਾਈਜਾਨ ਸੋਵੀਅਤ ਸਮਾਜਵਾਦੀ ਗਣਤੰਤਰ ਦਾ ਇਕ ਸ਼ਹਿਰ ਹੈ। ਇਸ ਦਾ ਪੁਰਾਣਾ ਨਾਂ ਗਾਨਜ਼ਾ (Gandzha) ਸੀ। ਪੁਰਾਣਾ ਸ਼ਹਿਰ ਪੰਜਵੀਂ ਛੇਵੀਂ ਸਦੀ ਵਿਚ ਅਜੋਕੇ ਸ਼ਹਿਰ ਤੋਂ ਕੋਈ 6 ਕਿ. ਮੀ. ਦੀ ਦੂਰੀ ਤੇ ਵਸਾਇਆ ਗਿਆ ਸੀ ਜੋ 1139 ਈ. ਵਿਚ ਭੂਚਾਲ ਨਾਲ ਤਬਾਹ ਹੋ ਗਿਆ ਤੇ ਇਸ ਮਗਰੋਂ

ਅਜੋਕਾ ਸ਼ਹਿਰ ਹੋਂਦ ਵਿਚ ਆਇਆ । ਇਹ ਵਪਾਰ ਦਾ ਇਕ ਮਹੱਤਵਪੂਰਨ ਕੇਂਦਰ ਬਣਿਆ ਪਰ 1231 ਵਿਚ ਮੰਗੋਲਾਂ ਨੇ ਇਕ ਵਾਰੀ ਫਿਰ ਇਸ ਨੂੰ ਤਬਾਹ ਕਰ ਦਿਤਾ । ਸੰਨ 1606 ਵਿਚ ਈਰਾਨੀਆਂ ਨੇ ਇਸ ਨੂੰ ਜਿੱਤ ਲਿਆ ਅਤੇ ਇਹ ਗਾਨਜ਼ਾ ਖਵਾਤੀ (Gandzha Khavati) ਦਾ ਕੇਂਦਰ ਬਣਿਆ । ਸੰਨ 1804 ਵਿਚ ਇਸ ਉਤੇ ਰੂਸੀਆਂ ਦਾ ਕਬਜ਼ਾ ਹੋ ਗਿਆ ਤੇ ਉਨ੍ਹਾਂ ਨੇ ਇਸ ਦਾ ਨਾਂ ਇਲਿਜ਼ਾਵੈਤਪੋਲ (Elisauetpol) ਰੱਖਿਆ । ਸੰਨ 1861 ਵਿਚ ਇਸ ਨੂੰ ਰਾਜ ਦਾ ਕੇਂਦਰ ਬਣਾ ਦਿਤਾ ਅਤੇ 1935 ਵਿਚ ਇਸ ਦਾ ਫਿਰ ਨਵਾਂ ਨਾਂ ਕਿਰੋਵਾਬਾਦ ਰੱਖਿਆ ਗਿਆ ਉਦੋਂ ਤੋਂ ਇਹ ਸ਼ਹਿਰ ਕਾਫੀ ਜ਼ਿਆਦਾ ਉਦਯੋਗਿਕ ਉੱਨਤੀ ਕਰਦਾ ਆ ਰਿਹਾ ਹੈ ਤੇ ਅੱਜ ਇਸ ਪੱਖ ਤੋਂ ਇਹ ਅਜ਼ਰਬਾਈਜਾਨ ਦਾ ਦੂਜਾ ਵੱਡਾ ਸ਼ਹਿਰ ਹੈ । ਇਥੇ ਮਸ਼ੀਨਾਂ ਅਤੇ ਹਥਿਆਰ ਬਣਾਏ ਜਾਂਦੇ ਹਨ । ਇਸ ਸ਼ਹਿਰ ਦੇ ਇਕ ਚੰਗੇ ਉਪਜਾਊ ਖੇਤਰ ਵਿਚ ਸਥਿੱਤ ਹੋਣ ਕਰਕੇ, ਜ਼ਰਾਇਤੀ ਉਪਜ ਨਾਲ ਸਬੰਧਤ ਵੀ ਇਥੇ ਕਈ ਉਦਯੋਗ ਹਨ । ਸੂਤੀ ਕੱਪੜਾ ਤੇ ਗਲੀਚੇ ਵੀ ਬਣਾਏ ਜਾਂਦੇ ਹਨ । ਕਿਰੋਵਾਬਾਦ ਵਿਚ ਖੇਤੀਬਾੜੀ ਸੰਸਥਾ ਅਤੇ ਟੀਚਰ ਟਰੇਨਿੰਗ ਸੰਸਥਾਵਾਂ ਹਨ ।

ਆਬਾਦੀ—243,000 (1981)

40° 40′ ਉ. ਵਿਥ.; 46° 22′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 835

**ਕਿਲਕਿਲ ਯਵਨ :** ਇਹ ਯਵਨਾਂ ਦਾ ਇਕ ਰਾਜ ਅਤੇ ਰਾਜਬੰਸ ਸੀ । ਵਿਸ਼ਨੂੰ ਪੁਰਾਣ ਵਿਚ ਕਲਯੁਗੀ ਰਾਜਿਆਂ ਦੇ ਪ੍ਰਸੰਗ ਵਿਚ ਮੌਨਵੰਸ਼ੀ ਰਾਜਿਆਂ ਦਾ ਵੀ ਜ਼ਿਕਰ ਮਿਲਦਾ ਹੈ । ਵਿਸ਼ਨੂੰ ਪੁਰਾਣ ਵਿਚ ਇਨ੍ਹਾਂ ਦਾ ਨਾਂ 'ਕੈਕਿਲ' ਦਿਤਾ ਗਿਆ ਹੈ । ਭਾਗਵਤ ਵਿਚ ਇਨ੍ਹਾਂ ਦੀ ਰਾਜਧਾਨੀ 'ਕਿਲਕਿਲਾ' ਦਾ ਉਲੇਖ ਕੀਤਾ ਗਿਆ ਹੈ ਜਿਥੋਂ ਇਨ੍ਹਾਂ ਦਾ ਨਾਂ ਪਿਆ ਲਗਦਾ ਹੈ । ਭਾਗਵਤ ਵਿਚ ਦਿੱਤੇ ਵਰਣਨ ਤੋਂ ਪਤਾ ਲਗਦਾ ਹੈ ਕਿ ਇਹ ਬੈਕਿਟ੍ਰਯਾ ਦੇ ਰਾਜੇ ਸਨ ਜਿਨ੍ਹਾਂ ਦੇ ਪੂਰਵਜ ਕਿਸੇ ਵੇਲੇ ਭਾਰਤ ਵਿਚ ਵੀ ਸਨ । ਮੱਧ ਪ੍ਰਾਂਤ ਦੇ ਬਹੁਤ ਸਾਰੇ ਸ਼ਿਲਾਲੇਖਾਂ ਵਿਚ ਇਨ੍ਹਾਂ ਦੇ ਨਾਂ ਮੌਜੂਦ ਹਨ । ਇਕ ਮਤ ਅਨੁਸਾਰ ਇਹ ਅਜੰਤਾ ਦੀਆਂ ਗੁਫ਼ਾਵਾਂ ਦੇ ਨੇੜੇ ਤੇੜੇ ਰਾਜ ਕਰਦੇ ਸਨ । ਇਨ੍ਹਾਂ ਦਾ ਸਬੰਧ ਛੇਵੀਂ ਸ਼ਤਾਬਦੀ ਦੇ ਨੇੜੇ ਤੇੜੇ ਉੜੀਸਾ ਅਤੇ ਆਂਧਰਾ ਪ੍ਰਦੇਸ਼ ਨਾਲ ਵੀ ਦੱਸਿਆ ਜਾਂਦਾ ਹੈ । ਯਵਨ ਨਾਂ ਤੋਂ ਇਨ੍ਹਾਂ ਦਾ ਮੂਲ ਯੂਨਾਨੀ ਸਿੱਧ ਹੁੰਦਾ ਹੈ । ਇਹ ਕੋਂਕਣ ਵਿਚ 980 ਈ. ਦੇ ਨੇੜੇ ਤੇੜੇ ਸ਼ਾਸਕ ਸਨ । ਮੱਧ ਪ੍ਰਾਂਤ ਅਤੇ ਆਂਧਰਾ ਵਿਚ ਰਾਜ ਕਰਨ ਵਾਲੇ ਇਸ ਵੰਸ਼ ਦੇ ਰਾਜਿਆਂ ਦਾ ਉਦੇ ਕਾਲ 576 ਤੋਂ 900 ਈ. ਤੱਕ ਮੰਨਿਆ ਜਾਂਦਾ ਹੈ । ਤੁਲੁਵ ਵਿਚ ਖਾਮਿਲਪੁਰ ਦੇ ਲੇਖਾਂ ਵਿਚ ਵੀ ਇਨ੍ਹਾਂ ਦਾ ਜ਼ਿਕਰ ਮਿਲਦਾ ਹੈ । ਪੁਰਾਣਾਂ ਵਿਚ ਅਤੇ ਅਜੰਤਾ ਦੇ ਸ਼ਿਲਾਲੇਖਾਂ ਵਿਚ ਦਿੱਤੀ ਗਈ ਇਨ੍ਹਾਂ ਦੀ ਵੰਸ਼ਾਵਲੀ ਵਿਚ ਬਹੁਤ ਫ਼ਰਕ ਲੱਗਦਾ ਹੈ । ਇਸ ਕਰਕੇ ਦੋਵਾਂ ਨੂੰ ਇਕੋ ਵੰਸ਼ ਵਿਚ ਸ਼ਾਮਲ ਕਰਨਾ ਬਹੁਤਾ ਨਿਸਚਿਤ ਨਹੀਂ ਮੰਨਿਆ ਜਾ ਸਕਦਾ ।

ਹ. ਪੁ.—ਹਿੰ. ਵਿ. ਕੋ. 3 : 14

**ਕਿਲਡੇਅਰ :** ਇਹ ਪੂਰਬੀ ਕੇਂਦਰ ਆਇਰਲੈਂਡ ਦੇ ਲੈਨੱਸਟਰ ਰਾਜ ਦੀ ਇਕ ਕਾਊਂਟੀ ਹੈ । ਇਸ ਵਿਚ 'ਵਿਕਲੋ' ਪਹਾੜਾਂ ਦੇ ਪੱਛਮ ਦੀ ਨੀਵੀਂ ਧਰਤੀ ਦਾ ਕੁਝ ਹਿੱਸਾ ਸ਼ਾਮਲ ਹੈ । ਇਸ ਦਾ ਕੁੱਲ ਖੇਤਰਫਲ 1,694 ਵ. ਕਿ. ਮੀ. ਹੈ ਅਤੇ ਇਸ ਦੀ ਆਬਾਦੀ 104,122 (1981) ਹੈ । 'ਲਿਫ਼ਿ' ਦਰਿਆ ਇਸ ਵਿਚੋਂ ਇਕ ਡੂੰਘੀ ਖੱਡ ਰਾਹੀਂ ਵਗਦਾ ਹੈ । ਦਰਿਆ 'ਬੈਰੋ' ਅਤੇ ਇਸ ਦੀਆਂ ਸਹਾਇਕ ਨਦੀਆਂ ਇਸ ਦੀ ਪੱਛਮੀ ਸਰਹੱਦ ਦਾ ਕਾਫ਼ੀ ਹਿੱਸਾ ਬਣਾਉਂਦੀਆਂ ਹਨ । ਕਾਊਂਟੀ ਦੀ ਕਾਫੀ ਧਰਾਤਲ ਨੂੰ ਬਟਫੀਲੀਆਂ ਚੱਟਾਨਾਂ ਨੇ ਢਕਿਆ ਹੋਇਆ ਹੈ । ਕਾਊਂਟੀ ਦੇ 4/5 ਵੇਂ ਹਿੱਸੇ ਤੋਂ ਵੀ ਜ਼ਿਆਦਾ ਹਿੱਸਾ ਖੇਤੀ ਅਧੀਨ ਹੈ । ਪੁਰਾਣੀ ਸਭਿਅਤਾ ਦੇ ਕਈ ਚਿੰਨ੍ਹ ਵੱਖ ਵੱਖ ਕਾਲਾਂ ਦੀਆਂ ਇਤਿਹਾਸਕ ਇਮਾਰਤਾਂ ਦੇ ਰੂਪ ਵਿਚ ਇਥੇ ਮਿਲਦੇ ਹਨ । ਕਿਲਡੇਅਰ ਨੂੰ ਕਾਊਂਟੀ ਦਾ ਦਰਜਾ 1296 ਤੋਂ ਮਿਲਿਆ ਹੋਇਆ ਹੈ ।

ਕਿਲਡੇਅਰ ਦੇ ਖੇਤ ਬਹੁਤਾ ਕਰਕੇ ਵੱਡੇ ਆਕਾਰਾਂ ਦੇ ਹਨ ਜੋ ਨੀਵੀਂ ਧਰਤੀ ਤੇ ਆਮ ਤੌਰ ਤੇ 40 ਹੈਕਟੇਅਰ ਤੋਂ ਵੀ ਵੱਡੇ ਹਨ । ਪਰ ਵਿਕਲੋ ਪਹਾੜਾਂ ਤੇ ਇਹ ਬਹੁਤ ਛੋਟੇ ਹਨ । ਵੱਡੇ ਫਾਰਮਾਂ ਵਿਚ ਪਸ਼ੂ-ਪਾਲਣ ਮੁਖ ਆਰਥਕ ਧੰਦਾ ਹੈ । ਕਣਕ, ਜੌਂ, ਜਵੀ ਇਥੋਂ ਦੀਆਂ ਮੁੱਖ ਫ਼ਸਲਾਂ ਹਨ । ਉਦਯੋਗਾਂ ਵਿਚ ਜ਼ਰਾਇਤੀ ਇੰਜੀਨੀਅਰਿੰਗ ਦਾ ਸਾਮਾਨ, ਕੱਪੜਾ, ਗ਼ਲੀਚੇ ਅਤੇ ਛੁਰੀ-ਕਾਂਟੇ ਆਦਿ ਬਣਾਉਣਾ ਹਨ । ਗ੍ਰੈਂਡ ਕੈਨਾਲ ਅਤੇ ਡਬਲਿਨ ਤੋਂ ਕਾਰਕ ਅਤੇ ਗੈਲਵੇ ਨੂੰ ਜਾਣ ਵਾਲੀਆਂ ਰੇਲਾਂ ਕਾਊਂਟੀ ਦੇ ਵਿਚੋਂ ਦੀ ਗੁਜ਼ਰਦੀਆਂ ਹਨ ।

ਹ. ਪੁ.—ਐਨ. ਬ੍ਰਿ. ਮਾ. 5 : 806

**ਕਿਲਮਨਜਾਰੋ :** ਇਹ ਤਨਜ਼ਾਨੀਆਂ (ਅਫ਼ਰੀਕਾ) ਦਾ 1963 ਦਾ ਬਣਿਆ ਇਕ ਉੱਤਰੀ-ਪੂਰਬੀ ਪ੍ਰਬੰਧਕੀ ਖੇਤਰ ਹੈ ਜੋ 13,209 ਵ. ਕਿ. ਮੀ. ਵਿਚ ਫੈਲਿਆ ਹੋਇਆ ਹੈ । ਇਥੋਂ ਦੀ ਆਬਾਦੀ—902, 394 (1978) ਹੈ । ਇਸ ਦੇ ਉੱਤਰ ਅਤੇ ਪੂਰਬ ਵੱਲ ਕੀਨੀਆ ਹੈ । ਇਸ ਖੇਤਰ ਵਿਚ ਪਾਰੇ ਪਰਬਤ ਲੜੀ ਹੈ ਜੋ ਕਿਲਮਨਜਾਰੋ ਪਰਬਤ ਤੋਂ ਸ਼ੁਰੂ ਹੋ ਕੇ ਦੱਖਣ ਪੂਰਬੀ ਦਿਸ਼ਾ ਵਿਚ ਫੈਲੀ ਹੋਈ ਹੈ । ਇਥੋਂ ਦੀ ਸਾਲਾਨਾ ਵਰਖਾ ਵੱਖ ਵੱਖ ਥਾਵਾਂ ਤੇ ਭਿੰਨ ਭਿੰਨ ਹੈ । ਉਚਾਈ ਅਨੁਸਾਰ ਤਾਪਮਾਨ ਵਿਚ ਵੀ ਫਰਕ ਹੈ । ਕੁਦਰਤੀ ਬਨਸਪਤੀ ਵਿਚ ਇਥੇ ਘਾਹ ਦੇ ਮੈਦਾਨਾਂ ਤੋਂ ਲੈ ਕੇ ਪਹਾੜੀ ਜੰਗਲ ਅਤੇ ਬਹੁਤ ਜ਼ਿਆਦਾ ਉਚਾਈ ਤੇ ਐਫਰੋ-ਅਲਪਾਈਨ ਬਨਸਪਤੀ ਮਿਲਦੀ ਹੈ । ਦੇਸ਼ ਵਿਚ ਸਭ ਤੋਂ ਵਧ ਕਾਫੀ ਜੌਂ, ਕਣਕ ਅਤੇ ਖੰਡ ਇਸ ਖੇਤਰ ਵਿਚ ਪੈਦਾ ਕੀਤੀ ਜਾਂਦੀ ਹੈ । ਇਨ੍ਹਾਂ ਤੋਂ ਇਲਾਵਾ ਇਥੇ ਮੱਕੀ, ਫਲੀਆਂ, ਕਪਾਹ, ਆਲੂ ਅਤੇ ਕੇਲੇ ਆਦਿ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ । ਪਸ਼ੂ-ਪਾਲਣ ਅਤੇ ਲਕੜੀ ਦਾ ਕੰਮ ਕਾਫੀ ਮਹੱਤਵਪੂਰਨ ਹਨ । ਕਿਲਮਨਜਾਰੋ ਅਬਰਕ ਅਤੇ ਕਈ ਕਬੀਲਿਆਂ ਦੇ ਲੋਕ ਰਹਿੰਦੇ ਹਨ ।

ਹ. ਪੁ.—ਐਨ. ਬ੍ਰਿ. ਮਾ. 5 : 810

**ਕਿਲਮਨਜਾਰੋ ਜਵਾਲਾਮੁਖੀ :** ਤਨਜ਼ਾਨੀਆ ਵਿਚ ਕੀਨੀਆ ਦੀ ਸਰਹੱਦ ਨਾਲ ਲਗਦਾ ਇਹ ਇਕ ਜਵਾਲਾਮੁਖੀ ਪਰਬਤ-ਸਮੂਹ ਹੈ । ਕਿਬੋ ਇਸ ਦੇ ਕੇਂਦਰ ਵਿਚ ਇਕ ਅਖਤੂਰੀ ਪਹਾੜੀ ਹੈ ਜੋ ਜਿਸ ਦੀ ਉਚਾਈ 5895 ਮੀ. (28,340 ਫੁੱਟ) ਹੈ ਅਤੇ ਅਫ਼ਰੀਕਾ ਦੀ ਸਭ ਤੋਂ ਉੱਚੀ ਚੋਟੀ ਹੈ । ਕਿਲਮਨਜਾਰੋ ਦਾ ਜਵਾਲਾ ਮੁਖੀ ਟਰਸਰੀ ਦਰਾੜ ਕਿਰਿਆ ਨਾਲ ਸਬੰਧਤ ਹੈ ਜਿਹੜੀ ਗ੍ਰੇਟ ਰਿਫਟ ਵੈਲੀ ਦੇ 160 ਕਿ. ਮੀ. ਦੱਖਣ ਵੱਲ ਵਾਪਰੀ । ਇਹ ਸਮੂਹ ਪੂਰਬ-ਪੱਛਮ ਵਲ ਨੂੰ 80 ਕਿ. ਮੀ. ਵਿਚ ਫੈਲਿਆ ਹੋਇਆ ਹੈ ਅਤੇ ਇਸ ਸਮੂਹ ਵਿਚ ਤਿੰਨ ਮੁੱਖ ਜਵਾਲਾਮੁਖੀ ਪਹਾੜ ਹਨ । ਕਿਬੋ ਜਵਾਲਾ ਮੁਖੀ ਪਹਾੜ ਇਨ੍ਹਾਂ ਤਿੰਨਾਂ



ਕਿਲਮਨਜਾਰੋ ਜਵਾਲਾਮੁਖੀ

ਵਿਚੋਂ ਨਵਾਂ ਹੈ ਅਤੇ ਇਹ ਜਵਾਲਾਮੁਖੀ ਦੀ ਸ਼ਕਲ ਵਿਚ ਹੈ। ਇਹ ਇਕ ਲਗਭਗ 12 ਕਿ. ਮੀ. ਦੀ ਪਲਾਨ ਰਾਹੀਂ ਮਾਵੇਂਜ਼ੀ (4270 ਮੀ. ਉੱਚੀ) ਇਕ ਪੁਰਾਣੀ ਪਹਾੜੀ ਨਾਲ ਜੁੜਿਆ ਹੋਇਆ ਹੈ। ਸ਼ੀਰਾ ਇਕ ਪੁਰਾਣੇ ਜਵਾਲਾਮੁਖੀ ਤੋਂ ਬਣਿਆ, ਹੁਣ ਇਕ ਰਿੱਜ ਹੈ। ਦੂਰੋਂ ਵੇਖਣ ਵਿਚ ਕਿਬੋ ਇਕ ਬਰਫ਼ ਨਾਲ ਢਕੇ ਗੁੰਬਦ ਵਾਂਗ ਨਜ਼ਰ ਆਉਂਦੀ ਹੈ ਪਰ ਇਸ ਦੇ ਦੱਖਣੀ ਪਾਸੇ ਕੋਈ 2 ਕਿ. ਮੀ. (1.2 ਮੀਲ) ਦੇ ਘੇਰੇ ਵਿਚ 295 ਮੀ. ਡੂੰਘਾ ਇਕ ਜਵਾਲਾਮੁਖੀ ਅਜੇ ਵੀ ਇਸ ਵਿਚ ਹੈ। ਅਵਦਾਬ ਦੇ ਅੰਦਰ ਰਾਖ ਦੀ ਇਕ ਅੰਦਰਲੀ ਕੋਨ ਹੈ ਜਿਹੜੀ ਜਵਾਲਾ ਕਿਰਿਆ ਦੀ ਰਹਿੰਦ-ਖੂੰਹਦ ਵਜੋਂ ਮੌਜੂਦ ਹੈ। ਕਿਬੋ ਦੀ ਬਰਫੀਲੀ ਟੀਸੀ ਜਵਾਲਾਮੁਖੀ ਦੇ ਅੰਦਰ ਇਕ ਨਵੇਕਲਾ ਜਿਹਾ ਬਲਾਕ ਹੈ ਅਤੇ ਇਸ ਦੇ ਪੱਛਮੀ ਘੇਰੇ ਨੂੰ ਤੋੜਨ ਵਾਲੇ ਇਕ ਗਲੇਸ਼ੀਅਰ ਦੇ ਤੌਰ ਤੇ ਮੌਜੂਦ ਹੈ। ਦੱਖਣ-ਪੱਛਮੀ ਢਲਾਣਾਂ ਉਤੇ ਗਲੇਸ਼ੀਅਰ ਲਗਭਗ 4270 ਮੀ. ਤੀਕ ਹੇਠਾਂ ਨੂੰ ਆ ਗਏ ਹਨ ਅਤੇ ਉੱਤਰੀ ਪਾਸੇ ਵੱਲ ਚੋਟੀ ਤੋਂ ਹੇਠਾਂ ਕੇਵਲ ਥੋੜ੍ਹਾ ਜਿਹਾ ਥੱਲੇ ਆਉਂਦੇ ਹਨ। ਪਲਾਨ ਤੋਂ ਹੇਠਾਂ ਪਹਾੜ ਦੀ ਢਲਾਣ ਹੇਠਲੇ ਮੈਦਾਨਾਂ ਵੱਲ ਨੂੰ ਹੋ ਜਾਂਦੀ ਹੈ। ਕਿਬੋ ਦੇ ਮੁਕਾਬਲੇ ਤੇ ਮਾਵੇਂਜ਼ੀ ਬਹੁਤ ਖੁਰਿਆ ਹੋਇਆ ਦੰਦੇਦਾਰ ਅਤੇ ਖੜ੍ਹੀ ਢਾਲ ਵਾਲਾ ਪਹਾੜ ਹੈ ਜਿਸ ਨੂੰ ਬਾਰਾਂਗਕਾਸ ਦੀਆਂ ਗਹਿਰੀਆਂ ਘਾਟੀਆਂ ਪੂਰਬ ਤੇ ਪੱਛਮ ਦੀ ਦਿਸ਼ਾ ਵਿਚ ਛਡਦੀਆਂ ਹਨ। ਇਥੇ ਕੋਈ ਸਥਾਈ ਬਰਫ਼ ਨਹੀਂ ਪੈਂਦੀ। ਪਰ ਕਦੇ ਕਦਾਈ ਕਿਸੇ ਕਿਸੇ ਹਿੱਸੇ ਵਿਚ ਪੈਂਦੀ ਹੈ। ਦੱਖਣੀ ਅਤੇ ਪੂਰਬੀ ਢਲਾਣਾਂ ਦੀਆਂ ਨਦੀਆਂ ਪਾਂਗਗਾਨੀ ਅਤੇ ਦਰਿਆਵਾਂ ਅਤੇ ਜਾਈਪ ਝੀਲ ਨੂੰ ਜਲ ਪ੍ਰਦਾਨ ਕਰਦੀਆਂ ਹਨ। ਕਿਲਮਨਜਾਰੋ ਤੇ ਬੜੇ ਵਖਰੇਵੇਂ ਵਾਲੇ ਕਈ ਬਨਸਪਤੀ ਖੰਡ ਮਿਲਦੇ ਹਨ। ਇਹ ਪਰਬਤ-ਸਮੂਹ ਵੱਡੇ ਅਤੇ ਛੋਟੇ ਸ਼ਿਕਾਰ ਦਾ ਇਕ ਵੱਡਾ ਘਰ ਹੈ।

ਕਿਲਮਨਜਾਰੋ ਦੀ ਬਣਤਰ ਸਬੰਧੀ ਸਭ ਤੋਂ ਪਹਿਲਾਂ ਪਤਾ ਸੰਨ 1848 ਵਿਚ ਜਰਮਨ ਪ੍ਰਚਾਰਕਾਂ ਨੇ ਲਾਇਆ ਸੀ। ਕਿਬੋ ਚੋਟੀ ਨੂੰ ਪਹਿਲੀ ਵਾਰ ਦੋ ਜਰਮਨਾਂ ਨੇ ਸੰਨ 1889 ਵਿਚ ਸਰ ਕੀਤਾ। ਮਾਵੇਂਜ਼ੀ ਉਤੇ 1912 ਈ. ਵਿਚ ਫਰਿਟਜ਼ ਕਲਿਸੂਟ ਨਾਂ ਦਾ ਇਕ ਜਰਮਨ ਭੂਗੋਲ ਵਿਗਿਆਨੀ ਚੜ੍ਹਿਆ ਸੀ। ਇਸ ਦੇ ਦੱਖਣੀ ਪੈਰਾਂ ਵਿਚ ਮੋਸ਼ੀ ਨਾਂ ਦਾ ਸ਼ਹਿਰ ਇਥੋਂ ਦਾ ਵਡਾ ਵਪਾਰਕ ਕੇਂਦਰ ਅਤੇ ਚੜ੍ਹਾਈ ਆਰੰਭ ਕਰਨ ਦਾ ਆਧਾਰ ਹੈ।

3° 04′ ਦੱ. ਵਿਥ; 37° 22′ ਪੂ. ਲੰਬ.

ਹ. ਪੁ.—ਐਨ.ਬ੍ਰਿ. ਮਾ. 5 : 806

**ਕਿਲਵਰਟ (ਰਾਬਰਟ) ਫ਼ਰਾਂਸਿਸ** : ਇਹ ਇਕ ਅੰਗਰੇਜ਼ ਪਾਦਰੀ ਸੀ, ਜਿਸ ਦੀ 1937 ਵਿਚ ਮਿਲੀ ਡਾਇਰੀ ਤੋਂ ਇਸ ਦੇ ਸਮੇਂ ਵਿਚ ਇੰਗਲੈਂਡ ਦੇ ਦਿਹਾਤੀ ਜੀਵਨ ਦਾ ਸਪਸ਼ਟ ਵਿਖਿਆਨ ਮਿਲਦਾ ਹੈ ਅਤੇ ਇਸ ਦੇ ਆਪਣੇ ਨਿਮਰ ਅਤੇ ਦਿਲ-ਖਿੱਚਵੇਂ ਚਰਿੱਤਰ ਦਾ ਪਤਾ ਲਗਦਾ ਹੈ। ਇਸ ਦਾ ਜਨਮ 3 ਦਸੰਬਰ, 1840 ਨੂੰ ਹਾਰਡੈਨਹੁਇਸ਼ ਵਿਖੇ ਹੋਇਆ। ਇਸ ਨੇ ਸਿਖਿਆ ਆਪਣੇ ਪਾਦਰੀ ਪਿਤਾ ਅਤੇ ਆਕਸਫੋਰਡ ਦੇ ਵਾਧਮ ਕਾਲਜ ਤੋਂ ਪ੍ਰਾਪਤ ਕੀਤੀ। ਸੰਨ 1865 ਤੋਂ 1872 ਤਕ ਇਹ ਕਲਾਈਰੋ ਵਿਖੇ ਛੋਟਾ ਪਾਦਰੀ ਰਿਹਾ। ਸੰਨ 1879 ਵਿਚ ਇਹ ਬ੍ਰੇਡਵਾਰਡਾਈਨ ਪਿੰਡ ਦਾ ਪਾਦਰੀ ਬਣਿਆ ਅਤੇ ਇਸ ਨੇ ਵਿਆਹ ਕਰਵਾਇਆ। ਪਰੰਤੂ ਉਸ ਤੋਂ ਪੰਜ ਹਫਤੇ ਮਗਰੋਂ ਹੀ 23 ਸਤੰਬਰ ਨੂੰ ਇਸ ਦੀ ਮੌਤ ਹੋ ਗਈ। ਇਸ ਦੀ ਮੌਤ ਤੋਂ 60 ਵਰ੍ਹੇ ਪਿਛੋਂ ਮਿਲੀ ਇਸ ਦੀ ਡਾਇਰੀ ਅੰਗ੍ਰੇਜ਼ੀ ਭਾਸ਼ਾ ਦੀਆਂ ਪ੍ਰਸਿੱਧ ਡਾਇਰੀਆਂ ਵਿਚੋਂ ਇਕ ਹੈ। ਸੰਨ 1948 ਵਿਚ ਬਣੀ ਕੇਲਵਰਟ ਸੁਸਾਇਟੀ ਇਸ ਵਿਚ ਵਿਸ਼ੇਸ਼ ਦਿਲਚਸਪੀ ਲੈਂਦੀ ਹੈ ਅਤੇ ਤਿੰਨ੍ਹਾਂ ਚਰਚਾਂ ਵਿਚੋਂ, ਜਿਨ੍ਹਾਂ ਨਾਲ ਇਹ ਸਬੰਧਿਤ ਸੀ, ਕਿਸੇ ਇਕ ਚਰਚ ਵਿਚ ਇਸ ਦੀ ਸਾਲਾਨਾ ਯਾਦ ਮਨਾਉਂਦੀ ਹੈ।

ਹ. ਪੁ.—ਐਨ. ਬ੍ਰਿ. 13 : 350

**ਕਿਲਾ** : ਕਿਲਾ ਉਹ ਇਮਾਰਤ ਹੁੰਦੀ ਹੈ ਜਿਸ ਦੇ ਦੌਂਹੀ ਪਾਸੇ ਉੱਚੀ ਕੰਧ ਬਣੀ ਹੋਵੇ, ਥਾਂ ਥਾਂ ਮੋਰਚਿਆਂ ਲਈ ਬੁਰਜ ਬਣੇ ਹੋਣ ਅਤੇ ਜਿਸ ਅੰਦਰ ਫ਼ੌਜ ਰਹਿੰਦੀ ਹੋਵੇ।

ਕਿਲੇ ਦਾ ਨਿਰਮਾਣ ਨਗਰ ਅਤੇ ਪਿੰਡਾਂ ਦੇ ਵਸਣ ਨਾਲ ਹੀ ਸ਼ੁਰੂ ਹੋਇਆ। ਵੈਦਿਕ ਕਾਲ ਵਿਚ ਭਾਰਤ ਵਿਚ ਪੁਰ ਜਾਂ ਦੁਰਗ ਸ਼ਬਦ ਕਿਲੇ ਵਰਗੀਆਂ ਬਸਤੀਆਂ ਦਾ ਪ੍ਰਤੀਕ ਸੀ। ਮਹਾਂਭਾਰਤ ਅਤੇ ਰਾਮਾਇਣ ਤੋਂ ਪਤਾ ਲਗਦਾ ਹੈ ਕਿ ਇੰਦਰਪ੍ਰਸਤ, ਮਥੁਰਾ, ਲੰਕਾ, ਅਯੁੱਧਿਆ, ਦਵਾਰਿਕਾ ਆਦਿ ਬਸਤੀਆਂ ਕਿਲੇ ਦੀ ਤਰ੍ਹਾਂ ਬਣੀਆ ਹੋਈਆਂ ਸਨ। ਭੋਜ ਦੇ ਯੁਕਤੀ ਕਲਪਤਰੂ ਅਨੁਸਾਰ ਕਿਲੇ, ਜਾਂ ਦੁਰਗ ਦੋ ਭਾਗਾਂ ਵਿਚ ਵੰਡੇ ਜਾਂਦੇ ਹਨ (1) ਕੁਦਰਤੀ ਕਿਲੇ ਜਿਹੜੇ ਪਾਣੀ, ਪਹਾੜਾਂ, ਜੰਗਲ ਆਦਿ ਨਾਲ ਸੁਰੱਖਿਅਤ ਹੁੰਦੇ ਹਨ (ii) ਇੱਟਾਂ, ਪਥਰਾਂ ਆਦਿ ਤੋਂ ਉਸਾਰੇ ਹੋਏ ਕਿਲੇ। ਯੂਨਾਨ ਦੇ ਪ੍ਰਚੀਨ ਇਤਿਹਾਸ ਤੋਂ ਬਹੁਤ ਹੀ ਮਜ਼ਬੂਤ ਕਿਲਿਆਂ ਦੇ ਨਿਰਮਾਣ ਦਾ ਪਤਾ ਲਗਦਾ ਹੈ। ਭੂ-ਮੱਧ ਸਾਗਰ ਦੇ ਪੂਰਬੀ ਤੱਟ ਤੇ ਸਥਿਤ ਤੀਰ ਉੱਤੇ ਕਬਜ਼ਾ ਕਰਨ ਲਈ ਸਿਕੰਦਰ ਨੂੰ ਲਗਭਗ 7 ਮਹੀਨੇ ਤੱਕ ਕਿਲੇ ਨੂੰ ਘੇਰ ਕੇ ਯੁੱਧ ਕਰਨਾ ਪਿਆ ਸੀ। ਯੂਨਾਨ ਅਤੇ ਰੋਮ ਦੇ ਕਿਲੇ ਆਧੁਨਿਕ ਇੰਜੀਨੀਅਰਾਂ ਨੂੰ ਵੀ ਹੈਰਾਨ ਕਰ ਦਿੰਦੇ ਹਨ।

ਭਾਰਤ ਵਿਚ ਬਿਲਡਿੰਗ ਬਣਾਉਣ ਲਈ ਲੋੜੀਂਦੀ ਸਮਗਰੀ ਦਾ ਆਸਾਨੀ ਨਾਲ ਉਪਲੱਬਧ ਹੋਣ ਕਾਰਨ ਕਿਲਿਆਂ ਦੇ ਨਿਰਮਾਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗ ਪਿਆ।

ਰੋਮ ਸਾਮਰਾਜ ਦੇ ਪਤਨ ਤੋਂ ਬਾਅਦ ਪੱਛਮੀ ਯੂਰਪ ਨੂੰ ਆਪਣੀ ਸੁਰੱਖਿਆ ਸਬੰਧੀ ਨਵੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪ੍ਰਚੀਨ ਕਾਲ ਦੇ ਕਿਲੇ ਆਮ ਕਰਕੇ ਨਗਰ ਜਾਂ ਸ਼ਹਿਰ ਦੇ ਬਚਾਉ ਲਈ ਬਣਾਏ ਜਾਂਦੇ ਸਨ, ਪਰ ਮੱਧ-ਕਾਲ ਵਿਚ ਇਹ ਟਾਪੂਆਂ, ਪਹਾੜੀਆਂ, ਦਲਦਲ ਵਿਚਕਾਰ ਸੁੱਕੀ ਥਾਂ ਜਾਂ ਹੋਰ ਅਜਿਹੇ ਸਥਾਨਾਂ ਉੱਤੇ ਬਣਾਏ ਜਾਂਦੇ ਸਨ; ਜਿਥੇ ਪਹੁੰਚਣਾ ਕਾਫ਼ੀ ਕਠਿਨ ਹੁੰਦਾ ਸੀ। ਪੂਰਬੀ ਦੇਸ਼ਾਂ ਵਿਚ ਹੋਏ ਧਰਮ ਯੁੱਧਾਂ ਨੇ ਵੀ ਕਿਲਿਆਂ ਦੇ ਨਿਰਮਾਣ ਉੱਤੇ ਬਹੁਤ ਅਸਰ ਪਾਇਆ। ਬਾਰੂਦ ਦੀ ਕਾਢ ਅਤੇ ਵਰਤੋਂ ਨੇ ਕਿਲਿਆਂ ਦੇ ਨਿਰਮਾਣ ਢੰਗ ਵਿਚ ਕਾਫ਼ੀ ਤਬਦੀਲੀ ਲੈ ਆਂਦੀ।

ਯੂਰਪ ਦੀ ਰਜਵਾੜਾਸ਼ਾਹੀ ਵਿਚ ਕਿਲਿਆਂ ਦਾ ਵਿਸ਼ੇਸ਼ ਸਥਾਨ ਹੈ। ਐਂਗਲੋ-ਸੈਕਸਨ ਕਾਲ ਦੇ ਕਿਲਿਆਂ ਦੀ ਵਸਤੂਕਲਾ ਦੀ ਕੋਈ ਖ਼ਾਸ ਵਿਸ਼ੇਸ਼ਤਾ ਨਹੀਂ ਸੀ। ਗਿਆਰ੍ਹਵੀਂ ਸਦੀ ਵਿਚ ਨਿਰਮਾਣ ਯੁਗ ਦੇ ਕਿਲਿਆਂ ਦੀ ਨਿਰਮਾਣ ਕਲਾ ਵਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗਾ। ਸ਼ਾਰਪਸ਼ਿਰ ਦੇ ਸਟੋਕਸੇ ਕੈਸਿਲ ਅਤੇ ਵਾਰਵਿਕਸ਼ਿਰ ਦੇ ਕੇਨਿਲਵਾਥ ਉਸ ਸਮੇਂ ਦੀ ਨਿਰਮਾਣ ਕਲਾ ਦੇ ਉੱਚਤਮ ਨਮੂਨੇ ਹਨ। ਇਨ੍ਹਾਂ ਕਿਲਿਆਂ ਦੀ ਵਿਸ਼ੇਸ਼ਤਾ ਇਨ੍ਹਾਂ ਦੀਆਂ ਖਾਈਆਂ ਅਤੇ ਕਈ ਹਿੱਸਿਆਂ ਵਿਚ ਵੱਡੇ ਭਵਨ ਹਨ।

ਫੌਜੀ ਸੁਰੱਖਿਆ ਦੇ ਪੱਖੋਂ ਭਾਰਤ ਦੇ ਇਤਿਹਾਸ ਵਿਚ ਮੱਧ-ਕਾਲ ਦੇ ਕਿਲਿਆਂ ਦਾ ਵਿਸ਼ੇਸ਼ ਸਥਾਨ ਹੈ, ਜਿਹੜਾ ਕਿ ਯੂਰਪ ਅਤੇ ਚੀਨ ਨਾਲੋਂ ਵੱਖਰੀ ਹੀ ਕਿਸਮ ਦਾ ਹੈ। ਇਨ੍ਹਾਂ ਕਿਲਿਆਂ ਦੀਆਂ ਕੰਧਾਂ ਕਾਫ਼ੀ ਚੌੜੀਆਂ ਅਤੇ ਉਚੀਆਂ ਬਣਾਈਆਂ ਜਾਂਦੀਆਂ ਸਨ, ਜਿਨ੍ਹਾਂ ਵਿਚਕਾਰ ਉੱਚੇ ਉੱਚੇ ਬੁਰਜ ਅਤੇ ਵੱਡੇ ਵੱਡੇ ਫਾਟਕ ਰੱਖੇ ਜਾਂਦੇ ਸਨ। ਭਾਰਤ ਦੇ ਮੱਧ-ਕਾਲ ਵਿਚ ਛੋਟੀਆਂ ਛੋਟੀਆਂ ਪਹਾੜੀਆਂ ਉੱਤੇ ਅਨੇਕਾਂ ਕਿਲੇ ਬਣਾਏ ਗਏ। ਰਾਜਸਥਾਨ ਅਤੇ ਦੱਖਣੀ ਭਾਰਤ ਦੇ ਅਜਿਹੇ ਲਗਭਗ ਸਾਰੇ ਕਿਲੇ ਹੀ ਪਹਾੜੀਆਂ ਉੱਤੇ ਉਸਾਰੇ ਹੋਏ ਹਨ। ਕੁਝ ਕੁ ਕਿਲਿਆਂ ਦਾ ਫੈਲਾਉ ਤਾਂ ਕਈ ਕਿ. ਮੀ. ਤਕ ਹੈ। ਪਹਾੜੀਆਂ ਉੱਤੇ ਬਣੀ ਕਿਲਿਆਂ ਦੀਆਂ ਦੀਵਾਰਾਂ ਦੂਹਰੀਆਂ, ਤੀਹਰੀਆਂ ਜਾਂ ਚੌਹਰੀਆਂ ਹਨ। ਸਭ ਤੋਂ ਉੱਚੀ ਚਾਰਦੀਵਾਰੀ ਦੇ ਅੰਦਰ ਮੁਖ ਕਿਲਾ ਬਣਿਆ ਹੁੰਦਾ ਹੈ ਭਾਵੇਂ ਚਾਰਦੀਵਾਰੀ ਦੇ ਅੰਦਰ ਹੀ ਸਮੁੱਚਾ ਨਗਰ ਵਸਦਾ ਸੀ। ਮੁੱਖ ਕਿਲੇ ਦੇ ਇਕ ਪਾਸੇ ਉੱਚੀ ਪਹਾੜੀ ਜਾਂ ਨਦੀ ਦਾ ਕਿਨਾਰਾ ਹੁੰਦਾ ਸੀ।

ਕਿਲੇ ਦੇ ਨਿਰਮਾਣ ਸਮੇਂ ਉਹਨਾਂ ਸਾਰਿਆਂ ਰਸਤਿਆਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਂਦਾ ਸੀ ਜਿਨ੍ਹਾਂ ਰਾਹੀਂ ਦੁਸ਼ਮਨ ਹਮਲਾ ਕਰ ਸਕਦਾ ਸੀ। ਜੇਕਰ ਪਹਾੜੀ ਉੱਪਰ ਬਣੇ ਕਿਲੇ ਦੇ ਰਸਤੇ ਉਪਰ ਦੁਸ਼ਮਨ ਦੇ ਆਸਾਨੀ ਨਾਲ ਚੜ੍ਹਨ ਦੀ ਸੰਭਾਵਨਾ ਹੁੰਦੀ ਸੀ ਤਾਂ ਉਸ ਪਹਾੜੀ ਨੂੰ ਕੱਟ ਕੇ ਇੰਨੀ ਢਲਾਨ ਬਣਾ ਦਿੱਤੀ ਜਾਂਦੀ ਸੀ ਕਿ ਚੜ੍ਹਨਾ ਮੁਸ਼ਕਲ ਹੋ ਜਾਵੇ। ਇਨ੍ਹਾਂ ਢਲਾਨ ਵਾਲੇ ਰਸਤਿਆਂ ਉੱਪਰ ਚਾਰ ਤੋਂ ਸੱਤ ਤੱਕ ਵੱਡੇ ਵੱਡੇ ਦਰਵਾਜ਼ੇ ਬਣਾਏ ਹੁੰਦੇ ਸਨ। ਕਿਲਿਆਂ ਦੀ ਬਾਹਰਲੀ ਚਾਰਦੀਵਾਰੀ ਸਮਤਲ ਧਰਤੀ ਉੱਤੇ ਬਣਾਈ ਜਾਂਦੀ ਸੀ, ਜਿਸ ਦੀ ਰੱਖਿਆ ਲਈ ਇਕ ਚੌੜੀ ਅਤੇ ਡੂੰਘੀ ਖਾਈ ਪੁੱਟੀ ਜਾਂਦੀ ਸੀ। ਜੇਕਰ ਕਿਲਾ ਨਦੀ ਦੇ ਕਿਨਾਰੇ ਹੁੰਦਾ ਤਾਂ ਇਕ ਪਾਸੇ ਨਦੀ ਤੇ ਦੂਜੇ ਪਾਸੇ ਖਾਈ ਉਸ ਦੀ ਰੱਖਿਆ ਕਰਦੀ। ਖਾਈ ਨੂੰ ਢੁੱਕਵੇਂ ਪੁਲ ਰਾਹੀਂ ਪਾਰ ਕੀਤਾ ਜਾਂਦਾ ਸੀ ਜਿਵੇਂ ਕਿ ਆਗਰੇ ਦੇ ਕਿਲੇ ਵਿਚ ਪ੍ਰਬੰਧ ਕੀਤਾ ਹੋਇਆ ਹੈ। ਦੌਲਤਾਬਾਦ ਦੇ ਕਿਲੇ ਦੇ ਮੁੱਖ ਦਰਵਾਜ਼ੇ ਦੀ ਰੱਖਿਆ ਡੂੰਘੀਆਂ ਖਾਈਆਂ ਕਰਦੀਆਂ ਸਨ ਜਿਨ੍ਹਾਂ ਵਿਚ ਹਮੇਸ਼ਾ ਪਾਣੀ ਭਰਿਆ ਰਹਿੰਦਾ ਸੀ। ਕੁਝ ਕਿਲਿਆਂ ਦੀਆਂ ਕੰਧਾਂ ਦੀ ਮੋਟਾਈ 9.4 ਕਿ. ਮੀ. ਤੋਂ 11 ਮੀ. ਤਕ (31 ਤੋਂ 35 ਫੁੱਟ) ਹੁੰਦੀ ਸੀ, ਖ਼ਾਸ ਕਰਕੇ ਜਿਹੜੀਆਂ ਸਮਤਲ ਥਾਂ ਉੱਤੇ ਬਣੀਆਂ ਹੁੰਦੀਆਂ ਸਨ। ਕੁਝ ਕੁ ਕਿਲਿਆਂ ਵਿਚ, ਗੋਲਕੁੰਡਾ ਜਾਂ ਤੁਗਲਕਾਬਾਦ ਅਤੇ ਆਗਰੇ ਦੇ ਕਿਲਿਆਂ ਦੀ ਤਰ੍ਹਾਂ ਦੂਹਰੀਆਂ ਕੰਧਾਂ ਬਣਾਈਆਂ ਜਾਂਦੀਆਂ ਸਨ ਤੇ ਅੰਦਰਲੀ ਕੰਧ ਨੂੰ ਕਾਫ਼ੀ ਉੱਚਾ ਰੱਖਿਆ ਜਾਂਦਾ ਸੀ ਕੰਧਾਂ ਨੂੰ ਚਬੂਤਰਿਆਂ ਤੇ ਬੁਰਜਾਂ ਨਾਲ ਹੋਰ ਵੀ ਉੱਚਾ ਕਰ ਦਿੱਤਾ ਜਾਂਦਾ ਸੀ।

ਕਿਲੇ ਦੀ ਰੱਖਿਆ ਮੋਰਚਿਆਂ ਵਾਲੀਆਂ ਕੰਧਾਂ ਵਿਚਕਾਰ ਕੀਤੀ ਜਾਂਦੀ ਸੀ। ਇਨ੍ਹਾਂ ਵਿਚ ਅਕਸਰ 8 ਸੈ. ਮੀ. ਚੌੜੇ ਅਤੇ ਲਗਭਗ ਇਕ ਮੀਟਰ ਉੱਚੇ ਸਮਾਂਤਰੇ ਝਰੋਖੇ ਰੱਖੇ ਹੁੰਦੇ ਸਨ। ਚਿਤੌੜ ਦੇ ਕਿਲੇ ਵਿਚ ਇਹ ਝਰੋਖੇ ਇਸੇ ਆਕਾਰ ਦੇ ਹਨ, ਪਰੰਤੂ ਤੁਗਲਕਾਬਾਦ ਦੇ ਕਿਲੇ ਵਿਚ ਇਹ 15 ਸੈ. ਮੀ. ਚੌੜੇ ਅਤੇ ਲਗਭਗ 2 ਮੀਟਰ ਉੱਚੇ ਹਨ। ਦਿੱਲੀ ਦੇ ਪੁਰਾਣੇ ਕਿਲੇ ਵਿਚ ਝਰੋਖਿਆਂ ਦੀਆਂ ਤਿੰਨ ਪੰਗਤੀਆਂ ਹਨ ਜਦੋਂ ਕਿ ਤੁਗਲਕਾਬਾਦ ਦੇ ਕਿਲੇ ਵਿਚ ਚਾਰ। ਅਜਿਹਾ ਕੇਵਲ ਬੀਜਾਪੁਰ, ਫਤਿਹਪੁਰ ਸੀਕਰੀ ਅਤੇ ਆਗਰੇ ਦੇ ਕੁਝ ਕਿਲਿਆਂ ਵਿਚ ਝਰੋਖਿਆਂ ਦੇ ਬਾਹਰਲੇ ਹਿੱਸੇ ਵਿਚ ਗੋਲੀ ਚਲਾਉਣ ਲਈ ਸਿਪਾਹੀਆਂ ਦੀ ਰੱਖਿਆ ਲਈ ਪੱਥਰਾਂ ਦੀਆਂ ਛਤਰੀਆਂ ਬਣਾਈਆਂ ਹੋਈਆਂ ਹਨ।

ਮਜ਼ਬੂਤੀ ਦੇ ਲਿਹਾਜ਼ ਨਾਲ ਫਾਟਕ ਵੀ ਅਨੇਕਾਂ ਤਰ੍ਹਾਂ ਦੇ ਬਣਾਏ ਜਾਂਦੇ ਸਨ। ਕਈ ਕਿਲਿਆਂ ਵਿਚ ਤਿੰਨ ਤਿੰਨ ਜਾਂ ਇਸ ਤੋਂ ਵੀ ਵਧ ਫਾਟਕ ਲਗਾਏ ਗਏ ਹਨ। ਦੌਲਤਾਬਾਦ ਦੇ ਕਿਲੇ ਵਿਚ ਤਿੰਨ ਦਰਵਾਜ਼ਿਆਂ ਵਿਚੋਂ ਬਾਹਰਲੇ ਦਰਵਾਜ਼ੇ ਵਿਚ ਦੋ ਫਾਟਕ ਹਨ, ਇਕ ਅੰਦਰ ਜਾਣ ਲਈ ਅਤੇ ਦੂਜਾ ਅੰਦਰਲੇ ਵਿਹੜੇ ਵਿਚ ਖੁੱਲ੍ਹਦਾ ਹੈ। ਇਨ੍ਹਾਂ ਦੇ ਵਿਚਲੇ ਭਾਗ ਨੂੰ ਡਿਉੜ੍ਹੀ ਕਿਹਾ ਜਾਂਦਾ ਹੈ।

ਕਿਲੇ ਦੇ ਦਰਵਾਜ਼ੇ ਭਾਰੀ ਤੇ ਮਜ਼ਬੂਤ ਲੱਕੜੀ ਤੋਂ ਤਿਆਰ ਕੀਤੇ ਜਾਂਦੇ ਸਨ, ਜੋ ਕਿ ਲਗਭਗ 15 ਸੈਂ. ਮੀ. ਤਕ ਮੋਟੀ ਹੁੰਦੀ ਸੀ। ਇਸ ਦੇ ਪਿਛਲੇ ਪਾਸੇ ਲੱਕੜੀ ਦੀਆਂ ਤੱਕਾਂ ਲਗਾ ਕੇ ਇਸ ਨੂੰ ਹੋਰ ਵੀ ਮਜ਼ਬੂਤ ਬਣਾਇਆ ਜਾਂਦਾ ਸੀ। ਬਾਹਰਲੇ ਪਾਸੇ ਲੋਹੇ ਦੀਆਂ ਤਿੱਖੀ ਨੋਕ ਵਾਲੀਆਂ ਮੇਖਾਂ ਆਦਿ ਲਗਾਈਆਂ ਜਾਂਦੀਆਂ ਸਨ ਜਿਹੜੀਆਂ ਕਿ 7 ਸੈਂ. ਮੀ. ਤੋਂ 35 ਸੈਂ ਮੀ. ਤੱਕ ਲੰਬੀਆਂ ਹੁੰਦੀਆਂ ਸਨ। ਇਹ ਮੇਖਾਂ ਹਾਥੀ ਆਦਿ ਦੇ ਗੇਟ ਨਾਲ ਟਕਰਾਉਣ ਤੇ ਦਰਵਾਜ਼ੇ ਨੂੰ ਟੁੱਟਣ ਤੋਂ ਰੋਕਦੀਆਂ ਸਨ। ਦਰਵਾਜ਼ੇ ਦੀ ਇਕ ਨੁੱਕਰ ਵਿਚ ਇਕ ਮੀਟਰ ਚੌੜੀ ਅਤੇ ਲਗਭਗ ਇੰਨੀ ਹੀ ਉੱਚੀ ਖਿੜਕੀ ਰੱਖੀ ਜਾਂਦੀ ਸੀ। ਇਸ ਖਿੜਕੀ ਵਿਚ ਵੀ ਨੋਕੀਲੀਆਂ ਮੇਖਾਂ ਲਗਾਈਆਂ ਜਾਂਦੀਆਂ ਸਨ। ਦਰਵਾਜ਼ਾ ਬੰਦ ਕਰਨ ਤੋਂ ਬਾਦ ਇਸ ਦੇ ਪਿੱਛੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਇਕ ਮੂਸਲੀ ਕੱਸ ਦਿੱਤੀ ਜਾਂਦੀ ਸੀ ਤਾਂ ਜੋ ਦਰਵਾਜ਼ਾ ਬਿਲਕੁਲ ਹੀ ਨਾ ਹਿਲ ਸਕੇ। ਬੀਜਾਪੁਰ ਕਿਲੇ ਦੇ ਸ਼ਾਹਪੁਰ ਦਰਵਾਜ਼ੇ ਅਤੇ ਅਹਿਮਦਨਗਰ ਦੇ ਕਿਲੇ ਦੇ ਦਰਵਾਜ਼ਿਆਂ ਵਿਚ ਅਜਿਹੀਆਂ ਮੂਸਲੀਆਂ ਲਗੀਆਂ ਹੋਈਆਂ ਹਨ। ਕਿਲੇ ਉੱਤੇ ਹਮਲੇ ਸਮੇਂ ਦਰਵਾਜ਼ੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਭਾਰੀ ਤੇ ਵੱਡੀ ਜੰਜ਼ੀਰ ਕੱਸ ਦਿੱਤੀ ਜਾਂਦੀ ਸੀ। ਕਿਲਿਆਂ ਦੇ ਅੰਦਰ ਪਾਣੀ ਅਤੇ ਰਾਸ਼ਨ ਦਾ ਪੂਰਾ ਪੂਰਾ ਪ੍ਰਬੰਧ ਹੁੰਦਾ ਸੀ। ਪੱਕੀਆਂ ਚਟਾਨਾਂ ਨੂੰ ਕੱਟ ਕੇ ਕਿਲੇ ਦੇ ਅੰਦਰ ਪਾਣੀ ਦੇ ਤਲਾਅ ਬਣਾਏ ਜਾਂਦੇ ਸਨ ਤਾਂ ਜੋ ਯੁੱਧ ਦੇ ਸਮੇਂ ਪਾਣੀ ਦੀ ਕਮੀ ਨਾ ਹੋ ਜਾਵੇ। ਜੀਵਨ ਦੀਆਂ ਹੋਰ ਸਾਰੀਆਂ ਸਹੂਲਤਾਂ ਕਿਲੇ ਦੇ ਅੰਦਰ ਪੂਰੀਆਂ ਕੀਤੀਆਂ ਜਾਂਦੀਆਂ ਸਨ। ਇਹ ਕਿਲੇ ਆਪਣੇ ਆਪ ਵਿਚ ਇਕ ਛੋਟੇ ਜਿਹੇ ਸੁੰਦਰ ਨਗਰ ਦਾ ਪ੍ਰਤੀਕ ਹੁੰਦੇ ਸਨ।

ਆਧੁਨਿਕ ਯੁੱਗ ਵਿਚ ਜੰਗ ਦੇ ਢੰਗਾਂ ਵਿਚ ਪਰਿਵਰਤਨ ਹੋ ਜਾਣ ਨਾਲ ਭਾਵੇਂ ਕਿਲਿਆਂ ਦੀ ਮਹੱਤਤਾ ਖ਼ਤਮ ਹੋ ਗਈ ਪਰ ਫਿਰ ਵੀ ਕਿਲੇ ਪੁਰਾਤਨ ਜੰਗੀ ਤਿਆਰੀਆਂ ਤੇ ਸੁਰੱਖਿਆ ਦੇ ਪ੍ਰਬੰਧਾਂ ਦੀ ਮੂੰਹ ਬੋਲਦੀ ਤਸਵੀਰ ਹਨ ਜਿਨ੍ਹਾਂ ਨੂੰ ਜਿਉਂ ਦੀ ਤਿਉਂ ਰੱਖ ਕੇ ਸੁਰੱਖਿਆ-ਵਿਗਿਆਨ ਦੇ ਅਧਿਐਨ ਵਿਚ ਅਹਿਮ ਹਿੱਸਾ ਪਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇਹ ਪੁਰਾਤਤੱਵੀ ਖੋਜ ਲਈ ਵੀ ਲਾਹੇਵੰਦ ਸਿੱਧ ਹੋ ਸਕਦੇ ਹਨ।

ਹ. ਪੁ.—ਹਿੰ. ਵਿ. ਕੋ. 3 : 25

**ਕਿਲੀਓਪੈਟਰਾ** (ਕਲਿਓਪੈਟਰਾ): ਇਹ ਮਿਸਰ ਦੀਆਂ ਯੂਨਾਨੀ ਰਾਣੀਆਂ ਸਨ। ਇਨ੍ਹਾਂ ਵਿਚ ਸਭ ਤੋਂ ਪ੍ਰਸਿੱਧ ਤੋਲੇਮੀ 11ਵੀਂ ਦੀ ਧੀ ਓਲਤਿਜ਼ ਸੀ, ਜਿਸ ਦਾ ਜਨਮ ਲਗਭਗ 69 ਈਸਵੀ ਪੂਰਵ ਵਿਚ ਹੋਇਆ। ਇਸ ਤੋਂ ਪਹਿਲਾਂ ਇਸ ਖ਼ਾਨਦਾਨ ਵਿਚ ਇਸੇ ਨਾਂ ਦੀਆਂ ਛੇ ਰਾਣੀਆਂ ਹੋ ਚੁੱਕੀਆਂ ਸਨ। ਇਸ ਵੰਸ਼ ਦੀ ਸਥਾਪਨਾ ਸਿਕੰਦਰ ਮਹਾਨ ਦੇ ਇਕ ਸੈਨਾਪਤੀ ਤੋਮੇਲੀ ਨੇ ਕੀਤੀ ਸੀ। ਕਿਲੀਓਪੈਟਰਾ ਦੇ ਸਮੇਂ ਤੋਂ ਪਹਿਲਾ ਹੀ ਤੋਲੇਮੀ ਵੰਸ਼ ਦੇ ਸਾਮਰਾਜ ਦਾ ਪਤਨ ਆਰੰਭ ਹੋ ਚੁੱਕਿਆ ਸੀ ਅਤੇ ਰੋਮ ਨੇ ਮਿਸਰ ਉੱਤੇ ਅੱਖ ਰੱਖੀ ਹੋਈ ਸੀ। ਗੱਦੀ ਤੇ ਬੈਠਣ ਤੋਂ ਤੁਰੰਤ ਬਾਅਦ ਤੋਮੇਲੀ ਨੂੰ ਰੋਮ ਦੀ ਅਧੀਨਗੀ ਮੰਨ ਲੈਣੀ ਪਈ। ਕਿਲੀਓਪੈਟਰਾ ਅਜੇ 17 ਸਾਲ ਦੀ ਹੀ ਸੀ ਕਿ ਜਦੋਂ ਇਸ ਦੇ ਪਿਤਾ ਦੀ ਮੌਤ ਹੋ ਗਈ। ਪਿਤਾ ਦੀ ਵਸੀਅਤ ਦੇ ਅਨੁਸਾਰ ਇਸ ਨੂੰ ਅਤੇ ਇਸ ਦੇ ਛੋਟੇ ਭਰਾ ਤੋਲੇਮੀ ਦਿਯੋਨਿਸਸ ਨੂੰ ਰਾਜ ਪ੍ਰਾਪਤ ਹੋਇਆ। ਆਪਣੇ ਛੋਟੇ ਭਰਾ ਨਾਲ ਰਾਜ ਅਧਿਕਾਰਾਂ ਸੰਬੰਧੀ ਜਦੋ-ਜਹਿਦ ਦੇ ਫਲਸਰੂਪ ਇਸ ਨੂੰ ਰਾਜ ਭਾਗ ਤੋਂ ਹੱਥ ਧੋ ਕੇ ਸੀਰੀਆ ਨੱਸ ਜਾਣਾ ਪਿਆ। ਪ੍ਰੰਤੂ ਇਸ ਨੇ ਹੌਂਸਲਾ ਨਹੀਂ ਛੱਡਿਆ। ਲਗਭਗ ਉਸੇ ਸਮੇਂ ਜੂਲੀਅਸ ਸੀਜ਼ਰ ਨੇ ਪੌਂਪੇ ਨੂੰ ਹਰਾ ਕੇ ਮਿਸਰ ਵਲ ਨਠਾ ਦਿੱਤਾ। ਮਿਸਰ ਵਿਚ ਜੂਲੀਅਸ ਸੀਜ਼ਰ ਦਾ ਸੰਪਰਕ ਕਿਲੀਓਪੈਟਰਾ ਨਾਲ ਹੋਇਆ। ਉਹ ਇਸ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੋਂ ਟੁੰਬਿਆ ਗਿਆ ਅਤੇ ਤੋਮੇਲੀ ਨੂੰ ਹਰਾ ਕੇ ਕਿਲੀਓਪੈਟਰਾ ਨੂੰ ਮਿਸਰ ਦੀ ਰਾਜ ਗੱਦੀ ਉੱਤੇ ਬਿਠਾ ਦਿੱਤਾ। ਮਿਸਰ ਦੀ ਪ੍ਰਾਚੀਨ ਰੀਤ ਅਨੁਸਾਰ ਇਹ ਆਪਣੇ ਇਕ ਹੋਰ ਛੋਟੇ ਭਰਾ ਨਾਲ ਵਿਆਹ ਕਰਕੇ ਉਸ ਨਾਲ ਮਿਲ ਕੇ ਰਾਜ ਕਰਨ ਲੱਗੀ। ਪ੍ਰੰਤੂ ਜਲਦੀ ਹੀ ਇਸ ਨੇ ਆਪਣੇ ਛੋਟੇ ਭਰਾ ਨੂੰ ਜ਼ਹਿਰ ਦੇ ਦਿੱਤਾ ਅਤੇ ਰੋਮ ਜਾ ਕੇ ਸ਼ਰੇਆਮ ਸੀਜ਼ਰ ਦੀ ਰਖੇਲ ਦੇ ਰੂਪ ਵਿਚ ਰਹਿਣ ਲਗ ਪਈ। ਉਸ ਤੋਂ ਇਸ ਦੇ ਸੀਜ਼ਾਰੀਅਨ ਨਾਂ ਦਾ ਇਕ ਪੁੱਤਰ ਵੀ ਹੋਇਆ ਪਰ ਰੋਮ ਵਾਲਿਆਂ ਨੂੰ ਇਹ ਸਬੰਧ ਕਿਸੇ ਵੀ ਤਰ੍ਹਾਂ ਮਨਜ਼ੂਰ ਨਹੀਂ ਸੀ, ਇਸ ਲਈ ਇਹ ਸੀਜ਼ਰ ਦੇ ਕਤਲ (44 ਈ. ਪੂ.) ਤੋਂ ਬਾਅਦ ਮਿਸਰ ਵਾਪਸ ਚਲੀ ਗਈ।

41 ਈ. ਪੂ. ਵਿਚ ਮਾਰਕ ਅੰਤੋਨੀ ਵੀ ਕਿਲੀਓਪੈਟਰਾ ਦੀ ਸੁੰਦਰਤਾ ਦਾ ਸ਼ਿਕਾਰ ਹੋ ਗਿਆ। ਦੋਹਾਂ ਨੇ ਸਰਦੀਆਂ ਇਕੱਠਿਆਂ ਸਿਕੰਦਰੀਆ ਵਿਚ ਬਤੀਤ ਕੀਤੀਆਂ। ਰੋਮਨਾਂ ਨੇ ਇਨ੍ਹਾਂ ਵਿਰੁੱਧ ਪਰਚਾਰ ਸ਼ੁਰੂ ਕਰ ਦਿੱਤਾ। ਓਗੁਸਤਸ ਨੇ ਅੰਤੋਨੀ ਉੱਤੇ 2 ਸਤੰਬਰ, 31 ਈ. ਪੂ. ਨੂੰ ਹਮਲਾ ਕਰਕੇ ਆਕਤੀਯਮ ਦੇ ਯੁੱਧ ਵਿਚ ਇਸ ਨੂੰ ਹਰਾ ਦਿਤਾ।

ਕਲੀਓਪੈਟਰਾ ਆਪਣੇ 60 ਜਹਾਜ਼ਾਂ ਨਾਲ ਮੈਦਾਨੇ ਜੰਗ ਤੋਂ ਮਿਸਰ ਨੱਸ ਗਈ। ਅੰਤੋਨੀ ਨੇ ਇਸ ਭਰਮ ਵਿਚ ਆਤਮ ਹੱਤਿਆ ਕਰ ਲਈ ਕੇ ਕਿਲੀਓਪੈਟਰਾ ਆਤਮ ਹੱਤਿਆ ਕਰ ਚੁੱਕੀ ਹੈ। ਕਿਲੀਓਪੈਟਰਾ ਨੇ 29 ਅਗਸਤ 30 ਈ. ਪੂ. ਨੂੰ ਆਤਮ ਹੱਤਿਆ ਕਰ ਲਈ। ਅੰਤੋਨੀ ਤੋਂ ਇਸ ਦੇ ਤਿੰਨ ਬੱਚੇ ਪੈਦਾ ਹੋਏ।

ਕਿਲੀਓਪੈਟਰਾ ਦਾ ਨਾਂ ਅਜ ਤਕ ਇਸ਼ਕ ਦੀ ਦੁਨੀਆਂ ਵਿਚ ਵਿਸ਼ੇਸ਼ ਪ੍ਰਸਿੱਧਤਾ ਦਾ ਧਾਰਨੀ ਹੈ। ਇਹ ਜਿੰਨੀ ਸੋਹਣੀ ਸੀ ਉਨੀ ਬੁੱਧੀਮਾਨ ਵੀ ਸੀ। ਕਹਿੰਦੇ ਹਨ ਕਿ ਇਹ ਅਨੇਕ ਭਾਸ਼ਾਵਾਂ ਬੋਲ ਸਕਦੀ ਸੀ ਅਤੇ ਇਕੋ ਵਾਰੀ ਹੋਰ ਦੇਸ਼ਾਂ ਦੇ ਕਈ ਰਾਜਦੂਤਾਂ ਨਾਲ ਉਨ੍ਹਾਂ ਦੀਆਂ ਭਿੰਨ ਭਿੰਨ ਬੋਲੀਆਂ ਵਿਚ ਗੱਲ ਕਰ ਲੈਂਦੀ ਸੀ। ਇਸ ਦੀ ਚਤੁਰਾਈ ਸਦਕਾ ਅਨੇਕ ਰੋਮਨ ਜਰਨੈਲ ਇਸ ਦੇ ਅਧੀਨ ਹੋ ਗਏ। ਅੰਤੋਨੀ ਨਾਲ ਇਸ ਨੇ ਵਿਆਹ ਕਰਕੇ ਆਪਣੇ ਸਾਂਝੇ ਸਿੱਕੇ ਵੀ ਚਲਾਏ। ਇਹ ਇੰਨੀ ਅਮੀਰ ਸੀ ਕਿ ਭਾਰਤ ਦੇ ਗਰਮ ਮਸਾਲੇ, ਮਲਮਲ ਅਤੇ ਮੋਤੀਆਂ ਭਰੇ ਜਹਾਜ਼ਾਂ ਨੂੰ ਸਿਕੰਦਰੀਆ ਦੀ ਬੰਦਰਗਾਹ ਵਿਖੇ ਖ਼ਰੀਦ ਲਿਆ ਕਰਦੀ ਸੀ। ਅਨੇਕ ਕਲਾਕਾਰਾਂ ਨੇ ਕਿਲੀਓਪੈਟਰਾ ਨੂੰ ਮਾਡਲ ਬਣਾ ਕੇ ਆਪਣੀ ਦੇਵੀ-ਮੂਰਤੀਆਂ ਦੀ ਸਿਰਜਨਾ ਕੀਤੀ। ਸਾਹਿਤ ਵਿਚ ਇਹ ਇੰਨੀ ਹਰਮਨ ਪਿਆਰੀ ਹੋਈ ਕਿ ਅਨੇਕ ਸਾਹਿਤਕਾਰਾਂ ਨੇ ਇਸ ਨੂੰ ਆਪਣੀਆਂ ਕਿਰਤਾਂ ਦੀ ਨਾਇਕਾ ਬਣਾਇਆ। ਅੰਗਰੇਜ਼ੀ ਸਾਹਿਤ ਵਿਚ ਭਿੰਨ ਭਿੰਨ ਨਾਟਕਕਾਰਾਂ ਸ਼ੈਕਸਪੀਅਰ, ਡਰਾਈਡਨ ਅਤੇ ਬਰਨਾਰਡਸ਼ਾਅ ਨੇ ਆਪਣੇ ਨਾਟਕਾਂ ਵਿਚ ਇਸ ਦੀ ਸ਼ਖ਼ਸੀਅਤ ਨੂੰ ਸ਼ਿੰਗਾਰਿਆ ਅਤੇ ਸੰਵਾਰਿਆ।

ਹ. ਪੁ.—ਹਿੰ. ਵਿ. ਕੋ. 4 : 270

**ਕੀਓਕਕ :** ਸੰਯੁਕਤ ਰਾਜ ਅਮਰੀਕਾ ਦੇ ਆਇਓਵਾ ਰਾਜ ਦੇ ਦੱਖਣ-ਪੂਰਬ ਵਿਚ ਇਹ ਇਕ ਸ਼ਹਿਰ ਹੈ ਜੋ ਡਿ ਮੌਇਨ ਦਰਿਆ ਦੇ ਮੁਹਾਣੇ ਤੇ ਦਰਿਆ ਮਿਸਿਸਿਪੀ ਤੇ ਵਾਕਿਆ ਹੈ। ਇਹ ਸ਼ਹਿਰ 1836 ਵਿਚ ਵਸਿਆ ਸੀ ਅਤੇ ਇਸ ਦਾ ਨਾਂ ਸੌਕ ਇੰਡੀਅਨਾਂ ਦੇ ਸਰਦਾਰ ਕੀਓਕਕ ਦੇ ਨਾਂ ਪਿੱਛੇ ਰਖਿਆ ਗਿਆ। ਸੰਨ 1847 ਵਿਚ ਇਸ ਨੂੰ ਸ਼ਹਿਰ ਦਾ ਦਰਜਾ ਦਿਤਾ ਗਿਆ। ਇਹ ਡਿ ਮੌਇਨ ਦਰਿਆ ਦੀ ਆਵਾਜਾਈ ਦਾ ਇਕ ਚੰਗਾ ਅੱਡਾ ਹੈ। ਇਥੇ ਥੋਕ ਦਾ ਵਪਾਰ ਹੁੰਦਾ ਹੈ ਅਤੇ ਕਈ ਕਿਸਮ ਦੇ ਉਤਪਾਦਨ ਦੀਆਂ ਸੱਨਅਤਾਂ ਹਨ। ਸੰਨ 1953 ਵਿਚ ਇਥੇ ਕੀਓਕਕ ਕਮਿਊਨਿਟੀ ਕਾਲਜ ਖੋਲ੍ਹਿਆ ਗਿਆ ਸੀ।

ਆਬਾਦੀ—14,631 (1970)

40° 24′ ਉ. ਵਿਥ.; 90° 24′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 765

**ਕੀਓਟੋ :** ਇਹ ਜਾਪਾਨ ਦੇ ਹਾਂਸੂ ਟਾਪੂ ਵਿਚ ਇਸੇ ਹੀ ਨਾਂ ਦੀ ਪ੍ਰੀਫੈਕਚਰ ਦਾ ਸਦਰ-ਮੁਕਾਮ ਹੈ ਜੋ ਓਸਾਕਾ ਤੋਂ 40 ਕਿ. ਮੀ. ਉੱਤਰ-ਪੂਰਬ ਵੱਲ ਯਾਮਾਸ਼ੀਰੋ ਵਿਭੰਜਨ ਬੇਸਿਨ ਵਿਚ ਵਾਕਿਆ ਹੈ ਅਤੇ ਇਸ ਦੇ ਆਲੇ-ਦੁਆਲੇ ਤਿੰਨੇ ਪਾਸੀਂ ਨੀਵੇਂ ਪਰਬਤ ਹਨ। ਕਿਸੇ ਸਮੇਂ ਇਹ ਜਾਪਾਨ ਦੀ ਰਾਜਧਾਨੀ ਸੀ ਅਤੇ 794 ਤੋਂ 1868 ਤਕ ਗਿਆਰਾਂ ਸਦੀਆਂ ਸ਼ਾਹੀ ਖ਼ਾਨਦਾਨਾਂ ਦਾ ਰਿਹਾਇਸ਼ੀ ਸ਼ਹਿਰ ਰਿਹਾ। ਅਜ ਕੱਲ੍ਹ ਇਹ ਸਭਿਆਚਾਰਕ ਤੇ ਸੱਨਅਤੀ ਕੇਂਦਰ ਹੈ।

ਇਸ ਸ਼ਹਿਰ ਦਾ ਇਤਿਹਾਸ 794 ਤੋਂ ਸ਼ੁਰੂ ਹੋ ਜਾਂਦਾ ਹੈ। ਜਦੋਂ ਰਾਜਾ ਕਾਮੂ ਨੇ ਆਪਣੀ ਰਾਜਧਾਨੀ ਨਾਰਾ ਤੇ ਨਾਗਾਓਕਾ ਅਤੇ ਫਿਰ ਕੀਓਟੋ ਤਬਦੀਲ ਕੀਤੀ ਸੀ ਅਤੇ ਇਸ ਦਾ ਨਾਂ ਹੇਅਨ ਕੀਓ ਰੱਖਿਆ ਗਿਆ। ਸੰਨ 794-1105 ਦੌਰਾਨ ਇਸ ਦੇ ਕਈ ਨਾਂ ਰੱਖੇ ਗਏ। ਹੇਅਨ ਕੀਓ ਸ਼ਹਿਰ ਤਾਂ (T,ang) ਖ਼ਾਨਦਾਨ ਦੀ ਰਾਜਧਾਨੀ ਚਆਂਗ ਆਨ ਦੇ ਨਮੂਨੇ ਤੇ ਬਣਾਇਆ ਗਿਆ। ਸੜਕਾਂ ਚੌੜੀਆਂ ਅਤੇ ਸਮਕੋਣੀ ਚੌਰਾਹਿਆਂ ਵਾਲੀਆਂ ਸਨ। ਸ਼ਹਿਰ ਉੱਤਰ ਤੋਂ ਦੱਖਣ ਨੂੰ 6 ਕਿ. ਮੀ. ਅਤੇ ਪੂਰਬ ਤੋਂ ਪੱਛਮ ਨੂੰ 4 ਕਿ. ਮੀ. ਦੀ ਲੰਬਾਈ ਵਿਚ ਫੈਲਿਆ ਹੋਇਆ ਸੀ। ਬਾਦਸ਼ਾਹਾਂ ਦਾ ਮਹਿਲ ਸ਼ਹਿਰ ਦੇ ਉੱਤਰੀ ਸੈਕਸ਼ਨ ਵਿਚ ਸੀ। ਬਾਅਦ ਵਿਚ ਸ਼ਹਿਰ ਦੀ ਵਿਉਂਤ ਵਿਚ ਕਾਫ਼ੀ ਤਬਦੀਲੀ ਆਈ। ਸੰਨ 1951 ਵਿਚ ਟੋਆਇਟੋਮੀ ਹਾਈਡਯੋਸ਼ੀ ਨੇ ਆਪਣਾ ਮਹਿਲ ਪਹਿਲੇ ਮਹਿਲ ਤੋਂ ਡੇਢ ਕਿ. ਮੀ. ਪੂਰਬ ਵੱਲ ਨੂੰ ਬਣਵਾਇਆ। ਸੰਨ 818 ਵਿਚ ਇਸ ਦੀ ਆਬਾਦੀ 500,000 ਸੀ ਜੋ ਆਪਣੇ ਸਮਕਾਲੀ ਸ਼ਹਿਰਾਂ ਦੀ ਆਬਾਦੀ ਨਾਲੋਂ ਕਿਤੇ ਵੱਧ ਸੀ। ਬਾਅਦ ਦੀਆਂ ਸਦੀਆਂ ਵਿਚ ਇਹ ਘਟਦੀ ਵਧਦੀ ਰਹੀ। 13ਵੀਂ ਸਦੀ ਵਿਚ ਜਦੋਂ ਫ਼ੌਜੀ ਰਾਜਧਾਨੀ ਕਾਮਾਕੁਰਾ ਵਿਖੇ ਸੀ ਤਾਂ ਇਸ ਦੀ ਆਬਾਦੀ ਸਿਰਫ 100,000 ਰਹਿ ਗਈ ਸੀ। 19ਵੀਂ ਸਦੀ ਵਿਚ ਇਸ ਦੀ ਆਬਾਦੀ 1,000,000 ਨਾਲੋਂ ਜ਼ਿਆਦਾ ਹੋ ਗਈ। ਸੰਨ 1868 ਵਿਚ ਬਾਦਸ਼ਾਹ ਆਪਣੀ ਰਿਹਾਇਸ਼ ਟੋਕੀਓ ਲੈ ਗਏ। ਇਸ ਦਾ ਨਾਂ ਫਿਰ ਸੈਕੀਓ ਰੱਖਿਆ ਗਿਆ ਜੋ ਜ਼ਿਆਦਾ ਸਮਾਂ ਨਾ ਚੱਲ ਸਕਿਆ। ਸ਼ਹਿਰ ਵਿਚ ਕਈ ਬੋਧੀ ਫਿਰਕਿਆਂ ਦੇ ਸਦਰ-ਮੁਕਾਮ ਹਨ ਅਤੇ ਕਈ ਸ਼ਿੰਟੋ ਦੇ ਪਵਿੱਤਰ ਅਸਥਾਨ ਹਨ। 'ਕੀਓਟੋ ਨੈਸ਼ਨਲ ਅਜਾਇਬ-ਘਰ' ਜਾਪਾਨ ਦੇ ਸੁਪ੍ਰਸਿੱਧ ਅਜਾਇਬ-ਘਰਾਂ ਵਿਚੋਂ ਇਕ ਹੈ।

ਇਹ ਸ਼ਹਿਰ ਰੇਸ਼ਮੀ ਕੱਪੜੇ ਅਤੇ ਕਢਾਈ ਦੇ ਕੰਮ ਲਈ ਬਹੁਤ ਪ੍ਰਸਿੱਧ ਹੈ। ਰੇਸ਼ਮ ਬੁਣਨ ਦਾ ਕੰਮ ਤਾਂ ਪੁਰਾਣੇ ਸਮਿਆਂ ਤੋਂ ਚਲਿਆ ਆ ਰਿਹਾ ਹੈ। ਖਾਣ-ਪੀਣ ਤੇ ਦੁੱਧ ਦੀਆਂ ਵਸਤਾਂ ਬਣਾਉਣ ਦਾ ਕੰਮ ਦੂਜੇ ਨੰਬਰ ਤੇ ਹੈ। ਸ਼ਹਿਰ ਛੋਟੀਆਂ-ਛੋਟੀਆਂ ਫੈਕਟਰੀਆਂ ਤੇ ਵਰਕਸ਼ਾਪਾਂ ਨਾਲ ਭਰਿਆ ਪਿਆ ਹੈ, ਜਿਥੇ ਜਾਪਾਨੀ ਵਸਤਾਂ ਜਿਵੇਂ ਪੱਖੇ, ਗੁੱਡੀਆਂ ਅਤੇ ਚੀਨੀ ਦੇ ਬਰਤਨ ਆਦਿ ਬਣਦੇ ਹਨ।

ਇਥੇ 22 ਨੈਸ਼ਨਲ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਕਾਲਜ ਹਨ ਜਿਨ੍ਹਾਂ ਵਿਚੋਂ ਕੀਓਟੋ ਯੂਨੀਵਰਸਿਟੀ (1897) ਜਾਪਾਨ ਦੇ ਉੱਘੇ ਵਿਦਿਅਕ ਅਦਾਰਿਆਂ ਵਿਚੋਂ ਇਕ ਹੈ। ਇਥੇ ਕਈ ਬੋਧੀ ਯੂਨੀਵਰਸਿਟੀਆਂ ਵੀ ਹਨ।

ਆਬਾਦੀ—1,473,000 (1980)

35°.00′ ਉ. ਵਿਥ.; 135°45′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 527; ਐਨ. ਬ੍ਰਿ. ਮਾ. 10 : 561

**ਕੀ (ਕੁੰਜੀ) ਅਤੇ ਕੀ-ਵੇਜ਼ (ਕੁੰਜੀ ਖਾਂਚੇ) :** ਮਕੈਨੀਕਲ ਇੰਜਨੀਅਰਿੰਗ ਵਿਚ ਕੀ (ਕੁੰਜੀ) ਮਸ਼ੀਨ ਦਾ ਇਕ ਮਹੱਤਵਪੂਰਨ ਹਿੱਸਾ ਹੈ। ਜਿਹੜਾ ਕਿ ਮਸ਼ੀਨ ਦੇ ਹੋਰ ਹਿੱਸਿਆਂ ਨੂੰ ਸ਼ਾਫ਼ਟ ਨਾਲ ਜੋੜਨ ਲਈ ਵਰਤਿਆ ਜਾਂਦਾ ਹੈ ਜਿਵੇਂ ਕਿ ਗੀਅਰ, ਪੁੱਲੀ, ਸੀਵ, ਕਪਲਿੰਗ ਕਲੱਚ ਜਾਂ ਫਲਾਈਵ੍ਹੀਲ ਨੂੰ ਸ਼ਾਫਟ ਨਾਲ ਕੱਸਣਾ ਆਦਿ। ਉਹ ਖਾਂਚੇ, ਜਿਨ੍ਹਾਂ ਵਿਚ 'ਕੀ' ਫਿਟ ਕੀਤੀ ਜਾਂਦੀ ਹੈ, ਨੂੰ "ਕੀ-ਵੇਜ਼" ਕਿਹਾ ਜਾਂਦਾ ਹੈ। ਇਸ ਖਾਂਚੇ ਦਾ ਅੱਧਾ-ਅੱਧਾ ਭਾਗ ਦੋਵੇਂ ਜੋੜੇ ਜਾ ਸਕਣ ਵਾਲੇ ਹਿੱਸਿਆਂ ਵਿਚ ਹੁੰਦਾ ਹੈ, ਜਿਸ ਵਿਚ 'ਕੀ' ਫਸ ਕੇ ਇਨ੍ਹਾਂ ਦੀ ਆਪਸੀ ਗਤੀ ਨੂੰ ਰੋਕਦੀ ਹੈ (ਚਿਤਰ 1) ਅਜਿਹਾ ਕਈ ਵਾਰੀ ਝਿਰੀਆਂ ਬਣਾ ਕੇ ਵੀ ਕੀਤਾ ਜਾਂਦਾ ਹੈ। ਕੀ ਨਾਲ ਜੋੜੇ ਗਏ ਮਸ਼ੀਨ ਦੇ ਇਨ੍ਹਾਂ ਹਿੱਸਿਆਂ ਨੂੰ ਲੋੜ ਵੇਲੇ ਬਿਨਾਂ ਕਿਸੇ ਤੋੜ ਭੰਨ ਤੋਂ ਵਖਰਾ ਕੀਤਾ ਜਾ ਸਕਦਾ ਹੈ।



ਚਿਤਰ 1. ਸ਼ਾਫਟ ਨਾਲ ਹੱਬ ਦਾ ਜੋੜਨਾ

ਆਇਤਾਕਾਰ ਆਡੀ-ਕਾਟ-ਖੇਤਰਫ਼ਲ ਵਾਲੀ ਕੁੰਜੀ ਨੂੰ ਪਧਰੀ ਕੁੰਜੀ ਕਿਹਾ ਜਾਂਦਾ ਹੈ ਅਤੇ ਇਹ ਇਸ ਤਰ੍ਹਾਂ ਫਿਟ ਕੀਤੀ ਜਾਂਦੀ ਹੈ ਕਿ ਇਸ ਦਾ ਘੱਟ ਚੌੜਾਈ ਵਾਲਾ ਪਾਸਾ ਲੰਬ ਦਿਸ਼ਾ ਵਿਚ ਹੋਵੇ। ਵਰਗਾਕਾਰ ਕੁੰਜੀ ਦਾ ਆਡੀ-ਕਾਟ-ਖੇਤਰਫਲ ਵਰਗਾਕਾਰ ਹੁੰਦਾ ਹੈ । ਗੋਲਾਕਾਰ ਆਡੀ-ਕਾਟ-ਖੇਤਰਫਲ ਵਾਲੀ ਕੁੰਜੀ ਨੂੰ ਪਿਨ ਕੁੰਜੀ ਕਿਹਾ ਜਾਂਦਾ ਹੈ ਅਤੇ ਇਹ ਆਮ ਕਰਕੇ ਸ਼ਾਫ਼ਟ ਦੀ ਦਿਸ਼ਾ ਵਿਚ ਜਾਂ ਫਿਰ ਸ਼ਾਫ਼ਟ ਵਿਚੋਂ ਦੀ ਲੰਘਾਈ ਜਾਂਦੀ ਹੈ, (ਚਿਤਰ 2) ।




ਚਿਤਰ 2. ਪਿਨ-ਕੁੰਜੀ ਜੋੜਨਾ ; (ੳ) ਸ਼ਾਫ਼ਟ ਦੀ ਦਿਸ਼ਾ ਵਿਚ; (ਅ) ਸ਼ਾਫ਼ਟ ਵਿਚੋਂ ਦੀ।

ਸਰਲਤਾ ਲਈ ਕੁੰਜੀਆਂ ਸਟੈਂਡਰਡ ਸਾਈਜ਼ ਦੀਆਂ ਬਣਾਈਆਂ ਜਾਂਦੀਆਂ ਹਨ। ਜਦੋਂ ਕੁੰਜੀ ਫਿਟ ਕੀਤੀ ਜਾਂਦੀ ਹੈ ਤਾਂ ਇਸ ਦਾ ਅੱਧਾ ਭਾਗ ਹੱਬ ਵਿਚ ਅਤੇ ਅੱਧਾ ਸ਼ਾਫ਼ਟ ਵਿਚ ਲੰਬ ਦਿਸ਼ਾ ਵਿਚ ਹੁੰਦਾ ਹੈ, (ਚਿਤਰ 1) । ਸ਼ਾਫ਼ਟ ਦੇ ਵਿਚ ਕੁੰਜੀ-ਖਾਂਚੇ ਕੱਟਣ ਨਾਲ ਸ਼ਾਫ਼ਟ ਕੰਮਜ਼ੋਰ ਹੋ ਜਾਂਦੀ ਹੈ ਕਿਉਂਕਿ ਕੁੰਜੀ-ਖਾਂਚੇ ਦੇ ਕਿਨਾਰਿਆਂ ਵਾਲੀ ਥਾਂ ਉਤੇ ਅੰਦਰਵਾਰ ਪ੍ਰਤਿਬਲ ਇੱਕਠਾ ਹੋ ਜਾਂਦਾ ਹੈ, ਇਸ ਸਿੱਧਾਂਤ ਨੂੰ ਮੁੱਖ ਰਖ ਕੇ ਕੀਤੇ ਕੁੰਜੀ ਖਾਂਚੇ ਦਾ ਡਿਜ਼ਾਈਨ ਕਰਨਾ ਚਾਹੀਦਾ ਹੈ। ਆਇਤਾਕਾਰ ਅਤੇ ਵਰਗਾਕਾਰ ਕੁੰਜੀਆਂ ਹਮੇਸ਼ਾ ਤਿਰਛੀਆਂ ਰੱਖੀਆਂ ਜਾਂਦੀਆਂ ਹਨ ਤਾਂ ਜੋ ਹੱਬ ਨੂੰ ਸ਼ਾਫ਼ਟ ਦੇ ਨਾਲ ਆਸਾਨੀ ਨਾਲ ਢਿੱਲਾ ਕੀਤਾ ਜਾਂ ਕੱਸਿਆ ਜਾ ਸਕੇ । ਸ਼ਾਫ਼ਟ ਤੇ ਹੱਬ ਨੂੰ ਵੱਖ-ਵੱਖ ਕਰਨ ਵੇਲੇ ਵੀ ਕੁੰਜੀ ਦੇ ਤਿਰਛੇਪਣ ਨਾਲ ਮੇਲ ਖਾਂਦਾ ਹੋਇਆ ਤਿਰਛਾਪਣ ਸ਼ਾਫ਼ਟ ਅੰਦਰ ਬਣਾਉਣ ਦੀ ਥਾਂ ਹੱਬ ਦੇ ਅੰਦਰ ਹੀ ਬਣਾਇਆ ਜਾਂਦਾ ਹੈ । ਹੋਰ ਵੀ ਕਈ ਕਿਸਮਾਂ ਦੀਆਂ ਕੁੰਜੀਆਂ ਹੁੰਦੀਆਂ ਹਨ ।

(ੳ) ਗਿਬ-ਹੈੱਡ ਕੁੰਜੀ ਦਾ ਵੱਡਾ ਗੁਣ ਇਹ ਹੈ ਕਿ ਇਸ ਨੂੰ ਆਸਾਨੀ ਨਾਲ ਖੋਲ੍ਹਿਆ ਜਾ ਸਕਦਾ ਹੈ; ਪਰ ਸਿਰੇ ਉਤੇ ਹੁਕ ਜਿਹੀ ਹੋਣ ਕਰਕੇ ਕਾਮਿਆਂ ਦੇ ਕਪੜੇ ਆਦਿ ਫਸ ਜਾਣ ਦਾ ਡਰ ਰਹਿੰਦਾ ਹੈ। (ਅ) ਵਧੇਰੇ ਪਕੜ ਸਮਰੱਥਾ ਲਈ ਕੈਨੇਡੀ ਕੁੰਜੀਆਂ ਵਰਤੀਆਂ ਜਾਂਦੀਆਂ ਹਨ। ਇਹ ਵਰਗਾਕਾਰ ਹੁੰਦੀਆਂ ਹਨ ਤੇ ਖ਼ਾਸ ਢੰਗ ਨਾਲ ਫਿਟ ਕੀਤੀਆਂ ਜਾਂਦੀਆਂ ਹਨ। (ੲ) ਵੁਡਰਫ ਕੁੰਜੀਆਂ ਮਸ਼ੀਨਾਂ ਵਿਚ ਸੱਭ ਤੋਂ ਵੱਧ ਵਰਤੀਆਂ ਜਾਂਦੀਆਂ ਹਨ ਕਿਉਂਕਿ ਇਨ੍ਹਾਂ ਨੂੰ ਇਕ ਸਿਰੇ ਉਤੇ ਸੱਟ ਮਾਰ ਕੇ ਆਸਾਨੀ ਨਾਲ ਖੋਲ੍ਹਿਆ ਅਤੇ ਕੱਸਿਆ ਜਾ ਸਕਦਾ ਹੈ। (ਸ) ਰੋਲ ਪਿਨ ਕੁੰਜੀਆਂ ਨੂੰ ਅਰਧ-ਵਿਆਸੀ ਸੁਰਾਖ਼ ਵਿਚ ਕੱਸਿਆ ਜਾਂਦਾ ਹੈ।

ਜਿਨ੍ਹਾਂ ਥਾਵਾਂ ਉਤੇ ਬਦਲਵੇਂ ਅਤੇ ਲਗਾਤਾਰ ਵਧੇਰੇ ਭਾਰ ਪੈਂਦੇ ਰਹਿੰਦੇ ਹਨ ਉਨ੍ਹਾਂ ਥਾਵਾਂ ਉਤੇ ਕੁੰਜੀ ਠੀਕ ਤਰ੍ਹਾਂ ਕੰਮ ਕਰਨ ਦੇ ਅਸਮਰੱਥ ਹੁੰਦੀ ਹੈ । ਇਕ ਵਧੇਰੇ ਮਜ਼ਬੂਤ ਜੋੜ ਲਈ ਪੱਚਰ ਜਾਂ ਸਪਲਾਈਨ ਜੋੜ ਉਪਯੋਗੀ ਰਹਿੰਦਾ ਹੈ ਅਜਿਹੀ ਹਾਲਤ ਵਿਚ ਸ਼ਾਫ਼ਟ ਅਤੇ ਹੱਬ ਵਿਚ ਇਕ ਦੂਜੇ ਨਾਲ ਮੇਲ ਖਾਂਦੀਆਂ ਦੰਦੇ-ਨੁਮਾ ਝਿਰੀਆਂ ਹੁੰਦੀਆਂ ਹਨ, ਜਿਹੜੀਆਂ ਇਕ ਦੂਜੀ ਵਿਚ ਠੀਕ ਤਰ੍ਹਾਂ ਨਾਲ ਫਸ ਜਾਂਦੀਆਂ ਹਨ । ਇਹ ਝਿਰੀਆਂ ਆਇਤਾਕਾਰ ਪੱਚਰਾਂ ਜਾਂ ਸਪਲਾਈਨਾਂ ਵੀ ਹੋ ਸਕਦੀਆਂ ਹਨ । ਪੱਚਰ ਜੋੜ ਹਮੇਸ਼ਾ ਸਥਾਈ ਹੁੰਦੇ ਹਨ, ਜਿਨ੍ਹਾਂ ਵਿਚ ਹੱਬ ਸ਼ਾਫ਼ਟ ਉਪਰ ਪ੍ਰੈੱਸ ਕੀਤੀ ਹੁੰਦੀ ਹੈ । ਗੀਅਰ ਸਿਸਟਮ ਵਰਗੇ ਸਰਕਵੇਂ ਜੋੜਾਂ ਵਿਚ ਵੀ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ, ਜਿਥੇ ਹੱਬ ਸ਼ਾਫ਼ਟ ਉਪਰ ਆਸਾਨੀ ਨਾਲ ਧਰੂੰਈ ਗਤੀ ਕਰ ਸਕਦਾ ਹੈ ।

ਹ. ਪੁ.—ਐਨ. ਬ੍ਰਿ. 13 : 321

**ਕੀਐੱਫ** : ਆਬਲਸਤ —ਯੂਕਰੇਨੀਅਨ ਸੋਵੀਅਤ ਸੋਸ਼ਲਿਸਟ ਗਣਰਾਜ ਦੀ ਇਕ ਆਬਲਸਤ ਹੈ ਜਿਸ ਦਾ ਰਕਬਾ 29,000 ਵ. ਕਿ. ਮੀ. ਹੈ । ਆਬਾਦੀ 1,836,000 (1970) ਹੈ। ਇਹ 'ਮੱਧ ਨੀਪਰ ਦਰਿਆ ਦੇ ਦੋਨੋਂ ਪਾਸੇ ਫੈਲੀ ਹੋਈ ਹੈ ਅਤੇ ਵੱਧ ਹਿੱਸਾ ਪੱਛਮੀ ਕੰਢੇ ਉਪਰ ਹੈ । ਇਹ ਵਧੇਰੇ ਕਰਕੇ ਨੀਪਰ ਦੇ ਨੀਵੇਂ ਤੇ ਪੱਧਰੇ ਮੈਦਾਨ ਅਤੇ ਹੇਠਲੇ ਪਰੀਪੈੱਟ ਤੇ ਵਾਕਿਆ ਹੈ । ਆਬਲਾਸਤ ਦੇ ਇਲਾਕੇ ਵਿਚ ਨੀਪਰ ਤੇ ਬੰਨ੍ਹ ਲਾ ਕੇ ਚੌੜੇ ਸਰੋਵਰਾਂ ਦੀਆਂ ਸ਼ਕਲਾਂ ਵਿਚ ਬਦਲ ਦਿਤਾ ਹੈ ਜਿਨ੍ਹਾਂ ਤੇ 'ਕਾਨਯੋਵ' ਤੇ 'ਕੀਐੱਫ' ਪਣ-ਬਿਜਲੀ ਸਟੇਸ਼ਨ ਬਣਾਏ ਗਏ ਹਨ ।

ਇਸ ਆਬਲਸਤ ਵਿਚ ਖੇਤੀਬਾੜੀ ਚੰਗੀ ਉੱਨਤ ਹੈ । ਇਸ ਦੇ ਉੱਤਰ ਵਿਚ ਸਣ ਤੇ ਆਲੂ ਦੀ ਕਾਸ਼ਤ ਹੁੰਦੀ ਹੈ ਅਤੇ ਡੇਅਰੀ ਦਾ ਕੰਮ ਵੀ ਹੁੰਦਾ ਹੈ। ਦੱਖਣ ਵਿਚ ਅਨਾਜ ਦੀਆਂ ਫ਼ਸਲਾਂ ਤੇ ਚਕੰਦਰ ਉਗਾਏ ਜਾਂਦੇ ਹਨ ਅਤੇ ਇਥੇ ਛੋਟੇ-ਛੋਟੇ ਖੰਡ ਸਾਫ਼ ਕਰਨ ਦੇ ਕਈ ਕਾਰਖ਼ਾਨੇ ਵੀ ਹਨ। ਕੀਐੱਫ ਇਸ ਆਬਲਾਸਤ ਦਾ ਮੁੱਖ ਸ਼ਹਿਰ ਹੈ ਜਿਸ ਵਿਚ ਆਬਲਾਸਤ ਦੇ 60 ਪ੍ਰਤੀਸ਼ਤ ਲੋਕ ਰਹਿੰਦੇ ਹਨ ।

ਹ. ਪੁ.—ਐਨ. ਬ੍ਰਿ. ਮੈ. 10 : 468

**ਕੀਐੱਫ** : ਸ਼ਹਿਰ—ਰੂਸ ਵਿਚ ਇਹ ਯੂਕਰੇਨੀਅਨ ਸੋਵੀਅਤ ਸੋਸ਼ਲਿਸਟ ਗਣਰਾਜ ਦੀ ਰਾਜਧਾਨੀ, ਨੀਪਰ ਦਰਿਆ ਦੀ ਇਕ ਬੰਦਰਗਾਹ ਤੇ ਰੇਲਵੇ ਦਾ ਇਕ ਵੱਡਾ ਜੰਕਸ਼ਨ ਹੈ ਅਤੇ ਸੋਵੀਕਤ ਸੰਘ ਦੇ ਵੱਡੇ ਆਰਥਿਕ, ਰਾਜਨੀਤਕ, ਵਿਗਿਆਨਕ ਤੇ ਸਭਿਆਚਾਰਕ ਕੇਂਦਰਾਂ ਵਿਚੋਂ ਇਕ ਹੈ। ਕਾਲੇ ਸਾਗਰ ਵਿਚ ਇਹ ਨੀਪਰ ਦਰਿਆ ਦੇ ਦਹਾਨੇ ਤੋਂ 952 ਕਿ. ਮੀ. ਦੂਰ ਦਰਿਆ ਦੇ ਦੋਹਾਂ ਕੰਢਿਆਂ ਤੇ ਵਸਿਆ ਬੜਾ ਖ਼ੂਬਸੂਰਤ ਸ਼ਹਿਰ ਹੈ। ਇਹ ਸਾਰੇ ਸੋਵੀਅਤ ਸ਼ਹਿਰਾਂ ਵਿਚੋਂ ਤੀਜੇ ਨੰਬਰ ਤੇ ਹੈ ਅਤੇ ਯੂਕਰੇਨ ਦਾ ਪਹਿਲੇ ਨੰਬਰ ਦਾ ਵੱਡਾ ਸ਼ਹਿਰ ਹੈ।

ਕੀਐੱਫ ਰੂਸ ਦੇ ਸਭ ਤੋਂ ਪੁਰਾਣੇ ਸ਼ਹਿਰਾਂ ਵਿਚੋਂ ਹੈ । ਰੂਸ ਦੇ ਇਤਿਹਾਸ ਵਿਚ ਇਸ ਦੀ ਉੱਘੀ ਥਾਂ ਹੈ ਅਤੇ ਰੂਸ ਵਾਲੇ ਇਸ ਨੂੰ 'ਸ਼ਹਿਰਾਂ ਦੀ ਮਾਂ' ਦੇ ਖਿਤਾਬ ਨਾਲ ਨਿਵਾਜਦੇ ਹਨ। ਇਹ ਪੰਜਵੀਂ ਸਦੀ ਵਿਚ ਕਸਬਾ ਹੁੰਦਾ ਸੀ ਅਤੇ ਅਗਲੀਆਂ ਚਾਰ ਸਦੀਆਂ ਵਿਚ ਇਸ ਦੀ ਮਹੱਤਤਾ ਵਧਣੀ ਸ਼ੁਰੂ ਹੋਈ । ਅਖੀਰ ਇਹ ਇਸੇ ਨਾਂ ਦੀ ਇਕ ਪ੍ਰਿੰਸੀਪੈਲਟੀ ਦਾ ਸਦਰ-ਮੁਕਾਮ ਤੇ ਮੁੱਖ ਸ਼ਹਿਰ ਬਣ ਗਿਆ। ਇਹ ਈਸਾਈ ਧਰਮ ਅਪਣਾਉਣ ਵਾਲੀ ਪਹਿਲੀ ਪ੍ਰਿੰਸੀਪੈਲਟੀ ਸੀ। ਦੱਸਵੀਂ ਸਦੀ ਵਿਚ ਵਲਾਦੀਮੀਰ ਪਹਿਲੇ ਦੇ ਸਮੇਂ ਇਸ ਸ਼ਹਿਰ ਨੂੰ ਅਤੇ ਇਸ ਦੇ ਨਾਲ ਲਗਦੇ ਹੋਰ ਡਿਸਟ੍ਰਿਕਟਾਂ, ਸ਼ਹਿਰਾਂ ਅਤੇ ਪਿੰਡਾਂ ਨੂੰ ਦਬਾਅ ਹੇਠ ਈਸਾਈ ਬਣਾ ਦਿਤਾ ਗਿਆ ।

ਵਲਾਦੀਮੀਰ ਦੇ ਸਮੇਂ ਤੋਂ ਇਹ ਲਗਾਤਾਰ ਵਿਕਾਸ ਕਰਦਾ ਰਿਹਾ ਅਤੇ ਇਹ ਰੂਸ ਦਾ ਧਾਰਮਕ ਕੇਂਦਰ ਅਤੇ ਸਭ ਤੋਂ ਅਮੀਰ ਤੇ ਮਸ਼ਹੂਰ ਸ਼ਹਿਰ ਸੀ । 13ਵੀਂ ਸਦੀ ਵਿਚ ਮੰਗੋਲਾਂ ਨੇ ਇਸ ਦੀ ਸ਼ਾਨੋ-ਸ਼ੌਕਤ ਨੂੰ ਬਹੁਤ ਧੱਕਾ ਲਾਇਆ ਅਤੇ ਇਸ ਪਿਛੋਂ 1320 ਵਿਚ ਇਹ ਸ਼ਹਿਰ ਲਿਥੂਆਨੀਆ ਦੇ ਕਬਜ਼ੇ ਵਿਚ ਚਲਾ ਗਿਆ ਜਿਸ ਤੋਂ 1668 ਵਿਚ ਹੀ ਰੂਸ ਦਾ ਬਣ ਸਕਿਆ । ਫਿਰ ਪੀਟਰ ਮਹਾਨ ਦੇ ਸਮੇਂ ਕੀਐੱਫ ਰੂਸ ਦੀਆਂ ਮਜ਼ਬੂਤ ਗੜ੍ਹੀਆਂ ਵਿਚੋਂ ਇਕ ਬਣ ਗਿਆ ।

ਸੰਨ 1905 ਦੇ ਕ੍ਰਾਂਤੀਕਾਰੀ ਝਗੜਿਆਂ ਦੌਰਾਨ ਇਹ ਯਹੂਦੀ ਾਕਿਆਂ ਦਾ ਇਕ ਦ੍ਰਿਸ਼ ਸੀ ਅਤੇ 1918 ਦੀ ਕ੍ਰਾਂਤੀ ਦੌਰਾਨ ਇਥੇ ਈ ਲੜਾਈਆਂ ਵੀ ਹੋਈਆਂ। ਜਨਵਰੀ, 1918 ਵਿਚ ਜਦੋਂ ਯੂਕਰੇਨ ਣਰਾਜ ਦਾ ਐਲਾਨ ਹੋਇਆ ਤਾਂ ਇਹ ਇਸ ਦੀ ਰਾਜਧਾਨੀ ਬਣਿਆ।

ਦੂਜੇ ਵਿਸ਼ਵ-ਯੁੱਧ ਤੋਂ ਜਲਦੀ ਹੀ ਬਾਅਦ ਇਹ ਸ਼ਹਿਰ ਬੜੀ ਜ਼ੀ ਨਾਲ ਉਸਾਰਿਆ ਗਿਆ ਅਤੇ ਇਹ ਪਹਿਲਾਂ ਨਾਲੋਂ ਵੀ ਸੁੰਦਰ ਣ ਗਿਆ। ਨਵੀਆਂ ਸੱਨਅਤਾਂ ਸਥਾਪਤ ਕੀਤੀਆਂ ਗਈਆਂ ਅਤੇ ਵੇਂ ਮਕਾਨ ਉਸਾਰੇ ਗਏ, ਜੋ ਪਹਿਲਾਂ ਨਾਲੋਂ ਗਿਣਤੀ ਵਿਚ ਤਿੰਨ ਗੁਣਾ ਨ। ਆਬਾਦੀ ਵੀ ਵੱਧ ਗਈ। ਨਵੇਂ ਸ਼ਹਿਰ ਦਾ ਰਕਬਾ ਲਗਭਗ '68 ਵ. ਕਿ. ਮੀ. ਹੈ। ਇਹ ਦਰਿਆ ਦੇ ਕੰਢਿਆਂ ਦੇ ਨਾਲ-ਨਾਲ 4 ਕਿ. ਮੀ. ਉੱਤਰ-ਦੱਖਣ ਵਿਚ ਅਤੇ 40 ਕਿ. ਮੀ. ਪੂਰਬ-ਪੱਛਮ ਦੀ ਦਿਸ਼ਾ ਵਿਚ ਫੈਲਿਆ ਹੋਇਆ ਹੈ। ਸ਼ਹਿਰ ਦਾ ਬਹੁਤ ਹਿੱਸਾ ਸੱਜੇ ਢੇ ਦੀਆਂ ਪਹਾੜੀਆਂ ਉਪਰ ਵਾਕਿਆ ਹੈ। ਸ਼ਹਿਰ ਦੀ ਆਬੋ-ਹਵਾ ਹੁਤ ਸੁਹਾਵਣੀ ਹੈ।

ਸ਼ਹਿਰ ਦੇ ਵਿਚਾਲੇ 2,000 ਗਲੀਆਂ ਇਧਰ ਉਧਰ ਨੂੰ ਪਾਰ ਰਦੀਆਂ ਹਨ। ਕਰੈਸ਼ਚੈਟਿਕ ਦੇ ਤੇ ਬਾਊਲੇਵਾਰਡ ਔਫ਼ ਤਾਰਸ ਵਚੈਂਕੋ ਬਹੁਤ ਪ੍ਰਸਿੱਧ ਗਲੀਆਂ ਹਨ। ਇਨ੍ਹਾਂ ਗਲੀਆਂ ਦੇ ਸਿਰੇ ਉੱਪਰ ੀ ਲੈਨਿਨ ਮੀਨਾਰ ਅਤੇ ਯੂਕਰੇਨੀ ਕਵੀ ਟਾਰਸ ਦੀ ਯਾਦਗਾਰ ਜੂਦ ਹੈ।

ਪੁਰਾਣੀਆਂ ਇਮਾਰਤਾਂ ਵਿਚੋਂ 11ਵੀਂ ਸਦੀ ਦਾ ਸੇਂਟ ਸੋਫੀਆ ਾ ਗਿਰਜਾ, 18ਵੀਂ ਸਦੀ ਦਾ ਸੇਂਟ ਐਂਡ੍ਰਿਊ ਦਾ ਚਰਚ ਤੇ 19ਵੀਂ ਦੀ ਦਾ ਸੇਂਟ ਵਲਾਦੀਮੀਰ ਦਾ ਗਿਰਜਾ ਪ੍ਰਸਿੱਧ ਹਨ। 11ਵੀਂ ਸਦੀ ਵਚ ਬਣੇ ਕੀਐੱਫ ਦੇ ਸੁਨਹਿਰੀ ਗੇਟ ਦੇ ਖੰਡਰਾਤ ਵੀ ਅਜੇ ਮਿਲਦੇ ਨ। ਨਵੀਆਂ ਇਮਾਰਤਾਂ ਵਿਚੋਂ ਯੂਕਰੇਨ ਦੀ ਸੁਪਰੀਮ ਸੋਵੀਅਤ ਅਤੇ ਂਸਲ ਔਫ਼ ਮਨਿਸਟਰਜ਼ ਦੀਆਂ ਇਮਾਰਤਾਂ ਪ੍ਰਸਿੱਧ ਹਨ।

ਰਾਜਧਾਨੀ ਦੇ ਨਾਲ-ਨਾਲ ਕੀਐੱਫ ਇਕ ਮਸ਼ਹੂਰ ਸੱਨਅਤੀ ਹਿਰ ਵੀ ਹੈ। ਇਥੇ ਜ਼ਿਆਦਾਤਰ ਉਦਯੋਗਕ ਢੋਆ-ਢੁਆਈ ਅਤੇ ਚਾਰ ਦੀ ਮਸ਼ੀਨਰੀ ਤਿਆਰ ਕੀਤੀ ਜਾਂਦੀ ਹੈ।

ਇਹ ਇਕ ਮਹੱਤਵਪੂਰਨ ਬੰਦਰਗਾਹ ਤੇ ਰੇਲਵੇ ਜੰਕਸ਼ਨ ਹੋਣ ਨਾਲ-ਨਾਲ ਸਭਿਆਚਾਰਕ ਕੇਂਦਰ ਵੀ ਹੈ ਜਿੱਥੇ ਟੀ. ਜੀ. ਵਚੈਂਕੋ ਸਟੇਟ ਯੂਨੀਵਰਸਿਟੀ ਅਤੇ ਅਕੈਡਮੀ ਔਫ਼ ਸਾਇੰਸ ਹਨ। ਸ ਤੋਂ ਇਲਾਵਾ ਇਥੇ ਹੋਰ ਅਨੇਕਾਂ ਵਿਦਿਅਕ ਸੰਸਥਾਵਾਂ ਤੇ ਏਟਰ ਸਥਾਪਤ ਹਨ।

ਆਬਾਦੀ—2,248,000 (1981)

50°26′ ਉ. ਵਿਥ.; 30°31′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮੈ. 10 : 468; ਐਨ. ਅਮੈ. 16 : 409

**ਕੀਐਲਤਸੇ** : ਪ੍ਰਾਂਤ—ਇਹ ਦਰਿਆ ਵਿਸਤੂਲਾ ਅਤੇ ਸ ਦੀ ਸਹਾਇਕ ਨਦੀ ਪੀਲੀਤਸ਼ਾ ਵਿਚਕਾਰ ਪੋਲੈਂਡ ਦਾ ਇਕ ਤ ਹੈ। ਇਸ ਦਾ ਰਕਬਾ 19,512 ਵ. ਕਿ. ਮੀ. ਹੈ ਅਤੇ ਆਬਾਦੀ ,062,000 (1979) ਹੈ। ਇਹ ਜ਼ਰਾਇਤੀ ਅਤੇ ਸੱਨਅਤੀ ਖੇਤਰ ਹੈ। ਇਥੋਂ ਦੀ ਆਰਥਿਕਤਾ ਮੁੱਖ ਤੌਰ ਤੇ ਲੋਹੇ ਦੀ ਢਲਾਈ ਦੇ ਰਖ਼ਾਨਿਆਂ, ਮਸ਼ੀਨੀ ਕੰਮਾਂ ਅਤੇ ਖਾਣ-ਪੀਣ ਵਾਲੀਆਂ ਵਸਤਾਂ ਦੇ ਸੈਸਿੰਗ ਪਲਾਂਟਾਂ ਉਪਰ ਨਿਰਭਰ ਹੈ। ਪ੍ਰਾਂਤ ਦੇ ਮੱਧ ਵਿਚ 'ਹੋਲੀ ਰਾਸ ਮਾਊਂਟੇਨ' ਹਨ ਜਿਨ੍ਹਾਂ ਵਿਚ ਲੋਹੇ, ਚੂਨੇ ਦੇ ਪੱਥਰ ਅਤੇ ਮਿੱਟੀ ਭੰਡਾਰ ਹਨ ਅਤੇ ਇਨ੍ਹਾਂ ਵਿਚ ਇਕ ਨੈਸ਼ਨਲ ਪਾਰਕ ਅਤੇ 'ਲਾਈਸਿਕਾ ਗ਼ੀ' (612 ਮੀ.) ਹੈ ਜੋ ਸੈਲਾਨੀਆਂ ਲਈ ਖਿੱਚ ਦਾ ਕਾਰਨ ; । ਪੂਰਬ ਵਿਚ ਸੈਂਡੋਮੀਰਜ਼ ਪਹਾੜੀਆਂ ਅਤੇ ਦੱਖਣ ਵਿਚ ਗ਼ੀ ਉਪਜਾਊ ਦਰਿਆਈ ਵਾਦੀ ਹੈ ਪਰ ਅਜੇ ਵਿਕਾਸ ਅਧੀਨ । ਸੈਂਡੋਮੀਰਜ਼ ਵਿਚ ਗੰਧਕ ਅਤੇ ਨਾਈਡਾ ਬੇਸਿਨ ਵਿਚ ਜਿਪਸਮ ਦੇ ਭੰਡਾਰ ਹਨ। ਇਸ ਪ੍ਰਾਂਤ ਦੇ ਮੁੱਖ ਸ਼ਹਿਰ ਕੀਐਲਤਸੇ (ਰਾਜਧਾਨੀ), ਰਾਡਮ ਅਤੇ ਔਸਤਰੌਵੀਐਤਸ ਹਨ।

ਹ. ਪੁ.—ਐਨ. ਮਾ. ਬ੍ਰਿ. 5 : 802

**ਕੀਐਲਤਸੇ** : ਸ਼ਹਿਰ—ਇਹ ਪੋਲੈਂਡ ਦੇ ਇਸੇ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ ਜੋ 'ਹੋਲੀ ਕਰਾਸ ਮਾਊਂਟੇਨਜ਼' ਵਿਚ 'ਵਾਰਸਾ-ਕਰਾਕੋ' ਲਾਈਨ ਤੇ ਵਾਕਿਆ ਹੈ। ਇਹ ਇਕ ਵੱਡਾ ਸੱਨਅਤੀ ਕੇਂਦਰ ਹੈ ਜਿਥੇ ਮੈਟਾਲਰਜੀਕਲ ਮਸ਼ੀਨਾਂ ਅਤੇ ਖਾਣ ਵਾਲੀਆਂ ਵਸਤਾਂ ਦੇ ਉਤਪਾਦਨ ਦੀਆਂ ਸਹੂਲਤਾਂ ਹਨ। 11ਵੀਂ ਸਦੀ ਤੋਂ ਇਸ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਇਸ ਦਾ ਵਿਕਾਸ ਬਤੌਰ ਸੱਨਅਤੀ ਤੇ ਧਾਰਮਕ ਕੇਂਦਰ ਦੇ ਹੋਇਆ। 14ਵੀਂ ਤੋਂ 11ਵੀਂ ਸਦੀ ਤਕ ਇਹ ਇਕ ਗਿਰਜੇ ਦੀ ਜਾਇਦਾਦ ਦੇ ਤੌਰ ਤੇ ਰਿਹਾ। ਸੰਨ 1795 ਵਿਚ ਇਹ ਆਸਟਰੀਆ ਦੇ ਕਬਜ਼ੇ ਵਿਚ ਆ ਗਿਆ ਅਤੇ ਨੈਪੋਲੀਅਨ ਜੰਗਾਂ ਦੌਰਾਨ ਇਸ ਨੂੰ ਆਜ਼ਾਦ ਕੀਤਾ ਗਿਆ ਅਤੇ ਫਿਰ ਰੂਸ ਦੇ ਕੰਟਰੋਲ ਅਧੀਨ ਚਲਾ ਗਿਆ। 1918 ਵਿਚ ਇਹ ਪੋਲੈਂਡ ਨੂੰ ਵਾਪਸ ਕਰ ਦਿਤਾ ਗਿਆ। ਦੂਜੇ ਵਿਸ਼ਵ-ਯੁੱਧ ਦੌਰਾਨ ਇਥੇ ਜਰਮਨ ਦੇ ਚਾਰ ਤਬਾਹੀ ਕੈਂਪ ਸਨ। ਸ਼ਹਿਰ ਵਿਚ ਇਕ ਅਜਾਇਬ-ਘਰ ਅਤੇ 12ਵੀਂ ਸਦੀ ਦਾ ਬਣਿਆ ਇਕ ਗਿਰਜਾਘਰ ਮੌਜੂਦ ਹੈ।

ਆਬਾਦੀ—184,000 (1979)

50°52′ ਉ. ਵਿਥ.; 20°37′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 802

**ਕੀਸ਼ੀ ਨਯੌਫ਼** : ਰੂਸ ਦੇ ਮੌਲਡੇਵੀਅਨ ਸੋਵੀਅਤ ਸਮਾਜਵਾਦੀ ਗਣਤੰਤਰ ਦਾ ਸਦਰ-ਮੁਕਾਮ ਹੈ ਜੋ ਬਾਈਕ ਦਰਿਆ ਦੇ ਕੰਢੇ ਵਸਿਆ ਹੋਇਆ ਹੈ। ਇਸ ਸ਼ਹਿਰ ਦੀ ਹੋਂਦ ਬਾਰੇ ਸਭ ਤੋਂ ਪਹਿਲਾ ਸਬੂਤ 1466 ਤੋਂ ਮਿਲਦਾ ਹੈ, ਉਦੋਂ ਇਹ ਮੌਲਡੇਵੀਅਨ ਸ਼ਹਿਜ਼ਾਦੇ ਸ਼ਟੈਫਾਨ ਤੀਜੇ ਦੇ ਤਹਿਤ ਸੀ ਪਰ ਇਸ ਦੀ ਮੌਤ ਤੋਂ ਬਾਅਦ ਇਹ ਸ਼ਹਿਰ ਤੁਰਕੀ ਨੂੰ ਦੇ ਦਿਤਾ ਗਿਆ। ਹੌਲੀ-ਹੌਲੀ ਇਸ ਦਾ ਵਪਾਰਕ ਮਹੱਤਵ ਵੱਧ ਗਿਆ। ਇਸ ਸ਼ਹਿਰ ਦੀ ਕਈ ਵਾਰੀ ਬਹੁਤ ਬੁਰੀ ਤਰ੍ਹਾਂ, ਖ਼ਾਸ ਕਰਕੇ ਰੂਸੀ-ਤੁਰਕੀ ਲੜਾਈ ਦੌਰਾਨ, ਤਬਾਹੀ ਹੋਈ। ਸੰਨ 1812 ਵਿਚ ਬੈੱਸਾਰੇਬੀਆ ਦੇ ਨਾਲ ਹੀ ਇਹ ਸ਼ਹਿਰ ਵੀ ਰੂਸ ਨੂੰ ਦੇ ਦਿਤਾ ਗਿਆ ਅਤੇ ਇਸ ਨੂੰ ਮੌਲਡੇਵੀਅਨ ਸੋਵੀਅਤ ਸਮਾਜਵਾਦੀ ਗਣਤੰਤਰ ਦੀ ਰਾਜਧਾਨੀ ਬਣਾ ਦਿਤਾ। ਦੂਸਰੇ ਸੰਸਾਰ-ਯੁਧ ਸਮੇਂ ਸ਼ਹਿਰ ਦਾ ਭਾਰੀ ਨੁਕਸਾਨ ਹੋਇਆ ਅਤੇ ਯੁੱਧ ਤੋਂ ਬਾਅਦ ਸ਼ਹਿਰ ਨੂੰ ਮੁੜ ਆਬਾਦ ਕੀਤਾ ਗਿਆ। ਹੁਣ ਇਹ ਸ਼ਹਿਰ ਆਧੁਨਿਕ ਕਿਸਮ ਦਾ ਹੈ। ਉਦਯੋਗਿਕ ਪੱਖ ਤੋਂ ਵੀ ਕਾਫੀ ਮਹੱਤਤਾ ਰਖਦਾ ਹੈ। ਇਥੇ ਕਈ ਕਿਸਮਾਂ ਦੇ ਹਲਕੇ ਉਦਯੋਗ ਹਨ ਜਿਨ੍ਹਾਂ ਵਿਚ ਮਾਪ ਤੋਲ ਦਾ ਸਾਮਾਨ, ਕਈ ਕਿਸਮ ਦੇ ਮਸ਼ੀਨੀ ਔਜ਼ਾਰ, ਟ੍ਰੈਕਟਰ, ਪੰਪ, ਰੈਫ਼ਰੀਜਿਰੇਟਰ ਅਤੇ ਕੱਪੜੇ ਧੋਣ ਦੀਆਂ ਮਸ਼ੀਨਾਂ ਆਦਿ ਬਣਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇਥੇ ਸ਼ਰਾਬ ਬਣਾਉਣ, ਆਟਾ ਪੀਸਣ ਅਤੇ ਤਮਾਕੂ ਨਾਲ ਸਬੰਧਤ ਕਈ ਉਦਯੋਗ ਹਨ। ਕੱਪੜੇ ਅਤੇ ਬੂਟ ਆਦਿ ਵੀ ਬਣਾਏ ਜਾਂਦੇ ਹਨ। ਇਹ ਸ਼ਹਿਰ ਮੌਲਡੇਵੀਆ ਦਾ ਸੰਸਕ੍ਰਿਤਕ ਕੇਂਦਰ ਹੈ। ਇਥੇ ਇਕ ਵਿਗਿਆਨ-ਸੰਸਥਾ, ਇਕ ਯੂਨੀਵਰਸਿਟੀ (1945) ਅਤੇ ਉੱਚ ਵਿਦਿਆ ਨਾਲ ਸਬੰਧਤ ਪੰਜ ਹੋਰ ਸੰਸਥਾਵਾਂ ਵੀ ਹਨ।

ਆਬਾਦੀ—539,000 (1981)

47°00′ ਉ. ਵਿਥ.; 28°50′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 837

**ਕੀਗਵਿਨ, ਰਿਚਰਡ** : ਬਰਤਾਨਵੀ ਜਲ-ਸੈਨਾ ਅਤੇ ਈਸਟ ਇੰਡੀਆ ਕੰਪਨੀ ਦੇ ਇਸ ਅਫ਼ਸਰ ਦਾ ਜਨਮ ਪੈੱਨਜੈਂਨਸ (ਕਾਰਨਵਾਲ) ਵਿਖੇ ਹੋਇਆ। 4 ਮਈ, 1673 ਨੂੰ ਇਸ ਨੇ ਐਚ. ਐਮ. ਐਸ. 'ਅਸਿਸਟੈਂਸ' ਵਿਚ ਲੈਫਟੀਨੈਂਟ ਹੋਣ ਦੇ ਨਾਤੇ ਦੱਖਣੀ-ਅੰਧ-ਮਹਾਸਾਗਰ

ਵਿਚਲੇ ਟਾਪੂ 'ਸੇਂਟ ਹੈਲੀਨਾ' ਉਤੇ ਕੀਤੇ ਹਮਲੇ ਦੀ ਅਗਵਾਈ ਕੀਤੀ। ਇਹ ਟਾਪੂ ਉਸ ਵੇਲੇ ਡੱਚ ਸਰਕਾਰ ਦੇ ਕਬਜ਼ੇ ਵਿਚ ਸੀ। ਉਸ ਸਥਾਨ ਨੂੰ, ਜਿੱਥੇ ਬਰਤਾਨਵੀ ਫ਼ੌਜ ਇਸ ਟਾਪੂ ਤੇ ਉਤਾਰੀ ਗਈ ਸੀ, ਅਜੇ ਵੀ 'ਕੀਗਵਿਨ ਚੱਟਾਨ' ਕਿਹਾ ਜਾਂਦਾ ਹੈ।

ਪਿੱਛੋਂ 1676 ਈ. ਵਿਚ ਕੀਗਵਿਨ ਇਕ ਵਪਾਰੀ ਦੇ ਤੌਰ ਤੇ ਬੰਬਈ ਪਹੁੰਚਿਆ ਪਰੰਤੂ ਤੁਰੰਤ ਹੀ ਇਸ ਨੇ ਈਸਟ ਇੰਡੀਆ ਕੰਪਨੀ ਵਿਚ ਨੌਕਰੀ ਕਰ ਲਈ। 1679 ਈ. ਵਿਚ ਇਸ ਨੇ ਬਰਤਾਨਵੀ ਫ਼ੌਜ ਦੇ ਕਮਾਂਡੈਂਟ ਵਜੋਂ ਮਰਾਠਾ ਜਲ-ਸੈਨਾ ਦਾ ਮੁਕਾਬਲਾ ਕੀਤਾ ਅਤੇ ਬਹੁਤ ਨਾਂ ਖੱਟਿਆ। ਕੰਪਨੀ ਦੀ ਆਰਥਕ ਨੀਤੀ ਨਾਲ ਅਸਹਿਮਤ ਹੁੰਦੇ ਹੋਏ ਇਹ ਕੰਪਨੀ ਤੋਂ ਬਾਗ਼ੀ ਹੋਇਆ ਅਤੇ ਇਸ ਨੇ ਲਗਭਗ ਇਕ ਸਾਲ 'ਬਾਦਸ਼ਾਹਤ' ਦੇ ਨਾਂ ਤੇ ਬੰਬਈ ਤੇ ਰਾਜ ਕੀਤਾ। ਪਿੱਛੋਂ ਨਵੰਬਰ, 1684 ਵਿਚ ਸ਼ਾਹੀ ਹੁਕਮ ਦੀ ਪਾਲਣਾ ਕਰਦੇ ਹੋਏ ਇਸ ਨੇ ਇਹ ਇਲਾਕਾ ਕੰਪਨੀ ਦੇ ਹਵਾਲੇ ਕਰ ਦਿਤਾ ਅਤੇ 1685 ਈ. ਵਿਚ ਬਾਦਸ਼ਾਹ ਤੋਂ ਬਿਨਾਂ ਸ਼ਰਤ ਮੁਆਫ਼ੀ ਪ੍ਰਾਪਤ ਕਰਕੇ ਇੰਗਲੈਂਡ ਵਾਪਸ ਮੁੜ ਆਇਆ ਅਤੇ ਇਸ ਨੂੰ ਐਚ. ਐਮ. ਐਸ. 'ਅਸਿਸਟੈਂਸ' ਵਿਚ ਕਮਾਂਡ-ਅਫ਼ਸਰ ਨਿਯੁਕਤ ਕਰ ਦਿਤਾ ਗਿਆ।

21 ਜੂਨ, 1690 ਨੂੰ ਲੀਵਰਡ ਟਾਪੂ-ਸਮੂਹ ਵਿਚ ਸੇਂਟ ਕਿਟਸ ਟਾਪੂ ਉਤੇ ਹਮਲੇ ਦੀ ਅਗਵਾਈ ਕਰਦੇ ਹੋਏ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 13 : 268

**ਕੀਗਾ** : ਇਹ ਦੱਖਣ-ਪੱਛਮੀ ਯੁਗੰਡਾ ਦੇ ਬੰਟੂ ਭਾਸ਼ਾ ਬੋਲਣ ਵਾਲੇ ਲੋਕ ਹਨ। ਉਨ੍ਹੀਵੀਂ ਸਦੀ ਦੇ 7ਵੇਂ ਦਹਾਕੇ ਵਿਚ ਇਨ੍ਹਾਂ ਦੀ ਗਿਣਤੀ ਲਗਭਗ 272,000 ਸੀ। ਇਹ ਪਹਾੜੀ ਇਲਾਕੇ ਵਿਚ ਰਹਿੰਦੇ ਹਨ। ਸ਼ਾਇਦ ਇਸੇ ਕਰਕੇ ਇਹ ਗੈਰ ਨੀਗਰੋ ਹੀਮਾ ਅਤੇ ਟੁਟਸੀ ਜੇਤੂਆਂ ਅਤੇ ਹੋਰ ਦੂਜੇ ਲੋਕਾਂ ਤੋਂ ਬਚਦੇ ਰਹੇ। ਭਾਵੇਂ ਇਨ੍ਹਾਂ ਤੇ ਕਈ ਪਾਸਿਆਂ ਤੋਂ ਹਮਲੇ ਹੁੰਦੇ ਰਹੇ, ਪਰ ਫਿਰ ਵੀ ਕੀਗਾ ਲੋਕਾਂ ਨੇ ਆਪਣੀ ਸੁਤੰਤਰਤਾ ਨੂੰ ਕਾਇਮ ਰਖਿਆ।

ਇਨ੍ਹਾਂ ਦਾ ਕੋਈ ਠੀਕ ਸ਼ਾਸਨ ਪ੍ਰਬੰਧ ਨਹੀਂ। ਇਹ ਲੋਕ ਪਿੱਤਰ-ਵੰਸ਼ੀ ਕਬੀਲਿਆਂ ਵਿਚ ਛੋਟੇ-ਛੋਟੇ ਸਮੂਹਾਂ ਵਿਚ ਸੁਤੰਤਰ ਤੌਰ ਤੇ ਰਹਿ ਰਹੇ ਹਨ। ਇਨ੍ਹਾਂ ਨੂੰ ਸਰਕਾਰ ਨੇ ਕਈ ਤਰ੍ਹਾਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਹੈ।

ਹ. ਪੁ.—ਐਨ. ਬ੍ਰਿ. 5 : 495

**ਕੀਚਕ** : ਇਹ ਕੇਕਯ ਅਤੇ ਮਾਲਵੀ ਦੇ ਇਕ ਸੌ ਛੇ ਪੁੱਤਰਾਂ ਵਿਚੋਂ ਜੇਠਾ ਪੁੱਤਰ ਸੀ। ਇਸ ਦੇ ਛੋਟੇ ਭਰਾਵਾਂ ਨੂੰ ਉਪ-ਕੀਚਕ ਕਹਿੰਦੇ ਸਨ। ਵਿਰਾਟ ਰਾਜੇ ਦੀ ਪੁੱਤਰੀ ਸੁਦੇਸ਼ਣਾ ਇਸ ਦੀ ਮਤਰੇਈ ਮਾਸੀ ਦੀ ਧੀ ਭੈਣ ਸੀ। ਵਿਰਾਟ ਨੇ ਇਸ ਨੂੰ ਆਪਣਾ ਸੈਨਾਪਤੀ ਬਣਾਇਆ ਸੀ। ਜਦੋਂ ਪਾਂਡਵ ਆਪਣੇ ਬਣਵਾਸ ਦਾ ਚੌਦ੍ਹਵਾਂ ਵਰ੍ਹਾ ਵਿਰਾਟ ਰਾਜੇ ਕੋਲ ਨੌਕਰੀ ਵਿਚ ਕੱਟ ਰਹੇ ਸਨ ਤਾਂ ਦਰੋਪਦੀ ਵੀ ਰਾਣੀ ਦੇ ਮਹਿਲ ਵਿਚ ਦਾਸੀ ਬਣ ਕੇ ਕੰਮ ਕਰਦੀ ਸੀ। ਇਕ ਦਿਨ ਕੀਚਕ ਨੇ ਉਸ ਨਾਲ ਛੇੜਖਾਨੀ ਕੀਤੀ। ਇਸ ਗੱਲ ਦਾ ਜਦੋਂ ਭੀਮ ਸੈਨ ਨੂੰ ਪਤਾ ਲੱਗਾ ਤਾਂ ਉਸ ਨੇ ਕ੍ਰੋਧ ਵਿਚ ਆ ਕੇ ਇਸ ਨੂੰ ਅਜਿਹੀ ਕੁਸ਼ਲਤਾ ਨਾਲ ਮਾਰਿਆ ਅਤੇ ਇਸ ਦੇ ਸਾਥੀ ਦੀ ਜੀਭ ਕੱਟ ਦਿਤੀ ਤਾਂ ਜੋ ਇਸ ਕਤਲ ਦਾ ਕਿਸੇ ਨੂੰ ਭੇਦ ਨਾ ਲਗ ਸਕੇ।

ਇਕ ਕਥਾ ਅਨੁਸਾਰ ਭੀਮ, ਦਰਯੋਧਨ ਅਤੇ ਕੀਚਕ ਤਿੰਨੋਂ ਸ਼ਿਵ-ਉਪਾਸ਼ਿਕ ਦੱਸੇ ਜਾਂਦੇ ਹਨ, ਜਿਨ੍ਹਾਂ ਨੇ ਭਗਤੀ ਕਰਕੇ ਸ਼ਿਵ ਜੀ ਤੋਂ ਏਨੇ ਬਲੀ ਹੋਣ ਦਾ ਵਰ ਪ੍ਰਾਪਤ ਕੀਤਾ ਕਿ ਇਨ੍ਹਾਂ ਨੂੰ ਮੁਕਾਬਲੇ ਵਿਚ ਕੋਈ ਮਾਰ ਨਾ ਸਕੇ। ਪਾਰਬਤੀ ਜੀ ਦਾ ਇਹ ਵੀ ਵਰ ਹੋਇਆ ਸੀ ਕਿ ਕੀਚਕ ਅਤੇ ਦਰਯੋਧਨ ਨੂੰ ਭੀਮ ਹੀ ਮਾਰੇਗਾ। ਇਹੋ ਕਾਰਨ ਸੀ ਕਿ ਕੀਚਕ ਦੀ ਮੌਤ ਤੇ ਦਰਯੋਧਨ ਨੂੰ ਇਹ ਪਤਾ ਲਗ ਗਿਆ ਸੀ ਕਿ ਪਾਂਡਵ ਵਿਰਾਟ ਰਾਜੇ ਕੋਲ ਸਨ।

ਹ. ਪੁ.—ਮ. ਕੋ. 331; ਮਹਾ ਭਾਰਤ

**ਕੀਜ਼ ਜਾਨ** : ਇਹ ਇਕ ਪ੍ਰਸਿੱਧ ਮਾਨਵਵਾਦੀ ਅਤੇ ਫ਼ਿਜ਼ੀਸ਼ੀਅਨ ਸੀ, ਜਿਸ ਨੇ ਮੁੜਕੇ ਵਾਲੇ ਤਾਪ ਦੀ ਖੋਜ ਕੀਤੀ ਜਿਹੜੀ ਮਹਾਮਾਰੀ ਦਾ ਇਕ ਵੱਡਾ ਕਾਰਨ ਮੰਨੀ ਜਾਂਦੀ ਹੈ। ਇਸ ਤਾਪ ਨੇ ਇੰਗਲੈਂਡ ਵਿਚ 1485 ਤੋਂ 1578 ਵਿਚਕਾਰ ਘੱਟੋ ਘੱਟ ਛੇ ਵਾਰੀ ਮਾਰੂ ਹਮਲਾ ਕੀਤਾ। ਜਾਨਕੀਜ਼ ਕੈਂਬਰਿਜ ਕਾਲਜ ਅਤੇ ਅਜੋਕੇ ਗਾਨਵਿਲ ਦਾ ਦੂਜਾ ਸੰਸਥਾਪਕ ਸੀ। ਕੈਂਬਰਿਜ ਅਤੇ ਇਟਲੀ ਤੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਇੰਗਲੈਂਡ ਵਾਪਸ ਪਰਤ ਆਇਆ ਜਿਥੇ ਇਹ ਡਾਕਟਰੀ ਦਾ ਕਿੱਤਾ ਕਰਦਾ ਰਿਹਾ ਤੇ 'ਰਾਇਲ ਕਾਲਜ ਆਫ ਫ਼ਿਜ਼ੀਸ਼ੀਅਨ' ਦਾ ਕਈ ਸਾਲ ਪ੍ਰੈਜ਼ੀਡੈਂਟ ਰਿਹਾ।

ਇਸਦੇ ਕੰਮਾਂ ਦਾ ਬਹੁਤ ਹਿੱਸਾ ਟੀ. ਐਸ. ਰਾਬਰਟਸ (1912) ਨੇ ਸੰਪਾਦਤ ਕੀਤਾ। ਇਸ ਦੀਆਂ ਦਿਲਚਸਪ ਮੈਡੀਕਲ ਲਿਖਤਾਂ ਵਿਚ ਵਿਸ਼ੇਸ਼ ਤੌਰ ਤੇ ਮਾਰੂ ਮੁੜ੍ਹਕੇ ਵਾਲੇ ਤਾਪ ਦਾ ਵਿਆਖਿਆਤਮਕ ਵਰਨਣ ਹੈ। ਇਸ ਦੀ ਇਕ ਕਿਰਤ *A Boke or Counseill against the Disease Commonly called the Sweate, or Sweatyng sickness (1552)* ਵਿਚ ਇਸ ਬਿਮਾਰੀ ਬਾਰੇ ਕਾਫ਼ੀ ਗਿਆਨ ਮਿਲਦਾ ਹੈ। ਇਹ ਲੰਡਨ ਵਿਚ 29 ਜੁਲਾਈ, 1573 ਨੂੰ ਸਵਰਗਵਾਸ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ 2 : 443

**ਕੀਟ ਜਾਂ ਕੀੜੇ** : ਕੀੜੇ ਪ੍ਰਾਣੀ ਜਗਤ ਦੇ ਸਭ ਤੋਂ ਵੱਡੇ ਫ਼ਾਈਲਮ ਆਰਥ੍ਰੋਪੋਡਾ ਦੀ ਸਭ ਤੋਂ ਵੱਡੀ ਸ਼੍ਰੇਣੀ ਇਨਸੈੱਕਟਾ (ਜਾਂ ਹੈਕਸਾਪੋਡਾ) ਵਿਚ ਸ਼ਾਮਲ ਕੀਤੇ ਗਏ ਹਨ। ਜਾਤੀਆਂ ਅਤੇ ਮੈਂਬਰਾਂ ਦੀ ਗਿਣਤੀ, ਅਨੁਕੂਲਣ ਅਤੇ ਵਿਸਤ੍ਰਿਤ ਵਿਸਤਾਰ ਹਾਸਲ ਕਰਨ ਵਿਚ ਇਨ੍ਹਾਂ ਨੂੰ ਸਾਰੇ ਪ੍ਰਾਣੀਆਂ ਤੋਂ ਜ਼ਿਆਦਾ ਸਫ਼ਲਤਾ ਪ੍ਰਾਪਤ ਹੋਈ ਹੈ। ਇਨ੍ਹਾਂ ਦੀਆਂ ਤਕਰੀਬਨ 850,000 ਜਾਤੀਆਂ ਬਿਆਨ ਕੀਤੀਆਂ ਜਾ ਚੁਕੀਆਂ ਹਨ ਜਿਹੜਾ ਪ੍ਰਾਣੀ ਜ਼ਿੰਦਗੀ ਦਾ ਕੋਈ 5/6ਵਾਂ ਹਿੱਸਾ ਹੈ। ਕੀਟ-ਵਿਗਿਆਨੀਆਂ ਨੇ ਅੰਦਾਜ਼ਾ ਲਗਾਇਆ ਹੈ ਕਿ ਇਨ੍ਹਾਂ ਦੀਆਂ ਜਿਉਂਦੀਆਂ ਜਾਤੀਆਂ ਦੀ ਕੁਲ ਗਿਣਤੀ ਕੋਈ 2,000,000 ਤੋਂ 5,000,000 ਤਕ ਹੋਵੇਗੀ।

ਕੀਟ ਹਰ ਤਰ੍ਹਾਂ ਦੀ ਜ਼ਮੀਨ ਅਤੇ ਅਲੂਣੇ ਪਾਣੀ ਵਿਚ ਰਹਿ ਸਕਦੇ ਹਨ ਜਿਥੇ ਇਨ੍ਹਾਂ ਨੂੰ ਖਾਣ ਲਈ ਕੁਝ ਮਿਲ ਜਾਵੇ। ਇਹ ਜੰਗਲਾਂ, ਰੇਗਿਸਤਾਨਾਂ, ਡੂੰਘੇ ਤਲਾਬਾਂ, ਗਰਮ ਪਾਣੀ ਦੇ ਚਸ਼ਮਿਆਂ, ਸਮੁੰਦਰਾਂ ਦੇ ਕਿਨਾਰਿਆਂ, ਸਮੁੰਦਰੀ ਪਾਣੀਆਂ ਅਤੇ ਕਈ ਮੱਖੀਆਂ ਦੇ ਲਾਰਵੇ ਕੱਚੇ ਪੈਟ੍ਰੋਲੀਅਮ ਦੇ ਛੱਪੜਾਂ ਵਿਚ ਵੀ ਮਿਲ ਜਾਂਦੇ ਹਨ ਜਿਥੇ ਇਹ ਉਨ੍ਹਾਂ ਕੀੜਿਆਂ ਨੂੰ ਆਹਾਰ ਬਣਾਉਂਦੇ ਹਨ ਜਿਹੜੇ ਇਸ ਪਦਾਰਥ ਵਿਚ ਡਿੱਗ ਜਾਂਦੇ ਹਨ।

ਆਮ **ਲੱਛਣ**—ਬਹੁਤੇ ਕੀਟ ਛੋਟੇ ਛੋਟੇ ਹੁੰਦੇ ਹਨ, ਆਮ ਤੌਰ ਤੇ ਇਹ 6 ਮਿ. ਮੀ. ਤੋਂ ਘੱਟ ਲੰਮੇ ਹੁੰਦੇ ਹਨ। ਪਰ ਇਨ੍ਹਾਂ ਦੇ ਆਕਾਰ ਵਿਚ ਫ਼ਰਕ ਕਾਫ਼ੀ ਹੈ। ਕੁਝ ਤਾਂ ਬਿਲਕੁਲ ਹੀ ਖ਼ੁਰਦਬੀਨ ਨਾਲ ਦੇਖੇ ਜਾ ਸਕਦੇ ਹਨ (ਪਰਜੀਵੀ ਭਰਿੰਡਾਂ, ਖੰਭਾਂ ਵਰਗੇ ਪਰਾਂ ਵਾਲੇ ਬੀਟਲ ਆਦਿ) ਤੇ ਕੁਝ ਊਸ਼ਣ ਖੰਡੀ ਕਿਸਮਾਂ ਬਹੁਤ ਵੱਡੇ ਆਕਾਰ ਦੀਆਂ ਹੁੰਦੀਆਂ ਹਨ ਜਿਵੇਂ ਹਰਕਿਊਲੀਜ਼ ਬੀਟਲ 16 ਸੈਂ. ਮੀ. ਤਕ ਲੰਮਾ ਹੋ ਜਾਂਦਾ ਹੈ।




ਚਿਤਰ 1. ਬਾਲਗ ਕੀਟਾਂ ਵਿਚ ਵਿਭਿੰਨਤਾਵਾਂ (ਮਾਰਕ ਕੀਤੀਆਂ ਲਾਈਨਾਂ ਕੀਟਾਂ ਦਾ ਲਗਭਗ ਆਕਾਰ ਦਰਸਾਉਂਦੀਆਂ ਹਨ ) (ੳ) ਵਾਕਿੰਗ ਸਟਿਕ (ਫ਼ੈਜ਼ਮਿਡਾ), (ਅ) ਡ੍ਰੈਗਨ ਫਲਾਈ (ਓਡੋਨੇਟਾ), (ੲ) ਈਅਰਵਿਗ (ਡਰਮੈਪਟਰਾ), (ਸ) ਟ੍ਰੀ ਕ੍ਰਿਕਟ (ਔਰਥਾਪਟਰਾ), (ਹ) ਸਟੋਨਫਲਾਈ (ਪਲੈਕਾਪਟਰਾ) (ਕ) ਜੂੰ (ਐਨਪਲੂਰਾ), (ਖ) ਥਰਿਪਸ (ਥਾਈਸੈਨਾਪਟਰਾ), (ਗ) ਮਾਦਾ ਸਕੇਲ (ਹੋਮਾਪਟਰਾ), (ਘ) ਕੈਟ ਫਲੀ (ਸਾਈਫੌਨਐਪਟਰਾ), (ਙ) ਥਾਈਸੈਨੂਰਨ (ਥਾਈਸੈਨੂਰਾ), (ਚ) ਕੀੜੀ (ਹਾਈਮੈਨੌਪਟਰਾ), (ਛ) ਸਟਿੰਕ ਬਗ (ਹੈਟਰੌਪਟਰਾ), (ਜ) ਮੱਛਰ (ਡਿਪਟਰਾ), (ਝ) ਤਿਤਲੀ (ਲੈਪਿਡੌਪਟਰਾ),

## ਬਾਹਰਲੇ ਲੱਛਣ

ਕੀਟ ਦਾ ਸਰੀਰ ਤਿੰਨ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ, ਸਿਰ, ਛਾਤੀ ਅਤੇ ਪੇਟ।

**ਕਿਊਟਿਕਲ**—ਕੀਟ ਦਾ ਸਰੀਰ ਇਕ ਸਿਥਿਲ ਮਾਦੇ ਦੀ ਤਹਿ, ਕਿਊਟਿਕਲ (ਉਤਲੀ ਸਤੱਰ) ਰਾਹੀਂ ਢੱਕਿਆ ਹੁੰਦਾ ਹੈ। ਇਹ ਮਾਦਾ ਹੇਠਲੀ ਐਪੀਡਰਮਲ ਸੈੱਲਾਂ ਦੀ ਇਕਹਿਰੀ ਤਹਿ ਦਾ ਰਿਸਾਉ ਹੁੰਦਾ ਹੈ। ਇਹ ਕਿਊਟਿਕਲ ਮੁੱਖ ਤੌਰ ਤੇ ਕਾਇਟਿਨ (ਕਾਰਬੋਹਾਈਡਰੇਟ) ਅਤੇ ਸਕਲੀਰੌਟਿਨ (ਪ੍ਰੋਟੀਨ) ਦੀ ਬਣੀ ਹੁੰਦੀ ਹੈ। ਇਸ ਦੀ ਉਪਰਲੀ ਤਹਿ ਪਾਣੀ-ਸਹਿ ਮੋਮ ਵਾਂਗ ਹੁੰਦੀ ਹੈ ਜਿਹੜੀ ਸਰੀਰ ਵਿਚਲੇ ਪਾਣੀ ਨੂੰ ਉਡਣ ਤੋਂ ਬਚਾਉਂਦੀ ਹੈ। ਕਿਊਟਿਕਲ ਪਿੰਜਰ ਦਾ ਵੀ ਕੰਮ ਕਰਦੀ ਹੈ ਅਤੇ ਇਸ ਨਾਲ ਪੇਸ਼ੀਆਂ ਜੁੜੀਆਂ ਹੁੰਦੀਆਂ ਹਨ। ਜਿਨ੍ਹਾਂ ਕੀਟਾਂ ਵਿਚ ਇਹ ਨਰਮ ਤੇ ਲਚਕੀਲੀ ਹੁੰਦੀ ਹੈ ਉਥੇ ਪਿੰਜਰ ਦ੍ਰਵ ਸਥਿਤਕੀ (ਹਾਈਡ੍ਰੋਸਟੈਟਿਕ) ਕਿਸਮ ਦਾ ਹੁੰਦਾ ਹੈ। ਸਖ਼ਤ ਸਰੀਰ ਵਾਲੇ ਕੀਟਾਂ ਦੀ ਕਿਊਟਿਕਲ ਸਖ਼ਤ ਸਕਲੀਰੌਇਟਾਂ ਦੀ ਬਣੀ ਹੁੰਦੀ ਹੈ। ਇਨ੍ਹਾਂ ਦੇ ਜੋੜ ਲਚਕੀਲੇ ਹੁੰਦੇ ਹਨ ਤੇ ਬਾਹਰੀ ਪਿੰਜਰ ਦਾ ਕੰਮ ਕਰਦੇ ਹਨ। ਸਿਰ ਦੇ ਪਿੱਛੇ ਅਤੇ ਛਾਤੀ ਵਿਚ ਕਿਊਟਿਕਲ ਦੇ ਸਖ਼ਤ ਵਧਾਉ ਪੇਸ਼ੀਆਂ ਦੇ ਜੁੜਨ ਲਈ ਅੰਦਰੂਨੀ ਪਿੰਜਰ ਦਾ ਕੰਮ ਕਰਦੇ ਹਨ। ਇਨ੍ਹਾਂ ਨੂੰ ਐਪੋਡੀਮ ਕਹਿੰਦੇ ਹਨ।

**ਸਿਰ**—ਸਰੀਰ ਦੇ ਪਹਿਲੇ ਛੇ ਖੰਡ ਜੁੜ ਕੇ ਸਿਰ ਬਣਾਉਂਦੇ ਹਨ। ਇਸ ਹਿੱਸੇ ਦੇ ਉਪ-ਅੰਗ ਪਰਿਵਰਤਿਤ ਹੋ ਕੇ ਟੋਹਣੀਆਂ ਦਾ ਇਕ ਜੋੜਾ (ਜਿਸ ਉਤੇ ਕਈ ਗਿਆਨ-ਇੰਦਰੀਆਂ ਹੁੰਦੀਆਂ ਹਨ) ਅਤੇ




ਚਿਤਰ 2. ਇਕ ਵਿਆਪਕ ਕੀਟ ਦੀ ਸਰੀਰਕ ਬਣਤਰ ਜਿਸ ਵਿਚ ਬਾਹਰਲੀ ਐਨਾਟਮੀ ਅਤੇ ਨਰ ਜਣਨ-ਅੰਗ ਦਿਖਾਏ ਗਏ ਹਨ :—
(1) ਕੌਸਟਾ (2) ਉਪ-ਕੌਸਟਾ (3) ਰੇਡੀਅਸ (4) ਮੀਡੀਆ (5) ਕਿਊਬਿਟੱਸ (6) ਸਯੁੰਕਤ ਨੇਤਰ (7) ਔਸੈਲਾਈ (8) ਸਪਾਇਰੇਕਲ (9) ਬੁਲ੍ਹ-ਉਪਰਲਾ, ਹੇਠਲਾ (10) ਮੈਂਡੀਬਲ (11) ਟੋਹਣੀ (12) ਮੈਕਸਿਲਾ (13) ਕੌਕਸਾ (14) ਟ੍ਰੋਕੈਂਟਰ (15) ਫੀਮਰ (16) ਟਿਬੀਆ (17) ਟਾਰਸਸ (18) ਸੈਮੀਨਲ ਵੈਸੀਕਲ (19) ਛੁੱਟਣ ਨਿਕਾਸ ਵਹਿਣੀ (20) ਸ਼ਿਸ਼ਨ (ਨਰ ਇੰਦਰੀ) (21) ਗੁਦਾ (22) ਸਰਚਸ (23) ਨਰ ਸਹਾਇਕ ਗਲੈਂਡ (24) ਸ਼ੁਕ੍ਰਾਣੂ-ਵਹਿਣੀ (25) ਵੈਸਟੀਕਲ (26) ਪਿਛਲਾ ਪਰ (27) ਅਗਲਾ ਪਰ

ਮੂੰਹ-ਅੰਗ (ਜਿਹੜੇ ਖ਼ੁਰਾਕ ਨੂੰ ਮੂੰਹ ਤਕ ਪਹੁੰਚਾਉਂਦੇ ਹਨ) ਬਣ ਗਏ ਹਨ। ਸਿਰ ਉਤੇ ਅੱਖਾਂ ਵੀ ਲੱਗੀਆਂ ਹੁੰਦੀਆਂ ਹਨ।

**ਮੂੰਹ-ਅੰਗ**-ਬਹੁਤੇ ਕੀਟਾਂ ਵਿਚ ਮੂੰਹ-ਅੰਗ ਚਿੱਥਣ ਕਿਸਮ ਦੇ ਹੁੰਦੇ ਹਨ। ਇਨ੍ਹਾਂ ਵਿਚ ਇਕ ਉਪਰਲਾ ਬੁਲ੍ਹ ਜਾਂ ਲੇਬਰਮ ਹੁੰਦਾ ਹੈ, ਇਸ ਦੇ ਪਿਛੇ ਇਕ ਜੋੜਾ ਸਖ਼ਤ, ਦੰਦੇਦਾਰ ਮੈਂਡੀਬਲਾਂ ਦਾ ਹੁੰਦਾ ਹੈ। ਇਸ ਤੋਂ ਬਾਅਦ ਇਕ ਜੋੜਾ ਪਹਿਲੇ ਮੈਕਸਿਲੀ ਹੁੰਦੇ ਹਨ। ਇਨ੍ਹਾਂ ਵਿਚੋਂ ਹਰੇਕ ਇਕ ਬਲੇਡ ਵਰਗੇ ਲੈਸੀਨੀਆ ਹੁੱਡ ਵਰਗੇ ਗੇਲੀਆ ਅਤੇ ਇਕ ਖੰਡਿਤ ਪੈਲਪ, ਜਿਸ ਉਤੇ ਗਿਆਨ ਇੰਦਰੀਆਂ ਹੁੰਦੀਆਂ ਹਨ, ਦਾ ਬਣਿਆ ਹੁੰਦਾ ਹੈ। ਮੈਕਸਿਲੀ ਦਾ ਦੂਜਾ ਜੋੜਾ ਅੱਧ ਵਿਚਕਾਰ ਕੁਝ ਹੱਦ ਤਕ ਜੁੜਿਆ ਹੁੰਦਾ ਹੈ ਤੇ ਹੇਠਲਾ ਬੁਲ੍ਹ ਜਾਂ ਲੇਬੀਅਮ ਬਣਾਉਂਦਾ




ਚਿਤਰ 3. ਮੂੰਹ-ਅੰਗਾਂ ਦੀਆਂ ਕਿਸਮਾਂ :—
(ੳ) ਚਿੱਥਣ ਵਾਲੇ (ਅ) ਚੂਸਣ ਵਾਲੇ (ੲ) ਕੱਟਣ ਵਾਲੇ (1) ਉਪਰਲਾ ਬੁਲ੍ਹ (2) ਮੈਂਡੀਬਲ (3) ਮੈਕਸਿਲਰੀ ਪੈਲਪ (4) ਮੈਕਸਿਲਾ (5) ਲੇਬੀਅਲ ਪੈਲਪ (6) ਹੇਠਲਾ ਬੁਲ੍ਹ (7) ਮੈਂਡੀਬਲ (8) ਉਪਰਲਾ ਬੁਲ੍ਹ (9) ਹੇਠਲਾ ਬੁਲ੍ਹ (10) ਮੈਕਸਿਲਾ (11) ਹਾਈਪੋਫੈਰਿੰਕਸ (12) ਮੈਕਸਿਲਰੀ ਪੈਲਪ (13) ਮੈਂਡੀਬਲ (14) ਹਾਈਪੋਫੈਰਿੰਕਸ (15) ਮੈਕਸਿਲੀ (16) ਹੇਠਲਾ ਬੁਲ੍ਹ

ਹੈ। ਕਈ ਵਾਰੀ ਮੂੰਹ ਵਿਚ ਇਕ ਜੀਭ ਵਰਗੀ ਬਣਤਰ ਹਾਈਪੋਫੈਰਿੰਕਸ ਲੱਗੀ ਹੁੰਦੀ ਹੈ। ਕੀਟਾਂ ਦੇ ਵੱਖ-ਵੱਖ ਵਰਗਾਂ ਵਿਚ ਮੂੰਹ-ਅੰਗਾਂ ਦੇ ਬਹੁਤ ਵਖਰੇਵੇਂ ਮਿਲਦੇ ਹਨ। ਕਈਆਂ ਵਿਚ ਇਹ ਚੂਸਣ ਕਿਸਮ ਅਤੇ ਕਈਆਂ ਵਿਚ ਕੱਟਣ ਕਿਸਮ ਦੇ ਹੁੰਦੇ ਹਨ।

**ਛਾਤੀ**—ਛਾਤੀ ਤਿੰਨ ਖੰਡਾਂ ਦੀ ਬਣੀ ਹੁੰਦੀ ਹੈ ; ਪ੍ਰੋਥੋਰੈਕਸ, ਮੀਜ਼ੋਥੋਰੈਕਸ ਅਤੇ ਮੈਟਾਥੋਰੈਕਸ। ਇਹ ਤਿੰਨੇ ਖੰਡ ਕਈ ਵਾਰ ਜੁੜੇ ਹੋਏ ਹੁੰਦੇ ਹਨ ਪਰ ਆਮ ਤੌਰ ਤੇ ਅੱਡ-ਅੱਡ ਕੀਤੇ ਜਾ ਸਕਦੇ ਹਨ। ਹਰ ਖੰਡ ਸਖ਼ਤ ਪਲੇਟਾਂ ਜਾਂ ਸਕਲੀਰੌਇਟਾਂ ਦੇ ਚਾਰ ਗਰੁੱਪਾਂ ਦਾ ਬਣਿਆ ਹੁੰਦਾ ਹੈ : ਉਪਰਲੇ ਨੋਟਮ, ਪਾਸਿਆਂ ਦੇ ਪਲੂਰੌਨ ਅਤੇ ਹੇਠ੍ਹਾਂ ਸਟੱਰਨਮ। ਹਰ ਸਕਲੀਰੌਇਟ ਅੱਗੇ ਪ੍ਰੋ-ਮੀਜ਼ੋ ਅਤੇ ਮੈਟਾ ਲਗਾ ਕੇ ਇਨ੍ਹਾਂ ਦੀ ਪਛਾਣ ਕੀਤੀ ਜਾਂਦੀ ਹੈ।

ਹਰ ਖੰਡ ਉਤੇ ਇਕ ਜੋੜਾ ਲੱਤਾਂ ਦਾ ਹੁੰਦਾ ਹੈ ਅਤੇ ਮੀਜ਼ੋ ਅਤੇ ਮੈਟਾਥੋਰੈਕਸ ਨਾਲ ਇਕ ਇਕ ਜੋੜਾ ਪਰਾਂ ਦਾ ਲੱਗਿਆ ਹੁੰਦਾ ਹੈ। ਹਰੇਕ ਲੱਤ ਦੇ ਪੰਜ ਹਿੱਸੇ ਹੁੰਦੇ ਹਨ : ਕੌਕਸਾ (ਜਿਹੜੀ ਛਾਤੀ ਨਾਲ ਜੁੜੀ ਹੁੰਦੀ ਹੈ), ਛੋਟੀ ਜਿਹੀ ਟ੍ਰੋਕੈਂਟਰ, ਫੀਮਰ, ਟਿਬੀਆ ਅਤੇ ਟਾਰਸਸ (ਜਿਸਦੇ 1-5 ਖੰਡ ਹੁੰਦੇ ਹਨ) ਟਾਰਸਲ ਖੰਡਾਂ ਉਤੇ ਆਮ ਤੌਰ ਤੇ ਨਹੁੰਦਰਾਂ ਹੁੰਦੀਆਂ ਹਨ ਜਿਨ੍ਹਾਂ ਦੇ ਵਿਚਕਾਰ ਚਿਪਚਿਪੀਆਂ ਗੱਦੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪਲੇਵਿੱਲਾਈ ਜਾਂ ਐਰੋਲੀਆ ਕਹਿੰਦੇ ਹਨ। ਇਹ ਗੱਦੀਆਂ ਕੀਟ ਨੂੰ ਪੱਧਰੀਆਂ ਥਾਵਾਂ ਨੂੰ ਪਕੜਨ ਵਿਚ ਸਹਾਇਤਾ ਕਰਦੀਆਂ ਹਨ। ਕੀਟਾਂ ਦੀਆਂ ਲੱਤਾਂ ਛਾਲਾਂ ਮਾਰਨ, ਖੁੱਡਾਂ ਪੁੱਟਣ

ਸ਼ਿਕਾਰ ਪਕੜਨ ਅਤੇ ਤੈਰਨ ਲਈ ਕਈ ਤਰ੍ਹਾਂ ਤਬਦੀਲ ਹੋਈਆਂ ਹੁੰਦੀਆਂ ਹਨ ।

ਖੰਭ ਜਾਂ ਪਰ ਆਰਾਮ ਦੀ ਹਾਲਤ ਵਿਚ ਪਾਸਿਆਂ ਤੇ ਖੁਲ੍ਹੇ ਰਹਿੰਦੇ ਹਨ (ਡ੍ਰੈਗਨ ਫਲਾਈ) ਜਾਂ ਸਰੀਰ ਦੇ ਉਪਰ ਸਿੱਧੇ ਖੜੇ ਰਹਿੰਦੇ ਹਨ (ਮੇ-ਫਲਾਈ) ਜਾਂ ਬਹੁਤੇ ਕੀਟਾਂ ਵਿਚ ਇਹ ਪੇਟ ਦੇ ਨਾਲ ਇਕੱਠੇ ਹੋਏ ਹੁੰਦੇ ਹਨ । ਉੱਡਣ ਵਿਚ ਕੰਮ ਆਉਣ ਵਾਲੇ ਪਰ ਪਤਲੀ ਝਿੱਲੀਮਈ ਕਿਊਟਿਕਲ ਦੇ ਬਣੇ ਹੁੰਦੇ ਹਨ । ਕਈ ਕੀਟਾਂ ਜਿਵੇਂ ਬੀਟਲਾਂ ਵਿਚ, ਮੀਜ਼ੋਥੋਰੈਸਿਕ ਪਰ ਸਖ਼ਤ ਤੇ ਕਰੜੇ ਬਣ ਗਏ ਹਨ ਅਤੇ ਇਹ ਪਿਛਲੇ ਝਿੱਲੀਮਈ ਪਰਾਂ ਲਈ ਸੁਰੱਖਿਅਤ ਸ਼ੀਥ (ਇਲਾਈਟਰਾ) ਦਾ ਕੰਮ ਕਰਦੇ ਹਨ।

**ਪੇਟ**—ਪੇਟ ਦੇ ਵੱਧ ਤੋਂ ਵੱਧ 11 ਖੰਡ ਹੁੰਦੇ ਹਨ । ਭਾਵੇਂ ਇਹ ਗਿਣਤੀ ਆਮ ਤੌਰ ਤੇ ਖੰਡਾਂ ਦੇ ਆਪਸ ਵਿਚ ਜੁੜ ਜਾਣ ਕਰਕੇ ਘੱਟ ਹੋ ਜਾਂਦੀ ਹੈ । ਪੇਟ ਦੇ ਆਮ ਤੌਰ ਤੇ ਉਪ-ਅੰਗ ਨਹੀਂ ਹੁੰਦੇ, ਸਿਰਫ਼ ਸੁੰਡੀਆਂ ਵਿਚ 5 ਜੋੜਿਆਂ ਤਕ ਪੇਟ ਦੀਆਂ ਅਗਲੀਆਂ ਲੱਤਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਇਹ ਤੁਰਨ ਲਈ ਵਰਤਦੀਆਂ ਹਨ ਅਤੇ ਬਾਲਗ ਕੀਟਾਂ ਵਿਚ ਪਿਛਲੇ ਸਿਰੇ ਤੇ ਇਹ ਬਾਹਰਲੇ ਜਣਨ-ਅੰਗਾਂ ਵਿਚ ਪਰਿਵਰਤਿਤ ਹੋਏ ਹੁੰਦੇ ਹਨ । ਨਰ ਕੀਟਾਂ ਵਿਚ ਆਲਿੰਗਕਾਂ ਦਾ ਇਕ ਜੋੜਾ ਹੁੰਦਾ ਹੈ ਜਿਹੜਾ ਮਾਦਾ ਨੂੰ ਪੱਕੜੀ ਰੱਖਣ ਵਿਚ ਸਹਾਇਤਾ ਕਰਦਾ ਹੈ । ਮਾਦਾ ਵਿਚ ਵੈਲਵਿਊਲੀ ਦੇ ਤਿੰਨ ਜੋੜੇ ਅੰਡੇ ਦੇਣ ਸਮੇਂ ਅੰਡਿਆਂ ਨੂੰ ਸੰਭਾਲਣ ਲਈ ਵਰਤੇ ਜਾਂਦੇ ਹਨ । ਕਈ ਕੀਟਾਂ ਵਿਚ ਜਿਵੇਂ ਕੱਕਰੋਚਾਂ ਤੇ ਕ੍ਰਿਕਟਾਂ ਵਿਚ, ਪੇਟ ਦੇ ਪਿਛਲੇ ਸਿਰੇ ਤੇ ਦੋ ਫੀਲਰ ਜਾਂ ਲੂੰ-ਦਾਰ ਉਪ ਅੰਗ ਅਰਥਾਤ ਸਰਸਾਈ ਹੁੰਦੇ ਹਨ ਜਿਨ੍ਹਾਂ ਉਤੇ ਗਿਆਨ ਇੰਦਰੀਆਂ ਹੁੰਦੀਆਂ ਹਨ ।

## ਅੰਦਰਲੀ ਐਨਾਟਮੀ

**ਪਾਚਨ ਸਿਸਟਮ**—ਪਾਚਨ ਸਿਸਟਮ ਅਗਲੀ ਆਹਾਰ-ਨਲੀ, ਮੱਧ-ਆਹਾਰ ਨਲੀ ਤੇ ਪਿਛਲੀ ਆਹਾਰ-ਨਲੀ ਵਿਚ ਵੰਡਿਆ ਹੋਇਆ ਹੈ । ਅਗਲੀ ਆਹਾਰ-ਨਲੀ ਸਟੋਮੋਡੀਅਮ ਤੋਂ ਅਤੇ ਪਿਛਲੀ ਪ੍ਰੋਕਟੋਡੀਅਮ ਤੋਂ ਬਣਦੀ ਹੈ । ਅਗਲੀ ਅਤੇ ਪਿਛਲੀ ਆਹਾਰ ਨਲੀ ਦੇ ਅੰਦਰ ਕਿਊਟਿਕਲ ਦੀ ਤਹਿ ਹੁੰਦੀ ਹੈ ਜਿਹੜੀ ਸਰੀਰ ਦੀ ਬਾਹਰਲੀ ਕਿਊਟਿਕਲ ਨਾਲ ਨਿਰੰਤਰ ਜੁੜੀ ਹੁੰਦੀ ਹੈ ।

ਆਹਾਰ-ਨਲੀ ਮੂੰਹ ਤੋਂ ਸ਼ੁਰੂ ਹੁੰਦੀ ਹੈ । ਇਸ ਤੋਂ ਪਿਛੇ ਪੇਸ਼ੀਕਾਰ ਫੈਰਿੰਕਸ, ਈਸੋਫੇਗਸ ਤੇ ਅੰਨ-ਪੋਟਾ ਹੁੰਦਾ ਹੈ । ਅੰਨ-ਪੋਟਾ ਅਗੋਂ ਮੱਧ ਆਹਾਰ-ਨਲੀ ਵਿਚ ਖੁਲ੍ਹਦਾ ਹੈ । ਕਈ ਕੀਟਾਂ ਵਿਚ ਅੰਨ-ਪੋਟੇ ਤੋਂ ਬਾਦ ਇਕ ਪੇਸ਼ੀਦਾਰ ਗਿਜ਼ਰਡ ਜਾਂ ਪ੍ਰੋਵੈਂਟ੍ਰੀਕੁਲਸ ਹੁੰਦਾ ਹੈ । ਮੱਧ-ਆਹਾਰ ਨਲੀ ਦੇ ਅੰਤ ਤੇ ਮੈਲਪਿਗੀ ਨਲਿਕਾਵਾਂ ਲੱਗੀਆਂ ਹੁੰਦੀਆਂ ਹਨ । ਇਹ ਨਲਿਕਾਵਾਂ ਮਲ-ਤਿਆਗ ਅੰਗਾਂ ਦਾ ਕੰਮ ਕਰਦੀਆਂ ਹਨ । ਪਿਛਲੀ ਆਹਾਰ-ਨਲੀ ਵਿਚ ਇਕ-ਤੰਗ ਇਲੀਅਮ ਅਤੇ ਇਕ ਵੱਡੀ ਤੇ ਮੋਟੀ ਭਿੱਤੀ ਵਾਲੀ ਰੈਕਟਮ ਹੁੰਦੀ ਹੈ ਜਿਹੜੀ ਗੁੱਦਾ ਰਾਹੀਂ ਖੁਲ੍ਹਦੀ ਹੈ ।

ਲੁਆਬ ਗਲੈਂਡਾਂ ਅਤੇ ਮੱਧ ਆਹਾਰ-ਨਲੀ ਦੇ ਸੈੱਲਾਂ ਤੇ ਇਸ ਦੇ ਡਾਈਵਰਟੀਕੁਲਾਂ ਵਿਚੋਂ ਪਾਚਕ ਰਸ ਰਿਸਦੇ ਹਨ । ਇਹ ਰਸ ਕੀਟਾਂ ਦੀ ਖ਼ੁਰਾਕ ਅਨੁਸਾਰ ਵੱਖ-ਵੱਖ ਹੁੰਦੇ ਹਨ । ਲੁਆਬ ਗਲੈਂਡ ਐਮਿਲੇਸ (ਐਨਜ਼ਾਈਮ) ਰਿਸਾਉਂਦੀ ਹੈ ਤੇ ਮੱਧ-ਆਹਾਰ ਨਲੀ ਵਿਚੋਂ ਕਈ ਐਨਜ਼ਾਈਮ ਰਿਸਦੇ ਹਨ ਜਿਨ੍ਹਾਂ ਵਿਚ ਪ੍ਰੋਟੀਏਸ, ਲਾਈਪੇਸ, ਐਮਿਲੇਸ ਅਤੇ ਇਨਵਰਟੇਸ ਵੀ ਸ਼ਾਮਲ ਹਨ । ਜਜ਼ਬ ਹੋਣ ਦੀ ਕਿਰਿਆ ਮੁੱਖ ਤੌਰ ਤੇ ਮੱਧ ਆਹਾਰ-ਨਲੀ ਵਿਚ ਹੁੰਦੀ ਹੈ । ਬਾਕੀ ਬਚਿਆ ਫੋਕਟ ਪਦਾਰਥ ਪਿਛਲੀ ਆਹਾਰ-ਨਲੀ ਵਿਚ ਚਲਾ ਜਾਂਦਾ ਹੈ । ਇਸ ਵਿਚ ਮੈਲਪਿਗੀ ਨਲਿਕਾਵਾਂ ਦਾ ਮਲ-ਮੂਤਰ ਵੀ ਆਉਂਦਾ ਹੈ । ਨਾਈਟ੍ਰੋਜਨ ਮੈਟਾਬੋਲਿਜ਼ਮ



ਚਿਤਰ 4. ਇਕ ਵਿਆਪਕ ਮਾਦਾ ਕੀਟ ਦੀ ਅੰਦਰਲੀ ਐਨਾਟਮੀ :—
(1) ਕੱਰਪਸ ਕਾਰਡੀਏਕਮ (2) ਦਿਮਾਗ਼ (3) ਅਗਲੀ ਆਹਾਰ ਨਲੀ (4) ਲੁਆਬ ਗਲੈਂਡਾਂ (5) ਨਾੜੀ ਕੱਰਡ (6) ਅੰਡ ਕੋਸ਼ (7) ਸ਼ੁਕ੍ਰਾਣੂ ਗ੍ਰਾਹੀ ਥੈਲੀ (8) ਅੰਡ ਨਿਕਾਸ ਵਹਿਣੀ (9) ਸਹਾਇਕ ਗਲੈਂਡਾਂ (10) ਅੰਡ ਨਿਖੇਪਣ ਅੰਗ (ਇਕੱਠਾ ਹੋਇਆ) (11) ਰੈਕਟਮ (12) ਪਿਛਲੀ ਆਹਾਰ ਨਲੀ (13) ਮੈਲਪਿਗੀ ਨਲਿਕਾਵਾਂ (14) ਔਸਟੀਆ (15) ਦਿਲ (16) ਮੱਧ ਆਹਾਰ ਨਲੀ (17) ਮਹਾਧਮਣੀ (18) ਕੱਰਪਸ ਏਲੇਟਮ (19) ਗੁਦਾ

ਕਾਰਨ ਯੂਰਿਕ ਐਸਿਡ, ਅਮੀਨੋ ਐਸਿਡਾਂ ਦੀ ਕੁਝ ਮਾਤਰਾ ਅਤੇ ਯੂਰੀਆ ਪ੍ਰਾਪਤ ਹੁੰਦੇ ਹਨ । ਜਲੀ ਕੀਟਾਂ ਵਿਚ ਮੁੱਖ ਭਾਗ ਅਮੋਨੀਅਮ ਲੂਣਾਂ ਦਾ ਹੁੰਦਾ ਹੈ ।

ਰੈਕਟਮ ਵਿਚ ਕਿਸੇ-ਕਿਸੇ ਹਿੱਸੇ ਤੇ ਅੰਦਰਲੀ ਤਹਿ ਦੇ ਐਪੀਥੀਲੀਅਲ ਸੈੱਲ ਜ਼ਿਆਦਾ ਵੱਡੇ ਹੁੰਦੇ ਹਨ ਤੇ ਇਹ ਰੈਕਟਲ ਗਲੈਂਡਾਂ ਬਣਾਉਂਦੇ ਹਨ । ਇਨ੍ਹਾਂ ਗਲੈਂਡਾਂ ਵਿਚ ਟ੍ਰੈਕੀਆ ਹੁੰਦੇ ਹਨ ਅਤੇ ਇਥੇ ਪਾਣੀ ਅਤੇ ਆਇਨ ਮੁੜ ਜਜ਼ਬ ਹੁੰਦੇ ਹਨ । ਜਜ਼ਬ ਹੋਇਆ ਮਾਦਾ ਹੀਮੋਸੀਲ ਜਾਂ ਦੇਹ-ਖੋੜ ਵਿਚ ਜਾ ਕੇ ਲਹੂ-ਗੇੜ ਸਿਸਟਮ ਰਾਹੀਂ ਜਾਂ ਹੀਮੋਲਿੰਫ਼ ਰਾਹੀਂ ਸਾਰੇ ਅੰਗਾਂ ਤਕ ਪਹੁੰਚ ਜਾਂਦਾ ਹੈ ।

**ਲਹੂ ਗੇੜ ਸਿਸਟਮ** : ਲਹੂ ਗੇੜ ਸਿਸਟਮ ਖੁੱਲ੍ਹੀ ਕਿਸਮ ਦਾ ਹੈ । ਸਰੀਰ ਦਾ ਬਹੁਤਾ ਤਰਲ ਜਾਂ ਹੀਮੋਲਿੰਫ਼ ਸਰੀਰ ਅਤੇ ਉਪ-ਅੰਗਾਂ ਦੀਆਂ ਖੋੜਾਂ ਵਿਚ ਹੁੰਦਾ ਹੈ । ਇਕ ਬੰਦ ਵਹਿਣੀ, ਜਿਸ ਨੂੰ ਡੱਰਸਲ ਵਹਿਣੀ ਕਹਿੰਦੇ ਹਨ, ਸਰੀਰ ਦੇ ਪਿਛਲੇ ਸਿਰੇ ਤੋਂ ਸਿਰ ਤਕ ਜਾਂਦੀ ਹੈ । ਇਸ ਦੇ ਦੋ ਹਿੱਸੇ ਹਨ—ਦਿਲ, ਜਿਹੜਾ ਪੇਟ ਤਕ ਸੀਮਤ ਹੈ ਅਤੇ ਮਹਾਧਮਣੀ (ਏਔਰਟਾ), ਜਿਹੜੀ ਛਾਤੀ ਵਿਚੋਂ ਦੀ ਹੁੰਦੀ ਹੋਈ ਸਿਰ ਤਕ ਜਾਂਦੀ ਹੈ । ਹੀਮੋਲਿੰਫ਼ ਸਰੀਰ ਦੇ ਪਿਛਲੇ ਹਿੱਸੇ ਅਤੇ ਪਾਸਿਆਂ ਤੋਂ ਡੱਰਸਲ ਵਹਿਣੀ ਵਿਚ ਅਗੇ ਵਲ ਧੱਕਿਆ ਜਾਂਦਾ ਹੈ । ਇਹ ਵਾਲਵਾਂ ਵਾਲੇ ਖਾਨਿਆਂ ਦੀ ਇਕ ਕਤਾਰ ਵਿਚੋਂ ਲੰਘਦਾ ਹੈ । ਇਨ੍ਹਾਂ ਵਿਚੋਂ ਹਰ ਇਕ ਖਾਨਾ ਪਾਸਿਆਂ ਦੇ ਛੇਕਾਂ ਦੇ ਇਕ ਜੋੜੇ ਰਾਹੀਂ ਮਹਾਧਮਣੀ ਵਿਚ ਖੁਲ੍ਹਦਾ ਹੈ ਅਤੇ ਹੀਮੋਲਿੰਫ਼ ਸਿਰ ਦੇ ਅਗਲੇ ਹਿੱਸੇ ਵਿਚ ਜਾਂਦਾ ਹੈ । ਸਹਾਇਕ ਪੰਪ ਹੀਮੋਲਿੰਫ਼ ਨੂੰ ਵਾਪਸ ਪੇਟ ਵਿਚ ਜਾਣ ਤੋਂ ਪਹਿਲਾਂ ਪਰਾਂ, ਟੋਹਣੀਆਂ ਅਤੇ ਲੱਤਾਂ ਵਿਚ ਲੈ ਜਾਂਦੇ ਹਨ ।

ਸਰੀਰ ਵਿਚ ਚੱਕਰ ਕੱਟਦਾ ਹੀਮੋਲਿੰਫ਼ ਜਾਂ ਲਹੂ ਜਜ਼ਬ ਹੋਈ ਖ਼ੁਰਾਕ ਨੂੰ ਸਰੀਰ ਦੇ ਸਾਰੇ ਅੰਗਾਂ ਤਕ ਪਹੁੰਚਾਉਂਦਾ ਹੈ ਅਤੇ ਅੰਗਾਂ ਵਿਚੋਂ ਮਲਮੂਤਰ ਨੂੰ ਮੈਲਪਿਗੀ ਨਲਿਕਾਵਾਂ ਤਕ ਮਲ-ਤਿਆਗ ਲਈ ਲਿਆਉਂਦਾ ਹੈ । ਸਾਹ ਕਿਰਿਆ ਵਿਚ ਕੋਈ ਖ਼ਾਸ ਮਹੱਤਤਾ ਨਹੀਂ ਹੈ ।



ਚਿਤਰ 5. ਇਕ ਵਿਆਪਕ ਕੀਟ ਦਾ ਲਹੂ-ਗੇੜ ਸਿਸਟਮ :— (1) ਟੋਹਣੀ (2) ਲੱਤ (3) ਪੈਰੀਵਿਸਰਲ ਕੋਟਰ (4) ਥਲਵਾਂ ਪੇਟ ਪਰਦਾ (5) ਪੈਰੀਨਿਊਰਲ ਕੋਟਰ (6) ਪਿੱਠਲਾ ਪੇਟ-ਪਰਦਾ (7) ਦਿਲ ਝਿੱਲੀ ਕੋਟਰ (8) ਦਿਲ (9) ਔਸਟੀਅਮ (10) ਪਿੱਠਲਾ ਐਂਪੂਲਾ (11) ਮਹਾਧਮਣੀ (12) ਪਰ

ਇਸ ਵਿਚ ਕੁਝ ਤਰਦੇ ਹੀਮੋਸਾਈਟ ਸੈੱਲ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਸੂਖਮ ਜੀਵਾਂ ਨੂੰ ਹਜ਼ਮ ਕਰਕੇ ਫੈਗੋਸਾਈਟਾਂ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਹੀਮੋਲਿੰਫ਼ ਵਿਚ ਕੁਝ ਫੈਟ ਬੱਡੀ (ਚਿਕਨਾਹਟ) ਹੁੰਦੇ ਹਨ।

**ਸਾਹ-ਸਿਸਟਮ**—ਸਾਹ-ਸਿਸਟਮ ਵਿਚ ਹਵਾ ਨਾਲ ਭਰੀਆਂ ਨਲੀਆਂ ਜਾਂ ਟ੍ਰੇਕੀਆਈ ਆਉਂਦੀਆਂ ਹਨ ਜਿਹੜੀਆਂ ਸਪਾਇਰੇਕਲਾਂ ਦੇ ਜੋੜਿਆਂ ਰਾਹੀਂ ਛਾਤੀ ਅਤੇ ਪੇਟ ਦੀ ਸਤ੍ਹਾ ਤੇ ਖੁਲ੍ਹਦੀਆਂ ਹਨ। ਸਪਾਇਰੇਕਲਾਂ ਵਿਚ ਪੇਸ਼ੀਦਾਰ ਵਾਲਵ ਹੁੰਦੇ ਹਨ ਜਿਹੜੇ ਬਹੁਤਾ ਸਮਾਂ ਬੰਦ ਰਹਿੰਦੇ ਹਨ। ਇਹ ਸਿਰਫ਼ ਆਕਸੀਜਨ ਅੰਦਰ ਲੈਣ ਲਈ ਅਤੇ ਕਾਰਬਨਡਾਈਆਕਸਾਈਡ ਬਾਹਰ ਕੱਢਣ ਲਈ ਖੁਲ੍ਹਦੇ ਹਨ। ਇਹ ਟ੍ਰੇਕੀਅਲ ਨਲੀਆਂ ਕਿਊਟਿਕਲ ਨਾਲ ਨਿਰੰਤਰ ਜੁੜੀਆਂ ਹੁੰਦੀਆਂ ਹਨ। ਟ੍ਰੇਕੀਆਈ ਵਿਚ ਕੁੰਡਲਦਾਰ ਜਾਂ ਧਾਗੇ ਵਰਗੇ ਉਭਾਰ ਹੁੰਦੇ ਹਨ, ਜਿਨ੍ਹਾਂ ਨੂੰ ਟੀਨੀਡਿਆ ਕਹਿੰਦੇ ਹਨ। ਇਨ੍ਹਾਂ ਕਰਕੇ ਹੀ ਟ੍ਰੇਕੀਆਈ ਸਖ਼ਤ ਹੋਈਆਂ ਹੁੰਦੀਆਂ ਹਨ। ਟੀਨੀਡਿਆ ਦੀਆਂ ਅੱਗੇ ਕਈ ਲੜੀਵਾਰ ਸ਼ਾਖਾਵਾਂ ਹੋ ਜਾਂਦੀਆਂ ਹਨ ਜਿਹੜੀਆਂ ਅਤਿ ਸੂਖਮ, ਪਤਲੀ-ਭਿੱਤੀ ਵਾਲੀਆਂ ਟ੍ਰੇਕੀਓਲਾਂ ਵਿਚ ਖਤਮ ਹੁੰਦੀਆਂ ਹਨ। ਇਨ੍ਹਾਂ ਟ੍ਰੇਕੀਓਲਾਂ ਦਾ ਵਿਆਸ ਇਕ ਮਾਈਕ੍ਰੋਨ ਤੋਂ ਵੀ ਘੱਟ ਹੁੰਦਾ ਹੈ। ਇਹ ਟ੍ਰੇਕੀਓਲ ਸੈੱਲਾਂ ਦੇ ਵਿਚਕਾਰੋਂ ਦੀ ਲੰਘ ਕੇ ਹੇਠ੍ਹਾਂ ਪਲਾਜ਼ਮਾ ਝਿੱਲੀ ਤਕ ਪਹੁੰਚ ਜਾਂਦੀਆਂ ਹਨ।

ਆਕਸੀਜਨ ਦਾ ਅੰਦਰ ਆਉਣਾ ਅਤੇ ਕਾਰਬਨ ਡਾਈ-ਆਕਸਾਈਡ ਦਾ ਬਾਹਰ ਜਾਣਾ ਸਿਰਫ਼ ਗੈਸਾਂ ਦੇ ਪ੍ਰਸਰਨ ਕਾਰਨ ਹੀ ਹੁੰਦਾ ਹੈ। ਪੇਟ ਦੀਆਂ ਪੰਪਿੰਗ ਹਰਕਤਾਂ ਕੁਝ ਸਪਾਇਰੇਕਲਾਂ ਵਿਚੋਂ ਹਵਾ ਨੂੰ ਬਾਹਰ ਧੱਕਣ ਅਤੇ ਦੂਜਿਆਂ ਵਿਚੋਂ ਇਸ ਦੇ ਅੰਦਰ ਆਉਣ ਲਈ ਲੋੜੀਂਦੀ ਤਾਕਤ ਦਿੰਦੀਆਂ ਹਨ। ਜ਼ਿਆਦਾ ਚੁਸਤ ਕੀਟਾਂ ਵਿਚ ਵੱਡੀਆਂ ਹਵਾ ਪੋਟਲੀਆਂ ਵੀ ਹਨ ਜਿਹੜੀਆਂ ਕਿ ਟ੍ਰੇਕੀਆਈ ਦੀਆਂ ਪਤਲੀ-ਭਿੱਤੀ ਵਾਲੇ ਵਧਾਅ ਹੁੰਦੇ ਹਨ। ਇਹ ਹਵਾ-ਪੋਟਲੀਆਂ




ਚਿਤਰ 6. ਇਕ ਵਿਆਪਕ ਕੀਟ ਦਾ ਸਾਹ-ਸਿਸਟਮ :— (1) ਮੁਖ ਟ੍ਰੇਕੀਅਲ ਬ੍ਰਾਂਚ (2) ਵੈਂਟਰਲ ਬ੍ਰਾਂਚ (3) ਵਿਸਰਲ ਬ੍ਰਾਂਚ (4) ਅਠਵਾਂ ਉਦਰੀ ਸੀਇਰੇਕਲ (5) ਸਪਾਇਰੇਕੁਲਰ ਬ੍ਰਾਂਚ (6) ਪਹਿਲਾ ਉਦਰੀ ਸਪਾਇਰੇਕਲ (7) ਥੋਰੈਸਿਕ ਸਪਾਇਰੇਕਲ।

ਸੁਆਸ-ਹਰਕਤਾਂ ਦੌਰਾਨ ਵਿਸਥਾਪਿਤ ਕੀਤੀ ਹਵਾ ਦੀ ਮਾਤਰਾ ਵਧਾਉਣ ਦਾ ਕੰਮ ਕਰਦੀਆਂ ਹਨ।

**ਨਾੜੀ ਸਿਸਟਮ** : ਕੇਂਦਰੀ ਨਾੜੀ ਸਿਸਟਮ ਵਿਚ ਗੈਂਗਲੀਆਂ (ਨਾੜੀ ਗੰਢਾਂ) ਦੀ ਇਕ ਕਤਾਰ ਹੁੰਦੀ ਹੈ ਜਿਹੜੇ ਸਰੀਰ ਦੇ ਖੰਡਾਂ ਨੂੰ ਨਾੜੀਆਂ ਭੇਜਦੇ ਹਨ। ਸਿਰ ਵਿਚ ਤਿੰਨ ਮੁੱਖ ਨਾੜੀ ਗੰਢਾਂ, ਪ੍ਰੋਟੋਸੈਰੀਬ੍ਰਮ, ਡਿਊਟੋਸੈਰੀਬ੍ਰਮ ਅਤੇ ਟ੍ਰਾਈਟੋਸੈਰੀਬ੍ਰਮ ਜੁੜ ਕੇ ਦਿਮਾਗ਼ ਜਾਂ ਸੁਪਰਾ—ਈਸੋਫੇਜੀਅਲ ਗੈਂਗਲੀਔਨ ਬਣਾਉਂਦੇ ਹਨ। ਬਾਕੀ ਦੇ ਗੈਂਗਲੀਆਂ ਦੀ ਚੇਨ ਆਹਾਰ-ਨਲੀ ਦੇ ਹੇਠਾਂ ਹੁੰਦੀ ਹੈ। ਦਿਮਾਗ ਦੇ ਜੋੜਕਾਂ ਰਾਹੀਂ ਸਬਈਸੋਫੀਅਲ ਗੈਂਗਲੀਔਨ ਨਾਲ ਜੁੜਿਆ ਹੁੰਦਾ ਹੈ ਜਿਹੜਾ ਅਗੋਂ ਦੋ ਦੋ ਜੋੜਕਾਂ ਰਾਹੀਂ ਤਿੰਨ ਥੋਰੈਸਿਕ (ਛਾਤੀ ਦੀਆਂ) ਅਤੇ ਅਠ ਉਦਰੀ (ਪੇਟ ਦੀਆਂ) ਨਾੜੀ ਗੰਢਾਂ ਨਾਲ ਜੁੜਿਆ ਹੁੰਦਾ ਹੈ। ਇਨ੍ਹਾਂ ਨਾੜੀ ਗੰਢਾਂ ਦਾ ਨੰਬਰ, ਖੰਡ ਦੇ ਨੰਬਰ ਵਾਲਾ ਹੀ ਹੁੰਦਾ ਹੈ। ਕਈ ਕੀਟਾਂ ਵਿਚ ਕੁਝ ਨਾੜੀ ਗੰਢਾਂ ਦੇ ਆਪਸ ਵਿਚ ਜੁੜ ਜਾਣ ਕਾਰਨ ਉਨ੍ਹਾਂ ਦੀ ਗਿਣਤੀ ਘਟ ਰਹਿ ਜਾਂਦੀ ਹੈ। ਅਖੀਰਲੀ ਉਦਰੀ-ਨਾੜੀ ਗੰਢ ਤੋਂ ਕਈ ਖੰਡਾਂ ਵਿਚ ਨਾੜੀਆਂ ਜਾਂਦੀਆਂ ਹਨ।

ਹਰੇਕ ਨਾੜੀ-ਗੰਢ ਦੋ ਹਿੱਸਿਆਂ ਦੀ ਬਣੀ ਹੁੰਦੀ ਹੈ। ਕਿਨਾਰਿਆਂ ਤੇ ਨਾੜੀ ਸੈੱਲ ਹੁੰਦੇ ਹਨ ਅਤੇ ਮਧ ਵਿਚ ਨਾੜੀ-ਰੇਸ਼ੇ, ਜਿਨ੍ਹਾਂ ਨੂੰ ਨਿਊਰੋਪਾਈਲ ਵੀ ਕਹਿੰਦੇ ਹਨ, ਹੁੰਦੇ ਹਨ। ਨਾੜੀ ਸੈੱਲ ਦੋ ਤਰ੍ਹਾਂ ਦੇ ਹੁੰਦੇ ਹਨ, ਮੋਟਰ (ਜਾਂ ਪ੍ਰੇਰਕ) ਨਿਊਰੌਨ ਅਤੇ ਐਸੋਸੀਏਸ਼ਨ ਨਿਊਰੌਨ। ਮੋਟਰ ਨਿਊਰੌਨਾਂ ਤੋਂ ਇਕ ਤਾਂ ਮੁੱਖ ਸ਼ਾਖਾਵਾਂ, ਐਕਸੌਨ ਨਿਕਲਦੀਆਂ ਹਨ ਜਿਹੜੀਆਂ ਨਾੜੀ-ਗੰਢ ਤੋਂ ਸੁੰਗੜਕੇ ਪੇਸ਼ੀਆਂ ਤਕ ਜਾਂਦੀਆਂ ਹਨ ਅਤੇ ਦੂਜੀਆਂ ਛੋਟੀਆਂ ਸ਼ਾਖਾਵਾਂ, ਡੈਂਡਰਾਈਟ



ਚਿਤਰ 7. ਇਕ ਵਿਆਪਕ ਕੀਟ ਦਾ ਨਾੜੀ ਸਿਸਟਮ :— 1-ਅੱਖਾਂ, 2-ਦਿਮਾਗ, 3-ਲੱਤ ਦੀਆਂ ਨਾੜੀਆਂ, 4-ਯੁਗਮਿਤ ਨਾੜੀ ਕੱਾਰਡਾਂ, 5-ਖੰਡਮਈ ਗੈਂਗਲੀਆ, 6-ਨਾੜੀਆਂ. 7-ਟੋਹਣੀ, 8-ਮੈਂਡੀਬੁਲਰ ਗੈਂਗਲੀਆ, 9-ਮੈਕਸਿਲਰੀ ਗੈਂਗਲੀਆੱਨ, 10-ਲੇਬੀਅਲ ਗੈਂਗਲੀਆ, 11-ਸਬਈਸੋਫੇਜੀਅਲ ਗੈਂਗਲੀਆ, 12-ਅਗਲਾ ਪਰ, 13-ਪਰ ਦੀ ਨਾੜੀ, 14 ਜੋੜਕ ਨਾੜੀ, 15-ਅਯੁਗਮਿਤ ਨਾੜੀ ਕੱਾਰਡ, 16 ਉਦਰੀ-ਨਾੜੀਆਂ ।

ਨਿਕਲਦੀਆਂ ਹਨ ਜਿਹੜੀਆਂ ਨਿਊਰੋਪਾਈਲ ਨਾਲ ਜੁੜਦੀਆਂ ਹਨ । ਐਸੋਸੀਏਸ਼ਨ ਨਿਊਰੱਾਨ, ਮੋਟਰ ਨਿਊਰੱਾਨਾਂ ਤੋਂ ਛੋਟੇ ਹੁੰਦੇ ਹਨ ਅਤੇ ਇਹ ਨਿਊਰੋਪਾਈਲ ਰਾਹੀਂ ਨਾੜੀ-ਸਿਸਟਮ ਦੇ ਹੋਰ ਹਿੱਸਿਆਂ ਨਾਲ ਜੁੜੇ ਹੁੰਦੇ ਹਨ ।

**ਸਰਲ ਗਿਆਨ ਇੰਦਰੀਆ ਜਾਂ ਸੈੱਨਸਿਲੱਮ (ਬਹੁ ਸੈੱਨਸਿਲਾ)**—ਇਹ ਆਮ ਤੌਰ ਤੇ ਛੋਟੇ ਛੋਟੇ ਵਾਲ ਹੁੰਦੇ ਹਨ ਜਿਹੜੇ ਖ਼ਾਸ ਉਤੇਜਨਾਵਾਂ (ਜਿਵੇਂ ਛੁਹਣ, ਸੁੰਘਣ, ਚੱਖਣ, ਗਰਮੀ, ਸਰਦੀ) ਨੂੰ ਅਨੁਭਵ ਕਰਨ ਦੇ ਸਮਰੱਥ ਹੁੰਦੇ ਹਨ । ਹਰੇਕ ਸਰਲ ਗਿਆਨ ਇੰਦਰੀ ਇਕ ਸੰਵੇਦਨਾ ਸੈੱਲ ਅਤੇ ਇਕ ਨਾੜੀ ਰੇਸ਼ੇ ਦੀ ਬਣੀ ਹੁੰਦੀ ਹੈ । ਭਾਵੇਂ ਇਹ ਗਿਆਨ ਇੰਦਰੀਆਂ ਸਾਰੇ ਸਰੀਰ ਉਤੇ ਹੀ ਹੁੰਦੀਆਂ ਹਨ ਪਰ ਖ਼ਾਸ ਕਰਕੇ ਇਹ ਟੋਹਣੀਆਂ, ਪੈਲਪ ਅਤੇ ਸਰਸਾਈ (ਲੂੰਦਾਰ ਉਪ-ਅੰਗਾਂ) ਉੱਤੇ ਜ਼ਿਆਦਾ ਹੁੰਦੀਆਂ ਹਨ । ਹਰ ਸੰਵੇਦਨਾ ਸੈੱਲ ਵਿਚੋਂ ਇਕ ਸੰਵੇਦੀ ਐਕਸੱਾਨ ਨਿਕਲ ਕੇ ਅੰਦਰ ਵਲ ਕੇਂਦਰੀ ਨਾੜੀ ਸਿਸਟਮ ਵਲ ਜਾਂਦਾ ਹੈ, ਜਿਥੇ ਇਹ ਨਿਊਰੋਪਾਈਲ ਵਿਚ ਜਾ ਕੇ ਐਸੋਸੀਏਸ਼ਨ ਨਿਊਰੱਾਨਾਂ ਦੇ ਸਿਰਿਆਂ ਨਾਲ ਸੰਪਰਕ ਬਣਾਉਂਦਾ ਹੈ । ਸੰਵੇਦੀ ਅਤੇ ਪ੍ਰੇਰਕ ਐਕਸੱਾਨਾਂ (ਨਾੜੀ ਸੈੱਲ ਧੁਰੇ) ਦੇ ਬੰਡਲ, ਜਿਹੜੇ ਸੁਰੱਖਿਅਤ ਝਿੱਲੀਮਈ ਸ਼ੀਥਾਂ ਵਿਚ ਲਿਪਟੇ ਹੁੰਦੇ ਹਨ, ਨਾੜੀਆਂ ਬਣਦੇ ਹਨ ।

ਸਪੱਰਸ਼-ਰੋਮ ਕਈ ਵਾਰ ਇੰਨੇ ਸੰਵੇਦੀ ਹੁੰਦੇ ਹਨ ਕਿ ਉਹ ਹਵਾ ਦੀਆਂ ਕੰਪਨਾਂ ਨੂੰ ਅਨੁਭਵ ਕਰਦੇ ਹਨ ਅਤੇ ਇਸ ਤਰ੍ਹਾਂ ਇਹ ਆਵਾਜ਼ ਵੀ ਗ੍ਰਹਿਣ ਕਰ ਸਕਦੇ ਹਨ । ਕਈ ਤਿਤਲੀਆਂ ਤੇ ਟਿੱਡਿਆਂ ਵਿਚ ਟਿੰਪੈਨਲ ਅੰਗ (ਕੰਨ-ਪਰਦਾ) ਵੀ ਹੁੰਦਾ ਹੈ । ਮਕੈਨੀਕਲ ਸੈੱਨਸਿਲਾ (ਧੁਨੀ-ਗ੍ਰਾਹੀ ਅੰਗ) ਜਿਹੜੇ ਕਿਊਟਿਕਲ ਦੇ ਹੇਠਾਂ ਖੁੱਭੇ ਹੁੰਦੇ ਹਨ, ਸਰੀਰਕ ਹਰਕਤਾਂ ਅਤੇ ਅੰਦਰਲੇ ਖਿਚਾਓ ਨੂੰ ਅਨੁਭਵ ਕਰਨ ਦਾ ਕੰਮ ਕਰਦੇ ਹਨ ।

**ਅੱਖਾਂ**—ਕੀਟਾਂ ਵਿਚ ਦੋ ਕਿਸਮ ਦੀਆਂ ਅੱਖਾਂ ਹੁੰਦੀਆਂ ਹਨ : ਸਰਲ ਅੱਖਾਂ ਜਾਂ ਔੱਸੈਲਾਈ ਅਤੇ ਸੰਯੁਕਤ ਅੱਖਾਂ । ਉੱਚ ਪੱਧਰੀ ਕੀਟਾਂ ਦੇ ਬਾਲਗਾਂ ਵਿਚ ਦੋਨੋਂ ਕਿਸਮਾਂ ਦੀਆਂ ਅੱਖਾਂ ਮਿਲਦੀਆਂ ਹਨ । ਦ੍ਰਿਸ਼ਟੀ-ਸੰਵੇਦਨਾ ਸੈੱਲ ਐਪੀਡਰਮਿਸ ਤੋਂ ਬਣਦੇ ਹਨ ਅਤੇ ਸੰਵੇਦੀ ਐਕਸੱਾਨਾਂ ਰਾਹੀਂ ਨੇਤਰ ਨਾੜੀ-ਗੰਢ ਨਾਲ ਜੁੜੇ ਹੁੰਦੇ ਹਨ (ਜਿਹੜਾ ਦਿਮਾਗ਼ ਦਾ ਇਕ ਹਿੱਸਾ ਹੈ) । ਹਰੇਕ ਦ੍ਰਿਸ਼ਟੀ ਸੰਵੇਦਨਾ ਸੈੱਲ ਉਤੇ ਇਕ ਖੇਤਰ ਹੁੰਦਾ ਹੈ । ਜਿਸ ਉਤੇ ਰੌਸ਼ਨੀ ਪੈਣ ਨਾਲ ਇਕ ਰਸਾਇਣਿਕ ਮਾਦਾ ਬਣਦਾ ਹੈ ਜਿਹੜਾ ਸੰਵੇਦਨਾ ਸੈੱਲ, ਜਿਸ ਨੂੰ ਰੈਟੀਨਿਊਲਾ ਸੈੱਲ ਕਹਿੰਦੇ ਹਨ, ਨੂੰ ਉਤੇਜਤ ਕਰਦਾ ਹੈ ਅਤੇ ਸੰਵੇਦੀ ਐਕਸੱਾਨ ਵਿਚ ਨਾੜੀ ਆਵੇਗ ਸ਼ੁਰੂ ਕਰਦਾ ਹੈ । ਰੈਟੀਨਿਊਲਾ ਦਾ ਰੌਸ਼ਨੀ ਗ੍ਰਹਿਣ ਕਰਨ ਵਾਲਾ ਖੇਤਰ ਜਾਂ ਰੈਬਡੋਮ ਇਕ ਰੱਾਡ ਵਰਗਾ ਹੁੰਦਾ ਹੈ ਅਤੇ ਰੌਸ਼ਨੀ ਇਸ ਦੇ ਨਾਲ ਲੰਬੇ ਦਾਅ ਲੰਘਦੀ ਹੈ । ਸਰਲ ਅੱਖਾਂ ਵਿਚ ਰੈਟੀਨਿਊਲਾ ਸੈੱਲਾਂ ਦੇ ਗਰੁੱਪ ਉਤੇ ਕਿਊਟਿਕਲ ਦਾ ਇਕ ਲੈੱਨਜ਼ ਵਰਗਾ ਖੇਤਰ ਹੁੰਦਾ ਹੈ ਜਿਸ ਨੂੰ ਰੈਟਿਨਾ ਕਹਿੰਦੇ ਹਨ । ਸਰਲ ਅੱਖ ਸਿਰਫ਼ ਰੌਸ਼ਨੀ, ਹਨੇਰੇ ਅਤੇ ਹਰਕਤਾਂ ਨੂੰ ਹੀ ਅਨੁਭਵ ਕਰ ਸਕਦੀ ਹੈ ।

ਸੰਯੁਕਤ ਅੱਖ ਸ਼ਹਿਦ ਦੀ ਮੱਖੀ ਦੇ ਛੱਤੇ ਵਾਂਗ ਕਈ ਫੇਸੈੱਟਾਂ ਦੀ ਬਣੀ ਹੁੰਦੀ ਹੈ । ਹਰੇਕ ਫੇਸੈੱਟਾਂ ਦੇ ਹੇਠਾਂ 6 ਜਾਂ 7 ਰੈਟਿਨਲ ਸੈੱਲ ਹੁੰਦੇ ਹਨ ਜਿਹੜੇ ਰੈਬਡੋਮ ਦੇ ਦੁਆਲੇ ਹੁੰਦੇ ਹਨ । ਹਰੇਕ ਫੇਸੈੱਟ ਦੇ ਹੇਠਲੀ ਰੈਟਿਨਲ ਯੂਨਿਟ ਨੂੰ ਓਮੈਟਿਡੀਅਮ ਕਹਿੰਦੇ ਹਨ । ਵਖ-ਵਖ ਕੀਟਾਂ ਵਿਚ ਫੇਸੈੱਟਾਂ ਦੀ ਗਿਣਤੀ ਵਖ ਵਖ ਹੁੰਦੀ ਹੈ ਜਿਵੇਂ ਪੂਰਵਜ਼ ਐਪਟੈਰੀਗੋਟ ਕੋਲੈੱਮਬੋਲਾ ਕੀਟਾਂ ਦੀ ਅੱਖਾਂ ਵਿਚ ਸਿਰਫ ਕੁਝ ਦਰਜਨ ਫੇਸੈੱਟ ਹੁੰਦੇ ਹਨ, ਜਦੋਂ ਕਿ ਮੱਖੀ ਦੀ ਅੱਖ ਵਿਚ ਤਕਰੀਬਨ 4000 ਡ੍ਰੈਗਨ ਫਲਾਈ ਦੀ ਅੱਖ ਵਿਚ ਕੋਈ 28,000 ਦੇ ਕਰੀਬ ਫੇਸੈੱਟ ਹੁੰਦੇ ਹਨ ।

ਹਰੇਕ ਓਮੈਟਿਡੀਅਮ ਦੁਆਲੇ ਪਿਗਮੈਂਟ ਵਾਲੇ ਸੈੱਲਾਂ ਦਾ ਇਕ ਪਰਦਾ ਹੁੰਦਾ ਹੈ ਜਿਹੜਾ ਰੌਸ਼ਨੀ ਨੂੰ ਨਾਲ ਵਾਲੇ ਓਮੈਟਿਡੀਆ ਤਕ ਫੈਲਣ ਤੋਂ ਬਚਾਉਂਦਾ ਹੈ । ਇਸ ਨੂੰ ਐਪਜ਼ਿਸ਼ਨ ਅੱਖ ਕਹਿੰਦੇ ਹਨ । ਜਿਹੜੇ ਕੀਟ ਰਾਤ ਨੂੰ ਜਾਂ ਤਰਕਾਲਾਂ ਵੇਲੇ ਉਡਦੇ ਹਨ ਉਨ੍ਹਾਂ ਦੀਆਂ ਅੱਖਾਂ ਵਿਚੋਂ ਪਿਗਮੈਂਟ ਹਟਾਈ ਜਾ ਸਕਦੀ ਹੈ ਅਤੇ ਨਾਲ ਦੇ ਫੇਸੈੱਟਾਂ ਤੋਂ ਆਈ ਰੌਸ਼ਨੀ ਕੁਝ ਹੱਦ ਤਕ ਇਕ ਦੂਜੇ ਨੂੰ ਢੱਕ ਦਿੰਦੀ ਹੈ । ਇਸ ਨੂੰ ਸੁਪਰਪੋਜ਼ੀਸ਼ਨ ਅੱਖ ਕਹਿੰਦੇ ਹਨ । ਇਸ ਦਾ ਪ੍ਰਤਿਬਿੰਬ ਜ਼ਿਆਦਾ ਗੂੜ੍ਹਾ ਹੁੰਦਾ ਹੈ ਪਰ ਇਹ ਐਪਜ਼ਿਸ਼ਨ ਅੱਖ ਦੇ ਪ੍ਰਤਿਬਿੰਬ ਦੀ ਤਰ੍ਹਾਂ ਤਿੱਖਾ ਅਤੇ ਸਪਸ਼ਟ ਨਹੀਂ ਹੁੰਦਾ । ਰੌਸ਼ਨੀ ਦੀ ਚਮਕ ਨੂੰ ਅਨੁਭਵ ਕਰਨ ਦੇ ਨਾਲ ਨਾਲ ਕੀਟਾ ਦੀਆਂ ਅੱਖਾਂ ਰੰਗ ਅਤੇ ਰੌਸ਼ਨੀ ਦੇ ਕੁਝ ਹੋਰ ਗੁਣਾਂ ਨੂੰ ਵੀ ਅਨੁਭਵ ਕਰ ਸਕਦੀਆਂ ਹਨ ।

ਮਨੁੱਖ ਦੀ ਅੱਖ ਦੇ ਉਲਟ ਕੀਟਾਂ ਦੀ ਅੱਖ ਵਿਚ ਪ੍ਰਤਿਬਿੰਬ ਸਿੱਧਾ ਬਣਦਾ ਹੈ ।



ਚਿਤਰ 8. ਕੀਟ ਦੇ ਸੰਵੇਦੀ ਗ੍ਰਾਹੀ :—
(ੳ) ਸਰਲ ਅੱਖ ਦੀ ਬਣਤਰ. ਲੈੱਨਜ਼ ਦੇ ਹੇਠਾਂ ਸਿਰਫ਼ ਇਕੋ ਰੈਟਿਨਲ ਰੌਡ ਹੈ। (ਅ) ਸੰਯੁਕਤ ਅੱਖ ਵਿਚ ਇਕੋ ਓਮੈਟਿਡੀਅਮ। (ੲ) ਸੰਯੁਕਤ ਅੱਖ ਜਿਸ ਵਿਚ ਓਮੈਟਿਡੀਆ ਦਿਸ ਰਹੇ ਹਨ। (ਸ) ਰੌਡਨੀਅਸ ਦੀ ਐਂਟੀਨਲ ਖੰਡ ਦੇ ਇਕ ਹਿੱਸੇ ਦਾ ਸਤੱਈ ਦ੍ਰਿਸ਼। (ਹ) ਡੈਕਟੀਕਸ ਦੀ ਅਗਲੀ ਟਿਬੀਆ, ਟਿੰਪੈਨਲ ਅੰਗ ਦੀ ਸਤ੍ਹਾ ਤੋਂ (ਕ) ਟੈਟੀਗੋਨੀਆ ਦੀ ਅਗਲੀ ਲੱਤ ਜਿਸ ਵਿਚ ਟਿੰਪੈਨਲ ਸੈਕਾਂ ਦੇ ਛੇਕ ਦਿਖਾਏ ਗਏ ਹਨ।

**ਜਣਨ ਸਿਸਟਮ**—ਕੀਟਾਂ ਦੀਆਂ ਬਹੁਤੀਆਂ ਜਾਤੀਆਂ ਵਿਚ ਦੋਨੋਂ ਲਿੰਗਾਂ ਦੀ ਸਰੀਰਕ ਬਣਤਰ ਵਿਚ ਬਹੁਤ ਪ੍ਰਤੱਖ ਫ਼ਰਕ ਹੈ ਅਤੇ ਇਕ ਲਿੰਗ ਨੂੰ ਦੇਖਕੇ ਦੂਜੇ ਬਾਰੇ ਕੁਝ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਜਣਨ ਸਿਸਟਮ ਵਿਚ ਲਿੰਗ ਗਲੈਂਡਾਂ ਜਾਂ ਗੋਨੈਡ (ਨਰ ਵਿਚ ਪਤਾਲੂ ਅਤੇ ਮਾਦਾ ਵਿਚ ਅੰਡਕੋਸ਼), ਵਹਿਣੀਆਂ, ਜਿਨ੍ਹਾਂ ਰਾਹੀਂ ਲਿੰਗੀ ਮਾਦਾ ਬਾਹਰ ਜਾਂਦਾ ਹੈ, ਅਤੇ ਸਹਾਇਕ ਗਲੈਂਡਾਂ ਆਉਂਦੀਆਂ ਹਨ। ਦੋ ਪਤਾਲੂ, ਫੌਲੀਕਲਾਂ ਦੀ ਵਖ ਵਖ ਗਿਣਤੀ ਦੇ ਬਣੇ ਹੁੰਦੇ ਹਨ ਜਿਨ੍ਹਾਂ ਵਿਚ ਸ਼ੁਕ੍ਰਾਣੂਜਨਕ ਸੈੱਲਾਂ ਦੇ ਪ੍ਰੌਢ ਹੋਣ ਤੇ ਸ਼ੁਕ੍ਰਾਣੂ ਬਣਦੇ ਹਨ। ਇਹ ਸ਼ੁਕ੍ਰਾਣੂ, ਸ਼ੁਕ੍ਰਾਣੂ-ਵਹਿਣੀ ਦੇ ਫੈਲੇ ਹੋਏ ਹਿੱਸੇ ਵੀਰਜ-ਥੈਲੀ ਵਿਚ ਇਕੱਠੇ ਹੁੰਦੇ ਹਨ।

ਦੋਵੇਂ ਅੰਡਕੋਸ਼ ਕਈ ਅੰਡਨਾਲੀਆਂ ਦੇ ਬਣੇ ਹੁੰਦੇ ਹਨ। ਇਹ ਅੰਡਨਾਲੀਆਂ ਦੋ ਅੰਡ-ਨਿਕਾਸ ਵਹਿਣੀਆਂ ਉਪਰ ਇਕੱਠੀਆਂ ਹੁੰਦੀਆਂ ਹਨ, ਜਿਹੜੀਆਂ ਦੋਵੇਂ ਮਿਲ ਕੇ ਇਕ ਸਾਂਝੀ ਅੰਡ-ਨਿਕਾਸ ਵਹਿਣੀ ਬਣਾਉਂਦੀਆਂ ਹਨ, ਜਿਸ ਵਿਚੋਂ ਪ੍ਰੌਢ ਅੰਡੇ ਬਾਹਰ ਆਉਂਦੇ ਹਨ।

ਤਕਰੀਬਨ ਸਾਰੇ ਕੀਟਾਂ ਵਿਚ ਜਣਨ ਲਿੰਗੀ ਕਿਸਮ ਦਾ ਹੁੰਦਾ ਹੈ ਅਤੇ ਉਸ ਲਈ ਮੈਥੁਨ ਕਿਰਿਆ ਹੋਣੀ ਜ਼ਰੂਰੀ ਹੈ। ਇਸ ਮੰਤਵ ਲਈ ਨਰ ਕੀਟ ਮਾਦਾ ਨੂੰ ਆਪਣੇ ਵਲ ਆਕ੍ਰਿਸ਼ਤ ਕਰਨ ਲਈ ਕਈ ਤਰ੍ਹਾਂ ਦੀਆਂ ਹਰਕਤਾਂ ਕਰਦੇ ਹਨ ਜਾਂ ਆਵਾਜ਼ਾਂ ਕਢਦੇ ਹਨ ਜਾਂ ਮਾਦਾ ਵਿਚ ਕਈ ਤਰ੍ਹਾਂ ਦੀਆਂ ਬਣਤਰਾਂ ਹੁੰਦੀਆਂ ਹਨ ਜਾਂ ਨਰ ਜਾਂ ਮਾਦਾ ਕੁਝ ਖ਼ਾਸ ਕਿਸਮ ਦੇ ਤਰਲ ਰਿਸਾਉਂਦੇ ਹਨ ਜਿਹੜੇ ਦੂਜ ਲਿੰਗ ਨੂੰ ਆਪਣੇ ਵਲ ਆਕ੍ਰਿਸ਼ਤ ਕਰਦੇ ਹਨ।

ਮੈਥੁਨ ਸਮੇਂ ਕਈ ਵਾਰ ਨਰ ਮੈਥੁਨ ਨਲੀ ਜਾਂ ਈਡੀਏਗਸ ਰਾਹੀਂ ਸ਼ੁਕ੍ਰਾਣੂਆਂ ਦੇ ਬੰਡਲ ਸਿੱਧਾ ਹੀ ਮਾਦਾ ਦੀ ਯੋਨੀ ਵਿਚ ਪਾ ਦਿੰਦਾ ਹੈ। ਮਾਦਾ ਦੀਆਂ ਸਹਾਇਕ ਗਲੈਂਡਾਂ ਦੇ ਰਿਸਾਉ ਰਾਹੀਂ ਸ਼ੁਕ੍ਰਾਣੂ ਕਿਰਿਆਸ਼ੀਲ ਹੋ ਜਾਂਦੇ ਹਨ, ਸ਼ੁਕ੍ਰਾਣੂਆਂ ਦੇ ਬੰਡਲ ਖਿੰਡ ਜਾਂਦੇ ਹਨ ਅਤੇ ਮੁਕਤ ਸ਼ੁਕ੍ਰਾਣੂ, ਸ਼ੁਕ੍ਰਾਣੂ-ਗ੍ਰਾਹੀ-ਥੈਲੀ ਵੱਲ ਚਲੇ ਜਾਂਦੇ ਹਨ। ਉਥੇ ਇਹ ਜਮਾਂ ਹੋ ਜਾਂਦੇ ਹਨ ਅਤੇ ਅੰਡਿਆਂ ਨੂੰ ਨਿਸ਼ੇਚਿਤ ਕਰਨ ਲਈ ਤਿਆਰ ਰਹਿੰਦੇ ਹਨ; ਕਈ ਕੀਟਾਂ ਵਿਚ ਨਰ ਸਹਾਇਕ ਗਲੈਂਡਾਂ ਦੇ ਰਿਸਾਉ ਤੋਂ ਇਕ ਸਖ਼ਤ ਕੈਪਸਿਊਲ ਜਾਂ ਸਪੱਰਮੈਟੋਫੋਰ ਬਣਦਾ ਹੈ; ਸ਼ੁਕ੍ਰਾਣੂ ਇਸ ਵਿਚ ਬੰਦ ਹੁੰਦੇ ਹਨ ਅਤੇ ਇਹ ਯੋਨੀ ਵਿਚ ਦਾਖ਼ਲ ਕਰ ਦਿਤਾ ਜਾਂਦਾ ਹੈ। ਸਪੱਰਮੈਟੋਫੋਰ ਦੀਆਂ ਭਿੱਤੀਆਂ ਇਕ ਜਿਲੈਟਿਨੀ ਮਾਦੇ ਦੀਆਂ ਬਣੀਆਂ ਹੁੰਦੀਆਂ ਹਨ ਜਿਹੜੀਆਂ ਮਾਦਾ ਦੇ ਰਿਸਾਵਾਂ ਰਾਹੀਂ ਫੁਲ ਕੇ ਸ਼ੁਕ੍ਰਾਣੂਆਂ ਨੂੰ ਬਾਹਰ ਧੱਕ ਦਿੰਦੀਆਂ ਹਨ। ਯੋਨੀ ਸ਼ੁਕ੍ਰਾਣੂਆਂ ਨੂੰ ਗ੍ਰਹਿਣ ਕਰਨ ਅਤੇ ਅੰਡੇ ਦੇਣ ਦੇ ਦੋਵੇਂ ਕੰਮ ਕਰਦੀ ਹੈ। ਕਈ ਕੀਟਾਂ ਵਿਚ ਮਾਦਾ ਦੇ ਪੇਟ ਦੇ ਪਿਛਲੇ ਖੰਡ ਨਿਖੇਪਣ-ਅੰਗ ਵਿਚ ਪਰਿਵਰਤਿਤ ਹੋਏ ਹੁੰਦੇ ਹਨ।

ਜਦੋਂ ਅੰਡੇ ਅੰਡ-ਨਿਕਾਸ ਵਹਿਣੀ ਵਿਚੋਂ ਗੁਜ਼ਰਦੇ ਹਨ ਤਾਂ ਇਨ੍ਹਾਂ ਦੇ ਸੂਖਮ ਅੰਡ ਦੁਆਰਾ ਸ਼ੁਕ੍ਰਾਣੂ-ਗ੍ਰਾਹੀ-ਥੈਲੀ ਦੀ ਵਹਿਣੀ ਦੇ ਸਾਹਮਣੇ ਆ ਜਾਂਦੇ ਹਨ ਅਤੇ ਇਨ੍ਹਾਂ ਵਿਚੋਂ ਇਕ ਜ਼ਿਆਦਾ ਸ਼ੁਕ੍ਰਾਣੂ ਅੰਦਰ ਦਾਖ਼ਲ ਹੋ ਜਾਂਦੇ ਹਨ ਅਤੇ ਅੰਡੇ ਦਾ ਨਿਸ਼ੇਚਨ ਹੁੰਦਾ ਹੈ।

ਕਈ ਕੀਟਾਂ ਵਿਚ ਨਰ ਕੀਟ ਘਟ ਪੈਦਾ ਹੁੰਦੇ ਹਨ; ਅੰਡੇ ਦਾ ਵਿਕਾਸ ਬਿਨਾਂ ਨਿਸ਼ੇਚਨ ਦੇ ਹੁੰਦਾ ਹੈ। ਇਸ ਨੂੰ ਨਿਸ਼ੇਚਨ ਰਹਿਤ ਉਤਪਤੀ ਕਹਿੰਦੇ ਹਨ। ਕਈ ਤਰ੍ਹਾਂ ਦੀਆਂ ਮੱਖੀਆਂ (ਗੱਲ ਮਿਜ) (ਮੱਖੀਆਂ) ਵਿਚ ਊਓਸਾਈਟਾਂ ਦਾ ਵਿਕਾਸ ਨਿਸ਼ੇਚਨ ਰਹਿਤ ਉਤਪਤੀ ਰਾਹੀਂ ਲਾਰਵੇ ਦੇ ਅੰਡਕੋਸ਼ਾਂ ਵਿਚ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਛੋਟੇ ਲਾਰਵੇ ਮਾਂ ਦੇ ਸਰੀਰ ਨੂੰ ਨਸ਼ਟ ਕਰਕੇ ਬਾਹਰ ਨਿਕਲ ਆਉਂਦੇ ਹਨ। ਇਸ ਵਿਧੀ ਨੂੰ ਪੀਡੋਜੈਨਿਸਿਸ ਕਹਿੰਦੇ ਹਨ।

ਕਈ ਕੀਟਾਂ ਵਿਚ ਅੰਡਿਆਂ ਦਾ ਇਕ ਜੁੱਟ ਇਕੱਠਾ ਸੀਮਿੰਟ ਹੋ ਕੇ ਅੰਡਖੋਲ ਬਣਾਉਂਦੇ ਹਨ। ਅਣਅਨੁਕੂਲ ਰੁੱਤਾਂ ਕੀਟ ਅੰਡੇ ਦੀ ਹਾਲਤ ਵਿਚ ਲੰਘਾ ਦਿੰਦੇ ਹਨ। ਅਨੁਕੂਲ ਹਾਲਤਾਂ ਮਿਲਣ ਤੇ ਇਨ੍ਹਾਂ ਵਿਚੋਂ ਬਚੇ ਨਿਕਲ ਆਉਂਦੇ ਹਨ।

ਅੰਡੇ ਵਿਚੋਂ ਬੱਚੇ ਜਾਂ ਲਾਰਵੇ ਨਿਕਲਣ ਦੀ ਵਿਧੀ ਕਈ ਤਰੀਕਿਆਂ ਨਾਲ ਹੁੰਦੀ ਹੈ। ਕਈ ਸੁੰਡੀਆਂ ਅੰਡਿਆਂ ਵਿਚੋਂ ਆਪਣਾ ਰਸਤਾ ਕਟ ਕੇ ਬਣਾ ਲੈਂਦੀਆਂ ਹਨ। ਕਈਆਂ ਵਿਚ ਇਕ ਹੈਚਿੰਗ ਕੰਡਾ ਹੁੰਦਾ ਹੈ। ਇਸਦੀ ਸਹਾਇਤਾ ਨਾਲ ਇਹ ਅੰਡੇ ਦਾ ਸੈੱਲ ਤੋੜਦੇ ਹਨ; ਕਈ ਅੰਡੇ ਉਪਰ ਬਣੇ ਅੰਡਾ-ਢੱਕਣ ਨੂੰ ਧੱਕ ਕੇ ਬਾਹਰ ਨਿਕਲਦੇ ਹਨ। ਇਸ ਕੰਮ ਲਈ ਲੋੜੀਂਦੀ ਤਾਕਤ ਲਾਰਵਾ ਆਪਣੇ ਅੰਦਰ ਹਵਾ ਭਰ ਕੇ ਪ੍ਰਾਪਤ ਕਰਦਾ ਹੈ ਅਤੇ ਹੈਚਿੰਗ ਤੋਂ ਬਾਅਦ ਕਿਊਟਿਕਲ ਦੇ ਸਖ਼ਤ ਹੋਣ ਤਕ ਇਹ ਵਧਦਾ ਰਹਿੰਦਾ ਹੈ।

**ਪਰਿਵਰਧਨ ਅਤੇ ਰੂਪਾਂਤਰਨ**—ਇਕ ਵਾਰ ਕਿਊਟਿਕਲ ਬਣ ਜਾਣ ਤੋਂ ਬਾਅਦ ਸਰੀਰ ਹੋਰ ਵਧ ਨਹੀਂ ਸਕਦਾ। ਕੀਟ ਦਾ ਵਾਧਾ ਸਿਰਫ਼ ਕੁੰਜ ਉਤਾਰਨ ਰਾਹੀਂ ਹੁੰਦਾ ਹੈ। ਇਸ ਕਿਰਿਆ ਦੌਰਾਨ ਪੁਰਾਣੀ ਕਿਊਟਿਕਲ ਦੇ ਹੇਠ੍ਹਾਂ ਨਵੀਂ ਤੇ ਵੱਡੀ ਕਿਊਟਿਕਲ ਬਣ ਜਾਂਦੀ ਹੈ ਤੇ ਉਪਰੋਂ ਪੁਰਾਣੀ ਕਿਊਟਿਕਲ ਝੜ ਜਾਂਦੀ ਹੈ। ਇਸ ਕੁੰਜ ਉਤਾਰਨ ਦੀ ਕਿਰਿਆ ਦੌਰਾਨ ਸਰੀਰ ਵਿਚ ਵੀ ਕਈ ਤਬਦੀਲੀਆਂ ਆਉਂਦੀਆਂ ਹਨ।

**ਰੂਪਾਂਤਰਨ ਜਾਂ ਕਾਇਆ ਬਦਲੀ ਦੀਆਂ ਕਿਸਮਾਂ**—ਪੂਰਵਜ ਬਿਨਾਂ ਪਰਾਂ ਵਾਲੇ ਕੀਟਾਂ (ਐਪਟੈਰੀਗੋਟਾ) ਵਿਚ ਬਾਲਗ ਬਣਨ ਤਕ

ਸਰੀਰਕ ਬਣਤਰ ਵਿਚ ਕੋਈ ਤਬਦੀਲੀ ਨਹੀਂ ਆਉਂਦੀ । ਇਨ੍ਹਾਂ ਕੀਟਾਂ ਨੂੰ ਏਮੈਟਾਬੋਲਾ ਜਾਂ ਅਣਰੂਪਾਂਤਰਿਕ ਕੀਟ ਕਹਿੰਦੇ ਹਨ ।

ਕਈ ਕੀਟਾਂ ਜਿਵੇਂ ਬੱਗ, ਐਫਿਡ (ਤੇਲਾ), ਸਕੇਲ ਇਨਸੈੱਕਟ, ਟਿੱਡੇ ਆਦਿ ਵਿਚ ਅਖੀਰਲੀ ਵਾਰ ਕੁੰਜ ਉਤਾਰਨ ਤੋਂ ਪਹਿਲਾਂ ਤਕ ਸਰੀਰਕ ਬਣਤਰ ਵਿਚ ਕੋਈ ਤਬਦੀਲੀ ਨਹੀਂ ਆਉਂਦੀ । ਅਖੀਰਲੀ



ਚਿਤਰ 9. ਕੀਟ ਪਰਿਵਰਧਨ ਦੀਆਂ ਕਿਸਮਾਂ

ਹਾਲਤ ਵਿਚ ਲਾਰਵਾ ਪੂਰੀ ਤਰ੍ਹਾਂ ਵਿਕਸਿਤ ਜਣਨ-ਅੰਗਾਂ ਅਤੇ ਪਰਾਂ ਵਾਲਾ ਬਾਲਗ ਬਣਦਾ ਹੈ । ਇਨ੍ਹਾਂ ਕੀਟਾਂ ਨੂੰ ਹੈਮੀਮੈਟਾਬੋਲੱਸ ਜਾਂ ਅਲਪ-ਰੂਪਾਂਤਰਿਕ ਕੀਟ ਕਹਿੰਦੇ ਹਨ ਅਤੇ ਇਨ੍ਹਾਂ ਵਿਚ ਅਧੂਰਾ ਰੂਪਾਂਤਰਨ ਹੁੰਦਾ ਹੈ ।

ਕੀਟਾਂ ਦੇ ਉੱਚ ਵਰਗਾਂ ਜਿਵੇਂ ਲੈਪਿਡੌਪਟਰਾ, ਹਾਈਮੈਨੌਪਟਰਾ, ਡਿਪਟਰਾ, ਕੋਲੀਔਪਟਰਾ ਵਿਚ ਲਾਰਵੇ ਬਾਲਗ ਤੋਂ ਬਹੁਤ ਵਖਰੇ ਹੁੰਦੇ ਹਨ । ਇਹ ਲਾਰਵੇ ਕਈ ਵਾਰ ਕੁੰਜ ਉਤਾਰਨ ਅਤੇ ਸਰੀਰਕ ਬਣਤਰ ਵਿਚ ਥੋੜੀ ਥੋੜੀ ਤਬਦੀਲੀ ਆਉਣ ਦੇ ਨਾਲ ਰੂਪਾਂਤਰਨ ਪੂਰਾ ਕਰਦੇ ਹਨ । ਪਹਿਲਾਂ ਇਹ ਪਿਊਪਾ ਅਤੇ ਫਿਰ ਪਰਾਂ ਵਾਲੇ ਬਾਲਗ ਬਣਦੇ ਹਨ । ਇਨ੍ਹਾਂ ਨੂੰ ਹੱਲੋਮੈਟਾਬੋਲਸ ਜਾਂ ਪੂਰਨ-ਰੂਪਾਂਤਰਿਕ ਕੀਟ ਕਹਿੰਦੇ ਹਨ ।

**ਲਾਰਵਿਆਂ ਅਤੇ ਪਿਊਪਿਆਂ ਦੀਆਂ ਕਿਸਮਾਂ**—ਲਾਰਵੇ ਪੰਜ ਕਿਸਮਾਂ ਦੇ ਹੁੰਦੇ ਹਨ, ਇਰੂਸਫ਼ਾਰਮ (ਸੁੰਡੀ ਵਰਗੇ), ਸਕੈਰਬੀਫ਼ੱਾਰਮ (ਗਰੱਬ ਵਰਗੇ), ਕੈਮਪੋਡੀਫ਼ੱਾਰਮ (ਲੰਮੇ, ਚਪਟੇ ਅਤੇ ਚੁਸਤ), ਐੱਲਟੈਰਫ਼ੱਾਰਮ (ਵਾਇਅਰ ਵਰਮ ਵਰਗੇ) ਅਤੇ ਵਰਮੀਫ਼ੱਾਰਮ ਮੈਗਟ ਵਰਗੇ ।

ਪਿਊਪੇ ਤਿੰਨ ਕਿਸਮਾਂ ਦੇ ਹੁੰਦੇ ਹਨ—ਆਬਟੈੱਕਟ (obtect) ਜਿਨ੍ਹਾਂ ਦੇ ਉਪ-ਅੰਗ ਕੁਝ ਹੱਦ ਤਕ ਸਰੀਰ ਦੇ ਨਾਲ ਚਿਪਕੇ ਹੁੰਦੇ ਹਨ ; ਐੱਕਸਰੇਟ, ਜਿਨ੍ਹਾਂ ਦੇ ਉਪ-ਅੰਗ ਸਰੀਰ ਨਾਲ ਚਿਪਕੇ ਨਹੀਂ ਹੁੰਦੇ ਸਗੋਂ ਮੁਕਤ ਹੁੰਦੇ ਹਨ ; ਅਤੇ ਕੋਆਰਕਟੇਟ, ਜਿਹੜੇ ਐਕੱਸਰੇਟ ਵਰਗੇ ਹੁੰਦੇ



ਚਿਤਰ 10. ਕੀਟ ਲਾਰਵੇ—1. ਇਰੂਸਫ਼ਾਰਮ (ਤਿੱਤਲੀ), 2. ਵਰਮੀਫ਼ੱਾਰਮ (ਮੱਖੀ), 3. ਐੱਲਟੈਰਫ਼ੱਾਰਮ (ਕਲਿਕ ਬੀਟਲ), 4. ਕੈਮਪੋਡੀਫ਼ੱਾਰਮ (ਜਲੀ ਬੀਟਲ), 5. ਸਕੈਰਬੀਫ਼ੱਾਰਮ (ਸਕੈਰ ਬੀਟਲ) ।

ਹਨ ਪਰ ਇਨ੍ਹਾਂ ਦਾ ਸਰੀਰ ਆਖਰੀ ਇਨਸਟਾਰ ਦੀ ਹਾਲਤ ਤਕ ਪਹਿਲੀਆਂ ਉਤਾਰੀਆਂ ਕੁੰਜਾਂ ਰਾਹੀਂ ਢੱਕਿਆ ਰਹਿੰਦਾ ਹੈ । 'ਇਨਸਟਾਰ' ਦੋ ਵਾਰ ਕੁੰਜ ਉਤਾਰਨ ਦੇ ਦਰਮਿਆਨ ਦੀ (ਕੀਟ ਦੀ) ਹਾਲਤ ਨੂੰ ਕਹਿੰਦੇ ਹਨ ।

ਕੁੰਜ-ਉਤਾਰਨ ਅਤੇ ਰੂਪਾਂਤਰਣ ਦੋਵੇਂ ਕਿਰਿਆਵਾਂ ਹੱਰਮੋਨਾਂ ਰਾਹੀਂ ਕੰਟਰੋਲ ਹੁੰਦੀਆਂ ਹਨ ।

ਪਰਿਵਰਧਨ ਦੇ ਦੌਰਾਨ ਸਰੀਰਕ ਬਣਤਰ ਵਿਚ ਤਬਦੀਲੀਆਂ ਤੋਂ ਇਲਾਵਾ ਕਈ ਕੀਟਾਂ ਵਿਚ ਬਾਲਗ ਹਾਲਤਾਂ ਵਿਚ ਬਹੁਰੂਪਤਾ ਵੀ ਮਿਲਦੀ ਹੈ । ਜਿਵੇਂ ਕੀੜੀਆਂ ਅਤੇ ਸ਼ਹਿਦ ਦੀਆਂ ਮੱਖੀਆਂ ਦੀਆਂ ਕਾਮਾ ਅਤੇ ਜਣਨਿਕ ਜ਼ਾਤਾਂ ਵਖਰੀਆਂ ਹੁੰਦੀਆਂ ਹਨ, ਸਿਉਂਕਾਂ ਵਿਚ ਸਿਪਾਹੀ, ਜਣਨਿਕ ਜ਼ਾਤਾਂ ਅਤੇ ਲਾਰਵੇਂ ਹੁੰਦੇ ਹਨ, ਬਾਲਗ ਐਫਿਡ ਪਰਾਂ ਵਾਲੇ ਜਾਂ ਪਰਾਂ ਤੋਂ ਬਿਨਾਂ ਹੋ ਸਕਦੇ ਹਨ, ਅਤੇ ਕਈ ਤਿਤਲੀਆਂ

ਵਿਚ ਰੁੱਤੀ-ਦੋਰੂਪਤਾ ਮਿਲਦੀ ਹੈ । ਅਜਿਹੀਆਂ ਤਬਦੀਲੀਆਂ ਵੀ ਹਾੱਰਮੋਨਾਂ ਰਾਹੀਂ ਕੰਟਰੋਲ ਹੁੰਦੀਆਂ ਹਨ ।

**ਕੀਟ ਸੁਸਾਇਟੀਆਂ**—ਕੀੜੀ, ਸਿਉਂਕ, ਭਰਿੰਡਾਂ ਅਤੇ ਸ਼ਹਿਦ ਦੀਆਂ ਮੱਖੀਆਂ ਸਮਾਜਕ ਕੀੜੇ ਹਨ । ਇਹ ਕਾੱਲੋਨੀਆਂ ਬਣਾ ਕੇ ਰਹਿੰਦੇ ਹਨ ਅਤੇ ਵੰਡ ਕੇ ਕੰਮ ਕਰਦੇ ਹਨ । ਇਨ੍ਹਾਂ ਵਿਚ ਵੱਖ-ਵੱਖ ਜਾਤਾਂ ਦੇ ਕੀਟ ਇਕ ਸਾਂਝੀ ਕਾਲੋਨੀ ਲਈ ਵੱਖ-ਵੱਖ ਕੰਮ ਕਰਦੀਆਂ ਹਨ ।

**ਦੁਸ਼ਮਣਾਂ ਤੋਂ ਬਚਾਉ**—ਕਈ ਸੁੰਡੀਆਂ ਦੇ ਸਰੀਰ ਦੇ ਵਾਲਾਂ ਦੇ ਵਿਚਕਾਰ ਕੁਝ ਖ਼ਾਸ ਵਾਲ ਹੁੰਦੇ ਹਨ ਜਿਹੜੇ ਜ਼ਹਿਰ ਵਾਲੇ ਛੋਟੇ-ਛੋਟੇ ਟੁਕੜਿਆਂ ਵਿਚ ਟੁੱਟ ਜਾਂਦੇ ਹਨ ਅਤੇ ਬਹੁਤੇ ਪੰਛੀਆਂ ਨੂੰ ਖਾਰਸ਼ ਲਗਾ ਕੇ ਉਨ੍ਹਾਂ ਤੋਂ ਬਚਾਉ ਕਰਦੇ ਹਨ ।

ਬਹੁਤੇ ਕੀਟਾਂ ਦੀਆਂ ਡਾੱਰਸਲ ਗਲੈਂਡਾਂ ਵਿਚੋਂ ਕਿਊਟਿਕਲ ਉਤੇ ਜ਼ਹਿਰੀਲਾ ਮਾਦਾ ਰਿਸਦਾ ਹੈ; ਕਈਆਂ ਦੇ ਲਹੂ ਅਤੇ ਟਿਸ਼ੂਆਂ ਵਿਚ ਜ਼ਹਿਰ ਹੁੰਦੀ ਹੈ । ਇਹ ਜ਼ਹਿਰ ਕੀਟ ਉਨ੍ਹਾਂ ਪੌਦਿਆਂ ਵਿਚੋਂ ਪ੍ਰਾਪਤ ਕਰਦੇ ਹਨ ਜਿਨ੍ਹਾਂ ਉਤੇ ਉਹ ਆਹਾਰ ਕਰਦੇ ਹਨ । ਕਈ ਹਾਈਮੈਂਨਾਪਟਰਨ ਕੀਟਾਂ ਦੀਆਂ ਮਾਦਾ ਦੀਆਂ ਸਹਾਇਕ ਗਲੈਂਡਾਂ ਵਿਚੋਂ ਜ਼ਹਿਰ ਰਿਸਦਾ ਹੈ; ਹਾਈਮੈਨੋਂਪਟਰਨ ਕੀਟ ਆਪਣੇ ਡੰਗ ਰਾਹੀਂ ਵੀ ਆਪਣਾ ਬਚਾਉ ਕਰਦੇ ਹਨ । ਕਈ ਕੀੜੇ ਪੱਥਰਾਂ ਜਾਂ ਦਰਖ਼ਤਾਂ ਦੀ ਛਿਲੜ ਦੇ ਹੇਠ੍ਹਾਂ ਲੁਕ ਕੇ ਰਹਿੰਦੇ ਹਨ; ਕਈ ਰੱਖਿਅਕ ਰੰਗਣ ਰਾਹੀਂ ਆਪਣਾ ਬਚਾਉ ਕਰਦੇ ਹਨ ।

**ਵਤੀਰਾ ਅਤੇ ਈਕੋਲੋਜੀ (ਪਰਿਸਥਿਤੀ ਵਿਗਿਆਨ)**—ਕੀਟਾਂ ਦੇ ਵਰਤਾਉ ਵਿਚ ਵੀ ਕਈ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ । ਕਈ ਬਿਲਕੁਲ ਪਰਜੀਵੀ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਦੇ ਲਾਰਵੇ ਪਰਪੋਸ਼ੀ ਦੇ ਲਹੂ ਵਿਚ ਰਹਿੰਦੇ ਹਨ ਅਤੇ ਜਜ਼ਬ ਕਰਨ ਦੀ ਕਿਰਿਆ ਰਾਹੀਂ ਆਹਾਰ ਕਰਦੇ ਹਨ; ਡ੍ਰੈਗਨ ਫਲਾਈ ਆਪਣਾ ਸ਼ਿਕਾਰ ਹਵਾ ਵਿਚੋਂ ਪਕੜਦੀ ਹੈ ਟਾਈਗਰ ਬੀਟਲ ਜ਼ਮੀਨ ਉਤੇ ਸ਼ਿਕਾਰ ਪਕੜਦੇ ਹਨ, ਡਾਈਟਿਸਕਿਡ ਬੀਟਲ ਪਾਣੀ ਵਿਚੋਂ ਆਪਣਾ ਸ਼ਿਕਾਰ ਪਕੜਦੇ ਹਨ।

ਇਸ ਤਰ੍ਹਾਂ ਕੀਟ ਹਰ ਤਰ੍ਹਾਂ ਦੀ ਥਾਂ ਤੇ ਮਿਲ ਜਾਂਦੇ ਹਨ ਅਤੇ ਵਾਤਾਵਰਨ ਦੇ ਹਿਸਾਬ ਨਾਲ ਉਨ੍ਹਾਂ ਦੀ ਸਰੀਰਕ ਬਣਤਰ ਅਤੇ ਸਿਸਟਮ ਵਿਚ ਵੀ ਤਬਦੀਲੀਆਂ ਹੋਈਆਂ ਹੁੰਦੀਆਂ ਹਨ ।

**ਵਿਕਾਸ**—ਸਭ ਤੋਂ ਪੁਰਾਣੇ ਕੀਟ ਦੇ ਪਥਰਾਟ ਮੱਧ ਡਿਵੋਨੀਅਨ ਕਾਲ ਦੀਆਂ ਚਟਾਨਾਂ ਵਿਚ ਮਿਲੇ ਹਨ ਜਿਹੜੇ ਤਕਰੀਬਨ **300,000,000** ਸਾਲ ਪਹਿਲਾਂ ਦੇ ਹਨ । ਇਨ੍ਹਾਂ ਕੀਟਾਂ ਦੇ ਸਰੀਰ ਫਿਰ ਖੰਡਿਤ ਹੋ ਕੇ ਇਕ ਜੋੜਾ ਟੋਹਣੀਆਂ ਵਾਲੇ ਸਿਰ, ਤਿੰਨ ਜੋੜੇ ਲੱਤਾਂ ਵਾਲੀ ਛਾਤੀ ਅਤੇ ਖੰਡਿਤ ਪੇਟ ਵਾਲੇ ਕੀਟ ਬਣ ਗਏ । ਉਹ ਕੀਟ ਆਰਥੋਪੋਡਾ ਫ਼ਾਈਲਮ ਦੀ ਸਥੱਲੀ ਬ੍ਰਾਂਚ ਦੇ ਨਾਲ ਪੈਦਾ ਹੋਏ ਸਨ।

**ਮਹੱਤਤਾ**—ਕੀਟਾਂ ਦਾ ਕੁਦਰਤੀ ਆਰਥਕਤਾ ਵਿਚ ਬਹੁਤ ਹੱਥ ਹੈ । ਕਾਰਬਨੀ ਮਾਦੇ ਦੇ ਅਪਘਟਨ ਕਰਨ ਵਿਚ ਅਤੇ ਮਿੱਟੀ ਬਣਨ ਵਿਚ ਇਹ ਜੀਵਾਣੂਆਂ, ਉੱਲੀਆਂ ਅਤੇ ਹੋਰ ਜੀਵਾਂ ਦੀ ਸਹਾਇਤਾ ਕਰਦੇ ਹਨ । ਬਹੁਤੇ ਪੌਦੇ ਪਰਾਗਣ ਲਈ ਕੀਟਾਂ ਉੱਤੇ ਨਿਰਭਰ ਕਰਦੇ ਹਨ ।

ਕਈ ਕੀਟ ਕੁਝ ਵਪਾਰਕ ਪਦਾਰਥਾਂ ਜਿਵੇਂ, ਸ਼ਹਿਦ, ਸਿਲਕ, ਮੋਮ, ਰੰਗ, ਪਿਗਮੈਂਟ ਆਦਿ ਦੇ ਸੋਮੇ ਹਨ ਇਸ ਲਈ ਮਨੁੱਖ ਲਈ ਇਹ ਸਿੱਧੇ ਤੌਰ ਤੇ ਮਹੱਤਵਪੂਰਨ ਹਨ । ਪਰ ਕਿਉਂਕਿ ਇਹ ਕਈ ਤਰ੍ਹਾਂ ਦੇ ਕਾਰਬਨੀ ਮਾਦੇ ਉੱਤੇ ਨਿਰਵਾਹ ਕਰਦੇ ਹਨ । ਇਸ ਲਈ ਇਹ ਫ਼ਸਲਾਂ ਨੂੰ ਕਾਫ਼ੀ ਨੁਕਸਾਨ ਪਹੁੰਚਾਉਂਦੇ ਹਨ । ਇਹ ਖੜ੍ਹੀਆਂ ਫ਼ਸਲਾਂ ਜਾਂ ਲੱਕੜੀ ਜਾਂ ਜਮ੍ਹਾਂ ਕੀਤੇ ਖ਼ੁਰਾਕ ਦੇ ਭੰਡਾਰਾਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ । ਕਈ ਕੀਟ ਚਮੜੀ, ਫਰ, ਊਨੀ ਕਪੜੇ, ਕਲੀਨਾਂ ਆਦਿ ਨੂੰ ਨੁਕਸਾਨ ਪਹੁੰਚਾਉਂਦੇ ਹਨ । ਪੂਰਵਜ਼ ਲੋਕਾਂ (ਜਿਵੇਂ ਆਸਟ੍ਰੇਲੀਅਨ ਆਦਿਵਾਸੀਆਂ) ਲਈ ਕੀਟ ਮੁੱਖ ਆਹਾਰ ਸਨ । ਹੁਣ ਵੀ ਕਈ ਦੇਸ਼ਾਂ ਵਿਚ ਕਈ ਕੀਟ ਪ੍ਰੋਟੀਨ ਦਾ ਸੋਮਾ ਹਨ ।

**ਚਿਕਿਤਸਕ ਮਹੱਤਤਾ**—ਕੀਟ ਮਨੁੱਖ ਅਤੇ ਜਿਉਂਦੀਆਂ ਵਸਤਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਤੇ ਨੁਕਸਾਨ ਪਹੁੰਚਾਉਂਦੇ ਹਨ । ਡੰਗ ਮਾਰਨ ਜਾਂ ਕੀੜਿਆਂ ਦੇ ਕੱਟਣ ਕਰਕੇ ਸਿੱਧਾ ਨੁਕਸਾਨ ਕੋਈ ਜ਼ਿਆਦਾ ਮਹੱਤਤਾ ਵਾਲਾ ਨਹੀਂ ਹੈ । ਕਈ ਕੱਟਣ ਵਾਲੀਆਂ ਮੱਖੀਆਂ ਅਤੇ ਮੱਛਰ ਅਤੇ ਇਸੇ ਤਰ੍ਹਾਂ ਕਈ ਸੈਂਡ ਫਲਾਈ ਅਤੇ ਸਾਲਟ-ਮਾਰਸ਼ ਦੇ ਮੱਛਰ ਸਾਡੇ ਲਈ ਰਹਿਣਾ ਵੀ ਔਖਾ ਕਰ ਦਿੰਦੇ ਹਨ । ਕੱਟਣ ਵਾਲੀਆਂ ਮੱਖੀਆਂ ਦੀ ਪੈਦਾ ਕੀਤੀ ਜਲਣ ਪਸ਼ੂਆਂ ਦੀ ਸਿਹਤ ਨੂੰ ਬਹੁਤ ਖਰਾਬ ਕਰ ਦਿੰਦੀ ਹੈ । ਬਲੋ ਫਲਾਈ ਮੁਰਦਿਆਂ ਵਿਚ ਅੰਡੇ ਦੇਣ ਦੇ ਨਾਲ ਨਾਲ ਜਿਉਂਦੇ ਜਾਨਵਰਾਂ ਅਤੇ ਮਨੁੱਖਾਂ ਦੇ ਟਿਸ਼ੂਆਂ ਵਿਚ ਵੀ ਵੜ ਜਾਂਦੀ ਹੈ । ਇਸ ਬੀਮਾਰੀ ਨੂੰ ਮਾਈਆਸਿਸ ਕਹਿੰਦੇ ਹਨ ।

ਮਨੁੱਖਾਂ ਦੇ ਬਹੁਤੇ ਬੁਖਾਰ ਉਨ੍ਹਾਂ ਰਾਹੀਂ ਹੁੰਦੇ ਹਨ ਜਿਨ੍ਹਾਂ ਨੂੰ ਕੀੜੇ ਫੈਲਾਉਂਦੇ ਹਨ । ਇਸ ਲਈ ਕੀੜੇ ਇਨ੍ਹਾਂ ਬੁਖਾਰਾਂ ਦੇ ਵਾਹਕ (ਕੈਰੀਅਰ) ਬਣਦੇ ਹਨ । ਮਲੇਰੀਆ, ਪਲਾਜ਼ਮੋਡੀਅਮ ਪ੍ਰੋਟੋਜ਼ੂਨ ਰਾਹੀਂ ਫੈਲਦਾ ਹੈ ਜਿਹੜਾ ਕਿ ਆਪਣੇ ਜੀਵਨ-ਚੱਕਰ ਦਾ ਕੁਝ ਹਿੱਸਾ ਐਨੋਫੇਲੀਜ਼ ਮੱਛਰ ਵਿਚ ਪੂਰਾ ਕਰਦਾ ਹੈ । ਰਿਲੈਪਸਿੰਗ ਬੁਖ਼ਾਰ (ਮਹਾਮਾਰੀ) ਸਪਾਇਰੋਕੀਟਾਂ ਰਾਹੀਂ ਫੈਲਦਾ ਹੈ ਜਿਹੜੇ ਕਿ ਜੂੰਆਂ ਰਾਹੀਂ ਮਨੁੱਖ ਤਕ ਪਹੁੰਚਦੇ ਹਨ । ਇਸੇ ਤਰ੍ਹਾਂ ਲੀਸ਼ਮੇਨੀਐਸਿਸ, ਸੁੱਤੇ ਰਹਿਣ ਦੀ ਬੀਮਾਰੀ, ਟਾਈਫੌਇਡ, ਬੇਸਿਲੀਅਰੀ, ਅਮੀਬਿਕ ਡਾਇਸੈਂਟਰੀ ਆਦਿ ਵਰਗੀਆਂ ਬਿਮਾਰੀਆਂ ਕੀੜਿਆਂ ਰਾਹੀਂ ਹੀ ਫੈਲਦੀਆਂ ਹਨ ।

## ਸ਼੍ਰੇਣੀ ਵੰਡ

ਇਨਸੈੱਕਟ ਸ਼੍ਰੇਣੀ ਦੋ ਉਪ-ਸ਼੍ਰੇਣੀਆਂ ਵਿਚ ਵੰਡੀ ਹੋਈ ਹੈ :

**ਉਪ-ਸ਼੍ਰੇਣੀ ਐਪਟੇਰੀਗੋਟਾ**—ਇਸ ਵਿਚ ਪੂਰਵਜ, ਬਿਨਾਂ ਪਰਾਂ ਦੇ ਅਣੂ-ਰੂਪਾਂਤਰਿਕ ਕੀਟ ਸ਼ਾਮਲ ਕੀਤੇ ਗਏ ਹਨ । ਇਸ ਉਪ-ਸ਼੍ਰੇਣੀ ਵਿਚ ਹੇਠ ਲਿਖੇ ਵਰਗ ਸ਼ਾਮਲ ਕੀਤੇ ਗਏ ਹਨ-ਪ੍ਰੋਟੂਰਾ, ਥਾਈਸੈਨੂਰਾ, ਡਿਪਲਿਊਰਾ, ਕੋਲੈਂਮਬੋਲਾ ।

**ਉਪ-ਸ਼੍ਰੇਣੀ ਟੇਰੀਗੋਟਾ**—ਇਸ ਵਿਚ ਪਰਾਂ ਵਾਲੇ (ਜਾਂ ਜਿਹੜੀਆਂ ਬਾਅਦ ਵਿਚ ਪਰਾਂ ਰਹਿਤ ਹੋ ਜਾਣ) ਅਲਪ ਰੂਪਾਂਤਰਿਕ ਅਤੇ ਪੂਰਨ ਰੂਪਾਂਤਰਿਕ ਕੀਟ ਸ਼ਾਮਲ ਕੀਤੇ ਗਏ ਹਨ । ਇਹ ਉਪ ਸ਼੍ਰੇਣੀ ਦੋ ਡਿਵੀਜ਼ਨਾਂ ਵਿਚ ਵੰਡੀ ਹੁੰਦੀ ਹੈ—

ਇਕ ਡਿਵੀਜ਼ਨ ਹੈਮੀਮੈਟਾਬੋਲਾ ਜਾਂ ਐਕਸਾੱਪਟੈਰੀਗੋਟਾ ਹੈ ਜਿਸ ਵਿਚ ਹੇਠ ਲਿਖੇ ਵਰਗ ਸ਼ਾਮਲ ਕੀਤੇ ਗਏ ਹਨ— ਐਪੀਮੈਰੋਂਪਟਰਾ, ਓਡੋਨੇਟਾ, ਪਲੈਕੋਂਪਟਰਾ, ਡਿਕਟੀਆੱਪਟਰਾ ਗਰਿਲੋਬਲੈਟੋਡੀਆ, ਫੈਜ਼ਮਿਡਾ, ਔਰਥਾਪਟਰਾ, ਡਰਮੈਪਟਰਾ, ਐਂਬਿਆੱਪਟਰਾ, ਆਈਸੋਂਪਟਰਾ, ਸੋਕਾਪਟਰਾ, ਜ਼ਰੈਪਟਰਾ, ਮੈਲੋਫੇਗਾ, ਐਨਪਲੂਰਾ ਜਾਂ ਸਾਈਫੰਕੁਲੇਟਾ, ਥਾਈਸੈਨੋਂਪਟਰਾ, ਹੋਮੋਂਪਟਰਾ, ਹੈਟਰੋਂਪਟਰਾ ਜਾਂ ਹੈਮਿਪਟੇਰਾ ।

ਦੂਜੀ ਡਿਵੀਜ਼ਨ ਹਾੱਲੋਮੈਟਾਬੋਲਾ ਜਾਂ ਐਂਡਾਪਟੈਰੀਗੋਟਾ ਹੈ ਜਿਸ ਵਿਚ ਹੇਠ ਲਿਖੇ ਵਰਗ ਸ਼ਾਮਲ ਕੀਤੇ ਗਏ ਹਨ—ਮੈਗਾਲੋਂਪਟਰਾ, ਰਫ਼ਿਡੀਓਡੀਆ, ਨਿਊਰੋਂਪਟਰਾ, ਮਿਕੋਂਪਟਰਾ, ਟ੍ਰਿਕੋਂਪਟਰਾ, ਲੈਪਿਡੋਂਪਟਰਾ, ਕੋਲੀਅੱਪਟਰਾ, ਹਾਈਮੈਨੋਂਪਟਰਾ, ਡਿਪਟਰਾ, ਸਾਈਫਿੰਨ ਐਪਟਰਾ ।

ਹ. ਪੁ.—ਐਨ. ਬ੍ਰਿ. ਮੈ. 9 : 608 ; ਐਨ. ਬ੍ਰਿ. 12 : 228

**ਕੀਟ-ਆਹਾਰੀ ਪ੍ਰਾਣੀ** : ਇਨਸੈਕਟੀਵੋਰਾ ਵਰਗ ਦੇ ਥਣਧਾਰੀ ਪ੍ਰਾਣੀਆਂ ਨੂੰ ਕੀਟ-ਆਹਾਰੀ ਪ੍ਰਾਣੀ ਕਹਿੰਦੇ ਹਨ । ਇਨ੍ਹਾਂ ਵਿਚ ਸ੍ਰੂ, ਮੋਲ (ਛਛੂੰਦਰ ਵਰਗੇ ਪ੍ਰਾਣੀ), ਸੇਹਾ ਅਤੇ ਕਈ ਘਟ ਪ੍ਰਸਿਧੀ ਵਾਲੇ ਗਰੁੱਪ ਸ਼ਾਮਲ ਕੀਤੇ ਗਏ ਹਨ । ਇਸ ਵਰਗ ਦੀਆਂ 400 ਕੁ ਜਾਤੀਆਂ ਵਿਚੋਂ ਤਕਰੀਬਨ 300 ਸੋਰਿਸਡੀ ਕੁਲ ਦੇ ਸ੍ਰੂ ਹਨ । ਕੀਟ-ਆਹਾਰੀ ਬਹੁਤ ਜ਼ਿਆਦਾ ਵਿਸਤਰਿਤ ਪ੍ਰਾਣੀ ਹਨ ਪਰ ਇਹ ਅੰਟਾਰਕਟਿਕਾ,

ਸਟ੍ਰੇਲੀਅਨ ਖੇਤਰ ਅਤੇ ਦੱਖਣੀ ਅਮਰੀਕਾ (ਧੁਰ ਉੱਤਰੀ ਖੇਤਰਾਂ ਨੂੰ ੜ ਕੇ) ਵਿਚ ਨਹੀਂ ਮਿਲਦੇ। ਕੀਟ-ਆਹਾਰੀ ਪ੍ਰਾਣੀਆਂ ਦੇ ਨਿਵਾਸ ਾਨਾਂ ਵਿਚ ਵੀ ਬੜੇ ਵਖਰੇਵੇਂ ਹਨ। ਸ਼੍ਰੂ ਜੰਗਲਾਂ ਅਤੇ ਚਰਗਾਹਾਂ ਚ ਜ਼ਮੀਨ ਤੇ ਰਹਿੰਦੇ ਹਨ ਪਰ ਰੇਗਿਸਤਾਨਾਂ ਵਿਚ ਘਟ ਮਿਲਦੇ ;। ਨੋਸ਼ੀਓਸੋਰੈੱਕਸ ਨਵੀਂ ਅਤੇ ਡਿਪਲੋਮੈਸੋਡੋਨ ਪੁਰਾਣੀ ਦੁਨੀਆ ਰੇਗਿਸਤਾਨਾਂ ਵਿਚ ਹੁੰਦੇ ਹਨ। ਮੋਲ ਬਹੁਤਾ ਕਰਕੇ ਅਤੇ ਚਰਾਗਾਹਾਂ ਚ ਸਿੱਧੇ ਮਿਲਦੇ ਹਨ। ਸੇਹੇ ਪੁਰਾਣੀ ਦੁਨੀਆ ਦੇ ਜੰਗਲਾਂ; ਉੱਤਰੀ



ਚਿਤਰ. ਕੁਝ ਕੀਟ-ਆਹਾਰੀ ਪ੍ਰਾਣੀ :—
(ੳ) ਗੋਲਡਨ ਮੋਲ (*Amblysomus duthiae*), (ਅ) ਲੰਮੇ ਕੰਨਾਂ ਵਾਲਾ ਰੇਗਿਸਤਾਨ ਦਾ ਸੇਹਾ (*Hemiechinus auritiu*), ਪੂਰਬੀ ਅਮਰੀਕਾ ਦਾ ਮੋਲ (*Scalopus aquaticus*), (ਸ) ਟਰੀ ਸ਼੍ਰੂ (*Tupaia glis*), (ਹ) ਮੂਨਰੈਟ (*Echinosorex gymnurus*), (ਕ) ਚਿੱਟੇ ਦੰਦਾਂ ਵਾਲਾ ਸ਼੍ਰੂ (*Crocidura suaveolens*), (ਖ) ਧਾਰੀਦਾਰ ਟੈੱਲਰੈੱਕ (*Hemicntetes semispinosus*), (ਗ) ਪੂਰਬੀ ਅਫਰੀਕਾ ਦਾ ਲੰਮੇ ਕੰਨਾਂ ਵਾਲਾ ਐਲੀਫੈਂਟ ਸ਼੍ਰੂ (*Elephantulus rurescens*), (ਘ) ਅਫਰੀਕਾ ਦਾ ਵੱਡਾ ਜਲੀ ਸ਼੍ਰੂ (*Polamogale velox*), (ਙ) ਸੋਲੈਨੋਡੋਨ (*Solenodon paradoxus*)।

ਸੀਤ-ਊਸ਼ਣ ਜ਼ੋਨ ਦੇ ਜੰਗਲਾਂ, ਚਰਾਗਾਹਾਂ ਅਤੇ ਰੇਗਿਸਤਾਨਾਂ ਵਿਚ ਹੁੰਦੇ ਹਨ। ਗਾਲੜ੍ਹ ਵਰਗੇ ਸ਼੍ਰੂ ਅਤੇ ਕਈ ਜਲੀ ਮੋਲ, ਸ਼੍ਰੂ ਅਤੇ ਟੈੱਨਰੈਕ ਪ੍ਰਾਣੀਆਂ ਨੂੰ ਛੱਡ ਕੇ ਬਾਕੀ ਬਹੁਤੇ ਕੀਟ-ਆਹਾਰੀ ਪ੍ਰਾਣੀ ਜ਼ਮੀਨ ਦੇ ਉੱਤੇ ਜਾਂ ਨੇੜੇ ਹੀ ਰਹਿੰਦੇ ਹਨ।

ਸਾਰੇ ਕੀਟ-ਆਹਾਰੀ ਪ੍ਰਾਣੀ ਛੋਟੇ ਛੋਟੇ ਹੁੰਦੇ ਹਨ, ਸਭ ਤੋਂ ਵੱਡਾ ਪ੍ਰਾਣੀ ਛੋਟੇ ਖ਼ਰਗੋਸ਼ ਦੇ ਆਕਾਰ ਦਾ ਹੁੰਦਾ ਹੈ। ਸ਼੍ਰੂ ਸ਼ਾਇਦ ਥਣਧਾਰੀਆਂ ਵਿਚੋਂ ਸਭ ਤੋਂ ਛੋਟੇ ਹਨ। ਬਹੁਤੇ ਸ਼੍ਰੂ ਵੇਖਣ ਵਿਚ ਚੂਹੇ ਵਰਗੇ ਲਗਦੇ ਹਨ ਪਰ ਚੂਹੇ ਅਤੇ ਦੂਜੇ ਕੁਤਰਨ-ਪ੍ਰਾਣੀਆਂ ਨਾਲੋਂ ਫ਼ਰਕ ਇੰਨਾ ਹੀ ਹੈ ਕਿ ਇਨ੍ਹਾਂ ਵਿਚ ਛੈਣੀ ਵਰਗੇ ਸੂਏ ਦੰਦ ਨਹੀਂ ਹੁੰਦੇ। ਟੈਲਪਿਡੀ ਕੁਲ ਦੇ ਟਿਪੀਕਲ ਮੋਲ ਅਤੇ ਕ੍ਰਿਸੋਕਲੋਰਾਇਡੀ ਕੁਲ ਦੇ ਗੋਲਡਨ ਮੋਲ ਖੁੱਡਾਂ ਵਿਚ ਰਹਿਣ ਵਾਲੇ ਪ੍ਰਾਣੀ ਹਨ। ਇਨ੍ਹਾਂ ਦਾ ਸਰੀਰ ਸਿਲੰਡਰਾਕਾਰ (Cylindrical), ਲੱਤਾਂ ਛੋਟੀਆਂ ਤੇ ਮੋਟੀਆਂ ਅਤੇ ਪੂਛ ਅਤੇ ਅੱਖਾਂ ਅਵਿਕਸਤ ਹੁੰਦੀਆਂ ਹਨ। ਐਰੀਕੇਸੀਇਡੀ ਕੁਲ ਦੇ ਸੇਹੇ ਅਤੇ ਟੈੱਨਰੈੱਸਡੀ ਕੁਲ ਦੇ ਸੇਹੇ ਵਰਗੇ ਟੈੱਨਰੈੱਕ ਗਠੀਲੇ ਸਰੀਰ ਵਾਲੇ ਪ੍ਰਾਣੀ ਹਨ ਅਤੇ ਇਨ੍ਹਾਂ ਦਾ ਸਰੀਰ ਉਤੋਂ ਛੋਟੇ ਛੋਟੇ ਕੰਡਿਆਂ ਨਾਲ ਢੱਕਿਆ ਹੁੰਦਾ ਹੈ। ਮੈਕ੍ਰੋਸਕੇਲਿੱਡਿਡੀ ਕੁਲ ਦੇ ਐਲੀਫੈਂਟ ਸ਼੍ਰੂ ਨਾਜ਼ਕ ਜਿਹੇ ਪ੍ਰਾਣੀ ਹਨ ਅਤੇ ਇਨ੍ਹਾਂ ਦੀਆਂ ਪਿਛਲੀਆਂ ਲੱਤਾਂ ਲੰਬੀਆਂ ਹੁੰਦੀਆਂ ਹਨ। ਵੱਡੀਆਂ ਕੁਲਾਂ ਦੇ ਪ੍ਰਾਣੀਆਂ ਦੀ ਸਰੀਰਕ ਬਣਤਰ ਵਿਚ ਵੀ ਵਖਰੇਵੇ ਮਿਲਦੇ ਹਨ।

**ਜੀਵਨ-ਚੱਕਰ**— ਊਸ਼ਣ ਖੰਡਾਂ ਦੇ ਸ਼੍ਰੂ ਮੋਲ ਅਤੇ ਸੇਹਾਂ ਵਿਚ ਜਣਨ-ਸਮਾਂ ਇਕ ਚੱਕਰ ਵਿਚ ਚਲਦਾ ਹੈ। ਸਰਦੀ ਦੇ ਅਖੀਰ ਜਾਂ ਬਸੰਤ ਰੁੱਤ ਦੇ ਸ਼ੁਰੂ ਵਿਚ ਨਰ ਪ੍ਰਾਣੀਆਂ ਵਿਚ ਵੱਡੇ ਵੱਡੇ ਪਤਾਲੂ ਬਣਦੇ ਹਨ ਅਤੇ ਇਨ੍ਹਾਂ ਵਿਚ ਸ਼ੁਕ੍ਰਾਣੂ ਬਣਨੇ ਸ਼ੁਰੂ ਹੋ ਜਾਂਦੇ ਹਨ। ਇਸੇ ਰੁੱਤ ਵਿਚ ਮਾਦਾ ਪ੍ਰਾਣੀਆਂ ਵਿਚ ਵੱਡੇ ਵੱਡੇ ਓਵਰੀ ਫੌਲਿਕਲ ਬਣਦੇ ਹਨ, ਜਿਨ੍ਹਾਂ ਵਿਚੋਂ ਅੰਡੇ ਉਤਸਰਜਿਤ ਹੁੰਦੇ ਹਨ। ਮਾਦਾ ਸੇਹਾਂ ਵਿਚ ਹਰ ਵਾਰੀ ਮੈਥੁਨ ਕਿਰਿਆ ਤੋਂ ਬਾਅਦ ਗਰਭ ਨਹੀਂ ਹੁੰਦਾ ਜਿਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਅੰਡ-ਉਤਸਰਜਨ ਕਿਸੇ ਖਾਸ ਸਮੇਂ ਹੀ ਹੁੰਦਾ ਹੈ। ਪਰ ਮਾਦਾ ਸ਼੍ਰੂ ਅਤੇ ਮੋਲਾਂ ਵਿਚ ਹਰ ਮੈਥੁਨ ਤੋਂ ਬਾਅਦ ਗਰਭ ਠਹਿਰ ਜਾਂਦਾ ਹੈ।

ਬਹੁਤੇ ਊਸ਼ਣ-ਖੰਡੀ ਕੀਟ-ਆਹਾਰੀ ਪ੍ਰਾਣੀ ਸਾਰਾ ਸਾਲ ਬੱਚੇ ਦਿੰਦੇ ਹਨ। ਇਹਨਾਂ ਵਿਚ ਸ਼ਾਇਦ ਸ਼ੁਕ੍ਰਾਣੂ ਲਗਾਤਾਰ ਬਣਦੇ ਰਹਿੰਦੇ ਹਨ ਅਤੇ ਅੰਡ-ਉਤਸਰਜਨ ਕਿਸੇ ਵੀ ਅਨੁਕੂਲ ਸਮੇਂ ਤੇ ਹੋ ਸਕਦਾ ਹੈ।

ਗਰਭ-ਕਾਲ ਸ਼੍ਰੂ ਪ੍ਰਾਣੀਆਂ ਵਿਚ ਦੋ ਤੋਂ ਤਿੰਨ ਹਫਤੇ ਹੁੰਦੇ ਹੈ। ਐਲੀਫੈਂਟ ਸ਼੍ਰੂ ਅਤੇ ਟ੍ਰੀ ਸ਼੍ਰੂਆਂ (ਦਰਖ਼ਤਾਂ ਵਾਲੇ ਸ਼੍ਰੂਆਂ) ਵਿਚ ਇਹ 50-60 ਦਿਨ ਦਾ ਹੈ। ਗਰਭ-ਕਾਲ ਦੀ ਲੰਬਾਈ ਜਨਮ ਸਮੇਂ ਤੇ ਬੱਚੇ ਦੀ ਹਾਲਤ ਤੇ ਨਿਰਭਰ ਕਰਦੀ ਹੈ। ਉਦਾਹਰਣ ਵਜੋਂ 3-4 ਹਫਤੇ ਦੇ ਗਰਭ-ਕਾਲ ਵਾਲੇ ਸ਼੍ਰੂ ਅਤੇ ਮੋਲਾਂ ਦੇ ਬੱਚੇ ਜਨਮ ਸਮੇਂ ਨੰਗੇ, ਅੰਨੇ ਅਤੇ ਬੇਸਹਾਰਾ ਹੁੰਦੇ ਹਨ। ਥੋੜ੍ਹੇ ਜਿਹੇ ਲੰਬੇ ਗਰਭ ਕਾਲ ਵਾਲੇ ਸੇਹਾਂ ਦੇ ਬੱਚੇ ਭਾਵੇਂ ਬੇਸਹਾਰਾ ਹੁੰਦੇ ਹਨ ਪਰ ਇਨ੍ਹਾਂ ਦੇ ਕੰਡੇ ਕੁਝ ਵਿਕਸਿਤ ਹੋ ਚੁੱਕੇ ਹਨ। ਟੈੱਨਰੈੱਕ ਵਿਚ ਗਰਭ-ਕਾਲ 50 ਦਿਨ ਦਾ ਹੁੰਦਾ ਹੈ ਤੇ ਇਸ ਦੇ ਬੱਚਿਆਂ ਦੀ ਗਿਣਤੀ ਜਾਤੀ, ਵਿਥਕਾਰ ਅਤੇ ਜਣਨ ਸਮੇਂ ਬੱਚੇ ਦੀ ਹਾਲਤ ਤੇ ਨਿਰਭਰ ਕਰਦੀ ਹੈ। ਐਲੀਫੈਂਟ, ਟ੍ਰੀ ਅਤੇ ਆਡਾ ਸ਼੍ਰੂ ਸੋਲੈਨੋਡੋਨ ਅਤੇ ਗੋਲਡਨ ਮੋਲਾਂ ਵਿਚ ਬੱਚਿਆਂ ਦੀ ਗਿਣਤੀ 1-3, ਸੇਹਾਂ ਦੀਆਂ ਕੰਡੇਦਾਰ ਕਿਸਮਾਂ ਵਿਚ 1-7, ਬਿਨ੍ਹਾਂ ਕੰਡਿਆਂ ਵਾਲੀਆਂ ਏਸ਼ੀਆਈ ਜਿਮਨਿਊਰ ਕਿਸਮਾਂ ਵਿਚ 2 ਅਤੇ ਮੋਲਾਂ ਵਿਚ ਔਸਤਨ 2-5 ਬੱਚੇ ਪੈਦਾ ਹੁੰਦੇ ਹਨ। ਟੈੱਨਰੈੱਕ ਵਿਚ ਔਲ ਵਾਲੇ ਥਣਧਾਰੀਆਂ ਵਿਚੋਂ ਰਿਕਾਰਡ ਬੱਚੇ ਪੈਦਾ ਹੁੰਦੇ ਹਨ। ਸੈਨਟੀਡੀਜ਼ ਵਿਚ 25 ਬੱਚੇ ਪੈਦਾ ਹੋਏ ਅਤੇ 30 ਤੋਂ ਜ਼ਿਆਦਾ ਭਰੂਣਾਂ ਦੀ ਮੌਜੂਦਗੀ ਰਿਕਾਰਡ ਕੀਤੀ ਗਈ ਹੈ।

ਬਹੁਤੀਆਂ ਜੰਗਲੀ ਕਿਸਮਾਂ ਦੀ ਔਸਤਨ ਉਮਰ ਬਹੁਤ ਛੋਟੀ ਹੁੰਦੀ ਹੈ। ਸ਼੍ਰੂ ਦੀ ਅੰਦਾਜ਼ਨ ਉਮਰ ਛੇ ਹਫ਼ਤੇ ਹੈ। ਸੀਤ-ਊਸ਼ਣ ਖੇਤਰਾਂ ਦੇ ਕੁਝ ਸ਼੍ਰੂ ਅਤੇ ਮੋਲਾਂ ਨੂੰ ਜਣਨ ਕਿਰਿਆ ਕਰਨ ਲਈ ਘਟੋ ਘਟ ਇਕ ਸਾਲ ਤਕ ਜੀਊਣ ਦੀ ਲੋੜ ਹੁੰਦੀ ਹੈ। ਬੰਦੀ ਹਾਲਤਾਂ ਵਿਚ ਰਖੇ ਸ਼੍ਰੂ $2\frac{1}{2}$ ਸਾਲ ਜੀਉਂਦੇ ਰਹੇ ਹਨ, ਐਲੀਫੈਂਟ ਸ਼੍ਰੂ 3 ਸਾਲ ਅਤੇ ਸੇਹੇ 10 ਸਾਲ ਜੀਉਂਦੇ ਹਨ।

**ਨਿਸ਼ਕ੍ਰਿਆਸ਼ੀਲਤਾ**—ਖ਼ੁਰਾਕ ਦੀ ਘਾਟ ਹੋ ਜਾਣ ਕਰਕੇ ਜਾਂ ਜ਼ਿਆਦਾ ਸਰਦੀ ਕਰਕੇ ਕਈ ਕੀਟ-ਆਹਾਰੀ ਪ੍ਰਾਣੀ ਨਿਸ਼ਕ੍ਰਿਆਈ ਹੋ ਜਾਂਦੇ ਹਨ। ਸੇਹਾ ਖ਼ੁਰਾਕ ਦੀ ਥੁੜ ਦੀ ਹਾਲਤ ਵਿਚ ਆਪਣੇ ਆਪ ਨੂੰ ਗੋਲ ਗੇਂਦ ਵਾਂਗ ਲਪੇਟ ਲੈਂਦਾ ਹੈ। ਇਸੇ ਤਰ੍ਹਾਂ ਜ਼ਿਆਦਾ ਠੰਡ ਜਾਂ ਖ਼ੁਸ਼ਕ ਰੁੱਤ ਵਿਚ ਟੈੱਨਰੈੱਕ ਨਿਸ਼ਕ੍ਰਿਆ ਹੋ ਜਾਂਦੇ ਹਨ। ਗੋਲਡਨ ਮੋਲ ਦੀ ਇਕ ਕਿਸਮ ਕ੍ਰਾਈਸੋਸਪੈਲੈਕਸ ਵੀ ਨਿਸ਼ਕ੍ਰਿਆਸ਼ੀਲਤਾ ਦੀ ਅਵਸਥਾ ਧਾਰਨ ਕਰਦੀ ਹੈ।

**ਵਿਵਹਾਰ**—ਸਾਰੇ ਕੀਟ-ਆਹਾਰੀ ਪ੍ਰਾਣੀ ਪੂਰੀ ਤਰ੍ਹਾਂ ਜਾਂ ਕੁਝ ਹੱਦ ਤਕ ਪ੍ਰਾਣੀਆਂ ਨੂੰ ਆਹਾਰ ਬਣਾਉਂਦੇ ਹਨ। ਸ਼੍ਰੂ ਵੱਡੀ ਮਾਤਰਾ ਵਿਚ ਰੀੜ੍ਹ-ਰਹਿਤ ਤੇ ਕਦੀ ਕਦੀ ਛੋਟੇ ਰੀੜ੍ਹਧਾਰੀ ਪ੍ਰਾਣੀਆਂ ਤੇ ਆਹਾਰ ਕਰਦੇ ਹਨ। ਮੋਲ ਜ਼ਮੀਨ ਦੇ ਰੀੜ੍ਹ-ਰਹਿਤ (ਵਰਮਾ ਸਮੇਤ) ਪ੍ਰਾਣੀ ਖਾਂਦੇ ਹਨ। ਵੱਡੀਆਂ ਜਾਤੀਆਂ ਵੱਡੇ ਸ਼ਿਕਾਰ ਖਾਂਦੀਆਂ ਹਨ; ਜਿਵੇਂ ਸੇਹਾ, ਡੱਡੂ, ਚੂਹੇ, ਪੰਛੀ, ਕਿਰਲੀ ਅਤੇ ਸੱਪ ਅਤੇ ਬੰਦੀ ਹਾਲਤਾਂ ਵਿਚ ਰਖੇ ਰੋਟੀ ਦੁੱਧ ਵੀ ਖਾ ਲੈਂਦੇ ਹਨ। ਟ੍ਰੀ ਸ਼੍ਰੂ ਕੀੜੇ ਅਤੇ ਦੋਵੇਂ ਚੀਜ਼ਾਂ ਖਾਂਦੇ ਹਨ। ਗੋਲਡਨ ਮੋਲ ਦੀਆਂ ਕੁਝ ਜਾਤੀਆਂ ਬਿਨਾਂ ਲੱਤਾਂ ਤੋਂ ਕਿਰਲੀਆਂ ਅਤੇ ਕੁਝ ਗੰਡੋਏ, ਕੀੜਿਆਂ ਦੇ ਲਾਰਵੇ ਤੇ ਪਿਊਪੇ ਖਾਂਦੀਆਂ ਹਨ। ਐਲੀਫੈਂਟ ਸ਼੍ਰੂ ਲੋਕੱਸਟ, ਜਲੀ ਟੈੱਨਰੈੱਕ ਪਾਣੀ ਵਿਚਲੀਆਂ ਜੜ੍ਹੀ ਬੂਟੀਆਂ ਦੇ ਕੰਦ ਤੇ ਮੱਛੀਆਂ, ਜਲੀ ਸ਼੍ਰੂ, ਜਲੀ ਪ੍ਰਾਣੀ, ਆਡਾ ਸ਼੍ਰੂ ਕੇਕੜੇ, ਮੱਛੀਆਂ ਅਤੇ ਜਲੀ-ਥਲੀ ਪ੍ਰਾਣੀ ਖਾਂਦੀਆਂ ਹਨ।

ਬਹੁਤੇ ਕੀਟ-ਆਹਾਰੀ ਪ੍ਰਾਣੀ ਰਾਤ ਨੂੰ ਚੁਸਤ ਹੁੰਦੇ ਹਨ, ਭਾਵੇਂ ਸ਼੍ਰੂ ਲਗਾਤਾਰ 24 ਘੰਟੇ ਹੀ ਚੁਸਤ ਰਹਿੰਦੇ ਹਨ। ਬਹੁਤੇ ਐਲੀਫੈਂਟ ਅਤੇ ਟ੍ਰੀ ਸ਼੍ਰੂ ਦਿਨਚਰ ਪ੍ਰਾਣੀ ਹਨ ਪਰ ਘਟੋ ਘਟ ਹਰ ਕੁਲ ਦੀ ਇਕ ਪ੍ਰਜਾਤੀ ਰਾਤਲ ਹੁੰਦੀ ਹੈ।

ਬਹੁਤੇ ਕੀਟ-ਆਹਾਰੀ ਪ੍ਰਾਣੀ ਸੱਜਾ ਅਗਲਾ ਪੈਰ ਅਤੇ ਖੱਬਾ ਪਿਛਲਾ ਪੈਰ ਫਿਰ ਖੱਬਾ ਅਗਲਾ ਅਤੇ ਸੱਜਾ ਪਿਛਲਾ ਪੈਰ ਇਕੱਠੇ ਅਗੇ ਰਖ ਕੇ ਤੁਰਦੇ ਹਨ। ਸੋਲੈਨੋਡੋਂਨ ਦੋਵੇਂ ਅੱਗਲੇ ਪੈਰ ਅਤੇ ਫਿਰ ਦੋਵੇਂ ਪਿਛਲੇ ਪੈਰ ਇਕੱਠੇ ਹੀ ਜ਼ਮੀਨ ਤੇ ਰਖ ਕੇ ਦੌੜਦੇ ਹਨ। ਟ੍ਰੀ-ਸ਼੍ਰੂ ਦਰਖ਼ਤਾਂ ਤੇ ਚੜ੍ਹਨ ਵਿਚ ਮਾਹਿਰ ਹੁੰਦੇ ਹਨ ਪਰ ਬਹੁਤਾ ਸਮਾਂ ਜ਼ਮੀਨ ਤੇ ਹੀ ਰਹਿੰਦੇ ਹਨ। ਕਈ ਟੈੱਨਰੈੱਕ ਕੁਝ ਹੱਦ ਤਕ ਖੁੱਡਵਾਸੀ ਹਨ। ਕਈ ਕੀਟ-ਆਹਾਰੀ ਕੁਝ ਹੱਦ ਤਕ ਜਲੀ ਹੁੰਦੇ ਹਨ ਅਤੇ ਪਿਛਲੇ ਪੈਰਾਂ ਦੀ ਮਦਦ ਨਾਲ ਤੈਰਦੇ ਹਨ।

| ਕੁਲ ਦਾ ਨਾਂ | ਪ੍ਰਤੀਨਿਧ ਮੈਂਬਰ | ਭੂ-ਵਿਗਿਆਨਕ ਸਮਾਂ | ਪ੍ਰਕਿਰਤਕ ਵੰਡ | ਲਗਭਗ ਪ੍ਰਜਾਤੀਆਂ | ਲਗਭਗ ਜਾਤੀਆਂ | ਕੁਝ ਖਾਸ ਲੱਛਣ |
|---|---|---|---|---|---|---|
| ਐਰੀਨੇਸੀਇਡੀ (Erinaceidae) | ਸੇਹਾ, ਜਿਮਨਿਊਰ | ਈਓਸੀਨ ਤੋਂ ਅਜੋਕਾ | ਯੂਰੇਸੀਆ, ਅਫ਼ਰੀਕਾ | 10 | 14 | ਸਥੱਲੀ, ਸਰਬਆਹਾਰੀ ਆਮ ਤੌਰ ਤੇ ਨਿਸ਼-ਕ੍ਰਿਅਤਾ ਦੀ ਹਾਲਤ ਧਾਰਨ ਕਰਦੇ ਹਨ |
| ਟੈਲਪਿਡੀ (Talpidae) | ਮੋਲ | ਈਓਸੀਨ ਤੋਂ ਅਜੋਕਾ | ਹੋਲਾਰਕਟਿਕ | 15 | 22 | ਖੁੱਡਵਾਸੀ, ਕਈ ਜਲੀ |
| ਸੋਰਿਸਿਡੀ (Soricidae) | ਸ਼੍ਰੂ | ਈਓਸੀਨ ਤੋਂ ਅਜੋਕਾ | ਅਫ਼ਰੀਕਾ ਯੂਰੇਸੀਆ, ਉੱਤਰੀ ਅਮਰੀਕਾ, ਦੱਖਣੀ ਅਮਰੀਕਾ ਦਾ ਉੱਤਰੀ ਕਿਨਾਰਾ | 24 | 291 | ਸਥੱਲੀ, ਜਲੀ ਜਾਂ ਕੁਝ ਹੱਦ ਤਕ ਘੁਰਨਾਕਾਰੀ |
| ਸੋਲੈਨੋਡਾਂਟਿਡੀ (Solenodontidae) | ਸੋਲੈਨੋਡੋਂਨ | ਪਲਾਈਸਟੋਸੀਨ ਤੋਂ ਅਜੋਕਾ | ਕਿਊਬਾ, ਹੇਟੀ | 2 | 2 | ਸਥੱਲੀ, ਲੁਪਤ ਹੋ ਰਹੇ ਹਨ |
| ਟੈੱਨਰੈਸੱਡੀ (Tenrecidae) | ਟੈੱਨਰੈੱਕ | ਮਾਇਓਸੀਨ ਤੋਂ ਅਜੋਕਾ | ਮੈਡਗਾਸਕਰ | 9 | 20 | ਕਈ ਤਕਰੀਬਨ ਪੂਛ ਬਿਨਾਂ ਖ਼ਰਗੋਸ਼ ਵਰਗੇ, ਕਈ ਲੰਮੀ ਪੂਛ ਵਾਲੇ |
| ਪੋਟਾਮੋਗਾਲਿਡੀ (Potamogalidae) | ਆਡਾ ਸ਼੍ਰੂ (otter shrew) | ਅਜੋਕੇ | ਪੱਛਮੀ ਅਫ਼ਰੀਕਾ | 2 | 3 | ਦਰਿਆਵਾਂ ਦੇ ਕੰਢੇ ਤੇ ਜਾਂ ਜਲੀ |
| ਕ੍ਰਿਸੋਕਲੋਰਾਇਡੀ (Chrysochloridae) | ਗੋਲਡਨ ਮੋਲ | ਮਾਇਓਸੀਨ ਤੋਂ ਅਜੋਕੇ | ਅਫ਼ਰੀਕਾ | 5 | 11 | ਘੁਰਨਾਕਾਰੀ |
| ਮੈਕ੍ਰੋਸਕੇਲਿੱਡਿਡੀ (Macroscelididae) | ਐਲੀਫੈਂਟ ਸ਼੍ਰੂ | ਮਾਇਓਸੀਨ ਤੋਂ ਅਜੋਕਾ | ਅਫ਼ਰੀਕਾ | 5 | 28 | ਦਿਨਚਰ, ਸਥੱਲੀ, ਪੌਦਾ-ਆਹਾਰੀ, ਪਸ਼ੂ-ਆਹਾਰੀ |
| ਟਿਊਪਾਈਇਡੀ (Tupaiidae) | ਟਰੀ ਸ਼੍ਰੂ | ਪੇਲੀਓਸੀਨ ਤੋਂ ਅਜੋਕਾ | ਊਸ਼ਣ-ਖੰਡੀ ਦੱਖਣ-ਪੂਰਬੀ ਏਸ਼ੀਆ ਸਮਾਟਰਾ, ਬੋਰਨੀਓ, ਫਿਲੇਪਾਈਨਜ਼ | 5 | 15 | ਸਥੱਲੀ ਤੇ ਖੁੱਡਵਾਸੀ, ਦਿਨਚਰ ਜਾਂ ਰਾਤਲ |

ਕੰਡਿਆਂ ਵਾਲੇ ਕੀਟ-ਆਹਾਰੀ ਜਿਵੇਂ ਕਿ ਸੇਹਾ ਤੇ ਟੈੱਨਰੈੱਕ ਪਣਾ ਬਚਾਉ ਕਰਨ ਲਈ ਆਪਣੇ ਕੰਡਿਆਂ ਤੋਂ ਬਗ਼ੈਰ ਅੰਦਰਲੇ ਸੇ ਨੂੰ ਅੰਦਰ ਲਪੇਟ ਲੈਂਦੇ ਹਨ ਅਤੇ ਗੇਂਦ ਵਾਂਗ ਬਣ ਜਾਂਦੇ ਹਨ। ਤੇ ਵਿਚ ਇਕ ਖ਼ਾਸ ਪੇਸ਼ੀ ਹੁੰਦੀ ਹੈ ਜਿਹੜੀ ਕੰਡਿਆਂ ਵਾਲੀ ਡੌਰਸਲ ਮੜੀ ਨੂੰ ਸਰੀਰ ਦੁਆਲੇ ਖਿੱਚ ਲੈਂਦੀ ਹੈ। ਟੈੱਨਰੈੱਕ ਜਦੋਂ ਖ਼ਤਰਾ ਜਦੇ ਹਨ ਤਾਂ ਸਿਰ ਅਤੇ ਗਰਦਨ ਦੇ ਕੰਡੇ ਖੜੇ ਕਰ ਲੈਂਦੇ ਹਨ। ਰ ਕੰਡਿਆਂ ਦੇ ਅਗਲੇ ਚੌਥਾਈ ਹਿੱਸੇ ਵਿਚ ਜੋਸ਼ ਲਿਆ ਕੇ ਦੁਸ਼ਮਣ ਚ ਖੁਭੋ ਦਿੰਦੇ ਹਨ। ਸੋਲੈਨੋਡੌਨ ਅਤੇ ਟੈੱਨਰੈੱਕ ਫੁੰਕਾਰੇ ਵੀ ਮਾਰਦੇ ਨ। ਸ਼੍ਰ ਅਤੇ ਸੋਲੈਨੋਡੌਨ ਜ਼ਹਿਰੀਲਾ ਲੁਆਬ ਵੀ ਪੈਦਾ ਕਰਦੇ ਹਨ। ਸ਼੍ਰ ਆਂ ਵੱਢੀਆਂ ਦੰਦੀਆਂ ਮਨੁੱਖਾਂ ਲਈ ਵੀ ਦੁਖਦਾਈ ਹੋ ਸਕਦੀਆਂ ਨ।

ਕੀਟ-ਆਹਾਰੀ ਪ੍ਰਾਣੀ, ਸਿਰਫ਼ ਪ੍ਰਜਣਨ ਰੁੱਤ ਨੂੰ ਅਤੇ ਮਾਂ-ਬੱਚੇ ਸਬੰਧ ਨੂੰ ਛੱਡ ਕੇ ਉਂਞ ਅਸਮਾਜਕ ਪ੍ਰਾਣੀ ਹਨ। ਮਾਦਾ ਅਤੇ ਬੱਚੇ ਦੇਂ ਤਕ ਇਕੱਠੇ ਰਹਿੰਦੇ ਹਨ ਜਦੋਂ ਤਕ ਕਿ ਬੱਚੇ ਪੂਰੇ ਵੱਡੇ ਨਹੀਂ ਜਾਂਦੇ। ਇਸ ਸਮੇਂ ਦੌਰਾਨ ਬੱਚੇ ਬਹੁਤ ਹੀ ਘਟ ਇੱਕਲੇ ਦਿਸਦੇ ਨ। ਚਿੱਟੇ ਦੰਦਾਂ ਵਾਲੇ ਸ਼੍ਰ ਦੇ ਬੱਚੇ ਇਕ ਦੂਜੇ ਨੂੰ ਪਿਛੋਂ ਫੜ ਕੇ ਤਾਰ ਬਣਾ ਕੇ ਚਲਦੇ ਹਨ। ਅਗਲਾ ਬੱਚਾ ਮਾਂ ਨੂੰ ਫੜ ਲੈਂਦਾ ਹੈ। ਲੈਨੋਡੌਨ ਦੇ ਬੱਚੇ ਬਹੁਤ ਸਮੇਂ ਤਕ ਖ਼ੁਰਾਕ ਦੇ ਖੇਤਰਾਂ ਦਾ ਪਤਾ ਗਾਉਣ ਅਤੇ ਖ਼ੁਰਾਕ ਦੀ ਪਛਾਣ ਕਰਨ ਲਈ ਮਾਂ ਦੇ ਪਿਛੇ ਪਿਛੇ ਰਦੇ ਰਹਿੰਦੇ ਹਨ।

**ਆਰਥਕ ਮਹੱਤਤਾ**—ਕੀਟ-ਆਹਾਰੀ ਪ੍ਰਾਣੀਆਂ ਦੀ ਕੋਈ ਸ ਆਰਥਕ ਮਹੱਤਤਾ ਨਹੀਂ। ਇਨ੍ਹਾਂ ਦੀ ਫਰ ਬਹੁਤ ਘਟ ਹੰਢਣਸਾਰ ਦੀ ਹੈ ਪਰ ਮੋਲਾਂ ਦੀ ਚਮੜੀ ਕਈ ਵਾਰ ਕਪੜਿਆਂ ਉਤੇ ਲਗਾਉਣ ਈ ਜਾਂ ਪੂਰੇ ਕੋਣ ਬਣਾਉਣ ਲਈ ਵੀ ਵਰਤੀ ਜਾਂਦੀ ਹੈ। ਇਨ੍ਹਾਂ ਦੀ ਰਿਸਥਿਤੀ-ਵਿਗਿਆਨ ਦੇ ਪੱਖੋਂ ਮਹੱਤਤਾ ਇਸ ਪੱਖੋਂ ਹੈ ਕਿ ਇਹ ੜ੍ਹ-ਰਹਿਤ ਪ੍ਰਾਣੀਆਂ ਅਤੇ ਕਦੀ ਕਦੀ ਛੋਟੇ ਰੀੜ੍ਹਧਾਰੀਆਂ ਨੂੰ ਖਾਂਦੇ ਹਨ ਤੇ ਆਪ ਵੀ ਵੱਡੇ ਜਾਨਵਰਾਂ ਦਾ ਆਹਾਰ ਬਣਦੇ ਹਨ। ਇਹ ਮਾਰੀਆਂ ਵੀ ਨਹੀਂ ਫੈਲਾਉਂਦੇ, ਭਾਵੇਂ ਐਲੀਫੈਂਟ ਸ਼੍ਰ ਮਲੇਰੀਆ ਪਾਲ ਕਦੇ ਹਨ ਅਤੇ ਕਈ ਸੋਰੀਸਿਡ ਸ਼੍ਰ ਪਲੇਗ ਫੈਲਾ ਸਕਦੇ ਹਨ।

ਕੀਟ-ਆਹਾਰੀ ਪ੍ਰਾਣੀਆਂ ਬਾਰੇ ਕਈ ਮਿਥਿਹਾਸਕ ਗੱਲਾਂ ਲਤ ਹਨ। ਜਿਵੇਂ ਐਸਕੀਮੋ ਲੋਕਾਂ ਦਾ ਵਿਸ਼ਵਾਸ਼ ਹੈ ਕਿ ਲਾਲ-ਦਾਂ ਵਾਲੇ ਸ਼੍ਰ ਮਨੁੱਖ ਤੇ ਹਮਲਾ ਕਰਨਗੇ ਅਤੇ ਉਸਦੇ ਸਰੀਰ ਵਿਚੋਂ ਲ ਤਕ ਖੁੱਡ ਬਣਾ ਕੇ ਉਸਨੂੰ ਮਾਰ ਦੇਣਗੇ। ਇਸੇ ਤਰ੍ਹਾਂ ਮਧ-ਫਰੀਕਾ ਦੇ ਵਾਸੀ ਹੀਰੋ ਸ਼੍ਰ ਦਾ ਇਸ ਕਰਕੇ ਸਤਿਕਾਰ ਕਰਦੇ ਹਨ ਕਿ ਸ ਦਾ ਦਿਲ ਖਾਣ ਵਾਲੇ ਵਿਚ ਇਸ ਜਾਨਵਰ ਦੀ ਤਾਕਤ ਆ ਏਗੀ।

**ਵਰਗੀਕਰਨ**—ਕੀਟ-ਆਹਾਰੀ ਪ੍ਰਾਣੀਆਂ ਦਾ ਵਰਗ ਨਸੈੱਕਟੀਵੋਰਾ, ਪੂਰਵਜ ਔਲ ਵਾਲੇ ਪ੍ਰਾਣੀਆਂ ਦਾ ਵਰਗ ਹੈ। ਇਸ ਆਂ ਤਕਰੀਬਨ 77 ਪ੍ਰਜਾਤੀਆਂ ਅਤੇ 406 ਜਾਤੀਆਂ ਹਨ। ਇਸ ਆਂ ਕੁਝ ਪ੍ਰਸਿਧ ਕੁਲਾਂ ਸਾਰਨੀ ਵਿਚ ਦਿਤੀਆਂ ਗਈਆਂ ਹਨ।

ਇਨ੍ਹਾਂ ਤੋਂ ਇਲਾਵਾ ਪੂਰਵਜ਼ ਲੁਪਤ ਥਣਧਾਰੀਆਂ ਦੀਆਂ 4 ਹੋਰ ਕੁਲਾਂ ਵੀ ਇਨਸੈੱਕਟੀਵੋਰਾ ਵਿਚ ਸ਼ਾਮਲ ਕੀਤੀਆਂ ਈਆਂ।

ਹ. ਪੁ.—ਐਨ. ਬ੍ਰਿ. ਮੈ. 9 : 622

**ਕੀਟ-ਆਹਾਰੀ ਪੌਦੇ** : ਕੀਟ-ਆਹਾਰੀ ਜੰਤੂਆਂ ਦੀ ਤਰ੍ਹਾਂ ਝ ਪੌਦੇ ਵੀ ਕੀਟ-ਆਹਾਰੀ ਹੁੰਦੇ ਹਨ। ਕੀਟ-ਆਹਾਰੀ ਪੌਦਿਆਂ ਦੀਆਂ ਲ 400 ਜਾਤੀਆਂ ਹਨ ਜਿਨ੍ਹਾਂ ਵਿਚੋਂ 30 ਜਾਤੀਆਂ ਭਾਰਤ ਵਿਚ ਮਲਦੀਆਂ ਹਨ। ਇਹ ਪੌਦੇ ਉਨ੍ਹਾਂ ਥਾਵਾਂ ਤੇ ਉਗਦੇ ਹਨ, ਜਿਥੇ ਾਈਟ੍ਰੋਜਨ ਦੀ ਘਾਟ ਰਹਿੰਦੀ ਹੋਵੇ ਜਾਂ ਜਿਥੇ ਇਹ ਜ਼ਮੀਨ ਵਿਚਲੀ ਾਈਟ੍ਰੋਜਨ ਨੂੰ ਉਪਯੋਗ ਵਿਚ ਨਾ ਲਿਆ ਸਕਦੇ ਹੋਣ। ਜੀਊਣ ਲਈ ਪੌਦਿਆਂ ਲਈ ਪ੍ਰੋਟੀਨ ਬਹੁਤ ਜ਼ਰੂਰੀ ਹੈ, ਇਸ ਨੂੰ ਪ੍ਰਾਪਤ ਕਰਨ ਲਈ ਪੌਦਿਆਂ ਨੂੰ ਨਾਈਟ੍ਰੋਜਨ ਮਿਲਣੀ ਚਾਹੀਦੀ ਹੈ। ਨਾਈਟ੍ਰੋਜਨ ਲਈ ਪੌਦੇ ਆਪਣੇ ਨੇੜੇ ਆਉਣ ਵਾਲੇ ਕੀੜਿਆਂ ਦਾ ਆਹਾਰ ਕਰ ਲੈਂਦੇ ਹਨ। ਇਹੋ ਜਿਹੇ ਕੁਝ ਪੌਦਿਆਂ ਦਾ ਵਰਣਨ ਇਸ ਤਰ੍ਹਾਂ ਹੈ :—

**ਡਰੋਸੇਰਾ ਜਾਂ ਮੱਖਾ ਜਾਲੀ**—ਇਹ ਪੌਦਾ ਤਲਾਬਾਂ ਦੇ ਕੰਢਿਆਂ ਤੇ ਪਾਇਆ ਜਾਂਦਾ ਹੈ। ਇਹ ਕੀਟ-ਆਹਾਰੀ ਪੌਦਿਆਂ ਦੀ ਸਭ ਤੋਂ ਵੱਡੀ ਪ੍ਰਜਾਤੀ ਹੈ, ਜਿਸ ਵਿਚ 90 ਤੋਂ ਵੀ ਜ਼ਿਆਦਾ ਜਾਤੀਆਂ ਸ਼ਾਮਲ ਹਨ। ਸਭ ਤੋਂ ਜ਼ਿਆਦਾ ਜਾਤੀਆਂ ਆਸਟਰੇਲੀਆ ਵਿਚ ਹੀ ਮਿਲਦੀਆਂ ਹਨ। ਇਸ ਪੌਦੇ ਦੀਆਂ ਗੋਲਾਈ ਵਿਚ ਲੱਗੀਆਂ ਤਕਰੀਬਨ 25 ਪੱਤੀਆਂ ਹੁੰਦੀਆਂ ਹਨ। ਹਰੇਕ ਪੱਤੀ ਤੇ ਕਰੀਬ 200 ਛੋਟੇ-ਛੋਟੇ ਸੰਵੇਦਕ ਵਾਲ ਹੁੰਦੇ ਹਨ।

ਇਨ੍ਹਾਂ ਵਾਲਾਂ ਦੇ ਸਿਰਿਆਂ ਤੇ ਇਕ ਚਮਕੀਲਾ ਪਦਾਰਥ ਹੁੰਦਾ ਹੈ ਜੋ ਕੀੜਿਆਂ ਨੂੰ ਆਕਰਸ਼ਿਤ ਕਰਦਾ ਹੈ। ਕੀੜਾ ਇਸ ਨੂੰ ਸ਼ਹਿਦ ਸਮਝ ਕੇ ਜਿਉਂ ਹੀ ਪੱਤੇ ਤੇ ਬੈਠਦਾ ਹੈ, ਸੰਵੇਦਕ ਵਾਲ ਚੌਕੰਨੇ ਹੋ ਜਾਂਦੇ ਹਨ ਅਤੇ ਮੁੜ ਕੇ ਕੀੜੇ ਨੂੰ ਪਕੜਨਾ ਸ਼ੁਰੂ ਕਰ ਦਿੰਦੇ ਹਨ ਅਤੇ ਇਸ ਨੂੰ ਖਿੱਚ ਕੇ ਪੱਤੇ ਦੇ ਹੇਠਲੇ ਹਿੱਸੇ ਵਿਚ ਲੈ ਜਾਂਦੇ ਹਨ। ਫਿਰ ਪੱਤੇ ਵਿਚੋਂ ਇਕ ਪਾਚਕ ਰਸ ਨਿਕਲਦਾ ਹੈ, ਜੋ ਕੀੜੇ ਦੇ ਮਾਸ ਨੂੰ ਘੋਲ ਦਿੰਦਾ ਹੈ। ਇਸ ਨੂੰ ਫਿਰ ਪੌਦੇ ਚੂਸ ਲੈਂਦੇ ਹਨ। ਕਈ ਵਾਰੀ ਕੀੜੇ ਸੁਆਦੀ ਹੋਣ ਤੇ ਇਹ ਪੌਦਾ ਜ਼ਰੂਰਤ ਤੋਂ ਵੀ ਵਧ ਖਾ ਜਾਂਦਾ ਹੈ ਅਤੇ ਇਹ ਬਿਮਾਰ ਪੈ ਜਾਂਦਾ ਹੈ ਜਿਸ ਕਰਕੇ ਕੁਝ ਚਿਰ ਲਈ ਖਾਣਾ ਬੰਦ ਕਰ ਦਿੰਦਾ ਹੈ।

**ਬਲੈਡਰਵਰਟ**—ਇਹ ਇਕ ਬਰੀਕ ਪੱਤਿਆਂ ਵਾਲਾ ਜੜ੍ਹ-ਰਹਿਤ ਪੌਦਾ ਹੈ ਜੋ ਤਲਾਬਾਂ ਵਿਚ ਤੈਰਦਾ ਹੋਇਆ ਪਾਇਆ ਜਾਂਦਾ ਹੈ। ਇਸ



ਚਿਤਰ 1. ਬਲੈਡਰਵਰਟ : (ਉਪਰ) ਇਕ ਪੂਰਾ ਪੌਦਾ (ਹੇਠਾਂ) ਇਕ ਬਲੈਡਰ। (ੳ) ਸੰਵੇਦਕ ਵਾਲ (ਅ) ਪ੍ਰਵੇਸ਼-ਦੁਆਰ (ੲ) ਪਾਣੀ ਬਾਹਰ ਕੱਢਣ ਵਾਲੇ ਵਾਲ (ਸ) ਪੱਤੀਆਂ

ਦੀਆਂ ਕੁਝ ਪੱਤੀਆਂ ਫੁਲ ਕੇ ਥੈਲੀ ਜਾਂ ਬਲੈਡਰ ਦੇ ਆਕਾਰ ਦੀਆਂ ਹੋ ਜਾਂਦੀਆਂ ਹਨ। ਹਰੇਕ ਪੱਤੀ ਦੇ ਮੂੰਹ ਦੇ ਲਾਗੇ ਇਕ ਪ੍ਰਵੇਸ਼-ਦੁਆਰ ਹੁੰਦਾ ਹੈ, ਜੋ ਕੇਵਲ ਅੰਦਰ ਵਲ ਹੀ ਖੁਲ੍ਹਦਾ ਹੈ। ਬਲੈਡਰ ਦੇ ਮੂੰਹ ਤੇ ਤਿੰਨ ਸੰਵੇਦਕ ਵਾਲ ਹੁੰਦੇ ਹਨ।

ਪਾਣੀ ਵਿਚ ਤੈਰਦਾ ਹੋਇਆ ਕੀੜਾ ਇਨ੍ਹਾਂ ਵਾਲਾਂ ਦੇ ਸਪਰਸ਼ ਵਿਚ ਆਉਂਦੇ ਹੀ ਬਲੈਡਰ ਦੇ ਅੰਦਰ ਧੱਕਿਆ ਜਾਂਦਾ ਹੈ। ਦੁਆਰ ਬੰਦ ਹੋ ਜਾਂਦਾ ਹੈ ਅਤੇ ਬਲੈਡਰ ਦੇ ਅੰਦਰ ਕੈਦ ਹੋਇਆ ਕੀੜਾ ਮਰ ਜਾਂਦਾ ਹੈ। ਪਾਚਕ ਤਰਲ ਇਸ ਕੀੜੇ ਦੇ ਮਾਸ ਨੂੰ ਖ਼ਤਮ ਕਰ ਦਿੰਦੇ ਹਨ। ਬਲੈਡਰ ਦੀਆਂ ਦੀਵਾਰਾਂ ਨਾਲ ਕਈ ਛੋਟੇ-ਛੋਟੇ ਵਾਲ ਲੱਗੇ ਹੋਏ ਹੁੰਦੇ ਹਨ ਜੋ ਬਲੈਡਰ ਨੂੰ ਪਾਣੀ ਤੋਂ ਬਾਹਰ ਕੱਢ ਦਿੰਦੇ ਹਨ ਅਤੇ ਦੁਆਰ ਫਿਰ ਖੁਲ੍ਹ ਜਾਂਦਾ ਹੈ।

**ਸੁੰਦਰੀ ਦਾ ਪਿੰਜਰਾ**—ਇਹ ਪੌਦਾ ਅਮਰੀਕਾ ਵਿਚ ਮਿਲਦਾ ਹੈ। ਇਸ ਪੌਦੇ ਦੇ ਪੱਤੇ ਦਾ ਉਪਰਲਾ ਹਿੱਸਾ ਦੋ ਪਲਿਆਂ ਦੇ ਆਕਾਰ ਦਾ ਹੁੰਦਾ ਹੈ ਅਤੇ ਇਸ ਦੇ ਵਿਚਕਾਰਲੇ ਹਿੱਸੇ ਤੇ ਛੇ ਸੰਵੇਦਕ ਵਾਲ ਹੁੰਦੇ ਹਨ। ਸ਼ਹਿਦ ਦੀ ਭਾਲ ਵਿਚ ਭਟਕਦਾ ਹੋਇਆ ਕੀੜਾ ਜਿਉਂ ਹੀ ਇਨ੍ਹਾਂ ਵਾਲਾਂ ਦੀ ਛੋਹ ਵਿਚ ਆਉਂਦਾ ਹੈ ਤਾਂ ਦੋਵੇਂ ਪੱਲੇ ਕਸਕੇ ਬੰਦ ਹੋ ਜਾਂਦੇ ਹਨ ਅਤੇ ਕੀੜਾ ਇਸ ਸੁੰਦਰ ਪਿੰਜਰੇ ਵਿਚ ਬੰਦ ਹੋ ਜਾਂਦਾ ਹੈ। ਗ੍ਰੰਥੀਆਂ ਤੋਂ ਨਿਕਲਿਆ ਪਾਚਕ ਰਸ ਇਸ ਕੀੜੇ ਨੂੰ ਸੋਖ ਲੈਂਦਾ ਹੈ। ਕੀੜਾ ਖ਼ਤਮ ਹੁੰਦੇ ਹੀ ਪਿੰਜਰਾ ਆਪਣੇ ਆਪ ਹੀ ਖੁਲ੍ਹ ਜਾਂਦਾ ਹੈ।

ਡਾਰਵਿਨ ਦੇ ਸਿਧਾਂਤ ਅਨੁਸਾਰ ਇਹ ਸੰਸਾਰ ਦਾ ਸਭ ਤੋਂ ਵਧ ਹੈਰਾਨੀਜਨਕ ਪੌਦਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਪੈਨਸਿਲ ਦੀ ਨੋਕ ਜਾਂ ਉਂਗਲੀ ਨਾਲ ਸਪਰਸ਼ ਕਰਨ ਤੇ ਪਿੰਜਰਾ ਬੰਦ ਨਹੀਂ ਹੁੰਦਾ ਪ੍ਰੰਤੂ ਕੀੜਾ ਬੈਠਦੇ ਹੀ ਇਹ ਕਸਕੇ ਬੰਦ ਹੋ ਜਾਂਦਾ ਹੈ।

ਸੁਰਾਹੀਦਾਰ ਪੌਦੇ—ਇਨ੍ਹਾਂ ਪੌਦਿਆਂ ਦੇ ਪੱਤੇ ਪੂਰਨ ਰੂਪ ਵਿਚ ਜਾਂ ਉਨ੍ਹਾਂ ਦਾ ਕੁਝ ਹਿੱਸਾ ਸੁਰਾਹੀ ਦੇ ਆਕਾਰ ਦਾ ਹੁੰਦਾ ਹੈ, ਜਿਸ ਦੀ ਲੰਬਾਈ 25 ਸੈਂ. ਮੀ. ਤੋਂ ਲਗਭਗ 30 ਸੈਂ. ਮੀ. ਤਕ ਹੁੰਦੀ ਹੈ। ਭਾਰਤ ਵਿਚ ਦੋ ਤਰ੍ਹਾਂ ਦੇ ਸੁਰਾਹੀਦਾਰ ਪੌਦੇ ਪਾਏ ਜਾਂਦੇ ਹਨ।

(ੳ) ਸਰਸੈਨਿਆ—ਇਸ ਵਿਚ ਪੂਰਾ ਪੱਤਾ ਸੁਰਾਹੀ ਵਿਚ ਬਦਲ ਜਾਂਦਾ ਹੈ ਅਤੇ ਉਸ ਵਿਚ ਪਾਣੀ ਭਰਿਆ ਰਹਿੰਦਾ ਹੈ। ਸੁਰਾਹੀ ਦੇ ਉਪਰਲੇ ਹਿੱਸੇ ਤੇ ਹੇਠ੍ਹਾਂ ਵਲ ਨੂੰ ਮੋੜੇ ਹੋਏ ਕਈ ਵਾਲ ਹੁੰਦੇ ਹਨ। ਸ਼ਹਿਦ ਦੇ ਲਾਲਚ ਵਿਚ ਕੀੜਾ ਸੁਰਾਹੀ ਤੇ ਆ ਕੇ ਬੈਠ ਜਾਂਦਾ ਹੈ ਅਤੇ ਸੁਰਾਹੀ ਵਿਚ ਫਿਸਲ ਜਾਂਦਾ ਹੈ। ਬਾਹਰ ਨਿਕਲਣ ਦੀ ਕੋਸ਼ਿਸ਼ ਕਰਨ ਤੇ ਸੁਰਾਹੀ ਦੇ ਮੂੰਹ ਤੇ ਲੱਗੇ ਹੋਏ ਵਾਲ ਉਸ ਨੂੰ ਫਿਰ ਅੰਦਰ ਧਕੇਲ ਦਿੰਦੇ ਹਨ। ਸੁਰਾਹੀ ਦੇ ਪਾਣੀ ਵਿਚ ਡੁਬ ਕੇ ਕੀੜਾ ਮਰ ਜਾਂਦਾ ਹੈ ਅਤੇ ਪਾਚਕ ਰਸ ਦੁਆਰਾ ਉਸਦਾ ਖਾਤਮਾ ਹੋ ਜਾਂਦਾ ਹੈ।

(ਅ) ਨੀਪੈਂਥੀਸ—ਇਸ ਪੌਦੇ ਵਿਚ ਪੱਤੇ ਦਾ ਉਪਰਲਾ ਹਿੱਸਾ ਸੁਰਾਹੀ ਦੇ ਆਕਾਰ ਦਾ ਹੁੰਦਾ ਹੈ ਅਤੇ ਇਸ ਦੇ ਮੂੰਹ ਤੇ ਢੱਕਣ ਹੁੰਦਾ ਹੈ। ਸੁਰਾਹੀ ਦੀ ਸਤ੍ਹਾ ਤੋਂ ਇਕ ਤਰਲ ਪਦਾਰਥ ਨਿਕਲਦਾ ਰਹਿੰਦਾ ਹੈ ਜੋ ਕੀੜਿਆਂ ਨੂੰ ਆਪਣੇ ਵੱਲ ਖਿਚਦਾ ਹੈ। ਬੈਠਦੇ ਹੀ ਕੀੜਾ ਅੰਦਰ ਤਿਲਕ ਜਾਂਦਾ ਹੈ ਅਤੇ ਮਰ ਜਾਂਦਾ ਹੈ। ਸੁਰਾਹੀ ਦੇ ਅੰਦਰ ਦੇ



ਚਿਤਰ 2. ਨੀਪੈਂਥੀਸ
(ੳ) ਢੱਕਣ (ਅ) ਫੜਿਆ ਹੋਇਆ ਕੀੜਾ (ੲ) ਸੁਰਾਹੀ

ਬੈਕਟੀਰੀਆ ਇਸ ਨੂੰ ਸਾੜ ਦਿੰਦੇ ਹਨ ਅਤੇ ਪੌਦਿਆਂ ਦੁਆਰਾ ਇਸ ਦਾ ਸ਼ੋਸ਼ਣ ਹੋ ਜਾਂਦਾ ਹੈ।

ਹ. ਪੁ.—ਹਿੰ. ਵਿ. 3 : 46; ਐਨ. ਬ੍ਰਿ. 4 : 900

**ਕੀਟਸ, ਜੌਨ** : ਇਹ ਅੰਗਰੇਜ਼ੀ ਰੋਮਾਂਸਵਾਦ ਦੀ ਦੂਜੀ ਪੀੜ੍ਹੀ ਦੇ ਤਿੰਨ ਮਹਾਨ ਕਵੀਆਂ (ਸ਼ੈਲੇ ਅਤੇ ਬਾਇਰਨ ਸਮੇਤ) ਵਿਚੋਂ



ਜੌਨ ਕੀਟਸ

ਇਕ ਸੀ । ਇਸ ਦਾ ਜਨਮ 31 ਅਕਤੂਬਰ, 1795 ਨੂੰ ਲੰਡਨ ਵਿਚ ਹੋਇਆ । ਇਸ ਦਾ ਖ਼ਾਨਦਾਨ ਮਾਮੂਲੀ ਪੱਧਰ ਦਾ ਸੀ ਅਤੇ ਇਸ ਨੇ ਬਹੁਤ ਘੱਟ ਸਕੂਲੀ ਵਿਦਿਆ ਪ੍ਰਾਪਤ ਕੀਤੀ ਸੀ । ਪਰ ਇਸ ਦੀ ਆਪਣੀ ਭੈਣ ਫੈਨੀ ਅਤੇ ਦੋ ਭਰਾਵਾਂ—ਜਾਰਜ ਤੇ ਟੱਮ, ਨਾਲ ਡੂੰਘੀ ਸਾਂਝ ਸੀ । ਇਸ ਨੇ ਐਨਫ਼ੀਲਡ ਵਿਖੇ ਮਾਨਯੋਗ ਜੱਾਨ ਕਲਾਰਕ ਦੇ ਸਕੂਲ ਤੋਂ ਵਿਦਿਆ ਪ੍ਰਾਪਤ ਕੀਤੀ ਸੀ, ਜਿਸ ਦੇ ਲੜਕੇ ਚਾਰਲਸ ਕਾਉਡੈਨ ਕਲਾਰਕ ਨੇ ਇਸ ਦੀਆਂ ਸਾਹਿਤਕ ਰੁਚੀਆਂ ਨੂੰ ਉਤਸ਼ਾਹਿਤ ਕੀਤਾ । ਸੰਨ 1804 ਵਿਚ ਪਿਤਾ ਅਤੇ 1810 ਵਿਚ ਮਾਤਾ ਦੀ ਮੌਤ ਮਗਰੋਂ ਕੀਟਸ ਅਤੇ ਇਸ ਦੀ ਭੈਣ ਤੇ ਭਰਾਵਾਂ ਨੂੰ ਇਕ ਗਾਰਡੀਅਨ ਰਿਚਰਡ ਐਬੀ ਨੇ ਪਾਲਿਆ । ਉਸ ਦੇ ਕਹਿਣ ਤੇ 1811 ਵਿਚ ਕੀਟਸ ਨੂੰ ਐਡਮੰਟਨ ਵਿਖੇ ਇਕ ਡਾਕਟਰ ਪਾਸ ਸਿਖਲਾਈ ਲਈ ਭੇਜਿਆ ਗਿਆ । ਸੰਨ 1814 ਵਿਚ ਸਿਖਲਾਈ ਵਿਚੇ ਹੀ ਛੱਡ ਕੇ ਇਹ ਲੰਡਨ ਚਲਾ ਗਿਆ ਅਤੇ ਵੱਖ-ਵੱਖ ਹਸਪਤਾਲਾਂ ਵਿਚ ਕੰਮ ਕੀਤਾ । ਛੋਟੀ ਉਮਰ ਤੋਂ ਇਸ ਨੂੰ ਸਾਹਿਤ ਨਾਲ ਪਿਆਰ ਸੀ, ਅਤੇ 1817 ਤੋਂ ਮਗਰੋਂ ਇਹ ਆਪਣਾ ਪੂਰਾ ਸਮਾਂ ਕਵਿਤਾ ਵਿਚ ਲਗਾਉਣ ਲਗ ਪਿਆ । ਇਸ ਸਮੇਂ ਤੋਂ ਲੈ ਕੇ ਇਸ ਦੀ ਜੀਵਨ ਕਥਾ ਵਧੇਰੇ ਕਰਕੇ ਇਸ ਦੇ ਸਾਹਿਤਕ ਕੰਮ ਦਾ ਹੀ ਇਤਿਹਾਸ ਹੈ ।

ਕਾਉਡੈਨ ਕਲਾਰਕ ਨੇ ਇਸ ਨੌਜਵਾਨ ਕੀਟਸ ਨੂੰ ਸਪੈਂਸਰ ਅਤੇ ਐਲਿਜ਼ਬੈਥ ਪੰਥੀ ਕਵੀਆਂ ਪਾਸ ਭੇਜਿਆ ਸੀ । ਇਸ ਦੀ ਸਭ ਤੋਂ, ਉੱਤਮ ਪਹਿਲੀ ਕਵਿਤਾ 'ਆਨ ਫ਼ਸਟ ਲੁਕਿੰਗ ਇਨਟੂ ਚੈਪਮੈਨਜ਼ ਹੋਮਰ' (1815) ਇਕ ਸੱਾਨਿਟ ਸੀ। ਹੰਟ ਅਤੇ ਉਸ ਦੇ ਘੇਰੇ ਵਿਚ ਆਉਂਦੇ ਹੋਰ ਉੱਘੇ ਕਲਾਕਾਰਾਂ ਨਾਲ ਵੀ ਕੀਟਸ ਦੀ ਦੋਸਤੀ ਹੋ ਗਈ। ਸੰਨ 1817 ਵਿਚ ਲਿਖੀ ਇਸ ਦੀ ਪਹਿਲੀ ਪੁਸਤਕ 'ਪੋਇਮਜ਼' ਉਤੇ ਹੰਟ ਦਾ ਬੜਾ ਪ੍ਰਭਾਵ ਸੀ । ਇਸ ਪੁਸਤਕ ਵਿਚ 'ਸਲੀਪ ਐਂਡ ਪੋਇਟਰੀ' ਨਾਂ ਦੀ ਕਵਿਤਾ ਰਾਹੀਂ ਕੀਟਸ ਨੇ ਕਵਿਤਾ ਦੇ ਖੇਤਰ ਵਿਚ ਆਪਣੀ ਅੱਗੇ ਨੂੰ ਹੋਣ ਵਾਲੀ ਉੱਨਤੀ ਦਾ ਨਿਰੂਪਣ ਬੜੇ ਅਵਤਾਰੀ ਢੰਗ ਨਾਲ ਕੀਤਾ ਹੈ । ਵਰਤਮਾਨ ਵਿਚ ਇਹ ਆਪਣੇ ਆਪ ਨੂੰ ਸਰੀਰਕ ਸੁੰਦਰਤਾ ਦੇ ਨਜ਼ਾਰੇ ਲੈਂਦਾ ਹੋਇਆ ਦੇਖਦਾ ਹੈ, ਪਰ ਮਹਿਸੂਸ ਕਰਦਾ ਹੈ ਕਿ ਲੋਕਾਂ ਦੇ ਦੁੱਖਾਂ-ਕਲੇਸ਼ਾਂ ਦੀ ਸਮਝ ਆਉਣ ਤੇ ਇਹ ਅਜਿਹੇ ਵਿਲਾਸ-ਭਰਪੂਰ ਜੀਵਨ ਨੂੰ ਤਿਲਾਂਜਲੀ ਦੇ ਦੇਵੇਗਾ ।

ਸੰਨ 1818 ਵਿਚ ਕੀਟਸ ਦੀ ਪਹਿਲੀ ਲੰਮੀ ਕਵਿਤਾ 'ਐਂਡੀਮੀਅਨ' ਛਪੀ । ਇਹ ਇਕ ਯੂਨਾਨੀ ਕਥਾ ਹੈ, ਪਰ ਕੀਟਸ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਚਰਵਾਹੇ ਐਂਡੀਮਿਅੱਾਨ ਨੂੰ ਡਾਇਆਨਾ ਨਾਲ ਵਧੇਰੇ ਪਿਆਰ ਸੀ, ਨਾ ਕਿ ਡਾਇਆਨਾ ਨੂੰ ਐਂਡੀਮਿਅੱਾਨ ਨਾਲ। ਸੰਨ 1818 ਵਿਚ ਇਹ ਆਪਣੇ ਦੋਸਤ ਚਾਰਲਸ ਬ੍ਰਾਊਨ ਨਾਲ ਲੇਕ ਡਿਸਟ੍ਰਿਕਟ ਅਤੇ ਸਕਾਟਲੈਂਡ ਵਿਚ ਪੈਦਲ ਫਿਰਦਾ ਰਿਹਾ । ਵਧੇਰੇ ਥਕੇਵੇਂ ਕਰਕੇ ਇਸੇ ਸਮੇਂ ਵਿਚ ਇਸ ਨੂੰ ਟੀ. ਬੀ. ਹੋ ਗਈ, ਜਿਸ ਨਾਲ ਮਗਰੋਂ ਇਸ ਦੀ ਮੌਤ ਹੋਈ ਸੀ । ਲੰਡਨ ਵਾਪਸ ਮੁੜਨ ਤੇ ਇਸ ਦੀਆਂ ਪਹਿਲੋਂ ਛਪੀਆਂ ਕਵਿਤਾਵਾਂ ਸਬੰਧੀ ਕਈ ਰਸਾਲਿਆਂ ਵਿਚ ਬੜੀ ਨੁਕਤਾਚੀਨੀ ਕੀਤੀ ਗਈ । ਪਰ ਇਹ ਬੇਪ੍ਰਵਾਹ ਹੋ ਕੇ ਲਗਾਤਾਰ ਲਿਖਦਾ ਰਿਹਾ । ਸੰਨ 1818 ਦੀ ਪਤਝੜ ਵਿਚ ਇਸ ਦਾ ਭਰਾ ਟੋਮ ਟੀ. ਬੀ. ਨਾਲ ਮਰ ਗਿਆ । ਇਸੇ ਸਮੇਂ ਦੇ ਲਾਗੇ ਚਾਗੇ ਕੀਟਸ ਆਪਣੇ ਗਵਾਂਢ ਲਾਗੇ ਰਹਿੰਦੀ ਫੈਨੀ ਬ੍ਰੌਨ ਨੂੰ ਮਿਲਿਆ, ਜਿਸ ਨਾਲ ਇਸ ਨੂੰ ਬਹੁਤ ਪਿਆਰ ਹੋ ਗਿਆ । ਫੈਨੀ ਦੇ ਸਬੰਧਾਂ ਨੇ ਕੀਟਸ ਦੇ ਵਿਕਾਸ ਉਤੇ ਮਹੱਤਵਪੂਰਨ ਪ੍ਰਭਾਵ ਪਾਇਆ । ਅਕਤੂਬਰ, 1819 ਵਿਚ ਇਸ ਦਾ ਫੈਨੀ ਨਾਲ ਰਿਸ਼ਤਾ ਹੋ ਗਿਆ ।

'ਲੈਮੀਆ' ਕੀਟਸ ਨੇ ਆਪਣੀ ਸਾਰੀ ਉੱਤਮ ਕਵਿਤਾ 1819 ਦੇ ਵਰ੍ਹੇ ਵਿਚ ਲਿਖੀ । 'ਦਾ ਈਵ ਅੱਾਫ ਸੇਂਟ ਐਗਨੀਜ਼', ਪ੍ਰਸਿੱਧ ਗੀਤ-ਕਾਵਿ 'ਅੱਾਨ ਇੰਡੋਲੈਂਸ', 'ਅੱਾਨ ਏ ਗ੍ਰੇਸ਼ੀਅਨ ਅਰਨ', 'ਟੂ ਸਾਈਕੀ', 'ਟੂ ਏ ਨਾਈਟਿੰਗੇਲ', 'ਅੱਾਨ ਮੈਲੈਂਕਲੀ', 'ਟੂ ਆਟੱਮ', ਅਤੇ 'ਹਾਈਪੀਰੀਅਨ' ਸਭ ਇਸੇ ਸਮੇਂ ਲਿਖੀਆਂ ਗਈਆਂ ਸਨ । ਇਹ ਕਵਿਤਾ ਬਿਮਾਰੀ ਦੇ ਦਬਾਉ ਅਤੇ ਫੈਨੀ ਬ੍ਰੌਨ ਲਈ ਵਧਦੀ ਉਮੰਗ ਹੇਠ ਲਿਖੀ ਗਈ । ਆਪਣੀ ਕਵਿਤਾ 'ਇਜ਼ਾਬੈਲਾ' ਨੂੰ ਵੀ ਇਹ 'ਐਂਡੀਮੀਅਨ' ਵਾਂਗ ਕੱਚੀ ਪਿੱਲੀ ਸਮਝਦਾ ਸੀ ।

ਕੀਟਸ ਦੀਆਂ ਓਡਜ਼ ਕਵਿਤਾ ਦੇ ਖੇਤਰ ਵਿਚ ਇਸ ਦੀ ਬਹੁਤ ਵੱਡੀ ਸਫ਼ਲਤਾ ਹੈ । ਇਨ੍ਹਾਂ ਕਵਿਤਾਵਾਂ ਵਿਚ ਇਸ ਨੇ ਨਾਸ਼ਮਾਨਤਾ ਅਤੇ ਸਦੀਵਤਾ ਦੇ ਵਿਸ਼ੇ ਨੂੰ ਵੱਖ-ਵੱਖ ਪਹਿਲੂਆਂ ਤੋਂ ਪੇਸ਼ ਕੀਤਾ ਹੈ । ਇਸ ਉਤੇ ਯੂਨਾਨੀ ਮਿਥਿਹਾਸ ਦਾ ਡੂੰਘਾ ਅਸਰ ਸੀ । ਆਪਣੀਆਂ ਕਵਿਤਾਵਾਂ ਵਿਚ ਇਸ ਨੇ ਯੂਨਾਨੀ ਕਲਾ ਕਿਰਤਾਂ ਨੂੰ ਸੁੰਦਰਤਾ ਦੇ ਬਹੁਤ ਹੀ ਵਧੀਆ ਨਮੂਨਿਆਂ ਵਜੋਂ ਪੇਸ਼ ਕੀਤਾ ਹੈ । ਕੀਟਸ ਕਹਿੰਦਾ ਹੈ : "ਸੁੰਦਰਤਾ ਹੀ ਸਚਾਈ ਹੈ ਤੇ ਸਚਾਈ ਸੁੰਦਰਤਾ" । ਵਾਸ਼ਨਾਤਮਕ ਵੇਰਵਿਆਂ ਅਤੇ ਡੂੰਘੇ ਗਿਆਨ ਦਰਸ਼ਨ ਕਰਕੇ ਇਹ ਗੀਤ-ਕਾਵਿ ਰੋਮਾਂਟਿਕ ਕਾਲ ਦੀ ਇਕ ਉੱਤਮ ਪ੍ਰਾਪਤੀ ਹਨ । ਇਸ ਸਮੇਂ ਵਿਚ ਲਿਖੀ ਗਈ ਇਸ ਦੀ ਗਾਥਾ-ਕਾਵਿ 'ਲਾ ਬੈਲੀ ਡੇਡ ਸਨਸ ਮਰਸੀ' ਵੀ ਬਹੁਤ ਪ੍ਰਸਿੱਧ ਹੈ ।

ਕੀਟਸ ਦੀ ਅੰਤਿਮ ਇੱਛਾ 'ਕੁਝ ਸੁਚੱਜੇ ਨਾਟਕ' ਲਿਖਣ ਦੀ ਸੀ, ਪਰ 1819 ਦੇ ਦੌਰਾਨ ਇਹ ਬਹੁਤ ਬੀਮਾਰ ਰਿਹਾ ਸੀ ਅਤੇ 1820 ਦੇ ਆਰੰਭ ਵਿਚ ਟੀ. ਬੀ. ਦੇ ਲੱਛਣ ਸਾਫ਼ ਜ਼ਾਹਰ ਹੋਣ ਲੱਗ ਪਏ ਸਨ । ਇਸ ਨੇ ਆਪਣੀ ਮੌਤ ਲਾਗੇ ਆਉਂਦੀ ਮਹਿਸੂਸ ਕੀਤੀ ਅਤੇ ਉਸ ਸਮੇਂ ਤੋਂ ਮਗਰੋਂ ਇਸ ਲਈ ਜਮ ਕੇ ਕੰਮ ਕਰਨਾ ਅਸੰਭਵ ਹੋ ਗਿਆ । ਇਸ ਦੇ ਦੋਸਤਾਂ ਬ੍ਰਾਊਨ, ਹੰਟ ਪਰਿਵਾਰ, ਫੈਨੀ ਬ੍ਰੌਨ ਅਤੇ ਇਸ ਦੀ ਮਾਂ ਨੇ ਇਸ ਸਾਰੇ ਸਾਲ ਵਿਚ ਇਸ ਦੀ ਬੜੀ ਸੇਵਾ ਕੀਤੀ । ਇਸ ਦੀ ਹਾਲਤ ਬਾਰੇ ਸੁਣ ਕੇ ਸ਼ੈਲੇ ਨੇ ਇਸ ਨੂੰ ਪਿਸਾ ਵਿਚ ਠਹਿਰਨ ਦੀ ਪੇਸ਼ਕਸ਼ ਕੀਤੀ ਪਰ ਕੀਟਸ ਨੇ ਇਹ ਸਵੀਕਾਰ ਨਾ ਕੀਤੀ । ਸੁਰਦੀਆਂ ਵਿਚ ਇਸ ਨੂੰ ਦੱਖਣ ਚਲੇ ਜਾਣ ਲਈ ਕਿਹਾ ਗਿਆ । ਰੋਮ ਜਾਂਦੇ ਸਮੇਂ, ਡੋਰਸੈੱਟ ਦੇ ਤਟ ਤੇ ਲੱਲਵਰਥ ਵਿਖੇ ਇਸ ਨੇ ਆਪਣਾ ਅੰਤਿਮ ਸੱਾਨਿਟ 'ਬ੍ਰਾਈਟ ਸਟਾਰ', 'ਵੁਦ ਆਈ ਵਰ ਸਟੈੱਡਫਾਸਟ ਐਜ਼ ਦਾਊ ਆਰਟ' ਲਿਖਿਆ । ਰੋਮ ਵਿਚ 10 ਦਸੰਬਰ, 1820 ਨੂੰ ਇਸ ਉਤੇ ਬੀਮਾਰੀ ਦਾ ਆਖ਼ਰੀ ਹਮਲਾ ਹੋਇਆ । 23 ਫ਼ਰਵਰੀ, 1821 ਨੂੰ ਇਸ ਨੇ ਦਮ ਤੋੜ ਦਿਤਾ । ਇਸ ਦੇ ਦੋਸਤ ਜੋਜ਼ੈਫ਼ ਸੈਵਰਨ ਨੇ ਆਖਰੀ ਸਮੇਂ ਤਕ ਪੂਰੇ ਸਿਦਕ ਨਾਲ ਇਸ ਦੀ ਸੇਵਾ ਕੀਤੀ ।

ਕੀਟਸ ਦੇ ਜੀਵਨ ਬਾਰੇ ਅਤੇ ਇਸ ਦੀ ਕਵਿਤਾ ਦੇ ਵਿਕਾਸ ਬਾਰੇ ਮੁੱਖ ਤੌਰ ਤੇ ਜਾਣਕਾਰੀ ਇਸ ਦੇ ਪੱਤਰਾਂ ਤੋਂ ਹੀ ਮਿਲਦੀ ਹੈ । ਆਪਣੇ ਭਰਾਵਾਂ, ਭੈਣ, ਨਜ਼ਦੀਕੀ ਦੋਸਤਾਂ ਅਤੇ ਫੈਨੀ ਬ੍ਰੌਨ ਵਲ ਲਿਖੇ ਗਏ ਇਨ੍ਹਾਂ ਪੱਤਰਾਂ ਤੋਂ ਕੀਟਸ ਦੇ ਉੱਚ ਆਚਰਨ ਅਤੇ ਇਸ ਦੀ ਆਪਣੀ ਅਤੇ ਹੋਰਾਂ ਦੀ ਕਵਿਤਾ ਦੇ ਵਿਕਾਸ ਬਾਰੇ ਪਤਾ ਚਲਦਾ ਹੈ । ਇਹ ਪੱਤਰ ਇਸ ਦੀਆਂ ਆਪਣੀਆਂ ਕਿਰਤਾਂ ਉਤੇ ਇਕ ਵਧੀਆ ਟਿੱਪਣੀ ਤੋਂ ਇਲਾਵਾ ਆਪਣੇ ਆਪ ਵਿਚ ਇਕ ਵਡਮੁੱਲੀ ਕਿਰਤ ਹਨ ।

19ਵੀਂ ਸਦੀ ਤੋਂ ਲੈ ਕੇ ਕੀਟਸ ਦੀ ਪ੍ਰਸਿੱਧੀ ਵਧਦੀ ਹੀ ਗਈ । ਇਸ ਗੱਲ ਦਾ ਅੰਦਾਜ਼ਾ ਲਗਾਉਣਾ ਕਠਿਨ ਹੈ ਕਿ ਇਸ ਦੀ ਛੇਤੀ ਮੌਤ ਕਾਰਨ ਅੰਗ੍ਰੇਜ਼ੀ ਕਵਿਤਾ ਨੇ ਕਿੰਨਾ ਕੁ ਨੁਕਸਾਨ ਉਠਾਇਆ ਹੋਵੇਗਾ ।

ਹ. ਪੁ.—ਐਨ. ਬ੍ਰਿ. 13 : 264

**ਕੀਟ-ਨਾਸ਼ਕ :** ਕੀਟ-ਨਾਸ਼ਕ ਉਹ ਰਸਾਇਣਕ ਪਦਾਰਥ ਹਨ ਜੋ ਆਪਣੇ ਰਸਾਇਣਕ ਪ੍ਰਭਾਵ ਦੁਆਰਾ ਕੀਟਾਂ (ਕੀੜਿਆਂ) ਨੂੰ ਮਾਰ ਦੇਂਦੇ ਹਨ । ਇਨ੍ਹਾਂ ਦੀ ਰਸਾਇਣਕ ਕਿਰਿਆ ਅਨੁਸਾਰ ਇਨ੍ਹਾਂ ਨੂੰ ਪੰਜ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ— ਮਿਹਦਾ ਜ਼ਹਿਰ, ਸਪਰਸ਼ ਹੋਣ ਨਾਲ ਅਸਰ ਕਰਨ ਵਾਲੇ ਜ਼ਹਿਰ, ਗੈਸ ਪੈਦਾ ਕਰਨ ਵਾਲੇ ਜ਼ਹਿਰ, ਕੀੜਿਆਂ ਨੂੰ ਦੂਰ ਭਜਾਉਣ ਵਾਲੇ ਜ਼ਹਿਰ ਅਤੇ ਸਿਸਟੈਮਿਕ ਜ਼ਹਿਰ ।

## ਮਿਹਦੇ ਤੇ ਅਸਰ ਕਰਨ ਵਾਲੇ ਜ਼ਹਿਰ

ਮਿਹਦੇ ਤੇ ਅਸਰ ਕਰਨ ਵਾਲੇ ਜ਼ਹਿਰ ਕੀਟ ਦੀ ਖ਼ੁਰਾਕ ਨਾਲੀ ਵਿਚ ਦਾਖ਼ਲ ਹੋ ਜਾਂਦੇ ਹਨ ਅਤੇ ਪਾਚਨ ਪ੍ਰਣਾਲੀ ਰਾਹੀਂ ਸੋਖ ਲਏ ਜਾਣ ਤੇ ਉਨ੍ਹਾਂ ਨੂੰ ਖ਼ਤਮ ਕਰ ਦੇਂਦੇ ਹਨ। ਇਹੋ ਜਿਹੇ ਕੀਟ-ਨਾਸ਼ਕ ਪਦਾਰਥ ਆਮ ਤੌਰ ਤੇ ਪੌਦਿਆਂ ਦੇ ਪੱਤਿਆਂ ਉਪਰ ਛਿੜਕ ਦਿਤੇ ਜਾਂਦੇ ਹਨ ਜਾਂ ਬਾਰੀਕ ਧੂੜੇ ਦੀ ਸ਼ਕਲ ਵਿਚ ਧੂੜ ਦਿਤੇ ਜਾਂਦੇ ਹਨ ਅਤੇ ਜਦ ਕੋਈ ਕੀੜਾ ਇਨ੍ਹਾਂ ਪੱਤਿਆਂ ਨੂੰ ਕਾਫ਼ੀ ਮਾਤਰਾ ਵਿਚ ਖਾ ਲਵੇ ਤਾਂ ਮਰ ਜਾਂਦਾ ਹੈ। ਪਰ ਇਸ ਤਰ੍ਹਾਂ ਵਰਤੇ ਗਏ ਇਨ੍ਹਾਂ ਜ਼ਹਿਰੀਲੇ ਪਦਾਰਥਾਂ ਨਾਲ ਕਦੇ ਵੀ ਪੌਦਾ ਮਰਨਾ ਜਾਂ ਇਸ ਦੇ ਹਿੱਸੇ ਸੜਨੇ ਨਹੀਂ ਚਾਹੀਦੇ। ਇਹ ਪਦਾਰਥ ਪਾਣੀ ਵਿਚ ਅਘੁਲਣਸ਼ੀਲ ਹੋਣੇ ਚਾਹੀਦੇ ਹਨ ਨਹੀਂ ਤਾਂ ਇਨ੍ਹਾਂ ਦਾ ਪੱਤਿਆਂ ਜਾਂ ਜੜ੍ਹਾਂ ਦੁਆਰਾ ਸੋਖ ਲਏ ਜਾਣ ਦਾ ਡਰ ਰਹਿੰਦਾ ਹੈ। ਇਕ ਚੰਗੇ ਕੀਟ-ਨਾਸ਼ਕ ਦਾ ਇਹ ਗੁਣ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਦੇ ਛਿੜਕਾਅ ਤੋਂ ਬਾਅਦ ਪੌਦਿਆਂ ਉਪਰ ਇਨ੍ਹਾਂ ਦਾ ਮਾਰੂ ਅਸਰ ਨਹੀਂ ਰਹਿਣਾ ਚਾਹੀਦਾ। ਇਸ ਤੋਂ ਇਲਾਵਾ ਇਸ ਵਿਚ ਜਲਦੀ ਅਸਰ ਕਰਨ, ਸਸਤੀ, ਜ਼ਿਆਦਾ ਮਾਤਰਾ ਵਿਚ ਉਪਲਬਧ ਹੋ ਸਕਣਾ ਅਤੇ ਕੀੜੇ ਮਕੌੜਿਆਂ ਲਈ ਸੁਆਦਲਾ ਹੋਣਾ ਆਦਿ ਦੇ ਗੁਣ ਹੋਣੇ ਜ਼ਰੂਰੀ ਹਨ। ਇਹ ਵੀ ਜ਼ਰੂਰੀ ਹੈ ਕਿ ਇਕ ਕੀਟ-ਨਾਸ਼ਕ ਕਾਫ਼ੀ ਚਿਰ ਸਥਿਰ ਰਹਿ ਸਕਣ ਯੋਗ ਰਸਾਇਣਕ ਪਦਾਰਥ ਹੋਵੇ।

ਇਹ ਕੀਟ-ਨਾਸ਼ਕ ਆਮ ਤੌਰ ਤੇ ਉਨ੍ਹਾਂ ਕੀੜੇ-ਮਕੌੜਿਆਂ ਲਈ ਵਰਤੇ ਜਾਂਦੇ ਹਨ ਜਿਨ੍ਹਾਂ ਦੇ ਮੂੰਹ-ਹਿੱਸੇ ਚਿੱਥਣ ਵਾਲੇ ਹੁੰਦੇ ਹਨ; ਪਰ ਕਈ ਹਾਲਤਾਂ ਵਿਚ ਇਹ ਚੱਟਣ, ਸਪੰਜ ਵਾਂਗ ਅਤੇ ਸਾਈਫ਼ਨ ਵਰਗੇ ਮੂੰਹ-ਹਿੱਸਿਆਂ ਵਾਲੇ ਕੀੜੇ-ਮਕੌੜੇ ਵਾਸਤੇ ਵੀ ਵਰਤੇ ਜਾਂਦੇ ਹਨ। ਇਸ ਪ੍ਰਕਾਰ ਦੇ ਕੀਟ-ਨਾਸ਼ਕ ਪਦਾਰਥ ਵਰਤਣ ਲਈ ਚਾਰ ਮੁੱਖ ਤਰੀਕੇ ਅਪਣਾਏ ਜਾਂਦੇ ਹਨ :

(1) ਕੀੜੇ-ਮਕੌੜਿਆਂ ਦੇ ਕੁਦਰਤੀ ਭੋਜਨ ਵਿਚ ਛਿੜਕਾਉ ਜਾਂ ਧੂੜੇ ਦੀ ਸ਼ਕਲ ਵਿਚ।

(2) ਜ਼ਹਿਰੀਲੇ ਚੋਗੇ ਜਾਂ ਬੇਟ ਦੀ ਸ਼ਕਲ ਵਿਚ, ਜਿਸ ਵਿਚ ਕੀਟ-ਨਾਸ਼ਕ ਪਦਾਰਥ ਆਟੇ ਦੇ ਧੂੜੇ ਆਦਿ ਵਿਚ ਮਿਲਾਇਆ ਜਾਂਦਾ ਹੈ। ਜ਼ਹਿਰੀਲੇ ਪਦਾਰਥ ਜਿਵੇਂ ਪੈਰਿਸ ਗ੍ਰੀਨ, ਬੀ.ਐਚ.ਸੀ. 5 ਪ੍ਰਤਿਸ਼ਤ ਤਾਕਤ ਵਾਲੀ ਹੋਣੀ ਚਾਹੀਦੀ ਹੈ।

(3) ਕੁਝ ਜ਼ਹਿਰੀਲੇ ਪਦਾਰਥ ਕੀੜੇ-ਮਕੌੜਿਆਂ ਦੇ ਆਮ ਰਸਤਿਆਂ ਤੇ ਛਿੜਕ ਦਿਤੇ ਜਾਂਦੇ ਹਨ ਤਾਂ ਜੋ ਇਹ ਇਨ੍ਹਾਂ ਦੇ ਪੈਰਾਂ ਜਾਂ ਟੋਹਣੀਆਂ ਉਪਰ ਲਗ ਜਾਣ।

(4) ਜ਼ਹਿਰੀਲੇ ਪਦਾਰਥ ਪੌਦਿਆਂ ਦੇ ਹਿੱਸਿਆਂ ਤੇ ਤੰਤੂਆਂ ਵਿਚ ਦਾਖ਼ਲ ਕੀਤੇ ਜਾਂਦੇ ਹਨ ਤਾਂ ਜੋ ਕੀੜੇ-ਮਕੌੜਿਆਂ ਉਤੇ ਇਨ੍ਹਾਂ ਦਾ ਅਸਰ ਹੋ ਸਕੇ।

ਮਿਹਦੇ ਤੇ ਅਸਰ ਕਰਨ ਵਾਲੇ ਕੀਟ-ਨਾਸ਼ਕ ਪਦਾਰਥਾਂ ਵਿਚ ਆਮ ਤੌਰ ਤੇ ਆਰਸੀਨਿਕ ਯੌਗਿਕ ਆਉਂਦੇ ਹਨ।

**ਕਾਰਬਾਨਿਕ ਕੀਟ-ਨਾਸ਼ਕ**—ਭਾਰਤ ਵਿਚ ਕਰਾਂਜਾ, ਮਾਰਗੋਸਾ, ਮਦਾਰ ਜਿਹੇ ਕੁਝ ਕੀਟ-ਨਾਸ਼ਕ ਪੌਦਿਆਂ ਦੇ ਨਾਂ ਹਨ। ਨਿਕੋਟੀਨ ਤੋਂ ਪਾਈਰੇਥਰਮ ਤੋਂ, ਤੋਂ, ਰਾਈਨੀਆ ਤੋਂ ਆਦਿ।

## ਸਪਰਸ਼ੀ ਜ਼ਹਿਰ

ਕੁਝ ਕੀਟ ਮੂੰਹ ਰਾਹੀਂ ਸਿਰਫ਼ ਚੂਸਦੇ ਜਾਂ ਵਿੰਨਦੇ ਹਨ, ਇਸ ਲਈ ਅਜਿਹੇ ਪੌਦਿਆਂ ਤੇ ਛਿੜਕੇ ਹੋਏ ਮਿਹਦਾ ਜ਼ਹਿਰ ਅਸਰ ਨਹੀਂ ਕਰਦੇ। ਇਨ੍ਹਾਂ ਨੂੰ ਮਾਰਨ ਲਈ ਅਜਿਹੇ ਸਪਰਸ਼ੀ ਜ਼ਹਿਰ ਵਰਤੇ ਜਾਂਦੇ ਹਨ ਜੋ ਇਨ੍ਹਾਂ ਦੇ ਅੰਗਾਂ ਰਾਹੀਂ ਅੰਦਰੂਨੀ ਪ੍ਰਣਾਲੀਆਂ ਤਕ ਪਹੁੰਚ ਸਕਣ। ਇਨ੍ਹਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

**1. ਪੌਦਿਆਂ ਦੇ ਜ਼ਹਿਰ**—ਕੁਝ ਵਿਸ਼ੇਸ਼ ਕਿਸਮ ਦੇ ਪੌਦਿਆਂ ਤੋਂ ਤਿਆਰ ਕੀਤੇ ਜਾਂਦੇ ਹਨ, ਜਿਵੇਂ ਕਿ ਨਿਕੋਟੀਨ ਪਾਈਰੇਥਰਮ, ਰੋਟੀਨੋਨ ਅਤੇ ਰੋਟੀਨਾਇਨਜ਼ ਆਦਿ।

ਨਿਕੋਟੀਨ ($C_{10}H_{14}N_2$)—ਇਹ ਤਮਾਕੂ ਦੀਆਂ ਜਾਤੀਆਂ ਤੋਂ ਪ੍ਰਾਪਤ ਹੁੰਦੀ ਹੈ। ਇਹ ਗਰਮ ਖ਼ੂਨ ਵਾਲੇ ਜੀਵਾਂ ਲਈ ਇਕ ਘਾਤਕ ਜ਼ਹਿਰ ਹੈ। ਕੀਟਾਂ ਦੇ ਕੇਂਦਰੀ ਨਾੜੀ ਪ੍ਰਬੰਧ ਤੇ ਇਹ ਸਿੱਧਾ ਅਸਰ ਕਰਕੇ ਇਸ ਨੂੰ ਨਸ਼ਟ ਕਰ ਦਿੰਦੀ ਹੈ ਤੇ ਹੌਲੀ-ਹੌਲੀ ਸਾਰੇ ਅੰਗ ਮਾਰੇ ਜਾਂਦੇ ਹਨ। ਆਮ ਤੌਰ ਤੇ ਇਹ ਨਿਕੋਟੀਨ ਸਲਫ਼ੇਟ ਦੇ ਰੂਪ ਵਿਚ ਕੀਟ-ਨਾਸ਼ਕ ਦੇ ਤੌਰ ਤੇ ਵਰਤੀ ਜਾਂਦੀ ਹੈ।

ਤਮਾਕੂ ਦਾ ਕਾੜ੍ਹਾ—ਵਧੀਆ ਕਿਸਮ ਦੇ ਤਮਾਕੂ ਦੇ ਫੋਕਟ ਦਾ ਅੱਧਾ ਕਿਲੋ ਇਕ ਗੈਲਨ ਪਾਣੀ ਵਿਚ ਰਾਤ ਭਰ ਭਿਉਂ ਕੇ ਰਖਿਆ ਜਾਂਦਾ ਹੈ ਤੇ ਫਿਰ ਇਸ ਨੂੰ ਇਕ ਘੰਟਾ ਉਬਾਲਿਆ ਜਾਂਦਾ ਹੈ। 250 ਗ੍ਰਾ. ਸਾਬਣ ਇਸ ਵਿਚ ਘੋਲ ਕੇ ਫਿਲਟਰੀਕਰਨ ਉਪਰੰਤ 6-8 ਗੁਣਾ ਪਾਣੀ ਪਾ ਕੇ ਇਸ ਨੂੰ ਪਤਲਾ ਕੀਤਾ ਜਾਂਦਾ ਹੈ। ਇਹ ਨਰਮ ਸਰੀਰਾਂ ਵਾਲੇ ਕੀਟਾਂ ਜਿਵੇਂ ਤੇਲਾ, ਅੰਗੂਰੀ ਕੀੜਾ ਅਤੇ ਜੈਸਿਡ ਇਕ ਕਿਸਮ ਦੇ ਪੱਤਿਆਂ ਦੇ ਕੀੜੇ ਨੂੰ ਮਾਰ ਦਿੰਦਾ ਹੈ।

ਪਾਇਰੇਥਰਮ—ਇਹ ਕੰਪਾਜ਼ਿਟੀ ਕੁਲ ਦੇ ਪੌਦੇ ਕਰਾਈਜੈਂਥੀਮਮ ਦੀਆਂ ਜਾਤੀਆਂ ਤੋਂ ਮਿਲਦੀ ਹੈ। ਇਸ ਘਰੇਲੂ ਕੀਟ-ਨਾਸ਼ੀ ਵਜੋਂ ਇਸ ਦੇ ਪੀਠੇ ਹੋਏ ਫੁੱਲਾਂ ਅਤੇ ਅਰਕ ਨੂੰ ਮੱਖੀਆਂ, ਪਿੱਸੂ ਆਦਿ ਮਾਰਨ ਲਈ ਵਰਤਿਆ ਜਾਂਦਾ ਹੈ। ਸਬਜ਼ੀਆਂ ਅਤੇ ਸਜਾਵਟੀ ਦਰਖ਼ਤਾਂ ਅਤੇ ਫ਼ਲਾਂ ਉੱਪਰ ਚਿੱਥਣ ਅਤੇ ਚੂਸਣ ਵਾਲੇ ਕੀੜਿਆਂ ਦਾ ਖ਼ਾਤਮਾ ਕਰਨ ਲਈ ਪਾਇਰੇਥਰਮ ਪਾਊਡਰ ਦਾ ਛਿੜਕਾ ਕੀਤਾ ਜਾਂਦਾ ਹੈ। ਇਹ ਵੀ ਕੀਟਾਂ ਦੇ ਕੇਂਦਰੀ ਨਾੜੀ ਪ੍ਰਬੰਧ ਤੇ ਸਿੱਧਾ ਅਸਰ ਕਰਦੀ ਹੈ।

ਰੋਟੀਨੋਨ ਅਤੇ ਰੋਟੀਨਾਇਡਜ਼—ਇਹ ਕੀਟਾਂ ਲਈ ਅਤਿਅੰਤ ਜ਼ਹਿਰੀਲੇ ਪਰ ਪੌਦਿਆਂ ਅਤੇ ਥਣਧਾਰੀਆਂ ਲਈ ਹਾਨੀ-ਰਹਿਤ ਹੁੰਦੇ ਹਨ। ਲਗਭਗ 68 ਜਾਤੀਆਂ ਦੇ ਪੌਦਿਆਂ ਤੋਂ ਇਹ ਪ੍ਰਾਪਤ ਹੁੰਦੇ ਹਨ ਜਿਵੇਂ ਟੈਫ਼ਰੋਸੀਆ, ਮਿਲੈਸ਼ੀਆ, ਡੈਰਿਸ, ਲੋਂਕੋਕਾਰਪਸ ਜਾਤੀ ਆਦਿ। ਇਹ ਚੂਸਣ ਵਾਲੇ ਕੀਟਾਂ ਜਿਵੇਂ ਤੇਲਾ ਅਤੇ ਚਿਥਣ ਵਾਲੇ ਕੀਟਾਂ ਜਿਵੇਂ ਸੁੰਡੀ, ਪਿੱਸੂ ਅਤੇ ਜੂੰਆਂ ਨੂੰ ਮਾਰ ਦਿੰਦੇ ਹਨ।

ਅਕਾਰਬਾਨੀ ਯੌਗਿਕ—ਕੁਝ ਅਕਾਰਬਾਨੀ ਯੌਗਿਕ ਵੀ ਕੀਟ-ਨਾਸ਼ਕਾਂ ਦੇ ਤੌਰ ਤੇ ਵਰਤੇ ਜਾਂਦੇ ਹਨ ਜਿਵੇਂ ਗੰਧਕ ਅਤੇ ਚੂਨਾ-ਗੰਧਕ ਆਦਿ।

ਗੰਧਕ—ਇਹ ਇਕ ਮਹੱਤਵਪੂਰਨ ਸਪਰਸ਼ੀ ਜ਼ਹਿਰ ਹੈ। ਇਸ ਦਾ ਧੂੜਾ 6 ਤੋਂ 10 ਕਿ. ਗ੍ਰਾ. ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤਾਂ ਵਿਚ ਛਿੜਕਿਆ ਜਾਂਦਾ ਹੈ। ਇਹ ਚਿਗਾਰਾਂ ਰੈੱਡ ਸਪਾਈਡਰ ਮਾਈਟ ਅੰਗੂਰੀ ਕੀੜੇ, ਸਕੇਲ ਕੀੜਿਆਂ ਨੂੰ ਮਾਰ ਦਿੰਦੀ ਹੈ। ਗੰਧਕ ਆਮ ਤੌਰ ਤੇ ਪਾਊਡਰ, ਜਿਪਸਮ, ਮਿੱਟੀ, ਟ੍ਰਾਈਕੈਲਸ਼ੀਅਮ ਫ਼ਾਸਫ਼ੇਟ ਅਤੇ ਹੋਰ ਅਜਿਹੇ ਪਦਾਰਥਾਂ ਨਾਲ $1\frac{1}{2}$ ਹਿੱਸਿਆਂ ਵਿਚ ਮਿਲਾ ਕੇ ਧੂੜਿਆ ਜਾਂਦਾ ਹੈ।

ਚੂਨਾ-ਗੰਧਕ—ਚੂਨਾ ਅਤੇ ਗੰਧਕ ਅਸਲ ਵਿਚ ਪਾਣੀ ਵਿਚ ਅਘੁਲਣਸ਼ੀਲ ਹਨ ਪਰ ਜਦ ਇਨ੍ਹਾਂ ਦੋਹਾਂ ਨੂੰ ਇਕੱਠੇ ਉਬਾਲਿਆ ਜਾਵੇ ਤਾਂ ਇਹ ਕਈ ਤਰ੍ਹਾਂ ਦੇ ਲੂਣਾਂ ਵਿਚ ਬਦਲ ਜਾਂਦੇ ਹਨ ਜਿਵੇਂ :—ਕੈਲਸ਼ੀਅਮ ਪੈਂਟਾਸਲਫ਼ਾਈਡ ($CaS_5$), ਕੈਲਸੀਅਮ ਟੈਟ੍ਰਾਸਲਫ਼ਾਈਡ ($CaSo_4$); ਕੈਲਸ਼ੀਅਮ ਥਾਇਓਸਲਫ਼ੇਟ ($CaS_2O_3$) ਅਤੇ ਕੈਲਸੀਅਮ ਸਲਫ਼ਾਈਟ ($CaSo_3$)। ਇਹ ਸਾਰੇ ਪਾਣੀ ਵਿਚ ਘੁਲਣਸ਼ੀਲ ਹਨ ਸਿਵਾਏ ਕੈਲਸ਼ੀਅਮ ਸਲਫ਼ਾਈਟ ਦੇ। ਇਹ ਘੋਲ 4.5 ਕਿ. ਗ੍ਰਾ. ਚੂਨੇ ਨੂੰ 9 ਕਿ. ਗ੍ਰਾ. ਸਲਫ਼ਰ ਨਾਲ 10 ਗੈਲਨ ਪਾਣੀ ਵਿਚ ਪਾ ਕੇ 1 ਘੰਟਾ ਗਰਮ ਕਰਨ ਨਾਲ ਬਣ ਜਾਂਦਾ ਹੈ।

**ਤੇਲ**—ਕਈ ਕਿਸਮਾਂ ਦੇ ਤੇਲ ਕੀਟਾਂ ਦੇ ਸੁਆਸ ਅੰਗਾਂ ਵਿਚ ਦਮ ਘੋਟੂ ਅਸਰ ਪੈਦਾ ਕਰਕੇ ਇਨ੍ਹਾਂ ਨੂੰ ਮਾਰ ਦਿੰਦੇ ਹਨ। ਮਿੱਟੀ ਦਾ ਤੇਲ, ਕੋਲਤਾਰ, ਤਿਲਾਂ ਦੇ ਤੇਲ, ਅਰਿੰਡ ਦਾ ਤੇਲ ਜਾਂ ਮੱਛੀਆਂ ਦਾ ਤੇਲ ਕੀਟਨਾਸ਼ੀ ਦੇ ਤੌਰ ਤੇ ਵਰਤਿਆ ਜਾਂਦਾ ਹੈ।

### ਜ਼ਹਿਰੀਲੀ ਗੈਸ ਪੈਦਾ ਕਰਨ ਵਾਲੇ ਕੀਟ-ਨਾਸ਼ਕ

ਅਜਿਹੇ ਜ਼ਹਿਰ ਸਾਹ ਪ੍ਰਣਾਲੀ ਤੇ ਅਸਰ ਕਰਦੇ ਹਨ ਤੇ ਆਕਸੀਜਨ ਨੂੰ ਅੰਦਰ ਜਾਣ ਤੋਂ ਰੋਕ ਕੇ ਤੰਤੂਆਂ ਵਿਚ ਜ਼ਹਿਰੀਲੇ ਅਸਰ ਕਰਕੇ ਇਨ੍ਹਾਂ ਨੂੰ ਮਾਰ ਦਿੰਦੇ ਹਨ। ਇਹ ਹਰ ਕਿਸਮ ਦੇ ਕੀਟਾਂ ਨੂੰ ਨਸ਼ਟ ਕਰ ਦਿੰਦੇ ਹਨ ਭਾਵੇਂ ਉਨ੍ਹਾਂ ਦੇ ਮੂੰਹ ਹਿੱਸੇ ਕਿਸੇ ਤਰ੍ਹਾਂ ਦੇ ਵੀ ਹੋਣ। ਹਾਈਡ੍ਰੋਜਨ ਸਾਇਨਾਈਡ (HCN) ਕਾਰਬਨ ਡਾਈਸਲਫਾਈਡ ($CS_2$) ਨਿਕੋਟੀਨ, ਫਾਸਟਾਕਸਿਨ, ਸਲਫ਼ਰ ਡਾਇਆਕਸਾਈਡ, ਨੈਫ਼ਥੇਲੀਨ, ਕਾਰਬਨ ਟੈਟ੍ਰਾਕਲੋਰਾਈਡ, ਮੀਥਾਈਲ ਬ੍ਰੋਮਾਈਡ ਆਦਿ ਜ਼ਹਿਰੀਲੇ ਗੈਸੀ ਕੀਟ-ਨਾਸ਼ਕ ਹਨ।

### ਨਿਰੋਧਕ ਜ਼ਹਿਰ

ਇਹ ਅਜਿਹੇ ਰਸਾਇਣਕ ਪਦਾਰਥ ਹਨ ਜੋ ਕੀਟਾਂ ਦੇ ਭੋਜਨ ਨੂੰ ਬੇਸੁਆਦਾ ਤੇ ਬਦਬੂਦਾਰ ਬਣਾ ਕੇ ਪੌਦਿਆਂ ਤੇ ਜੰਤੂਆਂ ਦੀ ਰਖਿਆ ਕਰਦੇ ਹਨ। ਇਹ ਰੀਂਗਣ ਵਾਲੇ ਅਤੇ ਅੰਡੇ ਦੇਣ ਵਾਲੇ ਕੀਟਾਂ ਆਦਿ ਨੂੰ ਨਸ਼ਟ ਕਰਦੇ ਹਨ। ਕੁਝ ਵਰਣਨਯੋਗ ਨਿਰੋਧਕ ਜ਼ਹਿਰ ਹਨ—ਬੋਰਡੈਕਸ ਮਿਸ਼ਰਣ, ਕੋਲ ਤਾਰ, ਤਾਰਪੀਨ ਦਾ ਤੇਲ ਅਤੇ ਮੁਸ਼ਕ ਕਫ਼ੂਰ।

### ਸੰਸ਼ਲੇਸ਼ਿਤ ਕਾਰਬਾਨਿਕ ਕੀਟ-ਨਾਸ਼ਕ

ਸਾਰੇ ਕੀਟ-ਨਾਸ਼ਕ ਮਨੁੱਖੀ ਸਿਹਤ ਲਈ ਵੀ ਨੁਕਸਾਨਦਾਇਕ ਹਨ। ਇਸੇ ਲਈ ਲੰਮੇ ਸਮੇਂ ਤੋਂ ਅਜਿਹੇ ਕੀਟ-ਨਾਸ਼ਕਾਂ ਦੀ ਖੋਜ ਕੀਤੀ ਜਾ ਰਹੀ ਹੈ ਜੋ ਪੌਦਿਆਂ ਅਤੇ ਸਿਹਤ ਤੇ ਕੋਈ ਅਸਰ ਨਾ ਕਰਨ ਪਰ ਕੀਟਾਂ ਲਈ ਘਾਤਕ ਹੋਣ। ਕੁਝ ਯੌਗਿਕ ਜਿਨ੍ਹਾਂ ਤੋਂ ਸੰਤੋਸ਼ਜਨਕ ਸਿੱਟੇ ਨਿਕਲੇ ਹਨ, ਉਹ ਹਨ—ਕਲੋਰੀਨੇਟਿਡ ਹਾਈਡ੍ਰੋਕਾਰਬਨ, ਕਾਰਬਾਨਿਕ ਫ਼ਾਸਫ਼ੇਟ, ਸੰਸਲੇਸ਼ਿਤ ਕੀਟ-ਨਾਸ਼ਕ ਸਿਨਰਜਿਸਟ ਅਤੇ ਅਕੈਰੀਸਾਈਡ ਅਜਿਹੇ ਯੌਗਿਕ ਹਨ ਜੋ ਖ਼ਾਸ ਤੌਰ ਤੇ ਚਿਚੜਾਂ ਨੂੰ ਮਾਰਨ ਲਈ ਵਰਤੇ ਜਾਂਦੇ ਹਨ।

ਹ. ਪੁ.—ਇੰਸੈਕਟੀਸਾਈਡਜ਼ ਐਂਡ ਪੈਸਟ ਕੰਟਰੋਲ—ਚੰਦਰਾ

**ਕੀਟ-ਵਿਗਿਆਨ** : ਕੀਟਾਂ (ਕੀੜਿਆਂ) ਦੇ ਵਿਗਿਆਨਕ ਅਧਿਐਨ ਨੂੰ ਕੀਟ-ਵਿਗਿਆਨ ਕਹਿੰਦੇ ਹਨ। ਪ੍ਰਾਣੀਆਂ ਦੀ ਸਭ ਤੋਂ ਵੱਡੀ ਸ਼੍ਰੇਣੀ-ਇਨਸੈਕਟਾ ਵਿਚ ਲਗਭਗ 850,000 ਗਿਆਤ ਜਾਤੀਆਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਤਕਰੀਬਨ ਇੰਨੀਆਂ ਹੀ ਹੋਰ ਜਾਤੀਆਂ ਹੋਣਗੀਆਂ ਜਿਨ੍ਹਾਂ ਦਾ ਵਿਗਿਆਨਕ ਅਧਿਐਨ ਨਹੀਂ ਹੋਇਆ। ਮਨੁੱਖੀ ਜੀਵਨ ਵਿਚ ਇਨ੍ਹਾਂ ਦੀ ਮਹੱਤਤਾ ਹਰ ਪ੍ਰਾਣੀ ਨਾਲੋਂ ਜ਼ਿਆਦਾ ਹੈ।

ਜੀਵ-ਵਿਗਿਆਨ ਦੇ ਹੋਰ ਖੇਤਰਾਂ ਦੀ ਤਰ੍ਹਾਂ ਕੀਟ-ਵਿਗਿਆਨ ਦੇ ਵੀ ਕਈ ਪੱਖ ਹਨ, ਜਿਵੇਂ ਵਰਗੀਕਰਨ ਨਿਯਮ, ਪਰਿਸਥਿਤੀ-ਵਿਗਿਆਨ, ਵਤੀਰਾ ਅਤੇ ਫਿਜ਼ਿਆਲੋਜੀ ਆਦਿ। ਵਿਗਿਆਨ ਦੀਆਂ ਬਹੁਤੀਆਂ ਸ਼ਾਖ਼ਾਵਾਂ ਦੇ ਵਿਹਾਰਕ ਜਾਂ ਆਰਥਕ ਅਤੇ ਅਵਿਹਾਰਕ ਪਹਿਲੂ ਹੁੰਦੇ ਹਨ। ਵਿਹਾਰਕ ਦਾ ਸਬੰਧ ਇਥੇ ਉਨ੍ਹਾਂ ਸਾਰੇ ਕੀੜਿਆਂ ਨਾਲ ਹੈ, ਜਿਹੜੇ ਫ਼ਸਲਾਂ ਜਾਂ ਹੋਰ ਚੀਜ਼ਾਂ ਦੇ ਪੈੱਸਟ ਹਨ ਜਾਂ ਇਹ ਮਨੁੱਖਾਂ ਜਾਂ ਹੋਰ ਜਾਨਵਾਰਾਂ ਵਿਚ ਬਿਮਾਰੀਆਂ ਫੈਲਾਉਂਦੇ ਹਨ। ਅਵਿਹਾਰਕ ਦਾ ਸਬੰਧ ਉਨ੍ਹਾਂ ਅਣਗਿਣਤ ਕੀਟਾਂ ਨਾਲ ਹੈ ਜਿਨ੍ਹਾਂ ਦੀ ਕੋਈ ਆਰਥਕ ਮਹੱਤਤਾ ਨਹੀਂ। ਵਿਹਾਰਕ ਕੀਟ-ਵਿਗਿਆਨ ਅਗੋਂ ਮੈਡੀਕਲ, ਪਸ਼ੂ ਚਿਕਿਤਸਕ, ਜ਼ਰਾਇਤੀ ਅਤੇ ਜੰਗਲਾਤ ਸਬੰਧੀ ਕੀਟ-ਵਿਗਿਆਨ ਵਿਚ ਵੰਡੀ ਹੋਈ ਹੈ।

ਚੌਥੀ ਸਦੀ ਈ. ਪੂ. ਵਿਚ ਇਕ ਯੂਨਾਨੀ ਦਾਰਸ਼ਨਿਕ ਅਤੇ ਪ੍ਰਕਿਰਤੀ ਵਿਗਿਆਨੀ, ਅਰਸਤੂ ਨੇ ਦਸਿਆ ਕਿ ਕੀਟ ਦਾ ਸਰੀਰ ਤਿੰਨ ਮੁਖ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ। ਉਸ ਨੇ 'ਐਂਟੋਮਾ' ਸ਼ਬਦ ਦੀ ਵਰਤੋਂ ਕੀਤੀ ਜਿਸ ਤੋਂ ਅੱਗੋਂ ਇਸ ਵਿਗਿਆਨ ਦਾ ਨਾਂ 'ਐਂਟੋਮਾਲੋਜੀ' (ਕੀਟ-ਵਿਗਿਆਨ) ਪਿਆ ਹੈ। ਅਰਸਤੂ ਨੇ ਕੀਟਾਂ ਦੇ ਪ੍ਰਕਿਰਤੀ-ਇਤਿਹਾਸ ਦੇ ਕਈ ਪੱਖ ਬਿਆਨ ਕੀਤੇ ਸਨ ਜਿਨ੍ਹਾਂ ਵਲ 17ਵੀਂ ਸਦੀ (1602) ਤਕ ਕੋਈ ਧਿਆਨ ਨਹੀਂ ਦਿਤਾ ਗਿਆ, ਜਦੋਂ ਕਿ ਇਤਾਲਵੀ ਪ੍ਰਕਿਰਤੀ ਵਿਗਿਆਨੀ ਆਲਡਰੋਵਾਂਡੀ ਨੇ ਇਕ ਪੁਸਤਕ '*De Animalibus insectts*' (ਇੰਨਸੈਕਟ ਐਨੀਮਲਜ਼-ਕੀਟ ਪ੍ਰਾਣੀ) ਪ੍ਰਕਾਸ਼ਿਤ ਕੀਤੀ। 17ਵੀਂ ਸਦੀ ਦੇ ਅੱਧ ਵਿਚ ਖ਼ੁਰਦਬੀਨ ਦੇ ਈਜਾਦ ਹੋਣ ਨਾਲ ਕੀਟਾਂ ਦਾ ਅਧਿਐਨ ਕਰਨ ਦੀ ਰੁਚੀ ਵੱਧ ਗਈ ਅਤੇ ਕੀਟਾਂ ਦੀ ਐਨਾਟਮੀ ਬਾਰੇ ਕਈ ਖੋਜਾਂ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਡੱਚ ਪ੍ਰਕਿਰਤੀ ਵਿਗਿਆਨੀ ਜਾਨ ਸਵੈਮਰਡੈਮ ਦੀਆਂ ਖੋਜਾਂ ਵਿਸ਼ੇਸ਼ ਹਨ। 18ਵੀਂ ਸਦੀ ਵਿਚ ਕੀਟਾਂ ਦਾ ਆਧੁਨਿਕ ਵਰਗੀਕਰਨ ਸ਼ੁਰੂ ਹੋ ਗਿਆ। '*Memories pour Servir a l'histoire des Insectes*' ਦੀਆਂ ਛੇ ਜਿਲਦਾਂ ਇਸ ਦਾ ਮੁੱਖ ਪੜਾਅ ਸਨ। ਸੰਨ 1835 ਵਿਚ ਕੈਰੋਲਸ ਲਿਨੀਅਸ ਨੇ ਦੋ-ਨਾਵੀ ਨਾਂ ਪੱਧਤੀ ਦਾ ਸੁਝਾਅ ਦਿਤਾ ਜਿਸ ਨਾਲ ਕੀਟਾਂ ਦੀਆਂ ਜਾਤੀਆਂ ਦੀ ਨਾਂ ਪੱਧਤੀ ਦਾ ਕੰਮ ਬਹੁਤ ਹੀ ਸੌਖਾ ਹੋ ਗਿਆ।

ਬਹੁਤਾ ਆਧੁਨਿਕ ਕੀਟ-ਵਿਗਿਆਨ ਅਜੇ ਵੀ ਵਰਗੀਕਰਨ ਕਰਨ ਲਈ ਪਿਆ ਹੈ ਅਤੇ ਇਥੋਂ ਤਕ ਕਿ ਪਤੰਗੇ ਅਤੇ ਤਿੱਤਲੀਆਂ ਵਰਗੇ ਬਹੁਤ ਚੰਗੀ ਤਰ੍ਹਾਂ ਅਧਿਐਨ ਹੋ ਚੁੱਕੇ ਗਰੁੱਪਾਂ ਦੀਆਂ ਵੀ ਲਗਾਤਾਰ ਨਵੀਆਂ ਜਾਤੀਆਂ ਮਿਲਦੀਆਂ ਜਾ ਰਹੀਆਂ ਹਨ। ਕੀਟਾਂ ਦੇ ਉਨ੍ਹਾਂ ਗਰੁੱਪਾਂ ਦੀਆਂ ਜਿਨ੍ਹਾਂ ਵਿਚ ਰੂਪਾਂਤਰਣ ਹੁੰਦਾ ਹੈ, ਬਾਲਗ ਅਵਸਥਾ ਨੂੰ ਛੱਡ ਕੇ ਜੀਵਨ-ਚੱਕਰ ਦੀਆਂ ਬਾਕੀ ਅਵਸਥਾਵਾਂ ਦੀ ਪਹਿਚਾਣ ਕਰਨੀ ਮੁਸ਼ਕਿਲ ਹੁੰਦੀ ਹੈ।

ਕਿਸੇ ਪੈੱਸਟ ਕੀੜੇ ਦੀ ਬਾਇਆਲੋਜੀ ਇਸ ਦੇ ਘਟ ਨੁਕਸਾਨ ਪਹੁੰਚਾਉਣ ਵਾਲੇ ਸਬੰਧੀਆਂ ਦੀ ਤੁਲਨਾ ਵਿਚ ਜ਼ਿਆਦਾ ਚੰਗੀ ਤਰ੍ਹਾਂ ਪਤਾ ਹੁੰਦੀ ਹੈ। ਸਰਕਾਰੀ ਖੇਤੀਬਾੜੀ ਵਿਭਾਗ ਅਤੇ ਰਸਾਇਣਿਕ ਉਦਯੋਗ ਪੈੱਸਟ ਕੀੜਿਆਂ ਦੇ ਅਧਿਐਨ ਵਲ ਕਾਫ਼ੀ ਧਿਆਨ ਦੇ ਰਹੇ ਹਨ ਤਾਂ ਜੋ ਇਨ੍ਹਾਂ ਦੀ ਰੋਕਥਾਮ ਦੇ ਸਾਧਨ ਲਭੇ ਜਾ ਸਕਣ।

ਹ. ਪੁ.—ਐਨ. ਬ੍ਰਿ. ਮਾ. 3 : 909

**ਕੀਟਵੇ** : ਇਹ ਜ਼ੈਂਬੀਆ (ਅਫ਼ਰੀਕਾ) ਦੇ ਪੱਛਮੀ ਪ੍ਰਾਂਤ ਦਾ ਇਕ ਸ਼ਹਿਰ ਹੈ ਜੋ ਤਾਂਬੇ ਦੀ ਪੱਟੀ ਦਾ ਮੁੱਖ ਉਦਯੋਗਕ ਅਤੇ ਵਪਾਰਕ ਕੇਂਦਰ ਹੈ। ਇਸ ਸ਼ਹਿਰ ਦੀ ਨੀਂਹ 1936 ਈ. ਵਿਚ ਅਣ-ਉਪਜਾਊ ਜਿਹੇ ਇਲਾਕੇ ਵਿਚ ਰੱਖੀ ਗਈ। ਭਾਵੇਂ ਘੱਟ ਮਹੱਤਤਾ ਵਾਲੇ ਉਦਯੋਗ ਵੀ ਲੱਗ ਗਏ ਸਨ, ਪਰ ਤਾਂਬੇ ਦੀਆਂ ਖਾਣਾਂ ਵਿਚੋਂ ਤੇਜ਼ੀ ਨਾਲ ਤਾਂਬਾ ਕੱਢਣ ਦੇ ਨਾਲ ਕਿਟਵੇ ਵੀ ਬੜੀ ਤੇਜ਼ ਰਫ਼ਤਾਰ ਨਾਲ ਉੱਨਤ ਹੋਇਆ। ਇਹ ਸ਼ਹਿਰ ਆਧੁਨਿਕ ਲੀਹਾਂ ਉੱਤੇ ਯੋਜਨਾਬੱਧ ਕੀਤਾ ਗਿਆ ਹੈ। ਇਥੇ ਪਾਣੀ ਦੀ ਸਹੂਲਤ ਕਾਫ਼ੀ ਹੈ ਅਤੇ ਬਿਜਲੀ ਦੀ ਸਪਲਾਈ ਕਰੀਬਾ ਡੈਮ ਤੋਂ ਕੀਤੀ ਜਾਂਦੀ ਹੈ। ਰੇਲ, ਸੜਕ ਅਤੇ ਹਵਾਈ ਰਸਤਿਆਂ ਦੁਆਰਾ ਕੇਂਦਰੀ ਅਤੇ ਦੱਖਣੀ ਅਫ਼ਰੀਕਾ ਦੇ ਵੱਡੇ ਕੇਂਦਰਾਂ ਨਾਲ ਜੁੜਿਆ ਹੋਇਆ ਹੈ। ਸੰਨ 1961 ਵਿਚ ਨਕਾਨਾ ਮਾਈਨ ਟਾਊਨਸ਼ਿਪ ਨੂੰ ਕੀਟਵੇ ਵਿਚ ਸ਼ਾਮਿਲ ਕਰ ਲਿਆ ਗਿਆ। ਇਥੋਂ ਦੀ ਆਬਾਦੀ ਬਹੁਤੀ ਯੂਰਪੀ ਲੋਕਾਂ ਦੀ ਹੈ।

ਆਬਾਦੀ—314,794 (1980)

12°49′ ਦੱ. ਵਿਥ.; 28°13′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 843

**ਕੀਟੋ** : ਇਹ ਐਕਵਾਡੋਰ ਅਤੇ ਪਾਚਿਨਚਾ ਪ੍ਰਾਂਤ ਦੀ ਰਾਜਧਾਨੀ ਹੈ ਜੋ ਐਕਵਾਡੋਰ ਦੇ ਦੱਖਣ ਵਿਚ 2,850 ਮੀ. ਦੀ ਉੱਚਾਈ ਤੇ

ਐਂਡੀਅਨ, ਵਾਦੀ ਵਿਚ ਪੀਚੀਨਚਾ ਜਵਾਲਾਮੁਖੀ ਪਹਾੜਾਂ ਦੀਆਂ ਹੇਠਲੀਆਂ ਢਲਾਣਾਂ ਤੇ ਵਾਕਿਆ ਹੈ। ਇਹ ਕੀਟੂ ਦੇ ਰਾਜ ਦਾ ਪ੍ਰਾਚੀਨ ਸਦਰ-ਮੁਕਾਮ ਸੀ। 11ਵੀਂ ਸਦੀ ਤੋਂ ਲੈ ਕੇ 1487 ਵਿਚਕਾਰ ਇਸ ਤੇ 'ਕਾਰਾ' ਇੰਡੀਅਨ ਬਾਦਸ਼ਾਹਾਂ ਨੇ ਰਾਜ ਕੀਤਾ। 20ਵੀਂ ਸਦੀ ਦੇ ਸ਼ੁਰੂ ਤਕ ਇਹ ਦੇਸ਼ ਦੇ ਸਿਆਸਤੀ, ਸਮਾਜਕ ਤੇ ਆਰਥਕ ਵਿਵਹਾਰਾਂ ਦਾ ਕੇਂਦਰ ਰਿਹਾ।

ਕੀਟੋ ਦੱਖਣੀ ਅਮਰੀਕਾ ਦੀਆਂ ਰਾਜਧਾਨੀਆਂ ਵਿਚੋਂ ਸਭ ਤੋਂ ਪੁਰਾਣੀ ਰਾਜਧਾਨੀ ਹੈ ਜਿਸ ਵਿਚ ਪੁਰਾਣੀਆਂ ਯਾਦਗਾਰਾਂ ਵਿਚੋਂ ਕਾਫ਼ੀ ਸਾਰੀਆਂ ਸੰਭਾਲੀਆਂ ਪਈਆਂ ਹਨ। ਇਨ੍ਹਾਂ ਯਾਦਗਾਰਾਂ ਵਿਚ ਗਿਰਜਾ-ਘਰਾਂ ਦੇ ਮੀਨਾਰ, ਚੌਕ, ਫ਼ੁਹਾਰੇ, ਬਾਲਕੋਨੀਆਂ ਵਾਲੇ ਮਕਾਨ, ਢਾਲਦਾਰ ਤੰਗ ਗਲੀਆਂ, ਲੋਹੇ ਦੀਆਂ ਗਰਿੱਲਾਂ ਵਾਲੇ ਦਰਵਾਜ਼ੇ ਅਤੇ ਇਕਾਂਤ-ਬਾਗ਼ ਸ਼ਾਮਲ ਹਨ।

ਸੰਨ 1535 ਵਿਚ ਫਰਾਂਸਿਸਕੀਆਂ ਨੇ ਇਥੇ ਇਕ ਕਲਾ ਦਾ ਸਕੂਲ ਖੋਲ੍ਹਿਆ ਸੀ ਜਿਹੜਾ ਦੱਖਣੀ ਅਮਰੀਕਾ ਵਿਚ ਆਪਣੀ ਕਿਸਮ ਦਾ ਪਹਿਲਾ ਸਕੂਲ ਸੀ। ਇਸ ਨਾਲ ਇਥੇ ਧਾਰਮਿਕ ਕਲਾ ਦੀ ਇਕ ਲਹਿਰ ਚਲੀ ਜੋ ਸਾਰੇ ਸਪੇਨੀ ਬਸਤੀਵਾਦ ਕਾਲ ਦੌਰਾਨ ਪ੍ਰਫੁੱਲਤ ਹੋਈ ਅਤੇ ਲੱਕੜ ਦੇ ਚਿਤਰਕਾਰੀ-ਭਰਪੂਰ ਬੁੱਤ ਅਤੇ ਚਿਤਰਾਂ ਆਦਿ ਦਾ ਧਨ ਛੱਡ ਗਈ। ਕੀਟੋ ਦੇ ਕਈ ਗਿਰਜਾ-ਘਰ, ਮੱਠ ਅਤੇ ਭਵਨ ਤਾਂ ਅਸਲ ਵਿਚ ਅਜਾਇਬ-ਘਰ ਹਨ।

ਇਹ ਰੇਲਵੇ ਲਾਈਨ ਦੁਆਰਾ ਸਾਹਿਲ ਨਾਲ ਜੁੜਿਆ ਹੋਇਆ ਹੈ। ਇਥੇ ਇਕ ਅੰਤਰ-ਦੇਸ਼ੀ ਹਵਾਈ ਅੱਡਾ ਹੈ। ਇਥੇ 1747 ਈ. ਤੋਂ ਚਲੀ ਆ ਰਹੀ ਸੈਂਟਰਲ ਯੂਨੀਵਰਸਿਟੀ ਅਤੇ 1946 ਈ. ਤੋਂ ਐਕਵਾਡੋਰ ਦੀ ਪੋਂਟੀਫੀਸੁਲ ਕੈਥੋਲਿਕ ਯੂਨੀਵਰਸਿਟੀਆਂ ਹਨ।

ਇਹ ਐਕਵਾਡੋਰ ਦੇ ਦੋ ਸੱਨਅਤੀ ਕੇਂਦਰਾਂ ਵਿਚੋਂ ਇਕ ਹੈ। ਇਥੇ ਕੱਪੜਾ, ਹਲਕੀਆਂ ਵਰਤੋਂ ਵਾਲੀਆਂ ਵਸਤਾਂ ਅਤੇ ਚਮੜੇ, ਲੱਕੜ, ਸੋਨੇ ਤੇ ਤਾਂਬੇ ਆਦਿ ਦਾ ਸਾਮਾਨ ਤਿਆਰ ਹੁੰਦਾ ਹੈ। ਇਸ ਦੇ ਚੌਗਿਰਦੇ ਦੇ ਨੇੜੇ ਇੰਡੀਅਨ ਸਪਤਾਹਕ ਬਾਜ਼ਾਰ ਅਤੇ ਮੇਲੇ ਵੇਖਣਯੋਗ ਹੁੰਦੇ ਹਨ।

ਆਬਾਦੀ—559,828 (1974)

0°13′ ਦ. ਵਿਥ.; 78°30′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 8 : 360

**ਕੀਟਾ-ਕਿਯੂਸ਼ੂ** : ਇਹ ਜਾਪਾਨ ਦੇ ਕਿਊਸ਼ੂ ਨਾਮੀ ਦੀਪ ਵਿਚ ਫੁਕੂਓਕਾ ਪ੍ਰੀਫੈਕਚਰ ਵਿਚ ਇਕ ਸ਼ਹਿਰ ਹੈ ਜੋ ਸ਼ਿਮੋਨੋਸੈਕੀ ਅਤੇ ਸੁਸ਼ੀਮਾ ਜਲ-ਡਮਰੂਆਂ ਉਤੇ ਸਥਿੱਤ ਹੈ। ਇਹ ਸ਼ਹਿਰ ਵਾਕਾਮਾਤਸੂ, ਯਾਹਤਾ ਯਵਾਤ ਅਤੇ ਤੋਬਾਤਾ ਕੋਕੂਰਾ ਅਤੇ ਮੋਜੀ ਨਾਂ ਦੇ ਚਾਰ ਸ਼ਹਿਰਾਂ ਨੂੰ ਮਿਲਾਕੇ, 1963 ਈ. ਵਿਚ ਹੋਂਦ ਵਿਚ ਆਇਆ ਸੀ।

ਕੀਟਾ-ਕਿਯੂਸ਼ੂ ਜਾਪਾਨ ਦੇ ਉੱਘੇ ਨਿਰਮਾਣ-ਕੇਂਦਰਾਂ ਵਿਚੋਂ ਇਕ ਹੈ। ਇਹ ਭਾਰੀ ਉਦਯੋਗਾਂ ਲਈ ਵੀ ਬਹੁਤ ਪ੍ਰਸਿੱਧ ਹੈ। ਲੋਹੇ ਅਤੇ ਫ਼ੌਲਾਦ, ਭਾਰੀ ਰਸਾਇਣਿਕ ਵਸਤਾਂ, ਸੀਮਿੰਟ ਅਤੇ ਸ਼ੀਸ਼ੇ ਨੂੰ ਇਥੇ ਵਿਸ਼ੇਸ਼ਤਾ ਦਿੱਤੀ ਗਈ ਹੈ। ਵਾਕਾਮਾਤਸੂ ਵਿਖੇ ਧਾਤਾਂ, ਮਸ਼ੀਨਰੀ, ਸਮੁੰਦਰੀ ਜਹਾਜ਼ ਅਤੇ ਰਸਾਇਣਿਕ ਪਦਾਰਥ ਤਿਆਰ ਕੀਤੇ ਜਾਂਦੇ ਹਨ ਅਤੇ ਇਸ ਦੇ ਨਾਲ ਹੀ ਇਹ ਉੱਤਰੀ ਕਿਯੂਸ਼ੂ ਲਈ ਕੋਲੇ ਦੀ ਇਕ ਵੱਡੀ ਬੰਦਰਗਾਹ ਹੈ। ਤੋਬਾਤਾ ਪੱਛਮੀ ਜਾਪਾਨ ਦੇ ਡੂੰਘੇ ਸਮੁੰਦਰ ਵਿਚੋਂ ਮੱਛੀਆਂ ਫੜਨ ਵਾਲਿਆਂ ਅੱਡਿਆਂ ਵਿਚੋਂ ਇਕ ਹੈ ਅਤੇ ਇਥੇ ਸੂਤੀ ਕੱਪੜੇ ਦਾ ਉਤਪਾਦਨ ਹੁੰਦਾ ਹੈ। ਇਥੇ ਧਾਤ ਦੇ ਵੀ ਕਈ ਉਦਯੋਗ ਹਨ। ਕੋਕੂਰਾ ਵਿਚ ਲੋਹੇ ਤੇ ਫੌਲਾਦ ਅਤੇ ਮਸ਼ੀਨਰੀ ਦਾ ਉਤਪਾਦਨ ਵਧੇਰੇ ਕੀਤਾ ਜਾਂਦਾ ਹੈ। ਮੋਜੀ ਸ਼ਹਿਰ ਵਿਚ ਵੱਡੀਆਂ ਬੰਦਰਗਾਹਾਂ ਵਾਲੀਆਂ ਸਾਰੀਆਂ ਸਹੂਲਤਾਂ ਮੁਹੱਈਆ ਹਨ। ਇਹ ਕੋਲੇ ਦੀ ਸਮੁੰਦਰੀ ਜਹਾਜ਼ ਦੁਆਰਾ ਢੁਆਈ ਅਤੇ ਮੱਛੀਆਂ ਫੜਨ ਵਾਲੀ ਬੰਦਰਗਾਹ ਹੈ ਅਤੇ ਇਥੇ ਤੇਲ ਨੂੰ ਸਟੋਰ ਕਰਨ ਦੀਆਂ ਸਹੂਲਤਾਂ ਹਨ।

ਕੀਟਾ-ਕਿਯੂਸ਼ੂ ਦਾ ਵਧੇਰੇ ਸ਼ਹਿਰੀ ਖੇਤਰ ਸੁਧਾਰੀ ਹੋਈ ਤੱਟੀ ਭੂਮੀ ਉਤੇ ਹੈ। ਸ਼ਹਿਰ ਦੇ ਹੋਰ ਵਿਕਾਸ ਲਈ ਭੂਮੀ ਦੀ ਬਹੁਤ ਥੁੜ੍ਹ ਹੈ ਅਤੇ ਉਦਯੋਗਿਕ ਪਾਣੀ ਦੀ ਸਪਲਾਈ ਵੀ ਘੱਟ ਹੈ। ਸਮੁੰਦਰ ਹੇਠਲੀਆਂ ਦੋ ਸੁਰੰਗਾਂ ਸ਼ਹਿਰ ਨੂੰ ਸ਼ਿਮੋਨੋ ਸੈਕੀ ਅਤੇ ਹਾਂਸ਼ੂ ਨਾਲ ਜੋੜਦੀਆਂ ਹਨ।

ਆਬਾਦੀ— 1,065,000 (1980)

33° 53′ ਉ. ਵਿਥ: 130° 50′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 840

**ਕੀਟਾਜ਼ਾਟੋ, ਸ਼ੀਬਾਸਾਬੋਰੋ** : ਜਾਪਾਨ ਦੇ ਇਸ ਫ਼ਿਜ਼ੀਸ਼ੀਆਨ ਅਤੇ ਕਿਰਮ ਵਿਗਿਆਨੀ ਨੇ ਸੰਨ 1804 ਵਿਚ ਹਾਂਗਕਾਂਗ ਦੀ ਮਹਾਮਾਰੀ ਸਮੇਂ ਗਿਲਟੀਦਾਰ ਪਲੇਗ ਦੇ ਜੀਵਾਣੂਆਂ ਪਾਸਚੈਰਲਾ ਪੈਸਟਿਸ ਦੀ ਖੋਜ ਕੀਤੀ। ਛੂਤ ਦੀ ਇਸ ਬਿਮਾਰੀ ਦੇ ਜੀਵਾਣੂਆਂ ਦੀ ਖੋਜ ਫ਼੍ਰਾਂਸੀਸੀ ਕਿਰਮ ਵਿਗਿਆਨੀ ਅਲੈਗਜ਼ੈਂਡਰ ਯੈਰੱਮੈੱਨ ਨੇ ਵੀ ਇਸੇ ਸਾਲ ਕੀਤੀ। ਕੀਟਾਜ਼ਾਟੋ ਦਾ ਜਨਮ 20 ਦਸੰਬਰ 1852 ਨੂੰ ਓਗੁਨੀ, ਕਿਊਸ਼ੂ ਜਾਪਾਨ ਵਿਖੇ ਹੋਇਆ। ਸੰਨ 1885 ਤੋਂ 1891 ਤਕ ਇਸ ਨੇ ਬਰਲਿਨ ਦੀ ਰੌਬਰਟ ਕੌਕ ਪ੍ਰਯੋਗਸ਼ਾਲਾ ਵਿਖੇ ਪੜ੍ਹਾਈ ਕੀਤੀ, ਜਿਥੇ ਐਮਿਲ ਫਾਨ ਫੌਨਬਰਿੰਗ ਨਾਲ ਮਿਲ ਕੇ ਟੈਟਨਸ ਅਤੇ ਕਾਲੀ ਖੰਘ ਦੇ ਜੀਵਾਣੂਆਂ ਦਾ ਅਧਿਐਨ ਕੀਤਾ। ਸੰਨ 1889 ਵਿਚ ਇਸ ਨੇ ਟੈਟਨਸ ਦੇ ਜੀਵਾਣੂਆਂ ਦਾ ਸ਼ੁਧ ਕਲਚਰ ਤਿਆਰ ਕੀਤਾ। ਸੰਨ 1890 ਵਿਚ ਇਸ ਨੇ ਅਤੇ ਫੌਨਬਰਿੰਗ ਨੇ ਵਿਹੁ-ਮਾਰ ਦਵਾਈ ਦੀ ਮਹੱਤਤਾ ਤੇ ਜ਼ੋਰ ਦਿੱਤਾ। ਅਜਿਹਾ ਉਸਨੇ ਬਿਮਾਰ ਜਾਨਵਰਾਂ ਦੇ ਖ਼ੂਨ ਦੇ ਸੀਰਮ ਦਾ ਟੀਕਾ ਅਰੋਗ ਜਾਨਵਰਾਂ ਨੂੰ ਲਾ ਕੇ ਉਸ ਵਿਚ ਟੈਟਨਸ ਪ੍ਰਤਿ ਉਦਾਸੀਨਤਾ ਉਤਪੰਨ ਕਰਕੇ ਕੀਤਾ। ਸੰਨ 1892 ਵਿਚ ਵਾਪਸ ਜਾਪਾਨ ਆ ਕੇ ਇਸ ਨੇ ਟੋਕਿਓ ਦੇ ਨੇੜੇ ਪ੍ਰਯੋਗਸ਼ਾਲਾ ਦੀ ਸਥਾਪਨਾ ਕੀਤੀ ਜਿਹੜੀ ਕਿ ਸੰਨ 1899 ਵਿਚ ਛੂਤ ਦੀਆਂ ਬਿਮਾਰੀਆਂ ਦਾ ਅਧਿਐਨ ਲਈ 'ਇੰਮਪੀਅਰਲ ਜੈਪਨੀਜ਼ ਇੰਸਟੀਚਿਊਟ' ਵਿਚ ਬਦਲ ਗਈ। ਇਥੇ ਹੀ ਇਸ ਨੇ ਆਪਣੇ ਸਹਿਯੋਗੀਆਂ ਦੀ ਸਹਾਇਤਾ ਨਾਲ ਮੁਰਦਿਆਂ ਦੇ ਕਲਚਰ ਨੂੰ ਵੈਕਸੀਨੇਸ਼ਨ ਵਿਚ ਬਦਲਣ ਵਿਚ ਕਾਮਯਾਬੀ ਹਾਸਲ ਕੀਤੀ। ਇਸ ਨੇ ਤਪਦਿਕ ਦੀ ਲਾਗ ਦਾ ਅਧਿਐਨ ਵੀ ਕੀਤਾ। ਸੰਨ 1914 ਵਿਚ ਇਸਨੇ ਇਮਪੀਅਰਲ ਇਨਸਟੀਚਿਊਟ ਦੇ ਡਾਇਰੈੱਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ, ਕੀਟਾਜ਼ਾਟੋ ਇੰਸਟੀਚਿਊਟ ਦੀ ਸਥਾਪਨਾ ਕੀਤੀ।

13 ਜੂਨ, 1931 ਨੂੰ ਨਾਕਾਨੂਚੂ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 5 : 841

**ਕੀਟਾਣੂ** : ਵੇਖੋ, ਜੀਵਾਣੂ

**ਕੀਟੀਨ** : ਰਸਾਇਣ-ਵਿਗਿਆਨ ਵਿਚ ਇਹ ਉਨ੍ਹਾਂ ਕਾਰਬਨੀ ਯੋਗਿਕਾਂ ਦੀ ਇਕ ਸ਼੍ਰੇਣੀ ਹੈ ਜਿਸ ਵਿਚ ਕਾਰਬੋਨਿਲ ਗਰੁੱਪ (CO) ਮੈਥਿਲੀਨ ਜਾਂ ਇਸ ਦੇ ਮਿਲਦੇ-ਜੁਲਦੇ RCH ਅਤੇ $R_2C$ ਯੋਗਿਕਾਂ ਨਾਲ ਰਲਿਆ ਹੁੰਦਾ ਹੈ। ਇਥੇ R ਐਲਕਾਈਲ ਜਾਂ ਐਰਾਈਲ ਰੈਡੀਕਲ ਹੋ ਸਕਦਾ ਹੈ।

ਕੀਟੀਨ ($CH_2$ : CO) ਜਿਹੜੀ ਕਿ ਲੜੀ ਦਾ ਆਦਿ-ਰੂਪ ਹੈ, ਇਹ ਰੰਗਹੀਨ ਗੈਸ (ਸਧਾਰਨ ਤਾਪਮਾਨ ਉਤੇ) ਹੈ, ਜਿਸ ਦੀ ਗੰਧ ਬਹੁਤ ਤੇਜ਼ ਹੁੰਦੀ ਹੈ, ਇਸ ਨੂੰ ਦ੍ਰਵ ਅਤੇ ਠੋਸ ਅਵਸਥਾ ਵਿਚ ਬਦਲਿਆ ਜਾ ਸਕਦਾ ਹੈ। ਇਸ ਦਾ ਪਿਘਲਾਉ ਦਰਜਾ—134.6° ਸੈਂ. ਅਤੇ ਉਬਾਲ ਦਰਜਾ—56° ਸੈਂ. ਹੈ। ਇਸ ਦੀ ਖੋਜ ਸੰਨ 1907 ਵਿਚ ਐਨ. ਟੀ. ਐਮ. ਵਿਲਸਮੋਰ ਨੇ ਗੈਸੀ ਉਪਜਾਂ ਵਿਚ ਉਦੋਂ ਕੀਤੀ ਜਦੋਂ ਇਕ ਪਲੈਟਿਨਮ ਦੀ ਤਾਰ ਨੂੰ ਐਸੀਟਿਕ

ਨਹਾਈਡ੍ਰਾਈਡ ਦੀ ਸਤ੍ਹਾ ਉੱਤੇ ਬਿਜਲੀ ਦੁਆਰਾ ਗਰਮ ਕੀਤਾ ਅਤੇ ਅਦ ਵਿਚ ਸੰਨ 1908 ਵਿਚ ਐੱਚ. ਸਟੌਡਿੰਗਰ ਨੇ ਇਸ ਨੂੰ ੋਮੋਐਸਿਟਾਈਲ ਉਤੇ ਜਿਸਤ ਦੀ ਕਿਰਿਆ ਦੁਆਰਾ ਤਿਆਰ ਤਾ। ਇਸ ਤੋਂ ਮਗਰੋਂ ਓ. ਕੱਪਫਰ ਨੇ ਇਕ ਕੁਆਰਟਜ਼ ਨਲੀ ਚੋਂ 400°-500° ਸੈਂ. ਉੱਤੇ ਕਾਰਬਨਮਾਨੋਆਕਸਾਈਡ ਅਤੇ ਈਐਜ਼ੋਮੀਥੇਨ ਲੰਘਾ ਕੇ ਕੀਟੀਨ ਤਿਆਰ ਕੀਤੀ। ਇਸ ਨੂੰ ਬਣਾਉਣ ਾ ਸਭ ਤੋਂ ਸੌਖਾ ਢੰਗ ਐਸੀਟੋਨ, ਐਸੀਟਿਕ ਐਸਿਡ ਜਾਂ ਡਾਈਕੀਟੀਨ ਾ ਤਾਪ-ਅਪਘਟਨ ਹੈ।

ਕੀਟੀਨ ਬਹੁਤ ਹੀ ਕਿਰਿਆਸ਼ੀਲ ਪਦਾਰਥ ਹੋਣ ਕਰਕੇ ਾਈਡ੍ਰੋਜਨ, ਕਲੋਰਾਈਡ, ਐਸੀਟਿਕ ਐਸਿਡ, ਅਮੋਨੀਆ, ਐਨੀਲੀਨ ਾਲ ਕਿਰਿਆ ਕਰਦੀ ਹੈ ਅਤੇ ਕ੍ਰਮਵਾਰ ਐਸਿਟਾਈਲ ਕਲੋਰਾਈਡ, ।ਸੀਟਿਕ ਐਨਹਾਈਡ੍ਰਾਈਡ, ਐਸਿਟ-ਐਮਾਈਡ ਅਤੇ ਐਸਿਡ- ।ਨਿਲਾਈਡ ਬਣਦੇ ਹਨ। ਹਾਈਡ੍ਰੌਕਸੀਕ੍ਰਿਤ ਯੋਗਿਕਾਂ ਨਾਲ ਸਿੱਧੀ ਮਲਾਉਣ ਨਾਲ ਉਨ੍ਹਾਂ ਨੂੰ ਐਸਿਟਿਲਿਤ ਕਰ ਦਿੰਦੀ ਹੈ। ਟਰਸ਼ਰੀ ।ਲਕੋਹਲਾਂ ਅਤੇ ਫੀਨੋਲਾਂ ਨਾਲੋਂ ਪ੍ਰਾਇਮਰੀ ਅਲਕੋਹਲਾਂ ਉਤੇ ਬਹੁਤ ।ਲਦੀ ਅਸਰ ਕਰਦੀ ਹੈ। ਐਲਡਿਹਾਈਡਾਂ ਅਤੇ ਕੀਟੋਨਾਂ ਨਾਲ ਕ਼ਰਿਆ ਕਰਕੇ B-ਲੈਕਟੋਨ ਬਣਦੇ ਹਨ। ਜਦੋਂ ਕੀਟੀਨ ਨੂੰ ਕੁਝ ਸਮੇਂ ਣਈ ਰਖਿਆ ਜਾਂਦਾ ਹੈ ਤਾਂ ਇਹ ਤਰਲ ਡਾਈਮਰਾਈਡ ਵਿਚ ਬਦਲ ਾਂਦੀ ਹੈ ਜਿਸ ਨੂੰ ਡਾਈਕੀਟੀਨ [$(CH_2 : CO)_2$] ਕਿਹਾ ਜਾਂਦਾ ਹੈ। ਇਸ ਡਾਈਕੀਟੀਨ ਦਾ ਉਬਾਲ ਦਰਜਾ 126°-127° ਸੈਂ. ਹੁੰਦਾ ਹੈ ਮਤੇ ਇਹ ਪਾਣੀ ਨਾਲ ਮਿਲ ਕੇ ਐਸੀਟੋਐਸੀਟਿਕ ਐਸਿਡ ਤੇ ਐਨੀਲੀਨ ਨਾਲ ਮਿਲ ਕੇ ਐਸੀਟੋਐਸਿਟ-ਐਨਿਲਾਈਡ ਬਣਾਉਂਦੀ ਹੈ। ਕੀਟੀਨ ਦਾ 500° ਸੈਂ. ਉੱਤੇ ਕਾਰਬਨ-ਮਾਨੋਆਕਸਾਈਡ ਅਤੇ ਐਥੀਲੀਨ ਵਿਚ ਮਪਘਟਨ ਹੋ ਜਾਂਦਾ ਹੈ।

ਵਧੇਰੇ ਜਟਿਲ (ਕੰਪਲੈਕਸ) ਕੀਟੀਨਾਂ ਐਲਡੋਕੀਟੀਨ ਅਤੇ ਕੀਟੋਕੀਟੀਨ ਹਨ। ਐਲਡੋ ਗਰੁੱਪ ਵਿਚ ਕੀਟੀਨ ਅਤੇ ਇਸ ਦੀ ਮਾਨੋਐਲਕਾਈਲ ਤੇ ਮਾਨੋਐਰਾਈਲ ਵਿਉਤਪੰਨ RHC : CO ਸ਼ਾਮਲ ਹੁੰਦਾ ਹੈ। ਇਹ ਰੰਗਹੀਨ ਹੁੰਦੀਆਂ ਹਨ, ਇਨ੍ਹਾਂ ਦਾ ਸਵੈ-ਆਕਸੀਕਰਨ ਨਹੀਂ ਹੁੰਦਾ ਅਤੇ ਪਿਰੀਡੀਨ ਦੁਆਰਾ ਇਨ੍ਹਾਂ ਦਾ ਬਹੁਲੀ-ਕਰਨ ਹੋ ਜਾਂਦਾ ਹੈ। ਕੀਟੋ ਗਰੁੱਪ ਵਿਚ ਡਾਈਐਲਕਾਈਲ ਅਤੇ ਡਾਈਐਰਾਈਲ ਕੀਟੀਨਾਂ ਸ਼ਾਮਲ ਹਨ। ਇਹ ਵਿਉਤਪੰਨ ਰੰਗਾਂ ਵਾਲੇ ਹੁੰਦੇ ਹਨ ਅਤੇ ਇਨ੍ਹਾਂ ਦਾ ਸਵੈ-ਆਕਸੀਕਰਨ ਹੋ ਜਾਂਦਾ ਹੈ ਅਤੇ ਵਿਸ਼ੇਸ਼ ਅੰਸਤ੍ਰਿਪਤ ਨਾਈਟ੍ਰੋਜਨ ਯੋਗਿਕਾਂ ਨਾਲ ਮਿਲ ਕੇ ਜੁੜਨਸ਼ੀਲ ਯੋਗਿਕ ਬਣਾਉਂਦੇ ਹਨ ਜਿਵੇਂ ਕਿ ਸ਼ਿਫ ਖਾਰਾ, ਪਿਰੀਡੀਨ ਕੁਇਨੋਲੀਨ ਅਤੇ ਐਕਰੀਡੀਨ। ਇਕ ਵਿਸ਼ੇਸ਼ ਕਿਸਮ ਦੀ ਕੀਟੀਨ ਕਾਰਬਨ ਸਬਆਕਸਾਈਡ (O : C : C : C : O) ਹੈ।

ਹ. ਪੁ.—ਐਨ. ਬ੍ਰਿ. 13 : 318

**ਕੀਟੋਗਨਾਥ :** ਇਹ ਵਰਮਾਂ ਵਰਗੇ ਸਮੁੰਦਰੀ, ਰੀੜ੍ਹ-ਰਹਿਤ ਪ੍ਰਾਣੀਆਂ ਦਾ ਇਕ ਫਾਈਲਮ ਹੈ ਜਿਸ ਵਿਚ ਤਕਰੀਬਨ 7 ਜਿਉਂਦੀਆਂ ਅਤੇ ਇਕ ਪਥਰਾਟ ਪ੍ਰਜਾਤੀ ਅਤੇ 50 ਤੋਂ ਵਧ ਜਾਤੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਆਮ ਤੌਰ ਤੇ ਐਰੋਵਰਮ ਕਿਹਾ ਜਾਂਦਾ ਹੈ।

ਕੀਟੋਗਨਾਥਾ ਫਾਈਲਮ ਦੀਆਂ ਸੱਤ ਪ੍ਰਜਾਤੀਆਂ ਸੈਜਿਟਾ, ਸਪੱਡੈੱਲਾ, ਯੂਕਰੋਨੀਆ, ਕ੍ਰੋਹੀਨਿਟਾ, ਹੀਟਰੋਕ੍ਰੋਨੀਆ, ਬੇਥੀਸਪਡੈੱਲਾ ਅਤੇ ਟੇਰੋਸੈਜਿਟਾ ਹਨ। ਇਕ ਕੈਂਬ੍ਰੀਅਨ ਸਮੇਂ ਦੀ ਪਥਰਾਟ ਜਾਤੀ ਐਮਿਸਕਵੀਆ ਸੈਜਿਟੀਫਾਰਮੀਜ਼ (*Amiskewia Sogittiformis*) ਮਿਲੀ ਹੈ। ਬਹੁਤੇ ਪ੍ਰਾਣੀ ਸੈਜਿਟਾ ਪ੍ਰਜਾਤੀ ਵਿਚ ਆਉਂਦੇ ਹਨ। ਇਨ੍ਹਾਂ ਪ੍ਰਾਣੀਆਂ ਦਾ ਸਰੀਰ ਲੰਬੂਤਰਾ, ਨਾਜ਼ੁਕ ਅਤੇ ਪਾਰਦਰਸ਼ੀ ਜਾਂ ਅਪਾਰਦਰਸ਼ੀ ਹੁੰਦਾ ਹੈ ਜਿਹੜਾ ਦੋ ਪਰਦਿਆਂ ਜਾਂ ਝਿੱਲੀਆਂ ਦੁਆਰਾ ਸਿਰ, ਧੜ ਅਤੇ ਪੂਛ ਤਿੰਨ ਭਾਗਾਂ ਵਿਚ ਵੰਡਿਆ ਹੁੰਦਾ ਹੈ। ਇਨ੍ਹਾਂ ਦਾ ਆਕਾਰ ਤਕਰੀਬਨ 3 ਮਿ. ਮੀ. ਤੋਂ ਲੈ ਕੇ 100 ਮਿ. ਮੀ. ਤੋਂ ਵੀ ਵਧ ਹੁੰਦਾ ਹੈ। ਇਹ ਆਂਦਰ-ਖੋੜ ਵਾਲੇ, ਦੋ ਪਾਸੀ ਸਮਮਿਤ, ਦੋ ਲਿੰਗੀ (ਹਰਮੈਫ੍ਰੋਡਿਟਿਕ) ਪ੍ਰਾਣੀ ਹਨ, ਜਿਨ੍ਹਾਂ ਵਿਚ ਸਾਹ, ਮਲ-ਤਿਆਗ-ਅਤੇ ਲਹੂ-ਗੇੜ ਸਿਸਟਮ ਚੰਗੀ ਤਰ੍ਹਾਂ ਵਿਕਸਤ ਨਹੀਂ ਹੋਏ ਹੁੰਦੇ।




ਐਰੋਵਰਮ

ਸਿਰ ਦੇ ਦੋਵੇਂ ਪਾਸੇ 6-12 ਕੰਡੇ ਜਾਂ ਕਰੜੇ ਵਾਲ ਅਤੇ ਇਕ ਜਾਂ ਦੋ ਲਾਈਨਾਂ ਛੋਟੇ ਛੋਟੇ ਦੰਦਾਂ ਦੀਆਂ ਹੁੰਦੀਆਂ ਹਨ। ਪਿਛਲੇ ਪਾਸੇ ਦੋ ਛੋਟੀਆਂ ਅੱਖਾਂ ਅਤੇ ਹੇਠਲੇ ਪਾਸੇ ਮੂੰਹ ਹੁੰਦਾ ਹੈ। ਸਿਰ ਉਤੇ ਇਕ ਐਪੀਡਰਮਲ ਖੋਲ ਹੁੰਦਾ ਹੈ। ਐਲ. ਐਚ. ਹਾਈਮਨ ਅਨੁਸਾਰ ਸਿਰ ਦੇ ਅਖੀਰ ਉਤੇ ਪਿਛਲੇ ਪਾਸੇ ਐਪੀਡਰਮਲ ਸੈੱਲਾਂ ਦਾ ਬਣਿਆ ਇਕ ਕੋਰੋਨਾ ਸਿਲੀਏਟਾ ਦਾ ਹੋਣਾ ਇਨ੍ਹਾਂ ਪ੍ਰਾਣੀਆਂ ਦਾ ਮੁੱਖ ਲੱਛਣ ਹੈ। ਇਨ੍ਹਾਂ ਦਾ ਸਰੀਰ ਇਕ ਪਤਲੀ ਕਿਊਟਿਕਲ ਨਾਲ ਢਕਿਆ ਹੁੰਦਾ ਹੈ, ਜਿਹੜੀ ਹੇਠਲੇ ਐਪੀਡਰਮਲ ਸੈੱਲਾਂ ਤੋਂ ਰਿਸਦੀ ਹੈ। ਐਪੀਡਰਮਿਸ ਤੋਂ ਹੇਠਾਂ ਚਾਰ ਧਾਰੀਆਂ ਲੰਬਕਾਰੀ ਪੇਸ਼ੀਆਂ ਦੀਆਂ ਹੁੰਦੀਆਂ ਹਨ। ਕੀਟੋਗਨਾਥ ਸ਼ਿਕਾਰ ਖੋਰ ਪ੍ਰਾਣੀ ਹਨ, ਜਿਹੜੇ ਕੋਪੇਪੋਡ ਛੋਟੇ-ਛੋਟੇ ਕ੍ਰਸਟੇਸ਼ੀਆ ਅਤੇ ਮੱਛੀਆਂ ਦੇ ਲਾਰਵੇ ਖਾ ਕੇ ਗੁਜ਼ਾਰਾ ਕਰਦੇ ਹਨ।

ਕੀਟੋਗਨਾਥ ਨਰ-ਪੂਰਵੀ ਪ੍ਰਾਣੀ ਹਨ ; ਅਰਥਾਤ ਇਨ੍ਹਾਂ ਵਿਚ ਨਰ ਗੋਨੈਡ, ਸਾਦਾ ਗੋਨੈਡਾਂ ਤੋਂ ਪਹਿਲਾਂ ਪ੍ਰੌਢ ਹੋ ਜਾਂਦੇ ਹਨ। ਬਹੁਤੇ ਕੀਟੋਗਨਾਥ ਪ੍ਰਾਣੀ ਅੰਡੇ ਜਣਨ ਤੋਂ ਬਾਅਦ ਮਰ ਜਾਂਦੇ ਹਨ। ਪਰ-ਨਿਸ਼ੇਚਨ ਵੀ ਇਨ੍ਹਾਂ ਪ੍ਰਾਣੀਆਂ ਵਿਚ ਮਿਲਦਾ ਹੈ। ਵਿਕਾਸ ਸਿੱਧਾ ਹੀ ਹੁੰਦਾ ਹੈ। ਅੰਡੇ ਵਿਚੋਂ ਨਿਕਲਣ ਵਾਲਾ ਬੱਚਾ ਇਕ ਮਿ. ਮੀ. ਜਾਂ ਇਸ ਤੋਂ ਵੀ ਛੋਟਾ ਹੁੰਦਾ ਹੈ ਅਤੇ ਇਸ ਦੀ ਸ਼ਕਲ ਬਾਲਗ ਨਾਲ ਮਿਲਦੀ-ਜੁਲਦੀ ਹੁੰਦੀ ਹੈ।

ਇਹ ਪ੍ਰਾਣੀ ਦੁਨੀਆ ਦੇ ਸਾਰੇ ਹੀ ਸਮੁੰਦਰਾਂ ਵਿਚ ਬਹੁਤ ਗਿਣਤੀ ਵਿਚ ਮਿਲਦੇ ਹਨ। ਪ੍ਰਾਣੀ ਜਗਤ ਵਿਚ ਇਨ੍ਹਾਂ ਦੀ ਸਹੀ ਥਾਂ ਨਿਸ਼ਚਤ ਕਰਨੀ ਔਖੀ ਹੈ। ਵਖੋ ਵਖਰੇ ਸਾਇੰਸਦਾਨਾਂ ਨੇ ਇਨ੍ਹਾਂ ਦੇ ਸਬੰਧ ਕਈ ਫਾਈਲਮਾਂ ਜਿਵੇਂ ਕਿ ਐਨੇਲਿਡਾ, ਆਰਥ੍ਰੋਪੋਡਾ, ਮੋਲਸਕਾ, ਇਕਾਈਨੋਡਰਮੇਟਾ, ਨੇਮਾਟੋਡਾ ਅਤੇ ਕਾੱਰਡੇਟਾ ਨਾਲ ਦਸਿਆ ਹੈ।

ਹ. ਪੁ.—ਐਨ. ਬ੍ਰਿ. 5 : 230; ਐਨ. ਬ੍ਰਿ. ਮੈ. 4 : 18

**ਕੀਟੋਨ :** ਕੀਟੋਨਾਂ ਦਾ ਸਾਧਾਰਨ ਫ਼ਾਰਮੂਲਾ $R-CO-R'$ ਹੈ। ਜੇਕਰ ਗਰੁੱਪ $R$ ਅਤੇ $R'$ ਇਕੋ ਹੋਣ ਤਾਂ ਕੀਟੋਨ ਨੂੰ ਸਰਲ ਕੀਟੋਨ ਕਿਹਾ ਜਾਂਦਾ ਹੈ, ਇਸ ਦੀ ਸਭ ਤੋਂ ਪ੍ਰਸਿੱਧ ਉਦਾਹਰਨ ਐਸੀਟੋਨ ਹੈ, ਜਿਸ ਦੀ ਵਰਤੋਂ ਸੰਸਾਰ ਦੇ ਪਹਿਲੇ ਅਤੇ ਦੂਸਰੇ ਯੁੱਧ ਦੌਰਾਨ ਵਿਸਫ਼ੋਟਕ ਧੂੰਆਂ-ਰਹਿਤ ਬੰਬ ਬਣਾਉਣ ਲਈ ਘੋਲਕ ਦੇ ਤੌਰ ਤੇ ਕੀਤੀ ਗਈ ਸੀ। ਜੇਕਰ ਇਹ ਗਰੁੱਪ ਵਖਰੇ ਵਖਰੇ ਹੋਣ ਤਾਂ ਇਕ ਮਿਸ਼ਰਿਤ ਕੀਟੋਨ ਬਣਦੀ ਹੈ ਅਤੇ ਇਸ ਦੀ ਵਿਸ਼ੇਸ਼ ਉਦਾਹਰਨ ਐਸੀਟੋਫ਼ੀਨੋਨ, $CH_3-CO-C_6H_5$ ਹੈ। ਇਸ ਦੀ ਵਰਤੋਂ 'ਹਿਪਨੋਨ' ਨਾਂ ਨਾਲ ਨੀਂਦ ਵਾਲੀ ਦਵਾਈ ਦੇ ਤੌਰ ਤੇ ਕੀਤੀ ਜਾਂਦੀ ਹੈ।

ਐਲੀਫ਼ੈਟਿਕ ਕੀਟੋਨਾਂ ਦੇ ਹੇਠਲੇ ਮੈਂਬਰ ਪਾਣੀ ਨਾਲੋਂ ਹਲਕੇ ਤਰਲ ਹਨ। ਉਚੇਰੇ ਮੈਂਬਰ (ਅਰਥਾਤ $C_{12}$ ਵਾਲੇ ਅਤੇ ਉਪਰਲੇ) ਠੋਸ ਹਨ। ਮੀਥਾਈਲ, ਈਥਾਈਲ ਕੀਟੋਨ, ਮਿਸ਼ਰਿਤ ਕੀਟੋਨਾਂ ਵਿਚੋਂ ਸਭ ਤੋਂ ਸਰਲ ਹੈ। ਇਹ ਲੱਕੜ ਦੇ ਤਾਪ-ਅਪਘਟਨ ਦੀ ਉਪਜ ਵਿਚ ਮਿਲਦੀ ਹੈ ਅਤੇ ਸੈਕੰਡਰੀ-ਬਿਊਟਾਈਲ ਅਲਕੋਹਲ ਦੇ ਵਿਹਾਈਡ੍ਰੋਜਨੀਕਰਨ ਦੁਆਰਾ ਤਿਆਰ ਕੀਤੀ ਜਾਂਦੀ ਹੈ। ਇਸ ਕੀਟੋਨ ਦੀ ਵਰਤੋਂ ਡਾਈਮੀਥਾਈਲਗਲਾਈਔਕਸਾਈਮ ਬਣਾਉਣ ਲਈ ਕੀਤੀ ਜਾਂਦੀ ਹੈ, ਜਿਹੜਾ ਕਿ ਨਿਕਲ ਲਈ ਵਿਸ਼ਲੇਸ਼ਾਤਮਕ ਰੀਏਜੈਂਟ ਵਾਸਤੇ ਲਾਹੇਵੰਦ ਹੈ। ਪਿਨਾਕੋਲੋਨ ਜਾਂ ਮੀਥਾਈਲ ਟਰਸ਼ਰੀ-ਬਿਊਟਾਈਲ ਕੀਟੋਨ ਇਕ ਤਰਲ ਹੈ ਜਿਹੜਾ ਕਿ 106° ਸੈਂ. ਉਤੇ ਉਬਲਦਾ ਹੈ। ਇਸ ਨੂੰ ਬਣਾਉਣ ਲਈ ਪਿਨਾਕੋਲ ਉਤੇ ਹਲਕੇ ਗੰਧਕ ਦੇ ਤੇਜ਼ਾਬ ਦੀ ਕਿਰਿਆ ਕਰਵਾਈ ਜਾਂਦੀ ਹੈ। ਇਸ ਵਿਸ਼ੇਸ਼ ਕਿਰਿਆ ਨੂੰ 'ਪਿਨਾਕੋਲ ਰੀਅਰੇਂਜਮੈਂਟ' ਕਿਹਾ ਜਾਂਦਾ ਹੈ। ਐਰੋਮੈਟਿਕ ਕੀਟੋਨਾਂ ਜਾਂ ਤਾਂ ਅੰਸ਼ਕ ਤੌਰ ਤੇ ਐਲੀਫ਼ੈਟਿਕ ਜਾਂ ਪੂਰੀ ਤਰ੍ਹਾਂ ਐਰੋਮੈਟਿਕ ਹੋ ਸਕਦੀਆਂ ਹਨ।

**ਕੀਟੋਨਾਂ ਬਣਾਉਣ ਦੇ ਸਾਧਾਰਨ ਢੰਗ**—(1) ਉਤਪ੍ਰੇਰਕ ਦੀ ਹੋਂਦ ਵਿਚ ਸੈਕੰਡਰੀ ਅਲਕੋਹਲਾਂ ਦੇ ਆਕਸੀਕਰਨ ਜਾਂ ਤਾਪ ਵਿਹਾਈਡ੍ਰੋਜਨੀਕਰਨ ਦੁਆਰਾ ਗਰਮ ਕੀਤਾ-ਲਘੂਕ੍ਰਿਤ ਤਾਂਬਾ ਉਤਪ੍ਰੇਰਕ ਵਜੋਂ ਵਰਤਿਆ ਜਾ ਸਕਦਾ ਹੈ; (2) ਗੰਧਕ ਦੇ ਤੇਜ਼ਾਬ ਅਤੇ ਮਰਕਿਊਰਿਕ ਲੂਣਾਂ ਦੀ ਹੋਂਦ ਵਿਚ ਐਸਿਟਿਲੀਨ ਦੇ ਵਿਉਤਪੰਨਾਂ ਦੀ ਹਾਈਡ੍ਰੇਸ਼ਨ ਦੁਆਰਾ; (3) ਐਸਿਡ ਕਲੋਰਾਈਡਾਂ ਅਤੇ ਆਰਗੈਨੋ-ਜਿਸਤ ਜਾਂ ਆਰਗੈਨੋ-ਕੈਡਮੀਅਮ ਯੋਗਿਕਾਂ ਦੀ ਪਰਸਪਰ ਕਿਰਿਆ ਦੁਆਰਾ ਅਤੇ (4) ਫਰੀਡਲ ਕਰਾਫਟਸ ਕਿਰਿਆ ਉਨ੍ਹਾਂ ਕੀਟੋਨਾਂ ਲਈ ਲਾਗੂ ਹੁੰਦੀ ਹੈ ਜਿਨ੍ਹਾਂ ਵਿਚ ਇਕ ਜਾਂ ਦੋ ਐਰੋਮੈਟਿਕ ਰੈਡੀਕਲ ਹੋਣ। ਉਦਾਹਰਨ ਦੇ ਤੌਰ ਤੇ ਐਸਿਟਾਈਲ ਕਲੋਰਾਈਡ ਬੈਂਨਜ਼ੀਨ ਨਾਲ ਮਿਲ ਕੇ ਐਸਿਟੋਫ਼ੀਨੋਨ ਅਤੇ ਕਾਰਬੋਨਾਈਲ ਕਲੋਰਾਈਡ ਜਾਂ ਬੈਂਨਜ਼ੋਇਨ ਕਲੋਰਾਈਡ ਬੈਂਨਜ਼ੀਨ ਨਾਲ ਬੈਂਨਜ਼ੋਫ਼ੀਨੋਨ ਬਣਾਉਂਦੇ ਹਨ।

**ਸਾਧਾਰਨ ਕਿਰਿਆਵਾਂ**—ਕੀਟੋਨਾਂ ਆਕਸੀਕਾਰਕਾਂ ਨਾਲੋਂ ਵਧੇਰੇ ਪ੍ਰਤਿਰੋਧਕ ਹੁੰਦੀਆਂ ਹਨ। ਇਹ ਹਾਈਡ੍ਰੋਜਨ ਅਤੇ ਪਲੈਟਿਨਮ, ਪੈਲੇਡੀਅਮ ਜਾਂ ਨਿਕਲ ਉਤਪ੍ਰੇਰਕ ਦੁਆਰਾ ਬੜੀ ਆਸਾਨੀ ਨਾਲ ਸੈਕੰਡਰੀ ਅਲਕੋਹਲਾਂ ਵਿਚ ਲਘੂਕ੍ਰਿਤ ਹੋ ਜਾਂਦੇ ਹਨ ਅਤੇ ਐਲੂਮਿਨੀਅਮ, ਸੋਡੀਅਮ ਜਾਂ ਮੈਗਨੀਸ਼ੀਅਮ ਅਮੈਲਗਮਾਂ ਦੁਆਰਾ ਸੈਕੰਡਰੀ ਅਲਕੋਹਲਾਂ ਅਤੇ ਪਿਨਾਕੋਲਾਂ ਵਿਚ ਬਦਲ ਜਾਂਦੀਆਂ ਹਨ।

ਜੋੜਾਤਮਕ ਉਪਜਾਂ ਕੀਟੋਨਾਂ ਦੁਆਰਾ ਐਲਡਿਹਾਈਡਾਂ ਨਾਲੋਂ ਘੱਟ ਤੇਜ਼ੀ ਨਾਲ ਬਣਦੀਆਂ ਹਨ। ਫਿਰ ਵੀ ਕੀਟੋਨਾਂ ਅਤੇ ਮਰਕੈਪਟਨਾਂ ਜੋੜਾਤਮਕ ਯੋਗਿਕ ਬਣਾਉਂਦੀਆਂ ਹਨ ਜਿਵੇਂ ਕਿ ਐਸੀਟੋਨ ਅਤੇ ਈਥਾਈਲ ਮਰਕੈਪਟਨ ਤੋਂ ਮਰਕੈਪਟੋਲ। ਇਸ ਮਰਕੈਪਟਾਲ ਦੇ ਆਕਸੀਕਰਨ ਦੁਆਰਾ ਸਲਫ਼ੋਨਲ ਦਵਾਈ ਬਣਦੀ ਹੈ। ਗ੍ਰੀਨਯਾਰਡ ਰੀਏਜੈਂਟ ਕੀਟੋਨਾਂ ਨਾਲ ਮਿਲ ਜਾਂਦੇ ਹਨ ਅਤੇ ਜਦੋਂ ਉਪਜਾਂ ਦਾ ਪਾਣੀ ਨਾਲ ਅਪਘਟਨ ਕੀਤਾ ਜਾਂਦਾ ਹੈ ਤਾਂ ਟਰਸ਼ਰੀ ਅਲਕੋਹਲਾਂ ਬਣਦੀਆਂ ਹਨ। ਹਾਈਡ੍ਰੋਜਨ ਸਾਇਆਨਾਈਡ ਅਤੇ ਕੀਟੋਨ ਮਿਲ ਕੇ ਹਾਈਡ੍ਰੌਕਸੀਨਾਈਟ੍ਰਾਈਲ ਬਣਾਉਂਦੇ ਹਨ ਜਿਨ੍ਹਾਂ ਦਾ ਜਲ ਅਪਘਟਨ ਹਾਈਡ੍ਰੌਕਸੀਕਾਰਬੌਕਸੀਲਿਕ ਐਸਿਡਾਂ ਵਿਚ ਹੋ ਸਕਦਾ ਹੈ ਅਤੇ ਕੁਝ ਕੁ ਕੀਟੋਨਾਂ ਸੋਡੀਅਮ ਹਾਈਡ੍ਰੋਜਨ ਸਲਫ਼ਾਈਟ ਨਾਲ ਮਿਲ ਕੇ ਬਾਈ-ਸਲਫ਼ਾਈਟ ਯੋਗਿਕ ਬਣਾਉਂਦੀਆਂ ਹਨ। ਇਨ੍ਹਾਂ ਬਾਈਸਲਫ਼ਾਈਟ ਯੋਗਿਕਾਂ ਤੋਂ ਸੋਡੀਅਮ ਕਾਰਬੋਨੇਟ ਦੇ ਜਲੀ ਘੋਲ ਦੁਆਰਾ ਕੀਟੋਨ ਨੂੰ ਪੁਨਰਯੋਜਿਤ ਕੀਤਾ ਜਾ ਸਕਦਾ ਹੈ।

ਕੀਟੋਨਾਂ ਨੂੰ ਹਾਈਡ੍ਰੌਕਸਿਲਐਮੀਨ ਦੁਆਰਾ ਦ੍ਰਵਿਤ ਕਰਨ ਨਾਲ ਕੀਟੌਕਸਿਮ ਬਣਦੇ ਹਨ। ਇਕ ਮਿਸ਼ਰਿਤ ਕੀਟੋਨ $R-CO-R'$ ਨਾਲ ਅਕਸਰ ਦੋ ਔਕਸਿਮ $R-CR'=NOH$, ਬਣਦੇ ਹਨ, ਜਿਸ ਦੀ ਸਮ-ਅੰਗਤਾ ਦੀ ਵਿਆਖਿਆ ਦੂਹਰੇ ਬੰਧਿਤ ਰੈਜਿਡਿਊ $-\overset{|}{C}=N-$ ਦੁਆਲੇ $R$, $R'$ ਅਤੇ $OH$ ਗਰੁੱਪਾਂ ਦੀ ਭਿੰਨ ਭਿੰਨ ਤ੍ਰੈਵਿਮੀ ਤਰਤੀਬ ਦੁਆਰਾ ਕੀਤੀ ਜਾਂਦੀ ਹੈ।

ਤ੍ਰੈਵਿਮੀ-ਸਮ-ਅੰਗਕ ਔਕਸਿਮਾਂ ਦੇ ਅਧਿਐਨ ਵਿਚ ਕੀਟੌਕਸਿਮਾਂ ਵਿਚ ਆਈ ਵਿਸ਼ੇਸ਼ ਰਸਾਇਣਕ ਤਬਦੀਲੀ ਦੀ ਬਹੁਤ ਵਰਤੋਂ ਕੀਤੀ ਗਈ ਹੈ। ਇਸ ਤਬਦੀਲੀ ਨੂੰ ਬੈੱਕਮੈਨ ਰੀਅਰੇਂਜਮੈਂਟ (1886) ਕਿਹਾ ਜਾਂਦਾ ਹੈ। ਇਸ ਤਬਦੀਲੀ ਉਤੇ ਫ਼ਾਸਫ਼ੋਰਸ ਪੈਂਟਾਕਲੋਰਾਈਡ, ਬੈਂਨਜ਼ੀਨਸਲਫ਼ੋਨਿਲ ਕਲੋਰਾਈਡ ਜਾਂ ਗਰਮ ਗੰਧਕ ਦੇ ਤੇਜ਼ਾਬ ਦਾ ਪ੍ਰਭਾਵ ਪੈਂਦਾ ਹੈ। ਕੀਟੋਨ ਉਤਪ੍ਰੇਰਕਾਂ ਦੀ ਕਿਰਿਆ ਦੁਆਰਾ ਕੀਟੋਨਾਂ ਅਤੇ ਐਸਟਰਾਂ ਨਾਲ ਦ੍ਰਵਿਤ ਹੋ ਜਾਂਦੇ ਹਨ। ਇਸ ਤਰ੍ਹਾਂ ਐਸੀਟੋਨ ਆਪਣੇ ਆਪ ਨਾਲ ਹੀ ਕਿਰਿਆ ਕਰਕੇ ਡਾਈਐਸੀਟੋਨ ਅਲਕੋਹਲ ਅਤੇ ਐਸੀਟਾਈਲ ਆਕਸਾਈਡ ਬਣਾਉਂਦੀ ਹੈ।

**ਡਾਈਕੀਟੋਨ**—ਉਹ ਯੋਗਿਕ ਜਿਨ੍ਹਾਂ ਦੇ ਅਣੂਆਂ ਵਿਚ ਦੋ ਕੀਟੋਨੀ ਗਰੁੱਪ ਹੋਣ, ਡਾਈਕੀਟੋਨ ਕਹਾਉਂਦੇ ਹਨ ਅਤੇ ਇਹ ਗਰੁੱਪ ਅਤੇ ਹੋਰ ਸਬ-ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ। ਇਹ ਵੰਡ ਇਸ ਤੇ ਨਿਰਭਰ ਹੈ ਕਿ ਕੀ ਦੋ ਕਾਰਬੋਨਿਲ ਗਰੁੱਪ ਜੁੜਵੇਂ ਹਨ ਜਾਂ ਇਕ ਦੋ ਕਾਰਬਨ ਪਰਮਾਣੂਆਂ ਦੁਆਰਾ ਵਖਰੇ ਕੀਤੇ ਹੋਏ ਹਨ।

1, 2 ਜਾਂ α– ਡਾਈਕੀਟੋਨਾਂ ਦਾ ਸਭ ਤੋਂ ਸਰਲ ਮੈਂਬਰ ਡਾਈਐਸਿਟਾਈਲ, $CH_3-CO-CO-CH_3$ ਹੈ, ਜਿਸ ਦਾ ਰੰਗ ਪੀਲਾ-ਹਰਾ ਹੁੰਦਾ ਹੈ ਅਤੇ ਤਰਲ-ਅਵਸਥਾ ਵਿਚ ਪ੍ਰਾਪਤ ਹੁੰਦਾ ਹੈ। ਇਸ ਦਾ ਉਬਾਲ ਦਰਜਾ 88° ਸੈਂ. ਅਤੇ 22° ਸੈਂ. ਉਤੇ ਵਿਸ਼ਿਸ਼ਟ ਘਣਤਾ 0.9734 ਹੈ। ਇਹ ਕਈ ਜ਼ਰੂਰੀ ਤੇਲਾਂ ਦੇ ਨਮੀਂ ਵਾਲੇ ਕਸ਼ੀਦਿਤ ਪਦਾਰਥਾਂ ਵਿਚੋਂ ਮਿਲਦਾ ਹੈ, ਉਦਾਹਰਨ ਦੇ ਤੌਰ ਤੇ ਬੇ (ਇਕ ਕਿਸਮ ਦੀ ਝਾੜੀ), ਦਿਆਰ ਦੀ ਲੱਕੜੀ, ਆਈਰਿਸ ਅਤੇ ਚੰਦਨ ਦੀ ਲੱਕੜੀ ਦੇ ਤੇਲ। ਇਹ ਮੱਖਣ ਵਿਚ ਵੀ ਮਿਲਦਾ ਹੈ। ਡਾਈਐਸਿਟਾਈਲ ਨੂੰ ਬਣਾਉਣ ਲਈ ਮੀਥਾਈਲ ਕੀਟੋਨ ਦੀ ਕਿਰਿਆ ਐਮਾਈਲ ਨਾਈਟ੍ਰਾਈਟ ਨਾਲ ਕਰਵਾਉਣ ਉਪਰੰਤ ਬਣੇ ਡਾਈਐਸਿਟਾਈਲ-ਮਾਨੋਔਕਸਿਮ ਦਾ ਹਲਕੇ ਗੰਧਕ ਦੇ ਤੇਜ਼ਾਬ ਨਾਲ ਜਲ-ਅਪਘਟਨ ਕੀਤਾ ਜਾਂਦਾ ਹੈ।

ਐਸਿਟਾਈਲਐਸੀਟੋਨ, 1, 3– ਜਾਂ β– ਡਾਈਕੀਟੋਨਾਂ ਵਿਚੋਂ ਸਭ ਤੋਂ ਸਾਧਾਰਨ ਤਰਲ ਹੈ ਜਿਸ ਦਾ ਉਬਾਲ ਦਰਜਾ 139° ਸੈਂ. ਹੈ। ਇਹ ਰੰਗਹੀਨ ਹੈ ਅਤੇ ਇਸ ਦੀ ਗੰਧ ਬਹੁਤ ਤੇਜ਼ ਹੁੰਦੀ ਹੈ। ਇਸ ਨੂੰ ਦੋ ਸਮ-ਅੰਗਕ ਕਿਸਮਾਂ $CH_3-CO-CH_2-CO-CH_3$ ਅਤੇ $CH_3-C(OH)=CH-CO-CH_3$ ਦਾ ਸੰਤੁਲਨ ਮਿਸ਼ਰਣ ਮੰਨਿਆ ਜਾਂਦਾ ਹੈ। ਐਸਿਟਾਈਲਐਸੀਟੋਨ ਬਣਾਉਣ ਲਈ ਈਥਾਈਲ ਐਸੀਟੇਟ ਅਤੇ ਐਸੀਟੋਨ ਨੂੰ ਵਾਰੋ ਵਾਰੀ ਖ਼ੁਸ਼ਕ ਈਥਰ ਵਿਚ ਸੋਡੀਅਮ ਦੀ ਤਾਰ ਨਾਲ ਮਿਲਾਇਆ ਜਾਂਦਾ ਹੈ।

ਹ. ਪੂ.—ਐਨ. ਬ੍ਰਿ. 1 : 555

**ਕੀਥ, ਸਰ ਆਰਥਰ :** ਇਸ ਸਰੀਰ-ਕਿਰਿਆ ਅਤੇ ਮਾਨਵ-ਗਿਆਨੀ ਦਾ ਜਨਮ 5 ਫਰਵਰੀ, 1866 ਨੂੰ ਐਬਰਡੀਨ, ਸਕਾਟਲੈਂਡ ਵਿਖੇ ਹੋਇਆ। ਇਸ ਨੇ ਮਨੁੱਖੀ ਪਥਰਾਟ ਦੇ ਅਧਿਐਨ ਵਿਚ ਕਾਫ਼ੀ ਮੁਹਾਰਤ ਹਾਸਲ ਕੀਤੀ। ਇਸ ਨੇ ਮਾਊਂਟ ਕਾਰਮਲ (ਇਸਰਾਈਲ) ਸਕੈਲਟਨ ਗਰੁਪ ਅਤੇ ਯੂਰਪ ਅਤੇ ਉੱਤਰੀ ਅਫ਼ਰੀਕਾ ਦੇ ਇਲਾਕਿਆਂ ਵਿਚੋਂ ਲਏ ਗਏ ਪਥਰਾਟਾਂ ਤੋਂ ਪੁਰਾਤਨ ਹੋਮਿਨਿਡ ਕਿਸਮਾਂ ਦਾ ਮੁੜ ਨਿਰਮਾਣ ਕੀਤਾ।

ਕੀਥ ਨੇ ਮੈਡੀਸਨ, ਸਾਇੰਸ ਅਤੇ ਕਾਨੂੰਨ ਵਿਚ ਡਾਕਟ੍ਰੇਟ ਦੀ ਡਿਗਰੀ ਹਾਸਲ ਕੀਤੀ ਅਤੇ 1908 ਵਿਚ ਰੌਇਲ ਕਾਲਜ ਔਫ਼ ਸਰਜਨਜ਼ ਵਿਚ ਪ੍ਰੋਫ਼ੈਸਰ ਬਣਿਆ। ਇਹ ਲੰਡਨ ਦੀ ਰਾਇਲ ਇੰਸਟੀਚਿਊਟ ਵਿਚ 1918 ਤੋਂ 1923 ਤਕ ਫਿਜ਼ਿਔਲੋਜੀ ਦਾ ਪ੍ਰੋਫ਼ੈਸਰ ਰਿਹਾ। ਸੰਨ 1930-33 ਤਕ ਇਸ ਨੇ ਐਬਰਡੀਨ ਯੂਨੀਵਰਸਿਟੀ ਵਿਚ ਰੈਕਟਰ ਦੇ ਤੌਰ ਤੇ ਵੀ ਕੰਮ ਕੀਤਾ। ਇਸ ਦੇ ਮੁਖ ਕੰਮਾਂ ਵਿਚ ਐਂਟੀਕਿਊਟੀ ਆਫ਼ ਮੈਨ (1915), ਕਨਸਰਨਿੰਗ ਮੈਨਜ਼ ਓਰੀਜ਼ਨ (1927), ਨਿਊ ਥਿਊਰੀ ਆਫ਼ ਹਿਊਮੈਨ ਐਵੋਲੂਸ਼ਨ (1948) ਪ੍ਰਸਿੱਧ ਹਨ। ਉਤਪਤੀ ਤੇ ਲਿਖਦਿਆਂ ਕੀਥ ਨੇ ਪ੍ਰਤਿਯੋਗਤਾ-ਮੂਲਕ ਗੁਣਾਂਕ ਤੇ ਜ਼ੋਰ ਦਿਤਾ ਅਤੇ ਨਸਲੀ ਅਤੇ ਕੌਮੀ ਪੱਖਪਾਤ ਦੇ ਲਾਭਦਾਇਕ ਹੋਣ ਬਾਰੇ ਵਿਆਖਿਆ ਦਿਤੀ। ਇਸ ਨੇ 1950 ਵਿਚ ਸ੍ਵੈ-ਜੀਵਨੀ ਲਿਖੀ।

ਹ. ਪੁ.—ਐਨ. ਬ੍ਰਿ. ਮਾ. 5 : 748

**ਕੀਥ, ਸਰ ਆਰਥਰ ਬੇਰੀਡੇਲ :** ਇਸ ਅੰਗਰੇਜ਼ ਵਿਦਵਾਨ ਦਾ ਜਨਮ ਸੰਨ 1889 ਵਿਚ ਹੋਇਆ। ਇਹ ਸੰਸਕ੍ਰਿਤ ਸਾਹਿਤ, ਵਿਸ਼ੇਸ਼ ਕਰਕੇ ਵੈਦਿਕ ਸਾਹਿਤ ਦਾ ਉੱਘਾ ਪੰਡਿਤ ਸੀ ਅਤੇ ਇਸ ਵਿਸ਼ੇ ਤੇ ਅੰਗਰੇਜ਼ੀ ਭਾਸ਼ਾ ਵਿਚ ਇਸ ਦੇ ਗ੍ਰੰਥ ਬੜੇ ਪ੍ਰਸਿੱਧ ਅਤੇ ਪ੍ਰਮਾਣਿਕ ਮੰਨੇ ਜਾਂਦੇ ਹਨ। ਇਹ ਆਕਸਫੋਰਡ ਯੂਨੀਵਰਸਿਟੀ ਵਿਚ ਮੈਕਡਾਨੇਲਡ ਤੋਂ ਬਾਅਦ ਸੰਸਕ੍ਰਿਤ ਦੇ ਪ੍ਰੋਫ਼ੈਸਰ ਦੀ ਪਦਵੀ ਉਤੇ ਨਿਯੁਕਤ ਹੋਇਆ। ਇਸ ਤੋਂ ਮਗਰੋਂ ਇਹ ਐਡਿਨਬਰਾ ਯੂਨੀਵਰਸਿਟੀ ਵਿਚ ਪੜ੍ਹਾਉਣ ਲਗ ਪਿਆ। ਮੈਕਡਾਨੇਲਡ ਦੀ ਮਦਦ ਨਾਲ ਆਪਣੇ ਵਿਦਿਆਰਥੀ ਜੀਵਨ ਵਿਚ ਇਸ ਨੇ "ਵੈਦਿਕ ਇੰਡੈਕਸ" ਨਾਂ ਦੇ ਪ੍ਰਸਿੱਧ ਗ੍ਰੰਥ ਦੀ ਰਚਨਾ ਕੀਤੀ, ਜਿਸ ਵਿਚ ਵੇਦਾਂ ਵਿਚ ਆਉਣ ਵਾਲੇ ਪ੍ਰਸਿੱਧ ਸ਼ਬਦਾਂ ਅਤੇ ਵਿਸ਼ਿਆਂ ਦੀ ਵਿਗਿਆਨਕ ਵਿਆਖਿਆ ਕੀਤੀ ਗਈ ਹੈ। ਇਹ ਗ੍ਰੰਥ ਵੇਦਾਂ ਸਬੰਧੀ ਖੋਜ ਕਰਨ ਵਾਲਿਆਂ ਲਈ ਇਕ ਅਦੁੱਤੀ ਦੇਣ ਹੈ। ਕੀਥ ਨੇ ਤੈਤਿੱਰੀਯ ਸੰਹਿਤਾ, ਐੱਤਰੇਯ ਬ੍ਰਾਹਮਣ ਅਤੇ ਅਰਣਯਕ ਆਦਿ ਅਨੇਕ ਗ੍ਰੰਥਾਂ ਦੀ ਨਿਪੁੰਨਤਾ ਸਹਿਤ ਸੰਪਾਦਨਾ ਕੀਤੀ। ਇਸ ਤੋਂ ਇਲਾਵਾ ਸੰਸਕ੍ਰਿਤ ਕਾਵਿ, ਨਾਟਕ, ਤੱਤ ਗਿਆਨ ਅਤੇ ਇਤਿਹਾਸ ਉਤੇ ਵੀ ਲਿਖੇ ਇਸ ਦੇ ਗ੍ਰੰਥ ਕਾਫ਼ੀ ਮਹੱਤਵਪੂਰਨ ਹਨ। ਸੰਵਿਧਾਨ ਅਤੇ ਪ੍ਰਸ਼ਾਸਨ ਸਬੰਧੀ ਸਮੱਸਿਆਵਾਂ ਉਤੇ ਵੀ ਕੀਥ ਨੇ ਕਾਫ਼ੀ ਗੰਭੀਰ ਅਤੇ ਪ੍ਰਮਾਣਿਕ ਗ੍ਰੰਥ ਲਿਖੇ ਹਨ, ਜਿਹੜੇ ਆਪਣੇ ਖੇਤਰ ਵਿਚ ਕਾਫ਼ੀ ਮਹੱਤਵਪੂਰਨ ਹਨ।

ਇਸ ਦੀ ਮੌਤ ਸੰਨ 1944 ਵਿਚ ਹੋਈ।

ਹ. ਪੁ.—ਹਿੰ. ਵਿ. ਕੋ. 3 : 43

**ਕੀਨ, ਵਿਲੀਅਮ ਵਿਲੀਅਮ :** ਸੰਯੁਕਤ ਰਾਜ ਅਮਰੀਕਾ ਦੇ ਇਸ ਪਹਿਲੇ ਦਿਮਾਗੀ ਚਕਿਤਸਕ ਦਾ ਜਨਮ 19 ਜਨਵਰੀ, 1837 ਨੂੰ ਫਿਲਾਡੈਲਫ਼ੀਆ ਵਿਚ ਹੋਇਆ। ਜੈਫਰਸਨ ਮੈਡੀਕਲ ਕਾਲਜ, ਫਿਲਾਡੈਲਫੀਆ ਤੋਂ ਡਿਗਰੀ ਹਾਸਲ ਕਰਨ ਉਪਰੰਤ ਇਸ ਨੇ ਇਥੇ ਹੀ ਪੈਥਾਲੋਜੀਕਲ ਐਨੌਟਮੀ ਦੇ ਲੈਕਚਰਾਰ (1866–75) ਅਤੇ ਸਰਜਰੀ ਦੇ ਪ੍ਰੋਫ਼ੈਸਰ (1889-1907) ਦੇ ਤੌਰ ਤੇ ਕੰਮ ਕੀਤਾ। ਸੰਨ 1862-64 ਦੀ ਖਾਨਾ-ਜੰਗੀ ਦੌਰਾਨ ਇਹ ਸੰਯੁਕਤ ਰਾਜ ਅਮਰੀਕਾ ਦੀ ਫ਼ੌਜ ਵਿਚ ਜਰਾਹੀ ਡਾਕਟਰ ਵੀ ਰਿਹਾ। ਇਸ ਨੇ 1866-75 ਤਕ ਫਿਲਾਡੈਲਫੀਆ ਸਕੂਲ ਆਫ਼ ਐਨਾਟੋਮੀ ਅਤੇ ਇਥੋਂ ਦੇ ਹੀ ਇਸਤਰੀਆਂ ਦੇ ਮੈਡੀਕਲ ਕਾਲਜ ਵਿਚ ਲੈਕਚਰਰ ਦੇ ਤੌਰ ਤੇ ਵੀ ਕੰਮ ਕੀਤਾ।

1888 ਵਿਚ ਇਸਨੇ ਪਹਿਲੀ ਵਾਰ ਸਫਲਤਾ ਪੂਰਵਕ ਦਿਮਾਗੀ ਰਸੌਲੀ ਨੂੰ ਕੱਢਿਆ। ਕੀਨ ਨੇ ਸੰਯੁਕਤ ਰਾਜ ਅਮਰੀਕਾ ਦੇ ਜਰਾਹੀ ਡਾਕਟਰ ਜੋਸਫ ਬਰਾਇੰਟ ਦੀ ਅਮਰੀਕਾ ਦੇ ਪ੍ਰਧਾਨ ਗਰੋਵਰ ਕਲੀਵਲੈਂਡ (1893) ਦਾ ਉਪਰਲਾ ਖੱਬਾ ਜਬਾੜ੍ਹਾ ਹਟਾਉਣ ਵਿਚ ਮਦਦ ਕੀਤੀ। ਇਹ ਆਪਰੇਸ਼ਨ ਲੌਂਗ ਆਈਲੈਂਡ ਸਾਊਂਡ ਵਿਖੇ ਇਕ ਡੌਂਗੀ ਵਿਚ ਗੁਪਤ ਤੌਰ ਤੇ ਕੀਤਾ ਗਿਆ ਅਤੇ ਸਫਲ ਰਿਹਾ। ਸੰਨ 1900 ਵਿਚ ਕੀਨ ਅਮਰੀਕਨ ਮੈਡੀਕਲ ਐਸੋਸੀਏਸ਼ਨ ਦਾ ਪ੍ਰੈਜ਼ੀਡੈਂਟ ਬਣਿਆ। ਇਸ ਨੇ ਸਰਜਰੀ : ਇਟਸ ਪ੍ਰਿੰਸੀਪਲਜ਼ ਐਂਡ ਪ੍ਰੈਕਟਿਸ, ਅੱਠ ਜਿਲਦਾਂ (1906-13) ਦੀ ਸੰਪਾਦਨਾ ਕੀਤੀ ਅਤੇ ਗਰੇਂਜ਼ ਐਨਾਟਮੀ ਦਾ ਸੋਧਿਆ ਐਡੀਸ਼ਨ ਤਿਆਰ ਕੀਤਾ।

ਇਸ ਦਾ ਦਿਹਾਂਤ 7 ਜੂਨ, 1932 ਨੂੰ ਫਿਲਾਡੈਲਫ਼ੀਆ ਵਿਖੇ ਹੋਇਆ।

ਹ. ਪੁ.—ਐਨ. ਬ੍ਰਿ. ਮਾ. 5 : 745

**ਕੀਨਿਸ਼ਮਾ :** ਪੱਛਮੀ ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ ਵਿਚ ਇਵਾਨੋਵੋ ਆਬਲਾਸਤ ਦਾ ਇਹ ਸ਼ਹਿਰ ਹੈ ਜੋ ਵੋਲਗਾ ਦਰਿਆ ਉਤੇ ਸਥਿਤ ਹੈ। ਸ਼ਹਿਰ ਦੀ ਨੀਂਹ ਸੋਲ੍ਹਵੀਂ ਸਦੀ ਵਿਚ ਰੱਖੀ ਗਈ। ਸੰਨ 1917 ਵਿਚ ਅਕਤੂਬਰ ਇਨਕਲਾਬ ਤੋਂ ਪਿਛੋਂ ਦਰਿਆਈ ਬੰਦਰਗਾਹ ਵਜੋਂ ਇਸ ਸ਼ਹਿਰ ਦਾ ਬੜਾ ਤੇਜ਼ੀ ਨਾਲ ਵਿਕਾਸ ਹੋਇਆ ਅਤੇ ਇਥੋਂ ਕਪਾਹ, ਪੈਟਰੋਲੀਅਮ, ਇਮਾਰਤੀ ਲੱਕੜੀ ਅਤੇ ਅਨਾਜ ਦਾ ਵਪਾਰ ਕਾਫ਼ੀ ਹੁੰਦਾ ਰਿਹਾ। ਇਹ ਇਵਾਨੋਵੋ ਤੋਂ ਆਉਣ ਵਾਲੀ ਰੇਲਵੇ ਦਾ ਅੰਤਮ ਸਟੇਸ਼ਨ ਹੈ। ਇਹ ਸੂਤੀ ਕੱਪੜੇ, ਰਸਾਇਣਕ ਵਸਤਾਂ, ਮਸ਼ੀਨਾਂ ਤਿਆਰ ਕਰਨ ਦਾ ਭਾਰੀ ਕੇਂਦਰ ਹੈ। ਵੋਲਗਾ ਤੋਂ ਪਾਰ ਇਸ ਦੇ ਉਪ-ਸ਼ਹਿਰਾਂ—ਜਾਵੋਲਜ਼ਕ ਵਿਚ ਰਸਾਇਣਿਕ ਪਦਾਰਥ ਅਤੇ ਨਾਵੋਲੋਕੀ ਵਿਖੇ ਕੱਪੜਾ ਤਿਆਰ ਕੀਤਾ ਜਾਂਦਾ ਹੈ।

ਆਬਾਦੀ—96,000 (1970)

57°26′ ਉ. ਵਿਥ.; 42°05′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 815

**ਕੀਨੀਆ :** ਇਹ ਰਾਸ਼ਟਰਮੰਡਲ ਵਿਚ ਇਕ ਗਣਰਾਜ ਹੈ ਜੋ ਉੱਤਰੀ ਅਫ਼ਰੀਕਾ ਵਿਚ ਭੂ-ਮੱਧ ਰੇਖਾ ਦੇ ਦੋਵੇਂ ਪਾਸੇ ਸਥਿਤ ਹੈ। ਇਸ ਦੇ ਉੱਤਰ ਵੱਲ ਇਥੋਪੀਆ ਅਤੇ ਸੂਡਾਨ, ਪੱਛਮ ਵੱਲ ਯੁਗੰਡਾ, ਦੱਖਣ ਵੱਲ ਤਨਜ਼ਾਨੀਆ, ਪੂਰਬ ਵੱਲ ਹਿੰਦ ਮਹਾਸਾਗਰ ਅਤੇ ਸੋਮਾਲੀ ਲੋਕਤੰਤਰੀ ਗਣਰਾਜ ਹੈ। ਇਥੋਂ ਦਾ ਕੁੱਲ ਰਕਬਾ 582,646 ਵ. ਕਿ. ਮੀ. ਹੈ। ਨੈਰੋਬੀ ਇਥੋਂ ਦੀ ਰਾਸ਼ਟਰੀ ਰਾਜਧਾਨੀ ਅਤੇ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੈ।

## ਭੂ-ਆਕ੍ਰਿਤੀ ਵਿਗਿਆਨ

**ਧਰਾਤਲ** — ਇਥੋਂ ਦਾ ਵਧੇਰੇ ਰਕਬਾ ਕੇਂਦਰੀ ਅਫ਼ਰੀਕਾ ਪਠਾਰ ਵਿਚ ਸਥਿਤ ਹੈ ਅਤੇ ਇਸ ਦੀ ਔਸਤਨ ਉਚਾਈ ਲਗਭਗ 1220 ਮੀ. ਹੈ। ਇਸ ਦੇ ਦੱਖਣ-ਕੇਂਦਰੀ ਖੇਤਰ ਵਿਚ ਕੀਨੀਆ ਪਹਾੜੀ (ਲਗਭਗ 5194 ਮੀ.), ਪੱਛਮੀ ਸਰਹੱਦ ਉਤੇ ਐਲਗਾਨ ਪਰਬਤ (ਉਚਾਈ ਲਗਭਗ 4300 ਮੀ.) ਅਤੇ ਐਬਰਡੇਅਰ ਰੇਂਜ ਹਨ। ਦੱਖਣ-ਪੱਛਮ ਵਿਚ ਕਈ ਹੋਰ ਪਹਾੜੀਆਂ ਹਨ ਜੋ ਲਗਭਗ 2135 ਮੀ. ਤੋਂ ਵੀ ਉੱਚੀਆਂ ਚਲੀਆਂ ਜਾਂਦੀਆਂ ਹਨ। ਕੀਨੀਆ ਦੀ ਦੱਖਣੀ ਸਰਹੱਦ ਤੋਂ ਥੋੜ੍ਹਾ ਜਿਹਾ ਦੂਜੇ ਬੰਨੇ ਕਿਲਮਨਜਾਰੋ, (ਉਚਾਈ 5971 ਮੀ.) ਅਫ਼ਰੀਕਾ



ਚਿਤਰ 1. ਕੀਨੀਆ

ਦੀ ਸਭ ਤੋਂ ਉੱਚੀ ਪਹਾੜੀ ਹੈ। ਤੰਗ ਤੱਟੀ ਮੈਦਾਨ ਤੋਂ ਪਰ੍ਹਾਂ ਕੀਨੀਆ ਉੱਚ-ਭੂਮੀਆਂ ਵਿਚ ਕਈ ਸਟੈਪ-ਲੜੀਆਂ ਆ ਜਾਂਦੀਆਂ ਹਨ।

ਇਥੋਪੀਆ ਅਤੇ ਟਾਂਗਾਨੀਕਾ ਦੀ ਸਰਹੱਦ ਉੱਤੇ ਰੂਡਾਲਫ ਅਤੇ ਨੇਟਰਾਨ ਝੀਲਾਂ ਵਿਚਕਾਰ ਲਗਭਗ 765 ਮੀ. ਡੂੰਘੀ ਇਕ ਰਿਫਟ ਵਾਦੀ ਫੈਲੀ ਹੋਈ ਹੈ। ਪੱਛਮ ਵਿਚ ਵਿਕਟੋਰੀਆ ਝੀਲ ਨਾਲ ਲਗਦੇ ਕਾਵੀਰਾਂਡੋ ਨਾਮੀ ਇਲਾਕੇ ਵਿਚ ਉਚ-ਭੂਮੀਆਂ ਇਕ ਮੈਦਾਨ ਦਾ ਰੂਪ ਧਾਰ ਲੈਂਦੀਆਂ ਹਨ।

**ਜਲ-ਪ੍ਰਵਾਹ** - ਅੰਬਾ, ਆਟੀ ਅਤੇ ਟਾਨਾ ਦੇਸ਼ ਦੇ ਮੁੱਖ ਦਰਿਆ ਹਨ ਜੋ ਹਿੰਦ ਮਹਾਂ ਸਾਗਰ ਵਿਚ ਜਾ ਡਿਗਦੇ ਹਨ। ਰਿਫਟ ਵਾਦੀ ਦੇ ਦਰਿਆ ਝੀਲਾਂ ਵਿਚ ਹੀ ਸਮਾ ਜਾਂਦੇ ਹਨ। ਨਜ਼ੋਇਆ ਯਾਲਾ ਅਤੇ ਗਾਰੀ ਦਰਿਆ ਇਸੇ ਦੇਸ਼ ਵਿਚੋਂ ਹੀ ਵਿਕਟੋਰੀਆ ਝੀਲ ਵਿਚ ਜਾ ਕੇ ਰਲਦੇ ਹਨ। ਵਿਕਟੋਰੀਆ ਝੀਲ ਅਫ਼ਰੀਕਾ ਦੀ ਸਭ ਤੋਂ ਵਡੀ ਝੀਲ ਹੈ ਅਤੇ ਚਿੱਟੇ ਨੀਲ ਦਰਿਆ ਦਾ ਸ੍ਰੋਤ ਹੈ।

**ਜਲਵਾਯੂ**—ਕੀਨੀਆ ਦਾ ਜਲਵਾਯੂ ਉੱਤਰ-ਪੂਰਬੀ ਅਤੇ ਦੱਖਣ-ਪੱਛਮੀ ਦੋ ਜਲਵਾਯੂ-ਖੰਡਾਂ ਵਿਚ ਵੰਡਿਆ ਹੋਇਆ ਹੈ। ਉੱਤਰ ਪੂਰਬ ਵੱਲ ਦੀ ਜ਼ੋਨ ਵਧੇਰੇ ਕਰਕੇ ਅਰਧ-ਖੁਸ਼ਕ ਹੈ ਅਤੇ ਧੁਰ ਉੱਤਰ-ਪੂਰਬ ਵੱਲ ਦਾ ਇਲਾਕਾ ਰੇਗਿਸਤਾਨ ਬਣਿਆ ਹੋਇਆ ਹੈ। ਦੱਖਣੀ ਅਤੇ ਪੱਛਮੀ ਖੇਤਰ ਵਿਚ ਔਸਤਨ ਵਰਖਾ ਲਗਭਗ 100 ਸੈਂ. ਮੀ. ਹੈ। ਉੱਤਰੀ ਅਤੇ ਪੂਰਬੀ ਖੇਤਰ ਵਿਚ ਵਰਖਾ ਕਈ ਵਾਰ 25 ਸੈਂ. ਮੀ. ਤੋਂ ਵੀ ਘਟ ਜਾਂਦੀ ਹੈ ਜਦੋਂ ਕਿ ਵਿਕਟੋਰੀਆ ਝੀਲ ਦੁਆਲੇ ਵਰਖਾ ਦੀ ਮਾਤਰਾ 175 ਸੈ. ਮੀ. ਤੋਂ ਵੀ ਵੱਧ ਹੁੰਦੀ ਹੈ। ਤੱਟ ਦੇ ਨਾਲ ਨਾਲ ਸਾਲਾਨਾ ਔਸਤਨ ਤਾਪਮਾਨ ਲਗਭਗ 26.6° ਸੈ. (80° ਫਾ.) ਹੈ।

**ਬਨਸਪਤੀ**—ਕੀਨੀਆ ਦੇ ਉੱਤਰ ਅਤੇ ਪੂਰਬ ਵੱਲ ਨੂੰ ਵਿਰਲਾ ਵਿਰਲਾ ਘਾਹ ਤੇ ਝਾੜੀਆਂ ਮਿਲਦੀਆਂ ਹਨ। ਵਿਕਟੋਰੀਆ ਝੀਲ ਵੱਲ ਨੂੰ ਵਧੇਰੇ ਕਰਕੇ ਉਸ਼ਨ-ਖੰਡੀ ਜੰਗਲ ਮਿਲਦੇ ਹਨ। ਇਥੇ ਨਰਮ ਲਕੜੀ ਵਾਲਾ ਦਰਖਤ-ਪੋਡੋ ਅਤੇ ਸਖਤ ਲਕੜੀ ਵਾਲੇ ਦਰਖਤ-ਜੈਤੂਨ, ਆਬਨੂਸ, ਮੁਸ਼ਕ ਕਾਫੂਰ ਆਦਿ ਬਹੁਤ ਮਿਲਦੇ ਹਨ। ਸਾਈਪਰੱਸ ਅਤੇ ਦਿਆਰ ਦਰਖਤ ਵੀ ਇਥੇ ਆਮ ਮਿਲਦੇ ਹਨ। ਉਚ-ਭੂਮੀਆਂ ਤੇ ਵੈਟਲ ਅਤੇ ਆਸਟ੍ਰੇਲੀਅਨ ਸਫੈਦਾ ਵੀ ਉਗਾਇਆ ਜਾਂਦਾ ਹੈ।

**ਜੰਗਲੀ ਜੀਵ**—ਬੱਬਰ ਸ਼ੇਰ, ਸ਼ੇਰ, ਚੀਤਾ ਅਤੇ ਜੰਗਲੀ ਕੁੱਤਾ ਇਥੋਂ ਦੇ ਵਡੇ ਮਾਸਾਹਾਰੀ ਜਾਨਵਰ ਹਨ। ਇਸ ਤੋਂ ਇਲਾਵਾ ਇਥੇ, ਜਿਰਾਫ, ਇੰਪਾਲਾ, ਓਰਿਕਸ, ਇਲੈਂਡ, ਹਾਥੀ, ਮੈਂਹਾਂ ਅਤੇ ਗੈਂਡੇ ਵਰਗੇ ਅਤੇ ਹੋਰ ਕਈ ਬਨਸਪਤੀ-ਆਹਾਰੀ ਜਾਨਵਰ ਵੀ ਮਿਲਦੇ ਹਨ। ਮੈਦਾਨਾਂ ਵਿਚ ਜ਼ੈਬਰਾ, ਬਾਰਾਂਸਿੰਗਾ, ਅਤੇ ਛੋਟੇ ਛੋਟੇ ਬਾਰਾ-ਸਿੰਗਿਆਂ ਦੀਆਂ ਵੱਡੀਆਂ ਵੱਡੀਆਂ ਡਾਰਾਂ ਆਮ ਮਿਲਦੀਆਂ ਹਨ। ਵੱਡੇ ਵੱਡੇ ਦਰਿਆਵਾਂ, ਦਲਦਲਾਂ ਅਤੇ ਝੀਲਾਂ ਵਿਚ ਦਰਿਆਈ ਘੋੜੇ ਅਤੇ ਮਗਰਮੱਛ ਮਿਲਦੇ ਹਨ। ਖੁਲ੍ਹੇ ਇਲਾਕਿਆਂ ਵਿਚ ਬੈਬੂਨ ਅਤੇ ਜੰਗਲਾਂ ਵਿਚ ਸਿਕਸ, ਕੋਲੋਬਸ ਬਾਂਦਰ ਮਿਲਦੇ ਹਨ।

ਇਥੇ ਸੱਪਾਂ ਦੀਆਂ ਵੀ ਕਈ ਜਾਤੀਆਂ ਮਿਲਦੀਆਂ ਹਨ। ਸ਼ੁਤਰਮੁਰਗ, ਸਾਰਸ, ਉਕਾਬ, ਗਿਰਝਾਂ, ਗਿਨੀ ਦੇ ਜੰਗਲੀ ਕੁੱਕੜ, ਬਿਜੜੇ ਅਤੇ ਹਾਰਨ-ਬਿਲ ਇਥੋਂ ਦੇ ਪ੍ਰਸਿੱਧ ਪੰਛੀ ਹਨ। ਪਹਾੜੀ ਨਦੀਆਂ ਵਿਚ ਟ੍ਰਾਊਟ ਅਤੇ ਵਿਕਟੋਰੀਆ ਝੀਲ ਵਿਚ ਅੰਗੇਗੀ ਮੱਛੀਆਂ ਦੀ ਭਰਮਾਰ ਹੈ।

**ਇਤਿਹਾਸ**—ਕੀਨੀਆ ਦੇਸ਼ ਦੇ ਅੰਦਰੂਨੀ ਇਤਿਹਾਸ ਬਾਰੇ ਬਹੁਤ ਘੱਟ ਵਰਣਨ ਮਿਲਦਾ ਹੈ ਪਰ ਇਥੋਂ ਦੇ ਸਾਹਿਲੀ ਖੇਤਰ ਸਬੰਧੀ ਆਮ ਰਿਕਾਰਡ ਮਿਲਦੇ ਹਨ। ਸੱਤਵੀਂ ਸਦੀ ਦੇ ਲਗਭਗ ਸਾਹਿਲ ਉੱਤੇ ਅਰਬਾਂ ਨੇ ਆਪਣੀਆਂ ਵਪਾਰਕ ਬਸਤੀਆਂ ਸਥਾਪਤ ਕੀਤੀਆਂ ਹੋਈਆਂ ਸਨ। ਸੋਲ੍ਹਵੀਂ ਸਦੀ ਤੋਂ 17ਵੀਂ ਸਦੀ ਤਕ ਸਾਹਿਲ ਉੱਤੇ ਪੁਰਤਗੇਜ਼ੀ ਤਾਕਤ ਸੀ। ਸੰਨ 1740 ਦੇ ਅੰਤ ਤੀਕ ਅਰਬਾਂ ਦੀ ਤਾਕਤ ਮੁੜ-ਬਹਾਲ ਕਰ ਦਿਤੀ ਗਈ ਅਤੇ ਅਰਬਾਂ ਦੀਆਂ ਆਜ਼ਾਦ ਸਾਹਿਲੀ ਬਸਤੀਆਂ ਤੋਂ ਇਕ ਸਦੀ ਬਾਅਦ ਓਮਾਨ ਦੇ ਸੱਯਦ ਸੈਦ (1806-1856 ਈ.) ਦੇ ਰਾਜ-ਕਾਲ ਦੌਰਾਨ ਰਾਜਸੀ ਏਕਤਾ ਸਥਾਪਤ ਹੋ ਗਈ। ਸੰਨ 1849 ਵਿਚ ਜੋਂਨ ਲੁਡਵਿੱਗ ਕਰੱਫ ਦੇ ਕੀਨੀਆ ਪਹਾੜੀ ਨੂੰ ਲੱਭਣ ਅਤੇ ਸੰਨ 1858 ਵਿਚ ਜੋਂਨ ਸਪੀਕ ਦੇ ਵਿਕਟੋਰੀਆ ਝੀਲ ਨੂੰ ਲੱਭਣ ਦੇ ਨਾਲ ਯੂਰਪੀਅਨ ਕੀਨੀਆ ਦੇ ਅੰਦਰਲੇ ਹਿੱਸੇ ਵਿਚ ਦਾਖ਼ਲ ਹੋਣ ਲੱਗ ਪਏ। ਪੂਰਬੀ ਅਫ਼ਰੀਕਾ ਵਿਚ ਵਿਕਸਿਤ ਹੋ ਰਹੇ ਹਿੱਤ ਨੂੰ ਵੇਖਕੇ ਸੰਨ 1886 ਵਿਚ ਜਰਮਨੀ ਅਤੇ ਬਰਤਾਨੀਆ ਨੇ ਆਪੋ ਆਪਣੇ ਪ੍ਰਭਾਵ-ਖੇਤਰਾਂ ਸਬੰਧੀ ਸਮਝੌਤਾ ਕਰ ਲਿਆ ਅਤੇ ਅਗਲੇ ਹੀ ਸਾਲ ਇਕ ਅੰਗਰੇਜ਼ ਕੰਪਨੀ ਨੇ ਜ਼ੰਜ਼ੀਬਾਰ ਦੇ ਸੁਲਤਾਨ ਕੋਲੋਂ ਇਕ ਸਾਹਿਲੀ ਪੱਟੀ (ਅਜੋਕਾ ਪ੍ਰੋਟੈਕਟੋਰੇਟ) ਦੀ ਰਿਆਇਤ ਪ੍ਰਾਪਤ ਕਰ ਲਈ। ਸੰਨ 1888 ਵਿਚ ਇਸ ਨੂੰ 'ਇੰਪੀਰੀਅਲ ਬ੍ਰਿਟਿਸ਼ ਈਸਟ ਅਫ਼ਰੀਕਨ ਕੰਪਨੀ' ਵਜੋਂ ਚਾਰਟਰ ਦਿਤਾ ਗਿਆ ਅਤੇ ਸੁਲਤਾਨ ਨੇ ਇਸ ਨੂੰ ਹੋਰ ਰਿਆਇਤਾਂ ਦੇ ਦਿਤੀਆਂ। ਸੰਨ 1895 ਵਿਚ ਅੰਗਰੇਜ਼ ਸਰਕਾਰ ਨੇ ਕੀਨੀਆ (ਉਸ ਸਮੇਂ ਇਸ ਨੂੰ ਬ੍ਰਿਟਿਸ਼ ਈਸਟ ਅਫ਼ਰੀਕਾ ਕਿਹਾ ਜਾਂਦਾ ਸੀ) ਨੂੰ ਇਕ ਪ੍ਰੋਟੈਕਟੋਰੇਟ ਕਰਾਰ ਦੇ ਦਿਤਾ ਅਤੇ ਉਸ ਸਮੇਂ ਇਹ ਸਾਹਿਲ ਤੋਂ ਲੈ ਕੇ ਨਾਈਵਾਸ਼ਾ ਝੀਲ ਤੀਕ ਫੈਲਿਆ ਹੋਇਆ ਹੁੰਦਾ ਸੀ। ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਦੇ ਸਾਲਾਂ ਵਿਚ ਇਥੇ ਯੂਰਪੀਅਨ ਅਤੇ ਇੰਡੀਅਨ ਬਸਤੀਆਂ ਸਥਾਪਤ ਹੋਣ ਦੇ ਨਾਲ ਨਾਲ ਅਜੋਕਾ ਵਿਕਾਸ ਵੀ ਸ਼ੁਰੂ ਹੋ ਚੁੱਕਾ ਸੀ। ਸੰਨ 1920 ਵਿਚ ਪ੍ਰੋਟੈਕਟੋਰੇਟ ਇਕ ਕ੍ਰਾਊਨ ਕਾਲੋਨੀ ਬਣ ਗਿਆ।

ਦੂਜੇ ਵਿਸ਼ਵ-ਯੁੱਧ ਉਪਰੰਤ ਰਾਜਸੀ, ਆਰਥਿਕ ਅਤੇ ਸਮਾਜਿਕ ਤਬਦੀਲੀਆਂ ਦਾ ਸਮਾਂ ਆਇਆ। ਕੀਨੀਆ ਨੇ ਆਜ਼ਾਦੀ ਪ੍ਰਾਪਤ ਕਰਨ ਦਾ ਰਾਹ ਅਪਣਾਇਆ। ਅਫ਼ਰੀਕੀਆਂ ਨੇ ਨਾ ਕੇਵਲ ਕੀਨੀਆ ਵਿਚੋਂ ਹੀ ਸਗੋਂ ਸਾਰੇ ਮਹਾਂਦੀਪ ਵਿਚੋਂ ਯੂਰਪੀਅਨ ਤਾਕਤ ਦਾ ਖੁਰਾ-ਖੋਜ ਮਿਟਾਉਣ ਲਈ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਤਰੀਕੇ ਅਪਣਾਏ। ਮਾਓ ਮਾਓ ਵਿਦਰੋਹ ਦੇ ਨਤੀਜੇ ਵਜੋਂ 1952 ਈ. ਵਿਚ ਹੰਗਾਮੀ ਹਾਲਤ ਦਾ ਐਲਾਨ ਕਰ ਦਿਤਾ ਜੋ 1959 ਈ. ਤਕ ਚਲਦੀ ਰਹੀ।

ਹੰਗਾਮੀ ਹਾਲਤ ਪਿਛੋਂ ਮਾਰਚ, 1960 ਵਿਚ ਤਿੰਨ ਅਫ਼ਰੀਕੀਆਂ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ ਗਿਆ। ਸੰਨ 1961 ਵਿਚ ਕੀਨੀਆ ਵਿਚ ਵਿਧਾਨ ਪ੍ਰੀਸ਼ਦ ਲਈ ਪਹਿਲੀਆਂ ਚੋਣਾਂ ਹੋਈਆਂ ਅਤੇ ਪਹਿਲੀ ਵਾਰ ਹੀ ਅਫ਼ਰੀਕੀਆਂ ਨੂੰ ਬਹੁ-ਮਤ ਪ੍ਰਾਪਤ ਹੋਇਆ।

ਰਾਜਸੀ ਤਾਕਤ 'ਕੀਨੀਆ ਅਫ਼ਰੀਕਨ ਨੈਸ਼ਨਲ ਯੂਨੀਅਨ' ਅਤੇ 'ਕੀਨੀਆ ਅਫ਼ਰੀਕਨ ਡੈਮੋਕ੍ਰੈਟਿਕ ਯੂਨੀਅਨ' ਦੋ ਪਾਰਟੀਆਂ ਵਿਚਕਾਰ ਵੰਡ ਦਿੱਤੀ ਗਈ। ਪਹਿਲੀ ਪਾਰਟੀ ਦੀ ਅਗਵਾਈ ਟਾਮ ਮਬੋਆ ਅਤੇ ਦੂਜੀ ਦੀ ਜੋਮੋ ਕੀਨੀਅਤਾ ਨੇ ਕੀਤੀ। ਸੰਨ 1962 ਦੀ ਮਿਲੀ-ਜੁਲੀ ਸਰਕਾਰ ਵਿਚ ਕੀਨੀਅਤਾ ਅਤੇ ਰੌਨਾਲਡ ਨਗਾਲਾ ਰਾਜ-ਮੰਤਰੀ ਬਣੇ। ਮਈ, 1963 ਤੋਂ ਦਸੰਬਰ 1963 ਤੀਕ ਕੀਨੀਆ ਬਰਤਾਨਵੀ ਸਰਪ੍ਰਸਤੀ ਅਧੀਨ ਅੰਦਰੂਨੀ ਸਵੈ-ਸਰਕਾਰ ਚਲਾਉਂਦਾ ਰਿਹਾ।

12 ਦਸੰਬਰ, 1963 ਨੂੰ ਕੀਨੀਆ ਇਕ ਅਜ਼ਾਦ ਦੇਸ਼ ਅਤੇ 12 ਦਸੰਬਰ, 1964 ਨੂੰ ਗਣਰਾਜ ਬਣ ਗਿਆ।

## ਆਰਥਿਕਤਾ

**ਖਣਿਜ-ਪਦਾਰਥ**—ਭੂ-ਵਿਗਿਆਨਕ ਸਰਵੇਖਣਾਂ ਤੋਂ ਪਤਾ ਲਗਾ ਹੈ ਕਿ ਤਾਂਬਾ, ਸਿੱਕਾ, ਜਿਸਤ ਨਿਕਲ, ਬੈਰਾਈਟ, ਸਾਇਆਨਾਈਟ, ਵੂਲਸੱਟੋਨਾਈਟ ਵਰਗੇ ਖਣਿਜ ਪਦਾਰਥਾਂ ਦੇ ਇਥੇ ਥੋੜ੍ਹੇ ਜਿਹੇ ਭੰਡਾਰ ਪਏ ਹਨ। ਸਾਹਿਲੀ ਖੇਤਰ ਵਿਚ ਮਾਰੀਮਾ ਪਹਾੜੀਆਂ ਉਤੇ ਨਾਇਓਬੀਅਸਮ ਅਤੇ ਯੂਰੋਪੀਅਮ ਵਰਗੇ ਖਣਿਜ-ਪਦਾਰਥਾਂ, ਮੋਂਬਾਸਾ ਦੇ ਨੇੜੇ ਸਿੱਕੇ ਅਤੇ ਜਿਸਤ ਅਤੇ ਨਾਲ ਹੀ ਨੈਰੋਬੀ ਦੇ ਨੇੜੇ ਸਾਹਿਲ ਉਤੇ ਅਤੇ ਹੋਮਾ ਖਾੜੀ ਵਿਖੇ ਚੂਨੇ ਦੇ ਪੱਥਰਾਂ ਦੇ ਭੰਡਾਰ ਮਿਲਣ ਦੀਆਂ ਵੀ ਸੰਭਾਵਨਾਵਾਂ ਹਨ।

**ਖੇਤੀਬਾੜੀ**—ਕੀਨੀਆ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਦੇਸ਼ ਦੀ ਭੂਮੀ ਦਾ 4/5 ਹਿੱਸਾ ਕਾਸ਼ਤਯੋਗ ਨਹੀਂ ਹੈ ਫਿਰ ਵੀ ਦੇਸ਼ ਦੀਆਂ ਉਚ-ਭੂਮੀਆਂ, ਪੱਛਮੀ ਪਠਾਰਾਂ ਅਤੇ ਸਾਹਿਲ ਦੇ ਕੁਝ ਹਿੱਸਿਆਂ ਵਿਚ ਖੇਤੀ ਕੀਤੀ ਜਾਂਦੀ ਹੈ। ਕਾਫ਼ੀ, ਚਾਹ, ਸਿਸਲ, ਵੈਟਲ ਗੰਨਾ ਇਥੋਂ ਦੀਆਂ ਮੁੱਖ ਫਸਲਾਂ ਹਨ। ਅਨਾਜ, ਪਾਇਰੇਥ੍ਰਮ ਕਪਾਹ, ਊਸ਼ਨ-ਖੰਡੀ ਫਲ, ਨਾਰੀਅਲ ਅਤੇ ਕਾਜੂ ਵੇਚਣ ਲਈ ਪੈਦਾ ਕੀਤੇ ਜਾਂਦੇ ਹਨ। ਮੱਕੀ, ਦਾਲਾਂ (ਮੱਟਰ, ਬੀਨਜ਼ ਅਤੇ ਮਸਰ ਆਦਿ), ਜਵਾਰ-ਬਾਜਰਾ, ਕੇਲੇ, ਸ਼ਕਰਕੰਦੀ, ਅਤੇ ਆਲੂ ਇਥੋਂ ਦੀਆਂ ਕੱਚੀਆਂ ਫਸਲਾਂ ਹਨ। ਪਸ਼ੂ ਵੀ ਇਥੇ ਭਾਰੀ ਗਿਣਤੀ ਵਿਚ ਪਾਲੇ ਜਾਂਦੇ ਹਨ।

**ਜੰਗਲਾਤ**—ਦੇਸ਼ ਦਾ ਕੁੱਲ 17,32,000 ਹੈਕਟੇਅਰ ਰਕਬਾ ਜੰਗਲਾਤ ਲਈ ਰਾਖਵਾਂ ਰੱਖਿਆ ਹੋਇਆ ਹੈ। ਇਸ ਰਕਬੇ ਵਿਚੋਂ ਵਧੇਰੇ ਰਕਬਾ ਬਾਂਸ ਅਤੇ ਘਾਹ ਦੇ ਕੁਦਰਤੀ ਜੰਗਲਾਂ ਲਈ ਅਤੇ ਬਾਕੀ ਦਾ ਨਰਮ ਲਕੜੀ ਦੇ ਜੰਗਲਾਂ ਲਈ ਰਾਖਵਾਂ ਹੈ। ਇਥੇ ਇਮਾਰਤੀ ਲਕੜੀ ਦੇ ਵਸੀਲੇ ਲਗਭਗ 17,600,000 ਘਣ-ਫੁੱਟ ਹਨ।

**ਮੱਛੀ ਪਾਲਣ**—ਛੋਟੇ ਕਿਸਾਨਾਂ ਦੀ ਖੁਰਾਕ ਲਈ ਮੱਛੀ ਇਕ ਮਹੱਤਵਪੂਰਨ ਅੰਗ ਹੈ ਪਰ ਰਾਸ਼ਟਰ ਦੀ ਕੁੱਲ ਆਮਦਨ ਵਿਚ ਮੱਛੀਆਂ ਦਾ ਯੋਗਦਾਨ ਇਕ ਪ੍ਰਤਿਸ਼ਤ ਤੋਂ ਵੀ ਘੱਟ ਹੈ। ਰੂਡਾਲਫ ਝੀਲ ਵਿਚ 20,000 ਤੋਂ 100,000 ਟਨ ਤੀਕ ਮੱਛੀਆਂ ਦੇ ਸਾਲਾਨਾ ਉਤਪਾਦਨ ਹੋਣ ਦੀ ਸਮਰੱਥਾ ਹੈ।



ਚਿਤਰ 2. ਕਬਾਇਲੀ ਕਚਿਹਰੀ



ਚਿਤਰ 3. ਕਬਾਇਲੀ ਨਾਚ



ਚਿਤਰ 4. ਸਟੈਨਲੇ ਹੋਟਲ

**ਉਦਯੋਗ**—ਕੀਨੀਆ ਵਿਚ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੀ ਨਿਰਮਾਣ ਉਦਯੋਗ ਵਿਕਸਿਤ ਹੋਏ ਹਨ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਆਰੰਭ ਵਿਚ ਲਗਭਗ 1,000 ਅਜਿਹੇ ਉਦਯੋਗ ਨੈਰੋਬੀ ਅਤੇ ਮੋਂਬਾਸਾ ਦੇ ਸਥਾਨਾਂ ਤੇ ਸਥਾਪਤ ਹੋ ਗਏ ਹਨ। ਮਾਸ, ਮੱਛੀ, ਰਸਾਇਣਕ ਪਦਾਰਥ, ਪੈਟਰੋਲੀਅਮ, ਪਾਇਰੇਥ੍ਰਮ, ਬੀਅਰ ਅਤੇ ਤੰਬਾਕੂ ਇਥੋਂ ਦੀਆਂ ਪ੍ਰਸਿੱਧ ਉਦਯੋਗਕ ਵਸਤਾਂ ਹਨ।

**ਆਵਾਜਾਈ**—ਦੇਸ਼ ਦੀ ਵਧੇਰੇ ਆਬਾਦੀ ਵਾਲੇ ਸਾਰੇ ਭਾਗਾਂ ਵਿਚ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ ਅਤੇ ਦੇਸ਼ ਦੇ ਖੁਸ਼ਕ ਖੇਤਰਾਂ ਨੂੰ ਵੀ ਅਜਿਹੀਆਂ ਸਹੂਲਤਾਂ ਦੇਣ ਦੀਆਂ ਸਕੀਮਾਂ ਬਣਾਈਆਂ ਹੋਈਆਂ ਹਨ। ਨੈਰੋਬੀ ਤੋਂ ਅਦੀਸ ਅਬਾਬਾ ਤੀਕ ਇਕ ਸ਼ਾਹ-ਰਾਹ ਉਸਾਰੀ ਅਧੀਨ ਹੈ। ਸੰਨ 1976 ਵਿਚ ਸਾਰੇ ਕੀਨੀਆ ਵਿਚ 4045 ਕਿ. ਮੀ. ਲੰਬੀਆਂ ਪੱਕੀਆਂ ਸੜਕਾਂ ਅਤੇ 46,046 ਕਿ. ਮੀ. ਲੰਬੀਆਂ ਰੋੜੀ ਵਾਲੀਆਂ ਸੜਕਾਂ ਸਨ। ਪੂਰਬੀ ਅਫਰੀਕਨ ਰੇਲਵੇ ਪ੍ਰਬੰਧ ਕੀਨੀਆ ਵਿਚ ਲਗਭਗ 2295 ਕਿ. ਮੀ. ਤੀਕ ਰੇਲਾਂ ਚਲਾਉਂਦਾ ਹੈ। ਨੈਰੋਬੀ ਹਵਾਈ ਅੱਡਾ ਪੂਰਬੀ ਅਫਰੀਕਾ ਦੇ ਵੱਡੇ ਅੰਤਰ-ਰਾਸ਼ਟਰੀ ਹਵਾਈ ਅੱਡਿਆਂ ਵਿਚੋਂ ਇਕ ਹੈ। ਇਥੋਂ ਵੀਹ ਅੰਤਰ-ਰਾਸ਼ਟਰੀ ਵੱਡੇ ਹਵਾਈ ਜਹਾਜ਼ਾਂ ਲਈ ਸੇਵਾਵਾਂ ਉਪਲਭੱਧ ਹਨ।

**ਵਪਾਰ**—ਮੁੱਖ ਤੌਰ ਤੇ ਇਥੋਂ ਬਰਤਾਨੀਆ ਅਤੇ ਹੋਰ ਬਰਤਾਨਵੀ ਦੇਸ਼ਾਂ ਨੂੰ ਸਿਸਲ, ਕਪਾਹ, ਰੂੰ-ਬੱਤੀ, ਕਾਫੀ, ਹੱਡੀਆਂ,

ਖੱਲਾਂ ਤੇ ਚਮੜਾ, ਹੀਰੇ, ਸੋਨਾ, ਪਾਇਰੇਥ੍ਰਮ, ਸੋਡੀਅਮ ਕਾਰਬੋਨੇਟ ਅਤੇ ਚਾਹ ਭੇਜੀ ਜਾਂਦੀ ਹੈ। ਕਪਾਹ ਤੋਂ ਤਿਆਰ ਕੀਤੀਆਂ ਵਸਤਾਂ, ਗੱਡੀਆਂ ਤੇ ਢੋ-ਢੁਆਈ ਦਾ ਸਾਮਾਨ, ਖਾਰੀਆਂ ਧਾਤਾਂ, ਮਸ਼ੀਨਰੀ, ਵਿਗਿਆਨਕ ਯੰਤਰ, ਬਿਜਲੀ ਦਾ ਸਾਮਾਨ ਅਤੇ ਅਧਾਤਵੀ ਖਣਿਜ ਪਦਾਰਥ ਮੁੱਖ ਤੌਰ ਤੇ ਬਰਤਾਨੀਆ ਅਤੇ ਬਰਤਾਨਵੀ ਦੇਸ਼ਾਂ ਤੋਂ ਮੰਗਵਾਏ ਜਾਂਦੇ ਹਨ।

ਲੋਕ—ਆਬਾਦੀ ਦੀ ਇਲਾਕਾਈ ਵੰਡ ਵਿਚ ਵੱਡਾ ਵਖਰੇਵਾਂ ਹੈ। ਉੱਤਰੀ ਅੱਧ ਵਿਚ ਆਬਾਦੀ ਵਿਰਲੀ ਹੈ। ਵਿਕਟੋਰੀਆ ਝੀਲ ਦੇ ਬੇਸਿਨ, ਰਿਫਟ ਉਚ-ਭੂਮੀਆਂ ਅਤੇ ਸਾਹਿਲੀ ਪੱਟੀ ਦੇ ਨਾਲ-ਨਾਲ ਆਬਾਦੀ ਵਧੇਰੇ ਕੇਂਦਰਿਤ ਹੈ। ਸੰਨ 1980 ਵਿਚ ਇਥੋਂ ਦੀ ਕੁੱਲ ਆਬਾਦੀ 15,800,000 ਸੀ ਅਤੇ ਔਸਤਨ ਆਬਾਦੀ ਘਣਤਾ ਲਗਭਗ 18 ਵਿਅਕਤੀ ਪ੍ਰਤਿ ਵ. ਕਿ. ਮੀ. ਸੀ।

ਇਥੋਂ ਦੀ ਵਧੇਰੇ ਆਬਾਦੀ ਅਫਰੀਕੀ ਲੋਕਾਂ ਦੀ ਹੈ। ਇਨ੍ਹਾਂ ਤੋਂ ਇਲਾਵਾ ਇਥੇ ਏਸ਼ੀਆਈ, ਯੂਰਪੀਅਨ ਅਤੇ ਅਰਬ ਲੋਕ ਵੀ ਵਸਦੇ ਹਨ। ਸਾਰੇ ਦੇਸ਼ ਦੇ ਸ਼ਹਿਰੀ ਕੇਂਦਰਾਂ ਵਿਚ ਲਗਭਗ 140,000 ਲੋਕ ਭਾਰਤੀ ਹਨ। ਇਨ੍ਹਾਂ ਲੋਕਾਂ ਨੇ ਆਪਣੀਆਂ ਮਾਂ-ਬੋਲੀਆਂ—ਹਿੰਦੁਸਤਾਨੀ, ਪੰਜਾਬੀ, ਗੁਜਰਾਤੀ ਅਤੇ ਕੌਨਕਨੀ ਸੰਭਾਲੀਆਂ ਹੋਈਆਂ ਹਨ।

ਸਵਾਹੀਲੀ (1971), ਕੀਨੀਆ ਦੀ ਸਰਕਾਰੀ ਭਾਸ਼ਾ ਤੋਂ ਇਲਾਵਾ ਇਥੇ ਲਗਭਗ 75 ਹੋਰ ਵੱਖ ਵੱਖ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਕੀਨੀਆ ਵਿਚ ਕੌਮੀ-ਧਰਮ ਕੋਈ ਵੀ ਨਹੀਂ ਹੈ। ਭਾਰਤ ਦੇ ਕੁਝ ਲੋਕਾਂ ਨੇ ਹਿੰਦੂ ਧਰਮ ਦਾ ਸਨਮਾਨ ਬਰਕਰਾਰ ਰਖਿਆ ਹੋਇਆ ਹੈ।

**ਸਿੱਖਿਆ**—ਰਾਸ਼ਟਰੀ ਸਿੱਖਿਆ ਪ੍ਰਣਾਲੀ ਅਨੁਸਾਰ ਇਥੇ ਤਿੰਨ ਵਿਦਿਅਕ ਪੱਧਰ ਹਨ। ਪਹਿਲੇ ਪੱਧਰ ਉਤੇ ਸੱਤ-ਸਾਲਾ ਪ੍ਰਾਇਮਰੀ ਸਿੱਖਿਆ, ਦੂਜੇ ਪੱਧਰ ਉਤੇ ਛੇ-ਸਾਲਾ ਸੈਕੰਡਰੀ ਸਿੱਖਿਆ ਅਤੇ ਤੀਜੇ ਪੱਧਰ ਉਤੇ ਯੂਨੀਵਰਸਿਟੀ ਸਿੱਖਿਆ ਹੈ। ਨੈਰੋਬੀ ਯੂਨੀਵਰਸਿਟੀ ਇਸ ਵੇਲੇ ਕੀਨੀਆ ਦੀ ਇਕ ਆਜ਼ਾਦ ਰਾਸ਼ਟਰੀ ਯੂਨੀਵਰਸਿਟੀ ਹੈ। ਯੂਨੀਵਰਸਿਟੀ ਸਿੱਖਿਆ ਵਿਚ ਵਧੇਰੇ ਕਰਕੇ ਕੀਨੀਆ ਦੀ ਸਮਾਜਕ ਅਤੇ ਆਰਥਕ ਉੱਨਤੀ ਸਬੰਧੀ ਸਿੱਖਿਆ ਦਿੱਤੀ ਜਾਂਦੀ ਹੈ।

**ਸਭਿਆਚਾਰਕ ਜੀਵਨ**—ਕੀਨੀਆ ਵੱਖ ਵੱਖ ਸਭਿਆਚਾਰਕ ਰਵਾਇਤਾਂ ਵਾਲਾ ਦੇਸ਼ ਹੈ। ਇਥੇ ਇਕ ਰਾਸ਼ਟਰੀ ਪੁਰਾਲੇਖ ਸੇਵਾ ਸੰਸਥਾ ਇਕ ਨੈਸ਼ਨਲ ਲਾਇਬਰੇਰੀ-ਸਰਵਿਸ ਬੋਰਡ ਅਤੇ ਇਕ ਅੰਤਰ-ਰਾਸ਼ਟਰੀ ਪੱਧਰ ਦਾ 'ਰਾਸ਼ਟਰੀ ਅਜਾਇਬ-ਘਰ' ਹੈ। ਜੇਮਜ਼ ਨਗੂਗੀ ਅਤੇ ਮਿਊਗੋ ਗੈਥਰਨ ਇਥੋਂ ਦੇ ਉਘੇ ਸਮਕਾਲੀ ਨਾਵਲਕਾਰ ਹਨ।

ਨੈਰੋਬੀ, ਮੰਬਾਸਾ, ਠਾਕੁਰੂ ਅਤੇ ਕੀਸੂਮੂ ਕੀਨੀਆ ਦੇ ਪ੍ਰਸਿੱਧ ਸ਼ਹਿਰ ਹਨ।

## ਰਾਜ-ਪ੍ਰਬੰਧ

**ਸਰਕਾਰ**—ਕੀਨੀਆ ਇਕ ਗਣਰਾਜ ਅਤੇ ਰਾਸ਼ਟਰ ਮੰਡਲ ਦਾ ਇਕ ਮੈਂਬਰ ਹੈ। ਆਜ਼ਾਦੀ ਦੇ ਮੌਕੇ ਤੇ, ਸੰਨ 1963 ਈ. ਵਿਚ ਕੀਨੀਆ ਦਾ ਸੰਵਿਧਾਨ 'ਬ੍ਰਿਟਿਸ਼ ਆਰਡਰ ਇਨ ਕੌਂਸਲ' ਸੀ ਪਰ ਕੀਨੀਆ ਦੀ ਸੰਸਦ ਨੇ ਇਸ ਵਿਚ ਮਹੱਤਵਪੂਰਨ ਤਰਮੀਮ ਕਰ ਦਿੱਤੀ। ਸੰਵਿਧਾਨ ਅਨੁਸਾਰ ਇਥੇ ਇਕ ਸੰਸਦ ਹੈ ਜਿਸ ਵਿਚ ਇਕ ਪ੍ਰੈਜ਼ੀਡੈਂਟ ਅਤੇ ਰਾਸ਼ਟਰ-ਸਭਾ ਹੈ। ਪ੍ਰੈਜ਼ੀਡੈਂਟ ਦੇਸ਼ ਦਾ ਮੁੱਖੀ ਅਤੇ ਹਥਿਆਰ-ਬੰਦ ਫ਼ੌਜਾਂ ਦਾ 'ਕਮਾਂਡਰ-ਇਨ-ਚੀਫ' ਹੁੰਦਾ ਹੈ। ਇਕ-ਸਦਨੀ ਸਭਾ ਵਿਚ 158 ਚੁਣੇ ਹੋਏ ਮੈਂਬਰ ਅਤੇ 12 ਮੈਂਬਰ ਰਾਸ਼ਟਰ ਸਭਾ ਦੁਆਰਾ ਚੁਣੇ ਜਾਂਦੇ ਹਨ ਅਤੇ ਇਹ ਚੋਣਕਾਰ ਮੰਡਲ ਵਜੋਂ ਬੈਠਦੀ ਹੈ। ਇਥੇ ਚੋਣਾਂ ਸਰਬ-ਬਾਲਗ ਵੋਟ-ਅਧਿਕਾਰ ਅਨੁਸਾਰ ਹੁੰਦੀਆਂ ਹਨ। ਇਹ ਚੋਣਾਂ ਹਰ ਪੰਜਾਂ ਸਾਲਾਂ ਪਿਛੋਂ ਹੁੰਦੀਆਂ ਹਨ। ਵਜ਼ੀਰਾਂ (ਜਿਹੜੇ ਸਭਾ ਦੇ ਚੁਣੇ ਹੋਏ ਮੈਂਬਰ ਹੁੰਦੇ ਹਨ) ਵਿਚੋਂ ਇਕ ਮੈਂਬਰ ਦੇਸ਼ ਦੇ ਪ੍ਰੈਜ਼ੀਡੈਂਟ ਵਲੋਂ ਵਾਈਸ ਪ੍ਰੈਜ਼ੀਡੈਂਟ ਵਜੋਂ ਨਿਯੁਕਤ ਕੀਤਾ ਜਾਂਦਾ ਹੈ। ਮੰਤਰੀ ਮੰਡਲ ਵਿਚ 23 ਵਜ਼ੀਰ ਹੁੰਦੇ ਹਨ ਅਤੇ ਪ੍ਰੈਜ਼ੀਡੈਂਟ, ਵਾਈਸ ਪ੍ਰੈਜ਼ੀਡੈਂਟ ਅਤੇ ਅਟਾਰਨੀ ਜਨਰਲ ਵੀ ਮੰਤਰੀ-ਮੰਡਲ ਵਿਚ ਸ਼ਾਮਲ ਹੁੰਦੇ ਹਨ। ਇਸ ਤੋਂ ਇਲਾਵਾ 29 ਸਹਾਇਕ ਵਜ਼ੀਰ ਹੁੰਦੇ ਹਨ ਜਿਨ੍ਹਾਂ ਨੂੰ ਪ੍ਰੈਜ਼ੀਡੈਂਟ ਰਾਸ਼ਟਰ ਸਭਾ ਦੇ ਮੈਂਬਰਾਂ ਵਿਚੋਂ ਨਿਯੁਕਤ ਕਰਦਾ ਹੈ।

ਸਾਰਾ ਦੇਸ਼ ਕੇਂਦਰੀ ਦ੍ਰਾੜਵਾਦੀ, ਨਿਐਂਜ਼ਾ ਪੱਛਮੀ, ਉੱਤਰ-ਪੂਰਬੀ, ਪੂਰਬੀ ਅਤੇ ਸਾਹਿਲੀ ਪ੍ਰਾਂਤਾਂ ਵਿਚ ਵੰਡਿਆ ਹੋਇਆ ਹੈ। ਨੈਰੋਬੀ ਦਾ ਪ੍ਰਬੰਧਕੀ ਡਿਸਟ੍ਰਿਕਟ ਇਕ ਵੱਖਰੀ ਇਕਾਈ ਹੈ। ਸਾਰਿਆਂ ਪ੍ਰਾਂਤਾਂ ਦੀਆਂ ਆਪਣੀਆਂ ਆਪਣੀਆਂ ਸਥਾਨਕ ਕੌਂਸਲਾਂ ਪ੍ਰਬੰਧਕੀ ਕਾਰਜ ਨਿਭਾਉਂਦੀਆਂ ਹਨ।

**ਕਰੰਸੀ**—ਇਥੋਂ ਦੀ ਕਰੰਸੀ ਦੀ ਇਕਾਈ 'ਕੀਨੀਆ ਸ਼ਲਿੰਗ' ਹੈ। ਇਕ ਕੀਨੀਆ ਸ਼ਲਿੰਗ 100 ਸੈਂਟਾਂ ਵਿਚ ਵੰਡਿਆ ਹੋਇਆ ਹੈ। ਵੀਹ 'ਕੀਨੀਆ ਸ਼ਲਿੰਗ' ਇਕ 'ਕੀਨੀਆ ਪੌਂਡ' (K £) ਦੇ ਬਰਾਬਰ ਹੁੰਦੇ ਹਨ।

**ਕੌਮੀ ਝੰਡਾ**—ਇਥੋਂ ਦੇ ਰਾਸ਼ਟਰੀ ਝੰਡੇ ਵਿਚ ਕਾਲੇ, ਲਾਲ ਅਤੇ ਹਰੇ ਰੰਗ ਦੀਆਂ ਤਿੰਨ ਲੰਮੇ ਦਾਅ ਧਾਰੀਆਂ ਹਨ ਅਤੇ ਵਿਚਕਾਰਲੀ ਲਾਲ ਰੰਗ ਦੀ ਧਾਰੀ ਦੇ ਕਿਨਾਰੇ ਚਿੱਟੇ ਰੰਗ ਵਿਚ ਹਨ। ਇਸ ਦੇ ਕੇਂਦਰ ਵਿਚ ਕਾਲੇ ਅਤੇ ਚਿੱਟੇ ਰੰਗ ਵਿਚ ਇਕ ਅਫ਼ਰੀਕਨ ਸ਼ੀਲਡ ਹੈ ਜਿਸ ਦੇ ਪਿਛੇ ਦੋ ਨੇਜ਼ਿਆਂ ਦੀ ਇਕ ਚਰਖੜੀ ਬਣੀ ਹੋਈ ਹੈ।

ਹ. ਪੁ.—ਕੋਲ. ਐਨ. 11 : 183; ਐਨ. ਅਮੈ. 16 : 373; ਐਨ. ਬ੍ਰਿ. ਮੈ. 10 : 422

**ਕੀਨੀਆਟਾ, ਜੋਮੋ** : ਸੁਤੰਤਰ ਕੀਨੀਆ ਦੇ ਇਸ ਪਹਿਲੇ ਪ੍ਰਧਾਨ, ਮੰਤਰੀ ਅਫਰੀਕਨ ਨੀਤੀਵਾਨ ਅਤੇ ਰਾਸ਼ਟਰਵਾਦੀ ਦਾ ਜਨਮ 1894 ਈ. ਦੇ ਲਗਭਗ ਇਸ਼ਾਵਰੀ, ਪੂਰਬੀ ਅਫਰੀਕਨ ਪਹਾੜੀਆਂ ਵਿਖੇ ਹੋਇਆ। ਇਸ ਨੇ ਆਪਣੀ ਜਵਾਨੀ ਕੀਕੁਯੂਲੈਂਡ ਵਿਖੇ ਗੁਜ਼ਾਰੀ। ਇਹ ਸਕਾਟਲੈਂਡ ਮਿਸ਼ਨ ਦੇ ਚਰਚ ਵਿਖੇ ਹੀ ਰਹਿਣ ਵਾਲਾ ਵਿਦਿਆਰਥੀ ਸੀ। ਇਥੋਂ ਇਹ ਨੈਰੋਬੀ ਚਲਿਆ ਗਿਆ ਅਤੇ ਇਥੇ ਇਹ 'ਕੀਕਯੂ ਸੈਂਟਰਲ ਐਸੋਸ਼ੀਏਸ਼ਨ' ਦਾ ਜਨਰਲ ਸਕੱਤਰ ਬਣ ਗਿਆ। ਲੰਡਨ ਵਿਚ 1929 ਈ. ਵਿਚ ਇਸ ਨੇ ਅੰਗਰੇਜ਼ ਕਮਿਸ਼ਨਰ ਦੀਆਂ ਪੂਰਬੀ ਅਫਰੀਕਨ ਹੱਦਾਂ ਨੂੰ ਇਕੱਠਾ ਕਰਨ ਲਈ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਵਿਰੁੱਧ ਗਵਾਹੀ ਦਿੱਤੀ। ਇਸਨੇ ਯੂਨੀਵਰਸਿਟੀ ਕਾਲਜ, ਲੰਡਨ ਅਤੇ ਲੰਡਨ ਸਕੂਲ ਆਫ ਇਕਨਾਮਿਕਸ ਵਿਖੇ ਪੜ੍ਹਾਈ ਅਤੇ ਕੰਮ ਕੀਤਾ। ਸੰਨ 1930 ਵਿਚ ਇਹ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਨੇ ਰਾਜਨੀਤਕ ਪੈਂਫਲਿਟ ਛਪਵਾਏ। ਸੰਨ 1946 ਵਿਚ ਵਾਪਸ ਕੀਨੀਆ ਆ ਕੇ, ਇਹ ਸੰਨ 1947 ਵਿਚ ਕੀਨੀਆ-ਅਫਰੀਕਨ ਯੂਨੀਅਨ ਦਾ ਪ੍ਰਧਾਨ ਬਣਿਆ। ਸੰਨ 1952 ਵਿਚ ਇਸ ਨੂੰ ਕੈਦ ਕਰ ਲਿਆ ਗਿਆ ਅਤੇ ਸੰਨ 1953 ਈ. ਵਿਚ "Managing the Mau Mau terrorist Organisation" ਲਈ ਜੇਲ੍ਹ ਭੇਜ ਦਿਤਾ ਗਿਆ। ਇਹ 1963 ਈ. ਵਿਚ ਪ੍ਰਧਾਨ ਮੰਤਰੀ ਬਣ ਗਿਆ ਅਤੇ 1964 ਈ. ਵਿਚ ਕੀਨੀਆ ਦਾ ਰਾਸ਼ਟਰਪਤੀ ਚੁਣਿਆ ਗਿਆ।

ਹ. ਪੁ.—ਐਨ. ਬ੍ਰਿ. ਮਾ. 5 : 764

**ਕੀਨੀਆ, ਮਾਊਂਟ** : ਇਹ ਕੇਂਦਰੀ ਕੀਨੀਆ ਵਿਚ ਅਫਰੀਕਾ ਦੀ ਦੂਜੇ ਨੰਬਰ ਦੀ 5194 ਮੀ. ਉਚੀ ਚੋਟੀ ਹੈ। ਭਾਵੇਂ ਭੂ-ਮੱਧ ਰੇਖਾ ਇਸ ਦੇ ਉੱਤਰੀ ਕਿਨਾਰੇ ਦੇ ਕੋਲੋਂ ਦੀ ਲੰਘਦੀ ਹੈ, ਫਿਰ ਵੀ ਪੰਦਰਾਂ ਸਥਾਈ ਗਲੇਸ਼ੀਅਰਾਂ ਨੇ ਇਸ ਨੂੰ ਢੱਕਿਆ ਹੋਇਆ ਹੈ। ਕੀਨੀਆ ਪਹਾੜੀ ਇਕ ਬੁਝਿਆ ਹੋਇਆ ਅਪਰਦਿੱਤ ਜਵਾਲਾ ਮੁਖੀ ਹੈ। ਇਸ ਦਾ ਕੇਂਦਰੀ ਭਾਗ ਅਗਨੀ ਚਟਾਨਾਂ ਦਾ ਬਣਿਆ ਹੋਇਆ ਹੈ ਜਿਥੋਂ ਚਾਰ ਚੁਫੇਰੇ ਨੂੰ ਲਾਵਾ ਉੱਤਦਾਬ ਫੈਲੇ ਹੋਏ ਹਨ। ਆਪਣੇ ਤਲ ਉਤੇ

ਇਸ ਪਹਾੜੀ ਦਾ ਘੇਰਾ ਲਗਭਗ 200 ਕਿ. ਮੀ. ਹੈ ਅਤੇ ਇਹ ਲਗਭਗ 2,134 ਮੀ. ਉਚੀ ਪਠਾਰ ਤੋਂ ਉਠਦੀ ਹੈ । ਇਸ ਦੇ ਹੇਠਲੇ ਤੀਜੇ ਹਿੱਸੇ ਵਿਚ ਸੰਘਣੇ ਜੰਗਲ ਹਨ ਅਤੇ ਲਗਭਗ 3100 ਮੀ. ਦੀ ਉਚਾਈ ਤੀਕ ਵੀ ਕੁਝ ਦਰੱਖਤ ਮਿਲਦੇ ਹਨ ।

'ਜੋਹਾਨ ਲੁਡਵਿਗ ਕ੍ਰਾਫ' ਨਾਮੀ ਪਹਿਲਾ ਯੂਰਪੀ ਸੀ ਜਿਸ ਨੇ ਸੰਨ 1849 ਵਿਚ ਇਹ ਪਹਾੜੀ ਦੇਖੀ ਸੀ । ਇਸ ਨੂੰ ਸਰ ਕਰਨ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਬਰਤਾਨਵੀ ਭੂਗੋਲ-ਵਿਗਿਆਨੀ ਹਾਲਫੋਰਡ ਜਾਹਨ ਮਕਿੰਦਰ ਇਸ ਪਹਾੜ ਦੀ ਟੀਸੀ ਤੇ (ਸੰਨ 1899 ਵਿਚ) ਪਹੁੰਚਣ ਵਾਲਾ ਪਹਿਲਾ ਵਿਅਕਤੀ ਸੀ। ਇਸ ਦੇ ਉੱਤਰ-ਪੱਛਮ ਵੱਲ ਪੈਰਾਂ ਵਿਚ ਵਸਿਆ ਸ਼ਹਿਰ ਨਾਨਾਯੂਕੀ ਹੈ ਜਿਹੜਾ ਪਹਾੜੀ ਤੇ ਚੜ੍ਹਨ ਵਾਲਾ ਮੁੱਖ ਅੱਡਾ ਹੈ ।

ਹ. ਪੁ.—ਕੋਲ. ਐਨ. 11 : 187; ਐਨ. ਬ੍ਰਿ. ਮਾ. 5 : 764

**ਕੀਨੋਪੋਡੀਅਮ :** ਇਹ ਕੀਨੋਪੋਡੀਏਸੀ ਕੁਲ ਦੇ ਸਿਧੇ ਜਾਂ ਕੁਝ ਲੰਮੇ ਪਏ ਬੂਟਿਆਂ ਦੀ ਪ੍ਰਜਾਤੀ ਦਾ ਨਾਂ ਹੈ ਜਿਸ ਵਿਚ 60 ਦੇ ਕਰੀਬ ਜਾਤੀਆਂ ਸ਼ਾਮਲ ਹਨ । ਇਹ ਬੂਟੇ ਸੀਤ ਊਸ਼ਣ ਖੰਡਾਂ ਵਿਚ ਪਾਏ ਜਾਂਦੇ ਹਨ । ਕੁਝ ਕੁ ਬੂਟੇ ਲਗਭਗ ਸਾਰੇ ਸੰਸਾਰ ਵਿਚ ਨਦੀਨਾਂ ਦੇ ਤੌਰ ਤੇ ਮਿਲਦੇ ਹਨ । ਉੱਤਰੀ ਅਮਰੀਕਾ ਵਿਚ ਪੁਰਾਤਨ ਦੁਨੀਆ ਵਿਚੋਂ ਲਿਆ ਕੇ ਸ਼ਾਮਲ ਕੀਤੀਆਂ ਗਈਆਂ 25 ਜਾਤੀਆਂ ਮਿਲਦੀਆਂ ਹਨ । ਇਨ੍ਹਾਂ ਬੂਟਿਆਂ ਦੀ ਬਹੁਤ ਚੰਗੀ ਤਰ੍ਹਾਂ ਨੁਮਾਇੰਦਗੀ ਕਰਨ ਵਾਲਾ ਬੂਟਾ ਕੀਨੋਪੋਡੀਅਮ ਐਲਬਮ (*Chenopodiam album*) ਹੈ ਜਿਸ ਨੂੰ ਲੈਂਬਾਜ਼ ਕੁਆਰਟਰਜ਼ ਅਤੇ ਪਿਗਵੀਡ ਵੀ ਕਿਹਾ ਜਾਂਦਾ ਹੈ। ਇਨ੍ਹਾਂ ਬੂਟਿਆਂ ਦੇ ਹਰੇ ਕੋਣਾਕਾਰ ਤਣੇ ਉੱਪਰ ਚਿੱਟੀਆਂ ਅਤੇ ਲਾਲ ਧਾਰੀਆਂ ਹੁੰਦੀਆਂ ਹਨ ਅਤੇ ਪੱਤਿਆਂ ਵਾਂਗ ਇਨ੍ਹਾਂ ਉੱਪਰ ਆਟੇ ਵਰਗਾ ਧੂੜਾ ਜਿਹਾ ਹੁੰਦਾ ਹੈ । ਪੱਤੇ ਮੁੜੇ ਹੋਏ ਜਾਂ ਦੰਦਿਆਂ ਵਾਲੇ ਅਤੇ ਕੁਝ ਹਦ ਤਕ ਤਿੰਨ ਕੋਣੇ ਹੁੰਦੇ ਹਨ । ਛੋਟੇ ਛੋਟੇ ਫੁੱਲ ਸੰਘਣੇ ਬਗਲ ਵਰਤੀ ਜਾਂ ਅੰਤ-ਸਥਿਤ ਗੁੱਛਿਆਂ ਵਿਚ ਲਗਦੇ ਹਨ । ਇਨ੍ਹਾਂ ਬੂਟਿਆਂ ਦੇ ਫਲ ਆਮ ਤੌਰ ਤੇ ਪੱਤੀ-ਪੁੰਜ ਦੇ ਨਾਲ ਢਕੇ ਹੋਏ ਹੁੰਦੇ ਹਨ । ਫਲ ਵਿਚ ਚਮਕੀਲਾ ਕਾਲੇ ਰੰਗ ਦਾ ਇਕ ਛੋਟਾ ਜਿਹਾ ਬੀਜ ਹੁੰਦਾ ਹੈ ।

ਉੱਤਰੀ ਅਮਰੀਕਾ ਵਿਚ ਮਿਲਣ ਵਾਲੀਆਂ ਜਾਤੀਆਂ ਵਿਚ ਰੈੱਡ ਗੂਜ਼ਫੁਟ (*C. rubrum*) ਹੈ ਜੋ ਨਮਕੀਨ ਜ਼ਮੀਨਾਂ ਤੇ ਸਮੁੰਦਰੀ ਕੰਢਿਆਂ ਅਤੇ ਅੰਦਰਲੇ ਇਲਾਕਿਆਂ ਵਿਚ ਮਿਲਦੀ ਹੈ । ਇਕ ਹੋਰ ਜਾਤੀ ਸਟ੍ਰਾਬੈਰੀ ਬਲਾਈਟ (*C. capitatum*) ਹੈ ਜਿਸ ਦੇ ਭਰੇ ਹੋਏ ਲਾਲ ਫੁੱਲ ਸਟ੍ਰਾਬੈਰੀ ਨਾਲ ਮਿਲਦੇ ਜੁਲਦੇ ਹਨ ਅਤੇ ਇਹ ਨੌਵਾ ਸਕੋਟੀਆ ਤੋਂ ਅਲਾਸਕਾ ਦੇ ਦੱਖਣੀ ਹਿੱਸੇ ਤੋਂ ਨਿਊ ਜਰਸੀ, ਕੈਲਿਫੋਰਨੀਆ ਅਤੇ ਯੂਰਪ ਵਿਚ ਮਿਲਦੀ ਹੈ। ਸੀਅਰਾ ਨਵੇਡਾ ਦੀਆਂ ਛੋਟੀਆਂ ਪਹਾੜੀਆਂ ਅਤੇ ਤਟ ਵਰਤੀ ਇਲਾਕਿਆਂ ਵਿਚ ਕੈਲੀਫੋਰਨੀਆ ਗੂਜ਼ਫੁਟ ਸਾਬਣ ਦਾ ਪੌਦਾ ਨਾਮੀ (*C. californiacum*) ਜਾਤੀ ਮਿਲਦੀ ਹੈ । ਇਸ ਦੀਆਂ ਪੀਸੀਆਂ ਹੋਈਆਂ ਜੜ੍ਹਾਂ ਭਾਰਤੀ ਲੋਕਾਂ ਦੁਆਰਾ ਸਾਬਣ ਵਜੋਂ ਵਰਤੀਆਂ ਜਾਂਦੀਆਂ ਹਨ ।

ਇੰਗਲੈਂਡ ਅਤੇ ਅਮਰੀਕਾ ਵਿਚ ਮਿਲਣ ਵਾਲੀਆਂ ਜਾਤੀਆਂ ਵਿਚ ਮੈਪਲ ਲੀਵਡ ਗੂਜ਼ਫੁਟ (*C. hybridum*) ; ਨੈਟਲ-ਲੀਵਡ ਗੂਜ਼ਫੁਟ (*C. murale*) ; ਓੱਕ ਲੀਵਡ ਗੂਜ਼ਫੁਟ (*C. glaucum*) ; ਬਹੁਤ ਬੀਜਾਂ ਵਾਲੀ ਗੂਜ਼ਫੁਟ (*C. polyspernum*) ; ਸਿਟੀ ਗੂਜ਼ਫੁਟ (*C. urbicum*) ; ਗੁਡ ਕਿੰਗ ਹੈਨਰੀ (*C. bonus-Hemricus*) ; ਜੈਰੂਸਲਮ ਓਕ (*C. botrys*) ; ਮੈਕਸੀਕਨ (*C. anthelminiticum*) ; ਕਿਨੋਆ (*C. ambrosioides*) ਆਦਿ ਸ਼ਾਮਲ ਹਨ ।

ਹ. ਪੁ.—ਐਨ. ਬ੍ਰਿ. 5 : 446.

**ਕੀ ਫਰਾਂਸਿਸ ਸਕੱਟ :** ਸੰਯੁਕਤ ਰਾਜ ਅਮਰੀਕਾ ਦੇ ਇਸ ਵਕੀਲ ਤੇ ਲਿਖਾਰੀ ਜਿਸ ਨੇ ਰਾਸ਼ਟਰੀ ਗੀਤ "ਦਾ ਸਟਾਰ-ਸਪੈਂਗਲਡ ਬੈਨਰ" ਲਿਖਿਆ ਸੀ, ਦਾ ਜਨਮ ਅਗਸਤ, 1779 ਨੂੰ ਮੈਰੀਲੈਂਡ ਰਾਜ ਦੀ ਫ੍ਰੈਡਰਿਕ ਕਾਊਂਟੀ ਵਿਚ ਹੋਇਆ । ਸੰਨ 1812 ਦੀ ਜੰਗ ਦੌਰਾਨ ਵਾਸ਼ਿੰਗਟਨ ਸ਼ਹਿਰ ਨੂੰ ਬਰਤਾਨੀਆ ਦੇ ਅੱਗ ਲਾਏ ਜਾਣ ਪਿੱਛੋਂ ਸਤੰਬਰ, 1814 ਵਿਚ 'ਕੀ' ਨੂੰ ਚੀਸਾਪੀਕ ਖਾੜੀ ਵਿਚ ਬ੍ਰਿਟਿਸ਼ ਬੇੜੇ ਵਿਚ ਭੇਜਿਆ ਗਿਆ ਤਾਂ ਜੋ ਉਹ ਆਪਣੇ ਇਕ ਦੋਸਤ ਵਿਲੀਅਮ ਬੀਨਸ ਨੂੰ ਛੁਡਾ ਸਕੇ ਜਿਹੜਾ ਕਿ ਬਰਤਾਨੀਆ ਨੇ ਗ੍ਰਿਫਤਾਰ ਕੀਤਾ ਹੋਇਆ ਸੀ ਪਰ ਐਮਸੀ ਹੈਨਰੀ ਕਿਲੇ (ਜੋ ਬਾਲਟੀ ਮੋਰ ਦੀ ਰੱਖਿਆ ਕਰਨ ਵਾਲਿਆਂ ਕਿਲਿਆਂ ਵਿਚੋਂ ਇਕ ਸੀ) ਤੋਂ ਹੋ ਰਹੀ ਗੋਲਾਬਾਰੀ ਕਾਰਨ ਉਸ ਨੂੰ ਜਹਾਜ਼ ਤੇ ਠਹਿਰਾਈ ਰਖਿਆ । 13-14 ਸਤੰਬਰ ਨੂੰ ਬੰਬਾਰੀ ਵਾਲੀ ਰਾਤ ਉਸਦੀ ਚਿੰਤਾ ਹੋਰ ਵੀ ਵਧ ਗਈ ਪਰ ਦੂਜੇ ਦਿਨ ਸਵੇਰ ਨੂੰ ਜਦੋਂ ਉਸ ਨੇ ਦੇਖਿਆ ਕਿ ਅਮਰੀਕੀ ਝੰਡਾ ਅਜੇ ਵੀ ਗੜ੍ਹੀ ਤੇ ਝੂਲ ਰਿਹਾ ਹੈ ਤਾਂ ਉਸ ਨੇ "ਸਟਾਰ-ਸਪੈਂਗਲਡ ਬੈਨਰ" ਲਿਖੀ । ਉਸੇ ਦਿਨ ਉਥੋਂ ਰਿਹਾ ਹੋ ਗਿਆ ਅਤੇ ਬਾਲਟੀਮੋਰ ਦੇ ਇਕ ਹੋਟਲ ਵਿਚ ਇਹ ਕਵਿਤਾ ਮੁੜ ਲਿਖੀ । ਇਸ ਨੂੰ "ਡੀਫੈਂਸ ਆਫ ਫੋਰਟ ਐਮ ਹੈਨਰੀ" ਦੇ ਸਿਰਲੇਖ ਅਧੀਨ ਅਨਾਮੀ ਤੌਰ ਤੇ ਛਪਵਾਇਆ ਗਿਆ ਅਤੇ 20 ਸਤੰਬਰ ਨੂੰ ਬਾਲਟੀਮੋਰ ਦੇ ਇਕ ਦੇਸ਼ ਭਗਤ ਨੇ ਇਸ ਨੂੰ ਪ੍ਰਕਾਸ਼ਿਤ ਕੀਤਾ । ਇਹ ਜਲਦੀ ਹੀ ਸਾਰੇ ਦੇਸ਼ ਵਿਚ ਹਰਮਨ ਪਿਆਰੀ ਬਣ ਗਈ । ਬਾਅਦ ਵਿਚ ਥਲ ਤੇ ਸਮੁੰਦਰੀ ਫੌਜਾਂ ਨੇ ਇਸ ਨੂੰ ਬਤੌਰ ਰਾਸ਼ਟਰੀ ਗੀਤ ਅਪਣਾ ਲਿਆ । ਸੰਨ 1931 ਪਿਛੋਂ ਇਸ ਨੂੰ ਸਾਰੇ ਦੇਸ਼ ਨੇ ਅਪਣਾ ਲਿਆ ।

ਇਸ ਦੀ ਮੌਤ 11 ਜਨਵਰੀ, 1843 ਨੂੰ ਬਾਲਟੀਮੋਰ ਵਿਖੇ ਹੋਈ ।

ਹ. ਪੁ.—ਐਨ. ਬ੍ਰਿ. ਮਾ. 5 : 777

**ਕੀਮਜ਼ੇ :** ਇਹ ਦੱਖਣ ਪੂਰਬੀ, ਪੱਛਮੀ ਜਰਮਨੀ ਵਿਚ ਬਵੇਰੀਆ ਰਾਜ ਦੀ ਸਭ ਤੋਂ ਵੱਡੀ ਝੀਲ ਹੈ ਜੋ ਸਮੁੰਦਰੀ ਤਲ ਤੋਂ 518 ਮੀ. ਦੀ ਉਚਾਈ ਤੇ, 'ਇਨ' ਅਤੇ 'ਸਲਜ਼ਾਕ' ਦਰਿਆਵਾਂ ਵਿਚਕਾਰ ਸਥਿਤ ਹੈ । ਇਹ 8 ਕਿ. ਮੀ. ਲੰਬੀ ਅਤੇ ਲਗਭਗ 15 ਕਿ. ਮੀ. ਚੌੜੀ ਹੈ । ਇਸ ਦਾ ਕੁੱਲ ਰਕਬਾ 80 ਵ. ਕਿ. ਮੀ. ਹੈ ਅਤੇ ਇਸ ਵਿਚ ਤਿੰਨ ਟਾਪੂ ਹਨ । ਇਸ ਦਾ ਪਾਣੀ ਬਹੁਤ ਸਾਫ਼-ਸੁਥਰਾ ਹੈ ਅਤੇ ਇਹ ਟ੍ਰਾਊਟ ਅਤੇ ਕੱਾਰਪ ਮੱਛੀ ਨਾਲ ਭਰੀ ਪਈ ਹੈ। ਪਰ ਇਹ ਮੱਛੀਆਂ ਫੜਨ ਲਈ ਰਾਖਵੀਂ ਰੱਖੀ ਹੋਈ ਹੈ । ਹੈਰੇਨਿਨਸੈੱਲ ਟਾਪੂ ਤੇ ਇਕ ਬੈਨਡਿਕਟਿਨੀ ਮੱਠ ਅਤੇ ਵਰਸੇਲਜ਼ ਦੇ ਮਹਿਲ ਨਮੂਨੇ ਤੇ ਬਣਾਇਆ ਬਵੇਰੀਅਨ ਸ਼ਾਹੀ ਕਿਲਾ ਹੈ । ਫਰਾਊਨਿਨਸੈਲ ਉਤੇ ਇਕ ਸਾਬਕਾ ਬੈਨਡਿਕਟਿਨੀ ਮੱਠ (766-1803) ਹੈ । ਇਥੇ ਸਟੀਮਰ ਸੇਵਾ ਉਪਲਬਧ ਹੈ ।

47° 54′ ਉ. ਵਿਥ. 12° 29′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 832.

**ਕੀਮੀਆਗਰੀ :** ਉਹ ਬਣਾਉਟੀ ਵਿਗਿਆਨ ਜਿਸ ਰਾਹੀਂ ਸਿੱਕਾ ਜਾਂ ਤਾਂਬਾ ਆਦਿ ਧਾਤਾਂ ਨੂੰ ਚਾਂਦੀ ਜਾਂ ਸੋਨੇ ਵਿਚ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਕੀਮੀਆਗਰੀ ਅਖਵਾਉਂਦੀ ਹੈ । ਇਨ੍ਹਾਂ ਕੋਸ਼ਿਸ਼ਾਂ ਵਿਚ ਰਸਾਇਣਿਕ ਢੰਗਾਂ ਦੀ ਹੀ ਵਰਤੋਂ ਕੀਤੀ ਜਾਂਦੀ ਰਹੀ ਹੈ । ਰਸਾਇਣ-ਵਿਗਿਆਨ ਦੇ ਵਿਕਾਸ ਦੇ ਨਾਲ ਨਾਲ ਇਨ੍ਹਾਂ ਢੰਗਾਂ ਵਿਚ ਵੀ ਸੋਧ ਹੁੰਦੀ ਰਹੀ ਹੈ । ਅਸਲ ਵਿਚ ਕਈ ਸਦੀਆਂ ਤਕ ਕੀਮੀਆਗਰੀ ਦਾ ਇਤਿਹਾਸ ਰਸਾਇਣ-ਵਿਗਿਆਨ ਦਾ ਹੀ ਇਤਿਹਾਸ ਰਿਹਾ ਹੈ ।

ਕੀਮੀਆਗਰੀ ਦੇ ਸ਼ੁਰੂ ਹੋਣ ਦੇ ਸਮੇਂ ਦਾ ਅਸਲ ਪਤਾ ਨਹੀਂ ਲਗ ਸਕਿਆ । ਪੱਛਮੀ ਦੁਨੀਆ ਵਿਚ ਕੀਮੀਆਗਰੀ ਸੰਬੰਧੀ ਪਹਿਲੀਆਂ

ਲਿਖਤਾਂ ਤੀਸਰੀ ਜਾਂ ਚੌਥੀ ਸਦੀ ਈਸਵੀ ਦੀਆਂ ਹਨ ਪ੍ਰੰਤੂ ਇਨ੍ਹਾਂ ਨੇ ਪਹਿਲਾਂ ਹੀ ਇਕ ਵਧੇਰੇ ਵਿਕਸਿਤ ਵਿਗਿਆਨ ਦਾ ਵਰਣਨ ਕੀਤਾ ਹੋਇਆ ਸੀ ਇਸ ਲਈ ਇਹ ਖਿਆਲ ਕੀਤਾ ਜਾਂਦਾ ਹੈ ਕਿ ਪਹਿਲੀ ਸਦੀ ਦੌਰਾਨ ਕੀਮੀਆਗਰ ਵਧੇਰੇ ਸਰਗਰਮ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੀਮੀਆਗਰੀ ਮਿਸਰ ਵਿਚ ਐਲੈਗਜ਼ੈਂਡਰਿਆ ਦੀ ਹੈਲੈਨੀਸਟਿਕ ਸੰਸਕ੍ਰਿਤੀ ਦੌਰਾਨ ਸ਼ੁਰੂ ਹੋਈ। ਇਸ ਸਮੇਂ ਵਿਚ ਐਲੈਗਜ਼ੈਂਡਰਿਆ ਵਿਦਵਾਨਾਂ ਦਾ ਕੇਂਦਰ ਸੀ ਜਿਥੇ ਵਖੋ ਵਖਰੇ ਤਿੰਨ ਕਿਸਮ ਦੇ ਵਿਚਾਰਾਂ ਦਾ ਸਦਕਾ ਕੀਮੀਆਗਰੀ ਸ਼ੁਰੂ ਹੋਈ। ਇਹ ਧਾਰਾਵਾਂ ਯੂਨਾਨੀ ਫ਼ਲਸਫਾ, ਮਿਸਰ ਦਾ ਤਕਨਾਲੋਜੀ ਅਤੇ ਮੱਧ ਪੂਰਬੀ ਧਰਮਾਂ ਦਾ ਰਹੱਸਵਾਦ ਸਨ।

ਯੂਨਾਨੀ ਫਲਸਫੇ ਦੀ ਕੋਸ਼ਿਸ਼ ਹਮੇਸ਼ਾ ਸਾਰੀ ਭੌਤਿਕ ਦੁਨੀਆ ਦੇ ਸਰੂਪ ਦੀ ਵਿਆਖਿਆ ਕਰਨ ਦੀ ਸੀ। ਅਰਸਤੂ ਦਾ ਇਹ ਵਿਸ਼ਵਾਸ ਸੀ ਕਿ ਭੂਮਿਆਈ ਦੁਨੀਆ ਵਿਚਲੀਆਂ ਸਾਰੀਆਂ ਚੀਜ਼ਾਂ ਦਾ ਆਧਾਰ ਕੋਈ ਪ੍ਰਮੁੱਖ ਮਾਦਾ ਹੈ', ਇਸ ਪ੍ਰਮੁੱਖ ਮਾਦੇ ਉਤੇ ਯੋਗ ਢੰਗਾਂ ਰਾਹੀਂ ਵਖ-ਵਖ ਰੂਪ ਬਣਾਏ ਜਾ ਸਕਦੇ ਹਨ। ਮਾਦੇ ਅਤੇ ਰੂਪ ਦੀ ਪਰਸਪਰ ਕਿਰਿਆ ਦੁਆਰਾ ਚਾਰ ਮੂਲ ਤੱਤ ਅਰਥਾਤ ਅੱਗ, ਹਵਾ, ਪਾਣੀ ਅਤੇ ਧਰਤੀ ਬਣੇ ਅਤੇ ਇਨ੍ਹਾਂ ਚਾਰ ਤੱਤਾਂ ਤੋਂ ਸਾਰੇ ਸੰਸਾਰਕ ਪਦਾਰਥ ਬਣੇ। ਇਹੀ ਤੱਤ ਹੀ ਪਦਾਰਥਾਂ ਦੇ ਭੌਤਿਕ ਗੁਣ ਦਰਸਾਉਂਦੇ ਸਨ। ਕਿਸੇ ਪਦਾਰਥ ਵਿਚ ਬਹੁਤੀ ਮਿੱਟੀ ਕਾਰਨ ਇਹ ਠੋਸ ਬਣ ਜਾਂਦਾ ਹੈ, ਪਾਣੀ ਤਰਲ ਜਾਂ ਪਿਘਲਣ ਯੋਗ ਪਦਾਰਥ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਹਵਾ ਇਕ ਆਤਮਾ ਸੀ ਅਤੇ ਅੱਗ ਜਾਲਣ ਦਾ ਸਿਧਾਂਤ ਦਰਸਾਉਂਦੀ ਸੀ। ਇਨ੍ਹਾਂ ਪਦਾਰਥਾਂ ਦੀਆਂ ਮਾਤਰਾਵਾਂ ਬਦਲਨ ਨਾਲ ਪ੍ਰਮੁੱਖ ਮਾਦੇ ਦੇ ਰੂਪ ਵਿਚ ਤਬਦੀਲੀ ਹੋ ਗਈ ਅਤੇ ਇਸ ਤਰ੍ਹਾਂ ਇਸ ਸਿਧਾਂਤ ਅਨੁਸਾਰ ਯੋਗ ਢੰਗਾਂ ਅਤੇ ਯੋਗ ਹਾਲਤਾਂ ਨਾਲ ਹਰ ਇਕ ਪਦਾਰਥ ਨੂੰ ਦੂਸਰੇ ਪਦਾਰਥ ਵਿਚ ਬਦਲਿਆ ਜਾ ਸਕਦਾ ਹੈ।

ਮਿਸਰ ਵਿਚ ਬੜੀ ਦੇਰ ਤੋਂ ਧਾਤ ਨਾਲ ਕੰਮ ਕਰਨ ਵਾਲੇ ਤਜਰਬੇਕਾਰ ਕਾਰੀਗਰ ਸਨ ਜਿਹੜੇ ਕੇਵਲ ਚਾਂਦੀ ਜਾਂ ਸੋਨੇ ਦੀਆਂ ਵਸਤਾਂ ਨਹੀਂ ਸਨ ਬਣਾਉਂਦੇ ਸਗੋਂ ਗ਼ਰੀਬ ਸ਼ਹਿਰੀਆਂ ਲਈ ਇਨ੍ਹਾਂ ਧਾਤਾਂ ਦੀ ਥਾਂ ਦੂਸਰੀਆਂ ਧਾਤਾਂ ਵੀ ਤਿਆਰ ਕਰਦੇ ਸਨ। ਇਹ ਪੂਰੀ ਕੋਸ਼ਿਸ਼ ਕਰਦੇ ਸਨ ਕਿ ਇਹ ਧਾਤਾਂ ਵੀ ਬਿਲਕੁਲ ਸੋਨੇ ਜਾਂ ਚਾਂਦੀ ਵਾਂਗ ਵਿਖਾਈ ਦੇਣ। ਅਰਸਤੂ ਦੇ ਸਿਧਾਂਤਾਂ ਦੇ ਪੱਖੋਂ ਇਨ੍ਹਾਂ ਨੂੰ ਅਜਿਹੇ ਕਿਸੇ ਕਾਰਨ ਦਾ ਪਤਾ ਨਹੀਂ ਸੀ ਕਿ ਉਹ ਅਸਲੀ ਸੋਨਾ ਜਾਂ ਚਾਂਦੀ ਕਿਉਂ ਨਹੀਂ ਸਨ ਬਣਾ ਸਕਦੇ। ਇਸ ਵਿਚਾਰ ਵਿਚ ਇਨ੍ਹਾਂ ਦੀ ਸਹਾਇਤਾ ਮੈਸੋਪੋਟੇਮਿਆ ਦੇ ਜੋਤਸ਼ੀਆਂ ਨੇ ਕੀਤੀ। ਉਨ੍ਹਾਂ ਅਨੁਸਾਰ ਜਿਸ ਤਰ੍ਹਾਂ ਇਨਸਾਨੀ ਆਤਮਾ ਮਰਨ ਤੋਂ ਮਗਰੋਂ ਸਵਰਗ ਵਿਚ ਪੂਰਨ ਹੋ ਜਾਂਦੀ ਹੈ ਇਸੇ ਤਰ੍ਹਾਂ ਧਰਤੀ ਵਿਚ ਘਟੀਆ ਧਾਤਾਂ ਵੀ ਪੂਰਨ ਧਾਤ ਅਰਥਾਤ ਸੋਨੇ ਵਿਚ ਬਦਲ ਸਕਦੀਆਂ ਹਨ; ਜਿਵੇਂ ਕਿ ਤਾਂਬੇ ਦਾ ਕਾਲਾ ਆਕਸਾਈਡ ਬਣਾ ਕੇ ਮਾਰਿਆ ਜਾ ਸਕਦਾ ਹੈ ਅਤੇ ਫਿਰ ਪਾਰੇ ਜਾਂ ਆਰਸਨਿਕ ਨਾਲ ਚਾਂਦੀ ਦੇ ਰੰਗ ਦੀ ਮਿਸ਼ਰਤ-ਧਾਤ ਬਣਾ ਕੇ ਮੁੜ ਪ੍ਰਾਪਤ ਕੀਤਾ ਜਾ ਸਕਦਾ ਹੈ। ਦੂਸਰੇ ਰੀਏਜੰਟਾਂ ਨਾਲ ਪੀਲੇ ਜਾਂ ਲਾਲ ਰੰਗ ਉਤਪੰਨ ਹੁੰਦੇ ਹਨ। ਰੰਗਾਂ ਦੀ ਇਸ ਤਰਤੀਬ ਨੇ ਐਲੈਗਜ਼ੈਂਡਰਿਆ ਦੇ ਕਾਰੀਗਰਾਂ ਉੱਤੇ ਬਹੁਤ ਪ੍ਰਭਾਵ ਪਾਇਆ। ਇਹ ਆਪਣੇ ਧਾਤ-ਕ੍ਰਮ ਸੰਬੰਧੀ ਕੰਮ ਦੇ ਨਾਲ ਨਾਲ ਰੰਗਾਈ ਦਾ ਕੰਮ (ਲਲਾਰੀ) ਵੀ ਕਰਨ ਲਗ ਪਏ। ਇਨ੍ਹਾਂ ਨੇ ਇਹ ਵਿਸ਼ਵਾਸ ਕਰਨਾ ਵੀ ਸ਼ੁਰੂ ਕਰ ਦਿੱਤਾ ਕਿ ਰੰਗਾਂ ਦੀਆਂ ਤਬਦੀਲੀਆਂ ਕਾਲਾ-ਚਿੱਟਾ-ਪੀਲਾ (ਬਾਅਦ ਵਿਚ ਲਾਲ) ਸਫ਼ਲ ਕਾਇਆ-ਬਦਲੀ ਲਈ ਜ਼ਰੂਰੀ ਹਨ ਅਤੇ ਅਜਿਹੀ ਕਿਸੇ ਵੀ ਤਬਦੀਲੀ ਦੀ ਸਥਿਤੀ ਦਾ ਅੰਦਾਜ਼ਾ ਉਸ ਦੇ ਰੰਗ ਤੋਂ ਲਗਾਇਆ ਜਾ ਸਕਦਾ ਹੈ। ਇਸ ਤੋਂ ਮਗਰਲੀ ਹਰ ਤਰ੍ਹਾਂ ਦੀ ਕੀਮੀਆਗਰੀ ਲਈ ਕਾਲਾ-ਚਿੱਟਾ-ਲਾਲ ਰੰਗਾਂ ਦੀ ਤਰਤੀਬ ਸਟੈਂਡਰਡ (ਮਿਆਰ) ਬਣ ਗਈ ਅਤੇ ਸਹੀ ਰੰਗ ਉਤਪੰਨ ਕਰਨ ਲਈ ਕੀਤੀਆਂ ਕੋਸ਼ਿਸ਼ਾਂ ਤੋਂ ਕਈ ਰਸਾਇਣਿਕ ਕਾਢਾਂ ਦਾ ਪਤਾ ਲਗਾ।

ਜੋਤਿਸ਼ ਵਿੱਦਿਆ ਵਿਚ ਹਰ ਧਾਤ ਨੂੰ ਖਗੋਲੀ ਪਿੰਡ ਮੰਨਿਆ ਜਾਂਦਾ ਸੀ। ਉੱਤਮ ਧਾਤ ਸੋਨਾ ਸੂਰਜ ਨਾਲ ਅਤੇ ਚਾਂਦੀ ਚੰਦ ਨਾਲ ਸੰਬੰਧਤ ਸੀ। ਆਮ ਕਰਕੇ ਤਾਂਬੇ ਦਾ ਸੰਬੰਧ ਸ਼ੁੱਕਰ ਨਾਲ, ਸਿੱਕੇ ਦਾ ਸਨਿਚਰ ਨਾਲ, ਲੋਹੇ ਦਾ ਮੰਗਲ ਨਾਲ, ਕਲੱਈ ਦਾ ਬ੍ਰਹਸਪਤ ਨਾਲ ਅਤੇ ਪਾਰੇ ਦਾ ਮਰਕਰੀ ਜਾਂ ਬੁੱਧ ਗ੍ਰਹਿ ਨਾਲ ਮੰਨਿਆ ਜਾਂਦਾ ਹੈ।

**ਚੀਨੀ ਕੀਮੀਆਗਰੀ**—ਜਦੋਂ ਇਹ ਵਿਕਾਸ ਪੱਛਮ ਵਿਚ ਹੋ ਰਹੇ ਸਨ ਤਾਂ ਅਜਿਹੀ ਹੀ ਕੀਮੀਆਗਰੀ ਚੀਨ ਵਿਚ ਵਿਕਸਿਤ ਹੋ ਰਹੀ ਸੀ। ਟਾੱਇਸਟ ਫਲਸਫੇ, ਉੱਤੇ ਆਧਾਰਿਤ ਚੀਨੀ ਕੀਮੀਆਗਰੀ ਦੀ ਕੋਸ਼ਿਸ਼ ਸਮੂਹ ਖਾਰੀਆਂ ਧਾਤਾਂ ਨੂੰ ਸੋਨੇ ਵਿਚ ਬਦਲਣ ਦੀ ਸੀ। ਚੀਨੀ ਕੀਮੀਆਗਰ ਰੂਪ ਬਦਲੀ ਲਈ ਇਕ ਦਵਾਈ ਦੀ ਵਰਤੋਂ ਕਰਦੇ ਸਨ। ਇਸ ਤਰ੍ਹਾਂ ਤਿਆਰ ਕੀਤਾ ਸੋਨਾ ਆਪਣੇ ਆਪ ਵਿਚ ਭਾਵੇਂ ਬਹੁਤਾ ਸ਼ੁੱਧ ਨਹੀਂ ਸੀ ਬਣਦਾ ਪ੍ਰੰਤੂ ਇਸ ਨੂੰ ਖਾਣ ਵਾਲਾ ਹਰ ਵਿਅਕਤੀ ਅਮਰ ਹੋ ਜਾਂਦਾ ਹੈ ਅਤੇ ਕਈ ਵਾਰੀ ਜ਼ਿੰਦਗੀ ਵਧਾਉਣ ਅਤੇ ਬਿਮਾਰੀਆਂ ਦੇ ਇਲਾਜ ਲਈ ਵੀ ਕਾਫ਼ੀ ਲਾਹੇਵੰਦ ਹੁੰਦਾ ਸੀ।

ਜਿਉਂ ਜਿਉਂ ਸਮਾਂ ਬੀਤਦਾ ਗਿਆ ਪੱਛਮ ਅਤੇ ਪੂਰਬ ਦੋਹਾਂ ਵਿਚ ਰਹੱਸਵਾਦੀ ਕੀਮੀਆਗਰ ਸਿਰ ਕੱਢਣ ਲੱਗੇ। ਲਿਖਤਾਂ ਘਟਦੀਆਂ ਗਈਆਂ ਅਤੇ ਕੀਮੀਆਗਰ ਪ੍ਰਯੋਗਸ਼ਾਲਾ ਵਿਚ ਕੰਮ ਕਰਨਾ ਛੱਡਣ ਲਗ ਪਏ। ਚੀਨ ਦੀ ਇਹ ਕਲਾ ਅੰਧ-ਵਿਸ਼ਵਾਸਾਂ ਦੇ ਰੂਪ ਵਿਚ ਮੁੜ ਸ਼ੁਰੂ ਹੋ ਗਈ ਅਤੇ ਕੌਮ ਦੇ ਬੌਧਿਕ ਜੀਵਨ ਲਈ ਕੋਈ ਲਾਹੇਵੰਦ ਨਾ ਰਹੀ। ਪੱਛਮ ਵਿਚ ਵੀ ਇਕ ਹੋਰ ਦੂਸਰਾ ਰਾਹ ਅਪਣਾਇਆ ਗਿਆ।

**ਅਰਬੀ ਕੀਮੀਆਗਰੀ**—ਅਰਬਾਂ ਵਿਚ ਕਈ ਪ੍ਰਯੋਗਿਕ ਕੀਮੀਆਗਰਾਂ ਨੇ ਕੰਮ ਸ਼ੁਰੂ ਕਰ ਦਿੱਤਾ ਅਤੇ ਕੀਮੀਆਗਰੀ ਕਲਾ ਮੁੜ ਪ੍ਰਯੋਗਸ਼ਾਲਾ ਵਿਚ ਸ਼ੁਰੂ ਹੋ ਗਈ। ਇਨ੍ਹਾਂ ਵਿਚ ਰੇਜ਼ੈੱਸ ਅਤੇ ਐਵੀਸੈੱਨ ਵਰਗੇ ਪ੍ਰਸਿਧ ਵੈਦ ਵੀ ਸ਼ਾਮਲ ਸਨ। ਅਜਿਹਾ ਬਹੁਤਾ ਕੰਮ ਕਰਨ ਵਾਲੇ ਵਿਅਕਤੀਆਂ ਦਾ ਈਸਮਾਈਲਿਆ ਫਿਰਕਾ ਸੀ। ਇਸ ਗਰੁੱਪ ਨੇ ਕਾਫ਼ੀ ਕੀਮੀਆਗਰੀ ਸਬੰਧੀ ਅਤੇ ਰਹੱਸਵਾਦੀ ਸਾਹਿਤ ਛਪਵਾਇਆ ਜਿਸ ਦਾ ਬਹੁਤਾ ਹਿੱਸਾ ਇਕ ਜਾਬੀਰ ਇਬਨ ਹਾਯਾਨ ਨਾਲ ਸਬੰਧਤ ਸੀ। ਹੋ ਸਕਦਾ ਹੈ ਜਾਬੀਰ 8ਵੀਂ ਸਦੀ ਵਿਚ ਰਿਹਾ ਹੋਵੇ ਅਤੇ ਕੀਮੀਆਗਰੀ ਪੁਸਤਕਾਂ ਲਿਖੀਆਂ ਹੋਣ ਪ੍ਰੰਤੂ ਉਸ ਦੁਆਰਾ ਲਿਖੀਆਂ ਗਈਆਂ ਲਿਖਤਾਂ ਨੂੰ 9ਵੀਂ ਅਤੇ 10ਵੀਂ ਸਦੀ ਦੇ ਫਿਰਕੇ ਵਾਲਿਆਂ ਨੇ ਛਪਵਾਇਆ। ਅਰਬੀ ਕੀਮੀਆਗਰਾਂ ਵਿਚੋਂ ਸਭ ਤੋਂ ਪ੍ਰਸਿੱਧ ਜਾਬੀਰ ਹੀ ਮੰਨਿਆ ਗਿਆ ਹੈ।

ਅਰਬੀ ਕੀਮੀਆਗਰੀ ਦੇ ਮੁੱਖ ਵਿਚਾਰ ਐਲੈਗਜ਼ੈਂਡਰਿਆ ਦੀ ਕੀਮੀਆਗਰੀ ਵਾਲੇ ਹੀ ਸਨ, ਪ੍ਰੰਤੂ ਅਰਬ ਵਾਲੇ ਚੀਨ ਨਾਲ ਵੀ ਸੰਪਰਕ ਰਖਦੇ ਸਨ ਅਤੇ ਉਨ੍ਹਾਂ ਨੇ ਪੂਰਬੀ ਕਾਰੀਗਰਾਂ ਦੇ ਦੋ ਮੁੱਖ ਅਤੇ ਵਿਸ਼ੇਸ਼ ਵਿਚਾਰਾਂ ਨੂੰ ਵੀ ਅਪਣਾਇਆ। ਚੀਨੀਆਂ ਦੁਆਰਾ ਵਰਤੀ ਜਾਂਦੀ ਕਥਿਤ ਦਵਾਈ ਨੂੰ ਮਗਰਲੀ ਯੂਰਪੀ ਕੀਮੀਆਗਰੀ ਵਿਚ 'ਪਾਰਸ ਮਣੀ' ਕਿਹਾ ਗਿਆ। ਅਰਬੀ ਕੀਮੀਆਗਰਾਂ ਨੇ ਅਰਸਤੂ ਦੇ ਚਾਰ ਤੱਤਾਂ ਵਾਲੇ ਵਿਚਾਰ ਦੀ ਥਾਂ ਹਰ ਧਾਤ ਨੂੰ ਦੋ ਤਤਕਾਲੀ ਅੰਸ਼ਾਂ ਅਰਥਾਤ ਗੰਧਕ ਅਤੇ ਪਾਰੇ ਦਾ ਬਣਿਆ ਮੰਨਿਆ ਭਾਵੇਂ ਇਹ ਅੱਗੇ ਜਾ ਕੇ ਆਪਣੇ ਆਪ ਵਿਚ ਚਾਰ ਤੱਤਾਂ ਦੇ ਬਣੇ ਹੋਏ ਸਨ।

ਅਰਬੀ ਕੀਮੀਆਗਰਾਂ ਨੇ ਕਈ ਪ੍ਰਸਿੱਧ ਨਵੇਂ ਰਸਾਇਣਿਕ ਪਦਾਰਥਾਂ ਦੀਆਂ ਸ਼੍ਰੇਣੀਆਂ ਜਿਵੇਂ ਕਿ ਕਾਸਟਿਕ ਖਾਰਾਂ ਆਦਿ ਦੀ ਖੋਜ ਕੀਤੀ ਅਤੇ ਕਸ਼ੀਦ-ਕਿਰਿਆ ਆਦਿ ਵਿਧੀਆਂ ਵਿਚ ਸੁਧਾਰ ਕੀਤੇ।

**ਦਸਵੀਂ ਸਦੀ ਤੋਂ ਮਗਰਲੇ ਵਿਕਾਸ**—ਯੂਨਾਨੀ ਫਲਸਫੇ ਅਤੇ ਵਿਗਿਆਨ ਦੀਆਂ ਲਗਭਗ ਸਾਰੀਆਂ ਲਿਖਤਾਂ ਰੋਮ ਦੇ ਪਤਨ ਮਗਰੋਂ

ਪੱਛਮੀ ਯੂਰਪ ਵਿਚ ਗੁਆਚ ਗਈਆਂ। ਕੀਮੀਆਗਰੀ ਪੂਰਨ ਤੌਰ ਤੇ ਖ਼ਤਮ ਹੋ ਗਈ। ਗਿਆਰ੍ਹਵੀਂ ਅਤੇ ਬਾਰ੍ਹਵੀਂ ਸਦੀ ਵਿਚ ਵਿਗਿਆਨ ਪ੍ਰਤਿ ਦਿਲਚਸਪੀ ਸਦਕਾ ਅਰਬੀ ਹੁਨਰ ਨੂੰ ਮਾਨਤਾ ਪ੍ਰਾਪਤ ਹੋਈ। ਸਪੇਨ ਅਤੇ ਸਿਸਲੀ ਵਿਚ, ਜਿੱਥੇ ਯੂਰਪ ਵਾਸੀ ਅਤੇ ਅਰਬੀਆਂ ਦਾ ਗੂੜ੍ਹਾ ਸਬੰਧ ਸੀ, ਅਨੁਵਾਦ ਦੇ ਨਵੇਂ ਸਕੂਲ ਸ਼ੁਰੂ ਕੀਤੇ ਗਏ। ਕਈ ਵਿਦਵਾਨਾਂ ਨੇ ਅਰਬੀ ਵੈਦਾਂ, ਦਾਰਸ਼ਨਿਕਾਂ ਅਤੇ ਵਿਗਿਆਨੀਆਂ ਦੁਆਰਾ ਕੀਤੇ ਕੰਮ ਨੂੰ ਲਾਤੀਨੀ ਭਾਸ਼ਾ ਵਿਚ ਅਨੁਵਾਦ ਕੀਤਾ। ਸਿਰਿਐਕ ਅਤੇ ਅਰਬੀ ਵਿਚ ਯੂਨਾਨ ਤੋਂ ਆਈਆਂ ਲਿਖਤਾਂ ਪੱਛਮ ਵਿਚ ਪਹੁੰਚ ਚੁੱਕੀਆਂ ਸਨ ਅਤੇ ਉਨ੍ਹਾਂ ਦੇ ਲਾਤੀਨੀ ਭਾਸ਼ਾ ਦੇ ਅਨੁਵਾਦ ਤੋਂ ਸਾਰੀਆਂ ਮੁੱਖ ਯੂਰਪੀ ਭਾਸ਼ਾਵਾਂ ਵਿਚ ਮੁੜ ਅਨੁਵਾਦ ਕੀਤਾ ਗਿਆ। ਇਨ੍ਹਾਂ ਵਿਚ ਕਈ ਹੱਥ ਲਿਖਤਾਂ ਦੇ ਖਰੜੇ ਕੀਮੀਆਗਰੀ ਦੇ ਸਨ।

ਕੀਮੀਆਗਰੀ ਦੀਆਂ ਪ੍ਰਯੋਗਿਕ ਅਤੇ ਰਹੱਸਵਾਦੀ ਸ਼ਾਖ਼ਾਵਾਂ ਵੱਖੋ ਵੱਖ ਵਿਕਸਿਤ ਹੋਈਆਂ। ਪ੍ਰਯੋਗਿਕ ਕੀਮੀਆਗਰ ਸਭ ਤੋਂ ਮੁਢਲੇ ਯੂਰਪੀ ਰਸਾਇਣ-ਵਿਗਿਆਨੀ ਸਨ। ਜਾਬੀਰ 14ਵੀਂ ਸਦੀ ਦਾ ਪ੍ਰੈਕਟਿਸ ਕਰਨ ਵਾਲਾ ਸਪੇਨੀ ਕੀਮੀਆਗਰ ਸੀ। ਇਸ ਦੀਆਂ ਲਿਖੀਆਂ ਕਿਤਾਬਾਂ ਕੀਮੀਆਗਰਾਂ ਲਈ ਪਾਠ-ਪੁਸਤਕਾਂ ਬਣੀਆਂ। ਆਪਣੀ ਸੋਸਾਇਟੀ ਵਿਚ ਕੀਮੀਆਗਰ ਨੂੰ ਚੰਗੀ ਮਾਨਤਾ ਮਿਲਦੀ ਸੀ ਪਰੰਤੂ ਕੁਝ ਹੀ ਸਮੇਂ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਕਿ ਬਹੁਤੇ ਕੀਮੀਆਗਰੀ ਬੇਈਮਾਨ ਅਤੇ ਨੀਮ-ਹਕੀਮ ਸਨ। ਇਸੇ ਪੱਖੋਂ ਲੋਕਾਂ ਦੇ ਵਿਚਾਰਾਂ ਨੂੰ *Canon's yeoman's Tale of Chaucer* ਅਤੇ ਬੈੱਨ ਜਾਨਸਨ ਦੇ ਨਾਟਕ *The Alchemist'* ਰਾਹੀਂ ਦਰਸਾਇਆ ਗਿਆ ਹੈ।

ਕਈ ਈਮਾਨਦਾਰ ਕੀਮੀਆਗਰਾਂ ਨੇ ਆਪਣੀ ਜ਼ਿੰਦਗੀ ਖਾਰੀਆਂ ਧਾਤਾਂ ਨੂੰ ਸੋਨੇ ਵਿਚ ਬਦਲਨ ਲਈ ਹੀ ਲਾ ਦਿੱਤੀ। ਉੱਚੇ ਉੱਚੇ ਖ਼ਾਨਦਾਨ ਅਤੇ ਮਹਾਰਾਜੇ ਅਕਸਰ ਕੀਮੀਆਗਰਾਂ ਦੀ ਮੱਦਦ ਕਰਿਆ ਕਰਦੇ ਸਨ।

15ਵੀਂ ਅਤੇ 17ਵੀਂ ਸਦੀ ਦੀ ਕੀਮੀਆਗਰੀ ਵਿਚ ਬਹੁਤ ਘੱਟ ਉੱਨਤੀ ਹੋਈ। ਕੀਮੀਆਗਰੀ ਪ੍ਰਤੀਕਵਾਦ ਅਤੇ ਦ੍ਰਿਸ਼ਟਾਂਤ ਜਟਿਲ ਹੁੰਦਾ ਗਿਆ। ਹੌਲੀ ਹੌਲੀ ਪ੍ਰਯੋਗਿਕ ਕੀਮੀਆਗਰ ਸੋਨਾ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਛੱਡ ਕੇ ਆਪਣਾ ਧਿਆਨ ਹੋਰ ਪਾਸੇ ਲਾਉਣ ਲਗ ਪਏ। ਅਜਿਹੇ ਮਹਾਨ ਕੀਮੀਆਗਰਾਂ ਵਿਚੋਂ ਇਕ ਪੈਰਾਸੈੱਲਸਸ ਸੀ, ਜਿਸ ਨੇ ਬਿਮਾਰੀਆਂ ਦੇ ਇਲਾਜ ਲਈ ਧਾਤਵੀ ਦਵਾਈਆਂ ਬਣਾਉਣੀਆਂ ਸ਼ੁਰੂ ਕੀਤੀਆਂ। ਇਸ ਦੁਆਰਾ ਕੀਤੇ ਇਲਾਜ ਦਾ ਮੁਕਾਬਲਾ ਉਸ ਸਮੇਂ ਦੇ ਗਾਲੀਨੀ ਵੈਦ ਜਾਂ ਡਾਕਟਰ ਵੀ ਨਹੀਂ ਸਨ ਕਰ ਸਕਦੇ। ਇਸ ਤਰ੍ਹਾਂ ਇਸ ਨੇ ਆਈਏਟਰੋਕੈਮਿਸਟਰੀ (ਅਜੋਕੀਆਂ ਦਵਾਈਆਂ ਤੋਂ ਪਹਿਲਾਂ ਵਾਲੀਆਂ ਦਵਾਈਆਂ ਬਣਾਉਣ ਸਬੰਧੀ) ਦਾ ਸਕੂਲ ਖੋਲ੍ਹਿਆ। ਉਹ ਅਤੇ ਉਸ ਦੇ ਚੇਲੇ ਕੀਮੀਆਗਰੀ ਭਾਸ਼ਾ ਵਿਚ ਬੋਲਦੇ ਸਨ; ਉਹ ਸੱਚੇ ਦਿਲੋਂ ਰਸਾਇਣ-ਵਿਗਿਆਨੀ ਸੀ।

ਸੋਲ੍ਹਵੀਂ ਸਦੀ ਵਿਚ ਪਰਮਾਣਵੀ ਸਿੱਧਾਂਤ ਦੇ ਸਾਹਮਣੇ ਆਉਣ ਨਾਲ ਅਰਸਤੂ ਸਿੱਧਾਂਤ ਵਿਚ ਕਾਫ਼ੀ ਅਦਲਾ-ਬਦਲੀ ਕੀਤੀ ਗਈ। ਨਵੇਂ ਭੌਤਿਕ ਅਤੇ ਰਸਾਇਣਕ-ਵਿਗਿਆਨੀਆਂ ਨੇ ਰੂਪਾਂਤਰਨ ਜਾਂ ਕਾਇਆ-ਬਦਲੀ ਦੀ ਸੰਭਾਵਨਾ ਨੂੰ ਨਾ ਮੰਨਿਆ। ਕੀਮੀਆਗਰਾਂ ਦੁਆਰਾ ਇਕੱਠੇ ਕੀਤੇ ਰਸਾਇਣਿਕ ਤੱਥਾਂ ਦੀ ਪੁਨਰ-ਵਿਆਖਿਆ ਨੂੰ ਅਜੋਕੀ ਰਸਾਇਣ-ਵਿਗਿਆਨ ਦਾ ਆਧਾਰ ਮੰਨਿਆ ਗਿਆ।

ਇਸ ਦਾ ਭਾਵ ਇਹ ਨਹੀਂ ਸੀ ਕਿ ਕੀਮੀਆਗਰੀ ਖ਼ਤਮ ਹੋ ਗਈ, ਅੱਜ ਕਲ੍ਹ ਵੀ ਕੀਮੀਆਗਰਾਂ ਦੀ ਹੋਂਦ ਹੈ ਪ੍ਰੰਤੂ ਇਨ੍ਹਾਂ ਨੇ ਜੋਤਿਸ਼ ਅਤੇ ਅੰਕ-ਵਿਗਿਆਨ ਆਦਿ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਪਰਮਾਣੂ ਦੀ ਬਣਤਰ ਦੀ ਖੋਜ ਇਕ ਤਰ੍ਹਾਂ ਨਾਲ ਸਭ ਤੋਂ ਪੁਰਾਣੇ ਇਕ ਕੀਮੀਆਗਰੀ ਸਿੱਧਾਂਤ ਦੀ ਹੀ ਸੋਧ ਹੈ। ਕਿਉਂਕਿ ਇਲੈੱਕਟ੍ਰਾਨ ਅਤੇ ਪ੍ਰੋਟਾਨਾਂ ਨੇ ਨਿਊਟ੍ਰਾਨਾਂ ਦੇ ਨਿਊਕਲੀਅਸ ਨੂੰ ਹੀ ਪ੍ਰਮੁੱਖ ਪਦਾਰਥ ਮੰਨਿਆ ਜਾ ਸਕਦਾ ਹੈ ਅਤੇ ਇਸ ਦੀ ਬਣਤਰ ਤੋਂ ਹੀ ਪਦਾਰਥਾਂ ਦੇ ਨਿੱਜੀ ਗੁਣਾਂ ਦਾ ਪਤਾ ਲਗਦਾ ਹੈ। ਯੋਗ ਢੰਗਾਂ ਰਾਹੀਂ ਅਜੋਕੇ ਵਿਗਿਆਨੀ ਵੀ ਇਕ ਤੱਤ ਨੂੰ ਦੂਸਰੇ ਤੱਤ ਵਿਚ ਬਦਲਨ ਵਿਚ ਕਾਮਯਾਬ ਹੋ ਗਏ ਹਨ ਅਤੇ ਸੋਨਾ ਵੀ ਪ੍ਰਾਪਤ ਕੀਤਾ ਜਾ ਚੁੱਕਾ ਹੈ ਪ੍ਰੰਤੂ ਅਜਿਹੇ ਰੂਪਾਂਤਰਨ ਪੁਰਾਤਨ ਕੀਮੀਆਗਰਾਂ ਦੁਆਰਾ ਵਰਤੇ ਜਾਂਦੇ ਢੰਗਾਂ ਅਤੇ ਮੰਤਵਾਂ ਨਾਲੋਂ ਬਿਲਕੁਲ ਵੱਖਰੇ ਹਨ।

ਹ. ਪੂ.—ਐਨ. ਬ੍ਰਿ. 1 : 534

**ਕੀਰ ਸ਼ਹਿਰ** : ਈਲ—ਕੇਂਦਰੀ ਤੁਰਕੀ ਦਾ ਇਹ ਇਕ ਈਲ (ਸੂਬਾ) ਹੈ। ਸੂਬੇ ਦਾ ਕੁੱਲ ਰਕਬਾ 6570 ਵ. ਕਿ. ਮੀ. ਹੈ। ਸੰਨ 1980 ਵਿਚ ਇਥੋਂ ਦੀ ਕੁਲ ਵਸੋਂ 240,497 ਸੀ। ਕਿਜ਼ਿਲ ਇਰਮਾਕ ਅਤੇ ਡੈਲੀਜ਼ੇ ਇਰਮਾਕ ਦਰਿਆਵਾਂ ਰਾਹੀਂ ਸੂਬੇ ਦਾ ਜਲ-ਨਿਕਾਸ ਹੁੰਦਾ ਹੈ। ਅਨਾਜ ਅਤੇ ਫ਼ਲ ਇਥੋਂ ਦੀਆਂ ਮੁੱਖ ਜ਼ਰਾਇਤੀ ਉਪਜਾਂ ਹਨ। ਗਲੀਚੇ ਬਣਾਉਣਾ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਹੈ।

ਹ. ਪੂ —ਐਨ. ਬ੍ਰਿ. ਮਾ. 5 : 835

**ਕੀਰ ਸ਼ਹਿਰ** : ਸ਼ਹਿਰ—ਕੇਂਦਰੀ ਤੁਰਕੀ ਵਿਚ ਇਸੇ ਹੀ ਨਾਂ ਦੀ ਈਲ (ਸੂਬਾ) ਦੀ ਇਹ ਰਾਜਧਾਨੀ ਹੈ ਜੋ ਕਿਜ਼ਿਲ ਇਰਮਾਕ ਦਰਿਆ ਦੀ ਸਹਾਇਕ ਨਦੀ ਉਤੇ 990 ਮੀ. ਦੀ ਉਚਾਈ ਉਤੇ ਸਥਿਤ ਹੈ। ਵਿਚਾਰ ਕੀਤਾ ਜਾਂਦਾ ਹੈ ਕਿ ਇਹ ਸ਼ਹਿਰ ਸ਼ਾਇਦ ਜਸਤੀਨੀਅਨ-ਪਾਲਿਸ ਹੀ ਹੋਵੇ ਜਿਹੜਾ ਰੋਮਨ ਬਾਦਸ਼ਾਹ ਜਸਤੀਨੀਅਨ (527-565 ਈ.) ਦੇ ਅਧੀਨ ਕੈਪਾਡੋਸ਼ਿਆ ਡਿਸਟ੍ਰਿਕਟ ਦਾ ਇਕ ਮੁੱਖ ਸ਼ਹਿਰ ਹੁੰਦਾ ਸੀ। ਚੌਧਵੀਂ ਸਦੀ ਤੋਂ ਅਠਾਰ੍ਹਵੀਂ ਸਦੀ ਤਕ ਕੀਰ ਸ਼ਹਿਰ ਇਕ ਆਹੀ ਨਾਂ ਦੇ ਪ੍ਰਭਾਵਸ਼ਾਲੀ ਧਾਰਮਕ ਫ਼ਿਰਕੇ ਅਤੇ ਸ਼ਿਲਪਕਾਰੀ ਦੇ ਸੰਘ ਦਾ ਗੜ੍ਹ ਹੁੰਦਾ ਸੀ। ਬਾਰ੍ਹਵੀਂ ਸਦੀ ਦੀ ਸਲਜੂਕ ਨਿਰੀਖਣਸ਼ਾਲਾ ਅਤੇ ਆਸ਼ਿਕ ਪਾਸ਼ਾ ਨਾਮੀ ਪ੍ਰਸਿੱਧ ਕਵੀ ਦਾ ਰੋਜ਼ਾ ਅਜੇ ਵੀ ਇਥੇ ਮੌਜੂਦ ਹਨ। ਇਹ ਸ਼ਹਿਰ ਸੜਕ ਦੁਆਰਾ ਅੰਦਾਰਾ ਅਤੇ ਨੇਵ ਸ਼ਹਿਰ ਨਾਲ ਜੁੜਿਆ ਹੋਇਆ ਹੈ।

ਆਬਾਦੀ—55,011 (1970)

$38^\circ$ $40'$ ਉ. ਵਿਥ.; $34^\circ$ $35'$ ਪੂ. ਲੰਬ.

ਹ. ਪੂ.—ਐਨ. ਬ੍ਰਿ. ਮਾ. 5 : 835

**ਕੀਰਕਲਾਰੈਲੀ** : ਈਲ—ਯੂਰਪੀਅਨ ਤੁਰਕੀ ਦੀ ਇਹ ਇਕ ਈਲ (ਸੂਬਾ) ਹੈ ਜਿਸ ਦੇ ਉੱਤਰ ਵਲ ਬੁਲਗਾਰੀਆ ਅਤੇ ਪੂਰਬ ਵਲ ਕਾਲਾ ਸਾਗਰ ਲਗਦਾ ਹੈ। ਸੂਬੇ ਦਾ ਕੁਲ ਰਕਬਾ 6,550 ਵ. ਕਿ. ਮੀ. ਅਤੇ ਆਰੰਭਕ ਵਸੋਂ 283,408 (1980) ਹੈ। ਦਰਿਆ ਐਰਗੈਨੇ ਨਹਿਰੀ ਇਸ ਦਾ ਜਲ-ਨਿਕਾਸ ਕਰਦਾ ਹੈ। ਸੂਬੇ ਦਾ ਉੱਤਰੀ ਇਲਾਕਾ ਵਧੇਰੇ ਕਰਕੇ ਇਸਟ੍ਰਾਨਜਾ ਡਾਲਾਰੀ ਨਾਮੀ ਪਹਾੜੀਆਂ ਨਾਲ ਢੱਕਿਆ ਪਿਆ ਹੈ। ਕਾਲੇ ਸਾਗਰ ਕਾਰਨ ਇਥੋਂ ਦਾ ਜਲਵਾਯੂ ਸੁਖਾਵਾਂ ਅਤੇ ਨਮੀ ਵਾਲਾ ਹੈ। ਇਸ ਇਲਾਕੇ ਵਿਚ ਸੰਘਣੇ ਪਤਝੜ ਵਾਲੇ ਜੰਗਲ ਹਨ ਜਿਹੜੇ ਤੁਰਕੀ ਦੇ ਇਮਾਰਤੀ ਲੱਕੜੀ ਦੇ ਉਦਯੋਗ ਦਾ ਵੱਡਾ ਸਾਧਨ ਹਨ। ਸੂਬੇ ਦੇ ਦੱਖਣੀ ਹਿੱਸੇ ਵਿਚ ਉਪਜਾਊ ਐਰਗੈਨੇ ਬੇਸਿਨ ਹੈ ਜਿਥੇ ਕਣਕ, ਚੁਕੰਦਰ, ਅੰਗੂਰਾਂ ਦੀਆਂ ਵੇਲਾਂ ਅਤੇ ਤੰਬਾਕੂ ਦੀ ਫਸਲ ਬਹੁਤ ਪੈਦਾ ਹੁੰਦੀ ਹੈ। ਸੂਬੇ ਦੇ ਦੋਹਾਂ ਖੇਤਰਾਂ ਵਿਚ ਪਸ਼ੂ ਵੀ ਕਾਫ਼ੀ ਗਿਣਤੀ ਵਿਚ ਪਾਲੇ ਜਾਂਦੇ ਹਨ। ਇਥੋਂ ਡੇਅਰੀ ਦੀਆਂ ਵਸਤਾਂ ਇਸਤੰਬੋਲ ਅਤੇ ਹੋਰਨਾਂ ਸ਼ਹਿਰਾਂ ਨੂੰ ਭੇਜੀਆਂ ਜਾਂਦੀਆਂ ਹਨ।

ਹ. ਪੂ.—ਐਨ. ਬ੍ਰਿ. ਮਾ. 5 : 833

**ਕੀਰਕਲਾਰੈਲੀ** : ਸ਼ਹਿਰ—ਇਹ ਯੂਰਪੀਅਨ ਤੁਰਕੀ ਵਿਚ ਇਸੇ ਹੀ ਨਾਂ ਦੀ ਈਲ (ਸੂਬਾ) ਦਾ ਸਦਰ-ਮੁਕਾਮ ਹੈ ਜੋ ਇਸਟ੍ਰਾਨਜਾ ਡਾਲਾਰੀ ਨਾਮੀ ਪਹਾੜੀਆਂ ਦੇ ਪੈਰਾਂ ਵਿਚ ਸਥਿੱਤ ਹੈ। ਮੁੱਖ ਤੌਰ ਤੇ ਇਸ ਦਾ ਵਿਕਾਸ, ਉੱਤਰ ਵਲੋਂ ਇਸਤੰਬੋਲ ਨੂੰ, ਪਹਾੜੀਆਂ ਉਤੋਂ ਦੀ ਜਾਣ ਵਾਲੇ ਸਭ ਤੋਂ ਛੋਟੇ ਰਸਤੇ ਉਪਰ ਸਥਿੱਤ ਹੋਣ ਕਾਰਨ ਹੋਇਆ

ਹੈ। ਸ਼ਹਿਰ ਵਿਚ ਕਈ ਆਟੋਮਾਨ ਯਾਦਗਾਰਾਂ ਹਨ । ਇਨ੍ਹਾਂ ਵਿਚ 'ਹਿਜ਼ਰ ਬੇ' ਦੀ ਪੰਦ੍ਹਰਵੀਂ ਸਦੀ ਦੀ ਬਣੀ ਹੋਈ ਮਸਜਿਦ ਵੀ ਸ਼ਾਮਲ ਹੈ। ਇਹ ਡੇਅਰੀ ਵਸਤਾਂ, ਅਨਾਜ ਅਤੇ ਤੰਬਾਕੂ ਦਾ ਉੱਘਾ ਵਪਾਰਕ ਕੇਂਦਰ ਹੈ ਅਤੇ ਇਹ ਇਕ ਬ੍ਰਾਂਚ ਲਾਈਨ ਦੁਆਰਾ ਐਡਿਰਨੇ-ਇਸਤੰਬੋਲ ਰੇਲਵੇ ਨਾਲ ਜੁੜਿਆ ਹੋਇਆ ਹੈ।

ਆਬਾਦੀ—93,800 (1970)

41° 44′ ਉ. ਵਿਥ.; 27° 14′ ਪੂ. ਲੰਬ.

ਹ. ਪ.—ਐਨ. ਬ੍ਰਿ. ਮਾ. 5 : 833

**ਕੀਰਤਪੁਰ** : ਇਹ ਸਿੱਖਾਂ ਦਾ ਇਕ ਪਵਿੱਤਰ ਨਗਰ ਹੈ ਜੋ ਪੰਜਾਬ ਰਾਜ (ਭਾਰਤ) ਦੇ ਜ਼ਿਲ੍ਹਾ ਰੂਪਨਗਰ (ਰੋਪੜ) ਦੀ ਅਨੰਦਪੁਰ ਸਾਹਿਬ ਨਾਮੀ ਤਹਿਸੀਲ ਵਿਚ, ਅਨੰਦਪੁਰ ਸਾਹਿਬ ਤੋਂ ਦੱਖਣ ਵਲ ਲਗਭਗ 10 ਕਿ. ਮੀ. ਦੂਰ, ਨੰਗਲ-ਰੋਪੜ-ਚੰਡੀਗੜ੍ਹ ਸੜਕ ਅਤੇ ਸਤਲੁਜ ਦਰਿਆ ਦੇ ਕੰਢੇ ਉਤੇ ਸਥਿੱਤ ਹੈ । ਪਹਿਲਾਂ ਇਹ ਨਗਰ ਪੰਜਾਬ ਰਾਜ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਊਨਾ (ਜੋ ਨਵੰਬਰ 1, 1966 ਨੂੰ ਅੰਸ਼ਕ ਰੂਪ ਵਿਚ ਪੰਜਾਬ ਰਾਜ ਦੇ ਨਵੇਂ ਜ਼ਿਲ੍ਹੇ ਰੋਪੜ ਅਤੇ ਅੰਸ਼ਕ ਰੂਪ ਵਿਚ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਵਿਚ ਸ਼ਾਮਲ ਕਰ ਦਿੱਤੀ ਗਈ ਸੀ) ਵਿਚ ਹੁੰਦਾ ਸੀ । ਇਹ ਨਗਰ ਸੰਮਤ 1683 (ਸੰਨ 1626 ਈ.) ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਹਲੂਰ ਦੇ ਰਾਜਾ ਤਾਰਾ ਚੰਦ ਤੋਂ ਜ਼ਮੀਨ ਖਰੀਦ ਕੇ ਬਾਬਾ ਗੁਰਦਿੱਤਾ ਜੀ ਦੀ ਮਾਰਫਤ ਆਬਾਦ ਕਰਵਾਇਆ। ਇਸ ਦੇ ਵਸਣ ਦਾ ਵਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਦਿਤਾ ਸੀ, ਜਦੋਂ ਗੁਰੂ ਜੀ ਇਥੇ ਆਏ ਹੋਏ 'ਚਰਨਕਮਲ' ਠਹਿਰੇ ਅਤੇ ਸਾਈਂ ਬੁੱਢਣਸ਼ਾਹ ਨੂੰ ਜੰਗਲ ਵਿਚ ਮਿਲੇ ਸਨ।

ਇਸ ਪਵਿੱਤਰ ਨਗਰ ਵਿਚ ਹੇਠ ਲਿਖੇ ਪ੍ਰਸਿੱਧ ਧਾਰਮਕ ਅਤੇ ਇਤਿਹਾਸਕ ਸਥਾਨ ਹਨ :—

1. **ਸ਼ੀਸ਼ ਮਹਿਲ**—ਸ਼ਹਿਰ ਦੇ ਵਿਚਕਾਰ ਗੁਰੂ ਸਾਹਿਬਾਨ ਦਾ ਨਿਵਾਸ ਅਸਥਾਨ, ਜਿਥੇ ਗੁਰੂ ਹਰਗੋਬਿੰਦ ਸਾਹਿਬ ਸੰਮਤ 1691 ਬਿਕਰਮੀ (ਸੰਨ 1634 ਈ.) ਵਿਚ ਆਏ ਸਨ ਅਤੇ ਅੰਤ ਤੀਕ ਇਥੇ ਹੀ ਰਹੇ ਸਨ। ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦਾ ਜਨਮ ਇਨ੍ਹਾਂ ਹੀ ਮਹਿਲਾਂ ਵਿਚ ਹੋਇਆ ਸੀ । ਇਨ੍ਹਾਂ ਮਹਿਲਾਂ ਤੋਂ ਉੱਤਰ ਵਲ ਗੁਰੂ ਸਾਹਿਬਾਨ ਦੇ ਇਸ਼ਨਾਨ ਕਰਨ ਦੇ ਅਸਥਾਨ ਹਨ।

2. **ਹਰਿਮੰਦਰ ਸਾਹਿਬ**—ਕੀਰਤਪੁਰ ਦੀ ਆਬਾਦੀ ਵਿਚ ਹੀ ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਨਿਵਾਸ-ਅਸਥਾਨ ਹੈ। ਗੁਰਦੁਆਰਾ ਸਾਹਿਬ ਦੇ ਨਾਲ ਕਰੀਬ ਪੰਜ ਘੁਮਾਉਂ ਜ਼ਮੀਨ ਹੈ।

3. **ਗੁਰੂ ਕਾ ਖੂਹ**—ਇਹ ਖੂਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਲਗਵਾਇਆ ਹੋਇਆ ਹੈ।

4. **ਚਰਨ ਕਮਲ**—ਕੀਰਤਪੁਰ ਦੇ ਪਾਸ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਪਹਾੜੀ ਯਾਤਰਾ ਸਮੇਂ ਗੁਰੂ ਸਾਹਿਬ ਏਧਰ ਆਏ ਸਨ ਅਤੇ ਸਾਈਂ ਬੁੱਢਣਸ਼ਾਹ ਨੂੰ ਦਰਸ਼ਨ ਅਤੇ ਉਪਦੇਸ਼ ਦਿਤਾ ਸੀ।

5. **ਚੁਬੱਚਾ ਸਾਹਿਬ**—ਸ਼ਹਿਰ ਦੇ ਵਿਚਕਾਰ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦੁਆਰਾ ਹੈ। ਇਥੇ ਇਕ ਵੱਡੇ ਭਾਰੀ ਚੁਬੱਚੇ ਵਿਚ ਘੋੜਿਆਂ ਲਈ ਦਾਣਾ ਭਿਉਂ ਕਿ ਸਤਿਗੁਰੂ ਜੀ ਕਈ ਵਾਰੀ ਆਪਣੇ ਹੱਥੀਂ ਵਰਤਾਉਂਦੇ ਹੁੰਦੇ ਸਨ। ਉਸ ਸਮੇਂ ਦੀ ਯਾਦਗਾਰ ਵਿਚ ਇਹ ਗੁਰ ਅਸਥਾਨ ਹੈ।

6. **ਤਖ਼ਤ ਸਾਹਿਬ**—ਕੀਰਤਪੁਰ ਦੀ ਆਬਾਦੀ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਨੂੰ ਗੁਰਿਆਈ ਦੇ ਤਿਲਕ ਹੋਣ ਦੀ ਯਾਦਗਾਰ ਵਿਚ ਗੁਰਦੁਆਰਾ ਹੈ।

7. **ਤੀਰਮੰਜੀ ਸਾਹਿਬ**—ਕੀਰਤਪੁਰ ਤੋਂ ਦੱਖਣ ਦਿਸ਼ਾ ਵਲ ਅੱਧ ਮੀਲ ਦੇ ਕਰੀਬ ਦੇਹਰਾ ਬਾਬਾ ਗੁਰਦਿੱਤਾ ਜੀ ਦੇ ਪਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਹੈ। ਸਤਿਗੁਰੂ ਜੀ ਇਥੇ ਬੈਠ ਕੇ ਤੀਰ ਚਲਾਇਆ ਕਰਦੇ ਸਨ।

8. **ਦਮਦਮਾ ਸਾਹਿਬ**—ਕੀਰਤਪੁਰ ਦੇ ਵਿਚਕਾਰ ਹਰਿਮੰਦਰ ਦੇ ਪਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਇਸ ਥਾਂ ਦੀਵਾਨ ਸਜਾਇਆ ਕਰਦੇ ਸਨ।

9. **ਦੇਹਰਾ ਬਾਬਾ ਗੁਰਦਿੱਤਾ ਜੀ**—ਕੀਰਤਪੁਰ ਤੋਂ ਦੱਖਣ ਵਲ ਅੱਧ ਮੀਲ ਦੇ ਕਰੀਬ ਇਹ ਆਲੀਸ਼ਾਨ ਇਮਾਰਤ ਹੈ। ਇਸ ਥਾਂ ਬਾਬਾ ਗੁਰਦਿੱਤਾ ਜੀ ਦਾ ਸਸਕਾਰ ਹੋਇਆ ਸੀ। ਦੇਹਰੇ ਨਾਲ ਪੰਜ ਸੌ ਘੁਮਾਉਂ ਜ਼ਮੀਨ ਹੈ। ਮੇਲਾ ਹੋਲੇ ਨੂੰ ਲੱਗਦਾ ਹੈ।



ਗੁਰਦੁਆਰਾ ਬਾਬਾ ਗੁਰਦਿੱਤਾ ਜੀ

10. **ਪਤਾਲਪੁਰੀ**—ਕੀਰਤਪੁਰ ਤੋਂ ਦੋ ਕੁ ਫਰਲਾਂਗ ਦੱਖਣ-ਪੱਛਮ ਨੂੰ ਸ੍ਰੀ ਗੁਰੂ ਹਰਿਗੋਬਿੰਦ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਸਸਕਾਰ ਅਸਥਾਨ ਹਨ । ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਹਰਕ੍ਰਿਸ਼ਨ ਜੀ ਦੀ ਯਾਦ ਵਿਚ ਮੰਜੀ ਸਾਹਿਬ ਬਣੇ ਹੋਏ ਹਨ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਦੇਹਰਾ ਵੱਡਾ ਉੱਚਾ ਸੁਨਹਿਰੀ ਵਾਲਾ ਹੈ । ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੀ ਵਿਭੂਤੀ ਵੀ ਦਿੱਲੀ ਤੋਂ ਲਿਆਕੇ ਇਸੇ ਅਸਥਾਨ ਤੇ ਰੱਖੀ ਗਈ ਸੀ।

11. **ਬੁੱਢਣ ਸ਼ਾਹ ਜੀ ਦਾ ਤਕੀਆ**—ਕੀਰਤਪੁਰ ਤੋਂ ਦੱਖਣ ਵਲ ਅਧ ਮੀਲ ਦੇ ਕਰੀਬ ਬਾਬਾ ਗੁਰਦਿੱਤਾ ਜੀ ਦੇ ਦਰਬਾਰ ਪਾਸ ਸਾਂਈ



ਬੁੱਢਣ ਸ਼ਾਹ ਦੀ ਸਮਾਧ




ਨਕਸ਼ਾ ਕੀਰਤਪੁਰ ਸਾਹਿਬ

ਬੁੱਢਣਸ਼ਾਹ ਜੀ ਦਾ ਤਕੀਆ ਹੈ ਜਿਸ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਗੁਰਦਿੱਤਾ ਜੀ ਨੇ ਚਰਨ ਪਾਏ ਸਨ ।

ਤਕੀਆ ਪੱਕਾ ਬਣਿਆ ਹੋਇਆ ਹੈ, ਜਿਸ ਦੇ ਅੰਦਰ ਸਾਈਂ ਜ਼ੀ ਦੀ ਕਬਰ ਹੈ ਅਤੇ ਕਬਰ ਤੋਂ ਉੱਤਰ ਦਿਸ਼ਾ ਸਾਈਂ ਜੀ ਦੀਆਂ ਬੱਕਰੀਆਂ, ਕੁੱਤੇ ਅਤੇ ਸ਼ੇਰ ਦੀਆਂ ਮੜ੍ਹੀਆਂ ਬਣੀਆਂ ਹੋਈਆਂ ਹਨ ।

**12. ਵਿਮਾਨਗੜ੍ਹ**—ਕੀਰਤਪੁਰ ਵਿਚ ਉਹ ਅਸਥਾਨ ਜਿਥੇ ਦਿੱਲੀ ਤੋਂ ਲਿਆਇਆ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਟਿਕਾਇਆ ਗਿਆ ਸੀ । ਇਸ ਥਾਂ ਤੋਂ ਸੀਸ ਵਿਮਾਨ ਵਿਚ ਰੱਖ ਕੇ ਸ਼ਬਦ ਕੀਰਤਨ ਕਰਦੇ ਹੋਏ ਸੰਗਤਿ ਸਾਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਲੈ ਕੇ ਗਏ ਸਨ ।

ਹ. ਪੁ.—ਮ. ਕੋ. 332

**ਕੀਰਤੀ ਸਤੰਭ :** ਕੀਰਤੀ-ਸ਼ਬਦ ਦਾ ਅਰਥ ਪ੍ਰਾਚੀਨ ਭਾਰਤੀ ਸੰਸਕ੍ਰਿਤ ਸਾਹਿਤ ਵਿਚ ਜਿਸ ਤੋਂ ਇਲਾਵਾ ਨਿਰਮਾਣ ਕਾਰਜ ਲਈ ਵੀ ਹੋਇਆ ਹੈ । ਅਮਰਕੋਸ਼ ਅਤੇ 'ਅਨੇਕਾਂਰਥ ਕੋਸ਼' ਅਨੁਸਾਰ ਇਸ ਸ਼ਬਦ ਦਾ ਪ੍ਰਯੋਗ ਜਸ ਤੇ ਜਸ ਵਿਚ ਵਾਧਾ ਕਰਨ ਵਾਲੇ ਕਿਸੇ ਨਿਰਮਾਣ ਕਾਰਜ ਲਈ ਕੀਤਾ ਗਿਆ ਹੈ । ਸ਼ਿਲਾਲੇਖਾਂ ਵਿਚ ਵਾਪੀ, ਬੁੱਧ ਤੇ ਹਿੰਦੂ ਮੰਦਰ, ਤਗੜ, ਚੈਤਯ ਅਤੇ ਬੋਧ ਮਠ ਤੇ ਮੂਰਤੀਆਂ ਆਦਿ ਲਈ ਸ਼ਿਲਾਲੇਖਾਂ ਵਿਚ ਕੀਰਤੀ ਸ਼ਬਦ ਦਾ ਪ੍ਰਯੋਗ ਹੋਇਆ ਹੈ । ਇਸ ਦਾ ਅਰਥ ਵਿਜੈ-ਸਤੰਭ ਵੀ ਕਿਹਾ ਜਾਂਦਾ ਹੈ ਕਿਉਂਕਿ ਵਿਜੈ ਸਤੰਭ ਬਣਾਉਣ ਦੀ ਪਰਿਪਾਟੀ ਪ੍ਰਾਚੀਨ ਹੈ । ਮਿਸਰ, ਬਾਬੁਲ, ਅਸੂਰੀਆ ਤੇ ਈਰਾਨ ਦੀਆਂ ਪ੍ਰਾਚੀਨ ਸਭਿਆਤਾਵਾਂ ਦੇ ਬਾਦਸ਼ਾਹਾਂ ਨੇ ਆਪਣੀਆਂ ਜਿੱਤਾਂ ਹਮੇਸ਼ਾ ਸਤੰਭ ਤੇ ਖੁਦਵਾਈਆਂ ਸਨ । ਭਾਰਤ ਵਿਚ ਇਹ ਪ੍ਰਥਾ ਗੁਪਤ ਰਾਜਿਆਂ ਨੇ ਸ਼ੁਰੂ ਕੀਤੀ । ਅਸ਼ੋਕ ਦੇ ਸਤੰਭ ਕੀਰਤੀ-ਸਤੰਭ ਨਹੀਂ ਸਨ ਸਗੋਂ ਪ੍ਰਚਾਰ ਸਬੰਧੀ ਸਨ ਅਤੇ ਉਨ੍ਹਾਂ ਤੋਂ ਪਹਿਲਾਂ ਭਾਰਤ ਵਿਚ ਸਤੰਭ ਨਹੀਂ ਬਣੇ ।

ਪਰ ਭਾਰਤ ਵਿਚ ਅਜਿਹੇ ਕੀਰਤੀ-ਸਤੰਭਾਂ ਦੀ ਕਮੀ ਨਹੀਂ ਹੈ । ਆਮ ਕਰਕੇ ਕੀਰਤੀ-ਸਤੰਭਾਂ ਤੇ ਜੇਤੂਆਂ ਦੀ ਉਸਤਤ ਦਰਜ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਕੀਰਤੀ ਸਤੰਭ ਆਖਿਆ ਗਿਆ ਹੈ । ਮੋਤੂਪਾਲਿ ਸ਼ਿਲਾਲੇਖ ਵਿਚ ਜ਼ਿਕਰ ਹੈ ਕਿ ਗਣਪਤੀ ਦੇਵ ਨੇ ਆਪਣੇ ਜਸ ਦੇ ਵਿਸਤਾਰ ਲਈ ਇਕ ਕੀਰਤੀ ਸਤੰਭ ਨੂੰ ਸਥਾਪਿਤ ਕੀਤਾ । ਕ੍ਰਿਸ਼ਣ ਦੇਵ ਨੇ ਕਾਜੀਵਰਮ ਤਾਮਰ ਪਤਰ ਵਿਚ ਉਸ ਦਵਾਰਾ ਇਕ ਕੀਰਤੀ-ਸਤੰਭ ਸਥਾਪਿਤ ਕਰਨ ਦਾ ਜ਼ਿਕਰ ਹੈ । ਕਹੋਮ ਸਤੰਭ ਦੀ ਉਸ ਦੀ ਉਸਤਤੀ ਵਿਚ ਉਸ ਨੂੰ ਕੀਰਤ-ਸਤੰਭ ਦੱਸਿਆ ਗਿਆ ਹੈ । ਬੁੱਧ ਗੁਪਤ ਦਾ ਏਰਣ ਸਤੰਭ ਵੀ ਇਸੇ ਕਿਸਮ ਦਾ ਹੈ । ਚੰਦ ਦਾ ਮਹਿਰੌਲੀ ਸਤੰਭ ਵੀ ਇਸ ਦ੍ਰਿਸ਼ਟੀਕੋਣ ਤੋਂ ਕੀਰਤੀ ਸਤੰਭ ਹੈ । ਦੱਖਣ ਦੇ ਚੋਲ ਰਾਜਬੰਸ ਦੇ ਕੁਝ ਰਾਜਿਆਂ ਨੇ ਵੀ ਆਪਣੀਆਂ ਜਿੱਤਾਂ ਮਨਾਉਣ ਲਈ ਕੀਰਤੀ-ਸਤੰਭ ਸਥਾਪਿਤ ਕੀਤੇ ਹਨ । ਇਸ ਕਾਲ ਦੇ ਹੋਰ ਰਾਜਿਆਂ ਦੇ ਵੀ ਕੀਰਤੀ-ਸਤੰਭ ਮਿਲਦੇ ਹਨ । ਮਹਾਂ ਮੰਡਲੇਸ਼ਵਰ ਚਾਮੁੰਡਾਰਾਇਰਸ ਨੇ ਜਗਦੇਕਮਲੇਸ਼ਵਰ ਨਾਮੀ ਦੇਵਤੇ ਦੇ ਮੰਦਰ ਸਾਹਮਣੇ ਗੰਡ ਮੇਰੁੰਡ ਦੀ ਸਥਾਪਨਾ ਕੀਤੀ । ਵਰਗੈਸ ਨੂੰ ਅਹਿਮਦਾਬਾਦ ਦੇ ਇਕ ਸੁੰਦਰ ਤੇ ਸ਼ਿੰਗਾਰ ਵਾਲੇ ਸਤੰਭ ਦਾ ਵਰਣਨ ਕੀਤਾ ਹੈ । ਇਸ ਤੋਂ ਇਲਾਵਾ ਦੇਵ ਰਾਜ ਦੂਸਰੇ, ਸ੍ਰੀ ਯਸੋਧਰਮ ਆਦਿ ਨੇ ਵੀ ਕੀਰਤੀ-ਸਤੰਭ ਸਥਾਪਿਤ ਕੀਤੇ ਹਨ ਜੋ ਵੱਖ ਵੱਖ ਅਕਾਰਾਂ ਵਾਲੇ ਹਨ ।

ਹ. ਪੁ.—ਹਿੰ. ਵਿ. ਕੋ. 3 : 46

**ਕੀਰਤੀਵਰਮਾ :** ਇਹ ਕਾਲੰਜਰ ਦੇ ਚੰਦੇਲ ਵੰਸ਼ ਦਾ ਰਾਜਾ ਸੀ ਜੋ ਇਸ ਤੋਂ ਪਹਿਲੇ ਰਾਜੇ ਦੇਵਵਰਮਾ ਦਾ ਛੋਟਾ ਭਰਾ ਅਤੇ ਵਿਜੈ ਪਾਲ ਦਾ ਪੁੱਤਰ ਸੀ । ਇਸ ਦਾ ਜਨਮ 1060 ਈ. ਵਿਚ ਹੋਇਆ । ਕੀਰਤੀਵਰਮਾ ਤੋਂ ਪਹਿਲਾਂ ਹੀ ਚੰਦੇਲਾਂ ਦੀ ਸ਼ਕਤੀ ਘਟਣੀ ਸ਼ੁਰੂ ਹੋ ਗਈ ਸੀ । ਉਸ ਸਮੇਂ ਕਲਚੁਰੀ ਸ਼ਾਸਕ ਲਕਸ਼ਮੀਕਰਨ ਦੇ ਹਮਲਿਆਂ ਦੇ ਸਾਹਮਣੇ ਉਨ੍ਹਾਂ ਨੂੰ ਝੁਕ ਕੇ ਬੇਇਜ਼ਤ ਵੀ ਹੋਣਾ ਪਿਆ ਸੀ । ਪਰ ਕੀਰਤੀਵਰਮਾ ਨੇ ਪਾਸਾ ਪਲਟ ਦਿੱਤਾ ਅਤੇ ਆਪਣੇ ਜਗੀਰਦਾਰ ਗੋਪਾਲ ਦੀ ਸਹਾਇਤਾ ਨਾਲ ਲਕਸ਼ਮੀਕਰਨ ਨੂੰ ਹਰਾਇਆ । ਇਨ੍ਹਾਂ ਦੋਹਾਂ ਵਿਚਕਾਰ ਹੋਏ ਇਸ ਯੁੱਧ ਦਾ ਵਰਣਨ ਉਸ ਸਮੇਂ ਦੇ ਇਕ ਸੰਸਕ੍ਰਿਤ ਨਾਟਕ ਅਤੇ ਚੰਦੇਲਾਂ ਦੇ ਅਭਿਲੇਖਾਂ ਵਿਚ ਮਿਲਦਾ ਹੈ । ਪਰ ਇਸ ਯੁੱਧ ਦੇ ਠੀਕ ਸਮੇਂ ਬਾਰੇ ਪਤਾ ਨਹੀਂ ਲਗ ਸਕਿਆ ।

ਇਹ 1100 ਈ ਵਿਚ ਸਵਰਗਵਾਸ ਹੋ ਗਿਆ ।

ਹ. ਪੁ.—ਹਿੰ. ਵਿ. ਕੋ. 3 : 45

**ਕੀਰਤੀਵਰਮਾ ਪਹਿਲਾ :** ਭਾਰਤ ਵਿਚ ਬਾਦਾਮੀ ਤੇ ਰਾਜ ਕਰਨ ਵਾਲਾ ਇਕ ਰਾਜਾ ਸੀ ਜੋ ਚਾਲੁਕੀਆਂ ਵੰਸ਼ ਵਿਚੋਂ ਸੀ । ਇਹ ਪੁਰੁਕੇਸ਼ੀ ਪਹਿਲੇ ਦਾ ਪੁੱਤਰ ਅਤੇ ਉਤਰਾਧਿਕਾਰੀ ਸੀ । ਕਈ ਕਾਰਨਾਂ ਕਰਕੇ ਇਸ ਨੂੰ ਚਾਲੁਕੀਆਂ ਵੰਸ਼ ਦੀ ਰਾਜਨੀਤਕ ਸ਼ਕਤੀ ਦਾ ਸੰਸਥਾਪਕ ਕਿਹਾ ਜਾਂਦਾ ਹੈ । ਇਸ ਨੇ ਕਦੰਬਾਂ ਨੂੰ ਹਰਾ ਕੇ ਉਨ੍ਹਾਂ ਦੇ ਕੁਝ ਰਾਜਾਂ ਤੇ ਕਬਜ਼ਾ ਕਰ ਲਿਆ । ਇਸੇ ਤਰ੍ਹਾਂ ਕੋਂਕਨ ਦੇ ਮੋਰੀਆ ਅਤੇ ਬੇਲਾਰੀ ਅਤੇ ਕਰਨੂਲ ਦੇ ਨਜ਼ਦੀਕ ਵਸੇ ਨੱਲਾਂ ਨੂੰ ਵੀ ਹਰਾਇਆ । ਇਸ ਦਾ ਸਮਾਂ 566 ਤੋਂ 597 ਈ. ਤਕ ਨਿਸ਼ਚਿਤ ਕੀਤਾ ਜਾਂਦਾ ਹੈ ।

ਹ. ਪੁ.—ਹਿੰ. ਵਿ. ਕੋ. 3 : 45

**ਕੀਰਤੀਵਰਮਾ ਦੂਜਾ :** ਇਸ ਨੂੰ ਚਾਲੁਕੀਆਂ ਦੇ ਖਾਨਦਾਨ ਦੇ ਪਤਨ ਕਾਲ ਦਾ ਬਾਦਸ਼ਾਹ ਕਿਹਾ ਜਾਂਦਾ ਹੈ । ਇਹ ਸੰਨ 744-45 ਤੋਂ 754-55 ਵਿਚਕਾਰਲੇ ਸਮੇਂ ਵਿਚ ਹੋਇਆ ਮੰਨਿਆ ਗਿਆ ਹੈ । ਇਸ ਨੂੰ ਪਾਂਡਿਆਂ ਦੀ ਵਧਦੀ ਹੋਈ ਤਾਕਤ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਦੀ ਹਾਰ ਹੋਈ । ਇਸ ਤਰ੍ਹਾਂ ਜਿਥੇ ਦੱਖਣ ਵਿਚ ਚਾਲੁਕੀਆਂ ਨੂੰ ਪਾਂਡਿਆਂ ਦੇ ਸਾਹਮਣੇ ਦਬਣਾ ਪਿਆ ਉਥੇ ਉੱਤਰ ਵਿਚ ਵਧ ਰਹੀ ਇਕ ਹੋਰ ਤਾਕਤ (ਰਾਸ਼ਟਰਕੂਟ) ਦਾ ਵੀ ਮੁਕਾਬਲਾ ਕਰਨਾ ਪਿਆ । ਰਾਸ਼ਟਰਕੂਟ ਰਾਜੇ ਹੁਣ ਤਕ ਚਾਲੁਕੀਆਂ ਨੂੰ ਆਪਣੀ ਸਰਪ੍ਰਸਤ ਸ਼ਕਤੀ ਦੇ ਰੂਪ ਵਿਚ ਮਨਦੇ ਆ ਰਹੇ ਸਨ ਪਰ ਦੰਤੀਦੁਰਗ ਦੇ ਸਮੇਂ ਤੋਂ ਉਨ੍ਹਾਂ ਦੀਆਂ ਰਾਜਨੀਤਕ ਲਾਲਸਾਵਾਂ ਵਧ ਗਈਆਂ ਸਨ । ਉਨ੍ਹਾਂ ਨੇ ਮਾਹੀ, ਨਰਮਦਾ ਅਤੇ ਮਹਾ ਨਦੀ ਦੇ ਖੇਤਰਾਂ ਤਕ ਆਪਣੇ ਰਾਜ ਦਾ ਵਿਸਥਾਰ ਕਰ ਲਿਆ । ਪਲਵਰਾਜ ਨੰਦੀ ਵਰਮਾ ਨਾਲ ਦੋਸਤਾਨਾ ਅਤੇ ਵਿਵਹਾਰਕ ਸੰਬੰਧਾਂ ਕਰਕੇ ਦੰਤੀਦੁਰਗ ਨੂੰ ਮਦਦ ਮਿਲੀ ਤੇ ਉਸ ਨੇ ਆਪਣੇ ਆਪ ਨੂੰ ਸਮਰਾਟ ਐਲਾਨ ਕਰ ਦਿਤਾ । ਕੀਰਤੀਵਰਮਾ ਦੂਜੇ ਨੂੰ ਹਰਾ ਕੇ ਉਸ ਨੇ ਬਦਾਮੀ (ਬਾਤਾਪੀਪੁਰ) ਖੋਹ ਲਿਆ ਇਸ ਤਰ੍ਹਾਂ ਰਾਜਸੀ ਸ਼ਕਤੀ ਚਾਲੁਕੀਆਂ ਕੋਲੋਂ ਰਾਸ਼ਟਰਕੂਟਾਂ ਦੇ ਹੱਥਾਂ ਵਿਚ ਚਲੀ ਗਈ ।

ਹ. ਪੁ.—ਹਿੰ. ਵਿ. ਕੋ. 3 : 45

**ਕੀਰਿਨ : ਪ੍ਰਾਂਤ**—ਚੀਨ ਦਾ ਇਕ ਪ੍ਰਾਂਤ ਹੈ ਅਤੇ ਉਨ੍ਹਾਂ ਤਿੰਨ ਉੱਤਰੀ ਪੂਰਬੀ ਪ੍ਰਾਂਤਾਂ ਵਿਚੋਂ ਇਕ ਹੈ ਜਿਨ੍ਹਾਂ ਵਿਚ ਮਨਚੂਰੀਆ ਨੂੰ ਵੰਡਿਆ ਗਿਆ ਹੈ । ਇਸ ਦੇ ਉੱਤਰ ਵਿਚ ਹੱਲੁੰਗਜਯਾਂਗ ਪ੍ਰਾਂਤ, ਉੱਤਰ-ਪੂਰਬ ਵਿਚ ਸੋਵੀਅਤ ਰਾਜ, ਪੂਰਬ ਅਤੇ ਦੱਖਣ-ਪੂਰਬ ਵਿਚ ਉੱਤਰੀ ਕੋਰੀਆ, ਦੱਖਣ-ਪੱਛਮ ਵਲ ਲਯੂਨਿੰਗ ਪ੍ਰਾਂਤ ਅਤੇ ਪੱਛਮ ਵਲ ਅੰਦਰਲੇ ਮੰਗੋਲੀਆ ਦਾ ਖ਼ੁਦਮੁਖ਼ਤਾਰ ਖੰਡ ਹੈ । ਇਸ ਦਾ ਕੁੱਲ ਰਕਬਾ ਲਗਭਗ 268,900 ਵ. ਕਿ. ਮੀ. ਹੈ ਅਤੇ ਕੁੱਲ ਆਬਾਦੀ ਲਗਭਗ 17,000,000 (1968) ਹੈ । ਬਹੁਤੀ ਵਸੋਂ ਚੀਨੀਆਂ ਦੀ ਹੈ ਜੋ ਮੈਂਡਾਰਿਨ ਦੀ ਉੱਤਰੀ ਭਾਸ਼ਾ ਬੋਲਦੇ ਹਨ । ਪਰ ਉੱਤਰੀ ਕੋਰੀਆ ਦੀ ਸਰਹੱਦ ਦੇ ਕੋਲ ਬਹੁਤ ਵੱਡੀ ਸੰਖਿਆ ਵਿਚ ਕੋਰੀਆ ਦੇ ਲੋਕਾਂ ਦੀ ਬਸਤੀ ਹੈ ਜਿਹੜੇ ਯੈਨੱਪੀਅਨ ਖ਼ੁਦਮੁਖ਼ਤਾਰ ਜ਼ਿਲ੍ਹੇ ਵਿਚ ਰਹਿੰਦੇ ਹਨ । ਇਸ ਦੀ ਸਥਾਪਨਾ 1925 ਵਿਚ ਹੋਈ ਸੀ ਅਤੇ ਇਸ ਦੀ ਯੈਂਕੀ ਰਾਜਧਾਨੀ ਹੈ । ਕੋਰੀਆ ਦੀ ਛੋਟੀ ਖ਼ੁਦਮੁਖ਼ਤਾਰ ਕਾਉਂਟੀ 1958 ਵਿਚ ਸਥਾਪਿਤ ਹੋਈ । ਉੱਤਰ-ਪੱਛਮ ਵਿਚ ਇਕ ਹੋਰ ਖ਼ੁਦਮੁਖ਼ਤਾਰ ਮੰਗੋਲ

ਕਾਊਂਟੀ ਹੈ, ਜਿਸ ਵਿਚ ਮੰਗੋਲ ਵਸੇ ਹੋਏ ਹਨ। ਚਾਂਗਚੁਨ ਇਸ ਪ੍ਰਾਂਤ ਦੀ ਰਾਜਧਾਨੀ ਹੈ ਅਤੇ ਸਭ ਤੋਂ ਵੱਡਾ ਸ਼ਹਿਰ ਹੈ। ਇਹ ਉਦਯੋਗ ਅਤੇ ਰੇਲਵੇ ਦਾ ਕੇਂਦਰ ਹੈ ਅਤੇ 1932 ਤੋਂ ਲੈ ਕੇ 1945 ਤਕ ਇਹ ਮਾਨਜੋਕਵੋਂ ਦੀ ਕਠਪੁਤਲੀ ਸਰਕਾਰ ਦੀ ਪ੍ਰਬੰਧਕੀ ਰਾਜਧਾਨੀ ਰਿਹਾ ਹੈ। ਇਸ ਪ੍ਰਾਂਤ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਕੀਰਿਨ ਹੈ। ਪੁਰਾਣੀ ਰਾਜਧਾਨੀ ਸੈਂਪਿੰਗ ਰੇਲਵੇ ਅਤੇ ਖੇਤੀਬਾੜੀ ਦਾ ਵਿਸਤਾਰ ਕੇਂਦਰ ਹੈ।

ਪ੍ਰਾਂਤ ਦੀਆਂ ਪੂਰਬੀ ਪਹਾੜੀਆਂ ਵਿਚੋਂ ਚਾਂਗ ਬੀ ਸ਼ਾਨ ਹਮੇਸ਼ਾ ਬਰਫ਼ ਨਾਲ ਢਕੀ ਰਹਿੰਦੀ ਹੈ। ਇਹ ਕਈ ਥਾਵਾਂ ਤੋਂ 2700 ਮੀ. ਤੋਂ ਵੀ ਵਧ ਉੱਚੀ ਹੈ। ਕੇਂਦਰੀ ਅਤੇ ਪੱਛਮੀ ਮੈਦਾਨਾਂ ਵਿਚ ਦਰਿਆ ਸੂਨਗਾਰੀ ਅਤੇ ਇਸ ਦੀਆਂ ਸਹਾਇਕ ਨਦੀਆਂ ਤੋਂ ਸਿੰਚਾਈ ਦਾ ਕੰਮ ਲਿਆ ਜਾਂਦਾ ਹੈ। ਸੂਨਗਾਰੀ ਦਰਿਆ ਕੋਰੀਆ ਦੀ ਸਰਹੱਦ ਦੇ ਨਜ਼ਦੀਕ ਚਾਂਗ ਬੀ ਸ਼ਾਨ ਵਿਚੋਂ ਨਿਕਲਕੇ ਉੱਤਰ-ਪੱਛਮ ਵਲ ਨੂੰ ਕੀਰਿਨ ਤੋਂ ਪਿਛੋਂ ਉੱਤਰ-ਪੂਰਬ ਨੂੰ ਕੀਰਿਨ ਹਲੂੰਗਜਯਾਂਗ ਦੀ ਸਰਹੱਦ ਤੋਂ ਪਹਿਲਾਂ ਹੀ ਮੁੜ ਜਾਂਦਾ ਹੈ। ਇਸ ਵਿਚ ਕਿਧਰੇ ਕਿਧਰੇ ਜਹਾਜ਼ਰਾਨੀ ਵੀ ਕੀਤੀ ਜਾਂਦੀ ਹੈ। ਇਸ ਪ੍ਰਾਂਤ ਦਾ ਦੂਜਾ ਦਰਿਆ ਤੂਮਨ ਹੈ। ਜਿਹੜਾ ਕੋਰੀਆ ਵਿਚੋਂ ਨਿਕਲਕੇ ਉੱਤਰੀ ਕੋਰੀਆ ਅਤੇ ਕੀਰਿਨ ਦੀ ਸਰਹੱਦ ਨਾਲੋਂ ਲੰਘਦਾ ਹੋਇਆ ਜਾਪਾਨ ਦੇ ਸਮੁੰਦਰ ਵਿਚ ਜਾ ਡਿਗਦਾ ਹੈ। ਇਥੋਂ ਦੇ ਜੰਗਲੀ ਪਹਾੜੀ ਖੇਤਰ ਵਿਚ ਬਹੁਤ ਸਾਰੇ ਫਰ ਵਾਲੇ ਜਾਨਵਰ ਮਿਲਦੇ ਹਨ ਜਿਨ੍ਹਾਂ ਦੀਆਂ ਖੱਲਾਂ ਬਹੁਤ ਕੀਮਤੀ ਹਨ। ਇਥੋਂ ਦੀਆਂ ਨਦੀਆਂ ਵਿਚ ਬਹੁਤ ਮੱਛੀਆਂ ਮਿਲਦੀਆਂ ਹਨ। ਜੰਗਲਾਂ ਵਿਚ ਇਮਾਰਤੀ ਲੱਕੜੀ ਬਹੁਤ ਮਿਲਦੀ ਹੈ। ਇਥੋਂ ਦੀ ਨੀਵੀਂ ਧਰਤੀ ਚੀਨ ਦੇ ਸਭ ਤੋਂ ਵਧ ਉਪਜਾਊ ਖੇਤਰਾਂ ਵਿਚੋਂ ਹੈ। ਇਥੇ ਸੋਇਆਬੀਨ ਦੀ ਖੇਤੀ ਬਹੁਤ ਹੁੰਦੀ ਹੈ। ਹੋਰ ਮਹੱਤਵ ਪੂਰਨ ਫਸਲਾਂ ਬਰਸਾਤੀ ਕਣਕ, ਮੱਕੀ, ਜੌਂ, ਚਕੰਦਰ ਆਦਿ ਹਨ। ਕੁਝ ਖੇਤਰਾਂ ਵਿਚ ਚਾਵਲ ਦੀ ਖੇਤੀ ਪ੍ਰਮੁੱਖ ਹੈ।

ਲਿਉਯੂਆਨ ਦੇ ਨੇੜੇ ਅਤੇ ਤੁੰਗ ਪਾਈਨ ਤਾਉ ਜ਼ਿਲ੍ਹੇ ਵਿਚ ਬਹੁਤ ਮਾਤਰਾ ਵਿਚ ਕੱਚਾ ਲੋਹਾ ਅਤੇ ਕੋਲਾ ਮਿਲਦਾ ਹੈ। ਇਸ ਤੋਂ ਇਲਾਵਾ ਸੋਨਾ, ਚਾਂਦੀ, ਤਾਂਬਾ, ਸਿੱਕਾ ਅਤੇ ਜਿਸਤ ਵਰਗੀਆਂ ਕਈ ਹੋਰ ਧਾਤਾਂ ਵੀ ਇਥੇ ਮਿਲਦੀਆਂ ਹਨ। ਸੂਨਗਾਰੀ ਦੇ ਫੰਗਮੈਨ ਡੈਮ ਤੇ 567,000 ਕਿਲੋਵਾਟ ਦਾ ਇਕ ਪਣ-ਬਿਜਲੀ ਘਰ ਵੀ ਹੈ, ਜਿਸ ਕਾਰਨ ਉਥੇ ਇਕ ਰਸਾਇਣਕ ਪਦਾਰਥ ਦੀ ਫੈਕਟਰੀ ਵੀ ਖੁਲ੍ਹ ਗਈ ਹੈ। ਇਸ ਫੈਕਟਰੀ ਵਿਚ ਨਾਈਟਰੋਜਨ ਖਾਦ, ਨਕਲੀ ਰਬੜ ਤੇ ਪਲਾਸਟਿਕ ਬਣਾਇਆ ਜਾਂਦਾ ਹੈ।

ਪ੍ਰਾਂਤ ਵਿਚ ਰੇਲਾਂ ਦਾ ਬਹੁਤ ਚੰਗਾ ਪ੍ਰਬੰਧ ਹੈ। ਪ੍ਰਾਂਤ ਦਾ ਹਰ ਹਿੱਸਾ ਇਕ ਦੂਜੇ ਨਾਲ ਰੇਲਾਂ ਦੁਆਰਾ ਜੁੜਿਆ ਹੋਇਆ ਹੈ। ਸੰਨ 1945 ਤਕ ਸੋਵੀਅਤ ਸੰਘ ਦੀ ਸਹਾਇਤਾ ਨਾਲ ਰੇਲ-ਪ੍ਰਬੰਧ ਚਲਾਇਆ ਜਾਂਦਾ ਸੀ। ਸੰਨ 1952 ਵਿਚ ਰੇਲਾਂ ਦਾ ਸਾਰਾ ਪ੍ਰਬੰਧ ਚੀਨ ਦੇ ਕੰਟਰੋਲ ਵਿਚ ਦੇ ਦਿੱਤਾ ਗਿਆ।

ਹ. ਪੁ.—ਐਨ. ਅਮੈ. 16 : 456

**ਕੀਰਿਨ** : ਸ਼ਹਿਰ—ਚੀਨ ਦਾ ਇਹ ਸ਼ਹਿਰ ਸੂਨਗਾਰੀ ਦਰਿਆ ਦੇ ਕੰਢੇ ਤੇ ਇਸੇ ਨਾਂ ਦੇ ਪ੍ਰਾਂਤ ਦੇ ਮਧ ਵਿਚ ਸਥਿਤ ਹੈ। ਸੰਨ 1673 ਵਿਚ ਕੀਰਿਨ ਇਕ ਚੀਨੀ ਕਿਲ੍ਹੇ ਦੇ ਤੌਰ ਤੇ ਸਥਾਪਿਤ ਕੀਤਾ ਗਿਆ। ਸੰਨ 1929 ਤੋਂ 1937 ਤਕ ਇਸ ਸ਼ਹਿਰ ਨੂੰ ਸਰਕਾਰੀ ਤੌਰ ਤੇ ਯੁੰਗਕੀ ਕਿਹਾ ਜਾਣ ਲੱਗਾ। ਪਿਛੋਂ ਇਹ ਇਕ ਸੁਤੰਤਰ ਨਗਰ ਪਾਲਿਕਾ ਬਣ ਗਿਆ ਅਤੇ ਇਸ ਨੂੰ ਮੁੜ ਕੀਰਿਨ ਹੀ ਕਿਹਾ ਜਾਣ ਲੱਗ ਪਿਆ। ਸੰਨ 1954 ਤਕ ਇਹ ਕੀਰਿਨ ਪ੍ਰਾਂਤ ਦੀ ਰਾਜਧਾਨੀ ਰਿਹਾ। ਇਸ ਦੇ ਦੱਖਣ-ਪੱਛਮ ਵਿਚ ਫੰਗਮੈਨ ਡੈਮ ਅਤੇ 567,000 ਕਿਲੋਵਾਟ ਦਾ ਪਾਵਰ ਸਟੇਸ਼ਨ ਹੈ।

ਇਸ ਦੇ ਚਾਰੇ ਪਾਸੇ ਖੇਤੀ ਹੁੰਦੀ ਹੈ। ਇਸ ਦੇ ਨੇੜੇ ਹੀ ਘਣੇ ਜੰਗਲ ਹਨ ਜਿਥੋਂ ਇਸ ਸ਼ਹਿਰ ਨੂੰ ਇਮਾਰਤੀ ਲੱਕੜੀ ਪ੍ਰਾਪਤ ਹੁੰਦੀ ਹੈ।

ਇਹ ਇਕ ਰੇਲਵੇ ਜੰਕਸ਼ਨ, ਦਰਿਆਈ ਬੰਦਰਗਾਹ ਅਤੇ ਹਵਾਈ ਅੱਡਾ ਹੈ ਜਿਸ ਕਾਰਨ ਇਥੋਂ ਦੇ ਉਦਯੋਗਾਂ ਦੀ ਉੱਨਤੀ ਬਹੁਤ ਤੇਜ਼ੀ ਨਾਲ ਹੋਈ ਹੈ। ਇਥੋਂ ਦੇ ਉਦਯੋਗਾਂ ਵਿਚ ਇਮਾਰਤੀ ਲੱਕੜੀ ਦੇ ਕਾਰਖਾਨੇ, ਕਾਗਜ਼ ਅਤੇ ਦੀਆ ਸਲਾਈ ਦੇ ਉਦਯੋਗ ਸ਼ਾਮਲ ਹਨ। ਇਥੇ ਇਕ ਆਧੁਨਿਕ ਰਸਾਇਣਕ ਪਦਾਰਥਾਂ ਦੀ ਫੈਕਟਰੀ ਹੈ ਜਿਥੇ ਨਾਈਟਰੋਜਨ ਖਾਦ, ਲਕੜੀ, ਰਬੜ ਅਤੇ ਪਲਾਸਟਿਕ ਬਣਾਇਆ ਜਾਂਦਾ ਹੈ।

ਆਬਾਦੀ—1,200,000 (1970)

43° 5′ ਉ. ਵਿੱਥ, 126° 33′ ਪੂ. ਲੰਬ.

ਹ. ਪੁ.—ਐਨ. ਅਮੈ. 16 : 456

**ਕੀਰੀਨੋ, ਐਲਪੀਡੀਓ** : ਇਸ ਰਾਜਨੀਤਕ ਆਗੂ ਅਤੇ ਸੁਤੰਤਰ ਗਣਰਾਜ ਫ਼ਿਲਪੀਨ ਦੇ ਦੂਜੇ ਰਾਸ਼ਟਰਪਤੀ ਦਾ ਜਨਮ 16 ਨਵੰਬਰ, 1890 ਨੂੰ ਵੀਗਾਨ ਵਿਖੇ ਹੋਇਆ। ਫ਼ਿਲਪੀਨ, ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਇਹ ਕਈ ਸਾਲਾਂ ਤੱਕ ਵਕਾਲਤ ਕਰਦਾ ਰਿਹਾ ਅਤੇ 1919-25 ਤੱਕ ਇਹ ਫ਼ਿਲਪੀਨ ਪ੍ਰਤਿਨਿਧ ਸਦਨ ਤੇ 1925-31 ਤੱਕ ਸੈਨੇਟਰ ਦਾ ਮੈਂਬਰ ਰਿਹਾ। ਇਹ 1934 ਈ. ਵਿਚ ਵਾਸ਼ਿੰਗਟਨ ਜਾਣ ਵਾਲੇ ਫ਼ਿਲਪੀਨ ਆਜ਼ਾਦੀ ਮਿਸ਼ਨ ਦਾ ਮੈਂਬਰ ਸੀ ਜਿਸ ਦੀ ਅਗਵਾਈ ਮੈਨੂਅਲ ਕੀਉਜ਼ਨ ਨੇ ਕੀਤੀ ਸੀ ਜਿਸ ਨੇ ਫਿਲਪੀਨ ਦੀ ਆਜ਼ਾਦੀ ਦੀ ਮਿਤੀ 4 ਜੁਲਾਈ, 1946 ਸਚਿਤ ਕਰਨ ਲਈ ਟਾਈਡਿੰਗਜ਼-ਮੈਕਡੁਫੇ-ਐਕਟ ਅਧੀਨ ਕੰਮ ਕੀਤਾ। ਇਸ ਨੂੰ ਫਿਲਪੀਨ ਕਾਮਨਵੈਲਥ ਦਾ ਨਵਾਂ ਸੰਵਿਧਾਨ ਤਿਆਰ ਕਰਨ ਵਾਲੇ ਸੰਮੇਲਨ ਲਈ ਚੁਣਿਆ ਗਿਆ। ਇਸਨੇ ਵਿੱਤ ਸਕੱਤਰ ਅਤੇ ਕਾਮਨਵੈਲਥ ਦੀ ਅੰਦਰੂਨੀ ਸਰਕਾਰ ਦੇ ਸਕੱਤਰ ਦੇ ਤੌਰ ਤੇ ਵੀ ਕੰਮ ਕੀਤਾ।

ਦੂਜੇ ਸੰਸਾਰ ਯੁੱਧ ਮਗਰੋਂ ਇਸ ਨੇ ਸੈਕਟਰੀ ਆਫ ਸਟੇਟ ਅਤੇ ਉਪ-ਰਾਸ਼ਟਰਪਤੀ ਦੇ ਤੌਰ ਤੇ ਸੁਤੰਤਰ ਫਿਲਪੀਨ ਦੇ ਪਹਿਲੇ ਰਾਸ਼ਟਰਪਤੀ ਮੈਨੂਅਲ ਰਾਕਸਾਸ ਨਾਲ ਕੰਮ ਕੀਤਾ। ਜਦੋਂ 15 ਅਪਰੈਲ, 1948 ਨੂੰ ਰਾਕਸਾਸ ਦਾ ਦੇਹਾਂਤ ਹੋ ਗਿਆ ਤਾਂ ਇਹ ਰਾਸ਼ਟਰਪਤੀ ਬਣ ਗਿਆ। ਇਸ ਤੋਂ ਅਗਲੇ ਸਾਲ ਇਹ ਲਿਬਰਲ ਪਾਰਟੀ ਦੇ ਟਿਕਟ ਤੇ 4 ਸਾਲ ਲਈ ਰਾਸ਼ਟਰਪਤੀ ਚੁਣਿਆ ਗਿਆ। ਇਸ ਦੇ ਸ਼ਾਸਨ ਕਾਲ ਸਮੇਂ ਕਮਿਊਨਿਸਟਾਂ ਦੀ ਹੁਕਬਾਲਾਹਾਪ (ਹੁਕ) ਲਹਿਰ ਕਰਕੇ ਕਾਫੀ ਔਕੜਾਂ ਆਈਆਂ। ਬੇਸ਼ਕ ਸ਼ੁਰੂ ਵਿਚ ਹੁਕ ਲਹਿਰ ਜਾਪਾਨੀਆਂ ਦੀ ਲੂਜ਼ਨ ਵਿਖੇ ਗੁਰੀਲਾ ਫ਼ੌਜ ਦੇ ਵਿਰੁਧ ਸੀ, ਪਰ ਹੌਲੀ ਹੌਲੀ ਇਨ੍ਹਾਂ ਦਾ ਪੂਰਨ ਅਧਿਕਾਰ ਹੋ ਗਿਆ, ਜਦੋਂ ਇਸ ਦੁਆਰਾ ਹੁਕ ਦੇ ਕਮਾਂਡਰ ਲੂਈਸ ਟਾਰਕ ਨਾਲ ਕੀਤਾ ਜਾ ਰਿਹਾ ਸਮਝੌਤਾ 1948 ਵਿਚ ਨਾ ਹੋ ਸਕਿਆ। ਟਾਰਕ ਨੇ ਆਪਣੇ ਆਪ ਨੂੰ ਕਮਿਊਨਿਸਟ ਹੋਣ ਦਾ ਐਲਾਨ ਕਰ ਦਿਤਾ ਅਤੇ ਸਰਕਾਰ ਨੂੰ ਬਦਲਣ ਦੀ ਅਪੀਲ ਕੀਤੀ। ਸੰਨ 1950 ਤਕ ਹੁਕਾਂ ਨੇ ਲੂਜ਼ਨ ਉਤੇ ਆਪਣੇ ਅਧਿਕਾਰ ਸਥਾਪਤ ਕਰ ਲਏ ਸਨ ਅਤੇ ਇਸ ਨੇ ਯੋਗ ਰਾਮਨ ਮੈਗਸੇਸੇ ਨੂੰ ਕੌਮੀ ਸੁਰੱਖਿਆ ਸਕੱਤਰ ਬਣਾਕੇ ਇਸ ਬਗਾਵਤ ਨੂੰ ਦਬਾਉਣ ਲਈ ਨਿਯੁਕਤ ਕਰ ਦਿਤਾ।

ਇਸ ਦੇ ਰਾਸ਼ਟਰਪਤੀ ਸ਼ਾਸਨ ਕਾਲ ਦੇ ਛੇ ਸਾਲ ਦੌਰਾਨ, ਆਮ ਆਰਥਕ ਹਾਲਤ ਵਿਚ ਕਾਫੀ ਸੁਧਾਰ ਹੋਇਆ ਅਤੇ ਸੰਯੁਕਤ ਰਾਜ ਤੋਂ ਵਧੇਰੇ ਆਰਥਕ ਸਹਾਇਤਾ ਹਾਲਤ ਕੀਤੀ। ਪੇਂਡੂ ਖੇਤਰ ਦੀਆਂ ਮੂਲ ਸਮਾਜਕ ਸਮੱਸਿਆਵਾਂ ਦਾ ਕੋਈ ਖਾਸ ਸਮਾਧਾਨ ਨਾ ਹੋ ਸਕਿਆ। ਇਸ ਦੀ ਸਰਕਾਰ ਹੇਰਾਫੇਰੀ ਅਤੇ ਰਿਸ਼ਵਤ ਖੋਰੀ ਲਈ ਬਦਨਾਮ ਹੋ ਚੁੱਕੀ ਸੀ। ਸੰਨ 1949 ਦੀਆਂ ਚੋਣਾਂ ਵਿਚ ਇਸਦੀ ਜਿੱਤ ਗਦਾਰੀ ਦੇ ਇਤਿਹਾਸ ਵਿਚ ਇਕ ਉਘੀ ਮਿਸਾਲ ਹੈ। ਮੈਗਸੇਸੇ ਜਿਹੜਾ ਕਿ ਕਾਫੀ ਹੱਦ ਤੱਕ ਹੁੱਕਾਂ ਨੂੰ ਦਬਾਉਣ ਵਿਚ ਸਫਲ ਹੋ ਇਆ ਸੀ, ਰਿਸ਼ਵਤ ਖੋਰੀ ਅਤੇ ਚੋਣਾਂ ਵਿਚ ਹੇਰਾਫੇਰੀ ਕਾਰਨ ਇਸ ਤੋਂ ਨਿਖੜ ਗਿਆ ਅਤੇ

ਨੇਸ਼ੀਓਨਲਿਸਟਾ ਦੇ ਉਮੀਦਵਾਰ ਵਜੋਂ ਇਸਨੇ ਕੀਰੀਨੋ ਨੂੰ 1953 ਦੀ ਰਾਸ਼ਟਰਪਤੀ ਚੋਣਾਂ ਵਿਚ ਹਰਾ ਦਿਤਾ ।

ਫਰਵਰੀ 28, 1956 ਨੂੰ ਨੋਵਾਲੀਚੇਸ ਵਿਖੇ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. ਮਾ. 8 : 359

**ਕੀਲ :** ਇਹ ਪੱਛਮੀ ਜਰਮਨੀ ਦੀ ਸ਼ਲੈਸਵਿਘ ਹੋਲਸਟਾਈਨ ਰਾਜ ਦੀ ਰਾਜਧਾਨੀ ਹੈ ਅਤੇ ਕੀਲਰ ਚਸ਼ਮੇ ਦੇ ਦੋਵੇਂ ਪਾਸੇ ਬਣੀ ਬੰਦਰਗਾਹ ਹੈ । ਸੰਨ 1248 ਵਿਚ ਇਹ ਹੈਂਸੀਟਕ ਲੀਗ ਵਿਚ ਮਿਲ ਗਿਆ ਤੇ ਇਸ ਨੂੰ ਕਈ ਵਪਾਰਕ ਫਾਇਦੇ ਹੋਏ । ਸੰਨ 1773 ਵਿਚ ਇਹ ਡੈਨਮਾਰਕ ਦਾ ਇਕ ਹਿੱਸਾ ਬਣ ਗਿਆ ।

ਸੰਨ 1866 ਵਿਚ ਕੀਲ ਸ਼ਹਿਰ ਬਾਕੀ ਦੇ ਸਲੈਸ਼ਵਿਘ ਹੋਲ-ਸਟਾਈਨ ਨਾਲ ਪਰੂਸ਼ੀਆ ਨੂੰ ਦੇ ਦਿਤਾ ਗਿਆ ਅਤੇ 1917 ਵਿਚ ਇਸ ਦੀ ਰਾਜਧਾਨੀ ਬਣ ਗਿਆ । ਸੰਨ 1871 ਤੋਂ ਬਾਅਦ ਇਹ ਇਕ ਮਹੱਤਵਪੂਰਨ ਸਮੁੰਦਰੀ ਅੱਡਾ (1918), ਜਰਮਨੀ ਜਲ ਸੈਨਾ ਦੀ ਬਗਾਵਤ ਦਾ ਕੇਂਦਰ ਅਤੇ ਦੂਸਰੇ ਸੰਸਾਰ ਯੁੱਧ ਸਮੇਂ ਬੰਬਾਰੀ ਦਾ ਨਿਸ਼ਾਨਾ ਬਣਿਆ ਜਿਸ ਵਿਚ ਸ਼ਹਿਰ ਦਾ ਲਗਭਗ ਤੀਜਾ ਹਿੱਸਾ ਤਬਾਹ ਹੋ ਗਿਆ ਤੇ ਮੁੜ ਕੇ ਉਸਾਰਿਆ ਗਿਆ । ਸੰਨ 1945 ਤੋਂ ਬਾਅਦ ਕਈ ਇਤਿਹਾਸਕ ਯਾਦਗਾਰਾਂ ਨੂੰ ਵੀ ਸਾਂਭਿਆ ਗਿਆ ਹੈ ਤੇ ਕਈ ਨਵੀਆਂ ਇਮਾਰਤਾਂ ਵੀ ਬਣਾਈਆਂ ਗਈਆਂ ਹਨ ।

ਸੰਨ 1895 ਵਿਚ ਚਾਲੂ ਕੀਤੇ ਕੀਲ ਨਹਿਰ ਦੇ ਬੰਨ੍ਹ ਤੋਂ ਇਲਾਵਾ ਸ਼ਹਿਰ ਵਿਚ ਇਕ ਹੋਰ ਵੀ ਸ਼ਾਨਦਾਰ ਵਪਾਰਕ ਬੰਦਰਗਾਹ ਹੈ ਜਿਸ ਵਿਚ ਡੌਂਗੀਆਂ ਤੇ ਬੇੜੀਆਂ ਚਲਾਉਣ-ਦੀਆਂ ਸਹੂਲਤਾਂ ਹਨ । ਕੀਲ ਦੇ ਪੂਰਬੀ ਤੇ ਪੱਛਮੀ ਕਿਨਾਰਿਆਂ ਵਿਚਕਾਰ ਯਾਤਰੂ ਬੇੜੀਆਂ ਚਲਦੀਆਂ ਹਨ ਜੋ ਨਾਲ ਲਗਦੇ ਮੜ੍ਹੇਤੇ ਪਿੰਡਾਂ ਅਤੇ ਹੋਰ ਲੋਕਾਂ ਦੀ ਵੀ ਮਦਦ ਕਰਦੀਆਂ ਹਨ । ਇਥੋਂ ਦੇ ਮੁੱਖ ਉਦਯੋਗ ਸਮੁੰਦਰੀ ਜਹਾਜ਼ ਬਣਾਉਣ ਅਤੇ ਇੰਜਨੀਅਰਿੰਗ ਨਾਲ ਸਬੰਧਤ ਹਨ । ਇਸ ਤੋਂ ਇਲਾਵਾ ਮੱਛੀ ਫੜ੍ਹਨ ਤੇ ਮੱਛੀ ਪ੍ਰਾਸੈਸਿੰਗ, ਛਾਪਖਾਨਾ, ਧਾਤਾਂ ਦਾ ਕੰਮ, ਕੱਪੜਾ ਬਣਾਉਣ ਅਤੇ ਸ਼ਰਾਬ ਤਿਆਰ ਕਰਨ ਆਦਿ ਦੇ ਕੰਮ ਵੀ ਹੁੰਦੇ ਹਨ ।

ਆਬਾਦੀ—249,800 (1981)

54° 20′ ਉ. ਵਿਥ; 10° 08′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 ; 802

**ਕੀਲ ਅੱਖਰ :** ਇਸ ਲਿਪੀ ਦਾ ਨਾਮ ਇਸ ਕਾਰਨ ਕੀਲ ਅੱਖਰ ਪਿਆ ਕਿ ਇਸ ਦੇ ਵਰਣ ਕਿੱਲ ਜਾਂ ਕੀਲੀ ਦੇ ਆਕਾਰ ਦੇ ਹੁੰਦੇ ਸਨ । ਗਿੱਲੀ ਮਿੱਟੀ ਦੀਆਂ ਇੱਟਾਂ ਜਾਂ ਫੱਟੀਆਂ ਤੇ ਸਖ਼ਤ ਕਲਮ ਜਾਂ ਛੈਣੀ ਨਾਲ ਅੱਖਰਾਂ ਦੀ ਸ਼ਕਲ ਸਹਿਜੇ ਹੀ ਕੀਲੀ ਜਾਂ ਕਿੱਲ ਵਰਗੀ ਹੋ ਜਾਇਆ ਕਰਦੀ ਸੀ । ਇਸ ਤਰ੍ਹਾਂ ਇਨ੍ਹਾਂ ਅੱਖਰਾਂ ਤੇ ਇਸ ਤੋਂ ਬਣੀ ਲਿਪੀ ਦੀ ਵਰਤੋਂ ਪਹਿਲਾਂ ਗੈਰਸ਼ਾਮੀ ਸੁਮੇਰੀਆਂ ਨੇ ਕੀਤੀ । ਦੱਖਣੀ-ਬਾਬਲ ਤੇ ਦਜਲਾ-ਫ਼ਰਾਤ ਦੇ ਮੁਹਾਣਿਆਂ ਦੇ ਵਿਚਕਾਰ ਵਸੇ ਪ੍ਰਾਚੀਨ ਸੁਮੇਰੀਆਂ ਨੂੰ ਹੀ ਇਸ ਲਿਪੀ ਦੇ ਨਿਰਮਾਣ ਦਾ ਸਿਹਰਾ ਦਿੱਤਾ ਜਾਂਦਾ ਹੈ । ਸਮੇਂ ਨਾਲ ਭਾਸ਼ਾਵਾਂ ਬਦਲਦੀਆਂ ਰਹੀਆਂ ਪਰ ਲਿਪੀ ਪ੍ਰਾਚੀਨ ਸੁਮੇਰੀ ਹੀ ਰਹੀ । ਏਲਾਮੀ, ਬਾਬੁਲੀ, ਅਸੂਰੀ, ਖੱਤੀ, ਉਰਾਰਤੂ ਦੇ ਨਿਵਾਸੀ, ਸਾਰਿਆਂ ਨੇ ਵਾਰੀ ਵਾਰੀ ਇਸ ਲਿਪੀ ਦੀ ਆਪਣੇ ਰਾਜਾਂ ਵਿਚ ਵਰਤੋਂ ਕੀਤੀ । ਅੱਜ ਹਜ਼ਾਰਾਂ ਛੋਟੇ ਵੱਡੇ ਦਸਤਾਵੇਜ਼ ਇਸ ਲਿਪੀ ਵਿਚ ਲਿਖੇ ਉਪਲਬਧ ਹਨ । ਨਿਨੇਵੇ ਦੀ ਖੁਦਾਈ ਤੋਂ ਪ੍ਰਾਪਤ ਇਹ ਦਸਤਾਵੇਜ਼ ਹੁਣ ਤੁਰਕੀ, ਈਰਾਨ, ਰੂਸ, ਜਰਮਨੀ, ਫ਼ਰਾਂਸ, ਇੰਗਲੈਂਡ, ਸ਼ਿਕਾਗੋ ਤੇ ਪੈਨਸਿਲਵੇਨੀਆਂ ਦੇ ਅਜਾਇਬਘਰਾਂ ਵਿਚ ਸੁਰਖਿਅਤ ਹਨ । ਜਲ ਪਰਲੋ ਦੀ ਪਹਿਲੀ ਚਰਚਾ ਕਰਨ ਵਾਲੇ ਬਾਬੁਲੀ ਮਹਾਕਾਵਿ ਗਿਲਗਮੇਸ਼ ਵੀ ਇਸ ਲਿਪੀ ਵਿਚ ਇੱਟਾਂ ਤੇ ਲਿਖਿਆ ਗਿਆ ਸੀ ਜਿਸ ਦੀ ਮੂਲ ਪ੍ਰਤਿ ਅੱਜ ਲੈਨਨਗ੍ਰਾਦ ਦੇ 'ਏਰ ਮਿਤਾਜ' ਅਜਾਇਬ ਘਰ ਵਿਚ ਸੁਰਖਿਅਤ ਹੈ । ਅਜਿਹੀਆਂ ਹੋਰ ਪ੍ਰਾਚੀਨ ਲਿਖਤਾਂ ਵੀ ਉਪਲਬਧ ਹਨ ।

ਇਸ ਲਿਪੀ ਦੇ ਨਿਕਾਸ ਬਾਰੇ ਕੁਝ ਕਹਿਣਾ ਅਸੰਭਵ ਹੈ ਪਰ ਇਸ ਵਿਚ ਸ਼ੱਕ ਨਹੀਂ ਕਿ ਤੀਸਰੀ ਸਦੀ ਈ. ਪੂ. ਤੋਂ ਪਹਿਲਾਂ ਇਸ ਦੀ ਵਰਤੋਂ ਹੋਣ ਲਗ ਪਈ ਸੀ । ਵਿਦਵਾਨਾਂ ਦਾ ਮਤ ਹੈ ਕਿ ਇਸ ਲਿਪੀ ਦਾ ਨਿਕਾਸ ਚਿੱਤਰ ਲਿਪੀ ਤੋਂ ਹੋਇਆ ਤੇ ਇਹ ਵੀ ਸ਼ਬਦ-ਚਿੰਨ੍ਹ ਧੁਨੀਆਤਮਕ, ਸਵਰਾਤਮਕ ਦਸ਼ਾਵਾਂ 'ਚੋਂ ਗੁਜ਼ਰ ਕੇ ਵਰਣਾਤਮਕ ਸਥਿਤੀ ਵਿਚ ਪੁੱਜੀ ਹੈ । ਇਹ ਲਿਪੀ ਆਰੰਭ ਵਿਚ ਵਿਅੰਜਨ ਪ੍ਰਧਾਨ ਸੀ ਜੋ ਹੌਲੀ-ਹੌਲੀ ਸਵਰਾਂ ਦੇ ਪੈਦਾ ਹੋਣ ਨਾਲ ਵਰਣਾਤਮਕ ਬਣੀ ਅਤੇ ਸਮਾਂ ਪਾ ਕੇ ਅਨੇਕ ਭਾਸ਼ਾਵਾਂ ਨੇ ਆਪਣੇ ਪ੍ਰਗਟਾ ਲਈ ਇਸ ਨੂੰ ਵਰਤ ਕੇ ਮਾਨਤਾ ਦਿਤੀ । ਰੈਡ ਇੰਡੀਅਨਾਂ, ਚੀਨੀਆਂ, ਸਿੰਧੀਆਂ, ਕ੍ਰੀਤੀਆਂ ਤੇ ਸ਼ਾਇਦ ਮਿਸ੍ਰੀਆਂ ਦੀ ਚਿੱਤਰ ਲਿਪੀ ਨੂੰ ਛੱਡ ਕੇ ਬਾਕੀ ਸਾਰੀਆਂ ਲਿਪੀਆਂ ਇਸ ਲਿਪੀ ਵਿਚੋਂ ਨਿਕਲੀਆਂ ਹਨ । ਬ੍ਰਹਮੀ ਲਿਪੀ ਨਾਲ



ਕੀਲ ਅੱਖਰ

ਇਸ ਲਿਪੀ ਦੀ ਸਾਂਝ ਬਾਰੇ ਨਿਸਚੇ ਨਾਲ ਕੁਝ ਨਹੀਂ ਆਖਿਆ ਜਾ ਸਕਦਾ । ਕੀਲ ਅਖਰੀ ਲਿਪੀ ਦੀ ਸੱਤਾ ਕਹਿਣ ਤੋਂ ਪਰੇ ਹੈ ਕਿਉਂਕਿ ਇਸ ਦੀਆਂ ਉਪ-ਲਿਪੀਆਂ ਦਾ ਪਰਿਵਾਰ ਬਹੁਤ ਵੱਡਾ ਹੈ ਤੇ ਅੱਜ ਤਕਰੀਬਨ ਸਾਰਾ ਸੰਸਾਰ ਇਸੇ ਲਿਪੀ ਦੀ ਉਸ ਦੇ ਵਿਕਸਿਤ ਰੂਪਾਂ ਵਿਚ ਵਰਤੋਂ ਕਰ ਰਿਹਾ ਹੈ । ਇਹ ਭੇਦ ਉਸ ਸਮੇਂ ਖੁਲਿਆ ਜਦੋਂ 19ਵੀਂ ਸਦੀ ਦੇ ਅੱਧ ਵਿਚ ਈਰਾਨ ਵਿਚ ਅੰਗ੍ਰੇਜ਼ ਰਾਜਦੂਤ ਰਾਲਿਨਸਨ ਨੇ ਦਾਰਾ ਦੇ ਲਿਖਵਾਏ ਬੇਹਿਸਤੂਨ ਦੇ ਸ਼ਿਲਾਲੇਖ ਦੀ ਤਿੰਨ ਭਾਸ਼ਾਵਾਂ ਵਿਚ

ਲਿਖੀ ਇਬਾਰਤ ਨੂੰ ਹੋਰ ਵਿਦਵਾਨਾਂ ਦੀ ਸਹਾਇਤਾ ਨਾਲ ਪੜ੍ਹਿਆ। ਇਹ ਇਬਾਰਤ ਪ੍ਰਾਚੀਨ ਫ਼ਾਰਸੀ ਏਲਾਮੀ ਅਤੇ ਬਾਬੁਲੀ ਭਾਸ਼ਾਵਾਂ ਵਿਚ ਕੀਲ ਅਖਰਾਂ ਵਿਚ ਲਿਖੀ ਹੋਈ ਸੀ।

ਹ. ਪੁ.—ਹਿੰ. ਵਿ. ਕੋ. 3 : 47

**ਕੀਲ ਨਹਿਰ** : ਇਹ ਉੱਤਰੀ ਸਾਗਰ ਅਤੇ ਬਾਲਟਿਕ ਸਾਗਰ ਨੂੰ ਆਪਸ ਵਿਚ ਮਿਲਾਉਣ ਵਾਲੀ ਇਕ ਨਹਿਰ ਹੈ ਜੋ ਪੂਰਬ ਵੱਲ ਐਲਵੇ ਦਰਿਆ ਦੇ ਮੁਹਾਣੇ ਤੋਂ ਕੀਲ ਬੰਦਰਗਾਹ (ਉੱਤਰ-ਪੱਛਮੀ ਜਰਮਨੀ) ਤੱਕ 98 ਕਿ. ਮੀ. (61 ਮੀਲ) ਲੰਬੀ ਹੈ। ਇਹ ਨਹਿਰ 103 ਮੀਟਰ ਚੌੜੀ ਤੇ ਲਗਭਗ 13 ਮੀਟਰ ਡੂੰਘੀ ਹੈ ਤੇ ਇਸ ਉਤੇ 45 ਮੀਟਰ ਦੀ ਉਚਾਈ ਦੇ 7 ਪੁਲ ਵੱਖ ਵੱਖ ਥਾਵਾਂ ਤੇ ਬਣੇ ਹੋਏ ਹਨ। ਇਹ ਦੋਹਾਂ ਸਮੁੰਦਰਾਂ ਵਿਚਕਾਰ ਸਭ ਤੋਂ ਸੁਰੱਖਿਅਤ, ਆਰਾਮਦੇਹ, ਛੋਟਾ ਅਤੇ ਸਸਤਾ ਮਾਰਗ ਪ੍ਰਦਾਨ ਕਰਦੀ ਹੈ।

ਇਹ ਨਹਿਰ 1887 ਤੋਂ 1895 ਵਿਚਕਾਰ ਜਰਮਨ ਫ਼ੌਜਾਂ ਦੀਆਂ ਸਹੂਲਤਾਂ ਲਈ ਬਣਾਈ ਗਈ ਸੀ ਕਿਉਂਕਿ ਉਨ੍ਹਾਂ ਦੇ ਸਮੁੰਦਰੀ ਜਹਾਜ਼ਾਂ ਨੂੰ ਡੈਨਿਸ਼ ਪ੍ਰਾਇਦੀਪ ਦੇ ਦੁਆਲੇ ਘੁੰਮ ਕੇ ਆਉਣਾ ਪੈਂਦਾ ਸੀ। ਸੰਨ 1907 ਤੋਂ 1914 ਵਿਚਕਾਰ ਇਸ ਨੂੰ ਸਮੁੰਦਰੀ ਜਹਾਜ਼ਾਂ ਦੀ ਵਰਤੋਂ ਯੋਗ ਕਰਨ ਲਈ ਹੋਰ ਵੱਡਾ ਕੀਤਾ ਗਿਆ। ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਇਸ ਨਹਿਰ ਦਾ ਨਾਂ ਕੈਸਰ ਵਿਲਹੈਲਮ ਕੈਨਾਲ ਸੀ ਅਤੇ ਇਸ ਉਤੇ ਜਰਮਨ ਸਰਕਾਰ ਦਾ ਅਧਿਕਾਰ ਸੀ। ਸੰਨ 1914 ਦੀ ਵਰਸੇਲਜ਼ ਸੰਧੀ ਵਿਚ ਇਸ ਨੂੰ ਅੰਤਰ-ਰਾਸ਼ਟਰੀ ਨਹਿਰ ਕਰਾਰ ਦਿੱਤਾ ਗਿਆ ਅਤੇ ਇਸ ਦਾ ਪ੍ਰਬੰਧ ਜਰਮਨੀ ਦੇ ਹੱਥਾਂ ਵਿਚ ਦਿਤਾ ਗਿਆ ਅਤੇ ਇਸ ਦੇ ਨਾਲ ਹੀ ਇਸ ਦੀ ਵਰਤੋਂ ਸਬੰਧੀ ਕੁਝ ਨਿਯਮ ਲਾਗੂ ਕਰ ਦਿਤੇ ਗਏ। ਨਹਿਰ ਦੀ ਵਰਤੋਂ ਪੁਲੀਸ, ਜਹਾਜ਼ਰਾਨੀ, ਅਰੋਗਤਾ ਅਤੇ ਸੀਮਾਂ ਕਰ ਲਈ ਕੀਤੀ ਗਈ ਸੀ। ਪਰ 1936 ਵਿਚ ਹਿਟਲਰ ਨੇ ਆਪਣੀ ਤਰਫੋਂ ਹੀ ਇਨ੍ਹਾਂ ਸਾਰੀਆਂ ਨੂੰ ਨਾ-ਮਨਜ਼ੂਰ ਕਰ ਦਿਤਾ। ਦੂਸਰੇ ਸੰਸਾਰ ਯੁੱਧ ਤੋਂ ਬਾਅਦ ਨਹਿਰ ਜਰਮਨੀ ਗਣਤੰਤਰ ਦੇ ਸਲੈਸ਼ਵਿਗ ਹੋਲਸਟਾਈਨ ਰਾਜ ਵਿਚ ਸ਼ਾਮਲ ਸੀ ਅਤੇ ਵਰਸੈਲਜ਼ ਸੰਧੀ ਦੀਆਂ ਸ਼ਰਤਾਂ ਅਨੁਸਾਰ ਜਹਾਜ਼ਰਾਨੀ ਦੀ ਖੁਲ੍ਹ ਇਕ ਵੇਰ ਦੇ ਦਿਤੀ ਗਈ। ਅੱਜ ਕਲ੍ਹ ਉੱਤਰੀ ਸਾਗਰ ਅਤੇ ਬਾਲਟਿਕ ਸਾਗਰ ਵਿਚਕਾਰ ਇਹ ਨਹਿਰ ਇਕ ਅਹਿਮ ਮਾਰਗ ਹੈ।

ਹ. ਪੁ.—ਐਨ. ਬ੍ਰਿ. ਮਾ. 5 : 802

**ਕੀਲਰ, ਜੇਮਜ਼ ਐਡਵਾਰਡ** : ਸੰਯੁਕਤ ਰਾਜ ਦੇ ਇਸ ਖਗੋਲ-ਵਿਗਿਆਨੀ ਦਾ ਜਨਮ 10 ਸਤੰਬਰ, 1857 ਨੂੰ ਲਾਸਾਲੇ ਵਿਖੇ ਹੋਇਆ। ਇਸ ਨੂੰ ਸਨਿਚਰ ਛੱਲਿਆਂ ਦੇ ਸਪੈੱਕਟ੍ਰੋਸਕੋਪੀ ਅਧਿਐਨ ਲਈ ਜਾਣਿਆ ਜਾਂਦਾ ਹੈ। ਇਸ ਨੇ ਪਰਾਵਰਤਿਤ ਦੂਰਬੀਨ ਨਾਲ ਆਕਾਸ਼ੀ ਧੱਬਿਆਂ ਦਾ ਪ੍ਰੇਖਣ ਕੀਤਾ। ਜੌਨਜ਼ ਹਾਪਕਿਨਜ਼ ਯੂਨੀਵਰਸਿਟੀ, ਬਾਲਟੀਮੋਰ ਤੋਂ ਗਰੈਜੂਏਸ਼ਨ ਕਰਨ ਉਪਰੰਤ ਇਸ ਨੇ ਪਜ ਸਾਲ ਲਈ, ਐਲੀਘੇਨੀ ਆੱਬਜ਼ਰਵੇਟਰੀ ਵਿਖੇ ਸੈਮੁਅਲ ਪੀਅਰਪੋਂਟ ਲੈਂਗਲੇ ਦੇ ਸਹਾਇਕ ਵਜੋਂ ਕੰਮ ਕੀਤਾ। ਇਸ ਦੇ ਮਹੱਤਵਪੂਰਨ ਕੰਮਾਂ ਵਿਚੋਂ ਓਰੀਓਨ ਅਤੇ 13 ਹੋਰ ਗ੍ਰਹਿ-ਸਬੰਧੀ ਆਕਾਸ਼ੀ ਧੱਬਿਆਂ ਦੀ ਲਾਈਨ-ਇਨ-ਸਾਈਟ ਵੇਗ ਦੀ ਗਿਣਤੀ ਕਰਨਾ ਹੈ। ਇਨ੍ਹਾਂ ਮਿਣਤੀਆਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਪਿੰਡਾਂ ਦੀ ਵੀ ਤਾਰਿਆਂ ਵਰਗੀ ਹੀ ਗਤੀ ਹੈ ਅਤੇ ਇਹ ਆਪਣੇ ਤਾਰਾ-ਮੰਡਲ ਦੇ ਅੰਸ਼ ਹਨ। ਸੰਨ 1891 ਤੋਂ 1898 ਤਕ ਇਸ ਨੇ ਐਲੀਘੇਨੀ ਪ੍ਰੇਖਣਸ਼ਾਲਾ ਵਿਚ ਬਤੌਰ ਡਾਇਰੈਕਟਰ ਦੇ ਕੰਮ ਕੀਤਾ, ਜਿਥੇ ਇਸ ਨੇ ਸਪੈਕਟ੍ਰੋਸਕੋਪ ਦੀ ਸਹਾਇਤਾ ਨਾਲ ਗ੍ਰਹਿ ਦੁਆਲੇ ਸਨਿਚਰ ਦੇ ਛੱਲਿਆਂ ਨੂੰ ਘੁੰਮਦੇ ਹੋਏ ਦਰਸਾਇਆ। ਸੰਨ 1898 ਵਿਚ ਲਿਕ ਪ੍ਰੇਖਣਸ਼ਾਲਾ ਦੇ ਡਾਇਰੈਕਟਰ ਦੇ ਤੌਰ ਤੇ ਇਸ ਨੇ ਕਰਾਸਲੇ ਪਰਾਵਰਤਕ ਦੀ ਸਹਾਇਤਾ ਨਾਲ ਆਕਾਸ਼ੀ ਧੱਬਿਆਂ ਦਾ ਫੋਟੋਗ੍ਰਾਫ਼ਿਕ ਪ੍ਰੇਖਣ ਕੀਤਾ। ਇਸ ਦੇ ਇਸ ਕੰਮ ਨੇ ਪਰਾਵਰਤਿਤ ਦੂਰਬੀਨ ਨੂੰ ਮੱਧਮ ਖਗੋਲੀ ਪਿੰਡਾਂ ਦੇ ਚਿਤਰ ਲੈਣ ਦਾ ਇਕ ਉਚਤਮ ਯੰਤਰ ਸਿੱਧ ਕਰ ਦਿੱਤਾ। ਇਸ ਨੇ ਖੋਜ ਕੀਤੀ ਕਿ ਗੈਸਹੀਨ ਧੱਬੇ ਜ਼ਿਆਦਾਤਰ ਵਲਦਾਰ ਹੁੰਦੇ ਹਨ, ਜਿਨ੍ਹਾਂ ਨੂੰ ਗੈਲੇੱਕਸੀਆਂ ਕਿਹਾ ਜਾਂਦਾ ਹੈ। ਸਾਨਫ਼੍ਰਾਂਸਿਸਕੋ ਵਿਖੇ 12 ਅਗਸਤ, 1900 ਨੂੰ ਇਸ ਦੀ ਮੌਤ ਹੋ ਗਈ।

ਹ. ਪੁ—ਐਨ. ਬ੍ਰਿ. 13 : 267

**ਕੀਲੁੰਗ** : ਇਸ ਨੂੰ ਕੀਲੁੰਗ ਜਾਂ ਕਿਰੁੰਨ ਵੀ ਆਖਦੇ ਹਨ। ਇਹ ਉੱਤਰੀ ਫ਼ਾਰਮੂਸਾ (ਤਾਈਵਾਨ) ਦਾ ਇਕ ਸ਼ਹਿਰ ਤੇ ਮੁੱਖ ਬੰਦਰਗਾਹ ਹੈ ਜੋ ਕੀਲੁੰਗ ਦਰਿਆ ਦੇ ਮੁਹਾਣੇ ਤੇ ਤਾਈਪੇ ਦੇ ਉੱਤਰ-ਪੂਰਬ ਵੱਲ ਲਗਭਗ 27 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਸਪੇਨੀ ਅਤੇ ਡੱਚ ਲੋਕਾਂ ਦੁਆਰਾ ਇਥੇ ਇਕ ਵਪਾਰਕ ਚੌਕੀ, ਸਥਾਪਤ ਕਰਨ ਦੀ ਕੋਸ਼ਿਸ਼ ਤੋਂ ਬਾਅਦ ਚੀਨੀ ਆਬਾਦਕਾਰਾਂ ਨੇ 18ਵੀਂ ਸਦੀ ਵਿਚ ਕੀਲੁੰਗ ਦਾ ਵਿਕਾਸ ਕੀਤਾ। ਕਈ ਕਾਰਨਾਂ ਕਰਕੇ ਜਿਵੇਂ ਕੀਲੁੰਗ ਦੇ ਤਾਈਪੇ ਦੇ ਬਹੁਤਾ ਨਜ਼ਦੀਕ ਹੋਣ ਕਰਕੇ, ਤੇ ਕੁਝ ਤਾਈਵਾਨ ਦੇ ਅੰਤਰ-ਰਾਸ਼ਟਰੀ ਵਪਾਰਕ ਸਥਿਤੀ ਦੇ ਅਸਥਿਰ ਹੋਣ ਕਰਕੇ ਇਥੇ ਅੰਦਰੂਨੀ ਅਤੇ ਬਾਹਰੀ ਚੀਜ਼ਾਂ ਦੀ ਦਰਾਮਦ ਬਰਾਮਦ ਨਾਲੋਂ ਬਹੁਤ ਜ਼ਿਆਦਾ ਹੈ। ਇਹ ਮੱਛੀ ਫੜਨ ਦਾ ਮੁੱਖ ਕੇਂਦਰ ਹੈ ਅਤੇ ਮੱਛੀਆਂ ਨੂੰ ਬਰਫ਼ ਵਿਚ ਲਗਾਉਣ ਦੀਆਂ ਕਈ ਫੈਕਟਰੀਆਂ ਹਨ। ਇਥੇ ਸਮੁੰਦਰੀ ਉਤਪਾਦਨ ਦੀਆਂ ਚੀਜ਼ਾਂ ਦਾ ਇਕ ਸਕੂਲ ਤੇ ਇਕ ਮੈਟਰਾਲੋਜੀਕਲ ਸਟੇਸ਼ਨ ਹੈ। ਕੋਲੇ ਤੇ ਪੈਟਰੋਲ ਨਾਲ ਸਬੰਧਤ ਹੋਣ ਕਰਕੇ ਇਥੇ ਰਸਾਇਣਕ ਖਾਦਾਂ ਅਤੇ ਜਹਾਜ਼ ਬਣਾਉਣ ਦੇ ਉਦਯੋਗ ਹਨ ਇਸ ਤੋਂ ਇਲਾਵਾ ਇਥੇ ਆਟੇ ਦੀ ਇਕ ਮਿਲ ਤੇ ਸਾਇਕਲ ਆਦਿ ਬਣਾਉਣ ਦੇ ਉਦਯੋਗ ਹਨ।

ਆਬਾਦੀ—324,040 (1970)

25° 08′ ਉ. ਵਿਥ; 121° 44′ ਪੂ. ਲੰਬ.

ਹ. ਪੁ.—ਐਨ. ਬ੍ਰਿ. 5 : 550

**ਕੀਲੇਟ** : ਇਹ ਉਨ੍ਹਾਂ ਕੋਆਰਡੀਨੇਸ਼ਨ ਜਾਂ ਕੰਪਲੈਕਸ ਯੋਗਿਕਾਂ ਦੀ ਇਕ ਸ਼੍ਰੇਣੀ ਹੈ, ਜਿਨ੍ਹਾਂ ਵਿਚ ਵਿਚਕਾਰਲਾ ਧਾਤ ਐਟਮ ਇਕ ਵੱਡੇ ਅਣੂ, ਜਿਸ ਨੂੰ ਲਿਗੈਂਡ ਕਿਹਾ ਜਾਂਦਾ ਹੈ, ਨਾਲ ਸਾਈਕਲੀ ਜਾਂ ਰਿੰਗ ਬਣਤਰ ਵਿਚ ਜੁੜੇ ਹੁੰਦੇ ਹਨ। ਕੀਲੇਟ ਦੀ ਉਦਾਹਰਨ ਐਥੀਲੀਨਡਾਈਐਮੀਨਕੈਡਮੀਅਮ (II) ਕੰਪਲੈਕਸ ਹੈ :



ਐਥੀਲੀਨਡਾਈਐਮੀਨ ਲਿਗੈਂਡ ਕੈਡਮੀਅਮ ਆਇਨ ਨਾਲ ਦੋ ਬਿੰਦੂਆਂ ਉਤੇ ਜੁੜ ਕੇ ਇਕ ਰਿੰਗ ਬਣਾਉਂਦੀ ਹੈ ਅਤੇ ਇਸ ਨੂੰ ਬਾਈਡੈਂਟੇਟ ਲਿਗੈਂਡ ਕਿਹਾ ਜਾਂਦਾ ਹੈ। ਉਹ ਲਿਗੈਂਡ ਜਿਹੜੇ ਉਸੇ ਧਾਤੂ ਆਇਨ ਨਾਲ ਦੋ ਜਾਂ ਦੋ ਤੋਂ ਵੱਧ ਬਿੰਦੂਆਂ ਉਤੇ ਜੁੜ ਸਕਦੇ ਹੋਣ ਨੂੰ ਪੌਲੀਡੈਂਟੇਟ ਲਿਗੈਂਡ ਕਿਹਾ ਜਾਂਦਾ ਹੈ। ਸਾਰੇ ਪੌਲੀਡੈਂਟੇਟ ਲਿਗੈਂਡ ਕੀਲੇਟੀਕਾਰਕ ਹੁੰਦੇ ਹਨ।

ਕੀਲੇਟ ਯੋਗਿਕ ਬਰਾਬਰ ਦੇ ਬਣਤਰ ਵਾਲੇ ਕੀਲੇਟੀ-ਰਹਿਤ ਯੋਗਿਕਾਂ ਨਾਲੋਂ ਸਥਾਈ ਹੁੰਦੇ ਹਨ ਅਤੇ ਕੀਲੇਟੀਕਰਨ ਵੀ ਜ਼ਿਆਦਾ ਹੁੰਦਾ ਹੈ। ਅਰਥਾਤ ਇਕ ਧਾਤ ਐਟਮ ਨਾਲ ਜਿੰਨੇ ਜ਼ਿਆਦਾ ਰਿੰਗ ਕਲੋਜ਼ਰ

ਹੋਣਗੇ ਯੋਗਿਕ ਉੱਨੇ ਹੀ ਸਥਾਈ ਹੋਵੇਗਾਂ। ਇਸ ਤੱਥ ਨੂੰ ਕੀਲੇਟ-ਪ੍ਰਭਾਵ ਕਿਹਾ ਜਾਂਦਾ ਹੈ। ਇਹ ਆਮ ਕਰਕੇ ਕੀਲੇਟੀਕਰਨ ਦੇ ਨਾਲ ਐਨਟ੍ਰੌਪੀ ਦੇ ਵਾਧੇ ਬਾਰੇ ਦਸਦਾ ਹੈ। ਕੀਲੇਟ ਦੇ ਸਥਾਈਪਨ ਦਾ ਸਬੰਧ ਕੀਲੇਟ ਰਿੰਗ ਵਿਚ ਐਟਮਾਂ ਦੀ ਸੰਖਿਆ ਨਾਲ ਵੀ ਹੈ। ਆਮ ਕਰਕੇ ਪੰਜ ਜਾਂ ਛੇ ਮੈਂਬਰਾਂ ਵਾਲੇ ਰਿੰਗ ਚਾਰ-, ਸੱਤ-, ਜਾਂ ਅੱਠ-ਮੈਂਬਰਾਂ ਵਾਲੇ ਰਿੰਗਾਂ ਵਾਲੇ ਕੀਲੇਟਾਂ ਨਾਲੋਂ ਸਥਾਈ ਹੁੰਦੇ ਹਨ।

ਡਾਕਟਰੀ ਵਿਚ ਕੀਲੇਟੀਕਾਰਕਾਂ ਦੀ ਜ਼ਿਆਦਾ ਵਰਤੋਂ ਧਾਤੂ ਵਿਸ਼-ਪ੍ਰਭਾਵ ਦੇ ਸਿੱਧੇ ਇਲਾਜ ਲਈ ਕੀਤੀ ਜਾਂਦੀ ਹੈ। ਕੀਲੇਟੀਕਾਰਕਾਂ ਦੀ ਵਰਤੋਂ ਉਦਯੋਗ ਅਤੇ ਪ੍ਰਯੋਗਸ਼ਾਲਾ ਵਿਚ ਕ੍ਰਮਵਾਰ ਨਿਸ਼ਕਰਸ਼ਕ ਦੇ ਤੌਰ ਤੇ ਅਤੇ ਧਾਤ ਅਤੇ ਧਾਤ-ਆਇਨ ਬਫ਼ਰਾਂ ਤੇ ਇੰਡੀਕੇਟਰਾਂ ਨੂੰ ਕਰਨ ਲਈ ਕੀਤੀ ਜਾਂਦੀ ਹੈ। ਕਈ ਵਪਾਰਕ ਰੰਗ ਅਤੇ ਕਈ ਜੀਵ-ਵਿਗਿਆਨ ਪਦਾਰਥ ਵੀ ਕੀਲੇਟ ਯੋਗਿਕ ਹਨ।

ਹ. ਪੁ.—ਐਨ. ਬ੍ਰਿ. ਮਾ. 2 : 790

**ਕੀਲੋਨੀਆ :** ਇਹ ਰੈਪਟਿਲੀਆ ਸ਼੍ਰੇਣੀ ਦਾ ਇਕ ਪੁਰਾਣਾ ਵਰਗ ਹੈ, ਜਿਸ ਵਿਚ ਕੱਛੂ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਕੱਛੂਆਂ ਦਾ ਇਕ ਖ਼ਾਸ ਲੱਛਣ ਇਨ੍ਹਾਂ ਵਿਚ ਇਕ ਸਖ਼ਤ, ਹੱਰਨੀ ਖ਼ੋਲ ਦੀ ਮੌਜੂਦਗੀ ਹੈ ਜਿਹੜਾ ਸਰੀਰ ਦੇ ਅੰਗਾਂ ਨੂੰ ਢੱਕਦਾ ਹੈ ਅਤੇ ਕੁਝ ਹੱਦ ਤਕ ਸਿਰ ਅਤੇ ਲੱਤਾਂ-ਬਾਹਾਂ ਨੂੰ ਸੁਰੱਖਿਅਤ ਵੀ ਰਖਦਾ ਹੈ। ਇਨ੍ਹਾਂ ਕੱਛੂਆਂ ਵਾਸਤੇ ਦੋ ਨਾਂ ਪ੍ਰਚਲਤ ਹਨ—'ਟੋਰਟੁਆਇਜ਼' (ਕੱਛੂ) ਨਾਂ ਬਰਤਾਨਵੀ ਦੀਪਾਂ ਵਿਚ ਸਿਰਫ਼ ਸਮੁੰਦਰੀ ਕਿਸਮਾਂ ਨੂੰ ਛੱਡ ਕੇ, ਬਾਕੀ ਸਾਰੇ ਕੱਛੂਆਂ ਲਈ ਵਰਤਿਆ ਜਾਂਦਾ ਹੈ; ਦੂਜਾ ਨਾਂ 'ਟਰਟਲ' (ਸਮੁੰਦਰੀ ਕੱਛੂ) ਸੰਯੁਕਤ ਰਾਜ ਵਿਚ ਵਰਤਿਆ ਜਾਂਦਾ ਹੈ। ਇੱਥੇ ਖਾਧੀਆਂ ਜਾਣ ਵਾਲੀਆਂ ਕਿਸਮਾਂ ਨੂੰ ਇਕ ਹੋਰ ਨਾਂ 'ਟੈਰਾਪਿਨ' (ਅਲੂਣੇ ਪਾਣੀ ਦੇ ਕੱਛੂ) ਵੀ ਦਿਤਾ ਗਿਆ ਹੈ।

ਕੱਛੂ ਵੱਖ-ਵੱਖ ਆਕਾਰਾਂ ਦੇ ਹੁੰਦੇ ਹਨ। ਚਮੜੇ ਵਰਗੀ ਪਿੱਠ ਵਾਲਾ ਐਟਲੈਂਟਿਕ ਕੱਛੂ (*Dermochelys coriacea*) ਜਿਹੜਾ ਜਿਉਂਦੀਆਂ ਕਿਸਮਾਂ ਵਿਚੋਂ ਸਭ ਤੋਂ ਵੱਡਾ ਹੁੰਦਾ ਹੈ, ਤਕਰੀਬਨ 3/4 ਮੀ. ਟਨ ਭਾਰਾ ਅਤੇ ਅਗਲੇ ਘੰਗ ਤੋਂ ਪਿਛਲੇ ਤਕ ਇਸ ਦੀ ਲੰਬਾਈ ਤਕਰੀਬਨ 360 ਸੈਂ. ਮੀ. ਹੁੰਦੀ ਹੈ। ਪ੍ਰੋਟੋਸਟਗਿਡੀ ਕੁਲ ਦਾ ਇਕ ਲੁਪਤ ਹੋ ਚੁੱਕਾ ਵੱਡਾ ਸਮੁੰਦਰੀ ਕੱਛੂ, ਆਰਕਲੋਨ ਇਸ ਤੋਂ ਵੀ ਬਹੁਤ ਵੱਡਾ ਸੀ ਅਤੇ ਏਸ਼ੀਆ ਦਾ ਇਕ ਲੁਪਤ ਹੋ ਚੁੱਕਾ ਸਥੱਲੀ ਕੱਛੂ ਕਾਲੋਸਾਕਲਿਸ ਐਟਲਸ (*Colossochelys atlas*) ਦਾ ਖ਼ੋਲ ਲਗਭਗ 210 ਸੈਂ. ਮੀ. ਲੰਬਾ ਸੀ। ਸਭ ਤੋਂ ਲੰਮਾ ਜਿਉਂਦਾ ਕੱਛੂ ਲਗਭਗ 225 ਕਿ. ਗ੍ਰਾ. ਤੋਂ ਵੀ ਜ਼ਿਆਦਾ ਭਾਰਾ ਹੁੰਦਾ ਹੈ। ਇਸ ਦੇ ਉਲਟ ਕਈ ਜਾਤੀਆਂ ਦੇ ਬਾਲਗ ਅੱਧਾ ਕਿ. ਗ੍ਰਾ. ਤੋਂ ਵੀ ਘੱਟ ਭਾਰੇ ਹੁੰਦੇ ਹਨ ਅਤੇ ਉਨ੍ਹਾਂ ਦਾ ਖ਼ੋਲ ਤਕਰੀਬਨ 12 ਸੈਂ. ਮੀ. ਲੰਮਾ ਹੁੰਦਾ ਹੈ। ਬਹੁਤੇ ਬਾਲਗ ਕੱਛੂਆਂ ਦੇ ਖ਼ੋਲਾਂ ਦੀ ਲੰਬਾਈ ਤਕਰੀਬਨ 10–40 ਸੈਂ. ਮੀ. ਵਿਚਕਾਰ ਹੁੰਦੀ ਹੈ।

ਕੱਛੂਆਂ ਦਾ ਖ਼ੋਲ ਇਕ ਪਿੱਠਲੇ ਹਿੱਸੇ ਕੈਰਾਪੇਸ ਅਤੇ ਹੇਠਲੇ ਹਿੱਸੇ ਪਲਾਸਟਰੋਨ ਦਾ ਬਣਿਆ ਹੁੰਦਾ ਹੈ ਜਿਹੜੇ ਆਪਸ ਵਿਚ ਨਰਮ ਲਿਗਾਮੈਂਟ ਟਿਸ਼ੂ ਜਾਂ ਹੱਡਲ ਪੁਲ ਰਾਹੀਂ ਜੁੜੇ ਹੁੰਦੇ ਹਨ। ਕੈਰਾਪੇਸ ਬਹੁਤ ਚੰਗੀ ਤਰ੍ਹਾਂ ਫੈਲੀਆਂ ਹੋਈਆਂ ਪਸਲੀਆਂ ਅਤੇ ਪਿੱਠਲੇ ਮੁਹਰਿਆਂ ਦਾ ਬਣਿਆ ਹੁੰਦਾ ਹੈ, ਜਿਨ੍ਹਾਂ ਦੇ ਉਤੇ ਵੱਡੀਆਂ ਡਰਮਲ ਅਸਥੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਉੱਪਰ ਫਿਰ ਸਖ਼ਤ ਚਮੜੀ ਜਾਂ ਹੱਰਨੀ ਚਾਣਿਆਂ ਦੀ ਤਹਿ ਹੁੰਦੀ ਹੈ। ਪਲਾਸਟਰੋਨ ਵਿਚ ਇਸੇ ਤਰ੍ਹਾਂ ਇੰਟਰਕਲੈਵੀਕਲ, ਕਲੈਵੀਕਲ ਅਤੇ ਗੈਸਟ੍ਰੋਲੀਆ ਦੇ ਅਵਸ਼ੇਸ਼ ਡਰਮਲ ਅਸਥੀਆਂ ਨਾਲ ਜੁੜੇ ਹੁੰਦੇ ਹਨ ਅਤੇ ਉੱਪਰੋਂ ਚਮੜੀ ਜਾਂ ਚਾਣਿਆਂ ਰਾਹੀਂ ਢਕੇ ਹੁੰਦੇ ਹਨ। ਖ਼ੋਲ ਨਾਲ ਸਬੰਧਤ ਕੁਝ ਹੋਰ ਵਿਸ਼ੇਸ਼ਤਾਈਆਂ ਪਸਲੀਆਂ ਦਾ ਮੁਹਰਿਆਂ ਨਾਲ ਜੁੜੇ ਹੋਣਾ, ਟਰੰਕ ਪੇਸ਼ੀਆਂ ਦਾ ਅਵਿਕਸਿਤ ਹੋਣਾ, ਪੈਕਟੋਰਲ ਗਰਡਲ ਦਾ ਪੂਰੀ ਤਰ੍ਹਾਂ ਪਸਲੀਆਂ ਦੇ ਅੰਦਰ ਵਲ ਹੋਣਾ (ਜਿਹੜਾ ਹੋਰ ਕਿਸੇ ਵੀ ਪ੍ਰਾਣੀ ਵਿਚ ਨਹੀਂ ਮਿਲਦਾ) ਅਤੇ ਬਹੁਤ ਜ਼ਿਆਦਾ ਪਰਿਵਰਤਿਤ ਛੋਟੀਆਂ ਤੇ ਮੋਟੀਆਂ ਹਿਊਮਰਸ ਅਤੇ ਫੀਮਰ ਹੱਡੀਆਂ ਦਾ ਹੋਣਾ ਅਤੇ ਫ਼ੇਫ਼ੜਿਆਂ ਦਾ ਪਿੱਠਲੇ ਪਾਸੇ ਖ਼ੋਲ ਨਾਲ ਜੁੜੇ ਹੋਣਾ ਹੈ। ਇਸ ਤੋਂ ਇਲਾਵਾ ਕੱਛੂਆਂ ਵਿਚ ਦੰਦ ਨਹੀਂ ਹੁੰਦੇ ਪਰ ਜਬਾੜ੍ਹਿਆਂ ਉਤੇ ਹੱਰਨੀ ਚੁੰਝਾਂ ਹੁੰਦੀਆਂ ਹਨ। ਕੱਛੂਆਂ ਦੀਆਂ ਪੁਰਾਤਨ ਪੂਰਵਜ ਕਿਸਮਾਂ ਵਿਚ ਦੰਦ ਹੁੰਦੇ ਸਨ।

ਵਖ ਵਖ ਕਿਸਮਾਂ ਵਿਚ ਖ਼ੋਲ ਦੀ ਬਣਤਰ ਦੇ ਵਖਰੇਵੇਂ ਵੀ ਮਿਲਦੇ ਹਨ। ਬਹੁਤੀਆਂ ਕਿਸਮਾਂ ਵਿਚ ਇਹ ਉੱਚਾ ਅਤੇ ਐਪੀਡਰਮਲ ਚਾਣਿਆਂ ਨਾਲ ਢਕਿਆ ਹੁੰਦਾ ਹੈ। ਕੱਛੂਆਂ ਦੀਆਂ ਕਈ ਕਿਸਮਾਂ, ਜਿਵੇਂ ਜਿਓਕਿਲੋਨ ਵਿਚ ਖ਼ੋਲ ਬਹੁਤ ਉੱਚਾ ਹੁੰਦਾ ਹੈ। ਇਹ ਤਕਰੀਬਨ ਜਿੰਨਾ ਚੌੜਾ ਉਨਾਂ ਹੀ ਉੱਚਾ ਹੁੰਦਾ ਹੈ। ਟ੍ਰਾਈਨਿਕਡੀ ਕੁਲ ਅਤੇ ਮੈਲਾਕੌਕਿਰਸਸ ਵਰਗੇ ਸਮੁੰਦਰੀ ਕੱਛੂਆਂ ਵਿਚ ਇਹ ਪਤਲਾ ਪਲੇਟ ਵਰਗਾ ਹੁੰਦਾ ਹੈ। ਡਰਮੋਕੀਲਿਡੀ ਕੈਰੇਟੋਕੀਲਿਡੀ ਅਤੇ ਟ੍ਰਾਈਨਿਕਡੀ ਕੁਲਾਂ ਦੇ ਕਛੂਆਂ ਦੇ ਖ਼ੋਲਾਂ ਉਤੇ ਚਾਣੇ ਨਹੀਂ ਹੁੰਦੇ ਸਗੋਂ ਮੋਟੀ ਚਮੜੀ ਹੁੰਦੀ ਹੈ।

ਬਹੁਤੇ ਕੱਛੂ ਕਈ ਕਿਸਮਾਂ ਦੀ ਖ਼ੁਰਾਕ ਖਾਂਦੇ ਹਨ। ਇਨ੍ਹਾਂ ਦਾ ਮੁੱਖ ਆਹਾਰ ਛੋਟੇ ਛੋਟੇ ਰੀੜ੍ਹ-ਰਹਿਤ ਪ੍ਰਾਣੀ ਜਿਵੇਂ ਵਰਮ, ਸਲੱਗ, ਘੋਗੇ, ਕੀੜੇ-ਮਕੌੜੇ, ਪਤਲੇ ਖ਼ੋਲ ਵਾਲੇ ਦੋ-ਵਾਲਵੀ ਪ੍ਰਾਣੀ, ਕ੍ਰੇ-ਫ਼ਿਸ਼ਾਂ ਅਤੇ ਹੋਰ ਕ੍ਰਸਟੇਸ਼ੀਅਨ ਪ੍ਰਾਣੀ ਹਨ। ਵੱਡੇ ਜ਼ਲੀ ਕੱਛੂ ਮੱਛੀਆਂ ਵੀ ਪਕੜ ਸਕਦੇ ਹਨ ਅਤੇ ਕ਼ਦੀ-ਕਦਾਈਂ ਇਹ ਪੰਛੀ ਤੇ ਛੋਟੇ-ਛੋਟੇ ਥਣਧਾਰੀਆਂ ਨੂੰ ਵੀ ਪਕੜ ਲੈਂਦੇ ਹਨ। ਕਈ ਕੱਛੂਆਂ ਵਿਚ ਸ਼ਿਕਾਰ ਨੂੰ ਪਕੜਨ ਲਈ ਖ਼ਾਸ ਵਿਉਂਤਾਂ ਹੁੰਦੀਆਂ ਹਨ। ਦੱਖਣੀ ਸੰਯੁਕਤ ਰਾਜ ਦੇ ਸਨੈਪਿੰਗ ਟਰਟਲ (*Macrochelys temmincki*) ਦੇ ਮੂੰਹ ਵਿਚ ਹੇਠਾਂ ਵਰਮ ਵਰਗੀ ਲਲਚਾਉਣ ਵਾਲੀ ਚੀਜ਼ ਹੁੰਦੀ ਹੈ, ਜਿਸ ਰਾਹੀਂ ਇਹ ਸ਼ਿਕਾਰ ਨੂੰ ਭਰਮਾ ਲੈਂਦੇ ਹਨ, ਦੱਖਣੀ ਅਮਰੀਕਾ ਦੇ ਮੈਡਮਤਾ ਜਾਂ ਝਾਲਰ ਵਾਲੇ ਕੱਛੂ (*Chelys limbriata*) ਦੀ ਗਰਦਨ ਅਤੇ ਠੋਡੀ ਉਤੇ ਨਰਮ ਵਧਾਅ ਜਿਹੇ ਹੁੰਦੇ ਹਨ ਜਿਨ੍ਹਾਂ ਰਾਹੀਂ ਇਨ੍ਹਾਂ ਨੂੰ ਪਾਣੀ ਵਿਚ ਸ਼ਿਕਾਰ ਦੀ ਹੋਂਦ ਦਾ ਪਤਾ ਲਗਦਾ ਹੈ।

ਕੱਛੂ ਦੂਜੇ ਰੈਪਟਿਲੀਆ ਪ੍ਰਾਣੀਆਂ ਦੀ ਤਰ੍ਹਾਂ ਲੰਮੇ ਅਰਸੇ ਤਕ ਭੁੱਖੇ ਵੀ ਰਹਿ ਸਕਦੇ ਹਨ। ਇਹ ਹਫ਼ਤਾਵਾਰ ਜਾਂ ਮਹੀਨਾਵਾਰ ਖ਼ੁਰਾਕ ਤੇ ਵੀ ਗੁਜ਼ਾਰਾ ਕਰ ਸਕਦੇ ਹਨ, ਪਰ ਜਦੋਂ ਜ਼ਿਆਦਾ ਮਿਲ ਜਾਵੇ ਤਾਂ ਬਹੁਤੀ ਵਾਰ ਖਾ ਕੇ ਇਹ ਮੋਟੇ ਹੋ ਜਾਂਦੇ ਹਨ। ਹਜ਼ਮ ਕਰਨ ਦੀ ਕਿਰਿਆ ਉਤੇ ਤਾਪਮਾਨ ਦਾ ਅਸਰ ਹੁੰਦਾ ਹੈ। ਇਹ ਪਾਣੀ ਨੂੰ ਬਹੁਤ ਜਲਦੀ-ਜਲਦੀ ਪੀਂਦੇ ਹਨ ਅਤੇ ਕਈ ਆਪਣੇ ਮਲ-ਚੈਂਬਰ ਦੇ ਬਲੈਡਰ ਵਿਚ ਪਾਣੀ ਜਮ੍ਹਾਂ ਕਰ ਸਕਦੇ ਹਨ ਜਿਸ ਕਾਰਨ ਇਹ ਸੋਕੇ ਦੇ ਲੰਮੇ ਸਮੇਂ ਤਕ ਵੀ ਜਿਉਂਦੇ ਰਹਿ ਸਕਦੇ ਹਨ।

ਕੱਛੂਆਂ ਦੀ ਜਣਨ ਕਿਰਿਆ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਮਾਦਾ ਕੱਛੂ ਇਕ ਵਾਰ ਮੈਥੁਨ-ਕਿਰਿਆ ਤੋਂ ਬਾਅਦ ਕਈ ਸਾਲਾਂ ਤਕ ਨਿਸ਼ੇਚਤ ਅੰਡੇ ਦਿੰਦੀ ਰਹਿੰਦੀ ਹੈ। ਨਰ ਕੱਛੂ ਵਿਚ ਇਕ ਸ਼ਿਸਨ ਹੁੰਦੀ ਹੈ। ਮੈਲਕਲੈਮਿਸ ਕੱਛੂ ਦੀ ਮਾਦਾ ਇਕ ਵਾਰ ਮੈਥੁਨ ਤੋਂ ਬਾਅਦ ਤਕਰੀਬਨ ਚਾਰ ਸਾਲ ਤਕ ਨਿਸ਼ੇਚਤ ਅੰਡੇ ਦਿੰਦੀ ਰਹਿੰਦੀ ਹੈ। ਦੋਨੋਂ ਸਥੱਲੀ ਅਤੇ ਜ਼ਲੀ ਕਿਸਮਾਂ ਅੰਡੇ ਧਰਤੀ ਤੇ ਹੀ ਦਿੰਦੀਆਂ ਹਨ। ਮਾਦਾ ਘਰ ਬਣਾਉਣ ਲਈ ਕੋਈ ਚੰਗੀ ਜਿਹੀ ਧੁੱਪ ਵਾਲੀ ਜਗ੍ਹਾ ਚੁਣਦੀ ਹੈ। ਫਿਰ ਉਹ ਆਪਣੀਆਂ ਪਿਛਲੀਆਂ ਲੱਤਾਂ ਦੀ ਲੰਬਾਈ ਜਿੰਨੀ ਡੂੰਘੀ ਖੁੱਡ ਪੁਟ ਕੇ ਉਸ ਵਿਚ ਚਿੱਟੇ ਗੋਲ ਜਾਂ ਅੰਡਾਕਾਰ ਅੰਡੇ ਦਿੰਦੀ ਹੈ ਜਿਨ੍ਹਾਂ ਦੇ ਖ਼ੋਲ ਲਚਕੀਲੇ ਜਾਂ ਸਖ਼ਤ ਹੁੰਦੇ ਹਨ। ਇਸ ਰੁੱਤ ਵਿਚ ਮਾਦਾ ਕਈ ਵਾਰ ਅੰਡੇ ਦੇ ਸਕਦੀ ਹੈ। ਇਕ ਵਾਰ ਵਿਚ ਇਹ 200 ਤੋਂ ਵੱਧ




ਚਿਤਰ. ਕੀਲੋਂਨੀਆ ਵਰਗ ਦੇ ਕੁਝ ਕੱਛੂ :—
(ੳ) ਆਮ ਕਸਤੂਰੀ ਕੱਛੂ (*Sternother us odoratus*), (ਅ) ਚਮੜੇ ਵਾਲੀ ਪਿਠ ਵਾਲਾ ਕੱਛੂ (*Dermochelyx coriacea*), (ੲ) ਮੈਡਮਤਾ (***Matamata–Chelys***), (ਸ) ਰੰਗਦਾਰ ਕੱਛੂ (*Chrysemys*), (ਹ) ਹਰਾ ਕੱਛੂ (*Chelonia*), (ਕ) ਨਰਮ ਖ਼ੋਲ ਵਾਲਾ ਕੱਛੂ (*Trionyx*), (ਖ) ਯੂਰਪ ਦਾ ਛੱਪੜਾਂ ਦਾ ਕੱਛ (*Emys orbicularis*), (ਗ) ਹੀਰੇ ਵਰਗੀ ਪਿਠ ਵਾਲਾ ਅਲੂਣੇ ਪਾਣੀ ਦਾ ਕੱਛੂ (*Malaclemys terrapin terrapin*), (ਘ) ਸਨੈਪਿੰਗ ਕੱਛੂ (*Chelydra serpentina*) ਅਤੇ (ਙ) ਸਥੱਲੀ ਕੱਛੂ (*Testudo*)।

ਅੰਡੇ (ਕਈ ਸਮੁੰਦਰੀ ਕੱਛੂਆਂ ਵਿਚ) ਵੀ ਦੇ ਸਕਦੀ ਹੈ ਅਤੇ ਘੱਟ ਤੋਂ ਘੱਟ ਇਕ ਅੰਡੇ ਤਕ ਦੇ ਸਕਦੀ ਹੈ । ਸਮੁੰਦਰੀ ਕੱਛੂ ਅਤੇ ਸਭ ਤੋਂ ਵੱਡੇ ਸਥੱਲੀ ਕੱਛੂ ਤਕਰੀਬਨ 5 ਸੈਂ. ਮੀ. ਵਿਕਾਸ ਵਾਲੇ ਅੰਡੇ ਦਿੰਦੇ ਹਨ ਅਤੇ ਬਾਕੀ ਸਭ ਕਿਸਮਾਂ ਦੇ ਕੱਛੂਆਂ ਦੇ ਅੰਡੇ ਬਹੁਤ ਛੋਟੇ ਹੁੰਦੇ ਹਨ । ਇਨਕਿਊਬੇਸ਼ਨ ਸਮਾਂ (ਅੰਡੇ-ਸੇਣ ਸਮਾਂ) ਤਾਪਮਾਨ ਤੇ ਨਿਰਭਰ ਕਰਦਾ ਹੈ । ਇਕ ਵਾਰ ਘਰ ਬਣਾਉਣ ਤੋਂ ਬਾਅਦ ਮਾਦਾ ਅੰਡਿਆਂ ਜਾਂ ਬੱਚਿਆਂ ਵਲ ਕੋਈ ਖ਼ਾਸ ਧਿਆਨ ਨਹੀਂ ਦਿੰਦੀ । ਇਸੇ ਕਰਕੇ ਬਹੁਤੇ ਅੰਡੇ ਅਤੇ ਨਵੇਂ ਨਿਕਲੇ ਬੱਚੇ ਦੂਜੇ ਪ੍ਰਾਣੀਆਂ ਦਾ ਆਹਾਰ ਬਣ ਜਾਂਦੇ ਹਨ । ਕੱਛੂਆਂ ਦੀ ਉਮਰ ਬਾਕੀ ਸਾਰੇ ਪ੍ਰਾਣੀਆਂ ਇੱਥੋਂ ਤਕ ਕਿ ਮਨੁੱਖ ਤੋਂ ਵੀ ਲੰਮੀ ਹੁੰਦੀ ਹੈ । ਕੱਛੂਆਂ ਵਿਚ ਪ੍ਰੋੜ੍ਹਤਾ 10 ਸਾਲ ਤੋਂ ਘੱਟ ਦੀ ਉਮਰ ਵਿਚ ਹੀ ਆ ਜਾਂਦੀ ਹੈ ਅਤੇ ਇਕ ਵੱਡੀ ਜਾਤੀ ਵਿਚ ਪਰਿਵਰਧਨ ਮਨੁੱਖ ਤੋਂ ਵੀ ਜ਼ਿਆਦਾ ਤੇਜ਼ ਹੁੰਦਾ ਹੈ ।

ਕੱਛੂ ਬਹੁਤਾ ਕਰਕੇ ਆਪਣੀ ਸੁੰਘਣ-ਸ਼ਕਤੀ ਤੇ ਨਿਰਭਰ ਕਰਦੇ ਦਿਸਦੇ ਹਨ ਭਾਵੇਂ ਇਸ ਦਾ ਕੋਈ ਵਿਗਿਆਨਕ ਸਬੂਤ ਨਹੀਂ ਮਿਲਦਾ । ਇਨ੍ਹਾਂ ਦੀ ਦੇਖਣ-ਸ਼ਕਤੀ ਵੀ ਚੰਗੀ ਹੈ । ਇਹ ਪ੍ਰਕਾਸ਼ ਦੀ ਤੀਬਰਤਾ ਵਿਚ ਫ਼ਰਕ ਨੂੰ ਪਛਾਣ ਸਕਦੇ ਹਨ ਅਤੇ ਘੱਟੋ ਘੱਟ ਚਾਰ ਰੰਗਾਂ—ਨੀਲਾ, ਹਰਾ, ਪੀਲਾ ਅਤੇ ਲਾਲ ਦੀ ਪਛਾਣ ਕਰ ਸਕਦੇ ਹਨ ।

ਕੱਛੂ ਜ਼ਮੀਨ ਦੀਆਂ ਕੰਪਨਾਵਾਂ ਨੂੰ ਬੜੀ ਜਲਦੀ ਅਨੁਭਵ ਕਰਦੇ ਹਨ । ਇਨ੍ਹਾਂ ਦੀ ਸੁਣਨ-ਸ਼ਕਤੀ ਬਾਰੇ ਕਈ ਭੇਦ ਹਨ । ਕਈ ਕੱਛੂ ਘੱਟ ਆਵ੍ਰਿਤੀ ਦੀਆਂ 20 ਤੋਂ ਤਕਰੀਬਨ 1000 ਕੰਪਨਾਵਾਂ ਸੁਣ ਸਕਦੇ ਹਨ । ਇਹ ਬਹੁਤ ਘੱਟ ਆਵਾਜ਼ ਪੈਦਾ ਕਰਦੇ ਹਨ । ਸਿਰਫ਼ ਪ੍ਰੇਮ ਮਿਲਨ ਅਤੇ ਮੈਥੁਨ ਸਮੇਂ ਇਹ ਹੌਲੀ ਜਿਹੀ ਘੁਰਘੁਰ ਜਾਂ ਗਰਜਣ ਦੀ ਆਵਾਜ਼ ਕਢਦੇ ਹਨ । ਕੁਝ ਸਮੁੰਦਰੀ ਕੱਛੂ ਤਾਂ ਉੱਚੀ ਆਵਾਜ਼ ਵੀ ਪੈਦਾ ਕਰਦੇ ਹਨ ।

ਕੱਛੂ ਬਹੁਤ ਹੌਲੀ ਤੁਰਨ ਵਾਲੇ ਪ੍ਰਾਣੀ ਹਨ । ਸਮੁੰਦਰੀ ਅਤੇ ਧਰਤੀ ਦੇ ਕੱਛੂ ਬਹੁਤ ਹੌਲੀ ਤੁਰਦੇ ਹਨ । ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਲੀ ਕਿਸਮਾਂ ਨੂੰ ਜੇ ਧਰਤੀ ਤੇ ਚਲਾਇਆ ਜਾਵੇ ਤਾਂ ਵੀ ਇਹ ਸਥੱਲੀ ਕਿਸਮਾਂ ਤੋਂ ਜ਼ਿਆਦਾ ਤੇਜ਼ ਤੁਰਦੀਆਂ ਹਨ । ਬਹੁਤੀਆਂ ਸਮੁੰਦਰੀ ਕਿਸਮਾਂ ਦੀਆਂ ਲੱਤਾਂ-ਬਾਹਾਂ ਜਲੀ ਜਾਂ ਅਰਧ-ਜਲੀ ਜ਼ਿੰਦਗੀ ਬਿਤਾਉਣ ਲਈ ਪਰਿਵਰਤਿਤ ਹੋਈਆਂ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਚੰਗੀ ਵਿਕਸਿਤ ਚੰਮ-ਝਿੱਲੀ ਵਾਲੇ ਪੈਰ ਹੁੰਦੇ ਹਨ । ਪੂਰੀ ਤਰ੍ਹਾਂ ਸਥੱਲੀ ਜ਼ਿੰਦਗੀ ਬਿਤਾਉਣ ਵਾਲੇ ਕੱਛੂਆਂ ਦੀਆਂ ਲੱਤਾਂ-ਬਾਹਾਂ ਵੱਡੀਆਂ-ਵੱਡੀਆਂ ਹੁੰਦੀਆਂ ਹਨ ਅਤੇ ਸਰੀਰ ਦਾ ਭਾਰ ਹੱਥਾਂ-ਪੈਰਾਂ ਦੀਆਂ ਚੌੜੀਆਂ ਤਲੀਆਂ ਉਤੇ ਪੈਂਦਾ ਹੈ । ਸਮੁੰਦਰੀ ਕੱਛੂਆਂ ਅਤੇ ਦਰਿਆਈ ਕੱਛੂ ਕੈਰੇਟੋਕਿਲੀਜ਼ ਦੀਆਂ ਅਗਲੀਆਂ ਬਾਹਾਂ ਪੈਡਲ ਵਰਗੇ ਘੰਗਾਂ ਵਿਚ ਪਰਿਵਰਤਿਤ ਹੋਈਆਂ ਹੁੰਦੀਆਂ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਪਾਣੀ ਵਿਚ ਬੜੀ ਤੇਜ਼ੀ ਨਾਲ ਤੈਰਦੇ ਹਨ ।

**ਆਰਥਿਕ ਮਹੱਤਤਾ**—ਕੱਛੂਆਂ ਦਾ ਮੀਟ ਬਹੁਤ ਥਾਵਾਂ ਤੇ ਬੜੇ ਸ਼ੌਕ ਨਾਲ ਖਾਧਾ ਜਾਂਦਾ ਹੈ । ਇਸ ਦੇ ਅੰਡੇ ਖਾਣ ਲਈ ਵਰਤੇ ਜਾਂਦੇ ਹਨ । ਇਹ ਧੰਦਾ ਮਲੇਸ਼ੀਆ ਵਿਚ ਕੌਮੀ ਉਦਯੋਗ ਬਣ ਗਿਆ ਹੈ । ਕੱਛੂ ਦੇ ਖ਼ੋਲ ਤੋਂ ਗਹਿਣੇ ਵੀ ਬਣਾਏ ਜਾਂਦੇ ਹਨ ।

**ਵਿਕਾਸ**—ਕੱਛੂਆਂ ਦੇ ਸਭ ਤੋਂ ਪੁਰਾਣੇ ਪਥਰਾਟ ਟ੍ਰਾਈਐਸਿਕ ਪੀਰੀਅਡ ਦੇ ਮਧ (ਤਕਰੀਬਨ 200,000,000) ਸਾਲ ਪਹਿਲਾਂ ਦੇ ਸਮੇਂ ਦੇ ਮਿਲਦੇ ਹਨ, ਜਿਸ ਸਮੇਂ ਅਣਗਿਣਤ ਕੱਛੂ ਆਪਣੇ ਮੁੱਢਲੇ ਲੱਛਣਾਂ ਵਾਲੇ ਸਨ । ਇਸ ਤੋਂ ਪਹਿਲਾਂ ਦੇ ਪਥਰਾਟ ਨਹੀਂ ਮਿਲਦੇ । ਕੱਛੂਆਂ ਦੀਆਂ ਜਿਉਂਦੀਆਂ ਕਿਸਮਾਂ ਵਿਚ ਦੰਦ ਨਹੀਂ ਹੁੰਦੇ ਪਰ ਕਈ ਪਥਰਾਟ ਕਿਸਮਾਂ ਦੰਦਾਂ ਵਾਲੀਆਂ ਸਨ ।

## ਵਰਗੀਕਰਨ

ਕੀਲੋਨੀਆ ਵਰਗ ਅੱਗੋਂ ਕਈ ਉਪ-ਵਰਗਾਂ ਵਿਚ ਵੰਡਿਆ ਹੈ ਅਤੇ ਹਰ ਉਪ-ਵਰਗ ਫਿਰ ਕਈਂ ਸੁਪਰ-ਕੁਲਾਂ ਅਤੇ ਕੁਲਾਂ ਵਿਚ ਵੰਡਿਆ ਹੈ । ਇਹ ਵਰਗੀਕਰਨ ਏ. ਐਸ. ਰੋਮਰ, 1956 ਅਤੇ 1966 ਦੇ ਵਰਗੀਕਰਨ ਤੋਂ ਲਿਆ ਗਿਆ ਹੈ ਅਤੇ ਪਹਿਲੇ ਦੋ ਉਪ-ਵਰਗਾਂ ਦੀਆਂ ਤਿੰਨ ਘਟ ਪ੍ਰਸਿੱਧ ਕੁਲਾਂ ਇਸ ਵਿਚੋਂ ਛੱਡ ਦਿੱਤੀਆਂ ਗਈਆਂ ਹਨ ।

**ਉਪ-ਵਰਗ ਪ੍ਰੋਗੈਨੋਕੀਲਿਡੀਆ**—ਸਿਰਫ ਪਥਰਾਟ । ਸੁਪਰ ਕੁਲ ਪ੍ਰੋਗੈਨੋਕੀਲੋਇਡੀ, ਕੁਲ ਪ੍ਰੋਗੈਨੋਕੀਲਿਡੀ ਖੋਪਰੀ ਦੀ ਛੱਤ ਸਖ਼ਤ, ਦੰਦ ਹੁੰਦੇ ਸਨ, ਅਸਲੀ ਕੱਛੂਆਂ ਦੇ ਸਭ ਤੋਂ ਪੂਰਵਜ ਪ੍ਰਾਣੀ ਹਨ, ਸਿਰਫ ਯੂਰਪ ਦੇ ਪਿਛਲੇ ਟ੍ਰਾਈਐਸਿਕ ਦੇ ਮਿਲੇ ਹਨ । ਇਹ ਜਲ-ਥਲੀ ਪ੍ਰਾਣੀ ਸਨ ।

**ਉਪ-ਵਰਗ ਐਂਫ਼ੀਕੀਲਿਡੀਆ**—ਸਿਰਫ਼ ਪਥਰਾਟ । ਖੋਪਰੀ ਦੀ ਸਤ੍ਹਾ ਪੂਰੀ, ਗਰਦਨ ਸੁੰਗੜ ਨਹੀਂ ਸਕਦੀ, ਦੰਦ ਨਹੀਂ ਹੁੰਦੇ ਸਨ, ਪੂਰਵਜ ਕੱਛੂ, ਸਿਰਫ਼ ਮੀਜ਼ੋਜ਼ੋਇਕ ਐਰਾ ਦੇ ।

**ਸੁਪਰ-ਕੁਲ ਪਲੂਰਸਟਰਨਿਓਡੀ**—ਖੋਪਰੀ ਆਮ ਤੌਰ ਤੇ ਲੰਬੂਤਰੀ, ਮੁੱਖ ਤੌਰ ਤੇ ਪ੍ਰਾਣੀ ਜਲ-ਥਲੀ, ਕਈ ਸਮੁੰਦਰੀ ।

**ਕੁਲ ਪਲੂਰਸਟਰਨੱਡੀ**—ਜੂਰੈਸਿਕ ਅਤੇ ਲੋਅਰ ਕ੍ਰੀਟੇਸ਼ਸ ਸਮੇਂ ਦੇ ਜਲੀ ਕੱਛੂ, ਯੂਰਪ ਅਤੇ ਉੱਤਰੀ ਅਮਰੀਕਾ ਵਿਚ, ਤਕਰੀਬਨ 10 ਪ੍ਰਜਾਤੀਆਂ ।

**ਕੁਲ ਪਲੇਸੀਓਕੀਲਿਡੀ**—ਜੂਰੈਸਿਕ ਅਤੇ ਕ੍ਰੀਟੇਸ਼ਸ ਸਮੇਂ ਦੇ, ਯੂਰਪ ਅਤੇ ਏਸ਼ੀਆ 2 ਪ੍ਰਜਾਤੀਆਂ ।

**ਕੁਲ ਥੇਲਸਮਿਡੀ**—ਅਪਰ ਜੂਰੈਸਿਕ, ਕ੍ਰੀਟੇਸ਼ਸ, ਯੂਰਪ ਅਤੇ ਏਸ਼ੀਆ ਵਿਚ ।

**ਸੁਪਰ-ਕੁਲ ਬੈਨਿਓਡੀ**—ਖੋਪਰੀ ਛੋਟੀ, ਗਰਦਨ ਕੁਝ ਹੱਦ ਤਕ ਸੁੰਗੜ ਸਕਦੀ ਸੀ ।

**ਕੁਲ ਬੈਨਿਡੀ**—ਅਪਰ ਕ੍ਰੀਟੇਸ਼ਸ ਤੋਂ ਈਓਸੀਨ, ਉੱਤਰੀ ਅਮਰੀਕਾ ਵਿਚ ।

**ਕੁਲ ਮਿਓਲੇਨਿਡੀ**—ਅਪਰ ਕ੍ਰੀਟੇਸ਼ਸ ਤੋਂ ਪਲਾਈਸਟੋਸੀਨ, ਦੱਖਣੀ ਅਮਰੀਕਾ ਅਤੇ ਆਸਟ੍ਰੇਲੀਅਨ ਖੇਤਰ ਵਿਚ ।

**ਕੁਲ ਯੂਬੈਨਿਡੀ**—ਅਪਰ ਕ੍ਰੀਟੇਸ਼ਸ, ਉੱਤਰੀ ਅਮਰੀਕਾ ।

**ਉਪ-ਵਰਗ ਕਰਿਪਟਡਾਇਰਾ**—ਗਰਦਨ ਖੜ੍ਹੇ ਦਾਅ ਵਿਚ ਸੁੰਗੜ ਸਕਦੀ ਹੈ; ਖ਼ੋਲ ਪੂਰਾ ਪਰ ਜਲੀ ਕਿਸਮਾਂ ਖ਼ਾਸ ਕਰਕੇ ਸਮੁੰਦਰੀ ਜਾਤੀਆਂ ਵਿਚ ਇਸ ਦੇ ਕੁਝ ਹਿੱਸੇ ਅਵਿਕਸਿਤ ਜਾਂ ਖ਼ਤਮ ਹੋ ਚੁੱਕੇ ਹਨ । ਇਹ ਅੱਜਕੱਲ੍ਹ ਦੇ ਪ੍ਰਮੁੱਖ ਕੱਛੂ ਹਨ ।

**ਸੁਪਰ-ਕੁਲ ਟੇਸਟੂਡਿਨਿਓਡੀਆ**—ਹੱਡਲ ਖੋਲ ਆਮ ਤੌਰ ਤੇ ਪੂਰਾ ਅਤੇ ਹਮੇਸ਼ਾਂ ਹੱਾਰਨੀ ਸ਼ੀਲਡਾਂ ਨਾਲ ਢੱਕਿਆ ਹੋਇਆ ਹੁੰਦਾ ਹੈ ।

**ਕੁਲ ਡਰਮੇਟਿਮੀਡਿਡੀ**—ਮੱਧ ਅਮਰੀਕਾ ਦਾ ਦਰਿਆਈ-ਕੱਛੂ, ਇਕ ਅਜੋਕੀ ਜਾਤੀ ਮਧ ਅਮਰੀਕਾ ਅਤੇ ਮੈਕਸੀਕੋ ਵਿਚ, ਬਾਕੀ ਉੱਤਰੀ ਅਮਰੀਕਾ ਦੇ ਪਿਛਲੇ ਕ੍ਰੀਟੇਸ਼ਸ ਅਤੇ ਸ਼ੁਰੂ ਦੇ ਟਰਸ਼ਰੀ ਕਾਲ ਵਿਚ ।

**ਕੁਲ ਕਲਿਡਰੱਡੀ**—ਆਮ ਟਰਟਲ ਅਤੇ ਐਲੀਗੇਟਰ ਸਨੈਪਿੰਗ ਟਰਟਲ, ਉੱਤਰੀ ਅਮਰੀਕਾ ਅਤੇ ਦੱਖਣੀ ਅਮਰੀਕਾ ਦੇ ਕੁਝ ਹਿੱਸੇ ਦੇ ਦਰਿਆਵਾਂ, ਛੰਭਾਂ ਅਤੇ ਘੱਟ ਡੂੰਘੀਆਂ ਝੀਲਾਂ ਵਿਚ । ਮਾਇਓਸੀਨ ਤੋਂ ਅਜੋਕਾ ।

**ਕੁਲ ਕਿਨੋਸਟਨੱਡੀ**—ਚਿੱਕੜ ਦੇ ਕੱਛੂ ਅਤੇ ਕਸਤੂਰੀ ਕੱਛੂ, ਜਲੀ ; ਪਲਾਇਓਸੀਨ ਤੋਂ ਅਜੋਕਾ ; ਨਵੀਂ ਦੁਨੀਆਂ ਦੇ ਸੀਤ-ਊਸ਼ਣੀ ਅਤੇ ਊਸ਼ਣੀ ਖੰਡਾਂ ਵਿਚ ਬਹੁਤ ਵਿਸਤ੍ਰਿਤ, 21 ਜਿਉਂਦੀਆਂ ਜਾਤੀਆਂ ।

**ਕੁਲ ਟੈੱਸਟੂਡਿਨੱਡੀ**—ਸਥੱਲੀ ਕੱਛੂ, ਆਸਟ੍ਰੇਲੀਆ ਨੂੰ ਛੱਡ ਕੇ ਬਾਕੀ ਸਾਰੇ ਮਹਾਦੀਪਾਂ ਦੇ ਸੀਤ-ਊਸ਼ਣੀ ਅਤੇ ਊਸ਼ਣੀ ਖੰਡਾਂ ਵਿਚ

ਅਤੇ ਪੂਰਬੀ ਅਫ਼ਰੀਕਾ ਦੇ ਟਾਪੂਆਂ ਅਤੇ ਗੈਲਾਪੈਗੋਸ ਟਾਪੂਆਂ ਤੇ ਵੀ ਮਿਲਦੇ ਹਨ ; 40 ਜਿਉਂਦੀਆਂ ਜਾਤੀਆਂ ।

**ਕੁਲ ਪਲੈਟੀਸਟਰਨੱਡੀ**—ਵੱਡੇ ਸਿਰ ਵਾਲੇ ਕੱਛੂ, ਦੱਖਣ ਪੂਰਬੀ ਏਸ਼ੀਆ ਦੀਆਂ ਵਹਿੰਦੀਆਂ ਨਦੀਆਂ ਵਿਚ ; ਸਿਰਫ਼ ਇਕ ਜਾਤੀ।

**ਕੁਲ ਇਮਿਡੱਡੀ**—ਬਹੁਤੇ ਪ੍ਰਸਿਧ ਕੱਛੂ ਇਸੇ ਕੁਲ ਵਿਚ ਸ਼ਾਮਲ ਕੀਤੇ ਗਏ ਹਨ ; ਉੱਤਰੀ ਅਰਧ ਗੋਲੇ ਵਿਚ ਬਹੁਤ ਜ਼ਿਆਦਾ, ਕੁਝ ਜਾਤੀਆਂ ਦੱਖਣੀ ਅਮਰੀਕਾ ਅਤੇ ਅਫ਼ਰੀਕਾ ਵਿਚ, ਈਓਸੀਨ ਤੋਂ ਅਜੋਕਾ; ਲਗਭਗ 76 ਜਿਉਂਦੀਆਂ ਜਾਤੀਆਂ ।

**ਸੁਪਰ-ਕੁਲ ਕੈਲੋਨਿਓਡੀਆ**—ਸਮੁੰਦਰੀ ਕੱਛੂ, ਲੱਤਾਂ-ਬਾਹਾਂ ਆਮ ਤੌਰ ਤੇ ਪੈਡਲ ਵਰਗੀਆਂ ।

**ਕੁਲ ਟੱਕਸੋਕੀਲਿਡੀ**—ਪਥਰਾਟ, ਅਪਰ ਕ੍ਰੀਟੇਸ਼ਸ ਤੋਂ ਈਓਸੀਨ, ਉੱਤਰੀ ਅਮਰੀਕਾ ਅਤੇ ਯੂਰਪ ।

**ਕੁਲ ਪ੍ਰੋਟੋਸਟੇਗਿਡੀ**—ਪਥਰਾਟ, ਅਪਰ ਕ੍ਰੀਟੇਸ਼ਸ ਤੋਂ ਆਲਿਗੋਸੀਨ, ਉੱਤਰੀ ਅਮਰੀਕਾ ਅਤੇ ਯੂਰਪ ।

**ਕੁਲ ਕੈੱਲਨਾਈਅਡੀ**—ਅਜੋਕੇ ਸਮੁੰਦਰੀ ਕੱਛੂ, ਸੰਸਾਰ ਭਰ ਦੇ ਗਰਮ ਸਮੁੰਦਰਾਂ ਵਿਚ, ਪਥਰਾਟ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਅਤੇ ਏਸ਼ੀਆ ਦੇ ਕ੍ਰੀਟੇਸ਼ਸ ਵਿਚ, 5-6 ਜਿਉਂਦੀਆਂ ਜਾਤੀਆਂ, ਬਹੁਤੇ ਅੰਡੇ ਅਤੇ ਮੀਟ ਲਈ ਆਰਥਿਕ ਮਹੱਤਤਾ ਵਾਲੇ ਹਨ ।

**ਸੁਪਰ ਕੁਲ ਡਰਮੋਕੀਲੋਡੀਆ**—ਚਮੜੇ ਵਰਗੇ ਪਿੱਠ ਵਾਲੇ ਕੱਛੂ ਅਤੇ ਪਥਰਾਟ ਜਾਤੀਆਂ, ਸੰਸਾਰ ਭਰ ਦੇ ਗਰਮ ਸਮੁੰਦਰਾਂ ਵਿਚ, ਈਓਸੀਨ ਤੋਂ ਅਜੋਕੇ ।

**ਸੁਪਰ-ਕੁਲ ਕਰੈਟੋਕੀਲੋਡੀਆ**—ਕੁਲ ਕਰੈਟੋਕੀਲਿਡੀ-ਨਿਊ ਗਿਨੀ ਦੇ ਬਿਨਾਂ ਪਲੇਟ ਦੇ ਕੱਛੂ ਅਤੇ ਪਥਰਾਟ ਜਾਤੀਆਂ। ਅਪਰ ਕ੍ਰੀਟੇਸ਼ਸ ਤੋਂ ਅਜੋਕਾ, ਪਥਰਾਟ ਉੱਤਰੀ ਅਮਰੀਕਾ, ਯੂਰਪ ਅਤੇ ਏਸ਼ੀਆਂ ਵਿਚੋਂ ।

**ਸੁਪਰ ਕੁਲ ਟ੍ਰਾਈਨਿਕੋਡੀ**—ਕੁਲ ਟ੍ਰਾਈਨਿਕਡੀ ਨਰਮ ਖ਼ੋਲ ਵਾਲੇ ਕੱਛੂ, ਪੈਰ ਚੰਮ-ਝਿੱਲੀ ਵਾਲੇ, ਦੱਖਣੀ ਅਮਰੀਕਾ ਅਤੇ ਆਸਟ੍ਰੇਲੀਆ ਨੂੰ ਛੱਡ ਕੇ ਬਾਕੀ ਮਹਾਦੀਪਾਂ ਦੇ ਸੀਤ-ਊਸ਼ਣੀ ਅਤੇ ਊਸ਼ਣੀ ਖੇਤਰਾਂ ਦੇ ਅਲੂਣੇ ਪਾਣੀਆਂ ਵਿਚ, ਪਥਰਾਟ ਕ੍ਰੀਟੇਸ਼ਸ ਸਮੇਂ ਦੇ ।

**ਉਪ-ਵਰਗ ਪਲੁਰਡਾਇਰਾ**—ਗਰਦਨ ਲੰਮੇ-ਦਾਅ ਸੁੰਗੜ ਸਕਦੀ ਹੈ ।

**ਕੁਲ-ਪੈੱਲੋਮਿਡੂਸਡੀ**—ਪਾਸੇ-ਵਲ ਗਰਦਨ ਵਾਲੇ ਕੱਛੂ, ਅਫ਼ਰੀਕਾ, ਮੈਡਗਾਸਕਰ ਅਤੇ ਦੱਖਣੀ ਅਮਰੀਕਾ ਦੇ ਜਲੀ ਕੱਛੂ, ਪਥਰਾਟ ਕ੍ਰੀਟੇਸ਼ਸ ਤੋਂ ਅੱਗੇ ਤਕ ।

**ਕੁਲ ਕੀਲਿਡੀਆ**—ਸੱਪ ਵਰਗੀ ਗਰਦਨ ਵਾਲੇ ਕੱਛੂ, ਸਿਰ ਅਤੇ ਗਰਦਨ ਸਰੀਰ ਦੀ ਪੂਰੀ ਲੰਬਾਈ ਦਾ ਅੱਧ ਹੁੰਦਾ ਹੈ । ਪਲਾਇਓਸੀਨ ਤੋਂ ਅਜੋਕੇ, ਸਿਰਫ਼ ਕੁਝ ਹੀ ਪਥਰਾਟ, ਹੁਣ ਆਸਟ੍ਰੇਲੀਆ ਅਤੇ ਦੱਖਣੀ ਅਮਰੀਕਾ ਵਿਚ ਮਿਲਦੇ ਹਨ । ਇਸ ਕੁਲ ਵਿਚ ਆਸਟ੍ਰੇਲੀਆ ਦੇ ਸਾਰੇ ਜਿਉਂਦੇ ਸਥੱਲੀ ਅਤੇ ਅਲੂਣੇ ਪਾਣੀ ਦੇ ਕੱਛੂ ਸ਼ਾਮਲ ਕੀਤੇ ਗਏ ਹਨ ।

**ਉਪ-ਵਰਗ ਯੂਨੋਡਸਾਰੀਆ**—ਪਥਰਾਟ ਦੱਖਣੀ ਅਫ਼ਰੀਕਾ ਦੇ ਮਿਡਲ ਪਰਮੀਅਨ ਸਮੇਂ ਦੇ ਇਕੋ ਪ੍ਰਾਣੀ ਤੋਂ ਜਾਣਿਆ ਜਾਂਦਾ ਹੈ। ਤਾਲੂ ਉੱਤੇ ਮਾਰਜੀਨਲ ਅਤੇ ਤਾਲੂ-ਦੰਦ ਹਨ ।

**ਕੁਲ ਯੂਨੋਡਸੌਰਡੀ**—ਉਪ-ਵਰਗ ਵਾਲੇ ਲੱਛਣ ।

ਹ. ਪੁ.—ਐਨ. ਬ੍ਰਿ. ਮੈ. 4 : 72 ; ਮੈਕ. ਐਨ. ਸ. ਟ. 3 : 22

**ਕੀਵੀ** : ਇਹ ਐਪਟਰਿਜਫੋਰਮੀਜ਼ ਵਰਗ, ਐਪਟਰਿਜਡੀ ਕੁਲ ਅਤੇ ਐਪਟਰਿਕਸ ਪ੍ਰਜਾਤੀ ਦਾ ਨਿਊਜ਼ੀਲੈਂਡ ਦਾ ਨਾ-ਉਡ ਸਕਣ ਵਾਲਾ ਪੰਛੀ ਹੈ । ਇਨ੍ਹਾਂ ਦੀਆਂ ਤਿੰਨ ਜਾਤੀਆਂ ਦਾ ਪਤਾ ਲਗਿਆ ਹੈ—ਉੱਤਰੀ, ਦੱਖਣੀ ਅਤੇ ਸਟਿਊਅਰਟ ਟਾਪੂਆਂ ਤੇ ਮਿਲਨ ਵਾਲਾ ਆਮ ਕੀਵੀ—ਐਪਟਰਿਕਸ ਆਸਟ੍ਰੇਲਿਸ (*A. australis*), ਦੱਖਣੀ ਟਾਪੂਆਂ ਤੇ ਮਿਲਨ ਵਾਲਾ ਵੱਡਾ ਧੱਬੇਦਾਰ ਕੀਵੀ—ਐਪਟਰਿਕਸ ਓਵੈਨੀ (*A. oweni*) ਅਤੇ ਦੱਖਣੀ ਟਾਪੂਆਂ ਤੇ ਮਿਲਨ ਵਾਲਾ ਵੱਡਾ ਧੱਬੇਦਾਰ ਕੀਵੀ-ਐਪਟਰਿਕਸ ਹਾਸਤੀ (*A. haasti*) ।

ਸ਼ਰਮੀਲੇ ਸੁਭਾਅ ਦੇ ਸਲੇਟੀ-ਭੂਰੇ ਰੰਗ ਦੇ ਅਤੇ ਕੁੱਕੜ ਦੇ ਆਕਾਰ ਜਿੰਨੇ ਇਹ ਪੰਛੀ ਹੁਣੇ ਜਿਹੇ ਲੁਪਤ ਹੋਏ ਮੋਆ ਦੇ ਕਾਫ਼ੀ ਨਜ਼ਦੀਕੀ ਸਬੰਧੀ ਹਨ । ਇਹ ਪੰਛੀ ਕਈ ਗੱਲਾਂ ਵਿਚ ਬੜੇ ਹੀ ਅਦਭੁਤ ਹਨ ; ਜਿਵੇਂ ਇਨ੍ਹਾਂ ਦੇ ਅਵਸ਼ੇਸ਼-ਖੰਭ, ਖੰਭ-ਸਮੂਹ ਦੇ ਵਿਚਕਾਰ ਲੁਕੇ ਹੁੰਦੇ ਹਨ ; ਨਾਸਾਂ ਲੰਮੀਆਂ, ਲਚਕੀਲੀ ਚੁੰਝ ਦੇ ਆਧਾਰ ਦੀ ਥਾਂ ਸਿਰੇ ਤੇ ਹੁੰਦੀਆਂ ਹਨ ; ਖੰਭ ਨਰਮ ਅਤੇ ਵਾਲਾਂ ਵਰਗੇ ਹੁੰਦੇ ਹਨ ; ਲੱਤਾਂ ਮਜ਼ਬੂਤ ਤੇ ਪੇਸ਼ੀਦਾਰ ਹੁੰਦੀਆਂ ਹਨ ਅਤੇ ਚਾਰੇ ਉਂਗਲਾਂ ਉਤੇ ਇਕ ਇਕ ਲੰਮੀ ਨਹੁੰਦਰ ਹੁੰਦੀ ਹੈ । (ਇਨ੍ਹਾਂ ਨਹੁੰਦਰਾਂ ਨੂੰ ਇਹ ਆਪਣੇ ਬਚਾਉ



ਆਮ ਕੀਵੀ (*Apteryx australis*)

ਲਈ ਵਰਤਦੇ ਹਨ) ਅੱਖਾਂ ਛੋਟੀਆਂ ਅਤੇ ਦਿਨ ਦੀ ਰੌਸ਼ਨੀ ਵਿਚ ਕੰਮ ਕਰਨ ਦੇ ਅਸਮਰੱਥ ਹੁੰਦੀਆਂ ਹਨ ; ਕੰਨ-ਮੋਰੀਆਂ ਵੱਡੀਆਂ ਅਤੇ ਕਾਫ਼ੀ ਵਿਕਸਿਤ ਹੋਈਆਂ ਹੁੰਦੀਆਂ ਹਨ ਅਤੇ ਚੁੰਝ ਦੇ ਆਧਾਰ ਤੇ ਕਰੜੇ ਵਾਲ ਹੁੰਦੇ ਹਨ ਜਿਹੜੇ ਸ਼ਾਇਦ ਸਪਰੱਸ਼ ਦਾ ਕੰਮ ਕਰਦੇ ਹਨ ।

ਕੀਵੀ ਜੰਗਲਾਂ ਵਿਚ ਰਹਿੰਦੇ ਹਨ । ਇਹ ਦਿਨ ਨੂੰ ਆਪਣੀਆਂ ਖੁੱਡਾਂ ਵਿਚ ਸੌਂਦੇ ਹਨ ਅਤੇ ਰਾਤ ਨੂੰ ਖ਼ੁਰਾਕ ਦੀ ਭਾਲ ਵਿਚ ਨਿਕਲਦੇ ਹਨ । ਇਨ੍ਹਾਂ ਦੀ ਖ਼ੁਰਾਕ ਵਰਮ, ਕੀੜੇ-ਮਕੌੜੇ, ਉਨ੍ਹਾਂ ਦੇ ਲਾਰਵੇ ਅਤੇ ਬੈਰੀ ਫ਼ਲ ਹਨ । ਲੋੜ ਪੈਣ ਤੇ ਇਹ ਬਹੁਤ ਤੇਜ਼ ਦੌੜ ਸਕਦੇ ਹਨ ।

ਆਪਣੀਆਂ ਖੁੱਡਾਂ ਵਿਚ ਇਹ ਵੱਡੇ ਵੱਡੇ ਚਿੱਟੇ ਰੰਗ ਦੇ ਅੰਡੇ ਦਿੰਦੇ ਹਨ । ਕੀਵੀ ਦਾ ਅੰਡਾ ਲਗਭਗ 450 ਗ੍ਰਾ. ਤਕ ਭਾਰਾ ਹੁੰਦਾ ਹੈ । ਇਹ ਅੰਡਾ ਕਿਸੇ ਵੀ ਜਿਉਂਦੀ ਜਾਤੀ ਦੇ ਅੰਡੇ ਤੋਂ ਵੱਡਾ ਹੈ । ਨਰ ਕੀਵੀ ਅੰਡਿਆਂ ਨੂੰ ਲਗਭਗ 80 ਦਿਨਾਂ ਤਕ ਸੇਂਦਾ ਹੈ । ਇਨ੍ਹਾਂ ਵਿਚੋਂ ਨਿਕਲਨ ਵਾਲੇ ਬੱਚਿਆਂ ਦੀਆਂ ਅੱਖਾਂ ਖੁੱਲ੍ਹੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਉੱਤੇ ਪੂਰੇ ਖੰਭ ਹੁੰਦੇ ਹਨ। ਇਹ ਬੱਚੇ ਤਕਰੀਬਨ ਇਕ ਹਫ਼ਤੇ ਤਕ ਕੁਝ ਨਹੀਂ ਖਾਂਦੇ ।

ਕੀਵੀ ਦੀ ਆਬਾਦੀ ਭਾਵੇਂ ਪਹਿਲਾਂ ਨਾਲੋਂ ਬਹੁਤ ਘਟ ਗਈ ਹੈ ਪਰੰਤੂ ਫਿਰ ਵੀ ਇਨ੍ਹਾਂ ਦਾ ਪੂਰਨ ਤੌਰ ਤੇ ਲੁਪਤ ਹੋ ਜਾਣ ਦਾ ਡਰ ਨਹੀਂ ।

ਹ. ਪੁ.—ਐਨ. ਬ੍ਰਿ. ਮਾ. 5 : 845

**ਕ਼ੀਵੂ** : ਇਹ ਪੂਰਬੀ ਕੇਂਦਰੀ ਜ਼ੇਅਰ (ਕਾਂਗੋ) ਦਾ ਇਕ ਖੇਤਰ ਹੈ ਇਸ ਦੇ ਪੂਰਬ ਵੱਲ ਤਨਜ਼ਾਨੀਆ, ਰਵਾਂਡਾ ਅਤੇ ਯੁਗੰਡਾ ਹਨ । ਇਸ ਦਾ ਕੁੱਲ ਖੇਤਰਫ਼ਲ 259,077 ਵ. ਕਿ. ਮੀ, (100,030

ਮੀਲ) ਅਤੇ ਆਬਾਦੀ—3,361,883 (1970) ਹੈ। ਪ੍ਰਬੰਧਕੀ ਪੱਖ ਤੋਂ ਇਹ ਤਿੰਨ ਖੰਡਾਂ ਵਿਚ ਵੰਡਿਆਂ ਹੋਇਆ ਹੈ। ਕਲੀ ਅਤੇ ਹੋਰ ਖਣਿਜ ਪਦਾਰਥਾਂ ਲਈ ਕੀਵੂ ਦਾ ਖ਼ਾਸ ਮਹੱਤਵ ਹੈ। ਇਥੇ ਬਿਜਲੀ ਦੇ ਕਈ ਭਾਰੀ ਪਲਾਂਟ ਹਨ ਜਿਨ੍ਹਾਂ ਵਿਚੋਂ ਇਥੋਂ ਦੇ ਖਣਿਜੀ ਉਦਯੋਗਾਂ ਅਤੇ ਇਥੋਂ ਦੇ ਮੁਖ ਸ਼ਹਿਰਾਂ ਨੂੰ ਬਿਜਲੀ ਭੇਜੀ ਜਾਂਦੀ ਹੈ। ਖੇਤੀ ਬਾੜੀ ਦਾ ਵੀ ਕਾਫ਼ੀ ਮਹੱਤਵ ਹੈ। ਤਾੜ ਦਾ ਤੇਲ ਅਤੇ ਗਿਰੀ, ਕਾਫੀ, ਚਾਹ, ਕਪਾਹ, ਰਬੜ, ਤਮਾਕੂ, ਗੰਨਾ, ਕੁਨੀਨ ਅਤੇ ਹੋਰ ਦਵਾਈਆਂ ਅਤੇ ਖ਼ੁਸ਼ਬੂਦਾਰ ਪਦਾਰਥ ਇਥੋਂ ਦੀਆਂ ਮੁਖ ਉਪਜਾਂ ਹਨ। ਇਸ ਖੇਤਰ ਵਿਚ ਤਿੰਨ ਰਾਸ਼ਟਰੀ ਪਾਰਕ ਵੀ ਹਨ।

ਹ. ਪੁ.—ਐਨ. ਬ੍ਰਿ. ਮਾ. 5 : 844

**ਕੀਵੂ ਝੀਲ** : ਇਹ ਪੂਰਬੀ ਅਫ਼ਰੀਕਾ ਦੀ ਮੁਖ ਝੀਲਾਂ ਵਿਚੋਂ ਇਕ ਹੈ। ਇਸ ਦੇ ਪੱਛਮ ਵੱਲ ਜ਼ੇਅਰ ਅਤੇ ਪੂਰਬ ਵੱਲ ਰਵਾਂਡਾ ਹੈ। ਇਹ ਸਮੁੰਦਰੀ ਸਤ੍ਹਾ ਤੋਂ 1,460 ਮੀ. ਦੀ ਉਚਾਈ ਤੇ 2,700 ਵ. ਕਿ. ਮੀ. ਦੇ ਖੇਤਰ ਵਿਚ ਫੈਲੀ ਹੋਈ ਹੈ ਇਸ ਦੀ ਔਸਤ ਡੂੰਘਾਈ 276 ਮੀ. ਹੈ ਤੇ ਵੱਧ ਤੋਂ ਵੱਧ ਡੂੰਘਾਈ 467 ਮੀ. ਦੇ ਲਗਭਗ ਹੈ। ਕੀਵੂ ਝੀਲ ਦਾ ਤੱਟ ਕਟਿਆ ਵੱਢਿਆ ਹੋਇਆ ਹੈ ਤੇ ਇਸ ਵਿਚ ਬਹੁਤ ਸਾਰੇ ਦੀਪ ਹਨ ਜਿਨ੍ਹਾਂ ਵਿਚ ਈਦਜਵੀ ਦੀਪ ਸਭ ਤੋਂ ਵੱਡਾ ਹੈ। ਇਸ ਦੇ ਉੱਤਰੀ ਕੰਢੇ ਦੇ ਜਵਾਲਾਮੁਖੀ ਲਾਵੇ ਨਾਲ ਇਕ ਬੰਨ੍ਹ ਬਣ ਗਿਆ ਹੈ ਜੋ ਇਸ ਝੀਲ ਨੂੰ ਐਡਵਰਡ ਝੀਲ ਨਾਲੋਂ ਵੱਖ ਕਰਦਾ ਹੈ ਅਤੇ ਇਸ ਦੇ ਪਾਣੀ ਦੇ ਉੱਤਰੀ ਵਹਾ ਨੂੰ ਰੋਕ ਕੇ ਦੱਖਣ ਪੂਰਬ ਵੱਲ ਨੂੰ ਬਦਲ ਦਿੰਦਾ ਹੈ। ਇਸ ਝੀਲ ਦੀ ਜਲ-ਨਿਕਾਸੀ ਰੁਜ਼ੀਜ਼ੀ ਦਰਿਆ ਟਾਂਗਾਨੀਕਾ ਝੀਲ (676 ਮੀ. ਹੇਠਾਂ) ਵਿਚ ਹੁੰਦਾ ਹੈ। ਬੁਕਾਵੂ ਦੱਖਣ ਵੱਲ ਤੇ ਗੋਮਾ ਉੱਤਰ ਵੱਲ ਇਥੋਂ ਦੇ ਮੁਖ ਸ਼ਹਿਰ ਹਨ। ਇਸ ਵਿਚ ਮੱਛੀ ਕਾਫ਼ੀ ਹੁੰਦੀ ਹੈ। ਇਸ ਝੀਲ ਵਿਚ ਜਵਾਲਾਮੁਖੀ ਪਦਾਰਥਾਂ ਦੀ ਬਹੁਤਾਤ ਹੈ। ਇਸ ਦੇ ਪਾਣੀ ਦੀਆਂ ਡੂੰਘਾਣਾਂ ਵਿਚ ਭਾਰੀ ਮਾਤਰਾ ਵਿਚ ਗੈਸਾਂ ਘੁਲੀਆਂ ਹੋਈਆਂ ਹਨ ਜਿਨ੍ਹਾਂ ਤੋਂ ਸ਼ਕਤੀ ਦੇ ਸਾਧਨ ਵਿਕਸਿਤ ਕੀਤੇ ਜਾ ਸਕਦੇ ਹਨ।

**2° 00′ ਦੱ. ਵਿਥ.; 29° 10′ ਪੂ. ਲੰਬ.**

ਹ. ਪੁ.—ਐਨ. ਬ੍ਰਿ. ਮਾ. 5 : 844

**ਕੀੜੀ** : ਕੀੜੀਆਂ ਹਾਈਮੈਨੌਪਟਰਾ ਵਰਗ ਅਤੇ ਫ਼ਾੱਰਮਿਸਿਡੀ ਕੁਲ ਦੇ ਸਮਾਜਕ ਕੀੜੇ ਹਨ। ਇਨ੍ਹਾਂ ਦੀਆਂ ਲਗਭਗ 8,000 ਜਾਤੀਆਂ ਮਿਲਦੀਆਂ ਹਨ। ਇਹ ਲਗਭਗ ਸਾਰੀ ਦੁਨੀਆਂ ਵਿਚ ਹੀ ਮਿਲਦੀਆਂ ਹਨ ਪਰ ਬਹੁਤਾ ਕਰਕੇ ਗਰਮ ਜਲਵਾਯੂ ਵਿਚ ਹੁੰਦੀਆਂ ਹਨ। ਇਨ੍ਹਾਂ ਦਾ ਆਕਾਰ 0.05-25 ਸੈਂ. ਮੀ. ਤਕ ਹੁੰਦਾ ਹੈ ਅਤੇ ਰੰਗ ਆਮ ਤੌਰ ਤੇ ਪੀਲਾ, ਭੂਰਾ, ਲਾਲ ਜਾਂ ਕਾਲਾ ਹੁੰਦਾ ਹੈ। ਕਈ ਪ੍ਰਜਾਤੀਆਂ ਦਾ ਰੰਗ ਧਾਤਾਂ ਵਾਂਗ ਚਮਕਦਾ ਹੈ। ਹਰ ਕੀੜੀ ਦਾ ਇਕ ਵੱਡਾ ਸਿਰ ਅਤੇ ਇਕ ਪਤਲਾ ਜਿਹਾ ਅੰਡਾਕਾਰ ਪੇਟ ਹੁੰਦਾ ਹੈ, ਜਿਹੜਾ ਇਕ ਪਤਲੀ ਕਮਰ ਰਾਹੀਂ ਥੋਰੈਕਸ (ਛਾਤੀ) ਨਾਲ ਜੁੜਿਆ ਹੁੰਦਾ ਹੈ। ਮੂੰਹ ਵਿਚ ਜਬਾੜ੍ਹਿਆਂ ਦੇ ਦੋ ਸੈੱਟ (ਜੋੜੇ) ਹੁੰਦੇ ਹਨ। ਇਨ੍ਹਾਂ ਵਿਚੋਂ ਬਾਹਰਲਾ ਜੋੜਾ ਭੋਜਨ ਆਦਿ ਨੂੰ ਚੁੱਕਣ ਅਤੇ ਜ਼ਮੀਨ ਖੁਰੇਦਣ ਲਈ ਅਤੇ ਅੰਦਰਲਾ ਜੋੜਾ ਭੋਜਨ ਚਿੱਥਣ ਲਈ ਵਰਤਿਆ ਜਾਂਦਾ ਹੈ। ਕਈ ਜਾਤੀਆਂ ਵਿਚ ਪੇਟ ਦੇ ਸਿਰੇ ਤੇ ਇਕ ਤਾਕਤਵਰ ਡੰਗ ਹੁੰਦਾ ਹੈ।

ਕੀੜੀ ਦੇ ਜੀਵਨ-ਚੱਕਰ ਦੀਆਂ ਚਾਰ ਹਾਲਤਾਂ ਹੁੰਦੀਆਂ ਹਨ—ਅੰਡਾ, ਲਾਰਵਾ, ਪਿਊਪਾ ਅਤੇ ਪ੍ਰੌੜ੍ਹ। ਇਹ ਹਾਲਤਾਂ 8-10 ਹਫ਼ਤੇ ਵਿਚ ਪੂਰੀਆਂ ਹੁੰਦੀਆਂ ਹਨ।

ਬਹੁਤੀਆਂ ਕੀੜੀਆਂ ਭੌਣਾਂ ਵਿਚ ਰਹਿੰਦੀਆਂ ਹਨ। ਇਹ ਭੌਣ ਜ਼ਮੀਨ ਵਿਚ ਕਿਸੇ ਚਟਾਨ ਦੇ ਹੇਠ੍ਹਾਂ ਜਾਂ ਜ਼ਮੀਨ ਦੇ ਉਪਰ ਹੁੰਦੇ ਹਨ। ਜ਼ਮੀਨ ਦੇ ਉਪਰ ਵਾਲੇ ਇਨ੍ਹਾਂ ਦੇ ਭੌਣ ਟਹਿਣੀਆਂ, ਰੇਤ ਜਾਂ ਬਜਰੀ ਦੇ ਬਣੇ ਹੁੰਦੇ ਹਨ। ਉੱਤਰੀ ਅਮਰੀਕਾ ਦੀ ਤਰਖਾਣ-ਕੀੜੀ (ਕੈਂਪਨੋਟਸ) ਪੁਰਾਣੀਆਂ ਲੱਕੜੀਆਂ ਵਿਚ ਰਹਿੰਦੀ ਹੈ। ਕਈ ਜਾਤੀਆਂ ਦਰੱਖਤਾਂ ਵਿਚ ਜਾਂ ਜੰਗਲੀ ਬੂਟਿਆਂ ਦੇ ਖੋਖਲੇ ਤਣਿਆਂ ਵਿਚ ਰਹਿੰਦੀਆਂ ਹਨ। ਅਫ਼ਰੀਕਾ ਦੇ ਊਸ਼ਣ ਖੰਡਾਂ ਦੀ ਦਰਜੀ ਜਾਂ ਜੁਲਾਹਾ ਕੀੜੀਆਂ (ਟੈਟ੍ਰੌਮੋਰੀਅਮ) ਆਪਣੇ ਭੌਣ ਪੱਤਿਆਂ ਜਾਂ ਕਿਸੇ ਇਹੋ ਜਿਹੇ ਹੀ ਮਾਦੇ ਦੇ ਬਣਾਉਂਦੀਆਂ ਹਨ। ਇਹ ਮਾਦਾ ਲਾਰਵਿਆਂ ਦੀ ਰਿਸਾਈ ਸਿਲਕ ਰਾਹੀਂ ਜੁੜਿਆ ਹੁੰਦਾ ਹੈ। ਦੱਖਣੀ ਅਮਰੀਕਾ ਦੀ ਇਕ ਹੋਰ ਪ੍ਰਜਾਤੀ ਦੀ ਕੀੜੀ ਜਾਨਵਰਾਂ ਦੇ ਮਲ ਨੂੰ ਇਕੱਠਾ ਕਰਕੇ ਆਪਣਾ ਭੌਣ ਬਣਾਉਂਦੀ ਹੈ। ਊਸ਼ਣ-ਖੰਡੀ ਅਮਰੀਕਾ ਦੀਆਂ ਸੈਨਿਕ ਕੀੜੀਆਂ ਆਪਣੇ ਸਥਾਈ ਭੌਣ ਨਹੀਂ ਬਣਾਉਂਦੀਆਂ। ਇਹ ਕਤਾਰਾਂ ਵਿਚ ਤੁਰਦੀਆਂ ਰਹਿੰਦੀਆਂ ਹਨ ਅਤੇ ਰਸਤੇ ਵਿਚਲੇ ਕੀੜੇ-ਮਕੌੜੇ ਜਾਂ ਹੋਰ ਰੀੜ੍ਹ-ਰਹਿਤ ਪ੍ਰਾਣੀ ਖਾਂਦੀਆਂ ਰਹਿੰਦੀਆਂ ਹਨ। ਜਦੋਂ ਕਾਲੋਨੀ ਤੁਰਦੀ ਹੈ ਤਾਂ ਵਧਦੇ ਲਾਰਵਿਆਂ ਨੂੰ ਕੀੜੀਆਂ ਚੁੱਕੀ ਰੱਖਦੀਆਂ ਹਨ। ਅਫ਼ਰੀਕਾ ਦੀ ਡਰਾਈਵਰ ਕੀੜੀ ਦੀਆਂ ਆਦਤਾਂ ਵੀ ਇਹੋ ਜਿਹੀਆਂ ਹਨ।

ਕੀੜੀਆਂ ਸਮਾਜਕ ਪ੍ਰਾਣੀ ਹਨ ਅਤੇ ਕੱਲੋਨੀਆਂ ਬਣਾ ਕੇ ਰਹਿੰਦੀਆਂ ਹਨ। ਵੱਖੋ ਵੱਖਰੀਆਂ ਜਾਤੀਆਂ ਦੀਆਂ ਕੱਲੋਨੀਆਂ, ਆਦਤਾਂ ਅਤੇ ਭੋਜਨ ਵੱਖੋ ਵੱਖਰਾ ਹੁੰਦਾ ਹੈ। ਹਰ ਇਕ ਕੱਲੋਨੀ ਵਿਚ ਇਕ ਰਾਣੀ, ਕੁਝ ਨਰ ਅਤੇ ਕੁਝ ਬਿਨਾਂ ਪਰਾਂ ਵਾਲੇ ਕਾਮੇ ਹੁੰਦੀਆਂ ਹਨ।



ਕਾਲੀ ਕੀੜੀ (*Monomorium minimum*)
(ੳ) ਰਾਣੀ (ਅ) ਨਰ ਕੀੜੀ (ੲ) ਮਾਦਾ ਕੀੜੀ।

ਸਾਲ ਦੇ ਕਿਸੇ ਖ਼ਾਸ ਸਮੇਂ ਵਿਚ ਨਰ ਅਤੇ ਰਾਣੀ ਕੀੜੀਆਂ ਨੂੰ ਪਰ ਲਗ ਜਾਂਦੇ ਹਨ। ਇਹ ਹਵਾ ਵਿਚ ਉੱਡ ਜਾਂਦੀਆਂ ਹਨ ਅਤੇ ਉਥੇ ਪਰਾਂ ਵਾਲੇ ਨਰ ਅਤੇ ਮਾਦਾ ਵਿਚਕਾਰ ਮੈਥੁਨ ਹੁੰਦਾ ਹੈ। ਇਸ ਪਿਛੋਂ ਮਾਦਾ ਆਪਣੇ ਪਰ ਝਾੜ ਦਿੰਦੀ ਹੈ ਅਤੇ ਇਕ ਨਵਾਂ ਭੌਣ ਬਣਾਉਂਦੀ ਹੈ। ਨਰ ਮੈਥੁਨ ਪਿਛੋਂ ਮਰ ਜਾਂਦੇ ਹਨ। ਰਾਣੀ ਕੀੜੀ ਸਾਰੀ ਉਮਰ ਸਿਰਫ਼ ਅੰਡੇ ਦਿੰਦੀ ਹੈ। ਕਾਮਾ ਕੀੜੀਆਂ ਮਾਦਾ ਹੁੰਦੀਆਂ ਹਨ। ਇਹ ਰਾਣੀ ਲਈ ਭੋਜਨ ਦਾ ਪ੍ਰਬੰਧ ਕਰਦੀਆਂ ਹਨ ਅਤੇ ਭੌਣ ਬਣਾਉਣ ਦੇ ਕੰਮ ਕਰਦੀਆਂ ਹਨ। ਇਨ੍ਹਾਂ ਵਿਚੋਂ ਵੱਡੀਆਂ ਕੀੜੀਆਂ ਨੂੰ ਸਿਪਾਹੀ ਕਹਿੰਦੇ ਹਨ ਅਤੇ ਇਹ ਕੱਲੋਨੀ ਦੀ ਰਖਿਆ ਕਰਦੀਆਂ ਹਨ।

ਕੀੜੀਆਂ ਭੂਮੀ ਨੂੰ ਹਵਾਦਾਰ ਬਣਾਉਣ ਅਤੇ ਕਾਰਬਨੀ ਪਦਾਰਥਾਂ ਨੂੰ ਮੁੜ ਮਿੱਟੀ ਵਿਚ ਬਦਲਨ ਵਿਚ ਮਦਦ ਕਰਦੀਆਂ ਹਨ। ਐਟਾ ਕੀੜੀਆਂ ਛੋਟੇ ਛੋਟੇ ਪੱਤੇ ਕੱਟ ਕੇ ਜ਼ਮੀਨ ਦੇ ਅੰਦਰ ਲੈ ਜਾਂਦੀਆਂ ਹਨ, ਜਿਨ੍ਹਾਂ ਨਾਲ ਫ਼ਫ਼ੂੰਦੀ ਦਾ ਪਾਲਨ-ਪੋਸ਼ਣ ਹੁੰਦਾ ਹੈ ਅਤੇ ਇਸ ਬਦਲੇ ਫ਼ਫ਼ੂੰਦੀ ਕੀੜੀਆਂ ਦੀ ਖ਼ੁਰਾਕ ਬਣਦੀ ਹੈ। ਸੈਨਿਕ ਕੀੜੀਆਂ

ਅਤੇ ਅਗਨੀ ਕੀੜੀਆਂ ਸ਼ਿਕਾਰਖੋਰ ਹੁੰਦੀਆਂ ਹਨ । ਇਹ ਪੰਛੀਆਂ ਅਤੇ ਜੰਗਲੀ ਜਾਨਵਰਾਂ ਨੂੰ ਆਪਣਾ ਸ਼ਿਕਾਰ ਬਣਾ ਲੈਂਦੀਆਂ ਹਨ । ਅਗਨੀ ਕੀੜੀ ਜਾਂ ਸੋਲਨੌਪਸਿਸ ਸੀਵੀਸੀਮਾ (*Solenopsis saevissima*) ਅਮਰੀਕਾ ਵਿਚ ਮਿਲਣ ਵਾਲੀ ਕੀੜੀ ਹੈ ਜਿਹੜੀ ਪੌਦਿਆਂ ਅਤੇ ਜਾਨਵਰਾਂ ਦੋਹਾਂ ਦਾ ਨੁਕਸਾਨ ਕਰਦੀ ਹੈ । ਇਸ ਦਾ ਡੰਗ ਕਈ ਵਾਰ ਬੱਚਿਆਂ ਲਈ ਘਾਤਕ ਹੁੰਦਾ ਹੈ । ਅਰਜਨਟਾਈਨ ਕੀੜੀ (*Iridomyrmex humilis*) ਬਹੁਤ ਹੀ ਛੋਟੇ ਆਕਾਰ ਦੀ ਕੀੜੀ ਹੈ ਜਿਹੜੀ ਫ਼ਸਲਾਂ ਦਾ ਨੁਕਸਾਨ ਕਰਦੀ ਹੈ ਕਿਉਂਕਿ ਇਹ ਐਫਿਡ (ਤੇਲਾ), ਮੀਲੀ ਬੱਗ ਅਤੇ ਹੋਰ ਕਈ ਕਿਸਮ ਦੇ ਕੀੜਿਆਂ ਨੂੰ ਫ਼ਸਲਾਂ ਤਕ ਲੈ ਜਾਂਦੀ ਹੈ ਅਤੇ ਆਪ ਇਨ੍ਹਾਂ ਵਿਚੋਂ ਨਿਕਲਨ ਵਾਲਾ ਸ਼ਹਿਦ ਖਾਂਦੀ ਹੈ । ਤਰਖਾਣ ਕੀੜੀਆਂ ਆਮ ਤੌਰ ਤੇ ਮਰੇ ਹੋਏ ਕੀੜੇ ਖਾਂਦੀਆਂ ਹਨ, ਪਰ ਕਈ ਵਾਰੀ ਮਠਿਆਈ ਅਤੇ ਭੋਜਨ ਵੀ ਖਾ ਲੈਂਦੀਆਂ ਹਨ । ਇਹ ਬੜਾ ਦੁਖਦਾਈ ਡੰਗ ਵੀ ਮਾਰਦੀਆਂ ਹਨ । ਪੌਲਿਅਰਗਸ ਲੂਸੀਡਸ (*Polyergus lucidus*) ਇਕ ਅਜਿਹੀ ਕੀੜੀ ਹੈ ਜਿਹੜੀ ਸਿਰਫ ਸਿਪਾਹੀ ਹੀ ਪੈਦਾ ਕਰਦੀ ਹੈ, ਕਾਮੇ ਪੈਦਾ ਨਹੀਂ ਕਰਦੀ । ਕੱਲੋਨੀ ਦਾ ਕੰਮ ਚਲਾਉਣ ਲਈ ਇਹ ਦੂਜੀਆਂ ਕੀੜੀਆਂ ਦੇ ਪਿਊਪੇ ਚੁੱਕ ਕੇ ਪਾਲਦੀ ਹੈ ਅਤੇ ਉਨ੍ਹਾਂ ਨੂੰ ਗ਼ੁਲਾਮਾਂ ਵਾਂਗ ਰੱਖਦੀ ਹੈ ।

ਹ. ਪ.—ਮੈਕ. ਐਨ. ਸ. ਟ. 1 : 436; ਐਨ. ਬ੍ਰਿ. ਮਾ. 1 : 404

**ਕੁਆਂਟਮ ਸਟੈਟਿਸਟਿਕਸ** : ਭੌਤਿਕ-ਵਿਗਿਆਨ ਵਿਚ ਕਈ ਅਜਿਹੀਆਂ ਸਥਿਤੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਵਿਆਖਿਆ ਕਰਨ ਲਈ ਸਾਨੂੰ ਤਾਪ ਤੇ ਤਾਪਮਾਨ ਦੀ ਵਰਤੋਂ ਕਰਨੀ ਪੈਂਦੀ ਹੈ ਤੇ ਇਹ ਦੋਵੇਂ ਰਾਸ਼ੀਆਂ, ਜਿਵੇਂ ਕਿ ਸਾਨੂੰ ਪਤਾ ਹੈ, ਬਹੁਤ ਜ਼ਿਆਦਾ ਅਣੂਆਂ ਅਤੇ ਐਟਮਾਂ ਦੇ ਇਕੱਠ ਕਾਰਨ ਉਤਪੰਨ ਹੁੰਦੀਆਂ ਹਨ । ਆਮ ਤੌਰ ਤੇ ਅਸੀਂ ਇਨ੍ਹਾਂ ਸਾਰੇ ਕਣਾਂ ਦੀਆਂ ਵੱਖ ਵੱਖ ਗਤੀਆਂ ਬਾਰੇ ਵਿਚਾਰ ਨਹੀਂ ਕਰਦੇ (ਭਾਵੇਂ ਇਨ੍ਹਾਂ ਬਾਰੇ ਸਾਰੇ ਗਤੀ-ਨਿਯਮ ਚੰਗੀ ਤਰ੍ਹਾਂ ਪਤਾ ਹਨ ।) ਅਜਿਹੇ ਐਟਮਾਂ ਦੇ ਇਕੱਠਾਂ ਦੀ ਵਿਆਖਿਆ ਕਰਨ ਲਈ ਵਿਲੀਅਰਡ ਗਿਬਸ ਨੇ ਸਟੈਟਿਸਟਿਕਸ ਦੀਆਂ ਵਿਧੀਆਂ ਅਤੇ ਗਤੀ ਨਿਯਮਾਂ ਦੀ ਸਾਂਝੀ ਵਰਤੋਂ ਕੀਤੀ । ਅਜਿਹੇ ਮਿਸ਼ਰਨ ਤੋਂ ਹੀ ਸਟੈਟਿਸਟਿਕਲ ਮਕੈਨਿਕਸ ਦੀ ਉਤਪਤੀ ਹੋਈ । ਪਹਿਲਾਂ ਪਹਿਲ ਇਨ੍ਹਾਂ ਸਭ ਸਮੱਸਿਆਵਾਂ ਦੇ ਹੱਲ ਲਈ ਕਲਾਸੀਕਲ ਮਕੈਨਿਕਸ ਦੇ ਨਿਯਮਾਂ ਦੀ ਹੀ ਵਰਤੋਂ ਕੀਤੀ ਗਈ ਪ੍ਰੰਤੂ ਕੁਆਂਟਮ ਮਕੈਨਿਕਸ ਦੇ ਗਿਆਨ ਤੋਂ ਬਾਅਦ ਸਾਨੂੰ ਪਤਾ ਲੱਗਾ ਕਿ ਹਰ ਤਰ੍ਹਾਂ ਦੇ ਕਣ ਕਲਾਸੀਕਲ ਮਕੈਨਿਕਸ ਦੇ ਨਿਯਮਾਂ ਨੂੰ ਨਹੀਂ ਮੰਨਦੇ । ਇਸ ਤੋਂ ਇਲਾਵਾ ਬਹੁਤ ਸਾਰੇ ਭੌਤਿਕ ਪਿੰਡਾਂ ਲਈ ਨਿਮਨ ਤਾਪਮਾਨਾਂ ਤੇ ਕੁਆਂਟਮ ਮਕੈਨਿਕਸ ਦੀ ਹੀ ਵਰਤੋਂ ਕਰਨੀ ਪੈਂਦੀ ਹੈ । ਅਜਿਹੀਆਂ ਸਾਰੀਆਂ ਸਥਿਤੀਆਂ ਲਈ ਕਲਾਸੀਕਲ ਸਟੈਟਿਸਟਿਕਸ ਦੀ ਵਰਤੋਂ ਨਹੀਂ ਕਰ ਸਕਦੇ ਤੇ ਇਸ ਤਰ੍ਹਾਂ ਕੁਆਂਟਮ ਸਟੈਟਿਸਟਿਕਸ ਦਾ ਜਨਮ ਹੋਇਆ ।

ਉਪਰ ਦਿੱਤੇ ਕਾਰਨਾਂ ਤੋਂ ਇਲਾਵਾ ਇਕ ਹੋਰ ਮਹੱਤਵਪੂਰਨ ਕਾਰਨ ਕੁਆਂਟਮ ਸਟੈਟਿਸਟਿਕਸ ਦੀ ਉਤਪਤੀ, ਕਾਲੇ ਪਿੰਡ ਦੇ ਵਿਕੀਰਨ ਦੀ ਵਿਆਖਿਆ ਸੀ । ਇਸ ਵਿਕੀਰਨ ਲਈ ਅਸੀਂ ਜ਼ੀਰੋ ਵਿਰਾਮ ਵਾਲੇ ਪੁੰਜ ਫੋਟੌਨਾਂ ਦੀ ਧਾਰਨਾ ਕਰਦੇ ਹਾਂ, ਇਨ੍ਹਾਂ ਦੀ ਸੰਖਿਆ ਸਥਿਰ ਨਹੀਂ ਰਹਿੰਦੀ ਜਦੋਂ ਕਿ ਕਲਾਸੀਕਲ ਸਟੈਟਿਸਟਿਕਸ ਵਿਚ ਇਕ ਸਿਸਟਮ ਵਿਚ ਕਣਾਂ ਦੀ ਕੁਲ ਸੰਖਿਆ ਸਥਿਰ ਮੰਨੀ ਜਾਂਦੀ ਸੀ । ਇਨ੍ਹਾਂ ਫੋਟੌਨਾਂ ਲਈ ਬੋਸ ਨੇ ਬੋਸ ਸਟੈਟਿਸਟਿਕਸ ਦਿੱਤੀ । ਇਸ ਤੋਂ ਬਾਅਦ ਹੋਰ ਕਣਾਂ ਤੇ ਬੋਸ ਸਟੈਟਿਸਟਿਕਸ ਦੀ ਵਰਤੋਂ ਕਰਨ ਲਈ ਕਣਾਂ ਦੀ ਸੰਖਿਆ ਸਥਿਰ ਰੱਖਣੀ ਪੈਂਦੀ ਹੈ ਅਤੇ ਇਸ ਤਰ੍ਹਾਂ ਸਾਨੂੰ ਬੋਸ ਆਇਨਸਟਾਈਨ ਸਟੈਟਿਸਟਿਕਸ ਪ੍ਰਾਪਤ ਹੋਈ । ਇਸ ਸਟੈਟਿਸਟਿਕਸ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਹ ਕਣਾਂ ਦੀ ਆਪੇਪਨ ਤੇ ਧਿਆਨ ਨਹੀਂ ਦਿੰਦੀ (ਜਾਂ ਸਭ ਕਣਾਂ ਨੂੰ ਇਕੋ ਜਿਹਾ ਮੰਨਦੀ ਹੈ) ਤੇ ਸਿਸਟਮ ਦੇ ਸਾਰੇ ਕਣ ਸਿਸਟਮ ਦੇ ਸਾਰੇ ਸੰਭਵ ਊਰਜਾ-ਲੈਵਲਾਂ ਵਿਚ ਹੋ ਸਕਦੇ ਹਨ । ਜੇਕਰ ਇਨ੍ਹਾਂ ਲੈਵਲਾਂ ਦੀ ਊਰਜਾ $\epsilon_1, \epsilon_2, \epsilon_3$......ਹੋਵੇ ਤੇ $n_1$ ਕਣ ਲੈਵਲ $\epsilon_1$, ਵਿਚ $n_2$ ਕਣ ਲੈਵਲ $\epsilon_2$ ਵਿਚ,............ਹੋਣ ਤਾਂ ਸਿਸਟਮ ਦੀ ਸਾਰੀ ਊਰਜਾ $n_1\epsilon_1+n_2\epsilon_2+\ldots=E$ ਹੋਵੇਗੀ । ਬੋਸ-ਆਇਨਸਟਾਈਨ ਸਟੈਟਿਸਟਿਕਸ ਵਿਚ $n_1, n_2$......ਦੇ ਕੋਈ ਵੀ ਮੁਲ 0, 1, 2...........ਹੋ ਸਕਦੇ ਹਨ ਜਾਂ ਇਸ ਤੋਂ ਸਾਡਾ ਭਾਵ ਹੈ ਕਿ ਇਹ ਸਟੈਟਿਸਟਿਕਸ ਸਿਰਫ਼ ਉਨ੍ਹਾਂ ਕਣਾਂ ਬਾਰੇ ਦਸਦੀ ਹੈ ਜਿਹੜੇ ਪੌਲੀ ਦਾ ਵਰਜਨ ਨਿਯਮ ਨਹੀਂ ਮੰਨਦੇ । ਜੇਕਰ ਕਣ ਪੌਲੀ ਦਾ ਵਰਜਨ ਨਿਯਮ ਮੰਨਦੇ ਹੋਣ ਜਾਂ ਕਣਾਂ ਦੀ ਸਪਿੰਨ $\frac{1}{2}h$ ਜਾਂ $\frac{3}{2}h$ ਦਾ ਪੂਰਨ ਗੁਣਾਂਕ ਹੋਵੇ ਤਾਂ $n_1, n_2$......ਦੇ ਮੁਲ ਜ਼ੀਰੋ ਜਾਂ ਇਕ ਹੀ ਹੋ ਸਕਦੇ ਹਨ । ਅਜਿਹੇ ਕਣਾਂ ਲਈ ਇਕ ਹੋਰ ਸਟੈਟਿਸਟਿਕਸ ਦੀ ਉਤਪਤੀ ਹੋਈ ਜਿਸ ਨੂੰ ਅਸੀਂ ਫਰਮੀ-ਡੀਰਾਕ ਸਟੈਟਿਸਟਿਕਸ ਆਖਦੇ ਹਾਂ । ਇਲੈੱਕਟ੍ਰੌਨਾਂ ਦੀ ਬਣੀ ਗੈਸ ਅਜਿਹੀ ਸਟੈਟਿਸਟਿਕਸ ਦਾ ਪ੍ਰਮੁੱਖ ਉਦਾਹਰਨ ਹੈ । ਬਹੁਤ ਉੱਚ ਤਾਪਮਾਨਾਂ ਤੇ ਦੋਵੇਂ ਹੀ ਤਰ੍ਹਾਂ ਦੇ ਕੁਆਂਟਮ ਕਣ (ਜਿਹੜੇ ਪੌਲੀ ਦਾ ਵਰਜਨ ਨਿਯਮ ਮੰਨਦੇ ਹਨ ਤੇ ਜਿਹੜੇ ਨਹੀਂ ਮੰਨਦੇ) ਕਲਾਸੀਕਲ ਸਟੈਟਿਸਟਿਕਸ ਦੀ ਵਰਤੋਂ ਕਰਕੇ ਹੀ ਸਮਝੇ ਜਾ ਸਕਦੇ ਹਨ । ਇਹ ਇਸ ਕਾਰਨ ਹੁੰਦਾ ਹੈ ਕਿਉਂਕਿ ਉੱਚ ਤਾਪਮਾਨਾਂ ਤੇ ਕਣਾਂ ਵਾਸਤੇ ਸੰਭਾਵਿਤ ਊਰਜਾ ਲੈਵਲਾਂ ਦੀ ਸੰਖਿਆ ਬਹੁਤ ਜ਼ਿਆਦਾ ਹੋ ਜਾਂਦੀ ਹੈ । ਜਦੋਂ ਗੈਸ ਦੀ ਘਣਤਾ ਜ਼ਿਆਦਾ ਅਤੇ ਤਾਪਮਾਨ ਘੱਟ ਹੋ ਜਾਵੇ ਤਾਂ ਅਜਿਹੀ ਗੈਸ ਦੇ ਪ੍ਰਯੋਗਿਕ ਸਿੱਟੇ ਕਲਾਸੀਕਲ ਸਟੈਟਿਸਟਿਕਸ ਦੇ ਸਿਟਿਆਂ ਤੋਂ ਬਹੁਤ ਭਿੰਨ ਹੋ ਜਾਂਦੇ ਹਨ । ਅਜਿਹੀ ਹਾਲਤ ਵਿਚ ਸਾਨੂੰ ਗੈਸ ਦੀ ਡੀਜੈਨਰੇਟ ਅਵਸਥਾ ਪ੍ਰਾਪਤ ਹੁੰਦੀ ਹੈ ।

ਇਹ ਵੇਖਿਆ ਗਿਆ ਹੈ ਕਿ ਕਾਫ਼ੀ ਜ਼ਿਆਦਾ ਡੀਜੈਨਰੇਟ ਹੋਈ ਫਰਮੀ-ਡੀਰਾਕ ਗੈਸ ਦੀ ਅੰਦਰੂਨੀ ਊਰਜਾ ਤਾਪਮਾਨ ਤੋਂ ਮੁਕਤ ਹੁੰਦੀ ਹੈ । ਇਸ ਤੱਤ ਦੀ ਵਰਤੋਂ ਕਰਕੇ ਡਰੂਡ ਨੇ ਇਹ ਮੰਨਿਆ ਸੀ ਕਿ ਧਾਤੂਆਂ ਦੀ ਚਾਲਕਤਾ ਤੇ ਤਾਪ ਚਾਲਕਤਾ ਧਾਤੂ ਵਿਚ ਮੁਕਤ ਇਲੈੱਕਟ੍ਰੌਨਾਂ ਕਾਰਨ ਹੁੰਦੀ ਹੈ । ਹੁਣ ਕੁਆਂਟਮ ਸਟੈਟਿਸਟਿਕਸ ਦੀ ਵਰਤੋਂ ਇਸ ਸਮੱਸਿਆ ਲਈ ਇਸ ਲਈ ਕਰਨੀ ਪਈ ਕਿਉਂਕਿ ਕਲਾਸੀਕਲ ਤੱਥਾਂ ਦੇ ਅਧਾਰ ਤੇ ਬਹੁਤ ਚਾਲਕਤਾ ਲਈ ਬਹੁਤ ਜ਼ਿਆਦਾ ਇਲੈੱਕਟ੍ਰੌਨ ਹੋਣੇ ਚਾਹੀਦੇ ਹਨ, ਇਨ੍ਹਾਂ ਇਲੈੱਕਟ੍ਰੌਨਾਂ ਦਾ ਧਾਤੂ ਦੇ ਵਿਸ਼ਿਸ਼ਟ ਤਾਪ ਵਿਚ ਬਹੁਤ ਯੋਗਦਾਨ ਹੋਵੇਗਾ । ਇਸ ਯੋਗਦਾਨ ਕਾਰਨ ਵਿਸ਼ਿਸ਼ਟ ਤਾਪ ਪ੍ਰਯੋਗਿਕ ਮੁੱਲਾਂ ਤੋਂ ਬਹੁਤ ਹੀ ਅਧਿਕ ਹੋਵੇਗਾ । ਇਸ ਸਮੱਸਿਆ ਦਾ ਹਲ ਫਰਮੀ-ਡੀਰਾਕ ਸਟੈਟਿਸਟਿਕਸ ਦੀ ਵਰਤੋਂ ਕਰਕੇ ਬੜੀ ਅਸਾਨੀ ਨਾਲ ਲਭਿਆ ਜਾ ਸਕਦਾ ਹੈ । ਇਸ ਦੇ ਅਨੁਸਾਰ ਜ਼ਿਆਦਾ ਇਲੈੱਕਟ੍ਰੌਨੀ ਘਣਤਾ ਦਾ ਅਰਥ ਵਿਸ਼ਿਸ਼ਟ ਤਾਪ ਵਿਚ ਪਰਿਵਰਤਨ ਲਗਭਗ ਜ਼ੀਰੋ ਹੁੰਦਾ ।

ਕੁਆਂਟਮ ਸਟੈਟਿਸਟਿਕਸ ਦੀ ਵਰਤੋਂ ਚੁੰਬਕਤਾ, ਅਤਿ-ਚਾਲਕਤਾ, ਫੇਜ਼ ਪਾਰਗਮਨਾਂ, ਦ੍ਰਵਿਤ ਹੀਲੀਅਮ ਆਦਿ ਦੇ ਆਧੁਨਿਕ ਸਿਧਾਂਤ ਬਣਾਉਣ ਵਿਚ ਹੋ ਰਹੀ ਹੈ । ਸੱਚ ਤਾਂ ਇਹ ਹੈ ਕਿ ਬਹੁ-ਕਣ ਪਿੰਡ ਦੀ ਕਿਸੇ ਵੀ ਸਮੱਸਿਆ ਦਾ ਹਲ ਇਸ ਦੀ ਵਰਤੋਂ ਬਗ਼ੈਰ ਨਹੀਂ ਕੀਤਾ ਜਾ ਸਕਦਾ । ਇਸ ਤੋਂ ਇਲਾਵਾ ਤਾਪਗਤਿਕੀ ਦੇ ਤੀਜੇ ਨਿਯਮ ਦੀ ਵਿਆਖਿਆ ਲਈ ਵੀ ਇਹ ਸਟੈਟਿਸਟਿਕਸ ਬਹੁਤ ਉਪਯੋਗੀ ਸਿੱਧ ਹੋਈ ਹੈ ।

ਡਾ. ਐੱਸ. ਸੀ. ਗੁਪਤਾ

**ਕੁਆਂਟਮ ਮਕੈਨਿਕਸ** : ਕੁਆਂਟਮ ਮਕੈਨਿਕਸ ਭੌਤਿਕ ਵਿਗਿਆਨ ਦੀ ਉਹ ਸ਼ਾਖਾ ਹੈ ਜਿਹੜੀ ਇਲੈੱਕਟ੍ਰੌਨਾਂ, ਪ੍ਰੋਟਾਨਾਂ, ਅਣੂਆਂ, ਪਰਮਾਣੂਆਂ ਅਤੇ ਹੋਰ ਛੋਟੇ ਛੋਟੇ ਕਣਾਂ ਦੀਆਂ ਗਤੀਆਂ ਬਾਰੇ ਦੱਸਦੀ ਹੈ । ਇਸ ਖੇਤਰ ਵਿਚ ਸਭ ਤੋਂ ਮਹੱਤਵਪੂਰਨ ਤੇ ਮੁਢਲਾ ਯੋਗਦਾਨ 1925 ਤੋਂ (ਭਾਵੇਂ ਇਸ ਯੋਗਦਾਨ ਦਾ ਆਧਾਰ ਇਸ ਸਦੀ

ਦੇ ਸ਼ੁਰੂ ਵਿਚ ਆਇਨਸਟਾਈਨ, ਨੀਲਜ਼ ਬੋਹਰ ਤੇ ਮੈਕਸ-ਪਲਾਂਕ ਦੇ ਕੰਮਾਂ ਦੇ ਕੰਮਾਂ ਤੋਂ ਸ਼ੁਰੂ ਹੋਇਆ) ਅਰਵਿਤ ਸ਼ਰੋਡਿੰਗਰ ਲਈ ਡੀ. ਬ੍ਰੋਗਲੀ, ਹਾਈਜਨਬਰਗ, ਮੈਕਸ ਬੋਹਰ ਤੇ ਪੀ. ਏ. ਐਮ. ਡੀਰਾਕ ਦੇ ਕੰਮਾਂ ਤੋਂ ਸ਼ੁਰੂ ਹੋਇਆ।

ਕੁਆਂਟਮ ਮਕੈਨਿਕਸ ਦੇ ਆਉਣ ਤੋਂ ਪਹਿਲਾਂ ਭੌਤਿਕ ਵਿਗਿਆਨੀਆਂ ਨੇ ਸਦਾ ਹੀ ਇਹ ਸੋਚਿਆ ਸੀ ਕਿ ਅਣੂਆਂ ਅਤੇ ਪਰਮਾਣੂਆਂ ਲਈ ਕਲਾਸੀਕਲ ਮਕੈਨਿਕਸ· ਦੀ ਹੀ ਵਰਤੋਂ ਕਰਨੀ ਪਵੇਗੀ ਤੇ ਕਈ ਸਥਾਨਾਂ ਤੇ ਕਲਾਸੀਕਲ ਮਕੈਨਿਕਸ ਨੇ ਬਹੁਤ ਚੰਗੇ ਸਿੱਟੇ ਵੀ ਦਿੱਤੇ ਜਿਵੇਂ ਕਿ ਕੈਥੋਡ-ਕਿਰਨ ਟਿਊਬਾਂ ਵਿਚ ਇਲੈੱਕਟ੍ਰਾਨਾਂ ਦੇ ਕਿਰਨ-ਪੁੰਜ ਪ੍ਰਯੋਗਾਂ ਵਿਚ, ਉੱਚ-ਊਰਜਾ ਮਸ਼ੀਨਾਂ ਵਿਚ ਆਦਿ।

ਇਸ ਸਮੇਂ ਤਕ ਇਹ ਪਤਾ ਲਗ ਚੁੱਕਾ ਸੀ ਕਿ ਕਲਾਸੀਕਲ ਅਤੇ ਕੁਆਂਟਮ ਮਕੈਨਿਕਸ ਵਿਚ ਬਹੁਤ ਅੰਤਰ ਵੀ ਹੈ ਅਤੇ ਆਪਸੀ ਸੰਬੰਧ ਵੀ। ਇਸ ਸਿੱਟੇ ਦਾ ਇਸ਼ਾਰਾ ਕਿਸੇ ਹੱਦ ਤਕ ਉੱਨੀਵੀਂ ਸਦੀ ਵਿਚ ਪ੍ਰਕਾਸ਼ ਦੇ ਦੋਗਲੇ ਸਰੂਪ ਦੇ ਅਧਿਐਨ ਤੋਂ ਮਿਲ ਚੁੱਕਾ ਸੀ, ਕਿਉਂ ਜੋ ਕੁਆਂਟਮ ਮਕੈਨਿਕਸ ਵੀ ਇਹ ਮੰਨਦੀ ਹੈ ਕਿ ਗਤੀਸ਼ੀਲ ਕਣ ਨਾਲ ਤਰੰਗ ਹੁੰਦੀ ਹੈ।

**ਕਲਾਸੀਕਲ ਮਕੈਨਿਕਸ**—ਕਲਾਸੀਕਲ ਮਕੈਨਿਕਸ ਵਿਚ ਪੁਲਾੜ ਅਤੇ ਸਮਾਂ ਭਿੰਨ ਭਿੰਨ ਰਾਸ਼ੀਆਂ ਮੰਨੀਆਂ ਜਾਂਦੀਆਂ ਹਨ ਤੇ ਹਰੇਕ ਕਣ ਦਾ ਪੁੰਜ ਇਸ ਦੀ ਜੜ੍ਹਤਾ ਬਾਰੇ ਦੱਸਦਾ ਹੈ। ਇਸ ਤੋਂ ਇਲਾਵਾ ਵੇਗ, ਪ੍ਰਵੇਗ, ਸੰਵੇਗ ਤੇ ਬਲ ਦੇ ਪਲਾੜ ਵਿਚ ਤਿੰਨ ਤਿੰਨ ਘਟਕ ਹੁੰਦੇ ਹਨ;

ਅਰਥਾਤ $v_x = \frac{d_x}{dt}, v_y = \frac{d_y}{dt}, v_z = \frac{d_z}{dt}$

ਇਸੇ ਤਰ੍ਹਾਂ $a_x = \frac{dv_x}{dt}$ ; $a_y = \frac{dv_y}{dt}$ ; $a_z = \frac{dv_z}{dt}$

ਨਿਊਟਨ ਦੇ ਦੂਜੇ ਨਿਯਮ ਅਨੁਸਾਰ :

$$F_x = \frac{dp_x}{dt} \; ; \; F_y = \frac{dp_y}{dt} \; , \; F_z = \frac{dp_z}{dt}$$

ਇਸ ਤਰ੍ਹਾਂ ਹਰੇਕ ਕਣ ਦੀ ਸਥਿਤੀ ਦਰਸਾਉਣ ਲਈ ਸਾਨੂੰ ਤਿੰਨ ਡੈਰੀਵੇਟਿਵ ਸਮੀਕਰਨਾਂ ਹੱਲ ਕਰਨੀਆਂ ਪੈਣਗੀਆਂ ਅਤੇ N ਕਣਾਂ ਲਈ 3N ਸਮੀਕਰਨਾਂ ਦਾ ਹੱਲ ਕਰਨਾ ਚਾਹੀਦਾ ਹੈ। ਇਹ ਮੁਲ ਲਭਣ ਲਈ ਸਾਨੂੰ 6N ਸਵੈਇੱਛਤ ਸਥਿਰ ਅੰਕ ਪ੍ਰਾਪਤ ਹੋਣੇ ਚਾਹੀਦੇ ਹਨ, ਕਿਉਂਕਿ ਹਰੇਕ ਸਮੀਕਰਨ ਦੂਜੇ ਆਰਡਰ ਦੀ ਹੈ। ਇਹ ਸਥਿਰ-ਅੰਕ ਆਮ ਤੌਰ ਤੇ 3N ਆਰੰਭਿਕ ਵਿਸਥਾਪਨ ਅਤੇ 3N ਆਰੰਭਿਕ ਵੇਗ ਲਏ ਜਾਂਦੇ ਹਨ। ਇਸ ਵਿਸ਼ਲੇਸ਼ਣ ਦੇ ਆਧਾਰ ਤੇ ਅਸੀਂ ਧਰਤੀ ਦਾ ਸੂਰਜ ਦੁਆਲੇ ਅਤੇ ਚੰਦ ਦਾ ਧਰਤੀ ਦੁਆਲੇ ਪੱਥ ਸਹੀ ਤੌਰ ਤੇ ਪਤਾ ਕਰ ਸਕਦੇ ਹਾਂ। ਇਸੇ ਕਾਰਨ ਅਠਾਰ੍ਹਵੀਂ ਸਦੀ ਵਿਚ ਲਾਪਲਾਸੇ ਨੇ ਦਸਿਆ ਕਿ ਜੇਕਰ ਇਕ ਸਿਸਟਮ ਤੇ ਲਗ ਰਹੇ ਸਾਰੇ ਬਲਾਂ ਬਾਰੇ ਪੂਰੀ ਜਾਣਕਾਰੀ ਹੋਵੇ ਤਾਂ ਉਸ ਸਿਸਟਮ ਦਾ ਅਧਿਐਨ ਬਿਨਾਂ ਕਿਸੇ ਅਨਿਸਚਿਤਤਾ ਦੇ ਕੀਤਾ ਜਾ ਸਕਦਾ ਹੈ।

**ਹਾਈਜ਼ਨਬਰਗ ਅਨਿਸਚਿਤਤਾ ਨਿਯਮ**—ਉੱਪਰ ਦਸਿਆ ਹੈ ਕਿ ਹਰੇਕ ਕਣ ਦੀ ਸਥਿਤੀ ਪੂਰੀ ਤਰ੍ਹਾਂ ਲਭੀ ਜਾ ਸਕਦੀ ਹੈ ਤੇ ਇਸ ਵਿਚ ਇਹ ਵੀ ਮੰਨਿਆ ਸੀ ਕਿ ਪ੍ਰੇਖਣ ਲਈ ਵਰਤਿਆ ਗਿਆ ਪ੍ਰਕਾਸ਼ ਕਣ ਉਤੇ ਕੋਈ ਅਸਰ ਨਹੀਂ ਪਾਉਂਦਾ। ਇਹ ਧਾਰਨਾ ਜ਼ਿਆਦਾ ਅਕਾਰ ਵਾਲੇ ਪਿੰਡਾਂ ਤੇ ਹੀ ਲਾਗੂ ਹੁੰਦੀ ਹੈ। ਜੇਕਰ ਅਸੀਂ ਬਹੁਤ ਛੋਟੇ ਛੋਟੇ ਕਣਾਂ ਜਿਵੇਂ ਕਿ ਇਲੈੱਕਟ੍ਰਾਨ, ਪ੍ਰੋਟ੍ਰਾਨ, ਅਣੂ ਆਦਿ ਬਾਰੇ ਸੋਚੀਏ ਤਾਂ ਸਾਨੂੰ ਪਤਾ ਲਗੇਗਾ ਕਿ ਇਨ੍ਹਾਂ ਦੀ ਸਥਿਤੀ ਚੰਗੀ ਤਰ੍ਹਾਂ ਦਰਸਾਈ ਜਾ ਸਕਦੀ ਹੈ ਕਿਉਂਕਿ ਪ੍ਰੇਖਣ ਵਾਲਾ ਪ੍ਰਕਾਸ਼ ਇਨ੍ਹਾਂ ਤੋਂ ਵਿਵਰਤਿਤ ਹੋ ਜਾਦਾ ਹੈ। ਇਹ ਅਨਿਸਚਿਤਤਾ ਘਟਾਉਣ ਲਈ ਪ੍ਰਕਾਸ਼ ਦੀ ਤਰੰਗ ਲੰਬਾਈ ਘਟ ਤੋਂ ਘਟ ਰਖਣੀ ਚਾਹੀਦੀ ਹੈ ਅਤੇ ਲੈੱਨਜ਼ ਦਾ ਦੁਆਰਕ ਜ਼ਿਆਦਾ ਤੋਂ ਜ਼ਿਆਦਾ ਹੋਣਾ ਚਾਹੀਦਾ ਹੈ। ਅਨਿਸਚਿਤਤਾ ਕਦੇ ਵੀ ਜ਼ੀਰੋ ਨਹੀਂ ਹੋ ਸਕਦੀ ; ਸਗੋਂ

$$\triangle\lambda . \triangle x \geqslant \frac{h}{4\pi}$$

ਪ੍ਰਕਾਸ਼ ਦੇ ਦੋਗਲੇ ਸਰੂਪ ਦੀ ਵਿਆਖਿਆ ਸਮੀਕਰਨ

$$\lambda = \frac{h}{p}$$

ਤੋਂ ਸਪਸ਼ਟ ਹੋ ਜਾਂਦੀ ਹੈ, ਜਿਥੇ 'λ' ਤਰੰਗ-ਸੁਭਾਅ d ਦਾ ਪ੍ਰਤੀਕ ਹੈ ਜਦੋਂ ਕਿ 'p' ਕਣ-ਸੁਭਾਅ ਦਾ।

ਇਸੇ ਤਰ੍ਹਾਂ ਜਦੋਂ ਇਲੈੱਕਟ੍ਰਾਨ ਤੇ ਪ੍ਰਕਾਸ਼ ਸੁਟਦੇ ਹਾਂ ਤਾਂ ਇਲੈੱਕਟ੍ਰਾਨ ਦੇ ਸੰਵੇਗ ਅਤੇ ਸਥਿਤੀ ਵਿਚ ਕੁਝ ਅਨਿਸਚਿਤਤਾ ਜ਼ਰੂਰ ਆ ਜਾਵੇਗੀ। ਸੰਵੇਗ ਅਨਿਸਚਿਤਤਾ ਤਰੰਗ ਲੰਬਾਈ ਵਧਣ ਨਾਲ ਘਟ ਜਾਵੇਗੀ ਜਦੋਂ ਕਿ ਸਥਿਤੀ ਅਨਿਸ਼ਚਿਤਤਾ ਵਧ ਜਾਵੇਗੀ। ਬਹੁਤ ਵਿਸ਼ਲੇਸ਼ਣ ਤੋਂ ਬਾਅਦ ਪਤਾ ਲਗਦਾ ਹੈ ਕਿ $\triangle x . \triangle p \geqslant \frac{h}{4\pi}$ ਹੈ। ਇਸ ਨੂੰ ਅਸੀਂ ਹਾਈਜ਼ਨਬਰਗ ਦਾ ਅਨਿਸਚਿਤਤਾ ਨਿਯਮ ਆਖਦੇ ਹਾਂ।

**ਮਾਦੇ ਦਾ ਦੋਗਲਾ ਸਰੂਪ ਤੇ ਕੁਆਂਟਮ ਮਕੈਨਿਕਸ**—ਅਸੀਂ ਉਪਰ ਦਸਿਆ ਹੈ ਕਿ ਪ੍ਰਕਾਸ਼ ਦੇ ਦੋ ਸਰੂਪ ਹਨ। ਫੋਟਾਨਾਂ ਦੀ ਊਰਜਾ ਤੇ ਸੰਵੇਗ ਆਵ੍ਰਿਤੀ ਵਧਣ ਨਾਲ ਵਧਦੀ ਹੈ। ਇਸ ਲਈ ਫੋਟਾਨ ਜ਼ਿਆਦਾ ਤਰੰਗ-ਲੰਬਾਈ ਲਈ ਬਹੁਤ ਹੀ ਛੋਟੇ ਹੋਣਗੇ ਤੇ ਪ੍ਰਕਾਸ਼ ਦਾ ਤਰੰਗ ਸਰੂਪ ਜ਼ਿਆਦਾ ਮਹੱਤਵਪੂਰਨ ਹੋਵੇਗਾ। ਘਟ ਤਰੰਗ ਲੰਬਾਈਆਂ ਜਿਵੇਂ ਕਿ ਐੱਕਸ-ਕਿਰਨ, ਗੈਮਾ ਕਿਰਨ, ਆਦਿ ਲਈ ਫੋਟਾਨਾਂ ਦਾ ਕਣ ਸਰੂਪ ਜ਼ਿਆਦਾ ਮਹੱਤਵਪੂਰਨ ਹੋਵੇਗਾ। ਆਮ ਹਾਲਤਾਂ ਵਿਚ ਦੋਵੇਂ ਸਰੂਪ ਸਾਰੀਆਂ ਆਵ੍ਰਿਤੀਆਂ ਲਈ ਵੇਖਣ ਵਿਚ ਆਏ ਹਨ।

ਸਭ ਤੋਂ ਪਹਿਲਾਂ ਪ੍ਰਕਾਸ਼ ਦਾ ਦੋਗਲਾ ਸਰੂਪ ਪਲਾਂਕ ਨੇ 1900 ਵਿਚ ਵਖਿਆ ਜਦੋਂ ਉਸ ਨੇ ਵਿਕੀਰਨ ਦੇ ਨਿਯਮਾਂ ਦੀ ਵਿਆਖਿਆ ਕਰਨ ਲਈ ਪਲਾਂਕ ਸਿਧਾਂਤ ਦਿਤਾ। ਇਸ ਵਿਚ ਉਸ ਨੇ ਇਹ ਮੰਨਿਆ ਕਿ ਸਾਰੀ ਊਰਜਾ ਪ੍ਰਕਾਸ਼ ਦੇ ਕੁਆਂਟਮਾਂ ਜਾਂ ਫੋਟਾਨਾਂ ਵਿਚ ਸੋਖਿਤ ਜਾਂ ਉਤਸਰਜਿਤ ਕੀਤੀ ਜਾਂਦੀ ਹੈ। ਹਰੇਕ ਕੁਆਂਟਮ ਦੀ ਊਰਜਾ hv ਹੁੰਦੀ ਹੈ ਜਿਥੇ ਪਲਾਂਕ ਸਥਿਰ ਅੰਕ h ਨੂੰ ਪਲਾਂਕ ਨੇ ਗੁੰਝਲਦਾਰ ਤਰੀਕੇ ਰਾਹੀਂ ਪਹਿਲੀ ਵਾਰੀ ਵਰਤਿਆ ਸੀ।

ਸੰਨ 1905 ਵਿਚ ਆਇਨਸਟਾਈਨ ਨੇ ਫੋਟਾਨ ਦੀ ਧਾਰਨਾ ਦੀ ਪੁਸ਼ਟੀ ਕੀਤੀ। ਇਸ ਲਈ ਉਸ ਨੇ ਫੋਟੋ-ਬਿਜਲ-ਪ੍ਰਭਾਵ ਪੇਸ਼ ਕੀਤਾ। ਇਸ ਪ੍ਰਭਾਵ ਅਨੁਸਾਰ ਜਦ ਇਕ ਧਾਤੂ ਦੀ ਸਤ੍ਹਾ ਤੇ ਅਲਟ੍ਰਾ-ਵਾਇਲਿਟ ਪ੍ਰਕਾਸ਼ ਜਾਂ ਐੱਕਸ ਕਿਰਨਾਂ ਆਪਾਤੀ ਹੁੰਦੀਆਂ ਹਨ ਤਾਂ ਉਹ ਸਤ੍ਹਾ ਇਲੈੱਕਟ੍ਰਾਨ ਉਤਸਰਜਿਤ ਕਰਦੀ ਹੈ ਜਦ ਕਿ ਫੋਟਾਨਾਂ ਸੋਖਿਤ ਹੋ ਜਾਂਦਾ ਹੈ। ਇਸ ਉਤਸਰਜਨ ਲਈ ਫੋਟਾਨ ਊਰਜਾ ਕਿੰਨੀ ਹੋਣੀ ਚਾਹੀਦੀ ਹੈ। ਉਸ ਲਈ ਹਰ ਸਤ੍ਹਾ ਲਈ ਇਕ ਦਹਿਲੀਜ਼-ਆਵ੍ਰਿਤੀ ਹੁੰਦੀ ਹੈ। ਇਹ ਵੀ ਵੇਖਿਆ ਗਿਆ ਕਿ ਜੇਕਰ ਅਸੀਂ ਫੋਟਾਨਾਂ ਦੀ ਸੰਖਿਆ ਵਧਾ ਦੇਈਏ ਤਾਂ ਇਲੈੱਕਟ੍ਰਾਨਾਂ ਦੀ ਸੰਖਿਆ ਵਿਚ ਵਾਧਾ ਹੁੰਦਾ ਹੈ ਪਰ ਉਨ੍ਹਾਂ ਦੀ ਊਰਜਾ ਵਿਚ ਕੋਈ ਵਾਧਾ ਨਹੀਂ ਹੁੰਦਾ। ਇਸ ਪ੍ਰਭਾਵ ਦਾ ਪਰਿਖੇਤਰ ਫੋਟਾਨ ਦੀ ਊਰਜਾ ਵਧਣ ਨਾਲ ਬਹੁਤ ਜ਼ਿਆਦਾ ਘਟਦਾ ਹੈ ਤੇ 0.5 ਐਮ. ਈ. ਵੀ. ਤੋਂ ਬਾਅਦ ਤਾਂ ਬਹੁਤ ਹੀ ਘਟ ਜਾਂਦਾ ਹੈ। ਇਸ ਕੰਮ ਲਈ ਆਇਨਸਟਾਈਨ ਨੂੰ 1921 ਵਿਚ ਨੋਬਲ ਪੁਰਸਕਾਰ ਮਿਲਿਆ।

ਫੋਟੋ ਬਿਜਲ ਪ੍ਰਭਾਵ ਤੋਂ ਉਲਟ ਪ੍ਰਭਾਵ ਹੈ ਐੱਕਸ-ਕਿਰਨਾਂ ਦਾ ਉਤਪਾਦਨ। ਇਸ ਵਿਚ ਅਸੀਂ ਇਲੈੱਕਟ੍ਰਾਨਾਂ ਨੂੰ ਬਹੁਤ ਜ਼ਿਆਦਾ

ਪੁਟੈਂਸ਼ਲ-ਅੰਤਰ ਰਾਹੀਂ ਪ੍ਰਵੇਗਿਤ ਕਰਕੇ ਐਨੋਡ ਨਾਲ ਟਕਰਾਉਂਦੇ ਹਾਂ ਤਾਂ ਇਹ ਅਣੂਆਂ ਵਿਚ ਆਪਣੀ ਊਰਜਾ ਸ਼ੈ ਕਰ ਦਿੰਦੇ ਹਨ । ਇਸ ਕਾਰਨ ਅਣੂਆਂ ਵਿਚੋਂ ਕੁਝ ਐਕਸ-ਕਿਰਨਾਂ ਦਾ ਉਤਸਰਜਨ ਹੁੰਦਾ ਹੈ । ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਐੱਕਸ-ਕਿਰਨਾਂ ਫੋਟੌਨਾਂ ਦੀਆਂ ਹੀ ਬਣੀਆਂ ਹੋਈਆਂ ਹਨ ।

ਸੰਨ 1923 ਵਿਚ ਆਰਥਰ ਕੌਂਪਟਨ ਨੇ ਐੱਕਸ-ਕਿਰਨਾਂ ਦਾ ਗ੍ਰੈਫ਼ਾਈਟ ਉੱਤੇ ਖਿੰਡਾਉ ਕਰਕੇ ਵੇਖਿਆ ਕਿ ਕੁਝ ਫੋਟੌਨਾਂ ਦੀ ਊਰਜਾ ਬਦਲ ਜਾਂਦੀ ਹੈ ਅਤੇ ਕੁਝ ਦੀ ਨਹੀਂ । ਇਸ ਊਰਜਾ ਜਾਂ ਤਰੰਗ ਲੰਬਾਈ ਵਿਚ ਪਰਿਵਰਤਨ ਲਈ ਉਸ ਨੇ ਮੰਨਿਆ ਕਿ ਜਿਸ ਫੋਟੌਨ ਦਾ ਖਿੰਡਾਉ ਹੋ ਜਾਂਦਾ ਹੈ ਉਹ ਆਪਣੀ ਕੁਝ ਊਰਜਾ ਤੇ ਸੰਵੇਗ ਪਰਤਵੇਂ ਇਲੈੱਕਟ੍ਰਾਨ ਨੂੰ ਦੇ ਦਿੰਦਾ ਹੈ । ਇਸ ਨੂੰ ਅਸੀਂ ਕਾਂਪਟਨ ਪ੍ਰਭਾਵ ਆਖਦੇ ਹਾਂ ਤੇ ਇਸ ਪ੍ਰਭਾਵ ਦਾ ਪਰਿਖੇਤਰ ਵੀ 1.0 ਐਮ. ਈ. ਵੀ. ਤੇ 5.0 ਐਮ. ਈ. ਵੀ. ਵਿਚਕਾਰ ਮਹੱਤਵਪੂਰਨ ਹੁੰਦਾ ਹੈ ।

ਜਦੋਂ 1.02 ਐਮ. ਈ. ਵੀ ਤੋਂ ਜ਼ਿਆਦਾ ਊਰਜਾ ਵਾਲੇ ਫੋਟੌਨ ਕਿਸੇ ਧਾਤੂ ਤੇ ਆਪਾਤੀ ਹੁੰਦੇ ਹਨ ਤਾਂ ਇਹ ਵੇਖਣ ਵਿਚ ਆਉਂਦਾ ਹੈ ਕਿ ਇਕ ਇਲੈੱਕਟ੍ਰਾਨ-ਪਾਜ਼ਿਟ੍ਰਾਨ ਜੋੜਾ ਪੈਦਾ ਹੁੰਦਾ ਹੈ । ਇਸ ਨੂੰ ਅਸੀਂ ਯੁਗਮ ਉਤਪਤੀ ਪ੍ਰਭਾਵ ਆਖਦੇ ਹਨ । ਇਹ ਪ੍ਰਭਾਵ ਊਰਜਾ ਵਧਣ ਨਾਲ ਵਧਦਾ ਹੈ ਤੇ ਇਸ ਦੀ ਮਹੱਤਤਾ 5.0 ਐਮ. ਈ. ਵੀ. ਤੋਂ ਵਧ ਊਰਜਾ ਵਾਲੇ ਫੋਟੌਨਾਂ ਲਈ ਬਹੁਤ ਵਧ ਜਾਂਦੀ ਹੈ ।

**ਡੀਬ੍ਰੋਗਲੀ ਤਰੰਗਾਂ** : ਡੀਬ੍ਰੋਗਲੀ ਨੇ 1924 ਵਿਚ ਇਕ ਸੁਝਾਉ ਦਿਤਾ ਕਿ ਸ਼ਾਇਦ ਹੋਰ ਕਣਾਂ ਦਾ ਵੀ ਪ੍ਰਕਾਸ਼ ਦੀ ਤਰ੍ਹਾਂ ਦੋਗਲਾ ਸਰੂਪ $p=\frac{h}{\lambda}$ t ਹੋਵੇ । ਵਿਸ਼ੇਸ਼ ਤੌਰ ਤੇ ਉਸ ਨੇ ਇਹ ਮੰਨਿਆ ਕਿ ਇਲੈੱਕਟ੍ਰਾਨਾਂ ਨਾਲ ਵੀ ਤਰੰਗ ਲੰਬਾਈਆਂ ਸਬੰਧਤ ਹੁੰਦੀਆਂ ਹਨ ਅਤੇ ਇਸ ਤਰ੍ਹਾਂ ਤਰੰਗ ਲੰਬਾਈ 'λ' ਦਾ ਸੰਵੇਗ 'p' ਨਾਲ ਸਬੰਧ $p=n\lambda^{-1}$ ਹੈ । ਇਹ ਸਬੰਧ ਫੋਟੌਨਾਂ ਲਈ ਵੀ ਲਾਗੂ ਹੁੰਦਾ ।

ਜੇਕਰ ਇਕ ਇਲੈੱਕਟ੍ਰਾਨ ਨੂੰ V ਪੁਟੈਂਸ਼ਲ-ਅੰਤਰ ਰਾਹੀਂ ਪ੍ਰਵੇਗਿਤ ਕੀਤਾ ਜਾਵੇ ਤਾਂ ਇਸ ਦੀ ਤਰੰਗ ਲੰਬਾਈ $\lambda=\frac{h}{\sqrt{2mev}}$ ਹੋਵੇਗਾ ਜਿਥੇ ਇਲੈੱਕਟ੍ਰਾਨ ਦਾ ਪੁੰਜ ਅਤੇ e ਇਲੈੱਕਟ੍ਰਾਨੀ ਚਾਰਜ ਹੈ । ਜੇਕਰ V, 150 ਵੋਲਟ ਹੋਵੇ ਤਾਂ λ ਦਾ ਮੁਲ $10^{-10}$ ਮੀਟਰ ਹੋਵੇਗਾ ਤੇ ਇਹ ਮੁੱਲ ਐੱਕਸ-ਕਿਰਨ ਦੀ ਤਰੰਗ ਲੰਬਾਈ ਦੇ ਬਰਾਬਰ ਹੈ । ਇਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਜੇਕਰ ਪ੍ਰਵੇਗਿਤ ਇਲੈੱਕਟ੍ਰਾਨ ਕਿਰਨ-ਪੁੰਜ ਇਕ ਕ੍ਰਿਸਟਲ (ਰਵੇ) ਦੁਆਰਾ ਖਿੰਡਾਈ ਜਾਵੇ ਤਾਂ ਸਾਨੂੰ ਸਕਰੀਨ ਤੇ ਵਿਵਰਤਨ ਪੈਟਰਨ ਪ੍ਰਾਪਤ ਹੋਵੇਗਾ । ਇਹ ਪੈਟਰਨ ਕ੍ਰਿਸਟਲ ਵਿਚ ਤਰਤੀਬ ਨਾਲ ਲਗੇ ਪਰਮਾਣੂਆਂ ਕਾਰਨ ਹੁੰਦਾ ਹੈ । ਮੈਕਸ ਫੌਨ ਲਾਉ ਨੇ 1912 ਵਿਚ ਵੇਖਿਆ ਕਿ ਐੱਕਸ ਕਿਰਨਾਂ ਇਹੋ ਜਿਹਾ ਹੀ ਪੈਟਰਨ ਦਿੰਦੀਆਂ ਹਨ । ਸੰਨ 1927 ਵਿਚ ਇਲੈੱਕਟ੍ਰਾਨ ਵਿਵਰਤਨ-ਪੈਟਰਨ ਵੀ ਵੇਖਿਆ ਗਿਆ ਸੀ ।

ਉਸ ਤੋਂ ਬਾਅਦ ਡੀਬ੍ਰੋਗਲੀ ਨੇ ਇਹ ਵਿਚਾਰ ਹੋਰ ਕਣਾਂ ਤੇ ਲਗਾਏ ਅਤੇ ਪ੍ਰਯੋਗਾਂ ਦੁਆਰਾ ਵੀ ਵੇਖਿਆ । ਹੋਰ ਕਣਾਂ ਦਾ ਪੁੰਜ ਇਲੈੱਕਟ੍ਰਾਨ ਦੇ ਪੁੰਜ ਤੋਂ ਬਹੁਤ ਜ਼ਿਆਦਾ ਹੁੰਦਾ ਹੈ । ਇਸ ਲਈ ਇਨ੍ਹਾਂ ਕਣਾਂ ਦੀ ਤਰੰਗ ਲੰਬਾਈ ਹੋਰ ਵੀ ਘਟ ਹੋਵੇਗੀ ।

ਇਨ੍ਹਾਂ ਸਿੱਟਿਆਂ ਨੂੰ ਵੇਖਦੇ ਹੋਏ ਮਾਦੇ ਦੇ ਦੋਗਲੇ ਸਰੂਪ ਬਾਰੇ ਪੂਰੀ ਤਰ੍ਹਾਂ ਵਿਚਾਰ ਵਟਾਂਦਰਾ ਕਰਨ ਦੀ ਲੋੜ ਅਨੁਭਵ ਕੀਤੀ ਗਈ । ਇਸ ਸਮੱਸਿਆ ਦਾ ਹੱਲ ਹੀ ਕੁਆਂਟਮ ਮਕੈਨਿਕਸ ਦਾ ਮੁਢਲਾ ਮੰਤਵ ਹੈ ।

ਸੰਨ 1925-30 ਵਿਚ ਕੁਆਂਟਮ ਮਕੈਨਿਕਸ ਬਾਰੇ ਮੁੱਢਲੀਆਂ ਖੋਜਾਂ ਹੋਈਆਂ । ਕੁਆਂਟਮ ਮਕੈਨਿਕਸ ਦਾ ਵਿਸ਼ਲੇਸ਼ਣ ਜ਼ਿਆਦਾ ਗਿਣਤੀ ਹੈ । ਭੌਤਿਕ-ਵਿਗਿਆਨੀਆਂ ਨੇ ਨਿਊਟਨੀ ਨਿਸਚਿਤਤਾ ਦੇ ਨਿਯਮ ਨੂੰ ਛੱਡ ਕੇ ਮਾਦੇ ਦੇ ਤਰੰਗ ਪੱਖ ਨੂੰ ਲੈ ਕੇ ਤਰੰਗਾਂ ਦਾ ਨਿਸਚਿਤ ਰੂਪ ਵਿਚ ਸੰਚਾਰ ਦੀ ਧਾਰਨਾ ਕੀਤੀ । ਇਸ ਤਰ੍ਹਾਂ ਉਨ੍ਹਾਂ ਨੇ ਤਰੰਗਾਂ ਅਤੇ ਇਸ ਦੇ ਸੰਗਤ ਕਣਾਂ ਦੀਆਂ ਗਤੀਆਂ ਲਈ ਇਕ ਸੰਬੰਧ ਦਿੱਤਾ ਜਿਹੜਾ ਕਿ ਪੂਰਾ ਸ਼ੁੱਧ ਨਹੀਂ ਸੀ ।

ਤਰੰਗਾਂ ਸਾਨੂੰ ਦਸਦੀਆਂ ਹਨ ਕਿ ਇਕ ਚੀਜ਼ ਦੇ ਵਾਰ ਵਾਰ ਵਾਪਰਨ ਦੀ ਸੰਭਾਵਨਾ ਕਿੰਨੀ ਹੈ । ਇਹ ਅੰਸ਼ਿਕ ਅਨਿਸਚਿਤਤਾ ਸਿਧਾਂਤਕ ਭੌਤਿਕ-ਵਿਗਿਆਨ ਵਿਚ ਹੁਣ ਮੁਢਲੇ ਤੌਰ ਤੇ ਮੰਨੀ ਜਾ ਚੁੱਕੀ ਹੈ । ਇਹ ਅਨਿਸਚਿਤਤਾ ਜ਼ਿਆਦਾਤਰ ਕੋਪਨਹੇਗਨ ਸਕੂਲ ਨੇ ਮੰਨੀ ਤੇ ਆਇਨਸਟਾਈਨ ਨੇ ਇਸ ਦਾ ਵਿਰੋਧ ਕੀਤਾ । ਆਇਨਸਟਾਈਨ ਨੂੰ ਕੁਆਂਟਮ ਮਕੈਨਿਕਸ ਵਿਚ ਆਉਂਦੀ ਅਨਿਸਚਿਤਤਾ ਬਾਰੇ ਕੋਈ ਸੰਕੋਚ ਨਹੀਂ ਸੀ ਪਰ ਉਸ ਦਾ ਕਹਿਣਾ ਸੀ ਕਿ ਅਨਿਸਚਿਤਤਾ ਸਾਡੀ ਪੂਰੀ ਜਾਣਕਾਰੀ ਦੀ ਕਮੀ ਕਾਰਨ ਹੈ ਅਤੇ ਮਾਦੇ ਦਾ ਇਹ ਮੁਢਲਾ ਤੇ ਅੰਤਿਮ ਗੁਣ ਨਹੀਂ ਹੈ ਜਿਹੜਾ ਕਿ ਕੋਪਨਹੇਗਨ ਗਰੁਪ ਮੰਨਦਾ ਸੀ । ਇਸ ਤਰ੍ਹਾਂ ਆਇਨਸਟਾਈਨ ਗਰੁੱਪ ਚਾਹੁੰਦਾ ਹੈ ਕਿ ਸਾਨੂੰ ਆਪਣਾ ਗੁੰਝਲਦਾਰ ਵਿਸ਼ਲੇਸ਼ਣ ਹੋਰ ਧਿਆਨ ਤੇ ਮਿਹਨਤ ਨਾਲ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਪੂਰੀ ਨਿਸਚਿਤਤਾ ਵਲ ਜਾ ਸਕੀਏ । ਇਸ ਲਈ ਅਨਿਸਚਿਤਤਾ ਨੂੰ ਖ਼ਤਮ ਕਰਨ ਲਈ ਕਈ ਵਿਗਿਆਨੀ ਅਨੇਕਾਂ ਸਾਲਾਂ ਤੋਂ ਕੰਮ ਕਰ ਰਹੇ ਹਨ ਪਰ ਅਜੇ ਤਕ ਉਨ੍ਹਾਂ ਨੂੰ ਕੋਈ ਵਿਸ਼ੇਸ਼ ਸਫਲਤਾ ਨਹੀਂ ਮਿਲੀ ।

**ਬੋਹਰ ਦਾ ਪਰਮਾਣਵੀਂ ਸਪੈਕਟ੍ਰਮ ਦਾ ਸਿਧਾਂਤ**—ਜਦੋਂ ਨਿਮਨ ਦਬਾਉ ਉਤੇ ਗੈਸ ਡਿਸਚਾਰਜ ਵਿਚੋਂ ਉਤਸਰਜਿਤ ਪ੍ਰਕਾਸ਼ ਦਾ ਸਪੈੱਕਟ੍ਰੋਗ੍ਰਾਫ਼ ਰਾਹੀਂ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਕਈ ਰੇਖਾਵਾਂ ਵਿਖਾਈ ਦਿੰਦੀਆਂ ਹਨ । ਅਸੀਂ ਇਨ੍ਹਾਂ ਰੇਖਾਵਾਂ ਦੀਆਂ ਆਵ੍ਰਿਤੀਆਂ ਬਹੁਤ ਚੰਗੀ ਤਰ੍ਹਾਂ ਮਾਪ ਸਕਦੇ ਹਾਂ ਤੇ ਸਾਰੇ ਚਿਤਰਨ ਨੂੰ ਅਸੀਂ ਸਪੈਕਟ੍ਰਮ ਆਖਦੇ ਹਾਂ ।

ਪ੍ਰਯੋਗਿਕ ਤੌਰ ਤੇ ਪਰਮਾਣਵੀਂ ਸਪੈੱਕਟ੍ਰਮਾਂ ਦਾ ਅਧਿਐਨ 1860 ਵਿਚ ਸ਼ੁਰੂ ਹੋਇਆ ਸੀ ਪਰ ਇਨ੍ਹਾਂ ਦਾ ਸਫ਼ਲਤਾ ਪੂਰਵਕ ਸਿਧਾਂਤਕ ਵਿਸ਼ਲੇਸ਼ਣ 1913 ਵਿਚ ਪਹਿਲੀ ਬਾਰ ਬੋਹਰ ਨੇ ਕੀਤਾ । ਬੋਹਰ ਨੇ ਆਇਨਸਟਾਈਨ ਦੇ ਵਿਚਾਰ, ਕਿ ਪ੍ਰਕਾਸ਼ ਫੋਟੌਨਾਂ ਵਿਚ ਉਤਸਰਜਿਤ ਜਾਂ ਸੋਖਿਤ ਹੁੰਦਾ ਹੈ, ਦੀ ਵਰਤੋਂ ਕੀਤੀ । ਉਸ ਨੇ ਇਹ ਧਾਰਨਾ ਕੀਤੀ ਕਿ ਪਰਮਾਣੂ ਡਿਸਕ੍ਰੀਟ ਊਰਜਾ ਲੈਵਲਾਂ ਵਿਚ ਰਹਿ ਸਕਦੇ ਹਨ ਤੇ ਲੈਵਲਾਂ ਦੀ ਗਿਣਤੀ ਪਰਮਾਣਵੀਂ ਨੰਬਰ z ਤੇ ਨਿਰਭਰ ਕਰਦੀ ਹੈ । ਉਸ ਨੇ ਇਹ ਵੀ ਮੰਨਿਆ ਕਿ ਜਦੋਂ ਪਰਮਾਣੂ ਉੱਚ ਊਰਜਾ ਵਾਲੇ ਲੈਵਲ ਤੋਂ ਘਟ ਊਰਜਾ ਵਾਲੇ ਲੈਵਲ ਉਪਰ ਆਉਂਦਾ ਹੈ ਤਾਂ ਇਹ ਫੋਟੌਨਾਂ ਵਿਚ ਊਰਜਾ ਛੱਡਦਾ ਹੈ । ਇਸੇ ਤਰ੍ਹਾਂ ਜਦ ਪਰਮਾਣੂ ਘਟ ਊਰਜਾ ਲੈਵਲ ਤੋਂ ਵਧ ਊਰਜਾ ਲੈਵਲ ਤੇ ਜਾਂਦਾ ਹੈ ਤਾਂ ਇਹ ਊਰਜਾ ਸੋਖਿਤ ਕਰਦਾ ਹੈ । ਇਸ ਤਰ੍ਹਾਂ ਸਾਨੂੰ ਉਤਸਰਜਿਤ ਅਤੇ ਸੋਖਿਤ ਰੇਖਾਵਾਂ ਪ੍ਰਾਪਤ ਹੁੰਦੀਆਂ ਹਨ ।

ਬੋਹਰ ਨੇ ਇਹ ਵੀ ਮੰਨਿਆ ਕਿ ਹਾਈਡ੍ਰੋਜਨ ਐਟਮ ਦੇ ਮਾਡਲ ਵਿਚ ਇਕ ਇਲੈੱਕਟ੍ਰਾਨ ਇਕ ਪ੍ਰੋਟੌਨ ਦੁਆਲੇ ਗੋਲਾਕਾਰ ਚੱਕਰਾਂ ਵਿਚ ਘੁੰਮਦਾ ਹੈ । ਇਸ ਤੋਂ ਇਲਾਵਾ ਬੋਹਰ ਨੇ ਕੁਆਂਟੀਕਰਨ ਦੀ ਧਾਰਨਾ ਦੀ ਵਰਤੋਂ ਕਰਕੇ ਡਿਸਕ੍ਰੀਟ ਲੈਵਲਾਂ ਨੂੰ ਚੁਣਿਆ, ਕਿਉਂਕਿ ਰੇਖੀ ਸਪੈੱਕਟ੍ਰਮ ਦੇ ਸਮਝਣ ਵਿਚ ਜ਼ਰੂਰਤ ਸੀ । ਉਸ ਨੇ ਗੋਲਾਕਾਰ ਪੱਥ ਵਿਚ ਚਲ ਰਹੇ ਇਲੈੱਕਟ੍ਰਾਨ ਦਾ ਕੋਈ ਸੰਵੇਗ $k\left(\frac{h}{2\pi}\right)$ ਦੇ ਸ਼ਬਦਾਂ ਵਿਚ ਲਿਖਿਆ । k ਇਕ ਪੂਰਨ-ਅੰਕ ਹੈ ਜਿਸ ਨੂੰ ਐਜ਼ੀਮਥਲ ਕੁਆਂਟਮ-ਅੰਕ ਕਿਹਾ ਜਾਂਦਾ ਹੈ । ਜੇਕਰ ਗੋਲਾਕਾਰ ਪੱਥਾਂ ਦੀ ਬਜਾਇ ਕਿਸੇ ਹੋਰ ਪੱਥ ਬਾਰੇ ਸੋਚੀਏ ਤਾਂ ਕੋਣੀ ਸੰਵੇਗ ਦੀ ਸਮੀਕਰਨ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ । ਉਸ ਨੇ ਇਕ ਪੂਰਨ-ਅੰਕ n, ਜਿਸ ਨੂੰ ਅਸੀਂ ਮੁਖ

ਕੁਆਂਟਮ ਨੰਬਰ ਆਖਦੇ ਹਾਂ, ਦੀ ਵੀ ਵਰਤੋਂ ਕੀਤੀ। ਕਿਉਂ ਜੋ ਹਰੇਕ ਕੁਆਂਟਮ-ਲੈਵਲ ਨੂੰ ਅੰਕਿਤ ਕਰਨ ਲਈ ਸਾਨੂੰ ਕੁਆਂਟਮ ਨੰਬਰਾਂ ਦੀ ਜ਼ਰੂਰਤ ਪੈਂਦੀ ਹੈ, ਇਹ ਕੁਆਂਟਮ ਨੰਬਰ ਕਈ ਵਾਰ ਅੱਧ ਬਿਖਮ ਪੂਰਨ-ਅੰਕ ਹੋ ਸਕਦੇ ਹਨ।

ਹਾਈਡ੍ਰੋਜਨ ਦੇ ਉਤਸਰਜਿਤ ਜਾਂ ਪ੍ਰਤੱਖ ਸਪੈੱਕਟ੍ਰਮ ਦੇ ਜ਼ਰੂਰੀ ਅੰਸ਼, ਬਾਮਰ ਨੇ 1885 ਵਿਚ ਹੇਠ ਲਿਖੀ ਅਨੁਭਵਿਕ ਸਮੀਕਰਨ ਨਾਲ ਦਸੇ :—

$$\lambda_{n_0}^{-1} = R\left(\frac{1}{n_1^2} - \frac{1}{n_0^2}\right)$$

ਜਿਥੇ R ਰਿਡਬਰਗ ਸਥਿਰ-ਅੰਕ ਹੈ ਤੇ ਇਸ ਦਾ ਮੁਲ 109677 ਤਰੰਗਾਂ ਪ੍ਰਤਿ ਸਮ ਹੈ n ਦਾ ਮੁਲ 3, 4, 5...ਕੋਈ ਵੀ ਹੋ ਸਕਦਾ ਹੈ। n ਉਤਰਸਰਜਿਤ ਰੇਖਾ ਦੀ ਤਰੰਗ ਲੰਬਾਈ ਹੈ ਜਦੋਂ ਐਟਮ ਲੈਵਲ n ਤੋਂ ਦੂਜੀ ਲੈਵਲ ਤੇ ਆਉਂਦਾ ਹੈ। ਬੋਹਰ ਦੇ ਸਿਧਾਂਤ ਤੋਂ ਸਾਨੂੰ ਜੋ ਵਿਆਪਕ ਫਾਰਮੂਲਾ ਪ੍ਰਾਪਤ ਹੁੰਦਾ ਹੈ, ਇਹ ਹੈ :—

$$\lambda_{n_2}^{-1} = R\left(\frac{1}{n_1^2} - \frac{1}{n_2^2}\right)$$

ਜਿਥੇ $n_2$ ਦਾ ਮੂਲ $n_1$ ਤੋਂ ਜ਼ਿਆਦਾ ਹੁੰਦਾ ਹੈ ਤੇ $n_1$ ਦਾ ਮੁਲ 1, 2, 3, 4, 5 ਵਿਚੋਂ ਕੋਈ ਇਕ ਹੋ ਸਕਦਾ ਹੈ ਤੇ $n_2$ ਦੇ ਮੁਲ ਅਨੰਤ ਤਕ ਹੋ ਸਕਦੇ ਹਨ। ਜੇਕਰ $n_1=1$ ਹੋਵੇ ਤਾਂ ਐਟਮ $n_2=2$ ਜਾਂ $n_2$ ਦੇ ਹੋਰ ਜ਼ਿਆਦਾ ਮੁੱਲਾਂ ਵਾਲੇ ਲੈਵਲਾਂ ਤੋਂ $n_2=1$ ਲੈਵਲ ਤੇ ਆ ਸਕਦਾ ਹੈ ਤੇ ਇਸ ਲੜੀ ਨੂੰ ਲਾਈਮਨ ਲੜੀ ਆਖਦੇ ਹਨ। ਜੇਕਰ $n_1=2$ ਹੋਵੇ ਤਾਂ ਜਿਵੇਂ ਉਪਰ ਦਸਿਆ ਹੈ ਸਾਨੂੰ ਬਾਮਰ ਲੜੀ ਪ੍ਰਾਪਤ ਹੁੰਦੀ ਹੈ। ਇਸੇ ਤਰ੍ਹਾਂ $n_1=3$ ਲਈ ਪਾਸਚਨ ਲੜੀ, $n_1=4$ ਲਈ ਬਰੈਕਟ ਲੜੀ ਤੇ $n_1=5$ ਲਈ ਫੰਡ ਲੜੀ ਮਿਲਦੀ ਹੈ। ਬੋਹਰ ਤੋਂ ਬਾਅਦ ਇਹ ਸਭ ਲੜੀਆਂ ਪ੍ਰਯੋਗਾਂ ਵਿਚ ਮਿਲ ਚੁੱਕੀਆਂ ਹਨ। ਆਮ ਹਾਲਤਾਂ ਵਿਚ ਸਾਰੇ ਐਟਮ ਨਾਰਮਲ ਲੈਵਲ ਜਾਂ ਨਿਮਨ ਲੈਵਲ ਤੇ ਹੁੰਦੇ ਹਨ ਤਾਂ ਊਰਜਾ ਦਾ ਵਿਕੀਰਨ ਨਹੀਂ ਹੁੰਦਾ। ਆਮ ਤੌਰ ਤੇ ਗੈਸ ਦੁਆਰਾ ਊਰਜਾ ਉਤਸਰਜਿਤ ਕਰਾਉਣ ਲਈ ਸਾਨੂੰ ਐਟਮ ਉਤੇਜਿਤ ਕਰਨੇ ਪੈਂਦੇ ਹਨ (ਇਹ ਉਤੇਜਨਾ ਅਸੀਂ ਇਲੈੱਕਟ੍ਰਾਨਾਂ ਨੂੰ ਪ੍ਰਵੇਗਿਤ ਕਰਕੇ ਗੈਸ ਦੇ ਐਟਮਾਂ ਤੇ ਟਕਰਾਉਣ ਨਾਲ ਪ੍ਰਾਪਤ ਕਰਦੇ ਹਾਂ)। ਇਹ ਸਾਰੇ ਪ੍ਰਯੋਗ ਬੋਹਰ ਦੇ ਸਿਧਾਂਤ ਨੂੰ ਸਿੱਧ ਕਰਨ ਵਿਚ ਬਹੁਤ ਉਪਯੋਗੀ ਸਿੱਧ ਹੋਏ। ਬੋਹਰ ਦਾ ਸਿਧਾਂਤ ਪਰਮਾਣਵੀਂ ਤੱਤਾਂ ਲਈ ਸਹੀ ਸਿੱਧ ਹੋਇਆ।

**ਸ਼੍ਰੋਡਿੰਗਰ ਦੀ ਤਰੰਗ ਮਕੈਨਿਕਸ**—ਸ਼੍ਰੋਡਿੰਗਰ ਨੇ ਡੀਬ੍ਰੋਗਲੀ ਤਰੰਗਾਂ ਲਈ ਤਰੰਗ ਫੰਕਸ਼ਨ $\psi$ (x, y, z, t) ਦੀ ਧਾਰਨਾ ਦਿਤੀ। ਇਹ ਫੰਕਸ਼ਨ ਸਥਿਤੀ ਅਤੇ ਸਮੇਂ ਨਾਲ ਬਦਲਦਾ ਰਹਿੰਦਾ ਹੈ ਤੇ ਗਤੀਸ਼ੀਲ-ਕਣ ਦੀ ਬਦਲਦੀ ਸਥਿਤੀ ਤੇ ਨਿਰਭਰ ਕਰਦਾ ਹੈ। ਉਸ ਤੋਂ ਬਾਅਦ ਇਸ ਨੇ ਇਸ ਫੰਕਸ਼ਨ $\psi$ ਲਈ ਇਕ ਅੰਸ਼ਿਕ ਡੈਰੀਵੇਟਿਵ ਸਮੀਕਰਨ ਦੀ ਧਾਰਨਾ ਦਿੱਤੀ। ਇਹ ਸਭ ਕੁਝ ਉਨੀਵੀਂ ਸਦੀ ਵਿਚ ਤਰੰਗ ਗਤੀ ਤੇ ਹੋਏ ਕੰਮ ਅਤੇ ਪ੍ਰਕਾਸ਼ ਲਈ ਕੀਤੇ ਗਏ ਕੰਮ ਦੇ ਵੀ ਅਨੁਸਾਰੀ ਸੀ। ਜਿਵੇਂ ਅਸੀਂ ਜਾਣਦੇ ਹਾਂ ਕਿ ਪਹਿਲਾਂ ਪਹਿਲ ਇਹ ਮੰਨਿਆ ਜਾਂਦਾ ਸੀ ਕਿ ਪ੍ਰਕਾਸ਼ ਸਿੱਧੀਆਂ ਰੇਖਾਵਾਂ ਵਿਚ ਚਲਦਾ ਹੈ ਪ੍ਰੰਤੂ ਤਰੰਗ-ਸਿਧਾਂਤ ਨਾਲ ਸਾਨੂੰ ਪ੍ਰਕਾਸ਼ ਦੀ ਵੰਡ ਬਾਰੇ ਜ਼ਿਆਦਾ ਚੰਗੀ ਤਰ੍ਹਾਂ ਪਤਾ ਲਗਦਾ ਹੈ। ਇਸ ਤਰ੍ਹਾਂ ਸ਼੍ਰੋਡਿੰਗਰ ਨੇ ਮੰਨਿਆ ਕਿ ਨਿਊਟਨੀ ਸਮੀਕਰਨਾਂ ਗਤੀ ਬਾਰੇ ਜੁਮੈਟਰੱਟੀ ਪ੍ਰਕਾਸ਼ ਵਿਗਿਆਨ ਵਾਂਗ ਨਿਕਟੀਕਰਨ ਹੀ ਦਸਦੀਆਂ ਹਨ ਤੇ ਤਰੰਗ ਚਿਤਰਨ ਕਣ ਦੀ ਗਤੀ ਬਾਰੇ ਜ਼ਿਆਦਾ ਚੰਗੀ ਤਰ੍ਹਾਂ ਦਸੇਗਾ।

ਉਸ ਵੇਲੇ ਤਕ ਜਿੰਨੀ ਵੀ ਤਰੰਗ ਸਿਧਾਂਤ ਪ੍ਰਚਲਤ ਸੀ ਉਸ ਵਿਚ ਇਹ ਮੰਨਦੇ ਸਾਂ ਕਿ ਮਾਧਿਅਮ ਸਮਅੰਗੀ ਹੁੰਦਾ ਹੈ ਤੇ ਇਸ ਮਾਧਿਅਮ ਵਿਚ ਹਰੇਕ ਬਿੰਦੂ ਉਤੇ ਇਕੋ ਹੀ ਰਹਿੰਦੀ ਹੈ। ਤਰੰਗ ਲੰਬਾਈ ਵਿਚ ਪਰਿਵਰਤਨ ਉਦੋਂ ਹੀ ਆਉਂਦਾ ਹੈ, ਜਦੋਂ ਅਸੀਂ ਇਕ ਮਾਧਿਅਮ ਤੋਂ ਦੂਜੇ ਅਧਿਅਨ ਵਿਚ ਜਾਂਦੇ ਹਾਂ। ਪਰ ਜਦੋਂ ਕਣ ਦੀ ਗਤੀ ਦਾ ਕਲਾਸੀਕਲ ਸਮੀਕਰਨਾਂ ਨਾਲ ਅਧਿਐਨ ਕਰਦੇ ਹਾਂ ਤਾਂ ਇਸ ਦਾ ਸੰਵੇਗ ਸਦਾ ਹੀ ਬਦਲਦਾ ਰਹਿੰਦਾ ਹੈ ਤੇ ਇਸ ਤਰ੍ਹਾਂ ਇਸ ਕਣ ਦੀ ਡੀਬ੍ਰੋਗਲੀ ਤਰੰਗ ਲੰਬਾਈ ਵੀ ਸਥਿਤੀ ਨਾਲ ਬਦਲਦੀ ਰਹੇਗੀ। ਇਸੇ ਲਈ ਅਜਿਹੀਆਂ ਤਰੰਗਾਂ ਦਾ ਸੰਚਾਰ ਪ੍ਰਕਾਸ਼ ਤੇ ਧੁਨੀ ਤਰੰਗਾਂ ਤੋਂ ਜ਼ਿਆਦਾ ਗੁੰਝਲਦਾਰ ਹੋ ਜਾਂਦਾ ਹੈ।

ਇਕਹਿਰੇ ਕਣ ਦੀ ਸਾਰੀ ਊਰਜਾ W ਗਤਿਜ ਊਰਜਾ $\frac{p^2}{2m}$ ਤੇ ਸਥਿਤਿਜ ਊਰਜਾ v(x, y, z) ਦਾ ਜੋੜ ਹੁੰਦੀ ਹੈ ਜਾਂ ਅਸੀਂ ਲਿਖ ਸਕਦੇ ਹਾਂ ਕਿ

$$W = \frac{p^2}{2m} + v\,(x, y, z)$$

ਜਿਥੇ (x, y, z) ਕਣ ਦੀ ਸਥਿਤੀ ਦੇ ਨਿਰਦੇਸ਼-ਅੰਕ ਹਨ। ਇਸ ਸਿੱਟੇ ਨੂੰ ਅਸੀਂ ਸ਼੍ਰੋਡਿੰਗਰ ਸਮੀਕਰਨ ਆਖਦੇ ਹਾਂ ਤੇ ਇਸ ਦਾ ਹੇਠ ਲਿਖਿਆ ਰੂਪ ਹੈ :—

$$\frac{-\left(\frac{h}{2\pi}\right)^2}{2m}\left(\frac{\partial^2\psi}{\partial x^2} + \frac{\partial^2\psi}{\partial y^2} + \frac{\partial^2\psi}{\partial z^2}\right) + V\psi = W\psi$$

ਇਸ ਸਮੀਕਰਨ ਦਾ ਪੂਰਨ ਵਿਸ਼ਲੇਸ਼ਣ ਤਾਂ ਬਹੁਤ ਕਠਿਨ ਹੋਵੇਗਾ ਪ੍ਰੰਤੂ ਇਥੇ ਇਹ ਦਸਣਾ ਹੀ ਕਾਫ਼ੀ ਹੈ ਕਿ W ਦੀਆਂ ਡਿਸਕ੍ਰੀਟ ਕੀਮਤਾਂ ਲਈ V ਦੇ ਸਾਪੇਖੀ ਇਸ ਸਮੀਕਰਨ ਨੂੰ ਹਲ ਕੀਤਾ ਜਾ ਸਕਦਾ ਹੈ। ਇਹ ਉਸ ਥਾਂ ਤੇ ਹੁੰਦਾ ਹੈ ਜਿਥੇ V ਦਾ ਮੁਲ ਨਿਸ਼ਚਿਤ ਅਤੇ W ਤੋਂ ਘੱਟ ਹੁੰਦਾ ਹੈ। ਅਜਿਹੀ ਸਥਿਤੀ ਵਿਚ $\psi$ ਦੀ ਕੀਮਤ ਡੋਲਦੀ ਹੈ। ਸ਼੍ਰੋਡਿੰਗਰ ਨੇ ਇਹ ਧਾਰਨਾ ਕੀਤੀ ਕਿ ਇਸ ਤਰ੍ਹਾਂ ਸਾਨੂੰ ਕੁਝ ਪ੍ਰਵਾਨਿਤ ਊਰਜਾ ਲੈਵਲ ਪ੍ਰਾਪਤ ਹੁੰਦੇ ਹਨ ਤੇ ਤਰੰਗ ਫੰਕਸ਼ਨ $\psi$ ਕੁਝ ਇਨ੍ਹਾਂ ਵਿਚੋਂ ਕਿਸੇ ਇਕ ਲੈਵਲ ਤੇ ਹੋ ਸਕਦਾ ਹੈ ਤੇ ਇਸ ਤਰ੍ਹਾਂ ਕਣ ਦੀ ਆਰਬਿਟਲ ਗਤੀ ਦੀ ਨਵੀਂ ਤਰੰਗ ਮਕੈਨਿਕੀ ਵਿਆਖਿਆ ਮਿਲਦੀ ਹੈ। ਇਸ ਤਰ੍ਹਾਂ ਇਹ ਵਿਆਖਿਆ ਬੋਹਰ ਦੇ ਨਿਯਮ ਤੋਂ ਅੱਗੇ ਵਧ ਜਾਂਦੀ ਹੈ। ਬੋਹਰ ਦਾ ਨਿਯਮ ਸਿਰਫ ਇਤਹਾਸਕ ਮਹੱਤਤਾ ਦਾ ਹੀ ਰਹਿ ਜਾਂਦਾ ਹੈ।

ਹਾਈਡ੍ਰੋਜਨ ਐਟਮ ਲਈ $V(\gamma)=\frac{ze^2}{r}$ ਹੁੰਦਾ ਹੈ। ਜੇਕਰ ਇਸ ਮੁੱਲ ਲਈ ਤੇ ਬੋਹਰ ਦੀ ਸਾਰੀ ਊਰਜਾ W ਲਈ, ਸ਼੍ਰੋਡਿੰਗਰ ਸਮੀਕਰਨ ਨੂੰ ਹੱਲ ਕਰੀਏ ਤਾਂ ਸਾਨੂੰ ਤਿੰਨ ਕੁਆਂਟਮ ਅੰਕਾਂ (n, $l$, m) ਦੀ ਵਰਤੋਂ ਕਰਨੀ ਪੈਂਦੀ ਹੈ। ਇਨ੍ਹਾਂ ਵਿਚੋਂ n ਇਕ ਪੂਰਨ ਕੁਆਂਟਮ-ਅੰਕ ਹੈ ਤੇ $l$ ਕਿਸੇ ਸਟੇਟ ਦਾ ਪਰਿਣਾਮੀ ਆਰਬਿਟਲ ਕੋਣੀ ਸੰਵੇਗ ਮਾਪਦਾ ਹੈ ਤੇ ਇਹ ਸੰਵੇਗ $\frac{h}{2\pi}$ ਦੀਆਂ ਇਕਾਈਆਂ ਵਿਚ ਮਾਪਿਆ ਜਾਂਦਾ ਹੈ। ਕੁਆਂਟਮ ਨੰਬਰ m ਇਹੋ ਇਕਾਈਆਂ ਵਿਚ ਕੋਣੀ ਸੰਵੇਗ ਦੇ $z$—ਘਟਕ ਨੂੰ ਮਾਪਦਾ ਹੈ।

ਸ਼੍ਰੋਡਿੰਗਰ ਨੇ ਪਹਿਲਾਂ ਇਹ ਮੰਨਿਆ ਹੈ ਕਿ ਇਲੈੱਕਟ੍ਰਾਨ ਖਿਲਰਿਆ ਹੋਇਆ ਹੈ ਤੇ ($\psi^2$) ਕਿਸੇ ਥਾਂ ਤੇ ਇਸ ਦੀ ਅੰਸ਼ਿਕ ਘਣਤਾ ਬਾਰੇ ਦਸਦਾ ਹੈ। ਪ੍ਰੰਤੂ ਮੈਕਸ ਬੋਰਨ ਨੇ ਇਸ ਵਿਚਾਰ ਨੂੰ ਗ਼ਲਤ ਦਸਿਆ ਤੇ ਉਸ ਨੇ ਅਜੋਕੀ ਵਿਆਖਿਆ ਦਿਤੀ। ਉਸ ਅਨੁਸਾਰ ($\psi^2$) ਇਕ ਇਕਾਈ ਆਇਤਨ ਵਿਚ ਇਕ ਇਲੈੱਕਟ੍ਰਾਨ ਦੇ ਲੱਭਣ ਦੀ ਸੰਭਾਵਨਾ ਹੈ। ਇਸ ਦੇ ਅਨੁਸਾਰ ਇਲੈੱਕਟ੍ਰਾਨ ਹਾਲੇ

ਇਕ ਛੋਟਾ ਜਿਹਾ ਚਾਰਜ ਹੈ ਤੇ ਉਸ ਖੇਤਰ ਦੇ ਮੁਕਾਬਲੇ ਵਿਚ ਬਹੁਤ ਛੋਟਾ ਹੈ ਜਿਸ ਵਿਚ ਅਸੀਂ ਸੰਭਾਵਨਾ ਲਭਦੇ ਹਾਂ। ਹੁਣ ਸੰਭਾਵਨਾ ਸ਼ਬਦਾਂ ਵਿਚ ਵਿਆਖਿਆ ਕਰਨ ਨਾਲ ਅਸੀਂ ψ ਨੂੰ ਸੰਭਾਵਨਾ ਐਮਪਲੀਟਿਊਡ ਆਮ ਆਖਦੇ ਹਾਂ। ਹੁਨ ਕਿਉਂਕਿ ($\psi^2$), θ ਤੇ ϕ ਕੋਣਾਂ ਤੇ ਨਿਰਭਰ ਕਰਦਾ ਹੈ, ਇਸ ਲਈ ਹਾਈਡ੍ਰੋਜਨ ਦੀ ਤਰ੍ਹਾਂ ਦੇ ਐਟਮਾਂ ਦੀ $l=0$ ਸਟੇਟ ਲਈ ਇਲੈੱਕਟ੍ਰਾਨ ਦੀ ਕਿਸੇ ਇਕ ਥਾਂ ਤੇ ਹੋਣ ਦੀ ਸੰਭਾਵਨਾ ਇਕੋ ਜਿੰਨੀ ਹੈ। $l$ ਦੇ ਹੋਰ ਮੁੱਲਾਂ ਲਈ ਇਹ ਪ੍ਰਤੱਖ ਕਰਨਾ ਤੇ ਹੀ ਬਹੁਤ ਕਠਿਨ ਹੋਵੇਗੀ।

ਸੰਨ 1925 ਵਿਚ ਸਾਨੂੰ ਇਹ ਵੀ ਪਤਾ ਲੱਗਾ ਕਿ ਇਲੈੱਕਟ੍ਰਾਨ ਦੀ ਗਤੀ ਦੀ ਵਿਆਖਿਆ ਕਰਨ ਲਈ ਸਾਨੂੰ ਸਪਿੰਨ ਕੋਆਰਡੀਨੇਟ ਦੀ ਲੋੜ ਪੈਂਦੀ ਹੈ। ਇਸ ਨੂੰ ਸਮਝਣ ਲਈ ਇਹ ਮੰਨਿਆ ਗਿਆ ਸੀ ਕਿ ਇਲੈੱਕਟ੍ਰਾਨ ਆਪਣੇ ਧੁਰੇ ਦੁਆਲੇ ਘੁੰਮਦਾ ਹੈ ਇਸ ਦਾ ਸਪਿੰਨ ਕੋਣੀ ਸੰਵੇਗ $\frac{1}{2}(h/2\pi)$ ਦੇ ਬਰਾਬਰ ਹੁੰਦਾ ਹੈ। ਇਹ ਕੋਣੀ ਸੰਵੇਗ ਪੁਲਾੜ ਦੀ ਕਿਸੇ ਵੀ ਦਿਸ਼ਾ ਦੇ ਸਮਾਂਤਰ ਜਾਂ ਪ੍ਰਤਿ ਸਮਾਂਤਰ ਹੋ ਸਕਦਾ ਹੈ। ਇਸੇ ਕਾਰਨ ਇਕ ਚੌਥੇ ਕੁਆਂਟਮ ਨੰਬਰ ਦੀ ਵਰਤੋਂ ਕੀਤੀ ਗਈ ਤੇ ਇਸ ਦੇ ਸਿਰਫ ਦੋ ਹੀ ਮੁੱਲ ($\pm\frac{1}{2}$) ਹੋ ਸਕਦੇ ਹਨ। ਇਸ ਤਰ੍ਹਾਂ ਕਿਸੇ ਇਕ $nl$ ਮੁੱਲ ਲਈ ਕੁਲ ਵੱਖ ਕੁਆਂਟਮ ਸਟੇਟਾਂ $2(2l+1)$ ਹੋਣਗੀਆਂ।

ਇਕ N ਇਲੈੱਕਟ੍ਰਾਨ ਵਾਲੇ ਐਟਮ ਲਈ ਸਾਨੂੰ 3N ਸਥਿਤੀ ਕੋਆਰਡੀਨੇਟ ਤੇ N ਸਪਿੰਨ ਕੋਆਰਡੀਨੇਟ ਚਾਹੀਦੇ ਹਨ। ਹੁਣ ਸਥਿਤਿਜ ਊਰਜਾ V, 3N ਸਥਿਤੀ ਕੋਆਰਡੀਨੇਟਾਂ ਦਾ ਫੰਕਸ਼ਨ ਹੋ ਜਾਂਦੀ ਹੈ ਗਤਿਜ ਊਰਜਾ ਲਈ ਸਾਨੂੰ N ਦੀਆਂ ਅੱਡ ਅੱਡ N ਪਦਾਂ ਲਿਖਣੀਆਂ ਪੈਂਦੀਆਂ ਗੀਆਂ। ਇਹ ਸਪਸ਼ਟ ਹੈ ਕਿ ਇਹ ਪਰਿਣਾਮੀ ਸਮੀਕਰਨ ਬਹੁਤ ਗੁੰਝਲਦਾਰ ਹੋਵੇਗੀ ਤੇ ਅਜੇ ਤਕ $N=2$ ਲਈ ਇਸ ਸਮੀਕਰਨ ਦਾ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ। ਇਸ ਲਈ ਅਜੇ ਤਕ ਕੁਆਂਟਮ ਮਕੈਨਿਕਸ ਵਿਚ ਮੁਖ ਕੰਮ ਨਿਕਟੀਕਰਨ ਵਿਧੀਆਂ ਲਭਣ ਵਿਚ ਹੀ ਰਿਹਾ ਹੈ। ਆਮ ਤੌਰ ਤੇ ਚੰਗੇ ਤੋਂ ਚੰਗਾ ਨਿਕਟੀਕਰਨ ਵਰਤ ਕੇ ਅਸੀਂ ਊਰਜਾ ਲੈਵਲ ਪ੍ਰਾਪਤ ਕਰ ਸਕਦੇ ਹਾਂ ਤੇ ਉਨ੍ਹਾਂ ਸਿੱਟਿਆਂ ਦੀ ਪ੍ਰਯੋਗਾਂ ਨਾਲ ਤੁਲਨਾ ਕਰ ਸਕਦੇ ਹਾਂ। ਐਟਮੀ ਬਣਤਰ ਦਾ ਸਾਰਾ ਸਿਧਾਂਤ ਵੀ ਇਹੋ ਜਿਹੀਆਂ ਵਿਧੀਆਂ ਤੇ ਅਧਾਰਿਤ ਹੈ। ਇਨ੍ਹਾਂ ਵਿਧੀਆਂ ਨੂੰ ਅਸੀਂ 'ਪਰਟਰ-ਬੇਸ਼ਨ' ਵਿਧੀਆਂ ਆਖਦੇ ਹਾਂ। ਅੱਜ ਕਲ੍ਹ ਕੁਆਂਟਮ ਮਕੈਨਿਕਸ ਮੁਢਲਾ ਮੰਤਵ ਬਹੁ-ਪਿੰਡਾਂ ਦੀ ਸਮੱਸਿਆ ਦਾ ਹਲ ਹੈ।

**ਪੌਲੀ ਦਾ ਵਰਜਨ ਨਿਯਮ**—ਸੰਨ 1924 ਵਿਚ ਆਸਟ੍ਰੀਆ ਦੇ ਇਕ ਭੌਤਿਕ-ਵਿਗਿਆਨੀ ਵੋਲਫਗੈਂਗ ਪੌਲੀ ਨੇ ਇਕ ਨਿਯਮ ਦਿੱਤਾ, ਜਿਸ ਅਨੁਸਾਰ ਸਾਨੂੰ ਨਿਊਕਲੀਅਸ ਦੁਆਲੇ ਇਲੈੱਕਟ੍ਰਾਨਾਂ ਦੀ ਗਿਣਤੀ ਦਾ ਪਤਾ ਲਗਦਾ ਹੈ। ਪਹਿਲਾਂ ਪਹਿਲ ਇਹ ਅਨੁਭਵਿਕ ਨਿਯਮ ਹੀ ਮੰਨਿਆ ਗਿਆ ਸੀ ਪਰ ਬਾਅਦ ਵਿਚ ਇਸ ਦਾ ਅਧਾਰ ਕੁਆਂਟਮ ਮਕੈਨਿਕਸ ਵਿਚ ਮਿਲ ਗਿਆ ਸੀ। ਜਿਸ ਨਿਯਮ ਅਨੁਸਾਰ ਦੋ ਇਲੈੱਕਟ੍ਰਾਨਾਂ ਦੇ ਸਾਰੇ ਚਾਰ ਕੁਆਂਟਮ ਨੰਬਰ ਇਕੋ ਜਿਹੇ ਨਹੀਂ ਹੋ ਸਕਦੇ। ਇਹ ਨਿਯਮ ਤੱਤ ਦੇ ਹਰੇਕ ਐਟਮ ਤੇ ਲਾਗੂ ਹੁੰਦਾ ਹੈ। ਇਹ ਨਿਯਮ ਅਣੂਆਂ ਦੀ ਬਣਤਰ ਤੇ ਠੋਸਾਂ ਨੂੰ ਚਾਲਕ, ਅਰਧਚਾਲਕ ਅਤੇ ਕੁਚਾਲਕ ਵਿਚ ਵੰਡਣ ਲਈ ਵੀ ਬਹੁਤ ਉਪਯੋਗੀ ਸਿੱਧ ਹੋਇਆ ਹੈ।

ਸ਼੍ਰੋਡਿੰਗਰ ਸਮੀਕਰਨ ਵਿਚ ਪੌਲੀ ਦੇ ਨਿਯਮ ਦਾ ਅਧਾਰ ਅਭਿੰਨਤਾ ਤੇ ਹੈ। ਇਹ ਇਸ ਤਥ ਦਾ ਸਿੱਟਾ ਹੈ ਕਿ N ਇਲੈੱਕਟ੍ਰਾਨਾਂ ਦੇ ਪੁੰਜ, ਚਾਰਜ ਆਦਿ ਇਕੋ ਜਿਹਾ ਹੈ। ਇਸ ਲਈ ਦੋ ਇਲੈੱਕਟ੍ਰਾਨਾਂ ਦੇ ਅਦਲਣ-ਬਦਲਣ ਨਾਲ ਸ਼੍ਰੋਡਿੰਗਰ ਸਮੀਕਰਨ ਤੇ ਕੋਈ ਅਸਰ ਨਹੀਂ ਪੈਂਦਾ। ਇਸ ਤਰ੍ਹਾਂ ਤਬਦੀਲੀਆਂ ਤੋਂ ਪ੍ਰਾਪਤ ਹੋਏ ਸਾਰੇ ਤਰੰਗ ਫੰਕਸ਼ਨ ਸ਼੍ਰੋਡਿੰਗਰ ਸਮੀਕਰਨ ਦਾ ਹੱਲ ਹਨ ਤੇ ਇਨ੍ਹਾਂ ਸਾਰੇ ਫੰਕਸ਼ਨਾਂ ਦਾ ਜੋੜ ਵੀ ਇਸ ਸਮੀਕਰਨ ਦਾ ਹੱਲ ਹੈ। ਜਦੋਂ ਅਸੀਂ ਦੋ ਇਲੈੱਕਟ੍ਰਾਨਾਂ ਦਾ ਚਿੰਨ੍ਹ ਬਦਲੀਏ ਤਾਂ ਤਰੰਗ ਫੰਕਸ਼ਨ ਦਾ ਚਿੰਨ ਬਦਲ ਜਾਂਦਾ ਹੈ। ਇਸ ਤਰ੍ਹਾਂ ਇਕ ਇਲੈੱਕਟ੍ਰਾਨ ਦਾ ਤਰੰਗ ਫੰਕਸ਼ਨ ਸਦਾ ਹੀ ਪ੍ਰਤੀਸਮਮਿਤਿਕ ਹੁੰਦਾ ਹੈ। ਅਜਿਹੇ ਕਣਾਂ ਨੂੰ ਅਸੀਂ ਫਰਮੀਔਨ ਆਖਦੇ ਹਾਂ ਤੇ ਇਹ ਕਣ ਫਰਮੀ-ਡੀਰਾਕ ਸਟੈਟਿਸਟਿਕਸ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪ੍ਰੋਟਾਨ ਤੇ ਨਿਊਟ੍ਰਾਨ ਵੀ ਫਰਮੀਔਨ ਜਾਂ ਫਰਮੀ ਕਣ ਅਖਵਾਉਂਦੇ ਹਨ।

## ਕੁਆਂਟਮ ਮਕੈਨਿਕਸ ਦੀ ਵਰਤੋਂ

**ਅਣਵੀਂ ਬਣਤਰ**—ਅਣਵੀਂ ਐਟਮਾਂ ਦੀ ਤਰ੍ਹਾਂ ਕੁਆਂਟੀਕ੍ਰਿਤ ਊਰਜਾ ਲੈਵਲਾਂ ਵਿਚ ਪ੍ਰਕਾਸ਼ ਊਰਜਾ ਦਾ ਉਤਸਰਜਨ ਜਾਂ ਸੋਖਣ ਕਰਦੇ ਹਨ ਤੇ ਸਾਨੂੰ ਅਣਵੀਂ ਸਪੈੱਕਟ੍ਰਮ ਪ੍ਰਾਪਤ ਹੁੰਦਾ ਹੈ, ਪਰ ਇਹ ਸਪੈੱਕਟ੍ਰਮ ਐਟਮੀ ਸਪੈੱਕਟ੍ਰਮ ਤੋਂ ਬਹੁਤ ਗੁੰਝਲਦਾਰ ਹੁੰਦਾ ਹੈ।

ਅਣਵੀਂ ਸਪੈੱਕਟ੍ਰਮ ਦੀ ਭਿੰਨਤਾ ਇਸ ਤੱਥ ਕਾਰਨ ਹੁੰਦੀ ਹੈ ਕਿ ਅਣੂਆਂ ਵਿਚ ਨਾ ਕੇਵਲ ਇਲੈੱਕਟ੍ਰਾਨੀ ਊਰਜਾ ਹੀ ਹੁੰਦੀ ਹੈ ਸਗੋਂ ਉਨ੍ਹਾਂ ਵਿਚ ਘੁੰਮਣ ਤੇ ਕੰਪਨ ਗਤੀਆਂ ਵੀ ਹੁੰਦੀਆਂ ਹਨ ਤੇ ਇਨ੍ਹਾਂ ਗਤੀਆਂ ਦਾ ਵੀ ਕੁਆਂਟੀਕਰਨ ਹੁੰਦਾ ਹੈ। ਇਨ੍ਹਾਂ ਵਿਚ ਪਰਿਵਰਤਨ ਇਲੈੱਕਟ੍ਰਾਨੀ ਊਰਜਾ ਵਿਚ ਪਰਿਵਰਤਨ ਨਾਲ ਤੇ ਇਲੈੱਕਟ੍ਰਾਨੀ ਊਰਜਾ ਸਥਿਰ ਰਹਿਣ ਤੇ ਵੀ ਬਹੁਤ ਵਾਰੀ ਹੋ ਜਾਂਦਾ ਹੈ। ਘੁੰਮਣ ਤੇ ਕੰਪਨ ਲੈਵਲਾਂ ਦੀਆਂ ਦੂਰੀਆਂ ਤੋਂ ਅਣੂਆਂ ਦੇ ਐਟਮਾਂ ਵਿਚ ਦੂਰੀ ਤੇ ਰਸਾਇਣਿਕ ਬਾਂਡਾਂ ਵਿਚ ਬਲਾਂ ਦੇ ਸਰੂਪ ਬਾਰੇ ਪਤਾ ਲਗ ਸਕਦਾ ਹੈ।

ਆਮ ਤੌਰ ਤੇ ਘੁੰਮਣ ਤੇ ਕੰਪਨ ਗਤੀਆਂ ਦੇ ਸਪੈੱਕਟ੍ਰਮ ਇਲੈੱਕਟ੍ਰਾਨੀ ਸਪੈੱਕਟ੍ਰਮਾਂ ਤੋਂ ਅੱਡ ਹੀ ਪਕੜੇ ਜਾਂਦੇ ਹਨ ਕਿਉਂਕਿ ਇਨ੍ਹਾਂ ਸਪੈੱਕਟ੍ਰਮਾਂ ਵਿਚ ਨਿਊਕਲੀ ਪੁੰਜ ਦਾ ਬੜਾ ਯੋਗਦਾਨ ਹੁੰਦਾ ਹੈ ਤੇ ਇਹ ਯੋਗਦਾਨ ਇਲੈੱਕਟ੍ਰਾਨੀ ਯੋਗਦਾਨ ਤੋਂ ਬਹੁਤ ਭਿੰਨ ਹੈ।

ਇਸ ਤੋਂ ਅਸੀਂ ਅਣਵੀਂ ਆਰਬਿਟਲਾਂ ਬਾਰੇ ਵੀ ਕਾਫ਼ੀ ਕੁਝ ਜਾਣ ਸਕਦੇ ਹਾਂ।

**ਨਿਊਕਲੀ ਬਣਤਰ ਤੇ ਮੁਢਲੇ ਕਣਾਂ ਦੀ ਭੌਤਿਕ ਵਿਗਿਆਨ**—ਐਟਮੀ ਨਿਊਕਲੀਅਸ ਇਲੈੱਕਟ੍ਰਾਨੀ ਆਰਬਿਟਲ ਦੇ ਮੁਕਾਬਲੇ ਵਿਚ ਬਹੁਤ ਹੀ ਛੋਟਾ ($10^{-5}$) ਹੁੰਦਾ ਹੈ। ਜਦੋਂ ਕਿ ਨਿਊਕਲੀ ਬੰਧਕ ਊਰਜਾ ਐਟਮੀ ਇਲੈੱਕਟ੍ਰਾਨਾਂ ਦੇ ਮਕਾਬਲੇ ਵਿਚ ਬਹੁਤ ਹੀ ਜ਼ਿਆਦਾ ਹੁੰਦੀ ਹੈ।

ਸਭ ਤੋਂ ਪਹਿਲੀ ਵਾਰੀ ਨਿਊਕਲੀਅਸ ਲਈ ਕੁਆਂਟਮ ਮਕੈਨਿਕਸ ਦੀ ਵਰਤੋਂ 1928 ਵਿਚ ਜਾਰਜ ਗੈਮੋਨੇ ਐਲਫਾ-ਕਣਾਂ ਦੇ ਉਤਸਰਜਨ ਲਈ ਕੀਤੀ। ਇਸ ਅਧਿਐਨ ਵਿਚ ਉਸ ਨੇ ਸ਼੍ਰੋਡਿੰਗਰ ਸਮੀਕਰਨ ਦੇ ਗਿਣਤੀ ਗੁਣਾਂ ਦੀ ਵਰਤੋਂ ਕੀਤੀ। ਕਲਾਸੀਕਲ ਮਕੈਨਿਕਸ ਅਨੁਸਾਰ ਇਹ ਕਣ ਕਦੇ ਵੀ ਨਿਊਕਲੀਅਸ ਦੇ ਅੰਦਰ ਨਹੀਂ ਹੋ ਸਕਦਾ ਸੀ, ਕਿਉਂਕਿ ਅਜਿਹਾ ਹੋਣ ਲਈ ਕਣ ਦੀ ਗਤਿਜ ਊਰਜਾ ਰਿਣਾਤਮਕ ਹੋਵੇਗੀ ਜਦੋਂ ਕਿ ਕੁਆਂਟਮ ਮਕੈਨਿਕਸ ਵਿਚ ਕਣ ਦੀ ਡੀਬ੍ਰੋਗਲੀ ਤਰੰਗ ਲੰਬਾਈ ਬਹੁਤ ਹੀ ਘੱਟ ਹੁੰਦੀ ਹੈ, ਇਸ ਲਈ ਨਿਊਕਲੀਅਸ ਦੇ ਅੰਦਰ ਰਹਿਣ ਦੀ ਸੰਭਾਵਨਾ ਕਾਫ਼ੀ ਹੈ। ਤਥ ਇਹ ਹੈ ਕਿ $U^{238}$ ਵਿਚ ਐਲਫਾ ਕਣ $10^9$ ਸਾਲ ਰਹਿ ਸਕਦਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਐਲਫਾ ਕਣ ਨਿਊਕਲੀਅਸ ਬਹੁਤ ਪ੍ਰਬਲ ਬਲਾਂ ਨਾਲ ਖਿਚਿਆ ਜਾਂਦਾ ਹੈ।

ਸੰਨ 1935 ਵਿਚ ਜਾਪਾਨ ਦੇ ਵਿਗਿਆਨੀ, ਯੁਕਾਵਾ ਨੇ ਦਸਿਆ ਕਿ ਨਿਊਕਲੀਅਸ ਵਿਚ ਨਿਊਟ੍ਰਾਨ ਤੇ ਪ੍ਰੋਟਾਨ ਵਿਚਕਾਰ ਪਰਸਪਰ ਕ੍ਰਿਆ ਬਲ, ਨਿਊਕਲੀ-ਬਲ, ਬਹੁਤ ਪ੍ਰਬਲ ਹੁੰਦੇ ਤੇ ਇਹ ਕੂਲੰਬ ਬਲ ਨਾਲੋਂ ਕਾਫ਼ੀ ਜ਼ਿਆਦਾ ਹੁੰਦੇ ਹਨ। ਇਨ੍ਹਾਂ ਬਲਾਂ ਦਾ ਰੇਂਜ ਬਹੁਤ ਹੀ ਸੀਮਿਤ ਹੈ। ਨਿਊਕਲੀ ਭੌਤਿਕ-ਵਿਗਿਆਨ ਦਾ ਪਿਛਲੇ ਚਾਰ ਦਹਾਕਿਆਂ ਤੋਂ ਪ੍ਰਮੁੱਖ ਕੰਮਾਂ ਕੁਆਂਟਮ ਮਕੈਨਿਕਸ ਦੀ ਵਰਤੋਂ ਕਰਕੇ ਇਨ੍ਹਾਂ ਬਲਾਂ ਦਾ ਪ੍ਰਯੋਗਕ ਅਧਿਐਨ ਕਰਨਾ ਹੈ।

ਇਸ ਅਧਿਐਨ ਵਿਚ ਇਹ ਵੀ ਪਤਾ ਲਗਿਆ ਹੈ ਕਿ ਪ੍ਰੋਟੋਨ ਤੇ ਨਿਊਟ੍ਰਾਨ, ਇਕੋ ਮੁਢਲੇ ਕਣ ਨਿਊਕਲੀਆਨ ਦੀਆਂ ਦੋ ਭਿੰਨ ਕੁਆਂਟਮ ਸਟੇਟਾਂ ਹਨ ਤੇ ਨਿਊਟ੍ਰਾਨ, ਪ੍ਰੋਟ੍ਰਾਨ ਇਕ ਦੂਜੇ ਵਿਚ ਪਰਿਵਰਤਿਤ ਹੋ ਸਕਦੇ ਹਨ ਤੇ ਪਾਲੀ ਨੇ 1933 ਵਿਚ ਇਹ ਦਸਿਆ ਕਿ ਉਕਤ ਪਰਿਵਰਤਨ ਵਿਚ ਇਲੈੱਕਟ੍ਰਾਨ ਜਾਂ ਪੋਜ਼ਿਟ੍ਰਾਨ ਤੋਂ ਇਲਾਵਾ ਐਂਟੀਨਿਊਟ੍ਰੀਨੋ ਜਾਂ ਨਿਊਟ੍ਰੀਨੋ ਦਾ ਉਤਸਰਜਨ ਵੀ ਹੁੰਦਾ ਹੈ। ਇਹ ਨਵੇਂ ਕਣ ਕਦੇ ਵੀ ਪ੍ਰਯੋਗਾਂ ਵਿਚ ਦੇਖੇ ਨਹੀਂ ਗਏ। ਫਰਮੀ ਨੇ ਇਨ੍ਹਾਂ ਕਣਾਂ ਦਾ ਚਾਰਜ ਜ਼ੀਰੋ ਤੇ ਵਿਰਾਮ ਪੁੰਜ ਵੀ ਜ਼ੀਰੋ ਮੰਨਿਆ ਹੈ। ਇਸ ਕਾਰਨ ਮਾਦੇ ਵਿਚ ਬਹੁਤ ਦੂਰੀ ਚਲੇ ਬਿਨਾਂ ਹੀ ਇਹ ਡਿਟੈਕਟ ਕੀਤੇ ਜਾ ਸਕਦੇ ਹਨ।

ਹੋਰ ਵਰਤੋਂ—ਇਨ੍ਹਾਂ ਉਪਯੋਗਾਂ ਤੋਂ ਇਲਾਵਾ ਕੁਆਂਟਮ ਮਕੈਨਿਕਸ ਮਾਦੇ ਦੀ ਠੋਸ ਅਵਸਥਾ ਅਤੇ ਅਤਿ ਨਿਮਨ ਦਬਾਵਾਂ ਉਤੇ ਗੈਸਾਂ ਤੇ ਦ੍ਰਵਾਂ ਦਾ ਵਤੀਰਾ ਦਸਣ ਲਈ ਵਰਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਅਤਿਚਾਲਕਤਾ ਦੀ ਵਿਆਖਿਆ ਲਈ ਬਹੁਤ ਉਪਯੋਗੀ ਸਿੱਧ ਹੋਈ ਹੈ।

ਕੁਆਂਟਮ ਮਕੈਨਿਕਸ ਦੀ ਵਰਤੋਂ ਇਲੈੱਕਟ੍ਰਾਨ-ਐਟਮ ਟੱਕਰਾਂ ਵਿਚ, ਐਟਮ-ਐਟਮ ਟੱਕਰਾਂ ਵਿਚ ਤੇ ਅਣੂ-ਅਣੂ ਟੱਕਰਾਂ ਵਿਚ ਪ੍ਰਾਪਤ ਹੋਈ ਹੈ।

ਇਸ ਤੋਂ ਇਲਾਵਾ ਡੀਰਾਕ ਦੇ ਸਿਧਾਂਤ ਜਿਸ ਵਿਚ ਇਲੈੱਕਟ੍ਰਾਨ ਪੋਜ਼ਿਟ੍ਰਾਨ ਯੁਗਮ ਦੀ ਉਤਪਤੀ ਤੇ ਇਲੈੱਕਟ੍ਰਾਨ ਦਾ ਰਿਣਾਤਮਕ ਊਰਜਾ ਲੈਵਲਾਂ ਵਿਚ ਹੋਣਾ ਸੰਭਵ ਦਸਿਆ ਹੈ ਅਤੇ ਕੁਆਂਟਮ ਇਲੈੱਕਟ੍ਰੋਡਾਇਨਾਮਿਕਸ ਵਿਚ ਇਸ ਦੀ ਬਹੁਤ ਜ਼ਿਆਦਾ ਵਰਤੋਂ ਹੋਈ ਹੈ। ਕੁਆਂਟਮ ਇਲੈੱਕਟ੍ਰੋਡਾਇਨਾਮਿਕਸ ਦੀ ਇਕ ਮਹੱਤਵਪੂਰਨ ਵਰਤੋਂ ਲੇਜ਼ਰ ਹੈ। ਲੇਜ਼ਰ ਪ੍ਰਕਾਸ਼ ਦੀ ਵਰਤੋਂ ਕਈ ਹੋਰ ਨਵੇਂ ਖੇਤਰ ਜਿਵੇਂ ਕਿ ਲੇਜ਼ਰ ਸੰਚਾਰ, ਮਾਦੇ ਦੇ ਪ੍ਰਕਾਸ਼ੀ ਗੁਣਾਂ ਬਾਰੇ, ਆਦਿ ਨਵੇਂ ਖੇਤਰ ਖੁਲ੍ਹ ਗਏ ਹਨ।

ਹ. ਪੁ.—ਇਟ੍ਰੋਡਕਟ੍ਰੀ ਕੁਆਂਟਮ ਮਕੈਨਿਕਸ-ਵੀ. ਬੀ. ਰੋਜਾਂਸਕੀ (1938), ਕੁਆਂਟਮ ਥਿਊਰੀ-ਡੇਵਿਡ ਬੋਹਮ (1651) ; ਦੀ ਪ੍ਰਿੰਸੀਪਲਜ਼ ਆਫ਼ ਕੁਆਂਟਮ ਮਕੈਨਿਕਸ ਪੀ. ਏ. ਐਮ. ਡੀਰਾਕ (1958) ; ਦੀ ਐਟਾਮਿਕ ਨਿਊਕਲੀਅਸ—ਆਰ. ਡੀ. ਇਵਾਨਜ਼ (1955) ; ਦੀ ਥਿਊਰੀ ਆਫ਼ ਐਟਾਮਿਕ ਸਪੈੱਕਟ੍ਰਾ—ਈ. ਯੂ. ਕੌਂਡਨ ਐਂਡ ਜੀ. ਐੱਚ. ਸ਼ੌਰਟਲੇ (1935), ਕਾਂਸੈਪਟਸ ਆਫ਼. ਨਿਊਕਲੀਅਰ ਫ਼ਿਜ਼ਿਕਸ—ਬੀ. ਐਲ. ਕੋਹਨ (1971) ; ਦੀ ਸਟੋਰੀ ਆਫ਼ ਕੁਆਂਟਮ ਮਕੈਨਿਕਸ—ਵਿਕਟਰ ਗੁੱਲੇਮਾਨ (1968)।

**ਕੁਆਨ ਯੂ** : ਇਹ ਚੀਨ ਦਾ ਇਕ ਫ਼ੌਜੀ ਨੇਤਾ, ਪ੍ਰਸਿੱਧ ਨੇਤਾ ਅਤੇ ਪੂਜਣਯੋਗ ਵਿਅਕਤੀ ਸੀ ਜੋ ਇਕ ਹਫ਼ੜਾ-ਦਫੜੀ ਕਾਲ ਵਿਚ ਉਪਰ ਉਠਿਆ। ਇਸ ਦੇ ਸਬੰਧ ਸ਼ੂ (Shu) ਰਾਜ ਦੇ ਬਾਨੀ ਲਿਊ ਪਈ ਨਾਲ ਹੋ ਗਏ ਜਿਸ ਦੀ ਸੇਵਾ ਵਿਚ ਇਸ ਨੇ ਆਪਣੀ ਜਾਨ ਦੇ ਦਿਤੀ। ਲਿਊ ਅਤੇ ਚਾਂਗ ਫਾਈ ਪ੍ਰਤੀ ਇਸ ਦੀ ਵਫ਼ਾਦਾਰੀ ਬਾਰੇ 9ਵੀਂ ਸਦੀ ਦੇ ਆਰੰਭ ਦੇ ਲੋਕ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿਚ ਅਤੇ Romance of Three Kingdom (1500) ਵਿਚ ਜ਼ਿਕਰ ਕੀਤਾ ਹੈ। 1594 ਈ. ਵਿਚ ਸਰਕਾਰੀ ਤੌਰ ਤੇ ਇਸ ਨੂੰ ਇਕ ਦੇਵਤਾ ਕਰਾਰ ਦੇ ਦਿਤਾ ਗਿਆ ਅਤੇ ਸਹੁਤ ਸਾਰੇ ਧਾਰਮਿਕ ਸਥਾਨਾਂ ਵਿਚ ਸਾਹਿਤ ਅਤੇ ਯੁੱਧ ਦੇ ਸਰਪ੍ਰਸਤ ਦੇ ਤੌਰ ਤੇ ਇਸ ਦੀ ਪੂਜਾ ਹੋਣ ਲੱਗੀ।

ਹ. ਪੁ.—ਐਨ. ਬ੍ਰਿ. 13 : 508

**ਕੁਆਪੀਓ** : ਪ੍ਰਾਂਤ—ਦੱਖਣ-ਕੇਂਦਰੀ ਫਿਨਲੈਂਡ (ਸਕੰ.) ਦਾ ਪ੍ਰਾਂਤ ਹੈ। ਇਸ ਦਾ ਕੁਲ ਖੇਤਰਫਲ 16, 511 ਵ. ਕਿ. ਮੀ. ਹੈ। ਸੰਨ 1981 ਅਨੁਸਾਰ ਆਬਾਦੀ 252,709 ਹੈ। ਪ੍ਰਾਂਤ ਵਿਚ ਦੋ ਬਹੁਤ ਸਾਰੀਆਂ ਝੀਲਾਂ ਹਨ ਜੋ ਇਸ ਦੇ ਕੁਲ ਰਕਬੇ ਦੇ ਲਗਭਗ ਪੰਜਵੇਂ ਹਿੱਸੇ ਵਿਚ ਹਨ। ਸਾਵੋ ਜੰਗਲਾਂ ਦਾ ਉੱਤਰੀ ਹਿੱਸਾ ਵੀ ਇਸੇ ਪ੍ਰਾਂਤ ਵਿਚ ਹੈ। ਇਸ ਦੀ ਰਾਜਧਨੀ ਕੁਆਪੀਓ ਤੋਂ ਇਲਾਵਾ ਈਸਾਲਮੀ ਅਤੇ ਵਾਰਕਾਉਸ ਪ੍ਰਾਂਤ ਦੇ ਹੋਰ ਵੱਡੇ ਸ਼ਹਿਰ ਹਨ। ਪ੍ਰਾਂਤ ਵਿਚ ਲੱਕੜੀ ਚਰਾਈ, ਆਟਾ ਪੀਹਣ, ਅਤੇ ਸ਼ਰਾਬ ਤਿਆਰ ਕਰਨ ਤੇ ਕਾਰਖਾਨੇ ਸਥਾਪਤ ਹਨ।

ਹ. ਪੁ.—ਐਨ. ਬ੍ਰਿ. ਮਾ. 5 : 945

**ਕੁਆਪੀਓ** : ਸ਼ਹਿਰ—ਫਿਨਲੈਂਡ (ਸਕੰ.) ਦੇ ਇਸੇ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ ਜੋ ਕਾਲਾਵੇਸੀ ਝੀਲ ਦੇ ਕੰਢੇ ਤੇ ਸਥਿਤ ਹੈ। ਇਸ ਸ਼ਹਿਰ ਦੀ ਨੀਂਹ 1653 ਈ. ਵਿਚ ਰੱਖੀ ਗਈ ਸੀ ਪਰ 1776 ਤੱਕ ਇਹ ਕੇਵਲ ਇਕ ਪਿੰਡ ਦੀ ਸ਼ਕਲ ਵਿਚ ਹੀ ਰਿਹਾ। ਇਸ ਤੋਂ ਬਾਅਦ ਬਾਦਸ਼ਾਹ ਗਸਤਾਵ ਤੀਜੇ ਨੇ ਸ਼ਹਿਰ ਦਾ ਨਵਾਂ ਨਕਸ਼ਾ ਤਿਆਰ ਕਰਵਾਇਆ। ਸੰਨ 1782 ਵਿਚ ਇਸ ਨੂੰ ਮਿਉਂਸਪਲ ਚਾਰਟਰ ਮਿਲਿਆ। ਮੁਖ ਰੇਲਾਂ, ਸੜਕਾਂ ਅਤੇ ਹਵਾਈ ਮਾਰਗਾਂ ਰਾਹੀਂ ਜੁੜਿਆ ਹੋਣ ਕਰਕੇ ਸ਼ਹਿਰ ਪ੍ਰਾਂਤ ਦਾ ਮੁਖ ਪ੍ਰਬੰਧਕੀ ਤੇ ਆਰਥਿਕ ਕੇਂਦਰ ਹੈ। ਇਥੋਂ ਦੇ ਉਦਯੋਗ ਲੱਕੜੀ ਦਾ ਕੰਮ, ਆਟਾ ਪੀਹਣ ਅਤੇ ਸ਼ਰਾਬ ਤਿਆਰ ਕਰਨ ਨਾਲ ਸਬੰਧਤ ਹਨ। ਇਹ ਇਥੋਂ ਦੀ ਸਾਵੋ ਝੀਲ ਅਤੇ ਜੰਗਲਾਂ ਕਰਕੇ ਸੈਲਾਨੀਆਂ ਦਾ ਕੇਂਦਰ ਹੈ। ਇਸ ਦੇ ਨਜ਼ਦੀਕ ਦੀ ਪੁਆਈਜੋ ਪਹਾੜੀ ਤੇ ਫਿਨਲੈਂਡ ਦਾ ਸਭ ਤੋਂ ਵਧ ਚੰਗਾ ਸਕੀਇੰਗ ਕੇਂਦਰ ਹੈ।

ਆਬਾਦੀ—64,169 (1970)

62° 54′ ਉ. ਵਿ. 27° 41′ ਪੂ. ਲੰਬ

ਹ. ਪੁ.—ਐਨ. ਬ੍ਰਿ. ਮਾ. 5 : 945

**ਕੁਆਰ ਗੰਦਲ** : ਇਹ ਲਿਲੀਏਸੀ ਕੁਲ ਦੇ ਪੌਦੇ ਹਨ, ਜਿਨ੍ਹਾਂ ਦੀਆਂ ਲਗਭਗ 180 ਜਾਤੀਆਂ ਹਨ ਜੋ ਜ਼ਿਆਦਾਤਰ ਅਫ਼ਰੀਕਾ ਦੇ ਖ਼ੁਸ਼ਕ ਭਾਗਾਂ ਵਿਚ ਮਿਲਦੀਆਂ ਹਨ। ਭਾਰਤ ਵਿਚ ਮਿਲਣ ਵਾਲੀਆਂ ਜਾਤੀਆਂ ਵਿਚੋਂ ਐਲੋ ਐਬਿਸਿਨਿਕਾ (*Aloe abyssinica*), ਐਲੋ ਬਾਰਬੈਡੈਂਸਿਸ (*A. barbadensis*), ਐਲੋ ਇੰਡੀਕਾ (*A. indica*), ਐਲੋ ਲਿਟੋਰਲਿਸ (*A. littoralis*) ਐਲੋ ਸਕੋਟਰਿਨਾ (*A. succotrina*) ਅਤੇ ਐਲੋ ਵੀਰਾ (*A. vera*) ਹਨ। ਇਨ੍ਹਾਂ ਪੌਦਿਆਂ ਵਿਚ ਬਹੁਤ ਜ਼ਿਆਦਾ ਜਰਾਹੀ ਗੁਣ (ਜ਼ਖ਼ਮਾਂ ਨੂੰ ਠੀਕ ਕਰਨ ਦੇ ਗੁਣ) ਹੁੰਦੇ ਹਨ, ਇਸ ਲਈ ਇਨ੍ਹਾਂ ਗੁਣਾਂ ਕਰਕੇ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ।



ਕੁਆਰ ਗੰਦਲ

ਇਹ ਪੌਦੇ ਆਮ ਤੌਰ ਤੇ ਤਣਾ-ਰਹਿਤ ਹੁੰਦੇ ਹਨ ਅਤੇ ਇਨ੍ਹਾਂ ਤ ਮੋਟੇ ਮੋਟੇ ਭਰਵੇਂ ਪੱਤਿਆਂ ਦੇ ਗੁੱਛੇ ਜਿਹੇ ਹੁੰਦੇ ਹਨ। ਕਈ ਵਾਰ ਨ੍ਹਾਂ ਵਿਚ ਤਣਾ ਬਹੁਤ ਛੋਟਾ ਜਾਂ ਕੁਝ ਲੰਬਾ ਹੁੰਦਾ ਹੈ। ਜਿਸ ਤੋਂ ਰ ਵਲ ਨੂੰ ਪੱਤੇ ਲਗੇ ਹੁੰਦੇ ਹਨ। ਪੌਦੇ ਦੀ ਵਰਤੋਂ ਬਵਾਸੀਰ, ਨਾਬ ਦੇਣ ਲਈ ਅਤੇ ਪੇਟ ਦੀਆਂ ਹੋਰ ਬਿਮਾਰੀਆਂ ਠੀਕ ਕਰਨ ਈ ਕੀਤੀ ਜਾਂਦੀ ਹੈ। ਇਸ ਦੇ ਪੌਦੇ ਤੋਂ ਤਿਆਰ ਕੀਤਾ ਖ਼ੁਸ਼ਕ ਰਸ ਜ਼ ਲਈ ਲਾਹੇਵੰਦ ਰਹਿੰਦਾ ਹੈ। ਤਾਜ਼ਾ ਰਸ ਦਸਤਾਵਾਰ ਹੁੰਦਾ ਹੈ ਤੇ ਗੁਦੇ ਦੀ ਵਰਤੋਂ ਮਾਹਵਾਰੀ ਠੀਕ ਕਰਨ ਲਈ ਕੀਤੀ ਜਾਂਦੀ ਹੈ।

ਗਰਮ ਭਾਗਾਂ ਵਿਚ ਜਰਾਹੀ ਵਰਤੋਂ ਤੋਂ ਇਲਾਵਾ ਇਹ ਪਣੀ ਸਖ਼ਤਾਈ ਅਤੇ ਖਰਵ੍ਹੇਪਨ ਕਰਕੇ ਸਜਾਵਟੀ ਤੌਰ ਤੇ ਬਿਲਡਿੰਗਾਂ ਸ਼ਾਨ ਵਧਾਉਣ ਵਿਚ ਵੀ ਸਹਾਈ ਹੁੰਦੇ ਹਨ।

ਹ. ਪੁ—ਐਨ. ਬ੍ਰਿ. 1 : 661 : ਗ. ਇੰ. ਮੈ. ਪ : 13

**ਕੁਆਰਟਜ਼ਾਈਟ** : ਇਹ ਇਕ ਰੇਤਲਾ-ਪੱਥਰ ਹੈ ਜਿਸ ਨੂੰ ਕ ਠੋਸ ਕੁਆਰਟਜ਼ ਚਟਾਨ ਵਿਚ ਬਦਲਿਆ ਗਿਆ ਹੈ। ਆਰਟਜ਼ਾਈਟਾਂ ਵਿਚ ਮੁਸਾਮ ਨਹੀਂ ਹੁੰਦੇ ਅਤੇ ਇਨ੍ਹਾਂ ਦਾ ਫ਼ਰੈਕਚਰ ਵਾਰ ਹੁੰਦਾ ਹੈ। ਜੇ ਇਸ ਨੂੰ ਹਥੌੜੇ ਨਾਲ ਕੁਟਿਆ ਜਾਵੇ ਤਾਂ ਇਸ ਦੇ ਤਲੇ ਕਣ ਬਣ ਜਾਂਦੇ ਹਨ। ਘੱਟ ਡੂੰਘਾਈ ਅਤੇ ਆਮ ਦਬਾਉ ਅਧੀਨ ਥੀ ਪਾਣੀਆਂ (ਹਾਈਡ੍ਰਸ ਮੈਟਾਮੌਰਫ਼ਿਜ਼ਮ) ਤੋਂ ਸਿਲਿਕਾ ਦਾ ਤੱਲਛਟ ਣਾਉਣ ਨਾਲ ਰੇਤਲੇ-ਪੱਥਰ ਨੂੰ ਕੁਆਰਟਜ਼ਾਈਟ ਵਿਚ ਬਦਲਿਆ ਜਾ ਕਦਾ ਹੈ। ਆਰਥੋਕੁਆਰਟਜ਼ਾਈਟ ਚਟਾਨਾਂ ਦੇ ਮੁਕਾਬਲੇ ਜਿਹੜੀਆਂ 'ਚ ਦਬਾਉ ਅਤੇ ਉੱਚੇ ਤਾਪਮਾਨ ਉਤੇ ਪੁਨਰਕ੍ਰਿਸਟਲੀਕਰਨ ਦੁਆਰਾ ਤਾ ਕੀਤੀਆਂ ਜਾਂਦੀਆਂ ਹਨ, ਨੂੰ ਮੈਟਾਕੁਆਰਟਜ਼ਾਈਟ ਕਿਹਾ ਦਾ ਹੈ।

ਖ਼ੁਰਦਬੀਨ ਵਿਚ ਵੇਖੀ ਜਾ ਸਕਣ ਯੋਗ ਕੁਝ ਕੁਆਰਟਜ਼ਾਈਟਾਂ ਖੰਡ-ਯੁਕਤ ਬਣਤਰ ਕਾਇਮ ਰਹਿੰਦੀ ਹੈ। ਕਈ ਕੁਆਰਟਜ਼ਾਈਟਾਂ ਪੀਸਣ ਉਪਰੰਤ ਪਤਾ ਲਗਦਾ ਹੈ ਕਿ ਕੁਆਰਟਜ਼ ਦਾ ਵਧੇਰੇ ਭਾਗ ਨੇਯਮਿਤ ਰੂਪ ਦੇ ਛੋਟੇ-ਛੋਟੇ ਰਵੇਦਾਰ ਟੁਕੜਿਆਂ (ਜਿਹੜੇ ਕਿ ਇਕ ਰੇ ਵਿਚ ਫਸੇ ਹੋਣ) ਦੇ ਇਕ ਮੋਜ਼ੈਕ ਦਾ ਬਣਿਆ ਹੁੰਦਾ ਹੈ। ਇਹ ਮੋਰਫ ਕੁਆਰਟਜ਼ਾਈਟ' ਹੁੰਦੇ ਹਨ। ਜੇਕਰ ਇਨ੍ਹਾਂ ਵਿਚ ਸਮਾਂਤਰ ਸਟਲੀ ਪੱਤਰਾਂ ਦੇ ਰੂਪ ਵਿਚ ਚਿੱਟਾ ਅਬਰਕ ਮਿਲਿਆ ਹੋਵੇ ਤਾਂ ਹ ਵਧੇਰੇ ਫਟਣਸ਼ੀਲ ਬਣ ਜਾਂਦਾ ਹੈ ਅਤੇ ਕੁਆਰਟਜ਼ ਸ਼ਿਸਟਾਂ ਵਿਚ ਦਲ ਜਾਂਦਾ ਹੈ।

ਕੁਆਰਟਜ਼ਾਈਟ ਸ਼ਬਦ ਕੇਵਲ ਕਠੋਰਤਾ ਦੇ ਦਰਜੇ ਜਾਂ ਲਡੀਕਰਨ ਲਈ ਹੀ ਨਹੀਂ ਸਗੋਂ ਕੁਆਰਟਜ਼ ਦੀ ਉੱਚ ਮਾਤਰਾ ਈ ਵੀ ਵਰਤਿਆ ਜਾਂਦਾ ਹੈ। ਅਜਿਹੀ ਹੀ ਕਠੋਰਤਾ ਵਾਲੀਆਂ ਪ੍ਰੰਤੂ ਸਰੇ ਖਣਿਜਾਂ ਅਤੇ ਚਟਾਨਾਂ ਦੇ ਕਣਾਂ ਵਾਲੀਆਂ ਚਟਾਨਾਂ ਅਸ਼ੁੱਧ ਆਰਟਜ਼ਾਈਟ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਗ੍ਰੇਵੈਕ ਆਦਿ ਕਿਹਾ ਂਦਾ ਹੈ। ਵਧੇਰੇ ਕੁਆਰਟਜ਼ਾਈਟਾਂ ਵਿਚ 90% ਜਾਂ ਜ਼ਿਆਦਾ ਆਰਟਜ਼ ਹੁੰਦੀ ਹੈ ਅਤੇ ਕੁਝ-ਕੁ ਵਿਚ ਤਾਂ ਇਹ ਮਾਤਰਾ 90% ਤੋਂ ੀ ਵਧ ਜਾਂਦੀ ਹੈ।

ਕੁਆਰਟਜ਼ਾਈਟਾਂ ਦਾ ਰੰਗ ਬਰਫ਼ ਵਰਗਾ ਚਿੱਟਾ ਅਤੇ ਕਦੇ-ਦੇ ਗੁਲਾਬੀ ਜਾਂ ਭੂਰਾ ਹੁੰਦਾ ਹੈ। ਇਨ੍ਹਾਂ ਵਿਚ ਆਮ ਕਰਕੇ ਬਹੁਤ ਠੀਕ ਕੋਣੀ ਜੋੜ ਹੁੰਦਾ ਹੈ ਅਤੇ ਕੋਰਾ ਪੈਣ ਨਾਲ ਇਹ ਅਣਘੜੇ ਪੱਥਰਾਂ ਵਚ ਟੁੱਟ ਜਾਂਦੇ ਹਨ। ਕੁਆਰਟਜ਼ ਆਪਣੇ ਆਪ ਵਿਚ ਆਮ ਕਰਕੇ ਥਿਰ ਹੈ। ਗਰਮੀ ਨਾਲ ਇਹ ਟ੍ਰਾਈਡਾਈਮਾਈਟ ਵਿਚ ਬਦਲ ਸਕਦਾ ਪ੍ਰੰਤੂ ਇਹ ਫਿਰ ਕੁਆਰਟਜ਼ ਵਿਚ ਬਦਲ ਜਾਂਦਾ ਹੈ ਅਤੇ ਪਿਘਲ ਵੀ ਕਦਾ ਹੈ।

ਲੇਕ ਹਿਊਰੌਨ ਅਤੇ ਲੇਕ ਸੁਪੀਰੀਅਰ ਦੀਆਂ ਪ੍ਰੀਕੈਂਬਰੀਅਨ ਟਾਨਾਂ ਦੇ ਖੇਤਰਾਂ ਵਿਚ ਬਹੁਤ ਮੋਟੇ ਅਤੇ ਸ਼ੁੱਧ ਕੁਆਰਟਜ਼ਾਈਟ ਹਨ। ਵਿਸਕੌਨਸਿਨ (ਸੰ.ਰ.ਅ.) ਵਿਚ ਬੈਰਾਬੂ ਕੁਆਰਟਜ਼ਾਈਟ ਅਕਸਰ ਗੂੜ੍ਹੇ ਲਾਲ ਰੰਗ ਦਾ ਹੁੰਦਾ ਹੈ। ਸ਼ੁੱਧ ਕੁਆਰਟਜ਼ਾਈਟ ਦੀ ਵਰਤੋਂ ਧਾਤਕਰਮ-ਸਬੰਧੀ ਲੋੜੀਂਦੇ ਸਿਲਿਕਾ ਦੇ ਸ੍ਰੋਤ ਲਈ ਅਤੇ ਸਿਲਿਕਾ ਇਟ ਬਣਾਉਣ ਲਈ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 18 : 938; ਮੈਕ. ਐਨ. ਸ. ਟ. 11 : 182

**ਕੁਆਲਾ ਲੰਪੁਰ** : ਮਲੇਸ਼ੀਆ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਸੈਲੰਗਰ ਰਾਜ ਦੇ ਪਹਾੜੀ ਖੇਤਰ ਵਿਚ, ਕੇਂਦਰੀ ਪਰਬਤ ਲੜੀ ਦੇ ਪੱਛਮ ਵਿਚ ਕਲਾਂਗ ਅਤੇ ਗੁੰਬਾਕ ਦਰਿਆਵਾਂ ਦੇ ਸੰਗਮ ਉਤੇ ਵਸਿਆ ਹੋਇਆ ਹੈ। ਇਹ ਸ਼ਹਿਰ ਸੰਨ 1857 ਵਿਚ ਹੋਂਦ ਵਿਚ ਆਇਆ ਸੀ ਜਦੋਂ ਕਲੀ ਦੀਆਂ ਖਾਣਾਂ ਵਿਚ ਕੰਮ ਕਰਨ ਵਾਲੇ 87 ਚੀਨੀ ਮਜ਼ਦੂਰਾਂ ਨੇ ਐਮਪਾਂਗ ਵਿਖੇ ਇਕ ਬਸਤੀ ਦੀ ਸਥਾਪਨਾ ਕੀਤੀ ਸੀ। ਸੰਨ 1880 ਵਿਚ ਕਲਾਂਗ ਦੀ ਥਾਂ ਤੇ ਕੁਆਲਾ ਲੰਪੁਰ ਨੂੰ ਰਾਜਧਾਨੀ ਬਣਾ ਲਿਆ ਗਿਆ। ਸ਼ਹਿਰ ਦੇ ਕੇਂਦਰ ਵਿਚ ਸਥਿਤ ਹੋਣ ਕਾਰਨ ਹੀ ਸੰਨ 1895 ਵਿਚ ਇਸ ਨੂੰ ਫੈਡਰੇਟਿਡ ਮਾਲੇ ਸਟੇਟਸ ਦੀ ਰਾਜਧਾਨੀ ਵਜੋਂ ਚੁਣ ਲਿਆ ਗਿਆ। ਸੰਨ 1957 ਵਿਚ ਇਹ ਮਲਾਇਆ ਦੀ ਆਜ਼ਾਦ ਫੈਡਰੇਸ਼ਨ ਸਟੇਟਸ ਦੀ ਰਾਜਧਾਨੀ ਵਜੋਂ ਚੁਣ ਲਿਆ ਗਿਆ। ਸੰਨ 1957 ਵਿਚ ਇਹ ਮਲਾਇਆ ਦੀ ਆਜ਼ਾਦ ਫੈਡਰੇਸ਼ਨ ਅਤੇ ਸੰਨ 1963 ਵਿਚ ਮਲੇਸ਼ੀਆ ਦੀ ਰਾਜਧਾਨੀ ਬਣਿਆ।

ਸ਼ਹਿਰ ਆਧੁਨਿਕ ਅਤੇ ਮੂਰ ਉਸਾਰੀ ਕਲਾ ਦੀ ਝਲਕ ਪੇਸ਼ ਕਰਦਾ ਹੈ। ਇਥੇ ਰਵਾਇਤੀ ਚੀਨੀ ਦੁਕਾਨਾਂ, ਛੋਟੀਆਂ-ਛੋਟੀਆਂ ਹੱਟਾਂ ਅਤੇ ਮਲੇਸ਼ੀਆਈ ਪਿੰਡਾਂ ਦੀ ਸ਼ੈਲੀ ਵੇਖਣ ਵਿਚ ਆਉਂਦੀ ਹੈ। ਕਲਾਂਗ ਦਰਿਆ ਦੇ ਬੰਨ੍ਹ ਵਾਲੇ ਪਾਸੇ ਦੇ ਨਾਲ-ਨਾਲ ਸ਼ਹਿਰ ਦਾ ਅੰਦਰਲਾ ਹਿੱਸਾ ਸੰਘਣੀ ਵਸੋਂ ਵਾਲਾ ਹੈ। ਇਸ ਦੇ ਮਿਉਂਸਪਲ ਖੇਤਰ ਅਤੇ ਉਪ-ਨਗਰ ਬੜੀ ਚੰਗੀ ਤਰ੍ਹਾਂ ਯੋਜਨਾਬੱਧ ਕੀਤੇ ਹੋਏ ਹਨ। ਦਰਿਆ ਦੇ ਪੂਰਬੀ ਪਾਸੇ ਵਲ ਤਜ਼ਾਰਤੀ ਹਿੱਸਾ ਆ ਜਾਂਦਾ ਹੈ ਅਤੇ ਇਥੇ ਆਧੁਨਿਕ ਬੈਂਕ, ਬੀਮਾ ਕੰਪਨੀ ਦੇ ਦਫ਼ਤਰ ਅਤੇ ਹੋਟਲ ਬਣੇ ਹੋਏ ਹਨ। ਦਰਿਆ ਦੇ ਪਹਾੜੀ ਪੱਛਮੀ ਕੰਢੇ ਵਲ ਨੂੰ ਸਰਕਾਰੀ ਇਮਾਰਤਾਂ ਅਤੇ ਰੇਲਵੇ ਸਟੇਸ਼ਨ ਹੈ। ਸ਼ਹਿਰ ਦਾ ਇਕ ਕੇਂਦਰੀ ਹਿੱਸਾ ਚੀਨੀ ਨਮੂਨੇ ਤੇ ਬਣੀਆਂ ਲਕੜੀ ਦੀਆਂ ਦੋ-ਮੰਜ਼ਲੀਆਂ ਦੁਕਾਨਾਂ ਅਤੇ ਮਲੇਸ਼ੀਆਈ ਪਿੰਡਾਂ, ਆਧੁਨਿਕ ਬੰਗਲਿਆਂ ਅਤੇ ਮਧ-ਵਰਗ ਦੀ ਆਮਦਨ ਵਾਲੇ ਲੋਕਾਂ ਦੇ ਇੱਟਾਂ ਦੇ ਬਣੇ ਹੋਏ ਰਿਹਾਇਸ਼ੀ ਮਕਾਨਾਂ ਨਾਲ ਘਿਰਿਆ ਹੋਇਆ ਹੈ। ਕੇਵਲ ਕੈਨੀ ਹਿੱਲ ਸੈਕਟਰ ਹੀ ਸਥਾਨਕ ਉਸਾਰੀ-ਕਲਾ ਦਾ ਨਮੂਨਾ ਪੇਸ਼ ਕਰਦਾ ਹੈ। ਭਾਵੇਂ ਇਥੇ ਇਸਲਾਮੀ ਗੁੰਬਦਾਂ ਅਤੇ ਛੋਟੇ-ਛੋਟੇ ਮੀਨਾਰਾਂ ਦਾ ਬੋਲਬਾਲਾ ਹੈ ਫਿਰ ਵੀ ਚੀਨੀ ਇਸ ਸ਼ਹਿਰ ਅਤੇ ਇਥੋਂ ਦੀ ਆਰਥਿਕਤਾ ਉਤੇ ਹਾਵੀ ਹਨ।

ਆਇਰਨ ਦਰਿਆ ਦੇ ਉਦਯੋਗਿਕ ਸੈਕਟਰ ਵਿਚ ਲੋਹੇ ਢਲਾਈ ਅਤੇ ਇੰਜਨੀਅਰਿੰਗ ਵਸਤਾਂ ਬਣਦੀਆਂ ਹਨ ਅਤੇ ਨਾਲ ਹੀ ਇਸ ਸੈਕਟਰ ਵਿਚ ਖ਼ੁਰਾਕ, ਸਾਬਣ ਅਤੇ ਬਣਾਉਟੀ ਮੱਖਣ ਤਿਆਰ ਕੀਤਾ ਜਾਂਦਾ ਹੈ। ਸੈਟਿਲ ਅਤੇ ਈਪੋ ਰੋਡ ਵਾਲੇ ਖੇਤਰ ਵਿਚ ਰੇਲਵੇ ਅਤੇ ਇੰਜਨੀਅਰਿੰਗ ਵਰਕਸ਼ਾਪਾਂ ਅਤੇ ਆਰੇ ਲੱਗੇ ਹੋਏ ਹਨ। ਸ਼ਹਿਰ ਦੇ ਉੱਤਰ ਵਲ ਨੂੰ ਰਵਾਂਗ ਵਿਖੇ ਸੀਮਿੰਟ ਤਿਆਰ ਕੀਤਾ ਜਾਂਦਾ ਹੈ, ਕਲੀ ਅਤੇ ਰਬੜ ਨੂੰ ਛੋਟੇ ਪੈਮਾਨੇ ਤੇ ਗਾਲਿਆ ਜਾਂਦਾ ਹੈ।

ਸ਼ਹਿਰ ਵਿਚ ਕਈ ਹਸਪਤਾਲ ਅਤੇ ਸਰਕਾਰੀ ਦਵਾਖ਼ਾਨੇ ਹਨ। ਇਥੇ ਇਕ ਆਧੁਨਿਕ ਟੀ. ਬੀ. ਸੈਂਟਰ ਅਤੇ ਇੰਸਟੀਚਿਊਟ ਆਫ਼ ਮੈਡੀਕਲ ਰੀਸਰਚ ਹੈ। ਰਬੜ ਖੋਜ ਕੇਂਦਰ (1925) ਤੋਂ ਇਲਾਵਾ ਦੇਸ਼ ਦੇ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਵੀ ਇਥੇ ਹੀ ਹਨ।

ਇਥੇ 1959 ਈ. ਵਿਚ ਮਲਾਇਆ ਵਿਸ਼ਵਵਿਦਿਆਲਾ 1970 ਈ. ਵਿਚ ਕਾਬੈਂਗਸਾਨ ਵਿਸ਼ਵ-ਵਿਦਿਆਲਾ ਸਥਾਪਤ ਕੀਤਾ ਗਿਆ।

ਇਸ ਤੋਂ ਇਲਾਵਾ ਫੈਡਰਲ ਟੈਕਨੀਕਲ ਕਾਲਜ (1950) ਅਤੇ ਲੈਂਗੂਏਜ਼ ਇੰਸਟੀਚਿਊਟ (1958) ਇਥੋਂ ਦੀਆਂ ਹੋਰ ਵਿਦਿਅਕ ਸੰਸਥਾਵਾਂ ਹਨ। ਇਥੇ ਇਕ ਰਾਸ਼ਟਰੀ ਅਜਾਇਬਘਰ, ਆਧੁਨਿਕ ਰਾਸ਼ਟਰੀ ਮਸਜਿਦ, ਪਾਰਲੀਮੈਂਟ ਹਾਊਸ, ਸਟੇਟ ਸਕੱਤਰੇਤ, ਲੇਕ ਗਾਰਡਨਜ਼, ਰਾਜ ਦੇ ਮੁੱਖੀ ਦਾ ਮਹੱਲ ਅਤੇ ਦੋ ਸਪੋਰਟਸ ਸਟੇਡੀਅਮ ਹਨ।



ਸਟੇਟ ਸਕਤਰੇਤ ਕੁਆਲਾ ਲੰਪੁਰ

ਸੁਲਤਾਨ ਦੀ ਪੁਰਾਣੀ ਮਸਜਿਦ ਸ਼ਹਿਰ ਦੇ ਅੰਦਰਵਾਰ ਇਕ ਪ੍ਰਾਇਦੀਪ ਉਤੇ ਹੈ। ਸ਼ਹਿਰ ਦੇ ਬਾਹਰਵਾਰ ਸੂਬੱਗ ਅੰਤਰ-ਰਾਸ਼ਟਰੀ ਹਵਾਈ ਅੱਡਾ, ਟੈਂਪਲਰ ਪਾਰਕ, ਰਾਸ਼ਟਰੀ ਚਿੜੀਆ-ਘਰ ਅਤੇ ਬਿਊਕਿਟ ਨਾਨਾਸ ਫਾਰੈਸਟ ਰੀਜ਼ਰਵ ਹੈ। ਬਟੂ ਗੁਫਾ ਵਿਚ ਇਕ ਹਿੰਦੂ ਮੰਦਰ ਬਣਿਆ ਹੋਇਆ ਹੈ।

ਕੁਆਲਾ ਲੰਪੁਰ ਏਸ਼ੀਆਈ ਖੇਡਾਂ ਦਾ ਵੀ ਇਕ ਪ੍ਰਸਿਧ ਕੇਂਦਰ ਹੈ। ਸੰਨ 1975 ਵਿਚ ਦੁਨੀਆ ਦਾ ਹਾਕੀ ਮੁਕਾਬਲਾ ਅਤੇ ਦੁਨੀਆ ਦੇ ਪ੍ਰਸਿਧ ਮੁੱਕੇਬਾਜ਼ ਮੁਹੰਮਦ ਅਲੀ ਅਤੇ ਯੂਰਪ ਦੇ ਚੈਂਪੀਅਨ ਬੁਗਨੇਰ ਦਾ ਮੁਕਾਬਲਾ ਇਥੇ ਹੀ ਹੋਇਆ ਸੀ।

ਸ਼ਹਿਰ ਵਿਚ ਵਧੇਰੇ ਲੋਕ ਚੀਨੀ ਤੇ ਮਲਿਆਈ ਹਨ। ਇਨ੍ਹਾਂ ਤੋਂ ਇਲਾਵਾ ਇਥੇ ਸਿੱਖ ਵੀ ਕਾਫੀ ਗਿਣਤੀ ਵਿਚ ਰਹਿੰਦੇ ਹਨ।

ਆਬਾਦੀ–ਸ਼ਹਿਰ–451,810 (1970) ਮੈ. ਖੇ.—706,997 (1970)

03° 09′ ਉ. ਵਿਥ.; 101°43′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 926

**ਕੁਇਨੋਨ** : ਇਹ ਉਹ ਯੋਗਿਕ ਹੁੰਦੇ ਹਨ, ਜਿਨ੍ਹਾਂ ਵਿਚ ਨਿਊਕਲੀਅਸ ਵਿਚਲੇ ਦੋ ਹਾਈਡ੍ਰੋਜਨ ਪਰਮਾਣੂਆਂ ਦੀ ਥਾਂ ਦੋ ਆਕਸੀਜਨ ਪਰਮਾਣੂਆਂ ਨੇ ਲੈ ਲਈ ਹੁੰਦੀ ਹੈ। ਬੈਂਨਜ਼ੀਨ ਦੇ ਦੋ ਕੁਇਨੋਨ ਸੰਭਵ ਹਨ ਅਰਥਾਤ ਆਰਥੋ ਬੈਂਨਜ਼ੋਕੁਇਨੋਨ ਅਤੇ ਪੈਰਾ-ਬੈਂਨਜ਼ੋਕੁਇਨੋਨ :—



ਮੈਟਾ-ਬੈਂਨਜ਼ੋਕੁਇਨੋਨ ਬਣਾਈ ਨਹੀਂ ਜਾ ਸਕੀ ਕਿਉਂਕਿ ਮੈਟਾ-ਸਥਾਨ ਉਤੇ ਦੋ ਕਾਰਬੋਨਿਲ ਆਕਸੀਜਨ ਪਰਮਾਣੂਆਂ ਨੂੰ ਤਰਤੀਬ-ਬੱਧ ਨਹੀਂ ਕੀਤਾ ਜਾ ਸਕਦਾ।

ਪੈਰਾ-ਬੈਂਨਜ਼ੋਕੁਇਨੋਨ ਬਣਾਉਣ ਲਈ ਕੁਇਨੋਲ ਦਾ ਫ਼ੈਰਿਕ ਕਲੋਰਾਈਡ, ਮੈਂਗਨੀਜ਼ ਡਾਈਆਕਸਾਈਡ ਅਤੇ ਗੰਧਕ ਦੇ ਤੇਜ਼ਾਬ ਨਾਲ ਜਾਂ ਐਸਿਡ ਡਾਈਕ੍ਰੋਮੇਟ ਨਾਲ ਆਕਸੀਕਰਨ ਕੀਤਾ ਜਾਂਦਾ ਹੈ। ਸਭ ਤੋਂ ਵਧੀਆ ਆਕਸੀਕਾਰਕ, ਵੈਨੇਡੀਅਮ ਪੈਂਟਾ-ਆਕਸਾਈਡ ਉਤਪ੍ਰੇਰਕ ਦੀ ਹੋਂਦ ਵਿਚ, ਹਲਕੇ ਗੰਧਕ ਦੇ ਤੇਜ਼ਾਬ ਵਿਚ ਸੋਡੀਅਮ ਕਲੋਰੇਟ ਹੈ :—




ਲੈੱਡ ਟੈੱਟ੍ਰਾ–ਐਸੀਟੇਟ ਦੁਆਰਾ ਕੁਇਨੋਲ ਦੇ ਆਕਸੀਕਰਨ ਤੋਂ ਵੀ ਕੁਇਨੋਨ ਪ੍ਰਾਪਤ ਹੋ ਸਕਦੀ ਹੈ :—




ਪ੍ਰਯੋਗਸ਼ਾਲਾ ਵਿਚ ਪੈਰਾ-ਬੈਂਨਜ਼ੋਕੁਇਨੋਨ ਆਮ ਕਰਕੇ ਪੋਟਾਸ਼ੀਅਮ ਕਲੋਰੇਟ ਅਤੇ ਗੰਧਕ ਦੇ ਤੇਜ਼ਾਬ ਦੁਆਰਾ ਐਨੀਲੀਨ ਦੇ ਆਕਸੀਕਰਨ ਦੁਆਰਾ ਤਿਆਰ ਕੀਤੀ ਜਾਂਦੀ ਹੈ।

ਆਮ ਕਰਕੇ ਪੈਰਾ-ਕੁਇਨੋਨ ਬਣਾਉਣ ਲਈ ਪੈਰਾ-ਹਾਈਡ੍ਰੋਕਸੀ-, ਪੈਰਾ–ਡਾਈਐਮੀਨੋ-ਜਾਂ ਪੈਰਾ–ਐਮੀਨੋਹਾਈਡ੍ਰੋਕਸੀ–ਯੋਗਿਕਾਂ ਦਾ ਆਕਸੀਕਰਨ ਕੀਤਾ ਜਾਂਦਾ ਹੈ, ਜਿਵੇਂ ਕਿ :—




ਪੈਰਾ-ਬੈਂਨਜ਼ੋਕੁਇਨੋਨ ਦੇ ਰਵੇ ਪੀਲੇ ਰੰਗ ਦੇ ਹੁੰਦੇ ਹਨ ਅਤੇ ਇਸ ਦਾ ਪਿਘਲਾਉ ਦਰਜਾ 116° ਸੈਂ. ਹੁੰਦਾ ਹੈ। ਇਸ ਦੀ ਗੰਧ ਬਹੁਤ ਤੇਜ਼ ਹੁੰਦੀ ਹੈ ਅਤੇ ਗਰਮ ਕਰਨ ਤੇ ਇਸ ਦੇ ਜੌਹਰ ਉਡਣ ਲਗ ਜਾਂਦੇ ਹਨ। ਇਹ ਪਾਣੀ ਵਿਚ ਥੋੜ੍ਹੀ ਜਿਹੀ ਘੁਲਣਸ਼ੀਲ ਹੈ ਅਤੇ ਭਾਫ਼ ਵਿਚ ਇਸ ਦੇ ਵ੍ਹਾਪਸ਼ ਬਣ ਜਾਂਦੇ ਹਨ।

ਕਈ ਕਿਸਮ ਦੇ ਲਘੂਕਾਰਕਾਂ ਦੁਆਰਾ ਬੜੀ ਅਸਾਨੀ ਨਾਲ ਅਤੇ ਮਾਤਰਾਤਮਕ ਤੌਰ ਤੇ ਇਸ ਦਾ ਲਘੂਕਰਨ ਇਸ ਦੇ ਅਨੁਸਾਰੀ ਹਾਈਡ੍ਰੋਕੁਇਨੋਲੀਨ ਵਿਚ ਹੋ ਜਾਂਦਾ ਹੈ ਅਤੇ ਇਹ ਕਿਰਿਆ ਤੁਰਤ ਆਕਸੀਕਾਰਕਾਂ ਦੁਆਰਾ ਉਲਟਕ੍ਰਿਮਿਤ ਹੋ ਜਾਂਦੀ ਹੈ ।

$$C_8H_4O_2 + 2\overset{+}{H} + 2e \rightleftharpoons C_6H_6O_2$$

(ਪੈਰਾ-ਬੈਂਨਜ਼ੋਕੁਇਨੋਨ) (ਪੈਰਾ-ਬੈਂਨਜ਼ੋਹਾਈਡ੍ਰੋਕੁਇਨੋਨ)

ਜੇਕਰ ਕੁਝ ਕੁਇਨੋਨ ਅਤੇ ਇਸ ਦੇ ਹਾਈਡ੍ਰੋਕੁਇਨੋਨ ਦੀ ਬਰਾਬਰ ਦੀ ਮਾਤਰਾ ਵਾਲੇ ਘੋਲ, ਜਿਹੜਾ ਕਿ ਦੋਹਾਂ ਦੇ ਜੋੜਾਤਮਕ ਯੋਗਿਕ ਦੇ ਮੁਕਾਬਲੇ ਸੰਤ੍ਰਿਪਤ ਹੋਵੇ, ਵਿਚ ਇਕ ਪਲੈਟਿਨਮ ਇਲੈੱਕਟ੍ਰੋਡ ਪਾਈ ਜਾਵੇ ਤਾਂ ਇਕ ਬਿਜਲਈ ਪੁਟੈਂਸ਼ਲ ਪੈਦਾ ਹੋ ਜਾਂਦਾ ਹੈ ਜਿਹੜਾ ਕਿ ਹਾਈਡ੍ਰੋਜਨ ਆਇਨਾਂ ਦੀ ਸੰਘਣਤਾ ਉਤੇ ਨਿਰਭਰ ਹੁੰਦਾ ਹੈ । ਇਕ ਯੋਗ ਚਾਲਨ ਘੋਲ ਵਿਚੋਂ ਇਕ ਰੈਫਰੈਂਸ ਹਾਫ਼-ਸੈੱਲ ਨਾਲ ਕੁਨੈੱਕਸ਼ਨ ਦੁਆਰਾ ਇਸ ਪੁਟੈਂਸ਼ਲ ਨੂੰ ਮਿਣਿਆ ਜਾ ਸਕਦਾ ਹੈ ।

ਕਈ ਕੁਇਨੋਨਾਂ ਕੁਦਰਤੀ ਉਪਜਾਂ ਵਿਚ ਮਿਲਦੀਆਂ ਹਨ । ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਵਿਟਾਮਿਨ $K_1$ ਹੈ, ਜਿਸ ਦੀ ਬਣਤਰ ਹੇਠਾਂ ਲਿਖੇ ਅਨੁਸਾਰ ਹੈ :—




ਇਹ ਵਧੇਰੇ ਕਰਕੇ ਕੁਝ ਵਿਸ਼ੇਸ਼ ਹਰੇ ਪੌਦਿਆਂ ਵਿਚੋਂ ਮਿਲਦਾ ਹੈ । ਸੰਸ਼ਲਿਸ਼ਟ ਕੁਇਨੋਨਾਂ, ਖ਼ਾਸ ਕਰਕੇ 2–ਮੀਥਾਈਲ–1, 4–ਨੈੱਫ਼ਥੋਕੁਇਨੋਨ ਵਿਚ ਵੀ ਇਹ ਗੁਣ ਹੁੰਦੇ ਹਨ ਅਤੇ ਡਾਕਟਰੀ ਇਲਾਜ ਲਈ ਵਰਤੀਆਂ ਜਾਂਦੀਆਂ ਹਨ । ਇਸ ਦੀ ਰਸਾਇਣਕ ਬਣਤਰ ਹੇਠਾਂ ਦਿਤੀ ਹੈ :—




ਹ. ਪੁ.—ਆ. ਕੇ.—ਫਿਨਾਰ 1 : 668; ਐਨ. ਬ੍ਰਿ. 18 : 969

**ਕੁਇਨੋਲੀ** : ਇਹ ਇਕ ਕਾਰਬਨੀ ਯੋਗਿਕ ਹੈ ਜਿਸ ਦਾ ਰਸਾਇਣਿਕ ਫਾਰਮੂਲਾ $C_9H_7N$ ਹੈ ਅਤੇ ਰਸਾਇਣਕ ਤੌਰ ਤੇ ਇਹ ਪਿਰੀਡੀਨ ਨਾਲ ਮਿਲਦਾ-ਜੁਲਦਾ ਹੈ । ਅਸਲ ਵਿਚ ਇਹ ਇਕ ਬੈਂਨਜ਼ੋਪਿਰੀਡੀਨ ਹੀ ਹੈ, ਜਿਸ ਵਿਚ ਬੈਂਨਜ਼ੀਨ ਅਤੇ ਪਿਰੀਡੀਨ ਦੇ ਰਿੰਗ 2, 3 ਸਥਾਨ ਉਤੇ ਜੁੜੇ ਹੁੰਦੇ ਹਨ । ਆਈਸੋਕੁਇਨੋਲੀਨ ਵਿਚ ਇਹ ਰਿੰਗ 3, 4 ਸਥਾਨ ਉੱਤੇ ਜੁੜੇ ਹੁੰਦੇ ਹਨ ।




(ਕੁਇਨੋਲੀਨ)




(ਆਈਸੋਕੁਇਨੋਲੀਨ)

ਦੋਹਾਂ ਯੋਗਿਕਾਂ ਦੇ ਵਿਉਤਪੰਨਾਂ ਵਿਚ ਪ੍ਰਤਿਸਥਾਪੀਆਂ ਦੀ ਸਥਿਤੀ ਅੰਕਾਂ ਰਾਹੀਂ ਸਪਸ਼ਟ ਕੀਤੀ ਗਈ ਹੈ । ਪਹਿਲਾਂ ਪਹਿਲ ਕੁਇਨੋਲੀਨ ਦੇ ਪਿਰੀਡੀਨ ਰਿੰਗ ਲਈ ਵੀ N, α, β ਅਤੇ γ ਦੀ ਵਰਤੋਂ ਕੀਤੀ ਜਾਂਦੀ ਸੀ ।

ਸੰਨ 1834 ਵਿਚ ਕੁਇਨੋਲੀਨ ਨੂੰ ਐਫ਼. ਐਫ਼. ਰੰਗੇ ਨੇ ਲੁੱਕ (ਤਾਰਕੋਲ) ਨਾਲੋਂ ਵੱਖਰਾ ਕੀਤਾ ਸੀ । ਅੱਜ ਕਲ੍ਹ ਵਪਾਰਕ ਤੌਰ ਤੇ ਇਸ ਨੂੰ ਸੰਸਲੇਸ਼ਣ ਦੁਆਰਾ ਤਿਆਰ ਕੀਤਾ ਜਾਂਦਾ ਹੈ । ਇਹ ਹੱਡੀ-ਤੇਲ ਵਿਚੋਂ ਵੀ ਮਿਲਦਾ ਹੈ । ਸੀ. ਐਫ਼. ਗੈਰਹਾਰਟ ਨੇ 1842 ਵਿਚ ਸਿਨਕੋਨੀਨ ਐੱਲਕੇਲਾਇਡ ਨੂੰ ਪੋਟਾਸ਼ੀਅਮ ਹਾਈਡ੍ਰੋਕਸਾਈਡ ਨਾਲ ਗਰਮ ਕਰਨ ਤੇ ਕੁਇਨੋਲੀਨ ਤਿਆਰ ਕੀਤੀ । ਕੁਦਰਤ ਵਿਚ ਮਿਲਦੇ ਕੁਝ ਵਿਸ਼ੇਸ਼ ਐੱਲਕੇਲੌਇਡਾਂ ਵਿਚ ਕੁਇਨੋਲੀਨ ਨਿਊਕਲੀਅਸ ਦੀ ਹੋਂਦ ਦਾ ਇਹ ਪਹਿਲਾ ਸਬੂਤ ਸੀ । ਕੁਨੀਨ ਨੂੰ ਗਰਮ ਕਰਨ ਤੇ 6-ਮੀਥੌਕਸੀਕੁਇਨੋਲੀਨ ਪ੍ਰਾਪਤ ਹੁੰਦੀ ਹੈ ।

ਕੁਇਨੋਲੀਨ ਦਾ ਸੰਸਲੇਸ਼ਣ ਸਭ ਤੋਂ ਪਹਿਲਾਂ ਸੰਨ 1879 ਵਿਚ ਡਬਲਯੂ. ਕੋਇੰਗਜ਼ ਨੇ ਗਰਮ ਲੈੱਡ ਆਕਸਾਈਡ ਉਪਰੋਂ ਐਲਾਈਲਐਨੀਲੀਨ ਦੇ ਵਾਸ਼ਪ ਲੰਘਾ ਕੇ ਕੀਤਾ । ਹੋਰ ਦੂਸਰੇ ਢੰਗਾਂ ਵਿਚੋਂ ਸਭ ਤੋਂ ਪ੍ਰਸਿੱਧ ਸਕਰੌਪ ਕਿਰਿਆ (1880) ਹੈ । ਇਕ ਪ੍ਰਾਇਮਰੀ ਐਰੋਮੈਟਿਕ ਐਮੀਨ ਨੂੰ ਨਾਈਟ੍ਰੋਬੈਂਨਜ਼ੀਨ ਜਾਂ ਆਰਸਨਿਕ ਐਸਿਡ ਵਰਗੇ ਮੰਦ ਉਤਪ੍ਰੇਰਕ ਦੀ ਹੋਂਦ ਵਿਚ ਗਲਿਸਰੌਲ ਅਤੇ ਗੰਧਕ ਦੇ ਤੇਜ਼ਾਬ ਨਾਲ ਗਰਮ ਕੀਤਾ ਜਾਂਦਾ ਹੈ । ਲਗਭਗ ਸਾਰੀਆਂ ਐਰੋਮੈਟਿਕ ਐਮੀਨਾਂ ਲਈ ਇਹ ਵਿਧੀ ਲਾਗੂ ਹੁੰਦੀ ਹੈ ਅਤੇ ਐਨੀਲੀਨ ਨੂੰ ਕਾਫ਼ੀ ਮਾਤਰਾ ਵਿਚ ਕੁਇਨੋਲੀਨ ਵਿਚ ਬਦਲਿਆ ਜਾਂਦਾ ਹੈ । 4-ਐਮੀਨੋਕੁਇਨੋਲੀਨ ਦੇ ਵਿਉਤਪੰਨ ਕੁਨੀਨ ਨਾਲ ਮਿਲਦੇ ਜੁਲਦੇ ਹਨ ਅਤੇ ਮਲੇਰੀਆ-ਰੋਕੂ ਦਵਾਈਆਂ ਦੇ ਤੌਰ ਤੇ ਵਰਤੇ ਜਾ ਸਕਦੇ ਹਨ । ਇਨ੍ਹਾਂ ਵਿਚੋਂ ਕੁਇਨਾਕਰੀਨ (ਐਟਾਬਰਾਈਨ) ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ ।

ਕੁਇਨੋਲੀਨ ਰੰਗਹੀਨ ਹੈ ਅਤੇ ਇਸ ਦਾ ਉਬਾਲ ਦਰਜਾ 239° ਸੈਂ. ਹੈ । ਇਸ ਦੀ ਗੰਧ ਵਿਸ਼ੇਸ਼ ਕਿਸਮ ਦੀ ਹੁੰਦੀ ਹੈ ਅਤੇ ਪਾਣੀ ਵਿਚ ਤਕਰੀਬਨ ਅਘੁਲਣਸ਼ੀਲ ਹੀ ਹੈ ਪ੍ਰੰਤੂ ਆਰਗੈਨਿਕ ਘੋਲਕਾਂ ਵਿਚ ਘੁਲ ਜਾਂਦੀ ਹੈ । ਬਾਈਕ੍ਰੋਮੇਟ ਨੂੰ ਛੱਡ ਕੇ ਇਸ ਦੇ ਬਾਕੀ ਲੂਣ ਪਾਣੀ ਵਿਚ ਝਟ ਘੁਲ ਜਾਂਦੇ ਹਨ ।

ਕੁਇਨੋਲੀਨ ਅਤੇ ਇਸ ਦੇ ਸਜਾਤੀ ਟਰਸ਼ਰੀ ਖਾਰਾਂ ਹਨ ਤੇ ਐਲਕਾਈਲ ਹੈਲਾਈਡਾਂ ਨਾਲ ਕਿਰਿਆ ਕਰਕੇ ਚਹੁਰੇ ਅਮੋਨੀਅਮ ਲੂਣ ਬਣਾਉਂਦੇ ਹਨ । ਇਨ੍ਹਾਂ ਲੂਣਾਂ ਤੋਂ ਬਣਾਏ ਗਏ ਚਹੁਰੇ ਹਾਈਡ੍ਰੋਕਸਾਈਡ ਸਥਿਰ ਨਹੀਂ ਹੁੰਦੇ । ਸ਼੍ਰੇਣੀ ਦੇ ਰੰਗਕ ਪਦਾਰਥ ਇਨ੍ਹਾਂ ਯੋਗਿਕਾਂ ਦੀ ਕਿਰਿਆ-ਸ਼ੀਲਤਾ ਤੇ ਨਿਰਭਰ ਹੁੰਦੇ ਹਨ ।

ਆਈਸੋਕੁਇਨੋਲੀਨ ਲੁੱਕ ਅਤੇ ਅਣਸੋਧੀ ਕੁਇਨੋਲੀਨ ਵਿਚੋਂ ਮਿਲਦੀ ਹੈ । ਇਹ ਇਕ ਠੋਸ ਪਦਾਰਥ ਹੈ, ਜਿਸ ਦਾ ਉਬਾਲ ਦਰਜਾ 240° ਸੈਂ. ਅਤੇ ਗੰਧ ਕੁਇਨੋਲੀਨ ਨਾਲੋਂ ਬਿਲਕੁਲ ਵੱਖਰੀ ਹੁੰਦੀ ਹੈ । ਇਹ ਕੁਇਨੋਲੀਨ ਨਾਲੋਂ ਵਧੇਰੇ ਖਾਰੀ ਹੈ, ਇਸ ਵਿਚ ਨਾਈਟ੍ਰੋਜਨ ਪਰਮਾਣੂ ਬੈਂਨਜ਼ੀਨ ਰਿੰਗ ਨਾਲ ਸਿੱਧਾ ਨਾ ਜੁੜੇ ਹੋਣ ਕਾਰਨ, ਇਸ ਦਾ ਸਲਫ਼ੇਟ ਠੰਢੇ ਪਾਣੀ ਵਿਚ ਬਹੁਤਾ ਨਹੀਂ ਘੁਲਦਾ । ਇਸੇ ਗੁਣ ਕਾਰਨ ਹੀ ਇਸ ਨੂੰ ਕੁਇਨੋਲੀਨ ਨਾਲੋਂ ਵੱਖਰਾ ਕੀਤਾ ਜਾ ਸਕਦਾ ਹੈ ।

ਆਈਸੋਕੁਇਨੋਲੀਨ ਨਿਊਕਲੀਅਸ ਕਈ ਪ੍ਰਸਿੱਧ ਐੱਲਕੇਲਾਇਡਾਂ ਜਿਵੇਂ ਕਿ ਪਾਪਾਵਰੀਨ, ਬਰਬਰੀਨ, ਹਾਈਡ੍ਰਾਸਟੀਨ ਅਤੇ ਨਾਰਕੋਟੀਨ ਵਿਚ ਮਿਲਦਾ ਹੈ ।

ਹ. ਪੁ.—ਐਨ. ਬ੍ਰਿ. 18 : 968

**ਕੁਇਮਬਰਾ** : ਉੱਤਰੀ ਮੱਧ ਵਰਤੀ ਪੁਰਤਗਾਲ ਦੇ ਕੁਇਮਬਰਾ ਜ਼ਿਲ੍ਹੇ ਅਤੇ ਬੇਰਾ ਲਿਟੋਰਲ ਪ੍ਰਾਂਤ ਦੀ ਰਾਜਧਾਨੀ ਹੈ ਜੋ ਦਰਿਆ ਮੋਨਡੇਗੂ

ਦੇ ਉੱਤਰੀ ਕੰਢੇ ਤੇ ਵਾਕਿਆ ਹੈ। ਚੌਥੀ ਸਦੀ ਦੇ ਇਕ ਲਾਤੀਨੀ ਸ਼ਿਲਾ-ਲੇਖ ਤੋਂ ਪਤਾ ਲਗਦਾ ਹੈ ਕਿ ਕੁਇਮਬਰਾ ਪਹਿਲਾਂ ਏਮੀਨੀਅਮ ਨਾਂ ਦਾ ਇਕ ਸ਼ਹਿਰ ਹੁੰਦਾ ਸੀ। ਏਮੀਨੀਅਮ ਇਕ ਸਦੀ ਨਾਲੋਂ ਜ਼ਿਆਦਾ ਸਮੇਂ ਲਈ ਮੂਰਾਂ ਦੀ ਗੜ੍ਹੀ ਸੀ ਪਰ 878 ਵਿਚ ਆਸਟਰੀਅਸ ਅਤੇ ਲੀਓਨ ਦੇ ਬਾਦਸ਼ਾਹ ਐਲਫਾਂਸੋ ਤੀਜੇ ਨੇ ਇਸ ਉਤੇ ਕਬਜ਼ਾ ਕਰ ਲਿਆ ਸੀ ਅਤੇ ਉੱਤਰ ਵਲੋਂ ਗਾਲੀਸ਼ੀਅਨ ਲੋਕਾਂ ਨੂੰ ਇਥੇ ਆਬਾਦ ਕੀਤਾ। ਜਦੋਂ ਕੋਨੀਮਬ੍ਰੀਗਾ (Conimbrige) ਦੇ ਵੱਡੇ ਪਾਦਰੀ ਦੀ ਗੱਦੀ ਇਸ ਜਗ੍ਹਾ ਤਬਦੀਲ ਕੀਤੀ ਗਈ ਤਾਂ ਵੱਡੇ ਪਾਦਰੀ ਨੇ ਏਮੀਨੀਅਮ ਦਾ ਨਾਂ ਪੁਰਾਣੇ ਨਾਂ ਪਿਛੋ ਕੁਇਮਬਰਾ ਰੱਖ ਦਿਤਾ। 1064 ਈ. ਵਿਚ ਇਸ ਤੇ ਕਾਸਟੀਲੇ ਦੇ ਫਰਡੀਨੈਂਡ ਪਹਿਲੇ ਨੇ ਕਬਜ਼ਾ ਕਰ ਲਿਆ।

1139 ਤੋਂ 1260 ਈ. ਤਕ ਇਹ ਸ਼ਹਿਰ ਪੁਰਤਗਾਲ ਦੀ ਰਾਜਧਾਨੀ ਰਿਹਾ। ਮੱਧ ਕਾਲ ਦੇ ਛੇ ਰਾਜਿਆਂ-ਸਾਂਚੋ ਪਹਿਲਾ ਤੇ ਦੂਜਾ, ਐਫਾਂਸੋ ਦੂਜਾ ਤੇ ਤੀਜਾ, ਪੀਡਰੋ ਪਹਿਲਾ ਅਤੇ ਫਰਡੀਨੈਂਡ ਪਹਿਲੇ—ਦਾ ਜਨਮ ਇਸੇ ਸ਼ਹਿਰ ਵਿਚ ਹੀ ਹੋਇਆ ਸੀ। 1537 ਈ. ਵਿਚ ਪੁਰਤਗਾਲ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਲਿਸਬਨ ਤੋਂ ਬਦਲਕੇ ਇਥੇ ਸਥਾਪਤ ਕੀਤੀ ਗਈ। ਇਥੋਂ ਦੀ ਸ਼ਾਨਦਾਰ ਬਾਰੋਕ੍ਰ ਲਾਇਬਰੇਰੀ ਵਿਚ 1,000,000 ਜਿਲਦਾਂ ਅਤੇ 3,000 ਹੱਥ ਲਿਖਤਾਂ ਹਨ।

ਦੂਜੀਆਂ ਵਰਣਨਯੋਗ ਇਮਾਰਤਾਂ ਵਿਚ ਰੋਮਨ ਸ਼ਿਲਪਕਲਾ ਵਾਲਾ ਪੁਰਾਣਾ ਗਿਰਜਾ ਘਰ (1170), ਸਾਓ ਸੈਲਵੇਡਾਰ ਦਾ 12ਵੀਂ ਸਦੀ ਦਾ ਗਿਰਜਾ, ਨਵਾਂ ਗਿਰਜਾ ਘਰ, ਮਾਕਾਡੋ ਡੇ ਕਾਸਟਰੋ ਅਜਾਇਬ ਘਰ, ਸਾਂਤਾ ਕਰੂਜ਼ ਚਰਚ ਅਤੇ 12ਵੀਂ ਸਦੀ ਦਾ ਬਣਿਆ ਸੀਲਾਸ ਦਾ ਆਸ਼ਰਮ ਸ਼ਾਮਲ ਹੈ।

ਚੀਨੀ ਦੇ ਬਰਤਨ, ਕੱਪੜੇ, ਬੀਅਰ, ਸ਼ਰਾਬ, ਕਾਗਜ਼ ਅਤੇ ਚਮੜਾ ਤਿਆਰ ਕਰਨਾ ਆਦਿ ਇਥੋਂ ਦੀਆਂ ਖਾਸ ਸਨਅੱਤਾਂ ਹਨ।

ਆਬਾਦੀ—56,568 (1970)

40° 18′ ਉ. ਵਿਥ.; 8° 23′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 2 : 1045

**ਕੁਏਟਜ਼ਾਲ** : ਕੁਏਟਜ਼ਾਲ ਜਾਂ ਫੇਰੋਮਾਕਰਸ ਮੈਸਿਨੋ (*Pharomachrus macinno*), ਟ੍ਰੋਗਨ ਪੰਛੀਆਂ ਦੀ ਕੁਲ ਦਾ, ਇਕ ਮੱਧ ਅਮਰੀਕੀ ਪੰਛੀ ਹੈ। ਇਸ ਦੇ ਨਰ ਦਾ ਕਦ ਇਕ ਕਬੂਤਰ ਜਿੰਨਾ ਹੁੰਦਾ ਹੈ। ਇਹ ਉਪਰੋਂ ਹਰਾ ਅਤੇ ਕੈਂਹ ਵਰਗਾ ਹੁੰਦਾ ਹੈ ਅਤੇ ਹੇਠ੍ਹਾਂ ਤੋਂ ਕਿਰਮਚੀ ਰੰਗਾ ਹੁੰਦਾ ਹੈ। ਪੂਛ ਦੇ ਬਾਹਰਲੇ ਖੰਭ ਚਿੱਟੇ ਹੁੰਦੇ ਹਨ। ਸਿਰ ਉਤੇ ਖੰਭਾਂ ਦੀ ਬਣੀ ਕਲਗੀ ਹੁੰਦੀ ਹੈ ਜਿਹੜੀ ਪੀਲੀ ਚੁੰਝ ਦੇ ਮੁੱਢ ਤੋਂ ਲੈ ਕੇ ਧੌਣ ਦੇ ਪਿਛਲੇ ਪਾਸੇ ਤਕ ਜਾਂਦੀ ਹੈ। ਖੰਭਾਂ ਅਤੇ ਪੂਛ ਦੀਆਂ ਖੰਭਲੀਆਂ ਬਹੁਤ ਲੰਮੀਆਂ ਹੁੰਦੀਆਂ ਹਨ। ਇਸ ਦੀ ਮਾਦਾ ਦਾ ਰੰਗ ਉਪਰੋਂ ਹਰਾ ਅਤੇ ਹੇਠ੍ਹਾਂ ਤੋਂ ਭੂਰਾ ਹੁੰਦਾ ਹੈ ਇਸ ਦੀ ਕਲਗੀ ਅਤੇ ਪੂਛ ਦੀਆਂ ਖੰਭਲੀਆਂ ਵੀ ਨਹੀਂ ਹੁੰਦੀਆਂ।

ਇਹ ਕਿਸੇ ਕਠਫੋੜੇ ਦੀ ਬਣਾਈ ਖੁੱਡ ਜਾਂ ਕਿਸੇ ਖਰਾਬ ਹੋ ਰਹੀ ਲੱਕੜੀ ਵਿਚ ਆਪ ਖੁੱਡ ਪੁੱਟ ਕੇ ਆਲ੍ਹਣਾ ਬਣਾਉਂਦੇ ਹਨ ਅਤੇ ਉਸ ਵਿਚ ਮਾਰਚ ਤੋਂ ਜੁਲਾਈ ਦੇ ਦਰਮਿਆਨ ਦੋ ਅੰਡੇ ਦਿੰਦੇ ਹਨ। 17-18 ਦਿਨ ਅੰਡੇ ਸੇਣ ਪਿਛੋਂ ਉਨ੍ਹਾਂ ਵਿਚੋਂ ਬੱਚੇ ਨਿਕਲ ਆਉਂਦੇ ਹਨ। ਅੱਠ ਦਿਨਾਂ ਤਕ ਇਨ੍ਹਾਂ ਬੱਚਿਆਂ ਦੀਆਂ ਅੱਖਾਂ ਬੰਦ ਰਹਿੰਦੀਆਂ ਹਨ ਅਤੇ ਜਨਮ ਵੇਲੇ ਸਰੀਰ ਉਤੇ ਖੰਭ ਨਹੀਂ ਹੁੰਦੇ। ਪਹਿਲੇ ਦਿਨਾਂ ਵਿਚ ਇਨ੍ਹਾਂ ਨੂੰ ਕੀੜਿਆਂ ਅਤੇ ਬਾਅਦ ਵਿਚ ਫ਼ਲਾਂ ਦੀ ਖ਼ੁਰਾਕ ਦਿੱਤੀ ਜਾਂਦੀ ਹੈ। 20-30 ਦਿਨਾਂ ਵਿਚ ਇਹ ਆਲ੍ਹਣਾ ਛੱਡ ਦਿੰਦੇ ਹਨ।

ਹ. ਪੁ.—ਐਨ. ਬ੍ਰਿ. 18 : 961

**ਕੁਸ਼ਕ ਦਰਿਆ** : ਅਫ਼ਗਾਨਿਸਤਾਨ ਅਤੇ ਰੂਸ ਵਿਚੋਂ ਦੀ ਵਗਣ ਵਾਲਾ ਇਹ ਦਰਿਆ ਅਫ਼ਗਾਨਿਸਤਾਨ ਦੀਆਂ ਪੈਰੋਪਾਮਿਸੱਸ ਪਹਾੜੀਆਂ ਵਿਚੋਂ ਨਿਕਲਦਾ ਹੈ। 240 ਕਿ. ਮੀ. ਉੱਤਰ-ਪੱਛਮ ਦੀ ਦਿਸ਼ਾ ਵਿਚ ਕੁਸ਼ਕ ਦੀਆਂ ਪਹਾੜੀਆਂ ਵਿਚੋਂ ਦੀ ਵਹਿਣ ਪਿਛੋਂ ਤੁਰਕਮਾਨ ਸੋਵੀਅਤ ਸਮਾਜਵਾਦੀ ਗਣਰਾਜ ਵਿਚ ਦਾਖ਼ਲ ਹੋਣ ਉਪਰੰਤ ਜਲਦੀ ਹੀ ਉੱਤਰ ਵਲ ਨੂੰ ਮੁੜ ਜਾਂਦਾ ਹੈ। ਲਗਭਗ 16 ਕਿ. ਮੀ. ਇਹ ਰੂਸ ਤੇ ਅਫ਼ਗਾਨਿਸਤਾਨ ਵਿਚਕਾਰ ਸਰਹੱਦ ਦਾ ਕੰਮ ਦਿੰਦਾ ਹੈ। ਕੁਸ਼ਕਾ ਦੀ ਤੁਰਕਮਾਨ ਸਰਹੱਦੀ ਚੌਂਕੀ ਤੋਂ ਮੋਘਰ ਦਰਿਆ ਨੂੰ ਨਾਲ ਮਿਲਾਕੇ ਉੱਤਰ-ਪੂਰਬ ਦੀ ਦਿਸ਼ਾ ਵਿਚ ਚਲਦਾ ਹੈ ਅਤੇ ਥੋੜ੍ਹਾ ਹੇਠਾਂ ਆ ਕੇ ਇਸ ਵਿਚ ਇਗਰੀ ਗੀਓਕ ਨਦੀ ਮਿਲ ਜਾਂਦੀ ਹੈ। ਅਖੀਰ ਤਾਸ਼ਕੇਪਰੀ ਦੇ ਨੇੜੇ ਇਹ ਮੁਰਗਾਬ ਵਿਚ ਸ਼ਾਮਲ ਹੋ ਜਾਂਦਾ ਹੈ। ਇਲਾਕਾ ਜਿਸ ਵਿਚੋਂ ਦੀ ਇਹ ਦਰਿਆ ਗੁਜ਼ਰਦਾ ਹੈ, ਅਰਧ ਬੰਜਰ ਅਤੇ ਕਾਰਾਕੁਮ ਮਾਰੂਥਲ ਦਾ ਕੁਝ ਹਿੱਸਾ ਹੈ ਪਰ ਮੱਧ ਦੇ ਹਿੱਸੇ ਵਿਚ ਦਰਿਆ ਸਿੰਜਾਈ ਲਈ ਪਾਣੀ ਮੁਹੱਈਆ ਕਰਦਾ ਹੈ।

36° 03′ ਉ. ਵਿਥ.; 62° 47′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 518; ਐਨ. ਬ੍ਰਿ. ਮਾ. 5 : 953

**ਕੁਸ਼ਕੋਕਵਿਮ ਦਰਿਆ** : ਪੱਛਮੀ ਅਲਾਸਕਾ (ਸੰ. ਰ. ਅ.) ਦਾ ਦੂਜਾ ਪ੍ਰਸਿੱਧ ਦਰਿਆ ਹੈ ਜੋ ਅਲਾਸਕਾ ਸ਼੍ਰੇਣੀ ਦੀਆਂ ਪੱਛਮੀ ਢਲਾਣਾਂ ਤੋਂ ਚਾਰ ਸ਼ਾਖਾਵਾਂ ਵਿਚ ਨਿਕਲਦਾ ਹੈ। ਇਨ੍ਹਾਂ ਸ਼ਾਖਾਵਾਂ ਨੂੰ ਉੱਤਰੀ ਫੋਰਕ, ਪੂਰਬੀ ਫੋਰਕ, ਦੱਖਣੀ ਫੋਰਕ ਅਤੇ ਪੱਛਮੀ ਫੋਰਕ ਆਖਦੇ ਹਨ। ਉੱਤਰੀ, ਪੂਰਬੀ ਤੇ ਦੱਖਣੀ ਫੋਰਕ ਮੇਡਫਰਾ ਤੇ ਸੰਗਮ ਬਣਾਉਂਦੇ ਹਨ ਪ੍ਰੰਤੂ ਪੱਛਮੀ ਫੋਰਕ 18 ਕਿ. ਮੀ. ਅੱਗੇ ਜਾ ਕੇ ਮਿਲਦਾ ਹੈ। ਇਸ ਤੋਂ ਬਾਅਦ ਇਹ ਮੈਕਗ੍ਰਾਥ ਸਲੀਟਮਿਊਟ, ਨੈਪਾਮਿਊਟ ਤੇ ਆਕਯਾਕ ਹੁੰਦਾ ਹੋਇਆ ਬੇਰਿੰਗ ਸਾਗਰ ਵਿਚ ਜਾ ਡਿਗਦਾ ਹੈ। ਦਰਿਆ ਦੀ ਕੁਲ ਲੰਬਾਈ ਲਗਭਗ 960 ਕਿ. ਮੀ. ਹੈ ਅਤੇ ਮੈਕਗ੍ਰਾਥ ਤਕ ਇਸ ਵਿਚ ਜਹਾਜ਼ਰਾਨੀ ਹੋ ਸਕਦੀ ਹੈ। ਇਸ ਦੇ ਉੱਤਰ ਵਿਚ ਅਲਾਸਕਾ ਦਾ ਸਭ ਤੋਂ ਵੱਡਾ ਦਰਿਆ ਯੂਕਾਨ ਵਹਿੰਦਾ ਹੈ।

ਹ. ਪੁ.—ਹਿੰ. ਵਿ. ਕੋ. 3 : 92

**ਕੁਸਤਾਨਾਈ : ਆਬਲਸਤ** —ਕਾਜ਼ਾਕ ਸੋਵੀਅਤ ਸਮਾਜਵਾਦੀ ਗਣਰਾਜ (ਸੋ. ਯੂ.) ਦੇ ਉੱਤਰ ਵਿਚ ਇਕ ਆਬਲਸਤ ਹੈ ਜੋ ਅੱਪਰ ਟੱਬੋਲ ਦਰਿਆ ਦੇ ਬੇਸਿਨ ਵਿਚ ਵਾਕਿਆ ਹੈ। ਇਹ ਪ੍ਰਬੰਧਕੀ ਇਕਾਈ 20 ਜੁਲਾਈ, 1936 ਨੂੰ ਹੋਂਦ ਵਿਚ ਆਈ ਸੀ ਅਤੇ ਇਸ ਦਾ ਕੁਲ ਰਕਬਾ 114,500 ਵ. ਕਿ. ਮੀ. ਅਤੇ ਆਬਾਦੀ 935,000 (1979) ਹੈ। ਇਸ ਖੇਤਰ ਦਾ ਉੱਤਰੀ ਪੱਛਮੀ ਹਿੱਸਾ ਬਹੁਤ ਉਪਜਾਊ ਕਾਲੀ ਮਿੱਟੀ ਵਾਲਾ ਹੈ ਜਦੋਂ ਕਿ ਦੱਖਣ ਪੂਰਬੀ ਹਿੱਸਾ ਅਰਧ ਮਾਰੂਥਲੀ ਹੈ। ਇਥੋਂ ਦੀ ਜਲਵਾਯੂ ਮਹਾਂਦੀਪੀ ਤੇ ਖੁਸ਼ਕ ਹੈ। ਜਨਵਰੀ ਵਿਚ ਤਾਪਮਾਨ—18° ਸੈਂ. ਤੇ ਜੁਲਾਈ ਵਿਚ 19° ਤੋਂ 24° ਸੈਂ. ਵਿਚਕਾਰ ਰਹਿੰਦਾ ਹੈ। ਔਸਤਨ ਸਲਾਨਾ ਵਰਖਾ 30 ਤੋਂ 40 ਸੈਂ. ਮੀ. ਤਕ ਹੁੰਦੀ ਹੈ। ਟੱਬੋਲ ਇਸ ਇਲਾਕੇ ਦਾ ਮੁਖ ਦਰਿਆ ਹੈ। ਇਥੇ ਝੀਲਾਂ ਵੀ ਕਾਫ਼ੀ ਹਨ।

ਟਾਈਟੇਨੀਅਮ, ਬੱਕਸਾਈਟ, ਸਿੱਕਾ, ਐਸਬੈਸਟੱਸ, ਸੋਨਾ ਤੇ ਭੂਰਾ ਕੋਲਾ ਇਥੋਂ ਮਿਲਣ ਵਾਲੇ ਖਣਿਜ ਹਨ। ਕਣਕ, ਜਵੀ, ਬਾਜਰਾ ਇਥੋਂ ਦੀਆਂ ਮੁਖ ਫਸਲਾਂ ਹਨ ਜੋ ਜ਼ਿਆਦਾ ਕਰਕੇ ਉੱਤਰੀ ਹਿੱਸੇ ਵਿਚ ਹੁੰਦੀਆਂ ਹਨ ਅਤੇ ਦੱਖਣੀ ਇਲਾਕੇ ਵਿਚ ਜਾਂ ਤਾਂ ਉਦਯੋਗ ਹਨ ਜਾਂ ਭੇਡਾਂ, ਬੱਕਰੀਆਂ ਆਦਿ ਪਾਲੀਆਂ ਜਾਂਦੀਆਂ ਹਨ। ਉਦਯੋਗ ਖਣਿਜ ਪਦਾਰਥਾਂ ਨਾਲ ਸਬੰਧਤ ਹਨ।

ਹ. ਪੁ.—ਐਨ. ਬ੍ਰਿ. 13 : 518; ਕੋਲ. ਐਨ. 11 : 319; ਐਨ. ਬ੍ਰਿ. ਮਾ. 5 : 953

**ਕੁਸਤਾਨਾਈ : ਸ਼ਹਿਰ**—ਕਾਜ਼ਾਕ ਸੋਵੀਅਤ ਸਮਾਜਵਾਦੀ ਗਣਰਾਜ (ਸੋ. ਯੂ.) ਦੀ ਆਪਣੇ ਨਾਂ ਦੀ ਇਕ ਆਬਲਸਤ ਦਾ ਰਾਜਧਾਨੀ ਸ਼ਹਿਰ ਹੈ ਜੋ ਮੈਗਨੀਟੋਗਾਰਸਕ ਤੋਂ ਲਗਭਗ 290 ਕਿ. ਮੀ. ਪੂਰਬ ਵਲ ਟੱਬੋਲ ਦਰਿਆ ਦੇ ਖੱਬੇ ਕੰਢੇ ਤੇ ਸਥਿਤ ਹੈ। 1879 ਵਿਚ

ਰੂਸੀਆਂ ਨੇ ਇਸ ਦੀ ਸਥਾਪਨਾ ਕੀਤੀ ਸੀ। ਇਥੇ ਕਈ ਹਲਕੇ-ਫੁਲਕੇ ਉਦਯੋਗ, ਪਸ਼ੂ ਚਕਿਤਸਾ ਤੇ ਮੈਡੀਕਲ ਟਰੇਨਿੰਗ ਸੰਸਥਾਵਾਂ ਦੇ ਨਾਲ-ਨਾਲ ਇਕ ਥੀਏਟਰ ਅਤੇ ਇਕ ਜੀਆਲੋਜੀਕਲ ਅਜਾਇਬ ਘਰ ਹੈ।

ਆਬਾਦੀ—ਅੰਦਾ. 154,000 (1977)

53° 10′ ਉ. ਵਿਥ.; 63° 39′ ਪੂ. ਲੰਬ.

ਹ. ਪੁ.—ਐਨ. ਬ੍ਰਿ. 13 : 518; ਕੋਲ. ਐਨ. 11 : 319; ਐਨ. ਬ੍ਰਿ. ਮਾ. 5 : 953

**ਕੁਸ਼ਤਾ, ਮੌਲਾ ਬਖਸ਼** : ਇਸ ਦਾ ਜਨਮ ਸੰਨ 1876 ਵਿਚ ਅੰਮ੍ਰਿਤਸਰ ਵਿਖੇ ਮੀਆਂ ਸੁਲਤਾਨ ਬਖਸ਼ ਦੇ ਘਰ ਹੋਇਆ। ਇਸ ਨੇ ਮੁਢਲੀ ਵਿਦਿਆ ਮਸੀਤ ਵਿਚੋਂ ਅਤੇ ਅੰਮ੍ਰਿਤਸਰ ਦੇ ਸਰਕਾਰੀ ਹਾਈ ਸਕੂਲ ਵਿਚੋਂ ਪ੍ਰਾਪਤ ਕੀਤੀ। ਇਹ ਪੜ੍ਹਾਈ ਛੱਡ ਕੇ ਗੁਲਜ਼ਾਰ-ਇ-ਹਿੰਦ ਪ੍ਰੈਸ ਵਿਚ ਲਗ ਗਿਆ। 16 ਵਰ੍ਹਿਆਂ ਦੀ ਉਮਰ ਵਿਚ ਇਹ ਉੱਚੀ ਪੱਧਰ ਦੀ ਰਵਾਇਤੀ ਕਵਿਤਾ ਲਿਖਣ ਲਗ ਪਿਆ। ਇਸਦਾ ਉਸਤਾਦ ਅਖਾੜਾ ਹਕੀਮ ਆਗਾ ਖ਼ਾਂ ਦਾ ਖਲੀਫ਼ਾ ਕੁਮਰਦੀਨ ਸੀ।



ਮੌਲਾ ਬਖਸ਼ ਕੁਸ਼ਤਾ

ਇਹ ਤੁਕਬੰਦੀ ਦਾ ਮਾਹਿਰ ਸੀ ਅਤੇ ਹੋਰ ਕਵੀਆਂ ਨਾਲ ਮੁਕਾਬਲੇ ਕਰਦਾ ਰਹਿੰਦਾ ਸੀ। 'ਦੀਵਾਨ-ਇ-ਕੁਸ਼ਤਾ' ਇਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਦੇ ਕਿੱਸੇ ਹੀਰ ਰਾਂਝਾ ਵਿਚੋਂ ਇਸ ਦੀ ਪੰਜਾਬੀਅਤ ਦੇ ਦਰਸ਼ਨ ਹੁੰਦੇ ਹਨ। ਇਸ ਦਾ ਸਥਾਨ ਉਸਤਾਦ ਕਵੀਆਂ ਵਿਚ ਆਉਂਦਾ ਹੈ ਕਿਉਂਕਿ ਪੰਜਾਬੀ ਵਿਚ ਗ਼ਜ਼ਲਾਂ ਅਤੇ ਨਿੱਕੀਆਂ ਕਵਿਤਾਵਾਂ ਲਿਖਣ ਦਾ ਰਿਵਾਜ ਇਸ ਨੇ ਪਾਇਆ। ਇਸ ਨੇ ਚੌਪਈ ਦੀ ਵਰਤੋਂ ਕੀਤੀ ਅਤੇ ਬਹੁਤ ਸਾਰੇ ਦੇਸੀ ਛੰਦਾਂ ਨੂੰ ਪੁਨਰ ਜੀਵਨ ਦਿੱਤਾ।

ਇਸ ਦੀਆਂ ਦੋ ਆਲੋਚਨਾਤਮਕ ਕਿਰਤਾਂ 'ਪੰਜਾਬ ਦੇ ਹੀਰੇ' ਅਤੇ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਪੰਜਾਬੀ ਸਾਹਿਤ ਵਿਚ ਨਿਵੇਕਲਾ ਸਥਾਨ ਰਖਦੀਆਂ ਹਨ। ਇਸ ਨੇ ਉਰਦੂ ਵਿਚ ਵੀ ਕੁਝ ਰਚਨਾ ਕੀਤੀ।

ਕੁਸ਼ਤਾ ਸਾਂਝੀ ਪੰਜਾਬੀ ਕਲਚਰ ਦਾ ਉਪਾਸ਼ਕ ਸੀ। ਇਸ ਦੀ ਬੋਲੀ ਠੇਠ ਪੰਜਾਬੀ ਹੈ। ਇਸ ਦੀ ਕਵਿਤਾ ਉਰਦੂ, ਸ਼ੋਖੀ, ਇਸ਼ਕ ਮਿਜ਼ਾਜੀ ਅਤੇ ਫ਼ਾਰਸੀ ਵਿਦਵਤਾ ਦਾ ਸੰਗਮ ਹੈ।

ਸੰਨ 1955 ਵਿਚ ਇਸਦੀ ਮੌਤ ਹੋ ਗਈ।

ਹ. ਪੁ.—ਪੰ. ਲਿ. ਕੋ. 275

**ਕੁਸ਼ਤੀ** : ਕੁਸ਼ਤੀ ਸ਼ਾਇਦ ਮਨੁੱਖ ਦੀ ਸਭ ਤੋਂ ਪਹਿਲੀ ਖੇਡ ਹੈ। ਇਸ ਵਿਚ ਇਹ ਆਪਣੇ ਵਿਰੋਧੀ ਨੂੰ ਬਿਨਾਂ ਕਿਸੇ ਹੱਥਿਆਰ ਦੇ ਚਿੱਤ ਕਰਨ ਦੀ ਕੋਸ਼ਿਸ਼ ਹੈ। ਇਸ ਖੇਡ ਦਾ ਮੁੱਢ ਭਾਵੇਂ ਭਾਰਤ ਵਿਚ ਹੀ ਹੋਇਆ ਮੰਨਿਆ ਜਾਂਦਾ ਹੈ ਪ੍ਰੰਤੂ ਇਸ ਸਬੰਧੀ ਈਰਾਨ, ਅਫ਼ਗਾਨਿਸਤਾਨ ਅਤੇ ਤੁਰਕੀ ਦੇ ਵਿਦਵਾਨ ਵੀ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਇਸ ਖੇਡ ਦੇ ਮੋਢੀ ਉਨ੍ਹਾਂ ਦੇ ਬਜ਼ੁਰਗ ਹੀ ਸਨ। ਇਸ ਗੱਲ ਬਾਰੇ ਕੋਈ ਵਧੇਰੇ ਖੋਜ-ਪੜਤਾਲ ਨਹੀਂ ਹੋਈ ਜਾਪਦੀ।

ਦਰਿਆ ਨੀਲ ਦੇ ਨੇੜੇ ਬੈਨੀ ਹਸਨ ਦੇ ਮਕਬਰਿਆਂ ਦੀਆਂ ਕੰਧਾਂ ਤੇ ਕੁਸ਼ਤੀ ਮੁਕਾਬਲਿਆਂ ਦੇ ਕਈ ਸੈਂਕੜੇ ਦ੍ਰਿਸ਼ ਸੰਗ-ਤਰਾਸ਼ੇ ਹੋਏ ਹਨ। ਇਨ੍ਹਾਂ ਦ੍ਰਿਸ਼ਾਂ ਵਿਚ ਮੌਜੂਦਾ ਸਮੇਂ ਦੇ ਸਾਰੇ ਦਾਅ-ਪੇਚ ਵਿਖਾਈ ਦਿੰਦੇ ਹਨ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਕੁਸ਼ਤੀ ਘਟੋ ਘਟ 3000 ਸਾਲ ਈ. ਪੂ. ਤੋਂ ਹੀ ਇਕ ਬਹੁਤ ਵਿਕਸਤ ਖੇਡ ਰਹੀ ਹੈ। ਭਾਰਤ ਵਿਚ ਤਾਂ ਮਹਾਭਾਰਤ ਦੇ ਸਮੇਂ ਤੋਂ ਹੀ ਕ੍ਰਿਸ਼ਨ ਬਲਰਾਮ, ਅਰਜਨ, ਭੀਮ, ਦੁਰਯੋਧਨ ਅਤੇ ਕਰਨ ਦੀ ਹੈਰਾਨ-ਕੁੰਨ ਤਾਕਤ ਤੋਂ ਉਸ ਵੇਲੇ ਦੀ ਕੁਸ਼ਤੀ ਦਾ ਝਲਕਾਰਾ ਮਿਲਦਾ ਹੈ।

ਪ੍ਰਾਚੀਨ ਯੂਨਾਨ ਵਿਚ ਕੁਸ਼ਤੀ ਖੇਡਾਂ ਦੀ ਇਕ ਮਹੱਤਵਪੂਰਨ ਸ਼ਾਖਾ ਸੀ। ਇਸ ਦੀਆਂ ਦੋ ਮੁਖ ਕਿਸਮਾਂ ਸਨ :—ਸਿੱਧੀ ਕੁਸ਼ਤੀ ਅਤੇ ਪੂਰੇ ਜ਼ੋਰ ਵਾਲੀ ਕੁਸ਼ਤੀ ਜੋ ਪਹਿਲਵਾਨ ਆਪਣੇ ਵਿਰੋਧੀ ਨੂੰ ਤਿੰਨ ਵਾਰੀ ਜ਼ਮੀਨ ਤੇ ਸੁੱਟ ਲੈਂਦਾ, ਉਹ ਜੇਤੂ ਹੁੰਦਾ। ਇਸ ਕਿਸਮ ਦੀ ਕੁਸ਼ਤੀ ਵਿਚ 'ਜਿਵੇਂ ਫੜ ਸਕੋ ਫੜੋ' ਤਰੀਕੇ ਦੇ ਸਾਰੇ ਦਾਅ-ਪੇਚਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਸੀ ਪ੍ਰੰਤੂ ਇਸ ਬਾਰੇ ਕੁਝ ਪੱਕੇ ਤੌਰ ਤੇ ਨਹੀਂ ਕਿਹਾ ਜਾ ਸਕਦਾ ਕਿ ਲੱਤ ਫੜਨ ਦੀ ਮਨਾਹੀ ਸੀ ਜਾਂ ਐਵੇਂ ਹੀ ਇਸ ਦੀ ਘਟ ਵਰਤੋਂ ਕੀਤੀ ਜਾਂਦੀ ਸੀ। ਯੂਨਾਨ ਦੇ ਵੱਖ-ਵੱਖ ਰਾਜਾਂ ਵਿਚ ਕੁਸ਼ਤੀ ਦੀਆਂ ਹੋਰ ਕਿਸਮਾਂ ਪ੍ਰਚਲਤ ਰਹੀਆਂ। ਪ੍ਰਾਚੀਨ ਯੂਨਾਨ ਦਾ ਸਭ ਤੋਂ ਪ੍ਰਸਿੱਧ ਪਹਿਲਵਾਨ ਕ੍ਰੋਟੋਨ ਦਾ ਮੀਲੋ ਸੀ ਜਿਸ ਨੇ ਵੱਖ ਵੱਖ ਰਾਸ਼ਟਰੀ ਖੇਡਾਂ ਵਿਚ 32 ਜਿੱਤਾਂ ਪ੍ਰਾਪਤ ਕੀਤੀਆਂ। ਇਨ੍ਹਾਂ ਵਿਚੋਂ ਛੇ ਜਿੱਤਾਂ ਇਸਨੇ ਓਲਿੰਪਕ ਵਿਚ ਪ੍ਰਾਪਤ ਕੀਤੀਆਂ ਸਨ।

ਏਸ਼ੀਆ ਦੇ ਲੋਕਾਂ ਵਿਚ ਕੁਸ਼ਤੀ ਬਹੁਤ ਹਰਮਨ ਪਿਆਰੀ ਖੇਡ ਹੈ। ਇਸ ਦਾ ਪਸਾਰਾ ਮੰਗੋਲੀਆ ਤੋਂ ਦੱਖਣੀ ਸ਼ਾਂਤ ਮਹਾਸਾਗਰੀ ਟਾਪੂਆਂ ਤਕ ਰਿਹਾ ਹੈ। ਮਰਾਕੋ ਤੋਂ ਲੈ ਕੇ ਮੰਗੋਲੀਆ ਤਕ, ਜਿਵੇਂ ਜਿਵੇਂ ਇਹ ਖੇਡ ਪੂਰਬ ਵਲ ਆਉਂਦੀ ਗਈ ਇਹ ਕਲਾ ਵਧ ਤੋਂ ਵਧ ਯੋਗਤਾ ਨਾਲ ਪੁੰਗਰਦੀ ਗਈ। ਜਾਪਦਾ ਹੈ ਮੰਗੋਲੀਆ ਅਤੇ ਤੁਰਕਿਸਤਾਨ ਵਿਚ ਕਾਫ਼ੀ ਦੇਰ ਕੁਸ਼ਤੀ ਮਰਨ ਮਰਾਣ ਤਕ ਹੁੰਦੀ ਰਹੀ। ਇਸ ਪਿਛੋਂ ਚੀਨ ਨੇ ਇਸ ਖੇਡ ਦੀ ਆਪਣੀ ਵੱਖਰੀ ਕਿਸਮ ਬਣਾ ਲਈ। ਪ੍ਰਤੀਤ ਹੁੰਦਾ ਹੈ ਕਿ ਚੀਨੀਆਂ ਤੋਂ ਜਾਪਾਨੀਆਂ ਨੇ ਇਹ ਖੇਡ ਸਿੱਖੀ ਅਤੇ ਇਸ ਦਾ ਨਾਂ ਜੂ-ਜੁਟਸੂ ਜਾਂ ਜੂਡੋ ਰੱਖਿਆ।

ਓਲਿੰਪਿਕ ਅਤੇ ਹੋਰ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿਚ ਕੇਵਲ ਤਿੰਨ ਕਿਸਮ ਦੀਆਂ ਕੁਸ਼ਤੀਆਂ ਗ੍ਰੀਕੋ-ਰੋਮਨ, ਫ੍ਰੀ ਸਟਾਈਲ ਅਤੇ ਜੂਡੋਹੀ ਕਰਵਾਈਆਂ ਜਾਂਦੀਆਂ ਹਨ। ਜੂਡੋ, ਥੋੜ੍ਹਾ ਬਹੁਤ ਆਪਣੀ ਰੱਖਿਆ ਕਰਨ ਦੀ ਜਾਣਕਾਰੀ ਹੈ। ਇਹ ਕੁਸ਼ਤੀ ਦਾ ਬਹੁਤ ਮਾਰੂ ਰੂਪ ਹੈ ਅਤੇ ਜਦੋਂ ਗੰਭੀਰਤਾ ਨਾਲ ਲੜੀ ਜਾਵੇ ਤਾਂ ਇਸ ਵਿਚ ਪਹਿਲਵਾਨ ਦੀ ਮੌਤ ਵੀ ਹੋ ਸਕਦੀ ਹੈ। ਜਾਪਾਨੀਆਂ ਦੀ ਰਵਾਇਤੀ ਕੁਸ਼ਤੀ, ਸਿੰਧ (ਪਾਕਿ.) ਦੀ ਮਲਵਿਦ੍ਰ ਨਾਲ ਕਾਫ਼ੀ ਮਿਲਦੀ-ਜੁਲਦੀ ਹੈ। ਜਾਪਾਨ ਦੀਆਂ ਇਸਤਰੀਆਂ ਵਿਚ ਜੂਡੋ ਬਹੁਤ ਪ੍ਰਚਲਤ ਹੈ।

ਸੰਸਾਰ ਦੇ ਕਈ ਦੇਸ਼ਾਂ ਵਿਚ, ਕੁਸ਼ਤੀ ਕਈ ਚਿਰ ਕੌਮੀ ਖੇਡ ਰਹੀ ਹੈ। ਈਰਾਨ ਦੇ ਰੁਸਤਮ ਅਤੇ ਸੋਹਰਾਬ ਅਜੇ ਵੀ ਉਥੋਂ ਦੇ ਕੌਮੀ ਹੀਰੋ ਮੰਨੇ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਕਈ ਵਾਰ ਇਵੇਂ ਹੀ ਹੁੰਦਾ ਸੀ ਕਿ ਕੁਸ਼ਤੀ ਦੇ ਫੈਸਲਿਆਂ ਤੇ ਹੀ ਦੇਸ਼ਾਂ ਦੇ ਦੇਸ਼ ਇਕ ਦੂਜੇ ਨੂੰ ਦੇ ਦਿਤੇ ਜਾਂਦੇ। ਫਿਰਦੌਸੀ ਦਾ ਸ਼ਾਹਨਾਮਾ ਅਜਿਹੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ।

ਮੰਗੋਲ ਲੋਕਾਂ ਵਿਚ ਕੁਸ਼ਤੀ ਕੁਝ ਕੁ ਧਾਰਮਿਕ ਤਿਉਹਾਰਾਂ ਦਾ ਇਕ ਵਿਸ਼ੇਸ਼ ਅੰਗ ਹੈ । ਭਾਰ ਅਨੁਸਾਰ ਪਹਿਲਵਾਨਾਂ ਨੂੰ ਵੱਖ-ਵੱਖ ਹਿੱਸਿਆਂ ਵਿਚ ਨਹੀਂ ਵੰਡਿਆ ਜਾਂਦਾ । ਚੀਨ ਵਿਚ ਵੀ ਕੁਸ਼ਤੀਆਂ ਧਾਰਮਿਕ ਤਿਉਹਾਰਾਂ ਦਾ ਅੰਗ ਹਨ । ਉਥੇ ਹੱਥਾਂ ਦੀ ਤਾਕਤ ਤੇ ਬਹੁਤ ਜ਼ੋਰ ਦਿਤਾ ਜਾਂਦਾ ਹੈ । ਕੁਸ਼ਤੀ ਦੀ ਮਾਨਤਾ ਜਾਪਾਨ ਵਿਚ ਵਿਸ਼ੇਸ਼ ਤੌਰ ਤੇ ਕਾਇਮ ਰਹੀ ਹੈ । ਜਾਪਾਨ ਵਿਚ ਪਹਿਲੀ ਕੁਸ਼ਤੀ ਦਾ ਲਿਖਤੀ ਤੌਰ ਤੇ ਜ਼ਿਕਰ 23 ਈ. ਪੂ. ਦੇ ਸਮੇਂ ਤੋਂ ਮਿਲਦਾ ਹੈ ਜਿਸ ਵਿਚ ਸੁਕੁਨੇ ਦੀ ਜਿੱਤ ਹੋਈ ਸੀ । ਜਾਪਾਨ ਵਿਚ ਸੁਕੁਨੇ ਨੂੰ ਕੁਸ਼ਤੀ ਦਾ ਇਸ਼ਟ ਦੇਵਤਾ ਮੰਨਿਆ ਜਾਂਦਾ ਹੈ । ਅੱਠਵੀਂ ਸਦੀ ਵਿਚ ਬਾਦਸ਼ਾਹ ਸ਼ੋਮੂ ਨੇ ਕੁਸ਼ਤੀਆਂ ਨੂੰ ਫ਼ਸਲਾਂ ਦੀ ਵਾਢੀ ਨਾਲ ਜੋੜ ਕੇ ਕੁਸ਼ਤੀ ਦੀ ਮਹਾਨਤਾ ਵਿਚ ਵਾਧਾ ਕੀਤਾ । 858 ਈ. ਵਿਚ ਜਾਪਾਨ ਦੀ ਰਾਜ-ਗੱਦੀ ਪ੍ਰਾਪਤ ਕਰਨ ਲਈ ਬਾਦਸ਼ਾਹ ਬਨਟੋਕੂ ਦੇ ਦੋਹਾਂ ਪੁੱਤਰਾਂ ਵਿਚਕਾਰ ਕੁਸ਼ਤੀ ਹੋਈ । ਜਿੱਤਣ ਵਾਲੇ ਨੂੰ ਜਾਪਾਨ ਦੀ ਰਾਜ-ਗੱਦੀ ਸੌਂਪੀ ਗਈ ।

ਹਰ ਇਕ ਦੇਸ਼ ਵਿਚ ਕੁਸ਼ਤੀ ਲੜਨ ਦਾ ਤਰੀਕਾ ਅਤੇ ਅਸੂਲ ਆਪਣੇ ਹਨ । ਕੁਝ ਦੇਸ਼ਾਂ ਵਿਚ ਪ੍ਰਚਲਤ ਤਰੀਕੇ ਇਹ ਹਨ । ਓਲਿੰਪਕ ਫ੍ਰੀ ਸਟਾਈਲ (ਸਾਰੇ ਸੰਸਾਰ ਵਿਚ), ਗ੍ਰੀਕੋ-ਰੋਮਨ (ਯੂਰਪ ਵਿਚ), ਕੰਬਰਲੈਂਡ ਅਤੇ ਵੇਸਟ-ਮੋਰਲੈਂਡ ਕੁਸ਼ਤੀ (ਉੱਤਰੀ ਇੰਗਲੈਂਡ ਵਿਚ), ਸੂਮੋ (ਜਾਪਾਨ ਵਿਚ), ਸ਼ਿਵਜ਼ੇਨ (ਸਵਿਟਜ਼ਰਲੈਂਡ ਵਿਚ), ਗਲੀਆ (ਆਈਸਲੈਂਡ ਵਿਚ), ਅਮਰੀਕਨ ਫ੍ਰੀ ਸਟਾਈਲ (ਅਮਰੀਕਾ ਅਤੇ ਕੈਨੇਡਾ ਵਿਚ) ਅਤੇ ਭਾਰਤੀ ਸਟਾਈਲ (ਭਾਰਤ ਅਤੇ ਪਾਕਿਸਤਾਨ ਵਿਚ) ।

**ਓਲਿੰਪਕ ਫ੍ਰੀ ਸਟਾਈਲ**—ਅਜੋਕੀਆਂ ਓਲਿੰਪਕ ਖੇਡਾਂ ਵਿਚ ਫ੍ਰੀ ਸਟਾਈਲ ਕੁਸ਼ਤੀ ਪਹਿਲੀ ਵਾਰ 1920 ਈ. ਵਿਚ ਸ਼ੁਰੂ ਹੋਈ । ਕੁਸ਼ਤੀ 12 ਮਿੰਟ ਹੁੰਦੀ ਹੈ । ਪਹਿਲਾਂ 6 ਮਿੰਟ ਖੜ੍ਹੀ ਕੁਸ਼ਤੀ, ਪਿਛੋਂ 4 ਮਿੰਟ ਜ਼ਮੀਨ ਤੇ ਕੁਸ਼ਤੀ ਹੁੰਦੀ ਹੈ ਜਿਸ ਵਿਚ ਹਰ ਪਹਿਲਵਾਨ ਵਾਰੋ ਵਾਰੀ ਦੋ ਮਿੰਟ ਲਈ ਹੇਠਾਂ ਬੈਠਦਾ ਹੈ । ਦੂਜਾ ਉਸ ਨੂੰ ਉਪਰੋਂ ਫੜਦਾ ਹੈ । ਅੰਤਿਮ ਕੁਸ਼ਤੀ ਦੋ ਮਿੰਟ ਦੀ ਖੜ੍ਹੇ ਹੋ ਕੇ ਹੁੰਦੀ ਹੈ । ਇਹ ਕੁਸ਼ਤੀ ਗੱਦਿਆਂ ਤੇ ਕਰਵਾਈ ਜਾਂਦੀ ਹੈ । ਗੱਦੇ ਦੀ ਲੰਬਾਈ ਤੇ ਚੌੜਾਈ ਘਟੋ ਘਟ 6 ਮੀ. ਅਤੇ ਮੋਟਾਈ 10 ਸੈਂ. ਮੀ. ਹੋਣੀ ਚਾਹੀਦੀ ਹੈ । ਬੂਟ ਪਾ ਕੇ ਕਾਨੂੰਨੀ ਤੌਰ ਤੇ ਮਨ੍ਹਾ ਹੈ । ਕੁਸ਼ਤੀ ਹੇਠ ਲਿਖੇ ਭਾਰਾਂ ਵਿਚ ਹੁੰਦੀ ਹੈ :

| | | | |
|---|---|---|---|
| 1. | ਫਲਾਈ ਵੇਟ | 52 ਕਿਲੋਗਰਾਮ | |
| 2. | ਬੈਂਟਮ ਵੇਟ | 57 | ,, |
| 3. | ਫੈਦਰ ਵੇਟ | 63 | ,, |
| 4. | ਲਾਈਟ ਵੇਟ | 70 | ,, |
| 5. | ਵੈਲਟਰ ਵੇਟ | 78 | ,, |
| 6. | ਮਿਡਲ ਵੇਟ | 87 | ,, |
| 7. | ਲਾਈਟ ਹੈਵੀ ਵੇਟ | 97 | ,, |
| 8. | ਹੈਵੀ ਵੇਟ | 97 | ,, ਤੋਂ ਉਪਰ |

ਕੁਸ਼ਤੀ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਵਾਨਾਂ ਦਾ ਵਜ਼ਨ ਕੀਤਾ ਜਾਂਦਾ ਹੈ । ਪਹਿਲਵਾਨ ਨੂੰ ਇਹ ਖੁਲ੍ਹ ਹੁੰਦੀ ਹੈ ਕਿ ਉਹ ਆਪਣੇ ਵਜ਼ਨ ਤੋਂ ਇਕ ਵਜ਼ਨ ਉਪਰ ਵਿਚ ਕੁਸ਼ਤੀ ਲੜ ਸਕਦਾ ਹੈ । ਆਮ ਤੌਰ ਤੇ ਬਰਾਬਰ ਵਜ਼ਨ ਵਾਲੇ ਪਹਿਲਵਾਨਾਂ ਦੀ ਹੀ ਕੁਸ਼ਤੀ ਕਰਵਾਈ ਜਾਂਦੀ ਹੈ ।

**ਗ੍ਰੀਕੋਰੋਮਨ ਕੁਸ਼ਤੀ**—ਇਹ ਕੁਸ਼ਤੀ 1860 ਈ. ਵਿਚ ਫਰਾਂਸ ਵਿਚ ਪ੍ਰਚਲਤ ਹੋਈ ਅਤੇ ਪਿਛੋਂ ਇਹ ਸਾਰੇ ਯੂਰਪ ਵਿਚ ਫੈਲ ਗਈ । ਇਸ ਦਾ ਨਿਵਾਸੀ ਹੈਕਨ ਇਸ਼ੀਮਿਡ ਇਸ ਕੁਸ਼ਤੀ ਦਾ ਸਭ ਤੋਂ ਪ੍ਰਸਿੱਧ ਪਹਿਲਵਾਨ ਹੋਇਆ ਹੈ ।

**ਕੰਬਰਲੈਂਡ ਅਤੇ ਵੇਸਟਮੋਰਲੈਂਡ ਕੁਸ਼ਤੀ**—ਇਹ ਕੁਸ਼ਤੀ ਉੱਤਰੀ ਇੰਗਲੈਂਡ ਅਤੇ ਦੱਖਣੀ ਸਕਾਟਲੈਂਡ ਵਿਚ ਹੁੰਦੀ ਹੈ । ਇਸ ਵਿਚ ਦੋਵੇਂ ਪਹਿਲਵਾਨ ਇਕ ਦੂਜੇ ਨਾਲ ਸੀਨਾ ਜੋੜ ਕੇ ਕੁਸ਼ਤੀ ਸ਼ੁਰੂ ਕਰਦੇ ਹਨ । ਇਹ ਕੁਸ਼ਤੀ ਵਧੇਰੇ ਦੇਰ ਤਕ ਨਹੀਂ ਰਹਿੰਦੀ । ਆਮ ਤੌਰ ਤੇ ਇਕ ਦੋ ਮਿੰਟ ਵਿਚ ਹੀ ਸਮਾਪਤ ਹੋ ਜਾਂਦੀ ਹੈ । ਇਸ ਥੋੜੇ ਜਿਹੇ ਸਮੇਂ ਵਿਚ ਹੀ ਪਹਿਲਵਾਨ ਆਪਣੇ ਦਾਅ-ਪੇਚ ਵਿਖਾ ਕੇ ਦਰਸ਼ਕਾਂ ਨੂੰ ਖੁਸ਼ ਕਰ ਦਿੰਦੇ ਹਨ ।

**ਸੂਮੋ ਕੁਸਤੀ**—ਸੂਮੋ ਜਾਪਾਨੀਆਂ ਦੀ ਰਾਸ਼ਟਰੀ ਕਸਰਤ ਹੈ ਜਿਸ ਦੀ ਵਰਤੋਂ ਜਾਪਾਨੀ ਨੌਜੁਆਨ ਆਪਣੇ ਸਰੀਰ ਸ਼ਕਤੀਸ਼ਾਲੀ ਅਤੇ ਗੁੰਦਵੇਂ ਬਣਾਉਣ ਲਈ ਸੈਂਕੜੇ ਸਾਲਾਂ ਤੋਂ ਕਰਦੇ ਆ ਰਹੇ ਹਨ । ਪਹਿਲੀ ਸੂਮੋ ਕੁਸ਼ਤੀ ਈਸਾ ਤੋਂ 23 ਸਾਲ ਪਹਿਲਾਂ ਹੋਈ ਜਾਪਦੀ ਹੈ । ਜਿੱਤਣ ਵਾਲਾ ਸੁਕੁਨੇ ਸੀ । 1175 ਈ. ਪਿਛੋਂ ਇਸ ਕੁਸ਼ਤੀ ਦਾ ਰਿਵਾਜ ਘਟ ਗਿਆ । ਪ੍ਰੰਤੂ 1600 ਈ. ਤੋਂ ਇਹ ਮੁੜ ਪ੍ਰਚਲਤ ਹੋ ਗਈ । 20 ਸਾਲ ਦੀ ਉਮਰ ਤਕ ਦੇ ਪਹਿਲਵਾਨ ਦਾ ਵਜ਼ਨ ਘਟ ਤੋਂ ਘਟ 68 ਕਿ. ਗ੍ਰਾ. ਹੋਣਾ ਚਾਹੀਦਾ ਹੈ ਅਤੇ ਕੱਦ 1.7 ਮੀ. ਹੋਣਾ ਚਾਹੀਦਾ ਹੈ । ਸੂਮੋ ਪਹਿਲਵਾਨ ਚਮਕੀਲੇ ਰੇਸ਼ਮੀ ਕੱਪੜੇ ਪਾ ਕੇ ਅਖਾੜੇ ਵਿਚ ਉਤਰਦੇ ਹਨ ।

**ਸ਼ਿਵਜ਼ੇਨ ਕੁਸ਼ਤੀ**—ਇਸ ਕੁਸ਼ਤੀ ਵਿਚ ਪਹਿਲਵਾਨ ਬਿਰਜਸ ਪਾ ਕੇ ਲੜਦੇ ਹਨ । ਇਹ ਇਕ ਮਜ਼ਬੂਤ ਪੇਟੀ ਨਾਲ ਕਮਰ ਤੇ ਬੰਨ੍ਹੀ ਰਹਿੰਦੀ ਹੈ । ਦਾਅ-ਪੇਚ ਇਸ ਪੇਟੀ ਨੂੰ ਫੜ ਕੇ ਲਾਏ ਜਾਂਦੇ ਹਨ । ਇਸ ਕੁਸ਼ਤੀ ਵਿਚ ਸੂਮੋ ਕੁਸ਼ਤੀ ਵਾਂਗ ਪੈਰ ਦੀ ਵਰਤੋਂ ਕਰਨੀ ਜਾਂ ਆਪਣੇ ਵਿਰੋਧੀ ਪਹਿਲਵਾਨ ਨੂੰ ਉਠਾ ਕੇ ਸੁਟਣਾ ਮਨ੍ਹਾਂ ਨਹੀਂ ਹੈ । ਜਿਹੜਾ ਪਹਿਲਵਾਨ ਪਹਿਲਾਂ ਧਰਤੀ ਨੂੰ ਛੂਹ ਜਾਂਦਾ ਹੈ ਉਹ ਹਾਰ ਜਾਂਦਾ ਹੈ । ਆਈਸਲੈਂਡ ਦੀ ਗਲੀਮਾ ਕੁਸ਼ਤੀ ਵੀ ਇਸ ਕੁਸ਼ਤੀ ਨਾਲ ਮਿਲਦੀ-ਜੁਲਦੀ ਹੈ ।

**ਅਮਰੀਕਨ ਫ੍ਰੀ ਸਟਾਈਲ ਕੁਸ਼ਤੀ**—18ਵੀਂ ਸਦੀ ਦੇ ਅੰਤ ਤਕ ਅਮਰੀਕਾ ਵਿਚ ਇਹ ਕੁਸ਼ਤੀ ਰਾਸ਼ਟਰੀ ਪੱਧਰ ਤੇ ਪ੍ਰਚਲਤ ਨਹੀਂ ਸੀ । ਤਿਉਹਾਰਾਂ ਦੇ ਮੌਕੇ ਤੇ ਸਥਾਨਕ ਪਹਿਲਵਾਨਾਂ ਦੀਆਂ ਕੁਸ਼ਤੀਆਂ ਹੁੰਦੀਆਂ ਸਨ । 1780 ਈ. ਦੇ ਨੇੜੇ ਤੇੜੇ ਹਾਵਰਡ ਯੂਨੀਵਰਸਿਟੀ ਵਿਚ ਇਸ ਦਾ ਵਿਕਾਸ ਹੋਇਆ । ਅਜਿਹੀ ਹੀ ਕੁਸ਼ਤੀ ਵਿਚ ਅਬਰਾਹਮ ਲਿੰਕਨ ਨੇ ਜੈਕ ਆਰਮਸਟ੍ਰਾਂਗ ਨੂੰ ਹਰਾਇਆ ਸੀ । 19ਵੀਂ ਸਦੀ ਵਿਚ ਪੇਸ਼ਾਵਰ ਪਹਿਲਵਾਨਾਂ ਦਾ ਰਿਵਾਜ ਵਧਿਆ । ਵਿਲੀਅਮ ਮਲਡੂਨ ਅਮਰੀਕਾ ਦਾ ਸਭ ਤੋਂ ਪਹਿਲਾ ਜੇਤੂ ਮੰਨਿਆਂ ਜਾਂਦਾ ਹੈ । ਇਸ ਤੋਂ ਪਿਛੋਂ ਫਾਰਮਰ ਬਰਨਜ਼ ਦਾ ਨਾਂ ਆਉਂਦਾ ਹੈ । ਉਸ ਤੋਂ ਪਿਛੋਂ ਸਟ੍ਰੈਂਗਲਰ ਦਾ ਨਾਂ ਬਹੁਤ ਪ੍ਰਸਿੱਧ ਹੋਇਆ ।

ਅੱਜ ਦੀ ਅਮਰੀਕਨ ਫ੍ਰੀ ਸਟਾਈਲ ਕੁਸ਼ਤੀ ਵਿਚ ਮੁੱਕੇ-ਬਾਜ਼ੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ । ਇਸ ਵਿਚ ਲਗਭਗ ਹਰ ਦਾਅ-ਪੇਚ ਵਰਤੋਂ ਵਿਚ ਲਿਆਇਆ ਜਾ ਸਕਦਾ ਹੈ ।

ਭਾਰਤੀ ਕੁਸ਼ਤੀ—ਇਸ ਕੁਸ਼ਤੀ ਦਾ ਮੌਜੂਦਾ ਰੂਪ ਸ਼ੁੱਧ ਭਾਰਤੀ ਕੁਸ਼ਤੀ ਕਲਾ ਅਤੇ ਮੁਸਲਿਮ ਕੁਸ਼ਤੀ ਕਲਾ ਦੇ ਮਿਲਾਪ ਤੋਂ ਹੋਂਦ ਵਿਚ ਆਇਆ ਹੈ । ਕੁਸ਼ਤੀ ਕਲਾ ਦੇ ਕੇਂਦਰ, ਇਹ ਅਖਾੜੇ ਸ਼ਰਧਾ-ਭਗਤੀ ਅਤੇ ਪ੍ਰੇਮ ਦੇ ਆਧਾਰ ਤੇ ਚਲਦੇ ਹਨ । ਇਨ੍ਹਾਂ ਵਿਚ ਸਿਖਿਆਰਥੀ ਨੂੰ ਕੋਈ ਚੰਦਾ ਨਹੀਂ ਦੇਣਾ ਪੈਂਦਾ । ਇਨ੍ਹਾਂ ਅਖਾੜਿਆਂ ਵਿਚ ਗੁਰੂ ਆਪਣੇ ਚੇਲਿਆਂ ਨੂੰ ਦਾਅ-ਪੇਚ ਸਿਖਾਉਂਦੇ ਹਨ । ਇਨ੍ਹਾਂ ਅਖਾੜਿਆਂ ਵਿਚ ਵਿਸ਼ੇਸ਼ ਸਾਧਨਾਂ ਦੀ ਲੋੜ ਨਹੀਂ ਪੈਂਦੀ । ਅਖਾੜੇ ਦੀ ਥਾਂ ਨੂੰ ਗੋਡੀ ਕਰਕੇ ਨਰਮ ਕਰ ਲਿਆ ਜਾਂਦਾ ਹੈ ।

ਭਾਰਤੀ ਕੁਸ਼ਤੀ ਦੀਆਂ ਦੋ ਕਿਸਮਾਂ ਹਨ—ਇਕ ਹਨੂਮੰਤੀ ਅਤੇ ਦੂਜੀ 'ਭੀਮ ਸੈਨੀ' । ਹਨੂਮੰਤੀ ਕੁਸ਼ਤੀ ਵਿਚ ਦਾਅ-ਪੇਚ ਅਤੇ ਕਲਾ ਦੀ

ਪ੍ਰਧਾਨਤਾ ਹੁੰਦੀ ਹੈ ਅਤੇ ਭੀਮ ਸੈਨੀ ਕੁਸ਼ਤੀ ਵਿਚ ਸਰੀਰ ਦੀ ਸ਼ਕਤੀ ਨੂੰ ਵਿਸ਼ੇਸ਼ ਮਹੱਤਵ ਦਿਤਾ ਜਾਂਦਾ ਹੈ। ਬਾਬਰ ਮੱਧ-ਏਸ਼ੀਆ ਵਿਚ ਪ੍ਰਚਲਤ ਕੁਸ਼ਤੀ ਦਾ ਇਕ ਨਾਮੀ ਪਹਿਲਵਾਨ ਸੀ। ਅਕਬਰ ਵੀ ਇਸ ਕਲਾ ਦਾ ਚੰਗਾ ਜਾਣੂ ਸੀ। ਉਸ ਦੇ ਰਾਜ ਵਿਚ ਪਹਿਲਵਾਨਾਂ ਨੂੰ ਸਰਕਾਰੀ ਖਜ਼ਾਨੇ ਵਿਚੋਂ ਖ਼ੁਰਾਕ ਵਾਸਤੇ ਸਹਾਇਤਾ ਦਿਤੀ ਜਾਂਦੀ ਸੀ। ਦਰਅਸਲ ਸਤਾਰ੍ਹਵੀਂ ਸਦੀ ਵਿਚ ਹੀ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਗੁਰੂ ਹਰ ਗੋਬਿੰਦ ਜੀ ਨੇ ਆਪਣੇ ਸਿੱਖਾਂ ਨੂੰ ਸਿੱਖਿਆ ਦੇਣੀ ਆਰੰਭ ਕਰ ਦਿਤੀ ਸੀ।

ਭਾਰਤੀ ਕੁਸ਼ਤੀ ਵਿਚ ਪਹਿਲਵਾਨ ਆਪਣੇ ਵਿਰੋਧੀ ਨੂੰ ਬਿਨਾਂ ਕਿਸੇ ਕਿਸਮ ਦੀ ਚੋਟ ਪਹੁੰਚਾਏ ਚਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। 1892 ਈ. ਵਿਚ ਇੰਗਲੈਂਡ ਦਾ ਪ੍ਰਸਿੱਧ ਪਹਿਲਵਾਨ ਟਾਮ ਕੈਨਨ ਰੁਸਤਮੇ-ਹਿੰਦ ਗ਼ੁਲਾਮ ਨਾਲ ਕੁਸ਼ਤੀ ਲੜਨ ਭਾਰਤ ਆਇਆ ਪ੍ਰੰਤੂ ਗ਼ੁਲਾਮ ਦੇ ਚੇਲੇ ਕਰੀਮ ਬਖ਼ਸ਼ ਤੋਂ ਹਾਰ ਕੇ ਵਾਪਸ ਚਲਾ ਗਿਆ। ਗ਼ੁਲਾਮ ਦਾ ਛੋਟਾ ਭਰਾ ਕੱਲੂ ਵੀ ਆਪਣੇ ਸਮੇਂ ਦਾ ਪ੍ਰਸਿੱਧ ਪਹਿਲਵਾਨ ਸੀ। ਉਸ ਸਮੇਂ ਹੋਰ ਪ੍ਰਸਿੱਧ ਪਹਿਲਵਾਨਾਂ ਵਿਚ ਕਿੱਕਰ ਸਿੰਘ ਦੇਵ-ਇ-ਹਿੰਦ ਦਾ ਨਾਂ ਵਰਣਨਯੋਗ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਗਾਮਾ ਪਹਿਲਵਾਨ ਉਠਿਆ। ਇਸ ਨੇ 1910 ਈ. ਵਿਚ ਰੁਸਤਮੇ ਜ਼ਮਾਂ ਦਾ ਖ਼ਿਤਾਬ ਹਾਸਲ ਕਰ ਲਿਆ। ਇਹ ਉਸ ਵਕਤ ਦੁਨੀਆਂ ਦਾ ਸਭ ਤੋਂ ਪ੍ਰਸਿੱਧ ਪਹਿਲਵਾਨ ਸੀ ਜਿਹੜਾ ਵਰ੍ਹਿਆਂ-ਬੱਧੀ ਦੁਨੀਆਂ ਦਾ ਚੈਂਪੀਅਨ ਰਿਹਾ। ਇਸ ਨੇ ਯੂਰਪ ਦੇ ਕਹਿੰਦੇ ਕਹਾਉਂਦੇ ਮੱਲਾਂ ਦੀ ਪਿਠ ਲਾਈ ਸੀ। 1928 ਈ. ਵਿਚ ਗਾਮਾ ਪਹਿਲਵਾਨ ਨੇ ਪੋਲੈਂਡ ਦੇ ਪ੍ਰਸਿੱਧ ਪਹਿਲਵਾਨ ਜ਼ਬਿਸਕੋ ਨੂੰ 42 ਸੈਕੰਡ ਵਿਚ ਹਰਾ ਦਿਤਾ। ਗਾਮੇ ਪਹਿਲਵਾਨ ਦੀ ਆਖਰੀ ਕੁਸ਼ਤੀ ਜੇ. ਸੀ. ਪੀਟਰਸਨ ਨਾਲ ਹੋਈ ਜੋ ਆਪਣੇ ਆਪ ਨੂੰ 'ਜੇਤੂਆਂ ਦਾ ਜੇਤੂ' ਕਹਿੰਦਾ ਸੀ। ਗਾਮੇ ਪਹਿਲਵਾਨ ਨੇ ਉਸ ਨੂੰ 1 ਮਿੰਟ 45 ਸੈਕੰਡ ਵਿਚ ਹੀ ਹਰਾ ਦਿਤਾ।

ਗਾਮੇ ਤੋਂ ਪਿਛੋਂ ਗੂੰਗਾ ਅਤੇ ਗੰਡਾ ਸਿੰਘ ਚਮਕੇ। ਉਨ੍ਹਾਂ ਪਿਛੋਂ ਹਰਬੰਸ ਸਿੰਘ ਅਤੇ ਹਮੀਦਾ ਉਭਰੇ। ਹਰਬੰਸ ਸਿੰਘ ਨੇ ਚੈਂਪੀਅਨ ਰੈਸਲਰ ਆਫ਼ ਦੀ ਓਰੀਅੰਟ ਦਾ ਖਿਤਾਬ ਪ੍ਰਾਪਤ ਕੀਤਾ। ਉਹ ਪਹਿਲਾ ਭਾਰਤੀ ਹੈ ਜਿਸ ਨੇ ਸਭ ਤੋਂ ਪਹਿਲਾਂ ਬ੍ਰਿਟਿਸ਼ ਐਮਪਾਇਰ ਟਾਈਟਲ ਜਿੱਤਿਆ।

ਇਸ ਪਿਛੋਂ ਜੋਗਿੰਦਰ ਸਿੰਘ ਟਾਈਗਰ, ਦਾਰਾ ਸਿੰਘ ਪਹਿਲਵਾਨ ਦੇ ਨਾਂ ਪ੍ਰਸਿੱਧ ਹੋਏ। ਇਨ੍ਹਾਂ ਤੋਂ ਛੁਟ ਕੇਸਰ ਸਿੰਘ, ਕਰਮ ਸਿੰਘ ਪਟਿਆਲਾ, ਕਰਮ ਸਿੰਘ ਭੂੰਦੜ, ਮਿਹਰਦੀਨ, ਗਣਪਤ ਅੰਦਾਲਕਾਰ ਆਦਿ ਵੀ ਪ੍ਰਸਿੱਧ ਪਹਿਲਵਾਨ ਹੋਏ।

**ਦਾਅ**—ਭਾਰਤੀ ਕੁਸ਼ਤੀ ਦੇ ਬਹੁਤ ਦਾਅ ਓਲਿੰਪਕ ਕੁਸ਼ਤੀਆਂ ਨਾਲ ਮਿਲਦੇ ਹਨ ਜਿਵੇਂ—

**ਵੱਖੀ ਦਾਅ**—ਇਸ ਵਿਚ ਪਹਿਲਵਾਨ ਆਪਣੇ ਵਿਰੋਧੀ ਦੇ ਗਲ ਵਿਚ ਆਪਣੀ ਸੱਜੀ ਬਾਂਹ ਪਾ ਲੈਂਦਾ ਹੈ। ਫਿਰ ਉਸ ਦਾ ਸਿਰ ਆਪਣੇ ਸੱਜੇ ਪਾਸੇ ਵਲ ਨੂੰ ਖਿਚਦਾ ਹੈ। ਫਿਰ ਆਪਣੀ ਵੱਖੀ ਉਸ ਦੇ ਸਰੀਰ ਨਾਲ ਜੋੜ ਕੇ ਉਸ ਨੂੰ ਆਪਣੀ ਪਿੱਠ ਵਲੋਂ ਅੱਗੇ ਨੂੰ ਖਿਚਦਾ ਹੈ। ਇਹ ਸਾਰਾ ਕੰਮ ਬਿਜਲੀ ਦੀ ਫੁਰਤੀ ਨਾਲ ਕੀਤਾ ਜਾਣਾ ਚਾਹੀਦਾ ਹੈ। ਇਸ ਦਾਅ ਨੂੰ ਵਰਤਣ ਵਾਲਾ ਪਹਿਲਵਾਨ ਸ਼ਕਤੀਸ਼ਾਲੀ ਅਤੇ ਫੁਰਤੀਲਾ ਹੋਣਾ ਚਾਹੀਦਾ ਹੈ।



ਵੱਖੀ ਦਾਅ

**ਜਨੇਊ ਪਾਣਾ**—ਇਸ ਵਿਚ ਪਹਿਲਵਾਨ ਆਪਣੇ ਵਿਰੋਧੀ ਉਤੇ ਅਜਿਹਾ ਦਾਅ ਵਰਤਦਾ ਹੈ ਕਿ ਉਸ ਦਾ ਸਿਰ ਆਪਣੀ ਖੱਬੀ ਕੱਛ ਵਿਚ ਲੈ ਲੈਂਦਾ ਹੈ। ਉਸ ਦੇ ਖੱਬੇ ਪੈਰ ਦੇ ਬਾਹਰਲੇ ਪਾਸੇ ਆਪਣਾ ਸੱਜਾ ਪੈਰ ਰੱਖ ਲੈਂਦਾ ਹੈ। ਫਿਰ ਆਪਣਾ ਖੱਬਾ ਪੈਰ ਵਿਰੋਧੀ ਦੇ ਸਾਹਮਣੇ ਰਖਦਾ ਹੈ ਅਤੇ ਨਾਲ ਹੀ ਉਸ ਦੀ ਗਰਦਨ ਤੇ ਭਾਰ ਪਾ ਦਿੰਦਾ ਹੈ। ਪਿਛੋਂ ਉਸ ਦੀ ਨੇੜੇ ਦੀ ਟੰਗ ਤੇ ਹੱਥ ਪਾ ਕੇ ਆਪਣੇ ਦੋਹਾਂ ਹੱਥਾਂ ਨੂੰ ਆਪਸ ਵਿਚ ਪਕੜ ਲੈਂਦਾ ਹੈ। ਮਗਰੋਂ ਖਿੱਚ ਕੇ ਹੇਠਾਂ ਨੂੰ ਦਬਾਉਂਦੇ ਹੋਏ ਉਸ ਨੂੰ ਜ਼ਮੀਨ ਤੇ ਡੇਗ ਲੈਂਦਾ ਹੈ।



ਜਨੇਊ ਪਾਣਾ ਦਾਅ

**ਬਾਹਰਲੀ ਟੰਗ**—ਇਸ ਵਿਚ ਪਹਿਲਵਾਨ ਸਭ ਤੋਂ ਪਹਿਲਾਂ ਵਿਰੋਧੀ ਦੀ ਸੱਜੀ ਜਾਂ ਖੱਬੀ ਬਾਂਹ ਕਾਬੂ ਕਰਦਾ ਹੈ। ਇਸ ਦੇ ਨਾਲ ਹੀ ਉਸਦੀ ਸੱਜੀ ਜਾਂ ਖੱਬੀ ਲੱਤ (ਕਾਬੂ ਕੀਤੀ ਬਾਂਹ ਅਨੁਸਾਰ) ਦੇ ਬਾਹਰ ਆਪਣੀ ਖੱਬੀ ਜਾਂ ਸੱਜੀ ਲੱਤ ਰਖਦਾ ਹੈ ਅਤੇ ਉਸ ਨੂੰ ਉਪਰੋਂ ਘੁਮਾ ਕੇ ਹੇਠਾਂ ਡੇਗਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਵਿਰੋਧੀ ਹੇਠਾਂ ਜ਼ਮੀਨ ਤੇ ਡਿਗ ਪੈਂਦਾ ਹੈ ਅਤੇ ਪਹਿਲਵਾਨ ਉਸ ਉਤੇ ਅਸਵਾਰ ਹੋ ਜਾਂਦਾ ਹੈ।



ਬਾਹਰਲੀ ਟੰਗ

**ਅੰਦਰਲੀ ਟੰਗ**—ਇਸ ਵਿਚ ਪਹਿਲਵਾਨ ਆਪਣੇ ਵਿਰੋਧੀ ਦੀ ਸੱਜੀ ਬਾਂਹ ਨੂੰ ਆਪਣੀ ਖੱਬੀ ਬਾਂਹ ਨਾਲ ਉਪਰ ਨੂੰ ਚੁਕਦਾ ਹੈ। ਨਾਲ ਹੀ ਆਪ ਉਸ ਦੇ ਹੇਠਾਂ ਹੋ ਕੇ ਉਸ ਦੀ ਖੱਬੀ ਟੰਗ ਨੂੰ ਆਪਣੀ ਖੱਬੀ ਟੰਗ ਨਾਲ ਪਕੜ ਵਿਚ ਲਿਆਉਂਦਾ ਹੈ। ਪਿਛੋਂ ਉਸ ਨੂੰ ਆਪਣੀ ਪਿੱਠ ਵਲ ਲੈ ਜਾਂਦਾ ਹੈ ਅਤੇ ਉਸ ਨੂੰ ਅੱਗੇ ਵਲ ਉਲਟਾਉਂਦਾ ਹੈ।



ਅੰਦਰਲੀ ਟੰਗ

**ਕੜੰਗਾ ਦਾਅ**—ਇਸ ਵਿਚ ਪਹਿਲਵਾਨ ਆਪਣੇ ਵਿਰੋਧੀ ਦੀ ਖੱਬੀ ਬਾਹ ਦੇ ਉਪਰਲੇ ਹਿੱਸੇ ਨੂੰ ਕੂਹਣੀ ਦੇ ਕੋਲੋਂ ਆਪਣੀ ਸੱਜੀ ਬਾਹ ਨਾਲ ਕਾਬੂ ਕਰਦਾ ਹੈ। ਪਿਛੋਂ ਉਸ ਦੀ ਸੱਜੀ ਕਲਾਈ ਨੂੰ ਆਪਣੇ ਖੱਬੇ ਹੱਥ ਨਾਲ ਫੜਦਾ ਹੈ। ਨਾਲ ਹੀ ਆਪਣੀ ਸੱਜੀ ਲੱਤ ਉਸ ਦੀ ਲੱਤ ਦੇ ਨੇੜੇ ਲੈ ਕੇ ਜਾਂਦਾ ਹੈ। ਇਸ ਹਾਲਤ ਵਿਚ ਉਸਦੀ ਕਲਾਈ ਅਤੇ ਉਸ ਦੇ ਸੱਜੇ ਪਾਸੇ ਨੂੰ ਝਟਕੇ ਨਾਲ ਖਿਚਦੇ ਹੋਏ ਤੇਜ਼ੀ ਨਾਲ ਉਸ ਨੂੰ ਅੱਗੇ ਵਲ ਸੁਟਦਾ ਹੈ। ਇਹ ਦਾਅ ਲੰਬੇ ਪਹਿਲਵਾਨਾਂ ਲਈ ਸਭ ਤੋਂ ਵਧੀਆ ਮੰਨਿਆਂ ਜਾਂਦਾ ਹੈ।



ਕੜੰਗਾ ਦਾਅ

**ਮੁਲਤਾਨੀ ਦਾਅ**—ਇਹ ਦਾਅ ਉਦੋਂ ਵਰਤਿਆ ਜਾ ਸਕਦਾ ਹੈ ਜਦੋਂ ਇਕ ਪਹਿਲਵਾਨ ਦਾ ਖਬਾ ਪੈਰ ਅਤੇ ਦੂਜੇ ਪਹਿਲਵਾਨ ਦਾ



ਮੁਲਤਾਨੀ ਦਾਅ

ਸੱਜਾ ਪੈਰ ਅੱਗੇ ਹੁੰਦਾ ਹੈ ਅਤੇ ਉਹ ਦੋਵੇਂ ਇਕ ਦੂਜੇ ਵਲ ਵੇਖ ਰਹੇ ਹੁੰਦੇ ਹਨ। ਖੱਬਾ ਪੈਰ ਅੱਗੇ ਵਾਲਾ ਪਹਿਲਵਾਨ ਆਪਣੇ ਵਿਰੋਧੀ ਦੀ ਗਰਦਨ ਨੂੰ ਸੱਜੇ ਹੱਥ ਨਾਲ ਫੜ ਕੇ ਖੱਬੇ ਪਾਸੇ ਨੂੰ ਝਟਕਾ ਮਾਰਦਾ ਹੈ ਅਤੇ ਨਾਲ ਹੀ ਆਪਣੀ ਖੱਬੀ ਲੱਤ ਨਾਲ ਉਸ ਦੀ ਸੱਜੀ ਲੱਤ ਨੂੰ ਗੋਡੇ ਦੇ ਨੇੜਿਉਂ ਪਿਛੇ ਨੂੰ ਧਕਦਾ ਹੈ ਅਤੇ ਉਸ ਦੀ ਗਰਦਨ ਆਪਣੇ ਵਲ ਖਿਚਦਾ ਹੈ। ਇਸ ਤਰ੍ਹਾਂ ਉਸ ਦਾ ਇਕ ਪੈਰ ਉਪਰ ਚੁਕਿਆ ਜਾਂਦਾ ਹੈ ਅਤੇ ਉਹ ਡਿਗ ਪੈਂਦਾ ਹੈ।

**ਧੋਬੀ ਪਟੜਾ**—ਵਿਰੋਧੀ ਦੀ ਸੱਜੀ ਬਾਂਹ ਨੂੰ ਕਾਬੂ ਕਰਕੇ ਪਹਿਲਵਾਨ ਆਪਣੀ ਪਿੱਠ ਉਸ ਵਲ ਕਰਦੇ ਹੋਏ ਉਸ ਨੂੰ ਪਿੱਠ ਤੇ ਚੁੱਕ



ਧੋਬੀ ਪਟੜਾ

ਲੈਂਦਾ ਹੈ। ਫਿਰ ਉਸ ਨੂੰ ਇਸ ਤਰ੍ਹਾਂ ਘੁਮਾਂਦਾ ਹੈ ਕਿ ਪਹਿਲਵਾਨ ਦਾ ਸੱਜਾ ਮੋਢਾ ਵਿਰੋਧੀ ਦੀ ਸੱਜੀ ਬਗਲ ਹੇਠਾਂ ਆ ਜਾਂਦਾ ਹੈ। ਫਿਰ ਫੁਰਤੀ ਨਾਲ ਇਕ ਝਟਕੇ ਵਿਚ ਵਿਰੋਧੀ ਨੂੰ ਧੋਬੀ ਦੇ ਕਪੜੇ ਵਾਂਗ ਅੱਗੇ ਨੂੰ ਸੁਟਦਾ ਹੈ।

**ਕਲਾ ਜੰਗ**—ਇਹ ਦਾਅ ਅਕਸਰ ਲਾਈਟ-ਵੇਟ ਪਹਿਲਵਾਨ ਵਰਤਦੇ ਹਨ। ਇਕ ਪਹਿਲਵਾਨ ਖੜੇ-ਖੜੇ ਆਪਣੇ ਵਿਰੋਧੀ ਦੀ ਸੱਜੀ



ਕਲਾ ਜੰਗ ਦਾਅ

ਬਾਂਹ ਦੇ ਉਪਰਲੇ ਹਿੱਸੇ ਨੂੰ ਆਪਣੀ ਸੱਜੀ ਬਾਂਹ ਨਾਲ ਕਾਬੂ ਕਰਦਾ ਹੈ ਤੇ ਉਸ ਨੂੰ ਆਪਣੀ ਗਰਦਨ ਤੇ ਚੁਕ ਲੈਂਦਾ ਹੈ। ਆਪਣਾ ਖੱਬਾ ਹੱਥ ਉਸਦੇ ਪੱਟ ਤੇ ਪਾਉਂਦਾ ਹੈ ਅਤੇ ਉਸ ਨੂੰ ਉਪਰ ਚੁੱਕ ਕੇ ਹੇਠਾਂ ਨੂੰ ਸੁਟ ਦੇਂਦਾ ਹੈ।

**ਬਗਲੀ ਦਾਅ**—ਇਸ ਵਿਚ ਪਹਿਲਵਾਨ ਆਪਣੇ ਖੱਬੇ ਹੱਥ ਨਾਲ ਆਪਣੇ ਵਿਰੋਧੀ ਦੀ ਸੱਜੀ ਕਲਾਈ ਫੜਦਾ ਹੈ। ਉਸ ਦੀ ਬਾਂਹ



ਬਗਲੀ ਦਾਅ

ਇਕ ਪਾਸੇ ਕਰਕੇ ਉਸ ਦੀ ਸਜੀ ਬਗਲ ਹੇਠਾਂ ਆਪਣੀ ਗਰਦਨ ਲੈ ਜਾਂਦਾ ਹੈ। ਫਿਰ ਉਸ ਦੇ ਖੱਬੇ ਪੱਟ ਨੂੰ ਆਪਣੇ ਸੱਜੇ ਹੱਥ ਨਾਲ ਫੜਦਾ ਹੈ। ਮਗਰੋਂ ਖੱਬੇ ਪਾਸੇ ਵਲ ਹੁੰਦੇ ਹੋਏ ਉਸ ਨੂੰ ਇਕ ਦਮ ਆਪਣੇ ਵਲ ਖਿਚਦਾ ਹੈ। ਵਿਰੋਧੀ ਪਹਿਲਵਾਨ ਉਸ ਦੇ ਮੋਢਿਆਂ ਤੇ ਡਿਗ ਪੈਂਦਾ ਹੈ। ਮਗਰੋਂ ਆਪਣੀਆਂ ਲੱਤਾਂ ਸਿੱਧੀਆਂ ਕਰਦੇ ਹੋਏ ਵਿਰੋਧੀ ਨੂੰ ਉਪਰ ਚੁੱਕ ਲੈਂਦਾ ਹੈ।

**ਵੰਗੜੀ ਦਾਅ**—ਇਸ ਵਿਚ ਪਹਿਲਵਾਨ ਫੁਰਤੀ ਨਾਲ ਆਪਣੇ ਵਿਰੋਧੀ ਦੀਆਂ ਬਾਹਾਂ ਨੂੰ ਕੂਹਣੀਆਂ ਤੋਂ ਉਪਰ ਆਪਣੀਆਂ ਬਾਹਾਂ ਨਾਲ



ਵੰਗੜੀ ਦਾਅ

ਫੜ ਕੇ ਆਪਣੀ ਛਾਤੀ ਨਾਲ ਜੋੜ ਲੈਂਦਾ ਹੈ। ਉਸ ਦੀਆਂ ਕਲਾਈਆਂ ਨੂੰ ਆਪਣੇ ਹੱਥਾਂ ਨਾਲ ਮਜ਼ਬੂਤੀ ਨਾਲ ਫੜ ਲੈਂਦਾ ਹੈ ਅਤੇ ਆਪ ਠੀਕ

ਹੋ ਜਾਂਦਾ ਹੈ। ਫਿਰ ਇਸ ਪਿਛੋਂ ਪਹਿਲਾਂ ਉਸ ਨੂੰ ਪਿੱਠ ਤੇ ਚੁੱਕਦਾ ਹੈ ਅਤੇ ਫਿਰ ਹੇਠਾਂ ਸੁਟ ਦਿੰਦਾ ਹੈ। ਇਹ ਬਹੁਤ ਤਕੜਾ ਦਾਅ ਹੈ।

**ਫੁਰੀ ਲਪੇਟ**—ਇਸ ਵਿਚ ਪਹਿਲਵਾਨ ਵਿਰੋਧੀ ਦੇ ਖੱਬੇ ਪਾਸੇ ਬੈਠ ਜਾਂਦਾ ਹੈ ਆਪਣੀ ਸੱਜੀ ਲੱਤ ਨਾਲ ਉਸ ਦੀ ਖੱਬੀ ਲੱਤ



ਫੁਰੀ ਲਪੇਟ ਦਾਅ

ਤੇ ਕੈਂਚੀ ਦਾ ਦਾਅ ਵਰਤਦਾ ਹੈ ਅਤੇ ਉਸ ਨੂੰ ਕਾਬੂ ਕਰ ਲੈਂਦਾ ਹੈ। ਮਗਰੋਂ ਉਸ ਦੇ ਜਿਸਮ ਨੂੰ ਜ਼ੋਰ ਨਾਲ ਸਾਹਮਣੇ ਵਲ ਨੂੰ ਧਕਦਾ ਹੋਇਆ ਕੁਹਣੀ ਦੇ ਨੇੜਿਉਂ ਉਸ ਦੀ ਸੱਜੀ ਬਾਂਹ ਨੂੰ ਜ਼ੋਰ ਨਾਲ ਫੜ ਲੈਂਦਾ ਹੈ ਅਤੇ ਆਪਣੇ ਵਲ ਅੰਦਰ ਨੂੰ ਖਿਚਦਾ ਹੈ ਇਸ ਤਰ੍ਹਾਂ ਪਹਿਲਵਾਨ ਆਪਣੀ ਖੱਬੀ ਲੱਤ ਉਸ ਦੀ ਗਰਦਨ ਦੁਆਲੇ ਲਪੇਟ ਲੈਂਦਾ ਹੈ। ਇਸ ਤਰ੍ਹਾਂ ਉਸ ਦਾ ਬਾਹਰ ਦਾ (ਸੱਜਾ) ਗਿੱਟਾ ਮਜ਼ਬੂਤੀ ਨਾਲ ਪੱਕੜ ਲੈਂਦਾ ਹੈ। ਮਗਰੋਂ ਉਸ ਨੂੰ ਜ਼ੋਰ ਨਾਲ ਉਸ ਦੇ ਸੱਜੇ ਪਾਸੇ ਧੱਕ ਦਿੰਦਾ ਹੈ।

ਹ. ਪੁ.—ਐਨ. ਬ੍ਰਿ. 23 : 804 ; ਹਿੰ. ਵਿ. ਕੋ 3 : 84 ; ਦੀ ਆਰਟ ਆਫ਼ ਰੈਸਲਿੰਗ—ਬੀ. ਐਸ. ਮਰਵਾਹਾ।

**ਕੁਸ਼ ਨਾਭ :** ਇਹ ਰਾਜਾ ਕੁਸ਼ ਦੀ ਰਾਣੀ ਵੈਦਰਭੀ ਦੇ ਗਰਭ ਤੋਂ ਜਨਮੇ ਚਾਰ ਪੁੱਤਰਾਂ ਵਿਚੋਂ ਸਭ ਤੋਂ ਉੱਤਮ ਪੁੱਤਰ ਸੀ। ਇਸ ਦੀ ਪਤਨੀ ਘ੍ਰਿਤਾਚੀ ਦੀ ਕੁਖੋਂ ਸੌ ਧੀਆਂ ਅਤੇ ਇਕ ਪੁੱਤਰ ਗਾਧੀ ਹੋਏ। ਗਾਧੀ ਦਾ ਇਕ ਪੁੱਤਰ ਵਿਸ਼ਵਾ ਮਿੱਤਰ ਅਤੇ ਇਕ ਧੀ ਸੱਤਿਆਵਤੀ ਸਨ। ਸ੍ਰੀ ਮਦ ਭਾਗਵਤ ਅਨੁਸਾਰ ਗਾਧੀ ਦੇ ਪਿਤਾ ਦਾ ਨਾਂ ਕੁਸ਼ਾਬੁ ਸੀ। ਉਸ ਨੇ ਮਹੋਦਯ ਨਾਂ ਦਾ ਸ਼ਹਿਰ ਵਸਾਇਆ ਜੋ ਪਿੱਛੋਂ ਜਾ ਕੇ ਕੰਨਿਆਂ ਕੁਬਜ ਅਤੇ ਕਨੌਜ ਦੇ ਨਾਂ ਨਾਲ ਪ੍ਰਸਿੱਧ ਹੋਇਆ। ਕਹਿੰਦੇ ਹਨ ਕਿ ਜਦ ਕੁਸ਼ਨਾਭ ਦੀਆਂ ਲੜਕੀਆਂ ਜੁਆਨ ਹੋਈਆਂ ਤਾਂ ਵਾਯੂ ਦੇਵਤਾ ਮੋਹਿਤ ਹੋ ਕੇ ਉਨ੍ਹਾਂ ਧੀਆਂ ਨੂੰ ਵਰਨ ਲੱਗਾ। ਲੜਕੀਆਂ ਨੇ ਆਖਿਆ ਕਿ ਪਿਤਾ ਦੀ ਆਗਿਆ ਬਿਨਾਂ ਅਸੀਂ ਕਿਸੇ ਨੂੰ ਨਹੀਂ ਵਰਦੀਆਂ। ਤਦ ਵਾਯੂ ਦੇਵਤਾ ਨੇ ਕ੍ਰੋਧ ਕਰ ਕੇ ਸਾਰੀਆਂ ਕੁੱਬੀਆਂ ਕਰ ਦਿੱਤੀਆਂ। ਕੁਸ਼ ਨਾਭ ਨੇ ਉਨ੍ਹਾਂ ਕੁਬੀਆਂ ਨੂੰ ਰਾਜਾ ਬ੍ਰਹਮਦੱਤ ਨਾਲ ਵਿਆਹ ਦਿੱਤਾ ਅਤੇ ਸ਼ਾਦੀ ਹੋਣ ਤੇ ਉਨ੍ਹਾਂ ਦਾ ਕੁੱਬਾਪਨ ਦੂਰ ਹੋ ਗਿਆ। ਇਨ੍ਹਾਂ ਕੁੱਬੀਆਂ ਲੜਕੀਆਂ ਤੋਂ ਦੇਸ਼ ਦਾ ਨਾਂ 'ਕਨਿਆਕੁਬਜ' ਹੋ ਗਿਆ।

ਹ. ਪੁ.—ਹਿੰ. ਵਿ. ਕੋ. 3 : 83; ਮ. ਕੋ. 318

**ਕੁਸ਼, ਪੋਲੀਕਾਰਪ :** ਸੰਯੁਕਤ ਰਾਜ ਦੇ ਭੌਤਿਕ-ਵਿਗਿਆਨ ਵਿਲਿਸ ਈ. ਲੈਮ. ਜੂਨੀਅਰ ਨਾਲ ਰਲ ਕੇ 1955 ਦਾ ਭੌਤਿਕ-ਵਿਗਿਆਨ ਦਾ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੇ ਇਸ ਵਿਗਿਆਨੀ ਦਾ ਜਨਮ 26 ਜਨਵਰੀ, 1911 ਨੂੰ ਬਲਾਂਕੈਂਨਬੁਰਕ (ਹੁਣ ਪੂਰਬੀ ਜਰਮਨੀ ਵਿਚ) ਵਿਖੇ ਹੋਇਆ। ਇਸ ਨੇ ਪ੍ਰਯੋਗਾਂ ਰਾਹੀਂ ਮਿਣਤੀ ਕੀਤੀ ਕਿ ਇਲੈਕੱਟ੍ਰਾਨ ਦਾ ਚੁੰਬਕੀ ਮੋਮੈਂਟ ਇਸ ਦੇ ਸਿੱਧਾਂਤਕ, ਮੂਲ ਨਾਲੋਂ ਜ਼ਿਆਦਾ ਹੁੰਦਾ ਹੈ, ਜਿਸ ਕਰਕੇ ਨਿਊਕਲੀ ਸਿਧਾਂਤ ਸਬੰਧੀ ਨਵੀਆਂ ਖੋਜਾਂ ਉਪਰ ਮੁੜ ਵਿਚਾਰ ਕਰਨਾ ਪਿਆ। ਸੰਨ 1937 ਵਿਚ ਸੰਯੁਕਤ ਰਾਜ ਦੇ ਭੌਤਿਕ-ਵਿਗਿਆਨੀ ਇਸੀਡਰ ਆਈ. ਰਬੀ ਨਾਲ ਮਿਲ ਕੇ ਪਰਮਾਣੂ ਕਿਰਨ ਪੁੰਜ ਦੀ ਰੇਡੀਉ-ਆਵ੍ਰਿਤੀ ਸਬੰਧੀ ਮੁੱਢਲੇ ਪ੍ਰਯੋਗ ਕੀਤੇ ਅਤੇ ਚੁੰਬਕੀ ਖੇਤਰ ਦੇ ਪਰਮਾਣੂ-ਕਿਰਨ ਪੁੰਜ ਉਤੇ ਪ੍ਰਭਾਵ ਦਾ ਅਧਿਐਨ ਕੀਤਾ। ਸੰਨ 1942 ਵਿਚ ਇਸ ਨੇ ਕੋਲੰਬੀਆ ਯੂਨੀਵਰਸਿਟੀ ਦੀ ਕੋਲੰਬੀਆ ਰੇਡੀਏਸ਼ਨ ਲੈਬਾਰਟਰੀ ਵਿਖੇ ਕੰਮ ਸ਼ੁਰੂ ਕਰ ਦਿੱਤਾ ਅਤੇ ਦੋ ਸਾਲ ਬਾਅਦ ਬੈੱਲ ਟੈਲੀਫੋਨ ਲੈਬਾਰਟਰੀਜ਼ ਵਿਖੇ ਕੰਮ ਕਰਨ ਉਪਰੰਤ ਇਹ 1946 ਵਿਚ ਵਾਪਸ ਕੋਲੰਬੀਆ ਵਿਖੇ ਭੌਤਿਕ-ਵਿਗਿਆਨ ਦਾ ਪ੍ਰੋਫ਼ੈਸਰ ਲਗ ਗਿਆ। ਅਗਲੇ ਸਾਲ ਇਸ ਨੇ ਸਿੱਧ ਕੀਤਾ ਕਿ ਇਲੈਕੱਟ੍ਰਾਨ ਦੇ ਚੁੰਬਕੀ ਗੁਣ ਮੌਜੂਦਾ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੇ। ਇਸ ਤਰ੍ਹਾਂ ਇਸ ਨੇ ਇਲੈਕੱਟ੍ਰਾਨ ਦੇ ਚੁੰਬਕੀ ਖੇਤਰ ਦੀ ਮਿਣਤੀ ਕੀਤੀ ਅਤੇ ਹਾਈਡ੍ਰੋਜਨ ਵਿਚ ਇਸ ਦੇ ਵਤੀਰੇ ਦਾ ਅਧਿਐਨ ਕੀਤਾ। ਕੁਸ਼ ਦੀ ਖੋਜ ਕਾਰਜ ਦਾ ਵਿਸ਼ੇਸ਼ ਗੁਣ ਕੁਝ ਦਰੁਸਤ ਅਤੇ ਭਰੋਸੇਯੋਗ ਮਿਣਤੀ ਹੈ।

ਰੇਡੀਓ-ਆਵ੍ਰਿਤੀ-ਕਿਰਨ ਪੁੰਜ ਢੰਗ ਰਾਹੀਂ ਇਸ ਨੇ ਅਨੇਕਾਂ ਐਟਮੀ, ਅਣਵੀਂ ਅਤੇ ਨਿਊਕਲੀ ਗੁਣਾਂ ਦਾ ਠੀਕ ਠੀਕ ਅਤੇ ਭਰੋਸੇਯੋਗ ਅਨੁਮਾਨ ਲਗਾਇਆ ਹੈ।

ਹ. ਪੁ.—ਐਨ. ਬ੍ਰਿ. ਮਾ. 5 : 952

**ਕੁਸ਼ਾਣ ਜਾਂ ਕੁਸ਼ਾਨ ਵੰਸ਼** ਇਸ ਰਾਜ ਵੰਸ਼ ਨੇ ਇਸਾਈ ਕਾਲ ਦੀਆਂ ਪਹਿਲੀਆਂ ਤਿੰਨ ਸਦੀਆਂ ਦੌਰਾਨ ਉੱਤਰੀ ਭਾਰਤ, ਅਫ਼ਗਾਨਿਸਤਾਨ ਅਤੇ ਮਧ ਏਸ਼ੀਆ ਦੇ ਬਹੁਤ ਸਾਰੇ ਭਾਗਾਂ ਉੱਪਰ ਰਾਜ ਕੀਤਾ। ਭਾਰਤੀ ਸਭਿਆਚਾਰ ਦੇ ਇਤਿਹਾਸ ਵਿਚ ਕੁਸ਼ਾਨ ਕਾਲ ਬਹੁਤ ਮਹੱਤਤਾ ਰੱਖਦਾ ਹੈ। ਇਸ ਕਾਲ ਦੌਰਾਨ ਧਰਮ, ਸਾਹਿਤ ਅਤੇ ਮੂਰਤੀ ਕਲਾ ਵਿਚ ਮਹੱਤਵ ਪੂਰਨ ਵਿਕਾਸ ਹੋਇਆ। ਚੀਨੀ ਲਿਖਤਾਂ ਅਨੁਸਾਰ ਇਹ ਵੰਸ਼ ਯੂਚੀ (*Yueh-chth*) ਕਬੀਲੇ ਵਿਚੋਂ ਹੋਂਦ ਵਿਚ ਆਇਆ। ਇਹ ਟੱਪਰੀਵਾਸ ਕਬੀਲਾ ਸੀ ਜੋ ਅਜੋਕੇ ਚੀਨ ਦੀਆਂ ਸਰਹੱਦਾਂ ਉਪਰ ਵਸਦਾ ਸੀ। ਬਾਅਦ ਵਿਚ ਇਸ ਕਬੀਲੇ ਦੇ ਦੋ ਹਿੱਸੇ ਹੋ ਗਏ, ਤਿੱਬਤ ਦੀਆਂ ਸਰਹੱਦਾਂ ਉੱਪਰ ਆਬਾਦ ਹੋਣ ਵਾਲੇ ਕਬੀਲੇ ਨੂੰ ਛੋਟਾ ਜਾਂ ਲਿਟਲ ਯੂਚੀ ਅਤੇ ਪੱਛਮ ਵਲ ਨੂੰ ਵਧਣ ਵਾਲੇ ਨੂੰ ਵੱਡਾ ਜਾਂ ਗ੍ਰੇਟ ਯੂਚੀ ਕਿਹਾ ਜਾਣ ਲਗ ਪਿਆ। ਇਕ ਸੌ ਈਸਵੀ ਪੂਰਬ ਦੇ ਲਗਭਗ ਯੂਚੀ ਕਬੀਲੇ ਨੇ ਬਖ਼ਤਰੀਆ ਨੂੰ ਜਿੱਤਣ ਉਪਰੰਤ ਰਾਜ ਨੂੰ ਪੰਜ ਹਿੱਸਿਆਂ ਵਿਚ ਵੰਡ ਦਿਤਾ, ਜਿਨ੍ਹਾਂ ਵਿਚੋਂ ਇਕ ਕੁਸ਼ਾਣ ਜਾਂ ਕਵਾਈ-ਸੁਆਂਗ ਸੀ।

ਵੰਡ ਤੋਂ ਇਕ ਸੌ ਸਾਲ ਬਾਦ ਕੁਸ਼ਾਣ ਰਾਜ ਦਾ ਸਭ ਤੋਂ ਪਹਿਲਾ ਰਾਜਾ ਕੈਡਫਿਸ ਪਹਿਲਾ ਜਾਂ ਕੁਜੁਲਾ ਕੈਡਫਿਸ ਸੀ ਜਿਸ ਬਾਰੇ ਕੁਝ ਪੱਕੇ ਤੌਰ ਤੇ ਪਤਾ ਲਗ ਸਕਿਆ ਹੈ। ਕੈਡਫਿਸ ਪਹਿਲਾ ਬਾਕੀ ਚਾਰ ਰਾਜਾਂ ਨੂੰ ਤਾਕਤ ਨਾਲ ਆਪਣੇ ਅਧੀਨ ਕਰਕੇ ਸਮੁੱਚੀ ਯੂਚੀ ਕੌਮ ਦਾ ਬਾਦਸ਼ਾਹ ਬਣ ਗਿਆ। ਕੈਡਫਿਸ ਪਹਿਲੇ ਦਾ ਰਾਜ-ਕਾਲ ਲਗਭਗ 15 ਤੋਂ 65 ਈ. ਮੰਨਿਆ ਜਾਂਦਾ ਹੈ। ਇਸ ਦਾ ਰਾਜ ਫਾਰਸ ਦੀਆਂ ਸਰਹੱਦਾਂ ਤੋਂ ਸਿੰਧ (ਜਾਂ ਸ਼ਾਇਦ ਜਿਹਲਮ) ਦਰਿਆ ਤਕ ਰਲ ਗਿਆ। 80 ਸਾਲ ਦੀ ਉਮਰ ਵਿਚ ਇਸ ਦੀ ਮੌਤ ਹੋ ਗਈ। ਇਸ ਤੋਂ ਬਾਅਦ ਕੈਡਫਿਸ ਦੂਜਾ ਗੱਦੀ ਤੇ ਬੈਠਿਆ ਜਿਸ ਦਾ ਰਾਜ-ਕਾਲ ਲਗਭਗ 65 ਤੋਂ 75 ਈ. ਦੌਰਾਨ ਦਸਿਆ ਜਾਂਦਾ ਹੈ। ਸਿੱਕਿਆਂ ਤੋਂ ਪਤਾ ਲਗਦਾ ਹੈ ਕਿ ਇਹ ਹਿੰਦੂ ਧਰਮ ਦਾ ਸ਼ਰਧਾਲੂ ਸੀ ਅਤੇ ਇਸ ਦੇ ਰਾਜ-ਕਾਲ ਦੌਰਾਨ ਚੀਨ, ਰੋਮ ਅਤੇ ਭਾਰਤ ਵਿਚਕਾਰ ਸੋਨਾ, ਹੀਰੇ ਅਤੇ ਰੇਸ਼ਮੀ ਕੱਪੜੇ ਦਾ ਵਪਾਰ ਸ਼ੁਰੂ ਹੋਇਆ।

ਕੈਡਫਿਸਾਂ ਤੋਂ ਬਾਅਦ ਕਨਿਸ਼ਕ ਪਹਿਲੇ ਦਾ ਰਾਜ ਸ਼ੁਰੂ ਹੁੰਦਾ ਹੈ। ਇਹ ਕੁਸ਼ਾਨ ਰਾਜ ਦਾ ਸਭ ਤੋਂ ਮਹਾਨ ਬਾਦਸ਼ਾਹ ਮੰਨਿਆ ਜਾਂਦਾ ਹੈ ਅਤੇ ਇਸ ਦੇ ਰਾਜ-ਕਾਲ ਨੂੰ ਕੁਸ਼ਾਨ ਰਾਜ ਦਾ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ। ਇਸ ਦੇ ਰਾਜ-ਕਾਲ ਬਾਰੇ ਕਾਫ਼ੀ ਮਤ-ਭੇਦ ਹੈ ਪਰ ਸਾਰੀਆਂ ਲਿਖਤਾਂ ਦੇ ਸਿੱਟੇ ਵਜੋਂ ਇਸ ਦਾ ਰਾਜ-ਕਾਲ ਪਹਿਲੀ ਈ. ਸਦੀ ਹੈ। ਇਸ ਦੇ ਰਾਜ ਅਧੀਨ ਅਫ਼ਗਾਨਿਸਤਾਨ ਤੇ ਸਿੰਧ ਦਾ ਬਹੁਤ ਸਾਰਾ ਹਿੱਸਾ, ਪਾਰਥੀਆ, ਬਖ਼ਤਰੀਆ ਅਤੇ ਪੰਜਾਬ ਸੀ। ਇਸ ਦਾ ਰਾਜ ਉਸ ਸਮੇਂ ਦੀਆਂ ਵੱਡੀਆਂ ਚਾਰ ਤਾਕਤਾਂ (ਚੀਨ, ਰੋਮ ਅਤੇ ਪਾਰਥੀਆ) ਵਿਚੋਂ ਇਕ ਸੀ। ਇਸ ਨੂੰ ਦੂਜਾ ਅਸ਼ੋਕ ਕਿਹਾ ਜਾਂਦਾ ਹੈ। ਇਸ ਦੇ ਰਾਜ ਸਮੇਂ ਬੁੱਧ ਧਰਮ ਦਾ ਬਹੁਤ ਪਸਾਰਾ ਹੋਇਆ। ਇਹ ਵਧੀਆ ਸ਼ਾਸਕ ਅਤੇ ਵਿਦਿਆ ਤੇ ਕਲਾ ਦਾ ਸਰਪ੍ਰਸਤ ਸ਼ੀ। ਗੰਧਾਰਾ ਸਕੂਲ ਆੱਫ ਆਰਟਸ ਦਾ ਇਹ ਇਕ ਮਹਾਨ ਸਰਪ੍ਰਸਤ ਬਣਿਆ। ਭਾਰਤੀ ਇਤਿਹਾਸ ਵਿਚ ਕਨਿਸ਼ਕ ਪਹਿਲੇ ਦੀ ਆਪਣੀ ਹੀ ਥਾਂ ਹੈ। ਇਸ ਤੋਂ ਬਾਅਦ ਇਸ ਦੇ ਉਤਰਾਧਿਕਾਰੀ ਵਾਸ਼ਿਸ਼ਕਾ, ਹੁਵਿਸ਼ਕ, ਅਤੇ ਵਾਸੁਦੇਵਾ ਪਹਿਲਾਂ ਹੋਏ ਹਨ। ਇਨ੍ਹਾਂ ਦੇ ਰਾਜ-ਕਾਲਾਂ ਦੌਰਾਨ ਕੁਸ਼ਾਨ ਰਾਜ ਢਹਿੰਦੀਆਂ ਕਲਾਂ ਵਲ ਚਲ ਪਿਆ। ਇਸ ਤੋਂ ਬਾਅਦ ਕੁਸ਼ਾਣ ਬਾਰੇ ਧੁੰਦਲਾ ਜਿਹਾ ਇਤਿਹਾਸ ਹੈ। ਗੁਪਤ ਸਾਮਰਾਜ ਦੀ ਸਥਾਪਨਾ ਤਕ ਕੁਸ਼ਾਣਾਂ ਦੀ ਸੰਤਾਨ ਨੇ ਕਿਤੇ ਕਿਤੇ ਆਪਣੀ ਸੁਤ੍ਹਾ ਜਮਾਈ ਰੱਖੀ ਸੀ। ਸਾਸਾਨੀਆਂ ਤੋਂ ਬਾਅਦ ਇਸ ਵੰਸ਼ ਦਾ ਪਤਨ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 5 : 952. ਏਨਸ਼ੀਐਂਟ ਇੰਡੀਆ—ਵੀ. ਡੀ. ਮਹਾਜਨ ; ਹਿੰ. ਵਿ. ਕੋ. 3 : 90

**ਕੁਸ਼ਿਕ**—ਰਿਗਵੇਦ ਅਨੁਸਾਰ ਇਹ ਵਿਸ਼ਵਾ ਮਿੱਤਰ ਦਾ ਪਿਤਾ ਸੀ, ਪਰੰਤੂ ਮਹਾਭਾਰਤ ਅਤੇ ਹਰਿਵੰਸ਼ ਪੁਰਾਣ ਆਦਿ ਅਨੁਸਾਰ ਉਸ ਦਾ ਦਾਦਾ ਅਰਥਾਤ ਗਾਧਿ ਦਾ ਪਿਤਾ ਸੀ। ਇਹ ਮਹੋਦੈਪੁਰ ਦਾ ਵਸਨੀਕ ਸੀ। ਇਕ ਵਾਰ ਮਹਾਂ ਰਿਸ਼ੀ ਚਯਵਨ ਨੂੰ ਆਪਣੀ ਬਿਰਤੀ ਦੇ ਜ਼ੋਰ ਨਾਲ ਪਤਾ ਲਗਿਆ ਕਿ ਕੁਸ਼ਿਕ ਬੰਸ ਦੇ ਕਾਰਨ ਹੀ ਉਨ੍ਹਾਂ ਦੇ ਆਪਣੇ ਬੰਸ ਵਿਚ ਖਤਰੀਪਨ ਦੀ ਪ੍ਰਾਪਤੀ ਹੋਵੇਗੀ ਅਤੇ ਦੋਗਲੇਪਨ ਦਾ ਪ੍ਰਵੇਸ਼ ਹੋਵੇਗਾ। ਇਸ ਅਣਇੱਛਤ ਸਥਿਤੀ ਤੋਂ ਬਚਣ ਲਈ ਚਯਵਨ ਨੇ ਕੁਸ਼ਿਕ ਬੰਸ ਨੂੰ ਸਰਾਪ ਦੇ ਕੇ ਭਸਮ ਕਰਨ ਦੀ ਤਰਕੀਬ ਸੋਚੀ। ਇਸ ਉਦੇਸ਼ ਨਾਲ ਉਹ ਕੁਸ਼ਿਕ ਦੀ ਨਗਰੀ, ਮਹੋਦੈਪੁਰ ਪਹੁੰਚਿਆ। ਰਾਜੇ ਅਤੇ ਰਾਣੀ ਨੂੰ ਬੜੇ ਕਸ਼ਟ ਦਿੱਤੇ ਪਰੰਤੂ ਕੁਸ਼ਿਕ ਅਤੇ ਇਸ ਦੀ ਰਾਣੀ ਨੇ ਕਿਵੇਂ ਵੀ ਰਿਸ਼ੀ ਨੂੰ ਨਾਰਾਜ਼ ਨਾ ਹੋਣ ਦਿੱਤਾ, ਸਗੋਂ ਬਹੁਤ ਸੇਵਾ ਕੀਤੀ, ਜਿਸ ਤੋਂ ਪ੍ਰਸੰਨ ਹੋ ਕੇ ਚਯਵਨ ਨੇ ਵਰ ਦਿਤਾ ਕਿ ਤੁਹਾਡਾ ਪੋਤਰਾ ਬ੍ਰਾਹਮਣਤਵ ਦੀ ਪ੍ਰਾਪਤੀ ਕਰੇਗਾ। ਇਸ ਦੇ ਫਲਸਰੂਪ ਵਿਸ਼ਵਾ ਮਿੱਤਰ ਬ੍ਰਹਮ ਰਿਸ਼ੀ ਬਣਿਆ। ਦੂਜੇ ਬੰਨੇ ਚਯਵਨ ਰਿਸ਼ੀ ਦਾ ਆਪਣਾ ਡਰ ਠੀਕ ਸਿੱਧ ਹੋਇਆ। ਇਸ ਦੇ ਬੰਸ ਵਿਚੋਂ ਰੀਚੀਕ ਨੇ ਗਾਧਿ ਦੀ ਪੁੱਤਰੀ ਨਾਲ ਵਿਆਹ ਕਰਕੇ ਜਮਦਗਨੀ ਨੂੰ ਜਨਮ ਦਿੱਤਾ। ਪਰਸੂ ਰਾਮ, ਜਿਹੜਾ ਬ੍ਰਾਹਮਣ ਹੁੰਦੇ ਹੋਏ ਵੀ ਖੱਤਰੀ ਧਰਮ ਵਾਲੀ ਪ੍ਰਵਿਰਤੀ ਰਖਦਾ ਸੀ, ਜਮਦਗਨੀ ਦਾ ਹੀ ਪੁੱਤਰ ਸੀ।

ਹ. ਪੁ.—ਹਿੰ. ਵਿ. ਕੋ. 3 : 84

**ਕੁਸ਼ਿੰਗ, ਹਾਰਵੇ ਵਿਲਿਅਮਜ਼**—ਵਿਸ਼ਵ ਪ੍ਰਸਿਧ ਇਸ ਸਰਜਨ ਦਾ ਜਨਮ 8 ਅਪਰੈਲ, 1869 ਈ. ਨੂੰ ਕਲੀਵਲੈਂਡ (ਉਹਾਇਓ) ਵਿਖੇ ਹੋਇਆ। ਇਸ ਨੇ ਬਲਗਮ ਵਾਲੇ ਰੋਗੀ ਦਾ ਅਧਿਐਨ ਕਰਕੇ ਇਕ ਬੀਮਾਰੀ 'ਕੁਸ਼ਿੰਗ ਰੋਗ' ਜਾਂ 'ਸਿਨਡ੍ਰੋਮ' ਦੀ ਖੋਜ ਕੀਤੀ, ਜਿਸ ਵਿਚ ਰੋਗੀ ਦਾ ਚਿਹਰਾ ਅਤੇ ਗਲਾ ਮੋਟਾ ਹੋ ਜਾਂਦਾ ਹੈ। ਜਿਸ ਨੇ ਸੰਨ 1895 ਵਿਚ ਹਾਰਵਰਡ ਮੈਡੀਕਲ ਸਕੂਲ ਤੋਂ ਗਰੈਜੂਏਸ਼ਨ ਕੀਤੀ। ਸੰਨ 1912 ਤੋਂ 1932 ਤਕ ਇਸੇ ਹੀ ਸਕੂਲ ਵਿਖੇ ਸਰਜਰੀ ਦੇ ਪ੍ਰੋਫ਼ੈਸਰ ਅਤੇ ਪੀਟਰ ਬੈਂਟ ਬਰਿੰਘਮ ਹਸਪਤਾਲ, ਬੋਸਟਨ ਵਿਖੇ ਇਸ ਨੇ ਮੁਖ ਸਰਜਨ ਦੇ ਤੌਰ ਤੇ ਕੰਮ ਕੀਤਾ। ਪਹਿਲੇ ਸੰਸਾਰ ਯੁੱਧ ਸਮੇਂ ਫ਼ੌਜੀ, ਡਾਕਟਰੀ ਸੇਵਾਵਾਂ ਤੋਂ ਬਾਅਦ 1918 ਵਿਚ ਅਮਰੀਕਨ ਐਕਸਪੀਡੀਸ਼ਨਰੀ ਫੋਰਸ ਦਾ ਨਿਊਰੋਲੋਜੀਕਲ ਸਰਜਰੀ ਦਾ ਮੁਖ ਸਲਾਹਕਾਰ ਬਣ ਗਿਆ। ਸੰਨ 1933 ਤੋਂ 1937 ਤਕ ਇਹ ਯੇਲ ਯੂਨੀਵਰਸਿਟੀ ਵਿਖੇ ਸਟਰਲਿੰਗ ਪ੍ਰੋਫ਼ੈਸਰ ਲਗਾ ਰਿਹਾ। ਚੰਗਾ ਸਰਜਨ ਅਤੇ ਸਿਖਿਅਕ ਹੋਣ ਦੇ ਨਾਤੇ ਇਸ ਨੇ ਸਰਜਰੀ ਵਿਚ ਲਹੂ-ਦਬਾਉ ਅਤੇ ਦਿਮਾਗ ਦੀਆਂ ਰਸੌਲੀਆਂ ਦੀਆਂ ਕਿਸਮਾਂ ਦੇ ਅਧਿਐਨ ਲਈ ਕਾਫ਼ੀ ਯੋਗਦਾਨ ਪਾਇਆ। ਇਸ ਤੋਂ ਵਧ ਇਹ ਇਕ ਚੰਗਾ ਲੇਖਕ ਵੀ ਸੀ। ਇਸ ਨੂੰ ਸੰਨ 1926 ਵਿਚ 'ਲਾਈਫ਼ ਆਫ਼ ਸਰ ਵਿਲੀਅਮ ਔਸਲਰ' (1925) ਜੀਵਨੀ ਲਿਖਣ ਤੇ ਪੁਲਿਟਜ਼ਰ ਪੁਰਸਕਾਰ ਮਿਲਿਆ। ਸੰਨ 1936 ਵਿਚ ਇਸ ਦੀ ਸਵੈ-ਜੀਵਨੀ 'ਫ੍ਰਮ ਏ ਸਰਜਨਜ਼ ਜਰਨਲ' (1915—1918) ਛਪੀ।

7 ਅਕਤੂਬਰ, 1939 ਵਿਚ ਨਿਊ ਹਾਵੈਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 310

**ਕੁਸ਼ੀਨਗਰ**—ਇਹ ਉੱਤਰੀ ਭਾਰਤ ਦਾ ਇਕ ਪ੍ਰਾਚੀਨ ਸ਼ਹਿਰ ਅਤੇ ਮੱਲ ਗਣਰਾਜ ਦੀ ਰਾਜਧਾਨੀ ਸੀ। ਦੀਘਨਿਕਾਏ ਵਿਚ ਇਸ ਨਗਰ ਨੂੰ 'ਕੁਸ਼ੀਨਾਰਾ' ਕਿਹਾ ਗਿਆ ਹੈ। ਇਸ ਨਗਰ ਦਾ ਕੁਸ਼ੀਨਗਰ ਅਤੇ ਕੁਸ਼ੀਨਾਰਾ ਤੋਂ ਪਹਿਲਾ ਨਾਂ ਕੁਸਵਤੀ ਸੀ। ਬੁੱਧ ਨੇ ਇਕ ਵਾਰ ਕੁਸ਼ੀਨਗਰ ਬਾਰੇ ਇਸ ਤਰ੍ਹਾਂ ਦਸਿਆ ਕਿ ਇਹ ਪੂਰਬੀ-ਪੱਛਮ ਦੀ ਦਿਸ਼ਾ ਵਿਚ 12 ਯੋਜਨ ਲੰਬਾ ਅਤੇ ਉੱਤਰ-ਦੱਖਣ ਦੀ ਦਿਸ਼ਾ ਵਿਚ 7 ਯੋਜਨ ਚੌੜਾ ਸੀ। ਪ੍ਰੰਤੂ ਰਾਜਗ੍ਰਹਿ ਵੈਸ਼ਾਲੀ ਜਾਂ ਸਰਾਵਸਤੀ ਨਗਰਾਂ ਦੀ ਤਰ੍ਹਾਂ ਬਹੁਤ ਵੱਡਾ ਨਹੀਂ ਸੀ। ਬੁੱਧ ਦੇ ਸ਼ਿਸ਼ ਆਨੰਦ ਨੇ ਇਸ ਨਗਰ ਲਈ ਨਿਮਨ ਲਿਖਤ ਸ਼ਬਦ ਵਰਤੇ : "ਇਹ ਚੰਗਾ ਹੋਵੇਗਾ ਜੇ ਭਗਵਾਨ ਦੀ ਮ੍ਰਿਤੂ ਇਸ ਨੀਚ ਨਗਰ ਵਿਚ ਜੰਗਲਾਂ ਵਿਚਕਾਰ ਨਾ ਹੋਵੇ।" ਭਗਵਾਨ ਬੁੱਧ ਜਦੋਂ ਅੰਤਮ ਵਾਰ ਬੀਮਾਰ ਹੋਏ ਤਦ ਜਲਦੀ ਹੀ ਬਾਅਦ ਕੁਸ਼ੀ-ਨਗਰ ਤੋਂ ਆ ਗਏ ਪ੍ਰੰਤੂ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦਾ ਆਖਰੀ ਸਮਾਂ ਨਜ਼ਦੀਕ ਆ ਗਿਆ ਹੈ ਤਦ ਉਨ੍ਹਾਂ ਨੇ ਆਨੰਦ ਨੂੰ ਕੁਸ਼ੀਨਾਰ ਭੇਜਿਆ। ਕੁਸ਼ੀਨਗਰ ਵਿਚ ਮਲ ਆਪਣੀ ਕਿਸੇ ਸਮਾਜਿਕ ਸਮਸਿਆ ਉਪਰ ਵਿਚਾਰ ਕਰਨ ਲਈ ਇਕੱਠੇ ਹੋਏ ਸਨ। ਸੁਨੇਹਾ ਸੁਣ ਕੇ ਉਹ ਸਾਲਵਨ ਵਲ ਨੂੰ ਦੌੜ ਪਏ ਜਿਥੇ ਬੁੱਧ ਜੀਵਨ ਦੀਆਂ ਅੰਤਮ ਘੜੀਆਂ ਗਿਣ ਰਹੇ ਸਨ। ਮੌਤ ਤੋਂ ਬਾਅਦ ਉਥੇ ਹੀ ਚਕਰਵਰਤੀ ਰਾਜਾ ਦੀ ਤਰ੍ਹਾਂ ਅੰਤਮ ਸੰਸਕਾਰ ਕੀਤਾ ਗਿਆ। ਇਸ ਜਗ੍ਹਾ ਤੇ ਕੁਸ਼ੀਨਗਰ ਦੇ ਮੱਲਾਂ ਨੇ ਇਕ ਸਤੂਪ ਖੜ੍ਹਾ ਕੀਤਾ।

ਕੁਸ਼ੀਨਗਰ ਦੀ ਸਥਿਤੀ ਬਾਰੇ ਬਹੁਤ ਦੇਰ ਤਕ ਵਿਦਵਾਨਾਂ ਦੇ ਵਿਚਾਰਾਂ ਵਿਚ ਇਕਸਾਰਤਾ ਨਹੀਂ ਸੀ। ਕੁਝ ਲੋਕ ਇਸ ਨੂੰ ਨੇਪਾਲ ਵਿਚ ਮੰਨਦੇ ਸਨ ਅਤੇ ਕੁਝ ਸ਼ਾਕਿਉਂ ਦੇ ਦੱਖਣ ਵਿਚ। ਪ੍ਰੰਤੂ ਗੋਰਖਪੁਰ ਜ਼ਿਲ੍ਹੇ ਦੇ ਕਸੀਆ ਨਾਂ ਦੇ ਸਥਾਨ ਤੋਂ ਮਿਲੀਆਂ ਵਸਤਾਂ ਤੋਂ ਕੁਸ਼ੀਨਗਰ ਦੀ ਸਥਿਤੀ ਬਾਰੇ ਸਪੱਸ਼ਟ ਹੋ ਜਾਂਦਾ ਹੈ। ਪਿੰਡ ਦੇ ਨੇੜਿਉਂ ਇਕ ਸਤੂਪ ਤੋਂ ਇਕ ਤਾਮਰ ਪੱਤਰ ਮਿਲਿਆ ਹੈ ਜਿਸ ਨੂੰ ਲਿਖਤ ਵਿਚ 'ਪਰੀਨਿਰਵਾਣ ਚੈਤਅਤਾਮਰਪੱਟ' ਕਿਹਾ ਗਿਆ ਹੈ। ਗੌਤਮ ਬੁੱਧ ਦੇ ਮਹਾਪਰੀ ਨਿਰਵਾਣ ਤੋਂ ਇਸ ਸਥਾਨ ਬਾਰੇ ਹੋਰ ਵੀ ਸ਼ੱਕ ਦੂਰ ਹੋ ਗਿਆ ਹੈ। ਇਸ ਦੀ ਪੁਸ਼ਟੀ ਪਾਲੀ ਗ੍ਰੰਥਾਂ ਤੋਂ ਵੀ ਹੁੰਦੀ ਹੈ। ਦੀਘਨਿਕਾਏ ਵਿਚ ਕੁਸ਼ੀਨਗਰ ਦੇ ਨੇੜੇ ਇਕ ਨਦੀ ਹਿਰਣਵਤੀ ਦੇ ਵਗਣ ਬਾਰੇ ਜ਼ਿਕਰ ਆਉਂਦਾ ਹੈ ਅਤੇ ਇਸੇ ਦੇ ਕਿਨਾਰੇ ਮੱਲਾਂ ਦਾ ਸ਼ਾਲਵਨ ਸੀ। ਇਹ ਨਦੀ ਅੱਜ ਦੀ ਛੋਟੀ ਗੰਡਕ ਹੈ ਜੋ ਬੜੀ ਗੰਡਕ ਤੋਂ ਲਗਭਗ 12 ਕਿ. ਮੀ. ਪੱਛਮ ਵਲ ਵਗਦੀ ਹੈ ਅਤੇ ਸਰਜੂ ਨਦੀ ਵਿਚ ਮਿਲ ਜਾਂਦੀ ਹੈ। ਬੁੱਧ ਨੂੰ ਕੁਸ਼ੀਨਗਰ ਤੋਂ ਰਾਜਗ੍ਰਹਿ ਜਾਂਦੇ ਹੋਏ ਕਕੁਤਥਾ ਨਦੀ ਨੂੰ ਪਾਰ ਕਰਨਾ ਪਿਆ। ਅੱਜ ਕਲ੍ਹ ਇਸ ਨੂੰ ਬਰ੍ਹੀ ਨਦੀ ਕਹਿੰਦੇ ਹਨ ਅਤੇ ਇਹ ਕਸੀਆ (ਕੁਸ਼ੀਨਗਰ) ਤੋਂ 13 ਕਿ. ਮੀ. ਦੀ ਦੂਰੀ ਤੇ ਵਗਦੀ ਹੈ।

ਕੁਸ਼ੀਨਗਰ ਦੀ ਉੱਨਤੀ ਬੁੱਧ ਅਤੇ ਮੌਰੀਆ ਕਾਲ ਵਿਚ ਵਿਸ਼ੇਸ਼ ਰੂਪ ਨਾਲ ਹੋਈ। ਮੌਰੀਆ ਰਾਜ ਦੀਆਂ ਢਹਿੰਦੀਆਂ ਕਲਾਂ ਸਮੇਂ ਇਸ ਨਗਰ ਦੀ ਮਹੱਤਤਾ ਕੁਝ ਘਟ ਗਈ ਪਰ ਗੁਪਤ ਕਾਲ ਸਮੇਂ ਇਸ ਦੀ ਮਹੱਤਤਾ ਮੁੜ ਵਧ ਗਈ। ਚੰਦਰ ਗੁਪਤ ਦੂਜੇ (ਵਿਕਰਮਾਦਿੱਤ) ਦੇ ਸਮੇਂ ਇਥੇ ਮੱਠਾਂ ਤੇ ਮੰਦਰਾਂ ਦਾ ਕਾਫ਼ੀ ਨਿਰਮਾਣ ਹੋਇਆ। ਗੁਪਤ ਸ਼ਾਸਕਾਂ ਨੇ ਇਥੋਂ ਦੀਆਂ ਪੁਰਾਣੀਆਂ ਇਮਾਰਤਾਂ ਨੂੰ ਮੁੜ ਮੁਰੰਮਤ ਵੀ ਕਰਵਾਇਆ ਸੀ। ਖੁਦਾਈ ਦੁਆਰਾ ਮਿਲੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਕੁਮਾਰ ਗੁਪਤ ਪਹਿਲੇ (413-415 ਈ.) ਦੇ ਸਮੇਂ ਹਰੀਬਲ ਨਾਂ ਦੇ ਕਿਸੇ ਬੁੱਧ ਭਿਕਸ਼ੂ ਨੇ ਭਗਵਾਨ ਬੁੱਧ ਦੀ ਮਹਾਪਰੀ ਨਿਰਵਾਣ ਅਵਸਥਾ ਦੀ ਇਕ ਵੱਡੀ ਮੂਰਤੀ ਦੀ ਸਥਾਪਨਾ ਕੀਤੀ ਸੀ ਅਤੇ ਉਸ ਨੇ ਮਹਾਪਰੀ ਨਿਰਵਾਣ ਸਤੂਪ ਦੀ ਮੁਰੰਮਤ ਕਰਕੇ ਉਸ ਨੂੰ ਉਚਾ ਵੀ ਕੀਤਾ ਸੀ। ਇਸ ਸਤੂਪ ਦੇ ਗਰਭ ਵਿਚਕਾਰ ਤਾਂਬੇ ਦੇ ਇਕ ਘੜੇ ਵਿਚ ਭਗਵਾਨ ਦੀਆਂ ਹੱਡੀਆਂ ਅਤੇ ਕੁਝ ਮੁਦਰਾਵਾਂ ਦੇ ਨਾਲ ਇਕ ਤਾਮਰਪੱਤਰ ਲਿਖ ਕੇ ਰਖਿਆ ਸੀ। ਗੁਪਤਾਂ ਤੋਂ ਪਿਛੋਂ ਇਸ ਨਗਰ ਦੀ ਦੁਰਦਸ਼ਾ ਹੋ ਗਈ ਜਿਸ ਬਾਰੇ ਪ੍ਰਸਿੱਧ ਚੀਨੀ ਯਾਤਰੀ ਹਿਊਨ ਸਾਂਗ ਨੇ ਵਰਣਨ ਕੀਤਾ ਹੈ।

ਹ. ਪੁ.—ਹਿੰ. ਵਿ. ਕੋ. 3 : 84

**ਕੁਕ, ਸਰ ਜੋਜ਼ਫ :** ਇਹ ਆਸਟ੍ਰੇਲੀਆ ਦਾ ਇਕ ਸਿਆਸਤਦਾਨ ਸੀ ਜਿਸ ਦਾ ਜਨਮ 1860 ਈ. ਵਿਚ ਇੰਗਲੈਂਡ ਦੀ ਸਟੈਫਰਡਸ਼ਿਰ ਕਾਊਂਟੀ ਵਿਚ ਸਿਲਵਰਡੇਲ ਵਿਖੇ ਹੋਇਆ। 1885 ਵਿਚ ਇਹ ਆਸਟ੍ਰੇਲੀਆ ਚਲਾ ਗਿਆ ਅਤੇ 1891 ਵਿਚ ਨਿਊ ਸਾਊਥ ਵੇਲਜ਼ ਵਿਧਾਨ ਮੰਡਲ ਵਿਚ ਹਾਰਟਲੇ ਵਾਸਤੇ ਲੇਬਰ ਮੈਂਬਰ ਚੁਣਿਆ ਗਿਆ। 1894-98 ਦੌਰਾਨ ਇਹ ਪੋਸਟਮਾਸਟਰ ਜਨਰਲ, 1898-99 ਦੌਰਾਨ ਖਾਣਾਂ ਤੇ ਖੇਤੀਬਾੜੀ ਮੰਤਰੀ ਰਿਹਾ। 1901 ਵਿਚ ਕਾਮਨਵੈਲਥ ਪਾਰਲੀਮੈਂਟ ਵਿਚ ਪਾਰਾਮਾਣਾ ਦਾ ਮੈਂਬਰ ਬਣ ਗਿਆ ਜੋ 20 ਸਾਲ ਤਕ ਰਿਹਾ। 1909-10 ਦੌਰਾਨ ਡੀਕਨਜ਼ ਸਰਕਾਰ ਵਿਚ ਰੱਖਿਆ ਮੰਤਰੀ ਰਿਹਾ। 1913 ਵਿਚ ਫਿਸ਼ਰਜ਼ ਲੇਬਰ ਸਰਕਾਰ ਦੇ ਹਾਰਨ ਉਪਰੰਤ ਇਹ ਪ੍ਰਧਾਨ ਮੰਤਰੀ ਬਣ ਗਿਆ ਪਰ ਸੈਨੇਟ ਵਿਚ ਘੱਟ ਗਿਣਤੀ ਕਾਰਨ ਇਸ ਨੂੰ ਜਲਦੀ ਹੀ ਅਸਤੀਫ਼ਾ ਦੇਣਾ ਪਿਆ। 1917 ਤੋਂ 1920 ਦੌਰਾਨ ਇਹ ਹਿਊਜ਼ ਅਧੀਨ ਮੈਰੀਨ ਮੰਤਰੀ ਅਤੇ 1920-21 ਦੌਰਾਨ ਕਾਮਨਵੈਲਥ ਦਾ ਖ਼ਜ਼ਾਨਚੀ ਰਿਹਾ। 1919 ਵਿਚ ਵਰਸੇਲਜ਼ ਪੀਸ ਕਾਨਫਰੰਸ ਵਿਚ ਇਹ ਆਸਟ੍ਰੇਲੀਆ ਦਾ ਨੁਮਾਇੰਦਾ ਸੀ। 1901 ਤੋਂ 1927 ਤਕ ਇਹ ਕਾਮਨਵੈਲਥ ਵਲੋਂ ਲੰਡਨ ਵਿਚ ਹਾਈ ਕਮਿਸ਼ਨਰ ਸੀ।

1947 ਈ. ਵਿਚ ਇਸਦੀ ਮੌਤ ਹੋ ਗਈ।

ਹ. ਪੁ.—ਐਵ. ਐਨ. 4 : 53

**ਕੁਕਨਸ (ਜਾਂ ਕੁਕਨੂਸ) :** ਇਹ ਫੀਨਿਕਸ ਪ੍ਰਜਾਤੀ ਦਾ ਇਕ ਮਿਥਿਹਾਸਕ ਪੰਛੀ ਹੈ। ਫਾਰਸੀ ਵਿਚ ਇਸ ਨੂੰ ਆਤਸ਼ਜ਼ਨ ਕਹਿੰਦੇ ਹਨ। ਪੁਰਾਤਨ ਮਿਸਰੀਆਂ ਨੇ ਦਾਅਵਾ ਕੀਤਾ ਹੈ ਕਿ ਇਹ ਪੰਜ-ਛੇ ਸਦੀਆਂ ਤਕ ਅਰਬ ਦੇ ਮਾਰੂਥਲਾਂ ਵਿਚ ਰਹਿੰਦਾ ਰਿਹਾ ਹੈ। ਇਸ ਦੀ ਆਵਾਜ਼ ਤੋਂ ਸਿਆਣਿਆਂ ਨੇ ਰਾਗ ਵਿਦਿਆ ਸਿੱਖੀ ਹੈ। ਇਸ ਦੀ ਉਮਰ ਤਕਰੀਬਨ ਹਜ਼ਾਰ ਸਾਲ ਦੀ ਹੁੰਦੀ ਹੈ। ਇਸ ਦਾ ਜੋੜਾ ਨਹੀਂ ਹੁੰਦਾ। ਅਗੋਂ ਨਸਲ ਇੰਜ ਚਲਦੀ ਹੈ ਕਿ ਜਦੋਂ ਇਹ ਪੰਛੀ ਬੁੱਢਾ ਹੋ ਜਾਂਦਾ ਹੈ ਤਾਂ ਲਕੜੀਆਂ ਇਕੱਠੀਆਂ ਕਰਕੇ ਉਨ੍ਹਾਂ ਵਿਚ ਬੈਠ ਜਾਂਦਾ ਹੈ ਤੇ ਆਪਣੀ ਚੁੰਝ ਵਿਚੋਂ, ਜਿਸ ਵਿਚ ਬਹੁਤ ਸਾਰੇ ਛੇਕ ਹੁੰਦੇ ਹਨ, ਆਵਾਜ਼ ਪੈਦਾ ਕਰਦਾ ਹੈ। ਕਈਆਂ ਦਾ ਖ਼ਿਆਲ ਹੈ ਕਿ ਇਸ ਚੁੰਝ ਵਿਚ 360 ਛੇਕ ਹੁੰਦੇ ਹਨ। ਸਭ ਛੇਕਾਂ ਵਿਚੋਂ ਵੱਖਰੇ ਵਖਰੇ ਰਾਗ ਨਿਕਲਦੇ ਹਨ। ਇਨ੍ਹਾਂ ਰਾਗਾਂ ਵਿਚੋਂ ਇਕ ਰਾਗ ਦੀਪਕ ਵੀ ਹੁੰਦਾ ਹੈ। ਦੀਪਕ ਰਾਗ ਦਾ ਅਲਾਪ ਕਰਦਿਆਂ ਹੀ ਲਕੜੀਆਂ ਨੂੰ ਅੱਗ ਲਗ ਜਾਂਦੀ ਹੈ ਤੇ ਇਹ ਪੰਛੀ ਜਲਕੇ ਰਾਖ ਹੋ ਜਾਂਦਾ ਹੈ। ਆਪਣੀ ਆਵਾਜ਼ ਤੇ ਮਸਤ ਹੋ ਕੇ ਫੜ-ਫੜਾਉਂਦਾ ਹੈ। ਇਥੋਂ ਤਕ ਕਿ ਪਰਾਂ ਵਿਚੋਂ ਅੱਗ ਨਿਕਲ ਪੈਂਦੀ ਹੈ। ਫਿਰ ਰੱਬ ਦੀ ਕੁਦਰਤ ਨਾਲ ਮੀਂਹ ਵਰ੍ਹਦਾ ਹੈ ਤੇ ਇਸ ਦੀ ਰਾਖ ਵਿਚੋਂ ਇਕ ਅੰਡਾ ਪੈਦਾ ਹੋ ਜਾਂਦਾ ਹੈ। ਇਸ ਵਿਚੋਂ ਫਿਰ ਇਸ ਪੰਛੀ ਦੀ ਉਤਪਤੀ ਹੋ ਜਾਂਦੀ ਹੈ। ਇਸ ਪੰਛੀ ਨੂੰ ਸਦੀਵਤਾ ਜਾਂ ਪੁਨਰ ਜੀਵਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਹ. ਪੁ.—ਪੰ. ਕੋ. 1 : 633 ; ਵੇ. ਡਿ. 2 : 1699

**ਕੁਕਰੇ :** ਵੇਖੋ, ਅੱਖ

**ਕੁੱਕੜ :** ਇਹ ਫੇਜ਼ੀਐਨਡੀ ਕੁਲ ਦਾ ਮੀਟ, ਅੰਡੇ ਅਤੇ ਖੰਭ ਪ੍ਰਾਪਤ ਕਰਨ ਲਈ ਪਾਲਿਆ ਜਾਣ ਵਾਲਾ ਪੰਛੀ ਹੈ। ਇਹ ਕੁੱਕੜ, ਲਾਲ ਜੰਗਲੀ ਕੁੱਕੜ, ਗੈਲਸ ਗੈਲਸ (*Gallus gallus*) ਤੋਂ ਉਤਪੰਨ ਹੋਇਆ ਹੈ। ਮਾਦਾ ਮੀਟ ਅਤੇ ਆਂਡਿਆਂ ਲਈ ਪੈਦਾ ਕੀਤੀਆਂ ਜਾਂਦੀਆਂ ਹਨ। ਵਪਾਰਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਾਹਰਾਂ ਨੇ ਇਨ੍ਹਾਂ ਦੀਆਂ



ਕੁੱਕੜ (ੳ) ਲੈੱਗ ਹਾੱਰਨ (ਅ) ਪਲਿਮੱਥ ਰੱਾਕ

ਅਨੇਕਾਂ ਨਸਲਾਂ ਅਤੇ ਕਿਸਮਾਂ ਵਿਕਸਿਤ ਕੀਤੀਆਂ ਹਨ। ਪ੍ਰੌਢ ਨਰ ਬਹੁਤ ਸਮੇਂ ਤੋਂ ਸ਼ਿਕਾਰ ਲਈ ਵਰਤੇ ਜਾਂਦੇ ਹਨ, ਪਰ ਬਹੁਤੇ ਨਾਬਾਲਗ ਨਰਾਂ ਨੂੰ ਖੱਸੀ ਕਰਕੇ ਮੀਟ-ਕਿਸਮ ਬਣਾਇਆ ਜਾਂਦਾ ਹੈ। ਇਨ੍ਹਾਂ ਨੂੰ ਕੇਪੱਨ ਕਹਿੰਦੇ ਹਨ। ਮੀਟ ਲਈ ਵਰਤੇ ਜਾਣ ਵਾਲੇ ਲਵੇ ਮੁਰਗਿਆਂ ਨੂੰ ਬ੍ਰਾਇਲਰ ਵੀ ਕਹਿੰਦੇ ਹਨ।

ਕੁੱਕੜਾਂ ਦੀਆਂ ਕੁਝ ਕਿਸਮਾਂ ਸਾਰਨੀ ਵਿਚ ਦਿੱਤੀਆਂ ਗਈਆਂ ਹਨ।

ਪਾਲਤੂ ਕੁੱਕੜਾਂ ਦੀਆਂ ਕੁਝ ਚੰਗੀਆਂ ਨਸਲਾਂ

| ਨਾਂ ਅਤੇ ਜਿਸ ਮੰਤਵ ਲਈ ਕਿਸਮ ਪਾਲੀ ਜਾਂਦੀ ਹੈ | ਵੰਡ | ਰੂਪ ਅਤੇ ਆਕਾਰ | ਵਿਸ਼ੇਸ਼ਤਾਈਆਂ |
|---|---|---|---|
| ਔਸਟਰਲਾੱਰਪ (ਅੰਡੇ) | ਮੂਲਕ ਆਸਟ੍ਰੇਲੀਆ ਦੀ, ਹੁਣ ਸੰਯੁਕਤ ਰਾਜ ਵਿਚ ਵੀ | ਖੰਭ-ਸਮੂਹ ਕਾਲਾ, ਲੰਮੀ ਪਿੱਠ | ਇਸ ਨਸਲ ਵਿਚ ਬਲੈਕ ਔਸਟਰਲਾੱਰਪ ਕਿਸਮ ਵੀ ਆਉਂਦੀ ਹੈ |
| ਕਾੱਰਨਿਸ਼ (ਮੀਟ ਅਤੇ ਅੰਡੇ) | ਸੰਯੁਕਤ ਰਾਜ | ਅਕਾਰ ਦੇ ਹਿਸਾਬ ਨਾਲ ਬਹੁਤ ਭਾਰੀ, ਸਰੀਰ ਗਠੀਲਾ | ਰੌਕ ਕਾੱਰਨਿਸ਼ ਕੁਕੜੀਆਂ ਨੂੰ ਛੇ ਹਫ਼ਤੇ ਦੀਆਂ ਹੋਣ ਤੇ ਮਾਰਦੇ ਹਨ |
| ਲੈੱਗਹਾੱਰਨ (ਅੰਡੇ) | ਰੂਮ-ਸਾਗਰੀ ਨਸਲ | ਚੁੰਝ ਅਤੇ ਚਮੜੀ ਪੀਲੀ | ਅਣਗਿਣਤ ਕਿਸਮਾਂ |
| ਨਿਊਹੈਂਪਸ਼ਿਰ (ਮੀਟ) | ਅਮਰੀਕਾ ਵਿਚ ਵਿਕਸਤ ਹੋਈ | ਸਰੀਰ ਗਠੀਲਾ ਤੇ ਦਰਮਿਆਨੇ ਜਿਹੇ ਅਕਾਰ ਦਾ | ਰੋਡੇ ਆਈਲੈਂਡ ਰੈੱਡ ਸਟਾੱਕ ਤੋਂ ਪੈਦਾ ਹੋਈ |
| ਆਪਿੰਟਨ (ਮੀਟ) | ਇੰਗਲਿਸ਼ ਨਸਲ | ਲੰਮਾ, ਗੋਲਮੋਲ ਸਰੀਰ | ਪੀਲੀ, ਕਾਲੀ, ਚਿੱਟੀ ਅਤੇ ਨੀਲੀ ਕਿਸਮ |
| ਪਲਿਮੱਥ ਰੌਕ (ਮੀਟ ਅਤੇ ਅੰਡੇ) | ਅਮਰੀਕਾ ਵਿਚ ਵਿਕਸਤ ਹੋਈ | ਲੰਮਾ ਤੇ ਕਾਫ਼ੀ ਚੌੜਾ ਸਰੀਰ | ਕਈ ਕਿਸਮਾਂ |
| ਰੋਡੇ ਆਈਲੈਂਡ ਰੈੱਡ (ਮੀਟ ਅਤੇ ਅੰਡੇ) | ਅਮਰੀਕੀ ਨਸਲ | ਲਾਲ ਰੰਗ ਦਾ, ਲੰਮਾ ਸਰੀਰ | ਆਮ ਮੰਤਵ ਦੀ ਨਸਲ |
| ਸਸਿਕਸ (ਮੀਟ) | ਇੰਗਲਿਸ਼ ਨਸਲ | ਲੰਮਾ ਸਰੀਰ, ਚੌੜੇ ਮੋਢੇ | ਮੀਟ ਲਈ ਬਹੁਤ ਚੰਗੀ ਕਿਸਮ |
| ਵਾਈਨਡਾਟ (ਮੀਟ ਅਤੇ ਅੰਡੇ) | ਅਮਰੀਕੀ ਨਸਲ | ਗੋਲ, ਮਧਰਾ ਸਰੀਰ, ਛੋਟੀ ਪਿੱਠ | ਕਈ ਕਿਸਮਾਂ |

ਹ. ਪੁ.—ਐਨ. ਬ੍ਰਿ. ਮਾ. 4 : 257 ; ਮੈਕ. ਐਨ. ਸ. ਟ. 3 : 68

**ਕੁੱਕੜ-ਲੜਾਈ** : ਇਕ ਖੇਡ ਹੈ ਜਿਸ ਵਿਚ ਦੋ ਕੁੱਕੜ ਆਪਸ ਵਿਚ ਲੜਦੇ ਹਨ। ਇਸ ਕੰਮ ਲਈ ਖ਼ਾਸ ਕਿਸਮ ਦੇ ਕੁੱਕੜ ਪਾਲੇ ਅਤੇ ਸਿਖਲਾਏ ਜਾਂਦੇ ਹਨ। ਪ੍ਰਾਚੀਨ ਕਾਲ ਵਿਚ ਇਹ ਖੇਡ ਭਾਰਤ, ਚੀਨ, ਪ੍ਰਸ਼ਾਅ ਅਤੇ ਦੂਜੇ ਪੂਰਬੀ ਦੇਸ਼ਾਂ ਵਿਚ ਬਹੁਤ ਪ੍ਰਚਲਤ ਸੀ। ਯੂਰਪ ਵਿਚ ਇਹ ਪੰਜਵੀਂ ਸਦੀ ਪੂਰਬ ਈ. ਵਿਚ ਸ਼ੁਰੂ ਹੋਈ। ਕਿਹਾ ਜਾਂਦਾ ਹੈ ਕਿ ਯੂਨਾਨ ਵਿਚ ਇਹ ਖੇਡ ਥੈਮੀਸਟੋਕਲਜ਼ ਨੇ ਲਿਆਂਦੀ ਅਤੇ ਰੋਮਨਾਂ ਨੇ ਇਸ ਨੂੰ ਆਪਣੇ ਸਾਰੇ ਰਾਜ ਵਿਚ ਫੈਲਾ ਦਿਤਾ। ਅੱਜ ਕਲ੍ਹ ਇਹ ਖੇਡ ਇੰਗਲੈਂਡ, ਆਇਰਲੈਂਡ, ਬੈਲਜੀਅਮ ਭਾਰਤ ਅਤੇ ਏਸ਼ੀਆ ਵਿਚ ਹਰਮਨ ਪਿਆਰੀ ਬਣੀ ਹੋਈ ਹੈ। ਸੰਯੁਕਤ ਰਾਜ ਅਮਰੀਕਾ ਵਿਚ ਇਸ ਖੇਡ ਦੀ ਸਰਕਾਰੀ ਤੌਰ ਤੇ ਮਨਾਹੀ ਦੇ ਬਾਵਜੂਦ ਵੀ ਕਈ ਹਿੱਸਿਆਂ ਵਿਚ ਲੁਕੇ ਛੁਪੇ ਖਿਡਾਈ ਜਾਂਦੀ ਹੈ।

ਲੜਾਕੇ ਕੁੱਕੜ ਇਕ ਖ਼ਾਸ ਕਿਸਮ ਦੇ ਹੁੰਦੇ ਹਨ ਜੋ ਭਾਰਤ ਦੇ ਜੰਗਲੀ ਕੁਕੜਾਂ ਨਾਲ ਮਿਲਦੇ ਜੁਲਦੇ ਹਨ। ਸ਼ਾਇਦ ਇਹ ਆਮ ਘਰੇਲੂ ਕੁੱਕੜਾਂ ਦੇ ਪਿਤਾਮਾ ਹੋਣ। ਅਮਰੀਕੀ ਲੜਾਕੇ ਕੁੱਕੜਾਂ ਦਾ ਭਾਰ ਚਾਰ ਤੋਂ ਛੇ ਪੌਂਡ ਦੇ ਵਿਚਕਾਰ ਹੁੰਦਾ ਹੈ ਅਤੇ ਕਿਤੇ ਕਿਤੇ ਇਨ੍ਹਾਂ ਦੇ ਵਜ਼ਨਾਂ ਵਿਚ ਕਾਫ਼ੀ ਫ਼ਰਕ ਹੁੰਦਾ ਹੈ ਜਿਵੇਂ ਕਿਊਬਾ ਦੇ ਛੋਟੇ ਸਪੇਨੀ ਕੁੱਕੜਾਂ [3 ਪੌਂਡ ਤੋਂ ਲੈ ਕੇ ਬੈਲਜੀਅਮ ਦੇ ਵੱਡੇ ਵੱਡੇ ਫਲੇਗੀ ਕੁਕੜਾਂ (12 ਪੌਂਡ) ਜਾਂ ਇਸ ਤੋਂ ਵੀ ਵੱਧ] ਤਕ। ਇੰਗਲੈਂਡ, ਆਇਰਲੈਂਡ ਤੇ ਸੰਯੁਕਤ ਰਾਜ ਅਮਰੀਕਾ ਵਿਚ ਇਨ੍ਹਾਂ ਕੁੱਕੜਾਂ ਨੂੰ ਲੜਨ ਲਈ ਹਥਿਆਰਬੰਦ ਕੀਤਾ ਜਾਂਦਾ ਹੈ। ਇਨ੍ਹਾਂ ਦੀਆਂ ਲੱਤਾਂ ਨਾਲ ਤਿੱਖੀਆਂ ਨੋਕਦਾਰ ਸਟੀਲ ਦੀਆਂ ਤਾੜਾਂ (spurs) ਬੰਨ੍ਹੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਗਾਫ ਜਾਂ ਅੱਡੀਆਂ ਕਿਹਾ ਜਾਂਦਾ ਹੈ। ਇਨ੍ਹਾਂ ਦੀ ਲੰਬਾਈ ਸਵਾ ਇੰਚ ਤੋਂ ਢਾਈ ਇੰਚ ਤਕ ਹੁੰਦੀ ਹੈ। ਭਾਰਤ ਵਿਚ ਕੁੱਕੜ ਆਪਣੀਆਂ ਕੁਦਰਤੀ ਤਾੜਾਂ ਨਾਲ ਲੜਦੇ ਹਨ। ਕਈ ਥਾਵਾਂ ਤੇ ਇਹ ਤਾੜਾਂ ਹਡੀਆਂ ਜਾਂ ਸਿੰਗਾਂ ਦੀਆਂ ਬਣਾਈਆਂ ਜਾਂਦੀਆਂ ਹਨ।

ਲੜਾਈ 5 ਤੋਂ 6 ਮੀ. 18 ਤੋਂ 20 ਫੁੱਟ ਵਿਆਸ ਦੇ ਟੋਇਆਂ ਵਿਚ ਕਰਵਾਈਆਂ ਜਾਂਦੀਆਂ ਹਨ। ਇਹ ਆਮ ਕਰਕੇ 45 ਸੈ. ਮੀ. (ਡੇਢ ਫੁੱਟ) ਉੱਚੀਆਂ ਕੰਧਾਂ ਨਾਲ ਘਿਰੇ ਹੋਏ ਹੁੰਦੇ ਹਨ ਅਤੇ ਕਈ ਵਾਰ ਦਰਸ਼ਕਾਂ ਦੀਆਂ ਸੀਟਾਂ ਨਾਲ ਹੀ ਘਿਰੇ ਹੋਏ ਹੁੰਦੇ ਹਨ। ਇਨਾਮੀ ਲੜਾਈਆਂ ਵਿਚ ਹਰ ਇਕ ਕੁੱਕੜ ਦਾ ਆਪਣਾ ਇਕ ਲੜਾਉਣ ਵਾਲਾ ਹੁੰਦਾ ਹੈ ਅਤੇ ਇਕ ਰੈਫ਼ਰੀ ਲੜਾਈ ਦੀ ਪ੍ਰਧਾਨਗੀ ਕਰਦਾ ਹੈ। ਕੁੱਕੜ ਨੂੰ ਇਕ ਵਾਰ ਸੇਧ ਦੇਣ ਉਪਰੰਤ ਰੈਫ਼ਰੀ ਦੀ ਆਗਿਆ ਬਿਨ੍ਹਾਂ ਦੁਬਾਰਾ ਸੇਧ ਨਹੀਂ ਦਿਤੀ ਜਾ ਸਕਦੀ। ਆਮ ਕਰਕੇ ਲੜਾਈ ਉਦੋਂ ਤਕ ਕੀਤੀ ਜਾਂਦੀ ਹੈ ਜਦ ਤਕ ਇਨ੍ਹਾਂ ਵਿਚੋਂ ਇਕ ਕੁੱਕੜ ਮਰ ਨਾ ਜਾਵੇ ਪ੍ਰੰਤੂ ਕਈ ਵਾਰ ਜ਼ਿਆਦਾ ਜ਼ਖਮੀ ਹੋਣ ਨਾਲ ਵੀ ਆਊਟ ਗਿਣਿਆ ਜਾਂਦਾ ਹੈ। ਕਈ ਲੜਾਈਆਂ ਸਮਾਂ-ਬਧ ਹੁੰਦੀਆਂ ਹਨ। ਇਕ ਇਕ ਮੁਕਾਬਲੇ ਤੇ ਹਜ਼ਾਰਾਂ ਡਾਲਰਾਂ ਦੀਆਂ ਸ਼ਰਤਾਂ ਲਗ ਜਾਂਦੀਆਂ ਹਨ।

ਹ. ਪੁ.—ਐਨ. ਅਮੈ. 7 : 187 ; ਐਨ. ਬ੍ਰਿ. 6 : 1

**ਕੁਕੁਰ** : ਪ੍ਰਾਚੀਨ ਭਾਰਤ ਵਿਚ ਇਕ ਜਾਤੀ ਦਾ ਨਾਂ ਕੁਕੁਰ ਸੀ, ਜਿਹੜੀ ਸੰਘ-ਸ਼ਾਸਨ ਦੀ ਅਨੁਆਈ ਸੀ। ਮਹਾਭਾਰਤ ਅਨੁਸਾਰ ਅੰਧਕ-ਵ੍ਰਿਸ਼ਣੀ ਦੇ ਗਣਰਾਜ ਦੀ ਹੀ ਇਕ ਸ਼ਾਖ ਦਾ ਨਾਂ ਕੁਕੁਰ ਹੈ। ਕੁਰੁਕਸ਼ੇਤਰ ਦੇ ਯੁੱਧ ਵਿਚ ਅੰਧਕ ਵ੍ਰਿਸ਼ਣੀ, ਭੋਜ ਆਦਿ ਗਣਰਾਜਾਂ ਦੀਆਂ ਫ਼ੌਜਾਂ ਦੇ ਨਾਲ ਇਸ ਰਾਜ ਦੀ ਸੈਨਾ ਨੇ ਕ੍ਰਿਤ ਵਰਮਾ ਦੀ ਅਗਵਾਈ ਹੇਠ ਲੜਾਈ ਲੜੀ ਅਤੇ ਭੀਸ਼ਮ ਦੀ ਰਖਿਆ ਕੀਤੀ। ਰਾਜਸੂਯ ਯੱਗ ਸਮੇਂ ਸੁਗਾਤਾਂ ਲਿਆਉਣ ਵਾਲਿਆਂ ਵਿਚ ਕੁਕੁਰਾਂ ਦਾ ਵੀ ਨਾਂ ਆਇਆ ਹੈ। ਇਸ ਰਾਜ ਵਿਚ ਹਰ ਕੁਲ ਨੂੰ ਇਕਾਈ ਮੰਨਿਆ ਜਾਂਦਾ ਸੀ ਅਤੇ ਕੁਲ ਦਾ ਬਜ਼ੁਰਗ ਜਾਂ ਪ੍ਰਤਿਨਿਧ ਰਾਜਾ ਅਖਵਾਉਂਦਾ ਸੀ। ਪੱਛਮੀ ਭਾਰਤ ਤੋਂ ਮਿਲੇ ਕੁਝ ਲੇਖਾਂ ਵਿਚ ਵੀ ਕੁਕੁਰਾਂ ਦਾ ਜ਼ਿਕਰ ਆਉਂਦਾ ਹੈ। ਜਾਪਦਾ ਹੈ ਕਿ ਪਹਿਲੀ ਸਦੀ ਈ. ਵਿਚ ਇਸ ਰਾਜ ਦੀ ਹੋਂਦ ਕਾਇਮ ਰਹਿ ਗਈ ਸੀ ਅਤੇ ਮੋਰੀਆ ਸਾਮਰਾਜਵਾਦ ਤੋਂ ਇਹ ਕਿਵੇਂ ਨਾ ਕਿਵੇਂ ਬਚ ਗਿਆ ਸੀ।

ਹ. ਪੁ.—ਹਿੰ. ਵਿ. ਕੋ. 3 : 56

**ਕੁਚਲਾ** : ਇਹ ਰੁੱਖਾਂ ਦੀ ਇਕ ਜਾਤੀ ਦਾ ਨਾਂ ਹੈ ਜੋ ਲੇਗਿਊਮੀਨੋਸੀ ਕੁਲ ਨਾਲ ਸਬੰਧਤ ਹੈ ਜਿਸ ਨੂੰ 'ਸਿਟਰਿਕਲੋਸ ਨਕਸ

ਵੋਮਿਕਾ' ਕਹਿੰਦੇ ਹਨ । ਇਹ ਦੱਖਣੀ ਭਾਰਤ, ਵਿਸ਼ੇਸ਼ ਕਰ ਕੇ ਮਦਰਾਸ, ਟਰਾਵੰਕੋਰ, ਕੋਚੀਨ ਅਤੇ ਕੋਰੋਮੰਡਲ ਤੱਟ ਵਿਚ ਜ਼ਿਆਦਾ ਪਾਇਆ ਜਾਂਦਾ ਹੈ ।

ਇਸ ਦੇ ਰੁੱਖ ਬੜੇ ਸੁੰਦਰ ਹੁੰਦੇ ਹਨ। ਪੱਤੇ ਚਮਕੀਲੇ, 5—10 ਸੈਂ. ਮੀ. ਵੱਡੇ, ਸ਼ਿਰਾਵਾਂ ਸਪੱਸ਼ਟ ਅਤੇ ਹਥੇਲੀ ਵਰਗੀਆਂ ਹੁੰਦੀਆਂ ਹਨ। ਫੁੱਲ ਸਫ਼ੈਦ ਜਾਂ ਹਰੀ ਭਾਅ ਮਾਰਦੇ ਸਫ਼ੈਦ ਹੁੰਦੇ ਹਨ। ਫਲ ਗੋਲ ਅਤੇ ਪੱਕ ਕੇ ਭੜਕੀਲੇ ਨਾਰੰਗੀ ਰੰਗ ਦੇ ਹੁੰਦੇ ਹਨ। ਚਿੱਟੇ ਅਤੇ ਬਹੁਤ ਤਿੱਖੇ ਫ਼ਲ ਦੇ ਗੁੱਦੇ ਵਿਚ ਗੋਲ, ਚਪਟੇ ਅਤੇ ਲੂੰਦਾਰ ਬੀਜ



ਕੁਚੱਲਾ

ਹੁੰਦੇ ਹਨ। ਇਲਾਜ ਲਈ ਇਨ੍ਹਾਂ ਬੀਜਾਂ ਨੂੰ ਹੀ ਸੋਧ ਕੇ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਕੁਚਲਾ ਤਿੱਖਾ ਤੇ ਕੌੜਾ ਪੌਸ਼ਟਿਕ ਪਦਾਰਥ ਹੈ ਜਿਹੜਾ ਪਾਚਨ ਸ਼ਕਤੀ ਠੀਕ ਕਰਨ, ਵਾਰੀ ਦੇ ਬੁਖਾਰ ਦਾ ਇਲਾਜ ਕਰਨ ਲਈ ਅਤੇ ਬਲਵਰਧਕ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਸ ਨਾਲ ਜਿਸਮ ਦੇ ਸਾਰੇ ਅੰਗਾਂ ਦੀਆਂ ਕਿਰਿਆਵਾਂ ਤੇਜ਼ ਹੋ ਜਾਂਦੀਆਂ ਹਨ । ਨਾੜੀ ਸਿਸਟਮ ਤੇ ਇਸ ਦਾ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਬੁਖਾਰ, ਮਿਹਦੇ ਅਤੇ ਆਂਦਰੀਆਂ ਦੀ ਕਮਜ਼ੋਰੀ, ਦਿਲ ਅਤੇ ਪੇਟ ਦੇ ਰੋਗਾਂ ਲਈ ਲਾਭਕਾਰੀ ਹੋਣ ਤੋਂ ਇਲਾਵਾ ਅਧਰੰਗ ਅਤੇ ਤੇਜ਼ ਦਰਦ ਕਾਰਨ ਪੈਦਾ ਹੋਏ ਦੌਰੇ ਲਈ ਮੁਫ਼ੀਦ ਹੈ।

ਕੁਚੱਲਾ ਬੇਹਦ ਜ਼ਹਿਰੀਲਾ ਤਰਲ ਪਦਾਰਥ ਹੈ। ਇਸ ਵਿਚ ਸਟਰਿਨੀਨਾ ਅਤੇ ਬਰੂਗੀਨ ਨਾਂ ਦੇ ਬੇਹੱਦ ਤੇਜ਼ ਜ਼ਹਿਰ ਵਾਲੇ ਐਲਕਲੌਇਲ ਮੌਜੂਦ ਹੁੰਦੇ ਹਨ । ਇਸ ਨੂੰ ਵਧੇਰੇ ਮਾਤਰਾ ਵਿਚ ਵਰਤਣ ਨਾਲ ਹੌਲੀ-ਹੌਲੀ ਧਨੁਰਵਾਤ ਦੇ ਲੱਛਣ ਪੈਦਾ ਹੋ ਜਾਂਦੇ ਹਨ ਅਤੇ ਅੰਤ ਵਿਚ ਸਾਹ ਰੁਕਣ ਨਾਲ ਮੌਤ ਹੋ ਜਾਂਦੀ ਹੈ ।

ਹ. ਪੁ.—ਹਿੰ. ਵਿ. ਕੋ. 3 : 58.

**ਕੁਚੀਪੁੜੀ ਨ੍ਰਿਤ**—ਆਂਧਰਾ ਪ੍ਰਦੇਸ਼ (ਭਾਰਤ) ਦੇ ਇਸ ਪ੍ਰਮੁੱਖ ਨ੍ਰਿਤ ਨਾਟ ਨੂੰ ਕੁਝ ਸਮਾਂ ਪਹਿਲਾਂ ਹੀ ਸ਼ਾਸਤਰੀ ਨ੍ਰਿਤ ਦੇ ਤੌਰ ਤੇ ਮਾਨਤਾ ਪ੍ਰਾਪਤ ਹੋਈ ਹੈ। 220 ਈ. ਪੂ. ਤੋਂ 25 ਈ. ਤਕ ਦਾ ਸਾਤਵਾਹਨ ਰਾਜ ਕਾਲ ਆਂਧਰਾ ਦੀ ਕਲਾ ਦਾ ਸੁਨਹਿਰਾ ਕਾਲ ਸੀ। ਇਸ ਕੁਲ ਦੇ ਰਾਜਾ ਵਿਸ਼ਨੂੰਵਰਮਨ ਨੂੰ ਨ੍ਰਿਤ ਦਾ ਬਹੁਤ ਸ਼ੌਕ ਸੀ। ਮੰਦਰ ਤੇ ਲੱਗੇ ਇਕ ਸ਼ਿਲਾਲੇਖ ਤੋਂ ਇਸ ਤੱਥ ਦਾ ਪਤਾ ਚਲਦਾ ਹੈ। ਇਸ ਸ਼ਿਲਾਲੇਖ ਅਨੁਸਾਰ ਇਸ ਮੰਦਰ ਵਿਚ ਹਰ ਰੋਜ਼ 200 ਦੇਵ-ਦਾਸੀਆਂ ਪੂਜਾ-ਨ੍ਰਿਤ ਕਰਦੀਆਂ ਸਨ । ਇਨ੍ਹਾਂ ਦੇ ਗੁਰੂ ਬ੍ਰਾਹਮਣ ਸਨ ਅਤੇ ਇਹ ਧਾਰਮਿਕ ਜੀਵਨ ਬਤੀਤ ਕਰਦੀਆਂ ਸਨ। ਪਰ 15ਵੀਂ ਸਦੀ ਵਿਚ ਕੁਝ ਆਰਥਿਕ ਅਤੇ ਹੋਰ ਕਾਰਨਾਂ ਕਾਰਣ ਇਹ ਆਪਣਾ ਪੂਜਾ ਨ੍ਰਿਤ ਮੰਦਰਾਂ ਵਿਚ ਜਾਰੀ ਨਾ ਰੱਖ ਸਕੀਆਂ। ਇਸ ਹਾਲਤ ਨੂੰ ਵੇਖਦੇ ਹੋਏ ਕੁਝ ਨ੍ਰਿਤ-ਪ੍ਰੇਮੀ ਅਤੇ ਬ੍ਰਾਹਮਣ ਗੁਰੂ ਆਂਧਰਾ ਦੇ ਪਿੰਡ ਕੁਚੀਪੁੜੀ ਵਿਖੇ ਇਕੱਠੇ ਹੋਏ ਅਤੇ ਆਪਣੀ ਕਲਾ ਨੂੰ ਜਾਰੀ ਰਖਣ ਲਈ ਇਕ ਨ੍ਰਿਤ-ਨਾਟ ਮੰਡਲੀ ਦੀ ਸਥਾਪਨਾ ਕੀਤੀ । ਸ਼ਾਸਤਰਾਂ ਦੇ ਮਾਹਰ ਬ੍ਰਾਹਮਣ ਕਲਾਸਿਕੀ ਨਾਚ ਦੇ ਸਰਪ੍ਰਸਤ ਬਣ ਗਏ ਅਤੇ ਨੇਕ-ਨੀਤੀ ਅਤੇ ਉਚ-ਆਚਰਣ ਵਾਲੇ ਆਦਮੀਆਂ ਨੇ ਮਿਲ ਕੇ ਬ੍ਰਾਹਮਣ ਮੇਲਿਆਂ ਨਾਮੀ ਇਕ ਨ੍ਰਿਤ-ਨਾਟ ਮੰਡਲੀ ਦੀ ਸਥਾਪਨਾ ਕੀਤੀ। ਇਨ੍ਹਾਂ ਨਾਟ ਮੰਡਲੀਆਂ ਨੂੰ ਭਗਵਤ ਮੇਲਾ ਵੀ ਕਿਹਾ ਜਾਂਦਾ ਹੈ। ਕੁਚੀਪੁੜੀ ਦੀਆਂ ਸਫ਼ਰੀ ਨਾਟ ਮੰਡਲੀਆਂ ਨੂੰ ਇਹ ਨਾਂ ਦਿਤਾ ਗਿਆ ਹੈ। ਇਨ੍ਹਾਂ ਬ੍ਰਾਹਮਣ ਮੇਲਿਆਂ ਦਾ ਜ਼ਿਕਰ ਸਭ ਤੋਂ ਪਹਿਲਾਂ ਵਿਜੈ ਨਗਰ ਦੇ ਰਾਜਾ ਵੀਰਨਰਸੀਮਾਹ ਰਾਏ ਦੇ ਰਾਜਕਾਲ ਵਿਚ ਆਇਆ। ਇਹ ਨਾਟ ਮੰਡਲੀਆਂ ਕੁਚੀਪੁੜੀ ਅਤੇ ਰਾਜ ਦੇ ਹੋਰ ਖੇਤਰਾਂ ਵਿਚ ਜਾ ਕੇ ਆਪਣੇ ਨ੍ਰਿਤ-ਨਾਟਾਂ ਰਾਹੀਂ ਲੋਕਾਂ ਦਾ ਦਿਲ ਬਹਿਲਾਉਂਦੀਆਂ ਸਨ। ਇਨ੍ਹਾਂ ਨ੍ਰਿਤ-ਨਾਟਾਂ ਦੇ ਵਿਸ਼ੇ ਅਕਸਰ ਧਾਰਮਕ ਹੁੰਦੇ ਹਨ ਜੋ ਰਾਮਾਇਣ, ਸ਼ਿਵ ਪੁਰਾਣ, ਮਹਾਭਾਰਤ, ਭਗਵਤ ਪੁਰਾਣ ਆਦਿ ਤੋਂ ਲਏ ਜਾਂਦੇ ਹਨ।

ਵਿਜੈ ਨਗਰ ਰਾਜ ਦਾ ਪਤਨ ਹੋਣ ਤੇ ਕਈ ਮਾਹਰ ਬ੍ਰਾਹਮਣ ਤੇ ਰਾਜ-ਨਰਤਕੀਆਂ ਆਦਿ ਨਾਇਕ ਰਾਜਾ ਦੀ ਸ਼ਰਣ ਵਿਚ ਤਾਮਿਲਨਾਡੂ ਦੇ ਤੰਜੌਰ ਜ਼ਿਲ੍ਹੇ ਵਿਚ ਚਲੇ ਗਏ। ਉਥੇ ਉਨ੍ਹਾਂ ਨੇ ਆਪਣੇ ਸਰਪ੍ਰਸਤ ਰਾਜਾ ਅਚੁਤੱਪਾ ਨਾਇਕ ਦੇ ਨਾਂ ਤੇ ਅਚੁਤਾਪੁਰਮ ਨਾਮੀ ਕਲੋਨੀ ਬਣਾਈ। ਬਾਅਦ ਵਿਚ ਇਸ ਨੂੰ ਮੈਲਾਤੂਰ ਕਿਹਾ ਜਾਣ ਲਗ ਪਿਆ। ਕਈ ਪ੍ਰਮੁੱਖ ਵਿਅਕਤੀ ਕੁਚੀਪੁੜੀ ਪਿੰਡ ਵਿਚ ਹੀ ਸਭਿਆਚਾਰਕ ਕਲਾ ਕੇਂਦਰ ਨੂੰ ਜਾਰੀ ਰਖਣ ਲਈ ਆਂਧਰਾ ਵਿਖੇ ਹੀ ਰਹਿ ਗਏ। ਉਸ ਸਮੇਂ ਤਕ ਦੇਵ ਦਾਸੀਆਂ ਦੇ ਗੁਰੂ ਵਿਦਵਾਨ ਬ੍ਰਾਹਮਣ ਸਨ। ਇਹ ਗੁਰੂ ਭਾਰਤ ਨਾਟਯਮ ਦੇ ਮਾਹਰ ਸਨ ਪਰ ਆਪ ਨਾਚ ਨਹੀਂ ਕਰਦੇ ਸਨ।

ਆਂਧਰਾ ਵਿਚ ਨ੍ਰਿਤ ਦੇ ਤਿੰਨ ਅਲੱਗ-ਅਲੱਗ ਸਮੂਹ ਹਨ: ਪਹਿਲਾ ਦੇਵ ਦਾਸੀਆਂ ਦਾ ਜੋ ਮੰਦਰਾਂ ਵਿਚ ਸ਼ਰਧਾ ਪੂਰਵਕ ਨਚਦੀਆਂ ਹਨ; ਦੂਜਾ ਸਮੂਹ ਬ੍ਰਾਹਮਣਾਂ ਦਾ ਹੈ, ਜਿਨ੍ਹਾਂ ਦੇ ਨ੍ਰਿਤ-ਨਾਟ ਭਗਤੀ ਭਰਪੂਰ ਹੁੰਦੇ ਹਨ ਅਤੇ ਤੀਜਾ ਸਮੂਹ ਰਾਜ ਨਰਤਕੀਆਂ ਦਾ ਹੈ ਜੋ ਮੰਦਰਾਂ ਤੋਂ ਬਾਹਰ ਮਹੱਲਾਂ ਵਿਚ ਅਤੇ ਸਮਾਜਕ ਇਕੱਠਾਂ ਵਿਚ ਨਚਦੀਆਂ ਹਨ। ਇਨ੍ਹਾਂ ਤਿੰਨਾਂ ਨ੍ਰਿਤਾਂ ਦਾ ਇਕ ਦੂਜੇ ਤੇ ਪ੍ਰਭਾਵ ਹੈ।

ਕੁਚੀਪੁੜੀ ਨ੍ਰਿਤ ਵਿਚ ਅੱਖਾਂ ਭਰਵੱਟਿਆਂ ਅਤੇ ਮੂੰਹ ਦਾ ਪ੍ਰਗਟਾਉਣ-ਢੰਗ ਅਤੇ ਹੱਥਾਂ ਦੇ ਸੰਕੇਤ ਭਰਤ ਮੁਨੀ ਦੇ ਨਾਟਯ ਸ਼ਾਸਤਰ ਨੰਦੀ ਕੇਸ਼ਵ ਦੇ ਅਭਿਨਯ ਦਰਪਣ ਅਤੇ ਜੈਅਪਾ ਸੇਨੀਆ ਦੀ ਨ੍ਰਿਤਨਾਵਲੀ ਅਨੁਸਾਰ ਹੁੰਦੇ ਹਨ।

ਨ੍ਰਿਤ ਵਿਚ ਨਰਤਕ ਦਾ ਪ੍ਰਗਟਾਉ ਢੰਗ ਕਈ ਤਰ੍ਹਾਂ ਦਾ ਹੋ ਸਕਦਾ ਹੈ; ਜਿਵੇਂ ਅੰਗਾਂ ਜਾਂ ਸਰੀਰ ਨਾਲ, ਆਵਾਜ਼ ਨਾਲ, ਕਪੜਿਆਂ, ਹਾਰ-ਸ਼ਿੰਗਾਰ ਤੇ ਗਹਿਣਿਆਂ ਆਦਿ ਨਾਲ। ਨਾਚ ਵਿਚ ਭਾਵ, ਰਾਗ ਅਤੇ ਤਾਲ ਦਾ ਹੋਣਾ ਬਹੁਤ ਜ਼ਰੂਰੀ ਹੈ। ਨਾਚ ਅਨੁਸਾਰ ਰਾਗ ਅਤੇ ਤਾਲ ਦੀ ਸਹੀ ਚੋਣ ਨਾਲ ਨਾਚ ਵਿਚ ਜਾਨ ਪੈ ਜਾਂਦੀ ਹੈ।

ਕਥਾਕਲੀ ਦੀ ਤਰ੍ਹਾਂ ਪਰੰਪਰਾਗਤ ਕੁਚੀਪੁੜੀ ਨ੍ਰਿਤ ਨੂੰ ਵੀ ਸਿਰਫ਼ ਪੁਰਸ਼ ਹੀ ਕਰਦੇ ਹਨ, ਇਸ ਵਿਚ ਔਰਤਾਂ ਦਾ ਰੋਲ ਵੀ

ਨੌਜਵਾਨ ਮੁੰਡਿਆਂ ਵਲੋਂ ਹੀ ਕੀਤਾ ਜਾਂਦਾ ਹੈ। ਇਸ ਨ੍ਰਿਤ ਵਿਚ ਭਰਤਮੁਨੀ ਦੇ ਨਿਰਦੇਸ਼ਾਂ ਦਾ ਹੀ ਪਾਲਨ ਕੀਤਾ ਜਾਂਦਾ ਹੈ।

ਇਨ੍ਹਾਂ ਸਾਰੇ ਨ੍ਰਿਤ-ਨਾਟਾਂ ਵਿਚ ਸੂਤਰਧਾਰ ਅਰਥਾਤ ਸਟੇਜ ਨਿਰਦੇਸ਼ਕ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ। ਇਹ ਨਾਚ, ਸੰਗੀਤ ਅਤੇ ਸ਼ਾਸਤਰਾਂ ਵਿਚ ਪ੍ਰਵੀਣ ਹੁੰਦਾ ਹੈ ਅਤੇ ਇਹ ਹੀ ਨ੍ਰਿਤ ਨਾਟ ਦਾ ਸੰਚਾਲਨ ਕਰਦਾ ਹੈ।

ਵੇਮਪਤੀ ਵੇਂਕਟ ਨਾਰਾਇਣ, ਤੇਡਪਲੀ, ਪੇਰੇਈਆ ਸ਼ਾਸਤਰੀ, ਵੇਦਾਤਮ-ਸਤਿਆ ਨਾਰਾਇਣ ਸ਼ਰਮਾ ਆਦਿ ਨੇ ਇਸ ਨ੍ਰਿਤ ਨਾਟ ਨੂੰ ਅੰਗਰੇਜ਼ੀ ਰਾਜ ਸਮੇਂ ਲੱਗੇ ਧੱਕੇ ਤੋਂ ਮੁੜ ਸੁਰਜੀਤ ਕੀਤਾ। ਸ਼ੋਭਾ ਨਾਇਡੂ, ਸਵਪਨ ਸੁੰਦਰੀ ਰਾਜਾ ਰਾਧਾ ਰੈਡੀ ਆਦਿ ਨੇ ਇਸ ਨ੍ਰਿਤ ਵਿਚ ਨਵੇਂ-ਨਵੇਂ ਪ੍ਰਯੋਗ ਕਰਕੇ ਇਸਦੇ ਰੂਪ ਨੂੰ ਹੋਰ ਵੀ ਪ੍ਰਚਲਤ ਕੀਤਾ ਹੈ।

ਕੁਚੀਪੁੜੀ ਨੇੜੇ 'ਸ੍ਰੀ ਸਿਧੇਂਦਰ ਕਲਾ ਕਸ਼ੇਤਰਮ' ਨਾਮੀ ਇਕ ਸੰਸਥਾ ਹੈ ਜਿੱਥੇ ਵਿਦਿਆਰਥੀਆਂ ਨੂੰ ਇਸ ਕਲਾ ਬਾਰੇ ਮੁਫ਼ਤ ਜਾਣਕਾਰੀ ਦਿਤੀ ਜਾਂਦੀ ਹੈ।।

ਹ. ਪੁ.—ਦੀ ਡਾਂਸ ਇਨ ਇੰਡੀਆ ਈਨਾਕਸੀ ਭਵਾਨੀ; ਪੰਜਾਬੀ ਟ੍ਰਿਬਿਊਨ।

**ਕੁਜ਼ਨੈਟਸਕ ਬੇਸਿਨ :** ਇਹ ਰੂਸ ਦਾ ਦੂਜੇ ਨੰਬਰ ਤੇ ਵੱਡਾ ਕੋਲੇ ਦਾ ਖੇਤਰ ਹੈ ਜੋ ਰੂਸੀ ਸੋਵੀਅਤ ਸੰਘੀ ਸਮਾਜਵਾਦ ਗਣਰਾਜ ਦੀ ਕੈਮੈਰੋਂਵੋ ਅਬਲਾਸਟ ਵਿਚ ਕੁਜ਼ਨੈਟਸਕ ਤੇ ਸਲੇਅਰ ਪਹਾੜੀ ਲੜੀਆਂ ਵਿਚਕਾਰ ਦਰਿਆ ਟੱਮ ਦੇ ਬੇਸਿਨ ਵਿਚ ਵਾਕਿਆ ਹੈ। ਕੋਲੇ ਦਾ ਇਹ ਖੇਤਰ ਸਭ ਤੋਂ ਪਹਿਲਾਂ 1721 ਵਿਚ ਲੱਭਿਆ ਗਿਆ ਸੀ ਅਤੇ ਇਸ ਖੇਤਰ ਨੇ ਲਗਭਗ 26,000 ਵ. ਕਿ. ਮੀ. ਰਕਬਾ ਮੱਲਿਆ ਹੋਇਆ ਹੈ। ਇਸ ਖੇਤਰ ਵਿਚ ਲਗਭਗ 66,870,000,000 ਮੀ. ਟਨ ਕੋਲੇ ਦਾ ਭੰਡਾਰ ਪਤਾ ਲਗ ਚੁੱਕਾ ਹੈ ਅਤੇ ਇਸ ਤੋਂ ਇਲਾਵਾ ਇਥੇ ਹੋਰ ਭੰਡਾਰ ਮਿਲਣ ਦੀਆਂ ਸੰਭਾਵਨਾਵਾਂ ਵੀ ਹਨ। ਇਥੇ ਕੋਲੇ ਦੀਆਂ ਤਿੰਨ ਮੁਖ ਲੜੀਆਂ ਹਨ ਅਤੇ ਇਸ ਬੇਸਿਨ ਦਾ ਕੋਲਾ ਵਧੀਆ ਕਿਸਮ ਦਾ ਹੈ।

ਕੋਲੇ ਵਾਸਤੇ ਸਭ ਤੋਂ ਪਹਿਲਾਂ ਛੋਟੀਆਂ ਛੋਟੀਆਂ ਖੁਦਾਈਆਂ ਕੌਨਡੋਮਾ ਦਰਿਆ ਦੇ ਨਾਲ ਨਾਲ ਸੰਨ 1771 ਤੋਂ ਸ਼ੁਰੂ ਹੋਈਆਂ ਸਨ। ਕਾਫ਼ੀ ਚਿਰ ਕੋਲੇ ਦਾ ਉਤਪਾਦਨ ਨਾਂ ਮਾਤਰ ਹੀ ਰਿਹਾ ਪਰ, 19ਵੀਂ ਸਦੀ ਦੇ ਅਖੀਰ ਵਿਚ ਛੋਟੇ ਪੈਮਾਨੇ ਦੇ ਤਿੰਨ ਖਾਣ-ਖੁਦਾਈ ਕੇਂਦਰ ਵਿਕਸਿਤ ਕੀਤੇ ਗਏ। ਪਹਿਲੀ ਪੰਜ ਸਾਲਾ ਯੋਜਨਾ (1928-32) ਦੌਰਾਨ ਵੱਡੇ ਪੈਮਾਨੇ ਤੇ ਖਣਿਜਾਂ ਨੂੰ ਕੱਢਣ ਦਾ ਕੰਮ ਸ਼ੁਰੂ ਹੋਇਆ ਅਤੇ ਇਸ ਤੋਂ ਬਾਅਦ ਵਿਕਾਸ ਤੇਜ਼ ਅਤੇ ਨਿਰੰਤਰ ਰਿਹਾ। ਭਾਰੀ ਉਦਯੋਗ ਵੀ ਵਧਣਾ ਸ਼ੁਰੂ ਹੋ ਗਿਆ। ਦੂਜੇ ਮਹਾਂ ਯੁਧ ਤੋਂ ਪਹਿਲਾਂ ਕੁਜ਼ਨੈਟਸਕ ਬੇਸਿਨ ਯੂਰਾਲ ਖੇਤਰ ਨੂੰ ਕੋਕਿੰਗ ਕੋਲਾ ਭੇਜਦਾ ਸੀ ਅਤੇ ਇਸ ਦੇ ਬਦਲੇ ਵਿਚ ਕੱਚਾ ਲੋਹਾ ਲੈਂਦਾ ਸੀ ਜਿਸ ਕਰਕੇ ਯੂਰਾਲ ਤੇ ਕੁਜ਼ਨੈਟਸਕ ਬੇਸਿਨ ਵਿਚ ਵੱਡੇ ਵੱਡੇ ਲੋਹੇ ਤੇ ਅਸਪਾਤ ਦੇ ਕਾਰਖਾਨੇ ਸਥਾਪਤ ਹੋ ਗਏ। ਕੁਜ਼ਨੈਟਸਕ ਬੇਸਿਨ ਦੇ ਪੂਰਬ ਵਿਚ ਊਸਾ ਵਿਖੇ ਮੈਂਗਨੀਜ਼ ਕੱਢਿਆ ਜਾਂਦਾ ਹੈ। ਸਾਰੇ ਮੁਖ ਸ਼ਹਿਰਾਂ ਵਿਚ ਇੰਜਨੀਅਰਿੰਗ ਤੇ ਧਾਤ ਦਾ ਕੰਮ ਹੁੰਦਾ ਹੈ।

ਹ. ਪੁ.—ਐਨ. ਬ੍ਰਿ. ਮਾ. 5 : 958

**ਕੁੰਜਪੁਰਾ :** ਸਾਬਕਾ ਪੂਰਬੀ ਪੰਜਾਬ ਦੀ ਇਕ ਜਾਗੀਰ ਸੀ ਜੋ ਅੱਜਕਲ੍ਹ ਹਰਿਆਣਾ ਰਾਜ ਦੇ ਕਰਨਾਲ ਜ਼ਿਲ੍ਹੇ ਵਿਚ ਸ਼ਾਮਲ ਹੈ। ਇਸ ਦੀ ਨੀਂਹ ਨਜਾਬਤ ਖਾਂ ਨੇ ਰੱਖੀ ਸੀ। ਨਜਾਬਤ ਖ਼ਾਂ ਇਕ ਘੋਰਗਸ਼ਤ ਪਠਾਣ ਅਤੇ ਮੁਗ਼ਲ ਬਾਦਸ਼ਾਹਾਂ ਮਾਤਹਿਤ ਧੰਨ-ਮਾਲ ਦਾ ਸਿਪਾਹੀ ਸੀ। ਇਸ ਨੇ ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਜਮਨਾ ਦੀਆਂ ਦਲਦਲਾਂ ਵਿਚ ਇਕ ਕਿਲ੍ਹਾ ਬਣਵਾਇਆ ਸੀ ਅਤੇ ਸ਼ਾਹੀ ਸਰਕਾਰ ਦੇ ਵਿਰੁੱਧ ਬਗ਼ਾਵਤ ਕਰ ਦਿਤੀ ਸੀ। 1739 ਈ. ਵਿਚ ਇਸ ਨੇ ਨਾਦਰ ਸ਼ਾਹ ਦਾ ਪੱਖ ਪੂਰਿਆ ਅਤੇ ਨਾਦਰ ਸ਼ਾਹ ਨੇ ਉਸ ਨੂੰ ਕੁੰਜਪੁਰਾ ਦੇ ਸਰਦਾਰ ਵਜੋਂ ਮਾਨਤਾ ਦੇ ਦਿੱਤੀ ਜੋ 1760 ਈ. ਵਿਚ ਆਪਣੀ ਮੌਤ ਦੇ ਸਮੇਂ ਤਕ ਇਸ ਜਾਗੀਰ ਤੇ ਕਾਬਜ਼ ਰਿਹਾ। ਉਸ ਦੇ ਪੁੱਤਰ ਦਲੇਰ ਖਾਂ ਨੇ ਦੁਰਾਨੀ ਪਾਸੋਂ ਇਸ ਇਲਾਕੇ ਦੇ ਬਦਲੇ ਕਾਫ਼ੀ ਸਾਰੀ ਗਰਾਂਟ ਲਈ, ਪ੍ਰੰਤੂ ਉਸ ਤੇ ਉਸਦੇ ਉਤਰਾਧਿਕਾਰੀ ਨੂੰ ਜੀਂਦ ਦੇ ਰਾਜਾ ਤੇ ਦੂਜੇ ਸਿੱਖ ਸਰਦਾਰਾਂ ਨੇ ਇਸ ਇਲਾਕੇ ਵਿਚੋਂ ਕੱਢ ਦਿੱਤਾ। 1787 ਵਿਚ ਸਿੰਧੀਆ ਨੇ ਜੀਂਦ ਦੇ ਰਾਜੇ ਨੂੰ ਕਰਨਾਲ ਵਿਚੋਂ ਕੱਢ ਦਿੱਤਾ ਅਤੇ ਦਸ ਸਾਲ ਬਾਅਦ ਜਨਰਲ ਪੈਰੋਂ ਨੇ ਗੁਲਸ਼ੇਰ ਖਾਂ ਨੂੰ ਕੁੰਜਪੁਰਾ ਦੇ ਨਵਾਬ ਵਜੋਂ ਮਾਨਤਾ ਦੇ ਦਿੱਤੀ। ਉਸ ਦਾ ਪੁੱਤਰ ਰਹਿਮਤ ਖਾਂ 1801 ਈ. ਵਿਚ ਲਾਰਡ ਲੇਕ ਦਾ ਹਮਾਇਤੀ ਬਣ ਗਿਆ ਅਤੇ 1811 ਵਿਚ ਅੰਗਰੇਜ਼ ਸਰਕਾਰ ਨੇ ਉਸ ਨੂੰ ਸਰਦਾਰ ਵਜੋਂ ਮਾਨਤਾ ਦੇ ਦਿੱਤੀ। ਸੰਨ 1846 ਵਿਚ ਕੁੰਜਪੁਰਾ ਦੇ ਨਵਾਬ ਦੀ ਪ੍ਰਭੁਤਾ ਖ਼ਤਮ ਹੋ ਗਈ। 1961 ਈ. ਵਿਚ ਇਸ ਜਗ੍ਹਾ ਤੇ ਸੈਨਿਕ ਸਕੂਲ ਸਥਾਪਿਤ ਕਰ ਦਿੱਤਾ ਗਿਆ।

ਹ. ਪੁ.—ਇੰਪ. ਗ. ਇੰਡ 16 : 27

**ਕੁੰਜਰਾਸ**—ਇਹ ਮਨੀਪੁਰ ਦਾ ਲੋਕ ਨਾਚ ਹੈ ਜਿਹੜਾ ਦੁਸਹਿਰੇ ਸਮੇਂ ਕੀਤਾ ਜਾਂਦਾ ਹੈ। ਇਹ ਨਾਚ ਰਾਧਾ ਅਤੇ ਕ੍ਰਿਸ਼ਨ ਦੇ ਰੋਜ਼ਾਨਾ ਜੀਵਨ ਦਾ ਵਰਣਨ ਕਰਦਾ ਹੈ। ਇਹ ਨਾਚ ਸ੍ਰੀ ਕ੍ਰਿਸ਼ਨ ਰਾਧਾ ਅਤੇ ਗੋਪੀਆਂ ਦੇ ਉਸ ਸਵਰਗੀ ਸੁੱਖ ਦੀ ਵਿਆਖਿਆ ਕਰਦਾ ਹੈ ਜਦੋਂ ਉਹ ਸਾਰੇ ਗੋਪੀਆਂ ਵਲੋਂ ਸ੍ਰੀ ਕ੍ਰਿਸ਼ਨ ਦੇ ਆਰਾਮ ਲਈ ਬਣਾਏ ਕੁੰਜ ਵਿਚ ਇਕੱਠੇ ਹੁੰਦੇ ਹਨ। ਇਹ ਨਾਚ ਮਹਾਂ ਰਾਸ ਤੋਂ ਘੱਟ ਵਿਸਤ੍ਰਿਤ ਹੈ। ਰਾਧਾ ਅਤੇ ਗੋਪੀਆਂ ਦਾ ਤਿਆਰ ਹੋ ਕੇ ਅਤੇ ਖ਼ੁਸ਼ੀ ਨਾਲ ਸ੍ਰੀ ਕ੍ਰਿਸ਼ਨ ਨੂੰ ਮਿਲਣ ਜਾਣਾ ਹੀ ਇਸ ਨਾਚ ਦਾ ਮੁਖ ਪ੍ਰਭਾਵਸ਼ਾਲੀ ਭਾਗ ਹੈ। ਇਸ ਤੋਂ ਬਾਅਦ ਰਾਧਾ ਅਤੇ ਗੋਪੀਆਂ ਸ੍ਰੀ ਕ੍ਰਿਸ਼ਨ ਦੇ ਦੁਆਲੇ ਗੋਲ ਘੇਰਾ ਬਣਾ ਕੇ ਨਚਦੀਆਂ ਹਨ।

ਹ. ਪੁ.—ਐਨ. ਇੰ. 2 : 652 ; ਡਾਂਸ ਡਾਇਲੈਕਟਸ ਆਫ ਇੰਡੀਆ-ਰਾਗਨੀ ਦੇਵੀ ; ਦੀ ਡਾਂਸ ਇਨ ਇੰਡੀਆ-ਈਨਾਕਸੀ ਭਵਾਨੀ।

**ਕੁੰਜ਼ਰੂ, ਹਿਰਦੈ ਨਾਥ (ਪੰਡਤ) :** ਭਾਰਤ ਦੇ ਇਸ ਪ੍ਰਸਿੱਧ ਸਮਾਜ ਸੁਧਾਰਕ ਅਤੇ ਸਿਆਸੀ ਨੇਤਾ ਦਾ ਜਨਮ 1 ਅਕਤੂਬਰ, 1887 ਨੂੰ ਪੰਡਤ ਅਯੁੱਧਿਆ ਨਾਥ ਦੇ ਘਰ ਆਗਰੇ ਵਿਖੇ ਹੋਇਆ। ਸੰਨ 1905 ਵਿਚ ਇਸ ਨੇ ਆਗਰੇ ਤੋਂ ਬੀ. ਐਸ ਸੀ. ਦੀ ਡਿਗਰੀ ਅਤੇ ਇਸ ਤੋਂ ਪਿੱਛੋਂ ਲੰਡਨ ਸਕੂਲ ਆਫ ਇਕਨਾਮਿਕਸ ਤੋਂ ਅਰਥ ਵਿਗਿਆਨ ਦੇ ਵਿਸ਼ੇ ਵਿਚ ਬੀ. ਐਸ ਸੀ. ਦੀ ਡਿਗਰੀ ਪ੍ਰਾਪਤ ਕੀਤੀ। ਆਗਰਾ ਯੂਨੀਵਰਸਿਟੀ ਵਲੋਂ ਇਸ ਨੂੰ ਡਾਕਟਰ ਆਫ ਲਾਅਜ਼ ਦੀ ਡਿਗਰੀ ਨਾਲ ਸਨਮਾਨਿਆ ਗਿਆ।

ਛੋਟੀ ਉਮਰ ਤੋਂ ਹੀ ਇਹ ਰਾਸ਼ਟਰੀ ਜੀਵਨ ਵਿਚ ਦਿਲਚਸਪੀ ਲੈਣ ਲੱਗ ਪਿਆ। ਗੋਖਲੇ ਦੀ ਪ੍ਰੇਰਨਾ ਸਦਕਾ ਇਹ 'ਸਰਵੈਂਟਸ ਆਫ ਇੰਡੀਆ ਸੋਸਾਇਟੀ' ਵਿਚ ਜਾ ਸ਼ਾਮਲ ਹੋਇਆ ਅਤੇ ਸੰਨ 1836 ਵਿਚ ਹੀ ਸੋਸਾਇਟੀ ਦਾ ਉਮਰ-ਭਰ ਲਈ ਪ੍ਰੈਜ਼ੀਡੈਂਟ ਚੁਣ ਲਿਆ ਗਿਆ। ਇਸੇ ਸੋਸਾਇਟੀ ਦੇ ਪ੍ਰਭਾਵ ਹੇਠ ਹੀ ਇਹ ਜਾਤ-ਪਾਤ, ਛੂਤ ਅਤੇ ਹੋਰਨਾਂ ਸਮਾਜਕ ਬੁਰਾਈਆਂ ਵਿਰੁੱਧ ਜੂਝਦਾ ਰਿਹਾ ਹੈ।

ਵਿੱਦਿਅਕ ਖੇਤਰ ਵਿਚ ਕੁੰਜ਼ਰੂ ਦਾ ਸਭ ਤੋਂ ਵੱਡਾ ਯੋਗਦਾਨ 'ਇੰਡੀਅਨ ਕੌਂਸਲ ਆਫ ਵਰਲਡ ਅਫ਼ੇਅਰਜ਼' ਦੀ ਸਥਾਪਨਾ ਸੀ।

ਸਿਆਸੀ ਖੇਤਰ ਵਿਚ ਇਹ ਉਦਾਰਵਾਦੀ ਵਿਚਾਰਧਾਰਾ ਦਾ ਸਮਰੱਥਕ ਅਤੇ ਕਾਮਨਵੈਲਥ ਅਧੀਨ ਸਵੈ-ਸਰਕਾਰ ਦੀ ਸਥਾਪਨਾ ਕਰਨ ਦਾ ਹਾਮੀ ਰਿਹਾ ਹੈ। ਸੰਨ 1919 ਵਿਚ ਇਹ 'ਨੈਸ਼ਨਲ ਲਿਬਰਲ ਪਾਰਟੀ' ਦੇ ਡੈਲੀਗੇਟ ਵਜੋਂ ਮਾਂਟੇਗੂ ਚੈਮਸਫੋਰਡ ਸੁਧਾਰਾਂ ਸਬੰਧੀ ਇੰਗਲੈਂਡ ਗਿਆ। ਸੰਨ 1920 ਵਿਚ ਹੋਰਨਾਂ ਨਰਮ-ਖਿਆਲੀ

ਕਾਂਗਰਸੀਆਂ ਦੇ ਨਾਲ ਹੀ ਇਸ ਨੇ ਕਾਂਗਰਸ ਪਾਰਟੀ ਛੱਡ ਦਿੱਤੀ ਅਤੇ 'ਨੈਸ਼ਨਲ ਲਿਬਰਲ ਫੈਡਰੇਸ਼ਨ' ਨਾਂ ਦੀ ਇਕ ਪਾਰਟੀ ਦੀ ਸਥਾਪਨਾ ਕਰ ਦਿਤੀ।

ਬਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੀਆਂ ਸਮਸਿਆਵਾਂ ਤੋਂ ਜਾਣੂ ਹੋਣ ਲਈ ਇਸ ਨੇ ਕੀਨੀਆ, ਫਿਜੀ, ਲੰਕਾ, ਮਲਾਇਆ ਅਤੇ ਕਈ ਹੋਰਨਾਂ ਦੇਸ਼ਾਂ ਦਾ ਦੌਰਾ ਕੀਤਾ। ਅਪ੍ਰੈਲ, 1929 ਵਿਚ ਇਸ ਨੇ ਨੈਰੋਬੀ ਵਿਖੇ 'ਈਸਟ ਅਫ਼ਰੀਕਨ ਇੰਡੀਅਨ ਕਾਂਗਰਸ' ਦੀ ਪ੍ਰਧਾਨਗੀ ਕੀਤੀ। ਜਨਵਰੀ, 1939 ਵਿਚ ਇਹ ਮਲਾਇਆ ਗਿਆ ਅਤੇ ਭਾਰਤੀਆਂ ਨਾਲ ਹੋ ਰਹੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਸੰਨ 1941 ਤੋਂ 1943 ਤੀਕ ਕੁੰਜ਼ਰੂ ਨੇ 'ਕੌਂਸਲ ਆਫ ਸਟੇਟਸ' ਵਿਚ ਇਤਹਾਦੀ ਰਾਸ਼ਟਰਾਂ ਦੇ ਜੰਗੀ ਮੰਤਵਾਂ ਦੀ ਬਹੁਤ ਨਿਖੇਧੀ ਕੀਤੀ।

ਕੁੰਜ਼ਰੂ ਨੇ 'ਦੀ ਸਰਵੈਂਟਸ ਆਫ ਇੰਡੀਆ' ਵਿਚ ਸਮਕਾਲੀ ਸਮਸਿਆਵਾਂ ਉੱਤੇ ਲੇਖ ਲਿਖੇ। 'ਪਬਲਿਕ ਸਰਵਿਸਿਜ਼ ਇਨ ਇੰਡੀਆ' ਇਸ ਦੀ ਸਭ ਤੋਂ ਪ੍ਰਸਿੱਧ ਪੁਸਤਕ ਹੈ।

ਇਹ ਸੰਨ 1938 ਵਿਚ ਆਸਟ੍ਰੇਲੀਆ ਵਿਚ ਹੋਈ 'ਬ੍ਰਿਟਿਸ਼ ਕਾਮਨਵੈਲਥ ਰਿਲੇਸ਼ਨਜ਼ ਕਾਨਫਰੰਸ' ਵਿਚ ਭਾਰਤੀ ਡੈਲੀਗੇਸ਼ਨ ਦੇ ਚੇਅਰਮੈਨ ਵਜੋਂ ਸ਼ਾਮਲ ਹੋਇਆ। ਸੰਨ 1945 ਵਿਚ ਇਸ ਨੇ ਸੰਯੁਕਤ ਰਾਜ ਅਮਰੀਕਾ ਵਿਚ ਹੋਈ 'ਪੈਸਿਫਿਕ ਰੀਲੇਸ਼ਨਜ਼ ਕਾਨਫਰੰਸ' ਵਿਚ ਭਾਰਤੀ ਡੈਲੀਗੇਸ਼ਨ ਦੇ ਇਕ ਮੈਂਬਰ ਵਜੋਂ ਹਿੱਸਾ ਲਿਆ। ਭਾਰਤ ਦੀ ਆਜ਼ਾਦੀ ਉਪਰੰਤ ਇਸ ਨੇ 'ਰੇਲਵੇ ਇਨਕੁਆਇਰੀ ਕਮੇਟੀ' ਦੇ ਚੇਅਰਮੈਨ ਵਜੋਂ ਅਤੇ ਰਾਜ ਪੁਨਰਗਠਨ ਕਮਿਸ਼ਨ ਦੇ ਮੈਂਬਰ ਵਜੋਂ ਸੇਵਾ ਕੀਤੀ।

ਰਾਸ਼ਟਰੀ ਸੇਵਾਵਾਂ ਕਾਰਨ ਇਸ ਨੂੰ 'ਭਾਰਤ ਰਤਨ' ਦੀ ਉਪਾਧੀ ਦੇਣ ਦਾ ਫ਼ੈਸਲਾ ਕੀਤਾ ਗਿਆ ਪਰ ਇਸ ਨੇ ਇਸ ਸਨਮਾਨ ਨੂੰ ਠੁਕਰਾ ਦਿਤਾ। ਇਸੇ ਤਰ੍ਹਾਂ ਹੀ ਇਸ ਰਾਜ ਸਭਾ ਦੀ ਨਾਮਜਦਗੀ ਨੂੰ ਪਰਵਾਨ ਕਰਨ ਤੋਂ ਨਾਂਹ ਕਰ ਦਿੱਤੀ। ਇਸ ਦਾ ਇਹ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਨੀਤੀ ਪੱਖੋਂ ਮਾੜੀ ਗਲ ਸਿਆਸੀ ਪੱਖ ਲਈ ਕਦੇ ਵੀ ਠੀਕ ਨਹੀਂ ਹੋ ਸਕਦੀ।

ਹ. ਪੁ.—ਡਿ. ਨੈ. ਬਾ. 2 : 376

**ਕੁਜਾਵੀਆ**—ਮੱਧ ਪੋਲੈਂਡ ਵਿਚ ਇਕ ਨੀਵਾਂ ਇਲਾਕਾ ਹੈ ਜੋ ਉੱਤਰ-ਪੂਰਬ ਵਲ ਦਰਿਆ ਵਿਸਤੂਲਾ ਅਤੇ ਦੱਖਣ-ਪੱਛਮ ਵਲ ਨੋਂਟੇਟਸਜ਼ (Notec) ਦੇ ਵਿਚਕਾਰ ਫੈਲਿਆ ਹੋਇਆ ਹੈ। ਇਸ ਨਾਂ ਦਾ ਜ਼ਿਕਰ ਸਭ ਤੋਂ ਪਹਿਲਾਂ 1136 ਈ. ਦੀਆਂ ਲਿਖਤਾਂ ਵਿਚ ਆਉਂਦਾ ਹੈ। ਸੰਨ 1138 ਵਿਚ ਜਦੋਂ ਬਾਦਸ਼ਾਹ ਬੋਲੈਸਲਾ ਤੀਜੇ ਨੇ ਪੋਲੈਂਡ ਨੂੰ ਆਪਣੇ ਪੁੱਤਰਾਂ ਵਿਚਕਾਰ ਵੰਡਿਆ ਸੀ ਤਾਂ ਕੁਜਾਵੀਆ, ਮਾਜ਼ੋਵੀਅਨ ਕੁਜਾਵੀਅਨ ਡੱਚੀ ਦਾ ਇਕ ਹਿੱਸਾ ਬਣ ਗਿਆ। ਸੰਨ 1233 ਵਿਚ ਮਾਜ਼ੋਵੀਆ ਤੋਂ ਵਖ ਹੋ ਕੇ ਇਹ ਇਲਾਕਾ ਕਈ ਡੱਚੀਆਂ ਵਿਚ ਵੰਡਿਆ ਗਿਆ ਪਰ 1363 ਵਿਚ ਇਹ ਸਾਰੀਆਂ ਡੱਚੀਆਂ ਇਕੱਠੀਆਂ ਕਰਕੇ ਪੋਲਿਸ਼ ਕ੍ਰਾਊਨ ਹੇਠ ਲਿਆਂਦੀਆਂ ਗਈਆਂ।

ਸੰਨ 1918 ਪਿਛੋਂ ਕੁਜਾਵੀਆ ਪੋਮਾਰਜ਼ ਤੇ ਵਾਰਸਾ ਪ੍ਰਾਂਤਾਂ ਵਿਚ ਵੰਡਿਆ ਗਿਆ। ਸੰਨ 1945 ਵਿਚ ਸਾਰਾ ਕੁਜਾਵੀਆ ਬਿਡਗੋਸਚ ਪ੍ਰਾਂਤ ਵਿਚ ਮਿਲਾ ਲਿਆ ਗਿਆ।

ਟੋਰਨ ਅਜਾਇਬ ਘਰ ਵਿਚ ਕੁਜਾਵੀ ਲੋਕਾਂ ਦੀਆਂ ਲੱਕੜੀ ਉਪਰ ਮੀਨਾਕਾਰੀ ਦੀਆਂ ਕਈ ਨਿਸ਼ਾਨੀਆਂ, ਸੰਦ ਅਤੇ ਕਿਸਾਨਾਂ ਦਾ ਰਿਹਾਇਸ਼ੀ ਸਾਜ਼ੋ-ਸਾਮਾਨ ਮੌਜੂਦ ਹੈ। ਕੁਜਾਵੀਅਨ ਨਾਚ ਸਾਰੇ ਪੋਲੈਂਡ ਵਿਚ ਮਸ਼ਹੂਰ ਹੈ।

ਹ. ਪੁ.—ਐਨ. ਬ੍ਰਿ. 13 : 505

**ਕੁੰਟ, ਆਗਸਟ ਆਡੋਲਫ ਐਡੂਅਰਡ ਏਬਰਹਾਰਡ :** ਗੈਸਾਂ ਅਤੇ ਠੋਸ ਮਾਧਿਅਮਾਂ ਵਿਚ ਧੁਨੀ ਦੇ ਵੇਗ ਦੀ ਮਿਣਤੀ ਕਰਨ ਦੇ ਢੰਗ ਦੀ ਵਿਆਖਿਆ ਕਰਨ ਵਾਲੇ, ਇਸ ਭੌਤਿਕ-ਵਿਗਿਆਨੀ ਦਾ ਜਨਮ 18 ਨਵੰਬਰ, 1839 ਨੂੰ ਸ਼ਵੇਰੀਨ, ਮੈਕਲੈਨਬੁਰਕ ਵਿਖੇ (ਹੁਣ ਪੂਰਬ ਜਰਮਨੀ ਵਿਚ) ਹੋਇਆ। ਲਾਈਪਸਿਕ ਅਤੇ ਬਰਲਿਨ ਯੂਨੀਵਰਸਿਟੀਆਂ ਤੋਂ ਵਿਦਿਆ ਪ੍ਰਾਪਤ ਕਰਕੇ ਇਸ ਨੇ ਵਖ ਵਖ ਅਹੁਦਿਆਂ ਉਤੇ ਕੰਮ ਕੀਤਾ। ਸਟ੍ਰੈਸਬਰਗ ਦੇ ਫ਼ਿਜ਼ੀਕਲ ਇੰਨਸੀਚਿਊਟ (1872) ਦੇ ਸਥਾਪਕਾਂ ਵਿਚੋਂ ਇਹ ਇਕ ਸੀ। ਸੰਨ 1888 ਵਿਚ ਐਕਸਪੇਰੀਮੈਂਟਲ ਫ਼ਿਜ਼ਿਕਸ ਦਾ ਪ੍ਰੋਫ਼ੈਸਰ ਅਤੇ ਬਰਲਿਨ ਦੇ ਫ਼ਿਜ਼ੀਕਲ ਇੰਸਟੀਚਿਊਟ ਦਾ ਡਾਇਰੈਕਟਰ ਬਣ ਗਿਆ।

ਧੁਨੀ ਸਬੰਧੀ ਪ੍ਰਯੋਗ ਕਰਦੇ ਸਮੇਂ ਇਸ ਨੇ ਇਕ ਟਿਊਬ ਦੇ ਅੰਦਰਵਾਰ ਬਰੀਕ ਪਾਊਡਰ ਛਿੜਕ ਕੇ ਧੁਨੀ ਤਰੰਗਾਂ ਵਿਚ ਕੋਡਾਂ ਦੀ ਸਥਿਤੀ ਅਤੇ ਵੇਗ ਦਾ ਪਤਾ ਲਗਾਇਆ। ਇਸ ਨੇ ਤਰਲਾਂ, ਵਾਸ਼ਪਾਂ ਅਤੇ ਧਾਤਾਂ ਵਿਚ ਧੁਨੀ ਦੇ ਅਸੰਗਤ ਵਰਣ-ਵਿਖੇਪਣ ਦਾ ਅਧਿਐਨ ਕੀਤਾ। ਮੈਗਨੈਟੋ-ਆਪਟਿਕਸ ਦੇ ਖੇਤਰ ਵਿਚ ਇਸ ਨੇ ਸਿੱਧ ਕੀਤਾ ਕਿ ਚੁੰਬਕੀ ਖੇਤਰ ਦੇ ਪ੍ਰਭਾਵ ਅਧੀਨ ਕੁਝ ਕੁ ਗੈਸਾਂ ਅਤੇ ਵਾਸ਼ਪਾਂ ਦਾ ਧਰੁਵਣ ਤਲ ਘੁੰਮ ਜਾਂਦਾ ਹੈ।

ਪੱਛਮੀ ਜਰਮਨੀ ਵਿਚ ਲੂਬੈੱਕ ਦੇ ਨੇੜੇ 21 ਮਈ, 1894 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 5 : 941

**ਕੁਟੰਬ**—ਖ਼ੂਨ ਦੇ ਰਿਸ਼ਤੇਦਾਰਾਂ ਦਾ ਸਮੂਹ। ਆਮ ਬੋਲ ਚਾਲ ਵਿਚ ਇਸ ਸ਼ਬਦ ਦੀ ਵਰਤੋਂ ਤੋਂ ਸਪੱਸ਼ਟ ਨਹੀਂ ਹੁੰਦਾ ਕਿ ਕਿਹੜੇ ਕਿਹੜੇ ਵਿਅਕਤੀ ਇਸ ਸਮੂਹ ਦੇ ਮੈਂਬਰ ਹੋਣਗੇ। ਮਾਨਵ ਵਿਗਿਆਨੀ ਅਤੇ ਸਮਾਜ ਵਿਗਿਆਨੀ ਕੁਟੰਬ ਦੇ ਅਰਥ ਸਪੱਸ਼ਟ ਕਰਨ ਲਈ ਕੁਟੰਬਾਂ ਦੇ ਅਨੇਕਾਂ ਸਮੂਹਾਂ ਦਾ ਜ਼ਿਕਰ ਕਰਦੇ ਹਨ। ਉਨ੍ਹਾਂ ਅਨੁਸਾਰ ਉਹ ਸਾਰੇ ਸਮੂਹ ਕੁਟੰਬਕ ਸਮੂਹ ਹਨ ਜਿਨ੍ਹਾਂ ਦੇ ਮੈਂਬਰਾਂ ਵਿਚ ਕੁਟੰਬਕ ਸਬੰਧ ਪਾਏ ਜਾਂਦੇ ਹਨ। ਕੁਟੰਬਕ ਸਮੂਹਾਂ ਵਿਚ ਸਭ ਤੋਂ ਛੋਟਾ ਅਤੇ ਕੇਂਦਰੀ ਸਮਹ ਪਰਿਵਾਰ ਹੈ। ਪਰਿਵਾਰ ਤੋਂ ਇਲਾਵਾ ਵੰਸ਼, ਕੁਲ, ਬੰਧੂ, ਬਾਂਧਵ ਅਤੇ ਸਪਿੰਡ ਆਦਿ ਅਨੇਕਾਂ ਕੁਟੰਬਕ ਸਮੂਹ ਹਨ।

ਪਰਿਵਾਰ ਅਤੇ ਹੋਰ ਕੁਟੰਬਕ ਸਮੂਹਾਂ ਵਿਚ ਪਹਿਲਾ ਫ਼ਰਕ ਇਹ ਹੈ ਕਿ ਪਰਿਵਾਰ ਵਿਚ ਖ਼ੂਨ ਦੇ ਰਿਸ਼ਤਿਆਂ ਤੋਂ ਇਲਾਵਾ ਵਿਵਾਹਿਕ ਸਬੰਧ ਵਾਲੇ ਵਿਅਕਤੀ ਪਾਏ ਜਾਂਦੇ ਹਨ। ਉਦਾਹਰਣ : ਮਾਂ, ਬਾਪ ਅਤੇ ਬੱਚਿਆਂ ਵਾਲੇ ਪਰਿਵਾਰ ਵਿਚ, ਮਾਤਾ-ਪਿਤਾ ਅਤੇ ਬੱਚਿਆਂ ਦੇ ਵਿਚ ਲਹੂ ਦਾ ਸਬੰਧ ਹੈ ਅਤੇ ਪਤੀ ਪਤਨੀ ਵਿਚ ਵਿਵਾਹਿਕ ਸਬੰਧ ਹੈ ਪਰ ਇਸ ਤੋਂ ਇਲਾਵਾ ਹੋਰ ਕੁਟੰਬਕ ਸਮੂਹਾਂ ਵਿਚ ਸਕੇ-ਸਾਕ ਸਬੰਧੀ (ਖ਼ੂਨ ਦੀ ਸਾਂਝ ਵਾਲੇ) ਵਿਅਕਤੀ ਹੁੰਦੇ ਹਨ। ਇਸ ਤੋਂ ਇਲਾਵਾ ਇਕ ਪਰਿਵਾਰ ਦੇ ਮੈਂਬਰ ਇਕ ਹੀ ਥਾਂ ਤੇ ਇਕੱਠੇ ਰਹਿੰਦੇ ਹਨ। ਜਦੋਂ ਕਿ ਹੋਰ ਕੁਟੰਬਿਕ ਸਮੂਹਾਂ ਦੇ ਮੈਂਬਰ ਅਲੱਗ-ਅਲੱਗ ਥਾਵਾਂ ਤੇ ਰਹਿੰਦੇ ਹੁੰਦੇ ਹਨ। ਪਰਿਵਾਰ ਦਾ ਸਮੂਹ ਆਵਾਸ ਦੇ ਨਿਯਮਾਂ ਤੋਂ ਪ੍ਰਭਾਵਤ ਹੁੰਦਾ ਹੈ, ਜਿਵੇਂ ਜੇਕਰ ਕਿਸੇ ਸਮਾਜ ਵਿਚ ਪਤਨੀ, ਪਤੀ ਦੇ ਘਰ ਦੀ ਥਾਂ ਆਪਣੀ ਮਾਂ ਦੇ ਘਰ ਵਿਚ ਰਹਿੰਦੀ ਹੈ ਤਾਂ ਅਜਿਹੇ ਪਰਿਵਾਰ ਨੂੰ ਅਸੀਂ ਮਾਤਰ ਸਥਾਨ ਪਰਿਵਾਰ ਕਹਿੰਦੇ ਹਾਂ। ਇਸ ਦੇ ਉਲਟ ਹੋਰ ਕੁਟੰਬਿਕ ਸਮੂਹ ਵੰਸ਼ਾਂਵਲੀ ਦੇ ਨਿਯਮਾਂ ਤੇ ਆਧਾਰਿਤ ਹਨ।

ਕੁਟੰਬਕ ਸਮੂਹ ਇਕ ਵਿਅਕਤੀ ਦੀ ਰਖਿਆ ਦੀ ਦੂਸਰੀ ਦੀ ਪਧਤੀ ਵਿਚ ਆਉਂਦੇ ਹਨ। ਜਦੋਂ ਕਿ ਪਰਿਵਾਰ ਉਸ ਦੇ ਪਹਿਲੇ ਘੇਰੇ ਵਿਚ ਆਉਂਦਾ ਹੈ। ਮੁਸੀਬਤ ਸਮੇਂ ਇਕ ਵਿਅਕਤੀ ਆਪਣੇ ਪਰਿਵਾਰ ਤੋਂ ਇਲਾਵਾ ਕੁਟੰਬ ਦੇ ਮੈਂਬਰਾਂ ਤੋਂ ਵੀ ਸਹਾਇਤਾ ਲੈ ਸਕਦਾ ਹੈ। ਕੰਮਾਂ ਕਾਰਜਾਂ ਸਮੇਂ ਉਨ੍ਹਾਂ ਨੂੰ ਬੁਲਾਣਾਂ ਜਾਂ ਉਨ੍ਹਾਂ ਦੇ ਜਾਣਾ ਉਨ੍ਹਾਂ ਤੋਂ ਸਹਾਇਤਾ ਲੈਣਾ ਤੇ ਉਨ੍ਹਾਂ ਦੀ ਸਹਾਇਤਾ ਕਰਨਾ, ਇਹ ਸਭ ਕੁਟੰਬਕ ਸੰਬੰਧਾਂ ਨੂੰ ਨਿਭਾਉਣ ਲਈ ਜ਼ਰੂਰੀ ਹਨ।

ਕੁਟੰਬਕ ਸਬੰਧ ਨੂੰ ਨਿਭਾਉਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਕਿਹੜੇ ਕਿਹੜੇ ਵਿਅਕਤੀ ਇਸ ਸਮੂਹ ਦੇ ਮੈਂਬਰ ਹਨ ਜੋ ਵਿਅਕਤੀ ਖ਼ੂਨ ਦੀ ਸਾਂਝ ਰੱਖਦੇ ਹਨ ਤੇ ਬੱਚੇ ਦੇ ਜਨਮ ਤੋਂ ਕੁਟੰਬਕ ਸਬੰਧਾਂ ਨੂੰ ਨਿਭਾ ਰਹੇ ਹਨ ਉਹ ਸਭ ਕਿਸੇ ਨਾ ਕਿਸੇ ਤਰ੍ਹਾਂ ਕੁਟੰਬਕ ਸਮਹ ਦੇ ਮੈਂਬਰ ਹਨ ।

ਹ. ਪੁ.—ਹਿੰ. ਵਿ. ਕੋ. 3 : 59

**ਕੁਟਾਇਸੀ** : ਇਹ ਦੱਖਣ-ਪੱਛਮੀ ਸੋਵੀਅਤ ਯੂਨੀਅਨ ਦੇ ਕੋਹ-ਕਾਫ ਤੋਂ ਪਾਰਲੇ ਖੇਤਰ ਵਿਚ, ਜਾਰਜੀਅਨ ਸੋਵੀਅਤ ਸਮਾਜਵਾਦੀ ਗਣਰਾਜ ਦਾ ਇਕ ਪ੍ਰਾਚੀਨ ਸ਼ਹਿਰ ਹੈ ਜੋ ਬਾਟਮੀ ਦੇ ਲਗਭਗ 115 ਕਿ. ਮੀ. ਉੱਤਰ ਪੂਰਬ ਵਿਚ ਕਾਲਕਿਸ ਨਾਂ ਦੇ ਜ਼ਰਖ਼ੇਜ਼ ਮੈਦਾਨਾਂ ਉੱਪਰਲੀਆਂ ਕੋਹ-ਕਾਫ ਦੀਆਂ ਦੱਖਣੀ ਪੱਬੀਆਂ ਦੇ ਨਾਲ ਨਾਲ ਬੜੀ ਤੇਜ਼ ਰਫਤਾਰ ਨਾਲ ਵਹਿਣ ਵਾਲੇ ਰਾਈਆਨ ਦਰਿਆ ਦੇ ਦੋਹਾਂ ਕੰਢਿਆਂ ਉੱਤੇ ਸਥਿਤ ਹੈ । ਕੁਟਾਇਆ ਵਜੋਂ ਇਹ ਕਾਲਕਿਸ ਅਤੇ ਇਮਰੀਸ਼ਿਆ ਦੀ ਪ੍ਰਾਚੀਨ ਰਾਜਧਾਨੀ ਹੁੰਦੀ ਸੀ । ਆਪਣੇ ਲੰਬੇ ਇਤਿਹਾਸ ਵਿਚ ਇਹ ਸ਼ਹਿਰ ਈਰਾਨੀਆਂ, ਮੰਗੋਲਾਂ, ਤੁਰਕਾਂ ਅਤੇ ਰੂਸੀਆਂ ਦੁਆਰਾ ਵਾਰ ਵਾਰ ਤਬਾਹ ਕੀਤਾ ਗਿਆ । ਸ਼ਹਿਰ ਦੇ ਆਲੇ-ਦੁਆਲੇ ਦੇ ਖੇਤਰ ਵਿਚ ਫਲਦਾਰ ਦਰਖ਼ਤ ਅਤੇ ਅੰਗੂਰਾਂ ਦੀਆਂ ਵੇਲਾਂ ਉਗਾਈਆਂ ਜਾਂਦੀਆਂ ਹਨ । ਸ਼ਹਿਰ ਦੇ ਨੇੜੇ ਹੀ ਥੋੜ੍ਹੀ ਜਿਹੀ ਮਿਕਦਾਰ ਵਿਚ ਕੋਲਾ ਵੀ ਕੱਢਿਆ ਜਾਂਦਾ ਹੈ । ਕੁਟਾਇਸੀ ਤੋਂ ਹੇਠਾਂ ਰਾਈਆਨ ਦਰਿਆ ਉਤੇ ਪਣ-ਬਿਜਲੀ ਸਟੇਸ਼ਨ ਬਣਿਆ ਹੋਇਆ ਹੈ ਜੋ ਸਥਾਨਕ ਉਦਯੋਗਾਂ ਨੂੰ ਬਿਜਲੀ ਸਪਲਾਈ ਕਰਦਾ ਹੈ । ਨਾਈਟ੍ਰੋਜਨ ਖਾਦਾਂ ਤਿਆਰ ਕਰਨ ਲਈ ਇਹ ਸ਼ਹਿਰ ਬਹੁਤ ਪ੍ਰਸਿੱਧ ਹੈ । ਇਸ ਤੋਂ ਇਲਾਵਾ ਇਥੇ ਰੇਸ਼ਮੀ ਧਾਗਾ ਅਤੇ ਕਪੜਾ ਤਿਆਰ ਕਰਨ ਦੇ ਵੀ ਕਾਰਖਾਨੇ ਸਥਾਪਤ ਹਨ ।

ਆਬਾਦੀ—200,000 (1981)

42° 15′ ਉ. ਵਿਥ. ; 42′ 40′ ਪੂ. ਲੰਬ.

ਹ. ਪੁ.—ਕੋਲ. ਐਨ. 11 : 319.

**ਕੁੰਡਲਿਨੀ (ਕੁੰਡਲਨੀ)**—ਇਹ ਪਰਮੇਸ਼ਵਰ ਦੀ ਗਿਆਨ ਰੂਪੀ ਪਰਮ ਸ਼ਕਤੀ ਹੈ ਜੋ ਹਰ ਜੀਵ ਵਿਚ ਸੁੱਤੀ ਪਈ ਹੈ । ਇਸ ਨੂੰ ਕੁਲਕੁੰਡਲਿਨੀ ਸ਼ਕਤੀ ਅਤੇ ਭੁਜੰਗਮਾ ਵੀ ਕਹਿੰਦੇ ਹਨ । ਭਾਵੇਂ ਜੀਵ ਸ਼ਕਲ ਪੱਖੋਂ ਸ਼ਿਵਰੂਪ ਹਨ ਫਿਰ ਵੀ ਜਦੋਂ ਤਕ ਇਹ ਸ਼ਕਤੀ ਜਾਗਦੀ ਨਹੀਂ ਤਦ ਤਕ ਉਹ ਆਪਣੇ ਆਪ ਤੋਂ ਅਣਜਾਣ ਰਹਿੰਦੇ ਹਨ ਅਤੇ ਪਸ਼ੂਆਂ ਵਾਂਗ ਜਿਉਂਦੇ ਹਨ । ਕ੍ਰਮਵਿਕਾਸ ਅਨੁਸਾਰ 84 ਲਖ ਜੂਨੀਆਂ ਤੋਂ ਪਿਛੋਂ ਜਦ ਮਨੁੱਖੀ ਦੇਹ ਦੀ ਪ੍ਰਾਪਤੀ ਹੁੰਦੀ ਹੈ ਤਦ ਹੰਕਾਰ ਭਾਵ ਪੈਦਾ ਹੁੰਦਾ ਹੈ ਅਤੇ ਕਰਮ ਵਿਚ ਅਧਿਕਾਰ ਪੈਦਾ ਹੁੰਦਾ ਹੈ ।

ਤੰਤਰ ਸ਼ਾਸਤਰ ਅਤੇ ਯੋਗ ਮੱਤ ਅਨੁਸਾਰ ਇਹ ਅਜਿਹੀ ਨਾੜੀ ਹੈ ਜੋ ਸੁਖਮਨਾ ਨਾੜੀ ਦੀ ਜੜ੍ਹ ਵਿਚ ਕਿਵਾੜਰੂਪ ਹੋ ਕੇ ਰਹਿੰਦੀ ਹੈ ਯੋਗ ਅਭਿਆਸ ਨਾਲ ਇਹ ਜਾਗਦੀ ਹੈ ਅਤੇ ਸੁਖਮਨਾ ਨਾੜੀ ਦੇ ਰਸਤੇ ਦਸਮ ਦੁਆਰ ਨੂੰ ਜਾਂਦੀ ਹੈ । ਜਿਉਂ ਜਿਉਂ ਇਹ ਉੱਪਰ ਨੂੰ ਜਾਂਦੀ ਹੈ । ਤਿਉਂ ਤਿਉਂ ਯੋਗੀ ਨੂੰ ਆਨੰਦ ਆਉਂਦਾ ਹੈ । ਇਸ ਨੂੰ ਦਸਮ ਦੁਆਰ ਵਿਚ ਠਹਿਰਾਉਣ ਲਈ ਅਤੇ ਇਸ ਨੂੰ ਫਿਰ ਹੇਠਾਂ ਨਾ ਉਤਰਨ ਦੇਣਾ ਹੀ ਪੂਰਨ ਸਿੱਧੀ ਹੈ । ਇਸ ਦੇ ਨਾਲ ਹੀ ਸਭ ਦਾ ਵਿਕਾਸ, ਰੋਗਾਂ ਲਈ ਵੈਰਾਗ, ਵਿਵੇਕ, ਗਿਆਨ ਆਦਿ ਸਦਗੁਣਾਂ ਦਾ ਜਨਮ ਹੁੰਦਾ ਹੈ । ਇਹ ਚੰਗੇ ਅਤੇ ਮਾੜੇ ਗੁਣਾਂ ਦਾ ਅਹਿਸਾਸ ਜਗਾ ਦੇਣ ਦੀ ਅਵਸਥਾ ਹੁੰਦੀ ਹੈ।

ਹ. ਪੁ.—ਹਿੰ. ਵਿ. ਕੋ. 3 : 49. ਮ. ਕੋ. 337

**ਕੁੰਡਲੀਆ** : ਇਹ ਇਕ ਮਾਤ੍ਰਿਕ ਛੰਦ ਹੈ ਅਤੇ ਕਲਸ਼ ਜਾਤੀ ਵਿਚੋਂ ਹੈ । ਇਸ ਵਿਚ 6 ਚਰਣ ਹੁੰਦੇ ਹਨ । ਪਹਿਲੇ ਦੋ ਚਰਣ ਦੋਹਾ, ਫਿਰ ਚਾਰ ਚਰਣ ਰੋਲਾ ਅਰਥਾਤ ਚੌਬੀਹ ਚੌਬੀਹ ਮਾਤ੍ਰਾ ਦੇ ਚਾਰ ਚਰਣ । ਹਰੇਕ ਚਰਣ ਦਾ ਪਹਿਲਾ ਵਿਸ਼ਰਾਮ 11 ਮਾਤ੍ਰਾ ਤੇ ਅਤੇ ਦੂਜਾ 13 ਮਾਤ੍ਰਾ ਤੇ ਹੁੰਦਾ ਹੈ । ਦੋਹੇ ਦਾ ਅੰਤਮ ਪਦ ਸਿੰਘਾਵਲੋਕਨ ਨਯਾਏ ਕਰਕੇ ਰੋਲੇ ਦੇ ਮੁੱਢ ਅਤੇ ਰੋਲੇ ਦਾ ਅੰਤਿਮ ਪਦ ਦੋਹੇ ਦੇ ਮੁੱਢ ਵਿਚ ਹੋਣਾ ਚਾਹੀਦਾ ਹੈ । ਪਦਾਂ ਦਾ ਕੁੰਡਲਾਕਾਰ ਹੋ ਕੇ ਆਉਣਾ ਹੀ 'ਕੁੰਡਲੀਆ' ਨਾਉਂ ਦਾ ਕਾਰਨ ਹੈ । ਦਸਮ ਗ੍ਰੰਥ ਵਿਚ ਚਾਰ ਚਰਣ ਦਾ ਕੁੰਡਲੀਆ ਆਉਂਦਾ ਹੈ, ਪਹਿਲੇ ਦੋ ਚਰਣ ਦੋਹਾ, ਪਿਛਲੇ ਦੋ ਚਰਣ ਰੋਲੇ ਦੇ ਹਨ ; ਜਿਵੇਂ :—

ਦੀਨਨ ਕੀ ਰੱਛਾ ਨਮਿਤ, ਕਰ ਹੈ ਆਪ ਉਪਾਯ,
ਪਰਮ ਪੁਰਖ ਪਾਵਨ ਸਦਾ, ਆਪ ਪ੍ਰਗਟ ਹੈ ਆਯ,
ਆਪ ਪ੍ਰਗਟ ਹੈਂ ਆਯ, ਦੀਨ ਰੱਛਾ ਕੇ ਕਾਰਣ,
ਅਵਤਾਰੀ ਅਵਤਾਰ, ਧਰਾ ਕੇ ਭਾਰ ਉਤਾਰਣ ।

(ਕਲਕੀ)

ਸਿੰਘਾ ਅਵਲੋਕਨ ਨਯਾਏ ਕਰਕੇ ਜੋ ਪਦ ਕੁੰਡਲੀਏ ਵਿਚ ਆਉਣ, ਜੇ ਉਨ੍ਹਾਂ ਵਿਚ 'ਯਮਕ' ਹੋਵੇ, ਤਦ ਛੰਦ ਹੋਰ ਵੀ ਸੁੰਦਰ ਹੋ ਜਾਂਦਾ ਹੈ, ਅਰਥਾਤ ਪਦ ਉਹੀ ਹੋਣ ਪਰ ਅਰਥ ਭਿੰਨ ਹੋਵੇ, ਜਿਵੇਂ :—

ਹਾਲਾ ਸੇਵਨ ਜਿਨ ਕਰੀ, ਕਾਲ ਨਿਮੰਤ੍ਰਣ ਦੀਨ,
ਸੁਖ ਸੰਪਤਿ ਕੋ ਖੋਯਕੈ ? ਭਯੇ ਅੰਤ ਅਤਿ ਦੀਨ,
ਦੀਨ ਦੁਨੀ ਕੋ ਮਾਨ, ਤਾਨ ਨਿਜ ਤਨ ਕੋ ਖੋਯੋ,
ਖਿਖਬੇਲੀ ਕੋ ਬੀਜ, ਆਪਨੇ ਹਾਥਨ ਬੋਯੋ,
ਹਰਿਵੰਸ਼ੇਸ਼ ਕੁਲਕਾਨ, ਤਯਾਗ ਕਰਤੇ ਮੁਖ ਕਾਲਾ,
ਸਹੈਂ ਨਿਰਾਦਰ ਨਿਤਯ, ਫਿਰੈਂਦਰ ਦਰ ਬਦਹਾਲਾ ।

ਹ. ਪੁ.—ਮ. ਕੋ. : 338

**ਕੁੱਡਾਪਾ** : ਜ਼ਿਲ੍ਹਾ—ਆਂਧਰਾ ਪ੍ਰਦੇਸ਼ (ਭਾਰਤ) ਦਾ ਇਹ ਇਕ ਜ਼ਿਲ੍ਹਾ ਹੈ ਜਿਸ ਦੇ ਉੱਤਰ ਵਲ ਕਰਨੂਲ ਜ਼ਿਲ੍ਹਾ, ਪੂਰਬ ਵਲ ਨੇਲੂਰ ਜ਼ਿਲ੍ਹਾ, ਦੱਖਣ ਵਲ ਤਾਮਿਲਨਾਡੂ ਰਾਜ ਦਾ ਉੱਤਰੀ ਅਰਕਾਟ ਜ਼ਿਲ੍ਹਾ ਅਤੇ ਕਰਨਾਟਕ ਦਾ ਇਲਾਕਾ ਅਤੇ ਪੱਛਮ ਵਲ ਅਨੰਤਪੁਰ ਜ਼ਿਲ੍ਹਾ ਲਗਦਾ ਹੈ । ਜ਼ਿਲ੍ਹੇ ਦਾ ਕੁਲ ਰਕਬਾ 15,356 ਵ. ਕਿ. ਮੀ. ਅਤੇ ਆਬਾਦੀ 1,917,736 (1981) ਹੈ । ਇਸੇ ਹੀ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ ਮੁਕਾਮ ਹੈ ।

**ਧਰਾਤਲ**—ਜ਼ਿਲ੍ਹੇ ਨੇ ਦੋ ਕੁਦਰਤੀ ਖੰਡਾਂ ਨੂੰ ਮੱਲਿਆ ਹੋਇਆ ਹੈ । ਇਸ ਦੇ ਚਾਰ ਦੱਖਣ-ਪੱਛਮੀ ਤਅੱਲੁਕੇ ਮੈਸੂਰ ਪਠਾਰ ਦਾ ਹਿੱਸਾ ਹਨ ਅਤੇ ਜ਼ਿਲ੍ਹੇ ਦੇ ਹੋਰਨਾਂ ਤਅੱਲੁਕਿਆਂ ਦੇ ਮੁਕਾਬਲੇ ਵਧੇਰੇ ਉਚਾਈ ਤੇ ਹਨ । ਸੀਸ਼ਾਚਲਮ ਅਤੇ ਪਾਲਕੋਂਡਾ ਪਹਾੜੀਆਂ ਨੀਵੇਂ ਤਅਲੁੱਕਿਆਂ ਨੂੰ ਵਖ ਕਰਦੀਆਂ ਹਨ । ਉੱਚ-ਭੂਮੀ ਵਾਲੇ ਤਅੱਲੁਕੇ ਲਾਲ ਤੇ ਅਣ-ਉਪਜਾਊ ਮਿੱਟੀ ਵਾਲੇ ਹਨ ਅਤੇ ਇਨ੍ਹਾਂ ਵਿਚਕਾਰ ਕਈ ਛੋਟੀਆਂ ਛੋਟੀਆਂ ਸਖਤ ਚਟਾਨਾਂ ਦੀਆਂ ਪਹਾੜੀਆਂ ਜਾਂਦੀਆਂ ਹਨ । ਨੀਵੇਂ ਇਲਾਕਿਆਂ ਵਿਚ ਵਧੇਰੇ ਕਰਕੇ ਕਾਲੀ-ਮਿੱਟੀ ਮਿਲਦੀ ਹੈ ਅਤੇ ਇਨ੍ਹਾਂ ਇਲਾਕਿਆਂ ਵਿਚ ਕਿਧਰੇ ਕਿਧਰੇ ਬਬੂਲ ਦਰੱਖਤਾਂ ਦੇ ਝੁੰਡ ਮਿਲਦੇ ਹਨ । ਜ਼ਿਲ੍ਹੇ ਦੀਆਂ ਬਾਕੀ ਪਹਾੜੀਆਂ ਨਿਖੜੀਆਂ ਹਨ । ਨਲਾਮਲਾਈ ਪਹਾੜੀਆਂ ਦੇ ਪਰਬਤੀ ਵਧਾਓ ਕਰਨੂਲ ਤੋਂ ਲੈ ਕੇ ਧੁਰ ਉੱਤਰ ਵਲ ਦੇ ਬਦਵੈਲ ਅਤੇ ਪ੍ਰੋਦਤੂਰ ਨਾਂ ਦੇ ਤਅੱਲੁਕਿਆਂ ਵਿਚ ਨੂੰ ਜਾਂਦੇ ਹਨ ।

ਜ਼ਿਲੇ ਦਾ ਜਲ-ਨਿਕਾਸ ਪਨਾਰ ਦਰਿਆ ਰਾਹੀਂ ਹੁੰਦਾ ਹੈ । ਕੁੱਡਾਪਾ ਜ਼ਿਲ੍ਹੇ ਦੇ ਨੀਵੇਂ ਤਅਲੁੱਕਿਆਂ ਵਿਚ ਸਗੀਲੈਰੂ ਅਤੇ ਕੁੰਦਰੂ ਪਨਾਰ ਦਰਿਆ ਦੇ ਸਹਾਇਕ ਦਰਿਆ ਹਨ ।

ਜ਼ਿਲ੍ਹੇ ਦੇ ਉਚ-ਭੂਮੀ ਵਾਲੇ ਤਅਲੁੱਕਿਆਂ ਵਿਚ ਸੋਕਾ ਝਲਣ ਵਾਲੇ ਪੌਦੇ ਜਿਵੇਂ—ਕੈਕਟਸ, ਯੂਫੋਰਬੀਆ ਅਤੇ ਐਸਕੱਲੀਪੀਅਡ ਮਿਲਦੇ ਹਨ । ਘਾਟੀਆਂ ਵਿਚ ਖਜੂਰਾਂ ਦੇ ਦਰੱਖਤ ਆਮ ਮਿਲਦੇ ਹਨ ।

ਜ਼ਿਲ੍ਹੇ ਦੇ ਸੰਘਣੇ ਜੰਗਲਾਂ ਵਿਚ ਜੰਗਲੀ ਕੁੱਤੇ, ਨੀਲਗਾਏ, ਬੱਬਰ ਸ਼ੇਰ, ਸਾਂਬਰ, ਡੱਬ-ਖੜੱਬੇ ਹਿਰਨ ਮਿਲਦੇ ਹਨ । ਮੈਦਾਨਾਂ ਵਿਚ ਬਾਰ੍ਹਾਂਸਿੰਗੇ, ਚਿੰਕਾਰੇ, ਬਘਿਆੜ ਅਤੇ ਲੱਕੜ ਬੱਗੇ ਮਿਲਦੇ ਹਨ ।

**ਜਲਵਾਯੂ**—ਇਥੇ ਵਖ ਵਖ ਕਿਸਮ ਦਾ ਜਲਵਾਯੂ ਮਿਲਦਾ ਹੈ। ਉਚ-ਭੂਮੀ ਵਾਲੇ ਇਲਾਕੇ ਦਾ ਤਾਪਮਾਨ ਮੈਸੂਰ ਦੀ ਪਠਾਰ ਨਾਲ ਮਿਲਦਾ ਜੁਲਦਾ ਹੈ। ਦੂਜੇ ਪਾਸੇ ਕੁੱਡਾਪਾ ਬੇਸਿਨ ਸਭ ਤੋਂ ਵਧ ਗਰਮ ਹੁੰਦਾ ਹੈ ਅਤੇ ਮਈ ਮਹੀਨੇ ਵਿਚ ਇਥੋਂ ਦਾ ਔਸਤਨ ਤਾਪਮਾਨ 35° ਸੈਂ. ਹੁੰਦਾ ਹੈ।

ਜ਼ਿਲ੍ਹੇ ਵਿਚ ਔਸਤਨ ਸਾਲਾਨਾ ਵਰਖਾ 70 ਸੈਂ. ਮੀ. ਹੁੰਦੀ ਹੈ।

**ਆਰਥਿਕਤਾ**—ਇਥੇ ਖਣਿਜ ਪਦਾਰਥ ਬਹੁਤ ਘਟ ਹਨ। ਨਲਾਮਲਾਈ ਪਹਾੜੀਆਂ ਅਤੇ ਹੋਰਨਾਂ ਥਾਵਾਂ ਤੇ ਲੋਹੇ ਦੀ ਕੱਚੀ ਧਾਤ ਮੌਜੂਦ ਹੈ। ਕਈ ਥਾਵਾਂ ਤੇ ਗ੍ਰੇਨਾਈਟ, ਚੂਨੇ ਦਾ ਪੱਥਰ, ਸਲੇਟ ਪੱਥਰ ਵੀ ਖਾਣਾਂ ਵਿਚੋਂ ਕਢਿਆ ਜਾਂਦਾ ਹੈ।

ਚੋਲਮ, ਕੈਂਬੂ ਅਤੇ ਰਾਗੀ ਜ਼ਿਲ੍ਹੇ ਦੀਆਂ ਰੇਸ਼ੇਦਾਰ ਫ਼ਸਲਾਂ ਹਨ। ਇਸ ਤੋਂ ਇਲਾਵਾ ਇਥੇ ਚਾਉਲ, ਕਪਾਹ, ਤੰਬਾਕੂ, ਗੰਨਾ ਤੇ ਖਰਬੂਜ਼ੇ ਵੀ ਬੀਜੇ ਜਾਂਦੇ ਹਨ। ਜ਼ਿਲ੍ਹੇ ਦੇ ਕਈ ਹਿੱਸਿਆਂ ਵਿਚ ਪਸ਼ੂ ਪਾਲੇ ਜਾਂਦੇ ਹਨ। ਇਥੇ ਕੁਰੰਬਾ ਅਤੇ ਸਮੇਰੀ ਨਸਲ ਦੀਆਂ ਭੇਡਾਂ ਮਿਲਦੀਆਂ ਹਨ।

ਕਰਨੂਲ-ਕੁੱਡਾਪਾ ਨਹਿਰ ਅਤੇ ਸਗੀਲੇਰੂ ਪ੍ਰਾਜੈਕਟ ਜ਼ਿਲ੍ਹੇ ਦੀ ਸਿੰਜਾਈ ਕਰਦੇ ਹਨ। ਇਥੇ ਸਿੰਜਾਈ ਲਈ ਕਈ ਤਲਾਬ ਬਣੇ ਹੋਏ ਹਨ। ਘਟ ਵਰਖਾ ਵੇਲੇ ਖੂਹਾਂ ਦੁਆਰਾ ਵੀ ਸਿੰਜਾਈ ਕੀਤੀ ਜਾਂਦੀ ਹੈ।

ਜ਼ਿਲ੍ਹੇ ਵਿਚ ਕੋਈ ਮਹੱਤਵਪੂਰਨ ਉਦਯੋਗ ਨਹੀਂ ਹੈ। ਇਥੇ ਕੇਵਲ ਸੂਤੀ ਕੱਪੜਾ ਬੁਣਿਆ ਜਾਂਦਾ ਹੈ ਜਿਸ ਤੋਂ ਖੱਦਰ ਤਿਆਰ ਕੀਤਾ ਜਾਂਦਾ ਹੈ। ਇਥੇ ਲਗਭਗ 2,000 ਨੀਲ ਦੇ ਹੌਜ਼, ਦੋ ਖੰਡ-ਮਿੱਲਾਂ ਅਤੇ ਚਮੜਾ ਕਮਾਉਣ ਦੇ ਚਾਰ ਛੋਟੇ ਛੋਟੇ ਕਾਰਖਾਨੇ ਹਨ।

ਜ਼ਿਲ੍ਹੇ ਦੇ ਪੂਰਬੀ ਅਤੇ ਉੱਤਰੀ ਹਿੱਸਿਆਂ ਵਿਚ ਸੜਕਾਂ ਦੀ ਭਰਮਾਰ ਹੈ। ਕੁਰਨੂਲ-ਕੁੱਡਾਪਾ ਨਹਿਰ ਵਿਚ ਸਾਲ ਵਿਚ ਥੋੜ੍ਹੇ ਜਿਹੇ ਸਮੇਂ ਲਈ ਜਹਾਜ਼ਰਾਨੀ ਹੁੰਦੀ ਹੈ।

ਇਥੋਂ ਦਾਲਾਂ, ਕੁਲੱਥੀ, ਅਰਿੰਡ ਦੇ ਬੀਜ, ਚੋਲਮ, ਜ਼ੀਰਾ, ਨੀਲ, ਹਲਦੀ, ਦੇਸੀ ਖੰਡ, ਇਮਲੀ ਅਤੇ ਕਪਾਹ ਬਾਹਰ ਭੇਜੀ ਜਾਂਦੀ ਹੈ ਅਤੇ ਲੂਣ, ਧਾਤ ਦੀਆਂ ਵਸਤਾਂ, ਤਿੱਲਾਂ ਦਾ ਤੇਲ, ਨਾਰੀਅਲ ਅਤੇ ਸਰ੍ਹੋਂ ਦਾ ਤੇਲ ਬਾਹਰੋਂ ਮੰਗਵਾਇਆ ਜਾਂਦਾ ਹੈ।

ਇਤਿਹਾਸ—ਪੁਰਾਣੇ ਰਿਕਾਰਡ ਵਿਚ ਇਸ ਜ਼ਿਲ੍ਹੇ ਦਾ ਨਾਂ 'ਕੁਰਪਾ' ਵਜੋਂ ਆਇਆ ਹੈ। ਤੇਲਗੂ ਭਾਸ਼ਾ ਵਿਚ ਕੁਡਾਪਾ ਸ਼ਬਦ ਤੋਂ ਭਾਵ ਹੈ "ਦਰਵਾਜ਼ਾ"। ਇਹ ਨਾਂ ਇਸ ਕਰਕੇ ਪਿਆ ਕਿਉਂਕਿ ਕੁੱਡਾਪਾ ਕਸਬਾ-ਤਿਰੂਪਤੀ ਦੇ ਧਾਰਮਕ ਅਸਥਾਨਾਂ ਦੇ ਦਰਸ਼ਨਾਂ ਲਈ ਇਕ ਦਰਵਾਜ਼ੇ ਦਾ ਕੰਮ ਦਿੰਦਾ ਹੈ।

ਜ਼ਿਲ੍ਹੇ ਦਾ ਇਤਿਹਾਸ ਹਮਲਿਆਂ ਨਾਲ ਭਰਿਆ ਪਿਆ ਹੈ। ਯਾਰ੍ਹਵੀਂ ਸਦੀ ਤੋਂ ਤੇਰ੍ਹਵੀਂ ਸਦੀ ਤੀਕ ਇਹ ਤੰਜੌਰ ਦੇ ਚੋਲ ਬਾਦਸ਼ਾਹਾਂ ਦੇ ਰਾਜ ਵਿਚ ਹੁੰਦਾ ਸੀ। ਇੰਜ ਵੀ ਪ੍ਰਤੀਤ ਹੁੰਦਾ ਹੈ ਜਿਵੇਂ—ਕਿ ਇਹ ਤੰਜੌਰ ਦੇ ਚੋਲ ਬਾਦਸ਼ਾਹ ਅਧੀਨ ਵੀ ਰਿਹਾ ਹੋਵੇ। ਸੰਨ 1565 ਵਿਚ ਜਦੋਂ ਦੱਖਣ ਦੇ ਮੁਸਲਮਾਨੀ ਬਾਦਸ਼ਾਹਾਂ ਨੇ ਹਿੰਦੂ ਬਾਦਸ਼ਾਹਾਂ ਦਾ ਰਾਜ ਖਤਮ ਕਰ ਦਿਤਾ ਸੀ ਤਾਂ ਗੋਲਕੁੰਡਾ ਦੇ ਕੁਤਬਸ਼ਾਹੀ ਸੁਲਤਾਨ ਨੇ ਇਸ ਨੂੰ ਬਰਬਾਦ ਕਰ ਦਿਤਾ।

ਸੰਨ 1678 ਵਿਚ ਸ਼ਿਵਾ ਜੀ ਦੀਆਂ ਫ਼ੌਜਾਂ ਅਤੇ ਦਸ ਸਾਲ ਪਿਛੋਂ ਦਿੱਲੀ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਇਸ ਨੂੰ ਤਬਾਹ ਕਰ ਦਿਤਾ। ਸੰਨ 1752 ਵਿਚ ਦੱਖਣ ਦੇ ਨਵੇਂ ਸੂਬੇਦਾਰ ਸਲਾਬਤ ਜੰਗ ਨੇ ਇਹ ਜ਼ਿਲ੍ਹਾ ਘਟਾ ਦਿਤਾ ਅਤੇ ਇਥੋਂ ਦਾ ਪ੍ਰਬੰਧ ਅਡੋਨੀ ਦੇ ਸਪੁਰਦ ਕਰ ਦਿਤਾ ਸੀ। ਸੰਨ 1757 ਵਿਚ ਮਰਹੱਟੇ ਫਿਰ ਚੜ੍ਹ ਆਏ ਅਤੇ ਉਨ੍ਹਾਂ ਨੇ ਇਸ ਜ਼ਿਲ੍ਹੇ ਨੂੰ ਫਿਰ ਖ਼ੂਬ ਬਰਬਾਦ ਕੀਤਾ। ਕੁੱਡਾਪਾ ਦੇ ਨੇੜੇ ਇਕ ਫੈਸਲਾਕੁੰਨ ਲੜਾਈ ਹੋਈ। ਨਵਾਬ ਮਾਰਿਆ ਗਿਆ ਅਤੇ ਕਸਬਾ ਡਾਕੂਆਂ ਦੇ ਰਹਿਮ ਤੇ ਛਡ ਦਿਤਾ ਗਿਆ। ਮਰਹੱਟਿਆਂ ਨੇ ਕੁੱਡਾਪਾ ਦੇ ਨਵਾਬ ਨਾਲ ਸੰਧੀ ਕਰ ਲਈ ਅਤੇ ਨਵੀਂ ਸੰਧੀ ਅਨੁਸਾਰ ਮਰਹੱਟਿਆਂ ਨੂੰ ਇਲਾਕੇ ਦਾ ਅੱਧਾ ਹਿੱਸਾ ਅਤੇ ਗੁਰਮੋਕੋਂਡਾਂ ਦੀ ਗੜ੍ਹੀ ਮਿਲ ਗਈ। ਪੰਜ ਸਾਲ ਪਿਛੋਂ ਮੈਸੂਰ ਦੇ ਹੈਦਰ ਅਲੀ ਨੇ ਗੁਰਮਕੌਂਡਾਂ ਤੇ ਕਬਜ਼ਾ ਕਰ ਲਿਆ ਅਤੇ ਤਿੰਨ ਸਾਲ ਪਿਛੋਂ ਦੱਖਣ ਦੇ ਗਵਰਨਰ-ਨਿਜ਼ਾਮ ਅਲੀ ਨਾਲ ਕੀਤੀ ਗੁਪਤ ਸੰਧੀ ਅਨੁਸਾਰ ਹੈਦਰ ਅਲੀ ਬਾਕੀ ਹਿੱਸੇ ਤੇ ਕਬਜ਼ਾ ਜਮਾਉਣ ਲਈ ਅੱਗੇ ਵਧਿਆ। ਮਰਹੱਟੇ ਪੇਸ਼ਵਾ ਮਾਧਵ ਰਾਓ ਨੇ ਹੈਦਰ ਅਲੀ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਉਸ ਦੀਆਂ ਫ਼ੌਜਾਂ ਨੇ ਮੁੜ ਗੁਰਮਕੌਂਡਾ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਸੰਨ 1772 ਵਿਚ ਮਾਧਵ ਰਾਓ ਦੀ ਮੌਤ ਉਪਰੰਤ ਹੈਦਰ ਅਲੀ ਨੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਅਤੇ ਸੰਨ 1780 ਵਿਚ ਕੁੱਡਾਪਾ ਦੇ ਨਵਾਬ ਨੂੰ ਹਰਾਇਆ।

ਸੰਨ 1790 ਵਿਚ ਟੀਪੂ ਨਾਲ ਲੜਾਈ ਛਿੜ ਪਈ ਅਤੇ ਨਿਜ਼ਾਮ ਨੇ ਗੁਰਮਕੌਂਡਾਂ ਨੂੰ ਘੇਰਾ ਪਾ ਲਿਆ। ਸੰਨ 1792 ਦੀ ਸੰਧੀ ਅਨੁਸਾਰ ਜ਼ਿਲ੍ਹੇ ਦੇ ਵੱਡੇ ਹਿੱਸੇ ਦੇ ਨਾਲ ਗੁਰਮਕੌਂਡਾਂ ਨਿਜ਼ਾਮ ਦੇ ਹਵਾਲੇ ਕਰ ਦਿਤਾ ਗਿਆ। ਸੰਨ 1800 ਵਿਚ ਨਿਜ਼ਾਮ ਨੇ ਸਾਰਾ ਜ਼ਿਲ੍ਹਾ ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ। ਸੰਨ 1832 ਵਿਚ ਕੁੱਡਾਪਾ ਦੇ ਪਠਾਣਾਂ ਅਤੇ ਸੰਨ 1846 ਵਿਚ ਨਰਸਿਮਹਾ ਰੈਡੀ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਕੀਤੀ।

ਹ. ਪੁ.—ਇੰਪ. ਗ. ਇੰਡ. 11 : 57

**ਕੁੱਡਾਪਾ** : ਸ਼ਹਿਰ—ਆਂਧਰਾ ਪ੍ਰਦੇਸ਼ (ਭਾਰਤ) ਵਿਚ ਇਹ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਪਨਾਰ ਦਰਿਆ ਤੋਂ 8 ਕਿ. ਮੀ. ਦੱਖਣ ਵਲ ਸਥਿਤ ਹੈ। ਇਹ ਸ਼ਹਿਰ ਤਿੰਨ ਪਾਸਿਆਂ ਤੋਂ ਨਲਾਮਲਾਈ ਅਤੇ ਪਾਲਕੋਂਡਾ ਪਹਾੜੀਆਂ ਦੁਆਰਾ ਘਿਰਿਆ ਹੋਇਆ ਹੈ। ਕਈ ਵਾਰ ਇਸ ਸ਼ਹਿਰ ਦਾ ਨਾਂ ਸੰਸਕ੍ਰਿਤ ਦੇ ਸ਼ਬਦ 'ਕ੍ਰਿਪਾ' ਤੋਂ ਕੱਢਿਆ ਜਾਂਦਾ ਹੈ। ਹੋਰ ਲੋਕ ਇਸ ਦਾ ਨਾਂ ਕੱਡਾਪਾ ਨਾਲ ਜੋੜਦੇ ਹਨ। ਤੇਲਗੂ ਭਾਸ਼ਾ ਵਿਚ ਇਸ ਸ਼ਬਦ ਤੋਂ ਭਾਵ ਹੈ—ਦਰਵਾਜ਼ਾ। ਮੁਸਲਮਾਨਾਂ ਦੇ ਰਾਜ ਦੌਰਾਨ ਇਸ ਦਾ ਨਾਂ ਨੇਕਨਾਮਾਬਾਦ ਹੁੰਦਾ ਸੀ। ਇਹ ਨਾਂ ਇਸੇ ਸ਼ਹਿਰ ਦੇ ਕਲਪਿਤ ਬਾਨੀ-ਨੇਕਨਾਮ ਖ਼ਾਨ ਦੇ ਪਿਛੇ ਹੀ ਰਖਿਆ ਗਿਆ। ਅਜੋਕਾ ਸ਼ਹਿਰ ਮੁਕਾਬਲੇ ਦੇ ਤੌਰ ਤੇ ਆਧੁਨਿਕ ਹੀ ਪ੍ਰਤੀਤ ਹੁੰਦਾ ਹੈ। ਇਹ ਸੰਭਵ ਹੈ ਕਿ ਗੋਲਕੌਂਡਾ ਦੀ ਫ਼ੌਜ ਦੇ ਇਕ ਲੈਫਟੀਨੈਂਟ ਨੇ ਲਗਭਗ 1570 ਵਿਚ ਇਥੇ ਇਕ ਕਿਲਾ ਬਣਵਾਇਆ ਹੋਵੇ। ਸੰਨ 1800 ਵਿਚ ਨਿਜ਼ਾਮ ਨੇ ਕੁੱਡਾਪਾ ਜ਼ਿਲ੍ਹਾ ਕੰਪਨੀ ਦੇ ਹਵਾਲੇ ਕਰ ਦਿਤਾ ਅਤੇ ਸੰਨ 1817 ਵਿਚ ਕੁੱਡਾਪਾ ਸ਼ਹਿਰ ਜ਼ਿਲ੍ਹੇ ਦਾ ਸਦਰ-ਮੁਕਾਮ ਬਣਾ ਦਿਤਾ। ਸੰਨ 1868 ਤੀਕ ਇਹ ਫ਼ੌਜੀ ਛਾਉਣੀ ਵੀ ਰਿਹਾ। ਸੰਨ 1866 ਵਿਚ ਇਹ ਮਿਉਂਸਪਲਟੀ ਬਣਿਆ।

ਇਥੇ ਇਕ ਗੌਰਮਿੰਟ ਆਰਟਸ ਕਾਲਜ ਹੈ।

ਆਬਾਦੀ—66,238 (1971)

16°29′ ਉ. ਵਿਥ.; 78°50′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 281; ਇੰਪ. ਗ. ਇੰਡ. 11 : 57

**ਕੁਡਾਲੋਰ** : ਤਾਮਿਲਨਾਡੂ ਰਾਜ (ਭਾਰਤ) ਵਿਚ ਇਸੇ ਹੀ ਨਾਂ ਦੇ ਤਅੱਲੁਕੇ ਅਤੇ ਦੱਖਣੀ ਅਰਕਾਟ ਨਾਮੀ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਤ੍ਰਿਚਨਾਪਲੀ ਤੋਂ ਮਦਰਾਸ ਤੀਕ ਜਾਣ ਵਾਲੀ ਜਰਨੈਲੀ ਸੜਕ ਉਤੇ, ਪਾਂਡੀਚਰੀ ਦੇ ਦੱਖਣ ਵਲ ਲਗਭਗ 20 ਕਿ. ਮੀ. ਦੀ ਦੂਰੀ ਉਤੇ ਸਥਿਤ ਹੈ। ਸ਼ਹਿਰ ਦਾ ਇਤਿਹਾਸ 1682 ਤੋਂ ਆਰੰਭ ਹੁੰਦਾ ਹੈ ਜਦੋਂ ਕੰਪਨੀ ਨੇ ਗਿੰਗੀ ਦੇ ਖ਼ਾਨ ਨਾਲ ਇਥੇ ਆਬਾਦ ਹੋਣ ਲਈ ਇਜਾਜ਼ਤ ਲੈਣ ਬਾਰੇ ਗੱਲਬਾਤ ਸ਼ੁਰੂ ਕੀਤੀ ਸੀ। ਸੰਨ 1648 ਵਿਚ ਅਜੋਕੀ ਬੰਦਰਗਾਹ ਅਤੇ ਇਕ ਸਾਬਕਾ ਗੜ੍ਹੀ (ਜਿਸ ਦੇ ਹੁਣ ਖੰਡਰ ਵੀ ਨਹੀਂ ਮਿਲਦੇ) ਦਾ ਰਸਮੀ ਪੱਟਾ ਪ੍ਰਾਪਤ ਕਰ ਲਿਆ ਗਿਆ। ਅਗਲੇ ਦਸ

ਸਾਲਾਂ ਦੌਰਾਨ ਵਪਾਰ ਇੰਨਾ ਤੇਜ਼ੀ ਨਾਲ ਵਧਿਆ ਕਿ ਕੰਪਨੀ ਨੇ ਥਾਂ ਦੀ ਸੁਰੱਖਿਆ ਲਈ ਸੇਂਟ ਡੇਵਿਡ ਕਿਲਾ ਬਣਾ ਲਿਆ ਅਤੇ ਨਾਲ ਹੀ ਗੋਦਾਮ ਬਣਾ ਲਏ। ਸੰਨ 1746 ਵਿਚ ਮਦਰਾਸ ਦੇ ਪਤਨ ਪਿਛੋਂ ਪ੍ਰੈਜ਼ੀਡੈਂਸੀ ਦਾ ਸਦਰ-ਮੁਕਾਮ ਬਦਲ ਕੇ ਕਿਲਾ ਸੇਂਟ ਡੇਵਿਡ ਵਿਚ ਲੈ ਆਂਦਾ ਅਤੇ ਇਹ ਸਦਰ-ਮੁਕਾਮ ਸੰਨ 1752 ਤੀਕ ਉਥੇ ਹੀ ਰਿਹਾ।

ਕੁਡਾਲੋਰ ਸ਼ਹਿਰ ਵਖ-ਵਖ ਹਿੱਸਿਆਂ ਵਿਚ ਬਣਿਆ ਹੋਇਆ ਹੈ। ਕੁਡਾਲੋਰ ਦਾ ਨਵਾਂ ਕਸਬਾ ਸ਼ਹਿਰ ਦਾ ਮੁੱਖ ਹਿੱਸਾ ਹੈ ਜਿਸ ਵਿਚ ਤਿਰੁਪਾਪੁਲੀਯਾਰ ਦੇ ਮੰਜਾ ਕੂਪਮ ਸ਼ਾਮਲ ਹਨ। ਤਿਰੁਪਾਪੁਲੀਯਾਰ ਥਾਂ ਸ਼ਿਵ ਜੀ ਦੇ ਇਕ ਪ੍ਰਾਚੀਨ ਮੰਦਰ ਲਈ ਪ੍ਰਸਿੱਧ ਹੈ ਜਦੋਂ ਕਿ ਮੰਜਾ ਕੂਪਮ ਥਾਂ ਵਿਚ ਮੁਖ ਸਰਕਾਰੀ ਦਫ਼ਤਰ ਅਤੇ ਯੂਰਪੀਨਾਂ ਦੇ ਬੰਗਲੇ ਹਨ। ਦੇਵਾਨਾਮ ਪਟਨਮ ਹਿੱਸੇ ਵਿਚ ਪ੍ਰਾਚੀਨ ਕਿਲਾ ਸੇਂਟ ਡੇਵਿਡ ਦੇ ਖੰਡਰ ਪਏ ਹਨ। ਕੁਡਾਲੋਰ ਦਾ ਪੁਰਾਣਾ ਕਸਬਾ ਜ਼ਿਲ੍ਹੇ ਦੀ ਸਮੁੰਦਰੀ ਬੰਦਰਗਾਹ ਅਤੇ ਮੁਖ ਵਪਾਰਕ ਕੇਂਦਰ ਹੈ। ਪੁਨਾਈਯਾਰ ਅਤੇ ਗਾਦੀਲਮ ਨਾਮੀ ਦਰਿਆ ਇਸ ਸ਼ਹਿਰ ਦੇ ਵਿਚੋਂ ਦੀ ਵਹਿੰਦੇ ਹੋਏ ਸਮੁੰਦਰ ਵਿਚ ਜਾ ਡਿਗਦੇ ਹਨ। ਇਹ ਮੰਨ ਲਿਆ ਗਿਆ ਹੈ ਕਿ ਸ਼ਹਿਰ ਦਾ ਨਾਂ 'ਕੁਡਲ ਉਰ' ਨਾਮੀ ਸ਼ਬਦ ਦਾ ਵਿਗੜਿਆ ਹੋਇਆ ਰੂਪ ਹੈ ਜਿਸ ਤੋਂ ਭਾਵ ਹੈ ਜੰਕਸ਼ਨ-ਕਸਬਾ ਜਾਂ ਉਹ ਸਥਾਨ ਜਿਥੇ ਦੋ ਦਰਿਆਵਾਂ ਦਾ ਸੰਗਮ ਹੁੰਦਾ ਹੈ। ਇਨ੍ਹਾਂ ਦੋਹਾਂ ਦਰਿਆਵਾਂ ਵਿਚ ਭਾਰੀ ਹੜ੍ਹ ਆਉਂਦੇ ਰਹਿੰਦੇ ਹਨ। ਸੰਨ 1884 ਵਿਚ ਇਹ ਦੋਵੇਂ ਦਰਿਆ ਇਕੱਠੇ ਹੋ ਗਏ ਅਤੇ ਇਹ ਚਵ੍ਹੀਂ ਘੰਟੇ ਸ਼ਹਿਰ ਦੇ ਵਿਚੋਂ ਦੀ ਤੇਜ਼ੀ ਨਾਲ ਵਹਿੰਦੇ ਰਹੇ ਸਨ।

ਸੂਤੀ ਤੇ ਰੇਸ਼ਮੀ ਕੱਪੜਾ ਇਥੇ ਤਿਆਰ ਕੀਤਾ ਜਾਂਦਾ ਹੈ। ਸ਼ਹਿਰ ਦੇ ਬਾਹਰਲੇ ਪਾਸੇ ਕਪੜ ਪਹਾੜੀ ਉਤੇ ਜ਼ਿਲ੍ਹਾ ਜੇਲ੍ਹ ਬਣਾਈ ਹੋਈ ਹੈ। ਇਹ ਜ਼ਿਲ੍ਹੇ ਦਾ ਮੁੱਖ ਵਿੱਦਿਅਕ ਕੇਂਦਰ ਵੀ ਹੈ। ਸੇਂਟ ਜੋਜ਼ਫ ਕਾਲਜ ਅਤੇ ਕੁਡਾਲੋਰ ਕਾਲਜ ਇਥੋਂ ਦੀਆਂ ਮੁੱਖ ਵਿੱਦਿਅਕ ਸੰਸਥਾਵਾਂ ਹਨ। ਇਸ ਤੋਂ ਇਲਾਵਾ ਇਥੇ ਇਕ ਪ੍ਰੋਟੈਸਟੈਂਟ ਅਤੇ ਇਕ ਰੋਮਨ-ਕੈਥੋਲਿਕ ਗਿਰਜਾ-ਘਰ ਵੀ ਹੈ।

ਆਬਾਦੀ—101,335 (1981)

11° 46′ ਉ. ਵਿਥ.; 79° 46′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 55

**ਕੁੰਤਕ :** ਇਹ ਅਲੰਕਾਰ ਸ਼ਾਸਤਰ ਦਾ ਇਕ ਮੌਲਿਕ ਵਿਦਵਾਨ ਸੀ। ਅਲੰਕਾਰ ਸ਼ਾਸਤਰ ਦੇ ਇਤਿਹਾਸ ਵਿਚ ਇਹ ਆਪਣੇ ਨਵੀਨ ਗ੍ਰੰਥ ਕਰਕੇ ਨਿਵੇਕਲਾ ਸਥਾਨ ਰੱਖਦਾ ਹੈ। ਕੁੰਤਕ ਦਸਵੀਂ ਸਦੀ ਦੇ ਅੰਤ ਅਤੇ 11ਵੀਂ ਦੇ ਮੁੱਢ ਵਿਚ ਹੋਇਆ ਮੰਨਿਆ ਜਾਂਦਾ ਹੈ। ਇਸ ਗੱਲ ਤੇ ਕੋਈ ਕਿੰਤੂ ਨਹੀਂ ਕਿ ਕੁੰਤਕ ਅਤੇ ਅਭਿਨਵਗੁਪਤ ਦੋਵੇਂ ਸਮਕਾਲੀ ਆਲੋਚਕ ਸਨ।

ਕੁੰਤਕ ਦੀ ਇਕੋ ਇਕ ਰਚਨਾ ਵਕ੍ਰੋਕਤੀਜੀਵਿਤ' ਹੈ ਜੋ ਕਿ ਅਧੂਰੀ ਹੀ ਮਿਲਦੀ ਹੈ। 'ਵਕ੍ਰੋਕਤੀ' ਨੂੰ ਹੀ ਇਹ ਕਵਿਤਾ ਦਾ ਜੀਵਨ ਪ੍ਰਾਣ ਮੰਨਦਾ ਹੈ। ਸਾਰੇ ਗ੍ਰੰਥ ਵਿਚ ਹੀ 'ਵਕ੍ਰੋਕਤੀ' ਦੇ ਸਰੂਪ ਅਤੇ ਕਿਸਮ ਦਾ ਬੜਾ ਹੀ ਪ੍ਰੋੜ੍ਹ ਅਤੇ ਵਿਦਵਤਾ ਪੂਰਨ ਵਿਵੇਚਨ ਹੈ। 'ਵਕ੍ਰੋਕਤੀ' ਦਾ ਅਰਥ ਹੈ ਕਿ ਕਵੀ ਆਪਣੇ ਹੁਨਰ ਨਾਲ ਕਵਿਤਾ ਵਿਚ ਚਮਤਕਾਰ ਪੈਦਾ ਕਰਦਾ ਹੈ। ਕੁੰਤਕ 'ਅਭਿਧਾਵਾਦੀ' ਆਚਾਰੀਆ ਸੀ ਅਰਥਾਤ ਕੋਈ ਸ਼ਬਦ ਸੁਣਦੇ ਹੀ ਇਸ ਨੂੰ ਉਸ ਦੇ ਸਹੀ ਅਰਥਾਂ ਦਾ ਬੋਧ ਹੋ ਜਾਂਦਾ ਸੀ ਇਸ ਨੇ ਧੁਨੀ ਤੇ ਰਸ ਨੂੰ ਵੀ 'ਵਕ੍ਰੋਕਤੀ' ਦੀ ਇਕ ਕਿਸਮ ਮੰਨਿਆ ਹੈ।

ਹ. ਪੁ.—ਹਿੰ. ਵਿ. ਕੋ. 3 : 49

**ਕੁਤਬ-ਮੀਨਾਰ :** ਭਾਰਤ ਵਿਚ ਦਿੱਲੀ ਦੇ ਸੁਲਤਾਨਾਂ ਦੁਆਰਾ ਬਣਵਾਈਆਂ ਪ੍ਰਸਿੱਧ ਇਮਾਰਤਾਂ ਵਿਚ ਕੁਤਬ ਮੀਨਾਰ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਮੱਧ-ਕਾਲ ਦੇ ਇਕ ਪ੍ਰਸਿੱਧ ਯਾਤਰੀ ਅਤੇ ਆਲੋਚਕ ਇਬਨ ਬਤੂਤਾ ਅਨੁਸਾਰ "ਕੁਤਬ-ਮੀਨਾਰ ਸੰਸਾਰ ਦੇ ਅਜੂਬਿਆਂ ਵਿਚੋਂ ਇਕ ਹੈ।" ਗੋਇਟੀ ਦੁਆਰਾ ਬਣਾਈ ਗਈ ਸੁੰਦਰ ਇਮਾਰਤ 'ਕੰਪਾਨਾਈਲ' ਭਾਵੇਂ ਇਸ ਮੀਨਾਰ ਨਾਲੋਂ 9.144 ਮੀ. ਉੱਚੀ ਹੈ ਪਰੰਤੂ ਫਿਰ ਵੀ ਉਸ ਦਾ ਡਿਜ਼ਾਈਨ ਮੀਨਾਰ ਵਰਗਾ ਨਹੀਂ। ਇਹ ਡਿਜ਼ਾਈਨ ਹੀ ਕੁਤਬ-ਮੀਨਾਰ ਦੀ ਪ੍ਰਮੁਖ ਵਿਸ਼ੇਸ਼ਤਾ ਹੈ।

ਕੁਤਬ-ਮੀਨਾਰ ਦੇ ਪਿਛੋਕੜ ਬਾਰੇ ਕਾਫ਼ੀ ਸਮੇਂ ਤੋਂ ਵਾਦ-ਵਿਵਾਦ ਚਲਦਾ ਆ ਰਿਹਾ ਹੈ ਕਿ ਇਹ ਪੂਰਣ ਰੂਪ ਵਿਚ ਮੁਸਲਮਾਨੀ ਇਮਾਰਤ ਹੈ ਜਾਂ ਕਿਸੇ ਹਿੰਦੂ ਇਮਾਰਤ ਦਾ ਬਦਲਿਆ ਹੋਇਆ ਰੂਪ ਹੈ। ਕੁਝ-ਕੁ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਹ ਮੀਨਾਰ ਹਿੰਦੂਆਂ ਦੀ ਇਕ ਇਮਾਰਤ ਸੀ ਅਤੇ ਰਾਏ ਪਿਥੌਰਾ ਨੇ ਇਸ ਨੂੰ ਆਪਣੀ ਲੜਕੀ ਲਈ ਬਣਵਾਇਆ ਸੀ ਤਾਂ ਜੋ ਉਹ ਇਸ ਦੀ ਚੋਟੀ ਤੇ ਚੜ੍ਹ ਕੇ ਜਮਨਾ ਨਦੀ ਦਾ ਨਜ਼ਾਰਾ ਵੇਖ ਸਕੇ। ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਮੀਨਾਰ ਦਾ ਕੁਝ ਹਿੱਸਾ, ਵਿਸ਼ੇਸ਼ ਤੌਰ ਤੇ ਪਹਿਲੀ ਮੰਜ਼ਿਲ ਰਾਏ ਪਿਥੌਰਾ ਨੇ ਆਪਣੇ ਕਿਲ੍ਹੇ ਅਤੇ ਮੰਦਰ ਦੇ ਨਾਲ 1143 ਈ. ਦੇ ਨੇੜੇ-ਤੇੜੇ ਤਿਆਰ ਕਰਵਾਇਆ ਸੀ। ਇਸ ਮੰਜ਼ਿਲ ਦੀਆਂ ਲਿਖਤਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਬਾਅਦ ਵਿਚ ਲਗਵਾਈਆਂ ਗਈਆਂ ਹੋਣਗੀਆਂ। ਕੁਵਤ-ਉਲ-ਇਸਲਾਮ ਦੇ ਦੱਖਣ-ਪੂਰਬੀ ਕੋਨੇ ਦੇ ਨੇੜੇ ਬਣਿਆ ਇਹ ਮੀਨਾਰ ਦੋ ਪੱਖ ਪੂਰਦਾ ਹੈ—ਇਕ ਮੁਗ਼ਲਾਂ ਦੀ ਭਾਰਤ ਉਤੇ ਜਿੱਤ ਦੇ ਚਿੰਨ੍ਹ ਅਤੇ ਦੂਜਾ ਮਸਜਿਦ ਦੇ ਮੀਨਾਰ ਦਾ। ਇਮਾਰਤ ਉਤੇ ਉਕਰੇ ਹੋਏ ਅਤੇ ਕਵੀ ਅਮੀਰ ਖੁਸਰੋ ਦੇ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਇਹ ਮੀਨਾਰ ਮਸਜਿਦ ਦੇ ਕਾਜ਼ੀ ਲਈ ਬਾਂਗ ਦੇਣ ਲਈ ਵਰਤਿਆ ਜਾਂਦਾ ਸੀ।

ਜਿਸ ਤਰ੍ਹਾਂ ਮੰਦਰ ਨੂੰ ਤੋੜਨ ਤੋਂ ਬਾਅਦ ਉਸਾਰੀ ਗਈ ਮਸਜਿਦ ਵਿਚ ਕੁਤਬੁਦੀਨ ਐਬਕ ਸਿਪਾਹਸਲਾਰ ਅਤੇ ਸੁਲਤਾਨ ਮੁਈਜ਼ੁੱਦੀਨ ਦੇ ਨਾਂ ਵਾਲੇ ਸ਼ਿਲਾਲੇਖ ਲਿਖਵਾਏ ਗਏ, ਠੀਕ ਉਸੇ ਤਰ੍ਹਾਂ ਇਸ ਮੀਨਾਰ ਵਿਚ ਅਜਿਹੇ ਸ਼ਿਲਾਲੇਖ ਲਿਖਵਾਏ ਗਏ। ਇਸ ਤੋਂ ਬਿਨਾਂ ਇਸ ਦਾ ਮੁਖ-ਦਰਵਾਜ਼ਾ ਉੱਤਰ ਵਲ ਹੈ ਜਦੋਂ ਕਿ ਅਜ਼ਾਨ ਦੇ ਮੀਨਾਰਾਂ ਦੇ ਪੂਰਬ ਵਲ ਹੁੰਦੇ ਹਨ ਅਤੇ ਸੁਲਤਾਨ ਅਲਾ-ਉ-ਦੀਨ ਨੇ ਜਿਹੜਾ ਮੀਨਾਰ ਬਣਵਾਇਆ ਸੀ, ਉਸ ਦਾ ਮੁਖ-ਦਰਵਾਜ਼ਾ ਵੀ ਪੂਰਬ ਵਲ ਹੀ ਰਖਿਆ ਗਿਆ ਸੀ। ਸੰਨ 1229 ਦੇ ਲਗਭਗ, ਜਦੋਂ ਸੁਲਤਾਨ-ਸ਼ਮੱਸ-ਉਦ-ਦੀਨ ਇਲਤੁਤਮਿਸ਼ ਨੇ ਮਸਜਿਦ ਦੁਆਲੇ ਤਿੰਨ ਦਰਵਾਜ਼ੇ ਬਣਵਾਏ ਅਤੇ ਮੀਨਾਰ ਦੀ ਇਮਾਰਤ ਵਿਚ ਵੀ ਵਾਧਾ ਕਰਵਾਇਆ ਅਤੇ ਦੂਸਰੀ ਮੰਜ਼ਿਲ ਦੇ ਦਰਵਾਜ਼ੇ ਉਤੇ ਇਸ ਦਾ ਵਿਰਤਾਂਤ ਉਕਰਾਇਆ ਅਤੇ ਇਸ ਦਾ ਨਾਂ ਮਾਜ਼ੇਨਾ ਜਾਂ ਅਜ਼ਾਨ ਦੀ ਥਾਂ ਰਖਿਆ ਗਿਆ। ਉਸ ਨੇ ਹਰ ਇਕ ਦਰਵਾਜ਼ੇ ਉਤੇ ਇਸੇ ਨਾਂ ਦਾ ਲੇਖ ਲਿਖਵਾ ਦਿਤਾ ਅਤੇ ਜੁਮੇ ਦੀ ਨਮਾਜ਼ ਦੇ ਕਲਮ ਉਕਰਾ ਕੇ ਮੇਮਾਰ ਦਾ ਨਾਂ ਵੀ ਲਿਖਵਾਇਆ। ਅੱਜ ਕਲ੍ਹ ਇਸ ਮੀਨਾਰ ਦੀਆਂ ਪੰਜ ਮੰਜ਼ਿਲਾਂ ਹਨ, ਪਰੰਤੂ ਪਹਿਲਾਂ ਇਸ ਦੀਆਂ ਸੱਤ ਮੰਜ਼ਿਲਾਂ ਸਨ, ਇਹ 'ਮੀਨਾਰ-ਏ-ਹਫ਼ਤ ਮੰਜ਼ਰੀ' ਦੇ ਨਾਂ ਨਾਲ ਵੀ ਪ੍ਰਸਿੱਧ ਹੈ। ਇਸ ਦੀ ਸਤਵੀਂ ਮੰਜ਼ਿਲ 1368 ਵਿਚ ਸੁਲਤਾਨ ਫਿਰੋਜ਼ਸ਼ਾਹ ਨੇ ਬਣਵਾਈ ਸੀ ਅਤੇ ਉਸ ਨੇ ਖ਼ੁਦ ਲਿਖਿਆ ਹੈ ਕਿ ਉਸ ਨੇ ਇਸ ਦੀ ਮੁਰੰਮਤ ਕਰਦੇ ਸਮੇਂ, ਇਸ ਨੂੰ ਪਹਿਲਾਂ ਨਾਲੋਂ ਹੋਰ ਉੱਚਾ ਵੀ ਕਰਵਾਇਆ। ਇਸ ਦੀ ਮੁਰੰਮਤ ਦਾ ਹਾਲ ਪੰਜਵੀਂ ਮੰਜ਼ਿਲ ਦੇ ਦਰਵਾਜ਼ੇ ਉਤੇ ਲਿਖਵਾਇਆ ਸੀ। ਸੰਨ 1503 ਵਿਚ ਸੁਲਤਾਨ ਸਿਕੰਦਰ ਬਹਿਲੋਲ ਦੇ ਸਮੇਂ ਇਸ ਦੀ ਮੁਰੰਮਤ ਕਰਵਾਈ ਗਈ। ਲਗਭਗ 1782 ਵਿਚ ਹਨ੍ਹੇਰੀ ਅਤੇ ਭੁਚਾਲ ਕਾਰਨ ਉਪਰਲੀਆਂ ਮੰਜ਼ਿਲਾਂ ਡਿਗ ਗਈਆਂ ਅਤੇ ਪਹਿਲੀ ਮੰਜ਼ਿਲ ਦੇ ਵੀ ਕੁਝ ਕੁ ਪੱਥਰ ਤਬਾਹ ਹੋ ਗਏ। ਅੰਗਰੇਜ਼ ਸਰਕਾਰ ਨੇ 1829 ਵਿਚ ਇਸ ਦੀ ਮੁਰੰਮਤ ਕਰਵਾਈ ਅਤੇ ਜਿਸ ਥਾਂ ਉਤੇ ਕਿੰਗਰੇ ਬਣੇ ਹੋਏ ਸਨ ਉਥੇ ਮਜ਼ਬੂਤ ਪੱਥਰ ਦੇ ਕਟਹਿਰੇ ਬਣਵਾ ਦਿਤੇ। ਪੰਜਵੀਂ ਮੰਜ਼ਿਲ ਉਤੇ ਪੱਥਰ ਦੀ ਅੱਠ ਦਰਵਾਜ਼ਿਆਂ ਵਾਲੀ ਸੁੰਦਰ ਬੁਰਜੀ ਅਤੇ ਸਤਵੀਂ ਮੰਜ਼ਿਲ ਉਪਰ

ਲੱਕੜੀ ਦੀ ਬੁਰਜੀ ਬਣਵਾਈ ਗਈ ਪਰ ਇਹ ਦੋਵੇਂ ਬੁਰਜੀਆਂ ਖੜੀਆਂ ਨਾ ਰਹਿ ਸਕੀਆਂ। ਪੱਥਰ ਦੀ ਬੁਰਜੀ ਨੂੰ ਮੀਨਾਰ ਤੋਂ ਉਤਾਰ ਕੇ ਥੱਲੇ ਖੜਾ ਕਰ ਦਿਤਾ ਅਤੇ ਲਕੜੀ ਦੀ ਬੁਰਜੀ ਤਬਾਹ ਹੋ ਗਈ। ਇਸ ਦੀ ਮੁਰੰਮਤ ਕਰਦੇ ਸਮੇਂ ਮਿਟ ਚੁੱਕੇ ਸ਼ਿਲਾਲੇਖਾਂ ਨੂੰ ਮੁੜ ਲਿਖਵਾਇਆ ਗਿਆ ਪਰੰਤੂ ਇਹ ਸਾਰੇ ਅਸ਼ੁੱਧ ਹਨ ਅਤੇ ਕਈ ਥਾਵਾਂ ਉਤੇ ਤਾਂ ਕੇਵਲ ਅੱਖਰਾਂ ਦੇ ਚਿੱਤਰ ਹੀ ਬਣੇ ਹੋਏ ਹਨ ਅਤੇ ਧਿਆਨ ਨਾਲ ਦੇਖਣ ਤੋਂ ਪਤਾ ਲਗਦਾ ਹੈ ਕਿ ਇਹ ਅੱਖਰ ਨਹੀਂ ਹਨ। ਕਈ ਥਾਵਾਂ ਉਤੇ ਅਧੂਰੇ ਅੱਖਰ ਉਕਰ ਦਿਤੇ ਗਏ ਹਨ।

ਕੁਤਬ-ਮੀਨਾਰ 72.56 ਮੀ. (238 ਫੁੱਟ 1 ਇੰਚ) ਉੱਚਾ ਹੈ, ਇਸ ਦੇ ਆਧਾਰ ਦਾ ਵਿਆਸ 14.40 ਮੀ. (47 ਫੁਟ 3 ਇੰਚ) ਅਤੇ ਟੀਸੀ ਦਾ ਵਿਆਸ 2.74 ਮੀ. (9 ਫੁੱਟ) ਦੇ ਲਗਭਗ ਹੈ। ਇਹ



ਕੁਤਬ ਮੀਨਾਰ

ਸਮੁੱਚੀ ਲਠ 5 ਮੰਜ਼ਿਲਾਂ ਵਿਚ ਵੰਡੀ ਹੋਈ ਹੈ ਜਿਸ ਦੀ ਸਭ ਤੋਂ ਹੇਠਲੀ ਮੰਜ਼ਿਲ ਦੀ ਉਚਾਈ ਲਗਭਗ 28.93 ਮੀ. (94 ਫੁੱਟ 11 ਇੰਚ) ਹੈ। ਇਸ ਦੀ ਦੂਜੀ ਮੰਜ਼ਿਲ 15.45 ਮੀ. (50 ਫੁੱਟ $8\frac{1}{2}$ ਇੰਚ), ਤੀਜੀ 12.42 ਮੀ, (40 ਫੁੱਟ $9\frac{1}{2}$ ਇੰਚ), ਚੌਥੀ 7.72 ਮੀ. (25 ਫੁੱਟ 4 ਇੰਚ) ਅਤੇ ਪੰਜਵੀਂ ਮੰਜ਼ਿਲ 1.80 ਮੀ. (22 ਫੁੱਟ 4 ਇੰਚ) ਉੱਚੀ ਹੈ। ਇਸ ਤਰ੍ਹਾਂ ਫਿਰੋਜ਼ ਸ਼ਾਹ ਦੇ ਗੁੰਬਦ ਨੂੰ ਛਡ ਕੇ ਬਾਕੀ ਸਮੁੱਚੇ ਕੁਤਬ ਮੀਨਾਰ ਦੀ ਉਚਾਈ 71.34 ਮੀ. (234 ਫੁੱਟ 1 ਇੰਚ) ਹੈ ਅਤੇ ਇਸ ਗੁੰਬਦ ਦਾ ਘੇਰਾ ਹੀ ਦਿਖਾਈ ਦਿੰਦਾ ਹੈ ਜਿਹੜਾ 61 ਸੈਂ. ਮੀ. (2 ਫੁੱਟ) ਉਚਾਈ ਦਾ ਹੈ। ਜਿਸ ਆਧਾਰ ਉਤੇ ਮੀਨਾਰ ਖੜ੍ਹਾ ਹੈ ਉਸ ਦੀ ਉਚਾਈ ਵੀ 60 ਸੈਂ. ਮੀ. ਹੀ ਹੈ। ਇਸ ਤਰ੍ਹਾਂ ਮੀਨਾਰ ਦੀ ਕੁਲ ਉਚਾਈ 72.56 ਮੀ. ਬਣਦੀ ਹੈ। ਮੀਨਾਰ ਦੀ ਸਭ ਤੋਂ ਅਨੋਖੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਸਭ ਤੋਂ ਹੇਠਲੀ ਮੰਜ਼ਿਲ ਵਿਚ 24 ਕੱਟ ਹਨ, ਜਿਹੜੇ ਕਿ ਕ੍ਰਮਵਾਰ ਗੋਲਾਕਾਰ ਤੇ ਤਿਕੋਨੇ ਹਨ। ਦੂਜੀ ਮੰਜ਼ਿਲ ਵਿਚ ਕੇਵਲ ਗੋਲਾਕਾਰ ਤੇ ਤੀਜੀ ਵਿਚ ਤਿਕੋਨੇ ਕੱਟ ਹਨ। ਹਰ ਇਕ ਕੱਟ ਮੰਜ਼ਿਲ ਦੇ ਹੇਠਾਂ ਤੋਂ ਸ਼ੁਰੂ ਹੋ ਕੇ ਉਤੇ ਠੀਕ ਮੰਜ਼ਿਲ ਦੇ ਸਿਖਰ ਤਕ ਜਾਂਦਾ ਹੈ, ਇਸ ਤਰ੍ਹਾਂ ਮੀਨਾਰ ਦੀ ਸੁੰਦਰਤਾ ਨੂੰ ਹੋਰ ਵਧਾਉਂਦਾ ਹੈ। ਇਹ ਹੇਠਲੀਆਂ ਤਿੰਨੇਂ ਮੰਜ਼ਿਲਾਂ ਲਾਲ ਪੱਥਰਾਂ ਦੀਆਂ ਬਣੀਆਂ ਹੋਈਆਂ ਹਨ। ਉਪਰਲੀਆਂ ਮੰਜ਼ਿਲਾਂ ਬਿਲਕੁਲ ਪੱਧਰੀਆਂ ਹਨ ਤੇ ਸਫ਼ੈਦ ਸੰਗਮਰਮਰ ਵਿਚ ਲਾਲ ਪੱਥਰ ਦੀਆਂ ਧਾਰੀਆਂ ਪਾ ਕੇ ਚਿਣੀਆਂ ਹੋਈਆਂ ਹਨ। ਇਸ ਮੀਨਾਰ ਦੀ ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਇਸ ਵਿਚ ਚਾਰ ਸੁੰਦਰ ਵਾਧਰੇ (ਬਾਲਕੋਨੀਆਂ) ਬਣੇ ਹੋਏ ਹਨ। ਇਹ ਕ੍ਰਮਵਾਰ 29.57 ਮੀ. (97 ਫੁੱਟ), 43.11 ਮੀ. (148 ਫੁੱਟ), 57.31 ਮੀ. (188 ਫੁੱਟ) ਅਤੇ 15.22 ਮੀ. (214 ਫੁੱਟ) ਦੀ ਉਚਾਈ ਉਤੇ ਬਣੀਆਂ ਹੋਈਆਂ ਹਨ। ਹਰ ਇਕ ਮੰਜ਼ਿਲ ਦਾ ਦਰਵਾਜ਼ਾ ਠੀਕ ਉਸ ਦੀ ਬਾਲਕੋਨੀ ਵਿਚ ਖੁਲ੍ਹਦਾ ਹੈ।

ਸਟੀਫਨ ਅਨੁਸਾਰ ਸਫਾਈ, ਸੁੰਦਰਤਾ ਅਤੇ ਕਾਰੀਗਰੀ ਦੇ ਲਿਹਾਜ਼ ਨਾਲ ਦਿੱਲੀ ਅੰਦਰ ਹੋਰ ਕੋਈ ਵੀ ਇਸ ਦੇ ਮੁਕਾਬਲੇ ਦੀ ਇਮਾਰਤ ਨਹੀਂ ਹੈ। ਮੀਨਾਰ ਦੀ ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਚੋਟੀ ਤੋਂ ਲੈ ਕੇ ਆਧਾਰ ਤਕ ਇਸ ਦੀ ਬਣਤਰ ਮੁਸਲਮਾਨੀ ਢੰਗ ਦੀ ਹੈ ਅਤੇ ਹਿੰਦੂ ਸ਼ੈਲੀ ਬਣਤਰ ਤਾਂ ਨਾਮਾਤਰ ਹੀ ਹੈ ਕੇਵਲ ਬਾਲਕੋਨੀਆਂ ਹੀ ਹਿੰਦੂ ਸ਼ੈਲੀ ਨਾਲ ਰਲਦੀਆਂ ਹਨ। ਨਸਖ ਅੱਖਰਾਂ ਨਾਲ ਉਕਰੀਆਂ ਹੋਈਆਂ ਚੌੜੀਆਂ ਚੌੜੀਆਂ ਫੱਟੀਆ ਪੱਧਰੀ ਉਸਾਰੀ ਨੂੰ ਹੋਰ ਵੀ ਸੋਹਣਾ ਬਣਾਉਂਦੀਆਂ ਹਨ। ਅੱਗੇ ਵਧਵੀਆਂ ਬਾਲਕੋਨੀਆਂ ਨੂੰ ਮੋਰਨੀਆਂ ਵਾਲੀ ਸਰੰਚਨਾ ਉਤੇ ਟਿਕਾਉਣਾ ਮੁਸਲਮਾਨੀ ਇਮਾਰਤ ਕਲਾ ਦੀ ਸਰਵੋਤਮ ਤੇ ਦਿਲ ਖਿਚਵੀਂ ਵਿਸ਼ੇਸ਼ਤਾ ਹੈ।

ਹ. ਪੁ.—ਹਿੰ. ਵਿ. ਕੋ. 3 : 60; ਦੇਹਲੀ-ਹਿਸਟਰੀ-ਐਂਡ ਪਲੇਸਿਜ਼ ਆਫ਼ ਇੰਟਰੈਸਟ : 199

**ਕੁਤਬੁੱਦੀਨ ਐਬਕ** : ਵੇਖੋ, ਐਬਕ ਕੁਤਬੁੱਦੀਨ

**ਕੁਤਬੁੱਦੀਨ ਮੁਬਾਰਕ** : ਅਲਾਉਦੀਨ ਖ਼ਿਲਜੀ ਦਾ ਤੀਜਾ ਪੁੱਤਰ ਸੀ। ਅਲਾਓਦੀਨ ਦੀ ਮੌਤ ਤੋਂ ਬਾਅਦ ਉਸ ਦੇ ਪ੍ਰਭਾਵਸ਼ਾਲੀ ਨਾਇਬ ਮਲਕ ਕਾਫੂਰ ਨੇ ਅਲਾਓਦੀਨ ਦੇ ਸਭ ਤੋਂ ਛੋਟੇ ਪੁੱਤਰ ਨੂੰ ਰਾਜ-ਗੱਦੀ ਤੇ ਬਿਠਾ ਦਿਤਾ ਅਤੇ ਆਪ ਉਸ ਦਾ ਅੰਗ ਰੱਖਿਅਕ ਬਣ ਗਿਆ। ਇਸ ਤੋਂ ਜਲਦੀ ਹੀ ਬਾਅਦ ਉਸਨੇ ਅਲਾਓਦੀਨ ਦੇ ਸਾਰੇ ਵੱਡੇ ਪੁੱਤਰਾਂ ਨੂੰ ਕੈਦੀ ਬਣਾ ਲਿਆ ਅਤੇ ਉਨ੍ਹਾਂ ਨੂੰ ਅੰਨ੍ਹਾ ਕਰਨਾ ਸ਼ੁਰੂ ਕਰ ਦਿਤਾ। ਮੁਬਾਰਕ ਕਿਸੇ ਤਰ੍ਹਾਂ ਕੈਦਖਾਨੇ ਤੋਂ ਬਚ ਕੇ ਦੌੜ ਗਿਆ। ਕਾਫੂਰ ਦੇ ਕਤਲ ਤੋਂ ਬਾਅਦ ਇਹ ਪ੍ਰਗਟ ਹੋ ਗਿਆ ਅਤੇ ਆਪਣੇ ਛੋਟੇ ਭਾਈ ਦਾ ਅੰਗ-ਰੱਖਿਅਕ ਬਣ ਗਿਆ, ਪ੍ਰੰਤੂ ਖੁਦ ਹੀ ਇਸ ਨੇ ਆਪਣੇ ਛੋਟੇ ਭਾਈਆਂ ਨੂੰ ਅੰਨ੍ਹਾ ਕਰ ਦਿਤਾ। ਅਪ੍ਰੈਲ, 1316 ਵਿਚ ਇਹ ਕੁਤਬੁੱਦੀਨ ਮੁਬਾਰਕ ਸ਼ਾਹ ਖ਼ਿਲਜੀ ਦੀ ਪਦਵੀ ਧਾਰਨ ਕਰਕੇ ਸੁਲਤਾਨ ਬਣ ਗਿਆ। ਇਸ ਨੇ ਆਪਣੇ ਆਪ ਨੂੰ ਇਸਲਾਮ ਧਰਮ ਦਾ ਸਰਵੋਤਮ ਧਰਮਧਿਕਾਰੀ ਹੋਣ ਦਾ ਐਲਾਨ ਕਰ ਦਿਤਾ ਅਤੇ 'ਅਲ-ਵਾਸਿਕ-ਬਿੱਲਾਹ' ਦੀ ਧਾਰਮਿਕ ਉਪਾਧੀ ਧਾਰਨ ਕਰ ਲਈ।

ਮੁਬਾਰਕ ਨੇ ਲਗਭਗ ਚਾਰ ਸਾਲ ਰਾਜ ਕੀਤਾ। ਇਸ ਦੇ ਸ਼ਾਸਨ ਕਾਲ ਦੌਰਾਨ ਗੁਜਰਾਤ ਅਤੇ ਦੇਵਗਿਰੀ ਤੋਂ ਬਿਨਾਂ ਸਾਰੇ ਦੇਸ਼ ਵਿਚ ਸ਼ਾਂਤੀ ਰਹੀ। ਇਨ੍ਹਾਂ ਦੋਨਾਂ ਸਥਾਨਾਂ ਉਪਰ ਰਾਜਧ੍ਰੋਹ ਹੋਏ। ਗੁਜਰਾਤ ਦਾ ਗਵਰਨਰ ਸਵਸੁਰ ਜ਼ਫਰ ਖ਼ਾਂ ਸੀ। ਉਸ ਨੇ ਗੁਜਰਾਤ ਦੇ ਵਿਦਰੋਹ ਨੂੰ ਸ਼ਕਤੀ ਨਾਲ ਕੁਚਲ ਦਿਤਾ। ਦੇਵਗਿਰੀ ਦੇ ਸ਼ਾਸਕ ਹਰਪਾਲ ਦੇਵ ਦਾ ਵਿਦਰੋਹ ਕੁਝ ਜ਼ੋਰਦਾਰ ਸੀ। ਮੁਬਾਰਕ ਸ਼ਾਹ ਨੇ ਦੇਵਗਿਰੀ ਦੇ

ਵਿਰੁਧ ਇਕ ਵੱਡੀ ਫੌਜ ਦੀ ਖੁਦ ਅਗਵਾਈ ਕੀਤੀ। ਹਰਪਾਲ ਦੇਵ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਸ ਨੂੰ ਫੜ ਕੇ ਮਾਰ ਦਿਤਾ ਗਿਆ। ਮੁਬਾਰਕ ਨੇ ਦੇਵਗਿਰੀ ਵਿਚ ਇਕ ਵੱਡੀ ਮਸਜਿਦ ਬਣਵਾਈ ਅਤੇ ਦਿੱਲੀ ਪਰਤ ਆਇਆ।

ਆਪਣੇ ਸ਼ਾਸਨ ਦੇ ਪ੍ਰਾਰੰਭਕ ਕਾਲ ਦੌਰਾਨ ਮੁਬਾਰਕ ਨੇ ਕੁਝ ਲੋਕ-ਭਲਾਈ ਦੇ ਕੰਮ ਕੀਤੇ। ਇਸ ਨੇ ਰਾਜਨੀਤਕ ਕੈਦੀਆਂ ਨੂੰ ਰਿਹਾ ਕਰ ਦਿਤਾ, ਜਿਨ੍ਹਾਂ ਦੀ ਭੂਮੀ ਜ਼ਬਤ ਕਰ ਲਈ ਗਈ ਸੀ ਉਨ੍ਹਾਂ ਨੂੰ ਵਾਪਸ ਕਰ ਦਿੱਤੀ ਅਤੇ ਸਖ਼ਤ ਕਾਨੂੰਨ ਹਟਾ ਦਿੱਤੇ ਗਏ। ਇਸ ਨਾਲ ਜਨਤਾ ਖੁਸ਼ ਹੋ ਗਈ। ਪ੍ਰੰਤੂ ਕੁਝ ਸਮੇਂ ਉਪਰੰਤ ਸੁਲਤਾਨ ਰਾਜ ਦੇ ਕੰਮਾਂ ਤੋਂ ਨਿਸ਼ਚਿੰਤ ਹੋ ਕੇ ਅਯਾਸ਼ੀ ਵਿਚ ਪੈ ਗਿਆ। ਦੇਵਗਿਰੀ ਅਤੇ ਗੁਜਰਾਤ ਦੀ ਜਿੱਤ ਤੋਂ ਬਾਅਦ ਇਹ ਹੋਰ ਵੀ ਸ਼ਰਾਬ ਦੇ ਨਸ਼ੇ ਵਿਚ ਰਹਿਣ ਲਗ ਪਿਆ। ਖੁਸਰੋ ਖ਼ਾਂ ਤੇ ਇਹ ਬਹੁਤ ਪ੍ਰਭਾਵਿਤ ਸੀ ਅਤੇ ਉਸ ਨੂੰ ਪ੍ਰਧਾਨ ਮੰਤਰੀ ਬਣਾ ਕੇ ਇਸ ਨੇ ਰਾਜ ਦਾ ਸਾਰਾ ਕੰਮ ਉਸ ਦੇ ਸਪੁਰਦ ਕਰ ਦਿਤਾ। ਉਹ ਬਹੁਤ ਨਮਕ ਹਰਾਮੀ ਸੀ, ਆਪ ਸੁਲਤਾਨ ਬਣਨਾ ਚਾਹੁੰਦਾ ਸੀ। ਆਖਰ 1320 ਨੂੰ ਉਸਦੇ ਇਕ ਸਾਥੀ ਨੇ ਮੁਬਾਰਕ ਦੇ ਛੁਰਾ ਮਾਰ ਕੇ ਮੌਤ ਦੇ ਘਾਟ ਉਤਾਰ ਦਿਤਾ।

ਹ. ਪੁ.—ਹਿੰ. ਵਿ. ਕੋ. 3 : 62

**ਕੁੱਤਾ :** ਇਹ ਪ੍ਰਾਚੀਨ ਸਮੇਂ ਤੋਂ ਪਰਿਚਤ ਪਾਲਤੂ ਅਤੇ ਵਫ਼ਾਦਾਰ ਪ੍ਰਾਣੀ ਜਾਣਿਆ ਜਾਂਦਾ ਹੈ। ਇਹ ਥਣਧਾਰੀ ਪ੍ਰਾਣੀਆਂ ਦੀ ਕੈਨਿਡੀ ਕੁਲ ਦੀ ਕੈਨਿਸ ਪ੍ਰਜਾਤੀ ਵਿਚੋਂ ਹੈ।

ਕੁੱਤਿਆਂ ਦੀਆਂ ਬਹੁਤ ਸਾਰੀਆਂ ਜੰਗਲੀ ਜਾਤੀਆਂ ਹੁਣ ਵੀ ਜੰਗਲਾਂ ਵਿਚ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਆਸਟ੍ਰੇਲੀਆ ਦੇ ਆਸਟ੍ਰੇਲੀਅਨ ਡਿੰਗੋ, ਭਾਰਤ ਦੇ ਸੋਨਹਾ ਜਾਂ ਡੋਲ ਅਤੇ ਅਫ਼ਰੀਕਾ ਦੇ ਜੰਗਲੀ ਕੁੱਤੇ ਪ੍ਰਸਿੱਧ ਹਨ। ਇਨ੍ਹਾਂ ਜਾਤੀਆਂ ਨੂੰ ਮਨੁੱਖ ਅਜੇ ਤਕ ਪਾਲਤੂ ਨਹੀਂ ਬਣਾ ਸਕਿਆ।

ਸੰਸਾਰ ਦੇ ਸਭ ਭਾਗਾਂ ਵਿਚ ਕੁੱਤੇ ਪਾਲੇ ਜਾਂਦੇ ਹਨ। ਇਹ ਕੰਮ ਕਦੋਂ ਤੋਂ ਸ਼ੁਰੂ ਹੋਇਆ, ਇਸ ਬਾਰੇ ਚੰਗੀ ਤਰ੍ਹਾਂ ਪਤਾ ਨਹੀਂ ਲਗਦਾ। ਇਹ ਅਨੁਮਾਨ ਲਾਇਆ ਜਾਂਦਾ ਹੈ ਕਿ ਕੁੱਤੇ ਦਾ ਵਿਕਾਸ ਬਘਿਆੜ ਅਤੇ ਗਿੱਦੜ ਤੋਂ ਹੋਇਆ ਹੈ। ਪਹਿਲਾਂ ਬਘਿਆੜ ਪਾਲਤੂ ਰਖਿਆ ਗਿਆ, ਫਿਰ ਬਘਿਆੜ ਅਤੇ ਗਿੱਦੜ ਦੇ ਮੇਲ ਤੋਂ ਕੁੱਤੇ ਦੀਆਂ ਜਾਤੀਆਂ ਨਿਕਲੀਆਂ। ਇਸੇ ਕਰਕੇ ਕੁੱਤੇ ਦੇ ਦੰਦ ਬਘਿਆੜ ਨਾਲ ਮਿਲਦੇ ਜੁਲਦੇ ਹਨ। ਪੇਲੀਓਲਿਥਿਕ ਯੁਗ ਦੀਆਂ ਗੁਫ਼ਾਵਾਂ ਦੇ ਚਿਤਰਾਂ ਵਿਚ, ਜੋ ਲਗਭਗ 50 ਹਜ਼ਾਰ ਸਾਲ ਪੁਰਾਣੇ ਮੰਨੇ ਜਾਂਦੇ ਹਨ, ਕੁੱਤਿਆਂ ਵਰਗੇ ਚਿਤਰ ਮਿਲਦੇ ਹਨ। ਇਹ ਚਿਤਰ ਕੁੱਤੇ ਜਾਂ ਬਘਿਆੜ ਦੋਹਾਂ ਦੇ ਹੋ ਸਕਦੇ ਹਨ।

ਇਨ੍ਹਾਂ ਗੁਫ਼ਾਵਾਂ ਦੇ ਕਈ ਹੋਰ ਚਿਤਰਾਂ ਤੋਂ ਪਤਾ ਲਗਦਾ ਹੈ ਕਿ ਯੂਰਪ ਦੇ ਨਵਪੱਥਰ ਯੁਗ ਦੇ ਆਦਿ ਮਨੁੱਖ ਬਘਿਆੜ ਵਰਗੇ ਕੁਝ ਪ੍ਰਾਣੀ ਆਪਣੇ ਨਾਲ ਰਖਦੇ ਸਨ। ਸੰਭਵ ਹੈ ਕਿ ਉਹ ਪ੍ਰਾਣੀ ਅਜੋਕੇ ਕੁੱਤਿਆਂ ਦੇ ਵੱਡ ਵਡੇਰੇ (ਪੂਰਵਜ) ਹੋਣ। ਇਸੇ ਤਰ੍ਹਾਂ ਕਾਂਸੀ-ਯੁਗ ਅਤੇ ਲੋਹ-ਯੁਗ ਵਿਚ ਵੀ ਉਥੋਂ ਦੇ ਆਦਿ ਵਾਸੀਆਂ ਕੋਲ ਕੁੱਤਿਆਂ ਦੀ ਹੋਂਦ ਦਾ ਪਤਾ ਲਗਦਾ ਹੈ।

ਮਿਸਰ ਦੇਸ਼ ਵਿਚ ਚਾਰ-ਪੰਜ ਹਜ਼ਾਰ ਸਾਲ ਪੂਰਵ ਦੇ ਚਿਤਰਾਂ ਤੋਂ ਕੁੱਤਿਆਂ ਦੀਆਂ ਕਈ ਜਾਤੀਆਂ ਦਾ ਪਤਾ ਲਗਦਾ ਹੈ, ਜਿਨ੍ਹਾਂ ਵਿਚ ਲੰਬੀਆਂ ਟੰਗਾਂ ਵਾਲੇ ਗ੍ਰੇ ਹਾਊਂਡ ਅਤੇ ਛੋਟੀਆਂ ਟੰਗਾਂ ਵਾਲੇ ਟੈਰਿਅਰ ਕੁੱਤੇ ਪ੍ਰਮੁੱਖ ਸਨ। ਲਗਭਗ 600 ਈ. ਪੂ. ਵਿਚ ਅਸੀਰੀਆ ਦੇ ਲੋਕ ਮੈਸਟਿਫ ਜਾਤੀ ਦੇ ਕੁੱਤੇ ਪਾਲਦੇ ਸਨ। ਯੂਨਾਨ ਅਤੇ ਰੋਮ ਦੇ ਪ੍ਰਾਚੀਨ ਸਾਹਿਤ ਤੋਂ ਪਤਾ ਲਗਦਾ ਹੈ ਕਿ ਇਥੋਂ ਦੇ ਲੋਕੀਂ ਵੀ ਕੁੱਤੇ ਪਾਲਣ ਵਿਚ ਕਿਸੇ ਤੋਂ ਪਿਛੇ ਨਹੀਂ ਸਨ। ਸਾਡੇ ਦੇਸ਼ ਵਿਚ ਵੀ ਮਹਾਭਾਰਤ ਆਦਿ ਪ੍ਰਾਚੀਨ ਗ੍ਰੰਥਾਂ ਵਿਚ ਕੁੱਤਿਆਂ ਦਾ ਜ਼ਿਕਰ ਆਉਂਦਾ ਹੈ। ਸਵਿਟਜ਼ਰਲੈਂਡ ਅਤੇ ਆਇਰਲੈਂਡ ਦੇ ਆਦਿਵਾਸੀ ਵੀ ਸ਼ਿਕਾਰ ਅਤੇ ਰਾਖੀ ਲਈ ਕੁੱਤੇ ਪਾਲਦੇ ਸਨ ਅਤੇ ਉਨ੍ਹਾਂ ਦਾ ਮਾਸ ਵੀ ਖਾਂਦੇ ਸਨ।

**ਆਮ ਲੱਛਣ ਅਤੇ ਕੁਝ ਖਾਸ ਅਨੁਕੂਲਤਾਵਾਂ**—ਕੁੱਤਾ ਬਘਿਆੜ ਵਰਗਾ ਸ਼ਿਕਾਰੀ ਜਾਨਵਰ ਹੈ। ਇਸ ਦੇ ਸਰੀਰ ਦੀ ਬਣਤਰ ਅਜਿਹੀ ਹੁੰਦੀ ਹੈ ਕਿ ਕਾਫ਼ੀ ਫੁਰਤੀ ਨਾਲ ਦੌੜ ਸਕਦਾ ਹੈ। ਇਸ ਦੇ ਦੰਦ-ਸ਼ਿਕਾਰ ਨੂੰ ਪਾੜ ਸਕਣ ਅਤੇ ਪਕੜ ਕੇ ਰੱਖਣ ਲਈ ਸਮਰੱਥ ਹੁੰਦੇ ਹਨ। ਕੁੱਤਾ ਮਾਸਾਹਾਰੀ ਪ੍ਰਾਣੀ ਹੈ।

ਕੁੱਤਾ ਆਮ ਤੌਰ ਤੇ ਘੋੜੇ ਵਾਂਗ ਦੌੜਦਾ ਹੈ। ਇਹ ਪਹਿਲਾਂ ਅਗਲੀ ਸੱਜੀ ਅਤੇ ਪਿਛਲੀ ਖੱਬੀ ਲੱਤ ਅਗੇ ਕਰਕੇ ਅਤੇ ਫਿਰ ਦੂਜੀਆਂ ਦੋਵੇਂ ਅਗੇ ਕਰਕੇ ਤੁਰਦਾ ਹੈ।

**ਦੰਦ**—ਕੁੱਤੇ ਵਿਚ ਦੰਦਾਂ ਦਾ ਪਹਿਲਾਂ ਇਕ ਅਸਥਾਈ ਸੈੱਟ ਨਿਕਲਦਾ ਹੈ। ਇਨ੍ਹਾਂ ਨੂੰ ਦੁੱਧ-ਦੰਦ ਵੀ ਕਹਿੰਦੇ ਹਨ। ਤਕਰੀਬਨ ਪੰਜ ਮਹੀਨੇ ਦੀ ਉਮਰ ਵਿਚ ਇਨ੍ਹਾਂ ਅਸਥਾਈ ਦੰਦਾਂ ਦੀ ਥਾਂ ਸਥਾਈ ਦੰਦ ਆ ਜਾਂਦੇ ਹਨ। ਸਥਾਈ ਦੰਦ 42 ਹੁੰਦੇ ਹਨ। ਇਨ੍ਹਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ : ਮਖ਼ਲੇ, ਚੋਭਣ ਅਤੇ ਕੱਟਣ ਲਈ, ਸੂਏ, ਮਾਸ ਨੂੰ ਪਾੜਨ ਅਤੇ ਟੁਕੜੇ ਕਰਨ ਲਈ, ਪ੍ਰੀਮੋਲਰ ਅਤੇ ਮੋਲਰ ਦੰਦ, ਕੁਤਰਨ ਅਤੇ ਚਿੱਥਣ ਲਈ ਵਰਤੇ ਜਾਂਦੇ ਹਨ। ਸੂਏ ਅਰਥਾਤ ਕੈਨਾਈਨ ਉਪਰਲੇ ਅਤੇ ਹੇਠਲੇ ਤਿੱਖੇ ਦੰਦ ਹਨ ਜਿਨ੍ਹਾਂ ਕਰਕੇ ਇਨ੍ਹਾਂ ਦੀ ਕੁਲ ਦਾ ਨਾਂ ਕੈਨਿਡੀ ਪਿਆ ਹੈ।

**ਝਗੜਾਲੂ ਵਿਹਾਰ**—ਜਦੋਂ ਦੋ ਅਜਨਬੀ ਨਰ ਕੁੱਤੇ ਇਕ ਦੂਜੇ ਦੇ ਨੇੜੇ ਆਉਂਦੇ ਹਨ ਤਾਂ ਇਨ੍ਹਾਂ ਦੀਆਂ ਪੂਛਾਂ ਉਪਰ ਵਲ ਸਿੱਧੀਆਂ ਖੜੀਆਂ ਹੁੰਦੀਆਂ ਹਨ ਅਤੇ ਪੂਛ ਦੇ ਹਿੱਸੇ ਨੂੰ ਸੁੰਘਕੇ ਇਕ ਦੂਜੇ ਦੀ ਪਛਾਣ ਕਰਦੇ ਜਾਪਦੇ ਹਨ। ਜੇ ਲੜਾਈ ਸ਼ੁਰੂ ਹੋ ਜਾਂਦੀ ਹੈ ਤਾਂ ਉਹ ਇਕ ਦੂਜੇ ਉਤੇ ਟੁੱਟ ਕੇ ਪੈ ਜਾਂਦੇ ਹਨ, ਵੱਢਦੇ ਹਨ ਅਤੇ ਇਕ ਦੂਜੇ ਨੂੰ ਘੁਰ ਘੁਰ ਕਰਕੇ ਘੂਰਦੇ ਹਨ। ਲੜਾਈ ਉਦੋਂ ਖ਼ਤਮ ਹੁੰਦੀ ਹੈ ਜਦੋਂ ਇਕ ਭੱਜ ਜਾਵੇ ਜਾਂ ਆਪਣੇ ਆਪ ਨੂੰ ਦੂਜੇ ਦੇ ਹਵਾਲੇ ਕਰ ਦੇਵੇ। ਹਾਰਿਆ ਕੁੱਤਾ ਆਪਣੀ ਪਿੱਠ ਦੇ ਭਾਰ ਲਿਟਦਾ ਹੈ ਅਤੇ ਪੰਜੇ ਉਪਰ ਨੂੰ ਕਰਕੇ ਚੀਕਦਾ ਹੈ। ਜਿੱਤਿਆ ਹੋਇਆ ਕੁੱਤਾ ਦੂਜੇ ਦੇ ਉਪਰ ਖੜਾ ਹੋ ਜਾਂਦਾ ਹੈ ਤੇ ਉਸ ਨੂੰ ਡਰਾਉਂਦਾ ਹੈ। ਜੇ ਪਹਿਲਾਂ ਹੀ ਇਸ ਦੀ ਜਿੱਤ ਮੰਨ ਲਈ ਗਈ ਹੋਵੇ ਤਾਂ ਜਿੱਤਿਆ ਹੋਇਆ ਕੁੱਤਾ ਆਪਣੇ ਪੰਜੇ ਦੂਜੇ ਦੀ ਪਿੱਠ ਉਤੇ ਰੱਖਕੇ ਭੌਂਕਦਾ ਹੈ, ਉਦੋਂ ਹਾਰਿਆ ਹੋਇਆ ਕੁੱਤਾ ਆਪਣੀ ਪੂਛ ਹੇਠਾਂ ਰੱਖਦਾ ਹੈ।

**ਮੈਥੁਨ ਅਤੇ ਬੱਚਿਆਂ ਦੀ ਦੇਖ ਭਾਲ**—ਮੈਥੁਨ ਸਮੇਂ ਕੁੱਤੇ ਇਕ ਖ਼ਾਸ ਪ੍ਰਗਟਾਵਾ ਕਰਦੇ ਹਨ। ਇਹ ਆਪਣੇ ਅਗਲੇ ਪੰਜੇ ਫੈਲਾਕੇ ਤੇ ਸਿਰ ਇਕ ਪਾਸੇ ਕਰਕੇ ਦੂਜੇ ਦੀ ਖ਼ੁਸ਼ਾਮਦ ਕਰਦੇ ਹਨ; ਫਿਰ ਉਹ ਆਪਣੀਆਂ ਅਗਲੀਆਂ ਲੱਤਾਂ ਇਕ ਦੂਜੇ ਦੀ ਗਰਦਨ ਵਿਚ ਪਾ ਕੇ ਕੁਸ਼ਤੀ ਸ਼ੁਰੂ ਕਰਦੇ ਹਨ। ਇਸ ਤੋਂ ਬਾਅਦ ਇਹ ਭੱਜਦੇ, ਇਕ ਦੂਜੇ ਦਾ ਪਿੱਛਾ ਕਰਦੇ ਤੇ ਅਖੀਰ ਮੈਥੁਨ ਕਰਦੇ ਹਨ। ਮੈਥੁਨ ਤੋਂ ਬਾਅਦ ਵੀ ਕਈ ਮਿੰਟਾਂ ਤਕ ਨਰ ਤੇ ਮਾਦਾ ਇਕੱਠੇ ਉਸੇ ਹਾਲਤ ਵਿਚ ਹੀ ਰਹਿੰਦੇ ਹਨ।

ਸ਼ੁਰੂ ਵਿਚ ਕਤੂਰਿਆਂ ਨੂੰ ਸਿਰਫ਼ ਦੁੱਧ ਤੇ ਹੀ ਪਾਲਿਆ ਜਾਂਦਾ ਹੈ। ਤਿੰਨ ਹਫ਼ਤੇ ਜਾਂ ਇਸ ਤੋਂ ਪਿਛੋਂ ਉਹ ਠੋਸ ਆਹਾਰ ਖਾਣਾ ਸ਼ੁਰੂ ਕਰਦੇ ਹਨ। ਤਕਰੀਬਨ ਸੱਤ ਹਫ਼ਤੇ ਦਾ ਹੋ ਜਾਣ ਤੇ ਕੁੱਤੀ ਪੂਰੀ ਤਰ੍ਹਾਂ ਦੁੱਧ ਛੁੜਾ ਦਿੰਦੀ ਹੈ।

ਕੁੱਤੇ ਛੋਟੇ ਅਤੇ ਵੱਡੇ ਸਭ ਤਰ੍ਹਾਂ ਦੇ ਹੁੰਦੇ ਹਨ। ਇਨ੍ਹਾਂ ਦੀ ਸੁਣਨ ਅਤੇ ਸੁੰਘਣ ਸ਼ਕਤੀ ਬੜੀ ਤੇਜ਼ ਹੁੰਦੀ ਹੈ ਪਰੰਤੂ ਦੇਖਣ ਦੀ ਸ਼ਕਤੀ ਮਨੁੱਖ ਨਾਲੋਂ ਕਮਜ਼ੋਰ ਹੁੰਦੀ ਹੈ। ਇਹ ਰੰਗਾਂ ਦੀ ਪਛਾਣ ਨਹੀਂ ਕਰ ਸਕਦੇ। ਮਨੁੱਖ ਲਈ ਕੁੱਤੇ ਬਹੁਤ ਹੀ ਉਪਯੋਗੀ ਪ੍ਰਾਣੀ ਹਨ। ਇਕ

ਪਾਸੇ ਜਿਥੇ ਇਹ ਰਾਖੀ ਅਤੇ ਸ਼ਿਕਾਰ ਕਰਨ ਵਿਚ ਸਾਡੀ ਸਹਾਇਤਾ ਕਰਦੇ ਹਨ ਉਥੇ ਦੂਜੇ ਪਾਸੇ ਚੋਰਾਂ ਦਾ ਪਤਾ ਲਗਾਉਣ ਵਿਚ ਵੀ ਘੱਟ ਸਹਾਇਤਾ ਨਹੀਂ ਕਰਦੇ। ਵਿਦੇਸ਼ਾਂ ਵਿਚ ਤਾਂ ਕੁੱਤਿਆਂ ਨੂੰ ਸਿਖਾਉਣ ਲਈ ਬਹੁਤ ਸਾਰੇ ਸਕੂਲ ਹਨ।

ਸ਼੍ਰੇਣੀ ਵੰਡ—ਆਧੁਨਿਕ ਕਾਲ ਵਿਚ ਕੁੱਤਿਆਂ ਦੇ ਲਾਭਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਨੂੰ ਛੇ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ—

ਪਹਿਲੀ ਸ਼੍ਰੇਣੀ ਵਿਚ ਉਹ ਸ਼ਿਕਾਰੀ ਕੁੱਤੇ ਆਉਂਦੇ ਹਨ ਜਿਹੜੇ ਸੁੰਘ ਕੇ ਸ਼ਿਕਾਰ ਦਾ ਪਤਾ ਲਗਾ ਲੈਂਦੇ ਹਨ ਅਤੇ ਸ਼ਿਕਾਰੀਆਂ ਦੀ ਸਹਾਇਤਾ ਕਰਦੇ ਹਨ ਇਨ੍ਹਾਂ ਵਿਚੋਂ ਸਪੈਨਿਅਲ, ਕੱਕਰ ਸਪੈਨਿਅਲ, ਸਪ੍ਰਿੰਗਰ ਆਦਿ ਚਿੜੀਆਂ ਦਾ ਪਤਾ ਲਾ ਕੇ ਉਨ੍ਹਾਂ ਨੂੰ ਉਡਾਉਂਦੇ ਹਨ। ਰਿਟ੍ਰੀਵਰ, ਲੈਬ੍ਰਾਡੋਰ ਆਦਿ ਜ਼ਖਮੀ ਅਤੇ ਮਰੀਆਂ ਹੋਈਆਂ ਚਿੜੀਆਂ ਨੂੰ ਚੁਕ ਕੇ ਆਪਣੇ ਮਾਲਕ ਕੋਲ ਲੈ ਆਉਂਦੇ ਹਨ। ਪੁਆਇੰਟਰ ਅਤੇ ਸੈਟਰ ਆਦਿ ਸ਼ਿਕਾਰੀ ਤੋਂ ਕਾਫ਼ੀ ਅਗੇ ਚਲੇ ਜਾਂਦੇ ਹਨ ਪਰ ਚਿੜੀਆਂ ਨੂੰ ਉਡਾਉਂਦੇ ਨਹੀਂ ਅਤੇ ਉਨ੍ਹਾਂ ਵਲ ਮੂੰਹ ਕਰਕੇ ਉਦੋਂ ਤਕ ਖੜੇ ਰਹਿੰਦੇ ਹਨ ਜਦੋਂ ਤਕ ਉਨ੍ਹਾਂ ਦਾ ਮਾਲਕ ਉਥੇ ਪਹੁੰਚ ਨਾ ਜਾਏ।

ਦੂਜੀ ਸ਼੍ਰੇਣੀ ਵਿਚ ਉਹ ਕੁੱਤੇ ਰੱਖੇ ਗਏ ਹਨ ਜਿਹੜੇ ਜ਼ਮੀਨ ਸੁੰਘ ਕੇ ਸ਼ਿਕਾਰ ਦਾ ਪਤਾ ਲਾ ਲੈਂਦੇ ਹਨ। ਇਨ੍ਹਾਂ ਦਾ ਸਰੀਰ ਅਤੇ ਪੈਰ ਤਕੜੇ, ਥੁਥਨੀ (ਮੂੰਹ) ਅਤੇ ਸਿਰ ਵੱਡਾ, ਕੰਨ ਅਤੇ ਉਪਰਲਾ ਬੁੱਲ੍ਹ ਚੌੜਾ ਹੁੰਦਾ ਹੈ। ਇਹ ਸ਼ਿਕਾਰ ਲਈ ਹੀ ਵਿਸ਼ੇਸ਼ ਰੂਪ ਵਿਚ ਵਿਕਸਿਤ ਕੀਤੇ ਗਏ ਹਨ। ਇਨ੍ਹਾਂ ਦੀ ਸੁੰਘਣ ਸ਼ਕਤੀ ਇੰਨੀ ਤੇਜ਼ ਹੁੰਦੀ ਹੈ ਕਿ ਇਸੇ ਸ਼੍ਰੇਣੀ ਦਾ ਬਲੱਡ ਹਾਊਂਡ 48 ਘੰਟੇ ਪਿਛੋਂ ਵੀ ਕਿਸੇ ਦੇ ਪੈਰਾਂ ਦਾ ਨਿਸ਼ਾਨ ਸੁੰਘਕੇ ਉਸ ਕੋਲ ਪਹੁੰਚ ਜਾਂਦਾ ਹੈ। ਇਨ੍ਹਾਂ ਵਿਚ ਸੁੰਘਕੇ ਸ਼ਿਕਾਰ ਕਰਨ ਵਾਲੇ ਅਫ਼ਗਾਨ ਹਾਊਂਡ, ਬਿਸੇਂਜੀ, ਬੈਸੇਟ ਹਾਊਂਡ, ਬੀਗਲ, ਡਾਕਸ਼ੁੰਡ, ਅਮਰੀਕਨ ਫੌਕਸ ਹਾਊਂਡ ਅਤੇ ਇੰਗਲਿਸ਼ ਫੌਕਸ ਹਾਊਂਡ ਬਹੁਤ ਪ੍ਰਸਿੱਧ ਹਨ। ਦੇਖਕੇ ਸ਼ਿਕਾਰ ਕਰਨ ਵਿਚ ਸਕੌਟਿਸ਼ ਡੀਅਰ ਹਾਊਂਡ, ਆਇਰਿਸ਼ ਵੂਲਫ ਹਾਊਂਡ ਅਤੇ ਬੌਰਜ਼ੋਈ ਦਾ ਨਾਂ ਪਹਿਲਾਂ ਆਉਂਦਾ ਹੈ। ਬਲੱਡ ਹਾਊਂਡ ਦਾ ਸਰੀਰ ਭਾਰੀ ਹੋਣ ਕਾਰਨ ਇਹ ਸ਼ਿਕਾਰ ਕਰਨ ਵਿਚ ਬਹੁਤਾ ਸਫ਼ਲ ਨਹੀਂ ਹੁੰਦਾ ਪਰੰਤੂ ਚੋਰਾਂ ਦਾ ਪਤਾ ਲਾਉਣ ਵਿਚ ਪੁਲਿਸ ਇਸ ਤੋਂ ਬਹੁਤ ਸਹਾਇਤਾ ਲੈਂਦੀ ਹੈ।

ਤੀਜੀ ਸ਼੍ਰੇਣੀ ਵਿਚ ਉਹ ਕੁੱਤੇ ਆਉਂਦੇ ਹਨ, ਜਿਨ੍ਹਾਂ ਨੂੰ ਟੈਰਿਅਰ ਆਖਦੇ ਹਨ। ਇਹ ਜ਼ਮੀਨ ਪੁੱਟਕੇ ਖੁੱਡਾਂ ਵਿਚ ਰਹਿਣ ਵਾਲੇ ਪ੍ਰਾਣੀਆਂ ਦਾ ਸ਼ਿਕਾਰ ਕਰਦੇ ਹਨ। ਇਨ੍ਹਾਂ ਵਿਚੋਂ ਬੁੱਲ ਟੈਰਿਅਰ, ਫੌਕਸ ਟੈਰਿਅਰ, ਆਇਰਿਸ਼ ਟੈਰਿਅਰ, ਲਹਾਸਾ ਟੈਰਿਅਰ, ਬਾਰਡਰ ਟੈਰਿਅਰ ਅਤੇ ਵੈੱਲਸ਼ ਟੈਰਿਅਰ ਪ੍ਰਸਿੱਧ ਹਨ।

ਚੌਥੀ ਸ਼੍ਰੇਣੀ ਵਿਚ ਪਹਿਰੇਦਾਰ ਕੁੱਤੇ ਆਉਂਦੇ ਹਨ। ਇਹ ਪਹਿਰਾ ਦੇਣ, ਰਾਖੀ ਕਰਨ ਅਤੇ ਰਸਤਾ ਦਿਖਾਉਣ ਦਾ ਕੰਮ ਕਰਦੇ ਹਨ। ਇਨ੍ਹਾਂ ਵਿਚ ਬੈੱਟ ਸ਼ੀਪ ਡੌਗ, ਬੂਵਏ, ਜਰਮਨ ਸ਼ੈਫਰਡ, ਗ੍ਰੇਟ ਡੇਨ, ਮੈਸਟਿਫ, ਸੇਂਟ ਬਰਨਾਰਡ, ਸੈਮੋਏਡ, ਸਾਇਬੇਰੀਅਨ ਹਸਕੀ ਪ੍ਰਸਿੱਧ ਹਨ। ਜਿਥੇ ਬੂਵਏ, ਸੇਂਟ ਬਰਨਾਰਡ ਅਤੇ ਜਰਮਨ ਸ਼ੈਫਰਡ ਪੁਲਿਸ ਦੇ ਕੰਮ ਆਉਂਦੇ ਹਨ, ਉਥੇ ਕਾਲੀ, ਪੁਲੀ, ਓਲਡ ਇੰਗਲਿਸ਼ ਸ਼ੀਪ ਡੌਗ ਅਤੇ ਅਮਰੀਕੀ ਸ਼ੈਫਰਡ ਕਿਸਾਨਾਂ ਲਈ ਬਹੁਤ ਲਾਭਦਾਇਕ ਹਨ। ਸੇਂਟ ਬਰਨਾਰਡ ਪਾਣੀ ਵਿਚ ਡੁੱਬ ਰਹੇ ਲੋਕਾਂ ਨੂੰ ਬਚਾਉਣ ਅਤੇ ਅੰਨਿਆਂ ਨੂੰ ਰਸਤਾ ਦੱਸਣ ਵਿਚ ਨਿਪੁੰਨ ਹੁੰਦੇ ਹਨ।

ਪੰਜਵੀਂ ਸ਼੍ਰੇਣੀ ਵਿਚ ਘਰੇਲੂ ਕੁੱਤੇ ਆਉਂਦੇ ਹਨ ਜਿਨ੍ਹਾਂ ਨੂੰ ਲੋਕ ਸ਼ੌਕ ਲਈ ਪਾਲਦੇ ਹਨ। ਇਹ ਘਰ ਅਤੇ ਘਰ ਦੇ ਪਾਲਤੂ ਪਸ਼ੂ-ਪੰਛੀਆਂ ਦੀ ਰਾਖੀ ਕਰਦੇ ਹਨ ਅਤੇ ਘਰ ਵਿਚ ਕਿਸੇ ਨਵੇਂ ਬੰਦੇ ਦੇ ਆਉਣ ਤੇ ਭੌਂਕ ਕੇ ਆਪਣੇ ਮਾਲਕ ਨੂੰ ਸਾਵਧਾਨ ਕਰ ਦਿੰਦੇ ਹਨ। ਇਨ੍ਹਾਂ ਵਿਚ ਪੌਮਰੇਨਿਅਨ, ਪੱਗ, ਟਾਏ ਮੈਂਚੇਸਟਰ ਟੈਰਿਅਰ, ਯਾਰਕਸ਼ਿਰ ਟੈਰਿਅਰ, ਟਾਏ ਪੂਡਲ, ਪੀਕਿਨੀਜ਼, ਮੈਕਸੀਕਨ ਹੇਅਰਲੈੱਸ, ਜ਼ੈਪਨੀਜ਼ ਸਪੈਨਿਅਲ ਅਤੇ ਇੰਗਲਿਸ਼ ਟਾਏ ਸਪੈਨਿਅਲ ਬਹੁਤ ਪ੍ਰਸਿੱਧ ਹਨ।

ਛੇਵੀਂ ਸ਼੍ਰੇਣੀ ਵਿਚ ਕੁਝ ਹੋਰ ਕੁੱਤੇ ਆਉਂਦੇ ਹਨ ਜਿਨ੍ਹਾਂ ਵਿਚ ਬੋਸਟਨ ਟੈਰਿਅਰ, ਬੁੱਲ ਡੌਗ, ਚਾਊਚਾਊ, ਡੈਲਮੇਸ਼ਿਅਨ, ਪੂਡਲ ਅਤੇ ਫਰੈਂਚ ਬੁੱਲ-ਡੌਗ ਪ੍ਰਸਿੱਧ ਹਨ।

ਇਸ ਤੋਂ ਛੁੱਟ ਹਰ ਦੇਸ਼ ਵਿਚ ਇਨ੍ਹਾਂ ਹੀ ਜਾਤੀਆਂ ਦੇ ਮੇਲ ਤੋਂ ਸੈਂਕੜੇ ਦੋਗਲੀਆਂ ਜਾਤੀਆਂ ਦੇ ਕੁੱਤੇ ਬਣ ਗਏ ਹਨ ਜਿਹੜੇ ਭਿੰਨ-ਭਿੰਨ ਸੁਭਾਅ ਅਤੇ ਰੰਗ ਰੂਪ ਦੇ ਹੁੰਦੇ ਹਨ।

ਹ. ਪੁ.—ਹਿੰ. ਵਿ. 3 : 62; ਐਨ. ਬ੍ਰਿ. ਮੈ. 5 : 929

**ਕੁਤੁਬਸ਼ਾਹ :** ਸੁਲਤਾਨ ਮੁਹੰਮਦ ਸ਼ਾਹ ਦੂਜੇ (ਸੰਨ 1445-1451) ਦਾ ਵੱਡਾ ਪੁੱਤਰ ਰਾਜ ਕੁਮਾਰ ਜਲਾਲ ਖ਼ਾਂ ਜਦੋਂ 13 ਫਰਵਰੀ, 1451 ਨੂੰ 20 ਸਾਲ ਦੀ ਉਮਰ ਵਿਚ ਗੁਜਰਾਤ ਦੇ ਰਾਜ ਸਿੰਘਾਸਨ ਉਪਰ ਬੈਠਿਆ ਤਾਂ ਉਸ ਦੇ ਸੁਲਤਾਨ ਕੁਤਬੁਦੀਨ ਅਹਿਮਦ ਸ਼ਾਹ ਦੂਜੇ ਦੀ ਉਪਾਧੀ ਧਾਰਨ ਕਰ ਲਈ।

ਰਾਜ ਗੱਦੀ ਤੇ ਬੈਠਦਿਆਂ ਹੀ ਇਸ ਨੌਜਵਾਨ ਰਾਜੇ ਨੂੰ ਮਾਲਵੇ ਦੇ ਰਾਜਾ ਮਹਿਮੂਦ ਖਿਲਜੀ ਦੇ ਹਮਲਿਆਂ ਤੋਂ ਆਪਣਾ ਰਾਜ ਬਚਾਉਣ ਲਈ ਕਠਿਨ ਜਤਨ ਕਰਨੇ ਪਏ। ਕਪੜਗੰਜ ਦੇ ਯੁੱਧ (1451 ਈ.) ਵਿਚ ਮਾਲਵਾ ਦੇ ਰਾਜੇ ਨੂੰ ਹਾਰ ਮੰਨਣੀ ਪਈ। ਬਾਅਦ ਵਿਚ ਸੁਲਤਾਨ ਕੁਤਬੁਦੀਨ ਨੇ ਮਹਿਮੂਦ ਖਿਲਜੀ ਦੀ ਸਹਾਇਤਾ ਨਾਲ ਚਿਤੌੜ ਦੇ ਉੱਘੇ ਕਵੀ ਅਤੇ ਰਾਜਾ ਰਾਣਾ ਕੁੰਭ ਨਾਲ ਯੁੱਧ ਵਿਚ ਟੱਕਰ ਲਈ। ਪਰੰਤੂ ਰਾਜਾ ਆਪਣੀ ਰਣ ਸ਼ਕਤੀ ਕਾਰਨ ਮਾਲਵਾ ਤੇ ਗੁਜਰਾਤ ਦੇ ਸੁਲਤਾਨ ਲਈ ਚਿੰਤਾ ਦਾ ਕਾਰਨ ਬਣ ਗਿਆ। ਸੁਲਤਾਨ ਕੁਤਬੁਦੀਨ ਦੀ 29 ਸਾਲ ਦੀ ਉਮਰ ਵਿਚ ਹੀ ਅਚਾਨਕ ਜ਼ਹਿਰ ਦੁਆਰਾ ਮਈ, 1459 ਵਿਚ ਮੌਤ ਹੋ ਗਈ। ਇਸ ਨੂੰ ਅਹਿਮਦਾਬਾਦ ਦੇ ਮਾਨਿਕ ਚੌਂਕ ਵਿਚ ਵਾਕਿਆ ਸ਼ਾਹੀ ਕਬਰਸਤਾਨ ਵਿਚ ਆਪਣੇ ਪਿਤਾ ਅਤੇ ਪਿਤਾਮਾ ਅਹਿਮਦਸ਼ਾਹ ਪਹਿਲੇ (1411—1442) ਦੇ ਕੋਲ ਹੀ ਦਫ਼ਨਾ ਦਿਤਾ ਗਿਆ।

ਇਸ ਨੇ ਆਪਣੇ ਪਿਤਾ ਦੁਆਰਾ ਸ਼ੁਰੂ ਕੀਤੇ ਗਏ ਸ਼ੇਖ ਅਹਿਮਦ ਜੰਗ ਬਖਸ਼ ਦੇ ਮਕਬਰੇ ਨੂੰ ਪੂਰਾ ਕਰਵਾਇਆ। ਘਟਾਮੰਡਲ ਦਾ ਮਹਲ ਅਤੇ ਹੌਜ਼-ਏ-ਕੁਤੁਬ ਨਾਂ ਦੀ ਇਕ ਝੀਲ ਬਣਵਾਈ ਜਿਸ ਦੇ ਅੰਦਰ ਨਗੀਨਾ ਬਾਗ ਸਥਿਤ ਹੈ।

ਕੁਤੁਬਸ਼ਾਹ ਦੀ ਪ੍ਰਸ਼ੰਸਾ ਸਭ ਨੇ ਕੀਤੀ ਹੈ ਪਰੰਤੂ ਬਹੁਤ ਤੇਜ਼ ਸੁਭਾਉ ਦਾ ਵਿਅਕਤੀ ਸੀ ਅਤੇ ਸ਼ਰਾਬ ਦੇ ਨਸ਼ੇ ਵਿਚ ਖੂਨ ਦੀਆਂ ਨਦੀਆਂ ਵਹਾਉਣ ਤੋਂ ਗੁਰੇਜ਼ ਨਹੀਂ ਕਰਦਾ ਸੀ।

ਹ. ਪੁ.—ਹਿੰ. ਵਿ. ਕੋ. 3 : 61

**ਕੁੰਦਕੁੰਦ ਆਚਾਰੀਆ :** ਇਹ ਦਿਗੰਬਰ ਜੈਨ ਸੰਪ੍ਰਦਾਇਕ ਦਾ ਬਹੁਤ ਹੀ ਪ੍ਰਸਿੱਧ ਆਚਾਰੀਆ ਸੀ। ਮਰਕਰਾ ਦੇ ਤਾਮਰ ਪੱਤਰ ਵਿਚ, ਜਿਸ ਦਾ ਸਮਾਂ ਸ਼ਕਸੰਮਤ 388 ਹੈ, ਕੌਂਡਕੁੰਦਾਨਵਯ ਦੇ ਛੇ ਅਚਾਰੀਆਂ ਦਾ ਉਲੇਖ ਮਿਲਦਾ ਹੈ। ਇਸੇ ਅਚਾਰੀਆ ਦਾ ਨਾਂ ਕੌਂਡਕੁੰਦ ਵੀ ਸੀ। ਇਸੇ ਦੇ ਨਾਂ ਨਾਲ ਹੀ ਕੌਂਡਕੁੰਦਪੁਰ ਨਾਂ ਦਾ ਸ਼ਹਿਰ ਵੀ ਜੁੜਿਆ ਹੋਇਆ ਹੈ। ਇਸ ਦੇ ਬਾਰੇ ਕੋਈ ਨਿਸਚਿਤ ਪ੍ਰਮਾਣ ਨਹੀਂ ਮਿਲਦਾ। ਪ੍ਰੋ. ਏ. ਐਨ. ਉਪਾਧਿਆਇ ਅਨੁਸਾਰ ਇਸ ਦਾ ਸਮਾਂ ਪਹਿਲੀ ਸਦੀ ਈਸਵੀ ਹੈ। ਸ੍ਰਾਵਣ ਬੇਲਗੋਲਾ ਦੇ ਸ਼ਿਲਾਲੇਖ ਨੰਬਰ 40 ਅਨੁਸਾਰ ਇਸ ਦਾ ਦੀਖਸ਼ਾ ਕਾਲੀਨ ਨਾਂ ਪਦਮਨੰਦੀ ਸੀ ਅਤੇ ਸੀਮੰਦਪੁਰ ਸੁਆਮੀ ਤੋਂ ਇਸ ਨੂੰ ਦਿਵਾ-ਗਿਆਨ ਹੋਇਆ ਸੀ।

ਇਹ ਮੂਲਸੰਘ ਦਾ ਪ੍ਰਧਾਨ ਆਚਾਰੀਆ ਸੀ। ਤਪੱਸਿਆ ਕਾਰਨ ਇਸ ਨੂੰ ਅਨੇਕ ਸਿੱਧੀਆਂ ਪ੍ਰਾਪਤ ਸਨ। ਜੈਨ ਧਰਮ ਵਿਚ ਇਸ ਦਾ ਜ਼ਿਕਰ ਬੜੇ ਸਨਮਾਨ ਨਾਲ ਆਉਂਦਾ ਹੈ। ਇਸ ਨੇ ਸਭ

ਂ ਪਹਿਲਾਂ ਜੈਨ ਧਰਮ ਵਿਚ ਤਰਕਪੂਰਨ ਵਿਚਾਰ ਆਰੰਭ ਕੀਤੇ। ਸ ਦੀ ਸਾਰੀ ਉਪਲਬਧ ਰਚਨਾ ਪ੍ਰਾਕ੍ਰਿਤ ਭਾਸ਼ਾ ਵਿਚ ਹੈ। ਇਸ ਦੇ ਖ ਵਖ ਗ੍ਰੰਥਾਂ ਵਿਚ ਗਿਆਨ, ਦਰਸ਼ਨ ਅਤੇ ਚਰਿਤ੍ਰ ਦਾ ਨਿਰੂਪਣ ਲਦਾ ਹੈ। ਵਖ ਵਖ ਵਿਸ਼ਿਆਂ ਉਤੇ ਇਸ ਦੇ ਵਖ ਵਖ ਗ੍ਰੰਥ ਮਿਲਦੇ ਨ, ਜਿਨ੍ਹਾਂ ਨੂੰ ਪਾਹੁੜ ਕਿਹਾ ਜਾਂਦਾ ਹੈ। ਇਸ ਦੇ 84 ਪਾਹੁੜਾਂ ਦਾ ਜ਼ਕਰ ਆਉਂਦਾ ਹੈ। ਇਸ ਦੇ ਪ੍ਰਸਿੱਧ ਗ੍ਰੰਥ ਇਹ ਹਨ :—ਪ੍ਰਵਚਨਸਾਰ ਮਯਸਾਰ, ਪੰਚਾਸਤਿਕਾਏ, ਨਿਯਮਸਾਰ, ਬਾਰਸ ਅਣੁਵੇਖਾ, ਦੰਸਨ ਾਹੁੜ, ਚਾਰਿੱਤ ਪਾਹੁੜ, ਬੋਧ ਪਾਹੁੜ, ਮੋਖ ਪਾਹੁੜ, ਰਯਣਸਾਰ, ਧ ਭਗਵਤੀ ਅਤੇ ਮੂਲਾਚਾਰ।

ਜੈਨ ਧਰਮ ਦੀ ਫਿਲਾਸਫ਼ੀ ਨੂੰ ਕੁੰਦਕੁੰਦ ਨੇ ਇਕ ਨਵੀਂ ਸੇਧ ਤੀ ਹੈ। ਇਹ ਤੱਤ ਨੂੰ ਸੱਤਾ ਤੋਂ ਅਭਿੰਨ ਮੰਨਦਾ ਹੈ ਅਤੇ ਕਹਿੰਦਾ ਹੈ ਤੱਤ ਹੀ ਸੱਤਾ ਰੂਪ ਹੈ। ਸੱਤਾ ਹੀ ਤੱਤ ਗੁਣ ਅਤੇ ਪਦਾਰਥ ਦੇ ਰੂਪ ਚ ਵੱਖ ਵੱਖ ਦੇਸ਼ ਕਾਲ ਵਿਚ ਵਿਕਸਿਤ ਹੁੰਦੀ ਹੈ। ਇਹ ਸਭ ਕੁਝ ੱਤ (ਸੱਤਾ) ਰੂਪ ਹੀ ਹੈ। ਇਸ ਦਾ ਕਹਿਣਾ ਹੈ ਕਿ ਪ੍ਰਮਾਣੂ ਸਬੰਧਾਂ ਦਾ ੰਤਿਮ ਜੁਜ਼ ਹੈ ਅਤੇ ਸਦੀਵੀ ਸ਼ਬਦਰਹਿਤ, ਅਣਭਾਜਿਤ ਅਤੇ ਸਾਕਾਰ ਪ ਹੈ। ਇਸ ਨੂੰ ਰਸ ਗੰਧ, ਵਰਣ ਅਤੇ ਸਪਰਸ਼ ਤੋਂ ਬਣਿਆ ੰਦ੍ਰੀਆਂ ਦੁਆਰਾ ਗ੍ਰਹਿਣ ਕੀਤਾ ਜਾਣ ਵਾਲਾ ਅੰਤਿਮ ਤੱਤ ਕਿਹਾ ਹੈ ਤੇ ਪ੍ਰਿਥਵੀ ਜਲ, ਅੱਗ ਅਤੇ ਹਵਾ ਦਾ ਮੂਲ ਮੰਨਿਆ ਹੈ।

ਹੋਰ ਵਿਚਾਰਾਂ ਦੇ ਨਾਲ ਨਾਲ ਕੁੰਦਕੁੰਦ ਨੇ ਇਹ ਵੀ ਕਿਹਾ ਕਿ ਾਤਮਾ ਦੇ ਤਿੰਨ ਰੂਪ ਹੁੰਦੇ ਹਨ। ਬਾਹਰੀ ਪਦਾਰਥਾਂ ਵਿਚ ਫਸੀ ਦੇਹ ਆਪਣੇ ਤੋਂ ਅਭਿੰਨ ਸਮਝਣ ਵਾਲੀ ਮੂੜ ਆਤਮਾ ਬਾਹਰੀ ਆਤਮਾ ਦਾ ਭੇਦ ਗਿਆਨ ਹੋ ਜਾਣ ਤੇ ਮੁਕਤੀ ਮਾਰਗ ਰੂੜ੍ਹ ਆਤਮਾ ਨੂੰ ਤਰ-ਆਤਮਾ ਲਿਆ ਗਿਆ ਹੈ। ਜਦ ਭਗਤੀ ਨਾਲ ਕਰਮਾਂ ਦੀ ਮੈਲ ਤਮ ਹੋ ਜਾਂਦੀ ਹੈ ਅਤੇ ਆਤਮਾ ਸ਼ੁੱਧ ਰੂਪ ਪ੍ਰਾਪਤ ਕਰ ਲੈਂਦੀ ਹੈ ਤਦ ਸ ਨੂੰ ਪ੍ਰਮਾਤਮਾ ਕਹਿੰਦੇ ਹਨ। ਇਸੇ ਪ੍ਰਮਾਤਮਾ ਨੂੰ ਇਸ ਨੇ ਸ਼ਿਵ, ਹਮਾ, ਵਿਸ਼ਣੂ, ਬੁੱਧ ਆਦਿ ਕਹਿ ਕੇ ਤਤਕਾਲੀਨ ਦਰਸ਼ਨ ਤੋਂ ਆਪਣੇ ਾਪ ਨੂੰ ਪਰਮਾਰਥਕ ਤੌਰ ਤੇ ਅਭਿੰਨ ਹੋਣ ਦਾ ਐਲਾਨ ਕੀਤਾ ਜੋ ਇਦ ਕਿਸੇ ਜੈਨ ਆਚਾਰੀਆ ਨੇ ਨਹੀਂ ਕੀਤਾ। ਇਹੋ ਗਲ ਇਸ ਨੂੰ ਰ ਜੈਨ ਆਚਾਰੀਆ ਤੋਂ ਵਖਰਿਆਉਂਦੀ ਹੈ। ਕੁੰਦਕੁੰਦ ਅਦਵੈਤ ਮੱਤ ਂ ਵੀ ਪ੍ਰਭਾਵਿਤ ਸੀ। ਇਸ ਅਨੁਸਾਰ ਕੇਵਲ ਗਿਆਨੀ ਹੀ ਆਤਮਾ ਨੂੰ ਾਣਦਾ ਹੈ, ਉਸ ਲਈ ਬਾਹਰੀ ਪਦਾਰਥ ਬੇਅਰਥ ਹਨ। ਆਚਾਰੀਆ ਨੁਸਾਰ ਗਿਆਨ ਅਤੇ ਦਰਸ਼ਨ ਨਾਲ ਨਾਲ ਰਹਿੰਦੇ ਹਨ ਜਿਵੇਂ ਸੂਰਜ ੀ ਰੌਸ਼ਨੀ ਅਤੇ ਤਪਸ਼ ਇਕੱਠੇ ਰਹਿੰਦੇ ਹਨ। ਇਹ ਬੁੱਧਾਂ ਤੋਂ ਵੀ ਭਾਵਿਤ ਸੀ। ਇਸ ਤਰ੍ਹਾਂ ਕੁੰਦਕੁੰਦ ਮਿਲ ਕੇ ਚੱਲਣ ਵਾਲਾ ਜੈਨ ਾਰਸ਼ਨਿਕ ਸੀ। ਇਸ ਦਾ ਮੱਤ ਸੁਤੰਤਰ ਹੈ ਅਤੇ ਹੋਰ ਜੈਨ ਆਚਾਰੀਆਂ ੀ ਤਰ੍ਹਾਂ ਆਪਣੀ ਰਾਏ ਲਈ ਜ਼ਿੱਦ ਨਾ ਕਰਨ ਵਾਲਾ ਹੈ। ਇਹੋ ਕਾਰਨ ਕਿ ਇਸ ਨੇ ਵੈਸ਼ੇਸ਼ਿਕ, ਸਾਂਖਿਅ, ਵੇਦਾਂਤ੍ਰ ਅਤੇ ਮਹਾਂਯਾਨ ਬੋਧੀ ਲਾਸਫ਼ੀ ਤੋਂ ਬਹੁਤ ਸਾਰੀਆਂ ਗੱਲਾਂ ਗ੍ਰਹਿਣ ਕੀਤੀਆਂ ਹਨ ਅਤੇ ਜੈਨ ਲਾਸਫ਼ੀ ਨੂੰ ਇਕ ਨਵਾਂ ਦ੍ਰਿਸ਼ਟੀਕੋਣ ਦਿੱਤਾ ਹੈ।

ਹ. ਪੁ.—ਹਿੰ. ਵਿ. ਕੋ. 3 : 50

**ਕੁੰਨਸਾਨ :** ਦੱਖਣ-ਪੱਛਮੀ ਕੋਰੀਆ ਦੇ ਉੱਤਰੀ ਚੋਲਾ ਨਾਮੀ ੇ ਦਾ ਇਕ ਬੰਦਰਗਾਹੀ ਸ਼ਹਿਰ ਹੈ ਜੋ ਸੂਬਾਈ ਰਾਜਧਾਨੀ-ਜਨਜ਼ੂ ਤੋਂ ) ਕਿ. ਮੀ. ਪੱਛਮ-ਉੱਤਰ-ਪੱਛਮ ਵੱਲ, ਅਤੇ ਕਮਗਾਂਗ ਦਰਿਆ ਦੇ ਾਣੇ ਤੋਂ 12 ਕਿ. ਮੀ. ਦੀ ਦੂਰੀ ਉੱਤੇ ਸਥਿੱਤ ਹੈ। ਯੀ ਖਾਨਦਾਨ 392-1910) ਦੇ ਰਾਜ-ਕਾਲ ਤੋਂ ਲੈ ਕੇ ਇਹ ਸਮੁੰਦਰੀ ਜਹਾਜ਼ਾਂ ਮਾਰਾ ਚੌਲਾਂ ਦੀ ਢੋਆ-ਢੁਆਈ ਦੀ ਇਕ ਉੱਘੀ ਬੰਦਰਗਾਹ ਰਹੀ । ਇਥੋਂ ਦੀਆਂ ਵਣਜੀ ਸਰਗਰਮੀਆਂ ਵਧੇਰੇ ਕਰਕੇ ਕਮਗਾਂਗ ਦਰਿਆ ਉਪਜਾਊ ਮੈਦਾਨ ਵਿਚ ਪੈਦਾ ਹੋਏ ਚੌਲਾਂ ਦੀ ਪ੍ਰਾਸੈਸਿੰਗ, ਸਟੋਰ ਨ ਅਤੇ ਢੋ-ਢੁਆਈ ਦੇ ਦੁਆਲੇ ਹੀ ਕੇਂਦਰਿਤ ਰਹੀ ਹੈ। ਤੱਟ ਰੇਖਾ ਨਾਲ ਨਾਲ, ਦੀਪਾਂ ਦੇ ਦੁਆਲੇ ਦੇ ਪਾਣੀਆਂ ਵਿਚ ਮੱਛੀਆਂ ਦੀ ਭਰਮਾਰ ਹੈ ਜਿਥੇ ਦੇਸ਼ ਅਤੇ ਬਦੇਸ਼ ਦੀਆਂ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਆਮ ਆਉਂਦੀਆਂ ਰਹਿੰਦੀਆਂ ਹਨ। ਸੰਨ 1945 ਵਿਚ ਆਜ਼ਾਦ ਹੋਣ ਉਪਰੰਤ ਕੁੰਨਸਾਨ ਥਰਮੋਇਲੈੱਕਟ੍ਰਿਕ ਪਲਾਂਟ ਦੇ ਬਣਨ ਨਾਲ ਹੀ ਇਥੋਂ ਦੀ ਉਦਯੋਗਿਕ ਉੱਨਤੀ ਹੋਈ। ਕਾਗਜ਼, ਲੱਕੜ ਅਤੇ ਰਬੜ ਤਿਆਰ ਕਰਨ ਲਈ ਫੈਕਟਰੀਆਂ ਇੱਥੇ ਲੱਗੀਆਂ ਹੋਈਆਂ ਹਨ।

ਆਬਾਦੀ—112,453 (1970)

35° 54′ ਉ. ਵਿਥ.; 126° 46′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 944

**ਕੁੰਨ, ਬੇਲਾ :** ਇਹ ਹੰਗਰੀ ਦਾ ਇਕ ਕਮਿਊਨਿਸਟ ਲੀਡਰ ਸੀ ਜਿਸ ਦਾ ਜਨਮ 20 ਫਰਵਰੀ, 1886 ਨੂੰ ਹੋਇਆ। ਇਸ ਦੇ ਮਾਪੇ ਯਹੂਦੀ ਸਨ। ਆਪਣੀ ਪੜ੍ਹਾਈ ਵਿਚੇ ਛਡਕੇ ਰਾਜਨੀਤੀ ਵਿਚ ਪੈ ਗਿਆ। ਪਹਿਲੇ ਮਹਾਂ ਯੁਧ ਵਿਚ ਜਦੋਂ ਇਹ ਫ਼ੌਜ ਵਿਚ ਨੌਕਰੀ ਕਰਦਾ ਸੀ ਤਾਂ ਇਸ ਨੂੰ ਰੂਸੀਆਂ ਨੇ ਫੜ ਕੇ ਬਾਲਸ਼ਵਿਕਵਾਦ ਵਿਚ ਬਦਲ ਦਿੱਤਾ। ਜਦੋਂ ਇਹ ਹੰਗਰੀ ਪਰਤਿਆ ਤਾਂ 1919 ਵਿਚ ਬੁਡਾਪੈਸਟ ਵਿਚ ਇਸ ਨੇ ਇਕ ਕਮਿਊਨਿਸਟ ਵਿਦਰੋਹ ਸੰਗਠਨ ਕੀਤਾ ਅਤੇ 22 ਮਾਰਚ ਨੂੰ ਕਾਊਂਟ ਮਿਰਾਲੇ ਕਾਰੋਲੀਈ ਦੀ ਜਗ੍ਹਾ ਪ੍ਰਧਾਨ ਮੰਤਰੀ ਬਣ ਗਿਆ। ਸੋਸ਼ਲ ਡੈਮੋਕ੍ਰੇਟ ਅਤੇ ਕਮਿਊਨਿਸਟਾਂ ਦੀ ਮਿਲੀ ਜੁਲੀ ਸਰਕਾਰ ਦੇ ਮੁਖੀਏ ਦੇ ਤੌਰ ਤੇ ਇਸ ਨੇ ਸਰਕਾਰ ਵਿਚ ਮੂਲ ਤਬਦੀਲੀਆਂ ਕੀਤੀਆਂ, ਪ੍ਰੰਤੂ ਕਿਸਾਨਾਂ ਦੀ ਹਮਾਇਤ ਹਾਸਲ ਕਰਨ ਵਿਚ ਅਸਫਲ ਰਿਹਾ। 31 ਜੁਲਾਈ, 1919 ਨੂੰ ਇਕ ਵਿਰੋਧੀ ਕ੍ਰਾਂਤੀ, ਜਿਸ ਨੂੰ ਰੁਮਾਨੀਆਂ ਦੀ ਸ਼ਹਿ ਸੀ, ਦੁਆਰਾ ਇਸ ਨੂੰ ਗੱਦੀਉਂ ਲਾਹ ਦਿਤਾ ਗਿਆ ਅਤੇ ਇਸ ਨੂੰ ਭੱਜਣਾ ਪਿਆ। ਪਹਿਲਾਂ ਇਹ ਵੀਆਨਾ ਨੂੰ ਗਿਆ ਜਿਥੇ ਇਸ ਨੂੰ ਕੁਝ ਸਮੇਂ ਪਾਗਲਖਾਨੇ ਰਖਿਆ ਅਤੇ ਉਥੋਂ ਇਹ ਰੂਸ ਚਲਾ ਗਿਆ। 1928 ਵਿਚ ਇਹ ਫਿਰ ਵੀਆਨਾ ਵਿਚ ਆ ਗਿਆ ਅਤੇ ਹੰਗਰੀ ਵਿਚ ਕ੍ਰਾਂਤੀ ਲਿਆਣ ਦੀ ਕੋਸ਼ਿਸ਼ ਕੀਤੀ ਪਰ ਇਸ ਨੂੰ ਫੜ ਕੇ ਕੈਦ ਕਰ ਲਿਆ ਗਿਆ। ਜਲਦੀ ਹੀ ਬਾਅਦ ਇਸ ਨੂੰ ਰੂਸ ਜਾਣ ਦੀ ਆਗਿਆ ਦੇ ਦਿਤੀ ਗਈ। 20ਵੀਂ ਸਦੀ ਦੇ ਚੌਥੇ ਦਹਾਕੇ ਵਿਚ ਜੂਸਫ ਸਟਾਲਨ ਵਲੋਂ ਇਸ ਤੇ ਟਰਾਟਸਕੀਵਾਦ ਨਾਲ ਸਬੰਧਾਂ ਦਾ ਦੋਸ਼ ਲਗਾਇਆ ਗਿਆ ਅਤੇ 1937 ਦੇ ਨੇੜੇ ਇਸ ਨੂੰ ਫਾਂਸੀ ਦੇ ਦਿਤੀ ਗਈ।

ਹ. ਪੁ—ਐਨ. ਅਮੈ. 16 : 555 ; ਐਨ. ਬ੍ਰਿ. 13 : 515

**ਕੁਨ-ਮਿੰਗ :** ਦੱਖਣੀ ਚੀਨ ਵਿਚ ਯੂਨਾਨ ਪ੍ਰਾਂਤ ਦੀ ਰਾਜਧਾਨੀ ਹੈ ਜੋ ਟਾਈਐਨ ਚੀ ਦੇ ਉਪਜਾਊ ਬੇਸਿਨ ਵਿਚ ਸਥਿਤ ਹੈ। ਇਹ ਇਕ ਉਪ-ਸੂਬਾਈ ਆਜ਼ਾਦ ਮਿਊਂਸਪਲਟੀ ਵੀ ਹੈ ਜਿਸ ਦੇ ਅਧਿਕਾਰ ਖੇਤਰ ਵਿਚ ਆਲੇ ਦੁਆਲੇ ਦੀਆਂ ਚਾਰ ਕਾਊਂਟੀਆਂ ਸ਼ਾਮਲ ਹਨ। ਅੱਠਵੀਂ ਤੇ ਨੌਵੀਂ ਸਦੀ ਵਿਚ ਨਾਨ ਚਾਓ ਨਾਂ ਦੇ ਰਾਜ ਵਿਚ ਇਸ ਸ਼ਹਿਰ ਦਾ ਨਾਂ ਤੋ-ਤੁੰਗ ਹੁੰਦਾ ਸੀ। ਬਾਅਦ ਵਿਚ ਇਹ ਦਸਵੀਂ ਸਦੀ ਤੋਂ ਲੈ ਕੇ ਟਾ-ਲੀ ਨਾਮੀ ਰਾਜ ਦੇ ਇਲਾਕੇ ਦਾ ਹਿੱਸਾ ਬਣਿਆ ਰਿਹਾ। ਸੰਨ 1253 ਵਿਚ ਯੁਆਨ ਦੇ ਦੱਖਣ-ਪੱਛਮੀ ਹਿੱਸੇ ਦੇ ਨਾਲ ਹੀ ਇਹ ਪਹਿਲੀ ਵਾਰ ਚੀਨ ਦੀ ਕੇਂਦਰੀ ਸਰਕਾਰ ਅਧੀਨ ਚਲਾ ਗਿਆ। ਸੰਨ 1276 ਵਿਚ ਇਸ ਦੀ ਕੁਨ-ਮਿੰਗ ਕਾਊਂਟੀ ਵਜੋਂ ਨੀਂਹ ਰੱਖੀ ਗਈ ਅਤੇ ਇਹ ਯੂਨਾਨ ਪ੍ਰਾਂਤ ਦੀ ਰਾਜਧਾਨੀ ਬਣਿਆ। ਮਿੰਗ (1368-1644) ਅਤੇ ਚਿੰਗ (1644-1911) ਖ਼ਾਨਦਾਨਾਂ ਦੇ ਰਾਜ ਕਾਲ ਵੇਲੇ ਇਹ ਇਕ ਪ੍ਰੀਫੈਕਚਰ ਦੀ ਸੀਟ ਬਣਿਆ। ਸੰਨ 1912 ਵਿਚ ਇਸ ਨੂੰ ਫਿਰ ਚੁੰਗ-ਮਿੰਗ ਕਾਊਂਟੀ ਦਾ ਦਰਜਾ ਦਿਤਾ ਗਿਆ ਅਤੇ ਸੰਨ 1935 ਵਿਚ ਇਹ ਮਿਊਂਸਪਲਟੀ ਬਣਿਆ।

ਚੀਨ-ਜਾਪਾਨ ਯੁੱਧ ਸੰਨ 1937 ਛਿੜਨ ਦੇ ਸਮੇਂ ਤੋਂ ਹੀ ਕੁਨ-ਮਿੰਗ ਇਕ ਆਧੁਨਿਕ ਸ਼ਹਿਰ ਬਣ ਗਿਆ। ਸੰਨ 1940 ਵਿਚ ਬਰਮਾ ਸੜਕ ਦੇ ਬਣਨ ਨਾਲ ਇਸ ਸ਼ਹਿਰ ਦੇ ਪੱਛਮ ਨਾਲ ਸਬੰਧ ਹੋਰ ਵਿਕਸਿਤ ਹੋ ਗਏ। ਸੰਨ 1949 ਤੋਂ ਬਾਅਦ ਕੁਨਮਿੰਗ ਦਾ ਬੜੀ ਤੇਜ਼ੀ

ਨਾਲ ਵਿਕਾਸ ਹੋਇਆ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੀਕ ਇਥੇ ਤਾਂਬੇ ਦੇ ਉਤਪਾਦਨ ਅਤੇ ਹੋਰ ਨਾਨ-ਫੈਰਿਸ ਧਾਤਾਂ ਸਬੰਧੀ ਉਦਯੋਗ ਵਿਕਸਿਤ ਹੋ ਚੁੱਕੇ ਸਨ। ਇਥੇ ਲੋਹੇ ਤੇ ਫੌਲਾਦ ਦਾ ਉਦਯੋਗ ਵੀ ਕਾਫ਼ੀ ਪ੍ਰਫੁੱਲਤ ਹੋਇਆ। ਇਹ ਇੰਜਨੀਅਰਿੰਗ ਦੀਆਂ ਵਸਤਾਂ ਤਿਆਰ ਕਰਨ, ਮਸ਼ੀਨੀ ਸੰਦ ਅਤੇ ਬਿਜਲੀ ਦਾ ਸਾਮਾਨ ਤਿਆਰ ਕਰਨ ਦਾ ਵੀ ਕੇਂਦਰ ਹੈ। ਇਸ ਤੋਂ ਇਲਾਵਾ ਇਥੇ ਰਸਾਇਣਿਕ ਉਦਯੋਗ, ਸੀਮਿੰਟ ਵਰਕਸ ਅਤੇ ਸੂਤੀ ਕੱਪੜੇ ਦੇ ਉਦਯੋਗ ਵੀ ਸਥਾਪਤ ਹਨ । ਇਥੇ ਚਮੜਾ ਕਮਾਉਣ, ਲੱਕੜ ਦਾ ਕੰਮ ਅਤੇ ਕਾਗਜ਼ ਤਿਆਰ ਕਰਨ ਅਤੇ ਜ਼ਰਾਇਤੀ ਵਸਤਾਂ ਨੂੰ ਪ੍ਰਾਸੈਸ ਕਰਨ ਦੇ ਕਈ ਪਲਾਂਟ ਸਥਾਪਤ ਹਨ। ਇਹ ਇਕ ਵੱਡਾ ਸਭਿਆਚਾਰਕ ਕੇਂਦਰ ਵੀ ਹੈ। ਇਥੇ ਯੂਨੀਵਰਸਿਟੀਆਂ, ਮੈਡੀਕਲ ਅਤੇ ਅਧਿਆਪਕ ਸਿਖਲਾਈ ਕਾਲਜ, ਤਕਨੀਕੀ ਸਕੂਲ ਅਤੇ ਵਿਗਿਆਨਕ ਖੋਜ ਸੰਸਥਾਵਾਂ ਹਨ।

ਆਬਾਦੀ—900,000 (ਅੰ. ਅੰਕ.)

25° 10′ ਉ. ਵਿਥ. ; 102° 50′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 943

**ਕੁਨਲੂਨ ਪਰਬਤ :** ਇਹ ਏਸ਼ੀਆ ਦਾ ਸਭ ਤੋਂ ਲੰਬਾ ਪਰਬਤੀ ਸਿਲਸਿਲਾ ਹੈ ਜੋ ਪੱਛਮ ਵਲੋਂ ਸੋਵੀਅਤ ਯੂਨੀਅਨ ਵਿਚਲੀਆਂ ਪਾਮੀਰ ਪਹਾੜੀਆਂ ਤੋਂ ਲੈ ਕੇ ਪੂਰਬ ਵਲ ਚੀਨੀ-ਤਿਬਤੀ ਲੜੀਆਂ ਤੀਕ ਲਗਭਗ 2595 ਕਿ. ਮੀ. ਤੀਕ ਫੈਲਿਆ ਹੋਇਆ ਹੈ। ਇਸ ਸਿਲਸਿਲੇ ਵਿਚ ਧਰਤੀ ਉਪਰਲੀਆਂ ਸਭ ਤੋਂ ਉਚੀਆਂ ਲਗਭਗ ਬਾਰ੍ਹਾਂ ਲੜੀਆਂ ਇਕੱਠੀਆਂ ਹੋ ਜਾਂਦੀਆਂ ਹਨ। ਇਹ ਸਿਨਜੀਆਂਗ ਵੀਗੁਰ ਅਤੇ ਤਿੱਬਤ ਦੇ ਖ਼ੁਦਮੁਖ਼ਤਾਰ ਇਲਾਕਿਆਂ ਅਤੇ ਚਿੰਗਾਈ ਪ੍ਰਾਂਤ ਦੇ ਅੰਦਰ ਅੰਦਰ ਚੀਨ ਗਣਰਾਜ ਵਿਚ ਸਥਿਤ ਹੈ। ਇਸ ਤਰ੍ਹਾਂ ਕੁਨਲੂਨ ਪਹਾੜੀਆਂ 'ਹਾਈ ਏਸ਼ੀਆ' ਨਾਮੀ ਖੇਤਰ ਦਾ ਉੱਤਰੀ ਹਿੱਸਾ ਬਣਾਉਂਦੀਆਂ ਹਨ।

ਤਿੱਬਤ ਅਤੇ ਕੇਂਦਰੀ ਏਸ਼ੀਆ ਵਿਚਕਾਰਲੇ ਉੱਤਰੀ ਮੈਦਾਨ ਵਿਚਕਾਰ ਇਨ੍ਹਾਂ ਪਾਹੜੀਆਂ ਦੀ ਸਥਿਤੀ ਇਸ ਸਿਲਸਿਲੇ ਦੀ ਇਕ ਦਮ ਅਸਮਮਿਤੱਈ ਬਣਤਰ ਬਣਾਉਂਦੀ ਹੈ। ਭਾਵੇਂ ਦੱਖਣੀ ਲੜੀਆਂ ਵਿਚ ਜਲ-ਨਖੇੜ ਪਰਬਤਾਂ ਦੀ ਔਸਤਨ ਉਚਾਈ ਲਗਭਗ 6500 ਮੀ. ਹੈ। ਜਦੋਂ ਦੱਖਣ ਵਲੋਂ ਝਾਤੀ ਮਾਰੀਏ ਤਾਂ ਇਹ ਲੜੀਆਂ ਤਿੱਬਤ ਦੀ ਪਠਾਰ ਦੇ ਉਪਰੋਂ ਦੀ ਕੋਈ ਹਜ਼ਾਰ, ਡੇਢ ਹਜ਼ਾਰ ਮੀ. ਉੱਚੀਆਂ ਵਿਖਾਈ ਦਿੰਦੀਆਂ ਹਨ। ਉੱਤਰ ਵਲ ਤਾਰੀਮ ਅਤੇ ਆਲਾ ਸ਼ਾਨ ਮੈਦਾਨ ਤੋਂ ਉੱਤਰ ਵਲ ਦੀਆਂ ਜਲ ਨਖੇੜ ਲੜੀਆਂ (ਜਿਨ੍ਹਾਂ ਦੀ ਔਸਤ ਉਚਾਈ 800 ਮੀ. ਤੋਂ ਲੈ ਕੇ 1200 ਮੀ. ਤੀਕ ਹੈ) ਨੂੰ ਵੇਖੀਏ ਤਾਂ ਉਹ ਦਿਉ-ਕੱਦ ਪਹਾੜ ਜਾਪਦੇ ਹਨ। ਲੜੀਆਂ ਦੇ ਜਲ-ਨਖੇੜ ਪਰਬਤਾਂ ਦੀ ਉਚਾਈ ਆਲੇ-ਦੁਆਲੇ ਦੇ ਮੈਦਾਨਾਂ ਨਾਲ ਵੱਡੀਆਂ ਪਹਾੜੀਆਂ ਤੋਂ ਲਗਭਗ 4500 ਮੀ. ਜ਼ਿਆਦਾ ਹੈ।

ਪਹਾੜੀਆਂ ਦਾ ਆਮ ਰੁੱਖ ਤਾਂ ਪੂਰਬ ਤੋਂ ਪੱਛਮ ਵਲ ਅਖਸ਼ਾਂਸ ਦੇ ਸਮਾਂਤਰ ਹੈ ਪਰ ਤਾਰੀਮ ਬੇਸਿਨ, ਆਲਾ ਸ਼ਾਨ ਰੇਗਿਸਤਾਨ ਅਤੇ ਤਿੱਬਤੀ ਪਹਾੜਾਂ ਦੇ ਨਾਲ ਇਨ੍ਹਾਂ ਦੇ ਰੁੱਖ ਵਿਚ ਕਾਫ਼ੀ ਤਬਦੀਲੀ ਆਉਂਦੀ ਹੈ।

ਸਭ ਤੋਂ ਮਹੱਤਵਪੂਰਨ ਵਿਚਲਣਾਂ ਕੋਟਾਨ ਕੇਰੀਆ ਸੈਕਟਰ ਵਿਚ ਹੁੰਦੀਆਂ ਹਨ। ਇਥੇ ਉੱਤਰ ਪੱਛਮ ਤੋਂ ਦੱਖਣ-ਪੱਛਮ ਅਤੇ ਫਿਰ ਉੱਤਰ-ਪੱਛਮ ਵਲ ਮੁੜਦੇ ਹਨ।

ਕੁਨਲੂਨ ਪਹਾੜੀਆਂ ਦੀ ਲਗਭਗ ਸਾਰੀ ਦੀ ਸਾਰੀ ਲੰਬਾਈ ਵਿਚ ਲੜੀਆਂ ਦੀਆਂ ਸਮਾਂਤਰ ਸ਼ਾਖਾਵਾਂ ਢਲਦੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਉਚੀਆਂ ਲੰਬੀਆਂ ਸ਼ਾਖਾਵਾਂ ਤਿੱਬਤ ਦੇ ਨੇੜੇ ਦੀਆਂ ਹਨ। ਇਨ੍ਹਾਂ ਲੜੀਆਂ ਨੂੰ ਵਿਸ਼ਾਲ ਅਵਦਾਬ ਅਤੇ ਤੰਗ ਵਾਦੀਆਂ ਵਖ ਵਖ ਕਰਦੀਆਂ ਹਨ। ਆਲੇ-ਦੁਆਲੇ ਦੇ ਮੈਦਾਨਾਂ ਦੇ ਮੁਕਾਬਲੇ ਤੇ ਉਚੀਆਂ ਹੋਣ ਕਰਕੇ ਇਨ੍ਹਾਂ ਦੀਆਂ ਉੱਤਰੀ ਢਲਾਣਾਂ (ਤਾਰੀਮ ਅਤੇ ਆਲਾ ਸ਼ਾਨ ਵਲ ਦੀਆਂ) ਬਹੁਤ ਤਿਖੀਆਂ, ਵਧੇਰੇ ਖੜਵੀਆਂ ਅਤੇ ਪੇਚੀਦਾ ਤੌਰ ਤੇ ਕੱਟੀਆਂ ਵੱਢੀਆਂ ਹੋਈਆਂ ਹਨ। ਦੱਖਣੀ ਢਲਾਣਾਂ (ਤਿੱਬਤ ਵਲ ਦੀਆਂ) ਛੋਟੀਆਂ ਹਨ ਅਤੇ ਘਟ ਕੱਟੀਆਂ ਵੱਢੀਆਂ ਹੋਈਆਂ ਹਨ । ਹਿਮਾਲਾ ਦੀਆਂ ਚੋਟੀਆਂ ਦੇ ਮੁਕਾਬਲੇ ਤੇ ਕੁਨਲੂਨ ਪਹਾੜੀਆਂ ਦੀਆਂ ਚੋਟੀਆਂ ਕਈ ਸੌ ਮੀ. ਨੀਵੀਆਂ ਹਨ । ਕੁਨਲੂਨ ਅਤੇ ਹਿਮਾਲਾ ਪਰਬਤਾਂ ਦੀ ਔਸਤਨ ਉਚਾਈ ਲਗਭਗ ਬਰਾਬਰ ਹੈ। ਕੁਨਲੂਨ ਪਹਾੜੀ ਦਰਿਆ ਦੀ ਉਚਾਈ ਲਗਭਗ (5700 ਮੀ. ਤੋਂ ਲੈ ਕੇ ਲਗਭਗ 6100 ਮੀ. ਤੀਕ) ਹਿਮਾਲਾ ਦੇ ਦਰਿਆ ਤੋਂ ਬਹੁਤ ਜ਼ਿਆਦਾ ਹੈ ਜਿਹੜੇ ਬਹੁਤ ਡੂੰਘਾਈ ਤਕ ਖੁਰ ਚੁੱਕੇ ਹਨ।

ਬਣਤਰ ਪੱਖੋਂ ਕੁਨਲਨ ਸਿਲਸਿਲਾ ਇਕੋ ਜਿਹਾ ਨਹੀਂ ਹੈ। ਇਹ ਸਿਲਸਿਲਾ ਦੋ ਨਾ-ਬਰਾਬਰ ਖੰਡਾਂ ਛੋਟਾ ਪੱਛਮੀ ਭਾਗ ਅਤੇ ਮੁੱਖ ਪੂਰਬੀ-ਭਾਗ ਵਿਚਕਾਰ ਵੰਡਿਆ ਹੋਇਆ ਹੈ।

**ਪੱਛਮੀ ਕੁਨਲੂਨ**—ਇਸ ਵਿਚ ਪਾਮੀਰ ਤੋਂ ਲੈ ਕੇ ਕੋਟਾਨ ਕੇਰੀਆ ਦੇ ਵਿਚਲਨ ਤਕ ਦੀਆਂ ਤਿੰਨ ਸਮਾਂਤਰ ਲੜੀਆਂ ਸ਼ਾਮਲ ਹਨ। ਇਨ੍ਹਾਂ ਤਿੰਨ ਲੜੀਆਂ ਨੂੰ ਦੱਖਣੀ, ਵਿਚਕਾਰਲੀ ਅਤੇ ਉੱਤਰੀ ਲੜੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਪੱਛਮੀ ਕੁਨਲੂਨ ਦੀਆਂ ਲੜੀਆਂ ਇਕ ਦੂਜੇ ਦੇ ਬਹੁਤ ਨੇੜੇ ਹੋਣ ਕਾਰਨ ਕੋਈ ਕੁਲ 100 ਕਿ. ਮੀ. ਦੀ ਚੌੜਾਈ ਵਿਚ ਫੈਲੀਆਂ ਹੋਈਆਂ ਹਨ । ਪੱਛਮੀ ਕੁਨਲੂਨ ਪਹਾੜੀਆਂ ਦੀਆਂ ਚੋਟੀਆਂ ਦੇ ਸਭ ਤੋਂ ਉਚੇ ਗਰੁੱਪ ਇਸ ਦੀਆਂ ਬਾਹੀਆਂ ਤੇ ਮਿਲਦੇ ਹਨ।

**ਪੂਰਬੀ ਕੁਨਲੂਨ**—ਪੂਰਬੀ ਕੁਨਲੂਨ ਪਹਾੜੀਆਂ ਗੁੰਝਲਦਾਰ ਪਰਬਤੀ ਸ਼ਾਖਾਵਾਂ ਵਾਲੀਆਂ ਹਨ ਅਤੇ ਇਹ ਸ਼ਾਖਾਵਾਂ ਵਿਸ਼ਾਲ ਅੰਤਰ-ਪਰਬਤੀ ਵਾਦੀਆਂ ਦੇ ਦੁਆਲਿਉਂ ਗੁਜ਼ਰਦੀਆਂ ਹਨ। ਇਕੱਲੇ ਇਕੱਲੇ ਪਰਬਤ ਆਮ ਕਰਕੇ ਇਕ ਦੂਜੇ ਵਲ ਕੋਨਿਕ ਦਿਸ਼ਾ ਵਿਚ ਸਥਿਤ ਹਨ। ਇਥੇ ਪਹਾੜੀ ਸਿਲਸਿਲੇ ਦੀ ਚੌੜਾਈ ਇਕ ਦਮ ਵਧ ਕੇ ਲਗਭਗ 600 ਕਿ. ਮੀ. ਤੀਕ ਪਹੁੰਚ ਜਾਂਦੀ ਹੈ।

ਰੂਸੀ ਆਸਟਿਨ ਤਗ ਅਤੇ ਨਾਨ ਸ਼ਾਨ ਲੜੀਆਂ ਦਾ ਇਕ ਗਰੁੱਪ ਪੂਰਬੀ ਕੁਨਲੂਨ ਪਹਾੜੀ ਦੀ ਉੱਤਰੀ ਸ਼ਾਖਾ ਬਣਾਉਂਦਾ ਹੈ। ਕਈ ਲੋਕ ਇਸ ਨੂੰ ਸੁਤੰਤਰ ਪਰਬਤੀ ਸਿਲਸਿਲਾ ਮੰਨਦੇ ਹਨ । ਲਾਪ ਨਾਰ ਮੈਦਾਨ ਦੇ ਨੇੜੇ ਇਹ ਲੜੀਆਂ ਚਾਪ ਵਰਗੀ ਵਕਰ ਦਾ ਪ੍ਰਗਟਾਵਾ ਕਰਦੀਆਂ ਹਨ। ਇਥੇ ਇਨ੍ਹਾਂ ਲੜੀਆਂ ਦੀ ਸੇਧ ਦੱਖਣ-ਪੱਛਮ, ਉੱਤਰ-ਪੂਰਬ ਤੋਂ ਉੱਤਰ-ਪੱਛਮ, ਦੱਖਣ-ਪੂਰਬ ਵਲ ਨੂੰ ਬਦਲ ਜਾਂਦੀ ਹੈ। ਇਸ ਚਾਪ (ਉੱਤਰੀ-ਪੂਰਬੀ ਦਿਸ਼ਾ ਵਿਚ) ਦੀ ਪੱਛਮੀ ਸ਼ਾਖਾ ਵਿਚ ਦੋ ਲੜੀਆਂ ਆ ਜਾਂਦੀਆਂ ਹਨ ਜਿਨ੍ਹਾਂ ਦੀ ਚੌੜਾਈ ਲਗਭਗ 30 ਕਿ. ਮੀ. ਤੋਂ ਲੈ ਕੇ 40 ਕਿ. ਮੀ. ਤੀਕ ਹੁੰਦੀ ਹੈ। ਰੂਸੀ ਲੜੀ ਦੀ ਉਚਾਈ 6626 ਮੀ. ਤੀਕ ਉਚੀ ਚਲੀ ਜਾਂਦੀ ਹੈ। ਨਾਨ ਸ਼ਾਨ ਸਿਲਸਿਲੇ ਨੂੰ ਪੰਜ ਤੋਂ ਸੱਤ ਸ਼ਾਖਾਵਾਂ ਮਿਲ ਕੇ ਬਣਾਉਂਦੀਆਂ ਹਨ। ਪੂਰਬੀ ਕੁਨਲੂਨ ਦੀਆਂ ਮੁੱਖ ਲੜੀਆਂ ਸਾਈਦਾਮ ਬੇਸਿਨ ਅਤੇ ਤਿੱਬਤੀ ਉੱਚ ਭੂਮੀ ਵਿਚਕਾਰ ਸਥਿਤ ਹਨ।

**ਭੂ-ਵਿਗਿਆਨ**—ਕੁਨਲੂਨ ਪਰਬਤਾਂ ਦੀ ਮੋੜਦਾਰ ਬਣਤਰ ਅਤੇ ਗ੍ਰੇਨਾਈਟ ਚਟਾਨਾਂ ਹਰਸੀਨੀਅਨ ਯੁੱਗ (230,000,000 ਤੋਂ 250,000,000 ਸਾਲ ਪਹਿਲਾਂ) ਦੀ ਹੈ ਜਿਸ ਵੇਲੇ ਪੂਰਬੀ ਅਰਧ ਗੋਲੇ ਵਿਚ ਪਰਬਤ ਉਸਾਰੀ ਦਾ ਕੰਮ ਜ਼ੋਰਾਂ ਤੇ ਸੀ। ਕੁਨਲੂਨ ਪਹਾੜੀਆਂ ਦੇ ਸਾਰੇ ਦੇ ਸਾਰੇ ਅੰਦਰਲੇ ਅਵਦਾਬ ਮੁਕਾਬਲਤਨ ਨਵੇਂ ਸਮੇਂ ਦੀ ਬਣਤਰ ਹੈ ਜਿਹੜੇ ਨਿਖੇਪ ਦੁਆਰਾ ਹੋਂਦ ਵਿਚ ਆਏ ਅਤੇ 26,000,000 ਸਾਲ ਤੋਂ ਪੁਰਾਣੇ ਨਹੀਂ ਹਨ। ਇਨ੍ਹਾਂ ਵਿਚੋਂ ਕੇਵਲ ਸਾਈਦਾਮ ਬੇਸਿਨ, ਜੋ ਸਭ ਤੋਂ ਵੱਡਾ ਹੈ, ਜੁਰੈਸਿਕ ਸਮੇਂ (136,000,000 ਤੋਂ 190,000,000 ਸਾਲ ਪਹਿਲਾਂ) ਦੇ ਨਿਖੇਪਾਂ ਦੀ ਇਕ ਮੋਟੀ ਤਹਿਦਾਰ ਚਟਾਨ ਮਿਲਦੀ ਹੈ। ਕੁਨਲੂਨ ਪ੍ਰਿਥਵੀ ਦਾ ਉਹ ਹਿੱਸਾ ਹੈ

ਜਥੋਂ ਸਭ ਤੋਂ ਬਾਅਦ ਦੀਆਂ ਪ੍ਰਿਥਵੀ ਦੀ ਉਪਰਲੀ ਤਹਿ ਦੀਆਂ ਤੀਆਂ ਵੇਖਣ ਵਿਚ ਆਈਆਂ ਅਤੇ ਭੁਚਾਲੀ ਕ੍ਰਿਆ ਹੁੰਦੀ ਰਹੀ।

**ਦਰਿਆ**—ਕੁਨਲੂਨ ਹੀ ਕੇਂਦਰੀ ਏਸ਼ੀਆ ਵਿਚ ਕੇਵਲ ਇਕ ਜਿਹਾ ਖੇਤਰ ਹੈ ਜਿਥੇ ਅੰਤਰੀਵ ਜਲ-ਨਿਕਾਸ ਹੁੰਦਾ ਹੈ। ਇਥੇ ਇਹ ਨਕਾਸ ਇਥੋਂ ਦੇ ਸਾਈਦਾਮ, ਤਾਰੀਮ, ਆਲਾ ਸ਼ਾਨ ਅਤੇ ਕੁਲ-ਟਾਲਿਕ ਸਿਨਾਂ ਵਿਚ ਹੁੰਦਾ ਹੈ। ਇਸ ਦੇ ਪੂਰਬੀ ਹਿੱਸੇ ਵਿਚ, ਜਿਥੇ ਦਰਿਆ ਆਂਗ ਅਤੇ ਯੰਗਸੀ ਦੇ ਸੋਮੇ ਹਨ, ਦਾ ਜਲ-ਨਿਕਾਸ ਹੀ ਸਮੁੰਦਰ ਵਿਚ ਦਾ ਹੈ। ਭਾਵੇਂ ਦਰਿਆਵਾਂ ਦਾ ਕਾਰਨ ਵਰਖਾ ਵੀ ਹੈ ਪਰ ਇਨ੍ਹਾਂ ਦੇ ਲ ਦਾ ਮੁੱਖ ਸਾਧਨ ਪਹਾੜਾਂ ਤੇ ਜੰਮੀ ਬਰਫ ਵੀ ਹੈ। ਇਸ ਕਰਕੇ ਹ ਦਰਿਆ ਗਰਮੀਆਂ ਵਿਚ ਹੀ ਵਧੇਰੇ ਚਲਦੇ ਹਨ। ਇਥੋਂ ਦੇ ਮੁੱਖ ਰਿਆ ਗੋਜ਼, ਯਾਰਕੰਦ, ਕਾਲਾਕਾਸ਼ੀਹ, ਜੂ-ਲੰਗਕਾ ਸ਼ੀਹ, ਕੇਰੀਆ, -ਲਾ-ਮੁਲਾਨ ਹਨ ਜਿਹੜੇ ਵਿੰਗ-ਵਲੇਵੇਂ ਵਾਲੀਆਂ ਵਾਦੀਆਂ ਵਿਚ ਗਦੇ ਹਨ।

**ਜਲਵਾਯੂ**—ਕੁਨਲੂਨ ਕੇਂਦਰੀ ਏਸ਼ੀਆ ਦੇ ਖੁਸ਼ਕ ਖੰਡ ਵਿਚ ਥਿਤ ਹੋਣ ਕਰਕੇ ਹਿੰਦ ਮਹਾਸਾਗਰ ਅਤੇ ਸ਼ਾਂਤ ਮਹਾਸਾਗਰ ਦੀਆਂ ਨਸੂਨ ਪੌਣਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ। ਸਗੋਂ ਇਹ ਮਹਾਦੀਪੀ ਯੂ-ਸਮੂਹ ਦੇ ਪ੍ਰਵਾਹ ਹੇਠ ਰਹਿੰਦਾ ਹੈ ਜਿਸ ਕਰਕੇ ਇਥੇ ਵਾਰਸ਼ਿਕ ਤੇ ਦੈਨਿਕ ਤਾਪ-ਅੰਤਰ ਬਹੁਤ ਰਹਿੰਦਾ ਹੈ। ਉਚਾਈ ਨਾਲ ਵੀ ਲਵਾਯੂ ਵਿਚ ਬਹੁਤ ਅੰਤਰ ਹੁੰਦਾ ਹੈ। ਪੂਰਬ ਅਤੇ ਪੱਛਮ ਵਿਚ ਲਵਾਯੂ ਦਰਮਿਆਨੀ ਕਿਸਮ ਦਾ ਹੈ ਜਦੋਂ ਕਿ ਕੇਂਦਰ ਵਿਚ ਬਹੁਤ ਖੁਸ਼ਕ । ਪਤਝੜ ਵਿਚ ਤੇਜ਼ ਹਨ੍ਹੇਰੀਆਂ ਇਥੋਂ ਦਾ ਖਾਸ ਲੱਛਣ ਹੈ।

ਕੁਨਲੂਨ ਪਰਬਤਾਂ ਦੇ ਹੇਠਲਿਆਂ ਹਿੱਸਿਆਂ ਵਿਚ ਜੂਨ ਵਿਚ ਪਮਾਨ 25° ਤੋਂ 28° ਸੈਂ. (71°—88° ਫ਼ਾ.) ਰਹਿੰਦਾ ਹੈ ਅਤੇ ਰਦੀਆਂ ਵਿਚ ਕਦੇ ਵੀ—9° ਸੈਂ. (16° ਫ਼ਾ.) ਤੋਂ ਹੇਠਾਂ ਨਹੀਂ ਹੁੰਦਾ ਤੋਂ ਕਿ ਉਪਰਲੇ ਭਾਗਾਂ ਵਿਚ ਜੁਲਾਈ ਦਾ ਤਾਪਮਾਨ 10° ਸੈਂ. 50° ਫ਼ਾ.) ਤੋਂ ਘਟ ਹੁੰਦਾ ਹੈ ਅਤੇ ਸਰਦੀਆਂ ਵਿਚ ਡਿੱਗ ਕੇ—35 . (—31 ਫ਼ਾ.) ਤਕ ਆ ਜਾਂਦਾ ਹੈ। ਉਪਰਲੇ ਭਾਗਾਂ ਵਿਚ ਸਤ ਸਾਲਾਨਾ ਵਰਖਾ 5 ਸੈਂ. ਮੀ. ਅਤੇ ਹੇਠਲਿਆਂ ਭਾਗਾਂ ਵਿਚ 0 ਸੈਂ. ਮੀ. ਹੁੰਦੀ ਹੈ। ਕੁਨਲੂਨ ਦੇ ਉਪਰਲੇ ਹਿੱਸੇ ਦਾ ਜਲਵਾਯੂ ਬਤੀ ਸ਼ੀਤ ਮਾਰੂਥਲ ਕਿਸਮ ਦਾ ਅਤੇ ਹੇਠਲੇ ਹਿੱਸੇ ਦਾ ਗੋਬੀ ਦੇ ਰਮ ਮਾਰੂਥਲ ਕਿਸਮ ਦਾ ਹੈ।

ਇੰਨੀ ਉਚਾਈ ਦੇ ਬਾਵਜੂਦ ਵੀ ਇਥੇ ਗਲੇਸ਼ੀਅਰੀਕਰਨ ਦਾ ਖੁਸ਼ਕ ਜਲਵਾਯੂ ਕਾਰਨ ਬਹੁਤ ਘੱਟ ਹੁੰਦਾ ਹੈ।

**ਬਨਸਪਤੀ ਅਤੇ ਜੀਵ-ਜੰਤੂ**—ਜਲਵਾਯੂ ਖੁਸ਼ਕ ਅਤੇ ਧਰਾਤਲ ਣ-ਉਪਜਾਊ ਹੋਣ ਕਾਰਨ ਇਥੇ ਬਨਸਪਤੀ ਬਹੁਤ ਘਟ ਹੈ। ਕੇਵਲ ਤ ਪੱਤਿਆਂ ਅਤੇ ਡੂੰਘੀਆਂ ਜੜ੍ਹਾਂ ਵਾਲੀਆਂ ਝਾੜੀਆਂ ਹੀ ਮਿਲਦੀਆਂ ਨ।

ਖੁਸ਼ਕੀ ਕਾਰਨ ਜਾਨਵਰਾਂ ਦੀਆਂ ਕਿਸਮਾਂ ਵੀ ਘਟ ਮਿਲਦੀਆਂ ਨ। ਆਮ ਕਰਕੇ ਖੁਰਦਾਰ ਅਤੇ ਕੁਤਰਨ ਪ੍ਰਾਣੀ ਹੀ ਮਿਲਦੇ ਹਨ। ਦਾਰ ਜਾਨਵਰਾਂ ਵਿਚ ਜੰਗਲੀ ਭੇਡ, ਬੱਕਰੀ, ਗਧਾ ਅਤੇ ਯਾਕ ਲਦੇ ਹਨ ਅਤੇ ਕੁਤਰਨ ਪ੍ਰਾਣੀਆਂ ਵਿਚੋਂ ਖਰਗੋਸ਼ ਤੇ ਚੂਹਾ ਹਨ। ਨ੍ਹਾਂ ਤੋਂ ਇਲਾਵਾ ਬਘਿਆੜ, ਲੂੰਬੜੀ, ਰਿੱਛ ਅਤੇ ਬਰਫ਼ਾਨੀ ਚੀਤੇ ਲਦੇ ਹਨ।

**ਵਸੋਂ**—ਕੁਨਲੂਨ ਪਹਾੜੀਆਂ ਵਿਚੋਂ ਬਹੁਤੀਆਂ ਪਹਾੜੀਆਂ ਸੋਂ-ਰਹਿਤ ਹਨ। ਲਗਭਗ 3,050 ਮੀ. ਦੀ ਉਚਾਈ ਤੀਕ, ਵੱਡੇ ਰਿਆਵਾਂ ਦੀਆਂ ਵਾਦੀਆਂ ਵਿਚ ਹੀ ਥੋੜ੍ਹੀ ਜਿਹੀ ਆਬਾਦੀ ਮਿਲਦੀ । ਡੂੰਘੀਆਂ ਪਹਾੜੀਆਂ ਵਿਚ ਆਬਾਦੀ ਬਹੁਤ ਘਟ ਜਾਂਦੀ ਹੈ ਅਤੇ ਚਾਈ ਵਾਲੇ ਖੰਡਾਂ ਅਤੇ ਤਿੱਬਤੀ ਢਲਾਣ ਉਤੇ ਆਬਾਦੀ ਨਾ-ਮਾਤਰ ਰਹਿ ਜਾਂਦੀ ਹੈ। ਵੀਗੁਰ ਲੋਕ ਵਸੋਂ ਦਾ ਸਭ ਤੋਂ ਵੱਡਾ ਗਰੁੱਪ ਹਨ ਅਤੇ ਇਹ ਤਾਰੀਮ ਬੇਸਿਨ ਦੀ ਸਰਹੱਦ ਨਾਲ ਲਗਦੀਆਂ ਪੱਬੀਆਂ ਵਿਚ ਵੱਡੀਆਂ ਵੱਡੀਆਂ ਬਸਤੀਆਂ ਵਿਚ ਕੇਂਦ੍ਰਿਤ ਹਨ। ਤਾਜ਼ੀਕ ਪੱਛਮੀ ਪਹਾੜੀਆਂ ਅਤੇ ਮੰਗੋਲ ਲੋਕ ਪੂਰਬੀ ਪਹਾੜੀਆਂ ਵਿਚ ਰਹਿੰਦੇ ਹਨ। ਖੇਤੀਬਾੜੀ, ਛੋਟੇ ਪੈਮਾਨੇ ਦੇ ਕੰਮ ਕਾਰ ਅਤੇ ਖਾਨਾਬਦੋਸ਼ਾਂ ਵਾਂਗ ਪਸ਼ੂ ਪਾਲਣ ਪਹਾੜੀ ਲੋਕਾਂ ਦਾ ਮੁੱਢਲਾ ਕਿੱਤਾ ਹੈ। ਕਣਕ ਅਤੇ ਜੌਂ ਇਥੋਂ ਦੀਆਂ ਮੁੱਖ ਜ਼ਰਾਇਤੀ ਫਸਲਾਂ ਹਨ। ਭੇਡਾਂ, ਬੱਕਰੀਆਂ ਅਤੇ ਯਾਕ ਇਥੋਂ ਦੇ ਸਥਾਨਿਕ ਪਸ਼ੂ ਹਨ।

ਕੁਨਲੂਨ ਪਹਾੜੀਆਂ ਦੇ ਅੰਦਰਲੇ ਹਿੱਸੇ ਦਾ ਪੂਰਾ ਅਧਿਐਨ ਨਹੀਂ ਹੋ ਸਕਿਆ ਇਸ ਕਰਕੇ ਇਸ ਵਿਸ਼ਾਲ ਅਤੇ ਭੂ-ਵਿਗਿਆਨਕ ਪੱਖੋਂ ਬਿਖਮ ਇਲਾਕੇ ਵਿਚ ਖਣਿਜੀ ਸਾਧਨਾਂ ਬਾਰੇ ਵੀ ਸੂਚਨਾ ਨਾ-ਮਾਤਰ ਹੀ ਮਿਲੀ ਹੈ। ਇਸ ਪਹਾੜੀ ਸਿਲਸਿਲੇ ਦੇ ਕਈ ਭਾਗਾਂ ਵਿਚ ਸੋਨਾ ਪੈਦਾ ਕਰਨ ਵਾਲੇ ਨਿਖੇਪ ਮਿਲੇ ਹਨ। ਮੁੱਖ ਤੌਰ ਤੇ ਯੁਰੰਗਕਸ਼ ਦੇ ਉਪਰਲੇ ਮਾਰਗ ਦੇ ਨਾਲ ਨਾਲ ਹੀ, ਵੀਹਵੀਂ ਸਦੀ ਦੇ ਸ਼ੁਰੂ ਹੋਣ ਤੀਕ ਸੋਨਾ ਕੱਢਿਆ ਗਿਆ ਸੀ। ਨੈਫ਼ਰਾਈਟ ਨਾਂ ਦਾ ਖਣਿਜ ਪਦਾਰਥ ਇਕ ਬਹੁਤ ਚੌੜੇ ਖੇਤਰ ਵਿਚ ਖਿਲਰਿਆ ਪਿਆ ਹੈ। ਪੱਛਮੀ ਕੁਨਲੂਨ ਪਹਾੜੀਆਂ ਦੀ ਉੱਤਰੀ ਸ਼ਾਖਾ ਦੇ ਕਈ ਥਾਵਾਂ ਤੇ ਸਿੱਕੇ ਅਤੇ ਜਿਸਤ ਦੇ ਥੋੜ੍ਹੇ ਜਿਹੇ ਨਿਖੇਪ ਮਿਲੇ ਹਨ। ਕਾਲਾਕਾਸ਼ੀਹ ਹੋ ਵਾਦੀ ਵਿਚ ਕਲੀ ਪੈਦਾ ਕਰਨ ਵਾਲੇ ਨਿਖੇਪਾਂ ਦੇ ਵੀ ਸੰਕੇਤ ਮਿਲੇ ਹਨ। ਨਾਨ ਸ਼ਾਨ ਅਤੇ 'ਆਸਟਿਨ ਤਾ' ਲੜੀਆਂ ਵਿਚ ਲੋਹੇ, ਕ੍ਰੋਮਾਈਟ ਦੀ ਕੱਚੀ ਧਾਤ ਅਤੇ ਤਾਂਬੇ ਦੇ ਨਿਖੇਪਾਂ ਬਾਰੇ ਪਤਾ ਲਗਾ ਹੈ। ਸਾਈਦਾਮ ਬੇਸਿਨ ਵਿਚ ਤੇਲ ਵੀ ਮਿਲਿਆ ਹੈ। ਪੱਛਮੀ ਅਤੇ ਪੂਰਬੀ ਕੁਨਲੂਨ ਪਹਾੜੀਆਂ ਵਿਚ ਦੇ ਅੰਤਰ ਪਰਬਤੀ ਬੇਸਿਨਾਂ ਵਿਚ ਕੋਲਾ ਪੈਦਾ ਕਰਨ ਵਾਲੇ ਵਿਸਤ੍ਰਿਤ ਨਿਖੇਪ ਹਨ। ਭਾਵੇਂ ਵਿਰੋਂ ਬਹੁਤੇ ਖੇਤਰਾਂ ਵਿਚੋਂ ਕੋਲੇ ਦੀ ਖਾਣ ਖੁਦਾਈ ਕੀਤੀ ਜਾਂਦੀ ਹੈ ਪਰ ਇਹ ਕੇਵਲ ਛੋਟੇ ਪੈਮਾਨੇ ਤੇ ਅਤੇ ਸਥਾਨਕ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਹੈ।

ਸਖਤ ਕੁਦਰਤੀ ਵਾਤਾਵਰਨ, ਪਹਾੜੀਆਂ ਦੀਆਂ ਉੱਚੀਆਂ ਬੁਲੰਦੀਆਂ, ਪਹੁੰਚਣ ਦੀਆਂ ਮੁਸ਼ਕਲਾਂ, ਪਾਣੀ ਦੀ ਸਪਲਾਈ ਦੀ ਥੁੜ ਅਤੇ ਵਸੋਂ ਦੀ ਘਾਟ ਕਾਰਨ ਕੁਨਲੂਨ ਪਹਾੜੀਆਂ ਦੇ ਖਣਿਜੀ ਸਾਧਨਾਂ ਨੂੰ ਪੂਰੀ ਤਰ੍ਹਾਂ ਉਪਯੋਗ ਵਿਚ ਨਹੀਂ ਲਿਆਂਦਾ ਜਾ ਸਕਿਆ।

ਹ. ਪੁ.—ਐਨ. ਬ੍ਰਿ. ਮਾ. 10 : 543

**ਕੁਨਾਰ** : ਉੱਤਰੀ-ਪੂਰਬੀ ਅਫ਼ਗਾਨਿਸਤਾਨ ਵਿਚ ਇਕ ਸੂਬਾ (ਵਿਲਾਇਤ) ਹੈ ਜਿਸ ਦੇ ਪੂਰਬ ਵਲ ਪਾਕਿਸਤਾਨ, ਦੱਖਣ ਵੱਲ ਨੰਗਰਹਾਰ, ਪੱਛਮ ਵਲ ਲਘਮਾਨ ਅਤੇ ਉੱਤਰ ਵਲ ਬਦਖਸ਼ਾਨ ਨਾਮੀ ਅਫ਼ਗਾਨਿਸਤਾਨ ਦਾ ਸੂਬਾ ਹੈ। ਸੂਬੇ ਦਾ ਕੁਲ ਰਕਬਾ 9,693 ਵ.ਕਿ. ਮੀ. ਅਤੇ ਆਬਾਦੀ ਲਗਭਗ 324,710 (1970) ਹੈ। ਇਸ ਦਾ ਪਰਬਤੀ ਭੂ-ਭਾਗ ਹਿੰਦੂਕੁਸ਼ ਲੜੀ ਦਾ ਹਿੱਸਾ ਹੈ ਅਤੇ ਕੁਨਾਰ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਇਸ ਨੂੰ ਆਰ-ਪਾਰ ਕਰਦੀਆਂ ਹਨ। ਸੰਨ 1970 ਦੇ ਦਹਾਕੇ ਦੇ ਅੰਤ ਤੀਕ ਸੂਬੇ ਦੇ ਦੇਹਾਤੀ ਖੇਤਰ ਵਿਚ ਚਾਲੂ ਹੋਏ ਵਿਕਾਸ ਪ੍ਰੋਗਰਾਮਾਂ ਨਾਲ ਖੇਤੀਬਾੜੀ, ਸਿੱਖਿਆ ਅਤੇ ਮੈਡੀਕਲ ਸਹਾਇਤਾ ਦਿਤੀ ਗਈ।

ਹ. ਪੁ.—ਐਨ. ਬ੍ਰਿ. ਮਾ. 5 : 881

**ਕੁਨਾਲ** : ਇਹ ਸਮਰਾਟ ਅਸ਼ੋਕ ਦਾ ਪੁੱਤਰ ਸੀ। ਵਾਯੂ ਪੁਰਾਨ ਅਨੁਸਾਰ ਇਹ ਅਸ਼ੋਕ ਤੋਂ ਪਿਛੋਂ ਰਾਜਗੱਦੀ ਤੇ ਬੈਠਾ ਅਤੇ ਇਸ ਨੇ 8 ਸਾਲ ਰਾਜ ਕੀਤਾ।

ਪਰੰਤੂ ਦੱਖਣੀ ਇਤਿਹਾਸਕਾਰਾਂ ਅਨੁਸਾਰ ਇਸ ਦੀ ਮਤਰੇਈ ਮਾਂ ਤਿਸਯਾਰਕਸ਼ਿਤਾ ਨੇ ਇਸਦੀਆਂ ਸੁੰਦਰ ਅੱਖਾਂ ਨੂੰ ਆਪਣੀ ਨਿਜੀ ਈਰਖਾ ਕਾਰਨ ਨਸ਼ਟ ਕਰਵਾ ਦਿਤਾ ਸੀ। ਇਸ ਤਰ੍ਹਾਂ ਅੰਨ੍ਹਾ ਹੋ ਜਾਣ ਕਾਰਨ ਇਹ ਰਾਜ-ਗੱਦੀ ਦਾ ਅਧਿਕਾਰ ਗੁਆ ਬੈਠਾ ਸੀ ਅਤੇ ਸਮਰਾਟ

ਅਸ਼ੋਕ ਨੇ ਇਸ ਦੇ ਪੁੱਤਰ ਸੰਪਰਾਤੀ ਨੂੰ ਰਾਜਗੱਦੀ ਦੇ ਕੇ ਆਪਣਾ ਜਾਨਸ਼ੀਨ ਬਣਾ ਲਿਆ ਸੀ ।

ਸੰਪਰਾਤੀ ਜੈਨ ਮੱਤ ਦਾ ਉਪਾਸ਼ਕ ਸੀ ।

ਹ. ਪੁ.—ਇਤਿਹਾਸ ਪ੍ਰਾਚੀਨ ਭਾਰਤ : 179

**ਕੁਨੀਨ** : ਇਹ ਸਿਨਕੋਨਾ ਦੇ ਛਿੱਲੜ ਦਾ ਇਕ ਪ੍ਰਸਿੱਧ ਐਲਕੇਲਾਇਡ ਹੈ ਜਿਸ ਦੀ ਮੁੱਖ ਵਰਤੋਂ ਮਲੇਰੀਆ ਬੁਖਾਰ ਦੇ ਇਲਾਜ ਲਈ ਕੀਤੀ ਜਾਂਦੀ ਹੈ । ਪਹਿਲੇ ਸੰਸਾਰ ਯੁੱਧ ਤੋਂ 300 ਸਾਲ ਪਹਿਲਾਂ ਤਕ ਮਲੇਰੀਆ ਦੇ ਇਲਾਜ ਲਈ ਇਹ ਇਕੋ ਇਕ ਅਸਰਦਾਇਕ ਦਵਾਈ ਸੀ । ਛੂਤ ਵਾਲੀਆਂ ਬਿਮਾਰੀਆਂ ਲਈ ਵਰਤੀਆਂ ਜਾਂਦੀਆਂ ਸਾਰੀਆਂ ਦਵਾਈਆਂ ਨਾਲੋਂ ਕੁਨੀਨ ਵਧੇਰੇ ਲਾਭਕਾਰੀ ਸਿੱਧ ਹੋਈ ਹੈ । ਕੁਨੀਨ ਦੁਆਰਾ ਮਲੇਰੀਆ ਦਾ ਇਲਾਜ ਰਸਾਇਣਕ ਯੋਗਿਕਾਂ ਦੁਆਰਾ ਕਿਸੇ ਛੂਤ ਦੀ ਬਿਮਾਰੀ ਦਾ ਇਲਾਜ ਕਰਨ ਵਲ ਪਹਿਲੀ ਕਾਮਯਾਬੀ ਸੀ ।

ਸਿਨਕੋਨਾ ਦੇ ਦੂਸਰੇ ਐਲਕੇਲਾਇਡਾਂ ਵਾਂਗ ਕੁਨੀਨ ਇਕ ਵੱਡਾ ਅਤੇ ਗੁੰਝਲਦਾਰ ਅਣੂ ਹੈ ਜਿਸ ਦਾ ਅਣਵੀ ਫਾਰਮੂਲਾ $C_{20}H_{24}O_2N_2$ ਹੈ । ਇਸ ਦਾ ਪਿਘਲਾਉ ਦਰਜਾ 177° ਸੈਂ. ਹੈ । ਰਾਬਰਟ ਬੀ. ਵੁਡਵਾਰਡ ਅਤੇ ਵਿਲੀਅਮ ਫ਼ਾਨ ਈ. ਡੂਅਰਿੰਗ ਨੇ ਇਸ ਨੂੰ 1945 ਵਿਚ ਪ੍ਰਯੋਗਸ਼ਾਲਾ ਵਿਚ ਪਹਿਲੀ ਵਾਰੀ ਤਿਆਰ ਕੀਤਾ ।

ਕੁਨੀਨ ਖ਼ੂਨ ਦੇ ਲਾਲ ਸੈੱਲਾਂ ਵਿਚ ਮਲੇਰੀਆ ਦੇ ਪਰਜੀਵੀਆਂ ਦੇ ਵਾਧੇ ਅਤੇ ਪੁਨਰ-ਉਤਪਾਦਨ ਨੂੰ ਰੋਕਦੀ ਹੈ । ਇਨ੍ਹਾਂ ਪਰਜੀਵੀਆਂ ਦੀ ਊਰਜਾ ਦਾ ਮੁੱਖ ਸ੍ਰੋਤ ਗਲੂਕੋਸ ਹੈ ਅਤੇ ਕੁਨੀਨ ਗਲੂਕੋਸ ਦਾ ਆਕਸੀਕਰਨ ਹੋਣ ਤੋਂ ਰੋਕਦੀ ਹੈ, ਜਿਸ ਨਾਲ ਪਰਜੀਵੀ ਵਧਣੋਂ ਰੁਕ ਜਾਂਦੇ ਹਨ । ਕੁਨੀਨ ਖਾਣ ਨਾਲ ਮਰੀਜ਼ ਦੇ ਖ਼ੂਨ ਵਿਚੋਂ ਇਹ ਪਰਜੀਵੀ ਝਟ ਗਾਇਬ ਹੋ ਜਾਂਦੇ ਹਨ ਅਤੇ ਸਿੱਟੇ ਵਜੋਂ ਬਿਮਾਰੀ ਦੇ ਲੱਛਣ ਬਹੁਤ ਹੀ ਜਲਦੀ ਘੱਟ ਜਾਂਦੇ ਹਨ । ਜਦੋਂ ਮਰੀਜ਼ ਕੁਨੀਨ ਖਾਣੀ ਬੰਦ ਕਰ ਦਿੰਦਾ ਹੈ ਤਾਂ ਕਈ ਵਾਰੀ ਠੀਕ ਹੋਏ ਮਰੀਜ਼ਾਂ ਨੂੰ ਕਈ ਹਫ਼ਤੇ ਬਾਅਦ ਮਲੇਰੀਆ ਫਿਰ ਹੋ ਜਾਂਦਾ ਹੈ । ਇਸ ਦਾ ਕਾਰਨ ਇਹ ਹੁੰਦਾ ਹੈ ਕਿ ਕੁਨੀਨ ਦੁਆਰਾ ਖ਼ੂਨ ਦੇ ਲਾਲ ਸੈੱਲਾਂ ਵਿਚਲੇ ਪਰਜੀਵੀ ਤਾਂ ਮਰ ਜਾਂਦੇ ਹਨ ਪ੍ਰੰਤੂ ਸਰੀਰ ਦੇ ਦੂਸਰੇ ਸੈੱਲਾਂ ਵਿਚ ਪਰਜੀਵੀ ਬਾਕੀ ਰਹਿ ਜਾਂਦੇ ਹਨ । ਬਾਕੀ ਬਚੇ ਇਹ ਪਰਜੀਵੀ ਸਰੀਰ ਦੇ ਸੈੱਲਾਂ ਵਿਚੋਂ ਹੌਲੀ-ਹੌਲੀ ਖ਼ੂਨ ਦੇ ਲਾਲ ਸੈੱਲਾਂ ਵਿਚ ਦਾਖ਼ਲ ਹੋ ਜਾਂਦੇ ਹਨ ਅਤੇ ਮੁੜ ਮਲੇਰੀਆ ਹੋ ਜਾਂਦਾ ਹੈ ।

ਕਿਉਂਕਿ ਕੁਨੀਨ ਮਲੇਰੀਏ ਦਾ ਇਲਾਜ ਪੂਰੀ ਤਰ੍ਹਾਂ ਨਹੀਂ ਕਰਦੀ, ਇਸ ਲਈ ਬੜੀ ਦੇਰ ਤੋਂ ਮਲੇਰੀਏ ਦੇ ਪੂਰਨ ਇਲਾਜ ਲਈ ਦਵਾਈਆਂ ਦੀ ਖੋਜ ਜਾਰੀ ਰਹੀ । ਦੂਸਰੇ ਸੰਸਾਰ ਯੁੱਧ ਦੇ ਸ਼ੁਰੂ ਹੋਣ ਤਕ ਅਜਿਹੀਆਂ ਦੋ ਨਵੀਆਂ ਦਵਾਈਆਂ, ਅਰਥਾਤ ਪਰਿਮਾਕੁਈਨ ਨੈਫ਼ਥੋਲੇਟ (ਪਲਾਸਮੋਚਿਨ) ਅਤੇ ਕੁਈਨਾਸਰੀਨ ਹਾਈਡ੍ਰੋਕਲੋਰਾਈਡ (ਐਟਾਬਰਾਈਨ) ਦਾ ਜਰਮਨੀ ਵਿਚ ਸੰਸ਼ਲੇਸ਼ਣ ਹੋ ਚੁੱਕਾ ਸੀ । ਇਹ ਅਸਰਦਾਇਕ ਜ਼ਰੂਰ ਸਨ ਪ੍ਰੰਤੂ ਕੁਨੀਨ ਨਾਲੋਂ ਵਧੀਆ ਨਹੀਂ ਸਨ । ਇਸ ਤੋਂ ਮਗਰੋਂ ਵੀ ਮਲੇਰੀਆ ਦੇ ਇਲਾਜ ਲਈ ਦਵਾਈਆਂ ਦੀ ਖੋਜ ਹੁੰਦੀ ਰਹੀ ਅਤੇ ਕੁਝ ਕੁ ਦਵਾਈਆਂ ਜਿਵੇਂ ਕਲੋਰੋਕੁਈਨ, ਪਰਿਮਾਕੁਈਨ, ਕਲੋਰਗੁਐਨਾਈਡ ਅਤੇ ਪਿਰੀਮੀਥੈਮੀਨ ਹੋਂਦ ਵਿਚ ਆਈਆਂ । ਇਨ੍ਹਾਂ ਵਿਚੋਂ ਪਰਿਮਾਕੁਈਨ ਅਤੇ ਪਿਰੀਮੀਥੈਮੀਨ, ਖ਼ੂਨ ਅਤੇ ਟਿਸ਼ੂ ਦੋਹਾਂ ਵਿਚਲੇ ਪਰਜੀਵਾਂ ਉਤੇ ਅਸਰ ਕਰਦੀਆਂ ਹਨ, ਜਿਸ ਕਾਰਨ ਮਲੇਰੀਆ ਦਾ ਪੂਰਨ ਇਲਾਜ ਹੋ ਜਾਂਦਾ ਹੈ ।

ਮਲੇਰੀਆ ਤੋਂ ਬਿਨਾਂ ਕੁਨੀਨ ਦੀ ਵਰਤੋਂ ਕਈ ਵਾਰੀ ਆਮ ਬੁਖ਼ਾਰ ਅਤੇ ਦਰਦ ਘਟਾਉਣ ਲਈ ਵੀ ਕਰ ਲਈ ਜਾਂਦੀ ਹੈ । ਕੁਨੀਨ ਦੀ ਬਹੁਤੀ ਵਰਤੋਂ ਨਾਲ ਬੋਲਾਪਨ, ਨਜ਼ਰ ਦਾ ਘਟਣਾ, ਚਮੜੀ ਉਤੇ ਰੁਕਤ-ਪਿੱਤੀ ਅਤੇ ਹਾਜ਼ਮਾ ਖ਼ਰਾਬ ਹੋਣ ਦਾ ਡਰ ਰਹਿੰਦਾ ਹੈ ।

ਹ. ਪੁ.—ਐਨ. ਬ੍ਰਿ. 18 : 968; ਆ. ਕੈ—ਵਿਨਾਰ. 2 : 528

**ਕੁਪਕਾ, ਫਰੇਂਟੀਜ਼ੇਕ** : ਇਹ ਚੈਕੋਸਲੋਵੇਕੀਆ ਦਾ ਭਾਵਵਾਦੀ ਚਿਤਰਕਾਰ ਹੋਇਆ ਹੈ, ਇਸ ਦਾ ਜਨਮ 23 ਸਤੰਬਰ, 1871 ਨੂੰ ਬੋਹੀਮੀਆ ਵਿਚ ਓਪੋਕਨੋ ਵਿਖੇ ਹੋਇਆ । ਇਸ ਨੇ ਪ੍ਰੇਗ ਅਤੇ ਵੀਐਨਾ ਦੀਆਂ ਅਕੈਡਮੀਆਂ ਤੋਂ ਅਤੇ ਪੈਰਿਸ ਵਿਚ (*Ecole des Beaux Arts*) ਤੋਂ ਸਿਖਿਆ ਪ੍ਰਾਪਤ ਕੀਤੀ । ਸੰਨ 1895 ਤੋਂ ਇਹ ਪੈਰਿਸ ਵਿਚ ਵਸ ਗਿਆ । ਇਥੇ ਇਸ ਨੇ ਵਿਅੰਗਪੂਰਨ ਰੇਖਾ-ਚਿਤਰ ਅਤੇ ਤਸਵੀਰਾਂ ਬਣਾਈਆਂ ।

ਆਪਣੀ ਤਸਵੀਰ 'ਡਿਸਕਸ ਆਫ਼ ਨਿਊਟਨ' (1912) ਬਣਾ ਕੇ ਇਸ ਨੇ ਸਭ ਤੋਂ ਪਹਿਲਾਂ ਭਾਵਵਾਦੀ ਚਿਤਰਕਾਰੀ ਦਾ ਆਰੰਭ ਕੀਤਾ । ਇਸ ਤੋਂ ਇਲਾਵਾ ਇਸ ਨੇ ਕਈ ਪ੍ਰਸਿੱਧ ਭਾਵਮਈ ਚਿਤਰ ਬਣਾਏ । ਸੰਨ 1920 ਵਿਚ ਕੁਪਕਾ ਪ੍ਰੇਗ ਅਕੈਡਮੀ ਵਿਚ ਪ੍ਰੋਫ਼ੈਸਰ ਲਗ ਗਿਆ । ਸੰਨ 1937 ਵਿਚ ਇਸ ਨੇ ਪੈਰਿਸ ਇੰਟਰਨੈਸ਼ਨਲ ਪ੍ਰਦਰਸ਼ਨੀ ਵਿਚ ਆਪਣੇ ਚਿਤਰ ਲਈ ਗੋਲਡ ਮੈਡਲ ਜਿੱਤਿਆ ।

ਸੰਨ 1957 ਵਿਚ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 13 : 512

**ਕੁਬਜ ਵਿਸ਼ਨੂੰ ਵਰਧਨ** : ਇਹ ਬਾਦਾਮੀ ਦਾ ਚਾਲੂਕੀਆ ਹਾਕਮ ਤੇ ਪੁਲਕੇਸ਼ੀ ਦੂਜੇ ਦਾ ਛੋਟਾ ਭਾਈ ਸੀ । ਇਸ ਦੇ ਵਿਰੁੱਧ 'ਪ੍ਰਿਥਵੀ ਵਲਭ ਯੁਵਰਾਜ, ਵਿਸ਼ਮਸਿੱਧੀ' ਆਦਿ ਸਨ । ਸੱਤਵੀਂ ਸਦੀ ਈਸਵੀ ਦੇ ਪਹਿਲੇ ਅੱਧ ਵਿਚ ਪੁਲਕੇਸ਼ੀ ਨੇ ਇਸ ਦੀ ਸਹਾਇਤਾ ਨਾਲ ਪੂਰਬੀ ਤੱਟ ਦੇ ਦੇਸ਼ਾਂ ਨੂੰ ਜਿੱਤਿਆ ਅਤੇ ਵਿਸ਼ਣੂ ਵਰਧਨ ਨੂੰ ਵਿਸ਼ਾਖਾਪਟਨਮ ਤੋਂ ਲੈ ਕੇ ਨੈਲੋਰ ਜ਼ਿਲ੍ਹੇ ਦੇ ਉੱਤਰੀ ਭਾਗ ਤਕ ਦਾ ਹਾਕਮ ਨਿਯੁਕਤ ਕੀਤਾ । ਇਸ ਬੰਸ ਦੇ ਅਭਿਲੇਖਾਂ ਅਨੁਸਾਰ ਇਸ ਦਾ ਰਾਜ ਪੂਰੇ ਵੇਂਗੀਮੰਡਲ ਉਤੇ ਸੀ । ਵਿਸ਼ਨੂੰ ਵਰਧਨ ਪੂਰਵੀ ਚਾਲੂਕੀਆ ਰਾਜ ਬੰਸ ਨੂੰ ਚਲਾਉਣ ਵਾਲਾ ਸੀ, ਜਿਹੜਾ ਗਿਆਰ੍ਹਵੀਂ ਸਦੀ ਤਕ ਚਲਦਾ ਰਿਹਾ । ਸੰਸਕ੍ਰਿਤ ਦਾ ਪ੍ਰਸਿੱਧ ਕਵੀ ਭਾਰਵੀ ਉਸ ਦੀ ਸਭਾ ਦਾ ਰਤਨ ਕਿਹਾ ਜਾਂਦਾ ਹੈ ।

ਹ. ਪੁ.—ਹਿੰ. ਵਿ. ਕੋ. 3 : 66

**ਕੁਬਜਾ** : ਇਹ ਮਥਰਾ ਦੇ ਪ੍ਰਸਿੱਧ ਰਾਜੇ ਕੰਸ ਦੀ ਇਕ ਨੌਕਰਾਣੀ ਸੀ ਜਿਸ ਦਾ ਕੰਮ ਮਾਲਿਸ਼ ਕਰਨਾ ਸੀ । ਬ੍ਰਹਮਵੈਵਰਤ ਪੁਰਾਣ ਅਨੁਸਾਰ ਇਹ ਪਿਛਲੇ ਜਨਮ ਵਿਚ ਸਰੂਪਨਖਾ ਸੀ ਜਿਸ ਨੇ ਰਾਮ ਨੂੰ ਪਤੀ ਰੂਪ ਵਿਚ ਪਾਉਣ ਲਈ ਬਹੁਤ ਤਪ ਕੀਤਾ ਸੀ । ਬ੍ਰਹਮਾ ਦੇ ਵਰ ਸਦਕਾ ਇਹ ਦੂਜੇ ਜਨਮ ਵਿਚ ਕੁਬਜਾ ਬਣੀ ਅਤੇ ਰਾਮ ਜੀ ਨੂੰ ਸ੍ਰੀ ਕ੍ਰਿਸ਼ਨ ਦੇ ਰੂਪ ਵਿਚ ਪ੍ਰਾਪਤ ਕੀਤਾ । ਇਸ ਦੇ ਸਰੀਰ ਵਿਚ ਤਿੰਨ ਕੁੱਬ ਸਨ । ਕਹਿੰਦੇ ਹਨ ਕਿ ਸ੍ਰੀ ਕ੍ਰਿਸ਼ਨ ਦੇ ਛੂਹਣ ਨਾਲ ਉਹ ਤਿੰਨੇ ਵਲ ਨਿਕਲ ਗਏ । ਸ੍ਰੀ ਕ੍ਰਿਸ਼ਨ ਅਤੇ ਬਲਰਾਮ ਅਕਰੂਰ ਨਾਲ ਦੋਵੇਂ ਭਰਾ ਜਦੋਂ ਕੰਸ ਦਾ ਧਨੁਰਯੱਗ ਦੇਖਣ ਮਥਰਾ ਆਏ ਤਾਂ ਉਨ੍ਹਾਂ ਦੇ ਸੁਆਗਤ ਲਈ ਕੁਬਜਾ ਹੱਥ ਵਿਚ ਚੰਦਨ ਆਦਿ ਲਈ ਖੜ੍ਹੀ ਸੀ । ਕੁੱਬ ਨਿਕਲ ਜਾਣ ਤੇ ਕ੍ਰਿਸ਼ਨ ਜੀ ਨੇ ਇਕ ਰਾਤ ਇਸ ਨਾਲ ਬਿਤਾਈ ਜਿਸ ਦੇ ਫਲਸਰੂਪ ਇਹ ਮੁਕਤੀ ਪਾ ਕੇ ਬੈਕੁੰਠ ਵਿਚ ਚੰਦਰਮੁਖੀ ਨਾਮਕ ਗੋਪੀ ਬਣ ਕੇ ਰਹਿਣ ਲੱਗੀ । ਇਸ ਨਾਂ ਦੀ ਇਕ ਯੋਗਨੀ ਵੀ ਹੈ ਜਿਸ ਨੂੰ ਕਾਸ਼ੀ ਦੀਆਂ 64 ਯੋਗਨੀਆਂ ਵਿਚ ਉੱਤਮ ਮੰਨਿਆਂ ਜਾਂਦਾ ਹੈ ।

ਹ. ਪੁ.—ਹਿੰ. ਵਿ. ਕੋ. 3 : 66

**ਕੁਬਲਾ ਖ਼ਾਂ** : ਮੰਗੋਲ ਖ਼ਾਨਦਾਨ ਦੇ ਬਾਨੀ ਅਤੇ ਪਹਿਲੇ ਸ਼ਹਿਨਸ਼ਾਹ, ਵਿਸ਼ਵ-ਪ੍ਰਸਿੱਧ ਮੰਗੋਲ ਜੇਤੂ ਚੰਗੇਜ਼ ਖ਼ਾਂ ਦੇ ਪੋਤਰੇ ਅਤੇ ਉਸ ਦੇ ਮਹਾਨ ਉਤਰਾਧਿਕਾਰੀ, ਨਾਮਵਰ ਜਰਨੈਲ, ਉੱਚ ਕੋਟੀ ਦੇ ਨੀਤੀਵਾਨ ਅਤੇ ਮੰਗੂ ਖ਼ਾਂ ਅਤੇ ਹਲਾਕੂ ਦੇ ਭਰਾ ਦਾ ਜਨਮ ਸੰਨ 1216 ਵਿਚ ਤੂਲੂਈ ਦੇ ਘਰ ਹੋਇਆ । ਅਜੇ 35 ਕੁ ਸਾਲਾਂ ਦਾ ਹੀ ਸੀ ਜਦੋਂ ਇਹ ਸੰਨ 1251 ਵਿਚ ਮੰਗੋਲ ਸਾਮਰਾਜ ਦੇ ਵਿਸਥਾਰ ਅਤੇ ਸੰਗਠਨ ਵਿਚ ਮਹਤਵਪੂਰਨ ਹਿੱਸਾ ਲੈਣ ਲਗ ਪਿਆ ਸੀ । ਇਸ ਤੋਂ ਬਾਅਦ ਜਦੋਂ ਇਸ ਦਾ ਵੱਡਾ ਭਰਾ ਮੰਗੂ ਖ਼ਾਂ ਮੰਗੋਲ ਖ਼ਾਨ ਬਣਿਆ ਸੀ ਤਾਂ

ਦੱਖਣੀ ਚੀਨ ਨੂੰ ਫ਼ਤਹਿ ਕਰਨ ਲਈ ਲੜਾਈ ਵਿਚ ਇਸ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਟਾਨਕਿਨ ਦੇ ਅੰਦਰ ਨੂੰ ਅਤੇ ਤਿੱਬਤ ਦੀ ਸਰਹੱਦ ਤੀਕ ਅੱਗੇ ਜਾ ਵਧਿਆ ਸੀ । ਸੰਨ 1259 ਵਿਚ ਮੰਗੂ ਦੀ



ਕੁਬਲਾ ਖ਼ਾਂ

ਮੌਤ ਤੋਂ ਬਾਅਦ ਇਹ ਖ਼ਾਨ ਵਜੋਂ ਚੁਣਿਆ ਗਿਆ ਅਤੇ ਅਗਲੇ ਹੀ ਸਾਲਾਂ ਵਿਚ ਇਸ ਨੇ ਕਿਨ ਤਾਤਾਰਾਂ ਨੂੰ ਬਾਹਰ ਕਢ ਕੇ ਉੱਤਰ ਚੀਨ ਨੂੰ ਫ਼ਤਹਿ ਕਰ ਲਿਆ । ਇਸ ਨੇ ਕਈ ਵਿਦਰੋਹਾਂ ਨੂੰ ਦਬਾਇਆ ਅਤੇ 1264—1267 ਦੌਰਾਨ ਇਸ ਨੇ ਖ਼ਾਨਬਲਿਕ (ਖਾਨ ਦਾ ਸ਼ਹਿਰ) ਨਾਂ ਦੇ ਸ਼ਹਿਰ ਨੂੰ ਆਪਣੀ ਰਾਜਧਾਨੀ ਵਜੋਂ ਸਥਾਪਤ ਕੀਤਾ । ਸੰਨ 1280 ਵਿਚ ਇਸ ਨੇ ਯੂਆਨ ਖ਼ਾਨਦਾਨ ਦੀ ਨੀਂਹ ਰੱਖੀ ਅਤੇ ਇਕ ਵਿਸ਼ਾਲ ਰਾਜ, ਜਿਹੜਾ ਏਸ਼ੀਆ ਤੋਂ ਪਾਰ ਪੱਛਮ ਵਲ ਨੂੰ ਜਿਥੋਂ ਤੀਕ ਰੂਸ ਦੀ ਸਰਹੱਦ ਜਾਂਦੀ ਸੀ, ਤੀਕ ਫੈਲਿਆ ਹੋਇਆ ਸੀ, ਦਾ ਹੁਕਮਰਾਨ ਬਣਿਆ । ਕੋਰੀਆ ਅਤੇ ਬਰਮਾ ਇਸ ਦੇ ਅਧੀਨ ਹੋ ਗਏ । ਐਪਰ ਜਾਪਾਨ ਅਤੇ ਜਾਵਾ ਨੂੰ ਫ਼ਤਹਿ ਕਰਨ ਵਿਚ ਇਹ ਅਸਫ਼ਲ ਹੀ ਰਿਹਾ । ਇਸ ਨੇ ਬੁੱਧ ਧਰਮ ਨੂੰ ਆਪਣੀ ਸਲਤਨਤ ਦਾ ਸਰਕਾਰੀ ਧਰਮ ਬਣਾਇਆ । ਸੰਨ 1275 ਅਤੇ 1292 ਦੌਰਾਨ ਇਸ ਨੇ ਮਾਰਕੋਪੋਲੋ ਦੀਆਂ ਸੇਵਾਵਾਂ ਨੂੰ ਆਮ ਵਰਤੋਂ ਵਿਚ ਲਿਆਂਦਾ । ਇਸ ਦੇ ਦਰਬਾਰ ਦੀ ਠਾਠ-ਬਾਠ ਨੇ ਸੈਮੂਅਲ ਟੇਲਰ ਕਾਲਰਿਜ ਵਰਗੇ ਮਹਾਨ ਅੰਗਰੇਜ਼ ਕਵੀ ਨੂੰ ਆਪਣੀ ਅਧੂਰੀ ਕਵਿਤਾ 'ਕੁਬਲਾ ਖ਼ਾਨ' ਨੂੰ ਲਿਖਣ ਲਈ ਪ੍ਰੇਰਿਆ ਸੀ । ਇਸ ਨੇ ਵਧੀਆ ਰਾਜ ਪ੍ਰਬੰਧ ਚਲਾਇਆ ਅਤੇ ਕਈ ਯੁੱਧਾਂ ਨਾਲ ਤਬਾਹ ਹੋਏ ਦੇਸ਼ ਨੂੰ ਮੁੜ ਉਸਾਰਿਆ ਅਤੇ ਤਜਾਰਤ, ਉਦਯੋਗ ਅਤੇ ਖੇਤੀਬਾੜੀ ਦੀ ਉੱਨਤੀ ਨੂੰ ਉਤਸਾਹਤ ਕੀਤਾ।

ਇਸ ਦੀ ਮੌਤ ਸੰਨ 1294 ਨੂੰ ਹੋਈ ।

ਹ. ਪੁ.—ਐਨ. ਅਮੈ. 16 : 551

**ਕੁਬੇਰ :** ਤਿੰਨ ਪੈਰਾਂ ਅਤੇ ਅੱਠ ਦੰਦਾਂ ਵਾਲਾ ਇਹ ਧਨ ਦਾ ਦੇਵਤਾ ਅਤੇ ਯਕਸ਼ਾਂ ਤੇ ਕਿੰਨਰਾਂ ਦਾ ਸਵਾਮੀ ਹੈ ਜਿਹੜਾ ਯਕਸ਼ਰਾਜ, ਸ੍ਰੀਦ, ਇੱਛਾ ਵਸੁ ਅਲਕਾਧਿਪ, ਜਟਾਧਰ, ਗੁਪਤੀਪਤੀ, ਵੈਸ਼੍ਰਵਣ ਆਦਿ ਨਾਵਾਂ ਨਾਲ ਪ੍ਰਸਿੱਧ ਹੈ । ਇਸ ਦੇ ਪਿਤਾ ਦਾ ਨਾਂ ਵਿਸ਼੍ਰਵਾ ਅਤੇ ਮਾਤਾ ਦਾ ਨਾਂ ਇਲਵਿਲਾ ਸੀ । ਇਸ ਨੂੰ ਹਿਮਾਲੀਆ ਦਾ ਨਿਵਾਸੀ ਕਿਹਾ ਗਿਆ ਹੈ। ਇਸ ਦੀ ਰਮਣੀਕ ਰਾਜਧਾਨੀ ਅਲਕਾ ਦਾ ਵਰਣਨ ਕਾਲੀਦਾਸ ਅਤੇ ਹੋਰ ਕਵੀਆਂ ਨੇ ਕੀਤਾ ਹੈ । ਇਸ ਦੇ ਬਾਗ਼ ਦਾ ਨਾਂ 'ਚੇਤ੍ਰਰਥ' ਅਤੇ ਵਿਮਾਨ ਦਾ ਨਾਂ 'ਪੁਸ਼ਪਕ' ਸੀ ।

ਐਸ਼ੋ-ਇਸ਼ਰਤ ਅਤੇ ਵਿਲਾਸ ਦੇ ਪ੍ਰਤੀਨਿਧੀ ਦੇਵਤੇ ਦੇ ਰੂਪ ਵਿਚ ਕੁਬੇਰ ਦਾ ਵਰਣਨ ਸਾਹਿਤ ਵਿਚ ਬਹੁਤ ਮਿਲਦਾ ਹੈ । ਧਨ ਤੋਂ ਬਿਨਾਂ ਇਹ ਸ਼ਕਤੀ ਦੇ ਪ੍ਰਤੀਕ ਵਜੋਂ ਵੀ ਮੰਨਿਆ ਜਾਂਦਾ ਹੈ । ਪੁਰਾਣ ਅਨੁਸਾਰ ਦਸਾਂ ਦਿਸ਼ਾਵਾਂ ਦੇ ਰੱਖਿਅਕ ਦੇਵਤਿਆਂ ਵਿਚੋਂ ਵੀ ਇਹ ਇਕ ਹੈ । ਇਹ ਉੱਤਰ ਦਿਸ਼ਾ ਦਾ ਰੱਖਿਅਕ ਦੇਵਤਾ ਅਖਵਾਉਂਦਾ ਹੈ । ਇਸੇ ਕਰਕੇ ਉੱਤਰ ਦਿਸ਼ਾ ਦਾ ਨਾਂ 'ਕੌਬੇਰੀ' ਪੈ ਗਿਆ ਹੈ ।

ਯਕਸ਼ਾਂ ਦੇ ਸਵਾਮੀ ਦੇ ਰੂਪ ਵਿਚ ਉੱਤਰੀ ਭਾਰਤ ਵਿਚ ਕੁਬੇਰ ਦੀ ਪੂਜਾ ਵਧੇਰੇ ਪ੍ਰਚਲਿਤ ਹੋਈ । ਇਹ ਲੋਕ ਦੇਵਤੇ ਦੇ ਰੂਪ ਵਿਚ ਵਧੇਰੇ ਮੰਨਿਆ ਜਾਂਦਾ ਹੈ । ਲੋਕਾਂ ਦੇ ਮੰਨਣ ਅਨੁਸਾਰ ਇਹ ਆਪਣੇ ਭਗਤਾਂ ਨੂੰ ਸ਼ਕਤੀ, ਧਨ-ਸੰਪਤੀ ਅਤੇ ਮੁਕਤੀ ਪ੍ਰਦਾਨ ਕਰਦਾ ਹੈ। ਵਾਸਤੂ ਸ਼ਾਸਤਰ ਗਿਆਨੀਆਂ ਅਨੁਸਾਰ ਸ਼ਹਿਰ ਵਿਚ ਹੋਰ ਪ੍ਰਮੁੱਖ ਦੇਵਤਿਆਂ ਦੇ ਨਾਲ ਵੈਸ਼੍ਰਵਣ ਦਾ ਮੰਦਰ ਬਣਾਉਣਾ ਵੀ ਜ਼ਰੂਰੀ ਸਮਝਿਆ ਜਾਂਦਾ ਸੀ । ਭਾਰਤੀ ਕਲਾ ਵਿਚ ਵੀ ਕੁਬੇਰ ਦਾ ਬਹੁਤ ਜ਼ਿਕਰ ਆਉਂਦਾ ਹੈ । ਇਸ ਦੀ 100 ਈ.ਪੂ. ਦੀ ਇਕ ਮੂਰਤੀ ਵੀ ਮਿਲਦੀ ਹੈ । ਮਥੁਰਾ, ਪਦਮਾਵਤੀ, ਵਿਦਿਸ਼ਾ, ਪਾਟਲੀ ਪੁੱਤਰ ਆਦਿ ਅਨੇਕ ਸ਼ਹਿਰ ਕੁਬੇਰ ਪੂਜਾ ਦੇ ਕੇਂਦਰ ਹਨ । ਕੁੱਝ ਮੂਰਤੀਆਂ ਵਿਚ ਇਸ ਨੂੰ ਧਨ ਦੀਆਂ ਥੈਲੀਆਂ ਜਾਂ ਪਹਾੜ-ਉੱਪਰ ਬੈਠਾ, ਕਈ ਮੂਰਤੀਆਂ ਵਿਚ ਆਪਣੀ ਪਤਨੀ ਹਾਰੀਤੀ ਨਾਲ ਅਤੇ ਕਈਆਂ ਵਿਚ ਕਮਲ ਧਾਰਨ ਕਰਨ ਵਾਲੀ ਲਕਸ਼ਮੀ ਨਾਲ ਦਿਖਾਇਆ ਗਿਆ ਹੈ । ਅੱਠ ਨਿਧੀਆਂ ਦਾ ਸਵਾਮੀ ਹੋਣ ਕਰਕੇ ਕਈ ਥਾਂ ਇਸ ਦੀ ਮੂਰਤੀ ਨਾਲ ਸੰਖ, ਪਦਮ ਆਦਿ ਨਿਧੀਆਂ ਵੀ ਦਿਖਾਈਆਂ ਗਈਆਂ ਹਨ । ਬੁੱਧ ਧਰਮ ਅਤੇ ਕਲਾ ਵਿਚ ਕੁਬੇਰ ਦਾ ਨਾਂ 'ਜੰਭਾਲ' ਹੈ । ਮਹਾਯਾਨ ਵਿਚ ਇਸ ਦੀ ਪਤਨੀ ਦਾ ਨਾਂ ਵਸੁਧਾਰਾ ਅਤੇ ਵਜ੍ਰਯਾਨ ਵਿਚ ਮਾਰੀਚੀ ਮਿਲਦਾ ਹੈ । ਜੈਨ ਧਰਮ ਵਿਚ ਕੁਬੇਰ ਨੂੰ ਮੱਲੀਨਾਥ ਤੀਰਥੰਕਰ ਦਾ ਯਕਸ਼ ਕਿਹਾ ਗਿਆ ਹੈ, ਇਸੇ ਰੂਪ ਵਿਚ ਕੁਬੇਰ ਦੀਆਂ ਮੂਰਤੀਆਂ ਵੀ ਜੈਨ ਕਲਾ-ਕ੍ਰਿਤਾਂ ਉਪਰ ਮਿਲਦੀਆਂ ਹਨ ।

ਹ. ਪੁ.—ਹਿੰ. ਵਿ. ਕੋ. 3 : 65; ਮ. ਕੋ. 340

**ਕੁੰਭ (ਮੇਲਾ)** : ਭਾਰਤ ਦਾ ਸਭ ਤੋਂ ਵੱਡਾ ਧਾਰਮਕ ਮੇਲਾ ਹੈ । ਆਰੰਭ ਵਿਚ ਇਹ ਉਪਜਾਇਕਤਾ ਤਿਉਹਾਰ ਵਜੋਂ ਉੱਤਰੀ ਭਾਰਤ ਵਿਚ ਦਰਿਆਵਾਂ ਦੇ ਕੰਢਿਆਂ ਤੇ ਕੁਝ ਖ਼ਾਸ ਥਾਵਾਂ ਤੇ ਮਨਾਇਆ ਜਾਂਦਾ ਸੀ । ਇਸ ਖ਼ਾਸ ਮੌਕੇ ਤੇ ਲੋਕੀਂ ਘੜਿਆਂ (ਕੁੰਭ) ਵਿਚ ਦਾਣੇ ਪਾ ਕੇ ਲਿਆਉਂਦੇ ਅਤੇ ਉਨ੍ਹਾਂ ਨੂੰ ਦਰਿਆ ਵਿਚ ਡਬੋ ਕੇ ਲੈ ਜਾਂਦੇ ਸਨ । ਫਿਰ ਘਰ ਦੇ ਬਾਕੀ ਬੀਜ ਵਾਲੇ ਦਾਣਿਆਂ ਵਿਚ ਰਲਾ ਕੇ ਉਨ੍ਹਾਂ ਨੂੰ ਬੀਜ ਦਿੰਦੇ ਤਾਂ ਜੋ ਵਧੇਰੇ ਫਸਲ ਪੈਦਾ ਹੋਵੇ ।

ਸਕੰਦ ਪੁਰਾਣ ਵਿਚ ਕਥਾ ਹੈ ਕਿ ਜਦੋਂ ਦੇਵ ਦੈਂਤਾਂ ਨੇ ਮਿਲ ਕੇ ਖੀਰ ਸਮੁੰਦਰ ਰਿੜਕਿਆ ਤਾਂ ਚੌਦਾਂ ਰਤਨ ਨਿਕਲੇ ਜਿਨ੍ਹਾਂ ਵਿਚ ਅੰਮ੍ਰਿਤ ਦੇ ਕੁੰਭ (ਘੜੇ) ਸਹਿਤ ਨਿਕਲੇ ਧਨੰਤਰ ਦੀ ਗਿਣਤੀ ਹੈ । ਧਨੰਤਰ ਨੇ ਅੰਮ੍ਰਿਤ ਦਾ ਘੜਾ ਇੰਦਰ ਨੂੰ ਦਿਤਾ । ਇੰਦਰ ਨੇ ਆਪਣੇ ਪੁੱਤਰ ਜਯੰਤ ਨੂੰ ਦੇ ਕੇ ਆਖਿਆ ਕਿ ਘੜੇ ਨੂੰ ਸੁਰਗ ਵਿਚ ਲੈ ਜਾ । ਜਦ ਜਯੰਤ ਕੁੰਭ ਲੈ ਕੇ ਤੁਰਿਆ ਤਾਂ ਦੈਂਤਾਂ ਦੇ ਗੁਰੂ ਸ਼ੁੱਕਰ ਨੇ ਹੁਕਮ ਦਿਤਾ ਕਿ ਘੜਾ ਖੋਹ ਲਓ । ਦੇਵਤਿਆਂ ਅਤੇ ਦੈਂਤਾਂ ਵਿਚ ਬਾਰਾਂ ਦਿਨ ਘੋਰ ਯੁੱਧ ਹੋਇਆ । ਘੜੇ ਦੀ ਖੋਹਾ ਖਾਹੀ ਵਿਚ ਚਾਰ ਥਾਈਂ ਕੁੰਭ ਵਿਚੋਂ ਅੰਮ੍ਰਿਤ ਡਿਗਿਆ ਅਤੇ ਉਹ ਚਾਰੇ ਅਸਥਾਨ ਪਵਿੱਤਰ ਧਾਮ ਬਣ ਗਏ । ਦੇਵਤਿਆਂ ਦੇ ਬਾਰਾਂ ਦਿਨ ਮਨੁੱਖਾਂ ਦੇ ਬਾਰਾਂ ਸਾਲਾਂ ਬਰਾਬਰ ਹਨ, ਇਸ ਲਈ ਉਨ੍ਹਾਂ ਚਾਰੇ ਥਾਵਾਂ, ਗੰਗਾ-ਜਮਨਾ ਦੇ ਸੰਗਮ ਤੇ ਪ੍ਰਯਾਗ, (ਅਲਾਹਾਬਾਦ), ਗੰਗਾ ਉਤੇ ਹਰਿਦੁਆਰ, ਕਸ਼ਿਪਰਾ ਤੇ ਉਜੈਨ ਅਤੇ ਗੋਦਾਵਰੀ ਤੇ ਨਾਸਿਕ ਵਿਚ ਬਾਰਾਂ ਵਰ੍ਹੇ ਪਿਛੋਂ ਰਾਸ਼ੀ ਚੱਕਰ ਅਨੁਸਾਰ ਕੁੰਭ ਪਰਵ ਹੁੰਦਾ ਹੈ ।

ਭਾਵੇਂ ਦਰਿਆਵਾਂ ਦੇ ਕੰਢਿਆਂ ਤੇ ਮੇਲਿਆਂ ਦਾ ਜ਼ਿਕਰ ਬੁੱਧ ਦੀਆਂ ਮੁੱਢਲੀਆਂ ਲਿਖਤਾਂ ਵਿਚ ਆਉਂਦਾ ਹੈ ਪਰ ਕੁੰਭ ਮੇਲੇ ਸਬੰਧੀ ਸੱਤਵੀਂ ਸਦੀ ਤੋਂ ਪਹਿਲਾਂ ਕੋਈ ਭਰੋਸੇਯੋਗ ਹਵਾਲਾ ਉਪਲਬਧ ਨਹੀਂ ਹੈ । ਮਹਾਰਾਜ ਹਰਸ਼ ਨੇ ਚੀਨੀ ਦੂਤ ਹਿਊਨ ਸਾਂਗ ਨੂੰ ਕੁੰਭ ਦੇ ਮੇਲੇ ਤੇ ਸੱਦਿਆ ਸੀ, ਜਦੋਂ ਉਸ ਨੇ ਅਲਾਹਾਬਾਦ ਵਿਖੇ ਗਰੀਬ ਲੋਕਾਂ ਅਤੇ

ਾਰੇ ਧਰਮਾਂ ਦੇ ਸਾਧੂਆਂ ਵਿਚ ਦਾਨ ਵੰਡਿਆ ਸੀ । ਇਹ ਮੇਲਾ ।ਕਰਆਚਾਰੀਆ ਤੋਂ ਪਿਛੋਂ ਹੀ ਨਿਯਮਬਧ ਰੂਪ ਵਿਚ ਸਾਹਮਣੇ ।ਾਇਆ । ਤੇਰ੍ਹਵੀਂ ਅਤੇ ਚੌਦ੍ਹਵੀਂ ਸਦੀ ਦੀਆਂ ਹਿੰਦੂ ਲਿਖਤਾਂ ਵਿਚ ੁਭ ਮੇਲਿਆਂ ਦਾ ਜ਼ਿਕਰ ਆਉਂਦਾ ਹੈ । ਸੋਲ੍ਹਵੀਂ ਸਦੀ ਦੀਆਂ ੁਸਲਮਾਨ ਲਿਖਤਾਂ ਵਿਚ ਇਨ੍ਹਾਂ ਦਾ ਜ਼ਿਕਰ ਪੂਰੇ ਵਿਸਥਾਰ ਨਾਲ ਮਿਲਦਾ ਹੈ । ਇਸ ਮੇਲੇ ਸਬੰਧੀ ਅੰਗਰੇਜ਼ ਲੇਖਕਾਂ ਦੇ ਸਤਾਰ੍ਹਵੀਂ ਸਦੀ ਵਿਚ ਕੀਤੇ ਉਲੇਖ ਅੱਜਕੱਲ੍ਹ ਦੇ ਹਾਲਾਤ ਅਨੁਸਾਰ ਵੀ ਢੁਕਦੇ ਹਨ । ਏਹ ਮੇਲੇ ਸਦਾ ਉਧਾਲਿਆਂ, ਕਤਲਾਂ, ਲੁੱਟ-ਮਾਰਾਂ ਅਤੇ ਬਿਮਾਰੀਆਂ ਤੇ ਕੇਂਦਰ ਰਹੇ ਹਨ । ਵਿਰੋਧੀ ਧੜਿਆਂ ਵਿਚ ਇਥੇ ਆਮ ਟੱਕਰਾਂ ੁੰਦੀਆਂ ਰਹਿੰਦੀਆਂ ਸਨ । ਸੰਨ 1760 ਵਿਚ ਹਰਿਦੁਆਰ ਦੇ ਕੁੰਭ ਤੇ ਗੋਸਾਈਂ ਅਤੇ ਬੈਰਾਗੀ ਫਿਰਕਿਆਂ ਵਿਚਕਾਰ ਦੰਗਾ ਹੋ ਗਿਆ ਜਿਸ ਵਿਚ 18,000 ਵਿਅਕਤੀਆਂ ਦੀ ਮੌਤ ਹੋਈ । ਸੰਨ 1795 ਵਿਚ ਇਸੇ ਥਾਂ ਤੇ ਸਿੱਖ ਯਾਤਰੂਆਂ ਨੇ 500 ਗੋਸਾਈਆਂ ਨੂੰ ਕਤਲ ਕੀਤਾ ।

ਕੁੰਭ ਦੀ ਯਾਤਰਾ ਨੂੰ ਅਤਿ ਸ਼ੁਭ ਗਿਣਿਆ ਜਾਂਦਾ ਹੈ । ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕੁੰਭ ਦੇ ਦਿਨ ਉਸ ਥਾਂ ਇਸ਼ਨਾਨ ਕਰਨ ਨਾਲ ਪਿਛਲੀਆਂ ਅਠਾਸੀ ਪੁਸ਼ਤਾਂ ਦੇ ਪਾਪ ਧੋਤੇ ਜਾਂਦੇ ਹਨ ਅਤੇ ਮੁਕਤੀ ਪ੍ਰਾਪਤ ਹੁੰਦੀ ਹੈ । ਯੋਗੀਆਂ ਦੇ ਸਾਰੇ ਫਿਰਕੇ ਕੁੰਭ ਮੇਲੇ ਤੇ ਜਾਂਦੇ ਹਨ ਅਤੇ ਹਿੰਦੂ ਧਰਮ ਦੀ ਇਕ ਸਭਾ ਉਥੇ ਹੁੰਦੀ ਹੈ, ਜਿਸ ਵਿਚ ਵੱਡੇ-ਵੱਡੇ ਵਿਦਵਾਨ ਪ੍ਰਾਭੌਤਿਕ ਵਿਸ਼ਿਆਂ ਤੇ ਵਿਚਾਰ ਵਟਾਂਦਰੇ ਕਰਦੇ ਹਨ । ਨਾਂਗੇ ਸਾਧੂਆਂ ਦਾ ਜਲੂਸ ਮੇਲੇ ਦੀ ਖ਼ਾਸ ਵਿਸ਼ੇਸ਼ਤਾ ਗਿਣੀ ਜਾਂਦੀ ਹੈ । ਬੇਸ਼ੁਮਾਰ ਠੱਗ, ਲੁਟੇਰੇ ਅਤੇ ਧੋਖੇਬਾਜ਼ ਬੰਦੇ ਕੁੰਭ ਮੇਲੇ ਦੀ ਉਡੀਕ ਵਿਚ ਰਹਿੰਦੇ ਹਨ ਅਤੇ ਵਹਿਮਾਂ-ਭਰਮਾਂ ਤੋਂ ਡਰਦੇ ਯਾਤਰੂਆਂ ਨੂੰ ਖੂਬ ਠਗਦੇ ਹਨ ।

ਹ. ਪੁ.—ਹਿੰ. ਵ. 1 : 572; ਮ. ਕੋ. 340

**ਕੁੰਭਕਰਣ ਮਹਾਰਾਣਾ :** ਇਹ ਮਹਾਰਾਣਾ ਗੋਕਲ ਦਾ ਪੁੱਤਰ ਸੀ ਤੇ ਉਸ ਦੇ ਕਤਲ ਹੋਣ ਪਿਛੋਂ ਗੱਦੀ ਤੇ ਬੈਠਾ । ਇਸ ਨੇ 1433 ਤੋਂ 1468 ਈ. ਤਕ ਰਾਜ ਕੀਤਾ । ਰਾਜ ਗੱਦੀ ਤੇ ਬੈਠਦਿਆਂ ਹੀ ਇਸ ਨੇ ਆਪਣੇ ਪਿਤਾ ਦੇ ਮਾਮੇ ਰਣਮਲ ਰਾਠੌਰ ਦੀ ਸਹਾਇਤਾ ਨਾਲ ਆਪਣੇ ਪਿਤਾ ਦੇ ਕਾਤਲਾਂ ਤੋਂ ਬਦਲਾ ਲੈ ਲਿਆ ।

ਸੰਨ 1437 ਤੋਂ ਪਹਿਲਾਂ ਇਸ ਨੇ ਦੇਵੜਾ ਚੌਹਾਨ ਨੂੰ ਹਰਾ ਕੇ ਆਬੂ ਤੇ ਅਧਿਕਾਰ ਕਰ ਲਿਆ । ਇਸ ਡਰ ਤੋਂ ਕਿ ਕਿਧਰੇ ਰਾਠੌਰ ਮੇਵਾੜ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਾ ਕਰਨ, ਇਸ ਨੇ ਆਪਣੇ ਪਿਤਾ ਦੇ ਮਾਮੇ ਰਣਮਲ ਨੂੰ ਮਰਵਾ ਦਿਤਾ ਸੀ । ਇਸ ਤਰ੍ਹਾਂ ਕੁਝ ਚਿਰ ਲਈ ਮੰਡੋਰ ਦਾ ਰਾਜ ਵੀ ਇਸ ਦੇ ਕਬਜ਼ੇ ਵਿਚ ਆ ਗਿਆ । ਰਾਜ-ਗੱਦੀ ਤੇ ਬੈਠਣ ਤੋਂ ਸਤ ਸਾਲਾਂ ਦੇ ਅੰਦਰ ਹੀ ਇਸ ਨੇ ਸਾਰੰਗਪੁਰ, ਨਾਗੌਰ ਨਰਾਣਾ, ਅਜਮੇਰ, ਮੰਡੋਰ, ਮੋਡਾਲਗੜ੍ਹ, ਬੂੰਦੀ, ਖਾਟੂ, ਚਾਟਸੂ ਆਦਿ ਦੇ ਕਿਲਿਆਂ ਨੂੰ ਜਿੱਤ ਲਿਆ ਅਤੇ ਦਿੱਲੀ ਦੇ ਸੁਲਤਾਨ ਸਈਅਦ ਮੁਹੰਮਦ ਸ਼ਾਹ ਅਤੇ ਗੁਜਰਾਤ ਦੇ ਸੁਲਤਾਨ ਅਹਿਮਦ ਸ਼ਾਹ ਨੂੰ ਵੀ ਹਰਾ ਦਿਤਾ ।

ਪਰੰਤੂ ਮਹਾਰਾਣਾ ਕੁੰਭਕਰਣ ਦੀ ਮਹੱਤਤਾ ਇਸ ਦੇ ਧਰਮ ਅਤੇ ਸੰਗੀਤ ਸਬੰਧੀ ਕੰਮਾਂ ਕਾਰਨ ਹੈ । ਇਸ ਨੇ ਅਨੇਕਾਂ ਕਿਲੇ ਮੰਦਰ ਅਤੇ ਤਾਲਾਬ ਬਣਵਾਏ । ਬਸੰਤਪੁਰ ਨੂੰ ਇਸ ਨੇ ਮੁੜ ਵਸਾਇਆ ਅਤੇ ਸ੍ਰੀ ਏਕਲਿੰਗ ਦੇ ਮੰਦਰ ਨੂੰ ਨਵਾਂ ਰੂਪ ਦਿੱਤਾ । ਚਿਤੌੜ ਦੀ ਕੀਰਤੀ ਸਤੰਭ ਤਾਂ ਸੰਸਾਰ ਦੀਆਂ ਮਹਾਨ ਕਿਰਤਾਂ ਵਿਚੋਂ ਹੈ ।

ਮਹਾਰਾਣਾ ਕੁੰਭਕਰਣ ਖੁਦ ਆਪ ਇਕ ਸੰਗੀਤ ਪ੍ਰੇਮੀ ਸੀ । ਇਸ ਨੇ ਸੰਗੀਤ ਦੇ ਅਨੇਕ ਗ੍ਰੰਥਾਂ ਦੀ ਰਚਨਾ ਕੀਤੀ ਅਤੇ ਚੰਡੀਸ਼ਤਕ ਅਤੇ ਗੀਤ ਗੋਬਿੰਦ ਆਦਿ ਗ੍ਰੰਥਾਂ ਦੀ ਵਿਆਖਿਆ ਕੀਤੀ । ਇਸ ਦੀ ਮੌਤ ਇਸ ਦੇ ਆਪਣੇ ਪੁੱਤਰ ਉਦੇ ਸਿੰਘ ਦੇ ਹੱਥੋਂ ਹੀ ਹੋਈ । ਭਾਰਤੀ ਰਾਜਿਆਂ ਵਿਚ ਇਸ ਦਾ ਸਥਾਨ ਬਹੁਤ ਉਚਾ ਹੈ ।

ਹ. ਪੁ.—ਹਿੰ. ਵਿ. ਕੋ. 3 : 51

**ਕੁੰਭਕਰਨ :** ਘੜੇ ਵਰਗੇ ਕੰਨਾਂ ਵਾਲਾ ਰਾਖਸ਼ ਜੋ ਰਾਵਣ ਦਾ ਛੋਟਾ ਭਰਾ ਸੀ । ਇਹ ਸੁਮਾਲੀ ਰਾਖਸ਼ ਦੀ ਪੁੱਤਰੀ ਕੈਕਸੀ ਤੋਂ ਜਨਮਿਆ ਵਿਸ਼ਵਾ ਰਿਖੀ ਦੇ ਚਾਰ ਪੁੱਤਰਾਂ ਵਿਚੋਂ ਦੂਜਾ ਸੀ । ਭਾਗਵਤ ਅਨੁਸਾਰ ਇਸ ਦੀ ਮਾਤਾ ਕੇਸ਼ਿਨੀ ਸੀ । ਇਸ ਨੇ ਜੰਮਦੇ ਹੀ ਹਜ਼ਾਰਾਂ ਲੋਕਾਂ ਨੂੰ ਖਾ ਲਿਆ । ਇਸ ਤੋਂ ਦੁੱਖੀ ਲੋਕਾਂ ਨੇ ਇੰਦਰ ਕੋਲ ਪ੍ਰਾਰਥਨਾ ਕੀਤੀ ਪਰ ਇਹ ਇੰਦਰ ਤੋਂ ਨਾ ਹਾਰਿਆ । ਫਿਰ ਬ੍ਰਹਮਾ ਨੇ ਲੋਕਾਂ ਦੀ ਰਖਿਆ ਦਾ ਖਿਆਲ ਕਰਕੇ ਇਸ ਨੂੰ ਸਦਾ ਸੁੱਤੇ ਰਹਿਣ ਦਾ ਸਰਾਪ ਦਿਤਾ । ਪਰੰਤੂ ਇਸ ਦੇ ਭਰਾ ਰਾਵਣ ਦੇ ਬੇਨਤੀ ਕਰਨ ਤੇ ਇਸ ਨੂੰ ਛੇ ਮਹੀਨੇ ਪਿੱਛੋਂ ਇਕ ਦਿਨ ਜਾਗਣ ਲਈ ਸਰਾਪ ਵਿਚ ਛੋਟ ਕਰ ਦਿਤੀ ਗਈ । ਕੁਬੇਰ ਦੀ ਬਰਾਬਰੀ ਕਰਨ ਲਈ ਇਸ ਨੇ ਵੀ ਰਾਵਣ ਆਦਿ ਨਾਲ ਦਸ ਹਜ਼ਾਰ ਸਾਲ ਤਪੱਸਿਆ ਕੀਤੀ ਸੀ ਪਰ ਸਰਸਵਤੀ ਦੇ ਭਰਮਾਉਣ ਤੇ ਇਸ ਨੇ ਵਰ ਕੇਵਲ ਲੰਮੇ ਸਮੇਂ ਦੀ ਨੀਂਦਰ ਮੰਗ ਲਿਆ ਸੀ । ਕੁਬੇਰ ਦੀ ਲੰਕਾ ਜਦੋਂ ਰਾਵਣ ਨੇ ਖੋਹ ਲਈ ਤਾਂ ਇਹ ਵੀ ਉਥੇ ਹੀ ਚਲਾ ਗਿਆ । ਉਥੇ ਇਸ ਦਾ ਵਿਆਹ ਵਿਰੋਚਨ ਪੁੱਤਰ ਬਲੀ ਦੀ ਪੋਤਰੀ ਵਜਰ ਬਾਲਾ ਨਾਲ ਹੋਇਆ । ਇਹ ਸਦਾ ਸੁੱਤਾ ਹੀ ਰਹਿੰਦਾ ਅਤੇ ਜੇ ਜਾਗਦਾ ਹੁੰਦਾ ਤਾਂ ਰਾਵਣ ਦੀ ਸਭਾ ਵਿਚ ਵੀ ਆਉਂਦਾ । ਰਾਮਾਇਣ ਯੁੱਧ ਲਈ ਹੋਈ ਸਭਾ ਵਿਚ ਇਹ ਹਾਜ਼ਰ ਸੀ । ਉਥੇ ਸੀਤਾ ਹਰਣ ਲਈ ਇਸ ਨੇ ਰਾਵਣ ਨੂੰ ਦੋਸ਼ੀ ਕਿਹਾ ਪਰ ਭਰਾ ਹੋਣ ਦੇ ਨਾਤੇ ਸਾਥ ਦੇਣ ਦਾ ਬਚਨ ਵੀ ਦਿਤਾ । ਯੁੱਧ ਸਮੇਂ ਇਹ ਸੁੱਤਾ ਹੋਇਆ ਸੀ ਅਤੇ ਲੋੜ ਪੈਣ ਤੇ ਬਹੁਤ ਮੁਸ਼ਕਲ ਨਾਲ ਇਸ ਨੂੰ ਜਗਾਇਆ ਗਿਆ । ਜੰਗ ਵਿਚ ਇਹ ਬਹੁਤ ਬਹਾਦਰੀ ਨਾਲ ਲੜਿਆ । ਅੰਤ ਵਿਚ ਰਾਮ ਚੰਦਰ ਜੀ ਦੇ ਹੱਥੋਂ ਇਹ ਮਾਰਿਆ ਗਿਆ । ਮਹਾਭਾਰਤ ਵਿਚ ਇਸ ਦਾ ਕਤਲ ਲਛਮਣ ਦੇ ਹੱਥੋਂ ਦਸਿਆ ਗਿਆ ਹੈ । ਇਸ ਦੇ ਕੁੰਭ ਨਿਕੁੰਭ ਨਾਂ ਦੇ ਦੋ ਬਹੁਤ ਬਲੀ ਪੁੱਤਰ ਸਨ ।

ਹ. ਪੁ.—ਪ੍ਰਾ. ਚਰਿ. ਕੋ. : 149 : ਮ. ਕੋ. 340

**ਕੁੰਭਨ ਦਾਸ :** ਇਹ ਬ੍ਰਿਜ ਭਾਸ਼ਾ ਦੇ ਅੱਠ ਪ੍ਰਸਿੱਧ ਕਵੀਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ 'ਅਸ਼ਟ ਛਾਪ' ਆਖਦੇ ਹਨ । ਉਨ੍ਹਾਂ ਵਿਚੋਂ ਇਹ ਸਭ ਤੋਂ ਪਹਿਲਾ ਕਵੀ ਸੀ ਜਿਸ ਨੇ ਮਹਾਂ ਪ੍ਰਭੂ ਵਲਭ ਆਚਾਰੀਆ ਤੋਂ ਦੀਖਿਆ ਲਈ ਸੀ । ਇਸ ਦਾ ਜਨਮ ਲਗਭਗ 1468 ਈ. ਵਿਚ ਹੋਇਆ । ਇਹ ਮੰਦਰਾਂ ਵਿਚ ਕੀਰਤਨ ਕਰਿਆ ਕਰਦਾ ਸੀ ਅਤੇ ਇਹ ਆਪਣੇ ਜੀਵਨ ਦੇ ਅੰਤ ਤਕ ਨਿਰਧਨ ਅਵਸਥਾ ਵਿਚ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦਾ ਰਿਹਾ । ਇਹ ਨਿਰਧਨ ਹੁੰਦੇ ਹੋਏ ਵੀ ਕਿਸੇ ਤੋਂ ਦਾਨ ਲੈਣਾ ਚੰਗਾ ਨਹੀਂ ਸਮਝਦਾ ਸੀ । ਇਕ ਵਾਰ ਰਾਜਾ ਮਾਨ ਸਿੰਘ ਨੇ ਇਸ ਨੂੰ ਸੋਨੇ ਦੀ ਆਰਸੀ ਅਤੇ ਇਕ ਹਜ਼ਾਰ ਮੋਹਰਾਂ ਦੀ ਥੈਲੀ ਭੇਟ ਕਰਨੀ ਚਾਹੀ ਪ੍ਰੰਤੂ ਕੁੰਭਨ ਦਾਸ ਨੇ ਸਵੀਕਾਰ ਨਾ ਕੀਤੀ । ਆਪਣੀ ਖੇਤੀ ਦੇ ਅੰਨ ਅਤੇ ਝਾੜਾਂ ਦੇ ਬੇਰਾਂ ਨਾਲ ਹੀ ਇਹ ਪੂਰਨ ਸੰਤੁਸ਼ਟ ਰਹਿ ਕੇ ਸ੍ਰੀ ਨਾਥ ਜੀ ਦੀ ਸੇਵਾ ਵਿਚ ਲੀਨ ਰਹਿੰਦਾ ਸੀ । ਇਹ ਸ੍ਰੀ ਨਾਥ ਜੀ ਦਾ ਵਿਯੋਗ ਇਕ ਖਿਣ ਲਈ ਵੀ ਸਹਿਣ ਨਹੀਂ ਕਰ ਸਕਦਾ ਸੀ । ਭਗਤ ਦੀ ਭਾਵਨਾ ਦਾ ਆਦਰ ਕਰ ਕੇ ਗੋਸਵਾਮੀ ਬਿਠਲ ਨਾਥ ਜੀ ਨੇ ਸੂਤਕ ਦਾ ਵਿਚਾਰ ਛੱਡ ਕੇ ਕੁੰਭਨ ਦਾਸ ਨੂੰ ਰੋਜ਼ਾਨਾ ਦਰਸ਼ਨਾਂ ਦੀ ਆਗਿਆ ਦੇ ਦਿਤੀ ਸੀ ।

ਕੁੰਭਨ ਦਾਸ ਦੇ ਪਦਿਆਂ ਦੀ ਕੁੱਲ ਸੰਖਿਆ 500 ਦੇ ਲਗਭਗ ਹੈ ਜੋ ਕਿ 'ਰਾਗ-ਕਲਪਦ੍ਰਮ', 'ਰਾਗ ਰਤਨਾਕਰ' ਅਤੇ ਸੰਪ੍ਰਦਾਇ ਦੇ ਕੀਰਤਨ ਸੰਗ੍ਰਹਿਆਂ ਵਿਚੋਂ ਮਿਲਦੀ ਹੈ । ਕਵਿਤਾ ਦੀ ਦ੍ਰਿਸ਼ਟੀ ਤੋਂ ਇਸ ਦੀ ਰਚਨਾ ਵਿਚ ਕੋਈ ਮੌਲਿਕ ਵਿਸ਼ੇਸ਼ਤਾ ਨਹੀਂ ਹੈ । ਇਸ ਦੀ ਮੌਤ ਲਗਭਗ 1582 ਈ. ਵਿਚ ਹੋਈ ।

ਹ. ਪੁ.—ਹਿੰ. ਸਾ. ਕੋ. 2 : 87

**ਕੁੰਭਾਕੋਨਮ :** ਸ਼ਹਿਰ—ਤਾਮਿਲਨਾਡੂ ਰਾਜ (ਭਾਰਤ) ਦੇ ਤੰਜੌਰ ਨਾਂ ਦੇ ਜ਼ਿਲੇ ਦੇ ਇਸੇ ਹੀ ਨਾਂ ਦੇ ਤਅੱਲੁਕੇ ਦਾ ਇਹ ਇਕ

ਸਦਰ-ਮੁਕਾਮ ਹੈ ਜੋ ਕਾਵੇਰੀ ਦਰਿਆ ਦੇ ਡੈਲਟੇ ਵਿਚ ਸਥਿਤ ਹੈ। ਸੰਸਕ੍ਰਿਤ ਵਿਚ ਇਸ ਸ਼ਹਿਰ ਦਾ ਨਾਂ ਕੁੰਭ=ਘੜਾ+ਘੋਨਾ=ਨੱਕ ਤੋਂ ਬਣਿਆ ਹੈ। ਪ੍ਰਾਚੀਨ ਤਾਮਿਲ ਭਾਸ਼ਾ ਵਿਚ ਇਸ ਸ਼ਹਿਰ ਦਾ ਨਾਂ ਕੁਡਾਨਡਾਈ ਵਜੋਂ ਆਇਆ ਹੈ। ਇਹ ਦੱਖਣੀ ਭਾਰਤ ਦੇ ਸਭ ਤੋਂ ਪ੍ਰਾਚੀਨ ਸਥਾਨਾਂ ਵਿਚੋਂ ਇਕ ਹੈ। ਇਸ ਸ਼ਹਿਰ ਦਾ ਨਾਂ ਮਲਾਈਕੁਰਮ ਵਜੋਂ ਵੀ ਲਿਆ ਜਾਂਦਾ ਹੈ ਜਿਹੜਾ ਸੱਤਵੀਂ ਸਦੀ ਦੇ ਨੇੜੇ ਤੇੜੇ ਚੋਲ ਖ਼ਾਨਦਾਨ ਦੀ ਰਾਜਧਾਨੀ ਬਣਿਆ ਸੀ। ਇਹ ਹਮੇਸ਼ਾਂ ਹੀ ਬ੍ਰਾਹਮਣਵਾਦ ਅਤੇ ਬ੍ਰਾਹਮਣ ਸਭਿਆਚਾਰ ਦਾ ਗੜ੍ਹ ਰਿਹਾ ਹੈ। ਮਹਾਨ ਸ਼ੰਕਰਆਚਾਰੀਆ ਨੇ ਇਥੇ ਹੀ ਇਕ ਮੱਠ ਦੀ ਨੀਂਹ ਰਖੀ ਸੀ ਜਿਸ ਵਿਚ ਸੰਸਕ੍ਰਿਤ ਦੇ ਖਰੜਿਆਂ ਲਈ ਇਕ ਕੀਮਤੀ ਲਾਇਬ੍ਰੇਰੀ ਸਥਾਪਤ ਹੈ। ਇਸ ਤੋਂ ਇਲਾਵਾ ਨਾਗੇਸ਼ਵਰ ਅਤੇ ਸਾਰੰਗਪਾਨੀ ਇਥੋਂ ਦੇ ਹੋਰ ਦੋ ਪ੍ਰਸਿੱਧ ਮੰਦਰ ਹਨ। ਇਥੇ ਬਾਰ੍ਹਾਂ ਸਾਲਾਂ ਵਿਚ ਇਕ ਵਾਰੀ ਮਹਾਮਘਮ ਦਾ ਭਾਰੀ ਮੇਲਾ ਲਗਦਾ ਹੈ।

ਇਥੇ ਦੋ ਕਾਲਜ ਹਨ ਜੋ ਮਦਰਾਸ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। ਇਥੇ ਪਿੱਤਲ, ਕਾਂਸੀ, ਤਾਂਬਾ ਅਤੇ ਸਿੱਕੇ ਦੇ ਭਾਂਡੇ, ਰੇਸ਼ਮੀ ਅਤੇ ਸੂਤੀ ਕਪੜਾ, ਖੰਡ, ਨੀਲ ਅਤੇ ਮਿੱਟੀ ਦੇ ਭਾਂਡੇ ਤਿਆਰ ਕੀਤੇ ਜਾਂਦੇ ਹਨ। ਇਹ ਚੌਲ ਅਤੇ ਪਾਨ ਦੇ ਪੱਤਿਆਂ ਦੇ ਵਪਾਰ ਲਈ ਵੀ ਪ੍ਰਸਿੱਧ ਹੈ।

ਆਬਾਦੀ—112,971(1971)

10° 58′ ਉ. ਵਿਥ.; 79° 22′ ਪੂ. ਲੰਬ.

ਹ. ਪੁ—ਇੰਪ. ਗ. ਇੰਡ. 16 : 20. ਐਨ. ਬ੍ਰਿ. ਮਾ. 5 : 939

**ਕੁਮਰ, ਅਰਨੈਸਟ ਐਡਵਰਡ :** ਇਹ ਜਰਮਨ ਦਾ ਇਕ ਗਣਿਤਵੇਤਾ ਸੀ ਜੋ ਹਾਇਰ-ਗਣਿਤ ਅਤੇ ਰੇਖਾ-ਗਣਿਤ ਵਿਚ ਆਪਣੇ ਕੰਮਾਂ ਕਰਕੇ ਪ੍ਰਸਿੱਧ ਹੋਇਆ। 29 ਜਨਵਰੀ, 1810 ਨੂੰ ਜ਼ੋਰਾਊ (Sorau) ਵਿਖੇ ਇਸ ਦਾ ਜਨਮ ਹੋਇਆ। ਸੰਨ 1831 ਵਿਚ ਇਸ ਨੇ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਸੰਨ 1842 ਵਿਚ ਬਰੈੱਸਲੌ ਵਿਖੇ ਗਣਿਤ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ ਅਤੇ 1885 ਤੋਂ ਬਾਅਦ ਇਸ ਨੇ ਬਰਲਿਨ ਵਿਖੇ ਪੀਟਰ ਜੀ. ਐਲ. ਡਰਿਚਲੈੱਟ ਦੀ ਜਗ੍ਹਾ ਲਈ ਅਤੇ ਬਰਲਿਨ ਵਾਰ ਕਾਲਿਜ ਦਾ ਪ੍ਰੋਫੈਸਰ ਵੀ ਨਿਯੁਕਤ ਕੀਤਾ ਗਿਆ।

ਕੁਮਰ ਦੀ ਸੱਭ ਤੋਂ ਵੱਡੀ ਪ੍ਰਾਪਤੀ ਗਣਿਤ ਦੇ ਬੁਨਿਆਦੀ ਸਿਧਾਂਤ ਦੀ ਅਲਜਬਰਈ ਨੰਬਰਾਂ ਦੇ ਉਨ੍ਹਾਂ ਫੀਲਡਾਂ ਲਈ ਪੁਨਰ ਸਥਾਪਨਾ ਸੀ ਜੋ ਪੀਅਰੇ ਡੀ. ਫਰਮੈਂਟ ਦੇ ਅਖੀਰਲੇ ਸਿਧਾਂਤ ਦੇ ਸਬੰਧ ਵਿਚ ਉਤਪੰਨ ਹੁੰਦੇ ਹਨ। ਇਸ ਪੁਨਰ-ਸਥਾਪਨਾ ਉਪਰ ਕੁਮਰ ਦੀ ਸਿਰਜਨਾ, ਜਿਸ ਨੂੰ ਉਹ 'ਆਈਡੀਅਲ ਨੰਬਰ' ਕਹਿੰਦਾ ਸੀ, ਨੇ ਬਹੁਤ ਅਸਰ ਪਾਇਆ। ਇਸੇ ਲਈ 1857 ਵਿਚ ਇਸ ਨੂੰ ਪੈਰਿਸ ਅਕੈਡਮੀ ਆਫ ਸਾਇੰਸਿਜ਼ ਦਾ ਗ੍ਰੈਂਡ ਪਰਾਈਜ਼ ਦਿੱਤਾ ਗਿਆ।

ਰੇਖਾ-ਗਣਿਤ ਵਿਚ ਕਿਰਨ-ਪ੍ਰਣਾਲੀਆਂ ਉਤੇ ਕੀਤੇ ਕੰਮ ਤੋਂ ਇਸ ਨੇ ਉਹ ਸਤ੍ਹਾ ਗਿਆਤ ਕੀਤੀ ਜਿਸ ਦਾ ਨਾਂ ਇਸ ਦੇ ਨਾਂ ਪਿਛੇ ਰਖਿਆ ਗਿਆ। ਇਹ ਕੁਆਰਟਿਕ ਸਤ੍ਹਾ ਕੁਆਡਰੈਟਿਕ ਲਾਈਨ ਕੰਪਲੈਕਸ ਦੀ ਇਕਹਿਰੀ ਸਤ੍ਹਾ ਹੈ। ਇਹ ਸਤ੍ਹਾ ਚਾਰ ਡਾਇਮੈਨਸ਼ਨਾਂ ਵਾਲੀ ਸਪੇਸ ਵਿਚ ਤਰੰਗ-ਸਤ੍ਹਾ ਹੈ। ਹਾਈਪਰਜੁਮੈਟਰੀ ਫੰਕਸ਼ਨਾਂ ਦੇ ਸਿਧਾਂਤ ਵਿਚ ਵੀ ਇਸ ਦੀ ਬੁਨਿਆਦੀ ਦੇਣ ਹੈ।

ਇਸ ਦੀ ਮੌਤ 14 ਮਈ, 1893 ਨੂੰ ਬਰਲਿਨ ਵਿਖੇ ਹੋਈ।

ਹ. ਪੁ—ਐਨ. ਬ੍ਰਿ. 13 : 508

**ਕੁਮਾਊਂ :** ਇਹ ਉੱਤਰ ਪ੍ਰਦੇਸ਼ ਰਾਜ (ਭਾਰਤ) ਦਾ ਇਕ ਪ੍ਰਬੰਧਕੀ ਮੰਡਲ ਹੈ ਜਿਸ ਦੇ ਉੱਤਰ ਵਲ ਤਿੱਬਤ, ਪੂਰਬ ਵਲ ਨੇਪਾਲ, ਦੱਖਣ ਵਲ ਰੁਹੇਲ-ਖੰਡ ਮੰਡਲ ਅਤੇ ਪੱਛਮ ਵਲ ਮੇਰਠ ਮੰਡਲ ਹੈ। ਇਸ ਮੰਡਲ ਵਿਚ ਚਾਰ ਜ਼ਿਲ੍ਹੇ ਅਲਮੋੜਾ, ਗੜ੍ਹਵਾਲ (ਪੌੜੀ), ਟੀਰ੍ਹੀ ਗੜ੍ਹਵਾਲ (ਨਰੇਂਦਰ ਨਗਰ) ਅਤੇ ਨੈਨੀਤਾਲ ਸ਼ਾਮਲ ਹਨ। ਮੰਡਲ ਦਾ ਕੁਲ ਰਕਬਾ 23,676 ਵ. ਕਿ. ਮੀ. ਅਤੇ ਆਬਾਦੀ 24, 90, 531 (1971) ਹੈ। ਮੰਡਲ ਦੇ ਦਫਤਰ ਨੈਨੀਤਾਲ ਵਿਖੇ ਹਨ।

ਨੇਪਾਲ ਦੇ ਪੱਛਮ ਵਿਚ ਹਿਮਾਲਾ ਪਰਬਤ ਦੀਆਂ ਬਾਹਰਲੀਆਂ ਸ਼੍ਰੇਣੀਆਂ ਇਸ ਖੇਤਰ ਵਿਚ ਫੈਲੀਆਂ ਹੋਈਆਂ ਹਨ। ਹਿਮਾਲਾ ਦੀਆਂ ਪਰਬਤੀ ਲੜੀਆਂ ਤੋਂ ਇਲਾਵਾ ਇਸ ਵਿਚ ਤਰਾਈ ਅਤੇ ਭਾਬਰ ਦੀਆਂ ਦੋ ਹੋਰ ਲੜੀਆਂ ਸ਼ਾਮਲ ਹਨ। ਸੰਨ 1850 ਈ. ਤੀਕ ਤਰਾਈ ਅਤੇ ਭਾਬਰ ਖੇਤਰਾਂ ਵਿਚ ਬਹੁਤ ਸੰਘਣੇ ਜੰਗਲ ਹੁੰਦੇ ਸਨ ਅਤੇ ਇਨ੍ਹਾਂ ਵਿਚ ਕੇਵਲ ਜੰਗਲੀ ਜਾਨਵਰ ਹੀ ਰਹਿੰਦੇ ਸਨ। ਹੌਲੀ-ਹੌਲੀ ਜੰਗਲਾਂ ਨੂੰ ਸਾਫ਼ ਕਰ ਦਿਤਾ ਗਿਆ। ਪਹਾੜੀ ਲੋਕਾਂ ਦਾ ਧਿਆਨ ਇਸ ਵਲ ਖਿਚਿਆ ਗਿਆ। ਇਹ ਲੋਕ ਗਰਮੀ ਦੀ ਰੁੱਤ ਵਿਚ ਹੇਠਾਂ ਆ ਕੇ ਇਨ੍ਹਾਂ ਖੇਤਰਾਂ ਵਿਚ ਖੇਤੀ ਕਰਦੇ ਹਨ ਅਤੇ ਵਰਖਾ ਰੁੱਤ ਵਿਚ ਪਹਾੜਾਂ ਨੂੰ ਵਾਪਸ ਚਲੇ ਜਾਂਦੇ ਹਨ। ਇਸ ਖੇਤਰ ਵਿਚ ਵਿਸ਼ਾਲ ਪਰਬਤੀ ਸ਼੍ਰੇਣੀਆਂ ਹਨ। ਲਗਭਗ 30 ਅਜਿਹੀਆਂ ਚੋਟੀਆਂ ਹਨ ਜਿਨ੍ਹਾਂ ਦੀ ਉਚਾਈ 5,480 ਮੀ. (18000 ਫੁੱਟ) ਤੋਂ ਵੀ ਜ਼ਿਆਦਾ ਹੈ। ਤਿੱਬਤ ਦੀਆਂ ਜਲ ਵਿਭਾਜਕ ਸ਼੍ਰੇਣੀਆਂ ਦੀਆਂ ਦੱਖਣੀ ਢਲਾਣਾਂ ਤੋਂ ਕਈ ਨਦੀਆਂ ਨਿਕਲਦੀਆਂ ਹਨ। ਇਹ ਨਦੀਆਂ ਵਿਸ਼ਾਲ ਚੋਟੀਆਂ ਨੂੰ ਕੱਟਦੀਆਂ ਹੋਈਆਂ ਅੱਗੇ ਵੱਧਦੀਆਂ ਹਨ। ਇਨ੍ਹਾਂ ਨਾਲ ਇਥੇ ਕਈ ਡੂੰਘੀਆਂ ਘਾਟੀਆਂ ਬਣ ਗਈਆਂ ਹਨ। ਸ਼ਾਰਦਾ ਜਾਂ ਕਾਲੀ, ਪਿੰਡਾਰੀ ਅਤੇ ਕਾਲੀ ਗੰਗਾ, ਇਨ੍ਹਾਂ ਸ਼੍ਰੇਣੀਆਂ ਵਿਚੋਂ ਦੀ ਵਹਿਣ ਵਾਲੀਆਂ ਵੱਡੀਆਂ ਨਦੀਆਂ ਹਨ। ਇਹ ਨਦੀਆਂ ਅਲਕਨੰਦਾ ਵਿਚ ਜਾ ਮਿਲਦੀਆਂ ਹਨ।

ਇਸ ਖੇਤਰ ਵਿਚ ਕੋਨਧਾਰੀ ਦਰਖ਼ਤਾਂ ਦੇ ਜੰਗਲ ਹਨ। ਚੀੜ੍ਹ, ਦਿਓਦਾਰ, ਸਾਈਪਰਸ, ਫਰ, ਸਾਲ, ਸੈਦਾਨ ਅਤੇ ਐਲਡਰ ਆਦਿ ਇਥੋਂ ਦੇ ਮੁਖ ਦਰਖ਼ਤ ਹਨ। ਨੀਵੀਆਂ ਘਾਟੀਆਂ ਵਿਚ ਚਾਵਲ ਅਤੇ ਕਣਕ ਦੀ ਫਸਲ ਉਗਾਈ ਜਾਂਦੀ ਹੈ। ਖਣਿਜ ਪਦਾਰਥਾਂ ਦੇ ਪੱਖ ਤੋਂ ਇਹ ਖੇਤਰ ਕੋਈ ਬਹੁਤਾ ਅਮੀਰ ਨਹੀਂ ਹੈ। ਲੋਹਾ, ਤ੍ਰਾਂਬਾ, ਜਿਪਸਮ, ਸ਼ੀਸ਼ਾ, ਐਸਬੈੱਸਟਾਸ ਜਿਹੇ ਮਹੱਤਵਪੂਰਨ ਖਣਿਜ ਮਿਲਦੇ ਹਨ। ਤਰਾਈ, ਭਾਬਰ ਅਤੇ ਗਹਿਰੀ ਘਾਟੀਆਂ ਨੂੰ ਛੱਡ ਕੇ ਬਾਕੀ ਦੇ ਸਾਰਿਆਂ ਭਾਗਾਂ ਦੀ ਜਲਵਾਯੂ ਇਕੋ ਜਿਹੀ ਅਤੇ ਅਨੁਕੂਲ ਹੈ। ਇਸ ਖੇਤਰ ਵਿਚ ਨੈਨੀਤਾਲ ਅਤੇ ਅਲਮੋੜਾ ਜਿਹੇ ਦੋ ਪ੍ਰਸਿੱਧ ਸਿਹਤ ਵਰਧਕ ਕੇਂਦਰ ਹਨ। ਬਾਹਰਲੇ ਹਿਮਾਲਾ ਦੀਆਂ ਦੱਖਣੀ ਢਲਾਣਾਂ ਉੱਤੇ ਅਧਿਕ ਵਰਖਾ ਹੁੰਦੀ ਹੈ। ਇਸ ਖੇਤਰ ਵਿਚ 100 ਸੈਂ. ਮੀ. ਤੋਂ 200 ਸੈਂ. ਮੀ. ਤੀਕ ਔਸਤਨ ਸਾਲਾਨਾ ਵਰਖਾ ਹੁੰਦੀ ਹੈ। ਸਰਦੀਆਂ ਦੇ ਦਿਨਾਂ ਵਿਚ ਉਚੀਆਂ ਚੋਟੀਆਂ ਉਤੇ ਹਰ ਸਾਲ ਬਰਫ ਪੈਂਦੀ ਹੈ।

ਇਸ ਖੇਤਰ ਵਿਚ ਚਾਹ ਦੇ ਕਈ ਬਾਗ ਹਨ। ਹਿੰਦ-ਚੀਨੀ ਸੀਮਾਂਤਕ ਝਗੜੇ ਕਾਰਨ ਹੁਣ ਇਸ ਖੇਤਰ ਦੀ ਮਹੱਤਤਾ ਕਾਫੀ ਵਧ ਗਈ ਹੈ।

ਸੰਨ 1891 ਵਿਚ ਇਸ ਮੰਡਲ ਵਿਚ ਤਿੰਨ ਜ਼ਿਲ੍ਹੇ ਕੁਮਾਊਂ, ਗੜ੍ਹਵਾਲ ਅਤੇ ਤਰਾਈ ਹੁੰਦੇ ਸਨ। ਬਾਅਦ ਵਿਚ ਇਨ੍ਹਾਂ ਜ਼ਿਲਿਆਂ ਦੀ ਪੁੰਨਰ-ਵੰਡ ਕੀਤੀ ਗਈ। ਕੁਮਾਊਂ ਨੂੰ ਕੇਂਦਰੀ ਨਗਰ ਦੇ ਨਾਂ ਪਿਛੇ ਨੈਨੀਤਾਲ ਅਤੇ ਤਰਾਈ ਨੂੰ ਅਲਮੋੜਾ ਕਿਹਾ ਜਾਣ ਲਗ ਪਿਆ। ਸੰਨ 1949 ਤੀਕ ਇਸ ਮੰਡਲ ਵਿਚ ਅਲਮੋੜਾ, ਨੈਨੀਤਾਲ ਅਤੇ ਗੜ੍ਹਵਾਲ ਨਾਂ ਦੇ ਤਿੰਨ ਜ਼ਿਲੇ ਹੁੰਦੇ ਸਨ। ਪਿਛੋਂ ਟੀਰ੍ਹੀ-ਗੜ੍ਹਵਾਲ (ਸਾਬਕਾ ਰਿਆਸਤ) ਨੂੰ ਇਸ ਮੰਡਲ ਵਿਚ ਸ਼ਾਮਲ ਕਰ ਦਿਤਾ ਗਿਆ।

ਹ. ਪੁ.—ਇੰਪ. ਗ. ਇੰਡ. 16 : 18

**ਕੁਮਾਮੋਟੋ : ਪ੍ਰੀਫੈਕਚਰ**—ਜਾਪਾਨ ਦੇ ਕੇਂਦਰੀ ਕਿਊਸ਼ੂ ਨਾਮੀ ਦੀਪ ਵਿਚ ਇਕ ਪ੍ਰੀਫੈਕਚਰ ਹੈ ਜੋ ਆਮਾਕੁਸਾ-ਸਮੁੰਦਰ ਦੇ

ਸਾਮ੍ਹਣੇ ਸਥਿਤ ਹੈ। ਆਮਾਕੁਸਾਰੀਟੋ ਸਮੇਤ ਇਸ ਨੇ 6940 ਵ. ਕਿ. ਮੀ. ਰਕਬਾ ਮਲਿਆ ਹੋਇਆ ਹੈ। ਇਥੋਂ ਦੀ ਕੁਲ ਆਬਾਦੀ 1,700,229 (1970) ਹੈ। ਇਥੋਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਥੇ ਉੱਤਰੀ ਕਿਊਸ਼ੂ ਦੇ ਉਦਯੋਗਿਕ ਸ਼ਹਿਰਾਂ ਲਈ ਕਾਫੀ, ਚਾਵਲ, ਰੇਸ਼ਮ, ਤੰਬਾਕੂ ਅਤੇ ਹੋਰ ਵਪਾਰਕ ਫਸਲਾਂ ਪੈਦਾ ਕੀਤੀਆਂ ਜਾਂਦੀਆਂ ਹਨ। ਪਹਾੜੀ ਅੰਦਰਲੇ ਭਾਗ ਦੇ ਜੰਗਲ ਅਤੇ ਤੱਟ ਅਤੇ ਦੀਪਾਂ ਉਤੇ ਮੱਛੀਆਂ ਫੜਨਾ ਲੋਕਾਂ ਦਾ ਮੁੱਖ ਆਰਥਕ ਕਿੱਤਾ ਹੈ। ਖੁਰਾਕ ਪ੍ਰਾਸੈਸਿੰਗ, ਸੂਤੀ ਕਪੜੇ, ਰਸਾਇਣਿਕ ਵਸਤਾਂ, ਗੁੱਦਾ, ਕਾਗਜ਼ ਅਤੇ ਮਿੱਟੀ ਦੇ ਭਾਂਡੇ ਤਿਆਰ ਕਰਨੇ ਇਥੋਂ ਦੇ ਉਦਯੋਗਾਂ ਵਿਚ ਸ਼ਾਮਲ ਹਨ।

ਹ. ਪੁ.—ਐਨ. ਬ੍ਰਿ. ਮਾ: 5 : 939

**ਕੁਮਾਮੋਟੋ** : ਸ਼ਹਿਰ—ਜਾਪਾਨ ਦੇ ਕੇਂਦਰੀ ਕਿਊਸ਼ੂ ਨਾਮੀ ਦੀਪ ਵਿਚ ਇਸੇ ਹੀ ਨਾਂ ਦੀ ਪ੍ਰੀਫੈਕਚਰ ਦੀ ਰਾਜਧਾਨੀ ਅਤੇ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਸ਼ਹਿਰ ਹੈ। ਇਹ ਸਤ੍ਹਾਰਵੀਂ ਸਦੀ ਦੇ ਬਣੇ ਹੋਏ ਇਕ ਕਿਲੇ (ਜਿਸ ਵਿਚ ਅੱਜ ਕਲ੍ਹ ਸ਼ਹਿਰ ਦਾ ਇਤਿਹਾਸਕ ਅਜਾਇਬ ਘਰ ਹੈ) ਅਤੇ ਸੁਜ਼ੇਂਜੀ ਪਾਰਕ ਕਰਕੇ ਬਹੁਤ ਪ੍ਰਸਿੱਧ ਹੈ। ਦੱਖਣ ਵੱਲ ਨੂੰ, ਯਾਟਸੁਸ਼ੀਰੋ ਨਾਮੀ ਸ਼ਹਿਰ ਇਕ ਮੁੱਖ ਉਦਯੋਗਿਕ ਕੇਂਦਰ ਹੈ। ਜਵਾਲਾਮੁੱਖੀ ਆਸੋ ਪਹਾੜੀ ਦਾ ਵਿਸ਼ਾਲ ਕ੍ਰੇਟਰ ਟੂਰਿਜ਼ਮ ਲਈ ਖਿੱਚ ਦਾ ਕੇਂਦਰ ਹੈ। ਉੱਤਰ-ਪੂਰਬ ਵਿਚ, ਆਸੋ ਕੁਆਸੀ-ਨੈਸ਼ਨਲ ਪਾਰਕ ਵਿਚ ਇਹ ਕ੍ਰੇਟਰ 1,592 ਮੀ. ਤੀਕ ਉਚਾ ਉੱਠ ਜਾਂਦਾ ਹੈ।

ਆਬਾਦੀ—526,000 (1980)

32° 9′ ਉ. ਵਿਥ ; 130° 40′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 939

**ਕੁਮਾਰ** : ਭਾਰਤ ਦੇ ਪੱਛਮੀ ਬੰਗਾਲ ਰਾਜ ਦੀ ਇਕ ਨਦੀ ਹੈ। ਇਸ ਦਾ ਸਥਾਨਕ ਨਾਂ ਪਾਨਗਾਸੀ ਹੈ। ਇਹ ਮਾਤ ਭਾਂਗਾ ਨਦੀ ਦੀ ਇਕ ਸ਼ਾਖ ਹੈ ਜੋ ਅਲਾਮਡਾਂਗਾ ਦੇ ਸਥਾਨ ਤੋਂ ਇਸ ਵਿਚੋਂ ਵੱਖ ਹੁੰਦੀ ਹੈ। ਸ਼ੁਰੂ ਵਿਚ ਨਾਦੀਆ ਜ਼ਿਲ੍ਹੇ ਤਕ ਕੁਝ ਕਿਲੋਮੀਟਰਾਂ ਵਿਚ ਇਹ ਵਲ ਵਲੇਵੇਂ ਖਾਂਦੀ ਪੂਰਬ ਅਤੇ ਦੱਖਣ-ਪੂਰਬ ਵਲ ਵਹਿੰਦੀ ਹੈ। ਗਰਮੀਆਂ ਵਿਚ ਰੇਤ ਵਿਛ ਜਾਣ ਕਾਰਨ ਨਦੀ ਦਾ ਮੁਹਾਣਾ ਬੰਦ ਹੋ ਜਾਂਦਾ ਹੈ। ਸਾਰੀ ਨਦੀ ਵਿਚ ਗਾਦ ਜੰਮੀ ਹੋਈ ਹੈ। ਇਥੇ ਵੱਡੀਆਂ ਕਿਸ਼ਤੀਆਂ ਕੇਵਲ ਬਰਸਾਤਾਂ ਵਿਚ ਹੀ ਚਲ ਸਕਦੀਆਂ ਹਨ। ਕੁਮਾਰ ਇਕ ਤਿਰਛੇ ਛੋਟੇ ਨਾਲੇ ਦੁਆਰਾ ਗਰਾਈ ਨਾਲ ਜੁੜੀ ਹੋਈ ਹੈ ਪਰ ਇਸ ਦਾ ਮੁਖ ਵਹਾਅ ਮਾਗੁਰਾ ਦੇ ਸਥਾਨ ਨਾਬਾਗਨਗਾ ਵਿਚ ਹੀ ਪੈਂਦਾ ਹੈ।

ਹ. ਪੁ.—ਇੰਪ. ਗ. ਇੰਡ. 16 : 17

**ਕੁਮਾਰ ਸੰਭਵ** : ਵੇਖੋ, ਕਾਲੀਦਾਸ

**ਕੁਮਾਰ ਸਵਾਮੀ, ਡਾ. ਆਨੰਦ ਕੇ.** : ਇਹ ਵਿਸ਼ਵ ਸ਼ਹਿਰੀ, ਵਿਗਿਆਨੀ ਅਤੇ ਲਲਿਤ ਕਲਾ ਦੇ ਖੇਤਰ ਵਿਚ ਜਾਣਿਆ ਜਾਂਦਾ ਪ੍ਰਸਿੱਧ ਵਿਦਵਾਨ ਸੀ, ਜਿਸ ਦਾ ਜਨਮ ਕੋਲੰਪਿਤਯਾ (ਕੋਲੰਬੋ) ਵਿਖੇ 22 ਅਗਸਤ, 1877 ਨੂੰ ਸਰ ਮੁਤੂ ਕੁਮਾਰ ਸਵਾਮੀ ਦੇ ਘਰ ਹੋਇਆ। ਇਸ ਦਾ ਪਿਤਾ 1863 ਵਿਚ ਇੰਗਲੈਂਡ ਵਿਚ ਬੈਰਿਸਟਰ ਬਣਨ ਵਾਲਾ ਪਹਿਲਾ ਹਿੰਦੂ ਸੀ, ਜਿਸ ਨੇ 1875 ਵਿਚ ਮਿਸ ਐਲਿਜ਼ਾਬੈੱਥ-ਕਲੇ ਨਾਲ ਵਿਆਹ ਕੀਤਾ। ਸੰਨ 1879 ਵਿਚ ਆਪਣੇ ਪਿਤਾ ਦੀ ਮੌਤ ਸਮੇਂ ਕੁਮਾਰ ਸਵਾਮੀ ਕੇਵਲ ਦੋ ਸਾਲ ਦਾ ਸੀ। ਅੰਗਰੇਜ਼ ਮਾਂ ਨੇ ਇਸ ਨੂੰ ਬੜੀ ਸੁਚੱਜਤਾ ਨਾਲ ਪਾਲਿਆ। ਸੰਨ 1900 ਵਿਚ ਇਸ ਨੇ ਲੰਡਨ ਯੂਨੀਵਰਸਿਟੀ ਤੋਂ ਭੂ-ਵਿਗਿਆਨ ਅਤੇ ਵਿਗਿਆਨ ਦੇ ਵਿਸ਼ਿਆਂ ਨਾਲ ਪਹਿਲੇ ਦਰਜੇ ਵਿਚ ਬੀ. ਐਸ. ਸੀ. (ਆਨਰਜ਼) ਪਾਸ ਕੀਤੀ। ਕੁਝ ਸਮਾਂ ਇਹ ਯੂਨੀਵਰਸਿਟੀ ਕਾਲਜ ਵਿਚ ਹੀ ਫੈਲੋ ਰਿਹਾ। ਫਿਰ ਮਿਨਰਾਲੋਜੀਕਲ ਸਰਵੇ ਦੇ ਡਾਇਰੈਕਟਰ ਵਜੋਂ ਨਿਯੁਕਤ ਹੋਇਆ। ਤਿੰਨ ਵਰ੍ਹੇ ਇਥੇ ਰਹਿਣ ਪਿਛੋਂ ਇਸ ਨੇ ਸੀਲੋਨ ਸੋਸ਼ਲ ਰਿਫਾਰਮੇਸ਼ਨ ਸੁਸਾਇਟੀ ਕਾਇਮ ਕੀਤੀ ਅਤੇ ਯੂਨੀਵਰਸਿਟੀ ਅੰਦੋਲਨ ਦੀ ਅਗਵਾਈ ਕੀਤੀ। ਇਸ ਨੇ 1906 ਵਿਚ ਲੰਡਨ ਤੋਂ ਡੀ. ਐਸ ਸੀ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਇਸ ਦਾ ਝੁਕਾਅ ਲਲਿਤ ਕਲਾਵਾਂ ਵਲ ਹੋ ਗਿਆ। ਫਿਰ ਭਾਰਤ ਅਤੇ ਦੱਖਣੀ ਪੂਰਬੀ ਏਸ਼ੀਆ ਦਾ ਦੌਰਾ ਕਰਕੇ ਪ੍ਰਾਚੀਨ ਮੂਰਤੀਆਂ ਅਤੇ ਚਿੱਤਰਾਂ ਦਾ ਅਧਿਐਨ ਕੀਤਾ। ਸੰਨ 1910 ਵਿਚ ਇਸ ਨੇ ਕਲਕੱਤੇ ਦੀ ਇੰਡੀਅਨ ਸੁਸਾਇਟੀ ਆਫ ਓਰੀਐਂਟਲ ਆਰਟ ਦੇ ਪ੍ਰਬੰਧ ਵਿਚ ਮੁਗ਼ਲ ਅਤੇ ਰਾਜਪੂਤ ਚਿਤਰਕਲਾ ਉਪਰ ਜੋ ਭਾਸ਼ਣ ਦਿਤਾ, ਉਹ ਅਸਾਧਾਰਨ ਸੀ। ਇਸ ਨੇ 1911 ਵਿਚ ਇੰਗਲੈਂਡ ਜਾ ਕੇ ਹੋਰ ਵਿਦਵਾਨਾਂ ਨਾਲ ਲੰਡਨ ਦੀ 'ਇੰਡੀਆ ਸੋਸਾਇਟੀ' ਦੀ ਨੀਂਹ ਰੱਖੀ ਜੋ ਅੱਜ ਕਲ੍ਹ 'ਰੌਇਲ ਇੰਡੀਆ ਪਾਕਿਸਤਾਨ ਐਂਡ ਸੀਲੋਨ ਸੋਸਾਇਟੀ' ਦੇ ਨਾਂ ਨਾਲ ਪ੍ਰਸਿੱਧ ਹੈ।

ਸੰਨ 1917 ਵਿਚ ਇਹ ਬੋਸਟਨ ਦੀ ਆਰਟ ਗੈਲਰੀ ਵਿਚ ਭਾਰਤੀ ਵਿਭਾਗ ਦਾ ਇੰਚਾਰਜ ਨਿਯੁਕਤ ਹੋਇਆ। ਇਸ ਤੋਂ ਅਗਲੇ 30 ਸਾਲ ਇਸ ਨੇ ਉਥੇ ਹੀ ਬਿਤਾਏ। ਸੰਨ 1920 ਵਿਚ ਇਸ ਨੇ ਸਾਰੀ ਦੁਨੀਆਂ ਦਾ ਦੌਰਾ ਕੀਤਾ। ਸੰਨ 1924 ਵਿਚ ਨਿਊਯਾਰਕ ਵਿਚ 'ਇੰਡੀਅਨ ਕਲਚਰਲ ਸੈਂਟਰ' ਦੀ ਨੀਂਹ ਰੱਖੀ, ਜਿਸ ਦਾ ਇਹ ਪਹਿਲਾ ਪ੍ਰਧਾਨ ਸੀ। ਇਹ 1938 ਵਿਚ ਵਾਸ਼ਿੰਗਟਨ ਦੀ ਸੰਸਥਾ ਨੈਸ਼ਨਲ ਕਮੇਟੀ ਫਾਰ ਇੰਡੀਆਜ਼ ਫ੍ਰੀਡਮ ਦਾ ਪ੍ਰਧਾਨ ਬਣਿਆ। ਇਸ ਦੀ ਧਰਮ, ਚਿੱਤਰਕਲਾ, ਖੋਜ ਅਤੇ ਦਰਸ਼ਨ ਦੇ ਖੇਤਰ ਵਿਚ ਵਿਸ਼ੇਸ਼ ਮਹਾਨਤਾ ਹੈ। ਸੰਨ 1908 ਵਿਚ ਇਸ ਦੀ ਪੁਸਤਕ 'ਦੀ ਏਮਜ਼ ਆਫ ਇੰਡੀਅਨ ਆਰਟ' ਪ੍ਰਕਾਸ਼ਿਤ ਹੋਈ। ਸੰਨ 1910 ਵਿਚ 'ਆਰਟ ਐਂਡ ਸ੍ਵਦੇਸ਼ੀ' ਛਪੀ। ਸੰਨ 1913 ਵਿਚ 'ਆਰਟਸ ਐਂਡ ਕਰਾਫਟਸ ਆਫ ਇੰਡੀਆ ਐਂਡ ਸੀਲੋਨ' ਅਤੇ ਅਗਲੇ ਵਰ੍ਹੇ ਭਗਿਨੀ ਨਿਵੇਦਤਾ ਨਾਲ 'ਮਿਥ੍ਸ ਆਫ ਹਿੰਦੂਜ਼ ਐਂਡ ਬੁੱਧਿਸਟ' ਛਪੀ। ਛੇਤੀ ਹੀ 'ਬੁੱਧ ਐਂਡ ਦੀ ਗਾਸਪਲਜ਼ ਆਫ ਬੁੱਧਇਜ਼ਮ', 'ਦੀ ਡਾਂਸ ਆਫ ਸ਼ਿਵ' ਅਤੇ 1927 ਵਿਚ 'ਦੀ ਹਿਸਟਰੀ ਆਫ ਇੰਡੀਅਨ ਐਂਡ ਇੰਡੋਨੇਸ਼ੀਅਨ ਆਰਟ' ਛਪੀਆਂ। ਕਲਾ ਸਬੰਧੀ ਫ਼ਰਾਂਸੀਸੀ ਭਾਸ਼ਾ ਵਿਚ ਵੀ ਇਸ ਦੀਆਂ ਤਿੰਨ ਪੁਸਤਕਾਂ ਛਪੀਆਂ। ਸੰਨ 1930 ਤੋਂ ਪਿਛੋਂ ਇਸ ਦਾ ਝੁਕਾਅ ਫ਼ਿਲਾਸਫ਼ੀ ਵਲ ਵਧੇਰੇ ਹੋ ਗਿਆ। ਸੰਨ 1933 ਵਿਚ ਇਸ ਨੇ 'ਏ ਨਿਊ ਐਪ੍ਰੋਚ ਟੂ ਵੇਦਾਜ਼' 'ਐਨ ਐਸੇ ਇਨ ਟਰਾਂਸਲੇਸ਼ਨ ਐਂਡ ਐਕਸਿਜੇਸਿਸ' ਪ੍ਰਕਾਸ਼ਿਤ ਕੀਤੀਆਂ। ਪੱਛਮ ਵਾਲਿਆਂ ਨੇ ਇਸ ਮਹਾਨ ਚਿੰਤਕ ਅਤੇ ਕਲਾ ਪ੍ਰੇਮੀ ਨੂੰ 'ਦੀ ਵਾਈਜ਼ ਮੈਨ ਆਫ਼ ਦੀ ਈਸਟ' ਦਾ ਨਾਂ ਦਿਤਾ।

9 ਸਤੰਬਰ, 1947 ਨੂੰ ਸੰਯੁਕਤ ਰਾਜ ਅਮਰੀਕਾ ਵਿਚ ਨੀਡਮ (ਬੋਸਟਨ) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 72

**ਕੁਮਾਰ ਖਾਲੀ** : ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਨਾਦੀਆ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਗਾਰਾਈ ਨਦੀ ਦੇ ਖੱਬੇ ਕੰਢੇ ਤੇ ਵੱਸਿਆ ਹੋਇਆ ਹੈ। ਇਹ ਪੂਰਬੀ ਬੰਗਾਲ ਰਾਜ ਰੇਲਵੇ ਦਾ ਇਕ ਸਟੇਸ਼ਨ ਅਤੇ ਚੰਗਾ ਵਪਾਰਕ ਕੇਂਦਰ ਹੈ। ਈਸਟ ਇੰਡੀਆ ਕੰਪਨੀ ਦੇ ਸਮੇਂ ਇਸੇ ਨੂੰ ਇਕ ਵਪਾਰਕ ਅੱਡਾ ਬਣਾਇਆ ਗਿਆ ਉਦੋਂ ਭਾਰੀ ਮਾਤਰਾ ਵਿਚ ਇਥੇ ਰੇਸ਼ਮ ਬਣਾਉਣ ਦਾ ਧੰਦਾ ਸੀ। ਸੰਨ 1869 ਤੋਂ ਇਥੇ ਮਿਊਂਸਪਲਟੀ ਬਣਾਈ ਗਈ।

23° 52′ ਉ. ਵਿਥ.; 89° 15′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 16 : 18

**ਕੁਮਾਰ ਗੁਪਤ (ਪਹਿਲਾ)** : ਭਾਰਤ ਦਾ ਇਹ ਮਹਾਰਾਜਾ ਚੰਦਰ ਗੁਪਤ ਦੂਜੇ (ਵਿਕਰਮਾਦਿਤ) ਦਾ ਪੁੱਤਰ ਸੀ। ਆਪਣੇ ਪਿਤਾ ਦੀ ਮੌਤ ਪਿਛੋਂ ਇਹ 414-15 ਈ. ਵਿਚ ਰਾਜ ਗੱਦੀ ਤੇ ਬੈਠਾ। ਇਸ ਨੇ ਲਗਭਗ 40 ਸਾਲ ਰਾਜ ਕੀਤਾ ਅਤੇ ਆਪਣੇ ਬੰਸ ਅਤੇ ਸਾਮਰਾਜ

ਦੇ ਉਚੇ ਨਾਂ ਨੂੰ ਕਾਇਮ ਰਖਿਆ। ਇਸ ਦੇ ਸਮੇਂ ਦੇ ਕਈ ਸ਼ਿਲਾਲੇਖ ਪ੍ਰਾਪਤ ਹੋਏ ਹਨ ਜਿਨ੍ਹਾਂ ਤੋਂ ਇਸ ਦੇ ਰਾਜ ਦੇ ਦੂਰ ਦੂਰ ਫੈਲਣ ਬਾਰੇ ਪਤਾ ਲਗਦਾ ਹੈ। ਇਸ ਨੇ ਕਈ ਪ੍ਰਾਂਤਿਕ ਸ਼ਾਸਕ ਅਤੇ ਗਵਰਨਰ ਨਿਯੁਕਤ ਕਰ ਰੱਖੇ ਸਨ।

ਪਰੰਤੂ ਕੁਮਾਰ ਗੁਪਤ ਦੇ ਅੰਤਿਮ ਦਿਨਾਂ ਵਿਚ ਸਾਮਰਾਜ ਨੂੰ ਹਿਲਾ ਦੇਣ ਵਾਲੇ ਦੋ ਹਮਲੇ ਹੋਏ ਸਨ ਜਿਨ੍ਹਾਂ ਤੋਂ ਇਸ ਦੇ ਰਾਜ ਦਾ ਕਮਜ਼ੋਰ ਹੋਣਾ ਸਿੱਧ ਹੁੰਦਾ ਹੈ। ਪਹਿਲਾ ਹਮਲਾ ਨਰਬਦਾ ਨਦੀ ਅਤੇ ਵਿੰਧੀਆਚਲ ਪਰਬਤੀ ਖੇਤਰ ਵਿਚਕਾਰ ਵੱਸਣ ਵਾਲੀ ਇਕ ਜਾਤੀ ਦਾ ਸੀ। ਦੂਜਾ ਹਮਲਾ ਬਰਬਰ ਹੂਨਾਂ ਦਾ ਸੀ। ਜਿਹੜਾ 455-56 ਈ. ਵਿਚ ਹੋਇਆ।

ਸਾਧਾਰਨ ਤੌਰ ਤੇ ਕੁਮਾਰਗੁਪਤ ਦਾ ਸ਼ਾਸਨ ਕਾਲ ਭਾਰਤ ਵਿਚ ਸੁਖ ਅਤੇ ਸ਼ਾਂਤੀ ਦਾ ਯੁਗ ਮੰਨਿਆ ਜਾਂਦਾ ਹੈ। ਇਸ ਦੇ ਸਮੇਂ ਦੇ ਮਿਲੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਇਹ ਖੁਦ ਬਹੁਤ ਧਾਰਮਕ ਬਿਰਤੀ ਦਾ ਵਿਅਕਤੀ ਸੀ। ਇਨ੍ਹਾਂ ਵਿਚ ਮੂਰਤੀਕਾਰੀ ਦਾ ਵੀ ਹਵਾਲਾ ਮਿਲਦਾ ਹੈ।

455-56 ਈ. ਵਿਚ ਹੀ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 69

**ਕੁਮਾਰ ਗੁਪਤ (ਦੂਜਾ)** : ਭਾਰਤ ਦੇ ਇਸ ਸਮਰਾਟ ਦੇ ਪਿਛੋਕੜ ਬਾਰੇ ਕੁਝ ਨਿਸ਼ਚਿਤ ਤੌਰ ਤੇ ਨਹੀਂ ਕਿਹਾ ਜਾ ਸਕਦਾ ਪ੍ਰੰਤੂ ਵਧੇਰੇ ਵਿਦਵਾਨਾਂ ਦਾ ਖਿਆਲ ਹੈ ਕਿ ਇਹ ਨਰ ਸਿੰਘ ਗੁਪਤ ਦਾ ਪੁੱਤਰ ਅਤੇ ਜਾ-ਨਸ਼ੀਨ ਸੀ। ਇਹ ਸਮਰਾਟ ਸਕੰਦ ਗੁਪਤ ਪਿਛੋਂ ਗੁਪਤ ਸਾਮਰਾਜ ਦੀ ਰਾਜ ਗੱਦੀ ਤੇ ਬੈਠਾ। ਕੁਮਾਰ ਗੁਪਤ ਨਾਂ ਦੇ ਇਕ ਸ਼ਾਸਕ ਦੀ ਇਕ ਰਾਜ ਮੁਦਰਾ ਭੀਤਰੀ ਤੋਂ ਪ੍ਰਾਪਤ ਹੋਈ ਹੈ ਪਰੰਤੂ ਇਹ ਦੱਸਣਾ ਮੁਸ਼ਕਲ ਹੈ ਕਿ ਇਹ ਰਾਜਾ ਕੁਮਾਰ ਗੁਪਤ ਦੂਜਾ ਹੀ ਸੀ ਜਾਂ ਕੋਈ ਹੋਰ ਇਸੇ ਨਾਂ ਦਾ ਰਾਜਾ ਸੀ।

ਇਸ ਦਾ ਜਾ-ਨਸ਼ੀਨ ਬੁੱਧ ਗੁਪਤ ਹੋਇਆ ਹੈ ਜਿਸ ਬਾਰੇ ਸਭ ਤੋਂ ਪਹਿਲੀ ਪ੍ਰਾਪਤ ਮਿਤੀ 477 ਈ. ਹੈ। ਇਹੋ ਮਿਤੀ ਕੁਮਾਰ ਗੁਪਤ ਦੂਜੇ ਦੇ ਸ਼ਾਸਨ ਦੀ ਅੰਤਿਮ ਮਿਤੀ ਮੰਨੀ ਜਾਂਦੀ ਹੈ।

ਹ. ਪੁ.—ਹਿੰ. ਵਿ. ਕੋ. 3 : 69

**ਕੁਮਾਰ ਗੁਪਤ (ਤੀਜਾ)** : ਭਾਰਤ ਦਾ ਇਹ ਰਾਜਾ ਗੁਪਤ ਰਾਜਿਆਂ ਦੀ ਲੜੀ ਵਿਚ ਅੰਤਿਮ ਰਾਜਾ ਮੰਨਿਆਂ ਜਾਂਦਾ ਹੈ। ਜੇ ਉੱਤਰੀ ਬੰਗਾਲ ਤੋਂ ਪ੍ਰਾਪਤ ਦਮੋਦਰਪੁਰ ਤਾਮਰਫਲਕ (ਨੰ: 5) ਇਸੇ ਦਾ ਮੰਨਿਆ ਜਾਵੇ ਤਾਂ ਇਸ ਦਾ ਸ਼ਾਸਨ ਕਾਲ ਛੇਵੀਂ ਸਦੀ ਦਾ ਤੀਜਾ ਅਤੇ ਚੌਥਾ ਦਹਾਕਾ ਬਣਦਾ ਹੈ। ਪਰੰਤੂ ਕੁਝ ਹੋਰ ਵਿਦਵਾਨ ਇਸ ਨੂੰ ਮਗਧ ਦੇ ਪਰਵਰਤੀ ਗੁਪਤਿਆਂ ਦੀ ਲੜੀ ਦਾ ਇਕ ਸੁਤੰਤਰ ਸ਼ਾਸਕ ਸਵੀਕਾਰ ਕਰਦੇ ਹਨ। ਸਤਵੀਂ ਸਦੀ ਦੇ ਅੰਤਿਮ ਭਾਗ ਦੇ ਮਿਲੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਕੁਮਾਰ ਗੁਪਤ ਤੀਜੇ ਨੇ ਮੌਖਰੀ ਸ਼ਾਸਕ ਈਸ਼ਾਨ ਵਰਮਾ ਨੂੰ ਜੰਗ ਵਿਚ ਹਰਾਇਆ ਸੀ। ਕੁਮਾਰ ਗੁਪਤ ਤੀਜਾ ਆਪਣੀਆਂ ਜਿੱਤਾਂ ਦੇ ਸਿਲਸਲੇ ਵਿਚ ਪ੍ਰਯਾਗ ਤਕ ਵਧ ਗਿਆ ਸੀ ਅਤੇ ਉਥੇ ਹੀ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 69

**ਕੁਮਾਰਜੀਵ** : ਇਹ ਪ੍ਰਸਿੱਧ ਬੁੱਧ ਭਿਖਸ਼ੂ ਸੀ ਅਤੇ ਮੱਧ ਏਸ਼ੀਆ ਦੇ ਕੁਚੀ ਪ੍ਰਦੇਸ਼ ਦਾ ਨਿਵਾਸੀ ਸੀ। ਇਹ ਭਾਰਤੀ ਵਸਨੀਕ ਕੁਮਾਰਾਯਣ ਦਾ ਪੁੱਤਰ ਸੀ। ਕੁਮਾਰਾਯਣ ਕੁਝ ਅਣਜਾਣੇ ਕਾਰਨਾਂ ਕਰਕੇ ਭਾਰਤ ਛੱਡ ਕੇ ਪਾਮੀਰ ਦੇ ਔਖੇ ਰਸਤੇ ਰਾਹੀਂ ਕੁਚੀ ਪੁੱਜਿਆ। ਉਥੋਂ ਦੇ ਰਾਜੇ ਨੇ ਇਸ ਦਾ ਨਿੱਘਾ ਸੁਆਗਤ ਕੀਤਾ ਅਤੇ ਇਸ ਨੂੰ ਰਾਜਗੁਰੂ ਦੇ ਪਦ ਤੇ ਲਾ ਦਿਤਾ। ਇਸ ਸਮੇਂ ਰਾਜਵੰਸ ਦੀ 'ਜੀਵਾਂ' ਨਾਂ ਦੀ ਰਾਜਕੁਮਾਰੀ ਦਾ ਇਸ ਨਾਲ ਪ੍ਰੇਮ ਹੋ ਗਿਆ। ਇਨ੍ਹਾਂ ਦੋਹਾਂ ਦਾ ਵਿਆਹ ਹੋ ਗਿਆ ਅਤੇ ਕੁਮਾਰ ਜੀਵ ਨੇ ਇਨ੍ਹਾਂ ਦੇ ਘਰ ਜਨਮ ਲਿਆ। ਇਸ ਦੇ ਜਨਮ ਪਿਛੋਂ ਮਾਂ ਨੇ ਬੁੱਧ ਧਰਮ ਧਾਰਨ ਕਰ ਲਿਆ ਅਤੇ ਭਿਖਸ਼ੂਆਣੀ ਹੋ ਗਈ। ਨੌਂ ਵਰ੍ਹੇ ਦੇ ਬਾਲਕ ਨੂੰ ਲੈ ਕੇ ਇਸ ਦੀ ਮਾਂ ਉੱਚ ਸਿਖਿਆ ਲਈ ਕਸ਼ਮੀਰ ਲੈ ਆਈ। ਇਥੇ ਕੁਮਾਰਜੀਵ ਨੇ ਬੁੱਧ ਸਾਹਿਤ ਅਤੇ ਫਿਲਾਸਫੀ ਦਾ ਡੂੰਘਾ ਅਧਿਐਨ ਕੀਤਾ। ਇਹ ਬੁੱਧ ਦਰਸ਼ਨ ਸਬੰਧੀ ਉੱਚ ਕੋਟੀ ਦਾ ਵਿਦਵਾਨ ਹੋ ਗਿਆ। ਇਸ ਪਿਛੋਂ ਮਧ ਏਸ਼ੀਆ ਦੇ ਬੁੱਧ ਕੇਂਦਰਾਂ ਦੀ ਯਾਤਰਾ ਕਰਕੇ ਇਹ ਹੋਰ ਵੀ ਪ੍ਰਸਿੱਧ ਹੋ ਗਿਆ। ਪਹਿਲਾਂ ਇਹ ਹੀਨਯਾਨ ਸੰਪ੍ਰਦਾਇ ਦਾ ਸਮਰਥਕ ਸੀ, ਮਗਰੋਂ ਕੁਚੀ ਮੁੜਨ ਤੇ ਇਸ ਨੇ ਮਹਾਯਾਨ ਮੱਤ ਧਾਰਨ ਕਰ ਲਿਆ।

ਕੁਚੀ ਉਤੇ ਚੀਨ ਦੇ ਹਮਲੇ ਪਿਛੋਂ ਬੰਦੀ ਰੂਪ ਵਿਚ ਇਸ ਨੂੰ ਵੀ ਚੀਨ ਲਿਆਂਦਾ ਗਿਆ। ਇਥੇ ਇਸ ਦੀ ਪਹਿਲਾਂ ਹੀ ਬਹੁਤ ਪ੍ਰਸਿੱਧੀ ਹੋ ਚੁੱਕੀ ਸੀ। 401 ਈ. ਤਕ ਇਸ ਨੂੰ ਲਿੰਗ ਚਾਊ ਵਿਚ ਰਾਜਪਾਲ ਕੋਲ ਹੀ ਰਹਿਣਾ ਪਿਆ। ਚੀਨ ਵਿਚ ਬੁੱਧ ਧਰਮ ਦੇ ਵਿਕਾਸ ਅਤੇ ਭਾਰਤੀ ਬੋਧੀ ਸਾਹਿਤ ਦੇ ਚੀਨੀ ਵਿਚ ਅਨੁਵਾਦ ਵਿਚ ਮੁਢਲੇ ਵਿਦਵਾਨਾਂ ਵਿਚੋਂ ਇਸ ਦਾ ਵਿਸ਼ੇਸ਼ ਹੱਥ ਸੀ। ਇਸ ਦੇ ਚੀਨੀ ਵਿਚ ਅਨੁਵਾਦਿਤ 50 ਗ੍ਰੰਥ ਕਹੇ ਜਾਂਦੇ ਹਨ। ਇਹ ਬੁੱਧ ਫਿਲਾਸਫੀ ਦਾ ਮਹਾਨ ਅਧਿਆਪਕ ਵੀ ਸੀ। ਕਿਹਾ ਜਾਂਦਾ ਹੈ ਕਿ ਇਸ ਦੇ 3,000 ਚੇਲੇ ਸਨ।

ਇਹ ਚੀਨ ਵਿਚ ਬੁੱਧ ਧਰਮ ਦਾ ਮਹਾਨ ਗਿਆਤਾ ਅਤੇ ਵਿਦਵਾਨ ਮੰਨਿਆ ਜਾਂਦਾ ਹੈ।

ਹ. ਪੁ.—ਹਿੰ. ਵਿ. ਕੋ. 3 : 69

**ਕੁਮਾਰ ਪਾਲ** : ਇਹ ਅਨਹਿਲ ਪਾਟਨ (ਭਾਰਤ) ਦੇ ਚਾਲੁਕੀਆ ਬੰਸ ਦਾ ਸ਼ਾਸਕ ਸੀ। ਇਹ 1143 ਈ. ਵਿਚ ਗੱਦੀ ਤੇ ਬੈਠਾ ਅਤੇ ਲਗਭਗ 30 ਸਾਲਾਂ ਤਕ ਰਾਜ ਕਰਦਾ ਰਿਹਾ। ਜੈਨੀਆਂ ਦੀ ਦ੍ਰਿਸ਼ਟੀ ਵਿਚ ਇਹ ਗੁਜਰਾਤ ਦਾ ਸਭ ਤੋਂ ਵੱਡਾ ਸ਼ਾਸਕ ਸੀ। ਇਹ ਜੈ ਸਿੰਘ ਸਿੱਧਰਾਜ ਤੋਂ ਪਿਛੋਂ ਗੱਦੀ ਤੇ ਬੈਠਾ ਪਰੰਤੂ ਜਦੋਂ ਤਕ ਜੈ ਸਿੰਘ ਜਿਉਂਦਾ ਰਿਹਾ, ਇਸ ਨੂੰ ਆਪਣੀ ਜਾਨ ਦੀ ਰੱਖਿਆ ਲਈ ਬਹੁਤ ਕੁਝ ਕਰਨਾ ਪਿਆ। ਕਈ ਵਾਰ ਇਸ ਨੂੰ ਜੈ ਸਿੰਘ ਤੋਂ ਬਚਣ ਲਈ ਰਾਜ ਛੱਡਕੇ ਦੇਸ਼ ਤੋਂ ਬਾਹਰ ਜਾਣਾ ਪਿਆ। ਜੈਨ ਗ੍ਰੰਥਾਂ ਵਿਚ ਕੁਮਾਰ ਪਾਲ ਦੀਆਂ ਕਈ ਜੰਗਾਂ ਅਤੇ ਹੋਰ ਜਿੱਤਾਂ ਦਾ ਵਰਣਨ ਆਉਂਦਾ ਹੈ।

ਕੁਮਾਰ ਪਾਲ ਆਪਣੇ ਸ਼ਾਂਤੀਮਈ ਕਾਰਜਾਂ ਲਈ ਬਹੁਤ ਪ੍ਰਸਿੱਧ ਹੈ। ਜੈਨੀਆਂ ਅਨੁਸਾਰ ਇਸਨੇ ਜੈਨ-ਧਰਮ ਅਪਣਾ ਲਿਆ ਸੀ। ਪਰੰਤੂ ਨਾਲ ਹੀ ਇਸ ਨੇ ਦੂਜੇ ਧਰਮਾਂ ਪ੍ਰਤੀ ਵੀ ਕੋਈ ਵਿਰੋਧਤਾ ਨਹੀਂ ਵਿਖਾਈ ਅਤੇ ਭਾਰਤੀ ਰਾਜਿਆਂ ਦੀ ਦੂਜੇ ਧਰਮਾਂ ਪ੍ਰਤੀ ਸੱਚੀ ਸਹਿਨਸ਼ੀਲਤਾ ਦੀ ਪਰੰਪਰਾ ਨੂੰ ਕਾਇਮ ਰਖਿਆ। ਇਸ ਨੇ ਅਨੇਕਾਂ ਹਿੰਦੂ ਮੰਦਰਾਂ ਦਾ ਨਿਰਮਾਣ ਕਰਵਾਇਆ।

ਇਸ ਦੇ ਰਾਜ ਦੀ ਸਭ ਤੋਂ ਮੁਖ ਗੱਲ ਇਹ ਸੀ ਕਿ ਇਸ ਨੇ ਬਿਨਾਂ-ਪੁੱਤਰ ਮਰਨ ਵਾਲੇ ਲੋਕਾਂ ਦੀ ਸੰਪਤੀ ਰਾਜ ਦੁਆਰਾ ਲੈ ਲੈਣ ਦੀ ਪ੍ਰਥਾ ਬੰਦ ਕਰ ਦਿਤੀ। ਸ਼ਾਸਕ ਦੀ ਦ੍ਰਿਸ਼ਟੀ ਤੋਂ ਇਹ ਮਿਹਨਤੀ ਅਤੇ ਪਰਜਾ ਦਾ ਸ਼ੁਭ-ਚਿੰਤਕ ਸੀ।

1230 ਈ. ਦੇ ਨੇੜੇ ਤੇੜੇ ਬਿਮਾਰੀ ਨਾਲ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 70

**ਕੁਮਾਰ ਰਾਜ** : ਇਹ ਇਕ ਬ੍ਰਾਹਮਣ ਬੰਸੀ ਰਾਜਾ ਸੀ ਅਤੇ ਲਗਭਗ ਛੇਵੀਂ ਸਦੀ ਦੇ ਅੰਤ ਜਾਂ ਸਤਵੀਂ ਸਦੀ ਦੇ ਸ਼ੁਰੂ ਵਿਚ ਆਸਾਮ (ਭਾਰਤ) ਦੀ ਰਾਜ ਗੱਦੀ ਤੇ ਬੈਠਾ। ਇਸ ਦੇ ਬਜ਼ੁਰਗ ਘਟੋ ਘੱਟ ਗੁਪਤ ਕਾਲ ਤੋਂ ਇਸ ਰਾਜ ਵਿਚ ਰਾਜ ਕਰਦੇ ਆ ਰਹੇ ਸਨ। ਇਸ ਤਰ੍ਹਾਂ ਇਹ ਸਮਰਾਟ ਹਰਸ਼ ਵਰਧਨ ਦਾ ਸਮਕਾਲੀ ਰਾਜਾ ਸੀ। ਅਨੇਕਾਂ ਪ੍ਰਮਾਣਾਂ ਤੋਂ ਪਤਾ ਲਗਦਾ ਹੈ ਕਿ ਕੁਮਾਰ ਰਾਜ ਨੇ ਹਰਸ਼ਵਰਧਨ ਦੀ ਪ੍ਰਭੁਤਾ ਸਵੀਕਾਰ ਕਰ ਲਈ ਸੀ।

ਇਨ੍ਹਾਂ ਦੋਹਾਂ ਦੀ ਗੌੜ-ਦੇਸ਼ ਦੇ ਰਾਜੇ ਸ਼ਸਾਂਕ ਨਾਲ ਦੁਸ਼ਮਣੀ ਸੀ। ਪਿਛੋਂ ਕੁਮਾਰ ਰਾਜ ਨੇ ਆਪਣਾ ਦੂਤ ਭੇਜ ਕੇ ਸ਼ਸ਼ਾਂਕ ਨਾਲ ਸੰਧੀ ਕਰ ਲਈ ਸੀ। ਸ਼ਸ਼ਾਂਕ ਦੀ ਮੌਤ ਪਿਛੋਂ ਰਾਜ ਨੂੰ ਕੁਮਾਰ ਰਾਜ ਅਤੇ ਹਰਸ਼ ਵਰਧਨ ਨੇ ਆਪਸ ਵਿਚ ਵੰਡ ਲਿਆ ਸੀ। ਪਰੰਤੂ ਹਰਸ਼ ਵਰਧਨ ਦੀ ਮੌਤ ਪਿਛੋਂ ਕੁਮਾਰ ਰਾਜ ਨੇ ਗੌੜ ਦੇਸ਼ ਦਾ ਸਾਰਾ ਇਲਾਕਾ ਅਤੇ ਇਸ ਦੇ ਆਸ-ਪਾਸ ਦੇ ਪ੍ਰਦੇਸ਼ਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਇਸ ਤਰ੍ਹਾਂ ਇਸ ਦਾ ਰਾਜ ਬਹੁਤ ਫੈਲ ਗਿਆ ਸੀ ਪ੍ਰੰਤੂ ਇਹ ਰਾਜ ਬਹੁਤ ਦੇਰ ਨਾ ਟਿਕ ਸਕਿਆ। ਇਸ ਦੀ ਮੌਤ ਤੋਂ ਤੁਰੰਤ ਪਿਛੋਂ ਹੀ ਇਹ ਰਾਜ ਮਲੇਛ ਕਹੇ ਜਾਣ ਵਾਲੇ ਸਾਲਸਤੰਭ ਦੇ ਕਬਜ਼ੇ ਵਿਚ ਚਲਾ ਗਿਆ।

ਹ. ਪੁ.—ਹਿੰ. ਵਿੰ. ਕੋ. 3 : 71

**ਕੁਮਾਰ ਵਿਆਸ :** ਕੁਮਾਰ ਵਿਆਸ 15ਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਇਆ ਕੰਨੜ ਭਾਸ਼ਾ ਦਾ ਇਕ ਹਰਮਨ ਪਿਆਰਾ ਕਵੀ ਸੀ। ਇਸ ਦਾ ਅਸਲੀ ਨਾਂ ਨਾਰਣੱਪ ਸੀ ਅਤੇ ਕੁਮਾਰ ਵਿਆਸ ਇਸ ਦੀ ਉਪਾਧੀ ਸੀ। ਇਸ ਦਾ ਜਨਮ ਪੰਦਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਕਰਨਾਟਕ ਦੇ ਕੋਸ-ਨਿਵਾੜ ਨਾਂ ਦੇ ਪਿੰਡ ਵਿਚ ਹੋਇਆ। ਇਸ ਦੇ ਪਿਤਾ ਦਾ ਨਾਂ ਲਕਰਸੱਯਾ ਜਾਂ ਲਕਸ਼ਮਣ ਦੇਵ ਸੀ।

ਕੁਮਾਰ ਵਿਆਸ ਨੇ 'ਮਹਾਭਾਰਤ' ਅਤੇ 'ਐਰਾਵਤ' ਨਾਂ ਦੇ ਦੋ ਕਾਵਿ-ਗ੍ਰੰਥ ਰਚੇ ਸਨ। ਇਨ੍ਹਾਂ ਗ੍ਰੰਥਾਂ ਵਿਚ ਰਾਜਿਆਂ ਲਈ ਬੀਰ ਰਸ, ਬ੍ਰਾਹਮਣਾਂ ਲਈ ਵੇਦਾਂ ਦੇ ਸਾਰ, ਯੋਗੀਆਂ ਲਈ ਤੱਤ ਵਿਚਾਰ, ਮੰਤਰੀਆਂ ਲਈ ਬੁੱਧੀ ਵਿਵੇਕ, ਵਿਯੋਗੀਆਂ ਲਈ ਸ਼ਿੰਗਾਰ, ਵਿਦਵਾਨਾਂ ਲਈ ਅਲੰਕਾਰ ਉਪਲਬਧ ਹਨ। ਇਹ ਨਿਰੇ ਅਨੁਵਾਦ ਹੀ ਨਹੀਂ ਸਗੋਂ ਇਨ੍ਹਾਂ ਵਿਚ ਮੌਲਿਕਤਾ ਵੀ ਮਿਲਦੀ ਹੈ।

ਕੁਮਾਰ ਵਿਆਸ ਦੇ 'ਮਹਾਭਾਰਤ' ਦੀ ਭਾਸ਼ਾ ਕੰਨੜ ਹੈ ਜੋ ਬੜੀ ਸਰਲ ਤੇ ਰਸੀਲੀ ਹੈ। ਇਸ ਦੀ ਅਲੰਕਾਰ ਯੋਜਨਾ ਸਫਲ ਹੈ। ਇਸ ਵਿਚ ਬੀਰ ਰਸ, ਅਦਭੁਤ ਰਸ ਤੇ ਹਾਸ ਰਸ ਪ੍ਰਧਾਨ ਹਨ। ਇਹ ਯਕੀਨਨ ਹੀ ਕੰਨੜ ਭਾਸ਼ਾ ਦਾ ਮਹਾਂ ਕਾਵਿ ਹੈ।

ਹ. ਪੁ.—ਹਿੰ. ਵਿ. ਕੋ 3 : 17

**ਕੁਮਾਰਿਲ ਭੱਟ :** ਭਾਰਤੀ ਦਰਸ਼ਨ ਅਤੇ ਧਰਮ ਦੇ ਇਤਿਹਾਸ ਵਿਚ ਇਸ ਵਿਅਕਤੀ ਦਾ ਅਤਿਅੰਤ ਮਹੱਤਵਪੂਰਨ ਸਥਾਨ ਹੈ। ਮੀਮਾਂਸਾ ਦਰਸ਼ਨ ਦੀਆਂ ਦੋ ਮੁੱਢਲੀਆਂ ਸੰਪ੍ਰਦਾਵਾਂ ਵਿਚੋਂ ਇਕ ਦਾ ਇਹ ਸੰਸਥਾਪਕ ਸੀ, ਜਿਸ ਨੂੰ ਭੱਟ ਸੰਪ੍ਰਦਾ ਵੀ ਕਿਹਾ ਜਾਂਦਾ ਹੈ। ਦੂਜੀ ਸੰਪ੍ਰਦਾ ਦਾ ਸੰਸਥਾਪਕ ਪ੍ਰਭਾਕਰ ਮਿਸ਼ਰ ਸੀ। ਇਸ ਦੇ ਕਾਲ ਸਬੰਧੀ ਵਿਦਵਾਨਾਂ ਦਾ ਮੱਤਭੇਦ ਹੈ। ਪਰ ਆਮ ਕਰਕੇ ਇਸ ਦਾ ਸਮਾਂ ਸੱਤਵੀਂ ਸਦੀ ਈਸਵੀ ਮੰਨਿਆ ਜਾਂਦਾ ਹੈ। ਇਹ ਸ਼ੰਕਰਾਚਾਰੀਆ ਤੋਂ ਪਹਿਲਾਂ ਹੋਇਆ ਹੈ। ਭਵਭੂਤੀ ਨੂੰ ਕੁਮਾਰਿਲ ਦਾ ਚੇਲਾ ਮੰਨਿਆ ਜਾਂਦਾ ਹੈ। ਇਸ ਅਨੁਸਾਰ ਇਸ ਦਾ ਕਾਲ 590 ਈ. ਤੋਂ 650 ਈ. ਤੱਕ ਮੰਨਣਾ ਉਚਿਤ ਹੋਵੇਗਾ। ਇਹ ਪਹਿਲਾਂ ਬੋਧੀ ਸੀ ਪਰ ਮਗਰੋਂ ਇਸ ਨੇ ਹਿੰਦੂ ਧਰਮ ਵਿਚ ਪ੍ਰਵੇਸ਼ ਕੀਤਾ। ਤਾਰਾਨਾਥ ਇਸ ਨੂੰ ਦੱਖਣੀ ਭਾਰਤ ਦਾ ਨਿਵਾਸੀ ਮੰਨਦਾ ਹੈ। ਇਸ ਨੇ ਸ਼ਾਬਰ ਵਿਚਾਰ ਸਬੰਧੀ ਤਿੰਨ ਪ੍ਰਸਿੱਧ ਵਿਆਖਿਆ ਗ੍ਰੰਥ ਲਿਖੇ, ਜੋ ਇਸ ਦੀ ਵਿਦਵਤਾ ਦੇ ਪ੍ਰਮਾਣ ਹਨ।

ਇਸ ਦੀ ਫਿਲਾਸਫੀ ਨੂੰ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :- ਗਿਆਨ-ਮੀਮਾਂਸਾ, ਤੱਤ-ਮੀਮਾਂਸਾ ਅਤੇ ਆਚਾਰ-ਮੀਮਾਂਸਾ। ਕੁਮਾਰਿਲ ਅਨੁਸਾਰ ਗਿਆਨ ਦੀ ਪ੍ਰਮਾਣਿਕਤਾ ਅਤੇ ਸਚਾਈ ਦਾ ਪਤਾ ਉਸ ਦੇ ਉਤਪੰਨ ਹੋਣ ਦੇ ਨਾਲ ਹੀ ਹੁੰਦਾ ਹੈ। ਜਦੋਂ ਕਿਸੇ ਵਸਤੂ ਦਾ ਗਿਆਨ ਹੁੰਦਾ ਹੈ, ਉਸੇ ਸਮੇਂ ਉਸ ਦੀ ਸਚਾਈ ਦਾ ਵੀ ਗਿਆਨ ਹੁੰਦਾ ਹੈ। ਉਸ ਦੀ ਸਚਾਈ ਸਿੱਧ ਕਰਨ ਲਈ ਕਿਸੇ ਹੋਰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਪਰੰਤੂ ਗਿਆਨ ਦੇ ਸਹੀ ਨਾ ਹੋਣ ਜਾਂ ਅਪ੍ਰਮਾਣਿਕਤਾ ਦਾ ਬੋਧ ਤਦ ਹੁੰਦਾ ਹੈ ਜਦੋਂ ਉਸ ਦਾ ਬਾਅਦ ਵਿਚ ਵਸਤੂ ਦੇ ਵਾਸਤਵਿਕ ਸਰੂਪ ਨਾਲੋਂ ਵਿਰੋਧ ਦਿਖਾਈ ਦਿੰਦਾ ਹੈ ਜਾਂ ਉਸ ਨੂੰ ਉਤਪੰਨ ਕਰਨ ਵਾਲੇ ਕਾਰਨਾਂ ਦੇ ਦੋਸ਼ਾਂ ਦਾ ਗਿਆਨ ਹੋ ਜਾਂਦਾ ਹੈ। ਕੁਮਾਰਿਲ ਬਾਹਰੀ ਵਸਤੂਆਂ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਸੰਸਾਰ ਨੂੰ ਇਹ ਅਦਵੈਤ ਵੇਦਾਂਤ ਅਤੇ ਹਾਯਾਨ ਬੋਧੀ ਦਰਸ਼ਨ ਵਾਂਗ ਮਿਥਿਆ ਨਹੀਂ ਮੰਨਦਾ।

ਇਹ ਸੰਸਾਰ ਦੀ ਉਤਪਤੀ ਅਤੇ ਪਰਲੋ ਨੂੰ ਨਹੀਂ ਮੰਨਦਾ। ਸੰਸਾਰ ਵਿਚ ਵਸਤਾਂ ਪੈਦਾ ਅਤੇ ਨਸ਼ਟ ਹੁੰਦੀਆਂ ਰਹਿੰਦੀਆਂ ਹਨ। ਜੀਵਾਂ ਦੇ ਜਨਮ ਮਰਨ ਦਾ ਚੱਕਰ ਚਲਦਾ ਰਹਿੰਦਾ ਹੈ। ਪਰੰਤੂ ਸਾਰੇ ਸੰਸਾਰ ਦੀ ਨਾ ਤੇ ਉਤਪਤੀ ਹੀ ਹੁੰਦੀ ਹੈ ਅਤੇ ਨਾ ਹੀ ਖ਼ਾਤਮਾ ਹੁੰਦਾ ਹੈ। ਨਿਯਾਏ ਸ਼ਾਸਤਰ ਵਾਂਗ ਇਹ ਪਰਮਾਤਮਾ ਨੂੰ ਸੰਸਾਰ ਦਾ ਰਚਨਹਾਰਾ ਨਹੀਂ ਮੰਨਦੇ। ਕੁਮਾਰਿਲ ਅਨੁਸਾਰ ਆਤਮਾ ਸਦਾ ਰਹਿਣ ਵਾਲੀ ਅਤੇ ਵਿਆਪਕ ਹੈ। ਇਹ ਕਰਤਾ ਅਤੇ ਕਰਮ-ਫਲ-ਭੋਗਤਾ ਦੋਵੇਂ ਹੀ ਹੈ। ਆਤਮਾ ਸਰੀਰ, ਇੰਦਰੀਆਂ, ਮਨ ਅਤੇ ਬੁੱਧੀ ਤੋਂ ਵੱਖਰੀ ਹੈ : ਕੁਮਾਰਿਲ ਦੇ ਮਤ ਵਿਚ ਆਤਮਾ ਅਨੇਕ ਹੈ। ਇਹ ਹਰ ਸ਼ਰੀਰ ਵਿਚ ਵਖਰੀ ਹੈ। ਆਤਮਾ ਕੁਝ ਕੁ ਜੜ੍ਹ ਅਤੇ ਕੁਝ ਕੁ ਚੇਤੰਨ ਹੈ। ਗਹਿਰੀ ਨੀਂਦ ਅਤੇ ਮੁਕਤੀ ਦੀ ਅਵਸਥਾ ਵਿਚ ਆਤਮਾ ਚੇਤੰਨ ਨਹੀਂ ਰਹਿੰਦੀ। ਇਨ੍ਹਾਂ ਦੇ ਮੱਤ ਅਨੁਸਾਰ ਆਤਮਾ ਗਿਆਤਾ ਅਤੇ ਗਿਆਨ ਦਾ ਵਿਸ਼ਾ ਦੋਵੇਂ ਹੀ ਹੈ।

ਇਸ ਦੀ ਮੀਮਾਂਸਾ ਫਿਲਾਸਫੀ ਦਾ ਮੁੱਖ ਉਦੇਸ਼ ਧਰਮ ਦਾ ਨਿਰੂਪਣ ਕਰਨਾ ਹੈ। ਕੁਮਾਰਿਲ ਅਨੁਸਾਰ ਵੇਦਾਂ ਵਿਚ ਦੱਸੇ ਤਿੰਨ ਪਰਕਾਰ ਦੇ ਕੰਮਾਂ ਵਿਚ 'ਕਾਮਯਾ' ਕਰਮ ਇਹ ਹਨ ਜੋ ਕਿਸੇ ਸੁਆਰਥ ਦੀ ਸਿੱਧੀ ਲਈ ਕੀਤੇ ਜਾਂਦੇ ਹਨ ਜਿਵੇਂ ਸਵਰਗ ਦੀ ਇੱਛਾ ਵਾਲਾ ਵਿਅਕਤੀ ਯੱਗ ਕਰੇ, ਦੂਜੀ ਕਿਸਮ ਦੇ ਕਰਮ ਉਹ ਹਨ, ਜਿਨ੍ਹਾਂ ਦੀ ਮਨਾਹੀ ਕੀਤੀ ਗਈ ਹੈ। ਤੀਜੀ ਕਿਸਮ ਦੇ ਨਿੱਤ ਦੇ ਕਰਨ ਵਾਲੇ ਕਰਮ ਹਨ ਜੋ ਹਰ ਰੋਜ਼ ਕਰਨੇ ਚਾਹੀਦੇ ਹਨ ਜਿਵੇਂ ਪਾਠ ਪੂਜਾ ਆਦਿ।

ਸੰਸਾਰ ਤੋਂ ਆਤਮਾ ਦੇ ਸਬੰਧ ਲਈ ਟੁਟ ਜਾਣ ਨੂੰ ਮੁਕਤੀ ਕਹਿੰਦੇ ਹਨ। ਆਤਮਾ ਦੁੱਖ ਤੋਂ ਪੂਰਨ ਰੂਪ ਵਿਚ ਮੁਕਤ ਹੋ ਜਾਂਦੀ ਹੈ ਉਸ ਸਮੇਂ ਦੁੱਖ ਦਾ ਵੀ ਕੋਈ ਅਹਿਸਾਸ ਨਹੀਂ ਰਹਿੰਦਾ, ਇਹੋ ਪੂਰਣ ਸੁਤੰਤਰਤਾ ਅਤੇ ਸ਼ਾਂਤੀ ਦੀ ਅਵਸਥਾ ਹੁੰਦੀ ਹੈ। ਮੁਕਤੀ ਦੀ ਪ੍ਰਾਪਤੀ ਲਈ ਮਨੁੱਖ ਨੂੰ ਉਪਰ ਦਸੇ ਪਹਿਲੀਆਂ ਦੋ ਕਿਸਮਾਂ ਦੇ ਕਰਮਾਂ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਨਿਤਨੇਮ ਵਾਲੇ ਕਰਮ ਜ਼ਰੂਰ ਕਰਨੇ ਚਾਹੀਦੇ ਹਨ। ਕਰਮਾਂ ਨੂੰ ਕਰਨਾਂ ਮੁਕਤੀ ਦਾ ਸਾਧਨ ਹੈ। ਕੁਮਾਰਿਲ ਨੇ ਮੁਕਤੀ ਲਈ ਕਰਮ ਨੂੰ ਪ੍ਰਧਾਨ ਕਾਰਨ ਅਤੇ ਆਤਮਕ ਗਿਆਨ ਨੂੰ ਮੁਕਤੀ ਦਾ ਸਹਿਕਾਰੀ ਕਾਰਨ ਮੰਨਿਆ ਹੈ ਇਸ ਦੇ ਅਨੁਸਾਰ ਵੇਦਾਂਤ ਦਾ ਅਧਿਐਨ ਅਤੇ ਚਿੰਤਨ ਮੁਕਤੀ ਪ੍ਰਾਪਤੀ ਵਿਚ ਸਹਾਇਕ ਹੁੰਦਾ ਹੈ।

ਹ. ਪੁ.—ਹਿੰ. ਵਿ. ਕੋ. 3 : 73

**ਕੁੰਮੀ :** ਇਹ ਕੇਰਲ ਅਤੇ ਤਾਮਿਲਨਾਡੂ ਦਾ ਇਕ ਲੋਕ-ਨਾਚ ਹੈ, ਜਿਸ ਨੂੰ ਆਮ ਕਰਕੇ ਔਰਤਾਂ ਜਾਂ ਲੜਕੀਆਂ ਕਰਦੀਆਂ ਹਨ।

ਕੇਰਲ ਦਾ ਗਰੁੱਪ-ਨਾਚ ਛੇ ਤਾਲ ਤੇ ਕੀਤਾ ਜਾਂਦਾ ਹੈ। ਨਰਤਕੀਆਂ ਘੇਰੇ ਵਿਚ ਨਚਦੀਆਂ ਹਨ ਅਤੇ ਆਪਣੇ ਹੱਥਾਂ ਦੇ ਇਸ਼ਾਰਿਆਂ ਨਾਲ ਬੀਜਣ ਅਤੇ ਫ਼ਸਲ ਕਟਣ ਦਾ ਭਾਵ ਪ੍ਰਗਟਾਉਂਦੀਆਂ ਹਨ। ਕੁੜੀਆਂ ਤਾਲ ਅਨੁਸਾਰ ਇਸ਼ਾਰੇ ਕਰਦੀਆਂ ਹੋਈਆਂ ਇਕ-ਇਕ ਹੱਥ ਚੁੱਕ ਕੇ ਨਚਦੀਆਂ ਹਨ। ਇਸ ਤੋਂ ਬਾਅਦ ਉਹ ਆਪਣੇ ਜੋਟੀਦਾਰ ਦੇ ਨਾਲ ਪਹਿਲਾਂ ਇਕ ਹੱਥ ਨਾਲ ਅਤੇ ਫੇਰ ਦੋਹਾਂ ਹੱਥਾਂ ਨਾਲ ਤਾੜੀਆਂ ਵਜਾਉਂਦੀਆਂ ਹੋਈਆਂ ਛਾਲ ਮਾਰਨ ਤੋਂ ਬਾਅਦ ਪਲਾਕੀ ਮਾਰ ਕੇ ਬਹਿ ਜਾਂਦੀਆਂ ਹਨ। ਹਰ ਕੁੜੀ ਘੇਰੇ ਵਿਚ ਵੱਖਰੇ ਢੰਗ ਨਾਲ ਕਦਮ ਪੁੱਟਦੀ ਹੈ ਅਰਥਾਤ ਇਸ ਨਾਚ ਵਿਚ ਤਾਲ-ਬੱਧ ਸੰਕੇਤ, ਤਾੜੀਆਂ ਅਤੇ ਕਈ ਤਰ੍ਹਾਂ ਨਾਲ ਕਦਮ ਪੁੱਟੇ ਜਾਂਦੇ ਹਨ। ਨਚਦੀਆਂ ਹੋਈਆਂ ਕੁੜੀਆਂ ਦਾ ਟੋਲਾ ਵੀ ਗਾਣਾ ਗਾਉਂਦਾ ਹੈ। ਹਰ ਨਰਤਕੀ ਆਪਣੀ ਵਾਰੀ ਤੇ

ਇਕ ਨਵੀਂ ਤੁਕ ਗਾਉਂਦੀ ਹੈ ਅਤੇ ਸਭ ਥੱਕ ਜਾਣ ਤੇ ਉਹ ਨੱਚਣਾ ਬੰਦ ਕਰ ਦੇਂਦੀਆਂ ਹਨ। ਇਸ ਨਾਚ ਦੇ ਵਿਸ਼ੇ ਮਿਥਿਹਾਸਕ ਹੁੰਦੇ ਹਨ ਅਤੇ ਇਸ ਦਾ ਢੰਗ, ਸ਼ੈਲੀ ਪਰੰਪਰਾਗਤ ਤਾਲ ਅਤੇ ਲੈਅ ਕਥਾਕਲੀ ਨਾਲ ਮਿਲਦੀ ਜੁਲਦੀ ਹੈ।

ਤਾਮਿਲਨਾਡ ਦੇ ਇਸ ਨਾਚ ਨੂੰ ਦੱਖਣ ਦੇ ਹਿੰਦੂ ਨਵੇਂ ਸਾਲ ਵਾਲੇ ਦਿਨ ਕਰਦੇ ਹਨ, ਜੋ ਪੋਂਗਲ ਤਿਉਹਾਰ ਤੋਂ ਬਾਅਦ ਜਨਵਰੀ ਵਿਚ ਆਉਂਦਾ ਹੈ। ਪਸ਼ੂਆਂ ਨੂੰ ਗੂੜ੍ਹੇ ਲਾਲ ਰੰਗ ਤੇ ਸੋਨੇ ਨਾਲ ਸਜਾਇਆ ਜਾਂਦਾ ਹੈ। ਉਨ੍ਹਾਂ ਦੇ ਗਲਾਂ ਵਿਚ ਪਿੱਤਲ ਦੀਆਂ ਚਮਕੀਲੀਆਂ ਘੰਟੀਆਂ ਅਤੇ ਫੁੱਲਾਂ ਦੇ ਹਾਰ ਪਾਏ ਜਾਂਦੇ ਹਨ ਅਤੇ ਮੱਥੇ ਤੇ ਸੰਧੂਰ ਲਗਾਇਆ ਜਾਂਦਾ ਹੈ ਇਨ੍ਹਾਂ ਨੂੰ ਭਗਵਾਨ ਸ਼ਿਵ ਅਤੇ ਕ੍ਰਿਸ਼ਨ ਵਾਂਗ ਪਵਿੱਤਰ ਮੰਨ ਕੇ ਸੰਗੀਤ ਅਤੇ ਢੋਲ ਵਜਾਉਂਦੇ ਹੋਏ ਇਨ੍ਹਾਂ ਦਾ ਜਲੂਸ ਕੱਢਿਆ ਜਾਂਦਾ ਹੈ। ਇਹ ਤਿਉਹਾਰ ਤਿੰਨ ਦਿਨ ਤਕ ਚਲਦਾ ਹੈ। ਤਾਮਿਲਨਾਡ ਵਿਚ ਕੁੰਮੀ ਨਾਚ ਦੇ ਕਈ ਰੂਪ ਹਨ ਜਿਵੇਂ ਫਲਾਵਰ, ਡਾਨਸ. ਸਰਸਵਤੀ ਕੁਮੀ, ਨੈਸ਼ਨਲ ਸਾਂਗ ਕੁਮੀ ਆਦਿ।

ਹ. ਪੁ.—ਐਨ. ਇੰ. 2 : 650; ਦੀ ਡਾਂਸ ਇਨ ਇੰਡੀਆ-ਭਵਨਾਨੀ; ਡਾਂਸ ਡਾਇਲੈਕਟਸ ਆਫ ਇੰਡੀਆ-ਰਾਗਲੀ ਦੇਵੀ।

**ਕੁਰਸਕ : ਆਬਲਸਤ**—ਰੂਸੀ ਸੋਵੀਅਤ ਸੰਘੀ ਸਮਾਜਵਾਦ ਗਣਰਾਜ (ਸੋ. ਸੰਘ.) ਦੀ ਇਕ ਆਬਲਸਤ ਹੈ ਜੋ 1934 ਵਿਚ ਹੋਂਦ ਵਿਚ ਆਈ ਸੀ। ਖੇਤਰਫਲ ਲਗਭਗ 29,800 ਵ. ਕਿ. ਮੀ. ਹੈ ਅਤੇ ਆਬਾਦੀ 1,474,000 (1970) ਹੈ। ਇਸ ਦੀ ਧਰਾਤਲ ਪਠਾਰੀ ਹੈ ਅਤੇ ਇਸ ਵਿਚ ਸੇਮ ਦਰਿਆ ਤੇ ਇਸ ਦੀਆਂ ਸਹਾਇਕ ਨਦੀਆਂ ਦੀਆਂ ਘੱਟ ਡੂੰਘੀਆਂ ਅਤੇ ਚੌੜੀਆਂ ਵਾਦੀਆਂ ਹਨ। ਜ਼ਮੀਨ ਉਪਜਾਊ ਹੈ ਅਤੇ ਫਲਾਂ (ਸੇਬ, ਆਲੂ ਬੁਖ਼ਾਰਾ) ਲਈ ਲਾਹੇਵੰਦ ਹੈ। ਰਾਈ, ਬਾਜਰਾ, ਜਵੀ, ਕਣਕ, ਜੌਂ, ਸਣ, ਚੁਕੰਦਰ ਅਤੇ ਆਲੂ ਇਥੋਂ ਦੀਆਂ ਮੁਖ ਫਸਲਾਂ ਹਨ। ਚੁਕੰਦਰ ਦੀ ਬਹੁਤਾਤ ਕਾਰਨ ਰੂਸ ਦੀ ਕੁੱਲ ਖੰਡ ਦਾ 7ਵਾਂ ਹਿੱਸਾ ਇਸ ਇਲਾਕੇ ਦੀ ਦੇਣ ਹੈ। ਲੋਹਾ ਇਥੋਂ ਦਾ ਮੁਖ ਖਣਿਜ ਹੈ। ਰੇਲਾਂ ਆਵਾਜਾਈ ਦਾ ਸਾਧਨ ਹੈ। ਕੁਰਸਕ ਸ਼ਹਿਰ ਇਸ ਆਬਲਸਤ ਦਾ ਪ੍ਰਬੰਧਕੀ ਕੇਂਦਰ ਹੈ।

ਹ. ਪੁ.—ਐਨ. ਬ੍ਰਿ. 13 : 517; ਕੋਲ. ਐਨ. 11 : 318

**ਕੁਰਸਕ : ਸ਼ਹਿਰ**—ਰੂਸੀ ਸੋਵੀਅਤ ਸੰਘੀ ਸਮਾਜਵਾਦ ਗਣਰਾਜ (ਸੋ. ਸੰਘ.) ਦੀ ਕੁਰਸਕ ਨਾਂ ਦੀ ਇਕ ਆਬਲਸਤ ਦਾ ਪ੍ਰਬੰਧਕੀ ਤੇ ਉਦਯੋਗਿਕ ਸ਼ਹਿਰ ਹੈ ਜੋ ਮਾਸਕੋ ਤੋਂ 450 ਕਿ. ਮੀ. ਦੱਖਣ-ਪੱਛਮ ਵਲ ਸੇਮ ਤੇ ਤਸਕਰ ਦਰਿਆਵਾਂ ਦੇ ਸੰਗਮ ਤੇ ਸੇਮ ਦੇ ਕੰਢੇ ਤੇ ਵਾਕਿਆ ਹੈ। ਇਹ ਰੂਸ ਦੇ ਪ੍ਰਾਚੀਨ ਸ਼ਹਿਰਾਂ ਵਿਚੋਂ ਇਕ ਹੈ। ਰੂਸ ਦੇ ਸੁਪ੍ਰਸਿੱਧ ਸੇਂਟ ਥੀਓਡੋਸੀਅਸ ਦਾ ਜਨਮ ਵੀ ਇਸ ਸ਼ਹਿਰ ਵਿਚ ਹੋਇਆ ਸੀ। 1240 ਈ. ਦੇ ਤਾਤਾਰ ਦੇ ਹਮਲੇ ਵਿਚ ਇਹ ਨਸ਼ਟ ਹੋ ਗਿਆ ਸੀ। 1586 ਵਿਚ ਤਾਤਾਰ ਦੇ ਹਮਲੇ ਤੋਂ ਰੂਸੀ ਬਸਤੀਆਂ ਨੂੰ ਬਚਾਉਣ ਲਈ ਇਥੇ ਇਕ ਫੌਜੀ ਚੌਂਕੀ ਬਣਾਈ ਗਈ।

1917 ਤੋਂ 1920 ਤਕ ਕ੍ਰਾਂਤੀ ਦੌਰਾਨ ਇਥੇ ਵਾਈਟ ਅਤੇ ਰੈੱਡ ਫ਼ੌਜਾਂ ਵਿਚਕਾਰ ਝੜੱਪਾਂ ਹੋਈਆਂ। ਦੂਜੇ ਵਿਸ਼ਵ ਯੁੱਧ ਦੌਰਾਨ ਇਥੇ ਭਿਆਨਕ ਲੜਾਈਆਂ ਹੋਈਆਂ ਜਿਸ ਨਾਲ ਸ਼ਹਿਰ ਬੜੀ ਬੁਰੀ ਤਰ੍ਹਾਂ ਤਬਾਹ ਹੋ ਗਿਆ ਅਤੇ ਜਰਮਨੀ ਦਾ ਇਸ ਤੇ ਕਬਜ਼ਾ (1941—43) ਹੋ ਗਿਆ। 1950 ਤੋਂ ਬਾਅਦ ਕੱਚਾ ਲੋਹਾ ਮਿਲਣ ਨਾਲ ਇਸ ਸ਼ਹਿਰ ਦਾ ਕਾਫ਼ੀ ਵਿਕਾਸ ਹੋਇਆ।

ਵਰਤਮਾਨ ਕੁਰਸਕ ਵਿਚ ਜ਼ਰਾਇਤੀ ਵਸਤਾਂ ਪ੍ਰਾਸੈੱਸ ਕਰਨ, ਆਟਾ ਪੀਹਣ, ਸਪਿਰਟ ਬਣਾਉਣ, ਤੰਬਾਕੂ ਸੋਧਣ ਅਤੇ ਜੁੱਤੀਆਂ ਬਣਾਉਣ ਦੇ ਉਦਯੋਗਾਂ ਦੇ ਨਾਲ-ਨਾਲ ਮੈਟਾਲਰਜੀਕਲ ਅਤੇ ਇੰਜਨੀਅਰਿੰਗ ਉਦਯੋਗ ਵੀ ਮੌਜੂਦ ਹਨ। ਆਵਾਜਾਈ ਲਈ ਰੇਲਾਂ ਹਨ। ਕੁਰਸਕ ਆਬਲਸਤ ਦਾ ਇਹ ਸਭਿਆਚਾਰਕ ਕੇਂਦਰ ਹੈ। ਇਥੇ ਇਕ ਇਲਾਕਾਈ ਅਜਾਇਬ ਘਰ, ਮੈਡੀਕਲ ਤੇ ਟੀਚਰ ਟ੍ਰੇਨਿੰਗ ਦੀਆਂ ਸੰਸਥਾਵਾਂ ਹਨ।

ਆਬਾਦੀ—390,000 (1981)

51° 44′ ਉ. ਵਿਥ. ; 36° 15′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 13 : 517 ; ਕੋਲ. ਐਨ. 11 : 318

**ਕੁਰਕੀ :** ਕਿਸੇ ਅਦਾਲਤ ਵਲੋਂ ਲਿਖਤੀ ਹੁਕਮ ਦੁਆਰਾ ਪ੍ਰਤਿਵਾਦੀ ਦੀ ਜਾਇਦਾਦ ਦੀ ਜ਼ਬਤੀ ਨੂੰ ਕੁਰਕੀ ਕਿਹਾ ਜਾਂਦਾ ਹੈ ਤਾਂ ਜੋ ਉਸ ਜਾਇਦਾਦ ਨੂੰ ਨੀਲਾਮ ਕਰਕੇ ਡਿਗਰੀਦਾਰ ਨੂੰ ਉਸ ਦਾ ਹੱਕ ਦੁਆਇਆ ਜਾਵੇ। ਭਾਰਤ ਵਿਚ ਕੁਰਕੀ ਦੇ ਸਬੰਧ ਵਿਚ ਜ਼ਾਬਤਾ ਦੀਵਾਨੀ ਸੰਘਤਾ ਦੀਆਂ 60 ਤੋਂ 64 ਤੱਕ ਦੀਆਂ ਧਾਰਾਵਾਂ ਲਾਗੂ ਹੁੰਦੀਆਂ ਹਨ। ਧਾਰਾ 60 ਅਨੁਸਾਰ ਡਿਗਰੀ ਦੇ ਇਜ਼ਰਾ ਵਿਚ ਹੇਠ ਲਿਖੀ ਸੰਪਤੀ ਕੁਰਕ ਹੋ ਸਕਦੀ ਹੈ, ਅਰਥਾਤ ਜ਼ਮੀਨ, ਮਕਾਨ ਜਾਂ ਹੋਰ ਇਮਾਰਤਾਂ, ਮਾਲ, ਨਕਦੀ, ਬੈਂਕ ਨੋਟ, ਚੈੱਕ, ਵਟਾਂਦਰਾ-ਪੱਤਰ, ਹੁੰਡੀਆਂ, ਪਰਨੋਟ, ਸਰਕਾਰੀ ਸਿਕਿਉਰਟੀਆਂ, ਧਨ ਲਈ ਬਾਂਡ ਜਾਂ ਹੋਰ ਸਿਕਿਉਰਿਟੀਆਂ, ਰਿਣ, ਕਿਸੇ ਨਿਗਮ ਵਿਚਲੇ ਹਿੱਸੇ ਅਤੇ ਜਿਥੇ ਕਿਸੇ ਛੋਟ ਲਈ ਕਾਨੂੰਨ ਵਿਚ ਜ਼ਿਕਰ ਹੈ, ਉਸ ਨੂੰ ਛੱਡ ਕੇ ਨਿਆਂ ਨਿਰਣੇ ਵਾਲੇ ਕਰਜ਼ਦਾਰ ਦੀ ਹੋਰ ਸਭ ਵਿਕਰੀਯੋਗ ਚੱਲ ਜਾਂ ਅਚੱਲ ਜਾਇਦਾਦ। ਇਸੇ ਧਾਰਾ ਅਨੁਸਾਰ ਕਰਜ਼ਦਾਰ, ਉਸ ਦੀ ਪਤਨੀ ਜਾਂ ਬੱਚਿਆਂ ਦੇ ਜ਼ਰੂਰੀ ਪਹਿਨਣ ਦੇ ਕੱਪੜੇ, ਰਸੋਈ ਦੇ ਭਾਂਡੇ, ਬਿਸਤਰੇ, ਧਾਰਮਿਕ ਰਿਵਾਜ਼ ਦੇ ਗਹਿਣੇ, ਕਾਰੀਗਰ ਦੇ ਔਜ਼ਾਰ, ਖੇਤੀ ਕਰਨ ਵਾਲੇ ਦੇ ਸੰਦ, ਖੇਤੀ ਕਰਨ ਵਾਲੇ ਦਾ ਘਰ, ਮਕਾਨ ਅਤੇ ਉਨ੍ਹਾਂ ਨਾਲ ਲਗਦੀ ਜ਼ਮੀਨ, ਵਹੀਆਂ ਖਾਤੇ, ਪੈਨਸ਼ਨਰਾਂ ਦੇ ਵਜ਼ੀਫੇ ਤੇ ਗ੍ਰੈਚੂਟੀਆਂ, ਘਰੇਲੂ ਨੌਕਰਾਂ ਦੀਆਂ ਉਜਰਤਾਂ, ਅਤੇ ਖ਼ਾਸ ਹੱਦ ਤੱਕ ਤਨਖਾਹਾਂ ਆਦਿ ਕੁਰਕ ਨਹੀਂ ਹੋ ਸਕਦੀਆਂ। ਕੁਰਕ ਹੋਈ ਸੰਪਤੀ ਨੂੰ ਵੇਚਿਆ-ਵੱਟਿਆ ਜਾਂ ਹੋਰ ਕਿਵੇਂ ਮੁੰਤਕਿਲ ਨਹੀਂ ਕੀਤਾ ਜਾ ਸਕਦਾ। ਕੁਰਕੀ ਦੇ ਹੁਕਮ ਦੀ ਤਾਮੀਲ ਕਰਾਉਣ ਵਾਲੇ ਤੇ ਮਕਾਨ ਵਿਚ ਵੜਨ ਦੇ ਸਮੇਂ ਅਤੇ ਤਰੀਕੇ ਤੇ ਕੁਝ ਪਾਬੰਦੀਆਂ ਹਨ। ਇਸੇ ਜ਼ਾਬਤੇ ਦੇ ਹੁਕਮ 21 ਵਿਚ ਕੁਰਕੀ ਬਾਰੇ ਕੁਝ ਹੋਰ ਸਪਸ਼ਟ ਉਪਬੰਧ ਹਨ ਜਿਵੇਂ ਕਿ ਅਦਾਲਤ ਦੇ ਫੈਸਲੇ ਦੇ ਤਾਬੇ ਕਰਜ਼ਦਾਰ ਦੇ ਕਬਜ਼ੇ ਵਿਚ ਨਾ ਹੋਣ ਵਾਲੀ ਚੱਲ ਜਾਇਦਾਦ ਦੀ ਕੁਰਕੀ ਵਾਸਤੇ ਦਰਖਾਸਤ ਨਾਲ, ਡਿਗਰੀਦਾਰ ਕੁਰਕ ਕੀਤੀ ਜਾਣ ਵਾਲੀ ਜਾਇਦਾਦ ਦੀ ਫ਼ਰਦ ਨੱਥੀ ਕਰੇਗਾ। ਇਸੇ ਤਰ੍ਹਾਂ ਅਚੱਲ ਜਾਇਦਾਦ ਲਈ ਕੁਰਕੀ ਦੀ ਦਰਖਾਸਤ ਵਿਚ ਕੁਝ ਜ਼ਰੂਰੀ ਵੇਰਵੇ ਦਿੱਤੇ ਜਾਣੇ ਚਾਹੀਦੇ ਹਨ, ਜਿਨ੍ਹਾਂ ਨਾਲ ਜਾਇਦਾਦ ਦੀ ਸ਼ਨਾਖਤ ਹੋ ਸਕੇ ਅਤੇ ਉਸ ਵਿਚ ਕਰਜ਼ਦਾਰ ਦਾ ਹਿੱਸਾ ਅਤੇ ਹਿਤ ਜ਼ਾਹਰ ਹੋਵੇ। ਜੇਕਰ ਕੁਰਕ ਕੀਤੀ ਜਾਣ ਵਾਲੀ ਜ਼ਮੀਨ ਦੀ ਰਜਿਸਟਰੀ ਹੋਈ ਹੈ, ਤਾਂ ਅਦਾਲਤ ਬਿਨੈਕਾਰ ਪਾਸੋਂ ਰਜਿਸਟਰੀ ਵਿਚੋਂ ਸਬੰਧਤ ਤਸਦੀਕੇ ਅੰਸ਼ ਦਾ ਉਤਾਰਾ ਪੇਸ਼ ਕਰਵਾ ਸਕੇਗੀ, ਜਿਸ ਵਿਚ ਉਨ੍ਹਾਂ ਵਿਅਕਤੀਆਂ ਦਾ ਉਲੇਖ ਹੋਵੇਗਾ ਜਿਨ੍ਹਾਂ ਦਾ ਰਜਿਸਟਰੀ ਵਿਚ ਜਾਇਦਾਦ ਦੇ ਮਾਲਕਾਂ ਵਜੋਂ ਜਾਂ ਉਸ ਵਿਚ ਮੁੰਤਕਿਲ ਹੋਣ ਵਾਲੇ ਕੋਈ ਹਿਤ ਜਾਂ ਹਿੱਸਾ ਰੱਖਣ ਵਾਲਿਆਂ ਵਜੋਂ ਇੰਦਰਾਜ ਕੀਤਾ ਗਿਆ ਹੋਵੇ। ਹੁਕਮ 21 ਦੇ ਨਿਯਮ 57 ਹੇਠ, ਜਿਥੇ ਕੋਈ ਜਾਇਦਾਦ ਡਿਗਰੀ ਦੇ ਇਜਰਾ ਵਿਚ ਕੁਰਕ ਕਰ ਲਈ ਜਾਂਦੀ ਹੈ, ਪਰ ਡਿਗਰੀਦਾਰ ਦੀ ਕੁਤਾਹੀ ਕਾਰਨ ਅਦਾਲਤ ਅੱਗੇ ਕਾਰਵਾਈ ਨਹੀਂ ਕਰ ਸਕਦੀ, ਤਾਂ ਅਦਾਲਤ ਦਰਖਾਸਤ ਨੂੰ ਖਾਰਜ ਕਰ ਦੇਵੇਗੀ ਜਾਂ ਕਾਰਵਾਈ ਕਿਸੇ ਅਗਲੀ ਤਰੀਕ ਤੇ ਮੁਲਤਵੀ ਕਰ ਦੇਵੇਗੀ। ਦਰਖਾਸਤ ਦੇ ਖਾਰਜ ਹੋ ਜਾਣ ਤੇ ਕੁਰਕੀ ਖਤਮ ਹੋ ਜਾਵੇਗਾ।

—ਬਲਵੰਤ ਸਿੰਘ

**ਕੁਰਗ :** ਵੇਖੋ, ਕੋਡਾਗੂ

**ਕੁਰਗਾਨ : ਆਬਲਸਤ**—ਪੱਛਮੀ ਕੇਂਦਰੀ ਸੰਘੀ ਰੂਸੀ ਸੋਵੀਅਤ ਸਮਾਜਵਾਦੀ ਗਣਰਾਜ (ਸੋ. ਸੰਘ.) ਦਾ ਇਕ ਆਬਲਸਤ

ਹੈ। ਇਸ ਦਾ ਕੁਲ ਖੇਤਰਫਲ 71,000 ਵ. ਕਿ. ਮੀ. ਹੈ ਅਤੇ ਆਬਾਦੀ 10,85,000 (1970) ਹੈ। ਇਹ ਪੱਛਮੀ ਸਾਇਬੇਰੀਆ ਦੇ ਮੈਦਾਨ ਦੇ ਦੱਖਣੀ ਸਿਰੇ ਤੇ ਤੋਬੋਲ ਬੇਸਨ ਵਿਚ ਸਥਿੱਤ ਹੈ । ਇਹ ਇਕ ਪੱਧਰਾ ਮੈਦਾਨ ਹੈ ਜਿਸ ਵਿਚ ਖਾਰੇ ਪਾਣੀ ਦੀਆਂ ਘੱਟ ਡੂੰਘੀਆਂ ਬਹੁਤ ਸਾਰੀਆਂ ਝੀਲਾਂ ਹਨ । ਇਥੋਂ ਦੀ ਮੈਦਾਨੀ ਬਨਸਪਤੀ ਨੂੰ ਖੇਤੀਬਾੜੀ ਲਈ ਸਾਫ ਕਰ ਦਿਤਾ ਗਿਆ ਹੈ । ਖੇਤੀਬਾੜੀ ਜ਼ਿਆਦਾ ਕਰਕੇ ਅਣਵਾਹੀ ਤੇ ਅਣਵਰਤੀ ਜ਼ਮੀਨ ਵਿਚ ਹੀ ਉੱਨਤ ਕੀਤੀ ਗਈ ਹੈ। ਬਰਸਾਤੀ ਕਣਕ ਇਥੋਂ ਦੀ ਮੁਖ ਫਸਲ ਹੈ। ਇਸ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਰਾਈ, ਜਵੀ, ਮੱਕੀ ਅਤੇ ਕੁਝ ਸਬਜ਼ੀਆਂ ਵੀ ਹੁੰਦੀਆਂ ਹਨ। ਉੱਤਰ ਵਿਚ ਡੇਅਰੀ ਫਾਰਮਿੰਗ ਅਤੇ ਦੱਖਣ ਵਿਚ ਭੇਡਾਂ ਪਾਲਣਾ ਆਮ ਹੈ। ਕੁਰਗਾਨ ਇਥੋਂ ਦਾ ਸਦਰ ਮੁਕਾਮ ਹੈ। ਇਸ ਤੋਂ ਇਲਾਵਾ ਇਥੇ ਕਈ ਹੋਰ ਛੋਟੇ ਛੋਟੇ ਸ਼ਹਿਰ ਹਨ ਜਿਨ੍ਹਾਂ ਵਿਚ ਜ਼ਰਾਇਤੀ ਉਪਜਾਂ ਦੀ ਪ੍ਰਾਸੈਸਿੰਗ ਹੁੰਦੀ ਹੈ।

ਹ. ਪੂ.—ਐਨ. ਬ੍ਰਿ. ਮਾ 5 : 949

**ਕੁਰਗਾਨ :** ਸ਼ਹਿਰ—ਪੱਛਮੀ ਕੇਂਦਰੀ ਸੰਘੀ ਰੂਸੀ ਸੋਵੀਅਤ ਸਮਾਜਵਾਦੀ ਗਣਤੰਤਰ ਦੀ ਇਸੇ ਹੀ ਨਾਂ ਦੇ ਆਬਲਸਤ ਦਾ ਇਕ ਸ਼ਹਿਰ ਤੇ ਸਦਰ-ਮੁਕਾਮ ਹੈ ਜੋ ਤੋਬੋਲ ਦਰਿਆ ਕੰਢੇ ਵਸਿਆ ਹੋਇਆ ਹੈ। ਸੰਨ 1782 ਵਿਚ ਇਹ ਸ਼ਹਿਰ ਬਣਿਆ ਅਤੇ 19ਵੀਂ ਸਦੀ ਦੇ ਅੰਤ ਵਿਚ ਰੇਲਾਂ ਆਦਿ ਨਿਕਲਣ ਨਾਲ ਇਹ ਆਲੇ-ਦੁਆਲੇ ਦੇ ਜ਼ਰਾਇਤੀ ਖੇਤਰ ਦਾ ਕੇਂਦਰ ਬਣ ਗਿਆ । ਖੇਤੀਬਾੜੀ ਸਬੰਧੀ ਅਤੇ ਹੋਰ ਮਸ਼ੀਨਾਂ, ਦਵਾਈਆਂ ਅਤੇ ਕਈ ਕਿਸਮਾਂ ਦੇ ਖਾਣ-ਪੀਣ ਦੀਆਂ ਚੀਜ਼ਾਂ ਇਥੋਂ ਦੇ ਸਥਾਨਕ ਉਦਯੋਗਕ ਉਤਪਾਦਨ ਵਿਚ ਹਨ । ਇਥੇ ਜ਼ਰਾਇਤੀ ਸਿਖਲਾਈ ਅਤੇ ਅਧਿਆਪਕ ਸਿਖਲਾਈ ਸੰਸਥਾਵਾਂ ਵੀ ਹਨ ।

ਆਬਾਦੀ—322,000 (1981)

55° 26′ ਉ. ਵਿਥ.; 65° 18′ ਪੂ. ਲੰਬ.

ਹ. ਪੂ.—ਐਨ. ਬ੍ਰਿ. ਮਾ. 5 : 949

**ਕੁਰਜ਼, ਹੈਰਮਾਨ :** ਇਹ ਜਰਮਨੀ ਦਾ ਲੇਖਕ ਸੀ, ਜਿਹੜਾ ਖ਼ਾਸ ਕਰਕੇ ਆਪਣੇ ਇਤਿਹਾਸਕ ਨਾਵਲਾਂ 'Sehillers Heimatjahre' (1843) ਤੇ 'Der Sonnenwirt' (1855) ਅਤੇ ਬਹੁਰੰਗੀ ਕਹਾਣੀਆਂ ਕਰਕੇ ਪ੍ਰਸਿੱਧ ਹੈ । ਇਸਦਾ ਜਨਮ ਰੇਇਟਲਿੰਗਐੱਨ ਵਿਖੇ 30 ਨਵੰਬਰ, 1813 ਨੂੰ ਹੋਇਆ । ਇਹ ਮਾਉਲਬਰੋਨ ਤੇ ਟੂਬਿੰਗਐੱਨ ਵਿਖੇ ਪੜ੍ਹਿਆ ਅਤੇ ਬਾਅਦ ਵਿਚ ਲਿਖਣ ਦੁਆਰਾ ਆਪਣੀ ਉਪਜੀਵਕਾ ਕਮਾਉਂਦਾ ਰਿਹਾ। ਇਸ ਨੇ ਅੰਗਰੇਜ਼ੀ,



ਹੈਰਮਾਨ ਕੁਰਜ਼

ਸਪੇਨੀ ਅਤੇ ਅਤਾਲਵੀ ਭਾਸ਼ਾਵਾਂ ਵਿਚੋਂ ਬਹੁਤ ਸਾਰੀਆਂ ਪੁਸਤਕਾਂ ਅਨੁਵਾਦ ਕੀਤੀਆਂ। ਸੰਨ 1843 ਤੋਂ 1854 ਤੱਕ ਇਹ ਰਾਜਨੀਤਕ ਅਤੇ ਸਾਹਿਤਕ ਪੱਤਰਕਾਰ ਅਤੇ ਐਡੀਟਰ ਵੀ ਰਿਹਾ । ਬਾਅਦ ਵਿਚ ਇਹ ਟੂਬਿੰਗਐੱਨ ਯੂਨੀਵਰਸਿਟੀ ਵਿਚ ਲਾਇਬਰੇਰੀਅਨ ਦੀ ਆਸਾਮੀ ਤੇ ਰਿਹਾ। ਇਥੇ ਹੀ ਇਸ ਦੀ ਮੌਤ 10 ਅਕਤੂਬਰ, 1873 ਨੂੰ ਹੋਈ। ਸੰਨ 1904 ਵਿਚ ਹੈਰਮਾਨ ਫ਼ਿਸ਼ਰ ਨੇ ਇਸ ਦੀਆਂ ਸਾਰੀਆਂ ਕ੍ਰਿਤਾਂ ਨੂੰ ਸੰਪਾਦਿਤ ਕਰਕੇ 12 ਜਿਲਦਾਂ ਵਿਚ ਪ੍ਰਕਾਸ਼ਿਤ ਕੀਤਾ।

ਹ. ਪੂ.—ਐਨ. ਬ੍ਰਿ. 13 : 518

**ਕੁਰਟਸੀਉਸ, ਜਾਰਜ :** ਜਰਮਨੀ ਦਾ ਇਹ ਭਾਸ਼ਾ ਵਿਗਿਆਨੀ, ਜਿਸ ਦੀਆਂ ਰਚਨਾਵਾਂ ਯੂਨਾਨੀ ਭਾਸ਼ਾ ਵਿਗਿਆਨ ਦੇ ਵਿਕਾਸ ਲਈ ਆਧਾਰ ਹਨ, 16 ਅਪ੍ਰੈਲ, 1820 ਨੂੰ ਲੂਬੈੱਕ ਵਿਖੇ ਜਨਮਿਆ। ਇਸ ਨੂੰ ਪ੍ਰੇਗ, ਕੀਲ ਤੇ ਲੀਪਜ਼ਿਗ ਵਿਖੇ ਭਾਸ਼ਾ ਵਿਗਿਆਨਕ ਕੰਮ ਸੌਂਪਿਆ ਗਿਆ। 1878 ਤੋਂ ਇਹ 'Leipziger studien Zur Classischen Philologie' ਦਾ ਜਨਰਲ ਸੰਪਾਦਕ ਬਣਿਆ । 'Griechische schutgrammatik' (1852) ਦੀਆਂ 20 ਐਡੀਸ਼ਨਾਂ ਛਪ ਚੁਕੀਆਂ ਹਨ। ਆਪਣੀ ਆਖਰੀ ਰਚਨਾ ਵਿਚ ਇਸ ਨੇ ਭਾਸ਼ਾ ਵਿਗਿਆਨ ਦੇ ਨਵ-ਵਿਆਕਰਣੀ ਸਿਧਾਂਤ ਦੀ ਆਲੋਚਨਾ ਕੀਤੀ ਹੈ। ਇਹ ਭਾਸ਼ਾ ਵਿਗਿਆਨ ਸਬੰਧੀ ਕਈ ਮਹੱਤਵਪੂਰਨ ਰਚਨਾਵਾਂ ਦਾ ਕਰਤਾ ਹੈ। ਇਸ ਦੀ ਮੌਤ ਹਰਮਸਡਾਰਫ ਵਿਖੇ 12 ਅਗਸਤ, 1885 ਨੂੰ ਹੋਈ।

ਹ. ਪੂ.—ਐਨ. ਬ੍ਰਿ. 6 : 916

**ਕੁਰਦ :** ਪੱਛਮੀ ਈਰਾਨੀਆਂ ਅਤੇ ਨਾਲ ਲਗਦੇ ਈਰਾਨੀ ਬਣੇ ਲੋਕਾਂ ਨੂੰ ਸੱਤਵੀਂ ਸਦੀ ਈ. ਪੂ. ਤੋਂ ਇਹ ਨਾਂ ਦਿਤਾ ਗਿਆ।

ਇਨ੍ਹਾਂ ਦੇ ਮੁੱਢ ਬਾਰੇ ਕੋਈ ਪੱਕਾ ਪਤਾ ਨਹੀਂ ਹੈ । ਅਠਵੀਂ ਸਦੀ ਦੀਆਂ ਆਸੀਰੀਆ ਦੀਆਂ ਪਾਠ-ਪੁਸਤਕਾਂ ਵਿਚ ਮੀਡਿਆ ਦੇ ਸ਼ਹਿਜ਼ਾਦਿਆਂ ਦੁਆਰਾ ਈਰਾਨੀ ਨਾਂ ਰੱਖੇ ਜਾਣ ਦੇ ਹਵਾਲੇ ਮਿਲਦੇ ਹਨ।

550 ਈ. ਪੂ. ਵਿਚ ਮੀਡਿਆ ਦੀ ਸਲਤਨਤ ਬਦਲਕੇ ਈਰਾਨੀ ਸਲਤਨਤ ਬਣ ਗਈ। ਕੁਰਦੀ ਉਪ-ਭਾਸ਼ਾਵਾਂ, ਕਿਰਮਾਨਜ਼ੀ, ਈਰਾਨੀ ਭਾਸ਼ਾਵਾਂ ਦੀ ਉੱਤਰੀ-ਪੱਛਮੀ ਵੰਡ ਨਾਲ ਸਬੰਧਤ ਹਨ । 636 ਈ. ਵਿਚ ਅਰਬਾਂ ਦੀ ਜਿੱਤ ਤੋਂ 600 ਸਾਲਾਂ ਲਈ ਕੁਰਦਾਂ ਨੇ ਇਸਲਾਮ ਵਿਚ ਸ਼ਾਮਲ ਹੋ ਕੇ ਪੱਛਮੀ ਏਸ਼ੀਆ ਦੇ ਇਤਿਹਾਸ ਵਿਚ ਵਿਅਕਤੀਗਤ ਤੌਰ ਤੇ ਜਾਂ ਇਕ ਉਪਦੱਰੀ ਸਮੂਹ ਦੇ ਤੌਰ ਤੇ ਇਕ ਵਿਸ਼ੇਸ਼ ਹਿੱਸਾ ਪਾਇਆ । ਇਸ ਸਮੇਂ ਵਿਚ ਹੋਏ ਛੋਟੇ ਛੋਟੇ ਕੁਰਦ ਖਾਨਦਾਨਾਂ ਵਿਚੋਂ ਸ਼ੱਦਾਦੀ (951-1174), ਮਾਰਵਾਨੀ (990-1096) ਅਤੇ ਹਸਨ ਵਹੀਦੀ ਬਹੁਤ ਪ੍ਰਸਿੱਧ ਹਨ । ਕੁਰਦਾਂ ਵਿਚੋਂ ਸਲਾਹ-ਅਲ-ਦੀਨ ਸਭ ਤੋਂ ਪ੍ਰਸਿੱਧ ਸੀ । ਇਹ ਮਿਸਰ ਅਤੇ ਸੀਰੀਆ ਦੇ ਅਯੂਬੀ ਖ਼ਾਨਦਾਨ ਦਾ ਬਾਨੀ ਸੀ। ਮੰਗੋਲਾਂ ਅਤੇ ਤੁਰਕਮਾਨਾਂ ਅਧੀਨ ਕੁਰਦਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।

ਕੁਰਦੀ ਰਾਸ਼ਟਰਵਾਦ ਦਾ ਮੁੱਢ ਬਹੁਤ ਪੁਰਾਣਾ ਹੈ । ਕਵੀ ਅਹਿਮਦ-ਈ-ਖਨੀ ਦੀਆਂ ਕਵਿਤਾਵਾਂ ਵਿਚ ਇਸ ਦਾ ਹਵਾਲਾ ਮਿਲਦਾ ਹੈ। ਪਹਿਲਾ ਕੁਰਦੀ ਅਖ਼ਬਾਰ 'ਕੁਰਦਿਸਤਾਨ' 1897 ਵਿਚ ਛਪਿਆ।

ਪਹਿਲੀ ਵਿਸ਼ਵ-ਜੰਗ ਕੁਰਦੀ ਲੋਕਾਂ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਸੀ। ਤੁਰਕੀ ਦੀ ਹਾਰ ਅਤੇ ਵਿਲਸਨ ਦੇ 'ਪ੍ਰੋਗਰਾਮ ਆਫ਼ ਵਰਲਡਜ਼ ਪੀਸ' (ਜਨਵਰੀ, 1918) ਨਾਲ ਇਨ੍ਹਾਂ ਦੀਆਂ ਆਸਾਂ ਸੁਰਜੀਤ ਹੋ ਗਈਆਂ ਸਨ । ਕੁਰਦਾਂ ਵਿਚੋਂ ਬਹੁ-ਗਿਣਤੀ ਸੁੰਨੀ ਮੁਸਲਮਾਨਾਂ ਦੀ ਹੈ। 1965 ਦੀ ਮਰਦਮ ਸ਼ੁਮਾਰੀ ਅਨੁਸਾਰ ਇਨ੍ਹਾਂ ਦੀ ਗਿਣਤੀ 7,000,000 ਸੀ ਜਿਸ ਵਿਚ ਸੀਰੀਆ ਅਤੇ ਸੋਵੀਅਤ ਆਰਮੀਨੀਆਂ ਦੇ ਕੁਰਦ ਵੀ ਸ਼ਾਮਲ ਸਨ।

ਕੁਰਦਾਂ ਦੀ ਬਹੁ ਗਿਣਤੀ ਖੇਤੀਬਾੜੀ ਦੇ ਕੰਮ ਵਿਚ ਲੱਗੀ ਹੋਈ ਹੈ ਅਤੇ ਕਣਕ, ਜੌਂ, ਕਪਾਹ ਅਤੇ ਫਲ ਪੈਦਾ ਕਰਦੀ ਹੈ।

ਹ. ਪੂ.—ਐਨ. ਬ੍ਰਿ. 13 : 514

**ਕੁਰਦਿਸਤਾਨ :** ਪੱਛਮੀ ਏਸ਼ੀਆ ਦਾ ਇਕ ਵੱਡਾ ਪਠਾਰੀ ਅਤੇ ਪਹਾੜੀ ਖੇਤਰ ਹੈ ਜਿਸ ਵਿਚ ਮੁੱਖ ਤੌਰ ਤੇ ਕੁਰਦ ਲੋਕ ਰਹਿੰਦੇ ਹਨ ।

ਇਸ ਵਿਚ ਕਾਫ਼ੀ ਹਿੱਸਾ ਪੂਰਬੀ ਤੁਰਕੀ, ਉੱਤਰੀ ਇਰਾਕ, ਉੱਤਰ-ਪੱਛਮੀ ਈਰਾਨ ਅਤੇ ਕੁਝ ਹਿੱਸਾ ਰੂਸੀ ਅਰਮਾਨੀਆਂ ਦਾ ਵੀ ਸ਼ਾਮਲ ਹੈ ਪਰ ਅੱਜ ਕਲ੍ਹ ਆਮ ਕਰਕੇ ਇਹ ਨਾਂ ਪੱਛਮੀ ਈਰਾਨ ਤੇ ਇਰਾਕ ਦੀ ਸਰਹੱਦ ਨਾਲ ਲਗਦੇ ਇਕ ਸੂਬੇ ਓਸਤਾਨ ਲਈ ਵਰਤਿਆ ਜਾਂਦਾ ਹੈ। ਓਸਤਾਨ ਸੰਨ 1961 ਵਿਚ ਬਣਾਇਆ ਗਿਆ ਸੀ ਤੇ ਇਸ ਦਾ ਕੁਲ ਖੇਤਰਫਲ 24,998 ਵ. ਕਿ. ਮੀ. ਹੈ ਤੇ ਇਸ ਦੀ ਰਾਜਧਾਨੀ ਸਾਨਾਨਦਾਜ ਹੈ ਇਸ ਦਾ ਪੱਛਮੀ ਹਿੱਸਾ ਪਹਾੜੀ ਹੈ ਤੇ ਪੂਰਬੀ ਭਾਗ ਪਠਾਰੀ ਹੈ। ਇਸ ਦਾ ਪਾਣੀ ਦਜਲਾ ਦਰਿਆ ਦੀਆਂ ਸਹਾਇਕ ਨਦੀਆਂ ਦੁਆਰਾ ਪੱਛਮ ਵਲ ਨੂੰ ਵਗਦਾ ਹੈ। ਇਥੋਂ ਕੈਸਪੀਅਨ ਵਿਚ ਜਾਣ ਵਾਲੀਆਂ ਨਦੀਆਂ ਉੱਤਰ ਵਲ ਨੂੰ ਵਗਦੀਆਂ ਹਨ। ਇਸ ਇਲਾਕੇ ਦੀਆਂ ਸਰਦੀਆਂ ਬਹੁਤ ਕਸ਼ਟਦਾਇਕ ਹਨ ਪਰ ਗਰਮੀਆਂ ਬਹੁਤੀਆਂ ਖੁਸ਼ਕ ਨਾ ਹੋਣ ਕਰਕੇ ਚਰਾਗਾਹਾਂ ਠੀਕ ਰਹਿੰਦੀਆਂ ਹਨ। ਪਠਾਰਾਂ ਤੇ ਬਹੁਤਾ ਕਰਕੇ ਕਣਕ ਤੇ ਜੌਂ ਦੀ ਖੇਤੀ ਕੀਤੀ ਜਾਂਦੀ ਹੈ। ਪੱਛਮੀ ਵਾਦੀਆਂ ਵਿਚ ਸਰਦੀਆਂ ਵਿਚ ਬਹੁਤ ਸਰਦੀ ਨਹੀਂ ਪੈਂਦੀ ਪਰ ਗਰਮੀ ਬਹੁਤ ਸਖਤ ਹੁੰਦੀ ਹੈ। ਇਥੇ ਸਿੰਜਾਈ ਕਰਕੇ ਚੌਲ, ਮੱਕੀ, ਕਪਾਹ, ਤੰਬਾਕੂ, ਤੇਲਾਂ ਵਾਲੇ ਬੀਜ ਅਤੇ ਫਲ ਉਗਾਏ ਜਾਂਦੇ ਹਨ। ਕੁਝ ਵਾਦੀਆਂ ਵਿਚ ਖੇਤੀਬਾੜੀ ਬਿਲਕੁਲ ਨਹੀਂ ਹੁੰਦੀ ਕਿਉਂਕਿ ਇਹ ਟੱਪਰੀਵਾਸੀ ਤੇ ਅਰਧ-ਟੱਪਰੀਵਾਸੀ ਲੋਕਾਂ ਦੇ ਗਰਮੀਆਂ ਦੀ ਰਿਹਾਇਸ਼ ਲਈ ਰਾਖਵੀਆਂ ਥਾਵਾਂ ਰੱਖੀਆਂ ਹੁੰਦੀਆਂ ਹਨ। ਸਰਹੱਦੀ ਇਲਾਕੇ ਕਰਕੇ ਟੱਪਰੀਵਾਸ ਜੀਵਨ ਹੁਣ ਮੁਸ਼ਕਲ ਹੋ ਗਿਆ ਹੈ। ਇਥੋਂ ਦੇ ਬਹੁਤੇ ਲੋਕ ਪੁਰਾਣੀ ਈਰਾਨੀ ਜਾਤੀ ਦੇ ਹਨ ਤੇ ਸ਼ਹਿਰਾਂ ਵਿਚ ਥੋੜ੍ਹੀ ਗਿਣਤੀ ਵਿਚ ਈਰਾਨੀ, ਯਹੂਦੀ ਅਤੇ ਸੀਰੀਆ ਦੇ ਈਸਾਈ ਰਹਿੰਦੇ ਹਨ। ਪਿੰਡਾਂ ਵਿਚ ਪਰਸ਼ੀਅਨ ਅਤੇ ਆਜ਼ੇਰੀ ਤੁਰਕ ਰਹਿੰਦੇ ਹਨ। ਇਥੋਂ ਦੀ ਰਾਜਧਾਨੀ ਤੇ ਮੁਖ ਮੰਡੀ ਸਾਨਾਨਦਾਜ ਸੜਕਾਂ ਦੁਆਰਾ ਹਮਾਦਾਨ ਅਤੇ ਕਰਮਾਨਸ਼ਾਹ ਨਾਲ ਅਤੇ ਤਬਰੇਜ਼ ਅਤੇ ਮਹਾਬਾਦ ਨਾਲ ਵੀ ਜੁੜੀ ਹੋਈ ਹੈ। ਇਥੋਂ ਦੀ ਆਰਥਕ ਤਰੱਕੀ ਬਹੁਤ ਹੌਲੀ ਹੋ ਰਹੀ ਹੈ। ਇਰਾਕ ਵਿਚ ਸੰਨ 1960 ਵਿਚ ਰਾਸ਼ਟਰੀ ਸਰਕਾਰ ਨਾਲ ਹੋਈ ਲੜਾਈ ਉਪਰੰਤ ਕੁਰਦਿਸ਼ ਇਲਾਕੇ ਨੇ ਕਾਫ਼ੀ ਹੱਦ ਤਕ ਆਜ਼ਾਦੀ ਪ੍ਰਾਪਤ ਕਰ ਲਈ ਹੈ।

ਹ. ਪੁ.—ਐਨ. ਬ੍ਰਿ. ਮਾ. 5 : 948

**ਕੁਰਨੋਡ, ਐਂਡਰੇ ਫਰੈਡਰਿੱਕ** : ਫ਼ਿਜ਼ਿਔਲੋਜੀ ਅਤੇ ਮੈਡੀਸਨ ਲਈ ਡਿਕਿਨਸਨ ਡਬਲਯੂ, ਰਿਚਰਡਜ਼ ਅਤੇ ਵਰਨਰ ਫੌਰਸਮੈਨ ਨਾਲ 1956 ਵਿਚ ਨੋਬਲ ਪੁਰਸਕਾਰ ਸਾਂਝਾ ਕਰਨ ਵਾਲੇ ਇਸ ਭੌਤਿਕ-ਵਿਗਿਆਨੀ ਅਤੇ ਸਰੀਰ-ਰਚਨਾ-ਵਿਗਿਆਨੀ ਦਾ ਜਨਮ 24 ਸਤੰਬਰ, 1895 ਨੂੰ ਪੈਰਿਸ ਵਿਖੇ ਹੋਇਆ। ਇਸ ਦੀ ਖੋਜ ਨੇ ਦਿਲ ਸਬੰਧੀ ਬਿਮਾਰੀਆਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਵਿਚ ਯੋਗਦਾਨ ਦਿਤਾ। ਸੰਨ 1930 ਵਿਚ ਪੈਰਿਸ ਯੂਨੀਵਰਸਿਟੀ ਤੋਂ ਮੈਡੀਸਨ ਦੀ ਗਰੈਜੂਏਸ਼ਨ ਕਰਨ ਤੋਂ ਬਾਅਦ ਬੈਲਵਨੇ ਹਸਪਤਾਲ, ਨਿਊਯਾਰਕ ਸਿਟੀ ਵਿਖੇ ਵਿਦਿਆ ਪ੍ਰਾਪਤ ਕੀਤੀ। ਇਥੇ ਇਸ ਨੇ ਰਿਚਰਡਜ਼ ਨਾਲ ਮਿਲ ਕੇ ਦਿਲ ਅਤੇ ਫੇਫੜਿਆਂ ਦੀ ਕਲੀਨੀਕਲ ਖੋਜ ਕੀਤੀ। 'ਫੌਰਸਮੈਨਜ਼ ਵਿਧੀ', ਜਿਸ ਨੂੰ ਅੱਜ ਕੱਲ੍ਹ ਕਾਰਡੀਅਕ ਕੈਥੇਟਰਾਈਜ਼ੇਸ਼ਨ ਕਿਹਾ ਜਾਂਦਾ ਹੈ, ਵਿਚ ਨਿਪੁੰਨਤਾ ਹਾਸਲ ਕਰਨ ਮਗਰੋਂ ਇਨ੍ਹਾਂ ਲਈ ਉਨ੍ਹਾਂ ਸਾਰੀਆਂ ਹਾਲਤਾਂ ਦਾ ਅਧਿਐਨ ਕਰਨਾ ਸੰਭਵ ਹੋ ਗਿਆ ਜਿਨ੍ਹਾਂ ਅਧੀਨ ਇਕ ਬਿਮਾਰ ਦਿਲ ਦੇ ਔਗੁਣ ਦਾ ਠੀਕ ਠੀਕ ਪਤਾ ਲਗਾ ਕੇ, ਸਫ਼ਲਤਾ ਪੂਰਵਕ ਕੰਮ ਕਰਨ ਲਗਾਇਆ ਜਾ ਸਕਦਾ ਹੈ। ਸੰਨ 1941 ਵਿਚ ਇਹ ਸੰਯੁਕਤ ਰਾਜ ਦਾ ਕੌਮੀ ਹਕੂਕ ਪ੍ਰਾਪਤ ਨਾਗਰਿਕ ਬਣ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 195

**ਕੁਰਮ ਦਰਿਆ** : ਅਫ਼ਗਾਨਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਦਾ ਇਕ ਦਰਿਆ ਹੈ ਜੋ ਰੋਕੀਆਂ ਦੱਰੇ ਤੋਂ ਨਿਕਲ ਕੇ ਖੋਸਟ ਜ਼ਿਲ੍ਹੇ ਨੂੰ ਪਾਰ ਕਰਦਾ ਹੋਇਆ ਆਪਣੇ ਸੋਤ ਤੋਂ 64 ਕਿ. ਮੀ. ਦੂਰੀ ਤੇ ਖਰਲਾਚੀ ਦੇ ਨੇੜੇ ਕੁਰਮ ਵਾਦੀ ਵਿਚ ਦਾਖਲ ਹੁੰਦਾ ਹੈ। ਇਹ ਦੱਖਣ-ਪੂਰਬ ਦੀ ਦਿਸ਼ਾ ਵਿਚ ਕੁਰਮ ਦੀ ਪੋਲੀਟੀਕਲ ਏਜੰਸੀ ਵਿਚ ਕੋਈ 90 ਕਿ. ਮੀ. ਦਾ ਫ਼ਾਸਲਾ ਤਹਿ ਕਰਦਾ ਹੋਇਆ ਕੋਹਾਟ ਜ਼ਿਲ੍ਹੇ ਦੇ ਥਲ ਵਿਚ ਜਾ ਵੜਦਾ ਹੈ ਜਿਥੋਂ ਇਹ ਦੱਖਣ ਵੱਲ ਨੂੰ ਕਾਬਲ ਖੇਲ ਵਜ਼ੀਰ ਦੇ ਇਲਾਕੇ ਵਲ ਮੁੜਦਾ ਹੈ ਅਤੇ ਉਥੋਂ ਇਹ ਕੈਤੂ ਦਰਿਆ ਨੂੰ ਆਪਣੇ ਨਾਲ ਰਲਾ ਕੇ ਬੰਨੂ ਦੇ ਜ਼ਿਲ੍ਹੇ ਵਿਚ ਸ਼ਾਮਲ ਹੋ ਜਾਂਦਾ ਹੈ। ਬੰਨੂ ਜ਼ਿਲ੍ਹੇ ਵਿਚ ਦੱਖਣ-ਪੂਰਬੀ ਦਿਸ਼ਾ ਵਿਚ ਵਗਦਾ ਹੋਇਆ ਬੰਨੂ ਦੁਆਲੇ ਦੀਆਂ ਪਹਾੜੀਆਂ ਵਿਚੋਂ ਦੱਰਾ ਤੰਗ ਦੇ ਰਾਹੀਂ ਈਸਾ ਖੇਲ ਦੇ ਮੈਦਾਨ ਵਿਚ ਦਾਖ਼ਲ ਹੁੰਦਾ ਹੈ ਜਿਥੇ ਇਹ ਮੀਆਂਵਾਲੀ ਦੇ ਸਾਮ੍ਹਣੇ ਦਰਿਆ ਸਿੰਧ ਵਿਚ ਜਾ ਡਿਗਦਾ ਹੈ। ਕੁਰਮ ਵਾਦੀ ਵਿਚ ਸਫ਼ੈਦ ਕੋਹ ਦੀਆਂ ਨਦੀਆਂ ਇਸ ਨੂੰ ਜਲ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਵਿਚੋਂ ਕਿਰਮਾਨ ਅਤੇ ਕੁਰਮਾਨ ਮੁੱਖ ਨਦੀਆਂ ਹਨ।

ਹ. ਪੁ.—ਇੰਪ. ਗ. ਇੰਡ. 16 : 53

**ਕੁਰਲੈਂਡ** : ਬਾਲਟਿਕ ਸਾਗਰ ਦੇ ਤੱਟ ਉਪਰ ਇਹ ਇਕ ਖੇਤਰ ਹੈ ਜਿਹੜਾ ਦੀਵਨਾ ਦਰਿਆ ਦੇ ਦੱਖਣ ਵਲ ਸਥਿਤ ਹੈ। ਸੰਨ 1237 ਵਿਚ ਦਵੀਨਾ ਦਰਿਆ ਦੇ ਉੱਤਰ ਵਲ ਦੇ ਲੈਟਵੀਆ ਦੇ ਇਲਾਕਿਆਂ ਨੂੰ ਜਿੱਤਣ ਪਿਛੋਂ ਟਿਊਟਾਨੀ ਨਾਈਟਾਂ ਨੇ ਕੁਰੀ ਕਬੀਲੇ, ਜਿਸ ਨੇ ਨੌਂਵੀਂ ਸਦੀ ਦੇ ਅੰਤ ਤੀਕ ਆਪਣਾ ਹੀ ਇਕ ਕਬਾਇਲੀ ਰਾਜ ਸਥਾਪਤ ਕੀਤਾ ਹੋਇਆ ਸੀ, ਦੇ ਵਿਰੁੱਧ ਜਹਾਦ ਸ਼ੁਰੂ ਕਰ ਦਿਤਾ ਅਤੇ ਸੰਨ 1269 ਵਿਚ ਇਸ ਕਬੀਲੇ ਨੂੰ ਜਿੱਤ ਲਿਆ। ਸੰਨ 1561 ਵਿਚ ਲਿਵੋਨੀਅਨ ਨਾਈਟਾਂ ਨੇ ਆਪਣਾ ਆਰਡਰ ਖਤਮ ਕਰ ਦਿਤਾ ਅਤੇ ਕੁਰਲੈਂਡ ਅਤੇ ਸੈਮੀਗਾਲੀਆ ਨੂੰ ਕੁਰਲੈਂਡ ਦੀ ਡੱਚੀ ਵਿਚ ਸ਼ਾਮਲ ਕਰ ਦਿਤਾ। ਸਤਾਰ੍ਹਵੀਂ ਸਦੀ ਅਤੇ ਵਿਸ਼ੇਸ਼ ਕਰਕੇ ਡਿਊਕ ਜੇਕੋਬ ਦੇ ਰਾਜਕਾਲ (1640—82) ਦੌਰਾਨ ਡੱਚੀ ਦੀ ਬਹੁਤ ਉੱਨਤੀ ਹੋਈ। ਡਿਊਕ ਜੇਕੋਬ ਨੇ ਉਦਯੋਗਾਂ ਵਿਸ਼ੇਸ਼ ਕਰਕੇ ਸਮੁੰਦਰੀ ਜਹਾਜ਼ ਤਿਆਰ ਕਰਨ ਦੇ ਉਦਯੋਗਾਂ ਦੇ ਵਿਕਾਸ ਨੂੰ ਹੱਲਾਸ਼ੇਰੀ ਦਿਤੀ। ਇਸ ਤੋਂ ਇਲਾਵਾ ਇਸ ਨੇ ਵੱਡੀਆਂ ਯੂਰਪੀਅਨ ਤਾਕਤਾਂ ਨਾਲ ਨਵੇਂ ਸਬੰਧ ਜੋੜ ਲਏ ਅਤੇ ਇਸ ਤਰ੍ਹਾਂ ਡੱਚੀ ਵੈਸਟ ਇੰਡੀਜ਼ ਅਤੇ ਪੱਛਮੀ ਅਫ਼ਰੀਕਾ ਵਿਚ ਬਸਤੀਆਂ ਸਥਾਪਤ ਕਰਨ ਵਿਚ ਕਾਫ਼ੀ ਤਾਕਤਵਰ ਬਣ ਗਈ।

ਸੰਨ 1658 ਵਿਚ ਸਵੀਡਨ ਨੇ ਪੋਲੈਂਡ ਵਿਰੁੱਧ ਯੁਧ ਛੇੜ ਦਿਤਾ ਅਤੇ ਜੈਲਗਾਵਾ ਉਤੇ ਕਬਜ਼ਾ ਕਰ ਲਿਆ ਅਤੇ ਨਾਲ ਹੀ ਡਿਊਕ ਨੂੰ ਫੜ ਲਿਆ। ਯੁੱਧ ਪਿਛੋਂ ਕੁਰਲੈਂਡ ਢਹਿੰਦੀਆਂ ਕਲਾਂ ਵਿਚ ਜਾਣ ਲਗ ਪਿਆ। ਸੰਨ 1660 ਵਿਚ ਜੈਕੋਬ ਨੂੰ ਕੁਰਲੈਂਡ ਵਾਪਸ ਭੇਜ ਦਿਤਾ ਗਿਆ ਪਰ ਉਸ ਦੀ ਡੱਚੀ ਇਸ ਸਮੇਂ ਬਹੁਤ ਕਮਜ਼ੋਰ ਹੋ ਚੁੱਕੀ ਸੀ। ਉਸ ਦੇ ਉਤਰਾਧਿਕਾਰੀਆਂ ਨੇ ਡਿਊਕ ਦਰਬਾਰ ਦੀ ਸ਼ਾਨ ਅਤੇ ਯੂਰਪ ਦੇ ਸ਼ਾਹੀ ਖਾਨਦਾਨਾਂ ਨਾਲ ਆਪਣੇ ਸਬੰਧ ਕਾਇਮ ਰੱਖੀ ਰਖੇ ਪਰ ਉਨ੍ਹਾਂ ਨੇ ਕਿਸਾਨ ਵਰਗ ਨੂੰ ਬਹੁਤ ਕਮਜ਼ੋਰ ਕਰ ਦਿਤਾ ਅਤੇ ਕੁਰਲੈਂਡ ਉਪਰਲੇ ਰੂਸੀ ਪ੍ਰਭਾਵ ਨੂੰ ਹੋਰ ਵਧਣ ਲਈ ਉਤਸਾਹਤ ਕੀਤਾ। ਸੰਨ 1795 ਵਿਚ ਪੋਲੈਂਡ ਦੀ ਤੀਜੀ ਵੰਡ ਸਮੇਂ ਡੱਚੀ ਨੂੰ ਰੂਸੀ ਸਾਮਰਾਜ ਵਿਚ ਸ਼ਾਮਲ ਕਰ ਲਿਆ ਗਿਆ।

ਰੂਸੀ ਰਾਜ-ਪ੍ਰਬੰਧ ਅਧੀਨ ਲੈਟਵਿਐਨ ਗ਼ੁਲਾਮਾਂ ਨੂੰ ਆਜ਼ਾਦ ਕਰ ਦਿਤਾ ਗਿਆ ਪਰ ਉਨ੍ਹਾਂ ਨੂੰ ਕੋਈ ਜ਼ਮੀਨ ਨਾ ਦਿਤੀ ਗਈ ਅਤੇ ਜਰਮਨ ਕੁਲੀਨ ਵਰਗ ਉਨ੍ਹੀਵੀਂ ਸਦੀ ਦੇ ਅੰਤ ਤੀਕ ਇਕ ਨਿਵਾਜਿਆ ਵਰਗ ਹੀ ਬਣਿਆ ਰਿਹਾ। ਉਨ੍ਹੀਵੀਂ ਸਦੀ ਦੌਰਾਨ ਇਕ ਜ਼ਬਰਦਸਤ ਲੈਟਵਿਐਨ ਰਾਸ਼ਟਰਵਾਦ ਵਿਕਸਿਤ ਹੋ ਗਿਆ। ਸੰਨ 1918 ਵਿਚ ਕੁਰਲੈਂਡ ਲੈਟਵੀਆਂ ਨਾਂ ਦੇ ਇਕ ਨਵੇਂ ਆਜ਼ਾਦ ਰਾਜ ਦਾ ਹਿੱਸਾ ਬਣ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 195

**ਕੁਰਾ ਦਰਿਆ :** ਇਹ ਰੂਸ ਦੇ ਟ੍ਰਾਂਸਕਾਕੇਸ਼ੀਅਨ ਖੇਤਰ ਦਾ ਸੱਭ ਤੋਂ ਵੱਡਾ ਦਰਿਆ ਹੈ ਜੋ ਲਗਭਗ 1,350 ਕਿ. ਮੀ. ਲੰਬਾ ਹੈ। ਇਹ ਉੱਤਰ-ਪੂਰਬੀ ਤੁਰਕੀ ਵਿਚ ਲਗਭਗ 3,000 ਮੀ. ਦੀ ਉਚਾਈ ਤੋਂ ਨਿਕਲ ਕੇ ਜਾਰਜੀਅਨ ਅਤੇ ਅਜ਼ਰਬਾਈਜਾਨ ਗਣਤੰਤਰਾਂ ਵਿਚੋਂ ਗੁਜ਼ਰਦਾ ਹੋਇਆ ਇਕ ਬਹੁਤ ਵੱਡਾ ਡੈਲਟਾ ਬਣਾਉਂਦਾ ਹੋਇਆ ਕੈਸਪੀਅਨ ਸਾਗਰ ਵਿਚ ਜਾ ਡਿਗਦਾ ਹੈ। ਇਸ ਦੇ ਨੀਵੇਂ ਭਾਗ ਵਿਚ ਘੱਟ ਡੂੰਘੇ ਪਾਣੀ ਵਿਚ ਚੱਲਣ ਵਾਲੇ ਜਹਾਜ਼ ਕਿਸ਼ਤੀਆਂ ਆਦਿ ਚਲਦੇ ਹਨ। ਅਰਾਗਵਾ ਅਤੇ ਅਲਜ਼ਾਨ ਖੱਬੇ ਪਾਸੇ ਦੀਆਂ ਅਤੇ ਖਰਾਮ ਅਤੇ ਅਰਾਸ ਸੱਜੇ ਪਾਸੇ ਦੀਆਂ ਇਸ ਦੀਆਂ ਮੁਖ ਸਹਾਇਕ ਨਦੀਆਂ ਹਨ। ਸੰਨ 1954 ਵਿਚ ਬਣੇ ਮਿੰਗਕਾਰ ਪਣ-ਬਿਜਲੀ ਸਟੇਸ਼ਨ ਨਾਲ 120 ਕਿ. ਮੀ. ਲੰਮਾ ਡੈਮ ਬਣਿਆ ਹੋਇਆ ਹੈ ਜਿਸ ਵਿਚੋਂ ਇਕ ਲੰਬੀ ਚੌੜੀ ਨਹਿਰੀ ਪ੍ਰਣਾਲੀ ਦੁਆਰਾ ਅਜ਼ਰਬਾਈਜਾਨ ਦੇ ਕਪਾਹ ਉਗਾਉਣ ਵਾਲੇ ਖੇਤਰ ਦੀ ਸਿੰਜਾਈ ਕੀਤੀ ਜਾਂਦੀ ਹੈ।

ਹ. ਪੁ.—ਐਨ. ਅਮੈ. 16 : 558

**ਕੁਰਾਨ ਸ਼ਰੀਫ਼ :** ਕੁਰਾਨ (ਕੁਰ-ਆਨ) ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅੱਖਰੀ ਅਰਥ 'ਪੜ੍ਹਨਾ', 'ਸਮਝਾ ਕੇ ਦੱਸਣਾ' ਅਤੇ ਭਾਸ਼ਨ ਕਰਨਾ' ਹਨ। ਪਰੰਤੂ ਹੁਣ ਇਸ ਦੇ ਅਰਥ ਉਹ ਸਵਰਗੀ ਇਲਹਾਮੀ ਪੁਸਤਕ ਹੈ ਜੋ ਕੁਰਾਨ ਦੇ ਲੇਖ ਅਨੁਸਾਰ ਅਤੇ ਮੁਸਲਮਾਨਾਂ ਦੇ ਵਿਸ਼ਵਾਸ ਅਨੁਸਾਰ ਖ਼ੁਦਾ ਵਲੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਮੱਕਾ ਅਤੇ ਮਦੀਨਾ ਵਿਚ ਪ੍ਰਾਪਤ ਹੋਇਆ। ਕੁਰਾਨ 23 ਵਰ੍ਹੇ ਵਿਚ ਮੁਹੰਮਦ ਸਾਹਿਬ ਨੂੰ ਉਤਰਦਾ ਰਿਹਾ ਹੈ। ਕਦੇ ਫਰਿਸ਼ਤਾ ਜਿਬਰਾਈਲ ਦੀ ਮਾਰਫਤ, ਕਦੇ ਸੁਪਨੇ ਵਿਚ, ਕਦੇ ਮੁਹੰਮਦ ਸਾਹਿਬ ਨੂੰ ਅਸਮਾਨ ਤੋਂ ਆਵਾਜ਼ ਆਉਂਦੀ ਹੁੰਦੀ ਸੀ। ਮੁਸਲਮਾਨਾਂ ਲਈ ਇਹ ਅੱਲ੍ਹਾ ਦਾ ਕਲਾਮ (ਬਚਨ) ਹੈ ਅਤੇ ਇਸ ਦੇ ਹਰ ਅੱਖਰ, ਸ਼ਬਦ ਅਤੇ ਅਰਥ ਨੂੰ ਰੱਬੀ ਮੰਨਿਆ ਜਾਂਦਾ ਹੈ।

ਇਸਲਾਮ ਦੇ ਪੈਗੰਬਰ ਦੀ ਮੌਤ ਤੋਂ ਪਹਿਲਾਂ ਹੀ ਬਹੁਤ ਸਾਰੇ ਲੋਕਾਂ ਨੇ ਕੁਰਾਨ ਨੂੰ ਕੰਠ ਕਰ ਲਿਆ ਸੀ। ਇਸ ਨੂੰ ਲਿਖਤੀ ਰੂਪ ਦੇ ਕੇ ਵੱਖ-ਵੱਖ ਭਾਗ ਵੱਖ-ਵੱਖ ਲੋਕਾਂ ਨੇ ਰੱਖ ਲਏ ਸਨ। ਪੈਗੰਬਰ ਸਾਹਿਬ ਦੀ ਮੌਤ ਦੇ ਦੂਜੇ ਵਰ੍ਹੇ ਜਦੋਂ ਇਮਾਮੀ ਲੜਾਈ ਵਿਚ ਬਹੁਤ ਸਾਰੇ ਹਾਫਿਜ਼, ਜਿਨ੍ਹਾਂ ਨੇ ਸਾਰੇ ਕੁਰਾਨ ਨੂੰ ਜ਼ਬਾਨੀ ਯਾਦ ਕੀਤਾ ਸੀ, ਮਾਰੇ ਗਏ ਤਾਂ ਪੂਰੇ ਕੁਰਾਨ ਨੂੰ ਇਕ ਜਗ੍ਹਾ ਇਕੱਠਾ ਕਰਨ ਦਾ ਖਿਆਲ ਪੈਦਾ ਹੋਇਆ। ਹਜ਼ਰਤ ਅਬੂਬਕਰ ਸਿੱਦੀਕ ਨੇ ਇਹ ਪਵਿੱਤਰ ਕੰਮ ਕਰਵਾਇਆ। ਇਹੋ ਰੂਪ ਅੱਜ ਪਰਚੱਲਤ ਹੈ।

ਕੁਰਾਨ ਵਿਚ 3,23,621 ਅੱਖਰ, 77,934 ਸ਼ਬਦ, 6,236 ਆਇਤਾਂ (ਪਦ) ਅਤੇ 114 ਸੂਰਤਾਂ (ਅਧਿਆਇ) ਹਨ। ਪਰ ਮਹਾਨ ਕੋਸ਼ ਅਨੁਸਾਰ ਇਹ ਗਿਣਤੀ ਕ੍ਰਮਵਾਰ 323741, 79436, 6666 ਅਤੇ 114 ਲਿਖੀ ਹੈ। ਇਸ ਦੇ ਅਧਿਆਵਾਂ ਦਾ ਕ੍ਰਮ ਵਿਸਥਾਰ ਦੇ ਹਿਸਾਬ ਨਾਲ ਰੱਖਿਆ ਗਿਆ ਹੈ। ਇਸ ਵਿਚ 90 ਸੂਰਤਾਂ ਮੱਕੇ ਦੀਆਂ ਹਨ ਜੋ ਸੰਘਰਸ਼ਕਾਲ ਵਿਚ ਪ੍ਰਗਟ ਹੋਈਆਂ। ਇਹ ਆਮ ਕਰਕੇ ਸੰਖੇਪ, ਪ੍ਰਭਾਵਸ਼ਾਲੀ, ਤੇਜ਼ ਅਤੇ ਤਿੱਖੀ ਸ਼ੈਲੀ ਦੇ ਪੈਗੰਬਰੀ ਵਿਚਾਰਾਂ ਨਾਲ ਭਰਪੂਰ ਹਨ। ਇਸ ਵਿਚ ਅੱਲ੍ਹਾ ਦੀ ਅਦ-ਵੈਦਤਾ ਅਤੇ ਗੁਣ, ਮਨੁੱਖ ਦੇ ਨੈਤਿਕ ਕਰਤੱਵ ਅਤੇ ਕਰਮ ਫਲ ਮੁੱਖ ਵਿਸ਼ੇ ਹਨ; ਬਾਕੀ 24 ਮਦੀਨੇ ਦੀਆਂ ਸੂਰਤਾਂ, ਜੋ ਕੁਰਾਨ ਦਾ ਲਗਭਗ ਤੀਜਾ ਹਿੱਸਾ ਬਣਾਉਂਦੀਆਂ ਹਨ, ਜਿੱਤ-ਕਾਲ ਵਿਚ ਪ੍ਰਗਟ ਹੋਈਆਂ ਸਨ ਅਤੇ ਵਧੇਰੇ ਕਰਕੇ ਵਿਸਤ੍ਰਿਤ, ਸਪੱਸ਼ਟ ਅਤੇ ਪ੍ਰਬੰਧ ਕਰਤਾ ਆਦੇਸ਼ਾਂ ਨਾਲ ਪੂਰਨ ਹਨ। ਇਨ੍ਹਾਂ ਵਿਚ ਧਾਰਮਿਕ ਵਿਸ਼ਵਾਸਾਂ ਅਤੇ ਵਿਵਹਾਰਿਕ ਇਬਾਦਤਾਂ ਜਿਵੇਂ ਸਾਮ (ਸਰਵਜਨਿਕ ਪ੍ਰਾਰਥਨਾ), ਸਿਲਵਤ (ਵਰਤ), ਹੱਜ (ਤੀਰਥ ਯਾਤਰਾ) ਅਤੇ ਜਮਾਨ-ਏ-ਅਮਨ (ਪਵਿੱਤਰ ਮਹੀਨੇ) ਦੇ ਨਿਯਮ ਦੱਸੇ ਗਏ ਹਨ। ਇਸ ਵਿਚ ਸ਼ਰਾਬ ਪੀਣ, ਮਾਸ ਖਾਣ ਤੇ ਜੂਆ ਖੇਡਣ ਦੀ ਨਿੰਦਾ ਕੀਤੀ ਗਈ ਹੈ। ਆਰਥਿਕ ਅਤੇ ਬੌਧਿਕ ਵਿਵਸਥਾ, ਜ਼ਕਾਵਤ (ਭਿੱਖਿਆ ਦੇਣਾ) ਅਤੇ ਜਹਾਦ (ਪਵਿੱਤਰ ਯੁੱਧ) ਦੇ ਵਿਸ਼ੇ ਵਿਚ ਅਤੇ ਹੱਤਿਆ, ਪ੍ਰਤਿਹਿੰਸਾ, ਚੋਰੀ, ਵਿਆਜ, ਵਿਭਚਾਰ, ਨਿਕਾਹ, ਤਲਾਕ, ਵਰਾਸਤ, ਗ਼ੁਲਾਮਾਂ ਨੂੰ ਸੁਤੰਤਰ ਕਰਨ ਦੇ ਨਿਯਮ ਲਿਖੇ ਹੋਏ ਹਨ।

ਕੁਰਾਨ ਵਿਚ ਤੁਰੈਤ (ਬਾਈਬਲ) ਦੀਆਂ ਵਰਣਿਤ ਕਥਾਵਾਂ ਵਿਚ ਆਦਮ, ਨੂਹ, ਇਬ੍ਰਾਹੀਮ, ਇਸਮਾਈਲ, ਲੂਤ, ਯੂਸਫ਼, ਮੂਸਾ, ਤਾਲੂਤ, ਦਾਊਦ, ਸੁਲੇਮਾਨ, ਇਲਿਯਾਸ, ਅਯੂਬ, ਯੂਲਿਸ ਅਤੇ ਬੁਖੀਲ ਦੇ ਵਿਅਕਤੀਆਂ ਵਿਚੋਂ ਜ਼ਕਰੀਆ, ਯਾਹੀ, ਈਸਾ ਅਤੇ ਮਰੀਅਮ ਤੋਂ ਬਿਨਾਂ ਆਦ ਅਤੇ ਸਮੂਦ, ਲੁਕਮਾਨ ਅਤੇ ਅਸਹਾਬ ਫੀਲ (ਹਾਥੀਆਂ ਦਾ ਸਵਾਮੀ) ਦੇ ਖਾਲਿਸ ਅਰਬੀ ਕਿੱਸੇ ਅਤੇ ਸਿਕੰਦਰ ਮਹਾਨ ਦੀ ਵੀ ਚਰਚਾ ਹੈ। ਇਹ ਕਿੱਸੇ ਉਦੇਸ਼ ਪੂਰਨ ਸਿਖਿਆ ਦੇਣ ਲਈ ਭਲੇ-ਪੁਰਖਾਂ ਦੀ ਕਦਰ ਅਤੇ ਭੈੜਿਆਂ ਦੀ ਨਿੰਦਿਆਂ ਦਰਸਾਉਣ ਲਈ ਲਿਖੇ ਗਏ ਹਨ।

ਕੁਰਾਨ ਹੁਣ ਤਕ ਦੇ ਧਾਰਮਿਕ ਗ੍ਰੰਥਾਂ ਵਿਚੋਂ ਸਭ ਤੋਂ ਘੱਟ ਸਮੇਂ ਵਿਚ ਪੜ੍ਹਿਆ ਜਾ ਸਕਣ ਵਾਲਾ ਹੈ, ਪਰ ਦੁਨੀਆ ਵਿਚ ਸਭ ਤੋਂ ਵਧ ਪੜ੍ਹਿਆ ਜਾਂਦਾ ਹੈ। ਇਹ ਅਰਬੀ ਭਾਸ਼ਾ ਦਾ ਉੱਚ ਕੋਟੀ ਦਾ ਗ੍ਰੰਥ ਹੈ। ਇਸ ਦੀ ਭਾਸ਼ਾ ਵਿਚ ਲੈਅ ਅਤੇ ਰਵਾਨੀ ਹੈ। ਨਮਾਜ਼ ਵਿਚ ਪੜ੍ਹਨ ਤੋਂ ਇਲਾਵਾ ਇਹ ਧਾਰਮਿਕ ਅਤੇ ਵਿਦਿਅਕ ਸਥਾਨਾਂ ਤੇ ਵੀ ਪੜ੍ਹਿਆ ਜਾਂਦਾ ਹੈ।

ਕੁਰਾਨ ਦੀਆਂ ਸੂਰਤਾਂ ਦੇ ਮੁਢ ਵਿਚ ਕਿਤੇ-ਕਿਤੇ ਅਲਿਫ, ਲਾਮ, ਮੀਮ ਆਦਿ ਅੱਖਰ ਆਉਂਦੇ ਹਨ ਜਿਨ੍ਹਾਂ ਦਾ ਅਰਥ ਕਈ ਵਿਦਵਾਨ ਆਪਣੇ ਢੰਗ ਨਾਲ ਕਰਦੇ ਹਨ ਪਰ ਕਈ ਕਹਿੰਦੇ ਹਨ ਕਿ ਇਸ ਦੇ ਅਰਥ ਖ਼ੁਦਾ ਨੂੰ ਹੀ ਪਤਾ ਹਨ।

ਕੁਰਾਨ ਦੇ ਅਨੁਵਾਦ ਹੁਣ ਤਕ ਲਗਭਗ 40 ਭਾਸ਼ਾਵਾਂ ਵਿਚ ਹੋ ਚੁਕੇ ਹਨ ਜਿਨ੍ਹਾਂ ਵਿਚ ਅੰਗ੍ਰੇਜ਼ੀ ਫਰਾਂਸੀਸੀ, ਜਰਮਨ, ਚੀਨੀ ਅਤੇ ਰੂਸੀ ਭਾਸ਼ਾਵਾਂ ਤੋਂ ਇਲਾਵਾ ਉਰਦੂ, ਬੰਗਾਲੀ, ਮਰਾਠੀ ਅਤੇ ਹਿੰਦੀ ਵੀ ਸ਼ਾਮਲ ਹਨ।

ਹ. ਪੁ.—ਹਿੰ. ਵਿ. ਕੋ. 3 : 75 ਮ. ਕੋ. 342

**ਕੁਰਾਲੀ :** ਇਹ ਭਾਰਤ ਦੇ ਪੰਜਾਬ ਰਾਜ ਦੇ ਰੋਪੜ ਜ਼ਿਲ੍ਹੇ ਦਾ ਇਕ ਛੋਟਾ ਜਿਹਾ ਸ਼ਹਿਰ ਹੈ। ਇਹ ਰੋਪੜ ਤੋਂ ਦੱਖਣ ਵੱਲ ਲਗਭਗ 16 ਕਿ. ਮੀ. ਦੀ ਦੂਰੀ ਤੇ ਰੋਪੜ-ਚੰਡੀਗੜ੍ਹ ਸੜਕ ਤੇ ਸਥਿਤ ਹੈ। ਕੁਰਾਲੀ ਦਾ ਸਟੇਸ਼ਨ ਅੰਬਾਲਾ-ਨੰਗਲ ਰੇਲਵੇ ਲਾਈਨ ਤੇ ਆਉਂਦਾ ਹੈ। ਇਥੇ ਇਕ ਵੱਡੀ ਅਨਾਜ ਮੰਡੀ ਹੈ। ਇਸ ਦਾ ਪ੍ਰਬੰਧ ਇਥੋਂ ਦੀ ਮਿਉਂਸਪਲਟੀ ਕਰਦੀ ਹੈ। ਕੁਰਾਲੀ ਵਿਚ ਇਕ ਗੁਰਦਵਾਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਤੇ ਇਕ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਹੈ। ਇਥੋਂ ਦੇ ਤਿੰਨ ਮੇਲੇ ਬੜੇ ਪ੍ਰਸਿੱਧ ਹਨ : ਗੁਸਾਈਆਂ ਵਾਲਾ, ਮਾਤਾ ਰਾਣੀ ਦਾ ਅਤੇ ਦੁਸਹਿਰਾ। ਇਥੇ ਦੋ ਹਾਇਰ ਸੈਕੰਡਰੀ ਸਕੂਲ ਅਤੇ ਇਕ ਲੜਕੀਆਂ ਦਾ ਸਰਕਾਰੀ ਹਾਈ ਸਕੂਲ ਹੈ। ਕੁਰਾਲੀ ਵਿਚ ਹਰ ਮਹੀਨੇ ਲਗਦੀ ਮੱਝਾਂ ਦੀ ਮੰਡੀ ਬੜੀ ਪ੍ਰਸਿੱਧ ਹੈ। ਪਿਛਲੇ ਕਈ ਸਾਲਾਂ ਤੋਂ ਇਥੇ ਕਲ-ਪੁਰਜ਼ੇ ਅਤੇ ਸਟੇਨਲੈੱਸ ਸਟੀਲ ਦੇ ਬਰਤਨ ਬਣਨ ਲਗ ਪਏ ਹਨ। ਇਸ ਸ਼ਹਿਰ ਵਿਚ ਬਹੁਤ ਮਜ਼ਬੂਤ ਤਾਲੇ ਬਣਾਏ ਜਾਂਦੇ ਹਨ ਜਿਹੜੇ ਕਿ ਰੋਪੜੀ ਤਾਲਿਆਂ ਦੇ ਨਾਂ ਨਾਲ ਪ੍ਰਸਿੱਧ ਹਨ। ਇਥੇ ਖੇਤੀਬਾੜੀ ਵਿਚ ਲੋੜੀਂਦੇ ਹਰ ਤਰ੍ਹਾਂ ਦੇ ਸੰਦ ਤਿਆਰ ਹੁੰਦੇ ਹਨ।

ਆਬਾਦੀ—12,638 (1981)

30° 50′ ਉ. ਵਿਥ.; 76°34′ ਪੂ. ਲੰਬ.

ਹ. ਪੁ.—ਡਿ. ਸੈਂ. ਹੈਂ.—ਅੰਬਾਲਾ ਡਿਸਟ੍ਰਿਕਟ (1961)

**ਕੁਰੁਪ ਜੀ. ਸ਼ੰਕਰ :** ਮਲਿਆਲਮ ਦੇ ਇਸ ਉੱਘੇ ਭਾਰਤੀ ਕਵੀ ਦਾ ਜਨਮ 3 ਜੂਨ, 1901 ਨੂੰ ਹੋਇਆ। ਇਸ ਨੇ ਕੋਚੀਨ ਤੋਂ ਪੰਡਿਤ ਦੀ ਅਤੇ ਮਦਰਾਸ ਯੂਨੀਵਰਸਿਟੀ ਤੋਂ ਵਿਦਵਾਨ ਦੀ ਪ੍ਰੀਖਿਆ

ਪਾਸ ਕੀਤੀ । ਸੰਨ 1921 ਵਿਚ ਇਸ ਨੇ ਵਿਦਿਆ ਖੇਤਰ ਵਿਚ ਇਕ ਸਿਖਿਅਕ ਵਜੋਂ ਕਦਮ ਰਖਿਆ ਅਤੇ ਸੰਨ 1956 ਵਿਚ ਇਰਨਾਕੂਲਮ ਦੇ ਮਹਾਰਾਜਾ ਕਾਲਿਜ ਤੋਂ ਇਕ ਪ੍ਰੋਫ਼ੈਸਰ ਵਜੋਂ ਰਿਟਾਇਰ ਹੋਇਆ। ਸੰਨ 1956 ਵਿਚ ਇਸ ਨੇ ਆਲ ਇੰਡੀਆ ਰੇਡੀਓ ਦੇ ਪ੍ਰੋਡੀਊਸਰ ਵਜੋਂ, ਸੰਨ 1957 ਵਿਚ ਸਾਹਿਤ ਸਲਾਹਕਾਰ ਵਜੋਂ ਅਤੇ 1944 ਤੋਂ 1958 ਤਕ ਕੇਰਲ ਸਾਹਿਤ ਪਰਿਸ਼ਦ ਦੇ ਰਸਾਲੇ ਦੇ ਐਡੀਟਰ ਵਜੋਂ ਕੰਮ ਕੀਤਾ । ਇਹ ਕੇਰਲ ਸਾਹਿਤ ਅਕਾਦਮੀ, ਕੇਰਲ ਸਾਹਿਤ ਸਮਿਤੀ ਅਤੇ ਕੇਰਲ ਸਾਹਿਤ ਪਰਿਸ਼ਦ ਦਾ ਪ੍ਰੈਜ਼ੀਡੈਂਟ ਵੀ ਰਿਹਾ।

ਛੋਟੀ ਉਮਰ ਵਿਚ ਹੀ ਇਸ ਦਾ ਝੁਕਾਅ ਸਾਹਿਤ ਵਲ ਹੋ ਗਿਆ ਸੀ ਅਤੇ ਛੇਤੀ ਹੀ ਇਸ ਨੂੰ ਆਧੁਨਿਕ ਮਲਿਆਲਮ ਕਵਿਤਾ ਦਾ ਸ੍ਰੋਤ ਮੰਨਿਆ ਜਾਣ ਲੱਗਾ । ਮੌਲਿਕ ਕਵਿਤਾਵਾਂ ਦੇ 17 ਤੋਂ ਵੀ ਵਧ ਸੰਗ੍ਰਹਿ ਪ੍ਰਕਾਸ਼ਿਤ ਕਰਨ ਤੋਂ ਇਲਾਵਾ ਇਸ ਨੇ ਕਈ ਭਾਰਤੀ ਅਤੇ ਬਦੇਸ਼ੀ ਭਾਸ਼ਾਵਾਂ ਦੇ ਉਲਥੇ ਪ੍ਰਕਾਸ਼ਿਤ ਕੀਤੇ । ਮਲਿਆਲਮ ਸਾਹਿਤ ਦੇ ਖੇਤਰ ਵਿਚ ਇਸ ਦੀ ਬਹੁਤ ਦੇਣ ਹੈ । ਸੰਨ 1946 ਵਿਚ ਇਸ ਨੂੰ ਕਵੀਥੀਲਾਕਾ (Kavithilaka) ਦਾ ਖਿਤਾਬ ਬਖਸ਼ਿਆ ਗਿਆ ।

ਸੰਨ 1961 ਵਿਚ ਇਸ ਨੂੰ ਕੇਰਲ ਸਾਹਿਤ ਅਕਾਦਮੀ ਅਵਾਰਡ ਅਤੇ ਸੰਨ 1963 ਵਿਚ ਇਸ ਦੀ ਪੁਸਤਕ 'ਵਿਸ਼ਵ ਦਰਸ਼ਨਮ' ਲਈ ਸਾਹਿਤ ਅਕਾਦਮੀ ਪੁਰਸਕਾਰ ਦੇ ਕੇ ਸਨਮਾਨਿਆ ਗਿਆ। ਇਸ ਤੋਂ ਇਲਾਵਾ ਸੰਨ 1965 ਵਿਚ ਇਸ ਦੇ ਕਾਵਿ ਸੰਗ੍ਰਹਿ 'ਓਟਕੁਸ਼ਲ' ਤੇ ਇਸ ਨੂੰ ਭਾਰਤੀਯ ਗਿਆਨਪੀਠ ਅਵਾਰਡ, ਸੰਨ 1967 ਵਿਚ ਸੋਵੀਅਤ ਲੈਂਡ ਨਹਿਰੂ ਅਵਾਰਡ ਅਤੇ ਸੰਨ 1968 ਵਿਚ ਪਦਮ-ਭੂਸ਼ਣ ਦੇ ਕੇ ਸਨਮਾਨਿਤ ਕੀਤਾ ਗਿਆ ।

ਸੂਰਯਕਾਂਥੀ; 'ਪਾਠਯਾਮ', 'ਜੀਵਨ ਸੰਗੀਥਮ' ਆਦਿ ਇਸ ਦੀਆਂ ਕੁਝ ਕਵਿਤਾਵਾਂ ਦੀਆਂ ਪੁਸਤਕਾਂ ਹਨ । ਭਾਵੇਂ ਇਹ ਮੂਲ ਰੂਪ ਵਿਚ ਪ੍ਰਕ੍ਰਿਤੀ ਦਾ ਕਵੀ ਹੈ ਪਰ ਇਸ ਦਾ ਪ੍ਰਕ੍ਰਿਤੀ ਪ੍ਰੇਮ ਛਾਇਆਵਾਦ ਦੀ ਬਜਾਏ ਰਹਸਵਾਦ ਦੇ ਵਧੇਰੇ ਨੇੜੇ ਹੈ ।

ਹ. ਪੁ.—ਐਨ. ਇੰ. 2 : 655; ਇੰਡੀਆ ਹੂ—ਜ਼—ਹੂ—1969;

**ਕੁਰੂ** : ਪੁਰਾਣਿਕ ਕਥਾਵਾਂ ਅਨੁਸਾਰ, ਚੰਦਰਬੰਸੀ ਰਾਜਾ ਯਯਾਤੀ ਦੇ ਪੁੱਤਰ ਪੁਰੂ ਦੇ ਪੌਰਵ ਨਾਮੀ ਬੰਸ ਵਿਚੋਂ ਕੁਰੂ ਦਾ ਇਕ ਅਤਿਅੰਤ ਪ੍ਰਸਿੱਧ ਰਾਜਾ ਸੀ ਜਿਸ ਦੇ ਨਾਂ ਤੇ ਕੁਰੂਦੇਸ਼, ਕੁਰੂਕਸ਼ੇਤਰ ਅਤੇ ਕੁਰੂਜਾਂਬਲ ਨਾਂ ਦੇ ਇਲਾਕੇ ਪ੍ਰਸਿੱਧ ਹੋਏ । ਕੁਰੂ ਦੀ ਔਲਾਦ ਹੀ ਕੌਰਵ ਕਹਾਈ ਅਤੇ ਉਨ੍ਹਾਂ ਦੀ ਹੀ ਇਕ ਸ਼ਾਖ ਸ਼ਾਇਦ ਹਿਮਾਲੀਆ ਪਾਰ ਜਾ ਕੇ ਵਸ ਗਈ ਅਤੇ ਉੱਤਰ ਕੁਰੂ ਨਾਂ ਨਾਲ ਪ੍ਰਸਿੱਧ ਹੋਈ । ਕੀਥ ਅਤੇ ਮੈਕਡੱਨੈਲ ਵਰਗੇ ਵਿਦਵਾਨਾਂ ਅਨੁਸਾਰ ਰਿਗਵੇਦ ਕਾਲ ਦੀ ਭਰਤ ਨਾਂ ਦੀ ਪ੍ਰਸਿੱਧ ਜਾਤੀ ਵੀ ਮਗਰੋਂ ਇਸ ਜਾਤੀ ਵਿਚ ਰਲ ਗਈ । ਆਪਣੀ ਉੱਨਤੀ ਦੇ ਸ਼ਿਖਰ ਦੇ ਦਿਨਾਂ ਵਿਚ ਕੁਰੂ ਜਾਤੀ ਦਾ ਇਲਾਕਾ ਪੱਛਮ ਵਿਚ ਸਰਹਿੰਦ ਦੇ ਨਾਲ ਲਗਦੇ ਇਲਾਕੇ ਤੋਂ ਲੈ ਕੇ ਸਾਰੇ ਦੱਖਣ ਪੱਛਮੀ ਪੰਜਾਬ ਅਤੇ ਉੱਤਰ ਪ੍ਰਦੇਸ਼ ਦੇ ਕੁਝ ਪੱਛਮੀ ਜ਼ਿਲ੍ਹਿਆਂ ਤਕ ਫੈਲਿਆ ਹੋਇਆ ਸੀ । ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਇਹ ਚੰਦਰਬੰਸੀ ਰਾਜਕੁਮਾਰ ਸੰਵਰਣ ਦਾ ਪੁੱਤਰ ਸੀ ਅਤੇ ਸੂਰਜ ਦੀ ਧੀ ਤਪਤੀ ਦੀ ਕੁਖੋਂ ਹੋਇਆ ਸੀ । ਇਸ ਦਾ ਰਾਜ ਭਾਰਤ ਦੇ ਉੱਤਰ-ਪੱਛਮ ਵਿਚ ਦਿਲੀ ਦੇ ਨੇੜੇ-ਤੇੜੇ ਸੀ । ਭਾਰਤ ਦੇ ਉਸ ਇਲਾਕੇ ਵਿਚ ਕੁਰੂਕਸ਼ੇਤਰ ਦੇ ਕੋਲ ਵਸਦੇ ਕੁਰੂ ਲੋਕਾਂ ਨੂੰ ਇਸ ਨਾਲ ਜੋੜਿਆ ਜਾਂਦਾ ਹੈ । ਇਹ ਧ੍ਰਿਤਰਾਸ਼ਟਰ ਅਤੇ ਪਾਂਡੂ ਦੋਵਾਂ ਦਾ ਵੱਡ ਵਡੇਰਾ ਸੀ ਪਰੰਤੂ ਇਹ ਨਾਂ ਧ੍ਰਿਤਰਾਸ਼ਟਰ ਦੀ ਸੰਤਾਨ ਨੂੰ ਹੀ ਦਿਤਾ ਜਾਂਦਾ ਹੈ ।

ਹ. ਪੁ.—ਹਿੰ. ਵਿ. ਕੋ. 3 : 78; ਹਿੰ. ਮਿ. ਕੋ. 208

**ਕੁਰੂਕਸ਼ੇਤਰ** : ਇਹ ਭਾਰਤ ਦੇ ਹਰਿਆਣਾ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਅਤੇ ਇਕ ਇਤਿਹਾਸਕ ਸ਼ਹਿਰ ਹੈ ਜੋ ਦਿੱਲੀ-ਅੰਬਾਲਾ ਰੇਲਵੇ ਲਾਈਨ ਤੇ ਦਿੱਲੀ ਤੋਂ 155 ਕਿ. ਮੀ. ਦੀ ਦੂਰੀ ਤੇ ਸਥਿਤ ਹੈ । ਇਸ ਦੇ ਉੱਤਰ ਵੱਲ ਅੰਬਾਲਾ ਤੇ ਪੱਛਮ ਵੱਲ ਥਾਨੇਸਰ ਸ਼ਹਿਰ ਹਨ ਤੇ ਇਹ ਜੀਂਦ ਜ਼ਿਲ੍ਹੇ ਤਕ ਫੈਲਿਆ ਹੋਇਆ ਹੈ । ਕੁਰੂਕਸ਼ੇਤਰ ਜ਼ਿਲ੍ਹੇ ਦਾ ਕੁਲ ਖੇਤਰਫਲ 3,740,00 ਵ. ਕਿ. ਮੀ. ਅਤੇ ਆਬਾਦੀ 1,30,026 (1981) ਹੈ । ਕੁਰੂਕਸ਼ੇਤਰ ਸ਼ਹਿਰ ਨੂੰ ਧਰਮਕਸ਼ੇਤਰ, ਕੁਰੂਕਸ਼ੇਤਰ ਅਰਥਾਤ ਕੁਰੂ ਦਾ ਖੇਤਰ (ਰਾਜਾ ਕੁਰੂ ਦੇ ਨਾਂ ਤੇ) ਵੀ ਕਿਹਾ ਜਾਂਦਾ ਹੈ । ਪ੍ਰਾਚੀਨ ਕਾਲ ਤੋਂ ਹੀ ਇਹ ਇਕ ਧਾਰਮਕ, ਇਤਿਹਾਸਕ, ਸੰਸਕ੍ਰਿਤਕ ਅਤੇ ਸਮਾਜਕ ਦ੍ਰਿਸ਼ਟੀ ਤੋਂ ਸੰਸਾਰ ਭਰ ਵਿਚ ਪ੍ਰਸਿੱਧ ਹੋਇਆ ਤੀਰਥ ਹੈ । ਸ਼ਹਿਰ ਦਾ ਮਹੱਤਵ ਇਸ ਖੇਤਰ ਵਿਚ ਸਥਿਤ 350 ਤੋਂ ਵਧ ਧਾਰਮਕ ਸਥਾਨਾਂ ਕਰਕੇ ਹੈ । ਇਸ ਸਥਾਨ ਤੇ ਸੁਰਸਤੀ ਨਦੀ ਦੇ ਕੰਢੇ ਤੇ ਹਜ਼ਾਰਾਂ ਸਾਲ ਪਹਿਲਾਂ ਰਿਸ਼ੀਆਂ ਨੇ ਵੇਦਾਂ ਮੰਤਰਾਂ, ਉਪਨਿਸ਼ਦਾਂ ਅਤੇ ਹੋਰ ਧਰਮ ਗ੍ਰੰਥਾਂ ਦਾ ਉਚਾਰਨ ਅਤੇ ਰਚਨਾ ਕੀਤੀ ਸੀ । ਇਥੇ ਹੀ ਮਹਾਂ ਰਿਸ਼ੀ ਵੇਦ ਵਿਆਸ ਨੇ ਮਹਾਭਾਰਤ ਅਤੇ ਮਨੂੰ ਜੀ ਨੇ ਮਨੂੰ ਸਿਮਰਤੀ ਲਿਖੀ । ਇਸੇ ਸਥਾਨ ਤੇ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ, ਪਾਂਡਵਾਂ ਅਤੇ ਕੌਰਵਾਂ ਵਿਚਕਾਰ 18 ਦਿਨ ਤਕ ਮਹਾਭਾਰਤ ਦਾ ਯੁੱਧ ਹੋਇਆ ਸੀ । ਇਸੇ ਪਵਿੱਤਰ ਧਰਤੀ ਤੇ ਜਯੋਤੀਸਰ ਦੇ ਸਥਾਨ ਤੇ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਅਮਰ ਸੰਦੇਸ਼ ਦਿਤਾ ਸੀ । ਇਥੇ ਮਹਾਰਾਜਾ ਕੌਰਵ ਨੇ ਆਪ ਹਲ ਚਲਾਇਆ ਸੀ । ਇਹ ਧਰਤੀ ਆਰੀਆ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਕੇਂਦਰ ਰਹੀ ਹੈ । ਧਰਮ ਗ੍ਰੰਥਾਂ ਵਿਚ ਮੁਨੀ ਵਸ਼ਿਸ਼ਟ, ਵੇਦ ਵਿਆਸ ਅਤੇ ਕਮਲ ਮੁਨੀ ਦੇ ਆਸ਼ਰਮਾਂ ਦਾ ਜ਼ਿਕਰ ਵੀ ਮਿਲਦਾ ਹੈ । ਥਨੇਸਰ ਦੇ ਨਜ਼ਦੀਕ ਰਾਜਾ ਹਰਸ਼ ਵਰਧਨ ਰਾਜਧਾਨੀ (606—647) ਸੀ ਜਿਸ ਦੀ ਆਬਾਦੀ ਉਸ ਸਮੇਂ ਲੱਖਾਂ ਵਿਚ ਸੀ । ਕਵੀ ਬਾਨ ਭੱਟ ਅਤੇ ਚੀਨੀ ਯਾਤਰੀ ਹਿਊਨ ਸਾਂਗ ਨੇ ਵੀ ਉਸ ਸਮੇਂ ਦੇ ਕੁਰੂਕਸ਼ੇਤਰ ਦਾ ਸ਼ਾਨਦਾਰ ਨਕਸ਼ਾ ਖਿਚਿਆ ਹੈ । ਵਿਦੇਸ਼ੀ ਹਮਲਾਵਰਾਂ ਦੇ ਲਗਾਤਾਰ ਹਮਲਿਆਂ ਦੇ ਬਾਵਜੂਦ ਵੀ ਕੁਰੂਕਸ਼ੇਤਰ ਕਾਫੀ ਹਦ ਤੀਕ ਬਚਿਆ ਰਿਹਾ ।

ਕੁਰੂਕਸ਼ੇਤਰ ਰਾਸ਼ਟਰੀ ਏਕਤਾ ਦਾ ਚਿੰਨ੍ਹ ਹੈ । ਇਥੇ ਵੱਖ-ਵੱਖ ਧਰਮਾਂ ਦੇ ਸੰਸਥਾਪਕ, ਪੀਰ ਪੈਗ਼ੰਬਰ, ਗੁਰੂ ਸਮੇਂ-ਸਮੇਂ ਤੇ ਆਏ । ਇਸ ਸਥਾਨ ਦੀ ਪ੍ਰਸਿੱਧੀ ਕਰਕੇ ਸਿੱਖਾਂ ਦੇ ਦਸ ਗੁਰੂ ਸਾਹਿਬਾਨਾਂ ਵਿਚੋਂ ਨੌਂ ਗੁਰੂ ਵੀ ਇਥੇ ਪਧਾਰੇ ਜਿਨ੍ਹਾਂ ਦੀ ਯਾਦ ਵਿਚ ਇਥੇ ਕਈ ਗੁਰਦਵਾਰੇ ਬਣੇ ਹੋਏ ਹਨ ।

ਉਪਰੋਕਤ ਤੋਂ ਇਲਾਵਾ ਕਬੀਰ, ਰਵੀਦਾਸ ਆਦਿ ਜਿਹੇ ਅਨੇਕ ਸੰਤਾਂ ਨੇ ਵੀ ਇਸ ਪਵਿੱਤਰ ਧਰਤੀ ਦੀ ਯਾਤਰਾ ਕੀਤੀ । ਇਥੇ ਹੀ ਬਣਿਆ ਹੋਇਆ ਸ਼ੇਖ ਚਿੱਲੀ ਦਾ ਮਕਬਰਾ, ਦੇਸ਼-ਵਿਦੇਸ਼ ਦੇ ਮੁਸਲਮਾਨਾਂ ਲਈ ਬਹਿਸ ਦਾ ਕੇਂਦਰ ਹੈ ।

ਬ੍ਰਹਮ ਸਰੋਵਰ ਦੇ ਧਾਰਮਕ ਅਤੇ ਇਤਿਹਾਸਕ ਮਹੱਤਵ ਨੂੰ ਵੇਖਦੇ ਹੋਏ ਭਾਰਤ ਸਰਕਾਰ ਅਤੇ ਸਰਵ ਭਾਰਤੀ ਮਾਨਵ ਧਰਮ ਮਿਸ਼ਨ ਨੇ ਇਸ ਪਵਿੱਤਰ ਸਰੋਵਰ ਅਤੇ ਪ੍ਰਾਚੀਨ ਮੰਦਰਾਂ ਦੇ ਵਿਕਾਸ ਦਾ ਕੰਮ ਸ਼ੁਰੂ ਕੀਤਾ । ਹਰਿਆਣਾ ਸਰਕਾਰ ਨੇ ਵੀ ਕੁਰੂਕਸ਼ੇਤਰ ਵਿਕਾਸ ਬੋਰਡ ਕਾਇਮ ਕੀਤਾ । ਬ੍ਰਹਮ ਸਰੋਵਰ ਦੀ ਲੰਬਾਈ 1,080 ਮੀ. ਅਤੇ ਚੌੜਾਈ 360 ਮੀ. ਹੈ । ਇਸ ਵਿਚ 4.5 ਮੀ. (15 ਫੁੱਟ) ਪਾਣੀ ਹਰ ਵਕਤ ਖੜਾ ਰਹਿੰਦਾ ਹੈ । ਇਹ ਇੰਨਾ ਵੱਡਾ ਸਰੋਵਰ ਹੈ ਕਿ ਸੂਰਜ ਗ੍ਰਹਿਣ ਸਮੇਂ ਦਸ ਲੱਖ ਤੋਂ ਵੀ ਜ਼ਿਆਦਾ ਯਾਤਰੂ ਇਕੋ ਵੇਲੇ ਇਸ ਵਿਚ ਇਸ਼ਨਾਨ ਕਰ ਸਕਦੇ ਹਨ । ਇਸਤਰੀਆਂ ਲਈ ਵੱਖਰੇ 12 ਘਾਟ ਬਣਾਏ ਗਏ ਹਨ । ਇਸ ਤੀਰਥ ਦੇ ਦਰਮਿਆਨ ਸਰਵੇਸ਼ਵਰ ਮਹਾਦੇਵ ਜੀ ਦਾ ਮੰਦਰ ਹੈ । ਇਹ ਮੰਦਰ ਮਹੰਤ ਸਰਵਣ ਨਾਥ ਜੀ ਨੇ ਬਣਵਾਇਆ ਸੀ । ਇਸ ਤੀਰਥ ਦੇ ਪੱਛਮੀ ਪਾਸੇ ਤੇ ਬਹੁਤ ਪੁਰਾਣਾ ਕੱਪ-ਭਵਨ ਹੈ, ਜਿਸ ਦੇ ਉੱਤਰੀ ਕਿਨਾਰੇ ਤੇ ਗੌੜੀਆ ਮੱਠ, ਗੀਤਾ ਭਵਨ, ਜੈ ਰਾਮ ਵਿਦਿਆ ਪੀਠ ਦਾ ਭਵਨ, ਪਾਂਡਵਾਂ ਦਾ ਮੰਦਰ ਅਤੇ ਬਿਰਲਾ ਮੰਦਰ ਆਦਿ ਹਨ । ਉੱਤਰ

ਵਿਚ ਸਾਧਨਾ ਆਸ਼ਰਮ ਹੈ । ਇਸ ਸਰੋਵਰ ਅਤੇ ਪ੍ਰਾਚੀਨ ਸਰੋਵਰ ਦੀ ਸੇਵਾ ਦਾ ਕੰਮ ਵੀ 12 ਅਪ੍ਰੈਲ, 1975 ਤੋਂ ਸ਼ੁਰੂ ਹੋਇਆ ਸੀ। ਇਹ ਉਹ ਸਥਾਨ ਹੈ ਜਿਸ ਦੇ ਕਿਨਾਰੇ ਮਹਾਂਰਿਸ਼ੀ ਧਰੀਚੀ ਨੇ ਦੇਵਤਿਆਂ ਨੂੰ ਜਿੱਤਣ ਲਈ ਇੰਦਰ ਦੇਵਤਾ ਨੂੰ ਅਸਥੀ ਦਾਨ ਦਿਤਾ ਸੀ। ਸ੍ਰੀ ਕ੍ਰਿਸ਼ਨ ਭਗਵਾਨ, ਸੂਰਜ ਗ੍ਰਹਿਣ ਦੇ ਮੌਕੇ ਤੇ ਹੀ ਇਥੇ ਬ੍ਰਿਜ ਦੀਆਂ ਗੋਪੀਆਂ ਨੂੰ ਮਿਲੇ ਸਨ। ਨਾਰਦ ਪੁਰਾਣ ਅਨੁਸਾਰ ਇਸ ਸਰੋਵਰ ਦਾ ਨਿਰਮਾਣ ਬ੍ਰਹਮਾ ਜੀ ਨੇ ਕੀਤਾ ਸੀ । ਸੋਮਵਤੀ ਮਸਿਆ ਤੇ ਇਥੇ ਭਾਰੀ ਮੇਲਾ ਲਗਦਾ ਹੈ। ਸੂਰਜ ਗ੍ਰਹਿਣ ਸਮੇਂ ਲੱਖਾਂ ਦੀ ਗਿਣਤੀ ਵਿਚ ਯਾਤਰੂ ਇਸ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਆਉਂਦੇ ਹਨ ਅਤੇ ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਸ ਸਮੇਂ ਇਥੇ ਇਸ਼ਨਾਨ ਕਰਨ ਨਾਲ ਸੌ ਅਸ਼ਵਮੇਧ ਯੱਗਾਂ ਦਾ ਫਲ ਮਿਲਦਾ ਹੈ ਅਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਦਿਨ ਹੋਰ ਸਾਰੇ ਸਰੋਵਰਾਂ ਦਾ ਪਾਣੀ ਇਸ ਸਰੋਵਰ ਵਿਚ ਆਉਂਦਾ ਹੈ। ਇਥੋਂ ਦੇ ਪਾਂਡਿਆਂ ਕੋਲੋਂ ਸੈਂਕੜੇ ਸਾਲਾਂ ਪੁਰਾਣਾ ਬਜ਼ੁਰਗਾਂ ਦਾ ਕੁਰਸੀਨਾਮਾ ਮਿਲ ਸਕਦਾ ਹੈ। ਇਸ ਤੀਰਥ ਦੇ ਕਿਨਾਰੇ ਤੇ ਕਈ ਨਵੀਆਂ ਇਮਾਰਤਾਂ ਵੀ ਬਣੀਆਂ ਹਨ ਜਿਨ੍ਹਾਂ ਵਿਚ ਕ੍ਰਿਸ਼ਨ ਧਾਮ ਕੰਪਲੈਕਸ, ਇਕ ਧਰਮਸ਼ਾਲਾ, ਇਕ ਹਜ਼ਾਰ ਲੋਕਾਂ ਦੀ ਬੈਠਣ ਦੀ ਸਮਰੱਥਾ ਵਾਲਾ ਬਜਰੰਗ ਭਵਨ, ਸੰਸਕ੍ਰਿਤ ਵਿਦਿਆਲਾ, ਅੱਖਾਂ ਦਾ ਹਸਪਤਾਲ ਅਤੇ ਸਿਵਲ ਹਸਪਤਾਲ ਆਦਿ ਹਨ।

ਇਸ ਸਥਾਨ ਦੇ ਮਹੱਤਵ ਅਨੁਸਾਰ ਸੰਨ 1956 ਵਿਚ ਇਥੇ ਇਕ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਜਿਸ ਨੂੰ 'ਕੁਰੂਕਸ਼ੇਤਰਾ ਯੂਨੀਵਰਸਿਟੀ' ਕਹਿੰਦੇ ਹਨ । ਇਹ ਦੇਸ਼ ਦੀਆਂ ਚੰਗੀਆਂ ਵਿਦਿਅਕ ਸੰਸਥਾਵਾਂ ਵਿਚੋਂ ਹੈ।

ਆਬਾਦੀ— 29,558 (1971)

29°58′ ਉ. ਵਿਥ.; 76° 53′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 951; ਹਿੰਦ ਸਮਾਚਾਰ 31 ਜਨਵਰੀ, 1980

**ਕੁਰੂਪਾਂਚਾਲ :** ਕੁਰੂ ਅਤੇ ਪਾਂਚਾਲ ਭਾਰਤ ਦੀਆਂ ਅਤਿਅੰਤ ਪ੍ਰਾਚੀਨ ਆਬਾਦੀਆਂ ਵਿਚੋਂ ਹਨ। ਇਨ੍ਹਾਂ ਦੋਹਾਂ ਦਾ ਇਤਿਹਾਸ ਵਿਚ ਬਹੁਤ ਪੱਕਾ ਸਬੰਧ ਰਿਹਾ ਹੈ। ਇਨ੍ਹਾਂ ਦਾ ਇਤਿਹਾਸ ਅਸਲ ਵਿਚ ਆਪਸੀ ਯੁੱਧਾਂ ਅਤੇ ਸੰਧੀਆਂ ਦਾ ਇਤਿਹਾਸ ਹੈ। ਮਹਾਭਾਰਤ ਵਿਚ ਇਨ੍ਹਾਂ ਦੋਹਾਂ ਦੇ ਯੁੱਧਾਂ ਦਾ ਵਰਣਨ ਹੈ। ਉਸ ਅਨੁਸਾਰ ਕੁਰੂਆਂ ਨੇ ਉੱਤਰ ਪਾਂਚਾਲ ਜਿੱਤ ਕੇ ਆਪਣੇ ਗੁਰੂ ਦਰੋਣਾਚਾਰਯ ਨੂੰ ਦਾਨ ਦੇ ਦਿੱਤਾ ਸੀ। ਦਰੋਪਦੀ ਨੂੰ ਪਾਂਚਾਲੀ ਇਸੇ ਲਈ ਕਿਹਾ ਜਾਂਦਾ ਹੈ ਕਿ ਉਹ ਪਾਂਚਾਲ ਦੇ ਰਾਜੇ ਦਰੁਪਦ ਦੀ ਪੁੱਤਰੀ ਸੀ।

ਕੁਰੂ ਆਬਾਦੀ ਦਾ ਜ਼ਿਕਰ ਮਗਰਲੇ ਵੈਦਿਕ ਯੁਗ ਵਿਚ ਮਿਲਦਾ ਹੈ। ਮਹਾਭਾਰਤ ਵਿਚ ਕੁਰੂ ਬੰਸ ਦੇ ਰਾਜਾ ਪ੍ਰੀਖਸ਼ਤ ਦੇ ਪੂਰਵਜਾਂ ਦੀ ਪੀੜ੍ਹੀ ਦਿਤੀ ਗਈ ਹੈ। ਪ੍ਰੀਖਸ਼ਤ ਤੋਂ ਮਗਰੋਂ ਇਸ ਬੰਸ ਦਾ ਰਾਜਾ ਜਨਮੇਜਯ ਹੋਇਆ ਹੈ। ਉਸ ਨੇ ਤਕਸ਼ਿਲਾ ਉਤੇ ਜਿੱਤ ਪ੍ਰਾਪਤ ਕੀਤੀ ਸੀ।

ਪ੍ਰਾਚੀਨ ਪਾਂਚਾਲ ਅੱਜ ਦੇ ਬਰੇਲੀ, ਬਦਾਯੂੰ, ਫਰੁੱਖਾਬਾਦ ਅਤੇ ਹੋਰ ਨੇੜੇ ਦੇ ਜ਼ਿਲ੍ਹਿਆਂ ਵਿਚ ਫੈਲੀ ਹੋਈ ਆਬਾਦੀ ਸੀ। ਇਹ ਖੇਤਰ ਪੂਰਬ ਵਿਚ ਗੋਮਤੀ ਅਤੇ ਦੱਖਣ-ਪੱਛਮ ਵਿਚ ਚੰਬਲ ਦਰਿਆ ਤੱਕ ਫੈਲਿਆ ਹੋਇਆ ਸੀ । ਪੱਛਮ ਵਿਚ ਇਸ ਦੀ ਹੱਦ ਸ਼ੁਰਸੈਨ ਤਕ ਸੀ। ਕੁਰੂਆਂ ਅਤੇ ਪਾਂਚਾਲਾਂ ਵਿਚ ਉੱਤਰੀ ਪਾਂਚਾਲ ਨੂੰ ਆਪਣੇ ਅਧੀਨ ਕਰਨ ਲਈ ਯੁੱਧ ਹੋਏ। ਕਦੇ ਉੱਤਰੀ ਪਾਂਚਾਲ ਕੁਰੂਰੱਠ ਵਿਚ ਸ਼ਾਮਲ ਕੀਤਾ ਗਿਆ ਅਤੇ ਕੰਪਿਲਰੱਠ ਵਿਚ ਮਿਲਾਇਆ ਗਿਆ। ਕੁਰੂਰਠ ਦੀ ਰਾਜਧਾਨੀ ਹਸਤਨਾਪੁਰ ਸੀ। ਕਦੇ ਸਾਰੇ ਪਾਂਚਾਲ ਉੱਤੇ ਇਕੋ ਬੰਸ ਦਾ ਰਾਜਾ ਹੋ ਜਾਂਦਾ ਸੀ। ਪ੍ਰਵਾਹਨ ਜੈਵਿਨ ਦੇ ਸਮੇਂ ਤੋਂ ਲੈ ਕੇ ਮਗਧ ਦੇ ਰਾਜੇ ਦੇ ਸਮੇਂ ਤਕ ਪਾਂਚਾਲ ਦਾ ਇਤਿਹਾਸ ਬਿਲਕੁਲ ਅਸਪੱਸ਼ਟ ਹੈ।

ਹ. ਪੁ.—ਹਿੰ. ਵਿ. ਕੋ. 3 : 79

**ਕੁਰੈਸ਼ :** ਇਹ ਅਰਬ ਦਾ ਇਕ ਪ੍ਰਸਿੱਧ ਕਬੀਲਾ ਹੈ ਜਿਸ ਵਿਚੋਂ ਹਜ਼ਰਤ ਮੁਹੰਮਦ ਸਾਹਿਬ ਸਨ। ਇਸ ਕਬੀਲੇ ਵਿਚ ਮੁਹੰਮਦ ਸਾਹਿਬ ਦੇ ਦਾਦਾ ਅਬਦੁਲ ਮੁੱਤਾਲਿਬ ਮੁਖੀ ਜਾਂ ਰਾਜ ਕੁਮਾਰ ਸਨ। ਕੁਰਾਨ ਅਤੇ ਇਸਲਾਮੀ ਇਤਿਹਾਸ ਵਿਚ ਇਸ ਕਬੀਲੇ ਨੂੰ ਬਹੁਤ ਉੱਚਾ ਸਥਾਨ ਪ੍ਰਾਪਤ ਹੈ। ਹਦੀਸਾਂ ਵਿਚ ਇਸ ਕਬੀਲੇ ਦੇ ਉੱਤਮ ਗੁਣਾਂ ਸਬੰਧੀ ਮੁਹੰਮਦ ਸਾਹਿਬ ਦੇ ਕਥਨਾਂ ਦਾ ਰਿਕਾਰਡ ਇਕ ਖਾਸ ਭਾਗ ਵਿਚ ਰਖਿਆ ਗਿਆ ਹੈ। ਦਸਿਆ ਜਾਂਦਾ ਹੈ ਕਿ ਮੁਹੰਮਦ ਸਾਹਿਬ ਨੇ ਕਿਹਾ ਸੀ, 'ਜੋ ਵੀ ਕੋਈ ਕੁਰੈਸ਼ ਨੂੰ ਤਬਾਹ ਕਰਨਾ ਚਾਹੇਗਾ, ਉਸ ਨੂੰ ਖ਼ੁਦਾ ਤਬਾਹ ਕਰੇਗਾ'। ਮੱਕੇ ਵਿਚ ਜਦੋਂ ਛੇਵੀਂ ਸਦੀ ਵਿਚ ਧਾਰਮਿਕ ਅਤੇ ਵਪਾਰਕ ਕੇਂਦਰ ਕਾਫੀ ਲੰਬੇ ਸਮੇਂ ਤੋਂ ਇਕੱਠੇ ਚਲੇ ਆਉਂਦੇ ਸਨ ਉਸ ਸਮੇਂ ਇਸ ਕਬੀਲੇ ਨੇ ਸ਼ਹਿਰ ਦੇ ਵਪਾਰਕ ਪੱਖ ਤੇ ਗ਼ਲਬਾ ਪਾਇਆ। ਇਸ ਪੂਰਵ-ਇਸਲਾਮੀ ਫਿਰਕੇ ਨੇ ਮੱਕੇ ਨੂੰ ਅਰਬ ਇਲਾਕੇ ਦਾ ਕਾਰਜ-ਕੇਂਦਰ ਬਣਾ ਲਿਆ ਅਤੇ ਇਸਲਾਮ ਨੂੰ ਇਕ ਰਾਜਨੀਤਕ ਅਦਾਰੇ ਵਾਂਗ ਵਿਕਸਿਤ ਕੀਤਾ ਅਤੇ ਆਪਣੇ ਵਿਚੋਂ ਹੀ ਇਸ ਮਤ ਦੇ ਆਗੂ, ਜਰਨੈਲ, ਪ੍ਰਸ਼ਾਸਕ ਅਤੇ ਸੱਭ ਤੋਂ ਉਪਰ ਖਲੀਫ਼ੇ ਵੀ ਇਸ ਵਿਚੋਂ ਸਥਾਪਤ ਕੀਤੇ। ਇਸਲਾਮ ਨੇ ਇਸ ਕਬੀਲੇ ਦੀ ਸ੍ਰੇਸ਼ਟਤਾ ਵਿਚ ਵਾਧਾ ਕੀਤਾ ਅਤੇ ਆਉਣ ਵਾਲੇ ਸਮਿਆਂ ਵਿਚ ਇਸ ਨੂੰ ਪ੍ਰਪੱਕਤਾ ਪ੍ਰਦਾਨ ਕੀਤੀ। ਮੱਕੇ ਦੇ ਲਗਭਗ ਸਾਰੇ ਵਸਨੀਕ ਇਸ ਕਬੀਲੇ ਨਾਲ ਸਬੰਧਿਤ ਹੋਣ ਕਰਕੇ ਆਪਣੀ ਵਰਾਸਤ ਵੀ ਇਕੋ ਮੰਨਣ ਲਗ ਗਏ। ਇਕ ਤਾਂ ਗਿਣਤੀ ਵਧਣ ਕਰਕੇ ਦੂਜਾ ਵਪਾਰਕ ਧੰਦਿਆਂ ਵਿਚ ਸਫਲਤਾ ਜਾਂ ਅਸਫਲਤਾ ਕਾਰਨ। ਫਿਰ ਇਹ ਕਬੀਲਾ ਕਈ ਫਿਰਕਿਆਂ ਵਿਚ ਵਟ ਗਿਆ। ਮੁਹੰਮਦ ਸਾਹਿਬ ਦਾ ਹਾਸ਼ਿਮ ਨਾਂ ਦਾ ਫਿਰਕਾ ਵਪਾਰਕ ਤੌਰ ਤੇ ਵਧੇਰੇ ਪ੍ਰਸਿੱਧੀ ਪ੍ਰਾਪਤ ਨਾ ਕਰ ਸਕਿਆ। ਕਿਉਂਕਿ ਕੁਰਾਨ ਦੀ ਸਿਖਿਆ ਏਕਾ-ਅਧਿਕਾਰ ਅਤੇ ਵੱਡੇ ਵਪਾਰੀਆਂ ਦੇ ਵਿਰੁੱਧ ਸੀ। ਇਸ ਲਈ ਹਾਸ਼ਿਮੀ ਫ਼ਿਰਕੇ ਨੇ ਹਜ਼ਰਤ ਮੁਹੰਮਦ ਸਾਹਿਬ ਦਾ ਸਾਥ ਦਿੱਤਾ। ਵੱਡੇ ਵਪਾਰੀ ਮੁਹੰਮਦ ਸਾਹਿਬ ਦੀ ਲਹਿਰ ਦੇ ਦੁਸ਼ਮਣ ਸਨ ਅਤੇ ਉਨ੍ਹਾਂ ਦਾ ਵਿਰੋਧ ਕਰਦੇ ਸਨ। ਬਾਅਦ ਵਿਚ ਇਹੋ ਫਿਰਕਾ ਮਦੀਨੇ ਦੇ ਉਨ੍ਹਾਂ ਫਿਰਕਿਆਂ ਦਾ ਸਹਿਯੋਗੀ ਬਣਿਆ ਜਿਨ੍ਹਾਂ ਨੇ ਮੁਹੰਮਦ ਸਾਹਿਬ ਦੇ ਪੈਗੰਬਰ ਹੋਣ ਦੀ ਗੱਲ ਪ੍ਰਵਾਨ ਕੀਤੀ। 632 ਈ. ਵਿਚ ਮੁਹੰਮਦ ਸਾਹਿਬ ਮਗਰੋਂ ਉਨ੍ਹਾਂ ਦਾ ਖਾਸ ਦੋਸਤ, ਅੱਬੂਬਕਰ, ਜਿਹੜਾ ਪਹਿਲਾ ਖਲੀਫਾ ਬਣਿਆ ਸੀ, ਵੀ ਕੁਰੈਸ਼ ਕਬੀਲੇ ਵਿਚੋਂ ਹੀ ਸੀ।

ਹ. ਪੁ.—ਕੈ. ਹਿ. ਇਸ ; ਡਿ. ਇਸ. 483

**ਕੁਲਕਰਨੀ, ਕ੍ਰਿਸ਼ਨਾਜ਼ੀ ਸਾਮਰਾਓ :** ਭਾਰਤ ਦੇ ਇਸ ਪ੍ਰਸਿਧ ਕਲਾਕਾਰ ਦਾ ਜਨਮ 7 ਅਪ੍ਰੈਲ, 1918 ਨੂੰ ਕਰਨਾਟਕ ਰਾਜ ਵਿਚ ਬੇਲਗਾਮ ਵਿਖੇ ਹੋਇਆ । ਕਲਾ ਵਿਚ ਸਿਖਿਆ ਪ੍ਰਾਪਤ ਕਰਨ ਉਪਰੰਤ ਸੰਨ 1944-46 ਦੌਰਾਨ ਇਸ ਨੇ ਡੀ. ਸੀ. ਐਮ. ਵਿਖੇ ਟੈਕਸਟਾਈਲ ਡੀਜ਼ਾਈਨਿੰਗ ਦਾ ਕੰਮ ਸ਼ੁਰੂ ਕੀਤਾ। ਸੰਨ 1951-67 ਦੌਰਾਨ ਇਹ ਤ੍ਰਿਵੈਣੀ ਆਰਟ ਡਿਪਾਰਟਮੈਂਟ ਦਾ ਅਤੇ ਸੰਨ 1965-67 ਦੌਰਾਨ ਸਿਰੈਮਿਕ (Ceramic) ਸਟੂਡੀਓ ਦਾ ਡਾਇਰੈਕਟਰ ਲੱਗਾ। ਇਹ ਹਿੰਦੂ ਯੂਨੀਵਰਸਿਟੀ ਬਨਾਰਸ ਦੇ ਚਿੱਤਰਕਲਾ ਵਿਭਾਗ ਦਾ ਮੁੱਖੀ ਵੀ ਰਿਹਾ।

ਇਸ ਨੇ ਭਾਰਤ ਅਤੇ ਸੰਯੁਕਤ ਰਾਸ਼ਟਰ ਅਮਰੀਕਾ ਵਿਚ ਆਪਣੀ ਕਲਾ ਦਾ ਇਕੱਲਿਆਂ ਹੀ ਪ੍ਰਦਰਸ਼ਨ ਕੀਤਾ। ਹੋਰ ਬਹੁਤ ਸਾਰੇ ਦੇਸ਼ਾਂ ਵਿਚ ਇਸ ਦੀਆਂ ਕ੍ਰਿਤਾਂ ਦੀ ਪ੍ਰਦਰਸ਼ਨੀ ਕੀਤੀ ਗਈ। ਇਸ ਨੇ ਭਾਰਤ ਸਰਕਾਰ ਅਤੇ ਆਪਣੇ ਦੇਸ਼ ਅਤੇ ਬਦੇਸ਼ਾਂ ਦੇ ਕਈ

ਉਦਯੋਗਾਂ ਲਈ ਵੱਡੇ ਵੱਡੇ ਕੰਧ ਚਿੱਤਰ ਅਤੇ ਕਲਾ-ਕ੍ਰਿਤਾਂ ਤਿਆਰ ਕੀਤੀਆਂ। ਇਸ ਦੀਆਂ ਕ੍ਰਿਤਾਂ ਦੇਸ਼-ਬਦੇਸ਼ ਦੀਆਂ ਕਈ ਆਰਟ ਗੈਲਰੀਆਂ ਅਤੇ ਅਜਾਇਬ ਘਰਾਂ ਦੀ ਸ਼ੋਭਾ ਵਧਾ ਰਹੀਆਂ ਹਨ।

ਇਹ ਉੱਤਰ ਪ੍ਰਦੇਸ਼ ਲਲਿਤ ਕਲਾ ਅਕਾਦਮੀ ਦਾ ਚੇਅਰਮੈਨ ਅਤੇ ਲਲਿਤ ਕਲਾ ਅਕਾਦਮੀ ਦਾ ਉਪ-ਸਭਾਪਤੀ ਰਿਹਾ। ਅੱਜ ਕਲ੍ਹ ਇਹ ਚਿਲਡਰਨ ਬੁੱਕ ਟਰੱਸਟ ਦੇ ਸਲਾਹਕਾਰ ਵਜੋਂ ਕੰਮ ਕਰ ਰਿਹਾ ਹੈ।

ਹ. ਪੁ.—ਇੰਡੀਆ ਹੂ-ਜ਼ ਹੂ 1983 ; ਆਰਟਿਸਟ ਡਾਇਰੈਕਟਰੀ।

**ਕੁਲਟੀ** : ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਪੱਛਮੀ ਭਾਗ ਵਿਚ ਬਰਦਵਾਨ ਜ਼ਿਲ੍ਹੇ ਵਿਚ ਕਲਕਤਾ ਤੋਂ 212 ਕਿ. ਮੀ. ਅਤੇ ਆਸਨਸੋਲ ਤੋਂ ਪੱਛਮ-ਉੱਤਰ-ਪੱਛਮ ਵਲ 13 ਕਿ. ਮੀ. ਦੀ ਦੂਰੀ ਤੇ ਸਥਿਤ ਇਕ ਚੰਗਾ ਉਦਯੋਗਿਕ ਕੇਂਦਰ ਹੈ।

ਇਸ ਦੇ ਨਜ਼ਦੀਕ ਹੀ ਰਾਣੀਗੰਜ ਦਾ ਪ੍ਰਸਿੱਧ ਕੋਲਾ-ਖੇਤਰ ਹੈ। ਉੱਤਰ-ਪੂਰਬ ਵਿਚ 5 ਕਿ. ਮੀ. ਦੀ ਦੂਰੀ ਤੇ ਸਾਲਨਪੁਰ ਅਤੇ ਦੱਖਣ ਵਿਚ 3 ਕਿ. ਮੀ. ਦੀ ਦੂਰੀ ਤੇ ਦਿਸਰਗੜ੍ਹ ਵਿਚ ਕੋਲੇ ਦੀਆਂ ਖਾਣਾਂ ਹਨ। ਇਥੇ 'ਬੰਗਾਲ ਆਇਰਨ ਕੰਪਨੀ' ਨਾਂ ਦਾ ਲੋਹੇ ਦਾ ਕਾਰਖਾਨਾ ਹੈ। ਕੁਲਟੀ ਵਿਚ ਵਧੀਆ ਇੱਟਾਂ ਅਤੇ ਟਾਈਲਾਂ ਵੀ ਬਣਾਈਆਂ ਜਾਂਦੀਆਂ ਹਨ।

ਹ. ਪੁ.—ਹਿੰ. ਵਿ. ਕੋ. 3 : 87

**ਕੁਲਥਾ** : ਇਹ ਸਿੱਧੀ ਅਤੇ ਬਦਲਵੇਂ, ਡੰਡੀਦਾਰ ਸੰਯੁਕਤ ਪਤਿਆਂ ਵਾਲੀ ਬੂਟੀ ਹੈ। ਕੁਲਥਾ ਨਾਂ ਸੰਸਕ੍ਰਿਤ ਤੋਂ ਲਿਆ ਗਿਆ ਹੈ, ਹਿੰਦੀ ਵਿਚ ਇਸ ਨੂੰ ਚਕਸੂ ਅਤੇ ਬਨਾਰ ਵੀ ਕਿਹਾ ਜਾਂਦਾ ਹੈ। ਇਸ ਦਾ ਬਨਸਪਤੀ-ਵਿਗਿਆਨਕ ਨਾਂ ਕੇਸ਼ੀਆ ਐਬਸਸ (*Cassia absus*) ਹੈ। ਇਹ ਬੂਟੇ ਲੈਗਿਉਮੀਨੋਸੀ ਕੁਲ ਦੇ ਮੈਂਬਰ ਹਨ। ਦਰਮਿਆਨੇ ਕਦ ਦੇ ਇਨ੍ਹਾਂ ਬੂਟਿਆਂ ਤੇ ਸਲੇਟੀ ਚਿਪਕਵੇਂ ਵਾਲ ਹੁੰਦੇ ਹਨ।

ਬੂਟੇ ਦੇ ਵਖ ਵਖ ਹਿੱਸਿਆਂ ਵਿਚ ਵਖ ਵਖ ਜਰਾਹੀ ਗੁਣ ਹਨ। ਪੱਤਿਆਂ ਨੂੰ ਗਰਮ, ਕੌੜਾ ਅਤੇ ਉਤੇਜਕ ਮੰਨਿਆ ਗਿਆ ਹੈ ਅਤੇ ਰਸੌਲੀਆਂ ਵਿਚ ਬਾਹਰੀ ਤੌਰ ਤੇ ਲਗਾਇਆ ਜਾਂਦਾ ਹੈ। ਇਹ ਖੰਘ, ਨੱਕ ਦੇ ਰੋਗਾਂ, ਦਮਾ, ਹਿਚਕੀ ਸਾਹ-ਨਾਲੀ ਦੀ ਸੋਜ ਆਦਿ ਬਿਮਾਰੀਆਂ ਵਿਚ ਵੀ ਲਾਭਵੰਦ ਗਿਣਿਆ ਜਾਂਦਾ ਹੈ। ਮੈਟੀਰੀਆ ਮੈਡੀਕਾ ਵਿਚ ਇਸ ਦੀ ਵਰਤੋਂ ਨਾਲ ਖ਼ੂਨ ਗਾੜ੍ਹਾ ਹੋਣ ਬਾਰੇ ਵੀ ਵਰਣਨ ਆਉਂਦਾ ਹੈ। ਪੁਰਾਣੇ ਹਕੀਮ ਇਸ ਦੇ ਬੀਜਾਂ ਨੂੰ ਆਂਤੜੀਆਂ ਅਤੇ ਪਿਸ਼ਾਬ ਦੀ ਕਿਰਿਆ ਨੂੰ ਤੇਜ਼ ਕਰਨ ਵਾਲਾ ਸਮਝਿਆ ਕਰਦੇ ਸਨ। ਜੇਕਰ ਬੀਜਾਂ ਦੀ ਸਥਾਨਕੀ ਵਰਤੋਂ ਕੀਤੀ ਜਾਵੇ ਤਾਂ ਇਹ ਛਾਲਿਆਂ ਨੂੰ ਰਾਜ਼ੀ ਕਰਨ, ਫੁਲਬਹਿਰੀ ਨੂੰ ਠੀਕ ਕਰਨ ਅਤੇ ਅੱਖ ਤੇ ਹੀਮੋਰੱਇਡ ਵਿਚ ਲਾਭਵੰਦ ਸਿੱਧ ਹੁੰਦਾ ਹੈ। ਗੋਲਡ ਕੋਸਟ ਇਲਾਕੇ (ਅਮਰੀਕਾ) ਵਿਚ ਇਸ ਦੀਆਂ ਜੜ੍ਹਾਂ ਨੂੰ ਬਰੀਕ ਪੀਸ ਕੇ ਅਤੇ ਮਾਕੋ ਕਿਸਮ ਦੀ ਮਿਰਚ ਨਾਲ ਮਿਲਾ ਕੇ ਪਾਣੀ ਵਿਚ ਉਬਾਲਿਆ ਜਾਂਦਾ ਹੈ। ਇਹ ਕਾੜ੍ਹਾ ਪਾਮ ਦੀ ਸ਼ਰਾਬ (ਤਾੜੀ) ਨਾਲ ਮਿਲਾ ਕੇ ਪੀਣ ਤੇ ਕਬਜ਼ ਠੀਕ ਹੋ ਜਾਂਦੀ ਹੈ।

ਹ. ਪੁ.—ਚੋ. ਇੰ. ਡ੍ਰ. ਇੰਡ : 311 ; ਪ. ਪੰ: 266

**ਕੁਲੱਥੀ** : ਇਹ ਚਿਰਜੀਵੀ ਜਾਂ ਇਕ ਵਰ੍ਹਾ ਜੀਵੀ ਬੂਟਾ ਹੈ। ਇਸ ਦੇ ਪੱਤੇ ਛੋਟੇ ਪੰਜੇ ਦੀ ਸ਼ਕਲ ਦੇ ਅਤੇ ਫੁੱਲ ਪੀਲੇ ਰੰਗ ਦੇ ਹੁੰਦੇ ਹਨ। ਇਸ ਦਾ ਬਨਸਪਤੀ-ਵਿਗਿਆਨਕ ਨਾਂ ਡੋਲੀਕਸ ਬਾਈਫਲੋਰਸ (*Dolichos biflorous*) ਹੈ। ਇਹ ਬੂਟੇ ਲੈਗਿਉਮੀਨੋਸੀ ਕੁਲ ਦੇ ਮੈਂਬਰ ਹਨ। ਇਸ ਨੂੰ ਅੰਗਰੇਜ਼ੀ ਵਿਚ ਹਾਰਸ ਗਰਾਮ ਵੀ ਕਿਹਾ ਜਾਂਦਾ ਹੈ।

ਇਸ ਬੂਟੇ ਦੀ ਵਰਤੋਂ ਚਾਰੇ ਦੇ ਤੌਰ ਤੇ ਕਰਨ ਤੋਂ ਇਲਾਵਾ ਫ਼ਾਰਮੇਕਟਰੀ ਵਿਚ ਵੀ ਇਸ ਦੀ ਮਹੱਤਤਾ ਹੈ। ਇਸ ਦੇ ਬੀਜਾਂ ਵਿਚ ਪਿਸ਼ਾਬ ਵਰਧਕ, ਬਲ-ਵਰਧਕ, ਬਾਧਕ ਆਦਿ ਗੁਣ ਹਨ। ਇਨ੍ਹਾਂ ਤੋਂ ਇਲਾਵਾ ਇਸ ਦੇ ਬੀਜਾਂ ਤੋਂ ਤਿਆਰ ਕੀਤਾ ਕਾੜ੍ਹਾ ਲਿਊਕੋਰੀਆ ਅਤੇ ਮਾਹਵਾਰੀ ਦੀਆਂ ਬਿਮਾਰੀਆਂ ਨੂੰ ਠੀਕ ਕਰਨ ਲਈ ਦਿਤਾ ਜਾਂਦਾ ਹੈ। ਇਸ ਦੇ ਬੀਜਾਂ ਵਿਚ ਯੂਰੀਏਜ਼ ਵੀ ਕਾਫ਼ੀ ਮਾਤਰਾ ਵਿਚ ਪਾਇਆ ਜਾਂਦਾ ਹੈ।

ਇਹ ਮਾਂਹ ਵਰਗਾ ਮੋਟਾ ਅੰਨ ਹੈ, ਜੋ ਬਰਸਾਤ ਵਿਚ ਜੁਆਰ ਦੇ ਨਾਲ ਬੀਜਿਆ ਜਾਂਦਾ ਹੈ। ਇਸ ਦੀਆਂ ਫਲੀਆਂ ਗੁੱਛਿਆਂ ਵਿਚ ਲਗਦੀਆਂ ਹਨ ਅਤੇ ਇਕ ਫਲੀ ਵਿਚ ਤਿੰਨ ਚਾਰ ਦਾਣੇ ਹੁੰਦੇ ਹਨ। ਇਹ ਬੂਟੇ ਸਾਰੇ ਭਾਰਤ ਵਿਚ ਅਤੇ ਹਿਮਾਲੀਆ ਵਿਚ 1,000 ਮੀ. ਦੀ ਉਚਾਈ ਤੇ ਵੀ ਮਿਲਦੇ ਹਨ। ਸਿੱਕਮ ਵਿਚ ਵੀ ਇਹ ਬੂਟੇ ਪਾਏ ਜਾਂਦੇ ਹਨ ਪਰ ਇਨ੍ਹਾਂ ਦੀ ਕਾਸ਼ਤ ਕਦੀ ਕਦਾਈਂ ਕੀਤੀ ਜਾਂਦੀ ਹੈ।

ਹ. ਪੁ.—ਗ. ਇੰ. ਮੈ. ਪ: 100 ; ਚੋ. ਇੰ. ਡ੍ਰ. ਇੰਡ ; 505 ; ਪ. ਪੰ: 602

**ਕੁਲਫਾ** : ਇਹ ਇਕ ਪ੍ਰਕਾਰ ਦਾ ਸਾਗ ਹੈ। ਇਹ ਪਾਰਟੂਲੇਕੀ ਕੁਲ ਦਾ ਮੈਂਬਰ ਹੈ। ਇਸ ਪੌਦੇ ਦਾ ਬਨਸਪਤੀ-ਵਿਗਿਆਨਕ ਨਾਂ ਪਾਰਟੂਲਾਕਾ ਉਲੇਰੇਸੀਆ (*Portulaca oleracea*) ਹੈ। ਇਹ ਪੌਦੇ ਇਕ ਲੇਟਵੀਂ ਬੂਟੀ ਦੇ ਰੂਪ ਵਿਚ ਹੁੰਦੇ ਹਨ, ਜਿਨ੍ਹਾਂ ਦੇ ਪੱਤੇ ਨੁਕੀਲੇ ਤੇ ਸਿਰੇ ਤੇ ਚੌੜੇ ਹੁੰਦੇ ਹਨ।

ਜੰਗਲੀ ਹਾਲਤ ਵਿਚ ਇਹ ਆਮ ਤੌਰ ਤੇ ਰੇਤਲੀਆਂ ਜ਼ਮੀਨਾਂ ਵਿਚ ਮਿਲਦੇ ਹਨ। ਕਈਆਂ ਸੁਧਰੀਆਂ ਕਿਸਮਾਂ ਗਮਲਿਆਂ ਵਿਚ ਵੀ ਕਾਸ਼ਤ ਕੀਤੀਆਂ ਜਾਂਦੀਆਂ ਹਨ। ਇਸ ਦੇ ਪੱਤੇ ਛੋਟੇ ਛੋਟੇ, ਭਰਵੇਂ ਹਰੇ ਜਿਹੇ ਜਾਂ ਲਾਲ ਰੰਗ ਦੇ ਹੁੰਦੇ ਹਨ। ਫੁੱਲ ਛੋਟੇ ਤੇ ਪੀਲੇ ਰੰਗ ਦੇ ਹੁੰਦੇ ਹਨ ਜਿਨ੍ਹਾਂ ਵਿਚ 7-12 ਪੁੰਕੇਸਰ ਹੁੰਦੇ ਹਨ। ਫੁੱਲ ਛੂਹ ਪ੍ਰਤਿ ਸੰਵੇਦਨਾ ਪ੍ਰਗਟ ਕਰਦੇ ਹਨ। ਇਹ ਬਹੁਤ ਸਾਰੇ ਦੇਸ਼ਾਂ ਵਿਚ ਮਿਲਦੇ ਹਨ ਪਰ ਇਨ੍ਹਾਂ ਦਾ ਮੂਲ-ਅਸਥਾਨ ਉੱਤਰ-ਪੱਛਮੀ ਸੰਯੁਕਤ ਰਾਜ ਅਮਰੀਕਾ ਖ਼ਿਆਲ ਕੀਤਾ ਜਾਂਦਾ ਹੈ।

ਰੇਤਲੀਆਂ ਅਤੇ ਮੈਰਾ ਜ਼ਮੀਨਾਂ ਵਿਚਲੀਆਂ ਜੰਗਲੀ ਜੜ੍ਹੀ ਬੂਟੀਆਂ ਵਿਚ ਇਹ ਸਭ ਤੋਂ ਪ੍ਰਮੁੱਖ ਹੁੰਦੀ ਹੈ ਅਤੇ ਭਾਰੀਆਂ ਜ਼ਮੀਨਾਂ ਵਿਚ ਇਹ ਬਹੁਤ ਹੀ ਘੱਟ ਵਿਖਾਈ ਦਿੰਦੀ ਹੈ।

ਇਹ ਭੋਜਨ ਵਿਚ ਕੰਮ ਆਉਂਦੀ ਹੈ ਅਤੇ ਦੰਦਾਂ ਦੀ ਬਿਮਾਰੀ (ਸਕਰਵੀ) ਅਤੇ ਜਿਗਰ ਦੀਆਂ ਤਕਲੀਫਾਂ ਲਈ ਲਾਹੇਵੰਦ ਸਿੱਧ ਹੁੰਦੀ ਹੈ। ਇਸ ਦੇ ਬੀਜ ਪੇਟ ਵਿਚੋਂ ਕੀੜੇ ਬਾਹਰ ਕੱਢਣ ਦੇ ਕੰਮ ਆਉਂਦੇ ਹਨ। ਤਣੇ ਦਾ ਰਸ ਪਿਤ ਅਤੇ ਸੜਣ ਮਹਿਸੂਸ ਹੋਣ ਦੀ ਹਾਲਤ ਵਿਚ ਹੱਥਾਂ ਪੈਰਾਂ ਤੇ ਲਗਾਇਆ ਜਾਂਦਾ ਹੈ। ਭਾਰਤ ਵਿਚ ਇਹ 1600 ਮੀ. ਦੀ ਉਚਾਈ ਤਕ ਹਿਮਾਲੀਆ ਵਿਚ ਪਾਇਆ ਜਾਂਦਾ ਹੈ।

ਹ. ਪੁ.—ਸ. ਸਾ. ਹਾ. 3 : 2766; ਪ. ਪੰ. : 644 ; ਗ. ਇੰ. ਮੈ. ਪ : 202

**ਕੁਲਵੰਤ ਸਿੰਘ ਵਿਰਕ** : ਵੇਖੋ ਵਿਰਕ, ਕੁਲਵੰਤ ਸਿੰਘ

**ਕੁਲੀ ਕੁਤਬਸ਼ਾਹ, ਸੁਲਤਾਨ ਮੁਹੰਮਦ** : ਇਹ ਆਪਣੇ ਪਿਤਾ ਇਬਰਾਹੀਮ ਕੁਤਬਸ਼ਾਹ ਦੀ ਮੌਤ ਪਿਛੋਂ 1580 ਈ. ਵਿਚ 12 ਸਾਲ ਦੀ ਬਾਲ-ਅਵਸਥਾ ਵਿਚ ਗੋਲਕੁੰਡਾ ਦੀ ਰਾਜ ਗੱਦੀ ਤੇ ਬੈਠਾ। ਇਸਨੇ ਭਾਗ ਨਗਰ ਨਾਂ ਦਾ ਇਕ ਸ਼ਹਿਰ ਵਸਾਇਆ ਜਿਹੜਾ ਪਿਛੋਂ ਹੈਦਰਾਬਾਦ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਬਾਦਸ਼ਾਹ ਅਕਬਰ ਦਾ ਸਮਕਾਲੀ ਸੀ ਅਤੇ ਸ਼ੀਆ ਮੁਸਲਮਾਨ ਸੀ। ਇਸਨੂੰ ਇਮਾਰਤਾਂ ਬਣਾਉਣ ਦਾ ਬਹੁਤ ਸ਼ੌਕ ਸੀ।

ਇਹ ਖ਼ੁਦ ਕਵੀ, ਚਿੱਤਰਕਾਰ ਅਤੇ ਲੇਖਕ ਸੀ ਅਤੇ ਇਹ ਮੰਨਿਆ ਜਾ ਚੁੱਕਾ ਹੈ ਕਿ ਇਹ ਉਰਦੂ ਭਾਸ਼ਾ ਦਾ ਪਹਿਲਾ ਦੀਵਾਨ

ਲੇਖਕ ਸੀ। ਇਸ ਨੂੰ ਸੰਗੀਤ ਵਿਚ ਵੀ ਵਿਸ਼ੇਸ਼ ਰੁਚੀ ਸੀ। ਇਸ ਦੀ ਕਵਿਤਾ ਫਾਰਸੀ, ਦੱਖਣੀ ਉਰਦੂ ਅਤੇ ਤੇਲੰਗੀ ਤਿੰਨਾਂ ਭਾਸ਼ਾਵਾਂ ਵਿਚ ਮਿਲਦੀ ਹੈ। ਇਹ ਦੱਖਣੀ ਉਰਦੂ ਵਿਚ 'ਮਾਨੀ' ਅਤੇ ਫ਼ਾਰਸੀ ਵਿਚ 'ਕੁਤਬ' ਅਤੇ 'ਕੁਤਬਸ਼ਾਹ' ਦੇ ਉਪ ਨਾਂ ਹੇਠ ਲਿਖਦਾ ਸੀ। ਇਸ ਦੀ ਪੁਸਤਕ 'ਕੁਲੀਆ ਤੇ ਕੁਲੀ ਕੁਤਬਸ਼ਾਹੋਂ' ਇਕ ਪ੍ਰਸਿਧ ਕਵਿਤਾ ਸੰਗ੍ਰਹਿ ਹੈ ਜਿਸ ਦੇ 1800 ਪੰਨੇ ਹਨ। ਇਸ ਵਿਚ ਲਗਭਗ ਹਰ ਤਰ੍ਹਾਂ ਦੀ ਕਵਿਤਾ ਹੈ ਅਤੇ ਦੂਜੇ ਵਿਸ਼ਿਆਂ ਨੂੰ ਵੀ ਛੂਹਿਆ ਗਿਆ ਹੈ।

1610 ਈ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 3 : 82

**ਕੁੱਲੂ** : ਹਿਮਾਲਾ ਪਰਬਤ ਦੇ ਬਿਆਸ ਬੇਸਿਨ ਦੀ ਵਾਦੀ ਹੈ ਜੋ ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਵਿਚ ਸਥਿਤ ਹੈ। ਇਸ ਨੂੰ ਕੁੱਲੂ-ਬਿਆਸ ਜਾਂ ਕੁੱਲੂ-ਬੰਜਾਰ-ਖੰਡ ਵੀ ਕਹਿੰਦੇ ਹਨ। ਇਹ ਵਾਦੀ ਲਾਰਜੀ ਤੋਂ ਲੈ ਕੇ ਮਨਾਲੀ ਵਿਚਕਾਰ ਫੈਲੀ ਹੋਈ ਹੈ। ਇਹ ਵਾਦੀ ਖੇਤੀਬਾੜੀ ਪਖੋਂ ਬੜੀ ਉਪਜਾਊ ਹੈ ਅਤੇ ਇਥੋਂ ਦਾ ਜਲਵਾਯੂ ਵੀ ਬੜਾ ਲਾਭਦਾਇਕ ਹੈ। ਫਲਾਂ ਦੀ ਖੇਤੀ ਇਥੇ ਕਾਫੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਥੇ ਸ਼ਹਿਦ ਦਾ ਉਤਪਾਦਨ ਕੀਤਾ ਜਾਂਦਾ ਹੈ। ਇਸੇ ਕਰਕੇ ਇਥੇ ਆਬਾਦੀ ਸੰਘਣੀ ਹੈ। ਪਹਾੜੀ ਖੇਤਰ ਹੋਣ ਕਰਕੇ ਇਥੋਂ ਦੀ ਕੇਵਲ 10% ਭੂਮੀ ਵਿਚ ਹੀ ਕਾਸ਼ਤ ਕੀਤੀ ਜਾਂਦੀ ਹੈ। ਇਥੋਂ ਦੀ ਲਗਭਗ 90% ਆਬਾਦੀ ਪੇਂਡੂ ਹੈ ਜਿਹੜੀ ਖੇਤੀਬਾੜੀ ਵਿਚ ਲੱਗੀ ਹੋਈ ਹੈ।

ਕੁੱਲੂ ਆਪਣੇ ਜ਼ਿਲ੍ਹੇ ਦਾ ਇਕ ਚੰਗਾ ਕੇਂਦਰ ਹੈ। ਆਬੋ-ਹਵਾ ਚੰਗੀ ਹੋਣ ਕਰਕੇ ਸੈਰ-ਸਪਾਟੇ ਦਾ ਵੀ ਇਕ ਚੰਗਾ ਕੇਂਦਰ ਹੈ। ਇਥੇ ਹਰ ਸਾਲ ਦੁਸਹਿਰੇ ਦਾ ਮੇਲਾ ਲਗਦਾ ਹੈ। ਮਨਾਲੀ ਇਥੋਂ ਦਾ ਇਕ ਹੋਰ ਸੈਰ-ਸਪਾਟੇ ਦਾ ਇਕ ਉੱਘਾ ਸਥਾਨ ਹੈ।

ਕੁੱਲੂ ਦੀ ਉਪਰਲੀ ਵਾਦੀ ਵਿਚ ਪੱਧਰਾ ਮੈਦਾਨ ਘਟ ਹੋਣ ਕਰਕੇ ਘਰ ਛੋਟੇ ਛੋਟੇ ਪਰ ਉੱਚੇ ਬਣਾਏ ਜਾਂਦੇ ਹਨ। ਇਹ ਜਾਂ ਤਾਂ ਲਕੜੀ ਅਤੇ ਪੱਥਰ ਦੇ ਹੁੰਦੇ ਹਨ ਅਤੇ ਜਾਂ ਫਿਰ ਕੇਵਲ ਲਕੜੀ ਦੇ। ਘਰ ਦੀ ਹੇਠਲੀ ਮੰਜ਼ਲ ਪਸ਼ੂਆਂ ਲਈ, ਉਸ ਤੋਂ ਉਪਰਲੀ ਸਟੋਰ ਦੇ ਤੌਰ ਤੇ ਅਤੇ ਉਸ ਤੋਂ ਉਪਰਲੀ ਰਿਹਾਇਸ਼ ਲਈ ਵਰਤੀ ਜਾਂਦੀ ਹੈ।



ਕੁੱਲੂ ਦੀ ਮੁਟਿਆਰ

ਕੁੱਲੂ ਦਾ ਪਹਾੜੀ ਇਲਾਕਾ ਆਪਣੇ ਲੋਕਾਂ ਦੇ ਸੁਹੱਪਣ ਲਈ ਮਸ਼ਹੂਰ ਹੈ। ਇਸ ਇਲਾਕੇ ਨੂੰ 'ਦੇਵਤਿਆਂ ਦੀ ਖੁਸ਼-ਰਹਿਣੀ ਵਾਦੀ' ਕਿਹਾ ਜਾਂਦਾ ਹੈ। ਲਗਭਗ ਹਰ ਪਿੰਡ ਵਿਚ ਇਕ ਦੇਵਤਾ ਜ਼ਰੂਰ ਹੁੰਦਾ ਹੈ। ਇਸ ਵਾਦੀ ਦਾ ਸਭ ਤੋਂ ਵੱਡਾ ਦੇਵਤਾ ਰਘੂਨਾਥ ਹੈ ਜਿਸ ਨੂੰ ਵਿਸ਼ਨੂੰ ਦਾ ਹੀ ਅਵਤਾਰ ਮੰਨਿਆ ਜਾਂਦਾ ਹੈ। ਮਈ ਤੋਂ ਅਕਤੂਬਰ ਤੀਕ ਖੂਬ ਮੇਲੇ ਲੱਗਦੇ ਹਨ। ਕੋਈ ਅੱਧਾ ਸਾਲ ਇਹ ਵਾਦੀ ਦੇਵਤਿਆਂ ਅੱਗੇ ਕੀਤੇ ਨਾਚਾਂ ਅਤੇ ਗੀਤਾਂ ਨਾਲ ਗੂੰਜਦੀ ਰਹਿੰਦੀ ਹੈ। ਅਖੀਰੀ ਮੇਲਾ ਦੁਸਹਿਰੇ ਦਾ ਲੱਗਦਾ ਹੈ। ਇਨ੍ਹਾਂ ਮੇਲਿਆਂ ਵਿਚ ਨੱਚਣ ਵਾਲੇ ਆਪਣੇ ਆਪ ਨੂੰ ਰੰਗ-ਬਰੰਗੇ ਕੱਪੜਿਆਂ ਤੇ ਫੁੱਲਾਂ, ਹਾਰਾਂ ਆਦਿ ਨਾਲ ਪੂਰਾ ਸ਼ਿੰਗਾਰਦੇ ਹਨ। ਤੀਵੀਆਂ ਇਨ੍ਹਾਂ ਨਾਚਾਂ ਵਿਚ ਹਿੱਸਾ ਤਾਂ ਨਹੀਂ ਲੈਂਦੀਆਂ ਪਰ ਸਜ ਸਜਾ ਕੇ ਇਕ ਪਾਸੇ ਖਲੋ ਕੇ ਇਨ੍ਹਾਂ ਨਾਚਾਂ ਨੂੰ ਵੇਖਣ ਆਉਂਦੀਆਂ ਹਨ ਅਤੇ ਆਪਣੀ ਤੱਕਣੀ ਨਾਲ ਹੀ ਨੱਚਣ ਵਾਲੇ ਨੂੰ ਉਤਸ਼ਾਹ ਦਿੰਦੀਆਂ ਹਨ।

ਹ. ਪੁ—ਇੰਡ. ਰਿ. ਜਗ. ; ਪੰਜਾਬ—ਭਾਸ਼ਾ ਵਿਭਾਗ, ਪੰਜਾਬ

**ਕੁਲੂਹਾ** : ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਹਜ਼ਾਰੀ ਬਾਗ਼ ਜ਼ਿਲ੍ਹੇ ਦੇ ਉਪ-ਮੰਡਲ ਦੇ ਸਦਰ-ਮੁਕਾਮ ਵਿਚ ਇਕ ਪਹਾੜ ਹੈ ਜੋ ਬੁੱਧ ਧਰਮ ਦੀਆਂ ਪਵਿੱਤਰ ਯਾਦਗਾਰਾਂ ਨਾਲ ਭਰਿਆ ਪਿਆ ਹੈ। ਇਸ ਵਿਚ ਇਕ ਬੁੱਧ ਦਾ ਮੰਦਰ ਹੈ ਜਿਸ ਵਿਚ ਕਿਹਾ ਜਾਂਦਾ ਹੈ ਕਿ ਬੁੱਧ ਦੇ ਪੈਰਾਂ ਦੇ ਨਿਸ਼ਾਨ ਹਨ। ਇਸ ਉੱਤੇ ਉੱਕਰੀਆਂ ਲਿਖਤਾਂ ਜੋ 8 ਤੋਂ 12ਵੀਂ ਸਦੀ ਵਿਚਲੀਆਂ ਹਨ, ਲਗਭਗ ਸਾਰੀਆਂ ਹੀ ਬੁੱਧ ਸਬੰਧੀ ਹਨ। ਪਰ ਇਹ ਬਹੁਤ ਮੰਦੀ ਹਾਲਤ ਵਿਚ ਹਨ। ਬ੍ਰਾਹਮਣਾਂ ਨੇ ਬੁੱਧ ਦੇ ਇਸ ਪਵਿੱਤਰ ਸਥਾਨ ਦੀ ਚੰਗੀ ਵਰਤੋਂ ਕੀਤੀ ਜਾਪਦੀ ਹੈ ਅਤੇ ਪਹਾੜੀ ਦੇ ਸਿਖਰ ਤੇ ਦੁਰਗਾ ਦਾ ਇਕ ਮੰਦਰ ਵੀ ਹੈ ਜਿਸ ਨੂੰ ਕੁਲੇਸ਼ਵਰੀ ਕਹਿੰਦੇ ਹਨ। ਚੇਤ ਅਤੇ ਅੱਸੂ ਦੇ ਮਹੀਨਿਆਂ ਵਿਚ ਇਥੇ ਹਰ ਸਾਲ ਦੋ ਮੇਲੇ ਲਗਦੇ ਹਨ।

ਹ. ਪੁ.—ਇੰਪ. ਗ. ਇੰਡ. 16 : 17

**ਕੁਲੇਬਰ ਟਾਪੂ** : ਪਵੈਰਟੋ ਰੀਕੋ ਦੇ ਅਧਿਕਾਰ ਅਧੀਨ ਤੱਟ ਤੋਂ ਪਰੇ ਹਟਵੇਂ ਤਿੰਨਾਂ ਟਾਪੂਆਂ ਵਿਚੋਂ ਇਕ ਹੈ। ਫਜਾਰਡੋ ਤੋਂ ਸੇਂਟ ਥਾਮਸ ਜਾਣ ਵੇਲੇ ਮੁਸਾਫਰ ਅਕਸਰ ਕੁਲੇਬਰ ਸ਼ਹਿਰ ਵਿਚ ਰੁਕਦੇ ਹਨ। ਇਸ ਟਾਪੂ ਉੱਤੇ ਪਵੈਰਟੋ ਗ੍ਰੈਂਡ ਨਾਂ ਦੀ ਇਕ ਬਹੁਤ ਵਧੀਆ ਬੰਦਰਗਾਹ ਹੈ। ਸੰਨ 1879 ਵਿਚ ਇਸ ਟਾਪੂ ਨੂੰ ਇਕ ਬਸਤੀ ਦਾ ਰੂਪ ਦਿੱਤਾ ਗਿਆ। ਇਹ ਟਾਪੂ ਲਗਭਗ 26 ਵ. ਕਿ. ਮੀ. ਵਿਚ ਫੈਲਿਆ ਹੋਇਆ ਹੈ। ਇਤ ਚੰਗੀ ਬੰਦਰਗਾਹ ਹੋਣ ਕਰਕੇ ਅਮਰੀਕਨ ਜਲ-ਸੈਨਾ ਨੇ ਇਸ ਦਾ ਲਗਭਗ ਤੀਜਾ ਹਿੱਸਾ ਮੱਲਿਆ ਹੋਇਆ ਹੈ ਤੇ ਇਸ ਦੀ ਬੰਦਰਗਾਹ ਨੂੰ ਜਲ-ਸੈਨਾ ਦੇ ਕਾਰਜਾਂ ਲਈ ਵਰਤਦੇ ਹਨ। ਇਥੇ ਪਸ਼ੂ ਪਾਲਣ ਦਾ ਕਿੱਤਾ ਮੁਖ ਹੈ। ਨਾਰੀਅਲ ਅਤੇ ਹੋਰ ਫ਼ਸਲਾਂ ਦੀ ਪੈਦਾਵਾਰ ਵੀ ਕੀਤੀ ਜਾਂਦੀ ਹੈ। ਆਲੇ-ਦੁਆਲੇ ਦੇ ਪਾਣੀ ਵਿਚ ਮੱਛੀ ਪਾਲਣ ਦਾ ਧੰਦਾ ਆਮ ਹੈ ਇਥੇ ਪਾਣੀ ਦੀ ਘਾਟ ਹੈ। ਬਰਸਾਤੀ ਪਾਣੀ ਦੇ ਭੰਡਾਰ ਕਾਫੀ ਹੋਣ ਕਰਕੇ ਖੁਸ਼ਕ ਦਿਨਾਂ ਵਿਚ ਪਵੈਰਟੋ ਰੀਕੋ ਤੋਂ ਪਾਣੀ ਲਿਆਇਆ ਜਾਂਦਾ ਹੈ। ਕੁਲੇਬਰ ਦੇ ਨਜ਼ਦੀਕ ਹੀ ਤਿੰਨ ਸਮੁੰਦਰੀ ਚੌਂਕੀਆਂ ਹਨ ਜਿਨ੍ਹਾਂ ਵਿਚੋਂ ਇਕ ਨੂੰ ਥੀਓਡੋਰ ਰੂਸਵੈਲਟ ਨੇ ਜੰਗਲੀ ਪੰਛੀਆਂ ਦੀ ਰਾਖਵੀਂ ਰਿਹਾਇਸ਼ ਦਾ ਐਲਾਨ ਕੀਤਾ ਸੀ ਪਰ ਹੁਣ ਕੁਝ ਸਾਲਾਂ ਤੋਂ ਇਸ ਐਲਾਨ ਦੀ ਉਲੰਘਣਾ ਕੀਤੀ ਜਾ ਰਹੀ ਹੈ।

**ਆਬਾਦੀ**—732 (1970)

ਹ. ਪੁ.—ਐਨ. ਬ੍ਰਿ. 6 : 887

**ਕੁੰਵਰ ਸਿੰਘ, ਬਾਬੂ** : ਸੰਨ 1857 ਦੇ ਗ਼ਦਰ ਦੇ ਇਸ ਕ੍ਰਾਂਤੀਕਾਰੀ ਬਹਾਦੁਰ ਸੈਨਿਕ ਦਾ ਜਨਮ ਬਿਹਾਰ ਪ੍ਰਾਂਤ ਦੇ ਪਿੰਡ ਜਗਦੀਸ਼ਪੁਰ ਵਿਚ 1782 ਈ. ਨੂੰ ਹੋਇਆ। ਇਸ ਨੇ ਬਚਪਨ ਵਿਚ ਹੀ ਘੋੜ-ਸਵਾਰੀ, ਨਿਸ਼ਾਨੇਬਾਜ਼ੀ ਅਤੇ ਸ਼ਿਕਾਰ ਕਰਨਾ ਸਿਖ ਲਿਆ ਅਤੇ

ਇਸ ਨੇ ਫਾਰਸੀ, ਹਿੰਦੀ ਤੇ ਸੰਸਕ੍ਰਿਤ ਭਾਸ਼ਾ ਵੀ ਸਿੱਖੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਸੰਨ 1830 ਵਿਚ ਇਹ ਜਗਦੀਸ਼ਪੁਰ ਦੀ ਗੱਦੀ ਉੱਤੇ ਬੈਠਿਆ। ਇਸ ਦੀ ਜਾਗੀਰ, ਜਿਸ ਦੀ ਸਾਲਾਨਾ ਆਮਦਨ ਲਗਭਗ 9½ ਲੱਖ ਰੁਪਏ ਸੀ। ਜਗਦੀਸ਼ਪੁਰ ਦੀ ਕਚਹਿਰੀ ਇਨਸਾਫ ਲਈ ਪ੍ਰਸਿੱਧ ਸੀ। ਸੰਨ 1857 ਵਿਚ ਬੰਗਾਲ ਦੇ ਦੇਸੀ ਸਿਪਾਹੀਆਂ ਨੇ ਬਗ਼ਾਵਤ ਸ਼ੁਰੂ ਕੀਤੀ ਜਿਹੜੀ ਕੁਝ ਕੁ ਮਹੀਨਿਆਂ ਵਿਚ ਹੀ ਦਿੱਲੀ, ਲਖਨਊ, ਕਾਨਪੁਰ, ਝਾਂਸੀ, ਗਵਾਲੀਅਰ, ਪਰਿਆਗ, ਪਟਨਾ ਆਦਿ ਥਾਵਾਂ ਤੇ ਵੀ ਫੈਲ ਗਈ। ਦਿੱਲੀ ਦੀ ਗੱਦੀ ਉੱਤੇ ਬਹਾਦੁਰਸ਼ਾਹ ਦੇ ਬੈਠਣ ਦੀ ਖਬਰ ਸੁਣਦੇ ਸਾਰ ਹੀ ਉਥੋਂ ਦੇ ਕਮਿਸ਼ਨਰ ਮਿ. ਟੇਲਰ ਨੇ ਜਾਗੀਰਦਾਰਾਂ ਅਤੇ ਰਾਜਿਆਂ ਦੀ 18 ਜੂਨ, 1857 ਨੂੰ ਇਕ ਮੀਟਿੰਗ ਸੱਦੀ। ਸੱਦਾ-ਪੱਤਰ ਪ੍ਰਾਪਤ ਹੋਣ ਦੇ ਬਾਵਜੂਦ ਵੀ ਕੁੰਵਰ ਸਿੰਘ ਨੇ ਇਸ ਮੀਟਿੰਗ ਵਿਚ ਹਿੱਸਾ ਨਾ ਲਿਆ। ਜਦੋਂ ਜੁਲਾਈ, 1857 ਵਿਚ ਬੁਲਾਈ ਗਈ ਦੂਜੀ ਮੀਟਿੰਗ ਵਿਚ ਵੀ ਇਹ ਸ਼ਾਮਲ ਨਾ ਹੋਇਆ ਤਾਂ ਅੰਗਰੇਜ਼ਾਂ ਨੂੰ ਇਸ ਉਤੇ ਸ਼ੱਕ ਹੋ ਗਿਆ। ਇਕ ਦਿਨ ਆਰਾ ਕਚਿਹਰੀ ਦੇ ਜੱਜ ਦੀ ਮੇਜ ਉੱਤੇ ਮਿਲੇ ਗੁੰਮਨਾਮ ਪੱਤਰ ਦੇ ਆਧਾਰ ਉੱਤੇ ਇਸ ਨੂੰ ਬਾਗੀਆਂ ਦਾ ਨੇਤਾ ਕਰਾਰ ਦਿੱਤਾ ਗਿਆ। ਜਦੋਂ ਆਰਾ ਦਾ ਕਲੈਕਟਰ ਇਸ ਨੂੰ ਗ੍ਰਿਫ਼ਤਾਰ ਕਰਨ ਲਈ ਆਇਆ ਤਾਂ ਇਹ ਜਗਦੀਸ਼ਪੁਰ ਨੂੰ ਛਡ ਗਿਆ ਅਤੇ ਸੈਨਾ ਇਕੱਠੀ ਕਰਕੇ ਆਜ਼ਾਦੀ ਦੇ ਗਦਰ ਵਿਚ ਸ਼ਾਮਲ ਹੋ ਗਿਆ। ਦਾਨਾਪੁਰ ਛਾਉਣੀ ਦੇ ਬਾਗ਼ੀ ਸਿਪਾਹੀ ਵੀ ਇਸ ਦੀ ਸੈਨਾ ਵਿਚ ਆ ਮਿਲੇ। ਜੁਲਾਈ, 27, 1857 ਨੂੰ ਇਸ ਦੀ ਸੈਨਾ ਨੇ ਆਰਾ ਸ਼ਹਿਰ ਉੱਤੇ ਹਮਲਾ ਕਰਕੇ ਜਿੱਤ ਪ੍ਰਾਪਤ ਕੀਤੀ। ਜੇਲ੍ਹ ਦੇ ਕੈਦੀਆਂ ਨੂੰ ਰਿਹਾ ਕਰ ਦਿੱਤਾ ਗਿਆ। ਕੁੰਵਰ ਸਿੰਘ ਦੀ ਪੈਦਲ ਸੈਨਾ ਵਿਚ ਰਾਜਪੂਤ, ਪਠਾਨ, ਕਿਸਾਨ, ਘੁਮਿਆਰ, ਤਰਖਾਣ, ਲੁਹਾਰ, ਬਾਗ਼ੀ ਸਿਪਾਹੀ, ਤਨਖਾਹ ਵਾਲੇ ਸਿਪਾਹੀ ਆਦਿ ਹਰ ਜਾਤੀ ਦੇ ਲੋਕ ਸਨ। ਆਰਾ ਹਾਊਸ ਨੂੰ, ਜਿਥੇ ਅੰਗਰੇਜ਼ ਲੁਕੇ ਹੋਏ ਸਨ, ਇਨ੍ਹਾਂ ਨੇ 30 ਜੁਲਾਈ ਤਕ, ਘੇਰੀ ਰੱਖਿਆ। ਰਾਤ ਵੇਲੇ ਸੈਨਾ ਨੇ ਗਾਂਗੀ ਨਾਲੇ ਨੂੰ ਪਾਰ ਕਰਕੇ ਕਪਤਾਨ ਡਨਵਰ ਦੀ ਸੈਨਾ ਨਾਲ ਲੜਾਈ ਕੀਤੀ ਅਤੇ ਇਸ ਨੇ ਦੂਜੀ ਜਿੱਤ ਪ੍ਰਾਪਤ ਕੀਤੀ। ਦੋ ਅਗਸਤ ਨੂੰ ਬੀਬੀ ਗੰਜ ਅਤੇ 12 ਅਗਸਤ ਨੂੰ ਦਿਲਾਵਰ ਪਿੰਡ ਵਿਚ ਅੰਗਰੇਜ਼ਾਂ ਦੀ ਵੱਡੀ ਫੌਜ ਤੋਂ ਗਦਰ ਫੌਜ ਹਾਰ ਗਈ। ਆਰਾ ਅਤੇ ਜਗਦੀਸ਼ਪੁਰ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਪਰ ਇਸਨੇ ਹਾਰ ਨਾ ਮੰਨੀ ਅਤੇ ਇਹ ਸਿਸਰਾਮ ਤੇ ਰੋਹਤਾਸ ਕਿਲੇ ਵਲ ਵਧੇ ਤਾਂ ਸਰਕਾਰੀ ਫੌਜ ਦੀ 40ਵੀਂ ਪਲਟਨ ਇਸ ਦੀ ਸੈਨਾ ਵਿਚ ਆ ਰਲੀ। ਰੀਵਾ ਉੱਤੇ ਹਮਲਾ ਕਰਨ ਤੋਂ ਬਾਅਦ ਕੁੰਵਰ ਸਿੰਘ ਨੇ ਕਾਨ੍ਹਪੁਰ ਤਾਂਤਿਆਂ ਤੋਪੇ, ਨਾਨਾ ਸਾਹਿਬ ਅਤੇ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਨਾਲ ਮਿਲ ਕੇ ਗਦਰ ਦੀਆਂ ਯੋਜਨਾਵਾਂ ਬਣਾਈਆਂ। ਕਾਲਪੀ ਦੀ ਲੜਾਈ ਵਿਚ ਉਸਦੇ ਪੋਤੇ ਬੀਰਭੰਜਨ ਸਿੰਘ ਦੀ ਮੌਤ ਹੋ ਗਈ। ਇਹ ਛੇ ਮਹੀਨੇ ਤਕ ਬਾਂਦਾ, ਸੁਲਤਾਨਪੁਰ, ਗੋਂਡਾ, ਲਖਨਊ, ਪਰਿਆਗ, ਮੀਰਜ਼ਾਪੁਰ, ਬਨਾਰਸ (ਵਾਰਾਨਸੀ), ਗਾਜੀਪੁਰ ਆਦਿ ਜ਼ਿਲ੍ਹਿਆਂ ਵਿਚ ਆਜ਼ਾਦੀ ਦੀ ਲਹਿਰ ਲਈ ਕੰਮ ਕਰਦੇ ਕਰਦੇ ਆਜਮਗੜ੍ਹ ਪੁਜਾ ਅਤੇ 17 ਮਾਰਚ, 1858 ਈ. ਨੂੰ ਅਤਰੋਲਿਆ ਨਾਮੀ ਪਿੰਡ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ। ਮਾਰਚ, 27 ਨੂੰ ਕਰਨਲ ਡੇਮਸ ਵੀ ਸੈਨਾ ਸਮੇਤ ਹਾਰ ਗਏ। ਲਾਰਡ ਕੈਨਿੰਗ ਨੇ ਲਾਰਡ ਮਾਰਕ, ਮੇਜਰ ਡਗਲਸ, ਵੇਨਵਿਲ, ਲਾਗਡੇਨ, ਜਨਰਲ ਲਿਊਗਾਰਡਨ ਅਤੇ ਹੈਮਿਲਟਨ ਨੂੰ ਭੇਜਿਆ। ਲਾਰਡ ਮਾਰਕ 6 ਅਪਰੈਲ ਨੂੰ ਕੁੰਵਰ ਸਿੰਘ ਦੀ ਸੈਨਾ ਦੇ ਹਥੋਂ ਹਾਰ ਹੋਈ। ਜਨਰਲ ਵੇਨਵਿਲ ਅਤੇ ਹੈਮਿਲਟਨ ਟੋਂਸ ਕਿਨਾਰੇ ਉੱਤੇ ਹਾਰ ਗਏ। ਅਪਰੈਲ, 17 ਨੂੰ ਮੇਜਰ ਡਗਲਸ ਭੱਜ ਨਿਕਲਿਆ ਅਤੇ ਜਨਰਲ ਲਿਊਗਾਰਡਨ ਨੇ ਕੁੰਵਰ ਸਿੰਘ ਦੀ ਸੈਨਾ ਦਾ ਪਿੱਛਾ ਕੀਤਾ। ਅੰਗਰੇਜ਼ੀ ਫੌਜਾਂ ਦਾ ਮੁਕਾਬਲਾ ਕਰਦਾ ਹੋਇਆ ਇਹ ਜਗਦੀਸ਼ਪੁਰ ਵੱਲ ਵਧਿਆ। ਭਲਿਆ ਜ਼ਿਲ੍ਹੇ ਦੇ ਬਹੁਆਰਾ ਘਾਟ ਤੋਂ ਗੰਗਾ ਨਦੀ ਪਾਰ ਕਰਦੇ ਸਮੇਂ ਕਿਸੇ ਅੰਗਰੇਜ਼ ਦੀ ਬੰਦੂਕ ਨਾਲ ਇਸ ਦੀ ਸੱਜੀ ਕੂਹਨੀ ਉੱਤੇ ਗੋਲੀ ਲਗ ਗਈ। ਇਸ ਨੇ ਆਪਣਾ ਜ਼ਖ਼ਮੀ ਹੱਥ ਕੱਟ ਕੇ ਗੰਗਾ ਦੀ ਭੇਟ ਚੜ੍ਹਾ ਦਿਤਾ। ਜਨਰਲ ਗ੍ਰਾਂਡ ਦੀ ਸੈਨਾ ਨੂੰ 22 ਅਪਰੈਲ, 1858 ਈ. ਨੂੰ ਇਸ ਨੇ ਹਰਾ ਕੇ ਆਪਣੀ ਰਾਜਧਾਨੀ ਜਗਦੀਸ਼ਪੁਰ ਉੱਤੇ ਮੁੜ ਕਬਜ਼ਾ ਕਰ ਲਿਆ। ਹੱਥ ਦਾ ਜ਼ਖ਼ਮ ਠੀਕ ਨਾ ਹੋਣ ਕਰਕੇ ਅੰਤਿਮ ਜਿੱਤ ਤੋਂ ਤੀਸਰੇ ਦਿਨ 25 ਅਪਰੈਲ, 1858 ਈ. ਨੂੰ ਇਸ ਬਹਾਦੁਰ ਸੈਨਿਕ ਦੀ ਮੌਤ ਹੋ ਗਈ। ਆਪਣੇ ਰਾਜ ਦੇ ਅਖੀਰਲੇ ਸਮੇਂ ਇਸ ਨੇ ਬ੍ਰਾਹਮਣਾਂ ਅਤੇ ਕਰਮਚਾਰੀਆਂ ਨੂੰ ਜਗੀਰਾਂ ਦੇ ਦਿੱਤੀਆਂ। ਚਿਤੌਰਾ ਵਿਖੇ ਸ਼ਿਕਾਰਗਾਹ, ਜਗਦੀਸ਼ਪੁਰ, ਸ਼ਿਵਮੰਦਰ ਅਤੇ ਸਰੋਵਰ, ਆਰਾ ਵਿਖੇ ਧਰਮਨ ਬੀਬੀ ਕੀ ਮਸਜਿਦਾਂ ਅਨੇਕ ਮਹਿਲ, ਧਰਮ ਸ਼ਾਲਾਵਾਂ ਬਾਗ, ਬਗੀਚਿਆਂ ਤੋਂ ਇਲਾਵਾ, ਜੰਗਲਾਂ ਨੂੰ ਕਟਵਾ ਕੇ ਗਰੀਬਾਂ ਲਈ ਬਸਤੀਆਂ ਬਣਾਉਣ ਵਰਗੇ ਕਈ ਸ਼ਲਾਘਾਯੋਗ ਕੰਮ ਕੀਤੇ।

ਹ. ਪੁ.—ਹਿੰ. ਵਿ. ਕੋ. 3 : 52

**ਕੁਵਰੇਸ਼** : ਇਹ ਕੋਰਾ ਪਰਗਣਾ ਦੇ ਬਰੀ ਨਗਰ (ਉ. ਪ੍ਰ.) ਦਾ ਵਸਨੀਕ ਸੀ। ਔਰੰਗਜ਼ੇਬ ਦੀ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਦੀ ਬਦਨੀਤ ਕਾਰਨ ਇਹ ਆਪਣੇ ਬਚਾ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਨੰਦਪੁਰ ਸਾਹਿਬ ਵਿਖੇ ਹਾਜ਼ਰ ਹੋਇਆ। ਇਥੇ ਆ ਕੇ ਇਸ ਨੇ ਮਹਾਭਾਰਤ ਦੇ ਦ੍ਰੋਣਾਪਰਬ ਦਾ ਬ੍ਰਜ ਭਾਸ਼ਾ ਵਿਚ ਬੜਾ ਸਰਲ ਅਨੁਵਾਦ ਕੀਤਾ। ਭਾਈ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਨੂੰ ਹਿੰਦੀ ਦੇ ਮਹਾਂਕਵੀ ਕੇਸ਼ਵ ਦਾਸ ਦਾ ਪੁੱਤਰ ਦਸਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ 5 ਰੁਪਏ ਰੋਜ਼ਾਨਾ ਲਗਾ ਕੇ ਦਰਬਾਰੀ ਕਵੀਆਂ ਵਿਚ ਸ਼ਾਮਲ ਕਰ ਲਿਆ।

ਦ੍ਰੋਣਾਪਰਬ ਤੋਂ ਇਲਾਵਾ ਇਸ ਦੀਆਂ ਦੋ ਹੋਰ ਰਚਨਾਵਾਂ 'ਰਤਿ ਰਹੱਸ ਕੋਕ' ਤੇ 'ਸਾਮੁਦ੍ਰਿਕ' ਉਪਲਬਧ ਹਨ। ਰਤਿ ਰਹੱਸ ਕੋਕ ਦੇ 7 ਅਧਿਆਇ ਤੇ 279 ਛੰਦ ਹਨ। ਸਾਮੁਦ੍ਰਿਕ ਦੇ 98 ਛੰਦ ਹਨ। ਇਸ ਨੇ ਆਪਣੀ ਕਵਿਤਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬੜੀ ਮਹਿਮਾ ਗਾਈ ਹੈ।

ਹ. ਪੁ.—ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ—ਪਿਆਰਾ ਸਿੰਘ ਪਦਮ

**ਕੁਵਾਤਲੀ, ਸ਼ੁਕਰੀ ਅਲ** : ਸੀਰੀਆ ਦੇ ਇਸ ਰਾਜਨੀਤੀਵਾਨ ਦਾ ਜਨਮ 1891 ਵਿਚ ਦਮਿਸ਼ਕ ਵਿਖੇ ਹੋਇਆ। ਦਮਿਸ਼ਕ ਉਸ ਸਮੇਂ ਆਟੋਮਾਨ ਸਰਕਾਰ ਅਧੀਨ ਸੀ। ਸ਼ੁਰੂ ਸ਼ੁਰੂ ਵਿਚ ਇਸ ਨੇ ਆਟੋਮਾਨ ਰਾਜ-ਪ੍ਰਬੰਧ ਵਿਚ ਸੇਵਾ ਕੀਤੀ ਅਤੇ ਪਹਿਲੇ ਵਿਸ਼ਵ-ਯੁਧ ਤੋਂ ਪਹਿਲਾਂ ਅਤੇ ਪਿਛੋਂ ਇਸ ਨੇ ਗੁਪਤ ਅਰਬ ਰਾਸ਼ਟਰੀ ਸਰਗਰਮੀਆਂ ਵਿਚ ਹਿੱਸਾ ਲਿਆ। ਉਨੀਵੀਂ ਸਦੀ ਦੇ ਤੀਜੇ ਅਤੇ ਚੌਥੇ ਦਹਾਕੇ ਵਿਚ ਇਹ ਇਕ ਰਾਸ਼ਟਰਵਾਦੀ ਨੇਤਾ ਦੇ ਰੂਪ ਵਿਚ ਸਾਮ੍ਹਣੇ ਆਇਆ। 1936 ਵਿਚ ਇਸ ਨੂੰ ਵਿੱਤ ਅਤੇ ਰੱਖਿਆ ਮੰਤਰੀ ਬਣਾ ਦਿਤਾ ਗਿਆ। 1938 ਵਿਚ ਜਦੋਂ ਇਹ ਪ੍ਰਤੱਖ ਹੋ ਗਿਆ ਕਿ ਫਰਾਂਸ ਸੀਰਿਆ ਦੀ ਸੁਤੰਤਰਤਾ ਸਬੰਧੀ 1936 ਦੀ ਸੰਧੀ ਦੀ ਪੂਰੀ ਤਰ੍ਹਾਂ ਪੁਸ਼ਟੀ ਨਹੀਂ ਕਰੇਗਾ ਤਾਂ ਇਸ ਨੇ ਅਸਤੀਫ਼ਾ ਦੇ ਦਿਤਾ। ਇਸ ਅਸਤੀਫ਼ੇ ਪਿਛੋਂ ਇਹ ਸਭ ਤੋਂ ਤਕੜਾ ਰਾਸ਼ਟਰਵਾਦੀ ਨੇਤਾ ਮੰਨਿਆ ਜਣ ਲਗਾ ਅਤੇ ਜਦੋਂ 1943 ਦੀਆਂ ਚੋਣਾਂ ਵਿਚ ਰਾਸ਼ਟਰਵਾਦੀ ਜਿਤ ਗਏ ਤਾਂ ਇਸ ਨੂੰ ਦੇਸ਼ ਦਾ ਪ੍ਰੈਜ਼ੀਡੈਂਟ ਚੁਣ ਲਿਆ ਗਿਆ। ਇਸ ਨੇ ਸੀਰੀਆ ਨੂੰ ਸੁਤੰਤਰਤਾ ਦਿਵਾਉਣ ਵਿਚ ਇਕ ਵਿਸ਼ੇਸ਼ ਹਿੱਸਾ ਲਿਆ।

1949 ਵਿਚ ਹੁਸਨੀਆਲਾ-ਜ਼ੈਮ ਨੇ ਕ੍ਰਾਂਤੀ ਦੁਆਰਾ ਇਸਨੂੰ ਸੱਤਾ ਤੋਂ ਉਤਾਰ ਦਿਤਾ ਅਤੇ ਦੇਸ਼ ਤੋਂ ਬਾਹਰ ਚਲਾ ਗਿਆ। ਇਹ 1954 ਵਿਚ ਮੁੜ ਜਨ ਜੀਵਨ ਵਿਚ ਆ ਗਿਆ ਤੇ ਇਸ ਨੂੰ 1955 ਵਿਚ ਮੁੜ ਦੇਸ਼ ਦਾ ਪ੍ਰੈਜ਼ੀਡੈਂਟ ਚੁਣ ਲਿਆ ਗਿਆ ਅਤੇ ਇਹ 1958 ਤਕ ਇਸ ਅਹੁਦੇ ਤੇ ਰਿਹਾ। ਇਸ ਪਿਛੋਂ ਇਹ ਕਿਸੇ ਸਰਕਾਰੀ ਅਹੁਦੇ ਤੇ ਨਾ ਰਿਹਾ ਪਰੰਤੂ ਪੂਰਾ ਸਤਿਕਾਰ ਪ੍ਰਾਪਤ ਕਰਦਾ ਰਿਹਾ।

ਹ. ਪੁ.—ਐਨ. ਬ੍ਰਿ. 13 : 521

**ਕੁਵਿੰਗਟਨ :** ਸੰਯੁਕਤ ਰਾਜ ਅਮਰੀਕਾ ਦੇ ਕੈਂਟਕੀ ਰਾਜ ਦਾ ਤੀਜਾ ਵੱਡਾ ਸ਼ਹਿਰ ਅਤੇ ਕੈਨਟਨ ਕਾਊਂਟੀ ਦਾ ਸਦਰ-ਮੁਕਾਮ ਹੈ ਅਤੇ ਓਹਾਈਓ ਦਰਿਆ ਦੇ ਕੰਢੇ ਵਸਿਆ ਹੋਇਆ ਹੈ। ਓਹਾਈਓ ਦਰਿਆ ਵਿਚ ਡਿਗਣ ਵਾਲਾ ਲਿਕਿੰਗ ਦਰਿਆ ਇਸ ਨੂੰ ਨਿਊ ਪੋਰਟ ਤੋਂ ਵੱਖ ਕਰਦਾ ਹੈ। ਸਿਨਸਿਨਾਟੀ ਨਾਲ ਇਹ ਇਕ ਲੰਬੇ ਹੈਰਿੰਗ ਬ੍ਰਿਜ ਰਾਹੀਂ ਜੁੜਿਆ ਹੋਇਆ ਹੈ।

ਮੈਦਾਨ ਤੇ ਵੱਸੇ ਅਤੇ ਪਹਾੜਾਂ ਨਾਲ ਘਿਰੇ ਇਸ ਸ਼ਹਿਰ ਵਿਚ ਵੇਖਣਯੋਗ ਕਈ ਦਿਲਚਸਪ ਥਾਵਾਂ ਹਨ। ਰੋਮਨ ਕੈਥੋਲਿਕ ਪਾਦਰੀ ਦੀ ਸੀਟ ਵੀ ਕੁਵਿੰਗਟਨ ਵਿਚ ਹੈ। ਇਨ੍ਹਾਂ ਤੋਂ ਇਲਾਵਾ ਵਿੱਲਾ ਮਾਡੋਂਨਾ ਕਾਲਜ ਅਤੇ ਕੈਂਟਕੀ ਯੂਨੀਵਰਸਿਟੀ ਦਾ ਇਕ ਕੇਂਦਰ ਇਥੇ ਹੈ। ਇਥੇ ਮਸ਼ੀਨਰੀ, ਕਾਗਜ਼, ਬਿਜਲੀ ਦਾ ਸਾਮਾਨ, ਇਮਾਰਤੀ ਸਾਮਾਨ, ਅਰਕ, ਅਤੇ ਸ਼ਰਾਬ ਤਿਆਰ ਕਰਨ ਦੇ ਕਾਰਖਾਨੇ ਹਨ।

ਸ਼ਹਿਰ ਦੀ ਨੀਂਹ 1815 ਵਿਚ ਰੱਖੀ ਗਈ ਸੀ ਅਤੇ ਇਸ ਦਾ ਨਾਂ ਮੇਰੀਲੈਂਡ ਜਰਨੈਲ ਓਨਾਰਡ ਕੁਵਿੰਗਟਨ ਦੇ ਨਾਂ ਤੇ ਰਖਿਆ ਗਿਆ। ਇਹ ਇਕ ਸਾਹਸੀ ਘੋੜਸਵਾਰ ਅਫ਼ਸਰ ਸੀ ਜੋ 1712 ਦੀ ਲੜਾਈ ਵਿਚ ਲੜਦਾ ਹੋਇਆ ਇਥੇ ਮਰ ਗਿਆ ਸੀ। ਸੰਨ 1834 ਵਿਚ ਸ਼ਹਿਰ ਨੂੰ ਚਾਰਟਰ ਦਿੱਤਾ ਗਿਆ ਸੀ।

ਆਬਾਦੀ—52,535 (1970)

ਹ. ਪੁ.—ਐਨ. ਬ੍ਰਿ. 6 : 679

**ਕੁਵੈਤ :** ਇਹ ਇਕ ਆਜ਼ਾਦ ਅਰਬ ਦੇਸ਼ ਹੈ ਜਿਹੜਾ ਫ਼ਾਰਸ ਦੀ ਖਾੜੀ ਦੇ ਉਪਰਲੇ ਸਿਰੇ ਤੇ ਸਥਿਤ ਹੈ। ਇਸ ਦੇ ਪੱਛਮ ਅਤੇ ਉੱਤਰ ਵਲ ਇਰਾਕ ਹੈ ਅਤੇ ਪੂਰਬ-ਦੱਖਣ ਵਲ ਫ਼ਾਰਸ ਦੀ ਖਾੜੀ ਲਗਦੀ ਹੈ। ਇਸ ਦਾ ਕੁਲ ਰਕਬਾ 24,280 ਵ. ਕਿ. ਅਤੇ ਆਬਾਦੀ 1,355,827 (1980) ਹੈ। ਇਸੇ ਹੀ ਨਾਂ ਦਾ ਸ਼ਹਿਰ ਦੇਸ਼ ਦੀ ਰਾਜਧਾਨੀ ਹੈ। ਇਹ ਇਕ ਇਸਲਾਮੀ ਦੇਸ਼ ਹੈ ਅਤੇ ਇਥੋਂ ਦੇ ਲੋਕਾਂ ਦੀ ਭਾਸ਼ਾ ਅਰਬੀ ਹੈ।

## ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਅਲ ਜਹਰਾਹ ਨਖਲਿਸਤਾਨ ਅਤੇ ਦੱਖਣੀ ਪੂਰਵੀ ਅਤੇ ਸਾਹਿਲੀ ਖੇਤਰਾਂ ਦੇ ਥੋੜ੍ਹੇ ਜਿਹੇ ਉਪਜਾਊ ਟੁਕੜਿਆਂ ਨੂੰ ਛੱਡ ਕੇ



ਨਕਸ਼ਾ ਕੁਵੈਤ

ਬਾਕੀ ਦਾ ਸਾਰਾ ਕੁਵੈਤ ਹੀ ਇਕ ਰੇਗਿਸਤਾਨ ਹੈ। ਕੁਵੈਤ ਅਤੇ ਨਿਰਪੱਖ ਖੇਤਰ ਦੀ ਧਰਾਤਲ ਆਮ ਕਰਕੇ ਪੱਧਰੀ ਜਾਂ ਥੋੜੀ ਜਿਹੀ ਉੱਘੜ-ਦੁੱਗੜੀ ਹੈ ਅਤੇ ਕਈ ਥਾਵਾਂ ਤੋਂ ਨੀਵੀਆਂ ਪਹਾੜੀਆਂ ਅਤੇ ਘੱਟ ਡੂੰਘੇ ਅਵਦਾਬ ਇਸ ਨੂੰ ਵੱਖ ਕਰਦੇ ਹਨ। ਉਚਾਣਾਂ ਦੀ ਰੇਂਜ ਪੂਰਬ ਵਿਚ ਸਮੁੰਦਰੀ ਸਤਹ ਤੋਂ ਲੈ ਕੇ ਦੇਸ਼ ਦੇ ਦੱਖਣ ਵਿਚ 305 ਮੀ. ਤੀਕ ਰਹਿੰਦੀ ਹੈ। ਜਲ ਅਜ਼-ਜ਼ਵਰ (Jal az-zawr) ਪਹਾੜੀ ਢਲਾਣ ਕੁਵੈਤ ਖਾੜੀ ਦੇ ਤੱਟ ਦੇ ਨਾਲ ਲਗਦੀ ਹੈ ਅਤੇ ਸਮੁੰਦਰੀ ਸਤਹ ਤੋਂ ਇਸ ਦੀ ਵੱਧ ਤੋਂ ਵੱਧ ਉਚਾਈ ਲਗਭਗ 135 ਮੀ. ਤੀਕ ਚਲੀ ਜਾਂਦੀ ਹੈ। ਸਾਹਿਲੀ ਖੇਤਰਾਂ ਦੀਆਂ ਹੋਰਨਾਂ ਥਾਵਾਂ ਤੇ ਕਈ ਵੱਡੀਆਂ ਵੱਡੀਆਂ ਖਾਰੀਆਂ ਦਲਦਲਾਂ ਬਣ ਗਈਆਂ ਹਨ। ਕੁਵੈਤ ਦੇ ਉੱਤਰੀ, ਪੱਛਮੀ ਅਤੇ ਕੇਂਦਰੀ ਹਿੱਸਿਆਂ ਵਿਚ ਵੱਡੇ ਵੱਡੇ ਰੇਗਿਸਤਾਨੀ ਬੇਸਿਨ ਹਨ ਜਿਹੜੇ ਸਰਦੀਆਂ ਦੀਆਂ ਬਰਸਾਤਾਂ ਪਿਛੋਂ ਪਾਣੀ ਨਾਲ ਭਰ ਜਾਂਦੇ ਹਨ ਅਤੇ ਅਰਬ ਦੇ ਟੱਪਰੀਵਾਸਾਂ ਦੇ ਊਠਾਂ ਲਈ ਨਖਲਿਸਤਾਨ ਬਣ ਜਾਂਦੇ ਹਨ।

**ਜਲਵਾਯੂ**—ਇਥੋਂ ਦੀ ਜਲਵਾਯੂ ਅਰਧ ਊਸ਼ਣ-ਖੰਡੀ ਹੈ ਪਰੰਤੂ ਖਾੜੀਆਂ ਦੇ ਗਰਮ ਪਾਣੀਆਂ ਕਾਰਨ ਸਾਹਿਲੀ ਖੇਤਰ ਦਾ ਜਲਵਾਯੂ ਗਰਮ ਹੋ ਜਾਂਦਾ ਹੈ ਅਪ੍ਰੈਲ ਤੋਂ ਸਤੰਬਰ ਤੀਕ ਖ਼ੁਸ਼ਕ ਮੌਸਮ ਦੌਰਾਨ ਇਥੇ ਗਰਮੀ ਬਹੁਤ ਪੈਂਦੀ ਹੈ। ਅਤੇ ਵੱਧ ਤੋਂ ਵੱਧ ਤਾਪਮਾਨ 74° ਸੈ. ਪਹੁੰਚ ਜਾਂਦਾ ਹੈ। ਦੇਸ਼ ਦੇ ਅੰਦਰੂਨੀ ਹਿੱਸੇ ਵਿਚ ਸਰਦੀ ਬਹੁਤ ਪੈਂਦੀ ਹੈ ਅਤੇ ਕਈ ਵੇਰ ਕੋਰਾ ਵੀ ਪੈ ਜਾਂਦਾ ਹੈ। ਆਮ ਕਰਕੇ ਅਕਤੂਬਰ ਅਤੇ ਅਪ੍ਰੈਲ ਮਹੀਨਿਆਂ ਵਿਚਕਾਰ ਇਥੇ ਵਰਖਾ ਹੁੰਦੀ ਹੈ ਜਿਹੜੀ ਕਿ ਔਸਤਨ ਸਾਲਾਨਾ 2.5 ਸੈ. ਮੀ. ਤੋਂ ਲੈ ਕੇ 18 ਸੈ. ਮੀ. ਤੀਕ ਹੁੰਦੀ ਹੈ।

ਉੱਤਰ-ਪੱਛਮ ਵਲੋਂ ਵਗਣ ਵਾਲੀਆਂ ਪੌਣਾਂ ਸਰਦੀ ਅਤੇ ਬਹਾਰ ਰੁੱਤ ਵਿਚ ਠੰਢੀਆਂ ਅਤੇ ਗਰਮੀ ਵਿਚ ਵਿਚ ਗਰਮ ਹੁੰਦੀਆਂ ਹਨ। ਦੱਖਣ-ਪੂਰਬੀ ਪੌਣਾਂ ਆਮ ਕਰਕੇ ਗਰਮ ਅਤੇ ਨਮੀ ਵਾਲੀਆਂ ਹੁੰਦੀਆਂ ਹਨ ਅਤੇ ਜੁਲਾਈ ਅਤੇ ਅਕਤੂਬਰ ਮਹੀਨਿਆਂ ਵਿਚ ਬਹੁਤ ਤੇਜ਼ ਹੋ ਜਾਂਦੀਆਂ ਹਨ। ਦੱਖਣ ਦੀਆਂ ਗਰਮ ਅਤੇ ਖ਼ੁਸ਼ਕ ਪੌਣਾਂ ਬਹਾਰ ਰੁੱਤ ਅਤੇ ਗਰਮੀ ਦੇ ਸ਼ੁਰੂ ਵਿਚ ਚਲਦੀਆਂ ਹਨ। ਇਥੇ ਬਹੁਤ ਭਿਆਨਕ ਹਨੇਰੀਆਂ ਆਉਂਦੀਆਂ ਹਨ ਜਿਹੜੀਆਂ ਕਈ ਵਾਰ ਕਈ ਦਿਨਾਂ ਤੀਕ ਚਲਦੀਆਂ ਰਹਿੰਦੀਆਂ ਹਨ। ਇਹ ਹਨੇਰੀਆਂ ਆਮ ਕਰਕੇ ਸਰਦੀ ਵਿਚ ਹੀ ਆਉਂਦੀਆਂ ਹਨ।

**ਬਨਸਪਤੀ**—ਕੁਵੈਤ ਸ਼ਹਿਰ ਦੀ ਹਰਿਆਵਲੀ ਪੱਟੀ ਅਤੇ ਕਾਸ਼ਤ ਅਧੀਨ ਲਿਆਂਦੇ ਜ਼ਮੀਨ ਦੇ ਥੋੜੇ ਜਿਹੇ ਟੁਕੜਿਆਂ ਨੂੰ ਛਡ ਕੇ ਬਾਕੀ ਥਾਵਾਂ ਤੇ ਝਾੜੀਆਂ ਮਿਲਦੀਆਂ ਹਨ। ਬਹਾਰ ਰੁੱਤ ਵਿਚ ਅਲਪਕਾਲੀ ਘਾਹ ਮਿਲਦਾ ਹੈ। ਸਾਹਿਲ ਦੇ ਨਾਲ ਨਾਲ ਲਗਦੀਆਂ ਦਲਦਲਾਂ ਉੱਤੇ ਲੂਣ-ਖੋਰੇ ਪੌਦੇ ਉਗਦੇ ਹਨ।

**ਇਤਿਹਾਸ**—ਕੁਵੈਤ ਸ਼ਹਿਰ ਅਤੇ ਕੁਵੈਤ ਦੇਸ਼ ਦਾ ਇਤਿਹਾਸ ਆਮ ਕਰਕੇ ਅਠ੍ਹਾਰਵੀਂ ਸਦੀ ਦੇ ਸ਼ੁਰੂ ਦੇ ਨੇੜੇ ਤੇੜੇ ਹੀ ਆਰੰਭ ਹੁੰਦਾ ਹੈ ਜਦੋਂ ਕਿ ਅਰਬ ਪ੍ਰਾਇਦੀਪ ਦੇ ਅੰਦਰਲੇ ਹਿੱਸੇ ਵਿਚ ਰਹਿਣ ਵਾਲੇ ਅਨੀਜ਼ਾਹ ਕਬੀਲੇ ਦੇ ਕੁਝ ਪਰਿਵਾਰਾਂ ਨੇ ਟੱਪਰੀਵਾਸਾਂ ਵਾਲਾ ਜੀਵਨ ਤਿਆਗ ਕੇ ਫ਼ਾਰਸ ਦੀ ਖਾੜੀ ਦੇ ਕੰਢਿਆਂ ਉੱਤੇ ਜਾ ਪ੍ਰਵਾਸ ਕੀਤਾ ਸੀ। ਕੁਵੈਤ ਦੇ ਖ਼ੁਦਮੁਖ਼ਤਾਰ ਸ਼ੇਖ ਦੇ ਰਾਜ ਦੀ ਬੁਨਿਆਦ ਦਾ ਇਤਿਹਾਸ 1756 ਤੋਂ ਸ਼ੁਰੂ ਹੁੰਦਾ ਹੈ ਜਦੋਂ ਕਿ ਆਬਾਦਕਾਰਾਂ ਨੇ ਅਲ-ਸਬਾਹ ਖ਼ਾਨਦਾਨ ਵਿਚੋਂ ਇਕ ਨੂੰ ਸ਼ੇਖ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਸੀ।

ਕੁਵੈਤ ਦੇਸ਼ ਵਲ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਦਾ ਧਿਆਨ ਕੇਵਲ ਉਨ੍ਹੀਵੀ ਸਦੀ ਦੇ ਅੰਤ ਵਿਚ ਹੀ ਖਿਚਿਆ ਗਿਆ ਸੀ। ਜਦੋਂ ਜਰਮਨੀ ਨੇ ਬਰਲਿਨ-ਬਗਦਾਦ ਰੇਲਵੇ ਨੂੰ ਕੁਵੈਤ ਦੀ ਬੰਦਰਗਾਹ ਤੀਕ ਵਧਾਉਣ ਦੀ ਇੱਛਾ ਕੀਤੀ ਸੀ। ਸੰਨ 1899 ਵਿਚ ਇਥੋਂ ਦੇ ਹਾਕਮ ਸ਼ੇਖ ਮੁਬਾਰਕ ਨੇ ਬਰਤਾਨੀਆ ਨਾਲ ਇਕ ਸੰਧੀ ਕਰ ਲਈ ਜਿਸ ਦੇ ਅਨੁਸਾਰ ਕੁਵੈਤ ਦੇ ਬਦੇਸ਼ੀ ਮਾਮਲਿਆਂ ਉਪਰ ਬਰਤਾਨੀਆ ਦਾ ਕੰਟਰੋਲ ਹੋ ਗਿਆ। ਸੰਨ 1914 ਵਿਚ ਆਟੋਮਾਨਾਂ ਨਾਲ ਯੁੱਧ ਛਿੜਨ ਤੋਂ ਬਾਅਦ ਬਰਤਾਨੀਆ ਨੇ ਕੁਵੈਤ ਉਪਰ ਆਪਣਾ ਪ੍ਰੋਟੈਕਟੋਰੇਟ ਸਥਾਪਤ ਕਰ ਲਿਆ। 19 ਜੂਨ, 1961 ਨੂੰ ਬਰਤਾਨੀਆ ਦੀ ਸਰਕਾਰ ਨੇ ਸ਼ੇਖ ਦੇ ਰਾਜ ਨੂੰ ਇਕ ਪੂਰਨ ਆਜ਼ਾਦ ਰਾਜ ਵਜੋਂ ਮਾਨਤਾ ਦੇ ਦਿਤੀ ਅਤੇ ਛੇ ਦਿਨਾਂ ਦੇ ਪਿਛੋਂ ਹੀ ਇਰਾਕ ਦੇ ਪ੍ਰਧਾਨ ਮੰਤਰੀ ਨੇ ਕੁਵੈਤ ਨੂੰ ਇਰਾਕ ਦਾ ਇਕ ਅਟੁਟਵਾਂ ਹਿੱਸਾ ਹੋਣ ਦਾ ਦਾਅਵਾ ਕੀਤਾ। ਹਮਲਾ ਹੋਣ ਦਾ

ਧਮਕੀ ਕਾਰਨ ਕੁਵੈਤ ਨੇ ਬਰਤਾਨੀਆ ਤੋਂ ਫ਼ੌਜੀ ਮਦਦ ਦੀ ਮੰਗ ਕੀਤੀ। ਜੁਲਾਈ ਦੇ ਸ਼ੁਰੂ ਵਿਚ ਬਰਤਾਨਵੀ ਫ਼ੌਜਾਂ ਕੁਵੈਤ ਵਿਚ ਆ ਬੈਠੀਆਂ ਅਤੇ 20 ਜੁਲਾਈ, 1961 ਨੂੰ ਅਰਬ ਲੀਗ ਨੇ ਕੁਵੈਤ ਨੂੰ ਆਪਣਾ ਮੈਂਬਰ ਬਣਾਇਆ। ਲਗਭਗ ਦੋ ਸਾਲ ਮਗਰੋਂ 14 ਮਈ, 1963 ਨੂੰ ਕੁਵੈਤ ਸੰਯੁਕਤ ਰਾਸ਼ਟਰ ਸੰਘ ਦਾ ਮੈਂਬਰ ਬਣ ਗਿਆ। ਇੰਨੇ ਚਿਰ ਨੂੰ ਇਰਾਕ ਨਾਲ ਇਸ ਦੇ ਸਬੰਧ ਚੰਗੇ ਹੋ ਗਏ ਅਤੇ ਅਕਤੂਬਰ 1963 ਨੂੰ ਇਰਾਕ ਨੇ ਵੀ ਕੁਵੈਤ ਨੂੰ ਇਕ ਆਜ਼ਾਦ ਦੇਸ਼ ਵਜੋਂ ਮਾਨਤਾ ਦੇ ਦਿੱਤੀ।

## ਆਰਥਿਕਤਾ

**ਕੁਦਰਤੀ ਸਾਧਨ**—ਕੁਵੈਤ ਦੁਨੀਆਂ ਦੇ ਤੇਲ ਪੈਦਾ ਕਰਨ ਵਾਲੇ ਵੱਡੇ ਵੱਡੇ ਖੇਤਰਾਂ ਵਿਚੋਂ ਇਕ ਹੈ ਅਤੇ ਮੱਧ-ਪੂਰਬ ਵਿਚ ਤੇਲ ਪੈਦਾ ਕਰਨ ਵਾਲਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਮੱਧ-ਪੂਰਬ ਦੇ ਖੇਤਰ ਦਾ ਲਗਭਗ 1/3 ਹਿੱਸਾ ਤੇਲ ਇਸੇ ਹੀ ਦੇਸ਼ ਵਿਚੋਂ ਕੱਢਿਆ ਜਾਂਦਾ ਹੈ। ਸੰਨ 1971 ਤੀਕ ਕੁਵੈਤ ਦੇ ਸਾਲਾਨਾ ਤੇਲ ਦਾ ਉਤਪਾਦਨ ਕੋਈ 1,000,000 ਬੈਰਲ ਤੋਂ ਵੀ ਵੱਧ ਸੀ। ਕੁਵੈਤ ਸਰਕਾਰ ਨੂੰ 90% ਤੋਂ ਵੱਧ ਆਮਦਨ ਤੇਲ ਦੇ ਉਤਪਾਦਨ ਉਪਰਲੀ ਰਾਇਲਟੀ ਤੋਂ ਹੁੰਦੀ ਹੈ। ਇਥੋਂ ਦੇ ਸਮੁੱਚੇ ਰਾਸ਼ਟਰੀ ਉਤਪਾਦਨ ਵਿਚ ਤੇਲ ਦੇ ਉਤਪਾਦਨ ਦਾ ਕੋਈ 57% ਹਿੱਸਾ ਹੈ।

ਕੱਚੇ ਤੇਲ ਨੂੰ ਵਰਤੋਂ ਵਿਚ ਲਿਆ ਕੇ ਇਥੇ ਕੁਦਰਤੀ ਗੈਸ ਵੀ ਕਾਫ਼ੀ ਮਿਕਦਾਰ ਵਿਚ ਪੈਦਾ ਕੀਤੀ ਜਾਂਦੀ ਹੈ ਅਤੇ ਇਸ ਨੂੰ ਬਿਜਲੀ ਪੈਦਾ ਕਰਨ ਅਤੇ ਪੈਟਰੋ-ਕੈਮੀਕਲ ਅਤੇ ਖਾਦਾਂ ਤਿਆਰ ਕਰਨ ਲਈ ਵਰਤਿਆ ਗਿਆ ਹੈ।

**ਖੇਤੀਬਾੜੀ**—ਇਥੇ ਖੇਤੀਬਾੜੀ ਸੈਕਟਰ ਦੇ ਉੱਨਤ ਹੋਣ ਦੀਆਂ ਬਹੁਤ ਘੱਟ ਸੰਭਾਵਨਾਵਾਂ ਹਨ ਕਿਉਂਕਿ ਇਥੋਂ ਦੀ ਲਗਭਗ 3% ਭੂਮੀ ਹੀ ਵਾਹੀਯੋਗ ਹੈ। ਇਥੇ ਪਾਣੀ, ਮਿੱਟੀ ਅਤੇ ਖੇਤੀਬਾੜੀ ਦੇ ਹੁਨਰ ਸਬੰਧੀ ਤਜਰਬੇਕਾਰ ਕਾਮਿਆਂ ਦੀ ਬਹੁਤ ਘਾਟ ਹੈ। ਇਥੋਂ ਦੀ ਕੇਵਲ 1% ਜ਼ਮੀਨ ਹੀ ਕਾਸ਼ਤ ਅਧੀਨ ਹੈ। ਇਥੇ ਖੇਤੀਬਾੜੀ ਤਾਂ ਨਾ ਹੋਇਆਂ ਵਰਗੀ ਹੀ ਹੈ। ਰਾਸ਼ਟਰੀ ਆਰਥਿਕਤਾ ਦੇ ਉਤਪਾਦਨ ਵਿਚ ਖੇਤੀਬਾੜੀ ਦਾ ਯੋਗਦਾਨ ਕੇਵਲ 0.2% ਹੈ। ਦੇਸ਼ ਦੇ ਦੱਖਣੀ ਹਿੱਸੇ ਅਤੇ ਸਾਹਿਲ ਦੇ ਨਾਲ ਖਜੂਰਾਂ, ਫ਼ਲ ਅਤੇ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ।

**ਮੱਛੀ ਪਾਲਣ**—ਫ਼ਾਰਸ ਦੀ ਖਾੜੀ ਵਿਚ ਮੱਛੀਆਂ ਦੀ ਭਰਮਾਰ ਹੈ। ਇਸ ਵੇਲੇ ਕੁਵੈਤ ਦੇਸ਼ ਦੀਆਂ ਚਾਰ ਵੱਡੀਆਂ ਕੰਪਨੀਆਂ ਯੂਰਪ ਅਤੇ ਸੰਯੁਕਤ ਰਾਜ ਨੂੰ ਸ਼ਿੰਪ ਮੱਛੀ ਨਿਰਯਾਤ ਕਰਨ ਦੇ ਕੰਮ ਵਿਚ ਲੱਗੀਆਂ ਹੋਈਆਂ ਹਨ।

**ਉਦਯੋਗ**—ਦੇਸ਼ ਦੇ ਨਵੇਂ ਉਦਯੋਗਾਂ ਵਿਚ ਸੀਮਿੰਟ, ਖੁਸ਼ਕ-ਸੈਲ ਬੈਟਰੀਆਂ, ਬਿਜਲੀ ਦੀਆਂ ਤਾਰਾਂ, ਪਲਾਸਟਿਕ ਟਿਊਬਾਂ, ਊਨੀ ਕੰਬਲ, ਹਲਵਾਈਆਂ ਲਈ ਲੋੜੀਂਦੀਆਂ ਵਸਤਾਂ, ਪੇਂਟਾਂ, ਤਰਲ ਗੈਸ ਅਤੇ ਚੂਨੇ ਦੀਆਂ ਇੱਟਾਂ ਦਾ ਉਤਪਾਦਨ ਕੀਤਾ ਜਾਂਦਾ ਹੈ। ਇਸ ਵੇਲੇ ਅਸ਼ ਸ਼ੁਅਬਾ ਇੰਡਸਟਰੀਅਲ ਏਰੀਆ ਉਸਾਰੀ ਅਧੀਨ ਹੈ। ਇਸ ਨੈਸ਼ਨਲ ਫ਼ਿਸ਼ਰੀਜ਼ ਸੀਫੂਡ ਪੈਕਿੰਗ ਪਲਾਂਟ, ਅਮੋਨੀਆ ਅਤੇ ਯੂਰੀਆ ਪਲਾਂਟ, ਪੈਟਰੋ-ਕੈਮੀਕਲ ਕੰਪਲੈਕਸ ਅਤੇ ਇਕ ਸੀਮਿੰਟ ਫ਼ੈਕਟਰੀ ਸਥਾਪਤ ਹਨ।

**ਆਬਾਦੀ**—ਇਥੇ ਬਹੁ-ਗਿਣਤੀ ਮੁਸਲਮਾਨ ਲੋਕਾਂ ਦੀ ਹੈ। ਇਨ੍ਹਾਂ ਤੋਂ ਇਲਾਵਾ ਇਥੇ ਹਿੰਦੂਆਂ ਦੇ ਵੱਡੇ ਵੱਡੇ ਗਰੁੱਪ, ਥੋੜੇ ਜਿਹੇ ਈਸਾਈ, ਅਰਬ ਅਤੇ ਯੂਰਪੀਅਨ ਵੀ ਵਸਦੇ ਹਨ। ਕੁਵੈਤ ਦੇ ਸੰਵਿਧਾਨ ਮਨੁਸਾਰ ਧਾਰਮਕ ਵਿਸ਼ਵਾਸ਼ ਨੂੰ ਪੂਰਨ ਰੂਪ ਵਿਚ ਆਜ਼ਾਦੀ ਦਿਤੀ ਗਈ ਹੈ।

**ਸਿੱਖਿਆ**—ਇਥੇ ਆਮ ਸਿੱਖਿਆ ਮੁਫ਼ਤ ਦਿਤੀ ਜਾਂਦੀ ਹੈ। ਫ਼ਦਿਅਕ ਸੇਵਾ ਪੰਜਾਂ ਪੜਾਵਾਂ—ਕਿੰਡਰਗਾਰਟਨ, ਪ੍ਰਾਰੰਭਿਕ ਸਕੂਲ, ਸੈਕੰਡਰੀ ਸਕੂਲ ਅਤੇ ਯੂਨੀਵਰਸਿਟੀ ਵਿਚ ਵੰਡੀ ਹੋਈ ਹੈ। ਸੰਨ 1962 ਵਿਚ ਕੁਵੈਤ ਯੂਨੀਵਰਸਿਟੀ ਸਥਾਪਤ ਕੀਤੀ ਗਈ। ਅਰਬੀ ਇਥੋਂ ਦੀ ਮਾਤ ਭਾਸ਼ਾ ਤੇ ਸਰਕਾਰੀ ਭਾਸ਼ਾ ਹੈ। ਅੰਗਰੇਜ਼ੀ ਦੂਜੀ ਮੁੱਢਲੀ ਭਾਸ਼ਾ ਹੈ ਜਿਹੜੀ ਪਬਲਿਕ ਸਕੂਲਾਂ ਵਿਚ ਪੜ੍ਹਾਈ ਜਾਂਦੀ ਹੈ। ਹਿੰਦੀ, ਉਰਦੂ ਅਤੇ ਈਰਾਨੀ ਭਾਸ਼ਾਵਾਂ ਵੀ ਇਥੇ ਪ੍ਰਚਲਤ ਹਨ।

## ਰਾਜ-ਪ੍ਰਬੰਧ

**ਪ੍ਰਬੰਧਕੀ ਢਾਂਚਾ**—ਕੁਵੈਤ ਦੇਸ਼ ਤਿੰਨ ਮੁਹਾਫ਼ਜ਼ਿਆਂ—ਅਲ-ਅਹਿਮਦੀ, ਅਲ-ਕੁਵੈਤ ਅਤੇ ਹਵੱਲੀ ਵਿਚ ਵੰਡਿਆ ਹੋਇਆ ਹੈ। ਹਿਜ਼ ਹਾਈਨੈਸ ਸ਼ੇਖ ਜਬੀਰ ਅਲ-ਅਹਿਮਦ ਅਲ-ਜਬੀਰ ਅਲ-ਸਬਾਹ ਇਥੋਂ ਦਾ ਤੇਰ੍ਹਵਾਂ ਅਮੀਰ ਹੈ ਜੋ ਕੁਵੈਤ ਦੇਸ਼ ਦਾ ਰਾਜ-ਪ੍ਰਬੰਧ ਚਲਾਉਂਦਾ ਹੈ।

**ਕਰੰਸੀ**—1 ਅਪ੍ਰੈਲ 1961 ਨੂੰ 1,000 ਫ਼ਿਲਾਂ ਦੇ ਕੁਵੈਤੀ ਦਿਨਾਰ ਨੇ ਭਾਰਤੀ ਬਦੇਸ਼ੀ ਰੁਪਏ ਦੀ ਥਾਂ ਲੈ ਲਈ। ਇਕ ਪੌਂਡ ਸਟਰਲਿੰਗ=0.524 ਕੇਡੀ (ਮਈ,1976)। ਇਥੇ 1,5,10,20, 50 ਅਤੇ 100 ਫ਼ਿਲਾਂ ਦੇ ਸਿੱਕੇ ਪ੍ਰਚਲਤ ਹਨ।

**ਮਾਪ-ਤੋਲ ਪ੍ਰਣਾਲੀ**—ਸੰਨ 1962 ਤੋਂ ਇਥੇ ਮੀਟ੍ਰਿਕ ਪ੍ਰਣਾਲੀ ਚਾਲੂ ਹੈ।

**ਰਾਸ਼ਟਰੀ ਝੰਡਾ**—ਇਥੋਂ ਦੇ ਰਾਸ਼ਟਰੀ ਝੰਡੇ ਵਿਚ ਲੰਮੇ ਦਾਅ ਹਰੀ, ਚਿੱਟੀ ਅਤੇ ਲਾਲ ਤਿੰਨ ਧਾਰੀਆਂ ਹਨ। ਇਸ ਤੋਂ ਇਲਾਵਾ ਇਸ ਝੰਡੇ ਵਿਚ ਇਕ ਕਾਲੇ ਰੰਗ ਦੀ ਸਮਲੰਬ (ਟ੍ਰੈਪੀਜ਼ੀਅਮ) ਹੈ ਜਿਸ ਦਾ ਆਧਾਰ ਪੋਲ ਵੱਲ ਹੁੰਦਾ ਹੈ।

ਹ. ਪ੍ਰ.—ਐਨ. ਬ੍ਰਿ. ਮੈ. 10 : 547

**ਕੁਵੈਤ : ਸ਼ਹਿਰ**—ਇਹ ਇਸੇ ਹੀ ਨਾਂ ਦੇ ਦੇਸ਼ ਅਤੇ ਮੁਹਾਫ਼ਜ਼ੇ ਦਾ ਰਾਜਧਾਨੀ ਸ਼ਹਿਰ ਹੈ ਜੋ ਖਾੜੀ ਫ਼ਾਰਸ ਦੀ ਖਾੜੀ ਕੁਵੈਤ ਦੇ ਦੱਖਣੀ ਤੱਟ ਉਤੇ ਸਥਿਤ ਹੈ। ਸ਼ਹਿਰ ਦਾ ਨਾਂ ਅਰਬੀ ਸ਼ਬਦ ਕੁਟ ਤੋਂ ਪਿਆ ਹੈ ਜਿਸ ਤੋਂ ਭਾਵ ਹੈ ਕਿਲਾ। ਇਸ ਸ਼ਹਿਰ ਦੀ ਨੀਂਹ ਅਰਬ ਪ੍ਰਾਇਦੀਪ ਦੇ ਅੰਦਰਲੇ ਹਿੱਸੇ ਤੋਂ ਤੱਟ ਵੱਲ ਨੂੰ ਆਏ ਕੁਝ ਪਰਿਵਾਰਾਂ ਨੇ ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਰੱਖੀ ਸੀ। ਤੇਰ੍ਹਾਂ ਵਰਗ ਕਿਲੋਮੀਟਰ ਦੇ ਰਕਬੇ ਵਿਚ ਗਾਰੇ ਦੀਆਂ ਕੰਧਾਂ ਦਾ ਬਣਿਆ ਹੋਇਆ ਪੁਰਾਣਾ ਕੁਵੈਤ ਸ਼ਹਿਰ ਅਜੇ ਵੀ ਮੌਜੂਦ ਹੈ। ਅੱਜ ਕਲ੍ਹ ਕੁਵੈਤ ਇਕ ਬਹੁਤ ਵੱਡਾ ਆਧੁਨਿਕ ਸ਼ਹਿਰ ਬਣ ਗਿਆ ਹੈ। ਰਾਸ਼ਟਰ ਦੇ ਤੇਲ ਦੇ ਅਮੀਰ ਭੰਡਾਰਾਂ ਨੂੰ ਉਪਯੋਗ ਵਿਚ ਲਿਆਉਣ ਕਾਰਨ ਇਸ ਸ਼ਹਿਰ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ ਹੈ। ਸ਼ਹਿਰ ਦੇ ਤਜਾਰਤੀ ਤੇ ਸਰਕਾਰੀ ਕੇਂਦਰ ਨੂੰ ਸੰਨ 1950 ਤੋਂ ਮੁਕੰਮਲ ਰੂਪ ਵਿਚ ਮੁੜ ਉਸਾਰਿਆ ਗਿਆ ਹੈ।



ਮਸਜਿਦ—ਅਬਦ ਅੱਲ੍ਹਾ ਮੁਬਾਰਕ ਅਲ ਅੱਬ੍ਹਾ

ਅਬਦ ਅੱਲ੍ਹਾ ਅਲ ਮੁੱਬਾਰਕ ਅਲ-ਸਬ੍ਹਾ ਮਸਜਿਦ ਸ਼ਹਿਰ ਦੀ ਸਭ ਤੋਂ ਪ੍ਰਸਿੱਧ ਯਾਦਗਾਰੀ ਇਮਾਰਤ ਹੈ । ਇਹ ਰਾਸ਼ਟਰ ਦੀ ਪਹਿਲੀ ਯੂਨੀਵਰਸਿਟੀ (1966) ਦੀ ਸੀਟ ਹੈ ।

ਆਬਾਦੀ—80,008 (1970)

29°20′ ਉ. ਵਿਥ.; 47° 59′ ਪੂ. ਲੰਬ

ਹ. ਪੁ.—ਐਨ. ਬ੍ਰਿ. ਮਾ. 5 : 957

**ਕੂਈਬਿਸ਼ਿਫ : ਆਬਲਸਤ**—ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ. ਸੰਘ) ਦਾ ਇਕ ਪ੍ਰਬੰਧਕੀ ਖੇਤਰ ਹੈ ਜਿਸ ਨੇ ਵੋਲਗਾ ਦਰਿਆ ਦਾ ਵਿਚਕਾਰਲਾ ਖੇਤਰ, ਜਿਥੇ ਇਹ ਇਕ ਵੱਡਾ ਚੱਕਰ ਖਾਂਦਾ ਹੈ, ਮੱਲਿਆ ਹੋਇਆ ਹੈ । ਇਸ ਦਾ ਕੁਲ ਰਕਬਾ 53,700 ਵ. ਕਿ. ਮੀ. ਅਤੇ ਆਬਾਦੀ 2752000 (1970) ਹੈ ਜਿਸ ਦਾ ਬਹੁਤਾ ਹਿੱਸਾ ਦਰਿਆ ਦੇ ਖੱਬੇ ਪਾਸੇ ਹੈ । ਇਹ ਹਿੱਸਾ ਪੱਧਰਾ ਹੈ ਅਤੇ ਖੇਤੀਬਾੜੀ ਹੁੰਦੀ ਹੈ ਪਰ ਸਿੰਜਾਈ ਦਾ ਕੋਈ ਖ਼ਾਸ ਪ੍ਰਬੰਧ ਨਹੀਂ ਹੈ । ਕਣਕ, ਜਵਾਰ, ਬਾਜਰਾ ਅਤੇ ਸੂਰਜਮੁਖੀ ਇਸ ਹਿੱਸੇ ਦੀਆਂ ਮੁਖ ਫ਼ਸਲਾਂ ਹਨ । ਦਰਿਆ ਦੇ ਸੱਜੇ ਪਾਸੇ ਫਲਾਂ ਦੀ ਕਾਸ਼ਤ ਹੁੰਦੀ ਹੈ । ਆਬਲਸਤ ਵਿਚ ਤੇਲ ਅਤੇ ਕੁਦਰਤੀ ਗੈਸ ਦੀ ਬਹੁਤਾਤ ਕਾਰਨ ਸਨੱਅਤੀ ਵਿਕਾਸ ਕਾਫ਼ੀ ਹੋਇਆ ਹੈ । ਤੇਲ ਸਾਫ਼ ਕਰਨਾ, ਪੈਟਰੋ-ਕੈਮੀਕਲ ਅਤੇ ਇੰਜਨੀਅਰਿੰਗ ਇਸ ਖੇਤਰ ਦੀਆਂ ਮੁੱਖ ਸਨੱਅਤਾਂ ਹਨ । ਵੋਲਗਾ ਉਪਰ ਇਕ ਬਹੁਤ ਵੱਡਾ ਪਣ-ਬਿਜਲੀ ਸਟੇਸ਼ਨ ਲਗਾਇਆ ਗਿਆ ਹੈ ।

ਹ. ਪੁ.—ਐਨ. ਬ੍ਰਿ. ਮਾ. 5 : 957

**ਕੂਈਬਿਸ਼ਿਫ : ਸ਼ਹਿਰ**—ਰੂਸੀ ਸੋਵੀਅਤ ਸੰਘੀ ਸਮਾਜਵਾਦੀ ਗਣਰਾਜ (ਸੋ. ਸੰਘ) ਦੀ ਆਪਣੇ ਨਾਂ ਦੀ ਇਕ ਆਬਲਸਤ ਦਾ ਪ੍ਰਬੰਧਕੀ ਸ਼ਹਿਰ ਹੈ ਜੋ ਦਰਿਆ ਵੋਲਗਾ ਅਤੇ ਸਮਾਰਾ ਦੇ ਸੰਗਮ ਉਪਰ ਵਾਕਿਆ ਹੈ । ਇਸ ਦੀ ਸਥਾਪਨਾ 1586 ਵਿਚ ਬਤੌਰ ਸਮਾਰਾ ਹੋਈ ਸੀ ਜੋ ਕਿ ਵੋਲਗਾ ਵਪਾਰਕ ਰਸਤੇ ਦੇ ਬਚਾਓ ਲਈ ਇਕ ਗੜ੍ਹੀ ਸੀ । ਜਲਦੀ ਹੀ ਇਹ ਇਕ ਮੁੱਖ ਵਪਾਰਕ ਕੇਂਦਰ ਬਣ ਗਿਆ । 1935 ਵਿਚ ਇਸ ਦਾ ਵਰਤਮਾਨ ਨਾਂ ਰਖਿਆ ਗਿਆ । ਦੂਜੇ ਵਿਸ਼ਵ ਯੁੱਧ ਦੌਰਾਨ ਇਸ ਦਾ ਬਹੁਤ ਵਾਧਾ ਹੋਇਆ ਕਿਉਂਕਿ ਇਸ ਦੀ ਸਥਿਤੀ ਯੁੱਧ ਦੇ ਖੇਤਰ ਤੋਂ ਕਿਤੇ ਪਿਛੇ ਸੀ । ਜਦੋਂ ਮਾਸਕੋ ਨੂੰ ਜਰਮਨੀ ਦੇ ਹਮਲੇ ਦਾ ਖ਼ਤਰਾ ਸੀ ਤਦ ਬਹੁਤ ਸਾਰੇ ਸਰਕਾਰੀ ਦਫ਼ਤਰ ਇਥੇ ਬਦਲ ਗਏ । ਇਹ ਰੂਸ ਦੇ ਸਭ ਤੋਂ ਵੱਡੇ ਸਨੱਅਤੀ ਸ਼ਹਿਰਾਂ ਵਿਚੋਂ ਇਕ ਹੈ । ਇਥੇ ਇੰਜਨੀਅਰਿੰਗ ਦੀਆਂ ਬਹੁਤ ਵੱਡੀਆਂ ਵੱਡੀਆਂ ਫੈਕਟਰੀਆਂ ਹਨ । ਇਮਾਰਤੀ ਸਾਮਾਨ ਅਤੇ ਹੋਰ ਲੋੜੀਂਦੀਆਂ ਵਸਤਾਂ ਬਣਾਉਣ ਦੇ ਬਹੁਤ ਸਾਰੇ ਕਾਰਖ਼ਾਨੇ ਹਨ । ਇਥੇ ਸਭਿਆਚਾਰਕ ਤੇ ਖੋਜ ਅਦਾਰਿਆਂ ਤੋਂ ਬਿਨਾਂ ਅੱਠ ਉੱਚ ਵਿਦਿਅਕ ਸੰਸਥਾਵਾਂ ਹਨ ।

ਆਬਾਦੀ—1,238,000 (1981)

53° 12′ ਉ. ਵਿਥ.; 50° 09′ ਪੂ. ਲੰਬ,

ਹ. ਪੁ—ਐਨ. ਬ੍ਰਿ. ਮਾ. 5 : 958

**ਕੂਸ, ਹੁਗੋ ਵਾਨ ਡਰ** : ਫਲੈਂਡਰਜ਼ ਦੇ ਇਸ ਚਿੱਤਰਕਾਰ ਦਾ ਜਨਮ ਸੰਨ 1440 ਵਿਚ ਹੋਇਆ । ਇਹ ਆਪਣੀ ਇਕੋ ਤਸਵੀਰ 'ਦੀ ਐਡੋਰੇਸ਼ਨ ਆਫ਼ ਦੀ ਸ਼ੈਫ਼ਰਡਜ਼' ਲਈ ਜਾਣਿਆ ਜਾਂਦਾ ਹੈ । ਇਹ ਤਸਵੀਰ ਫ਼ਲੋਰੈਂਸ ਦੀ ਇਕ ਖ਼ਾਨਕਾਹ ਵਿਚ ਪਈ ਹੈ । ਪਬਲਿਕ ਗੈਲਰੀਆਂ ਵਿਚ ਕਈ ਅਜਿਹੇ ਚਿਤਰ ਪਏ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਵਾਨ ਡਰ ਕੂਸ ਦੇ ਬਣਾਏ ਹੋਏ ਹਨ । ਉਨ੍ਹਾਂ ਵਿਚੋਂ 'ਮੈਡੋਨਾ', ਫ੍ਰੈਂਕਫਰਟ ਵਿਚ ਅਤੇ 'ਫਾਲ' 'ਡਿਪੋਜ਼ੀਸ਼ਨ' ਵਿਐਨਾ ਵਿਚ ਪਏ ਹਨ । ਉਹ ਇਸ ਦੀਆਂ ਮੁੱਢਲੀਆਂ ਕ੍ਰਿਤਾਂ ਹੋਣਗੀਆਂ । ਇਸ ਦੇ ਪ੍ਰੌਢ ਕਾਲ ਦੇ ਚਿਤਰਾਂ ਵਿਚੋਂ 'ਐਡੋਰੇਸ਼ਨ ਆਫ਼ ਦੀ ਮੈਗੀ', 'ਡੈੱਥ ਆਫ਼ ਦੀ ਵਰਜਿਨ' ਅਤੇ 'ਐਡੋਰੇਸ਼ਨ ਆਫ਼ ਦੀ ਸ਼ੈਫਰਡਜ਼' ਪ੍ਰਸਿੱਧ ਹਨ । ਇਸ ਅੰਤਲੇ ਸਮੇਂ ਦੇ ਬਣਾਏ ਗਏ ਦੋ ਵੱਡੇ ਚਿਤਰ 'ਨੇਵੀਵਿਟੀ' ਅਤੇ 'ਐਡੋਰੇਸ਼ਨ ਆਫ਼ ਦੀ ਮੈਗੀ' ਹਨ, ਜਿਹੜੇ ਕਿ ਬਰਲਿਨ ਗੈਲਰੀ ਨੇ ਸਪੇਨ ਤੋਂ ਪ੍ਰਾਪਤ ਕੀਤੇ ਸਨ । ਵਾਨ ਡਰ ਕੂਸ ਸਿਰਫ਼ ਈਜ਼ਲ ਤੇ ਹੀ ਤਸਵੀਰਾਂ ਬਣਾਉਣ ਵਾਲਾ ਨਹੀਂ ਸੀ ਸਗੋਂ ਬਰੂਜ਼ ਵਿਖੇ ਇਹ ਡਿਸਟੈਂਪਰ ਨਾਲ ਬਣਾਈਆਂ ਗਈਆਂ ਲਟਕਵੀਆਂ ਤਸਵੀਰਾਂ ਲਈ ਵੀ ਪ੍ਰਸਿੱਧ ਸੀ । ਗੈਂਟ ਵਿਚ ਆ ਵਸਣ ਮਗਰੋਂ ਅਤੇ 1467 ਵਿਚ ਆਪਣੀ ਗਿਲਡ ਦਾ ਮਾਸਟਰ ਬਣਨ ਮਗਰੋਂ, ਇਹ ਸ਼ੀਸ਼ੇ ਦੀਆਂ ਖਿੜਕੀਆਂ ਲਈ ਕਾਰਟੂਨ ਬਣਾਉਣ ਲਗ ਪਿਆ । ਇਸ ਨੇ ਸ਼ਾਹੀ ਘਰਾਣੇ ਲਈ ਸ਼ਾਦੀ ਅਤੇ ਦਫ਼ਨਾਉਣ ਆਦਿ ਦੇ ਮੌਕਿਆਂ ਲਈ ਵੀ ਚਿਤਰ ਬਣਾਏ । ਸੰਨ 1475 ਵਿਚ ਇਹ ਬ੍ਰੱਸਲਜ਼ ਦੇ ਲਾਗੇ ਆਬਾਦ ਹੋ ਗਿਆ । ਵਧੇਰੇ ਸ਼ਰਾਬ ਪੀਣ ਕਰਕੇ ਇਸ ਵਿਚ ਪਾਗਲਪਣ ਦੇ ਚਿੰਨ੍ਹ ਪੈਦਾ ਹੋ ਗਏ । ਇਸ ਦਾ ਇਲਾਜ ਕੀਤਾ ਗਿਆ ਪਰ 1482 ਵਿਚ ਇਸ ਦੀ ਮੌਤ ਹੋ ਗਈ ।

ਹ. ਪੁ.—ਐਨ. ਬ੍ਰਿ. 10 : 522

**ਕੂਸਕੋ : ਡਿਪਾਰਟਮੈਂਟ**—ਦੱਖਣੀ ਪੀਰੂ ਦਾ ਇਕ ਡਿਪਾਰਟਮੈਂਟ ਹੈ ਜਿਸ ਦਾ ਰਕਬਾ 84,140 ਵ. ਕਿ. ਮੀ. ਹੈ ਅਤੇ ਆਬਾਦੀ 708,719 (1972) ਹੈ । ਇਸ ਦੇ ਉੱਤਰ ਵਿਚ ਵਿਰਲੀ ਆਬਾਦੀ ਵਾਲੇ ਊਸ਼ਣ-ਖੰਡੀ ਬਰਸਾਤੀ ਜੰਗਲ ਹਨ ਜਿਨ੍ਹਾਂ ਨੂੰ ਬਰਫ਼ੀਲੀਆਂ ਚੋਟੀਆਂ ਵੱਖਰਾ ਕਰਦੀਆਂ ਹਨ ਅਤੇ ਇਨ੍ਹਾਂ ਤੋਂ ਦੂਜੇ ਬੰਨੇ ਦੱਖਣ ਵੱਲ ਉਚੀਆਂ ਪਠਾਰਾਂ ਅਤੇ ਐਪੂਰੀਮੈਕ ਤੇ ਉਰੂਬਾਂਬਾ ਦਰਿਆਵਾਂ ਦੀਆਂ ਡੂੰਘੀਆਂ ਘਾਟੀਆਂ ਹਨ । ਡਿਪਾਰਟਮੈਂਟ ਵਿਚ ਕਿਤੇ ਕਿਤੇ ਪ੍ਰਾਚੀਨ ਖੰਡਰਾਤ ਵੀ ਮਿਲਦੇ ਹਨ । ਸਿੱਕਾ ਤੇ ਜਿਸਤ ਖਣਿਜ ਪਦਾਰਥ ਮਿਲਦੇ ਹਨ । ਦਰਿਆਵਾਂ ਤੋਂ ਪਣ-ਬਿਜਲੀ ਤਿਆਰ ਕੀਤੀ ਜਾਂਦੀ ਹੈ । ਬਹੁਤ ਸਾਰੇ ਲੋਕ ਖੇਤੀਬਾੜੀ ਕਰਦੇ ਹਨ ਅਤੇ ਪਸ਼ੂ ਪਾਲਦੇ ਹਨ । ਐਂਡੀਅਨ ਉੱਚ ਭੂਮੀਆਂ, ਖ਼ਾਸ ਕਰਕੇ ਰੀਓ ਉਰੂਬਾਂਬਾ ਘਾਟੀ ਵਿਚ ਜਿਥੇ ਡਿਪਾਰਟਮੈਂਟ ਦਾ ਰਾਜਧਾਨੀ ਸ਼ਹਿਰ ਕੂਸਕੋ ਵਾਕਿਆ ਹੈ, ਵਸੋਂ ਸੰਘਣੀ ਹੈ ।

ਹ. ਪੁ.—ਐਨ. ਬ੍ਰਿ. ਮਾ. 3 : 316

**ਕੂਸਕੋ : ਸ਼ਹਿਰ**—ਪੀਰੂ ਵਿਚ ਇਸੇ ਨਾਂ ਦੇ ਡਿਪਾਰਟਮੈਂਟ ਦੀ ਰਾਜਧਾਨੀ ਹੈ ਜੋ ਐਂਡੀਜ਼ ਵਿਚ 416 ਮੀ. ਦੀ ਉਚਾਈ ਤੇ ਵੱਸਿਆ ਹੋਇਆ ਹੈ । ਇਹ ਸ਼ਹਿਰ ਇਨਕਾ ਰਾਜ ਦੀ ਰਾਜਧਾਨੀ ਦੇ ਤੌਰ ਤੇ 11 ਵੀਂ ਸਦੀ ਤੋਂ ਚਲਿਆ ਆ ਰਿਹਾ ਹੈ । ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਪੂਰਾ-ਇਨਕਾ ਤੇ ਇਨਕਾ ਸਮੇਂ ਦੇ ਖੰਡਰਾਤ ਮਿਲਦੇ ਹਨ । ਸੰਨ 1533 ਵਿਚ ਫ਼ਰਾਂਸਿਸਕੋ ਪਿਜ਼ਾਰੋ ਦੀਆਂ ਫ਼ੌਜਾਂ ਨੇ ਇਸ ਸ਼ਹਿਰ ਤੇ ਕਬਜ਼ਾ ਕੀਤਾ ਅਤੇ ਇਸ ਨੂੰ ਤਬਾਹ ਕਰ ਦਿਤਾ । ਸੰਨ 1650 ਵਿਚ ਭੂਚਾਲਾਂ ਦੀ ਇਕ ਲੜੀ ਨੇ ਇਸ ਸ਼ਹਿਰ ਨੂੰ ਪੂਰਨ ਤੌਰ ਤੇ ਫਿਰ ਤਬਾਹ ਕਰ ਦਿਤਾ । ਬਾਅਦ ਵਿਚ ਇਸ ਦੀ ਮੁੜ ਉਸਾਰੀ ਬਾਰੋਕ ਨਮੂਨੇ ਤੇ ਕੀਤੀ ਗਈ । ਇਸ ਪਿਛੋਂ ਇਹ ਚਿੱਤਰਕਾਰੀ, ਬੁਤ ਤਰਾਸ਼ੀ, ਬੂਤਾਂ, ਗਹਿਣਿਆਂ ਅਤੇ ਸਜਾਵਟੀ ਲਕੜੀ ਦੇ ਕੰਮ ਲਈ ਬਹੁਤ ਪ੍ਰਸਿੱਧ ਹੋ ਗਿਆ । ਇਥੋਂ ਦੇ ਕਈ ਸ਼ਾਨਦਾਰ ਗਿਰਜਾਘਰ ਵੇਖਣਯੋਗ ਹਨ ।

ਇਹ ਆਪਣੇ ਇਲਾਕੇ ਦਾ ਵਪਾਰਕ ਤੇ ਸੱਨਅਤੀ ਕੇਂਦਰ ਹੈ ਜਿਥੇ ਕੱਪੜਾ, ਨਮਦੇ ਤੇ ਬੀਅਰ ਤਿਆਰ ਕੀਤੀ ਜਾਂਦੀ ਹੈ । ਇਹ ਢੋ-ਢੁਆਈ ਦਾ ਵੀ ਕੇਂਦਰ ਹੈ ਜਿਸ ਨੂੰ ਹਵਾਈ ਸੇਵਾਵਾਂ, ਰੇਲ-ਗੱਡੀਆਂ ਤੇ ਮੋਟਰਾਂ ਆਦਿ ਦੀਆਂ ਸਹੂਲਤਾਂ ਪ੍ਰਾਪਤ ਹਨ ।

ਆਬਾਦੀ—120,881 (1972)

13° 31′ ਦੱ. ਵਿੱਥ ; 71° 59′ ਪੱ. ਲੰਬ

ਹ. ਪੁ.—ਐਨ. ਬ੍ਰਿ. ਮਾ. 3 : 316

**ਕੂਸਟੂ** : ਇਹ ਫ਼ਰਾਂਸੀਸੀ ਬੁੱਤਘਾੜਿਆਂ ਦੇ ਇਕ ਪਰਵਾਰ ਦਾ ਨਾਂ ਹੈ ।

ਨਿਕੋਲਾਸ ਕੂਸਟੂ, ਜਿਸ ਨੇ ਵਾਰਸਾਈ ਬੁੱਤਘਾੜਿਆਂ ਦੀ ਮਹਾਨ ਸ਼ੈਲੀ ਨੂੰ ਮਾੜੀ ਮੋਟੀ ਅਦਲਾ ਬਦਲੀ ਤੋਂ ਸਿਵਾ ਜਾਰੀ ਰਖਿਆ, ਅਤੇ ਉਸ ਦਾ ਛੋਟਾ ਭਰਾ ਗੀਯੋਮ ਪਹਿਲਾ (1677—1746) ਲਾਈਅਨਜ਼ ਵਿਖੇ ਪੈਦਾ ਹੋਏ ਸਨ । ਇਨ੍ਹਾਂ ਦਾ ਚਾਚਾ ਆਂਤਵਾਨ ਕਵਾਜ਼ਵੌਕਸ ਇਨ੍ਹਾਂ ਨੂੰ ਪੈਰਿਸ ਲੈ ਆਇਆ ਅਤੇ ਉਥੇ ਇਨ੍ਹਾਂ ਨੂੰ ਖ਼ੁਦ ਸਿਖਲਾਈ ਦਿਤੀ । 1683 ਤੋਂ 1687 ਤੱਕ 4 ਸਾਲ ਰੋਮ ਵਿਚ ਗੁਜ਼ਾਰਨ ਮਗਰੋਂ ਨਿਕੋਲਾਸ ਨੂੰ ਐਕੈਡਮੀਸ਼ੀਅਨ ਚੁਣਿਆ ਗਿਆ । ਇਸ ਦੀਆਂ ਧਾਰਮਿਕ ਕ੍ਰਿਤਾਂ ਵਿਚੋਂ ਨੋਟਰ ਡਾਮ ਦੇ ਚਰਚ ਲਈ ਬਣਾਈ ਗਈ ਮੂਰਤੀ 'ਡਿਸੈਂਟ ਫਰਾਮ ਦੀ ਕ੍ਰਾਸ (1725) (ਸੂਲੀ ਤੋਂ ਉਤਾਰਿਆ ਜਾਣਾ) ਸਭ ਤੋਂ ਵੱਧ ਪ੍ਰਸਿੱਧ ਸੀ । ਗੀਯੋਮ ਪਹਿਲਾ 1697 ਵਿਚ ਰੋਮ ਗਿਆ । ਇਹ 1704 ਵਿਚ ਐਕੈਡਮੀਸ਼ੀਅਨ ਬਣਿਆ ਅਤੇ ਵਧੇਰੇ ਕਰਕੇ ਸ਼ਾਹੀ ਮਹਿਲਾਂ ਦੇ ਬਾਗ਼ਾਂ ਲਈ ਬੁੱਤ ਬਣਾਉਣ ਵਿਚ ਲੱਗਾ ਰਿਹਾ । ਪੈਰਿਸ ਦੇ ਚਰਚਾਂ ਲਈ ਇਸ ਦੇ ਬਣਾਏ ਗਏ ਬੁੱਤਾਂ ਵਿਚੋਂ ਨੋਟਰ ਡਾਮ ਵਿਚ ਲਗਿਆ 'ਵੋਅ ਆਫ਼ ਲੂਈਸ ਤੇਰ੍ਹਵਾਂ' (1713—15 ਲੂਈ ਤੇਰ੍ਹਵੇਂ ਦੀ ਕਸਮ) ਵੀ ਸ਼ਾਮਲ ਹੈ । ਇਸ ਦੀਆਂ ਕ੍ਰਿਤਾਂ ਦਿੱਲ-ਖਿਚਵੀਆਂ ਅਤੇ ਬਹੁਤ ਜ਼ਿਆਦਾ ਸਜਾਵਟ ਵਾਲੀਆਂ ਹੁੰਦੀਆਂ ਹਨ ।

ਗੀਯੋਮ ਦੂਜਾ (1716—1777) ਆਪਣੇ ਪਿਤਾ ਗੀਯੋਮ ਪਹਿਲੇ ਦਾ ਸ਼ਗਿਰਦ ਸੀ । ਇਸ ਨੇ ਵੀ ਸ਼ਾਹੀ ਮਹਿਲਾਂ ਦੇ ਬਾਗ਼ਾਂ ਲਈ, ਮੈਡਮ ਪਾਂਪਡੂਰ ਅਤੇ ਹੋਰਾਂ ਲਈ ਬਹੁਤ ਸਾਰੇ ਬੁੱਤ ਬਣਾਏ । ਇਸ ਦੀ ਸ਼ੈਲੀ ਵਿਚ 18ਵੀਂ ਸਦੀ ਦੇ ਸ਼ੌਕ ਦਾ ਵਿਕਾਸ ਹੁੰਦਾ ਦਿਖਾਈ ਦਿੰਦਾ ਹੈ । ਇਸ ਦਾ ਮਗਰਲਾ ਕੰਮ, ਵਿਸ਼ੇਸ਼ ਕਰਕੇ ਸਾਂਸ ਗਿਰਜੇ ਵਿਚ ਬਣਿਆ ਡੋਫਿਨ ਦਾ ਮਕਬਰਾ, ਜਿਹੜਾ ਕਿ ਇਸ ਦਾ ਸ਼ਾਹਕਾਰ ਹੈ, ਨਵ-ਪੁਰਾਤਨ ਰੰਗਣ ਦਾ ਕਿਹਾ ਜਾਂਦਾ ਹੈ ।

ਹ. ਪੁ.—ਐਨ. ਬ੍ਰਿ. ਮਾ. 6 : 673

**ਕੂਚ ਬਿਹਾਰ :** ਰਿਆਸਤ—ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਉੱਤਰ-ਪੂਰਬ ਵਿਚ ਵਾਕਿਆ ਇਕ ਛੋਟੀ ਜਿਹੀ ਸਾਬਕਾ ਰਿਆਸਤ ਸੀ । ਇਸ ਦੇ ਪੂਰਬ ਵਿਚ ਆਸਾਮ ਅਤੇ ਦੱਖਣ ਵਿਚ ਪੂਰਬੀ ਪਾਕਿਸਤਾਨ (ਬੰਗਲਾ ਦੇਸ਼) ਸੀ । ਇਸ ਦਾ ਖੇਤਰਫਲ ਲਗਭਗ 3,373 ਵ. ਕਿ. ਮੀ. ਅਤੇ ਜਨ ਸੰਖਿਆ 67,1158 (1951) ਸੀ । ਆਜ਼ਾਦੀ ਪਿਛੋਂ ਭਾਰਤ ਦੇ ਪੁਨਰ-ਗਠਨ ਸਮੇਂ ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਵਿਚ ਸ਼ਾਮਲ ਕਰ ਦਿਤੀ ਗਈ ।

ਹ. ਪੁ.—ਇੰਪ. ਗ. ਇੰਡ. 10 : 379

**ਕੂਚ ਬਿਹਾਰ :** ਜ਼ਿਲ੍ਹਾ—ਪੱਛਮੀ ਬੰਗਾਲ (ਭਾਰਤ) ਰਾਜ ਵਿਚ ਜਲਪਾਈਗੁੜੀ ਮੰਡਲ ਦਾ ਇਕ ਜ਼ਿਲ੍ਹਾ ਹੈ । ਇਸ ਦਾ ਕੁਲ ਰਕਬਾ 3,339 ਵ.ਕਿ.ਮੀ. ਅਤੇ ਆਬਾਦੀ 1,412,148 (1971) ਹੈ ਜਿਸ ਵਿਚ ਜਲੌਢ ਪੀਡਮਾਂਟ ਦਾ ਖੇਤਰ ਹੈ ਅਤੇ ਇਸ ਖੇਤਰ ਦੀ ਜਲ-ਨਿਕਾਸੀ ਤਿਸਤਾ, ਤੋਰਸਾ ਅਤੇ ਜਲਧਾਕ ਦਰਿਆ ਕਰਦੇ ਹਨ । ਦਰਿਆਵਾਂ ਦੇ ਵਹਿਣ ਬਦਲਣ ਨਾਲ ਹੜ੍ਹ ਇਥੇ ਆਮ ਆਉਂਦੇ ਹਨ । ਚਾਉਲ, ਮੱਕੀ, ਫਲੀਦਾਰ ਪੌਦੇ, ਤੇਲਾਂ ਵਾਲੇ ਬੀਜ ਅਤੇ ਤੰਬਾਕੂ ਇਥੋਂ ਦੀਆਂ ਮੁਖ ਫਸਲਾਂ ਹਨ । ਜੰਗਲੀ ਖੇਤਰਾਂ ਵਿਚ ਬਾਰਾਸਿੰਗਾ, ਸ਼ੇਰ ਅਤੇ ਜੰਗਲੀ ਝੋਟਾ ਆਦਿ ਜਾਨਵਰ ਮਿਲਦੇ ਹਨ । ਇਹ ਜ਼ਿਲ੍ਹਾ ਕਿਸੇ ਸਮੇਂ ਕਾਮਰੂਪ ਰਾਜ ਦਾ ਇਕ ਹਿੱਸਾ ਸੀ । 16ਵੀਂ ਸਦੀ ਵਿਚ ਕੂਚ ਰਾਜ ਦੀ ਸਥਾਪਨਾ ਹੋਈ ਅਤੇ 1950 ਵਿਚ ਇਹ ਇਲਾਕਾ ਪੱਛਮੀ ਬੰਗਾਲ ਦੇ ਰਾਜ ਵਿਚ ਇਕ ਜ਼ਿਲ੍ਹੇ ਵਜੋਂ ਸ਼ਾਮਲ ਹੋ ਗਿਆ ।

ਹ. ਪੁ.—ਐਨ. ਬ੍ਰਿ. ਮੈ. 3 : 122

**ਕੂਚ ਬਿਹਾਰ :** ਸ਼ਹਿਰ—ਭਾਰਤ ਦੇ ਪੱਛਮੀ ਬੰਗਾਲ ਰਾਜ ਵਿਚ ਆਪਣੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਤੋਰਸਾ ਦਰਿਆ ਦੇ ਪੂਰਬੀ ਪਾਸੇ ਵਾਕਿਆ ਹੈ । ਇਹ ਇਕ ਜ਼ਰਾਇਤੀ ਮੰਡੀ ਹੈ ਜੋ ਮੁਖ ਸੜਕਾਂ ਤੇ ਰੇਲ ਮਾਰਗਾਂ ਨਾਲ ਜੁੜੀ ਹੋਈ ਹੈ । ਕਲਕੱਤਾ ਨਾਲ ਇਸ ਦਾ ਹਵਾਈ ਸੰਪਰਕ ਵੀ ਹੈ । ਚਮੜੇ ਦਾ ਸਾਮਾਨ ਤਿਆਰ ਕਰਨਾ ਇਥੋਂ ਦੀ ਇਕ ਉੱਘੀ ਸੱਨਅਤ ਹੈ । ਸ਼ਹਿਰ ਵਿਚ ਮਹਾਰਾਜਾ ਦਾ ਇਕ ਮਹੱਲ, ਇਕ ਹਸਪਤਾਲ ਅਤੇ ਉੱਤਰੀ ਬੰਗਾਲ ਯੂਨੀਵਰਸਿਟੀ ਨਾਲ ਸਬੰਧਤ ਚਾਰ ਕਾਲਜ ਹਨ ।

ਆਬਾਦੀ—53,734 (1971)

26° 21′ ਉ. ਵਿਥ.; 89° 27′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 122

**ਕੂਚਿੰਗ :** ਉੱਤਰ-ਪੱਛਮੀ ਬੋਰਨੀਓ ਵਿਚ ਪੂਰਬੀ ਮਲੇਸ਼ੀਆ ਦੇ ਸਾਰਾਵਾਕ ਰਾਜ ਦੀ ਰਾਜਧਾਨੀ ਅਤੇ ਮੁਖ ਬੰਦਰਗਾਹ ਹੈ । ਇਹ ਸ਼ਹਿਰ 1839 ਤੋਂ ਚਲਿਆ ਆ ਰਿਹਾ ਹੈ ਜਦੋਂ ਜੇਮਜ਼ ਬਰੁੱਕ (ਜੋ ਰਾਜੇ ਦੇ ਖਿਤਾਬ ਨਾਲ ਸਾਰਾਵਾਕ ਦਾ ਸ਼ਾਸਕ ਬਣਿਆ ਸੀ) ਨੇ ਸੰਗਾਈ ਦਰਿਆ ਦੇ ਜੰਗਲਾਂ ਨਾਲ ਭਰੇ ਕੰਢੇ ਤੇ ਇਕ ਯੂਰਪੀਅਨ ਨਮੂਨੇ ਦਾ ਮਕਾਨ ਬਣਾਇਆ ਸੀ । ਇਹ ਚੀਨ ਸਾਗਰ ਤੋਂ 24 ਕਿ. ਮੀ. ਅੰਦਰ ਵੱਲ ਸੀ । ਅੱਜ ਕਲ੍ਹ ਇਹ ਗਹਿਮਾ-ਗਹਿਮ ਪ੍ਰਬੰਧਕੀ ਕੇਂਦਰ ਬਣ ਗਿਆ ਹੈ ਅਤੇ ਇਥੇ ਬਹੁ-ਗਿਣਤੀ ਚੀਨੀਆਂ ਦੀ ਹੈ । ਇਥੋਂ ਰਬੜ, ਕਾਲੀ ਮਿਰਚ ਤੇ ਸਾਗੋ ਦਾ ਆਟਾ ਬਾਹਰ ਭੇਜਿਆ ਜਾਂਦਾ ਹੈ ਅਤੇ ਇਹ ਰਾਜ ਦਾ ਸਭ ਤੋਂ ਵਧੀਆ ਸੰਚਾਰ ਕੇਂਦਰ ਹੈ ।

ਇਥੋਂ ਦੇ ਸਾਰਾਵਾਕ ਅਜਾਇਬ-ਘਰ (1878) ਦੀਆਂ ਚੀਜ਼ਾਂ ਬੋਰਨੀਓ ਦੀ ਪ੍ਰਾਚੀਨ ਸੱਭਿਅਤਾ ਦੀ ਪਰਦਰਸ਼ਨੀ ਕਰਦੀਆਂ ਹਨ । ਇਥੇ ਐਂਗਲੀਕਨ ਤੇ ਰੋਮਨ ਚਰਚ, ਮੁਸਲਮਾਨਾਂ ਦੀਆਂ ਕਈ ਮਸਜਿਦਾਂ ਅਤੇ ਬੁੱਧ-ਮੰਦਰ ਹਨ । 1948 ਈ. ਵਿਚ ਇਥੇ ਇਕ ਅਧਿਆਪਕ ਸਿਖਲਾਈ ਕਾਲਜ ਸਥਾਪਤ ਕੀਤਾ ਗਿਆ ਸੀ । ਨੇੜੇ ਹੀ ਸਮੁੰਦਰ ਦੇ ਨਾਲ-ਨਾਲ ਲੈਂਡ ਦੇਅਕ ਲੌਂਗ ਹਾਊਸ ਨਾਂ ਦੀ ਇਕ ਸੈਰਗਾਹ ਹੈ ।

ਆਬਾਦੀ—63,535 (1970)

01° 32′ ਉ. ਵਿਥ.; 110° 19′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 930

**ਕੂੰਜ :** ਇਹ ਗਰੂਇਫੌਰਮੀਜ਼ ਵਰਗ ਦੀ ਗਰੂਇੱਡੀ ਕੁਲ ਦਾ ਬਗਲੇ ਵਰਗਾ ਪੰਛੀ ਹੈ । ਇਸ ਦਾ ਪ੍ਰਾਣੀ-ਵਿਗਿਆਨਕ ਨਾਂ ਐਂਥਰੋਪੌਇਡੀਜ਼ ਵਿਰਗੋ (*Anthropoides virgo*) ਹੈ । ਇਸ ਨੂੰ ਡੈਮੋਜ਼ੈਲ ਕ੍ਰੇਨ ਵੀ ਕਹਿੰਦੇ ਹਨ । ਇਹ ਸਾਰਸ ਪੰਛੀਆਂ ਦੀ ਹੀ ਇਕ ਜਾਤੀ ਹੈ, ਪਰ ਅਕਾਰ ਵਿਚ ਉਨ੍ਹਾਂ ਨਾਲੋਂ ਕੁਝ ਛੋਟੀ ਹੁੰਦੀ ਹੈ । ਇਸ ਦੇ ਸੈਕੰਡਰੀ ਅਤੇ ਛਾਤੀ ਦੇ ਖੰਭ ਲੰਮੇ ਹੁੰਦੇ ਹਨ । ਅੱਖਾਂ ਦੇ ਪਿੱਛੇ ਚਿੱਟੇ ਖੰਭ ਹੁੰਦੇ ਹਨ ।

ਇਹ ਪੰਛੀ ਏਸ਼ੀਆ, ਉੱਤਰੀ ਅਫ਼ਰੀਕਾ ਅਤੇ ਦੱਖਣ-ਪੂਰਬੀ ਯੂਰਪ ਵਿਚ ਵੱਡੀ ਗਿਣਤੀ ਵਿਚ ਮਿਲਦੇ ਹਨ । ਇਹ ਆਮ ਤੌਰ ਤੇ ਠੰਢੇ ਇਲਾਕਿਆਂ ਅਤੇ ਪਹਾੜਾਂ ਵਿਚ ਰਹਿੰਦੇ ਹਨ । ਸਰਦੀਆਂ ਵਿਚ ਇਹ ਗਰਮ ਇਲਾਕਿਆਂ ਵਿਚ ਆ ਜਾਂਦੇ ਹਨ । ਇਹ ਪੰਛੀ ਲਗਭਗ ਅਕਤੂਬਰ ਦੇ ਮਹੀਨੇ ਵਿਚ ਪੰਜਾਬ ਵਿਚ ਪਹੁੰਚਦੇ ਹਨ ਅਤੇ ਮਾਰਚ ਦੇ ਅਖ਼ੀਰ ਜਾਂ ਅਪ੍ਰੈਲ ਦੇ ਸ਼ੁਰੂ ਤਕ ਇਥੇ ਰਹਿੰਦੇ ਹਨ ।

ਭਾਰਤ ਵਿਚ ਇਹ ਪੰਛੀ ਝੁੰਡਾਂ ਵਿਚ ਆਪਣੀ ਸਾਰੀ ਰਾਤ ਅਤੇ ਅੱਧਾ ਦਿਨ ਦਰਿਆਵਾਂ ਜਾਂ ਝੀਲਾਂ ਦੇ ਕੰਢਿਆਂ ਤੇ ਗੁਜ਼ਾਰਦੇ ਹਨ । ਇਨ੍ਹਾਂ ਦੀ ਚੌਕਸੀ ਬੜੀ ਪ੍ਰਸਿੱਧ ਹੈ ਤੇ ਇਹੋ ਚੌਕਸੀ ਇਨ੍ਹਾਂ ਨੂੰ ਅਚਾਨਕ ਹਮਲਿਆਂ ਤੋਂ ਬਚਾਉਂਦੀ ਹੈ । ਸਵੇਰ ਅਤੇ ਸ਼ਾਮ ਇਹ ਫ਼ਸਲਾਂ ਵਿਚ ਗੁਜ਼ਾਰਦੇ ਹਨ ਅਤੇ ਛੋਟੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ।

ਕੂੰਜਾਂ ਆਮ ਤੌਰ ਤੇ ਬੜੇ ਅਨੁਸ਼ਾਸਨ ਅਨੁਸਾਰ ਡਾਰਾਂ ਵਿਚ ਕਾਫ਼ੀ ਉਚਾਈ ਉਤੇ ਉਡਦੀਆਂ ਹਨ । ਇਕ ਕੂੰਜ ਇਨ੍ਹਾਂ ਦੀ ਅਗਵਾਈ ਕਰਦੀ ਹੈ ਅਤੇ ਬਾਕੀ ਕਤਾਰਾਂ ਵਿਚ ਇਸ ਦੀ ਪੈਰਵੀ ਕਰਦੀਆਂ ਹਨ । ਇਹ ਕਤਾਰਾਂ ਆਕਾਸ਼ ਵਿਚ ਕਈ ਸ਼ਕਲਾਂ ਜਿਹੀਆਂ ਬਣਾਉਂਦੀਆਂ

ਦਿਸਦੀਆਂ ਹਨ। ਉਡਦੇ-ਉਡਦੇ ਇਨ੍ਹਾਂ ਵਿਚੋਂ ਇਕ ਕੂੰਜ ਪੰਛੀ ਤੁਰਮ ਵਰਗੀ ਆਵਾਜ਼ ਕਢਦਾ ਹੈ ਅਤੇ ਬਾਕੀ ਸਾਰੇ ਪੰਛੀ ਉਸ ਦਾ ਹੁੰਗਾਰਾ ਭਰਦੇ ਹਨ।

ਪੰਜਾਬੀ ਸਾਹਿਤ ਵਿਚ ਕੂੰਜ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਬਾਬਾ ਫਰੀਦ ਨੇ ਵੀ ਆਪਣੇ ਸਲੋਕਾਂ ਵਿਚ ਕੱਤਕ ਮਹੀਨੇ ਦੀ ਵਿਸ਼ੇਸ਼ਤਾ 'ਕੂੰਜਾਂ' ਨਾਲ ਹੀ ਦਰਸਾਈ ਹੈ :

"ਕੱਤਕ ਕੂੰਜਾਂ ਚੇਤ ਡਉ ਸਾਵਣ ਬਿਜਲੀਆਂ.
ਸੀਆਲੇ ਸੋਹੰਦੀਆਂ ਪਿਰ ਗਲ ਬਾਹੜੀਆਂ।"

ਗੁਰਬਾਣੀ ਵਿਚ ਵੀ ਗੁਰੂ ਸਾਹਿਬਾਨ ਨੇ ਭਾਵਾਂ ਦੀ ਸਪਸ਼ਟਤਾ ਲਈ ਕੂੰਜ ਨੂੰ ਪ੍ਰਤੀਕ ਵਜੋਂ ਵਰਤਿਆ ਹੈ। ਕਿਉਂਕਿ ਕੂੰਜਾਂ ਫ਼ਸਲਾਂ ਦਾ ਬਹੁਤ ਨੁਕਸਾਨ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਤਬਾਹ ਕਰ ਦਿੰਦੀਆਂ ਹਨ, ਇਸ ਕਰਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਕੂੰਜ ਨੂੰ 'ਮੌਤ' ਦੇ ਪ੍ਰਤੀਕ ਵਜੋਂ ਵਰਤਿਆ ਹੈ :

"ਆਪਣੀ ਖੇਤੀ ਰਖਿਲੈ, ਕੂੰਜ ਪੜੈਗੀ ਖੇਤਿ।"

ਪੰਜਾਬ ਦੇ ਲੋਕ ਗੀਤਾਂ ਵਿਚ ਤਾਂ ਵੱਖ-ਵੱਖ ਪ੍ਰਸੰਗਾਂ ਵਿਚ ਕੂੰਜਾਂ ਦਾ ਵਰਣਨ ਆਇਆ ਹੈ।

**ਕੂਟ ਅੱਖਰੀ** : ਸ਼ਬਦ ਜਾਂ ਸ਼ਬਦ ਸਮੂਹ ਵਿਚ ਵਰਣ-ਸਥਾਨੰਤਰਣ, ਸਲੇਸ਼, ਸੰਖਿਆ ਆਦਿ ਤੇ ਆਧਾਰਿਤ ਅਰਥ-ਚਤੁਰਾਈ ਕਰਨ ਦੇ ਬੌਧਿਕ ਵਿਲਾਸ ਨੂੰ ਕੂਟ ਅੱਖਰੀ ਕਿਹਾ ਜਾਂਦਾ ਹੈ। ਸੰਸਕ੍ਰਿਤ ਸਾਹਿਤ ਵਿਚ ਕੂਟ ਅੱਖਰੀ ਤੇ ਆਧਾਰਿਤ ਕੂਟ ਸ਼ਲੋਕਾਂ ਦਾ ਪਹਿਲਾ ਪ੍ਰਯੋਗ ਮਹਾਭਾਰਤ ਵਿਚ ਹੋਇਆ। ਕਥਾ ਇਉਂ ਹੈ ਕਿ ਮਹਾਭਾਰਤ ਦੀ ਰਚਨਾ ਸਮੇਂ ਵਿਆਸ ਨੂੰ ਅਜਿਹੇ ਲਿਖਾਰੀ ਦੀ ਜ਼ਰੂਰਤ ਪਈ ਜੋ ਨਿਰੰਤਰ ਉਨ੍ਹਾਂ ਦੇ ਸ਼ਬਦਾਂ ਨੂੰ ਲਿਪੀਬਧ ਕਰ ਸਕੇ। ਇਸ ਕਾਰਜ ਨੂੰ ਗਣੇਸ਼ ਨੇ ਸਵੀਕਾਰ ਕੀਤਾ ਪਰ ਇਕ ਸ਼ਰਤ ਤੇ ਕਿ ਵਿਆਸ ਜੀ ਨਿਰੰਤਰ ਬੋਲੀ ਜਾਣਗੇ। ਮਹਾਭਾਰਤ ਜਿਹੇ ਮਹਾਕਾਵਿ ਅਤੇ ਗੰਭੀਰ ਗ੍ਰੰਥ ਦੀ ਰਚਨਾ ਵਿਚ ਵਿਆਸ ਜਿਹੇ ਮਹਾਕਵੀ ਨੂੰ ਕਦੇ-ਕਦੇ ਰੁਕ ਕੇ ਸੋਚਣ ਦੀ ਜ਼ਰੂਰਤ ਪੈ ਜਾਂਦੀ ਸੀ। ਸਮੇਂ ਦੀ ਉਸ ਹਾਨੀ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਗਣੇਸ਼ ਨੂੰ ਆਖਿਆ ਕਿ ਉਹ ਨਿਰੰਤਰ ਬੋਲੀ ਜਾਣਗੇ ਪਰ ਗਣੇਸ਼ ਕੋਈ ਗੱਲ ਵੀ ਬਿਨਾ ਸਮਝੇ ਨਹੀਂ ਲਿਖੇਗਾ ਜਿਸ ਨੂੰ ਉਸ ਨੇ ਸਵੀਕਾਰ ਕੀਤਾ। ਪ੍ਰਤਿਦਵੰਧ ਵਿਚ ਗਣੇਸ਼ ਤੋਂ ਹਾਰ ਹੋਣ ਦੀ ਸ਼ੰਕਾ ਤੋਂ ਮੁਕਤ ਰਹਿਣ ਲਈ ਉਨ੍ਹਾਂ ਨੇ ਚਿੰਤਨ ਦੇ ਵਕਫੇ ਨੂੰ ਭਰਨ ਲਈ ਕੂਟ ਸ਼ਲੋਕਾਂ ਦੀ ਰਚਨਾ ਕੀਤੀ।

ਹਿੰਦੀ ਸਾਹਿਤ ਵਿਚ ਸੂਰਦਾਸ, ਕੇਸ਼ਵਦਾਸ, ਕਬੀਰ ਜੀ ਆਦਿ ਕਵੀਆਂ ਦੇ ਕੂਟ ਪਦ ਬਹੁਤ ਪ੍ਰਸਿੱਧ ਹਨ।

ਹ. ਪੁ.—ਹਿੰ. ਵਿ. ਕੋ. 3 : 96

**ਕੂਟ, ਸਰ ਆਇਰ** (Coot, Sir Eyre) : ਇਹ ਇਕ ਨਾਮਵਰ ਅੰਗਰੇਜ਼ ਫ਼ੌਜੀ ਸਿਪਾਹੀ ਸੀ ਜਿਸ ਨੇ ਬੰਗਾਲ ਵਿਚ ਈਸਟ ਇੰਡੀਆ ਕੰਪਨੀ ਦੀਆਂ ਫ਼ੌਜਾਂ ਦੇ ਕਮਾਂਡਰ ਵਜੋਂ ਅਤੇ ਪਿਛੋਂ ਭਾਰਤ ਦੇ ਕਮਾਂਡਰ-ਇਨ-ਚੀਫ ਵਜੋਂ ਸੇਵਾ ਕੀਤਾ ਸੀ। ਇਸ ਦਾ ਜਨਮ ਸੰਨ 1726 ਵਿਚ ਇਕ ਆਇਰਿਸ਼ ਪ੍ਰੋਟੈਸਟੈਂਟ ਪਾਦਰੀ ਦੇ ਘਰ ਲਿਮਰਿਕ ਕਾਉਂਟੀ ਵਿਚ ਕਿਲਮਲਾਕ ਵਿਖੇ ਹੋਇਆ।

ਸਭ ਤੋਂ ਪਹਿਲਾਂ ਇਹ ਜੈਕੋਬਾਈਟਾਂ ਦੇ ਵਿਦਰੋਹ ਵਿਚ ਸ਼ਾਮਲ ਹੋਇਆ ਪਰ ਛੇਤੀ ਹੀ ਇਸ ਨੂੰ ਭਾਰਤ ਨੂੰ ਭੇਜੀ ਜਾਣ ਵਾਲੀ 39ਵੀਂ ਰੈਜਮੈਂਟ ਦਾ ਕਪਤਾਨ ਬਣਾ ਦਿਤਾ ਗਿਆ। ਇਸ ਨੇ ਆਪਣਾ ਹੈੱਡ ਕੁਆਟਰਜ਼ ਮਦਰਾਸ ਵਿਖੇ ਰੱਖਿਆ ਅਤੇ ਸੰਨ 1756 ਵਿਚ ਇਸ ਨੇ ਰਾਬਰਟ ਕਲਾਈਵ ਨਾਲ ਆਪਣੀਆਂ ਫ਼ੌਜਾਂ ਰਲਾ ਦਿਤੀਆਂ ਅਤੇ ਕਲਕੱਤੇ ਵਿਰੁੱਧ ਕੀਤੀਆਂ ਫ਼ੌਜੀ ਕਾਰਵਾਈਆਂ ਵਿਚ ਸਰਗਰਮੀ ਨਾਲ ਹਿੱਸਾ ਲਿਆ। ਪਲਾਸੀ ਦੀ ਲੜਾਈ ਦੀ ਜਿੱਤ ਤੋਂ ਬਾਅਦ ਕੂਟ ਨੇ ਅਜੀਬ ਕਿਸਮ ਦੀਆਂ ਮੁਸ਼ਕਲਾਂ ਵਿਚ ਵੀ ਲਗਭਗ 600 ਕਿ. ਮੀ. ਤੀਕ ਫਰਾਂਸੀਸੀ ਫ਼ੌਜ ਦਾ ਪਿੱਛਾ ਕੀਤਾ। ਇਸ ਕਾਰਨਾਮੇ ਸਦਕਾ ਇਸ ਨੂੰ ਲੈਫਟੀਨੈਂਟ ਜਨਰਲ ਦਾ ਅਹੁਦਾ ਪ੍ਰਾਪਤ ਹੋਇਆ ਅਤੇ ਨਾਲ ਹੀ 84ਵੀਂ ਰਜਮੈਂਟ ਦਾ ਕਮਾਨ ਇਸ ਦੇ ਸਪੁਰਦ ਕਰ ਦਿਤਾ ਗਿਆ। ਕਰਨਾਟਕ ਖੇਤਰਾਂ, ਵੰਦੀਵਾਸ਼ ਅਤੇ ਪਾਂਡਚਰੀ ਵਿਚ ਹੋਰ ਜਿੱਤਾਂ ਪ੍ਰਾਪਤ ਕਰਨ ਉਪਰੰਤ ਸੰਨ 1761 ਵਿਚ ਇਸ ਨੂੰ ਬੰਗਾਲ ਵਿਚ ਈਸਟ ਇੰਡੀਆ ਕੰਪਨੀ ਦੀਆਂ ਫ਼ੌਜਾਂ ਦਾ ਕਮਾਂਡਰ ਬਣਾ ਦਿਤਾ ਗਿਆ। ਕੰਪਨੀ ਵਲੋਂ ਇਸ ਨੂੰ ਸਨਮਾਨਿਆ ਗਿਆ। ਸੰਨ 1762 ਵਿਚ ਇਹ ਇੰਗਲੈਂਡ ਪਰਤਿਆ। ਸੰਨ 1771 ਵਿਚ ਇਸ ਨੂੰ 'ਸਰ' ਦੇ ਖਿਤਾਬ ਨਾਲ ਸਨਮਾਨਿਆ ਗਿਆ। ਅੰਗਰੇਜ਼ਾਂ ਦੇ ਉੱਤਰੀ ਅਮਰੀਕਨ ਬਸਤੀਆਂ ਅਤੇ ਫ਼ਰਾਂਸੀਸੀਆਂ ਨਾਲ ਛਿੜੇ ਯੁੱਧਾਂ ਕਾਰਨ, ਬਰਤਾਨੀਆ ਨੇ ਕੂਟ (ਸੰਨ 1778) ਨੂੰ ਭਾਰਤ ਦੇ ਕਮਾਂਡਰ ਇਨ ਚੀਫ਼ ਵਜੋਂ ਬੁਲਾ ਲਿਆ। ਇਸ ਨੇ ਭਾਰਤ ਦੇ ਪਹਿਲੇ ਗਵਰਨਰ ਜਨਰਲ-ਵਾਰਨ ਹੇਸਟਿੰਗਜ਼ ਦੀਆਂ ਨੀਤੀਆਂ ਦਾ ਪੂਰਨ ਸਮਰਥਨ ਕੀਤਾ। ਵਾਰਨ ਹੇਸਟਿੰਗਜ਼ ਅਤੇ ਉਸ ਦੀ ਕੌਂਸਲ ਵਿਚਕਾਰ ਪੈਦਾ ਹੋਏ ਮਤਭੇਦਾਂ ਦੀ ਸੂਰਤ ਵਿਚ ਇਹ ਨਿਰਪੱਖ ਰਿਹਾ ਅਤੇ ਫ਼ੌਜ ਦਾ ਕੰਟਰੋਲ ਵੀ ਸੰਭਾਲੀ ਰੱਖਿਆ। ਸ਼ਹਿਜ਼ਾਦਾ ਹੈਦਰ ਅਲੀ ਦੀ ਵਧ ਰਹੀ ਫ਼ੌਜੀ ਤਾਕਤ ਨੇ ਇਸ ਨੂੰ ਦੱਖਣੀ ਭਾਰਤ ਵਿਚ ਦਖ਼ਲ ਦੇਣ ਲਈ ਵੰਗਾਰਿਆ ਪਰ ਇਸ ਸਮੇਂ ਇਸ ਨੂੰ ਬਹੁਤ ਹੀ ਗੰਭੀਰ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ। ਜੂਨ, 1781 ਵਿਚ ਇਸ ਨੇ ਹੈਦਰ ਅਲੀ ਨੂੰ ਪੋਰਟੋਨੋਵੋ ਦੇ ਸਥਾਨ ਤੇ ਕਰਾਰੀ ਹਾਰ ਦਿਤੀ ਅਤੇ ਇਸ ਤਰ੍ਹਾਂ ਦੱਖਣੀ ਭਾਰਤ ਨੂੰ ਬਰਤਾਨੀਆ ਦੇ ਹੱਥੋਂ ਖੁਸਣ ਤੋਂ ਬਚਾ ਲਿਆ। ਪੋਲੀਲੂਰ ਦੀ ਜ਼ਬਰਦਸਤ ਲੜਾਈ ਵਿਚ ਵੀ ਇਸ ਨੂੰ ਜਿੱਤ ਪ੍ਰਾਪਤ ਹੋਈ। ਪਰ ਇਸ ਪਿਛੋਂ ਸ਼ੋਲਿੰਗੁਰ ਵਿਖੇ ਮੈਸੂਰ ਦੀਆਂ ਫ਼ੌਜੀ ਚੌਕੀਆਂ ਨਾਲ ਝਗੜਾ ਕਰਦਾ ਕਰਾਉਂਦਾ ਇਹ ਬਹੁਤ ਥੱਕ ਟੁਟ ਗਿਆ ਅਤੇ ਅਖੀਰ ਆਪਣੀ ਕਮਾਂਡ ਛਡ ਕੇ ਕਲਕੱਤੇ ਜਾ ਟਿਕਿਆ। ਫ਼ਰਾਂਸੀਸੀਆਂ ਦੀ ਵਧ ਰਹੀ ਪਰੇਸ਼ਾਨੀ ਅਤੇ ਗਵਰਨਰ ਅਤੇ ਨਵੇਂ ਕਮਾਂਡਰ-ਇਨ-ਚੀਫ ਵਿਚਕਾਰ ਪੈਦਾ ਹੋਈ ਖਹਿ ਕਾਰਨ, ਵਾਰਨ ਹੇਸਟਿੰਗਜ਼ ਨੇ ਕੂਟ ਨੂੰ ਮਦਰਾਸ ਵਾਪਸ ਜਾਣ ਦਾ ਸਮਰਥਨ ਕੀਤਾ। ਵਾਪਸੀ ਤੋਂ ਥੋੜ੍ਹਾ ਹੀ ਪਿਛੋਂ ਇਸ ਦੀ 28 ਅਪ੍ਰੈਲ, 1783 ਨੂੰ ਮਦਰਾਸ ਵਿਖੇ ਮੌਤ ਹੋ ਗਈ। ਵੈਸਟਮਿਨਸਟਰ ਐਬੇ ਵਿਖੇ ਇਸ ਦੀ ਯਾਦ ਵਿਚ ਇਕ ਸਮਾਰਕ ਬਣਿਆ ਹੋਇਆ ਹੈ।

ਹ. ਪੁ.—ਐਨ. ਬ੍ਰਿ. ਮਾ. 3 : 131

**ਕੂਟਾਹੀਆ** : ਪੱਛਮੀ ਤੁਰਕੀ ਦਾ ਇਕ ਪ੍ਰਾਂਤ (ਈਲ) ਹੈ। ਜਿਸ ਦਾ ਰਕਬਾ 11,875 ਵ. ਕਿ. ਮੀ. ਅਤੇ ਆਬਾਦੀ 482,553 (1970) ਹੈ। ਇਸ ਵਿਚ ਉੱਤਰ ਤੇ ਪੱਛਮ ਦੀਆਂ ਉੱਚੀਆਂ ਪਹਾੜੀਆਂ ਦੇ ਸਿਖਰ ਪੱਧਰ ਜਾਂ ਹਲਕੀ ਜਿਹੀ ਢਲਾਨ ਵਾਲੇ ਕਾਸ਼ਤ ਯੋਗ ਮੈਦਾਨ ਹਨ। ਇਥੋਂ ਦੀਆਂ ਮੁਖ ਉਪਜਾਂ ਅਨਾਜ, ਫਲ ਅਤੇ ਚਕੰਦਰ ਹਨ। ਇਸ ਇਲਾਕੇ ਵਿਚੋਂ ਲਿਗਨਾਈਟ, ਕ੍ਰੋਮੀਅਮ ਅਤੇ ਮੈਂਗਨੀਜ਼ ਕੱਢੇ ਜਾਂਦੇ ਹਨ। ਪਸ਼ੂ ਪਾਲਣ ਦਾ ਕੰਮ ਵੀ ਮਹੱਤਵਪੂਰਨ ਹੈ।

ਹ. ਪੁ.—ਐਨ. ਬ੍ਰਿ. ਮਾ. 5 : 954

**ਕੂਟਾਹੀਆ** : ਸ਼ਹਿਰ—ਤੁਰਕੀ ਦੇ ਇਸੇ ਨਾਂ ਦੀ ਈਲ ਦੀ ਰਾਜਧਾਨੀ ਹੈ ਜੋ ਪਾਰਸੁਕ ਦਰਿਆ ਦੇ ਕੰਢੇ ਇਕ ਪਹਾੜੀ ਦੇ ਪੈਰਾਂ ਵਿਚ ਵਸਿਆ ਹੋਇਆ ਹੈ। ਮਾਰਮਾਰਾ ਖੇਤਰ ਤੋਂ ਮੈਸੋਪੋਟੇਸੀਆ ਮੈਦਾਨਾਂ ਨੂੰ ਜਾਣ ਵਾਲੀ ਸੜਕ ਉਪਰ ਵਾਕਿਆ ਹੋਣ ਕਰਕੇ ਸ਼ਹਿਰ ਦਾ ਉਤਰਾ-ਚੜ੍ਹਾ ਇਸ ਵਪਾਰਕ ਰੈਸਤਿਆਂ ਦੀ ਮਹੱਤਤਾ ਤੇ ਨਿਰਭਰ ਕਰਦਾ ਸੀ। ਬਾਜ਼ਨਤੀਨੀ ਸ਼ਹਿਰ ਹੋਣ ਦੇ ਨਾਤੇ 11ਵੀਂ ਸਦੀ ਦੇ ਅਖ਼ੀਰ ਤੇ ਇਸ ਉਤੇ ਸੈਲਜੂਕ ਤੁਰਕਾਂ ਨੇ ਕਬਜ਼ਾ ਕੀਤਾ ਸੀ। 16ਵੀਂ ਸਦੀ ਦੌਰਾਨ ਕੂਟਾਹੀਆ ਆਟੋਮਨ ਘੁਮਿਹਾਰਾ ਸੱਨਅਤ ਦੇ ਕੇਂਦਰ ਦੇ ਤੌਰ ਤੇ ਉਪਰ

ਉਠਿਆ ਸੀ ਅਤੇ ਇਹ ਤੁਰਕੀ ਤੇ ਮੱਧ-ਪੂਰਬ ਦੇ ਹਿੱਸਿਆਂ ਨੂੰ ਮਸੀਤਾਂ, ਗਿਰਜਿਆਂ ਅਤੇ ਹੋਰ ਯਾਦਗਾਰੀ ਕੰਮਾਂ ਲਈ ਟਾਈਲਾਂ ਤੋਂ ਲੈ ਕੇ ਸ਼ਿੰਗਾਰ ਤਕ ਦੀਆਂ ਹੋਰ ਵਸਤਾਂ ਮੁਹੱਈਆ ਕਰਦਾ ਸੀ। ਖੰਡ ਸਾਫ਼ ਕਰਨ, ਚਮੜਾ ਕਮਾਉਣ, ਨਾਈਟਰੇਟ ਪ੍ਰਾਸੈੱਸ ਕਰਨ, ਚੀਨੀ ਦੇ ਬਰਤਨ ਤੇ ਚਟਾਈਆਂ ਬਣਾਉਣ ਅਤੇ ਹੋਰ ਵਸਤਾਂ ਬਣਾਉਣ ਦੇ ਉਦਯੋਗ ਇਥੇ ਮੌਜੂਦ ਹਨ। ਦੂਜਿਆਂ ਸ਼ਹਿਰਾਂ ਨਾਲ ਸੜਕਾਂ ਤੇ ਰੇਲਵੇ ਲਾਈਨਾਂ ਨਾਲ ਜੁੜਿਆ ਹੋਇਆ ਹੈ।

ਆਬਾਦੀ—108,872 (1970)

**39° 25′ ਉ. ਵਿਥ., 29° 59′ ਪੂ. ਲੰਬ.**

ਹ. ਪੁ.—ਐਨ. ਬ੍ਰਿ. ਮਾ. 5 : 954

**ਕੂਟੀਨੇ :** ਉੱਤਰੀ ਅਮਰੀਕਾ ਦਾ ਇਕ ਇੰਡੀਅਨ ਕਬੀਲਾ ਹੈ ਜੋ ਦੱਖਣੀ ਪੂਰਬੀ ਬ੍ਰਿਟਿਸ਼ ਕੋਲੰਬੀਆ, ਉੱਤਰੀ ਇਡਾਹੋ ਅਤੇ ਉੱਤਰ-ਪੂਰਬੀ ਮੋਨਟਾਨਾ ਵਿਚ ਫੈਲਿਆ ਹੋਇਆ ਹੈ। ਇਨ੍ਹਾਂ ਦੀ ਕੋਈ ਵੱਖਰੀ ਕਿਸਮ ਦੀ ਭਾਸ਼ਾ ਨਹੀਂ ਹੈ। ਸਭਿਆਚਾਰਕ ਤੌਰ ਤੇ ਇਹ ਮੈਦਾਨੀ ਅਤੇ ਪਠਾਰੀ ਲੋਕਾਂ ਨਾਲ ਮਿਲਦੇ ਹਨ। ਘੋੜੇ ਲੈ ਕੇ ਇਹ ਜੰਗਲੀ ਮੱਝਾਂ ਦਾ ਸ਼ਿਕਾਰ ਕਰਦੇ ਹਨ। ਇਹ ਖੱਲਾਂ ਪਹਿਨਦੇ ਹਨ ਅਤੇ ਖੱਲਾਂ ਦੇ ਕੋਨਦਾਰ ਤੰਬੂਆਂ ਵਿਚ ਰਹਿੰਦੇ ਹਨ। ਇਹ ਆਪਣੇ ਪਹਿਰਾਵੇ, ਤੰਬੂਆਂ ਅਤੇ ਸਰੀਰ ਉਤੇ ਮੈਦਾਨੀ ਇੰਡੀਅਨਾਂ ਵਾਂਗ ਚਿਤਰਕਾਰੀ ਕਰਦੇ ਹਨ। ਇਹ ਮੋਰਚੇ ਵਾਲੀਆਂ ਛੋਟੀਆਂ-ਛੋਟੀਆਂ ਬੇੜੀਆਂ ਬਣਾਉਣ ਵਿਚ ਬਹੁਤ ਪ੍ਰਸਿੱਧ ਹਨ। ਇਨ੍ਹਾਂ ਦੀ ਕੋਈ ਜਾਤੀ ਵੰਸ਼ ਨਹੀਂ ਹੈ, ਸਿਰਫ਼ ਧੜੇਬੰਦੀਆਂ ਵਿਚ ਵੰਡੇ ਹੋਏ ਹਨ ਜਿਨ੍ਹਾਂ ਦਾ ਇਕ ਨਾਂ-ਮਾਤਰ ਲੀਡਰ ਹੁੰਦਾ ਹੈ। ਇਹ ਲੋਕ ਸੂਰਜ ਦੀ ਪੂਜਾ ਕਰਦੇ ਸਨ ਅਤੇ ਇਨ੍ਹਾਂ ਵਿਚ ਦੁਆ-ਦਾਰੂ ਕਰਨ ਵਾਲੇ ਵਿਅਕਤੀਆਂ ਦੀ ਬਹੁਤ ਕਦਰ ਸੀ। ਅੱਜ ਕੱਲ੍ਹ ਇਹ ਲੋਕ ਪਸ਼ੂ-ਵਾੜੇ ਦਾ ਪ੍ਰਬੰਧ ਕਰਨ ਵਾਲੇ ਸ਼ਿਕਾਰੀਆਂ ਦੇ ਗਾਈਡ ਅਤੇ ਮਜ਼ਦੂਰੀ ਕਰਨ ਵਾਲੇ ਬਣ ਚੁਕੇ ਹਨ। ਇਨ੍ਹਾਂ ਦੀ ਮੌਜੂਦਾ ਗਿਣਤੀ ਲਗਭਗ 1000 ਹੈ।

ਹ. ਪੁ.—ਐਨ. ਬ੍ਰਿ. ਮਾ. 5 : 955

**ਕੂਟੀਨੇ ਦਰਿਆ :** ਉੱਤਰੀ ਅਮਰੀਕਾ ਦੇ ਪੱਛਮ ਦਾ ਇਕ ਦਰਿਆ ਹੈ ਜੋ ਅੱਲਬਰਟਾ ਪ੍ਰਾਂਤ ਵਿਚ ਬੈਂਫ਼ ਸ਼ਹਿਰ ਦੇ ਪੱਛਮ ਵੱਲ ਰਾਕੀ ਪਰਬਤਾਂ ਵਿਚੋਂ ਨਿਕਲਦਾ ਹੈ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਕੂਟੀਨੇ ਨੈਸ਼ਨਲ ਪਾਰਕ ਵਿਚੋਂ ਦੀ ਦੱਖਣ ਦੀ ਦਿਸ਼ਾ ਨੂੰ ਵਗਦਾ ਹੈ। ਇਸ ਤੋਂ ਬਾਅਦ ਇਹ ਮੋਨਟਾਨਾ ਵਿਚ ਚੌੜੇ ਯੂ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ ਅਤੇ ਫਿਰ ਇਡਾਹੋ ਵਿਚ ਉੱਤਰ ਦੀ ਦਿਸ਼ਾ ਵੱਲ ਵਗਣ ਪਰੰਤ ਕੈਨੇਡਾ ਵਿਚ ਆ ਕੇ ਬ੍ਰਿਟਿਸ਼ ਕੋਲੰਬੀਆ ਵਿਚ ਕੂਟੀਨੇ ਝੀਲ ਵਿਚ ਦਾਖ਼ਲ ਹੋ ਜਾਂਦਾ ਹੈ। ਝੀਲ ਦੀ ਪੱਛਮੀ ਬਾਹੀ ਵਿਚੋਂ ਨਿਕਲ ਕੇ ਕੈਸਲਗਰ ਬੀ. ਸੀ. ਦੇ ਮੁਕਾਮ ਤੇ ਕੋਲੰਬੀਆ ਦਰਿਆ ਵਿਚ ਡਿਗਦਾ ਹੈ।

ਦਰਿਆ ਦੀ ਕੁਲ ਲੰਬਾਈ 655 ਕਿ. ਮੀ. ਹੈ ਜਿਸ ਵਿਚੋਂ 210 ਕਿ.ਮੀ ਦਰਿਆ ਸੰਯੁਕਤ ਰਾਜ ਅਮਰੀਕਾ ਵਿਚ ਵਗਦਾ ਹੈ। ਕੂਟੀਨੇ ਝੀਲ ਤੋਂ ਕੋਲੰਬੀਆ ਦਰਿਆ 40 ਕਿ. ਮੀ. ਵਿਚ ਦਰਿਆ ਲਗਭਗ 111 ਮੀ. ਹੇਠਾਂ ਆ ਜਾਂਦਾ ਹੈ। ਇਸ ਹਿੱਸੇ ਵਿਚ ਬਿਜਲੀ ਤਿਆਰ ਕਰਨ ਲਈ ਕਈ ਬੰਨ੍ਹ ਬੰਨ੍ਹੇ ਗਏ ਹਨ। ਦਰਿਆ ਵਿਚ ਇਡਾਹੋ ਵਿਚ ਬੋਨੈਰਜ਼ ਫੈਰੀ ਤੋਂ ਜੈਨਸਨ, ਤਕ ਜਹਾਜ਼ਰਾਨੀ ਹੋ ਸਕਦੀ ਹੈ।

ਕੂਟੀਨੇ ਸਭ ਤੋਂ ਪਹਿਲਾਂ ਬ੍ਰਿਟਿਸ਼ ਫਰ ਵਪਾਰੀ ਡੇਵਿਡ ਥਾਂਪਸਨ 1807 ਵਿਚ ਲੱਭਿਆ ਸੀ। ਕਿਸੇ ਸਮੇਂ ਇਸ ਨੂੰ ਫਲੈਟ ਬੋ ਅਤੇ ਮੈਗਿਲਵਰੇ ਵੀ ਕਹਿੰਦੇ ਸਨ।

**49° 15′ ਉ. ਵਿਥ.; 117° 39′ ਪੱ. ਲੰਬ.**

ਹ. ਪੁ.—ਐਨ. ਬ੍ਰਿ. ਮਾ. 5 : 888

**ਕੂੰਡਲਾ :** ਭਾਰਤ ਦੇ ਗੁਜਰਾਤ ਰਾਜ ਵਿਚ ਗਾਂਧੀ ਨਗਰ ਜ਼ਿਲ੍ਹੇ ਦਾ ਇਕ ਮੁੱਖ ਨਗਰ ਹੈ। ਇਸ ਨਗਰ ਦੇ ਆਲੇ-ਦੁਆਲੇ ਦਾ ਇਲਾਕਾ ਅਤਿਅੰਤ ਉਪਜਾਊ ਹੈ ਅਤੇ ਇਸ ਨਗਰ ਦਾ ਵਿਕਾਸ ਵਪਾਰਕ ਮੰਡੀ ਦੇ ਰੂਪ ਵਿਚ ਹੋਇਆ ਹੈ। ਸਿੰਜਾਈ ਦੀਆਂ ਸਹੂਲਤਾਂ ਚੰਗੀ ਮਿੱਟੀ ਹੋਣ ਦੇ ਕਾਰਨ ਸਿਆਲ ਵਿਚ ਸੌਣੀ ਦੀ ਫ਼ਸਲ ਚੰਗੀ ਹੁੰਦੀ ਹੈ। ਆਲੇ-ਦੁਆਲੇ ਵਧੀਆ ਚੰਗੀ ਕਿਸਮ ਦੀ ਕਪਾਹ ਹੋਣ ਕਾਰਨ ਇਥੇ ਸੂਤੀ ਕੱਪੜਾ ਬਣਾਉਣ ਦੇ ਕਾਰਖ਼ਾਨਿਆਂ ਦਾ ਵੀ ਵਿਕਾਸ ਹੋਇਆ ਹੈ। ਸ਼ਹਿਰ ਵਿਚ ਡਾਕਖਾਨਾ, ਹਸਪਤਾਲ, ਡਾਕ ਬੰਗਲਾ ਤੇ ਵਧੀਆ ਕਾਲਜ ਆਦਿ ਹਨ। ਇਥੇ ਘੋੜਿਆਂ ਦੀ ਸਵਾਰੀ ਲਈ ਕਾਠੀਆਂ ਤੇ ਸਾਜ਼ ਬਣਾਏ ਜਾਂਦੇ ਹਨ।

**21° 21′ ਉ. ਵਿਥ.; 71° 25′ ਪੂ. ਲੰਬ.**

ਹ. ਪੁ.—ਹਿੰ. ਵਿ. ਕੋ. 3 : 93

**ਕੂਤ :** ਇਰਾਕ ਦੇ ਇਸੇ ਨਾਂ ਦੇ ਪ੍ਰਾਂਤ ਦਾ ਪ੍ਰਬੰਧਕੀ ਕੇਂਦਰ ਹੈ ਜੋ ਹੇਠਲੇ ਦਜਲਾ ਦੇ ਖੱਬੇ ਕੰਢੇ ਤੇ ਵਾਕਿਆ ਹੈ। ਦੂਜੀਆਂ ਦਰਿਆਈ ਬਸਤੀਆਂ ਵਾਂਗ ਇਸ ਤੇ ਵੀ ਦਰਿਆਈ ਵਹਿਣ ਦੀ ਤਬਦੀਲੀ ਦਾ ਕਾਫ਼ੀ ਅਸਰ ਪਿਆ ਹੈ। ਦਰਿਆ ਦੇ ਵਹਿਣ ਵਿਚ ਸੋਧ ਕਰਨ ਨਾਲ ਇਸ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ ਤੇ ਇਹ ਇਕ ਦਰਿਆਈ ਬੰਦਰਗਾਹ ਬਣ ਗਿਆ। ਦਜਲਾ ਤੇ ਸ਼ਤ-ਅਲ-ਗ਼ਰਾਫ਼ ਉਪਰ ਸਿੰਜਾਈ ਪ੍ਰਾਜੈਕਟ ਬਣਨ ਨਾਲ ਕੂਤ ਅਨਾਜ, ਖਜੂਰ, ਫਲ ਅਤੇ ਲੈਗੂਮ ਲਈ ਮੰਡੀ ਬਣ ਗਿਆ। ਸ਼ਹਿਰ ਦਾ ਬਹੁਤ ਸਾਰਾ ਹਿੱਸਾ 1917 ਦੀ ਲੜਾਈ ਵਿਚ ਤਬਾਹ ਹੋ ਗਿਆ ਸੀ ਅਤੇ ਬਾਅਦ ਵਿਚ ਮੁੜ ਚੰਗੇ ਢੰਗ ਨਾਲ ਉਸਾਰਿਆ ਗਿਆ।

ਪਹਿਲੇ ਜੰਗ ਦੌਰਾਨ ਕੂਤ ਵਿਚ ਕਈ ਲੜਾਈਆਂ ਲੜੀਆਂ ਗਈਆਂ ਸਨ। ਜਨਰਲ ਟਾਓਨਸੈਂਡ ਦੀ ਅਗਵਾਈ ਹੇਠਾਂ ਅੰਗਰੇਜ਼ ਫ਼ੌਜਾਂ ਨੇ ਸਤੰਬਰ, 1915 ਵਿਚ ਇਸ ਸ਼ਹਿਰ ਤੇ ਕਬਜ਼ਾ ਕਰ ਲਿਆ ਪਰ ਦਸੰਬਰ, ਵਿਚ ਬਰਤਾਨੀਆ ਨੂੰ ਤੁਰਕੀ ਫ਼ੌਜਾਂ ਨੇ ਘੇਰ ਲਿਆ ਅਤੇ 16 ਮਹੀਨਿਆਂ ਤਕ ਇਸ ਨੂੰ ਆਪਣੇ ਕਬਜ਼ੇ ਹੇਠਾਂ ਰੱਖਿਆ। ਇਸ ਤੋਂ ਬਾਅਦ ਜਨਰਲ ਮਾਊਂਟ ਦੀ ਅਗਵਾਈ ਹੇਠਾਂ ਬਰਤਾਨਵੀ ਫ਼ੌਜਾਂ ਨੇ ਕੂਤ ਅਲਮਾਰਾ ਖੇਤਰ ਤੇ ਕਬਜ਼ਾ ਕਰ ਲਿਆ।

ਆਬਾਦੀ—42,116 (1971)

ਹ. ਪੁ.—ਐਨ. ਬ੍ਰਿ. 13 : 518; ਕੋਲ. ਐਨ. 11 : 319

**ਕੂਨ, ਐਡੇਲਬਰਟ :** ਇਹ ਜਰਮਨੀ ਦਾ ਭਾਸ਼ਾ-ਵਿਗਿਆਨੀ ਅਤੇ ਲੋਕ-ਕਥਾਕਾਰ ਸੀ, ਜੋ ਕਿ ਤੁਲਨਾਤਮਕ ਮਿਥਿਹਾਸ ਦੇ ਸਕੂਲ ਦਾ ਮੋਢੀ ਸੀ। ਇਸ ਦਾ ਜਨਮ ਕਨਿਕਸ਼ਬਰਗ ਵਿਖੇ 19 ਨਵੰਬਰ, 1812 ਨੂੰ ਹੋਇਆ। ਸੰਨ 1841 ਤੋਂ ਮਗਰੋਂ ਇਹ ਬਰਲਿਨ ਵਿਖੇ ਕੋਲੀਨਿਸ਼ ਜਿਮਨੇਜ਼ੀਅਮ ਨਾਲ ਸਬੰਧਤ ਰਿਹਾ ਸੀ ਅਤੇ 1870 ਵਿਚ ਇਸ ਨੂੰ ਇਸ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ। ਸ਼ੁਰੂ ਵਿਚ ਇਸ ਨੇ ਜਰਮਨ ਕਹਾਣੀਆਂ ਅਤੇ ਲੋਕ-ਕਥਾਵਾਂ ਲਿਖੀਆਂ। ਪ੍ਰੰਤੂ ਇਸ ਦੀ ਮਸ਼ਹੂਰੀ, ਇੰਡੋ-ਜਰਮਨ ਕੌਮਾਂ ਦੀ ਭਾਸ਼ਾ ਅਤੇ ਇਤਿਹਾਸ ਸਬੰਧੀ ਕੀਤੀ ਖੋਜ ਕਰਕੇ ਹੈ। ਸੰਨ 1845 ਵਿਚ ਇਸ ਵਿਸ਼ੇ ਉਤੇ ਇਸ ਨੇ ਆਪਣੀ ਪੁਸਤਕ **'Zur altesten Geschichte der Indogermanischen Volker'** ਛਪਵਾਈ। ਇਸ ਦੀ ਮੌਤ ਬਰਲਿਨ ਵਿਖੇ 5 ਮਈ, 1881 ਨੂੰ ਹੋਈ।

ਹ. ਪੁ.—ਐਨ. ਬ੍ਰਿ. 13 : 504

**ਕੂਨ, ਯਾਨ ਪਾਇਟਰਜ਼ੂਨ** (Coen, Jau Pieterszoon) : ਈਸਟ ਇੰਡੀਜ਼ (ਇੰਡੋਨੇਸ਼ੀਆ) ਵਿਚ ਵਲੰਦੇਜ਼ੀ ਤਜਾਰਤੀ ਸਾਮਰਾਜ ਦੇ ਇਸ ਮੁਖ ਬਾਨੀ ਦਾ ਜਨਮ 8 ਜਨਵਰੀ, 1587 ਨੂੰ, ਹੋਰਨ (ਹਾਲੈਂਡ) ਵਿਖੇ ਹੋਇਆ। ਸਭ ਤੋਂ ਪਹਿਲਾਂ ਇਸ ਨੇ ਸੰਨ 1607 ਵਿਚ ਡੱਚ ਈਸਟ ਇੰਡੀਆ ਕੰਪਨੀ ਦੇ ਇਕ ਸਹਾਇਕ ਸਮੁੰਦਰੀ ਵਪਾਰੀ ਵਜੋਂ ਈਸਟ ਇੰਡੀਜ਼ ਵਲ ਨੂੰ ਸਮੁੰਦਰੀ ਸਫ਼ਰ ਕੀਤਾ। ਸੰਨ 1610 ਵਿਚ ਹਾਲੈਂਡ ਪਰਤਣ ਤੇ ਇਸ ਨੇ ਦੱਖਣ-ਪੂਰਬੀ ਏਸ਼ੀਆ ਵਿਚਲੀਆਂ ਵਪਾਰਕ ਸੰਭਾਵਨਾਵਾਂ ਸਬੰਧੀ ਕੰਪਨੀ ਦੇ ਡਾਇਰੈਕਟਰਾਂ ਨੂੰ ਮਨਵਾ

ਲਿਆ। ਸੰਨ 1614 ਵਿਚ ਇਸ ਨੂੰ ਕੰਪਨੀ ਦੀ ਤਜ਼ਾਰਤ ਬਾਰੇ ਡਾਇਰੈਕਟਰ ਜਨਰਲ ਅਤੇ ਤਿੰਨ ਸਾਲ ਪਿਛੋਂ ਹੀ ਇਸ ਨੂੰ ਡੱਚ ਈਸਟ ਇੰਡੀਜ਼ ਦਾ ਗਵਰਨਰ ਜਨਰਲ ਬਣਾ ਦਿਤਾ ਗਿਆ। ਕੂਨ ਨੇ ਇਸ ਇਲਾਕੇ ਦੇ ਗਰਮ ਮਸਾਲੇ ਦੇ ਵਪਾਰ ਉਪਰ ਆਪਣਾ ਕੰਟਰੋਲ ਜਮਾ ਲਿਆ ਅਤੇ ਆਪਣੇ ਬਰਤਾਨਵੀ ਵਿਰੋਧੀਆਂ ਨੂੰ ਜਾਵਾ ਦੇ ਇਲਾਕੇ ਉਤੋਂ ਆਪਣਾ ਅਧਿਕਾਰ ਖੇਤਰ ਜਮਾਉਣ ਤੋਂ ਰੋਕੀ ਰਖਿਆ। ਸੰਨ 1620 ਵਿਚ ਇਸ ਬਾਂਦਾ ਦੀਪ-ਸਮੂਹ ਫ਼ਤਹਿ ਕਰ ਲਿਆ ਅਤੇ ਦੋ ਸਾਲ ਪਿਛੋਂ ਇਸ ਨੇ ਇਕ ਮੁਹਿੰਮ ਭੇਜੀ ਜਿਸ ਨੇ ਫਾਰਮੂਸਾ ਵਿਚ ਡੱਚ ਬਸਤੀ ਜਾ ਸਥਾਪਤ ਕੀਤੀ। ਸੰਨ 1623 ਤੋਂ ਬਾਅਦ ਇਸ ਨੇ ਡੱਚ ਆਬਾਦਕਾਰਾਂ ਨਾਲ, ਇੰਡੀਜ਼ ਦੀ ਆਬਾਦਕਾਰੀ ਦਾ ਉਪਰਾਲਾ ਕੀਤਾ। ਜਦੋਂ ਜਾਵਾ ਦੀਆਂ ਫ਼ੌਜਾਂ ਬਟਾਵੀਆਂ ਨੂੰ ਘੇਰਾ ਪਾ ਰਹੀਆਂ ਸਨ ਤਾਂ ਇਸ ਦੀ 21 ਸਤੰਬਰ, 1629 ਨੂੰ ਬਟਾਵੀਆਂ (ਹੁਣ ਉੱਤਰੀ ਜਕਾਰਤਾ) ਵਿਚ ਹੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 2 : 1039

**ਕੂਨਿਯੋਸ਼ੀ, ਯਸੂਓ :** ਇਹ ਜਾਪਾਨੀ-ਅਮਰੀਕਾ ਚਿਤਰਕਾਰ ਸੀ, ਜਿਹੜਾ ਕਿ ਇਕ ਨਿਪੁੰਨ ਕਲਾਕਾਰ, ਇਕ ਅਸਰਦਾਰ ਅਧਿਆਪਕ ਅਤੇ ਕਲਾਕਾਰਾਂ ਦੇ ਸੰਗਠਨਾਂ ਦਾ ਨੇਤਾ ਸੀ। ਇਸ ਦਾ ਜਨਮ ਓਕਾਯਾਮਾ ਵਿਚ 1 ਸਤੰਬਰ, 1893 ਨੂੰ ਹੋਇਆ। ਸੰਨ 1906 ਤੋਂ ਮਗਰੋਂ ਇਹ ਸੰਯੁਕਤ ਰਾਜ ਅਮਰੀਕਾ ਵਿਚ ਰਹਿਣ ਲਗ ਪਿਆ। ਇਸ ਨੇ ਆਪਣਾ ਕਲਾਤਮਕ ਨਿਰਦੇਸ਼ਨ ਆਰਟਸ ਸਟੂਡੈਂਟਸ ਲੀਗ ਕੈਨੈੱਥ ਹੇਜ਼ ਮਿੱਲਰ ਅਧੀਨ ਰਹਿ ਕੇ ਪ੍ਰਾਪਤ ਕੀਤਾ।

ਕੂਨਿਯੋਸ਼ੀ ਦੇ ਮੁਢਲੇ ਰੇਖਾ-ਚਿਤਰਾਂ ਅਤੇ ਪੇਂਟਿੰਗ ਵਿਚ ਅਨੋਖੀ ਕਲਪਨਾ ਅਤੇ ਦਿਲਚਸਪ ਹਾਸਰਸ ਹੁੰਦਾ ਸੀ। ਇਸ ਦੀਆਂ ਪਕਿਆਈ ਵਾਲੀਆਂ ਕ੍ਰਿਤਾਂ ਵਿਚ ਮਨਚਲੀਆਂ ਅਤੇ ਵਾਸਨਾਤਮਕ ਇਸਤ੍ਰੀਆਂ ਦਿਖਾਈਆਂ ਗਈਆਂ ਹਨ। ਦੂਜੇ ਸੰਸਾਰ ਯੁੱਧ ਦੇ ਸ਼ੁਰੂ ਹੋਣ ਨਾਲ ਕਲਾਕਾਰ ਵਿਚ ਡੂੰਘੀ ਸਮਾਜਕ ਰਾਜਨੀਤਿਕ ਸੂਝਬੂਝ ਵਿਕਸਿਤ ਹੋ ਗਈ, ਜਿਸ ਲਈ ਇਸ ਨੇ ਆਪਣੇ ਤਸਵੀਰ-ਚਿੰਨ੍ਹਾਂ ਦੀ ਸਿਰਜਣਾ ਕੀਤੀ।



ਕੂਨਿਯੋਸ਼ੀ ਯਸੂਓ

ਕੂਨਿਯੋਸ਼ੀ ਆਰਟਿਸਟਸ ਐਕਟਿਵਿਟੀ ਐਸੋਸੀਏਸ਼ਨ ਦਾ ਪਹਿਲਾ ਪ੍ਰਧਾਨ ਸੀ। ਸੰਨ 1933 ਤੋਂ ਮਗਰੋਂ ਇਹ ਨਿਊਯਾਰਕ ਸਿਟੀ ਵਿਚ ਆਰਟ ਸਟੂਡੈਂਟਸ ਲੀਗ ਵਿਖੇ ਅਤੇ ਵੁੱਡਸਟਾਕ ਵਿਚ ਪੜ੍ਹਾਉਂਦਾ ਰਿਹਾ। ਵੁੱਡਸਟਾਕ ਵਿਚ ਹੀ ਇਸ ਦਾ 14 ਮਈ, 1953 ਨੂੰ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. 13 : 510

**ਕੂਨੂਰ :** ਤਾਮਲਨਾਡੂ ਰਾਜ (ਭਾਰਤ) ਵਿਚ ਨੀਲਗਿਰੀ ਪਹਾੜ ਦੀ 'ਟਾਈਗਰ ਰਾਕ' ਨਾਂ ਦੀ ਚੋਟੀ ਉੱਤੇ ਲਗਭਗ 2,000 ਮੀ. ਦੀ ਉਚਾਈ ਤੇ ਵਸਿਆ ਹੋਇਆ ਸ਼ਹਿਰ ਹੈ। ਸ਼ਹਿਰ ਦੀ ਜਲਵਾਯੂ ਸਿਹਤ ਲਈ ਬਹੁਤ ਚੰਗੀ ਹੈ। ਇਸ ਲਈ ਕਮਜ਼ੋਰ ਅਤੇ ਬੀਮਾਰ ਵਿਅਕਤੀ ਇਸ ਥਾਂ ਨੂੰ ਊਟਾਕਮੰਡ ਨਾਲੋਂ ਵਧੇਰੇ ਪਸੰਦ ਕਰਦੇ ਹਨ ਅਤੇ ਇਥੇ ਸੈਰ ਲਈ ਆਉਂਦੇ ਹਨ।

ਇਥੋਂ ਦੇ ਕੁਦਰਤੀ ਦ੍ਰਿਸ਼ ਬਹੁਤ ਮਨਮੋਹਣੇ ਹਨ। ਇਸ ਸ਼ਹਿਰ ਦੇ ਉੱਤਰ-ਪੂਰਬ ਵਿਚ ਦੋ ਥਾਵਾਂ ਤੇ ਜਲ-ਭੰਡਾਰ ਹਨ ਜਿਨ੍ਹਾਂ ਤੋਂ ਹੁਣ ਬਿਜਲੀ ਦਾ ਉਤਪਾਦਨ ਕੀਤਾ ਜਾਂਦਾ ਹੈ। ਇਥੋਂ ਲਗਭਗ 5 ਕਿ. ਮੀ. ਦੂਰ ਇਕ ਕਿਲਾ ਹੈ। ਇਥੇ ਦੇਸ਼-ਵਿਦੇਸ਼ ਤੋਂ ਬਹੁਤ ਸੈਲਾਨੀ ਆਉਂਦੇ ਹਨ। ਇਸ ਕਰਕੇ ਇਥੇ ਬਹੁਤ ਚੰਗੇ ਚੰਗੇ ਹੋਟਲ ਅਤੇ ਵਿਸ਼ਰਾਮ ਘਰ ਹਨ। ਸੈਲਾਨੀਆਂ ਦੇ ਮਨੋਰੰਜਨ ਲਈ ਗੋਲਫ, ਘੋੜ-ਦੌੜ ਅਤੇ ਕਈ ਖੇਡਾਂ ਦੇ ਮੈਦਾਨ ਹਨ। ਇਥੇ ਕਾਫ਼ੀ ਦੇ ਬਹੁਤ ਬਾਗ਼ ਹਨ। ਇਥੋਂ ਕਾਫ਼ੀ ਦਾ ਨਿਰਯਾਤ ਕੀਤਾ ਜਾਂਦਾ ਹੈ।

11° 23′ ਉ. ਵਿਥ ; 76° 47′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 3 : 96

**ਕੂਨੇਨ ਦਰਿਆ :** ਇਹ ਦਰਿਆ ਪੱਛਮੀ ਕੇਂਦਰੀ ਅੰਗੋਲਾ (ਦੱਖਣੀ-ਪੱਛਮੀ ਅਫ਼ਰੀਕਾ) ਵਿਚ ਨਾਵਾ ਲਜ਼ੀਵੋਆ, ਤੋਂ 32 ਕਿ. ਮੀ. ਉੱਤਰ-ਪੂਰਬ ਵੱਲ ਨਿਕਲਦਾ ਹੈ। ਦਰਿਆ ਦੀ ਕੁਲ ਲੰਬਾਈ 945 ਕਿ. ਮੀ. ਹੈ। ਚਿਆਮੀਲੂ ਦੇ ਸਥਾਨ ਤੇ ਦੱਖਣ ਵੱਲ ਨੂੰ ਗ੍ਰੇਨਾਈਟ ਦੇ ਇਕ ਤੇਜ਼ ਢਲਾਣ ਵਾਲੇ ਤਲ ਤੇ ਵਹਿੰਦਾ ਹੈ। ਮਟਾਲਾ ਦੇ ਸਥਾਨ ਤੇ ਇਹ ਗ੍ਰੇਨਾਈਟ ਉੱਚ-ਭੂਮੀ ਨੂੰ ਛੱਡਦਾ ਹੋਇਆ 13 ਮੀਟਰ ਹੇਠਾਂ ਡਿਗਦਾ ਹੈ ਅਤੇ ਕਾਲਾਹਾਰੀ ਮਾਰੂਥਲ ਵਿਚ ਦਾਖ਼ਲ ਹੁੰਦਾ ਹੈ ਅਤੇ ਉਥੇ ਬਰਸਾਤ ਦੀ ਰੁੱਤ ਵਿਚ ਰੇਤੇ ਵਿਚ ਵੀ ਹੜ੍ਹ ਵਗਾ ਦਿੰਦਾ ਹੈ। ਮਟਾਲਾ ਬੰਨ੍ਹ ਦਰਿਆ ਦਾ ਪੱਧਰ ਲਗਭਗ 8 ਮੀ. ਉੱਚਾ ਕਰ ਦਿੰਦਾ ਹੈ। ਇਸ ਤੋਂ ਅੱਗੇ ਦਰਿਆ ਪੱਛਮ ਵਲ ਨੂੰ ਮੁੜਦਾ ਹੈ ਅਤੇ ਕਈ ਝਰਨਿਆਂ ਰਾਹੀਂ ਵਹਿੰਦਾ ਹੋਇਆ ਰੂਆਕਾਨਾ ਆਬਸ਼ਾਰਾਂ ਵਾਲੇ ਸਥਾਨ ਤੇ ਲਗਭਗ 70 ਮੀ. ਦੀ ਉਚਾਈ ਤੋਂ ਥੱਲੇ ਡਿਗਦਾ ਹੈ। ਇਸ ਥਾਂ ਤੋਂ ਇਹ ਦਰਿਆ ਅੰਗੋਲਾ ਅਤੇ ਦੱਖਣੀ ਪੱਛਮੀ ਅਫਰੀਕਾ ਵਿਚਕਾਰ ਸਰਹੱਦ ਬਣਾਉਂਦਾ ਹੈ ਅਤੇ ਇਥੋਂ ਲਗਭਗ 80 ਕਿ. ਮੀ. ਪੱਛਮ ਵਲ ਇਹ ਦਰਿਆ ਜ਼ੈਬਰਾ ਅਤੇ ਬੇਨੀਜ਼ ਪਹਾੜੀਆਂ ਦੇ ਵਿਚੋਂ ਦੀ ਆਪਣੀ ਡੂੰਘੀ ਘਾਟੀ ਵਿਚ ਜਾ ਦਾਖ਼ਲ ਹੁੰਦਾ ਹੈ। ਬੇਨੀਜ਼ ਦੀ ਡੂੰਘੀ ਘਾਟੀ ਵਿਚੋਂ ਨਿਕਲ ਕੇ ਇਹ ਨਾਮੀਬ ਰੇਗਿਸਤਾਨ ਵਿਚ ਜਾ ਦਾਖ਼ਲ ਹੁੰਦਾ ਹੈ। ਇਥੇ ਆਮ ਕਰਕੇ ਇਸ ਦਰਿਆ ਦਾ ਆਕਾਰ ਛੋਟਾ ਜਿਹਾ ਰਹਿ ਜਾਂਦਾ ਹੈ। ਇਸ ਦਾ ਮੁਹਾਣਾ ਪਿਛਲੇ ਪਾਣੀ ਦੀ ਝੀਲ ਵਾਲਾ ਹੋਣ ਕਰ ਕੇ ਖੁਸ਼ਕ ਮੌਸਮ ਵਿਚ ਰੇਤ-ਭਿੱਤੀ ਨਾਲ ਬੰਦ ਹੋ ਜਾਂਦਾ ਹੈ।

17° 20′ ਦ. ਵਿਥ. ; 11° 50′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 241

**ਕੂਪਰ, ਲਿਓਨ ਐੱਨ :** ਸੰਯੁਕਤ ਰਾਜ ਅਮਰੀਕਾ ਦਾ ਇਹ ਭੌਤਿਕ-ਵਿਗਿਆਨੀ ਜਾਨ ਬਾਰਡੀਨ ਅਤੇ ਜਾਨ ਰਾਬਰਟ ਸ਼ਰਾਈਫ਼ਰ ਦੇ ਨਾਲ ਭੌਤਿਕ-ਵਿਗਿਆਨ ਦੇ ਖੇਤਰ ਵਿਚ 1972 ਦਾ ਨੋਬਲ ਪੁਰਸਕਾਰ ਵਿਜੇਤਾ ਹੈ। ਅਤਿ-ਚਾਲਕਤਾ ਦੇ ਬਾਰਡੀਨ-ਕੂਪਰ-ਸ਼ਰਾਈਫ਼ਰ (BCS) ਸਿੱਧਾਂਤ—ਜਿਸ ਅਨੁਸਾਰ ਧਾਤੂਆਂ ਵਿਚ ਇਲੈੱਕਟ੍ਰਾਨਾਂ ਦੀ ਗਤੀ ਕਾਰਨ ਬੰਧਕ ਊਰਜਾ ਘਟਦੀ ਹੈ—ਦੇ ਵਿਕਾਸ ਕਾਰਨ ਇਹ ਪੁਰਸਕਾਰ ਦਿਤਾ ਗਿਆ। ਕੂਪਰ-ਇਲੈੱਕਟ੍ਰਾਨ ਜੋੜਿਆਂ ਦੀ ਧਾਰਨਾ ਦਾ ਨਾਂ ਇਸ ਪਿਛੋਂ ਹੀ ਰੱਖਿਆ ਗਿਆ ਸੀ।

ਹ. ਪੁ.—ਐਨ. ਬ੍ਰਿ. ਮਾ. 3 : 128

**ਕੂਪਰ, ਵਿਲੀਅਮ :** ਇਹ ਆਪਣੇ ਸਮੇਂ ਦਾ ਮਹਾਨ ਅੰਗਰੇਜ਼ ਕਵੀ ਸੀ। ਅੱਜ ਵੀ ਇਸ ਦੇ ਗੀਤ ਅੰਗਰੇਜ਼ੀ ਦੁਨੀਆ ਵਿਚ ਗਾਏ ਜਾਂਦੇ ਹਨ। ਇਸ ਨੇ ਕੁਦਰਤ ਦੀ ਕਵਿਤਾ ਨੂੰ ਨਵੀਂ ਸੇਧ ਦਿਤੀ। ਇਸ ਪ੍ਰਸਿੱਧ ਅੰਗਰੇਜ਼ ਕਵੀ ਦਾ ਜਨਮ ਹਾਰਫਰਡਸ਼ਿਰ ਵਿਚ ਗ੍ਰੇਟ ਬਰਕੈਮਸਟੈਡ ਵਿਖੇ 26 ਨਵੰਬਰ, 1731 ਨੂੰ ਹੋਇਆ। ਇਸ ਦੀ ਮਾਂ ਦੀ ਮੌਤ ਪਿੱਛੋਂ ਜਦੋਂ ਇਹ 6 ਸਾਲ ਦਾ ਸੀ, ਇਸ ਨੂੰ ਪਿੰਡ ਦੇ ਨੇੜੇ ਦੇ ਇਕ ਬੋਰਡਿੰਗ ਸਕੂਲ ਵਿਚ ਪੜ੍ਹਨ ਪਾ ਦਿਤਾ

ਗਿਆ। ਬਾਅਦ ਵਿਚ ਇਸ ਨੂੰ ਲੰਡਨ ਦੇ ਵੈਸਟਮਿਨਸਟਰ ਸਕੂਲ ਵਿਚ ਪੜ੍ਹਨ ਭੇਜਿਆ ਗਿਆ। ਜਿਥੇ ਇਹ ਬਹੁਤ ਖੁਸ਼ ਸੀ। ਸੰਨ



ਵਿਲੀਅਨ ਕੂਪਰ

1748 ਵਿਚ ਇਸ ਨੇ ਵੈਸਟਮਿਨਸਟਰ ਛੱਡ ਦਿਤਾ ਅਤੇ ਫਿਰ ਕਾਨੂੰਨ ਦੀ ਵਿਦਿਆ ਪ੍ਰਾਪਤ ਕੀਤੀ। ਸੰਨ 1754 ਵਿਚ ਇਸ ਨੇ ਵਕਾਲਤ ਸ਼ੁਰੂ ਕੀਤੀ ਪ੍ਰੰਤੂ ਇਹ ਕੰਮ ਇਸ ਨੂੰ ਰਾਸ ਨਹੀਂ ਆਇਆ। ਸੰਨ 1756 ਵਿਚ ਇਸ ਦੇ ਪਿਤਾ ਦੀ ਮੌਤ ਹੋ ਗਈ। ਇਸ ਦੇ ਪਰਵਾਰ ਨੇ ਆਪਣੇ ਅਸਰ ਰਸੂਖ ਨਾਲ ਇਸ ਲਈ ਹਾਊਸ ਆਫ਼ ਲਾਰਡਜ਼ ਵਿਚ ਦੋ ਪ੍ਰਬੰਧਕੀ ਆਸਾਮੀਆਂ ਹਾਸਲ ਕਰ ਲਈਆਂ। ਪ੍ਰੰਤੂ ਇਨ੍ਹਾਂ ਆਸਾਮੀਆਂ ਲਈ ਪ੍ਰੀਖਿਆ ਰੱਖੀ ਹੋਣ ਕਰ ਕੇ ਇਸ ਨੂੰ ਬੜਾ ਸਦਮਾ ਹੋਇਆ। ਇਸੇ ਕਰ ਕੇ ਆਤਮ-ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ। 18 ਮਹੀਨੇ ਦੇ ਲਈ ਇਸ ਨੂੰ ਇਕ ਪਾਗਲਖ਼ਾਨੇ ਦੇ ਵਿਚ ਰੱਖਿਆ ਗਿਆ।

ਸੰਨ 1765 ਵਿਚ ਇਹ ਹੰਟਿਂਗਡਨ ਵਿਖੇ ਅਨਵਿਨ ਪਰਵਾਰ ਨਾਲ ਰਹਿਣ ਲੱਗਾ। 1767 ਵਿਚ ਮੌਰਲੀ ਅਨਵਿਨ ਦੀ ਮੌਤ ਪਿੱਛੋਂ ਇਸ ਦਾ ਮੇਲ ਇਕ ਧਾਰਮਿਕ ਸ਼ਖਸੀਅਤ ਨਿਊਟਨ ਨਾਲ ਹੋਇਆ। ਨਿਊਟਨ ਨੇ ਇਸ ਦਾ ਧਿਆਨ ਉਦਾਸੀ ਵਲੋਂ ਹਟਾਉਣ ਲਈ ਇਸ ਨੂੰ 'ਰਲ ਕੇ ਕਵਿਤਾ ਦੀ ਧਾਰਮਿਕ ਪੁਸਤਕ' ਲਿਖਣ ਲਈ ਪ੍ਰੇਰਿਆ। ਇਹ ਪੁਸਤਕ 1779 ਵਿਚ ਛਪੀ। ਫਿਰ ਇਸ ਨੇ 6 ਪ੍ਰਸਿੱਧ ਵਿਅੰਗ ਲਿਖੇ। ਇਸ ਦੀਆਂ ਕੁਝ ਕਵਿਤਾਵਾਂ ਬਹੁਤ ਪ੍ਰਸਿੱਧ ਹਨ। ਇਸ ਮਹਾਨ ਅੰਗਰੇਜ਼ ਕਵੀ ਦੀ ਮੌਤ 25 ਅਪ੍ਰੈਲ, 1800 ਨੂੰ ਹੋਈ।

ਹ. ਪੁ.—ਐਨ. ਬ੍ਰਿ. 6 : 683

**ਕੂਫਾ :** ਇਰਾਕ ਦਾ ਮੱਧਕਾਲੀ ਸ਼ਹਿਰ ਸੀ ਜੋ 8ਵੀਂ ਤੋਂ 10ਵੀਂ ਸਦੀ ਤਕ ਅਰਬ ਦਾ ਸਭਿਅਕ ਅਤੇ ਵਿਦਿਅਕ ਕੇਂਦਰ ਰਿਹਾ। ਹ ਸ਼ਹਿਰ ਅਨ-ਨਜਫ ਤੋਂ 11 ਕਿ. ਮੀ. ਉੱਤਰ-ਪੂਰਬ ਵੱਲ ਰਾਤ ਦਰਿਆ ਦੀ ਹਿੰਦੀਯਾਹ ਸ਼ਾਖਾ ਉਪਰ ਵਾਕਿਆ ਸੀ ਜਿਸ ਦੀ ਂਹ 638 ਵਿਚ ਦੂਜੇ ਖਲੀਫੇ ਉਮਰ ਪਹਿਲੇ ਨੇ ਇਕ ਕਿਲਾਬੰਦ ਹਿਰ ਦੇ ਤੌਰ ਤੇ ਰੱਖੀ ਸੀ। ਇਸ ਸ਼ਹਿਰ ਵਿਚ ਜ਼ਿਆਦਾ ਕਰਕੇ ਖਣੀ ਅਰਬੀ ਤੇ ਈਰਾਨੀ ਲੋਕ ਰਹਿੰਦੇ ਸਨ ਅਤੇ ਇਹ ਇਰਾਕ ਦੇ ਵਰਨਰ ਦਾ ਸਦਰ-ਮੁਕਾਮ ਹੁੰਦਾ ਸੀ। ਸੰਨ 655 ਵਿਚ ਇਥੋਂ ਦੇ ਸਲਮਾਨਾਂ ਨੇ ਖਲੀਫਾ ਉਥਮਾਨ ਦੇ ਵਿਰੁੱਧ ਮੁਹੰਮਦ ਸਾਹਿਬ ਦੇ ਚਚੇਰੇ ਈ ਅਤੇ ਜੁਆਈ ਅਲੀ ਇਬਨ ਅਬੀ ਤਾਲਿਬ ਦੀ ਹਮਾਇਤ ਕੀਤੀ। ਇਸ ਉਪਰੰਤ ਕੂਫਾ ਅਲੀ ਦੀ ਰਾਜਧਾਨੀ (ਲਗਭਗ 665-61 ਈ.) ਰਿਹਾ। ਉਮੱਈਆ ਰਾਜ ਦੇ ਦੌਰਾਨ ਕੂਫਾ ਬੇਚੈਨੀ ਦਾ ਰਨ ਬਣਿਆ ਰਿਹਾ। ਸੰਨ 749 ਵਿਚ ਅੱਬਾਸੀਆਂ ਨੇ ਇਸ ਤੇ ਜ਼ਾ ਕਰ ਲਿਆ ਅਤੇ ਬਗ਼ਦਾਦ ਦੀ ਸਥਾਪਨਾ ਤਕ ਇਹ ਉਨ੍ਹਾਂ ਦੀ ਰਾਜਧਾਨੀ ਰਿਹਾ। 924-925, 927 ਅਤੇ 937 ਵਿਚ ਇਸ ਨੂੰ ਕਰਮਾਸ਼ੀਆਂ ਨੇ ਤਬਾਹ ਕਰ ਦਿੱਤਾ। ਫਿਰ ਇਹ ਸ਼ਹਿਰ ਢਹਿੰਦੀਆਂ ਕਲਾਂ ਵੱਲ ਤੁਰ ਪਿਆ ਅਤੇ 14ਵੀਂ ਸਦੀ ਤਕ ਇਹ ਲਗਭਗ ਮਾਰੂਥਲ ਬਣ ਗਿਆ।

ਦੂਜੀ ਤੇ ਤੀਜੀ ਮੁਸਲਮ ਸਦੀ ਦੌਰਾਨ ਇਹ ਚੜ੍ਹਦੀਆਂ ਕਲਾਂ ਵਿਚ ਸੀ। ਉਸ ਸਮੇਂ ਇਹ ਅਰਬੀ ਗਰਾਮਰ, ਫਿਲਾਲੋਜੀ, ਸਾਹਿਤਕ ਆਲੋਚਨਾ ਅਤੇ ਸਾਹਿਤਕ ਲਿਖਤਾਂ ਅਤੇ ਅਧਿਐਨ ਦਾ ਕੇਂਦਰ ਸੀ।

ਹ. ਪੁ.—ਐਨ. ਬ੍ਰਿ. ਮਾ. 5 : 933

**ਕੂਬਾ :** ਜ਼ੇਅਰ (ਕਾਂਗੋ) ਵਿਚ ਲਗਭਗ 16 ਛੋਟੇ-ਛੋਟੇ ਨਸਲੀ ਗਰੁੱਪਾਂ ਦਾ ਇਕ ਸਮੂਹ ਹੈ ਜੋ ਕਾਸਾਈ ਤੇ ਸੰਕੂਰੂ ਦਰਿਆਵਾਂ ਵਿਚਕਾਰ ਰਹਿੰਦਾ ਹੈ ਅਤੇ ਨਾਈਜਰ-ਕਾਂਗੋ ਪਰਿਵਾਰ ਦੀਆਂ ਬੈਨੂ-ਕਾਂਗੋ ਭਾਸ਼ਾਵਾਂ ਬੋਲਦਾ ਹੈ। 1970 ਵਿਚ ਇਨ੍ਹਾਂ ਦੀ ਗਿਣਤੀ ਲਗਭਗ 75,000 ਸੀ।

ਜਵਾਰ, ਬਾਜਰਾ, ਮੂੰਗਫਲੀ ਅਤੇ ਫਲੀਆਂ ਆਦਿ ਖੁਰਾਕਦਾਰ ਫਸਲਾਂ ਦੀ ਕਾਸ਼ਤ ਕਰਦੇ ਹਨ। ਖਜੂਰ ਤੇ ਮੱਕੀ ਇਨ੍ਹਾਂ ਦੀਆਂ ਮਾਇਕ ਫਸਲਾਂ ਹਨ ਜੋ ਕਿ ਕਟਾਂਗਾ ਨੂੰ ਭੇਜੀਆਂ ਜਾਂਦੀਆਂ ਹਨ। ਸ਼ਿਕਾਰ ਕਰਨਾ ਤੇ ਮੱਛੀਆਂ ਫੜਨਾ ਵੀ ਇਨ੍ਹਾਂ ਦੇ ਧੰਦੇ ਹਨ। ਮਾਡਰਨ ਜੀਨ ਤੋਂ ਇਹ ਆਪਣੇ ਆਪ ਨੂੰ ਪਰੇ ਰੱਖਦੇ ਹਨ, ਬਹੁਤ ਘੱਟ ਲੋਕ ਹਨ ਜੋ ਯੂਰਪੀਨ ਤਰੀਕੇ ਨਾਲ ਰਹਿੰਦੇ ਹਨ। ਕਬੀਲੇ ਅਗੋਂ ਖ਼ਾਨਦਾਨੀ ਨੂਲਾਂ ਤੇ ਫਿਰਕਿਆਂ ਵਿਚ ਵੰਡੇ ਹੋਏ ਹਨ। ਇਨ੍ਹਾਂ ਫਿਰਕਿਆਂ ਦੇ ਸਮਾਜਕ ਕਾਰਜ ਸਿਆਸੀ ਹਦਾਇਤਾਂ ਅਨੁਸਾਰ ਹੁੰਦੇ ਹਨ। ਕੂਬਾ ਦਾ ਆਪਣਾ ਵੱਖਰਾ ਰਾਜ ਹੈ ਜਿਸ ਤੇ ਬੁਸ਼ੌਂਗੋ ਕਬੀਲਾ ਰਾਜ ਕਰਦਾ ਹੈ ਜੋ ਲਗਭਗ ਸੰਨ 1600 ਵਿਚ ਹੋਂਦ ਵਿਚ ਆਇਆ ਸੀ। ਰਾਜ ਵਿਚ ਵੱਖ ਵੱਖ ਮੁਖੀਏ ਹਨ। ਇਨ੍ਹਾਂ ਦੇ ਧਰਮ ਵਿਚ ਬੁੱਤ ਪ੍ਰਸਤੀ ਤੇ ਜਾਦੂ-ਟੂਣੇ ਆਮ ਪ੍ਰਚਲਤ ਹਨ। ਇਨ੍ਹਾਂ ਦੀਆਂ ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਬੜੀਆਂ ਸ਼ਿੰਗਾਰੀਆਂ ਹੋਈਆਂ ਹੁੰਦੀਆਂ ਹਨ।

ਹ. ਪੁ.—ਐਨ. ਬ੍ਰਿ. ਮਾ. 5 : 929

**ਕੂਬੂ :** ਇਹ ਅਰਬ-ਖ਼ਾਨਾ-ਬਦੋਸ਼ ਲੋਕਾਂ ਦਾ ਇਕ ਛੋਟਾ ਜਿਹਾ ਗਰੁੱਪ ਹੈ। ਇਸ ਗਰੁੱਪ ਦੇ ਲੋਕ ਉੱਤਰ-ਪੂਰਬੀ ਸੁਮਾਟਰਾ ਦੇ ਜਲ-ਮਾਰਗਾਂ ਦੇ ਨੇੜੇ ਦੇ ਦਲਦਲੀ ਖੇਤਰਾਂ ਵਿਚ ਰਹਿੰਦੇ ਹਨ। ਇਹ ਇਕ ਪ੍ਰਾਚੀਨ ਵੈਡਾਇਡ ਨਸਲ ਅਤੇ ਨੈਗ੍ਰੀਟੋ ਦਾ ਮਿਲਗੋਭਾ ਪ੍ਰਤੀਤ ਹੁੰਦੇ ਹਨ। ਇਨ੍ਹਾਂ ਲੋਕਾਂ ਵਿਚੋਂ ਥੋੜ੍ਹੇ ਜਿਹੇ ਤਾਂ ਬਿਲਕੁਲ ਹੀ ਨੀਗਰੋ ਹਨ ਜਦੋਂ ਕਿ ਦੂਜਿਆਂ ਦੇ ਲੰਬੇ ਤੇ ਛੋਟੇ ਛੋਟੇ ਸਿਰ ਹੁੰਦੇ ਹਨ ਅਤੇ ਬੌਣਿਆਂ ਨਾਲੋਂ ਇਨ੍ਹਾਂ ਦਾ ਰੰਗ ਵੀ ਥੋੜ੍ਹਾ ਜਿਹਾ ਹਲਕਾ ਹੁੰਦਾ ਹੈ। ਇਨ੍ਹਾਂ ਦੇ ਵਾਲ ਘੁੰਗਰਾਲੇ ਹੁੰਦੇ ਹਨ।

ਇਨ੍ਹਾਂ ਦੇ ਗੁਆਂਢੀਆਂ ਨਾਲ ਸਬੰਧ ਮੁੱਖ ਤੌਰ ਤੇ ਵਸਤ-ਵਟਾਂਦਰਾ ਕਰਕੇ ਹੀ ਪੈਦਾ ਹੋਏ ਸਨ। ਦੂਜੇ ਵਿਸ਼ਵ ਯੁੱਧ ਤੋਂ ਥੋੜ੍ਹਾ ਚਿਰ ਪਹਿਲਾਂ ਡੱਚਾਂ ਨੇ ਇਨ੍ਹਾਂ ਲੋਕਾਂ ਦੇ ਥੋੜ੍ਹੇ ਜਿਹੇ ਹਿੱਸੇ ਨੂੰ ਮਾਲੇ ਦੇ ਨੇੜੇ ਦੇ ਪਿੰਡਾਂ ਵਲ ਨੂੰ ਧੱਕ ਦਿਤਾ ਅਤੇ ਉਥੇ ਉਨ੍ਹਾਂ ਤੋਂ ਖੇਤੀ ਕਰਵਾਉਣੀ ਆਰੰਭ ਕਰ ਦਿੱਤੀ ਪਰ ਇਹ ਬਸਤੀਆਂ ਕਈ ਵਾਰ ਉਜਾੜ ਦਿੱਤੀਆਂ ਗਈਆਂ। ਪਰ ਇਸ ਤਰ੍ਹਾਂ ਦੇ ਸੰਪਰਕ ਅਤੇ ਇਨ੍ਹਾਂ ਦੇ ਇਲਾਕੇ ਵਿਚ ਤੇਲ ਦੀ ਖੋਜ ਨਾਲ ਪੈਦਾ ਹੋਏ ਮੇਲ-ਮਿਲਾਪ ਕਾਰਨ ਇਹ ਲੋਕ ਗਹਿਮਾ-ਗਹਿਮੀ ਜੀਵਨ ਬਤੀਤ ਕਰਨ ਲਗ ਪਏ।

ਇਨ੍ਹਾਂ ਦੀਆਂ ਬਸਤੀਆਂ ਵਿਚ 20 ਤੋਂ 30 ਤੀਕ ਵਿਅਕਤੀ ਹੁੰਦੇ ਹਨ ਜਿਹੜੇ ਬਾਂਸਾਂ ਅਤੇ ਪੱਤਿਆਂ ਦੇ ਬਣੇ ਹੋਏ ਮਕਾਨਾਂ ਵਿਚ ਰਹਿੰਦੇ ਹਨ। ਉਮਰ ਵਿਚ ਸਭ ਤੋਂ ਵੱਡਾ ਆਦਮੀ ਇਨ੍ਹਾਂ ਦਾ ਮੁਖੀਆ ਹੁੰਦਾ ਹੈ ਅਤੇ ਉਸ ਕੋਲ ਥੋੜ੍ਹੇ ਜਿਹੇ ਅਖਤਿਆਰ ਵੀ ਹੁੰਦੇ ਹਨ। ਲਿੰਗ-ਸਬੰਧਾਂ ਸਬੰਧੀ ਨਿਯਮ ਨਰਮ ਹਨ ਅਤੇ ਇਨ੍ਹਾਂ ਵਿਚ ਤਲਾਕ ਆਮ ਪ੍ਰਚਲਤ ਹੈ। ਜੰਗਲਾਂ ਤੋਂ ਪ੍ਰਾਪਤ ਹੋਈ ਉਪਜ ਅਤੇ ਥੋੜ੍ਹਾ ਬਹੁਤਾ ਸ਼ਿਕਾਰ ਕਰਕੇ ਇਹ ਗੁਜ਼ਾਰਾ ਕਰਦੇ ਹਨ। ਕਿਤੇ ਕਿਤੇ ਕੁੱਤੇ ਜਾਂ ਚੂਚੇ

ਇਨ੍ਹਾਂ ਦੇ ਸਥਾਨਕ ਪਸ਼ੂਆਂ ਵਜੋਂ ਮਿਲਦੇ ਹਨ । ਸਿਨਕੋਨੇ ਦੀ ਛਿਲ ਦਾ ਬਣਿਆ ਲੰਗੋਟਾ ਅਤੇ ਉਲਝੇ ਹੋਏ ਵਾਲਾਂ ਨੂੰ ਪਿਛੇ ਰੱਖਣ ਵਾਲੀ ਸ਼ਿੰਗਾਰ ਪੱਟੀ ਇਨ੍ਹਾਂ ਦਾ ਪਹਿਰਾਵਾ ਹਨ । ਕੁਝ ਲੋਕ ਕਦੇ ਕਦਾਈਂ ਹੀ ਨਹਾਉਂਦੇ ਹਨ ਅਤੇ ਇਹ ਚਮੜੀ ਰੋਗਾਂ ਦਾ ਆਮ ਸ਼ਿਕਾਰ ਹੋਏ ਹੁੰਦੇ ਹਨ । ਇਨ੍ਹਾਂ ਦੇ ਬੱਚੇ ਨੰਗੇ ਹੀ ਟੁਰੇ ਫਿਰਦੇ ਹਨ ।

ਇਹੋ ਲੋਕ ਰੂਹਾਂ ਨੂੰ ਭੇਟਾ ਚੜ੍ਹਾਉਂਦੇ ਹਨ । ਇਸ ਤੋਂ ਇਲਾਵਾ ਇਨ੍ਹਾਂ ਦੇ ਧਰਮ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ।

ਹ. ਪੁ.—ਐਨ. ਬ੍ਰਿ. 13 : 503

**ਕੂਬੈਨ ਦਰਿਆ :** ਦੱਖਣੀ ਰੂਸ ਦਾ ਇਹ ਦਰਿਆ ਕਾਕੇਸ਼ਸ ਪਰਬਤ ਦੀ ਸਭ ਤੋਂ ਉੱਚੀ ਚੋਟੀ ਐਲਬਰੂਸ ਤੋਂ ਨਿਕਲ ਕੇ ਉੱਤਰ ਅਤੇ ਪੱਛਮ-ਉੱਤਰ ਦੀ ਦਿਸ਼ਾ ਵਿਚ ਵਗਦਾ ਹੈ । ਡੈਲਟਾ ਖੇਤਰ ਵਿਚ ਇਸ ਦੀਆਂ ਕਈ ਸ਼ਾਖਾਵਾਂ ਹੋ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਦੋ ਅਜ਼ੋਵ ਸਾਗਰ ਅਤੇ ਕਾਲੇ ਸਾਗਰ ਵਿਚ ਡਿਗਦੀਆਂ ਹਨ । ਇਸ ਦੀ ਲੰਬਾਈ ਲਗਭਗ 906 ਕਿ. ਮੀ. ਹੈ ਅਤੇ ਇਹ 61,000 ਵ. ਕਿ. ਮੀ. ਇਲਾਕੇ ਦਾ ਜਲ-ਨਿਕਾਸ ਕਰਦਾ ਹੈ । ਦਰਿਆ ਦੇ ਪਹਾੜੀ ਹਿੱਸੇ ਵਿਚ ਜ਼ਿਆਦਾ ਆਬਸ਼ਾਰਾਂ ਹੋਣ ਕਾਰਨ ਇਹ ਪਣ-ਬਿਜਲੀ ਦੇ ਉਤਪਾਦਨ ਲਈ ਬਹੁਤ ਮਹੱਤਵਪੂਰਨ ਹੈ । ਪੱਧਰੇ ਮੈਦਾਨਾਂ ਵਿਚ ਕੂਬੈਨ ਰਸਤਾ ਬਦਲ ਲੈਂਦਾ ਹੈ । ਮੁਹਾਣੇ ਤੋਂ 120 ਕਿ. ਮੀ. ਦੀ ਦੂਰੀ ਤਕ ਜਹਾਜ਼ ਆ ਜਾ ਸਕਦੇ ਹਨ । ਡੈਲਟਾ ਇਲਾਕਾ ਦਲਦਲੀ ਹੋਣ ਕਰਕੇ ਮਲੇਰੀਆ ਗ੍ਰਸਥ ਹੈ । ਦਸੰਬਰ ਤੋਂ ਫਰਵਰੀ ਤਕ ਇਸ ਦਾ ਪਾਣੀ ਜੰਮਿਆ ਰਹਿੰਦਾ ਹੈ । ਸਾਲ ਵਿਚ ਤਿੰਨ ਵਾਰ ਦਰਿਆ ਵਿਚ ਹੜ੍ਹ ਆਉਂਦਾ ਹੈ । ਹੜ੍ਹਾਂ ਨਾਲ ਟਮਨ ਦੇ ਇਲਾਕੇ ਨੂੰ ਕਾਫ਼ੀ ਨੁਕਸਾਨ ਪਹੁੰਚਦਾ ਹੈ । ਕਰਾਸਨੋਡਾਰ ਤੇ ਚਰਕੇਸਕ ਇਸ ਦਰਿਆ ਦੇ ਕੰਢੇ ਦੋ ਪ੍ਰਮੁੱਖ ਸ਼ਹਿਰ ਹਨ ।

45° 20′ ਉ. ਵਿਥ.; 37° 30′ ਪੂ. ਲੰਬ.

ਹ. ਪੁ.—ਹਿੰ. ਵਿ. ਕੋ. 3 : 97

**ਕੁੰਭਲਗੜ੍ਹ :** ਭਾਰਤ ਦੇ ਰਾਜਸਥਾਨ ਰਾਜ ਵਿਚ ਉਦੈਪੁਰ ਸ਼ਹਿਰ ਤੋਂ ਉੱਤਰ ਵਲ ਲਗਭਗ 60 ਕਿ. ਮੀ. ਦੀ ਦੂਰੀ ਤੇ ਸਥਿਤ ਇਕ ਗੜ੍ਹੀ ਹੈ ਜੋ 1190 ਮੀ. ਉੱਚੇ ਇਕ ਚੱਟਾਨੀ ਪਹਾੜ ਤੇ ਬਣੀ ਹੋਈ ਹੈ । ਇਥੋਂ ਅਰਾਵਲੀ ਪਰਬਤ ਦੇ ਜੰਗਲਾਂ ਅਤੇ ਮਾਰਵਾੜ ਦੇ ਰੇਤਲੇ ਥਲਾਂ ਦੇ ਨਜ਼ਾਰੇ ਬਹੁਤ ਸੋਹਣੇ ਨਜ਼ਰ ਆਉਂਦੇ ਹਨ । ਇਸ ਦੀ ਹਿਫ਼ਾਜ਼ਤ ਲਈ ਦੁਆਲੇ ਕਈ ਮੋਰਚੇਦਾਰ ਕੰਧਾਂ ਬਣਾਈਆਂ ਹੋਈਆਂ ਹਨ । ਗੜ੍ਹੀ ਵਿਚ ਕਈ ਗੁੰਬਦਦਾਰ ਇਮਾਰਤਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਤੀਕ ਜਾਣ ਲਈ ਵਿੰਗ-ਵਲੇਵਿਆਂ ਵਾਲੇ ਰਾਹ ਉਤੇ ਕਈ ਦਰਵਾਜ਼ੇ ਲਾਏ ਹੋਏ ਹਨ । ਇਨ੍ਹਾਂ ਵਿਚੋਂ ਮੁੱਖ ਇਮਾਰਤ 'ਬਾਦਲ ਮਹੱਲ' ਹੈ ਜੋ ਬਾਕੀ ਸਾਰੀਆਂ ਇਮਾਰਤਾਂ ਨਾਲੋਂ ਉੱਚੀ ਹੈ । ਗੜ੍ਹੀ ਦਾ ਨਾਂ ਰਾਣਾ ਕੁੰਭਾ ਦੇ ਨਾਂ ਤੇ ਹੈ ਜਿਸ ਨੇ 1443 ਤੇ 1458 ਦੇ ਵਿਚਕਾਰ ਇਸ ਨੂੰ ਬਣਵਾਇਆ ਸੀ । ਇਸ ਤੋਂ ਪਹਿਲਾਂ ਇਸੇ ਥਾਂ ਤੇ ਦੂਸਰੀ ਈ. ਪੂ. ਦੇ ਇਕ ਜੈਨ ਰਾਜੇ ਸਾਂਪਰਤੀ ਦਾ ਮਹੱਲ ਸੀ । ਸੰਨ 1576 ਵਿਚ ਇਸ ਉਤੇ ਅਕਬਰ ਦੇ ਜਰਨੈਲ ਸ਼ਾਹਬਾਜ਼ ਖ਼ਾਨ ਨੇ ਕਬਜ਼ਾ ਕਰ ਲਿਆ ਪਰ ਬਾਅਦ ਵਿਚ ਮਰਹੱਟਿਆਂ ਦੀ ਗੜਬੜ ਦੌਰਾਨ ਇਹ ਫਿਰ ਤੋਂ ਮਹਾਰਾਣੀ ਦੇ ਹੱਥ ਵਿਚ ਆ ਗਿਆ ।

ਹ. ਪੁ.—ਇੰਪ. ਗ. ਇੰਡ. 16 : 21

**ਕੂਮ-ਏ-ਮਾਈਲ :** ਡਰੇਫੱਸ ਮਾਮਲੇ ਦੇ ਤੁਰੰਤ ਪਿਛੋਂ ਚਰਚ ਅਤੇ ਰਾਜ ਦੀ ਅਲਹਿਦਗੀ ਦੀ ਪ੍ਰਧਾਨਗੀ ਕਰਨ ਵਾਲੇ ਫਰਾਂਸ ਦੇ ਇਸ ਪ੍ਰਸਿੱਧ ਪ੍ਰਧਾਨ ਮੰਤਰੀ ਦਾ ਜਨਮ 6 ਸਤੰਬਰ, 1835 ਨੂੰ ਰਾਕਕਰਬ (**Roquecourbe**) ਵਿਖੇ ਹੋਇਆ । ਜਵਾਨੀ ਵਿਚ ਇਹ ਰੋਮਨ-ਕੈਥੋਲਿਕ ਪਾਦਰੀਆਂ ਦੇ ਸਕੂਲ ਦਾ ਵਿਦਿਆਰਥੀ ਸੀ । ਸੰਨ 1885 ਵਿਚ ਇਹ ਸੈਨੇਟ ਲਈ ਚੁਣਿਆ ਗਿਆ ।

ਸੰਨ 1895 ਵਿਚ ਇਹ ਲੇਆਨ ਬੁਰਜ਼ਵਾ ਸਰਕਾਰ ਵਿਚ ਵਿਦਿਆ ਮੰਤਰੀ ਬਣਿਆ । ਅਪ੍ਰੈਲ 1896 ਵਿਚ ਇਹ ਅਹੁਦਾ ਛੱਡ ਕੇ ਇਸ ਨੇ ਵਾਲਡੈਕ ਰੂਸੋ ਦੇ ਚਰਚ ਅਤੇ ਰਾਜ ਦੇ ਸਬੰਧੀ ਦਾ ਸਮਰਥਨ ਕੀਤਾ ।

ਵਾਲਡੈਕ ਰੂਸੋ ਤੋਂ ਬਾਅਦ ਇਹ ਪ੍ਰਧਾਨ ਮੰਤਰੀ ਬਣਿਆ । ਭਾਵੇਂ ਇਸ ਨੇ ਵੈਟੀਕਨ ਨਾਲ ਇਕ ਨਵੀਂ ਧਰਮ ਸੰਧੀ ਕਰਨ ਦਾ ਪ੍ਰਤੱਖ ਰੂਪ ਵਿਚ ਸਮਰਥਨ ਕੀਤਾ ਪਰ ਇਹ ਚਰਚ ਨੂੰ ਉਸ ਦੇ ਲੋਕ-ਹਿਤ ਸਬੰਧੀ ਕਾਰਜਾਂ ਦੇ ਮਹੱਤਵਪੂਰਨ ਪਹਿਲੂਆਂ ਵਿਸ਼ੇਸ਼ ਤੌਰ ਤੇ ਸਿੱਖਿਆ ਦੇ ਕੰਮਾਂ ਤੋਂ ਵਾਂਝਿਆ ਕਰਨ ਲਈ ਰਜ਼ਾਮੰਦ ਹੋ ਗਿਆ । ਇਨ੍ਹਾਂ ਫ਼ੈਸਲਿਆਂ ਦੇ ਨਾਲ ਫਰਾਂਸ ਅਤੇ ਹੋਲੀ ਸੀ ਵਿਚਕਾਰਲੇ ਅੰਤਰ ਰਾਜਨੀਤਿਕ ਸਬੰਧ ਵਿਗੜ ਗਏ ।

ਜਦੋਂ 'ਐਕਟ ਆਫ਼ ਸੇਪਰੇਸ਼ਨ' (ਦਸੰਬਰ 1905) ਨੂੰ ਰਸਮੀ ਤੌਰ ਤੇ ਅੰਗੀਕਾਰ ਕਰ ਲਿਆ ਸੀ ਤਾਂ ਕੂਮ ਪਹਿਲਾਂ ਹੀ ਤਾਕਤ ਦੀ ਕੁਰਸੀ ਤੋਂ ਲਹਿ ਚੁੱਕਾ ਸੀ । ਵਜ਼ਾਰਤ ਛੱਡਣ ਤੋਂ ਥੋੜ੍ਹਾ ਚਿਰ ਹੀ ਪਿਛੋਂ ਇਸ ਨੇ 'ਏ ਸੈਕਯੂਲਰ ਕੈਮਪੇਨ (1904)', 'ਏ ਸੈਕੰਡ ਸੈਕਯੂਲਰ ਕੈਮਪੇਨ (1905)' ਅਤੇ ਮੱਨ ਮਿਨਿਸਟਰ (1910) ਨਾਮੀ ਪੁਸਤਕਾਂ ਦੀ ਰਚਨਾ ਕੀਤੀ । ਗਣਤੰਤਰਵਾਦੀਆਂ ਵਲੋਂ ਸ਼ਲਾਘਾ ਕਾਰਨ ਅਕਤੂਬਰ 1915 ਵਿਚ ਇਸ ਨੂੰ ਬੇ-ਮਹਿਕਮਾ ਵਜ਼ੀਰ ਬਣਾ ਦਿਤਾ ਗਿਆ ।

ਇਸ ਦੀ ਮੌਤ 25 ਮਈ, 1921 ਨੂੰ ਪਾਨਜ਼ ਵਿਖੇ ਹੋਈ ।

ਹ. ਪੁ.—ਐਨ. ਬ੍ਰਿ. ਮਾ. 3 : 31

**ਕੁਮਾਸੀ :** ਘਾਨਾ (ਅਫ਼ਰੀਕਾ) ਦੇ ਅਸ਼ਾਂਤੀ ਖੇਤਰ ਦੀ ਰਾਜਧਾਨੀ ਤੇ ਸਭ ਤੋਂ ਵੱਡਾ ਸ਼ਹਿਰ ਹੈ ਜਿਹੜਾ ਸੰਘਣੇ ਜੰਗਲਾਂ ਨਾਲ ਢਕੀਆਂ ਪਹਾੜੀਆਂ ਉੱਤੇ 300 ਮੀ. ਦੀ ਉਚਾਈ ਤੇ ਵਸਿਆ ਹੋਇਆ ਹੈ । ਇਥੋਂ ਦਾ ਜਲਵਾਯੂ ਸਿੱਲ੍ਹਾ ਤੇ ਤਰ ਹੈ । ਅਸ਼ਾਂਤੀ ਦੇ ਸਤਾਰ੍ਹਵੀਂ ਸਦੀ ਦੇ ਇਕ ਬਾਦਸ਼ਾਹ ਓਸੀ ਟੂਟੂ ਨੇ ਆਪਣੀ ਰਾਜਧਾਨੀ ਬਣਾਉਣ ਲਈ ਇਸ ਨੂੰ ਚੁਣਿਆ ਸੀ ਅਤੇ ਕੂਮ ਨਾਂ ਦੇ ਦਰਖਤ ਦੇ ਹੇਠਾਂ ਜ਼ਮੀਨ ਪ੍ਰਾਪਤ ਕਰਨ ਸੰਬੰਧੀ ਗਲਬਾਤ ਕੀਤੀ ਸੀ । ਉਸ ਦਰਖਤ ਤੋਂ ਹੀ ਇਸ ਦਾ ਨਾਂ ਕੁਮਾਸੀ ਪੈ ਗਿਆ । ਉੱਤਰ-ਦੱਖਣੀ ਵਪਾਰਕ ਰਸਤਿਆਂ ਉੱਤੇ ਸਥਿਤ ਹੋਣ ਕਾਰਨ ਇਹ ਇਕ ਵੱਡਾ ਤਜਾਰਤੀ ਕੇਂਦਰ ਬਣ ਗਿਆ ।

ਸੰਨ 1874 ਵਿਚ ਅਸ਼ਾਂਤੀ ਰਾਜ ਦੇ ਅੰਤ ਤੋਂ ਬਾਅਦ ਬਰਤਾਨੀਆ ਨੇ ਕਈ ਨਵੇਂ ਵਪਾਰਕ ਰਸਤੇ ਖੋਲ੍ਹ ਦਿੱਤੇ । ਨਤੀਜੇ ਵਜੋਂ ਕੁਮਾਸੀ ਦਾ ਇਕ ਕਲੀਅਰਿੰਗ-ਹਾਊਸ ਵਜੋਂ ਬਹੁਤ ਪ੍ਰਭਾਵ ਘਟ ਗਿਆ । ਵੀਹਵੀਂ ਸਦੀ ਦੇ ਵਿਚ ਅੰਗਰੇਜ਼ਾਂ ਦੇ ਇਸ ਸ਼ਹਿਰ ਉੱਤੇ ਕਾਬਜ਼ ਹੋਣ ਦੇ ਨਾਲ ਹੀ ਇਹ ਮੁੜ ਇਕ ਮਹੱਤਵਪੂਰਨ ਸ਼ਹਿਰ ਬਣ ਗਿਆ । ਫਿਰ ਇਥੇ ਕੋਲੇ ਦੀ ਕਾਸ਼ਤ ਸ਼ੁਰੂ ਹੋ ਗਈ । ਸੈਕੋਂਡੀ ਤੋਂ ਰੇਲ-ਪਟੜੀ ਬਣ ਗਈ । ਤੇਜ਼ੀ ਨਾਲ ਵੱਧ ਰਹੀ ਆਬਾਦੀ ਕਾਰਨ ਦਲਦਲੀ ਜ਼ਮੀਨ ਦੇ ਜਲਨਿਕਾਸ, ਮਲ-ਮੂਤਰ ਦੇ ਨਿਪਟਾਰੇ ਅਤੇ ਆਧੁਨਿਕ ਸ਼ਹਿਰ ਦੀ ਯੋਜਨਾਬੰਦੀ ਦਾ ਵਿਸਥਾਰ ਹੋਇਆ । ਕੁਮਾਸੀ ਨੂੰ ਅਸ਼ਾਂਤੀ ਦੇ ਬਾਦਸ਼ਾਹਾਂ ਦੀ ਰਾਜਗੱਦੀ ਦੀ ਥਾਂ ਅਤੇ ਸ਼ਾਹੀ ਰਾਜ ਦੀ ਪਰਜਾ ਦੀ ਏਕਤਾ ਦੇ ਪ੍ਰਤੀਕ ਗੋਲਡਨ ਸਟੂਲ ਸਮਝਿਆ ਜਾਂਦਾ ਹੈ । ਪੱਛਮੀ ਅਫ਼ਰੀਕਾ ਬਾਗ਼ਾਂ ਵਾਲਾ ਸ਼ਹਿਰ ਤਜਾਰਤੀ, ਉਦਯੋਗਿਕ ਤੇ ਰਿਹਾਇਸ਼ੀ ਖੇਤਰਾਂ ਵਿਚ ਵੰਡਿਆ ਹੋਇਆ ਹੈ ।

ਸੰਨ 1897 ਵਿਚ ਬਣੇ ਬਰਤਾਨਵੀ ਕਿਲ੍ਹੇ ਦੇ 2 ਕਿ. ਮੀ. ਦੇ ਅਰਧ ਵਿਆਸ ਵਿਚ ਆਬਾਦੀ ਬਹੁਤ ਸੰਘਣੀ ਹੈ । ਕਿਲ੍ਹੇ ਵਿਚ ਅੱਜ ਕਲ੍ਹ ਘਾਨਾ ਦਾ ਫ਼ੌਜੀ ਅਜਾਇਬ ਘਰ ਮੌਜੂਦ ਹੈ । ਇਸ ਦੇ ਨੇੜੇ ਹੀ ਇਕ 'ਅਸ਼ਾਂਤੀ ਮਹੱਲ' ਹੈ ਜਿਸ ਨੂੰ ਸੰਨ 1874 ਵਿਚ ਬਰਤਾਨੀਆ ਨੇ ਤਬਾਹ ਕਰ ਦਿਤਾ ਸੀ ।

ਪੁਰਾਣੇ ਸ਼ਹਿਰ ਵਿਚ ਪੱਕੀਆਂ ਸੜਕਾਂ, ਪਾਰਕਾਂ, ਬਾਗ ਅਤੇ ਹਸਪਤਾਲ ਬਣਾ ਕੇ ਸ਼ਹਿਰ ਨੂੰ ਆਧੁਨਿਕ ਰੂਪ ਦੇ ਦਿਤਾ ਗਿਆ ਹੈ। ਸਕੂਲ, ਅਧਿਆਪਕ ਸਿਖਲਾਈ ਕਾਲਜਾਂ ਤੋਂ ਇਲਾਵਾ ਇਥੇ ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ ਅਤੇ ਕਵਾਦਸੋ ਐਗਰੀਕਲਚਰਲ ਸਟੇਸ਼ਨ ਵੀ ਹੈ। ਅਸ਼ਾਂਤੀ ਸਭਿਆਚਾਰ ਕੇਂਦਰ ਵਿਚ ਅਜਾਇਬ ਘਰ, ਚਿੜੀਆ ਘਰ ਤੇ ਇਕ ਇਲਾਕਾਈ ਲਾਇਬ੍ਰੇਰੀ ਹੈ।

ਘਾਨ੍ਹਾ ਦੀਆਂ ਮੁੱਖ ਸੜਕਾਂ ਦੇ ਜੰਕਸ਼ਨ ਤੇ ਸਥਿਤ ਹੋਣ ਕਰਕੇ ਇਸ ਨੂੰ ਆਵਾਜਾਈ ਤੋਂ ਅੰਦਰਲੇ ਭਾਗਾਂ ਦੀ ਕੋਕੋ ਦੀ ਖੇਤੀਬਾੜੀ ਤੋਂ ਕਾਫ਼ੀ ਆਮਦਨ ਹੁੰਦੀ ਹੈ। ਇਥੋਂ ਦੀ ਪੱਛਮੀ ਅਫਰੀਕਾ ਦੀਆਂ ਸਭ ਤੋਂ ਵੱਡੀਆਂ ਮਾਰਕੀਟਾਂ ਕੇਂਦਰੀ ਮਾਰਕੀਟ ਵਿਚੋਂ ਇਕ ਹੈ। ਘਰੇਲੂ ਦਸਤਕਾਰੀ ਦੇ ਪੱਖੋਂ ਇਹ ਇਕ ਮਹੱਤਵਪੂਰਨ ਸ਼ਹਿਰ ਹੈ।

ਆਬਾਦੀ—351,629 (1970)

6° 41′ ਉ. ਵਿਥ. ; 1° 37′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 939

**ਕੂਮਾਨਸ :** ਇਹ ਤੁਰਕੀ ਦੇ ਖਾਨਾ ਬਦੋਸ਼ ਹਨ ਜਿਨ੍ਹਾਂ ਨੇ ਮੰਗੋਲਾਂ ਦੇ ਹਮਲੇ (1237) ਤੀਕ ਕਿਚਪਾਕ ਕਨਫੈਡਰੇਸ਼ਨ ਦਾ ਦਾ ਪੱਛਮੀ ਭਾਗ ਮੱਲਿਆ ਹੋਇਆ ਸੀ। ਬਾਰ੍ਹਵੀਂ ਸਦੀ ਦੌਰਾਨ ਕੂਮਾਨਸ ਲੋਕਾਂ ਨੇ ਰੂਸੀ ਸ਼ਹਿਜ਼ਾਦਿਆਂ ਲਈ ਸਹਾਇਕ ਫ਼ੌਜੀਆਂ ਵਜੋਂ ਕੰਮ ਕੀਤਾ ਅਤੇ ਇਸੇ ਹੈਸੀਅਤ ਵਿਚ ਇਨ੍ਹਾਂ ਨੇ ਹੰਗਰੀ ਦੀਆਂ ਮੁਹਿੰਮੀ ਫੌਜਾਂ ਨਾਲ ਜਾ ਟੱਕਰ ਲਾਈ ਸੀ। ਪਰ ਤੇਰ੍ਹਵੀਂ ਸਦੀ ਦੇ ਸ਼ੁਰੂ ਹੋਣ ਤੀਕ ਇਹ ਵਧੇਰੇ ਧੱਕੜ ਬਣ ਗਏ ਅਤੇ ਇਨ੍ਹਾਂ ਨੇ ਟ੍ਰਾਂਸਿਲਵੇਨੀਆ ਦੇ ਅੰਦਰ ਵਲ ਨੂੰ ਆਪਣੇ ਹੱਲੇ ਕਰਨੇ ਆਰੰਭ ਕਰ ਦਿਤੇ। ਥੋੜ੍ਹਾ ਚਿਰ ਪਿੱਛੋਂ ਕੂਮਾਨ ਸ਼ਹਿਜ਼ਾਦੇ, ਬਾਰਕ ਅਤੇ ਉਸ ਦੇ 15,000 ਵਿਅਕਤੀਆਂ ਨੂੰ ਈਸਾਈ (1227) ਬਣਾ ਦਿਤਾ ਗਿਆ। ਕੂਮਾਨੀਆ ਦੇ ਪਹਿਲੇ ਬਿਸ਼ਪ ਦਾ ਅਧਿਕਾਰ ਖੇਤਰ ਸੰਨ 1218 ਵਿਚ ਸਥਾਪਤ ਕੀਤਾ ਗਿਆ ਅਤੇ ਬਾਦਸ਼ਾਹ ਬੀਲਾ ਚੌਥੇ ਨੇ ਕੂਮਾਨੀਆ ਦੇ ਬਾਦਸ਼ਾਹ ਦੀ ਪਦਵੀ ਧਾਰਨ ਕੀਤੀ। ਸੰਨ 1239 ਵਿਚ ਇਸ ਨੇ ਕੂਮਾਨਸ ਲੋਕਾਂ ਅਤੇ ਉਨ੍ਹਾਂ ਦੇ ਸ਼ਹਿਜ਼ਾਦੇ ਕੂਥਾਨ ਨੂੰ ਪਨਾਹ ਦਿੱਤੀ ਜਿਹੜਾ ਮੰਗੋਲਾਂ ਵਿਰੁੱਧ ਰੂਸੀ ਫ਼ੌਜਾਂ ਨੂੰ ਸੰਗਠਤ ਕਰਨ ਵਿਚ ਨਾਕਾਮ ਰਿਹਾ ਸੀ। ਸੰਨ 1240-41 ਵਿਚ ਮੰਗੋਲਾਂ ਦੇ ਹੰਗਰੀ ਉਪਰਲੇ ਹਮਲੇ ਤੋਂ ਥੋੜ੍ਹਾ ਚਿਰ ਪਹਿਲਾਂ ਕੂਥਾਨ ਨੂੰ ਇਕ ਖ਼ਤਰਨਾਕ ਬਦੇਸ਼ੀ ਸਮਝ ਕੇ ਕਤਲ ਕਰ ਦਿਤਾ ਗਿਆ ਅਤੇ ਕੂਮਾਨਸ ਲੋਕਾਂ ਨੇ ਹੰਗਰੀ ਨੂੰ ਛੱਡ ਦਿਤਾ, ਪਰ ਬੀਲਾ ਨੇ ਸੰਨ 1245 ਵਿਚ ਇਨ੍ਹਾਂ ਲੋਕਾਂ ਨੂੰ ਫਿਰ ਉਥੇ ਹੀ ਵਸਾ ਦਿਤਾ। ਬੀਲਾ ਦੇ ਪੁੱਤਰ ਸਟੀਫ਼ਨ ਪੰਜਵੇਂ ਨੇ ਕੂਮਾਨ ਸ਼ਹਿਜ਼ਾਦੀ ਨਾਲ ਵਿਆਹ ਕਰਵਾ ਲਿਆ ਅਤੇ ਇਨ੍ਹਾਂ ਦੇ ਪੁੱਤਰ ਲੈਡਿਸਲਾਸ ਚੌਥੇ ਦੇ ਰਾਜ-ਦੌਰਾਨ ਕੂਮਾਨ ਪ੍ਰਭਾਵ ਬਹੁਤ ਪ੍ਰਧਾਨ ਰਿਹਾ। ਫਿਰ ਵੀ ਕੂਮਾਨਸ ਲੋਕ ਹੰਗਰੀ ਦੇ ਸਮਾਜ ਵਿਚ ਕਈ ਸਦੀਆਂ ਤੀਕ ਵੀ ਪੂਰਨ ਰੂਪ ਵਿਚ ਰਚ-ਮਿਰ ਨਹੀਂ ਸਕੇ।

ਹ. ਪੁ.—ਐਨ. ਬ੍ਰਿ. ਮਾ. 3 : 289

**ਕੂਮਿਸ :** ਇਹ ਇਕ ਕਿਸਮ ਦੀ ਸ਼ਰਾਬ ਹੈ ਜਿਸ ਨੂੰ ਦੁੱਧ ਦੀ ਸ਼ਰਾਬ ਜਾਂ ਦੁੱਧ ਵਾਲੀ ਬਰਾਂਡੀ ਵੀ ਕਿਹਾ ਜਾਂਦਾ ਹੈ। ਇਸ ਨੂੰ ਆਮ ਤੌਰ ਤੇ ਘੋੜੀ ਜਾਂ ਊਠਣੀ ਦੇ ਦੁੱਧ ਦੇ ਖ਼ਮੀਰਨ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਦਾ ਆਰੰਭ ਪ੍ਰਾਚੀਨ ਕਾਲ ਤੋਂ ਹੋਇਆ ਦਸਿਆ ਜਾਂਦਾ ਹੈ ਅਤੇ ਹੀਰੋਡੋਸਟ ਅਨੁਸਾਰ ਇਸ ਦਾ ਪਤਾ ਸੀਥੀਅਨਾਂ ਨੇ ਲਾਇਆ ਸੀ। ਇਸ ਦਾ ਨਾਂ ਪ੍ਰਾਚੀਨ ਏਸ਼ੀਆਈ ਕਬੀਲੇ ਕੂਮਾਨਸ ਜਾਂ ਕੋਮਾਨਸ ਤੋਂ ਪਿਆ ਦਸਿਆ ਗਿਆ ਹੈ। ਸਾਈਬੇਰੀਆ ਅਤੇ ਕੋਕੇਸ਼ੀਆ ਜਾਤੀਆਂ ਦੇ ਖਾਧ ਪਦਾਰਥਾਂ ਵਿਚ ਇਹ ਇਕ ਪਦਾਰਥ ਹੈ। ਪੱਛਮੀ ਯੂਰਪ ਵਿਚ ਵੀ ਇਸ ਦੇ ਦਵਾਈਆਂ ਵਾਲੇ ਗੁਣਾਂ ਕਰਕੇ ਇਸ ਨੂੰ ਤਿਆਰ ਕੀਤਾ ਜਾਂਦਾ ਹੈ। ਕਮਿਸ ਵਿਚ ਆਮ ਕਰਕੇ 1—2% ਅਲਕੋਹਲ, 0.5—1.5% ਲੈਕਟਿਕ ਐਸਿਡ, 2—4% ਮਿਲਕ ਸ਼ੂਗਰ ਅਤੇ 1—2% ਚਿਕਨਾਈ ਹੁੰਦੀ।

ਇਕ ਹੋਰ ਸ਼ਰਾਬ ਕੀਫਰ ਹੈ ਜਿਹੜੀ ਕਿ ਕੂਮਿਸ ਨਾਲ ਮਿਲਦੀ ਜੁਲਦੀ ਹੈ ਪ੍ਰੰਤੂ ਇਹ ਗਊ ਦੇ ਦੁੱਧ ਦੇ ਖ਼ਮੀਰਨ ਨਾਲ ਤਿਆਰ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 13 : 514

**ਕੂਰਨੋ, ਆਨਰਵਾਨ ਆਗਸਟਿਨ :** ਫ਼ਰਾਂਸ ਦੇ ਇਸ ਵਿਸ਼ਵ-ਪ੍ਰਸਿਧ ਗਣਿਤ-ਵਿਗਿਆਨੀ, ਅਰਥ-ਵਿਗਿਆਨੀ ਅਤੇ ਫ਼ਿਲਾਸਫ਼ਰ ਦਾ ਜਨਮ 28 ਅਗਸਤ, 1801 ਨੂੰ ਗਰੇ ਵਿਖੇ ਹੋਇਆ। ਪੰਦਰਾਂ ਸਾਲ ਤੀਕ ਇਹ ਗਰੇ ਵਿਖੇ ਹੀ ਪੜ੍ਹਦਾ ਰਿਹਾ ਅਤੇ ਅਗਲੇ ਚਾਰ ਸਾਲਾਂ ਵਿਚ ਇਸ ਨੇ ਲਾਪਲਾਸ ਅਤੇ ਲਾਈਪਨਿਟਸ ਵਰਗੇ ਵਿਗਿਆਨੀਆਂ ਅਤੇ ਫ਼ਿਲਾਸਫ਼ਰਾਂ ਦੀਆਂ ਰਚਨਾਵਾਂ ਦਾ ਡੂੰਘਾ ਅਧਿਐਨ ਕੀਤਾ।

ਇਹ ਦਸ ਸਾਲ ਤੀਕ ਮਾਰਸ਼ਲ ਦੇ ਹੀ ਸੰਪਰਕ ਵਿਚ ਰਿਹਾ ਅਤੇ ਇਸੇ ਸਮੇਂ ਦੌਰਾਨ ਇਸ ਨੇ ਆਪਣਾ ਵਿਗਿਆਨਕ ਅਧਿਐਨ ਵੀ ਨਾਲ ਨਾਲ ਜਾਰੀ ਰਖਿਆ। ਸੰਨ 1829 ਵਿਚ ਮਕੈਨਿਕਸ ਉਤੇ ਮੁੱਖ ਥੀਸਿਸ ਲਿਖਣ ਅਤੇ ਖਗੋਲ-ਵਿਗਿਆਨ ਉਤੇ ਪੂਰਕ ਥੀਸਿਸ ਲਿਖਣ ਤੇ ਇਸ ਨੂੰ ਡਾਕਟ੍ਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ। ਇਸ ਨੇ ਕਾਨੂੰਨ ਦਾ ਵੀ ਅਧਿਐਨ ਕੀਤਾ। ਇਸ ਨੇ ਵਿਗਿਆਨਕ ਪ੍ਰਸ਼ਨਾਂ ਉੱਤੇ ਲੜੀਵਾਰ ਕਈ ਖੋਜ ਪੱਤਰ ਪ੍ਰਕਾਸ਼ਤ ਕਰਵਾਏ ਜਿਨ੍ਹਾਂ ਨੇ ਉਸ ਸਮੇਂ ਫ਼ਰਾਸ ਦੇ ਮਹਾਨ ਗਣਿਤ-ਵਿਗਿਆਨੀ ਪਵਾਸਨ ਨੂੰ ਬਹੁਤ ਪ੍ਰਭਾਵਤ ਕੀਤਾ। ਪਵਾਸਨ ਦੇ ਯਤਨਾਂ ਸਦਕਾ ਹੀ ਕੂਰਨੋ ਨੂੰ ਲਾਈਆਨ ਵਿਖੇ ਗਣਿਤ-ਵਿਗਿਆਨੀ ਵਿਸ਼ਲੇਸ਼ਣ ਦੀ ਚੇਅਰ 'ਤੇ ਨਿਯੁਕਤ ਕੀਤਾ ਗਿਆ। ਕੂਰਨੋ ਨੇ ਕੇਵਲ ਇਕ ਸਾਲ ਲਈ ਪੜ੍ਹਾਇਆ। ਪਿਛੋਂ ਇਸ ਨੇ ਆਪਣੇ ਜੀਵਨ ਦਾ ਵਧੇਰੇ ਸਮਾਂ ਯੂਨੀਵਰਸਿਟੀ ਵਿਚ ਹੀ ਗੁਜ਼ਾਰਿਆ। ਇਹ ਵਾਰੋ ਵਾਰੀ 1835 ਵਿਚ 'ਅਕੈਡਮੀ ਆਫ ਗ੍ਰੀਨੋਬੋਲ' ਦਾ ਰੈਕਟਰ, 1838 ਵਿਚ 'ਡੀਜ਼ਾਂਨ ਯੂਨੀਵਰਸਿਟੀ' ਦਾ ਇੰਸਪੈਕਟਰ ਜਨਰਲ ਅਤੇ 1855 ਤੋਂ 1862 ਤਕ 'ਅਕੈਡਮੀ ਆਫ਼ ਡੀਜ਼ਾਨ' ਦਾ ਰੈਕਟਰ ਰਿਹਾ।

ਇਸ ਦੀ ਮੌਤ 31 ਮਾਰਚ, 1877 ਨੂੰ ਪੈਰਿਸ ਵਿਖੇ ਹੋਈ।

ਪ੍ਰਬੰਧਕੀ ਕੰਮ-ਕਾਰਾਂ ਵਿਚ ਵੀ ਇਸ ਨੂੰ ਵਿਗਿਆਨਕ ਵਿਸ਼ਿਆਂ ਉੱਤੇ ਲਿਖਣ ਲਈ ਕਾਫ਼ੀ ਸਮਾਂ ਮਿਲਦਾ ਰਿਹਾ। ਸੰਨ 1838 ਤੋਂ 1877 ਦੇ ਵਿਚਕਾਰ ਇਸ ਦੀਆਂ 10 ਪੁਸਤਕਾਂ ਪ੍ਰਕਾਸ਼ਤ ਹੋਈਆਂ। ਇਨ੍ਹਾਂ ਪੁਸਤਕਾਂ ਵਿਚ ਇਸ ਨੇ ਤਿੰਨ ਵੱਡੇ ਵਿਸ਼ਿਆਂ ਨੂੰ ਛੋਹਿਆ ਹੈ। ਇਹ ਵਿਸ਼ੇ ਹਨ : (1) ਅਲਜਬਰਾ, ਅਨੰਤ ਸੂਖਮਤਾ ਦਾ ਵਿਸ਼ਲੇਸ਼ਣ ਅਤੇ ਸੰਭਾਵਿਕਤਾ-ਕੈਲਕੂਲਸ (2) ਧਨ ਦਾ ਸਿਧਾਂਤ ; ਅਤੇ (3) ਵਿਗਿਆਨ, ਇਤਿਹਾਸ ਅਤੇ ਆਮ ਫ਼ਿਲਾਸਫ਼ੀ। ਇਸ ਨੂੰ ਸੰਭਾਵਿਕਤਾਵਾਂ ਦਾ ਡੂੰਘਾ ਗਿਆਨ ਸੀ। ਇਹ ਸੰਭਾਵਿਕਤਾ ਦੀ ਹੀ ਧਾਰਨਾ ਹੈ ਜਿਸ ਵਿਚ ਕੂਰਨੋ ਦੇ ਤਿੰਨੇ ਵਿਸ਼ੇ ਅਨੁਕੂਲਨ ਕੀਤੇ ਹੋਏ ਹਨ।

ਇਕਾਨੋਮੀਟ੍ਰਿਕਸ ਤੋਂ ਇਲਾਵਾ ਗਣਿਤ-ਵਿਗਿਆਨ ਦੇ ਵਿਸ਼ੇ ਉਤੇ ਕੂਰਨੋ ਦੀਆਂ ਪੁਸਤਕਾਂ 1830 ਅਤੇ 1850 ਦੇ ਵਿਚਕਾਰ ਹੀ ਪ੍ਰਕਾਸ਼ਤ ਹੋਈਆਂ। ਸੰਨ 1843 ਵਿਚ ਇਸ ਨੇ *'Exposition de la theorie des Chances et des probabilities'* ਨਾਮੀ ਪੁਸਤਕ ਪ੍ਰਕਾਸ਼ਤ ਕੀਤੀ ਅਤੇ ਅੰਕੜਾ-ਵਿਗਿਆਨ ਦੀ ਆਪਣੇ ਪੱਖ ਤੋਂ ਪਰਿਭਾਸ਼ਾ ਦਿਤੀ। ਆਮ ਕਰਕੇ ਕੂਰਨੋ ਨੂੰ ਆਰਥਕ ਸਿਧਾਂਤ ਵਿਚ ਨਿਯਤਵਾਦੀ ਗਣਿਤ ਵਿਗਿਆਨ ਨੂੰ ਸ਼ਾਮਲ ਕਰਨ ਵਾਲਾ ਮੰਨਿਆ ਜਾਂਦਾ ਹੈ।

ਅਰਥ-ਵਿਗਿਆਨ ਦੇ ਖੇਤਰ ਵਿਚ ਇਸ ਨੇ ਤਿੰਨ ਪੁਸਤਕਾਂ—*Researches into the Mathematical Principles of*

*theory of wealth (1838)* : *Principes de latheorie des richesses (1863)* ; ਅਤੇ *Revue Sommaire des doctrines economiques (1877)* ਦੀ ਰਚਨਾ ਕੀਤੀ । ਮੂਲ ਰੂਪ ਵਿਚ ਇਸ ਨੇ ਆਪਣਾ ਸਬੰਧ ਅੰਸ਼ਿਕ ਬਾਜ਼ਾਰ ਸਤੁੰਲਨ ਦੇ ਵਿਸ਼ਲੇਸ਼ਣ ਨਾਲ ਹੀ ਜੋੜਿਆ ਸੀ । ਅਜਿਹਾ ਸੰਤੁਲਨ ਇਸ ਮਨੌਤ ਤੇ ਆਧਾਰਤ ਹੁੰਦਾ ਹੈ ਕਿ ਵਟਾਂਦਰੇ ਦੀ ਵਿਧੀ ਵਿਚ ਹਿੱਸਾ ਲੈਣ ਵਾਲੇ ਜਾਂ ਤਾਂ ਉਤਪਾਦਕ ਜਾਂ ਵਪਾਰੀ ਹੁੰਦੇ ਹਨ ਜਿਨ੍ਹਾਂ ਦਾ ਮਨੋਰਥ ਵਧ ਤੋਂ ਵਧ ਮੁਦਰਾ ਕਮਾਉਣਾ ਹੁੰਦਾ ਹੈ। ਇਸ ਤਰ੍ਹਾਂ ਇਸ ਨੇ ਤੁਸ਼ਟੀ ਦੀ ਧਾਰਨਾ ਨੂੰ ਬਿਲਕੁਲ ਹੀ ਠੁਕਰਾ ਦਿਤਾ । ਪੂਰਤੀ ਤੇ ਮੰਗ ਕਾਰਜਾਂ ਉਪਰ ਬਹਿਸਾਂ, ਇਜ਼ਾਰਾਦਾਰੀ, ਯੁਗਮ ਅਧਿਕਾਰ (ਬਾਜ਼ਾਰ ਦੀ ਉਹ ਅਵਸਥਾ ਜਿਥੇ ਕੇਵਲ ਦੋ ਵ੍ਰਿਕੇ ਹੁੰਦੇ ਹਨ) ਅਤੇ ਪੂਰਨ ਮੁਕਾਬਲੇ ਅਧੀਨ ਸਤੁੰਲਨ ਸਥਾਪਤ ਕਰਨਾ, ਕਰਾਂ ਦੀ ਅਦਲਾ-ਬਦਲੀ ਸੰਬੰਧੀ ਵਿਸ਼ਲੇਸ਼ਣ ਅਤੇ ਅੰਤਰ-ਰਾਸ਼ਟਰੀ ਵਪਾਰ ਦੀਆਂ ਸਮੱਸਿਆਵਾਂ ਉਪਰ ਬਹਿਸਾਂ, ਕੂਰਨੋ ਦੇ ਸਭ ਤੋਂ ਵੱਡੇ ਯੋਗਦਾਨ ਹਨ ।

ਹ. ਪੁ.—ਐਨ. ਬ੍ਰਿ. ਮਾ. 3 : 195 ਇੰ. ਐਨ. ਸੋ. ਸa. 3 : 427

**ਕੂਰਮ ਪੁਰਾਣ :** ਇਹ ਇਕ ਪੁਰਾਣ ਹੈ ਜਿਸ ਵਿਚ ਕੱਛੂ ਅਵਤਾਰ ਦੀ ਕਥਾ ਹੈ । ਇਹ ਕਥਾ ਭਾਗਵਤ ਵਿਚ ਇਸ ਤਰ੍ਹਾਂ ਹੈ ਕਿ ਜਦੋਂ ਦੇਵਤੇ ਅਤੇ ਦੈਂਤ ਖੀਰ ਸਮੁੰਦਰ ਰਿੜਕਣ ਲਗੇ ਤਾਂ ਮਧਾਣੀ ਦੀ ਥਾਂ ਮੰਦਰਾਚਲ ਪਾ ਲਿਆ । ਇਸ ਦੀ ਮਧਾਣੀ ਇਤਨੀ ਭਾਰੀ ਸੀ ਜੋ ਥੱਲੇ ਧਸਦੀ ਜਾਂਦੀ ਸੀ ਤਾਂ ਵਿਸ਼ਨੂੰ ਨੇ ਕੱਛੂ ਦਾ ਰੂਪ ਧਾਰ ਕੇ ਮੰਦਰਾਚਲ ਦੀ ਮਧਾਣੀ ਹੇਠ ਆਪਣੀ ਪਿੱਠ ਦੇ ਦਿੱਤੀ । ਇਸ ਨਾਲ ਸਮੁੰਦਰ ਰਿੜਕਣ ਦਾ ਕੰਮ ਆਸਾਨੀ ਨਾਲ ਹੋਣ ਲਗਾ । ਵਿਆਸ ਜੀ ਨੇ ਲਿਖਿਆ ਹੈ ਕਿ ਕੱਛੂ ਦੀ ਪਿੱਠ ਲੱਖ ਜੋਜਨ (ਚਾਰ ਲੱਖ ਕੋਹ) ਦੀ ਸੀ ।

ਹ. ਪ.—ਮ. ਕੋ. 290

**ਕੂਰਾਸਾਓ :** ਨੀਦਰਲੈਂਡ ਐਨਟਿਲੀਜ਼ ਦਾ ਸਭ ਤੋਂ ਵੱਡਾ ਟਾਪੂ ਹੈ ਜੋ ਕੈਰਿਬੀਅਨ ਸਾਗਰ ਵਿਚ ਵੈਨਜ਼ੂਵੇਲਾ ਦੇ ਤੱਟ ਤੋਂ 100 ਕਿ. ਮੀ. ਦੀ ਦੂਰੀ ਤੇ ਸਥਿੱਤ ਹੈ। ਇਸ ਦਾ ਕੁਲ ਖੇਤਰਫਲ 444 ਵ. ਕਿ. ਮੀ. ਅਤੇ ਆਬਾਦੀ 170,000 (1970) ਹੈ। ਇਹ ਟਾਪੂ ਅਗਨੀ ਚਟਾਨਾਂ ਦਾ ਬਣਿਆ ਹੋਇਆ ਹੈ ਜੋ ਬਹੁਤਾ ਕਰਕੇ ਪੱਧਰਾ ਹੈ । ਇਸ ਦੇ ਕੇਵਲ ਪੱਛਮ ਵੱਲ ਹੀ (ਲਗਭਗ 375 ਮੀ. ਉੱਚੀ) ਪਹਾੜੀਆਂ ਹਨ ਦੱਖਣੀ ਤੱਟ ਤੇ ਕਈ ਡੂੰਘੀਆਂ ਖਾੜੀਆਂ ਹਨ । ਇਨ੍ਹਾਂ ਵਿਚੋਂ ਸ਼ਾਲਟੀਗਾਟ ਖਾੜੀ ਸਭ ਤੋਂ ਵੱਡੀ ਹੈ । ਇਹ ਖਾੜੀ ਵਿਲਐਮਸਟਾਟ (ਰਾਜਧਾਨੀ) ਲਈ ਇਕ ਚੰਗੀ ਬੰਦਰਗਾਹ ਦਾ ਕੰਮ ਦਿੰਦੀ ਹੈ । ਇਥੋਂ ਦੀ ਧਰਾਤਲ ਘੱਟ ਵਰਖਾ ਹੋਣ ਕਰਕੇ ਬੰਜਰ ਹੈ। ਧਰਤੀ ਦੇ ਬਹੁਤੇ ਹਿੱਸੇ ਤੇ ਕੇਵਲ ਬੋਹਰ ਅਤੇ ਝਾੜੀਆਂ ਹਨ ਜਾਂ ਲਗਾਤਾਰ ਚਰਾਗਾਹੀ ਨਾਲ ਬੇਕਾਰ ਹੋ ਚੁਕੀ ਖੋਰ ਵਾਲੀ ਬੰਜਰ ਧਰਤੀ ਹੈ ।

ਕੂਰਾਸਾਓ ਨੂੰ 1499 ਵਿਚ ਅਲੋਂਨਸਾ ਦਾ ਉਜੈਦਾ ਨੇ ਲੱਭਿਆ ਸੀ ਅਤੇ 1527 ਵਿਚ ਸਪੇਨੀਆ ਨੇ ਇਸ ਨੂੰ ਆਬਾਦ ਕੀਤਾ । ਨੈਪੋਲੀਅਨ ਦੀਆਂ ਲੜਾਈਆਂ ਸਮੇਂ ਇਹ ਬਰਤਾਨੀਆ ਅਧੀਨ ਸੀ ਪਰ 1815 ਵਿਚ ਪੈਰਿਸ ਦੀ ਸੰਧੀ ਅਨੁਸਾਰ ਇਹ ਫਿਰ ਤੋਂ ਨੀਦਰਲੈਂਡ ਨੂੰ ਦੇ ਦਿੱਤਾ ਗਿਆ । 19ਵੀਂ ਸਦੀ ਇਸ ਦਾ ਆਰਥਕ ਅਵਨਤੀ ਦਾ ਕਾਲ ਸੀ । ਕੂਰਾਸਾਓ ਦੀ ਖੁਸ਼ਹਾਲੀ ਸੰਨ 1914 ਵਿਚ ਰਾਇਲ ਡੱਚ ਸ਼ੈਲ ਦੁਆਰਾ ਵੈਨਜ਼ੂਵੇਲਾ ਵਿਚ ਲੇਕ ਮਾਰਾ ਕੈਬੋ ਤੇਲ ਖੇਤਰ ਦਾ ਪਹਿਲੀ ਵਾਰੀ ਵਿਸਥਾਰ ਹੋਣ ਨਾਲ ਸ਼ੁਰੂ ਹੋਈ । ਸੰਨ 1918 ਵਿਚ ਸ਼ਾਲਟੀਗਾਟ ਦੇ ਨਜ਼ਦੀਕ ਤੇਲ ਸਾਫ਼ ਕਰਨ ਦਾ ਇਕ ਵੱਡਾ ਕਾਰਖ਼ਾਨਾ ਲੱਗਾ । ਇਸ ਵਿਚ ਵੈਨਜ਼ੂਵੇਲਾ ਅਤੇ ਕੋਲੰਬੀਆ ਤੋਂ ਆਏ ਕੱਚੇ ਤੇਲ (ਪੈਟਰੋਲ) ਨੂੰ ਸਾਫ਼ ਕੀਤਾ ਜਾਂਦਾ ਹੈ ਅਤੇ ਦੀਪ ਦੇ ਲੋਕਾਂ ਨੂੰ ਰੋਜ਼ਗਾਰ ਮਿਲਦਾ ਹੈ । ਤੇਲ ਤੋਂ ਬਣੀਆਂ ਚੀਜ਼ਾਂ ਇਥੋਂ ਬਾਹਰ ਭੇਜੀਆਂ ਜਾਂਦੀਆਂ ਹਨ । ਇਸ ਤੋਂ ਇਲਾਵਾ ਪੂਰਬ ਵਿਚ ਖਾਣਾਂ ਵਿਚੋਂ ਕੈਲਸੀਅਮ ਫਾਸਫੇਟ ਕੱਢਣ ਦਾ ਕੰਮ ਵੀ ਹੁੰਦਾ ਹੈ । ਸੈਲਾਨੀਗਿਰੀ ਦਾ ਕੰਮ ਵੀ ਪ੍ਰਚਲਿਤ ਹੈ।

ਕੂਰਾਸਾਓ ਵਿਚ ਕਾਫ਼ੀ ਵਿਸਤ੍ਰਿਤ ਸੜਕਾਂ ਹਨ ਤੇ ਇਹ ਪੁਰਤਗਾਲੀ, ਅਮਰੀਕਨ ਅਤੇ ਵੈਨਜ਼ੂਵੇਲਾ ਆਦਿ ਹਵਾਈ ਰਾਹਾਂ ਅਤੇ ਬਹੁਤ ਸਾਰੇ ਸਮੁੰਦਰੀ ਜਹਾਜ਼ਾਂ ਰਾਹੀਂ ਬਾਹਰੀ ਦੁਨੀਆ ਨਾਲ ਸਬੰਧਿਤ ਹੈ ।

ਹ. ਪੁ.—ਐਨ. ਬ੍ਰਿ. 6 : 901

**ਕੂਰਿਆ ਮੂਰਿਆ ਦੀਪ :** ਅਰਬ ਸਾਗਰ ਵਿਚ ਅਦਨ ਤੋਂ 1,440 ਕਿ. ਮੀ. (900 ਮੀਲ) ਵੱਲ ਅਤੇ ਓਮਾਨ ਦੇ ਦੱਖਣੀ-ਪੂਰਬੀ ਤੱਟ ਤੋਂ 40 ਕਿ. ਮੀ. ਦੂਰ ਇਹ ਇਕ ਦੀਪ-ਸਮੂਹ ਹੈ । ਇਹ ਪੰਜ ਦੀਪ ਸਮੁੰਦਰ ਵਿਚ ਡੁੱਬੀ ਪਰਬਤੀ ਲੜੀ ਦੀਆਂ ਹੀ ਟੀਸੀਆਂ ਹਨ । ਜਿਨ੍ਹਾਂ ਦੀ ਬਣਤਰ ਗ੍ਰੇਨਾਈਟ ਚਟਾਨਾਂ ਦੀ ਹੈ । ਇਨ੍ਹਾਂ ਦਾ ਖੇਤਰਫਲ 73 ਵ. ਕਿ. ਮੀ. ਅਤੇ ਆਬਾਦੀ 85 ਹੈ । ਪੱਛਮ ਤੋਂ ਪੂਰਬ ਵੱਲ ਅਸ-ਸਾਵਦਾ, ਅਲ-ਹੱਲਾਨੀਯਾ, ਅਲ-ਕਿਬਲੀਯਾ ਅਤੇ ਕਾਰਜ਼ਾਵਿਤ ਦੀਪ ਹਨ । ਇਨ੍ਹਾਂ ਵਿਚੋਂ ਅਖੀਰਲਾ ਹੀ ਸਭ ਤੋਂ ਵੱਡਾ ਅਤੇ ਆਬਾਦ ਦੀਪ ਹੈ । ਇਥੋਂ ਦੇ ਥੋੜ੍ਹੇ ਜਿਹੇ ਲੋਕ ਮੱਛੀਆਂ ਫੜਦੇ ਹਨ ।

ਸਮੁੰਦਰੀ ਲੁਟੇਰਿਆਂ ਦੇ ਵਾਰ ਵਾਰ ਹਮਲਿਆਂ ਕਾਰਨ ਸੰਨ 1818 ਵਿਚ ਇਥੋਂ ਦੇ ਸਾਰੇ ਲੋਕ ਚਲੇ ਗਏ । ਪਿਛੋਂ ਇਸ ਉਤੇ ਅਰਬਾਂ ਅਤੇ ਫਿਰ ਓਮਾਨ ਦੇ ਸੁਲਤਾਨ ਦਾ ਕਬਜ਼ਾ ਹੋ ਗਿਆ । ਸੰਨ 1854 ਵਿਚ ਓਮਾਨ ਦੇ ਸੁਲਤਾਨ ਨੇ ਇਨ੍ਹਾਂ ਨੂੰ ਬਰਤਾਨੀਆ ਦੇ ਹਵਾਲੇ ਕਰ ਦਿੱਤਾ । ਸੰਨ 1937 ਵਿਚ ਬਰਤਾਨੀਆ ਨੇ ਇਸ ਨੂੰ ਆਪਣੀ ਨਿੱਜੀ ਬਸਤੀ ਅਦਨ ਵਿਚ ਸ਼ਾਮਲ ਕਰ ਲਿਆ । ਸੰਨ 1967 ਵਿਚ ਇਹ ਦੀਪ ਫਿਰ ਓਮਾਨ ਨੂੰ ਸੌਂਪ ਦਿੱਤੇ ।

17° 30′ ਉ. ਵਿਥ.; 51° 00′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 949

**ਕੁਰੀਲ ਦੀਪ :** ਇਹ ਤੀਹ ਵੱਡੇ ਅਤੇ ਹੋਰ ਬਹੁਤ ਸਾਰੇ ਛੋਟੇ ਛੋਟੇ ਦੀਪਾਂ ਅਤੇ ਚਟਾਨਾਂ ਦੀ ਇਕ ਲੜੀ ਹੈ ਜੋ ਸਾਇਬੇਰੀਆ ਦੇ ਕਾਮਚਟਕਾ ਪ੍ਰਾਇਦੀਪ ਦੇ ਸਿਰੇ ਤੋਂ ਲੈ ਕੇ ਜਾਪਾਨ ਦੇ ਹੋਕਾਈਡੋ ਤੱਟ ਦੇ ਕੁਝ ਮੀਲ ਅੰਦਰ ਤਕ ਫੈਲੇ ਹੋਏ ਹਨ । ਕੁਲ ਮਿਲਾ ਕੇ ਇਨ੍ਹਾਂ ਦੀ ਗਿਣਤੀ 56 ਹੈ ਅਤੇ ਇਨ੍ਹਾਂ ਦਾ ਖੇਤਰਫ਼ਲ ਲਗਭਗ 15,600 ਵ. ਕਿ. ਮੀ. ਹੈ । ਸੰਨ 1940 ਵਿਚ ਰੂਸ, ਬਰਤਾਨੀਆ ਅਤੇ ਅਮਰੀਕਾ ਵਿਚ ਹੋਏ ਯਾਲਟਾ ਸਮਝੌਤੇ ਅਨੁਸਾਰ ਕੁਰੀਲ ਦੀਪਾਂ ਤੇ ਰੂਸ ਦਾ ਅਧਿਕਾਰ ਮੰਨਿਆ ਗਿਆ, ਸੰਨ 1947 ਤੋਂ ਇਹ ਰੂਸੀ ਗਣਰਾਜ ਦੇ ਆਬਲਸਤ ਦਾ ਹਿੱਸਾ ਹਨ । ਉੱਤਰ ਤੋਂ ਦੱਖਣ ਵੱਲ ਨੂੰ ਮਹੱਤਵਪੂਰਨ ਦੀਪ ਸ਼ੁਮੁਸ਼ੁ ਪਾਰਾਮੁਸ਼ੀਰੋ, ਉਨਨੈਕੋਟਾਨ, ਸ਼ਾਸੁਕੋਟੋਨ, ਸ਼ੀਮੁਸ਼ੀਰੁ, ਉਰੁਪਪੁ, ਐਟੋਰੋਫ਼, ਸ਼ੀਕੋਟਾਨ, ਅਤੇ ਕੁਨਾਸ਼ੀਰੀ ਹਨ ।

ਇਹ ਦੀਪ ਸ਼ੁਰੂ ਤੋਂ ਹੀ ਜਵਾਲਾਮੁਖੀ ਕਿਸਮ ਦੇ ਦੀਪ ਹਨ । ਇਨ੍ਹਾਂ ਵਿਚੋਂ 38 ਜਵਾਲਾਮੁਖੀ ਹਾਲੇ ਵੀ ਚਾਲੂ ਹਨ । ਇਨ੍ਹਾਂ ਦੀਪਾਂ ਵਿਚੋਂ ਕਈਆਂ ਦੀਆਂ ਚੋਟੀਆਂ 10,000 ਮੀ. ਦੀ ਉਚਾਈ ਤਕ ਵੀ ਹਨ । ਇਨ੍ਹਾਂ ਦੀਪਾਂ ਤੋਂ ਜਵਾਲਾਮੁਖੀ ਦੇ ਰੂਪ ਵਿਚ ਇਥੇ ਗੰਧਕ ਦੇ ਭੰਡਾਰ, ਉਬਲਦੇ ਪਾਣੀ ਦੇ ਕੁੰਡ ਅਤੇ ਜਵਾਲਾਮੁੱਖੀਆਂ ਦੇ ਮੂਲ ਸਥਾਨਾਂ ਤੇ ਪਈਆਂ ਤਰੇੜਾਂ ਵਿਚੋਂ ਭਾਫ਼ ਅਤੇ ਧੂੰਏਂ ਦੇ ਫੁਆਰੇ ਨਿਕਲਦੇ ਹਨ । ਕੋਨਧਾਰੀ ਰੁਖ ਅਤੇ ਬਾਂਸ ਇਥੇ ਭਾਰੀ ਗਿਣਤੀ ਵਿਚ ਹੁੰਦੇ ਹਨ । ਰਿੱਛ, ਸੇਕਲ (ਨਿਉਲੇ ਵਰਗਾ ਜੀਵ) ਅਤੇ ਲੂੰਬੜ ਵੀ ਬਹੁਤ ਹੁੰਦੇ ਹਨ । ਇਸ ਤੋਂ ਇਲਾਵਾ ਇਥੇ ਕਾਡ, ਹੈਰਿਗ ਅਤੇ ਪਿੰਨ ਸੀਲ ਆਦਿ ਕਿਸਮਾਂ ਦੀਆਂ ਮੱਛੀਆਂ ਵੀ ਬਹੁਤ ਮਿਲਦੀਆਂ ਹਨ । ਵੇਲ੍ਹ ਮੱਛੀ ਦਾ ਸ਼ਿਕਾਰ ਕਰਨਾ, ਚਰਬੀ ਇਕੱਠੀ ਕਰਨਾ, ਮੱਛੀਆਂ ਪਕੜਨਾ, ਇਮਾਰਤੀ ਲਕੜੀ ਇਕੱਠੀ ਕਰਨਾ ਅਤੇ ਖਾਣਾਂ ਵਿਚੋਂ ਗੰਧਕ ਕੱਢਣਾ ਇਥੋਂ ਦੇ ਲੋਕਾਂ ਦੇ ਮੁਖ ਕਿਤੇ ਹਨ ।

ਕੂਰੀਲ ਦੀਪਾਂ ਸਬੰਧੀ ਜਾਪਾਨ ਅਤੇ ਰੂਸ ਵਿਚ ਕਾਫ਼ੀ ਦੇਰ ਤਕ ਝਗੜਾ ਰਿਹਾ ਜੋ ਅਕਤੂਬਰ, 1945 ਤੋਂ ਦੋਹਾਂ ਦੇਸ਼ਾਂ ਵਿਚ ਸਮਝੌਤਾ ਹੋਣ ਤੇ ਖਤਮ ਹੋ ਗਿਆ ਤੇ ਉਦੋਂ ਤੋਂ ਇਹ ਦੀਪ ਰੂਸੀ ਅਧਿਕਾਰ ਹੇਠ ਆ ਗਏ।

46° 10′ ਉ. ਵਿਥ.; 152° 00′ ਪੂ. ਲੰਬ.

ਹ. ਪੁ.—ਐਨ. ਅਮੈ. 16 : 559; ਐਨ. ਬ੍ਰਿ. 13 : 516

**ਕੂਰੇ** : ਇਹ ਜਾਪਾਨ ਦੇ ਹੀਰੋਸ਼ੀਮਾ ਪ੍ਰੀਫੈਕਚਰ ਵਿਚ ਹਾਂਸ਼ੂ ਦੇ ਦੱਖਣ-ਪੱਛਮ ਵੱਲ ਇਕ ਸ਼ਹਿਰ ਅਤੇ ਬੰਦਰਗਾਹ ਹੈ। ਇਹ ਇਕ ਬਹੁਤ ਚੰਗੀ ਕੁਦਰਤੀ ਬੰਦਰਗਾਹ ਹੈ ਜੋ ਥਲ ਵਾਲੇ ਪਾਸਿਓਂ ਪਹਾੜਾਂ ਨਾਲ ਘਿਰਿਆ ਹੋਇਆ ਹੈ ਤੇ ਕੂਰੇ ਦਾ ਨਵੇਕਲਾਪਨ ਜਾਪਾਨੀ ਨੇਵਲ ਅਧਿਕਾਰੀਆਂ ਨੂੰ ਬਹੁਤ ਚੰਗਾ ਲਗਣ ਕਰਕੇ ਉਨ੍ਹਾਂ ਨੇ 1886 ਵਿਚ ਇਥੇ ਇਕ ਮੁੱਖ ਨੇਵਲ ਅੱਡਾ ਸਥਾਪਤ ਕੀਤਾ। ਸੰਨ 1955 ਤੋਂ 1960 ਦੌਰਾਨ ਇਸ ਦਾ ਕੁਲ ਰਕਬਾ 40 ਵ. ਕਿ. ਮੀ. ਤੋਂ ਵੱਧ ਕੇ 140 ਵ. ਕਿ. ਮੀ. ਤਕ ਹੋ ਗਿਆ। ਇਥੋਂ ਦੇ ਸਮੁੰਦਰੀ ਜਹਾਜ਼ੀ ਅੱਡੇ ਅਤੇ ਫੌਂਡਰੀਜ਼, ਜਿਨ੍ਹਾਂ ਵਿਚ ਦੂਸਰੇ ਸੰਸਾਰ ਯੁੱਧ ਸਮੇਂ ਵੱਡੇ ਸਮੁੰਦਰੀ ਜੰਗੀ ਜਹਾਜ਼ ਬਣਾਏ ਗਏ ਸਨ ਹੁਣ ਉਥੇ 80,000 ਤੋਂ 100,000 ਟਨ ਦੇ ਵਪਾਰੀ ਜਹਾਜ਼ ਤੇ ਤੇਲ ਦੇ ਟੈਂਕਰ ਬਣਾਏ ਜਾਂਦੇ ਹਨ।

ਆਬਾਦੀ—235,000 (1980)

41° 39′ ਉ. ਵਿਥ.; 25° 22′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 948

**ਕੂਰੇਟੀਬਾ** : ਦੱਖਣੀ ਬ੍ਰਾਜ਼ੀਲ ਦੇ ਪਾਰਾਨਾ ਰਾਜ ਦੀ ਰਾਜਧਾਨੀ ਅਤੇ ਮੁੱਖ ਸ਼ਹਿਰ ਹੈ ਜੋ ਬ੍ਰਾਜ਼ੀਲ ਉੱਚ ਭੂਮੀਆਂ ਦੀ ਅੰਧ ਮਹਾਸਾਗਰੀ ਸਰਹੱਦ ਦੇ ਨਜ਼ਦੀਕ ਲਗਭਗ 1,000 ਮੀਟਰ ਦੀ ਉਚਾਈ ਤੇ ਸਥਿਤ ਹੈ। ਇਹ ਪੱਛਮ ਵੱਲ ਪਾਰੰਗਨ ਦੀ ਬੰਦਰਗਾਹ ਤੋਂ 75 ਕਿ. ਮੀ. ਦੀ ਦੂਰੀ ਤੇ ਸਥਿਤ ਹੈ ਤੇ ਇਸ ਨਾਲ ਇਹ ਰੇਲ ਰਾਹੀਂ ਜੁੜਿਆ ਹੋਇਆ ਹੈ।

ਕੂਰੇਟੀਬਾ ਦੀ ਨੀਂਹ 1654 ਵਿਚ ਇਕ ਸੋਨੇ ਦੀਆਂ ਖਾਣਾਂ ਦੇ ਕੈਂਪ ਦੇ ਰੂਪ ਵਿਚ ਰੱਖੀ ਗਈ ਸੀ। ਬਹੁਤੀ ਲਾਹੇਵੰਦ ਧਾਤ ਕਰਕੇ ਸੰਨ 1844 ਵਿਚ ਇਹ ਪਾਰਾਨਾ ਰਾਜ ਦੀ ਰਾਜਧਾਨੀ ਬਣਾਇਆ ਗਿਆ ਅਤੇ ਅਗਲੇ 60 ਸਾਲਾਂ ਵਿਚ ਇਟਲੀ, ਜਰਮਨੀ ਅਤੇ ਪੋਲੈਂਡ ਦੇ ਕਈ ਨਵੇਂ ਆਬਾਦਕਾਰ ਇਥੇ ਆ ਕੇ ਵਸੇ। ਸੰਨ 1940 ਤੋਂ ਰਾਜ ਦੀ ਸਮੁਚੇ ਤੌਰ ਤੇ ਆਰਥਕ ਉੱਨਤੀ ਹੋਣ ਕਰਕੇ ਕੂਰੇਟੀਬਾ ਦੀ ਉਨਤੀ ਬੜੀ ਤੇਜ਼ੀ ਨਾਲ ਹੋਈ।

ਇਥੇ ਕਾਗਜ਼, ਫਰਨੀਚਰ, ਕੱਪੜਾ, ਸੀਮਿੰਟ, ਦੀਆ ਸਲਾਈ ਅਤੇ ਤੰਬਾਕੂ ਆਦਿ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਥੇ ਇਕ ਸਟੇਟ ਯੂਨੀਵਰਸਿਟੀ ਵੀ ਸਥਾਪਤ ਹੈ।

ਆਬਾਦੀ—843,733 (1980)

25° 25′ ਉ. ਵਿਥ; 49° 15′ ਪੱ. ਲੰਬ.

ਹ. ਪੁ.—ਐਨ. ਬ੍ਰਿ. 6 : 905

**ਕੂਰੈਲ, ਫਰਾਂਸਵਾ** : ਫਰਾਂਸੀਸੀ ਨਾਟਕਕਾਰ ਦਾ ਜਨਮ ਮੇਅਸ ਵਿਖੇ 10 ਜੂਨ, 1894 ਨੂੰ ਹੋਇਆ। ਭਾਵੇਂ ਇਸਨੇ ਸਿਵਲ ਇੰਜਨੀਅਰ ਵਜੋਂ ਸਿੱਖਿਆ ਪ੍ਰਾਪਤ ਕੀਤੀ ਸੀ ਪਰ ਇਕ ਨਾਟਕਕਾਰ ਵਜੋਂ ਇਸ ਦਾ ਮੁੱਢ ਉਦੋਂ ਬੱਝਾ ਜਦੋਂ 1891 ਵਿਚ ਲੀਬਰੈ ਥੀਏਟਰ ਨੇ ਇਸ ਦੇ ਤਿੰਨ ਨਾਟਕ ਪ੍ਰਵਾਨ ਕਰ ਲਏ। ਇਸ ਦੇ ਪਹਿਲੇ ਨਾਟਕ ਨਿਰੋਲ ਮਨੋਵਿਗਿਆਨਕ ਅਧਿਐਨ ਕਰਦੇ ਹਨ।

ਮਗਰੋਂ ਇਸ ਨੇ ਪੂੰਜੀਪਤੀਆਂ ਅਤੇ ਕਿਰਤੀ ਸ਼੍ਰੇਣੀਆਂ ਅਤੇ ਹੋਰ ਕਈ ਵਿਸ਼ਿਆਂ ਸਬੰਧੀ ਨਾਟਕ ਲਿਖੇ। 'Le Repas du lion,' (1897), ,La Nouvelle idole (1899),' La Fille Sauva (1902),' Ame en folie (1919),' ਅਤੇ 'Terreinhumaine' (1922) ਇਸ ਦੇ ਪ੍ਰਸਿੱਧ ਨਾਟਕ ਹਨ। ਇਸ



ਕੂਰੈਲ ਫਰਾਂਸਵਾ

ਦੀ ਮੌਤ 25 ਅਪ੍ਰੈਲ, 1928 ਨੂੰ ਪੈਰਿਸ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 6 : 902

**ਕੂਲਿਜ, ਕਾਲਵਿਨ** : ਸੰਯੁਕਤ ਰਾਜ ਅਮਰੀਕਾ ਦੇ ਇਸ ਤੀਹਵੇਂ ਪ੍ਰੈਜ਼ੀਡੈਂਟ (1923-1929) ਦਾ ਜਨਮ 4 ਜੁਲਾਈ, 1872 ਨੂੰ ਵਰਮਾਂਟ (ਸੰ. ਰ. ਅ.) ਰਾਜ ਵਿਚ ਪਲਿਮੱਥ ਵਿਖੇ ਹੋਇਆ। ਇਸ ਦਾ ਰਾਜ ਕਾਲ ਪਹਿਲੇ ਵਿਸ਼ਵ ਯੁੱਧ ਅਤੇ ਮਹਾਨ ਮੰਦਵਾੜੇ ਵਿਚਕਾਰਲੇ ਸਮੇਂ ਸਬੰਧੀ ਸੰਕੇਤ ਦਿੰਦਾ ਹੈ। ਇਸ ਨੇ ਰੂੜ੍ਹਵਾਦੀ ਗਣਤੰਤਰਵਾਦੀ ਨੀਤੀਆਂ ਨੂੰ ਅਪਣਾਇਆ ਜਿਸ ਦੇ ਨਤੀਜੇ ਵਜੋਂ ਸਰਕਾਰ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸਮੱਸਿਆਵਾਂ ਸਬੰਧੀ ਸਰਗਰਮ ਨਾ ਰਹੀ। ਨਿਊ ਇੰਗਲੈਂਡ ਦੇ ਪਿਛੋਕੜ ਨੇ ਇਸ ਵਿਚ ਸੰਜਮ, ਨਿਮਰਤਾ ਅਤੇ ਸਰਲਤਾ ਜਿਹੇ ਗੁਣ ਪੈਦਾ ਕਰ ਦਿਤੇ ਜੋ ਜੀਵਨ ਭਰ ਹੀ ਇਸ ਨਾਲ ਕਾਇਮ ਰਹੇ।

ਕੂਲਿਜ ਉਸ ਸਮੇਂ ਰਾਸ਼ਟਰੀ ਪੱਧਰ ਤੇ ਚਮਕਿਆ ਸੀ ਜਦੋਂ ਇਸ ਨੇ ਗਵਰਨਰ ਦੀ ਹੈਸੀਅਤ ਵਿਚ ਬੋਸਟਨ ਪੁਲਸ ਹੜਤਾਲ ਕਾਰਨ ਪੈਦਾ ਹੋਏ ਦੋ ਦਿਨਾਂ ਦੇ ਦੰਗੇ-ਫਸਾਦ ਅਤੇ ਗੜਬੜ ਨੂੰ ਕੁਚਲਨ ਲਈ ਰਾਜ ਦੀ ਗਾਰਦ ਨੂੰ ਬੁਲਾ ਲਿਆ ਸੀ।

ਸੰਨ 1920 ਦੀ ਰੀਪਬਲਿਕ ਨੈਸ਼ਨਲ ਕਨਵੈਨਸ਼ਨ ਵਿਚ ਡੈਲੀਗੇਟਾਂ ਵਲੋਂ ਇਸ ਨੂੰ ਵਾਈਸ-ਪ੍ਰੈਜ਼ੀਡੈਂਟ ਦੇ ਅਹੁਦੇ ਲਈ ਨਾਮਜ਼ਦ ਕੀਤਾ ਜਦੋਂ ਕਿ ਪਾਰਟੀ ਦੇ ਮੁੱਖੀਆਂ ਨੇ ਵਾਰਨ ਜੀ ਹਾਰਡਿੰਗ ਨੂੰ ਪ੍ਰੈਜ਼ੀਡੈਂਟ ਦੀ ਸੀਟ ਲੜਨ ਲਈ ਉਮੀਦਵਾਰ ਚੁਣਿਆ ਸੀ।

ਇਸ ਨੂੰ ਨਾ-ਇਤਫਾਕੀ ਪਾਰਟੀ, ਆਪ-ਹੁਦਰੀ ਕਾਂਗਰਸ, ਸਾਜ਼ਸ਼ਾਂ ਭਰਿਆ ਰਾਜ ਪ੍ਰਬੰਧ, ਦੇਸ਼ੀ ਅਤੇ ਬਦੇਸ਼ੀ ਗੰਭੀਰ ਸਮੱਸਿਆਵਾਂ ਹਾਰਡਿੰਗ ਤੋਂ ਵਿਰਸੇ ਵਿਚ ਮਿਲੀਆਂ। ਇਸ ਨੇ ਬੜੀ ਸੂਝ-ਬੂਝ ਨਾਲ ਰਾਜ ਪ੍ਰਬੰਧ ਵਿਚ ਸੁਧਾਰ ਲਿਆਂਦਾ ਅਤੇ ਸਰਕਾਰੀ ਪੱਧਰ ਤੇ ਨੇਕ ਨੀਤੀ ਨੂੰ ਮੁੜ ਸਥਾਪਤ ਕੀਤਾ ਅਤੇ ਆਪਣੀ ਪਾਰਟੀ ਤੇ ਪੂਰਾ ਕੰਟਰੋਲ ਕੀਤਾ ਤਾਂ ਕਿ ਸੰਨ 1924 ਵਿਚ ਇਸ ਸੀਟ ਲਈ ਦੁਬਾਰਾ ਨਾਮਜ਼ਦਗੀ ਸੌਖੀ ਤਰ੍ਹਾਂ ਪ੍ਰਾਪਤ ਕਰ ਸਕੇ। ਇਸ ਨੇ 'ਕੂਲਿਜ ਨਾਲ ਸ਼ਾਂਤ ਰਹੋ' ਦਾ ਨਾਅਰਾ ਲਾ ਕੇ ਸੰਨ 1924 ਵਿਚ ਪ੍ਰੈਜ਼ੀਡੈਂਟ ਦੀ ਚੋਣ ਜਿੱਤ ਲਈ।

ਇਸ ਨੇ ਨਿਰਲੇਪਤਾ ਦੀ ਬਦੇਸ਼ੀ ਨੀਤੀ ਨੂੰ ਅਪਣਾਉਣ ਅਤੇ ਸਿਧਾਂਤਕ ਤੌਰ ਤੇ ਚੰਗੇ ਸੰਬੰਧਾਂ, ਸ਼ਾਂਤੀ ਅਤੇ ਨਿਸ਼ਤਰੀਕਰਨ ਦਾ ਸਮਰਥਨ ਕੀਤਾ।

ਰਿਟਾਇਰ ਹੋਣ ਤੋਂ ਬਾਅਦ ਇਸ ਨੇ ਆਪਣੀ ਸਵੈ-ਜੀਵਨੀ (1929) ਲਿਖੀ ਅਤੇ ਨਾਲ ਹੀ ਕੁਝ ਲੇਖਾਂ ਰਾਹੀਂ ਆਪਣੀ ਫ਼ਿਲਾਸਫ਼ੀ ਨੂੰ ਵਿਸਤਾਰ ਨਾਲ ਦਸਿਆ।

ਇਸ ਦੀ ਮੌਤ 5, ਜਨਵਰੀ 1933 ਨੂੰ ਮੈਸਾਚੂਸੈੱਟਸ ਰਾਜ ਵਿਚ ਨਾਰਥੈਂਪਟਨ ਦੇ ਸਥਾਨ ਤੇ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 125

**ਕੂਵਯੇ, ਜਾਰਜ** : ਇਹ ਇਕ ਫ਼ਰਾਂਸੀਸੀ ਪ੍ਰਾਣੀ-ਵਿਗਿਆਨੀ ਸੀ ਜਿਸ ਨੇ ਤੁਲਨਾਤਮਕ ਐਨਾਟਮੀ ਅਤੇ ਫ਼ੌਸਿਲ-ਵਿਗਿਆਨ ਨੂੰ ਵਿਗਿਆਨ ਦੀਆਂ ਸ਼ਾਖਾਵਾਂ ਦੇ ਤੌਰ ਤੇ ਸਥਾਪਿਤ ਕੀਤਾ। ਇਸ ਦਾ ਜਨਮ 23 ਅਗਸਤ, 1769 ਨੂੰ ਫ਼ਰਾਂਸ ਵਿਚ ਮਾਂਟਬੀਲੀਅਰਡ ਵਿਖੇ ਹੋਇਆ। ਇਸ ਨੇ ਸਮੁੰਦਰੀ ਰੀੜ੍ਹ-ਰਹਿਤ ਪ੍ਰਾਣੀਆਂ, ਖ਼ਾਸ ਕਰਕੇ ਮੌਲਸਕਾਂ ਦਾ ਅਧਿਐਨ ਕੀਤਾ। 'ਸਰੀਰ ਦੇ ਹਿੱਸਿਆਂ ਦੇ ਆਪਸੀ ਸਬੰਧਾਂ' ਦੇ ਸਿਧਾਂਤ ਉੱਤੇ ਇਸ ਨੇ ਜ਼ੋਰ ਦਿਤਾ। ਇਸ ਸਿਧਾਂਤ ਅਨੁਸਾਰ ਹਰ ਅੰਗ ਦੀ ਰਚਨਾ ਕੰਮ ਦੇ ਲਿਹਾਜ਼ ਨਾਲ ਉਸ ਪ੍ਰਾਣੀ ਦੇ ਹੋਰ ਸਾਰੇ ਅੰਗਾਂ ਨਾਲ ਸਬੰਧਿਤ ਹੁੰਦੀ ਹੈ ਅਤੇ ਅੰਗਾਂ ਦਾ ਕੰਮ ਅਤੇ ਰਚਨਾ ਉਨ੍ਹਾਂ ਦੀਆਂ ਵਾਤਾਵਰਣ ਨਾਲ ਅੰਦਰੂਨੀ ਕਿਰਿਆਵਾਂ ਦਾ ਸਿੱਟਾ ਹਨ। ਇਸ ਨੇ ਦਸਿਆ ਕਿ ਕਿਸੇ ਪ੍ਰਾਣੀ ਦੇ ਕੰਮਾਂ ਅਤੇ ਆਦਤਾਂ ਤੋਂ ਉਸਦੀ ਸਰੀਰਕ ਬਣਤਰ ਦਾ ਨਿਰਧਾਰਨ ਹੁੰਦਾ ਹੈ। ਇਸ ਦੇ ਖ਼ਿਆਲ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਤੋਂ ਬਾਅਦ ਜਾਤੀਆਂ ਵਿਚ ਕੋਈ ਤਬਦੀਲੀ ਨਹੀਂ ਆਈ। ਹਰ ਜਾਤੀ ਦੇ ਕੰਮ ਅਤੇ ਬਣਤਰ ਵਿਚ ਇੰਨਾ ਜ਼ਿਆਦਾ ਤਾਲਮੇਲ ਹੈ ਕਿ ਉਹ ਕੋਈ ਵੱਡੀ ਤਬਦੀਲੀ ਨਹੀਂ ਸਹਾਰ ਸਕੇਗੀ। ਹਰੇਕ ਜਾਤੀ ਆਪਣੇ ਕਿਸੇ ਖ਼ਾਸ ਮੰਤਵ ਲਈ ਅਤੇ ਹਰ ਅੰਗ ਕਿਸੇ ਖ਼ਾਸ ਕੰਮ ਲਈ ਬਣਾਇਆ ਗਿਆ ਹੈ। ਇਹ ਵਿਕਾਸ ਵਿਚ ਵਿਸ਼ਵਾਸ ਨਹੀਂ ਰਖਦਾ ਸੀ।

ਕੂਵਯੇ ਨੇ ਸਰੀਰ ਦੇ ਹਿੱਸਿਆਂ ਦੇ ਆਪਸੀ ਸਬੰਧਾਂ ਦੇ ਸਿਧਾਂਤ ਨੂੰ ਪਥਰਾਟਾਂ ਦੇ ਅਧਿਐਨ ਉਤੇ ਵੀ ਲਾਗੂ ਕੀਤਾ। ਇਸ ਨੇ ਸਿਖਿਆ-ਪ੍ਰਣਾਲੀ ਵਿਚ ਵੀ ਕਈ ਸੁਧਾਰ ਕੀਤੇ। ਇਸ ਨੇ ਸਾਰੇ ਪ੍ਰਾਣੀਆਂ ਨੂੰ ਚਾਰ ਵੱਡੇ ਗਰੁੱਪਾਂ-ਵਰਟਿਬਰੇਟ, ਮੌਲਸਕ, ਆਰਟੀਕੁਲੇਟ ਅਤੇ ਰੇਡੀਏਟ ਵਿਚ ਵੰਡਿਆ। ਇਨ੍ਹਾਂ ਵਿਚੋਂ ਹਰ ਇਕ ਦੀ ਇਕ ਖ਼ਾਸ ਐਨਾਟਮੀਕਲ ਬਣਤਰ ਹੈ। ਜਿਉਂਦੇ ਪ੍ਰਾਣੀਆਂ ਦੀ ਰਚਨਾ ਦੀ ਪਥਰਾਟ ਕਿਸਮਾਂ ਨਾਲ ਵਿਧੀਬੱਧ ਤੁਲਨਾ ਕਰਨ ਲਗਿਆਂ ਇਸ ਨੇ ਦਸਿਆ ਕਿ ਅਜੋਕੀ ਜ਼ਿੰਦਗੀ ਦਾ ਅਧਿਐਨ ਕਰਨ ਵੇਲੇ ਉਨ੍ਹਾਂ ਦੇ ਭੂਤ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਭਾਵੇਂ ਇਸ ਦਾ ਵਿਸ਼ਵਾਸ ਸੀ ਕਿ ਜਾਤੀਆਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਫਿਰ ਵੀ ਇਸ ਦਾ ਕੰਮ ਵਿਕਾਸ ਦੇ ਸਿਧਾਂਤ ਦਾ ਆਧਾਰ ਬਣਿਆ। ਇਸ ਦਾ ਮੁੱਖ ਕੰਮ *Tablean elementaire de l'histiore naturelle des animaux'* (*1797*) ਅਤੇ *'Lecons d'anatomie comparee'* (*1800-05*) ਹਨ। ਸੰਨ 1817 ਵਿਚ ਇਸ ਨੇ *Le Regne animal distribue d'aqres sonorganization* ਪ੍ਰਕਾਸ਼ਤ ਕੀਤੀ।

13 ਮਈ, 1832 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ 3 : 315 ਐਨ. ਬ੍ਰਿ. ਮੈ. 3 : 389

**ਕੇਅਟੀ** : ਇਹ ਕੇਂਦਰੀ ਇਟਲੀ ਦੇ ਆਬਰੂਟਸੀ ਖੇਤਰ ਦੇ ਨਾਂ ਦੇ ਪ੍ਰਾਂਤ ਦੀ ਰਾਜਧਾਨੀ ਹੈ। ਇਹ ਇਟਲੀ ਦਾ ਇਕ ਇਤਿਹਾਸਕ ਸ਼ਹਿਰ ਹੈ ਜਿਹੜਾ ਪੈਸਾਕਾਰਾ ਸ਼ਹਿਹ ਦੇ ਦੱਖਣ ਵਿਚ ਪੈਸਾਕਾਰਾ ਦਰਿਆ ਦੇ ਪਾਰ ਇਕ ਪਹਾੜੀ ਉੱਪਰ ਵਸਿਆ ਹੋਇਆ ਹੈ। ਕੇਅਟੀ ਦਾ ਮੁਢਲਾ ਨਾਂ ਟੀਏਟੀ ਸੀ, ਜਿਹੜਾ ਥੀਏਟਾਈਨਾਂ ਦੇ ਇਕ ਸੁਧਾਰਵਾਦੀ ਧਾਰਮਿਕ ਫਿਰਕੇ ਦੇ ਨਾਂ ਤੇ ਰੱਖਿਆ ਗਿਆ ਸੀ। ਮੁੱਢ ਵਿਚ ਇਹ ਇਟਲੀ ਦੇ ਮਾਰੂਸਿਨੀ ਕਬੀਲੇ ਦਾ ਪ੍ਰਮੁੱਖ ਸ਼ਹਿਰ ਰਿਹਾ ਪਰ 305 ਈ. ਪੂ. ਵਿਚ ਰੋਮਨਾਂ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਫਿਰ ਰਾਜ-ਸੱਤਾ ਹਾਸਲ ਕਰਨ ਲਈ ਆਪੋ ਵਿਚ ਚਲ ਰਹੀਆਂ ਕਬਾਇਲੀ ਲੜਾਈਆਂ ਦੇ ਫਲਸਰੂਪ ਬਰਬਰਾਂ ਨੇ ਕੇਅਟੀ ਨੂੰ ਤਬਾਹ ਕਰ ਦਿਤਾ। ਛੇਵੀਂ ਸਦੀ ਦੇ ਆਰੰਭਕ ਵਰ੍ਹਿਆਂ ਵਿਚ ਆਸਟਰੋਗਾਥਾ ਦੇ ਬਾਦਸ਼ਾਹ ਥੀਓਡਾਰਿਕ ਨੇ ਆਪਣੇ ਰਾਜ-ਕਾਲ ਦੌਰਾਨ ਕੇਅਟੀ ਸ਼ਹਿਰ ਦੀ ਨਵ-ਉਸਾਰੀ ਕਰਵਾ ਕੇ ਮੁੜ ਆਬਾਦ ਕੀਤਾ। ਇਸ ਤੋਂ ਪਿਛੋਂ ਲੰਬਾਰਡ, ਨਾਰਮਨ, ਐਂਗਵਿਨ ਆਦਿ ਖ਼ਾਨਦਾਨਾਂ ਦਾ ਇਹ ਗੜ੍ਹ ਰਿਹਾ। ਇਥੋਂ ਮਿਲੀਆਂ ਪ੍ਰਾਚੀਨ ਯਾਦਗਾਰਾਂ ਇਸ ਗੱਲ ਦੀ ਸਾਖੀ ਭਰਦੀਆਂ ਹਨ।

ਰੋਮਨ ਥੀਏਟਰ, ਤਿੰਨ ਛੋਟੇ ਛੋਟੇ ਮੰਦਰ, ਅੱਠ ਕੋਣੇ ਗਿਰਜੇ ਦੇ ਖੰਡਰ ਆਦਿ ਰੋਮਨ ਕਾਲ ਦੀਆਂ ਪ੍ਰਮੁੱਖ ਯਾਦਗਾਰਾਂ ਹਨ। ਗਿਆਰਵੀਂ ਸਦੀ ਦੇ ਕੈਥੀਡ੍ਰਲ ਵਿਚ ਜਿਹੜਾ ਕਈ ਵਾਰ ਢਾਹਿਆ ਤੇ ਉਸਾਰਿਆ ਗਿਆ, ਘੜਿਆਲ ਵਾਲਾ ਬੁਰਜ (1335—1498) ਅਜੇ ਵੀ ਮੌਜੂਦ ਹੈ। ਕੇਅਟੀ ਵਿਚ ਪੁਰਾਤੱਤਵ ਗਿਆਨ ਦਾ ਕੌਮੀ ਅਜਾਇਬ ਘਰ ਕਲਾ-ਸੰਸਥਾ, ਧਰਮ-ਸ਼ਾਸਤਰ ਸਬੰਧੀ ਯੂਨੀਵਰਸਿਟੀ, ਪ੍ਰਾਂਤਕ ਲਾਇਬ੍ਰੇਰੀ ਅਤੇ ਪਿਕਚਰ ਗੈਲਰੀ ਵਰਣਨਯੋਗ ਥਾਂਵਾਂ ਹਨ।

ਅਜੋਕਾ ਕੇਅਟੀ ਦੋ ਭਾਗਾਂ, ਪ੍ਰਾਚੀਨ ਕੇਅਟੀ ਅਤੇ ਕੇਅਟੀ-ਸਕਾਲੋ ਵਿਚ ਵੰਡਿਆ ਹੋਇਆ ਹੈ। ਪਹਿਲੇ ਭਾਗ ਵਿਚ ਸ਼ਹਿਰ ਦਾ ਪਹਾੜ ਉਪਰ ਵਸਿਆ ਪੁਰਾਣਾ ਹਿੱਸਾ ਅਤੇ ਦੂਜਾ ਭਾਗ ਵਾਦੀ ਵਿਚ ਵਿਕਸਤ ਹੋ ਰਿਹਾ ਵਪਾਰਕ ਅਤੇ ਉਦਯੋਗਿਕ ਕੇਂਦਰ ਹੈ। ਕਪੜਾ, ਸੈਲਿਊਲੋਸ, ਚੀਨੀ ਅਤੇ ਤਮਾਕੂ ਇਥੋਂ ਦੇ ਪ੍ਰਸਿੱਧ ਉਦਯੋਗ ਹਨ।

ਆਬਾਦੀ—55207 (1981)

42° 21′ ਉ. ਵਿਥ ; 14° 10′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 203 ਐਨ. ਅਮੈ. 6 : 459

**ਕੇਅਰਡ, ਐਡਵਰਡ** : ਇਹ ਇਕ ਉੱਘਾ ਫਿਲਾਸਫ਼ਰ ਅਤੇ ਬਰਤਾਨੀਆ ਵਿਚ ਨਵਹੇਗਲਵਾਦ ਦਾ ਲੀਡਰ ਸੀ। ਇਸ ਦਾ ਜਨਮ ਰੈਨਫ੍ਰਯੂ ਵਿਚ ਗ੍ਰੀਨੌਕ ਵਿਖੇ 23 ਮਾਰਚ, 1835 ਨੂੰ ਹੋਇਆ। ਸਕਾਟਲੈਂਡ ਅਤੇ ਔਕਸਫੋਰਡ ਤੋਂ ਵਿਦਿਆ ਪ੍ਰਾਪਤ ਕਰਨ ਮਗਰੋਂ ਸੰਨ 1864 ਤੋਂ 1866 ਤਕ ਇਹ ਮਾਰਟਨ ਕਾਲਜ, ਔਕਸਫੋਰਡ ਵਿਖੇ ਅਧਿਆਪਕ ਰਿਹਾ।



ਐਡਵਰਡ ਕੇਅਰਡ

1866 ਤੋਂ 1893 ਤਕ ਇਹ ਸਕਾਟਲੈਂਡ ਵਿਚ ਗਲਾਸਗੋ ਯੂਨੀਵਰਸਿਟੀ ਵਿਖੇ ਨੀਤੀ-ਦਰਸ਼ਨ ਦਾ ਪ੍ਰੋਫ਼ੈਸਰ ਅਤੇ ਫਿਰ 1893 ਤੋਂ ਬਾਲਿਉਲ ਕਾਲਜ, ਔਕਸਫ਼ੋਰਡ ਵਿਚ ਮਾਸਟਰ ਰਿਹਾ। ਅਧਰੰਗ ਹੋ ਜਾਣ ਕਾਰਨ 1907 ਵਿਚ ਇਸ ਨੂੰ ਰਿਟਾਇਰ ਹੋਣਾ ਪਿਆ। ਅੰਤ ਪਹਿਲੀ ਨਵੰਬਰ, 1908 ਨੂੰ ਔਕਸਫ਼ੋਰਡ ਵਿਖੇ ਇਸ ਦੀ ਮੌਤ ਹੋ ਗਈ।

ਕੇਅਰਡ ਜਰਮਨੀ ਦੇ ਉਘੇ ਦਰਸ਼ਨ-ਵਿਗਿਆਨੀ ਹੇਗਲ ਦੀ ਆਦਰਸ਼ਵਾਦੀ ਫ਼ਿਲਾਸਫ਼ੀ ਦਾ ਬਹੁਤ ਵੱਡਾ ਵਿਆਖਿਆਤਾ ਸੀ। ਇਹ

ਇਮੈਨੁਐਲ ਕਾਂਟ ਦਾ ਵੀ ਪੈਰੋਕਾਰ ਸੀ। ਉਸ ਸਬੰਧੀ ਇਸ ਨੇ ਦੋ ਪੁਸਤਕਾਂ 'ਏ ਕ੍ਰਿਟੀਕਲ ਅਕਾਊਂਟ ਆਫ਼ ਦੀ ਫ਼ਿਲਾਸਫ਼ੀ ਆਫ਼ ਕਾਂਟ ਅਤੇ 'ਦੀ ਕ੍ਰਿਟੀਕਲ ਫ਼ਿਲਾਸਫ਼ੀ ਆਫ਼ ਇਮੈਨੁਅਲ ਕਾਂਟ' (ਦੋ ਜਿਲਦਾਂ) ਲਿਖੀਆਂ। ਕੇਅਰਡ ਨੇ ਧਰਮ ਸੰਬੰਧੀ ਵੀ ਕਈ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚੋਂ 'ਦੀ ਐਵੋਲਿਊਸ਼ਨ ਆਫ਼ ਰਿਲੀਜਨ (2 ਜਿਲਦਾਂ) ਅਤੇ 'ਦੀ ਐਵੋਲਿਊਸ਼ਨ ਆਫ਼ ਥਿਆਲੋਜੀ ਇਨ ਦੀ ਗ੍ਰੀਕ ਫ਼ਿਲਾਸਫ਼ਰਜ਼' ਦੋ ਜਿਲਦਾਂ ਪ੍ਰਸਿੱਧ ਹਨ।

ਹ. ਪੁ.—ਐਨ. ਬ੍ਰਿ. ਮਾ. 2 ; 400

**ਕੇਅਰਡ, ਜਾਨ** : ਇਹ ਬਰਤਾਨਵੀ-ਧਰਮ ਵਿਗਿਆਨੀ ਅਤੇ ਪ੍ਰਚਾਰਕ ਸੀ ਅਤੇ ਹੈਗੈਲ ਦੇ ਈਸ਼ਵਰਵਾਦ ਸਬੰਧੀ ਮੱਤ ਦਾ ਵਿਆਖਿਆਤਾ ਸੀ। ਇਸ ਦਾ ਜਨਮ ਸਕਾਟਲੈਂਡ ਵਿਚ ਗ੍ਰੀਨੌਕ ਵਿਖੇ 15 ਦਸੰਬਰ, 1820 ਨੂੰ ਹੋਇਆ। 1845 ਵਿਚ ਗਲਾਸਗੋ ਯੂਨੀਵਰਸਿਟੀ ਤੋਂ ਡਿਗਰੀ ਲੈਣ ਮਗਰੋਂ ਇਹ ਪਾਦਰੀ ਬਣ ਗਿਆ। ਆਪਣੀ ਸਿਖਿਆ ਦੇਣ ਅਤੇ ਪ੍ਰਚਾਰ ਕਰਨ ਦੇ ਸ਼ਾਨਦਾਰ ਢੰਗ ਲਈ ਇਹ ਦੇਸ਼ ਭਰ ਵਿਚ ਪ੍ਰਸਿੱਧ ਹੋ ਗਿਆ। 1862 ਵਿਚ ਇਸ ਨੂੰ ਗਲਾਸਗੋ ਵਿਚ ਧਰਮ-ਵਿਗਿਆਨ ਦਾ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ। 1863 ਵਿਚ ਇਹ ਯੂਨੀਵਰਸਿਟੀ ਦਾ ਮੁਖੀ ਬਣ ਗਿਆ। 30 ਜੁਲਾਈ, 1898 ਨੂੰ ਇਹ ਗ੍ਰੀਨੌਕ ਵਿਖੇ ਚਲਾਣਾ ਕਰ ਗਿਆ।

ਆਪਣੀਆਂ ਪੁਸਤਕਾਂ 'ਐਨ ਇੰਟ੍ਰੋਡਕਸ਼ਨ ਟੂ ਦੀ ਫ਼ਿਲਾਸਫ਼ੀ ਆਫ਼ ਰਿਲੀਜਨ' ਅਤੇ 'ਦੀ ਫ਼ੰਡਾਮੈਂਟਲ ਆਈਡੀਆਜ਼ ਆਫ਼ ਕ੍ਰਿਸਚੈਨਿਟੀ (2 ਜਿਲਦਾਂ) ਵਿਚ ਇਹ ਰੱਬ ਦੀ ਹੋਂਦ ਬਾਰੇ ਲਿਖਦਾ ਹੈ। ਇਨ੍ਹਾਂ ਦੋਹਾਂ ਪੁਸਤਕਾਂ ਵਾਂਗ ਇਸ ਦੀ 'ਸਪਿਨੋਜ਼ਾ' ਨਾਂ ਦੀ ਪੁਸਤਕ ਵੀ ਹੈਗੈਲ ਦੇ ਵਿਚਾਰਾਂ ਉਤੇ ਹੀ ਆਧਾਰਿਤ ਹੈ। ਇਸ ਦਾ ਉਪਦੇਸ਼ 'ਰਿਲੀਜਨ ਇਨ ਕਾਮਨ ਲਾਈਫ਼' ਕਈ ਵਾਰ ਛਪਿਆ ਅਤੇ ਦੂਜੀਆਂ ਕਈ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ। ਇਸ ਦੇ ਸਰਮਨਜ਼' (1858) 'ਯੂਨੀਵਰਸਿਟੀ ਸਰਮਨਜ਼' (1873-1898) ਯੂਨੀਵਰਸਿਟੀ ਐਡਰੈਸਿਜ਼' (1898) ਦੀਆਂ ਸੰਗ੍ਰਹਿ ਕੀਤੀਆਂ ਐਡੀਸ਼ਨਾਂ ਛਾਪੀਆਂ ਗਈਆਂ।

**ਕੇਅਰਨਗਾਰਮ** : ਇਹ ਸਕਾਟਲੈਂਡ ਦੇ ਗੈਂਪਿਐਨ ਪਰਬਤ ਦੀ ਇਕ ਚੋਟੀ ਹੈ ਜੋ ਬੈਂਫਸ਼ਿਰ ਅਤੇ ਇਨਵਰਨੈਸਸ਼ਿਰ ਦੀ ਸਰਹੱਦ ਤੇ ਸਥਿਤ ਹੈ। ਬੈੱਨ ਨੈਵਿਸ ਅਰਥਾਤ ਬੈੱਨ ਮਕਦੁਈ ਨੂੰ ਛੱਡ ਕੇ ਇਹ ਸਕਾਟਲੈਂਡ ਦਾ ਸਭ ਤੋਂ ਵੱਡਾ ਪਰਬਤ ਹੈ। ਇਸ ਦੀ ਉਚਾਈ ਲਗਭਗ 1295 ਮੀ. ਹੈ। ਇਸ ਦੀ ਢਲਾਣ ਉਤੇ ਚੀੜ ਦੇ ਜੰਗਲ ਮਿਲਦੇ ਹਨ। ਕੇਅਰਨਗਾਰਮ ਸਖ਼ਤ ਗ੍ਰੇਨਾਈਟ ਚੱਟਾਨਾਂ ਤੋਂ ਬਣਿਆ ਹੈ। ਇਸ ਦੇ ਚਾਰੇ ਪਾਸਿਆਂ ਦਾ ਖੇਤਰ ਸਲੇਟ ਅਤੇ ਸ਼ਿਸਟ ਆਦਿ ਤੋਂ ਬਣਿਆ ਹੋਣ ਕਾਰਨ ਮੁਕਾਬਲਤਨ ਨੀਵਾਂ ਹੈ। ਇਹ ਚੋਟੀ ਗ੍ਰੈਂਪਿਐਨ ਪਰਬਤ ਦੀ ਓਟ ਵਿਚ ਹੈ ਜਿਸ ਕਾਰਨ ਹੋਰਨਾਂ ਚੋਟੀਆਂ ਮੁਕਾਬਲੇ ਇਥੇ ਵਰਖਾ ਘਟ ਹੁੰਦੀ ਹੈ। ਗਰਮੀ ਦੀ ਰੁੱਤ ਵਿਚ ਇਹ ਵੀ ਬਹੁਤ ਠੰਢੀ ਹੁੰਦੀ ਹੈ। ਇਥੇ ਕੇਅਰਨਗਾਰਮ ਨਾਮੀ ਭੂਰੇ ਕੁਆਰਟਜ਼ ਕ੍ਰਿਸਟਲ ਮਿਲਦੇ ਹਨ ਜਿਨ੍ਹਾਂ ਦਾ ਉਪਯੋਗ ਗਹਿਣਿਆਂ ਦੇ ਰੂਪ ਵਿਚ ਕੀਤਾ ਜਾਂਦਾ ਹੈ।

ਹ. ਪੁ.—ਹਿੰ. ਵਿ. ਕੋ. 3 ; 154 ; ਵੈ. ਜਗ. ਡਿ.—199

**ਕੇਅਰਨਜ਼** : ਇਹ ਆਸਟ੍ਰੇਲੀਆ ਦੇ ਉੱਤਰ-ਪੂਰਬੀ ਕੁਈਨਜ਼ਲੈਂਡ ਨਾਮੀ ਰਾਜ ਦਾ ਇਕ ਬੰਦਰਗਾਹੀ ਸ਼ਹਿਰ ਹੈ ਜੋ ਟ੍ਰਿਨਿਟੀ ਖਾੜੀ ਉਤੇ ਸਥਿਤ ਹੈ। ਇਸ ਸ਼ਹਿਰ ਦੀ ਨੀਂਹ ਸੰਨ 1873 ਵਿਚ ਸਰਕਾਰੀ ਆਯਾਤ ਕਰ ਇਕੱਠਾ ਕਰਨ ਦੇ ਸਥਾਨ ਵਜੋਂ ਰੱਖੀ ਗਈ। 19ਵੀਂ ਸਦੀ ਦੇ ਅੰਤ ਵਿਚ ਪਾਮਰ ਦਰਿਆ ਵਿਚੋਂ ਸੋਨਾ ਲੱਭਣ, ਅਥਰਟਨ ਪਠਾਰ ਉਤੋਂ ਕਲੀ ਮਿਲਣ ਅਤੇ ਗੰਨੇ ਦੀ ਫ਼ਸਲ ਦੇ ਹੋਣ ਨਾਲ ਇਸ ਸ਼ਹਿਰ ਦਾ ਬਹੁਤ ਵਿਕਾਸ ਹੋਇਆ। ਇਸ ਸ਼ਹਿਰ ਦਾ ਨਾਂ ਕੁਈਨਜ਼ਲੈਂਡ ਦੇ ਗਵਰਨਰ (1875-77), ਸਰ ਵਿਲੀਅਮ ਵਲਿੰਗਟਨ ਕੇਅਰਨਜ਼ ਦੇ ਨਾਂ ਤੇ ਰਖਿਆ ਗਿਆ। ਸੰਨ 1885 ਵਿਚ ਇਸ ਨੂੰ ਮਿਊਂਸਪਲਟੀ, 1903 ਵਿਚ ਕਸਬਾ ਅਤੇ 1923 ਵਿਚ ਸ਼ਹਿਰ ਘੋਸ਼ਿਤ ਕੀਤਾ ਗਿਆ। ਹਵਾਈ ਅਤੇ ਰੇਲਵੇ ਲਿੰਕ ਕਾਰਨ ਅਤੇ ਬਰਿਜ਼ਬੇਨ ਤੋਂ ਬਰੂਸ ਹਾਈਵੇ ਉਤੇ ਸਥਿਤ ਹੋਣ ਕਾਰਨ, ਇਹ ਖੇਤੀਬਾੜੀ, ਪਸ਼ੂ ਪਾਲਣ, ਖੰਡ, ਮੱਕੀ, ਫਲ, ਤੰਬਾਕੂ, ਮੂੰਗਫਲੀ ਲੱਕੜ ਅਤੇ ਕਲੀ ਦੀ ਖ਼ਾਣ-ਖੁਦਾਈ ਲਈ ਹਿੰਟਰਲੈਂਡ ਦੇ ਖੇਤਰ ਵਜੋਂ ਕੰਮ ਦਿੰਦਾ ਹੈ। ਬੰਦਰਗਾਹੀ ਸਰਗਰਮੀਆਂ (ਵਿਸ਼ੇਸ਼ ਤੌਰ ਤੇ ਖੰਡ ਦੀ ਢੋ-ਢੁਆਈ) ਤੋਂ ਇਲਾਵਾ ਇਥੇ ਖੇਤੀਬਾੜੀ ਤੇ ਆਧਾਰਿਤ ਉਦਯੋਗ, ਆਰੇ, ਫਾਊਂਡਰੀਆਂ ਅਤੇ ਸ਼ਰਾਬ ਤਿਆਰ ਕਰਨ ਦੇ ਕਾਰਖ਼ਾਨੇ ਹਨ। ਸੈਲਾਨੀਆਂ ਲਈ ਵੀ ਇਹ ਇਕ ਦਿਲਚਸਪੀ ਦਾ ਕੇਂਦਰ ਹੈ। ਇਥੇ ਇਕ ਰੋਮਨ ਕੈਥੋਲਿਕ ਗਿਰਜਾ-ਘਰ ਅਤੇ ਸਕੂਲ ਆਫ਼ ਆਰਟਸ ਲਾਇਬ੍ਰੇਰੀ ਹੈ।

ਆਬਾਦੀ—48557 (1981)

16° 55′ ਦੱ. ਵਿਥ ; 145° 46′ ਪੂ. ਲੰਬ.

**ਕੇਅਰਨਜ਼, ਜਾਨ ਇਲੀਅਟ** : ਇੰਗਲੈਂਡ ਦੇ ਇਸ ਅਰਥ-ਵਿਗਿਆਨੀ ਦਾ ਜਨਮ 26 ਦਸੰਬਰ, 1823 ਨੂੰ ਲੈਉਥ ਕਾਊਂਟੀ ਵਿਚ, ਬਲਿੰਘਮ ਦੇ ਕਿਲੇ ਵਿਖੇ ਹੋਇਆ। ਇਸ ਨੇ ਡਬਲਿਨ ਦੇ ਟ੍ਰਿਨਿਟੀ ਕਾਲਜ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਇਥੇ ਹੀ ਇਹ 1856 ਤੋਂ 1861 ਤਕ ਰਾਜਨੀਤੀ ਅਰਥ-ਸ਼ਾਸਤਰ ਦਾ ਪ੍ਰੋਫ਼ੈਸਰ ਰਿਹਾ। ਇਸ ਪਿਛੋਂ ਇਸ ਨੂੰ ਕੁਈਨਜ਼ ਕਾਲਜ-ਗਾਲਵੇ (1861-66) ਅਤੇ ਯੂਨੀਵਰਸਿਟੀ ਕਾਲਜ-ਲੰਡਨ (1866-72) ਵਿਖੇ ਰਾਜਨੀਤੀ ਅਰਥ-ਸ਼ਾਸਤਰ ਦੀਆਂ ਚੇਅਰਜ਼ ਸੰਭਾਲਣ ਦਾ ਵੀ ਮਾਣ ਪ੍ਰਾਪਤ ਹੋਇਆ।

ਕਈ ਵਾਰ ਇਸ ਨੂੰ ਅਖੀਰਲਾ ਸਨਾਤਨੀ ਅਰਥ-ਸ਼ਾਸਤਰੀ ਵੀ ਕਿਹਾ ਜਾਂਦਾ ਹੈ। ਇਸ ਨੇ ਸਨਾਤਨੀ ਸਕੂਲ ਦੇ ਬਹੁਤ ਸਾਰੇ ਅਸੂਲਾਂ ਦੀ ਆਪਣੀ ਅੰਤਮ ਅਤੇ ਸਭ ਤੋਂ ਵੱਡੀ ਰਚਨਾ 'ਸਮ ਲੀਡਿੰਗ ਪ੍ਰਿੰਸੀਪਲਜ਼ ਆਫ਼ ਪੁਲਿਟੀਕਲ ਇਕਾਨਮੀ ਨਿਊਲੀ ਐਕਸਪਾਊਂਡਿਡ' (1874) ਵਿਚ ਮੁੜ ਵਿਆਖਿਆ ਕੀਤੀ।

ਇਸ ਨੇ ਆਪਣੀ ਪਹਿਲੀ ਪੁਸਤਕ 'ਦੀ ਕੈਰੈਕਟਰ ਐਂਡ ਲੱਜੀਕਲ ਮੈਥਿਡ ਆਫ਼ ਪੋਲਿਟੀਕਲ ਇਕਾਨਮੀ' (1857) ਵਿਚ ਸਨਾਤਨੀ ਰਾਜਸੀ ਆਰਥਿਕਤਾ ਦੇ ਅਮੂਰਤ ਨਿਗਮਨ ਸਰੂਪ ਤੇ ਬਲ ਦਿਤਾ ਅਤੇ ਨਾਲ ਹੀ ਵਖ ਵਖ ਨੀਤੀਆਂ ਅਤੇ ਰਾਜਸੀ ਅਸੂਲਾਂ ਵਿਚਕਾਰ ਸਨਾਤਨੀ ਰਾਜਸੀ ਆਰਥਕਤਾ ਦੀ ਵਿਗਿਆਨਕ ਨਿਰਪੱਖਤਾ ਦਾ ਸਮਰਥਨ ਕੀਤਾ। ਇਸ ਦੇ 'ਐਸੇਜ਼ ਔਨ ਦੀ ਗੋਲਡ ਕੁਐਸ਼ਚਨ' ਉਨੀਵੀਂ ਸਦੀ ਵਿਚ ਮੁਦਰਾ ਸਿਧਾਂਤ ਉੱਤੇ ਪ੍ਰਕਾਸ਼ਤ ਹੋਈਆਂ ਪ੍ਰਸਿੱਧ ਰਚਨਾਵਾਂ ਵਿਚੋਂ ਗਿਣੇ ਜਾਂਦੇ ਹਨ। ਇਨ੍ਹਾਂ ਨਿਬੰਧਾਂ ਵਿਚ ਆਸਟ੍ਰੇਲੀਆ ਅਤੇ ਕੈਲਿਫੋਰਨੀਆ ਵਿਚੋਂ ਮਿਲੇ ਸੋਨੇ ਦੇ ਪ੍ਰਭਾਵ ਸਬੰਧੀ ਵਿਆਖਿਆ ਕੀਤੀ ਗਈ ਹੈ। ਇਸ ਦੀ ਪੁਸਤਕ 'ਦੀ ਸਲੇਵ ਪਾਵਰ' (1862—1863) ਵਿਚ ਗ਼ੁਲਾਮ-ਕਿਰਤ ਦੇ ਸਹਿਜ ਔਗੁਣਾਂ ਦਾ ਅਧਿਐਨ ਕੀਤਾ ਗਿਆ ਅਤੇ ਇਸੇ ਪੁਸਤਕ ਨੇ ਸੰਯੁਕਤ ਰਾਜ ਦੀ ਘਰੇਲੂ-ਜੰਗ (1861-65) ਵਿਚ ਬਰਤਾਨਵੀ ਰਾਏ ਨੂੰ ਉੱਤਰ ਦੇ ਹੱਕ ਵਿਚ ਕਾਫ਼ੀ ਪ੍ਰਭਾਵਿਤ ਕੀਤਾ।

ਇਸ ਦੀ ਮੌਤ 8 ਜੁਲਾਈ, 1875 ਨੂੰ ਲੰਡਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 2 ; 441

**ਕੇਅਰੀਆ** : ਇਹ ਦੱਖਣ-ਪੱਛਮੀ ਅਨਾਤੋਲੀਆ ਦਾ ਇਕ ਪ੍ਰਾਚੀਨ ਡਿਸਟ੍ਰਿਕਟ ਹੁੰਦਾ ਸੀ। ਇਹ ਮੁਕੰਮਲ ਰੂਪ ਵਿਚ ਯੂਨਾਨੀ ਅਸਰ ਹੇਠਾਂ ਸੀ ਅਤੇ ਇਸ ਦੇ ਇਲਾਕੇ ਵਿਚ ਏਜੀਅਨ ਸਾਗਰ ਦੇ ਕੰਢੇ ਦੇ ਨਾਲ ਲਗਦੇ ਯੂਨਾਨੀ ਸ਼ਹਿਰ ਅਤੇ ਉੱਤਰ ਵਿਚ ਲਿਡੀਆ ਦੁਆਰਾ ਅਤੇ ਪੂਰਬ ਵਿਚ ਫਰਿਜੀਆ ਅਤੇ ਲਿਸੀਆ ਦੁਆਰਾ ਘਿਰਿਆ ਪਰਬਤੀ

ਅੰਦਰਲਾ ਭਾਗ ਸ਼ਾਮਲ ਹੁੰਦਾ ਸੀ । ਕੇਅਰੀਆ ਦੇ ਅੰਦਰਲੇ ਭਾਗ ਦੇ ਗ਼ੈਰ ਯੂਨਾਨੀ ਲੋਕ, ਆਪਣੇ ਆਪ ਨੂੰ ਇਥੋਂ ਦੇ ਮੂਲ ਵਸਨੀਕ ਦਸਦੇ ਹਨ ਅਤੇ ਲਿਡੀਆ ਅਤੇ ਮਿਸ਼ੀਆ ਦੇ ਲੋਕਾਂ ਨਾਲ ਆਪਣੇ ਰਿਸ਼ਤੇ ਦਾ ਦਾਅਵਾ ਕਰਦੇ ਹਨ ਇਹ ਇਨ੍ਹਾਂ ਲੋਕਾਂ ਨਾਲ ਰਲ ਕੇ ਸਾਂਝੀ ਪੂਜਾ ਕਰਦੇ ਹੁੰਦੇ ਸਨ । 546 ਈ. ਪੂ. ਦੌਰਾਨ ਕੇਅਰੀਆ ਲਿਡੀਆ ਦੇ ਹੱਥਾਂ ਵਿਚੋਂ ਨਿਕਲ ਕੇ ਈਰਾਨੀ ਹਕੂਮਤ ਅਧੀਨ ਚਲਾ ਗਿਆ । ਪੱਛਮੀ ਕੇਅਰੀਆ ਦੇ ਰਾਜਬੰਸੀਆਂ ਨੇ ਈਰਾਨ ਦੇ ਬਾਦਸ਼ਾਹ ਦਾਰਾ ਪਹਿਲੇ (ਲਗਭਗ 499-493 ਈ. ਪੂ.) ਵਿਰੁੱਧ ਕੀਤੇ ਗਏ ਨਾਕਾਮ ਆਇਓਨੀਆਈ ਵਿਦਰੋਹ ਵਿਚ ਹਿੱਸਾ ਲਿਆ । ਸਾਹਿਲੀ ਸ਼ਹਿਰਾਂ ਨੂੰ ਪਿਛੋਂ ਗ੍ਰੀਕ ਡੇਲੀਅਨ ਲੀਗ ਵਿਚ ਸ਼ਾਮਲ ਕਰ ਲਿਆ ਗਿਆ । ਚੌਥੀ ਸਦੀ ਈ. ਪੂ. ਦੇ ਆਰੰਭ ਵਿਚ ਸਾਰੇ ਕੇਅਰੀਆ ਨੂੰ ਹੈਕਾਟੋਮਿਡ ਖ਼ਾਨਦਾਨ ਦੇ ਰਾਜ ਅਧੀਨ ਇਕ ਵੱਖਰੇ ਸੇਟਰਪੀ ਵਜੋਂ ਈਰਾਨੀ ਸਲਤਨਤ ਵਿਚ ਮੁੜ ਸ਼ਾਮਲ ਕਰ ਲਿਆ ਗਿਆ । ਮੌਸਾਲੁਸ (ਲਗਭਗ 377-353 ਈ. ਪੂ.) ਨਾਮੀ ਇਕ ਸ਼ਾਸਕ ਨੇ ਮੁਈਲੇਸਾ ਤੋਂ ਰਾਜਧਾਨੀ ਬਦਲਕੇ ਹੈਲੀਕਾਰਨੈਸ਼ਸ਼ ਲੈ ਆਂਦੀ । ਇਸੇ ਸਥਾਨ ਤੇ ਹੀ ਉਸ ਦਾ ਮਕਬਰਾ ਬਣਿਆ ਹੋਇਆ ਹੈ ਜਿਹੜਾ ਦੁਨੀਆ ਦੇ ਪ੍ਰਾਚੀਨ ਸੱਤ ਅਜੂਬਿਆਂ ਵਿਚੋਂ ਇਕ ਗਿਣਿਆ ਜਾਂਦਾ ਸੀ । ਸਿਕੰਦਰ ਮਹਾਨ ਦੇ ਰਾਜ ਕਾਲ ਤੋਂ ਬਾਅਦ (ਜਦੋਂ ਤੀਕ ਇਹ ਸਾਰਾ ਖੇਤਰ 129 ਈ. ਪੂ. ਵਿਚ ਏਸ਼ੀਆ ਦੇ ਰੋਮਨ ਸੂਬੇ ਵਿਚ ਸ਼ਾਮਲ ਨਹੀਂ ਕਰ ਦਿੱਤਾ ਗਿਆ) ਕੇਅਰੀਆ ਦਾ ਇਤਿਹਾਸ ਯੂਨਾਨੀ ਸ਼ਾਸਕਾਂ ਦੀ ਜ਼ਾਨਸ਼ੀਨੀ ਦੀ ਅਧਿਰਾਜਕਤਾ ਅਧੀਨ, ਖ਼ੁਦਮੁਖ਼ਤਾਰ ਸ਼ਹਿਰਾਂ ਅਤੇ ਕਮਿਊਨਾਂ ਨਾਲ ਸਬੰਧਤ ਹੈ ।

ਹ. ਪੁ.—ਐਨ. ਬ੍ਰਿ. ਮਾ. 2 : 564

**ਕੇਅਰੀ, ਹੈਨਰੀ :** ਇਹ ਇਕ ਅੰਗ੍ਰੇਜ਼ ਕਵੀ ਅਤੇ ਸੰਗੀਤਕਾਰ ਸੀ, ਜਿਹੜਾ ਗਾਥ-ਕਾਵਿ ਲਿਖਣ ਲਈ ਪ੍ਰਸਿੱਧ ਸੀ । 'ਸੈਲੀ ਇਨ ਅਵਰ ਐਲੀ' ਇਸ ਦੀ ਬਹੁਤ ਹੀ ਪ੍ਰਸਿੱਧ ਰਚਨਾ ਹੈ । ਇਸ ਦਾ ਜਨਮ ਲਗਭਗ 1687 ਈ. ਵਿਚ ਹੋਇਆ ਸੀ । ਯਾਰਕਸ਼ਿਰ ਤੋਂ ਲੰਡਨ ਵਿਚ ਸ਼ਾਇਦ ਇਹ 1713 ਤੋਂ ਪਹਿਲਾਂ ਉਦੋਂ ਆਇਆ ਸੀ, ਜਦੋਂ ਕਵਿਤਾਵਾਂ ਦੀ ਇਸ ਦੀ ਪਹਿਲੀ ਪੁਸਤਕ ਛਪੀ ਸੀ । ਇਸ ਨੇ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਕੇ ਥੀਏਟਰਾਂ ਲਈ ਕੰਮ ਕਰਨਾ ਸ਼ੁਰੂ ਕੀਤਾ । ਇਸ ਦੀ ਇਕੱਲੇ ਦੀ ਪਹਿਲੀ ਹਾਸਰਸੀ ਰਚਨਾ 'ਦੀ ਕੰਟਰਾਈਵੈਨਸਿਜ਼; ਔਰ ਮੋਰ ਵੇਜ਼ ਦੈਨ ਵੰਨ' ਸੀ । ਜਿਸ ਲਈ ਸੰਗੀਤ ਵੀ ਇਸ ਨੇ ਆਪ ਹੀ ਤਿਆਰ ਕੀਤਾ । ਇਸ ਤੋਂ ਮਗਰੋਂ ਇਸ ਨੇ ਕਿੰਨੇ ਹੀ ਹਾਸ-ਨਾਟ ਅਤੇ ਗਾਥਾ-ਕਾਵਿ ਉਪੇਰੇ ਲਿਖੇ ਜਿਹੜੇ ਸਟੇਜਾਂ ਉਤੇ ਪੇਸ਼ ਕੀਤੇ ਗਏ । 'ਸੈਲੀ ਇਨ ਅਵਰ ਐਲੀ' ਪਹਿਲੋਂ ਪਹਿਲ 1737 ਵਿਚ ਇਸ ਦੀ ਪੁਸਤਕ 'ਮਿਊਜ਼ੀਕਲ ਸੈਂਚਰੀ' ਵਿਚ ਛਪੀ ਸੀ । ਸੰਗੀਤ ਉਤੇ ਆਧਾਰਿਤ ਇਹ ਇਸ ਦੀਆਂ ਸਭ ਤੋਂ ਵਧੀਆ ਕਵਿਤਾਵਾਂ ਦਾ ਸੰਗ੍ਰਹਿ ਹੈ । ਇਸ ਦੀਆਂ ਕਿਰਤਾਂ ਦੀ ਲੋਕਪ੍ਰਿਯਤਾ ਦੇ ਬਾਵਜੂਦ ਇਹ ਵਿਚਾਰਾ ਗ਼ਰੀਬ ਹੀ ਰਿਹਾ, ਕਿਉਂਕਿ ਛਾਪਕ ਇਸ ਦੇ ਡਰਾਮਿਆਂ ਅਤੇ ਕਵਿਤਾਵਾਂ ਦੀ ਚੋਰੀ ਕਰਦੇ ਰਹੇ । 4 ਅਕਤੂਬਰ, 1743 ਨੂੰ ਇਹ ਲੰਡਨ ਵਿਚ ਫਾਹਾ ਲੈ ਕੇ ਮਰ ਗਿਆ ।

ਹ. ਪ.—ਐਨ. ਬ੍ਰਿ. 4 : 860

**ਕੇਅਰੀ, ਹੈਨਰੀ ਚਾਰਲਸ :** ਸੰਯੁਕਤ ਰਾਜ ਦੇ ਇਸ ਪ੍ਰਸਿੱਧ ਅਰਥ-ਵਿਗਿਆਨੀ ਅਤੇ ਸਮਾਜ-ਵਿਗਿਆਨੀ ਦਾ ਜਨਮ 15 ਦਸੰਬਰ, 1793 ਨੂੰ ਪੈਨਸਿਲਵੇਨੀਆ ਰਾਜ ਵਿਚ ਫਿਲਾਡੈਲਫੀਆ ਵਿਖੇ ਹੋਇਆ। ਆਮ ਕਰਕੇ ਇਸ ਨੂੰ ਯੂ. ਐਸ. ਸਕੂਲ ਆਫ਼ ਇਕਨਾਮਿਕਸ ਦਾ ਬਾਨੀ ਕਿਹਾ ਜਾਂਦਾ ਹੈ । ਪਹਿਲਾਂ ਇਹ ਕੇਅਰੀ, ਲੀ ਐਂਡ ਕੇਅਰੀ (ਸੰਯੁਕਤ ਰਾਜ ਦਾ ਇਕ ਪ੍ਰਸਿੱਧ ਪਬਲਿਸ਼ਿੰਗ ਹਾਊਸ) ਦਾ ਮੈਂਬਰ ਬਣਿਆ ਤੇ ਪਿੱਛੋਂ ਜਾ ਕੇ ਪ੍ਰੈਜ਼ੀਡੈਂਟ ਵੀ ਰਿਹਾ । ਭਾਵੇਂ ਇਸ ਨੇ ਗ਼ੈਰ-ਰਸਮੀ ਜਿਹੀ ਸਿੱਖਿਆ ਪ੍ਰਾਪਤ ਕੀਤੀ ਸੀ ਫਿਰ ਵੀ ਗਿਆਨ ਦੇ ਕਈ ਖੇਤਰਾਂ ਸਬੰਧੀ ਇਸ ਦੀ ਵਿਸ਼ਾਲ ਜਾਣਕਾਰੀ ਸੀ । ਸੰਨ 1835 ਤੋਂ ਬਾਅਦ ਇਹ ਸਮਾਜ-ਵਿਗਿਆਨ ਅਤੇ ਅਰਥ-ਵਿਗਿਆਨ ਦੀਆਂ ਪੁਸਤਕਾਂ ਅਤੇ ਪੈਂਫਲਿਟ ਲਿਖਣ ਵਿਚ ਰੁਝ ਗਿਆ । ਆਪਣੇ ਸਮੇਂ ਵਿਚ ਇਹ ਰਖਿਆਵਾਦ ਦਾ ਵੱਡਾ ਸਮਰਥਕ ਸੀ । ਇਸ ਦੀਆਂ ਰਚਨਾਵਾਂ ਦਾ ਘਟੋ ਘੱਟ ਅੱਠ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਅਤੇ ਦੇਸ਼ ਦੇ ਮੁਕਾਬਲੇ ਤੇ ਇਸ ਨੂੰ ਬਾਹਰਲੇ ਮੁਲਕਾਂ ਵਿਚੋਂ ਵਧੇਰੇ ਪ੍ਰਸਿੱਧੀ ਤੇ ਮਾਨ ਪ੍ਰਾਪਤ ਹੋਇਆ । 'ਐਸੇਜ਼ ਆਨ ਦੀ ਰੇਟ ਆਫ਼ ਵੇਜਿਜ਼', 'ਹਾਰਮਨੀ ਆਫ਼ ਨੇਚਰ', 'ਪ੍ਰਿੰਸਿਪਲਜ਼ ਆਫ਼ ਪੁਲੀਟੀਕਲ ਇਕਾਨਮੀ,' 'ਦੀ ਪਾਸਟ ਦੀ ਪ੍ਰੈਜ਼ੇਂਟ ਐਂਡ ਦੀ ਫਿਊਚਰ', 'ਪ੍ਰਿੰਸਿਪਲਜ਼ ਆਫ਼ ਸੋਸ਼ਲ ਸਾਇੰਸ' ਅਤੇ 'ਦੀ ਯੂਨੀਟੀ ਆਫ਼ ਲਾਅ' ਇਸ ਦੀਆਂ ਸਭ ਤੋਂ ਮਹਤਵਪੂਰਨ ਰਚਨਾਵਾਂ ਹਨ ।

ਇਸ ਦੀ ਮੌਤ 13 ਅਕਤੂਬਰ, 1879 ਨੂੰ ਫਿਲਾਡੈਲਫੀਆ ਵਿਖੇ ਹੋਈ ।

ਹ. ਪੁ.—ਐਨ. ਬ੍ਰਿ. ਮਾ. 2 : 563

**ਕੇਅਰੀ ਮੈਥਿਊ :** ਇਸ ਪ੍ਰਕਾਸ਼ਕ, ਪ੍ਰਚੱਲਿਤ ਵਿਸ਼ਿਆਂ ਦੇ ਲੇਖਕ ਅਤੇ ਪੱਤਰਕਾਰ ਨੂੰ ਸੰਯੁਕਤ ਰਾਜ ਦੀ ਕੌਮੀ ਆਰਥਕਤਾ ਦੇ ਖੇਤਰ ਵਿਚ ਉੱਘਾ ਸਥਾਨ ਪ੍ਰਾਪਤ ਹੈ । ਇਸ ਦਾ ਜਨਮ ਆਇਰਲੈਂਡ ਵਿਚ ਡਬਲਿਨ ਸ਼ਹਿਰ ਵਿਖੇ 1760 ਈ. ਵਿਚ ਹੋਇਆ । ਬਚਪਨ ਵਿਚ ਇਕ ਦੁਰਘਟਨਾ ਕਾਰਨ ਇਹ ਲੰਗੜਾ ਹੋ ਗਿਆ ਸੀ । ਸ਼ਾਇਦ ਇਸੇ ਹੀਨ ਭਾਵਨਾ ਵਸ ਇਹ ਪੜ੍ਹਾਈ ਵੱਲ ਪ੍ਰੇਰਿਆ ਗਿਆ । ਇਸ ਨੇ ਛਾਪਕ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ 17 ਸਾਲ ਦੀ ਉਮਰ ਵਿਚ ਇਸ ਨੇ ਆਪਣਾ ਪਹਿਲਾ ਲੇਖ ਛਪਵਾਇਆ ਜਿਸ ਵਿਚ ਇਸ ਨੇ ਕੈਥੋਲਿਕ ਆਇਰਲੈਂਡ ਦੇ ਲੋਕਾਂ ਉਤੇ ਅੰਗਰੇਜ਼ਾਂ ਵੱਲੋਂ ਕੀਤੇ ਅਤਿਆਚਾਰਾਂ ਵਿਰੁੱਧ ਰੋਸ ਕੀਤਾ । ਇਸ ਕਰਕੇ ਇਸ ਉਤੇ ਮੁਕੱਦਮਾ ਚਲਾਇਆ ਗਿਆ ਇਸ ਪਿਛੋਂ ਇਹ ਪੈਰਿਸ ਭੱਜ ਗਿਆ ਜਿਥੇ ਇਹ ਬੈਂਜਾਮਿਨ ਫ਼ੈਂਕਲਿਨ ਵਾਸਤੇ ਕੰਮ ਕਰਦਾ ਰਿਹਾ । ਸੰਨ 1784 ਵਿਚ ਇਹ ਸਮੁੰਦਰੀ ਜਹਾਜ਼ ਰਾਹੀਂ ਸੰਯੁਕਤ ਰਾਜ ਅਮਰੀਕਾ ਵਿਚ ਫਿਲਾਡੈਲਫੀਆ ਚਲਾ ਗਿਆ । ਇਸ ਨੇ ਇਸ ਪਿਛੋਂ ਕਈ ਰਸਾਲੇ ਚਾਲੂ ਕੀਤੇ, ਜਿਨ੍ਹਾਂ ਵਿਚੋਂ 'ਅਮੈਰੀਕਨ ਮਿਊਜ਼ੀਅਮ' ਚਿਰ ਸਥਾਈ ਸਿੱਧ ਹੋਇਆ । ਇਸ ਨੂੰ ਆਰਥਕ ਸਫ਼ਲਤਾ ਉਦੋਂ ਮਿਲੀ ਜਦੋਂ ਇਹ ਪੱਤਰਕਾਰੀ ਤਿਆਗ ਕੇ ਪੁਸਤਕਾਂ ਦਾ ਵਪਾਰ ਕਰਨ ਲੱਗਾ । ਇਸ ਦੀ ਆਪਣੀ ਪੁਸਤਕ 'ਔਲਿਵ ਬ੍ਰਾਂਚ (1914)' ਰਿਪਬਲਿਕਨਾਂ ਦੀ ਫੈਡਰੇਲਿਸਟਾਂ ਨਾਲ ਮਿੱਤਰਤਾ ਉਤੇ ਜ਼ੋਰ ਦਿੰਦੀ ਸੀ । ਕੇਅਰੀ ਨੇ ਫਿਲਾਡੈਲਫੀਆ ਦੀ ਭਲਾਈ ਲਈ ਬਹੁਤ ਕੰਮ ਕੀਤੇ। ਇਸ ਨੇ ਹਾਇਬਰਨੀਅਨ ਸੋਸਾਇਟੀ ਦੀ ਨੀਂਹ ਰਖੀ ਅਤੇ ਹੋਰ ਬਹੁਤ ਸਾਰੀਆਂ ਧਰਮਅਰਥ ਸੰਸਥਾਵਾਂ ਨੂੰ ਸਹਾਇਤਾ ਦਿਤੀ ।

ਹ. ਪੁ.—ਐਨ. ਬ੍ਰਿ. 4 : 901

**ਕੇਸਗੜ੍ਹ ਸਾਹਿਬ :** ਕੇਸਗੜ੍ਹ ਸਾਹਿਬ ਪੰਜਾਬ ਦੇ ਜ਼ਿਲ੍ਹਾ ਰੋਪੜ ਵਿਚ ਅਨੰਦਪੁਰ ਸਾਹਿਬ ਵਿਖੇ ਸਿੱਖਾਂ ਦਾ ਇਕ ਮਹਾਨ ਇਤਿਹਾਸਕ ਗੁਰਦੁਆਰਾ ਹੈ । ਇਹ ਰੋਪੜ ਤੋਂ ਨੰਗਲ ਜਾਣ ਵਾਲੀ ਸੜਕ ਉਤੇ ਸਤਲੁਜ ਦੇ ਸੱਜੇ ਕੰਢੇ ਤੋਂ ਚਾਰ ਕੁ ਕਿ. ਮੀ. ਦੀ ਦੂਰੀ ਤੇ ਸਥਿਤ ਹੈ । ਇਸ ਤੋਂ ਦਸ-ਗਿਆਰਾਂ ਕਿ. ਮੀ. ਉੱਤਰ ਵਿਚ ਹਿੰਦੂਆਂ ਦਾ ਨੈਣਾ ਦੇਵੀ ਦਾ ਪ੍ਰਸਿੱਧ ਮੰਦਰ ਹੈ । ਇਸ ਤੋਂ ਛੇ ਕਿਲੋ ਮੀ. ਰੋਪੜ ਵਲ ਸਿੱਖਾਂ ਦਾ ਮਹੱਤਵਪੂਰਨ ਧਾਰਮਕ ਅਸਥਾਨ ਕੀਰਤਪੁਰ ਸਾਹਿਬ ਹੈ, ਜਿਥੇ ਸਿੱਖ ਆਪਣੇ ਸਵਰਗਵਾਸੀ ਸਬੰਧੀਆਂ ਦੇ ਫੁਲ ਦਰਿਆ ਸਤਲੁਜ (ਪਤਾਲਪੁਰੀ) ਵਿਚ ਜਲ-ਪ੍ਰਵਾਹ ਕਰਦੇ ਹਨ । ਕੇਸਗੜ੍ਹ ਸਾਹਿਬ ਦੇ ਉੱਤਰ ਵਿਚ ਸ਼ਿਵਾਲਿਕ ਪਹਾੜੀਆਂ ਦਾ ਸੁੰਦਰ ਨਜ਼ਾਰਾ ਵੇਖਣ ਨੂੰ ਮਿਲਦਾ ਹੈ । ਗੁਰਦੁਆਰਾ ਸਾਹਿਬ ਕਾਫ਼ੀ ਉਚਾਈ ਤੇ ਸਥਿਤ ਹੋਣ ਕਰਕੇ ਇਥੋਂ ਆਲੇ-ਦੁਆਲੇ ਦੇ ਗੁਰਦੁਆਰੇ ਅਤੇ ਇਲਾਕਾ ਸਪਸ਼ਟ ਵਿਖਾਈ ਦਿੰਦਾ ਹੈ । ਕੇਸਗੜ੍ਹ ਦੇ ਆਲੇ-ਦੁਆਲੇ ਦੂਜੇ ਮਹੱਤਵਪੂਰਨ



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਗੁਰਦੁਆਰੇ, ਆਨੰਦਗੜ੍ਹ, ਲੋਹਗੜ੍ਹ, ਫਤ੍ਹੇ ਗੜ੍ਹ ਅਤੇ ਹੋਲਗੜ੍ਹ ਹਨ। ਦਸਮ ਪਾਤਸ਼ਾਹ ਨੇ ਨਗਰ ਦੀ ਰਖਿਆ ਲਈ ਇਹ ਸਾਰੇ ਕਿਲ੍ਹੇ ਬਣਾਏ ਸਨ, ਜਿਹੜੇ ਹੁਣ ਗੁਰਦੁਆਰਿਆਂ ਵਜੋਂ ਸੁਸ਼ੋਭਤ ਹਨ। ਕੇਸਗੜ੍ਹ ਸਾਹਿਬ ਅਤੇ ਆਨੰਦਗੜ੍ਹ ਸਾਹਿਬ ਨੂੰ ਇਕ ਉੱਚੀ ਸੜਕ ਰਾਹੀਂ ਆਪਸ ਵਿਚ ਜੋੜਿਆ ਹੋਇਆ ਹੈ। ਤਖਤ ਕੇਸਗੜ੍ਹ ਸਾਹਿਬ ਨੂੰ ਸੰਨ 1973 ਵਿਚ ਗੁਰੂ ਗੋਬਿੰਦ ਸਿੰਘ ਮਾਰਗ ਰਾਹੀਂ ਤਖਤ ਸ੍ਰੀ ਦਮਦਮਾ ਸਾਹਿਬ (ਬਠਿੰਡਾ) ਨਾਲ ਮਿਲਾ ਦਿਤਾ ਗਿਆ ਹੈ। ਕੇਸਗੜ੍ਹ ਸਾਹਿਬ ਵਿਚ ਇਕ ਸਿੱਖ ਅਜਾਇਬ ਘਰ ਵੀ ਹੈ ਜਿਸ ਵਿਚ ਸਿੱਖ ਸੂਰਬੀਰਾਂ ਅਤੇ ਸਿੱਖਾਂ ਦੇ ਕਾਰਨਾਮਿਆਂ ਦੀਆਂ ਇਤਿਹਾਸਕ ਤਸਵੀਰਾਂ ਹਨ।

ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਦੀ ਗੁਰੂ-ਨਗਰੀ ਵਿਖੇ ਖਾਲਸਾ ਪੰਥ ਦਾ ਉਹ ਅਸਥਾਨ ਹੈ ਜਿਥੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ (ਪਾਹੁਲ) ਛਕਾ ਕੇ ਖਾਲਸਾ ਸਾਜਿਆ ਅਤੇ ਉਨ੍ਹਾਂ ਨੇ ਖਾਲਸੇ ਨੂੰ ਸਦਾ ਕੇਸਧਾਰੀ ਤੇ ...ਸਤਰਧਾਰੀ ਰਹਿਣ ਦੀ ਤਾਕੀਦ ਕੀਤੀ ਅਤੇ ਖਾਲਸਈ ਰਹਿਤ ਪ੍ਰਦਾਨ ...ਤੀ। ਇਸੇ ਕਾਰਨ ਇਹ ਅਸਥਾਨ ਖ਼ਾਲਸਾ ਪੰਥ ਦਾ ਤੀਜਾ ਤਖ਼ਤ ...ਨਿਆ ਜਾਂਦਾ ਹੈ। ਇਸ ਤੋਂ ਪਹਿਲੇ ਦੋ ਤਖ਼ਤ—ਅਕਾਲ ਤਖ਼ਤ ... ਤਖਤ ਹਰਿਮੰਦਰ ਕ੍ਰਮਵਾਰ ਅੰਮ੍ਰਿਤਸਰ ਤੇ ਪਟਨਾ ਸਾਹਿਬ ਵਿਖੇ ...ਥਾਪਤ ਹੋ ਚੁਕੇ ਸਨ। ਭਾਈ ਸੁਖਾ ਸਿੰਘ ਨੇ ਗੁਰਬਿਲਾਸ ਪਾਤਸ਼ਾਹੀ ...ਸਵੀਂ ਵਿਚ ਕੇਸਗੜ੍ਹ ਨੂੰ ਕੇਸਕੋਟ ਤੇ ਕੁਸਦੁਰਗ ਕਰਕੇ ਵੀ ਲਿਖਿਆ ...।

ਸੰਨ 1669 ਵਿਚ ਕੇਸਗੜ੍ਹ ਵਾਲੀ ਥਾਂ ਇਕ ਉੱਚਾ ਟਿੱਬਾ ...। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀਆਂ ਸਿੱਖ ਸੰਗਤਾਂ ਨੂੰ ਵਿਸਾਖੀ ...ਮੌਕੇ ਹਾਜ਼ਰ ਹੋਣ ਲਈ ਹੁਕਮਨਾਮੇ ਭੇਜੇ। ਭਾਰਤ ਦੇ ਚੌਹਾਂ ਕੂੰਟਾਂ ...ਚੋਂ ਸਿੱਖ ਸੰਗਤਾਂ ਇਥੇ ਪੁੱਜੀਆਂ। ਗੁਰੂ ਜੀ ਨੇ ਇਸ ਟਿੱਬੇ ਤੋਂ ਹੀ ... ਸਾਹਿਬ ਸੂਤ ਕੇ ਵੰਗਾਰ ਪਾਈ ਕਿ ਗੁਰੂ ਨੂੰ ਸੀਸ ਦੀ ਲੋੜ ਹੈ। ...ਇਹ 'ਜੇ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ' ਦੀ ਪਰਖ ਸੀ। ਭਾਵੇਂ ਆਮ ਸੰਗਤ ਵਿਚ ਤਰਥੱਲੀ ਮੱਚ ਗਈ ਪਰ ਵਾਰੀ ਵਾਰੀ ਪੰਜ ਸਿੱਖ ਨਿਤਰ ਆਏ। ਇਥੇ ਹੀ ਗੁਰੂ ਜੀ ਨੇ ਖੰਡੇ ਦੀ ਪਾਹੁਲ ਤਿਆਰ ਕੀਤੀ ਅਤੇ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਆਪ ਇਨ੍ਹਾਂ ਪੰਜ ਪਿਆਰਿਆਂ ਤੋਂ ਬੀਰ ਆਸਣ ਹੋ ਕੇ ਅੰਮਿਤ ਛੱਕਿਆ ਤੇ 'ਆਪੇ ਗੁਰ ਚੇਲਾ' ਦਾ ਕਥਨ ਸਾਕਾਰ ਕੀਤਾ।

ਕੇਸਗੜ੍ਹ ਵਾਲੇ ਟਿੱਬੇ ਉਤੇ ਪਹਿਲੇ ਕੱਚੇ ਗੁਰਦੁਆਰੇ ਦੀ ਸੇਵਾ ਬਾਬਾ ਸ਼ੇਰ ਸਿੰਘ ਤੇ ਬਾਬਾ ਅਲਮਸਤ ਸਿੰਘ ਨੇ ਕਰਵਾਈ। ਭਾਈ ਸੁੱਖਾ ਸਿੰਘ ਦੇ 'ਗੁਰਬਿਲਾਸ' ਅਨੁਸਾਰ ਸ੍ਰ. ਬਘੇਲ ਸਿੰਘ ਨੇ ਸੰਨ 1790 ਵਿਚ, ਦਿੱਲੀ ਤੋਂ ਮੁੜਦਿਆਂ ਇਸ ਸਥਾਨ ਦੀ ਸੇਵਾ ਕਰਾਈ। ਇਥੇ ਹੋਲੇ ਮਹੱਲੇ ਦਾ ਮੇਲਾ ਲਗਣਾ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੇ ਹੀ ਹੋਲੇ ਮਹੱਲੇ ਦੀ ਪਿਰਤ, ਖ਼ਾਲਸੇ ਵਿਚ ਸ਼ਸਤਰ ਵਿਦਿਆ ਤੇ ਘੋੜ-ਸਵਾਰੀ ਦੀ ਨਿਪੁੰਨਤਾ ਲਈ ਚਲਾਈ ਸੀ। ਇਥੋਂ ਅੰਮ੍ਰਿਤਪਾਨ ਕਰਨਾ ਵੱਡੀ ਮਹੱਤਤਾ ਵਾਲੀ ਗੱਲ ਮੰਨੀ ਜਾਂਦੀ ਹੈ। ਕਈ ਪੁਰਾਤਨ ਸਮੇਂ ਦੇ ਸਿੱਖ ਸਰਦਾਰਾਂ ਨੇ ਇਥੋਂ ਅੰਮ੍ਰਿਤਪਾਨ ਕੀਤਾ ਤੇ ਗੁਰਦੁਆਰੇ ਦੇ ਨਾਂ ਜਾਗੀਰਾਂ ਲਾਈਆਂ। ਸਰਦਾਰ ਬਘੇਲ ਸਿੰਘ ਜਥੇਦਾਰ ਨੇ ਅੰਮ੍ਰਿਤਪਾਨ ਸਮੇਂ ਪਿੰਡ ਬੱਡੋਂ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਸਰਕਾਰੀ ਮਾਮਲੇ ਦੇ ਅੱਧ ਦੀ ਅਰਦਾਸ ਕਰਾਈ, ਜੋ 1150/- ਰੁਪਏ ਸਾਲਾਨਾ ਬਣਦਾ ਸੀ। ਸਰਦਾਰ ਮਿੱਤ ਸਿੰਘ ਜਥੇਦਾਰ ਨੇ 400/- ਰੁਪਏ ਸਾਲਾਨਾ ਦੀ ਜਾਗੀਰ ਪਿੰਡ ਗੀਗਨ ਵਾਲ (ਜ਼ਿਲ੍ਹਾ ਜਲੰਧਰ) ਦੀ ਅਰਦਾਸ ਕਰਾਈ। ਸਰਦਾਰ ਚੜ੍ਹਤ ਸਿੰਘ ਡੱਲੇ ਵਾਲੀਏ ਨੇ 1100/- ਰੁਪਏ ਸਾਲਾਨਾ ਦੀ ਜਾਗੀਰ ਪਿੰਡ ਮੋਠੇਪੁਰ (ਥਾਣਾ ਆਨੰਦਪੁਰ) ਦੀ ਅਰਦਾਸ ਕਰਾਈ। ਇਸੇ ਤਰ੍ਹਾਂ ਰਿਆਸਤ ਪਟਿਆਲਾ, ਨਾਭਾ ਤੇ ਕਲਸੀਆ ਵਲੋਂ 375/-, 169/- ਤੇ 37/- ਰੁਪਏ ਕ੍ਰਮਵਾਰ ਤਖ਼ਤ ਸਾਹਿਬ ਨੂੰ ਮਿਲਦੇ ਰਹੇ ਹਨ।

ਪਿਛਲੇ ਸਮੇਂ ਵਿਚ ਸੋਢੀ ਸਾਹਿਬਾਨ ਹੀ ਤਖ਼ਤ ਸਾਹਿਬ ਦੇ ਪੁਜਾਰੀ ਰਹੇ ਹਨ। ਭਾਈ ਕਰਮ ਸਿੰਘ, ਬਾਬਾ ਖੜਗ ਸਿੰਘ, ਭਾਈ ਬੁੱਧ

ਸਿੰਘ, ਸੰਤ ਪੂਰਨ ਸਿੰਘ ਤੇ ਭਾਈ ਅਮਰ ਸਿੰਘ ਇਥੋਂ ਦੇ ਪ੍ਰਸਿੱਧ ਗ੍ਰੰਥੀ ਹੋਏ ਹਨ। ਸੰਨ 1923 ਵਿਚ ਇਥੋਂ ਦੀ ਸੇਵਾ ਅਕਾਲੀ ਜੱਥੇ ਨੇ ਸੰਭਾਲ ਲਈ। ਗੁਰਦੁਆਰਾ ਐਕਟ ਮਗਰੋਂ ਇਹ ਅਸਥਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ। ਇਸ ਅਸਥਾਨ ਦੀ ਮੌਜੂਦਾ ਇਮਾਰਤ ਸੰਤ ਹਰੀ ਸਿੰਘ ਜੀ ਕਹਾਰਪੁਰੀ ਨੇ ਸੰਨ 1935 ਤੋਂ 1941 ਤਕ ਸੇਵਾ ਕਰਕੇ ਬਣਵਾਈ ਹੈ। ਇਸ ਦਾ ਨਕਸ਼ਾ ਬਣਾਉਣ ਲਈ ਇਕ ਬੋਰਡ ਬਣਾਇਆ ਗਿਆ, ਜਿਸ ਦੇ ਮੈਂਬਰ ਸਰਦਾਰ ਬਹਾਦਰ ਸ. ਭਗਤ ਸਿੰਘ ਇੰਜਨੀਅਰ, ਸਰਦਾਰ ਬਹਾਦਰ ਸ੍ਰ. ਸ਼ੇਰ ਸਿੰਘ ਇੰਜਨੀਅਰ, ਸ੍ਰ. ਨਾਨਕ ਸਿੰਘ, ਬੇਦੀ ਰਾਮ ਸਿੰਘ ਅਤੇ ਸ. ਸ਼ੇਰ ਸਿੰਘ ਸਨ। ਹੁਣ ਇਸ ਅਸਥਾਨ ਤੇ ਹਰ ਹਫਤੇ ਬੁਧਵਾਰ ਤੇ ਐਤਵਾਰ ਅੰਮ੍ਰਿਤ ਪ੍ਰਚਾਰ ਹੁੰਦਾ ਹੈ। ਹਰ ਐਤਵਾਰ ਨੂੰ ਵਿਸ਼ੇਸ਼ ਦੀਵਾਨ ਸਜਦਾ ਹੈ, ਹਰ ਪੂਰਨਮਾਸ਼ੀ ਦੀ ਰਾਤ ਨੂੰ ਉਚੇਚਾ ਦੀਵਾਨ ਹੁੰਦਾ ਹੈ। ਸੰਗਤਾਂ ਦੀ ਰਿਹਾਇਸ਼ ਤੇ ਆਰਾਮ ਲਈ ਕੋਠੜੀਆਂ ਬਣੀਆਂ ਹੋਈਆਂ ਹਨ। ਲੰਗਰ ਸਦਾ ਚਲਦਾ ਹੈ। ਹਰ ਸਾਲ ਨੈਣਾਂ ਦੇਵੀ ਦੇ ਮੇਲੇ ਜਾਣ ਵਾਲੇ ਹਜ਼ਾਰਾਂ ਹਿੰਦੂ ਯਾਤਰੀ ਰਾਤ ਵੇਲੇ ਇਥੇ ਹੀ ਵਿਸ਼ਰਾਮ ਕਰਦੇ ਹਨ ਅਤੇ ਇਥੇ ਹੀ ਲੰਗਰ ਛਕਦੇ ਹਨ। ਇਥੇ ਹੋਲੇ ਮਹੱਲੇ ਦਾ ਬੜਾ ਭਾਰੀ ਮੇਲਾ ਲਗਦਾ ਹੈ।

ਤਖ਼ਤ ਕੇਸਗੜ੍ਹ ਸਾਹਿਬ ਵਿਖੇ ਹੇਠ ਲਿਖੀਆਂ ਗੁਰ-ਵਸਤਾਂ ਦੇ ਦਰਸ਼ਨ ਹਰ ਰੋਜ਼ ਦੋਵੇਂ ਵਕਤ, ਦੀਵਾਨ ਮਗਰੋਂ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

**ਨਾਗਣੀ ਬਰਛੀ**—ਇਹ 8 ਫੁੱਟ 9 ਇੰਚ ਲੰਬੀ ਹੈ। ਦੱਸਿਆ ਜਾਂਦਾ ਹੈ ਕਿ ਭਾਈ ਬਚਿੱਤਰ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਪਾ ਕੇ ਇਸੇ ਬਰਛੀ ਨਾਲ ਕਿਲਾ ਆਨੰਦਗੜ੍ਹ ਤੇ ਧਾਵਾ ਕਰਨ ਵਾਲੇ ਮਦ ਮਸਤ ਹਾਥੀ ਦਾ ਟਾਕਰਾ ਕੀਤਾ ਸੀ ਅਤੇ ਉਸ ਨੂੰ ਪਛਾੜ ਦਿਤਾ ਸੀ। ਇਹ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਸਤਰ ਸੀ।

**ਭਾਲਾ ਬਰਛਾ**—ਇਸ ਦੀ ਲੰਬਾਈ ਅੱਠ ਫੁੱਟ ਤੋਂ ਕੇਵਲ 1/2 ਇੰਚ ਘੱਟ ਹੈ, ਇਸ ਦਾ ਅਗਲਾ ਫਲ ਦੋ ਫੁੱਟ ਨੌਂ ਇੰਚ ਹੈ, ਵਿਚਕਾਰ ਲੱਕੜੀ ਦਾ ਦਸਤਾ ਹੈ।

**ਸੈਫ਼ (ਕਿਰਚ)**—ਇਸ ਦੀ ਲੰਬਾਈ ਦਸਤੇ ਸਮੇਤ ਚਾਰ ਫੁੱਟ ਤਿੰਨ ਇੰਚ ਹੈ, ਚੌੜਾਈ ਦਸਤੇ ਪਾਸ ਤਿੰਨ ਇੰਚ ਤੇ ਵਿਚਕਾਰ ਦੋ ਇੰਚ ਹੈ ਤੇ ਇਸ ਤਰ੍ਹਾਂ ਘਟਦੀ ਗਈ ਹੈ। ਇਸ ਦਾ ਤੋਲ ਦੋ ਸੇਰ ਹੈ। ਸ਼ਾਇਦ ਇਹ ਸ਼ਸਤਰ ਪੀਰ ਬੁੱਧੂ ਸ਼ਾਹ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟਾ ਕੀਤਾ ਸੀ।

**ਖੰਡਾ ਦੁਧਾਰਾ**—ਲੰਬਾਈ ਵਿਚ ਤਿੰਨ ਫੁੱਟ ਸਾਢੇ ਤਿੰਨ ਇੰਚ ਹੈ। ਇਸ ਦਾ ਫਲ ਅਗਲੇ ਸਿਰੇ ਤੋਂ ਸਵਾ ਦੋ ਇੰਚ ਹੈ ਤੇ ਵਿਚਕਾਰੋਂ ਡੇਢ ਇੰਚ ਚੌੜਾ ਹੈ। ਕਿਹਾ ਜਾਂਦਾ ਹੈ ਕਿ ਇਸੇ ਖੰਡੇ ਨਾਲ ਗੁਰੂ ਜੀ ਨੇ ਸੰਨ 1699 ਵਿਚ ਅੰਮ੍ਰਿਤ ਤਿਆਰ ਕੀਤਾ ਸੀ।

**ਕਟਾਰ**—ਇਸ ਦੀ ਲੰਬਾਈ ਦਸਤੇ ਸਮੇਤ ਦੋ ਫੁੱਟ ਇੰਚ ਹੈ। ਇਸ ਦੇ ਦਸਤੇ ਤੇ ਹਾਥੀ, ਸ਼ੇਰਾਂ ਦੇ ਚਿੱਤਰ ਉਕਰੇ ਹੋਏ ਹਨ।

**ਬੰਦੂਕ**—ਇਹ ਭਾਈ ਡੱਲੇ ਨੇ ਗੁਰੂ ਸਾਹਿਬ ਨੂੰ ਭੇਟ ਕੀਤੀ ਸੀ।

**30°10′ ਉ. ਵਿਥ.; 75° 30′ ਪੂ. ਲੰਬ.**

ਹ. ਪੁ.—ਮ. ਕੋ.; ਗ਼. ਇੰਡ. ਪਾਕਿ

**ਕੇਸਮੈਂਟ, ਸਰ ਰਾਜਰ ਡੇਵਿਡ :** ਆਇਰਲੈਂਡ ਵਿਚ ਬਰਤਾਨਵੀ ਰਾਜ ਵਿਰੁੱਧ ਹੋਈ ਬਗ਼ਾਵਤ ਦੇ ਇਸ ਪ੍ਰਮੁੱਖ ਸ਼ਹੀਦ ਦਾ ਜਨਮ ਪਹਿਲੀ ਸਤੰਬਰ 1864 ਨੂੰ ਕਿੰਗਸ ਟਾਊਨ ਕਾਉਂਟੀ ਵਿਚ ਡਬਲਿਨ ਵਿਖੇ ਹੋਇਆ। ਇਹ ਕਈ ਦੇਸ਼ਾਂ ਵਿਚ ਜਿਵੇਂ ਪੁਰਤਗਾਲੀ ਪੂਰਬੀ ਅਫ਼ਰੀਕਾ (1895-98), ਅੰਗੋਲਾ (1898-1900) ਅਤੇ ਬ੍ਰਾਜ਼ੀਲ (1906-11) ਵਿਚ ਬਰਤਾਨੀਆ ਦਾ ਰਾਜਦੂਤ ਰਿਹਾ। ਇਸ ਨੇ ਕਾਂਗੋ ਅਤੇ ਪੀਰੂ ਦੇ ਮਜ਼ਦੂਰਾਂ ਉਤੇ ਅੰਗ੍ਰੇਜ਼ਾਂ ਵਲੋਂ ਕੀਤੇ ਜਾਂਦੇ ਜ਼ੁਲਮਾਂ ਨੂੰ ਲੋਕਾਂ ਸਾਹਮਣੇ ਉਘਾੜਿਆ, ਜਿਸ ਕਾਰਨ ਇਹ ਸੰਸਾਰ ਭਰ ਵਿਚ ਪ੍ਰਸਿੱਧ ਹੋ ਗਿਆ। ਇਸ ਬਾਰੇ ਇਸ ਨੇ 1904 ਵਿਚ ਕਾਂਗੋ-ਰਿਪੋਟ ਅਤੇ 1912 ਵਿਚ ਪੁਟਾਮੀਓ ਰਿਪੋਟ ਲਿਖੀ। ਸੰਨ 1913 ਵਿਚ ਇਸ ਨੇ ਅੰਗ੍ਰੇਜ਼ਾਂ ਦੇ ਖਿਲਾਫ਼ ਆਇਰਲੈਂਡੀ ਨੈਸ਼ਨਲ ਵਾਲੰਟੀਅਰ ਬਣਾਉਣ ਵਿਚ ਮਦਦ ਕੀਤੀ ਅਤੇ ਸੰਨ 1914 ਵਿਚ ਇਹ ਬਰਤਾਨੀਆ ਵਿਰੁੱਧ ਅਮਰੀਕਾ ਤੋਂ ਮਦਦ ਲੈਣ ਲਈ ਨਿਊਯਾਰਕ ਗਿਆ। ਸੰਨ 1914 ਵਿਚ ਪਹਿਲੇ ਸੰਸਾਰ ਯੁੱਧ ਸਮੇਂ ਇਸ ਨੇ ਜਰਮਨ ਸਰਕਾਰ ਤੋਂ ਬਰਤਾਨੀਆ ਵਿਰੁੱਧ ਆਇਰਲੈਂਡ ਦੀ ਮਦਦ ਕਰਨ ਦੀ ਮੰਗ ਕੀਤੀ ਪਰ ਮਦਦ ਨਾ ਮਿਲੀ। ਇਸ ਮਗਰੋਂ 1916 ਵਿਚ ਇਸ ਨੇ ਜਰਮਨੀ ਤੋਂ ਫਿਰ ਮਦਦ ਮੰਗੀ ਕਿ ਉਨ੍ਹਾਂ ਦੇ ਫ਼ੌਜੀ ਅਫਸਰ 1916 ਵਿਚ ਕੀਤੀ ਜਾਣ ਵਾਲੀ ਬਗ਼ਾਵਤ ਵਿਚ ਆਇਰਲੈਂਡ ਦੀਆਂ ਫ਼ੌਜਾਂ ਦੀ ਅਗਵਾਈ ਕਰਨ, ਪਰ ਜਰਮਨੀ ਨੇ ਇਸ ਤੋਂ ਵੀ ਇਨਕਾਰ ਕਰ ਦਿਤਾ। ਅੰਤ 12 ਅਪ੍ਰੈਲ 1916 ਨੂੰ ਜਦੋਂ ਇਹ ਜਰਮਨੀ ਦੀ ਇਕ ਡੁਬਕਣੀ ਕਿਸ਼ਤੀ ਰਾਹੀਂ ਆਇਰਲੈਂਡ ਜਾ ਰਿਹਾ ਸੀ ਤਾਂ ਇਸ ਨੂੰ ਰਸਤੇ ਵਿਚ ਹੀ ਫੜ ਕੇ ਇੰਗਲੈਂਡ ਭੇਜ ਦਿਤਾ ਗਿਆ। ਉਥੇ ਇਸ ਉਤੇ ਗ਼ਦਾਰੀ ਦਾ ਦੋਸ਼ ਲਗਾ ਕੇ 3 ਅਗਸਤ, 1916 ਨੂੰ ਲੰਡਨ ਵਿਖੇ, ਇਸ ਨੂੰ ਫਾਂਸੀ ਦੇ ਦਿਤੀ ਗਈ।

ਹ. ਪੁ.—ਐਨ. ਬ੍ਰਿ. ਮਾ. 2 : 608

**ਕੇਸਰ :** ਕੇਸਰ ਦੀ ਕਾਸ਼ਤ ਯੂਨਾਨੀਆਂ ਅਤੇ ਯਹੂਦੀਆਂ ਦੇ ਸਮੇਂ ਤੋਂ ਹੁੰਦੀ ਆ ਰਹੀ ਹੈ ਅਤੇ ਇਹ ਅੱਜ ਵੀ ਯੂਰਪ ਅਤੇ ਪੂਰਬ ਦੇ ਦੇਸ਼ਾਂ ਦੇ ਬਹੁਤ ਹਿੱਸਿਆਂ ਵਿਚ ਬੀਜਿਆ ਜਾਂਦਾ ਹੈ। ਕੇਸਰ ਦੇ ਬੂਟੇ ਦਾ ਵਿਗਿਆਨਕ ਨਾਂ ਕ੍ਰੋਕਸ ਸਟਾਈਵਸ ਹੈ। ਇਹ ਬੂਟੇ ਬਿਨਾਂ ਸ਼ਾਖ਼ਾਵਾਂ ਦੇ, ਡੰਡੀ-ਰਹਿਤ, ਸਧਾਰਨ ਪੱਤਿਆਂ ਵਾਲੇ ਹੁੰਦੇ ਹਨ। ਇਹ ਛੋਟੇ ਆਕਾਰ ਦੇ ਚਿਰਜੀਵੀ ਬੂਟੇ ਹਨ ਅਤੇ ਇਨ੍ਹਾਂ ਦੀਆਂ ਜੜ੍ਹਾਂ ਇਕ ਬਲਬ ਰੂਪ ਵਿਚ ਹੁੰਦੀਆਂ ਹਨ। ਇਸ ਬੂਟੇ ਦੇ ਪੱਤੇ ਨਲੀ ਵਾਂਗ ਹੁੰਦੇ ਹਨ ਜਿਨ੍ਹਾਂ ਦੇ ਸਿਰੇ ਮੁੜੇ ਹੋਏ ਹੁੰਦੇ ਹਨ। ਇਸ ਦੇ ਬੈਂਗਨੀ ਰੰਗ ਦੇ ਫੁਲ ਸਿਰਿਆਂ ਤੇ ਜਾਂ ਝੁੰਡਾਂ ਵਿਚ ਲਗਦੇ ਹਨ। ਹਰੀਆਂ ਪੱਤੀਆਂ ਕੀਫ ਵਰਗੀ ਸ਼ਕਲ ਦੀਆਂ ਹੁੰਦੀਆਂ ਹਨ। ਫੁੱਲ ਦੇ ਪਰਾਗ-ਕੋਸ਼ ਪੀਲੇ ਅਤੇ ਪਰਾਗ-ਕਣ-ਵਹਿਣੀ ਸੰਤਰੀ ਲਾਲ ਰੰਗ ਦੀ ਅਤੇ ਚਿੜੀਏ ਦੇ ਪੱਤੇ ਵਰਗੀ ਸ਼ਕਲ ਦੀ ਹੁੰਦੀ ਹੈ। ਕੈਪਸੂਲ ਲੰਬੂਤਰਾ ਅਤੇ ਕਈ ਬੀਜਾਂ ਵਾਲਾ ਹੁੰਦਾ ਹੈ। ਬੀਜ ਲਗਭਗ ਗੋਲਾਕਾਰ ਹੁੰਦੇ ਹਨ।

ਕੇਸਰ, ਖ਼ੁਸ਼ਕ ਪਰਾਗ ਕੋਸ਼ਾਂ ਅਤੇ ਪਰਾਗ-ਕਣ ਵਹਿਣੀਆਂ ਦੇ ਉਪਰਲੇ ਸਿਰਿਆਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ, ਜਿਸ ਨੂੰ ਰੰਗਕ ਅਤੇ ਮਸਾਲੇ ਦੇ ਤੌਰ ਤੇ ਵਰਤਿਆ ਜਾਂਦਾ ਹੈ। ਮੱਧ ਕਾਲ ਵਿਚ ਕੇਸਰ ਦੀ ਅਸਲ ਅਤੇ ਸਜਾਵਟੀ ਕੀਮਤ ਕਾਰਨ ਬਹੁਤ ਮਹਾਨਤਾ ਸੀ। ਅਜ ਕੱਲ੍ਹ ਭੋਜਨ ਪਦਾਰਥਾਂ ਨੂੰ ਖ਼ੁਸ਼ਬੂ ਦੇਣ ਲਈ ਇਸ ਦੀ ਥੋੜ੍ਹੀ ਬਹੁਤ ਵਰਤੋਂ ਹੁੰਦੀ ਹੈ। ਕੇਸਰ ਦੇ ਕੇਕ ਇੰਗਲੈਂਡ ਦੇ ਕਈ ਹਿੱਸਿਆਂ ਵਿਚ ਕਾਫੀ ਮਸ਼ਹੂਰ ਹਨ।

ਇਸ ਤੋਂ ਇਲਾਵਾ ਕੇਸਰ ਦਾ ਉਪਯੋਗ ਬੀਮਾਰੀਆਂ ਦੇ ਇਲਾਜ ਵਿਚ ਵੀ ਕੀਤਾ ਜਾਂਦਾ ਹੈ। ਪਰਾਗ ਕੋਸ਼ ਅਤੇ ਪਰਾਗ-ਕਣ ਵਹਿਣੀ ਦੇ ਖ਼ੁਸ਼ਕ ਸਿਰੇ ਬੁਖ਼ਾਰ, ਉਦਾਸੀ ਅਤੇ ਜਿਗਰ ਵਧ ਜਾਣ ਤੇ ਇਲਾਜ ਲਈ ਵਰਤੇ ਜਾਂਦੇ ਹਨ। ਇਹ ਉਤੇਜਕ ਦੇ ਤੌਰ ਤੇ ਅਤੇ ਨਜ਼ਲਾ ਠੀਕ ਕਰਨ ਲਈ ਵੀ ਵਰਤਿਆ ਜਾਂਦਾ ਹੈ। ਸੱਪ ਦੇ ਕੱਟੇ ਦੇ ਇਲਾਜ ਲਈ ਵੀ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਇਸ ਬੂਟੇ ਦੇ ਬਲਬ ਛੋਟੇ ਜਾਨਵਰਾਂ ਲਈ ਹਾਨੀਕਾਰਕ ਹੁੰਦੇ ਹਨ। ਪਰਾਗ-ਕੋਸ਼ਾਂ ਦੀ ਜ਼ਿਆਦਾ ਮਾਤਰਾ ਨਸ਼ੀਲਾਪਣ ਪੈਦਾ ਕਰਦੀ ਹੈ।

ਕੇਸਰ ਦੀ ਕਾਸ਼ਤ ਭਾਰਤ ਵਿਚ ਕੇਵਲ ਕਸ਼ਮੀਰ ਵਿਚ ਪਾਮਪੁਰ ਦੇ ਨਜ਼ਦੀਕ ਸਮੁੰਦਰ ਸਤ੍ਹਾ ਤੋਂ ਲਗਭਗ 1400 ਮੀਟਰ ਦੀ ਉਚਾਈ ਤੇ ਕੀਤੀ ਜਾਂਦੀ ਹੈ।'

ਹ. ਪੁ.—ਇੰ. ਬਾ. 446; ਗ. ਇੰ.ਮੈ. ਧ. 95, ਪ.ਪੰ. 434

**ਕੇਸਰ ਸਿੰਘ ਪਹਿਲਵਾਨ (ਰੁਸਤਮਿ-ਹਿੰਦ)** : ਭਾਰਤ ਦੇ ਇਸ ਪਹਿਲਵਾਨ ਦਾ ਜਨਮ 15 ਅਪ੍ਰੈਲ, 1932 ਨੂੰ ਗੋਜਰਾ, ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ ਵਿਚ ਹੋਇਆ। ਇਸ ਦਾ ਪਿਤਾ ਸਰਦਾਰ ਗੁਰਦਿੱਤ ਸਿੰਘ ਚੀਮਾ, ਫ਼ੌਜ ਵਿਚ ਜਮਾਂਦਾਰ (ਨਾਇਬ ਸੂਬੇਦਾਰ) ਸੀ ਅਤੇ ਨੇਜ਼ਾਬਾਜ਼ੀ ਤੇ ਘੋੜ ਸਵਾਰੀ ਦਾ ਸ਼ੌਕੀਨ ਸੀ। ਉਹ ਪਹਿਲਵਾਨੀ ਵੀ ਕਰਦਾ ਸੀ ਅਤੇ ਫ਼ੌਜੀ ਪਹਿਲਵਾਨ ਦੇ ਨਾਂ ਨਾਲ ਪ੍ਰਸਿੱਧ ਸੀ।



ਕੇਸਰ ਸਿੰਘ ਪਹਿਲਵਾਨ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨਾਲ

ਉਸ ਨੇ ਕੇਸਰ ਸਿੰਘ ਵਿਚ ਛੋਟੀ ਉਮਰ ਤੋਂ ਹੀ ਪਹਿਲਵਾਨੀ ਦਾ ਸ਼ੌਕ ਭਰ ਦਿਤਾ ਸੀ ਜਿਸ ਕਾਰਨ ਇਹ ਬਹੁਤ ਦੇਰ ਸਕੂਲ ਨਾ ਟਿਕ ਸਕਿਆ ਅਤੇ ਆਪਣਾ ਸਮਾਂ ਅਖਾੜਿਆਂ ਵਿਚ ਗੁਜ਼ਾਰਨ ਲੱਗ ਪਿਆ।

ਇਸ ਨੇ ਵਹੋਰੂ ਪਿੰਡ, ਜ਼ਿਲ੍ਹਾ ਸ਼ੇਖੂਪੁਰਾ ਦੇ ਉਸਤਾਦ ਹਜ਼ਾਰਾ ਸਿੰਘ ਤੋਂ ਪਹਿਲਵਾਨੀ ਦੇ ਦਾਅ-ਪੇਚ ਸਿਖੇ ਅਤੇ 10-12 ਸਾਲ ਦੀ ਉਮਰ ਤੋਂ ਹੀ ਕਈ ਮੱਲਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਭਾਰਤ-ਪਾਕ ਦੀ ਵੰਡ ਸਮੇਂ ਇਹ ਆਪਣੇ ਪਰਿਵਾਰ ਸਮੇਤ ਪੈਪਸੂ (ਭਾਰਤ) ਰਾਜ ਦੇ ਰਾਜ ਪ੍ਰਮੁੱਖ ਮਹਾਰਾਜਾ ਯਾਦਵਿੰਦਰ ਸਿੰਘ ਦੀ ਸ਼ਰਨ ਵਿਚ ਪਟਿਆਲੇ ਆ ਗਿਆ।

ਸੰਨ 1948 ਵਿਚ ਇਸ ਨੇ ਲਖਨਊ ਵਿਚ ਪਹਿਲੀ ਵੱਡੀ ਕੁਸ਼ਤੀ ਜਿੱਤੀ ਅਤੇ ਇਸ ਦਾ ਨਾਂ ਚੰਗੇ ਭਾਰਤੀ ਪਹਿਲਵਾਨਾਂ ਦੀ ਗਿਣਤੀ ਵਿਚ ਆ ਗਿਆ। ਇਸ ਜਿੱਤ ਤੋਂ ਖ਼ੁਸ਼ ਹੋ ਕੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਇਸ ਨੂੰ ਆਪਣੇ ਮਹਿਲ ਨੇੜੇ ਪਟਿਆਲਾ ਵਿਖੇ ਸਤਾਰ੍ਹਾਂ ਏਕੜ ਜ਼ਮੀਨ ਇਨਾਮ ਵਜੋਂ ਦਿਤੀ। ਸੰਨ 1949 ਵਿਚ ਇਸ ਨੇ ਅਲਾਹਾਬਾਦ ਵਿਖੇ ਚੈਂਪੀਅਨਸ਼ਿਪ ਜਿੱਤੀ। ਸੰਨ 1952 ਵਿਚ ਇਸ ਨੇ ਕਾਲਾ ਸਿੰਘ ਭਰਤਪੁਰੀਏ ਨੂੰ 17 ਮਿੰਟਾਂ ਵਿਚ ਹਰਾ ਕੇ 'ਰੁਸਤਮਿ-ਹਿੰਦ' ਦਾ ਖ਼ਿਤਾਬ ਹਾਸਲ ਕੀਤਾ। ਇਸ ਤੋਂ ਪਿਛੋਂ ਇਸ ਨੇ 1953 ਵਿਚ ਖੜਕ ਸਿੰਘ ਨੂੰ ਹਰਾਇਆ। ਸੰਨ 1956 ਵਿਚ ਇਸ ਨੇ ਕਈ ਵੱਡੀਆਂ-ਵੱਡੀਆਂ ਕੁਸ਼ਤੀਆਂ ਜਿੱਤੀਆਂ। ਸੰਨ 1953 ਵਿਚ ਇਹ ਭਾਰਤੀ ਟੀਮ ਨਾਲ ਕੋਚ ਵਜੋਂ ਅਫ਼ਗਾਨਿਸਤਾਨ ਗਿਆ ਜਿਥੇ ਭਾਰਤੀ ਟੀਮ ਨੇ ਕਈ ਕਮਾਲ ਵਿਖਾਏ। ਇਹ ਦਾਰਾ ਸਿੰਘ ਰੁਸਤਮਿ-ਜ਼ਮਾਂ ਨਾਲ ਕੁਸ਼ਤੀ ਵਿਚ ਬਰਾਬਰ ਰਿਹਾ ਅਤੇ 1967-68 ਵਿਚ ਇਸ ਨੇ ਖ਼ੁਦ ਕੁਸ਼ਤੀ ਲੜਨੀ ਛੱਡ ਦਿਤੀ ਪ੍ਰੰਤੂ ਅਖਾੜਾ ਛੱਡਣ ਤੋਂ ਪਹਿਲਾਂ ਇਸ ਨੇ ਆਪਣੇ ਛੋਟੇ ਪੁੱਤਰ ਸੁਖਚੈਨ ਸਿੰਘ ਨੂੰ, ਜੋ ਕਿ ਅਜਕੱਲ੍ਹ ਸੀਮਾ ਸੁਰੱਖਿਆ ਦਲ ਵਿਚ ਅਧਿਕਾਰੀ ਵਜੋਂ ਸੇਵਾ ਕਰ ਰਿਹਾ ਹੈ, ਇਕ ਨਾਮੀ ਪਹਿਲਵਾਨ ਬਣਾ ਦਿਤਾ ਹੈ। ਸੁਖਚੈਨ ਸਿੰਘ ਨੇ ਰਾਸ਼ਟਰੀ ਖੇਡ-ਸੰਸਥਾ (ਐਨ.ਆਈ.ਐਸ.) ਪਟਿਆਲਾ ਤੋਂ ਕੁਸ਼ਤੀ-ਕੋਚ ਦਾ ਡਿਪਲੋਮਾ ਪ੍ਰਾਪਤ ਕੀਤਾ ਹੈ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਕਈ ਜਿੱਤਾਂ ਪ੍ਰਾਪਤ ਕੀਤੀਆਂ ਹਨ। ਸੰਨ 1976 ਵਿਚ ਇਸ ਨੇ ਭਾਰਤ ਦੇ ਰਾਸ਼ਟਰਪਤੀ ਤੋਂ 'ਰੋਲ ਆਫ਼ ਆਨਰ' ਪ੍ਰਾਪਤ ਕੀਤਾ। 1978 ਤੋਂ 1980 ਤਕ ਉਹ ਲਗਾਤਾਰ ਸਰਵ ਭਾਰਤੀ ਪੁਲਿਸ ਸਵਰਨ-ਪਦਕ ਹਾਸਲ ਕਰਦਾ ਰਿਹਾ ਹੈ। ਇਸ ਦਾ ਵੱਡਾ ਪੁੱਤਰ ਨਿਰਮਲ ਸਿੰਘ ਹਾਕੀ ਖੇਡਦਾ ਹੈ ਅਤੇ ਅਜ ਕੱਲ੍ਹ ਅਮਰੀਕਾ ਵਿਚ ਰਹਿ ਰਿਹਾ ਹੈ।

ਕੇਸਰ ਸਿੰਘ ਨਾਲੋਂ-ਨਾਲ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਚ ਕੋਚ ਵਜੋਂ ਵੀ ਸੇਵਾ ਕਰਦਾ ਰਿਹਾ ਹੈ ਅਤੇ ਦਸੰਬਰ, 1980 ਵਿਚ ਸੇਵਾ-ਮੁਕਤ ਹੋਇਆ। ਅਜ ਕੱਲ੍ਹ ਇਹ ਆਪਣੀ ਜ਼ਮੀਨ ਤੇ ਖੇਤੀ ਕਰਵਾਉਂਦਾ ਹੈ ਅਤੇ ਆਪਣੇ ਪਰਿਵਾਰ ਨਾਲ ਕੇਸਰ ਨਗਰ, ਪਟਿਆਲਾ ਵਿਚ ਰਹਿ ਰਿਹਾ ਹੈ।

ਇਸ ਪਹਿਲਵਾਨ ਦਾ ਕੱਦ 6 ਫੁੱਟ (1.93 ਮੀ.) ਅਤੇ ਛਾਤੀ 52 ਇੰਚ (1.33 ਮੀ.) ਹੈ। ਭਰ ਜੁਆਨੀ ਵਿਚ ਇਸ ਦਾ ਵਜ਼ਨ ਲਗਭਗ 100 ਕਿਲੋ ਰਿਹਾ ਹੈ। ਪਹਿਲਵਾਨੀ ਦੇ ਦਿਨਾਂ ਵਿਚ ਇਹ ਹੋਰ ਖ਼ੁਰਾਕ ਦੇ ਨਾਲ ਲਗਭਗ ਇਕ ਕਿਲੋ ਦੇਸੀ ਘਿਉ ਹਰ ਰੋਜ਼ ਹਜ਼ਮ ਕਰਦਾ ਰਿਹਾ ਹੈ ਅਤੇ 5000 ਡੰਡ ਅਤੇ 5000 ਬੈਠਕਾਂ ਇਸ ਦੀ ਨਿੱਤ ਦੀ ਕਸਰਤ ਰਹੀ ਹੈ।

ਹ. ਪੁ.—ਭਾ. ਪਹਿ.

**ਕੇਸਰ, ਹੈਡਰਿਕ ਡੇ** : ਇਹ ਆਪਣੇ ਸਮੇਂ ਦਾ ਬਹੁਤ ਹੀ ਪ੍ਰਸਿੱਧ ਵਲੰਦੇਜ਼ੀ ਬੁਤਘਾੜਾ ਤੇ ਸ਼ਿਲਪਕਾਰ ਸੀ। ਇਸ ਦਾ ਜਨਮ ਹਾਲੈਂਡ (ਨੀਂਦਰਲੈਂਡ) ਵਿਚ ਯੂਟ੍ਰੈਕਟ ਵਿਖੇ 15 ਮਈ, 1565 ਨੂੰ ਹੋਇਆ। 1594 ਵਿਚ ਇਹ ਐਮਸਟਰਡਮ ਸ਼ਹਿਰ ਵਿਚ ਮਿਸਤਰੀ ਅਤੇ ਸ਼ਿਲਪਕਾਰ ਨਿਯੁਕਤ ਹੋਇਆ। ਫਿਰ 1912 ਵਿਚ ਮਿਉਂਸਪਲ ਆਰਕੀਟੈਕਟ ਬਣ ਗਿਆ। ਜਿਹੜੀਆਂ ਇਮਾਰਤਾਂ ਦੇ ਡਿਜ਼ਾਈਨ ਇਸ ਨੇ ਬਣਾਏ ਉਨ੍ਹਾਂ ਵਿਚੋਂ ਬਹੁਤੀਆਂ ਐਮਸਟਰਡਮ ਵਿਚ ਹੀ ਸਨ। 'ਈਸਟ ਇੰਡੀਆ ਹਾਊਸ', 'ਵੈਸਟ ਚਰਚ' ਅਤੇ ਹੋਰ ਅਨੇਕ ਸੁੰਦਰ ਭਵਨ ਅਤੇ ਮੀਨਾਰਾਂ ਦਾ ਨਿਰਮਾਣ ਇਸ ਨੇ ਕੀਤਾ। ਇਸ ਦੀ ਕਾਰੀਗਰੀ ਪ੍ਰਾਚੀਨ ਸ਼ੈਲੀ ਅਤੇ ਪੁਨਰ ਜਾਗਰਣ ਸਮੇਂ ਦੀ ਸਜਾਵਟੀ ਸ਼ੈਲੀ ਦੀ ਦਰਮਿਆਨੀ ਕੜੀ ਹੈ। ਪੋਰਟਰੇਟ-ਚਿਤਰਣ ਵਿਚ ਇਸ ਨੇ ਭਾਵੁਕਤਾ ਅਤੇ ਵਿਸ਼ਵਾਸ ਤੋਂ ਕੰਮ ਲਿਆ। ਪ੍ਰਸਿੱਧ ਅੰਗ੍ਰੇਜ਼ ਸ਼ਿਲਪਕਾਰ ਨਿਕੋਲਸ ਸਟੋਨ ਇਸ ਦਾ ਸ਼ਾਗਿਰਦ ਸੀ ਜੋ ਬਾਅਦ ਵਿਚ ਇਸ ਦਾ ਦਾਮਾਦ ਵੀ ਬਣਿਆ।

ਹ. ਪੁ.—ਹਿੰ. ਵਿ. ਕੋ. 3 : 163; ਐਨ. ਬ੍ਰਿ. ਮਾ. 5 : 779

**ਕੇਸਰੀ ਚੰਦ :** ਇਹ ਪਹਾੜੀ ਰਿਆਸਤ ਜਸਵਾਨ ਦਾ ਇਕ ਰਾਜਾ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ ਅਤੇ ਉਨ੍ਹਾਂ ਦੇ ਵਧ ਰਹੇ ਪ੍ਰਤਾਪ ਕਾਰਨ ਸਿੱਖਾਂ ਨਾਲ ਈਰਖਾ ਕਰਦਾ ਸੀ। ਇਸ ਨੇ ਅਨੰਦਪੁਰ ਦੇ ਜੰਗ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਪਹਾੜੀ ਰਾਜਿਆਂ ਦਾ ਸਾਥ ਦਿਤਾ। ਇਸ ਜੰਗ ਵਿਚ ਅਲੀਪੁਰ (ਜ਼ਿਲ੍ਹਾ ਮੁਲਤਾਨ) ਦੇ ਵਸਨੀਕ ਮਨੀਰਾਮ ਰਾਜਪੂਤ ਦੇ ਪੁੱਤਰ ਉਦਯ ਸਿੰਘ ਨੇ, ਜਿਹੜਾ ਸੰਮਤ 1756 ਵਿਚ ਅੰਮ੍ਰਿਤ ਛਕ ਕੇ ਸਿੰਘ ਸੱਜਿਆ ਸੀ, ਇਸ ਨੂੰ ਮੌਤ ਦੇ ਘਾਟ ਉਤਾਰ ਦਿਤਾ ਅਤੇ ਇਸ ਦਾ ਸਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਪੇਸ਼ ਕੀਤਾ।

ਹ. ਪੁ.—ਮ. ਕੋ. 346

**ਕੇਸ਼ਲੁੰਚਨ :** ਜੈਨ ਮੁਨੀਆਂ ਦੇ 28 ਮੂਲ ਗੁਣਾਂ ਵਿਚੋਂ ਇਹ ਇਕ ਗੁਣ ਹੈ। ਕੇਸਾਂ ਨੂੰ ਨੋਚ ਕੇ ਕੱਢਣ ਨੂੰ ਵੀ ਇਹ ਇਕ ਭਗਤੀ ਕਹਿੰਦੇ ਹਨ। ਬੋਧੀਆਂ ਵਾਂਗ ਜੈਨੀ ਉਸਤਰਾ ਰੱਖਣਾ ਵਰਜਿਤ ਸਮਝਦੇ ਹਨ। ਘੱਟੋ ਘੱਟ ਦੋ ਅਤੇ ਵਧ ਤੋਂ ਵਧ ਚਾਰ ਮਹੀਨੇ ਵਿਚ ਇਹ ਆਪਣੇ ਸਿਰ, ਦਾੜ੍ਹੀ ਅਤੇ ਮੁੱਛਾਂ ਦੇ ਵਾਲ ਹੱਥ ਨਾਲ ਪੁਟਦੇ ਹਨ। ਜੈਨੀ ਇਸ ਕਿਰਿਆ ਦਾ ਚੰਗਾ ਮਹਾਤਮ ਮੰਨਦੇ ਹਨ ਅਤੇ ਇਸ ਮੌਕੇ ਤੇ ਸਾਧੂਆਂ ਦਾ ਮੇਲਾ ਲਗਦਾ ਹੈ। ਇਸ ਕਾਰਜ ਅਤੇ ਬ੍ਰਹਮਚਾਰੀ ਜੀਵਨ ਬਤੀਤ ਕਰਨ ਨੂੰ ਅਤਿ ਕਠਿਨ ਦਸਿਆ ਗਿਆ ਹੈ। ਬ੍ਰਾਹਮਣ ਧਰਮ ਦੇ ਅਨੁਆਈ ਸਾਧੂ, ਜੈਨ ਭਿਖਸ਼ੂਆਂ ਤੋਂ ਵਖਰੀ ਕਿਸਮ ਦੇ ਹੁੰਦੇ ਹਨ। ਉਹ ਆਪਣੇ ਕੇਸਾਂ ਨੂੰ ਵਧਾ ਕੇ ਜਟਾਵਾਂ ਬਣਾ ਲੈਂਦੇ ਹਨ।

ਹ. ਪੁ.—ਹਿੰ. ਵਿ. ਕੋ. 3 : 160

**ਕੇਸ਼ਵਸੁਤ, ਕ੍ਰਿ. ਕੇ. ਦਾਮਲੇ :** ਇਹ ਆਧੁਨਿਕ ਮਰਾਠੀ ਕਵਿਤਾ ਦਾ ਮੋਢੀ ਸੀ। ਇਸ ਦਾ ਜਨਮ ਸੰਨ 1866 ਵਿਚ ਹੋਇਆ। ਸਮਾਜ-ਸੁਧਾਰ ਦਾ ਜੋ ਕੰਮ ਹਰੀਭਾਊ ਆਪਟੇ ਨੇ ਨਾਵਲਾਂ ਅਤੇ ਆਗਰਕਰ ਨੇ ਨਿਬੰਧਾਂ ਦੁਆਰਾ ਕੀਤਾ, ਉਹੀ ਕੰਮ ਕੇਸ਼ਵਸੁਤ ਨੇ ਕਵਿਤਾ ਰਾਹੀਂ ਕੀਤਾ। ਇਸ ਨੇ ਮਰਾਠੀ ਕਵਿਤਾ ਨੂੰ ਸਹੀ ਅਰਥਾਂ ਵਿਚ ਆਧੁਨਿਕ ਬਣਾਇਆ।

ਕਵਿਤਾ ਦੇ ਰੂਪਕ ਪੱਖ ਤੋਂ ਇਸ ਨੇ ਕਈ ਨਵੇਂ ਪ੍ਰਯੋਗ ਕੀਤੇ। ਇਸ ਦੀ ਮਾਨਸਿਕਤਾ ਆਲੇ-ਦੁਆਲੇ ਦੇ ਸਮਾਜ ਦੀ ਭੈੜੀ ਹਾਲਤ ਤੋਂ ਪ੍ਰਭਾਵਿਤ ਹੋ ਕੇ ਕਵਿਤਾ ਦੇ ਰੂਪ ਵਿਚ ਪ੍ਰਗਟ ਹੋਈ। ਇਸ ਨੇ ਆਪਣੇ ਕ੍ਰਾਂਤੀਕਾਰੀ ਸਮਾਜਕ ਵਿਚਾਰ 'ਤੁਤਾਰੀ', 'ਨੈਵਾ ਸ਼ਿਪਾਈ', 'ਸਫੂਰਤੀ', 'ਗੋਫਣ', 'ਮੂਰਤੀਭੰਜਨ' ਆਦਿ ਰਚਨਾਵਾਂ ਵਿਚ ਬੜੇ ਜੋਸ਼ੀਲੇ ਅਤੇ ਰਸ ਭਰਪੂਰ ਗੀਤਾਂ ਵਿਚ ਪ੍ਰਗਟ ਕੀਤੇ ਹਨ।

ਇਸ ਨੇ ਨਿਜੀ ਪ੍ਰੇਮ ਬਾਰੇ ਬਹੁਤ ਸਾਰੇ ਗੀਤ ਲਿਖੇ। ਇਸ ਦੀ ਕਵਿਤਾ ਦੀ ਅਗਲੀ ਵਿਸ਼ੇਸ਼ਤਾ ਪ੍ਰਕਿਰਤੀ ਵਰਣਨ ਹੈ। ਇਸ ਨੇ ਕ੍ਰਾਂਤੀਕਾਰੀ ਵਿਸ਼ਿਆਂ ਨਾਲ ਸਬੰਧਤ ਕਵਿਤਾਵਾਂ ਵੀ ਲਿਖੀਆਂ ਹਨ ਅਤੇ ਇਸ ਤੋਂ ਇਲਾਵਾ ਇਸ ਨੇ ਕੁਝ ਰਹੱਸਵਾਦੀ ਕਵਿਤਾਵਾਂ ਦੀ ਸਿਰਜਨਾ ਵੀ ਕੀਤੀ ਹੈ।

ਕੇਸ਼ਵਸੁਤ ਨੇ ਜਿਸ ਤਰ੍ਹਾਂ ਕਵਿਤਾ ਦੇ ਵਿਸ਼ੇ-ਵਸਤੂ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਂਦੇ ਹਨ ਇਸੇ ਤਰ੍ਹਾਂ ਹੀ ਰਚਨਾ-ਸ਼ੈਲੀ ਵਿਚ ਵੀ ਇਸ ਨੇ ਨਵੇਂ ਨਵੇਂ ਤਜਰਬੇ ਕੀਤੇ ਹਨ। ਇਸ ਨੇ ਛੰਦਾਂ ਦੇ ਸ਼ਾਸਤਰੀ ਬੰਧਨ ਤਿਆਗ ਦਿੱਤੇ ਤੇ ਕਾਫ਼ੀ ਖੁੱਲ੍ਹਾਂ ਲਈਆਂ। ਇਸ ਨੇ ਪ੍ਰਸਿੱਧ ਪੱਛਮੀ ਕਾਵਿ ਰੂਪ—ਸਾਨੈੱਟ ਨੂੰ ਵੀ ਅਪਣਾਇਆ। ਜਿਵੇਂ ਇਸ ਦੇ ਵਿਚਾਰਾਂ ਵਿਚ ਨਵੀਨਤਾ ਸੀ ਉਸੇ ਤਰ੍ਹਾਂ ਇਸ ਦੀ ਕਵਿਤਾ ਦੇ ਰੂਪਾਂ ਵਿਚ ਵੀ ਨਵੀਨਤਾ ਸੀ।

ਇਸ ਦੀ ਮੌਤ ਸੰਨ 1905 ਵਿਚ ਹੋਈ।

ਹ. ਪੁ.—ਹਿੰ. ਵਿ. ਕੋ. 3 : 162

**ਕੇਸ਼ਵ ਚੰਦਰ ਸੈਨ :** 19ਵੀਂ ਸਦੀ ਦੀ ਬੰਗਾਲ ਦੀ ਧਾਰਮਿਕ ਸੁਧਾਰ ਲਹਿਰ ਦਾ ਇਹ ਨੇਤਾ ਕਲਕੱਤੇ ਦੇ ਇਕ ਉੱਚੀ ਜ਼ਾਤ ਦੇ ਪਰਿਵਾਰ ਵਿਚ ਸੰਨ 1838 ਵਿਚ ਜਨਮਿਆ। ਸੰਨ 1857 ਵਿਚ ਇਹ ਬ੍ਰਹਮੋ-ਸਮਾਜ ਵਿਚ ਸ਼ਾਮਲ ਹੋ ਗਿਆ ਅਤੇ ਨੌਜਵਾਨਾਂ ਦੇ ਗਰਮ ਧੜੇ ਦਾ ਮੋਹਰੀ ਬਣ ਗਿਆ। ਜਦੋਂ ਬਜ਼ੁਰਗ ਮੈਂਬਰਾਂ ਨੇ ਬ੍ਰਹਮੋ ਸਮਾਜ ਨੂੰ ਹਿੰਦੂ ਰੂੜ੍ਹੀਵਾਦ ਨਾਲੋਂ ਪੂਰੀ ਤਰ੍ਹਾਂ ਅੱਡ ਕਰਨੋਂ ਇਨਕਾਰ ਕਰ ਦਿਤਾ ਤਾਂ ਕੇਸ਼ਵ ਤੇ ਇਸ ਦੇ ਸਾਥੀ ਸੰਸਥਾ ਨਾਲੋਂ ਵੱਖ ਹੋ ਗਏ ਤੇ ਉਨ੍ਹਾਂ ਨੇ ਨਵੀਂ ਸੰਸਥਾ ਸਥਾਪਿਤ ਕਰ ਲਈ ਜਿਸ ਦਾ ਨਾਂ 'ਭਾਰਤੀ ਬ੍ਰਹਮੋ ਸਮਾਜ' ਰਖਿਆ ਜਿਸ ਨੂੰ ਇਸ ਨੇ ਜ਼ਿਆਦਾ ਵਿਸ਼ਵ ਵਿਆਪੀ ਬਣਾਇਆ। ਇਹ ਈਸਾਈ ਮਤ ਵਲ ਇੰਨਾ ਝੁਕ ਗਿਆ ਕਿ ਕੁਝ ਲੋਕਾਂ ਨੇ ਸੋਚਿਆ ਕਿ ਇਹ ਈਸਾਈ ਬਣ ਜਾਵੇਗਾ ਪਰ ਇਹ ਬਣਿਆ ਨਹੀਂ ਅਤੇ ਬਾਅਦ ਵਿਚ ਇਸ ਨੇ ਆਪਣੇ ਦੇਸ਼ ਵਾਸੀਆਂ ਨੂੰ ਈਸਾਈ ਧਰਮ ਗ੍ਰਹਿਣ ਕਰਨ ਲਈ ਆਖਿਆ। ਸੰਨ 1870 ਵਿਚ ਇਹ ਇੰਗਲੈਂਡ ਗਿਆ ਜਿਥੇ ਕਈ ਈਸਾਈ ਸੰਸਥਾਵਾਂ ਨੇ ਇਸ ਦਾ ਨਿੱਘਾ ਸੁਆਗਤ ਕੀਤਾ। ਭਾਰਤ ਵਾਪਸ ਆ ਕੇ ਇਸ ਨੇ ਬਹੁਤ ਸਾਰੀਆਂ ਸੰਸਥਾਵਾਂ ਸਥਾਪਿਤ ਕੀਤੀਆਂ ਜਿਨ੍ਹਾਂ ਨੇ ਅਣਥਕ ਸਮਾਜ-ਸੇਵਾ ਕੀਤੀ। ਸੰਨ 1878 ਵਿਚ ਜਦੋਂ ਇਸ ਨੇ ਆਪਣੀ ਨਾਬਾਲਗ ਲੜਕੀ ਦਾ ਵਿਆਹ ਹਿੰਦੂ ਰਸਮਾਂ ਅਨੁਸਾਰ ਇਕ ਹਿੰਦੂ ਸ਼ਹਿਜ਼ਾਦੇ ਨਾਲ ਕਰਨਾ ਮੰਨ ਲਿਆ ਤਾਂ ਇਸ ਨਾਲ ਇਸ ਨੇ ਆਪਣੇ ਹੀ ਪਰਚਾਰੇ ਸੁਧਾਰਾਂ ਦੀ ਉਲੰਘਣਾ ਕੀਤੀ, ਜਿਸ ਕਾਰਨ ਇਸ ਦੇ ਸਾਥੀ ਇਸ ਦਾ ਸਾਥ ਛੱਡ ਗਏ ਤੇ ਉਨ੍ਹਾਂ ਨੇ ਇਕ ਵੱਖਰਾ ਸਮਾਜ ਸਥਾਪਿਤ ਕਰ ਲਿਆ। ਆਪਣੇ ਖੋਏ ਸਨਮਾਨ ਨੂੰ ਮੁੜ ਪ੍ਰਾਪਤ ਕਰਨ ਲਈ ਇਸ ਨੇ ਆਪਣੇ ਧਰਮ ਸਥਾਨ ਦਾ ਨਾਂ 'ਨਵ ਵਿਧਾਨ' ਰੱਖ ਲਿਆ ਅਤੇ ਆਪਣੇ ਆਪ ਨੂੰ ਨਵੇਂ ਵਿਸ਼ਵ ਧਰਮ ਦਾ ਪੈਗੰਬਰ ਹੋਣ ਦਾ ਐਲਾਨ ਕਰ ਦਿਤਾ, ਜੋ ਉਸ ਦੇ ਵਿਚਾਰ ਅਨੁਸਾਰ ਸਾਰੇ ਧਰਮਾਂ ਦਾ ਸੰਮਿਸ਼ਰਣ ਸੀ। ਜਨਵਰੀ, 1884 ਵਿਚ ਇਸ ਦੀ ਮੌਤ ਹੋ ਗਈ ਤੇ ਇਸ ਦਾ ਸੰਪ੍ਰਦਾ ਕਈ ਭਾਗਾਂ ਵਿਚ ਵੰਡਿਆ ਗਿਆ ਤੇ ਇਸ ਦਾ ਪ੍ਰਭਾਵ ਸਮਾਪਤ ਹੋ ਗਿਆ।

ਇਸ ਨੇ 'ਬ੍ਰਹਮੋ ਸਮਾਜ ਵਿੰਡੀਕੇਟਿਡ' (1863) ਤੇ 'ਦੀ ਨਿਊ ਸੰਹਿਤਾ' (1883) ਪੁਸਤਕਾਂ ਲਿਖੀਆਂ।

ਹ. ਪੁ.—ਐਨ. ਬ੍ਰਿ. 13 : 317

**ਕੇਸ਼ਵਦਾਸ :** ਹਿੰਦੀ ਦੇ ਇਸ ਪ੍ਰਸਿੱਧ ਕਵੀ ਦਾ ਜਨਮ ਸੰਮਤ 1612 ਦੇ ਨੇੜੇ ਤੇੜੇ ਅਤੇ ਮੌਤ ਸੰਮਤ 1674 ਦੇ ਲਗਭਗ ਹੋਈ ਪਰ ਵਿਦਵਾਨਾਂ ਵਿਚ ਇਸ ਬਾਰੇ ਕਾਫ਼ੀ ਮਤਭੇਦ ਹੈ। ਇਸ ਦਾ ਜਨਮ ਸਨਾਢਯ ਬ੍ਰਾਹਮਣ ਕੁਲ ਵਿਚ ਹੋਇਆ। ਇਹ ਕ੍ਰਿਸ਼ਣ ਦੱਤ ਦਾ ਪੋਤਾ ਅਤੇ ਕਾਸ਼ੀ ਨਾਥ ਦਾ ਪੁੱਤਰ ਸੀ। ਇਹ ਓਰਛਾ ਦੇ ਰਾਜਾ ਰਾਮ ਸਿੰਘ ਦੇ ਭਰਾ ਇੰਦਰਜੀਤ ਸਿੰਘ ਦਾ ਦਰਬਾਰੀ ਸੀ। ਇਹ ਤਿੰਨ ਭਰਾ ਸਨ, ਵੱਡੇ ਦਾ ਨਾਂ ਬਲਭੱਦਰ ਅਤੇ ਛੋਟੇ ਦਾ ਕਲਿਆਨ ਸੀ। ਇਨ੍ਹਾਂ ਦਾ ਖ਼ਾਨਦਾਨ ਸੰਸਕ੍ਰਿਤ ਵਿਦਿਆ ਲਈ ਪ੍ਰਸਿੱਧ ਸੀ। ਕੇਸ਼ਵਦਾਸ ਨੇ ਆਪ ਲਿਖਿਆ ਹੈ ਕਿ ਇਸ ਖਾਨਦਾਨ ਦੇ ਨੌਕਰ ਵੀ ਸੰਸਕ੍ਰਿਤ ਹੀ ਬੋਲਦੇ ਹਨ, ਪਰ ਹਾਲਾਤ ਅਜਿਹੇ ਬਣੇ ਕਿ ਇਸ ਨੂੰ ਹਿੰਦੀ ਵਿਚ ਹੀ ਕਵਿਤਾ ਲਿਖਣੀ ਪਈ। ਓਰਛਾ ਦੇ ਰਾਜੇ ਮਧੁਕਰ ਸ਼ਾਹ ਦਾ ਪੁੱਤਰ ਮਹਾਰਾਜ ਇੰਦਰਜੀਤ ਸਿੰਘ ਇਸ ਨੂੰ ਆਪਣਾ ਗੁਰੂ ਮੰਨਦਾ ਸੀ 'ਰਸਿਕਪ੍ਰੀਆ' ਅਨੁਸਾਰ ਕੇਸ਼ਵ ਓਰਛਾ ਰਾਜ ਵਿਚ ਤੁਗਾਰ ਰਾਏ ਦੇ ਨੇੜੇ ਬੇਤਵਾ ਨਦੀ ਦੇ ਕੰਢੇ ਵਸੇ ਓਰਛਾ ਨਗਰ ਵਿਚ ਰਹਿੰਦਾ ਸੀ।

ਭਗਤੀ ਕਾਲ ਦੇ ਇਸ ਕਵੀ ਦੀਆਂ ਰਚਨਾਵਾਂ ਸਿੱਧਾਂਤਕ ਅਤੇ ਗੀਤਬੱਧ ਹਨ। ਇਸ ਨੇ ਕਾਵਿ ਵਿਚ 'ਅਲੰਕਾਰ' ਨੂੰ ਮੁੱਖ ਸਥਾਨ ਦਿਤਾ ਹੈ। 'ਅਲੰਕਾਰ' ਸ਼ਬਦ ਦੀ ਵਰਤੋਂ ਇਸ ਨੇ ਵਿਆਪਕ ਰੂਪ ਵਿਚ ਕੀਤੀ ਹੈ। ਇਸ ਨੇ 'ਰਸਿਕਪ੍ਰੀਆ' (1591), 'ਕਵੀਪ੍ਰੀਆ' (1601), 'ਨਖਸ਼ਿਖ', 'ਛੰਦਮਾਲਾ', 'ਰਾਮਚੰਦ੍ਰਿਕਾ' (1601), 'ਵੀਰ ਸਿੰਘ ਦੇਵ ਚਰਿਤਰ' (1606), 'ਵਿਗਿਆਨ ਗੀਤਾ' (1610), 'ਰਤਨਬਾਵਨੀ' ਅਤੇ 'ਜਹਾਂਗੀਰ ਜਸ-ਚੰਦ੍ਰਿਕਾ' (1612) ਨਾਮੀ 9

ਗ੍ਰੰਥਾਂ ਦੀ ਰਚਨਾ ਕੀਤੀ । 'ਰਤਨਬਾਵਨੀ' ਗ੍ਰੰਥ ਦਾ ਰਚਨਾਕਾਲ ਅਗਿਆਤ ਹੈ ਪਰ ਇਹ ਇਸ ਦੀ ਪਹਿਲੀ ਰਚਨਾ ਹੈ ।

'ਰਸਿਕਪ੍ਰੀਆ' ਵਿਚ ਨਾਇਕਾ ਭੇਦ ਅਤੇ ਰਸ ਦਾ ਨਿਰੂਪਣ ਕੀਤਾ ਗਿਆ ਹੈ । ਇਸ ਦੀ ਭਾਸ਼ਾ ਸਰਲ ਹੈ । ਇਸ ਦੇ ਮੁੱਖ ਆਧਾਰ ਗ੍ਰੰਥ 'ਨਾਟ ਸ਼ਾਸਤਰ' 'ਕਾਮਸੂਤਰ' ਅਤੇ ਰੁਦਰ ਭੱਟ ਦਾ 'ਸ਼ਿਗਾਰ-ਤਿਲਕ' ਹਨ । ਕਵੀਪ੍ਰੀਆ, ਕਾਵਿ ਸਿਖਿਆ ਦੀ ਪੁਸਤਕ ਹੈ ਇਸ ਲਈ ਇਸ ਵਿਚ ਸ਼ਾਸਤਰ ਪ੍ਰਵਾਹ ਅਤੇ ਜਨ ਪ੍ਰਵਾਹ ਤੋਂ ਇਲਾਵਾ ਵਦੇਸ਼ੀ ਸਾਹਿਤ ਪ੍ਰਵਾਹ ਵੀ ਹੈ । ਰਾਮਚੰਦ੍ਰਿਕਾ, ਇਸ ਦਾ ਸਭ ਤੋਂ ਪ੍ਰਸਿੱਧ ਮਹਾਂ-ਕਾਵਿ ਹੈ, ਜਿਸ ਵਿਚ ਪ੍ਰਸੰਨ ਰਾਘਵ, ਹਨੂਮਾਨ ਨਾਟਕ ਅਤੇ ਕਾਦਬੰਰੀ ਤੋਂ ਸਮੱਗਰੀ ਲਈ ਗਈ ਹੈ । ਛੰਦ ਮਾਲਾਂ ਦੇ ਦੋ ਖੰਡ ਹਨ । ਪਹਿਲੇ ਵਿਚ ਵਰਣ ਅਤੇ ਦੂਜੇ ਵਿਚ ਮਾਤਰਾ ਪੱਖ ਤੇ ਵਿਚਾਰ ਕੀਤਾ ਗਿਆ ਹੈ । ਰਤਨਬਾਵਨੀ ਵਿਚ ਮਧੂਕਰ ਸ਼ਾਹ ਦੇ ਪੁੱਤਰ ਰਤਨਸੇਨ, ਵੀਰ ਸਿੰਘ ਦੇਵ ਚਰਿਤ ਵਿਚ ਇੰਦਰਜੀਤ ਸਿੰਘ ਦੇ ਭਰਾ ਵੀਰ ਸਿੰਘ ਅਤੇ ਜਹਾਂਗੀਰ ਜਸ-ਚੰਦ੍ਰਿਕਾ ਵਿਚ ਜਹਾਂਗੀਰ ਦਾ ਜਸ ਗਾਇਆ ਗਿਆ ਹੈ । ਵਿਗਿਆਨ ਗੀਤਾ, ਸੰਸਕ੍ਰਿਤ ਦੇ 'ਪ੍ਰਬੋਧ ਚੰਦ੍ਰੋਦਯ ਨਾਟਕ' ਦੇ ਆਧਾਰ ਤੇ ਲਿਖੀ ਗਈ ਹੈ, ਜਿਸ ਵਿਚ ਬਹੁਤ ਸਾਰੀ ਸਮੱਗਰੀ, ਕਵੀ ਨੇ ਆਪਣੇ ਪਾਸੋਂ ਜੋੜ ਦਿੱਤੀ ਹੈ । ਇਸ ਦੀਆਂ ਰਚਨਾਵਾਂ ਵਿਚ ਭਾਵ ਪੱਖ ਨਾਲੋਂ ਕਲਾ ਪੱਖ ਪ੍ਰਧਾਨ ਹੈ ਅਤੇ ਇਨ੍ਹਾਂ ਵਿਚ ਸ਼ਿੰਗਾਰ ਰਸ ਤੋਂ ਇਲਾਵਾ ਹੋਰ ਰਸ ਵੀ ਸ਼ਾਮਲ ਹਨ ।

ਇਸ ਨੇ ਆਪਣੇ ਗ੍ਰੰਥ, ਬ੍ਰਜ ਭਾਸ਼ਾ ਵਿਚ ਲਿਖੇ ਹਨ । ਬੁੰਦੇਲ ਪ੍ਰਾਂਤ ਦਾ ਵਸਨੀਕ ਹੋਣ ਕਾਰਨ, ਇਸ ਦੀਆਂ ਰਚਨਾਵਾਂ ਵਿਚ ਇਥੋਂ ਦੇ ਕੁਝ ਸ਼ਬਦ ਸ਼ਾਮਲ ਹਨ । ਇਸ ਨੇ ਸੰਸਕ੍ਰਿਤ ਗ੍ਰੰਥਾਂ ਦਾ ਪ੍ਰਭਾਵ ਵੀ ਗ੍ਰਹਿਣ ਕੀਤਾ ਹੈ । ਇਸ ਨੇ ਅਪਭ੍ਰੰਸ਼ ਅਤੇ ਸੰਸਕ੍ਰਿਤ ਵਿਚ ਵੀ ਰਚਨਾ ਕੀਤੀ ਹੈ ।

ਇਸ ਦੀਆਂ ਰਚਨਾਵਾਂ ਵਿਚ ਇਸ ਦੇ ਤਿੰਨ ਰੂਪ ਸਾਹਮਣੇ ਆਉਂਦੇ ਹਨ—ਅਚਾਰੀਆ, ਮਹਾਂਕਵੀ ਅਤੇ ਇਤਿਹਾਸਕਾਰ । ਹਿੰਦੀ ਵਿਚ ਸੰਸਕ੍ਰਿਤ ਦੀ ਪਰੰਪਰਾ ਨੂੰ ਸਹੀ ਢੰਗ ਨਾਲ ਸਥਾਪਿਤ ਕਰਨ ਦਾ ਮਾਣ ਇਸ ਨੂੰ ਪ੍ਰਾਪਤ ਹੈ । ਕਵੀਪ੍ਰੀਆ ਰਾਹੀਂ ਇਸ ਨੇ ਹਿੰਦੀ ਦੀ ਸਾਰੀ ਪਰੰਪਰਾ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦੀ ਸਭ ਤੋਂ ਅਦਭੁਤ ਕਲਪਨਾ ਅਲੰਕਾਰ ਸਬੰਧੀ ਹੈ । ਇਸ ਨੂੰ ਸ਼ਲੇਸ਼ ਅਤੇ ਸ਼ਲੇਸ਼ਾਨੁ ਪ੍ਰਾਣਿਤ ਅਲੰਕਾਰਾਂ ਨਾਲ ਬਹੁਤ ਲਗਾਉ ਸੀ । ਇਸ ਦੇ ਸ਼ਲੇਸ਼ ਸੰਸਕ੍ਰਿਤ ਪਦਾਵਲੀ ਦੇ ਹਨ।

ਇਸ ਨੇ ਕਾਵਿ ਦੇ ਸਾਰੇ ਅੰਗਾਂ ਦਾ ਨਿਰੂਪਣ ਸ਼ਾਸਤਰੀ ਪੱਧਤੀ ਦੇ ਆਧਾਰ ਤੇ ਕੀਤਾ ਹੈ ।

ਹ. ਪ.—ਮ. ਕੋ. 347; ਹਿੰ. ਸਾ. ਕੋ. 2 : 102; ਹਿੰ. ਸਾ. ਇ.

**ਕੇਸ਼ਵਾ ਮੇਨਨ, ਕੇ. ਪੀ. :** ਇਸ ਉੱਘੇ ਮਲਿਆਲਮ ਲੇਖਕ ਦਾ ਜਨਮ 1 ਸਤੰਬਰ, 1886 ਨੂੰ ਕੇਰਲ ਵਿਚ ਪਾਲਘਾਟ ਵਿਖੇ ਹੋਇਆ । ਮਦਰਾਸ ਯੂਨੀਵਰਸਿਟੀ ਤੋਂ ਸਿਖਿਆ ਪ੍ਰਾਪਤ ਕਰਨ ਮਗਰੋਂ ਇਸਨੇ ਇਕ ਪੱਤਰਕਾਰ ਵਜੋਂ ਜੀਵਨ ਸ਼ੁਰੂ ਕੀਤਾ । ਇਸ ਨੇ 15 ਤੋਂ ਵੀ ਵਧ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ। ਸੰਨ 1958 ਵਿਚ ਇਸ ਨੂੰ ਆਪਣੀ ਸਵੈ-ਜੀਵਨੀ 'Kazhinga Kalam' ਤੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ।

ਹ. ਪੁ.—ਐਨ. ਇੰ. 2 : 598

**ਕੇਸ਼ੀ :** ਇਹ ਇਕ ਪ੍ਰਸਿੱਧ ਦਾਨਵ ਸੀ ਜਿਸ ਨੇ ਬ੍ਰਿੰਦਾਬਨ ਵਿਚ ਅਸੰਖ ਗਊਆਂ ਅਤੇ ਸੱਪਾਂ ਨੂੰ ਮਾਰਿਆ । ਅੰਤ ਵਿਚ ਇਸ ਨੂੰ ਸ੍ਰੀ ਕ੍ਰਿਸ਼ਨ ਨੇ ਮਾਰਿਆ । ਇਸੇ ਕਰਕੇ ਭਗਵਾਨ ਕ੍ਰਿਸ਼ਨ ਦਾ ਨਾਂ ਕੇਸ਼ਵ ਪੈ ਗਿਆ ਸੀ । ਇਹ ਕੰਸ ਦਾ ਦਾਸ ਸੀ ਅਤੇ ਕਸ਼ਪ ਦੀ ਪਤਨੀ ਦਕਸ਼ ਕੰਨਿਆਂ ਦਨੂੰ ਦੇ ਪੇਟੋਂ ਪੈਦਾ ਹੋਇਆ ਸੀ ਅਤੇ ਆਪਣੇ ਸਾਰੇ ਦਾਨਵ ਭਰਾਵਾਂ ਤੋਂ ਤਕੜਾ ਸੀ । ਮਹਾਭਾਰਤ ਅਨੁਸਾਰ ਇਸ ਨੇ ਪ੍ਰਜਾਪਤੀ ਦੀ ਕੰਨਿਆਂ ਦੇਵ ਸੈਨਾਂ ਦਾ ਹਰਣ ਕਰਕੇ ਉਸ ਨਾਲ ਵਿਆਹ ਕਰ ਲਿਆ ਸੀ । ਸ੍ਰੀਮਦ ਭਗਵਤ ਵਿਚ ਇਕ ਹੋਰ ਕੇਸ਼ੀ ਦਾ ਜਨਮ ਵਸੂਦੇਵ ਦੀ ਪਤਨੀ ਭਦਰਾ ਦੇ ਗਰਭ ਤੋਂ ਵੀ ਦਸਿਆ ਗਿਆ ਹੈ ।

ਹ. ਪੁ.—ਹਿੰ. ਵਿ. ਕੋ. 3 : 162

**ਕੇਸੀਨ :** ਇਹ ਦੁੱਧ ਦਾ ਮੁੱਖ ਪ੍ਰੋਟੀਨ ਅਤੇ ਪਨੀਰ ਦਾ ਜ਼ਰੂਰੀ ਅੰਸ਼ ਹੈ । ਮਲਾਈ ਲਾਹੇ ਦੁੱਧ ਵਿਚ ਚਿੱਟਾ ਮੈਲਾਪਨ ਕੈਲਸੀਅਮ ਕੇਸੀਨੇਟ ਅਤੇ ਕੈਲਸੀਅਮ ਫ਼ਾਸਫ਼ੇਟ ਦੇ ਕੋਲਾਇਡੀ ਕਣਾਂ ਕਾਰਨ ਹੁੰਦਾ ਹੈ। ਰੈਨਿਟ ਕੇਸੀਨ ਨੂੰ ਪੈਰਾਕੇਸੀਨ ਵਿਚ ਬਦਲ ਦਿੰਦੀ ਹੈ ਅਤੇ ਕੈਲਸੀਅਮ ਪੈਰਾਕੇਸੀਨੇਟ ਜੰਮ ਜਾਂਦਾ ਹੈ। ਕੇਸੀਨ, ਖੱਟੇ ਜਾਂ ਤੇਜ਼ਾਬ ਪਾਏ ਮਲਾਈ ਲਾਹੇ ਦੁੱਧ ਵਿਚੋਂ ਜਮਾਈ ਜਾਂਦੀ ਹੈ ਅਤੇ ਕੈਲਸੀਅਮ ਲੂਣ ਪਨੀਰ ਦੇ ਪਾਣੀ ਵਿਚ ਰਹਿ ਜਾਂਦਾ ਹੈ। ਦੁੱਧ ਵਿਚ ਕੇਸੀਨ ਦੀ ਮਾਤਰਾ ਲਗਭਗ 3% ਹੁੰਦੀ ਹੈ ।

ਸ਼ੁੱਧ ਕੇਸੀਨ ਰਵਾਹੀਣ ਚਿੱਟੀ ਤੇ ਠੋਸ ਹੁੰਦੀ ਹੈ ਅਤੇ ਇਸ ਦਾ ਕੋਈ ਸੁਆਦ ਨਹੀਂ ਹੁੰਦਾ । ਵਪਾਰਕ ਕੇਸੀਨ ਦਾ ਰੰਗ ਥੋੜ੍ਹਾ ਜਿਹਾ ਪੀਲਾ ਹੁੰਦਾ ਹੈ ਅਤੇ ਗੰਧ ਮਨ ਭਾਉਂਦੀ ਹੁੰਦੀ ਹੈ । ਖ਼ੁਸ਼ਕ ਕੇਸੀਨ ਨੂੰ ਕੀੜਿਆਂ ਅਤੇ ਚੂਹਿਆਂ ਆਦਿ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ, ਸਿੱਲ੍ਹੀ ਕੇਸੀਨ ਉਤੇ ਉੱਲੀ ਅਤੇ ਬੈਕਟੀਰੀਆ ਦਾ ਛੇਤੀ ਅਸਰ ਹੁੰਦਾ ਹੁੰਦਾ ਹੈ ਅਤੇ ਇਸ ਦੀ ਗੰਧ ਠੀਕ ਨਹੀਂ ਰਹਿੰਦੀ । ਇਸ ਦੀ ਵਿਸ਼ਿਸ਼ਟ ਘਣਤਾ 1.25 ਤੋਂ 1.31 ਹੈ । ਕੇਸੀਨ, ਭਿੰਨ-ਭਿੰਨ ਅਣਵੀਂ ਭਾਰਾਂ ਵਾਲੇ ਫ਼ਾਸਫ਼ੋਪ੍ਰੋਟੀਨਾਂ ਦਾ ਮਿਸ਼ਰਣ ਹੈ । ਕੇਸੀਨ 4.6 pH ਉੱਤੇ ਆਈਸੋਇਲੈਕਟ੍ਰਿਕ ਅਤੇ ਇਸ pH ਤੋਂ ਥੱਲੇ ਐਂਮਫ਼ੋਟੈਰਿਕ ਹੁੰਦੀ ਹੈ । ਇਸ pH ਤੋਂ ਥੱਲੇ ਇਹ ਮਾਮੂਲੀ ਘੁਲਣਸ਼ੀਲ ਲੂਣ ਜਿਵੇਂ ਕਿ ਕੇਸੀਨ ਕਲੋਰਾਈਡ ਬਣਾਉਂਦੀ ਹੈ ਅਤੇ ਇਸ pH ਤੋਂ ਉਪਰ ਖਾਰਾਂ ਨਾਲ ਰਲ ਕੇ ਲੂਣ ਬਣਾਉਂਦੀ ਹੈ । ਸੋਡੀਅਮ ਕੇਸੀਨੇਟ ਅਤੇ ਦੂਸਰੇ ਖਾਰਾਂ ਵਾਲੇ ਲੂਣ ਦੇ ਘੁਲਣ ਦੀ ਕੋਈ ਸੀਮਾ ਨਹੀਂ ਹੁੰਦੀ । ਕੈਲਸੀਅਮ ਕੇਸੀਨੇਟ, ਦੂਸਰੇ ਖਾਰੀ ਮਿੱਟੀ ਵਾਲੇ ਲੂਣ ਅਤੇ ਭਾਰੀਆਂ ਧਾਤਾਂ ਦੇ ਲੂਣ ਲਗਭਗ ਅਘੁਲਣਸ਼ੀਲ ਹੁੰਦੇ ਹਨ । ਕੇਸੀਨ, ਫ਼ਾਰਮ-ਐਲਡਿਹਾਈਡ ਨਾਲ ਮਿਲ ਕੇ ਇਕ ਅਘੁਲਣਸ਼ੀਲ ਯੋਗਿਕ ਬਣਾਉਂਦੀ ਹੈ । ਇਹ ਵਧੇਰੇ ਕਾਰਬਨੀ ਘੋਲਕਾਂ ਵਿਚ ਅਘੁਲਣਸ਼ੀਲ ਹੈ ।

ਮਲਾਈ ਲਾਹੇ ਦੁੱਧ ਤੋਂ ਕੇਸੀਨ ਤਿਆਰ ਕਰਨ ਲਈ ਦੋ ਢੰਗ ਅਪਨਾਏ ਜਾਂਦੇ ਹਨ (i) ਰੈਨਿਟ ਦੁਆਰਾ ਜੰਮਾਉਣ ਕਿਰਿਆ ਰਾਹੀਂ ਅਤੇ (ii) ਤੇਜ਼ਾਬ ਦੁਆਰਾ ਤਲਛੱਟ ਬਣਾ ਕੇ । ਰੈਨਿਟ ਵਿਧੀ ਨਾਲ ਤਿਆਰ ਕੇਸੀਨ ਪਲਾਸਟਿਕ ਉਦਯੋਗ ਵਿਚ ਵਰਤੀ ਜਾਂਦੀ ਹੈ ਜਦੋਂ ਕਿ ਤੇਜ਼ਾਬ-ਵਿਧੀ ਦੁਆਰਾ ਬਣੇ ਕੇਸੀਨ ਦੂਸਰੇ ਵਪਾਰਕ ਉਦਯੋਗਾਂ (ਸਮੇਤ ਖ਼ੁਰਾਕ ਉਦਯੋਗ ਦੇ) ਲਈ ਵਰਤੀ ਜਾਂਦੀ ਹੈ । ਮਲਾਈ ਲਾਹੇ ਦੁੱਧ, ਜਿਸ ਦਾ ਤਾਪਮਾਨ 35—46.1° ਸੈਂ. ਹੋਵੇ, ਵਿਚ ਹਲਕਾ ਹਾਈਡ੍ਰੋਕਲੋਰਿਕ ਐਸਿਡ ਮਿਲਾਇਆ ਜਾਂਦਾ ਹੈ । ਜਦੋਂ pH ਦੀ ਰੇਂਜ 4.8—4.0 ਕੀਤੀ ਜਾਂਦੀ ਹੈ ਤਾਂ ਕੇਸੀਨ ਦਾ ਤਲਛੱਟ ਜੰਮੇ ਹੋਏ ਪਹੁੰਜ ਜਾਂ ਦਹੀਂ ਵਿਚ ਬਦਲ ਜਾਂਦਾ ਹੈ। ਦਹੀਂ ਨੂੰ ਪਾਣੀ ਨਾਲ ਧੋ ਕੇ ਅਸ਼ੁੱਧੀ-ਮੁਕਤ ਕੀਤਾ ਜਾਂਦਾ ਹੈ । ਜਦੋਂ ਪਰੀਮੀਅਮ ਗ੍ਰੇਡ ਕੇਸੀਨ ਬਣਾਉਣੀ ਹੋਵੇ ਤਾਂ ਦਹੀਂ ਨੂੰ ਪਾਣੀ ਨਾਲ ਪੰਜ-ਛੇ ਵਾਰ ਧੋਇਆ ਜਾਂਦਾ ਹੈ। ਦਹੀਂ ਦੇ ਪਾਣੀ ਵਿਚ 5% ਲੈਕਟੋਸ, 0.85% ਅਤੇ 0.75 ਰਾਖ ਤੋਂ ਇਲਾਵਾ ਪਾਣੀ ਵਿਚ ਘੁਲਣਸ਼ੀਲ ਵਿਟਾਮਿਨ ਵੀ ਕਾਫ਼ੀ ਮਾਤਰਾ ਵਿਚ ਹੁੰਦੇ ਹਨ । ਜੇਕਰ ਦਹੀਂ ਵਿਚੋਂ ਅਸ਼ੁੱਧੀਆਂ ਦੂਰ ਨਾ ਕੀਤੀਆਂ ਜਾਣ ਤਾਂ ਇਸ ਦਾ ਰੰਗ ਪੀਲਾ ਹੋ ਜਾਂਦਾ ਹੈ। ਦਹੀਂ ਨੂੰ ਦੱਬਿਆ ਜਾਂਦਾ ਹੈ ਅਤੇ ਫਿਰ ਗਰਮ ਹਵਾ ਨਾਲ ਸੁਕਾ ਕੇ ਪੀਹ ਲਿਆ ਜਾਂਦਾ ਹੈ ਅਤੇ ਬੋਰੀਆਂ ਵਿਚ ਪਾ ਕੇ ਸਟੋਰ ਕਰ ਲਿਆ ਜਾਂਦਾ ਹੈ ।

ਕੇਸੀਨ ਦੀ ਵਰਤੋਂ ਪਕਾਏ ਹੋਏ ਭੋਜਨ, ਦਵਾਈਆਂ ਅਤੇ ਗਾਰ-ਸਮੱਗਰੀ ਵਿਚ ਕੀਤੀ ਜਾਂਦੀ ਹੈ। ਛੋਟੀ ਮੋਟੀ ਉਦਯੋਗਿਕ ਤਤੋਂ ਚਮੜੇ ਨੂੰ ਕਮਾਉਣ ਲਈ, ਚਿੱਟੇ ਬੂਟਾਂ ਨੂੰ ਸਾਫ਼ ਅਤੇ ਪਾਲਿਸ਼ ਰਨ ਲਈ, ਕੱਪੜਾ ਉਦਯੋਗ ਵਿਚ ਛਪਾਈ ਅਤੇ ਕਰੜਾ ਕਰਨ ਲਈ, ਟਾਣੂ-ਨਾਸ਼ਕ ਦਵਾਈਆਂ ਦੇ ਛਿੜਕਾਉ ਲਈ, ਸਾਬਣ ਬਣਾਉਣ ਈ ਅਤੇ ਇਮਲਸੀਕਾਰਕ ਦੇ ਤੌਰ ਤੇ ਕੀਤੀ ਜਾਂਦੀ ਹੈ।

ਕੇਸੀਨ ਦੀ ਮੁੱਖ ਵਰਤੋਂ ਕਾਗਜ਼ ਲੇਪਣ, ਸਰੇਸ਼, ਪੇਂਟ, ਲਾਸਟਿਕ ਅਤੇ ਹੱਥ ਨਾਲ ਤਿਆਰ ਕੀਤੇ ਸੂਤ ਲਈ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 5 : 10 ; ਮੈਕ. ਐਨ. ਸਾ. ਟ. 2(77) : 563

**ਕੇਸੂ** : ਇਹ ਢੱਕ (ਪਲਾਹ) ਦੇ ਫੁੱਲਾਂ ਦਾ ਨਾਂ ਹੈ। ਢੱਕ ਰੁੱਖ ਦਾ ਬਨਸਪਤੀ ਵਿਗਿਆਨਕ ਨਾਂ ਬੁਟੀਆ ਫ੍ਰਾਂਡੋਸਾ ਹੈ। ਇਹ ਭਾਰਤ ਵਿਚ ਆਮ ਮਿਲਣ ਵਾਲਾ ਰੁੱਖ ਹੈ ਜੋ ਸਾਰੇ ਦੇਸ਼ ਵਿਚ, ਘਾਹ ਵਾਲੇ ਮੈਦਾਨਾਂ ਜਾਂ ਬਰਾਨਾਂ ਵਿਚ ਵੀ ਮਿਲਦਾ ਹੈ। ਇਹ ਰੁੱਖ, ਬਰਮਾ ਅਤੇ ਸ੍ਰੀਲੰਕਾ ਵਿਚ ਵੀ ਆਮ ਮਿਲਦਾ ਹੈ। ਇਹ ਛੋਟੇ ਆਕਾਰ ਤੋਂ ਲੈ ਕੇ ਦਰਮਿਆਨੇ ਆਕਾਰ ਦਾ ਪੱਤੇ ਝੜ ਜਾਣ ਵਾਲਾ ਰੁੱਖ ਹੈ। ਇਸ ਦੀ ਸ਼ਕਲ ਬੇਤਰਤੀਬ ਅਤੇ ਤਣਾ ਮੁੜਿਆ ਹੋਇਆ ਹੁੰਦਾ ਹੈ। ਇਸ ਦੀ ਛਿਲ ਰੇਸ਼ੇਦਾਰ ਅਤੇ ਹਲਕੀ ਭੂਰੀ ਜਾਂ ਸਲੇਟੀ ਰੰਗੀ ਹੁੰਦੀ ਹੈ। ਇਹ ਰੁੱਖ ਉੱਤਰੀ ਭਾਗਾਂ ਵਿਚ ਜਨਵਰੀ ਤੋਂ ਮਾਰਚ ਤਕ ਪੱਤੇ-ਰਹਿਤ ਹੁੰਦਾ ਹੈ ਅਤੇ ਨਵੇਂ ਪੱਤੇ ਜਦੋਂ ਫੁੱਲਾਂ ਦੀ ਬਹਾਰ ਮੁੱਕ ਜਾਂਦੀ ਹੈ, ਤਦ ਆਉਣੇ ਸ਼ੁਰੂ ਹੋ ਜਾਂਦੇ ਹਨ।

ਇਸ ਰੁੱਖ ਦੀ ਖ਼ੂਬਸੂਰਤੀ, ਕੇਸੂ-ਫੁੱਲਾਂ ਕਾਰਨ ਹੀ ਹੈ। ਇਨ੍ਹਾਂ ਦਾ ਰੰਗ ਚਮਕੀਲਾ ਅੱਗ ਵਰਗਾ, ਕਿਰਮਚੀ ਨਾਰੰਗੀ ਹੁੰਦਾ ਹੈ। ਕਾਲੀਆਂ ਬਾਹਰਲੀਆਂ ਪੱਤੀਆਂ, ਤੋਤੇ ਦੀ ਚੁੰਝ ਵਾਂਗ ਮੁੜੀਆਂ ਹੁੰਦੀਆਂ ਹਨ ਅਤੇ ਅਪ੍ਰੈਲ-ਮਈ ਦੇ ਮਹੀਨੇ ਤੰਗ ਸਮੂਹਾਂ ਵਿਚ ਲਗਦੀਆਂ ਹਨ। ਇਸ ਵਿਚ ਖੁਰਮਾਨੀ ਰੰਗ ਜਾਂ ਚਮਕੀਲੇ ਪੀਲੇ ਫੁੱਲਾਂ ਵਾਲੀਆਂ ਕਿਸਮਾਂ ਵੀ ਵੇਖੀਆਂ ਗਈਆਂ ਹਨ। ਡੋਡੀਆਂ ਦਾ ਰੰਗ ਗੂੜ੍ਹਾ ਭੂਰਾ ਹੁੰਦਾ ਹੈ। ਇਸ ਰੁੱਖ ਦੇ ਫੁੱਲ ਰੁੱਖ ਦੇ ਉਪਰਲੇ ਸਿਰੇ ਤੇ ਇਕ ਚੰਦੋਆ ਜਿਹਾ ਬਣਾਉਂਦੇ ਹਨ, ਜੋ ਗਰਮ ਰੁੱਤ ਦੇ ਸ਼ੁਰੂ ਵਿਚ ਇਕ ਲਾਟ ਵਾਂਗ ਨਜ਼ਰ ਆਉਂਦਾ ਹੈ। ਇਸੇ ਲਈ ਇਸ ਨੂੰ ਜੰਗਲ ਦੀ ਲਾਟ ਵੀ ਕਿਹਾ ਜਾਂਦਾ ਹੈ।

ਇਸ ਨੂੰ ਤੀਸਰੇ ਦਰਜੇ ਵਿਚ ਖ਼ੁਸ਼ਕ ਅਤੇ ਗਰਮ ਅਤੇ ਪਹਿਲੇ ਦਰਜੇ ਵਿਚ ਗਰਮ ਦੱਸਿਆ ਗਿਆ ਹੈ। ਇਸ ਦੇ ਫੁੱਲ ਸਤਾਵਰ ਨਾਲੋਂ ਵੀ ਵੱਧ ਹਾਜ਼ਮੇ ਨੂੰ ਤੇਜ਼ ਕਰਦੇ ਹਨ। ਆਮ ਤੌਰ ਤੇ ਇਸ ਦਾ ਜੋਸ਼ਾਂਦਾ ਇਕੱਲਾ ਜਾਂ ਕਿਸੇ ਦਵਾ ਨਾਲ ਮਿਲਾ ਕੇ ਪੀਤਾ ਜਾਂਦਾ ਹੈ ਜੋ ਸੀਨੇ ਦੇ ਦਰਦ, ਦਮਾਂ, ਸਾਹ ਦੇ ਰੋਗਾਂ ਅਤੇ ਮਿਹਦੇ ਦੇ ਕੀੜਿਆਂ ਨੂੰ ਮਾਰਨ ਜਾਂ ਕੱਢਣ ਵਾਸਤੇ ਵਰਤਿਆ ਜਾਂਦਾ ਹੈ। ਪਿਸ਼ਾਬ ਅਤੇ ਹੈਜ਼ੇ ਦੇ ਦਰਦ ਨੂੰ ਦੂਰ ਕਰਨ ਜਾਂ ਪਿਸ਼ਾਬ ਦੇ ਬੰਨ੍ਹ ਨੂੰ ਦੂਰ ਕਰਨ ਅਤੇ ਗੁਰਦੇ ਦੀ ਪਥਰੀ ਨੂੰ ਖੋਰਣ ਲਈ ਵੀ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਹ. ਪੁ.—ਫ.ਟ੍ਰੀ.—ਰੰਧਾਵਾ : 119

**ਕੇਕੜਾ** : ਇਹ ਫਾਈਲਮ ਆਰਥ੍ਰੋਪੋਡਾ, ਸ਼੍ਰੇਣੀ ਕ੍ਰਸਟੇਸ਼ੀਆ, ਵਰਗ ਡੈਕਾਪੋਡਾ, ਸੈਕਸ਼ਨ ਬ੍ਰੈਕਿਊਰਾ ਦਾ ਪ੍ਰਾਣੀ ਹੈ। ਆਮ ਕਰਕੇ ਕੇਕੜੇ ਸਮੁੰਦਰ ਵਿਚ ਪਾਏ ਜਾਂਦੇ ਹਨ। ਪਰ ਕਈ ਕਿਸਮਾਂ ਸਥੱਲੀ ਅਤੇ ਕਈ ਅਲੂਣੇ ਪਾਣੀ ਵਿਚ ਵੀ ਮਿਲਦੀਆਂ ਹਨ। ਇਨ੍ਹਾਂ ਦੀਆਂ ਤਕਰੀਬਨ 4,500 ਜਾਤੀਆਂ ਮਿਲਦੀਆਂ ਹਨ।

ਕੇਕੜੇ ਆਪਣੇ ਵਰਗੇ ਹੋਰ ਪ੍ਰਾਣੀਆਂ ਨਾਲੋਂ ਛੇਤੀ ਹੀ ਨਿਖੇੜੇ ਜਾ ਸਕਦੇ ਹਨ ਕਿਉਂਕਿ ਇਨ੍ਹਾਂ ਦੀ ਸਿਰ ਛਾਤੀ ਬਹੁਤ ਚੌੜੀ ਅਤੇ ਪੇਟ ਬਹੁਤ ਹੀ ਛੋਟਾ ਅਤੇ ਆਮ ਤੌਰ ਤੇ ਸਿਰ ਛਾਤੀ ਦੇ ਹੇਠਾਂ ਪੜਿਆ ਹੁੰਦਾ ਹੈ। ਨਰ ਦਾ ਪੇਟ ਬਹੁਤ ਘਟ ਚੌੜਾ ਹੁੰਦਾ ਹੈ, ਜਿਹੜਾ ਸਿਰ-ਛਾਤੀ ਦੇ ਹੇਠਲੇ ਪਾਸੇ ਇਕ ਝਰੀ ਵਿਚ ਪਿਆ ਹੁੰਦਾ ਹੈ ਅਤੇ ਇਸ ਦੇ ਉਪ-ਅੰਗ ਵਿਕਸਿਤ ਨਹੀਂ ਹੁੰਦੇ। ਮਾਦਾ ਦਾ ਪੇਟ ਚੌੜਾ ਹੁੰਦਾ ਹੈ ਅਤੇ ਇਸ ਦੇ



ਕੇਕੜਾ

ਚਾਰ ਜੋੜੇ ਦੋ-ਸ਼ਾਖੀ ਉਦਰੀ ਉਪ ਅੰਗਾਂ ਦੇ ਹੁੰਦੇ ਹਨ। ਇਨ੍ਹਾਂ ਵਿਚ ਵੀ ਪੰਜ ਜੋੜੇ ਤੁਰਨ ਵਾਲੀਆਂ ਲੱਤਾਂ ਦੇ ਹੁੰਦੇ ਹਨ, ਜਿਨ੍ਹਾਂ ਵਿਚੋਂ ਪਹਿਲੇ ਜੋੜੇ ਦਾ ਪਰਿਵਰਤਨ ਹੋ ਕੇ ਕੀਲੀਪੀਡ ਜਾਂ ਪਿੰਸਰ ਬਣੇ ਹੁੰਦੇ ਹਨ। ਬਾਕੀ ਦੀ ਐਨਾਟਮੀ ਕ੍ਰੇ-ਫ਼ਿਸ਼ ਵਰਗੀ ਹੀ ਹੁੰਦੀ ਹੈ।

ਕੇਕੜਿਆਂ ਦੀਆਂ ਕਈ ਜਾਤੀਆਂ ਬਹੁਤ ਆਰਥਕ ਮਹੱਤਤਾ ਵਾਲੀਆਂ ਹਨ। ਕੇਕੜੇ ਬਹੁਤ ਸਾਰੇ ਸਮੁੰਦਰੀ ਪ੍ਰਾਣੀਆਂ ਦੀ ਖ਼ੁਰਾਕ ਵੀ ਬਣਦੇ ਹਨ।

**ਨੀਲਾ ਜਾਂ ਨਰਮ ਖੋਲ ਵਾਲਾ ਕੇਕੜਾ**—ਚੈਸਾਪੀਕ ਦੀ ਖਾੜੀ ਵਿਚ ਨਰਮ ਅਤੇ ਸਖ਼ਤ ਦੋਵੇਂ ਤਰ੍ਹਾਂ ਦੇ ਖੋਲਾਂ ਵਾਲੇ ਨੀਲੇ ਕੇਕੜੇ ਮਿਲਦੇ ਹਨ। ਜਦੋਂ ਕੇਕੜਾ ਕੁੰਜ ਉਤਾਰਦਾ ਹੈ ਤਾਂ ਇਸ ਦਾ ਨਵਾਂ ਖੋਲ ਕੁਝ ਦੇਰ ਲਈ ਨਰਮ ਰਹਿੰਦਾ ਹੈ, ਜਿਸ ਕਰਕੇ ਇਨ੍ਹਾਂ ਨੂੰ ਇਸ ਹਾਲਤ ਵਿਚ ਨਰਮ ਖੋਲ ਵਾਲੇ ਕੇਕੜੇ ਕਹਿ ਦਿੰਦੇ ਹਨ। ਇਹ ਕੇਪ ਕੌਡ ਤੋਂ ਲੈ ਕੇ ਦੱਖਣੀ ਅਮਰੀਕਾ ਤਕ ਦੇ ਲੂਣੇ ਪਾਣੀ ਵਿਚ ਮਿਲਦੇ ਹਨ। ਗਰਮੀਆਂ ਵਿਚ ਇਹ ਕੰਢਿਆਂ ਦੇ ਨੇੜੇ [illegible] ਦੀ ਰੁਤੇ ਇਹ ਡੂੰਘੇ ਪਾਣੀ ਵਿਚ ਚਲੇ ਜਾਂਦੇ ਹਨ। ਇਕ ਦਰਮਿਆਨੇ ਆਕਾਰ ਦੇ ਨਰ ਕੇਕੜੇ ਦਾ ਪਿੱਠ ਕਵਚ ਤਕਰੀਬਨ 6 ਸੈਂ. ਮੀ. ਲੰਬਾ ਤੇ 16-17 ਸੈਂ. ਮੀ. ਚੌੜਾ ਹੁੰਦਾ ਹੈ। ਮਾਦਾ-ਕੇਕੜੇ ਕੁਝ ਛੋਟੇ ਹੁੰਦੇ ਹਨ। ਇਹ ਪੌਦੇ ਅਤੇ ਪ੍ਰਾਣੀ ਦੋਵੇਂ ਤਰ੍ਹਾਂ ਦੀ ਖ਼ੁਰਾਕ ਖਾਂਦੇ ਹਨ। ਹਰ ਗਰਮੀ ਦੀ ਰੁੱਤੇ ਮਾਦਾ ਦੋ ਵਾਰੀ 1,000,000-5,000,000 ਅੰਡੇ ਦਿੰਦੀ ਹੈ। ਮਾਦਾ ਉਦੋਂ ਤਕ ਅੰਡਿਆਂ ਨੂੰ ਆਪਣੇ ਹੇਠਾਂ ਚੁੱਕੀ ਰਖਦੀ ਹੈ, ਜਦੋਂ ਤਕ ਬੱਚੇ ਨਾ ਨਿਕਲ ਆਉਣ। ਇਹ ਕੇਕੜੇ ਤਿੰਨ ਸਾਲਾਂ ਵਿਚ ਭਰ ਜੁਆਨ ਹੋ ਜਾਂਦੇ ਹਨ।

**ਫਿਡਲਰ ਕੇਕੜਾ**—ਯੂਕਾ ਪ੍ਰਜਾਤੀ ਦੇ ਫਿਡਲਰ ਕੇਕੜੇ ਅਮਰੀਕਾ ਦੇ ਸਾਰੇ ਸਮੁੰਦਰੀ ਕੰਢਿਆਂ ਤੇ ਮਿਲਦੇ ਹਨ। ਇਨ੍ਹਾਂ ਦਾ ਪਿੱਠ ਕਵਚ ਚੌਰਸ ਹੁੰਦਾ ਹੈ ਅਤੇ ਨਰ ਦੀ ਸੱਜੀ ਨਹੁੰਦਰ ਬਹੁਤ ਵੱਡੀ ਹੁੰਦੀ ਹੈ। ਇਕ ਜਾਤੀ ਯੂਕਾ ਮਾਈਨੈਕਸ ਅਲੂਣੇ ਪਾਣੀ ਵਿਚ ਵੀ ਮਿਲ ਜਾਂਦੀ ਹੈ। ਇਨ੍ਹਾਂ ਦੇ ਖੋਲ ਦੀ ਚੌੜਾਈ 5 ਸੈਂ.ਮੀ. ਤੋਂ ਵੀ ਘਟ ਹੁੰਦੀ ਹੈ। ਇਹ ਕੇਕੜੇ ਕੰਢਿਆਂ ਦੇ ਨੇੜੇ ਰਹਿੰਦੇ ਹਨ ਅਤੇ ਕਈ ਵਾਰੀ ਖੁੱਡਾਂ ਵੀ ਪੁੱਟ ਲੈਂਦੇ ਹਨ ਜਿਨ੍ਹਾਂ ਵਿਚ ਇਹ ਆਰਾਮ ਕਰਦੇ ਹਨ।

**ਹਰਮਿਟ ਕੇਕੜਾ**—ਇਹ ਕੇਕੜੇ ਆਮ ਤੌਰ ਤੇ 25 ਮਿ. ਮੀ. ਤੋਂ ਵੀ ਘੱਟ ਲੰਮੇ ਹੁੰਦੇ ਹਨ ਅਤੇ ਦੂਜੀ ਕਿਸਮ ਦੇ ਕੇਕੜਿਆਂ ਨਾਲੋਂ ਇਨ੍ਹਾਂ ਦਾ ਪੇਟ ਜ਼ਿਆਦਾ ਵੱਡਾ ਅਤੇ ਨਰਮ ਹੁੰਦਾ ਹੈ। ਇਨ੍ਹਾਂ ਦੀਆਂ ਲਗਭਗ 100 ਜਾਤੀਆਂ ਹਨ, ਜਿਨ੍ਹਾਂ ਵਿਚੋਂ ਬਹੁਤੇ ਘੋਗਿਆਂ ਦੇ ਖੋਲਾਂ ਵਿਚ ਰਹਿੰਦੇ ਹਨ। ਕਈ ਦਰਖ਼ਤਾਂ ਵਿਚ ਵੀ ਰਹਿੰਦੇ ਹਨ। ਕਈ ਵਾਰੀ ਹਰਮਿਟ ਕੇਕੜੇ ਅਤੇ ਸਮੁੰਦਰੀ ਐਨੀਮੋਨ ਦੋਵੇਂ ਪ੍ਰਾਣੀ ਸਹਿਜੀਵਨ ਵੀ ਬਿਤਾਉਂਦੇ ਹਨ। ਸਮੁੰਦਰੀ ਐਨੀਮੋਨ, ਕੇਕੜਿਆਂ ਦੀਆਂ ਪਿੱਠਾਂ ਨਾਲ

ਚਿਮੜ ਕੇ ਕੇਕੜਿਆਂ ਦੀ ਰੱਖਿਆ ਕਰਦੇ ਹਨ ਅਤੇ ਬਦਲੇ ਵਿਚ ਉਨ੍ਹਾਂ ਤੋਂ ਖ਼ੁਰਾਕ ਪ੍ਰਾਪਤ ਕਰਦੇ ਹਨ ।

**ਰਾਜਾ ਜਾਂ ਨਾਅਲ ਰੂਪੀ ਕੇਕੜਾ**—ਇਹ ਅਸਲ ਕੇਕੜਾ ਨਹੀਂ ਹੈ । ਇਸ ਦਾ ਪਿੱਠ-ਕਵਚ ਨਾਅਲ ਰੂਪੀ ਹੁੰਦਾ ਹੈ ਅਤੇ ਪੇਟ ਚੌੜਾ ਅਤੇ ਖੰਡ ਰਹਿਤ ਹੁੰਦਾ ਹੈ । ਟੈਲਸਨ ਇਕ ਕੰਡੇ ਦੀ ਤਰ੍ਹਾਂ ਵਧਿਆ ਹੁੰਦਾ ਹੈ ਅਤੇ ਪਿੱਠ-ਕਵਚ ਉਤੇ ਵੱਡੇ ਵੱਡੇ ਹਿਲਣ ਵਾਲੇ ਕੰਡੇ ਹੁੰਦੇ ਹਨ । ਪਿੱਠ-ਕਵਚ ਉਤੇ ਲੱਤਾਂ ਦੇ ਛੇ ਪਲੇਟ ਵਰਗੇ ਉਪ-ਅੰਗਾਂ ਦੇ ਜੋੜੇ ਹੁੰਦੇ ਹਨ । ਰਾਜਾ ਕੇਕੜਾ ਲੱਤਾਂ ਨਾਲ ਤੁਰ ਸਕਦਾ ਹੈ ਅਤੇ ਪੇਟ ਉਤਲੀਆਂ ਪਲੇਟਾਂ ਦੀ ਸਹਾਇਤਾ ਨਾਲ ਪਾਣੀ ਵਿਚ ਤੈਰਦਾ ਹੈ । ਇਹ ਅਮਰੀਕਾ ਦੇ ਅੰਧ-ਮਹਾਸਾਗਰ ਦੇ ਕੰਢਿਆਂ ਤੇ ਮਿਲਦੇ ਹਨ । ਅਜਿਹੇ ਕਈ ਪ੍ਰਾਣੀ ਤਕਰੀਬਨ 60 ਸੈਂ. ਮੀ. ਤਕ ਲੰਬੇ ਹੁੰਦੇ ਹਨ ।

ਹ. ਪੁ.—ਮੈਕ. ਐਨ. ਸਾ.ਟ. 5 : 530; ਐਨ. ਬ੍ਰਿ. ਮਾ. 3 : 213

**ਕੇਕੂਲੇ ਫ਼ਾਨ ਸ਼ਟਰਾਡੋਨਿਟਸ, ਫ਼੍ਰੀਡਰਿਕ ਆਗਸਟ :** ਇਹ ਜਰਮਨੀ ਦਾ ਰਸਾਇਣ-ਵਿਗਿਆਨੀ ਸੀ ਜਿਸ ਨੇ ਆਰਗੈਨਿਕ ਰਸਾਇਣ-ਵਿਗਿਆਨ ਵਿਚ ਅਜੋਕੇ ਰਚਨਾ ਸਿਧਾਂਤ ਦੀ ਨੀਂਹ ਰੱਖੀ । ਇਸ ਦਾ ਜਨਮ 7 ਸਤੰਬਰ, 1829 ਨੂੰ ਡਾਰਮਸ਼ਟਾਟ ਵਿਖੇ ਹੋਇਆ । ਇਸ ਨੇ ਸੰਨ 1852 ਵਿਚ ਗਾਈਸੈੱਨ ਯੂਨੀਵਰਸਿਟੀ ਤੋਂ ਡਾਕਟ੍ਰੇਟ ਕੀਤੀ ਅਤੇ ਫਿਰ ਪੈਰਿਸ ਵਿਚ ਪੜ੍ਹਾਈ ਕੀਤੀ । ਇਥੇ ਇਹ ਚਾਰਲਸ ਐਫ. ਗੇਰਹਾਰਟ ਨੂੰ ਮਿਲਿਆ ਅਤੇ ਇਸ ਨੇ ਆਰਗੈਨਿਕ ਰਚਨਾ ਦੇ ਟਾਈਮ ਸਿੱਧਾਂਤ ਤੋਂ ਪਿਛੋਂ ਆਪਣੇ ਨਵੇਂ ਵਿਚਾਰ ਵਿਕਸਿਤ ਕੀਤੇ । ਸੰਨ 1856 ਵਿਚ ਇਹ ਹਾਈਡਲਬਰਗ ਯੂਨੀਵਰਸਿਟੀ ਵਿਖੇ ਲੈਕਚਰਾਰ ਅਤੇ 1858 ਵਿਚ ਘੈਂਟ ਵਿਖੇ ਰਸਾਇਣ-ਵਿਗਿਆਨ ਦਾ ਪ੍ਰੋਫ਼ੈਸਰ ਲੱਗਾ । ਸੰਨ 1865 ਵਿਚ ਇਹ ਬੌਨ ਚਲਾ ਗਿਆ ।

ਸੰਨ 1858 ਵਿਚ ਇਸ ਨੇ ਸਿੱਧ ਕੀਤਾ ਕਿ ਕਾਰਬਨ ਕੌ-ਸੰਯੋਜਕ ਹੈ ਅਤੇ ਲੰਬੀ ਚੇਨ ਬਣਾਉਣ ਲਈ ਇਕ ਦੂਸਰੇ ਨਾਲ ਜੁੜ ਸਕਦੀ ਹੈ । ਇਸ ਤੱਥ ਦੀ ਸਹਾਇਤਾ ਨਾਲ ਐਲੀਫੈਟਿਕ ਯੋਗਿਕਾਂ ਦਾ ਅਧਿਐਨ ਸਰਲ ਹੋ ਗਿਆ ।

ਸੰਨ 1865 ਵਿਚ ਕੇਕੂਲੇ ਨੂੰ ਇਕ ਰਾਤ ਸੁਪਨਾ ਆਇਆ ਕਿ ਬੈੱਨਜ਼ੀਨ ਦਾ ਅਣੂ ਇਕ ਅਜਿਹੇ ਸੱਪ ਵਾਂਗ ਹੈ ਜਿਹੜਾ ਕਿ ਤੇਜ਼ ਘੁੰਮਦਾ ਹੋਇਆ ਆਪਣੀ ਪੂੰਛ ਨੂੰ ਕੱਟ ਰਿਹਾ ਹੋਵੇ । ਇਸੇ ਗੱਲ ਤੋਂ ਛੇ ਕਾਰਬਨਾਂ ਵਾਲਾ ਬੈੱਨਜ਼ੀਨ ਰਿੰਗ ਹੋਂਦ ਵਿਚ ਆਇਆ ।

ਇਸ ਨੇ ਮਰਕਰੀ ਫਲਮੀਨੇਟ, ਅਸੰਤ੍ਰਿਪਤ ਐਸਿਡਾਂ ਅਤੇ ਥਾਇਉ ਐਸਿਡਾਂ ਉੱਤੇ ਵੀ ਕਾਫ਼ੀ ਕੰਮ ਕੀਤਾ । ਜਦੋਂ ਇਹ ਕਾਫ਼ੀ ਪ੍ਰਸਿੱਧ ਹੋ ਗਿਆ ਤਾਂ ਇਸ ਨੇ ਆਪਣੇ ਨਾਂ ਨਾਲ 'ਫ਼ਾਨ ਸ਼ਟਰਾਡੋਨਿਟਸ' ਜੋੜ ਲਿਆ ।

ਹ. ਪੁ.—ਐਨ. ਬ੍ਰਿ. ਮਾ. 5 : 748; ਐਨ. ਬ੍ਰਿ. 13 : 270

**ਕੇਂਗਟੁੰਗ :** ਇਹ ਪੂਰਬੀ ਬਰਮ੍ਹਾ ਦੀ ਇਕ ਪੁਰਾਣੀ ਰਿਆਸਤ ਸੀ ਜੋ ਦੱਖਣੀ ਸ਼ਾਨ ਰਿਆਸਤਾਂ ਵਿਚੋਂ ਸਭ ਤੋਂ ਵੱਡੀ ਸੀ । ਸੰਨ 1947 ਤੋਂ ਇਹ ਸ਼ਾਨ ਰਾਜ ਦਾ ਇਕ ਹਿੱਸਾ ਹੈ । ਇਸ ਦੇ ਕੇਂਦਰੀ ਹਿੱਸੇ ਵਿਚ ਇਸੇ ਨਾਂ ਦੀਆਂ ਪਹਾੜੀਆਂ ਹਨ, ਜਿਨ੍ਹਾਂ ਦੀ ਉਚਾਈ 1950 ਮੀ. ਤਕ ਪਹੁੰਚ ਜਾਂਦੀ ਹੈ । ਇਹ ਕੇਂਦਰੀ ਵਾਦੀ ਦੇ ਦੱਖਣੀ ਸਿਰੇ ਤੇ ਸਥਿਤ ਹੈ । ਇਥੋਂ ਦੀ ਧਰਾਤਲ ਨੀਵੀਂ ਉਘੜ ਦੁਘੜੀ ਹੈ । ਇਸ ਸ਼ਹਿਰ ਦੀ ਸਥਾਪਨਾ ਉਨੀਵੀਂ ਸਦੀ ਦੇ ਸ਼ੁਰੂ ਵਿਚ ਕੀਤੀ ਗਈ । ਅਠ੍ਹਾਰਵੀਂ ਸਦੀ ਵਿਚ ਇਸ ਜਗ੍ਹਾ ਤੇ ਵਿਸ਼ੇਸ਼ ਪੁਲਿਸ ਚੌਕੀ ਹੁੰਦੀ ਸੀ ਜਿਸ ਕਰਕੇ ਇਸ ਦੀ ਮਹੱਤਤਾ ਕਾਫ਼ੀ ਸੀ । ਇਹ ਵਪਾਰ ਦਾ ਵੀ ਚੰਗਾ ਕੇਂਦਰ ਸੀ । ਇਥੋਂ ਦੀਆਂ ਇਮਾਰਤਾਂ ਵਿਚੋਂ ਇੱਟਾਂ ਦੇ ਬਣੇ ਘਰ ਅਤੇ ਸਾਬਾਵਾ ਦਾ ਲਕੜੀ ਦਾ ਮਹਿਲ ਅਜ ਤਕ ਮੌਜੂਦ ਹਨ ।

21° 18′ ਉ. ਵਿਥ.; 99° 45′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 15 : 201

**ਕੇਜ਼ਲਾਨ, ਵਿਲੀਅਮ :** ਛਾਪਾ ਖਾਨਾ ਦੇ ਟਾਈਪ ਫ਼ੇਸ ਦੀਆਂ ਵਿਸ਼ਵ ਪ੍ਰਸਿਧ ਫਾਊਂਡਰੀਆਂ ਸਥਾਪਤ ਕਰਨ ਵਾਲੇ ਇਸ ਪ੍ਰਸਿੱਧ ਵਿਅਕਤੀ ਦਾ ਜਨਮ ਕਰੇਂਡਲੇ, ਵਾਰਸੈਟਰਸ਼ਿਰ ਵਿਖੇ 1662 ਵਿਚ ਹੋਇਆ । ਇਸ ਦੇ ਕੰਮ ਨੇ ਕਿਤਾਬਾਂ ਦੇ ਨਵੀਨੀਕਰਨ ਵਿਚ ਸਹਾਇਤਾ ਕੀਤੀ ਅਤੇ ਇਹ ਪੁਸਤਕਾਂ ਨੂੰ ਹੱਥ ਲਿਖਤਾਂ ਤੋਂ ਬਿਲਕੁਲ ਵਖਰਾ ਰੂਪ ਦੇਣ ਵਿਚ ਸਫਲ ਹੋਇਆ ।

ਕੇਜ਼ਲਾਨ ਨੇ ਆਪਣਾ ਕਿੱਤਾ ਬੰਦੂਕਾਂ ਦੇ ਘੋੜੇ ਅਤੇ ਬੈਰਲਾਂ ਉਪਰ ਉਕਰਾਈ ਕਰਨ ਵਾਲੇ ਇਕ ਨੱਕਾਸ਼ ਕੋਲ ਬਤੌਰ ਅਪਰੈਂਟਿਸ ਸ਼ੁਰੂ ਕੀਤਾ । ਸੰਨ 1716 ਵਿਚ ਇਸ ਨੇ ਆਪਣੀ ਉਕਰਾਈ ਦੀ ਦੁਕਾਨ ਲੰਡਨ ਵਿਖੇ ਸ਼ੁਰੂ ਕੀਤੀ ਅਤੇ ਜਲਦੀ ਹੀ ਇਸ ਨੇ ਜਿਲਦਸਾਜ਼ੀ ਅਤੇ ਚਾਂਦੀ ਦੀ ਉਕਰਾਈ ਕਰਨ ਲਈ ਲੋੜੀਂਦੇ ਸੰਦ ਬਣਾਉਣੇ ਸ਼ੁਰੂ ਕਰ ਦਿਤੇ । ਜਦੋਂ ਇਸ ਦਾ ਸੁਚੱਜਾ ਕੰਮ ਇਕ ਛਾਪਕ ਜਾਨ ਵਾਟਸ ਦੀ ਨਜ਼ਰੀ ਪਿਆ ਤਾਂ ਉਸ ਨੇ ਕੇਜ਼ਲਾਨ ਨੂੰ ਲੰਡਨ ਦੀਆਂ ਬਹੁਤ ਸਾਰੇ ਛਾਪੇ ਖਾਨਿਆਂ ਲਈ ਟਾਪੀਪ ਪੰਚ ਤਿਆਰ ਕਰਨ ਦਾ ਕੰਮ ਦਿਤਾ । ਸੰਨ 1720 ਵਿਚ ਇਸ ਨੇ 'ਇੰਗਲਿਸ਼ ਅਰੈਬਿਕ' ਟਾਈਪ ਫੇਸ ਡੀਜ਼ਾਈਨ ਕੀਤਾ ਜੋ ਇਕ ਸੰਸਥਾ 'ਸੋਸਾਇਟੀ ਫ਼ਾਰ ਪ੍ਰੋਮੋਟਿੰਗ ਕ੍ਰਿਸਚੀਅਨ ਕਾਲਜ' ਵਲੋਂ ਨਿਊ ਟੈੱਸਟਾਮੈਂਟ ਅਤੇ ਇਕ ਹੋਰ ਗ੍ਰੰਥ ਲਈ ਵਰਤਿਆ ਗਿਆ । ਦੋ ਸਾਲ ਬਾਅਦ ਇਸ ਨੇ ਰੋਮਨ, ਇਤਾਲਵੀ ਅਤੇ ਇਬਰਾਨੀ ਭਾਸ਼ਾਵਾਂ ਦੇ ਬਹੁਤ ਸੁੰਦਰ ਟਾਈਪ ਫ਼ੇਸ ਤਿਆਰ ਕੀਤੇ ਜੋ ਇਕ ਛਾਪਕ ਵਿਲੀਅਮ ਬਾਇਰ ਨੇ ਲੈ ਲਏ । ਨਤੀਜੇ ਵਜੋਂ ਇਹ ਇਕ ਸਫਲ ਟਾਈਪ ਫਾਊਂਡਰੀ ਉਤਪਾਦਕ ਬਣ ਗਿਆ । ਇਹ ਸੰਸਾਰ ਭਰ ਇੰਨਾ ਪ੍ਰਸਿੱਧ ਹੋ ਗਿਆ ਕਿ ਬਹੁਤ ਸਾਰੇ ਬਾਹਰਲੇ ਦੇਸ਼ਾਂ ਤੋਂ ਵੀ ਇਸ ਨੂੰ ਟਾਈਪ ਫੇਸ ਤਿਆਰ ਕਰਨ ਲਈ ਆਰਡਰ ਪ੍ਰਾਪਤ ਹੋਏ ।

ਕੇਜ਼ਲਾਨ ਵਿਲੀਅਮ ਦੀ ਮੌਤ 23 ਜਨਵ੍ਰੀ 1766 ਨੂੰ ਬੈਥਲ ਗ੍ਰੀਨ, ਲੰਡਨ ਵਿਖੇ ਹੋਈ ।

ਹ. ਪੁ.—ਐਨ. ਬ੍ਰਿ. ਮਾ. 3 : 211

**ਕੇ., ਜੌਨ :** ਇਸ ਅੰਗ੍ਰੇਜ਼ ਖੋਜੀ ਅਤੇ ਇੰਜੀਨੀਅਰ ਦਾ ਜਨਮ ਲੰਕਾਸ਼ਿਰ ਬਰੀ ਨੇੜੇ ਪਾਰਕ ਨਾਮੀ ਪਿੰਡ ਵਿਚ 16 ਜੁਲਾਈ, 1704 ਹੋਇਆ । ਇਸ ਨੇ ਇਕ ਅਜਿਹੀ ਫਿਰਕੀ ਦੀ ਕਾਢ ਕੱਢੀ ਜਿਹੜੀ ਕਿ ਆਟੋਮੈਟਿਕ ਬੁਣਤੀ ਲਈ ਇਕ ਮਹੱਤਵਪੂਰਨ ਕਦਮ ਸੀ । ਇਸ ਨੇ ਰੂੰ ਦੀ ਤਹਿ ਬਣਾਉਣ, ਸਵਾਰਨ ਅਤੇ ਉੱਨ ਸਾਫ਼ ਕਰਨ ਵਾਲੀਆਂ ਮਸ਼ੀਨਾਂ ਵਿਚ ਕਈ ਸੁਧਾਰ ਕੀਤੇ ।



ਕੇ., ਜਾਨ

26 ਮਈ, 1733 ਨੂੰ ਇਸ ਨੂੰ ਉੱਨ ਨੂੰ ਖੋਲ੍ਹਣ ਅਤੇ ਸਵਾਰਨ ਵਾਲੇ ਨਵੇਂ ਇੰਜਣ ਦਾ ਪੇਟੈਂਟ ਮਿਲ ਗਿਆ । ਇਸ ਇੰਜਨ ਵਿਚ ਇਸ ਦੀ ਪ੍ਰਸਿੱਧ ਫਿਰਕੀ ਫਿਟ ਕੀਤੀ ਗਈ ਸੀ । ਇਸ ਨੇ ਇਕ ਡਰਾਈਵਰ ਅਟੈਚਮੈਂਟ ਵੀ ਤਿਆਰ ਕੀਤੀ, ਜਿਸ ਨੂੰ ਇਕ ਉੱਚੀ ਫੱਟੀ ਨਾਲ ਕੱਸਿਆ ਗਿਆ । ਜੁਲਾਹਾ ਇਸ ਦੇ ਕਾਰਜ ਨੂੰ ਇਕ ਰੱਸੀ ਦੁਆਰਾ ਕੰਟਰੋਲ ਕਰਦਾ ਸੀ । ਫਿਰਕੀ ਆਪਣੇ ਆਪ ਚਲਦੀ ਰਹਿੰਦੀ ਸੀ । ਇਸ ਫਿਰਕੀ ਨਾਲ ਕੇਵਲ ਇਕੋ ਜੁਲਾਹਾ ਕਿਸੇ ਵੀ ਮੋਟਾਈ ਦਾ ਧਾਗਾ ਥੋੜ੍ਹੇ ਜਿਹੇ ਸਮੇਂ ਵਿਚ ਤਿਆਰ ਕਰ ਸਕਦਾ ਸੀ, ਜਦੋਂ ਕਿ ਇਸ ਤੋਂ ਪਹਿਲਾਂ ਦੋ ਜੁਲਾਹੇ ਵੀ ਇਤਨਾ ਕੰਮ ਨਹੀਂ ਸਨ ਕਰ ਸਕਦੇ । ਉਥੋਂ ਦੇ ਜੁਲਾਹੇ ਇਸ ਮਸ਼ੀਨ ਨੂੰ ਅਪਨਾਉਣ ਲਈ ਬੜੇ ਕਾਹਲੇ ਸਨ, ਪ੍ਰੰਤੂ ਉਨ੍ਹਾਂ ਨੇ ਇਕ ਪ੍ਰੋਟੈਕਟਿਵ ਕਲੱਬ ਬਣਾ ਲਈ ਤਾਂ

ਜੋ ਕੇ, ਜੌਨ ਨੂੰ ਰੌਇਲਟੀ ਦੇਣ ਤੋਂ ਬਚ ਸਕਣ। ਕੇ. ਨੇ ਆਪਣਾ ਸਾਰਾ ਪੈਸਾ ਆਪਣਾ ਪੇਟੈਂਟ ਬਰਕਰਾਰ ਰਖਣ ਲਈ ਮੁਕੱਦਮੇਬਾਜ਼ੀ ਉੱਤੇ ਖ਼ਤਮ ਕਰ ਦਿੱਤਾ ਅਤੇ ਫ਼ਰਾਂਸ ਚਲਾ ਗਿਆ। ਕਿਹਾ ਜਾਂਦਾ ਹੈ ਇਥੇ ਉਹ ਗੁਮਨਾਮ ਜੀਵਨ ਬਿਤਾਉਂਦਾ ਭੁੱਖਾ ਮਰ ਗਿਆ।

ਹ. ਪੁ.—ਐਨ. ਬ੍ਰਿ. ਮਾ. 5 : 736 : ਹਿੰ. ਵਿ. 3 ; 150

**ਕੇਟਸਬੀ, ਰਾਬਰਟ** : ਇਹ ਬਾਦਸ਼ਾਹ ਜੇਮਜ਼ ਪਹਿਲੇ ਅਤੇ ਇੰਗਲਿਸ਼ ਪਾਰਲੀਮੈਂਟ ਨੂੰ ਉਡਾਉਣ ਸੰਬੰਧੀ ਰੋਮਨ ਕੈਥੋਲਿਕਾਂ ਦੁਆਰਾ ਘੜੀ ਬਰੂਦ ਦੀ ਸਾਜ਼ਸ਼ (Gunpowder conspiracy) ਦਾ ਮੋਢੀ ਸੀ। ਇਸ ਦਾ ਜਨਮ ਸੰਨ 1573 ਵਿਚ ਲੈਪਵਰਥ ਵਾਰਵਿਕਸ਼ਿਰ ਇੰਗਲੈਂਡ ਵਿਚ ਹੋਇਆ। ਇਸ ਦਾ ਪਿਤਾ ਸਰ ਵਿਲੀਅਮ ਕੇਸਟਬੀ ਦੇਸ਼ ਦਾ ਇਕ ਛੋਟਾ ਜਿਹਾ ਸਰਦਾਰ ਸੀ। ਇਹ ਕੱਟੜ ਰੋਮਨ ਕੈਥੋਲਿਕ ਸੀ ਜਿਸ ਨੇ ਇੰਗਲੈਂਡ ਦੇ ਗਿਰਜੇ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਸੀ। ਇਸ ਕਾਰਨ ਇਸ ਨੂੰ ਜੁਰਮਾਨਾ ਅਤੇ ਕੈਦ ਹੋਈ। ਇਸ ਦੇ ਪਿਤਾ ਅਤੇ ਹੋਰ ਵਿਰੋਧੀਆਂ ਨੇ ਜੋ ਦੁੱਖ ਪਾਏ ਸਨ, ਉਨ੍ਹਾਂ ਕਾਰਨ ਇਹ ਰਾਜ ਦਾ ਕੱਟੜ ਵਿਰੋਧੀ ਬਣ ਗਿਆ। ਇਸ ਨੂੰ ਆਸ ਸੀ ਕਿ ਮੌਜੂਦਾ ਹਾਕਮਾਂ ਦੀ ਕੈਥੋਲਿਕ ਸਰਕਾਰ ਆ ਜਾਵੇਗੀ। ਇਸ ਦਾ ਸੁਭਾਅ ਜਨਮ ਤੋਂ ਹੀ ਸਾਜ਼ਸ਼ੀ ਸੀ। ਇਹ ਦ੍ਰਿੜ੍ਹ ਇਰਾਦੇ ਵਾਲਾ ਸੀ ਅਤੇ ਇਸ ਵਿਚ ਲੋਕਾਂ ਨੂੰ ਅਗਵਾਈ ਦੇਣ ਅਤੇ ਪ੍ਰਭਾਵਿਤ ਕਰਨ ਦੀ ਯੋਗਤਾ ਸੀ।

ਆਪਣੇ ਪਿਤਾ ਦੀ ਮੌਤ ਤੋਂ ਪਿਛੋਂ ਇਹ ਰਾਜ ਦੇ ਵਿਰੁੱਧ ਸਾਜ਼ਸ਼ ਕਰਦਾ ਰਿਹਾ। ਸੰਨ 1601 ਵਿਚ ਐਲਿਜ਼ਬਥ ਪਹਿਲੀ ਵਿਰੁੱਧ ਹੋਈ ਅਸਫਲ ਬਗ਼ਾਵਤ ਵਿਚ ਇਹ ਜ਼ਖ਼ਮੀ ਹੋ ਗਿਆ ਅਤੇ ਇਸ ਨੂੰ ਕੈਦ ਕਰ ਲਿਆ ਗਿਆ। ਸੰਨ 1602 ਵਿਚ ਇਸ ਨੇ ਸਪੇਨ ਨੂੰ ਗੁਪਤ ਪ੍ਰਤਿਨਿਧ ਭੇਜੇ ਤਾਂ ਕਿ ਇੰਗਲੈਂਡ, ਸਪੇਨ ਉਤੇ ਧਾਵਾ ਬੋਲ ਸਕੇ। ਇਸ ਦੀਆਂ ਸਰਗਰਮੀਆਂ ਤੇ ਇਤਨਾ ਸ਼ਕ ਕੀਤਾ ਗਿਆ ਕਿ ਮਾਰਚ 1603 ਵਿਚ ਮਹਾਰਾਣੀ ਦੀ ਮੌਤ ਤੋਂ ਪਹਿਲਾਂ ਇਸ ਨੂੰ ਕੈਦ ਕਰ ਲਿਆ ਗਿਆ। ਅੰਗ੍ਰੇਜ਼ ਕੈਥੋਲਿਕਾਂ ਨਾਲ ਜੇਮਜ਼ ਪਹਿਲੇ ਨੇ ਜਿਹੜੇ ਵਾਅਦੇ ਕੀਤੇ ਸਨ, ਕੇਟਸਬੀ ਨੇ ਇਨ੍ਹਾਂ ਵਿਚ ਜ਼ਰਾ ਵੀ ਵਿਸ਼ਵਾਸ ਨਾ ਕੀਤਾ ਅਤੇ ਮਈ 1603 ਵਿਚ ਹੀ ਇਸ ਨੇ ਰਾਜੇ ਅਤੇ ਸੰਸਦ ਨੂੰ ਸੰਸਦ ਭਵਨ ਦੇ ਥੱਲੇ ਬਰੂਦ ਦਾ ਵਿਸਫੋਟ ਕਰਕੇ ਖਤਮ ਕਰਨ ਦੀ ਸਲਾਹ ਬਣਾਈ ਪਰ ਕੈਥੋਲਿਕਾਂ ਨੂੰ ਦਿਤੀਆਂ ਗਈਆਂ ਵਕਤੀ ਰਿਆਇਤਾਂ ਇਸ ਨੂੰ ਇਹ ਸਾਜ਼ਿਸ਼ ਮੁਲਤਵੀ ਕਰਨ ਦੀ ਪ੍ਰੇਰਣਾ ਦਿੰਦੀਆਂ ਰਹੀਆਂ।

ਜਨਵਰੀ, 1604 ਨੂੰ ਜਦੋਂ ਪਾਦਰੀ ਨੂੰ ਜਲਾਵਤਨ ਕਰਨ ਦਾ ਆਦੇਸ਼ ਹੋਇਆ ਤਾਂ ਇਸ ਨੇ ਆਪਣੀ ਇਸ ਸਾਜ਼ਸ਼ ਨੂੰ ਸਿਰੇ ਚਾੜ੍ਹਨ ਦਾ ਇਰਾਦਾ ਬਣਾ ਲਿਆ ਅਤੇ ਇਸ ਨੇ ਆਪਣੇ ਚਚੇਰੇ ਭਰਾ ਥਾਮਸ ਵਿਨਟਕ ਨੂੰ ਆਪਣਾ ਰਾਜ਼ਦਾਨ ਬਣਾ ਲਿਆ। ਮਈ, 1604 ਤਕ ਤਿੰਨ ਹੋਰ ਆਦਮੀ ਇਸ ਸਾਜ਼ਿਸ਼ ਵਿਚ ਰਲ ਗਏ। ਅਗਲੇ 18 ਮਹੀਨੇ ਇਸ ਸਾਜ਼ਿਸ਼ ਦੀ ਤਿਆਰੀ ਹੁੰਦੀ ਰਹੀ। ਇਸ ਦੌਰਾਨ ਕੇਟਸਬੀ ਕਦੇ ਵੀ ਆਪਣੇ ਇਰਾਦੇ ਤੋਂ ਨਾ ਡੋਲਿਆ ਅਤੇ ਆਪਣੇ ਸਾਥੀਆਂ ਨੂੰ ਪ੍ਰੇਰਣਾ ਦਿੰਦਾ ਰਿਹਾ ਪਰ ਇਸ ਤੋਂ ਇਕ ਵਡੀ ਗ਼ਲਤੀ ਹੋ ਗਈ ਕਿ ਇਸ ਨੇ ਫ੍ਰਾਂਸਿਸ ਟ੍ਰੇਸ਼ਮ ਨੂੰ ਸਾਜ਼ਿਸ਼ ਵਿਚ ਹਮਰਾਜ਼ ਬਣਾ ਲਿਆ ਜਿਸ ਤੋਂ ਸਾਜ਼ਿਸ਼ ਦਾ ਪਤਾ ਲਗ ਗਿਆ ਅਤੇ ਇਕ ਸਾਥੀ ਗਾਈ ਫਾਕਰ ਕੈਦ ਕਰ ਲਿਆ ਗਿਆ। ਪਿਛੋਂ ਕੇਟਸਬੀ ਅਤੇ ਬਾਕੀ ਸਾਜ਼ਸ਼ੀਆਂ ਨੂੰ ਲੰਡਨ ਵਿਚੋਂ ਲੱਭਿਆ ਗਿਆ। ਆਖਰ ਵਿਚ ਇਹ ਹਾਲ ਬੀਚ ਹਾਊਸ, ਸਟੇਫਰਡਸ਼ਿਰ ਪਹੁੰਚਿਆ ਜਿਥੇ ਇਹ 8 ਨਵੰਬਰ, 1605 ਨੂੰ ਹਮਲਾਵਰਾਂ ਦਾ ਮੁਕਾਬਲਾ ਕਰਦਿਆਂ ਮਾਰਿਆ ਗਿਆ।

ਹ. ਪੁ.—ਐਨ. ਬ੍ਰਿ. ਮਾ. 5 ; 70

**ਕੇਟਲੇ, (ਲਮਬਰਟ) ਅਡਾਲਫ (ਜੇਕੁਅਸ)** : ਬੈਲਜੀਅਮ ਦੇ ਇਸ ਗਣਿਤ, ਖਗੋਲ ਅਤੇ ਅੰਕੜਾ ਵਿਗਿਆਨੀ ਦਾ ਜਨਮ 22 ਫਰਵਰੀ, 1796 ਨੂੰ ਗੈਂਟ ਵਿਚ ਹੋਇਆ। ਪੈਰਸ ਦੀ ਪ੍ਰੇਖਣਸ਼ਾਲਾ ਵਿਚ ਇਸ ਨੇ ਖਗੋਲ-ਵਿਗਿਆਨ ਅਤੇ ਲਾਪਲਾਸ, ਪੀਅਰੇ ਸਾਈਮਨ ਦੀ ਅਗਵਾਈ ਹੇਠ ਸੰਭਾਵਿਕਤਾ ਦੇ ਸਿਧਾਂਤ ਬਾਰੇ ਅਧਿਐਨ ਕੀਤਾ। ਸੰਨ 1828 ਵਿਚ ਇਸ ਨੇ ਬ੍ਰਸਲਜ਼ ਵਿਚ ਰਾਇਲ ਪ੍ਰੇਖਣਸ਼ਾਲਾ ਦੀ ਨੀਂਹ ਰੱਖੀ। ਸੰਨ 1837 ਤੋਂ 1874 ਤਕ ਇਹ ਬੈਲਜੀਅਨ ਰਾਇਲ ਅਕਾਦਮੀ ਦਾ ਸਕੱਤਰ ਰਿਹਾ ਅਤੇ 1853 ਵਿਚ ਇਸ ਨੇ ਅੰਤਰ-ਰਾਸ਼ਟਰ ਅੰਕੜਾਕਾਰਾਂ ਦਾ ਸਭ ਤੋਂ ਪਹਿਲਾ ਸੰਗਠਨ ਸਥਾਪਿਤ ਕੀਤਾ। ਸਰਕਾਰ ਦੀ ਸਹੂਲਤ ਵਾਸਤੇ ਇਸ ਨੇ ਜੁਰਮ, ਆਚਾਰ ਅਤੇ ਹੋਰ ਵਿਸ਼ਿਆਂ ਉਪਰ ਅੰਕੜੇ ਇਕੱਠੇ ਕੀਤੇ ਅਤੇ ਮਰਦਮਸ਼ੁਮਾਰੀ ਕਰਨ ਦੇ ਸਾਧਨਾਂ ਦਾ ਵਿਕਾਸ ਕੀਤਾ। ਸਾਰੇ ਯੂਰਪ ਵਿਚ ਵਖ ਵਖ ਥਾਂਵਾਂ ਤੋਂ ਖਗੋਲੀ, ਮੌਸਮ-ਵਿਗਿਆਨ ਸਬੰਧੀ ਅਤੇ ਭੂ-ਮਾਪਣ ਸਬੰਧੀ ਘਟਨਾਵਾਂ ਦੇ ਇਕੋ ਸਮੇਂ ਨਿਰੀਖਣ ਕਰਨ ਦੇ ਢੰਗਾਂ ਦਾ ਵੀ ਇਸ ਨੇ ਵਿਕਾਸ ਕੀਤਾ।

ਇਸ ਦੀ ਪ੍ਰਸਿੱਧੀ ਦਾ ਮੁੱਖ ਕਾਰਨ ਅੰਕੜਾ-ਵਿਗਿਆਨ ਤੇ ਸੰਭਾਵਿਕਤਾ ਸਿਧਾਂਤ ਨੂੰ ਸਮਾਜਕ ਘਟਨਾਵਾਂ ਲਈ ਵਰਤਣਾ ਸੀ। 'Surl' thomml' ਨਾਮੀ ਪੁਸਤਕ ਵਿਚ ਇਸ ਨੇ 'ਔਸਤ ਆਦਮੀ' ਦੇ ਪਰਖਣ ਦੇ ਲੱਛਣਾਂ ਦੀ ਵਿਆਖਿਆ ਕੀਤੀ ਹੈ। ਔਸਤ ਆਦਮੀ ਵਰਗੇ ਉਸ ਦੇ ਵਿਚਾਰ 19ਵੀਂ ਸਦੀ ਦੇ ਸਮਾਜ-ਵਿਗਿਆਨੀਆਂ ਵਿਚ ਵਾਦ-ਵਿਵਾਦ ਦਾ ਵਿਸ਼ਾ ਬਣ ਗਏ। ਇਸ ਦੀ ਮੌਤ 17 ਫਰਵਰੀ, 1874 ਨੂੰ ਬ੍ਰਸਲਜ਼ ਵਿਚ ਹੋਈ।

ਹ. ਪੁ.—ਐਨ. ਬ੍ਰਿ. ਮਾ. 8 ; 356

**ਕੇਟੀ (ਕੇਟੀਬੰਦਰ)** : ਇਹ ਪਾਕਿਸਤਾਨ ਦੇ ਸੂਬਾ ਸਿੰਧ ਦੇ ਜ਼ਿਲ੍ਹਾ ਤੱਟਾ ਦੇ ਘੋੜਾਬਾੜੀ ਤਅੱਲਕੇ ਦਾ ਇਕ ਬੰਦਰਗਾਹੀ ਸ਼ਹਿਰ ਹੈ ਜੋ ਸਮੁੰਦਰ ਦੇ ਨੇੜੇ ਸਿੰਧ ਦਰਿਆ ਦੀ ਹਜਾਮਰੋ ਨਾਮੀ ਬ੍ਰਾਂਚ ਦੇ ਉਤੇ ਸਥਿੱਤ ਹੈ। ਕੇਟੀ, ਦਰਿਆ ਸਿੰਧ ਦੇ ਡੈਲਟੇ ਵਿਚ ਦਰਿਆ ਅਤੇ ਸਮੁੰਦਰ ਵਿਚ ਚੱਲਣ ਵਾਲੀਆਂ ਕਿਸ਼ਤੀਆਂ ਲਈ ਇਕ ਮੁੱਖ ਬੰਦਰਗਾਹ ਹੈ ਅਤੇ ਇਸ ਨੇ ਘੋੜਾਬਾੜੀ ਦੀ ਥਾਂ ਲੈ ਲਈ ਹੈ। ਸੰਨ 1848 ਵਿਚ ਹਜਾਮਰੋ ਬ੍ਰਾਂਚ ਪਿਛੇ ਹਟ ਗਈ ਅਤੇ ਘੋੜਾਬਾੜੀ ਦੀ ਉਸ ਵਕਤ ਮਹੱਤਤਾ ਘੱਟ ਗਈ। ਉਜੜੀ ਹੋਈ ਬੰਦਰਗਾਹ ਦਾ ਵਪਾਰ ਫਿਰ ਸਮੁੰਦਰ ਨੇੜਲੀ ਪਹਿਲੀ ਕੇਟੀ ਬੰਦਰਗਾਹ ਰਾਹੀਂ ਹੀ ਹੋਣ ਲਗ ਪਿਆ। ਸੰਨ 1853 ਵਿਚ ਦਰਿਆ ਦੇ ਹੜ੍ਹ ਕਾਰਨ ਇਹ ਥਾਂ ਬਰਬਾਦ ਹੋ ਗਈ ਅਤੇ ਇਸ ਦੇ ਗਵਾਂਢ ਹੀ ਬੰਦਰਗਾਹ ਲਈ ਇਕ ਨਵੀਂ ਥਾਂ ਚੁਣ ਲਈ ਗਈ। ਛੇਤੀ ਹੀ ਇਸ ਨਵੀਂ ਬੰਦਰਗਾਹ (ਦੂਜੀ ਕੇਟੀ) ਨੇ ਦਰਿਆਈ ਵਪਾਰ ਨੂੰ ਖਿੱਚ ਲਿਆ। ਇਸ ਵੇਲੇ ਸਿੰਧ ਸੂਬੇ ਦੀ ਕਰਾਚੀ ਦੀ ਬੰਦਰਗਾਹ ਰਾਹੀਂ ਅਨਾਜ, ਦਾਲਾਂ, ਤੇਲ ਦੇ ਬੀਜ, ਉੱਨ, ਕਪਾਹ, ਦਵਾਈਆਂ, ਰੰਗ ਆਦਿ ਹੋਰ ਥਾਵਾਂ ਤੇ ਭੇਜੀਆਂ ਜਾਂਦੀਆਂ ਹਨ। ਨਾਰੀਅਲ, ਸੂਤੀ ਕੱਪੜੇ ਦੀਆਂ ਛੋਟੀਆਂ ਛੋਟੀਆਂ ਵਸਤਾਂ, ਧਾਤਾਂ, ਖੰਡ, ਗਰਮ ਮਸਾਲੇ, ਨਾਰੀਅਲ ਦੇ ਰੇਸ਼ੇ ਅਤੇ ਸਿੱਪੀਆਂ ਘੋਗੇ ਇਨ੍ਹਾਂ ਥਾਂਵਾਂ ਅਤੇ ਫਾਰਸ ਦੀ ਖਾੜੀ ਤੋਂ ਇਸੇ ਬੰਦਰਗਾਹ ਰਾਹੀਂ ਹੀ ਮੰਗਵਾਏ ਜਾਂਦੇ ਹਨ।

24° 8′ ਉ. ਵਿਥ.; 67° 30′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 15 : 205

**ਕੇ—ਟੂ** : (K—2 ਜਾਂ Goderin Austin) ਮਾਊਂਟ ਐਵਰੈਸਟ ਤੋਂ ਬਾਅਦ ਦੁਨੀਆ ਦੀ ਦੂਜੀ ਸਭ ਤੋਂ ਉੱਚੀ ਚੋਟੀ ਹੈ ਜੋ ਹਿਮਾਲਾ ਪਰਬਤ ਦੀ ਕਰਾ ਕੁਰਮ ਪਰਬਤ ਮਾਲਾ ਵਿਚ ਸਥਿਤ ਹੈ ਅਤੇ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿਚ ਹੈ। ਇਸ ਦੀ ਉਚਾਈ 8,611 ਮੀ. ਹੈ। ਇਹ ਚੋਟੀ ਸਾਰਾ ਸਾਲ ਬਰਫ਼ ਨਾਲ ਢੱਕੀ ਰਹਿੰਦੀ ਹੈ। 50 ਤੋਂ 65 ਕਿ. ਮੀ. ਦੀ ਲੰਬਾਈ ਤਕ ਦੇ ਗਲੇਸ਼ੀਅਰ ਵੀ ਇਸ ਦੀਆਂ ਵਾਦੀਆਂ ਵਿਚ ਪਾਏ ਜਾਂਦੇ ਹਨ। ਇਸ ਦੀ ਸਿਖਰ ਵੀ ਬੋਲਟੋਰੋ ਗਲੇਸ਼ੀਅਰ ਦੇ ਇਕ ਸਹਾਇਕ ਗਲੇਸ਼ੀਅਰ ਤੇ ਖੜ੍ਹੀ ਹੈ।



ਕੇ—ਟੂ ਚੋਟੀ

ਕੇ-ਟੂ ਦਾ ਦੂਜਾ ਨਾਂ ਆਸਟਿਕ ਹੈ, ਜੋ ਇਸ ਦਾ ਸਰਵੇਖਣ ਕਰਨ ਵਾਲੇ ਹੈਨਰੀ ਹੈਵਰਸਿਮ ਗਾਰਡਵਿਨ ਆਸਟਿਨ ਇਕ ਅੰਗ੍ਰੇਜ਼ ਭੂਗੋਲ-ਵਿਗਿਆਨੀ ਦੇ ਨਾਂ ਤੇ ਪਿਆ ਹੈ। ਉਸ ਨੇ ਉੱਤਰ ਵੱਲੋਂ ਇਸ ਚੋਟੀ ਦਾ ਸਰਵੇਖਣ ਕੀਤਾ। ਉਸ ਸਮੇਂ ਇਹ ਕਰਾ ਕੁਰਮ ਪਰਬਤ ਮਾਲਾ ਦੀ ਦੂਜੀ ਚੋਟੀ ਸੀ, ਜਿਸ ਦਾ ਸਰਵੇਖਣ ਕੀਤਾ ਗਿਆ ਸੀ। ਇਸੇ ਕਰਕੇ ਉਸ ਨੇ ਇਸ ਦਾ ਨਾਂ ਕੇ-ਟੂ ਰੱਖਿਆ। ਇਸ ਚੋਟੀ ਨੂੰ ਸਰ ਕਰਨ ਲਈ ਖੋਜੀ ਟੋਲੀਆਂ ਨੇ ਅਸਫਲ ਕੋਸ਼ਿਸ਼ਾਂ ਕੀਤੀਆਂ। ਸੰਨ 1902 ਵਿਚ ਪਹਿਲੀ ਅਸਫਲ ਕੋਸ਼ਿਸ਼ ਅੰਗ੍ਰੇਜ਼-ਸਵਿਸ ਮੁਹਿੰਮ ਵਲੋਂ ਕੀਤੀ ਗਈ ਜੋ 5636 ਮੀਟਰ ਤੱਕ ਪਹੁੰਚਣ ਵਿਚ ਸਫਲ ਹੋ ਗਈ। ਫਿਰ 1909 ਵਿਚ ਲੂਈਗੀ ਆਬਰੂਟਸੀ ਦੀ ਅਗਵਾਈ ਹੇਠ, ਇਕ ਇਤਾਲਵੀ ਮੁਹਿੰਮ ਇਸ ਦੀ ਦੱਖਣ ਪੂਰਬੀ ਪਹਾੜੀ ਵਿਚੋਂ ਦੀ 6060 ਮੀਟਰ ਤਕ ਪਹੁੰਚਣ ਵਿਚ ਸਫਲ ਹੋ ਗਈ। ਇਸੇ ਪਿਛੋਂ ਇਸ ਦਾ ਨਾਂ ਆਬਰੂਟਸੀ ਹੀ ਰੱਖ ਦਿੱਤਾ ਗਿਆ। ਫਿਰ 1938 ਵਿਚ ਚਾਰਲਸ ਹਾਊਸਟਨ ਦੀ ਅਗਵਾਈ ਹੇਠ ਇਕ ਅਮਰੀਕੀ ਮੁਹਿੰਮ ਨੇ ਆਬਰੂਟਸੀ ਤੇ 8666 ਮੀਟਰ ਤਕ ਚੜ੍ਹ ਸਕੀ; 1939 ਵਿਚ ਅਮਰੀਕਾ ਦੀ ਇਕ ਹੋਰ ਟੋਲੀ 9166 ਮੀਟਰ ਤਕ ਚੜ੍ਹਨ ਵਿਚ ਸਫ਼ਲ ਹੋ ਗਈ। ਅਖੀਰ 1954 ਵਿਚ ਇਕ ਇਤਾਲਵੀ ਮੁਹਿੰਮ ਜਿਸ ਵਿਚ ਇਕ ਫ਼ੋਟੋਗ੍ਰਾਫ਼ਰ, ਇਕ ਡਾਕਟਰ ਅਤੇ 12 ਹੋਰ ਮੈਂਬਰ ਸਨ ਜਿਨ੍ਹਾਂ ਵਿਚ ਇਕ ਪਾਕਿਸਤਾਨੀ ਵੀ ਸੀ, ਨੇ ਇਕ ਭੂ-ਵਿਗਿਆਨੀ ਆਰਡੀਟੋ ਡੇਸੀਓ ਦੀ ਅਗਵਾਈ ਹੇਠ, ਚੜ੍ਹਾਈ ਸ਼ੁਰੂ ਕੀਤੀ। ਇਹ ਟੋਲੀ ਬੜੇ ਖਰਾਬ ਮੌਸਮ ਦੇ ਬਾਵਜੂਦ 31 ਜੁਲਾਈ ਨੂੰ ਸ਼ਾਮ ਦੇ 6 ਵਜੇ ਚੋਟੀ ਦੇ ਸਿਖਰ ਤੇ ਪਹੁੰਚ ਹੀ ਗਈ।

35°53′ ਉ. ਵਿਥ.; 76° 31′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 5 : 649

**ਕੇਟੋ, ਪਬਲੀਅਸ ਵਾਲੀਰੀਅਸ :** ਇਹ ਰੋਮ ਦਾ ਕਵੀ ਅਤੇ ਵਿਆਕਰਨ-ਸ਼ਾਸਤਰੀ ਸੀ ਜਿਹੜਾ ਕਵਿਤਾ ਦੀ ਨਵੀਂ ਵਿਚਾਰਧਾਰ ਦਾ ਮੋਢੀ ਸੀ। ਇਸ ਦਾ ਜਨਮ 100 ਈ. ਪੂ. ਦੇ ਲਗਭਗ ਹੋਇਆ। ਇਸ ਦੇ ਚੇਲੇ ਅਲੈਗਜ਼ੈਂਡਰੀਅਨ ਸਕੂਲ ਦੇ ਛੋਟੇ ਮਿਥਿਹਾਸਕ ਮਹਾਂਕਾਵਾਂ, ਸੱਦਾਂ ਅਤੇ ਗੀਤਾਂ ਦੇ ਮੁਕਾਬਲੇ ਤੇ ਰਾਸ਼ਟਰੀ ਮਹਾਂਕਾਵਿ ਅਤੇ ਨਾਟਕ ਨੂੰ ਤੁਛ ਸਮਝਦੇ ਸਨ। ਇਸ ਦੇ ਸਮਕਾਲੀ ਕਵੀਆਂ ਨੇ ਇਸ ਦੀ ਕਵਿਤਾ ਦੀ ਬਹੁਤ ਸ਼ਲਾਘਾ ਕੀਤੀ। ਸਵੀਟੋਨੀਅਸ ਅਨੁਸਾਰ ਕੇਟੋ ਸਿਸਐਲਪਿਨ ਗੌਲ ਦਾ ਵਸਨੀਕ ਸੀ। ਇਸ ਨੇ ਬਹੁਤ ਲੰਬਾ ਜੀਵਨ ਬਿਤਾਇਆ ਪਰ ਆਖਰੀ ਉਮਰ ਵਿਚ ਇਸ ਨੇ ਬਹੁਤ ਗਰੀਬੀ ਦਾ ਮੂੰਹ ਵੇਖਿਆ। ਇਸ ਦੇ ਵਿਆਕਰਨ ਉੱਤੇ ਲਿਖੇ ਗ੍ਰੰਥਾਂ ਬਾਰੇ ਕੁਝ ਪਤਾ ਨਹੀਂ ਚਲਦਾ।

ਇਸ ਦੀਆਂ ਕਵਿਤਾਵਾਂ 'Diana' ਜਾਂ 'Dictynna' ਦੀਆਂ ਦੋ ਪੁਸਤਕਾਂ ਬਚੀਆਂ ਮਿਲਦੀਆਂ ਹਨ। ਇਸ ਦੀਆਂ ਛੋਟੀਆਂ ਕਵਿਤਾਵਾਂ ਬਾਰੇ, ਜੋ 'Dirae' ਨਾਂ ਹੇਠ ਪ੍ਰਚਲਿਤ ਹਨ ਇਹ ਸ਼ੱਕ ਹੈ ਕਿ ਉਹ ਇਸੇ ਦੀਆਂ ਜਾਂ ਵਰਜਿਲ ਦੀਆਂ ਜਾਂ ਕਿਸੇ ਹੋਰ ਵਿਅਕਤੀ ਦੀਆਂ ਹਨ।

ਹ. ਪੁ.—ਐਨ. ਬ੍ਰਿ. 5 : 84

**ਕੇਟੋ, ਮਾਰਕਸ ਪਰੋਸ਼ੀਅਸ :** ਇਹ ਇਕ ਰੋਮਨ ਰਾਜਨੀਤੀਵੇਤਾ ਸੀ। ਇਸ ਦਾ ਜਨਮ ਪਲਿਬੀਆਨ ਪਰਿਵਾਰ ਵਿਚ ਟਸਕੁਲਮ ਵਿਖੇ ਹੋਇਆ। ਸਤ੍ਹਾਰਾਂ ਸਾਲ ਦੀ ਉਮਰ ਵਿਚ ਇਸ ਨੇ ਪਿਊਨਿਕ ਦੀ ਲੜਾਈ ਵਿਚ ਹਿੱਸਾ ਲਿਆ, ਫਿਰ 214-210 ਈ. ਪੂ. ਤਕ ਮਾਰਸੈਲਸ ਨਾਲ ਸਿਸਲੀ ਵਿਖੇ ਰਿਹਾ ਅਤੇ 204 ਈ. ਪੂ. ਵਿਚ ਪਾਪੋਲੀਅਸ ਮਾਦੋ ਦਾ ਨਿਆਂਕਾਰ ਰਿਹਾ। 199 ਈ. ਪੂ. ਵਿਚ ਇਹ ਨਾਜ਼ਮ ਅਤੇ ਇਸ ਤੋਂ ਅਗਲੇ ਸਾਲ, ਦੰਡ-ਅਧਿਕਾਰੀ ਬਣ ਗਿਆ। ਉਦੋਂ ਸਾਰਡੀਨੀਆ ਇਸ ਦਾ ਰਾਜ ਸੀ। 195 ਈ. ਪੂ. ਵਿਚ ਇਸ ਨੂੰ ਕਾਂਸਲਸ਼ਿਪ ਪ੍ਰਾਪਤ ਹੋਈ। 191 ਈ. ਪੂ. ਵਿਚ ਇਸ ਨੇ ਐਟੀਓਕਸ ਦੇ ਵਿਰੁੱਧ ਥਰਮੋਪਈਲੀ ਦੀ ਲੜਾਈ ਵਿਚ ਹਿੱਸਾ ਲਿਆ। 184 ਈ.ਪੂ.



ਮਾਰਕਸ ਪਰੋਸ਼ੀਅਸ ਕੇਟੋ

ਵਿਚ ਇਹ ਸੈਂਸਰ ਬਣਿਆ ਤੇ ਆਪਣੀ ਇਹ ਡਿਊਟੀ ਬਹੁਤ ਸਖ਼ਤੀ ਨਾਲ ਕਰਨ ਕਰਕੇ ਇਸ ਨੂੰ ਸੈਂਜੋਰੀਅਸ ਕਿਹਾ ਜਾਣ ਲਗਾ। 153 ਈ. ਪੂ. ਵਿਚ ਇਸ ਨੂੰ ਕਾਰਥੇਜ ਭੇਜਿਆ ਗਿਆ ਤੇ ਕਾਰਥੇਜ਼ ਦੀ ਤਾਕਤ ਦੇਖ ਕੇ ਇਸ ਨੇ ਉਸ ਨੂੰ ਤਬਾਹ ਕਰ ਦੇਣ ਦੀ ਸਿਫਾਰਸ਼ ਕੀਤੀ।

ਇਸ ਨੇ ਰੋਮਨ ਦੀਆਂ ਨਵੀਆਂ ਸ਼ਾਹੀ ਜ਼ਿੰਮੇਵਾਰੀਆਂ ਕਾਰਨ ਅਤੇ ਧੰਨ ਦੇ ਅੰਤਰ-ਪ੍ਰਵਾਹ ਕਾਰਨ ਪੈਦਾ ਹੋਈ, ਇਟਲੀ ਦੀ ਨਿਘਰ ਰਹੀ ਨੈਤਿਕ ਹਾਲਤ ਤੇ ਅਫ਼ਸੋਸ ਪ੍ਰਗਟ ਕੀਤਾ, ਜਿਸ ਕਾਰਨ ਕਈ ਲੋਕਾਂ ਨੇ ਇਸ ਦਾ ਵਿਰੋਧ ਕੀਤਾ।

ਇਸ ਨੇ ਲਾਤੀਨੀ ਵਿਚ ਰੋਮ ਦਾ ਇਤਿਹਾਸ ਲਿਖਿਆ, ਜਿਸਦੀਆਂ ਪਹਿਲੀਆਂ ਦੋ ਪੁਸਤਕਾਂ ਵਿਚ ਇਟਲੀ ਦੇ ਬਹੁਤ ਸਾਰੇ ਸ਼ਹਿਰਾਂ ਦੇ ਮੁੱਢ ਬਾਰੇ ਦਸਿਆ ਗਿਆ। ਇਸ ਤੋਂ ਇਲਾਵਾ ਇਸ ਨੇ ਖੇਤੀਬਾੜੀ ਤੇ ਵੀ ਇਕ ਪੁਸਤਕ ਲਿਖੀ।

ਹ. ਪੁ.—ਚੈਂਬ. ਐਨ. 3 : 179

**ਕੇਡਾ :** ਇਹ ਉੱਤਰ-ਪੱਛਮੀ ਮਲਾਇਆ ਦਾ ਇਕ ਰਾਜ ਹੈ ਜਿਸ ਦੇ ਦੱਖਣ-ਪੱਛਮ ਵਿਚ ਪਿਨਾਂਗ ਰਾਜ ਪੱਛਮ ਵਿਚ ਮਲਾਕਾ ਜਲਡਮਰੂ ਅਤੇ ਉੱਤਰ-ਪੱਛਮ ਵਿਚ ਪਰਲਿਸ ਰਾਜ ਹੈ। ਰਾਜ ਦਾ ਕੁੱਲ ਰਕਬਾ 9,425 ਵ. ਕਿ. ਮੀ. ਹੈ ਅਤੇ ਆਬਾਦੀ 11,22,164 (1982) ਹੈ। ਇਸ ਵਿਚ ਪੂਰਬ ਵਲ ਨੂੰ ਖੜ੍ਹੀ ਢਾਲ ਅਤੇ ਸੰਘਣੇ ਜੰਗਲਾਂ ਵਾਲੀਆਂ ਪੱਛਮੀ ਅਤੇ ਬਿਨਟਾਂਗ ਲੜੀਆਂ ਸ਼ਾਮਲ ਹਨ। ਅਸਲ ਵਿਚ ਇਹ ਲੜੀਆਂ ਇਸ ਰਾਜ ਨੂੰ ਪੇਰਾਕ ਰਾਜ ਅਤੇ ਥਾਈਲੈਂਡ ਨਾਲੋਂ ਵੱਖ ਕਰਦੀਆਂ ਹਨ। ਸੁਲਤਾਨ ਰਾਜ ਵਿਚ ਕਿਸੇ ਸਮੇਂ ਪਿਨਾਂਗ ਸ਼ਾਮਲ ਹੁੰਦਾ ਸੀ ਅਤੇ ਸੰਨ 1909 ਤੀਕ ਥਾਈ ਅਧਿਰਾਜਤਾਂ ਅਧੀਨ ਰਿਹਾ, ਜਦੋਂ ਇਸ ਨੇ ਬਰਤਾਨਵੀਂ ਸਲਾਹਕਾਰ ਪਰਵਾਨ ਕਰ ਲਿਆ ਸੀ ਅਤੇ ਇਹ ਅਸੰਘੀ ਮਲੇਅ ਰਾਜਾਂ ਵਿਚੋਂ ਇਕ ਰਾਜ ਬਣ ਗਿਆ। ਦੂਜੇ ਵਿਸ਼ਵ-ਯੁੱਧ ਦੌਰਾਨ ਥਾਈਲੈਂਡ ਨੇ ਇਸ ਨੂੰ ਅਸਥਾਈ ਤੌਰ ਤੇ ਸ਼ਾਮਲ ਕਰ ਲਿਆ ਅਤੇ ਬਾਅਦ ਵਿਚ ਇਹ ਮਲਾਇਆ ਫੈਡਰੇਸ਼ਨ ਵਿਚ ਸ਼ਾਮਲ ਹੋ ਗਿਆ।

ਇਨ੍ਹਾਂ ਲੜੀਆਂ ਦੇ ਵਿਚਕਾਰ ਲਗਭਗ 16 ਕਿ. ਮੀ. ਵਿਚ ਫੈਲੀ ਹੋਈ, ਇਕ ਉਪਜਾਊ ਨੀਵੀਂ ਭੂਮੀ ਹੈ ਅਤੇ ਇਸ ਰਾਜ ਦੇ ਪੱਛਮ ਵਿਚੋਂ ਛੋਟੇ ਟੋਟੇ ਦਰਿਆ ਕੇਡਾ ਅਤੇ ਮੂਡ੍ਹਾ ਪਾਰ ਕਰਦੇ ਹਨ।

ਮੂਡ੍ਹਾ ਦੇ ਦੁਆਲੇ ਦੀਆਂ ਨੀਵੀਆਂ ਪਹਾੜੀ-ਡੂੰਘਾਣਾਂ ਅੰਦਰ ਵੱਡੀ ਪੱਧਰ ਤੇ ਰਬੜ ਦੀ ਕਾਸ਼ਤ ਸ਼ੁਰੂ ਕੀਤੀ ਗਈ ਹੈ। ਸਥਾਨਕ ਵਰਤੋਂ ਲਈ ਇਥੇ ਨਾਰੀਅਲ ਵੀ ਉਗਾਇਆ ਜਾਂਦਾ ਹੈ। ਕਾਮਪੋਂਗ ਕਰਾਂਗਾਨ ਦੇ ਸਥਾਨ ਤੇ ਕਲਈ ਅਤੇ ਟੰਗਸਟਨ ਦੀ ਖੁਦਾਈ ਕੀਤੀ ਜਾਂਦੀ ਹੈ। ਸੈਮੀਲਿੰਗ ਅਤੇ ਟੂਪਾ ਦੇ ਸਥਾਨ ਤੇ ਲੋਹੇ ਦੀ ਕੱਚੀ ਧਾਤ ਮਿਲਦੀ ਹੈ। ਕਲਈ ਅਤੇ ਰਬੜ ਦੀ ਪੱਟੀ ਦੇ ਦੱਖਣ ਵਲ ਨੂੰ ਰੇਲਾਂ ਅਤੇ ਸੜਕਾਂ ਦੇ ਬਣ ਜਾਣ ਕਾਰਨ ਕੇਡਾ ਹੁਣ ਅਨਿਖੜਵਾਂ ਨਹੀਂ ਰਿਹਾ। ਐਲੋਰ ਸਟਾਰ ਇਕ ਹਵਾਈ ਅੱਡਾ ਅਤੇ ਰਾਜ ਦੀ ਰਾਜਧਾਨੀ ਹੈ। ਰਬੜ, ਚਾਵਲ, ਕਸਾਵਾ ਦੀ ਸੂਜੀ ਅਤੇ ਕਲਈ ਇਥੋਂ ਮੁੱਖ ਤੌਰ ਤੇ ਬਾਹਰ ਭੇਜੀ ਜਾਂਦੀ ਹੈ। ਚਾਵਲ ਨੂੰ ਪ੍ਰੋਸੈੱਸ ਕਰਨਾ ਇਥੋਂ ਦਾ ਮੁੱਖ ਉਦਯੋਗ ਹੈ। ਸ਼ਾਹ ਰਾਹਾਂ ਦੇ ਨਾਲ ਨਾਲ ਚੀਨੀ, ਚਾਵਲ ਮਿਲਾਂ ਸਥਾਪਤ ਹਨ।

ਇਥੋਂ ਦੀ ਆਬਾਦੀ ਮੁੱਖ ਕਰਕੇ ਮਲੇਅ ਲੋਕਾਂ ਦੀ ਹੈ। ਜਿਤਰਾ, ਬਲਿੰਗ ਅਤੇ ਕੁਲਿਮ ਦੀਆਂ ਮੰਡੀਆਂ ਵਿਚ ਚੀਨੀ ਲੋਕ ਰਹਿੰਦੇ ਹਨ। ਪੈਂਗਕਾ ਬੁਜ਼ਾਂਗ ਖੇਤਰ ਪੁਰਾਤਤਵੀ ਵਸਤਾਂ ਨਾਲ ਭਰਿਆ ਪਿਆ ਹੈ। ਰਾਜ ਦੇ ਉਤਰ ਪੱਛਮ ਵਲ ਨੂੰ ਲਾਂਗਕਾਵੀ ਦੀਪ ਹਨ ਜੋ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹਨ।

ਹ. ਪੁ.—ਐਨ. ਬ੍ਰਿ. ਮਾ. 5 : 744

**ਕੇਡੀਰੀ :** ਇੰਡੋਨੇਸ਼ੀਆ ਦੇ ਜਾਵਾ ਤਿਮਰ (ਪੂਰਬੀ ਜਾਵਾ) ਪ੍ਰਾਂਤ ਦਾ ਇਕ ਸ਼ਹਿਰ ਹੈ ਜਿਹੜਾ ਬਰੇਤਾਸ ਦਰਿਆ ਦੀ ਸ਼ਾਖ਼ਾ ਕਾਲੀ ਨਦੀ ਦੇ ਕੰਢੇ ਤੇ ਵਾਕਿਆ ਹੈ। ਗਿਆਰਵੀਂ ਤੋਂ ਤੇਰਹਵੀਂ ਸਦੀ ਦੌਰਾਨ ਇਹ ਪੂਰਬੀ ਜਾਵਾ ਦਾ ਇਕ ਪ੍ਰਭਾਵਸ਼ਾਲੀ ਰਾਜ ਸੀ ਅਤੇ ਆਪਣੀਆਂ ਸਮੁੰਦਰੀ ਤੇ ਵਪਾਰਕ ਸ਼ਕਤੀਆਂ ਅਤੇ ਵਿਸ਼ੇਸ਼ ਤੌਰ ਤੇ ਆਪਣੀਆਂ ਸਾਹਿਤਕ ਪ੍ਰਾਪਤੀਆਂ ਕਾਰਨ ਕਾਫ਼ੀ ਪ੍ਰਸਿੱਧ ਸੀ। ਬਾਅਦ ਵਿਚ ਇਹ ਸਿੰਗਸਾਰੀ ਅਤੇ ਮਾਜਾਪਾਹਿਤ ਰਾਜਾਂ ਵਿਚ ਅਤੇ ਇਸ ਪਿਛੋਂ ਕੇਂਦਰੀ ਜਾਵਾ ਦੇ ਮਤਾਰਮ ਰਾਜ ਵਿਚ ਸ਼ਾਮਲ ਹੋ ਗਿਆ। ਅਠਾਰਵੀਂ ਸਦੀ ਦੇ ਮੱਧ ਕਾਲ ਵਿਚ ਜਦੋਂ ਮਤਾਰਮ ਦੇ ਰਾਜ ਵਿਚ ਫੁਟ ਪਈ ਤਾਂ ਉਸ ਵੇਲੇ ਸੁਰਾਕਾਰਤਾ ਦੇ ਮੁਸੂਹੁਨਾਨ ਅਤੇ ਯੋਜਯਾਕਾਰਤਾ ਦੇ ਸੁਲਤਾਨ ਨੇ ਇਸ ਅਧੀਨ ਕੇਡੀਰੀ ਇਲਾਕੇ ਉਪਰ ਆਪਣਾ ਆਪਣਾ ਹੱਕ ਜਤਾਇਆ।

ਕੇਡੀਰੀ ਸ਼ਹਿਰ ਚੀਨੀ ਉਦਯੋਗ ਦਾ ਮੁੱਖ ਕੇਂਦਰ ਹੈ ਅਤੇ ਇਹ ਸ਼ਹਿਰ ਸੜਕਾ ਅਤੇ ਰੇਲਾਂ ਰਾਹੀਂ ਦੂਜੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਗਿਆਰ੍ਹਵੀਂ ਤੋਂ ਤੇਰਹਵੀਂ ਸਦੀ ਵਿਚ ਇਹ ਹਿੰਦੂ ਰਾਜ ਦਾ ਵੀ ਇਕ ਹਿੱਸਾ ਸੀ। ਸ਼ਹਿਰ ਦੇ ਆਸ ਪਾਸ ਕਈ ਹਿੰਦੂ ਮੰਦਰਾਂ ਦੇ ਖੰਡਰ ਮਿਲਦੇ ਹਨ।

ਆਬਾਦੀ—ਸ਼ਹਿਰ 221,830 (1980)

ਹ. ਪੁ.—ਐਨ. ਬ੍ਰਿ. ਮਾ. 6 : 782

**ਕੇਤੂ :** ਹਿੰਦੂ ਮਿਥਿਹਾਸ ਅਨੁਸਾਰ ਇਹ, ਨੌਂ ਗ੍ਰਹਿਆਂ ਵਿਚੋਂ ਇਕ ਹੈ। ਸਿਧਾਂਤ ਜੋਤਸ਼ ਅਨੁਸਾਰ ਚੰਦਰ ਸ਼੍ਰੇਣੀ ਦੇ ਇਕ ਸੰਪਾਤ ਦਾ ਨਾਂ ਵੀ ਕੇਤੂ ਹੈ। ਫਲਿਤ ਜੋਤਸ਼ ਵਿਚ ਇਸ ਦੀ ਸਥਿਤੀ ਦੇ ਆਧਾਰ ਤੇ ਸ਼ੁਭ ਫਲ ਦਾ ਨਿਰਨਾ ਕੀਤਾ ਜਾਂਦਾ ਹੈ। ਅਸ਼ੁਭ ਫਲ ਦੇਣ ਵਾਲੇ ਕੇਤੂ ਗ੍ਰਹਿ ਦੀ ਸ਼ਾਂਤੀ ਦੇ ਉਪਾਅ ਭੀ ਦਸੇ ਗਏ ਹਨ। ਪੁਰਾਣਾਂ ਅਨੁਸਾਰ ਸਮੁੰਦਰ ਰਿੜਕਣ ਤੋਂ ਬਾਅਦ ਅੰਮ੍ਰਿਤ ਪੀਣ ਸਮੇਂ ਰਾਹੂ ਨੂੰ ਧੋਖੇ ਨਾਲ ਅੰਮ੍ਰਿਤ ਪੀਂਦਿਆਂ ਦੇਖ ਵਿਸ਼ਨੂੰ ਨੇ ਕ੍ਰੋਧ ਵਿਚ ਆ ਕੇ ਇਸ ਦਾ ਸਿਰ ਲਾਹ ਦਿਤਾ ਪਰ ਅੰਮ੍ਰਿਤ ਦੇ ਪ੍ਰਭਾਵ ਕਰਕੇ ਇਹ ਮਰਿਆ ਨਹੀਂ। ਇਸ ਦੇ ਸਰੀਰ ਦੇ ਦੋਨੋਂ ਹਿੱਸੇ ਜੀਵਤ ਰਹੇ। ਧੜ ਦਾ ਨਾਂ ਕੇਤੂ ਹੀ ਰਿਹਾ ਜਦੋਂ ਕਿ ਸਿਰ ਰਾਹੂ ਕਹਾਇਆ। ਬ੍ਰਹਮਾ ਦੇ ਵਰਦਾਨ ਨਾਲ ਦੋਨਾਂ ਦੀ ਗਿਣਤੀ ਗ੍ਰਹਿ-ਕੋਟੀ ਵਿਚ ਹੋਈ। ਸੰਹਿਤਾ ਵਿਚ ਇਸ ਦੇ ਤਿੰਨ ਰੂਪ ਦਿਵ, ਆਂਤਰਿਕਸ਼ ਅਤੇ ਭੌਮ ਦਿਤੇ ਹੋਏ ਹਨ। ਭਾਰਤੀ ਜੋਤਸ਼ ਦੇ ਵੱਖ-ਵੱਖ ਰੂਪ ਗ੍ਰੰਥਾਂ ਵਿਚ ਕੇਤੂਆਂ ਦੀ ਗਿਣਤੀ ਵੱਖ-ਵੱਖ ਦਿਤੀ ਗਈ ਹੈ। ਸੰਹਿਤਾ ਵਿਚ 105, ਪਰਾਸ਼ਰ ਨੇ 101 ਅਤੇ ਗਰਗ ਆਦਿ ਨੇ 101 ਤੋਂ ਇਲਾਵਾ 899 ਕੇਤੂਆਂ ਦਾ ਵਰਨਣ ਕੀਤਾ ਹੈ। ਨਾਰਦ ਦੇ ਮੱਤ ਅਨੁਸਾਰ ਕੇਤੂ ਇਕ ਹੀ ਹੈ ਪਰ ਇਸ ਦੇ ਰੂਪ ਅਨੇਕ ਹਨ। ਧੂਮਕੇਤੂ ਜਾਂ ਧੂਮਰਕੇਤੂ ਵੀ ਇਕ ਵਿਸ਼ੇਸ਼ ਪ੍ਰਕਾਰ ਦਾ ਕੇਤੂ ਹੀ ਹੈ।

ਹ. ਪੁ.—ਹਿੰ. ਵਿ. ਕੋ. 3 : 150; ਮ. ਕੋ. 347

**ਕੇਂਦਰੀ ਅਫ਼ਰੀਕੀ ਗਣਰਾਜ :** ਅਫ਼ਰੀਕਾ ਮਹਾਂਦੀਪ ਦੇ ਮੱਧ ਵਿਚ ਵਾਕਿਆ ਇਹ ਇਕ ਆਜ਼ਾਦ (1960) ਗਣਰਾਜ ਹੈ ਜਿਸ ਦਾ ਰਕਬਾ 622,436 ਵ. ਕਿ. ਮੀ. ਹੈ। ਇਸ ਦੀ ਕੁਲ ਆਬਾਦੀ 2,585,000 (1984) ਹੈ। ਫਰੈਂਚ ਇਕੂਟੋਰੀਅਲ ਅਫ਼ਰੀਕਾ ਵਿਚ ਇਸ ਖੇਤਰ ਦਾ ਸਾਬਕਾ ਨਾਂ ਉਬਾਂਗੀ-ਸ਼ਾਰੀ ਸੀ ਅਤੇ 1958 ਵਿਚ ਇਸ ਨੂੰ ਮੌਜੂਦਾ ਨਾਂ ਦਿਤਾ ਗਿਆ। ਇਸ ਦੇ ਉੱਤਰ ਵਲ ਚਾਡ, ਪੱਛਮ ਵਲ ਕੈਮਰੂਨ, ਦੱਖਣ ਵਲ ਕਾਂਗੋ (ਬਰੈਜ਼ਵਿਲ) ਅਤੇ ਜ਼ੇਅਰ ਅਤੇ ਪੂਰਬ ਵਲ ਸੂਡਾਨ ਦੀਆਂ ਸਰਹੱਦਾਂ ਲਗਦੀਆਂ ਹਨ। ਬਾਂਗੀ (Bangui) ਸ਼ਹਿਰ ਇਸ ਦੀ ਰਾਜਧਾਨੀ ਹੈ।

### ਭੂ-ਆਕ੍ਰਿਤੀ ਵਿਗਿਆਨ

**ਧਰਾਤਲ**—ਗਣਰਾਜ ਦਾ ਵਧੇਰੇ ਭਾਗ ਰੋਲਿੰਗ ਪਠਾਰ ਨੇ ਮੱਲਿਆ ਹੋਇਆ ਹੈ ਜਿਸ ਦੀ ਉਚਾਈ ਸਮੁੰਦਰੀ ਸਤ੍ਹਾ ਤੋਂ 600 ਤੋਂ 800 ਮੀ. ਦੇ ਵਿਚਕਾਰ ਹੈ। ਉਬਾਂਗੀ ਤੇ ਸਾਰੀ ਇਥੋਂ ਦੇ ਮੁੱਖ ਦਰਿਆਵਾਂ ਤੋਂ ਬਿਨਾਂ ਕਈ ਹੋਰ ਛੋਟੇ ਦਰਿਆ ਵੀ ਹਨ।

**ਜਲਵਾਯੂ**—ਇਥੋਂ ਦਾ ਜਲਵਾਯੂ ਊਸ਼ਣ ਖੰਡੀ ਹੈ। ਮਾਰਚ ਤੋਂ ਅਕਤੂਬਰ ਜਾਂ ਨਵੰਬਰ ਤਕ ਬਰਸਾਤ ਦਾ ਮੌਸਮ ਰਹਿੰਦਾ ਹੈ ਅਤੇ ਆਮ ਕਰਕੇ ਹਰ ਰੋਜ਼ ਭਾਰੀ ਵਰਖਾ ਹੁੰਦੀ ਹੈ। ਸਾਲਾਨਾ ਵਰਖਾ ਦੀ ਬਹੁਤੀ ਮਾਤਰਾ ਅਗਸਤ ਵਿਚ ਹੁੰਦੀ ਹੈ। ਅਕਤੂਬਰ ਤੋਂ ਮਾਰਚ ਤਕ ਮੌਸਮ ਖੁਸ਼ਕ ਰਹਿੰਦਾ ਹੈ, ਜਿਸ ਦੌਰਾਨ ਤਾਪਮਾਨ 18° ਤੋਂ 40° ਸੈਂ. ਤਕ ਹੁੰਦਾ ਹੈ। ਇਸ ਮੌਸਮ ਵਿਚ ਦਿਨ ਵੇਲੇ ਗਰਮੀ ਅਤੇ ਰਾਤ ਨੂੰ ਠੰਢ ਹੁੰਦੀ ਹੈ। ਅਸਮਾਨ ਸਾਫ਼ ਰਹਿੰਦਾ ਹੈ, ਹਨ੍ਹੇਰੀਆਂ ਤੇ ਝੱਖੜ ਵੀ ਆਉਂਦੇ ਹਨ।

**ਬਨਸਪਤੀ ਅਤੇ ਜੀਵ-ਜੰਤੂ**—ਇਹ ਦੇਸ਼ ਅਫ਼ਰੀਕਾ ਦੇ ਸਾਵਾਨਾ ਖੰਡ ਵਿਚ ਆਉਂਦਾ ਹੈ। ਉੱਤਰ ਵਿਚ ਦਰਖ਼ਤ ਘੱਟ ਹੀ ਹਨ ਪਰ ਦੱਖਣ ਵਿਚ ਬਰਸਾਤੀ ਜੰਗਲ ਹਨ। ਖੁਸ਼ਕ ਮੌਸਮ ਦੌਰਾਨ ਆਮ ਕਰਕੇ ਇਨ੍ਹਾਂ ਸੰਘਣੇ ਜੰਗਲਾਂ ਨੂੰ ਅੱਗ ਲੱਗਣ ਦਾ ਖ਼ਤਰਾ ਰਹਿੰਦਾ ਹੈ।

ਇਥੇ ਬਹੁਤ ਕਿਸਮ ਦੇ ਜੰਗਲੀ ਜਾਨਵਰ ਮਿਲਦੇ ਹਨ। ਸੰਘਣੇ ਜੰਗਲਾਂ ਵਿਚ ਗੁਰੀਲਾ, ਬਾਂਦਰ, ਵੱਡੀਆਂ-ਵੱਡੀਆਂ ਗਲਹਿਰੀਆਂ ਅਤੇ ਬਨਮਾਣਸ ਹਨ ਜਦੋਂ ਕਿ ਸਵਾਨਾ ਖੇਤਰਾਂ ਵਿਚ ਕਈ ਕਿਸਮ ਦੇ ਹਿਰਨ, ਨੀਲ ਗਊਆਂ, ਝੋਟੇ, ਹਾਥੀ ਅਤੇ ਲੱਕੜ ਬੱਗੇ ਮਿਲਦੇ ਹਨ। ਦਰਿਆਵਾਂ ਵਿਚ ਕਈ ਤਰ੍ਹਾਂ ਦੀ ਮੱਛੀ ਤੇ ਮੱਗਰਮੱਛ ਪਾਏ ਜਾਂਦੇ ਹਨ। ਪੰਛੀਆਂ ਦੀਆਂ ਵੀ ਬਹੁਤ ਕਿਸਮਾਂ ਮੌਜੂਦ ਹਨ। ਇਨ੍ਹਾਂ ਤੋਂ ਬਿਨਾਂ ਕਈ ਤਰ੍ਹਾਂ ਦੇ ਸੱਪ, ਚਮਗਿੱਦੜ ਅਤੇ ਕੀੜੇ-ਮਕੌੜੇ ਪਾਏ ਜਾਂਦੇ ਹਨ।

## ਇਤਿਹਾਸ

ਉਨ੍ਹੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਕਈ ਕਬੀਲੇ ਗ਼ੁਲਾਮਾਂ ਦੇ ਵਪਾਰ ਤੋਂ ਬਚਣ ਲਈ ਅਫ਼ਰੀਕਾ ਤਟ ਤੋਂ ਇਸ ਖੇਤਰ ਵਿਚ ਆ ਗਏ। 1894 ਵਿਚ ਫ਼ਰਾਂਸੀਸੀਆਂ ਨੇ ਊਬਾਂਗੀ ਸ਼ਾਹੀ ਖੇਤਰ ਸਥਾਪਤ ਕੀਤਾ। 1905 ਤੋਂ 1920 ਤਕ ਇਹ ਇਲਾਕਾ ਚਾਡ ਵਿਚ ਸ਼ਾਮਲ ਕਰ ਦਿਤਾ ਗਿਆ ਅਤੇ 1910 ਤੋਂ 1945 ਤਕ ਇਹ ਫਰੈਂਚ ਇਕੁਟੋਰੀਅਲ ਅਫ਼ਰੀਕਾ ਵਿਚ ਇਕ ਕਾਲੋਨੀ ਸੀ। ਦੂਜੇ ਵਿਸ਼ਵਯੁੱਧ ਦੌਰਾਨ ਊਬਾਂਗੀ ਕਬੀਲੇ ਦੇ ਹਜ਼ਾਰਾਂ ਬੰਦੇ ਆਜ਼ਾਦ ਫ਼ਰਾਂਸੀਸੀ ਫ਼ੌਜਾਂ ਵਲੋਂ ਲੜੇ।

ਦੂਜੇ ਵਿਸ਼ਵ ਯੁੱਧ ਉਪਰੰਤ ਅਫ਼ਰੀਕੀ ਰਾਸ਼ਟਰਵਾਦ ਦੇ ਜ਼ੋਰ ਫੜਨ ਨਾਲ ਊਬਾਂਗੀ ਸ਼ਾਹੀ ਨੇ ਅੰਦਰੂਨੀ ਤੌਰ ਤੇ ਆਪਣੀ ਸਰਕਾਰ ਬਣਾਉਣ ਲਈ ਇਕ ਪ੍ਰਤੀਨਿਧ ਸਦਨ ਚੁਣਿਆ ਅਤੇ 1946 ਵਿਚ ਫਰੈਂਚ ਯੂਨੀਅਨ ਵਿਚ ਇਹ ਇਕ ਖ਼ੁਦਮੁਖ਼ਤਾਰ ਰਾਜ ਬਣ ਗਿਆ। 13 ਅਗਸਤ, 1960 ਨੂੰ ਕੇਂਦਰੀ ਅਫ਼ਰੀਕੀ ਗਣਰਾਜ ਦੇ ਨਾਂ ਨਾਲ ਪੂਰੀ ਤਰ੍ਹਾਂ ਆਜ਼ਾਦ ਹੋ ਗਿਆ ਅਤੇ 20 ਸਤੰਬਰ ਨੂੰ ਸੰਯੁਕਤ ਸੰਘ ਦਾ ਮੈਂਬਰ ਬਣ ਗਿਆ। ਨਵੰਬਰ 1962 ਵਿਚ ਪ੍ਰਧਾਨ ਡੇਕੋ ਦੀ ਸਰਕਾਰ ਨੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਭੰਗ ਕਰਕੇ ਇਕ ਪਾਰਟੀ ਰਾਜ ਸਥਾਪਤ ਕੀਤਾ। 5 ਜਨਵਰੀ, 1964 ਵਿਚ ਦੇਸ਼ ਦੀਆਂ ਪਹਿਲੀਆਂ ਸਿੱਧੀਆਂ ਚੋਣਾਂ ਵਿਚ ਪ੍ਰਧਾਨ ਡੇਕੋ, ਬਿਨਾਂ ਮੁਕਾਬਲੇ ਪੰਜ ਸਾਲਾਂ ਲਈ ਪ੍ਰਧਾਨ ਚੁਣਿਆ ਗਿਆ।

## ਆਰਥਿਕਤਾ

**ਖਣਿਜ ਤੇ ਕੁਦਰਤੀ ਸਾਧਨ**—ਖਣਿਜੀ ਭੰਡਾਰਾਂ ਵਿਚ ਹੀਰਾ, ਲੋਹਾ, ਜਿਸਤ, ਤਾਂਬਾ, ਟਿਨ ਅਤੇ ਯੂਰੇਨੀਅਮ ਸ਼ਾਮਲ ਹੈ, ਜਿਨ੍ਹਾਂ ਵਿਚੋਂ ਸਿਰਫ਼ ਹੀਰਾ ਹੀ ਤਜਾਰਤੀ ਪੱਖ ਤੋਂ ਕੱਢਿਆ ਜਾਂਦਾ ਹੈ। ਇਥੇ ਸਿਰਫ ਇਕੋ ਇਕ ਹੀ ਪਣ-ਬਿਜਲੀ ਘਰ ਹੈ। ਜਿਹੜਾ ਬਾਂਗੀ ਨੂੰ ਬਿਜਲੀ ਮੁਹੱਈਆ ਕਰਦਾ ਹੈ।

**ਖੇਤੀਬਾੜੀ ਅਤੇ ਪਸ਼ੂ ਪਾਲਣ**—ਲੋਕ ਖੇਤੀਬਾੜੀ ਉਪਰ ਆਸ਼ਰਿਤ ਹਨ। ਸਰਕਾਰ ਵੀ ਖੇਤੀਬਾੜੀ ਦੇ ਵਿਕਾਸ ਵਲ ਉਚੇਚਾ ਧਿਆਨ ਦੇ ਰਹੀ ਹੈ। ਮੁੱਖ ਫਸਲਾਂ ਮੇਨੀਓਕ, ਬਾਜਰਾ, ਚਾਵਲ, ਅਨਾਨਾਸ, ਅੰਬ, ਨਿੰਬੂ ਅਤੇ ਖੱਟਾ ਹਨ। ਨਕਦੀ ਫਸਲਾਂ ਵਿਚ ਕਾਫ਼ੀ ਤੇ ਕਪਾਹ ਸ਼ਾਮਲ ਹਨ। ਜ਼ਹਿਰੀਲੀ ਮੱਖੀ ਅਤੇ ਇਕ ਖ਼ਾਸ ਕਿਸਮ ਦੀ ਬੀਮਾਰੀ ਕਾਰਨ ਪਸ਼ੂ-ਪਾਲਣ ਦਾ ਕੰਮ ਘੱਟ ਹੀ ਹੈ।

**ਸਨਅੱਤ**—ਦੇਸ਼ ਵਿਚ ਸੱਨਅਤ ਬਹੁਤ ਘੱਟ ਹੈ। ਸਿਰਫ ਛੋਟੀਆਂ-ਛੋਟੀਆਂ ਸਨਅੱਤਾਂ ਹਨ ਜਿਵੇਂ ਖਾਣ ਪੀਣ ਦੀਆਂ ਵਸਤਾਂ, ਕੱਪੜੇ ਅਤੇ ਜੁੱਤੀਆਂ ਅਤੇ ਲੱਕੜ ਦਾ ਸਮਾਨ ਤਿਆਰ ਕਰਨਾ ਆਦਿ।

**ਵਪਾਰ**—ਸਮੁੰਦਰ ਤੋਂ ਦੂਰ ਹੋਣ ਕਰਕੇ ਬਦੇਸ਼ੀ ਮੰਡੀਆਂ ਵਿਚ ਪਹੁੰਚਣ ਲਈ ਬੜੀ ਔਖਿਆਈ ਹੈ। ਦੇਸ਼ ਦੀ ਦਰਾਮਦ, ਬਰਾਮਦ ਨਾਲੋਂ ਜ਼ਿਆਦਾ ਹੈ। ਕਾਫ਼ੀ, ਕਪਾਹ ਹੀਰੇ ਅਤੇ ਹਾਥੀ ਦੰਦ ਮੁੱਖ ਬਰਾਮਦੀ ਵਸਤਾਂ ਹਨ।



ਹਾਥੀ ਦੰਦ ਲਿਜਾਂਦੇ ਕਬਾਇਲੀ ਲੋਕ

## ਲੋਕ

ਲੋਕ ਆਮ ਕਰਕੇ ਕਬਾਈਲੀ ਜੀਵਨ ਬਤੀਤ ਕਰਦੇ ਹਨ ਅਤੇ ਪ੍ਰਾਚੀਨ ਕਬਾਈਲੀ ਧਰਮਾਂ ਦੀ ਪੂਜਾ ਕਰਦੇ ਹਨ। ਮੈਂਡਜੀਆ, ਬਾਂਡਾ, ਮੰਬਾਕਾ ਅਤੇ ਜ਼ੈਂਡੇ ਇਥੋਂ ਦੇ ਮੁੱਖ ਕਬੀਲੇ ਹਨ। ਆਬਾਦੀ ਦਾ 20% ਲੋਕ ਈਸਾਈ ਅਤੇ 4% ਮੁਸਲਮਾਨ ਹਨ। ਕਈ ਹਜ਼ਾਰ ਫ਼ਰਾਂਸੀਸੀ ਅਤੇ ਹੋਰ ਯੂਰਪੀਨ ਲੋਕ ਬਾਂਗੀ ਅਤੇ ਦੂਜੇ ਸ਼ਹਿਰਾਂ ਵਿਚ ਰਹਿੰਦੇ ਹਨ।

**ਸਿੱਖਿਆ**—ਦੇਸ਼ ਵਿਚ ਸਕੂਲਾਂ ਅਤੇ ਅਧਿਆਪਕਾਂ ਦੀ ਬੜੀ ਘਾਟ ਹੈ। 1970 ਵਿਚ ਬਾਂਗੀ ਯੂਨੀਵਰਸਿਟੀ ਸਥਾਪਤ ਕੀਤੀ ਗਈ। 600 ਤੋਂ ਵਧ ਵਿਦਿਆਰਥੀ ਉੱਚ ਵਿਦਿਆ ਲਈ ਬਦੇਸ਼ਾਂ ਵਿਚ ਗਏ ਹੋਏ ਹਨ। ਸੰਨ 1971 ਵਿਚ ਇਥੇ 778 ਪ੍ਰਾਇਮਰੀ ਸਕੂਲ, 21 ਸੈਕੰਡਰੀ ਸਕੂਲ ਅਤੇ 15 ਤਕਨੀਕੀ ਸਕੂਲ ਸਨ।

## ਰਾਜ ਪ੍ਰਬੰਧ

4 ਦਸੰਬਰ, 1976 ਨੂੰ ਨਵਾਂ ਸੰਵਿਧਾਨ ਲਾਗੂ ਕੀਤਾ ਗਿਆ, ਜਿਹੜਾ ਕਿ ਦੇਸ਼ ਨੂੰ ਸੰਸਦੀ ਲੋਕ-ਤੰਤਰ ਪ੍ਰਦਾਨ ਕਰਦਾ ਹੈ। ਪ੍ਰਬੰਧਕੀ ਤੌਰ ਤੇ ਦੇਸ਼ ਨੂੰ 14 ਪ੍ਰੀਫੈਕਚਰਾਂ, 46 ਉਪ-ਪ੍ਰੀਫੈਕਚਰਾਂ ਅਤੇ ਚਾਰ ਪ੍ਰਬੰਧਕੀ ਕੰਟਰੋਲ ਪੋਰਟਾਂ ਵਿਚ ਵੰਡਿਆ ਗਿਆ ਹੈ। ਦੇਸ਼ ਦਾ ਮੁਖੀਆ ਪ੍ਰਧਾਨ ਹੁੰਦਾ ਹੈ। ਸੁਪਰੀਮ ਕੋਰਟ ਸਭ ਤੋਂ ਉੱਚੀ ਅਦਾਲਤ ਹੈ।

ਰਾਸ਼ਟਰੀ ਝੰਡੇ ਵਿਚ ਚਾਰ ਖਤਿਜੀ ਪੱਟੀਆਂ-ਨੀਲੀ, ਚਿੱਟੀ, ਹਰੀ ਅਤੇ ਪੀਲੀ ਹੁੰਦੀਆਂ ਹਨ। ਝੰਡੇ ਦੇ ਵਿਚਕਾਰ ਖੜ੍ਹੇ ਦਾਅ ਇਕ ਲਾਲ ਪੱਟੀ ਹੁੰਦੀ ਹੈ ਅਤੇ ਵਰਗਾਕਾਰ ਵਿਚ ਇਕ ਪੀਲਾ ਤਾਰਾ ਹੁੰਦਾ ਹੈ।

ਹ. ਪੁ.—ਐਨ. ਅਮੈ. 6 : 202; ਐਨ. ਬ੍ਰਿ. ਮੈ. 3 : 1101; ਸਟੇਟਸ ਮੈਨ ਯੀਅਰ ਬੁੱਕ 1978-1979.